S.P

157

'A', 'B' or 'C' p[illegible]
in which the file was
recorded and its
retention period

ਕੀ ਕੇਸ ਸਬੰਧੀ ਨੋਟ ਸ਼ਾਖਾ
ਸੈਕਸ਼ਨ ਦੀ ਨੋਟ ਬੁੱਕ
ਵਿਚ ਰਖਿਆ ਹੋਇਆ ਹੈ
ਜਾਂ ਨਹੀਂ

whether note regarding
case has been kept in
the Branch/Sectional
Note Book or not

ਸਬੰਧਤ ਸਹਾਇਕ ਦੇ ਹਸਤਾਖਰ
Initials of the concerned
Assistant

ਰਿਕਾਰਡਰ ਦੇ ਹਸਤਾਖਰ
Initials of the Recorder

ਪਿਛਲੇ ਹਵਾਲੇ Previous References	ਬਾਅਦ ਦੇ ਹਵਾਲੇ Later References

PUNJAB VIDHAN SABHA

DEBATES

10th June, 1997

Vol.II—No. 1

OFFICIAL REPORT

CONTENTS

Tuesday, the 10th June, 1997

Punjab Vidhan Sabha Secretariat, Chandigarh.

Price: Rs.........

PUNJAB VIDHAN SABHA

Tuesday, the 10th June, 1997

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 P. M. Mr. Speaker (Sardar Charnjit Singh Atwal) in the Chair.

OATH OR AFFIRMATION BY A MEMBER

ਸ੍ਰੀ ਸਪੀਕਰ : ਸਰਦਾਰ ਜਗਦੀਸ਼ ਸਿੰਘ ਗਰਚਾ ਜੋ ਕਿਲਾ ਰਾਏਪੁਰ, ਜ਼ਿਲ੍ਹਾ ਲੁਧਿਆਣਾ ਚੋਣ ਹਲਕੇ ਤੋਂ ਜ਼ਿਮਨੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦੇ ਤੌਰ ਤੇ ਜੇਤੂ ਕਰਾਰ ਦਿੱਤੇ ਗਏ ਹਨ, ਉਹ ਹੁਣ ਸਹੁੰ ਚੁਕਣਗੇ ।

(ਇਸ ਸਮੇਂ ਮਾਨਯੋਗ ਮੈਂਬਰ, ਸਰਦਾਰ ਜਗਦੀਸ਼ ਸਿੰਘ ਗਰਚਾ (ਸ਼੍ਰੋਮਣੀ ਅਕਾਲੀ ਦਲ) ਨੇ ਪੰਜਾਬੀ ਵਿਚ ਸਹੁੰ ਚੁੱਕੀ ।

OBITUARY REFERENCES

ਸ੍ਰੀ ਸਪੀਕਰ : ਹੁਣ ਅਕਾਲ ਚਲਾਣਿਆਂ ਦਾ ਵਰਣਨ ਮੁੱਖ ਮੰਤਰੀ ਸਾਹਿਬ ਵੱਲੋਂ ਕੀਤਾ ਜਾਵੇਗਾ ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਅੱਜ ਤੱਕ ਦੇ ਵਕਫੇ ਦੌਰਾਨ ਦੇਸ਼ ਵਿਚ ਕਈ ਇਹੋ ਜਿਹੀਆਂ ਘਟਨਾਵਾਂ ਹੋਈਆਂ ਹਨ ਜਿਨ੍ਹਾਂ ਦਾ ਸਾਰੇ ਦੇਸ਼ ਨੂੰ ਅਤੇ ਪੰਜਾਬ ਨੂੰ ਬਹੁਤ ਦੁੱਖ ਹੈ । ਕੁਝ ਇਹੋ ਜਿਹੀਆਂ ਮਹਾਨ ਸ਼ਖਸੀਅਤਾਂ ਅਕਾਲ ਚਲਾਣਾ ਕਰ ਗਈਆਂ ਹਨ, ਜਿਨ੍ਹਾਂ ਦੇ ਅਕਾਲ ਚਲਾਣੇ ਨਾਲ ਦੇਸ਼ ਨੂੰ ਬਹੁਤ ਘਾਟ ਪਈ ਹੈ ਅਤੇ ਪੰਜਾਬ ਨੂੰ ਬਹੁਤ ਵੱਡਾ ਧੱਕਾ ਲਗਾ ਹੈ । ਸਪੀਕਰ ਸਾਹਿਬ, ਉਨ੍ਹਾਂ ਵਿਚੋਂ ਸਰਦਾਰ ਆਤਮਾ ਸਿੰਘ ਜੀ ਜਿਹੜੇ ਕਿ ਸ਼੍ਰੋਮਣੀ ਅਕਾਲੀ ਦਲ ਦੇ ਐਕਟਿੰਗ ਪ੍ਰਧਾਨ ਵੀ ਰਹੇ ਸਨ, ਉਨ੍ਹਾਂ ਨੇ ਪੰਜਾਬ ਦੀ, ਦੇਸ਼ ਦੀ ਬਹੁਤ ਵੱਡੀ ਸੇਵਾ ਕੀਤੀ ਹੈ । ਉਹ ਇਸ ਹਾਊਸ ਦੇ ਮੈਂਬਰ ਰਹੇ, ਮਨਿਸਟਰ ਰਹੇ ਔਰ ਉਨ੍ਹਾਂ ਨੇ ਸਾਰੀ ਜ਼ਿੰਦਗੀ ਧਾਰਮਿਕ ਪੱਖ ਤੋਂ, ਸਿਆਸੀ ਪੱਖ ਤੋਂ, ਸਮਾਜਿਕ ਪੱਖ ਤੋਂ ਬਹੁਤ ਹੀ ਮਹਾਨ ਸੇਵਾ ਕੀਤੀ ਹੈ । ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਰਹੇ, ਐਕਟਿੰਗ ਪ੍ਰਧਾਨ ਵੀ ਰਹੇ ਔਰ ਦੇਸ਼ ਦੇ ਬਟਵਾਰੇ ਤੋਂ ਪਹਿਲਾਂ ਨਨਕਾਣਾ ਸਾਹਿਬ ਗੁਰਦੁਆਰਾ ਦੇ ਮੈਨੇਜਰ ਵੀ ਰਹੇ । ਉਨ੍ਹਾਂ ਮੰਤਰੀ ਦੇ ਅਹੁਦੇ ਤੇ ਹੁੰਦਿਆਂ ਹੋਇਆਂ ਵੀ ਆਪਣੀ

[ਮੁੱਖ ਮੰਤਰੀ]

ਡਿਊਟੀ ਠੀਕ ਢੰਗ ਦੇ ਨਾਲ ਨਿਭਾਈ । ਜਦੋਂ ਉਹ ਕਿਧਰੇ ਵੀ ਕਾਰ ਵਿਚ ਜਾਂਦੇ ਸਨ ਤਾਂ ਕੜੇ ਕਾਰ ਵਿਚ ਰੱਖਦੇ ਸਨ । ਉਨ੍ਹਾਂ ਨੂੰ ਜੇਕਰ ਕੋਈ ਕੜੇ ਤੋਂ ਬਗੈਰ ਸ਼ਖਸ ਲਭਦਾ ਸੀ ਤਾਂ ਉਹ ਉਸ ਨੂੰ ਕੜਾ ਪਾ ਛੱਡਦੇ ਸਨ । ਉਨ੍ਹਾਂ ਨੇ ਲੋਕਾਂ ਦੀ ਹਰ ਪੱਖ ਤੋਂ ਬਹੁਤ ਵੱਡੀ ਸੇਵਾ ਕੀਤੀ । ਇਥੇ ਮੈਂ ਕਹਿ ਸਕਦਾ ਹਾਂ ਕਿ ਜਦੋਂ ਦੇਸ਼ ਵਿਚ ਐਮਰਜੈਂਸੀ ਲੱਗੀ, ਉਸ ਵੇਲੇ ਦੇ ਹੁਕਮਰਾਨਾਂ ਨੇ ਲੋਕਾਂ ਦੀ ਅਜ਼ਾਦੀ ਖੋਹ ਲਈ, ਉਦੋਂ ਸਰਦਾਰ ਆਤਮਾ ਸਿੰਘ ਜੀ ਨੇ ਪੂਰੇ ਦੋ ਸਾਲ, ਜਿਤਨੀ ਦੇਰ ਐਮਰਜੈਂਸੀ ਰਹੀ, ਜੇਲ੍ਹ ਦੀ ਯਾਤਰਾ ਕੀਤੀ । ਉਨ੍ਹਾਂ ਨੇ ਹਰ ਮੋਰਚੇ ਵਿਚ ਲੜਾਈ ਲੜੀ, ਭਾਵੇਂ ਉਹ ਮੋਰਚਾ ਪੰਜਾਬੀ ਸੂਬੇ ਲਈ ਸੀ ਜਾਂ ਹੋਰ ਮੰਗਾਂ ਵਾਸਤੇ ਸੀ । ਸਰਦਾਰ ਆਤਮਾ ਸਿੰਘ ਜੀ ਨੇ ਹਰ ਮੋਰਚੇ ਵਿਚ ਬਹੁਤ ਵੱਡਾ ਹਿੱਸਾ ਪਾਇਆ । ਸਰਦਾਰ ਆਤਮਾ ਸਿੰਘ ਜੀ ਨੇ ਜਿਥੇ ਸਿਆਸੀ ਅਤੇ ਸਮਾਜਿਕ ਪੱਖ ਤੋਂ ਬਹੁਤ ਵੱਡਾ ਯੋਗਦਾਨ ਪਾਇਆ, ਉਥੇ ਤਾਲੀਮ ਦੇ ਸਿਲਸਿਲੇ ਵਿਚ ਵੀ ਬਹੁਤ ਵੱਡਾ ਯੋਗਦਾਨ ਪਾਇਆ ਹੈ । ਕਪੂਰਥਲਾ ਜ਼ਿਲ੍ਹੇ ਵਿਚ, ਜਿਥੇ ਕਿ ਉਹ ਬਿਰਾਜਦੇ ਸਨ, ਉਥੇ ਉਨ੍ਹਾਂ ਨੇ ਕਈ ਕਾਲਜ ਅਤੇ ਸਕੂਲ ਖੋਲ੍ਹੇ । ਉਨ੍ਹਾਂ ਦੇ ਅਕਾਲ ਚਲਾਣੇ ਨਾਲ ਸਾਨੂੰ ਬੜਾ ਭਾਰੀ ਦੁੱਖ ਹੋਇਆ ਹੈ ਅਤੇ ਉਹ ਨਾ ਪੂਰਾ ਹੋਣ ਵਾਲਾ ਘਾਟਾ ਹੈ । ਉਨ੍ਹਾਂ ਦੀ ਸਪੁੱਤਰੀ ਬੀਬੀ ਡਾਕਟਰ ਉਪਿੰਦਰਜੀਤ ਕੌਰ ਅੱਜ ਮਨਿਸਟਰ ਹਨ ਅਤੇ ਉਹ ਆਪਣੇ ਪਿਤਾ ਜੀ ਦੇ ਨਕਸ਼ੇ ਕਦਮ ਤੇ ਚੱਲ ਕੇ ਉਹ ਘਾਟਾ ਪੂਰਾ ਕਰਨ ਦਾ ਯਤਨ ਕਰ ਰਹੇ ਹਨ ।

ਸਪੀਕਰ ਸਾਹਿਬ , ਇਕ ਹੋਰ ਸ਼ਖਸ਼ੀਅਤ ਕਾਮਰੇਡ ਬਚਨ ਸਿੰਘ ਬਖਸ਼ੀਵਾਲਾ ਵੀ ਪੰਜਾਬ ਵਿਧਾਨ ਸਭਾ ਦੇ ਮੈਂਬਰ ਸਨ । ਬਖਸ਼ੀਵਾਲਾ ਜੀ ਦੇ ਚਲੇ ਜਾਣ ਦਾ ਸਾਨੂੰ ਬੜਾ ਦੁਖ ਹੈ ਅਤੇ ਮੈਂ ਉਨ੍ਹਾਂ ਨੂੰ ਸਨਿਮਰ ਸ਼ਰਧਾਂਜਲੀ ਭੇਂਟ ਕਰਦਾ ਹਾਂ । ਉਹ 19 ਸਤੰਬਰ, 1919 ਨੂੰ ਪੈਦਾ ਹੋਏ ਅਤੇ ਉਨ੍ਹਾਂ ਨੇ ਜਲੰਧਰ ਵਿਖੇ ਪਾਇਲਟ ਵਜੋਂ ਨੌਕਰੀ ਆਰੰਭ ਕੀਤੀ । ਉਨ੍ਹਾਂ ਨੇ ਕਈ ਕਿਸਾਨ ਅੰਦੋਲਨਾਂ ਵਿੱਚ ਹਿੱਸਾ ਲਿਆ । ਉਹ 1952 ਵਿਚ ਸੁਨਾਮ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਸਨ । ਉਨ੍ਹਾਂ ਨੂੰ 1972 ਵਿੱਚ ਪ੍ਰਧਾਨ ਮੰਤਰੀ ਦੁਆਰਾ 'ਤਾਮਰ ਪੱਤਰ' ਪ੍ਰਦਾਨ ਕੀਤਾ ਗਿਆ । ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਪੰਜਾਬ ਰਾਜ ਕੁਸ਼ਲ ਵਿਧਾਨਕਾਰ ਅਤੇ ਸਮਾਜ ਸੇਵਕ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ ।

ਸਪੀਕਰ ਸਾਹਿਬ, ਸ਼੍ਰੀ ਲੇਖ ਰਾਮ ਠਾਕੁਰ, ਸਾਬਕਾ ਪੈਪਸੂ ਵਿਧਾਨ ਸਭਾ ਦੇ ਡਿਪਟੀ ਸਪੀਕਰ ਰਹੇ ਸਨ । ਉਨ੍ਹਾਂ ਦੇ ਵਿਛੋੜੇ ਨਾਲ ਸਾਨੂੰ ਡੂੰਘਾ ਦੁੱਖ ਅਤੇ ਅਫਸੋਸ ਹੋਇਆ ਹੈ । ਸ਼੍ਰੀ ਲੇਖ ਰਾਮ ਠਾਕੁਰ, ਜੋ ਕਿ ਸਾਬਕਾ ਪੈਪਸੂ ਵਿਧਾਨ ਸਭਾ ਦੇ ਡਿਪਟੀ ਸਪੀਕਰ ਸਨ, ਮਿਤੀ 3 ਮਈ, 1997 ਨੂੰ ਅਕਾਲ ਚਲਾਣਾ ਕਰ ਗਏ ਸਨ, ਨੂੰ ਮੈਂ ਆਪਣੀ ਸਨਿਮਰ ਸ਼ਰਧਾਂਜਲੀ ਭੇਂਟ ਕਰਦਾ ਹਾਂ । ਉਨ੍ਹਾਂ ਦਾ ਜਨਮ ਮਿਤੀ 10 ਅਕਤੂਬਰ, 1926 ਨੂੰ ਪਿੰਡ ਚੱਕ ਖੇੜਾ ਜ਼ਿਲ੍ਹਾ ਸ਼ਿਮਲਾ ਵਿਖੇ ਹੋਇਆ । 1946 ਵਿਚ ਉਹ ਸਾਬਕਾ ਨਾਲਾਗੜ੍ਹ ਰਾਜ ਵਿਚ ਪਰਜਾ ਮੰਡਲ ਦੇ ਮੋਢੀਆਂ ਵਿਚੋਂ ਇਕ ਸਨ । ਉਹ ਪੈਪਸੂ ਵਿਧਾਨ ਸਭਾ ਲਈ ਆਜ਼ਾਦ ਉਮੀਦਵਾਰ ਦੇ ਤੌਰ ਤੇ ਚੁਣੇ ਗਏ ਸਨ ਅਤੇ ਬਾਅਦ ਵਿਚ ਡਿਪਟੀ ਸਪੀਕਰ ਚੁਣੇ ਗਏ । ਉਹ ਦੁਬਾਰਾ ਹਿਮਾਚਲ ਪ੍ਰਦੇਸ਼ ਦੀ ਵਿਧਾਨ ਸਭਾ ਲਈ 1967 ਅਤੇ 1972

ਵਿਚ ਚੁਣੇ ਗਏ ਅਤੇ ਸਰਬਸੰਮਤੀ ਨਾਲ ਉਸੇ ਸਦਨ ਲਈ ਡਿਪਟੀ ਸਪੀਕਰ ਵਜੋਂ ਚੁਣੇ ਗਏ । ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਦੇਸ਼ ਇਕ ਯੋਗ ਵਿਧਾਨਕਾਰ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਇਕ ਬਹੁਤ ਹੀ ਮਹਾਨ ਸ਼ਖਸੀਅਤ ਜਿਨ੍ਹਾਂ ਦੀ ਹਿੰਦੁਸਤਾਨ ਦੀ ਸਿਆਸਤ ਵਿਚ ਬਹੁਤ ਵੱਡੀ ਛਾਪ ਰਹੀ ਹੈ, ਉਹ ਸ਼੍ਰੀ ਬੀਜੂ ਪਟਨਾਇਕ ਸਾਬਕਾ ਮੁੱਖ-ਮੰਤਰੀ ਉੜੀਸਾ ਸਨ ਅਤੇ ਜਿਹੜੇ ਕੈਬਿਨੇਟ ਮੰਤਰੀ ਸੈਂਟਰ ਵਿਚ ਵੀ ਰਹੇ, ਉਹ ਵੀ ਸਾਨੂੰ ਮਿਤੀ 17 ਅਪ੍ਰੈਲ, 1997 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਸ਼੍ਰੀ ਬੀਜੂ ਪਟਨਾਇਕ ਜੀ ਦੀ ਜ਼ਿੰਦਗੀ ਬਹੁਤ ਹੀ ਸੰਘਰਸ਼ਮਈ ਜ਼ਿੰਦਗੀ ਰਹੀ ਹੈ । ਉਨ੍ਹਾਂ ਨੇ 1961 ਤੋਂ 1963 ਅਤੇ 1990 ਤੋਂ 1995 ਤਕ ਦੋ ਵਾਰ ਉੜੀਸਾ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ । ਉਹ 1977 ਅਤੇ 1980 ਵਿਚਕਾਰ ਕੇਂਦਰੀ ਮੰਤਰੀ ਰਹੇ । ਉਨ੍ਹਾਂ ਨੇ ਸਿਰਫ ਭਾਰਤ ਦੀ ਆਜ਼ਾਦੀ ਦੀ ਜਦੋ-ਜਹਿਦ ਵਿਚ ਹੀ ਹਿੱਸਾ ਨਹੀਂ ਪਾਇਆ ਸਗੋਂ ਇੰਡੋਨੇਸ਼ੀਆ ਦੀ ਆਜ਼ਾਦੀ ਦੀ ਜੱਦੋ-ਜਹਿਦ ਵਿਚ ਵੀ ਹਿੱਸਾ ਲਿਆ ਜਿਥੇ ਕਿ ਉਨ੍ਹਾਂ ਨੂੰ ਦੋ ਵਾਰ ਸਰਵੋਤਮ ਸਿਵਲੀਅਨ ਸਨਮਾਨ 'ਭੂਮੀ-ਪੁੱਤਰ' ਨਾਲ ਸੁਸ਼ੋਭਿਤ ਕੀਤਾ ਗਿਆ । ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਦੇਸ਼ ਇਕ ਤਜਰਬੇਕਾਰ ਪਾਰਲੀਮੈਂਟੇਰੀਅਨ ਅਤੇ ਭਾਰਤ ਦੀਆਂ ਸਿਰਮੌਰ ਸ਼ਖਸੀਅਤਾਂ ਵਿਚੋਂ ਇਕ, ਜਿਸ ਨੇ ਆਜ਼ਾਦੀ ਦੇ ਅੰਦੋਲਨ ਵਿਚ ਬਹੁਤ ਅਹਿਮ ਭੂਮਿਕਾ ਨਿਭਾਈ, ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਰਦਾਰ ਦਿਆਲ ਸਿੰਘ ਜੀ ਜੋ ਕਿ ਇਕ ਬਹੁਤ ਵੱਡੇ ਸੁਤੰਤਰਤਾ ਸੰਗਰਾਮੀ ਸਨ, ਉਨ੍ਹਾਂ ਦੇ ਅਕਾਲ ਚਲਾਣੇ ਨਾਲ ਵੀ ਦੇਸ਼ ਇਕ ਮਹਾਨ ਸ਼ਖਸੀਅਤ ਤੋਂ ਵਾਂਝਾ ਹੋ ਗਿਆ ਹੈ । ਉਨ੍ਹਾਂ ਦਾ ਜਨਮ ਮਿਤੀ 31 ਦਸੰਬਰ, 1916 ਨੂੰ ਪਿੰਡ ਸੁਖਰਾਮਪੁਰ ਟੱਪਰੀਆਂ ਜ਼ਿਲ੍ਹਾ ਰੋਪੜ ਵਿਖੇ ਹੋਇਆ । ਉਹ 1935 ਵਿਚ ਬ੍ਰਿਟਿਸ਼ ਸੈਨਾ ਵਿੱਚ ਦੁਭਾਸ਼ੀਆ ਦੇ ਤੌਰ ਤੇ ਭਰਤੀ ਹੋਏ । ਉਨ੍ਹਾਂ 1942 ਵਿਚ ਆਈ.ਐਨ. ਏ. ਵਿਚ ਜੁਆਇਨ ਕੀਤਾ ਅਤੇ ਦੂਜੇ ਸੰਸਾਰ ਯੁੱਧ ਦੌਰਾਨ ਸਰਗਰਮ ਸੇਵਾ ਕੀਤੀ । 1972 ਵਿਚ ਉਨ੍ਹਾਂ ਨੂੰ 'ਤਾਮਰ ਪੱਤਰ' ਨਾਲ ਸਨਮਾਨਿਤ ਕੀਤਾ ਗਿਆ ਸੀ । ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਪੰਜਾਬ ਭਾਰਤ ਦੇ ਮਹਾਨ ਸਪੂਤ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ ।

ਅੱਗੇ, ਸਪੀਕਰ ਸਾਹਿਬ, ਸਰਦਾਰ ਪ੍ਰਤਾਪ ਸਿੰਘ ਬਾਗੀ, ਜੋ ਕਿ ਇਕ ਬਹੁਤ ਵੱਡੇ ਸੁਤੰਤਰਤਾ ਸੰਗਰਾਮੀ ਹੋਏ ਹਨ, ਉਹ ਵੀ ਸਾਡੇ ਕੋਲੋਂ ਅਕਾਲ ਚਲਾਣਾ ਕਰ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 22 ਮਈ, 1922 ਨੂੰ ਪਿੰਡ ਜਾਖੇਪਾਲ, ਜ਼ਿਲ੍ਹਾ ਸੰਗਰੂਰ ਵਿਚ ਹੋਇਆ । ਸੰਨ 1945-46 ਵਿਚ ਉਹ ਕਿਸਾਨ ਅੰਦੋਲਨ ਵਿਚ ਸ਼ਾਮਲ ਹੋਏ ਅਤੇ ਸਰਵ-ਭਾਰਤੀ ਕਿਸਾਨ ਸਭਾ ਦੇ ਜਨਰਲ ਸਕੱਤਰ ਬਣ ਗਏ । ਉਨ੍ਹਾਂ ਨੇ ਰਾਜ ਵਿਚ ਇਨਕਲਾਬੀ ਲਹਿਰ ਨੂੰ ਵੀ ਜਥੇਬੰਦ ਕੀਤਾ । ਉਹ "ਕੌਮੀ ਦਰਦ" ਦੇ ਐਡੀਟਰ ਰਹੇ । ਉਨ੍ਹਾਂ ਦੇ ਅਕਾਲ ਚਲਾਣੇ ਨਾਲ ਅਸੀਂ ਇਕ ਮਹਾਨ ਕ੍ਰਾਂਤੀਕਾਰੀ ਖੋਹ ਦਿਤਾ ਹੈ ।

[ਮੁੱਖ ਮੰਤਰੀ]

ਸਪੀਕਰ ਸਾਹਿਬ, ਕਾਮਰੇਡ ਕ੍ਰਿਪਾਲ ਸਿੰਘ ਇਕ ਬਹੁਤ ਵੱਡੇ ਸੁਤੰਤਰਤਾ ਸੰਗਰਾਮੀ ਹੋਏ ਹਨ । ਕਾਮਰੇਡ ਕ੍ਰਿਪਾਲ ਸਿੰਘ ਜੀ ਦਾ ਜਨਮ 1909 ਨੂੰ ਪਿੰਡ ਦਾਨਗੜ੍ਹ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ । 1942 ਵਿਚ ਉਹ ਕਮਿਊਨਿਸਟ ਲਹਿਰ ਵਿਚ ਸ਼ਾਮਿਲ ਹੋਏ । ਸੁਤੰਤਰਤਾ ਸੰਗਰਾਮ ਦੌਰਾਨ ਉਨ੍ਹਾਂ ਨੇ ਪ੍ਰਜਾ ਮੰਡਲ ਲਹਿਰ ਦੁਆਰਾ ਸ਼ੁਰੂ ਕੀਤੇ ਗਏ ਸਮੂਹ ਅੰਦੋਲਨਾਂ ਵਿਚ ਹਿੱਸਾ ਲਿਆ ਅਤੇ ਕਈ ਵਾਰ ਜੇਲ੍ਹ ਗਏ । ਉਨ੍ਹਾਂ ਦੇ ਅਕਾਲ ਚਲਾਣੇ ਦਾ ਵੀ ਸਾਨੂੰ ਬਹੁਤ ਵੱਡਾ ਦੁੱਖ ਹੈ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਸ਼੍ਰੀ ਜਗਦੀਸ਼ ਰਾਏ ਮੋਂਗਾ ਜੋ ਕਿ ਆਰ. ਐਸ. ਐਸ. ਦੇ ਬਹੁਤ ਵੱਡੇ ਵਰਕਰ ਸਨ, ਉਹ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਹ 11 ਅਗਸਤ, 1930 ਨੂੰ ਪਿੰਡ ਰੱਤੀਆ, ਜ਼ਿਲ੍ਹਾ ਹਿਸਾਰ ਵਿਖੇ ਪੈਦਾ ਹੋਏ । ਉਹ ਆਰ. ਐਸ. ਐਸ. ਅਤੇ ਜਨ-ਸੰਘ ਦੇ ਸਰਗਰਮ ਕਾਰਜ ਕਰਤਾ ਸਨ ਅਤੇ ਬਠਿੰਡੇ ਜ਼ਿਲ੍ਹੇ ਦੀ ਜਨ-ਸੰਘ ਇਕਾਈ ਦੇ ਸਕੱਤਰ ਬਣੇ । ਉਨ੍ਹਾਂ ਨੇ ਸੁਤੰਤਰਤਾ ਮਗਰੋਂ ਸ਼ਰਨਾਰਥੀ ਬਣ ਕੇ ਆਏ ਲੋਕਾਂ ਦੇ ਮੁੜ ਵਸੇਬੇ ਲਈ ਅਣਥੱਕ ਕੰਮ ਕੀਤਾ । ਉਹ 1980 ਵਿਚ ਬੀ.ਜੇ.ਪੀ. ਦੀ ਪੰਜਾਬ ਇਕਾਈ ਦੇ ਸਕੱਤਰ ਅਤੇ 1988 ਵਿਚ ਜਨਰਲ ਸਕੱਤਰ ਬਣੇ । ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਪੰਜਾਬ ਰਾਜ ਨੇ ਇਕ ਸੱਚਾ ਦੇਸ਼ ਭਗਤ ਅਤੇ ਸਮਾਜ ਸੇਵਕ ਖੋਹ ਦਿੱਤਾ ਹੈ ।

ਜਥੇਦਾਰਨੀ ਮਨਮੋਹਨ ਕੌਰ ਚੱਢਾ ਇਕ ਬਹੁਤ ਵੱਡੇ ਸੁਤੰਤਰਤਾ ਸੰਗਰਾਮੀ ਰਹੇ ਹਨ । ਉਨ੍ਹਾਂ ਦੀ ਪੰਜਾਬ ਪ੍ਰਤੀ ਅਤੇ ਦੇਸ਼ ਪ੍ਰਤੀ ਬਹੁਤ ਵੱਡੀ ਸੇਵਾ ਹੈ । ਉਨ੍ਹਾਂ ਦੇ ਵਿਛੋੜੇ ਦਾ ਵੀ ਸਾਰੇ ਪੰਜਾਬੀਆਂ ਨੂੰ ਬਹੁਤ ਵੱਡਾ ਦੁੱਖ ਹੈ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਕਈ ਹੋਰ ਵੀ ਬਹੁਤ ਵੱਡੇ ਸਦਮੇ ਹੋਏ ਹਨ ਜਿਸ ਤਰ੍ਹਾਂ ਕਿ ਮੱਕੇ ਦਾ ਅਗਨੀ ਕਾਂਡ ਦੁਖਾਂਤ ਹੈ । ਮਿਤੀ 15-4-97 ਨੂੰ ਸਾਊਦੀ ਅਰਬ ਵਿਚ ਮੱਕਾ ਦੇ ਨੇੜੇ ਮੀਨਾ ਵਿਖੇ ਭਿਆਨਕ ਅਗਨੀ ਕਾਂਡ ਦਾ ਸ਼ਿਕਾਰ ਹੋਏ ਸਮੂਹ ਯਾਤਰੀਆਂ ਨੂੰ ਮੈਂ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ । ਇਨ੍ਹਾਂ ਕੀਮਤੀ ਜਾਨਾਂ ਦੇ ਇਸ ਤਰੀਕੇ ਨਾਲ ਕਦੀ ਨਾ ਪੂਰੇ ਹੋ ਜਾਣ ਵਾਲੇ ਘਾਟੇ ਪ੍ਰਤੀ ਮੈਂ ਤਹਿ ਦਿਲੋਂ ਅਫਸੋਸ ਪ੍ਰਗਟ ਕਰਦਾ ਹਾਂ ਅਤੇ ਦੁਖੀ ਪਰਿਵਾਰਾਂ ਦੇ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਇਸ ਦੇਸ਼ ਅੰਦਰ ਇਕ ਹੋਰ ਬਹੁਤ ਵੱਡਾ ਦੁਖਾਂਤ ਵਾਪਰਿਆ ਹੈ ਅਤੇ ਉਹ ਹੈ ਭੂਚਾਲ । ਮੱਧ ਪ੍ਰਦੇਸ਼ ਦੇ ਸ਼ਹਿਰ ਜਬਲਪੁਰ ਅਤੇ ਇਸ ਦੇ ਇਰਦ ਗਿਰਦ ਇਸ ਭੂਚਾਲ ਨਾਲ ਜਿਹੜੀਆਂ ਕੀਮਤੀ ਜਾਨਾਂ ਚਲੀਆਂ ਗਈਆਂ, ਉਨ੍ਹਾਂ ਨੂੰ ਵੀ ਮੈਂ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ । ਮੈਨੂੰ ਉਨ੍ਹਾਂ ਕੀਮਤੀ ਜਾਨਾਂ ਅਤੇ ਸੰਪਤੀ ਦੇ ਨੁਕਸਾਨ ਦਾ ਡੂੰਘਾ ਅਫਸੋਸ ਹੈ ਅਤੇ ਮੈਂ ਉਨ੍ਹਾਂ ਦੇ ਦੁਖੀ ਪਰਿਵਾਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਮੈਂ ਉਨ੍ਹਾਂ ਸਾਰੇ ਵਿਅਕਤੀਆਂ ਨੂੰ ਸਨਿਮਰ

ਸ਼ਰਧਾਂਜਲੀ ਭੇਂਟ ਕਰਦਾ ਹਾਂ ਜਿਨ੍ਹਾਂ ਦੀ ਮੌਤ ਮਿਤੀ 6.6.97 ਨੂੰ ਪਠਾਨਕੋਟ ਵਿਖੇ ਬੱਸ ਵਿਚ ਹੋਏ ਬੰਬ ਧਮਾਕੇ ਦੌਰਾਨ ਹੋਈ । ਮੈਂ ਉਨ੍ਹਾਂ ਕੀਮਤੀ ਜਾਨਾਂ ਦੇ ਹੋਏ ਨੁਕਸਾਨ ਤੇ ਡੂੰਘੇ ਅਫਸੋਸ ਦਾ ਇਜ਼ਹਾਰ ਕਰਦਾ ਹਾਂ ਅਤੇ ਦੁਖੀ ਪਰਿਵਾਰਾਂ ਪ੍ਰਤੀ ਆਪਣੀ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ ।

ਇਸੇ ਤਰ੍ਹਾਂ ਹੀ, ਸਪੀਕਰ ਸਾਹਿਬ, ਸਰਦਾਰ ਹਰਮਿੰਦਰ ਸਿੰਘ ਜੀ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਹ ਹਰਿਆਣੇ ਦੇ ਮਨਿਸਟਰ ਸਨ ਅਤੇ ਫਤਿਹਾਬਾਦ ਦੇ ਰਹਿਣ ਵਾਲੇ ਸਨ । ਉਹ ਇਕ ਲੀਡਿੰਗ ਐਡਵੋਕੇਟ ਸਨ ਅਤੇ ਉਨ੍ਹਾਂ ਨੇ ਆਪਣੀ ਸੇਵਾ ਬਹੁਤ ਤਕੜੇ ਹੋ ਕੇ ਨਿਭਾਈ । ਉਨ੍ਹਾਂ ਦੇ ਵਿਛੋੜ ਜਾਣ ਦਾ ਮੈਨੂੰ ਬਹੁਤ ਵੱਡਾ ਦੁੱਖ ਹੈ ।

ਸਪੀਕਰ ਸਾਹਿਬ, ਜਿਨ੍ਹਾਂ ਪਰਿਵਾਰਾਂ ਵਿਚ ਐਡੇ ਵੱਡੇ ਸਦਮੇ ਹੋਏ ਹਨ, ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਸਦਮਿਆਂ ਦੌਰਾਨ ਸਦੀਵੀ ਵਿਛੋੜਾ ਦੇ ਗਏ ਵਿਅਕਤੀਆਂ ਪ੍ਰਤੀ ਅਫਸੋਸ ਅਤੇ ਸ਼ਰਧਾਂਜਲੀ ਦਾ ਪ੍ਰਸਤਾਵ ਇਸ ਹਾਊਸ ਵੱਲੋਂ ਪਾਸ ਕਰਕੇ ਉਨ੍ਹਾਂ ਪਰਿਵਾਰਾਂ ਨੂੰ ਭੇਜਿਆ ਜਾਵੇ ।

ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਤੇ ਡਾਕਟਰੀ ਸਿੱਖਿਆ ਮੰਤਰੀ (ਸ੍ਰੀ ਬਲਰਾਮ ਜੀ ਦਾਸ ਟੰਡਨ) : ਸਪੀਕਰ ਸਾਹਿਬ, ਜਿਹੜਾ ਮਤਾ ਮੁੱਖ ਮੰਤਰੀ ਜੀ ਨੇ ਪੇਸ਼ ਕੀਤਾ ਹੈ ਅਤੇ ਜਿਹੜੀਆਂ ਭਾਵਨਾਵਾਂ ਉਨ੍ਹਾਂ ਨੇ ਪ੍ਰਗਟ ਕੀਤੀਆਂ ਹਨ, ਮੈਂ ਉਨ੍ਹਾਂ ਦੇ ਨਾਲ ਸਹਿਮਤ ਹੁੰਦਾ ਹੋਇਆ ਦੋ ਸ਼ਬਦ ਕਹਿਣਾ ਚਾਹੁੰਦਾ ਹਾਂ । ਸਰਦਾਰ ਆਤਮਾ ਸਿੰਘ ਜੀ ਇਸ ਹਾਊਸ ਦੇ ਕਈ ਵਾਰ ਮੈਂਬਰ ਰਹੇ । ਉਨ੍ਹਾਂ ਨੇ ਪੰਜਾਬ ਦੀ, ਪੰਥ ਦੀ ਅਤੇ ਸਮਾਜ ਦੀ ਜੋ ਸੇਵਾ ਕੀਤੀ ਹੈ, ਉਹ ਭੁਲਾਈ ਨਹੀਂ ਜਾ ਸਕਦੀ । ਰਿਕਾਰਡ ਕਢਵਾ ਕੇ ਵੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਹ ਵਿਧਾਨ ਸਭਾ ਦੇ ਜਿੰਨਾ ਚਿਰ ਤੱਕ ਮੈਂਬਰ ਰਹੇ, ਉਸ ਦੌਰਾਨ ਹਰੇਕ ਦਿਨ ਹਾਊਸ ਵਿਚ ਉਨ੍ਹਾਂ ਵੱਲੋਂ ਦਿਤੇ ਗਏ ਅਨ-ਸਟਾਰਡ ਕੁਐਸਚਨਜ਼ ਨਾਲ ਸਫਿਆਂ ਦੇ ਸਫੇ ਭਰੇ ਹੁੰਦੇ ਸਨ । ਸਟਾਰਡ ਕਐਸਚਨ ਤਾਂ ਅਸੈਂਬਲੀ ਵਿਚ ਇਕ ਮੈਂਬਰ ਕੇਵਲ 3 ਹੀ ਪੇਸ਼ ਕਰ ਸਕਦਾ ਹੈ ਲੇਕਿਨ ਅਨਸਟਾਰਡ ਕੁਐਸਚਨਜ਼ ਤੇ ਕੋਈ ਪਾਬੰਦੀ ਨਹੀਂ ਸੀ ਹੁੰਦੀ । ਕੋਈ ਵੀ ਸਮੱਸਿਆ ਹੁੰਦੀ ਸੀ, ਆਪਣੇ ਇਲਾਕੇ ਦੀ, ਆਪਣੇ ਸ਼ਹਿਰ ਦੀ ਜਾਂ ਆਪਣੇ ਜ਼ਿਲ੍ਹੇ ਦੀ, ਉਸ ਬਾਰੇ ਉਨ੍ਹਾਂ ਦੇ ਸਫਿਆਂ ਦੇ ਸਫੇ ਭਰੇ ਹੋਏ ਹੁੰਦੇ ਸਨ । ਇਸ ਤੋਂ ਪਤਾ ਲੱਗਦਾ ਹੈ ਕਿ ਉਹ ਲੋਕਾਂ ਦੇ ਨਾਲ ਕਿੰਨੇ ਜੁੜੇ ਹੋਏ ਸਨ ਅਤੇ ਉਨ੍ਹਾਂ ਵਿਚ ਕਿੰਨੀ ਰੁਚੀ ਰੱਖਦੇ ਸਨ । ਉਹ ਸਾਡੇ ਨਾਲ ਮਨਿਸਟਰ ਵੀ ਰਹੇ ਅਤੇ ਜੇਲ੍ਹਾਂ ਵਿਚ ਵੀ ਰਹੇ ਔਰ ਉਨ੍ਹਾਂ ਨੇ ਜੋ ਯੋਗਦਾਨ ਪੰਜਾਬ ਦੀ ਸੇਵਾ ਵਿੱਚ ਪਾਇਆ ਹੈ, ਉਸ ਨੂੰ ਭੁਲਾਇਆ ਨਹੀਂ ਜਾ ਸਕਦਾ । ਅੱਜ ਉਹ ਸਾਡੇ ਦਰਮਿਆਨ ਨਹੀਂ ਰਹੇ, ਸਾਨੂੰ ਇਸ ਗੱਲ ਦਾ ਬੜਾ ਦੁੱਖ ਹੈ । ਇਹ ਦੁੱਖ ਪੰਜਾਬ ਦੇ ਸਾਰੇ ਲੋਕਾਂ ਨੂੰ ਹੈ ।

ਇਸ ਦੇ ਨਾਲ ਹੀ ਨਾਲ, ਸਪੀਕਰ ਸਾਹਿਬ, ਕਾਮਰੇਡ ਬਚਨ ਸਿੰਘ ਬਖਸ਼ੀਵਾਲਾ ਅਤੇ

[ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਤੇ ਡਾਕਟਰੀ ਸਿਖਿਆ ਮੰਤਰੀ]
ਸ੍ਰੀ ਲੇਖ ਰਾਮ ਠਾਕੁਰ ਜਿਹੜੇ ਕਿ ਇਸ ਹਾਊਸ ਦੇ ਵਿੱਚ, ਜਦੋਂ ਸਾਡਾ ਸਾਂਝਾ ਹਾਊਸ ਸੀ, ਉਸ ਦੇ ਮੈਂਬਰ ਰਹੇ, ਉਨ੍ਹਾਂ ਦਾ ਵਿਛੜ ਜਾਣਾ ਵੀ ਸਾਡੇ ਸਭ ਵਾਸਤੇ ਬੜਾ ਦੁਖਦਾਈ ਹੈ ।

ਸਪੀਕਰ ਸਾਹਿਬ, ਸ੍ਰੀ ਬੀਜੂ ਪਟਨਾਇਕ ਜੀ, ਜੋ ਕਿ ਹਿੰਦੁਸਤਾਨ ਦੀ ਸਿਆਸਤ ਦੇ ਨਾਲ ਬਹੁਤ ਜ਼ਿਆਦਾ ਜੁੜੇ ਹੋਏ ਸਨ, ਉਨ੍ਹਾਂ ਨੇ ਨਾ ਸਿਰਫ ਦੇਸ਼ ਦੀ ਆਜ਼ਾਦੀ ਦੀ ਲੜਾਈ ਦੇ ਵਿੱਚ ਬਹੁਤ ਵੱਡਾ ਹਿੱਸਾ ਲਿਆ ਬਲਕਿ ਆਪਣੀ ਸਟੇਟ ਦੇ ਵਾਸਤੇ ਵੀ ਬਹੁਤ ਦਿਲਚਸਪੀ ਦੇ ਨਾਲ ਲੋਕ ਭਲਾਈ ਵਾਸਤੇ ਕੰਮ ਕੀਤਾ ਔਰ ਉਸ ਸਟੇਟ ਨੂੰ ਵੀ ਆਪਣੇ ਨਾਂ ਨਾਲ ਜੋੜ ਲਿਆ । ਉਹ ਉਥੇ ਦੋ ਵਾਰ ਮੁੱਖ ਮੰਤਰੀ ਵੀ ਰਹੇ ਅਤੇ ਸੈਂਟਰ ਦੀ ਸਰਕਾਰ ਦੇ ਮੰਤਰੀ ਵੀ ਰਹੇ । ਜੋ ਯੋਗਦਾਨ ਉਨ੍ਹਾਂ ਨੇ ਲੋਕ ਸਭਾ ਦੇ ਵਿੱਚ ਦੇਸ਼ ਦੀ ਰਾਜਨੀਤੀ ਵਾਸਤੇ ਪਾਇਆ, ਉਹ ਵੀ ਦੇਸ਼ ਦੇ ਲੋਕਾਂ ਨੂੰ ਯਾਦ ਹੈ । ਪੰਜਾਬ ਨਾਲ ਵੀ ਉਨ੍ਹਾਂ ਦਾ ਖਾਸਾ ਸਬੰਧ ਸੀ । ਜਿਸ ਵੇਲੇ ਅਸੀਂ ਪਿਛਲੀ ਵਾਰੀ ਮਨਿਸਟਰੀ ਵਿੱਚ ਰਹੇ ਔਰ ਜਦੋਂ ਉਹ ਇਥੇ ਆਉਂਦੇ ਸਨ ਤਾਂ ਉਹ ਬੜੇ ਪਿਆਰ ਦੇ ਨਾਲ ਸਾਨੂੰ ਮਿਲਦੇ ਸਨ । ਉਹ ਪੰਜਾਬ ਦੇ ਲੋਕਾਂ ਨਾਲ ਦਿਲੋਂ ਜੁੜੇ ਹੋਏ ਸਨ । ਜਦੋਂ ਅਸੀਂ ਉਨ੍ਹਾਂ ਨੂੰ ਦੱਸਿਆ ਕਿ ਸਾਨੂੰ ਇੰਡਸਟਰੀ ਵਾਸਤੇ ਸਟੀਲ ਦੀ ਜ਼ਰੂਰਤ ਹੈ ਤਾਂ ਉਨ੍ਹਾਂ ਨੇ ਸਾਨੂੰ ਕਦੇ ਇਸ ਚੀਜ਼ ਦੀ ਘਾਟ ਨਹੀਂ ਆਉਣ ਦਿੱਤੀ । ਅੱਜ ਪੰਜਾਬ ਦੇ ਲੋਕਾਂ ਨੂੰ ਇਸ ਗੱਲ ਦਾ ਬੜਾ ਦੁੱਖ ਹੈ ਕਿ ਅੱਜ ਉਹ ਸਾਡੇ ਦਰਮਿਆਨ ਨਹੀਂ ਰਹੇ । ਸਾਨੂੰ ਉਨ੍ਹਾਂ ਦੇ ਸਾਡੇ ਕੋਲੋਂ ਵਿਛੜ ਜਾਣ ਤੇ ਦਿਲੀ ਦੁੱਖ ਹੈ ਔਰ ਅਸੀਂ ਉਨ੍ਹਾਂ ਨੂੰ ਆਪਣੇ ਵੱਲੋਂ ਸ਼ਰਧਾਂਜਲੀ ਭੇਂਟ ਕਰਦੇ ਹਾਂ ।

ਸਪੀਕਰ ਸਾਹਿਬ, ਦੇਸ਼ ਦੀ ਆਜ਼ਾਦੀ ਵਾਸਤੇ ਜਿਨ੍ਹਾਂ ਨੇ ਲੜਾਈ ਲੜੀ ਉਨ੍ਹਾਂ ਵਿੱਚੋਂ ਸਰਦਾਰ ਦਿਆਲ ਸਿੰਘ, ਸਰਦਾਰ ਪ੍ਰਤਾਪ ਸਿੰਘ ਬਾਗੀ, ਕਾਮਰੇਡ ਕਿਰਪਾਲ ਸਿੰਘ ਜੀ ਔਰ ਜਥੇਦਾਰਨੀ ਮਨਮੋਹਨ ਕੌਰ ਚੱਢਾ ਅੱਜ ਸਾਡੇ ਦਰਮਿਆਨ ਨਹੀਂ ਹਨ । ਇਨ੍ਹਾਂ ਸਵਤੰਤਰਤਾ ਸੰਗਰਾਮੀਆਂ ਨੇ ਆਪਣੀਆਂ ਜਾਨਾਂ ਦੇਸ਼ ਦੀ ਆਜ਼ਾਦੀ ਦੀ ਖਾਤਰ ਕੁਰਬਾਨ ਕਰ ਦਿੱਤੀਆਂ ਤਾਂ ਕਿ ਅਸੀਂ ਲੋਕ ਚੈਨ ਨਾਲ ਰਹਿ ਸਕੀਏ । ਜਿਨ੍ਹਾਂ ਲੋਕਾਂ ਨੇ ਦੇਸ਼ ਦੀ ਖਾਤਰ ਆਪਣੀਆਂ ਕੁਰਬਾਨੀਆਂ ਦਿੱਤੀਆਂ ਹਨ, ਅਸੀਂ ਦੇਸ਼ ਵਾਸੀ ਉਨ੍ਹਾਂ ਨੂੰ ਕਦੇ ਭੁਲਾ ਨਹੀਂ ਸਕਦੇ । ਅਸੀਂ ਆਪਣੇ ਵੱਲੋਂ ਸ਼ਰਧਾ ਦੇ ਫੁੱਲ ਉਨ੍ਹਾਂ ਦੇ ਚਰਨਾਂ ਵਿੱਚ ਭੇਂਟ ਕਰਦੇ ਹਾਂ ।

ਇਸੇ ਤਰ੍ਹਾਂ ਹੀ ਸ੍ਰੀ ਜਗਦੀਸ਼ ਰਾਇ ਮੋਂਗਾ ਜੀ ਹਨ । ਇਨ੍ਹਾਂ ਨੇ ਵੀ ਪੰਜਾਬ ਦੀ ਬੜੀ ਸੇਵਾ ਕੀਤੀ । ਉਨ੍ਹਾਂ ਦੀ ਸੇਵਾ ਨੂੰ ਵੀ ਕਦੇ ਭੁਲਾਇਆ ਨਹੀਂ ਜਾ ਸਕਦਾ । ਜਦੋਂ ਪੰਜਾਬ ਦੇ ਵਿੱਚ ਕਾਲੇ ਦਿਨ ਸਨ, ਉਨ੍ਹਾਂ ਨੇ ਉਸ ਵੇਲੇ ਇਕ ਬਹਾਦਰ ਜਰਨੈਲ ਦੀ ਤਰ੍ਹਾਂ ਸਭ ਤੋਂ ਅੱਗੇ ਆ ਕੇ ਪੰਜਾਬ ਦੇ ਕੋਨੇ ਕੋਨੇ ਵਿੱਚ ਬੜੀ ਸੇਵਾ ਕੀਤੀ । ਜਿੱਥੇ ਦਿਨ ਵੇਲੇ ਵੀ ਜਾਣਾ ਮੁਸ਼ਕਲ ਹੁੰਦਾ ਸੀ, ਉਹ ਰਾਤ ਨੂੰ ਵੀ ਉਥੇ ਜਾ ਕੇ ਸਮਾਜ ਵਿਰੋਧੀ ਅਨਸਰਾਂ ਦਾ ਚੈਲੰਜ ਕਬੂਲ ਕਰਦੇ ਸਨ ਔਰ ਪੰਜਾਬ ਦੇ ਵਿੱਚ ਦੇਸ਼ ਦੀ ਏਕਤਾ ਔਰ ਅਖੰਡਤਾ ਦਾ ਸੰਦੇਸ਼ ਦਿੰਦੇ ਸਨ । ਉਨ੍ਹਾਂ ਨੇ ਸੂਬੇ ਵਾਸਤੇ ਔਰ ਦੇਸ਼ ਵਾਸਤੇ ਜੋ ਯੋਗਦਾਨ ਪਾਇਆ ਹੈ, ਉਸ ਨੂੰ ਅਸੀਂ ਅੱਖੋਂ ਉਹਲੇ ਨਹੀਂ ਕਰ ਸਕਦੇ । ਉਨ੍ਹਾਂ ਦੇ ਸਰੀਰ ਤੇ,

ਸਪੀਕਰ ਸਾਹਿਬ, ਚਾਰ ਗੋਲੀਆਂ ਲੱਗੀਆਂ ਸਨ ਜਿਨ੍ਹਾਂ ਵਿੱਚੋਂ ਦੋ ਤਾਂ ਨਿਕਾਲ ਦਿੱਤੀਆਂ ਗਈਆਂ ਸਨ ਪਰ ਦੋ ਗੋਲੀਆਂ, ਕਿਉਂਕਿ ਸਰਜਨਾਂ ਨੇ ਕਿਹਾ ਸੀ ਕਿ ਇਹ ਨਿਕਲ ਨਹੀਂ ਸਕਦੀਆਂ, ਇਸ ਕਰਕੇ ਉਹ ਕੱਢੀਆਂ ਨਹੀਂ ਜਾ ਸਕੀਆਂ । ਲੇਕਿਨ ਉਸ ਦੇ ਬਾਵਜੂਦ ਵੀ ਉਨ੍ਹਾਂ ਨੇ ਪੰਜਾਬ ਦੀ ਬੜੀ ਸੇਵਾ ਕੀਤੀ । ਉਹ 1977 ਤੋਂ ਲੈ ਕੇ 1980 ਤੱਕ ਇੰਪਰੂਵਮੈਂਟ ਟਰਸੱਟ ਬਠਿੰਡਾ ਦੇ ਚੇਅਰਮੈਨ ਰਹੇ । ਅੱਜ ਵੀ ਜਦੋਂ ਅਸੀਂ ਬਠਿੰਡੇ ਵਿੱਚ ਜਾ ਕੇ ਚੌੜੀਆਂ ਸੜਕਾਂ ਦੇਖਦੇ ਹਾਂ ਤਾਂ ਸਾਨੂੰ ਉਨ੍ਹਾਂ ਵੱਲੋਂ ਬਠਿੰਡੇ ਵਿੱਚ ਕੀਤੀ ਗਈ ਡਿਵੈਲਪਮੈਂਟ ਨਜ਼ਰ ਆਉਂਦੀ ਹੈ ਜੋ ਕਿ ਹਮੇਸ਼ਾ ਵਾਸਤੇ ਯਾਦ ਰੱਖਣ ਵਾਲੀ ਹੈ ।

ਸਪੀਕਰ ਸਾਹਿਬ, ਮੱਕੇ ਵਿੱਚ ਅੱਗ ਦੁਰਘਟਨਾ ਕਾਰਨ ਕਈ ਬੇਕਸੂਰ ਜਾਨਾਂ ਚਲੀਆਂ ਗਈਆਂ । ਉਹ ਲੋਕ ਆਪਣੀਆਂ ਧਾਰਮਕ ਭਾਵਨਾਵਾਂ ਵਾਸਤੇ ਉਥੇ ਗਏ ਹੋਏ ਸਨ । ਉਹ ਉਸ ਦੁਰਘਟਨਾ ਕਾਰਨ ਹਮੇਸ਼ਾ ਲਈ ਸਾਡੇ ਕੋਲੋਂ ਜੁਦਾ ਹੋ ਗਏ ਹਨ । ਅੱਜ ਸਾਡਾ ਸਦਨ ਉਨ੍ਹਾਂ ਪ੍ਰਤੀ ਆਪਣੀ ਦਿਲੀ ਹਮਦਰਦੀ ਪ੍ਰਗਟ ਕਰਦਾ ਹੈ ।

ਇਸ ਦੇ ਨਾਲ ਹੀ ਮੱਧ ਪ੍ਰਦੇਸ਼ ਦੇ ਜਬਲਪੁਰ ਇਲਾਕੇ ਵਿੱਚ ਭੁਚਾਲ ਕਾਰਨ ਜਿਹੜੀਆਂ ਜਾਨਾਂ ਗਈਆਂ ਹਨ ਔਰ ਲੋਕਾਂ ਦੇ ਮਾਲ ਦਾ ਵੀ ਬੜਾ ਭਾਰੀ ਨੁਕਸਾਨ ਹੋਇਆ ਹੈ, ਉਨ੍ਹਾਂ ਪਰਿਵਾਰਾਂ ਨਾਲ ਵੀ ਅਸੀਂ ਆਪਣੀ ਦਿਲੀ ਹਮਦਰਦੀ ਪ੍ਰਗਟ ਕਰਦੇ ਹਾਂ ।

ਸਪੀਕਰ ਸਾਹਿਬ, ਅੰਤ ਵਿੱਚ ਪਠਾਨਕੋਟ ਵਿਖੇ ਹੋਏ ਬੰਬ ਧਮਾਕੇ ਕਾਰਨ ਜੋ ਲੋਕ ਸਾਡੇ ਕੋਲੋਂ ਸਦਾ ਵਾਸਤੇ ਜੁਦਾ ਹੋ ਗਏ ਹਨ, ਅਸੀਂ ਉਨ੍ਹਾਂ ਨਾਲ ਵੀ ਆਪਣੀ ਦਿਲੀ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਾਂ । ਮੈਂ ਸਮਝਦਾ ਹਾਂ ਕਿ ਅਸੀਂ ਇਸ ਗੱਲ ਦਾ ਵੀ ਰੀਜ਼ੋਲਵ ਕਰਦੇ ਹਾਂ ਕਿ ਜਿਹੜੇ ਸ਼ਰਾਰਤੀ ਤੱਤਵ ਸਾਡੇ ਸਮਾਜ ਦੇ ਅੰਦਰ ਹਨ, ਉਨ੍ਹਾਂ ਨੂੰ ਨਕੇਲ ਪਾ ਕੇ ਅਸੀਂ, ਜਿਹੜੇ ਸਾਡੇ ਕੋਲੋਂ ਸਦੀਵੀ ਤੌਰ ਤੇ ਵਿਛੜ ਗਏ ਹਨ, ਉਨ੍ਹਾਂ ਨੂੰ ਸੱਚੇ ਸ਼ਬਦਾਂ ਵਿੱਚ ਸ਼ਰਧਾਂਜਲੀ ਦੇਈਏ । ਜਿਹੜੇ ਉਨ੍ਹਾਂ ਪਰਿਵਾਰਾਂ ਦੇ ਮੈਂਬਰ ਪਿੱਛੇ ਰਹਿ ਗਏ ਹਨ, ਉਨ੍ਹਾਂ ਨਾਲ ਵੀ ਅਸੀਂ ਆਪਣੀ ਹਮਦਰਦੀ ਪ੍ਰਗਟ ਕਰਦੇ ਹਾਂ । ਸਪੀਕਰ ਸਾਹਿਬ, ਇਹ ਜੋ ਲੋਕ ਸਾਡੇ ਕੋਲੋਂ ਹਮੇਸ਼ਾ ਵਾਸਤੇ ਵਿਛੜ ਗਏ ਹਨ, ਪੰਜਾਬ ਵਿਧਾਨ ਸਭਾ ਉਨ੍ਹਾਂ ਦੇ ਚਰਨਾਂ ਵਿੱਚ ਆਪਣੀ ਸ਼ਰਧਾਂਜਲੀ ਪ੍ਰਗਟ ਕਰਦੀ ਹੈ ਔਰ ਸਾਡਾ ਸਮੁੱਚਾ ਸਦਨ ਇਸ ਸ਼ਰਧਾਂਜਲੀ ਦੇ ਵਿੱਚ ਸ਼ਾਮਲ ਹੁੰਦਾ ਹੈ ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ (ਲਹਿਰਾ) : ਸਪੀਕਰ ਸਾਹਿਬ, ਅੱਜ ਅਸੀਂ ਦੁਬਾਰਾ ਇਸ ਸੈਸ਼ਨ ਵਿਚ ਜੁੜੇ ਹਾਂ ਅਤੇ ਪਹਿਲੇ ਸੈਸ਼ਨ ਦੇ ਖਤਮ ਹੋਣ ਤੋਂ ਬਾਅਦ ਕੁਝ ਇਹੋ ਜਿਹੀਆਂ ਮਹਾਨ ਸ਼ਖਸੀਅਤਾਂ ਸਾਡੇ ਵਿਚੋਂ ਚਲੀਆਂ ਗਈਆਂ ਹਨ, ਜਿਨ੍ਹਾਂ ਦਾ ਮੈਂ ਸਮਝਦੀ ਹਾਂ ਕਿ ਪੰਜਾਬ ਨੂੰ, ਦੇਸ਼ ਨੂੰ, ਸਮਾਜ ਨੂੰ, ਸਿਆਸਤ ਨੂੰ ਅਤੇ ਧਰਮ ਨੂੰ ਬਹੁਤ ਵੱਡਾ ਘਾਟਾ ਪਿਆ ਹੈ । ਸਪੀਕਰ ਸਾਹਿਬ, ਜਿਹੜੀਆਂ ਇਹੋ ਜਿਹੀਆਂ ਆਤਮਾਵਾਂ ਵਿਛੜੀਆਂ ਹਨ ਅਤੇ ਜਿਸ ਦੇ ਕਾਰਨ ਅਸੀਂ ਅੱਜ ਸਾਰੇ ਵਿਧਾਨ ਸਭਾ ਵਿਚ ਸ਼ੋਕ ਪ੍ਰਗਟ ਕਰਨ ਲਈ ਆਪੋ-ਆਪਣੀਆਂ ਪਾਰਟੀਆਂ ਵੱਲੋਂ ਖੜ੍ਹੇ ਹੋਏ ਹਾਂ, ਸਭ ਤੋਂ ਪਹਿਲਾਂ ਮੈਂ ਸਰਦਾਰ ਆਤਮਾ ਸਿੰਘ, ਸਾਬਕਾ ਮੰਤਰੀ ਅਤੇ ਫਰੀਡਮ ਫਾਈਟਰ ਦਾ ਨਾਂ ਅੱਜ ਇਸ ਦੁੱਖ ਦੇ ਵਿਚ ਲੈਂਦੀ

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਹਾਂ । ਸਰਦਾਰ ਆਤਮਾ ਸਿੰਘ ਦੇਸ਼ ਨਾਲ ਬਹੁਤ ਹੀ ਪਿਆਰ ਕਰਨ ਵਾਲੇ ਅਤੇ ਬੜੇ ਹੀ ਉਚੇ ਤੇ ਸੁੱਚੇ ਖਿਆਲਾਂ ਵਾਲੇ ਵਿਅਕਤੀ ਸਨ । ਉਹ ਅਕਾਲੀ ਪਾਰਟੀ ਵੱਲੋਂ ਜਿੱਤੇ ਅਤੇ ਮੰਤਰੀ ਬਣੇ । ਉਹ ਸ਼ਰੋਮਣੀ ਕਮੇਟੀ ਵਿਚ ਵੀ ਆਪਣੀ ਜ਼ਿੰਮੇਵਾਰੀ ਨਿਪਟਾਉਂਦੇ ਸਨ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਨ੍ਹਾਂ ਨੇ ਕਦੀ ਪੁਲੀਟੀਕਲ ਐਂਗਲ ਤੋਂ ਕਿਸੇ ਦੇ ਨਾਲ ਵੀ ਮਾੜਾ ਵਿਵਹਾਰ ਨਹੀਂ ਸੀ ਕੀਤਾ । ਮੈਨੂੰ ਯਾਦ ਹੈ ਕਿ ਜਦੋਂ ਮੈਂ ਪਹਿਲੀ ਵਾਰ ਵਿਧਾਨ ਸਭਾ ਵਿਚ ਚੋਣ ਜਿੱਤ ਕੇ ਆਈ, ਬਾਦਲ ਸਾਹਿਬ ਵੀ ਉਸ ਵਕਤ ਸਨ । ਉਸ ਵਕਤ ਉਹ ਅਕਾਲੀ ਦਲ ਵੱਲੋਂ ਬੋਲੇ ਸਨ । ਉਦੋਂ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਸਨ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਮੁਬਾਰਕਬਾਦ ਦਿੱਤੀ ਕਿ ਜਿਹੜਾ ਉਨ੍ਹਾਂ ਨੇ ਮੰਤਰੀ ਮੰਡਲ ਬਣਾਇਆ ਹੈ, ਉਥੇ ਮੇਰਾ ਨਾਂ ਲੈ ਕੇ, ਮੇਰੇ ਪਿਤਾ ਜੀ ਦਾ ਨਾਂ ਲੈ ਕੇ ਇਸ ਗੱਲ ਦੀ ਮੁਬਾਰਕਬਾਦ ਦਿੱਤੀ ਕਿ ਤੁਸੀਂ ਦੇਸ਼ ਭਗਤਾਂ ਨੂੰ ਮਾਣ ਅਤੇ ਸਨਮਾਨ ਦਿੱਤਾ ਹੈ । ਉਹ ਇਸ ਤਰ੍ਹਾਂ ਦੀ ਸੋਚ ਵਾਲੇ ਲੀਡਰ ਸਨ ਜਿਨ੍ਹਾਂ ਦੀ ਸੋਚ ਅੰਦਰ ਨਾ ਤਾਂ ਪਾਲਿਟਿਕਸ ਕੋਈ ਪਾੜਾ ਪਾ ਸਕਦੀ ਹੈ ਅਤੇ ਨਾ ਹੀ ਕੋਈ ਹੋਰ ਸੋਚ ਪਾੜਾ ਪਾ ਸਕਦੀ ਹੈ । ਮੈਂ ਸਮਝਦੀ ਹਾਂ ਕਿ ਅੱਜ ਕੱਲ੍ਹ ਬਹੁਤ ਥੋੜ੍ਹੀਆਂ ਇਹੋ ਜਿਹੀਆਂ ਮਹਾਨ ਹਸਤੀਆਂ ਹਨ ਜਿਹੜੀਆਂ ਏਨੇ ਉਚੇ ਖਿਆਲ ਅਤੇ ਸੱਚੇ ਸੁੱਚੇ ਵਿਚਾਰ ਰੱਖਦੀਆਂ ਹਨ । ਉਹ ਐਡਮਨਿਸਟਰੇਟਿਵ ਤੌਰ ਤੇ ਅਤੇ ਧਾਰਮਿਕ ਤੌਰ ਤੇ ਵੀ ਬੜੇ ਅੱਛੇ ਸਨ । ਉਹ ਸੱਚੇ-ਸੁੱਚੇ ਸਿੱਖ ਸਨ ਅਤੇ ਗਰੀਬਾਂ ਨਾਲ ਹਮਦਰਦੀ ਕਰਨ ਵਾਲੇ ਅਤੇ ਲੋੜਵੰਦਾਂ ਦੀ ਮਦਦ ਕਰਨ ਵਾਲੇ ਇਕ ਰਾਜਸੀ ਨੇਤਾ ਸਨ । ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਉਨ੍ਹਾਂ ਦੀ ਸਪੁੱਤਰੀ ਅੱਜ ਇਸ ਹਾਊਸ ਦੇ ਵਿੱਚ, ਆਪਣੀ ਸਰਕਾਰ ਵਿੱਚ ਬੜੀ ਜਿੰਮੇਵਾਰੀ ਦੇ ਨਾਲ ਆਪਣਾ ਯੋਗਦਾਨ ਪਾ ਰਹੀ ਹੈ ਅਤੇ ਉਸੇ ਯੋਗਦਾਨ ਨੂੰ ਉਹ ਅੱਗੇ ਲੈ ਕੇ ਤੁਰਨ ਦੀ ਕੋਸ਼ਿਸ਼ ਕਰ ਰਹੇ ਹਨ ਜਿਹੜਾ ਕਿ ਉਨ੍ਹਾਂ ਨੂੰ ਇਹੋ ਜਿਹੀ ਸ਼ਖਸੀਅਤ ਦੀ ਗੁੜ੍ਹਤੀ ਵਿਚੋਂ ਮਿਲਿਆ ਹੈ । ਇਨ੍ਹਾਂ ਗੁੜ੍ਹਤੀ ਵਿਚ ਮਿਲੇ ਵਿਚਾਰਾਂ ਤੇ ਉਹ ਅਮਲ ਕਰਨਗੇ ਅਤੇ ਦੇਸ਼ ਅਤੇ ਸਮਾਜ ਦੇ ਰਾਜਸੀ ਸੌੜੇ ਖੇਤਰ ਨੂੰ ਉੱਚੇ-ਸੁੱਚੇ ਅਤੇ ਚੌੜੇ ਪਾਸੇ ਵੱਲ ਲਿਜਾਣ ਲਈ ਪਲਾਂਘਾਂ ਪੁੱਟਣਗੇ । ਮੈਂ ਆਪਣੇ ਵੱਲੋਂ, ਆਪਣੇ ਪਰਿਵਾਰ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਇਸ ਵਿਛੜੀ ਹੋਈ ਰੂਹ, ਬਹੁ-ਪੱਖੀ ਸ਼ਖਸੀਅਤ ਅਤੇ ਤਜਰਬੇਕਾਰ ਸਿਆਸਤਦਾਨ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਾ ਚਾਹੁੰਦੀ ਹਾਂ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਮੇਰੇ ਜ਼ਿਲ੍ਹੇ ਨਾਲ ਤਾਅਲੁੱਕ ਰੱਖਣ ਵਾਲੇ ਕਾਮਰੇਡ ਬਚਨ ਸਿੰਘ ਬਖਸ਼ੀਵਾਲਾ ਇਸ ਸਦਨ ਦੇ ਮੈਂਬਰ ਸਨ । ਉਨ੍ਹਾਂ ਨੇ ਬੜੇ ਤਰ੍ਹਾਂ ਤਰ੍ਹਾਂ ਦੇ ਮੋਰਚੇ ਲਗਾਏ । ਚਾਹੇ ਉਹ ਕਿਸਾਨਾਂ ਦਾ ਮੋਰਚਾ ਸੀ, ਚਾਹੇ ਟੈਕਸਾਂ ਦਾ ਮੋਰਚਾ ਸੀ, ਚਾਹੇ ਉਸ ਵੇਲੇ ਪਰਜਾ ਮੰਡਲ ਦੀ ਲਹਿਰ ਸ਼ੁਰੂ ਹੋਈ ਸੀ, ਸਭ ਵਿੱਚ ਉਨ੍ਹਾਂ ਦਾ ਬੜਾ ਤਕੜਾ ਯੋਗਦਾਨ ਸੀ । ਉਹ ਇਕ ਸਾਧਾਰਨ ਪਰਿਵਾਰ ਵਿਚ ਜੰਮੇ ਅਤੇ ਸਾਧਾਰਨ ਕਿਸਾਨੀ ਵਿਚ ਪਲੇ ਪਰ ਉਨ੍ਹਾਂ ਨੇ ਆਪਣਾ ਸਾਰਾ ਕੁਝ ਦੇਸ਼ ਅਤੇ ਕੌਮ ਦੇ ਲੇਖੇ ਲਾ ਦਿੱਤਾ । ਉਹ ਗਰੀਬ ਲੋਕਾਂ ਦੀ ਮਦਦ ਕਰਦੇ ਸਨ । ਉਹ ਵੱਖਵਾਦ ਦੇ ਵਿਰੁੱਧ ਡਟ ਕੇ ਲੜਦੇ ਸਨ । ਮੈਨੂੰ ਇਸ ਗੱਲ ਦਾ ਮਾਣ ਹੈ ਔਰ ਮੈਂ, ਸਪੀਕਰ ਸਾਹਿਬ, ਕਹਿਣਾ ਚਾਹੁੰਦੀ ਹਾਂ ਕਿ ਇਸ ਵਿਧਾਨ ਸਭਾ ਦੀਆਂ ਚੋਣਾਂ ਵਿਚ, ਜਿਹੜੀਆਂ ਕਿ ਪਿਛੇ ਹੋ ਕੇ ਹਟੀਆਂ ਹਨ, ਜਦੋਂ ਮੈਂ ਕਿਸੇ ਹੋਰ ਪਾਸੇ ਜਾਣਾ ਹੁੰਦਾ ਸੀ ਤਾਂ ਉਨ੍ਹਾਂ ਨੇ ਮੇਰੀ ਪੂਰੀ

ਚੋਣ ਮੁਹਿੰਮ ਸਾਂਭੀ ਹੋਈ ਸੀ। ਕਾਮਰੇਡ ਬਚਨ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ, ਤਨਜ਼ੀਮ ਸਦਕਾ ਅਤੇ ਦੇਸ਼ ਭਗਤੀ ਸਦਕਾ ਹੀ ਮੈਨੂੰ ਏਡੇ ਵੱਡੇ ਮਾਰਜਿਨ ਨਾਲ ਜਿੱਤ ਪ੍ਰਾਪਤ ਹੋਈ ਹੈ। ਉਹ ਵੀ ਸਾਡੇ ਵਿਚੋਂ ਚਲੇ ਗਏ ਹਨ। ਉਨ੍ਹਾਂ ਨੂੰ ਤਾਮਰ-ਪੱਤਰ ਵੀ ਮਿਲਿਆ ਹੋਇਆ ਸੀ। ਉਹ ਸੁਨਾਮ ਸਬ-ਡਵੀਜਨ ਵਿਚ ਰਹੇ ਅਤੇ ਸੁਨਾਮ ਹਲਕੇ ਤੋਂ ਹੀ ਐਮ.ਐਲ.ਏ. ਬਣੇ ਸਨ।

ਇਸੇ ਤਰ੍ਹਾਂ ਸਪੀਕਰ ਸਾਹਿਬ, ਸ੍ਰੀ ਲੇਖ ਰਾਮ . ਠਾਕੁਰ ਸਾਡੀ ਸਾਬਕਾ ਪੈਪਸੂ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਰਹੇ। ਸਿਆਸੀ ਜ਼ਿੰਦਗੀ ਵਿੱਚ ਜਦੋਂ ਇਨਸਾਨ ਪੈਰ ਧਰਦਾ ਹੈ ਤਾ ਸਾਡੇ ਸਮਾਜ ਦੀਆਂ ਨਿਗਾਹਾਂ ਉਸ ਦੇ ਹਰ ਕਦਮ ਤੇ ਲੱਗੀਆਂ ਹੁੰਦੀਆਂ ਹਨ ਅਤੇ ਬੜਾ ਮੁਸ਼ਕਲ ਹੁੰਦਾ ਹੈ ਕਿ ਸਮਾਜ ਦੀਆਂ ਨਿਗਾਹਾਂ ਤੋਂ ਲੋਕਾਂ ਦੀਆਂ ਨਿਗਾਹਾਂ ਤੋਂ ਕੋਈ ਪਾਸ ਹੋ ਸਕੇ। ਜਿੱਥੇ ਮੈਂ ਉਨ੍ਹਾ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਖੜ੍ਹੀ ਹੋਈ ਹਾਂ, ਮੈਨੂੰ ਇਸ ਗੱਲ ਦਾ ਮਾਣ ਹੈ ਕਿ ਆਪਣੇ ਹਰ ਕਦਮ ਤੇ ਸਫਲਤਾ ਨਾਲ, ਜਿੱਥੇ ਵੀ ਉਨ੍ਹਾਂ ਨੂੰ ਮੌਕਾ ਮਿਲਿਆ, ਉਨ੍ਹਾਂ ਨੇ ਆਪਣੇ ਫਰਜ਼ਾਂ ਨੂੰ ਨਿਭਾਇਆ। ਉਹ ਨਾਲਾਗੜ੍ਹ ਪਰਜਾ-ਮੰਡਲ ਦੇ ਮੋਢੀਆਂ ਵਿਚੋਂ ਇਕ ਸਨ। ਉਹ ਕਦੇ ਵੀ ਆਪਣੇ ਫਰਜ਼ਾਂ ਤੋਂ ਪਿੱਛੇ ਨਹੀਂ ਹਟੇ। ਉਨ੍ਹਾ ਦੇ ਅਕਾਲ-ਚਲਾਣੇ ਨਾਲ ਮੈਂ ਸਮਝਦੀ ਹਾਂ ਕਿ ਸਾਡੇ ਸਮਾਜ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਅਤੇ ਜਿਨ੍ਹਾਂ ਮਹਾਨ ਹਸਤੀਆਂ ਦਾ ਅਸੀਂ ਮਾਣ ਨਾਲ ਨਾਂ ਲੈਂਦੇ ਹਾਂ, ਉਨ੍ਹਾਂ ਵਿਚੋਂ ਇਹ ਵੀ ਇਕ ਸਨ।

ਇਸੇ ਤਰ੍ਹਾਂ ਸਰਦਾਰ ਦਿਆਲ ਸਿੰਘ ਜੀ ਵੀ ਸਾਡੇ ਵਿਚੋਂ ਚਲੇ ਗਏ ਹਨ। 14 ਮਈ, 1997 ਨੂੰ ਉਨ੍ਹਾਂ ਦਾ ਅਕਾਲ ਚਲਾਣਾ ਹੋਇਆ। ਉਨ੍ਹਾਂ ਦਾ ਜਨਮ 31 ਦਸੰਬਰ, 1916 ਨੂੰ ਹੋਇਆ। ਉਹ ਰੋਪੜ ਜ਼ਿਲ੍ਹੇ ਦੇ ਰਹਿਣ ਵਾਲੇ ਸਨ। 1935 ਵਿੱਚ ਬ੍ਰਿਟਿਸ਼ ਸਰਕਾਰ ਦੇ ਵਿੱਚ ਉਹ ਦੁਭਾਸ਼ੀਆ ਦੇ ਤੌਰ ਤੇ ਭਰਤੀ ਹੋਏ ਸਨ। ਉਨ੍ਹਾਂ ਨੇ ਸੈਕਿੰਡ ਵਰਲਡ ਵਾਰ ਵਿੱਚ ਵੀ ਹਿੱਸਾ ਪਾਇਆ। ਉਹ ਅੱਜ ਸਾਡੇ ਤੋਂ ਜੁਦਾ ਹੋਏ ਹਨ, ਉਨ੍ਹਾਂ ਦੇ ਅਕਾਲ ਚਲਾਣੇ ਤੇ ਵੀ ਮੈਂ ਡੂੰਘੇ ਦੁੱਖ ਦਾ ਇਜ਼ਹਾਰ ਕਰਦੀ ਹਾਂ।

ਇਸ ਤਰ੍ਹਾਂ ਸਰਦਾਰ ਪ੍ਰਤਾਪ ਸਿੰਘ ਬਾਗੀ ਵੀ ਸਾਡੇ ਤੋਂ ਵਿੱਛੜ ਗਏ ਹਨ। ਉਹ ਮੇਰੇ ਹਲਕੇ ਸੁਨਾਮ ਸਬ-ਡਵੀਜ਼ਨ ਦੇ ਰਹਿਣ ਵਾਲੇ ਸਨ। ਉਹ ਕਮਿਊਨਿਸਟ ਪਾਰਟੀ ਨਾਲ ਵੀ ਸਬੰਧਤ ਰਹੇ। ਉਨ੍ਹਾਂ ਨੇ ਕਾਂਗਰਸ ਪਾਰਟੀ ਦੀ ਵੀ ਸੇਵਾ ਕੀਤੀ। ਮੈਂ ਜਦੋਂ 1977 ਵਿੱਚ ਸਿਆਸਤ ਵਿੱਚ ਆਈ ਤਾਂ ਸਰਦਾਰ ਪ੍ਰਤਾਪ ਸਿੰਘ ਜੀ ਨੇ ਪੂਰਨ ਤੌਰ ਤੇ, ਜਦ ਕਿ ਉਹ ਇਸੇ ਹਲਕੇ ਤੋਂ ਚੋਣ ਲੜਨਾ ਚਾਹੁੰਦੇ ਸਨ ਜਿੱਥੋਂ ਮੈਂ ਖੜ੍ਹੀ ਹੋਈ ਸੀ, ਮੇਰੀਆ ਜ਼ਿੰਮੇਵਾਰੀਆਂ ਬੜੀ ਈਮਾਨਦਾਰੀ ਨਾਲ ਨਿਭਾਈਆਂ ਅਤੇ ਬਾਅਦ ਵਿਚ ਜਦੋਂ ਵੀ ਕਦੇ ਲੋਕ ਹਿੱਤਾਂ ਲਈ ਕੋਈ ਮੋਰਚਾ ਲਾਉਣਾ ਪਿਆ, ਉਨ੍ਹਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਉਹ ਵੀ ਸਾਡੇ ਵਿਚੋਂ ਚਲੇ ਗਏ ਹਨ। ਉਨ੍ਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ।

ਕਾਮਰੇਡ ਕ੍ਰਿਪਾਲ ਸਿੰਘ ਜੀ ਵੀ ਬੜੇ ਮੰਨੇ-ਪ੍ਰਮੰਨੇ ਦੇਸ਼-ਭਗਤ ਸਨ। 2 ਮਈ, 1997 ਨੂੰ ਉਹ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਜਨਮ 1909 ਵਿੱਚ ਪਿੰਡ ਦਾਨਗੜ੍ਹ,

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਸਬ-ਡਵੀਜ਼ਨ ਬਰਨਾਲਾ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ । ਉਹ ਵੀ ਸਾਡੇ ਵਿਚੋਂ ਵਿੱਛੜ ਗਏ ਹਨ । ਇਕ ਦੇਸ਼ ਪਿਆਰ ਦੀ ਭਾਵਨਾ ਰੱਖਣ ਵਾਲੇ ਪੂਰਨ ਦੇਸ਼-ਭਗਤ ਜਿਨ੍ਹਾਂ ਨੂੰ ਅਸੀਂ ਦੇਸ਼ ਭਗਤ ਦੇ ਤੌਰ ਤੇ ਯਾਦ ਕਰਦੇ ਹਾਂ ਅਤੇ ਜਿਨ੍ਹਾਂ ਦੀ ਬਦੌਲਤ ਅਸੀਂ ਦੇਸ਼ ਵਿੱਚ ਅਤੇ ਪੰਜਾਬ ਵਿੱਚ ਅੱਜ ਆਜ਼ਾਦੀ ਮਾਣ ਰਹੇ ਹਾਂ ਅਤੇ ਆਨੰਦ ਮਾਣ ਰਹੇ ਹਾਂ, ਉਹ ਵੀ ਸਾਡੇ ਵਿਚੋਂ ਵਿੱਛੜ ਗਏ ਹਨ । ਉਨ੍ਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ ।

ਇਸੇ ਤਰ੍ਹਾਂ ਸ਼੍ਰੀ ਜਗਦੀਸ਼ ਰਾਇ ਮੋਂਗਾ ਜੀ ਸਨ, ਉਹ ਆਰ.ਐਸ.ਐਸ. ਦੇ ਨਾਲ ਤਾਅਲੁਕ ਰੱਖਦੇ ਸਨ । ਆਪਣੀ ਪਾਰਟੀ ਵਿੱਚ ਉਨ੍ਹਾਂ ਨੇ ਪੂਰੀ ਤਨਦੇਹੀ ਨਾਲ ਕੰਮ ਕੀਤਾ ਅਤੇ ਉਨ੍ਹਾਂ ਦੇ ਬਾਰੇ ਇੱਥੇ ਦੱਸਿਆ ਗਿਆ ਹੈ ਕਿ ਉਹ ਜਨਸੰਘ ਪਾਰਟੀ ਦੇ ਸਕੱਤਰ ਬਣੇ ਅਤੇ ਉਨ੍ਹਾਂ ਨੇ ਸ਼ਰਨਾਰਥੀਆਂ ਦੀ ਸੇਵਾ ਕੀਤੀ । ਅਜਿਹੇ ਬਹੁਤ ਥੋੜ੍ਹੇ ਲੋਕ ਹੁੰਦੇ ਹਨ ਜੋ ਲੋੜਵੰਦ ਲੋਕਾਂ ਦੀ ਸੇਵਾ ਕਰਨ ਵਾਸਤੇ ਅੱਗੇ ਆਉਂਦੇ ਹਨ, ਇਹ ਵੀ ਉਨ੍ਹਾਂ ਵਿਚੋਂ ਇੱਕ ਸਨ । ਉਨ੍ਹਾਂ ਨੇ ਸਮਾਜ ਸੇਵਾ ਵਿੱਚ ਬਹੁਤ ਯੋਗਦਾਨ ਪਾਇਆ । ਉਨ੍ਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ ।

ਸਪੀਕਰ ਸਾਹਿਬ, ਮੱਕਾ ਵਿਖੇ ਅਗਨੀ ਕਾਂਡ ਵਾਪਰਿਆ । ਹੱਜ ਤੇ ਜੋ ਲੋਕ ਗਏ ਸਨ, ਉਹ ਪਰਮਾਤਮਾ ਵਿੱਚ ਲੀਨ ਸਨ ਪਰੰਤ ਅਕਾਲ ਪੁਰਖ ਨੂੰ ਕੀ ਪ੍ਰਵਾਨ ਹੈ, ਉਸ ਬਾਰੇ ਕਿਸੇ ਨੂੰ ਨਹੀਂ ਪਤਾ । ਲੇਕਿਨ ਸਾਡੇ ਭੈਣ-ਭਰਾ ਜਿਨ੍ਹਾਂ ਨੇ ਧਰਮ-ਅਸਥਾਨ ਦੀ ਯਾਤਰਾ ਔਰ ਦਰਸ਼ਨ ਕਰਕੇ ਵਾਪਸ ਆਉਣਾ ਸੀ, ਉਹ ਉਸੇ ਥਾਂ ਤੇ ਅਗਨੀ ਦੀ ਲਪੇਟ ਵਿੱਚ ਆ ਗਏ । ਸਾਨੂੰ ਉਨ੍ਹਾਂ ਦੇ ਪਰਿਵਾਰਾਂ ਨਾਲ ਪੂਰਨ ਤੌਰ ਤੇ ਹਮਦਰਦੀ ਹੈ ਔਰ ਪਰਮਾਤਮਾ ਅੱਗੇ ਅਰਦਾਸ ਹੈ ਕਿ ਉਹ ਉਨ੍ਹਾਂ ਸਾਰਿਆਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਬੜੀ ਹੀ ਮਹਾਨ ਰਾਜਸੀ ਸੋਚ ਰੱਖਣ ਵਾਲੇ ਸ਼੍ਰੀ ਬੀਜੂ ਪਟਨਾਇਕ ਵੀ ਸਾਥੋਂ ਵਿਛੜ ਗਏ ਹਨ । ਉਹ ਦੋ ਵਾਰ ਉੜੀਸਾ ਦੇ ਮੁੱਖ ਮੰਤਰੀ ਬਣੇ । ਉਹ ਮਹਾਨ ਦੇਸ਼ ਭਗਤ ਸਨ । ਸੈਂਟਰ ਵਿੱਚ ਵੀ ਉਨ੍ਹਾਂ ਨੂੰ ਮੰਤਰੀ ਬਣਨ ਦਾ ਮੌਕਾ ਮਿਲਿਆ । ਉਨ੍ਹਾਂ ਨੇ ਰਾਜਸੀ ਖੇਤਰ ਔਰ ਸਮਾਜਿਕ ਖੇਤਰ ਵਿੱਚ ਬੜੇ ਹੀ ਤਕੜੇ ਹੋ ਕੇ ਸੁਲਝੇ ਹੋਏ ਸਿਆਸਤਦਾਨ ਦੀ ਤਰ੍ਹਾਂ ਆਪਣਾ ਰੋਲ ਨਿਭਾਇਆ । ਇਸ ਕਰਕੇ ਉਨ੍ਹਾਂ ਦੇ ਚਲੇ ਜਾਣ ਨਾਲ ਸਿਰਫ ਉੜੀਸਾ ਨੂੰ ਹੀ ਨਹੀਂ ਬਲਕਿ ਪੂਰੇ ਦੇਸ਼ ਨੂੰ ਬੜਾ ਭਾਰੀ ਘਾਟਾ ਪਿਆ ਹੈ ।

ਇਸੇ ਤਰ੍ਹਾਂ ਜਥੇਦਾਰਨੀ ਮਨਮੋਹਨ ਕੌਰ ਜੀ ਸਨ । ਸਪੀਕਰ ਸਾਹਿਬ, ਸਾਡੇ ਪੰਜਾਬ ਨੂੰ ਮਾਣ ਹਾਸਲ ਹੈ ਕਿ ਜਿੱਥੇ ਦੇਸ਼ ਵਾਸਤੇ ਜਾਂ ਕਿਸੇ ਵੀ ਥਾਂ ਤੇ ਕਮਜ਼ੋਰ ਤੱਤਾਂ ਦੀ ਮਦਦ ਕਰਨ ਵਾਸਤੇ ਸਾਡੇ ਭਰਾਵਾਂ ਨੇ ਕੁਰਬਾਨੀਆਂ ਦਿੱਤੀਆਂ, ਉਥੇ ਸਾਡੀਆਂ ਭੈਣਾਂ ਵੀ ਪਿੱਛੇ ਨਹੀਂ ਰਹੀਆਂ । ਜਥੇਦਾਰਨੀ ਮਨਮੋਹਨ ਕੌਰ ਜੀ ਉਨ੍ਹਾਂ ਵਿੱਚੋਂ ਇੱਕ ਸਨ । ਉਹ ਪਾਕਿਸਤਾਨ ਦੇ ਮਿੰਟਗੁਮਰੀ ਜ਼ਿਲ੍ਹੇ ਵਿੱਚ ਜਨਮੇ । ਸੰਨ 1942 ਵਿੱਚ ਜਦੋਂ ਭਾਰਤ ਛੋੜੋ ਅੰਦੋਲਨ ਚੱਲ ਰਿਹਾ ਸੀ ਤਾਂ ਉਸ ਵਕਤ ਉਹ ਐਕਟਿਵ ਹੋਏ । ਉਸ ਤੋਂ ਬਾਅਦ

ਉਨ੍ਹਾਂ ਨੇ ਲਗਾਤਾਰ ਆਪਣੀਆਂ ਸੇਵਾਵਾਂ ਦੇਸ਼, ਕੌਮ ਅਤੇ ਸਮਾਜ ਲਈ ਯੂਟੇਲਾਈਜ਼ ਕਰਕੇ ਦਿਨ-ਰਾਤ ਮਦਦ ਕੀਤੀ । ਮੈਂ ਇਹੋ ਜਿਹੀਆਂ ਬਹਾਦਰ ਭੈਣਾਂ ਪ੍ਰਤੀ, ਜਿਨ੍ਹਾਂ ਨੇ ਹਮੇਸ਼ਾਂ ਗਰੀਬਾਂ, ਸ਼ਰਨਾਰਥੀਆਂ, ਦੱਬੇ-ਕੁਚਲੇ ਲੋਕਾਂ ਦੀ ਮਦਦ ਕੀਤੀ ਔਰ ਸੇਵਾ ਕੀਤੀ, ਮਾਣ ਮਹਿਸੂਸ ਕਰਦੀ ਹਾਂ । ਪਰ ਉਨ੍ਹਾਂ ਦੇ ਚਲੇ ਜਾਣ ਨਾਲ ਅਸੀਂ ਉਨ੍ਹਾਂ ਦਾ ਖਾਸ ਤੌਰ ਤੇ ਅੱਜ ਦੇ ਯੁੱਗ ਵਿੱਚ ਬੜਾ ਭਾਰੀ ਘਾਟਾ ਮਹਿਸੂਸ ਕਰਾਂਗੇ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਥੋੜ੍ਹੇ ਦਿਨ ਹੋਏ ਪਠਾਨਕੋਟ ਨੇੜੇ ਇੱਕ ਬੰਬ ਧਮਾਕਾ ਹੋਇਆ । ਇਹ ਬੜੀ ਹੀ ਲਾਹਨਤ ਵਾਲੀ ਗੱਲ ਹੈ ਕਿ ਕਿਸੇ ਨੇ ਬੇਕਸੂਰ ਲੋਕਾਂ ਉਪਰ ਬੁਜ਼ਦਿਲੀ ਨਾਲ ਇਸ ਤਰ੍ਹਾਂ ਦਾ ਹਮਲਾ ਕੀਤਾ । ਅਜਿਹੀਆਂ ਤਾਕਤਾਂ ਜਿਹੜੀਆਂ ਦੇਸ਼ ਨੂੰ, ਕੌਮ ਨੂੰ ਜਾਂ ਸਮਾਜ ਨੂੰ ਦਬਾਉਣ ਦੀ ਕੋਸ਼ਿਸ਼ ਕਰਦੀਆਂ ਹੋਣ, ਉਹ ਬਹਾਦਰ ਨਹੀਂ ਬਲਕਿ ਕਾਇਰ ਹਨ । ਉਨ੍ਹਾਂ ਬੇਕਸੂਰ ਲੋਕਾਂ ਦੀਆਂ ਜਾਨਾਂ ਦਾ ਕਿਸੇ ਨਾਲ ਤਾਅਲੁਕ ਨਹੀਂ । ਉਹ ਤਾਂ ਰੋਜ਼ਾਨਾ ਦੀ ਤਰ੍ਹਾਂ ਆਪਣਾ ਕੰਮ ਕਰਦੇ ਹਨ । ਉਨ੍ਹਾਂ ਮਰਨ ਵਾਲਿਆਂ ਵਿੱਚ ਬੱਚੇ ਵੀ ਸ਼ਾਮਲ ਹਨ, ਪਰਿਵਾਰ ਵੀ ਸ਼ਾਮਲ ਹਨ । ਅੱਜ ਉਨ੍ਹਾਂ ਦੇ ਪਰਿਵਾਰਾਂ ਵਾਲੇ ਪੁੱਛਦੇ ਹਨ ਕਿ ਸਾਡਾ ਕਸੂਰ ਕੀ ਹੈ ਜਿਸਦੀ ਸਾਨੂੰ ਸਜ਼ਾ ਦਿੱਤੀ ਗਈ ਹੈ ? ਇਸ ਵਾਸਤੇ ਮੈਂ ਆਪਣੀ ਪਾਰਟੀ ਵੱਲੋਂ ਕਹਾਂਗੀ ਕਿ ਸਾਡੇ ਜ਼ਖਮ ਅਜੇ ਅੱਲੇ ਹਨ । ਇਸ ਲਈ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਇਸ ਤਰ੍ਹਾਂ ਦੀਆਂ ਤਾਕਤਾਂ ਜਿਹੜੀਆਂ ਤੋੜ-ਫੋੜ ਦੀ ਸਾਜ਼ਸ਼ ਕਰਦੀਆਂ ਹਨ ਔਰ ਪੰਜਾਬ ਨੂੰ ਤੋੜਨਾ ਚਾਹੁੰਦੀਆਂ ਹਨ, ਦਾ ਮੁਕਾਬਲਾ ਕਰਨਾ ਚਾਹੀਦਾ ਹੈ । ਮੈਂ ਸਰਕਾਰ ਨੂੰ ਅਪੀਲ ਕਰਦੀ ਹਾਂ ਕਿ ਪੂਰੀ ਜ਼ਿੰਮੇਂਵਾਰੀ ਨਾਲ ਇਨ੍ਹਾਂ ਤਾਕਤਾਂ ਨੂੰ ਦਬਾਉਣ ਲਈ ਨਿਗਾਹ ਰੱਖਣੀ ਚਾਹੀਦੀ ਹੈ ਔਰ ਉਨ੍ਹਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਪਿਛਲੇ ਸਮੇਂ ਵਿੱਚ ਸਾਡੇ ਵਿੱਚੋਂ ਇੱਕ ਹੋਰ ਬਹਾਦਰ ਦੇਸ਼ ਦੀ ਏਕਤਾ ਔਰ ਅਖੰਡਤਾ ਲਈ ਸਾਡੇ ਵਿੱਚੋਂ ਚਲਾ ਗਿਆ । ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਪੰਜਾਬ ਦੀ ਧਰਤੀ 12 ਸਾਲ ਪ੍ਰਭਾਵਿਤ ਰਹੀ ਹੈ । ਇੱਥੇ 25,000 ਤੋਂ ਵੱਧ ਬੇਕਸੂਰ ਲੋਕਾਂ ਦਾ ਨੁਕਸਾਨ ਹੋਇਆ, ਬੰਬ ਕਾਂਡ ਹੋਏ । ਇੰਝ ਲਗਦਾ ਸੀ ਕਿ ਪੰਜਾਬ ਦੀਆਂ ਹਨੇਰੀਆਂ ਰਾਤਾਂ ਵਿਚ ਦਿਨ ਨਹੀਂ ਚੜ੍ਹ ਸਕਦਾ । ਲੋਕੀਂ ਕਫਨ ਬੰਨ੍ਹ ਕੇ ਘਰੋਂ ਨਿਕਲਦੇ ਸਨ । ਪਰ ਅੱਤਵਾਦ ਵੱਖਵਾਦ ਦੇ ਖਿਲਾਫ ਲੜਨ ਵਾਲਾ ਇੱਕ ਪੁਲਿਸ ਅਫਸਰ ਸਰਦਾਰ ਅਜੀਤ ਸਿੰਘ ਸੰਧੂ, ਜਿਹੜਾ ਤਰਨ ਤਾਰਨ ਵਿਖੇ ਲੱਗਾ ਹੋਇਆ ਸੀ ਅਤੇ ਮੈਂ ਸੋਚਿਆ ਸੀ ਕਿ ਸ਼ਾਇਦ ਟੰਡਨ ਸਾਹਿਬ ਉਨ੍ਹਾਂ ਦਾ ਨਾਂ ਲੈਣਗੇ, ਉਨ੍ਹਾਂ ਨਾਲ ਪਿੱਛੇ ਜਿਹੇ ਜੋ ਕੁਝ ਹੋਇਆ, ਉਸ ਦਾ ਸਾਨੂੰ ਬੜਾ ਭਾਰੀ ਦੁੱਖ ਹੈ । ਜੋ ਸਹਿਮ ਲੋਕਾਂ ਦੇ ਵਿੱਚ ਪਿਆ ਸੀ, ਉਸ ਨੂੰ ਦੂਰ ਕਰਨ ਲਈ, ਔਰ ਸਾਡੇ ਦੇਸ਼ ਦੀ ਬਹਾਦਰੀ ਦੇ ਨਾਲ ਸੇਵਾ ਕਰਨ ਵਾਲਾ, ਉਨ੍ਹਾਂ ਤਾਕਤਾਂ ਦੇ ਖਿਲਾਫ਼ ਲੜਨ ਵਾਲਾ ਇਕ ਤਕੜਾ, ਇੱਕ ਚੰਗਾ ਅਫਸਰ ਚਲਾ ਗਿਆ ਹੈ । ਸਪੀਕਰ ਸਾਹਿਬ, ਮੈਂ ਸਿਆਸਤ ਤੋਂ ਉਪਰ ਉਠ ਕੇ ਗੱਲ ਕਰਨਾ ਚਾਹੁੰਦੀ ਹਾਂ । ਦੇਸ਼ ਦੀਆਂ ਇਨ੍ਹਾਂ ਤਾਕਤਾਂ ਨੂੰ ਖਤਮ ਕਰਨ ਵਾਸਤੇ ਔਰ ਏਕਤਾ ਕਾਇਮ ਰੱਖਣ ਵਾਸਤੇ ਸਾਡੇ ਕਈ ਤਰ੍ਹਾਂ ਦੇ ਖਿਆਲਾਤ ਹੋ ਸਕਦੇ

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਹਨ, ਮੈਂ ਸਿਆਸਤ ਵਾਲੇ ਪਾਸੇ ਨਹੀਂ ਜਾਂਦੀ ਬਲਕਿ ਇਮਾਨਦਾਰੀ ਨਾਲ ਕਹਿੰਦੀ ਹਾਂ ਕਿ ਇਸ ਤਰ੍ਹਾਂ ਦੀਆਂ ਸੋਚਾਂ ਨੂੰ ਪਾਸੇ ਰੱਖ ਕੇ, ਸਾਡੀ ਜ਼ਿੰਮੇਵਾਰੀ ਵੀ ਬਣਦੀ ਹੈ ਸਾਨੂੰ ਇਨਕੁਆਇਰੀ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ ਤਾਂ ਕਿ ਸੱਚ ਸਾਹਮਣੇ ਆ ਸਕੇ ।

ਅਖੀਰ ਵਿੱਚ ਮੈਂ ਆਪਣੇ ਵੱਲੋਂ ਅਤੇ ਆਪਣੀ ਲੈਜਿਸਲੇਚਰ ਪਾਰਟੀ ਵੱਲੋਂ ਇਨ੍ਹਾਂ ਦੁਖੀ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦੀ ਹੋਈ ਅਕਾਲ ਪੁਰਖ ਅੱਗੇ ਅਰਦਾਸ ਕਰਦੀ ਹਾਂ ਕਿ ਉਹ ਵਿਛੜੀਆਂ ਆਤਮਾਵਾਂ ਨੂੰ ਆਪਣੇ ਚਰਨਾਂ ਦੇ ਵਿੱਚ ਨਿਵਾਸ ਬਖਸ਼ੇ ਅੌਰ ਜੋ ਮਤਾ ਮੁੱਖ ਮੰਤਰੀ ਜੀ ਨੇ ਰੱਖਿਆ ਹੈ ਕਿ ਉਨਾਂ ਦੇ ਪਰਿਵਾਰਾਂ ਨੂੰ ਹਮਦਰਦੀ ਵਾਲਾ ਮਤਾ ਭੇਜਿਆ ਜਾਵੇ, ਮੈਂ ਉਸ ਦੇ ਨਾਲ ਸਹਿਮਤ ਹਾਂ ਕਿ ਸਾਰੇ ਪਰਿਵਾਰਾਂ ਨੂੰ ਵਿਧਾਨ ਸਭਾ ਵੱਲੋਂ ਮਤਾ ਭੇਜਿਆ ਜਾਵੇ । ਜੈ ਹਿੰਦ ।

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) : ਸਤਿਕਾਰਯੋਗ ਸਪੀਕਰ ਸਾਹਿਬ, ਇਸ ਮੌਜੂਦਾ ਵਿਧਾਨ ਸਭਾ ਦੇ ਪਹਿਲੇ ਸਮਾਗਮ ਤੋਂ ਦੂਸਰੇ ਸਮਾਗਮ ਦੇ ਜੁੜਨ ਤੱਕ ਬਹੁਤ ਸਾਰੀਆਂ ਉੱਘੀਆਂ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਸ਼ਖਸੀਅਤਾਂ, ਜਿਨ੍ਹਾਂ ਦਾ ਆਪੋ ਆਪਣੇ ਸਥਾਨ ਤੇ ਉੱਘਾ ਯੋਗਦਾਨ ਸੀ, ਉਹ ਸਾਡੇ ਕੋਲੋਂ ਵਿਛੜ ਗਈਆਂ ਹਨ ਅਤੇ ਜਿਨ੍ਹਾਂ ਦੇ ਵਿਛੜਨ ਨਾਲ ਇਸ ਰਾਜਨੀਤੀ ਨੂੰ, ਜਿਹੜੀ ਰਾਜਨੀਤਿਕ ਸ਼ਖਸੀਅਤ ਇਸ ਤੇ ਪਹਿਰਾ ਦਿੰਦੀ ਸੀ, ਉਸ ਦੇ ਚਲੇ ਜਾਣ ਨਾਲ ਬਹੁਤ ਵੱਡਾ ਘਾਟਾ ਪਿਆ ਹੈ, ਜਿਨ੍ਹਾਂ ਨੇ ਸਮਾਜ ਸੇਵਾ ਦੇ ਵਿੱਚ ਯੋਗਦਾਨ ਪਾਇਆ, ਉਨ੍ਹਾਂ ਦੇ ਚਲੇ ਜਾਣ ਨਾਲ ਸਮਾਜ ਸੇਵਾ ਨੂੰ ਤਾਂ ਘਾਟਾ ਪਿਆ ਹੀ ਹੈ, ਨਾਲ ਹੀ ਉਨ੍ਹਾਂ ਦੇ ਪਰਿਵਾਰਾਂ ਨੂੰ ਬੜਾ ਵੱਡਾ ਘਾਟਾ ਪਿਆ ਹੈ । ਆਪਾਂ ਉਨ੍ਹਾਂ ਸਾਰਿਆਂ ਨੂੰ ਆਪਣੀ ਇਸ ਅਸੈਂਬਲੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਜੁੜੇ ਹਾਂ । ਮੁੱਖ ਮੰਤਰੀ ਜੀ ਨੇ ਬੜੇ ਵਿਸਥਾਰ ਨਾਲ ਸਾਰਿਆਂ ਦੇ ਬਾਰੇ ਦੱਸਿਆ ਹੈ । ਮੈਂ ਆਪਣੀ ਪਾਰਟੀ ਵੱਲੋਂ ਸੰਖੇਪ ਵਿੱਚ ਉਨ੍ਹਾਂ ਸਾਰਿਆਂ ਬਾਰੇ ਬੋਲਾਂਗਾ ।

ਸਾਰਿਆਂ ਤੋਂ ਪਹਿਲਾਂ ਸਰਦਾਰ ਆਤਮਾ ਸਿੰਘ ਜੀ ਨੂੰ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ । ਭਾਵੇਂ ਮੈਨੂੰ ਨਿੱਜੀ ਤੌਰ ਤੇ ਉਨ੍ਹਾਂ ਦੇ ਦਰਸ਼ਨ ਕਰਨ ਦਾ ਮੌਕਾ ਨਹੀਂ ਮਿਲਿਆ ਲੇਕਿਨ ਜਿੰਨਾਂ ਉਨ੍ਹਾਂ ਦੇ ਬਾਰੇ ਸੁਣਨ ਨੂੰ ਮਿਲਿਆ ਹੈ ਜਾਂ ਜਿੰਨਾ ਪੜ੍ਹਿਆ ਹੈ, ਉਸ ਦੁਆਰਾ ਪਤਾ ਚਲਦਾ ਹੈ ਕਿ ਉਹ ਵਾਕਿਆ ਹੀ ਵਿਲੱਖਣ ਸ਼ਖਸੀਅਤ ਸੀ । ਉਨ੍ਹਾਂ ਦੇ ਵਿੱਚ ਬਹੁਤ ਸਾਰੇ ਗੁਣ ਸੀ, ਦੇਸ਼ ਭਗਤੀ ਦੀ ਭਾਵਨਾ ਸੀ । ਦੂਸਰਾ, ਉਨ੍ਹਾਂ ਦਾ ਇਰਾਦਾ ਦ੍ਰਿੜ੍ਹਤਾ ਵਾਲਾ ਸੀ । ਜੋ ਵੀ ਇਰਾਦਾ ਉਨ੍ਹਾਂ ਨੇ ਬਣਾਇਆ, ਉਸ ਤੇ ਪੂਰੀ ਦ੍ਰਿੜ੍ਹਤਾ ਨਾਲ ਡਟ ਕੇ ਪਹਿਰਾ ਦਿੱਤਾ ਸੀ । ਜੋ ਉਨ੍ਹਾਂ ਦੇ ਰਾਜਨੀਤਿਕ ਵਿਚਾਰ ਸੀ, ਉਨ੍ਹਾਂ ਦੇ ਰਾਜਨੀਤਿਕ ਵਿਚਾਰਾਂ ਨਾਲ ਕਿਸੇ ਦੀ ਸਹਿਮਤੀ ਜਾਂ ਅਸਹਿਮਤੀ ਵੱਖਰਾ ਸਵਾਲ ਹੈ ਲੇਕਿਨ ਜਿਸ ਰਾਜਨੀਤੀ ਨੂੰ ਆਰੰਭ ਦੇ ਵਿੱਚ ਉਨ੍ਹਾਂ ਨੇ ਚੁਣਿਆ, ਆਖਰੀ ਸਵਾਸਾਂ ਤੱਕ ਦ੍ਰਿੜ੍ਹਤਾ ਨਾਲ ਤੇ ਡਟ ਕੇ ਉਸ ਤੇ ਪਹਿਰਾ ਦਿੱਤਾ । ਕਦੇ ਆਪਣੀ ਰਾਜਨੀਤਿਕ ਵਿਚਾਰਧਾਰਾ ਨਾਲ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ । ਇਹ ਵੀ ਮੈਂ ਸਮਝਦਾ ਹਾਂ ਕਿ ਇਹੋ ਜਿਹੇ

ਉੱਚੇ ਗੁਣ ਹੋਣੇ, ਇੱਕ ਰਾਜਨੀਤੀ ਤੇ ਪਹਿਰਾ ਦੇਣਾ ਔਰ ਸ਼ੁਰੂ ਤੋਂ ਅਖੀਰ ਤੱਕ ਉਸੇ ਰਾਜਨੀਤੀ ਨਾਲ ਜੁੜੇ ਰਹਿਣਾ ਬਹੁਤ ਵੱਡੀ ਗੱਲ ਹੈ। ਸਪੀਕਰ ਸਾਹਿਬ, ਅੱਜ ਕਲ੍ਹ ਜੋ ਵਰਤਾਰਾ ਹੋ ਰਿਹਾ ਹੈ ਉਹ ਤੁਸੀਂ ਦੇਖਦੇ ਪਏ ਹੋ। ਅੱਜ ਕਲ੍ਹ ਬਹੁਤ ਸਾਰੇ ਰਾਜਨੀਤਿਕ ਲੋਕ ਚੜ੍ਹਦੇ ਸੂਰਜ ਨੂੰ ਸਲਾਮ ਕਰਦੇ ਹਨ ਕਿਉਂਕਿ ਸਿਆਸਤ ਦੀਆਂ ਲਹਿਰਾਂ ਸਿੱਧੀਆਂ ਨਹੀਂ ਹੁੰਦੀਆਂ। ਇਹੋ ਜਿਹੀਆਂ ਸ਼ਖਸੀਅਤਾਂ, ਜਿਨ੍ਹਾਂ ਨੇ ਆਪਣੀ ਸਿਆਸਤ ਨੂੰ ਚੁਣ ਲਿਆ ਔਰ ਅਖੀਰੀ ਸਵਾਸਾਂ ਤੱਕ ਉਸ ਸਿਆਸਤ ਨੂੰ ਨਿਭਾਇਆ, ਮੈਂ ਸਮਝਦਾ ਹਾਂ ਕਿ ਇਹ ਸਾਨੂੰ ਆਪਣੀ ਆਉਣ ਵਾਲੀ ਪੀੜ੍ਹੀ ਕੋਲ ਪਹੁੰਚਾਉਣੇ ਚਾਹੀਦੇ ਹਨ ਔਰ ਆਪਣੇ ਵਿਚ ਵੀ ਇਹੋ ਜਿਹੇ ਗੁਣ ਲਿਆਉਣੇ ਚਾਹੀਦੇ ਹਨ। ਸਰਦਾਰ ਆਤਮਾ ਸਿੰਘ ਜੀ ਨੇ ਆਪਣੀ ਰਾਜਨੀਤੀ ਤੇ ਡਟ ਕੇ ਪਹਿਰਾ ਦਿੱਤਾ। ਅੱਜ ਜੋ ਰਾਜਨੀਤੀ ਦੀਆਂ ਦੁਕਾਨਾਂ ਚਲਦੀਆਂ ਪਈਆਂ ਹਨ, ਉਨ੍ਹਾਂ ਦੇ ਨਾਲ ਸਾਡੀ ਉੱਚੀ ਸੁੱਚੀ ਰਾਜਨੀਤੀ ਤੇ ਬੜਾ ਮਾੜਾ ਅਸਰ ਪੈਂਦਾ ਹੈ। ਉਨ੍ਹਾਂ ਦਾ ਬਤੌਰ ਵਿਧਾਇਕ ਬੜਾ ਉਘਾ ਯੋਗਦਾਨ ਸੀ ਔਰ ਬਤੌਰ ਮੰਤਰੀ ਵੀ ਉਨ੍ਹਾਂ ਨੇ ਬੜੀ ਅੱਛੀ ਸੇਵਾ ਕੀਤੀ ਅਤੇ ਚੰਗੇ ਪ੍ਰਸ਼ਾਸਕ ਦੇ ਤੌਰ ਤੇ ਵੀ ਉਨ੍ਹਾਂ ਨੇ ਬੜੀ ਬੇਗਰਜ਼ੀ ਨਾਲ ਆਪਣੇ ਹਲਕੇ ਦਾ ਸਰਬ ਪੱਖੀ ਵਿਕਾਸ ਕੀਤਾ। ਉਹ ਸੁਲਤਾਨਪੁਰ ਹਲਕੇ ਨੂੰ ਲਗਾਤਾਰ ਰੀਪ੍ਰਜ਼ੈਂਟ ਕਰਦੇ ਰਹੇ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਇੱਕ ਗੱਲ ਜਿਹੜੀ ਹੋਰ ਕਹਿਣੀ ਚਾਹੁੰਦਾ ਹਾਂ, ਜਿਹੜੀ ਉਨ੍ਹਾਂ ਨੂੰ ਸਾਡੇ ਵੱਲੋਂ ਸ਼ਰਧਾਂਜਲੀ ਹੋਵੇਗੀ, ਉਹ ਹੈ ਕਿ ਉਹ ਬੜਾ ਲੰਬਾ ਸਮਾਂ ਲਗਭਗ 40-50 ਸਾਲ ਰਾਜਨੀਤਕ ਜੀਵਨ ਵਿੱਚ ਰਹੇ, ਬਹੁਤ ਸਾਰੀਆਂ ਉੱਚੀਆਂ ਪਦਵੀਆਂ ਉਪਰ ਵੀ ਰਹੇ ਲੇਕਿਨ ਅੱਜ ਤੱਕ, ਹੋਰ ਬਹੁਤ ਸਾਰੀਆਂ ਗੱਲਾਂ ਦੇ ਉਨ੍ਹਾਂ ਨਾਲ ਮਤਭੇਦ ਹੋ ਸਕਦੇ ਹਨ, ਲੇਕਿਨ ਅੱਜ ਤੱਕ ਉਨ੍ਹਾਂ ਦਾ ਸਿਆਸੀ ਜੀਵਨ ਇਸ ਤਰ੍ਹਾਂ ਦਾ ਬੇਦਾਗ ਜੀਵਨ ਸੀ ਕਿ ਕਿਸੇ ਨੂੰ ਉਂਗਲੀ ਉਠਾਉਣ ਦਾ ਮੌਕਾ ਨਹੀਂ ਮਿਲਿਆ। ਉਨ੍ਹਾਂ ਦਾ ਇਸ ਦੁਨੀਆਂ ਵਿੱਚੋਂ ਚਲੇ ਜਾਣਾ ਬੜੇ ਘਾਟੇ ਵਾਲੀ ਗੱਲ ਹੈ। ਹੈ। ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹਾਂਗਾ ਕਿ ਇਹੋ ਜਿਹੀਆਂ ਸ਼ਖਸੀਅਤਾਂ ਜਿਨ੍ਹਾਂ ਨੇ ਆਪਣੇ ਰਾਜਸੀ ਜੀਵਨ ਵਿੱਚ ਆਪਣੀ ਪਾਰਟੀ ਵੱਲੋਂ ਡੱਟ ਕੇ ਪਹਿਰਾ ਦਿੱਤਾ, ਇਨ੍ਹਾਂ ਸ਼ਖਸੀਅਤਾਂ ਦੀਆਂ ਕਈ ਗੱਲਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੇ ਮਹਾਨ ਕਾਰਨਾਮਿਆਂ ਤੋਂ ਆਉਣ ਵਾਲੀ ਪੀੜ੍ਹੀ ਨੂੰ ਬਹੁਤ ਫਾਇਦਾ ਹੋ ਸਕਦਾ ਹੈ ਅਤੇ ਉਹ ਉਨ੍ਹਾਂ ਲਈ ਇੱਕ ਚਾਨਣ-ਮੁਨਾਰਾ ਸਾਬਤ ਹੋ ਸਕਦੀਆਂ ਹਨ। ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵੱਲੋਂ · ਜਿਹੜੀਆਂ ਸ਼ਖਸੀਅਤਾਂ ਸਾਡੇ ਕੋਲੋਂ ਵਿਛੜ ਗਈਆਂ ਹਨ, ਉਨ੍ਹਾਂ ਬਾਰੇ ਇਕ ਬੇਨਤੀ ਕਰਾਂਗਾ। ਸਪੀਕਰ ਸਾਹਿਬ, ਦੁੱਖ ਹੁੰਦਾ ਹੈ ਕਿ ਉਮਰ ਦੀ ਆਪਣੀ ਇਕ ਸੀਮਾ ਹੁੰਦੀ ਹੈ ਅਤੇ ਜਦੋਂ ਉਹ ਸੀਮਾ ਆ ਜਾਵੇ ਤਾਂ ਕੁਦਰਤੀ ਤੌਰ ਤੇ ਇਨ੍ਹਾਂ ਸ਼ਖਸੀਅਤਾਂ ਨੂੰ ਇਸ ਦੁਨੀਆਂ ਵਿਚੋਂ ਸਾਡੇ ਨਾਲੋਂ ਵਿਛੜਨਾ ਪੈਂਦਾ ਹੈ। ਇਸ ਤਰ੍ਹਾਂ ਲਗਾਤਾਰ ਇੱਕ ਤੋਂ ਦੂਸਰੀ ਅਤੇ ਦੂਸਰੀ ਤੋਂ ਤੀਸਰੀ ਸ਼ਖਸੀਅਤ ਸਾਡੇ ਕੋਲੋਂ ਵਿਛੜਦੀ ਜਾ ਰਹੀ ਹੈ। ਸਾਡੇ ਕੋਲ ਕੋਈ ਸਾਇੰਸ ਦਾ ਐਸਾ ਸਾਧਨ ਤਾਂ ਨਹੀਂ ਹੈ ਜਿਸ ਨਾਲ ਅਸੀਂ ਇਨ੍ਹਾਂ ਨੂੰ ਪੱਕੇ ਤੌਰ ਤੇ ਇਸ ਦੁਨੀਆਂ

[ਕਾਮਰੇਡ ਹਰਦੇਵ ਅਰਸ਼ੀ]

ਵਿੱਚ ਰੋਕ ਸਕੀਏ । ਜਦੋਂ ਉਮਰ ਦੀ ਸੀਮਾ ਆ ਜਾਵੇ ਤਾਂ ਕੁਦਰਤੀ ਹੀ ਇਸ ਦੁਨੀਆ ਵਿਚੋਂ ਜਾਣਾ ਪੈਂਦਾ ਹੈ । ਹਾਲੇ ਤੱਕ ਤਾਂ ਸਾਡੇ ਉਤੇ ਕੁਦਰਤ ਵਲੋਂ ਬਣਾਏ ਨਿਯਮ ਹੀ ਭਾਰੂ ਹਨ ਲੇਕਿਨ ਇਸ ਤਰ੍ਹਾਂ ਜਿਹੜੀਆਂ ਮਹਾਨ ਸ਼ਖਸੀਅਤਾਂ ਦਾ ਸਾਨੂੰ ਘਾਟਾ ਪੈਂਦਾ ਹੈ ਉਹ ਅਸੀਂ ਬਰਦਾਸ਼ਤ ਵੀ ਕਰਦੇ ਹਾਂ । ਇਸ ਤਰ੍ਹਾਂ ਦੀਆਂ ਮਹਾਨ ਸ਼ਖਸੀਅਤਾਂ ਜਿਹੜੀਆਂ ਸਾਡੇ ਕੋਲੋਂ ਜੁਦਾ ਹੋ ਜਾਂਦੀਆਂ ਹਨ ਉਨ੍ਹਾਂ ਵਾਸਤੇ ਇਕ ਉਪਰਾਲਾ ਹੋ ਸਕਦਾ ਹੈ ਕਿ ਉਨ੍ਹਾਂ ਦੀਆਂ ਜੀਵਨੀਆਂ ਅੱਛੇ ਲਿਖਾਰੀਆਂ ਪਾਸੋਂ ਪ੍ਰਕਾਸ਼ਿਤ ਕਰਵਾ ਕੇ ਸਕੂਲਾਂ ਦੇ ਵਿਚ ਲਾਇਬਰੇਰੀਆਂ ਦੇ ਵਿੱਚ ਲਗਵਾਈਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਜਿਹੜੀ ਸਾਡੀ ਨਵੀਂ ਪੌਦ ਹੈ, ਉਹ ਆਪਣੇ ਬਜ਼ੁਰਗਾਂ ਤੋਂ ਸਾਡੇ ਲਈ ਵਿਰਸੇ ਵਿੱਚ ਚੰਗੇ ਕਾਰਨਾਮੇ ਛੱਡ ਕੇ ਗਏ ਹਨ, ਉਨ੍ਹਾਂ ਤੋਂ ਪ੍ਰੇਰਿਤ ਹੋ ਸਕੇ ਅਤੇ ਉਹ ਉਨ੍ਹਾਂ ਲਈ ਇਕ ਰੋਸ਼ਨੀ ਬਣ ਸਕਣ ਅਤੇ ਇਕ ਸਪਿਰਟ ਲਿਆ ਸਕਣ । ਮੈਂ ਆਪਣੇ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਔਰ ਜਿੱਥੇ ਅਕਾਲੀ ਪਾਰਟੀ ਨਾਲ ਜਿਨ੍ਹਾਂ ਦਾ ਉਨ੍ਹਾਂ ਨਾਲ ਡੂੰਘਾ ਤਾਅਲੁੱਕ ਸੀ, ਹਮਦਰਦੀ ਜ਼ਾਹਿਰ ਕਰਦਾ ਹਾਂ ਉਥੇ ਆਪਣੀ ਜ਼ਿੰਮੇਂਵਾਰੀ ਨਿਭਾਉਂਦੇ ਹੋਏ ਉਨ੍ਹਾਂ ਦੀ ਸਪੁੱਤਰੀ ਸ੍ਰੀਮਤੀ ਉਪਿੰਦਰਜੀਤ ਕੌਰ ਹੁਰਾਂ ਨਾਲ ਡੂੰਘੇ ਦਿਲੋਂ ਹਮਦਰਦੀ ਪ੍ਰਗਟ ਕਰਦਾ ਹਾਂ ।

ਸਪੀਕਰ ਸਾਹਿਬ, ਦੂਸਰੀ ਸ਼ਖਸੀਅਤ ਨੂੰ ਮੈਂ ਚੰਗੀ ਤਰ੍ਹਾਂ ਨਾਲ ਜਾਣਦਾ ਹਾਂ, ਸ਼ਾਇਦ ਉਨ੍ਹਾਂ ਨੇ ਆਪਣਾ ਸਿਆਸੀ ਜੀਵਨ ਮੇਰੇ ਜਨਮ ਲੈਣ ਤੋਂ ਬਾਅਦ ਆਰੰਭ ਕੀਤਾ ਅਤੇ ਉਹ ਬਹੁਤ ਕਿਸਾਨ ਅੰਦੋਲਨਾਂ ਨਾਲ ਜੁੜੇ ਹੋਏ ਸਨ, ਉਹ ਸਨ ਕਾਮਰੇਡ ਬਚਨ ਸਿੰਘ ਬਖਸ਼ੀਵਾਲਾ, ਜਿਨ੍ਹਾਂ ਨੇ ਫੌਜ ਦੀ ਨੌਕਰੀ ਛੱਡ ਦਿੱਤੀ ਅਤੇ ਉਸ ਵੇਲੇ ਜਦੋਂ ਹਿੰਦੁਸਤਾਨ ਵਿਚ ਦੋਹਰੀ ਲੜਾਈ ਲੜੀ ਜਾ ਰਹੀ ਸੀ, ਇੱਕ ਪਾਸੇ ਸਿੱਧੇ ਤੌਰ ਤੇ ਅੰਗਰੇਜ਼ਾਂ ਦੇ ਨਾਲ ਔਰ ਦੂਸਰੇ ਪਾਸੇ ਅੰਗਰੇਜ਼ ਰਜਵਾੜਾਸ਼ਾਹੀ ਅਤੇ ਜਾਗੀਰਦਾਰਾਂ ਨਾਲ, ਉਸ ਵੇਲੇ ਕਾਮਰੇਡ ਬਚਨ ਸਿੰਘ ਬਖਸ਼ੀਵਾਲਾ ਜੀ ਨੇ ਫੌਜ ਦੀ ਨੌਕਰੀ ਛੱਡ ਕੇ ਦੇਸ਼ ਦੀ ਆਜ਼ਾਦੀ ਲਈ ਜੋ ਲੜਾਈ ਲੜੀ ਜਾ ਰਹੀ ਸੀ, ਉਸ ਨੂੰ ਚੁਣਿਆ । ਅੱਜ ਵੀ ਉਨ੍ਹਾਂ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਂਦਾ ਹੈ ! ਉਨ੍ਹਾਂ ਨੇ ਡਿਫਰੈਂਟ ਮੂਵਮੈਂਟਸ ਵਿੱਚ ਹਿੱਸਾ ਲਿਆ, ਜਿਸ ਤਰ੍ਹਾਂ ਜਾਗੀਰਦਾਰੀ ਦੇ ਖਿਲਾਫ ਔਰ ਗੁਰੀਲਾ ਸਟਰੱਗਲ ਵਿੱਚ ਵੀ ਉਨ੍ਹਾਂ ਨੇ ਗੁਰੀਲਾ ਕਮਾਂਡਰ ਦੇ ਤੌਰ ਤੇ ਆਪਣੀ ਜ਼ਿੰਮੇਂਵਾਰੀ ਨਿਭਾਈ ਔਰ ਕਾਤਲਾਂ ਦੇ ਮੁਕੱਦਮੇ ਵੀ ਉਨ੍ਹਾਂ ਦੇ ਉਤੇ ਕਈ ਬਣੇ । ਉਨ੍ਹਾਂ ਨੂੰ ਲੋਕਾਂ ਨਾਲ ਇਨਾ ਪਿਆਰ ਸੀ ਕਿ ਉਨ੍ਹਾਂ ਨੇ ਜੇਲ੍ਹ ਵਿੱਚ ਬੈਠ ਕੇ ਵੀ ਨਾਮੀਨੇਸ਼ਨ ਪੇਪਰ ਫਾਈਲ ਕੀਤੇ । ਲੋਕਾਂ ਨੇ ਕੰਪੇਨ ਦੇ ਵਿੱਚ ਉਨ੍ਹਾਂ ਦਾ ਪੂਰਾ ਸਾਥ ਦਿੱਤਾ ਤੇ ਉਹ ਫਿਰ ਅਸੈਂਬਲੀ ਚੋਣ ਜਿੱਤ ਕੇ ਆਏ । ਇੱਕ ਵਾਰੀ ਉਹ ਕਾਂਗਰਸ ਪਾਰਟੀ ਵਿੱਚ ਵੀ ਚਲੇ ਗਏ ਲੇਕਿਨ ਆਖਰ ਤੱਕ ਉਨ੍ਹਾਂ ਦੇ ਵਿੱਚ ਦੇਸ਼ ਭਗਤੀ ਦੀ ਭਾਵਨਾ ਸੀ ਅਤੇ ਜਦੋਂ ਕਦੇ ਵੀ ਸਾਡੇ ਮੁਲਕ ਤੇ ਜਾਂ ਸਾਡੇ ਸੂਬੇ ਦੇ ਉਤੇ ਕਿਸੇ ਤਰ੍ਹਾਂ ਦੀ ਕਠਿਨਾਈ ਆਈ

ਤਾਂ ਉਨ੍ਹਾਂ ਨੇ ਆਪਣੇ ਵੱਲੋਂ ਪੂਰਾ ਯੋਗਦਾਨ ਪਾਇਆ। ਇਸ ਤਰ੍ਹਾਂ ਮੈਂ ਕਾਮਰੇਡ ਬਚਨ ਸਿੰਘ ਬਖਸ਼ੀਵਾਲਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ੍ਰੀ ਲੇਖ ਰਾਮ ਠਾਕੁਰ ਦਾ ਜ਼ਿਕਰ ਕੀਤਾ ਗਿਆ ਹੈ। ਇਹ ਬਿਲਕੁਲ ਠੀਕ ਹੈ ਕਿ ਉਹ ਬਹੁਤ ਦੇਸ਼ ਭਗਤ ਸਨ। ਉਹ ਸਾਬਕਾ ਨਾਲਾਗੜ੍ਹ ਰਾਜ ਵਿੱਚ ਪਰਜਾ ਮੰਡਲ ਦੇ ਮੋਢੀਆਂ ਵਿਚੋਂ ਇੱਕ ਸਨ। ਉਹ ਸਾਬਕਾ ਪੈਪਸੂ ਵਿਧਾਨ ਸਭਾ ਲਈ ਨਾ ਕੇਵਲ ਮੈਂਬਰ ਚੁਣੇ ਗਏ ਸਗੋਂ ਬਾਅਦ ਵਿੱਚ ਉਨ੍ਹਾਂ ਨੂੰ ਡਿਪਟੀ ਸਪੀਕਰ ਦੇ ਤੌਰ ਤੇ ਕੰਮ ਕਰਨ ਦਾ ਮੌਕਾ ਵੀ ਮਿਲਿਆ। ਉਹ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਲਈ ਵੀ ਮੈਂਬਰ ਚੁਣੇ ਗਏ ਅਤੇ ਸ਼ਾਇਦ ਉਨ੍ਹਾਂ ਨੂੰ ਇੱਕ ਵਾਰੀ ਉਥੇ ਵੀ ਡਿਪਟੀ ਸਪੀਕਰ ਦੀ ਜ਼ਿੰਮੇਂਵਾਰੀ ਨਿਭਾਉਣ ਦਾ ਮੌਕਾ ਮਿਲਿਆ।

ਇਸੇ ਤਰ੍ਹਾਂ ਸਰਦਾਰ ਦਿਆਲ ਸਿੰਘ ਸੁਤੰਤਰਤਾ ਸੰਗਰਾਮੀ ਸਨ ਜਿਨ੍ਹਾਂ ਨੇ ਦੇਸ਼ ਦੀ ਬਹੁਤ ਸੇਵਾ ਕੀਤੀ। ਉਨ੍ਹਾਂ ਨੇ 1942 ਦੇ ਵਿੱਚ ਆਈ.ਐਨ.ਏ. ਵਿਚ ਜੁਆਇਨ ਕੀਤਾ ਅਤੇ ਦੂਜੇ ਸੰਸਾਰ ਯੁਧ ਦੌਰਾਨ ਸਰਗਰਮ ਸੇਵਾ ਕੀਤੀ। ਸਪੀਕਰ ਸਾਹਿਬ, ਸਰਦਾਰ ਪ੍ਰਤਾਪ ਸਿੰਘ ਬਾਗੀ ਜਿਨ੍ਹਾਂ ਦਾ ਮੈਂ ਜ਼ਿਕਰ ਕਰਨਾ ਚਾਹਾਂਗਾ, ਉਨ੍ਹਾਂ ਦਾ ਜਨਮ ਸੰਗਰੂਰ ਜ਼ਿਲ੍ਹੇ ਵਿੱਚ ਹੋਇਆ। ਉਨ੍ਹਾਂ ਵਲੋਂ ਇਨਕਲਾਬੀ ਲਹਿਰ ਵਿੱਚ ਬੜਾ ਉਘਾ ਯੋਗਦਾਨ ਪਾਇਆ ਗਿਆ ਔਰ ਸ਼ੁਰੂ ਤੋਂ ਹੀ ਉਹ ਕਮਿਊਨਿਸਟ ਪਾਰਟੀ ਦੇ ਨਾਲ ਜੁੜੇ ਰਹੇ। ਉਨ੍ਹਾਂ ਦਾ ਬਹੁਤ ਸਾਰੇ ਸਾਹਿਤਕ ਖੇਤਰਾਂ ਵਿੱਚ ਵੀ ਜ਼ਿਕਰ ਆਉਂਦਾ ਹੈ। ਜਿਸ ਤਰ੍ਹਾਂ ਸਰਦਾਰ ਪ੍ਰਤਾਪ ਸਿੰਘ ਬਾਗੀ ਦੇਸ਼ ਭਗਤੀ ਦੇ ਕੰਮਾਂ ਨਾਲ ਜੁੜੇ ਹੋਏ ਸਨ। ਅੱਜ ਉਹ ਸਾਡੇ ਵਿੱਚ ਨਹੀਂ ਰਹੇ। ਜਦੋਂ ਅਸੀਂ ਗਿਆਨੀ ਬਚਨ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਨ ਗਏ ਤਾਂ ਉਥੇ ਸਰਦਾਰ ਪ੍ਰਤਾਪ ਸਿੰਘ ਬਾਗੀ, ਸ੍ਰੀ ਭਗਵਾਨ ਦਾਸ ਅਰੋੜਾ, ਅਸੀਂ ਤਿੰਨੇ ਵਿਧਾਇਕ ਇਕੱਠੇ ਹੋਏ। ਗਿਆਨੀ ਜੀ ਦਾ ਸ਼ੋਕ ਸਮਾਗਮ ਚੱਲ ਰਿਹਾ ਸੀ, ਅੰਤਿਮ ਅਰਦਾਸ ਹੋ ਗਈ ਸੀ। ਦੇਸ਼ ਭਗਤ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾ ਰਹੀਆਂ ਸਨ। ਸਰਦਾਰ ਪ੍ਰਤਾਪ ਸਿੰਘ ਨੇ ਜਦੋਂ ਗਿਆਨੀ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਤਾਂ ਉਹ ਭਾਵੁਕ ਹੋ ਗਏ। ਇੰਝ ਲੱਗ ਰਿਹਾ ਸੀ ਕਿ ਉਹ ਜਿਵੇਂ ਬਰਦਾਸ਼ਤ ਨਹੀਂ ਕਰ ਰਹੇ ਸਨ ਕਿ ਇਕ ਨਾਲ ਦਾ ਦੇਸ਼ ਭਗਤ ਚਲਾ ਗਿਆ ਸੀ। ਸ਼ੋਕ ਸਮਾਗਮ ਵਿੱਚ ਬੋਲਦੇ ਬੋਲਦੇ ਜਦੋਂ ਉਹ ਅਚਾਨਕ ਰੁਕ ਗਏ ਤਾਂ ਅਸੀਂ ਸਮਝਿਆ ਕਿ ਉਹ ਦਮ ਲੈ ਰਹੇ ਹਨ। ਪਰ, ਸਪੀਕਰ ਸਾਹਿਬ, ਗਿਆਨੀ ਬਚਨ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਅਚਾਨਕ ਉਨ੍ਹਾਂ ਨੂੰ ਆਪ ਦਿਲ ਦਾ ਦੌਰਾ ਪੈ ਗਿਆ ਅਤੇ ਉਹ ਸਾਡੇ ਕੋਲੋਂ ਵਿਛੜ ਗਏ। ਇਸ ਨਾਲ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ।

ਅੱਗੇ, ਸਪੀਕਰ ਸਾਹਿਬ, ਕਾਮਰੇਡ ਕਿਰਪਾਲ ਸਿੰਘ ਨੇ ਆਜ਼ਾਦੀ ਦੇ ਅੰਦੋਲਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਉਨ੍ਹਾਂ ਦਾ ਲੋਕ ਹਿਤਾਂ ਲਈ, ਕਿਸਾਨਾਂ ਤੇ ਮਜ਼ਦੂਰਾਂ ਦੇ ਹਿੱਤਾਂ ਲਈ ਬਹੁਤ ਵੱਡਾ ਯੋਗਦਾਨ ਰਿਹਾ।

ਸ੍ਰੀ ਜਗਦੀਸ਼ ਰਾਇ ਮੋਂਗਾ ਪਾਕਿਸਤਾਨ ਬਣਨ ਤੋਂ ਬਾਅਦ ਸ਼ਰਨਾਰਥੀ ਦੇ ਰੂਪ

[ਕਾਮਰੇਡ ਹਰਦੇਵ ਅਰਸ਼ੀ]

ਵਿੱਚ ਮੇਰੀ ਕਾਂਸਟੀਚਿਊਐਂਸੀ ਬੁਢਲਾਡਾ ਮੰਡੀ ਵਿਚ ਆ ਕੇ ਵਸੇ । ਤਕਰੀਬਨ ਕਾਫੀ ਲੰਮਾ ਸਮਾਂ ਉਹ ਉਥੇ ਰਹੇ ਅਤੇ ਉਘੇ ਰਾਜਨੀਤਿਕ ਸੰਗਰਾਮੀਏ ਹੋਣ ਦੇ ਨਾਲ ਨਾਲ ਉਹ ਸਾਧਾਰਨ ਆਦਮੀ ਵਾਂਗ ਜੀਏ । ਜੋ ਕੰਮ ਉਨ੍ਹਾਂ ਨੇ ਪਾਕਿਸਤਾਨ ਤੋਂ ਆ ਕੇ ਸ਼ੁਰੂ ਕੀਤਾ ਸੀ, ਉਹੀ ਕਰਦੇ ਰਹੇ । ਮੈਂ ਸਮਝਦਾ ਹਾਂ ਕਿ ਅੱਜ ਰਾਜਨੀਤਿਕ ਲੋਕਾਂ ਨੂੰ ਉਨ੍ਹਾਂ ਤੋਂ ਸਿੱਖਣਾ ਚਾਹੀਦਾ ਹੈ । ਉਹ ਕੋਈ ਵੱਡੀ ਪਦਵੀ ਗ੍ਰਹਿਣ ਕਰਦੇ ਨਹੀਂ ਕਿ ਲੋਕ ਸੇਵਾ ਤੋਂ ਕੰਨੀ ਕਤਰਾਉਣ ਲੱਗ ਪੈਂਦੇ ਹਨ । ਇਹ ਚੰਗੀ ਮਿਸਾਲ ਨਹੀਂ । ਸੰਨ 1977 ਵਿੱਚ ਜਦੋਂ ਤੱਕ ਉਸ ਵੇਲੇ ਸਰਕਾਰ ਨੇ ਉਨ੍ਹਾਂ ਨੂੰ ਨਗਰ ਸੁਧਾਰ ਟਰੱਸਟ, ਬਠਿੰਡਾ ਦਾ ਚੇਅਰਮੈਨ ਨਹੀਂ ਬਣਾ ਦਿੱਤਾ, ਉਦੋਂ ਤੱਕ ਉਹ ਬੁਢਲਾਡਾ ਵਿੱਚ ਡਰਾਈ ਕਲੀਨਿੰਗ ਦੀ ਦੁਕਾਨ ਕਰਦੇ ਰਹੇ । ਉਨ੍ਹਾਂ ਦਾ ਸਿਆਸੀ ਖੇਤਰ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ ਹੈ । ਭਾਜਪਾ ਅਤੇ ਜਨਸੰਘ ਵਿੱਚ ਉਹ ਉਚੇ ਅਹੁਦਿਆਂ ਤੇ ਰਹੇ । ਜਦੋਂ ਅੱਤਵਾਦ ਦਾ ਦੌਰ ਸੀ, ਬਹੁਤ ਸਾਰੀਆਂ ਵੱਡੀਆਂ ਤਾਕਤਾਂ ਅੱਗੇ ਨਹੀਂ ਸਨ ਆ ਰਹੀਆਂ, ਉਸ ਵੇਲੇ ਮੋਂਗਾ ਜੀ ਅੱਗੇ ਆਏ । ਉਨ੍ਹਾਂ ਨੇ ਸ਼ਾਂਤੀ ਦਾ ਮਾਰਚ, ਭਾਈਚਾਰੇ ਦਾ ਸੰਦੇਸ਼ ਅਤੇ ਏਕਤਾ ਦਾ ਪੈਗਾਮ ਫੈਲਾਇਆ । ਅੱਤਵਾਦੀਆਂ ਨੇ ਉਨ੍ਹਾਂ ਤੇ ਹਮਲਾ ਕੀਤਾ ਜਿਸ ਨਾਲ ਉਨ੍ਹਾਂ ਨੂੰ ਗੰਭੀਰ ਰੂਪ ਵਿੱਚ ਸੱਟਾਂ ਵੀ ਲੱਗੀਆਂ । ਲੇਕਿਨ ਇਹ ਕੁਦਰਤ ਦੀ, ਪ੍ਰਮਾਤਮਾ ਦੀ ਕਿਰਪਾ ਸੀ ਕਿ ਉਹ ਬਚ ਗਏ । ਸਾਡੇ ਕੋਲ ਉਹ ਲੰਮਾ ਸਮਾਂ ਰਹੇ । ਅੱਜ ਉਹ ਸਾਡੇ ਵਿਚੋਂ ਚਲੇ ਗਏ ਹਨ, ਇਸ ਦਾ ਸਾਨੂੰ ਸਾਰਿਆਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ ।

ਸਰਦਾਰ ਹਰਮਿੰਦਰ ਸਿੰਘ ਉਘ ਕਾਨੂੰਨਦਾਨ ਸਨ । ਉਨ੍ਹਾਂ ਨੇ ਲੁਧਿਆਣਾ ਵਿਚ ਸਰਕਾਰੀ ਵਕੀਲ ਦੇ ਤੌਰ ਤੇ ਬੜਾ ਨਾਮ ਪੈਦਾ ਕੀਤਾ । ਉਸ ਤੋਂ ਬਾਅਦ ਉਨ੍ਹਾਂ ਨੇ ਸਿਆਸਤ ਵਿੱਚ ਕਦਮ ਧਰਿਆ । ਹਰਿਆਣਾ ਵਿਚ 1996 ਦੀਆਂ ਚੋਣਾਂ ਹੋਈਆਂ ਜਿਨ੍ਹਾਂ ਵਿੱਚ ਉਹ ਫਤਿਹਾਬਾਦ ਸੀਟ ਤੋਂ ਜਿੱਤ ਕੇ ਆਏ ਅਤੇ ਮੌਜੂਦਾ ਸਰਕਾਰ ਵਿੱਚ ਡੇਅਰੀ ਡਿਵੈਲਪਮੈਂਟ ਐਂਡ ਐਨੀਮਲ ਹਸਬੈਂਡਰੀ ਦੇ ਮੰਤਰੀ ਰਹੇ । ਉਨ੍ਹਾਂ ਦਾ ਵਿਛੋੜਾ ਹਰਿਆਣਾ ਕਾਂਸਟੀਚਿਊਐਂਸੀ ਲਈ ਜਿੰਨਾ ਦੁਖਦਾਈ ਹੈ, ਸਾਡੇ ਸਾਰਿਆਂ ਲਈ ਵੀ ਉਨੇ ਹੀ ਦੁੱਖ ਦਾ ਵਿਸ਼ਾ ਹੈ ।

ਮੱਕਾ ਦੀ ਘਟਨਾ ਵਾਪਰੀ ਜਿੱਥੇ ਸ਼ਰਧਾਲੂ ਹੱਜ ਵਾਸਤੇ ਗਏ ਹੋਏ ਸਨ । ਹਰ ਇਕ ਮੁਹੰਮਦਨ ਭਰਾ ਜੋ ਇੱਕ ਵਾਰੀ ਹੱਜ ਜਾ ਕੇ ਆਵੇ ਤਾਂ ਉਸ ਦੇ ਦੋਸਤ ਉਸ ਨੂੰ ਹਾਜੀ ਕਹਿ ਕੇ ਬੁਲਾਉਂਦੇ ਹਨ, ਉਸ ਦਾ ਮਨ ਬੜਾ ਖੁਸ਼ ਹੁੰਦਾ ਹੈ । ਉਸ ਨੂੰ ਗਰਵ ਮਹਿਸੂਸ ਹੁੰਦਾ ਹੈ ਕਿ ਉਹ ਹੱਜ ਕਰਕੇ ਆਇਆ ਹੈ । ਇਸ ਤਰ੍ਹਾਂ ਦੀ ਪਵਿੱਤਰ ਅਤੇ ਧਾਰਮਿਕ ਯਾਤਰਾ ਵੇਲੇ ਜੋ ਦੁਖਦਾਈ ਕਾਂਡ ਵਾਪਰਿਆ, ਉਸ ਕਾਂਡ ਵਿਚ ਵਿਛੜੀਆਂ ਰੂਹਾਂ ਦੇ ਪਿਛੇ ਰਹੇ ਪਰਿਵਾਰ ਦੇ ਮੈਂਬਰਾਂ ਨਾਲ ਮੈਂ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ ।

ਸ਼੍ਰੀ ਬੀਜੂ ਪਟਨਾਇਕ ਉੜੀਸਾ ਦੇ ਮੁੱਖ ਮੰਤਰੀ ਰਹੇ, ਕੇਂਦਰ ਚ ਵੀ ਮੰਤਰੀ ਉਹ ਦੇਸ਼ ਦੇ ਸੁਤੰਤਰਤਾ ਅੰਦੋਲਨ ਵਿੱਚ ਨਾ ਕੇਵਲ ਸ਼ਾਮਿਲ ਹੋਏ ਸਗੋਂ ਉਨ੍ਹਾਂ ਨੇ

ਇੰਡੋਨੇਸ਼ੀਆ ਵਿੱਚ ਇੰਡੀਪੈਂਡੈਂਸ ਦੀ ਮੰਗ ਵੇਲੇ ਵੀ ਬਹੁਤ ਯੋਗਦਾਨ ਪਾਇਆ। ਇਹ ਸ਼ਖਸ਼ੀਅਤ ਬਹੁਤ ਅਹਿਮ ਸੀ। ਉਨ੍ਹਾਂ ਦਾ ਵਿਛੂੜਾ ਨੈਸ਼ਨਲ ਲੈਵਲ ਤੇ ਇੱਕ ਬਹਤ ਦੁਖਦਾਈ ਘਟਨਾ ਹੈ। ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਉਨ੍ਹਾਂ ਦੇ ਸਦੀਵੀ ਵਿਛੋੜੇ ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ। ਜਥੇਦਾਰਨੀ ਮਨਮੋਹਨ ਕੌਰ ਚੱਢਾ, ਸੁਤੰਤਰਤਾ ਸੰਗਰਾਮੀ ਸਨ। ਇਨ੍ਹਾਂ ਦੇ ਵਿਛੜ ਜਾਣ ਨਾਲ ਸਾਨੂੰ ਸਾਰਿਆਂ ਨੂੰ ਬਹੁਤ ਦੁੱਖ ਹੈ। ਅੱਜਕਲ੍ਹ ਜਿਹੜੀ ਸਾਰਿਆਂ ਨੂੰ ਚਿੰਤਾ ਹੋ ਰਹੀ ਹੈ ਉਹ ਇਹ ਹੈ ਕਿ ਪੰਜਾਬ ਵਿਚ ਫਿਰ ਬਾਹਰਲੀਆਂ ਤਾਕਤਾਂ ਸਿਰ ਉਠਾ ਰਹੀਆਂ ਹਨ, ਉਹ ਪੰਜਾਬ ਵਿਚ ਫਿਰ ਤਾਰ ਹਿਲਾ ਰਹੀਆਂ ਹਨ ਅਤੇ ਪੰਜਾਬ ਦੇ ਅੰਦਰ ਫਿਰ ਗੜਬੜ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਫਿਰ ਪਠਾਨਕੋਟ ਸ਼ਹਿਰ ਵਿਚ ਗੜਬੜ ਕੀਤੀ ਅਤੇ ਬੇਗੁਨਾਹ ਜਾਨਾਂ ਲਈਆਂ, ਜਿਸ ਦਾ ਸਾਨੂੰ ਬਹੁਤ ਦੁੱਖ ਹੈ। ਸਾਨੂੰ ਸਾਰਿਆਂ ਨੂੰ ਇਸ ਗੱਲ ਦੀ ਬੜੀ ਚਿੰਤਾ ਹੋ ਰਹੀ ਹੈ ਅਤੇ ਉਨ੍ਹਾ ਪੀੜਤ ਪਰਿਵਾਰਾਂ ਦੇ ਨਾਲ ਸਾਡੀ ਸਾਰਿਆਂ ਦੀ ਹਮਦਰਦੀ ਹੈ ਜਿਨ੍ਹਾਂ ਦੇ ਪਰਿਵਾਰ ਦੇ ਮੈਂਬਰ ਇਸ ਘਟਨਾ ਵਿਚ ਮਾਰੇ ਗਏ ਹਨ। ਉਨ੍ਹਾਂ ਨੂੰ ਅਸੀਂ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦੇ ਹਾਂ। ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਆਪਣੀ ਆਪਣੀ ਸਿਆਸੀ ਵਿਚਾਰਧਾਰਾ ਨੂੰ ਛੱਡ ਕੇ ਪੰਜਾਬ ਦੀ ਸ਼ਾਂਤੀ ਲਈ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਜੋ ਕਿ ਫਿਰ ਭੰਗ ਕਰਨ ਦੀ ਕੋਸ਼ਿਸ ਕੀਤੀ ਜਾ ਰਹੀ ਹੈ, ਉਸ ਨੂੰ ਬਚਾਉਣ ਲਈ ਇਕ ਰਾਏ ਬਨਾਉਣੀ ਚਾਹੀਦੀ ਹੈ ਤਾ ਕਿ ਇਸ ਤਰ੍ਹਾਂ ਦਾ ਫਿਰ ਕੋਈ ਕਾਂਡ ਨਾ ਹੋਵੇ ਅਤੇ ਇਨ੍ਹਾਂ ਕਾਂਡਾਂ ਤੋਂ ਅਸੀਂ ਪੰਜਾਬ ਬਚਾ ਸਕੀਏ। ਜਿਸ ਤਰ੍ਹਾਂ ਵਿਰੋਧੀ ਧਿਰ ਦੀ ਨੇਤਾ ਨੇ ਸਰਦਾਰ ਅਜੀਤ ਸਿੰਘ ਸੰਧੂ ਦੀ ਮੌਤ ਦਾ ਜ਼ਿਕਰ ਇਥੇ ਕੀਤਾ ਹੈ, ਮੈਂ ਵੀ ਉਨ੍ਹਾਂ ਦੀ ਭਾਵਨਾ ਨਾਲ ਆਪਣੇ ਆਪ ਨੂੰ ਸਹਿਮਤ ਕਰਦਾ ਹਾਂ, ਆਪਣੀ ਭਾਵਨਾ ਨੂੰ ਸਾਂਝਾ ਕਰਦਾ ਹਾਂ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਲੋਕ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕਰਿਆ ਕਰਨਗੇ। ਉਨ੍ਹਾਂ ਨੇ ਪੰਜਾਬ ਦੇ ਵਾਸਤੇ ਕੁਰਬਾਨੀ ਦਿੱਤੀ ਅਤੇ ਅੱਤਵਾਦ ਦੇ ਖਿਲਾਫ ਉਨ੍ਹਾਂ ਨੇ ਲੜਾਈ ਲੜੀ। ਇਸ ਲਈ ਅਸੀਂ ਆਪਣੀ ਪਾਰਟੀ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ, ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਇਕ ਸੰਕੇਤ ਦਿੰਦੇ ਹਾਂ ਕਿ ਜਿਨ੍ਹਾਂ ਅਫਸਰਾਂ ਨੇ ਅੱਤਵਾਦ ਦੇ ਖਿਲਾਫ ਲੜਾਈ ਲੜੀ ਅਤੇ ਕੁਰਬਾਨੀਆਂ ਦਿੱਤੀਆਂ ਹਨ, ਉਨ੍ਹਾਂ ਨੂੰ ਯਾਦ ਰਖਿਆ ਜਾਵੇਗਾ ਤਾਂ ਕਿ ਉਨ੍ਹਾਂ ਨੂੰ ਮਾਣ ਅਤੇ ਫ਼ਖਰ ਮਹਿਸੂਸ ਹੋਵੇ। ਉਨ੍ਹਾ ਵਲੋਂ ਦੇਸ਼ ਲਈ ਕੀਤੀ ਗਈ ਸੇਵਾ ਨੂੰ ਯਾਦ ਰਖਿਆ ਜਾਵੇਗਾ। ਅਸੀਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ ਅਤੇ ਆਪਣੀ ਪਾਰਟੀ ਵੱਲੋਂ ਜਿਨ੍ਹਾਂ ਦਾ ਇਥੇ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਾਂ। ਇਸ ਦੇ ਨਾਲ ਹੀ ਮੈਂ ਆਪਣਾ ਸਥਾਨ ਲੈਂਦਾ ਹਾਂ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ (ਗੜ੍ਹਸ਼ੰਕਰ) : ਸਤਿਕਾਰਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਕਿ ਪਿਛਲੇ ਸੇਸ਼ਨ ਤੋਂ ਬਾਅਦ ਅੱਜ ਅਸੀਂ ਇਸ ਪਵਿੱਤਰ ਸਦਨ ਦੇ ਵਿਚ ਮੁੜ ਜੁੜੇ ਹਾਂ, ਇਸ ਸਮੇਂ ਦੇ ਦੌਰਾਨ ਬਹੁਤ ਸਾਰੀਆਂ ਸ਼ਖਸੀਅਤਾਂ ਸਾਡੇ ਵਿਚੋਂ ਵਿਛੜ

[ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ]

ਗਈਆਂ ਹਨ ਔਰ ਜਿਨ੍ਹਾਂ ਦੇ ਜਾਣ ਦਾ ਸਾਨੂੰ ਸਾਰਿਆਂ ਨੂੰ ਬਹੁਤ ਦੁੱਖ ਹੈ। ਇਨ੍ਹਾਂ ਦੇ ਵਿਛੜ ਜਾਣ ਨਾਲ ਸਮਾਜ ਨੂੰ, ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਅੱਜ ਅਸੀਂ ਮਹਿਸੂਸ ਕਰ ਰਹੇ ਹਾਂ ਕਿਉਂਕਿ ਜਦੋਂ ਚੰਗੀਆਂ ਸ਼ਖਸੀਅਤਾਂ ਹੁੰਦੀਆਂ ਹਨ ਤਾਂ ਕੌਮ ਅਤੇ ਦੇਸ਼ ਦੀ ਤਰੱਕੀ ਹੁੰਦੀ ਹੈ, ਚੰਗੀਆਂ ਭਾਵਨਾਵਾਂ ਹੁੰਦੀਆਂ ਹਨ, ਚੰਗੀਆਂ ਪਰੰਪਰਾਵਾਂ ਹੁੰਦੀਆਂ ਹਨ ਅਤੇ ਇਹ ਚੰਗੀ ਸ਼ਖਸੀਅਤ ਵਾਲੇ ਲੋਕ ਆਪਣੇ ਨਿੱਜੀ ਕੰਮਾਂ ਤੋਂ ਉਪਰ ਉਠ ਕੇ ਦੇਸ਼ ਦੇ ਲਈ, ਕੌਮ ਦੇ ਲਈ ਕੰਮ ਕਰਦੇ ਹਨ। ਇਹੋ ਜਿਹੀਆਂ ਚੰਗੀਆਂ ਸ਼ਖਸੀਅਤਾਂ ਦੇ ਉਠ ਜਾਣ ਨਾਲ ਦੇਸ਼ ਨੂੰ ਬਹੁਤ ਵੱਡਾ ਘਾਟਾ ਪੈਂਦਾ ਹੈ ਜਿਹੜਾ ਕਿ ਪੂਰਾ ਨਹੀਂ ਹੋ ਸਕਦਾ।

ਸਪੀਕਰ ਸਾਹਿਬ, ਸਰਦਾਰ ਆਤਮਾ ਸਿੰਘ, ਜੋ ਇਸ ਪਵਿਤਰ ਸਦਨ ਦੇ ਮੈਂਬਰ ਰਹੇ ਅਤੇ ਕਈ ਵਾਰ ਮਨਿਸਟਰ ਰਹੇ, ਭਾਵੇਂ ਮੈਨੂੰ ਉਨ੍ਹਾਂ ਦੇ ਨਿੱਜੀ ਤੌਰ ਤੇ ਦਰਸ਼ਨ ਕਰਨ ਦਾ ਮੌਕਾ ਨਹੀਂ ਮਿਲਿਆ ਪਰ ਉਹ ਇਕ ਚੰਗੇ ਕਰੈਕਟਰ ਦੀ ਮਿਸਾਲ ਸਨ, ਬੜਾ ਚੰਗਾ ਪੁਲੀਟੀਕਲ ਕੈਰੀਅਰ ਉਨ੍ਹਾਂ ਨੇ ਕਾਇਮ ਕੀਤਾ ਸੀ ਅਤੇ ਜਿਹੜੀਆਂ ਕੀਮਤਾਂ ਅਤੇ ਕਦਰਾਂ ਉਨ੍ਹਾਂ ਨੇ ਕਾਇਮ ਕੀਤੀਆਂ ਸਨ, ਉਸ ਦੀ ਮਿਸਾਲ ਇਨਸਾਨੀ ਜੀਵਨ ਵਿਚ ਘੱਟ ਹੀ ਮਿਲਦੀ ਹੈ। ਉਹ ਇਕ ਮਹਾਨ ਮਨੁੱਖ ਸਨ, ਮਨੁੱਖਤਾ ਵਾਲੀਆਂ ਭਾਵਨਾਵਾਂ ਰੱਖਦੇ ਸਨ ਅਤੇ ਲੋਕਾਂ ਦੀ ਸੇਵਾ ਕਰਨ ਦੀ ਉਨ੍ਹਾਂ ਦੇ ਮਨ ਵਿਚ ਇਕ ਤੜਪ ਸੀ। ਇਹੋ ਜਿਹੇ ਕਿਰਦਾਰ ਅਤੇ ਸ਼ਖਸੀਅਤ ਦੇ ਅਕਾਲ ਚਲਾਣੇ ਦਾ ਸਾਨੂੰ ਸਾਰਿਆਂ ਨੂੰ ਬਹੁਤ ਹੀ ਦੁੱਖ ਹੈ। ਉਨ੍ਹਾਂ ਨੇ ਪੰਜਾਬ ਦੇ ਵਿਚ ਸ਼ਾਂਤੀ ਲਈ, ਦੇਸ਼ ਦੀ ਏਕਤਾ ਲਈ ਜੋ ਕੁਰਬਾਨੀ ਦਿੱਤੀ ਅਤੇ ਪੰਜਾਬ ਦੀ ਸੇਵਾ ਕੀਤੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਸ਼ਖਸੀਅਤਾਂ ਨਹੀਂ ਹਨ ਇਹ ਸਿਰਫ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਦੀ ਗੱਲ ਨਹੀਂ, ਇਹ ਸਿਰਫ ਇਕ ਦਿਖਾਵਾ ਨਹੀਂ ਹੋਣਾ ਚਾਹੀਦਾ ਕਿ ਸਾਡੀ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਦੀ ਜ਼ਿੰਮੇਂਵਾਰੀ ਹੈ, ਚਾਹੀਦਾ ਤਾਂ ਇਹ ਹੈ ਕਿ ਉਨ੍ਹਾਂ ਪਰੰਪਰਾਵਾਂ, ਕਦਰਾਂ ਕੀਮਤਾਂ ਉਪਰ ਅਸੀਂ ਪਹਿਰਾ ਦੇਈਏ। ਜੇ ਕੁਦਰਤ ਨੇ ਸਾਨੂੰ ਮੌਕਾ ਦਿੱਤਾ ਹੈ ਤਾਂ ਅਸੀਂ ਉਨ੍ਹਾਂ ਦੇ ਕਦਮਾਂ ਤੇ ਚਲ ਕੇ ਲੋਕਾਂ ਦੀ ਸੇਵਾ ਕਰ ਸਕੀਏ ਅਤੇ ਉਨ੍ਹਾਂ ਦੀਆਂ ਸੇਵਾਵਾਂ ਤੋਂ, ਕੁਰਬਾਨੀਆਂ ਤੋਂ ਸਾਨੂੰ ਸਿੱਖਿਆ ਲੈਣੀ ਚਾਹੀਦੀ ਹੈ। ਸਰਦਾਰ ਆਤਮਾ ਸਿੰਘ ਜੀ ਦੇ ਚਲੇ ਜਾਣ ਨਾਲ ਜਿਹੜਾ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਮੈਂ ਪੂਰੇ ਵਿਸ਼ਵਾਸ਼ ਨਾਲ ਕਹਿ ਸਕਦਾ ਹਾਂ ਕਿ ਉਨ੍ਹਾਂ ਦੀ ਸਪੁੱਤਰੀ ਬੀਬੀ ਡਾਕਟਰ ਉਪਿੰਦਰਜੀਤ ਕੌਰ ਜੋ ਇਥੇ ਮੈਂਬਰ ਹਨ ਅਤੇ ਮੌਜੂਦਾ ਮਨਿਸਟਰ ਹਨ, ਉਹ ਇਸ ਘਾਟੇ ਨੂੰ ਪੂਰਾ ਕਰਨ ਲਈ ਅਣਥੱਕ ਮਿਹਨਤ ਕਰਨਗੇ।

ਕਾਮਰੇਡ ਬਚਨ ਸਿੰਘ ਬਖਸ਼ੀਵਾਲਾ, ਸਾਬਕਾ ਵਿਧਾਇਕ ਅਤੇ ਸ੍ਰੀ ਲੇਖ ਰਾਮ ਠਾਕੁਰ ਸਾਬਕਾ ਪੈਪਸੂ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਰਹੇ ਸਨ। ਇਨ੍ਹਾਂ ਦਾ ਜ਼ਿਕਰ ਸੀ.ਐਮ. ਸਾਹਿਬ ਨੇ ਵੀ ਕੀਤਾ, ਆਪੋਜ਼ੀਸ਼ਨ ਦੀ ਲੀਡਰ ਸਾਹਿਬਾ ਨੇ ਵੀ ਕੀਤਾ ਅਤੇ ਕਾਮਰੇਡ ਹਰਦੇਵ ਅਰਸ਼ੀ ਜੀ ਨੇ ਵੀ ਉਨ੍ਹਾਂ ਬਾਰੇ ਡੂੰਘੀ ਜਾਣਕਾਰੀ ਦਿੱਤੀ ਹੈ। ਮੈਨੂੰ ਨਿੱਜੀ ਤੌਰ ਤੇ ਉਨ੍ਹਾਂ ਦੇ ਦਰਸ਼ਨ ਕਰਨ ਦਾ ਮੌਕਾ ਨਹੀਂ ਮਿਲਿਆ ਪਰ ਮੈਂ ਸਮਝਦਾ ਹਾਂ ਕਿ ਉਹ

ਵੀ ਇਕ ਮਹਾਨ ਸਖਸ਼ੀਅਤ ਸਨ ਜਿਨ੍ਹਾਂ ਦੇ ਚਲੇ ਜਾਣ ਨਾਲ ਜਿਹੜਾ ਘਾਟਾ ਹੈ, ਖਲਾਅ ਹੈ, ਉਹ ਅਸਹਿ ਹੈ ।

ਸ੍ਰੀ ਬੀਜੂ ਪਟਨਾਇਕ, ਉੜੀਸਾ ਦੇ ਸਾਬਕਾ ਮੁੱਖ ਮੰਤਰੀ ਸਨ । ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਬਹੁਤ ਵੱਡਾ ਹਿੱਸਾ ਪਾਇਆ ਅਤੇ ਉਨ੍ਹਾਂ ਦੀ ਸੰਘਰਸ਼ ਵਾਲੀ ਜ਼ਿੰਦਗੀ ਸੀ । ਆਪ ਸਾਰੇ ਜਾਣਦੇ ਹੋ ਕਿ ਉਨ੍ਹਾਂ ਦੀ ਜ਼ਿੰਦਗੀ ਬੇਦਾਗ ਸੀ । ਉਨ੍ਹਾਂ ਨੇ ਦੇਸ਼ ਲਈ ਬਹੁਤ ਕੁਰਬਾਨੀਆਂ ਕੀਤੀਆਂ ਸਨ । ਅੱਜ ਉਨ੍ਹਾਂ ਦੀਆਂ ਸੇਵਾਵਾਂ ਤੋਂ ਦੇਸ਼ ਵਾਂਝਾ ਹੋ ਗਿਆ ਹੈ ਅਤੇ ਉਨ੍ਹਾਂ ਦੇ ਚਲੇ ਜਾਣ ਨਾਲ ਬਹੁਤ ਘਾਟਾ ਪਿਆ ਹੈ ।

ਸਰਦਾਰ ਦਿਆਲ ਸਿੰਘ, ਸੁਤੰਤਰਤਾ ਸੰਗਰਾਮੀ, ਸਰਦਾਰ ਪ੍ਰਤਾਪ ਸਿੰਘ ਬਾਗੀ, ਸੁਤੰਤਰਤਾ ਸੰਗਰਾਮੀ, ਕਾਮਰੇਡ ਕਿਰਪਾਲ ਸਿੰਘ, ਸੁਤੰਤਰਤਾ ਸੰਗਰਾਮੀ ਅਤੇ ਜਥੇਦਾਰਨੀ ਮਨਮੋਹਨ ਕੌਰ ਚੱਢਾ, ਸੁਤੰਤਰਤਾ ਸੰਗਰਾਮੀ ਹਨ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖਾਤਰ ਬੜੀ ਮਜ਼ਬੂਤੀ ਨਾਲ ਅੰਗਰੇਜ਼ੀ ਸਾਮਰਾਜ ਵਿਰੁੱਧ ਲੜਾਈ ਲੜੀ । ਅੱਜ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਅਸੀਂ ਇਸ ਪਵਿੱਤਰ ਸਦਨ ਵਿਚ ਜੁੜੇ ਬੈਠੇ ਹਾਂ । ਉਨ੍ਹਾਂ ਨੂੰ ਸਾਨੂੰ ਸਜਦਾ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਚਲੇ ਜਾਣ ਨਾਲ ਦੇਸ਼ ਨੂੰ ਬਹੁਤ ਘਾਟਾ ਪਿਆ ਹੈ ।

ਸ੍ਰੀ ਜਗਦੀਸ਼ ਰਾਇ ਮੌਂਗਾ ਜੋ ਆਰ. ਐਸ. ਐਸ. ਦੇ ਵਰਕਰ ਸਨ, ਉਨ੍ਹਾਂ ਦਾ ਜ਼ਿਕਰ ਵੀ ਇਥੇ ਬਹੁਤ ਹੋਇਆ ਕਿ ਉਨ੍ਹਾਂ ਨੇ ਸਮਾਜ ਦੀ ਬਹੁਤ ਸੇਵਾ ਕੀਤੀ ਅਤੇ ਉਹ ਸਮਾਜ ਦੀ ਸੇਵਾ ਲਈ ਹਮੇਸ਼ਾ ਤੱਤਪਰ ਰਹਿੰਦੇ ਸਨ ।

ਮੱਕਾ ਅਗਨੀ ਦੁਖਾਂਤ ਹੋਇਆ । ਜਿਹੜੇ ਸਮੂਹ ਹੱਜ ਯਾਤਰੀ ਉਸ ਪਵਿੱਤਰ ਸਥਾਨ ਤੇ ਹੱਜ ਕਰਨ ਗਏ ਸਨ, ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਅਜਿਹੇ ਪਵਿੱਤਰ ਸਥਾਨ ਉਤੇ ਅਸੀਂ ਅਜਿਹੀ ਦੁਰਘਟਨਾ ਦਾ ਸ਼ਿਕਾਰ ਹੋ ਜਾਵਾਂਗੇ ਅਤੇ ਇਹ ਇਕ ਬਹੁਤ ਹੀ ਵੱਡੀ ਦੁੱਖ ਵਾਲੀ ਗੱਲ ਹੈ । ਉਥੇ ਬਹੁਤ ਸਾਰੀਆਂ ਆਤਮਾਵਾਂ ਵਲੂੰਧਰੀਆਂ ਗਈਆਂ ।

ਜਬਲਪੁਰ ਸ਼ਹਿਰ ਵਿੱਚ ਭੁਚਾਲ ਨਾਲ ਬਹੁਤ ਸਾਰੀਆਂ ਜਾਨਾਂ ਗਈਆਂ । ਉਨ੍ਹਾਂ ਦੇ ਪਰਿਵਾਰਾਂ ਨਾਲ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਹਮਦਰਦੀ ਪ੍ਰਗਟ ਕਰਦਾ ਹਾਂ ।

ਪਠਾਨਕੋਟ ਬੰਬ ਧਮਾਕਾ ਹੋਇਆ ਜਿਸ ਨਾਲ ਬਹੁਤ ਕੀਮਤੀ ਜਾਨਾਂ ਚਲੀਆਂ ਗਈਆਂ । ਸਪੀਕਰ ਸਾਹਿਬ, ਪਹਿਲਾਂ ਜਿਸ ਤਰ੍ਹਾਂ ਦੇ ਹਾਲਾਤ ਵਿਚੋਂ ਪੰਜਾਬ ਨਿਕਲਿਆ ਹੈ, ਅੱਜ ਪੰਜਾਬ ਦੇ ਅੰਦਰ ਅਸੀਂ ਮਹਿਸੂਸ ਕਰਦੇ ਹਾਂ ਕਿ ਇਨ੍ਹਾਂ ਘਟਨਾਵਾਂ ਦੇ ਵਾਪਰਨ ਨਾਲ ਪ੍ਰਸ਼ਨ ਚਿੰਨ੍ਹ ਖੜ੍ਹਾ ਹੋ ਗਿਆ ਹੈ । ਸਪੀਕਰ ਸਾਹਿਬ, ਜਿਹੜੇ ਲੋਕ ਬੰਬ ਧਮਾਕੇ ਦੇ ਨਾਲ ਮਾਰੇ ਗਏ ਸਨ, ਮੈਂ ਉਨ੍ਹਾਂ ਦੇ ਪਰਿਵਾਰਾਂ ਨਾਲ ਸਹਾਨੁੰਭੂਤੀ ਪ੍ਰਗਟ ਕਰਦਾ ਹਾਂ । ਇਸ ਗੱਲ ਨੂੰ ਸੰਜੀਦਗੀ ਨਾਲ ਬਾਕਾਇਦਾ ਸੋਚਣਾ

[ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ]

ਚਾਹੀਦਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿਚ ਇਹੋ ਜਿਹੀਆਂ ਘਟਨਾਵਾਂ ਨਾ ਵਾਪਰਨ । ਹਰਿਆਣਾ ਸਟੇਟ ਦੇ ਮਨਿਸਟਰ ਸ੍ਰੀ ਹਰਮਿੰਦਰ ਸਿੰਘ ਜੀ ਵੀ ਪਿਛਲੇ ਦਿਨਾਂ ਵਿਚ ਅਕਾਲ ਚਲਾਣਾ ਕਰ ਗਏ ਹਨ । ਸੋ ਇਨ੍ਹਾਂ ਮਹਾਨ ਸ਼ਖਸੀਅਤਾਂ ਦੇ ਜਾਣ ਨਾਲ ਬੜਾ ਵੱਡਾ ਘਾਟਾ ਦੇਸ਼ ਨੂੰ ਅਤੇ ਸਮਾਜ ਨੂੰ ਪਿਆ ਹੈ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਇਨ੍ਹਾਂ ਸਾਰੀਆਂ ਮਹਾਨ ਸ਼ਖਸੀਅਤਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੋਇਆ ਅਤੇ ਦੁਰਘਟਨਾਵਾਂ ਵਿਚ ਜਿਹੜੀਆਂ ਜਾਨਾਂ ਗਈਆਂ, ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹੋਇਆ ਵਾਹਿਗੁਰੂ ਅਗੇ ਅਰਦਾਸ ਕਰਦਾ ਹਾਂ ਕਿ ਇਨ੍ਹਾਂ ਸਾਰਿਆਂ ਨੂੰ ਆਪਣੇ ਚਰਣਾਂ ਵਿਚ ਨਿਵਾਸ ਬਖਸ਼ੇ । ਧੰਨਵਾਦ ।

ਸਰਦਾਰ ਅਜੀਤ ਇੰਦਰ ਸਿੰਘ (ਸਰਦੂਲਗੜ੍ਹ) : ਸਤਿਕਾਰਯੋਗ ਸਪੀਕਰ ਸਾਹਿਬ, ਹਾਊਸ ਦੀ ਦੂਜੀ ਸਿਟਿੰਗ ਦੇ ਵਿਚ ਜਿੰਨੀਆਂ ਵੀ ਸਾਡੀਆਂ ਕੀਮਤੀ ਪਰਸਨੈਲਿਟੀਜ਼, ਪੁਲੀਟੀਕਲ ਪਰਸਨੈਲਿਟੀਜ਼, ਫਰੀਡਮ ਫਾਈਟਰਜ਼ ਸਾਡੇ ਵਿਚੋਂ ਚਲੇ ਗਏ ਹਨ, ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਸਾਰੇ ਆਪੋ ਆਪਣੇ ਖਿਆਲਾਤ ਰੱਖ ਰਹੇ ਹਨ । ਪਹਿਲਾਂ ਸਰਦਾਰ ਆਤਮਾ ਸਿੰਘ ਜੀ, ਜਿਨ੍ਹਾਂ ਨੂੰ ਮੈਂ ਬਹੁਤ ਨੇੜੇ ਤੋਂ ਦੇਖਿਆ ਹੈ, ਮੇਰੇ ਵਾਲਦ ਸਾਹਿਬ ਸਰਦਾਰ ਪਰੀਤਮ ਸਿੰਘ ਮੋਫਰ ਉਨ੍ਹਾਂ ਦੇ ਕੁਲੀਗ ਰਹੇ, ਉਹ ਬਹੁਤ ਹੀ ਨੇਕ ਇਨਸਾਨ ਸਨ । ਸੰਨ 1982 ਤੋਂ ਲੈਕੇ ਮੈਂ ਉਨ੍ਹਾਂ ਤੋਂ ਬੜੀਆਂ ਗਾਈਡ ਲਾਈਨਜ਼ ਲਈਆਂ । ਸਿਆਸੀ ਤੌਰ ਤੇ ਵੀ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਵਿਚ ਉਹ ਰੂਹ ਫੂਕੀ ਜੋ ਕਿ ਆਉਣ ਵਾਲੇ ਸਮੇਂ ਤੱਕ ਸਭ ਯਾਦ ਰੱਖਣਗੇ । ਉਨ੍ਹਾਂ ਦੇ ਚਲੇ ਜਾਣ ਦਾ ਬਹੁਤ ਵੱਡਾ ਦੁੱਖ ਹੋਇਆ ਹੈ ਲੇਕਿਨ ਸਾਡੇ ਭੈਣ ਜੀ ਜੋ ਉਨ੍ਹਾਂ ਦੀ ਨਿਸ਼ਾਨੀ ਹਾਊਸ ਵਿਚ ਆਨਰੇਬਲ ਮਨਿਸਟਰ ਹਨ, ਉਨ੍ਹਾਂ ਦੇ ਇਥੇ ਆਉਣ ਨਾਲ ਸਾਨੂੰ ਸਭ ਨੂੰ ਹੌਂਸਲਾ ਮਿਲਿਆ ਹੈ । ਅਸੀਂ ਹਮੇਸ਼ਾਂ ਸਰਦਾਰ ਆਤਮਾ ਸਿੰਘ ਜੀ ਨੂੰ ਯਾਦ ਰਖਾਂਗੇ ।

ਸਪੀਕਰ ਸਾਹਿਬ, ਇਸ ਦੇ ਨਾਲ ਹੀ ਕਾਮਰੇਡ ਬਚਨ ਸਿੰਘ ਬਖਸ਼ੀਵਾਲਾ ਵੀ ਮੇਰੇ ਫਾਦਰ ਸਾਹਿਬ ਨਾਲ ਕੁਲੀਗ ਸਨ । ਉਹ ਐਮ. ਐਲ. ਏ. ਰਹੇ । ਉਹ ਬਹੁਤ ਨੇਕ ਇਨਸਾਨ ਸਨ । ਉਨ੍ਹਾਂ ਨੇ ਆਜ਼ਾਦੀ ਸੰਗਰਾਮ ਵਿਚ ਬੜਾ ਯੋਗਦਾਨ ਪਾਇਆ ।

ਅੱਗੇ ਸ੍ਰੀ ਲੇਖ ਰਾਮ ਠਾਕੁਰ ਜੀ ਵੀ ਸਾਡੇ ਵਿਚੋਂ ਚਲੇ ਗਏ ਹਨ । ਉਹ ਵੀ ਮੇਰੇ ਫਾਦਰ ਸਾਹਿਬ ਨਾਲ ਕੁਲੀਗ ਰਹੇ । ਉਨ੍ਹਾਂ ਨੇ ਵੀ ਆਪਣੀ ਪੁਲੀਟੀਕਲ ਲਾਈਫ ਵਿਚ ਬੜੀਆਂ ਅਚੀਵਮੈਂਟਾਂ ਕੀਤੀਆਂ ਅਤੇ ਸਾਰੇ ਹੀ ਮੁਲਕ ਨੂੰ ਬੜੇ ਸੁਹਣੇ ਢੰਗ ਨਾਲ ਆਪਣਾ ਸਿਆਸੀ ਦ੍ਰਿਸ਼ਟੀਕੋਣ ਦਸਿਆ ।

ਸਪੀਕਰ ਸਾਹਿਬ, ਸ੍ਰੀ ਬੀਜੂ ਪਟਨਾਇਕ ਇਕ ਸਟਾਰ ਪਾਲੀਟੀਸ਼ੀਅਨ ਹੋਏ ਹਨ, ਜਿਨ੍ਹਾਂ ਨੇ ਆਪਣੀ ਸਟੇਟ ਵਾਸਤੇ, ਉਥੋਂ ਦੇ ਲੋਕਾਂ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਪੈਦਾ ਕੀਤੀਆਂ । ਉਹ ਹਿੰਦੁਸਤਾਨ ਸਰਕਾਰ ਦੇ ਵਿਚ ਵੀ ਕੈਬਿਨੇਟ ਮੰਤਰੀ ਰਹੇ । ਸਾਨੂੰ ਉਨ੍ਹਾਂ ਦੇ ਚਲੇ ਜਾਣ ਦਾ ਬੜਾ ਦੁੱਖ ਹੈ ।

ਅੱਗੇ ਸਰਦਾਰ ਦਿਆਲ ਸਿੰਘ, ਸੁਤੰਤਰਤਾ ਸੰਗਰਾਮੀ ਜਿਨ੍ਹਾਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ ਅਤੇ ਆਜ਼ਾਦੀ ਦੀ ਲੜਾਈ ਲੜੀ ਅਤੇ ਜਿਨ੍ਹਾਂ ਸਦਕਾ ਅਸੀਂ ਅੱਜ ਆਜ਼ਾਦੀ ਮਹਿਸੂਸ ਕਰਦੇ ਹਾਂ, ਉਨ੍ਹਾਂ ਦੇ ਚਲੇ ਜਾਣ ਤੇ ਵੀ ਬੜਾ ਦੁੱਖ ਹੋਇਆ ਹੈ । ਮੈਂ ਆਪਣੇ ਵੱਲੋਂ ਆਪਣੀ ਪਾਰਟੀ ਵੱਲੋਂ ਅਤੇ ਪਾਰਟੀ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਵੱਲੋਂ ਉਨ੍ਹਾਂ ਦੇ ਚਲੇ ਜਾਣ ਤੇ ਦੁੱਖ ਦਾ ਇਜ਼ਹਾਰ ਕਰਦਾ ਹਾਂ ।

ਸਰਦਾਰ ਪ੍ਰਤਾਪ ਸਿੰਘ ਬਾਗੀ ਇਕ ਬਹੁਤ ਵੱਡੇ ਸੁਤੰਤਰਤਾ ਸੰਗਰਾਮੀ ਸਨ । ਉਨ੍ਹਾਂ ਨੇ ਵੀ ਆਜ਼ਾਦੀ ਦੀ ਲੜਾਈ ਵਿਚ ਬੜਾ ਯੋਗਦਾਨ ਪਾਇਆ, ਇਸ ਆਜ਼ਾਦੀ ਲਈ ਜਿਸਨੂੰ ਹੁਣ ਅਸੀਂ ਮਹਿਸੂਸ ਕਰ ਰਹੇ ਹਾਂ ਅਤੇ ਜਿਨ੍ਹਾਂ ਕਰਕੇ ਸਾਨੂੰ ਇਹ ਹਾਸਲ ਹੋਈ ਹੈ, ਉਹ ਸਾਡੇ ਕੋਲੋਂ ਚਲੇ ਗਏ ਹਨ । ਮੈਂ ਉਨ੍ਹਾਂ ਪ੍ਰਤੀ ਸ਼ਰਧਾਂਜਲੀ ਭੇਂਟ ਕਰਦਾ ਹਾਂ ।

ਕਾਮਰੇਡ ਕ੍ਰਿਪਾਲ ਸਿੰਘ ਵੀ ਬਹੁਤ ਵੱਡੇ ਫਰੀਡਮ ਫਾਈਟਰ ਸਨ ਅਤੇ ਉਨ੍ਹਾਂ ਦਾ ਵੀ ਆਜ਼ਾਦੀ ਦੀ ਜੱਦੋ ਜਹਿਦ ਵਿਚ ਬਹੁਤ ਵੱਡਾ ਯੋਗਦਾਨ ਸੀ । ਸ੍ਰੀ ਜਗਦੀਸ਼ ਰਾਇ ਮੋਂਗਾ ਜਿਹੜੇ ਕਿ ਆਰ. ਐਸ. ਐਸ. ਦੇ ਐਕਟਿਵ ਵਰਕਰ ਸਨ ਅਤੇ ਜਿਨ੍ਹਾਂ ਨੇ ਆਪਣੀ ਪਾਰਟੀ ਵਾਸਤੇ ਬੜੀਆਂ ਕੁਰਬਾਨੀਆਂ ਕੀਤੀਆਂ, ਪਿਛੇ ਜਿਹੇ ਬੀਮਾਰ ਰਹਿ ਕੇ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਮੈਂ ਉਨ੍ਹਾਂ ਦੇ ਪਰਿਵਾਰ ਨਾਲ ਦੁਖ ਦਾ ਇਜ਼ਹਾਰ ਕਰਦਾ ਹਾਂ ।

ਅੱਗੇ ਜੱਥੇਦਾਰਨੀ ਮਨਮੋਹਨ ਕੌਰ ਚੱਢਾ, ਫਰੀਡਮ ਫਾਈਟਰ ਦੇ ਚਲੇ ਜਾਣ ਦਾ ਵੀ ਸਾਨੂੰ ਬਹੁਤ ਦੁੱਖ ਹੈ । ਸਰਦਾਰ ਹਰਮਿੰਦਰ ਸਿੰਘ, ਹਰਿਆਣਾ ਕੈਬਿਨੇਟ ਮੰਤਰੀ ਜੀ ਦੀ ਮੌਤ ਨਾਲ ਜਿਥੇ ਹਰਿਆਣਾ ਨੂੰ ਬਹੁਤ ਵੱਡਾ ਘਾਟਾ ਪਿਆ ਹੈ, ਉਥੇ ਸਾਨੂੰ ਵੀ ਉਨ੍ਹਾਂ ਦੇ ਚਲੇ ਜਾਣ ਤੇ ਬਹੁਤ ਵੱਡਾ ਦੁੱਖ ਹੋਇਆ ਹੈ । ਉਹ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਸਨ । ਉਹ ਦੋਨਾਂ ਸਟੇਟਾਂ ਦੇ ਲੋਕਾਂ ਨਾਲ ਪਿਆਰ ਕਰਦੇ ਸਨ ਅਤੇ ਉਨ੍ਹਾਂ ਨੇ ਪੂਰੀ ਤਰ੍ਹਾਂ ਲੋਕਾਂ ਦੀ ਸੇਵਾ ਕੀਤੀ । ਅੱਗੇ, ਸਪੀਕਰ ਸਾਹਿਬ, ਸਾਡੇ ਆਨਰੇਬਲ ਮਨਿਸਟਰ ਸਰਦਾਰ ਰਣਜੀਤ ਸਿੰਘ ਜੀ ਬ੍ਰਹਮਪੁਰਾ, ਜੋ ਅੱਜ ਇਥੇ ਬੈਠੇ ਨਹੀਂ ਹਨ, ਉਨ੍ਹਾਂ ਦੀ ਮਾਤਾ ਜੀ ਦੀ ਅਚਾਨਕ ਮੌਤ ਹੋਣ ਤੇ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਉਨ੍ਹਾਂ ਦੇ ਦੁੱਖ ਵਿਚ ਸ਼ਰੀਕ ਹੁੰਦਾ ਹਾਂ ।

ਮੱਕੇ ਦੇ ਵਿਚ ਜਿਹੜੇ ਸ਼ਰਧਾਲੂ ਆਪਣੀਆਂ ਮਨੋ-ਕਾਮਨਾਵਾਂ ਲੈ ਕੇ ਗਏ ਸਨ, ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨਾਲ ਉਥੇ ਬਹੁਤ ਵੱਡਾ ਭਿਆਨਕ ਹਾਦਸਾ ਵਾਪਰਿਆ । ਉਨ੍ਹਾਂ ਕੀਮਤੀ ਜਾਨਾਂ ਦੇ ਚਲੇ ਜਾਣ ਤੇ ਮੈਂ ਦੁੱਖ ਦਾ ਇਜ਼ਹਾਰ ਕਰਦਾ ਹਾਂ । ਇਸੇ ਤਰ੍ਹਾਂ ਜਬਲਪੁਰ ਵਿਖੇ ਭੁਚਾਲ ਆਉਣ ਕਰਕੇ ਬਹੁਤ ਸਾਰੀਆਂ ਬੇਖਬਰ ਰੂਹਾਂ ਵਿਛੜ ਗਈਆਂ । ਉਨ੍ਹਾਂ ਦੇ ਚਲੇ ਜਾਣ ਦਾ ਵੀ ਮੈਨੂੰ ਬਹੁਤ ਦੁੱਖ ਹੋਇਆ ਹੈ । ਮਗਰ ਉਸ ਵਾਹਿਗੁਰੂ ਦੇ ਮੂਹਰੇ ਕੋਈ ਜ਼ੋਰ ਨਹੀਂ ਹੈ ।

[ਸਰਦਾਰ ਅਜੀਤ ਇੰਦਰ ਸਿੰਘ]

ਪਠਾਨਕੋਟ ਵਿਖੇ ਜੋ ਬੰਬ ਕਾਂਡ ਵਾਪਰਿਆ ਹੈ, ਉਸ ਨੂੰ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਜ਼ੋਰਦਾਰ ਸ਼ਬਦਾਂ ਵਿਚ ਕੰਡੈਮ ਕਰਦਾ ਹਾਂ। ਜਿਹੜੇ ਲੋਕ ਇਹ ਕਾਰਵਾਈਆਂ ਕਰਦੇ ਹਨ, ਉਹ ਇਨਸਾਨ ਕਹਾਉਣ ਦੇ ਕਾਬਲ ਨਹੀਂ ਹਨ। ਅਜਿਹੇ ਹਾਦਸਿਆਂ ਦੌਰਾਨ ਜਿਹੜੀਆਂ ਮਾਸੂਮ ਜਾਨਾਂ ਚਲੀਆਂ ਜਾਂਦੀਆਂ ਹਨ, ਹਾਦਸਾ ਕਰਨ ਵਾਲਿਆਂ ਨੂੰ ਪਹਿਲਾਂ ਉਨ੍ਹਾਂ ਦੇ ਪਰਿਵਾਰਾਂ ਬਾਰੇ, ਉਨ੍ਹਾਂ ਦੇ ਮਾਪਿਆ ਬਾਰੇ ਜਾਂ ਜਿਹੜੇ ਉਨ੍ਹਾਂ ਦੀ ਰੋਟੀ ਰੋਜ਼ੀ ਦਾ ਸਾਧਨ ਹਨ, ਉਨ੍ਹਾਂ ਬਾਰੇ ਸੋਚਣਾ ਚਾਹੀਦਾ ਹੈ। ਇਹ ਕਿੱਡੇ ਵੱਡੇ ਦੁੱਖਾਂਤ ਵਾਲੀ ਗੱਲ ਹੋਈ ਹੈ। ਜਿੰਨੇ ਵੀ ਪਰਿਵਾਰ ਇਸ ਹਾਦਸੇ ਦਾ ਸ਼ਿਕਾਰ ਹੋਏ-ਇਕ ਪਰਿਵਾਰ ਦੇ 7 ਜੀਆਂ ਦੀਆਂ ਜਾਨਾਂ ਚਲੀਆਂ ਗਈਆਂ, ਉਨ੍ਹਾਂ ਸਾਰਿਆਂ ਲਈ ਮੈਂ ਆਪਣੀ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਲੀਡਰ ਆਫ ਦੀ ਹਾਊਸ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਪਰਿਵਾਰਾਂ ਨੂੰ ਜਿੰਨੀ ਵੀ ਵਧ ਤੋਂ ਵਧ ਮੱਦਦ ਦਿੱਤੀ ਜਾ ਸਕਦੀ ਹੈ, ਦਿੱਤੀ ਜਾਵੇ।

ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਇਕ ਹੋਰ ਗੱਲ ਜ਼ਰੂਰ ਕਰਨੀ ਚਾਹੁੰਦਾ ਹਾਂ ਕਿ 1984 ਤੋਂ ਬਾਅਦ ਇਹ ਤੀਸਰੀ ਸਰਕਾਰ ਕਾਇਮ ਹੋਈ ਹੈ ਲੇਕਿਨ ਉਸ ਸਮੇਂ ਤੋਂ ਬਾਅਦ ਜਿੰਨੀਆਂ ਵੀ ਪਾਰਟੀਆਂ ਦੇ ਲੀਡਰ ਸਾਹਿਬਾਨ ਦੀਆਂ ਜਾਨਾਂ ਗਈਆਂ ਜਾਂ ਦੇਸ਼ ਦੇ ਮਾਸੂਮ ਨਾਗਰਿਕਾਂ ਦੀਆਂ ਜਾਨਾਂ ਗਈਆਂ, ਉਨ੍ਹਾਂ ਬਾਰੇ ਕਿਸੇ ਨੇ ਕੋਈ ਅਫਸੋਸ ਪ੍ਰਗਟ ਨਹੀਂ ਕੀਤਾ। ਉਨ੍ਹਾਂ ਦਾ ਨਾਂ ਵੀ ਇਨ੍ਹਾਂ ਰੈਂਫਰੈਂਸਿਜ਼ ਵਿਚ ਐਡ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਪ੍ਰਤੀ ਵੀ ਅਫਸੋਸ ਪ੍ਰਗਟ ਕਰਨਾ ਚਾਹੀਦਾ ਹੈ। ਆਪ੍ਰੇਸ਼ਨ ਬਲਿਊ ਸਟਾਰ ਦੌਰਾਨ ਸ਼ਹੀਦ ਹੋਏ ਮਾਸੂਮ ਬੱਚਿਆਂ, ਬਜ਼ੁਰਗਾਂ ਅਤੇ ਬੀਬੀਆਂ ਬਾਰੇ ਵੀ ਸਾਨੂੰ ਜ਼ਰੂਰ ਅਫਸੋਸ ਕਰਨਾ ਚਾਹੀਦਾ ਹੈ। ਜੇ ਅਸੀਂ ਆਪਣੀ ਪੋਲੀਟੀਕਲ ਸੋਚ ਸਹੀ ਰੱਖਦੇ ਹਾਂ ਅਤੇ ਜਿਸ ਤਰ੍ਹਾਂ ਲੀਡਰ ਆਫ ਦੀ ਹਾਊਸ ਨੇ ਕਿਹਾ ਹੈ, ਜੇ ਅਸੀਂ ਉਸ ਤੇ ਸਹੀ ਤਰੀਕੇ ਦੇ ਨਾਲ ਪਹਿਰਾ ਦਿੰਦੇ ਹਾਂ ਤਾਂ ਸਾਨੂੰ ਉਨ੍ਹਾਂ ਬਾਰੇ ਵੀ ਆਪਣੀ ਸਰਧਾਂਜਲੀ ਭੇਂਟ ਕਰਨੀ ਚਾਹੀਦੀ ਹੈ। ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ, ਸੁਬੇਗ ਸਿੰਘ ਅਤੇ ਭਾਈ ਅਮਰੀਕ ਸਿੰਘ ਜਿਨ੍ਹਾਂ ਨੇ ਆਪਣੀਆਂ ਜਾਨਾਂ ਦਿੱਤੀਆਂ, ਉਨ੍ਹਾਂ ਨੂੰ ਵੀ ਸਾਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਨੀ ਚਾਹੀਦੀ ਹੈ। ਜੋ ਵੀ ਇਨਸਾਨ ਇਸ ਦੁਨੀਆਂ ਤੇ ਨਹੀਂ ਰਿਹਾ, ਉਸ ਬਾਰੇ ਸਾਨੂੰ ਜ਼ਰੂਰ ਅਫਸੋਸ ਕਰਨਾ ਚਾਹੀਦਾ ਹੈ। ਜਿੰਨੀਆਂ ਵੀ ਨੇਕ ਰੂਹਾਂ ਸਾਡੇ ਤੋਂ ਵਿਛੜ ਗਈਆਂ ਹਨ, ਉਨ੍ਹਾਂ ਪ੍ਰਤੀ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵੱਲੋਂ ਮਨ ਦੀ ਗਹਿਰਾਈ ਵਿਚੋਂ ਅਫਸੋਸ ਪ੍ਰਗਟ ਕਰਦਾ ਹਾਂ ਅਤੇ ਉਨ੍ਹਾਂ ਦੇ ਸਾਰੇ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਾ ਹਾਂ। ਧੰਨਵਾਦ।

ਸ੍ਰੀ ਸਪੀਕਰ : ਉਨ੍ਹਾਂ ਸਾਰੀਆਂ ਵਿਛੜੀਆਂ ਹੋਈਆਂ ਸ਼ਖਸੀਅਤਾਂ ਜਿਹੜੀਆਂ ਅੱਜ ਸਾਡੇ ਦਰਮਿਆਨ ਨਹੀਂ ਹਨ, ਪ੍ਰਤੀ ਇਸ ਹਾਉਸ ਦੇ ਸਾਰੇ ਮੈਂਬਰ ਸਾਹਿਬਾਨ ਵੱਲੋਂ ਜੋ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਹਨ, ਉਸ ਵਿਚ ਮੈਂ ਜ਼ਾਤੀ ਤੌਰ ਤੇ ਸ਼ਰੀਕ ਹੁੰਦਾ ਹੋਇਆ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਵਿਛੜੀਆਂ ਰੂਹਾਂ ਦੀ

ਆਤਮਿਕ ਸ਼ਾਂਤੀ ਲਈ ਉਹ ਖੜ੍ਹੇ ਹੋ ਕੇ 2 ਮਿੰਟ ਲਈ ਮੌਨ ਧਾਰਨ ਕਰਨ । ਉਨ੍ਹਾਂ ਪ੍ਰਤੀ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ।

(ਇਸ ਸਮੇਂ ਹਾਊਸ ਵਿਚ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਾਹਿਬਾਨ ਨੇ ਖੜ੍ਹੇ ਹੋ ਕੇ 2 ਮਿੰਟ ਲਈ ਮੌਨ ਧਾਰਨ ਕੀਤਾ ।)

ਮੁੱਖ ਮੰਤਰੀ : ਮੈਂ ਬੇਨਤੀ ਕਰਦਾ ਹਾਂ, ਸਪੀਕਰ ਸਾਹਿਬ, ਕਿ ਇਨ੍ਹਾਂ ਓਬਿਚੂਅਰੀ ਰੈਫਰੇਂਸਿਜ਼ ਤੋਂ ਬਾਅਦ ਹਾਊਸ ਐਡਜਰਨ ਕਰ ਦਿੱਤਾ ਜਾਵੇ ।

ਸ੍ਰੀ ਸਪੀਕਰ : ਸਦਨ ਨੂੰ ਐਡਜਰਨ ਕਰਨ ਤੋਂ ਪਹਿਲਾਂ ਮੈਂ ਇਕ ਅਨਾਊਂਸਮੈਂਟ ਕਰਨੀ ਜ਼ਰੂਰੀ ਸਮਝਦਾ ਹਾਂ । ਮੈਂ ਕਾਰਜ ਸਲਾਹਕਾਰ ਕਮੇਟੀ ਦੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਸਦਨ ਦੀ ਬੈਠਕ ਖਤਮ ਹੋਣ ਉਪਰੰਤ ਮੇਰੇ ਚੈਂਬਰ ਵਿਚ ਕਮੇਟੀ ਦੀ ਮੀਟਿੰਗ ਲਈ ਇਕੱਤਰ ਹੋਣ ਦੀ ਕ੍ਰਿਪਾਲਤਾ ਕਰਨ ।

ਹੁਣ ਸਦਨ ਬੁੱਧਵਾਰ, ਮਿਤੀ 11 ਜੂਨ, 1997 ਨੂੰ 9-00 ਵਜੇ ਸਵੇਰ ਤੱਕ ਸਥਗਿਤ ਕੀਤਾ ਜਾਂਦਾ ਹੈ ।

*3.15 ਵਜੇ ਬਾਅਦ ਦੁਪਹਿਰ	(ਇਸ ਉਪਰੰਤ ਸਦਨ ਬੁੱਧਵਾਰ, 11 ਜੂਨ, 1997 ਦੇ 9-00 ਵਜੇ ਸਵੇਰ ਤੱਕ ਸਥਗਿਤ* ਹੋ ਗਿਆ ।)

—0—

200—29-8-97—305 ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।
51 × 86/10.1 kg. ਆਫਸੈਟ ਪੇਪਰ

Published under the authority of the Punjab Vidhan Sabha and Printed by the Controller, Printing and Stationery, Punjab at Government Press, Patiala.

PUNJAB VIDHAN SABHA

DEBATES

11th June, 1997

Vol. II—No. 2

OFFICIAL REPORT

CONTENTS

Wednesday, the 11th June, 1997

Punjab Vidhan Sabha Secretariat, Chandigarh.

Price Rs.........

PUNJAB VIDHAN SABHA

Wednesday, the 11th June, 1997

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9.00 A. M. Mr. Speaker (Sardar Charanjit Singh Atwal) in the Chair.

STARRED QUESTIONS AND ANSWERS

ਤਦ-ਅਰਥ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨਾ

*422. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿਚ ਉਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ ਦੀ ਤਜਵੀਜ਼ ਰੱਖਦੀ ਹੈ ਜੋ ਦਿਹਾੜੀ, ਤਦ-ਅਰਥ ਆਧਾਰ ਤੇ ਜਾਂ ਠੇਕੇ ਤੇ ਕੰਮ ਕਰ ਰਹੇ ਹਨ ਅਤੇ ਜਿਨ੍ਹਾਂ ਨੇ 240 ਦਿਨਾਂ ਦੀ ਸੇਵਾ ਮੁਕੰਮਲ ਕਰ ਲਈ ਹੈ, ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਇਸ ਵਿਸ਼ੇ ਵਿਚ ਮਾਨਯੋਗ ਸੁਪਰੀਮ ਕੋਰਟ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫੈਸਲਿਆਂ ਨੂੰ ਧਿਆਨ ਵਿਚ ਰੱਖਦੇ ਹੋਏ, ਪੰਜਾਬ ਸਰਕਾਰ ਵੱਲੋਂ ਇਕ ਕਲੀਅਰ ਪਾਲਿਸੀ ਤਿਆਰ ਕੀਤੇ ਜਾਣ ਦਾ ਮਾਮਲਾ ਵਿਚਾਰ ਅਧੀਨ ਹੈ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਤਿਕਾਰਯੋਗ ਚੀਫ ਮਨਿਸਟਰ ਜੀ ਕੋਲੋਂ ਜਾਣਨਾ ਚਾਹਾਂਗਾ ਕਿ ਉਨ੍ਹਾਂ ਨੇ ਕਿਹਾ ਹੈ ਕਿ ਇਸ ਮਾਮਲੇ ਸਬੰਧੀ ਕਲੀਅਰ ਪਾਲਿਸੀ ਤਿਆਰ ਕਰਨ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਮੈਂ ਜਾਣਨਾ ਚਾਹੁੰਦਾ ਹਾਂ ਕਿ ਕਲੀਅਰ ਪਾਲਿਸੀ ਤੋਂ ਕੀ ਭਾਵ ਹੈ ? ਕੀ ਕੋਈ ਕਮੇਟੀ ਬਣਾਈ ਜਾ ਰਹੀ ਹੈ ? ਉਸ ਕਮੇਟੀ ਦਾ ਕੀ ਕਰਾਈਟੇਰੀਆ ਹੋਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਮਸਲੇ ਬਾਰੇ ਥੋੜ੍ਹਾ ਜਿਹਾ ਕਲੀਅਰ ਕਰਨਾ ਚਾਹੁੰਦਾ ਹਾਂ । ਇਸ ਮਸਲੇ ਉਤੇ ਦੋ ਦਫ਼ਾ ਫੈਸਲਾ ਹੋਇਆ ਹੈ । ਇਕ ਦਫਾ ਸਾਲ 1992 ਵਿਚ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਜਿਹੜਾ ਕਿ ਉਸ ਵੇਲੇ ਦੀ ਸਰਕਾਰ ਦੀ ਸੁਜੈਸ਼ਨ ਤੇ ਦਿੱਤਾ ਕਿ ਜਿਨ੍ਹਾਂ ਇੰਪਲਾਈਜ਼ ਨੇ ਦੋ ਸਾਲ ਦੀ ਐਡਹਾਕ ਸਰਵਿਸ ਪੂਰੀ ਕੀਤੀ ਹੋਵੇ ਅਤੇ ਨਾਲ ਜਾਂ ਉਹ ਇੰਪਲਾਇਮੈਂਟ ਐਕਸਚੇਂਜ ਤੋਂ ਅਤੇ ਜਾਂ ਐਡਵਰਟਾਈਜ਼ਮੈਂਟ ਤੋਂ ਬਾਅਦ ਉਨ੍ਹਾਂ ਦੀ ਸਿਲੈਕਸ਼ਨ ਹੋ ਗਈ ਹੋਵੇ, ਉਨ੍ਹਾਂ ਨੂੰ ਰੈਗੂਲਰਾਈਜ਼ ਕੀਤਾ ਜਾਵੇ । ਫਿਰ ਹੁਣ ਰਿਸੈਂਟਲੀ ਹਾਈ ਕੋਰਟ ਦਾ ਇਕ ਫੈਸਲਾ ਆ ਗਿਆ ਹੈ ਜਿਸ ਵਿਚ ਆਨਰੇਬਲ ਹਾਈ ਕੋਰਟ ਨੇ ਇਹ ਕਿਹਾ ਹੈ ਕਿ ਮਿਤੀ 21-7-97 ਤੱਕ ਜਿਹੜੇ ਵੀ ਐਡਹਾਕ ਇੰਪਲਾਈਜ਼ ਹਨ, ਉਨ੍ਹਾਂ ਨੂੰ ਫ਼ਾਰਗ ਕਰ ਦਿੱਤਾ ਜਾਵੇ ਅਤੇ ਉਨ੍ਹਾਂ ਦੀ ਜਗ੍ਹਾ ਪਰਾਪਰ ਪ੍ਰੋਸੀਜਰ ਨਾਲ ਇੰਪਲਾਇ-

[ਮੁੱਖ ਮੰਤਰੀ]

ਮੈਂਟ ਐਕਸਚੇਂਜ ਦੇ ਥਰੂ ਜਾਂ ਐਡਵਰਟਾਈਜ਼ਮੈਂਟ ਥਰੂ ਇਹ ਅਸਾਮੀਆਂ ਭਰੀਆਂ ਜਾਣ। ਲੇਕਿਨ ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਕਲ੍ਹ ਹੀ ਕੇਬਨਿਟ ਨੇ ਇਹ ਫੈਸਲਾ ਕੀਤਾ ਹੈ ਕਿ ਹਾਈ ਕੋਰਟ ਦੇ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੈਲੰਜ ਕੀਤਾ ਜਾਵੇ। (ਥੰਪਿੰਗ) ਅਸੀਂ ਇਹ ਵੀ ਸਮਝਦੇ ਹਾਂ ਕਿ ਇਹ ਬਹੁਤ ਹਾਰਡਸ਼ਿਪ ਹੈ ਅਤੇ ਇਸ ਨਾਲ ਹਜ਼ਾਰਾਂ ਦੀ ਤਦਾਦ ਵਿਚ ਇੰਪਲਾਈਜ਼ ਆਪਣੀ ਜੌਬ ਲੂਜ਼ ਕਰਨਗੇ। ਸਾਡੀ ਸਰਕਾਰ ਇਸ ਵਿਚ ਗਹਿਰੀ ਦਿਲਚਸਪੀ ਰੱਖਦੀ ਹੈ ਅਤੇ ਅਸੀਂ ਕੋਈ ਵੀ ਠੀਕ ਲੀਗਲ ਤਰੀਕਾ ਜਿਹੜਾ ਸਾਨੂੰ ਲੱਭੇਗਾ, ਲੱਭਾਂਗੇ ਜਿਹੜਾ ਕਿ ਇੰਪਲਾਈਜ਼ ਦੇ ਖਿਲਾਫ ਨਾ ਹੋਵੇ।

ਕਾਮਰੇਡ ਅਜੈਬ ਸਿੰਘ ਰੌਂਤਾ : ਧੰਨਵਾਦ, ਸਰ।

श्रीमती लक्ष्मी कांता चावला : अध्यक्ष महोदय, मैं आप के माध्यम से मुख्य मंत्री जी से निवेदन करना चाहती हूं कि हमारी विधान सभा के अंदर कुछ कर्मचारी काम कर रहे हैं। ऐसे ही विश्राम गृहों और अतिथि गृहों में भी कुछ कर्मचारी 5-5 साल से, 10-10 साल से कच्चे हैं, दिहाड़ीदार हैं। जो कर्मचारी 240 दिन काम कर चुके हैं जिनमें एस.पी.ओज. भी आते हैं, क्या वे भी इस फैसले में पक्के कर दिये जायेंगे ?

ਸ੍ਰੀ ਸਪੀਕਰ : ਇਸ ਦਾ ਸਵਾਲ ਨਾਲ ਕੋਈ ਸਬੰਧ ਨਹੀਂ ਹੈ।

श्रीमती लक्ष्मी कांता चावला : अध्यक्ष महोदय, विधान सभा के इसी हाल में, और कुछ दूसरे सरकारी विभागों में भी ऐसे कर्मचारी हैं जो कच्चे हैं और दिहाड़ी पर काम कर रहे हैं। वे 5 से 10 साल के बाद भी कच्चे चल रहे हैं। क्या उनकी किस्मत का फैसला भी इसी फैसले के साथ हो जायेगा या उनके लिये कोई अलग तराजू आयेगी ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਇਸ ਬਾਰੇ ਸੈਪਰੇਟ ਸਵਾਲ ਕਰ ਦੇਣ। ਡਿਟੇਲ ਦੱਸ ਦਿੱਤੀ ਜਾਵੇਗੀ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਪੰਜਾਬੀ ਵਿਚ ਅਨੁਪੂਰਕ ਕਰ ਦਿੰਦੀ ਹਾਂ। ਮੇਰਾ ਪ੍ਰਸ਼ਨ ਹੈ ਕਿ ਜਿਹੜੇ ਕੱਚੇ ਕਰਮਚਾਰੀ ਹਨ, ਐਡਹਾਕ ਕਰਮਚਾਰੀ ਹਨ, ਦਿਹਾੜੀਦਾਰ ਕਰਮਚਾਰੀ ਹਨ, ਠੇਕੇ ਤੇ ਕੰਮ ਕਰਦੇ ਹਨ, ਜਿਹੜੇ ਕਿ ਵਿਧਾਨ ਸਭਾ ਵਿਚ ਵੀ ਕੰਮ ਕਰਦੇ ਹਨ, ਰੈਸਟ ਹਾਊਸਾਂ ਵਿਚ ਵੀ ਕੰਮ ਕਰਦੇ ਹਨ, ਸਰਕਾਰੀ ਅਤਿਥੀ ਘਰਾਂ ਵਿਚ ਵੀ ਕੰਮ ਕਰਦੇ ਹਨ ਅਤੇ ਉਨ੍ਹਾਂ ਨੂੰ ਕੰਮ ਕਰਦੇ 5 ਤੋਂ 10 ਸਾਲ ਤੱਕ ਦਾ ਸਮਾਂ ਹੋ ਗਿਆ ਹੈ, ਕੀ ਉਨ੍ਹਾਂ ਦੀ ਕਿਸਮਤ ਦਾ ਫੈਸਲਾ ਵੀ ਇਸੇ ਫੈਸਲੇ ਦੇ ਨਾਲ ਹੀ ਕਰ ਦਿਓਗੇ ਜਾਂ ਕਿ ਉਨ੍ਹਾਂ ਲਈ ਕੋਈ ਵੱਖਰਾ ਫੈਸਲਾ ਕਰੋਗੇ ?

ਸ੍ਰੀ ਸਪੀਕਰ : ਇਸ ਬਾਰੇ ਵੱਖਰਾ ਸਵਾਲ ਕਰ ਦਿਓ। ਵਿਧਾਨ ਸਭਾ ਦੇ ਇੰਪਲਾਈਜ਼ ਬਾਰੇ ਇਥੇ ਸਵਾਲ ਨਹੀਂ ਆ ਸਕਦਾ। ਤੁਸੀਂ ਬਾਅਦ ਵਿਚ ਵੱਖਰਾ ਸਵਾਲ ਕਰ ਲੈਣਾ।

———

ਵਣਪਾਲ ਵਿਰੁਧ ਚੌਕਸੀ ਪੜਤਾਲ

*348. (1) ਸ੍ਰੀ ਜਗਦੀਸ਼ ਸਾਹਨੀ
(2) ਕੈਪਟਨ ਬਲਬੀਰ ਸਿੰਘ ਬਾਠ } : ਕੀ ਮੁੱਖ ਮੰਤਰੀ ਕਿਰਪਾ ਕਰ ਕੇ ਦੱਸਣਗੇ ਕਿ—

(ੳ) ਕੀ ਚੌਕਸੀ ਬਿਊਰੋ ਨੇ ਉਸ ਸਮੇਂ ਦੇ ਵਣਪਾਲ ਦੇ ਵਿਰੁੱਧ ਆਪਣੀ ਆਮਦਨ ਦੇ ਜਾਣਕਾਰ ਸਾਧਨਾਂ ਤੋਂ ਵੱਧ ਭ੍ਰਿਸ਼ਟ ਸਾਧਨਾਂ ਰਾਹੀਂ ਚੱਲ ਅਤੇ ਅਚੱਲ ਜਾਇਦਾਦ ਇਕੱਠੀ ਕਰਨ ਲਈ ਸਾਲ 1990 ਵਿਚ ਕੋਈ ਨਿਯਮਿਤ ਪੜਤਾਲ ਨੰ. 4/90 ਦਰਜ ਕੀਤੀ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਉਕਤ ਪੜਤਾਲ ਮੁਕੰਮਲ ਕਰ ਲਈ ਗਈ ਹੈ, ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਜੀ ਹਾਂ । ਬਾਕਾਇਦਾ ਇਨਕੁਆਰੀ ਨੰ : 4/90 ਚੰਡੀਗੜ੍ਹ ਵਿਰੁੱਧ ਸ੍ਰੀ ਕੁੰਦਨ ਸਿੰਘ ਔਲਖ, ਆਈ. ਐਫ. ਐਸ. ਵਲੋਂ ਜਾਣੂ ਵਸੀਲਿਆਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਵਿਚ ਮਿਤੀ 27-7-90 ਨੂੰ ਦਰਜ ਕੀਤੀ ਗਈ ਸੀ ।

(ਅ) ਸਰਕਾਰ ਨੇ ਇਹ ਇਨਕੁਆਰੀ ਮਿਤੀ 22-9-1992 ਨੂੰ ਠਪ ਕਰ ਦਿੱਤੀ ਸੀ ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ 4/90 ਰਾਹੀਂ ਜਿਹੜੀ ਇਨਕੁਆਰੀ ਹੋਈ ਸੀ, ਉਹ ਇਸ ਲਈ ਕੰਡਕਟ ਕੀਤੀ ਗਈ ਸੀ ਕਿ ਸਬੰਧਤ ਅਫਸਰ ਵੱਲੋਂ ਜਾਣੂ ਵਸੀਲਿਆਂ ਤੋਂ ਵੱਧ ਅਸੈੱਟਸ ਬਣਾਏ ਗਏ ਸੀ । ਪਰ ਫਿਰ 22 ਸਤੰਬਰ, 1992 ਨੂੰ ਉਹ ਬਿਨਾਂ ਕਿਸੇ ਕਾਰਨ ਤੋਂ, ਬਿਨਾਂ ਕਿਸੇ ਆਧਾਰ ਤੋਂ ਬੰਦ ਕਰ ਦਿੱਤੀ ਗਈ, ਠੱਪ ਕਰ ਦਿੱਤੀ ਗਈ । ਇਸ ਸਬੰਧ ਵਿਚ ਮਾਨਯੋਗ ਮੁੱਖ ਮੰਤਰੀ ਜੀ ਦੱਸਣ ਕਿ ਇਹ ਇਨਕੁਆਰੀ ਕਿਉਂ ਠੱਪ ਕੀਤੀ ਗਈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਇਨਕੁਆਰੀ 27-7-1990 ਨੂੰ ਦਰਜ ਕੀਤੀ ਗਈ ਸੀ ਅਤੇ ਸਾਰੇ ਤੱਥਾਂ ਨੂੰ ਦੇਖ ਕੇ ਉਸ ਵੇਲੇ ਦੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਨੇ 22-9-1992 ਨੂੰ ਇਹ ਇਨਕੁਆਰੀ ਠੱਪ ਕਰ ਦਿੱਤੀ । ਇਹ ਇਨਕੁਆਰੀ 1992 ਵਿਚ ਹੀ ਠੱਪ ਹੋ ਗਈ ਸੀ ਅਤੇ ਉਸ ਵੇਲੇ ਦੇ ਮੁੱਖ ਮੰਤਰੀ ਸਾਹਿਬ ਨੇ ਸਾਰੇ ਤੱਥ ਦੇਖ ਕੇ ਹੀ ਇਹ ਠੱਪ ਕੀਤੀ ਹੋਵੇਗੀ । ਹੁਣ ਜੇ ਮੈਂਬਰ ਸਾਹਿਬ ਕੋਲ ਕੋਈ ਹੋਰ ਫੈਕਟਸ ਹਨ ਤਾਂ ਇਹ ਦੱਸ ਦੇਣ ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਇਨਕੁਆਰੀ ਠੱਪ ਕਰ ਦਿੱਤੀ ਗਈ ਹੈ, ਇਹ ਗਲਤ ਕੀਤੀ ਗਈ ਹੈ, ਕਿਉਂਕਿ ਅੱਜ ਤੱਕ ਵੀ ਪਤਾ ਹੈ ਸਬੰਧਤ ਅਧਿਕਾਰੀ ਨੇ ਗਲਤ ਤਰੀਕੇ ਨਾਲ

[ਸ਼੍ਰੀ ਜਗਦੀਸ਼ ਸਾਹਨੀ]
ਅਸੈੱਟਸ ਬਣਾਏ ਹਨ । ਕੀ ਮੁੱਖ ਮੰਤਰੀ ਜੀ ਦੁਬਾਰਾ ਟਾਈਮ-ਬਾਊਂਡ ਇਨਕੁਆਰੀ ਕਰਵਾ ਕੇ ਤੱਥ ਚੱਸਣ ਦੀ ਖੇਚਲ ਕਰਨਗੇ ? ਪਹਿਲੀ ਇਨਕੁਆਰੀ ਬਿਨਾਂ ਕਿਸੇ ਆਧਾਰ ਦੇ ਬੰਦ ਹੋਈ ਹੈ ਅਤੇ ਕੋਈ ਰਿਪੋਰਟ ਕੰਪਲੀਟ ਨਹੀਂ ਹੋਈ ਅਤੇ ਫਾਈਲਾਂ ਵਿਜੀਲੈਂਸ ਡਿਪਾਰਟਮੈਂਟ ਕੋਲ ਪਈਆਂ ਹਨ । ਇਹ ਇਨਕੁਆਰੀ ਕਾਂਗਰਸ ਸਰਕਾਰ ਦੇ ਸਮੇਂ ਵਿੱਚ ਬੰਦ ਕੀਤੀ ਗਈ ਹੈ ਅਤੇ ਪੰਜਾਬ ਸਰਕਾਰ ਦੇ ਰਿਕਾਰਡ ਵਿਚ ਸਬੰਧਤ ਫਾਈਲਾਂ ਹੀ ਨਹੀਂ ਮਿਲ ਰਹੀਆਂ । ਕੀ ਮੁੱਖ ਮੰਤਰੀ ਜੀ ਇਹ ਭਰੋਸਾ ਦਿਵਾਉਣਗੇ ਕਿ ਦੁਬਾਰਾ ਟਾਈਮ-ਬਾਊਂਡ ਇਨਕੁਆਰੀ ਕਰਵਾਂ ਕੇ ਦੋਸ਼ੀ ਨੂੰ ਸਜ਼ਾ ਦਿੱਤੀ ਜਾਵੇਗੀ ? That man has been promoted and he is working there.

ਮੁੱਖ ਮੰਤਰੀ : ਸਪੀਕਰ ਸਾਹਿਬ, ਉਹ ਜਿਹੜੀ ਇਨਕੁਆਰੀ ਹੈ, ਉਹ ਉਸ ਵੇਲੇ ਦੇ ਮੁੱਖ ਮੰਤਰੀ ਨੇ ਠੱਪ ਕਰ ਦਿੱਤੀ ਸੀ । ਜਿਹੜੇ ਕੇਸ ਠੱਪ ਹੋ ਜਾਂਦੇ ਹਨ, ਸਕੱਤਰੇਤ ਵਿਚ ਉਨ੍ਹਾਂ ਦਾ ਰਿਕਾਰਡ ਡਿਸਟਰਾਏ ਹੋ ਜਾਂਦਾ ਹੈ । ਇਸ ਲਈ ਉਹ ਫਾਈਲਾਂ ਵੀ ਡਿਸਟਰਾਏ ਕਰ ਦਿੱਤੀਆਂ ਗਈਆਂ ਹੋਣਗੀਆਂ । ਜੇ ਐਮ.ਐਲ.ਏ. ਸਾਹਿਬ ਮੁੜ ਦੁਬਾਰਾ ਇਨਕੁਆਰੀ ਕਰਾਉਣਾ ਚਾਹੁੰਦੇ ਹਨ ਤਾਂ ਐਫੀਡੇਵਿਟ ਦੇ ਦੇਣ ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਛੇ ਐਮ.ਐਲ.ਏ. ਸਾਹਿਬਾਨ ਨੇ ਵਿਭਾਗ ਨੂੰ ਵੀ ਲਿਖ ਕੇ ਦਿੱਤਾ ਹੈ ਅਤੇ ਵਿਜੀਲੈਂਸ ਵਿਭਾਗ ਨੂੰ ਵੀ ਲਿਖ ਕੇ ਭੇਜਿਆ ਹੈ । ਛੇ ਐਮ.ਐਲ.ਏ. ਸਾਹਿਬਾਨ ਨੇ ਦਸਖਤ ਕੀਤੇ ਹਨ, ਇਸ ਲਈ ਮੈਂ ਨਹੀਂ ਸਮਝਦਾ ਕਿ ਫਿਰ ਵੀ ਐਫੀਡੇਵਿਟ ਦੀ ਲੋੜ ਹੈ । ਸਰਕਾਰ ਨੇ 1992 ਵਿਚ ਇਹ ਇਨਕੁਆਰੀ ਬਿਨਾਂ ਕਿਸੇ ਆਧਾਰ ਤੋਂ ਠੱਪ ਕਰ ਦਿੱਤੀ ਹੈ ਅਤੇ ਫਾਈਲ ਤੇ ਕੋਈ ਤੱਥ ਮੌਜੂਦ ਨਹੀਂ ਹਨ ਜਿਨ੍ਹਾਂ ਤੋਂ ਪਤਾ ਲਗ ਸਕੇ ਕਿ ਇਹ ਇਨਕੁਆਰੀ ਕਿਉਂ ਠੱਪ ਕੀਤੀ ਗਈ ਹੈ ।

ਸ਼੍ਰੀ ਸਪੀਕਰ : ਮੁੱਖ ਮੰਤਰੀ ਸਾਹਿਬ ਨੇ ਦੱਸ ਦਿੱਤਾ ਹੈ ਕਿ ਫਾਈਲ ਹੀ ਸਾੜ ਦਿੱਤੀ ਗਈ ਹੈ, ਹੁਣ ਕੀ ਹੋ ਸਕਦਾ ਹੈ ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਫੈਕਟਸ ਤਾਂ ਇਹ ਹਨ ਕਿ ਫਾਈਲ ਤੇ ਸੀ.ਐਮ. ਸਾਹਿਬ ਦੇ ਹੁਕਮ ਹੀ ਨਹੀਂ ਲਏ ਗਏ ਅਤੇ ਪਹਿਲੇ ਮੁੱਖ ਸਕੱਤਰ ਨੇ ਹੀ ਇਹ ਇਨਕੁਆਰੀ ਬੰਦ ਕਰ ਦਿੱਤੀ ਸੀ ਅਤੇ ਪੈਂਡਿੰਗ ਇਨਕੁਆਰੀ ਦੌਰਾਨ that man has been promoted.

(ਕੋਈ ਉੱਤਰ ਨਹੀਂ ਆਇਆ ।)

ਸ਼੍ਰੀ ਸਪੀਕਰ : ਹਾਂ ਜੀ, ਅਰਸ਼ੀ ਜੀ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਸਵਾਲ ਫਾਰੈਸਟ ਵਿਭਾਗ ਵਿਚ ਭ੍ਰਿਸ਼ਟਾਚਾਰ ਨਾਲ ਸਬੰਧ ਰੱਖਦਾ ਹੈ । ਇਸ ਲਈ ਪਹਿਲਾਂ ਤਾਂ ਇਹ ਇਨਕੁਆਰੀ ਦੁਬਾਰਾ ਕਰਾਉਣ ਬਾਰੇ ਹਾਊਸ ਨੂੰ ਭਰੋਸਾ ਦਿਵਾਉਣ ਦੀ ਖੇਚਲ ਕਰਨ । ਦੂਸਰਾ ਇਸੇ ਵਿਭਾਗ ਵਿਚ ਇਕ ਜੇ. ਐਸ. ਸਮੁੰਦਰੀ ਆਈ. ਐਫ. ਐਸ. ਅਫਸਰ ਸਸਪੈਂਡ ਚਲਿਆ ਆ ਰਿਹਾ

ਸੀ, ਉਸ ਤੋਂ 10 ਲੱਖ ਰੁਪਏ ਰਿਕਵਰ ਕਰਨੇ ਸਨ ਪਰ ਉਨ੍ਹਾਂ ਵਿਚੋਂ ਇਕ ਲਖ ਰੁਪਏ ਰਿਕਵਰ ਕੀਤੇ ਗਏ ਅਤੇ 9 ਲੱਖ ਰੁਪਿਆ ਅਜੇ ਵੀ ਪੈਂਡਿੰਗ ਹੈ । ਉਸ ਅਫਸਰ ਨੂੰ ਬਹਾਲ ਕਰਕੇ ਉਸ ਨੂੰ ਪੁਰਾਣੀ ਥਾਂ ਤੇ ਹੀ ਲਗਾ ਦਿੱਤਾ ਗਿਆ ਜਦਕਿ ਉਸ ਦੇ ਖਿਲਾਫ ਫਰਾਡ ਦੇ ਕੇਸ ਚਲ ਰਹੇ ਹਨ । ਕੀ ਇਸ ਸਬੰਧ ਵਿਚ ਮੁੱਖ ਮੰਤਰੀ ਜੀ ਦੱਸਣ ਦੀ ਖੇਚਲ ਕਰਨਗੇ ਕਿ ਉਸ ਭ੍ਰਿਸ਼ਟ ਅਫਸਰ ਨੂੰ ਮੁੜ ਬਹਾਲ ਕਿਉਂ ਕੀਤਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਵਿਚ ਦੂਸਰੇ ਅਫਸਰ ਦੀ ਗਲ ਕੀਤੀ ਗਈ ਹੈ । ਇਸ ਕਰਕੇ ਇਹ ਸੈਪਰੇਟ ਕੁਐਸਚਨ ਦੇ ਦੇਣ ।

ਸ੍ਰੀ ਸਪੀਕਰ : ਇਸ ਦਾ ਇਸ ਨਾਲ ਕੋਈ ਲਿੰਕ ਨਹੀਂ ਹੈ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੀ ਰੂਲਿਗ ਐਸੈਪਟ ਕਰਦਾ ਹਾਂ । ਵੈਸੇ ਸੈਪਰੇਟ ਕੁਐਸਚਨ ਦੀ ਜ਼ਰੂਰਤ ਨਹੀਂ ਹੈ ਔਰ ਜੋ ਮੈਂ ਪ੍ਰਸ਼ਨ ਪੁੱਛਿਆ ਹੈ......।

ਸ੍ਰੀ ਸਪੀਕਰ : ਤੁਸੀਂ ਸੈਪਰੇਟ ਕੁਐਸਚਨ ਦੇ ਦਿਓ । ਜੇ ਕੋਈ ਮਾੜਾ ਮੋਟਾ ਇਸ ਪ੍ਰਸ਼ਨ ਨਾਲ ਸਬੰਧ ਹੈ ਤਾਂ ਦੱਸ ਦਿਓ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਮਾਲਕ ਹੋ । ਮੈਂ ਤੁਹਾਡਾ ਕਹਿਣਾ ਮੰਨ ਲੈਂਦਾ ਹਾਂ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਛੇ ਐਮ.ਐਲ.ਏਜ਼. ਨੇ ਲਿਖ ਕੇ ਦਿੱਤਾ ਹੈ । ਇਸ ਵਿਚ ਕੁਰੱਪਸ਼ਨ ਦੀ ਬੜੀ ਵੱਡੀ ਬਦਬੂ ਆ ਰਹੀ ਹੈ ।......

ਸ੍ਰੀ ਸਪੀਕਰ : ਤੁਹਾਡੇ ਕੋਲ ਜੇ ਕੋਈ ਨਵੀਂ ਗੱਲ ਹੈ ਤਾਂ ਕਰੋ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ ; ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਇਨ-ਕੁਆਰੀ ਬੰਦ ਕਰ ਦਿੱਤੀ ਗਈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਦੁਬਾਰਾ ਇਨਕੁਆਰੀ ਕਰਵਾਉਣ ਕਿਉਂਕਿ ਪਿਛਲੇ ਸਮੇਂ ਦੌਰਾਨ ਕੁਰੱਪਸ਼ਨ ਦੇ ਬਹੁਤ ਘਪਲੇ ਹੋਏ ਹਨ ।

ਸ੍ਰੀ ਸਪੀਕਰ : ਤੁਸੀਂ ਹੁਣ ਬੈਠ ਜਾਓ । ਅਗਲਾ ਸਵਾਲ ।

ਤਲਵਾੜਾ ਬਲਾਕ ਵਿਚ ਸਿਵਲ ਹਸਪਤਾਲ ਖੋਲਣਾ

*345. **ਸ੍ਰੀ ਰਮੇਸ਼ ਚੰਦਰ ਡੋਗਰਾ :** ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਬਲਾਕ ਤਲਵਾੜਾ ਵਿਚ ਕੋਈ ਸਿਵਲ ਹਸਪਤਾਲ ਹੈ;

[ਸ੍ਰੀ ਰਮੇਸ਼ ਚੰਦਰ ਡੋਗਰਾ]

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਨਾਂਹ ਵਿਚ ਹੋਵੇ ਤਾਂ ਕੀ ਸਰਕਾਰ ਦੀ ਉਕਤ ਬਲਾਕ ਵਿਚ ਸਿਵਲ ਹਸਪਤਾਲ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਦੋਂ ਤੱਕ ਖੋਲ੍ਹੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਬਲਰਾਮ ਜੀ ਦਾਸ ਟੰਡਨ : (ੳ) ਬਲਾਕ ਤਲਵਾੜਾ ਵਿਚ ਹਾਜ਼ੀਪੁਰ ਵਿਖੇ 30 ਬਿਸਤਰਿਆਂ ਦਾ ਰੂਰਲ ਹਸਪਤਾਲ-ਕਮ-ਕਮਿਊਨਿਟੀ ਹੈਲਥ ਸੈਂਟਰ ਕੰਮ ਕਰ ਰਿਹਾ ਹੈ। ਇਸ ਤੋਂ ਇਲਾਵਾ ਇਕ ਹੋਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਹਸਪਤਾਲ ਜੋ ਕਿ 124 ਬਿਸਤਰਿਆਂ ਦਾ ਹੈ, ਤਲਵਾੜਾ ਵਿਖੇ ਸਥਿਤ ਹੈ।

(ਅ) ਕਿਉਂਜੋ ਤਲਵਾੜਾ ਦੇ ਲੋਕਾਂ ਲਈ ਮੈਡੀਕਲ ਸਹੂਲਤਾਂ ਤਸੱਲੀਬਖਸ਼ ਤੌਰ ਤੇ ਉਪਲਬਧ ਹਨ, ਇਸ ਲਈ ਇਸ ਬਲਾਕ ਵਿਚ ਇਸ ਸਮੇਂ ਨਵਾਂ ਸਿਵਲ ਹਸਪਤਾਲ ਸਥਾਪਤ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਜਵਾਬ ਵਿਚ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਰੂਰਲ ਹਸਪਤਾਲ-ਕਮ-ਕਮਿਊਨਿਟੀ ਸੈਂਟਰ ਹਾਜ਼ੀਪੁਰ ਵਿਖੇ ਫੰਕਸ਼ਨ ਕਰ ਰਿਹਾ ਹੈ। ਇਹ ਬਲਾਕ ਤਲਵਾੜਾ ਵਿਚ ਹੈ, ਇਹ ਗੱਲ ਗਲਤ ਹੈ ਕਿਉਂਕਿ ਹਾਜ਼ੀਪੁਰ ਡਿਫਰੈਂਟ ਹੈ ਔਰ ਤਲਵਾੜਾ ਡਿਫਰੈਂਟ ਬਲਾਕ ਹੈ। ਇਹ ਹਸਪਤਾਲ ਹਾਜ਼ੀਪੁਰ ਵਿਖੇ ਫੰਕਸ਼ਨ ਕਰ ਰਿਹਾ ਹੈ। ਇਸ ਕਰਕੇ ਇਹ ਸਿਰਫ ਹਾਜ਼ੀਪੁਰ ਦੇ ਲੋਕਾਂ ਵਾਸਤੇ ਹੀ ਹੈ। ਤਲਵਾੜਾ ਵਿਖੇ ਕੋਈ ਕਮਿਊਨਿਟੀ ਹੈਲਥ ਸੈਂਟਰ ਕੰਮ ਨਹੀਂ ਕਰ ਰਿਹਾ। ਦੂਸਰੀ ਗਲ ਮੰਤਰੀ ਜੀ ਨੇ ਕਹੀ ਹੈ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਵੀ 124 ਬੈਡਿਡ ਹਸਪਤਾਲ ਤਲਵਾੜਾ ਵਿਖੇ ਸਥਿਤ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਹਸਪਤਾਲ ਸਿਰਫ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਇੰਪਲਾਈਜ਼ ਵਾਸਤੇ ਹੀ ਹੈ ਔਰ ਉਨ੍ਹਾਂ ਵਾਸਤੇ ਹੀ ਬਣਾਇਆ ਗਿਆ ਹੈ। ਇਸ ਕਰਕੇ ਬੋਰਡ ਵਾਲੇ ਸਿਰਫ ਆਪਣੇ ਇਪਲਾਈਜ਼ ਨੂੰ ਹੀ ਠੀਕ ਤਰ੍ਹਾਂ ਅਟੈਂਡ ਕਰਦੇ ਹਨ। ਬਾਕੀ ਲੋਕਾਂ ਨੂੰ ਠੀਕ ਤਰ੍ਹਾਂ ਅਟੈਂਡ ਨਹੀਂ ਕਰਦੇ। ਮੈਂ ਦੱਸਣਾ ਚਾਹੁੰਦਾ ਹਾਂ......।

ਸ੍ਰੀ ਸਪੀਕਰ : ਤੁਸੀਂ ਸਿਰਫ ਪੁੱਛੋ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਕਿਰਪਾ ਕਰਕੇ ਮੈਨੂੰ ਏਰੀਆਜ਼ ਦੀ ਪੁਜ਼ੀਸ਼ਨ ਐਕਸਪਲੇਨ ਕਰ ਲੈਣ ਦਿਓ। ਸਪੀਕਰ ਸਾਹਿਬ, ਜਿਹੜਾ ਤਲਵਾੜਾ ਬਲਾਕ ਹੈ, ਇਹ ਪਹਾੜੀ ਬਲਾਕ ਹੈ। ਲੋਕਾਂ ਦੀਆਂ ਉਥੇ ਆਪਣੀਆਂ ਮੁਸ਼ਕਲਾਤ ਹਨ। ਤਲਵਾੜਾ ਤੋਂ ਹਿਮਾਚਲ ਬਾਰਡਰ 20-25 ਕਿਲੋਮੀਟਰ ਤੇ ਪੈਂਦਾ ਹੈ। ਇਸ ਲਈ ਕੀ ਮੰਤਰੀ ਜੀ ਇਹ ਦੱਸਣਗੇ ਕਿ ਉਥੇ ਮਿੰਨੀ ਪ੍ਰਾਇਮਰੀ ਹੈਲਥ ਸੈਂਟਰ ਜਾਂ ਬਲਾਕ ਲੈਵਲ ਤੇ ਹਸਪਤਾਲ ਬਣਾਉਣ ਵਾਸਤੇ ਕੋਈ ਤਜਵੀਜ਼ ਬਣਾਈ ਜਾਵੇਗੀ ?

ਸ੍ਰੀ ਸਪੀਕਰ : ਇਸ ਦਾ ਜਵਾਬ ਮੰਤਰੀ ਜੀ ਦੇ ਚੁੱਕੇ ਹਨ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਜਵਾਬ ਦਿਤਾ ਹੈ, ਉਹ ਗਲਤ ਜਵਾਬ ਦਿੱਤਾ ਹੈ। ਇਹ ਹਸਪਤਾਲ ਸਿਰਫ ਹਾਜੀਪੁਰ ਦੇ ਲੋਕਾਂ ਵਾਸਤੇ ਹੈ। ਹਾਜੀਪੁਰ ਅਤੇ ਤਲਵਾੜਾ ਦੋਵੇਂ ਡਿਫਰੈਂਟ ਹਨ।

ਮੰਤਰੀ : ਸਪੀਕਰ ਸਾਹਿਬ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਾ 124 ਬੈਡਿਡ ਹਸਪਤਾਲ ਹੈ ਔਰ ਉਹ ਜਨਰਲ ਪਬਲਿਕ ਨੂੰ ਵੀ ਉਸੇ ਤਰ੍ਹਾਂ ਅਟੈਂਡ ਕਰਦੇ ਹਨ ਜਿਸ ਤਰ੍ਹਾਂ ਬਾਕੀ ਇੰਪਲਾਈਜ਼ ਨੂੰ ਕਰਦੇ ਹਨ। ਉਸ ਤੋਂ ਇਲਾਵਾ ਉਸ ਹਸਪਤਾਲ ਵਿਚ ਹੋਰ ਵੀ ਬੜੀਆਂ ਸਹੂਲਤਾਂ ਹਨ। ਉਥੇ ਦੋ ਪ੍ਰਾਇਮਰੀ ਹੈਲਥ ਸੈਂਟਰ ਹਨ। ਅੱਠ ਸਬਸਿਡੀਅਰੀ ਹੈਲਥ ਸੈਂਟਰ ਵੀ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ 21 ਸਬ ਹੈਲਥ ਸੈਂਟਰ ਵੀ ਕੰਮ ਕਰ ਰਹੇ ਹਨ। ਇਸ ਕਰਕੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਸਾਹਮਣੇ ਰੱਖਦੇ ਹੋਏ ਇਹ ਫੈਸਲਾ ਕੀਤਾ ਗਿਆ ਹੈ ਕਿ ਉਥੇ ਹੋਰ ਹਸਪਤਾਲ ਦੀ ਕੋਈ ਜ਼ਰੂਰਤ ਨਹੀਂ ਹੈ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਕੁਝ ਕਿਹਾ ਹੈ, ਉਹ ਭਾਵੇਂ ਕਾਗਜ਼ਾਂ ਵਿਚ ਤਾਂ ਹੋਵੇਗਾ ਪਰ ਅਸਲ ਵਿਚ, ਪ੍ਰੈਕਟੀਕਲੀ ਉਥੇ ਕੋਈ ਵੀ ਪ੍ਰਾਇਮਰੀ ਹੈਲਥ ਸੈਂਟਰ ਨਹੀਂ ਹੈ। ਲੋਕਾਂ ਨੂੰ ਕਾਫੀ ਡਿਫੀਕਲਟੀ ਆ ਰਹੀ ਹੈ। ਸਨੇਕ ਕੱਟਣ ਦੇ ਜਿਹੜੇ ਕੇਸਿਜ਼ ਹੁੰਦੇ ਹਨ, ਉਸ ਵਿਚ ਲੋਕੀਂ ਰਾਹ ਵਿਚ ਹੀ ਮਰ ਜਾਂਦੇ ਹਨ। ਕੀ ਇਨ੍ਹਾਂ ਗੱਲਾਂ ਨੂੰ ਮੱਦੇ-ਨਜ਼ਰ ਰੱਖਦੇ ਹੋਏ ਉਥੇ ਕੋਈ ਹਸਪਤਾਲ ਬਣਾਇਆ ਜਾਵੇਗਾ ? ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਹਾਲਾਤ ਨੂੰ ਮੱਦੇ-ਨਜ਼ਰ ਰੱਖਦੇ ਹੋਏ ਅਤੇ ਪਹਾੜ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੱਦੇ-ਨਜ਼ਰ ਰੱਖਦੇ ਹੋਏ ਇਹ ਉਥੇ ਹਸਪਤਾਲ ਦੀ ਪ੍ਰੋਵੀਜ਼ਨ ਕਰਨਗੇ ?

ਸ੍ਰੀ ਸਪੀਕਰ : ਇਸ ਦਾ ਜਵਾਬ ਤਾਂ ਆ ਚੁੱਕਾ ਹੈ। ਅਗਲਾ ਪ੍ਰਸ਼ਨ।

ਮੈਂਟਲ ਹਸਪਤਾਲ, ਅੰਮ੍ਰਿਤਸਰ ਵਿਚ ਮਰੀਜ਼ਾਂ ਦੀ ਗਿਣਤੀ

*389. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 1985 ਤੋਂ 30 ਅਪਰੈਲ, 1997 ਤਕ ਦੇ ਸਮੇਂ ਦੇ ਦੌਰਾਨ ਮੈਂਟਲ ਹਸਪਤਾਲ, ਅੰਮ੍ਰਿਤਸਰ ਵਿਚ ਦਾਖਲ ਹੋਏ ਮਰੀਜ਼ਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮਰੀਜ਼ਾਂ ਵਿਚੋਂ ਅਜਿਹੇ ਮਰੀਜ਼ਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਅਦਾਲਤ ਦੇ ਹੁਕਮਾਂ ਅਧੀਨ ਦਾਖਲ ਕੀਤਾ ਗਿਆ ਸੀ ਅਤੇ ਉਨ੍ਹਾਂ ਮਰੀਜ਼ਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਡਿਪਟੀ ਕਮਿਸ਼ਨਰ ਦੇ ਹੁਕਮ ਤੇ ਦਾਖਲ ਕੀਤੇ ਗਏ ਸਨ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਅਜਿਹੇ ਮਰੀਜ਼ਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦਾ ਇਲਾਜ ਠੀਕ ਹੋ ਗਿਆ ਹੈ ਅਤੇ ਇਲਾਜ ਕਰਨ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ ਅਤੇ ਅਜਿਹੇ ਮਰੀਜ਼ਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਅਜੇ ਛੁੱਟੀ ਨਹੀਂ ਦਿੱਤੀ ਗਈ ਹੈ;

[ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

(ਸ) ਅਜਿਹੇ ਮਰੀਜ਼ਾਂ, ਜੋ ਸਮਾਇਤ ਅਧੀਨ ਕੈਦੀ ਹਨ, ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦਾ ਇਲਾਜ ਨਹੀਂ ਹੋਇਆ ਹੈ ?

ਸ਼੍ਰੀ ਬਲਰਾਮ ਜੀ ਦਾਸ ਟੰਡਨ : (ੳ) 1071 ।

(ਅ) 1071 ਸਾਰੇ ਮਰੀਜ਼ ਸਬੰਧਤ ਖੇਤਰ ਦੇ ਡਿਪਟੀ ਕਮਿਸ਼ਨਰ/ ਐਸ. ਡੀ. ਐਮ. ਦੇ ਹੁਕਮਾਂ ਰਾਹੀਂ ਦਾਖਿਲ ਹੋਏ ਸਨ ।

(ੲ) ਇਲਾਜ ਹੋਏ/ਡਿਸਚਾਰਜਡ .. 211

ਅਨ-ਡਿਸਚਾਰਜਡ ਮਰੀਜ਼ .. 523

(ਸ) 38

श्रीमती लक्ष्मी कांता चावला: स्पीकर साहिब, पहले मैं मन्त्री जी से यह पूछना चाहती हूं, क्योंकि आप ने 2 या 3 प्रश्न पूछने की लिमिट लगा दी है । इस उत्तर में टोटल 1071 बताए गए हैं, जिन में से डिसचार्जड 211 बताए गए हैं और जो डिसचार्ज नहीं हुए, वे 523 हैं और अन्डर टरायल 38 है । बाकी के कहां गए ?

ਮੰਤਰੀ : ਸਪੀਕਰ ਸਾਹਿਬ, ਇਸ ਦਾ ਮਤਲਬ ਹੈ ਕਿ ਬਾਕੀ ਦੇ ਜਿਹੜੇ ਹਨ ਉਹ ਹਸਪਤਾਲ ਦੇ ਵਿੱਚ ਹੀ ਹਨ ।

श्रीमती लक्ष्मी कांता चावला: इस उत्तर के अनुसार डिसचार्जड 211 हैं, अन-डिसचार्जड 523 हैं लेकिन बाकी कहां गए ? धरती में कि आकाश में ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਇਸ ਗੱਲ ਦਾ ਤਾਅਲੁਕ ਹੈ, ਲੱਗਦਾ ਹੈ ਕਿ ਇਸ ਕੁਐਸ਼ਚਨ ਵਿਚ ਗਲਤੀ ਰਹਿ ਗਈ ਹੈ । ਨੰਬਰ ਪੂਰਾ ਨਹੀਂ ਹੈ, ਉਹ ਮੈਂ ਇਨ੍ਹਾਂ ਨੂੰ ਦੱਸ ਦਿਆਂਗਾ । ਬਾਕੀ ਜਿਹੜੇ ਹਨ, ਉਹ ਸਪੋਜ਼ ਕੀਤਾ ਜਾਂਦਾ ਹੈ ਕਿ ਉਥੇ ਹੀ ਹਨ ।

ਸ਼੍ਰੀ ਸਪੀਕਰ : ਗਿਣਤੀ ਪੂਰੀ ਤਾਂ ਵਾਕਿਆ ਹੀ ਨਹੀਂ ਹੁੰਦੀ ।

श्रीमती लक्ष्मी कांता चावला: स्पीकर साहिब, मैंटल हस्पताल का विषय गम्भीर है, इस लिये ही में यह विधान सभा के और सरकार के ध्यान में लाई हूं । इन्होंने मेरी प्रार्थना को सुन लिया और मैंटल हस्पताल को मैडीकल कालिज का हिस्सा बना दिया । इस के लिए मुझे हाई कोर्ट में पब्लिक इंट्रसट लिटीगेशन के तहत लड़ना पड़ा था । इस प्रश्न में मंत्री जी ने बताया हैं कि 523 मरीज ठीक नहीं हुए । जो मरीज बिमारी की हालत में वहां पड़े हुए हैं, उन के ठीक ना होने का कारण डाक्टरों का अभाव है या डाक्टरी चकितसा आभाव है ? क्या इसी लिए मरीजों का ठीक तरह से इलाज नहीं किया जाता ? इस के क्या कारण हैं ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਗੱਲ ਇਹ ਕਹਿੰਦੇ ਹਨ, ਉਸ ਵਿਚ ਸ਼ੱਕ ਨਹੀਂ ਕਿ ਉਥੇ ਕਮੀਆਂ ਹਨ । ਇਨ੍ਹਾਂ ਕਮੀਆਂ ਨੂੰ ਠੀਕ ਕਰਨ ਲਈ ਅਸੀਂ ਇਹ ਫੈਸਲਾ ਕੀਤਾ ਹੈ । ਪਹਿਲਾਂ ਵੀ ਏਸੇ ਤਰੀਕੇ ਨਾਲ ਮੈਡੀਕਲ ਕਾਲਜ ਦੇ ਸਾਈਕਾਲੋਜੀ ਵਿਭਾਗ ਦੇ ਅਧੀਨ ਇਹ ਕੰਮ ਕਰਦਾ ਸੀ ਔਰ ਮਰੀਜ਼ਾਂ ਦਾ ਇੰਤਜ਼ਾਮ ਠੀਕ ਤਰੀਕੇ ਨਾਲ ਚਲਦਾ ਸੀ । ਫਿਰ ਇਸ ਨੂੰ ਮੈਡੀਕਲ ਕਾਲਜ ਨਾਲੋਂ ਅਲੱਗ ਕਰ ਦਿਤਾ ਗਿਆ । ਇਨ੍ਹਾਂ ਕਮੀਆਂ ਨੂੰ ਧਿਆਨ ਵਿਚ ਰੱਖ ਕੇ ਹੁਣ ਫੈਸਲਾ ਕੀਤਾ ਗਿਆ ਹੈ ਕਿ ਏਸੇ ਤਰੀਕੇ ਨਾਲ ਇਸ ਨੂੰ ਮੈਡੀਕਲ ਕਾਲਜ ਦਾ ਹਿੱਸਾ ਬਣਾ ਦਿਤਾ ਜਾਵੇ ।

श्रीमती लक्ष्मी कांता चावला : स्पीकर साहिब, मेरा दूसरा प्रश्न है । मंत्री जी ने बताया है कि अंडर ट्रायल जो कैदी हैं, जो अदालत ने भेजे हैं, उन की संख्या 38 है । वे 38 के 38 ठीक नहीं हुए । यह जो विचार अधीन कैदी हैं, वे चार-चार उम्र कैद भोग चुके हैं । क्या उनके लिए अदालतों को लिखा ही नहीं गया कि उनको वापस लिया जाए या ऐसी कारवाई होती ही नहीं ?

ਮੰਤਰੀ : ਇਸ ਬਾਰੇ ਇਹ ਸੈਪਰੇਟ ਸਵਾਲ ਦੇ ਦੇਣ ਤਾਂ ਜਵਾਬ ਦੇ ਦੇਵਾਂਗਾ ।

श्रीमती लक्ष्मी कांता चावला : विचार अधीन कैदियों का कोई ज़िक्र नहीं है । क्या अदालतें भी उन को भूल गई हैं ? वे पिछले पंजाब के लोग हैं । कोई उन में लुधियाना से है और कोई हिमाचल से है । अगर दूसरे हस्पतालों में कोई बोलता है तो उस की बात सुनी जाती है लेकिन मैंटल हस्पताल में कोई अगर बात करे तो उसे पागल कह कर छोड़ दिया जाता है । मेरा मकसद कोई प्रश्न पूछना ही नहीं है, मैं सदन और सरकार का ध्यान मानसिक रोगियों का जो नरकीय जीवन है, उस की तरफ दिलाना चाहती हूं । मुझे आशवासन दीजिए कि उस में पूरा सुधार किया जाएगा ।

ਮੰਤਰੀ : ਸਪੀਕਰ ਸਾਹਿਬ, ਇਸ ਗੱਲ ਨੂੰ ਮੱਦੇ-ਨਜ਼ਰ ਰੱਖ ਕੇ ਹੀ ਗੌਰਮਿੰਟ ਨੇ ਫੈਸਲਾ ਲਿਆ ਹੈ ਤਾਂ ਕਿ ਮਰੀਜ਼ਾਂ ਦੀ ਪਰਾਪਰ ਕੇਅਰ ਹੋ ਸਕੇ । ਜਿਹੜੇ ਮਰੀਜ਼ ਠੀਕ ਹਨ, ਜਿਹੜੇ ਪੇਸ਼ੈਂਟ ਠੀਕ ਹਨ, ਉਹ ਵਾਪਸ ਘਰਾਂ ਨੂੰ ਜਾ ਸਕਦੇ ਹਨ । ਉਹ ਨਾਰਮਲ ਜੀਵਨ ਬਿਤਾ ਸਕਣ, ਉਸ ਦੇ ਵਾਸਤੇ ਇਸ ਮੈਂਟਲ ਹਸਪਤਾਲ ਨੂੰ ਮੈਡੀਕਲ ਕਾਲਜ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ।

ਤਹਿਸੀਲ ਬਲਾਚੌਰ ਦੇ ਕਿਸਾਨਾਂ ਦਾ ਗੰਨਾ ਚੁੱਕਣਾ

*352. **ਸ੍ਰੀ ਨੰਦ ਲਾਲ** : ਕੀ ਸਹਿਕਾਰਤਾ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀਇਹ ਠੀਕ ਹੈ ਕਿ ਸਹਿਕਾਰੀ ਖੰਡ ਮਿੱਲ, ਜਗਰਾਓਂ ਨੇ ਸਾਲ 1996 ਵਿਚ ਤਹਿਸੀਲ ਬਲਾਚੌਰ ਜ਼ਿਲ੍ਹਾਨਵਾਂ ਸ਼ਹਿਰ ਦੇ ਕਿਸਾਨਾਂ ਦਾ ਗੰਨਾ ਚੁੱਕਣ ਲਈ ਕੋਈ

[ਸ੍ਰੀ ਨੰਦ ਲਾਲ]
ਲਿਖਤੀ ਬਾਂਡ/ਇਕਰਾਰਨਾਮਾ ਕੀਤਾ ਸੀ, ਜੇਕਰ ਅਜਿਹਾ ਹੈ, ਤਾਂ ਕੀ ਉਕਤ ਖੰਡ ਮਿੱਲ ਇਸ ਵੇਲੇ ਗੰਨਾ ਚੁੱਕ ਰਹੀ ਹੈ; ਜੇਕਰ ਨਹੀਂ, ਤਾਂ ਇਸਦੇ ਕੀ ਕਾਰਣ ਹਨ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : ਹਾਂ ਜੀ । ਸਾਰਾ ਗੰਨਾ ਜਗਰਾਉਂ ਮਿੱਲ ਦੁਆਰਾ ਚੁੱਕ ਲਿਆ ਗਿਆ ਹੈ ।

ਸ੍ਰੀ ਨੰਦ ਲਾਲ : ਧੰਨਵਾਦ ਜੀ ।

ਕੰਡੀ ਖੇਤਰ ਵਿਕਾਸ ਬੋਰਡ ਨੂੰ ਮੁੜ ਬਣਾਉਣਾ

*355. **ਸ੍ਰੀ ਤਿਕਸ਼ਨ ਸੂਦ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਕੰਡੀ ਖੇਤਰ ਦੇ ਵਿਕਾਸ ਲਈ ਬਣਾਇਆ ਗਿਆ ਕੰਡੀ ਖੇਤਰ ਵਿਕਾਸ ਬੋਰਡ ਹੁਣ ਤੋੜ ਦਿਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਬੋਰਡ ਕਿੰਨੇ ਸਮੇਂ ਲਈ ਹੋਂਦ ਵਿਚ ਰਿਹਾ ਅਤੇ ਜਿੰਨਾ ਚਿਰ ਬੋਰਡ ਨੇ ਕੰਮ ਕੀਤਾ, ਉਸ ਸਮੇਂ ਦੌਰਾਨ ਬੋਰਡ ਦੁਆਰਾ ਸਾਲ-ਵਾਰ ਕਿੰਨੇ ਫੰਡ ਐਲੋਕੇਟ ਕੀਤੇ ਗਏ ਅਤੇ ਖਰਚ ਕੀਤੇ ਗਏ;

(ਅ) ਕੀ ਸਰਕਾਰ ਉਕਤ ਬੋਰਡ ਨੂੰ ਮੁੜ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤਕ ਮੁੜ ਬਣਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਰਾਜ ਸਰਕਾਰ ਵੱਲੋਂ ਕੰਡੀ ਖੇਤਰ ਵਿਕਾਸ ਬੋਰਡ ਬਣਾਇਆ ਹੀ ਨਹੀਂ ਗਿਆ ਸੀ ।

ਇਸ ਸਮੇਂ ਇਸ ਬੋਰਡ ਨੂੰ ਬਣਾਉਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

ਸ੍ਰੀ ਤਿਕਸ਼ਨ ਸੂਦ । ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਸਾਹਿਬ ਅਤੇ ਸਰਕਾਰ ਨੂੰ ਪਤਾ ਹੈ ਕਿ ਕੰਡੀ ਖੇਤਰ ਦੀਆਂ ਜਿਹੜੀਆਂ ਸਮੱਸਿਆਵਾਂ ਹਨ, ਉਹ ਬਾਕੀ ਪੰਜਾਬ ਨਾਲੋਂ ਵੱਖ ਹਨ ਅਤੇ ਉਨ੍ਹਾਂ ਨਾਲ ਮੇਲ ਨਹੀਂ ਖਾਂਦੀਆਂ । ਪਿਛਲੇ ਬਹੁਤ ਸਾਲਾਂ ਤੋਂ 1960 ਤੋਂ ਲੈ ਕੇ ਬਹੁਤ ਸਰਕਾਰਾਂ ਨੇ ਕੰਡੀ ਵਿਕਾਸ ਖੇਤਰ ਲਈ ਅਲੱਗ ਬੋਰਡ ਬਣਾਉਣ ਦੀਆਂ ਗੱਲਾਂ ਵੀ ਕੀਤੀਆਂ । ਕੰਡੀ ਵਿਕਾਸ ਖੇਤਰ ਲਈ ਬੋਰਡ ਬਣਾਉਣਾ ਬਹੁਤ ਜ਼ਰੂਰੀ ਹੈ । ਇਸ ਲਈ ਕੀ ਮੁੱਖ ਮੰਤਰੀ ਜੀ ਇਸ ਬਾਰੇ ਕੁਝ ਕਹਿਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਇਲਾਕੇ ਦੀਆਂ ਤਕਲੀਫਾਂ ਨੂੰ ਮੁੱਖ ਰੱਖਦੇ ਹੋਏ ਇਕ ਕੰਡੀ ਏਰੀਆ ਐਡਵਾਈਜ਼ਰੀ ਕਾਊਂਸਿਲ ਕਾਂਸਟੀਚਿਊਟ ਕੀਤੀ ਗਈ ਸੀ, 13 ਅਗਸਤ, 1993 ਨੂੰ । ਕੋਈ ਬੋਰਡ ਨਹੀਂ ਸੀ ਬਣਾਇਆ ਔਰ ਅਡਵਾਈਜ਼ਰੀ

ਕਾਊਂਸਿਲ ਨੂੰ ਅਸੀਂ ਦੁਬਾਰਾ ਰੀਆਰਗੇਨਾਈਜ਼ ਕਰਾਂਗੇ । ਮੈਂ ਕਹਿਣਾ ਚਾਹੁੰਦਾ ਹਾਂ ਕਿਸੇ ਇਲਾਕੇ ਦੀ ਡਿਵੈਲਪਮੈਂਟ ਇਕੱਲੇ ਬੋਰਡ ਬਣਨ ਨਾਲ ਨਹੀਂ ਹੁੰਦੀ, ਸਗੋਂ ਫੰਡਜ਼ ਵਗੈਰਾ ਦੀ ਪ੍ਰੋਵੀਜ਼ਨ ਨਾਲ ਹੀ ਇਲਾਕੇ ਦੀ ਡਿਵੈਲਪਮੈਂਟ ਹੋ ਸਕਦੀ ਹੈ । ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੋ ਵੀ ਪ੍ਰਾਬਲਮ ਉਸ ਕੰਡੀ ਏਰੀਏ ਦੀ ਹੈ, ਉਹ ਲਿਆਉਣ, ਉਸ ਤੇ ਪੂਰਾ ਧਿਆਨ ਦਿਤਾ ਜਾਵੇਗਾ ਅਤੇ ਮੈਕਸੀਮਮ ਕੋਸ਼ਿਸ਼ ਕੀਤੀ ਜਾਵੇਗੀ ਕਿ ਉਹ ਪ੍ਰਾਬਲਮਜ਼ ਦੂਰ ਕੀਤੀਆਂ ਜਾਣ ।

ਸ਼੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀਆਂ ਡਿਵੈਲਪਮੈਂਟ ਦੀਆਂ ਸਕੀਮਾਂ ਹੁੰਦੀਆਂ ਹਨ ਜਿਸ ਤਰ੍ਹਾਂ ਕਿ ਸੜਕਾਂ ਬਣਾਉਣੀਆਂ ਹਨ, ਉਸ ਦੇ ਲਈ ਆਮ ਤੌਰ ਤੇ ਮਹਿਕਮੇ ਵਾਲੇ ਪਿੰਡਾਂ ਵਾਲੇ ਲੋਕਾਂ ਕੋਲੋਂ ਮਿੱਟੀ ਪੁਆ ਲੈਂਦੇ ਹਨ ਪਰ ਬਾਅਦ ਵਿਚ ਸੜਕ ਨਹੀਂ ਬਣਾਉਂਦੇ । ਪਿਛਲੇ ਬਹੁਤ ਸਾਲਾਂ ਤੋਂ ਕੰਡੀ ਖੇਤਰ ਦੇ ਇਲਾਕੇ ਦੇ ਲੋਕਾਂ ਨਾਲ ਇਸ ਤਰ੍ਹਾਂ ਹੀ ਹੁੰਦਾ ਰਿਹਾ ਹੈ । ਕੀ ਮੁੱਖ ਮੰਤਰੀ ਜੀ ਕੋਈ ਐਸ਼ੋਰੈਂਸ ਦੇਣਗੇ ਕਿ ਸਰਕਾਰ ਦੀਆਂ ਜਿਹੜੀਆਂ ਡਿਵੈਲਪਮੈਂਟ ਦੀਆਂ ਸਕੀਮਾਂ ਹਨ, ਉਨ੍ਹਾਂ ਤੇ ਤੁਰੰਤ ਧਿਆਨ ਦਿਤਾ ਜਾਵੇਗਾ ਅਤੇ ਕੰਡੀ ਖੇਤਰ ਦੇ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕੀਤਾ ਜਾਵੇਗਾ ?

ਸ਼੍ਰੀ ਸਪੀਕਰ : ਇਸ ਬਾਰੇ ਤਾਂ ਮੁੱਖ ਮੰਤਰੀ ਜੀ ਨੇ ਪਹਿਲਾਂ ਹੀ ਆਸ਼ਵਾਸਨ ਦੇ ਦਿੱਤਾ ਹੈ । ਅਗਲਾ ਸਵਾਲ, ਸ਼੍ਰੀ ਹਰਦੇਵ ਅਰਸ਼ੀ ।

ਪੰਚਾਇਤੀ ਰਾਜ ਇਕਾਈਆਂ ਨੂੰ ਵੱਧ ਸ਼ਕਤੀਆਂ ਦੇਣਾ

*374. **ਕਾਮਰੇਡ ਹਰਦੇਵ ਅਰਸ਼ੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿਚ ਪੰਚਾਇਤੀ ਰਾਜ ਇਕਾਈਆਂ ਨੂੰ ਵੱਧ ਸ਼ਕਤੀਆਂ ਦੇਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਨਿਰਮਲ ਸਿੰਘ ਕਾਹਲੋਂ : ਹਾਂ, ਸ਼੍ਰੀਮਾਨ ਜੀ, ਪੰਚਾਇਤੀ ਰਾਜ ਸੰਸਥਾਵਾਂ ਨੂੰ ਵਧੇਰੇ ਕਾਰਜਕਾਰੀ ਪ੍ਰਬੰਧਕੀ ਅਤੇ ਵਿੱਤੀ ਅਧਿਕਾਰ ਸੌਂਪਣ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । (ਥੰਪਿੰਗ)

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਮਾਮਲਾ ਵਿਚਾਰ ਅਧੀਨ ਹੈ । ਪਿਛਲੀਆਂ ਸਰਕਾਰਾਂ ਵੱਲੋਂ ਵੀ ਇਸ ਸਬੰਧੀ ਕਿਹਾ ਜਾਂਦਾ ਰਿਹਾ ਹੈ ਕਿ ਮਾਮਲਾ ਵਿਚਾਰ ਅਧੀਨ ਹੈ । ਸੋ, ਇਸ ਤਰ੍ਹਾਂ ਕਹਿਣਾ ਕਿ ਮਾਮਲਾ ਵਿਚਾਰ ਅਧੀਨ ਹੈ, ਇਸ ਦਾ ਮਤਲਬ ਮਾਮਲੇ ਨੂੰ ਟਾਲਣਾ ਹੈ । ਸਪੀਕਰ ਸਾਹਿਬ, ਮੰਤਰੀ ਜੀ ਨੇ ਉੱਤਰ ਦਿੱਤਾ ਹੈ ਕਿ ਕਾਰਜਕਾਰੀ, ਪ੍ਰਬੰਧਕੀ ਤੇ ਵਿੱਤੀ ਅਧਿਕਾਰ ਦੇਣ ਦਾ ਮਾਮਲਾ ਵਿਚਾਰ ਅਧੀਨ ਹੈ, ਇਸ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਇਸ ਤੇ ਉਹ ਵਿਚਾਰ ਕਰ ਰਹੇ ਹਨ । ਅਸੀਂ ਜਾਣਨਾ ਚਾਹੁੰਦੇ ਹਾਂ ਕਿ ਮਾਮਲਾ ਵਿਚਾਰ ਅਧੀਨ ਕਿਸ

[ਕਾਮਰੇਡ ਹਰਦੇਵ ਅਰਸ਼ੀ]

ਲੈਵਲ ਤੇ ਹੈ, ਕੋਈ ਕੈਬਨਿਟ ਦੀ ਸਬ-ਕਮੇਟੀ ਬਣਾਈ ਹੈ ਜਾਂ ਫਿਰ ਐਕਸਪਰਟ ਆਫੀਸਰਜ਼ ਦੀ ਕੋਈ ਕਮੇਟੀ ਬਣਾਈ ਹੈ ਅਤੇ ਇਸ ਦਾ ਹੈੱਡ ਕਿਸ ਨੂੰ ਮੁਕੱਰਰ ਕੀਤਾ ਗਿਆ ਹੈ ? ਕਿਹੜੇ ਅਧਿਕਾਰ ਦਿੱਤੇ ਜਾਣੇ ਜ਼ਰੂਰੀ ਹਨ ਅਤੇ ਰੇਫਰ ਕੀਤੇ ਜਾਣੇ ਹਨ ? ਇਨ੍ਹਾਂ ਨੂੰ ਐਗਜ਼ਾਮਿਨ ਕਰਕੇ ਉਸ ਵਿਚ ਕੀ ਦਿੱਕਤਾਂ ਹੋ ਸਕਦੀਆਂ ਹਨ, ਇਸ ਬਾਰੇ ਕੋਈ ਜਾਣਕਾਰੀ ਦਿਤੀ ਜਾਵੇ ਤਾਂ ਜੋ ਸਾਡੀ ਤਸੱਲੀ ਹੋ ਸਕੇ ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, 1994 ਵਿਚ 75ਵੀਂ ਅਮੈਂਡਮੈਂਟ ਹੋਈ ਸੀ ਅਤੇ ਵੱਖ-ਵੱਖ ਸਮੇਂ ਤੇ ਕੈਬਨਿਟ ਦੀਆਂ ਸਬ-ਕਮੇਟੀਆਂ ਬਣੀਆਂ ਸਨ । ਉਸ ਸਬ-ਕਮੇਟੀ ਨੇ ਜੋ ਵਿਚਾਰ ਕੀਤੀ ਸੀ, ਉਹ ਅਜੇ ਤੱਕ ਕਿਸੇ ਪਾਸੇ ਨਹੀਂ ਲੱਗ ਸਕੀ । ਹੁਣ ਮਾਨਯੋਗ ਮੁੱਖ ਮੰਤਰੀ ਜੀ ਨੇ ਪ੍ਰਧਾਨ ਮੰਤਰੀ ਜੀ ਨੂੰ ਚਿੱਠੀ ਲਿਖੀ ਹੈ ਜਿਸ ਬਾਰੇ ਮੈਂ ਇਨ੍ਹਾਂ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਕੁਝ ਫੀਲਡ ਅਜਿਹੇ ਹਨ ਜਿਨ੍ਹਾਂ ਬਾਰੇ ਅਸੀਂ ਫੈਸਲੇ ਕੀਤੇ ਹਨ ਕਿ ਉਨ੍ਹਾਂ ਦੇ ਅਧਿਕਾਰ ਪੰਚਾਇਤੀ ਰਾਜ ਨੂੰ ਦੇਣੇ ਹਨ ਜਿਵੇਂ ਐਗਰੀਕਲਚਰ, ਐਨੀਮਲ ਹਸਬੈਂਡਰੀ, ਹੈਲਥ, ਪ੍ਰਾਇਮਰੀ ਐਜੂਕੇਸ਼ਨ, ਰੂਰਲ ਵਾਟਰ ਸਪਲਾਈ, ਰੂਰਲ ਡਿਵੈਲਪਮੈਂਟ ਅਤੇ ਰੈਵੀਨਿਊ ਦੇ ਵਿਭਾਗ ਹਨ । ਸੀ. ਐਮ. ਸਾਹਿਬ ਨੇ ਇਹ ਵਿਭਾਗ ਈਅਰ ਮਾਰਕ ਕੀਤੇ ਹਨ । ਵੱਖ ਵੱਖ ਮਹਿਕਮਿਆਂ ਦੀਆਂ ਮੀਟਿੰਗਾਂ ਕਰਾਉਣੀਆਂ ਹਨ, ਮੋਡੈਲਿਟੀਜ਼ ਕਲੀਅਰ ਕਰਾਉਣੀਆਂ ਹਨ । ਕੁਝ ਸਮਾਂ ਇਸ ਤੇ ਲੱਗ ਜਾਣਾ ਹੈ ।

ਕਾਮਰੇਡ ਹਰਦੇਵ ਅਰਸ਼ੀ : ਮਾਫ ਕਰਨਾ, ਮੇਰੀ ਸੰਤੁਸ਼ਟੀ ਨਹੀਂ ਹੋਈ । ਮੈਨੂੰ ਉੱਤਰ ਨਹੀਂ ਮਿਲਿਆ । ਅਮੈਂਡਮੈਂਟ ਅਨੁਸਾਰ 1994 ਵਿਚ 27 ਮਹਿਕਮੇ ਇੰਟਰੋਡਿਊਸ ਕੀਤੇ ਗਏ ਸਨ, ਉਨ੍ਹਾਂ ਨੂੰ ਜਾਰੀ ਕਰਨ ਦਾ ਸਵਾਲ ਹੈ, ਜੋ ਪਿੱਛੇ ਵੀ ਨਹੀਂ ਹੋਇਆ ਸੀ ਅਤੇ ਹੁਣ ਵੀ ਨਹੀਂ ਹੋਇਆ । ਮੈਂ ਜਾਨਣਾ ਚਾਹੁੰਦਾ ਸੀ ਕਿ ਤੁਹਾਡੀ ਸਰਕਾਰ ਵਿਚ ਇਹ ਮਾਮਲਾ ਕਿਸ ਸਟੇਜ ਤੇ ਹੈ, ਇਸ ਨੂੰ ਕੌਣ ਐਗਜ਼ਾਮਿਨ ਕਰ ਰਿਹਾ ਹੈ, ਇਹ ਮਾਮਲਾ ਕਿਸ ਦੀ ਅਗਵਾਈ ਹੇਠ ਹੈ ਅਤੇ ਇਹ ਰਿਪੋਰਟ ਸਰਕਾਰ ਕੋਲ ਆਉਣ ਦੀ ਕਦੋਂ ਤੱਕ ਸੰਭਾਵਨਾ ਹੈ ?

ਮੰਤਰੀ : ਇਸ ਦੀਆਂ ਬਾਕਾਇਦਾ ਮੋਡੈਲਿਟੀਜ਼ ਤਹਿ ਕਰਨੀਆਂ ਹਨ । ਜਿਵੇਂ ਤੁਸੀਂ ਪੁੱਛਿਆ ਹੈ, ਇਸਨੂੰ ਘੱਟੋ ਘੱਟ ਛੇ ਮਹੀਨੇ ਲੱਗ ਜਾਣਗੇ ।

ਕਾਮਰੇਡ ਹਰਦੇਵ ਅਰਸ਼ੀ : ਮੈਂ ਸਿਰਫ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਬੇਨਤੀ ਕਰਨੀ ਹੈ ਕਿ ਜਿਹੜੇ ਡਿਪਾਰਟਮੈਂਟ ਦੇਣੇ ਹਨ, ਉਨ੍ਹਾਂ ਦੇ ਮੁਲਾਜ਼ਮਾਂ ਵਿਚ ਆਪਣੀ ਹੀ ਪ੍ਰਕਾਰ ਦੀ ਰਿਜ਼ੈਂਟਮੈਂਟ ਹੈ ਸਰਵਿਸ ਦੀ ਸਕਿਉਰਿਟੀ ਬਾਰੇ । ਕੀ ਤੁਸੀਂ ਇਸ ਬਾਰੇ ਵਿਚਾਰ ਕਰਨ ਲਈ ਵਿਸ਼ੇਸ਼ ਧਿਆਨ ਦਿਓਗੇ ਅਤੇ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਨੂੰ ਇਸ ਬਾਰੇ ਭਰੋਸਾ ਦਿਵਾਓਗੇ ?

ਸ਼੍ਰੀ ਸਪੀਕਰ : ਇਸ ਨਾਲ ਇਸ ਦਾ ਕੋਈ ਸਬੰਧ ਨਹੀਂ । ਅਗਲਾ ਸਵਾਲ ।

ਰਣਜੀਤ ਸਾਗਰ ਡੈਮ ਦੇ ਬੰਨ੍ਹ ਤੋਂ ਨਹਿਰਾਂ ਦੀ ਖੁਦਾਈ

*363. **ਸ੍ਰੀ ਸੱਤਿਆ ਪਾਲ ਸੈਣੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਣਜੀਤ ਸਾਗਰ ਡੈਮ ਦੇ ਬੰਨ੍ਹ ਤੋਂ ਕੱਢੀਆਂ ਜਾ ਰਹੀਆਂ ਨਹਿਰਾਂ ਦੀ ਖੁਦਾਈ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ; ਜੇਕਰ ਨਹੀਂ, ਤਾਂ ਇਸਦੇ ਕਦੋਂ ਤਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਹੀਂ ਜੀ ।

ਸ੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਮੇਰੀ ਇਸ ਵਿਸ਼ੇ ਤੇ ਮੁੱਖ ਮੰਤਰੀ ਜੀ ਨਾਲ ਵਿਸਤਾਰ ਪੂਰਵਕ ਗੱਲ ਹੋ ਚੁੱਕੀ ਹੈ । ਮੈਂ ਇਸ ਵਿਸ਼ੇ ਬਾਰੇ ਹੋਰ ਕੁਝ ਨਹੀਂ ਪੁੱਛਣਾ ।

ਭਦੌੜ ਰਜਵਾਹੇ ਦੀ ਮੁਰੰਮਤ

*391. **ਸਰਦਾਰ ਸਿਕੰਦਰ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਰਹਿੰਦ ਨਹਿਰ ਦੇ ਬਠਿੰਡਾ ਮਾਈਨਰ ਵਿਚੋਂ ਨਿਕਲਦੇ ਭਦੌੜ ਰਜਵਾਹੇ ਦੀ 1993 ਤੋਂ ਮਿਤੀ ਅੰਤ ਤੱਕ ਕਿੰਨੀ ਵਾਰ ਮੁਰੰਮਤ ਕੀਤੀ ਗਈ ਸੀ ਅਤੇ ਹਰ ਵਾਰੀ ਉਸ ਦੀ ਮੁਰੰਮਤ ਤੇ ਕੀਤੇ ਗਏ ਖਰਚੇ ਦੇ ਵੇਰਵੇ ਕੀ ਹਨ ;

(ਅ) ਵਿੱਤੀ ਸਾਲ 1997-98 ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਰਜਵਾਹੇ ਦੀ ਮੁਰੰਮਤ ਲਈ ਕਿੰਨੀ ਰਕਮ ਮਖਸੂਸ ਕੀਤੇ ਜਾਣ ਦੀ ਤਜਵੀਜ਼ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਇਸ ਸਮੇਂ ਦੌਰਾਨ ਕੋਈ ਮੁਰੰਮਤ ਨਹੀਂ ਕੀਤੀ ਗਈ ਅਤੇ ਨਾ ਹੀ ਕੋਈ ਮੁਰੰਮਤ ਤੇ ਖਰਚਾ ਕੀਤਾ ਗਿਆ ਹੈ ।

(ਅ) ਸਾਲ 1997-98 ਦੀ ਬਜਟ ਗਰਾਂਟ ਹਾਲੇ ਤੀਕ ਪ੍ਰਾਪਤੀ ਨਹੀਂ ਹੋਈ ਜੀ ।

ਸਰਦਾਰ ਸਿਕੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਸੇ ਸਮੇਂ ਵਿੱਚ ਵੀ, ਮੈਂ 1993 ਤੋਂ ਪੁੱਛਿਆ ਹੈ, ਨਹਿਰ ਭਦੌੜ ਦੀ ਮੁਰੰਮਤ ਨਹੀਂ ਕੀਤੀ ਗਈ ਜਿਸ ਦੀ ਕਿ ਹਾਲਤ ਬਹੁਤ ਮਾੜੀ ਹੈ । ਕੀ ਮੁੱਖ ਮੰਤਰੀ ਜੀ ਗਰੰਟੀ ਦਿਵਾਉਣਗੇ ਕਿ ਆਉਂਦੇ ਸਮੇਂ ਵਿੱਚ ਇਸ ਦੀ ਮੁਰੰਮਤ ਕਰ ਦਿੱਤੀ ਜਾਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਜੋ ਭਦੌੜ ਡਿਸਟ੍ਰੀਬਿਊਟਰੀ ਸਿਸਟਮ ਹੈ, ਇਹ ਬਹੁਤ ਲੰਮਾ ਹੈ। ਤਕਰੀਬਨ 102 ਕਿਲੋਮੀਟਰ ਲੰਮਾ ਹੈ । ਇਸ ਦੀ ਲਾਈਨਿੰਗ

[ਮੁੱਖ ਮੰਤਰੀ]

1977 ਵਿਚ ਹੋਈ ਸੀ । ਇਹ ਠੀਕ ਹੈ ਕਿ ਇਸ ਸਿਸਟਮ ਵਿਚ ਕਾਫੀ ਦੇਰ ਤੋਂ ਲਾਈਨਿੰਗ ਖਰਾਬ ਹੋ ਗਈ ਹੈ ਪਰ ਇਸ ਦੀ ਡੀ-ਸਿਲਟਿੰਗ ਹਰ ਸਾਲ ਹੁੰਦੀ ਰਹੀ ਹੈ ਲੇਕਿਨ ਇਸਨੂੰ ਠੀਕ ਕਰਨ ਵਾਸਤੇ ਕਾਫੀ ਰੁਪਏ ਦੀ ਲੋੜ ਹੈ । ਇਸ ਲਈ ਮੈਂ ਸਿਰਫ਼ ਇੰਨਾ ਕਹਾਂਗਾ ਕਿ ਇਸ ਤੇ ਤੁਰੰਤ ਐਕਸ਼ਨ ਸ਼ੁਰੂ ਕੀਤਾ ਜਾਵੇਗਾ । ਫੇਜ਼ਡ ਮੈਨਰ ਨਾਲ ਇਸ ਦੀ ਪ੍ਰਾਬਲਮ ਦੂਰ ਕੀਤੀ ਜਾਵੇਗੀ ।

ਸਰਦਾਰ ਸਿਕੰਦਰ ਸਿੰਘ : ਸਪੀਕਰ ਸਾਹਿਬ, ਉਥੇ ਪਹਿਲੇ ਕੁਝ ਨਹੀਂ ਕੀਤਾ ਗਿਆ ਅਤੇ ਨਹਿਰਾਂ ਬੰਦ ਪਈਆਂ ਹਨ । ਨਹਿਰ ਦੇ ਵਿਚ ਸਿੱਲਟ ਜੰਮੀ ਪਈ ਹੈ, ਇਸ ਨੂੰ ਸਾਫ ਕਰਵਾਉਣ ਦੀ ਲੋੜ ਹੈ । ਕੀ ਮੁੱਖ ਮੰਤਰੀ ਸਾਹਿਬ ਇਸ ਸਿਲਟ ਨੂੰ ਕਢਵਾਉਣ ਲਈ ਆਸ਼ਵਾਸਨ ਦੇਣਗੇ ? ਪੂਰੇ ਕੰਮ ਵਾਸਤੇ ਫੰਡਜ਼ ਬੇਸ਼ਕ ਅਗਲੇ ਸਾਲ ਦੇ ਦੇਣ । ਸਿਲਟ ਕਰਕੇ ਨਹਿਰ ਬਿਲਕੁਲ ਬੰਦ ਪਈ ਹੈ । ਇਸ ਨੂੰ ਕਲੀਅਰ ਕਰਵਾ ਦੇਣ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਨਹਿਰ ਵਿਚੋਂ ਸਿਲਟ ਨੂੰ ਕਲੀਅਰ ਕਰਵਾ ਦਿੱਤਾ ਜਾਵੇਗਾ ।

———

ਪੀ. ਆਰ. ਟੀ. ਸੀ. ਬੁਢਲਾਡਾ ਡਿਪੂ ਵਿਚ ਬੱਸਾਂ ਦੀ ਗਿਣਤੀ

*375. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਮਾਨਸਾ ਵਿਚ ਪੀ. ਆਰ. ਟੀ. ਸੀ. ਡਿਪੂ, ਬੁਢਲਾਡਾ ਵਿਚ ਇਸ ਵਕਤ ਕੁੱਲ ਕਿੰਨੀਆਂ ਬੱਸਾਂ ਹਨ;

(ਅ) ਕੀ ਸਰਕਾਰ ਦਾ ਉਪਰੋਕਤ ਭਾਗ (ੳ) ਵਿਚ ਵਰਣਿਤ ਡਿਪੂ ਵਿਚ ਬੱਸਾਂ ਦੀ ਗਿਣਤੀ ਵਧਾਉਣ ਦਾ ਵਿਚਾਰ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) 60 ਬੱਸਾਂ ।

(ਅ) ਇਸ ਸਮੇਂ ਬੁਢਲਾਡਾ ਡਿਪੂ ਦੀ ਫਲੀਟ ਸਟਰੈਂਥ ਵਧਾਉਣ ਦਾ ਕੋਈ ਵਿਚਾਰ ਨਹੀਂ ਹੈ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਪਾਰਟ (ੲ) ਵਿਚ ਦੱਸਿਆ ਗਿਆ ਹੈ ਕਿ ਟੋਟਲ 60 ਬੱਸਾਂ ਦਾ ਫਲੀਟ ਹੈ । ਜਿਸ ਵੇਲੇ ਇਹ ਡਿਪੂ ਸਥਾਪਿਤ ਕੀਤਾ ਗਿਆ ਸੀ, ਚੂੰਕਿ ਉਸ ਵੇਲੇ ਨੰਬਰ ਆਫ ਬੱਸਿਜ ਫਿਕਸ ਨਹੀਂ ਕੀਤਾ ਗਿਆ ਸੀ, ਇਸ ਲਈ ਕਦੇ ਉਥੇ ਬੱਸਾਂ ਦਾ ਫਲੀਟ 90 ਦਾ ਹੋ ਜਾਂਦਾ ਹੈ ਕਦੇ 75-80 ਦਾ ਹੋ ਜਾਂਦਾ ਹੈ। ਹੁਣ ਚੂੰਕਿ ਆਵਾਜਾਈ ਕਾਫੀ ਵਧ ਗਈ ਹੈ, ਇਸ ਲਈ ਉਥੇ ਘੱਟੋ ਘੱਟ 90 ਬੱਸਾਂ ਦਾ ਫਲੀਟ ਹੀ ਕਾਇਮ ਰੱਖਿਆ ਜਾਵੇ । ਕੀ ਮੁੱਖ ਮੰਤਰੀ ਸਾਹਿਬ ਇਤਨਾ ਫਲੀਟ ਫਿਕਸ ਕਰਨ ਦਾ ਆਸ਼ਵਾਸ਼ਨ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਅਤੇ ਮੈਂ ਥੋੜ੍ਹਾ ਜਿਹਾ ਇਸ ਸਵਾਲ ਦੀ ਡੀਟੇਲ ਵਿਚ ਜਵਾਬ ਦੇਣਾ ਚਾਹੁੰਦਾ ਹਾਂ ਕਿ ਪੀ. ਆਰ. ਟੀ. ਸੀ. ਦੀ ਬੱਸ ਸਰਵਿਸ ਵਿਚ ਟੋਟਲ 1030 ਬੱਸਾਂ ਹਨ । ਇਹ ਇਸ ਗੱਲ ਨੂੰ ਮਹਿਸੂਸ ਨਾ ਕਰਨ ਕਿ ਪਿਛਲੀਆਂ ਸਰਕਾਰਾਂ ਨੇ ਇਨ੍ਹਾਂ ਫਲੀਟਸ ਨੂੰ ਰੀਪਲੇਸ ਕਰਨ ਵਿਚ ਕੋਈ ਦਿਲਚਸਪੀ ਨਹੀਂ ਵਿਖਾਈ ਅਤੇ ਨਾ ਹੀ ਕੋਈ ਵਾਧਾ ਕੀਤਾ । ਇਥੇ ਹਾਊਸ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਅਸੀਂ 1030 ਬੱਸਾਂ ਵਿਚੋਂ 500 ਬੱਸਾਂ ਨੂੰ ਰੀਪਲੇਸ ਕਰਕੇ ਨਵਾਂ ਟਰਾਂਸਪੋਰਟ ਸਿਸਟਮ ਬਣਾਉਣਾ ਚਾਹੁੰਦੇ ਹਾਂ ਅਤੇ ਜਿਹੜੀਆਂ ਪੁਰਾਣੀਆਂ ਬੱਸਾਂ ਹਨ, ਉਨ੍ਹਾਂ ਨੂੰ ਰੀਪਲੇਸ ਕਰਨਾ ਚਾਹੁੰਦੇ ਹਾਂ ਤਾਂਕਿ ਆਵਾਜਾਈ ਦੇ ਵਿਚ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ । ਜਿਥੇ ਵਾਧਾ ਕਰਨ ਦੀ ਜ਼ਰੂਰਤ ਹੋਵੇਗੀ, ਉਥੇ ਵਾਧਾ ਵੀ ਕਰਾਂਗੇ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਜਵਾਬ ਵਿਚ ਦੱਸਿਆ ਹੈ ਕਿ ਪੁਰਾਣੀਆਂ ਬੱਸਾਂ ਨੂੰ ਨਵੀਆਂ ਬੱਸਾਂ ਦੇ ਨਾਲ ਰੀਪਲੇਸ ਕੀਤਾ ਜਾਵੇਗਾ । ਕੀ ਬੁਢਲਾਡੇ ਡਿਪੂ ਵਿਚ ਨਵੀਆਂ ਬੱਸਾਂ ਦਿੱਤੀਆਂ ਜਾਣਗੀਆਂ ? ਲੋਕਾਂ ਵਿਚ ਚਿੰਤਾ ਹੈ ਕਿ ਬੁਢਲਾਡਾ ਡਿਪੂ ਨੂੰ ਮਾਨਸਾ ਜਾਂ ਕਿਧਰੇ ਹੋਰ ਥਾਂ ਤੇ ਤਬਦੀਲ ਕਰਨ ਦਾ ਸਰਕਾਰ ਦਾ ਵਿਚਾਰ ਹੈ । ਕੀ ਇਸ ਡਿਪੂ ਨੂੰ ਨਾ ਬਦਲਣ ਬਾਰੇ ਇਹ ਵਿਸ਼ਵਾਸ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਬੁਢਲਾਡਾ ਡਿਪੂ ਨੂੰ ਕਿਸੇ ਹੋਰ ਥਾਂ ਤੇ ਤਬਦੀਲ ਨਹੀਂ ਕੀਤਾ ਜਾਵੇਗਾ ਅਤੇ ਇਸ ਨੂੰ ਕਾਇਮ ਰੱਖਿਆ ਜਾਵੇਗਾ ।

ਬੱਸੀ ਪਠਾਣਾਂ ਵਿਖੇ ਬੱਸ-ਡਿਪੂ ਸਥਾਪਿਤ ਕਰਨਾ

*398. **ਡਾਕਟਰ ਹਰਬੰਸ ਲਾਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੱਸੀ ਪਠਾਣਾਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਬੱਸ-ਡਿਪੂ ਸਥਾਪਿਤ ਕਰਨ ਲਈ ਜ਼ਮੀਨ ਸਿਲੈਕਟ ਕਰ ਲਈ ਗਈ ਹੈ; ਜੇਕਰ ਅਜਿਹਾ ਹੈ, ਤਾਂ ਇਥੇ ਬੱਸ-ਡਿਪੂ ਕਦੋਂ ਤੱਕ ਸਥਾਪਿਤ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਹੀਂ ਜੀ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਜੋ ਮੁੱਖ ਮੰਤਰੀ ਸਾਹਿਬ ਨੇ ਇਥੇ ਹਾਊਸ ਦੇ ਵਿਚ ਜਵਾਬ ਦਿੱਤਾ ਹੈ, ਉਸ ਦੇ ਨਾਲ ਮੇਰੀ ਤਸੱਲੀ ਨਹੀਂ ਹੋਈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਫਤਿਹਗੜ੍ਹ ਸਾਹਿਬ ਇਕ ਗੁਰੂਆਂ ਦੀ ਧਰਤੀ ਹੈ ਅਤੇ ਇਸ ਦੇ ਵਿਕਾਸ ਲਈ ਸਰਕਾਰ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ । ਇਥੇ ਲੋਕਾਂ ਦੀ ਕਾਫ਼ੀ ਆਵਾਜਾਈ ਰਹਿੰਦੀ ਹੈ ਪਰ ਟਰਾਂਸਪੋਰਟ ਸਿਸਟਮ ਠੀਕ ਨਾ ਹੋਣ ਕਰਕੇ ਅਤੇ ਬੱਸਾਂ ਦੀ ਘਾਟ ਕਰਕੇ ਲੋਕਾਂ ਨੂੰ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਇਥੋਂ ਦੀ ਮਿਊਂਸਪਲ ਕਮੇਟੀ ਨੇ ਰੇਜ਼ੋਲਿਊਸ਼ਨ ਪਾਸ ਕਰਕੇ ਸਰਕਾਰ ਨੂੰ ਭੇਜਿਆ ਹੈ ਕਿ ਮਿਊਂਸਪਲ ਕਮੇਟੀ ਸਰਕਾਰ ਨੂੰ ਮੁਫਤ ਜ਼ਮੀਨ ਦੇਣ ਲਈ ਤਿਆਰ ਹੈ ਜੇਕਰ ਇਥੇ ਸਰਕਾਰ ਬੱਸਾਂ ਲਈ ਡਿਪੂ ਖੋਲ੍ਹ ਦੇਵੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਗੱਲ ਇਥੇ ਕਲੀਅਰ ਕਰ ਦੇਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀਆਂ ਗੱਲਾਂ ਜਾਂ ਪਰਪੋਜ਼ਲਜ਼ ਪਹਿਲੇ ਕਦੇ ਕਲੀਅਰ ਜਾਂ ਫਾਈਨਲ ਨਹੀਂ ਹੋਈਆਂ ਸਨ । ਸਵਾਲ ਉਥੇ ਡਿਪੂ ਖੋਲ੍ਹਣ ਦਾ ਨਹੀਂ ਹੈ ਬਲਕਿ ਉਥੇ ਬੱਸ ਸਰਵਿਸ ਠੀਕ ਹੋਣੀ ਚਾਹੀਦੀ ਹੈ । ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਸਰਕਾਰ ਇਸ ਟਰਾਂਸਪੋਰਟ ਸਿਸਟਮ ਵਿਚ ਇਕ ਰੈਵੋਲਿਉਸ਼ਨਰੀ ਕਦਮ ਚੁੱਕ ਰਹੀ ਹੈ ਤਾਂ ਜੋ ਸਾਰੇ ਪੰਜਾਬ ਵਿਚ ਬੱਸ ਸਰਵਿਸ ਵਿਚ ਵਾਧਾ ਕੀਤਾ ਜਾ ਸਕੇ ਜੋ ਪਹਿਲੇ ਕਾਫੀ ਸਮੇਂ ਤੋਂ ਖਰਾਬ ਚਲੀ ਆ ਰਹੀ ਹੈ ।

ਡਾਕਟਰ ਹਰਬੰਸ ਲਾਲ : ਮੁੱਖ ਮੰਤਰੀ ਸਾਹਿਬ ਨੇ ਹੁਣ ਵੀ ਜੋ ਜਵਾਬ ਦਿੱਤਾ ਹੈ, ਉਸ ਨਾਲ ਮੇਰੀ ਤਸੱਲੀ ਨਹੀਂ ਹੋਈ । ਜਦੋਂ ਕੋਈ ਨਵਾਂ ਡਿਸਟ੍ਰਿਕਟ ਬਣਦਾ ਹੈ ਤਾਂ ਉਥੇ ਬੱਸ ਡਿਪੂ ਬਣਾਉਣਾ ਜ਼ਰੂਰੀ ਹੈ । ਪਿਛਲੀ ਅਕਾਲੀ ਗੌਰਮਿੰਟ ਨੇ ਉਥੇ ਹਾਅ ਦਾ ਨਾਅਰਾ ਨਹੀਂ ਮਾਰਿਆ ਸੀ ।

ਸ੍ਰੀ ਸਪੀਕਰ : ਤੁਸੀਂ ਕੁਐਸਚਨ ਕਰੋ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਇਹ ਨਹੀਂ ਹੋਣਾ ਚਾਹੀਦਾ ਕਿ ਕਿਉਂਕਿ ਮੈਂ ਕਾਂਗਰਸ ਪਾਰਟੀ ਨੂੰ ਬਿਲਾਂਗ ਕਰਦਾ ਹਾਂ, ਇਸ ਕਰਕੇ ਮੇਰੇ ਹਲਕੇ ਦੀ ਡਿਵੈਲਪਮੈਂਟ ਨਾ ਕੀਤੀ ਜਾਵੇ ।

ਸ੍ਰੀ ਸਪੀਕਰ : ਤੁਸੀਂ ਕੁਐਸਚਨ ਕਰੋ ।

ਡਾਕਟਰ ਹਰਬੰਸ ਲਾਲ : ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਬੱਸੀ ਪਠਾਣਾਂ ਵਿਖੇ ਬੱਸ ਡਿਪੂ ਖੋਲ੍ਹਣਾ ਚਾਹੀਦਾ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਉਸ ਵੇਲੇ ਆਪ ਟਰਾਂਸਪੋਰਟ ਮੰਤਰੀ ਸਨ ਅਤੇ ਮਹਿਕਮਾ ਇਨ੍ਹਾਂ ਕੋਲ ਸੀ ਪਰ ਇਹ ਆਪ ਬੱਸ ਡਿਪੂ ਖੋਲ੍ਹ ਨਹੀਂ ਸਕੇ ਸੀ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਮਹਿਕਮੇ ਨੇ ਜਗਾਹ ਲੈ ਲਈ ਸੀ ਅਤੇ ਨੋਟੀਫਿਕੇਸ਼ਨ ਵੀ ਹੋ ਗਿਆ ਸੀ 6 ਤਾਰੀਖ ਨੂੰ, ਪਰ ਫਿਰ ਇਲੈਕਸ਼ਨ ਹੋ ਗਏ ।

ਸ੍ਰੀ ਸਪੀਕਰ : ਅਗਲਾ ਸਵਾਲ ।

ਖੱਡ ਉਪਰ ਪੁਲੀ ਬਣਾਉਣਾ

*353. **ਸ੍ਰੀ ਨੰਦ ਲਾਲ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਹਿਸੀਲ ਬਲਾਚੌਰ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਕੁੱਕੜ ਮਜ਼ਾਰੀ ਤੋਂ ਚੰਦਪੁਰ ਰੁੜਕੀ ਤੱਕ ਸੜਕ ਤੇ ਖੱਡ ਦੇ ਉੱਪਰ ਪੁਲੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : ਇਸ ਸੜਕ ਉਤੇ ਕਾਜ਼ਵੇ ਬਨਾਉਣ ਦੀ ਹਾਲ ਦੀ ਘੜੀ ਕੋਈ ਤਜਵੀਜ਼ ਨਹੀਂ ਹੈ ।

ਸ਼੍ਰੀ ਨੰਦ ਲਾਲ : ਸਪੀਕਰ ਸਾਹਿਬ, 5-6 ਪਿੰਡਾਂ ਵਿਚੋਂ ਦੀ ਖੱਡ ਨਿਕਲਦੀ ਹੈ । ਜਦੋਂ ਬਰਸਾਤ ਆਉਂਦੀ ਹੈ ਤਾਂ ਇਹ ਪਿੰਡ ਕਟ ਆਫ ਹੋ ਜਾਂਦੇ ਹਨ । ਸਪੀਕਰ ਸਾਹਿਬ, ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਵੱਲ ਧਿਆਨ ਦੇਵੇ ।

ਮੰਤਰੀ : ਸਪੀਕਰ ਸਾਹਿਬ, ਖੱਡ ਦੇ ਉਪਰ ਜੋ ਪੁਲੀ ਬਣਾਉਣੀ ਹੈ, ਉਹ 200 ਫੁੱਟ ਲੰਬੀ ਹੈ ਅਤੇ ਇਸ ਤੇ 11 ਲੱਖ ਰੁਪਿਆ ਖਰਚ ਆਉਣਾ ਹੈ । ਇਹ ਸਰਕਾਰ ਦੇ ਵਿਚਾਰ ਅਧੀਨ ਹੈ ਪਰ ਅਜੇ ਤੱਕ ਕੋਈ ਤਜਵੀਜ਼ ਨਹੀਂ ।

———

ਹੁਸ਼ਿਆਰਪੁਰ-ਊਨਾ ਸੜਕ ਤੇ ਚੋਆਂ ਤੇ ਪੁਲ

*356. **ਸ਼੍ਰੀ ਤਿਕਸ਼ਨ ਸੂਦ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹੁਸ਼ਿਆਰਪੁਰ-ਊਨਾ ਸੜਕ ਤੇ ਪੈਂਦੇ ਚੋਆਂ ਤੇ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ । ਹੁਸ਼ਿਆਰਪੁਰ-ਊਨਾ ਸੜਕ ਤੇ ਪੰਜ ਚੋਅ ਹਨ, ਜੋ ਕਿ ਹੇਠਾਂ ਅਨੁਸਾਰ ਹਨ :—

(1) ਬਜਵਾੜਾ ਚੋਅ

(2) ਜਹਾਨ ਖੇਲਾਂ ਚੋਅ

(3) ਜਾਮਣ ਵਾਲਾ ਚੋਅ

(4) ਪਟੇਰੀਆਨ ਚੋਅ

(5) ਚਕ ਸਾਧੂ ਚੋਅ

ਉਪਰੋਕਤ ਚੋਆਂ ਵਿੱਚੋਂ ਲੜੀ ਨੰ: 1 ਅਤੇ 2 ਪੱਕੇ ਉਸਾਰੇ ਗਏ ਹਨ, ਬਾਕੀ ਤਿੰਨਾਂ ਚੋਆਂ ਨੂੰ ਹਾਈ ਲੈਵਲ ਪੁਲ ਬਣਾਉਣ ਲਈ 26 ਕਰੋੜ ਰੁਪਏ ਦੀ ਯੋਜਨਾ ਬਣਾਈ ਗਈ ਹੈ । ਫੰਡਜ਼ ਉਪਲੱਬਧ ਹੋਣ ਉਪਰੰਤ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ।

ਸ਼੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਜਹਾਨ ਖੇਲਾਂ ਚੋਅ ਪੱਕਾ ਪੁਲ ਹੈ, ਕੀ ਉਹ ਕਮ ਆ ਰਿਹਾ ਹੈ ਜਾਂ ਨਹੀ ? ਇਹ ਇਨਫਰਮੇਸ਼ਨ ਉਨ੍ਹਾਂ ਕੋਲ ਆਈ ਹੈ ਜਾਂ ਨਹੀਂ ? ਇਹ ਜਹਾਨ ਖੇਲਾਂ ਚੋਅ ਪੱਕਾ ਤਾਂ ਹੋ ਗਿਆ ਹੈ ਪਰ ਉਹ ਕੰਮ ਨਹੀਂ ਕਰ ਰਿਹਾ ।

ਸ਼੍ਰੀ ਸਪੀਕਰ : ਤੁਸੀਂ ਸਵਾਲ ਕਰੋ ।

ਸ੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਦੋ ਪੱਕੇ ਪੁਲ ਉਸਾਰੇ ਗਏ ਹਨ । ਜਹਾਨ ਖੇਲਾਂ ਚੋਅ ਬਣਿਆ ਨਾ ਬਣਿਆ ਇਕ ਬਰਾਬਰ ਹੈ । ਇਹ ਨਾਂ ਦਾ ਹੀ ਬਣਿਆ ਹੋਇਆ ਹੈ ।

ਸ੍ਰੀ ਸਪੀਕਰ : ਤੁਸੀਂ ਇਕ ਸਵਾਲ ਪੁੱਛੋ ਅਤੇ ਦੂਸਰਾ ਸਵਾਲ ਇਕੱਠਾ ਨਾ ਕਰੋ ।

ਸ੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਜਹਾਨ ਖੇਲਾਂ ਚੋਅ ਵਾਲਾ ਪੁਲ ਕੰਮ ਨਹੀਂ ਦੇ ਰਿਹਾ ਹੈ । ਮੈਂ ਕਹਿੰਦਾ ਹਾਂ ਕਿ ਮੇਰੇ ਸਵਾਲ ਦਾ ਜਵਾਬ ਠੀਕ ਨਹੀਂ ਹੈ । ਕੀ ਇਨ੍ਹਾਂ ਦੀ ਹਾਈ ਲੈਵਲ ਪੁਲ ਬਣਾਉਣ ਦੀ ਤਜਵੀਜ਼ ਹੈ ਜਾਂ ਨਹੀਂ ਹੈ ?

ਸ੍ਰੀ ਸਪੀਕਰ : ਇਹ ਕਹਿੰਦੇ ਹਨ ਕਿ ਕੀ ਹਾਈ ਲੈਵਲ ਪੁਲ ਉਥੇ ਵੀ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ ਕਿ ਨਹੀਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਦਿੱਤੀ ਹੈ ਕਿ 2 ਜਗ੍ਹਾ ਬਜਵਾੜਾ ਚੋਅ ਅਤੇ ਜਹਾਨ ਖੇਲਾਂ ਚੋਅ ਜੋ ਕਾਜ਼ ਵੇਅ ਬਣੇ ਹਨ, ਜੇ ਉਨ੍ਹਾਂ ਦੇ ਬਣਾਉਣ ਵਿੱਚ ਕੋਈ ਟੈਕਨੀਕਲ ਗਲਤੀ ਹੈ ਤਾਂ ਠੀਕ ਕਰਨ ਦਾ ਪ੍ਰਬੰਧ ਕਰ ਦਿੱਤਾ ਜਾਵੇਗਾ ਜੀ ।

ਸ੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਜੇ ਇਨ੍ਹਾਂ ਸਾਰੇ ਪੁਲਾਂ ਨੂੰ ਬਣਾਉਣ ਦੀ ਕੀਮਤ 26 ਕਰੋੜ ਰੁਪਏ ਹੋਵੇਗੀ ਤਾਂ ਐਨੇ ਫੰਡ ਕਿਥੋਂ ਮਿਲਣਗੇ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਕੰਮ ਫੇਸਿਜ਼ ਵਿਚ ਹੋ ਸਕਦਾ ਹੈ ਕਿ ਇਕ ਇਕ ਪੁਲ ਬਣਾਈ ਜਾਈਏ ਨਾ ਕਿ 26 ਕਰੋੜ ਰੁਪਏ ਦਾ ਫੰਡ ਦੇਖ ਕੇ ਬਣਾਈਏ ਹੀ ਨਾ ? ਇਕ ਪੁਲ ਦਾ ਕੰਮ ਇੱਕ ਸਾਲ ਵਿੱਚ ਕਰ ਦੇਈਏ ਅਤੇ ਫਿਰ ਅਗਲੇ ਦਾ ਸ਼ੁਰੂ ਕਰ ਲਈਏ । ਸਪੀਕਰ ਸਾਹਿਬ, ਹੁਸ਼ਿਆਰਪੁਰ ਤੋਂ ਊਨਾ ਜਾਣ ਵਾਲੀ ਸੜਕ ਬੜੀ ਇੰਪਾਰਟੈਂਟ ਸੜਕ ਹੈ । ਇਥੇ ਟ੍ਰੈਫਿਕ ਬਹੁਤ ਜ਼ਿਆਦਾ ਚਲਦਾ ਹੈ, ਬੱਚੇ ਕਾਲਜਾਂ ਵਿੱਚ ਜਾਂਦੇ ਹਨ ਅਤੇ ਹੋਰ ਲੋਕਾਂ ਨੂੰ ਵੀ ਆਪਣੇ ਕੰਮਾਂ ਕਾਰਾਂ ਵਿੱਚ ਬੜੀ ਮੁਸ਼ਕਲ ਹੁੰਦੀ ਹੈ ਕਿਉਂਕਿ ਇਸ ਸੜਕ ਤੇ ਬਹੁਤ ਜ਼ਿਆਦਾ ਚੋਅ ਪੈਂਦੇ ਹਨ ਅਤੇ ਬਰਸਾਤਾਂ ਵਿੱਚ ਟ੍ਰੈਫਿਕ ਰੁਕਿਆ ਹੀ ਰਹਿੰਦਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਨ੍ਹਾਂ ਪੁਲਾਂ ਨੂੰ ਇਨ ਫੇਸਿਜ਼, ਇਨ ਪਾਰਟਸ ਬਣਾ ਸਕਦੀ ਹੈ ਕਿਉਂਕਿ ਇਸ ਤਰ੍ਹਾਂ ਤਾਂ ਨਾ 26 ਕਰੋੜ ਰੁਪਏ ਦਾ ਫੰਡ ਹੋਵੇਗਾ ਤੇ ਨਾ ਪੁਲ ਬਣ ਸਕਣਗੇ ?

ਸ੍ਰੀ ਸਪੀਕਰ : ਇਹ ਪੁੱਛ ਰਹੇ ਹਨ ਕਿ ਕੀ ਸਰਕਾਰ ਦਾ ਇਨ ਪਾਰਟਸ ਪੁਲ ਬਣਾਉਣ ਦਾ ਇਰਾਦਾ ਹੈ ?

ਮੁੱਖ ਮੰਤਰੀ : ਸਪੀਕਰ, ਸਾਹਿਬ ਇਹ ਬੜੀ ਇੰਪਾਰਟੈਂਟ ਰੋਡ ਹੈ, ਮੈਂ ਐਮ. ਐਲ. ਏ. ਸਾਹਿਬ ਨਾਲ ਸਹਿਮਤ ਹਾਂ ਅਤੇ ਇਹ ਵੀ ਠੀਕ ਹੈ ਕਿ ਉਥੇ ਚੋਆਂ ਕਰਕੇ ਲੋਕਾਂ ਨੂੰ ਤਕਲੀਫ ਹੈ । ਪਰ ਜਿਥੇ ਚੋਆਂ ਕਰਕੇ ਲੋਕਾਂ ਨੂੰ ਤਕਲੀਫ ਹੈ,

ਉਥੇ ਸਾਨੂੰ ਵੰਡਾਂ ਕਰਕੇ ਤਕਲੀਫ ਹੈ । ਮੈਂ ਅਰਜ਼ ਕਰਦਾ ਹਾਂ ਕਿ ਦੋਵੇਂ ਤਕਲੀਫਾਂ ਦੂਰ ਕਰਨ ਦਾ ਯਤਨ ਕੀਤਾ ਜਾਵੇਗਾ ਅਤੇ ਆਹਿਸਤਾ ਆਹਿਸਤਾ ਇਹ ਪੁਲ ਬਨਾਉਣ ਦਾ ਯਤਨ ਕੀਤਾ ਜਾਵੇਗਾ ।

ਨਵੇਂ ਅਪਗਰੇਡ ਕੀਤੇ ਗਏ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵਜ਼ੀਫਿਆਂ ਦੀ ਅਦਾਇਗੀ

*344. **ਸ੍ਰੀ ਰਮੇਸ਼ ਚੰਦਰ ਡੋਗਰਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਪ੍ਰਾਈਵੇਟ ਪ੍ਰਬੰਧ ਹੇਠਲੇ ਸਹਾਇਤਾ ਪ੍ਰਾਪਤ ਉਨ੍ਹਾਂ ਹਾਈ ਸਕੂਲਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ ਸਾਲਾਂ 1995-96 ਅਤੇ 1996-97 ਦੇ ਦੌਰਾਨ+2 ਪੱਧਰ ਤੱਕ ਅਪਗਰੇਡ ਕੀਤਾ ਗਿਆ ਹੈ;

(ਅ) ਕੀ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਉਨ੍ਹਾਂ ਵਿਦਿਆਰਥੀਆਂ ਨੂੰ ਵਜ਼ੀਫੇ ਅਦਾ ਕੀਤੇ ਜਾ ਰਹੇ ਹਨ ਜਿਹੜੇ ਉਪਰੋਕਤ ਭਾਗ (ੳ) ਵਿੱਚ ਵਰਣਿਤ ਉਕਤ ਅਪਗਰੇਡ ਕੀਤੇ ਗਏ ਸਕੂਲਾਂ ਵਿੱਚ+2 ਜਮਾਤਾਂ ਵਿੱਚ ਪੜ੍ਹ ਰਹੇ ਹਨ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਅਤੇ (ਅ) ਸਰਕਾਰ ਵੱਲੋਂ ਸਾਲ 1995-96 ਅਤੇ 1996-97 ਦੌਰਾਨ ਕੋਈ ਵੀ ਪ੍ਰਾਈਵੇਟਲੀ ਮੈਨੇਜਡ ਅਤੇ ਏਡਿਡ ਹਾਈ ਸਕੂਲਾਂ ਤੋਂ+2 ਪੱਧਰ ਤੱਕ ਅਪਗਰੇਡ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ । ਇਸ ਲਈ ਇਨ੍ਹਾਂ ਸਕੂਲਾਂ ਵਿੱਚ ਪੜ੍ਹ ਰਹੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਵਜ਼ੀਫੇ ਦੀ ਅਦਾਇਗੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪਲੀਮੈਂਟਰੀ ਸਰ । ਸਪੀਕਰ ਸਾਹਿਬ, I am sorry ਕਿ ਇਥੇ 1995-96 ਅਤੇ 1996-97 ਪੀਰੀਅਡ ਲੇ ਆਊਟ ਕੀਤਾ ਗਿਆ ਹੈ, ਐਕਚੂਅਲੀ ਉਹ ਪੀਰੀਅਡ ਇਹ ਨਹੀਂ ਸੀ । ਮੇਰੇ ਕਹਿਣ ਦਾ ਭਾਵ ਹੈ ਕਿ ਪ੍ਰਾਈਵੇਟਲੀ ਮੈਨੇਜਡ ਏਡਿਡ ਹਾਈ ਸਕੂਲਾਂ ਦੀਆਂ ਮੈਨੇਜਮੈਂਟਸ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਮਿਲ ਕੇ ਆਪਣੇ ਸਕੂਲ ਐਫੀਲੀਏਟ ਕਰਵਾ ਲਏ ਸੀ ਅਤੇ ਪਿਛਲੇ 5-6 ਸਾਲਾਂ ਤੋਂ ਇਹ ਸਕੂਲ ਪਲੱਸ ਟੂ ਲੈਵਲ ਤੱਕ ਚਲ ਰਹੇ ਸੀ । ਜਿਹੜੇ ਸਕੂਲ ਯਾਨੀ 95% ਏਡ ਵਾਲੇ ਪ੍ਰਾਈਵੇਟਲੀ ਮੈਨੇਜਡ ਹਨ, ਉਹ ਅਪਗ੍ਰੇਡ ਹੋ ਚੁੱਕੇ ਹਨ ਪਲੱਸ ਟੂ ਲੈਵਲ ਤੱਕ ਪਰ ਉਥੇ ਪੜ੍ਹਨ ਵਾਲੇ ਸ਼ਡਿਊਲਡ ਕਾਸਟ ਬੱਚਿਆਂ ਨੂੰ ਸਟਾਈਪੈਂਡ ਨਹੀਂ ਦਿੱਤਾ ਜਾ ਰਿਹਾ । ਸਟਾਈਪੈਂਡ ਉਨ੍ਹਾਂ ਨੂੰ ਦਸਵੀਂ ਕਲਾਸ ਤੱਕ ਮਿਲਦਾ ਰਿਹਾ ਹੈ ਪਰ ਗਿਆਰਵੀਂ ਅਤੇ ਬਾਰ੍ਹਵੀਂ ਕਲਾਸ ਵਿੱਚ ਨਹੀਂ ਮਿਲ ਰਿਹਾ । ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਬੱਚਿਆਂ ਨੂੰ ਗਿਆਰਵੀਂ ਬਾਰ੍ਹਵੀਂ ਵਿੱਚ ਸਟਾਈਪੈਂਡ ਦੇਣ ਬਾਰੇ ਗੌਰ ਕੀਤੀ ਜਾਵੇਗੀ ?

ਸ੍ਰੀ ਸਪੀਕਰ : ਇਹ ਕਹਿ ਰਹੇ ਹਨ ਕਿ ਸਟਾਈਪੈਂਡ ਦਸਵੀਂ ਜਮਾਤ ਤੱਕ ਮਿਲ ਰਿਹਾ ਹੈ, ਗਿਆਰਵੀਂ ਬਾਰ੍ਹਵੀਂ ਵਿੱਚ ਨਹੀਂ ਮਿਲ ਰਿਹਾ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀ ਸਕੀਮ ਹੈ, ਇਹ 100 % ਸੈਂਟਰਲੀ ਸਪਾਂਸਰਡ ਸਕੀਮ ਹੈ । ਮੈਂ ਖੁਦ ਮਹਿਸੂਸ ਕਰਦਾ ਹਾਂ ਕਿ ਇਹ ਸਕਾਲਰਸ਼ਿਪ ਜਿਹੜੇ ਸਕੂਲ ਪ੍ਰਾਈਵੇਟਲੀ ਮੈਨੇਜਡ ਏਡਿਡ ਸਕੂਲਾਂ ਦੀਆਂ ਮੈਨੇਜਮੈਂਟਸ ਨੇ ਅਪਗ੍ਰੇਡ ਕਰਾਏ ਹਨ, ਉਨ੍ਹਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਵੀ ਮਿਲਣਾ ਚਾਹੀਦਾ ਹੈ । ਇਸ ਪੁਆਇੰਟ ਨੂੰ ਅਸੀਂ, ਕਿਉਂਕਿ ਇਹ ਪੂਰੀ ਤਰ੍ਹਾਂ ਸੈਂਟਰਲੀ ਸਪਾਂਸਰਡ ਸਕੀਮ ਹੈ ਅਤੇ ਸਾਰਾ ਪੈਸਾ ਸੈਂਟਰ ਤੋਂ ਆਉਂਦਾ ਹੈ, ਪੂਰੇ ਜ਼ੋਰ ਨਾਲ ਯਤਨ ਕਰਾਂਗੇ ਕਿ ਪ੍ਰਾਈਵੇਟਲੀ ਮੈਨੇਜਡ ਏਡਿਡ ਸਕੂਲ ਜਿਹੜੇ ਹਨ, ਉਹ ਵੀ ਇਸ ਸਕੀਮ ਵਿੱਚ ਆ ਜਾਣ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਇਹ ਇਸ ਸਕੀਮ ਨੂੰ ਅੱਗੇ ਟੇਕ ਅਪ ਕਰਨਗੇ ਪਰ ਤਕਰੀਬਨ 6 ਸਾਲ ਦਾ ਟਾਈਮ ਹੋ ਗਿਆ ਹੈ ਅਤੇ ਉਹ ਬੱਚੇ ਸਫਰ ਕਰ ਰਹੇ ਹਨ, ਸ਼ਡਿਊਲਡ ਕਾਸਟ ਬੱਚੇ ਸਫਰ ਕਰ ਰਹੇ ਹਨ..(ਵਿਘਨ) (ਟਰੈਜ਼ਰੀ ਬੈਂਚਿਜ਼ ਵੱਲੋਂ ਕੁਝ ਆਵਾਜ਼ਾਂ : ਤੁਸੀਂ ਪਿਛਲੇ 5 ਸਾਲ ਕੀ ਕਰਦੇ ਰਹੇ ?) (ਵਿਘਨ)

ਸ੍ਰੀ ਰਮੇਸ਼ ਚੰਦਰ ਡੋਗਰਾ : ਮੈਂ ਪਿਛਲੇ 5 ਸਾਲਾਂ ਵਿਚ ਵੀ ਇਹ ਪੁਆਇੰਟ ਲਿਆਂਦਾ ਰਿਹਾ ਹਾਂ ਪਰ ਕਿਸੇ ਵਜ੍ਹਾ ਨਾਲ ਡਿਪਾਰਟਮੈਂਟ ਜਵਾਬ ਨਹੀਂ ਦੇਂਦਾ ਰਿਹਾ । ਮੈਂ ਡੀ. ਓ. ਵੀ ਲਿਖੇ ਹਨ ਸੈਕ੍ਰੇਟਰੀ ਅਤੇ ਡਾਇਰੈਕਟਰ ਐਜੂਕੇਸ਼ਨ ਨੂੰ ਪਰ ਕੋਈ ਜਵਾਬ ਨਹੀਂ ਆਇਆ । ਸਪੀਕਰ ਸਾਹਿਬ, ਇਹ ਜਿਹੜੇ ਸ਼ਡਿਊਲਡ ਕਾਸਟ ਬੱਚਿਆਂ ਦੇ ਸਕਾਲਰਸ਼ਿਪ ਹਨ, ਇਹ ਜਲਦੀ ਤੋਂ ਜਲਦੀ ਮਿਲਣੇ ਚਾਹੀਦੇ ਹਨ ਤਾਕਿ ਉਨ੍ਹਾਂ ਨਾਲ ਕੋਈ ਕਿਸੇ ਕਿਸਮ ਦਾ ਵਿਤਕਰਾ ਨਾ ਹੋਵੇ ।

ਸ੍ਰੀ ਸਪੀਕਰ : ਇਹ ਐਸ਼ੋਰ ਕਰਾ ਚਿੱਤਾ ਹੈ ਉਨ੍ਹਾਂ ਨੇ ।

ਅਧਿਆਪਕਾਂ ਨੂੰ ਸਟੇਟ ਐਵਾਰਡ ਦੀ ਰਕਮ ਦੀ ਅਦਾਇਗੀ ਨਾ ਕਰਨਾ

*373. (1) **ਕਾਮਰੇਡ ਅਜੈਬ ਸਿਘ ਰੌਤਾ**
(2) **ਕਾਮਰੇਡ ਹਰਦੇਵ ਅਰਸ਼ੀ** } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਟੇਟ ਐਵਾਰਡ ਪ੍ਰਾਪਤ ਕਰਨ ਵਾਲੇ ਅਜਿਹੇ ਅਧਿਆਪਕਾਂ ਦੇ ਨਾਂ ਅਤੇ ਪਤੇ ਕੀ ਕੀ ਹਨ, ਜਿਨ੍ਹਾਂ ਨੇ ਸਾਲ 1992 ਤੋਂ ਮਿਤੀ ਅਤ ਤੱਕ ਦੇ ਸਮੇਂ ਦੌਰਾਨ ਆਪਣੀਆਂ ਸੇਵਾਵਾਂ ਵਿੱਚ ਇੱਕ ਸਾਲ ਦੇ ਵਾਧੇ ਦਾ ਲਾਭ ਲੈਣ ਦੀ ਥਾਂ 5 ਹਜ਼ਾਰ ਰੁਪਏ ਦੀ ਰਕਮ ਦਾ ਸਟੇਟ ਐਵਾਰਡ ਲੈਣ ਲਈ ਆਪਸ਼ਨ ਚਿੱਤੀ ਹੈ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਅਧਿਆਪਕਾਂ ਵਿੱਚੋਂ ਉਨ੍ਹਾਂ ਅਧਿਆਪਕਾਂ ਦੇ ਨਾਂ ਅਤੇ ਪਤੇ ਕੀ ਕੀ ਹਨ ਜਿਨ੍ਹਾਂ ਨੂੰ ਅਜ਼ੇ ਟੱਕ ਉਕਤ ਐਵਾਰਡ ਦੀ ਰਕਮ ਮਿਲੀ ਨਹੀਂ ਹੈ ਅਤੇ ਇਸ ਦੇ ਕਾਰਣ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਸਾਲ 1992 ਤੋਂ ਹੁਣ ਤੱਕ 90 ਸਟੇਟ ਅਵਾਰਡੀ ਟੀਚਰਜ਼ ਨੇ ਮੁੜ ਨੌਕਰੀ ਲੈਣ ਦੇ ਲਾਭ ਦੇ ਇਵਜ਼ ਵਿੱਚ ਸਟੇਟ ਅਵਾਰਡ ਦੀ ਰਾਸ਼ੀ 5,000/- ਰੁਪਏ ਲੈਣ ਦੀ ਚੋਣ ਕੀਤੀ ਹੈ । ਉਨ੍ਹਾਂ ਦੇ ਨਾਮ ਅਤੇ ਸਿਰਨਾਵੇਂ ਦਰਸਾਉਂਦੀ ਸੂਚੀ ਅਨੁਲੱਗ 'ਏ' ਤੇ ਨੱਥੀ ਕੀਤੀ ਜਾਂਦੀ ਹੈ ।

(ਅ) ਉਪਰੋਕਤ ਅਧਿਆਪਕਾਂ ਵਿੱਚੋਂ 81 ਸਟੇਟ ਅਵਾਰਡੀ ਅਧਿਆਪਕਾਂ ਨੂੰ ਸਟੇਟ ਅਵਾਰਡ ਦੀ ਰਾਸ਼ੀ ਹਰ ਇੱਕ ਨੂੰ 5,000/- ਰੁਪਏ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ । ਕੇਵਲ 9 ਅਧਿਆਪਕਾਂ ਨੂੰ ਅਜਿਹੀ ਅਵਾਰਡ ਰਾਸ਼ੀ ਅਜੇ ਦੇਣੀ ਰਹਿੰਦੀ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਮੁਕੰਮਲ ਕੇਸ ਪੇਸ਼ ਨਹੀਂ ਕੀਤੇ । ਉਨ੍ਹਾਂ ਦੇ ਨਾਮ ਅਤੇ ਸਿਰਨਾਵੇਂ ਦਰਸਾਉਂਦੀ ਸੂਚੀ ਅਨੁਲੱਗ 'ਬੀ' ਤੇ ਨੱਥੀ ਕੀਤੀ ਜਾਂਦੀ ਹੈ ।

ਅਨੁਲੱਗ 'ਏ'

ਸਟੇਟ ਅਵਾਰਡੀ ਟੀਚਰਜ਼ ਦੇ ਨਾਂ ਅਤੇ ਪਤਾ ਜਿਨ੍ਹਾਂ ਨੇ ਆਪਣੀ ਸੇਵਾ ਵਿੱਚ ਵਾਧੇ ਦੇ ਇਵਜ਼ ਵਿੱਚ ਅਵਾਰਡ ਮਨੀ ਪ੍ਰਾਪਤ ਕਰਨ ਦੀ ਇੱਛਾ ਜ਼ਾਹਿਰ ਕੀਤੀ ਹੈ :—

ਲੜੀ ਨੰ:	ਸਟੇਟ ਅਵਾਰਡੀ ਟੀਚਰਾਂ ਦਾ ਨਾਂ/ਪਤਾ		ਰਕਮ	ਅਦਾ ਕੀਤੇ/ ਨਹੀਂ ਕੀਤੇ
1	2		3	4
	ਸਰਵ ਸ੍ਰੀ/ਸ੍ਰੀਮਤੀ			
1.	ਤ੍ਰਿਪਤ ਕੌਰ, ਡਿਪਟੀ ਡਾਇਰੈਕਟਰ (ਪ੍ਰਾ.)	..	5,000/-	ਅਦਾ ਕੀਤੇ
2.	ਕਰਤਾਰ ਸਿੰਘ ਸਿੱਧੂ, ਪ੍ਰਿੰਸੀਪਲ, ਸ.ਸ.ਸ.ਸ., ਟਾਊਨ ਹਾਲ, ਅੰਮ੍ਰਿਤਸਰ	..	5,000/-	ਅਦਾ ਕੀਤੇ
3.	ਹੇਮ ਰਾਜ ਗੁਪਤਾ, ਪ੍ਰਿੰਸੀਪਲ, ਹਿੰਦੂ ਸਭਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ ।	..	5,000/-	ਅਦਾ ਕੀਤੇ
4.	ਗੁਰਦੀਪ ਕੌਰ, ਮਿਸਟਰੈਸ, ਸ:ਗੀ:ਸੈ:ਸ: ਐਮ. ਐਸ. ਗੇਟ, (ਅੰਮ੍ਰਿਤਸਰ) ।	..	5,000/-	ਅਦਾ ਕੀਤੇ

1	2		3	4
	ਸਰਵ ਸ੍ਰੀ/ਸ੍ਰੀਮਤੀ			
5.	ਅਮਰੀਕ ਸਿੰਘ ਹੁੰਡਲ, ਪ੍ਰਿੰਸੀਪਲ, ਸ:ਸ:-ਸ:ਸ: ਚੇਵਿੰਡਾ ਛੇਵੀ, ਅੰਮ੍ਰਿਤਸਰ ।	..	5,000/-	ਅਦਾ ਕੀਤੇ
6.	ਸਦੇਸ਼ ਬੇਰੀ, ਮੁੱਖ ਅਧਿਆਪਕਾ, ਸ:ਹ:ਸ: ਸੁਲਤਾਨਵਿੰਡ, ਅੰਮ੍ਰਿਤਸਰ ।	..	5,000/-	ਅਦਾ ਕੀਤੇ
7.	ਸੁਭਾਸ਼ ਚੰਦਰ, ਅ/ਕ ਟੀਚਰ, ਸ:ਸ:ਸ:ਸ: ਟਾਊਨ ਹਾਲ, ਅੰਮ੍ਰਿਤਸਰ ।	..	5,000/-	ਅਦਾ ਕੀਤੇ
8.	ਸੁਰਜੀਤ ਛਾਬੜਾ, ਪ੍ਰਿੰਸੀਪਲ, ਇਨ ਸਰਵਿਸ ਟ੍ਰੇਨਿੰਗ ਸੈਂਟਰ ਰਾਮ ਬਾਗ, ਅੰਮ੍ਰਿਤਸਰ ।	..	5,000/-	ਅਦਾ ਕੀਤੇ
9.	ਹਰਪਾਲ ਸਿੰਘ, ਮੁੱਖ ਅਧਿਆਪਕ, ਸ:ਹ:ਸ: ਘਨੂਪੁਰ, ਅੰਮ੍ਰਿਤਸਰ ।	..	5,000/-	ਅਦਾ ਕੀਤੇ
10.	ਰਾਜਵਿੰਦਰ ਕੌਰ, ਮੁਖ ਅਧਿਆਪਕਾ, ਸ: ਕੰਨਿਆ ਹਾਈ ਸਕੂਲ, ਜੰਡਿਆਲਾ ਗੁਰੂ, ਅੰਮ੍ਰਿਤਸਰ ।	..	5,000/-	ਅਦਾ ਕੀਤੇ
11.	ਸਤਵੰਤ ਕੌਰ, ਮੁਖ ਅਧਿਆਪਕਾ, ਸ: ਕੰ:-ਹ:ਸ: ਪੱਟੀ, ਅੰਮ੍ਰਿਤਸਰ ।	..	5,000/-	ਅਦਾ ਕੀਤੇ
12.	ਓਮ ਪ੍ਰਕਾਸ਼, ਮੁੱਖ ਅਧਿਆਪਕ, ਸ: ਹ: ਸ: ਫਤਿਹਬਾਦ, ਅੰਮ੍ਰਿਤਸਰ ।	..	5,000/-	ਅਦਾ ਕੀਤੇ
13.	ਰਮਾ ਬਾਈ ਸ਼ਰਮਾ, ਮੁੱਖ ਅਧਿਆਪਕਾ, ਸ:ਕੰ:ਹ:ਸ: ਅਜਨਾਲਾ, ਅੰਮ੍ਰਿਤਸਰ ।	..	5,000/-	ਅਦਾ ਕੀਤੇ
14.	ਅੰਮ੍ਰਿਤ ਲਾਲ, ਐਸ. ਡੀ. ਜਾਂ ਐਸ. ਐਸ. ਮੋਗਾ, ਫਰੀਦਕੋਟ ।	..	5,000/-	ਅਦਾ ਕੀਤੇ
15.	ਗੁਰਚਰਨ ਸਿੰਘ, ਭੁਪਿੰਦਰਾ ਖਾਲਸਾ ਸੀ:ਸੈ:ਸ: ਮੋਗਾ, ਫਰੀਦਕੋਟ ।	..	5,000/-	ਅਦਾ ਕੀਤੇ
16.	ਸਵਰਨ ਸਿਘ, ਡੀ. ਏ. ਵੀ. ਕੰਨਿਆ ਸਕੂਲ, ਮੁਕਤਸਰ, ਫਰੀਦਕੋਟ ।	..	5,000/-	ਅਦਾ ਕੀਤੇ

1	2	3	4
	ਸਰਵ ਸ਼੍ਰੀ/ਸ਼੍ਰੀਮਤੀ		
17.	ਜਰਨੈਲ ਸਿੰਘ, ਜੀ. ਟੀ. ਬੀ. ਖਾਲਸਾ ਸੀ: ਸੈ: ਸ: ਮਲੋਟ, ਫਰੀਦਕੋਟ । ..	5,000/-	ਅਦਾ ਕੀਤੇ
18.	ਡਾ: ਸੰਪੂਰਨ ਸਿੰਘ, ਓ. ਐਸ. ਡੀ. ਦਫਤਰ ਡੀ. ਪੀ. ਆਈ. (ਸ) ਪੰਜਾਬ । ..	5,000/-	ਅਦਾ ਕੀਤੇ
19.	ਦਰਸ਼ਨ ਸਿੰਘ, ਸ: ਹ: ਸ: ਰਾਜੇਆਣਾ, ਫਰੀਦਕੋਟ । ..	5,000/-	ਅਦਾ ਕੀਤੇ
20.	ਪ੍ਰਸ਼ੋਤਮ ਕੁਮਾਰ ਜੁਨੇਜਾ, ਸ:ਹ:ਸ: ਫਾਜ਼ਿਲਕਾ ਅ/ਕ ਟੀਚਰ (ਫਿਰੋਜ਼ਪੁਰ) । ..	5,000/-	ਅਦਾ ਕੀਤੇ
21.	ਜਸਵੰਤ ਸਿੰਘ ਅ/ਕ ਟੀਚਰ ਸਰਕਾਰੀ ਹਾਈ ਸਕੂਲ ਕੈਦੀਆਂ ਵਾਲਾ (ਫਿਰੋਜ਼ਪੁਰ) । ..	5,000/-	ਅਦਾ ਕੀਤੇ
22.	ਹਰਬੰਸ ਕੌਰ, ਐਸ. ਐਸ. ਮਿਸਟਰੈਸ, ਸ: ਕੰ: ਹ: ਸ: ਸ੍ਰੀ ਹਰਗੋਬਿੰਦਰਪੁਰ, (ਗੁਰਦਾਸਪੁਰ) । ..	5,000/-	ਅਦਾ ਕੀਤੇ
23.	ਰਕਸ਼ਾ ਸ਼ਰਮਾ, ਪ੍ਰਿੰਸੀਪਲ, ਆਰੀਆ ਗਰਲਜ਼ ਸੀ:ਸੈ:ਸ: ਪਠਾਨਕੋਟ (ਗੁਰਦਾਸਪੁਰ) ..	5,000/-	ਅਦਾ ਕੀਤੇ
24.	ਰਵੀ ਚੰਦ ਮਹਿਤਾ ਐਸ. ਐਸ. ਮਾਸਟਰ, ਗ.ਹ.ਸ. ਕੰਡਾਲਾ ਸੇਖਾ (ਹੁਸ਼ਿਆਰਪੁਰ) । ..	5,000/-	ਅਦਾ ਕੀਤੇ
25.	ਬੀ. ਕੇ. ਹਾਂਡਾ, ਸ.ਸ.ਸ.ਸ. ਭਾਰਗੋ ਕੈਂਪ (ਜਲੰਧਰ) । ..	5,000/-	ਅਦਾ ਕੀਤੇ
26.	ਅੰਮ੍ਰਿਤ ਲਾਲ ਮੱਲਾਂ, ਸ. ਹ. ਸ. ਲਿੱਧੜ (ਜਲੰਧਰ) । ..	5,000/-	ਅਦਾ ਕੀਤੇ
27.	ਧਰਮ ਪਾਲ ਰਾਣਾ, ਸ. ਹ. ਸ. ਪੂਰਨਾਂਆਂ (ਜਲੰਧਰ) । ..	5,000/-	ਅਦਾ ਕੀਤੇ
28.	ਕਰਤਾਰ ਸਿੰਘ, ਸ. ਹ. ਸ. ਰਿਆਲਾ (ਜਲੰਧਰ) । ..	5,000/-	ਅਦਾ ਕੀਤੇ
29.	ਹਰਬਖਸ਼ ਕੌਰ, ਸ. ਹ. ਸ. ਜਮਸ਼ੇਰ ਖਾਸ (ਜਲੰਧਰ) । ..	5,000/-	ਅਦਾ ਕੀਤੇ

1	2		3	4
	ਸਰਵ ਸ਼੍ਰੀ/ਸ਼੍ਰੀਮਤੀ			
30.	ਸਤਪਾਲ ਸ਼ਰਮਾ, ਸ. ਸ. ਸ. ਸ. ਭਾਰਗੋ ਨਗਰ (ਜਲੰਧਰ) ।	..	5,000/-	ਅਦਾ ਕੀਤੇ
31.	ਤਰਲੋਚਨ ਸਿੰਘ ਭਾਟੀਆ, ਸਟੇਟ ਸਕੂਲ ਆਫ ਸਪੋਰਟਸ, ਜਲੰਧਰ ।	..	5,000/-	ਅਦਾ ਕੀਤੇ
32.	ਗੁਰਬਖਸ਼ ਕੌਰ, ਹੈਡਮਿਸਟਰੈਸ, ਸ.ਗ.ਹ.ਸ. ਮਾਡਲ ਟਾਊਨ, ਜਲੰਧਰ ।	..	5,000/-	ਅਦਾ ਕੀਤੇ
33.	ਕਸ਼ਮੀਰ ਸਿੰਘ, ਐਸ. ਐਸ. ਮਾਸਟਰ ਸ.ਹ.ਸ., ਕਾਲਾ ਸੰਘੀਆਂ, ਕਪੂਰਥਲਾ ।	..	5,000/-	ਅਦਾ ਕੀਤੇ
34.	ਕਰਤਾਰ ਸਿੰਘ ਸ਼ਾਂਤ, ਹੈਡਮਾਸਟਰ, ਸ.ਹ.ਸ. ਗੁਰੂ ਨਾਨਕ ਖਾਲਸਾ, ਹ. ਸ. ਗੁਜਰਖਾਨਾ, (ਲੁਧਿਆਣਾ)	..	5,000/-	ਅਦਾ ਕੀਤੇ
35.	ਮਿਸ ਸੰਤੋਸ਼ ਸੂਦ, ਹੈਡ-ਮਿਸਟਰੈਸ, ਸ.ਮ.ਸ. ਮਿਲਰ ਗੰਜ, ਲੁਧਿਆਣਾ ।	..	5,000/-	ਅਦਾ ਕੀਤੇ
36.	ਮੰਗਤ ਰਾਮ ਮਹਿਤਾ, ਆਰ. ਐਸ, ਮਾਡਲ ਹਾਈ ਸਕੂਲ ਸ਼ਾਸਤਰੀ, ਨਗਰ, ਲੁਧਿਆਣਾ ।	..	5,000/-	ਅਦਾ ਕੀਤੇ
37.	ਨਵਲੀਨਾ ਕੌਸ਼ਲ, ਸ. ਗ. ਵਿਕਟੋਰੀਆ ਸ.ਸ.ਸ., ਪਟਿਆਲਾ ।	..	5,000/-	ਅਦਾ ਕੀਤੇ
38.	ਮਾਨ ਕੌਰ, ਪੀ. ਟੀ. ਆਈ. ਸ. ਸ. ਸ. ਸ. ਫੀਲਖਾਨਾ, ਪਟਿਆਲਾ ।	..	5,000/-	ਅਦਾ ਕੀਤੇ
39.	ਰੁਪਿੰਦਰ ਸਿੰਘ, ਮੈਥ ਮਾਸਟਰ, ਸ. ਮਾਡਲ ਸ.ਸ.ਸ. ਫੀਲਖਾਨਾ, ਪਟਿਆਲਾ ।	..	5,000/-	ਅਦਾ ਕੀਤੇ
40.	ਸੁਦੇਸ਼ ਸਿਆਲ, ਲੈਕਚਰਾਰ (ਸੰਗੀਤ ਵਾਦਨ) ਸ. ਗ. ਵਿਕਟੋਰੀਆ ਸ.ਸ.ਸ., ਪਟਿਆਲਾ ।	..	5,000/-	ਅਦਾ ਕੀਤੇ
41.	ਮੋਹਨ ਲਾਲ, ਐਸ.ਐਸ. ਮਾਸਟਰ, ਪਰੋਜੈਕਟ ਦਫਤਰ, ਸੰਗਰੂਰ ।	...	5,000/-	ਅਦਾ ਕੀਤੇ

1	2	3	4
	ਸਰਵ ਸ਼੍ਰੀ/ਸ਼੍ਰੀਮਤੀ		
42.	ਸੁਰਿੰਦਰ ਕੁਮਾਰ, ਸਾਇੰਸ ਮਾਸਟਰ, ਸ.ਹ.ਸ. ਬਰਨਾਲਾ (ਸੰਗਰੂਰ) । ..	5,000/-	ਅਦਾ ਕੀਤੇ
43.	ਯਸ਼ਪਾਲ ਸ਼ਰਮਾ, ਹੈਡਮਾਸਟਰ, ਪਰੇਮ ਸਭਾ ਹ. ਸ., ਸੰਗਰੂਰ । ..	5,000/-	ਅਦਾ ਕੀਤੇ
44.	ਪਰੇਮ ਨਾਥ ਸਾਗਰ, ਸ. ਪ. ਸ. ਗੱਗੋ ਮਹੱਲ, ਅਜਨਾਲਾ-2, ਅੰਮ੍ਰਿਤਸਰ । ..	5,000/-	ਅਦਾ ਕੀਤੇ
45.	ਕਸ਼ਮੀਰ ਕੌਰ, ਸ. ਪ. ਸ. ਰਾਜਪੂਤਾਂ (ਅਜਨਾਲਾ-2) ਅੰਮ੍ਰਿਤਸਰ । ..	5,000/-	ਅਦਾ ਕੀਤੇ
46.	ਰਘਬੀਰ ਕੌਰ, ਸ. ਪ੍ਰ.ਸ. ਪੱਟੀ, (ਅੰਮ੍ਰਿਤਸਰ) ..	5,000/-	ਅਦਾ ਕੀਤੇ
47.	ਕੁਲਜੀਤ ਕੌਰ, ਸ. ਪ੍ਰ. ਸ. ਸ਼ਰੀਫਪੁਰਾ (ਅੰਮ੍ਰਿਤਸਰ-6) । ..	5,000/-	ਅਦਾ ਕੀਤੇ
48.	ਹਰਭਜਨ ਕੌਰ, ਸ. ਪ੍ਰ. ਸ. ਮਾਨਣ (ਤਰਨ-ਤਾਰਨ-2) ਅੰਮ੍ਰਿਤਸਰ । ..	5,000/-	ਅਦਾ ਕੀਤੇ
49.	ਸੁਰਜੀਤ ਕੌਰ, ਬੀ. ਪੀ. ਈ. ਓ. ਵੇਰਕਾ, (ਅੰਮ੍ਰਿਤਸਰ) । ..	5,000/-	ਅਦਾ ਕੀਤੇ
50.	ਰਤਨ ਲਾਲ, ਸ. ਪ੍ਰ. ਸ. ਮਹਿਨਾ ਸਿੰਘ ਰੋਡ (ਅੰਮ੍ਰਿਤਸਰ) । ..	5,000/-	ਅਦਾ ਕੀਤੇ
51.	ਬਲਵੰਤ ਰਾਏ, ਸ. ਪ੍ਰਾ. ਸ. ਰਾਮਪੁਰਾ ਫੂਲ, ਬਠਿੰਡਾ । ..	5,000/-	ਅਦਾ ਕੀਤੇ
52.	ਹਰਨੇਕ ਸਿੰਘ, ਸ. ਪ੍ਰਾ. ਸ. ਚੱਕ ਬਖਤੂ, ਬਠਿੰਡਾ । ..	5,000/-	ਅਦਾ ਕੀਤੇ
53.	ਮਲਕੀਅਤ ਸਿੰਘ, ਸ.ਪ੍ਰਾ. ਸ. ਕਾਲੀਆਂਵਾਲਾ (ਫਰੀਦਕੋਟ) । ..	5,000/-	ਅਦਾ ਕੀਤੇ
54.	ਗੁਰਚਰਨ ਸਿੰਘ, ਸ. ਪ੍ਰਾ. ਸ. ਚਾਮੇਲੀ (ਫਰੀਦਕੋਟ) । ..	5,000/-	ਅਦਾ ਕੀਤੇ
55.	ਪਰਮਜੀਤ ਸਿੰਘ, ਸ. ਪ੍ਰਾ. ਸ. ਟਹਿਣਾ (ਫਰੀਦਕੋਟ) । ..	5,000/-	ਅਦਾ ਕੀਤੇ

1	2	3	4
	ਸਰਵ ਸ਼੍ਰੀ/ਸ਼੍ਰੀਮਤੀ		
56.	ਗੁਰਮੀਤ ਕੌਰ, ਸ. ਪ੍ਰਾ. ਸ. ਜੀਵਣ ਨਗਰ (ਫਰੀਦਕੋਟ) । ..	5,000/-	ਅਦਾ ਕੀਤੇ
57.	ਅਜੀਤ ਕੌਰ, ਸ. ਪ੍ਰਾ. ਸ. ਮੌਗਾ (ਫਰੀਦਕੋਟ) । ..	5,000/-	ਅਦਾ ਕੀਤੇ
58.	ਇੰਦਰਪਾਲ ਸਿੰਘ, ਸ. ਪ੍ਰਾ ਸ. ਤਾਰਾਗੜ੍ਹ (ਗੁਰਦਾਸਪੁਰ) । ..	5,000/-	ਅਦਾ ਕੀਤੇ
59.	ਗੁਰਬਖਸ਼ ਸਿੰਘ, ਸ. ਪ੍ਰਾ. ਸ. ਗਾਜ਼ੀ ਸਦਨਾ (ਕਪੂਰਥਲਾ) । ..	5,000/-	ਅਦਾ ਕੀਤੇ
60.	ਭਾਗ ਸਿੰਘ ਭੰਮੀਪੁਰ, ਸ. ਪ੍ਰਾ. ਸ. ਸ਼ੇਰਪੁਰ ਕਲਾਂ (ਲੁਧਿਆਣਾ) । ..	5,000/-	ਅਦਾ ਕੀਤੇ
61.	ਸ਼ਮਸ਼ੇਰ ਸਿੰਘ, ਸ. ਪ੍ਰਾ. ਸ. ਘੁਲਾਲ (ਲੁਧਿਆਣਾ) । ..	5,000/-	ਅਦਾ ਕੀਤੇ
62.	ਤੇਜ ਪਾਲ, ਸ. ਪ੍ਰਾ.ਸ.ਢੀਂਡਸਾ (ਲੁਧਿਆਣਾ) ..	5,000/	ਅਦਾ ਕੀਤੇ
63.	ਰਾਜ ਕੁਮਾਰ, ਸ. ਪ੍ਰਾ. ਸ. ਜੱਸੋਵਾਲ (ਲੁਧਿਆਣਾ) । ..	5,000/-	ਅਦਾ ਕੀਤੇ
64.	ਸੀਤਲ ਸਿੰਘ, ਸ. ਪ੍ਰਾ. ਸ. ਮੱਲੀਪੁਰਾ (ਲੁਧਿਆਣਾ) ..	5,000/-	ਅਦਾ ਕੀਤੇ
65.	ਹਰਕੇਸ਼ ਕੌਰ, ਸ. ਪ੍ਰਾ ਸ. ਸਮਰਾਲਾ (ਲੁਧਿਆਣਾ) ..	5,000/-	ਅਦਾ ਕੀਤੇ
66.	ਹਰਨਾਮ ਸਿੰਘ, ਸ. ਪ੍ਰਾ. ਸ. ਸਾਹਨੇਵਾਲ (ਲੁਧਿਆਣਾ) । ..	5,000/-	ਅਦਾ ਕੀਤੇ
67.	ਬ੍ਰਿਜ ਮੋਹਣ, ਸ. ਪ੍ਰਾ. ਸ. ਸ਼ੇਰੀਆ (ਲੁਧਿਆਣਾ) । ..	5,000/-	ਅਦਾ ਕੀਤੇ
68.	ਅਮਰ ਸਿੰਘ, ਸ. ਪ੍ਰਾ. ਸ. ਸਾਹਨੇਵਾਲ (ਲੁਧਿਆਣਾ) । ..	5,000/-	ਅਦਾ ਕੀਤੇ

1	2	3	4
	ਸਰਵ ਸ੍ਰੀ/ਸ਼੍ਰੀਮਤੀ		
69.	ਰਣਜੀਤ ਕੌਰ (ਪਟਿਆਲਾ) ..	5,000/-	ਅਦਾ ਕੀਤੇ
70.	ਉਰਮਿਲ ਰਾਣੀ (ਪਟਿਆਲਾ) ..	5,000/-	ਅਦਾ ਕੀਤੇ
71.	ਲਛਮਣ ਦਾਸ, ਸ. ਪ੍ਰਾ. ਸ. ਈਸਵਾਲ (ਸੰਗਰੂਰ) । ..	5,000/-	ਅਦਾ ਕੀਤੇ
72.	ਕ੍ਰਿਸ਼ਨ ਕੁਮਾਰ, ਸ. ਪ੍ਰਾ. ਸ. ਭੱਲਾ ਬਸਤੀ (ਸੰਗਰੂਰ) । ..	5,000/-	ਅਦਾ ਕੀਤੇ
73.	ਚਰਨ ਦਾਸ, ਸ. ਪ੍ਰਾ. ਸ. ਰਸੂਲ ਪੁਰ (ਸੰਗਰੂਰ) । ..	5,000/-	ਅਦਾ ਕੀਤੇ
74.	ਜੋਗਿੰਦਰ ਕੌਰ, ਸ. ਪ੍ਰਾ. ਸ. ਲੌਂਗੋਵਾਲ (ਸੰਗਰੂਰ) । ..	5,000/-	ਅਦਾ ਕੀਤੇ
75.	ਸਤਦੇਵ ਸ਼ਰਮਾ, ਸ. ਪ੍ਰਾ, ਸ. ਓਪਲੀ (ਸੰਗਰੂਰ) । ..	5,000/-	ਅਦਾ ਕੀਤੇ
76.	ਕਾਂਤਾ ਦੇਵੀ, ਸ. ਪ੍ਰਾ. ਸ. ਬਡਬਰ (ਸੰਗਰੂਰ) ..	5,000/-	ਅਦਾ ਕੀਤੇ
77.	ਅਸਰਫ ਰੋਜ਼ਲੀਨ ਸ਼ਰੀਫ, ਸ. ਪ੍ਰਾ. ਸ. ਮੁੰਡੀਖਰੜ, (ਰੋਪੜ) । ..	5,000/-	ਅਦਾ ਕੀਤੇ
78.	ਰਚਨਾ ਰਾਮ, ਸ. ਪ੍ਰਾ, ਸ. ਤਾਲਾ ਖੁਰਦ (ਰੋਪੜ) । ..	5,000/-	ਅਦਾ ਕੀਤੇ
79.	ਜਗਦੀਸ਼ ਸਿੰਘ, ਸ. ਪ੍ਰਾ. ਸ. ਮੈਨਾ ਮਾਜਰਾ (ਰੋਪੜ) । ..	5,000/-	ਅਦਾ ਕੀਤੇ
80.	ਅਮਰੀਕ ਸਿੰਘ, ਸ. ਪ੍ਰਾ ਸ. ਤਲਵੰਡੀ (ਫਿਰੋਜ਼ਪੁਰ) । ..	5,000/-	ਅਦਾ ਕੀਤੇ

1	2		3	4
	ਸਰਵ ਸ੍ਰੀ/ਸ੍ਰੀਮਤੀ			
81.	ਵੇਦ ਪ੍ਰਕਾਸ਼ ਗੁੱਖਰ, ਸ. ਹਾ. ਸ. ਅਬੋਹਰ (ਫਿਰੋਜ਼ਪੁਰ)।	..	5,000/-	ਅਦਾ ਕੀਤੇ
82.	ਪ੍ਰਭਜੋਤ ਕੌਰ, ਰਿਟਾਇਰਡ ਹੈਡਮਿਸਟਰੈਸ, ਸਹਿਕਾਰੀ ਕੰਨਿਆ ਹਾਈ ਸਕੂਲ, ਚਮਕੌਰ ਸਾਹਿਬ (ਰੋਪੜ)।	..	5,000/-	ਨਹੀਂ ਅਦਾ ਕੀਤੇ
83.	ਜਗਤ ਸਿੰਘ, ਟੀਚਰ, ਸ. ਪ੍ਰਾ. ਸ. ਬਹਿਲੂ (ਰੋਪੜ)।	..	5,000/-	ਨਹੀਂ ਅਦਾ ਕੀਤੇ
84.	ਕੇਹਰ ਸਿੰਘ, ਰਿਟਾਇਰਡ, ਪਿੰਡ ਤੇ ਡਾਕ-ਖਾਨਾ ਮਨੌਲੀ ਵਾਇਆ ਚਮਕੌਰ ਸਾਹਿਬ, ਰੋਪੜ।	..	5,000/-	-ਉਕਤ-
85.	ਰਾਮ ਪ੍ਰਕਾਸ਼, ਰਿਟਾਇਰਡ, ਪਿੰਡ ਤੇ ਡਾਕਖਾਨਾ ਸਵਾਮੀਪੁਰ ਵਾਇਆ ਐਫ.-ਐਫ. ਨੰਗਲ, ਤਹਿਸੀਲ ਅਨੰਦਪੁਰ (ਰੋਪੜ)	..	5,000/-	-ਉਕਤ-
86.	ਸਰਬਪਾਲ ਕੌਰ, ਜੇ. ਬੀ. ਟੀ. ਟੀਚਰ, ਸ. ਪ੍ਰਾ. ਸ. ਵਾਰਡ ਨੰ: 2 ਧੂਰੀ (ਸੰਗਰੂਰ)	..	5,000/-	-ਉਕਤ-
87.	ਅਜਮੇਰ ਸਿੰਘ, ਰਿਟਾਇਰਡ ਟੀਚਰ, ਸ. ਪ੍ਰਾ. ਸ. ਜੱਸੀਆਂ ਬਲਾਕ ਮਾਂਗਟ-1 (ਲੁਧਿਆਣਾ)।	..	5,000/-	-ਉਕਤ-
88.	ਬਲਦੇਵ ਸਿੰਘ, ਰਿਟਾਇਰਡ ਹੈਡ ਟੀਚਰ, ਸ. ਪ੍ਰਾ. ਸ., ਹਾਜੀ ਰਤਨ (ਬਠਿੰਡਾ)।	..	5,000/-	-ਉਕਤ-
89.	ਹੇਮ ਰਾਜ ਗਰਗ, ਹਿਸਾਬ ਮਾਸਟਰ, ਸ. ਪ੍ਰਾ. ਸ. ਬਾਜ਼ੀਗਰ ਬਸਤੀ, ਧੂਰੀ (ਸੰਗਰੂਰ)।	..	5,000/-	-ਉਕਤ-
90.	ਕੁਲਵੰਤ ਸਿੰਘ, ਹੈਡ ਟੀਚਰ, ਕੇਰੀਆਂ ਪਹਿਲਵਾਨ, ਬਲਾਕ ਫਿਰੋਜ਼ਪੁਰ-3 (ਫਿਰੋਜ਼ਪੁਰ)	..	5,000/-	-ਉਕਤ-

ਅਨੁਲੱਗ 'ਬੀ'

1	2		3	4
	ਸਰਵ ਸ੍ਰੀ/ਸ੍ਰੀਮਤੀ			
1.	ਪ੍ਰਭਜੋਤ ਕੌਰ, ਰਿਟਾਇਰਡ ਹੈਡਮਿਸਟਰੈਸ ਸ: ਕੰਨਿਆਂ ਹ. ਸ. ਚਮਕੌਰ ਸਾਹਿਬ (ਰੋਪੜ)।	..	5,000/-	ਨਹੀਂ ਅਦਾ ਕੀਤੇ
2.	ਜਗਤ ਸਿੰਘ ਟੀਚਰ, ਸ. ਪ੍ਰਾ. ਸ. ਬਹਿਲੂ (ਰੋਪੜ)।	..	5,000/-	ਨਹੀਂ ਅਦਾ ਕੀਤੇ
3.	ਕੇਹਰ ਸਿੰਘ ਰਿਟਾਇਰਡ, ਪਿੰਡ ਤੇ ਡਾਕ-ਖਾਨਾ ਮਨੈਲੀ ਵਾਇਆ ਚਮਕੌਰ ਸਾਹਿਬ, ਰੋਪੜ।	..	5,000/-	ਨਹੀਂ ਅਦਾ ਕੀਤੇ
4.	ਰਾਮ ਪ੍ਰਕਾਸ਼ ਰਿਟਾਇਰਡ, ਪਿੰਡ ਤੇ ਡਾਕਖਾਨਾ ਸਵਾਮੀਪੁਰ ਵਾਇਆ ਐਫ. ਐਰ. ਨੰਗਲ ਤਹਿਸੀਲ ਅਨੰਦਪੁਰ (ਰੋਪੜ)।	..	5,000/-	ਨਹੀਂ ਅਦਾ ਕੀਤੇ
5.	ਸਰਬਪਾਲ ਕੌਰ, ਜੇ. ਬੀ. ਟੀ. ਟੀਚਰ, ਸ. ਪ੍ਰ. ਸ. ਵਾਰਡ ਨੰ: 2 ਧੂਰੀ (ਸੰਗਰੂਰ)।	..	5,000/-	ਨਹੀਂ ਅਦਾ ਕੀਤੇ
6.	ਅਜਮੇਰ ਸਿੰਘ, ਰਿਟਾਇਰਡ ਟੀਚਰ, ਸ. ਪ੍ਰਾ. ਸ. ਜੱਸੀਆਂ ਬਲਾਕ ਮਾਂਗਟ-1 (ਲੁਧਿਆਣਾ)।	..	5,000/-	ਨਹੀਂ ਅਦਾ ਕੀਤੇ
7.	ਬਲਦੇਵ ਸਿੰਘ ਰਿਟਾਇਰਡ, ਹੈਡ ਟੀਚਰ ਸ. ਪ੍ਰ. ਸ. ਹਾਜੀ ਰੱਤਨ (ਬਠਿੰਡਾ)।	..	5,000/-	ਨਹੀਂ ਅਦਾ ਕੀਤੇ
8.	ਹੇਮ ਰਾਜ ਗਰਗ, ਹਿਸਾਬ ਮਾਸਟਰ, ਸ. ਪ੍ਰਾ. ਸ. ਬਾਜ਼ੀਗਰ ਬਸਤੀ, ਧੂਰੀ (ਸੰਗਰੂਰ)।	..	5,000/-	ਨਹੀਂ ਅਦਾ ਕੀਤੇ
9.	ਕੁਲਵੰਤ ਸਿੰਘ, ਹੈਡ ਟੀਚਰ, ਕੈਰੀਆਂ ਪਹਿਲਵਾਲ ਬਲਾਕ ਫਿਰੋਜ਼ਪੁਰ-3 (ਫਿਰੋਜ਼ਪੁਰ)।	..	5,000/-	ਨਹੀਂ ਅਦਾ ਕੀਤੇ

ਕਾਮਰੇਡ ਅਜੈਬ ਸਿੰਘ ਰੌਂਤਾ : ਸਤਿਕਾਰਯੋਗ ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਟੋਟਲ 90 ਕੇਸ ਹਨ ਜਿਨ੍ਹਾਂ ਵਿਚੋਂ 81 ਨੂੰ ਸਟੇਟ ਐਵਾਰਡ ਦਾ ਬੈਨੀਫਿਟ ਦੇ ਦਿੱਤਾ ਗਿਆ ਹੈ ਅਤੇ 9 ਬਾਕੀ ਰਹਿ ਗਏ ਹਨ । ਮੈਂ ਮੁੱਖ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਕੇਸ ਇਨਕੰਪਲੀਟ ਹਨ, ਇਨ੍ਹਾਂ ਵਿਚ ਕਸੂਰ ਸਬੰਧਤ ਅਧਿਆਪਕਾਂ ਦਾ ਹੈ ਜਾਂ ਕਿ ਡਿਪਾਰਟਮੈਂਟ ਦਾ ? ਕੀ ਮੁਖ ਮੰਤਰੀ ਜੀ ਇਸ ਗੱਲ ਦੀ ਇਨਕੁਆਇਰੀ ਕਰਕੇ ਦੱਸਣਗੇ ਕਿ ਕਸੂਰ ਕਿਸ ਦਾ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਜਿਹੜੇ 9 ਕੇਸ ਰਹਿੰਦੇ ਹਨ, ਇਨ੍ਹਾਂ ਵਿਚ ਥੋੜ੍ਹਾ ਥੋੜ੍ਹਾ ਕਸੂਰ ਦੋਹਾਂ ਪਾਸਿਆਂ ਤੋਂ ਹੋ ਸਕਦਾ ਹੈ । ਇਨ੍ਹਾਂ ਕੇਸਾਂ ਵਿਚ ਕਾਗਜ਼ ਮੁਕੰਮਲ ਨਹੀਂ ਹੋਏ । ਕਾਗਜ਼ ਮੁਕੰਮਲ ਕਰਵਾਉਣਾ ਟੀਚਰਜ਼ ਦਾ ਆਪਣਾ ਕੰਮ ਹੈ । ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਵਿਦਇਨ ਵੰਨ ਮੰਥ ਸਾਰੀਆਂ ਫਾਰਮੈਲਿਟੀਜ਼ ਕੰਪਲੀਟ ਕਰਕੇ ਇਨ੍ਹਾਂ ਬਾਕੀ ਰਹਿੰਦੇ 9 ਟੀਚਰਜ਼ ਨੂੰ ਉਨ੍ਹਾਂ ਦਾ ਬਣਦਾ ਬੈਨੀਫਿਟ ਦੇ ਦਿੱਤਾ ਜਾਵੇਗਾ ।

श्रीमती लक्ष्मी कांता चावला : स्पीकर साहिब, मैं आप के माध्यम से मुख्य मंत्री जी का धन्यवाद करना चाहती हूं कि उन्होंने इस कार्य को पूरा करने का एक महीने का समय दिया है । मैं उन से एक भरोसा और चाहती हूं । जो राष्ट्रीय सम्मान प्राप्त अध्यापक हैं, वे भी पंजाब में बहुत हैं जिन्होंने 2 वर्ष की नौकरी नहीं ली और जिनको रू. 50,000/- देना था मगर नहीं दिया । जो राष्ट्रीय या राज्य सम्मान प्राप्त अध्यापक हैं उन सभी के केस इकट्ठे एक महीने में निपटाने का भरोसा क्या मुख्य मंत्री जी देंगे ?

ਮੁੱਖ ਮੰਤਰੀ: ਜੇ ਆਲ ਇੰਡੀਆ ਵਾਲਿਆਂ ਦਾ ਜਾਂ ਨੈਸ਼ਨਲ ਐਵਾਰਡੀਜ਼ ਦਾ ਵੀ ਕੋਈ ਬਕਾਇਆ ਹੈ ਤਾਂ ਉਨ੍ਹਾਂ ਦੇ ਕੇਸ ਵੀ ਇਕ ਮਹੀਨੇ ਦੇ ਅੰਦਰ ਅੰਦਰ ਨਿਪਟਾ ਦਿਆਂਗੇ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਇਹ ਇਕ ਨੋਬਲ ਪਾਲਿਸੀ ਹੈ । ਮੈਂ ਖੁਦ ਇਕ ਅਧਿਆਪਕ ਹਾਂ ਅਤੇ ਮੈਂ ਆਪਣੀ ਸਾਰੀ ਟੈਨਿਓਰ ਵਿਚ ਦੇਖਿਆ ਹੈ ਕਿ ਜਿਸ ਦਾ ਕੋਈ ਪੋਲੀਟੀਕਲ ਜਾਂ ਡਿਪਾਰਟਮੈਂਟਲ ਜ਼ੋਰ ਪੈ ਜਾਂਦਾ ਹੈ, ਉਹ ਇਹ ਐਵਾਰਡ ਲੈ ਜਾਂਦਾ ਹੈ । ਮੈਂ ਸਟੇਟ ਐਵਾਰਡ ਦੀ ਗੱਲ ਕਰ ਰਿਹਾ ਹਾਂ । ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਟੇਟ ਐਵਾਰਡੀ ਟੀਚਰ ਡੈਕਲੇਅਰ ਕਰਨ ਦੀ ਕੋਈ ਸੈਟ ਪਾਲਿਸੀ ਵੀ ਹੈ ਜਾਂ ਜਿਸ ਦਾ ਕੋਈ ਜ਼ੋਰ ਪੈ ਜਾਂਦਾ ਹੈ, ਉਹੀ ਇਹ ਐਵਾਰਡ ਲੈ ਜਾਂਦਾ ਹੈ ? ਇਸ ਸਬੰਧੀ ਕੋਈ ਸੈਟ ਪਾਲਿਸੀ ਜ਼ਰੂਰ ਲੇਅ ਡਾਊਨ ਹੋਣੀ ਚਾਹੀਦੀ ਹੈ ਕਿਉਂਕਿ ਇਹ ਇਕ ਬਹੁਤ ਅਹਿਮ ਮਸਲਾ ਹੈ । ਮੈਂ ਫੇਰ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਟੇਟ ਐਵਾਰਡ ਡਿਕਲੇਅਰ ਕਰਨ ਦੀ ਕੋਈ ਸੈਟ ਪਾਲਿਸੀ ਹੈ ਜਾਂ ਜ਼ੋਰ ਨਾਲ, ਸਿਫਾਰਿਸ਼ ਨਾਲ ਜਾਂ ਚਾਪਲੂਸੀ ਨਾਲ ਹੀ ਇਹ ਐਵਾਰਡ ਦਿੱਤੇ ਜਾਂਦੇ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਪਹਿਲਾਂ ਜਿਹੜੇ ਐਵਾਰਡ ਮਿਲ ਚੁੱਕੇ ਹਨ, ਉਹ ਕਿਸੇ ਪਾਲਿਸੀ ਦੇ ਅਧੀਨ ਹੀ ਮਿਲੇ ਹੋਣੇ ਹਨ । ਇਹ ਪਾਲਿਸੀ ਦੁਬਾਰਾ ਰਿਵਿਊ ਕਰ ਲਈ ਜਾਵੇਗੀ ਅਤੇ ਜਿਥੇ ਕਿਤੇ ਕੋਈ ਕਮੀ ਹੋਵੇਗੀ, ਉਸ ਵਿਚ ਤਬਦੀਲੀ ਕਰਕੇ ਦੂਰ ਕਰ ਲਈ ਜਾਵੇਗੀ । ਮੈਂ ਇਹ ਵੀ ਵਿਸ਼ਵਾਸ ਦਿਵਾਉਂਦਾ ਹਾਂ ਕਿ ਪਾਲਿਸੀ ਰਿਵਿਊ ਕਰਦੇ ਸਮੇਂ ਆਨਰੇਬਲ ਮੈਂਬਰ ਸਾਹਿਬਾਨ ਦੀ ਰਾਏ ਵੀ ਲੈ ਲਈ ਜਾਵੇਗੀ ।

ਤਹਿਸੀਲ ਪਠਾਨਕੋਟ ਵਿਚ ਜ਼ਮੀਨ ਦੇ ਖੁਰਨ ਨੂੰ ਰੋਕਣਾ

*364. **ਸ੍ਰੀ ਸੱਤਿਆ ਪਾਲ ਸੈਣੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਾਣੀ ਦੇ ਤੇਜ਼ ਵਹਿਣ ਕਰਕੇ ਤਹਿਸੀਲ ਪਠਾਨਕੋਟ ਵਿਚ ਪੈਂਦੇ ਚੱਕੀ ਨਾਲਾ ਅਤੇ ਰਾਵੀ-ਬਿਆਸ ਲਿੰਕ ਡਰੇਨ ਦੇ ਕਿਨਾਰਿਆਂ ਨਾਲ ਲਗਦੀ ਜ਼ਮੀਨ ਦੇ ਖੁਰਨ ਨੂੰ ਰੋਕਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ? ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਨਹੀਂ ਜੀ ।

ਸ੍ਰੀ ਸੱਤਿਆ ਪਾਲ ਸੈਣੀ: ਸਪੀਕਰ ਸਾਹਿਬ, ਭੂ ਸਖਲਨ ਦੇ ਨਾਲ ਜਿਹੜਾ ਨੁਕਸਾਨ ਹੁੰਦਾ ਹੈ, ਉਸ ਨੂੰ ਰੋਕਣ ਵਾਸਤੇ ਕੋਈ ਆਸ਼ਵਾਸਨ ਮਿਲਣਾ ਚਾਹੀਦਾ ਸੀ । ਸਾਰੇ ਫੰਡਜ਼ ਰਾਵੀ ਅਤੇ ਬਾਕੀ ਨਦੀਆਂ ਤੇ ਹੀ ਲਗਾ ਦਿੱਤੇ ਜਾਂਦੇ ਹਨ । ਚੱਕੀ ਨਾਲਾ ਪਰਮਾਨੈਂਟ ਨੁਕਸਾਨ ਕਰਦਾ ਹੈ ਅਤੇ ਕੇਵਲ ਬੱਜਰੀ ਹੀ ਛੱਡ ਜਾਂਦਾ ਹੈ । ਇਸ ਨੁਕਸਾਨ ਨੂੰ ਵੇਖਦੇ ਹੋਏ ਇਸ ਦੇ ਵਾਸਤੇ ਵੀ ਫੰਡ ਰੱਖੇ ਜਾਣੇ ਚਾਹੀਦੇ ਹਨ ਜਿਸ ਤਰ੍ਹਾਂ ਕਿ ਰਾਵੀ ਅਤੇ ਬਿਆਸ ਵਾਸਤੇ ਰੱਖੇ ਜਾਂਦੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਨੁਕਸਾਨ ਨੂੰ ਧਿਆਨ ਵਿਚ ਰੱਖਦੇ ਹੋਏ ਕੀ ਚੱਕੀ ਨਾਲੇ ਨੂੰ ਵੀ ਉਸੇ ਤਰ੍ਹਾਂ ਹੀ ਟਰੀਟ ਕੀਤਾ ਜਾਵੇਗਾ ਜਿਸ ਤਰ੍ਹਾਂ ਕਿ ਰਾਵੀ ਅਤੇ ਬਿਆਸ ਨੂੰ ਕੀਤਾ ਜਾਂਦਾ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਜੋ ਚੱਕੀ ਨਾਲਾ ਹੈ, ਇਸ ਦੇ ਵਿੱਚ ਬਹੁਤ ਸਾਰੇ ਪਿੰਡ ਹਨ ਜਿੱਥੋਂ ਦੀ ਇਹ ਵਗਦਾ ਹੈ । ਇਹ ਠੀਕ ਹੈ ਕਿ ਕਈ ਵੇਰ ਥੋੜਾ ਬਹੁਤ ਜ਼ਮੀਨ ਦਾ ਨੁਕਸਾਨ ਵੀ ਹੋ ਜਾਂਦਾ ਹੈ ਅਤੇ ਆਬਾਦੀ ਦਾ ਵੀ ਹੋ ਜਾਂਦਾ ਹੈ, ਲੇਕਿਨ ਇਸ ਨਾਲੇ ਤੇ ਚਾਰ ਪੰਜ ਪਿੰਡ ਅਜਿਹੇ ਹਨ, ਜਿਨ੍ਹਾਂ ਤੇ ਕੰਮ 30 ਜੂਨ, 1997 ਤੱਕ ਮੁਕੰਮਲ ਹੋ ਜਾਵੇਗਾ । ਸਟੱਡ ਵੀ ਲੱਗ ਜਾਣਗੇ ਔਰ ਸਟੋਨ ਪਿਚਿੰਗ ਵੀ ਹੋ ਜਾਵੇਗੀ । ਬਾਕੀ ਰਹਿੰਦਾ ਕੰਮ ਅਗਲੇ ਸਾਲ ਹੋ ਜਾਵੇਗਾ ।

ਭਦੌੜ ਰਜਵਾਹੇ ਵਿਚ ਪਾਣੀ ਛੱਡਣਾ

*392. **ਸਰਦਾਰ ਸਿਕੰਦਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਰਹਿੰਦ ਨਹਿਰ ਦੇ ਬਠਿੰਡਾ ਮਾਈਨਰ ਵਿਚੋਂ ਨਿਕਲਦੇ ਭਦੌੜ ਰਜਵਾਹੇ ਵਿਚ ਰੋਜ਼ਾਨਾ ਕੁੱਲ ਕਿੰਨੇ ਕਿਊਸਕ ਪਾਣੀ ਦੀ ਮਾਤਰਾ ਛੱਡੀ ਜਾਣੀ ਨਿਯਤ ਹੈ;

[ਸਰਦਾਰ ਸਿੰਕਦਰ ਸਿੰਘ]

(ਅ) ਕੀ ਉਕਤ ਰਜਵਾਹੇ ਵਿਚ ਪਾਣੀ ਦੀ ਨਿਯਤ ਕੀਤੀ ਗਈ ਮਾਤਰਾ ਛੱਡੀ ਜਾ ਰਹੀ ਹੈ; ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ.

(ੳ) 260 ਕਿਊਸਕ (ਅ) ਹਾਂ ਜੀ ।

ਸਰਦਾਰ ਸਿਕੰਦਰ ਸਿੰਘ: ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ 260 ਕਿਊਸਿਕ ਪਾਣੀ ਹੈ, ਇਹ ਬਹੁਤ ਪਹਿਲਾਂ ਦਾ ਹੈ ਜਦੋਂ ਕਿ ਮਾਈਨਰ ਬਣਿਆ ਸੀ । ਇਸ ਤੋਂ ਬਾਅਦ 30% ਏਰੀਆ ਹੋਰ ਵੱਧ ਗਿਆ ਹੈ । ਇਹ ਠੀਕ ਹੈ ਕਿ ਕਿਸਾਨਾਂ ਨੂੰ ਪਾਣੀ ਮਿਲਣ ਲੱਗ ਗਿਆ ਹੈ ਪਰ ਏਰੀਏ ਦੇ ਵਧ ਜਾਣ ਨਾਲ ਇਸ ਦੇ ਵਿਚ ਪਾਣੀ ਦਾ ਵਾਧਾ ਨਹੀਂ ਹੋ ਰਿਹਾ ਜਿਸ ਕਾਰਨ ਪਾਣੀ ਦੀ ਘਾਟ ਹੋ ਗਈ ਹੈ । ਇਸ ਕਰਕੇ ਲੋਕ ਬਹੁਤ ਔਖੇ ਹਨ । ਮੇਨ ਵਾਟਰ-ਹੈਡ ਦੇ ਵਿਚੋਂ ਇਸ ਮਾਈਨਰ ਦੇ ਵਿਚ ਹੋਰ ਪਾਣੀ ਛੱਡਿਆ ਜਾਵੇ । ਇਸ ਵਿਚ ਚਾਰ ਅਸੈਂਬਲੀ ਹਲਕੇ ਪੈਂਦੇ ਹਨ । ਕੀ ਮੁੱਖ ਮੰਤਰੀ ਸਾਹਿਬ ਕ੍ਰਿਪਾ ਕਰਕੇ ਇਹ ਐਸ਼ੋਰੈਂਸ ਦੇਣਗੇ ਕਿ ਜਿਹੜਾ ਹੁਣ 30% ਏਰੀਆ ਹੋਰ ਵਧ ਗਿਆ ਹੈ ਅਤੇ ਉਸ ਮੁਤਾਬਿਕ ਜੋ ਪਾਣੀ ਘਟ ਗਿਆ ਹੈ, ਉਹ ਪਾਣੀ ਪੂਰਾ ਕਰ ਦਿਤਾ ਜਾਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਐਮ. ਐਲ. ਏ. ਸਾਹਿਬ ਨਾਲ ਮੁਤਫਿਕ ਹਾਂ । ਇਹ ਸਿਸਟਮ ਕਾਫੀ ਨੁਕਸਦਾਰ ਹੈ ਕਿਉਂਕਿ ਪਹਿਲਾਂ ਲੰਮੇ ਸਮੇਂ ਤੋਂ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਰਿਹਾ । ਲੇਕਿਨ ਮੈਂ ਪੂਰੀ ਕੋਸ਼ਿਸ਼ ਕਰਾਂਗਾ ਅਤੇ ਇਸ ਸਿਸਟਮ ਵਿੱਚ ਜਿੰਨੀਆਂ ਵੀ ਕਮੀਆਂ ਹਨ, ਉਨ੍ਹਾਂ ਨੂੰ ਦੂਰ ਕਰਨ ਵਾਸਤੇ ਜਿੰਨੀ ਵੀ ਕੋਸ਼ਿਸ਼ ਹੋ ਸਕੇਗੀ, ਉਹ ਕਰਾਂਗੇ । ਇਸ ਤੋਂ ਇਲਾਵਾ ਸਿਲਟ ਕਲੀਅਰੈਂਸ ਦੀ ਗੱਲ ਵੀ ਪਹਿਲਾਂ ਕੀਤੀ ਗਈ ਸੀ । ਇਸ ਬਾਰੇ ਸਵਾਲ ਆ ਚੁੱਕਾ ਹੈ ਅਤੇ ਉਸ ਦੀ ਰਿਪੇਅਰ ਵਾਸਤੇ ਵੀ ਕੋਈ ਪ੍ਰਬੰਧ ਕੀਤਾ ਜਾਵੇਗਾ । ਇਸ ਸਾਰੇ ਸਿਸਟਮ ਨੂੰ ਠੀਕ ਕਰਨ ਵਾਸਤੇ 80 ਲੱਖ ਰੁਪਿਆ ਖਰਚ ਹੁੰਦਾ ਹੈ, ਵਾਸਟ ਮਾਈਨਰ ਨਾਲ ਇਸ ਸਿਸਟਮ ਨੂੰ ਅਸੀਂ ਠੀਕ ਕਰਨ ਦਾ ਯਤਨ ਕਰਾਂਗੇ ।

ਸਰਦਾਰ ਸਿਕੰਦਰ ਸਿੰਘ : ਧੰਨਵਾਦ ਜੀ ।

ਸਰਹਿੰਦ ਵਿਖੇ ਰੇਲਵੇ ਓਵਰ-ਬ੍ਰਿਜ ਬਣਾਉਣਾ

*397. **ਡਾਕਟਰ ਹਰਬੰਸ ਲਾਲ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼ਹੀਦਾਂ ਦੀ ਧਰਤੀ ਸਰਹਿੰਦ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਰੇਲਵੇ ਲਾਈਨ ਤੇ ਓਵਰ-ਬ੍ਰਿਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ । ਮਾਮਲੇ ਸਬੰਧੀ ਮਨਿਸਟਰੀ ਆਫ਼ ਰੇਲਵੇ ਭਾਰਤ ਸਰਕਾਰ ਨੂੰ ਪਹੁੰਚ ਕੀਤੀ ਗਈ ਹੈ । ਜਿਉਂ ਹੀ ਮਨਿਸਟਰੀ ਆਫ ਰੇਲਵੇ ਦਾ ਪ੍ਰਵਾਨਗੀ ਪ੍ਰਾਪਤ ਹੋ ਗਈ, ਪੁਲ ਦੀ ਉਸਾਰੀ ਲਈ ਵਿਚਾਰ ਕੀਤਾ ਜਾਵੇਗਾ ।

ਡਾਕਟਰ ਹਰਬੰਸ ਲਾਲ : ਮਾਨਯੋਗ ਸਪੀਕਰ ਸਾਹਿਬ, ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਭਰੋਸਾ ਦਿਵਾਇਆ ਗਿਆ ਹੈ ਕਿ ਇਸ ਮਸਲੇ ਨੂੰ ਸੈਂਟਰ ਗੌਰਮਿੰਟ ਕੋਲ ਭੇਜਿਆ ਹੋਇਆ ਹੈ । ਮੈਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਫਤਿਹਗੜ੍ਹ ਸਾਹਿਬ, ਸ਼ਹੀਦਾਂ ਦੀ ਧਰਤੀ ਨੂੰ ਪਹਿਲਾਂ ਸ਼ਹੀਦ-ਏ-ਆਜ਼ਮ ਸਰਦਾਰ ਬੇਅੰਤ ਸਿੰਘ ਜੀ ਨੇ ਮਾਣ ਦੇ ਕੇ ਜ਼ਿਲ੍ਹਾ ਬਣਾਇਆ ਸੀ, ਉਸੇ ਤਰ੍ਹਾਂ ਹੀ ਕੀ ਮਾਨਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਜੇਕਰ ਸੈਂਟਰ ਗੌਰਮਿੰਟ ਮਨਜ਼ੂਰੀ ਦੇ ਦਿੰਦੀ ਹੈ ਰੇਲਵੇ ਲਾਈਨ ਤੇ ਓਵਰ-ਬ੍ਰਿਜ ਬਨਾਉਣ ਵਾਸਤੇ ਤਾਂ ਉਥੇ ਦੋਨਾਂ ਪਾਸਿਆਂ ਤੇ ਜਿਹੜਾ ਪੈਸਾ ਖਰਚ ਹੋਣਾ ਹੈ ਔਰ ਜ਼ਮੀਨ ਦੀਆਂ ਸਾਰੀਆਂ ਫਾਰਮੈਲਟੀਆਂ ਪੂਰੀਆਂ ਕਰਕੇ ਓਵਰ-ਬ੍ਰਿਜ ਦੀ ਉਸਾਰੀ ਕਰਾਉਣ ਦਾ ਭਰੋਸਾ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮਾਨਯੋਗ ਐਮ. ਐਲ. ਏ ਸਾਹਿਬ ਨਾਲੋਂ ਵੀ ਮੈਨੂੰ ਇਸ ਬਾਰੇ ਬਹੁਤ ਜ਼ਿਆਦਾ ਦਿਲਚਸਪੀ ਹੈ ਔਰ ਮੈਂ ਆਪ ਰੇਲਵੇ ਮਨਿਸਟਰੀ ਨੂੰ ਇਕ ਚਿੱਠੀ ਲਿਖੀ ਹੈ । ਇਸ ਤੋਂ ਇਲਾਵਾ ਇਕ ਰਿਮਾਈਂਡਰ ਵੀ ਲਿਖਿਆ ਹੈ ਔਰ ਅਗਰ ਸੈਂਟਰ ਗੌਰਮਿੰਟ ਰੇਲਵੇ-ਬ੍ਰਿਜ ਬਨਾਉਣ ਵਾਸਤੇ ਮਨਜ਼ੂਰੀ ਨਹੀਂ ਦਿੰਦੀ ਤਾਂ ਪੰਜਾਬ ਸਰਕਾਰ ਕੁਝ ਨਹੀਂ ਕਰ ਸਕਦੀ । ਪਰ ਜੇਕਰ ਮਨਜ਼ੂਰੀ ਆ ਗਈ ਤਾਂ ਪੰਜਾਬ ਸਰਕਾਰ ਨੇ ਜਿਹੜਾ ਹਿੱਸਾ ਪਾਉਣਾ ਹੈ ਅਪਰੋਚ ਰੋਡਜ਼ ਵਗੈਰਾ ਲਈ ਉਹ ਪਾ ਕੇ ਇਸ ਨੂੰ ਅਸੀਂ ਜ਼ਰੂਰ ਬਣਾਵਾਂਗੇ ।

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਮੈਂ ਬਹੁਤ ਸੰਤੁਸ਼ਟ ਹਾਂ । ਇਨ੍ਹਾਂ ਦਾ ਬਹੁਤ ਬਹੁਤ ਧੰਨਵਾਦ ।

ਸ਼੍ਰੀ ਸਪੀਕਰ : ਜੇ ਸੰਤੁਸ਼ਟ ਹੋ ਤਾਂ ਠੀਕ ਹੈ, ਫਿਰ ਬੈਠ ਜਾਓ ।

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਓਵਰ-ਬ੍ਰਿਜ ਬਣਾਉਣ ਸਬੰਧੀ ਜਿਹੜੀ ਪਿੱਛੇ ਲਿਸਟ ਬਣੀ ਸੀ, ਉਸ ਵਿੱਚੋਂ ਫਤਿਹਗੜ੍ਹ ਸਾਹਿਬ ਨੂੰ ਕੱਢ ਦਿੱਤਾ ਗਿਆ ਸੀ, ਹੁਣ ਇਸ ਨੂੰ ਪਹਿਲ ਦੇ ਆਧਾਰ ਤੇ ਰੱਖਿਆ ਜਾਵੇ ।

ਧਾਰ ਬਲਾਕ ਵਿਚ ਪਸ਼ੂ-ਚਿਕਿਤਸਾ ਹਸਪਤਾਲਾਂ/ਡਿਸਪੈਂਸਰੀਆਂ ਦੀ ਗਿਣਤੀ

*404. **ਮਾਸਟਰ ਮੋਹਨ ਲਾਲ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪਠਾਨਕੋਟ ਸਬ-ਡਿਵੀਜ਼ਨ ਦੀ ਧਾਰ ਸਬ-ਤਹਿਸੀਲ ਵਿਚ ਪੈਂਦੇ ਪਸ਼ੂ-ਚਿਕਿਤਸਾ ਹਸਪਤਾਲਾਂ/ਡਿਸਪੈਂਸਰੀਆਂ ਦੇ ਵੇਰਵੇ ਕੀ ਹਨ;

[ਮਾਸਟਰ ਮੋਹਨ ਲਾਲ]

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਹਸਪਤਾਲਾਂ/ਡਿਸਪੈਂਸਰੀਆਂ ਵਿਚੋਂ ਅਜਿਹੇ ਹਸਪਤਾਲਾਂ/ਡਿਸਪੈਂਸਰੀਆਂ ਦੀ ਗਿਣਤੀ ਕਿੰਨੀ ਹੈ ਜੋ ਇਸ ਵੇਲੇ ਚਲ ਰਹੇ/ਚਲ ਰਹੀਆਂ ਹਨ ਅਤੇ ਸਾਲ 1996 ਦੇ ਦੌਰਾਨ ਇਨ੍ਹਾਂ ਹਸਪਤਾਲਾਂ/ਡਿਸਪੈਂਸਰੀਆਂ ਵਿਚ, ਜਿਨ੍ਹਾਂ ਪਸ਼ੂਆਂ ਦਾ ਇਲਾਜ ਕੀਤਾ ਗਿਆ, ਉਨ੍ਹਾਂ ਦੇ ਵੇਰਵੇ ਕੀ ਹਨ;

(ੲ) ਅਜਿਹੇ ਹਸਪਤਾਲਾਂ/ਡਿਸਪੈਂਸਰੀਆਂ ਦੀ ਗਿਣਤੀ ਕਿੰਨੀ ਹੈ ਜੋ ਇਸ ਵੇਲੇ ਡਾਕਟਰਾਂ ਤੋਂ ਬਗੈਰ ਹਨ ;

(ਸ) ਕੀ ਉਕਤ ਹਸਪਤਾਲਾਂ/ਡਿਸਪੈਂਸਰੀਆਂ ਦੇ ਰੋਜ਼ਾਨਾ ਕੰਮ-ਕਾਰ ਨੂੰ ਵੇਖਣ ਲਈ ਕੋਈ ਨੇਮੀ ਚੈਕਿੰਗ ਕੀਤੀ ਜਾਂਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਧਾਰ ਸਬ ਤਹਿਸੀਲ ਵਿਖੇ 9 ਪਸ਼ੂ ਹਸਪਤਾਲ ਅਤੇ 13 ਪਸ਼ੂ ਡਿਸਪੈਂਸਰੀਆਂ ਸਥਾਪਿਤ ਹਨ, ਜਿਨ੍ਹਾਂ ਦਾ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ :—

ਪਸ਼ੂ ਹਸਪਤਾਲ	ਪਸ਼ੂ ਡਿਸਪੈਂਸਰੀਆਂ
1. ਧਾਰ ਖੁਰਦ	1. ਸ਼ਾਹਪੁਰ ਕੰਡੀ
2. ਰਾਣੀ ਪੁਰ	2. ਸਾਰਤੀ
3. ਤਿਰਹਾੜੀ	3. ਭਗੜੀ
4. ਦੁਨੇਰਾ	4. ਲਧਹੱਟੀ
5. ਹਰਿਆਲ	5. ਫੰਗੋਤਾ
6. ਘੋ	6. ਬੁਢ ਸੁਡਾਲ
7. ਭਮਲਾਦਾ	7. ਲਹਿਰੂਨ
8. ਚੈਕ ਪੋਸਟ ਚੱਕੀ ਐਟ ਜੰਡਵਾਲ	8. ਦਰਬਾਨ
9. ਫਿਰੋਜ਼ਪੁਰ ਕਲਾਂ	9. ਡੂੰਗ
	10. ਨਰੇਣਪੁਰ ਹਾਰਾ
	11. ਮਮੂਨ
	12. ਰੂਹਗ
	13. ਭਮਲੀ

(ਅ) ਉਪਰੋਕਤ ਸੰਸਥਾਵਾਂ ਵਿਚੋਂ 9 ਪਸ਼ੂ ਹਸਪਤਾਲ, 11 ਪਸ਼ੂ ਡਿਸਪੈਂਸਰੀਆਂ ਕੰਮ ਕਰ ਰਹੀਆਂ ਹਨ । ਇਹਨਾਂ ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਸਾਲ 1996 ਦੌਰਾਨ 7,796 ਪਸ਼ੂਆਂ ਦਾ ਇਲਾਜ ਕੀਤਾ ਗਿਆ ।

(ੲ) ਇਸ ਸਮੇਂ 9 ਪਸ਼ੂ ਹਸਪਤਾਲਾਂ ਵਿਚੋਂ 3 ਪਸ਼ੂ ਹਸਪਤਾਲਾਂ ਵਿੱਚ ਡਾਕਟਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਇਕ ਪਸ਼ੂ ਹਸਪਤਾਲ ਵਿਚ ਡਾਕਟਰ ਦੀ ਆਸਾਮੀ ਮਨਜ਼ੂਰ ਨਹੀਂ ਹੋਈ । ਡਿਸਪੈਂਸਰੀਆਂ ਵਿਚ ਵੈਟਰੀਨਰੀ ਅਫਸਰ (ਡਾਕਟਰ) ਦਾ ਉਪਬੰਧ ਨਹੀਂ ਹੈ ।

(ਸ) ਹਾਂ ਜੀ, ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀ ਚੈਕਿੰਗ ਬਕਾਇਦਾ ਤੌਰ ਤੇ ਵੈਟਰੀਨਰੀ ਅਫਸਰਾਂ, ਸੀਨੀਅਰ ਵੈਟਰੀਨਰੀ ਅਫਸਰਾਂ, ਸਹਾਇਕ ਡਾਇਰੈਕਟਰ ਅਤੇ ਜ਼ਿਲ੍ਹਾ ਪੱਧਰ ਦੇ ਡਿਪਟੀ ਡਾਇਰੈਕਟਰ ਵਲੋਂ ਕੀਤੀ ਜਾਂਦੀ ਹੈ ।

ਮਾਸਟਰ ਮੋਹਨ ਲਾਲ. ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਟਾਈਮ ਐਂਡ ਅਗੇਨ ਜਿਹੜੀ ਇਹਨਾਂ ਹਸਪਤਾਲਾਂ ਦੀ ਚੈਕਿੰਗ ਹੋਈ ਹੈ, ਕੀ ਅੱਜ ਤੱਕ ਕਿਸੇ ਕਰਮਚਾਰੀ ਦੇ ਖਿਲਾਫ ਕੋਈ ਐਕਸ਼ਨ ਵੀ ਲਿਆ ਗਿਆ ਹੈ ? ਜੇਕਰ ਲਿਆ ਗਿਆ ਹੈ ਤਾਂ ਉਸ ਦੀ ਰਿਪੋਰਟ ਸਦਨ ਦੀ ਟੇਬਲ ਤੇ ਰੱਖੀ ਜਾਵੇ । ਮਿਹਰਬਾਨੀ ।

ਮੁੱਖ ਮੰਤਰੀ. ਸਪੀਕਰ ਸਾਹਿਬ, ਰਿਪੋਰਟ ਤਾਂ ਮੇਰੇ ਕੋਲ ਨਹੀਂ ਹੈ । ਹਾਂ ਮੈਂ ਲੈ ਕੇ ਇਨ੍ਹਾਂ ਨੂੰ ਦੱਸ ਦੇਵਾਂਗਾ । ਇਸ ਵਕਤ ਰਿਪੋਰਟ ਮੇਰੇ ਪਾਸ ਨਹੀਂ ਹੈ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਇਕ ਹੋਰ ਸਪਲੀਮੈਂਟਰੀ ਪੁੱਛਣਾ ਚਾਹੁੰਦਾ ਹਾਂ ਕਿ 13 ਪਸ਼ੂ ਡਿਸਪੈਂਸਰੀਆਂ ਹਨ ਅਤੇ 9 ਪਸ਼ੂ ਹਸਪਤਾਲ ਹਨ । ਜਿਥੋਂ ਤੱਕ ਮੇਰੀ ਜਾਣਕਾਰੀ ਹੈ ਤੇ ਮੁਕੰਮਲ ਜਾਣਕਾਰੀ ਹੈ ਕਿ ਇਨ੍ਹਾਂ ਡਿਸਪੈਂਸਰੀਆਂ ਵਿਚ ਕੋਈ ਡਿਸਪੈਂਸਰ ਨਹੀਂ ਹੈ, ਕੋਈ ਕੰਪਾਊਂਡਰ ਨਹੀਂ ਹੈ, ਇਨ੍ਹਾਂ ਹਸਪਤਾਲਾਂ ਵਿਚ ਕੇਵਲ ਚੌਕੀਦਾਰ ਹੀ ਹਨ ਅਤੇ ਉਥੇ ਨਾ ਹੀ ਕੋਈ ਦਵਾਈ ਮਿਲਦੀ ਹੈ । ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਹਸਪਤਾਲਾਂ ਤੇ ਡਿਸਪੈਂਸਰੀਆਂ ਵਿਚ ਡਾਕਟਰ ਅਤੇ ਦਵਾਈਆਂ ਪਰਾਪਰਲੀ ਪ੍ਰੋਵਾਈਡ ਕੀਤੇ ਜਾਣਗੇ ? ਜਿਹੜੀ ਪਸ਼ੂਆਂ ਦੇ ਇਲਾਜ ਦੀ ਗਿਣਤੀ ਦੱਸੀ ਗਈ ਹੈ 8000 ਦੇ ਕਰੀਬ, ਮੈਂ ਸਮਝਦਾ ਹਾਂ ਕਿ ਇਤਨੇ ਪਸ਼ੂ ਤਾਂ ਮੇਰੇ ਇਲਾਕੇ ਵਿਚ ਹੈ ਹੀ ਨਹੀਂ ਹਨ । ਇਹ ਬਿਓਰੋਕਰੈਟਿਕ ਜਵਾਬ ਤਾਂ ਹੋ ਸਕਦਾ ਹੈ । ਪਰ ਇਕ ਲੋਕਪ੍ਰਿਯ ਸਰਕਾਰ ਦਾ ਜਵਾਬ ਨਹੀਂ ਹੋ ਸਕਦਾ । ਮੁੱਖ ਮੰਤਰੀ ਸਾਹਿਬ ਬੜੇ ਦਾਨਸ਼ਵਰ ਇਨਸਾਨ ਹਨ । ਕੀ ਠੀਕ ਜਵਾਬ ਦਿੱਤਾ ਜਾਵੇਗਾ ? ਮਿਹਰਬਾਨੀ ।

ਮੁੱਖ ਮੰਤਰੀ : ਜਿਥੋਂ ਤੱਕ ਡਿਸਪੈਂਸਰੀਆਂ ਦਾ ਸਵਾਲ ਹੈ, 13 ਦੀਆਂ 13 ਡਿਸਪੈਂਸਰੀਆਂ ਵਿਚ ਫਾਰਮਾਸਿਸਟ ਮੌਜੂਦ ਹਨ ਅਤੇ ਉਨ੍ਹਾਂ ਦੀ ਪੋਸਟਿੰਗ ਹੋਈ ਹੋਈ ਹੈ । ਜਿਥੋਂ ਤੱਕ ਜਾਨਵਰਾਂ ਦਾ ਸਵਾਲ ਹੈ, ਮੇਰਾ ਖਿਆਲ ਹੈ ਕਿ ਐਮ. ਐਲ. ਏ. ਸਾਹਿਬ

[ਮੁੱਖ ਮੰਤਰੀ]

ਆਦਮੀਆਂ ਨੂੰ ਮਿਲਣ ਵਾਸਤੇ ਤਾਂ ਉਤਾਵਲੇ ਰਹਿੰਦੇ ਹਨ ਪਰ ਸ਼ਾਇਦ ਉਨ੍ਹਾਂ ਨੇ ਕਦੀ ਜਾਨਵਰਾਂ ਦੀ ਗਿਣਤੀ ਨਹੀਂ ਕੀਤੀ। ਜਾਨਵਰ ਤਾਂ ਉਥੇ ਇਸ ਤੋਂ ਵੀ ਵੱਧ ਹੋ ਸਕਦੇ ਹਨ। ਉਥੇ ਇਕ ਛੋਟੀ ਜਿਹੀ ਜੇਲ੍ਹ ਹੈ ਧਾਰ ਬਲਾਕ ਵਿੱਚ ਅਤੇ ਉਥੇ ਮੈਨੂੰ ਸਾਹਮਣੇ ਵਾਲੀ ਸਰਕਾਰ (ਆਪੋਜੀਸ਼ਨ ਕਾਂਗਰਸ ਪਾਰਟੀ ਵੱਲ ਇਸ਼ਾਰਾ) ਨੇ ਕਾਫੀ ਚਿਰ ਰੱਖਿਆ ਹੈ। ਮੈਂ ਤਾਂ ਉਥੇ ਸਾਰਾ ਦਿਨ ਜਾਨਵਰ ਹੀ ਗਿਣਦਾ ਰਹਿੰਦਾ ਸਾਂ। (ਹਾਸਾ)

ਸੜਕਾਂ ਨੂੰ ਦੋ-ਲੇਨਾਂ ਵਾਲੀਆਂ ਬਣਾਉਣਾ

*405. **ਮਾਸਟਰ ਮੋਹਨ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਠਾਨਕੋਟ ਤੋਂ ਜਲੰਧਰ ਅਤੇ ਪਠਾਨਕੋਟ ਤੋਂ ਅੰਮ੍ਰਿਤਸਰ ਤੱਕ ਸੜਕਾਂ ਨੂੰ ਬਹੁਤ ਜ਼ਿਆਦਾ ਆਵਾਜਾਈ ਦੇ ਮੱਦੇਨਜ਼ਰ ਦੋ-ਲੇਨਾਂ ਵਾਲੀਆਂ ਬਣਾਉਣ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ, ਤਾਂ ਅਜਿਹੀ ਤਜਵੀਜ਼ ਨੂੰ ਕਦੋਂ ਤੱਕ ਅੰਤਮ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਹੀਂ ਜੀ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੁੱਖ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਪਠਾਨਕੋਟ ਤੋਂ ਜਲੰਧਰ ਅਤੇ ਪਠਾਨਕੋਟ ਤੋਂ ਅੰਮ੍ਰਿਤਸਰ ਦੋਵਾਂ ਸੜਕਾਂ ਉਪਰ ਵ੍ਹੀਕਲ ਟਰੈਫਿਕ ਬਹੁਤ ਹੀ ਜ਼ਿਆਦਾ ਹੈ। ਇਹ ਇੰਨੀਆਂ ਕਰਾਊਡਿਡ ਸੜਕਾਂ ਹਨ ਕਿ ਐਵਰੇਜ 10 ਐਕਸੀਡੈਂਟ ਰੋਜ਼ ਪਠਾਨਕੋਟ ਤੋਂ ਅੰਮ੍ਰਿਤਸਰ ਅਤੇ ਜਲੰਧਰ ਤੋਂ ਪਠਾਨਕੋਟ ਸੜਕਾਂ ਉਪਰ ਵਾਪਰਦੇ ਹਨ। ਸਾਡੀ ਲੋਕਪ੍ਰਿਯ ਸਰਕਾਰ ਹੈ ਅਤੇ ਅਸੀਂ ਸੜਕਾਂ ਦੀ ਮੁਰੰਮਤ ਵਾਸਤੇ ਅਤੇ ਨਵੀਆਂ ਸੜਕਾਂ ਦੀ ਉਸਾਰੀ ਵਾਸਤੇ ਬਜਟ ਵਿਚ ਪੈਸਾ ਰੱਖਣਾ ਹੈ। ਕੀ ਇਨ੍ਹਾਂ ਦੋ ਸੜਕਾਂ ਨੂੰ ਬਾਈ-ਲੇਨ ਕਰਨ ਵਾਸਤੇ ਕੁਝ ਨਾ ਕੁਝ ਉਪਬੰਧ ਕੀਤਾ ਜਾਵੇਗਾ ਤਾਂ ਕਿ ਕੀਮਤੀ ਜਾਨਾਂ ਦੀ ਸੁੱਖਿਆ ਕੀਤੀ ਜਾ ਸਕੇ ? ਇਸ ਬਾਰੇ ਜ਼ਰੂਰ ਉਪਬੰਧ ਕੀਤਾ ਜਾਣਾ ਚਾਹੀਦਾ ਹੈ। ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਨਿਕਟ ਭਵਿੱਖ ਵਿਚ ਇਨ੍ਹਾਂ ਦੋ ਸੜਕਾਂ ਨੂੰ ਡਬਲ-ਲੇਨ ਕੀਤਾ ਜਾਵੇਗਾ ਜਾਂ ਨਹੀਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਬੜੇ ਤਜਰਬੇਕਾਰ ਐਮ.ਐਲ.ਏ. ਹਨ ਅਤੇ ਹਰ ਇਕ ਚੀਜ਼ ਜਾਣਦੇ ਹਨ। ਇਹ ਦੋਵੇਂ ਸੜਕਾਂ ਨੈਸ਼ਨਲ ਹਾਈਵੇਜ਼ ਹਨ ਅਤੇ ਇਹ ਸੈਂਟਰ ਦੀ ਸਰਕਾਰ ਦੀਆਂ ਹਨ। ਜੇਕਰ ਇਨ੍ਹਾਂ ਨੂੰ ਫੋਰ-ਲੇਨ ਕਰਨਾ ਹੈ ਤਾਂ ਉਹ ਸੈਂਟਰ ਦੀ ਸਰਕਾਰ ਨੇ ਕਰਨਾ ਹੈ। ਇਹ ਪੰਜਾਬ ਸਰਕਾਰ ਦੇ ਪ੍ਰਵਿਊ ਵਿਚ ਨਹੀਂ ਆਉਂਦੀਆਂ। ਮੈਂ ਪੰਜਾਬ ਦੀਆਂ ਬਹੁਤ ਸਾਰੀਆਂ ਸੜਕਾਂ ਬਾਰੇ, ਜਿਨ੍ਹਾਂ ਵਿਚ ਇਹ ਦੋ ਸੜਕਾਂ ਵੀ ਆਉਂਦੀਆਂ ਹਨ, ਸੈਂਟਰ ਦੀ ਸਰਕਾਰ ਨੂੰ ਵਾਰ ਵਾਰ ਲਿਖ ਰਿਹਾ ਹਾਂ। ਮੈਂ ਸੈਸ਼ਨ ਤੋਂ ਬਾਅਦ ਕਨਸਰਨਡ ਮਨਿਸਟਰੀ ਨੂੰ ਵੀ ਜਾ ਕੇ ਮਿਲਾਂਗਾ। ਜਿਨ੍ਹਾਂ ਸੜਕਾਂ ਉਤੇ ਟਰੈਫਿਕ ਬਹੁਤ ਜ਼ਿਆਦਾ ਹੈ, ਉਨ੍ਹਾਂ ਨੂੰ ਫੋਰ-ਲੇਨ ਕਰਨ ਦਾ ਯਤਨ

ਕੀਤਾ ਜਾਵੇਗਾ । ਪਰ ਇਹ ਸੈਂਟਰ ਦੀ ਸਰਕਾਰ ਹੀ ਕਰ ਸਕਦੀ ਹੈ । ਇਹ ਪੰਜਾਬ ਦੀ ਸਰਕਾਰ ਦੇ ਦਾਇਰੇ, ਅਖਤਿਆਰ ਵਿਚ ਨਹੀਂ ਹੈ ।

ਸ਼੍ਰੀ ਸਪੀਕਰ : ਪ੍ਰਸ਼ਨ ਕਾਲ ਸਮਾਪਤ ਹੁੰਦਾ ਹੈ।

UNSTARRED QUESTIONS AND ANSWERS

ਭ੍ਰਿਸ਼ਟ ਅਫਸਰਾਂ/ਕਰਮਚਾਰੀਆਂ ਨੂੰ ਪਕੜਨ ਲਈ ਸਕੀਮ

83. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਰਿਸ਼ਵਤ ਲੈਣ ਵਾਲੇ ਗਜ਼ਟਿਡ ਅਤੇ ਨਾਨ-ਗਜ਼ਟਿਡ ਭ੍ਰਿਸ਼ਟ ਅਫਸਰਾਂ/ਕਰਮਚਾਰੀਆਂ ਨੂੰ ਪਕੜਨ ਲਈ ਸਰਕਾਰ ਨੂੰ ਸੂਚਨਾ ਦੇਣ ਵਾਲੇ ਵਿਅਕਤੀਆਂ ਨੂੰ ਨਕਦ ਇਨਾਮ ਦੇਣ ਦੀ ਕੋਈ ਸਕੀਮ ਬਣਾਈ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ਅਤੇ ਇਹ ਸਕੀਮ ਕਿਸ ਤਰੀਕ ਨੂੰ ਹੋਂਦ ਵਿਚ ਆਈ ;

(ਅ) ਅਜਿਹੇ ਵਿਅਕਤੀਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਦੇ ਪਤੇ ਕੀ ਕੀ ਹਨ ਜਿਨ੍ਹਾਂ ਨੂੰ ਹੁਣ ਤੱਕ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੀਮ ਅਧੀਨ ਨਕਦ ਇਨਾਮ ਦਿੱਤਾ ਗਿਆ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਹਾਂ ਜੀ, ਭਰਿਸ਼ਟ ਗਜ਼ਟੀ ਅਤੇ ਅਗਜ਼ਟੀ ਅਫਸਰਾਂ ਨੂੰ ਵੱਢੀ ਲੈਂਦਿਆਂ ਪਕੜਾਉਣ ਵਾਸਤੇ ਸੂਚਨਾ ਦੇਣ ਵਾਲੇ ਵਿਅਕਤੀਆਂ ਨੂੰ ਨਕਦ ਇਨਾਮ ਦੇਣ ਲਈ ਸਰਕਾਰ ਨੇ ਫੈਸਲਾ ਕੀਤਾ ਹੈ । ਨਕਦ ਇਨਾਮ ਦੀ ਰਕਮ 50,000/- ਰੁਪਏ ਹੋਵੇਗੀ ਜੇਕਰ ਪਕੜਿਆ ਗਿਆ ਅਧਿਕਾਰੀ ਦਰਜਾ-1 ਗਜ਼ਟੀ ਜਾਂ ਇਸ ਤੋਂ ਉਚ ਪੱਧਰ ਦਾ ਹੋਵੇ ਅਤੇ 25,000/- ਰੁਪਏ ਦੀ ਰਕਮ ਹੋਵੇਗੀ, ਜੇਕਰ ਉਹ ਦਰਜਾ-2 ਗਜ਼ਟੀ ਜਾਂ ਇਸ ਤੋਂ ਹੇਠਲੇ ਪੱਧਰ ਦਾ ਹੋਵੇ । ਚੌਕਸੀ ਬਿਊਰੋ ਟਰੈਪ ਕਰਨ ਵਾਲੇ ਅਧਿਕਾਰੀ ਤੋਂ ਇਕ ਦਰਜਾ ਉਪਰਲੇ ਪੱਧਰ ਦੇ ਅਫਸਰ ਤੋਂ ਟਰੈਪ ਕੇਸ ਨੂੰ ਵੈਰੀਫਾਈ ਕਰਵਾਏਗਾ । ਉਸ ਤੋਂ ਬਾਅਦ ਮੁੱਖ ਡਾਇਰੈਕਟਰ, ਚੌਕਸੀ ਬਿਊਰੋ ਇਹ ਸਰਟੀਫਿਕੇਟ ਦੇਵੇਗਾ ਕਿ ਰੇਡ ਸਹੀ ਹੈ ਅਤੇ ਅਧਿਕਾਰੀ ਨੂੰ ਝੂਠੇ ਤੌਰ ਤੇ ਨਹੀਂ ਫਸਾਇਆ ਗਿਆ ਹੈ । ਲੋੜੀਂਦੇ ਫੰਡ ਮੁਹੱਈਆ ਕਰਵਾਏ ਜਾਣ ਤੇ ਸਕੀਮ ਦੀ ਪ੍ਰਵਾਨਗੀ ਮਿਤੀ 30 ਮਈ, 1997 ਨੂੰ ਦਿੱਤੀ ਗਈ ਅਤੇ ਸਕੀਮ ਮਿਤੀ 13 ਫਰਵਰੀ, 1997 ਤੋਂ ਲਾਗੂ ਕੀਤੀ ਜਾਣੀ ਹੈ ।

(ਅ) ਸਰਕਾਰ ਨੇ ਇਸ ਸਕੀਮ ਅਧੀਨ ਅਜੇ ਤੱਕ ਕਿਸੇ ਵਿਅਕਤੀ ਨੂੰ ਕੋਈ ਨਕਦ ਇਨਾਮ ਨਹੀਂ ਦਿੱਤਾ ਹੈ ਕਿਉਂਕਿ ਸਕੀਮ ਦੀ ਪ੍ਰਵਾਨਗੀ ਲੋੜੀਂਦੇ ਫੰਡ ਮੁਹੱਈਆ ਕਰਵਾਏ ਜਾਣ ਤੇ ਮਿਤੀ 30 ਮਈ, 1997 ਨੂੰ ਜਾਰੀ ਹੋਈ ਹੈ ਅਤੇ ਲੋੜੀਂਦੀ ਤਸਦੀਕ ਰਿਪੋਰਟ ਅਤੇ ਸਰਟੀਫਿਕੇਟ ਚੌਕਸੀ ਬਿਊਰੋ ਪਾਸੋਂ ਪ੍ਰਾਪਤ ਨਹੀਂ ਹੋਏ ਹਨ ।

[ਮੁੱਖ ਮੰਤਰੀ]
ਐਪਰ ਬਠਿੰਡਾ ਜ਼ਿਲ੍ਹੇ ਦੇ ਇਕ ਵਿਅਕਤੀ ਸ੍ਰੀ ਠਾਕੁਰ ਸਿੰਘ ਨੂੰ ਡਿਪਟੀ ਕਮਿਸ਼ਨਰ, ਬਠਿੰਡਾ ਵੱਲੋਂ ਰੈਡ ਕਰਾਸ ਦੇ ਫੰਡ ਵਿਚੋਂ 25,000/- ਰੁਪਏ ਦਾ ਨਕਦ ਇਨਾਮ ਦਿੱਤਾ ਗਿਆ ਹੈ।

ਅੰਮ੍ਰਿਤਸਰ ਵਿਚ ਨਾਜਾਇਜ਼ ਸ਼ਰਾਬ ਪਕੜ ਨਾ

84. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 16 ਅਪਰੈਲ, 1997 ਤੋਂ 24 ਅਪਰੈਲ, 1997 ਤਕ ਦੇ ਸਮੇਂ ਦੇ ਦੌਰਾਨ ਮਿਊਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ ਦੀ ਸੀਮਾ ਦੇ ਅੰਦਰ ਪੁਲਿਸ ਦੁਆਰਾ ਥਾਣਾ-ਵਾਰ ਕਿੰਨੀ ਨਾਜਾਇਜ਼ ਸ਼ਰਾਬ ਪਕੜੀ ਗਈ ਅਤੇ ਉਹ ਸ਼ਰਾਬ ਕਿਸ ਕਿਸਮ ਦੀ ਸੀ ਅਤੇ ਸਾਲ 1996 ਵਿਚ ਇਸੇ ਹੀ ਸਮੇਂ ਦੇ ਦੌਰਾਨ ਕਿੰਨੀ ਨਾਜਾਇਜ਼ ਸ਼ਰਾਬ ਪਕੜੀ ਗਈ ਅਤੇ ਇਹ ਸ਼ਰਾਬ ਕਿਸ ਕਿਸਮ ਦੀ ਸੀ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਟੇਟਮੈਂਟ, ਜਿਸ ਵਿਚ ਲੋੜੀਂਦੀ ਸੂਚਨਾ ਦਿੱਤੀ ਹੋਈ ਹੈ, ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਸਟੇਟਮੈਂਟ

ਮਿਉਂਸਪਲ ਕਾਰਪੋਰੇਸ਼ਨ ਅੰਮ੍ਰਿਤਸਰ ਦੀ ਹੱਦ ਵਿਚ ਮਿਤੀ 16 ਅਪ੍ਰੈਲ, 1996 ਤੋਂ 24 ਅਪ੍ਰੈਲ, 1996 ਅਤੇ 16 ਅਪ੍ਰੈਲ, 1997 ਤੋਂ 24 ਅਪ੍ਰੈਲ, 1997 ਦੇ ਦੌਰਾਨ ਪੁਲਿਸ ਵੱਲੋਂ ਫੜੀ ਨਾਜਾਇਜ਼ ਸ਼ਰਾਬ ਦੀ ਮਾਤਰਾ ਅਤੇ ਕਿਸਮ ਦਾ ਵੇਰਵਾ (ਮਾਤਰਾ ਲਿਟਰਾਂ ਵਿਚ)

ਲੜੀ ਨੰ:	ਪੁਲਿਸ ਸਟੇਸ਼ਨ ਦਾ ਨਾਂ	ਨਜਾਇਜ਼ ਸ਼ਰਾਬ (ਲਿਟਰਾਂ ਵਿਚ)		ਅੰਗਰੇਜ਼ੀ ਸ਼ਰਾਬ (ਲਿਟਰਾਂ ਵਿਚ)		ਦੇਸੀ ਸ਼ਰਾਬ (ਲਿਟਰਾਂ ਵਿਚ)	
		16-4-96 ਤੋਂ 24-4-96	16-4-97 ਤੋਂ 24-4-97	16-4-96 ਤੋਂ 24-4-96	16-4-97 ਤੋਂ 24-4-97	16-4-96 ਤੋਂ 24-4-96	16-4-97 ਤੋਂ 24-4-97
1.	'ਏ' ਡਵੀਜ਼ਨ ..	ਨਿੱਲ	ਨਿੱਲ	ਨਿੱਲ	0.2	ਨਿੱਲ	ਨਿੱਲ
2.	'ਬੀ' ਡਵੀਜ਼ਨ ..	ਨਿੱਲ	ਨਿੱਲ	ਨਿੱਲ	ਨਿੱਲ	ਨਿੱਲ	ਨਿੱਲ
3.	'ਸੀ' ਡਵੀਜ਼ਨ ..	18.7	11.2	ਨਿੱਲ	21.7	ਨਿੱਲ	210.7
4.	'ਡੀ' ਡਵੀਜ਼ਨ ..	ਨਿੱਲ	ਨਿੱਲ	ਨਿੱਲ	ਨਿੱਲ	ਨਿੱਲ	ਨਿੱਲ
5.	'ਈ' ਡਵੀਜ਼ਨ ..	ਨਿੱਲ	ਨਿੱਲ	ਨਿੱਲ	15.0	ਨਿੱਲ	ਨਿੱਲ
6.	ਸਿਵਲ ਲਾਈਨਜ਼ ..	15.0	22.5	ਨਿੱਲ	ਨਿੱਲ	ਨਿੱਲ	ਨਿੱਲ
7.	ਸਦਰ ਅੰਮ੍ਰਿਤਸਰ ..	ਨਿੱਲ	15.2	ਨਿੱਲ	ਨਿੱਲ	ਨਿੱਲ	ਨਿੱਲ
8.	ਛੇਹਰਟਾ ..	67.7	160.4	ਨਿੱਲ	ਨਿੱਲ	ਨਿੱਲ	52.5
9.	ਇਸਲਾਮਾਬਾਦ ..	ਨਿੱਲ	ਨਿੱਲ	ਨਿੱਲ	ਨਿੱਲ	ਨਿੱਲ	ਨਿੱਲ
10.	ਸੁਲਤਾਨ ਵਿੰਡ ..	ਨਿੱਲ	ਨਿੱਲ	ਨਿੱਲ	ਨਿੱਲ	ਨਿੱਲ	ਨਿੱਲ
	ਜੋੜ (ਲਿਟਰ) ..	101.4	209.3	ਨਿੱਲ	37	ਨਿੱਲ	263.2
	ਬੋਤਲਾਂ ..	135	279	ਨਿੱਲ	49	ਨਿੱਲ	350

ਰਾਜ ਵਿਚ ਮਿਊਂਸਪਲ ਕਾਰਪੋਰੇਸ਼ਨਾਂ ਦੇ ਇਲਾਕਿਆਂ ਦੇ ਅੰਦਰ ਸ਼ਰਾਬ ਦੀ ਵਿਕਰੀ

85. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੀਆਂ ਮਿਊਂਸਪਲ ਕਾਰਪੋਰੇਸ਼ਨਾਂ ਦੀ ਹੱਦ ਦੇ ਅੰਦਰ ਸਥਿਤ ਲਸੰਸ ਸੁਦਾ ਠੇਕਿਆਂ ਦੁਆਰਾ 15 ਅਪਰੈਲ, 1996 ਤੋਂ 24 ਅਪਰੈਲ, 1996 ਅਤੇ 15 ਅਪਰੈਲ, 1997 ਤੋਂ 24 ਅਪਰੈਲ, 1997 ਤੱਕ ਦੇਸੀ ਸ਼ਰਾਬ ਅਤੇ ਅੰਗਰੇਜ਼ੀ ਸ਼ਰਾਬ ਦੀ ਵੱਖ ਵੱਖ ਕਿੰਨੀ ਮਾਤਰਾ ਦੀ ਵਿਕਰੀ ਕੀਤੀ ਗਈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਲੋੜੀਂਦੀ ਸੂਚਨਾ ਨਿਮਨ ਅਨੁਸਾਰ ਹੈ :—

		ਅੰਗਰੇਜ਼ੀ ਸ਼ਰਾਬ ਦੀ ਵਿਕਰੀ		ਦੇਸੀ ਸ਼ਰਾਬ ਦੀ ਵਿਕਰੀ	
ਲੜੀ ਨੰ.	ਕਾਰਪੋਰੇਸ਼ਨ ਦਾ ਨਾਂ	15-4-96 ਤੋਂ 24-4-96	15-4-97 ਤੋਂ 24-4-97	15-4-96 ਤੋਂ 24-4-96	15-4-97 ਤੋਂ 24-4-97
1.	ਅੰਮ੍ਰਿਤਸਰ	18706 ਪੀ.ਐਲ.	20861 ਪੀ.ਐਲ.	42082 ਪੀ.ਐਲ.	37963 ਪੀ.ਐਲ.
2.	ਜਲੰਧਰ	22857 ਪੀ.ਐਲ.	33216 ਪੀ.ਐਲ.	32715 ਪੀ.ਐਲ.	32720 ਪੀ.ਐਲ.
3.	ਲੁਧਿਆਣਾ	72473 ਪੀ.ਐਲ.	75344 ਪੀ.ਐਲ.	88844 ਪੀ.ਐਲ.	94934 ਪੀ.ਐਲ.

ਪਿੰਡ ਚੱਬੇਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇਕ ਸਟੇਡੀਅਮ ਬਣਾਉਣਾ

86. **ਸ੍ਰੀ ਤਿਕਸ਼ਨ ਸੂਦ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਚੱਬੇਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇਕ ਸਟੇਡੀਅਮ ਬਣਾਉਣ ਸਬੰਧੀ ਸਰਕਾਰ ਦੀ ਕੋਈ ਤਜਵੀਜ਼ ਹੈ, ਜੇਕਰ ਹੋਵੇ ਤਾਂ ਇਸ ਤਜਵੀਜ਼ ਦੇ ਕਦੋਂ ਤੱਕ ਅਮਲ ਵਿਚ ਲਿਆਂਦੇ ਜਾਣ ਦੀ ਆਸ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ । ਪਿੰਡ ਚੱਬੇਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਬਲਾਕ ਪੱਧਰ ਦੇ ਸਟੇਡੀਅਮ ਦੀ ਉਸਾਰੀ ਲਈ 25.00 ਲੱਖ ਰੁਪਏ ਮਖਸੂਸ ਕੀਤੇ ਗਏ ਹਨ । ਪਰ ਸਕੀਮ ਦੀ ਸ਼ਰਤ ਅਨੁਸਾਰ ਗ੍ਰਾਮ ਪੰਚਾਇਤ ਵੱਲੋਂ ਅਜੇ ਤੱਕ 5 ਏਕੜ ਜ਼ਮੀਨ ਮੁਹੱਈਆ ਨਹੀਂ ਕੀਤੀ ਗਈ ਜਿਸ ਦੀ ਘੱਟੋ ਘੱਟ ਲੋੜ ਹੈ । ਉਸਾਰੀ ਦਾ ਕੰਮ ਉਦੋਂ ਹੀ ਸ਼ੁਰੂ ਕੀਤਾ ਜਾਵੇਗਾ ਜਦੋਂ ਗ੍ਰਾਮ ਪੰਚਾਇਤ ਇਸ ਲਈ ਯੋਗ ਜ਼ਮੀਨ ਮੁਫਤ ਮੁਹੱਈਆ ਕਰਵਾਏਗੀ ।

ਪਿੰਡ ਨਾਰੂ ਨੰਗਲ ਵਿਖੇ ਸਿੰਜਾਈ ਲਈ ਇਕ ਟਿਊਬਵੈੱਲ ਲਗਾਉਣਾ

87. **ਸ੍ਰੀ ਤਿਕਸ਼ਨ ਸੂਦ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਚੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਬਲਾਕ-II ਹੁਸ਼ਿਆਰਪੁਰ ਵਿਚ ਪੈਂਦੇ ਪਿੰਡ ਨਾਰੂ ਨੰਗਲ ਵਿਖੇ ਸਿੰਜਾਈ ਮੰਤਵਾਂ ਲਈ ਇਕ ਟਿਊਬਵੈੱਲ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ਅਤੇ ਉਸ ਦੇ ਕਦੋਂ ਤੱਕ ਅਮਲ ਵਿਚ ਲਿਆਂਦੇ ਜਾਣ ਦੀ ਆਸ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਹੀਂ ਜੀ ।

ਰਾਜ ਵਿਚ ਸਕੂਲ ਅਪਗਰੇਡ ਕਰਨੇ

88. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਅਜਿਹੇ ਸਕੂਲਾਂ ਦੇ ਜ਼ਿਲ੍ਹਾਵਾਰ ਵੇਰਵੇ ਕੀ ਹਨ ਜਿਨ੍ਹਾਂ ਨੂੰ 12 ਫਰਵਰੀ, 1997 ਤੋਂ ਬਾਅਦ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਪੱਧਰ ਤਕ ਅਪਗਰੇਡ ਕੀਤਾ ਗਿਆ ਹੈ ਅਤੇ ਅਜਿਹੇ ਸਕੂਲਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਨੂੰ ਸਰਕਾਰ ਦੁਆਰਾ ਸਾਲ 1997 ਦੇ ਦੌਰਾਨ ਅਪਗਰੇਡ ਕੀਤੇ ਜਾਣ ਦੀ ਤਜਵੀਜ਼ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਰਾਜ ਵਿਚ ਮਿਤੀ 12 ਫਰਵਰੀ, 1997 ਤੋਂ ਬਾਅਦ ਕੋਈ ਵੀ ਸਕੂਲ, ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਅਪਗਰੇਡ ਨਹੀਂ ਕੀਤਾ ਗਿਆ ਅਤੇ ਸਾਲ 1997-98 ਦੌਰਾਨ ਸਕੂਲਾਂ ਨੂੰ ਅਪਗਰੇਡ ਕਰਨ ਬਾਰੇ ਹਾਲਾਂ ਵਿਚਾਰ ਕਰਨੀ ਹੈ ।

ਸਰਪੰਚਾਂ ਦੀ ਮੁਅੱਤਲੀ

89. **ਕਾਮਰੇਡ ਹਰਦੇਵ ਅਰਸ਼ੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਸਰਪੰਚਾਂ ਦੇ ਜ਼ਿਲ੍ਹਾਵਾਰ ਨਾਂ ਅਤੇ ਵੇਰਵੇ ਕੀ ਹਨ ਜਿਹੜੇ 5 ਮਾਰਚ, 1997 ਤਕ ਮੁਅੱਤਲ ਕੀਤੇ ਗਏ ਸਨ ਅਤੇ ਹਰ ਇਕ ਕੇਸ ਵਿਚ ਉਨ੍ਹਾਂ ਦੀ ਮੁਅੱਤਲੀ ਦੇ ਕਾਰਣ ਕੀ ਹਨ ?

ਸਰਦਾਰ ਨਿਰਮਲ ਸਿੰਘ ਕਾਹਲੋਂ : *ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਪਿੰਡਾਂ ਵਿਚ ਸਸਤੇ ਭਾਅ ਦੀਆਂ ਦੁਕਾਨਾਂ ਦਾ ਉਪਬੰਧ

90. **ਕਾਮਰੇਡ ਹਰਦੇਵ ਅਰਸ਼ੀ** : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ

*Placed in the Library.

[ਕਾਮਰੇਡ ਹਰਦੇਵ ਅਰਸ਼ੀ]

ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਜਿਹੇ ਪਿੰਡਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਸਸਤੇ ਭਾਅ ਦੀਆਂ ਦੁਕਾਨਾਂ ਦਾ ਉਪਬੰਧ ਕੀਤਾ ਗਿਆ ਹੈ;

(ਅ) ਅਜਿਹੇ ਪਿੰਡਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਗੁਆਂਢੀ ਪਿੰਡਾਂ ਵਿਚ ਸਥਿਤ ਸਸਤੇ ਭਾਅ ਦੀਆਂ ਦੁਕਾਨਾਂ ਨਾਲ ਜੋੜਿਆ ਗਿਆ ਹੈ ਅਤੇ ਅਜਿਹੇ ਪਿੰਡਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਹਾਲੇ ਤਕ ਸਸਤੇ ਭਾਅ ਦੀਆਂ ਦੁਕਾਨਾਂ ਅਧੀਨ ਨਹੀਂ ਲਿਆਂਦਾ ਗਿਆ ਹੈ ?

ਸ਼੍ਰੀ ਮਦਨ ਮੋਹਨ ਮਿੱਤਲ : (ੳ) ਰਾਜ ਵਿਚ ਅਜਿਹੇ ਪਿੰਡਾਂ ਦੀ ਜ਼ਿਲ੍ਹਾ-ਵਾਰ ਗਿਣਤੀ ਜਿਨ੍ਹਾਂ ਵਿਚ ਸਸਤੇ ਭਾਅ ਦੀਆਂ ਦੁਕਾਨਾਂ ਦਾ ਉਪਬੰਧ ਕੀਤਾ ਗਿਆ ਹੈ, ਹੇਠ ਲਿਖੇ ਅਨੁਸਾਰ ਹੈ :—

1.	ਅੰਮ੍ਰਿਤਸਰ	1070
2.	ਬਠਿੰਡਾ	261
3.	ਫਰੀਦਕੋਟ	140
4.	ਫਤਿਹਗੜ੍ਹ ਸਾਹਿਬ	249
5.	ਫਿਰੋਜ਼ਪੁਰ	758
6.	ਗੁਰਦਾਸਪੁਰ	1241
7.	ਹੁਸ਼ਿਆਰਪੁਰ	549
8.	ਜਲੰਧਰ	605
9.	ਕਪੂਰਥਲਾ	240
10.	ਲੁਧਿਆਣਾ	635
11.	ਮਾਨਸਾ	223
12.	ਮੋਗਾ	171
13.	ਮੁਕਤਸਰ	220
14.	ਨਵਾਂ ਸ਼ਹਿਰ	278
15.	ਪਟਿਆਲਾ	723
16.	ਰੋਪੜ	402
17.	ਸੰਗਰੂਰ	625
	ਕੁਲ ਜੋੜ	8390

(ਅ) ਅਜਿਹੇ ਪਿੰਡਾਂ ਦੀ ਜ਼ਿਲ੍ਹਾ-ਵਾਰ ਗਿਣਤੀ ਜਿਨ੍ਹਾਂ ਨੂੰ ਗੁਆਂਢੀ ਪਿੰਡਾਂ ਵਿਚ ਸਥਿਤ ਸਸਤੇ ਭਾਅ ਦੀਆਂ ਦੁਕਾਨਾਂ ਨਾਲ ਜੋੜਿਆ ਗਿਆ ਹੈ, ਹੇਠ ਲਿਖੇ ਅਨੁਸਾਰ ਹੈ ।—

1.	ਅੰਮ੍ਰਿਤਸਰ	71
2.	ਬਠਿੰਡਾ	24
3.	ਫਰੀਦਕੋਟ	27
4.	ਫਤਿਹਗੜ੍ਹ ਸਾਹਿਬ	170
5.	ਫਿਰੋਜ਼ਪੁਰ	213
6.	ਗੁਰਦਾਸਪੁਰ	210
7.	ਹੁਸ਼ਿਆਰਪੁਰ	846
8.	ਜਲੰਧਰ	277
9.	ਕਪੂਰਥਲਾ	313
10.	ਲੁਧਿਆਣਾ	288
11.	ਮਾਨਸਾ	18
12.	ਮੋਗਾ	5
13.	ਮੁਕਤਸਰ	14
14.	ਨਵਾਂ ਸ਼ਹਿਰ	193
15.	ਪਟਿਆਲਾ	281
16.	ਰੋਪੜ	485
17.	ਸੰਗਰੂਰ	77
	ਕੁੱਲ ਜੋੜ	3,517

ਅਜਿਹੇ ਕੋਈ ਪਿੰਡ ਨਹੀਂ ਹਨ ਜਿਨ੍ਹਾਂ ਨੂੰ ਅਜੇ ਤੱਕ ਸਸਤੇ ਭਾਅ ਦੀਆਂ ਦੁਕਾਨਾਂ ਅਧੀਨ ਨਾ ਲਿਆਂਦਾ ਗਿਆ ਹੋਵੇ ।

ਰਾਜ ਵਿਚ ਟਮਾਟਰਾਂ ਦੀ ਕਾਸ਼ਤ

133. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਹਰ ਇਕ ਸਾਲਾਂ 1993-94, 1994-95, 1995-96 ਅਤੇ 1996-97 ਦੇ ਦੌਰਾਨ ਕੁੱਲ ਕਿੰਨੇ ਏਕੜ ਜ਼ਮੀਨ ਤੇ ਟਮਾਟਰਾਂ ਦੀ ਕਾਸ਼ਤ ਕੀਤੀ ਗਈ ?

ਸਰਦਾਰ ਗੁਰਦੇਵ ਸਿੰਘ ਬਾਦਲ : ਪੰਜਾਬ ਰਾਜ ਵਿਚ ਟਮਾਟਰਾਂ ਦੀ ਖੇਤੀ ਅਧੀਨ ਸਾਲਵਾਰ ਰਕਬਾ ਹੇਠ ਲਿਖੇ ਅਨੁਸਾਰ ਸੀ :-

ਸਾਲ	ਰਕਬਾ (ਏਕੜ)
1993-94	13,750
1994-95	14,000
1995-96	14,375
1996-97	14,500 (ਅਨੁਮਾਨਤ)

ਟਾਡਾ ਅਧੀਨ ਗ੍ਰਿਫਤਾਰੀਆਂ

134. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਵੱਖ ਵੱਖ 31 ਦਸੰਬਰ, 1992; 31 ਦਸੰਬਰ, 1993; 31 ਦਸੰਬਰ 1994; 31 ਦਸੰਬਰ, 1995 ਅਤੇ 31 ਦਸੰਬਰ, 1996 ਤੱਕ ਅੱਤਵਾਦ ਅਤੇ ਭੰਨ ਤੋੜ ਦੀਆਂ ਕਾਰਵਾਈਆਂ ਤੇ ਰੋਕ ਐਕਟ, 1985 ਅਧੀਨ ਨਜ਼ਰਬੰਦ ਕੀਤੇ ਗਏ ਵਿਅਕਤੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਕਿੰਨੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸੂਚੀ

ਪੰਜਾਬ ਰਾਜ ਵਿੱਚ ਅੱਤਵਾਦ ਅਤੇ ਭੰਨ-ਤੋੜ ਦੀਆਂ ਕਾਰਵਾਈਆਂ (ਰੋਕੂ) ਐਕਟ 1985 ਅਧੀਨ ਜ਼ਿਲ੍ਹਾਵਾਰ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਵੱਖੋ-ਵੱਖ ਗਿਣਤੀ ਜਿਵੇਂ ਕਿ ਮਿਤੀ 31-12-1992, 31-12-1993, 31-12-1994, 31-12-1995 ਅਤੇ 31-12-1996 ਹੇਠ ਅਨੁਸਾਰ ਹੈ :-

ਜ਼ਿਲ੍ਹਾ	31-12-92	31-12-93	31-12-94	31-12-95	31-12-96
ਅੰਮ੍ਰਿਤਸਰ	1789	1939	1968	1983	1987
ਮਜੀਠਾ	1020	1109	1114	1132	1140
ਤਰਨਤਾਰਨ	1605	1618	1618	1618	1620
ਗੁਰਦਾਸਪੁਰ	506	541	559	563	563
ਬਟਾਲਾ	1430	1453	1463	1475	1475
ਜਲੰਧਰ	660	659	913	956	808
ਨਵਾਂ-ਸ਼ਹਿਰ	—	—	—	—	214
ਹੁਸ਼ਿਆਰਪੁਰ	604	625	626	626	571
ਕਪੂਰਥਲਾ	469	473	475	475	475
ਲੁਧਿਆਣਾ	420	444	446	446	448
ਜਗਰਾਉਂ	697	710	713	713	717
ਖੰਨਾ	274	312	238	258	258
ਰੋਪੜ	438	468	486	487	499
ਪਟਿਆਲਾ	502	557	566	572	575
ਸੰਗਰੂਰ	444	489	491	573	573

[ਮੁੱਖ ਮੰਤਰੀ]

1	2	3	4	5	6
ਬਰਨਾਲਾ	251	267	268	387	387
ਫਤਹਿਗੜ੍ਹ ਸਾਹਿਬ	204	206	223	224	224
ਫਿਰੋਜ਼ਪੁਰ	1071	1109	1115	1117	1118
ਫਰੀਦਕੋਟ	1889	1903	1903	1907	610
ਮੁਕਤਸਰ	—	—	—	—	273
ਮੋਗਾ	—	—	—	—	1,026
ਬਠਿੰਡਾ	108	203	239	239	239
ਮਾਨਸਾ	24	37	47	258	258
ਜੀ.ਆਰ.ਪੀ.	52	53	54	54	62

ਨਵਾਂ ਸ਼ਹਿਰ ਵਿਖੇ ਸਟੇਡੀਅਮ ਦੀ ਉਸਾਰੀ

143.**ਸ੍ਰੀ ਚਰਨਜੀਤ ਸਿੰਘ** (ਨਵਾਂ ਸ਼ਹਿਰ): ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਸਵਰਗਵਾਸੀ ਸਰਦਾਰ ਦਿਲਬਾਗ ਸਿੰਘ, ਸਾਬਕਾ ਮੰਤਰੀ, ਪੰਜਾਬ ਦੇ ਨਾਂ ਤੇ ਨਵਾਂ ਸ਼ਹਿਰ ਵਿਖੇ ਕੋਈ ਸਟੇਡੀਅਮ ਬਣਾਉਣ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਉਸਾਰੀ ਦਾ ਕੰਮ ਕਦੋਂ ਤੱਕ ਸ਼ੁਰੂ ਕੀਤੇ ਜਾਣ ਅਤੇ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਬਲਰਾਮਜੀ ਦਾਸ ਟੰਡਨ : ਨਗਰ ਕੌਂਸਲ ਨਵਾਂ ਸ਼ਹਿਰ ਵਿਖੇ ਲੇਟ ਸਰਦਾਰ ਦਿਲਬਾਗ ਸਿੰਘ ਸਾਬਕਾ ਮਨਿਸਟਰ ਦੇ ਨਾਂ ਤੇ ਸਟੇਡੀਅਮ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ ਜੀ ।

ਨਵਾਂ ਸ਼ਹਿਰ ਜ਼ਿਲ੍ਹੇ ਵਿਚ ਇਮਾਰਤਾਂ ਤੋਂ ਬਗੈਰ ਸਕੂਲ

144. **ਸ੍ਰੀ ਚਰਨਜੀਤ ਸਿੰਘ** (ਨਵਾਂ ਸ਼ਹਿਰ): ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਨਵਾਂ ਸ਼ਹਿਰ ਵਿਚ ਇਸ ਸਮੇਂ ਅਜਿਹੇ ਸਰਕਾਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਉਚਿਤ ਇਮਾਰਤਾਂ ਤੋਂ ਬਗੈਰ ਹਨ ?

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਲਈ ਇਮਾਰਤਾਂ ਬਣਾਉਣ/ਪ੍ਰਬੰਧ ਕਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦੀ ਤਜਵੀਜ਼ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ :(ੳ) 13 ਸਰਕਾਰੀ ਸਕੂਲ (7 ਮਿਡਲ ਸਕੂਲ ਅਤੇ 6 ਪ੍ਰਾਇਮਰੀ ਸਕੂਲ) ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਬਿਨ੍ਹਾਂ ਇਮਾਰਤਾਂ ਤੋਂ ਹਨ ।

(ਅ) ਉਪਰੋਕਤ ਭਾਗ 'ੲ' ਵਿੱਚ ਦੱਸੇ ਸਕੂਲਾਂ ਲਈ ਢੁਕਵੀਆਂ ਇਮਾਰਤਾਂ ਬਣਾਉਣ ਲਈ ਚੇਅਰਮੈਨ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ, ਨਵਾਂ ਸ਼ਹਿਰ ਨੂੰ ਲੋੜੀਂਦੇ ਫੰਡਜ਼ ਦੇਣ ਲਈ ਪਹਿਲਾਂ ਹੀ ਬੇਨਤੀ ਕੀਤੀ ਜਾ ਚੁੱਕੀ ਹੈ ਜਿਸ ਤੇ ਨਿਰਭਰ ਕਰਦੀਆਂ ਇਨ੍ਹਾਂ ਸਕੂਲਾਂ ਲਈ ਇਮਾਰਤਾਂ ਬਣਾਈਆਂ ਜਾਣਗੀਆਂ ।

ਨਵਾਂ ਸ਼ਹਿਰ ਵਿਚ ਜ਼ਿਲ੍ਹਾ ਪਰਿਸ਼ਦ ਦਾ ਗਠਨ

145. **ਸ੍ਰੀ ਚਰਨਜੀਤ ਸਿੰਘ** (ਨਵਾਂ ਸ਼ਹਿਰ) : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਕੋਈ ਜ਼ਿਲ੍ਹਾ ਪਰਿਸ਼ਦ ਗਠਿਤ ਕੀਤੀ ਗਈ ਹੈ; ਜੇਕਰ ਨਹੀਂ; ਤਾਂ ਇਸ ਦੇ ਕਦੋਂ ਤੱਕ ਗਠਿਤ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਨਿਰਮਲ ਸਿੰਘ ਕਾਹਲੋਂ : ਹਾਂ ਜੀ, ਮਿਤੀ 20-6-96 ਨੂੰ ਗਠਿਤ ਕੀਤੀ ਗਈ ਹੈ ।

ਨਵਾਂ ਸ਼ਹਿਰ ਵਿਖੇ ਡਿਪਟੀ ਕਮਿਸ਼ਨਰ ਅਤੇ ਸੀਨੀਅਰ ਸੁਪਰਡੰਟ ਆਫ਼ ਪੁਲਸ ਲਈ ਮਕਾਨ ਬਣਾਉਣੇ

146. **ਸ੍ਰੀ ਚਰਨਜੀਤ ਸਿੰਘ** (ਨਵਾਂ ਸ਼ਹਿਰ) : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਵਾਂ ਸ਼ਹਿਰ ਵਿਖੇ ਡਿਪਟੀ ਕਮਿਸ਼ਨਰ ਅਤੇ ਸੀਨੀਅਰ ਸੁਪਰਡੰਟ ਆਫ਼ ਪੁਲਿਸ ਲਈ ਰਿਹਾਇਸ਼ੀ ਮਕਾਨ ਬਣਾਉਣ ਦਾ ਸਰਕਾਰ ਦਾ ਪ੍ਰਸਤਾਵ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੇ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ । ਪਰ ਡਿਪਟੀ ਕਮਿਸ਼ਨਰ, ਨਵਾਂ ਸ਼ਹਿਰ ਅਤੇ ਸੀਨੀਅਰ ਸੁਪਰਡੰਟ ਪੁਲਿਸ, ਨਵਾਂ ਸ਼ਹਿਰ ਦੀਆਂ ਰਿਹਾਇਸ਼ੀ ਇਮਾਰਤਾਂ ਉਸਾਰਨ ਲਈ ਉਚਿੱਤ ਥਾਂ ਉਪਲਬਧ ਨਹੀਂ ਹੈ, ਇਸ ਲਈ ਇਹਨਾਂ ਦੀ ਉਸਾਰੀ ਵਾਸਤੇ ਸਮਾਂ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ ।

PRESENTATION OF FIRST REPORT OF THE BUSINESS ADVISORY COMMITTEE

Mr. Speaker : I have to present to the House the First Report

[Mr. Speaker]

of the Business Advisory Committee, which reads as under :-

After considering the Tentative/date wise Programme, the Committee recommended that the following business be transacted at the sitting of the Vidhan Sabha from 11-6-1997 to 23-6-1997 :—

Wednesday the 11th June, 1997 (9.00 A.M.)	Presentation of Budget Estimates for the year 1997-98.
Thursday, the 12th June, 1997 (9-00 A.M.)	Non-Official Business.
Friday, the 13th June, 1997 (9-00 A.M.)	General discussion on Budget Estimates for the year 1997-98.
Saturday, the 14th June, 1997 Sunday, the 15th June, 1997)	Holidays.
Monday, the 16th June, 1997 (2-00 P.M.)	Resumption of general discussion on Budget Estimates for the year 1997-98.
Tuesday, the 17th June, 1997 (9-00 A.M.)	Resumption of general discussion on Budget Estimates for the year 1997-98.
Wednesday, the 18th June, 1997 (9-00 A.M.)	Resumption of general discussion on Budget Estimates for tne year 1997-98. (To be concluded)
Thursday, the 19th June, 1997 (9-00 A.M.) (Morning Sitting)	Non-Official Business.
Thursday, the 19th June, 1997 (2-30 P.M.) (Afternoon Sitting)	Discussion and Voting on Demands for Grants for the year 1997-98.
Friday, the 20th June, 1997 (9-00 A.M.)	Resumption of discussion and Voting on Demands for Grants for the year 1997-98.
Saturday, the 21st June, 1997) Sunday, the 22nd June, 1997	Holidays.
Monday, the 23rd June, 1997	Appropriation Bill in respect of Budget Estimates for the year 1997-98.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that/those rule/rules shall stand suspended to that extent.

Minister for Parliamentary Affairs (Shri Madan Mohan Mittal) : Sir, I beg to move—

That this House agrees with the recommendations contained in the First Report of the Business Advisory Committee.

Mr. Speaker : Motion moved—

That this House agrees with the recommendations contained in the First Report of the Business Advisory Committee.

Mr. Speaker : Question is—

That this House agrees with the recommendations contained in the First Report of the Business Advisory Committee.

The motion was carried.

PRESENTATION OF BUDGET ESTIMATES FOR THE YEAR 1997-98

ਸ੍ਰੀ ਸਪੀਕਰ : ਮੈਂ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਪਿਛਲੀ ਪ੍ਰਥਾ ਅਨੁਸਾਰ ਵਿੱਤ ਮੰਤਰੀ ਸਾਹਿਬ ਦੇ ਭਾਸ਼ਣ ਦੌਰਾਨ ਕੋਈ ਪੁਆਇੰਟ ਆਫ ਆਰਡਰ ਨਾ ਉਠਾਉਣ । ਮੈਂ ਮਾਨਯੋਗ ਮੈਂਬਰਾਂ ਦਾ ਧਿਆਨ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 165 ਵੱਲ ਦਿਵਾਉਣਾ ਜ਼ਰੂਰੀ ਸਮਝਦਾ ਹਾਂ ਜੋ ਇਸ ਤਰ੍ਹਾਂ ਹੈ ਕਿ ਬਜਟ ਅਨੁਮਾਨ ਪੇਸ਼ ਕਰਨ ਲਈ ਮਿੱਥੇ ਗਏ ਦਿਨ ਨੂੰ ਪ੍ਰਸ਼ਨ ਪੁੱਛਣ ਅਤੇ ਉੱਤਰ ਦੇਣ ਤੋਂ ਇਲਾਵਾ, ਸਿਵਾਏ ਸਪੀਕਰ ਦੀ ਮਰਜ਼ੀ ਦੇ ਹੋਰ ਕੋਈ ਕੰਮ-ਕਾਰ ਨਹੀਂ ਹੋਵੇਗਾ । ਵਿੱਤ ਮੰਤਰੀ ਜੀ ।

(ਇਸ ਸਮੇਂ ਸੀ.ਪੀ.ਆਈ. ਦੇ ਮਾਨਯੋਗ ਮੈਂਬਰ ਕਾਮਰੇਡ ਅਜੈਬ ਸਿੰਘ ਰੌਂਤਾ ਅਤੇ ਭਾਰਤੀ ਜਨਤਾ ਪਾਰਟੀ ਦੇ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

ਸ੍ਰੀ ਸਪੀਕਰ : ਰੌਂਤਾ ਜੀ, ਤੁਸੀਂ ਕੱਲ੍ਹ ਕਹਿ ਲੈਣਾ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

ਸ੍ਰੀ ਸਪੀਕਰ : ਤੁਸੀਂ ਵੀ ਕੱਲ੍ਹ ਬੋਲ ਲੈਣਾ । ਹਾਂ ਜੀ, ਐਫ. ਐਮ. ਸਾਹਿਬ ।

ਵਿੱਤ ਮੰਤਰੀ (ਕੈਪਟਨ ਕੰਵਲਜੀਤ ਸਿੰਘ): ਮਾਨਯੋਗ ਸਪੀਕਰ ਸਾਹਿਬ, ਵਿੱਤੀ ਸਾਲ 1997-98 ਲਈ ਮੈਂ ਪੰਜਾਬ ਦਾ ਆਪਣਾ ਪਹਿਲਾ ਬਜਟ ਪੇਸ਼ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਜਿੱਥੇ ਇਹ ਮੇਰੇ ਲਈ ਬੇਹੱਦ ਖੁਸ਼ੀ ਅਤੇ ਮਾਣ ਵਾਲਾ ਮੌਕਾ ਹੈ, ਉਥੇ ਮੇਰੇ ਮਨ ਵਿਚ ਸਮੂਹ ਪੰਜਾਬੀਆਂ ਪ੍ਰਤੀ ਅਥਾਹ ਸਨੇਹ, ਨਿਮਰਤਾ ਅਤੇ ਜ਼ਿੰਮੇਵਾਰੀ ਦਾ ਡੂੰਘਾ ਅਹਿਸਾਸ ਵੀ ਮੌਜੂਦ ਹੈ । (ਥੰਪਿੰਗ)

[ਵਿੱਤ ਮੰਤਰੀ]

2. ਸਪੀਕਰ ਸਾਹਿਬ, ਆਮ ਤੌਰ ਤੇ ਕਿਸੇ ਵੀ ਸਰਕਾਰ ਦੇ ਬਜਟ ਨੂੰ ਮਹਿਜ਼ ਆਰਥਿਕ ਸਕੀਮਾਂ ਅਤੇ ਅੰਕੜਿਆਂ ਦਾ ਜਾਲ ਹੀ ਸਮਝ ਲਿਆ ਜਾਂਦਾ ਹੈ। ਅਕਸਰ ਸਰਕਾਰਾਂ ਵੀ ਬਜਟ ਨੂੰ ਕੇਵਲ ਆਰਥਿਕ ਯੋਜਨਾਬੰਦੀ ਦੀ ਰੂਪ-ਰੇਖਾ ਤੱਕ ਹੀ ਸੀਮਤ ਸਮਝਦੀਆਂ ਹਨ। ਪਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਕੋਈ ਵੀ ਬਜਟ ਅਸਲ ਵਿਚ ਸਬੰਧਤ ਖਿੱਤੇ ਦੀਆਂ ਸਮਾਜਿਕ, ਆਰਥਿਕ, ਮਨੋਵਿਗਿਆਨਕ ਅਤੇ ਭਾਵਨਾਤਮਕ ਪ੍ਰਸਥਿਤੀਆਂ ਪ੍ਰਤੀ ਉਥੋਂ ਦੀ ਸਰਕਾਰ ਦੀ ਵਿਆਪਕ ਫ਼ਿਲਾਸਫ਼ੀ ਦੀ ਤਰਜਮਾਨੀ ਕਰਦਾ ਹੈ। ਮੌਜੂਦਾ ਬਜਟ ਕੇਵਲ ਸਾਡੀ ਸਰਕਾਰ ਵਲੋਂ ਆਰਥਿਕ ਖੇਤਰ ਵਿਚ ਚੁੱਕੇ ਜਾਣ ਵਾਲੇ ਕਦਮਾਂ ਦੀ ਰੂਪ-ਰੇਖਾ ਹੀ ਨਹੀਂ ਹੈ, ਬਲਕਿ ਇਸ ਵਿਚ ਅਸੀਂ ਪੰਜਾਬ ਅਤੇ ਪੰਜਾਬੀਆਂ ਦੀ ਅਜੋਕੀ ਸਥਿਤੀ ਪ੍ਰਤੀ ਆਪਣੀ ਭਾਵਨਾ ਅਤੇ ਕੱਲ੍ਹ ਦੇ ਪੰਜਾਬ ਲਈ ਸਾਡੇ ਵਲੋਂ ਲਏ ਜਾ ਰਹੇ ਸੁਪਨਿਆਂ ਨੂੰ ਸੱਚ ਕਰਨ ਲਈ ਆਪਣੇ ਵਲੋਂ ਕੀਤੇ ਜਾਣ ਵਾਲੇ ਯਤਨਾਂ ਦੀ ਰੂਪ-ਰੇਖਾ ਵੀ ਪੇਸ਼ ਕੀਤੀ ਹੈ।

3. ਸਪੀਕਰ ਸਾਹਿਬ, ਸਾਡੇ ਰਾਜ ਦੇ ਲੋਕਾਂ ਦੇ ਜੀਵਨ ਅੰਦਰ ਕਈ ਪਹਿਲੂਆਂ ਤੋਂ ਇਹ ਇੱਕ ਬੇਹੱਦ ਸੰਵੇਦਨਸ਼ੀਲ ਅਤੇ ਇਤਿਹਾਸਕ ਮੌਕਾ ਹੈ। ਲਗਭੱਗ ਇੱਕ ਦਹਾਕੇ ਤੋਂ ਬਾਅਦ, ਪੰਜਾਬ ਅੰਦਰ ਸਹੀ ਅਰਥਾਂ ਵਿਚ ਲੋਕਾਂ ਦੀ ਨੁਮਾਇੰਦਾ ਸਰਕਾਰ ਦੀ ਸਥਾਪਨਾ ਹੋਈ ਹੈ। (ਥੰਪਿੰਗ) ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਦਿਨ ਰਾਤ ਇੱਕ ਕਰਕੇ ਪੰਜਾਬੀ ਏਕਤਾ ਦੀ ਇੱਕ ਸ਼ਕਤੀਸ਼ਾਲੀ ਲਹਿਰ ਖੜ੍ਹੀ ਕਰ ਦਿੱਤੀ ਹੈ। (ਥੰਪਿੰਗ) ਇਸ ਲਹਿਰ ਨੇ ਪੰਜਾਬ ਦੇ ਸਮਾਜਿਕ ਅਤੇ ਰਾਜਨੀਤਕ ਮਾਹੌਲ ਵਿਚ ਇੱਕ ਨਵੀਂ ਰੂਹ ਫੂਕ ਦਿੱਤੀ ਹੈ। ਸਾਡੀ ਸਰਕਾਰ ਨੇ ਪੰਜਾਬੀ ਏਕਤਾ ਨੂੰ ਅਮਲੀ ਰੂਪ ਵਿਚ ਲਿਆ ਕੇ ਆਰਥਿਕ ਗਤੀਸ਼ੀਲਤਾ ਨੂੰ ਸੰਭਵ ਬਣਾਇਆ ਹੈ ਅਤੇ ਪੰਜਾਬ ਨੂੰ ਬੀਤੇ ਦੇ ਹਨੇਰੇ ਵਿਚੋਂ ਕੱਢਣ ਲਈ ਅਰਥ ਭਰਪੂਰ ਯਤਨ ਆਰੰਭੇ ਹਨ।

4. ਸਪੀਕਰ ਸਾਹਿਬ, ਪੰਜਾਬ ਅਤੇ ਪੰਜਾਬੀਆਂ ਲਈ ਪਿਛਲੇ ਕੋਈ ਦੋ ਦਹਾਕੇ ਦਾ ਅਰਸਾ ਇੱਕ ਅਜਿਹੇ ਦਰਦ ਅਤੇ ਪੀੜਾ ਦਾ ਵਕਤ ਰਿਹਾ ਹੈ, ਜਿਸ ਨੂੰ ਸਿਰਫ ਉਹੀ ਸਮਝ ਸਕਦੇ ਹਨ ਜਿਨ੍ਹਾਂ ਨੇ ਇਸ ਨੂੰ ਹੰਢਾਇਆ ਹੈ। ਹਿੰਸਾ ਦੇ ਦੌਰ ਦੌਰਾਨ ਦਰਦ ਅਤੇ ਪੀੜਾ ਦੇ ਪਰਛਾਵੇਂ ਹੇਠੋਂ ਲੰਘੇ ਮੇਰੇ ਪਿਆਰੇ ਪੰਜਾਬ ਦਾ ਉਹ ਮੰਦਭਾਗਾ ਦ੍ਰਿਸ਼, ਜਿਸ ਵਿਚ ਹਜ਼ਾਰਾਂ ਵਿਲਕਦੀਆਂ ਰੂਹਾਂ ਮਦਦ ਲਈ ਚਿਲਾ ਰਹੀਆਂ ਹਨ, ਜ਼ਖਮਾਂ ਤੇ ਮੱਲ੍ਹਮ ਲਗਣ ਦੀ ਉਡੀਕ ਕਰ ਰਹੀਆਂ ਹਨ, ਅਨੇਕਾਂ ਅੱਖਾਂ ਦੇ ਅੱਥਰੂ ਅਜੇ ਪੂੰਝੇ ਜਾਣੇ ਹਨ ਅਤੇ ਹਜ਼ਾਰਾਂ ਘਰਾਂ ਵਿਚ ਹਨੇਰਾ ਤੇ ਹਜ਼ਾਰਾਂ ਦਿਲਾਂ ਵਿਚ ਵੀਰਾਨੀ ਛਾਈ ਹੋਈ ਹੈ, ਅਜੇ ਵੀ ਮੇਰੇ ਸਾਹਮਣੇ ਆ ਰਿਹਾ ਹੈ। ਪਿਛਲੀਆਂ ਚੋਣਾਂ ਦੌਰਾਨ ਸਾਡੇ ਆਗੂ ਅਤੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਇਸ ਦਰਦ ਦੀ ਸ਼ਿੱਦਤ ਨੂੰ ਮਹਿਸੂਸ ਕਰਦਿਆਂ ਹਰ ਅੱਖ ਦੇ ਅੱਥਰੂ ਪੂੰਝਣ, ਹਰ ਘਰ ਵਿਚ ਉਜਾਲਾ ਕਰਨ, ਹਰ ਮਨ ਵਿਚ ਖੇੜੇ ਲਿਆਉਣ ਅਤੇ ਹਰ ਜ਼ਖਮ ਉਤੇ ਮੱਲ੍ਹਮ ਲਗਾਉਣ ਦਾ ਨਿਸ਼ਚਾ ਕੀਤਾ ਸੀ। (ਥੰਪਿੰਗ) ਮੌਜੂਦਾ ਬਜਟ

ਤਿਆਰ ਕਰਨ ਲੱਗਿਆਂ ਮੇਰੀ ਇਹੋ ਕੋਸ਼ਿਸ਼ ਰਹੀ ਹੈ ਕਿ ਮੈਂ ਹਰ ਪੰਜਾਬੀ ਦਾ ਦੁੱਖ ਹਲਕਾ ਕਰ ਸਕਾਂ ਅਤੇ ਆਪਣੀਆਂ ਤਜਵੀਜ਼ਾਂ ਰਾਹੀਂ ਉਨ੍ਹਾਂ ਦੇ ਜ਼ਖਮਾਂ ਉਤੇ ਮਲ੍ਹਮ ਲਗਾ ਸਕਾਂ ।

5. ਸਪੀਕਰ ਸਾਹਿਬ, ਸਾਡੇ ਦੇਸ਼ ਨੂੰ ਸਿਆਸੀ ਆਜ਼ਾਦੀ ਜ਼ਰੂਰ ਪ੍ਰਾਪਤ ਹੋ ਗਈ ਹੈ ਪਰ ਆਰਥਿਕ ਬਰਾਬਰੀ ਦੀ ਅਣਹੋਂਦ ਕਾਰਨ ਇਹ ਆਜ਼ਾਦੀ ਅਰਥ-ਹੀਣ ਹੋ ਕੇ ਰਹਿ ਗਈ ਹੈ । ਮੈਂ ਆਪਣੀਆਂ ਤਜਵੀਜ਼ਾਂ ਰਾਹੀਂ ਪੰਜਾਬ ਵਿਚ ਇਸ ਅਮਲ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਕੀਤੀ ਹੈ । (ਥੰਪਿੰਗ) ਪੰਜਾਬ ਦੇ ਹਰ ਵਰਗ ਨੂੰ ਖੁਸ਼ਹਾਲੀ ਦੇ ਬਰਾਬਰ ਮੌਕੇ ਪ੍ਰਦਾਨ ਕੀਤੇ ਜਾਣ ਅਤੇ ਪੰਜਾਬ ਦੇ ਹਰ ਖਿੱਤੇ ਦਾ ਇਕੋ ਜਿਹਾ ਵਿਕਾਸ ਹੋਵੇ । ਇਸ ਲਈ ਜ਼ਰੂਰੀ ਹੈ ਕਿ ਸਮਾਜਿਕ ਅਤੇ ਆਰਥਿਕ ਅਨਿਆਂ ਨੂੰ ਖਤਮ ਕੀਤਾ ਜਾਏ । ਦੱਬੇ ਅਤੇ ਪੱਛੜੇ ਵਰਗਾਂ ਨੂੰ ਦੂਸਰਿਆਂ ਦੇ ਬਰਾਬਰ ਲਿਆਉਣ ਲਈ ਵਿਸ਼ੇਸ਼ ਵਸੀਲੇ ਮੁਹੱਈਆ ਕਰਵਾਏ ਜਾਣ । ਸਾਡੀ ਸਰਕਾਰ ਇਸ ਪੱਖੋਂ ਇੱਕ ਪਾਸੇ ਜਿੱਥੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਦੇ ਸਮਤਲ ਵਿਕਾਸ ਲਈ ਵਚਨਬੱਧ ਹੈ ਉਥੇ ਅਸੀਂ ਦਲਿਤ ਵੀਰਾਂ ਦੀ ਬਿਹਤਰੀ ਲਈ ਅਤੇ ਉਨ੍ਹਾਂ ਨੂੰ ਆਪਣੇ ਸਮਾਜ ਦੇ ਸਿਰ-ਕੱਢ ਅਤੇ ਮਾਣਮੱਤੇ ਅੰਗ ਬਣਾਉਣ ਲਈ ਪੂਰੀ ਤਨ ਦੇਹੀ ਨਾਲ ਯਤਨ ਕਰ ਰਹੇ ਹਾਂ । ਸਾਨੂੰ ਇਸ ਗੱਲ ਤੇ ਫ਼ਖਰ ਹੈ ਕਿ ਮਹਾਨ ਗੁਰੂ ਸਾਹਿਬਾਨ ਦੇ ਸੁਪਨਿਆਂ ਦੇ ਐਨ ਅਨੁਕੂਲ, ਇਸ ਸਦਨ ਦੇ ਸਰਵਉੱਚ ਅਹੁਦੇ ਉਤੇ ਪਹਿਲੀ ਵਾਰ ਇੱਕ ਦਲਿਤ ਵੀਰ ਬਿਰਾਜਮਾਨ ਹੋਇਆ ਹੈ । (ਥੰਪਿੰਗ) ਪਿੱਛੇ ਰਹਿ ਗਏ ਅਤੇ ਸ਼ੋਸ਼ਿਤ ਵਰਗਾਂ ਦੀ ਬਿਹਤਰੀ ਲਈ ਸਾਡੀ ਸਰਕਾਰ ਨੇ ਕਈ ਅਹਿਮ ਕਦਮ ਚੁੱਕੇ ਹਨ ਅਤੇ ਅਸੀਂ ਹੋਰ ਵੀ ਕਈ ਕੁਝ ਕਰਨ ਬਾਰੇ ਸੋਚ ਰਹੇ ਹਾਂ ਜਿਸ ਬਾਰੇ ਵਿਸਥਾਰਪੂਰਵਕ ਗੱਲ ਮੈਂ ਅੱਗੇ ਚਲ ਕੇ ਕਰਾਂਗਾ ।

6. ਪਿਛਲੇ ਕਾਫੀ ਸਮੇਂ ਤੋਂ ਪੰਜਾਬ ਦੇ ਆਰਥਿਕ ਵਿਕਾਸ ਵਿਚ ਇੱਕ ਬੇਹੱਦ ਚਿੰਤਾਜਨਕ ਖੜੋਤ ਆਈ ਹੋਈ ਹੈ । ਸੱਚੀ ਗੱਲ ਤਾਂ ਇਹ ਹੈ ਕਿ ਇੱਥੇ ਪਿਛਲੇ ਕੁਝ ਸਾਲਾਂ ਤੋਂ ਆਰਥਿਕ ਵਿਕਾਸ ਲਈ ਕੋਈ ਯੋਜਨਾਬੰਦੀ ਕੀਤੀ ਹੀ ਨਹੀਂ ਗਈ । ਇਥੋਂ ਤੱਕ ਕਿ ਪੰਜਾਬ ਵਿਚ ਉਦਯੋਗ ਅਤੇ ਵਿਓਪਾਰ ਲਈ ਲੋੜੀਂਦੇ ਪੂੰਜੀ-ਨਿਵੇਸ਼ ਦਾ ਮਾਹੌਲ ਅਜੇ ਬਣਾਇਆ ਜਾਣਾ ਹੈ । ਸਾਡੀ ਸਰਕਾਰ ਨੇ ਆਉਂਦਿਆਂ ਹੀ ਇਸ ਗੱਲ ਨੂੰ ਸਭ ਤੋਂ ਵੱਧ ਪਹਿਲ ਦਿੱਤੀ ਹੈ ਕਿ ਹਰ ਖੇਤਰ ਵਿਚ ਵੱਧ ਤੋਂ ਵੱਧ ਪੂੰਜੀ-ਨਿਵੇਸ਼ ਕਰਵਾ ਕੇ ਇਸ ਵਿਚ ਗਤੀਸ਼ੀਲਤਾ ਲਿਆਂਦੀ ਜਾਏ । ਪੰਜਾਬ ਵਿਚ ਉਦਯੋਗਿਕ ਅਤੇ ਵਿਓਪਾਰਕ ਪੂੰਜੀ-ਨਿਵੇਸ਼ ਵੱਲ ਸਭ ਤੋਂ ਵੱਧ ਧਿਆਨ ਦੇਣ ਦੀ ਲੋੜ ਹੈ । ਆਰਥਿਕ ਤੌਰ ਤੇ ਸਥਿਰ ਪੰਜਾਬ ਲਈ ਇਕ ਮਜ਼ਬੂਤ ਸਨੱਅਤੀ ਆਧਾਰ ਦੀ ਸਥਾਪਨਾ ਮੁੱਢਲੀ ਲੋੜ ਹੈ ।

7. ਗੱਲ ਭਾਵੇਂ ਖੇਤੀ-ਬਾੜੀ ਵਿਓਪਾਰ ਜਾਂ ਉਦਯੋਗ ਦੀ ਹੋਵੇ, ਉਤਪਾਦਕਤਾ ਵਿੱਚ ਸੁਧਾਰ ਲਿਆਉਣ ਦੀ ਫੌਰੀ ਲੋੜ ਹੈ । ਇਸ ਉਦੇਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਡੀ ਸਰਕਾਰ ਨੇ ਆਪਣੇ ਉੱਦਮਕਰਤਿਆਂ ਲਈ ਨਵੀਂ ਤਕਨਾਲੋਜੀ ਤੇ ਨਵੀਆਂ ਤਕਨੀਕਾਂ ਦੇ ਲਾਭ ਉਪਲਬੱਧ ਕਰਵਾਉਣ ਲਈ ਵਿਸ਼ਵ ਦੇ ਮੰਨੇ-ਪ੍ਰਮੰਨੇ ਮਾਹਿਰਾਂ ਅਤੇ ਸੰਸਥਾਵਾਂ ਨਾਲ ਸਬੰਧ ਕਾਇਮ ਕਰਨ ਦਾ ਫੈਸਲਾ ਕੀਤਾ ਹੈ ।

[ਵਿੱਤ ਮੰਤਰੀ]

8. ਪੰਜਾਬ ਦੇ ਲੰਬੇ ਸੰਤਾਪ ਦੇ ਕਈ ਕਾਰਨ ਹਨ । ਇਨ੍ਹਾਂ ਵਿਚੋਂ ਇੱਕ ਪ੍ਰਮੁੱਖ ਕਾਰਨ ਇਥੋਂ ਦੇ ਨੌਜਵਾਨਾਂ ਵਿਚ ਵਿਆਪਕ ਬੇਰੋਜ਼ਗਾਰੀ ਕਾਰਨ ਪਾਈ ਜਾਂਦੀ ਬੇਚੈਨੀ ਵੀ ਹੈ । ਸਾਡੀ ਸਰਕਾਰ ਨੇ ਇਸ ਮਸਲੇ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਦਾ ਪੱਕਾ ਫ਼ੈਸਲਾ ਕੀਤਾ ਹੈ । ਅਸੀਂ ਨੌਜਵਾਨਾਂ ਦੀ ਅਥਾਹ ਸ਼ਕਤੀ ਨੂੰ ਰਚਨਾਤਮਕ ਸੇਧ ਦੇ ਕੇ ਉਨ੍ਹਾਂ ਨੂੰ ਪੰਜਾਬ ਦੀ ਖੁਸ਼ਹਾਲੀ ਵਿਚ ਨਾ ਕੇਵਲ ਭਾਈਵਾਲ ਹੀ ਬਣਾਉਣਾ ਚਾਹੁੰਦੇ ਹਾਂ ਬਲਕਿ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਾਡੇ ਨੌਜਵਾਨ ਇੱਕ ਖੁਸ਼ਹਾਲ ਆਦਰਸ਼ ਰਾਜ ਦੇ ਨਿਰਮਾਣ ਲਈ ਰਾਜ ਦੀ ਮੁਹਿੰਮ ਦੀ ਅਗਵਾਈ ਕਰਨ ।

9. ਬਦਕਿਸਮਤੀ ਨਾਲ, ਇਸ ਸਬੰਧ ਵਿਚ ਹਥਿਆਰਬੰਦ ਫੌਜਾਂ ਲਈ ਭਰਤੀ ਦੇ ਮਾਮਲੇ ਵਿਚ ਅਣਉਚਿਤ ਅਮਲ ਸ਼ੁਰੂ ਹੋਣ ਨਾਲ ਸਾਡੇ ਨੌਜਵਾਨਾਂ ਲਈ ਵਿਸ਼ੇਸ਼ ਮੁਸ਼ਕਿਲਾਂ ਪੈਦਾ ਹੋਈਆਂ ਹਨ । ਹਥਿਆਰਬੰਦ ਫੌਜਾਂ ਵਿਚ ਭਰਤੀ ਯੋਗਤਾ ਦੇ ਆਧਾਰ ਦੀ ਬਜਾਏ ਰਾਜ ਦੇ ਕੋਟੇ ਦੇ ਆਧਾਰ ਤੇ ਕਰਨ ਨਾਲ ਨਿਰਸੰਦੇਹ ਸਾਡੀ ਰਾਸ਼ਟਰੀ ਸੁਰਖਿਆ ਤੇ ਗੰਭੀਰ ਅਸਰ ਪਿਆ ਹੈ । ਇਸ ਦੇ ਨਾਲ ਹੀ ਬਹਾਦਰੀ ਦੀਆਂ ਰਵਾਇਤਾਂ ਨਾਲ ਜਾਣੇ ਜਾਂਦੇ ਪੰਜਾਬ ਰਾਜ ਦੇ ਯੁਵਕਾਂ ਦੇ ਆਰਥਿਕ ਭਵਿੱਖ ਉਤੇ ਵੀ ਜ਼ਬਰਦਸਤ ਬੁਰਾ ਪ੍ਰਭਾਵ ਪਿਆ ਹੈ ।

10. ਸਪੀਕਰ ਸਾਹਿਬ, ਪੰਜਾਬੀ ਦੁਨੀਆਂ ਵਿਚ ਸਭ ਤੋਂ ਵੱਧ ਉੱਦਮੀ ਲੋਕ ਹਨ ਅਤੇ ਦੁਨੀਆਂ ਦੇ ਹਰ ਖਿੱਤੇ ਵਿਚ ਜਾ ਕੇ ਉਨ੍ਹਾਂ ਨੇ ਉਥੋਂ ਦੀ ਆਰਥਿਕਤਾ ਉਤੇ ਅਹਿਮ ਅਸਰ ਪਾਇਆ ਹੈ । ਜਿੱਥੇ ਉਨ੍ਹਾਂ ਨੇ ਆਪਣੇ ਅਪਣਾਏ ਗਏ ਖਿੱਤਿਆਂ ਅਤੇ ਮੁਲਕਾਂ ਦੀ ਖੁਸ਼ਹਾਲੀ ਵਿਚ ਵਾਧਾ ਕੀਤਾ ਹੈ, ਉਥੇ ਉਨ੍ਹਾਂ ਨੇ ਆਪਣੇ ਪਿਆਰੇ ਪੰਜਾਬ ਦੀ ਆਰਥਿਕਤਾ ਦੀ ਬਿਹਤਰੀ ਵਿਚ ਵੀ ਆਪਣਾ ਯੋਗਦਾਨ ਪਾਉਣ ਵੱਲ ਵਿਸ਼ੇਸ਼ ਰੁਚੀ ਵਿਖਾਈ ਹੈ । ਪਰ ਸਾਡੀ ਉਨ੍ਹਾਂ ਵਿਚ ਦਿਲਚਸਪੀ ਕੇਵਲ ਇਸ ਹੱਦ ਤੱਕ ਸੀਮਿਤ ਨਹੀਂ ਹੈ । ਅਸੀਂ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਵਲੋਂ ਆਪਣੀ ਮਿੱਟੀ ਨਾਲ ਵਿਖਾਏ ਜਾਂਦੇ ਮੋਹ ਦੇ ਧੰਨਵਾਦ ਵਜੋਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਉਚੇਚੇ ਤੌਰ ਤੇ ਹੱਲ ਕਰਨ ਦੇ ਨਿਯਮਬੱਧ ਪ੍ਰਬੰਧ ਕਰਨ ਵਿਚ ਰੁਚੀ ਰੱਖਦੇ ਹਾਂ । ਉਨ੍ਹਾਂ ਨਾਲ ਸਰਕਾਰ ਦਾ ਰਾਬਤਾ ਅਤੇ ਨੇੜਤਾ ਵਾਲਾ ਰਿਸ਼ਤਾ ਕਾਇਮ ਕਰਨ ਲਈ ਸਾਡੀ ਸਰਕਾਰ ਨੇ ਮੁੱਖ ਮੰਤਰੀ ਜੀ ਦੇ ਦਫ਼ਤਰ ਵਿਚ ਇੱਕ "ਪੰਜਾਬੀ ਐਨ. ਆਰ. ਆਈ. ਸੈਲ" ਸਥਾਪਤ ਕਰਨ ਦਾ ਫ਼ੈਸਲਾ ਕੀਤਾ ਹੈ ।

11. ਸਪੀਕਰ ਸਾਹਿਬ, ਹਾਲਾਂਕਿ ਅਸੀਂ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਅਤੇ ਪੰਜਾਬ ਦੀ ਆਰਥਿਕਤਾ ਨੂੰ ਆਦਰਸ਼ ਲੀਹਾਂ ਤੇ ਲਿਆਉਣ ਲਈ ਹਰ ਸੰਭਵ ਹੀਲਾ ਕਰ ਰਹੇ ਹਾਂ ਪਰ ਸਾਡਾ ਇਹ ਵਿਸ਼ਵਾਸ ਹੈ ਕਿ ਦੇਸ਼ ਦੇ ਮੌਜੂਦਾ ਢਾਂਚੇ ਅਧੀਨ ਸੂਬਿਆਂ ਕੋਲ ਇੰਨੇ ਵਸੀਲੇ ਹੀ ਨਹੀਂ ਹਨ ਕਿ ਉਹ ਆਪਣੇ ਲੋਕਾਂ ਦੀ ਖੁਸ਼ਹਾਲੀ ਲਈ ਠੋਸ ਅਤੇ ਅਸਰਦਾਇਕ ਢੰਗ ਨਾਲ ਕੰਮ ਕਰ ਸਕਣ । ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਇਹ ਮੰਗ ਕਰਦੀ ਹੈ ਕਿ ਦੇਸ਼ ਦੇ ਫੈਡਰਲ ਢਾਂਚੇ ਅੰਦਰ ਸੂਬਿਆਂ ਨੂੰ ਵੱਧ ਤੋਂ ਵੱਧ ਰਾਜਨੀਤਕ, ਵਿਧਾਨਕ ਅਤੇ ਆਰਥਕ ਅੰਦਰੂਨੀ ਖੁਦ-ਮੁਖਤਾਰੀ ਦਿੱਤੀ ਜਾਏ । ਸੂਬਿਆਂ ਦੇ ਮਜ਼ਬੂਤ ਹੋਣ ਨਾਲ ਰਾਸ਼ਟਰ ਹੋਰ ਵੀ ਮਜ਼ਬੂਤ ਹੋਵੇਗਾ ।

12. ਸਪੀਕਰ ਸਾਹਿਬ, ਸਾਡੀ ਸਰਕਾਰ ਦਾ ਇਹ ਵਿਸ਼ਵਾਸ ਹੈ ਕਿ ਸਾਡੀਆਂ ਕੋਸ਼ਿਸ਼ਾਂ ਨਾਲ ਪੰਜਾਬ ਖੁਸ਼ਹਾਲੀ ਦੀਆਂ ਨਵੀਆਂ ਮੰਜ਼ਿਲਾਂ ਸਰ ਕਰੇਗਾ ਅਤੇ ਪੂਰੇ ਦੇਸ਼ ਨੂੰ ਖੁਸ਼ਹਾਲੀ, ਸਮਾਜਿਕ ਬਰਾਬਰੀ, ਮਨੁੱਖੀ ਅਧਿਕਾਰਾਂ ਦਾ ਸਤਿਕਾਰ ਅਤੇ ਇਨਸਾਫ਼ ਉੱਤੇ ਆਧਾਰਤ ਇੱਕ ਅਜਿਹੇ ਰਾਜ ਦੀ ਮਿਸਾਲ ਪੇਸ਼ ਕਰੇਗਾ ਜਿਸ ਵਿਚ ਕਾਨੂੰਨ ਦਾ ਰਾਜ ਪੂਰਨ ਤੌਰ ਤੇ ਲਾਗੂ ਹੋਵੇ ਅਤੇ ਹਰ ਨਾਗਰਿਕ ਸਿਰ ਉੱਚਾ ਕਰਕੇ ਜੀ ਸਕੇ।

13. ਮੈਂ ਹੁਣ ਰਾਜ ਦੇ ਅਰਥਚਾਰੇ ਅਤੇ ਇਸ ਦੀ ਵਿੱਤੀ ਸਥਿਤੀ ਦੇ ਸਮੁੱਚੇ ਵਿਆਪਕ ਦ੍ਰਿਸ਼ ਵਲ ਆਉਣਾ ਚਾਹਾਂਗਾ।

ਪੰਜਾਬ ਦੇ ਅਰਥਚਾਰੇ ਤੇ ਇੱਕ ਝਾਤ

14. ਰਾਜ ਦੀ ਜੀਅ-ਪ੍ਰਤਿ ਆਮਦਨ ਸਹੀ ਅਰਥਾਂ ਵਿਚ ਸਾਲ 1994-95 ਦੇ 4,121 ਰੁਪਏ ਦੇ ਮੁਕਾਬਲੇ ਸਾਲ 1995-96 ਵਿੱਚ 4,175 ਰੁਪਏ ਅਨੁਮਾਨਤ ਕੀਤੀ ਗਈ ਹੈ, ਜੋ ਕਿ 1.31 ਫ਼ੀਸਦੀ ਦਾ ਵਾਧਾ ਦਰਸਾ ਰਹੀ ਹੈ। ਸਰਬ ਭਾਰਤੀ ਪੱਧਰ ਤੇ ਜੀਅ-ਪ੍ਰਤਿ ਆਮਦਨ ਦਾ ਸਾਲ 1994-95 ਦੇ 2,449 ਰੁਪਏ ਦੇ ਮੁਕਾਬਲੇ ਵਿਚ ਸਾਲ 1995-96 ਵਿਚ 2,573 ਰੁਪਏ ਅਨੁਮਾਨ ਲਗਾਇਆ ਗਿਆ ਹੈ। ਪੰਜਾਬ ਦੀ ਮੌਜੂਦਾ ਕੀਮਤਾਂ ਅਨੁਸਾਰ ਸਾਲ 1995-96 ਦੀ ਜੀਅ-ਪ੍ਰਤਿ ਆਮਦਨ 15,504 ਰੁਪਏ ਹੈ ਜਦੋਂ ਕਿ ਸਰਬ ਭਾਰਤੀ ਪੱਧਰ ਤੇ ਇਹ ਆਮਦਨ 9,321 ਰੁਪਏ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਦੀ ਜੀਅ-ਪ੍ਰਤਿ ਆਮਦਨ ਸਮੁੱਚੇ ਤੌਰ ਤੇ ਸਾਰੇ ਦੇਸ਼ ਤੋਂ ਜ਼ਿਆਦਾ ਹੈ।

15. ਪੰਜਾਬ ਦੇ ਅਰਥਚਾਰੇ ਦੇ ਵੱਖ-ਵੱਖ ਖੇਤਰਾਂ ਦਾ ਵਿਆਪਕ ਆਰਥਿਕ ਵਿਸ਼ਲੇਸ਼ਣ ਇਹ ਜ਼ਾਹਰ ਕਰਦਾ ਹੈ ਕਿ ਸਮੁੱਚੇ ਪੰਜਾਬ ਰਾਜ ਦਾ ਘਰੇਲੂ ਉਤਪਾਦਨ (ਜੀ. ਐਸ. ਡੀ. ਪੀ.) ਸਥਿਰ ਕੀਮਤਾਂ (1980-81) ਅਨੁਸਾਰ ਸਾਲ 1994-95 ਵਿਚ 10,081 ਕਰੋੜ ਰੁਪਏ ਤੋਂ ਵਧ ਕੇ ਸਾਲ 1995-96 ਵਿਚ 10,420 ਕਰੋੜ ਰੁਪਏ ਹੋ ਗਿਆ, ਜੋ ਕਿ 3.36 ਫ਼ੀਸਦੀ ਵਾਧੇ ਦੀ ਦਰ ਦਰਸਾ ਰਿਹਾ ਹੈ। ਉਤਪਾਦਨ ਟੀਚਿਆਂ ਦੇ ਆਧਾਰ ਤੇ ਰਾਜ ਦੇ ਅਰਥਚਾਰੇ ਨੂੰ ਸਾਲ 1996-97 ਵਿੱਚ 6.50 ਫ਼ੀਸਦੀ ਵਾਧੇ ਦੀ ਦਰ ਹਾਸਲ ਕਰਨ ਦੀ ਆਸ ਹੈ।

16. ਜ਼ਰਾਇਤੀ ਖੇਤਰ ਦੀ ਕਾਰਗੁਜ਼ਾਰੀ ਜਿਸ ਵਿਚ ਪਸ਼ੂਧਨ ਵੀ ਸ਼ਾਮਿਲ ਹੈ ਅਤੇ ਇਹ ਸਮੁੱਚੇ ਰਾਜ ਦੇ ਘਰੇਲੂ ਉਤਪਾਦਨ ਦਾ ਤਕਰੀਬਨ 44 ਫ਼ੀਸਦੀ ਹੈ, ਦਾ ਰਾਜ ਦੇ ਅਰਥਚਾਰੇ ਤੇ ਮਹੱਤਵਪੂਰਨ ਪ੍ਰਭਾਵ ਹੈ। ਸਥਿਰ ਕੀਮਤਾਂ (1980-81) ਦੇ ਅਨੁਸਾਰ ਇਸ ਸੈਕਟਰ ਲਈ ਸਮੁੱਚੇ ਰਾਜ ਦਾ ਘਰੇਲੂ ਉਤਪਾਦਨ ਸਾਲ 1995-96 ਵਿਚ 4,561 ਕਰੋੜ ਰੁਪਏ ਤੋਂ ਵਧ ਕੇ ਸਾਲ 1996-97 ਵਿਚ 4,850 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ। ਉਤਪਾਦਨ ਖੇਤਰ ਵਿਚ ਸਾਲ 1996-97 ਵਿਚ ਵਾਧੇ ਦੀ ਦਰ 9.79 ਫ਼ੀਸਦੀ ਹੋ ਜਾਣ ਦੀ ਸੰਭਾਵਨਾ ਹੈ।

ਵਿੱਤੀ ਦ੍ਰਿਸ਼

17. ਸਪੀਕਰ ਸਾਹਿਬ, ਪੰਜਾਬ ਸਰਕਾਰ ਬੇਮਿਸਾਲ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਹੈ। ਸਥਿਤੀ ਅਜਿਹੇ ਪੜਾਅ ਉਤੇ ਪਹੁੰਚ ਗਈ ਹੈ ਕਿ ਵਿਕਾਸ ਕਾਰਜਾਂ ਦੇ ਸਬੰਧ

[ਵਿੱਤ ਮੰਤਰੀ]

ਵਿਚ ਇਕ ਇਕ ਪੈਸੇ ਵਾਸਤੇ ਭਾਰਤ ਸਰਕਾਰ ਤੋਂ ਸਹਾਇਤਾ/ਕਰਜ਼ੇ ਦੀ ਮੰਗ ਕਰਨੀ ਪੈਂਦੀ ਹੈ ਜਾਂ ਮਾਰਕੀਟ ਤੋਂ ਕਰਜ਼ਾ ਲੈਣਾ ਪੈਂਦਾ ਹੈ । ਇਹ ਬੜੀ ਹਾਸੋਹੀਣੀ ਗੱਲ ਹੈ ਕਿ ਪੰਜਾਬ ਦੀ ਦੇਸ਼ ਵਿੱਚ ਸਭ ਤੋਂ ਵੱਧ ਜੀਅ-ਪ੍ਰਤਿ ਆਮਦਨ ਹੋਣ ਦੇ ਬਾਵਜੂਦ ਵੀ ਇਸਦੀ ਵਿੱਤੀ ਹਾਲਤ ਬਹੁਤ ਨਿਘਰੀ ਹੋਈ ਹੈ । ਇਸ ਨਿਘਾਰ ਦਾ ਮਹੱਤਵਪੂਰਣ ਤੱਥ ਦੀਰਘਕਾਲੀ ਸੰਭਾਵੀ ਖ਼ਰਚ ਬਾਰੇ ਅਸਾਵਧਾਨ ਹੋਣਾ ਹੈ । ਰਾਜ ਸਰਕਾਰ ਨੇ ਬੀਤੇ ਸਮੇਂ ਵਿੱਚ ਚੋਖੇ ਸੁਧਾਰਕ ਉਪਾਵਾਂ ਦੇ ਸਬੰਧ ਵਿੱਚ ਨਰਮ ਵਤੀਰਾ ਅਪਣਾਕੇ ਆਪਣੀਆਂ ਵਿੱਤੀ ਮੁਸ਼ਕਲਾਂ ਵਿਚ ਵਾਧਾ ਕੀਤਾ ਹੈ । ਜਿਸਦੇ ਫਲਸਰੂਪ, ਇਸ ਸਮੱਸਿਆ ਨੇ ਭਿਆਨਕ ਰੂਪ ਧਾਰਨ ਕਰ ਲਿਆ ਹੈ । ਰਾਜ ਦੀ ਕਮਜ਼ੋਰ ਮਾਲੀ ਹਾਲਤ ਦੇ ਲਈ ਜ਼ਿੰਮੇਵਾਰ ਤੱਥ ਨਿਮਨ ਅਨੁਸਾਰ ਹਨ: —

ਭਾਰੀ ਕਰਜ਼ਾ ਬੋਝ

18. ਜਿਸ ਵਿੱਤੀ ਦਲਦਲ ਵਿੱਚ ਸਰਕਾਰ ਆਪਣੇ ਆਪ ਨੂੰ ਖੁੱਭਿਆ ਪਾ ਰਹੀ ਹੈ ਉਸ ਦਾ ਮੁੱਖ ਕਾਰਣ ਕਰਜ਼ਿਆਂ ਦੇ ਰੂਪ ਵਿਚ ਵਿਸ਼ੇਸ਼ ਕੇਂਦਰੀ ਸਹਾਇਤਾ ਲਈ ਰਾਜ ਦਾ ਕੇਂਦਰ ਉਤੇ ਬਹੁਤ ਜ਼ਿਆਦਾ ਨਿਰਭਰ ਹੋਣਾ ਹੈ । ਇਹ ਕਰਜ਼ੇ ਸਿਰਫ ਪਲਾਨ ਖ਼ਰਚ ਨੂੰ ਪੂਰੇ ਕਰਨ ਲਈ ਹੀ ਨਹੀਂ ਸਨ ਲਏ ਗਏ,ਸਗੋਂ ਕੁੱਝ ਹੱਦ ਤਕ ਇਹ ਰਾਜ ਦੇ ਨਾਨ-ਪਲਾਨ ਖ਼ਰਚ ਨੂੰ ਕਵਰ ਕਰਨ ਲਈ ਵੀ ਲਏ ਗਏ ਸਨ । ਵਿੱਤੀ ਰੂਪ ਵਿਚ ਕੇਂਦਰ ਉੱਤੇ ਇੰਨਾ ਜ਼ਿਆਦਾ ਨਿਰਭਰ ਹੋਣ ਦੀ ਰਾਜ ਦੇ ਇਤਿਹਾਸ ਵਿਚ ਇਸ ਤੋਂ ਪਹਿਲਾਂ ਕੋਈ ਮਿਸਾਲ ਨਹੀਂ ਮਿਲਦੀ । ਮਿਤੀ 31 ਮਾਰਚ, 1996 ਨੂੰ ਬਕਾਇਆ ਕਰਜ਼ੇ 11,816.52 ਕਰੋੜ ਰੁਪਏ ਦੇ ਸਨ ਜਿਨ੍ਹਾਂ ਵਿਚੋਂ 9,952.73 ਕਰੋੜ ਰੁਪਏ ਕੇਂਦਰ ਦੇ ਕਰਜ਼ੇ ਵਜੋਂ ਸਨ । ਰਾਜ ਸਰਕਾਰ ਦੀ ਕੁਲ ਕਰਜ਼ਾ ਦੇਣਦਾਰੀ ਵਿਚੋਂ 84.23 ਫ਼ੀਸਦੀ ਸਿਰਫ ਕੇਂਦਰੀ ਕਰਜ਼ੇ ਹੀ ਹਨ । ਕਿਉਂਜੋ ਕਰਜ਼ੇ ਦੇ ਰੂਪ ਵਿਚ ਵਧੇਰੇ ਸਹਾਇਤਾ ਉਚੇਰੀ ਵਿਆਜ ਦਰ ਉਤੇ ਉਪਲੱਬਧ ਕਰਵਾਈ ਗਈ ਹੈ, ਇਸ ਲਈ ਰਾਜ ਦਾ ਕੇਂਦਰ ਵਲ ਰਿਣ ਅਤੇ ਵਿਆਜ ਅਦਾਇਗੀ ਦੀ ਜ਼ਿੰਮੇਵਾਰੀ ਵੱਧ ਰਹੀ ਹੈ । ਸਾਲ 1996-97 ਵਿੱਚ ਰਾਜ ਸਰਕਾਰ ਨੇ ਕੇਂਦਰ ਤੋਂ 600 ਕਰੋੜ ਰੁਪਏ ਦਾ ਮਿਆਦੀ ਕਰਜ਼ਾ ਪ੍ਰਾਪਤ ਕੀਤਾ ਜੋ ਕਿ ਆਮ ਕੇਂਦਰੀ ਸਹਾਇਤਾ ਤੋਂ ਕਿਤੇ ਜ਼ਿਆਦਾ ਸੀ ।

ਮਾਲ ਆਮਦਨੀ ਵਿਚ ਘੱਟ ਵਾਧਾ

19. ਜ਼ਿਆਦਾ ਮਾਲ ਖ਼ਰਚ ਤੋਂ ਪੈਦਾ ਹੋਈਆਂ ਵਿੱਤੀ ਸਮੱਸਿਆਵਾਂ ਘਟ ਮਾਲ ਆਮਦਨ ਦੇ ਕਾਰਣ ਹੋਰ ਵੀ ਵੱਧ ਗਈਆਂ ਹਨ । ਪਿਛਲੇ ਕੁਝ ਸਾਲਾਂ ਤੋਂ ਰਾਜ ਵਿਚ ਮੁੱਖ ਕਰਾਂ ਦਾ ਵਾਧਾ ਬਹੁਤ ਘੱਟ ਸੀ ਅਤੇ ਕੁਝ ਕੇਸਾਂ ਵਿਚ ਇਹ ਵਾਧਾ ਨਾਂ ਬਰਾਬਰ ਹੀ ਸੀ ।

20. 1996-97 (ਬਜਟ ਅਨੁਮਾਨ) ਵਿੱਚ 5,618.33 ਕਰੋੜ ਰੁਪਏ ਦੇ ਖ਼ਰਚ ਦੇ ਮੁਕਾਬਲੇ ਮਾਲ ਆਮਦਨ ਕੇਵਲ 5,112.58 ਕਰੋੜ ਰੁਪਏ ਸੀ, ਮਾਲ ਖਾਤੇ ਵਿਚ 505.75 ਕਰੋੜ ਰੁਪਏ ਦਾ ਘਾਟਾ ਦਰਸਾਇਆ ਗਿਆ ਸੀ । ਵਿੱਤੀ ਮੁਸ਼ਕਲਾਂ ਦਾ ਸਿੱਟਾ 1996-97

ਦੀ ਸਾਲਾਨਾ ਯੋਜਨਾ ਵਿਚ ਪੂਰੀ ਤਰ੍ਹਾਂ ਵਿੱਤ ਲਾਉਣ ਦੀ ਅਸਮੱਰਥਾ ਵਿਚ ਨਿਕਲਿਆ। ਯੋਜਨਾਬੰਦੀ ਕਮਿਸ਼ਨ ਨੇ 1996-97 ਲਈ ਸਾਲਾਨਾ ਯੋਜਨਾ ਆਕਾਰ 1,850 ਕਰੋੜ ਰੁਪਏ ਦਾ ਪਰਵਾਨ ਕੀਤਾ ਸੀ ਪਰੰਤੂ ਰਾਜ ਸਰਕਾਰ ਨੇ ਆਪਣੇ ਵਸੀਲਿਆਂ ਦੀ ਨਾਜ਼ੁਕ ਸਥਿਤੀ ਨੂੰ ਧਿਆਨ ਵਿਚ ਰਖਦੇ ਹੋਏ, 1996-97 ਦੀ ਸਾਲਾਨਾ ਯੋਜਨਾ ਦੇ ਆਕਾਰ ਵਿਚ ਕਟੌਤੀ ਕਰਕੇ ਇਸ ਨੂੰ 1,250 ਕਰੋੜ ਰੁਪਏ ਕਰਨ ਦਾ ਫੈਸਲਾ ਕੀਤਾ। ਐਪਰ, ਪੰਜਾਬ ਰਾਜ ਬਿਜਲੀ ਬੋਰਡ ਨੇ ਹੋਰ ਸਾਧਨਾਂ ਤੋਂ ਅਤੇ ਅੰਦਰੂਨੀ-ਉਤਪਾਦਨਾਂ ਤੋਂ ਫੰਡ ਜੁਟਾਏ ਹਨ। ਤਦ ਅਨੁਸਾਰ ਪੰਜਾਬ ਰਾਜ ਬਿਜਲੀ ਬੋਰਡ ਦਾ ਖ਼ਰਚ ਸੋਧੀ ਹੋਈ ਯੋਜਨਾ ਵਿਚ 210.00 ਕਰੋੜ ਰੁਪਏ ਤੋਂ ਵੱਧ ਕੇ 657.00 ਕਰੋੜ ਰੁਪਏ ਹੋ ਗਿਆ ਹੈ। ਇਸ ਲਈ ਅਸੀਂ ਸਾਲਾਨਾ ਯੋਜਨਾ 1996-97 ਲਈ 1,697.80 ਕਰੋੜ ਰੁਪਏ ਦੇ ਅਨੁਮਾਨਤ ਖ਼ਰਚ ਦੀ ਆਸ ਕਰਦੇ ਹਾਂ।

ਸਪੀਕਰ ਸਾਹਿਬ, ਅਸੀਂ ਵਿੱਤੀ ਪ੍ਰਬੰਧ ਸਬੰਧੀ ਨੀਤੀ ਤਹਿ ਕੀਤੀ ਹੈ।

21. ਸਾਡੀ ਸਰਕਾਰ ਨੂੰ ਵਿੱਤੀ ਸੰਕਟ ਵਿਰਸੇ ਵਿਚ ਹੀ ਪ੍ਰਾਪਤ ਹੋਇਆ ਹੈ। ਜੇਕਰ ਸਰਕਾਰ ਨੇ ਪੰਜਾਬ ਦੇ ਲੋਕਾਂ ਦੀ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਨਿਭਾਉਣੀ ਹੈ ਤਾਂ ਇਸ ਨੂੰ ਉਤਪਾਦਕ ਵਿਕਾਸ ਖ਼ਰਚਿਆਂ ਲਈ ਸਾਧਨ ਜੁਟਾਉਣੇ ਪੈਣੇ ਹਨ, ਜਦੋਂ ਕਿ ਗੈਰ ਉਤਪਾਦਕ ਨਾਨ--ਪਲਾਨ ਖਰਚਿਆਂ ਵਿੱਚ ਕਟੌਤੀ ਵੀ ਕਰਨੀ ਪਵੇਗੀ। ਨਾਜ਼ੁਕ ਸਥਿਤੀ ਇਹ ਮੰਗ ਕਰਦੀ ਹੈ ਕਿ ਹਰੇਕ ਵਿਭਾਗ ਵਿੱਚ ਨਿਪੁੰਨਤਾ ਉਤੇ ਕੋਈ ਪ੍ਰਭਾਵ ਪਾਏ ਬਗੈਰ ਹੀ ਖ਼ਰਚ ਵਿੱਚ ਕਫ਼ਾਇਤ ਕਰਕੇ ਅਤੇ ਸਾਰੇ ਸੰਭਵ ਸਾਧਨਾਂ ਨੂੰ ਜੁਟਾ ਕੇ ਠੋਸ ਕਦਮ ਉਠਾਏ ਜਾਣੇ ਹਨ। (ਥੰਪਿੰਗ) ਇਹ ਕਦਮ ਅਲਪਕਾਲੀ ਉਪਾਅ ਅਤੇ ਦੀਰਘਕਾਲੀ ਕਾਰਵਾਈ ਵਾਲੇ ਹੋਣਗੇ। ਸਰਕਾਰ ਨੇ ਰਾਜ ਦੀ ਵਿੱਤੀ ਹਾਲਤ ਨੂੰ ਸੁਧਾਰਨ ਹਿਤ, ਖ਼ਾਸ ਉਪਾਅ ਆਰੰਭ ਕੀਤੇ ਹਨ। ਬਹੁ-ਮੰਤਵੀ ਨੀਤੀ ਦੇ ਮੁੱਖ ਲੱਛਣ ਇਹ ਹਨ: —

(ੳ) ਸਰਕਾਰ ਦੁਆਰਾ ਮੌਜੂਦਾ ਨਾਨ-ਪਲਾਨ ਖ਼ਰਚ ਵਿੱਚ ਕਟੌਤੀ ਅਤੇ ਭਵਿੱਖ ਵਿੱਚ ਵਚਨਬੱਧਤਾ ਤੋਂ ਗੁਰੇਜ਼। ਸਰਕਾਰ ਨੇ ਸਾਲ 1997-98 ਦੌਰਾਨ ਇਕ ਅਹਿਮ ਉਪਾਅ ਵਜੋਂ ਨਾਨ-ਪਲਾਨ ਖ਼ਰਚੇ ਵਿੱਚੋਂ 102.70 ਕਰੋੜ ਰੁਪਏ ਨੂੰ ਘਟਾਉਣ ਦਾ ਫੈਸਲਾ ਲਿਆ ਹੈ। (ਥੰਪਿੰਗ)

(ਅ) ਵਿਕਾਸ ਲਈ ਸਾਧਨ ਜੁਟਾਉਣ ਵਿੱਚ ਵਾਧਾ। ਰਾਜ ਸਰਕਾਰ ਨੇ ਇਸ ਸਬੰਧੀ ਪਹਿਲੇ ਕਦਮ ਵਜੋਂ ਰਾਜ ਵਿੱਚ ਆਬਕਾਰੀ ਪਾਲਿਸੀ ਦੀ ਸੋਧ ਕੀਤੀ ਹੈ ਜਿਸ ਨਾਲ ਇਹ ਵਾਧਾ ਸਾਲ 1996-97 ਵਿੱਚ 1,000 ਕਰੋੜ ਰੁਪਏ ਦੇ ਮੁਕਾਬਲੇ ਸਾਲ 1997-98 ਦੌਰਾਨ 1,200 ਕਰੋੜ ਰੁਪਏ ਹੋ ਜਾਣ ਦੀ ਆਸ ਹੈ। (ਥੰਪਿੰਗ)

(ੲ) ਰਾਜ ਵਿਚਲੇ ਕਰ ਉਗਰਾਹੁਣ ਦੇ ਢਾਂਚੇ ਨੂੰ ਕਰਾਂ ਦੀ ਵਧੇਰੇ ਵਸੂਲੀ ਲਈ ਮਜ਼ਬੂਤ ਬਣਾਇਆ ਜਾਵੇਗਾ।

(ਸ) ਰਾਜ ਵਿਚ ਬਦੇਸ਼ੀ ਸਹਾਇਤਾ ਪ੍ਰਾਪਤ ਪ੍ਰਾਜੈਕਟਾਂ ਦੀ ਗਿਣਤੀ ਵਧਾਉਣਾ।

(ਹ) ਅਰਥਚਾਰੇ ਦੇ ਕੇਂਦਰੀ ਸੈਕਟਰਾਂ ਵਿਚ ਪ੍ਰਾਈਵੇਟ ਪੂੰਜੀਨਿਵੇਸ਼ ਨੂੰ ਉਤਸ਼ਾਹ ਦੇਣਾ।

(ਕ) ਦਿਹਾਤੀ ਤੇ ਸ਼ਹਿਰੀ ਇਲਾਕਿਆਂ ਵਿੱਚ ਵਾਫ਼ਰ ਸਰਕਾਰੀ ਜ਼ਮੀਨ ਦਾ ਨਿਪਟਾਰਾ ਜਾਂ ਵਪਾਰੀਕਰਣ।

[ਵਿੱਤ ਮੰਤਰੀ]

22. ਸਪੀਕਰ ਸਾਹਿਬ, ਕਈ ਵਿਭਾਗ ਵਧੀਕ ਵਸੀਲੇ ਜੁਟਾਉਣ ਅਤੇ ਗ਼ੈਰ-ਜ਼ਰੂਰੀ ਤੇ ਫ਼ਜ਼ੂਲ ਖਰਚ ਘਟਾਉਣ ਦੀ ਸਮਰੱਥਾ ਰੱਖਦੇ ਹਨ । ਸਰਕਾਰੀ ਖਰਚ ਵਿਚ ਵੱਡੇ ਪੈਮਾਨੇ ਤੇ ਕਫ਼ਾਇਤ ਕਰਨ ਤੋਂ ਇਲਾਵਾ ਵਧੀਕ ਆਮਦਨ ਜੁਟਾਉਣ ਤੇ ਮੌਜੂਦਾ ਕਰ ਢਾਂਚੇ ਨੂੰ ਤਰਕਸੰਗਤ ਬਣਾਉਣ ਸਬੰਧੀ ਉਚਿਤ ਉਪਾਵਾਂ ਦੇ ਸੁਝਾਅ ਲਈ ਇਕ ਕੈਬਨਿਟ ਸਬ-ਕਮੇਟੀ ਬਣਾਈ ਗਈ ਜਿਸ ਦੇ ਚੇਅਰਮੈਨ ਵਿੱਤ ਮੰਤਰੀ ਸਨ । (ਥੰਪਿੰਗ)

23. ਮੈਂ ਮਾਨਯੋਗ ਮੈਂਬਰਾਂ ਨਾਲ ਰਾਜ ਦੀ 1997-98 ਦੀ ਸਾਲਾਨਾ ਯੋਜਨਾ ਦੇ ਸਾਧਨਾਂ ਤੇ ਪੂੰਜੀ ਨਿਵੇਸ਼ ਦੇ ਪੈਟਰਨ ਬਾਰੇ ਵਿਚਾਰ ਸਾਂਝੇ ਕਰਨਾ ਚਾਹਾਂਗਾ ।

ਸਾਲਾਨਾ ਯੋਜਨਾ 1997-98 ਲਈ ਵਸੀਲੇ

24. ਯੋਜਨਾਬੰਦੀ ਕਮਿਸ਼ਨ ਨੇ 1997-98 ਲਈ ਰਾਜ ਦੀ ਸਾਲਾਨਾ ਯੋਜਨਾ ਵਾਸਤੇ 2,100 ਕਰੋੜ ਰੁਪਏ ਮਨਜ਼ੂਰ ਕੀਤੇ ਹਨ । ਇਸ ਯੋਜਨਾ ਵਿਚ ਰਾਜ ਦੇ ਆਪਣੇ ਵਸੀਲਿਆਂ ਦੁਆਰਾ ਅਤੇ ਭਾਰਤ ਸਰਕਾਰ ਤੋਂ ਕੇਂਦਰੀ ਸਹਾਇਤਾ ਰਾਹੀਂ ਪੂੰਜੀ ਲਗਾਈ ਜਾਵੇਗੀ । ਸਾਲ 1997-98 ਦੀ ਸਾਲਾਨਾ ਯੋਜਨਾ ਲਈ ਰਾਜ ਦੇ ਆਪਣੇ ਵਸੀਲੇ 1,120.21 ਕਰੋੜ ਰੁਪਏ ਦੇ ਹਨ ਜਿਸ ਵਿਚ 468.48 ਕਰੋੜ ਦੇ ਵਧੀਕ ਵਸੀਲੇ ਜੁਟਾਉਣਾ ਅਤੇ ਕੇਂਦਰੀ ਸਹਾਇਤਾ ਦੇ 979.79 ਕਰੋੜ ਰੁਪਏ ਵੀ ਸ਼ਾਮਿਲ ਹਨ । 1997-98 ਲਈ 2,100 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਵਿਚ ਫੰਡ ਨਿਯਮ ਅਨੁਸਾਰ ਹੋਣਗੇ: —

			(ਰੁਪਏ ਕਰੋੜਾਂ ਵਿੱਚ)
ੳ.	1.	ਰਾਜ ਦੇ ਆਪਣੇ ਵਸੀਲੇ	651.73
	2.	ਵਧੀਕ ਵਸੀਲੇ ਜੁਟਾਉਣਾ	468.48
		ਕੁੱਲ: (1 ; 2)	1,120.21
ਅ.		**ਕੇਂਦਰੀ ਸਹਾਇਤਾ**	
	1.	ਫਾਰਮੂਲਾ ਅਧਾਰਤ ਕੇਂਦਰੀ ਸਹਾਇਤਾ (ਨਿਰੋਲ)	247.54
	2.	ਬਦੇਸ਼ੀ ਸਹਾਇਤਾ ਪ੍ਰਾਪਤ ਪ੍ਰਾਜੈਕਟਾਂ ਲਈ ਵਧੀਕ ਕੇਂਦਰੀ ਸਹਾਇਤਾ	228.71
	3.	ਵਿਸ਼ੇਸ਼ ਕਰਜ਼ਾ ਯੋਜਨਾ	200.00
	4.	ਵਿਸ਼ੇਸ਼ ਕੇਂਦਰੀ ਸਹਾਇਤਾ	195.00
	5.	ਏ.ਆਈ.ਬੀ.ਪੀ. (ਰਣਜੀਤ ਸਾਗਰ ਡੈਮ ਲਈ)	100.00
	6.	ਸਰਹੱਦੀ ਇਲਾਕਾ ਵਿਕਾਸ ਪ੍ਰੋਗਰਾਮ	8.54
		ਜੋੜ:	979.79
		ਕੁੱਲ ਵਸੀਲੇ (ੳ+ਅ):	21,00.00

ਸਾਲਾਨਾ ਯੋਜਨਾ 1997-98

25. ਸਪੀਕਰ ਸਾਹਿਬ, ਜਿਵੇਂ ਕਿ ਮਾਨਯੋਗ ਸਦਨ ਨੂੰ ਪਤਾ ਹੀ ਹੈ ਕਿ ਸਾਡੀ ਸਰਕਾਰ ਨੇ ਫ਼ਰਵਰੀ, 1997 ਵਿਚ ਕਾਰਜ-ਭਾਰ ਸੰਭਾਲਿਆ ਅਤੇ ਉਦੋਂ ਤੋਂ ਹੀ ਇਹ ਰਾਜ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਦੀ ਰਫ਼ਤਾਰ ਨੂੰ ਤੇਜ਼ ਕਰਨ ਦੇ ਲਗਾਤਾਰ ਸੁਹਿਰਦ ਯਤਨ ਕਰ ਰਹੀ ਹੈ। ਪੰਜਾਬ ਵਿਚ ਯੋਜਨਾਬੱਧ ਆਰਥਿਕ ਵਿਕਾਸ ਦੀ ਪ੍ਰਕ੍ਰਿਆ ਵਿਚ ਗਿਣਾਤਮਕ ਅਤੇ ਗੁਣਾਤਮਕ ਦੋਹਾਂ ਰੂਪਾਂ ਵਿਚ ਕਾਫੀ ਵੱਡੇ ਪੱਧਰ ਤੇ ਸੁਧਾਰ ਕੀਤੇ ਜਾਣ ਦੀ ਲੋੜ ਹੈ। ਯੋਜਨਾਬੰਦੀ ਨੂੰ ਇਕ ਨਵੀਂ ਦਿਸ਼ਾ ਦਿਤੇ ਜਾਣ ਦੀ ਲੋੜ ਹੈ। ਯੋਜਨਾ ਬਣਾਉਣ ਦੇ ਕਾਰਜ ਨੂੰ ਹੇਠਲੇ ਪੱਧਰ ਤੱਕ ਲਿਜਾਇਆ ਜਾਣਾ ਹੈ। ਰਾਜ ਸਰਕਾਰ ਪਹਿਲਾਂ ਹੀ ਬਲਾਕ ਯੋਜਨਾਬੰਦੀ ਦੀ ਸਕੀਮ ਸ਼ੁਰੂ ਕਰ ਚੁੱਕੀ ਹੈ ਅਤੇ ਯੋਜਨਾਬੰਦੀ ਦੀ ਪ੍ਰਕ੍ਰਿਆ ਦੇ ਵਿਕੇਂਦਰੀਕਰਣ ਕਰਨ ਲਈ ਹੋਰ ਯਤਨ ਕੀਤੇ ਜਾਣਗੇ। (ਥੰਪਿੰਗ)

26. ਸਾਲਾਨਾ ਯੋਜਨਾ 1997-98 ਦਾ ਆਕਾਰ ਯੋਜਨਾਬੰਦੀ ਕਮਿਸ਼ਨ ਦੁਆਰਾ 2,100.00 ਕਰੋੜ ਰੁਪਏ ਪਰਵਾਨ ਕੀਤਾ ਗਿਆ ਹੈ। ਜੋ ਪਿਛਲੇ ਸਾਲ ਦੇ 1,850.00 ਕਰੋੜ ਰੁਪਏ ਦੇ ਯੋਜਨਾ ਖਰਚੇ ਤੋਂ 13.51 ਫ਼ੀਸਦੀ ਦਾ ਵਾਧਾ ਦਰਸਾਉਂਦਾ ਹੈ। 1997-98 ਲਈ ਇਹ ਖਰਚ ਨਿਮਨ ਵਸੀਲਿਆਂ ਤੋਂ 6,936.90 ਕਰੋੜ ਰੁਪਏ ਦੀ ਰਕਮ ਨਾਲ ਪੂਰਾ ਕੀਤਾ ਜਾਵੇਗਾ:—

(i)	ਦਿਹਾਤੀ ਵਿਕਾਸ ਫੰਡ	150.00 ਕਰੋੜ ਰੁਪਏ
(ii)	ਖੇਤੀਬਾੜੀ ਮੰਡੀਕਰਣ ਬੋਰਡ ਅਤੇ ਮਾਰਕੀਟ ਕਮੇਟੀਆਂ	98.00 ਕਰੋੜ ਰੁਪਏ
(iii)	ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਲਈ ਕੇਂਦਰ ਸਰਕਾਰ ਦਾ ਹਿੱਸਾ	493.31 ਕਰੋੜ ਰੁਪਏ
(iv)	ਸਰਕਾਰੀ ਖੇਤਰ ਦੇ ਅਦਾਰਿਆਂ ਅਤੇ ਸਹਿਕਾਰੀ ਸੰਸਥਾਵਾਂ ਦੁਆਰਾ ਜੁਟਾਇਆ ਜਾਣ ਵਾਲਾ ਸੰਸਥਾਵੀ ਵਿੱਤ	5,906.84 ਕਰੋੜ ਰੁਪਏ
(v)	ਨਗਰ ਨਿਗਮ/ਨਗਰ ਪਾਲਿਕਾਵਾਂ ਅਤੇ ਨਗਰ ਪੰਚਾਇਤਾਂ ਦੁਆਰਾ ਉਨ੍ਹਾਂ ਦੇ ਆਪਣੇ ਵਸੀਲਿਆਂ ਤੋਂ ਕੀਤੇ ਜਾਣ ਵਾਲਾ ਖਰਚ	288.75 ਕਰੋੜ ਰੁਪਏ
	ਜੋੜ:	6,936.90 ਕਰੋੜ ਰੁਪਏ

[ਵਿੱਤ ਮੰਤਰੀ]

ਇਸ ਤਰ੍ਹਾਂ 1997-98 ਦੌਰਾਨ ਵਿਕਾਸ ਖ਼ਰਚ 9,036.90 ਕਰੋੜ ਰੁਪਏ ਤੱਕ ਪੁਜ ਜਾਵੇਗਾ ਜੋ ਸਾਰੇ ਸਮਿਆਂ ਨਾਲੋਂ ਵੱਧ ਹੋਵੇਗਾ ਅਤੇ ਸਮੁੱਚੀ 8ਵੀਂ ਪੰਜ ਸਾਲਾ ਯੋਜਨਾ ਲਈ ਪ੍ਰਵਾਨ ਕੀਤੇ 6,570.00 ਕਰੋੜ ਰੁਪਏ ਦੇ ਖ਼ਰਚੇ ਤੋਂ ਵੱਧ ਹੈ ।

ਸਾਲਾਨਾ ਯੋਜਨਾ 1997-98 ਲਈ ਨੀਤੀ

27. ਸਪੀਕਰ ਸਾਹਿਬ, ਯੋਜਨਾਬੰਦੀ ਕਮਿਸ਼ਨ ਦੁਆਰਾ ਜਾਰੀ ਕੀਤੀਆਂ ਅਗਵਾਈ ਲੀਹਾਂ ਨੂੰ ਧਿਆਨ ਵਿਚ ਰਖਦੇ ਹੋਏ ਸਾਲਾਨਾ ਯੋਜਨਾ 1997-98 ਲਈ ਨੀਤੀ ਮੋਟੇ ਤੌਰ ਤੇ ਨਿਮਨ ਅਨੁਸਾਰ ਹੈ. —

(i) ਖੇਤੀ-ਬਾੜੀ ਅਤੇ ਦਿਹਾਤੀ ਵਿਕਾਸ ਦੇ ਖੇਤਰਾਂ ਵਿਚ, ਵਿਸ਼ੇਸ਼ ਕਰਕੇ ਜ਼ਰਾ-ਇਤੀ ਪੈਦਾਵਾਰ ਵਿਚ ਵੰਨ-ਸੁਵੰਨਤਾ ਲਿਆਉਣ ਅਤੇ ਐਗਰੋ-ਪ੍ਰਾਸੈਸਿੰਗ ਤੇ ਖੇਤੀ ਆਧਾਰਤ ਉਦਯੋਗਾਂ ਨੂੰ ਉਨੱਤ ਕਰਨ ਉਤੇ ਵਧੇਰੇ ਜ਼ੋਰ ਦੇਣਾ ;

(ii) ਸਿੰਜਾਈ ਅਤੇ ਬਿਜਲੀ ਖੇਤਰਾਂ ਤੇ ਜ਼ਿਆਦਾ ਜ਼ੋਰ ਦੇਣਾ, ਖ਼ਾਸ ਤੌਰ ਤੇ ਸਾਲਾਨਾ ਯੋਜਨਾ ਤੋਂ ਬਾਹਰ ਵਾਲੇ ਵਸੀਲੇ ਜੁਟਾ ਕੇ;

(iii) ਪਿੰਡਾਂ ਅਤੇ ਕਸਬਿਆਂ ਵਿਚ ਪੀਣ ਵਾਲੇ ਪਾਣੀ, ਸੜਕਾਂ, ਸਫ਼ਾਈ, 24 ਘੰਟੇ ਦੀ ਬਿਜਲੀ ਸਪਲਾਈ ਦੇ ਨਾਲ ਨਾਲ ਮਿਆਰੀ ਵਿਦਿਅਕ ਅਤੇ ਸਿਹਤ ਸਹੂਲਤਾਂ ਦਾ ਉਪਬੰਧ ਕਰਕੇ ਜੀਵਨ ਮਿਆਰ ਵਿਚ ਸੁਧਾਰ ਕਰਨਾ । ਇਹ ਉਦੇਸ਼ ਪਲਾਨ ਸਕੀਮਾਂ ਦਾ ਵਿਕੇਂਦਰੀਕਰਣ ਕਰਕੇ ਅਤੇ ਵਸੀਲਿਆਂ ਦੀ ਸਪੁਰਦਗੀ ਕਰਕੇ ਪੂਰਾ ਕੀਤਾ ਜਾਵੇਗਾ ।

(iv) ਉਦਯੋਗਕ ਵਿਕਾਸ ਨੂੰ ਤੇਜ਼ ਕਰਕੇ ਅਤੇ ਤਕਨੀਕੀ ਹੁਨਰਾਂ ਵਿਚ ਨਿਪੁੰਨਤਾ ਅਤੇ ਸਿਖਲਾਈ ਵਿਚ ਸੁਧਾਰ ਲਿਆ ਕੇ ਸਰਕਾਰੀ ਅਤੇ ਪ੍ਰਾਈਵੇਟ ਖੇਤਰ ਵਿਚ ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨਾ । (ਥੰਪਿੰਗ) ਸਰਕਾਰੀ ਅਦਾਰਿਆਂ ਨੂੰ ਖ਼ਜ਼ਾਨੇ ਸਹਾਇਤਾ ਨਾ ਦੇਣ ਦੀ ਨੀਤੀ ਨੂੰ ਜਾਰੀ ਰਖਿਆ ਜਾਵੇਗਾ; ਅਤੇ

(v) ਅਨੁਸੂਚਿਤ ਜਾਤੀਆਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਲਈ ਸਮਾਜਿਕ ਨਿਆਂ ਯਕੀਨੀ ਬਣਾਇਆ ਜਾਵੇਗਾ । ਬਜ਼ੁਰਗ ਵਿਅਕਤੀਆਂ, ਵਿਧਵਾਵਾਂ ਅਤੇ ਬੇਆਸਰਾ ਔਰਤਾਂ ਲਈ ਪੈਨਸ਼ਨਾਂ ਦਾ ਉਪਬੰਧ ਕਰਕੇ ਸਮਾਜਿਕ ਸੁਰੱਖਿਆ ਵਧਾਈ ਜਾਵੇਗੀ, ਇਸ ਦੇ ਨਾਲ ਹੀ ਅਪਾਹਜ ਵਿਅਕਤੀਆਂ ਨੂੰ ਵੀ ਸਹਾਇਤਾ ਦਿਤੀ ਜਾਵੇਗੀ । (ਥੰਪਿੰਗ)

28. ਰਾਜ ਅੰਦਰ ਦਿਹਾਤੀ ਇਲਾਕਿਆਂ ਵਿਚ ਰਹਿ ਰਹੇ ਲੋਕਾਂ ਨਾਲ ਸਲਾਹ ਮਸ਼ਵਰਾ ਕਰਕੇ ਹੇਠਲੇ ਪੱਧਰ ਤੋਂ ਯੋਜਨਾਬੰਦੀ ਸ਼ੁਰੂ ਕਰਨ ਲਈ ਬਲਾਕ ਯੋਜਨਾਬੰਦੀ ਦਾ ਨਵਾਂ ਸਿਧਾਂਤ ਸ਼ੁਰੂ ਕੀਤਾ ਜਾ ਰਿਹਾ ਹੈ । ਇਸਦਾ ਉਦੇਸ਼ ਯੋਜਨਾ ਸਕੀਮਾਂ, ਜੋ ਲੋਕਾਂ ਨੂੰ ਮਹਿਸੂਸ ਹੋਈਆਂ ਲੋੜਾਂ

ਦਾ ਅਨੁਮਾਨ ਲਾਉਣ ਪਿਛੋਂ ਬਣਾਈਆਂ ਜਾਣੀਆਂ ਹਨ, ਰਾਹੀਂ ਦਿਹਾਤੀ ਖੇਤਰਾਂ ਵਿਚ ਲੋਕਾਂ ਦੇ ਸਮਾਜ-ਆਰਥਕ ਜੀਵਨ ਵਿਚ ਬੁਨਿਆਦੀ ਤਬਦੀਲੀ ਲਿਆਉਂਦਾ ਹੈ। ਇਹਨਾਂ ਸਕੀਮਾਂ ਨੂੰ ਅਮਲ ਵਿਚ ਲਿਆਉਣ ਨਾਲ ਲੋਕਾਂ ਦੇ ਆਰਥਿਕ ਸੁਧਾਰ ਦੇ ਨਾਲ ਨਾਲ ਜੀਵਨ ਮਿਆਰ ਵਿਚ ਵੀ ਸੁਧਾਰ ਹੋਵੇਗਾ। ਇਸ ਤਰ੍ਹਾਂ, ਬਲਾਕ ਪੱਧਰ ਦੀ ਯੋਜਨਾਬੰਦੀ ਰਾਹੀਂ ਪੰਜਾਬ ਦੇ ਦਿਹਾਤੀ ਖੇਤਰਾਂ ਦੇ ਸਰਬ-ਪੱਖੀ ਸੰਗਠਿਤ ਸਮਾਜ-ਆਰਥਕ ਵਿਕਾਸ ਦੀ ਤਜਵੀਜ਼ ਹੈ।

29. ਸਾਲਾਨਾ ਯੋਜਨਾ 1997-98 ਵਿਚ ਉਪ ਮੱਦ ਅਨੁਸਾਰ ਖਰਚੇ ਐਲੋਕੇਟ ਕਰਨ ਸਮੇਂ ਇਹਨਾਂ ਨੀਤੀਆਂ ਨੂੰ ਨਿਮਨ ਅਨੁਸਾਰ ਧਿਆਨ ਵਿਚ ਰਖਿਆ ਗਿਆ ਹੈ: —

(ਰੁਪਏ ਕਰੋੜਾਂ ਵਿਚ)

ਕ੍ਰਮ ਨੰ:	ਵਿਕਾਸ ਦੀ ਮੁੱਖ ਮੱਦ		1997-98 ਦਾ ਖ਼ਰਚਾ
I.	ਖੇਤੀ-ਬਾੜੀ ਅਤੇ ਸੰਬੰਧ ਸਰਗਰਮੀਆਂ	..	74.12
II.	ਦਿਹਾਤੀ ਵਿਕਾਸ	..	109.08
III.	ਵਿਸ਼ੇਸ਼ ਖੇਤਰ ਪ੍ਰੋਗਰਾਮ	..	13.18
IV.	ਸਿੰਜਾਈ ਅਤੇ ਹੜ੍ਹ ਕੰਟਰੋਲ	..	231.96
V.	ਊਰਜਾ	..	795.16
VI.	ਉਦਯੋਗ ਅਤੇ ਖਣਿਜ ਪਦਾਰਥ	..	51.49
VII.	ਟ੍ਰਾਂਸਪੋਰਟ	..	65.17
VIII.	ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ	..	2.52
IX.	ਆਮ ਆਰਥਿਕ ਸੇਵਾਵਾਂ	..	83.82
X.	ਸਮਾਜਕ ਸੇਵਾਵਾਂ	..	638.90
XI.	ਆਮ ਸੇਵਾਵਾਂ	..	34.60
	ਜੋੜ	..	2100.00

ਬਿਜਲੀ:

30. ਰਾਜ ਦੇ ਆਰਥਕ ਵਿਕਾਸ ਵਿਚ ਬਿਜਲੀ ਇਕ ਮੁੱਖ ਇਨਪੁਟ ਹੈ। ਇਸ ਲਈ ਖੇਤੀਬਾੜੀ, ਉਦਯੋਗੀਕਰਣ ਅਤੇ ਪਿੰਡਾਂ ਨੂੰ ਬਿਜਲਾਉਣ ਦੇ ਪ੍ਰੋਗਰਾਮਾਂ ਲਈ ਬਿਜਲੀ ਦੀ ਤੇਜ਼ੀ ਨਾਲ ਵੱਧ ਰਹੀ ਵਰਤੋਂ ਕਾਰਣ ਬਿਜਲੀ ਦੀ ਮੰਗ ਵੀ ਵਧ ਰਹੀ ਹੈ। ਬਿਜਲੀ

[ਵਿੱਤ ਮੰਤਰੀ]

ਦੀ ਲੋੜ ਨੂੰ ਪੂਰਾ ਕਰਨ ਲਈ ਚਲ ਰਹੇ ਪ੍ਰਾਜੈਕਟਾਂ-ਰਣਜੀਤ ਸਾਗਰ ਡੈਮ (4X150 ਮੈਗਾਵਾਟ) ਅਤੇ ਜੀ. ਐਚ.ਟੀ.ਪੀ., ਸਟੇਜ-I (ਲਹਿਰਾ ਮੁਹੱਬਤ) (2X210 ਮੈਗਾਵਾਟ) ਮੁਕਮਲ ਕਰਨ ਲਈ ਕ੍ਰਮਵਾਰ ਜੂਨ, 1998 ਅਤੇ 1997 ਦੇ ਅੰਤ ਤਕ ਸਮਾਂ ਮਿਥਿਆ ਗਿਆ ਹੈ। (ਥੰਪਿੰਗ) ਰਾਜ ਵਿਚ ਇਨ੍ਹਾਂ ਬਿਜਲੀ ਪ੍ਰਾਜੈਕਟਾਂ ਦੇ ਮੁਕੰਮਲ ਹੋ ਜਾਣ ਨਾਲ ਬਿਜਲੀ ਦੀ ਸਥਾਪਤ ਸਮਰੱਥਾ 3510 ਮੈਗਾਵਾਟ ਤੋਂ ਵੱਧ ਕੇ 4162 ਮੈਗਾਵਾਟ ਤੋਂ ਵੱਧ ਹੋ ਜਾਵੇਗੀ ਜਿਸ ਨਾਲ 19 ਫੀਸਦੀ ਦਾ ਵਾਧਾ ਹੋਵੇਗਾ। (ਥੰਪਿੰਗ)

31. 1996-97 ਵਿਚ 682.63 ਕਰੋੜ ਰੁਪਏ ਦੇ ਖਰਚ ਦੇ ਮੁਕਾਬਲੇ 1997-98 ਦੌਰਾਨ 784.00 ਕਰੋੜ ਰੁਪਏ ਦੇ ਖਰਚ ਦਾ ਉਪਬੰਧ ਕੀਤਾ ਗਿਆ ਹੈ। ਜੋ ਇਸ ਖੇਤਰ ਲਈ 14.79 ਫ਼ੀਸਦੀ ਦਾ ਵਾਧਾ ਦਰਸਾ ਰਿਹਾ ਹੈ। ਰਣਜੀਤ ਸਾਗਰ ਡੈਮ ਦੇ ਕੰਮ ਨੂੰ ਮੁਕੰਮਲ ਕਰਨ ਲਈ 350.00 ਕਰੋੜ ਰੁਪਏ ਮਖਸੂਸ ਕਰਨ ਦਾ ਮੁੱਖ ਉਪਬੰਧ ਕੀਤਾ ਗਿਆ ਹੈ (ਥੰਪਿੰਗ) ਜਿਸ ਵਿਚੋਂ 100.00 ਕਰੋੜ ਰੁਪਏ "ਵਧਾਕ ਸਿੰਜਾਈ ਲਾਭ ਪ੍ਰੋਗਰਾਮ" ਅਧੀਨ ਕੇਂਦਰੀ ਸਹਾਇਤਾ ਵਜੋਂ ਉਪਲੱਬਧ ਕਰਵਾਏ ਜਾਣਗੇ। ਮੁੱਖ ਮੰਤਰੀ, ਪੰਜਾਬ ਦੁਆਰਾ ਡਿਪਟੀ ਚੇਅਰਮੈਨ, ਯੋਜਨਾਬੰਦੀ ਕਮਿਸ਼ਨ ਨਾਲ ਵਿਚਾਰ ਵਟਾਂਦਰਾ ਕਰਦੇ ਸਮੇਂ ਇਹ ਸਹਿਮਤੀ ਪ੍ਰਗਟਾਈ ਗਈ ਸੀ ਕਿ ਕਿਉਂਜੋ ਰਣਜੀਤ ਸਾਗਰ ਡੈਮ ਨੂੰ ਮੁਕੰਮਲ ਕਰਨ ਦੇ ਕੰਮ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਗਈ ਹੈ, ਇਸ ਲਈ ਪੰਜਾਬ ਸਰਕਾਰ ਨੂੰ ਇਹ ਡੈਮ ਜੂਨ, 1998 ਤਕ ਮੁਕੰਮਲ ਕਰ ਲੈਣਾ ਚਾਹੀਦਾ ਹੈ। ਦਸੰਬਰ 1997 ਵਿਚ ਯੋਜਨਾਬੰਦੀ ਕਮਿਸ਼ਨ ਇਸ ਦੀ ਵਾਸਤਵਿਕ ਅਤੇ ਵਿੱਤੀ ਪ੍ਰਗਤੀ ਦਾ ਜਾਇਜ਼ਾ ਲਵੇਗਾ ਅਤੇ ਫਿਰ ਭਾਰਤ ਸਰਕਾਰ "ਵਧੀਕ ਸਿੰਜਾਈ ਲਾਭ ਪ੍ਰੋਗਰਾਮ" ਅਧੀਨ 1998-99 ਦੀ ਇਸ ਪ੍ਰਾਜੈਕਟ ਲਈ ਐਲੋਕੇਟ ਕੀਤੀ ਵਧ ਰਕਮ ਜਾਰੀ ਕਰਨ ਸਬੰਧੀ ਵਿਚਾਰ ਕਰੇਗੀ। ਮੁਖ ਮੰਤਰੀ, ਪੰਜਾਬ ਇਸ ਪ੍ਰੋਜੈਕਟ ਨੂੰ ਮਿਥੇ ਸਮੇਂ ਅਦਰ ਮੁਕੰਮਲ ਹੋਣ ਨੂੰ ਯਕੀਨੀ ਬਣਾਉਣ ਲਈ ਇਸ ਦੀ ਪ੍ਰਗਤੀ ਦਾ ਹਰ ਮਹੀਨੇ ਜਾਇਜ਼ਾ ਲੈਣਗੇ।

32. ਗੋਇੰਦਵਾਲ ਸਾਹਿਬ ਥਰਮਲ ਪ੍ਰਾਜੈਕਟ (2 × 250 ਮੈਗਾਵਾਟ) ਜੀ. ਐਚ. ਟੀ. ਪੀ. ਸਟੇਜ-2 (2 × 250 ਮੈਗਾਵਾਟ) ਲਹਿਰਾ ਮੁਹੱਬਤ ਅਤੇ ਨੇਪਥਾ ਆਧਾਰਤ ਪਲਾਂਟ, ਬਠਿੰਡਾ (150 ਮੈਗਾਵਾਟ) ਦੀ ਪੇਸ਼ਕਸ਼ ਪ੍ਰਾਈਵੇਟ/ਸਾਂਝੇ ਉੱਦਮੀਆਂ ਨੂੰ ਕਰਨ ਬਾਰੇ ਵੀ ਫੈਸਲਾ ਕੀਤਾ ਗਿਆ ਹੈ।

33. ਸੰਚਾਰ ਅਤੇ ਵਿਤਰਣ ਪ੍ਰਣਾਲੀ ਨੂੰ ਵੱਧ ਤੋਂ ਵੱਧ ਸੰਭਵ ਹੱਦ ਤਕ ਤੇਜ਼ ਕਰਨ ਲਈ ਵੀ ਯਤਨ ਕੀਤੇ ਜਾ ਰਹੇ ਹਨ। ਸੰਚਾਰ ਅਤੇ ਵੰਡ ਘਾਟਿਆਂ ਨੂੰ ਘਟਾਉਣ ਲਈ 1997-98 ਲਈ, 110.00 ਕਰੋੜ ਰੁਪਏ ਦੇ ਖ਼ਰਚ ਦਾ ਉਪਬੰਧ ਕੀਤਾ ਗਿਆ ਹੈ। ਰਾਜ ਵਿਚ 1997-98 ਦੌਰਾਨ ਸੁਤੰਤਰ ਬਿਜਲੀ ਫ਼ੀਡਰਾਂ ਰਾਹੀਂ 1,500 ਹੋਰ ਪਿੰਡਾਂ ਨੂੰ ਬਿਜਲੀ ਦੀ ਨਿਰਵਿਘਨ ਸਪਲਾਈ ਦੇਣ ਲਈ 30.00 ਕਰੋੜ ਰੁਪਏ ਦੇ ਖ਼ਰਚ ਦਾ ਉਪਬੰਧ ਵੀ ਕੀਤਾ ਜਾ ਰਿਹਾ ਹੈ। ਰਾਜ ਸਰਕਾਰ ਨੇ ਇਸ ਸਕੀਮ ਅਧੀਨ ਅਗਲੇ ਤਿੰਨ ਸਾਲਾਂ ਵਿਚ ਸਾਰੇ ਪਿੰਡਾਂ ਨੂੰ ਕਵਰ ਕਰਨ ਦਾ ਫੈਸਲਾ ਵੀ ਕੀਤਾ ਹੈ।

ਸਿੰਜਾਈ ਅਤੇ ਹੜ੍ਹ ਕੰਟਰੋਲ

34. ਸਿੰਜਾਈ ਰਾਜ ਦੀ ਆਰਥਿਕਤਾ ਦਾ ਬਹੁਤ ਮਹੱਤਵਪੂਰਨ ਖੇਤਰ ਹੈ ਅਤੇ ਇਸ ਦਾ ਯੋਜਨਾ ਖ਼ਰਚ 36 ਫੀਸਦੀ ਵਧਾ ਦਿੱਤਾ ਗਿਆ ਹੈ। 1996-97 ਵਿਚ 171.12 ਕਰੋੜ ਰੁਪਏ ਦੇ ਯੋਜਨਾ ਖਰਚੇ ਦੇ ਮੁਕਾਬਲੇ 1997-98 ਦੌਰਾਨ ਇਸ ਦੇ ਵਿਕਾਸ ਲਈ 231.96 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ) ਵੱਡੀ ਦਰਮਿਆਨੀ ਅਤੇ ਛੋਟੀ ਸਿੰਜਾਈ ਸਕੀਮ ਅਤੇ ਕਮਾਂਡ ਏਰੀਆ ਵਿਕਾਸ ਸਕੀਮਾਂ ਰਾਹੀਂ 41.152 ਹੈਕਟੇਅਰ ਰਕਬੇ ਅੰਦਰ ਵਧੀਕ ਸਿੰਜਾਈ ਸਮੱਰਥਾ ਪੈਦਾ ਕਰਨ ਦੀ ਸੰਭਾਵਨਾ ਹੈ। ਸਾਡੀ ਸਰਕਾਰ ਦਾ ਉਦੇਸ਼ ਵਧੀਆ ਜਲ ਪ੍ਰਬੰਧ ਅਤੇ ਮੌਜੂਦਾ ਸਿੰਜਾਈ ਸਿਸਟਮ ਦੇ ਆਧੁਨਿਕੀਕਰਨ ਰਾਹੀਂ 100 ਫੀਸਦੀ ਕਾਸ਼ਤ ਰਕਬੇ ਨੂੰ ਸਿੰਜਾਈ ਅਧੀਨ ਲਿਆਉਣਾ ਹੈ।

35. ਵਿਸ਼ਵ ਬੈਂਕ ਸਹਾਇਤਾ ਪ੍ਰਾਪਤ 'ਪੰਜਾਬ ਸਿੰਜਾਈ ਅਤੇ ਜਲ-ਨਿਕਾਸ ਪ੍ਰਾਜੈਕਟ ਫੇਜ਼-II' ਅਧੀਨ 350 ਕਿਲੋਮੀਟਰ ਖਾਲ੍ਹਿਆਂ ਨੂੰ ਪੱਕਾ ਕਰਨ ਦਾ ਕੰਮ 45.08 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਕਰ ਲਿਆ ਜਾਵੇਗਾ। ਸੀਸਵਾਂ ਅਤੇ ਜੈਅੰਤੀ ਵਿਖੇ ਘੱਟ ਉਚਾਈ ਵਾਲੇ ਡੈਮ ਸਿੰਜਾਈ ਵੰਡ ਪ੍ਰਣਾਲੀ ਸਮੇਤ 1997-98 ਦੌਰਾਨ 10.22 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਕਰ ਲਏ ਜਾਣਗੇ। 1997-98 ਦੌਰਾਨ ਥਾਨਾ ਅਤੇ ਪਟਿਆਰੀ ਡੈਮਾਂ ਦਾ ਉਸਾਰੀ ਦੇ ਕੰਮ ਨੂੰ ਵੀ ਕ੍ਰਮਵਾਰ 11.96 ਕਰੋੜ ਰੁਪਏ ਅਤੇ 8.96 ਕਰੋੜ ਰੁਪਏ ਦੀ ਅਨੁਮਾਨ ਲਾਗਤ ਹੱਥ ਵਿਚ ਲੈਣ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ, ਕੰਢੀ ਖੇਤਰ ਵਿਚ 45 ਡੂੰਘੇ ਟਿਊਬਵੈਲ 10.53 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤੇ ਜਾਣਗੇ ਅਤੇ 1997-98 ਦੌਰਾਨ 50.43 ਕਰੋੜ ਰੁਪਏ ਦੀ ਲਾਗਤ ਨਾਲ 1101.43 ਕਿਲੋਮੀਟਰ ਲੰਬੇ ਖਾਲੇ ਪੱਕੇ ਕੀਤੇ ਜਾਣ ਦੀ ਸੰਭਾਵਨਾ ਹੈ। ਚਾਲੂ ਸਾਲ ਦੌਰਾਨ 8.48 ਕਰੋੜ ਰੁਪਏ ਦੀ ਲਾਗਤ ਨਾਲ ਕੰਢੀ ਨਹਿਰ ਦੇ ਫਤਿਹਪੁਰ ਮਾਈਨਰ (1.8 ਕਿਲੋਮੀਟਰ) ਦੇ ਕੰਮ ਨੂੰ ਚਾਲੂ ਸਾਲ ਵਿਚ ਮੁਕੰਮਲ ਕਰ ਲਿਆ ਜਾਵੇਗਾ।

36. ਸਿੰਜਾਈ ਸਕੀਮ ਨੂੰ ਮਜ਼ਬੂਤ ਕਰਨ ਲਈ ਝੰਡੂਕੇ ਮਾਈਨਰ ਦੀ ਉਸਾਰੀ, ਭਾਗਸਰ ਮਾਈਨਰ ਅਤੇ ਲਾਲ ਭਾਈ ਡਿਸਟ੍ਰੀਬਿਊਟਰੀ ਦਾ ਪੁਨਰ ਨਿਰਮਾਣ ਅਤੇ ਉਲਕ ਲਿਫਟ ਸਿੰਜਾਈ ਸਕੀਮ ਨੂੰ 1997-98 ਦੌਰਾਨ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ। ਇਨ੍ਹਾਂ ਪ੍ਰਾਜੈਕਟਾਂ ਲਈ ਕੁਲ ਲਾਗਤ 3.68 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ।

37. ਮੁਕਤਸਰ, ਮਲੋਟ ਅਤੇ ਅਬੋਹਰ ਖੇਤਰ ਵਿਚ ਸੇਮ ਦੀ ਸਮੱਸਿਆ ਨੂੰ ਨਜਿੱਠਣ ਲਈ, 1997-98 ਦੌਰਾਨ ਜਲ ਨਿਕਾਸ ਪ੍ਰਣਾਲੀ ਦੇ ਨਿਰਮਾਣ ਕਾਰਜ ਸਬੰਧੀ 120.00 ਕਰੋੜ ਰੁਪਏ ਦੀ ਲਾਗਤ ਵਾਲੇ ਇਕ ਪ੍ਰਾਜੈਕਟ ਨੂੰ ਅਮਲ ਵਿਚ ਲਿਆਂਦੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਸਕੀਮ ਅਧੀਨ ਭੌਂ ਪ੍ਰਾਪਤੀ ਲਈ 15.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਹੁਸ਼ਿਆਰਪੁਰ (ਆਰ. ਡੀ. 59.5) ਤਕ ਪਹਿਲਾਂ ਹੀ ਮੁਕੰਮਲ ਕੀਤੀ ਜਾ ਚੁੱਕੀ ਕੰਢੀ ਨਹਿਰ ਦੇ ਕੰਮ ਨੂੰ, ਬਲਾਚੌਰ ਤਕ ਵਧਾ ਕੇ ਪੜਾਅਵਾਰ ਮੁਕੰਮਲ ਕਰਨ ਦੀ ਸੰਭਾਵਨਾ ਹੈ।

[ਵਿੱਤ ਮੰਤਰੀ]

38. ਖੇਤੀਬਾੜੀ ਅਤੇ ਦਿਹਾਤੀ ਵਿਕਾਸ ਲਈ ਰਾਸ਼ਟਰੀ ਬੈਂਕ ਨੇ 62.50 ਕਰੋੜ ਰੁਪਏ ਦਾ ਕਰਜ਼ਾ ਪਰਵਾਨ ਕੀਤਾ ਹੈ ਜਿਸ ਵਿਚ ਰਾਜ ਦਾ ਹਿੱਸਾ ਦਿਹਾਤੀ ਇਨਫਰਾਸ-ਟਰਕਚਰ ਵਿਕਾਸ ਫੰਡ-II ਅਧੀਨ 'ਨਾਲੀਆਂ ਬਣਾਉਣ ਅਤੇ ਵਾਟਰਸ਼ੈਡ ਨਹਿਰ-ਖੁਦਾਈ ਕਾਰਜਾਂ ਲਈ 7.00 ਕਰੋੜ ਰੁਪਏ ਹੈ। 1997-98 ਦੌਰਾਨ ਇਸ ਸਕੀਮ ਲਈ 35.00 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਪੇਂਡੂ ਵਿਕਾਸ

39. ਪੇਂਡੂ ਵਿਕਾਸ ਨੂੰ ਸਾਲਾਨਾ ਯੋਜਨਾ 1997-98 ਵਿਚ ਪਰਮ ਅਗੇਤ ਦਿੱਤੀ ਗਈ ਹੈ। ਸਾਲ 1996-97 ਵਿਚ 297.69 ਕਰੋੜ ਰੁਪਏ ਦੇ ਪੂਰਵ ਅਨੁਮਾਨਿਤ ਖਰਚੇ ਦੇ ਮੁਕਾਬਲੇ ਚਾਲੂ ਸਾਲ ਵਿੱਚ ਪੇਂਡੂ ਵਿਕਾਸ ਕਾਰਜਾਂ ਸਬੰਧੀ 381.00 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾਏਗੀ। ਪਹਿਲੇ ਪੰਜਾਬ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਉਤੇ, ਸਾਲ 1997-98 ਦੌਰਾਨ ਪੰਚਾਇਤੀ ਰਾਜ ਸੰਸਥਾਵਾਂ ਨੂੰ ਪੇਂਡੂ ਇਲਾਕਿਆਂ ਵਿੱਚ ਵਿਕਾਸ ਅਤੇ ਹੋਰ ਸਬੰਧਿਤ ਆਰਥਿਕ ਅਤੇ ਸਮਾਜਕ ਕਾਰਜਾਂ ਲਈ ਸਹਾਇਤਾ ਗਰਾਂਟ ਵਜੋਂ 55.77 ਕਰੋੜ ਰੁਪਏ ਦੀ ਰਕਮ ਦਿੱਤੀ ਜਾ ਰਹੀ ਹੈ। ਰਾਜ ਵਿਚ ਸੰਗਠਿਤ ਦਿਹਾਤੀ ਵਿਕਾਸ ਦੇ ਟੀਚੇ ਨੂੰ ਦੇਖਦੇ ਹੋਏ, ਨਿਮਨ ਟੀਚਿਆਂ ਨੂੰ ਪੂਰਾ ਕਰਨ ਲਈ "ਫੋਕਲ ਪੁਆਇੰਟ ਸਥਾਪਿਤ ਕਰਨ ਦਾ ਪ੍ਰੋਗਰਾਮ ਜੋਸ਼-ਓ-ਖਰੋਸ਼ ਨਾਲ ਮੁੜ ਸੁਰਜੀਤ ਕੀਤਾ ਗਿਆ ਹੈ (ਥੰਪਿੰਗ) :-

(i) ਮੁਕੰਮਲ ਅਤੇ ਲਾਭਦਾਇਕ ਰੋਜ਼ਗਾਰ ਮੁਹੱਈਆ ਕਰਨਾ;

(ii) ਜ਼ਰਾਇਤੀ ਉਪਜ ਵਿਚ ਘੱਟੋ ਘੱਟ 50% ਵਾਧਾ ਪ੍ਰਾਪਤ ਕਰਨਾ;

(iii) ਰਵਾਇਤੀ ਪੇਂਡੂ ਸਨੱਅਤਾਂ ਅਤੇ ਵਪਾਰ ਨੂੰ ਮੁੜ ਸੁਰਜੀਤ ਕਰਨਾ/ਤੇਜ਼ੀ ਲਿਆਉਣੀ;

(iv) ਘਰੇਲੂ ਤੇ ਛੋਟੇ ਪੈਮਾਨੇ ਦੀਆਂ ਖੇਤੀਬਾੜੀ ਅਧਾਰਤ ਸਨੱਅਤਾਂ ਅਤੇ ਸਹਿ-ਸਨੱਅਤਾਂ ਦਾ ਵਿਕਾਸ ਕਰਨਾ;

(v) ਸਥਾਨਕ ਸਾਧਨਾਂ ਦਾ ਪੂਰੀ ਤਰ੍ਹਾਂ ਵਿਕਾਸ ਕਰਨਾ ਅਤੇ;

(iv) ਪੇਂਡੂ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਵਿਕਾਸ ਪ੍ਰਕ੍ਰਿਆ ਵਿਚ ਹਿੱਸਾ ਲੈਣ ਦੇ ਸਮਰੱਥ ਕਰਨ ਨੂੰ ਯਕੀਨੀ ਬਣਾਉਣਾ (ਥੰਪਿੰਗ)

40. ਲੋਕਾਂ ਦੇ ਸਮਾਜ-ਆਰਥਿਕ ਜੀਵਨ, ਵਿਸ਼ੇਸ਼ ਕਰਕੇ ਪੇਂਡੂ ਇਲਾਕਿਆਂ ਵਿੱਚ ਬੁਨਿਆਦੀ ਤਬਦੀਲੀ ਲਿਆਉਣ ਲਈ ਯੋਜਨਾ ਸਕੀਮਾਂ, ਜੋ ਕਿ ਅਨੁਭਵ ਹੋਈਆਂ ਲੋੜਾਂ ਦੇ ਮੁਲਾਂਕਣ ਉਪਰੰਤ ਤਿਆਰ ਕੀਤੀਆਂ ਜਾਣੀਆਂ ਹਨ, ਸਬੰਧੀ ਰਾਜ ਵਿਚ 1997-98 ਵਿਚ ਪਾਇਲਟ ਅਧਾਰ ਉਤੇ 24 ਬਲਾਕਾਂ ਵਿਚ ਬਲਾਕ ਪੱਧਰ ਦੀ ਯੋਜਨਾਬੰਦੀ ਸ਼ੁਰੂ ਕੀਤੀ ਜਾ ਚੁੱਕੀ ਹੈ।

41. ਸਦਨ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਰਾਜ ਦੇ ਸਾਰੇ ਪਿੰਡਾਂ ਸਬੰਧੀ ਪਹਿਲਾਂ ਹੀ 'ਉਨੱਤ ਗਰਾਮ ਪ੍ਰੋਗਰਾਮ' ਦੇ ਤਹਿਤ ਕੰਮ-ਕਾਜ ਹੱਥ ਵਿਚ ਲੈ ਲਿਆ ਗਿਆ ਹੈ। ਵੱਧ ਤੋਂ ਵੱਧ ਅੱਧ-ਪਚੱਧੇ ਮੁਕੰਮਲ ਹੋਏ ਕੰਮਾਂ ਵਾਲੇ ਪਿੰਡਾਂ ਵਿਚ ਬਾਕੀ ਰਹਿੰਦੇ ਕਾਰਜਾਂ ਨੂੰ ਪੂਰਾ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। 1997-98 ਦੌਰਾਨ ਇਸ ਮੰਤਵ ਲਈ ਪੇਂਡੂ ਵਿਕਾਸ ਫੰਡ ਵਿਚੋਂ ਚੋਖਾ ਉਪਬੰਧ ਮੁਹੱਈਆ ਕੀਤਾ ਜਾਵੇਗਾ। 10,000 ਕਿਲੋਮੀਟਰ ਲੰਬੀਆਂ ਲਿੰਕ ਸੜਕਾਂ ਦੀ ਮੁਰੰਮਤ/ਉਸਾਰੀ ਲਈ ਮੰਡੀ ਬੋਰਡ/ਮਾਰਕੀਟ ਕਮੇਟੀਆਂ ਅਤੇ ਪੇਂਡੂ ਵਿਕਾਸ ਫੰਡ ਦੁਆਰਾ 166.00 ਕਰੋੜ ਰੁਪਏ ਦੀ ਰਕਮ ਖਰਚ ਕੀਤੇ ਜਾਣ ਦੀ ਤਜਵੀਜ਼ ਕੀਤੀ ਗਈ ਹੈ।

42. ਸਵੈ-ਰੋਜ਼ਗਾਰ ਨੂੰ ਸਥਾਪਿਤ ਕਰਨ ਲਈ ਆਈ. ਆਰ. ਡੀ. ਪੀ. ਦੇ ਤਹਿਤ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ 20,000 ਪਰਿਵਾਰਾਂ ਦੀ ਮਦਦ ਕੀਤੀ ਜਾਵੇਗੀ। ਸਵੈ-ਰੋਜ਼ਗਾਰ ਪ੍ਰਾਪਤ ਕਰਨ ਲਈ ਟਰਾਇਜ਼ਮ ਅਧੀਨ 2,500 ਦਿਹਾਤੀ ਯੁਵਕਾਂ ਨੂੰ ਸਿਖਲਾਈ ਦਿੱਤੀ ਜਾਵੇਗੀ ਅਤੇ ਆਮਦਨ ਪੈਦਾ ਕਰਨ ਦੇ ਕਾਰਜ਼ਾਂ ਨੂੰ ਹੱਥ ਵਿੱਚ ਲੈਣ ਲਈ ਦਵਾਕਰ ਤਹਿਤ ਔਰਤਾਂ ਦੇ 600 ਗਰੁੱਪਾਂ ਦੀ ਸਹਾਇਤਾ ਕੀਤੀ ਜਾਵੇਗੀ ਜਦੋਂ ਕਿ ਪੇਂਡੂ ਗਰੀਬਾਂ ਲਈ 'ਜਵਾਹਰ ਰੋਜ਼ਗਾਰ ਯੋਜਨਾ' ਅਤੇ 'ਯਕੀਨੀ ਰੋਜ਼ਗਾਰ ਸਕੀਮ' ਦੇ ਤਹਿਤ ਰੋਜ਼ਗਾਰ ਦੇ 42 ਲੱਖ ਕਿਰਤ ਦਿਨ ਪੈਦਾ ਕੀਤੇ ਜਾਣਗੇ। ਇਸ ਦੇ ਨਾਲ ਹੀ 'ਇੰਦਰਾ ਅਵਾਸ ਯੋਜਨਾ' ਦੇ ਤਹਿਤ 1997-98 ਦੌਰਾਨ ਪੇਂਡੂ ਇਲਾਕਿਆਂ ਵਿਚ ਅਨੁਸੂਚਿਤ ਜਾਤੀਆਂ ਅਤੇ ਗੈਰ-ਅਨੁਸੂਚਿਤ ਜਾਤਾਂ ਦੋਹਾਂ ਲਈ 3700 ਮਕਾਨ ਉਸਾਰੇ ਜਾਣਗੇ।

ਖੇਤੀਬਾੜੀ

43. ਸਪੀਕਰ ਸਾਹਿਬ, ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦਾ ਮੁੱਖ ਧੁਰਾ ਹੈ। ਸਾਡੀ ਸਰਕਾਰ ਕਿਸਾਨਾਂ ਦੀ ਭਲਾਈ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ ਜਿਸ ਅਨੁਸਾਰ ਸਰਕਾਰ ਨੇ ਭੌਂ-ਮਾਲੀਆ ਅਤੇ ਆਬਿਆਨਾ ਖ਼ਤਮ ਕਰ ਦਿੱਤਾ ਹੈ। (ਥੰਪਿੰਗ) ਸਰਕਾਰ ਨੇ ਕਿਸਾਨਾਂ ਨੂੰ ਜ਼ਰਾਇਤੀ ਮੰਤਵਾਂ ਲਈ ਟਿਊਬਵੈਲ ਚਲਾਉਣ ਵਾਸਤੇ ਬਿਜਲੀ ਦੇ ਬਿਲਾਂ ਦੀ ਅਦਾਇਗੀ ਤੋਂ ਵੀ ਛੋਟ ਦੇ ਦਿੱਤੀ ਹੈ। (ਥੰਪਿੰਗ) ਇਕ ਬਹੁਤ ਵੱਡੀ ਗਲਤ ਧਾਰਨਾ ਹੈ ਕਿ ਪੰਜਾਬ ਦਾ ਕਿਸਾਨ ਖੁਸ਼ਹਾਲ ਹੈ। ਅਸਲ ਵਿਚ, ਪੰਜਾਬ ਵਿਚ ਜ਼ਰਾਇਤੀ ਖੇਤ ਬਹੁਤ ਛੋਟੇ ਛੋਟੇ ਹਨ ਅਤੇ ਜ਼ਰਾਇਤੀ ਉਪਜ ਦਾ ਮੁੱਲ ਲਾਹੇਵੰਦ ਨਹੀਂ ਮਿਲਦਾ। ਸਿੱਟੇ ਵਜੋਂ, ਪੰਜਾਬ ਦਾ ਕਿਸਾਨ ਗਲ-ਗਲ ਕਰਜ਼ੇ ਵਿਚ ਗ੍ਰਸਿਆ ਹੋਇਆ ਹੈ। ਇਸ ਲਈ ਸਾਡੀ ਸਰਕਾਰ ਕਣਕ ਦੀ ਵਸੂਲੀ ਕੀਮਤ ਵਿਚ ਵਾਧਾ ਕਰਨ ਲਈ ਅਣਥੱਕ ਘੋਲ ਕਰ ਰਹੀ ਹੈ। ਅਸੀਂ ਆਪਣੀਆਂ ਕੋਸ਼ਿਸ਼ਾਂ ਵਿਚ ਸਿਰਫ਼ ਅੰਸ਼ਕ ਤੌਰ ਤੇ ਹੀ ਕਾਮਯਾਬ ਹੋਏ ਹਾਂ ਅਤੇ ਵਸੂਲੀ ਕੀਮਤ 1996-97 ਵਿਚ 380.00 ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 1997-98 ਵਿਚ 415.00 ਰੁਪਏ ਪ੍ਰਤੀ ਕੁਇੰਟਲ ਕਰਨ ਵਿਚ ਸਫਲ ਹੋਏ ਹਾਂ। ਇਸ ਤੋਂ ਇਲਾਵਾ, ਜ਼ਰਾਇਤੀ ਇਨਪੁਟਸ (ਲਾਗਤਾਂ) ਦੇ ਖਰਚੇ ਵਿਚ ਹੋ ਰਹੇ ਕੁਝ ਵਾਧੇ ਦੀ

[ਵਿੱਤ ਮੰਤਰੀ]

ਪ੍ਰਤੀਪੂਰਤੀ ਲਈ ਭਾਰਤ ਸਰਕਾਰ ਦੁਆਰਾ 60/- ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਬੋਨਸ ਦਿੱਤਾ ਗਿਆ ਹੈ। ਐਪਰ, ਇਹ ਵਾਧਾ ਅਜੇ ਵੀ ਕਾਫ਼ੀ ਨਹੀਂ ਹੈ ਅਤੇ ਸਾਨੂੰ ਯਕੀਨ ਹੈ ਕਿ ਸਮੁੱਚਾ ਸਦਨ ਭਾਰਤ ਸਰਕਾਰ ਨੂੰ ਕਣਕ ਦੀਆਂ ਵਸੂਲੀ ਕੀਮਤਾਂ ਵਿਚ ਵਾਧੇ ਲਈ ਅਪੀਲ ਕਰਨ ਵਿਚ ਸ਼ਾਮਿਲ ਹੋਵੇਗਾ।

44. ਸਪੀਕਰ ਸਾਹਿਬ, ਪੰਜਾਬ ਦੇ ਅਰਥਚਾਰੇ ਲਈ ਕਣਕ-ਝੋਨੇ ਦੀਆਂ ਫ਼ਸਲਾਂ ਤੋਂ ਹੱਟ ਕੇ ਬਹੁਤਾ ਮੁੱਲ ਦੇਣ ਵਾਲੀਆਂ ਫਸਲਾਂ ਉਗਾਉਣ ਵਲ ਝੁਕਾਅ ਕਰਨਾ ਬਹੁਤ ਲਾਜ਼ਮੀ ਹੈ। ਐਪਰ, ਕਿਉਂਜੋ ਫਸਲਾਂ ਵਿਚ ਵੰਨ-ਸੁੰਵੰਨਤਾ ਲਿਆਉਣੀ ਆਰਥਕ ਵਟਕਾਂ ਨਾਲ ਸਬੰਧਿਤ ਹੈ, ਇਸ ਲਈ ਸਾਡੀ ਸਰਕਾਰ ਹੌਲੀ-ਹੌਲੀ ਕਿਸਾਨਾਂ ਨੂੰ ਕਣਕ-ਝੋਨੇ ਦੀਆਂ ਫਸਲਾਂ ਦੇ ਫੇਰ-ਬਦਲ ਤੋਂ ਹਟਾ ਕੇ ਬਹੁਤਾ ਮੁੱਲ ਦੇਣ ਵਾਲੀਆਂ ਫਸਲਾਂ ਉਗਾਉਣ ਵੱਲ ਝੁਕਾਅ ਕਰਨ ਦੀ ਤਜਵੀਜ਼ ਰਖਦੀ ਹੈ। (ਥੰਪਿੰਗ) ਇਹ ਤਬਦੀਲੀ ਹੌਲੀ ਹੌਲੀ ਕੀਤੀ ਜਾਵੇਗੀ ਅਤੇ ਇਸ ਮੰਤਵ ਨੂੰ ਪੂਰਾ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕਰਨੀਆਂ ਹੀ ਪੈਣਗੀਆਂ।

ਸਭ ਤੋਂ ਪਹਿਲਾਂ, ਜ਼ਰਾਇਤੀ-ਪ੍ਰਾਸੈਸਿੰਗ ਅਤੇ ਜ਼ਰਾਇਤੀ ਸਨੱਅਤਾਂ ਦੇ ਖੇਤਰ ਤੇ ਵਧੇਰੇ ਜ਼ੋਰ ਹੋਵੇਗਾ। ਇਹ ਤਜਵੀਜ਼ ਕੀਤਾ ਜਾਂਦਾ ਹੈ ਕਿ ਸਬਜ਼ੀਆਂ ਦੇ ਤਹਿਤ ਰਕਬੇ ਵਿਚ 1.05 ਲੱਖ ਹੈਕਟੇਅਰ ਦੇ ਮੌਜੂਦਾ ਰਕਬੇ ਤੋਂ ਘੱਟੋ ਘੱਟ 10 ਫੀਸਦੀ ਦਾ ਵਾਧਾ ਕੀਤਾ ਜਾਵੇ। ਇਹ ਮੰਤਵ ਬੀਜਾਂ ਦੀ ਹਾਈਬਰਿਡ (ਬੇਰੜਾ) ਕਿਸਮ ਦੀ ਵਧੇਰੇ ਵਰਤੋਂ ਰਾਹੀਂ ਪ੍ਰਾਪਤ ਕੀਤਾ ਜਾਵੇਗਾ। ਇਹ ਬੀਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਬਾਗਬਾਨੀ ਵਿਭਾਗ ਅਤੇ ਪ੍ਰਾਈਵੇਟ ਸੈਕਟਰ ਦੁਆਰਾ ਮੁਹੱਈਆ ਕਰਵਾਏ ਜਾਣਗੇ। ਇਸ ਤੋਂ ਇਲਾਵਾ, ਫਲਾਂ ਅਤੇ ਉਨ੍ਹਾਂ ਦੇ ਪ੍ਰਾਸੈਸਿੰਗ ਦੀ ਕੁਆਲਿਟੀ ਵਿਚ ਸੁਧਾਰ ਲਿਆ ਕੇ ਫਲਾਂ ਦੀ ਕਾਸ਼ਤ ਨੂੰ ਪ੍ਰੋਤਸਾਹਿਤ ਕੀਤਾ ਜਾਵੇਗਾ।

ਦੂਜੇ, ਸਾਲ 1997-98 ਦੌਰਾਨ ਘੱਟੋ ਘੱਟ 10 ਫੀਸਦੀ ਰਕਬਾ ਚਾਰੇ ਅਧੀਨ ਲਿਆਂਦਾ ਜਾਵੇਗਾ ਤਾਂ ਜੋ ਡੇਅਰੀ ਵਿਕਾਸ ਦੇ ਕੰਮ ਵਿਚ ਤੇਜ਼ੀ ਲਿਆਂਦੀ ਜਾ ਸਕੇ। ਇਸ ਉਪਾਅ ਨਾਲ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਵੇਗਾ ਅਤੇ ਇਸ ਤੋਂ ਇਲਾਵਾ ਰੋਜ਼ਗਾਰ ਉਤਪਾਦਨ ਵੀ ਵਧੇਗਾ।

ਤੀਜੇ, ਮੱਛੀ-ਪਾਲਣ ਅਧੀਨ ਰਕਬਾ 1996-97 ਵਿਚ 800 ਹੈਕਟੇਅਰ ਤੋਂ ਵਧਾ ਕੇ 1997-98 ਵਿਚ 1200 ਹੈਕਟੇਅਰ ਕਰ ਦਿੱਤਾ ਜਾਵੇਗਾ। (ਥੰਪਿੰਗ) ਇਸ ਉਪਾਅ ਸਦਕਾ ਰਾਜ ਦੇ ਗੈਰ-ਕਾਸ਼ਤਯੋਗ ਅਤੇ ਸੇਮ ਮਾਰੂ ਰਕਬੇ ਨੂੰ ਕਾਸ਼ਤਯੋਗ ਬਣਾਇਆ ਜਾਵੇਗਾ।

ਚੌਥੇ, 20 ਲੱਖ ਪੌਦਿਆਂ ਦੀ ਵਧੀਕ ਨਰਸਰੀ ਪੈਦਾਵਾਰ ਵਧਾ ਕੇ ਐਗਰੋ-ਫਾਰੈਸਟਰੀ ਅਧੀਨ 5,000 ਹੈਕਟੇਅਰ ਦਾ ਹੋਰ ਵਧ ਰਕਬਾ ਕਵਰ ਕੀਤਾ ਜਾਵੇਗਾ। (ਥੰਪਿੰਗ)

ਪੰਜਵੇਂ, 20 ਤੋਂ 50 ਦੁਧਾਰੂ ਪਸ਼ੂਆਂ ਵਾਲੀਆਂ ਵੱਡੀਆਂ ਵੱਡੀਆਂ ਡੇਅਰੀ ਯੂਨਿਟਾਂ ਸਥਾਪਿਤ ਕਰਨ ਲਈ ਵਿਆਜ ਸਬ-ਸਿਡੀ ਦੀ ਤਜਵੀਜ਼ ਕਰਦੇ ਹੋਇਆਂ ਡੇਅਰੀ ਉਦਯੋਗ

ਨੂੰ ਆਰਥਕ ਅਤੇ ਵਪਾਰਕ ਤੌਰ ਤੇ ਲਾਹੇਵੰਦ ਬਣਾਇਆ ਜਾਵੇਗਾ ।. (ਥੰਪਿੰਗ) ਇਹ ਵਪਾਰਕ ਡੇਅਰੀ ਯੂਨਿਟਾਂ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨਗੀਆਂ ਅਤੇ ਗੁਆਂਢੀ ਮਿਲਕ ਪਲਾਂਟਾਂ ਦੇ ਢੋਆ-ਢੁਆਈ ਖਰਚਿਆਂ ਨੂੰ ਘਟਾਉਂਦਿਆਂ ਹੋਇਆਂ ਉਨ੍ਹਾਂ ਲਈ ਲਾਭਦਾਇਕ ਸਾਬਤ ਹੋਣਗੀਆਂ ।

ਛੇਵੇਂ, ਦੁਰਮ ਕਣਕ ਅਤੇ ਬਹੁਤ ਹੀ ਵਧੀਆ ਅਤੇ ਖੁਸ਼ਬੂਦਾਰ ਬਾਸਮਤੀ ਚਾਵਲਾਂ ਦੀ ਨਿਰਯਾਤ ਕਰਨ ਯੋਗ ਕਿਸਮ ਦਾ ਉਤਪਾਦਨ ਕਰਕੇ ਕਣਕ ਅਤੇ ਝੋਨੇ ਦੀਆਂ ਫਸਲਾਂ ਵਿਚ ਵੰਨ-ਸੁਵੰਨਤਾ ਲਿਆਂਦੀ ਜਾਵੇਗੀ ।

45. ਇਸ ਤੋਂ ਇਲਾਵਾ, ਸਾਡੀ ਸਰਕਾਰ ਨਿਰਯਾਤ ਦੀ ਸੰਭਾਵਨਾ ਵਾਲੀਆਂ ਫਸਲਾਂ, ਜੋ ਕਿਸਾਨਾਂ ਨੂੰ ਬਹੁਤ ਜ਼ਿਆਦਾ ਝਾੜ ਦੇਂਦੀਆਂ ਹਨ, ਉਨ੍ਹਾਂ ਦੀਆਂ ਨਵੀਆਂ ਕਿਸਮਾਂ ਚਾਲੂ ਕਰਨ ਦੀ ਤਜਵੀਜ਼ ਰਖਦੀ ਹੈ । ਇਸ ਪ੍ਰਕਾਰ ਕਣਕ, ਝੋਨੇ ਦੇ ਫਸਲੀ ਚੱਕਰ ਤੇ ਨਿਰਭਰਤਾ ਹੌਲੀ ਹੌਲੀ ਘੱਟ ਜਾਵੇਗੀ, ਜਿਸ ਨਾਲ ਜਲ-ਸਾਧਨਾਂ ਦੀ ਵੱਧ ਤੋਂ ਵੱਧ ਵਰਤੋਂ ਹੋਵੇਗੀ ਅਤੇ ਧਰਾਤਲੀ ਪਾਣੀ ਦਾ ਬਹੁਤ ਜ਼ਿਆਦਾ ਘਟਣਾ ਰੋਕਿਆ ਜਾ ਸਕੇਗਾ ਕਿਉਂਕੇ ਇਹ ਰਾਜ ਸਰਕਾਰ ਲਈ ਇਕ ਬਹੁਤ ਹੀ ਗੰਭੀਰਤਾ ਦਾ ਵਿਸ਼ਾ ਹੈ ।

46. ਵਾਫਰ ਜ਼ਰਾਇਤੀ ਉਪਜ ਲਈ ਤੁਰੰਤ, ਲਾਹੇਵੰਦ ਅਤੇ ਵਿਸ਼ਾਲ ਨਿਕਾਸ ਪੈਦਾ ਕਰਨ ਨਾਲ ਐਗਰੋ ਪ੍ਰਾਸੈਸਿੰਗ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਬਣਾਉਣ ਤੇ ਜ਼ੋਰ ਦਿੱਤਾ ਜਾਵੇਗਾ । ਰਾਜ ਵਿਚ ਖੇਤੀ-ਉਦਯੋਗ ਵਿਚ ਤੇਜ਼ੀ ਲਿਆਉਣ ਦੇ ਵਿਚਾਰ ਨਾਲ ਪੰਜਾਬ ਖੇਤੀ ਉਦਯੋਗ ਕਾਰਪੋਰੇਸ਼ਨ ਨੂੰ ਹਿੱਸਾ ਪੂੰਜੀ ਜਾਂ ਕਰਜ਼ੇ ਵਜੋਂ 50.00 ਕਰੋੜ ਰੁਪਏ ਪਹਿਲਾਂ ਹੀ ਮੁਹੱਈਆ ਕੀਤੇ ਜਾ ਚੁੱਕੇ ਹਨ । ਫਲਸਰੂਪ, ਪੀ. ਏ. ਆਈ. ਸੀ. 347.00 ਕਰੋੜ ਰੁਪਏ ਦੀ ਲਾਗਤ ਨਾਲ 21 ਖੇਤੀ-ਉਦਯੋਗਿਕ ਯੂਨਿਟਾਂ ਸਥਾਪਿਤ ਕਰਨ ਦੇ ਯੋਗ ਹੋ ਸਕਿਆ ਹੈ । ਕਾਰਪੋਰੇਸ਼ਨ ਨੇ ਨਿਰਯਾਤਮੁਖੀ ਪ੍ਰਾਜੈਕਟਾਂ ਨੂੰ ਵੀ ਉੱਨਤ ਕੀਤਾ ਹੈ । ਵਿਕਸਤ ਕੰਪਨੀਆਂ ਨੇ ਡੱਬਾ-ਬੰਦ ਖੁੰਬਾਂ, ਸ਼ਹਿਦ, ਟਮਾਟੋ ਪੇਸਟ, ਚਿੱਲੀ ਪੇਸਟ ਅਤੇ ਪੋਟੈਟੋ ਚਿਪਸ ਆਦਿ ਯੂਰਪ, ਯੂ. ਐਸ. ਏ., ਮੱਧ ਪੂਰਬ ਅਤੇ ਏਸ਼ੀਆ ਦੇ ਹੋਰਨਾਂ ਦੇਸ਼ਾਂ ਨੂੰ ਨਿਰਯਾਤ ਕੀਤੇ ਹਨ । ਪੰਜਾਬ ਖੇਤੀਬਾੜੀ ਨਿਰਯਾਤ ਕਾਰਪੋਰੇਸ਼ਨ ਦੀ 10.00 ਕਰੋੜ ਰੁਪਏ ਦੀ ਸੁਨੀਤੀ ਪੂੰਜੀ ਨਾਲ ਸਥਾਪਤ ਹੋਣ ਤੇ ਨਿਰਯਾਤ ਸਰਗਰਮੀ ਵਿੱਚ ਨਿਸਚੇ ਹੀ ਹੋਰ ਤੇਜ਼ੀ ਆਵੇਗੀ । ਆਰੰਭ ਵਿਚ, ਇਹ ਕਾਰਪੋਰੇਸ਼ਨ ਪੰਜਾਬ ਤੋਂ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਨੂੰ ਕੀਨੂੰ, ਅੰਗੂਰ ਅਤੇ ਮਿਰਚਾਂ ਨਿਰਯਾਤ ਕਰੇਗੀ ਅਤੇ 4000 ਮੀਟਰਿਕ ਟਨ ਲਾਲ ਮਿਰਚਾਂ ਦੇ ਨਿਰਯਾਤ ਵਿਚ ਵਾਧਾ ਕਰਨ ਲਈ ਇਕ ਪ੍ਰੋਗਰਾਮ ਉਲੀਕਿਆ ਗਿਆ ਹੈ ਅਤੇ ਭਾਰਤ ਵਿੱਚ ਤੇ ਬਦੇਸ਼ਾਂ ਵਿਚ ਅੰਗੂਰਾਂ ਦੇ ਮੰਡੀਕਰਨ ਵਿਚ ਵੀ ਸਹਾਇਤਾ ਕੀਤੀ ਜਾਵੇਗਾ । ਇਸ ਤੋਂ ਇਲਾਵਾ, ਸਬਜ਼ੀਆਂ ਵੀ ਨਿਰਯਾਤ ਕੀਤੀਆਂ ਜਾਣਗੀਆਂ । (ਥੰਪਿੰਗ) ਨਿਰਯਾਤ ਦੇ ਬੁਨਿਆਦੀ ਢਾਂਚੇ ਦਾ ਵਿਕਾਸ ਕਰਨ ਲਈ, ਜੂਨ ਵਿਚ ਅੰਗੂਰਾਂ ਲਈ ਇਕ ਪ੍ਰੀ-ਕੂਲਿੰਗ ਸੈਂਟਰ-ਕਮ-ਕੋਲਡ ਸਟੋਰ ਚਾਲੂ ਕੀਤਾ ਜਾਵੇਗਾ ਅਤੇ ਸਾਲ ਦੇ ਅੰਤ ਵਿਚ ਫਲ ਉਪਜਾਊ ਖੇਤਰਾਂ ਵਿਚ ਇਕ ਹੋਰ ਕੇਂਦਰ ਸਥਾਪਿਤ ਕੀਤਾ ਜਾਵੇਗਾ । ਇਸ ਤੋਂ ਇਲਾਵਾ ਕਿਸਾਨਾਂ ਦੀ ਸਹਾਇਤਾ ਨਾਲ ਨਿਰਯਾਤ ਮੁਖੀ ਫ਼ਸਲ ਵਿਸ਼ੇਸ਼ ਫਾਰਮਾਂ ਦਾ ਵਿਕਾਸ

[ਵਿੱਤ ਮੰਤਰੀ]

ਕੀਤਾ ਜਾਵੇਗਾ । ਜਿਹੜੇ ਕਿਸਾਨ ਤਾਜ਼ੇ ਫਲ ਅਤੇ ਸਬਜ਼ੀਆਂ ਦਾ ਸਿੱਧੇ ਤੌਰ ਤੇ ਨਿਰਯਾਤ ਕਰਦੇ ਹਨ, ਉਨ੍ਹਾਂ ਲਈ ਭਾੜਾ ਇਮਦਾਦ ਸਬੰਧੀ ਇਕ ਸਕੀਮ ਤਿਆਰ ਕੀਤੀ ਜਾਵੇਗੀ ।

47. ਆਰਗਾਨਿਕ ਖਾਦ ਨੂੰ ਲੋਕਪ੍ਰਿਯ ਬਣਾਉਣ ਤੇ ਵੀ ਜ਼ੋਰ ਦਿੱਤਾ ਜਾਵੇਗਾ, ਖਾਸ ਕਰਕੇ 'ਵਰਮੀਕਲਚਰ' ਤਕਨਾਲੋਜੀ ਨੂੰ ਚਾਲੂ ਕਰਕੇ, ਤਾਂ ਜੋ ਖੇਤੀਬਾੜੀ ਲਈ ਭੋਂ ਉਤਪਾਦਕ ਸਮਰੱਥਾ ਵਿੱਚ ਵਾਧਾ ਕੀਤਾ ਜਾ ਸਕੇ, ਭੋਂ ਜਲ ਗ੍ਰਹਿਣ ਸਮਰੱਥਾ ਵੀ ਵਧਾਈ ਜਾ ਸਕੇ ਅਤੇ ਰਾਸਾਇਣਕ ਖਾਦਾਂ ਉਤੇ ਨਿਰਭਰਤਾ ਨੂੰ ਖਤਮ ਕੀਤਾ ਜਾ ਸਕੇ । ਕਿਉਂਕਿ ਇਨ੍ਹਾਂ ਦੇ ਪ੍ਰਤੀਕੂਲ ਪ੍ਰਦੂਸ਼ਿਤ ਪ੍ਰਭਾਵਾਂ ਕਰਕੇ ਇਨ੍ਹਾਂ ਨੂੰ ਘੱਟ ਚੰਗਾ ਸਮਝਿਆ ਜਾਂਦਾ ਹੈ । 12.48 ਕਰੋੜ ਰੁਪਏ ਯੋਜਨਾ ਤੋਂ ਗੈਰ ਯੋਜਨਾ ਬਜਟ ਵੱਲ ਤਬਦੀਲ ਕੀਤੇ ਗਏ ਹਨ । 1997-98 ਵਿੱਚ ਇਸ ਖੇਤਰ ਲਈ ਯੋਜਨਾ ਲਾਗਤ 19.46 ਕਰੋੜ ਰੁਪਏ ਹੈ ।

ਖੇਤੀਬਾੜੀ ਖੋਜ ਅਤੇ ਸਿੱਖਿਆ

48. ਉਤਪਾਦਿਕਤਾ ਵਿੱਚ ਸੁਧਾਰ ਲਿਆਉਣ ਲਈ ਵੰਨ-ਸੁਵੰਨੀ ਖੇਤੀ, ਖਾਸ ਕਰਕੇ ਜੋ ਦਾਲਾਂ, ਤੇਲ ਬੀਜਾਂ, ਸਬਜ਼ੀਆਂ ਦੀਆਂ ਫਸਲਾਂ, ਫਲ ਪੌਦਿਆਂ, ਫੁੱਲਾਂ ਦੀ ਖੇਤੀ ਅਤੇ ਫਾਰਮ ਫਾਰੈਸਟਰੀ ਨਾਲ ਸਬੰਧਤ ਹੈ, ਲਈ ਬਿਹਤਰ ਤਕਨਾਲੋਜੀ ਦੇ ਵਿਕਾਸ ਹਿਤ ਖੇਤੀ ਬਾੜੀ ਖੋਜ ਵੱਲ ਮੁੱਖ ਧਿਆਨ ਦਿਤਾ ਜਾਵੇਗਾ, ਤਾਂ ਜੋ ਵਟਕ ਪ੍ਰਾਪਤ ਕਰਨ ਲਈ ਰਾਜ ਵਿੱਚ ਮੌਜੂਦਾ ਅਨਾਜ ਪ੍ਰਧਾਨ ਫਸਲ ਪ੍ਰਣਾਲੀ ਨਾਲ ਮੁਕਾਬਲਾ ਕੀਤਾ ਜਾ ਸਕੇ । ਬਾਇਓ ਫਰਟੀਲਾਈਜ਼ਰ, ਵਰਮੀਕਲਚਰ, ਬਾਇਓ ਪੈਸਟੀਸਾਈਡਜ਼ ਕੀੜੇ ਮਾਰ ਅਤੇ ਵਬਾਅ, ਬੀਮਾਰੀਆਂ ਅਤੇ ਪੌਸ਼ਟਿਕ ਪ੍ਰਬੰਧ ਸਬੰਧੀ ਸੰਗਠਿਤ ਤਰੀਕਿਆਂ ਦੀ ਵਰਤੋਂ ਨਾਲ ਸਬੰਧਤ ਪੌਸ਼ਟਿਕ ਕਮੀਆਂ, ਵਬਾਵਾਂ ਅਤੇ ਬੀਮਾਰੀਆਂ ਦੇ ਪ੍ਰਬੰਧ ਸਬੰਧੀ ਇਕੋ-ਫਰੈਂਡਲੀ ਨੀਤੀਆਂ ਦੇ ਵਿਕਾਸ ਨੂੰ ਪਹਿਲ ਦਿੱਤੀ ਜਾਵੇਗੀ, ਤਾਂ ਜੋ ਜ਼ੋਖਮ ਭਰਪੂਰ ਖੇਤੀਬਾੜੀ ਰਸਾਇਣਾਂ ਦੀ ਘੱਟ ਵਰਤੋਂ ਕੀਤੀ ਜਾ ਸਕੇ । ਕਿਉਂਜੋ, 5.00 ਕਰੋੜ ਰੁਪਏ ਯੋਜਨਾ ਤੋਂ ਗੈਰ-ਯੋਜਨਾ ਬਜਟ ਵੱਲ ਤਬਦੀਲ ਕੀਤੇ ਗਏ ਹਨ । ਇਸ ਕਾਰਣ 1997-98 ਲਈ 4.50 ਕਰੋੜ ਰੁਪਏ ਦੇ ਖਰਚ ਦੀ ਤਜਵੀਜ਼ ਕੀਤੀ ਗਈ ਹੈ ।

ਖੇਤੀਬਾੜੀ ਵਿੱਤੀ ਸੰਸਥਾਵਾਂ

49. ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਡਿਬੈਂਚਰ ਮੁਖੀ ਪ੍ਰੋਗਰਾਮ ਅਧੀਨ, ਰਾਜ ਸਰਕਾਰ ਦੁਆਰਾ 9.00 ਕਰੋੜ ਰੁਪਏ ਦਾ ਉਪਬੰਧ ਕੀਤਾ ਜਾਵੇਗਾ ਜਿਸ ਨਾਲ ਬੈਂਕ 2800 ਟਿਊਬਵੈਲਾਂ, 3300 ਟਰੈਕਟਰਾਂ ਅਤੇ 5010 ਡੇਅਰੀ, ਪੋਲਟਰੀ, ਸੂਰ ਪਾਲਣ, ਮੱਛੀ ਪਾਲਣ ਆਦਿ ਇਕਾਈਆਂ ਨੂੰ ਵਿੱਤ ਦੇਣ ਲਈ 113.00 ਕਰੋੜ ਰੁਪਏ ਦੇ ਕਰਜ਼ੇ ਦੇਣ ਦੇ ਸਮਰੱਥ ਹੋਵੇਗਾ ।

ਅਨਾਜ ਭੰਡਾਰਣ ਅਤੇ ਮਾਲ ਗੁਦਾਮ

50. ਪੰਜਾਬ ਰਾਜ ਮਾਲ ਗੁਦਾਮ ਕਾਰਪੋਰੇਸ਼ਨ ਨੇ 115 ਮਾਲਗੁਦਾਮਾਂ ਦਾ ਜਾਲ ਵਿਛਾਇਆ ਹੋਇਆ ਹੈ । ਜਿਨ੍ਹਾਂ ਦੀ ਕੁਲ ਵਿਗਿਆਨਕ ਭੰਡਾਰਣ ਸਮਰੱਥਾ 33.53 ਲੱਖ

ਮੀਟਰਕ ਟਨ ਹੈ । ਜੋ ਕਿ ਦੇਸ਼ ਵਿੱਚ ਉਪਲੱਬਧ ਸਮੁੱਚੀ ਭੰਡਾਰਣ ਸਮਰੱਥਾ ਦਾ ਤੀਜਾ ਭਾਗ ਬਣਦੀ ਹੈ । ਇਸ ਤੋਂ ਇਲਾਵਾ, ਉੱਤਰੀ ਭਾਰਤ ਵਿੱਚ ਪੰਜਾਬ ਰਾਜ ਮਾਲ ਗੁਦਾਮ ਕਾਰਪੋਰੇਸ਼ਨ ਭਾੜੇ ਦੇ ਕੰਨਟੇਨਰ ਸਟੇਸ਼ਨਾਂ (ਖ਼ੁਸ਼ਕ ਬੰਦਰਗਾਹਾਂ) ਦੀ ਸਭ ਤੋਂ ਵੱਡੀ ਸੰਚਾਲਕ ਹੈ ।

51. **ਸਪੀਕਰ ਸਾਹਿਬ, ਜਵਾਹਰ ਲਾਲ ਨਹਿਰੂ ਪੋਰਟ ਨਵੀਂ ਮੁਬਈ** ਵਿਖੇ ਇਕ ਬਹੁ-ਪੱਧਰੀ ਆਧੁਨਿਕ ਕੰਨਟੇਨਰ ਹੈਂਡਲਿੰਗ ਸਹੂਲਤ 70.00 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤੀ ਜਾ ਰਹੀ ਹੈ । (ਥੰਪਿੰਗ) ਇਹ ਪ੍ਰਾਜੈਕਟ ਭਾਰਤ ਵਿੱਚ ਪ੍ਰਥਮ ਬਹੁ-ਮੰਜਲੀ ਸਹੂਲਤਾਂ ਵਾਲਾ ਮਾਲ ਗੁਦਾਮ ਹੋਵੇਗਾ । ਇਹ ਪ੍ਰਾਜੈਕਟ ਪੰਜਾਬ ਦੇ ਕਿਸਾਨਾਂ ਲਈ ਇਕ ਮੁੱਖ ਵਰਦਾਨ ਹੋਵੇਗਾ ਕਿਉਂਜੋ ਇਹ ਰਾਜ ਦੀ ਵਾਫਰ ਜ਼ਰਾਇਤੀ ਉਪਜ ਲਈ ਨਿਕਾਸ ਪ੍ਰਦਾਨ ਕਰੇਗਾ ਅਤੇ ਕਿਸਾਨਾਂ ਨੂੰ ਆਰਥਕ ਲਾਭ ਪਹੁੰਚਾਏਗਾ । ਇਸ ਤੋਂ ਇਲਾਵਾ, ਇਹ ਪੰਜਾਬ ਦੇ ਹੋਰ ਨਿਰਯਾਤਕਾਰਾਂ ਲਈ ਵੀ ਲਾਹੇਵੰਦ ਸਿੱਧ ਹੋਵੇਗਾ ਜੋ ਕਿ ਆਪਣਾ ਮਾਲ ਮੁੰਬਈ ਰੱਖਣ ਦੇ ਯੋਗ ਹੋ ਸਕਣਗੇ ਅਤੇ ਫਿਰ ਬਾਹਰਲੀਆਂ ਮੰਡੀਆਂ ਵਿਚ ਸਮੁੰਦਰੀ ਜਹਾਜ਼ ਰਾਹੀਂ ਭੇਜ ਸਕਣਗੇ । (ਥੰਪਿੰਗ)

ਜੰਗਲਾਤ

52. ਕੰਢੀ ਏਰੀਏ ਵਿੱਚ ਚੋਆਂ ਕਾਰਣ ਹੋਣ ਵਾਲੀ ਤਬਾਹੀ ਨੂੰ ਘੱਟ ਕਰਨ, ਭੋਂ ਖਾਰ ਨੂੰ ਰੋਕਣ, ਵੱਡੇ, ਵਿਚਕਾਰਲੇ ਤੇ ਛੋਟੇ ਡੈਮਾਂ ਦੀ ਗਾਰ ਰੋਕਣ ਅਤੇ ਕੀਮਤੀ ਜ਼ਮੀਨ ਨੂੰ ਹੜ੍ਹ ਦੀ ਮਾਰ ਤੋਂ ਬਚਾਉਣ ਲਈ ਰਾਜ ਵਿੱਚ ਜੰਗਲਾਂ ਵਿੱਚ ਵਾਧਾ ਕਰਨ ਦਾ ਸਰਕਾਰ ਨੇ ਨਿਸ਼ਚਾ ਕੀਤਾ ਹੈ । ਸਾਲ 1997-98 ਵਿੱਚ 11995 ਹੈਕਟੇਅਰ ਭੂਮੀ ਵਿਚ ਰੁੱਖ ਲਗਾਉਣ ਦੀ ਤਜਵੀਜ਼ ਹੈ । ਰਾਜ ਸਰਕਾਰ ਦੁਆਰਾ 250 ਲੱਖ ਰੁੱਖਾਂ ਦੇ ਲਾਉਣ ਦੀ ਸੰਭਾਵਨਾ ਤੋਂ ਇਲਾਵਾ, ਪ੍ਰਾਈਵੇਟ ਭੂਮੀ ਤੇ ਵੀ ਰੁੱਖ ਲਾਉਣ ਲਈ 90 ਲੱਖ ਪੌਦਿਆਂ ਨੂੰ ਵੰਡਣ ਦੀ ਤਜਵੀਜ਼ ਹੈ । ਰਾਜ ਵਿੱਚ ਜੰਗਲੀ ਖੇਤਰਾਂ ਦੇ ਸਮੁੱਚੇ ਅਤੇ ਤਾਲਮੇਲਬੱਧ ਵਿਕਾਸ ਕਰਨ ਹਿਤ 408.10 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਜਾਪਾਨ ਸਰਕਾਰ (ਓ.ਈ.ਸੀ.ਐਫ.) ਨੂੰ "ਜੰਗਲਾਤ ਵਿਕਾਸ ਪ੍ਰਾਜੈਕਟ" ਜੋ ਕਿ ਬਦੇਸ਼ੀ-ਸਹਾਇਤਾ ਪ੍ਰਾਪਤ ਹੈ, ਪੇਸ਼ ਕੀਤਾ ਗਿਆ ਹੈ ਜਿਸ ਦੇ ਕਿ ਅੱਠ ਸਾਲਾਂ ਵਿੱਚ ਪੂਰਾ ਹੋਣ ਦੀ ਆਸ ਹੈ । ਇਸ ਸਬੰਧ ਵਿੱਚ ਸਰਕਾਰ ਇਹ ਵੀ ਤਜਵੀਜ਼ ਕਰਦੀ ਹੈ ਕਿ ਉਹ ਸਵੈ-ਉਤਸ਼ਾਹੀ ਸੰਸਥਾਵਾਂ, ਵਿਦਿਅਕ ਸੰਸਥਾਵਾਂ, ਪੋਲੀਟੈਕਨਿਕ ਸੰਸਥਾਵਾਂ, ਉਦਯੋਗਕ ਸਿਖਲਾਈ ਸੰਸਥਾਵਾਂ ਆਦਿ ਨੂੰ ਵੀ ਉਤਸ਼ਾਹਤ ਕਰੇ ਅਤੇ ਉਹ ਆਪਣੇ ਕੰਪਲੈਕਸਾਂ ਵਿੱਚ ਅਤੇ ਨਹਿਰਾਂ ਤੇ ਸੜਕਾਂ ਦੇ ਕਿਨਾਰਿਆਂ ਤੇ ਰੁੱਖ ਲਗਾਉਣ ।

ਭੋਂ ਤੇ ਜਲ ਸੰਭਾਲ

53. ਵੱਖੋ ਵੱਖ ਭੋਂ ਅਤੇ ਜਲ ਸੰਭਾਲ ਅਤੇ ਭੂਮੀ ਨੂੰ ਵਾਹੀਯੋਗ ਬਨਾਉਣ ਵਾਲੇ ਉਪਾਵਾਂ ਉਤੇ ਜ਼ੋਰ ਦਿਤਾ ਜਾਵੇਗਾ । ਸਾਲ 1997-98 ਵਿੱਚ 38.322 ਹੈਕਟੇਅਰ ਖੇਤਰ ਨੂੰ ਕਾਸ਼ਤ ਕਰਨ ਲਈ 8.75 ਕਰੋੜ ਰੁਪਏ ਦੀ ਰਕਮ (ਜਿਸ ਵਿੱਚ 3.10 ਕਰੋੜ ਰੁਪਏ ਜੋ ਪਲਾਨ ਤੋਂ ਨਾਨ-ਪਲਾਨ ਵਿੱਚ ਤਬਦੀਲ ਕਰ ਦਿਤੇ ਹਨ ਸ਼ਾਮਲ ਨਹੀਂ) ਤਜਵੀਜ਼ ਕੀਤੇ ਗਏ ਹਨ ।

[ਵਿੱਤ ਮੰਤਰੀ]

ਸੰਗਠਿਤ ਵਾਟਰਸ਼ੈਡ ਵਿਕਾਸ ਪ੍ਰਾਜੈਕਟ (ਪਹਾੜੀਆਂ) ਪੰਜਾਬ:

54. ਵਿਸ਼ਵ ਬੈਂਕ ਦੁਆਰਾ ਸਹਾਇਤਾ ਪ੍ਰਾਪਤ ਸੰਗਠਿਤ ਵਾਟਰਸ਼ੈੱਡ ਵਿਕਾਸ ਪ੍ਰਾਜੈਕਟ ਪੰਜਾਬ (ਪਹਾੜੀਆਂ), ਰੋਪੜ, ਹੁਸ਼ਿਆਰਪੁਰ ਅਤੇ ਨਵਾਂ ਸ਼ਹਿਰ ਦੇ ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਜਾ ਰਿਹਾ ਹੈ। ਇਸ ਪ੍ਰਾਜੈਕਟ ਦੀ ਮੁੱਢਲੀ ਲਾਗਤ 53.21 ਕਰੋੜ ਰੁਪਏ ਸੀ ਜੋ ਕਿ ਪਹਿਲਾਂ ਸੋਧ ਕੇ 64.82 ਕਰੋੜ ਰੁਪਏ ਅਤੇ ਹੁਣ ਦੁਬਾਰਾ ਸੋਧ ਮੁਤਾਬਿਕ 84.88 ਕਰੋੜ ਰੁਪਏ ਕਰ ਦਿਤੀ ਗਈ ਹੈ। ਇਸ ਪ੍ਰਾਜੈਕਟ ਉਤੇ 31 ਮਾਰਚ, 1997 ਤੱਕ 68.13 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਇਸ ਪ੍ਰਾਜੈਕਟ ਵਿੱਚ 17 ਵਾਟਰਸ਼ੈੱਡਾਂ ਵਿਚ ਇਕ ਲੱਖ ਹੈਕਟੇਅਰ ਖੇਤਰ ਨੂੰ ਕਵਰ ਕਰਨ ਦੇ ਕੁੱਲ ਟੀਚੇ ਵਿਚੋਂ 0.53 ਲੱਖ ਹੈਕਟੇਅਰ ਖੇਤਰ ਨੂੰ ਪਹਿਲਾਂ ਹੀ ਕਵਰ ਕਰ ਲਿਆ ਗਿਆ ਹੈ। 9 ਵਾਟਰਸ਼ੈੱਡਾਂ ਦਾ ਕੰਮ ਪੂਰਾ ਕੀਤਾ ਜਾ ਚੁੱਕਾ ਹੈ ਅਤੇ ਬਾਕੀ ਦੇ ਰਹਿੰਦੇ ਵਾਟਰਸ਼ੈੱਡਾਂ ਉਤੇ ਕੰਮ ਚਲ ਰਿਹਾ ਹੈ। ਇਸ ਤੋਂ ਇਲਾਵਾ, ਪ੍ਰਾਜੈਕਟ ਦੇ 3 ਨਵੇਂ ਵਾਟਰਸ਼ੈੱਡਾਂ ਨੂੰ ਵਿਸਤਾਰ ਫੇਜ਼ ਵਿੱਚ ਲਏ ਜਾਣ ਦੀ ਤਜਵੀਜ਼ ਹੈ। 1997-98 ਦੀ ਸਾਲਾਨਾ ਯੋਜਨਾ ਲਈ ਪਿਛਲੇ ਸਾਲ ਦੇ ਸੋਧੇ ਹੋਏ 7.39 ਕਰੋੜ ਰੁਪਏ ਦੇ ਖ਼ਰਚ ਦੇ ਮੁਕਾਬਲੇ 13.18 ਕਰੋੜ ਰੁਪਏ ਦੀ ਰਕਮ ਤਜਵੀਜ਼ ਕੀਤੀ ਗਈ ਹੈ।

ਪਸ਼ੂ-ਪਾਲਣ

55. ਕਿਉਂਜੋ ਰਾਜ ਵਿੱਚ ਨਿਰੋਲ ਬਿਜਾਈ ਖੇਤਰ ਨੂੰ ਵਧਾਉਣ ਦੀ ਸੀਮਤ ਗੁੰਜਾਇਸ਼ ਹੈ, ਇਸ ਲਈ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨ ਲਈ ਨਵੀਆਂ ਦਿਸ਼ਾਵਾਂ ਦੀ ਭਾਲ ਕਰਨੀ ਪਵੇਗੀ। ਇਸ ਲਈ ਦਿਹਾਤੀ ਅਰਥਚਾਰੇ ਦੇ ਵਿਕਾਸ ਲਈ ਪਸ਼ੂ-ਪਾਲਣ ਮੁੱਖ ਕਾਰਜ-ਖੇਤਰ ਬਣ ਗਿਆ ਹੈ। ਇਸ ਖੇਤਰ ਵਿੱਚ ਸਾਲ 1997-98 ਦੌਰਾਨ ਮੌਜੂਦਾ ਪਸ਼ੂ ਚਿਕਿਤਸਾ ਸੰਸਥਾਵਾਂ ਨੂੰ ਸ਼ਕਤੀਸ਼ਾਲੀ ਬਣਾਇਆ ਜਾਵੇਗਾ ਅਤੇ ਇਹਨਾਂ ਦਾ ਆਧੁਨੀਕੀਕਰਣ ਕੀਤਾ ਜਾਵੇਗਾ। ਇਸ ਤੋਂ ਬਿਨਾਂ, ਨਵੇਂ ਫੋਕਲ ਪੁਆਇੰਟ ਤੇ ਨਵੇਂ ਪਸ਼ੂ-ਚਿਕਿਤਸਾ ਹਸਪਤਾਲ ਸਥਾਪਿਤ ਕੀਤੇ ਜਾਣਗੇ। ਸਾਲ 1997-98 ਦੌਰਾਨ 60 ਪਸ਼ੂ ਚਿਕਿਤਸਾ ਦਵਾਖਾਨਿਆਂ ਦਾ ਦਰਜਾ ਵਧਾ ਕੇ ਪਸ਼ੂ ਚਿਕਿਤਸਾ ਹਸਪਤਾਲ ਬਣਾਇਆ ਜਾਵੇਗਾ। ਬਹੁ-ਅਨੁਸ਼ਾਸਨੀ ਪਸ਼ੂ-ਚਿਕਿਤਸਾ ਸੇਵਾਵਾਂ ਮੁਹੱਈਆ ਕਰਨ ਲਈ ਦੋ ਪੋਲੀਕਲੀਨਿਕ ਬਠਿੰਡਾ ਅਤੇ ਮਾਨਸਾ ਵਿਚ ਸਾਲ 1997-98 ਦੌਰਾਨ ਕੰਮ ਕਰਨਾ ਆਰੰਭ ਕਰ ਦੇਣਗੇ। ਦੇਸੀ ਪਸ਼ੂਆਂ ਦੀ ਨਸਲਕਸ਼ੀ ਲਈ ਸਾਲ 1997-98 ਦੌਰਾਨ ਦੋ ਨਵੇਂ ਵੀਰਜ-ਬੈਂਕ-ਕਮ ਸਾਨ੍ਹ ਸਟੇਸ਼ਨ ਬਠਿੰਡਾ ਅਤੇ ਰੋਪੜ ਵਿਖੇ ਮੁਕੰਮਲ ਕਰ ਲਏ ਜਾਣਗੇ। ਜੰਮੇ ਹੋਏ ਵੀਰਜ਼ ਦੇ 50,000 ਡੋਜ਼ ਡੇਅਰੀ ਦੇ ਖੇਤਰ ਵਿਚ ਅਗਾਂਹ-ਵਧੂ/ਵਿਕਸਿਤ ਦੇਸ਼ਾਂ ਪਾਸੋਂ ਆਯਾਤ ਕੀਤੇ ਜਾਣਗੇ। ਵਾਤਾਵਰਣ ਦੇ ਪਰਦੂਸ਼ਣ ਨੂੰ ਅਤੇ ਪੰਛੀਆਂ ਦੇ ਟਕਰਾਉਣ ਕਾਰਣ ਹਵਾਈ ਜਹਾਜ਼ਾਂ ਦੀਆਂ ਦੁਰਘਟਨਾਵਾਂ ਨੂੰ ਘਟਾਉਣ ਲਈ ਆਦਮਪੁਰ ਹਵਾਈ ਅੱਡੇ ਨੇੜੇ ਇਕ ਕਾਰਕਸ ਵਰਤੋਂ ਕੇਂਦਰ ਸਥਾਪਿਤ ਕੀਤਾ ਜਾਵੇਗਾ। ਬੇਰੋਜ਼ਗਾਰ ਪੇਂਡੂ ਨੌਜੁਆਨਾਂ, ਸਾਬਕਾ ਫੌਜੀਆਂ ਅਤੇ ਵਿਧਵਾਵਾਂ ਲਈ ਅਬੋਹਰ ਵਿਖੇ ਇਕ ਨਵਾਂ ਖੇਤਰੀ ਡੇਅਰੀ ਸਿਖਲਾਈ ਕੇਂਦਰ ਸਥਾਪਤ

ਕੀਤਾ ਜਾਵੇਗਾ ਜਿਸ ਦਾ ਮੰਤਵ ਉਨ੍ਹਾਂ ਨੂੰ ਵਿਗਿਆਨਕ ਅਤੇ ਵਪਾਰਕ ਦੁੱਧ ਉਤਪਾਦਨ ਦੇ ਢੰਗ ਤਰੀਕਿਆਂ ਦੀ ਤਕਨੀਕੀ ਜਾਣਕਾਰੀ ਦੇਣਾ ਹੋਵੇਗਾ। ਸਾਲ 1996-97 ਦੌਰਾਨ ਦੁੱਧ ਉਤਪਾਦਨ 7,100 ਹਜ਼ਾਰ ਮੀਟਰਕ ਟਨ ਤੋਂ ਵੱਧ ਕੇ ਸਾਲ 1997-98 ਦੌਰਾਨ 7,350 ਹਜ਼ਾਰ ਮੀਟਰਕ ਟਨ ਹੋਣ ਦੀ ਸੰਭਾਵਨਾ ਹੈ।

ਮੱਛੀ ਪਾਲਣ

56. ਹਰੇ ਅਤੇ ਸਫੈਦ ਇਨਕਲਾਬ ਦੀ ਮਹੱਤਵਪੂਰਨ ਸਫਲਤਾ ਤੋਂ ਮਗਰੋਂ ਪੰਜਾਬ ਹੁਣ ਨੀਲੀ ਕ੍ਰਾਂਤੀ ਲਿਆਉਣ ਵਿੱਚ ਜੁਟਿਆ ਹੋਇਆ ਹੈ। 1997-98 ਵਿੱਚ ਮੱਛੀ ਪਾਲਣ ਅਧੀਨ 1,200 ਹੈਕਟੇਅਰ ਦਾ ਵਧੀਕ ਰੱਕਬਾ ਲਿਆਉਣ ਦਾ ਟੀਚਾ ਰੱਖਿਆ ਗਿਆ ਹੈ। ਰਾਜ ਸਰਕਾਰ ਦੇ ਯਤਨਾਂ ਦੇ ਨਤੀਜੇ ਵਜੋਂ 1997-98 ਵਿੱਚ ਮੱਛੀ ਉਤਪਾਦਨ ਵੱਧ ਕੇ 38,570 ਮੀਟਰਕ ਟਨ ਹੋਣ ਦੀ ਸੰਭਾਵਨਾ ਹੈ, ਜਦਕਿ 1996-97 ਵਿੱਚ ਇਹ 30,000 ਮੀਟਰਕ ਟਨ ਸੀ। 1996-97 ਵਿੱਚ 50 ਮਿਲੀਅਨ ਮੱਛੀ-ਪੂੰਗ ਵਿੱਚ ਸਾਲ 1997-98 ਦੇ ਅੰਤ ਤੱਕ 55 ਮਿਲਿਅਨ ਦਾ ਵਾਧਾ ਹੋਣ ਦੀ ਸੰਭਾਵਨਾ ਹੈ। 1997-98 ਦੌਰਾਨ ਉਪਮੱਦ 'ਮੱਛੀ ਪਾਲਣ' ਲਈ 3.21 ਕਰੋੜ ਰੁਪਏ ਮੁਹੱਈਆ ਕੀਤੇ ਗਏ ਹਨ।

ਸ਼ਹਿਰੀ ਵਿਕਾਸ

57. ਸ਼ਹਿਰੀ ਇਲਾਕਿਆਂ ਦੇ ਜੀਵਨ ਮਿਆਰ ਨੂੰ ਉੱਚਾ ਉਠਾਉਣ ਅਤੇ ਸੁਧਾਰ ਲਿਆਉਣ ਵੱਲ ਪਰਮ-ਅਗੇਤ ਦਿੱਤੀ ਗਈ ਹੈ। ਸਾਲ 1997-98 ਦੌਰਾਨ ਸ਼ਹਿਰੀ ਸਥਾਨਕ ਸੰਸਥਾਵਾਂ ਲਈ ਵਿਕਾਸ ਸਹਾਇਤਾ ਗ੍ਰਾਂਟ ਨੂੰ ਵਧਾ ਕੇ 69.62 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜਦ ਕਿ ਇਸ ਦੇ ਮੁਕਾਬਲੇ ਵਿਚ ਸਾਲ 1996-97 ਦੌਰਾਨ ਇਹ ਸੋਧਿਆ ਹੋਇਆ ਖਰਚਾ 21.99 ਕਰੋੜ ਰੁਪਏ ਸੀ, ਅਸੀਂ ਤਿੰਨ ਗੁਣਾ ਕਰ ਦਿੱਤਾ ਹੈ। (ਥੰਪਿੰਗ) ਇਹ ਵਿਕਾਸ ਗ੍ਰਾਂਟਾਂ ਸਥਾਨਕ ਸੰਸਥਾਵਾਂ ਦੁਆਰਾ ਵਰਤੀਆਂ ਜਾਣਗੀਆਂ ਜੋ ਕਿ ਸ਼ਹਿਰੀ ਵਸੋਂ ਦੀਆਂ ਮੁੱਢਲੀਆਂ ਸ਼ਹਿਰੀ ਸਹੂਲਤਾਂ ਪ੍ਰਦਾਨ ਕਰਨਗੀਆਂ ਅਤੇ ਹੋਰ ਵਿਕਾਸ ਦੇ ਕੰਮਾਂ ਨੂੰ ਪੂਰਾ ਕਰਨਗੀਆਂ।

58. ਸਪੀਕਰ ਸਾਹਿਬ, ਲੋਕਾਂ ਦੀਆਂ ਇੱਛਾਵਾਂ ਨੂੰ ਅਰਥ ਭਰਪੂਰ ਢੰਗ ਨਾਲ ਪ੍ਰਤੀਬਿੰਬਤ ਕਰਨ ਲਈ, ਮੌਜੂਦਾ ਅਪ੍ਰਚਲਿਤ ਹੋ ਚੁੱਕੇ ਨਗਰਪਾਲਿਕਾ ਐਕਟਾਂ ਨੂੰ ਨਵੇਂ ਸਰਬਪੱਖੀ ਵਿਧਾਨ ਵਿਚ ਤਬਦੀਲ ਕੀਤਾ ਜਾ ਰਿਹਾ ਹੈ, ਜਿਸ ਦਾ ਖਰੜਾ ਪਹਿਲਾਂ ਹੀ ਤਿਆਰ ਹੋ ਚੁੱਕਾ ਹੈ। ਨਵਾਂ ਅਧਿਨਿਯਮ ਸਥਾਨਕ ਸਸਥਾਵਾਂ ਨੂੰ ਮੁਨਾਸਿਬ ਸ਼ਕਤੀਆਂ ਦੇ ਕੇ ਤਿਆਰ ਹੋਵੇਗਾ ਤਾਂ ਕਿ ਉਹ ਆਪਣੇ ਕਾਰਜ ਕਾਰਗਰ ਢੰਗ ਨਾਲ ਪੂਰੇ ਕਰ ਸਕਣ ਅਤੇ ਕਮਜ਼ੋਰ ਵਰਗਾਂ ਅਤੇ ਔਰਤਾਂ ਨੂੰ ਨਾਗਰਿਕ ਕੰਮਾਂ ਦੇ ਪ੍ਰਬੰਧ ਵਿਚ ਸ਼ਾਮਲ ਕਰਕੇ ਉਹਨਾਂ ਨੂੰ ਵੀ ਮੌਕਾ ਪ੍ਰਦਾਨ ਕਰੇਗਾ।

59. ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੁਆਰਾ 462.50 ਕਰੋੜ ਰੁਪਏ ਦੀ ਵਿਸ਼ਵ ਬੈਂਕ ਸਕੀਮ ਬਣਾਈ ਗਈ ਹੈ, ਜੋ ਕਿ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਖੰਨਾ, ਰਾਜਪੁਰਾ, ਪਟਿਆਲਾ ਅਤੇ ਬਠਿੰਡਾ ਦੇ ਲਈ ਪੀਣ ਵਾਲੇ ਪਾਣੀ ਅਤੇ ਸੀਵਰੇਜ ਸਹੂਲਤਾਂ ਮੁਹੱਈਆ ਕਰਨ ਸਬੰਧੀ ਹੈ। ਸਾਲ 1996-97 ਦੌਰਾਨ 40.66 ਕਰੋੜ ਰੁਪਏ ਦੇ

[ਵਿੱਤ ਮੰਤਰੀ]

ਸੋਧੇ ਖ਼ਰਚੇ ਦੇ ਮੁਕਾਬਲੇ ਸ਼ਹਿਰੀ ਵਿਕਾਸ ਲਈ, ਸਾਲ 1997-98 ਵਿਚ 102.47 ਕਰੋੜ ਰੁਪਏ ਰੱਖੇ ਗਏ ਹਨ । ਇਸ ਖਰਚੇ ਵਿਚ 10.00 ਕਰੋੜ ਰੁਪਏ ਦਾ ਖਰਚਾ, ਸਤਲੁਜ ਨਦੀ ਨੂੰ ਗੰਗਾ ਕਾਰਵਾਈ ਯੋਜਨਾ ਦੀਆਂ ਲੀਹਾਂ ਤੇ ਦੂਸ਼ਨ ਰਹਿਤ ਬਨਾਉਣ ਲਈ ਸ਼ਾਮਲ ਹੈ । ਪ੍ਰਾਜੈਕਟ ਦੀ ਲਾਗਤ 457.17 ਕਰੋੜ ਰੁਪਏ ਹੈ ਅਤੇ ਇਹ 2 ਪੜਾਵਾਂ ਵਿਚ ਪੂਰਾ ਕੀਤਾ ਜਾਵੇਗਾ । ਸਾਲ 1997-98 ਦੌਰਾਨ, 20.00 ਕਰੋੜ ਰੁਪਏ ਰਾਜ ਸਰਕਾਰ ਅਤੇ ਭਾਰਤ ਸਰਕਾਰ ਵਿਚਕਾਰ 50:50 ਦੀ ਹਿੱਸੇਦਾਰੀ ਦੇ ਆਧਾਰ ਤੇ ਖਰਚੇ ਜਾਣਗੇ ।

60. 1996-97 ਵਿਚ ਜਿਨ੍ਹਾਂ ਸ਼ਹਿਰਾਂ ਦੀ ਆਬਾਦੀ 20,000 ਤੋਂ ਇੱਕ ਲੱਖ ਦਰਮਿਆਨ ਸੀ, ਉਨ੍ਹਾਂ ਲਈ ਸਭ ਤੋਂ ਪਹਿਲਾਂ ਹੁਡਕੋ-ਸਹਾਇਤਾ ਪ੍ਰਾਪਤ ਜਲ ਸਪਲਾਈ ਸਕੀਮ ਲਾਗੂ ਕੀਤੀ ਗਈ, ਜੋ ਕਿ ਹੁਡਕੋ, ਰਾਜ ਸਰਕਾਰ ਅਤੇ ਐਮ. ਸੀ. ਵਿਚਕਾਰ 50:30:20 ਦੇ ਅਨੁਪਾਤ ਵਿਚ ਸੀ, ਜਿਸ ਦੇ ਲਈ 1997-98 ਦੌਰਾਨ 8.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਤਾਂ ਕਿ 8 ਨਗਰਾਂ ਨੂੰ ਕਵਰ ਕੀਤਾ ਜਾ ਸਕੇ, ਜਿਸ ਦੇ ਲਈ ਹੁਡਕੋ 13.53 ਕਰੋੜ ਰੁਪਏ ਅਤੇ ਐਮ.ਸੀ. 5.33 ਕਰੋੜ ਰੁਪਏ ਦਾ ਯੋਗਦਾਨ ਪਾਏਗੀ ।

61. ਸਪੀਕਰ ਸਾਹਿਬ, ਭਾਰਤ ਸਰਕਾਰ ਨੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਸਮਾਜ ਦੇ ਇਕ ਵਰਗ ਦੁਆਰਾ ਸਿਰ ਤੇ ਮੈਲਾ ਢੋਣ ਦੀ ਅਮਾਨਵੀ ਪ੍ਰਥਾ ਨੂੰ ਦੂਰ ਕਰਨ ਲਈ ਸਫ਼ਾਈ ਸੇਵਕਾਂ ਦੀ ਆਜ਼ਾਦੀ ਅਤੇ ਸਫ਼ਾਈ ਪ੍ਰਬੰਧ ਵਿਚ ਸੁਧਾਰ ਕਰਨ ਲਈ ਇਕ ਸਕੀਮ ਸਪਾਂਸਰ ਕੀਤੀ ਹੈ । ਇਸ ਸਕੀਮ ਦੇ ਅਧੀਨ ਰਾਜ ਵਿਚ 73 ਕਸਬੇ ਚੁਣੇ ਗਏ ਹਨ, ਜਿਸ ਦੇ ਤਹਿਤ ਵੱਖ-ਵੱਖ ਘਰਾਂ ਵਿਚ 60 ਕਰੋੜ ਰੁਪਏ ਦੀ ਲਾਗਤ ਨਾਲ ਪਾਣੀ ਦੇ ਕੁਨੈਕਸ਼ਨ ਦੇਣ ਦੀ ਤਜਵੀਜ਼ ਕੀਤੀ ਗਈ ਹੈ । (ਥੰਪਿੰਗ)

62. **ਪ੍ਰਧਾਨ ਮੰਤਰੀ ਸੰਗਠਿਤ ਸ਼ਹਿਰੀ ਗਰੀਬੀ ਹਟਾਓ ਸਿੱਖਿਆ ਪ੍ਰੋਗਰਾਮ** ਦਾ ਮੰਤਵ ਰਾਜ ਵਿਚ ਸ਼ਹਿਰੀ ਇਲਾਕਿਆਂ ਅੰਦਰ ਗਰੀਬੀ ਨੂੰ ਹਟਾਉਣਾ ਹੈ ਅਤੇ 1997-98 ਵਿਚ ਇਸ ਸਕੀਮ ਲਈ 7.50 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਸ਼ਹਿਰੀ ਗਰੀਬ ਜਨਤਾ ਨੂੰ ਰੋਜ਼ਗਾਰ ਦੇ ਅਵਸਰ ਮੁਹੱਈਆ ਕਰਵਾਉਣ ਨੂੰ ਧਿਆਨ ਵਿਚ ਰੱਖਦੇ ਹੋਏ **ਨਹਿਰੂ ਰੋਜ਼ਗਾਰ ਯੋਜਨਾ** ਲਈ 2.50 ਕਰੋੜ ਰੁਪਏ ਦੀ ਸਹਾਇਤਾ ਮੁਹੱਈਆ ਕੀਤੀ ਗਈ ਹੈ । 'ਸ਼ਹਿਰੀ ਗੰਦੀਆਂ ਬਸਤੀਆਂ ਦਾ **ਚੌਗਿਰਦਾ ਸੁਧਾਰ**' ਯੋਜਨਾ ਸਕੀਮ ਅਧੀਨ ਸ਼ਹਿਰੀ ਗੰਦੀਆਂ ਬਸਤੀਆਂ ਦੀ ਸਫ਼ਾਈ ਲਈ ਵੀ ਉਪਬੰਧ ਕੀਤੇ ਜਾ ਰਹੇ ਹਨ । '**ਛੋਟੇ ਅਤੇ ਦਰਮਿਆਨੇ ਸ਼ਹਿਰਾਂ ਦਾ ਸੰਗਠਿਤ ਵਿਕਾਸ**' ਸਕੀਮ ਅਧੀਨ 2.50 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ, ਜਿਸ ਦਾ ਮੰਤਵ ਛੋਟੇ ਅਤੇ ਦਰਮਿਆਨੇ ਕਸਬਿਆਂ ਦੇ ਵਿਕਾਸ ਨੂੰ ਵਧਾ ਕੇ ਉਨ੍ਹਾਂ ਨੂੰ ਵਿਕਾਸ ਅਤੇ ਸੇਵਾ ਕੇਂਦਰਾਂ ਵਜੋਂ ਕੰਮ ਕਰਨ ਦੇ ਯੋਗ ਬਣਾਉਣਾ ਹੈ ।

ਦਿਹਾਤੀ ਜਲ ਸਪਲਾਈ

63. ਸਿਹਤ ਤੇ ਕੁਸ਼ਲਤਾ ਲਈ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਬੁਨਿਆਦੀ ਸਫ਼ਾਈ ਦਾ ਪ੍ਰਬੰਧ ਅਹਿਮ ਮਨੁੱਖੀ ਲੋੜਾਂ ਹਨ । ਇਸ ਲਈ 1997-98 ਦੇ

ਅੰਤ ਤੱਕ ਸਾਰੇ ਸਮਰੂਪ ਸਮੱਸਿਆਮੂਲਕ ਪਿੰਡਾਂ ਨੂੰ ਪੀਣਯੋਗ ਜਲ-ਸਪਲਾਈ ਮੁਹੱਈਆ ਕਰਾਉਣ ਲਈ ਇਸ ਖੇਤਰ (ਸੈਕਟਰ) ਨੂੰ ਪਹਿਲ ਦਿੱਤੀ ਗਈ ਹੈ ।

64. ਰਾਜ ਸਰਕਾਰ 1997-98 ਦੇ ਅੰਤ ਤੱਕ ਸਮੱਸਿਆ ਵਾਲੇ ਸਾਰੇ 6,579 ਪਿੰਡਾਂ ਨੂੰ ਕਵਰ ਕਰਨ ਲਈ ਵਚਨਬੱਧ ਹੈ । ਮਾਨਸਾ, ਬਠਿੰਡਾ, ਫਰੀਦਕੋਟ, ਮੋਗਾ, ਮੁਕਤਸਰ, ਪਟਿਆਲਾ, ਰੋਪੜ ਦਾ ਕੰਡੀ ਇਲਾਕਾ, ਨਵਾਂ ਸ਼ਹਿਰ, ਹੁਸ਼ਿਆਰਪੁਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਜਿਨ੍ਹਾਂ ਅੰਦਰ ਜ਼ਮੀਨਦੋਜ਼ ਪਾਣੀ ਵਿਚ ਹਾਨੀਕਾਰਕ ਰਸਾਇਣ ਅਤੇ ਫਲੋਰਾਈਡ ਕਾਫੀ ਮਾਤਰਾ ਵਿਚ ਹਨ, ਲਈ 620.00 ਕਰੋੜ ਰੁਪਏ ਦੀ ਲਾਗਤ ਨਾਲ 1997-98 ਦੌਰਾਨ ਵਿਸ਼ਵ ਬੈਂਕ ਸਹਾਇਤਾ ਪ੍ਰਾਪਤ '**ਸੰਗਠਿਤ ਦਿਹਾਤੀ ਜਲ ਸਪਲਾਈ ਤੇ ਚੌਗਿਰਦਾ ਸਫਾਈ**' ਪ੍ਰਾਜੈਕਟ ਆਰੰਭ ਕੀਤਾ ਜਾਵੇਗਾ ।

65. ਕੰਢੀ ਤੇ ਹੋਰ ਇਲਾਕਿਆਂ ਦੀ ਜਨਤਾ ਦੀਆਂ ਮੁਸ਼ਕਿਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਜਲ-ਸਪਲਾਈ ਸਕੀਮ ਦੇ ਵਿਸਤਾਰ ਲਈ ਸਾਲਾਨਾ ਯੋਜਨਾ 1997-98 ਵਿਚ 8.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਸੌ ਫ਼ੀਸਦੀ ਕੇਂਦਰੀ ਸਹਾਇਤਾ ਪ੍ਰਾਪਤ 'ਤੀਬਰ ਦਿਹਾਤੀ ਜਲ-ਸਪਲਾਈ ਪ੍ਰੋਗਰਾਮ' ਅਧੀਨ 506 ਸਮੱਸਿਆ ਵਾਲੇ ਪਿੰਡਾਂ ਨੂੰ ਕਵਰ ਕਰਨ ਲਈ ਸਾਲ 1997-98 ਦੌਰਾਨ ਭਾਰਤ ਸਰਕਾਰ ਨੂੰ 60.00 ਕਰੋੜ ਰੁਪਏ ਦਾ ਉਪਬੰਧ ਕਰਨ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ ।

ਮਕਾਨ ਉਸਾਰੀ

66. ਰਾਜ ਸਰਕਾਰ ਰਾਜ ਵਿੱਚ ਮਕਾਨ ਉਸਾਰੀ ਦੀਆਂ ਸਹੂਲਤਾਂ ਮੁਹੱਈਆ ਕਰਾਉਣ ਦੇ ਕੰਮ ਨੂੰ ਵਧਾਉਣ ਤੇ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ । ਸ਼ਹਿਰੀ ਮਿਲਖਾਂ ਦੀ ਸਥਾਪਨਾ ਲਈ, ਪੰਜਾਬ ਸ਼ਹਿਰੀ ਯੋਜਨਾਬੰਦੀ ਤੇ ਵਿਕਾਸ ਅਥਾਰਟੀ (ਪੁੱਡਾ) ਦੀਆਂ ਮੁੱਖ ਸਰਗਰਮੀਆਂ ਮਕਾਨਾਂ ਤੇ ਫਲੈਟਾਂ ਦੀ ਉਸਾਰੀ ਕਰਨਾ ਅਤੇ ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ ਦਾ ਉਪਬੰਧ ਕਰਨਾ ਹੈ । ਪੁੱਡਾ (ਪੰਜਾਬ ਸ਼ਹਿਰੀ ਵਿਕਾਸ ਅਥਾਰਟੀ) ਦੁਆਰਾ ਆਪਣੇ ਵਸੀਲਿਆਂ ਤੋਂ ਅਤੇ ਸੰਸਥਾਈ ਵਿੱਤ ਜੁਟਾ ਕੇ ਉਸਾਰੀ ਤੇ ਵਿਕਾਸ ਦੇ ਕੰਮਾਂ ਨੂੰ ਚਲਾਇਆ ਜਾ ਰਿਹਾ ਹੈ । ਸਾਲ 1997-98 ਦੌਰਾਨ ਜ਼ਮੀਨ ਪ੍ਰਾਪਤ ਕਰਨ ਤੇ ਇਮਾਰਤਾਂ ਦੀ ਉਸਾਰੀ ਕਰਨ ਲਈ ਪੁੱਡਾ ਦੁਆਰਾ ਹੁਡਕੋ (ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਕਾਰਪੋਰੇਸ਼ਨ) ਪਾਸੋਂ 29.31 ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਸੰਭਾਵਨਾ ਹੈ । ਪੁੱਡਾ ਦੀ ਸਮਾਜ ਦੇ ਆਰਥਕ ਤੌਰ ਤੇ ਕਮਜ਼ੋਰ ਵਰਗਾਂ ਲਈ ਵੱਖ-ਵੱਖ ਸ਼ਹਿਰਾਂ ਵਿਚ 10,000 ਮਕਾਨ ਉਸਾਰਨ ਦੀ ਤਜਵੀਜ਼ ਹੈ ।

67. ਸਾਲ 1997-98 ਦੌਰਾਨ ਮਕਾਨ ਉਸਾਰੀ ਸੈਕਟਰ ਨੂੰ 61.05 ਕਰੋੜ ਰੁਪਏ ਦੇਣ ਦਾ ਉਪਬੰਧ ਕੀਤਾ ਗਿਆ ਹੈ । ਪੁਲਿਸ ਕਰਮਚਾਰੀਆਂ ਲਈ ਮਕਾਨ ਉਸਾਰੀ ਹਿਤ 48.45 ਕਰੋੜ ਰੁਪਏ ਤਜਵੀਜ਼ੇ ਗਏ ਹਨ । (ਥੰਪਿੰਗ) ਚੰਡੀਗੜ੍ਹ ਵਿਖੇ ਪੁਲਿਸ ਸਦਰ ਮੁਕਾਮ ਬਿਲਡਿੰਗ ਦੀ ਉਸਾਰੀ ਲਈ 2.96 ਕਰੋੜ ਰੁਪਏ ਤਜਵੀਜ਼ੇ ਗਏ ਹਨ । ਰਾਜ ਵਿਚ ਮਕਾਨ ਉਸਾਰੀ ਸਹੂਲਤਾਂ ਦੇ ਵਾਧੇ ਲਈ **ਹਾਊਸਫੈੱਡ** ਇਕ ਮੁੱਖ ਏਜੰਸੀ ਵੀ ਹੈ । ਸਾਲ 1997-98 ਦੌਰਾਨ ਇਹ 5,000 ਮਕਾਨਾਂ ਦੀ ਉਸਾਰੀ ਲਈ 50.00 ਕਰੋੜ ਰੁਪਏ ਦੀ ਰਕਮ ਦਾ ਸੰਸਥਾਈ ਵਿੱਤ ਜੁਟਾਏਗੀ ।

[ਵਿੱਤ ਮੰਤਰੀ]

ਉਦਯੋਗ

68. ਪੰਜਾਬ ਵਿਚ ਸ਼ਾਂਤੀ ਪੱਕੇ ਅਤੇ ਸਥਾਈ ਰੂਪ ਵਿਚ ਕੇਵਲ ਤਾਂ ਹੀ ਹੋ ਸਕੇਗੀ ਜੇਕਰ ਇੱਥੇ ਬੇ-ਰੋਜ਼ਗਾਰੀ ਦੀ ਸਮੱਸਿਆ ਨੂੰ ਸੁਲਝਾਇਆ ਜਾਵੇ ਜੋ ਕਿ ਅੱਜ ਰਾਜ ਲਈ ਮੁੱਖ ਵੰਗਾਰ ਬਣੀ ਹੋਈ ਹੈ ਅਤੇ ਜਿਸ ਦਾ ਸਾਹਮਣਾ ਇਸ ਵੇਲੇ ਰਾਜ ਨੂੰ ਕਰਨਾ ਪੈ ਰਿਹਾ ਹੈ। ਇਸ ਮੰਤਵ ਲਈ ਤੀਬਰ ਉਦਯੋਗੀਕਰਨ ਹੀ ਸਹੀ ਹੱਲ ਹੈ ਅਤੇ ਸਮੇਂ ਦੀ ਫੌਰੀ ਲੋੜ ਵੀ ਹੈ। ਇਸ ਮੰਤਵ ਨੂੰ ਪੂਰਾ ਕਰਨ ਲਈ ਉਦਯੋਗਿਕ ਫੋਕਲ ਕੇਂਦਰ ਅਤੇ ਵਿਕਾਸ ਕੇਂਦਰ ਸਥਾਪਿਤ ਕਰਕੇ ਲਘੂ-ਦਰਮਿਆਨੇ ਅਤੇ ਵੱਡੇ ਉਦਯੋਗਾਂ ਨੂੰ ਬੁਨਿਆਦੀ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸਰਕਾਰ ਦੀਆਂ ਮੌਜੂਦਾ ਕਾਰਜ ਵਿਧੀਆਂ ਨੂੰ ਓਵਰਹਾਲ ਕਰਨ ਅਤੇ ਇੰਸਪੈਕਟਰੀ ਰਾਜ ਦਾ ਖਾਤਮਾ ਕਰਨ ਦੀ ਵੀ ਤਜਵੀਜ਼ ਹੈ। (ਥੰਪਿੰਗ)

69. ਸਪੀਕਰ ਸਾਹਿਬ, ਸਾਡੀ ਸਰਕਾਰ ਰਾਜ ਵਿਚ ਉਦਯੋਗ ਸਬੰਧੀ ਦੋਸਤਾਨਾ ਮਾਹੌਲ ਪੈਦਾ ਕਰਨਾ ਚਾਹੁੰਦੀ ਹੈ ਜੋ ਕਿ ਦੇਸ਼ ਅਤੇ ਵਿਦੇਸ਼ ਚੋਂ ਨੂੰ ਪੂੰਜੀਨਿਵੇਸ਼ ਕਰਨ ਲਈ ਆਕਰਸ਼ਤ ਕਰਨ ਵਿਚ ਮਦਦਗਾਰ ਸਾਬਤ ਹੋਵੇਗਾ। ਕਿਉਂਜੋ, ਊਰਜਾ ਉਦਯੋਗਿਕ ਵਿਕਾਸ ਦੇ ਪ੍ਰਸਾਰ ਲਈ ਅਵੱਸ਼ਕ ਹੈ ਇਸ ਲਈ ਮਾਨਯੋਗ ਸਦਨ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਰਣਜੀਤ ਸਾਗਰ ਡੈਮ ਅਤੇ ਲਹਿਰਾ ਮੁਹੱਬਤ ਪ੍ਰਾਜੈਕਟਾਂ ਦੇ ਸ਼ੁਰੂ ਹੋਣ ਨਾਲ ਨੇੜਲੇ ਭਵਿੱਖ ਵਿਚ ਪੰਜਾਬ ਵਿਚ ਉਦਯੋਗ ਸਿਬੰਧੀ ਪੂੰਜੀਨਿਵੇਸ਼ ਲਈ ਬੜਾ ਉਤਸ਼ਾਹ ਮਿਲੇਗਾ। (ਥੰਪਿੰਗ) ਅਸਲ ਵਿਚ, ਪੰਜਾਬ ਇਸ ਖੇਤਰ ਵਿਚ ਲੋੜੀਂਦੀ ਅਤੇ ਉਚ ਪੱਧਰੀ ਊਰਜਾ ਸਪਲਾਈ ਮੁਹੱਈਆ ਕਰਨ ਵਿਚ ਮੋਹਰੀ ਹੈ। ਉਦਯੋਗ ਦੀ ਉਨਤੀ ਲਈ ਪੰਜਾਬ ਸਨਅਤੀ ਅਮਨ-ਅਮਾਨ ਦਾ ਇਕ ਹੋਰ ਮੌਕਾ ਵੀ ਪ੍ਰਦਾਨ ਕਰਦਾ ਹੈ। ਪੰਜਾਬੀ ਕਾਮਗਾਰ ਦੇ ਕੰਮ ਨਾ ਹੋਣ ਵਾਲੇ ਦਿਨ ਬਹੁਤ ਘੱਟ ਹਨ ਅਤੇ ਉਤਪਾਦਨ ਸਮਰੱਥਾ ਬਹੁਤ ਜ਼ਿਆਦਾ ਹੈ।

70. ਰਾਸ਼ਟਰੀ ਪੱਧਰ ਤੇ ਉਦਯੋਗ ਦੇ ਅਣ-ਨਿਯਮਤ ਉਦਾਰੀਕਰਨ ਦੀ ਨੀਤੀ ਦੇ ਅਨੁਰੂਪ ਪੰਜਾਬ ਸਰਕਾਰ ਨੇ ਉਦਯੋਗਿਕ ਮਦਦਗਾਰ ਅਤੇ ਉਤਸ਼ਾਹਕ ਦਾ ਰੋਲ ਅਪਣਾਇਆ ਹੈ, ਨਾ ਕਿ ਸਿੱਧੇ ਨਿਵੇਸ਼ਕਰਤਾ ਦਾ ਜਿਵੇਂ ਕਿ ਪਹਿਲਾਂ ਹੋਇਆ ਕਰਦਾ ਸੀ। ਸਿੱਧੇ ਨਿਵੇਸ਼ਕਰਤਾ ਦਾ ਉਦਯੋਗਿਕ ਖੇਤਰ ਨੂੰ ਉਤਸ਼ਾਹਿਤ ਕਰਨ ਲਈ, ਸਾਲਾਨਾ ਪਲਾਨ 1997-98 ਵਿਚ 51.48 ਕਰੋੜ ਰੁਪਏ ਦੇ ਖਰਚ ਦਾ ਉਪਬੰਧ ਕੀਤਾ ਗਿਆ ਹੈ।

71. ਰਾਜ ਵਿਚ ਨਵੇਂ ਪੂੰਜੀਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਇਕ ਨਵੀਂ ਉਦਯੋਗਿਕ ਨੀਤੀ ਬਣਾਈ ਗਈ ਹੈ। ਜਿਸ ਅਨੁਸਾਰ ਜਿਹੜੇ ਪ੍ਰੋਤਸਾਹਨ ਉਤਪਾਦਕ ਯੂਨਿਟਾਂ ਨੂੰ ਪਹਿਲਾਂ ਉਪਲੱਬਧ ਕਰਵਾਏ ਗਏ ਹਨ, ਉਹ ਖੇਤੀਬਾੜੀ ਅਧਾਰਿਤ ਉਦਯੋਗਾਂ, ਸੈਰ ਸਪਾਟਾ ਉਦਯੋਗ ਅਤੇ ਨਿਰਯਾਤਮੁੱਖੀ ਯੂਨਿਟਾਂ ਨੂੰ ਵੀ ਦੇ ਦਿੱਤੇ ਗਏ ਹਨ। ਇਸ ਪ੍ਰਕਾਰ 45.15 ਕਰੋੜ ਰੁਪਏ ਦੀ ਰਕਮ ਦਾ ਪ੍ਰੋਤਸਾਹਨ ਵਜੋਂ ਭੁਗਤਾਨ ਕਰਨ ਦੀ ਤਜਵੀਜ਼ ਹੈ। (ਥੰਪਿੰਗ)

72. ਕਿਉਂਜੋ ਸਾਧਨਾਂ ਦੀ ਘਾਟ ਕਾਰਨ ਬਦਲਵੀਂ ਤਕਨਾਲੋਜੀ ਨਾਲ ਪੰਜਾਬ ਦੀਆਂ ਲਘੂ ਉਦਯੋਗਿਕ ਇਕਾਈਆਂ ਤਾਲਮੇਲ ਨਹੀਂ ਰੱਖ ਸਕੀਆਂ, ਇਸ ਲਈ ਯੂ.ਐਨ. ਡੀ.ਪੀ. ਦੀ ਸਹਾਇਤਾ ਅਧੀਨ ਮੋਟਰ ਗੱਡੀਆਂ ਦੇ ਪੁਰਜ਼ਿਆਂ ਅਤੇ ਮਸ਼ੀਨੀ ਸੰਦਾਂ ਦੇ ਖੇਤਰ ਵਿਚ ਖੋਜ ਅਤੇ ਵਿਕਾਸ ਕੇਂਦਰ ਖੋਲ੍ਹੇ ਜਾ ਰਹੇ ਹਨ ਅਤੇ ਇਸ ਮੰਤਵ ਲਈ ਸਾਲ 1997-98 ਦੌਰਾਨ 3.04 ਕਰੋੜ ਰੁਪਏ ਦਾ ਖਰਚ ਤਜਵੀਜ਼ ਕੀਤਾ ਗਿਆ ਹੈ। ਰਾਜ ਵਿਚ ਨਵੀਆਂ ਸਥਾਪਿਤ ਕੀਤੀਆਂ ਜਾ ਰਹੀਆਂ ਇਕਾਈਆਂ ਲਈ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ, ਫੋਕਲ ਪੁਆਇੰਟਾਂ/ਵਿਕਾਸ ਕੇਂਦਰਾਂ/ਮਿੰਨੀ ਵਿਕਾਸ ਕੇਂਦਰਾਂ ਦੇ ਰੂਪ ਵਿਚ ਮੁੱਢਲੀਆਂ ਸਹੂਲਤਾਂ ਦਾ ਉਪਬੰਧ ਕਰਵਾ ਰਹੀ ਹੈ। ਕਾਰਪੋਰੇਸ਼ਨ ਨੇ ਸਾਲ 1997-98 ਦੌਰਾਨ 4 ਫੋਕਲ ਪੁਆਇੰਟ ਵਿਕਸਤ ਕਰਨ ਦੀ ਤਜਵੀਜ਼ ਕੀਤੀ ਹੈ, ਇਸ ਮੰਤਵ ਦੇ ਲਈ ਕਾਰਪੋਰੇਸ਼ਨ ਇਨ੍ਹਾਂ ਦੇ ਆਪਣੇ ਅੰਦਰੂਨੀ ਵਸੀਲਿਆਂ ਤੋਂ ਇਲਾਵਾ ਸੰਸਥਾਵੀ ਵਿੱਤ ਜੁਟਾ ਕੇ ਖ਼ਰਚ ਪੂਰਾ ਕਰੇਗੀ।

73. ਵੱਡੀਆਂ/ਦਰਮਿਆਨੀਆਂ ਇਕਾਈਆਂ ਨੂੰ ਉੱਨਤ ਕਰਨ ਲਈ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਇਕ ਪ੍ਰਮੁੱਖ ਸੰਸਥਾ ਦਾ ਰੋਲ ਅਦਾ ਕਰ ਰਹੀ ਹੈ। ਜਿਸ ਵਿਚ ਉਹ ਉੱਨਤਕਾਰੀ ਸੰਸਥਾ ਅਤੇ ਵਿੱਤੀ ਸੰਸਥਾ ਦੇ ਰੂਪ ਵਿਚ ਦੂਹਰੀ ਭੂਮਿਕਾ ਨਿਭਾ ਰਹੀ ਹੈ। ਕਾਰਪੋਰੇਸ਼ਨ ਦਾ ਵਿਚਾਰ ਹੈ ਕਿ ਉਹ ਸਾਲ 1997-98 ਦੌਰਾਨ 1,438.80 ਕਰੋੜ ਰੁਪਏ ਦੇ ਕੁੱਲ ਖਰਚੇ ਨਾਲ 25 ਪ੍ਰਾਜੈਕਟ ਸਥਾਪਿਤ ਕਰੇਗੀ, ਜਿਸ ਨਾਲ 16,017 ਵਿਅਕਤੀਆਂ ਦੇ ਲਈ ਰੋਜ਼ਗਾਰ ਦੇ ਅਵਸਰ ਪ੍ਰਾਪਤ ਹੋਣਗੇ।

74. ਪੰਜਾਬ ਵਿੱਤ ਕਾਰਪੋਰੇਸ਼ਨ ਵਿਕਾਸ ਬੈਂਕ ਦੇ ਰੂਪ ਵਿਚ ਕੰਮ ਕਰਦੀ ਹੈ ਅਤੇ ਲਘੂ ਉਦਯੋਗਿਕ ਇਕਾਈਆਂ ਨੂੰ ਦਰਮਿਆਨੇ ਅਤੇ ਲੰਬੇ ਸਮੇਂ ਦੇ ਕਰਜ਼ੇ ਪ੍ਰਦਾਨ ਕਰਕੇ ਅਚੱਲ ਪੂੰਜੀ ਲੈਣਦਾਰੀਆਂ ਦੀ ਬਣਤਰ ਵਿਚ ਸਹਾਇਤਾ ਕਰਦੀ ਹੈ। ਕਾਰਪੋਰੇਸ਼ਨ ਨੇ ਸਾਲ 1997-98 ਦੌਰਾਨ 120.00 ਕਰੋੜ ਰੁਪਏ ਦੀ ਰਕਮ ਕਰਜ਼ਿਆਂ ਦੇ ਰੂਪ ਵਿਚ ਪ੍ਰਵਾਨ ਕਰਨ ਦੀ ਤਜਵੀਜ਼ ਕੀਤੀ ਹੈ।

75. ਪੰਜਾਬ ਰਾਜ ਇਲੈਕਟਰਾਨਿਕ ਡਿਵੈਲਪਮੈਂਟ ਐਂਡ-ਪਰੋਡਕਸ਼ਨ ਕਾਰਪੋਰੇਸ਼ਨ ਦੀ 1997-98 ਦੌਰਾਨ 20.00 ਕਰੋੜ ਰੁਪਏ ਦੀ ਕੁਲ ਲਾਗਤ ਨਾਲ ਇਲੈਕਟਰਾਨਿਕ ਹਾਰਡ-ਵੇਅਰ ਐਂਡ ਸਾਫਟਵੇਅਰ ਤਕਨਾਲੋਜੀ ਪਾਰਕ ਸਥਾਪਿਤ ਕਰਨ ਦੀ ਤਜਵੀਜ਼ ਹੈ। ਕਾਰਪੋਰੇਸ਼ਨ ਦਾ ਇਹ ਵੀ ਵਿਚਾਰ ਹੈ ਕਿ ਉਹ ਸਾਲ 1997-98 ਦੌਰਾਨ 5 ਪ੍ਰਾਜੈਕਟ ਸਥਾਪਿਤ ਕਰੇਗੀ ਜਿਹਨਾਂ ਦੀ ਲਾਗਤ 49.00 ਕਰੋੜ ਰੁਪਏ ਹੈ ਅਤੇ ਜਿਹਨਾਂ ਵਿਚ ਸਿੱਧੇ ਅਤੇ ਅਸਿੱਧੇ ਰੂਪ ਵਿਚ 765 ਵਿਅਕਤੀਆਂ ਨੂੰ ਰੋਜ਼ਗਾਰ ਪ੍ਰਦਾਨ ਕੀਤਾ ਜਾਵੇਗਾ।

76. ਰਾਜ ਸਰਕਾਰ ਦੁਆਰਾ ਚੁੱਕੇ ਜਾਣ ਵਾਲੇ ਤਜਵੀਜ਼ਤ ਉੱਨਤਸ਼ੀਲ ਉਪਾਵਾਂ ਨਾਲ ਰਾਜ ਦੀਆਂ ਉਦਯੋਗਿਕ ਸਰਗਰਮੀਆਂ ਵਿਚ ਵਾਧੇ ਦਾ ਰੁਝਾਨ ਵਿਖਾਈ ਦੇਵੇਗਾ। ਇਸ ਲਈ ਇਹ ਅਨੁਮਾਨ ਹੈ ਕਿ ਸਾਲ 1997-98 ਦੌਰਾਨ 900.00 ਕਰੋੜ ਰੁਪਏ ਦੇ ਕੁਲ ਪੂੰਜੀ ਨਿਵੇਸ਼ ਨਾਲ ਛੋਟੇ/ਦਰਮਿਆਨੇ/ਵੱਡੇ ਪੱਧਰ ਦੀਆਂ 3,050 ਇਕਾਈਆਂ ਸਥਾਪਿਤ

[ਵਿੱਤ ਮੰਤਰੀ]

ਕੀਤੀਆਂ ਜਾਣਗੀਆਂ, ਜਿਸ ਨਾਲ 33,500 ਵਿਅਕਤੀਆਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਹੋ ਸਕਣਗੇ । ਨਿਰਯਾਤ ਦੇ ਪੱਖੋਂ ਵੀ ਕਾਫੀ ਜ਼ਿਆਦਾ ਸੁਧਾਰ ਹੋਵੇਗਾ । ਇਹ ਆਸ ਕੀਤੀ ਜਾਂਦੀ ਹੈ ਕਿ ਸਾਲ 1997-98 ਦੌਰਾਨ 3,200.00 ਕਰੋੜ ਰੁਪਏ ਦੇ ਮੁੱਲ ਦੀਆਂ ਵਸਤਾਂ ਦਾ ਨਿਰਯਾਤ ਕੀਤਾ ਜਾਵੇਗਾ ।

ਸੜਕ ਆਵਾਜਾਈ

77. ਸੜਕ ਆਵਾਜਾਈ ਰਾਜ ਦੇ ਅਰਥਚਾਰੇ ਅੰਦਰ ਕਾਫ਼ੀ ਅਹਿਮ ਰੋਲ ਨਿਭਾਉਂਦੀ ਰਹੀ ਹੈ । ਕਈ ਸਾਲਾਂ ਤੋਂ ਸਮੁੱਚੇ ਯਾਤਾਯਾਤ ਵਿਚ ਸੜਕ ਆਵਾਜਾਈ ਦੇ ਹਿੱਸੇ ਵਿਚ ਵਾਧਾ ਹੋਇਆ ਹੈ ਜਿਹੜਾ ਕਿ ਮੁਸਾਫ਼ਰਾਂ ਅਤੇ ਮਾਲ ਦੋਹਾਂ ਦੀ ਢੋਆ-ਢੁਆਈ ਵਿਚ ਹੀ ਹੋਇਆ ਹੈ । ਮਾਲ ਦੀ ਢੋਆ-ਢੁਆਈ ਮੁੱਖ ਤੌਰ ਤੇ ਪ੍ਰਾਈਵੇਟ ਖੇਤਰ ਵਿਚ ਹੀ ਚਲਦੀ ਹੈ ਅਤੇ ਮੁਸਾਫ਼ਿਰਾਂ ਦੀ ਆਵਾਜਾਈ ਪਬਲਿਕ ਤੇ ਪ੍ਰਾਈਵੇਟ ਖੇਤਰ ਵਿਚ ਵੰਡੀ ਜਾਂਦੀ ਹੈ । ਪੰਜਾਬ ਵਿਚ ਕੇਵਲ ਦੋ ਸਰਕਾਰੀ ਖੇਤਰ ਦੇ ਅਦਾਰੇ ਹਨ—ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ । ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਆਪਣੇ ਪ੍ਰਾਜੈਕਟ ਪ੍ਰੋਗਰਾਮ ਸੰਸਥਾਵੀ ਵਿੱਤ ਅਤੇ ਆਪਣੇ ਅੰਦਰੂਨੀ ਸਾਧਨ ਜੁਟਾ ਕੇ ਪੂਰੀ ਕਰਦੀ ਹੈ । ਇਸ ਲਈ ਸਾਲਾਨਾ ਯੋਜਨਾ ਵਿਚ ਵਿੱਤੀ ਸਹਾਇਤਾ ਕੇਵਲ ਪੰਜਾਬ ਰੋਡਵੇਜ਼ ਨੂੰ ਹੀ ਦਿੱਤੀ ਜਾਂਦੀ ਹੈ । 1997-98 ਦੌਰਾਨ ਪੰਜਾਬ ਰੋਡਵੇਜ਼ ਲਈ 11.00 ਕਰੋੜ ਰੁਪਏ ਦੀ ਰਕਮ ਦੀ ਤਜਵੀਜ਼ ਰੱਖੀ ਗਈ ਹੈ । ਇਸ ਖੇਤਰ ਵਿਚ ਕਰਨ ਵਾਲੇ ਵੱਡੇ ਕਾਰਜ ਹਨ, ਪੁਰਾਣੀਆਂ ਬੱਸਾਂ ਨੂੰ ਤਬਦੀਲ ਕਰਨਾ, ਬੱਸ ਸਟੈਂਡਾਂ ਤੇ ਮੁਸਾਫ਼ਿਰਾਂ ਨੂੰ ਚੰਗੇਰੀਆਂ ਸਹੂਲਤਾਂ ਪ੍ਰਦਾਨ ਕਰਨਾ ਅਤੇ ਤੇਲ ਦੀ ਸਾਂਭ-ਸੰਭਾਲ ਕਰਨਾ । ਸਪੀਕਰ ਸਾਹਿਬ, ਸਾਲਾਨਾ ਪਲਾਨ 1997-98 ਦੌਰਾਨ 9.70 ਕਰੋੜ ਰੁਪਏ ਦਾ ਸੀਮਾਂਤੀ ਧਨ ਰੱਖਣ ਦੀ ਤਜਵੀਜ਼ ਹੈ ਤਾਂ ਕਿ ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਿਟਡ ਨੂੰ ਬੱਸਾਂ ਖਰੀਦਣ ਲਈ ਵਿੱਤੀ ਸੰਸਥਾਵਾਂ ਕੋਲ ਫੰਡਾਂ ਦਾ ਪ੍ਰਬੰਧ ਕਰਨ ਵਿਚ ਮਦਦ ਕੀਤੀ ਜਾ ਸਕੇ । ਇਹ ਬੱਸਾਂ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਨੂੰ ਪਟੇ ਤੇ ਦਿੱਤੀਆਂ ਜਾਣਗੀਆਂ । ਇਸ ਦਾ ਮੁੱਖ ਉਦੇਸ਼ ਇਹ ਹੈ ਕਿ ਸੰਸਥਾਵੀ ਵਿੱਤ ਦੀ ਵਰਤੋਂ ਕਰਕੇ ਵੱਧ ਤੋਂ ਵੱਧ ਪੁਰਾਣੀਆਂ ਬੱਸਾਂ ਨੂੰ ਬਦਲ ਦਿੱਤਾ ਜਾਵੇ । (ਥੰਪਿੰਗ)

ਸੜਕਾਂ ਅਤੇ ਪੁਲ

78. ਰਾਜ ਵਿਚ ਖੇਤੀਬਾੜੀ, ਉਦਯੋਗ, ਵਣਜ ਅਤੇ ਵਪਾਰ ਦੀ ਤਰੱਕੀ ਲਈ ਸੜਕਾਂ ਦਾ ਜਾਲ ਵਿਛਾਉਣਾ ਜ਼ਰੂਰੀ ਹੈ । ਇਸ ਕਰਕੇ ਰਾਜ ਵਿਚ ਮੌਜੂਦਾ ਬੁਨਿਆਦੀ ਢਾਂਚੇ ਵਿਚ ਸੁਧਾਰ ਅਤੇ ਵਧੇਰੇ ਸਾਰੀਆਂ ਵਾਲੀਆਂ ਸੜਕਾਂ ਦੇ ਵਿਕਾਸ ਅਤੇ ਮਜ਼ਬੂਤੀ ਦੀ ਲੋੜ ਹੈ । ਇਸ ਤੋਂ ਇਲਾਵਾ ਨਵੇਂ ਪੁਲਾਂ ਦੀ ਉਸਾਰੀ ਦੀ ਵੀ ਲੋੜ ਹੈ ਜਿਸ ਵਿਚ ਕਿ ਰੇਲਵੇ ਓਵਰ ਬਰਿੱਜ, ਫਲਾਈ ਓਵਰ ਬਰਿੱਜ ਅਤੇ ਨਦੀਆਂ ਦੇ ਪੁਲ ਸ਼ਾਮਿਲ ਹਨ । ਪ੍ਰਾਜੈਕਟ ਪ੍ਰੋਗਰਾਮਾਂ ਨੂੰ ਨੇਪਰੇ ਚਾੜ੍ਹਨ ਲਈ 1997-98 ਦੀ ਸਾਲਾਨਾ ਯੋਜਨਾ ਵਿਚ ਉਪ-ਮੱਦ "ਸੜਕਾਂ ਅਤੇ ਪੁਲ" ਅਧੀਨ 45.47 ਕਰੋੜ ਰੁਪਏ ਦਾ ਖਰਚਾ ਰੱਖਿਆ ਗਿਆ ਹੈ ।

79. ਰਾਜ ਵਿਚ ਸੜਕਾਂ, ਪੁਲਾਂ ਅਤੇ ਰੇਲਵੇ ਓਵਰ ਬਰਿਜਾਂ (ਆਰ.ਓ.ਬੀ.) ਦੀ ਉਸਾਰੀ ਦੇ ਕੰਮ ਉਤੇ ਜ਼ੋਰ ਦੇਣ ਲਈ ਰਾਜ ਸਰਕਾਰ ਨੇ ਉਹਨਾਂ ਗੱਡੀਆਂ, ਜੋ ਇਹਨਾਂ ਸਹੂਲਤਾਂ ਨੂੰ ਮਾਣਦੀਆਂ ਹਨ, ਕੋਲੋਂ ਟੋਲ ਟੈਕਸ ਇਕੱਤਰ ਕਰਕੇ ਬਿਲਡ-ਓਪਰੇਟ-ਟਰਾਂਸਫਰ (ਬੀ.ਓ.ਟੀ.) ਆਧਾਰ ਤੇ ਪ੍ਰਾਜੈਕਟਾਂ ਦਾ ਵਿਕਾਸ ਕਰਨ ਦਾ ਫੈਸਲਾ ਲਿਆ ਹੈ । ਇਸ ਦੇ ਨਾਲ ਹੀ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਬੀ.ਓ.ਟੀ. ਆਧਾਰ ਤੇ ਰਾਜ ਹਾਈਵੇਜ਼ ਦੇ ਚੰਡੀਗੜ੍ਹ ਤੋਂ ਅੰਬਾਲਾ, ਜ਼ੀਰਕਪੁਰ ਤੋਂ ਰਾਜਪੁਰਾ, ਰਾਜਪੁਰਾ ਤੋਂ ਬਹਾਦਰਗੜ੍ਹ, ਮੋਗਾ ਤੋਂ ਲੁਧਿਆਣਾ ਅਤੇ ਖਰੜ ਤੋਂ ਲੁਧਿਆਣਾ ਦੇ ਰਸਤਿਆਂ ਨੂੰ ਚਾਰ ਲੇਨਾਂ ਵਿਚ ਬਣਾਇਆ ਜਾਵੇਗਾ । (ਥੰਪਿੰਗ) ਇਹ ਵੀ ਯਤਨ ਕੀਤੇ ਜਾਣਗੇ ਕਿ ਸਾਲ 1997-98 ਦੌਰਾਨ ਇਨ੍ਹਾਂ ਸੜਕਾਂ ਤੇ ਕੰਮ ਚਾਲੂ ਹੋ ਜਾਵੇ । ਇਸ ਤੋਂ ਇਲਾਵਾ, ਸੜਕਾਂ ਦੇ ਬੁਨਿਆਦੀ ਢਾਂਚੇ ਦਾ ਵਿਕਾਸ ਕਰਨ ਸਬੰਧੀ 1,036 ਕਰੋੜ ਰੁਪਏ ਦੀ ਲਾਗਤ ਦਾ ਇਕ ਪ੍ਰਾਜੈਕਟ ਵਿਸ਼ਵ ਬੈਂਕ ਨੂੰ ਤਜਵੀਜ਼ ਕੀਤਾ ਜਾ ਰਿਹਾ ਹੈ । ਰੋਡ ਇਨਫਰਾਸਟਰਕਚਰ ਕਾਰਪੋਰੇਸ਼ਨ ਸਥਾਪਤ ਕਰਨ ਦੀ ਤਜਵੀਜ਼ ਕੀਤੀ ਗਈ ਜਿਸ ਨਾਲ ਸੜਕ ਢਾਂਚਾ ਅਤੇ ਪੁਲਾਂ ਦੇ ਨਿਰਮਾਣ ਲਈ ਸੰਸਥਾਵੀ ਵਿੱਤ ਜੁਟਾਇਆ ਜਾਵੇਗਾ । ਸਾਲਾਨਾ ਪਲਾਨ 1997-98 ਵਿਚ ਇਸ ਕਾਰਪੋਰੇਸ਼ਨ ਲਈ 3.00 ਕਰੋੜ ਰੁਪਏ ਦਾ ਬੀਜ ਧਨ (seed money) ਤਜਵੀਜ਼ਿਆ ਗਿਆ ਹੈ ।

ਸੈਰ ਸਪਾਟਾ

80. ਪੰਜਾਬ ਵਿਚ ਅਮਨ-ਅਮਾਨ ਦੀ ਬਹਾਲੀ ਇਸ ਗੱਲ ਤੋਂ ਸਪੱਸ਼ਟ ਹੋ ਜਾਂਦੀ ਹੈ ਕਿ ਸਾਡੇ ਰਾਜ ਵਿਚ ਆਉਣ ਵਾਲੇ ਦੇਸੀ ਅਤੇ ਵਿਦੇਸ਼ੀ ਯਾਤਰੀਆਂ ਦਾ ਕਾਫ਼ੀ ਵਾਧਾ ਹੋਇਆ ਹੈ । 1992 ਦੌਰਾਨ ਯਾਤਰੀਆਂ ਦੀ ਆਵਾਜਾਈ 2.05 ਲੱਖ ਸੀ, ਜੋ ਕਿ 1996 ਵਿਚ ਵਧ ਕੇ 3.79 ਲੱਖ ਤਕ ਪਹੁੰਚ ਗਈ ਹੈ । ਯਾਤਰੀਆਂ ਨੂੰ ਸਹੂਲਤ ਦੇਣ ਲਈ ਰਸਤਿਆਂ ਤੇ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ, ਜੋ ਕਿ 20.00 ਲੱਖ ਰੁਪਏ ਦੇ ਖਰਚ ਨਾਲ ਅਹਿਮ ਹਾਈਵੇਜ਼ ਤੇ ਟੂਰਿਸਟ ਕਪਲੈਕਸ ਸਥਾਪਿਤ ਕਰਕੇ ਪ੍ਰਦਾਨ ਕਰਨ ਦੀ ਤਜਵੀਜ਼ ਹੈ ।

ਮੈਡੀਕਲ ਅਤੇ ਜਨ ਸਿਹਤ

81. ਮੈਡੀਕਲ ਅਤੇ ਜਨ ਸਿਹਤ ਦੇ ਲਈ 1996-97 ਦੌਰਾਨ 52.67 ਕਰੋੜ ਰੁਪਏ ਦੇ ਸੋਧੇ ਖਰਚੇ ਦੇ ਮੁਕਾਬਲੇ ਸਾਲ 1997-98 ਵਿਚ 99.38 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਰਾਜ ਸਰਕਾਰ, ਪੰਜਾਬ ਦੀ ਪੇਂਡੂ ਜਨਤਾ ਲਈ 2,852 ਉਪ-ਕੇਂਦਰਾਂ, 484 ਪ੍ਰਾਇਮਰੀ ਸਿਹਤ ਕੇਂਦਰਾਂ ਅਤੇ 104 ਕਮਿਊਨਿਟੀ ਸਿਹਤ ਕੇਂਦਰਾਂ ਰਾਹੀਂ ਸਿਹਤ ਸੰਭਾਲ ਸਹੂਲਤਾਂ ਪ੍ਰਦਾਨ ਕਰ ਰਹੀ ਹੈ । ਸਾਲ 1997-98 ਦੌਰਾਨ ਮੌਜੂਦਾ ਐਲੋਪੈਥੀ, ਆਯੁਰਵੈਦਿਕ ਅਤੇ ਹੋਮਿਓਪੈਥੀ ਦੀਆਂ ਸੰਸਥਾਵਾਂ ਨੂੰ ਉਨ੍ਹਾਂ ਵਿਚ ਇਮਾਰਤਾਂ, ਮਸ਼ੀਨਰੀ ਅਤੇ ਸਾਜ਼ੋ-ਸਾਮਾਨ ਦੀਆਂ ਸਹੂਲਤਾਂ ਨੂੰ ਵਧਾ ਕੇ ਠੋਸ ਤੇ ਮਜ਼ਬੂਤ ਕੀਤਾ ਜਾਵੇਗਾ ।

82. ਪੰਜਾਬ ਵਿਚ ਸਿਹਤ ਸੰਭਾਲ ਸਿਸਟਮ ਦੇ ਵਿਕਾਸ ਸਬੰਧੀ ਵਿਸ਼ਵ ਬੈਂਕ-ਸਹਾਇਤਾ ਪ੍ਰਾਪਤ ਪ੍ਰਾਜੈਕਟ ਲਈ 45.00 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ

[ਵਿੱਤ ਮੰਤਰੀ]

ਗਿਆ ਹੈ । ਇਸ ਦਾ ਉਦੇਸ਼ ਰਾਜ ਦੀਆਂ 150 ਸਿਹਤ ਸੰਸਥਾਵਾਂ ਨੂੰ ਹਸਪਤਾਲਾਂ ਦੀਆਂ ਇਮਾਰਤਾਂ ਦਾ ਨਵੀਨੀਕਰਨ ਕਰਕੇ, ਜ਼ਰੂਰੀ ਅਮਲੇ ਨੂੰ ਰਿਹਾਇਸ਼ੀ ਮਕਾਨ ਪ੍ਰਦਾਨ ਕਰਕੇ ਅਤੇ ਆਧੁਨਿਕ ਮਸ਼ੀਨਰੀ ਤੇ ਸਾਜ਼ੋ ਸਾਮਾਨ ਦੇ ਕੇ ਸੈਕੰਡਰੀ ਪੱਧਰ ਤਕ ਸਿਹਤ ਪ੍ਰਬੰਧ ਨੂੰ ਮਜ਼ਬੂਤ ਕਰਨਾ ਹੈ । ਵਿਸ਼ਵ ਬੈਂਕ ਸਹਾਇਤਾ ਪ੍ਰਾਪਤ ਪ੍ਰਾਜੈਕਟ 'ਟਰੇਨਿੰਗ ਫ਼ਾਰ ਮੈਨਪਾਵਰ ਡਿਵੈਲਪਮੈਂਟ' ਲਈ 25.32 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਇਸ ਪ੍ਰਾਜੈਕਟ ਦਾ ਟੀਚਾ ਰਾਜ ਵਿਚ ਸਿਹਤ ਸੇਵਾਵਾਂ ਦੇ ਮਿਆਰ ਨੂੰ ਸੁਧਾਰਨ ਲਈ ਸਿਹਤ ਅਮਲੇ ਦੀ ਕੁਸ਼ਲਤਾ ਵਿਚ ਵਧੇਰੇ ਨਿਪੁੰਨਤਾ ਲਿਆਉਣਾ ਹੈ ।

83. ਸਾਲਾਨਾ ਯੋਜਨਾ 1997-98 ਵਿਚ ਮੁੱਢਲੇ ਘੱਟੋ-ਘੱਟ ਸੇਵਾਵਾਂ ਪ੍ਰੋਗਰਾਮ ਅਧੀਨ ਪ੍ਰਾਇਮਰੀ ਸਿਹਤ ਸੰਭਾਲ ਸੇਵਾਵਾਂ ਦੇ ਪ੍ਰਬੰਧ ਲਈ 34.32 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ ਤਾਂ ਕਿ ਸਿਹਤ ਦੇ ਬੁਨਿਆਦੀ ਢਾਂਚੇ ਦੇ ਖੱਪਿਆਂ ਨੂੰ ਪੂਰਾ ਕੀਤਾ ਜਾ ਸਕੇ, ਇਸ ਕੰਮ ਲਈ ਇਮਾਰਤਾਂ, ਸਾਜ਼ੋ-ਸਾਮਾਨ, ਦਵਾਈਆਂ, ਸਿਖਲਾਈ ਪ੍ਰਾਪਤ ਅਮਲੇ ਅਤੇ ਮੋਟਰ ਗੱਡੀਆਂ ਦਾ ਉਪਬੰਧ ਕੀਤਾ ਜਾਵੇਗਾ । ਸਾਲ 1997-98 ਦੌਰਾਨ ਸ਼ਹਿਰੀ ਗੰਦੀਆਂ ਬਸਤੀਆਂ ਵਾਲੇ ਇਲਾਕੇ ਵਿਚ 10 ਨਵੇਂ ਪ੍ਰਾਇਮਰੀ ਸਿਹਤ ਕੇਂਦਰ, 10 ਕਮਿਊਨਿਟੀ ਸਿਹਤ ਕੇਂਦਰ ਅਤੇ 8 ਨਵੀਆਂ ਡਿਸਪੈਂਸਰੀਆਂ ਸਥਾਪਿਤ ਕਰਨ ਦੀ ਤਜਵੀਜ਼ ਹੈ । ਸਾਲਾਨਾ ਯੋਜਨਾ 1997-98 ਵਿਚ ਇਕ ਨਵੀਂ ਪਲਾਨ ਸਕੀਮ "ਅੰਮ੍ਰਿਤਸਰ, ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਮੁਕਤਸਰ, ਫਤਿਹਗੜ੍ਹ ਸਾਹਿਬ ਅਤੇ ਤਲਵੰਡੀ ਸਾਬੋ ਵਿਖੇ ਸ਼ਹਿਰੀ ਸਿਹਤ ਸੰਭਾਲ ਸਹੂਲਤ" ਵੀ ਭਾਰਤ ਸਰਕਾਰ ਨਾਲ ਹਿੱਸੇਦਾਰੀ ਦੇ ਆਧਾਰ ਉੱਤੇ ਸ਼ਾਮਿਲ ਕੀਤੀ ਗਈ ਹੈ । (ਥੰਪਿੰਗ) ਇਸ ਪ੍ਰਾਜੈਕਟ ਲਈ 25.63 ਕਰੋੜ ਰੁਪਏ ਦੇ ਖ਼ਰਚ ਦਾ ਅਨੁਮਾਨ ਹੈ ।

84. ਰਾਜ ਵਿਚ ਸਰਕਾਰੀ ਮੈਡੀਕਲ ਅਤੇ ਡੈਂਟਲ ਕਾਲਜਾਂ ਵਿਚ ਸੁਧਾਰ ਲਿਆਉਣ ਲਈ 4.65 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ । 'ਮੈਡੀਕਲ ਕਾਲਜ ਪਟਿਆਲਾ ਵਿਖੇ ਇਕ ਐਡਵਾਂਸਡ ਕਾਰਡਿਅਕ ਕੇਂਦਰ' ਕਾਇਮ ਕੀਤੇ ਜਾਣ ਦੀ ਵੀ ਤਜਵੀਜ਼ ਹੈ ਅਤੇ ਸਾਲਾਨਾ ਯੋਜਨਾ 1997-98 ਵਿਚ ਇਸ ਸਕੀਮ ਲਈ 50.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਫ਼ਰੀਦਕੋਟ ਵਿਖੇ ਇਕ ਮੈਡੀਕਲ ਯੂਨੀਵਰਸਿਟੀ ਸਥਾਪਿਤ ਕਰਨ ਲਈ ਸਾਲਾਨਾ ਯੋਜਨਾ 1997-98 ਵਿਚ 5.00 ਲੱਖ ਰੁਪਏ ਦਾ ਇਕ ਟੋਕਨ ਉਪਬੰਧ ਵੀ ਕੀਤਾ ਗਿਆ ਹੈ ।

85. ਮਹਿਲਾਵਾਂ ਅਤੇ ਬੱਚਿਆਂ ਨੂੰ ਬਿਹਤਰ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣ ਲਈ ਰਾਸ਼ਟਰੀ ਬਾਲ ਬਚਾਓ ਤੇ ਸੁਰੱਖਿਅਤ ਮਾਤਰਿਤਵ ਪ੍ਰੋਗਰਾਮ 1997-98 ਦੌਰਾਨ 1.17 ਕਰੋੜ ਰੁਪਏ ਦੀ ਲਾਗਤ ਨਾਲ ਜਾਰੀ ਰੱਖਿਆ ਜਾਵੇਗਾ । ਰਾਜ ਵਿਚ ਛੂਤ ਵਾਲੇ ਰੋਗਾਂ ਨੂੰ ਕੰਟਰੋਲ ਕਰਨ ਅਤੇ ਉਨ੍ਹਾਂ ਨੂੰ ਜੜੋਂ ਖ਼ਤਮ ਕਰਨ ਲਈ, ਰਾਸ਼ਟਰੀ ਮਲੇਰੀਆ ਖ਼ਾਤਮਾ ਪ੍ਰੋਗਰਾਮ, ਰਾਸ਼ਟਰੀ ਤਪਦਿਕ ਕੰਟਰੋਲ ਪ੍ਰੋਗਰਾਮ, ਰਾਸ਼ਟਰੀ ਕੁਸ਼ਟ ਰੋਗ ਖ਼ਾਤਮਾ ਪ੍ਰੋਗਰਾਮ, ਰਾਸ਼ਟਰੀ ਏਡਜ਼ ਕੰਟਰੋਲ ਪ੍ਰੋਗਰਾਮ ਅਤੇ ਰਾਸ਼ਟਰੀ ਪਰਿਵਾਰ

ਭਲਾਈ ਪ੍ਰੋਗਰਾਮ 1997-98 ਦੌਰਾਨ 38.59 ਕਰੋੜ ਰੁਪਏ ਦੀ ਕੁਲ ਲਾਗਤ ਨਾਲ ਅਮਲ ਵਿਚ ਲਿਆਂਦੇ ਜਾਣਗੇ ਜਿਸ ਵਿਚ ਭਾਰਤ ਸਰਕਾਰ ਦਾ ਹਿੱਸਾ ਵੀ ਸ਼ਾਮਲ ਹੋਵੇਗਾ ।

ਸਿੱਖਿਆ

86. ਕਿਸੇ ਰਾਜ ਦੇ ਆਰਥਿਕ ਵਿਕਾਸ ਲਈ ਮਾਨਵ ਸਾਧਨ ਵਿਕਾਸ ਦਾ ਬਹੁਤ ਜ਼ਿਆਦਾ ਮਹੱਤਵ ਹੈ । ਇਸ ਅਨੁਸਾਰ ਸਿੱਖਿਆ ਲਈ ਯੋਜਨਾ ਖ਼ਰਚ 1996-97 ਦੌਰਾਨ 64.51 ਕਰੋੜ ਰੁਪਏ ਦੇ ਮੁਕਾਬਲੇ ਵਧਾ ਕੇ 1997-98 ਦੌਰਾਨ 84.48 ਕਰੋੜ ਰੁਪਏ ਕਰ ਦਿੱਤਾ ਗਿਆ ਹੈ । (ਥੰਪਿੰਗ) ਰਾਜ ਦੀ ਪ੍ਰਚੱਲਤ ਵਿਦਿਅਕ ਪ੍ਰਣਾਲੀ ਵਿਚ ਗੁਣਾਤਮਕ ਸੁਧਾਰ ਲਿਆਉਣ ਲਈ ਵਿਦਿਅਕ ਸਹੂਲਤਾਂ ਨੂੰ ਵਧਾਇਆ ਅਤੇ ਉੱਨਤ ਕੀਤਾ ਜਾ ਰਿਹਾ ਹੈ । 1997-98 ਦੌਰਾਨ ਮੌਜੂਦਾ ਵਿਦਿਅਕ ਸੰਸਥਾਵਾਂ ਅੰਦਰ ਬੁਨਿਆਦੀ ਢਾਂਚੇ ਸਬੰਧੀ ਸਹੂਲਤਾਂ ਵਿਚ ਵਾਧਾ ਕਰਨ ਦੇ ਉਪਰਾਲੇ ਕੀਤੇ ਜਾਣਗੇ । ਰਾਜ ਸਰਕਾਰ ਨੇ ਰਾਜ ਦੇ ਹਰੇਕ ਵਿਕਾਸ ਬਲਾਕ ਵਿਚ ਪੜਾਅਵਾਰ ਇਕ ਆਦਰਸ਼ ਸਕੂਲ ਖੋਲ੍ਹਣ ਦਾ ਵੀ ਫ਼ੈਸਲਾ ਕੀਤਾ ਹੈ । (ਥੰਪਿੰਗ) ਇਹ ਸਕੂਲ ਰਾਜ ਦੇ ਦਿਹਾਤੀ ਖੇਤਰਾਂ ਵਿਚ ਵਧੀਆ ਸਿੱਖਿਆ ਮੁਹੱਈਆ ਕਰਨਗੇ । ਸਾਲਾਨਾ ਯੋਜਨਾ 1997-98 ਵਿਚ ਆਦਰਸ਼ ਸਕੂਲਾਂ ਲਈ 25.00 ਕਰੋੜ ਰੁਪਏ ਦੀ ਰਕਮ ਦਾ ਪ੍ਰਬੰਧ ਕੀਤਾ ਗਿਆ ਹੈ । (ਥੰਪਿੰਗ) ਇਸ ਤੋਂ ਇਲਾਵਾ, ਤਜਵੀਜ਼ਤ ਆਦਰਸ਼ ਸਕੂਲਾਂ ਲਈ ਬੋਰਡਾਂ, ਕਾਰਪੋਰੇਸ਼ਨਾਂ, ਐਨ. ਆਰ. ਆਈਜ਼. ਅਤੇ ਸਥਾਨਕ ਸੰਸਥਾਵਾਂ ਦੁਆਰਾ ਫੰਡ ਦੇ ਕੇ ਅੰਸ਼ਦਾਨ ਪਾਇਆ ਜਾਵੇਗਾ ।

87. 15 ਤੋਂ 45 ਸਾਲਾ ਗਰੁੱਪ ਦੇ ਵਿਅਕਤੀਆਂ ਵਿਚੋਂ ਅਨਪੜ੍ਹਤਾ ਨੂੰ ਖ਼ਤਮ ਕਰਨ ਲਈ 1994-95 ਦੌਰਾਨ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਫਰੀਦਕੋਟ ਵਿਚ 'ਮੁਕੰਮਲ ਸਾਖਰਤਾ ਮੁਹਿੰਮ' ਚਲਾਈ ਗਈ ਸੀ । 1995-96 ਤੋਂ ਤਿੰਨ ਹੋਰ ਜ਼ਿਲ੍ਹੇ ਅਰਥਾਤ ਲੁਧਿਆਣਾ, ਰੋਪੜ ਅਤੇ ਸੰਗਰੂਰ ਕਵਰ ਕੀਤੇ ਜਾ ਰਹੇ ਹਨ । 1996-97 ਦੌਰਾਨ ਚਾਰ ਹੋਰ ਜ਼ਿਲ੍ਹੇ ਅਰਥਾਤ ਬਠਿੰਡਾ, ਜਲੰਧਰ, ਮਾਨਸਾ ਅਤੇ ਫਿਰੋਜ਼ਪੁਰ ਲਈ ਕੰਮ ਹੱਥ ਵਿਚ ਲਿਆ ਗਿਆ ਸੀ । ਨੌਵੀਂ ਪੰਜ ਸਾਲਾ ਯੋਜਨਾ ਦੌਰਾਨ ਬਾਕੀ ਰਹਿੰਦੇ ਸਾਰਿਆਂ ਜ਼ਿਲ੍ਹਿਆਂ ਸਬੰਧੀ ਕੰਮ ਹੱਥ ਵਿਚ ਲਏ ਜਾਣ ਦਾ ਫ਼ੈਸਲਾ ਲਿਆ ਗਿਆ ਹੈ ।

ਪੰਜਾਬੀ ਭਾਸ਼ਾ ਦਾ ਵਿਕਾਸ

88. ਸਾਡੀ ਸਰਕਾਰ ਪੰਜਾਬ ਨੂੰ ਖੇਤਰੀ ਭਾਸ਼ਾ ਵਜੋਂ ਵਿਕਸਿਤ ਕਰਣ ਲਈ ਵਚਨਬੱਧ ਹੈ । (ਥੰਪਿੰਗ) ਪੰਜਾਬੀ ਦੀਆਂ ਪੁਸਤਕਾਂ ਦਿਹਾਤੀ ਅਤੇ ਸ਼ਹਿਰੀ ਖੇਤਰਾਂ ਵਿਚ ਲਾਇਬ੍ਰੇਰੀਆਂ ਰਾਹੀਂ ਉਪਲਬਧ ਕਰਵਾਈਆਂ ਅਤੇ ਹਰਮਨ ਪਿਆਰੀਆਂ ਬਣਾਈਆਂ ਜਾਣਗੀਆਂ । ਪੰਜਾਬੀ ਦੀਆਂ ਪੁਸਤਕਾਂ ਖਰੀਦਣ ਲਈ ਗਰਾਮ ਪੰਚਾਇਤਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ 1.00 ਕਰੋੜ ਰੁਪਏ ਦੀ ਰਕਮ ਮੁਹੱਈਆ ਕਰਵਾਈ ਜਾਵੇਗੀ । (ਥੰਪਿੰਗ) ਦਿਹਾਤੀ ਖੇਤਰਾਂ ਲਈ 1997-98 ਦੌਰਾਨ "ਪੰਚਾਇਤਾਂ ਲਈ ਗ੍ਰਾਂਟਾਂ" ਸਕੀਮ ਅਧੀਨ ਖ਼ਰਚ ਵਿਚੋਂ 70.00 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਜਾਵੇਗਾ । ਸ਼ਹਿਰੀ ਖੇਤਰਾਂ ਲਈ, ਸ਼ਹਿਰੀ

[ਵਿੱਤ ਮੰਤਰੀ]

ਸਥਾਨਕ ਸੰਸਥਾਵਾਂ ਲਈ ਤਜਵੀਜ਼ ਕੀਤੀ 18.65 ਕਰੋੜ ਰੁਪਏ ਦੀ ਸਹਾਇਤਾ ਗ੍ਰਾਂਟ ਵਿਚੋਂ ਲਾਇਬ੍ਰੇਰੀਆਂ ਲਈ ਪੰਜਾਬੀ ਪੁਸਤਕਾਂ ਦੀ ਖਰੀਦ ਕਰਨ ਵਾਸਤੇ 30.00 ਲੱਖ ਰੁਪਏ ਮਖਸੂਸ ਕਰਨ ਦੀ ਤਜਵੀਜ਼ ਹੈ ।

ਖੇਡਾਂ ਤੇ ਯੁਵਕ ਸੇਵਾਵਾਂ

89. ਰਾਜ ਸਰਕਾਰ ਨੇ ਖੇਡ ਸਰਗਰਮੀਆਂ ਦੇ ਵਾਧੇ ਅਤੇ ਵਿਕਾਸ ਨੂੰ ਬਹੁਤ ਉਤਸ਼ਾਹਿਤ ਕੀਤਾ ਹੈ ਤਾਂ ਜੋ ਯੁਵਕ ਗੁੰਮਰਾਹ ਨਾ ਹੋ ਜਾਣ ਸਗੋਂ ਉਹ ਕੌਮੀ ਉਸਾਰੀ ਵਿਚ ਜੁੱਟ ਜਾਣ। ਖੇਡਾਂ ਅਤੇ ਯੁਵਕ ਸੇਵਾਵਾਂ ਲਈ ਸਾਲ 1996-97 ਦੌਰਾਨ 8.10 ਕਰੋੜ ਰੁਪਏ ਦੇ ਸੋਧੇ ਖਰਚੇ ਦੇ ਮੁਕਾਬਲੇ ਸਾਲ 1997-98 ਲਈ 12.91 ਕਰੋੜ ਰੁਪਏ ਦਾ ਪਬੰਧ ਕੀਤਾ ਗਿਆ ਹੈ । ਰਾਜ ਸਰਕਾਰ ਦੀ ਪੰਜਾਬ ਦੇ ਸਮੂਹ ਇਲਾਕਿਆਂ ਵਿਚ ਪੜਾਅਵਾਰ ਖੇਡ ਸਹੂਲਤਾਂ ਮੁਹੱਈਆ ਕਰਨ ਦੀ ਤਜਵੀਜ਼ ਹੈ । 1997-98 ਦੌਰਾਨ 10 ਬਲਾਕਾਂ ਵਿਚ ਖੇਡ-ਸਟੇਡੀਅਮਾਂ ਦੀ ਉਸਾਰੀ ਲਈ 2.50 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਰਾਜ ਸਰਕਾਰ ਵੱਲੋਂ ਗੁਰਦਾਸਪੁਰ, ਮਾਨਸਾ, ਫਤਿਹਗੜ੍ਹ ਸਾਹਿਬ ਅਤੇ ਮੁਕਤਸਰ ਦੇ ਸਦਰਮੁਕਾਮਾਂ ਤੇ ਸਪੋਰਟਸ ਕੰਪਲੈਕਸਾਂ ਦੀ ਉਸਾਰੀ ਕਰਵਾਈ ਜਾ ਰਹੀ ਹੈ । 1997-98 ਦੌਰਾਨ ਇਕ ਹੋਰ ਜ਼ਿਲ੍ਹਾ ਪੱਧਰੀ ਸਟੇਡੀਅਮ ਦੀ ਉਸਾਰੀ ਦੇ ਕੰਮ ਨੂੰ ਹੱਥ ਵਿਚ ਲਿਆ ਜਾਵੇਗਾ ।

90. ਰਾਸ਼ਟਰੀ ਟਾਸਕ ਫੋਰਸ, ਜਿਸ ਦਾ ਨਾਂ ਹੁਣ ਬਦਲ ਕੇ ਪੰਜਾਬ ਯੁਵਕ ਸਿਖਲਾਈ ਅਤੇ ਰੋਜ਼ਗਾਰ ਕੇਂਦਰ (ਸੀ.-ਪਾਈਟੀ) ਰੱਖਿਆ ਗਿਆ ਹੈ, ਰਾਜ ਵਿਚ 1989-90 ਤੋਂ ਕਾਇਮ ਕੀਤੀ ਗਈ ਸੀ, ਤਾਂ ਜੋ ਸਰਹੱਦੀ ਜ਼ਿਲ੍ਹਿਆਂ ਦੇ ਗੁੰਮਰਾਹ ਹੋਏ ਯੁਵਕਾਂ ਨੂੰ ਉਸਾਰੂ ਅਤੇ ਰਚਨਾਤਮਕ ਕਾਰਜਾਂ ਵਿੱਚ ਲਾਇਆ ਜਾ ਸਕੇ । ਇਸ ਸਕੀਮ ਦਾ ਸਾਰੇ ਜ਼ਿਲ੍ਹਿਆਂ ਵਿਚ ਵਿਸਤਾਰ ਕਰ ਦਿੱਤਾ ਗਿਆ ਹੈ, ਕਿਉਂਜੋ ਇਹ ਯੁਵਕਾਂ ਨੂੰ ਸਵੈ-ਰੋਜ਼ਗਾਰ ਸਮੇਤ ਰੋਜ਼ਗਾਰ ਪ੍ਰਾਪਤ ਕਰਨ ਲਈ ਸਿਖਲਾਈ ਦੇਣ ਵਿੱਚ ਬਹੁਤ ਲਾਭਦਾਇਕ ਸਾਬਤ ਹੋਈ ਹੈ। 1997-98 ਦੌਰਾਨ ਸੀ-ਪਾਈਟੀ ਲਈ 3.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

ਕਲਾ ਤੇ ਸਭਿਆਚਾਰ

91. ਪੰਜਾਬ ਦੇ ਅਮੀਰ ਸਭਿਆਚਾਰਕ ਵਿਰਸੇ ਨੂੰ ਅਛੋਹ ਰੱਖਣ ਲਈ, 1997-98 ਦੌਰਾਨ ਸਾਡਾ ਮੁੱਖ ਜ਼ੋਰ ਰਾਜ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰਾਂ ਉਤੇ ਪੰਜਾਬੀ ਸਭਿਆਚਾਰ-ਇਸ ਦੀਆਂ ਰਵਾਇਤਾਂ ਅਤੇ ਵਿਰਸੇ ਨੂੰ ਉੱਨਤ ਕਰਨ ਤੇ ਹੋਵੇਗਾ । ਇਸ ਲਈ 1996-97 ਦੌਰਾਨ 3.98 ਕਰੋੜ ਰੁਪਏ ਦੇ ਖਰਚ ਦੇ ਮੁਕਾਬਲੇ 1997-98 ਲਈ 4.27 ਕਰੋੜ ਰੁਪਏ ਦੇ ਖਰਚ ਦਾ ਉਪਬੰਧ ਕੀਤਾ ਗਿਆ ਹੈ । (ਥੰਪਿੰਗ)

ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ

92. ਸਾਡੀ ਸਰਕਾਰ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਨੂੰ ਵਧੇਰੇ ਤਰਜੀਹ ਦਿੰਦੀ ਹੈ ਕਿਉਂਕਿ ਇਸ ਦਾ ਉਦਯੋਗੀਕਰਣ ਅਤੇ ਰੋਜ਼ਗਾਰ ਉਤੇ ਸਿੱਧਾ ਪ੍ਰਭਾਵ

ਪੈਂਦਾ ਹੈ । ਸਾਲ 1996-97 ਦੌਰਾਨ 55.15 ਕਰੋੜ ਰੁਪਏ ਦੇ ਸੋਧੇ ਖ਼ਰਚ ਦੀ ਥਾਂ ਤੇ 1997-98 ਦੌਰਾਨ 62.12 ਕਰੋੜ ਰੁਪਏ ਦੇ ਖ਼ਰਚ ਦੀ ਤਜਵੀਜ਼ ਕੀਤੀ ਗਈ ਹੈ ।

93. ਰਾਜ ਵਿਚ 11 ਇੰਜੀਨੀਅਰਿੰਗ ਕਾਲਜ, 29 ਪਾਲੀਟੈਕਨਿਕਸ, 8 ਫਾਰਮੇਸੀ ਸੰਸਥਾਵਾਂ ਤੇ 110 ਸਿਖਲਾਈ ਸੰਸਥਾਵਾਂ ਹਨ । 5 ਪਾਲੀਟੈਕਨਿਕ ਤੇ 49 ਉਦਯੋਗਿਕ ਸਿਖਲਾਈ ਸੰਸਥਾਵਾਂ ਕੇਵਲ ਇਸਤਰੀਆਂ ਲਈ ਹਨ । 1997-98 ਦੌਰਾਨ ਵਿਸਤਾਰ ਕਰਨ ਤੋਂ ਇਲਾਵਾ ਸੰਗਠਿਤ ਕਰਨ ਉੱਤੇ ਜ਼ੋਰ ਦਿੱਤਾ ਜਾਵੇਗਾ ਅਤੇ ਮੌਜੂਦਾ ਸਹੂਲਤਾਂ ਅਤੇ ਪ੍ਰੋਗਰਾਮਾਂ ਦਾ ਵਿਸਤਾਰ ਕੀਤਾ ਜਾਵੇਗਾ । ਸਾਲਾਨਾ ਯੋਜਨਾ 1997-98 ਵਿਚ ਪਾਲੀ-ਟੈਕਨਿਕਾਂ, ਉਦਯੋਗਿਕ ਸਿਖਲਾਈ ਸੰਸਥਾਵਾਂ ਲਈ 12.50 ਕਰੋੜ ਖ਼ਰਚ ਕਰਨ ਦੀ ਤਜਵੀਜ਼ ਕੀਤੀ ਗਈ ਹੈ । ਗੁਰਦਾਸਪੁਰ ਤੇ ਫਿਰੋਜ਼ਪੁਰ ਵਿਖੇ ਨਵੇਂ ਇੰਜੀਨੀਅਰਿੰਗ ਕਾਲਜਾਂ ਦੇ ਸਬੰਧ ਵਿਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ 10.00 ਕਰੋੜ ਦਾ ਉਪਬੰਧ ਕੀਤਾ ਗਿਆ ਹੈ । ਰਾਜ ਦੀਆਂ ਸਮੂਹ ਡਿਗਰੀ ਪੱਧਰ ਦੀਆਂ ਇੰਜੀਨੀਅਰਿੰਗ ਸੰਸਥਾਵਾਂ ਲਈ ਇਕਸਾਰ ਅਕਾਦਮਿਕ ਸਹੂਲਤ ਮੁਹੱਈਆ ਕਰਨ ਲਈ ਜਲੰਧਰ ਵਿਖੇ ਪੰਜਾਬ ਤਕਨੀਕੀ ਯੂਨੀਵਰਸਿਟੀ ਸਥਾਪਿਤ ਕੀਤੀ ਜਾ ਰਹੀ ਹੈ । ਇਹ ਯੂਨੀਵਰਸਿਟੀ ਇੰਜੀਨੀਅਰਿੰਗ ਤੇ ਤਕਨਾਲੋਜੀ ਦੇ ਵਿਭਿੰਨ ਖੇਤਰਾਂ ਵਿਚ ਖੋਜ ਤੇ ਵਿਕਾਸ ਦੇ ਕੰਮ ਦਾ ਵੀ ਪ੍ਰਬੰਧ ਕਰੇਗੀ । ਯੂਨੀਵਰਸਿਟੀ ਲਈ ਲੋੜੀਂਦੀ ਬੁਨਿਆਦੀ ਸਮੱਗਰੀ ਦਾ ਪ੍ਰਬੰਧ ਕਰਨ ਲਈ 1996-97 ਦੇ 2.60 ਕਰੋੜ ਰੁਪਏ ਦੀ ਬਜਾਏ ਸਾਲਾਨਾ ਯੋਜਨਾ ਵਿਚ 4.50 ਕਰੋੜ ਰੁਪਏ ਦੇ ਖ਼ਰਚ ਦਾ ਉਪਬੰਧ ਕੀਤਾ ਗਿਆ ਹੈ ।

94. 1997-98 ਦੌਰਾਨ 94.10 ਕਰੋੜ ਰੁਪਏ ਦੀ ਕੁਲ ਲਾਗਤ ਵਾਲੇ ਵਿਸ਼ਵ ਬੈਂਕ ਸਹਾਇਤਾ ਪ੍ਰਾਪਤ ਪ੍ਰਾਜੈਕਟ "ਪੰਜਾਬ ਵਿਚ ਤਕਨੀਸ਼ੀਅਨ ਸਿੱਖਿਆ ਦਾ ਵਿਸਤਾਰ" ਲਈ 13.17 ਕਰੋੜ ਦਾ ਉਪਬੰਧ ਕੀਤਾ ਗਿਆ ਹੈ । 31.70 ਕਰੋੜ ਰੁਪਏ ਦੀ ਕੁਲ ਲਾਗਤ ਵਾਲੇ ਇਕ ਹੋਰ ਵਿਸ਼ਵ ਬੈਂਕ ਪ੍ਰਾਜੈਕਟ ਅਧੀਨ ਪੇਸ਼ਾਵਾਰਾਨਾ ਸਿਖਲਾਈ ਦੇ ਆਧੁਨਿਕੀਕਰਣ ਤੇ ਵਿਸਥਾਰ ਦੇ ਕੰਮ ਨੂੰ ਹੱਥ ਵਿਚ ਲਿਆ ਗਿਆ ਹੈ ਅਤੇ ਇਸ ਮੰਤਵ ਲਈ 1997-98 ਵਿਚ 13.95 ਕਰੋੜ ਰੁਪਏ ਐਲੋਕੇਟ ਕੀਤੇ ਗਏ ਹਨ । ਇਨ੍ਹਾਂ ਵਿਸ਼ਵ ਬੈਂਕ ਪ੍ਰਾਜੈਕਟਾਂ ਅਧੀਨ ਇਸਤਰੀਆਂ ਲਈ ਤਿੰਨ ਪਾਲੀਟੈਕਨਿਕਸ ਤੇ 5 ਉਦਯੋਗਿਕ ਸਿਖਲਾਈ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ ਹਨ । ਮੋਹਾਲੀ ਵਿਖੇ ਇਸਤਰੀਆਂ ਲਈ ਉਦਯੋਗਿਕ ਸਿਖਲਾਈ ਸੰਸਥਾ ਅੰਦਰ ਕੇਂਦਰ ਸਹਾਇਤਾ ਨਾਲ ਉਚੇਰੀ ਤਕਨੀਕੀ ਸਿਖਲਾਈ ਸੰਸਥਾ ਸਥਾਪਤ ਕੀਤੀ ਜਾਵੇਗੀ ।

ਅਨੁਸੂਚਿਤ ਜਾਤਾਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ

95. ਸਪੀਕਰ ਸਾਹਿਬ, ਰਾਜ ਸਰਕਾਰ ਅਨੁਸੂਚਿਤ ਜਾਤਾਂ ਤੇ ਪੱਛੜੀਆਂ ਸ਼੍ਰੇਣੀਆਂ ਨੂੰ ਉੱਚਾ ਚੁੱਕਣ ਦੇ ਕੰਮ ਨੂੰ ਸਭ ਤੋਂ ਵੱਧ ਪਹਿਲ ਦਿੰਦੀ ਹੈ । ਸਾਡੀ ਸਰਕਾਰ ਸਮਾਜ ਦੇ ਕਮਜ਼ੋਰ ਵਰਗਾਂ ਲਈ ਸਮਾਜੀ ਤੇ ਸਿਆਸੀ ਹੱਕਾਂ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਦੀ ਆਰਥਿਕ ਭਲਾਈ ਤੇ ਜੀਵਨ ਮਿਆਰ ਵਿਚ ਸੁਧਾਰ ਲਿਆਉਣ ਲਈ ਵਚਨਬੱਧ ਹੈ । ਇਸ ਖੇਤਰ ਵਿਚ ਸਾਲ 1996-97 ਦੌਰਾਨ 39.70 ਕਰੋੜ ਰੁਪਏ ਦੇ ਖ਼ਰਚ ਨੂੰ ਵਧਾਕੇ

[ਵਿੱਤ ਮੰਤਰੀ]

ਤਿੰਨ ਗੁਣਾਂ ਅਰਥਾਤ ਸਾਲ 1997-98 ਲਈ 111.09 ਕਰੋੜ ਰੁਪਏ ਕਰ ਦਿੱਤਾ ਗਿਆ ਹੈ । (ਥੰਪਿੰਗ) ਇਹ ਵਾਧਾ ਬੇ-ਮਿਸਾਲ ਹੈ ਅਤੇ ਪਿਛਲੀ ਕਿਸੇ ਹੋਰ ਸਰਕਾਰ ਦੁਆਰਾ ਨਹੀਂ ਕੀਤਾ ਗਿਆ । 111.09 ਕਰੋੜ ਰੁਪਏ ਦੇ ਖਰਚ ਤੋਂ ਇਲਾਵਾ, 9.82 ਕਰੋੜ ਰੁਪਏ ਦੀ ਰਕਮ, ਜੋ 1997-98 ਦੀ ਸਾਲਾਨਾ ਯੋਜਨਾ ਦਾ ਇਕ ਹਿੱਸਾ ਹੈ, ਨੂੰ ਨਾਨ-ਪਲਾਨ ਬਜਟ ਵੱਲ ਤਬਦੀਲ ਕਰ ਦਿੱਤਾ ਗਿਆ ਹੈ ।

96. ਸਪੀਕਰ ਸਾਹਿਬ, ਰਾਜ ਸਰਕਾਰ ਨੇ ਤੁਰੰਤ ਕਾਰਜ ਭਾਰ ਸੰਭਾਲਣ ਮਗਰੋਂ ਰਾਜ ਵਿਚਲੇ ਬੇ-ਘਰੇ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਮਕਾਨਾਂ ਦੀਆਂ ਸਹੂਲਤਾਂ ਮੁਹੱਈਆ ਕਰਾਉਣ ਉਤੇ ਮੁੱਖ ਜ਼ੋਰ ਦਿੱਤਾ ਹੈ । ਇਸ ਤੋਂ ਪਹਿਲਾਂ, ਪੱਕੇ ਮਕਾਨ ਉਸਾਰਨ ਲਈ 15,000 ਰੁਪਏ ਦੀ ਸਬਸਿਡੀ ਦਿੱਤੀ ਜਾਂਦੀ ਰਹੀ ਸੀ । ਇਸ ਮਹਾਨ ਸਦਨ ਨੂੰ ਹੁਣ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਇਹ ਰਕਮ ਵਧਾ ਕੇ 50,000 ਰੁਪਏ ਕਰ ਦਿੱਤੀ ਗਈ ਹੈ । (ਥੰਪਿੰਗ) ਅਨੁਸੂਚਿਤ ਜਾਤਾਂ ਲਈ ਮਕਾਨ ਉਸਾਰੀ ਯੋਜਨਾ ਐਲੋਕੇਸ਼ਨ 1996-97 ਦੇ 3.70 ਕਰੋੜ ਰੁਪਏ ਤੋਂ ਚੋਖੀ ਵਧਾ ਕੇ ਸਾਲ 1997-98 ਦੌਰਾਨ 60.00 ਕਰੋੜ ਰੁਪਏ ਕਰ ਦਿਤੀ ਗਈ ਹੈ । (ਥੰਪਿੰਗ) ਇਹ ਵਾਧਾ ਬੇਮਿਸਾਲ ਹੈ ਔਰ ਸਾਡੀ ਸਰਕਾਰ ਔਰ ਸਾਡੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਪਛੜੇ ਵਰਗਾਂ ਪ੍ਰਤੀ ਆਪਣੀ ਵਚਨਬੱਧਤਾ ਦਾ ਸਬੂਤ ਦਿੱਤਾ ਹੈ । ਸਾਲ 1997-98 ਦੌਰਾਨ ਅਨੁਸੂਚਿਤ ਜਾਤਾਂ ਨਾਲ ਸਬੰਧਤ ਵਿਅਕਤੀਆਂ ਲਈ 12,000 ਮਕਾਨ ਉਸਾਰੀ ਦੀ ਤਜਵੀਜ਼ ਬਣਾਈ ਗਈ ਹੈ । ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੀਆਂ ਬਸਤੀਆਂ ਵਿਚ ਵਧੀਆ ਚੌਗਿਰਦਾ ਸਹੂਲਤਾਂ ਮੁਹੱਈਆ ਕਰਨ ਵੱਲ ਵੀ ਧਿਆਨ ਦਿੱਤਾ ਜਾ ਰਿਹਾ ਹੈ । ਇਸ ਮੰਤਵ ਲਈ ਹੁਡਕੋ ਤੋਂ ਵੀ ਸਹਾਇਤਾ ਪ੍ਰਾਪਤ ਕੀਤੀ ਜਾ ਰਹੀ ਹੈ ।

97. ਸਪੀਕਰ ਸਾਹਿਬ, ਰਾਜ ਸਰਕਾਰ ਨੇ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਦੇ ਮਾਪਿਆਂ ਜਾਂ ਸਰਪਰਸਤਾਂ, ਜਿਨ੍ਹਾਂ ਦੀ ਆਮਦਨ 6,000 ਰੁਪਏ ਸਾਲਾਨਾ ਤੋਂ ਵੱਧ ਨਹੀਂ ਹੈ, ਦੀ ਸਹਾਇਤਾ ਲਈ ਇਕ ਨਵੀਂ ਸਕੀਮ ਬਣਾਈ ਹੈ । ਅਜਿਹੀਆਂ ਲੜਕੀਆਂ ਦੀ ਸ਼ਾਦੀ ਸਮੇਂ ਰਾਜ ਸਰਕਾਰ ਵਲੋਂ 5,100 ਰੁਪਏ 'ਸ਼ਗਨ' ਵਜੋਂ ਦਿੱਤੇ ਜਾਣਗੇ । ਸਾਲ 1997-98 ਦੌਰਾਨ ਇਸ ਸਕੀਮ ਲਈ 20.00 ਕਰੋੜ ਰੁਪਏ ਦਾ ਉਪਬੰਧ ਕੀਤਾ ਜਾ ਜਾ ਰਿਹਾ ਹੈ ।

98. ਕਿਉਂਜੋ ਅਨਪੜ੍ਹਤਾ ਆਰਥਿਕ ਤੇ ਸਮਾਜਕ ਪੱਛੜੇਪਣ ਦੀ ਜੜ੍ਹ ਹੈ, ਇਸ ਲਈ ਅਨੁਸੂਚਿਤ ਜਾਤਾਂ ਦੇ ਵਿਅਕਤੀਆਂ ਲਈ ਵਿਦਿਅਕ ਪ੍ਰੋਗਰਾਮਾਂ ਨੂੰ ਪਰਮ ਅਗੇਤ ਦਿੱਤੀ ਗਈ ਹੈ ਤਾਂ ਜੋ ਉਨ੍ਹਾਂ ਵਿਚ ਸਾਖਰਤਾ ਵਧਾਈ ਜਾਵੇ । ਸਾਖਰਤਾ ਨੂੰ ਵਿਸ਼ੇਸ਼ ਕਰਕੇ ਲੜਕੀਆਂ ਵਿਚ ਉਤਸ਼ਾਹਤ ਕਰਨ ਅਤੇ ਉਨ੍ਹਾਂ ਵਲੋਂ ਪੜ੍ਹਾਈ ਵਿਚੇ ਹੀ ਛੱਡੇ ਜਾਣ ਨੂੰ ਰੋਕ ਕਰਨ ਲਈ, ਅਨੁਸੂਚਿਤ ਜਾਤਾਂ ਦੀਆਂ ਵਿਦਿਆਰਥਣਾਂ ਨੂੰ 50 ਰੁਪਏ ਪ੍ਰਤੀ ਮਹੀਨਾ ਹਾਜ਼ਰੀ ਵਜ਼ੀਫੇ ਮੁਹੱਈਆ ਕੀਤੇ ਜਾ ਰਹੇ ਹਨ । ਇਸ ਸਕੀਮ ਅਧੀਨ 3.63 ਲੱਖ

ਅਨੁਸੂਚਿਤ ਜਾਤੀ ਵਿਦਿਆਰਥਣਾਂ ਨੂੰ ਕਵਰ ਕਰਨ ਲਈ 1997-98 ਦੀ ਸਾਲਾਨਾ ਯੋਜਨਾ ਵਿਚ 15.50 ਕਰੋੜ ਰੁਪਏ ਖਰਚ ਦਾ ਉਪਬੰਧ ਕੀਤਾ ਗਿਆ ਹੈ । ਪੰਜਾਬ ਵਿਚ ਜਿਥੇ ਸਾਖਰਤਾ ਦਰ ਸਭ ਤੋਂ ਘੱਟ ਹੈ ਉਨ੍ਹਾਂ ਬਲਾਕਾਂ ਵਿਚ ਲੜਕੇ ਤੇ ਲੜਕੀਆਂ ਲਈ ਰਿਹਾਇਸ਼ੀ ਸਕੂਲਾਂ ਦੀ ਇਕ ਨਵੀਂ ਸਕੀਮ ਸ਼ੁਰੂ ਕੀਤੀ ਜਾਵੇਗੀ । ਇਸ ਸਕੀਮ ਲਈ 23.00 ਲੱਖ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ ।

99. ਪੰਜਾਬ ਅਨੁਸੂਚਿਤ ਜਾਤੀ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਪੀ. ਐਸ. ਸੀ. ਐਫ. ਸੀ.) 1997-98 ਦੌਰਾਨ 20,000 ਅਨੁਸੂਚਿਤ ਜਾਤੀਆਂ ਦੇ ਲਾਭ ਪਾਤਰਾਂ ਨੂੰ 25.40 ਕਰੋੜ ਰੁਪਏ ਬੈਂਕ-ਟਾਈ-ਅਪ-ਕਰਜ਼ਿਆਂ ਰਾਹੀਂ ਦੇਵੇਗੀ । ਕਾਰਪੋਰੇਸ਼ਨ ਦੇ ਪੂੰਜੀ ਆਧਾਰ ਨੂੰ ਮਜ਼ਬੂਤ ਬਣਾਉਣ ਲਈ 1997-98 ਦੀ ਸਾਲਾਨਾ ਯੋਜਨਾ ਵਿਚ 5.00 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਜਾ ਰਿਹਾ ਹੈ । 4.80 ਕਰੋੜ ਰੁਪਏ ਦੀ ਰਕਮ ਭਾਰਤ ਸਰਕਾਰ ਪਾਸੋਂ ਹਿੱਸਾ ਪੂੰਜੀ ਅੰਸ਼ਦਾਨ ਵਜੋਂ ਪ੍ਰਾਪਤ ਹੋਵੇਗੀ । ਪੰਜਾਬ ਪੱਛੜੀਆਂ ਸ਼੍ਰੇਣੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿਨਕੋ) ਨੂੰ 1.60 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ ਤਾਂ ਜੋ ਇਹ ਭਾਰਤ ਸਰਕਾਰ ਦੁਆਰਾ ਪ੍ਰਵਾਨਤ ਸਕੀਮਾਂ ਲਈ ਰਾਸ਼ਟਰੀ ਘੱਟ ਗਿਣਤੀਆਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਪਾਸੋਂ ਕਰਜ਼ੇ ਪ੍ਰਾਪਤ ਕਰ ਸਕੇ ।

100. ਸਪੀਕਰ ਸਾਹਿਬ, ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਨੂੰ ਸਾਡੀ ਸਰਕਾਰ ਹਮੇਸ਼ਾ ਪਰਮ-ਅਗੇਤ ਦਿੰਦੀ ਰਹੀ ਹੈ । ਸਾਲ 1997-98 ਲਈ ਅਨੁਸਚਿਤ ਜਾਤੀਆਂ ਵਾਸਤੇ ਵਿਸ਼ੇਸ਼ ਕੰਪੋਨੈਂਟ ਯੋਜਨਾ ਦੇ ਅਧੀਨ 210.00 ਕਰੋੜ ਰੁਪਏ ਦਾ ਖਰਚਾ ਰੱਖਿਆ ਗਿਆ ਹੈ । (ਥੰਪਿੰਗ) ਵਿਸ਼ੇਸ਼ ਕੰਪੋਨੈਂਟ ਯੋਜਨਾ ਵਿਚ ਉਹ ਸਕੀਮਾਂ ਹਨ ਜਿਹੜੀਆਂ ਰਾਜ ਸਰਕਾਰ ਦੇ ਵੱਖ ਵੱਖ ਪ੍ਰਬੰਧਕੀ ਵਿਭਾਗਾਂ ਦੁਆਰਾ ਬਣਾਈਆਂ ਗਈਆਂ ਅਤੇ ਲਾਗੂ ਕੀਤੀਆਂ ਜਾਂਦੀਆਂ ਹਨ ਪ੍ਰੰਤੂ ਅਜਿਹੀਆਂ ਸਾਰੀਆਂ ਸਕੀਮਾਂ ਦਾ ਇਕ ਵਿਸ਼ੇਸ਼ ਹਿੱਸਾ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ ਲਈ ਵਿਸੇਸ਼ ਤੌਰ ਤੇ ਮਖ਼ਸੂਸ ਕੀਤਾ ਜਾਂਦਾ ਹੈ ।

ਸਮਾਜਿਕ ਸੁਰੱਖਿਆ ਅਤੇ ਭਲਾਈ

101. ਸਾਲਾਨਾ ਯੋਜਨਾ 1997-98 ਵਿਚ ਸਮਾਜਿਕ ਸੁਰੱਖਿਆ ਅਤੇ ਭਲਾਈ ਸਬੰਧੀ ਯੋਜਨਾ ਲਾਗਤ ਨੂੰ ਸਾਲਾਨਾ ਯੋਜਨਾ 1997-98 ਵਿਚ ਵਧਾ ਕੇ 46.79 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਅਤੇ ਇਸ ਤੋਂ ਇਲਾਵਾ, 11.52 ਕਰੋੜ ਰੁਪਏ ਦੀ ਰਕਮ ਜਿਹੜੀ ਕਿ ਸਾਲਾਨਾ ਯੋਜਨਾ 1996-97 ਦਾ ਹਿੱਸਾ ਸੀ, ਗੈਰ-ਯੋਜਨਾ ਬਜਟ ਵਲ ਤਬਦੀਲ ਕਰ ਦਿੱਤੀ ਗਈ ਹੈ । ਬਜ਼ੁਰਗ, ਬੇਸਹਾਰਾ ਅਤੇ ਅਪਾਹਜ ਵਿਅਕਤੀਆਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਨਾ ਰਾਜ ਸਰਕਾਰ ਦੀ ਇਕ ਬਹੁਤ ਵੱਡੀ ਜ਼ਿੰਮੇਵਾਰੀ ਹੈ । ਰਾਜ ਵਿਚ ਸਾਰੇ ਲੋੜਵੰਦ ਲੋਕਾਂ ਨੂੰ ਬੁਢਾਪਾ ਪੈਨਸ਼ਨ ਮੁਹੱਈਆ ਕਰਵਾਉਣ ਲਈ ਰਾਜ ਸਰਕਾਰ ਉਪਰਾਲਾ ਕਰ ਰਹੀ ਹੈ । ਬੁਢੇਪਾ ਪੈਨਸ਼ਨ ਅਤੇ ਹੋਰ ਪੈਨਸ਼ਨਾਂ ਦੇਣ ਸਬੰਧੀ ਕਾਰਜ ਵਿਧੀ ਨੂੰ ਵੀ ਸਰਲ ਬਣਾਇਆ ਜਾ ਰਿਹਾ ਹੈ । ਕਮੇਟੀਆਂ ਬਣਾਈਆਂ ਗਈਆਂ ਹਨ ਜਿਹੜੀਆਂ ਪਿੰਡਾਂ

[ਵਿੱਤ ਮੰਤਰੀ]

ਦਾ ਦੌਰਾ ਕਰੇਨਗੀਆਂ ਅਤੇ ਪੈਨਸ਼ਨ ਦੀ ਮਨਜ਼ੂਰੀ ਦੇ ਕੰਮ ਨੂੰ ਤੇਜ਼ ਕਰਨਗੀਆਂ। ਬੁਢਾਪਾ ਪੈਨਸ਼ਨ ਸਕੀਮ ਲਈ 31.10 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਜਾ ਰਿਹਾ ਹੈ ਤਾਂ ਜੋ 1.43 ਲੱਖ ਵਿਅਕਤੀਆਂ ਨੂੰ ਸਹਾਇਤਾ ਦਿੱਤੀ ਜਾ ਸਕੇ। (ਥੰਪਿੰਗ)

102. ਸਪੀਕਰ ਸਾਹਿਬ, ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਨੂੰ ਵਿੱਤੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ ਅਤੇ 28,712 ਲਾਭ ਪਾਤਰਾਂ ਨੂੰ ਕਵਰ ਕਰਨ ਲਈ 6.37 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਅਪਾਹਜ ਵਿਅਕਤੀਆਂ ਤੇ ਆਸ਼ਰਿਤ ਬੱਚਿਆਂ ਨੂੰ ਵਿਤੀ ਸਹਾਇਤਾ ਦੇਣ ਲਈ 6.42 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ। ਇਨ੍ਹਾਂ ਸਕੀਮਾਂ ਅਧੀਨ 25,178 ਲਾਭ ਪਾਤਰ ਵਿੱਤੀ ਸਹਾਇਤਾ ਪ੍ਰਾਪਤ ਕਰਨਗੇ। (ਥੰਪਿੰਗ)

ਰੱਖਿਆ ਸੇਵਾਵਾਂ ਦੀ ਭਲਾਈ

103. ਸਪੀਕਰ ਸਾਹਿਬ, ਪੰਜਾਬੀ ਰੱਖਿਆ ਅਮਲੇ ਨੇ ਭਾਰਤ ਦੀ ਅਖੰਡਤਾ ਤੇ ਪ੍ਰਭੁਤਾ ਲਈ ਮਹਾਨ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਦੇ ਸਨਮਾਨ ਅਤੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਸਾਡੀ ਸਰਕਾਰ ਨੇ ਰਾਜ ਵਿਚ ਯੋਗ ਥਾਵਾਂ ਤੇ ਉਨ੍ਹਾਂ ਦੇ ਬੁੱਤ ਅਤੇ ਹੋਰ ਯਾਦਗਾਰਾਂ ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ। 1996-97 ਦੌਰਾਨ 1.47 ਕਰੋੜ ਰੁਪਏ ਦੇ ਅਨੁਮਾਨਿਤ ਖ਼ਰਚ ਦੇ ਮੁਕਾਬਲੇ ਸਾਲ 1997-98 ਲਈ 2.87 ਕਰੋੜ ਰੁਪਏ ਦੀ ਰਕਮ ਰੱਖਿਆ ਸੇਵਾਵਾਂ ਦੀ ਭਲਾਈ ਲਈ ਮੁਹੱਈਆ ਕੀਤੀ ਜਾ ਰਹੀ ਹੈ।(ਥੰਪਿੰਗ) ਸਾਲਾਨਾ ਯੋਜਨਾ 1997-98 ਵਿਚ "ਮੁਕਤਸਰ ਵਿਖੇ ਸੈਨਿਕ ਸਕੂਲ ਦੀ ਸਥਾਪਨਾ" ਨਾਂ ਦੀ ਇਕ ਨਵੀਂ ਸਕੀਮ ਸ਼ਾਮਿਲ ਕੀਤੀ ਗਈ ਹੈ (ਥੰਪਿੰਗ) ਜਿਹੜੀ ਸੁਰੱਖਿਆ ਬਲਾਂ ਵਿਚ ਪੰਜਾਬ ਦੇ ਯੁਵਕਾਂ ਦੀ ਭਰਤੀ ਨੂੰ ਆਸਾਨ ਕਰ ਦੇਵੇਗੀ। ਆਰੰਭ ਵਿਚ, ਇਸ ਮੰਤਵ ਲਈ 10.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

ਵਿਕੇਂਦਰੀਕ੍ਰਿਤ ਯੋਜਨਾਬੰਦੀ

104. ਸਰਕਾਰ ਦੀ ਰਾਜ ਵਿਚ ਯੋਜਨਾਬੰਦੀ ਸਬੰਧੀ ਕਾਰਜ-ਵਿਧੀ ਨੂੰ ਪ੍ਰਤੀਕੂਲ ਕਰਨ ਦੀ ਤਜਵੀਜ਼ ਹੈ। ਯੋਜਨਾ ਬਣਾਉਣ ਨੂੰ ਜਨਤਕ ਪੱਧਰ ਤੇ ਹੱਥ ਵਿਚ ਲਿਆ ਜਾਵੇਗਾ ਤਾਂ ਜੋ ਵਿਕਾਸ ਯੋਜਨਾਵਾਂ ਸਥਾਨਕ ਲੋਕਾਂ ਦੀ ਸਲਾਹ ਨਾਲ ਤਿਆਰ ਕੀਤੀਆਂ ਜਾ ਸਕਣ। ਕੇਂਦਰੀਕ੍ਰਿਤ ਯੋਜਨਾਬੰਦੀ ਸਫਲ ਨਹੀਂ ਹੋ ਸਕਦੀ, ਕਿਉਂਕਿ ਇਹ ਸਭ ਤੋਂ ਛੋਟੇ ਪੱਧਰ ਉਤੇ ਖੇਤਰ ਵਿਭਿੰਨਤਾ ਨੂੰ ਦੂਰ ਕਰਨ ਵਿਚ ਅਸਫਲ ਰਹਿੰਦੀ ਹੈ। ਆਪਣੀ ਵਚਨਬੱਧਤਾ ਅਨੁਸਾਰ ਰਾਜ ਸਰਕਾਰ ਨੇ ਵਿਆਪਕ ਪੱਧਰ ਯੋਜਨਾਬੰਦੀ ਲਈ ਵਿਕਾਸ ਬਲਾਕ ਨੂੰ ਇਕ ਯੂਨਿਟ ਮੰਨ ਕੇ ਬਲਾਕ ਯੋਜਨਾਬੰਦੀ ਆਰੰਭ ਕਰ ਦਿੱਤੀ ਹੈ। ਬਲਾਕ ਯੋਜਨਾਬੰਦੀ ਦੇ ਮੁੱਖ ਮੰਤਵ ਹਨ, ਬਲਾਕ ਵਿਚ ਰਹਿੰਦੇ ਲੋਕਾਂ ਦੀ ਜਾਅ ਪ੍ਰਤੀ ਆਮਦਨ ਵਿਚ ਵਾਧਾ ਕਰਨਾ, ਉਚਿਤ ਸਮਾਜਕ ਅਤੇ ਆਰਥਿਕ ਬੁਨਿਆਦੀ ਢਾਂਚਾ ਮੁਹੱਈਆ ਕਰਨਾ ਤਾਂ ਜੋ ਉਹ ਆਪਣੀ ਗੁਣਾਤਮਕ ਅਤੇ ਗਿਣਾਤਮਕ ਸਮਰੱਥਾ ਨੂੰ ਸਮਝ ਸਕਣ, ਰੋਜ਼ਗਾਰ ਅਵਸਰ ਮੁਹੱਈਆ ਕਰਨੇ ਅਤੇ ਮੌਜੂਦਾ ਸਮਾਜਕ ਆਰਥਿਕ ਨੁਕਸਾਨ ਨੂੰ ਘਟਾਉਣਾ। ਇਨ੍ਹਾਂ

ਮੰਤਵਾਂ ਦੀ ਪ੍ਰਾਪਤੀ ਲਈ ਬਲਾਕ ਯੋਜਨਾਵਾਂ ਤਿਆਰ ਕਰਨ ਵਿਚ ਲਗੀਆਂ ਹੋਈਆਂ ਸੰਸਥਾਵਾਂ ਨੂੰ ਪਲਾਨ ਸਕੀਮਾਂ ਪ੍ਰੋਗਰਾਮਾਂ ਦਾ ਪੈਕੇਜ ਤਿਆਰ ਕਰਨ ਲਈ ਕਿਹਾ ਗਿਆ ਹੈ ਜੋ ਉਤਪਾਦਨ ਵਿਚ ਚੋਖਾ ਵਾਧਾ ਕਰੇਗਾ ਅਤੇ ਰੋਜ਼ਗਾਰ ਪੈਦਾ ਕਰਨ ਦੀ ਮਿਆਦ ਵੀ ਵਧਾਏਗਾ ।

105. ਇਸ ਸਮੇਂ, ਜ਼ਿਲ੍ਹਾ ਪੱਧਰ ਤੇ ਯੋਜਨਾ ਸਕੀਮਾਂ ਨੂੰ ਲਾਗੂ ਕਰਨ ਸਬੰਧੀ ਨਿਗਰਾਨੀ ਅਤੇ ਨਿਰੀਖਣ ਜ਼ਿਲ੍ਹਾ ਯੋਜਨਾਬੰਦੀ ਅਤੇ ਵਿਕਾਸ ਬੋਰਡਾਂ ਦੁਆਰਾ ਕੀਤਾ ਜਾਂਦਾ ਹੈ ਜਿਨ੍ਹਾਂ ਦੇ ਮੁਖੀ ਕੈਬਨਿਟ ਅਤੇ ਰਾਜ ਮੰਤਰੀ ਹੁੰਦੇ ਹਨ । ਇਨ੍ਹਾਂ ਬੋਰਡਾਂ ਨੂੰ ਕਾਫ਼ੀ ਪ੍ਰਬੰਧਕੀ ਅਤੇ ਵਿੱਤੀ ਅਖ਼ਤਿਆਰ ਦਿੱਤੇ ਗਏ ਹਨ । ਜ਼ਿਲ੍ਹਾ ਯੋਜਨਾ ਸਕੀਮਾਂ ਦੇ ਲਾਗੂ ਹੋਣ ਨਾਲ ਵਿਕਾਸ ਕਾਰਜਵਿਧੀ ਵਧੇਰੇ ਪਾਰਦਰਸ਼ੀ ਅਤੇ ਸਪਸ਼ਟ ਹੋ ਗਈ ਹੈ । ਜ਼ਰੂਰੀ ਅਤੇ ਫੌਰੀ ਕਿਸਮ ਦੇ ਵਿਕਾਸ ਸਬੰਧੀ ਖੱਪਿਆਂ ਨੂੰ ਭਰਨ ਲਈ ਇਨ੍ਹਾਂ ਬੋਰਡਾਂ ਨੂੰ ਕੁਝ ਅਨਟਾਈਡ ਫੰਡਾਂ ਦੀ ਵਰਤੋਂ ਕਰਨ ਦਾ ਅਖ਼ਤਿਆਰ ਹੈ । ਇਹ ਰਕਮਾਂ ਮੁੱਖ ਤੌਰ ਤੇ ਜਨਤਕ ਉਪਯੋਗ ਸਬੰਧੀ ਪੂੰਜੀ ਸੰਪਤੀ ਲਈ ਹਨ । 74ਵੀਂ ਸੰਵਿਧਾਨਿਕ ਤਰਮੀਮ ਦੀ ਪਾਲਣਾ ਕਰਦਿਆਂ ਰਾਜ ਵਿਚ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਸਥਾਪਿਤ ਕਰਨ ਦੀ ਤਜਵੀਜ਼ ਹੈ । ਜ਼ਿਲ੍ਹਾ ਯੋਜਨਾ ਸਕੀਮਾਂ ਲਈ ਸਾਲ 1996-97 ਵਿਚ 237.74 ਕਰੋੜ ਰੁਪਏ ਦੇ ਅਨੁਮਾਨਿਤ ਖ਼ਰਚ ਦੇ ਮੁਕਾਬਲੇ 1997-98 ਦੌਰਾਨ 464.29 ਕਰੋੜ ਰੁਪਏ ਤਜਵੀਜ਼ ਕੀਤੇ ਗਏ ਹਨ ।

ਰੋਜ਼ਗਾਰ

106. ਬੇਰੋਜ਼ਗਾਰੀ ਪੰਜਾਬ ਵਿਚ ਗੰਭੀਰ ਚਿੰਤਾ ਦਾ ਕਾਰਣ ਬਣੀ ਹੋਈ ਹੈ ਭਾਵੇਂ ਕਿ ਰੋਜ਼ਗਾਰ ਦਫਤਰਾਂ ਵਿਚ ਨੌਕਰੀਆਂ ਲੱਭਣ ਵਾਲਿਆਂ ਦੀ ਗਿਣਤੀ ਮਾਰਚ, 1992 ਵਿਚ 7.51 ਲੱਖ ਤੋਂ ਘੱਟ ਕੇ ਦਸੰਬਰ, 1996 ਵਿਚ 5.42 ਲੱਖ ਰਹਿ ਗਈ ਹੈ । ਇਸ ਸਰਕਾਰ ਦੀ ਕਾਰਜ ਸੂਚੀ ਵਿਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਨੂੰ ਪਰਮ ਅਗੇਤ ਦਿੱਤੀ ਗਈ ਹੈ । ਸਾਲਾਨਾ ਯੋਜਨਾ 1997-98 ਦਾ ਮੁੱਖ ਕੇਂਦਰ-ਯੋਜਨਾ ਬਿੰਦੂ ਰੋਜ਼ਗਾਰ ਦੇ ਮੌਕੇ ਪੈਦਾ ਕਰਨਾ ਹੈ, ਖ਼ਾਸ ਕਰਕੇ ਸਵੈ-ਰੋਜ਼ਗਾਰ, ਉਜਰਤ ਰੋਜ਼ਗਾਰ ਅਤੇ ਪ੍ਰਾਈਵੇਟ ਸੈਕਟਰ ਵਿਚ ਰੋਜ਼ਗਾਰ ਦੇ ਰੂਪ ਵਿਚ । 1997-98 ਦੌਰਾਨ ਇਹ ਅਨੁਮਾਨ ਹੈ ਕਿ 496.23 ਕਰੋੜ ਰੁਪਏ ਦਾ ਖ਼ਰਚ ਕਰਕੇ ਵੱਖ-ਵੱਖ ਯੋਜਨਾ ਸਕੀਮਾਂ ਰਾਹੀਂ 2.78 ਲੱਖ ਵਿਅਕਤੀਆਂ ਲਈ ਰੋਜ਼ਗਾਰ ਪੈਦਾ ਕੀਤਾ ਜਾਵੇਗਾ ।

107. ਨਵੇਂ ਉਦਯੋਗਿਕ ਯੂਨਿਟਾਂ ਦੀ ਸਥਾਪਨਾ ਅਤੇ ਮੌਜੂਦਾ ਯੂਨਿਟਾਂ ਦੇ ਵਿਸਤਾਰ ਨਾਲ ਰੋਜ਼ਗਾਰ ਉਤਪਾਦਨ ਵਿਚ ਹੋਰ ਤੇਜ਼ੀ ਆਵੇਗੀ । ਇਸ ਸਬੰਧ ਵਿਚ, ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ, ਪੰਜਾਬ ਰਾਜ ਇਲੈਕਟ੍ਰਾਨਿਕ ਵਿਕਾਸ ਤੇ ਉਤਪਾਦਨ ਕਾਰਪੋਰੇਸ਼ਨ ਅਤੇ ਪੰਜਾਬ ਖੇਤੀ-ਬਾੜੀ ਉਦਯੋਗ ਕਾਰਪੋਰੇਸ਼ਨ ਦੀ 1997-98 ਦੌਰਾਨ 1,570.80 ਕਰੋੜ ਰੁਪਏ ਦੀ ਲਾਗਤ ਨਾਲ 39 ਪ੍ਰਾਜੈਕਟ ਸਥਾਪਿਤ ਕਰਨ ਦੀ ਤਜਵੀਜ਼ ਹੈ ਜੋ 19,070 ਵਿਅਕਤੀਆਂ ਨੂੰ ਸਿੱਧੇ ਅਤੇ ਅਸਿੱਧੇ ਤੌਰ ਤੇ ਰੋਜ਼ਗਾਰ ਮੁਹੱਈਆ ਕਰੇਗੀ ।

[ਵਿੱਤ ਮੰਤਰੀ]

ਰਾਜ ਸਰਕਾਰ ਉਦਯੋਗਿਕ ਫੋਕਲ ਪੁਆਇੰਟ/ਵਿਕਾਸ ਕੇਂਦਰ ਸਥਾਪਿਤ ਕਰਕੇ ਬੁਨਿਆਦੀ ਢਾਂਚੇ ਸਬੰਧੀ ਸਹੂਲਤਾਂ ਦਾ ਵਿਕਾਸ ਕਰ ਰਹੀ ਹੈ, ਤਾਂ ਜੋ ਪੜ੍ਹੇ ਲਿਖੇ ਯੁਵਕਾਂ ਲਈ ਸਵੈ-ਰੋਜ਼ਗਾਰ, ਖਾਸ ਕਰਕੇ ਉਦਯੋਗਾਂ ਵਿਚ ਵਧੇਰੇ ਰੋਜ਼ਗਾਰ ਅਵਸਰ ਪੈਦਾ ਕੀਤੇ ਜਾ ਸਕਣ । 1997-98 ਦੌਰਾਨ 4 ਫੋਕਲ ਪੁਆਇੰਟ ਵਿਕਸਿਤ ਕਰਨ ਦੀ ਤਜਵੀਜ਼ ਹੈ । ਉਦਯੋਗ ਦੇ ਵਿਕਾਸ ਲਈ ਕੁਸ਼ਲ ਅਤੇ ਨਿਪੁੰਨ ਮਨੁੱਖੀ ਸ਼ਕਤੀ ਉਪਲਬਧ ਕਰਾਉਣ ਲਈ ਰਾਜ ਸਰਕਾਰ ਦੀ ਸਾਲ 1997-98 ਦੌਰਾਨ 6 ਉਦਯੋਗਿਕ ਸਿਖਲਾਈ ਸੰਸਥਾਵਾਂ ਤੇ 2 ਪਾਲੀਟੈਕਨਿਕ ਸੰਸਥਾਵਾਂ ਸਥਾਪਤ ਕਰਨ ਦੀ ਤਜਵੀਜ਼ ਹੈ ।

108. ਸਮਾਜ ਦੇ ਕਮਜ਼ੋਰ ਵਰਗ ਖਾਸ ਕਰਕੇ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਦੀ ਗਰੀਬੀ ਦੂਰ ਕਰਨ ਨੂੰ ਪਰਮ ਅਗੇਤ ਦਿੱਤੀ ਗਈ ਹੈ । ਇਸ ਸਬੰਧ ਵਿਚ ਪੰਜਾਬ ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿਤ ਕਾਰਪੋਰੇਸ਼ਨ, ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ ਪੰਜਾਬ ਸਾਬਕਾ ਫੌਜੀ ਕਾਰਪੋਰੇਸ਼ਨ ਨੇ ਚੰਗੀ ਸਫਲਤਾ ਹਾਸਲ ਕੀਤੀ ਹੈ ਅਤੇ ਇਨ੍ਹਾਂ ਦੀ ਸਾਲ 1997-98 ਦੌਰਾਨ ਕ੍ਰਮਵਾਰ 20.75 ਕਰੋੜ ਰੁਪਏ ਤੇ 37.82 ਕਰੋੜ ਰੁਪਏ ਦੀ ਸਬਸਿਡੀ ਤੇ ਨਕਦ ਕਰਜ਼ੇ ਵੰਡਣ ਦੀ ਤਜਵੀਜ਼ ਹੈ । ਇਸ ਨਾਲ 35,156 ਲਾਭ ਪਾਤਰਾਂ ਨੂੰ ਕਵਰ ਕੀਤੇ ਜਾਣ ਦੀ ਸੰਭਾਵਨਾ ਹੈ ।

109. ਸਾਡੀ ਸਰਕਾਰ ਰੋਜ਼ਗਾਰ ਪੈਦਾ ਕਰਨ ਨੂੰ ਸਭ ਤੋਂ ਵੱਧ ਤਰਜੀਹ ਦਿੰਦੀ ਹੈ । ਇਸ ਲਈ ਯੋਜਨਾ ਸਕੀਮ ਦੇ ਤਹਿਤ 2.78 ਲੱਖ ਵਿਅਕਤੀਆਂ ਲਈ ਰੋਜ਼ਗਾਰ ਪੈਦਾ ਕਰਨ ਤੋਂ ਇਲਾਵਾ ਸਾਲ 1997-98 ਦੌਰਾਨ 1.00 ਲੱਖ ਵਿਅਕਤੀਆਂ ਲਈ ਵਧੀਕ ਰੋਜ਼ਗਾਰ ਦੇ ਅਵਸਰ ਉਪਲਬਧ ਕਰਾਉਣ ਦੀ ਤਜਵੀਜ਼ ਹੈ । (ਥੰਪਿੰਗ) ਪੰਜਾਬ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ ਦਾ ਸਾਲ 1997-98 ਦਾ 30 ਕਰੋੜ ਰੁਪਏ ਦਾ ਸਾਲਾਨਾ ਬਜਟ ਹੈ । ਇਸ ਸਾਲ 9,500 ਵਿਅਕਤੀਆਂ ਨੂੰ ਰੋਜ਼ਗਾਰ ਮਿਲਣ ਦੀ ਉਮੀਦ ਹੈ । ਖੇਤੀਬਾੜੀ ਵਿੱਚ ਵੰਨ-ਸੁਵੰਨਤਾ ਲਿਆਉਣ ਲਈ ਸਰਕਾਰ ਵੱਖ ਵੱਖ ਪ੍ਰੋਗਰਾਮ ਸ਼ੁਰੂ ਕਰ ਰਹੀ ਹੈ । ਖੇਤੀਬਾੜੀ ਅਤੇ ਉਸ ਨਾਲ ਸਬੰਧਤ ਸੈਕਟਰਾਂ ਵਿਚ ਰੋਜ਼ਗਾਰ ਦੇ ਅਵਸਰ ਵਧਾਉਣ ਦੀ ਤਜਵੀਜ਼ ਹੈ । ਵੱਖ-ਵੱਖ ਪ੍ਰੋਗਰਾਮ ਜਿਵੇਂ ਕਿ ਐਗਰੋ ਪ੍ਰਾਸੈਸਿੰਗ ਯੂਨਿਟ ਸਥਾਪਤ ਕਰਨਾ, ਚਾਰੇ ਅਤੇ ਮੱਛੀ ਪਾਲਣ ਅਧੀਨ ਰਕਬਾ ਵਧਾਉਣਾ, ਐਗਰੋ ਫਾਰੈਸਟਰੀ ਲਈ ਨਵੀਆਂ ਨਰਸਰੀਆਂ ਸ਼ੁਰੂ ਕਰਨੀਆਂ, ਵਪਾਰਕ ਤੌਰ ਤੇ ਲਾਹੇਵੰਦ ਡੇਅਰੀ ਫਾਰਮ ਸਥਾਪਤ ਕਰਨੇ, ਮੰਡੀਕਰਣ ਦੇ ਬੁਨਿਆਦੀ ਢਾਂਚੇ ਸਮੇਤ ਵਪਾਰਕ ਤੌਰ ਤੇ ਚਲਾਏ ਜਾ ਸਕਣ ਵਾਲੇ ਸੂਰ-ਪਾਲਣ ਯੂਨਿਟ ਸਥਾਪਤ ਕਰਨੇ, ਰੱਖਿਆ ਸੇਵਾਵਾਂ ਵਿਚ ਚੋਣ ਲਈ ਯੁਵਕਾਂ ਵਾਸਤੇ ਹੋਰ ਸਿਖਲਾਈ ਮੌਕੇ ਅਤੇ ਰੋਜ਼ਗਾਰ ਪੈਦਾ ਕਰਨ ਵਾਲੇ ਹੋਰ ਕਈ ਪ੍ਰੋਗਰਾਮ ਸਾਲ 1997-98 ਦੌਰਾਨ ਲਾਗੂ ਕਰਨ ਦੀ ਤਜਵੀਜ਼ ਹੈ । ਸਾਲਾਨਾ ਯੋਜਨਾ 1997-98 ਵਿਚ ਵੱਖਰੇ ਤੌਰ ਤੇ ਦਰਸਾਏ ਗਏ ਸਮੁੱਚੇ 2.78 ਲੱਖ ਵਿਅਕਤੀਆਂ ਲਈ ਰੋਜ਼ਗਾਰ ਤੋਂ ਇਲਾਵਾ, ਇਕ ਲੱਖ ਵਿਅਕਤੀਆਂ ਲਈ ਵਧੀਕ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਜ਼ੋਰਦਾਰ ਕੋਸ਼ਿਸ਼ ਕੀਤੀ ਜਾਵੇਗੀ ।

110. ਸਾਡੀ ਸਰਕਾਰ ਨੇ ਅੱਜ ਚਾਰ ਮਹੀਨੇ ਮੁਕੰਮਲ ਕਰ ਲਏ ਹਨ । ਖੁਸ਼ਹਾਲ ਆਦਰਸ਼ ਰਾਜ ਦੇ ਸੁਪਨਿਆਂ ਦੇ ਸਾਕਾਰ ਹੋਣ ਸਬੰਧੀ ਮੈਂ ਥੋੜ੍ਹੇ ਸਮੇਂ ਵਿਚਲੀਆਂ ਸਾਡੀਆਂ ਮੁੱਖ ਪ੍ਰਾਪਤੀਆਂ ਬਿਆਨ ਕਰਨੀਆਂ ਚਾਹਾਂਗਾ ।

ਸਰਕਾਰ ਦੀਆਂ ਪ੍ਰਾਪਤੀਆਂ

(1) ਸਾਡੀ ਸਰਕਾਰ ਰਾਜ ਦੇ ਸਰਬਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ । ਇਸ ਦਾ ਵਿਸ਼ੇਸ਼ ਜ਼ੋਰ ਦਿਹਾਤੀ ਇਲਾਕਿਆਂ ਦੇ ਵਿਕਾਸ ਉਤੇ ਹੋਵੇਗਾ ਜਿਨ੍ਹਾਂ ਨੂੰ ਪਹਿਲਾਂ ਅਣਗੌਲਿਆ ਰੱਖਿਆ ਗਿਆ ਹੈ । ਇਸ ਮੰਤਵ ਲਈ 1 ਅਪ੍ਰੈਲ, 1997 ਤੋਂ ਅਸੀਂ ਫੋਕਲ ਪੁਆਇੰਟ ਪ੍ਰੋਗਰਾਮ ਨੂੰ ਮੁੜ ਚਾਲੂ ਕਰ ਦਿਤਾ ਹੈ । (ਥੰਪਿੰਗ) ਪਹਿਲਾਂ ਹੀ ਮੁਕੰਮਲ ਕੀਤੇ ਜਾਂ ਅੰਸ਼ਕ ਰੂਪ ਵਿਚ ਮੁਕੰਮਲ ਕੀਤੇ 364 ਫੋਕਲ ਪੁਆਇੰਟਾਂ ਨੂੰ 14.63 ਕਰੋੜ ਰੁਪਏ ਖਰਚ ਕਰਕੇ ਕਾਰਜ ਕਰਨ ਯੋਗ ਬਣਾਇਆ ਜਾਵੇਗਾ ਅਤੇ 498.08 ਕਰੋੜ ਰੁਪਏ ਵਧੀਕ ਸਹੂਲਤਾਂ ਮੁਹੱਈਆ ਕਰਾਉਣ ਤੇ ਖਰਚ ਕੀਤੇ ਜਾਣਗੇ । ਹਰੇਕ ਬਲਾਕ ਵਿਚ ਪੰਜ ਨਵੇਂ ਫੋਕਲ ਪੁਆਇੰਟਾਂ ਦੀ ਚੋਣ ਡਿਪਟੀ ਕਮਿਸ਼ਨਰਾਂ ਦੁਆਰਾ ਲੋਕਾਂ ਦੇ ਸਥਾਨਕ ਪ੍ਰਤੀਨਿਧਾਂ ਦੀ ਸਲਾਹ ਨਾਲ ਕੀਤੀ ਜਾਵੇਗੀ । ਸਮੁੱਚੇ ਤੌਰ ਤੇ 326 ਨਵੇਂ ਫੋਕਲ ਪੁਆਇੰਟ ਉਸਾਰੇ ਜਾਣਗੇ, ਜਿਹਨਾਂ ਵਿਚ ਖੇਤੀ-ਆਧਾਰਤ ਸਨਅਤਾਂ, ਦੁਕਾਨਾਂ, ਵਿਸਤਾਰ ਕਾਰਜਾਂ ਦਾ ਨਿਪਟਾਰਾ ਕਰਨ ਵਾਲੇ ਅਮਲੇ ਲਈ ਦਫਤਰ ਅਤੇ ਰਿਹਾਇਸ਼, ਖੇਤੀ-ਸੇਵਾ ਕੇਂਦਰ, ਸਮੂਹਿਕ ਕੇਂਦਰ, ਮਾਰਕੀਟਿੰਗ ਯਾਰਡ, ਪੈਟਰੋਲ/ਡੀਜ਼ਲ ਪੰਪ, ਡਾਕਘਰ, ਐਸ.ਟੀ.ਡੀ. ਸਹੂਲਤ, ਬਿਜਲੀ ਬਿੱਲ ਇਕੱਠਾ ਕਰਨ ਅਤੇ ਸ਼ਿਕਾਇਤ ਕੇਂਦਰ, ਮੁਰੰਮਤ ਵਰਕਸ਼ਾਪ, ਪਟਵਾਰਖਾਨਾ, ਬੱਸ ਸ਼ੈਲਟਰ ਆਦਿ ਦੀਆਂ ਸਹੂਲਤਾਂ ਹੋਣਗੀਆਂ । ਹਰੇਕ ਨਵੇਂ ਫੋਕਲ ਪੁਆਇੰਟ ਤੇ 2 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ । ਇਹ ਫੋਕਲ ਪੁਆਇੰਟ ਆਉਣ ਵਾਲੇ 5 ਸਾਲਾਂ ਵਿਚ ਪੜਾਅਵਾਰ ਮੁਕੰਮਲ ਕੀਤੇ ਜਾਣਗੇ । ਆਗਾਮੀ 5 ਸਾਲਾਂ ਵਿਚ ਹਰੇਕ ਫੋਕਲ ਪੁਆਇੰਟ ਦੇ ਖੇਤਰ ਵਿਚ 500 ਬੇਰੋਜ਼ਗਾਰ ਨੌਜੁਆਨਾਂ ਨੂੰ ਰੋਜ਼ਗਾਰ ਮੁਹੱਈਆ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ ।

(2) ਦਿਹਾਤੀ ਖੇਤਰਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਲਈ ਮਿਆਰੀ ਸਿੱਖਿਆ ਮੁਹੱਈਆ ਕਰਾਉਣ ਦੇ ਵਿਚਾਰ ਨਾਲ ਸਾਡੀ ਸਰਕਾਰ ਨੇ ਰਾਜ ਦੇ ਹਰੇਕ ਵਿਕਾਸ ਬਲਾਕ ਵਿਚ ਇਕ ਆਦਰਸ਼ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ ਹੈ । ਇਹ ਸਕੂਲ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਦਾ ਮਿਆਰ ਉੱਚਾ ਚੁੱਕਣ ਦੇ ਸਮਰੱਥ ਬਣਾਉਣ ਲਈ ਮਿਆਰੀ ਸਿੱਖਿਆ ਮੁਹੱਈਆ ਕਰਵਾਉਣਗੇ ਜਿਸ ਨਾਲ ਉਹ ਸ਼ਹਿਰੀ ਇਲਾਕਿਆਂ ਦੇ ਵਿਦਿਆਰਥੀਆਂ ਦੇ ਬਰਾਬਰ ਮੁਕਾਬਲਾ ਕਰ ਸਕਣ । ਇਹ ਸਕੂਲ ਪੜਾਅਵਾਰ ਸਥਾਪਤ ਕੀਤੇ ਜਾਣਗੇ ਅਤੇ ਇਸ ਸਾਲ ਦੌਰਾਨ ਰਾਜ ਸਰਕਾਰ ਇਸ ਮੰਤਵ ਲਈ 25 ਕਰੋੜ ਰੁਪਏ ਦਾ ਉਪਬੰਧ ਕਰੇਗੀ ।

(3) ਰਾਜ ਸਰਕਾਰ ਨੇ ਫਲਾਂ ਨੂੰ ਬਰਾਮਦ ਕਰਨ ਦੇ ਯਤਨਾਂ ਨੂੰ ਉਤਸ਼ਾਹਤ ਕਰ ਦਾ ਵੀ ਫੈਸਲਾ ਕੀਤਾ ਹੈ । ਕਿਸਾਨਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਨੂੰ ਬਰਾਮਦ ਕਾਰਜ ਸ਼ੁਰੂ ਕਰਨ ਲਈ ਉਤਸ਼ਾਹਤ ਕੀਤਾ ਜਾ ਰਿਹਾ ਹੈ ਅਤੇ ਇਸ ਮੰਤਵ ਲਈ ਕੁਝ

[ਵਿੱਤ ਮੰਤਰੀ]

ਪ੍ਰੋਤਸਾਹਨ ਵੀ ਦਿਤੇ ਜਾਣਗੇ । ਮੁੱਢਲੇ ਕਦਮ ਵਜੋਂ 10 ਕਰੋੜ ਰੁਪਏ ਦੀ ਸੁਨੀਤੀ ਪੂੰਜੀ ਨਾਲ ਪੰਜਾਬ ਖੇਤੀ ਉਤਪਾਦਨ ਕਾਰਪੋਰੇਸ਼ਨ ਸਥਾਪਤ ਕਰਨ ਦਾ ਫੈਸਲਾ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ । ਇਹ ਕਾਰਪੋਰੇਸ਼ਨ 1997-98 ਦੌਰਾਨ ਇੰਗਲੈਂਡ, ਹਾਲੈਂਡ, ਚੀਨ ਅਤੇ ਕਨੇਡਾ ਨੂੰ 2,000 ਟਨ ਕਿਨੂੰ ਬਰਾਮਦ ਕਰੇਗੀ ।

(4) ਮੁੱਢਲੇ ਫੈਸਲਿਆਂ ਵਿਚੋਂ ਇਕ ਫੈਸਲਾ ਜੋ ਸਰਕਾਰ ਨੇ ਆਪਣੇ ਚਣ ਅਮਲ ਦੌਰਾਨ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਕੀਤਾ ਹੈ, ਉਹ ਹੈ ਪੰਪ-ਸੈਟਾਂ ਨੂੰ ਮੁਫਤ ਬਿਜਲੀ ਸਪਲਾਈ ਕਰਨਾ, ਸਿੰਜਾਈ ਲਈ ਮੁਫਤ ਪਾਣੀ ਦੇਣਾ ਅਤੇ ਭੋਂ-ਮਾਲੀਆ ਖਤਮ ਕਰਨਾ । ਇਸ ਅਨੁਸਾਰ, ਪੰਜਾਬ ਭੋਂ-ਮਾਲੀਆ ਐਕਟ, 1887 ਦੇ ਉਪਬੰਧਾਂ ਅਧੀਨ ਅਦਾਇਗੀ ਯੋਗ ਵਧੀਕ ਭੋਂ ਮਾਲੀਏ ਸਮੇਤ ਭੋਂ-ਮਾਲੀਆ ਜ਼ਰਾਇਤੀ ਸਾਲ 1996-97 ਦੀ ਰਬੀ ਫ਼ਸਲ ਤੋਂ ਖਤਮ ਕਰ ਦਿਤਾ ਗਿਆ ਹੈ । ਇਸੇ ਤਰ੍ਹਾਂ ਮੁਫ਼ਤ ਬਿਜਲੀ ਅਤੇ ਮੁਫਤ ਨਹਿਰੀ ਪਾਣੀ ਸਬੰਧੀ ਹੋਰ ਫੈਸਲੇ ਲਾਗੂ ਕੀਤੇ ਗਏ ਹਨ । ਰਾਜ ਸਰਕਾਰ ਇਸ ਕਾਰਣ ਹੋਣ ਵਾਲੇ ਘਾਟੇ ਲਈ ਪੰਜਾਬ ਰਾਜ ਬਿਜਲੀ ਬੋਰਡ ਨੂੰ ਮੁਆਵਜ਼ਾ ਦੇਵੇਗੀ ਅਤੇ ਰਾਜ ਦੇ ਸਮੂਹ ਰਿਹਾਇਸ਼ੀ ਮਕਾਨਾਂ ਦੇ ਹਾਊਸ ਟੈਕਸ ਨੂੰ ਵੀ ਸਮਾਪਤ ਕੀਤਾ ਗਿਆ ਹੈ । ਅਸੀਂ ਪਿੰਡਾਂ ਦੇ ਚੌਕੀਦਾਰਾਂ, ਜੋ ਪਿੰਡਾਂ ਵਿਚ ਬਹੁਤ ਮਹੱਤਵਪੂਰਨ ਡਿਊਟੀ ਨਿਭਾਉਂਦੇ ਹਨ, ਦਾ ਮਿਹਨਤਾਨਾ ਵੀ ਮੌਜੂਦਾ 300 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 400 ਰੁਪਏ ਪ੍ਰਤੀ ਮਹੀਨਾ ਅਰਥਾਤ 33.3 ਫੀਸਦੀ ਦਾ ਵਾਧਾ ਕਰ ਦਿਤਾ ਹੈ ।

(5) ਅਸੀਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨਾਲ ਸਬੰਧ ਰੱਖਦੇ ਆਪਣੇ ਭਰਾਵਾਂ ਦੀ ਮਾਲੀ ਹਾਲਤ ਸੁਧਾਰਨ ਦੀ ਪੱਕੀ ਧਾਰੀ ਹੋਈ ਹੈ । ਇਸ ਅਨੁਸਾਰ 1 ਅਪ੍ਰੈਲ, 1997 ਤੋਂ ਇਕ ਸ਼ਗਨ ਸਕੀਮ ਸ਼ੁਰੂ ਕੀਤੀ ਗਈ ਹੈ । ਇਸ ਸਕੀਮ ਅਧੀਨ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਣ ਵਾਲੀ ਲੜਕੀ ਦੇ ਵਿਆਹ ਉਤੇ 5,100 ਰੁਪਏ ਸ਼ਗਨ ਵਜੋਂ ਦਿਤੇ ਜਾਂਦੇ ਹਨ । ਇਸ ਵਿੱਤੀ ਸਾਲ ਵਿਚ ਇਸ ਮੰਤਵ ਲਈ 20 ਕਰੋੜ ਰੁਪਏ ਮਖ਼ਸੂਸ ਕੀਤੇ ਗਏ ਹਨ । ਇਸ ਸਕੀਮ ਨਾਲ 40,000 ਲੜਕੀਆਂ ਨੂੰ ਲਾਭ ਹੋਣ ਦੀ ਆਸ ਹੈ । ਇਸ ਤੋਂ ਇਲਾਵਾ ਅਸੀਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਲਈ ਪੱਕੇ ਮਕਾਨਾਂ ਦੀ ਉਸਾਰੀ ਦੀ ਇਕ ਨਵੀਂ ਸਕੀਮ ਸ਼ੁਰੂ ਕੀਤੀ ਹੈ । 50,000 ਰੁਪਏ ਪ੍ਰਤੀ ਯੂਨਿਟ ਦੀ ਲਾਗਤ ਨਾਲ ਇਸ ਸਾਲ ਦੌਰਾਨ 12,000 ਪੱਕੇ ਮਕਾਨ ਉਸਾਰੇ ਜਾਣਗੇ । ਇਸ ਸਾਲ ਦੌਰਾਨ ਇਸ ਮੰਤਵ ਲਈ 60 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਹੈ ਤਾਂ ਜੋ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਸਾਫ, ਸਵੱਛ ਅਤੇ ਸਿਹਤਮੰਦ ਚੌਗਿਰਦਾ ਮੁਹੱਈਆ ਕਰਵਾਇਆ ਜਾ ਸਕੇ ।

(6) ਪੰਜਾਬ ਸਰਕਾਰ ਨੇ ਦਿਹਾਤੀ ਵਾਫ਼ਰ ਨਿਕਾਸੀ ਜ਼ਮੀਨ ਦੇ 46,734 ਏਕੜ ਅਤੇ ਘਟੀਆ ਨਿਕਾਸੀ ਜ਼ਮੀਨ ਦੇ 30,000 ਏਕੜ ਰਕਬੇ ਦੀ ਅਲਾਟਮੈਂਟ/ਨਿਪਟਾਰੇ ਸਬੰਧੀ ਮੌਜੂਦਾ ਨੀਤੀ ਵਿਚ ਸੋਧ ਕੀਤੀ ਹੈ । ਮੌਜੂਦਾ ਅਣ-ਅਧਿਕਾਰਤ ਕਾਬਜ਼ਾਂ ਨੂੰ ਰਾਹਤ ਦੇਣ ਅਤੇ ਖਰੀਫ, 1994 ਤੋਂ ਜ਼ਮੀਨ ਦੀ ਲਗਾਤਾਰ ਕਾਸ਼ਤ ਕਰ ਰਹੇ ਕਾਬਜ਼ ਵਿਅਕਤੀਆਂ

ਨੂੰ ਨਰਮ ਸ਼ਰਤਾਂ ਤੇ ਜ਼ਮੀਨਾਂ ਟਰਾਂਸਫਰ ਕਰਨ ਲਈ ਮੌਜੂਦਾ ਨੀਤੀ ਨੂੰ ਨਰਮ ਕੀਤਾ ਗਿਆ ਹੈ । ਜ਼ਮੀਨ ਲਈ ਵਸੂਲ ਕੀਤੀ ਜਾਣ ਵਾਲੀ ਕੀਮਤ ਆਮ ਸ਼੍ਰੇਣੀ ਲਈ ਘਟਾ ਕੇ 7,000 ਰੁਪਏ ਪ੍ਰਤੀ ਏਕੜ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ 6,000 ਰੁਪਏ ਪ੍ਰਤੀ ਏਕੜ ਕਰ ਦਿਤੀ ਗਈ ਹੈ ।

(7) ਸਾਡੀ ਸਰਕਾਰ 60 ਸਾਲ ਤੋਂ ਵੱਧ ਉਮਰ ਦੀਆਂ ਸਮੂਹ ਪਾਤਰ ਇਸਤਰੀਆਂ ਤੇ 65 ਸਾਲ ਤੋਂ ਵੱਧ ਉਮਰ ਦੇ ਸਮੂਹ ਪਾਤਰ ਮਰਦਾਂ ਨੂੰ ਵੀ ਬੁਢਾਪਾ ਪੈਨਸ਼ਨ ਦੇਣ ਲਈ ਵਚਨਬੱਧ ਹੈ । ਇਸਤਰੀਆਂ ਦੇ ਆਰਥਕ ਤੇ ਸਮਾਜਕ ਪੱਧਰ ਨੂੰ ਉਚੇਰਾ ਚੁੱਕਣ ਦੀ ਵੀ ਸਾਡੀ ਕੋਸ਼ਿਸ਼ ਹੈ ਅਤੇ ਉਨ੍ਹਾਂ ਦੇ ਲਾਭ ਲਈ ਬਹੁਤ ਸਾਰੇ ਨਵੇਂ ਪ੍ਰੋਗਰਾਮ ਸ਼ੁਰੂ ਕੀਤੇ ਜਾਣਗੇ । ਰਾਜ ਦੇ ਅਪਾਹਜ ਲੋਕਾਂ ਨੂੰ ਸਾਡੀ ਹਮਦਰਦੀ ਦੀ ਲੋੜ ਹੈ । ਉਨ੍ਹਾਂ ਦੇ ਹੱਕਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ ਜਾਵੇਗਾ । ਉਨ੍ਹਾਂ ਦੀ ਭਲਾਈ ਲਈ ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਣ, ਬੱਸਾਂ ਵਿਚ ਮੁਫ਼ਤ ਸਫ਼ਰ ਸਹੂਲਤ, ਦ੍ਰਿਸ਼ਟੀ ਪੱਖੋਂ ਨਕਾਰਾ ਵਿਅਕਤੀਆਂ ਦੀ ਸੇਵਾ ਨਵਿਰਤੀ ਦੀ ਉਮਰ ਵਿਚ ਵਾਧਾ ਅਤੇ ਪੇਸ਼ਾਵਰਾਨਾ ਪੁਨਰਵਾਸ ਕੇਂਦਰ ਖੋਲ੍ਹਣ ਵਰਗੇ ਕੁਝ ਹੋਰ ਉਪਾਅ ਵੀ ਕੀਤੇ ਜਾ ਰਹੇ ਹਨ ।

(8) ਸਪੀਕਰ ਸਾਹਿਬ, ਕਰ ਉਗਰਾਹੁਣ ਦੇ ਢਾਂਚੇ ਨੂੰ ਸਰਲ ਬਣਾਉਣ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਵਪਾਰੀਆਂ ਤੇ ਉਦਯੋਗਪਤੀਆਂ ਦੀਆਂ ਐਸੋਸੀਏਸ਼ਨਾਂ ਨਾਲ ਵਿਚਾਰ ਵਟਾਂਦਰਾ ਕਰ ਰਹੀ ਹੈ ਅਤੇ ਆਮ ਜਨਤਾ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਸਰਕਾਰ ਵਿਚਾਰ ਕਰ ਰਹੀ ਹੈ । ਤੱਦ ਅਨੁਸਾਰ ਸੱਤ ਮੱਦਾਂ ਉਤੇ ਵਿਕਰੀ ਕਰ ਦੀ ਦਰ ਘਟਾ ਦਿਤੀ ਗਈ ਹੈ । ਮਿਸਾਲ ਵਜੋਂ ਟਰੈਕਟਰਾਂ ਦੇ ਪੁਰਜ਼ਿਆਂ ਉਤੇ ਵਿਕਰੀ ਕਰ ਦੀ ਦਰ 8 ਫ਼ੀਸਦੀ ਤੋਂ ਘਟਾ ਕੇ 2 ਫ਼ੀਸਦੀ, (ਥੰਪਿੰਗ) ਸਰਾਫਾ (ਸੋਨੇ ਚਾਂਦੀ) ਉਤੇ 2 ਫ਼ੀਸਦੀ ਤੋਂ 0.5 ਫ਼ੀਸਦੀ ਅਤੇ ਸਟੇਨਲੈਸ ਸਟੀਲ ਉਤੇ 10 ਫ਼ੀਸਦੀ ਤੋਂ ਘਟਾ ਕੇ 4 ਫ਼ੀਸਦੀ ਕਰ ਦਿਤੀ ਗਈ ਹੈ । ਇਸ ਤੋਂ ਇਲਾਵਾ ਕਿਰਪਾਨਾਂ, ਕੁਮਕੁਮ, ਧੂਪ, ਅਗਰਬੱਤੀ, ਪੈਨਾਂ ਤੇ ਬਾਲ ਪੈਨਾਂ ਉਤੇ ਵੀ ਵਿਕਰੀ ਕਰ ਖਤਮ ਕਰ ਦਿਤਾ ਗਿਆ ਹੈ । (ਥੰਪਿੰਗ) ਚਾਲੂ ਮਾਲੀ ਸਾਲ ਦੌਰਾਨ ਖੇਡਾਂ ਦੇ ਸਮਾਨ ਲਈ ਇਕ ਕਰੋੜ ਰੁਪਏ ਦੇ ਵਿਕਰੀ ਕਰ ਦੀ ਰਿਆਇਤ ਦਿਤੀ ਗਈ ਹੈ । (ਥੰਪਿੰਗ) ਬੇਲੋੜੀ ਪ੍ਰੇਸ਼ਾਨੀ ਅਤੇ ਲਿਖਾ-ਪੜ੍ਹੀ ਨੂੰ ਘਟਾਉਣ ਲਈ ਸਾਰੇ ਨਿਰਧਾਰਣ ਕੇਸਾਂ ਦੇ ਸਬੰਧ ਵਿਚ ਮਾਨੀਟਰੀ ਹੱਦ 10 ਲੱਖ ਤੋਂ ਵਧਾ ਕੇ 20 ਲੱਖ ਰੁਪਏ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ । (ਥੰਪਿੰਗ) ਇਸ ਤੋਂ ਇਲਾਵਾ, ਪੰਜਾਬ ਆਮ ਵਿਕਰੀ ਕਰ ਐਕਟ, 1948 ਦੀ ਧਾਰਾ 14(ਅ) ਵਿਚ ਲੋੜੀਂਦੀ ਸੋਧ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ ਹੈ । ਜਿਸ ਅਧੀਨ ਉਪ ਧਾਰਾ (6) ਅਧੀਨ ਵਸਤਾਂ ਨੂੰ ਰੋਕ ਕੇ ਰੱਖਣ ਵਾਲਾ ਅਧਿਕਾਰੀ ਇਸ ਐਕਟ ਅਧੀਨ ਰਜਿਸਟਰਡ ਵਸਤਾਂ ਦੇ ਮਾਲਕ ਨੂੰ ਇਹ ਵਸਤਾਂ ਲਿਜਾਣ ਦੀ ਇਜਾਜ਼ਤ ਦੇਵੇਗਾ, ਉਸ ਅਧਿਕਾਰੀ ਦੀ ਤਸੱਲੀ ਲਈ ਨਿਰਧਾਰਤ ਫਾਰਮ ਵਿਚ ਉਹ ਜ਼ਾਮਨੀ ਦੇਵੇਗਾ ਜਾਂ ਨਿਰਧਾਰਤ ਢੰਗ ਅਨੁਸਾਰ ਬਾਂਡ ਭਰੇਗਾ ਅਤੇ ਹੋਰ ਵਪਾਰੀਆਂ ਦੇ ਕੇਸ ਵਿਚ ਨਕਦ ਰੂਪ ਵਿਚ ਸਕਿਉਰਿਟੀ ਜਾਂ ਬੈਂਕ ਗਰੰਟੀ ਜਾਂ ਕਰਾਸ ਕੀਤੇ ਬੈਂਕ ਡਰਾਫਟ, ਜੋ ਸਾਮਾਨ ਦੀ ਕੀਮਤ ਤੋਂ 15 ਫ਼ੀਸਦੀ ਤੋਂ ਘੱਟ ਅਤੇ 30 ਫ਼ੀਸਦੀ ਤੋਂ ਵੱਧ ਨਹੀਂ ਹੋਵੇਗਾ, ਪ੍ਰਾਪਤ ਕੀਤੀ ਜਾਵੇਗੀ ।

[ਵਿੱਤ ਮੰਤਰੀ]

(9) ਸਪੀਕਰ ਸਾਹਿਬ, ਸਾਡੀ ਸਰਕਾਰ ਰਿਸ਼ਵਤਖ਼ੋਰੀ ਨੂੰ ਜੜ੍ਹੋਂ ਖ਼ਤਮ ਕਰਨ ਅਤੇ ਜਨਤਕ ਜੀਵਨ ਵਿਚ ਸਦਾਚਾਰਕਤਾ ਲਿਆਉਣ ਲਈ ਵਚਨਬੱਧ ਹੈ । ਇਸ ਅਨੁਸਾਰ ਅਸੀਂ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਜਿਹੜੇ ਆਪਣੀਆਂ ਡਿਊਟੀਆਂ ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਨਿਭਾਉਣ ਦੀ ਮਿਸਾਲ ਪੇਸ਼ ਕਰਨਗੇ, ਉਹਨਾਂ ਲਈ 50,000 ਰੁਪਏ, 30,000 ਰੁਪਏ ਤੇ 20,000 ਰੁਪਏ ਦਾ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਕਾਇਮ ਕੀਤਾ ਹੈ । ਅਸੀਂ ਉਸ ਵਿਅਕਤੀ ਨੂੰ ਕ੍ਰਮਵਾਰ 50,000 ਰੁਪਏ ਤੇ 25,000 ਰੁਪਏ ਦਾ ਇਨਾਮ ਦੇਣ ਦਾ ਵੀ ਫ਼ੈਸਲਾ ਕੀਤਾ ਹੈ ਜਿਹੜਾ ਕਿਸੇ ਗਜ਼ਟਿਡ ਜਾਂ ਨਾਨ-ਗਜ਼ਟਿਡ ਸਰਕਾਰੀ ਕਰਮਚਾਰੀ ਦੀਆਂ ਭ੍ਰਿਸ਼ਟ ਸਰਗਰਮੀਆਂ ਸਬੰਧੀ ਸਬੂਤ ਦਿੰਦਾ ਹੈ । ਅਸੀਂ ਮੁੱਖ ਮੰਤਰੀ ਜਾਂ ਕਿਸੇ ਮੰਤਰੀ ਨੂੰ ਸੌਂਪੇ ਗਏ ਅਖਤਿਆਰੀ ਅਧਿਕਾਰਾਂ ਨੂੰ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਹੈ ਜਿਨ੍ਹਾਂ ਕਰਕੇ ਬੀਤੇ ਸਮੇਂ ਅੰਦਰ ਕਾਫੀ ਆਲੋਚਨਾ ਹੁੰਦੀ ਰਹੀ ਹੈ । ਤਨਖਾਹ ਦੇ ਰੂਪ ਵਿਚ ਸਿਰਫ ਇਕ ਰੁਪਿਆ ਲੈਣ ਦੇ ਮੰਤਰੀ ਪਰਿਸ਼ਦ ਦੇ ਫ਼ੈਸਲੇ ਨੂੰ ਵੀ ਰਾਜ ਦੀ ਜਨਤਾ ਨੇ ਸਲਾਹਿਆ ਹੈ । ਅਸੀਂ ਇਹ ਵੀ ਫ਼ੈਸਲਾ ਕੀਤਾ ਹੈ ਕਿ ਕਿਸੇ ਕਰਮਚਾਰੀ ਦੇ ਸੇਵਾ ਕਾਲ ਵਿਚ ਹੋਰ ਵਾਧਾ ਨਹੀਂ ਕੀਤਾ ਜਾਵੇਗਾ ਜਿਹੜਾ ਪਹਿਲਾਂ ਚੋਣਵੇਂ ਆਧਾਰ ਉਤੇ ਕੀਤਾ ਜਾਂਦਾ ਰਿਹਾ ਹੈ ।

(10) ਅੰਤਲੀ ਗੱਲ ਜੋ ਕਿਸੇ ਤਰ੍ਹਾਂ ਵੀ ਘੱਟ ਨਹੀਂ, ਸਾਡੀ ਸਰਕਾਰ ਆਪਣੇ ਕਰਮਚਾਰੀਆਂ ਤੇ ਅਰਧ-ਸਰਕਾਰੀ ਕਰਮਚਾਰੀਆਂ ਅਤੇ ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਸੰਸਥਾਵਾਂ ਦੇ ਕਰਮਚਾਰੀਆਂ ਦੇ ਹਿੱਤਾਂ ਦਾ ਧਿਆਨ ਰੱਖਣ ਲਈ ਵਚਨਬੱਧ ਹੈ । ਅਸੀਂ ਉਨ੍ਹਾਂ ਦੀਆਂ ਤਕਲੀਫ਼ਾਂ ਨੂੰ ਦੂਰ ਕਰਨ ਲਈ ਵਚਨਬੱਧ ਹਾਂ । ਅਸੀਂ ਪਹਿਲਾਂ ਹੀ ਰਾਜ ਦੇ ਕਰਮਚਾਰੀਆਂ, ਪੈਨਸ਼ਨ ਪ੍ਰਾਪਤ ਕਰਨ ਵਾਲਿਆਂ ਅਤੇ ਪ੍ਰਾਈਵੇਟ ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਲਈ 1 ਜਨਵਰੀ, 1997 ਤੋਂ ਮਹਿੰਗਾਈ ਭੱਤੇ ਦੀ ਇਕ ਕਿਸ਼ਤ ਜਾਰੀ ਕਰ ਦਿੱਤੀ ਹੈ । (ਥੰਪਿੰਗ) ਅਸੀਂ ਰਾਜ ਸਰਕਾਰ ਦੇ ਦਰਜਾ-4 ਕਰਮਚਾਰੀਆਂ ਨੂੰ ਕਣਕ ਖ਼ਰੀਦਣ ਲਈ 1900 ਰੁਪਏ ਵਿਆਜ ਰਹਿਤ ਕਰਜ਼ੇ ਵਜੋਂ ਦੇਣ ਦਾ ਵੀ ਉਪਬੰਧ ਕੀਤਾ ਹੈ । (ਥੰਪਿੰਗ) ਅਸੀਂ ਤਨਖਾਹ ਕਮਿਸ਼ਨ ਦੇ ਚੇਅਰਮੈਨ ਚੀਫ ਜਸਟਿਸ ਐਸ. ਐਮ. ਸੰਧਾਵਾਲੀਆ ਨੂੰ ਕਮਿਸ਼ਨ ਦੀ ਅੰਤਿਮ ਰਿਪੋਟ ਛੇਤੀ ਪੇਸ਼ ਕਰਨ ਲਈ ਵੀ ਬੇਨਤੀ ਕੀਤੀ ਹੈ । ਮੁੱਖ ਮੰਤਰੀ ਜੀ, ਪੰਜਾਬ ਨਾਲ ਉਹਨਾਂ ਦੀ ਹੁਣੇ ਜਿਹੇ ਹੋਈ ਮੀਟਿੰਗ ਵਿਚ ਉਹਨਾਂ ਨੇ ਸੰਕੇਤ ਦਿੱਤਾ ਹੈ ਕਿ ਅੰਤਿਮ ਰਿਪੋਟ 15 ਜੁਲਾਈ, 1997 ਤਕ ਪੇਸ਼ ਕਰ ਦਿੱਤੀ ਜਾਵੇਗੀ । (ਥੰਪਿੰਗ) ਰਿਪੋਟ ਪ੍ਰਾਪਤ ਹੋ ਜਾਣ ਤੋਂ ਤੁਰੰਤ ਪਿਛੋਂ ਇਨ੍ਹਾਂ ਸਿਫਾਰਸ਼ਾਂ ਨੂੰ ਛੇਤੀ ਲਾਗੂ ਕਰਨ ਲਈ ਪਹਿਲਾਂ ਮੁੱਖ ਸਕੱਤਰ ਦੀ ਪ੍ਰਧਾਨਗੀ ਅਧੀਨ ਸਕੱਤਰਾਂ ਦੀ ਬਣਾਈ ਇੰਪਲੀ-ਮੈਂਟੇਸ਼ਨ ਕਮੇਟੀ ਦੁਆਰਾ ਪੜਤਾਲ ਕਰਵਾਈ ਜਾਵੇਗੀ ਅਤੇ ਬਾਦ ਵਿਚ ਕੈਬਨਿਟ ਸਬ-ਕਮੇਟੀ ਦੁਆਰਾ ਇਸ ਦਾ ਨਿਰੀਖਣ ਕੀਤਾ ਜਾਵੇਗਾ । ਤਨਖਾਹ ਕਮਿਸ਼ਨ ਦੇ ਚੇਅਰਮੈਨ ਨਾਲ ਵਿਚਾਰ ਵਟਾਂਦਰਾ ਕਰਕੇ ਇਨ੍ਹਾਂ ਸਿਫਾਰਸ਼ਾਂ ਦੇ ਪੈਣ ਵਾਲੇ ਪ੍ਰਭਾਵ ਨੂੰ ਪੂਰਾ ਕਰਨ ਲਈ ਇਸ ਸਾਲ ਦੇ ਬਜਟ ਵਿਚ 400 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ । (ਥੰਪਿੰਗ) ਪ੍ਰਾਈਵੇਟ ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਨੂੰ 1 ਸਤੰਬਰ, 1996

ਤੋਂ ਅੰਤਰਿਮ ਸਹਾਇਤਾ ਦੀ ਤੀਜੀ ਕਿਸ਼ਤ ਦੇਣ ਦਾ ਮੈਂ ਪਹਿਲਾਂ ਹੀ ਐਲਾਨ ਕਰ ਦਿੱਤਾ ਹੈ । ਮੈਂ ਯੂ. ਜੀ. ਸੀ. ਸਕੇਲ ਪ੍ਰਾਪਤ ਕਰ ਰਹੇ ਪ੍ਰਾਈਵੇਟ ਸਹਾਇਤਾ ਪ੍ਰਾਪਤ ਕਾਲਜਾਂ ਦੇ ਟੀਚਿੰਗ ਅਮਲੇ ਨੂੰ ਕੇਂਦਰ ਸਰਕਾਰ ਦੇ ਪੈਟਰਨ ਉਤੇ 1 ਅਪ੍ਰੈਲ, 1996 ਤੋਂ ਅਤੇ ਇਨ੍ਹਾਂ ਕਾਲਜਾਂ ਦੇ ਨਾਨ-ਟੀਚਿੰਗ ਅਮਲੇ ਨੂੰ 1 ਸਤੰਬਰ, 1996 ਤੋਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਪੈਟਰਨ ਉਤੇ ਅੰਤਰਿਮ ਸਹਾਇਤਾ ਦੀ ਤੀਜੀ ਕਿਸ਼ਤ ਜਾਰੀ ਕਰਨ ਦਾ ਐਲਾਨ ਕਰਨਾ ਚਾਹਾਂਗਾ । (ਥੰਪਿੰਗ) ਮੈਂ ਪ੍ਰਾਈਵੇਟ ਸਹਾਇਤਾ ਪ੍ਰਾਪਤ ਸਕੂਲਾਂ ਤੇ ਕਾਲਜਾਂ ਦੇ ਕਰਮਚਾਰੀਆਂ ਨੂੰ 1 ਅਪ੍ਰੈਲ, 1996 ਤੋਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਪੈਟਰਨ ਉਤੇ ਨਿਸ਼ਚਿਤ ਮੈਡੀਕਲ ਭੱਤਾ 40 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 100 ਰੁਪਏ ਪ੍ਰਤੀ ਮਹੀਨਾ ਕਰਨ ਦਾ ਐਲਾਨ ਵੀ ਕਰਨਾ ਚਾਹਾਂਗਾ । (ਥੰਪਿੰਗ)

(11) ਸਾਨੂੰ ਆਪਣੇ ਪੈਨਸ਼ਨਰਾਂ ਅਤੇ ਪਰਿਵਾਰ ਪੈਨਸ਼ਨਰਾਂ ਦੇ ਹਿੱਤਾਂ ਦਾ ਹਮੇਸ਼ਾ ਧਿਆਨ ਰਿਹਾ ਹੈ । ਮੈਂ ਆਪਣੇ ਪੈਨਸ਼ਨਰਾਂ/ਪਰਿਵਾਰ ਪੈਨਸ਼ਨਰਾਂ ਲਈ ਜੀਵਨ ਸੂਚਕ-ਅੰਕ ਵਿਚ ਹੋਏ ਵਾਧੇ ਦੀ ਕਮੀ ਨੂੰ ਪੂਰਿਆਂ ਕਰਨ ਸਬੰਧੀ ਭਾਰਤ ਸਰਕਾਰ ਦੁਆਰਾ ਜਾਰੀ ਮਹਿੰਗਾਈ ਭੱਤੇ ਦੇ ਅਨੁਸਾਰ 1 ਜਨਵਰੀ, 1997 ਤੋਂ ਮਹਿੰਗਾਈ ਰਾਹਤ ਜਾਰੀ ਕਰਨ ਸਬੰਧੀ ਐਲਾਨ ਕਰਨਾ ਚਾਹਾਂਗਾ । (ਥੰਪਿੰਗ)

(12) ਸਾਡੀ ਸਰਕਾਰ ਪੰਜਾਬੀ ਭਾਸ਼ਾ ਨੂੰ ਖੇਤਰੀ ਭਾਸ਼ਾ ਦੇ ਤੌਰ ਤੇ ਉੱਨਤ ਕਰਨ ਲਈ ਵਚਨਬੱਧ ਹੈ । ਪੰਜਾਬੀ ਭਾਸ਼ਾ ਦੀਆਂ ਕਿਤਾਬਾਂ ਨੂੰ ਲੋਕਪ੍ਰਿਯ ਕੀਤਾ ਜਾਵੇਗਾ ਅਤੇ ਇਨ੍ਹਾਂ ਨੂੰ ਦਿਹਾਤੀ ਤੇ ਸ਼ਹਿਰੀ ਖੇਤਰਾਂ ਦੀਆਂ ਲਾਇਬ੍ਰੇਰੀਆਂ ਦੇ ਰਾਹੀਂ ਉਪਲਬਧ ਕਰਵਾਇਆ ਜਾਵੇਗਾ । ਪੇਂਡੂ ਪੰਚਾਇਤਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਪੰਜਾਬੀ ਪੁਸਤਕਾਂ ਖਰੀਦਣ ਦੇ ਸਮਰੱਥ ਬਣਾਉਣ ਲਈ ਉਦਾਰ ਫੰਡ ਪ੍ਰਦਾਨ ਕੀਤੇ ਜਾਣਗੇ । ਪੰਜਾਬੀ ਭਾਸ਼ਾ ਦੇ ਵਿਕਾਸ ਲਈ ਹੋਰ ਲੋੜੀਂਦੇ ਕਦਮ ਵੀ ਚੁੱਕੇ ਜਾਣਗੇ ।

111. ਸਪੀਕਰ ਸਾਹਿਬ, ਮੈਂ ਹੁਣ 1996-97 ਦੇ ਸੋਧੇ ਅਨੁਮਾਨਾਂ ਅਤੇ 1997-98 ਦੇ ਬਜਟ ਅਨੁਮਾਨਾਂ ਬਾਰੇ ਦੱਸਣਾ ਚਾਹਾਂਗਾ ।

ਸੋਧੇ ਅਨੁਮਾਨ 1996-97

112. ਬਜਟ ਅਨੁਮਾਨਾਂ ਅਨੁਸਾਰ ਸਾਲ 1996-97 ਦੇ 48.27 ਕਰੋੜ ਰੁਪਏ ਦੇ ਘਾਟੇ ਨਾਲ ਬੰਦ ਹੋਣ ਦੀ ਸੰਭਾਵਨਾ ਸੀ, ਹੁਣ ਸੋਧੇ ਅਨੁਮਾਨਾਂ ਅਨੁਸਾਰ ਇਹ ਘਾਟਾ 602.70 ਕਰੋੜ ਰੁਪਏ ਦਾ ਹੋਵੇਗਾ । ਵਧੇਰੇ ਘਾਟੇ ਦੇ ਕਾਰਣ ਰਾਜ ਕਰਾਂ ਤੇ ਮਸੂਲਾਂ ਤੋਂ ਘੱਟ ਪ੍ਰਾਪਤੀਆਂ ਹਨ ਅਤੇ ਨਾਨ-ਪਲਾਨ ਖਰਚ ਵਿਚ ਵਾਧਾ ਹੈ ।

ਬਜਟ ਅਨੁਮਾਨ 1997-98

113. ਸਪੀਕਰ ਸਾਹਿਬ, ਇਸ ਸਾਲ ਦੌਰਾਨ ਬਜਟੀ ਵਿਉਂਤਾਂ ਦਾ ਵਿਵਰਣ ਹੇਠਾਂ ਦੱਸੇ ਅਨੁਸਾਰ ਹੈ—

		ਰੁਪਏ ਕਰੋੜਾਂ ਵਿਚ
ਸੰਚਿਤ ਫੰਡ		
1. ਮਾਲ ਲੇਖਾ		
ਪ੍ਰਾਪਤੀਆਂ	..	6,238.67

[ਵਿੱਤ ਮੰਤਰੀ]

ਸੰਚਿਤ ਫੰਡ			ਰੁਪਏ ਕਰੋੜਾਂ ਵਿਚ
ਖ਼ਰਚ			
ਨਿਰੋਲ	..		6,738.64
2. ਪੂੰਜੀਗਤ ਖ਼ਰਚ	..	(—)	499.97
3. ਸਰਕਾਰੀ ਰਿਣ	..		686.09
ਲਿਆ ਗਿਆ ਰਿਣ			
ਅਦਾਇਗੀਆਂ	..		3,631.13
ਨਿਰੋਲ	..		2,259.82
4. ਕਰਜ਼ੇ ਤੇ ਪੇਸ਼ਗੀਆਂ	..		1,371.31
ਪੇਸ਼ਗੀਆਂ			
ਵਸੂਲੀਆਂ	..		542.04
ਨਿਰੋਲ	..		51.17
	..	(—)	490.87
5. ਕੁਲ ਸੰਚਿਤ ਫੰਡ (ਨਿਰੋਲ) (ਉਕਤ ਨੰ: 1 ਤੋਂ 4)	..	(—)	305.62
6. ਸਰਕਾਰੀ ਲੇਖਾ (ਨਿਰੋਲ)	..		555.80
7. ਕੁਲ ਲੈਣ ਦੇਣ	..	( )	250.18
8. ਮੁੱਢਲੀ ਬਾਕੀ	..	(—)	602.70
9. ਅੰਤਿਮ ਬਾਕੀ	..	(—)	352.52

ਅਸੀਂ ਲਗਭਗ 250 ਕਰੋੜ ਦਾ ਬਜਟਰੀ ਡੈਫੀਸਿਟ ਕਲੋਜ਼ ਕੀਤਾ ਹੈ ।

114. ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਸਦਨ ਨੂੰ ਰਾਜ ਦੇ ਵਿੱਤ ਦੇ ਬਹੁਤ ਮਹੱਤਵਪੂਰਨ ਮੁੱਦਿਆਂ ਵਿਚੋਂ ਇਕ ਮੁੱਦੇ ਦੀ ਮੌਜੂਦਾ ਸਥਿਤੀ ਬਾਰੇ ਜ਼ਰੂਰ ਰਿਪੋਰਟ ਕਰਨਾ ਚਾਹੁੰਦਾ ਹਾਂ ਜਿਸ ਸਬੰਧੀ ਇਸ ਸਦਨ ਨੇ ਪਹਿਲਾਂ ਹੀ ਮੈਨੂੰ ਵਡਮੁੱਲਾ ਸਮਰਥਨ ਦਿੱਤਾ ਹੈ ।

115. ਭਾਰਤ ਸਰਕਾਰ ਨੇ ਬਗਾਵਤ ਅਤੇ ਦਹਿਸ਼ਤਗਰਦੀ, ਜਿਸ ਨੇ ਰਾਜ ਨੂੰ ਲਗਭਗ [illegible], ਦਾ ਮੁਕਾਬਲਾ ਕਰਨ ਲਈ 1984-85 ਤੋਂ 1993-94 ਦੇ [illegible] ਤੇਰਾਂ ਵਿਸ਼ੇਸ਼ ਮਿਆਦੀ ਕਰਜ਼ੇ ਦਿੱਤੇ ਸਨ । ਇਸ ਕਰਜ਼ੇ ਦੇ ਮੂਲ ਧਨ ਅਤੇ ਵਿਆਜ ਨੂੰ ਵਾਪਸ ਕਰਨ ਦੀ ਜ਼ਿੰਮੇਵਾਰੀ ਨੇ ਰਾਜ ਦੇ ਵਿੱਤ ਤੇ ਕਾਫ਼ੀ ਬੋਝ ਪਾਇਆ

ਸੀ । ਇਹ ਗੰਭੀਰ ਦੇਣਦਾਰੀ ਰਾਜ ਦਾ ਵਿਕਾਸ ਨਹੀਂ ਹੋਣ ਦੇ ਰਹੀ । ਇਸ ਕਰਜ਼ੇ ਨੂੰ ਮਾਫ ਕਰਨ ਲਈ ਪੰਜਾਬ ਵਿਧਾਨ ਸਭਾ ਨੇ ਸਰਬ-ਸੰਮਤੀ ਨਾਲ 20 ਮਈ, 1997 ਨੂੰ ਨਿਮਨ ਗ਼ੈਰ-ਸਰਕਾਰੀ ਮਤਾ ਪਾਸ ਕੀਤਾ:

> "ਇਹ ਸਦਨ ਰਾਜ ਸਰਕਾਰ ਨੂੰ 8,000 ਕਰੋੜ ਰੁਪਏ ਦਾ ਉਹ ਸਮੁੱਚਾ ਕਰਜ਼ਾ ਮਾਫ਼ ਕਰਾਉਣ ਲਈ ਕੇਂਦਰ ਸਰਕਾਰ ਤਕ ਪਹੁੰਚ ਕਰਨ ਦੀ ਸਿਫਾਰਸ਼ ਕਰਦਾ ਹੈ ਜੋ ਰਾਜ ਨੂੰ ਪਿਛਲੇ ਸਾਲਾਂ ਵਿਚ ਦਹਿਸ਼ਤਗਰਦੀ ਦਾ ਮੁਕਾਬਲਾ ਕਰਨ ਅਤੇ ਸਰਹੱਦ ਪਾਰ ਤੋਂ ਮਿਲਦੀ ਸ਼ਹਿ ਕਾਰਣ ਹੋ ਰਹੀ ਜੰਗ ਨੂੰ ਰੋਕਣ ਲਈ ਦਿੱਤਾ ਗਿਆ ਸੀ । ਕਿਉਂ ਜੋ ਇਹ ਇਕ ਰਾਸ਼ਟਰੀ ਸਮੱਸਿਆ ਸੀ, ਇਸ ਲਈ ਰਾਜ ਸਰਕਾਰ ਲਈ ਇੰਨੇ ਵੱਡੇ ਕਰਜ਼ੇ ਨੂੰ ਵਾਪਸ ਕਰਨਾ ਸੰਭਵ ਨਹੀਂ ਸੀ ।"

116. ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਇਸ ਮਾਮਲੇ ਸਬੰਧੀ ਭਾਰਤ ਸਰਕਾਰ ਨਾਲ ਵਿਚਾਰ ਕਰਨ ਵਿਚ ਸਮਾਂ ਬਿਲਕੁਲ ਵਿਅਰਥ ਨਹੀਂ ਜਾਣ ਦਿੱਤਾ । ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਨੇ ਇਕ ਉੱਚ ਅਧਿਕਾਰਤ ਵਫ਼ਦ ਸਹਿਤ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਐਚ.ਡੀ. ਦੇਵਗੌੜਾ ਨਾਲ 22 ਮਾਰਚ, 1997 ਨੂੰ ਮੁਲਾਕਾਤ ਕੀਤੀ । ਬਾਅਦ ਵਿਚ ਉਨ੍ਹਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਦੇ 4 ਮਈ, 1997 ਨੂੰ ਕੀਤੇ ਪੰਜਾਬ ਦੇ ਦੌਰੇ ਸਮੇਂ ਵੀ ਇਸ ਮਾਮਲੇ ਸਬੰਧੀ ਪ੍ਰਧਾਨ ਮੰਤਰੀ ਜੀ ਨਾਲ ਵਿਚਾਰ ਵਟਾਂਦਰਾ ਕੀਤਾ । ਪ੍ਰਧਾਨ ਮੰਤਰੀ ਜੀ ਨੇ ਆਪਣੇ ਦੌਰੇ ਦੌਰਾਨ ਸਪਸ਼ਟ ਤੌਰ ਤੇ ਦੱਸਿਆ ਕਿ ਦਹਿਸ਼ਤਗਰਦੀ ਦਾ ਮੁਕਾਬਲਾ ਕਰਨ ਲਈ ਰਾਜ ਦੁਆਰਾ ਖ਼ਰਚ ਕੀਤੇ ਗਏ ਕਰਜ਼ੇ ਦੀ ਪੁਨਰ-ਅਦਾਇਗੀ ਲਈ ਪੰਜਾਬ ਉਤੇ ਭਾਰ ਨਹੀਂ ਪਾਇਆ ਜਾਵੇਗਾ ।

117. ਸਾਨੂੰ ਉਮੀਦ ਹੈ ਕਿ ਰਾਜ ਦੀ ਜਨਤਾ ਦੀ ਲੰਬੇ ਸਮੇਂ ਤੋਂ ਚਲੀ ਆ ਰਹੀ ਇਹ ਜਾਇਜ਼ ਮੰਗ ਕੇਂਦਰ ਸਰਕਾਰ ਦੁਆਰਾ ਛੇਤੀ ਹੀ ਪਰਵਾਨ ਕਰ ਲਈ ਜਾਵੇਗੀ ਅਤੇ ਇਸ ਸਬੰਧ ਵਿਚ ਬਹੁਤ ਜ਼ਿਆਦਾ ਲੋੜੀਂਦੀ ਸਹਾਇਤਾ ਦਾ ਉਪਬੰਧ ਕਰ ਲਿਆ ਜਾਵੇਗਾ ਜਿਸ ਦੇ ਬਗੈਰ ਅਸੀਂ ਪੰਜਾਬ ਦੀ ਆਰਥਿਕਤਾ ਨੂੰ ਮੁੜ ਤੋਂ ਆਪਣੇ ਪੈਰੀਂ ਖੜ੍ਹਾ ਕਰਨ ਵਿਚ ਕਾਮਯਾਬ ਨਹੀਂ ਹੋਵਾਂਗੇ । ਇਸ ਲਈ ਅਸੀਂ ਇਸ ਵਿਸ਼ੇ ਬਾਰੇ ਪ੍ਰਧਾਨ ਮੰਤਰੀ ਜੀ ਨਾਲ ਮੀਟਿੰਗ ਕਰਨ ਲਈ ਬਹੁਤ ਯਤਨਸ਼ੀਲ ਹਾਂ । ਇਸ ਮੀਟਿੰਗ ਦੇ ਛੇਤੀ ਹੀ ਹੋ ਜਾਣ ਦੀ ਸੰਭਾਵਨਾ ਹੈ ।

118. ਸਾਲ 1997-98 ਲਈ ਬਜਟ ਅਨੁਮਾਨ 352.52 ਕਰੋੜ ਰੁਪਏ ਦਾ ਖੱਪਾ ਦਰਸਾਉਂਦੇ ਹਨ ਜਿਨ੍ਹਾਂ ਬਾਰੇ ਹੁਣ ਵਿਚਾਰ ਕੀਤੀ ਜਾਵੇਗੀ । ਇਸ ਤੋਂ ਇਲਾਵਾ, ਮੈਂ ਇਥੇ ਇਹ ਦੱਸਣਾ ਚਾਹਾਂਗਾ ਕਿ ਸਾਲ 1997-98 ਲਈ ਫੰਡਾਂ ਨੂੰ ਅੰਤਮ ਰੂਪ ਦੇਣ ਸਮੇਂ ਯੋਜਨਾ ਕਮਿਸ਼ਨ ਦੀ ਇਹ ਮੰਗ ਸੀ ਕਿ ਪੰਜਾਬ ਸਰਕਾਰ 468.48 ਕਰੋੜ ਰੁਪਏ ਦੇ ਵਧੀਕ ਵਸੀਲੇ ਜੁਟਾ ਕੇ ਸਾਲ ਦੌਰਾਨ ਘੱਟ ਤੋਂ ਘੱਟ 225 ਕਰੋੜ ਰੁਪਏ ਦਾ ਪ੍ਰਬੰਧ ਕਰੇ ।

[ਵਿੱਤ ਮੰਤਰੀ]

119. ਮਾਨਯੋਗ ਮੈਂਬਰ ਮੇਰੇ ਨਾਲ ਸਹਿਮਤ ਹੋਣਗੇ ਕਿ ਇਸ ਖੱਪੇ ਨੂੰ ਪੂਰਾ ਕਰਨਾ ਕਿਸੇ ਵੀ ਵਿੱਤ ਮੰਤਰੀ ਲਈ ਬੜਾ ਔਖਾ ਕਾਰਜ ਹੈ । ਮੇਰੇ ਕੇਸ ਵਿਚ ਤਾਂ ਇਹ ਹੋਰ ਵੀ ਔਖਾ ਕੰਮ ਹੈ ਕਿਉਂ ਜੋ ਮੈਂ ਲੋਕ ਸੰਪਰਕ ਮੰਤਰੀ ਵੀ ਹਾਂ ਜਿਸ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਹਰ ਇਕ ਵਿਅਕਤੀ ਨੂੰ ਖ਼ੁਸ਼ ਰੱਖੇ । ਫਿਰ ਸਾਡੇ ਵਰਗੀ ਹਰਮਨ ਪਿਆਰੀ ਸਰਕਾਰ ਤੋਂ ਇਹ ਵੀ ਆਸਾਂ ਹਨ ਕਿ ਰਾਜ ਦਾ ਸਰਬ-ਪੱਖੀ ਸੰਤੁਲਿਤ ਵਿਕਾਸ ਤੇਜ਼ੀ ਨਾਲ ਹੋਵੇ ਅਤੇ ਅਸੀਂ ਸਾਰੇ ਜਾਣਦੇ ਹਾਂ ਕਿ ਟੈਕਸਾਂ ਨੂੰ ਕੋਈ ਪਸੰਦ ਨਹੀਂ ਕਰਦਾ । ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕੋਈ ਵੀ ਵਿਅਕਤੀ ਸਿਆਣਪ ਨਾਲ ਲਾਏ ਹੋਏ ਅਜਿਹੇ ਟੈਕਸ ਉਪਾਵਾਂ ਸਬੰਧੀ ਇਤਰਾਜ਼ ਨਹੀਂ ਕਰ ਸਕਦਾ ਜੋ ਕਿ ਪ੍ਰਗਤੀ, ਲਚਕ, ਉਚਿੱਤਤਾ ਦੇ ਸਿਧਾਂਤਾਂ ਉਤੇ ਆਧਰਿਤ ਹੋਣ ਅਤੇ ਜਿਨ੍ਹਾਂ ਨੂੰ ਸਬੰਧਤ ਵਿਅਕਤੀ ਅਦਾ ਕਰਨ ਦੀ ਸਮੱਰਥਾ ਰੱਖਦੇ ਹੋਣ । ਇਸ ਪਿਛੋਕੜ ਅਤੇ ਇਨ੍ਹਾਂ ਸਾਰੇ ਵਿਚਾਰਾਂ ਨੂੰ ਧਿਆਨ ਵਿਚ ਰੱਖਦੇ ਹੋਏ ਕਾਫ਼ੀ ਸੋਚ ਵਿਚਾਰ ਤੋਂ ਪਿਛੋਂ ਅਤੇ ਬੜੀ ਮੁਸ਼ਕਲ ਨਾਲ ਮੈਂ ਰਾਜ ਵਿਚ ਵਧੀਕ ਵਸੀਲੇ ਜੁਟਾਉਣ ਦਾ ਰਾਹ ਲੱਭਿਆ ਹੈ ਜੋ ਇਸ ਤਰ੍ਹਾਂ ਹੈ :—

(i) ਚੰਗੇਰੇ ਟੈਕਸ ਪ੍ਰਬੰਧ ਰਾਹੀਂ ਵੱਧ ਟੈਕਸ ਇਕੱਤਰ ਕਰਨ ਲਈ ਕਦਮ ਚੁੱਕਣੇ ।

(ii) ਸਰਕਾਰੀ ਵਿਭਾਗਾਂ ਅਤੇ ਪਬਲਿਕ ਸੈਕਟਰ ਦੇ ਅਦਾਰਿਆਂ ਵਿਚ ਟਾਲਣ ਯੋਗ ਸਰਕਾਰੀ ਖ਼ਰਚੇ ਨੂੰ ਘੱਟ ਕਰਨਾ, ਕਿਉਂ ਜੋ ਇਸ ਤਰ੍ਹਾਂ ਬਚਾਇਆ ਹਰ ਪੈਸਾ ਵਿਕਾਸ ਵਸੀਲਿਆਂ ਵਿਚ ਵਾਧਾ ਕਰਦਾ ਹੈ ।

(iii) ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿਚ ਉਨ੍ਹਾਂ ਖਾਲੀ ਜ਼ਮੀਨਾਂ, ਜਿਨ੍ਹਾਂ ਤੋਂ ਹੁਣ ਕੋਈ ਆਮਦਨ ਨਹੀਂ ਹੁੰਦੀ ਜਾਂ ਬਹੁਤ ਘੱਟ ਆਮਦਨ ਹੁੰਦੀ ਹੈ, ਦਾ ਪਤਾ ਲਾ ਕੇ ਉਨ੍ਹਾਂ ਦਾ ਨਿਪਟਾਰਾ ਕਰਨਾ ਜਾਂ ਵਪਾਰਕ ਤੌਰ ਤੇ ਵਰਤੋਂ ਕਰਨੀ ।

(iv) ਸੋਧੀਆਂ ਦਰਾਂ ਰਾਹੀਂ ਕਰ ਰਹਿਤ ਆਮਦਨੀ ਨੂੰ ਵਧਾਉਣਾ ਜੋ ਮੁਹੱਈਆ ਕੀਤੀਆਂ ਸੇਵਾਵਾਂ ਦੀ ਲਾਗਤ ਨਾਲ ਵਧੇਰੇ ਸਮਾਨਤਾ ਰੱਖਦੀਆਂ ਹੋਣ ਅਤੇ ਉਚਿਤ ਕਿਸਮ ਦੀਆਂ ਹੋਣ ।

(v) ਮੌਜੂਦਾ ਟੈਕਸਾਂ ਦੀਆਂ ਦਰਾਂ ਵਿਚ ਜਾਂ ਤਾਂ ਸੋਧ ਕਰਕੇ ਜਾਂ ਕੇਵਲ ਉਦੋਂ ਹੀ ਨਵੇਂ ਟੈਕਸ ਲਾ ਕੇ ਜਦੋਂ ਇਹ ਜ਼ਰੂਰੀ ਹੋਣ ਅਤੇ ਉਹ ਵੀ ਜਦੋਂ ਇਨ੍ਹਾਂ ਦਾ ਬੋਝ ਸਮਾਜ ਦੇ ਗਰੀਬ ਵਰਗਾਂ ਦੀ ਬਜਾਏ ਨਿਰੋਲ ਅਮੀਰ ਵਰਗਾਂ ਤੇ ਹੀ ਪਵੇ ।

ਚੰਗੇਰੇ ਟੈਕਸ ਪ੍ਰਬੰਧ ਰਾਹੀਂ ਵਧੇਰੇ ਟੈਕਸ ਇਕੱਠਾ ਕਰਨਾ

120. ਸਪੀਕਰ ਸਾਹਿਬ, ਇਸ ਨੀਤੀ ਦੇ ਅਨੁਸਾਰ ਸਭ ਤੋਂ ਪਹਿਲਾਂ ਟੈਕਸ ਇਕੱਤਰ ਕਰਨ ਦੇ ਪ੍ਰਬੰਧ ਨੂੰ ਵਧੇਰੇ ਮਜ਼ਬੂਤ ਬਣਾਇਆ ਗਿਆ ਹੈ ਅਤੇ ਸਰਕਾਰੀ

ਬਕਾਇਆਂ ਨੂੰ ਵਸੂਲ ਕਰਨ ਲਈ ਪੰਜ 'ਏ' ਕਲਾਸ ਸ਼ਹਿਰਾਂ ਵਿਚ 20 ਹੋਰ ਬੈਂਕ ਸ਼ਾਖਾਵਾਂ ਦੀ ਸ਼ਨਾਖਤ ਕੀਤੀ ਗਈ ਹੈ ਤਾਂ ਜੋ ਨਾ ਕੇਵਲ ਜਨਤਾ ਨੂੰ ਹੀ ਸਹੂਲਤ ਹੋਵੇ ਸਗੋਂ ਕਰ ਵਸੂਲੀ ਦੇ ਕੰਮ ਵਿਚ ਵੀ ਤੇਜ਼ੀ ਆਵੇ। ਇਸ ਤੋਂ ਇਲਾਵਾ ਰਾਜ ਸਰਕਾਰ ਨੇ 1 ਰੁਪਏ ਤੋਂ 25 ਰੁਪਏ ਤੱਕ ਦੇ ਮੁੱਲ-ਅੰਕ ਵਾਲੇ ਗ਼ੈਰ-ਅਦਾਲਤੀ ਕਾਗਜ਼ਾਂ ਦੀ ਥਾਂ ਤੇ ਗੂੰਦ ਲਗੀਆਂ ਵਿਸ਼ੇਸ਼ ਟਿਕਟਾਂ ਵਰਤਣ ਦਾ ਫੈਸਲਾ ਕੀਤਾ ਹੈ। (ਥੰਪਿੰਗ) ਅਜਿਹਾ ਭਾਰਤੀ ਸਿਕਿਉਰਿਟੀ ਪ੍ਰੈਸ ਨਾਸਿਕ ਦੀ ਛੋਟੇ ਮੁੱਲ ਅੰਕ ਦੇ ਅਸ਼ਟਾਮ ਕਾਫ਼ੀ ਮਾਤਰਾ ਵਿਚ ਸਪਲਾਈ ਨਾ ਕਰ ਸਕਣ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ। ਲੋੜੀਂਦੇ ਮੁੱਲ ਦੀ ਅਤੇ 1 ਰੁਪਏ ਤੋਂ 25 ਰੁਪਏ ਦੇ ਮੁੱਲ-ਅੰਕ ਦੀ ਵਿਸ਼ੇਸ਼ ਗੂੰਦ ਲਗੀ ਟਿਕਟ ਦੇ ਚਾਹਵਾਨ ਖਰੀਦਦਾਰ ਦੁਆਰਾ ਪਟੀਸ਼ਨ ਪੱਤਰ ਜਾਂ ਸਨ-ਲਿਟ ਬਾਂਡ ਪੱਤਰ ਜਾਂ ਉਚਿਤ ਮੋਟਾਈ ਵਾਲੇ ਕਿਸੇ ਹੋਰ ਪੱਤਰ ਦੇ ਪੇਸ਼ ਕਰਨ ਤੇ ਹੀ ਚਿਪਕਾਈ ਜਾਵੇਗੀ। ਅਸੀਂ ਮੁਆਇਦਾ (ਕਨਟਰੈਕਟ) ਕਾਰਜਾਂ ਨੂੰ ਅਮਲ ਵਿਚ ਲਿਆਉਣ ਦੇ ਮੰਤਵ ਲਈ ਸਪਲਾਈ ਕੀਤੀਆਂ ਵਸਤਾਂ ਦੀ ਵਿਕਰੀ ਨੂੰ ਕਵਰ ਕਰਨ ਲਈ ਕਰ ਨੂੰ ਸੋਮੇ ਤੇ ਹੀ ਕੱਟਣ ਸਬੰਧੀ ਪੰਜਾਬ ਆਮ ਵਿਕਰੀ ਕਰ ਐਕਟ, 1948 ਵਿਚ ਸੋਧ ਕਰਨ ਦਾ ਵੀ ਫੈਸਲਾ ਕੀਤਾ ਹੈ। ਇਸ ਦੇ ਸਿੱਟੇ ਵੱਜੋਂ ਮੁਆਇਦਾ (ਕਨਟਰੈਕਟ) ਕਾਰਜਾਂ ਦੇ ਅਨੁਸਰਣ ਵਿਚ ਠੇਕੇਦਾਰ/ਛੋਟੇ ਠੇਕੇਦਾਰ ਨੂੰ ਅਦਾਇਗੀ ਕਰਨ ਲਈ ਜ਼ਿੰਮੇਵਾਰ ਹਰੇਕ ਵਿਅਕਤੀ ਆਪਣੀ ਕੀਮਤੀ ਸੰਪਤੀ (ਚਾਹੇ ਉਹ ਵਸਤਾਂ ਜਾਂ ਕਿਸੇ ਹੋਰ ਸ਼ਕਲ ਵਿਚ ਹੋਵੇ) ਦੀ ਦੇਣਦਾਰੀ ਦੇ ਕਾਰਣ ਅਦਾਇਗੀਯੋਗ ਵਿਕਰੀ ਕਰ ਦੀ ਪੂਰਣ ਜਾਂ ਅੰਸ਼ਕ ਤਸੱਲੀ ਲਈ ਅਜਿਹੀ ਅਦਾਇਗੀ ਠੇਕੇਦਾਰ ਨੂੰ ਕਰਦੇ ਸਮੇਂ 2% ਅਦਾਇਗੀਯੋਗ ਵਿਕਰੀ ਕਰ ਸੋਮੇ ਤੇ ਹੀ ਕਟਵਾਏਗਾ। ਇਸ ਸੋਧ ਨਾਲ ਕਰ ਦੀ ਚੋਰੀ ਖਤਮ ਹੋਣ ਦੀ ਆਸ ਹੈ। ਆਬਕਾਰੀ ਅਤੇ ਕਰ ਵਿਭਾਗ ਨੂੰ ਵੀ ਕਿਹਾ ਗਿਆ ਹੈ ਕਿ ਸਾਰੇ ਪੈਂਡਿੰਗ ਵਿਕਰੀ ਕਰ ਅਤੇ ਆਬਕਾਰੀ ਕੇਸਾਂ ਦਾ ਅਗਲੇ ਛੇ ਮਹੀਨਿਆਂ ਵਿਚ ਤੇਜ਼ੀ ਨਾਲ ਨਿਪਟਾਰਾ ਕਰੇ।

ਟਾਲਣਯੋਗ ਖਰਚੇ ਨੂੰ ਘੱਟ ਕਰਨਾ

121. ਸਪੀਕਰ ਸਾਹਿਬ, ਟਾਲਣਯੋਗ ਸਰਕਾਰੀ ਖਰਚੇ ਨੂੰ ਘਟਾਉਣ ਲਈ ਸਰਕਾਰੀ ਵਿਭਾਗਾਂ ਅਤੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਖਰਚ ਵਿਚ ਕਿਫ਼ਾਇਤ ਕਰਨ ਸਬੰਧੀ ਨਵੀਆਂ ਹਦਾਇਤਾਂ ਇਸ ਮੰਤਵ ਲਈ ਵਿਸ਼ੇਸ਼ ਤੌਰ ਤੇ ਬਣਾਈ ਗਈ ਕੈਬਨਿਟ ਸਬ-ਕਮੇਟੀ ਦੁਆਰਾ ਕਈ ਮੀਟਿੰਗਾਂ ਕਰਨ ਪਿਛੋਂ ਜਾਰੀ ਕਰ ਦਿੱਤੀਆਂ ਗਈਆਂ ਹਨ। ਵਿੱਤ ਵਿਭਾਗ ਵੀ ਸਾਰੇ ਸਰਕਾਰੀ ਵਿਭਾਗਾਂ ਅਤੇ ਪਬਲਿਕ ਸੈਕਟਰ ਅਦਾਰਿਆਂ ਨੂੰ ਆਪਣੇ ਦਫ਼ਤਰਾਂ ਦੇ ਖਰਚਿਆਂ ਵਿਚ, ਜਿਨ੍ਹਾਂ ਵਿਚ ਟੈਲੀਫੋਨ, ਕਾਰਾਂ ਅਤੇ ਪੀ.ਓ.ਐਲ. ਦੇ ਖਰਚੇ ਸ਼ਾਮਲ ਹੋਣਗੇ, 5% ਦੀ ਕਿਫ਼ਾਇਤ ਕਰਨ ਦੀ ਸਲਾਹ ਦੇਵੇਗਾ। ਸੰਸਥਾਵੀ ਵਿੱਤ ਅਤੇ ਬੈਂਕਿੰਗ ਵਿਭਾਗ ਵੀ ਵਿੱਤ ਵਿਭਾਗ ਵਿਚ ਹੀ ਸ਼ਾਮਲ ਕਰ ਲਿਆ ਜਾਣਾ ਹੈ। ਰਾਜ ਨਵੀਨੀਕਰਨ ਫੰਡ ਦਾ ਪ੍ਰਬੰਧ ਕਰਨ ਦੇ ਨਿਯਮਾਂ ਵਿਚ ਸੋਧ ਕੀਤੀ ਜਾ ਰਹੀ ਹੈ ਤਾਂ ਜੋ ਇਸ ਫੰਡ ਦੀ ਪਬਲਿਕ ਪਬਲਿਕ ਸੈਕਟਰ ਦੇ ਅਦਾਰਿਆਂ ਵਿਚ ਗੈਰ ਲਾਹੇਵੰਦ ਖ਼ਰਚ ਨੂੰ ਘਟਾਉਣ ਲਈ ਅਸਰਦਾਰ ਢੰਗ ਨਾਲ ਵਰਤੋਂ ਕੀਤੀ ਜਾ ਸਕੇ।

[ਵਿੱਤ ਮੰਤਰੀ]

ਖ਼ਾਲੀ ਜ਼ਮੀਨਾਂ ਦਾ ਨਿਪਟਾਰਾ ਜਾਂ ਵਪਾਰਕ ਵਰਤੋਂ

122. ਸਪੀਕਰ ਸਾਹਿਬ, ਸਰਕਾਰ ਦੀਆਂ ਵਿਕਾਸ ਲੋੜਾਂ ਨੂੰ ਪੂਰਾ ਕਰਨ ਦੇ ਸਬੰਧ ਵਿਚ ਫੰਡ ਜੁਟਾਉਣ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਰਾਜ ਦੇ ਕਸਬਿਆਂ ਅਤੇ ਸ਼ਹਿਰਾਂ ਦੀਆਂ ਵੱਖ-ਵੱਖ ਹਦੂਦਾਂ ਅੰਦਰ ਖ਼ਾਲੀ ਪਈਆਂ ਸਰਕਾਰੀ/ਨਾਜ਼ੂਲ ਜ਼ਮੀਨਾਂ ਨੂੰ ਉੱਦਮੀ ਮਾਰਕੀਟਿੰਗ ਯੋਜਨਾ ਅਨੁਸਾਰ ਵਪਾਰਕ ਤੌਰ ਤੇ ਵਰਤਿਆ ਜਾਵੇ । ਇਸ ਮੰਤਵ ਲਈ ਪੁੱਡਾ ਨੂੰ ਪਰਵਾਨਿਤ ਏਜੰਸੀ ਦੇ ਤੌਰ ਤੇ ਘੋਸ਼ਿਤ ਕੀਤਾ ਚੁੱਕਾ ਹੈ ਅਤੇ ਸਭ ਤੋਂ ਪਹਿਲਾਂ ਲੁਧਿਆਣਾ ਅਤੇ ਜਲੰਧਰ ਦੀਆਂ ਸਰਕਾਰੀ ਜ਼ਮੀਨਾਂ ਨੂੰ ਇਕ ਪਾਇਲਟ ਪ੍ਰਾਜੈਕਟ ਅਧੀਨ ਵਪਾਰਕ ਤੌਰ ਤੇ ਵਰਤਿਆ ਜਾਵੇਗਾ । ਇਸ ਪਾਇਲਟ ਪ੍ਰਾਜੈਕਟ ਤੋਂ ਪ੍ਰਾਪਤ ਹੋਏ ਤਜਰਬੇ ਦੇ ਨਤੀਜੇ ਵਜੋਂ, ਹੋਰ ਕਸਬਿਆਂ ਅਤੇ ਸ਼ਹਿਰਾਂ ਵਿਚ ਖ਼ਾਲੀ ਪਈਆਂ ਸਰਕਾਰੀ/ਨਜ਼ੂਲ ਜ਼ਮੀਨਾਂ ਦਾ ਨਿਪਟਾਰਾ ਕੀਤਾ ਜਾਵੇਗਾ । ਆਰੰਭ ਵਿੱਚ ਤਕਨੀਕੀ-ਆਰਥਕ ਸੰਭਾਵੀ ਰਿਪੋਰਟਾਂ ਤਿਆਰ ਕਰਨ ਲਈ, ਸਲਾਹਕਾਰਾਂ ਦੀ ਨਿਯੁਕਤੀ ਕਰਨ ਅਤੇ ਹੋਰ ਸਬੰਧਤ ਖ਼ਰਚਿਆਂ ਲਈ ਪੁਡਾ ਦੁਆਰਾ ਪੰਜ ਕਰੋੜ ਰੁਪਏ ਦੀ ਰਕਮ ਮੂਲਧਨ ਵਜੋਂ ਜੁਟਾਈ ਜਾਵੇਗੀ । ਇਸੇ ਤਰ੍ਹਾਂ, ਜਿਵੇਂ ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਫਾਲਤੂ ਦਿਹਾਤੀ ਨਿਕਾਮੀ ਜ਼ਮੀਨ ਦੀ ਅਲਾਟਮੈਂਟ/ਨਿਪਟਾਰੇ ਸਬੰਧੀ ਨਵੀਂ ਨੀਤੀ ਪਹਿਲਾਂ ਹੀ ਅਧਿਸੂਚਿਤ ਕੀਤੀ ਜਾ ਚੁੱਕੀ ਹੈ ।

ਕਰ ਰਹਿਤ ਮਸੂਲਾਂ (ਲੇਵੀ) ਵਿਚ ਸੋਧ

123. ਮੈਂ ਹੁਣ ਇਕ ਨਵੀਂ ਸਕੀਮ ਬਾਰੇ ਦੱਸਣਾ ਚਾਹਾਂਗਾ, ਜੋ ਕਿ ਟਰਾਂਸਪੋਰਟ ਵਿਭਾਗ ਦੇ ਰਾਹੀਂ ਕਰ ਰਹਿਤ ਮਾਲੀਏ ਨੂੰ ਵਧਾਉਣ ਸਬੰਧੀ ਹੈ । ਮਾਨਯੋਗ ਮੈਂਬਰ ਸਾਹਿਬਾਨ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਇਕਹਿਰੇ ਅੰਕਾਂ ਜਾਂ ਕੋਈ ਹੋਰ ਤਰਜੀਹੀ ਨੰਬਰਾਂ ਵਾਲੇ ਰਜਿਸਟਰੇਸ਼ਨ ਨੰਬਰਾਂ ਦਾ ਸ਼ੌਕ ਜਿਹਾ ਹੁੰਦਾ ਹੈ । ਅਸੀਂ ਇਸ ਸ਼ੌਕ ਤੋਂ ਲਾਭ ਉਠਾਉਣ ਦਾ ਫੈਸਲਾ ਕੀਤਾ ਹੈ । ਟਰਾਂਸਪੋਰਟ ਵਿਭਾਗ ਇਕ ਐਸੀ ਸਕੀਮ ਜਾਰੀ ਕਰੇਗਾ, ਜਿਸਦੇ ਅਧੀਨ ਨਿੱਜੀ ਗੱਡੀਆਂ ਲਈ ਇਕ ਨਿਸ਼ਚਿਤ ਫ਼ੀਸ ਅਦਾ ਕਰਕੇ ਪਹਿਲਾਂ ਆਵੇ, ਪਹਿਲਾਂ ਪਾਵੇ ਦੇ ਆਧਾਰ ਤੇ ਤਰਜੀਹੀ ਨੰਬਰ ਅਲਾਟ ਕੀਤੇ ਜਾਣਗੇ । ਇਨ੍ਹਾਂ ਨੰਬਰਾਂ ਨੂੰ ਚਾਰ ਸ਼੍ਰੇਣੀਆਂ ਵੰਡਿਆ ਗਿਆ ਹੈ ।

(ੳ) ਹਰੇਕ ਸੀਰੀਜ਼ ਲਈ ਨੰਬਰ 0001 ਵਾਸਤੇ 25000/- ਰੁਪਏ ਦੀ ਫ਼ੀਸ ਲਈ ਜਾਵੇਗੀ ।

(ਅ) ਬਾਕੀ ਦੇ ਇਕਹਿਰੇ ਅੰਕਾਂ ਵਾਲੇ ਨੰਬਰ ਅਤੇ ਕੁੱਝ ਹੋਰ ਤਰਜੀਹੀ ਨੰਬਰ, ਜਿਨ੍ਹਾਂ ਦਾ ਜੋੜ 20 ਬਣਦਾ ਹੈ, 15,000/- ਰੁਪਏ ਦੀ ਫ਼ੀਸ ਅਦਾ ਕਰਕੇ ਅਲਾਟ ਕੀਤੇ ਜਾਣਗੇ ।

(ੲ) ਸਾਰੀਆਂ ਸੀਰੀਜ਼ ਦੇ 115 ਤਰਜੀਹੀ ਨੰਬਰਾਂ, ਦਾ ਇਕ ਹੋਰ ਸੈੱਟ 10,000/- ਰੁਪਏ ਦੀ ਫ਼ੀਸ ਭਰਕੇ ਅਲਾਟ ਕੀਤਾ ਜਾਵੇਗਾ ।

(ਸ) ਹਰੇਕ ਸੀਰੀਜ਼ ਦੇ ਬਾਕੀ 100 ਤਰਜੀਹੀ ਨੰਬਰਾਂ ਦਾ ਸੈੱਟ 5,000/- ਰੁਪਏ ਦੀ ਅਦਾਇਗੀ ਕਰਨ ਉਤੇ ਅਲਾਟ ਕੀਤਾ ਜਾਵੇਗਾ ।

ਇਸ ਦਾ ਅਰਥ ਹੈ ਕਿ ਕਿਸੇ ਵੀ ਸੀਰੀਜ਼ ਦੇ ਜਿਸਦੇ ਕਿ 0001-9999 ਨੰਬਰ ਹੋਣ ਵਿਚ ਤਰਜੀਹੀ ਨੰਬਰ ਅਲਾਟ ਕਰਨ ਨਾਲ 20 ਲੱਖ ਰੁਪਏ ਇਕੱਤਰ ਕੀਤੇ ਜਾਣਗੇ ਅਤੇ ਆਮ ਤੌਰ ਤੇ ਰਾਜ ਅੰਦਰ ਸਾਲ ਵਿਚ 20 ਨਵੀਆਂ ਸੀਰੀਜ਼ ਸ਼ੁਰੂ ਹੁੰਦੀਆਂ ਹਨ, ਇਸ ਕਰਕੇ ਅਸੀਂ ਆਸ ਕਰਦੇ ਹਾਂ ਕਿ ਇਸ ਢੰਗ ਨਾਲ ਨਿਰੋਲ 4 ਕਰੋੜ ਰੁਪਏ ਪ੍ਰਾਪਤ ਹੋ ਸਕਣਗੇ। (ਥੰਪਿੰਗ).

124. ਇੰਤਕਾਲ ਫ਼ੀਸ ਨੂੰ ਵਧਾ ਕੇ ਮੌਜੂਦਾ 5 ਰੁਪਏ ਤੋਂ 100 ਰੁਪਏ ਅਤੇ ਇੰਤਕਾਲ ਲਈ ਇਤਰਾਜ਼ ਉਠਾਉਣ ਲਈ ਫ਼ੀਸ 200 ਰੁਪਏ ਕਰਨ ਦੀ ਤਜਵੀਜ਼ ਕੀਤੀ ਗਈ ਹੈ। ਅੰਪਰ ਇੰਤਕਾਲ ਹੁਕਮ ਦੀ ਇਕ ਨਕਲ ਲਾਭ ਪਾਤਰ ਨੂੰ ਬਿਨਾਂ ਕੀਮਤ ਦੇ ਦਿੱਤੀ ਜਾਵੇਗੀ। ਨਕਲ ਫੀਸ ਇਸ ਸਮੇਂ ਸਾਰੇ ਅਦਾਲਤੀ ਅਤੇ ਅਰਧ-ਅਦਾਲਤੀ ਹੁਕਮਾਂ ਦੇ ਸਬੰਧ ਵਿਚ 20 ਰੁਪਏ ਫਲੈਟ ਦਰ ਤੇ ਹੈ। ਇਹ ਮੌਜੂਦਾ 20 ਰੁਪਏ ਦੀ ਇਕਸਾਰ-ਦਰ ਤੋਂ ਵਧਾ ਕੇ ਪਹਿਲੇ ਪੰਨੇ ਲਈ 20 ਰੁਪਏ ਅਤੇ ਉਸਤੋਂ ਮਗਰੋਂ ਦੇ ਹਰੇਕ ਪੰਨੇ ਲਈ 2 ਰੁਪਏ ਤਜਵੀਜ਼ ਕੀਤੇ ਗਏ ਹਨ। ਸੋਧੀਆਂ ਦਰਾਂ ਮਾਲ ਵਿਭਾਗ ਵੱਲੋਂ ਜਲਦੀ ਹੀ ਅਧਿਸੂਚਿਤ ਕੀਤੀਆਂ ਜਾਣਗੀਆਂ ਅਤੇ 1 ਜੁਲਾਈ ਤੋਂ ਲਾਗੂ ਸਮਝੀਆਂ ਜਾਣਗੀਆਂ।

125. ਵਰਤਮਾਨ ਸਮੇਂ ਲਈ ਮੈਂ ਇਹ ਚਾਹੁੰਦਾ ਹਾਂ ਕਿ ਬਾਕੀ ਦੀਆਂ ਸਾਰੀਆਂ ਕਰ ਰਹਿਤ ਮਸੂਲੀਆਂ ਨੂੰ ਮੌਜੂਦਾ ਦਰਾਂ ਤੇ ਹੀ ਰਹਿਣ ਦਿੱਤਾ ਜਾਵੇ।

126. ਹਾਲ ਹੀ ਵਿੱਚ ਪਿਛਲੇ ਮਹੀਨੇ ਅਫਸਰਾਂ ਦੀ ਬਣਾਈ ਗਈ ਇਕ ਕਮੇਟੀ ਦੁਆਰਾ ਮਾਲ ਵਿਭਾਗ ਦੀ ਕਰ ਰਹਿਤ ਆਮਦਨੀ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਸੀ ਅਤੇ ਇਸ ਦੀਆਂ ਸਿਫਾਰਸ਼ਾਂ ਅਨੁਸਾਰ ਵੱਖ-ਵੱਖ ਦਸਤਾਵੇਜ਼ਾਂ ਜਿਵੇਂ ਕਰਜ਼ਾ ਪ੍ਰਾਪਤੀ ਦਸਤਾਵੇਜ਼ਾਂ, ਹਲਫਨਾਮਿਆਂ, ਇਕਰਾਰਨਾਮਿਆਂ ਜਾਂ ਇਕਰਾਰਨਾਮੇ ਦੀ ਲਿਖਤ ਕਿਸੇ ਕੰਪਨੀ ਦੇ ਅੰਤਰ ਨਿਯਮਾਂ, ਬਾਂਡ ਅਤੇ ਇਤਬਾਰਨਾਮਿਆਂ, ਮੁਖ਼ਤਾਰਨਾਮਿਆਂ ਆਦਿ ਉਤੇ ਅਦਾਇਗੀਯੋਗ ਅਸ਼ਟਾਮ ਡਿਊਟੀ ਵਿਚ ਸੋਧ ਕਰਨ ਦੀ ਤਜਵੀਜ਼ ਕੀਤੀ ਗਈ ਹੈ। ਤਦਅਨੁਸਾਰ ਕਰਜ਼ਾ ਪ੍ਰਾਪਤੀ ਦਸਤਾਵੇਜ਼ਾਂ ਦੇ ਸਬੰਧ ਵਿਚ ਅਦਾਇਗੀਯੋਗ ਅਸ਼ਟਾਮ ਫ਼ੀਸ ਪੰਜ ਰੁਪਏ ਤੋਂ ਵਧਾ ਕੇ 50 ਰੁਪਏ, ਹਲਫਨਾਮੇ ਦੇ ਸਬੰਧ ਵਿੱਚ 5 ਰੁਪਏ ਤੋਂ 15 ਰੁਪਏ, ਕਿਸੇ ਇਕਰਾਰਨਾਮੇ ਜਾਂ ਇਕਰਾਰਨਾਮੇ ਦੀ ਲਿਖਤ ਦੇ ਲਈ 5 ਰੁਪਏ ਤੋਂ 25 ਰੁਪਏ ਅਤੇ ਕਿਸੇ ਨਵੀਂ ਕੰਪਨੀ ਦੇ ਅੰਤਰਨਿਯਮਾਂ ਲਈ ਅਦਾਇਗੀਯੋਗ ਫ਼ੀਸ 300 ਰੁਪਏ ਹੋਵੇਗੀ ਅਤੇ ਚੰਗੀ ਲਿਖਾਈ (ਐਂਬਾਸਿੰਗ) ਦੇ ਲਈ 1000 ਰੁਪਏ ਹੋਵੇਗੀ। ਇਸੇ ਪ੍ਰਕਾਰ, ਬਾਂਡਾਂ ਜਾਂ ਇਤਬਾਰਨਾਮਿਆਂ ਦੀ ਰਜਿਸਟਰੇਸ਼ਨ ਲਈ ਅਦਾਇਗੀ-ਯੋਗ ਫ਼ੀਸ 10 ਰੁਪਏ ਤੋਂ ਵਧਾ ਕੇ 20 ਰੁਪਏ ਕਰ ਦਿੱਤੀ ਜਾਵੇਗੀ ਅਤੇ ਬਾਂਡ/ਟਰੱਸਟ ਡੀਡ ਦੁਆਰਾ ਨਿਸ਼ਚਿਤ ਮੁੱਲ 500 ਰੁਪਏ ਦਾ ਹੋਣ ਦੀ ਸੂਰਤ ਵਿਚ 500 ਰੁਪਏ ਦੇ ਹਰੇਕ ਵਧੀਕ ਮੁੱਲ ਉਤੇ 10 ਰੁਪਏ ਜਾਂ ਇਸ ਦਾ ਬਣਦਾ ਅਦਾਇਗੀਯੋਗ ਹਿੱਸਾ ਹੋਵੇਗਾ। ਮੁਖ਼ਤਾਰਨਾਮੇ ਦੇ ਸਬੰਧ ਵਿੱਚ ਸੋਧੀ ਹੋਈ ਅਦਾਇਗੀਯੋਗ ਫ਼ੀਸ 5 ਰੁਪਏ ਤੋਂ 100 ਰੁਪਏ ਹੋਵੇਗੀ, ਜਦੋਂ ਉਹ ਇਕ ਜਾਂ ਵਧੇਰੇ ਦਸਤਾਵੇਜ਼ਾਂ ਦੀ ਰਜਿਸਟਰੇਸ਼ਨ ਹਾਸਲ ਕਰਨ ਦੇ ਇਕੋ ਇਕ ਮੰਤਵ ਨੂੰ ਅਮਲ ਵਿਚ ਲਿਆਉਣ ਹਿੱਤ ਹੋਵੇਗਾ ਪਰੰਤੂ ਉਹ ਇਕੋ ਸੌਦੇ

[ਵਿੱਤ ਮੰਤਰੀ]

ਨਾਲ ਸਬੰਧਤ ਹੋਵੇਗਾ ਜਦੋਂ ਮੁਖ਼ਤਾਰਨਾਮੇ ਦੇ ਦਸਤਾਵੇਜ਼ਾਂ ਦੀ ਰਜਿਸਟਰੇਸ਼ਨ ਤੋਂ ਇਲਾਵਾ, ਇਕ ਜਾਂ ਵਧੇਰੇ ਵਿਅਕਤੀਆਂ ਨੂੰ ਇਕੋ ਸੌਦੇ ਲਈ ਅਧਿਕਾਰ ਦੇ ਕੇ ਅਮਲ ਵਿਚ ਲਿਆਇਆ ਜਾਵੇਗਾ ਤਾਂ ਉਸ ਲਈ 15 ਰੁਪਏ ਤੋਂ 300 ਰੁਪਏ ਫ਼ੀਸ ਹੋਵੇਗੀ। ਜਦੋਂ ਕੋਈ ਮੁਖਤਾਰਨਾਮਾ ਇਕ ਤੋਂ ਵਧੇਰੇ ਸੌਦਿਆਂ ਵਿਚ ਪੰਜ ਵਿਅਕਤੀਆਂ ਨੂੰ ਇਕੱਠਿਆਂ ਕਾਰਵਾਈ ਕਰਨ ਦਾ ਅਧਿਕਾਰ ਦਿੰਦਾ ਹੈ ਤਾਂ ਅਦਾਇਗੀਯੋਗ ਸੋਧੀ ਫ਼ੀਸ 75 ਰੁਪਏ ਤੋਂ 1,500 ਰੁਪਏ ਹੋਵੇਗੀ। ਜੇਕਰ ਪੰਜ ਤੋਂ ਵੱਧ ਪਰੰਤੂ ਦਸ ਤੋਂ ਘੱਟ ਵਿਅੱਕਤੀ ਇਕੱਠੇ ਹੋ ਕੇ ਜਾਂ ਵੱਖ-ਵੱਖ ਤੌਰ ਤੇ ਇਕ ਤੋਂ ਵੱਧ ਸੌਦੇ ਵਿਚ ਮੁਖ਼ਤਾਰਨਾਮਾ ਕਰਦੇ ਹਨ ਤਾਂ ਇਸਦੀ ਮੌਜੂਦਾ ਫ਼ੀਸ ਦੀ ਦਰ 150 ਰੁਪਏ ਤੋਂ ਵਧਾ ਕੇ 3,000 ਰੁਪਏ ਕਰਨ ਦੀ ਤਜਵੀਜ਼ ਹੈ। ਕਿਸੇ ਜ਼ਮੀਨ ਦੇ ਟੁਕੜੇ ਦੇ ਸਬੰਧ ਵਿਚ ਜੇਕਰ ਕਿਸੇ ਪ੍ਰੋਤਸਾਹਕ ਜਾਂ ਵਿਕਾਸਕਾਰ ਜਾਂ ਕਿਸੇ ਉਪਨਿਵੇਸ਼ਕਾਰ ਦੇ ਨਾਂ ਕੋਈ ਮੁਖ਼ਤਾਰਨਾਮਾ ਜਾਰੀ ਕੀਤਾ ਜਾਂਦਾ ਹੈ ਤਾਂ ਉਸ ਸਥਿਤੀ ਵਿਚ ਅਜਿਹੀ ਸੰਪਤੀ ਦੇ ਲਈ ਇੰਤਕਾਲਨਾਮੇ ਲਈ ਕਰ ਅਦਾਇਗੀਯੋਗ ਹੋਵੇਗਾ।

ਟੈਕਸ ਦਰਾਂ ਵਿਚ ਸੋਧ

127. ਸਪੀਕਰ ਸਾਹਿਬ, ਅਸੀਂ ਇਹ ਵੀ ਨੋਟ ਕੀਤਾ ਹੈ ਵੱਖ-ਵੱਖ ਵਪਾਰਕ ਤੇ ਨਿੱਜੀ ਗੱਡੀਆਂ ਲਈ ਸੜਕ ਕਰ ਅਕਤੂਬਰ, 1980 ਵਿਚ ਨਿਸ਼ਚਿਤ ਕੀਤਾ ਗਿਆ ਸੀ। ਮਾਨਯੋਗ ਮੈਂਬਰ ਸਾਹਿਬਾਨ ਮੇਰੇ ਨਾਲ ਸਹਿਮਤ ਹੋਣਗੇ ਕਿ ਇਸ ਕਰ ਵਿਚ ਤੁਰੰਤ ਸੋਧ ਕੀਤੇ ਜਾਣ ਦੀ ਲੋੜ ਹੈ ਜਿਸ ਅਨੁਸਾਰ ਤਜਵੀਜ਼ ਕੀਤੀਆਂ ਨਵੀਆਂ ਦਰਾਂ ਇਉਂ ਹੋਣਗੀਆਂ :—

ਵਪਾਰਕ ਗੱਡੀਆਂ

ਲੜੀ ਨੰ:	ਗੱਡੀ ਦੀ ਕਿਸਮ	ਮੌਜੂਦਾ ਕਰ ਪ੍ਰਤੀ ਸਾਲ	ਨਵਾਂ ਕਰ ਪ੍ਰਤੀ ਸਾਲ
1	2	3	4
1.	ਬੱਸ ..	500/- ਰੁਪਏ ਪ੍ਰਤੀ ਸੀਟ	750/- ਰੁਪਏ ਪ੍ਰਤੀ ਸੀਟ
2.	ਮਿੰਨੀ ਬੱਸ ..	3,000/- ਰੁਪਏ	5000/- ਰੁਪਏ
3.	ਹੈਵੀ ਟਰੱਕ ..	1,210/- ਰੁਪਏ	3000/- ਰੁਪਏ
4.	ਦਰਮਿਆਨਾ ਟਰੱਕ ..	840/- ਰੁਪਏ	2000/- ਰੁਪਏ
5.	ਲਾਈਟ ਗੱਡੀਆਂ ..	660/- ਰੁਪਏ	1500/- ਰੁਪਏ

1	2		3	4
6.	ਮੈਕਸੀ ਕੈਬ	..	39.10 ਰੁਪਏ ਪ੍ਰਤੀ ਸੀਟ	250/- ਰੁਪਏ ਪ੍ਰਤੀ ਸੀਟ
7.	ਟੈਕਸੀ ਕਾਰਾਂ	..	100/- ਰੁਪਏ ਪ੍ਰਤੀ ਸੀਟ	200/- ਰੁਪਏ ਪ੍ਰਤੀ ਸੀਟ
8.	ਤਿੰਨ ਪਹੀਆ ਵਾਹਨ (ਟੈਂਪੂ ਯਾਤਰੀ)	..	100/- ਰੁਪਏ ਪ੍ਰਤੀ ਸੀਟ	150/- ਰੁਪਏ ਪ੍ਰਤੀ ਸੀਟ
9.	ਕਸਟਮ ਭਾੜੇ ਲਈ ਲਏ ਗਏ ਟਰੈਕਟਰ			10,000/- ਰੁਪਏ ਯਕਮੁਸ਼ਤ

ਨਿੱਜੀ ਗੱਡੀਆਂ

128. ਨਿੱਜੀ ਗੱਡੀਆਂ ਜਿਵੇਂ ਕਿ ਮੋਪਡਾਂ, ਮੋਟਰ ਸਾਈਕਲਾਂ, ਸਕੂਟਰਾਂ ਤੇ ਕਾਰਾਂ ਲਈ ਯਕਮੁਸ਼ਤ ਸੜਕ ਕਰ ਉਨ੍ਹਾਂ ਦੀ ਕੀਮਤ ਅਨੁਸਾਰ ਇਕ ਫੀਸਦੀ ਮੁੜ-ਨਿਸ਼ਚਿਤ ਕੀਤਾ ਜਾਣਾ ਹੈ । ਇਹ ਯਕੀਨੀ ਬਣਾਇਆ ਜਾਵੇਗਾ ਕਿ ਅਜਿਹੀਆਂ ਗੱਡੀਆਂ ਖਰੀਦਣ ਲਈ ਖਰਚ ਕੀਤੀ ਗਈ ਰਕਮ ਅਤੇ ਇਹਨਾਂ ਗੱਡੀਆਂ ਲਈ ਅਦਾਇਗੀਯੋਗ ਸੜਕ ਕਰ ਦੀ ਰਕਮ ਦਾ ਆਪਸ ਵਿਚ ਸਬੰਧ ਹੋਵੇ ।

129. ਕਿਉਂ ਜੋ ਸਾਡੇ ਵਲੋਂ ਵਸੀਲੇ ਜੁਟਾਉਣ ਦਾ ਕੰਮ ਅਜੇ ਵੀ ਘੱਟ ਹੈ, ਇਸ ਲਈ ਮੈਂ ਆਪਣੇ ਸਮਾਜ ਦੇ ਖੁਸ਼ਹਾਲ ਵਰਗਾਂ ਦੀ ਵਰਤੋਂ ਵਾਲੀਆਂ ਕੁਝ ਮੱਦਾਂ ਬਾਰੇ ਗੱਲ ਕਰਨਾ ਚਾਹਾਂਗਾ । ਮੇਰੀ ਤਜਵੀਜ਼ ਹੈ ਕਿ ਪੈਟਰੋਲ, ਮੋਬਿਲ ਆਇਲ ਤੇ ਲੁਬਰੀਕੈਂਟਸ, ਕਪੜੇ ਧੋਣ ਵਾਲੀਆਂ ਮਸ਼ੀਨਾਂ, ਵੈਕਿਊਮ ਕਲੀਨਰਾਂ, ਜੈਨਰੇਟਰਾਂ ਤੇ ਟਰਾਂਸਫਾਰਮਰਾਂ ਉਤੇ ਵਿਕਰੀ ਕਰ ਵਧਾ ਕੇ 12 ਫੀਸਦੀ ਕਰ ਦਿੱਤਾ ਜਾਵੇ । ਇਸ ਦੇ ਨਾਲ ਹੀ, ਰਾਹਤ ਮੁਹੱਈਆ ਕਰਨ ਅਤੇ ਚੰਗੇਰਾ ਕਰ ਪ੍ਰਬੰਧ ਦੇਣ ਦੇ ਵਿਚਾਰ ਨਾਲ ਪੇਪਰ ਅਤੇ ਘੱਟ ਤੇਲ ਦੀ ਖਪਤ ਵਾਲੀਆਂ ਲਾਈਟ ਵਪਾਰਕ ਗੱਡੀਆਂ ਉਤੇ ਅਦਾਇਗੀਯੋਗ ਅੰਤਰ-ਰਾਜੀ ਟੈਕਸ ਪੇਪਰ ਦੇ ਸਬੰਧ ਵਿਚ 8 ਫੀਸਦੀ ਤੋਂ ਘਟਾ ਕੇ 2 ਫੀਸਦੀ (ਥੰਪਿੰਗ) ਅਤੇ 3200 ਕਿਊਬਿਕ ਸੈਂਟੀਮੀਟਰ ਤੋਂ 3500 ਕਿਊਬਿਕ ਸੈਂਟੀਮੀਟਰ ਸਮਰੱਥਾ ਦੇ ਇੰਜਣ ਵਾਲੀਆਂ ਲਾਈਟ ਵਪਾਰਕ ਗੱਡੀਆਂ ਜਿਨ੍ਹਾਂ ਨੂੰ ਭਾਰਤ ਸਰਕਾਰ ਨੇ ਤੇਲ ਦੀ ਘੱਟ ਖਪਤ ਕਰਨ ਵਾਲੀਆਂ ਗੱਡੀਆਂ ਦੇ ਤੌਰ ਤੇ ਪ੍ਰਮਾਣਿਤ ਕੀਤਾ ਹੈ ਅਤੇ ਜੋ ਨਿਸ਼ਚਤ ਇੰਜਣ ਸਮਰੱਥਾ ਵਾਲੀਆਂ ਹਨ, ਦੇ ਸਬੰਧ ਵਿਚ 4 ਫੀਸਦੀ ਤੋਂ ਘਟਾ ਕੇ ਅੱਧਾ ਫੀਸਦੀ ਕਰ ਦਿੱਤਾ ਜਾਵੇ । (ਥੰਪਿੰਗ)

130. ਆਸ ਕੀਤੀ ਜਾਂਦੀ ਹੈ ਕਿ ਇਨ੍ਹਾਂ ਸਾਰੇ ਉਪਾਵਾਂ ਨਾਲ ਸਮੁੱਚੇ ਸਾਲ ਅੰਦਰ 240 ਕਰੋੜ ਰੁਪਏ ਦੇ ਵਧੀਕ ਵਸੀਲੇ ਜੁਟਾ ਲਏ ਜਾਣਗੇ । ਅਸੀਂ ਦਿਹਾਤੀ ਨਿਕਾਸੀ ਜ਼ਮੀਨ ਦੀ ਵਿਕਰੀ ਵੀ 40 ਕਰੋੜ ਰੁਪਏ ਪ੍ਰਾਪਤ ਕਰਨ ਦੀ ਆਸ ਕਰ ਰਹੇ ਹਾਂ ਜਿਸ ਅਨੁਸਾਰ ਮੈਨੂੰ ਚਾਲੂ ਮਾਲੀ ਸਾਲ ਵਿਚ 225 ਕਰੋੜ ਰੁਪਏ ਦੇ ਵਸੀਲੇ ਜੁਟਾਉਣ ਦਾ ਟੀਚਾ, ਜੋ ਕਿ ਯੋਜਨਾ ਬੰਦੀ ਕਮਿਸ਼ਨ ਨਾਲ ਸਾਡੇ ਵਿਚਾਰ ਵਟਾਂਦਰੇ ਦੌਰਾਨ ਨਿਸ਼ਚਿਤ ਕੀਤਾ ਗਿਆ ਹੈ, ਪ੍ਰਾਪਤ ਕਰ ਲੈਣ ਦੀ ਸੰਭਾਵਨਾ ਜਾਪਦੀ ਹੈ । ਇਸ ਤਰ੍ਹਾਂ

[ਵਿੱਤ ਮੰਤਰੀ]

468 ਕਰੋੜ ਰੁਪਏ ਦੇ ਵਧੀਕ ਵਸੀਲੇ ਜੁਟਾਉਣ ਦੇ ਕੁੱਲ ਟੀਚੇ ਦੇ ਮੁਕਾਬਲੇ ਰਾਜ ਸਰਕਾਰ ਦੀ ਚਾਲੂ ਮਾਲੀ ਸਾਲ ਵਿਚ ਸਿਰਫ 225 ਕਰੋੜ ਰੁਪਏ ਦੇ ਵਸੀਲੇ ਜੁਟਾਉਣ ਦੀ ਤਜਵੀਜ਼ ਹੈ । ਕਿਉਂ ਜੋ ਅਸੀਂ ਆਪਣੀ ਜਨਤਾ ਉਤੇ ਬਹੁਤਾ ਭਾਰ ਨਹੀਂ ਪਾਉਣਾ ਚਾਹੁੰਦੇ, ਇਹ ਖੱਪਾ ਅਤੇ 352.52 ਕਰੋੜ ਰੁਪਏ ਦਾ ਪਿਛਲੇ ਸਾਲ ਦਾ ਖੱਪਾ ਭਾਰਤ ਸਰਕਾਰ ਦੁਆਰਾ ਵਿਸ਼ੇਸ਼ ਮਿਆਦੀ ਕਰਜ਼ੇ ਅਤੇ ਇਨ੍ਹਾਂ ਉਤਲੇ ਵਿਆਜ ਦੇ ਮਾਫ ਹੋਣ ਕਾਰਣ ਮਿਲਣ ਵਾਲੀ ਰਾਹਤ ਰਾਹੀਂ ਅਤੇ ਰਾਜ ਦੇ ਵਿੱਤ ਦੇ ਚੰਗੇਰੇ ਪ੍ਰਬੰਧਾਂ ਰਾਹੀਂ ਪੂਰਾ ਕਰ ਲਿਆ ਜਾਵੇਗਾ । (ਥੰਪਿੰਗ)

ਸਿੱਟਾ

131. ਸਪੀਕਰ ਸਾਹਿਬ, ਪੰਜਾਬ ਦੀ ਆਰਥਕਤਾ ਨੂੰ ਰਾਹ ਸਿਰ ਲਿਆਉਣ ਲਈ ਇਹ ਸਾਡੇ ਵੱਲੋਂ ਤਿਆਰ ਕੀਤੀ ਗਈ ਰੂਪ-ਰੇਖਾ ਹੈ, ਮੈਨੂੰ ਯਕੀਨ ਹੈ ਕਿ ਸਮੂਹ ਮੈਂਬਰ ਸਾਹਿਬਾਨ ਇਸ ਦੀ ਸ਼ਲਾਘਾ ਕਰਨਗੇ । ਕੀਤੇ ਗਏ ਵਾਅਦੇ ਅਨੁਸਾਰ ਅਸੀਂ ਕਿਸੇ ਨਵੇਂ ਟੈਕਸ ਦਾ ਸੁਝਾਅ ਨਹੀਂ ਦਿੱਤਾ । ਸਗੋਂ ਅਸੀਂ ਰਾਜ ਦੀ ਵਿੱਤੀ ਸਥਿਤੀ ਦੇ ਢਾਂਚੇ ਵਿਚਲੇ ਅਸੰਤੁਲਨ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ । ਪਰ ਆਪਣਾ ਬਜਟ ਭਾਸ਼ਣ ਸਮਾਪਤ ਕਰਨ ਤੋਂ ਪਹਿਲਾਂ ਮੈਂ ਇਹ ਜ਼ਰੂਰ ਕਹਾਂਗਾ ਕਿ ਪਿਛੇ ਜਿਹੇ ਬੀਤੇ ਸਮੇਂ ਵਿਚ ਰਾਜ ਦਾ ਸਮਾਜਕ ਤਾਣਾ-ਬਾਣਾ ਬਹੁਤ ਬੁਰੀ ਤਰ੍ਹਾਂ ਉਲਝਿਆ ਹੈ ਅਤੇ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਅਸੀਂ ਇਸ ਨੂੰ ਸੁਲਝਾਉਣ ਲਈ ਠੋਸ ਕਦਮ ਚੁਕੀਏ । ਇਸ ਅਨੁਸਾਰ ਰਾਜ ਦੀ ਲੋੜਵੰਦ ਜਨਤਾ ਦੀ ਭਲਾਈ ਲਈ ਸਰਕਾਰ ਦੀ 50 ਕਰੋੜ ਰੁਪਏ ਦੀ ਰਕਮ ਨਾਲ ਵਿੱਤ ਵਿਭਾਗ ਵਿਚ 'ਸਮਾਜਕ ਪੁਨਰ-ਸਥਾਪਨਾ ਫੰਡ' ਸਥਾਪਤ ਕਰਨ ਦੀ ਤਜਵੀਜ਼ ਹੈ । ਇਸ ਫੰਡ ਤੋਂ ਮਿਲਣ ਵਾਲਾ ਵਿਆਜ ਇਸ ਵਿਸ਼ੇਸ਼ ਮੰਤਵ ਲਈ ਵਰਤਿਆ ਜਾਵੇਗਾ । ਸਭ ਤੋਂ ਪਹਿਲਾਂ ਇਹ ਫੰਡ, ਬੀਤੇ ਸਮੇਂ ਵਿਚ ਰਾਜ ਅੰਦਰ ਹਿੰਸਾ ਨਾਲ ਪ੍ਰਭਾਵਤ ਹੋਏ ਲੋਕਾਂ ਤੇ ਪਏ ਅਸਰ ਨੂੰ ਘੱਟ ਕਰਨ ਲਈ ਵਰਤਿਆ ਜਾਵੇਗਾ ਅਤੇ ਅਜਿਹੇ ਰਾਹਤ ਉਪਾਵਾਂ, ਜੋ ਮੌਜੂਦਾ ਸਕੀਮਾਂ ਵਿਚ ਸ਼ਾਮਲ ਨਹੀਂ ਹਨ, ਲਈ ਵਿਸ਼ੇਸ਼ ਤੌਰ ਤੇ ਵਰਤਿਆ ਜਾਵੇਗਾ । ਇਸ ਫੰਡ ਦੇ ਸਬੰਧ ਵਿਚ ਵਿਸਤਰਿਤ ਅਗਵਾਈ ਲੀਹਾਂ ਨੂੰ ਛੇਤੀ ਹੀ ਅੰਤਿਮ ਰੂਪ ਦੇ ਦਿੱਤਾ ਜਾਵੇਗਾ ਤੇ ਅਧਿਸੂਚਿਤ ਕਰ ਦਿੱਤਾ ਜਾਵੇਗਾ ।

132. ਸਪੀਕਰ ਸਾਹਿਬ, ਅਖੀਰ ਵਿਚ ਮੈਂ ਆਪਣੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ, ਮੰਤਰੀ ਮੰਡਲ ਦੇ ਆਪਣੇ ਸਾਥੀਆਂ ਅਤੇ ਇਸ ਮਹਾਨ ਸਦਨ ਦੇ ਸਮੂਹ ਮੈਂਬਰ ਸਾਹਿਬਾਨ ਦਾ ਆਪਣੇ ਪ੍ਰਤੀ ਪਿਆਰ ਤੇ ਸਨੇਹ ਵਿਖਾਉਣ ਲਈ ਅਤੇ ਇਸ ਬਜਟ ਦੇ ਕੰਮ ਨੂੰ ਮੁਕੰਮਲ ਕਰਨ ਦੇ ਸਬੰਧ ਵਿਚ ਉਹਨਾਂ ਵੱਲੋਂ ਦਿੱਤੀ ਗਈ ਸਹਾਇਤਾ ਲਈ ਤਹਿ ਦਿਲੋਂ ਧੰਨਵਾਦ ਕਰਦਾ ਹਾਂ । (ਥੰਪਿੰਗ) ਪੰਜਾਬ ਨੂੰ ਖੁਸ਼ਹਾਲ ਆਦਰਸ਼ ਰਾਜ ਬਣਾਉਣ ਲਈ ਰਾਜ ਦੇ ਵਿੱਤਾਂ ਵਿਚ ਸੁਧਾਰ ਲਿਆਉਣਾ ਜ਼ਰੂਰੀ ਹੈ । ਇਹ ਨਾ ਤਾਂ ਕੇਵਲ ਸਰਕਾਰ ਦੀ ਹੀ ਸਮੱਸਿਆ ਹੈ ਅਤੇ ਨਾ ਹੀ ਕੇਵਲ ਸਰਕਾਰ ਦੁਆਰਾ

ਨਜਿੱਠੀ ਜਾ ਸਕਦੀ ਹੈ । ਸਾਨੂੰ ਸਾਰਿਆਂ ਨੂੰ ਇਸ ਦਿਸ਼ਾ ਵੱਲ ਭਰਪੂਰ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ । ਮੈਂ ਸਮਾਜ ਦੇ ਸਾਰੇ ਵਰਗਾਂ ਨੂੰ ਇਸ ਕੰਮ ਵਿਚ ਮੇਰੀ ਸਹਾਇਤਾ ਕਰਨ ਲਈ ਬੇਨਤੀ ਕਰਦਾ ਹਾਂ ।

ਸਪੀਕਰ ਸਾਹਿਬ, ਇਹਨਾਂ ਸ਼ਬਦਾਂ ਨਾਲ, ਮੈਂ ਇਸ ਮਹਾਨ ਸਦਨ ਦੇ ਸਾਹਮਣੇ ਪੰਜਾਬ ਲਈ ਸਾਲ 1997-98 ਦਾ ਬਜਟ ਪੇਸ਼ ਕਰਨ ਦੀ ਖੁਸ਼ੀ ਲੈਂਦਾ ਹਾਂ । (ਥੰਪਿੰਗ)

ਧੰਨਵਾਦ ।

ਸ੍ਰੀ ਸਪੀਕਰ: ਸਦਨ ਵੀਰਵਾਰ, 12 ਜੂਨ, 1997 ਨੂੰ 9-00 ਵਜੇ ਸਵੇਰੇ ਤੱਕ ਸਥੱਗਿਤ ਕੀਤਾ ਜਾਂਦਾ ਹੈ ।

*11.40 ਪੂ ਰਵ ਦੁਪਹਿਰ	(*ਇਸ ਸਮੇਂ ਸਦਨ ਵੀਰਵਾਰ ਮਿਤੀ 12 ਜੂਨ, 1997 ਦੇ 9-00 ਵਜੇ ਸਵੇਰੇ ਤੱਕ ਸਥਗਿਤ ਹੋ ਗਿਆ ।)

201—20-8-97—305—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।
51X66/10.1kg. ਆਫਸੈਟ ਪੇਪਰ

Published under the authority of the Punjab Vidhan Sabha and printed by the Controller, Printing & Stationery, Punjab at the Govt. Press, Patiala.

PUNJAB VIDHAN SABHA

DEBATES

12th June, 1997

Vol. II —No. 3

OFFICIAL REPORT

CONTENTS

Thursday, the 12th June, 1997

Punjab Vidhan Sabha Secretariat, Chandigarh.

Price: Rs.....

PAGE

—0—

PUNJAB VIDHAN SABHA

Thursday, the 12th June, 1997

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 9.00 A.M. Mr. Speaker (Sardar Charnjit Singh Atwal) in the Chair.

STARRED QUESTIONS AND ANSWERS

ਲੁਧਿਆਣਾ ਵਿਚ ਸ਼ਹੀਦ ਭਗਤ ਸਿਘ ਸਕੀਮ ਹੇਠ ਪਲਾਟਾਂ ਦੀ ਅਲਾਟਮੈਂਟ

*439. **ਸ੍ਰੀ ਰਾਕੇਸ਼ ਕੁਮਾਰ ਪਾਂਡੇ** : ਕੀ ਸਥਾਨਕ ਸਰਕਾਰ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਇੰਪਰੂਵਮੈਂਟ ਟਰੱਸਟ, ਲੁਧਿਆਣਾ ਨੇ ਅਕਤੂਬਰ, 1982 ਦੇ ਹਰ ਇਕ ਪ੍ਰਾਰਥੀ ਨੂੰ 125 ਵਰਗ ਗਜ਼ ਦੇ ਪਲਾਟਾਂ ਦੀ ਅਲਾਟਮੈਂਟ ਕਰਨ ਲਈ ਸ਼ਹੀਦ ਭਗਤ ਸਿੰਘ ਦੇ ਨਾਂ ਦੀ ਸਕੀਮ ਅਧੀਨ ਇਕ 475 ਏਕੜ ਦੀ ਆਵਾਸ ਸਕੀਮ ਬਣਾਈ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ; ਤਾਂ ਅਜਿਹੇ ਪ੍ਰਾਰਥੀਆਂ ਦਾ ਵੇਰਵਾ ਕੀ ਹੈ ਜੋ ਪਲਾਟਾਂ ਦੀ ਅਲਾਟਮੈਂਟ ਲਈ ਯੋਗ ਹਨ ਅਤੇ ਉਨ੍ਹਾਂ ਦੇ ਨਾਂ, ਉਨ੍ਹਾਂ ਦੀਆਂ ਅਰਜ਼ੀਆਂ ਦਾ ਰਜਿਸਟ੍ਰੇਸ਼ਨ ਨੰਬਰ ਅਤੇ ਮਿਤੀ ਕੀ ਹੈ ਅਤੇ ਇਸ ਸਕੀਮ ਅਧੀਨ ਪ੍ਰਾਰਥੀਆਂ ਨੂੰ ਪਲਾਟਾਂ ਦੀ ਅਲਾਟਮੈਂਟ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਬਲਰਾਮਜੀ ਦਾਸ ਟੰਡਨ: (ੳ) ਹਾਂ ਜੀ। ਨਗਰ ਸੁਧਾਰ ਟਰੱਸਟ, ਲੁਧਿਆਣਾ ਨੇ ਸ਼ਹੀਦ ਭਗਤ ਸਿੰਘ ਨਗਰ ਸਕੀਮ ਦੇ ਨਾਂ ਹੇਠ 475 ਏਕੜ ਹਾਊਸਿੰਗ ਸਕੀਮ ਬਣਾਈ ਹੈ, ਜਿਸ ਵਿਚ 125 ਵਰਗ ਗਜ਼ ਦੇ ਪਲਾਟਾਂ ਸਮੇਤ ਕਈ ਰਕਬਿਆਂ ਦੇ ਪਲਾਟ ਕੱਢੇ। 125 ਵਰਗ ਗਜ਼ ਦੇ ਪਲਾਂਟ ਅਲਾਟ ਕਰਨ ਲਈ 1982 ਵਿਚ ਅਰਜ਼ੀਆਂ ਲਈਆਂ ਗਈਆਂ ਸਨ।

(ਅ) *ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਅਤੇ ਲਾਟਰੀ 31 ਦਸੰਬਰ, 1997 ਤੱਕ ਕੱਢਣ ਦੀ ਉਮੀਦ ਹੈ।

ਸ੍ਰੀ ਰਾਕੇਸ਼ ਕੁਮਾਰ ਪਾਂਡੇ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ 1982 ਦੀਆਂ ਐਪਲੀਕੇਸ਼ਨਜ਼ ਗਈਆਂ ਹੋਈਆਂ ਹਨ ਔਰ ਹੁਣ ਇਨ੍ਹਾਂ ਨੇ ਜਵਾਬ ਵਿੱਚ ਕਿਹਾ ਹੈ ਕਿ 31 ਦਸੰਬਰ, 1997 ਤੱਕ ਡਰਾਅ ਕੱਢਣ ਦੀ

*Placed in the Library.

[ਸ਼੍ਰੀ ਰਾਕੇਸ਼ ਕੁਮਾਰ ਪਾਂਡੇ]

ਕੋਸ਼ਿਸ਼ ਕਰਾਂਗੇ । ਇਕ ਤਾਂ ਮੈਂ ਇਸ ਦੇਰੀ ਦੀ ਵਜ੍ਹਾ ਜਾਣਨਾ ਚਾਹੁੰਦਾ ਹਾਂ । ਦੂਸਰਾ ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਅਲਾਟਮੈਂਟ ਕਰਨ ਵੇਲੇ ਰੇਟਸ ਦੇ ਵਿਚ ਕਿਸੇ ਕਿਸਮ ਦੀ ਐਨਹਾਂਸਮੈਂਟ ਤਾਂ ਨਹੀਂ ਕੀਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਇਸ ਸਬੰਧ ਦੇ ਵਿੱਚ ਮੈਂ ਆਪਣੇ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਦੇ ਬਾਰੇ ਪਹਿਲਾਂ ਕੇਸ ਜੁਡੀਸ਼ੀਅਲ ਕੋਰਟ ਵਿਚ ਸੀ, ਫਿਰ ਹਾਈਕੋਰਟ ਵਿਚ ਸੀ ਅਤੇ ਫਿਰ ਸੁਪਰੀਮ ਕੋਰਟ ਵਿੱਚ ਲੱਗਿਆ ਅਤੇ ਜਗ੍ਹਾ ਜਗ੍ਹਾ ਤੋਂ ਸਟੇਅ ਆਰਡਰ ਮਿਲ ਗਏ ਸੀ । ਇਹ ਸਟੇਅ ਆਰਡਰ ਦਸੰਬਰ, 1996 ਨੂੰ ਖਤਮ ਹੋ ਗਏ । ਉਸ ਤੋਂ ਬਾਅਦ ਉਨ੍ਹਾਂ ਨੇ ਜਿਹੜੇ ਉਥੋਂ ਦੇ ਜ਼ਮੀਨ ਵਾਲੇ ਸਨ, ਉਨ੍ਹਾਂ ਨੇ ਮੁੜ ਕੇ ਇਹ ਅਪਲਾਈ ਕਰ ਦਿੱਤਾ ਕਿ ਜ਼ਮੀਨ ਦੀ ਐਲੋਕੇਸ਼ਨ ਪਰਾਪਰ ਕੀਤੀ ਜਾਏ ਕਿਉਂਕਿ ਇਸ ਦੇ ਬਾਰੇ ਝਗੜਾ ਹੈ ਕਿ ਕਿਹੜੀ ਜ਼ਮੀਨ 475 ਏਕੜ ਵਿਚ ਆਉਂਦੀ ਹੈ ਅਤੇ ਕਿਹੜੀ ਨਹੀਂ । ਤਕਰੀਬਨ ਮਾਰਚ-ਅਪ੍ਰੈਲ ਦੇ ਵਿਚ ਇਹ ਮਾਮਲਾ ਵੀ ਸਾਫ ਹੋਇਆ ਹੈ ਤੇ ਹੁਣ ਉਸ ਜ਼ਮੀਨ ਦੇ ਬਾਰੇ ਵਿਚ ਪਲਾਟ ਕੱਟਕੇ 125 ਵਰਗ ਦੇ ਵੱਖਰੇ ਅਤੇ ਦੂਸਰੇ ਗਜ਼ਾਂ ਦੇ ਵੱਖਰੇ, ਇਸ ਢੰਗ ਨਾਲ ਕਰਕੇ ਇਸ ਸਕੀਮ ਨੂੰ ਸਿਰੇ ਚੜ੍ਹਾਉਣ ਵਾਸਤੇ ਉਪਰਾਲੇ ਕੀਤੇ ਜਾ ਰਹੇ ਹਨ ।

ਸ਼੍ਰੀ ਰਾਕੇਸ਼ ਕੁਮਾਰ ਪਾਂਡੇ : ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਕੀ ਅਲਾਟਮੈਂਟ ਵੇਲੇ ਰੇਟ ਤਾਂ ਨਹੀਂ ਵਧਾਏ ਜਾਣਗੇ ? ਜਦੋਂ ਅਲਾਟਮੈਂਟ ਕਰਨੀ ਹੈ, ਤਾਂ ਉਸ ਮੌਕੇ ਲੋਕਾਂ ਤੋਂ ਹੋਰ ਪੈਸੇ ਤਾਂ ਨਹੀਂ ਲਏ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਅਗਰ ਇਹ ਕੁਐਸਚਨ ਵਿਚ ਪੁੱਛਦੇ ਤਾਂ ਮੈਂ ਇਸ ਦਾ ਜਵਾਬ ਦੇ ਦਿੰਦਾ । ਹੁਣ ਇਹ ਨੋਟਿਸ ਦੇ ਦੇਣ, ਮੈਂ ਇਸ ਦਾ ਜ਼ਰੂਰ ਜਵਾਬ ਦੇ ਦੇਵਾਂਗਾ ।

———

ਅੰਮ੍ਰਿਤਸਰ ਕੇਂਦਰੀ ਸਹਿਕਾਰੀ ਬੈਂਕ ਦੀ ਦੁਵੰਡ

*449. **ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਅੰਮ੍ਰਿਤਸਰ ਕੇਂਦਰੀ ਸਹਿਕਾਰੀ ਬੈਂਕ ਕਦੇ ਦੁਵੰਡ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਦਫਤਰ ਕਿਥੇ ਕਿਥੇ ਸਥਿਤ ਹਨ;

(ਅ) ਕੀ ਉਕਤ ਦੁਵੰਡ ਹੋਏ ਬੈਂਕ ਦੇ ਦਫਤਰ ਇਕੋ ਮੈਨੇਜਿੰਗ ਬੋਰਡ ਦੁਆਰਾ ਚਲਾਏ ਜਾ ਰਹੇ ਹਨ ਜਾਂ ਫਿਰ ਹਰ ਇਕ ਦਫਤਰ ਦਾ ਮੈਨੇਜਿੰਗ ਬੋਰਡ ਵੱਖਰਾ ਵੱਖਰਾ ਹੈ ;

(ੲ) ਉਕਤ ਬੈਂਕ ਦੇ ਮੈਨੇਜਿੰਗ ਬੋਰਡ ਦੇ ਮੈਂਬਰਾਂ ਨੂੰ ਚੁਣਨ ਲਈ ਸਰਕਾਰ ਦੁਆਰਾ ਕੀ ਕਸੌਟੀ ਅਪਣਾਈ ਗਈ ਹੈ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ (ੳ ਤੋਂ ੲ) ਅਨੁਲੱਗ ਅਨੁਸਾਰ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ ।

ਅਨੁਲੱਗ

(ੳ) ਜੀ ਹਾਂ, ਅੰਮ੍ਰਿਤਸਰ ਕੇਂਦਰੀ ਸਹਿਕਾਰੀ ਬੈਂਕ ਲਿਮ ਅੰਮ੍ਰਿਤਸਰ ਮਿਤੀ 30 ਅਪ੍ਰੈਲ, 1997 ਨੂੰ ਦੋ ਬੈਂਕਾਂ ਵਿਚ ਵੰਡਿਆ ਗਿਆ ਸੀ । ਇਸ ਵੰਡ ਦੇ ਨਤੀਜੇ ਵਜੋਂ ਹੇਠ ਲਿਖੇ ਦੋ ਬੈਂਕ ਹੋਂਦ ਵਿਚ ਆਏ

(1) ਦੀ ਅੰਮ੍ਰਿਤਸਰ ਕੇਂਦਰੀ ਸਹਿਕਾਰੀ ਬੈਂਕ ਲਿਮ: ਅੰਮ੍ਰਿਤਸਰ ਸਦਰ ਮੁਕਾਮ, ਅੰਮ੍ਰਿਤਸਰ ।

(2) ਦੀ ਤਰਨ ਤਾਰਨ ਕੇਂਦਰੀ ਸਹਿਕਾਰੀ ਬੈਂਕ ਲਿਮ. ਤਰਨਤਾਰਨ ਸਦਰ ਮੁਕਾਮ, ਤਰਨਤਾਰਨ ।

(ਅ) ਜੀ ਨਹੀਂ । ਉਪਰੋਕਤ ਵਰਣਨ ਕੀਤੇ ਦੋਵੇਂ ਬੈਂਕਾਂ ਦੇ ਆਪੋ-ਆਪਣੇ ਵੱਖਰੇ ਪ੍ਰਬੰਧਕੀ ਬੋਰਡ ਹਨ ।

(ੲ) ਬੈਂਕਾਂ ਦੇ ਪ੍ਰਬੰਧਕੀ ਬੋਰਡਾਂ ਦੇ ਮੈਂਬਰ ਸਹਿਕਾਰਤਾ ਵਿਭਾਗ ਦੇ ਸਬੰਧਤ ਖੇਤਰੀ ਅਧਿਕਾਰੀਆਂ ਦੀ ਸਿਫਾਰਸ਼ ਅਤੇ ਸਬੰਧਤ ਬੈਂਕਾਂ ਨਾਲ ਲਗੀਆਂ ਹੋਈਆਂ ਮੈਂਬਰ ਸਭਾਵਾਂ ਦੇ ਮੈਂਬਰਾਂ ਵਿਚੋਂ ਯੋਗਤਾ ਅਨੁਸਾਰ ਚੁਣੇ ਗਏ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ. ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਬੋਰਡ ਆਫ ਡਾਇਰੈਕਟਰ ਬਣਾਇਆ ਗਿਆ ਹੈ, ਉਸ ਵਾਸਤੇ ਕੀ ਕਰਾਈਟੇਰੀਆ ਅਪਣਾਇਆ ਗਿਆ ਹੈ, ਉਸ ਦੇ ਕਿੰਨੇ ਮੈਂਬਰ ਬਣਾਏ ਗਏ ਹਨ ਅਤੇ ਉਨ੍ਹਾਂ ਦੇ ਨਾਮ ਕੀ ਹਨ ?

ਮੰਤਰੀ: ਸਪੀਕਰ ਸਾਹਿਬ, ਇਹ ਜਿਹੜੀ ਇੱਕ ਬੈਂਕ ਤੋਂ ਦੋ ਬੈਂਕਾਂ ਬਣਾਈਆਂ ਗਈਆਂ ਹਨ, ਅੱਜ ਤੋਂ ਤਕਰੀਬਨ 20 ਸਾਲ ਪਹਿਲਾ ਇਹ ਦੋ ਬੈਂਕਾਂ ਸਨ । ਇਸ ਵਿੱਚ ਸੱਤ ਸਬ-ਡਿਵੀਜ਼ਨਾਂ ਫਾਲ ਕਰਦੀਆਂ ਹਨ । ਲੋਕਾਂ ਦੇ ਭਲੇ ਵਾਸਤੇ ਲੋਕਾਂ ਦੀ ਬਿਹਤਰੀ ਵਾਸਤੇ ਕਿਉਂਕਿ ਲੋਕਾਂ ਨੂੰ ਤਕਲੀਫ ਸੀ, ਇਸ ਲਈ ਇਹ ਦੋ ਬੈਂਕਾਂ ਫਿਰ ਬਣਾ ਦਿੱਤੀਆਂ ਗਈਆਂ ਹਨ । ਹਰ ਬੈਂਕ ਦੇ ਵਿਚ 9-9 ਮੈਂਬਰ ਬਣਾਏ ਗਏ ਹਨ ਜਿਸ ਵਿੱਚ ਇੱਕ ਚੇਅਰਮੈਨ, ਵਾਈਸ ਚੇਅਰਮੈਨ, ਮੈਨੇਜਿੰਗ ਡਾਇਰੈਕਟਰ ਅਤੇ 6 ਬੋਰਡ ਆਫ ਡਾਇਰੈਕਟਰ ਦੇ ਮੈਂਬਰ ਹਨ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਿਆ ਸੀ ਕਿ ਉਨ੍ਹਾਂ ਦੇ ਨਾਮ ਦੱਸੇ ਜਾਣ । ਨਾਲ ਹੀ ਉਸ ਵਿੱਚ ਇਹ ਵੀ ਦੱਸਿਆ ਜਾਵੇ

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਜਿਹੜੇ ਬੋਰਡ ਆਫ ਡਾਇਰੈਕਟਰ ਦੇ ਮੈਂਬਰ ਬਣਾਏ ਗਏ ਹਨ, ਉਨ੍ਹਾਂ ਵਿੱਚ ਮੰਤਰੀ ਜੀ ਦਾ ਕੋਈ ਬਲੱਡ ਰਿਲੇਸ਼ਨ ਤਾਂ ਨਹੀਂ ?

ਸ੍ਰੀ ਸਪੀਕਰ : ਇਹ ਤਾਂ ਗੱਲ ਨਹੀਂ ਬਣੀ।

ਮੰਤਰੀ. ਮੈਂ, ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਸੈਂਟਰਲ ਕੋਆਪਰੇਟਿਵ ਬੈਂਕ ਦਾ ਚੇਅਰਮੈਨ ਜੋ ਹੈ ਉਸਦਾ ਨਾਮ ਸਰਦਾਰ ਗੋਪਾਲ ਸਿੰਘ ਜਾਣੀਆ ਹੈ ਅਤੇ ਵਾਈਸ ਚੇਅਰਮੈਨ ਦਾ ਨਾਮ ਪਰਮਜੀਤ ਸਿੰਘ ਹੈ। ਮੈਨੇਜਿੰਗ ਡਾਇਰੈਕਟਰ ਸੁਰਿੰਦਰਪਾਲ ਸਿੰਘ ਛੀਨਾ ਹੈ ਅਤੇ ਤੇਗ਼ਇਕਬਾਲ ਸਿੰਘ, ਅਮਰ ਸਿੰਘ, ਗੁਰਿੰਦਰਪਾਲ ਸਿੰਘ, ਅਜੈਬ ਸਿੰਘ, ਮਿਲਾਪ ਸਿੰਘ ਅਤੇ ਸਰਦਾਰ ਮਨਮੋਹਨ ਸਿੰਘ ਬੋਰਡ ਆਫ ਡਾਇਰੈਕਟਰ ਦੇ ਮੈਂਬਰ ਹਨ। ਇਨ੍ਹਾਂ ਨਾਲ ਮੇਰਾ ਦੂਰ ਦਾ ਵੀ ਰਿਸ਼ਤਾ ਨਹੀਂ ਹੈ। ਇਸੇ ਤਰ੍ਹਾਂ ਤਰਨਤਾਰਨ ਕੇਂਦਰੀ ਸਹਿਕਾਰੀ ਬੈਂਕ ਦੇ ਵਿੱਚ ਸਰਦਾਰ ਗੁਰਬਚਨ ਸਿੰਘ ਚੇਅਰਮੈਨ, ਸ੍ਰੀ ਬਲਵੀਰ ਸਿੰਘ ਪੰਨੂੰ, ਐਮ. ਡੀ., ਕਰਨੈਲ ਸਿੰਘ ਪੁੱਤਰ ਸ੍ਰੀ ਸੁਦਾਗਰ ਸਿੰਘ, ਪੁੱਤਰ ਸ੍ਰੀ ਲਛਮਣ ਸਿੰਘ, ਸਰਦਾਰ ਜਸਵੰਤ ਸਿੰਘ ਪੁੱਤਰ ਸਾਧੂ ਸਿੰਘ, ਸ੍ਰੀ ਦਵਿੰਦਰਜੀਤ ਸਿੰਘ ਪੁੱਤਰ, ਸ੍ਰੀ ਅਰੂੜ ਸਿੰਘ ਸ੍ਰੀ ਗੁਰਿੰਦਰ ਸਿੰਘ ਪੁੱਤਰ ਸ੍ਰੀ ਨਰਜੰਣ ਸਿੰਘ, ਮਾਸਟਰ ਨਰਿੰਦਰ ਸਿੰਘ ਪੁੱਤਰ ਸ੍ਰੀ ਤੇਜਾ ਸਿੰਘ ਅਤੇ ਸ੍ਰੀ ਰਣਜੀਤ ਸਿੰਘ ਪੁੱਤਰ ਸ੍ਰੀ ਗੁਰਨਾਮ ਸਿੰਘ ਚੋਟੀਆਂ ਇਹ ਮੈਂਬਰ ਹਨ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਸਪੀਕਰ ਸਾਹਿਬ, ਜਿਹੜਾ ਜਸਵੰਤ ਸਿੰਘ ਪੁੱਤਰ ਸਾਧੂ ਸਿੰਘ ਹੈ, ਉਹ ਇਨ੍ਹਾਂ ਦਾ ਸਕਾ ਭਣੇਈਆ ਹੈ। ਜਿਹੜਾ ਤਰਨਤਾਰਨ ਕੇਂਦਰੀ ਸਹਿਕਾਰੀ ਬੈਂਕ ਵਿਚ ਸ੍ਰੀ ਬਲਵੀਰ ਸਿੰਘ ਐਮ. ਡੀ. ਹੈ ਉਹ ਵੀ ਇਨ੍ਹਾਂ ਦਾ ਰਿਸ਼ਤੇਦਾਰ ਹੈ ਅਤੇ ਉਸ ਨਾਲ ਇਨ੍ਹਾਂ ਦਾ ਬਲੱਡ ਰਿਲੇਸ਼ਨ ਹੈ। ਉਸਦਾ ਲੜਕਾ ਇਨ੍ਹਾਂ ਦੀ ਭਣੇਵੀਂ ਦਾ ਨਨਾਣਵਈਆ ਹੈ। ਸਪੀਕਰ ਸਾਹਿਬ, ਇਨ੍ਹਾਂ ਬੈਂਕਾਂ ਦੇ ਵਿੱਚ ਕਈ ਅਫਸਰ, ਜਿਨ੍ਹਾਂ ਦਾ ਇਨ੍ਹਾਂ ਨਾਲ ਬਲੱਡ ਰਿਲੇਸ਼ਨ ਹੈ, ਨੂੰ ਲਗਾਇਆ ਗਿਆ ਹੈ ਅਤੇ ਹੋਰ ਕਿਸੇ ਨੂੰ ਨੁਮਾਇੰਦਗੀ ਦਿਤੀ ਹੀ ਨਹੀਂ ਗਈ।

ਮੰਤਰੀ :ਸਪੀਕਰ ਸਾਹਿਬ, ਇਹ ਜੋ ਗੱਲ ਕਰ ਰਹੇ ਹਨ ਉਸ ਬਾਰੇ ਮੈਂ ਦੱਸ ਦਿੰਦਾ ਹਾਂ ਕਿ ਇਨ੍ਹਾਂ ਨੂੰ ਰਜਿਸਟਰਾਰ, ਕੋਆਪਰੇਟਿਵ ਸੁਸਾਇਟੀਜ਼ ਵਲੋਂ ਜੋ ਪੂਰੀ ਤਰ੍ਹਾਂ ਡਿਜ਼ਰਵ ਕਰਦਾ ਸੀ, ਉਸਨੂੰ ਉਨ੍ਹਾਂ ਦੀਆਂ ਰਿਕੂਮੈਂਡੇਸ਼ਨਜ਼ ਤੇ ਬਾਕਾਇਦਾ ਕਾਇਦੇ ਕਾਨੂੰਨ ਮੁਤਾਬਿਕ ਸਭ ਨੂੰ ਲਗਾਇਆ ਗਿਆ ਹੈ। ਜੇ ਕਿਤੇ ਕੋਈ ਗਲਤੀ ਨਾਲ ਮੇਰਾ ਰਿਸ਼ਤੇਦਾਰ ਬਣ ਗਿਆ ਤਾਂ ਉਹ ਡਿਜ਼ਰਵ ਕਰਦਾ ਹੋਵੇਗਾ। ਇਸ ਵਿਚ ਏਡੀ ਕਿਹੜੀ ਕੋਈ ਵੱਡੀ ਗੱਲ ਹੈ।

ਸ੍ਰੀ ਜਗਦੀਸ਼ ਸਾਹਨੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਕਰਾਈਟੇਰੀਆ ਅੰਮ੍ਰਿਤਸਰ ਦੇ ਸੈਂਟਰਲ ਕੋਆਪਰੇਟਿਵ ਬੈਂਕ ਲਈ ਬਣਾਇਆ ਗਿਆ ਹੈ, ਕੀ ਗੁਰਦਾਸਪੁਰ ਦੇ ਸੈਂਟਰਲ ਕੋਆਪਰੇਟਿਵ ਬੈਂਕ ਲਈ ਵੀ ਉਹੀ ਕਰਾਈਟੇਰੀਆ ਲਾਗੂ ਹੋਵੇਗਾ ਜਾਂ ਨਹੀਂ ਹੋਵੇਗਾ ਅਤੇ ਉਸਨੂੰ ਹੁਣ ਤੱਕ ਕਿਉਂ ਲਾਗੂ ਨਹੀਂ ਕੀਤਾ ਗਿਆ ?

ਮੰਤਰੀ: ਇਹ ਤਾਂ ਕਾਇਦੇ-ਕਾਨੂੰਨ ਦੀ ਗੱਲ ਹੈ। ਇਹ ਇਕੱਲੇ ਅੰਮ੍ਰਿਤਸਰ ਤਰਨਤਾਰਨ ਵਾਸਤੇ ਹੀ ਨਹੀਂ ਬਲਕਿ ਸਾਰੇ ਪੰਜਾਬ ਦੇ ਵਿਚ ਜਿਥੇ ਵੀ ਇਹ ਗੱਲ ਲਾਗੂ ਕਰਨੀ ਪਈ, ਕੀਤੀ ਜਾਵੇਗੀ।

ਕਾਮਰੇਡ ਹਰਦੇਵ ਅਰਸ਼ੀ. ਸਪੀਕਰ ਸਾਹਿਬ, ਤੁਹਾਡੇ ਥਰੂ ਮੈਂ ਥੋੜ੍ਹੀ ਜਿਹੀ ਜਾਣਕਾਰੀ ਲੈਣੀ ਚਾਹੁੰਦਾ ਹਾਂ ਕਿ ਜਿਹੜਾ ਸੁਰਿੰਦਰਪਾਲ ਸਿੰਘ, ਉਰਫ ਤੋਤਾ, ਐਮ. ਡੀ. ਵੱਜੋਂ ਦੱਸਿਆ ਹੈ, ਕੀ ਇਹ ਉਹੀ ਸੁਰਿੰਦਰਪਾਲ ਸਿੰਘ ਉਰਫ ਤੋਤਾ ਤਾਂ ਨਹੀਂ ਜੋ ਇਕ ਨੌਨ-ਟੈਰੋਰਿਸਟ ਹੈ ਅਤੇ ਜਿਸ ਦੇ ਖਿਲਾਫ ਟੈਰੋਰਿਸਟਸ ਨਾਲ ਸਬੰਧਤ ਕੇਸ ਚਲਦੇ ਹਨ ?

ਮੰਤਰੀ. ਉਸਦੇ ਖਿਲਾਫ ਕੋਈ ਕੋਰਟ ਵਿਚ ਕੇਸ ਨਹੀਂ ਚਲਦਾ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 416

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਇਸ ਵੇਲੇ ਪੇਸ਼ ਨਹੀਂ ਹੋਇਆ ਪਰ ਬਾਅਦ ਵਿਚ ਮੈਂਬਰ ਸਾਹਿਬ ਦੇ ਸਦਨ ਵਿੱਚ ਆਉਣ ਤੇ ਉਨ੍ਹਾਂ ਵਲੋਂ ਪੇਸ਼ ਕੀਤਾ ਗਿਆ।)

ਅਨੁਸੂਚਿਤ ਜਾਤੀ ਦੀਆਂ ਲੜਕੀਆਂ ਦੀ ਸ਼ਾਦੀ ਤੇ ਸ਼ਗਨ ਦੇਣ ਲਈ ਕਸੌਟੀ

*441. **ਸਰਦਾਰ ਅਮਰਜੀਤ ਸਿੰਘ ਸਮਰਾ:** ਕੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੜਕੀਆਂ ਦੀ ਸ਼ਾਦੀ ਤੇ ਦਿਹਾਤੀ ਇਲਾਕਿਆਂ ਵਿਚ 'ਸ਼ਗਨ ਸਕੀਮ' ਅਧੀਨ 5,100 ਰੁਪਏ ਦੀ ਰਕਮ ਦੇਣ ਲਈ ਸਰਕਾਰ ਦੁਆਰਾ ਕੀ ਕਸੌਟੀ ਅਪਨਾਈ ਜਾ ਰਹੀ ਹੈ; ਅਤੇ ਸਾਲ 1996-97 ਅਤੇ 1997-98 ਤੋਂ ਮਿਤੀ-ਅੰਤ ਤੱਕ ਦੇ ਦੌਰਾਨ ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਚ 'ਸ਼ਗਨ ਸਕੀਮ' ਅਧੀਨ ਕਿੰਨੀ ਰਕਮ ਵੰਡੀ ਗਈ ?

ਸਰਦਾਰ ਗੁਰਦੇਵ ਸਿੰਘ ਬਾਦਲ : ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਦੀਆਂ ਲੜਕੀਆਂ ਦੀ ਸ਼ਾਦੀ ਸਮੇਂ ਸ਼ਗਨ ਦੇਣ ਦੀ ਸਕੀਮ ਦੀ ਕਸੌਟੀ ਹੇਠ ਲਿਖੇ ਅਨੁਸਾਰ ਨਿਸ਼ਚਿਤ ਕੀਤੀ ਗਈ ਹੈ :—

(ੳ) ਲੜਕੀ ਅਨੁਸੂਚਿਤ ਜਾਤੀ ਪਰਿਵਾਰ ਨਾਲ ਸਬੰਧਤ ਹੋਣੀ ਚਾਹੀਦੀ ਹੈ।

(ਅ) ਲੜਕੀ ਦੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

(ੲ) ਲੜਕੀ ਦੀ ਸ਼ਾਦੀ ਦੀ ਨਿਸ਼ਚਿਤ ਹੋਈ ਮਿਤੀ ਤੋਂ ਘੱਟੋ ਘੱਟ ਇਕ ਹਫਤਾ ਪਹਿਲਾਂ ਬਿਨੈਕਾਰ ਨੂੰ ਸਬੰਧਤ ਐਸ. ਡੀ. ਐਮ. ਕੋਲ ਬਿਨੈ-ਪੱਤਰ ਦੇਣਾ ਹੋਵੇਗਾ।

[ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ]

(ਸ) ਲੜਕੀ ਦੇ ਮਾਪੇ ਪੰਜਾਬ ਰਾਜ ਦੇ ਵਸਨੀਕ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਸਾਲਾਨਾ ਆਮਦਨ 16,000/- ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ ।

(ਹ) ਲਾਭਪਾਤਰੀ ਦੀ ਤਸਦੀਕ ਕਰਨ ਉਪਰੰਤ ਯੋਗ ਪਾਏ ਜਾਣ ਤੇ ਸਬੰਧਤ ਐਸ. ਡੀ. ਐਮ. ਲੜਕੀ ਦੇ ਪਿਤਾ ਨੂੰ 5100/- ਰੁਪਏ ਦਾ ਡਰਾਫਟ ਵਿਆਹ ਵਾਲੇ ਦਿਨ ਖੁਦ ਜਾਂ ਜ਼ੁੰਮੇਵਾਰ ਅਫਸਰ ਰਾਹੀਂ ਅਦਾ ਕਰੇਗਾ । ਪਿਤਾ ਦੇ ਜੀਵਿਤ ਨਾ ਹੋਣ ਦੀ ਸੂਰਤ ਵਿਚ ਇਹ ਸ਼ਗਨ ਲੜਕੀ ਦੀ ਮਾਤਾ ਨੂੰ ਦਿੱਤਾ ਜਾਵੇਗਾ ਅਤੇ ਜੇ ਲੜਕੀ ਦੇ ਮਾਤਾ ਪਿਤਾ ਵਿੱਚੋਂ ਕੋਈ ਵੀ ਜੀਵਤ ਨਾ ਹੋਵੇ ਤਾਂ ਡਰਾਫਟ ਲੜਕੀ ਦੇ ਨਾਂ ਤੇ ਬਣਾ ਕੇ ਵੰਡਿਆ ਜਾਵੇਗਾ ।

ਕਿਉਂਕਿ ਸ਼ਗਨ ਸਕੀਮ ਮਿਤੀ 1 ਅਪ੍ਰੈਲ, 1997 ਤੋਂ ਲਾਗੂ ਕੀਤੀ ਗਈ ਹੈ, ਜਿਸ ਕਾਰਨ ਸਾਲ 1996-97 ਵਿੱਚ ਇਸ ਸਕੀਮ ਅਧੀਨ ਕੋਈ ਖਰਚਾ ਨਹੀਂ ਕੀਤਾ ਗਿਆ । ਇਸ ਸ਼ਗਨ ਸਕੀਮ ਅਧੀਨ ਸਾਲ 1997-98 (1 ਅਪ੍ਰੈਲ, 1997 ਤੋਂ 10 ਜੂਨ, 1997 ਤੱਕ) ਜਲੰਧਰ ਜ਼ਿਲ੍ਹੇ ਦੀ ਨਕੋਦਰ ਤਹਿਸੀਲ ਵਿੱਚ 2,75,400/- ਰੁਪਏ (ਦੋ ਲੱਖ ਪਚੱਤਰ ਹਜ਼ਾਰ ਚਾਰ ਸੌ) ਦੀ ਰਾਸ਼ੀ ਸ਼ਗਨ ਦੇ ਰੂਪ ਵਿੱਚ ਵੰਡੀ ਗਈ ਹੈ ।

ਸਰਦਾਰ ਅਮਰਜੀਤ ਸਿੰਘ ਸਮਰਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਾਦਲ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਬੜੇ ਵਿਸਥਾਰ ਨਾਲ ਮੇਰੇ ਕੁਐਸਚਨ ਦਾ ਜਵਾਬ ਦਿੱਤਾ ਹੈ । ਸਿਰਫ ਇਕ ਗੱਲ ਰਹਿ ਗਈ ਕਿ ਇਨ੍ਹਾਂ ਨੇ ਨਕੋਦਰ ਤਹਿਸੀਲ ਵਿੱਚ ਡਿਟੇਲ ਵਿਚ ਰੁਪਏ 2 ਲੱਖ 75 ਹਜ਼ਾਰ ਦੀ ਗੱਲ ਕੀਤੀ ਹੈ ਪਰ ਜੋ ਮੈਨੂੰ ਲਿਖਤੀ ਜਵਾਬ ਮਿਲਿਆ ਹੈ ਉਸ ਵਿਚ ਰਕਮ 3 ਲੱਖ 6 ਹਜ਼ਾਰ ਦੱਸੀ ਹੋਈ ਹੈ । ਸੋ ਕਿਰਪਾ ਕਰਕੇ ਇਸ ਦੀ ਡਿਟੇਲ ਇਹ ਮੈਨੂੰ ਦੇ ਦੇਣ ਤਾਂ ਬੜੀ ਮਿਹਰ-ਬਾਨੀ ਹੋਵੇਗੀ ।

ਮੰਤਰੀ :ਸਪੀਕਰ ਸਾਹਿਬ, ਹੁਣ ਤੱਕ 60 ਲੜਕੀਆਂ ਨੂੰ ਸ਼ਗਨ ਦਿੱਤੇ ਗਏ ਹਨ । ਇਹ ਰੁਪਏ ਇਨ੍ਹਾਂ ਦੇ ਜ਼ਿਲ੍ਹਾ ਜਲੰਧਰ ਤਹਿਸੀਲ ਨਕੋਦਰ ਵਿੱਚ ਵੰਡੇ ਗਏ ਹਨ । ਜੇ ਇਨ੍ਹਾਂ ਨੇ ਇਕੱਲੇ ਇਕੱਲੇ ਦਾ ਨਾਂ ਪੁੱਛਣਾ ਹੈ ਤਾਂ ਉਹ ਮੈਂ ਇਨ੍ਹਾਂ ਨੂੰ ਬਹੁਤ ਹੀ ਸਤਿਕਾਰ ਨਾਲ ਇਕੱਲੇ ਇਕੱਲੇ ਦੇ ਨਾਂ ਵੀ ਦੱਸ ਸਕਦਾ ਹਾਂ ।

ਚੌਧਰੀ ਜਗਜੀਤ ਸਿੰਘ :ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਰਕਾਰ ਦੀ ਅੰਡਰ ਕੰਸਿਡਰੇਸ਼ਨ ਹੈ ਜਿਹੜੀ ਇਹ ਸ਼ਗਨ ਦੀ ਰਕਮ 5100/- ਰੁਪਏ ਦੇ ਰਹੀ ਹੈ, ਇਸ ਦੇ ਨਾਲ ਸਰਕਾਰ ਨੇ ਫਿਕਸ ਕਰ ਦਿੱਤਾ ਹੈ ਕਿ ਜਿਸ ਦੀ ਆਮਦਨ 16,000/- ਰੁਪਏ ਤੱਕ ਹੋਵੇ, ਉਸ ਨੂੰ ਇਹ ਰਕਮ ਦਿੱਤੀ ਜਾਵੇਗੀ ? ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਇਹ ਜਿਹੜੀ 16,000/- ਰੁਪਏ ਦੀ ਹੱਦ ਰੱਖੀ ਗਈ ਹੈ, ਇਹ ਬਹੁਤ ਥੋੜ੍ਹੀ ਹੈ । ਇਸ ਵਿੱਚ ਤਾਂ

ਕਲਾਸ-4 ਤੱਕ ਵੀ ਨਹੀਂ ਆ ਸਕਦਾ । ਇਸ ਨਾਲ ਤਾਂ ਮਜ਼ਦੂਰ ਦਿਹਾੜੀਦਾਰ ਨੂੰ ਵੀ ਪੂਰਾ ਲਾਭ ਨਹੀਂ ਮਿਲਦਾ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਤੇ ਵਿਚਾਰ ਕਰੇਗੀ ਕਿ ਇਹ ਜੋ ਹੱਦ ਹੈ ਇਹ ਵਧਾਈ ਜਾਏ ਤਾਂ ਕਿ ਆਮ ਗਰੀਬ ਲੋਕ ਜਿਨ੍ਹਾਂ ਵਿੱਚ ਮਜ਼ਦੂਰ ਵੀ ਆਉਂਦਾ ਹੈ, ਉਹ ਵੀ ਇਸ ਸਕੀਮ ਤੋਂ ਲਾਭ ਉਠਾ ਸਕਣ ?

ਸ਼੍ਰੀ ਜਗਦੀਸ਼ ਸਾਹਨੀ : ਤੁਸੀਂ ਆਪਣੀ ਵਾਰੀ ਕਿੰਨੇ ਕੁ ਰੁਪਏ ਦਿੱਤੇ ਸੀ ? (ਵਿਘਨ)

ਸਰਦਾਰ ਅਮਰਜੀਤ ਸਿੰਘ ਸਮਰਾ. ਸਪੀਕਰ ਸਾਹਿਬ, ਜੇ ਕੋਈ ਸਵਾਲ ਕਰਦਾ ਹੈ ਤਾਂ ਇਹ (ਰੂਲਿੰਗ ਪਾਰਟੀ ਵੱਲ ਇਸ਼ਾਰਾ) ਰੌਲਾ ਪਾਉਣ ਲੱਗ ਪੈਂਦੇ ਹਨ । (ਵਿਘਨ)

ਸ਼੍ਰੀ ਸਪੀਕਰ. ਸਮਰਾ ਜੀ, ਬੈਠ ਜਾਉ । ਸਾਹਨੀ ਸਾਹਿਬ, ਬੈਠ ਜਾਉ ।

ਮੰਤਰੀ: ਸਪੀਕਰ ਸਾਹਿਬ, ਇਹ ਸਰਦਾਰ ਬਾਦਲ ਦੀ ਹੀ ਪਹਿਲੀ ਸਰਕਾਰ ਹੈ ਜਿਸ ਨੇ ਕਿ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹਵਾਂਗਾ, ਗਰੀਬ ਬੇਟੀਆਂ ਨੂੰ ਕਿਹਾ ਕਿ ਇਹ ਮੇਰੀਆਂ ਬੇਟੀਆਂ ਹਨ । ਉਨ੍ਹਾਂ ਨੇ ਕਿਹਾ ਕਿ ਇਹ ਮੇਰੀਆਂ ਧੀਆਂ ਹਨ । ਪਹਿਲੀ ਕਿਸੇ ਵੀ ਸਰਕਾਰ ਨੇ ਗਰੀਬ ਦੀ ਬੇਟੀ ਨੂੰ ਅਜੇ ਤੱਕ 5/- ਰੁਪਏ ਤੱਕ ਨਹੀਂ ਦਿਤੇ । ਇਹ ਸਰਦਾਰ ਬਾਦਲ ਦੀ ਹੀ ਸਰਕਾਰ ਹੈ ਜਿਸ ਨੇ ਕਿ 5100/- ਰੁਪਏ ਦਾ ਸ਼ਗਨ ਦੇਣ ਬਾਰੇ ਸੋਚਿਆ ਹੈ । ਉਹ ਗਰੀਬ ਬੇਟੀ ਭਾਵੇਂ ਕਿਸੇ ਅਕਾਲੀ ਦੀ ਹੋਵੇ, ਭਾਵੇ ਕਿਸੇ ਸੀ. ਪੀ. ਆਈ. ਵਾਲੇ ਦੀ ਹੋਵੇ, ਭਾਵੇਂ ਕਿਸੇ ਬਹੁਜਨ ਸਮਾਜ ਪਾਰਟੀ ਵਾਲੇ ਦੀ ਹੋਵੇ ਅਤੇ ਭਾਵੇਂ ਕਿਸੇ ਕਾਂਗਰਸੀ ਭਰਾ ਦੀ ਬੇਟੀ ਹੋਵੇ, ਉਸ ਨੂੰ ਇਹ ਸ਼ਗਨ ਦੀ ਰਕਮ ਦੇਣ ਦਾ ਫੈਸਲਾ ਕੀਤਾ ਹੈ । ਇਹ ਫੈਸਲਾ ਬਹੁਤ ਸੋਚ ਸਮਝ ਕੇ ਕੀਤਾ ਗਿਆ ਹੈ । ਇਸ ਬਾਰੇ ਸਰਦਾਰ ਬਾਦਲ ਦਾ ਸਾਹਮਣੇ ਬੈਠੇ ਵੀਰਾਂ ਨੂੰ ਧੰਨਵਾਦ ਕਰਨਾ ਚਾਹੀਦਾ ਹੈ ਕਿ ਇਸ ਤੋਂ ਵਧੀਆ ਸਕੀਮ ਅੱਜ ਤੱਕ ਹਿੰਦੁਸਤਾਨ ਵਿੱਚ ਕਿਸੇ ਨੇ ਵੀ ਲਾਗੂ ਨਹੀਂ ਕੀਤੀ । (ਥੰਪਿੰਗ)

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਕੀ ਸਰਕਾਰ ਇਸ ਇਨਕਮ ਦੀ ਹੱਦ 16,000/- ਰੁਪਏ ਵਾਲੀ ਨੂੰ ਵਧਾਉਣ ਲਈ ਕੋਈ ਯਤਨ ਕਰੇਗੀ ਜਾਂ ਨਹੀਂ ?

ਮੰਤਰੀ : ਸਪੀਕਰ ਸਾਹਿਬ, ਇਹ ਇਤਨੀ ਵਧੀਆ ਸਕੀਮ ਹੈ ਕਿ ਇਸ ਉਤੇ ਕਿਸੇ ਨੂੰ ਕਿੰਤੂ ਪ੍ਰੰਤੂ ਨਹੀਂ ਕਰਨਾ ਚਾਹੀਦਾ । ਇਸ ਕਰਕੇ ਜੇ ਆਮਦਨ ਵਧੇਗੀ ਤਾਂ ਵਧਾ ਲਵਾਂਗੇ, ਕਈ ਗੱਲ ਨਹੀਂ । ਸਾਨੂੰ ਤੁਹਾਡੇ ਨਾਲੋਂ ਜ਼ਿਆਦਾ ਫਿਕਰ ਹੈ, ਫਿਕਰ ਨਾ ਕਰੋ ।

ਸ਼੍ਰੀ ਰਾਮ ਲਾਲ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਗਰੀਬ ਲੜਕੀਆਂ ਦੀ ਸ਼ਾਦੀ ਤੇ ਸ਼ਗਨ ਲਈ ਜੋ ਫ਼ਾਰਮ ਐਸ.ਡੀ.ਐਮ. ਕੋਰਟ ਤੋਂ ਮਿਲਦਾ ਹੈ,

[ਸ਼੍ਰੀ ਰਾਮ ਲਾਲ]

ਉਸ ਫਾਰਮ ਦੇ ਵਿਚ ਫਾਰਮੈਲਿਟੀਜ਼ ਬਹੁਤ ਜ਼ਿਆਦਾ ਹਨ, ਜਿਵੇਂ ਕਿ ਲੜਕੀ ਦਾ ਨਾਂ, ਪਿਤਾ ਦਾ ਨਾਂ, ਜਨਮ ਤਾਰੀਖ ਦਾ ਸਬੂਤ, ਸ਼ਾਦੀ ਦਾ ਕੋਰਡ ਹੋਣਾ ਬੜਾ ਜ਼ਰੂਰੀ ਹੈ ਅਤੇ ਜਨਮ ਤਾਰੀਖ ਦਾ ਸਬੂਤ; ਅਗਰ ਕੋਈ ਲੜਕੀ ਸਕੂਲ ਗਈ ਹੋਵੇ ਤਾਂ ਸਕੂਲ ਮਾਸਟਰ ਤੋਂ ਸਰਟੀਫਿਕੇਟ ਲਿਆ ਕੇ ਦੇਵੇ ਨਹੀਂ ਤਾਂ ਕਮੇਟੀ ਘਰ ਤੋਂ ਜਨਮ ਤਾਰੀਖ ਦਾ ਸਰਟੀ-ਫਿਕੇਟ ਨਾਲ ਲਗਾਇਆ ਜਾਵੇ। ਇਨ੍ਹਾਂ ਫਾਰਮੈਲਿਟੀਜ਼ ਨੂੰ ਪੂਰਾ ਕਰਨ ਲਈ 15-15 ਦਿਨ ਲੱਗ ਜਾਂਦੇ ਹਨ। ਕੀ ਸਰਕਾਰ ਇਨ੍ਹਾਂ ਸ਼ਰਤਾਂ ਨੂੰ ਘੱਟ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਫਾਰਮ ਛਪਾਇਆ ਗਿਆ ਹੈ, ਉਹ ਬੜਾ ਹੀ ਸਾਦਾ ਹੈ। ਉਸ ਫਾਰਮ ਨੂੰ ਸਰਪੰਚ ਵੀ ਤਸਦੀਕ ਕਰ ਸਕਦਾ ਹੈ, ਪਿੰਡ ਦਾ ਨੰਬਰਦਾਰ ਵੀ ਤਸਦੀਕ ਕਰ ਸਕਦਾ ਹੈ ਅਤੇ ਜੇਕਰ ਉਹ ਵੀ ਅਵੇਲੇਬਲ ਨਾ ਹੋਵੇ ਤਾਂ ਪੰਚਾਇਤ ਦੇ ਦੋ ਮੈਂਬਰ ਵੀ ਤਸਦੀਕ ਕਰ ਸਕਦੇ ਹਨ ਅਤੇ ਇਹ ਪਿੰਡ ਵਿਚ 24 ਘੰਟੇ ਅਵੇਲੇਬਲ ਹੁੰਦੇ ਹਨ ਤਾਂਕਿ ਕਿਸੇ ਨੂੰ ਕੋਈ ਤਕਲੀਫ ਦਾ ਸਾਹਮਣਾ ਨਾ ਕਰਨਾ ਪਵੇ। ਲੜਕੀ ਦੀ ਸ਼ਾਦੀ ਤੇ ਸ਼ਗਨ ਖੁਦ ਐਸ. ਡੀ. ਐਮ. ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਲੋਂ ਦੇ ਕੇ ਆਉਂਦਾ ਹੈ ਅਤੇ ਜੇਕਰ ਉਹ ਨਹੀਂ ਜਾ ਸਕਦਾ ਤਾਂ ਕੋਈ ਮੁੱਖ ਜ਼ਿੰਮੇਵਾਰ ਜਿਹੜਾ ਤਸੱਲੀਬਖਸ਼ ਤਰੀਕੇ ਨਾਲ ਇਹ ਸ਼ਗਨ ਬੇਟੀ ਨੂੰ ਦੇ ਸਕੇ, ਦੇ ਕੇ ਆਉਂਦਾ ਹੈ ਤਾਂਕਿ ਪਤਾ ਲੱਗ ਸਕੇ ਕਿ ਇਹ ਸ਼ਗਨ ਸਰਦਾਰ ਬਾਦਲ ਦੀ ਸਰਕਾਰ ਵਲੋਂ ਦਿੱਤਾ ਜਾ ਰਿਹਾ ਹੈ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਜਿਹੜੀ ਸ਼ਡਿਊਲਡ ਕਾਸਟ ਲੜਕੀ ਇੰਟਰ ਕਾਸਟ ਮੈਰਿਜ ਕਰੇਗੀ, ਕੀ ਇਹ ਸ਼ਗਨ ਉਸ ਲੜਕੀ ਨੂੰ ਵੀ ਦਿੱਤਾ ਜਾਵੇਗਾ ?

ਮੰਤਰੀ : ਇਸ ਸਵਾਲ ਦਾ ਇਸ ਦੇ ਨਾਲ ਕੋਈ ਸਬੰਧ ਨਹੀਂ ਹੈ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦੀ ਹਾਂ ਕਿ ਇਥੇ ਵਾਰ ਵਾਰ ਕਿਹਾ ਗਿਆ ਹੈ ਕਿ ਗਰੀਬ ਲੜਕੀ ਨੂੰ ਇਹ ਸ਼ਗਨ ਦਿੱਤਾ ਜਾਵੇਗਾ। ਕੀ ਇਹ ਸ਼ਗਨ ਹਰ ਗਰੀਬ ਲੜਕੀ ਨੂੰ ਸਰਕਾਰ ਵਲੋਂ ਦਿੱਤਾ ਜਾਵੇਗਾ ? ਸਰਕਾਰ ਇਸ ਗੱਲ ਦਾ ਆਸ਼ਵਾਸਨ ਦੇਣ ਲਈ ਤਿਆਰ ਹੈ ਤਾਂਕਿ ਹਰ ਗਰੀਬ ਲੜਕੀ ਨੂੰ ਇਸ ਦਾ ਫਾਇਦਾ ਹੋ ਸਕੇ ਨਾ ਕਿ ਸ਼ਡਿਊਲਡ ਕਾਸਟ ਲੜਕੀਆਂ ਨੂੰ ਹੀ ਇਸ ਦਾ ਫਾਇਦਾ ਹੋਵੇ ?

ਸ਼੍ਰੀ ਸਪੀਕਰ : ਚਾਵਲਾ ਜੀ, ਤੁਸੀਂ ਸੈਪਰੇਟ ਕੁਐਸਚਨ ਦੇ ਦਿਉ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਤੁਸੀਂ ਪਹਿਲੇ ਮੈਨੂੰ ਸੁਣ ਤਾਂ ਲਓ। ਜਿਹੜੀਆਂ ਵਿਧਵਾ ਔਰਤਾਂ ਪੈਨਸ਼ਨਾਂ ਲੈ ਰਹੀਆਂ ਹਨ, ਭਾਵੇਂ ਉਹ ਕਿਸੇ ਜਾਤੀ ਦੀਆਂ ਹੋਣ, ਉਨ੍ਹਾਂ ਦੀਆਂ ਗਰੀਬ ਲੜਕੀਆਂ ਨੂੰ ਕੀ ਸਰਕਾਰ ਇਹ ਸ਼ਗਨ ਦੇਵੇਗੀ ਅਤੇ ਸ਼ਗਨ ਦੇਣ ਦੀ ਕੀ ਕਸੌਟੀ ਹੈ ? ਤੁਸੀਂ ਜਵਾਬ ਨਹੀਂ ਦੇਣਾ ਚਾਹੁੰਦੇ ਤਾਂ ਵੱਖਰੀ ਗੱਲ ਹੈ।

ਸ਼੍ਰੀ ਸਪੀਕਰ : ਚਾਵਲਾ ਜੀ, ਤੁਸੀਂ ਬੈਠੋ । ਤੁਸੀਂ ਸੱਪਰੇਟ ਕਮੈਂਟਸ ਦੇ ਦਿਉ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ 8 ਦਿਨ ਪਹਿਲਾਂ ਅਰਜ਼ੀ ਦੇਣੀ ਹੈ ਪਰ ਕਈ ਜਗ੍ਹਾ ਕਿਹਾ ਜਾਂਦਾ ਹੈ ਕਿ ਅਰਜ਼ੀ ਇਕ ਮਹੀਨਾ ਪਹਿਲਾਂ ਦੇਣੀ ਹੈ । ਇਹ ਗੱਲ ਵਜ਼ੀਰ ਸਾਹਿਬ ਨੂੰ ਸਪਸ਼ਟ ਕਰਨੀ ਚਾਹੀਦੀ ਹੈ ਤਾਂ ਕਿ ਥੱਲੇ ਵਾਲੇ 'ਸ਼ਗਨ ਸਕੀਮ' ਨੂੰ 8 ਦਿਨ ਪਹਿਲਾਂ ਬਿਨੈ-ਪੱਤਰ ਦੇਣ ਤੇ ਵੀ ਲਾਗੂ ਕਰ ਸਕਣ ।

ਮੰਤਰੀ : ਸਪੀਕਰ ਸਾਹਿਬ, ਜੇਕਰ ਕੋਈ ਅਜਿਹੀ ਸ਼ਿਕਾਇਤ ਹੈ ਤਾਂ ਮੈਂਬਰ ਸਾਹਿਬਾਨ ਨੋਟਿਸ ਵਿਚ ਲਿਆਉਣ । ਸਪੀਕਰ ਸਾਹਿਬ, ਅਸੀਂ ਤਾਂ ਇਥੋਂ ਤੱਕ ਕਰ ਦਿੱਤਾ ਹੈ ਕਿ ਅਗਰ ਕੋਈ ਇਕ ਹਫਤਾ ਪਹਿਲਾਂ ਐਸ.ਡੀ.ਐਮ. ਨੂੰ ਦਰਖਾਸਤ ਦੇਣ ਅਤੇ ਜੇਕਰ ਉਹ ਕਿਸੇ ਵਜ੍ਹਾ ਕਾਰਣ ਲੇਟ ਵੀ ਹੋ ਜਾਂਦੇ ਹਨ ਤਾਂ 5100/- ਰੁਪਏ ਦੀ ਰਕਮ ਅਸੀਂ ਬਾਅਦ ਵਿਚ ਵੀ ਦੇ ਦਿੰਦੇ ਹਾਂ ਅਤੇ ਕਿਸੇ ਤੇ ਕੋਈ ਪਾਬੰਦੀ ਨਹੀਂ ਹੈ । (ਥੰਪਿੰਗ)

ਮੁਹਾਲੀ ਵਿਖੇ ਸਕੂਲਾਂ ਲਈ ਜਗ੍ਹਾ ਦੀ ਅਲਾਟਮੈਂਟ

*448. **ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) ਮੁਹਾਲੀ ਨੇ ਮੁਹਾਲੀ ਵਿਖੇ ਸਕੂਲਾਂ ਦੀ ਜਗ੍ਹਾ ਦੀ ਅਲਾਟਮੈਂਟ ਕਰਨ ਸਬੰਧੀ ਨਵੰਬਰ, 1995 ਵਿਚ ਅਰਜ਼ੀਆਂ ਮੰਗੀਆਂ ਸਨ ਅਤੇ 26 ਫਰਵਰੀ, 1997 ਨੂੰ ਸਕੂਲਾਂ ਦੀ ਜਗ੍ਹਾ ਲਈ ਅਲਾਟਮੈਂਟ ਕਮੇਟੀ ਦੀ ਇਕ ਮੀਟਿੰਗ ਹੋਈ ਸੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਯੋਗ ਬਿਨੈਕਾਰਾਂ ਨੂੰ ਕਦੋਂ ਤੱਕ ਸਕੂਲਾਂ ਲਈ ਜਗ੍ਹਾ ਦੀ ਅਲਾਟਮੈਂਟ ਕੀਤੇ ਜਾਣ ਦੀ ਸੰਭਾਵਨਾ ਹੈ;

(ੲ) ਕੀ ਸਰਕਾਰ ਦੀ ਮੁਹਾਲੀ ਵਿਖੇ ਸਕੂਲਾਂ ਲਈ ਜਗ੍ਹਾ ਦੀ ਕੀਮਤ ਘਟਾਉਣ ਦੀ ਤਜਵੀਜ਼ ਹੈ ?

ਸਰਦਾਰ ਸਰੂਪ ਸਿੰਘ : (ੳ) ਹਾਂ ਜੀ ।

(ਅ) ਛਾਣਬੀਣ ਕਮੇਟੀ ਦੀਆਂ ਸਿਫਾਰਸ਼ਾਂ ਹਾਲੇ ਪੈਂਡਿੰਗ ਰੱਖੀਆਂ ਗਈਆਂ ਹਨ । ਸੰਸਥਾਵਾਂ ਨੂੰ ਭੋਂ ਅਲਾਟ ਕਰਨ ਦੀ ਪਾਲਿਸੀ, ਜਿਸ ਵਿਚ ਵਿਦਿਅਕ ਸੰਸਥਾਵਾਂ ਨੂੰ ਭੋਂ ਦੀ ਅਲਾਟਮੈਂਟ ਦੀ ਪਾਲਿਸੀ ਵੀ ਸ਼ਾਮਲ ਹੈ, ਰੀਵਿਊ ਕੀਤੀ ਜਾ ਰਹੀ ਹੈ ।

(ੲ) ਸੰਸਥਾਵਾਂ ਨੂੰ ਭੋਂ ਦੀ ਅਲਾਟਮੈਂਟ ਦੀ ਸਾਰੀ ਪਾਲਿਸੀ, ਜਿਸ ਵਿਚ ਵਿਦਿਅਕ ਸੰਸਥਾਵਾਂ ਲਈ ਭੋਂ ਦੀ ਕੀਮਤ ਨਿਰਧਾਰਨ ਦੀ ਪਾਲਿਸੀ ਵੀ ਸ਼ਾਮਲ ਹੈ, ਰੀਵਿਊ ਕੀਤੀ ਜਾ ਰਹੀ ਹੈ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਸਪੀਕਰ ਸਾਹਿਬ, ਅਲਾਟਮੈਂਟ ਬਾਰੇ ਫੈਸਲਾ ਰੀਵਿਊ ਕਮੇਟੀ ਕਿੰਨੇ ਚਿਰ ਤੱਕ ਕਰ ਲਵੇਗੀ ?

ਮੰਤਰੀ : ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹੁਣ ਪਿਛਲੇ ਰਾਜ ਵਾਂਗ ਫੈਸਲੇ ਪੈਂਡਿੰਗ ਨਹੀਂ ਰਹਿਣਗੇ । ਪਹਿਲਾਂ ਤਾਂ ਇਕ ਪੁੱਡਾ ਫੰਡ ਬਣਾ ਕੇ ਰੱਖਿਆ ਹੋਇਆ ਸੀ । ਇਹ 1995 ਵਿਚ ਐਪਲੀਕੇਸ਼ਨਾਂ ਲਈਆਂ ਸਨ । ਉਨ੍ਹਾਂ ਦਾ ਫੈਸਲਾ 1996 ਵਿਚ ਵੀ ਨਹੀਂ ਹੋ ਸਕਿਆ । ਹੁਣ ਨਵੀਂ ਪਾਲਿਸੀ ਲਿਆ ਕੇ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਇਕ ਸਕੂਲ ਦਾ ਨਹੀਂ, ਪੰਜਾਬ ਦੇ ਸਾਰੇ ਸਕੂਲਾਂ ਦੀ ਅਲਾਟਮੈਂਟ ਦਾ ਫੈਸਲਾ 3 ਮਹੀਨਿਆਂ ਦੇ ਅੰਦਰ ਅੰਦਰ ਕਰ ਦਿੱਤਾ ਜਾਵੇਗਾ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ ਜਦੋਂ ਪਹਿਲਾਂ ਸਕੂਲਾਂ ਨੂੰ ਜ਼ਮੀਨ ਦੇਣ ਲਈ ਐਪਲੀਕੇਸ਼ਨਾਂ ਲਈਆਂ ਸਨ ਤਾਂ ਰੇਟ 100/- ਰੁਪਿਆ ਪਰ ਸੁਕੇਅਰ ਯਾਰਡ ਸੀ । ਪਰ ਇਮੀਜੀਏਟਲੀ ਉਹ ਜਗ੍ਹਾ ਕੁਝ ਬੰਦਿਆਂ ਨੂੰ ਦੇਣ ਤੋਂ ਬਾਅਦ ਰੇਟ 1400/- ਰੁਪਏ ਕਰ ਦਿਤਾ ਗਿਆ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਹੁਣ ਬਾਕੀ ਦਰਖਾਸਤਾਂ ਲਈ ਏਨਾ ਰੇਟ ਤਾਂ ਨਹੀਂ ਲਾਏਗੀ ਅਤੇ ਕੀ ਇਹ ਰੀਵਿਊ ਕਰਕੇ ਜੋ ਪਿਛਲੀ ਸਰਕਾਰ ਨੇ ਬੇਇਨਸਾਫੀ ਕੀਤੀ ਹੈ, ਆਪਣੇ ਚਹੇਤਿਆਂ ਨੂੰ 100/- ਰੁਪਏ ਪਰ ਸੁਕੇਅਰ ਯਾਰਡ ਅਤੇ ਬਾਕੀਆਂ ਨੂੰ 1400/-ਰੁਪਏ ਪਰ ਸੁਕੇਅਰ ਯਾਰਡ ਰੇਟ ਕੀਤਾ ਗਿਆ, ਕੀ ਮੰਤਰੀ ਜੀ ਇਸ ਤੇ ਦੁਬਾਰਾ ਵਿਚਾਰ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਸਰਕਾਰ ਹਰ ਚੀਜ਼ ਰੀਵਿਊ ਕਰੇਗੀ । ਮੈਂ ਬੇਨਤੀ ਕਰਨੀ ਚਾਹਾਂਗਾ ਕਿ ਅਸੀਂ ਵੇਖਾਂਗੇ ਕਿ ਕਿਹੜੀਆਂ ਸੰਸਥਾਵਾਂ ਹਨ ਜਿਹੜੀਆਂ ਸਕੂਲ ਚਲਾ ਸਕਦੀਆਂ ਹਨ । ਅਸੀਂ ਜਗ੍ਹਾ ਕਿਸੇ ਦੀ ਸਿਫਾਰਸ਼ ਦੇ ਨਾਲ ਨਹੀਂ ਦੇਣੀ । ਪਹਿਲਾਂ ਸੰਸਥਾਵਾਂ ਨੂੰ ਵੇਖਣਾ ਹੈ ਕਿ ਉਸ ਦੀ ਬੈਲੇਂਸ ਸ਼ੀਟ ਕੀ ਹੈ, ਅਤੇ ਕੀ ਇਸ ਕੋਲ ਪੈਸਾ ਹੈ, ਕੀ ਉਹ ਸਕੂਲ ਚਲਾ ਸਕਦੀ ਹੈ ? ਕੀ ਉਨ੍ਹਾਂ ਕੋਲ ਇਮਾਰਤ ਬਣਾਉਣ ਵਾਸਤੇ ਪੈਸਾ ਹੈ ? ਇਹ ਸਾਰੀ ਚੀਜ਼ ਰੀਵਿਊ-ਕਰਕੇ ਜ਼ਮੀਨ ਦੀ ਅਲਾਟਮੈਂਟ ਬਾਰੇ ਸਾਰੇ ਪੰਜਾਬ ਦੇ ਸਕੂਲਾਂ ਦਾ ਫੈਸਲਾ ਤਿੰਨ ਮਹੀਨੇ ਦੇ ਅੰਦਰ ਅੰਦਰ ਕਰ ਦੇਣਾ ਹੈ । ਜਿਹੜੀ ਗੱਲ ਤੁਸੀਂ ਕੀਤੀ ਹੈ, ਮੈਂ ਦੱਸਦਾ ਹਾਂ ਕਿ ਪਹਿਲਾਂ ਪੁੱਡਾ ਨੇ ਰੇਟ 4400/- ਰੁਪਿਆ ਕਰ ਦਿੱਤਾ ਸੀ ਪਰ ਉਹ ਅਸੀਂ ਘਟਾ ਕੇ 1400/-ਰੁਪਿਆ ਕੀਤਾ ਹੈ ਹੁਣ ਅਸੀਂ ਸਾਰੀ ਪਾਲਿਸੀ ਨੂੰ ਰੀਵਿਊ ਕਰ ਰਹੇ ਹਾਂ ਅਤੇ ਰੀਵਿਊ ਕਰਕੇ ਜ਼ਮੀਨ ਦੀ ਅਲਾਟਮੈਂਟ ਅਸੀਂ ਕਰ ਦਿਆਂਗੇ । ਜਿਹੜੀ ਗੱਲ ਤੁਸੀਂ ਕਹੀ ਹੈ ਉਹ ਵੀ ਅਸੀਂ ਨੋਟਿਸ ਵਿਚ ਰੱਖਾਂਗੇ । 1400/- ਰੁਪਏ ਵਾਲੀ ਗੱਲ ਜੋ ਤੁਸੀਂ ਕਹੀ ਹੈ, ਉਹ ਅਸੀਂ ਪਾਲਿਸੀ ਨੂੰ ਰੀਵਿਊ ਕਰਨ ਵੇਲੇ ਖਿਆਲ ਵਿਚ ਰੱਖਾਂਗੇ ਤਾਂ ਕਿ ਉਸ ਪਾਲਿਸੀ ਨੂੰ ਅਮਲੀ ਜਾਮਾ ਪਹਿਨਾਇਆ ਜਾਏ ।

श्रीमती लक्ष्मी कांता चावला : अध्यक्ष महोदय, मैं आप के माध्यम से मन्त्री जी से पूछना चाहती हूं कि जिन स्कूलों को या स्कूल प्रबन्धकों को स्कूल

चलाने के लिए नियंत्रित रेट पर ज़मीन दी जाएगी, क्या उन से पहले कोई अनुबन्ध या वचन लिया जाएगा कि वह इन स्कूलों में कोई कैपिटेशन फीस नहीं लेंगे, ब्लैक नहीं करेंगे और बिल्डिंग फंड के नाम पर बच्चों को नहीं लूटेंगे ?

ਮੰਤਰੀ : ਇਹ ਚੀਜ਼ ਸਾਰੀ ਸੋਚਣ ਵਾਲੀ ਹੈ ਕਿਉਂਕਿ ਜੋ ਅੱਗੇ ਸਕੂਲ ਚੱਲ ਰਹੇ ਹਨ, ਉਨ੍ਹਾਂ ਦੁਆਰਾ ਇਹੋ ਜਿਹੇ ਫੰਡਜ਼ ਵੀ ਲਏ ਜਾਂਦੇ ਹਨ। ਅਸੀਂ ਹੁਣ ਪਹਿਲਾਂ ਐਫੀਡੇਵਿਟ ਲੈਣਾ ਹੈ ਕਿ ਐਸੇ ਫੰਡਜ਼ ਨਾ ਲਏ ਜਾਣ ਜਿਨ੍ਹਾਂ ਨਾਲ ਬੱਚਿਆਂ ਨੂੰ ਤੰਗ ਕੀਤਾ ਜਾਵੇ। ਅਸੀਂ ਇਹ ਸਾਰੀਆਂ ਗੱਲਾਂ ਰੀਵਿਊ ਕਰ ਰਹੇ ਹਾਂ। ਇਸ ਕਿਸਮ ਦੀ ਕੋਈ ਸ਼ਿਕਾਇਤ ਨਹੀਂ ਆਵੇਗੀ ਉਨ੍ਹਾਂ ਸਕੂਲਾਂ ਬਾਰੇ ਜਿਹੜੇ ਕਿ ਅਸੀਂ ਅਲਾਟ ਕਰਾਂਗੇ। ਇਹ ਨਹੀਂ ਹੋਵੇਗਾ ਕਿ ਐਸੀ ਕੋਈ ਸ਼ਿਕਾਇਤ ਤੁਹਾਡੇ ਕੋਲ ਆਵੇ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਬਹੁਤ ਬਹੁਤ ਧੰਨਵਾਦ ਜੀ।

ਰਾਜ ਵਿਚ ਜੂਡੀਸ਼ਲ ਕੰਪਲੈਕਸ ਬਣਾਉਣੇ

*357. **ਸ਼੍ਰੀ ਤਿਕਸ਼ਨ ਸੂਦ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਇਸ ਸਮੇਂ ਜੂਡੀਸ਼ਲ ਕੰਪਲੈਕਸਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਅਤੇ ਹਰ ਇਕ ਕੰਪਲੈਕਸ ਕਿਸ ਸਾਲ ਵਿਚ ਬਣਾਇਆ ਗਿਆ ਸੀ;

(ਅ) ਕੀ ਹੁਸ਼ਿਆਰਪੁਰ ਵਿਖੇ ਜੂਡੀਸ਼ਲ ਕੰਪਲੈਕਸ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ਅਤੇ ਉਕਤ ਪ੍ਰਾਜੈਕਟ ਤੇ ਕਿੰਨਾ ਅਨੁਮਾਨਤ ਖਰਚਾ ਆਵੇਗਾ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਜ਼ਿਲ੍ਹੇਵਾਰ ਸੂਚਨਾ ਜਿੱਥੇ ਜੂਡੀਸ਼ਲ ਕੰਪਲੈਕਸ ਹਨ, ਹੇਠ ਅਨੁਸਾਰ ਹੈ :—

ਜ਼ਿਲ੍ਹੇ ਦਾ ਨਾਂ	ਜੂਡੀਸ਼ੀਲ ਕੰਪਲੈਕਸ	ਜਿਸ ਸਾਲ ਵਿਚ ਬਣਾਇਆ ਗਿਆ
1. ਬਠਿੰਡਾ-2	1. ਬਠਿੰਡਾ	1954-55
	2. ਤਲਵੰਡੀ ਸਾਬੋ	1984-85
2. ਫਤਿਹਗੜ੍ਹ ਸਾਹਿਬ-1	1. ਅਮਲੋਹ	1995
3. ਕਪੂਰਥਲਾ-2	1. ਸੁਲਤਾਨਪੁਰ ਲੋਧੀ	1984-85
	2. ਫਗਵਾੜਾ	1984-85

[ਮੁੱਖ ਮੰਤਰੀ]

1	2	3
4. ਰੂਪਨਗਰ-3	1. ਰੂਪਨਗਰ	1986
	2. ਖਰੜ	1988
	3. ਆਨੰਦਪੁਰ ਸਾਹਿਬ	1990
5. ਸੰਗਰੂਰ-2	1. ਬਰਨਾਲਾ	1980
	2. ਸੁਨਾਮ	1994

(ਅ) ਨਹੀਂ ਜੀ ।

ਸ਼੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਕੋਈ ਕਰਾਈਟੇਰੀਆ ਬਣਾਇਆ ਹੋਇਆ ਹੈ ਕਿ ਕਿੱਥੇ ਜੂਡੀਸ਼ੀਲ ਕੰਪਲੈਕਸ ਬਣਾਉਣੇ ਹਨ ਅਤੇ ਕਿੱਥੇ ਨਹੀਂ ? ਹੁਸ਼ਿਆਰਪੁਰ ਵਿਚ ਆਮ ਅਦਾਲਤਾਂ ਦੀ ਅਲੱਗ ਜਗ੍ਹਾ ਹੈ, ਸੈਸ਼ਨ ਕੋਰਟ ਲਈ ਬਹੁਤ ਦੂਰ ਅਲੱਗ ਜਗ੍ਹਾ ਹੈ, ਤਹਿਸੀਲ ਬਹੁਤ ਦੂਰ ਅਲੱਗ ਜਗ੍ਹਾ ਤੇ ਹੈ ਅਤੇ ਜੂਡੀਸ਼ੀਅਲ ਅਫਸਰਾਂ ਦੀ ਜਿਹੜੀ ਕਲੋਨੀ ਹੈ ਉਹ ਬਹੁਤ ਦੂਰ ਅਲੱਗ ਜਗ੍ਹਾ ਤੇ ਹੈ । ਜੇਕਰ ਬਾਰਸ਼ ਆ ਜਾਵੇ ਤਾਂ ਉਥੇ ਆਇਆ ਜਾਇਆ ਨਹੀਂ ਜਾ ਸਕਦਾ ਅਤੇ ਲੋਕਾਂ ਨੂੰ ਬਹੁਤ ਮੁਸ਼ਕਲ ਪੇਸ਼ ਆਉਂਦੀ ਹੈ । ਕੀ ਸਰਕਾਰ ਦਾ ਕੋਈ ਐਸਾ ਕਰਾਈਟੇਰੀਆ ਹੈ ਕਿ ਕਿੱਥੇ ਜੂਡੀਸ਼ੀਅਲ ਕੰਪਲੈਕਸ ਬਣਾ ਕੇ ਦੇਣੇ ਹਨ ਅਤੇ ਕਿੱਥੇ ਨਹੀਂ ਦੇਣੇ ?

ਮੁੱਖ ਮੰਤਰੀ : ਇਹ ਜੀ ਕੁਝ ਤਾਂ ਕੰਸਲਟੇਸ਼ਨ ਕੀਤੀ ਜਾਂਦੀ ਹੈ, ਜਿਥੇ ਜਿਥੇ ਇਹ ਕੰਪਲੈਕਸ ਬਣਾਉਣੇ ਹੁੰਦੇ ਹਨ ਉਨ੍ਹਾਂ ਬਾਰੇ ਹਾਈ ਕੋਰਟ ਨਾਲ ਵੀ ਕੰਸਲਟ ਕੀਤਾ ਜਾਂਦਾ ਹੈ । ਫਿਰ ਜਿਥੇ ਜਗ੍ਹਾ ਹੋਵੇ, ਉਥੇ ਕੰਪਲੈਕਸ ਬਣਾਏ ਜਾਂਦੇ ਹਨ । ਜ਼ਰੂਰਤ ਨੂੰ ਵੀ ਮੁੱਖ ਰੱਖਿਆ ਜਾਂਦਾ ਹੈ ਅਤੇ ਜਿਥੇ ਬਿਲਕੁਲ ਵੀ ਕੋਈ ਇੰਤਜ਼ਾਮ ਨਾ ਹੋਵੇ, ਉਥੇ ਪ੍ਰਾਇਰਟੀ ਦਿੱਤੀ ਜਾਂਦੀ ਹੈ । ਜਿਥੋਂ ਤੱਕ ਹੁਸ਼ਿਆਰਪੁਰ ਦਾ ਸਵਾਲ ਹੈ ਸਾਡੇ ਆਨਰੇਬਲ ਮੈਂਬਰ ਸਾਹਿਬ ਦਾ, ਇਹ ਬੜੀ ਦੇਰ ਦਾ ਕੰਪਲੈਕਸ ਹੈ, ਬਿਲਡਿੰਗ ਹੈ ਜਿਥੇ ਜੂਡੀਸ਼ੀਅਲ ਕੋਰਟਸ ਬੈਠਦੀਆਂ ਹਨ । ਉਸ ਦੇ ਵਿਚ ਇਕ ਰਿਕਾਰਡ ਰੂਮ ਜ਼ਰੂਰ ਹੈ ਜੋ ਅਨਸੇਫ ਹੈ । ਉਸਨੂੰ ਦੁਬਾਰਾ ਬਣਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ।

ਸ਼੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਜਿਹੜਾ ਸਵਾਲ ਦਾ ਦੂਸਰਾ ਭਾਗ ਹੈ, ਉਸ ਦਾ ਜਵਾਬ ਬਿਲਕੁਲ ਬਿਊਰੋਕਰੇਟਿਕ ਢੰਗ ਦਾ ਹੈ । ਮਾਨਯੋਗ ਮੁੱਖ ਮੰਤਰੀ ਜੀ ਨੇ ਦਸਿਆ ਹੈ ਕਿ ਜਿਥੇ ਜ਼ਰੂਰਤ ਹੁੰਦੀ ਹੈ, ਉਥੇ ਬਣਾਇਆ ਜਾਂਦਾ ਹੈ । ਮੈਂ 1976 ਤੋਂ ਹੁਸ਼ਿਆਰਪੁਰ ਵਿਚ ਵਕਾਲਤ ਕਰ ਰਿਹਾ ਹਾਂ । ਉਥੇ ਇੰਸਪੈਕਸ਼ਨ ਵਿਚ ਹਾਈ ਕੋਰਟ ਦੇ ਜੱਜ, ਸਮੇਂ ਸਮੇਂ ਤੇ ਸਾਨੂੰ ਵੀ ਨਾਲ ਲੈ ਕੇ ਸੈਸ਼ਨ ਕੋਰਟ ਦੇ ਜੱਜ ਸ਼ਾਮਿਲ ਕੀਤੇ ਜਾਂਦੇ ਰਹੇ ਹਨ ਤਾਂਕਿ ਜੂਡੀਸ਼ੀਅਲ ਕੋਰਟ ਬਣਾਉਣ ਲਈ ਕੋਈ ਜਗ੍ਹਾ ਲਭੀਏ । ਕਈ ਜਗ੍ਹਾ ਦੇਖੀਆਂ ਗਈਆਂ, ਦਿਖਾਈਆਂ ਗਈਆਂ । ਸਵਾਲ ਦੇ ਜਵਾਬ ਵਿਚ ਕੋਈ ਪਰੋਪੋਜ਼ਲ

ਨਾ ਹੋਣ ਬਾਰੇ ਕਿਹਾ ਗਿਆ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਕੋਈ ਪਰੋਪੋਜ਼ਲ ਨਹੀਂ ਸੀ ਤਾਂ ਏਡੇ ਹਾਈ ਰੈਂਕ ਦੇ ਜੁਡੀਸ਼ੀਅਲ ਅਫਸਰਾਂ ਦੇ ਸੁਝਾਓ ਕਿਉਂ ਲਏ ਗਏ ਕਿ ਜਗ੍ਹਾ ਬਾਰੇ ਦੱਸੋ, ਕਿਹੜੀ ਜਗ੍ਹਾ ਦੇਈਏ । ਉਸ ਇੰਸਪੈਕਸ਼ਨ ਵੇਲੇ ਹਾਲਾਂਕਿ ਸਾਨੂੰ ਵੀ ਨਾਲ ਸ਼ਾਮਿਲ ਰੱਖਿਆ ਗਿਆ । ਇਸ ਵਕਤ ਜਿਹੜੀ ਉਥੇ ਜੁਡੀਸ਼ੀਅਲ ਕੰਪਲੈਕਸ ਦੀ ਬਿਲਡਿੰਗ ਹੈ, ਉਹ ਬਹੁਤ ਪੁਰਾਣੀ 1900 ਸੰਨ ਦੀ ਬਣੀ ਹੋਈ ਹੈ । ਜੇ ਮੀਂਹ ਆ ਜਾਵੇ ਤਾਂ ਬਿਲਡਿੰਗ ਵਿਚੋਂ ਪਾਣੀ ਮੀਂਹ ਬੰਦ ਹੋਣ ਦੇ ਬਾਵਜੂਦ ਵੀ ਵਗਦਾ ਰਹਿੰਦਾ ਹੈ । ਇਨ੍ਹਾਂ ਕੰਪਲੈਕਸਾਂ ਨੂੰ ਬਣਾਉਣ ਦੇ ਕਰਾਈਟੇਰੀਏ ਬਾਰੇ ਪਤਾ ਨਹੀਂ ਲਗਾ......

ਸ੍ਰੀ ਸਪੀਕਰ : ਇਸ ਸਾਰੀ ਗੱਲ ਦਾ ਜਵਾਬ ਇਹ ਤੁਹਾਨੂੰ ਦੇ ਚੁੱਕੇ ਹਨ । ਅਗਲਾ ਸਵਾਲ, ਚੌਧਰੀ ਨੰਦ ਲਾਲ ਜੀ ਦਾ ਹੈ ।

ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 354 ਅਤੇ 455

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ ।)

ਪਠਾਨਕੋਟ-ਤਲਵਾੜਾ-ਹੁਸ਼ਿਆਰਪੁਰ ਅਤੇ ਤਲਵਾੜਾ-ਪਠਾਨਕੋਟ ਰੂਟ ਤੇ ਬੱਸ ਸੇਵਾ

*450. **ਸ੍ਰੀ ਅਰੁਨੇਸ਼ ਕੁਮਾਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰੋਡਵੇਜ਼ ਅਤੇ ਪ੍ਰਾਈਵੇਟ ਓਪਰੇਟਰਾਂ ਦੁਆਰਾ ਪਠਾਨਕੋਟ-ਤਲਵਾੜਾ ਅਤੇ ਤਲਵਾੜਾ-ਪਠਾਨਕੋਟ ਰੂਟ ਤੇ ਬਰਾਸਤਾ ਮਾਨਸਰ, ਚੱਕ ਕਲਾਂ, ਚਨੌਰ, ਬਰੀਓਵਾਲ, ਹਾਜੀਪੁਰ ਅਤੇ ਤਲਵਾੜਾ-ਪਠਾਨਕੋਟ-ਹੁਸ਼ਿਆਰਪੁਰ, ਰੂਟ ਬਰਾਸਤਾ ਹਾਜੀਪੁਰ, ਬਰੀਓਵਾਲ, ਚਨੌਰ, ਚੱਕ ਕਲਾਂ ਅਤੇ ਮਾਨਸਰ ਤੇ ਰੋਜ਼ਾਨਾ ਚਲਾਈਆਂ ਜਾ ਰਹੀਆਂ ਬੱਸਾਂ ਦੇ ਗੇੜਿਆਂ ਦੀ ਵੱਖ-ਵੱਖ ਗਿਣਤੀ ਕਿੰਨੀ-ਕਿੰਨੀ ਹੈ ਅਤੇ ਇਨ੍ਹਾਂ ਦੇ ਚੱਲਣ ਦਾ ਸਮਾਂ ਕੀ ਕੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਇਨ੍ਹਾਂ ਰੂਟਾਂ ਤੇ ਪੰਜਾਬ ਰੋਡਵੇਜ਼ ਜਾਂ ਪ੍ਰਾਈਵੇਟ ਓਪਰੇਟਰਾਂ ਨੂੰ ਕੋਈ ਪਰਮਿਟ ਮਨਜ਼ੂਰ ਨਹੀਂ ਕੀਤਾ ਗਿਆ ।

ਸ੍ਰੀ ਅਰੁਨੇਸ਼ ਕੁਮਾਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰਾ ਹਲਕਾ ਕੰਡੀ ਏਰੀਆ ਹੈ ਜਿਥੇ ਕਿ ਅੱਜ ਤੱਕ ਜਿਸ ਰੂਟ ਦੀ ਮੈਂ ਗੱਲ ਕਰ ਰਿਹਾ ਹਾਂ, ਉਸ ਤੇ ਕੋਈ ਬੱਸ ਨਹੀਂ ਚਲਦੀ ਜਿਸ ਕਾਰਨ ਇਹ ਇਲਾਕਾ ਮੇਨ ਸਟਰੀਮ ਨਾਲੋਂ ਕਟਿਆ ਗਿਆ ਹੈ । ਕੀ ਸਰਕਾਰ ਦੀ ਕੋਈ ਸਕੀਮ ਹੈ ਕਿ ਇਸਨੂੰ ਵੀ ਮੇਨ ਸਟਰੀਮ ਨਾਲ ਜੋੜਿਆ ਜਾਵੇ ਕਿਉਂਕਿ ਉਥੇ ਲੋਕਾਂ ਦੀਆਂ ਕੁੜੀਆਂ ਨਹੀਂ ਵਿਆਹੀਆਂ ਜਾਂਦੀਆਂ ਕਿਉਂਕਿ ਉਥੇ ਕੋਈ ਬੱਸ ਨਹੀਂ ਜਾਂਦੀ ? ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਕੀ ਸਰਕਾਰ ਦੀ ਕੋਈ ਐਸੀ ਸਕੀਮ ਹੈ ਕਿ ਉਥੇ ਵੀ ਬੱਸਾਂ ਚਲਾਈਆਂ ਜਾਣਗੀਆਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਰੂਟਾਂ ਤੇ ਬੱਸਾਂ ਚਲਾਉਣ ਵਾਸਤੇ ਕਦੇ ਕਿਸੇ ਨੇ ਕੋਈ ਅਰਜ਼ੀ ਨਹੀਂ ਦਿੱਤੀ। ਐਮ.ਐਲ.ਏ. ਸਾਹਿਬ ਨੇ ਹੁਣ ਇਹ ਸਵਾਲ ਉਠਾਇਆ ਹੈ, ਇਸ ਕਰਕੇ ਹੁਣ ਜ਼ਰੂਰ ਇਸ ਤੇ ਵਿਚਾਰ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਪਬਲਿਕ ਵੱਲੋਂ ਕੋਈ ਡਿਮਾਂਡ ਨਹੀਂ ਆਈ।

ਸ੍ਰੀ ਅਰੁਨੇਸ਼ ਕੁਮਾਰ : ਧੰਨਵਾਦ ਜੀ।

ਮੁਕੇਰੀਆਂ ਵਿਖੇ ਪੰਜਾਬ ਰੋਡਵੇਜ਼ ਦਾ ਸਬ-ਡਿਪੂ ਬਣਾਉਣਾ

*451. **ਸ੍ਰੀ ਅਰੁਨੇਸ਼ ਕੁਮਾਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ 1992 ਤੋਂ 1996 ਤਕ ਦੇ ਸਮੇਂ ਦੇ ਦੌਰਾਨ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪੰਜਾਬ ਰੋਡਵੇਜ਼ ਦਾ ਸਬ-ਡਿਪੂ ਬਣਾਉਣ ਲਈ ਕੋਈ ਫੈਸਲਾ ਕੀਤਾ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਉਕਤ ਡਿਪੂ ਬਣਾ ਦਿੱਤਾ ਗਿਆ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ;

(ੲ) ਕੀ ਸਰਕਾਰ ਦਾ ਚਾਲੂ ਵਿੱਤੀ ਸਾਲ ਦੇ ਦੌਰਾਨ ਉਕਤ ਸਬ-ਡਿਪੂ ਬਣਾਉਣ ਦਾ ਵਿਚਾਰ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਨਹੀਂ ਜੀ।

(ਅ) ਭਾਗ (ੳ) ਸਬੰਧੀ ਉੱਤਰ ਨਾਂਹ ਵਿਚ ਹੋਣ ਕਰਕੇ ਭਾਗ (ਅ) ਦਾ ਉੱਤਰ ਵੀ ਨਕਾਰਾਤਮਕ ਹੈ। ਸਬ-ਡਿਪੂ ਸਥਾਪਤ ਨਾ ਕਰਨ ਦਾ ਮੁੱਖ ਕਾਰਣ ਫੰਡਾਂ ਦੀ ਤੀਬਰ ਘਾਟ ਹੈ।

(ੲ) ਨਹੀਂ ਜੀ।

ਸ੍ਰੀ ਅਰੁਨੇਸ਼ ਕੁਮਾਰ : ਚਲੋ ਠੀਕ ਹੈ ਜੀ।

ਲੁਧਿਆਣਾ ਦੱਖਣੀ ਬਾਈ-ਪਾਸ ਸੜਕ

*438. **ਸ੍ਰੀ ਰਾਕੇਸ਼ ਕੁਮਾਰ ਪਾਂਡੇ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਲੁਧਿਆਣਾ ਦੱਖਣੀ ਬਾਈ-ਪਾਸ ਸੜਕ ਬਣਾਉਣ ਅਤੇ ਉਸਤੇ ਪ੍ਰੀ-ਮਿਕਸ ਵਿਛਾਉਣ ਦੀ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ । ਮਿਤੀ 31 ਮਾਰਚ, 1999 ਤੱਕ ਬਾਈ-ਪਾਸ ਮੁਕੰਮਲ ਕੀਤਾ ਜਾਵੇਗਾ, ਬਸ਼ਰਤੇ ਕਿ ਫੰਡਜ਼ ਉਪਲਬਧ ਹੋਣ ਲੇਕਿਨ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਹ ਬਾਈ-ਪਾਸ ਬਹੁਤ ਇੰਪਾਰਟੈਂਟ ਹੈ, ਇਸ ਲਈ ਇਸ ਦੇ ਪੂਰਾ ਕਰਨ ਵਾਸਤੇ ਮੈਂ ਕੱਲ੍ਹ ਹੀ ਹਦਾਇਤ ਕਰ ਦਿੱਤੀ ਹੈ ਅਤੇ ਹੁਣ ਇਹ ਬਾਈ-ਪਾਸ 1999 ਦੀ ਬਜਾਏ ਇਸੇ ਸਾਲ, ਇਸੇ ਬਜਟ ਈਅਰ ਵਿਚ ਹੀ ਮੁਕੰਮਲ ਕਰ ਦਿੱਤਾ ਜਾਵੇਗਾ । (ਥੰਪਿੰਗ)

ਸ੍ਰੀ ਰਾਕੇਸ਼ ਕੁਮਾਰ ਪਾਂਡੇ : ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਦਾ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਬਾਈ-ਪਾਸ ਨੂੰ ਕੰਪਲੀਟ ਕਰਨ ਲਈ ਮਹਿਕਮੇ ਨੂੰ ਹਦਾਇਤਾਂ ਦੇ ਦਿੱਤੀਆਂ ਹਨ ਲੇਕਿਨ ਮੈਂ ਕੁਝ ਇਕ ਗੱਲਾਂ ਮੁੱਖ ਮੰਤਰੀ ਜੀ ਦੇ ਨੋਟਿਸ ਵਿਚ ਲਿਆਉਣੀਆਂ ਚਾਹੁੰਦਾ ਹਾਂ । ਇਲੈਕਸ਼ਨ ਦੇ ਦੌਰਾਨ ਇਨ੍ਹਾਂ ਦਾ ਉਧਰ ਚੱਕਰ ਨਹੀਂ ਲੱਗਣ ਦਿੱਤਾ ਗਿਆ, ਜਿਸ ਕਰਕੇ ਇਹ ਗੱਲਾਂ ਉਨ੍ਹਾਂ ਦੇ ਧਿਆਨ ਵਿਚ ਨਹੀਂ ਆ ਸਕੀਆਂ । ਇਹ ਬਾਈ-ਪਾਸ ਕਿੰਤਾਂ ਬਹੁਤ ਦੇਰ ਤੋਂ ਬਣ ਰਿਹਾ ਹੈ ਅਤੇ ਤਕਰੀਬਨ ਕੰਪਲੀਸ਼ਨ ਦੇ ਨੇੜੇ ਹੀ ਹੈ । ਕੁਝ ਇਕ ਜਗ੍ਹਾ ਤੇ ਕਾਫੀ ਸਾਰਾ ਮੈਟੀਰੀਅਲ ਪਿਆ ਹੈ । ਡੇਹਲੋਂ ਦੇ ਕੋਲ ਮੇਨ ਰੋਡ ਤੋਂ ਲੁਧਿਆਣੇ ਵੱਲ ਨੂੰ ਆਈਏ ਤਾਂ 10 ਕਿਲੋਮੀਟਰ ਦੇ ਕਰੀਬ ਅਤੇ ਇਸੇ ਤਰ੍ਹਾਂ ਡੇਹਲੋਂ ਵੱਲੋਂ ਦੋਰਾਹੇ ਨੂੰ ਆਈਏ ਤਾਂ 5-7 ਕਿਲੋਮੀਟਰ ਰਸਤੇ ਵਿਚ ਮੈਟੀਰੀਅਲ ਪਿਆ ਹੋਇਆ ਹੈ । ਵੱਡਾ, ਮੋਟਾ ਰੋੜਾ ਅਤੇ ਪੱਥਰ ਉਥੇ ਪਿਆ ਹੋਇਆ ਹੈ......

ਸ੍ਰੀ ਸਪੀਕਰ : ਤੁਸੀਂ ਇਸੇ ਬਾਈ-ਪਾਸ ਦੀ ਗੱਲ ਕਰਦੇ ਹੋ ?

ਸ੍ਰੀ ਰਾਕੇਸ਼ ਕੁਮਾਰ ਪਾਂਡੇ : ਹਾਂ ਜੀ । ਵੱਡਾ ਪੱਥਰ ਉਥੇ ਪਿਆ ਹੋਇਆ ਹੈ । ਸਿਰਫ ਉਸ ਨੂੰ ਵਿਛਾ ਕੇ ਕੰਪਲੀਟ ਕਰਨ ਦੀ ਹੀ ਗੱਲ ਹੈ । ਪਤਾ ਨਹੀਂ ਮਹਿਕਮੇ ਨੇ ਇਹ ਚੀਜ਼ ਤੁਹਾਡੇ ਨੋਟਿਸ ਵਿਚ ਲਿਆਂਦੀ ਹੈ ਜਾਂ ਨਹੀਂ । ਜੇ ਇਲੈਕਸ਼ਨ ਦੌਰਾਨ ਤੁਹਾਡਾ ਉਧਰ ਚੱਕਰ ਲੱਗਾ ਹੁੰਦਾ ਜਾਂ ਮਹਿਕਮੇ ਨੇ ਤੁਹਾਨੂੰ ਉਧਰ ਜਾਣ ਦਿੱਤਾ ਹੁੰਦਾ ਤਾਂ ਤੁਹਾਡੇ ਨੋਟਿਸ ਵਿਚ ਇਹ ਗੱਲ ਜ਼ਰੂਰ ਹੋਣੀ ਸੀ । ਕਮੀ ਕੇਵਲ ਮਹਿਕਮੇ ਵੱਲੋਂ ਹੀ ਹੈ । ਜਿਹੜਾ ਮੈਟੀਰੀਅਲ ਸਾਈਟ ਉਪਰ ਰੱਖਿਆ ਹੋਇਆ ਹੈ, ਉਸ ਨੂੰ ਵਿਛਾਉਣ ਦਾ ਇੰਤਜ਼ਾਮ ਕਰ ਦਿੱਤਾ ਜਾਵੇ ਤਾਂ ਮਸਲਾ ਹੱਲ ਹੋ ਸਕਦਾ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਕੱਲਾ ਇਹ ਹੀ ਨਹੀਂ ਕਿ ਮੈਂ ਇਲੈਕਸ਼ਨ ਵਿਚ ਉਧਰ ਗਿਆ ਹਾਂ ਬਲਕਿ ਉਸ ਤੋਂ ਪਹਿਲਾਂ ਵੀ ਬਹੁਤ ਵਾਰ ਉਧਰ ਗਿਆ ਹੋਇਆ ਹਾਂ । ਜਿੰਨੀ ਵਾਰ ਇਹ ਉਧਰ ਗਏ ਹੋਣਗੇ, ਉਸ ਤੋਂ ਦੁੱਗਣੀ ਵਾਰ ਮੈਂ ਉਧਰੋਂ ਲੰਘਿਆ ਹੋਵਾਂਗਾ । ਬਾਕੀ, ਇਸ ਤੋਂ ਵੱਡੀ ਐਸ਼ਿਓਰੈਂਸ ਹੋਰ ਕੀ ਹੋ ਸਕਦੀ ਹੈ ਕਿ ਇਸ ਬਾਈ-ਪਾਸ ਦੀ ਇੰਪਾਰਟੈਂਸ ਨੂੰ ਮੁੱਖ ਰੱਖਦੇ ਹੋਏ ਇਹ ਇਸੇ ਬਜਟ ਈਅਰ ਵਿਚ ਹੀ ਬਿਲਕੁਲ ਮੁਕੰਮਲ ਕਰ ਦਿੱਤਾ ਜਾਵੇਗਾ । ਇਹ ਮੈਂ ਐਮ.ਐਲ.ਏ. ਸਾਹਿਬ ਅਤੇ ਹਾਊਸ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ । (ਥੰਪਿੰਗ)

ਸ੍ਰੀ ਰਾਕੇਸ਼ ਕੁਮਾਰ ਪਾਂਡੇ : ਧੰਨਵਾਦ ਜੀ ।

ਰਾਸ਼ਟਰੀ ਮਹਾਂਮਾਰਗਾਂ ਦੇ ਨਾਲ ਨਾਲ ਨਜਾਇਜ਼ ਕਬਜਿਆਂ ਨੂੰ ਹਟਾਉਣਾ

*347. **ਸ੍ਰੀ ਰਮੇਸ਼ ਚੰਦਰ ਡੋਗਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਰਾਜ ਵਿਚ ਰਾਸ਼ਟਰੀ ਮਹਾਂਮਾਰਗਾਂ ਦੇ ਦੋਨੋਂ ਪਾਸਿਆਂ ਤੋਂ ਨਾਜਾਇਜ਼ ਕਬਜਿਆਂ ਨੂੰ ਹਟਾਉਣ ਸਬੰਧੀ ਕੋਈ ਫੈਸਲਾ ਲਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ਅਤੇ ਅਜਿਹੇ ਨਜਾਇਜ ਕਬਜ਼ਿਆਂ ਨੂੰ ਹਟਾਉਣ ਲਈ ਸਰਕਾਰ ਦੁਆਰਾ ਕੀਤੀ ਜਾਣ ਵਾਲੀ ਤਜਵੀਜ਼ਤ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ । ਨੈਸ਼ਨਲ ਹਾਈਵੇਜ਼ ਸਮੇਤ ਸ਼ਡਿਊਲਡ ਰੋਡਜ਼ ਤੋਂ 1607 ਨਾਜਾਇਜ਼ ਕਬਜ਼ੇ ਹਟਾਏ ਗਏ ਹਨ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ 1607 ਨਜਾਇਜ਼ ਕਬਜ਼ੇ ਹਟਾਏ ਗਏ ਹਨ । ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੁੱਲ 1607 ਹੀ ਨਜਾਇਜ਼ ਕਬਜ਼ੇ ਸਨ ਜਿਹੜੇ ਰਿਮੂਵ ਕੀਤੇ ਗਏ ਹਨ ਜਾਂ ਇਨ੍ਹਾਂ ਤੋਂ ਇਲਾਵਾ ਕੁਝ ਹੋਰ ਵੀ ਐਨਕਰੋਚਮੈਂਟਸ ਹਨ ? ਜੇ ਹਨ ਤਾਂ ਉਨ੍ਹਾਂ ਨੂੰ ਕਦੋਂ ਤੱਕ ਰਿਮੂਵ ਕਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਤੇ ਕੀ ਐਕਸ਼ਨ ਲਿਆ ਜਾਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਸਿਲਸਿਲੇ ਵਿਚ ਪਬਲਿਕ ਇਨਟਰੈਸਟ ਵਿਚ ਹਾਈ ਕੋਰਟ ਦੇ ਵਿਚ ਦੋ ਪਟੀਸ਼ਨਾਂ ਚੱਲ ਰਹੀਆਂ ਹਨ । ਇਹ ਮਾਮਲਾ ਇਸ ਵੇਲੇ ਸਬ-ਜੁਡਿਸ ਹੈ ਇਸ ਲਈ ਮੇਰੇ ਵਾਸਤੇ ਇਸ ਸਿਲਸਿਲੇ ਵਿਚ ਕੋਈ ਗੱਲ ਕਹਿਣੀ ਯੋਗ ਨਹੀਂ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਜਿੱਥੋਂ ਤੱਕ ਹਾਈਕੋਰਟ ਦਾ ਸਵਾਲ ਹੈ ਉਥੇ ਤਾਂ ਇਹ ਫੈਸਲਾ ਹੋ ਗਿਆ ਹੈ ਕਿ ਜੋ ਐਨਕਰੋਚਮੈਂਟਸ ਏਨੇ ਡਿਸਟੈਂਸ ਤੱਕ ਵਾਲੀਆਂ ਹਨ, ਉਹ ਰੀਮੂਵ ਕਰਨੀਆਂ ਹਨ । ਮੈਂ ਜਾਣਨਾ ਚਾਹੁੰਦਾ ਹਾਂ ਕਿ ਨੰਬਰ ਆਫ ਐਨਕਰੋਚਮੈਂਟਸ ਜੋ ਹੈ ਉਹ ਕੇਵਲ 1607 ਹੀ ਹੈ ਜਾਂ ਇਸ ਤੋਂ ਵੀ ਵੱਧ ਹੈ ? ਜੇਕਰ ਇਸ ਤੋਂ ਵੱਧ ਹੈ ਤਾਂ ਉਨ੍ਹਾਂ ਬਾਰੇ ਕੀ ਕੀਤਾ ਜਾ ਰਿਹਾ ਹੈ ?

ਸ੍ਰੀ ਸਪੀਕਰ : ਐਨਕਰੋਚਮੈਂਟਸ ਬਾਰੇ ਇਨ੍ਹਾਂ ਨੇ ਦੱਸ ਤਾਂ ਦਿੱਤਾ ਹੈ ਕਿ ਜਿਹੜੀਆਂ ਐਨਕਰੋਚਮੈਂਟਸ ਹੋਰ ਵੀ ਹਨ ਉਨ੍ਹਾਂ ਬਾਰੇ ਕੇਸ ਹਾਈਕੋਰਟ ਵਿਚ ਚੱਲ ਰਿਹਾ ਹੈ, ਜੋ ਬਾਕੀ ਰਹਿੰਦੀਆਂ ਹਨ ।

श्रीमती लक्ष्मीकाँता चावला : माननीय अध्यक्ष महोदय, मैं आप के माध्यम से मुख्य मंत्री जी से पूछना चाहती हूं कि जो पुराने अन अधिकारित कब्जे हैं, उनको हटाने के लिये तो प्रयत्न चल रहे हैं लेकिन आज की तिथि में जो लोग नये नाजायज कब्ज़े करते जा रहे हैं, उन के बारे में सरकार की क्या कोई नीति है ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੇਕਰ ਕੋਈ ਨਾਜਾਇਜ਼ ਕਬਜ਼ਾ ਕਰਦਾ ਹੈ ਤਾਂ ਉਸ ਨੂੰ ਰੋਕਿਆ ਜਾਂਦਾ ਹੈ ਜੀ।

श्रीमती लक्ष्मी कांता चावला : स्पीकर साहिब, नैशनल हाईवेज़ के दोनों तरफ कोई खोखे बना कर बैठा है, कई नई बिल्डिगज़ बन रही हैं और कई शराब के ठेके भी खुल रहे हैं। अगर यह बात आप के नोटिस में नहीं तो नोटिस में लाने का यह महकमा मुझे दे दीजिये। जब आप सड़कों के ऊपर से जाते हैं तो क्या आप को यह पता नहीं चलता, आप ने भी यह सब कुछ देखा होगा। जब मैं पहले यही बात सरदार बेअंत जी से पूछती थी तो वह भी कहते थे कि मुझे पता नहीं। ......(ਵਿਘਨ)......

ਮੁੱਖ ਮੰਤਰੀ : ਸਪੀਕਰ ਸਾਹਿਬ, ਅਸੀਂ ਤਾਂ ਇਹ ਸਭ ਹਟਾ ਦਿਆਂਗੇ ਪਰ ਜਦੋਂ ਅਸੀਂ ਹਟਾਉਣ ਲੱਗਾਂਗੇ ਤਾਂ ਤੁਸੀਂ ਆਪ ਹੀ ਕਹਿਣ ਲੱਗ ਜਾਣਾ ਹੈ ਕਿ ਕਿਉਂ ਹਟਾਉਂਦੇ ਹੋ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਤੁਹਾਡਾ ਕੰਮ ਹਟਾਉਣ ਦਾ ਹੈ ਕਿ ਨਹੀਂ, ਤੁਸੀਂ ਇਹ ਦੱਸੋ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

ਸੁਜਾਨਪੁਰ ਕਸਬੇ ਵਿਚ ਸਰਕਾਰੀ ਕਾਲਜ ਖੋਲ੍ਹਣਾ

*366. **ਸ੍ਰੀ ਸੱਤਿਆ ਪਾਲ ਸੈਣੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1992 ਤੋਂ 1996 ਤੱਕ ਦੇ ਸਮੇਂ ਦੇ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਦੇ ਸੁਜਾਨਪੁਰ ਕਸਬੇ ਵਿਚ ਚੱਲ ਰਹੇ ਸਰਕਾਰੀ ਅਤੇ ਪ੍ਰਾਈਵੇਟ ਕਾਲਜਾਂ ਦੀ ਗਿਣਤੀ ਅਤੇ ਵੇਰਵੇ ਕੀ ਕੀ ਹਨ ;

(ਅ) ਕੀ ਸਰਕਾਰ ਦੀ ਸਾਲ 1997–98 ਦੌਰਾਨ ਉਕਤ ਕਸਬੇ ਵਿਚ ਕੋਈ ਹੋਰ ਸਰਕਾਰੀ ਕਾਲਜ ਖੋਲ੍ਹਣ ਦੀ ਤਜਵੀਜ਼ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਸੁਜਾਨਪੁਰ ਕਸਬੇ ਵਿਚ ਵਿਦਿਅਕ ਸੈਸ਼ਨ 1989-90 ਵਿਚ ਇੱਕ ਪ੍ਰਾਈਵੇਟ ਕਾਲਜ ਦੀ ਸਥਾਪਨਾ ਹੋਈ ਸੀ। ਇਸਨੂੰ ਵਿਦਿਅਕ ਸੈਸ਼ਨ 1995–96 ਤੋਂ ਬੰਦ ਕਰ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਇਸ ਕਸਬੇ ਵਿਚ ਹੋਰ ਕੋਈ ਵੀ ਸਰਕਾਰੀ ਅਤੇ ਗੈਰ-ਸਰਕਾਰੀ ਕਾਲਜ ਨਹੀਂ ਸੀ।

(ਅ) ਦੱਸੇ ਗਏ ਸਮੇਂ ਦੌਰਾਨ ਨਹੀਂ ਜੀ।

ਸ੍ਰੀ ਸੱਤਿਆ ਪਾਲ ਸੈਣੀ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੰਡੀ ਅਤੇ ਪਹਾੜੀ ਇਲਾਕਾ ਨਿਚਲੇ ਬੜੇ

[ਸ਼੍ਰੀ ਸੱਤਿਆ ਪਾਲ ਸੈਣੀ]

ਤੋਂ ਲੈ ਕੇ ਮੀਰਥਲ ਤੱਕ 60 ਕਿਲੋਮੀਟਰ ਦੂਰ ਹੈ । ਇਸ ਵਿਚ ਸੁਜਾਨਪੁਰ ਕਸਬੇ ਵਿਚ ਜਾਂ ਕਿਤੇ ਹੋਰ ਇਹ ਸਰਕਾਰੀ ਕਾਲਜ ਖੋਲ੍ਹਣ ਬਾਰੇ ਕੋਈ ਵਿਚਾਰ ਕਰਨਗੇ ? ਜੇ ਹਾਂ, ਤਾਂ ਕਦੋਂ ਤੱਕ ਖੋਲ੍ਹਣ ਬਾਰੇ ਆਸ ਲਗਾਈ ਜਾ ਸਕਦੀ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਅਜੇ ਤੱਕ ਕੋਈ ਵਿਚਾਰ ਅਧੀਨ ਨਹੀਂ ਹੈ ਜੀ ।

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਪ੍ਰਾਈਵੇਟ ਕਾਲਜ ਪਹਿਲਾਂ ਖੁੱਲ੍ਹਿਆ ਸੀ, ਉਹ ਕੁਝ ਕਾਰਣਾਂ ਕਰਕੇ ਬੰਦ ਹੋ ਗਿਆ ਸੀ । ਬਾਦਲ ਸਾਹਿਬ ਨੇ ਅੱਗੇ ਵੀ ਕ੍ਰਿਪਾ ਕੀਤੀ ਹੈ । ਦਰਿਆ ਦੇ ਦੂਸਰੇ ਪਾਸੇ ਇਨ੍ਹਾਂ ਨੇ ਕਾਲਜ ਦੇ ਦਿੱਤਾ ਹੈ । ਮੇਰੀ ਇਹ ਬੇਨਤੀ ਸੀ ਕਿ ਮੇਰਾ ਇਹ ਇਲਾਕਾ ਪਹਾੜੀ ਔਰ ਹਿਮਾਚਲ ਪ੍ਰਦੇਸ਼ ਨਾਲ ਘਿਰਿਆ ਹੋਇਆ ਹੈ ਜਿਸ ਕਾਰਣ ਏਥੇ ਆਉਣਾ ਜਾਣਾ ਵੀ ਬਹੁਤ ਮੁਸ਼ਕਲ ਹੈ । ਮੈਨੂੰ ਆਸ ਹੈ ਕਿ ਇਸ ਬਾਰੇ ਸਰਕਾਰ ਜ਼ਰੂਰ ਕੁਝ ਨਾ ਕੁਝ ਵਿਚਾਰ ਕਰਨ ਦੀ ਖੇਚਲ ਕਰੇਗੀ .....

ਸ਼੍ਰੀ ਸਪੀਕਰ : ਸੈਣੀ ਸਾਹਿਬ, ਕੋਈ ਸਵਾਲ ਪੁੱਟ ਕਰੋ ਜੇ ਕਰਨਾ ਹੈ ਤਾਂ ।

ਦਸ਼ਮੇਸ਼ ਪਬਲਿਕ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਦੀਆਂ ਮੀਟਿੰਗਾਂ

*440. **ਸ਼੍ਰੀ ਹਰਮਿੰਦਰ ਸਿੰਘ ਜੱਸੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਇਸ ਸਮੇਂ ਚਲਾਏ ਜਾ ਰਹੇ ਦਸ਼ਮੇਸ਼ ਪਬਲਿਕ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਦੇ ਵੇਰਵੇ ਕੀ ਹਨ ਅਤੇ ਪਿਛਲੇ ਪੰਜ ਸਾਲਾਂ ਦੌਰਾਨ ਇਨ੍ਹਾਂ ਦੀਆਂ ਹੋਈਆਂ ਮੀਟਿੰਗਾਂ ਦੀ ਗਿਣਤੀ ਅਤੇ ਤਰੀਕਾਂ ਕੀ ਹਨ;

(ਅ) ਕੀ ਸਬੰਧਤ ਹਲਕਿਆਂ ਦੇ ਵਿਧਾਨ ਸਭਾ ਦੇ ਮੈਂਬਰ ਉਪਰੋਕਤ ਭਾਗ (ੳ) ਵਿਚ ਵਰਣਿਤ ਪ੍ਰਬੰਧਕ ਕਮੇਟੀਆਂ ਦੇ ਵੀ ਮੈਂਬਰ ਹਨ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਅਜਿਹੇ ਐਮ. ਐਲ. ਏਜ਼ ਨੂੰ ਉਪਰੋਕਤ ਭਾਗ (ੳ) ਵਿਚ ਵਰਣਿਤ ਕਮੇਟੀਆਂ ਦੀਆਂ ਮੀਟਿੰਗਾਂ ਬਾਰੇ ਸੂਚਨਾ ਦਿੱਤੀ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਉਕਤ ਐਮ. ਐਲ. ਏਜ਼ ਨੂੰ ਸੂਚਨਾ-ਪੱਤਰ ਕਿਸ ਕਿਸ ਮਿਤੀ ਨੂੰ ਭੇਜੇ ਗਏ ਸਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਪੰਜਾਬ ਰਾਜ ਵਿੱਚ ਦਸ਼ਮੇਸ਼ ਪਬਲਿਕ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਅਤੇ ਉਨ੍ਹਾਂ ਵੱਲੋਂ ਪਿਛਲੇ ਪੰਜਾਂ ਸਾਲਾਂ ਦੌਰਾਨ ਕੀਤੀਆਂ ਮੀਟਿੰਗਾਂ ਦਾ ਵੇਰਵਾ ਨਾਲ ਨੱਥੀ ਅਨੁਲੱਗ 'ੳ' ਤੇ ਰੱਖਿਆ ਜਾਂਦਾ ਹੈ ।

(ਅ) ਹਾਂ ਜੀ ।

(ੲ) ਕਮੇਟੀ ਦੀਆਂ ਮੀਟਿੰਗਾਂ ਸਬੰਧੀ ਸੂਚਨਾ ਮਾਨਯੋਗ ਐਮ. ਐਲ. ਏਜ਼ ਨੂੰ ਸੂਚਿਤ ਕਰਨ ਬਾਰੇ ਅਨੁਲੱਗ-'ਅ' ਤੇ ਰੱਖੀ ਜਾਂਦੀ ਹੈ ।

ਅਨੁਲੱਗ 'ੳ'

3 ਦਸ਼ਮੇਸ਼ ਪਬਲਿਕ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਦੇ ਵੇਰਵੇ ਅਤੇ ਮੀਟਿੰਗਾਂ ਦੀਆਂ ਤਰੀਕਾਂ ਬਾਰੇ ।

ਸ੍ਰੀ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਕੋਟਲਾ ਸੁਲਤਾਨ ਸਿੰਘ (ਅੰਮ੍ਰਿਤਸਰ)

1.	ਡਿਪਟੀ ਕਮਿਸ਼ਨਰ, ਅੰਮ੍ਰਿਤਸਰ	ਚੇਅਰਮੈਨ
2.	ਐਸ. ਡੀ. ਓ. ਸਿਵਲ, ਅੰਮ੍ਰਿਤਸਰ	ਮੈਨੇਜਰ
3.	ਡਿਸਟ੍ਰਿਕਟ ਡਿਵੈਲਮੈਂਟ ਅਤੇ ਪੰਚਾਇਤ ਅਫ਼ਸਰ	ਸੈਕਟਰੀ
4.	ਜ਼ਿਲ੍ਹਾ ਸਿੱਖਿਆ ਅਫ਼ਸਰ, ਅੰਮ੍ਰਿਤਸਰ	ਮੈਂਬਰ
5.	ਸਕੂਲ ਦਾ ਪ੍ਰਿੰਸੀਪਲ	,,
6.	ਜ਼ਿਲ੍ਹਾ ਤਹਿਸੀਲਦਾਰ	,,
7.	ਬੀ. ਡੀ. ਪੀ. ਓ., ਅੰਮ੍ਰਿਤਸਰ	,,
8.	ਜ਼ਿਲ੍ਹਾ ਸਪੋਰਟਸ ਅਫ਼ਸਰ, ਅੰਮ੍ਰਿਤਸਰ	,,
9.	ਸ੍ਰੀ ਮਲਕੀਅਤ ਸਿੰਘ, ਵਿਦਿ: ਮਾਹਰ	,,
10.	ਜ਼ਿਲ੍ਹਾ ਫੋਰੈਸਟ ਅਫ਼ਸਰ, ਅੰਮ੍ਰਿਤਸਰ	,,
11.	ਚੀਫ਼ ਐਗਰੀਕਲਚਰ ਅਫ਼ਸਰ, ਅੰਮ੍ਰਿਤਸਰ	,,
12.	ਸੈਕਟਰੀ, ਪੀ. ਐਸ. ਈ. ਬੀ., ਮੁਹਾਲੀ	,,
13.	ਜ਼ਿਲ੍ਹਾ ਮਾਇੰਸ ਸੁਪਰਵਾਈਜ਼ਰ, ਅੰਮ੍ਰਿਤਸਰ	,,
14.	ਸਰਪੰਚ, ਕੋਟਲਾ ਸੁਲਤਾਨ ਸਿੰਘ, ਅੰਮ੍ਰਿਤਸਰ	,,
15.	ਲੋਕਲ ਐਮ. ਐਲ. ਏ.	,,
16.	ਡਾ. ਦੀਪਕ ਮਨਮੋਹਨ ਸਿੰਘ, ਪੀ. ਯੂ. ਸੈਨੇਟ ਐਂਡ ਸਿੰਡੀਕੇਟ	,,

ਪਿਛਲੇ ਪੰਜ ਸਾਲਾਂ ਵਿੱਚ 5 ਮੀਟਿੰਗਾਂ ਹੋਈਆਂ ਜਿਨ੍ਹਾਂ ਦੀਆਂ ਮਿਤੀਆਂ ਹੇਠ ਲਿਖੇ ਅਨੁਸਾਰ ਹਨ :—

6-5-94, 19-7-94, 22-12-94, 5-4-95 ਅਤੇ 6-2-96

[ਮੁੱਖ ਮੰਤਰੀ]

ਸ੍ਰੀ ਦਸ਼ਮੇਸ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਤਲਵੰਡੀ ਸਾਬੋ (ਬਠਿੰਡਾ)—

1.	ਡਿਪਟੀ ਕਮਿਸ਼ਨਰ, ਬਠਿੰਡਾ	ਚੇਅਰਮੈਨ
2.	ਐਸ. ਡੀ. ਓ. ਸਿਵਲ, ਤਲਵੰਡੀ ਸਾਬੋ	ਮੈਨੇਜਰ
3.	ਸਕੂਲ ਦਾ ਪ੍ਰਿੰਸੀਪਲ	ਮੈਂਬਰ
4.	ਪ੍ਰਿੰਸੀਪਲ ਅਤੇ ਡਾਇਰੈਕਟਰ, ਸ੍ਰੀ ਦਸ਼ਮੇਸ਼ ਅਕੈਡਮੀ ਆਨੰਦਪੁਰ ਸਾਹਿਬ	,,
5.	ਸਰਪੰਚ, ਤਲਵੰਡੀ ਸਾਬੋ	,,
6.	ਡੀ. ਡੀ. ਪੀ. ਓ., ਤਲਵੰਡੀ ਸਾਬੋ	,,
7.	ਜ਼ਿਲ੍ਹਾ ਸਪੋਰਟਸ ਅਫਸਰ, ਬਠਿੰਡਾ	,,
8.	ਜ਼ਿਲ੍ਹਾ ਸਿੱਖਿਆ ਅਫਸਰ, ਬਠਿੰਡਾ	
9.	ਬੀਬੀ ਸੁਰਜੀਤ ਕੌਰ ਪਤਨੀ ਲੇਟ ਐਕਸ ਮਨਿਸਟਰ ਸ੍ਰ. ਅਵਤਾਰ ਸਿੰਘ ਗਟਵਾਲੀ	,,
10.	ਐਗਜ਼ੈਕਟਿਵ ਸੈਕਟਰੀ, ਰੈਡ ਕਰਾਸ, ਬਠਿੰਡਾ	,,
11.	ਲੋਕਲ ਐਮ. ਐਲ. ਏ., ਤਲਵੰਡੀ ਸਾਬੋ	,,
12.	ਪ੍ਰੋ. ਕੌਰ ਸਿੰਘ, ਗੁਰੂ ਕਾਂਸ਼ੀ ਕਾਲਜ, ਤਲਵੰਡੀ ਸਾਬੋ	,,
13.	ਸ੍ਰ. ਮੇਜਰ ਸਿੰਘ, ਬੀ. ਪੀ. ਓ., ਤਲਵੰਡੀ ਸਾਬੋ	,,
14.	ਮਿ: ਮਨਿੰਦਰ ਕੌਰ, ਸਕੂਲ ਲੈਕ:	,,
15.	ਮਿ: ਜਨਕ ਸਿੰਘ, ਟੀਚਰ ਸਕੂਲ	,,
16.	ਇਕਬਾਲ ਸਿੰਘ, ਡਾਇਰੈਕਟਰ, ਗੁਰੂ ਨਾਨਕ ਪਬਲਿਕ ਸਕੂਲ, ਬਠਿੰਡਾ	,,

ਪਿਛਲੇ ਪੰਜ ਸਾਲਾਂ ਵਿਚ ਤਿੰਨ ਮੀਟਿੰਗਾਂ ਹੋਈਆਂ ਜਿਨ੍ਹਾਂ ਦੀਆਂ ਮਿਤੀਆਂ ਹੇਠ ਲਿਖੇ ਅਨੁਸਾਰ ਹਨ :—

2-11-92, 15-5-93 ਅਤੇ 1-2-95

ਸ੍ਰੀ ਦਸ਼ਮੇਸ਼ ਪਬਲਿਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਬਾਦਲ (ਮੁਕਤਸਰ)—

1.	ਡਿਪਟੀ ਕਮਿਸ਼ਨਰ, ਮੁਕਤਸਰ	ਚੇਅਰਮੈਨ
2.	ਐਸ. ਡੀ. ਐਮ., ਮਲੋਟ	ਮੈਨੇਜਰ
3.	ਐਮ. ਐਲ. ਏ., ਲੰਬੀ	,,
4.	ਜ਼ਿਲ੍ਹਾ ਸਿੱਖਿਆ ਅਫ਼ਸਰ, ਸਕੂਲ, ਮੁਕਤਸਰ	,,
5.	ਡੀ. ਡੀ. ਪੀ. ਓ., ਮੁਕਤਸਰ	,,
6.	ਸ੍ਰੀ ਜੇ. ਐਸ. ਸਿੱਧੂ, ਸੇਵਾ ਮੁਕਤ ਪ੍ਰਿੰਸੀਪਲ, ਕਿਲ੍ਹਿਆਂਵਾਲੀ	,,
7.	ਪ੍ਰਿੰਸੀਪਲ, ਦਸ਼ਮੇਸ਼ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਬਾਦਲ	,,

ਪਿਛਲੇ ਪੰਜ ਸਾਲਾਂ ਵਿੱਚ 12 ਮੀਟਿੰਗਾਂ ਹੋਈਆਂ ਜਿਨ੍ਹਾਂ ਦੀਆਂ ਮਿਤੀਆਂ ਹੇਠ ਲਿਖੇ ਅਨੁਸਾਰ ਹਨ :—

30-4-92, 6-5-94, 22-5-94, 22-6-94, 6-7-94, 17-8-94, 18-4-96, 3-9-96, 30-4-96, 11-5-96, 23-5-96, 3-9-96 ਅਤੇ 7-10-96 ਹਨ ।

[ਮੁੱਖ ਮੰਤਰੀ]

ਅਨੁਲੱਗ 'ਅ'

ਤਿੰਨ ਦਸ਼ਮੇਸ਼ ਪਬਲਿਕ ਸਕੂਲਾਂ ਦੀਆਂ ਮੀਟਿੰਗਾਂ ਸਬੰਧੀ ਸਬੰਧਤ ਐਮ. ਐਲ. ਏ. ਨੂੰ ਭੇਜੀ ਗਈ ਸੂਚਨਾ

ਸ੍ਰੀ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਕੋਟਲਾ ਸੁਲਤਾਨ ਸਿੰਘ (ਅੰਮ੍ਰਿਤਸਰ)—

1. ਮੀਟਿੰਗ ਸਬੰਧੀ ਕੋਈ ਸੂਚਨਾ ਨਹੀਂ ਭੇਜੀ ਗਈ ।

ਸ੍ਰੀ ਦਸ਼ਮੇਸ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਤਲਵੰਡੀ ਸਾਬੋ (ਬਠਿੰਡਾ)—

ਮੀਟਿੰਗਾਂ ਸਬੰਧੀ ਹੇਠ ਲਿਖੇ ਪੱਤਰਾਂ ਰਾਹੀਂ ਸੂਚਿਤ ਕੀਤਾ ਗਿਆ:—

(1) 6062/92, ਮਿਤੀ 21-11-92

(2) 6327/93, ਮਿਤੀ 15-5-93

(3) 7601/95, ਮਿਤੀ 1-2-95

ਸ੍ਰੀ ਦਸ਼ਮੇਸ਼ ਗਰਲਜ਼ ਪਬਲਿਕ ਸਕੂਲ, ਬਾਦਲ (ਮੁਕਤਸਰ)—

ਮੀਟਿੰਗ ਸਬੰਧੀ ਹੇਠਾਂ ਲਿਖਿਆਂ ਪੱਤਰਾਂ ਰਾਹੀਂ ਸੂਚਿਤ ਕੀਤਾ ਗਿਆ :—

(1) 572, ਮਿਤੀ 23-4-92

(2) 796, ਮਿਤੀ 24-4-94

(3) 841, ਮਿਤੀ 18-5-94

(4) 856, ਮਿਤੀ 11-7-95

(5) 911, ਮਿਤੀ 28-8-94

(6) 1,035, ਮਿਤੀ 8-8-95

(7) 1,111, ਮਿਤੀ 11-4-97

(8) 1,115, ਮਿਤੀ 19-4-96

(9) 1,132, ਮਿਤੀ 1-5-96

(10) 1,149, ਮਿਤੀ 15-5-96

(11) 1,200, ਮਿਤੀ 28-8-96

(12) 1,245 ਮਿਤੀ 30-9-96

ਸ਼੍ਰੀ ਹਰਮਿੰਦਰ ਸਿੰਘ ਜੱਸੀ : ਮਾਨਯੋਗ ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ, ਨੇ ਦੱਸਿਆ ਹੈ ਕਿ ਮੀਟਿੰਗਾਂ ਵਿਚ ਮੈਂਬਰਾਂ ਅਤੇ ਸਬੰਧਤ ਐਮ. ਐਲ. ਏ. ਸਾਹਿਬ ਨੂੰ ਬੁਲਾਇਆ ਜਾਂਦਾ ਹੈ । ਸਪੀਕਰ ਸਾਹਿਬ, 19 ਮਾਰਚ, 1997 ਨੂੰ ਬਾਦਲ ਸਾਹਿਬ ਨੇ ਜਦੋਂ ਜਵਾਬ ਦਿੱਤਾ ਸੀ ਉਸ ਵਿਚ ਵੀ ਇਨ੍ਹਾਂ ਨੇ ਕਿਹਾ ਸੀ ਅਤੇ ਅੱਜ ਇਹ ਫਿਰ ਕਹਿੰਦੇ ਹਨ ਕਿ ਸਬੰਧਤ ਐਮ. ਐਲ. ਏ. ਸਾਹਿਬ, ਨੂੰ ਬੁਲਾਇਆ ਜਾਂਦਾ ਹੈ ਪਰ ਸਪੀਕਰ ਸਾਹਿਬ ਮੈਂ ਦੱਸਣਾ ਚਾਹੁੰਦਾ ਹਾਂ ਕਿ ਬਾਦਲ (ਮੁਕਤਸਰ) ਵਾਲੇ ਸਕੂਲ ਵਿਚ 12 ਮੀਟਿੰਗਾਂ ਹੋਈਆਂ, ਤਲਵੰਡੀ ਸਾਬੋ (ਬਠਿੰਡਾ) ਵਾਲੇ ਸਕੂਲ ਵਿੱਚ ਤਿੰਨ ਵਾਰ ਮੀਟਿੰਗਾਂ ਹੋਈਆਂ ਪਰ ਕੋਟਲਾ ਸੁਲਤਾਨ ਸਿੰਘ (ਅੰਮ੍ਰਿਤਸਰ) ਵਾਲੇ ਸਕੂਲ ਵਿੱਚ ਕੋਈ ਵੀ ਮੀਟਿੰਗ ਨਹੀਂ ਹੋਈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਮੀਟਿੰਗ ਕਿਉਂ ਨਹੀਂ ਹੋਈ ਅਤੇ ਜੇਕਰ ਕੋਈ ਮੀਟਿੰਗ ਹੋਈ ਹੈਤਾਂ ਉਸ ਦਾ ਨੋਟਿਸ ਕਿਉਂ ਨਹੀਂ ਭੇਜਿਆ ਗਿਆ ?

ਮੁੱਖ ਮੰਤਰੀ : ਇਹ ਤਿੰਨੇ ਸਕੂਲ ਅੱਜ ਦੇ ਤਾਂ ਬਣੇ ਨਹੀਂ ਹੋਏ, ਇਹ ਤਾਂ ਬੜੀ ਦੇਰ ਦੇ ਬਣੇ ਹੋਏ ਹਨ ਅਸੀਂ ਹੁਣ ਡੀ. ਸੀ. ਨੂੰ ਇੰਸਟਰਕਸ਼ਨਾਂ ਦੇ ਦਿੱਤੀਆਂ ਹਨ ਕਿ ਲੋੜ ਪੈਣ ਤੇ ਮਹੀਨੇ ਬਾਅਦ ਜਾਂ 2-4 ਮਹੀਨੇ ਬਾਅਦ ਜ਼ਰੂਰ ਮੀਟਿੰਗਾਂ ਬੁਲਾਈਆਂ ਜਾਇਆ ਕਰਨ । ਉਸ ਮੀਟਿੰਗ ਦਾ ਨੋਟਿਸ ਐਮ. ਐਲ. ਏ. ਸਾਹਿਬਾਨ ਨੂੰ ਜਾਂ ਜਿਹੜੇ ਮੈਂਬਰ ਹਨ, ਜ਼ਰੂਰ ਭੇਜਿਆ ਜਾਵੇ । ਜਿਹੜੀ ਪਿਛਲੇ 5-6 ਸਾਲਾਂ ਤੋਂ ਮੀਟਿੰਗਾਂ ਨਾ ਬੁਲਾਉਣ ਦੀ ਗਲਤੀ ਹੋਈ ਹੈ, ਉਸ ਨੂੰ ਤਾਂ ਹੁਣ ਮੈਂ ਦੂਰ ਨਹੀਂ ਕਰ ਸਕਦਾ । ਉਸ ਵਕਤ ਤੁਹਾਡਾ ਰਾਜ ਸੀ, ਤੁਸੀਂ ਮੀਟਿੰਗਾਂ ਬੁਲਾਉਣੀਆਂ ਸਨ ।

ਸ਼੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਮੈਂ ਤਾਂ ਕੇਵਲ ਕੋਟਲਾ ਸੁਲਤਾਨ ਸਿੰਘ ਦੀ ਗੱਲ ਕਰ ਰਿਹਾ ਹਾਂ ਕਿ ਉਥੇ ਮੀਟਿੰਗ ਕਿਉਂ ਨਹੀਂ ਬੁਲਾਈ ਗਈ ।

ਮੁੱਖ ਮੰਤਰੀ : ਉਦੋਂ ਅਕਾਲੀਆਂ ਦਾ ਰਾਜ ਤਾਂ ਹੈ ਨਹੀਂ ਸੀ, ਤੁਹਾਡਾ ਹੀ ਰਾਜ ਸੀ । ਜੇਕਰ ਪਹਿਲਾਂ ਮੀਟਿੰਗਾਂ ਨਹੀਂ ਬੁਲਾਈਆਂ ਗਈਆਂ ਤਾਂ ਉਸ ਬਾਰੇ ਤਾਂ ਮੈਂ ਕੁਝ ਨਹੀਂ ਕਰ ਸਕਦਾ । ਹਾਂ, ਹੁਣ ਮੈਂ ਜ਼ਰੂਰ ਕਹਾਂਗਾ ਕਿ ਮੀਟਿੰਗਾਂ ਰੱਖਣ ਅਤੇ ਨਾਲ ਵਧੀਆ ਜਿਹਾ ਲੰਚ ਵੀ ਰੱਖਣ । (ਹਾਸਾ)

ਸ਼੍ਰੀ ਹਰਮਿੰਦਰ ਸਿੰਘ ਜੱਸੀ: ਸਪੀਕਰ ਸਾਹਿਬ, ਸਰਕਾਰ ਬਣੀ ਨੂੰ ਚਾਰ ਮਹੀਨੇ ਹੋ ਗਏ ਹਨ । ਹੁਣ ਤੱਕ ਕਿੰਨੀਆਂ ਮੀਟਿੰਗਾਂ ਬੁਲਾਈਆਂ ਗਈਆਂ ਹਨ, ਮੁੱਖ ਮੰਤਰੀ ਸਾਹਿਬ ਦੱਸ ਦੇਣ..(ਸ਼ੋਰ) (ਵਿਘਨ) ਚਾਰ-ਚਾਰ ਮਹੀਨੇ ਮੀਟਿੰਗਾਂ ਨਹੀਂ ਹੁੰਦੀਆਂ.. (ਵਿਘਨ) (ਇਸ ਸਪਲੀਮੈਂਟਰੀ ਦਾ ਕੋਈ ਉੱਤਰ ਨਹੀਂ ਆਇਆ ।)

ਸ਼ਿਕਾਇਤ ਨਿਵਾਰਨ ਕਮੇਟੀਆਂ ਦਾ ਗਠਨ

***423 ਕਾਮਰੇਡ ਅਜੈਬ ਸਿੰਘ ਰੌਂਤਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕਿ ਸਰਕਾਰ ਦੀ ਜ਼ਿਲ੍ਹਾ ਅਤੇ ਸਬ-ਡਿਵੀਜ਼ਨ ਪੱਧਰਾਂ ਤੇ ਸ਼ਿਕਾਇਤ ਨਿਵਾਰਨ ਕਮੇਟੀਆਂ ਦਾ ਪੁਨਰ-ਗਠਨ ਕਰਨ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਕਮੇਟੀਆਂ ਦੇ ਮੈਂਬਰਾਂ ਵਜੋਂ ਨਾਮਜ਼ਦ ਕੀਤੇ ਜਾਣੇ ਤਜਵੀਜ਼ਤ ਵਿਅਕਤੀਆਂ ਦੇ ਵੇਰਵੇ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕਮੇਟੀਆਂ ਦੇ ਮੈਂਬਰਾਂ ਦੀ ਨਾਮਜ਼ਦਗੀ ਲਈ ਕੀ ਕਸੌਟੀ ਅਪਨਾਉਣ ਦੀ ਤਜਵੀਜ਼ ਹੈ ਅਤੇ ਸ਼ਿਕਾਇਤ ਨਿਵਾਰਨ ਕਮੇਟੀਆਂ ਕਿੰਨੇ ਵਕਫੇ ਤੋਂ ਬਾਅਦ ਬੈਠਕਾਂ ਕਰਨਗੀਆਂ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਜ਼ਿਲ੍ਹਾ ਅਤੇ ਉਪ-ਮੰਡਲ ਸ਼ਿਕਾਇਤ ਨਿਵਾਰਨ ਕਮੇਟੀਆਂ ਦੇ ਪੁਨਰਗਠਨ ਸਬੰਧੀ ਮਿਤੀ 2-5-1997 ਨੂੰ ਅਧਿਸੂਚਨਾਵਾਂ ਜਾਰੀ ਕਰ ਦਿੱਤੀਆਂ ਗਈਆਂ ਹਨ । ਇਨ੍ਹਾਂ ਦੀਆਂ ਕਾਪੀਆਂ ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ । ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਸਬੰਧੀ ਅਧਿਸੂਚਨਾ ਵਿਚ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਬਾਰੇ ਉਪਬੰਧ ਵਿਚ ਮਿਤੀ 3 ਜੂਨ, 1997 ਨੂੰ ਸੋਧ ਕਰ ਦਿੱਤੀ ਗਈ ਹੈ ਇਸ ਸੋਧ ਸਬੰਧੀ ਅਧਿਸੂਚਨਾ ਦੀ ਕਾਪੀ ਵੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ । ਪੁੱਛੇ ਗਏ ਵੇਰਵੇ ਇਹਨਾਂ ਅਧਿਸੂਚਨਾਵਾਂ ਵਿਚ ਦਰਜ ਹਨ ।

(ਅ) ਮਾਨਤਾ ਪ੍ਰਾਪਤ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਦੀ ਨਾਮਜ਼ਦਗੀ ਲਈ ਸਬੰਧਤ ਪਾਰਟੀਆਂ ਤੋਂ ਸਿਫਾਰਸ਼ਾਂ ਲਈਆਂ ਜਾਣਗੀਆਂ । ਬਾਕੀ ਗੈਰ-ਸਰਕਾਰੀ ਮੈਂਬਰਾਂ ਦੀ ਨਾਮਜ਼ਦਗੀ ਲਈ ਡਿਪਟੀ ਕਮਿਸ਼ਨਰਾਂ ਤੋਂ ਸਿਫ਼ਾਰਸ਼ਾਂ ਮੰਗੀਆਂ ਜਾ ਰਹੀਆਂ ਹਨ । ਸਮਾਜਕ ਜੱਥੇਬੰਦੀਆਂ ਅਤੇ ਜਨਤਕ ਵਿਅਕਤੀਆਂ ਵਲੋਂ ਇਸ ਸਬੰਧ ਵਿਚ ਪ੍ਰਾਪਤ ਹੋਣ ਵਾਲੀਆਂ ਸਿਫਾਰਸ਼ਾਂ ਨੂੰ ਵੀ ਵਿਚਾਰਿਆ ਜਾਵੇਗਾ ।

ਸ਼ਿਕਾਇਤ ਨਿਵਾਰਨ ਕਮੇਟੀਆਂ ਦੀਆਂ ਮੀਟਿੰਗਾਂ ਹਰ ਮਹੀਨੇ ਹੋਇਆ ਕਰਨਗੀਆਂ ।

———

ਅਨੁਲੱਗ 1

(TO BE PUBLISHED IN THE PUNJAB GOVERNMENT GAZETTE PART—I EXTRA)

ਪੰਜਾਬ ਸਰਕਾਰ

ਸ਼ਿਕਾਇਤ ਨਿਵਾਰਨ ਵਿਭਾਗ

(ਸ਼ਿਕਾਇਤ ਨਿਵਾਰਨ ਸ਼ਾਖਾ)

ਅਧਿਸੂਚਨਾ

ਮਿਤੀ 2 ਮਈ, 1997

ਨੰ: 1/5/97 -5 ਸ਼ਿਨਿ/8935 ਪੰਜਾਬ ਸਰਕਾਰ ਦੀ ਅਧਿਸੂਚਨਾ ਨੰ: 1/69/93-5 ਸ਼ਿ. ਨਿ/13675, ਮਿਤੀ 4 ਅਗਸਤ, 1993 ਅਤੇ ਨੰ: 1/55/93-5- ਸ਼ਿਨਿ/896, ਮਿਤੀ 9 ਜਨਵਰੀ,1996 ਅਤੇ ਇਸ ਦੇ ਉਪਰੰਤ ਸਮੇਂ ਸਮੇਂ ਸਿਰ ਜਾਰੀ ਹੋਈਆਂ ਸਾਰੀਆਂ ਅਧਿਸੂਚਨਾਵਾਂ, ਜੋ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੇ ਗਠਨ ਸਬੰਧੀ ਸਨ, ਨੂੰ ਪ੍ਰਭਾਵਹੀਣ ਕਰਦੇ ਹੋਏ, ਪੰਜਾਬ ਦੇ ਰਾਜਪਾਲ ਪ੍ਰਸੰਨਤਾ ਸਹਿਤ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੀ ਰਾਜ ਵਿਚ ਤੁਰੰਤ ਹੇਠ ਲਿਖੇ ਅਨੁਸਾਰ ਮੁੜ ਸਥਾਪਤ ਕਰਨ ਦੀ ਪ੍ਰਵਾਨਗੀ ਦਿੰਦੇ ਹਨ :—

(1) ਚੇਅਰਮੈਨ-ਕੈਬਨਿਟ ਮੰਤਰੀ
    ਵਾਈਸ ਚੇਅਰਮੈਨ-ਰਾਜ ਮੰਤਰੀ

(2) ਸਰਕਾਰੀ ਮੈਂਬਰ—
    1. ਡਿਪਟੀ ਕਮਿਸ਼ਨਰ
    2. ਸੀਨੀਅਰ ਪੁਲਿਸ ਕਪਤਾਨ

(3) ਪਦਵੀ ਵਜੋਂ ਮੈਂਬਰ—

(ੳ) ਜ਼ਿਲ੍ਹੇ ਤੋਂ ਪਾਰਲੀਮੈਂਟ (ਲੋਕ ਸਭਾ/ਰਾਜ ਸਭਾ) ਦੇ ਸਮੂਹ ਮੌਜੂਦਾ ਮੈਂਬਰ। ਲੋਕ ਸਭਾ ਦੇ ਹਲਕੇ ਕਈ ਵਾਰ ਇਕ ਤੋਂ ਵੱਧ ਜ਼ਿਲ੍ਹਿਆਂ ਵਿਚ ਪੈਂਦੇ ਹਨ। ਉਸ ਸੂਰਤ ਵਿੱਚ ਸਬੰਧਤ ਹਲਕੇ ਦੇ ਲੋਕ ਸਭਾ ਦੇ ਮੈਂਬਰ ਉਸ ਜ਼ਿਲ੍ਹੇ ਦੀ ਸ਼ਿਕਾਇਤ ਨਿਵਾਰਨ ਕਮੇਟੀ ਦੇ ਮੈਂਬਰ ਹੋਣਗੇ, ਜਿਸ ਜ਼ਿਲ੍ਹੇ ਵਿਚ ਉਨ੍ਹਾਂ ਦੇ ਹਲਕੇ ਦਾ ਵੱਡਾ ਹਿੱਸਾ ਪੈਂਦਾ ਹੈ; ਪ੍ਰੰਤੂ ਜੇਕਰ ਉਹ ਚਾਹੁਣ ਤਾਂ ਦੂਸਰੇ ਜ਼ਿਲ੍ਹੇ ਦੀ ਸ਼ਿਕਾਇਤ ਨਿਵਾਰਨ ਕਮੇਟੀ, ਜਿਸ ਵਿਚ ਉਨ੍ਹਾਂ ਦੇ ਹਲਕੇ ਦਾ ਥੋੜ੍ਹਾ ਹਿੱਸਾ ਪੈਂਦਾ ਹੈ, ਦੀ ਮੀਟਿੰਗ ਵਿਚ ਸ਼ਾਮਲ ਹੋ ਸਕਦੇ ਹਨ।

(ਅ) ਜ਼ਿਲ੍ਹੇ ਤੋਂ ਸਮੂਹ ਮੌਜੂਦਾ ਵਿਧਾਨਕਾਰ।

(ੲ) ਚੇਅਰਮੈਨ, ਜ਼ਿਲ੍ਹਾ ਪ੍ਰੀਸ਼ਦ।

(ਸ) ਉਪ ਪ੍ਰਧਾਨ ਜ਼ਿਲ੍ਹਾ ਸੈਨਿਕ ਬੋਰਡ।

(ਹ) ਜ਼ਿਲ੍ਹਾ ਹੈਡ-ਕੁਆਟਰ ਦੀ ਮਿਊਂਸਪਲ ਕਾਰਪੋਰੇਸ਼ਨ/ਮਿਊਂਸਪਲ ਕਮੇਟੀ ਦਾ ਪ੍ਰਧਾਨ।

[ਮੁੱਖ ਮੰਤਰੀ]

(4) ਗੈਰ ਸਰਕਾਰੀ ਮੈਂਬਰ—

(ੳ) ਰਾਜਸੀ ਪਾਰਟੀਆਂ ਦੇ ਮੈਂਬਰ—

ਮਾਨਤਾ ਪ੍ਰਾਪਤ ਰਾਜਸੀ ਪਾਰਟੀਆਂ ਦੇ 12 ਮੈਂਬਰ। ਹਰ ਇਕ ਪਾਰਟੀ ਦੇ ਨੁਮਾਇੰਦਿਆਂ ਦੀ ਗਿਣਤੀ ਪੰਜਾਬ ਵਿਧਾਨ ਸਭਾ ਵਿਚ ਉਸ ਪਾਰਟੀ ਦੇ ਕੁਲ ਮੈਂਬਰਾਂ ਦੀ ਸੰਖਿਆ ਦੇ ਅਨੁਪਾਤ ਵਿਚ ਹੋਵੇਗੀ ਅਸੈਂਬਲੀ ਦੇ 117 ਮੈਂਬਰ ਹਨ। ਹਰ ਇਕ ਪਾਰਟੀ ਦੇ ਪੰਜਾਬ ਵਿਧਾਨ ਸਭਾ ਵਿਚ ਕੁਲ ਮੈਂਬਰਾਂ ਦੀ ਸੰਖਿਆ ਨੂੰ 10 ਨਾਲ ਤਕਸੀਮ ਕਰਕੇ ਜੋ ਗਿਣਤੀ ਬਣੇਗੀ ਉਸ ਪਾਰਟੀ ਦੇ ਉਤਨੇ ਹੀ ਗੈਰ ਸਰਕਾਰੀ ਮੈਂਬਰਾਂ ਨੂੰ ਕਮੇਟੀ ਤੇ ਨਾਮਜ਼ਦ ਕੀਤਾ ਜਾਵੇਗਾ।

(ਅ) ਸਬੰਧਤ ਜ਼ਿਲ੍ਹੇ ਦੇ ਮੰਤਰੀ/ਮੰਤਰੀਆਂ/ਵਿਧਾਨ ਸਭਾ ਸਪੀਕਰ/ਡਿਪਟੀ ਸਪੀਕਰ ਦਾ ਨੁਮਾਇੰਦਾ।

(ੲ) ਅਜ਼ਾਦੀ ਘੁਲਾਟੀਏ, ਸਾਬਕਾ ਫੌਜੀ, ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ, ਮਹਿਲਾ ਵਰਗ ਅਤੇ ਨੌਜਵਾਨ ਵਰਗ ਦਾ ਇਕ-ਇਕ ਨੁਮਾਇੰਦਾ।

(ਸ) ਪਟਿਆਲਾ, ਸੰਗਰੂਰ ਅਤੇ ਗੁਰਦਾਸਪੁਰ ਦੀਆਂ ਕਮੇਟੀਆਂ ਦਾ ਇਕ-ਇਕ ਮੁਸਲਿਮ ਪ੍ਰਤੀਨਿਧ ਅਤੇ ਗੁਰਦਾਸਪੁਰ ਕਮੇਟੀ ਤੋਂ ਇਕ ਇਸਾਈ ਪ੍ਰਤੀਨਿਧ।

(ਹ) 5 ਗੈਰ-ਸਰਕਾਰੀ ਮੈਂਬਰ, ਜਿਨ੍ਹਾਂ ਸਮਾਜ ਦੇ ਭਿੰਨ ਭਿੰਨ ਖੇਤਰਾਂ, ਜਿਵੇਂ ਸਮਾਜ ਸੇਵਾ, ਵਿਉਪਾਰ, ਉਦਯੋਗ ਅਤੇ ਖੇਤੀ ਬਾੜੀ ਆਦਿ ਵਿਚ ਯੋਗਦਾਨ ਪਾਇਆ ਹੋਵੇ।

2. ਗੈਰ ਸਰਕਾਰੀ ਮੈਂਬਰ ਦੋ ਸਾਲ ਲਈ ਮੈਂਬਰ ਹੋਣਗੇ। ਪ੍ਰੰਤੂ ਸਰਕਾਰ ਕਿਸੇ ਵੀ ਮੈਂਬਰ ਨੂੰ ਇਹ ਸਮਾਂ ਪੂਰਾ ਹੋਣ ਤੋਂ ਪਹਿਲਾਂ ਵੀ ਹਟਾ ਸਕੇਗੀ।

3. ਵਿਭਾਗਾਂ ਦੇ ਜ਼ਿਲ੍ਹਾ ਮੁਖੀ ਇਨ੍ਹਾਂ ਮੀਟਿੰਗਾਂ ਵਿਚ ਸ਼ਾਮਲ ਹੋਣਗੇ।

4. ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਫਸਰ ਕਮੇਟੀ ਦੇ ਮੈਂਬਰ ਸਕੱਤਰ ਹੋਣਗੇ।

5. ਇਨ੍ਹਾਂ ਕਮੇਟੀਆਂ ਦਾ ਮੁੱਖ ਕੰਮ ਜਨਤਾ ਦੀਆਂ ਸ਼ਿਕਾਇਤਾਂ ਦਾ ਸਮਾਂ ਬੱਧ ਨਿਵਾਰਨ ਕਰਨਾ ਹੋਵੇਗਾ। ਇਹ ਪ੍ਰਸ਼ਾਸਨ ਅਤੇ ਪੰਜਾਬ ਦੀ ਜਨਤਾ ਦਰਮਿਆਨ ਕੜੀ ਦਾ ਕੰਮ ਕਰਨਗੀਆਂ। ਬੇਦੋਸ਼ਾਂ ਨੂੰ ਅਮਨ ਤੇ ਕਾਨੂੰਨ ਬਹਾਲ ਕਰਨ ਵਾਲੇ ਤੰਤਰ ਹੱਥੋਂ ਪ੍ਰੇਸ਼ਾਨੀਆਂ/ਤੰਗ ਕਰਨ ਸਬੰਧੀ ਸ਼ਿਕਾਇਤ ਨੂੰ ਵਿਸ਼ੇਸ਼ ਤਵੱਜੋਂ ਦੇ ਕੇ ਦੂਰ ਕੀਤਾ ਜਾਵੇਗਾ ਤਾਂ ਕਿ ਰਾਜ ਦੇ ਪ੍ਰਸ਼ਾਸਨ ਦੀ ਜ਼ਿਮਾਨਦਾਰੀ ਅਤੇ ਪ੍ਰਤੀਬਧਤਾ ਵਿਚ ਜਨਤਾ ਦਾ ਵਿਸ਼ਵਾਸ ਅਤੇ ਭਰੋਸਾ ਬਹਾਲ ਹੋ ਸਕੇ। ਜੇ ਕਿਸੇ ਸ਼ਿਕਾਇਤ ਦਾ ਨਿਪਟਾਰਾ 3 ਮਹੀਨੇ ਤੱਕ ਨਾ

ਹੋਵੇ, ਤਾਂ ਉਸ ਸ਼ਿਕਾਇਤ ਦਾ ਵੇਰਵਾ ਮੰਤਰੀ ਸ਼ਿਕਾਇਤ ਨਿਵਾਰਨ ਨੂੰ ਭੇਜ ਦਿੱਤਾ ਜਾਵੇਗਾ ਅਤੇ ਮੰਤਰੀ ਜੀ ਉਹ ਸ਼ਿਕਾਇਤ ਕੈਬਨਿਟ ਮੀਟਿੰਗ ਸਾਹਮਣੇ ਪੇਸ਼ ਕਰਨਗੇ ।

ਜੋ ਸ਼ਿਕਾਇਤਾਂ ਮੁੱਖ ਮੰਤਰੀ ਜੀ ਵੱਲੋਂ, ਗਵਰਨਰ ਸਾਹਿਬ ਵਲੋਂ, ਸ਼ਿਕਾਇਤ ਨਿਵਾਰਨ ਵਿਭਾਗ ਵਲੋਂ ਜਾਂ ਕੇਂਦਰ ਸਰਕਾਰ ਤੋਂ ਪ੍ਰਾਪਤ ਹੋਣਗੀਆਂ, ਉਨ੍ਹਾਂ ਸ਼ਿਕਾਇਤ ਦਾ ਏਜੰਡਾ ਵੱਖਰਾ ਤਿਆਰ ਕੀਤਾ ਜਾਇਆ ਕਰੇਗਾ ਅਤੇ ਇਨ੍ਹਾਂ ਤੇ ਕੀਤੀ ਕਾਰਵਾਈ ਵੀ ਵੱਖਰੇ ਤੌਰ ਤੇ ਸ਼ਿਕਾਇਤ ਨਿਵਾਰਨ ਵਿਭਾਗ ਨੂੰ ਭੇਜੀ ਜਾਇਆ ਕਰੇਗੀ ।

6. ਇਨ੍ਹਾਂ ਕਮੇਟੀਆਂ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕੈਬਨਿਟ ਮੰਤਰੀ/ਰਾਜ ਮੰਤਰੀ ਜਿਨ੍ਹਾਂ ਨੂੰ ਸਰਕਾਰ ਵਲੋਂ ਜ਼ਿਲ੍ਹੇ ਅਲਾਟ ਕੀਤੇ ਗਏ ਹਨ, ਕਰਿਆ ਕਰਨਗੇ । ਪ੍ਰੰਤੂ ਕਿਸੇ ਵਜ੍ਹਾ ਕਾਰਨ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਮੰਡਲਾਂ ਦੇ ਕਮਿਸ਼ਨਰ, ਜੇਕਰ ਜ਼ਿਲ੍ਹਾ ਹੈਡ ਕੁਆਟਰ ਵਿਖੇ ਮੌਜੂਦ ਹੋਣ, ਪ੍ਰਧਾਨਗੀ ਕਰਨਗੇ । ਨਹੀਂ ਤਾਂ ਸਬੰਧਤ ਡਿਪਟੀ ਕਮਿਸ਼ਨਰ ਪ੍ਰਧਾਨਗੀ ਕਰਨਗੇ । ਇਨ੍ਹਾਂ ਕਮੇਟੀਆਂ ਦੀਆਂ ਮੀਟਿੰਗਾਂ ਹਰ ਮਹੀਨੇ ਦੀ 12 ਤਾਰੀਖ ਤੋਂ ਪਹਿਲਾਂ ਹੋਇਆ ਕਰਨਗੀਆ ਅਤੇ ਇਹ ਮਿਤੀ ਜ਼ਿਲ੍ਹਾ ਪਲੈਨਿੰਗ ਬੋਰਡ ਦੇ ਚੇਅਰਮੈਨ ਜੀ ਦੀ ਮਨਜ਼ੂਰੀ ਅਨੁਸਾਰ ਮਿੱਥੀ ਜਾਵੇਗੀ । ਜਿਥੋਂ ਤੱਕ ਹੋ ਸਕੇ ਇਹ ਮੀਟਿੰਗਾਂ ਹਰ ਜ਼ਿਲ੍ਹੇ ਵਿਚ ਦਿਨ ਮਿੱਥ ਕੇ ਕੀਤੀਆਂ ਜਾਣਗੀਆਂ ।

7. ਸ਼ਿਕਾਇਤ ਨਿਵਾਰਨ ਮੰਤਰੀ, ਪੰਜਾਬ ਜਦੋਂ ਕਦੀ ਵੀ ਲੋੜ ਸਮਝਣਗੇ, ਇਨ੍ਹਾਂ ਕਮੇਟੀਆਂ ਦੀਆਂ ਵਿਸ਼ੇਸ਼ ਇਕੱਤਰਤਾਵਾਂ (ਮੀਟਿੰਗਾਂ) ਕਰਨਗੇ ।

8. ਨਿਪਟਾਏ/ਕੀਤੇ ਕੰਮਾਂ ਦੀ ਪ੍ਰਗਤੀ ਰਿਪੋਰਟ ਸਰਕਾਰ ਨੂੰ ਹਰ ਮਹੀਨੇ ਦੀ 21 ਤਾਰੀਕ ਤੱਕ ਭੇਜੀ ਜਾਵੇਗੀ ।

ਮਿਤੀ: 30 ਅਪ੍ਰੈਲ, 1997

ਸੁਜਾਤਾ ਦਾਸ,
ਸਕੱਤਰ, ਪੰਜਾਬ ਸਰਕਾਰ,
ਸ਼ਿਕਾਇਤ ਨਿਵਾਰਨ ਵਿਭਾਗ ।

[ਮੁੱਖ ਮੰਤਰੀ]

ਨੰ: 1/5/97-5 ਸ਼ਿਨਿ/893 6-39 ਮਿਤੀ, ਚੰਡੀਗੜ੍ਹ 2-5-1997

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜ਼ਰੂਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :—

1. ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ;

2. ਰਾਜ ਦੇ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਨੂੰ ਉਪਰੋਕਤ ਦਰਸਾਏ ਹਵਾਲਿਆਂ ਦੇ ਸਬੰਧ ਵਿਚ;

3. ਰਾਜ ਦੇ ਸਮੂਹ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਫ਼ਸਰ;

4. ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਸਰਕਾਰ ਦੇ ਅਸਾਧਾਰਣ ਗਜ਼ਟ ਪਾਰਟ 1 ਵਿਚ ਛਪਵਾਉਣ ਅਤੇ ਇਸ ਅਧਿਸੂਚਨਾ ਦੀਆਂ 200 ਕਾਪੀਆਂ ਸ਼ਿਕਾਇਤ ਨਿਵਾਰਨ ਵਿਭਾਗ ਨੂੰ ਭੇਜਣ ।

5. ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ ।

ਸਹੀ-

ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ,

ਸ਼ਿਕਾਇਤ ਨਿਵਾਰਨ ਵਿਭਾਗ ।

ਇਸ ਦਾ ਇਕ ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਨੂੰ ਮਾਨਯੋਗ ਮੁੱਖ ਮੰਤਰੀ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸਹੀ/—

ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ,

ਸ਼ਿਕਾਇਤ ਨਿਵਾਰਨ ਵਿਭਾਗ ।

———

ਸੇਵਾ ਵਿਖੇ,

ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ।

ਅੰ. ਵਿ. ਪੱ. ਨੰ: 1/5/97-6 ਸ਼ਿਨਿ/8940

ਮਿਤੀ, ਚੰਡੀਗੜ੍ਹ 2 ਮਈ, 1997

ਅਨੁਲੱਗ-2

ਪੰਜਾਬ ਸਰਕਾਰ ਦੇ ਗਜ਼ਟ (ਅਧਾਧਾਰਣ) ਭਾਗ-1 ਵਿਚ ਛੱਪਣ ਹਿੱਤ
ਪੰਜਾਬ ਸਰਕਾਰ

ਸ਼ਿਕਾਇਤ ਨਿਵਾਰਨ ਵਿਭਾਗ

(ਸ਼ਿਕਾਇਤ ਨਿਵਾਰਨ ਸ਼ਾਖਾ)

ਅਧਿਸੂਚਨਾ

ਮਿਤੀ 3 ਜੂਨ, 1997

ਨੰ : 1/5/97-5 ਸ਼ਿਨਿ/12065-ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਦੀ ਅਧਿਸੂਚਨਾ ਨੰ: 1/5/97-5 ਸ਼ਿਨਿ/8935, ਮਿਤੀ 2 ਮਈ, 1997, ਜੋ ਕਿ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੀ ਸਥਾਪਨਾ ਬਾਰੇ ਹੈ, ਦੇ ਪੈਰਾ 1 (4)(ੳ) ਵਿਚ ਹੇਠ ਲਿਖੇ ਅਨੁਸਾਰ ਸੋਧ ਕਰਨ ਦੀ ਪ੍ਰਵਾਨਗੀ ਦਿੰਦੇ ਹਨ:—

1. (4) ਗੈਰ-ਸਰਕਾਰੀ ਮੈਂਬਰ:—

(ੳ) ਰਾਜਸੀ ਪਾਰਟੀਆਂ ਦੇ ਮੈਂਬਰ:—

"ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਤੇ ਮਾਨਤਾ ਪ੍ਰਾਪਤ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਦੀ ਗਿਣਤੀ ਸਬੰਧਤ ਜ਼ਿਲ੍ਹੇ ਵਿਚੋਂ ਅਜਿਹੀਆਂ ਪਾਰਟੀਆਂ ਦੇ ਵਿਧਾਨ ਸਭਾ ਲਈ ਚੁਣੇ ਗਏ ਮੈਂਬਰਾਂ ਦੀ ਗਿਣਤੀ ਦੇ ਅਨੁਪਾਤ ਵਿਚ ਹੋਵੇਗੀ, ਪਰੰਤੂ ਸ਼ਰਤ ਇਹ ਹੈ ਕਿ ਹਰੇਕ ਮਾਨਤਾ ਪ੍ਰਾਪਤ ਰਾਜਸੀ ਪਾਰਟੀ ਦਾ ਘੱਟੋ-ਘੱਟ ਇਕ ਨੁਮਾਇੰਦਾ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦਾ ਮੈਂਬਰ ਹੋਵੇਗਾ, ਭਾਵੇਂ ਉਸ ਪਾਰਟੀ ਦੀ ਵਿਧਾਨ ਸਭਾ ਵਿਚ ਕੋਈ ਨੁਮਾਇੰਦਗੀ ਨਾ ਵੀ ਹੋਵੇ ।"

ਸੁਜਾਤਾ ਦਾਸ

ਮਿਤੀ : 29 ਮਈ, 1997 ਸਕੱਤਰ, ਪੰਜਾਬ ਸਰਕਾਰ,

ਸ਼ਿਕਾਇਤ ਨਿਵਾਰਨ ਤੇ ਪੈਨਸ਼ਨ ਵਿਭਾਗ ।

ਨੰ: 1/5/97-5 ਸ਼ਿਨਿ/12066 ਮਿਤੀ, ਚੰਡੀਗੜ੍ਹ-3 ਜੂਨ, 1997.

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸਰਕਾਰ ਦੀ ਅਧਿਸੂਚਨਾ ਨੰ: 1/5/97-5 ਸ਼ਿਨਿ/8936-39, ਮਿਤੀ 2 ਮਈ, 1997 ਦੇ ਹਵਾਲੇ ਵਿਚ ਸੂਚਨਾ ਅਤੇ ਜ਼ਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :—

1. ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ;
2. ਰਾਜ ਦੇ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ;
3. ਰਾਜ ਦੇ ਸਮੂਹ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਫ਼ਸਰ;
4. ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਸਰਕਾਰ ਦੇ ਅਸਾਧਾਰਣ ਗਜ਼ਟ ਪਾਰਟ-1 ਵਿਚ ਛਪਵਾਉਣ ਅਤੇ ਇਸ ਅਧਿਸੂਚਨਾ ਦੀਆਂ 200 ਕਾਪੀਆਂ ਸ਼ਕਾਇਤ ਨਿਵਾਰਨ ਵਿਭਾਗ ਨੂੰ ਭੇਜਣ;
5. ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ । ਸਹੀ/-

ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ,

ਸ਼ਿਕਾਇਤ ਨਿਵਾਰਨ ਵਿਭਾਗ ।

[ਮੁੱਖ ਮੰਤਰੀ]

ਅਨੁਲੱਗ-3

ਪੰਜਾਬ ਸਰਕਾਰ

ਸ਼ਿਕਾਇਤ ਨਿਵਾਰਨ ਵਿਭਾਗ

(ਸ਼ਿਕਾਇਤ ਨਿਵਾਰਨ ਸ਼ਾਖਾ)

ਅਧਿਸੂਚਨਾ

ਮਿਤੀ 2 ਮਈ, 1997

ਨੰ. 1/25/97-3-ਸ਼ਿਨਿ/8929: ਪੰਜਾਬ ਸਰਕਾਰ ਦੀ ਅਧਿਸੂਚਨਾ ਨੰ. 1/64/96-3-ਸ਼ਿਨਿ/15421, ਮਿਤੀ 4 ਸਤੰਬਰ, 1996 ਅਤੇ ਨੰ. 1/64/96-3ਸ਼ਿਨਿ/15046, ਮਿਤੀ 9 ਸਤੰਬਰ, 1996 ਅਤੇ ਇਸ ਦੇ ਉਪਰੰਤ ਸਮੇਂ ਸਮੇਂ ਸਿਰ ਜਾਰੀ ਹੋਈਆਂ ਸਾਰੀਆਂ ਅਧਿਸੂਚਨਾਵਾਂ, ਜੋ ਉਪ ਮੰਡਲੀ ਸ਼ਿਕਾਇਤ ਨਿਵਾਰਨ ਕਮੇਟੀਆਂ ਦੇ ਗਠਨ ਸਬੰਧੀ ਸਨ, ਸਭ ਨੂੰ ਪ੍ਰਭਾਵਹੀਣ ਕਰਦੇ ਹੋਏ, ਪੰਜਾਬ ਦੇ ਰਾਜਪਾਲ ਪ੍ਰਸੰਨਤਾ ਸਹਿਤ ਉਪ ਮੰਡਲੀ ਸ਼ਿਕਾਇਤ ਨਿਵਾਰਨ ਕਮੇਟੀਆਂ ਨੂੰ ਰਾਜ ਵਿਚ ਤੁਰੰਤ ਹੇਠ ਲਿਖੇ ਅਨੁਸਾਰ ਮੁੜ ਸਥਾਪਤ ਕਰਨ ਦੀ ਪ੍ਰਵਾਨਗੀ ਦਿੰਦੇ ਹਨ: —

1. **ਸਰਕਾਰੀ ਮੈਂਬਰ:**

(ੳ) ਸਬ-ਡਵੀਜ਼ਨਲ ਮੈਜਿਸਟਰੇਟ ਚੇਅਰਮੈਨ

(ਅ) ਉਪ ਪੁਲਿਸ ਕਪਤਾਨ ।

2. **ਗੈਰ-ਸਰਕਾਰੀ ਮੈਂਬਰ:**

(ੳ) ਮਾਨਤਾ ਪ੍ਰਾਪਤ ਰਾਜਸੀ ਪਾਰਟੀਆਂ ਦੇ 12 ਮੈਂਬਰ । ਹਰ ਇਕ ਪਾਰਟੀ ਦੇ ਨੁਮਾਇੰਦਿਆਂ ਦੀ ਗਿਣਤੀ ਪੰਜਾਬ ਵਿਧਾਨ ਸਭਾ ਵਿਚ ਉਸ ਪਾਰਟੀ ਦੇ ਕੁਲ ਮੈਂਬਰਾਂ ਦੀ ਸੰਖਿਆ ਦੇ ਅਨੁਪਾਤ ਵਿਚ ਹੋਵੇਗੀ । ਅਸੈਂਬਲੀ ਦੇ 117 ਮੈਂਬਰ ਹਨ । ਹਰ ਇਕ ਪਾਰਟੀ ਦੇ ਪੰਜਾਬ ਵਿਧਾਨ ਸਭਾ ਵਿਚ ਕੁੱਲ ਮੈਂਬਰਾਂ ਦੀ ਸੰਖਿਆ ਨੂੰ 10 ਨਾਲ ਤਕਸੀਮ ਕਰਕੇ ਜੋ ਗਿਣਤੀ ਬਣੇਗੀ, ਉਸ ਪਾਰਟੀ ਦੇ ਉਤਨੇ ਹੀ ਗੈਰ-ਸਰਕਾਰੀ ਮੈਂਬਰਾਂ ਨੂੰ ਕਮੇਟੀ ਤੇ ਨਾਮਜ਼ਦ ਕੀਤਾ ਜਾਵੇਗਾ ।

(ਅ) ਪਟਿਆਲਾ, ਸੰਗਰੂਰ ਅਤੇ ਗੁਰਦਾਸਪੁਰ ਜ਼ਿਲ੍ਹੇ ਦੀਆਂ ਸਬ-ਡਵੀਜ਼ਨ ਕਮੇਟੀਆਂ ਵਿਚ ਇਕ ਇਕ ਮੁਸਲਮਾਨ-ਪ੍ਰਤੀਨਿਧੀ ਅਤੇ ਗੁਰਦਾਸਪੁਰ ਜ਼ਿਲ੍ਹੇ ਦੀਆਂ ਸਬ-ਡਵੀਜ਼ਨਲ ਕਮੇਟੀਆਂ ਵਿਚ ਇਕ-ਇਕ ਇਸਾਈ ਪ੍ਰਤੀਨਿਧੀ ।

(ੲ) ਇੱਕ ਇਕ ਨੁਮਾਇੰਦਾ ਸਵਤੰਤਰਤਾ ਸੰਗਰਾਮੀ, ਸਾਬਕਾ ਫੌਜੀ, ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ ਅਤੇ ਮਹਿਲਾ ਵਰਗ ਵਿਚੋਂ ।

(ਸ) 5 ਗੈਰ-ਸਰਕਾਰੀ ਮੈਂਬਰ, ਜਿਨ੍ਹਾਂ ਦਾ ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਉੱਘਾ ਯੋਗਦਾਨ ਹੋਵੇ, ਜਿਵੇਂ ਕਿ ਸਮਾਜ ਸੇਵਾ, ਵਿਉਪਾਰ, ਉਦਯੋਗ ਅਤੇ ਖੇਤੀਬਾੜੀ ਆਦਿ ।

(ਹ) ਐਮ. ਪੀ./ਐਮ. ਐਲ. ਏ. ਦਾ ਨੁਮਾਇੰਦਾ ।

(ਜੇਕਰ ਐਮ. ਪੀ./ਐਮ. ਐਲ. ਏ. ਦੇ ਚੋਣ ਹਲਕੇ ਵਿਚ ਇਕ ਤੋਂ ਜ਼ਿਆਦਾ ਸਬ-ਡਵੀਜ਼ਨ ਆਉਣ ਤਾਂ ਉਹ ਉਨ੍ਹਾਂ ਸਬ-ਡਵੀਜ਼ਨਾਂ ਤੇ ਵੀ ਆਪਣਾ ਨੁਮਾਇੰਦਾ ਨਾਮਜ਼ਦ ਕਰ ਸਕਦੇ ਹਨ, ਜਿਨ੍ਹਾਂ ਵਿਚ ਉਨ੍ਹਾਂ ਦਾ ਚੋਣ ਹਲਕਾ ਪੈਂਦਾ ਹੈ ।)

3. ਇਹ ਕਮੇਟੀਆਂ ਉਪ-ਮੰਡਲ ਪੱਧਰ ਤੇ ਸ਼ਿਕਾਇਤ ਨਿਵਾਰਨ ਦੇ ਕੰਮ ਲਈ ਜਨਤਾ ਅਤੇ ਸਰਕਾਰ ਵਿਚਕਾਰ ਮੁੱਢਲੀ ਕੜੀ ਦਾ ਕੰਮ ਕਰਨਗੀਆਂ । ਇਨ੍ਹਾਂ ਕਮੇਟੀਆਂ ਨੂੰ ਜਨਤਾ ਪਾਸੋਂ ਸਾਰੇ ਸਰਕਾਰੀ ਦਫਤਰਾਂ/ਅਦਾਰਿਆਂ ਦੇ ਖਿਲਾਫ਼ ਸ਼ਿਕਾਇਤ ਪ੍ਰਾਪਤ ਕਰਨ ਅਤੇ ਉਨ੍ਹਾਂ ਨੂੰ ਨਿਪਟਾਉਣ ਦਾ ਅਧਿਕਾਰ ਹੋਵੇਗਾ । ਇਹ ਕਮੇਟੀਆਂ ਨਿੱਜੀ ਸ਼ਿਕਾਇਤਾਂ ਤੋਂ ਇਲਾਵਾ ਸਮੂਹਿਕ/ਸ਼ਿਕਾਇਤਾਂ ਜਾਂ ਸ਼ਾਸਨ ਵਲੋਂ ਕਿਸੇ ਕਿਸਮ ਦੀ ਧੱਕੇਸ਼ਾਹੀ ਜਾਂ ਜ਼ਬਰ ਖਿਲਾਫ਼ ਸ਼ਿਕਾਇਤਾਂ । ਸਮੂਹਿਕ ਸ਼ਿਕਾਇਤਾਂ ਦੀ ਸੁਣਵਾਈ ਕਰਨਗੀਆਂ ।

4. ਗੈਰ-ਸਰਕਾਰੀ ਮੈਂਬਰ ਦੋ ਸਾਲ ਲਈ ਮੈਂਬਰ ਹੋਣਗੇ, ਪਰੰਤੂ ਸਰਕਾਰ ਕਿਸੇ ਵੀ ਮੈਂਬਰ ਨੂੰ ਇਹ ਸਮਾਂ ਪੂਰਾ ਹੋਣ ਤੋਂ ਪਹਿਲਾਂ ਹਟਾ ਸਕਦੀ ਹੈ ।

5. ਸਬ ਡਵੀਜ਼ਨਲ ਸਥਿਤ ਸਾਰੇ ਵਿਭਾਗਾਂ ਦੇ ਮੁੱਖ ਅਧਿਕਾਰੀ ਇਨ੍ਹਾਂ ਮੀਟਿੰਗਾਂ ਵਿਚ ਸ਼ਾਮਲ ਹੋਣਗੇ । ਜਿਨ੍ਹਾਂ ਵਿਭਾਗਾਂ ਦੇ ਦਫ਼ਤਰ ਸਬ-ਡਵੀਜ਼ਨ ਪੱਧਰ ਤੇ ਨਹੀਂ ਹਨ, ਉਥੇ ਸਬੰਧਤ ਵਿਭਾਗ ਦੇ ਜ਼ਿਲ੍ਹਾ ਮੁੱਖ ਅਧਿਕਾਰੀ ਆਪਣਾ ਨੁਮਾਇੰਦਾ ਭੇਜਣਗੇ ।

6. ਤਹਿਸੀਲਦਾਰ ਸਬੰਧਤ ਉਪ-ਮੰਡਲ ਸ਼ਿਕਾਇਤ ਨਿਵਾਰਨ ਕਮੇਟੀਆਂ ਦੇ ਸਕੱਤਰ ਵਜੋਂ ਫਰਜ਼ ਨਿਭਾਉਣਗੇ ।

7. ਉਪ ਮੰਡਲੀ ਸ਼ਿਕਾਇਤ ਨਿਵਾਰਨ ਕਮੇਟੀਆਂ ਦੀ ਮੀਟਿੰਗ ਹਰ ਮਹੀਨੇ ਦੀ 10 ਤਾਰੀਖ ਤੋਂ ਪਹਿਲਾਂ-ਪਹਿਲਾਂ ਸਬ-ਡਵੀਜ਼ਨਲ ਮੈਜਿਸਟਰੇਟ ਦੀ ਪ੍ਰਧਾਨਗੀ ਹੇਠ ਹੋਇਆ ਕਰੇਗੀ ।

8. ਉਪ-ਮੰਡਲ ਸ਼ਿਕਾਇਤ ਨਿਵਾਰਨ ਕਮੇਟੀ ਪਾਸ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਰਿਪੋਰਟ ਹਰ ਮਹੀਨੇ ਦੀ 15 ਤਾਰੀਖ ਤੱਕ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਭੇਜੀ ਜਾਵੇਗੀ । ਡਿਪਟੀ ਕਮਿਸ਼ਨਰ ਵਲੋਂ ਸਮੁੱਚੀ ਰਿਪੋਰਟ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਵਿਚ ਪੇਸ਼ ਕੀਤੀ ਜਾਵੇਗੀ ।

ਮਿਤੀ: 30-4-97

ਸੁਜਾਤਾ ਦਾਸ

ਸਕੱਤਰ, ਪੰਜਾਬ ਸਰਕਾਰ,
ਸ਼ਿਕਾਇਤ ਨਿਵਾਰਨ ਵਿਭਾਗ ।
ਮਿਤੀ ਚੰਡੀਗੜ੍ਹ, 2 ਮਈ, 1997

ਨੰ : 1/25/97-3ਸ਼ਿਨਿ/8930-33

[ਮੁੱਖ ਮੰਤਰੀ]

ਇਸ ਦਾ ਇਕ ਉਤਾਰਾ: —

1. ਰਾਜ ਦੇ ਸਮੂਹ ਡਿਪਟੀ ਕਮਿਸ਼ਨਰ ਅਤੇ ਮੰਡਲਾਂ ਦੇ ਕਮਿਸ਼ਨਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

2. ਰਾਜ ਦੇ ਸਮੂਹ ਉਪ-ਮੰਡਲ ਅਫ਼ਸਰਾਂ ਨੂੰ ਸੂਚਨਾ ਅਤੇ ਜ਼ਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

3. ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਅਸਾਧਾਰਣ ਗਜ਼ਟ ਵਿਚ ਛਪਵਾਉਣ ਅਤੇ ਬਾਅਦ ਵਿਚ ਪ੍ਰਕਾਸ਼ਤ ਅਧਿਸੂਚਨਾ ਦੀਆਂ 200 ਵਾਧੂ ਕਾਪੀਆਂ ਸ਼ਿਕਾਇਤ ਨਿਵਾਰਨ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜਣ ।

4. ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਇਸ ਦੀਆਂ 5 ਵਾਧੂ ਕਾਪੀਆਂ ਸਹਿਤ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਹੀ/—

ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ,

ਸ਼ਿਕਾਇਤ ਨਿਵਾਰਨ ਵਿਭਾਗ ।

ਇਕ ਉਤਾਰਾ ਪ੍ਰਿੰਸੀਪਲ ਸਕੱਤਰ/ਮੁੱਖ ਮੰਤਰੀ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸਹੀ/—

ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ,

ਸ਼ਿਕਾਇਤ ਨਿਵਾਰਨ ਵਿਭਾਗ ।

ਸੇਵਾ ਵਿਖੇ

ਪ੍ਰਿੰਸੀਪਲ ਸਕੱਤਰ/ਮੁੱਖ ਮੰਤਰੀ, ਪੰਜਾਬ ।

ਅੰ. ਵਿ. ਪੱ. ਨੰ. 1/25/97-3-ਸ਼ਿਨਿ/8934. ਮਿਤੀ, ਚੰਡੀਗੜ੍ਹ 2 ਮਈ, 1997

ਕਾਮਰੇਡ ਅਜੈਬ ਸਿੰਘ ਰੌਂਤਾ. ਸਤਿਕਾਰ ਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਤਿਕਾਰ ਯੋਗ ਮੁੱਖ ਮੰਤਰੀ ਜੀ ਪਾਸੋਂ ਜਾਣਨਾ ਚਾਹਾਂਗਾ ਕਿ ਉਨ੍ਹਾਂ ਨੇ ਕਿਹਾ ਹੈ ਕਿ ਰਾਜਸੀ ਪਾਰਟੀਆਂ ਦੇ ਮੈਂਬਰਾਂ ਦੀ ਗਿਣਤੀ ਪੰਜਾਬ ਵਿਧਾਨ ਸਭਾ ਵਿਚ ਉਸ ਪਾਰਟੀ ਦੇ ਕੁੱਲ ਮੈਂਬਰਾਂ ਦੀ ਸੰਖਿਆ ਦੇ ਅਨੁਪਾਤ ਵਿਚ ਹੋਵੇਗੀ। ਅਸੈਂਬਲੀ ਦੇ 117 ਹਲਕੇ ਹਨ। ਹਰ ਇਕ ਪਾਰਟੀ ਦੇ ਕੁੱਲ ਮੈਂਬਰਾਂ ਦੀ ਸੰਖਿਆ ਨੂੰ 10 ਨਾਲ ਤਕਸੀਮ ਕਰਕੇ ਗੈਰ-ਸਰਕਾਰੀ ਮੈਂਬਰ ਨਾਮਜਦ ਕੀਤੇ ਜਾਣਗੇ। ਮੈਂ ਜਾਣਨਾ ਚਾਹੁੰਦਾ ਹਾਂ ਕਿ ਰਾਜ ਕਰਦੀ ਪਾਰਟੀ ਦੇ ਐਮ. ਐਲ. ਏ. ਅਤੇ ਐਮ. ਪੀ. ਬਹੁਤ ਜ਼ਿਆਦਾ ਹਨ ਅਤੇ ਉਨ੍ਹਾਂ ਵਿਚੋਂ ਮੈਂਬਰਾਂ ਦੀ ਗਿਣਤੀ 10 ਨਾਲ ਤਕਸੀਮ ਕਰਕੇ ਨਿਸ਼ਚਿਤ ਕੀਤੀ ਜਾਵੇਗੀ। ਇਸੇ ਤਰ੍ਹਾਂ ਕੁਝ ਐਸੀਆਂ ਨੈਸ਼ਨਲ ਪਾਰਟੀਆਂ ਵੀ ਹਨ ਜਿਵੇਂ ਜਨਤਾ ਦਲ ਦੀ ਸੈਂਟਰ ਵਿਚ ਸਰਕਾਰ ਹੈ ਪਰ ਉਸ ਦਾ ਇਥੇ ਕੋਈ ਮੈਂਬਰ ਨਹੀਂ। ਇਸੇ ਤਰ੍ਹਾਂ ਬੀ. ਐਸ. ਪੀ. ਦੀ ਯੂ. ਪੀ. ਵਿਚ ਸਰਕਾਰ ਹੈ ਪਰ ਉਸ ਦਾ ਇਥੇ ਕੇਵਲ ਇਕੋ ਮੈਂਬਰ ਹੈ। ਕੀ ਸਰਕਾਰ ਕੋਈ ਇਹੋ ਜਿਹੀ ਤਜਵੀਜ਼ ਤੇ ਵਿਚਾਰ ਕਰੇਗੀ ਜਿਸ ਨਾਲ ਉਨ੍ਹਾਂ ਪਾਰਟੀਆਂ ਦੇ ਮੈਂਬਰ ਵੀ ਨਾਮਜ਼ਦ ਹੋ ਸਕਣ ?

ਮੁੱਖ ਮੰਤਰੀ. ਮੇਰਾ ਖਿਆਲ ਹੈ ਕਿ ਮੈਂ ਪਹਿਲਾਂ ਹੀ ਬੜੀ ਕਲੀਅਰ ਗੱਲ ਕਰ ਦਿੱਤੀ ਹੈ . . . (ਵਿਘਨ) ਕਿਸੇ ਵੀ ਪਾਰਟੀ ਜਿਹੜੀ ਰਿਕੋਗਨਾਈਜ਼ਡ ਹੈ, ਉਸ ਦੇ ਐਮ. ਐਲ. ਏ. ਨੂੰ ਜ਼ਰੂਰ ਮੈਂਬਰ ਲਿਆ ਜਾਵੇਗਾ, ਇਸ ਦੇ ਵਿਚ ਇਹ ਨਹੀਂ ਹੋਵੇਗਾ ਕਿ ਕਿਸੇ ਪਾਰਟੀ ਨੂੰ ਨੁਮਾਇੰਦਗੀ ਹੀ ਨਾ ਦਿੱਤੀ ਜਾਵੇ। ਹਰ ਇਕ ਨੂੰ ਨੁਮਾਇੰਦਗੀ ਦਿੱਤੀ ਜਾਵੇਗੀ।

ਕਾਮਰੇਡ ਅਜੈਬ ਸਿੰਘ ਰੌਂਤਾ: ਸਪੀਕਰ ਸਾਹਿਬ, 2 ਮਈ, 1997 ਦੀ ਅਧਿਸੂਚਨਾ ਦੇ ਕ੍ਰਮ ਨੰਬਰ-4 ਦੇ ਭਾਗ 'ਏ' ਵਿਚ ਦੱਸਿਆ ਗਿਆ ਹੈ ਕਿ ਆਜ਼ਾਦੀ ਘੁਲਾਟੀਏ, ਸਾਬਕਾ ਫੌਜੀ, ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ, ਮਹਿਲਾਂ ਵਰਗ ਅਤੇ ਨੌਜਵਾਨ ਵਰਗ ਦਾ ਇਕ ਇਕ ਨੁਮਾਇੰਦਾ ਲਿਆ ਜਾਵੇਗਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਸ ਦੀ ਰਿਕੁਮੈਂਡੇਸ਼ਨ ਦੇ ਨਾਲ ਉਹ ਕੈਂਡੀਡੇਟ ਉਥੇ ਆਵੇਗਾ ?

ਮੁੱਖ ਮੰਤਰੀ. ਡੀ. ਸੀ. ਦੀ ਰਿਕੁਮੈਂਡੇਸ਼ਨ ਲਈ ਜਾਵੇਗੀ। ਜੇਕਰ ਕੋਈ ਹੋਰ ਵੀ ਰਿਕੁਮੈਂਡ ਕਰਨਾ ਚਾਹੇਗਾ, ਜਿਵੇਂ ਕੋਈ ਆਰਗੇਨਾਈਜ਼ੇਸ਼ਨ ਹੈ, ਤਾਂ ਉਨ੍ਹਾਂ ਦੇ ਨਾਂ ਵੀ ਕਨਸਿਡਰ ਕੀਤੇ ਜਾਣਗੇ।

ਕਾਮਰੇਡ ਅਜੈਬ ਸਿੰਘ ਰੌਂਤਾ: ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਮੀਟਿੰਗਾਂ ਹੁੰਦੀਆਂ ਹੀ ਨਹੀਂ। ਜਿਹੜਾ ਇਹ ਕਿਹਾ ਗਿਆ ਹੈ ਕਿ ਹਰੇਕ ਮਹੀਨੇ ਦੀ 12 ਤਰੀਕ ਤੋਂ ਪਹਿਲਾਂ ਪਹਿਲਾਂ ਮੀਟਿੰਗ ਬੁਲਾ ਲਈ ਜਾਵੇਗੀ ਜਿਵੇਂ ਪਿਛਲੇ ਸਮੇਂ ਵਿਚ ਮਨਿਸਟਰ ਸਾਹਿਬ ਜਾਂ ਡੀ. ਸੀ. ਦੇ ਨਾ ਆਉਣ ਕਾਰਨ ਮੀਟਿੰਗਾਂ ਕੈਂਸਲ ਹੋ ਜਾਂਦੀਆਂ ਸਨ, ਕੀ ਹੁਣ ਇਹ ਮੀਟਿੰਗਾਂ ਬੁਲਾਈਆਂ ਜਾਣਗੀਆਂ ? ਇਸ ਦੇ ਨਾਲ ਹੀ ਕੀ ਸਬੰਧਤ ਹਲਕੇ ਦੇ ਐਮ. ਐਲ. ਏ. ਦੀ ਰਿਕੁਮੈਂਡੇਸ਼ਨ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਬਾਹਰਲੇ ਕਿਸੇ ਹੋਰ ਐਮ. ਐਲ. ਏ. ਦਾ ਦਖਲ ਤਾਂ ਨਹੀਂ ਹੋਵੇਗਾ ?

ਮੁੱਖ ਮੰਤਰੀ. ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਐਮ. ਐਲ. ਏ. ਸਾਹਿਬ ਬੜੇ ਤਜਰੁਬੇਕਾਰ ਵਿਧਾਇਕ ਹਨ । ਇਸ ਵਿੱਚ ਦੱਸਿਆ ਗਿਆ ਹੈ ਕਿ ਸਾਰੇ ਇਲਾਕਿਆਂ ਦੇ ਐਮ. ਐਲ. ਏ. ਸਾਹਿਬਾਨ. ਸਾਰੇ ਡਿਪਟੀ ਕਮਿਸ਼ਨਰ ਜਾਂ ਹੋਰ ਜਥੇਬੰਦੀਆਂ ਸਿਫਾਰਸ਼ ਕਰ ਦੇਣ । ਐਮ. ਐਲ. ਏ. ਸਾਹਿਬਾਨ ਵੀ ਚਾਹੁਣ ਤਾਂ ਸਿਫਾਰਸ਼ ਕਰ ਦੇਣ, ਉਸ ਤੇ ਜ਼ਰੂਰ ਵਿਚਾਰ ਕੀਤਾ ਜਾਵੇਗਾ ।

ਸ੍ਰੀ ਸਪੀਕਰ: ਅਗਲਾ ਸਵਾਲ ।

ਸਰਕਾਰੀ ਆਰਟਸ ਐਂਡ ਸਾਇੰਸ ਕਾਲਜ, ਤਲਵਾੜਾ ਲਈ ਇਮਾਰਤ ਦੀ ਉਸਾਰੀ

* 346. **ਸ੍ਰੀ ਰਮੇਸ਼ ਚੰਦਰ ਡੋਗਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਸਰਕਾਰੀ ਆਰਟਸ ਐਂਡ ਸਾਇੰਸ ਕਾਲਜ, ਤਲਵਾੜਾ ਲਈ ਇਮਾਰਤ ਬਣਾਉਣ ਦੀ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਇਮਾਰਤ ਦੀ ਉਸਾਰੀ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ. ਹਾਂ ਜੀ । ਸਰਕਾਰੀ ਆਰਟਸ ਅਤੇ ਸਾਇੰਸ ਕਾਲਜ, ਤਲਵਾੜਾ ਦੀ ਬਿਲਡਿੰਗ ਦੀ ਉਸਾਰੀ ਦਾ ਕੰਮ ਜਲਦੀ ਹੀ ਚਾਲੂ ਕੀਤਾ ਜਾ ਰਿਹਾ ਹੈ ।

Shri Romesh Chander Dogra. Thank you, Sir.

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਚੋਅ ਤੇ ਪੁਲ

* 358. **ਸ੍ਰੀ ਤਿਕਸ਼ਨ ਸੂਦ.** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਿੰਡ ਆਨੰਦਗੜ੍ਹ ਅਤੇ ਪਿੰਡ ਬੱਸੀ ਹਸਤਖਾਨ ਵਿਚਕਾਰ ਪੈਂਦੇ ਚੋਅ ਤੇ ਇਕ ਛੋਟਾ ਪੁਲ ਬਣਾਉਣ ਦਾ ਵਿਚਾਰ ਹੈ ; ਜੇਕਰ ਅਜਿਹਾ ਹੋਵੇ, ਤਾਂ ਪੁਲ ਦੇ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ. ਨਹੀਂ ਜੀ ।

ਸ੍ਰੀ ਤਿਕਸ਼ਨ ਸੂਦ: ਸਪੀਕਰ ਸਾਹਿਬ, ਹੋਰ ਤਾਂ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ । ਮੈਂ ਮੁੱਖ ਮੰਤਰੀ ਸਾਹਿਬ, ਤੋਂ ਸਿਰਫ ਇਹ ਆਸ਼ਵਾਸਨ ਲੈਣਾ ਚਾਹੁੰਦਾ ਹਾਂ ਕਿ ਇਲਾਕੇ ਦੇ ਲੋਕਾਂ ਨੂੰ ਬਹੁਤ ਮੁਸ਼ਕਲ ਪੇਸ਼ ਆਉਂਦੀ ਹੈ ਅਤੇ ਇਹ ਕੰਮ ਬੜਾ ਛੋਟਾ ਜਿਹਾ ਹੈ । ਜੇ ਮੁੱਖ ਮੰਤਰੀ ਜੀ ਜਲਦੀ ਕਰਵਾ ਦੇਣ ਤਾਂ ਠੀਕ ਹੈ ।

ਮੁੱਖ ਮੰਤਰੀ. ਸਪੀਕਰ ਸਾਹਿਬ, ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਚੋਆਂ ਤੇ ਪੁੱਲ ਬਣਾਉਣ ਦਾ ਕੰਮ ਜਾਰੀ ਹੈ । ਇਸ ਵੇਲੇ ਪ੍ਰਾਇਰਟੀ ਤੇ 8 ਪੁੱਲ ਚੋਆਂ ਤੇ ਬਣ ਰਹੇ ਹਨ ਅਤੇ

ਉਨ੍ਹਾਂ ਨੂੰ ਮੁਕੰਮਲ ਕਰਨ ਤੋਂ ਬਾਅਦ, ਇਨ੍ਹਾਂ ਦੇ ਪੁਲ ਵੱਲ ਵੀ ਧਿਆਨ ਦਿਤਾ ਜਾਵੇਗਾ। ਇਹ ਪੁੱਲ ਜਿਹੜਾਂ ਬਣਾਇਆ ਜਾਣਾ ਹੈ ਇਸ ਤੇ ਤਕਰੀਬਨ 25 ਲੱਖ ਰੁਪਏ ਖਰਚ ਹੋਣਗੇ।

ਸ੍ਰੀ ਸਪੀਕਰ: ਅਗਲਾ ਸਵਾਲ, ਸ੍ਰੀ ਸੱਤਿਆ ਪਾਲ ਸੈਣੀ।

ਸੁਜਾਨਪੁਰ ਵਿਚ ਬੱਸ ਅੱਡਾ ਬਣਾਉਣਾ

* 365. **ਸ੍ਰੀ ਸੱਤਿਆ ਪਾਲ ਸੈਣੀ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਲੋਕਾਂ ਨੂੰ ਬੱਸ ਸਹੂਲਤਾਂ ਮੁਹੱਈਆ ਕਰਨ ਲਈ ਸੁਜਾਨਪੁਰ ਟਾਊਨ, ਜ਼ਿਲ੍ਹਾ ਗੁਰਦਾਸਪੁਰ ਵਿੱਚ ਇੱਕ ਬੱਸ ਅੱਡਾ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਅਮਲ ਵਿੱਚ ਲਿਆਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ. ਨਹੀਂ ਜੀ।

ਸ਼੍ਰੀ ਸੱਤਿਆ ਪਾਲ ਸੈਣੀ. ਸਪੀਕਰ ਸਾਹਿਬ, ਇਸ ਸਬੰਧ ਵਿੱਚ ਮੇਰੀ ਮੁੱਖ ਮੰਤਰੀ ਸਾਹਿਬ ਨਾਲ ਗੱਲਬਾਤ ਹੋ ਗਈ ਸੀ, ਹੁਣ ਕੋਈ ਜਵਾਬ ਦੀ ਅਵੱਸ਼ਕਤਾ ਨਹੀਂ ਹੈ।

ਸ੍ਰੀ ਸਪੀਕਰ: ਫਿਰ ਤਾਂ ਤੁਸੀਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰੋ। (ਹਾਸਾ) ਅਗਲਾ ਸਵਾਲ।

ਅਪਾਹਜ ਅਤੇ ਮਾਨਸਿਕ ਤੌਰ ਤੇ ਕਮਜ਼ੋਰ ਬੱਚਿਆਂ ਲਈ ਸਕੂਲ ਖੋਲ੍ਹਣੇ

* 415. **ਸਰਦਾਰ ਅਜੀਤ ਇੰਦਰ ਸਿੰਘ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ. —

(ੳ) ਰਾਜ ਵਿਚ ਇਸ ਸਮੇਂ ਅਪਾਹਜ ਅਤੇ ਮਾਨਸਿਕ ਤੌਰ ਤੇ ਕਮਜ਼ੋਰ ਬੱਚਿਆਂ ਨੂੰ ਸਿਖਲਾਈ ਅਤੇ ਸਿੱਖਿਆ ਦੇਣ ਲਈ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੀ ਗਿਣਤੀ ਕਿੰਨੀ ਹੈ ਅਤੇ ਅਜਿਹੇ ਹਰ ਇਕ ਸਕੂਲ ਵਿਚ ਦਾਖਲ ਕੀਤੇ ਗਏ ਬੱਚਿਆਂ ਦੀ ਗਿਣਤੀ ਕਿੰਨੀ ਕਿੰਨੀ ਹੈ ;

(ਅ) ਕੀ ਸਰਕਾਰ ਦੀ ਰਾਜ ਵਿਚ ਅਪਾਹਜ ਅਤੇ ਮਾਨਸਿਕ ਤੌਰ ਤੇ ਕਮਜ਼ੋਰ ਬੱਚਿਆਂ ਨੂੰ ਸਿਖਲਾਈ ਅਤੇ ਸਿੱਖਿਆ ਦੇਣ ਲਈ ਕੋਈ ਨਵੇਂ ਸਕੂਲ ਖੋਲ੍ਹਣ ਦੀ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: (ੳ) ਰਾਜ ਵਿੱਚ ਅਪਾਹਜ ਅਤੇ ਮਾਨਸਿਕ ਤੌਰ ਤੇ ਕਮਜ਼ੋਰ ਬੱਚਿਆਂ ਲਈ 6 ਸਰਕਾਰੀ ਸੰਸਥਾਵਾਂ ਸਥਾਪਿਤ ਹਨ, ਜਿਨ੍ਹਾਂ ਵਿੱਚ 138 ਬੱਚੇ ਦਾਖ਼ਲ ਕੀਤੇ ਗਏ ਹਨ। ਇਸ ਤੋਂ ਇਲਾਵਾ 13 ਗੈਰ-ਸਰਕਾਰੀ ਸੰਸਥਾਵਾਂ ਵੀ ਹਨ, ਜੋ ਸਰਕਾਰ ਤੋਂ ਗਰਾਂਟ ਇਨ ਏਡ ਪ੍ਰਾਪਤ ਕਰ ਰਹੀਆਂ ਹਨ। ਇਨ੍ਹਾਂ 13 ਪ੍ਰਾਈਵੇਟ/ਗੈਰ-ਸਰਕਾਰੀ ਸੰਸਥਾਵਾਂ ਵਿੱਚ ਬੱਚਿਆਂ ਦੀ ਗਿਣਤੀ 883 ਹੈ।

(ਅ) ਨਹੀਂ ਜੀ।

ਸਰਦਾਰ ਅਜੀਤ ਇੰਦਰ ਸਿੰਘ ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਕੁਐਸਚਨ ਹੈ ਕਿਉਂ ਕਿ ਮੈਂ ਆਪ ਪਰਸਨਲੀ ਦੋ ਸਕੂਲ ਵਿਜ਼ਿਟ ਕੀਤੇ ਹਨ, ਇਕ ਜਲੰਧਰ ਜਿਹੜਾ ਗੋਰਮਿੰਟ ਦਾ ਹੈ ਅਤੇ ਦੂਜਾ ਪਟਿਆਲਾ ਵਿਖੇ ਨਵਜੀਵਨੀ ਸਕੂਲ ਹੈ। ਲੇਕਿਨ ਇਨ੍ਹਾਂ ਸਕੂਲਾਂ ਵਿਚ ਇਨ੍ਹਾਂ ਬੱਚਿਆਂ ਨੂੰ ਬਹੁਤ ਜ਼ਿਆਦਾ ਦੇਖਭਾਲ ਦੀ ਲੋੜ ਹੈ। ਜਵਾਬ ਵਿੱਚ ਦੱਸਿਆ ਗਿਆ ਹੈ ਕਿ 6 ਸਰਕਾਰੀ ਸੰਸਥਾਵਾਂ ਹਨ ਅਤੇ ਉਨ੍ਹਾਂ ਵਿੱਚ 138 ਬੱਚੇ ਦਾਖਲ ਹਨ। ਇਕੱਲੇ ਜਲੰਧਰ ਵਿੱਚ ਹੀ 60 ਬੱਚੇ ਹਨ ਅਤੇ ਪਟਿਆਲਾ ਵਿੱਚ 80 ਹਨ। ਦੂਸਰੇ ਪੰਜ ਹੋਰ ਜਿਹੜੇ ਸੈਂਟਰ ਹਨ, ਜਿਵੇਂ ਗੌਰਮਿੰਟ ਦਾ ਫਿਰੋਜ਼ਪੁਰ ਵਿਖੇ ਸੈਂਟਰ ਹੈ, ਪਤਾ ਨਹੀਂ ਉਨ੍ਹਾਂ ਸੈਟਰਾਂ ਦੇ ਫੰਡਜ਼ ਕਿੱਥੇ ਜਾਂਦੇ ਹਨ, ਪਤਾ ਨਹੀਂ ਉਹ ਸੈਂਟਰ ਚਲ ਵੀ ਰਹੇ ਹਨ ਜਾਂ ਬੰਦ ਪਏ ਹਨ। ਕੀ ਮੁੱਖ ਮੰਤਰੀ ਜੀ ਨੂੰ ਪਤਾ ਹੈ ਕਿ ਉਥੇ ਕਿੰਨੇ ਬੱਚੇ ਹਨ ਅਤੇ ਕੀ ਉਹ ਸੈਂਟਰ ਠੀਕ ਚਲ ਰਹੇ ਹਨ ?

ਸ੍ਰੀ ਸਪੀਕਰ. ਉਨ੍ਹਾਂ ਨੇ ਬੱਚਿਆਂ ਦੀ ਗਿਣਤੀ ਦੱਸ ਦਿਤੀ ਹੈ।

ਸਰਦਾਰ ਅਜੀਤ ਇੰਦਰ ਸਿੰਘ. ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਬੰਧਤ ਇਲਾਕੇ ਦੇ ਮਾਨਯੋਗ ਮੈਂਬਰ ਤੋਂ ਰਿਪੋਰਟ ਮੰਗਣ ਅਤੇ ਇਸ ਸਬੰਧ ਵਿੱਚ ਗੌਰ ਕਰਨ।

ਮੁੱਖ ਮੰਤਰੀ. ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਬੜਾ ਇੰਪਾਰਟੈਂਟ ਇਸ਼ੂ ਹੈ ਅਤੇ ਸਰਕਾਰ ਦਾ ਇਹ ਫਰਜ਼ ਹੈ ਕਿ ਇਸ ਤਰ੍ਹਾਂ ਦੇ ਜਿਹੜੇ ਬੱਚੇ ਹਨ, ਉਨ੍ਹਾਂ ਵੱਲ ਧਿਆਨ ਦਿੱਤਾ ਜਾਵੇ। ਮੈਂ ਸਾਰੇ ਸੈਂਟਰ ਜਿਹੜੇ ਗੌਰਮਿੰਟ ਦੇ ਚਲ ਰਹੇ ਹਨ, ਉਨ੍ਹਾਂ ਦੀ ਜ਼ਰੂਰ ਰਿਪੋਰਟ ਮੰਗਵਾਵਾਂਗਾ ਕਿ ਉਥੇ ਕੀ ਪੁਜ਼ੀਸ਼ਨ ਹੈ ਅਤੇ ਕੀ ਕੀ ਇਮਪਰੂਵਮੈਂਟ ਕਰਨ ਦੀ ਲੋੜ ਹੈ। ਜੋ ਇਮਪਰੂਵਮੈਂਟ ਕਰਨ ਦੀ ਲੋੜ ਹੈ, ਉਹ ਕਰਨ ਦਾ ਯਤਨ ਕੀਤਾ ਜਾਵੇਗਾ।

ਸਰਦਾਰ ਅਜੀਤ ਇੰਦਰ ਸਿੰਘ: ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ 84 ਪਿੰਡ ਹਨ ਜਿਨ੍ਹਾਂ ਵਿੱਚ ਉਥੇ ਘੱਟੋ-ਘੱਟ 36 ਬੱਚੇ ਮੈਂਟਲੀ ਰੀਟਾਰਡਿਡ ਹਨ। ਸਪੀਕਰ ਸਾਹਿਬ, ਮਾਨਸਾ ਅਤੇ ਬਠਿੰਡਾ ਏਰੀਏ ਵਿੱਚ ਕੋਈ ਸਕੂਲ ਨਹੀਂ ਹੈ ਜਿਸ ਕਾਰਨ ਗਰੀਬ ਘਰਾਂ ਦੇ ਬੱਚਿਆਂ ਦਾ ਨੁਕਸਾਨ ਹੋ ਰਿਹਾ ਹੈ। ਕੀ ਮਾਨਸਾ ਔਰ ਬਠਿੰਡਾ ਜ਼ਿਲ੍ਹੇ ਵਿੱਚ ਇਨ੍ਹਾਂ ਬੱਚਿਆਂ ਲਈ ਕੋਈ ਸਕੂਲ ਬਾਦਲ ਸਾਹਿਬ ਖੋਲ੍ਹਣਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਕੰਸਿਡਰ ਕਰ ਲਿਆ ਜਾਵੇਗਾ।

ਸਰਦਾਰ ਅਜੀਤ ਇੰਦਰ ਸਿੰਘ. ਧੰਨਵਾਦ।

ਅਧਿਆਪਕਾਂ ਦੀਆਂ ਨਿਯੁਕਤੀਆਂ

*442. **ਸਰਦਾਰ ਅਮਰਜੀਤ ਸਿੰਘ ਸਮਰਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਸਿੱਖਿਆ ਵਿਭਾਗ ਦੁਆਰਾ ਗਠਿਤ ਕੀਤੀ ਗਈ ਵਿਭਾਗੀ

ਚੋਣ ਕਮੇਟੀ ਦੁਆਰਾ ਸਾਲਾਂ 1994-95, 1995-96 ਅਤੇ 1996-97 ਦੇ ਦੌਰਾਨ ਕਿਸੇ ਅਧਿਆਪਕਾਂ ਅਤੇ ਅਧਿਆਪਕਾਵਾਂ ਨੂੰ ਚੁਣਿਆ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਨੂੰ ਨਿਯੁਕਤੀ ਪੱਤਰ ਕਦੋਂ ਤੱਕ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਚੁਣੇ ਗਏ ਅਧਿਆਪਕਾਂ ਵਿਚੋਂ ਬਹੁਤ ਸਾਰਿਆਂ ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿਤੇ ਗਏ ਹਨ ਸਿਵਾਏ ਸੋਸ਼ਲ ਸਟੱਡੀ ਅਤੇ ਮੈਥੇਮੈਟਿਕਸ ਅਧਿਆਪਕ/ਅਧਿਆਪਕਾਵਾਂ ਅਤੇ ਈ.ਟੀ.ਟੀ. ਅਤੇ ਜੇ.ਬੀ.ਟੀ. ਅਧਿਆਪਕ/ਅਧਿਆਪਕਾਵਾਂ ਦੇ । ਇਨ੍ਹਾਂ ਨੂੰ ਮਿੱਥੇ ਸਮੇਂ ਅੰਦਰ ਨਿਯੁਕਤੀ ਪੱਤਰ ਜਾਰੀ ਕਰਨ ਹਿੱਤ ਉਪਰਾਲਾ ਕੀਤਾ ਜਾ ਰਿਹਾ ਹੈ ।

ਸਰਦਾਰ ਅਮਰਜੀਤ ਸਿੰਘ ਸਮਰਾ : ਸਪੀਕਰ ਸਾਹਿਬ, ਮੈਂ ਆਪਣੇ ਕੁਐਸਚਨ ਵਿਚ ਇਹ ਪੁੱਛਿਆ ਸੀ ਕਿ ਸਾਲ 1994-95, 1995-96 ਅਤੇ 1996-97 ਵਿਚ ਕਿੰਨੀਆਂ ਸਿਲੈਕਸ਼ਨ ਕਮੇਟੀਆਂ ਬਣਾਈਆਂ ਗਈਆਂ ਸਨ ਅਤੇ ਉਨ੍ਹਾਂ ਨੇ ਕਿੰਨੇ ਅਧਿਆਪਕਾਂ ਦੀ ਚੋਣ ਕੀਤੀ ? ਇਨ੍ਹਾਂ ਵਿਚ ਜ਼ਿਆਦਾ ਗਿਣਤੀ ਸੋਸ਼ਲ ਸਟੱਡੀਜ਼ ਔਰ ਜੇ.ਬੀ.ਟੀ. ਟੀਚਰਾਂ ਦੀ ਸੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਨਿਯੁਕਤੀ ਪੱਤਰ ਕਿਉਂ ਨਹੀਂ ਜਾਰੀ ਕੀਤੇ ਗਏ ? ਸਪੀਕਰ ਸਾਹਿਬ, ਸਕੂਲ ਖਾਲੀ ਪਏ ਹਨ । ਇਹ ਵਧੀਆ ਗੱਲ ਹੈ ਕਿ ਤੁਸੀਂ ਆਦਰਸ਼ ਸਕੂਲ ਖੋਲ੍ਹੇ ਹਨ......(ਵਿਘਨ)

(ਇਸ ਸਮੇਂ ਮਾਨਯੋਗ ਮੈਂਬਰ, ਸ੍ਰੀ ਜਗਦੀਸ਼ ਸਾਹਨੀ ਆਪਣੀ ਸੀਟ ਤੇ ਬੈਠੇ ਬੈਠੇ ਕੁਝ ਬੋਲ ਰਹੇ ਸਨ ਪਰ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

ਤੁਹਾਨੂੰ ਪਤਾ ਨਹੀਂ ਕਿ ਵਜ਼ੀਰ ਜਵਾਬ ਦੇ ਰਿਹਾ ਹੈ ਜਾਂ ਨਹੀਂ ਪਰ ਤੁਹਾਡੇ ਮੰਤਰੀ ਸਾਹਿਬਾਨ ਬਹੁਤ ਵਧੀਆ ਜਵਾਬ ਦੇ ਰਹੇ ਹਨ । ਤੁਹਾਡੇ ਕਨਸਰਨਡ ਮਨਿਸਟਰ ਜਵਾਬ ਦੇ ਰਹੇ ਹਨ । ਇਸ ਤਰ੍ਹਾਂ ਤਾਂ ਪੰਚਾਇਤ ਮੈਂਬਰ ਵੀ ਨਹੀਂ ਕਰਦੇ ਜਿਸ ਤਰ੍ਹਾਂ ਤੁਸੀਂ ਕਰ ਰਹੇ ਹੋ । ਤੁਸੀਂ ਇਸ ਪਵਿੱਤਰ ਹਾਊਸ ਵਿਚ ਦੂਜੀ ਵਾਰ, ਮੈਂਬਰ ਬਣ ਕੇ ਆਏ ਹੋ ਅਤੇ ਤੁਹਾਨੂੰ ਦੂਜਿਆਂ ਦੀ ਗੱਲ ਵਿਚ ਦਖਲ ਨਹੀਂ ਦੇਣਾ ਚਾਹੀਦਾ । ਜਦ ਤੁਹਾਡੇ ਮੰਤਰੀ ਸਾਹਿਬਾਨ ਅਤੇ ਮੁੱਖ ਮੰਤਰੀ ਸਾਹਿਬ ਸਾਰਿਆਂ ਦੀ ਤਸੱਲੀ ਕਰਵਾ ਰਹੇ ਹਨ ਅਤੇ ਵਧੀਆ ਜਵਾਬ ਦੇ ਰਹੇ ਹਨ ਤਾਂ ਤੁਹਾਨੂੰ ਵਿਚ ਨਹੀਂ ਬੋਲਣਾ ਚਾਹੀਦਾ । ਤੁਹਾਨੂੰ ਕੀ ਰਾਈਟ ਹੈ, ਕਿਸੇ ਦੀ ਗੱਲ ਵਿਚ ਬੋਲਣ ਦਾ ? ਜੇ ਤੁਸੀਂ ਕੋਈ ਸਵਾਲ ਪੁੱਛਣਾ ਹੈ ਤਾਂ ਉਠ ਕੇ ਪੁੱਛੋ । ਸਪੀਕਰ ਸਾਹਿਬ, ਇਨ੍ਹਾਂ ਨੂੰ ਮੰਤਰੀ ਬਣਾ ਦਿਉ । ਇਹ ਮੇਰਾ ਟਰਾਂਸਪੋਰਟਰ ਭਰਾ ਹੈ ਪਰ ਇਹ ਕਿਸੇ ਦੀ ਗੱਲ ਵਿਚ ਦਖਲ ਨਾ ਦੇਵੇ ।

ਸ੍ਰੀ ਸਪੀਕਰ : ਸਮਰਾ ਜੀ, ਤੁਸੀਂ ਸਪਲੀਮੈਂਟਰੀ ਕਰੋ ।

ਸਰਦਾਰ ਅਮਰਜੀਤ ਸਿੰਘ ਸਮਰਾ : ਸਪੀਕਰ ਸਾਹਿਬ, ਜਿਹੜਾ ਆਦਰਸ਼ ਸਕੂਲਾਂ ਦਾ ਪ੍ਰੋਗਰਾਮ ਹੈ, ਇਹ ਬਹੁਤ ਵਧੀਆ ਹੈ ਪਰ ਜਿਹੜੇ ਸਕੂਲ ਆਲਰੇਡੀ ਚੱਲ ਰਹੇ ਹਨ,

[ਸਰਦਾਰ ਅਮਰਜੀਤ ਸਿੰਘ ਸਮਰਾ]
ਉਨ੍ਹਾਂ ਵਿਚ ਟੀਚਰਾਂ ਦੀ ਘਾਟ ਹੈ ਅਤੇ ਬੱਚਿਆਂ ਦਾ ਜਿਸ ਨਾਲ ਕਾਫੀ ਨੁਕਸਾਨ ਹੋ ਰਿਹਾ ਹੈ ਮੇਰਾ ਸਵਾਲ ਇਹ ਹੈ ਕਿ ਸਕੂਲਾਂ ਵਿਚ ਜਿੰਨੇ ਅਧਿਆਪਕਾਂ ਦੀ ਤਾਦਾਦ ਲੋੜੀਂਦੀ ਹੈ, ਉਨ੍ਹਾਂ ਨੂੰ ਕਦੋਂ ਤੱਕ ਪੂਰਾ ਕੀਤਾ ਜਾਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਆਨਰੇਬਲ ਮੈਂਬਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਸਾਨੂੰ ਸਰਟੀਫਿਕੇਟ ਦਿੱਤਾ ਹੈ ਕਿ ਤੁਹਾਡੇ ਵਜ਼ੀਰ ਸਾਹਿਬਾਨ ਬਹੁਤ ਚੰਗੀ ਤਰ੍ਹਾਂ ਜਵਾਬ ਦੇ ਰਹੇ ਹਨ । (ਥੰਪਿੰਗ) ਦੂਸਰੇ ਮੈਂ ਬੇਨਤੀ ਕਰਦਾ ਹਾਂ, ਮੈਂਬਰ ਸਾਹਿਬ ਆਪ ਹੀ ਅਹਿਸਾਸ ਕਰਨਗੇ ਕਿਉਂਕਿ ਮੈਂ ਕਹਿੰਦਾ ਚੰਗਾ ਨਹੀਂ ਲੱਗਦਾ, ਕਿ ਜਿਨ੍ਹਾਂ ਸਕੂਲਾਂ ਵਿਚ ਟੀਚਰ ਨਹੀਂ ਹਨ, ਉਥੇ 2-3 ਮਹੀਨਿਆਂ ਵਿਚ ਟੀਚਰ ਪਹੁੰਚ ਜਾਣਗੇ । (ਥੰਪਿੰਗ) ਬਾਕੀ ਜਿਹੜਾ ਇਨ੍ਹਾਂ ਨੇ ਕਿਹਾ ਕਿ ਟੀਚਰ ਲੱਗ ਨਹੀਂ ਸਕੇ, ਉਸ ਸਬੰਧ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਿਰਫ ਐਸ.ਐਸ. ਮਾਸਟਰਾਂ ਦੀ ਕੈਟਾਗਰੀ ਹੈ । ਉਨ੍ਹਾਂ ਦੀ ਸਿਲੈਕਸ਼ਨ ਹੋ ਗਈ ਹੈ ਪਰ ਜਿਹੜੇ ਐਡਹਾਕ ਵਾਲੇ ਸਨ, ਉਨ੍ਹਾਂ ਨੇ ਸੁਪਰੀਮ ਕੋਰਟ ਤੋਂ ਸਟੇਅ ਲੈ ਲਈ ਹੈ । ਇਹੀ ਕਾਰਨ ਹੈ ਕਿ ਉਨ੍ਹਾਂ ਦੀ ਨਿਯੁਕਤੀ ਨਹੀਂ ਹੋ ਸਕੀ । ਬਾਕੀ ਕੋਈ ਹੋਰ ਕੈਟਾਗਰੀ ਜਿਵੇਂ ਈ.ਟੀ.ਟੀ. ਹਨ, ਉਹ ਤੁਰੰਤ ਲਗਾ ਦਿੱਤੇ ਜਾਣਗੇ ਔਰ ਅਸੀਂ ਮਾਣ ਨਾਲ ਕਹਿ ਸਕਾਂਗੇ ਕਿ ਪੰਜਾਬ ਵਿਚ ਕੋਈ ਸਕੂਲ ਅਜਿਹਾ ਨਹੀਂ ਜਿਸ ਵਿਚ ਟੀਚਰ ਨਾ ਹੋਵੇ । (ਥੰਪਿੰਗ)

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਸੀ.ਐਮ. ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਡਿਪਾਰਟਮੈਂਟਲ ਕਮੇਟੀਆਂ ਦੇ ਚੇਅਰਮੈਨ ਸਨ, ਕੀ ਉਨ੍ਹਾਂ ਨੂੰ ਹਦਾਇਤ ਹੋਈ ਸੀ ਕਿ ਜਿਹੜੇ ਵੀ ਨੰਬਰ ਲਗਾਉਣੇ ਹਨ, ਉਹ ਪੈਨਸਿਲ ਨਾਲ ਲਗਾਉਣੇ ਹਨ, ਤਾਂ ਕਿ ਜਦੋਂ ਲਿਸਟ ਮੰਤਰੀ ਜੀ ਕੋਲ ਜਾਵੇਗੀ, ਉਹ ਰਬੜ ਨਾਲ ਮਿਟਾ ਕੇ ਠੀਕ ਕਰ ਲੈਣਗੇ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਸਮਰਾ ਸਾਹਿਬ ਨੇ ਕਿਹਾ ਹੈ ਕਿ ਵਿਚ ਬੋਲਦੇ ਹਨ । ਸਹੀ ਮਾਅਨਿਆਂ ਵਿਚ ਜਦੋਂ ਅਵਤਾਰ ਸਿੰਘ ਬਰਾੜ ਖੁਦ ਮੰਤਰੀ ਸਨ, ਤਾਂ ਇਨ੍ਹਾਂ ਨੇ ਵਿਧਾਨ ਸਭਾ ਵਿਚ ਪਿਛਲੇ ਸੈਸ਼ਨ ਵਿਚ ਕਿਹਾ ਸੀ ਕਿ ਦੋ ਮਹੀਨਿਆਂ ਦੇ ਵਿਚ ਵਿਚ ਸਾਰੇ ਟੀਚਰ ਲੱਗ ਜਾਣਗੇ । ਇਹ ਆਪਣੀ ਗੱਲ ਨੂੰ ਤਾਂ ਆਪ ਭੁੱਲਦੇ ਹਨ । ਅਸੀਂ ਤਾਂ ਬੋਲਣਾ ਹੀ ਹੈ । ਇਹ ਆਪ ਭੁੱਲ ਗਏ ਹਨ । ਦੋ ਮਹੀਨੇ ਦਾ ਸਮਾਂ ਦਿੱਤਾ ਸੀ ਔਰ ਹੁਣ ਚਾਰ ਮਹੀਨੇ ਆ ਗਏ ਹਨ ਔਰ ਸਾਨੂੰ ਕਹਿੰਦੇ ਹਨ ਕਿ ਵਿਚੋਂ ਟੋਕਦੇ ਹਨ ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਸਪਸ਼ਟੀਕਰਣ ਦੇਣਾ ਚਾਹੁੰਦਾ ਹਾਂ ।

ਸ੍ਰੀ ਸਪੀਕਰ : ਇਸ ਤੋਂ ਬਾਅਦ ਦੇ ਦੇਣਾ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਵੇਲੇ ਕੁਝ ਅਧਿਆਪਕਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਸਨ । ਉਸ ਵਿਚ ਲੱਖਾਂ ਰੁਪਏ ਦੀ ਹੇਰਾਫੇਰੀ ਪਿਛਲੀ ਸਰਕਾਰ ਦੌਰਾਨ ਹੋਈ । ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਜਿਨ੍ਹਾਂ ਲੋਕਾਂ ਨੇ ਪੈਸੇ ਲਏ, ਉਨ੍ਹਾਂ ਦੇ ਮੁਤੱਲਕ ਇਨਕੁਆਇਰੀ ਕੀਤੀ ਜਾਵੇਗੀ ? ਜੋ ਟੀਚਰਾਂ ਦੀ ਅਪੁਆਇੰਟਮੈਂਟ ਸਮੇਂ ਕੁਰੱਪਸ਼ਨ ਦੇ ਤਹਿਤ ਅੰਡਰ ਹੈਂਡ ਪੈਸਾ ਲਿਆ ਗਿਆ ਹੈ.. (ਵਿਘਨ)...ਮੈਂ ਜਵਾਬ ਮੁੱਖ ਮੰਤਰੀ ਸਾਹਿਬ ਤੋਂ ਮੰਗਿਆ ਹੈ ਕਿ ਕੀ ਟੀਚਰਾਂ ਦੀ ਨਿਯੁਕਤੀ ਸਮੇਂ ਜੋ ਪੈਸਾ ਲਿਆ ਗਿਆ, ਉਸ ਦੀ ਇਨਕੁਆਇਰੀ ਕਰਵਾ ਕੇ ਉਨ੍ਹਾਂ ਲੋਕਾਂ ਨੂੰ ਜੇਲ੍ਹਾਂ ਦੀਆਂ ਸਲਾਖਾਂ ਵਿਚ ਬੰਦ ਕਰਨ ਦੀ ਕੋਈ ਪ੍ਰੋਵੀਜ਼ਨ ਹੈ ਕਿ ਨਹੀਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੇਕਰ ਇਸ ਕੰਮ ਵਿਚ ਲੱਗ ਪਈਏ ਤਾਂ ਪੰਜ ਸਾਲ ਇਸ ਕੰਮ ਵਿਚ ਹੀ ਟੱਪ ਜਾਣਗੇ । ਇਹ ਜਿਹੜੀਆਂ ਸਿਲੈਕਸ਼ਨਾਂ ਹੁੰਦੀਆਂ ਹਨ, ਕਈ ਵਾਰ ਇਸ ਸਬੰਧੀ ਹਾਈਕੋਰਟ ਵਿਚ ਕੇਸ ਹੋ ਜਾਂਦੀ ਹੈ ਅੰਰ ਇਸ ਨਾਲ ਮਾਮਲਾ ਹੋਰ ਗੰਭੀਰ ਹੋ ਜਾਂਦਾ ਹੈ । ਇਸ ਲਈ ਇਸ ਗੱਲ ਦਾ ਪੂਰਾ ਖਿਆਲ ਰੱਖਿਆ ਜਾਵੇਗਾ ਕਿ ਸਭ ਚੀਜ਼ ਮੈਰਿਟ ਤੇ ਹੋਵੇ ।

ਨਿਸ਼ਾਨਵਾਲਾ ਪ੍ਰਸ਼ਨ ਨੰਬਰ 416

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਮੇਰਾ ਕੁਐਸਚਨ ਨੰਬਰ 416 ਰਹਿ ਗਿਆ ਸੀ ਜਿਹੜਾ ਕਿ ਸਰਦਾਰ ਗੁਰਦੇਵ ਸਿੰਘ ਬਾਦਲ ਜੀ ਨਾਲ ਸਬੰਧਤ ਹੈ । ਇਸ ਨੂੰ ਹੁਣ ਲੈ ਲਉ, ਇਹ ਬੜਾ ਇੰਪਾਰਟੈਂਟ ਕੁਐਸਚਨ ਹੈ ਅੰਰ ਸਾਰਿਆਂ ਦੇ ਹੱਕ ਦਾ ਕੁਐਸਚਨ ਹੈ । ਮੈਨੂੰ ਅਫਸੋਸ ਹੈ ਕਿ ਮੈਂ ਉਸ ਸਮੇਂ ਆ ਨਹੀਂ ਸਕਿਆ, ਇਸ ਨੂੰ ਹੁਣ ਲੈ ਲਉ ।

ਸ੍ਰੀ ਸਪੀਕਰ : ਚਲੋ, ਬਾਦਲ ਸਾਹਿਬ, ਜਵਾਬ ਦੇ ਦਿਉ । ਅਜੇ ਤਿੰਨ ਮਿੰਟ ਰਹਿੰਦੇ ਹਨ ।

ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਇਸ ਤਰ੍ਹਾਂ ਜਿਹੜਾ ਸਵਾਲ ਪਾਸ-ਓਵਰ ਹੋ ਜਾਵੇ, ਉਸ ਦਾ ਰਿਪਲਾਈ ਨਹੀਂ ਦਿੱਤਾ ਜਾਂਦਾ । It is the duty of the Hon'ble Member to come to the House in time if he is interested to raise any supplementary. ਇਹ ਤਾਂ ਨਹੀਂ ਹੁੰਦਾ ਕਿ ਜਦੋਂ ਸਾਰੇ ਕੁਐਸਚਨ ਖਤਮ ਹੋ ਜਾਣ, ਤਾਂ a Member may say 'I want to raise supplementary.' And if this practice is allowed, it will create a bad precedent

Sardar Ajit Inder Singh : That means you are not obeying the Speaker.

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ : ਸਪੀਕਰ ਸਾਹਿਬ, ਮੋਫਰ ਸਾਹਿਬ ਟਾਈਮ ਤੇ ਆ ਨਹੀਂ ਸਕੇ । ਜੇ ਸਵਾਲ ਦਾ ਜਵਾਬ ਲੈਣਾ ਹੋਵੇ, ਤਾਂ ਟਾਈਮ ਤੇ ਆਉਣਾ ਚਾਹੀਦਾ ਹੈ । ਹੁਣ ਜਦੋਂ ਗੱਡੀ ਸਟੇਸ਼ਨ ਤੋਂ ਲੰਘ ਗਈ ਹੈ, ਤਾਂ ਵਾਪਸ ਕਿਵੇਂ ਬੈਕ ਹੋ ਜਾਵੇਗੀ ਜੀ ।

ਸ਼੍ਰੀ ਸਪੀਕਰ : ਬਾਦਲ ਸਾਹਿਬ, ਟਾਈਮ ਤਾਂ ਹੈ । ਸਪੀਕਰ ਅਲਾਉ ਕਰ ਸਕਦਾ ਹੈ ।

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡਾ ਹੁਕਮ ਮੰਨ ਕੇ ਸਵਾਲ ਦਾ ਜਵਾਬ ਦੇਣ ਲੱਗਿਆ ਹਾਂ ।

ਐਸ.ਸੀਜ਼. ਅਤੇ ਬੀ.ਸੀਜ਼ ਲਈ ਪਬਲਿਕ ਲੈਟਰੀਨਾਂ ਬਣਾਉਣਾ

*416. **ਸਰਦਾਰ ਅਜੀਤ ਇੰਦਰ ਸਿੰਘ** : ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਵਿਸ਼ੇਸ਼ ਤੌਰ ਤੇ ਦਿਹਾਤੀ ਇਲਾਕਿਆਂ ਵਿਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਅਕਤੀਆਂ ਦੀ ਵਰਤੋਂ ਲਈ ਪਬਲਿਕ ਲੈਟਰੀਨਾਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

ਸਰਦਾਰ ਗੁਰਦੇਵ ਸਿੰਘ ਬਾਦਲ : ਨਹੀਂ ਜੀ । ਦਿਹਾਤੀ ਇਲਾਕਿਆਂ ਵਿਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਅਕਤੀਆਂ ਦੀ ਵਰਤੋਂ ਲਈ ਵਿਸ਼ੇਸ਼ ਤੌਰ ਤੇ ਪਬਲਿਕ ਲੈਟਰੀਨਾਂ ਬਨਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ । ਇਹ ਮਹਿਸੂਸ ਕੀਤਾ ਗਿਆ ਹੈ ਕਿ ਪਬਲਿਕ ਲੈਟਰਿਨਾਂ ਦੀ ਸੁਚੱਜੇ ਢੰਗ ਨਾਲ ਸਾਂਭ ਸੰਭਾਲ ਨਹੀਂ ਹੁੰਦੀ ਅਤੇ ਨਾ ਹੀ ਇਨ੍ਹਾਂ ਦੀ ਸਾਫ ਸਫਾਈ ਤਸੱਲੀਬਖਸ਼ ਹੁੰਦੀ ਹੈ, ਨਤੀਜੇ ਵਜੋਂ ਅਸਵੱਛ ਵਾਤਾਵਰਣ ਬਣ ਜਾਂਦਾ ਹੈ ਜਿਸ ਤੋਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਦਾ ਛੁਟਕਾਰਾ ਕਰਵਾਉਣਾ ਹੈ ।

Mr. Speaker : Question Hour is over.

UNSTARRED QUESTIONS AND ANSWERS

ਰਾਜ ਵਿਚ ਸ਼ਰਾਬ ਦੇ ਠੇਕਿਆਂ ਦੀ ਗਿਣਤੀ

91. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ 1 ਜਨਵਰੀ, 1994, 1 ਜਨਵਰੀ, 1995, 1 ਜਨਵਰੀ, 1996 ਅਤੇ 1 ਜਨਵਰੀ, 1997 ਨੂੰ ਰਾਜ ਵਿਚ ਸ਼ਰਾਬ ਦੇ ਠੇਕਿਆਂ ਦੇ ਜ਼ਿਲ੍ਹਾਵਾਰ ਵੇਰਵੇ ਸਦਨ ਦੀ ਮੇਜ਼ ਤੇ ਰੱਖਣਗੇ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਟੇਟਮੈਂਟ, ਜਿਸ ਵਿਚ ਲੋੜੀਂਦੀ ਸੂਚਨਾ ਦਿੱਤੀ ਹੋਈ ਹੈ, ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸਟੇਟਮੈਂਟ

ਰਾਜ ਵਿਚ ਮਿਤੀ 1 ਜਨਵਰੀ, 1994, 1 ਜਨਵਰੀ, 1995, 1 ਜਨਵਰੀ, 1996, ਅਤੇ 1 ਜਨਵਰੀ, 1997 ਨੂੰ ਆਈ.ਐਮ.ਐਫ.ਐਲ. ਅਤੇ ਦੇਸੀ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਜ਼ਿਲ੍ਹਾ-ਵਾਰ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ.	ਜ਼ਿਲ੍ਹੇ ਦਾ ਨਾਂ	1 ਜਨਵਰੀ, 1994	1 ਜਨਵਰੀ, 1995	1 ਜਨਵਰੀ, 1996	1 ਜਨਵਰੀ, 1997
1.	ਹੁਸ਼ਿਆਰਪੁਰ	193	201	223	227
2.	ਜਲੰਧਰ-1	137	143	154	98
3.	ਜਲੰਧਰ-2	168	172	188	202
4.	ਅੰਮ੍ਰਿਤਸਰ-1	130	146	191	215
5.	ਅੰਮ੍ਰਿਤਸਰ-2	102	109	128	156
6.	ਗੁਰਦਾਸਪੁਰ	163	175	199	226
7.	ਕਪੂਰਥਲਾ	95	105	125	137
8.	ਨਵਾਂ ਸ਼ਹਿਰ	—	—	—	84
9.	ਪਟਿਆਲਾ	191	203	223	246
10.	ਲੁਧਿਆਣਾ-1	96	101	122	125
11.	ਲੁਧਿਆਣਾ-2	142	148	163	180
12.	ਲੁਧਿਆਣਾ-3	78	91	106	109
13.	ਸੰਗਰੂਰ	287	302	369	386
14.	ਫਤਿਹਗੜ੍ਹ ਸਾਹਿਬ	54	57	76	82
15.	ਰੋਪੜ	104	113	141	172
16.	ਫਿਰੋਜ਼ਪੁਰ	156	196	230	275
17.	ਮੋਗਾ	—	—	—	118
18.	ਮੁਕਤਸਰ	—	—	—	144
19.	ਫਰੀਦਕੋਟ	299	315	343	96
20.	ਬਠਿੰਡਾ	187	190	208	226
21.	ਮਾਨਸਾ	89	99	112	136
	ਜੋੜ	2,671	2,860	3,301	3,640

ਛੇਹਰਟਾ ਵਿਚ ਪਲਾਟਾਂ ਦੀ ਗੈਰ-ਕਾਨੂੰਨੀ ਵਿਕਰੀ

92 **ਕਾਮਰੇਡ ਹਰਦੇਵ ਅਰਸ਼ੀ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਛੇਹਰਟਾ ਵਿਚ ਪਲਾਟਾਂ ਦੀ ਗੈਰ-ਕਾਨੂੰਨੀ ਵਿਕਰੀ ਸਬੰਧੀ 19 ਸਤੰਬਰ, 1995 ਦੀ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਨਿਸ਼ਾਨ ਵਾਲੇ ਪ੍ਰਸ਼ਨ ਨੰ: 2808 ਦੇ ਉੱਤਰ ਦੇ ਹਵਾਲੇ ਨਾਲ ਦੱਸਣਗੇ ਕਿ—

(ੳ) ਕਸੂਰਵਾਰ ਕਰਮਚਾਰੀਆਂ ਵਿਰੁੱਧ ਸ਼ੁਰੂ ਕੀਤੀਆਂ ਗਈਆਂ ਅਨੁਸ਼ਾਸਕੀ ਕਾਰਵਾਈਆਂ ਦੀ ਤਾਜ਼ਾ ਸਥਿਤੀ ਕੀ ਹੈ;

(ਅ) ਕੀ ਪਲਾਟਾਂ ਦੀਆਂ ਰਜਿਸਟਰੀਆਂ ਰੱਦ ਕਰ ਦਿੱਤੀਆਂ ਗਈਆਂ ਹਨ; ਜੇਕਰ ਨਹੀਂ ਤਾਂ ਇਸਦੇ ਕਾਰਣ ਕੀ ਹਨ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : (ੳ) ਇਸ ਸਬੰਧੀ ਪੜਤਾਲ ਕਰਾਉਣ ਤੋਂ ਪਹਿਲਾਂ ਹੀ ਸਾਰੇ ਕਸੂਰਵਾਰ ਕਰਮਚਾਰੀ ਸਰਕਾਰੀ ਸੇਵਾ ਤੋਂ ਨਿਵਰਤ ਹੋ ਚੁੱਕੇ ਹਨ। ਇਸ ਲਈ ਇਹਨਾਂ ਕਸੂਰਵਾਰ ਕਰਮਚਾਰੀਆਂ ਵਿਰੁੱਧ ਕੋਈ ਵਿਭਾਗੀ ਅਨੁਸ਼ਾਸਕੀ ਕਾਰਵਾਈ ਨਹੀਂ ਆਰੰਭੀ ਜਾ ਸਕੀ। ਫਿਰ ਵੀ ਕਸੂਰਵਾਰ ਅਫਸਰ/ਕਰਮਚਾਰੀਆਂ ਦੇ ਖਿਲਾਫ ਥਾਣਾ ਛੇਹਰਟਾ ਵਿਖੇ ਐਫ.ਆਈ.ਆਰ. ਨੰ: 165 ਮਿਤੀ 19 ਅਕਤੂਬਰ, 1996 ਧਾਰਾ 420/468,471/186 ਅਧੀਨ ਦਰਜ ਕਰਵਾਈ ਜਾ ਚੁੱਕੀ ਹੈ। ਪੁਲਿਸ ਵੱਲੋਂ ਤਫਤੀਸ਼ ਜਾਰੀ ਹੈ।

(ਅ) ਨਹੀਂ ਜੀ, ਦੋਨਾਂ ਪਲਾਟਾਂ ਦੀ ਰਜਿਸਟਰੀ ਅਜੇ ਰੱਦ ਨਹੀਂ ਹੋਈ ਕਿਉਂਕਿ ਰਜਿਸਟਰੀ ਕੈਂਸਲ ਕਰਾਉਣ ਲਈ ਮਾਨਯੋਗ ਜੱਜ ਸ਼੍ਰੀਮਤੀ ਸੁਨੀਤਾ ਅਰੋੜਾ, ਅੰਮ੍ਰਿਤਸਰ ਦੀ ਅਦਾਲਤ ਵਿਚ ਕੇਸ ਚੱਲ ਰਹੇ ਹਨ ਅਤੇ ਇਹਨਾਂ ਦੀ ਅਗਲੀ ਸੁਣਵਾਈ ਦੀ ਮਿਤੀ 22 ਜੁਲਾਈ, 1997 ਅਤੇ 22 ਅਗਸਤ, 1997 ਮੁਕਰਰ ਕੀਤੀ ਗਈ ਹੈ।

"ਉੱਨਤ ਗ੍ਰਾਮ ਸਕੀਮ" ਅਧੀਨ ਗ੍ਰਾਂਟ ਦੀ ਵਰਤੋਂ

93. **ਕਾਮਰੇਡ ਹਰਦੇਵ ਅਰਸ਼ੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਵੱਖ-ਵੱਖ ਵਿੱਤੀ ਸਾਲਾਂ 1992-93, 1993-94, 1994-95, 1995-96 ਅਤੇ 1996-97 ਦੇ ਦੌਰਾਨ ਜ਼ਿਲ੍ਹਾ ਮਾਨਸਾ ਦੀਆਂ ਸਬ-ਡਵੀਜ਼ਨਾਂ ਬੁਢਲਾਡਾ, ਮਾਨਸਾ ਅਤੇ ਸਰਦੂਲਗੜ੍ਹ ਵਿਚ "ਉੱਨਤ ਗ੍ਰਾਮ ਸਕੀਮ" ਅਧੀਨ ਪਿੰਡ-ਵਾਰ ਕਿੰਨੀ-ਕਿੰਨੀ ਗ੍ਰਾਂਟ ਮਨਜ਼ੂਰ ਕੀਤੀ ਗਈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਅਜਿਹੇ ਪਿੰਡਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਤੋਂ ਅਜੇ ਤੱਕ "ਵਰਤੋਂ ਸਰਟੀਫਿਕੇਟ" ਪ੍ਰਾਪਤ ਨਹੀਂ ਹੋਏ ਹਨ ਅਤੇ ਹਰ ਇਕ ਕੇਸ ਵਿਚ ਰਕਮ ਕਿੰਨੀ-ਕਿੰਨੀ ਹੈ ?

ਸਰਦਾਰ ਨਿਰਮਲ ਸਿੰਘ ਕਾਹਲੋਂ : (ੳ) ਅਤੇ (ਅ) *ਵਿਵਰਣ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

ਰਾਜ ਵਿਚ ਬੇਰੁਜ਼ਗਾਰ ਵਿਅਕਤੀਆਂ ਦੀ ਗਿਣਤੀ

94. **ਕਾਮਰੇਡ ਹਰਦੇਵ ਅਰਸ਼ੀ**. ਕੀ ਕਿਰਤ ਅਤੇ ਰੁਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ 1 ਜਨਵਰੀ, 1994, 1 ਜਨਵਰੀ, 1995, 1 ਜਨਵਰੀ, 1996 ਅਤੇ 1 ਜਨਵਰੀ, 1997 ਨੂੰ ਰੁਜ਼ਗਾਰ ਦਫ਼ਤਰਾਂ ਵਿਚ ਦਰਜ ਬੇਰੁਜ਼ਗਾਰ ਵਿਅੱਕਤੀਆਂ, ਵੱਖ-ਵੱਖ ਇਸਤਰੀਆਂ ਅਤੇ ਪੁਰਸ਼ਾਂ ਦੀ ਜ਼ਿਲ੍ਹਾ-ਵਾਰ ਅਤੇ ਸ਼੍ਰੇਣੀ-ਵਾਰ ਗਿਣਤੀ ਕਿੰਨੀ-ਕਿੰਨੀ ਸੀ । ?

ਸਰਦਾਰ ਸਰੂਪ ਸਿੰਘ: ਮੰਗੀ ਗਈ ਸੂਚਨਾ ਅੰਤਿਕਾ ਦੇ ਨਾਲ ਨੱਥੀ ਹੈ ।

---

*Placed in the library.

ਅੰਤਿਕਾ

		ਸਾਲ 1-1-1994	ਸਾਲ 1-1-1995	ਸਾਲ 1-1-1996	ਸਾਲ 1-1-1997
1	2	3	4	5	6
1.	ਪੰਜਾਬ ਰਾਜ ਵਿੱਚ ਬੇਰੋਜ਼ਗਾਰ ਵਿਅਕਤੀਆਂ ਦੀ ਕੁੱਲ ਸੰਖਿਆ ..	6,45,822	5,58,232	5,06,236	5,42,695
2.	ਪੰਜਾਬ ਰਾਜ ਵਿਚ ਬੇਰੋਜ਼ਗਾਰ ਪੁਰਸ਼ਾਂ ਦੀ ਕੁੱਲ ਸੰਖਿਆ ..	5,02,989	4,30,645	3,86,888	4,03,646
3.	ਪੰਜਾਬ ਰਾਜ ਵਿੱਚ ਬੇਰੋਜ਼ਗਾਰ ਇਸਤਰੀਆਂ ਦੀ ਕੁੱਲ ਸੰਖਿਆ .	1,42,833	1,27,587	1,19,348	1,39,049
4.	ਪੰਜਾਬ ਰਾਜ ਵਿਚ ਬੇਰੋਜ਼ਗਾਰ ਪਛੜੀਆਂ ਸ਼੍ਰੇਣੀਆਂ ਦੇ ਪ੍ਰਾਰਥੀਆਂ ਦੀ ਕੁੱਲ ਸੰਖਿਆ ..	4,012	1,181	1,321	2,570
5.	ਪੰਜਾਬ ਰਾਜ ਵਿੱਚ ਬੇਰੋਜ਼ਗਾਰ ਅਨੁਸੂਚਿਤ ਜਾਤੀ ਦੇ ਪ੍ਰਾਥੀਆਂ ਦੀ ਕੁਲ ਸੰਖਿਆ ..	1,80,542	1,65,511	1,53,938	1,65,499
6.	ਪੰਜਾਬ ਰਾਜ ਵਿੱਚ ਬੇਰੋਜ਼ਗਾਰ ਸਾਬਕਾ ਫੌਜੀਆਂ ਦੀ ਕੁੱਲ ਸੰਖਿਆ ..	36,233	28,576	21,549	21,614

ਸਾਲ 1-1-1994, 1-1-1995, 1-1-1996 ਅਤੇ 1-1-1997 ਦੀ ਉੱਪਰ ਦਿੱਤੀ ਗਈ ਸੂਚਨਾ ਦਾ ਹਰ ਜ਼ਿਲ੍ਹੇਵਾਰ ਵੇਰਵਾ ਇਸ ਪ੍ਰਕਾਰ ਹੈ :—

(ਸਾਲ 1-1-1994)

ਲੜੀ ਨੰ:	ਜ਼ਿਲ੍ਹੇ ਦਾ ਨਾਂ	ਕੁੱਲ ਬੇਰੋਜ਼ਗਾਰ	ਪੁਰਸ਼	ਇਸਤਰੀ	ਅਨੁਸੂਚਿਤ ਜਾਤੀ	ਪਛੜੀ ਸ਼੍ਰੇਣੀ	ਸਾਬਕਾ ਫੌਜੀ
1	2	3	4	5	6	7	8
1.	ਅੰਮ੍ਰਿਤਸਰ ..	85,214	67,750	17,464	18,946	376	7,413
2.	ਗੁਰਦਾਸਪੁਰ ..	79,873	64,094	15,779	18,145	753	4,564
3.	ਜਲੰਧਰ ..	51,863	39,014	12,849	20,139	225	3,942
4.	ਕਪੂਰਥਲਾ ..	25,945	19,985	5,960	9,505	117	1,320
5.	ਹੁਸ਼ਿਆਰਪੁਰ ..	39,626	31,165	8,461	13,401	325	3,914
6.	ਲੁਧਿਆਣਾ ..	47,715	35,941	11,774	16,078	172	3,456
7.	ਫਿਰੋਜ਼ਪੁਰ ..	42,408	34,070	8,383	8,314	252	1,102
8.	ਪਟਿਆਲਾ ..	55,893	44,296	11,597	13,572	313	1,933
9.	ਫਤਿਹਗੜ੍ਹ ਸਾਹਿਬ ..	14,816	12,043	2,773	7,240	264	631
10.	ਰੂਪਨਗਰ ਸਮੇਤ ਮੋਹਾਲੀ ..	71,657	55,056	16,601	19,764	253	3,820
11.	ਸੰਗਰੂਰ ..	38,117	29,033	9,084	11,138	200	1,359
12.	ਬਠਿੰਡਾ ..	28,441	22,078	6,363	6,738	164	703
13.	ਮਾਨਸਾ ..	11,874	9,105	2,769	3,183	98	337
14.	ਫਰੀਦਕੋਟ ..	52,380	39,359	13,021	14,379	500	1,739
	ਜੋੜ ..	6,45,822	5,02,989	1,42,833	1,80,542	4,012	36,233

[ਕਿਰਤ ਅਤੇ ਰੁਜ਼ਗਾਰ ਮੰਤਰੀ]

ਸਾਲ (1-1-1995)

ਲੜੀ ਨੰ:	ਜ਼ਿਲ੍ਹੇ ਦਾ ਨਾਂ	ਕੁੱਲ ਬੇ-ਰੋਜ਼ਗਾਰ	ਪੁਰਸ਼	ਇਸਤਰੀ	ਅਨੁਸੂਚਿਤ ਜਾਤੀ	ਪੱਛੜੀ ਸ਼੍ਰੇਣੀ	ਸਾਬਕਾ ਫੌਜੀ
1	2	3	4	5	6	7	8
1.	ਅੰਮ੍ਰਿਤਸਰ ..	71,742	55,664	16,078	18,442	7	5,539
2.	ਗੁਰਦਾਸਪੁਰ ..	64,964	51,117	13,847	16,998	35	4,267
3.	ਜਲੰਧਰ ..	41,885	31,506	10,379	17,307	93	2,213
4.	ਕਪੂਰਥਲਾ ..	24,157	18,669	5,488	8,367	124	741
5.	ਹੁਸ਼ਿਆਰਪੁਰ ..	31,921	24,733	7,188	12,438	94	3,020
6.	ਲੁਧਿਆਣਾ ..	40,463	30,395	10,068	14,115	6	2,617
7.	ਫ਼ਿਰੋਜ਼ਪੁਰ ..	32,372	25,651	6,721	6,237	10	552
8.	ਪਟਿਆਲਾ ..	55,320	42,737	12,583	13,926	227	1,968
9.	ਫਤਹਿਗੜ੍ਹ ਸਾਹਿਬ ..	12,718	10,201	2,517	6,087	253	495
10.	ਰੋਪੜ (ਸਮੇਤ ਮੁਹਾਲੀ) ..	70,586	54,821	15,765	20,212	229	3,699
11.	ਸੰਗਰੂਰ ..	29,327	22,308	7,019	8,276	97	1,003
12.	ਬਠਿੰਡਾ ..	23,108	17,932	5,176	6,325	4	539
13.	ਮਾਨਸਾ ..	12,113	9,270	2,843	3,288	—	298
14.	ਫਰੀਦਕੋਟ ..	47,556	35,641	11,915	13,493	2	1,625
	ਜੋੜ ..	5,58,232	4,30,645	1,27,587	1,65,511	1,181	28,576

ਸਾਲ (1-1-1996)

1	2	3	4	5	6	7	8
1.	ਅੰਮ੍ਰਿਤਸਰ ..	59,048	43,662	15,386	16,010	120	2,984
2.	ਗੁਰਦਾਸਪੁਰ ..	54,976	42,124	12,852	15,789	112	3,397
3.	ਜਲੰਧਰ ..	34,809	25,977	8,832	16,117	71	1,803
4.	ਕਪੂਰਥਲਾ ..	18,935	14,518	4,417	6,786	99	579
5.	ਹੁਸ਼ਿਆਰਪੁਰ ..	27,047	20,429	6,618	12,111	56	1,968
6.	ਲੁਧਿਆਣਾ ..	36,272	26,552	9,720	13,359	53	1,808
7.	ਫਿਰੋਜ਼ਪੁਰ ..	30,434	24,429	6,005	5,997	105	483
8.	ਪਟਿਆਲਾ ..	57,173	43,842	13,331	13,914	172	1,843
9.	ਫਤਹਿਗੜ੍ਹ ਸਾਹਿਬ ..	11,655	9,356	2,299	4,785	8	458
10.	ਰੋਪੜ (ਸਮੇਤ ਮੁਹਾਲੀ) ..	69,347	54,488	14,859	20,031	275	3,569
11.	ਸੰਗਰੂਰ ..	24,911	19,082	5,829	6,403	48	709
12.	ਬਠਿੰਡਾ ..	22,539	17,412	5,127	6,288	80	430
13.	ਮਾਨਸਾ ..	12,301	9,552	2,749	3,116	24	213
14.	ਫਰੀਦਕੋਟ ..	46,789	35,465	11,324	13,232	98	1,305
	ਜੋੜ ..	5,06,236	3,86,888	1,19,348	1,53,938	1,321	21,549

ਸਾਲ (1-1-1997)

ਲੜੀ ਨੰ:	ਜ਼ਿਲ੍ਹੇ ਦਾ ਨਾਂ		ਕੁੱਲ ਬੇ- ਰੋਜ਼ਗਾਰ	ਪੁਰਸ਼	ਇਸਤ੍ਰੀ	ਅਨੁਸੂਚਿਤ ਜਾਤੀ	ਪਛੜੀ ਸ਼੍ਰੇਣੀ	ਸਾਬਕਾ ਫੌਜੀ
1	2		3	4	5	6	7	8
1.	ਅੰਮ੍ਰਿਤਸਰ	..	60,907	43,066	17,841	16,825	215	3,159
2.	ਗੁਰਦਾਸਪੁਰ	..	57,718	42,825	14,893	15,734	179	1,849
3.	ਜਲੰਧਰ	..	31,479	22,250	9,230	14,670	107	1,466
4.	ਨਵਾਂ ਸ਼ਹਿਰ	..	8,702	6,610	2,092	4,286	53	368
5.	ਕਪੂਰਥਲਾ	..	20,646	15,352	5,294	7,483	98	521
6.	ਹੁਸ਼ਿਆਰਪੁਰ	..	28,864	20,753	8,111	13,870	129	1,988
7.	ਲੁਧਿਆਣਾ	..	39,119	27,202	11,917	12,960	78	1,493
8.	ਫਿਰੋਜ਼ਪੁਰ	..	36,493	28,890	7,603	7,142	285	502
9.	ਪਟਿਆਲਾ	..	59,136	44,835	14,301	14,004	401	2,715
10.	ਫਤਿਹਗੜ੍ਹ ਸਾਹਿਬ	..	11,585	9,090	2,495	4,696	23	482

11.	ਰੋਪੜ (ਸਮੇਤ ਮੁਹਾਲੀ) ..	69,318	54,080	15,238	19,886	353	5,404
12.	ਸੰਗਰੂਰ ..	27,090	19,775	7,315	7,155	168	670
13.	ਬਠਿੰਡਾ ..	27,426	20,655	6,771	7,505	188	451
14.	ਮਾਨਸਾ ..	14,802	11,388	3,414	3,733	72	231
15.	ਫਰੀਦਕੋਟ ..	16,884	13,226	3,658	5,432	108	236
16.	ਮੋਗਾ ..	14,428	9,845	4,583	3,529	67	644
17.	ਮੁਕਤਸਰ ..	18,098	13,805	4,293	6,589	39	435
	ਜੋੜ ..	5,42,695	4,03,646	1,39,049	1,65,499	2 570	21,614

ਉਦਯੋਗਾਂ ਵਿਚ ਹੜਤਾਲਾਂ ਅਤੇ ਤਾਲਾਬੰਦੀਆਂ

135. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਕਿਰਤ ਅਤੇ ਰੁਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਹਰ ਇਕ ਸਾਲਾਂ 1994, 1995 ਅਤੇ 1996 ਦੇ ਦੌਰਾਨ—

(ੳ) ਹੜਤਾਲਾਂ ;

(ਅ) ਤਾਲਾਬੰਦੀਆਂ ;

ਦੇ ਸਿੱਟੇ ਵਜੋਂ ਉਦਯੋਗਿਕ ਅਦਾਰਿਆਂ ਵਿਚ ਕਿੰਨੀਆਂ ਦਿਹਾੜੀਆਂ ਦਾ ਨੁਕਸਾਨ ਹੋਇਆ ?

ਸਰਦਾਰ ਸਰੂਪ ਸਿੰਘ : ਸਾਲ ਵਿਚ ਦਿਹਾੜੀਆਂ ਦਾ ਨੁਕਸਾਨ—

	1994	1995	1996
(ੳ) ਹੜਤਾਲਾਂ ..	2,39,908	4,79,123	3,29,692
(ਅ) ਤਾਲਾਬੰਦੀਆਂ ..	20,647	38,080	34,956

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 136*

(ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 136 ਦੀ ਐਕਸਟੈਨਸ਼ਨ ਮੰਗੀ ਗਈ ਹੈ ।)

ਸਕੂਲਾਂ ਵਿਚ ਅਧਿਆਪਕਾਵਾਂ ਦੀ ਗਿਣਤੀ

137. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸਰਕਾਰੀ ਸਕੂਲਾਂ ਵਿਚ ਨੌਕਰੀ ਕਰ ਰਹੇ ਅਧਿਆਪਕਾਂ ਦੀ 31 ਦਸੰਬਰ, 1996 ਤੱਕ ਸ੍ਰੇਣੀਵਾਰ ਕੁੱਲ ਗਿਣਤੀ ਕਿੰਨੀ ਸੀ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਅਧਿਆਪਕਾਂ ਵਿਚੋਂ 31 ਦਸੰਬਰ, 1996 ਤੱਕ ਅਧਿਆਪਕਾਵਾਂ ਦੀ ਸ੍ਰੇਣੀਵਾਰ ਕੁੱਲ ਗਿਣਤੀ ਕਿੰਨੀ ਸੀ ;

(ੲ) ਉਪਰੋਕਤ ਭਾਗ (ੳ) ਅਤੇ (ਅ) ਵਿਚ ਵਰਣਿਤ ਅਧਿਆਪਕਾਂ ਵਿਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਅਧਿਆਪਕਾਂ ਦੀ ਕੁੱਲ ਗਿਣਤੀ ਕਿੰਨੀ ਸੀ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸੂਚੀ ਨਾਲ ਨੱਥੀ ਕੀਤੀ ਜਾਂਦੀ ਹੈ ।

*for Unstarred Question No. 136 and reply there to, please see Appendix to this Debate.

Statement

Sr. No.	Category	Total No. as on 31-12-1996	Women teachers out of column 3	S. C. teachers out of column 3	S. C. teachers out of column 4
1	2	3	4	5	6
	Primary Education				
1.	J. B. T. Teachers	33,654	19,987	4,483	1,442
2.	Head teachers	6,954	2,622	1,534	551
3.	Centre Head teachers	1,170	445	355	139
	Secondary Education				
1.	Principal	435	130	135	42
2.	Headmasters/ Headmistresses	1,235	475	405	148
3.	Lecturers.	5,390	2,020	978	295
4.	Masters.	28,149	10,047	2,935	1,023
5.	C & V	14,900	6,701	1,777	674

ਰਾਜ ਵਿਚ ਆਤਮਹੱਤਿਆਵਾਂ ਦੇ ਕੇਸਿਜ਼ ਦੀ ਗਿਣਤੀ

138. **ਕਾਮਰੇਡ ਅਜੈਬ ਸਿੰਘ ਰੌਂਤਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਹਰੇਕ ਸਾਲ ਅਰਥਾਤ 1994, 1995 ਅਤੇ 1996 ਦੇ ਦੌਰਾਨ ਵੱਖ-ਵੱਖ ਵਿਆਹੇ/ਅਣਵਿਆਹੇ ਮਰਦਾਂ ਅਤੇ ਔਰਤਾਂ ਦੁਆਰਾ ਆਤਮਹੱਤਿਆਵਾਂ ਦੇ ਦਰਜ ਹੋਏ ਕੇਸਾਂ ਦੀ ਜ਼ਿਲ੍ਹਾ-ਵਾਰ ਅਤੇ ਸਾਲਵਾਰ ਗਿਣਤੀ ਕਿੰਨੀ-ਕਿੰਨੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ. ਅਨੁਲੱਗ 'ਏ', 'ਬੀ' ਅਤੇ 'ਸੀ' ਅਨੁਸਾਰ ਸਟੇਟਮੈਂਟਾਂ (ਜੋ ਪੁਲਿਸ ਜ਼ਿਲ੍ਹੇ ਦੇ ਅਧਾਰ ਤੇ ਤਿਆਰ ਕੀਤੀਆਂ ਗਈਆਂ ਹਨ ਨਾ ਕਿ ਰੈਵਨਿਯੂ ਜ਼ਿਲ੍ਹੇ ਦੇ ਆਧਾਰ ਤੇ) ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ ।

ANNEXURE-A

Police District wise number of cases of suicides in the State during the year 1994

Sr. No.	Police District	Total No. of cases registered	Total No. of suicide		Of Column No. 4 Married persons		Of Column No. 4 Unmarried persons	
			Male	Female	Male	Female	Male	Female
1	2	3	4	5	6	7	8	9
1.	Ropar ..	—	—	—	—	—	—	—
2.	Jalandhar ..	9	1	8	—	6	1	2
3.	Mansa ..	35	29	6	23	5	—	1
4.	Ludhiana ..	7	6	1	5	—	1	1
5.	Khanna ..	1	—	1	—	1	—	—
6.	Amritsar ..	7	—	7	—	7	—	—
7.	Jagraon ..	5	4	1	4	—	—	1
8.	Barnala ..	—	—	—	—	—	—	—
9.	Patiala ..	13	10	3	9	3	—	—
10.	Moga ..	—	5	3	5	3	—	—
11.	Ferozepur ..	6	1	5	—	5	—	—
12.	Faridkot ..	5	1	4	1	4	—	—
13.	Fatehgarh Sahib ..	3	1	2	1	2	—	—

14.	Hoshiarpur	..	34	24	10	[illegible]9	7	15	3
15.	Gurdaspur	..	3	7	7	6	6	1	1
16.	Kapurthala	..	—	—	—	—	—	—	—
17.	Bathinda	..	2	—	2	—	2	—	—
18.	Mukatsar	..	1	—	1	—	1	—	—
19.	Tarn Taran	..	4	—	4	—	4	—	—
25.	Nawan Shahar	..	—	—	—	—	—	—	—
21.	Batala	..	9	5	4	4	4	1	—
22.	Sangrur	..	10	6	4	3	4	3	—
23.	Majitha	..	2	—	2	—	2	—	—
24.	GRP. Patiala	..	2	2	—	1	—	1	—
	Total	..	158	102	75	71	66	31	9

ANNEXURE-B

Police District-wise number of cases of suicides in the State during the year 1995

Sr. No.	Police District.	Total No. of cases registered	Total No. of suicide		Of Column No. 4 Married persons		Of Column No. 4 Unmarried persons	
			Male	Female	Male	Female	Male	Female
1	2	3	4	5	6	7	8	9
1.	Ropar ..	2	1	1	1	1	—	—
2.	Jalandhar ..	7	—	7	—	6	—	1
3.	Mansa ..	45	32	13	27	10	5	3
4.	Ludhiana ..	49	25	24	14	15	11	9
5.	Khanna ..	—	—	—	—	—	—	—
6.	Amritsar ..	11	1	10	1	9	—	1
7.	Jagraon ..	1	—	1	—	—	—	1
8.	Barnala ..	—	—	—	—	—	—	—
9.	Patiala ..	13	10	3	7	2	3	1
10.	Moga ..	—	4	4	4	3	—	1
11.	Ferozepur ..	11	4	7	2	6	2	1
12.	Faridkot ..	3	—	3	—	3	—	—

13.	Fatehgarh Sahib ..	4	2	2	2	2	—	—
14.	Hoshiarpur ..	60	44	16	19	12	25	4
15.	Gurdaspur ..	4	13	5	9	3	4	2
16.	Kapurthala ..	2	—	2	—	2	—	—
17.	Bathinda .	6	1	5	1	4	—	1
18.	Mukatsar ..	—	—	—	—	—	—	—
19.	Tarn Taran ..	1	—	1	—	1	—	—
20.	Nawan Shahar ..	—	—	—	—	—	—	—
21.	Batala ..	14	9	5	8	5	1	—
22.	Sangrur ..	18	11	7	1	6	10	1
23.	Majitha ..	3	—	3	—	3	—	—
24.	GRP Patiala ..	9	6	3	6	3	—	—
	Total ..	263	163	122	102	96	61	26

ANNEXURE-C

Police District-wise number of Cases of suicides in the State during the year 1996.

Sr. No.	Police District	Total No. of cases registered	Total No. of suicide		Of Column No. 4 Married Persons		Of Column No, 4 Unmarried persons	
			Male	Female	Male	Female	Male	Female
1	2	3	4	5	6	7	8	9
1,	Ropar ..	4	—	4	—	4	—	—
2.	Jalandhar ..	5	2	3	2	3	—	—
3.	Mansa ..	50	44	6	32	5	12	1
4.	Ludhiana ..	8	5	3	2	1	3	2
5.	Khanna ..	1	—	1	—	1	—	—
6.	Amritsar ..	8	2	6	2	4	—	2
7.	Jagraon ..	3	—	3	—	3	—	—
8.	Barnala ..	—	—	—	—	—	—	—
9.	Patiala ..	14	10	4	9	4	1	—
10.	Moga ..	—	7	2	5	—	2	2

11.	Ferozepur	..	5	3	2	2	2	1	—
12.	Faridkot	..	5	—	5	—	5	—	—
13.	Fatehgarh Sahib	..	3	—	3	—	3	—	—
14.	Hoshiarpur	..	31	16	15	4	11	12	4
15.	Gurdaspur	..	7	5	8	4	6	1	2
16.	Kapurthala	..	1	—	1	—	1	—	—
17.	Bathinda	..	8	2	6	2	5	—	1
18.	Mukatsar	..	—	—	—	—	—	—	—
19.	Tarn Taran	..	3	—	3	—	3	—	—
20.	Nawan Shahar	..	—	—	—	—	—	—	—
21.	Batala	..	25	14	11	9	8	5	3
22.	Sangrur	..	18	12	6	3	6	9	—
23.	Majitha	..	2	—	2	—	2	—	—
24.	GRP. Patiala	..	4	2	2	1	2	1	—
	Total	..	205	124	96	77	79	47	17

ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਲਈ ਵਿਭਾਗੀ ਪ੍ਰੀਖਿਆ

147. **ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ**: ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਜਿਹੇ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੇ ਅਜੇ ਤਕ ਨਿਰਧਾਰਿਤ ਵਿਭਾਗੀ ਪ੍ਰੀਖਿਆ ਪਾਸ ਨਹੀਂ ਕੀਤੀ ਹੈ ;

(ਅ) ਕੀ ਵਿਭਾਗ ਨੇ ਉਪਰੋਕਤ ਭਾਗ (ੳ) ਵਿਚ ਵਰਣਿਤ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਵਿਰੁੱਧ ਕੋਈ ਕਾਰਵਾਈ ਕੀਤੀ ਹੈ ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਮਜੀਠਾ: (ੳ) ਜਿਨ੍ਹਾਂ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੇ ਵਿਭਾਗੀ ਪ੍ਰੀਖਿਆ ਅਜੇ ਤੱਕ ਪਾਸ ਨਹੀਂ ਕੀਤੀ ਉਨ੍ਹਾਂ ਦੀ ਸੂਚੀ ਅਨੁਲੱਗ-1 ਉਤੇ ਰੱਖੀ ਹੈ ।

(ਅ) ਜਿਨ੍ਹਾਂ ਨਾਇਬ ਤਹਿਸੀਲਦਾਰਾਂ ਅਤੇ ਤਹਿਸੀਲਦਾਰਾਂ ਵਲੋਂ ਨਿਰਧਾਰਤ ਸਮੇਂ 2½ ਸਾਲਾਂ ਵਿੱਚ ਵਿਭਾਗੀ ਪ੍ਰੀਖਿਆ ਪਾਸ ਨਹੀਂ ਕੀਤੀ ਉਨ੍ਹਾਂ ਵਿਰੁੱਧ ਹੀ ਵਿਭਾਗੀ ਕਾਰਵਾਈ ਕਰਨੀ ਬਣਦੀ ਹੈ। ਨਾਲ ਨੱਥੀ ਅਨੁਲੱਗ-1 ਵਿਚ ਦਰਸਾਏ ਨਾਇਬ ਤਹਿਸੀਲਦਾਰਾਂ/ਤਹਿਸੀਲਦਾਰਾਂ ਵਿਚੋਂ ਸਰਵਸ੍ਰੀ ਅਮਰਪਾਲ ਸਿੰਘ ਟਿਵਾਣਾ, ਸੁਖਦੇਵ ਸਿੰਘ, ਗਿਆਨ ਚੰਦ-I, ਹਰੀ ਸਿੰਘ-I, ਹਰੀ ਸਿੰਘ-II ਅਤੇ ਰਾਮ ਪ੍ਰਕਾਸ਼ ਤਹਿਸੀਲਦਾਰਾਂ ਅਤੇ ਸ੍ਰੀਮਤੀ ਜਸਪਾਲ ਕੌਰ-I, ਸੰਧੂਰਾ ਸਿੰਘ ਨਾਇਬ ਤਹਿਸੀਲਦਾਰਾਂ ਵਲੋਂ ਨਿਰਧਾਰਤ 2½ ਸਾਲਾਂ ਦੇ ਸਮੇਂ ਵਿੱਚ ਵਿਭਾਗੀ ਪ੍ਰੀਖਿਆ ਪਾਸ ਨਹੀਂ ਕੀਤੀ। ਇਨ੍ਹਾਂ ਦੇ ਕੇਸਾਂ ਵਿਚ ਕਾਰਵਾਈ ਅਰੰਭੀ ਜਾ ਰਹੀ ਹੈ ।

ਅਨੁਲੱਗ-1

ਤਹਿਸੀਲਦਾਰਾਂ/ਨਾਇਬ ਤਹਿਸੀਲਦਾਰਾ ਜਿਨ੍ਹਾਂ ਨੇ ਵਿਭਾਗੀ ਪ੍ਰੀਖਿਆ ਪਾਸ ਨਹੀਂ ਕੀਤੀ, ਦੀ ਸੂਚੀ ।

ਲੜੀ ਨੰ.	ਤਹਿਸੀਲਦਾਰ ਦਾ ਨਾਂ
	ਸ./ਸ਼੍ਰੀ/ਸ਼੍ਰੀਮਤੀ
1.	ਬਲਵਿੰਦਰ ਪਾਲ ਸਿੰਘ
2.	ਅਮਰਜੀਤ ਸਿੰਘ-II
3.	ਗਿਆਨ ਚੰਦ-I
4.	ਬੁੱਧ ਰਾਮ ਮੋਰੀਆ
5.	ਇੰਦਰ ਦੇਵ ਸਿੰਘ
6.	ਪ੍ਰਿਤਪਾਲ ਸਿੰਘ
7.	ਕਮਲਜੀਤ ਸਿੰਘ
8.	ਰਾਜੀਵ ਕੁਮਾਰ ਵਰਮਾ
9.	ਰਾਮ ਪ੍ਰਕਾਸ਼
10.	ਅਮਰਪਾਲ ਸਿੰਘ ਟਿਵਾਣਾ
11.	ਬਰਜਿੰਦਰ ਸਿੰਘ
12.	ਸੁਖਦੇਵ ਸਿੰਘ
13.	ਹੰਸਾ ਸਿੰਘ
14.	ਗੁਰਚਰਨ ਸਿੰਘ ਬਰਾੜ
15.	ਸਰੋਜ ਰਾਣੀ
16.	ਗਿਆਨ ਚੰਦ-II
17.	ਭੁਪਿੰਦਰ ਸਿੰਘ-I
18.	ਹਰਦੀਪ ਸਿੰਘ ਢਿਲੋਂ
19.	ਰਾਜੀਵ ਪਾਲ
20.	ਕੁਲਵੰਤ ਸਿੰਘ
21.	ਗਰੀਬ ਸਿੰਘ
22.	ਰਾਮ ਨਾਥ ਕਾਂਸਲ
23.	ਨਿਰਮਲ ਸਿੰਘ
24.	ਵਿਨੈ ਕੁਮਾਰੀ
25.	ਅਮਰਜੀਤ ਸਿੰਘ-II
26.	ਸੁਭਾਸ਼ ਚੰਦਰ ਭਾਰਦਵਾਜ਼

[ਮਾਲ ਅਤੇ ਪੁਨਰਵਾਸ ਮੰਤਰੀ]

ਲੜੀ ਨੰ:	ਤਹਿਸੀਲਦਾਰ ਦਾ ਨਾਂ
	ਸ/ਸ਼੍ਰੀ/ਸ਼੍ਰੀਮਤੀ
27.	ਰੰਗ ਬਿਲਹਾਰੀ ਲਾਲ
28,	ਕਰਨੈਲ ਸਿੰਘ
29.	ਮੂਲ ਚੰਦ
30.	ਮੋਹਨ ਲਾਲ
31.	ਹਰੀ ਸਿੰਘ-I
32.	ਵਰਿੰਦਰ ਸਿੰਘ
33.	ਹਰੀ ਸਿੰਘ-II
34.	ਕੇ. ਕੇ. ਵਰਮਾ
35.	ਸੁਭਾਸ਼ ਪਦਮ
	ਨਾਇਬ ਤਹਿਸੀਲਦਾਰ—
1.	ਜਸਪਾਲ ਕੌਰ-I
2.	ਗੁਰਦਰਸ਼ਨ ਸਿੰਘ
3.	ਨਰਿੰਦਰ ਸਿੰਘ
4.	ਨੀਰਜ ਕੁਮਾਰ ਸ਼ਰਮਾ
5.	ਜਗਸੀਰ ਸਿੰਘ
6.	ਸੰਧੂਰਾ ਸਿੰਘ
7.	ਜੈ ਗੋਪਾਲ ਬਾਂਸਲ
8.	ਸਲਿੰਦਰ ਸਿੰਘ
9.	ਅਜੀਤ ਸਿੰਘ
10.	ਸੋਹਨ ਸਿੰਘ
11.	ਹਰਬੰਸ ਸਿੰਘ
12.	ਕੁਲਦੀਪ ਸਿੰਘ
13.	ਪੁਸ਼ਪਿੰਦਰ ਕੌਰ
14.	ਬਲਜਿੰਦਰ ਪਾਲ ਕੌਰ
15.	ਰਮੇਸ਼ ਕੁਮਾਰ ਜੈਨ
16.	ਸ਼ਿੰਦਰਪਾਲ ਸਿੰਘ

ਪਿੰਡ ਸੂਜੋਂ, ਜ਼ਿਲ੍ਹਾ ਨਵਾਂ ਸ਼ਹਿਰ ਵਿਖੇ 25 ਬਿਸਤਰਿਆਂ ਦਾ ਹਸਪਤਾਲ

148. ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪਿੰਡ ਸੂਜੋਂ, ਜ਼ਿਲ੍ਹਾ ਨਵਾਂ ਸ਼ਹਿਰ ਵਿਖੇ 25 ਬਿਸਤਰਿਆਂ ਵਾਲਾ ਕੋਈ ਹਸਪਤਾਲ ਉਸਾਰੀ ਅਧੀਨ ਹੈ; ਜੇਕਰ ਅਜਿਹਾ ਹੈ, ਤਾਂ ਉਸ ਦੀ ਉਸਾਰੀ ਦੀ ਮੌਜੂਦਾ ਸਥਿਤੀ ਕੀ ਹੈ;

(ਅ) ਕੀ ਇਹ ਠੀਕ ਹੈ ਕਿ ਹਸਪਤਾਲ ਦੀ ਇਮਾਰਤ ਦੀ ਉਸਾਰੀ ਪਿੰਡ ਵਾਲਿਆਂ ਨੇ ਖੁਦ ਕੀਤੀ ਹੈ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿਚ ਹੈ, ਤਾਂ ਕੀ ਇਸ ਇਮਾਰਤ ਦੀ ਵਰਤੋਂ ਹਸਪਤਾਲ ਲਈ ਕੀਤੀ ਜਾਵੇਗੀ;

(ਸ) ਕੀ ਉਕਤ ਹਸਪਤਾਲ ਲਈ ਕੋਈ ਅਮਲਾ ਪਹਿਲਾਂ ਹੀ ਲਗਾਇਆ ਹੋਇਆ ਹੈ। ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ;

(ਹ) ਕੀ ਪਿੰਡ ਵਾਲਿਆਂ ਨੇ ਕੋਈ ਸਾਜ਼ੋ-ਸਾਮਾਨ,/ਮਸ਼ੀਨਰੀ (ਐਕਸ-ਰੇ ਮਸ਼ੀਨਾਂ ਆਦਿ) ਦੀ ਆਯਾਤ ਕੀਤੀ ਹੈ ਅਤੇ ਉਕਤ ਹਸਪਤਾਲ ਨੂੰ ਦਾਨ ਵਜੋਂ ਦੇ ਦਿੱਤੀ ਹੈ; ਜੇਕਰ ਅਜਿਹਾ ਹੈ, ਤਾਂ ਮਸ਼ੀਨਰੀ ਦੇ ਵੇਰਵੇ ਕੀ ਹਨ ?

ਸ੍ਰੀ ਬਲਰਾਮ ਜੀ ਦਾਸ ਟੰਡਨ : (ੳ) ਜੀ ਹਾਂ। ਹਸਪਤਾਲ ਦੀ ਬਿਲਡਿੰਗ ਬਣ ਚੁੱਕੀ ਹੈ।

(ਅ) ਜੀ ਨਹੀਂ। ਇਸ ਬਿਲਡਿੰਗ ਦੀ ਉਸਾਰੀ ਜ਼ਿਲ੍ਹਾ ਪਲੈਨਿੰਗ ਅਤੇ ਵਿਕਾਸ ਬੋਰਡ, ਜਲੰਧਰ/ਨਵਾਂ ਸ਼ਹਿਰ ਵਲੋਂ ਕੀਤੀ ਗਈ ਹੈ।

(ੲ) ਜੀ ਨਹੀਂ। ਇਹ ਬਿਲਡਿੰਗ ਜ਼ਿਲ੍ਹਾ ਪਲੈਨਿੰਗ ਅਤੇ ਵਿਕਾਸ ਬੋਰਡ, ਜਲੰਧਰ/ਨਵਾਂ ਸ਼ਹਿਰ ਵਲੋਂ ਬਣਾਈ ਗਈ ਹੈ, ਇਸ ਲਈ ਇਹ ਇਮਾਰਤ ਹਸਪਤਾਲ ਲਈ ਹੀ ਵਰਤੀ ਜਾਵੇਗੀ।

(ਸ) ਜੀ ਹਾਂ। ਹੇਠ ਲਿਖਿਆ ਅਮਲਾ ਪਹਿਲਾਂ ਹੀ ਲੱਗਾ ਹੋਇਆ ਹੈ :—

1.	ਮੈਡੀਕਲ ਅਫਸਰ	..	2
2.	ਮੈਡੀਕਲ ਅਫਸਰ (ਡੈਂਟਲ)	..	1
3.	ਨਰਸਿੰਗ ਸਿਸਟਰ	..	1
4.	ਸਟਾਫ਼ ਨਰਸਾਂ	..	4
5.	ਫਾਰਮਾਸਿਸਟ	..	2
6.	ਰੇਡੀਓਗਰਾਫਰ	..	1
7.	ਕਲਰਕ	..	1
8.	ਦਰਜਾ-4	..	9

[ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ]
ਅੱਖਾਂ ਦੇ ਮਾਹਿਰ ਦੀ ਡਿਊਟੀ ਫੀਲਡ ਵਿਚੋਂ ਲਗਾਈ ਹੋਈ ਹੈ।

(ਹ) ਕੋਈ ਨਹੀਂ ਜੀ। ਪਰੰਤੂ ਗੁਰਮੀਤ ਆਈ ਕੇਅਰ ਟਰੱਸਟ, ਯੂ.ਕੇ. ਵਲੋਂ ਹਰ ਸਾਲ 1.00 ਲੱਖ ਰੁਪਏ ਦਾਨ ਵਜੋਂ ਅੱਖਾਂ ਦੀਆਂ ਬੀਮਾਰੀਆਂ ਦੇ ਇਲਾਜ ਲਈ ਪੇਸ਼ਕਸ਼ ਕੀਤੀ ਹੈ।

ਪਿੰਡ ਫਤੋਂਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੀਣ ਵਾਲਾ ਪਾਣੀ ਸਪਲਾਈ ਕਰਨਾ

150. **ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ :** ਕੀ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪਿੰਡ ਫਤੋਂਵਾਲ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਪੀਣ ਵਾਲਾ ਪਾਣੀ ਸਪਲਾਈ ਕਰਨ ਲਈ ਸਾਲ 1994-95 ਵਿਚ ਪਿੰਡ ਨੰਦਾ ਚੌਰ ਤੋਂ ਉਕਤ ਪਿੰਡ ਤੱਕ ਕੋਈ ਪਾਈਪ ਲਾਈਨ ਵਿਛਾਈ ਗਈ ਸੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਉਕਤ ਪਾਈਪ ਲਾਈਨ ਤੋਂ ਪਾਣੀ ਸਪਲਾਈ ਕੀਤਾ ਜਾ ਰਿਹਾ ਹੈ; ਜੇਕਰ ਨਹੀਂ, ਤਾਂ ਇਸ ਦੇ ਕਾਰਨ ਕੀ ਹਨ ਅਤੇ ਉਕਤ ਪਾਈਪ ਲਾਈਨ ਤੋਂ ਪਾਣੀ ਕਦੋਂ ਤੱਕ ਸਪਲਾਈ ਕੀਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਮਦਨ ਮੋਹਨ ਮਿੱਤਲ : (ੳ) ਹਾਂ ਜੀ। ਜਲ ਯੋਜਨਾ ਨੰਦਾ ਚੌਰ ਤੋਂ ਪਿੰਡ ਫਤੋਂਵਾਲ ਨੂੰ ਮਹੀਨਾ 3/93 ਦੌਰਾਨ ਪਾਈਪ ਲਾਈਨ ਵਿਛਾਈ ਗਈ ਸੀ।

(ਅ) ਪਿੰਡ ਨੰਦਾ ਚੌਰ ਤੋਂ ਪਿੰਡ ਫਤੋਂਵਾਲ ਨੂੰ ਪਾਣੀ ਦੀ ਸਪਲਾਈ ਪਾਈਪ ਲਾਈਨ ਰਾਹੀਂ ਅਪ੍ਰੈਲ, 1993 ਤੋਂ ਹੁਣ ਤੀਕ ਦਿੱਤੀ ਜਾ ਰਹੀ ਹੈ।

ਸਰਦਾਰ ਅਜੀਤ ਇੰਦਰ ਸਿੰਘ : ਰਿਸਪੈਕਟਿਡ ਸਪੀਕਰ ਸਾਹਿਬ, ਪਿਛਲੇ ਦਿਨ੍ਹਾਂ ਦੇ ਵਿਚ ਸ੍ਰੀ ਅਜੀਤ ਸਿੰਘ ਸੰਧੂ ਬਾਰੇ ਜੋ ਗੱਲਾਂ ਕੀਤੀਆਂ ਗਈਆਂ ਹਨ, ਉਹ ਬੜਾ ਸੀਰੀਅਸ ਮਸਲਾ ਹੈ। ਮੈਂ ਰਿਸਪੈਕਟਿਡ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਗੱਲਾਂ ਤੋਂ ਪੁਲੀਟੀਕਲ ਮਾਈਲੇਜ ਨਹੀਂ ਲੈਣੀ ਚਾਹੀਦੀ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਜਿਹੜੀ ਅਜੀਤ ਸਿੰਘ ਸੰਧੂ ਨੇ ਅੱਤਵਾਦ ਦੇ ਖਿਲਾਫ ਲੜਾਈ ਲੜੀ, ਅਸੀਂ ਉਸ ਨੂੰ ਬਿਲਕੁਲ ਚੰਗੀ ਕਹਿੰਦੇ ਹਾਂ ਪਰੰਤੂ ਜਿਹੜੇ ਸਾਥੀ ਅਜੀਤ ਸਿੰਘ ਸੰਧੂ ਦੀ ਪ੍ਰਸੰਸਾ ਕਰ ਰਹੇ ਹਨ, ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਉਨ੍ਹਾਂ ਨੇ ਕਿਤਨੇ ਇਨੋਸੈਂਟ ਬੰਦੇ ਮਾਰੇ ਹਨ। ਸਪੀਕਰ ਸਾਹਿਬ, ਮੈਂ ਰਿਕੁਐਸਟ ਕਰਦਾ ਹਾਂ ਲੀਡਰ ਆਫ ਦੀ ਹਾਊਸ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਕਿ ਉਹ ਸਾਰੀ ਰਿਪੋਰਟ ਹਾਊਸ ਦੇ ਵਿਚ ਲਿਆਉਣ ਕਿ ਉਨ੍ਹਾਂ ਵਲੋਂ ਕਿੰਨੀਆਂ ਸਹੀ ਕਿਲਿੰਗਜ਼ ਕੀਤੀਆਂ ਗਈਆਂ ਅਤੇ ਕਿੰਨੀਆਂ ਗਲਤ ਕਿਲਿੰਗਜ਼ ਕੀਤੀਆਂ ਗਈਆਂ, ਇਸ ਬਾਰੇ ਸਾਰੀ ਰਿਪੋਰਟ ਸਦਨ ਵਿਚ ਲਿਆਂਦੀ ਜਾਵੇ।

ਸ੍ਰੀ ਸਪੀਕਰ : ਇਹ ਤੁਸੀਂ ਬਜਟ ਡਿਸਕਸ਼ਨ ਤੇ ਕਹਿ ਲੈਣਾ । ਇਸ ਲਈ ਕਿਰਪਾ ਕਰਕੇ ਤੁਸੀਂ ਬੈਠ ਜਾਉ ।

ਸਰਦਾਰ ਤੇਜ ਪ੍ਰਕਾਸ਼ ਸਿੰਘ : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ ਸਰ ... —

ਸ੍ਰੀ ਸਪੀਕਰ : ਹਾਂ ਜੀ, ਤੇਜ ਪ੍ਰਕਾਸ਼ ਜੀ ।

ਸਰਦਾਰ ਤੇਜ ਪ੍ਰਕਾਸ਼ ਸਿੰਘ : ** ** **

ਸ੍ਰੀ ਸਪੀਕਰ : ਇਹ ਤੁਸੀਂ ਬਜਟ ਤੇ ਬੋਲ ਲੈਣਾ । ਕੋਈ ਸਪੈਸ਼ਲ ਇੰਸਟਾਂਸ ਹੈ ਤਾਂ ਦੱਸੋ ।

ਸਰਦਾਰ ਤੇਜ ਪ੍ਰਕਾਸ਼ ਸਿੰਘ : ** ** **

ਸ੍ਰੀ ਸਪੀਕਰ : ਤੁਸੀਂ ਬੈਠ ਜਾਓ । ਇਹ ਬਜਟ ਤੇ ਕਹਿ ਲੈਣਾ । (ਵਿਘਨ)

(ਇਸ ਸਮੇਂ ਮਾਨਯੋਗ ਮੈਂਬਰਜ਼ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਅਤੇ ਸਰਦਾਰ ਤੇਜ ਪ੍ਰਕਾਸ਼ ਸਿੰਘ ਬਿਨਾਂ ਆਗਿਆ ਤੋਂ ਬੋਲ ਰਹੇ ਹਨ ।)

ਸਰਦਾਰ ਤੇਜ ਪ੍ਰਕਾਸ਼ ਸਿੰਘ : ** ** **

ਸ੍ਰੀ ਸਪੀਕਰ : ਇਹ ਡਿਸਅਲਾਓ ਕੀਤਾ ਜਾਂਦਾ ਹੈ ।

ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਇਹ ਜੋ ਤੁਸੀਂ ਡਿਸਅਲਾਓ ਕੀਤਾ ਹੈ ਇਹ ਠੀਕ ਹੈ । It should not be part of the proceedings.

Mr. Speaker : I agree. It should not be the part of the proceedings and is expunged.

ਸਰਦਾਰ ਅਵਤਾਰ ਸਿੰਘ ਬਰਾੜ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਇਸ ਨੂੰ ਐਕਸਪੰਜ ਕੀਤਾ ਜਾਵੇ ।

ਸੰਸਦੀ ਮਾਮਲਿਆਂ ਦੇ ਮੰਤਰੀ : ਆਨਰੇਬਲ ਮੈਂਬਰ ਸਾਹਿਬ ਨੇ ਜੋ ਕੁਝ ਬੋਲਿਆ ਹੈ, ਸਪੀਕਰ ਸਾਹਿਬ, ਇਹ ਇਨ੍ਹਾਂ ਦੀ ਪਰਸਨਲ ਐਕਸਪਲੇਨੇਸ਼ਨ ਹੈ ।

Mr. Speaker : That is not the part of the proceedings.

**Expunged as ordered by the Chair.

POINT OF ORDER RE. SENDING CONGRATULATORY MESSAGE TO PUNJAB SPORTSMEN AND REPLYMENT THEREON BY THE CHIEF MINISTER

ਸਰਦਾਰ ਮਨਪ੍ਰੀਤ ਸਿੰਘ ਬਾਦਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਪਿਛਲੇ ਹਫਤੇ ਬੰਗਲੌਰ ਸ਼ਹਿਰ ਵਿਚ ਜੋ ਖੇਡਾਂ ਦੇ ਮੁਕਾਬਲੇ ਚੱਲ ਰਹੇ ਸਨ, ਉਨ੍ਹਾਂ ਬਾਰੇ ਮੈਂ ਬੜੇ ਮਾਣ ਨਾਲ ਕਹਿੰਦਾ ਹਾਂ ਕਿ ਇਨ੍ਹਾਂ ਮੁਕਾਬਲਿਆ ਵਿਚ ਪੰਜਾਬ ਦੇ ਖਿਡਾਰੀਆਂ ਨੇ ਜੋ ਕਾਰਨਾਮੇ ਸਰਅੰਜਾਮ ਕੀਤੇ ਹਨ, ਉਨ੍ਹਾਂ ਨਾਲ ਪੰਜਾਬ ਦਾ ਨਾਂ ਰੋਸ਼ਨ ਹੋਇਆ ਹੈ । (ਥੰਪਿੰਗ) ਸੂਰਤੇ-ਹਾਲ ਇਹ ਹੈ ਕਿ ਇਹ ਜੋ ਪੰਜਾਬ ਨੇ ਤਗਮੇ ਜਿੱਤੇ ਹਨ ਉਸ ਵਿਚ ਉਹ ਦੂਜੇ ਨੰਬਰ ਤੇ ਹੈ । (ਥੰਪਿੰਗ) ਹਾਲਾਂਕਿ ਪੰਜਾਬ ਇਕ ਬੜਾ ਛੋਟਾ ਸੂਬਾ ਹੈ ਪਰ ਇਹ ਸਾਡੇ ਖਿਡਾਰੀਆਂ ਦੀ ਮਿਹਨਤ ਦਾ ਸਦਕਾ ਹੈ ਅਤੇ ਅਧਿਆਪਕਾਂ ਦੀ ਲਗਨਸ਼ੀਲਤਾ ਹੈ ਕਿ ਪੰਜਾਬ ਵੱਡੇ ਪੈਮਾਨੇ ਤੇ ਇਹ ਤਗਮੇ ਹਾਸਲ ਕਰ ਸਕਿਆ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਆਪਣੀਆਂ ਜੇਤੂ ਟੀਮਾਂ ਦੇ ਖਿਡਾਰੀ ਹਨ ਅਤੇ ਜੋ ਖਿਡਾਰੀਆਂ ਦੀਆਂ ਐਸੋਸੀਏਸ਼ਨਾਂ ਹਨ ਉਨ੍ਹਾਂ ਨੂੰ ਅਸੀਂ ਮੁਬਾਰਕਬਾਦ ਦੇ ਟੈਲੀਗ੍ਰਾਮ ਭੇਜੀਏ ਤਾਂ ਕਿ ਅੱਗੇ ਤੋਂ ਵੀ ਇਸ ਹੌਂਸਲਾ ਅਫਜ਼ਾਈ ਨਾਲ ਉਹ ਪੰਜਾਬ ਦਾ ਨਾਂ ਅੱਵਲ ਲਿਆਉਣ । (ਥੰਪਿੰਗ)

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਪੰਜਾਬ ਦਾ ਨਾਂ ਖੇਡਾਂ ਵਿਚ ਪਹਿਲਾਂ ਇਕ ਨੰਬਰ ਤੇ ਸੀ । ਫੇਰ ਇਹ ਕੁਝ ਪਿੱਛੇ ਆ ਗਿਆ । ਹੁਣ ਲੋੜ ਹੈ ਕਿ ਅਸੀਂ ਆਪਣੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰੀਏ । ਜਿਵੇਂ ਮਨਪ੍ਰੀਤ ਸਿੰਘ ਨੇ ਕਿਹਾ ਹੈ, ਅਸੀਂ ਉਨ੍ਹਾਂ ਨੂੰ ਮੁਬਾਰਕਬਾਦ ਦੇਈਏ । (ਥੰਪਿੰਗ) ਜਦੋਂ ਉਹ ਖਿਡਾਰੀ ਇੱਥੇ ਆਉਣ ਤਾਂ ਪੰਜਾਬ ਸਰਕਾਰ ਉਨ੍ਹਾਂ ਖਿਡਾਰੀਆਂ ਦਾ ਸਵਾਗਤ ਕਰੇਗੀ, ਉਨ੍ਹਾਂ ਨੂੰ ਤੋਹਫੇ ਦਿੱਤੇ ਜਾਣਗੇ ਤਾਂ ਕਿ ਇਨ੍ਹਾਂ ਖਿਡਾਰੀਆਂ ਦਾ ਹੌਸਲਾ ਹੋਰ ਵਧੇ । (ਥੰਪਿੰਗ)

ਸ੍ਰੀ ਸਪੀਕਰ : ਜੇ ਹਾਊਸ ਸਹਿਮਤ ਹੋਵੇ ਤਾਂ ਇਹ ਗੱਲ ਮੰਨ ਲਈ ਜਾਵੇ । ਖਿਆਲਾ ਜੀ, ਹੁਣ ਤੁਸੀਂ ਬੋਲੋ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਪੰਜਾਬ ਨੇ ਪਿਛੇ 12-14 ਸਾਲ ਸੰਤਾਪ ਹੰਢਾਇਆ ਹੈ । ਕਿਸੇ ਵੀ ਬੰਦੇ ਦੀ ਜਾਨ ਜਾਂਦੀ ਹੈ, ਕੋਈ ਵੀ ਇਨਸਾਨ ਮਰਦਾ ਹੈ ਤਾਂ ਉਹ ਗੱਲ ਮਾੜੀ ਹੀ ਮਾੜੀ ਹੈ । ਬਹੁਤ ਹੀ ਮਾੜੀ ਖੇਡ ਖੇਡੀ ਗਈ ਅਤੇ ਪੰਜਾਬ ਬਰਬਾਦ ਹੋਇਆ । ਪੰਜਾਬ ਦਾ ਹਰ ਫਿਰਕਾ ਬਰਬਾਦ ਹੋਇਆ । ਅੱਜ ਜੇ ਕਿਸੇ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਨੂੰ ਐਸੀ ਸਿਆਸੀ ਰੰਗਤ ਦਿੱਤੀ ਜਾਂਦੀ ਹੈ ਜਿਵੇਂ ਕਿਸੇ ਇਕ ਫਿਰਕੇ ਦਾ ਉਹ ਹੀਰੋ ਹੈ ਅਤੇ ਦੂਜੇ ਫਿਰਕੇ ਦਾ ਦੁਸ਼ਮਨ । ਇਹ ਜੋ ਗੱਲਾਂ ਕੀਤੀਆਂ ਜਾ ਰਹੀਆਂ ਹਨ ਇਹ ਬਹੁਤ ਹੀ ਮਾੜੀਆਂ ਗੱਲਾਂ ਹਨ ।

ਸ੍ਰੀ ਸਪੀਕਰ : ਖਿਆਲਾ ਜੀ, ਤੁਸੀਂ ਰਹਿਣ ਦਿਉ ।

ਸਰਦਾਰ ਬਲਦੇਵ ਸਿੰਘ ਖਿਆਲਾ : ਜਿਨ੍ਹਾਂ ਲੋਕਾਂ ਨੇ ਪੰਜਾਬ ਵਿਚ ਭਾਂਬੜ ਬਾਲ ਕੇ ਰਾਜਸੀ ਤਾਕਤ ਹਾਸਲ ਕੀਤਾ, ਉਹ ਅੱਜ ਫੇਰ ਪੰਜਾਬ ਵਿਚ ਭਾਂਬੜ ਬਾਲਣਾ ਚਾਹੁੰਦੇ ਹਨ । ** ** ਦਾ ਰੋਲ ਅਦਾ ਕਰ ਰਹੇ ਹਨ । (ਥੰਪਿੰਗ) ਇਸ ਦੇ ਬਹੁਤ ਭੈੜੇ ਸਿੱਟੇ ਨਿਕਲਣਗੇ ।

ਸ੍ਰੀ ਸਪੀਕਰ : ਖਿਆਲਾ ਜੀ, ਤੁਸੀਂ ਬੈਠ ਜਾਓ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ** ** **

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਜਿਹੜਾ ਮੈਂਬਰ ਇਸ ਹਾਊਸ ਦੇ ਵਿਚ ਹਾਜ਼ਰ ਨਹੀਂ ਹੈ ਉਸ ਬਾਰੇ ਇਥੇ ਜ਼ਿਕਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਆਪਣੇ ਆਪ ਨੂੰ ਡੀਫੈਂਡ ਨਹੀਂ ਕਰ ਸਕਦਾ । ਇਸ ਲਈ ਇਹ ਸਾਰਾ ਕੁਝ ਐਕਸਪੰਜ ਕੀਤਾ ਜਾਵੇ ।

ਸ੍ਰੀ ਸਪੀਕਰ : ਜੋ ਕੁਝ ਜ਼ੀਰਾ ਸਾਹਿਬ ਨੇ ਕਿਹਾ ਹੈ, ਐਕਸਪੰਜ ਕਰ ਦਿੱਤਾ ਜਾਵੇ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਟੀਚਰਜ਼ ਅਤੇ ਪੈਨਸ਼ਨਰਜ਼ ਪਿਛਲੇ 5 ਸਾਲਾਂ ਤੋਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਲੈਣ ਲਈ ਸੰਘਰਸ਼ ਕਰ ਰਹੇ ਹਨ । ਇਸ ਦਾ ਰੇਟ 170% ਤੱਕ ਪਹੁੰਚ ਗਿਆ ਹੈ ਅਤੇ ਇਨ੍ਹਾਂ ਪੈਨਸ਼ਨਰਜ਼ ਅਤੇ ਟੀਚਰਜ਼ ਨੂੰ ਹਾਲੇ ਤੱਕ 97% ਹੀ ਦਿੱਤਾ ਜਾ ਰਿਹਾ ਹੈ । ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦੀ ਹਾਂ ਕਿ ਇਨ੍ਹਾਂ ਟੀਚਰਜ਼ ਨੂੰ, ਪੈਨਸ਼ਨਰਜ਼ ਨੂੰ ਮਹਿੰਗਾਈ ਭੱਤੇ ਦੀ ਬਕਾਇਆ ਰਕਮ ਦੀ ਅਦਾਇਗੀ ਕਰਵਾ ਦਿੱਤੀ ਜਾਵੇ ਤਾਂ ਕਿ ਉਹ ਮੁਹਤਾਜ ਦੀ ਜ਼ਿੰਦਗੀ ਬਤੀਤ ਨਾ ਕਰਨ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ 2-3 ਵਾਰ ਖੜ੍ਹਾ ਹੋਇਆ ਹਾਂ ਪਰ ਮੈਨੂੰ ਚੇਅਰ ਵਲੋਂ ਮੌਕਾ ਨਹੀਂ ਦਿੱਤਾ ਗਿਆ ਅਤੇ ਮੈਂ ਚੇਅਰ ਦਾ ਖਿਆਲ ਰੱਖਦੇ ਹੋਏ ਬੈਠ ਜਾਂਦਾ ਸੀ । ਇਸ ਲਈ ਮੈਨੂੰ ਬੋਲਣ ਲਈ ਮੌਕਾ ਦਿੱਤਾ ਜਾਵੇ ।

ਸ੍ਰੀ ਸਪੀਕਰ : ਠੀਕ ਹੈ, ਤੁਸੀਂ ਬੋਲ ਲਉ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਪਹਿਲਾ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਤੁਸੀਂ ਕਿਸੇ ਮੈਂਬਰ ਨੂੰ ਬੋਲਣ ਲਈ ਇਜਾਜ਼ਤ ਦੇ ਦਿੰਦੇ ਹੋ ਤਾਂ ਉਸ ਮੈਂਬਰ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ, ਫੇਰ ਉਸ ਨੂੰ ਕੋਈ ਇੰਟਰੱਪਟ ਨਾ ਕਰਿਆ ਕਰੇ । ਚੇਅਰ ਨੂੰ ਪੂਰਾ ਅਧਿਕਾਰ ਹੈ ਕਿ ਉਹ ਕਿਸ ਪਾਰਟੀ ਨੂੰ ਰਿਕਾਰਡ ਵਿਚ ਰੱਖਣਾ ਚਾਹੁੰਦੇ ਹਨ ਅਤੇ ਜੋ ਨਹੀਂ ਰੱਖਣਾ ਚਾਹੁੰਦੇ ਉਹ ਕਟਵਾ ਸਕਦੇ

**Expunged as ordered by the Chair,

[ਕਾਮਰੇਡ ਹਰਦੇਵ ਅਰਸ਼ੀ]
ਹਨ । ਇਸ ਤਰ੍ਹਾਂ ਕਿਸੇ ਮੈਂਬਰ ਨੂੰ ਇੰਟਰੱਪਟ ਕਰਕੇ ਹਾਊਸ ਦਾ ਮਾਹੌਲ ਖਰਾਬ ਕਰਨ ਵਾਲੀ ਗੱਲ ਹੁੰਦੀ ਹੈ, ਜਿਹੜੀ ਕਿ ਠੀਕ ਨਹੀਂ ਹੈ । ਜੋ ਮਸਲਾ ਇਥੇ ਉਠਾਇਆ ਜਾਂਦਾ ਹੈ ਉਸ ਵਿਚੋਂ ਕੋਈ ਗੇਨ ਕਰਨ ਵਾਲੀ ਗੱਲ ਨਹੀਂ ਹੁੰਦੀ, ਉਸ ਬਾਰੇ ਸਾਨੂੰ ਪਾਰਟੀ ਹਿੱਤ ਤੋਂ ਉਪਰ ਉਠ ਕੇ ਗੱਲ ਕਰਨੀ ਚਾਹੀਦੀ ਹੈ । ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਆਲ ਪਾਰਟੀਜ਼ ਮੀਟਿੰਗ ਕਾਲ ਕਰ ਲੈਣ । ਉਸ ਦੇ ਵਿਚ ਪਾਰਟੀ ਹਿੱਤ ਤੋਂ ਉਪਰ ਉਠ ਕੇ ਪੰਜਾਬ ਦੇ ਵਿਚ ਸ਼ਾਂਤੀ ਅਤੇ ਅਮਨ ਕਾਇਮ ਰੱਖਣ ਲਈ ਇਕ ਰਾਏ ਬਨਾਉਣੀ ਚਾਹੀਦੀ ਹੈ ਅਤੇ ਅਸੀਂ ਸਰਕਾਰ ਨੂੰ ਕੋਆਪਰੇਸ਼ਨ ਦੇਣ ਲਈ ਤਿਆਰ ਹਾਂ । ਸਿਚੂਏਸ਼ਨ ਬੜੀ ਗੰਭੀਰ ਹੁੰਦੀ ਜਾ ਰਹੀ ਹੈ ਅਤੇ ਇਹ ਕੰਧਾਂ ਤੇ ਲਿਖਿਆ ਹੋਇਆ ਪੜ੍ਹ ਨਹੀਂ ਰਹੇ । ਸਰਕਾਰ ਨੂੰ ਇਸ ਤੇ ਵਿਚਾਰ ਕਰਨਾ ਚਾਹੀਦਾ ਹੈ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਇਥੇ ਰੂਲਿੰਗ ਪਾਰਟੀ ਦੇ ਮੈਂਬਰ ਹਰ ਗੱਲ ਨੂੰ ਰੌਲੇ ਵਿਚ ਖਤਮ ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਹਨ । ਇਥੇ ਜਿਹੜੇ ਵਿਚਾਰ ਸਰਦਾਰ ਬਲਦੇਵ ਸਿੰਘ ਖਿਆਲਾ ਜੀ ਨੇ ਰੱਖੇ ਹਨ ਅਤੇ ਜਿਸ ਢੰਗ ਨਾਲ ਸਾਡੀ ਗੱਲ ਵਿਚ ਰੌਲਾ ਪਾ ਕੇ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਇਹ ਠੀਕ ਨਹੀਂ ਹੈ । ਖਿਆਲਾ ਜੀ ਇਸ ਹਾਊਸ ਦੇ ਕਾਫੀ ਪੁਰਾਣੇ ਮੈਂਬਰ ਰਹਿ ਚੁਕੇ ਹਨ । ਇਨ੍ਹਾਂ ਨੇ ਜਿਹੜਾ ਲਫਜ਼ ** ** ਦਾ ਇਸਤੇਮਾਲ ਕੀਤਾ ਹੈ, ਇਹ ਅਨਪਾਰਲੀਮੈਂਟਰੀ ਲਫਜ਼ ਹੈ ਅਤੇ ਹਾਊਸ ਦੀ ਸ਼ਾਨ ਦੇ ਖਿਲਾਫ ਹੈ । ਇਸ ਲਈ ਇਹ ਲਫਜ਼ ਐਕਸਪੰਜ ਕੀਤੇ ਜਾਣੇ ਚਾਹੀਦੇ ਹਨ ।

ਸ਼੍ਰੀ ਸਪੀਕਰ : ਇਹ ਲਫਜ਼ ਐਕਸਪੰਜ ਕੀਤੇ ਜਾਂਦੇ ਹਨ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਅਸੀਂ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਕਾਇਮ ਰੱਖਣ ਵਿਚ ਵਿਸ਼ਵਾਸ਼ ਰਖਦੇ ਹਾਂ । ਇਸ ਸਬੰਧ ਵਿਚ ਬਾਦਲ ਸਾਹਿਬ ਨੇ ਸਟੇਟਮੈਂਟ ਵੀ ਦਿੱਤੀ ਹੈ, ਜਿਸ ਨੂੰ ਅਸੀਂ ਐਪਰੀਸ਼ੇਟ ਕਰਦੇ ਹਾਂ ਪਰ ਇਹ ਕੇਵਲ ਸਟੇਟਮੈਂਟ ਤੱਕ ਹੀ ਸੀਮਿਤ ਨਹੀਂ ਹੋਣੀ ਚਾਹੀਦੀ । ਸਰਕਾਰ ਨੂੰ ਆਲ ਪਾਰਟੀਜ਼ ਮੀਟਿੰਗ ਕਾਲ ਕਰਕੇ ਸਾਰੀਆਂ ਪੁਲੀਟੀਕਲ ਪਾਰਟੀਜ਼ ਦੇ ਵਿਊਜ਼ ਲੈਣੇ ਚਾਹੀਦੇ ਹਨ । ਇਕ ਸਰਵੇ ਡੀ.ਜੀ.ਪੀ. ਨੇ ਸਰਕਾਰ ਦੇ ਪਿਛਲੇ 3 ਮਹੀਨਿਆਂ ਦੇ ਪੀਰੀਅਡ ਦਾ ਕਰਵਾਇਆ ਹੈ ਜਿਸ ਵਿਚ ਉਨ੍ਹਾਂ ਨੇ ਦੱਸਿਆ ਹੈ ਕਿ ਪੰਜਾਬ ਵਿਚ ਕਿੰਨਾ ਕਰਾਈਮ ਵਧਿਆ ਹੈ ਅਤੇ ਵੱਧ ਰਿਹਾ ਹੈ । ਕਰਾਈਮ ਦੇ ਖਿਲਾਫ ਅਸੀਂ ਸਾਰੇ ਹਾਂ ਅਤੇ ਸਰਕਾਰ ਨੂੰ ਇਸ ਉਤੇ ਵਿਚਾਰ ਕਰਨ ਲਈ ਕੀ ਹਰਜ ਹੋ ਸਕਦਾ ਹੈ । ਅਸੀਂ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਕਾਇਮ ਰੱਖਣਾ ਚਾਹੁੰਦੇ ਹਾਂ । ਸਾਨੂੰ ਸਾਰਿਆਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ, ਇਸ ਤੋਂ ਭੱਜਣਾ ਨਹੀਂ ਚਾਹੀਦਾ ਅਤੇ ਕਰਾਈਮ ਨੂੰ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ . . . . .

**Expunged as ordered by the Chair.

WALK-OUTS

(ਇਸ ਸਮੇਂ ਆਪੋਜ਼ੀਸ਼ਨ ਪਾਰਟੀਆਂ ਦੇ ਮੈਂਬਰ ਸਾਹਿਬਾਨ ਅਤੇ ਰੂਲਿੰਗ ਪਾਰਟੀ ਦੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।) (ਵਿਘਨ) (ਸ਼ੋਰ)

ਸ੍ਰੀ ਸਪੀਕਰ. ਸਾਰੇ ਮੈਂਬਰ ਸਾਹਿਬਾਨ ਬੈਠ ਜਾਓ । ਬੀਬੀ ਜੀ, ਬੈਠ ਜਾਓ ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ: ਮੈਂ ਸਪੀਕਰ ਸਾਹਿਬ, ਕਿਉਂ ਬੈਠ ਜਾਵਾਂ ਅਤੇ ਤੁਸੀਂ ਮੈਨੂੰ ਸਪੀਕਰ ਸਾਹਿਬ, ਬੋਲਣ ਲਈ ਅਲਾਓ ਕੀਤਾ ਹੈ ।

ਸ੍ਰੀ ਸਪੀਕਰ. ਤੁਸੀਂ ਸਾਰੇ ਬੈਠ ਜਾਓ ।

(ਇਸ ਸਮੇਂ ਸੰਸਦੀ ਮਾਮਲਿਆਂ ਦੇ ਮੰਤਰੀ (ਸ੍ਰੀ ਮਦਨ ਮੋਹਨ ਮਿੱਤਲ) ਪੁਆਇੰਟ ਆਫ ਆਰਡਰ ਰੇਜ਼ ਕਰਨ ਦੀ ਜ਼ੋਰ ਨਾਲ ਮੰਗ ਕਰ ਰਹੇ ਸਨ ।) (ਵਿਘਨ) (ਸ਼ੋਰ)

ਸ੍ਰੀ ਸਪੀਕਰ. ਬੀਬੀ ਜੀ, ਤੁਸੀਂ ਬੈਠ ਜਾਓ ਅਤੇ ਉਹ ਪੁਆਇੰਟ ਆਫ ਆਰਡਰ ਕਰ ਸਕਦੇ ਹਨ ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ. ਸਪੀਕਰ ਸਾਹਿਬ, ਮੈਨੂੰ ਬਹੁਤ ਅਫਸੋਸ ਹੈ । ਤੁਸੀਂ ਮੈਨੂੰ ਪੁਆਇੰਟ ਆਫ ਆਰਡਰ ਤੇ ਬੋਲਣ ਲਈ ਇਜਾਜ਼ਤ ਦਿੱਤੀ ਹੈ । ਤੁਸੀਂ ਮੈਨੂੰ ਅਲਾਓ ਕੀਤਾ ਹੈ ਅਤੇ ਮੈਂ ਬੋਲ ਰਹੀ ਹਾਂ । (ਵਿਘਨ) (ਸ਼ੋਰ) ਜੇਕਰ ਤੁਸੀਂ ਸਾਨੂੰ ਬੋਲਣ ਨਹੀਂ ਦਿੰਦੇ ਤਾਂ ਅਸੀਂ ਪਰੋਟੈਸਟ ਦੇ ਤੌਰ ਤੇ ਵਾਕ ਆਊਟ ਕਰਦੇ ਹਾਂ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ** ** ਨਾਅਰੇ ਲਗਾਉਂਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ । (ਵਿਘਨ) (ਸ਼ੋਰ)

ਕਾਮਰੇਡ ਹਰਦੇਵ ਅਰਸ਼ੀ. ਸਪੀਕਰ ਸਾਹਿਬ, ਸਾਨੂੰ ਬਾਰ ਬਾਰ ਸਰਕਾਰੀ ਬੈਂਚਿਜ਼ ਦੇ ਕੁਝ ਮੈਂਬਰਾਂ ਵਲੋਂ ਇੰਟਰੱਪਟ ਕੀਤਾ ਜਾ ਰਿਹਾ ਹੈ ਅਤੇ ਸਾਨੂੰ ਬੋਲਣ ਨਹੀਂ ਦਿੱਤਾ ਜਾ ਰਿਹਾ । ਇਸ ਕਰਕੇ ਅਸੀਂ ਵੀ ਪਰੋਟੈਸਟ ਦੇ ਤੌਰ ਤੇ ਵਾਕ ਆਊਟ ਕਰਦੇ ਹਾਂ ।

(ਇਸ ਸਮੇਂ ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ** ** ਨਾਅਰੇ ਲਗਾਉਂਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ ।) (ਵਿਘਨ) (ਸ਼ੋਰ)

ਸ੍ਰੀ ਸਪੀਕਰ. ਇਹ ਜੋ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । ਮਿੱਤਲ ਸਾਹਿਬ, ਤੁਸੀਂ ਬੋਲੋ।

**Not recorded as ordered by the Chair.

ਸੰਸਦੀ ਮਾਮਲਿਆਂ ਦੇ ਮੰਤਰੀ (ਸ੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ Leader of the House, Leader of the Opposition and Hon'ble Speaker constitute the House. Hon'ble Speaker is the Chairman of the House and whenever a decision is taken, all are taken into confidence by the Speaker and this information is conveyed to the House.

I think the Leader of the Opposition is not a new Member. She is quite old Member. Whenever any Member is making a speech and a Member raises the Point of Order ਤਾਂ ਸਪੀਚ ਬੰਦ ਕਰ ਦਿਤੀ ਜਾਂਦੀ ਹੈ ਅਤੇ ਮੈਂਬਰ ਪੁਆਇੰਟ ਆਫ ਆਰਡਰ ਕਰ ਸਕਦੇ ਹਨ । ਅਸੀਂ ਜ਼ੀਰੋ ਆਵਰ ਨੂੰ ਵੈਲਕਮ ਕਰਦੇ ਹਾਂ । ਆਪੋਜ਼ੀਸ਼ਨ ਵਲੋਂ ਕੋਈ ਵੀ ਚੰਗੀ ਸੁਜੈਸ਼ਨ ਆਵੇ ਤਾਂ ਉਸ ਤੇ ਗੰਭੀਰਤਾ ਦੇ ਨਾਲ ਵਿਚਾਰ ਕਰਦੇ ਹਾਂ । ਜ਼ੀਰੋ ਆਵਰ ਦਾ ਮਤਲਬ ਇਹ ਨਹੀਂ ਹੋਣਾ ਚਾਹੀਦਾ ਕਿ ਖਬਰ ਬਣਾ ਕੇ ਪਬਲੀਸਿਟੀ ਲਵੋ । ਇਸ ਤਰ੍ਹਾਂ ਦੀ ਚੀਜ਼ ਨਹੀਂ ਹੋਣੀ ਚਾਹੀਦੀ । ਵਾਕ ਆਊਟ ਵਿਦਆਊਟ ਰੀਜ਼ਨਜ਼ ਨਹੀਂ ਹੋਣਾ ਚਾਹੀਦਾ । ਇਹ ਕਹਿੰਦੇ ਹਨ ਕਿ 50 ਸਾਲਾਂ ਤੋਂ ਅਸੀਂ ਡੈਮੋਕਰੇਸੀ ਲੈ ਕੇ ਆਏ ਹਾਂ ਪਰ ਇਨ੍ਹਾਂ ਨੇ ਡੈਮੋਕਰੇਸੀ ਦੇ ਇੰਸਟੀਚਿਊਸ਼ਨ ਨੂੰ ਕਿੱਲ ਕੀਤਾ ਹੈ । ਜਦੋਂ ਮੈਂ ਪੁਆਇੰਟ ਆਫ ਆਰਡਰ ਰੇਜ਼ ਕੀਤਾ ਤਾਂ They should have the patience to hear. I never wanted to obstruct her. ਬਜਟ ਆਲਰੇਡੀ ਪੇਸ਼ ਹੋ ਚੁੱਕਾ ਹੈ । ਕਰਾਈਮ ਵੱਧ ਗਿਆ ਹੈ ਜਾਂ ਘੱਟ ਗਿਆ ਹੈ, ਇਸ ਬਾਰੇ ਹੋਮ ਡਿਪਾਰਟਮੈਂਟ ਦੀ ਡਿਮਾਂਡ ਆਉਣ ਵਾਲੀ ਹੈ, ਬਜਟ ਤੇ ਵੀ ਜਨਰਲ ਡਿਸਕਸ਼ਨ ਹੋਣੀ ਹੈ, ਉਸ ਵਕਤ ਡਿਸਕਸ ਕੀਤਾ ਜਾ ਸਕਦਾ ਹੈ । ਸਰਕਾਰ ਦੀਆਂ ਗਲਤ ਨੀਤੀਆਂ ਬਾਰੇ ਇਹ ਆਪਣੇ ਵਿਚਾਰ ਰੱਖ ਸਕਦੇ ਹਨ । ਦੂਜਾ ਆਪਣੇ ਵਲੋਂ ਵੀ ਆਪੋਜੀਸ਼ਨ ਸਰਕਾਰ ਦੇ ਕੰਮ ਕਾਰ ਪ੍ਰਤੀ ਚੰਗੇ ਸੁਝਾਉ ਰੱਖ ਸਕਦੀ ਹੈ, ਅਸੀਂ ਵੈਲਕਮ ਕਰਾਂਗੇ । ਬਾਕੀ ਇਹ ਵੀ ਇਨ੍ਹਾਂ ਦੀ ਮਰਜ਼ੀ ਹੈ, ਚੰਗੇ ਸੁਝਾਉ ਲਿਆਉਣ ਚਾਹੇ ਨਾ ਲਿਆਉਣ ਪਰ ਇਸ ਤਰ੍ਹਾਂ ਦਾ ਵਤੀਰਾ ਨਹੀਂ ਅਪਨਾਉਣਾ ਚਾਹੀਦਾ । ਬਾਦਲ ਸਾਹਿਬ ਨੇ ਤਾਂ ਜਿਵੇਂ ਤੁਹਾਨੂੰ ਪਤਾ ਹੀ ਹੈ, ਰੀਕੰਸਾਈਲੇਸ਼ਨ ਦਾ ਐਟੀਚਿਊਡ ਰੱਖਿਆ ਹੋਇਆ ਹੈ । ਇਥੇ ਇਕ ਆਨਰੇਬਲ ਮੈਂਬਰ ਸਾਹਿਬ ਨੇ ਮਾਸਟਰਾਂ ਦੀਆਂ ਨਿਯੁਕਤੀਆਂ ਵਿਚ ਪੈਸੇ ਦੇ ਲੈਣ ਦੇਣ ਬਾਰੇ ਪੁਆਇੰਟ ਉਠਾਇਆ ਸੀ ਤਾਂ ਉਸ ਦੇ ਜਵਾਬ ਵਿਚ ਵੀ ਸੀ. ਐਮ. ਸਾਹਿਬ ਨੇ ਇਹੀ ਕਿਹਾ ਕਿ ਜੇ ਇਹ ਪੰਡੋਰਾ ਬਾਕਸ ਖੋਲ੍ਹ ਲਿਆ ਤਾਂ ਅਸੀਂ ਸਰਕਾਰ ਦਾ ਕੰਮ ਕਾਜ ਨਹੀਂ ਕਰ ਸਕਾਂਗੇ । ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੈਗੇਟਿਵ ਸਾਈਡ ਤੇ ਨਹੀਂ ਜਾਣਾ ਚਾਹੁੰਦੀ । ਸਰਕਾਰ ਦੀ ਕੋਸ਼ਿਸ਼ ਹੈ ਕਿ ਪੰਜਾਬ ਨੂੰ ਤਰੱਕੀ ਵੱਲ ਲੈ ਕੇ ਜਾਈਏ, ਇਸ ਨੂੰ ਵਸਾਈਏ, ਨਾ ਕਿ ਗਲਤ ਐਟਮੋਸਫੀਅਰ ਕਰੀਏਟ ਕੀਤਾ ਜਾਵੇ । ਪਰ ਇਥੇ ਦੇਖਿਆ ਗਿਆ ਹੈ ਕਿ ਆਪੋਜ਼ੀਸ਼ਨ ਵਲੋਂ ਇਹੀ ਕੋਸ਼ਿਸ਼ ਹੁੰਦੀ ਹੈ ਕਿ ਜ਼ੀਰੋ ਆਵਰ ਦਾ ਦੁਰਉਪਯੋਗ ਕਰਕੇ ਪਬਲਿਸਿਟੀ ਲੈਣੀ ਹੈ । ਸਪੀਕਰ ਸਾਹਿਬ, ਇਹ ਅੱਛੀ ਗੱਲ ਨਹੀਂ ਕਿ ਇਸ ਤਰ੍ਹਾਂ ਦੀ ਇਹ ਕੋਸ਼ਿਸ਼ ਕਰਨ ।

ਵਿੱਤ ਮੰਤਰੀ (ਕੈਪਟਨ ਕੰਵਲਜੀਤ ਸਿੰਘ): ਸਪੀਕਰ ਸਾਹਿਬ, ਮੈਨੂੰ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਸਾਡੀ ਵਿਰੋਧੀ ਧਿਰ ਨੇ ਇਕ ਗੱਲ ਮਿੱਥੀ ਹੋਈ ਹੈ ਕਿ ਪੰਜਾਬ ਦੇ ਵਾਤਾਵਰਣ ਨੂੰ ਠੀਕ ਨਹੀਂ ਹੋਣ ਦੇਣਾ। ਸਪੀਕਰ ਸਾਹਿਬ, ਜੋ ਕੁਝ ਪੰਜਾਬ ਦੇ ਅੰਦਰ ਵਾਪਰਿਆ ਹੈ, ਜੋ ਕੁਝ ਇਥੇ ਖੂਨ ਖਰਾਬਾ ਹੋਇਆ ਹੈ, ਉਸਦੇ ਵਿਚ ਜੋ ਸਾਡੇ ਸਾਹਮਣੇ ਅੱਜ ਵਾਕਆਊਟ ਕਰਕੇ ਗਏ ਹਨ, ਉਨ੍ਹਾਂ ਦਾ ਸਭ ਤੋਂ ਵੱਡਾ ਹੱਥ ਹੈ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਹ ਅੱਜ ਵੀ ਸਾਡੀ ਸਰਕਾਰ ਨੂੰ ਸ਼ਾਂਤਮਈ ਢੰਗ ਨਾਲ ਕੰਮ ਕਰਨ ਦਾ ਮੌਕਾ ਪ੍ਰਦਾਨ ਕਰਨਾ ਨਹੀਂ ਚਾਹੁੰਦੇ। ਇਹ ਕੋਸ਼ਿਸ਼ ਕਰ ਰਹੇ ਹਨ ਕਿ ਇਥੇ ਮਾਹੌਲ ਭੜਕਾਇਆ ਜਾਵੇ ਅੌਰ ਪੰਜਾਬੀਆਂ ਦੀ ਏਕਤਾ ਜੋ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅੌਰ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਕਾਇਮ ਕੀਤੀ ਹੈ, ਉਸਨੂੰ ਭੜਕਾਊ ਗੱਲਾਂ ਕਰਕੇ ਤੋੜ ਕੇ ਰੱਖ ਦਿਤਾ ਜਾਵੇ। ਸਪੀਕਰ ਸਾਹਿਬ, ਮੈਂ ਇਹ ਕਹਿੰਦਾ ਹਾਂ ਅਤੇ ਸਿਫ਼ਾਰਸ਼ ਕਰਦਾ ਹਾਂ ਕਿ ਹਾਊਸ ਇਸ ਗੱਲ ਦਾ ਨੋਟਿਸ ਲਵੇ ਕਿ ਇਨ੍ਹਾਂ ਵਿਰੋਧੀ ਧਿਰ ਵਾਲਿਆਂ ਨੇ ਪੰਜਾਬ ਦੇ ਵਾਤਾਵਰਨ ਨੂੰ ਖਰਾਬ ਕਰਨ ਦੀ ਮਿੱਥੀ ਹੋਈ ਹੈ। ਇਸ ਦਾ ਹਾਊਸ ਵਲੋਂ ਨੋਟਿਸ ਲਿਆ ਜਾਵੇ ਅਤੇ ਸਖਤ ਸ਼ਬਦਾਂ ਵਿਚ ਇਸ ਗੱਲ ਦੀ ਨਿੰਦਾ ਕੀਤੀ ਜਾਵੇ। ਮੈਂ ਏਨੀ ਗੱਲ ਕਹਿੰਦਾ ਹਾਂ।

ਸਰਦਾਰ ਮਹੇਸ਼ ਇੰਦਰ ਸਿੰਘ: ਸਪੀਕਰ ਸਾਹਿਬ, ਅੱਜ ਹਾਊਸ ਵਿਚ ਜੋ ਕਾਰਵਾਈ ਜ਼ੀਰੋ ਆਵਰ ਵਿਚ ਕਰਨ ਦੀ ਕੋਸ਼ਿਸ਼ ਕੀਤੀ ਗਈ, ਇਹ ਨਿੰਦਾ ਯੋਗ ਹੈ। ਇਕ ਪੁਲੀਟੀਕਲ ਸਪੀਚ ਜ਼ੀਰੋ ਆਵਰ ਵਿਚ ਰੇਜ਼ ਨਹੀਂ ਕੀਤੀ ਜਾ ਸਕਦੀ। ਇਸ ਤੋਂ ਵੀ ਮੰਦਭਾਗੀ ਗੱਲ ਹੈ ਕਿ ਸਾਡੇ ਆਪੋਜ਼ੀਸ਼ਨ ਵਾਲੇ ਆਨਰੇਬਲ ਮੈਂਬਰ ਡਾਕਟਰ ਹਰਬੰਸ ਲਾਲ ਹਾਊਸ ਦੀਆਂ ਸਾਰੀਆਂ ਪਰੰਪਰਾਵਾਂ ਨੂੰ ਤੋੜ ਕੇ ਨਾਹਰੇ ਮਾਰਦੇ ਹੋਏ ਬਾਹਰ ਗਏ। ਸਪੀਕਰ ਸਾਹਿਬ, ਜਿਹੜੇ ਮੈਂਬਰ ਨੂੰ ਹਾਊਸ ਦੇ ਡੈਕੋਰਮ ਦਾ ਨਹੀਂ ਪਤਾ, ਉਸ ਮੈਂਬਰ ਨੂੰ ਘੱਟੋ ਘੱਟ 2 ਦਿਨ ਲਈ ਸਸਪੈਂਡ ਕਰਨਾ ਚਾਹੀਦਾ ਹੈ ਤਾਂਕਿ ਮੈਂਬਰ ਨੂੰ ਪਤਾ ਲੱਗੇ ਕਿ ਡੈਕੋਰਮ ਕੀ ਹੁੰਦਾ ਹੈ। ਇਹ ਗਿੱਝੇ ਹੋਏ ਹਨ, ਇਹ ਅਸੈਂਬਲੀ ਵਿਚ ਇਸ ਤਰ੍ਹਾਂ ਦਾ ਮਾਹੌਲ ਕਰੀਏਟ ਕਰਨਾ ਗਿੱਝੇ ਹੋਏ ਹਨ। ਅੱਜ ਇਨ੍ਹਾਂ ਨੂੰ ਚਿੰਤਾ ਇਸ ਗੱਲ ਦੀ ਬਣੀ ਹੋਈ ਹੈ ਕਿ ਲੋਕਾਂ ਦੀ ਬਣੀ ਹੋਈ ਸਰਕਾਰ ਕਿਉਂ ਆ ਗਈ ਹੈ। ਪਿਛੇ ਜਿਹੜਾ ਸੈੱਟ-ਅਪ ਪੁਲਿਸ ਅਤੇ ਕਾਂਗਰਸ ਦਾ ਚਲਦਾ ਰਿਹਾ, ਉਸਦੀ ਜਗ੍ਹਾ ਅੱਜ ਲੋਕਾਂ ਦਾ ਰਾਜ ਕਿਉਂ ਆ ਗਿਆ ਹੈ। ਮੈਂ ਹਾਊਸ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਡਾਕਟਰ ਹਰਬੰਸ ਲਾਲ ਨੂੰ 2 ਦਿਨਾਂ ਵਾਸਤੇ ਸਸਪੈਂਡ ਕੀਤਾ ਜਾਵੇ।

ਇਕ ਆਵਾਜ਼: ਸਾਰੇ ਸੈਸ਼ਨ ਵਾਸਤੇ ਸਸਪੈਂਡ ਕੀਤਾ ਜਾਵੇ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਜ਼ੀਰੋ ਆਵਰ ਵਿਚ ਜੋ ਹੋ ਗਿਆ, ਉਹ ਗੱਲ ਮੁੱਕ ਗਈ ਹੈ। ਮਿੱਤਲ ਸਾਹਿਬ ਦਾ ਇਹ ਪੁਆਇੰਟ ਵੈਲਿਡ ਸੀ ਕਿ ਐਨੀ ਟਾਈਮ ਕੋਈ ਵੀ ਮੈਂਬਰ ਪੁਆਇੰਟ ਆਫ ਆਰਡਰ ਰੇਜ਼ ਕਰ ਸਕਦਾ ਹੈ ਅਤੇ ਤੁਸੀਂ ਵੀ ਉਸਨੂੰ ਰੋਕ ਨਹੀਂ ਸਕਦੇ। ਉਹ ਅਗੋਂ ਪੁਆਇੰਟ ਆਫ ਆਰਡਰ ਹੈ ਜਾਂ ਨਹੀਂ ਇਸ ਗੱਲ ਨੂੰ ਤੁਸੀਂ ਬਾਅਦ ਵਿਚ ਡਿਸਾਈਡ ਕਰ ਸਕਦੇ ਹੋ। ਮੈਂ ਇਸ ਗੱਲ ਨਾਲ ਪੂਰੀ

[ਕਾਮਰੇਡ ਹਰਦੇਵ ਅਰਸ਼ੀ]
ਤਰ੍ਹਾਂ ਸਹਿਮਤ ਹਾਂ । ਲੇਕਿਨ ਉਸ ਘਟਨਾ ਤੋਂ ਬਾਅਦ ਇਕ ਸਿਆਸੀ ਵਾਤਾਵਰਨ ਬਣਾ ਕੇ ਸਿਆਸੀ ਤਕਰੀਰਾਂ ਕਰ ਦੇਣੀਆਂ, ਉਹ ਗੱਲ ਠੀਕ ਨਹੀਂ । ਪਰ ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਉਸ ਗੱਲ ਨੂੰ ਪੁਆਇੰਟ ਆਉਟ ਕਰਦੇ ਸਮੇਂ ਸਾਰੀ ਆਪੋਜ਼ੀਸ਼ਨ ਨੂੰ ਇਕੋ ਰੱਸੇ ਰਗੜ ਦੇਣਾ ਵੀ ਠੀਕ ਨਹੀਂ । ਜੇ ਐਸੀ ਹੀ ਗੱਲ ਕਰਨੀ ਹੈ ਤਾਂ ਇਕ ਡੇਢ ਘੰਟੇ ਲਈ ਬਹਿਸ ਰੱਖ ਲੈਣ, ਅਸੀਂ ਵੀ ਆਪਣਾ ਪੁਆਇੰਟ ਕਹਿ ਦੇਵਾਂਗੇ, ਇਹ ਵੀ ਕਹਿ ਲੈਣ । ਬਾਕੀ ਮੈਜਾਰਿਟੀ ਦਾ ਫਾਇਦਾ ਉਠਾ ਕੇ ਕੰਡੈਮਨੇਸ਼ਨ ਦੇ ਮੋਸ਼ਨ ਮੂਵ ਕੀਤੇ ਜਾਣ ਤਾਂ ਮੈਂ ਸਮਝਦਾ ਹਾਂ ਕਿ ਉਸਦੇ ਵੀ ਨਤੀਜੇ ਕੁਝ ਅੱਛੇ ਨਹੀਂ ਨਿਕਲਣਗੇ । ਇਹ ਮੇਰੀ ਬੇਨਤੀ ਹੈ । ਜੇ ਡਿਸਕਸ਼ਨ ਕਰਨੀ ਹੈ ਤਾਂ ਫਿਰ ਅਡਵਾਨੀ ਸਾਹਿਬ ਦੀ ਗੱਲ ਨੂੰ ਵੀ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ ।

ਸ੍ਰੀ ਸਪੀਕਰ: ਜਿਹੜੀ ਡਿਸਕਸ਼ਨ ਬਜਟ ਤੇ ਬੋਲਦੇ ਹੋਏ ਹੋ ਸਕਦੀ ਹੈ, ਉਹ ਹੁਣ ਲਿਆਉਣ ਦੀ ਤਾਂ ਕੋਈ ਲੋੜ ਹੀ ਨਹੀਂ ਹੈ ।

ANNOUNCEMENT BY THE SPEAKER
Re. Penel of Chairmen

ਸ੍ਰੀ ਸਪੀਕਰ: ਹੁਣ ਮੈਂ ਇਕ ਅਨਾਉਂਸਮੈਂਟ ਕਰਨੀ ਚਾਹੁੰਦਾ ਹਾਂ ।

ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਦੇ ਅਧੀਨ ਮੈਂ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਤੇ ਸੇਵਾ ਕਰਨ ਲਈ ਨਿਯੁਕਤ ਕਰਦਾ ਹਾਂ ।

1. ਸ੍ਰੀ ਮਨੋਰੰਜਨ ਕਾਲੀਆ
2. ਸਰਦਾਰ ਸੁਜਾਨ ਸਿੰਘ
3. ਸਰਦਾਰ ਜਾਗੀਰ ਸਿੰਘ
4. ਸ੍ਰੀ ਭਗਵਾਨ ਦਾਸ ਅਰੋੜਾ

ਹੁਣ ਸਕੱਤਰ ਸਾਹਿਬ ਐਲਾਨ ਕਰਨਗੇ ।

ANNOUNCEMENT BY THE SECRETARY

ਸਕੱਤਰ: ਮੈਂ ਗਿਆਰਵੀਂ ਪੰਜਾਬ ਵਿਧਾਨ ਸਭਾ ਦੁਆਰਾ ਆਪਣੇ ਪਹਿਲੇ ਸਮਾਗਮ ਦੇ ਦੌਰਾਨ ਪਾਸ ਕੀਤੇ ਗਏ ਬਿੱਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ ।

ਵੇਰਵਾ

1. ਪੰਜਾਬ ਨਮਿੱਤਣ ਵੇਰਵਾ (ਨੰ. 1) ਬਿਲ, 1997
2. ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 1997

ਸ੍ਰੀ ਸਪੀਕਰ: ਹੁਣ ਕਾਲ ਅਟੈਨਸ਼ਨ ਮੋਸ਼ਨਜ਼, ਸਭ ਤੋਂ ਪਹਿਲਾਂ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੀ ।

श्रीमती लक्ष्मी कांता चावला: स्पीकर साहिब, दुनियां जिन पांच तत्वों से बनी है, उन में से पानी और बिजली-ये दो ऐसे तत्व हैं जिन से संसार चलता है । मेरा अमृतसर शहर इन दोनों तत्वों से 50% खाली है । अमृतसर नगर निगम पानी नहीं दे पा रहा क्योंकि बिजली बोर्ड उसको बिजली नहीं दे पा रहा । बिजली कभी भी चली जाती है । सुबह सोकर उठते हैं तो बिजली गायब हो जाती है । उस से फिर ट्यूबवैल सूखे हो जाते हैं । लोगों को बिजली पानी नहीं मिलता । इस के बदले बैंकों वालों ने जो जैनरेटर लगाए हुए हैं, उन का धुआं, शोर और प्रदूषण हम लोगों को मिलता है, नगर निगम के जितने ट्यूबवैल हैं, उन सभी के लिए भी जैनरेटर लगवा दिये जाएं । मेरा आप जो और मुख्य मंत्री जी से निवेदन है कि अमृतसर को बिजली दें और पानी दें ताकि जनता को सुख मिल सके । 1997 के बाद जल्दी ही हम नई सदी में प्रवेश कर रहे हैं और आज हम कम्प्यूटर युग में चल रहे हैं । इस लिए बुनियादी सहूलत के तौर पर जनता को बिजली दें और पानी दें । 24 घंटे नहीं तो कम से कम 12 घंटे तो जरूर दें जो निगम ने तय किया हुआ है । अगर बिजली की कट लगानी ही है तो उसे पहले घोषित करें । अघोषित कट लगाना ठीक नहीं है । इस लिए मैं कहना चाहती हूं कि पावर और पानी की जो कमी है अमृतसर में उस को दूर किया जाए ।

ਸ੍ਰੀ ਸਪੀਕਰ: ਤੁਸੀਂ ਕਾਲ ਅਟੈਨਸ਼ਨ ਤੇ ਆਓ । ਤੁਸੀਂ ਤਾਂ ਲੈਕਚਰ ਹੀ ਕਰ ਰਹੇ ਹੋ । (ਵਿਘਨ)

ਇਕ ਆਵਾਜ਼ : ਇਨ੍ਹਾਂ ਨੂੰ ਕਾਲ ਅਟੈਨਸ਼ਨ ਪੜ੍ਹਨ ਦਾ ਪਤਾ ਹੀ ਨਹੀਂ ।

श्रीमती लक्ष्मी कांता चावला: मुझे पता है । मेरा यह छठा साल है, पहला नहीं । मुझे पता है कि काल अटैन्शन कैसे पढ़ा जाता है । काल अटैन्शन नंबर दो ।

CALL ATTENTION NOTICES UNDER RULL 66

(Serial No. 2)

Shrimati Laxmi Kanta Chawla: Sir, I beg to draw the attention of the Government towards matter of urgent public importance namely, there is severe water and electricity crisis in Amritsar city in these terrible summer days. As a matter of fact consumption of water is more during summer season but the Corporation Tubewells remain idle due to shortage of electricity. This causes great discontentment amongst the people. Water supply is not available even for bathing, cooking and drinking purposes.

[Shrimati Laxmi Kanta Chawla]

The Government should take prompt action to meet the demand of the supply of water and should install generator sets alongwith the tubewells so as to ensure uninterrupted supply of water even in the event of the power failure. The Government should make a statement in the House in this regard.

Important note

Water, just like air is necessary for life. No one can do without the supply of water. So the Government should take prompt action in this regard and give a statement in the House.

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ). ਇਸ ਵੇਲੇ, ਅੰਮ੍ਰਿਤਸਰ ਸ਼ਹਿਰ ਸਮੇਤ ਰਾਜ ਵਿਚਲੇ ਸ਼ਹਿਰੀ ਖੇਤਰਾਂ ਨੂੰ ਬਿਜਲੀ ਦੀ ਸਪਲਾਈ ਵਿਚ ਕੋਈ ਕਟੌਤੀ ਨਹੀਂ ਲਾਈ ਗਈ ਹੈ। ਹੁਣੇ ਹੁਣੇ ਸ਼ਹਿਰ ਵਿਚ ਭਾਰੀ ਤੂਫਾਨ ਆਏ ਜਿਸ ਕਾਰਨ ਸ਼ਹਿਰ ਦੇ ਵੱਖ ਵੱਖ ਸਥਾਨਾਂ ਵਿਚ ਦਰਖਤਾਂ, ਘਰਾਂ ਦੇ ਟੀ. ਵੀ. ਐਨਟੀਨੇ ਆਦਿ ਗਿਰਨ ਕਰਕੇ ਸਪਲਾਈ ਵਿਚ ਵਿਘਨ ਪਿਆ। ਇਨ੍ਹਾਂ ਨੁਕਸਾਂ ਨੂੰ ਅਟੈਂਡ ਕੀਤਾ ਗਿਆ ਅਤੇ ਨਾਰਮਲ ਸਪਲਾਈ ਤੁਰੰਤ ਬਹਾਲ ਕੀਤੀ ਗਈ।

ਨਿਯਮਤ ਸਪਲਾਈ ਯਕੀਨੀ ਬਣਾਉਣ ਲਈ ਪੰਜਾਬ ਰਾਜ ਬਿਜਲੀ ਬੋਰਡ ਨੇ ਉਚਿਤ ਪ੍ਰਬੰਧ ਕੀਤੇ ਹਨ ਅਤੇ ਸ਼ਹਿਰ ਵਿਚ ਵੱਖ ਵੱਖ ਸਥਾਨਾਂ ਤੇ ਦਿਨ ਰਾਤ ਕੰਮ ਕਰਦੇ 12 ਸ਼ਿਕਾਇਤ ਸੈਂਟਰ ਸਥਾਪਿਤ ਕੀਤੇ ਹਨ। ਇਸ ਤੋਂ ਇਲਾਵਾ, ਸ਼ਹਿਰੀ ਖੇਤਰਾਂ ਨੂੰ ਪਾਣੀ ਸਪਲਾਈ ਦੇ ਸਿਖਰ ਸਵੇਰੇ ਅਤੇ ਸ਼ਾਮ ਦੇ ਘੰਟਿਆਂ ਦੇ ਦੌਰਾਨ ਮੁਰੰਮਤ ਲਈ ਕਿਸੇ ਵੀ ਬਿਜਲੀ ਕਟੌਤੀ ਜਾਂ ਯੋਜਨਾ-ਬੱਧ ਸ਼ਟ-ਡਾਊਨਾਂ ਤੋਂ ਛੋਟ ਦਿੱਤੀ ਗਈ ਹੈ।

ਮਿਤੀ 31 ਮਾਰਚ, 1997 ਤੱਕ ਮਿਉਂਸਿਪਲ ਕਾਰਪੋਰੇਸ਼ਨ ਦੀ ਹੱਦ ਅੰਦਰ 128 ਟਿਊਬਵੈੱਲ ਕੰਮ ਕਰ ਰਹੇ ਸਨ। ਮਿਤੀ 1 ਜੂਨ, 1997 ਤੱਕ 5 ਹੋਰ ਟਿਊਬਵੈੱਲ ਲਗਾ ਦਿੱਤੇ ਗਏ ਹਨ ਜੋ ਕਿ ਕੰਮ ਕਰ ਰਹੇ ਹਨ। ਇਸੇ ਤਰ੍ਹਾਂ 7 ਹੋਰ ਟਿਊਬਵੈੱਲ ਲਗਾ ਦਿੱਤੇ ਗਏ ਹਨ, ਉਨ੍ਹਾਂ ਨੂੰ ਬਿਜਲੀ ਦਾ ਕੁਨੈਕਸ਼ਨ ਦਿੱਤਾ ਜਾ ਰਿਹਾ ਹੈ। ਜਿਸ ਦਿਨ ਬਿਜਲੀ ਕੁਨੈਕਸ਼ਨ ਦਿੱਤਾ ਜਾਏਗਾ, 7 ਹੋਰ ਟਿਊਬਵੈੱਲ ਕੰਮ ਕਰਨਾ ਸ਼ੁਰੂ ਕਰ ਦੇਣਗੇ। ਇਸੇ ਤਰ੍ਹਾਂ 6 ਹੋਰ ਟਿਊਬਵੈੱਲਾਂ ਦਾ ਕੰਮ ਪ੍ਰਗਤੀ ਅਧੀਨ ਹੈ। ਉਪਰ ਦੱਸੇ 18 ਟਿਊਬਵੈੱਲਾਂ ਤੋਂ ਇਲਾਵਾ 15 ਐਚ. ਪੀ. ਸਬਮਰਸੀਬਲ ਪੰਪਿੰਗ ਸੈਟਸ ਵਾਲਡ ਸਿਟੀ ਦੇ ਅੰਦਰੂਨੀ ਏਰੀਏ ਵਿਚ ਲਗਾਉਣ ਦਾ ਕੰਮ ਹੱਥਾਂ ਵਿਚ ਲਿਆ ਹੈ। ਵੱਡੇ ਟਿਊਬਵੈੱਲ ਲਗਾਉਣ ਲਈ ਇਨ੍ਹਾਂ 4 ਇਲਾਕਿਆਂ/ਗਲੀਆਂ ਵਿਚ ਕੋਈ ਜਗ੍ਹਾ ਉਪਲਬਧ ਨਹੀਂ ਸੀ। ਇਸ ਲਈ ਇਨ੍ਹਾਂ 4 ਇਲਾਕਿਆਂ ਵਿਚ ਜਿਥੇ ਪਾਣੀ ਦੀ ਥੁੜ ਹੈ, ਨੂੰ ਵਧਾਉਣ ਲਈ ਐਚ. ਪੀ. ਸਬਮਰਸੀਬਲ ਪੰਪਿੰਗ ਸੈਟ ਲਗਾਏ ਜਾ ਰਹੇ ਹਨ।

ਸਾਲ 1997-98 ਵਿਚ ਸ਼ਹਿਰ ਨੂੰ ਪਾਣੀ ਦੀ ਸਪਲਾਈ ਵਧਾਉਣ ਲਈ ਹੋਰ ਵੀ ਟਿਊਬਵੈੱਲ ਲਗਾਉਣ ਦੀ ਤਜਵੀਜ਼ ਹੈ।

ਜੇਕਰ ਹਰ ਇਕ 135 ਟਿਊਬਵੈਲਾਂ ਜਿਹੜੇ ਕਿ ਹੁਣ ਕੰਮ ਕਰ ਰਹੇ ਹਨ, ਨਾਲ ਜਨਰੇਟਰ ਲਗਾਏ ਜਾਣ ਤਾਂ ਇਸ ਉਤੇ ਲਗਭਗ 6.75 ਕਰੋੜ ਰੁਪਏ ਖਰਚ ਆਵੇਗਾ। ਮਿਊਂਸਿਪਲ ਕਾਰਪੋਰੇਸ਼ਨ ਅੰਮ੍ਰਿਤਸਰ ਇਸ ਵੇਲੇ ਇਹ ਖਰਚਾ ਕਰਨ ਦੀ ਸਥਿਤੀ ਵਿਚ ਨਹੀਂ ਹੈ। ਫਿਰ ਵੀ ਗਰਮੀਆਂ ਦੇ ਸੀਜ਼ਨ ਨੂੰ ਮੁੱਖ ਰੱਖਦਿਆਂ ਹੋਇਆਂ ਸ਼ਹਿਰ ਵਿਚ ਪਾਣੀ ਦੇ ਸਪਲਾਈ ਟਾਈਮ ਨੂੰ ਸਾਢੇ ਦੱਸ ਘੰਟੇ ਤੋਂ ਵਧਾ ਕੇ ਸਾਢੇ ਬਾਰਾਂ ਘੰਟੇ ਕਰ ਦਿੱਤਾ ਗਿਆ ਹੈ ਤਾਂ ਕਿ ਪਬਲਿਕ ਦੀ ਮੰਗ ਪੂਰੀ ਹੋ ਸਕੇ।

ਮਿਊਂਸਿਪਲ ਕਾਰਪੋਰੇਸ਼ਨ ਅੰਮ੍ਰਿਤਸਰ ਨੇ ਸ਼ਹਿਰ ਵਿਚ ਗਰਮੀਆਂ ਦੌਰਾਨ ਸਾਰੀਆਂ ਆਬਾਦੀਆਂ ਨੂੰ ਪਾਣੀ ਦੇਣਾ ਯਕੀਨੀ ਬਨਾਉਣ ਲਈ ਲੋੜੀਂਦੇ ਕਦਮ ਚੁੱਕੇ ਹਨ।

श्रीमती लक्ष्मी कांता चावला सपीकर साहिब, मुझे खेद है कि जिन लोगों ने मुख्य मंत्री जी को जवाब बना कर दिया है वह ठीक नहीं है। उन लोगों को, अमृतसर के लोगों की जो पानी की मुश्किलें हैं उन के बारे में पता नहीं हैं। मेरा यह कहना है कि अमृतसर शहर में टयूबवैल 133 हैं और इस में मुझे कोई शक नहीं है। स्पीकर साहिब, मेरा प्रश्न यह है कि जब बिजली चली जाती है तो यह टयूबवैल नहीं चल सकते। जब यह टयूबवैल नहीं चलेंगे तो लोगों को पीने का पानी नहीं मिलेगा। क्या इस का सरकार के पास कोई प्रबंध है? अगर है तो यह बता दें।

दूसरी बात यह है कि बिजली केवल तूफान के दिनों में ही नहीं गई। बिजली अकसर जाती है और आगे को भी जानी है। जब एयर कंडीशनर चलते हैं तो यह एक एयर कंडीशनर 36 पंखों के बराबर बिजली कंज्यूम करता है। जब यह एयर कंडीशनर चलेंगे तो लोगों को बिजली नहीं मिलेगी। टयूबवैल भी बंद हो जायेंगे, बिजली की कटौती भी होगी। केबल पर भी बोझ पड़ेगा। टयूबवैल कोई झरना तो है नहीं। टयूबवैल तो बिजली के साथ ही चलेंगे। मेरा यह कहना है कि पंजाब सरकार के लिये सात करोड़ की कोई बात नहीं। मुख्य मन्त्री जी सात करोड़ रूपया दे दें। और सभी टयूबवैलज पर जैनरेटर सैटस लगा कर लोगों को पीने का पानी दें और बिजली दें। इस के इलावा जब मुख्य मंत्री अपना संगत दर्शन का प्रोगराम बनायें तो यह मंडी चौक में जाकर देखें ताकि इन को पता लग सके कि लोगों में हाहाकार कैसे मची हुई है।

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਕਾਫੀ ਡੀਟੇਲਡ ਇਨਫਰਮੇਸ਼ਨ ਦੇ ਦਿੱਤੀ ਹੈ। ਮੈਂ ਫਿਰ ਵੀ ਸ਼ਾਰਟਲੀ ਇਕ ਮੀਟਿੰਗ ਬੁਲਾਵਾਂਗਾ ਜਿਸ ਵਿੱਚ ਅੰਮ੍ਰਿਤਸਰ ਮਿਊਂਸਪਲ ਕਾਰਪੋਰੇਸ਼ਨ ਦੇ ਨਵੇਂ ਚੁਣੇ ਮੇਅਰ ਸਾਹਿਬ ਜਾ ਹੋਰ ਅਹੁਦੇਦਾਰਾਂ ਤੋਂ ਇਲਾਵਾ ਬੀਬੀ ਜੀ ਨੂੰ ਵੀ ਸੱਦਾਂਗਾ। ਉਸ ਮੀਟਿੰਗ ਦੇ ਵਿੱਚ ਸਰਕਾਰ ਦੇ ਨੁਮਾਇੰਦੇ ਵੀ ਹੋਣਗੇ। ਅਸੀਂ

[ਮੁੱਖ ਮੰਤਰੀ]

ਜੇਕਰ ਸਰਕਾਰ ਦੇ ਫੰਡਜ਼ ਨੂੰ ਮੁੱਖ ਰੱਖਦੇ ਹੋਏ, ਕਾਰਪੋਰੇਸ਼ਨ ਦੇ ਫੰਡਜ਼ ਨੂੰ ਮੁੱਖ ਰਖਦੇ ਹੋਏ ਕੋਈ ਹੋਰ ਬਿਹਤਰੀ ਕਰ ਸਕਦੇ ਹੋਏ ਤਾਂ ਵੱਧ ਤੋਂ ਵੱਧ ਕਰਨ ਦਾ ਯਤਨ ਜ਼ਰੂਰ ਕਰਾਂਗੇ । ਇਹ ਸਰਕਾਰ ਦਾ ਫਰਜ਼ ਹੈ ਕਿ ਹਰ ਸ਼ਹਿਰੀ ਨੂੰ ਪੀਣ ਵਾਲਾ ਪਾਣੀ ਸਾਫ-ਸੁਥਰਾ ਮਿਲੇ । (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

(ਕ੍ਰਮ ਨੰ. 5)

ਕਾਮਰੇਡ ਹਰਦੇਵ ਅਰਸ਼ੀ: ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਆਲੂਆਂ ਦਾ ਭਾਅ ਪ੍ਰਤੀ ਬੋਰੀ ਕੇਵਲ 50 ਤੋਂ 80 ਰੁਪਏ ਤੱਕ ਹੀ ਰਹਿ ਗਿਆ ਹੈ ਕਿਉਂਕਿ ਉੱਤਰ ਪ੍ਰਦੇਸ਼ ਵਿੱਚ ਹੋਈ ਵਾਧੂ ਪੈਦਾਵਾਰ ਨੇ ਪੰਜਾਬ ਦੇ ਸਾਰੇ ਕੋਲਡ ਸਟੋਰਾਂ ਨੂੰ ਭਰ ਦਿੱਤਾ ਹੈ ਤੇ ਪੰਜਾਬ ਦੇ ਉਤਪਾਦਕਾਂ ਨੂੰ ਆਲੂ ਰੱਖਣ ਲਈ ਕੋਲਡ ਸਟੋਰ ਨਹੀਂ ਮਿਲ ਰਹੇ ਤੇ ਉਪਰੋਂ ਨਵੀਂ ਫਸਲ ਆ ਰਹੀ ਹੈ ਜਿਸ ਕਾਰਣ ਸਥਿਤੀ ਹੋਰ ਵੀ ਚਿੰਤਾਜਨਕ ਬਣ ਜਾਏਗੀ ਤੇ ਆਲੂ ਉਤਪਾਦਕਾਂ ਲਈ ਮਾਰੂ ਸਾਬਤ ਹੋਵੇਗੀ । ਪੰਜਾਬ ਸਰਕਾਰ ਆਲੂ ਉਦਪਾਦਕਾ ਦੇ ਹਿੱਤਾਂ ਦੀ ਰਾਖੀ ਦੇ ਲਈ ਕੀ ਵਿਸ਼ੇਸ਼ ਪ੍ਰਬੰਧ ਕਰ ਰਹੀ ਹੈ ਕ੍ਰਿਪਾ ਕਰਕੇ ਇਸ ਬਾਰੇ ਸਬੰਧਤ ਮੰਤਰੀ ਜੀ ਹਾਊਸ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

ਖੇਤੀਬਾੜੀ ਮੰਤਰੀ (ਸਰਦਾਰ ਗੁਰਦੇਵ ਸਿੰਘ ਬਾਦਲ). ਸਪੀਕਰ ਸਾਹਿਬ, ਪੰਜਾਬ ਵਿੱਚ ਆਲੂਆਂ ਦੀ ਮੁੱਖ ਫਸਲ ਹੈ । ਸਤੰਬਰ ਤੋਂ ਜਨਵਰੀ ਤੱਕ ਇਹ ਹੁੰਦੀ ਹੈ । ਰਾਜ ਦੇ ਕੋਲਡ ਸਟੋਰ ਇਸ ਫਸਲ ਤੇ ਯੂ.ਪੀ. ਤੋਂ ਆਈ ਹੋਈ ਫਸਲ ਦੇ ਨਾਲ ਭਰੇ ਪਏ ਹਨ । ਦੂਜੀ ਫਸਲ ਜੋ ਕਿ ਜਨਵਰੀ ਤੋਂ ਮਈ ਤੱਕ ਹੁੰਦੀ ਹੈ ਉਸ ਨੂੰ ਸਟੋਰ ਕਰਨ ਦੀ ਸਮੱਸਿਆ ਆਈ ਹੈ । ਇਸ ਦੇ ਹੱਲ ਲਈ ਵਿਭਾਗ ਵੱਲੋਂ 77 ਨਵੇਂ ਕੋਲਡ ਸਟੋਰ ਬਨਾਉਣ ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਜਿਨ੍ਹਾਂ ਦੇ ਬਨਣ ਨਾਲ ਆਸ ਕੀਤੀ ਜਾਂਦੀ ਹੈ ਕਿ ਰਾਜ ਵਿੱਚ ਕੋਲਡ ਸਟੋਰਾਂ ਦੀ ਸਮਰਥਾ 6 ਲੱਖ ਤੋਂ ਵੱਧ ਕੇ ਆਉਂਦੇ ਸਾਲ ਵਿੱਚ ਸਾਢੇ 6 ਲੱਖ ਟਨ ਹੋ ਜਾਵੇਗੀ ਜਿਸ ਨਾਲ ਜਿਮੀਦਾਰਾਂ ਨੂੰ ਆਲੂ ਸਟੋਰ ਕਰਨ ਵਿੱਚ ਰਾਹਤ ਮਿਲ ਜਾਵੇਗੀ ।

ਕਾਮਰੇਡ ਹਰਦੇਵ ਅਰਸ਼ੀ. ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਮਾਨਯੋਗ ਮੰਤਰੀ ਜੀ ਨੇ ਉੱਤਰ ਦਿੰਦੇ ਹੋਏ, ਜਿਹੜੀ ਸਮੱਸਿਆ ਮੈਂ ਬਿਆਨ ਕੀਤੀ ਸੀ, ਉਸ ਨੂੰ ਪ੍ਰਵਾਨ ਕੀਤਾ ਹੈ ਕਿ ਯੂ.ਪੀ. ਵਿਚੋਂ ਬਹੁਤ ਵੱਡੀ ਮਾਤਰਾ ਵਿੱਚ ਆਲੂ ਆਉਣ ਕਾਰਨ ਪੰਜਾਬ ਰਾਜ ਦੇ ਆਲੂ ਉਤਪਾਦਕਾਂ ਵਾਸਤੇ ਸਮੱਸਿਆ ਖੜ੍ਹੀ ਹੋ ਗਈ ਹੈ । ਮੰਤਰੀ ਜੀ ਨੇ ਕਿਹਾ ਕਿ ਆਲੂਆਂ ਦੇ ਸਟੋਰੇਜ ਵਾਸਤੇ 70 ਜਾਂ 77 ਨਵੇਂ ਕੋਲਡ ਸਟੋਰ ਬਣਾ ਰਹੇ ਹਾਂ । ਸਪੀਕਰ ਸਾਹਿਬ, ਇਹ ਤਾਂ ਬੜਾ ਲੰਬਾ ਪ੍ਰੋਸੈਸ ਹੈ, ਇਹ ਕੋਈ ਏਡੀ ਛੇਤੀ ਤਾਂ ਬਣ ਨਹੀਂ ਜਾਣੇ । ਸਮੱਸਿਆ ਤਾਂ ਇਹ ਹੈ ਕਿ ਆਲੂਆਂ ਦੀ ਸਟੋਰੇਜ ਕਪੈਸਿਟੀ ਘੱਟ ਹੋ ਜਾਣ ਕਾਰਨ ਪੰਜਾਬ ਦੇ ਆਲੂ ਉਤਪਾਦਕਾਂ ਨੂੰ ਬਹੁਤ

ਘੱਟ ਰੇਟ ਮਿਲ ਰਿਹਾ ਹੈ । ਉਨ੍ਹਾਂ ਨੂੰ ਘੱਟੋ ਘੱਟ 150/- ਰੁਪਏ ਜਾਂ 200/- ਰੁਪਏ ਤੱਕ ਪ੍ਰਤੀ ਬੋਰੀ ਦਾ ਰੇਟ ਜ਼ਰੂਰ ਮਿਲਣਾ ਚਾਹੀਦਾ ਹੈ । ਉਸ ਵੇਲੇ ਤਾਂ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਜਦੋਂ ਕਹਿੰਦੇ ਹਨ ਕਿ ਇਹ ਸਰਕਾਰ ਕਿਸਾਨਾਂ ਦੀ ਹਿਤੈਸ਼ੀ ਸਰਕਾਰ ਹੈ । ਇਸ ਸਮੇਂ ਆਲੂਆਂ ਦਾ ਭਾਅ 70/- ਰੁਪਏ ਤਾਂ ਸ਼ਾਇਦ ਕਿਤੇ ਹੀ ਹੀ ਹੋਵੇ, ਉਨ੍ਹਾਂ ਨੂੰ 50-60/- ਰੁਪਏ ਨੂੰ ਬੋਰੀ ਮਜ਼ਬੂਰੀ ਵਿੱਚ ਸੁੱਟਣੀ ਪੈ ਰਹੀ ਹੈ । ਮੈਂ ਬੇਨਤੀ ਕਰਾਂਗਾ ਕਿ ਸਰਕਾਰ ਕੋਲਡ ਸਟੋਰ ਵੀ ਜਲਦੀ ਤੋਂ ਜਲਦੀ ਉਸਾਰੇ । ਕੀ ਸਰਕਾਰ ਇਹ ਵੀ ਗਰੰਟੀ ਕਰੇਗੀ ਕਿ ਐਟ-ਐਨੀ-ਕੋਸਟ ਕਿਸਾਨਾਂ ਨੂੰ 150/- ਰੁਪਏ ਪ੍ਰਤੀ ਬੋਰੀ ਆਲੂਆਂ ਦਾਂ ਭਾਅ ਦਿੱਤਾ ਜਾਵੇਗਾ ? ਚਾਹੇ ਉਹ ਨੇਫਡ ਦੇ ਰਾਹੀਂ ਇਸ ਦਾ ਪ੍ਰਬੰਧ ਕਰੇ ਜਾਂ ਸਰਕਾਰ ਆਪਣੇ ਤੌਰ ਤੇ ਕੋਈ ਪ੍ਰਬੰਧ ਕਰੇ ਪਰ ਕਿਸਾਨਾਂ ਨੂੰ 150/-ਰੁਪਏ ਪ੍ਰਤੀ ਬੋਰੀ ਆਲੂਆਂ ਦਾ ਭਾਅ ਜ਼ਰੂਰ ਦਿੱਤਾ ਜਾਵੇ ।

ਮੰਤਰੀ: ਸਪੀਕਰ ਸਾਹਿਬ, ਇਹ ਪੰਜਾਬ ਦੀ ਰਵਾਇਤ ਹੈ ਕਿ ਜਦੋਂ ਲੋਕ ਗੰਨਾ ਬੀਜਣ ਲਗਦੇ ਹਨ ਤਾਂ ਉਹ ਗੰਨਾ ਮਿੱਲਾਂ ਤੋਂ ਪੁੱਛ ਕੇ ਨਹੀਂ ਬੀਜਦੇ ਅਤੇ ਜੇ ਉਹ ਆਲੂ ਬੀਜਣ ਲਗ ਜਾਣ ਤਾਂ ਆਲੂ ਹੀ ਆਲੂ ਬੀਜੀ ਜਾਂਦੇ ਹਨ ।

ਇਸ ਕਰਕੇ ਇਹ ਸਮੱਸਿਆ ਸਾਡੇ ਸਾਹਮਣੇ ਆਈ ਹੈ । ਸਰਕਾਰ ਆਲੂ ਉਤਪਾਦਕਾਂ ਵਾਸਤੇ ਬੜੇ, ਉਪਰਾਲੇ ਕਰ ਰਹੀ ਹੈ ਕਿਉਂ ਜੋ ਇਹ ਸਰਕਾਰ ਕਿਸਾਨਾਂ ਦੀ ਹਿਤੈਸ਼ੀ ਸਰਕਾਰ ਹੈ ਅਤੇ ਸਰਦਾਰ ਬਾਦਲ ਦੀ ਸਰਕਾਰ ਤੋਂ ਵੱਡੀ ਕਿਸਾਨਾਂ ਦੀ ਹਿਤੈਸ਼ੀ ਸਰਕਾਰ ਹੋਰ ਕੋਈ ਨਹੀਂ ਹੋ ਸਕਦੀ । ਅਸੀਂ ਕਿਸਾਨਾਂ ਦਾ ਨੁਕਸਾਨ ਕਰਨ ਵਾਸਤੇ ਤਿਆਰ ਨਹੀਂ ਹਾਂ । ਅਸੀਂ ਜੋ ਉਦਮ, ਉਪਰਾਲੇ ਕਰ ਰਹੇ ਹਾਂ ਉਹ ਮੈਂ ਬਿਆਨ ਕਰ ਚੁੱਕਾਂ ਹਾਂ । ਮੇਰਾ ਖਿਆਲ ਹੈ ਕਿ ਅਰਸ਼ੀ ਜੀ ਮੇਰੇ ਨਾਲ ਸਹਿਮਤ ਹੋਣਗੇ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ ਧਿਆਨ ਦਿਵਾਊ ਮਤੇ ਤੇ ਮੈਂਬਰ ਇਕ ਸਪਲੀਮੈਂਟਰੀ ਕਰ ਸਕਦਾ ਹੈ ਅਤੇ ਮੰਤਰੀ ਜੀ ਨੂੰ ਉਸ ਦਾ ਜਵਾਬ ਦੇਣਾ ਹੁੰਦਾ ਹੈ। ਮੈਂ ਇਹ ਬੇਨਤੀ ਕੀਤੀ ਹੈ ਕਿ ਕੀ ਸਰਕਾਰ ਕੋਈ ਗਰੰਟੀ ਕਰੇਗੀ ਕਿ ਕਿਸਾਨਾਂ ਨੂੰ ਆਲੂਆਂ ਦਾ ਪ੍ਰਤੀ ਬੋਰੀ ਭਾਅ ਘੱਟੋ ਘੱਟ 150/- ਰੁਪਏ ਜ਼ਰੂਰ ਮਿਲੇ । ਚਾਹੇ ਉਸ ਦਾ ਪ੍ਰਬੰਧ ਨੇਫਡ ਰਾਹੀਂ ਕੀਤਾ ਜਾਵੇ ਅਤੇ ਜਾਂ ਸਰਕਾਰ ਆਪਣੀ ਪੱਧਰ ਤੇ ਕੋਈ ਇੰਤਜਾਮ ਕਰੇ । ਮੰਤਰੀ ਜੀ ਹਾਂ ਜਾਂ ਨਾ ਵਿਚ ਜਵਾਬ ਦੇਣ ਕਿ ਕੀ ਇਹ ਘੱਟੋ ਘੱਟ ਭਾਅ ਦੇ ਕੇ ਕਿਸਾਨਾਂ ਦੇ ਹਿੱਤ ਸੇਫ ਰੱਖੇ ਜਾਣਗੇ ? ਮੈਂ ਤਾਂ ਇਹ ਜਾਣਨਾ ਚਾਹਾਂਗਾ ।

ਮੰਤਰੀ : ਸਪੀਕਰ ਸਾਹਿਬ, ਸਰਕਾਰ ਕਣਕ ਦਾ ਭਾਅ ਮਿੱਥਦੀ ਹੈ, ਝੋਨੇ ਦਾ ਭਾਅ ਮਿੱਥਦੀ ਹੈ । ਸਰਕਾਰ ਕੋਲ ਕੋਈ ਐਸੀ ਸਕੀਮ ਨਹੀਂ ਕਿ ਆਲੂਆਂ ਜਾਂ ਹੋਰ ਅਜਿਹੀਆਂ ਫਸਲਾਂ ਦੇ ਰੇਟ ਮਿੱਥੇ ਜਾਣ । ਜਦੋਂ ਕੋਈ ਫਸਲ ਵੱਧ ਹੋ ਜਾਂਦੀ ਹੈ ਤਾਂ ਰਟ ਘੱਟ ਜਾਂਦੇ ਹਨ ਅਤੇ ਜਦੋਂ ਘੱਟ ਹੁੰਦੀ ਹੈ ਤਾਂ ਉਸ ਵਕਤ ਰੇਟ ਆਪਣੇ ਆਪ ਹੀ ਵੱਧ ਜਾਂਦੇ ਹਨ । ਇਸੇ ਕਰਕੇ ਮੈਂ ਬੇਨਤੀ ਕੀਤੀ ਹੈ ਕਿ ਫਸਲ ਦੇ ਵਧ ਹੋਣ ਕਾਰਨ ਇਹ ਘਾਟਾ ਪਿਆ ਹੈ । ਇਸ ਗੱਲ ਨੂੰ ਅਰਸ਼ੀ ਸਾਹਿਬ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਵੀ ਹੈ ।

(Serial No. 6)

Master Mohan Lal : Sir, I beg to draw the attention of the Government towards a matter of urgent public importance, namely, that the PANIAR Sugar Mill, Distt. Gurdaspur is purchasing the sugarcane at half the actual price on the basis of the laboratory test which has shown the percentage of sugar at 3%. There is a large scale resentment amongst the farmers of the area because of the loss of several thousand of rupees to the farmers for purchasing the sugarcane at half the price on flimsy grounds. Actually the percentage of sugar has been shown deliberately at 3% whereas otherwise it is 6%. The Government should make a statement on the floor of the House in this regard.

ਖੇਤੀਬਾੜੀ ਮੰਤਰੀ (ਸਰਦਾਰ ਗੁਰਦੇਵ ਸਿੰਘ ਬਾਦਲ): ਖੰਡ ਮਿੱਲ ਵਲੋਂ ਖੰਡ ਦੀ ਗਲਤ ਵਸੂਲੀ ਬਾਰੇ ਸ਼ਿਕਾਇਤ ਦੇ ਆਧਾਰ ਤੇ ਡਿਪਟੀ ਕਮਿਸ਼ਨਰ, ਗੁਰਦਾਸਪੁਰ ਵਲੋਂ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫਸਰ ਅਤੇ ਸਹਾਇਕ ਗੰਨਾ ਵਿਕਾਸ ਅਫਸਰ, ਗੁਰਦਾਸਪੁਰ ਦੀ ਡਿਊਟੀ ਲਗਾਈ ਗਈ ਸੀ ਕਿ ਉਹ ਇਸ ਬਾਰੇ ਛਾਣਬੀਣ ਕਰਨ। ਇਨ੍ਹਾਂ ਅਧਿਕਾਰੀਆਂ ਵਲੋਂ ਡਿਪਟੀ ਕਮਿਸ਼ਨਰ, ਗੁਰਦਾਸਪੁਰ ਨੂੰ ਰਿਪੋਰਟ ਦਿੱਤੀ ਗਈ ਹੈ ਕਿ ਮਿੱਲ ਵਿੱਚ ਇਨ੍ਹਾਂ ਸਾਹਮਣੇ ਜੋ ਖੰਡ ਦੀ ਰਿਕਵਰੀ ਦੀ ਟੈਸਟਿੰਗ ਕੀਤੀ ਗਈ ਉਹ ਤਿੰਨ ਤੋਂ ਚਾਰ ਪ੍ਰਤੀਸ਼ਤ ਦੇ ਦਰਮਿਆਨ ਹੈ। ਡਿਪਟੀ ਕਮਿਸ਼ਨਰ, ਗੁਰਦਾਸਪੁਰ ਵਲੋਂ ਇਸ ਬਾਰੇ ਪੂਰੀ ਰਿਪੋਰਟ ਦੀ ਉਡੀਕ ਹੈ। ਇਸ ਰਿਪੋਰਟ ਦੇ ਆਉਣ ਤੇ ਉਨ੍ਹਾਂ ਦੀ ਸਿਫਾਰਸ਼ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੇਰੀ ਕਾਲ-ਅਟੈਨਸ਼ਨ ਦਾ ਮੁੱਦਾ ਬੜਾ ਸਾਫ ਸੀ ਕਿ ਮਿੱਲ ਦੇ ਪ੍ਰਬੰਧਕਾਂ ਨੇ ਕਿਸਾਨ ਦਾ ਗੰਨਾ ਲਿਆ, ਪਹਿਲਾਂ ਉਸਦੀ ਰਿਕਵਰੀ 3% ਸ਼ੋਅ ਕੀਤੀ ਜਦ ਕਿ 6% ਬਣਦੀ ਸੀ। ਇਹ ਰਿਕਵਰੀ 3% ਸਿਰਫ ਇਸ ਕਰਕੇ ਸ਼ੋਅ ਕੀਤੀ ਗਈ ਹੈ ਕਿ ਸਰਕਾਰ ਦੀ ਖੁਸ਼-ਨੂਦੀ ਹਾਸਿਲ ਕੀਤੀ ਜਾਵੇ ਅਤੇ ਮਿੱਲ ਨੂੰ ਪ੍ਰੋਫਿਟ ਵਿਚ ਸ਼ੋਅ ਕੀਤਾ ਜਾਵੇ। ਇਸੇ ਇਰਾਦੇ ਨਾਲ ਗੰਨਾ ਜਿਹੜਾ ਤਿਆਰ ਹੈ ਉਸ ਦੀ ਰਿਕਵਰੀ ਲੈਬਾਰਟਰੀ ਵਿੱਚ ਟੈਸਟ ਕਰਕੇ 3% ਸ਼ੋਅ ਕੀਤੀ ਗਈ ਅਤੇ ਕਿਸਾਨਾਂ ਨਾਲ ਬੜਾ ਧੱਕਾ ਹੋਇਆ। ਸਪੀਕਰ ਸਾਹਿਬ, 266 ਟਰਾਲੀਆਂ ਦਾ ਸੈਂਪਲ ਇਕੋ ਦਿਨ ਹੀ ਭਰਿਆ ਦਰਸਾਇਆ ਗਿਆ ਹੈ ਜੋ ਕਿ ਸੰਭਵ ਹੀ ਨਹੀਂ ਹੈ ਅਤੇ 266 ਟਰਾਲੀਆਂ ਦੇ ਸੈਂਪਲ ਇਕ ਦਿਨ ਵਿੱਚ ਨਹੀ ਭਰੇ ਜਾ ਸਕਦੇ। ਇਹ ਅਨ-ਗਰੰਟਿਡ ਹੈ ਅਤੇ ਕਿਸਾਨਾਂ ਨਾਲ ਧੱਕਾ ਕੀਤਾ ਗਿਆ ਹੈ। ਗੰਨਾਂ ਅਜੇ ਵੀ ਖੜਾ ਹੈ ਅਤੇ ਪੀੜਿਆ ਨਹੀਂ ਗਿਆ। ਪੰਜਾਬ ਸਰਕਾਰ ਤੇ ਖੇਤੀਬਾੜੀ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨ ਕਿ ਕਦੋਂ ਤੱਕ ਇਸਦੀ ਪਿੜਾਈ ਕੀਤੀ ਜਾਵੇਗੀ ?

ਮੰਤਰੀ: ਸਪੀਕਰ ਸਾਹਿਬ ਇਹ ਜਿਹੜੀ 3-4% ਰਿਕਵਰੀ ਜੀ ਦੱਸੀ ਹੈ, ਗੰਨਾ ਮਾਲਕਾਂ ਨੇ ਕਿਸੇ ਹੋਰ ਲੈਬਾਰਟਰੀ ਵਿੱਚ ਟੈਸਟ ਕਰਵਾਇਆ ਅਤੇ ਉਥੇ ਰਿਕਵਰੀ 6% ਨਿਕਲੀ ਪਰ ਜਿਹੜੇ ਪਨਿਆਰ ਮਿੱਲ ਪ੍ਰਬੰਧਕ ਹਨ ਉਨ੍ਹਾਂ ਦਾ ਇਤਰਾਜ਼ ਇਹ ਹੈ ਕਿ ਜਦੋਂ ਗੰਨਾਂ ਮਾਲਕ ਹੋਰ ਲੈਬਾਰਟਰੀ ਵਿੱਚ ਟੈਸਟ ਕਰਾਉਣ ਗਏ ਸੀ ਤਾਂ ਉਦੋਂ ਸਾਡੀ ਮਿੱਲ ਦੇ ਕਿਸੇ ਵੀ ਬੰਦੇ ਨੂੰ ਨਾਲ ਲੈ ਕੇ ਨਹੀਂ ਗਏ, ਸਾਡੇ ਕਿਸੇ ਬੰਦੇ ਨੂੰ ਲੈ ਕੇ ਜਾਂਦੇ ਤਾਂ ਕਿ ਸਾਨੂੰ ਪਤਾ ਲਗਦਾ ਕਿ ਰਿਕਵਰੀ 6% ਨਿਕਲੀ ਹੈ ਅਤੇ ਸਾਡੀ ਵੀ ਤਸੱਲੀ ਹੋ ਜਾਂਦੀ । ਪਰ ਸਾਨੂੰ ਉਨ੍ਹਾਂ ਤੇ ਭਰੋਸਾ ਨਹੀਂ ਹੈ, ਇਸ ਲਈ ਡਿਪਟੀ ਕਮਿਸ਼ਨਰ ਦੀ ਡਿਊਟੀ ਲਗਾਈ ਗਈ ਹੈ । ਡਿਪਟੀ ਕਮਿਸ਼ਨਰ, ਗੁਰਦਾਸਪੁਰ ਛੇਤੀ ਹੀ ਆਪਣੀ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਭੇਜ ਰਿਹਾ ਹੈ । ਸਾਨੂੰ ਕਿਸਾਨਾਂ ਦਾ ਬੜਾ ਖਿਆਲ ਹੈ । ਇਹ ਸਰਕਾਰ ਅਸਲ ਵਿੱਚ ਕਿਸਾਨਾਂ ਦੇ ਹਿੱਤਾਂ ਵਾਸਤੇ ਕੋਈ ਵੀ ਇਸ ਤਰ੍ਹਾਂ ਦੀ ਚੀਜ਼ ਨੂੰ ਜਰਨ ਲਈ ਤਿਆਰ ਨਹੀਂ ਹੈ । ਜਦੋਂ ਡਿਪਟੀ ਕਮਿਸ਼ਨਰ, ਗੁਰਦਾਸਪੁਰ ਰਿਪੋਰਟ ਭੇਜ ਦੇਵੇਗਾ ਤਾਂ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾਵੇਗੀ ।

Mr. Speaker : A minister to lay papers on the Table.

PAPERS RE-LAID/LAID ON THE TABLE

Minister for Parliamentary Affairs (Shri Madan Mohan Mittal) : Sir, I beg to—

1. Re-lay on the Table the Punjab State Legal Services Authorities Rules, 1996, as required under sub-section (2) of Section 30 of the Legal Services Authorities Act, 1987.
2. Lay on the Table the Statement showing the Reasons for delay in laying the Annual Accounts and Audit Report of the Pepsu Road Transport Corporation for the year 1995-96.
3. Lay on the Table the Balance Sheets of the Punjab Backward Classes Land Development and Finance Corporation for the years 1987-88, 1988-89, 1989-90, 1990-91 and 1991-92, as required under Section 27(6) of the Punjab Backward Classes Land Development and Finance Corporation Act, 1976.
4. Lay on the Table the Bi-Annual Report of the Punjab State Council for Science and Technology for the years 1992-93 and 1993-94.
5. Lay on the Table the Statement showing the Reasons for delay in laying the Annual Report of the Punjab State Industrial Development Corporation Ltd. for the year 1995-96.
6. Lay on the Table the Audit Report on the Accounts of the Punjab Labour Welfare Board for the years 1990-91 and 1991-92.
7. Lay on the Table the Statement showing the Reasons for delay in laying the Annual Reports of the Punjab State Handloom and Textiles Development Corporation Ltd. for the years 1986-87 onwards.

[Minister for Parliamentry Affairs]

8. Lay on the Table the Annual Administration Report of the Punjab Scheduled Castes Land Development & Finance Corporation for the year 1987-88, as required under Section 27(6) of the Punjab Scheduled Castes Land Development and Finance Corporation Act, 1970.

9. Lay on the Table the 8th, 9th and 12th Annual Reports of the Punjab States Seeds Corporation Ltd. for the years 1983-84, 1984-85 and 1987-88, as required under Section 619-A of the Companies Act, 1956.

10. Lay on the Table the 23rd Annual Report of the Punjab State Tubewell Corporation Ltd. for the year 1993-94, as required under Section 619-A of the Companies Act, 1956.

RESOLUTION RE. FORMULATION OF SUCH HOUSING SCHEMES UNDER WHICH THE HOUSES BE CONSTRUCTED AND ALLOTTED TO THE ECONOMICALLY WEAKER SECTIONS OF THE SOCIETY

ਸ੍ਰੀ ਸਪੀਕਰ. ਹੁਣ ਅਸੀਂ ਰੈਜ਼ੋਲਿਊਸ਼ਨ ਲੈਂਦੇ ਹਾਂ । ਡਾਕਟਰ ਹਰਬੰਸ ਲਾਲ ਜੀ ।

ਡਾਕਟਰ ਹਰਬੰਸ ਲਾਲ (ਸਰਹਿੰਦ) : ਸਪੀਕਰ ਸਾਹਿਬ, ਤੁਸੀਂ ਮੈਨੂੰ ਮਕਾਨ ਉਸਾਰੀ ਦੀਆਂ ਸਕੀਮਾਂ ਬਣਾਉਣ ਸਬੰਧੀ ਪ੍ਰਸਤਾਵ ਰੱਖਣ ਦਾ ਮੌਕਾ ਦਿੱਤਾ ਹੈ ਜਿਸ ਲਈ ਮੈਂ ਤੁਹਾਡਾ ਧੰਨਵਾਦੀ ਹਾਂ । ਮੈਂ ਪ੍ਰਸਤਾਵ ਕਰਦਾ ਹਾਂ ਕਿ—

"ਇਹ ਸਦਨ ਰਾਜ ਸਰਕਾਰ ਨੂੰ ਮਕਾਨ ਉਸਾਰੀ ਦੀਆਂ ਅਜਿਹੀਆਂ ਸਕੀਮਾਂ ਬਣਾਉਣ ਦੀ ਸਿਫਾਰਸ਼ ਕਰਦਾ ਹੈ ਜਿਨ੍ਹਾਂ ਅਧੀਨ ਮਕਾਨ ਬਣਾਏ ਜਾਣ ਅਤੇ ਰਾਜ ਦੇ ਸ਼ਹਿਰੀ ਅਤੇ ਦਿਹਾਤੀ ਇਲਾਕਿਆਂ ਵਿੱਚ ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਨੂੰ ਅਲਾਟ ਕੀਤੇ ਜਾਣ ।"

ਸਪੀਕਰ ਸਾਹਿਬ, ਸਸਤੇ ਮਕਾਨ ਬਣਾ ਕੇ ਅਲਾਟ ਕਰਨ ਬਾਰੇ ਸਕੀਮ ਬਜਟ ਵਿੱਚ ਹੈ ਅਤੇ ਉਸ ਵਿੱਚ ਲਿਖਿਆ ਹੈ ਕਿ ਸਰਕਾਰ 10,000 ਮਕਾਨ ਪਛੜੇ ਵਰਗਾ ਦੇ ਲੋਕਾਂ ਨੂੰ ਇਸ ਸਾਲ ਦੇ ਅੰਦਰ ਬਣਾ ਕੇ ਦੇਵੇਗੀ । ਸਪੀਕਰ ਸਾਹਿਬ, ਪਛੜੇ ਵਰਗ ਵਿੱਚ ਉਹੀ ਬੰਦੇ ਆ ਸਕਦੇ ਹਨ ਜਿਨ੍ਹਾਂ ਦੀ ਆਮਦਨ 18,000/- ਰੁਪਏ ਸਲਾਨਾ ਹੈ ਜਾਂ 18,000/- ਰੁਪਏ ਤੋਂ ਘੱਟ ਹੈ ਭਾਵ ਕਿ ਉਹ ਆਰਥਿਕ ਤੌਰ ਤੇ ਕਮਜ਼ੋਰ ਹਨ । ਸਪੀਕਰ ਸਾਹਿਬ, ਪੰਜਾਬ ਦਾ ਕਿਸਾਨ ਬਹੁਤ ਗਰੀਬ ਹੈ ਔਰ ਇਸ ਤੋਂ ਇਲਾਵਾ ਬੈਕਵਰਡ ਕਲਾਸਿਜ ਜਿਨ੍ਹਾਂ ਵਿੱਚ ਧੋਬੀ, ਨਾਈ, ਛੀਂਬੇ ਸੁਨਿਆਰੇ ਆ ਜਾਂਦੇ ਹਨ, ਉਨ੍ਹਾਂ ਦੀ ਆਮਦਨ ਵੀ 18000/- ਰੁਪਏ ਸਲਾਨਾ ਨਹੀਂ ਹੁੰਦੀ । ਇਸ ਤੋਂ ਇਲਾਵਾ ਫੋਰਥ ਕਲਾਸ ਕਰਮਚਾਰੀ ਵੀ ਇਸ ਵਿਚ ਆ ਜਾਂਦੇ ਹਨ ਜਿਨ੍ਹਾਂ ਦੀ ਆਮਦਨ 18,000/- ਰੁਪਏ

ਨਹੀਂ ਹੈ। ਜੇ 18,000/- ਰੁਪਏ ਹੈ ਵੀ ਤਾ ਵੀ ਉਨ੍ਹਾਂ ਅੰਦਰ ਆਪਣਾ ਜ਼ਿੰਦਗੀ ਅੰਦਰ ਮਕਾਨ ਬਣਾਉਣ ਦੀ ਸਮਰੱਥਾ ਨਹੀਂ ਹੁੰਦੀ। ਸਪੀਕਰ ਸਾਹਿਬ, ਆਦਮੀ ਜਨਮ ਲੈਂਦਾ ਹੈ। ਵੱਡਾ ਹੁੰਦਾ ਹੈ, ਪੜ੍ਹਦਾ ਹੈ। ਫਿਰ ਉਸ ਦੀ ਸ਼ਾਦੀ ਹੁੰਦੀ ਹੈ। ਸ਼ਾਦੀ ਹੋਣ ਤੋਂ ਬਾਅਦ ਉਸ ਦੀ ਤਮੰਨਾ ਹੁੰਦੀ ਹੈ ਕਿ ਉਸ ਦਾ ਆਪਣੀ ਜ਼ਿੰਦਗੀ ਵਿਚ ਇੱਕ ਘਰ ਹੋਵੇ। ਜ਼ਿੰਦਗੀ ਦੇ ਆਖਰੀ ਪਲ ਤੱਕ ਉਸ ਦੀ ਤਮੰਨਾ ਹੁੰਦੀ ਹੈ ਕਿ ਉਸ ਦਾ ਆਪਣਾ ਘਰ ਹੋਵੇ। ਕਿਸੇ ਨੇ ਕਿਹਾ ਹੈ ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ ਜੋ ਸੁੱਖ ਆਪਣੇ ਘਰ ਵਿੱਚ ਹੈ ਉਹ ਕਿਤੇ ਵੀ ਨਹੀਂ ਹੈ। ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਕੁਝ ਬੇਨਤੀਆਂ ਕਰਨੀਆਂ ਹਨ। ਸਪੀਕਰ ਸਾਹਿਬ, ਸਰਕਾਰਾਂ ਆਉਂਦੀਆਂ ਹਨ, ਬਦਲ ਜਾਂਦੀਆਂ ਹਨ ਪਰ ਪੰਜਾਬ ਦੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਮਦਦ ਨਹੀਂ ਮਿਲਦੀ। ਉਹ ਇਹ ਨਹੀਂ ਕਹਿ ਸਕਦਾ ਕਿ ਉਸ ਨੇ ਵੀ ਆਪਣਾ ਘਰ ਬਣਾਇਆ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਹ ਜਿਹੜੇ ਸਾਡੇ ਕਲਾਸ ਫੋਰ ਕਰਮਚਾਰੀ ਹਨ, ਉਹ ਵੀ 18000/- ਰੁਪਏ ਦੀ ਸੀਮਾ ਵਿੱਚ ਨਹੀਂ ਆਉਂਦੇ। ਮੈਂ ਕਹਾਂਗਾ ਕਿ ਇਹ ਜਿਹੜੀ ਸੀਮਾ ਹੈ, ਘੱਟੋ-ਘੱਟ 50,000/- ਰੁਪਏ ਦੀ ਹੋਣੀ ਚਾਹੀਦੀ ਹੈ। ਜਿਸ ਦੀ ਘੱਟੋ-ਘੱਟ 50,000/- ਰੁਪਏ ਦੀ ਸਲਾਨਾ ਆਮਦਨ ਹੈ, ਉਸ ਨੂੰ ਇਸ ਸ਼੍ਰੇਣੀ ਵਿੱਚ ਗਿਣਿਆ ਜਾਵੇ। 50,000/- ਰੁਪਏ ਤੱਕ ਜਾਂ 50,000/- ਰੁਪਏ ਜਿਸ ਦੀ ਆਮਦਨ ਹੈ, ਉਸ ਨੂੰ ਇਸ ਸ਼੍ਰੇਣੀ ਵਿੱਚ ਗਿਣਿਆ ਜਾਵੇ ਤਾਂ ਕਿ ਉਹ ਲੋਕ ਵੀ ਆਪਣੇ ਮਕਾਨਾਂ ਵਿੱਚ ਰਹਿ ਸਕਣ। ਉਨ੍ਹਾਂ ਨੂੰ ਅਸੀਂ ਰਿਆਇਤਾਂ ਤੇ ਮਕਾਨ ਬਣਾ ਕੇ ਦੇ ਸਕੀਏ। ਹਰ ਸਰਕਾਰ ਨੂੰ ਇਹ ਚੀਜ਼ ਕਰਨੀ ਚਾਹੀਦੀ ਹੈ ਕਿਉਂਕਿ ਸਰਕਾਰਾਂ ਆਉਂਦੀਆਂ ਹਨ, ਤੇ ਚਲੀਆਂ ਜਾਂਦੀਆਂ ਹਨ, ਸਰਕਾਰਾਂ ਤਾਂ ਬਦਲਦੀਆਂ ਰਹਿੰਦੀਆਂ ਹਨ ਅਤੇ ਉਨ੍ਹਾਂ ਦੀ ਜਿਹੜੀ ਦਿਲੀ ਤਮੰਨਾ ਹੈ, ਉਹ ਦਿਲ ਵਿੱਚ ਬੁਝ ਕੇ ਰਹਿ ਜਾਂਦੀ ਹੈ। ਸੋ . . .

ਸ੍ਰੀ ਸਪੀਕਰ : ਮੈਨੂੰ ਮੋਸ਼ਨ ਮੂਵ ਕਰ ਲੈਣ ਦਿਉ। ਦੋ-ਚਾਰ ਸ਼ਬਦ ਕਹਿ ਲਏ ਠੀਕ ਹਨ, ਤੁਸੀਂ ਤਾਂ ਲੈਕਚਰ ਹੀ ਸ਼ੁਰੂ ਕਰ ਦਿੱਤਾ।

Mr. Speaker : Motion moved—

> This House recommends to the State Government to formulate such Housing Schemes under which the Houses be constructed and ~~alloted~~ allotted to the economically weaker sections of the society in Urban as well as in the Rural areas of the State"

ਹੁਣ ਸ਼ੁਰੂ ਕਰੋ।

ਡਾਕਟਰ ਹਰਬੰਸ ਲਾਲ : ਇਹ ਜਿਹੜੀ 10,000 ਮਕਾਨ ਬਣਾਉਣ ਦੀ ਸਕੀਮ ਬਜਟ ਵਿਚ ਆਈ ਹੈ, ਇਹ ਸ਼ਹਿਰਾਂ ਵਾਸਤੇ ਹੈ ਲੇਕਿਨ ਪਿੰਡਾਂ ਦੇ ਵਿੱਚ ਵੀ ਆਰਥਿਕ ਤੌਰ ਤੇ ਪਛੜੇ ਹੋਏ ਲੋਕ ਰਹਿੰਦੇ ਹਨ ਔਰ ਸ਼ਹਿਰਾਂ ਵਿੱਚ ਵੀ ਰਹਿੰਦੇ ਹਨ। ਜੇਕਰ ਅੱਜ ਅਸੀਂ ਪੰਜਾਬ ਦੇ ਵਿੱਚ ਸਰਵੇ ਕਰੀਏ ਤਾਂ ਪਤਾ ਨਹੀਂ ਕਿੰਨੇ ਲੱਖ ਲੋਕ ਅਜਿਹੇ ਹੋਣਗੇ, ਜਿਨ੍ਹਾਂ ਕੋਲ ਆਪਣੇ ਮਕਾਨ ਨਹੀਂ ਹਨ ਔਰ ਉਹ ਲੋਕ ਸਾਰੀ ਉਮਰ ਮਕਾਨ ਬਣਾਉਣ

[ਡਾਕਟਰ ਹਰਬੰਸ ਲਾਲ]

ਨੂੰ ਤਰਸਦੇ ਰਹਿੰਦੇ ਹਨ । ਮੈਂ ਬੇਨਤੀ ਕਰਦਾ ਹਾਂ ਕਿ ਇਸ ਤਰ੍ਹਾਂ ਦੀ ਸਕੀਮ ਅਖਤਿਆਰ ਕਰੀਏ, ਜਿਸ ਵਿੱਚ ਹਰ ਜਾਤੀ ਨਾਲ ਸਬੰਧਤ ਆਰਥਿਕ ਤੌਰ ਤੇ ਪਛੜੇ ਲੋਕਾਂ ਨੂੰ, ਗਰੀਬਾਂ ਨੂੰ ਸਸਤੀਆਂ ਕਿਸ਼ਤਾਂ ਤੇ ਮਕਾਨ ਮਿਲ ਸਕਣ ਅਤੇ ਉਹ ਆਪਣੇ ਮਕਾਨਾਂ ਵਿੱਚ ਰਹਿ ਸਕਣ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਬਜਟ ਵਿੱਚ ਜਿਹੜੇ 10,000 ਮਕਾਨ ਰੱਖੇ ਹਨ, ਉਨ੍ਹਾਂ ਲਈ ਜਿਹੜੀ ਹੱਦ ਹੈ, ਇਹ ਹੱਦ ਵੀ ਵਧਾਈ ਜਾਵੇ । ਲੱਖ ਜਾਂ ਦੋ ਲੱਖ ਜਾਂ ਇਸ ਤੋਂ ਵੀ ਵੱਧ, ਜਿੰਨੀ ਵੀ ਸਮਰੱਥਾ ਹੋਵੇ ਮਕਾਨ ਬਣਾਉਣੇ ਚਾਹੀਦੇ ਹਨ ਕਿਉਂਕਿ ਮਕਾਨ ਬਣਾਉਣੇ ਬਹੁਤ ਵੱਡੀ ਗੱਲ ਹੈ । ਜੇਕਰ ਸਰਕਾਰ ਇਸ ਨੂੰ ਧਿਆਨ ਵਿੱਚ ਰੱਖੇ ਤਾਂ ਸਾਰੇ ਵਰਗਾਂ ਦੇ ਲੋਕ ਖੁਸ਼ ਹੋਣਗੇ ਔਰ ਉਹ ਆਪਣੇ ਮਕਾਨ ਦੇ ਵਿੱਚ ਜਾ ਕੇ ਆਨੰਦ ਮਾਨਣਗੇ । ਕਈ ਸਾਡੇ ਭਰਾ ਬਾਹਰਲੇ ਮੁਲਕਾਂ ਵਿੱਚ ਗਏ ਹਨ ਔਰ ਉਹ ਆਪਣੇ ਮੁਲਕ ਵਿੱਚ ਆਉਂਦੇ ਹਨ । ਉਹ ਆਪਣੇ ਮੁਲਕ ਵਿੱਚ ਇਸ ਕਰਕੇ ਆਉਂਦੇ ਹਨ ਕਿ ਆਪਣੇ ਮਕਾਨ ਨੂੰ ਦੇਖਣ ਕਿਉਂਕਿ ਉਨ੍ਹਾਂ ਨੂੰ ਆਪਣੇ ਮਕਾਨ ਨਾਲ ਲਗਾਉ ਹੁੰਦਾ ਹੈ । ਇਸ ਕਰਕੇ ਇਹ ਬੜਾ ਜ਼ਰੂਰੀ ਮਸਲਾ ਹੈ ।

*10.54 ਵਜੇ ਪੂਰਵ ਦੁਪਹਿਰ

(ਇਸ ਸਮੇਂ* ਸਰਦਾਰ ਸੁਜਾਨ ਸਿੰਘ, ਮੈਂਬਰ ਪੈਨਲ ਆਫ਼ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਮੈਂ ਸ਼ਹਿਰੀ ਵਿਕਾਸ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਹ ਸ਼ਹਿਰਾਂ ਦੇ ਅੰਦਰ ਬਹੁਤ ਸਾਰੀਆਂ ਮਿਲਖਾਂ ਸਥਾਪਤ ਕਰਨ ਔਰ ਜਿਹੜੀਆਂ ਇਹ ਮਿਲਖਾਂ ਸਥਾਪਤ ਕਰਨ, ਉਨ੍ਹਾਂ ਦੇ ਵਿੱਚ ਘੱਟੋ-ਘੱਟ 50% ਮਕਾਨ ਜਿਹੜੇ ਹਨ, ਉਹ ਪਛੜੇ ਵਰਗ ਦੇ ਲੋਕਾਂ ਵਾਸਤੇ ਪਹਿਲ ਦੇ ਆਧਾਰ ਤੇ ਰੱਖ ਕੇ ਉਨ੍ਹਾਂ ਲੋਕਾਂ ਨੂੰ ਸਸਤੇ ਰੇਟ ਤੇ ਮਕਾਨ ਬਣਾ ਕੇ ਦਿੱਤੇ ਜਾਣ । ਇਸ ਗੱਲ ਦੀ ਮੈਂ ਸ਼ਹਿਰੀ ਵਿਕਾਸ ਮੰਤਰੀ ਜੀ ਨੂੰ ਸਿਫਾਰਸ਼ ਕਰਦਾ ਹਾਂ । ਔਰ ਇਸ ਦੇ ਨਾਲ ਨਾਲ ਸਪੀਕਰ ਸਾਹਿਬ, ਜੋ ਸਾਡੇ ਰਿਟਾਇਰ ਹੋਏ ਕਰਮਚਾਰੀ ਹਨ, ਉਹ ਵੀ ਵਿਚਾਰੇ ਸਾਰੀ ਉਮਰ ਨੌਕਰੀ ਕਰਦੇ ਰਹਿੰਦੇ ਹਨ ਔਰ ਜਦੋਂ ਉਹ ਰਿਟਾਇਰ ਹੁੰਦੇ ਹਨ, ਉਸ ਵੇਲੇ ਉਨ੍ਹਾਂ ਕੋਲ ਆਪਣਾ ਕੋਈ ਮਕਾਨ ਨਹੀਂ ਹੁੰਦਾ । ਜਿਨ੍ਹਾਂ ਨੂੰ ਅਸੀਂ ਸੀਨੀਅਰ ਸਿਟੀਜ਼ਨ ਵੀ ਕਹਿੰਦੇ ਹਾਂ । ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਨ੍ਹਾਂ ਰਿਟਾਇਰ ਹੋਏ ਕਰਮਚਾਰੀਆਂ ਨੂੰ ਰਿਟਾਇਰ ਹੋਣ ਤੋਂ ਬਾਅਦ ਰਿਹਾਇਸ਼ੀ ਪਲਾਟ ਦਿੱਤਾ ਜਾਵੇ ਔਰ ਉਨ੍ਹਾਂ ਨੂੰ ਆਸਾਨ ਕਿਸ਼ਤਾਂ ਤੇ ਮਕਾਨ ਬਣਾ ਕੇ ਦਿੱਤੇ ਜਾਣ ਜਾਂ ਬਹੁਤ ਘੱਟ ਵਿਆਜ ਦੀਆਂ ਦਰਾਂ ਤੇ ਉਨ੍ਹਾਂ ਨੂੰ ਲੋਨ ਦਿੱਤਾ ਜਾਵੇ ਤਾਂ ਕਿ ਉਹ ਆਪਣੇ ਮਕਾਨਾਂ ਵਿੱਚ ਆਪਣੀ ਜ਼ਿੰਦਗੀ ਬਸਰ ਕਰ ਸਕਣ । ਇਸੇ ਤਰ੍ਹਾਂ ਜਿਹੜੇ ਸਾਡੇ ਪੈਨਸ਼ਨਰਜ਼ ਹਨ, ਉਨ੍ਹਾਂ ਨੂੰ ਵੀ ਮਕਾਨ ਬਣਾਉਣ ਲਈ ਸਸਤੀਆਂ ਵਿਆਜ ਦੀਆਂ ਦਰਾਂ ਤੇ ਲੋਨ ਦਿੱਤਾ ਜਾਵੇ, ਤਾਂ ਕਿ ਉਹ ਆਪਣੇ ਮਕਾਨ ਉਸਾਰ ਸਕਣ ਕਿਉਂਕਿ ਇਨਸਾਨ ਲਈ ਕੁੱਲੀ, ਗੁੱਲੀ ਤੇ ਜੁੱਲੀ ਬੜੀ ਜ਼ਰੂਰੀ ਹੈ। ਔਰ ਇਸ ਦੇ ਵਿੱਚ ਜੋ ਖਾਸ ਕਰਕੇ ਸਾਡੇ ਫੋਰਥ ਕਲਾਸ ਦੇ ਮੁਲਾਜ਼ਮ ਹਨ, ਉਨ੍ਹਾਂ ਨੂੰ ਇਹ ਕਰਜ਼ਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਪੂਰਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ । ਕਿਉਂਕਿ ਮੈਂ ਦੇਖਿਆ ਹੈ ਕਿ ਵਪਾਰੀ ਲੋਕ ਜਾਂ ਹੋਰ ਵਰਗ ਦੇ ਲੋਕ ਜਿਨ੍ਹਾਂ ਕੋਲ ਆਪਣੇ ਪ੍ਰਾਈਵੇਟ ਕਿੱਤੇ ਹਨ ਉਹ ਤਾਂ 18,000/- ਰੁਪਏ ਦਾ ਸਰਟੀਫਿਕੇਟ

ਬਣਵਾ ਲੈਂਦਾ ਹੈ ਪਰ ਜਿਹੜਾ ਵਿਚਾਰਾ ਇਕ ਸੇਵਾਦਾਰ ਹੈ ਉਹ 18,000/- ਰੁਪਏ ਦਾ ਸਰਟੀਫਿਕੇਟ ਨਹੀਂ ਬਣਵਾ ਸਕਦਾ । ਸੋ, ਸਪੀਕਰ ਸਾਹਿਬ, ਇਨ੍ਹਾਂ ਗੱਲਾਂ ਤੋਂ ਉਪਰ ਉਠ ਕੇ ਮਕਾਨ ਦੇਣ ਲਈ 50,000/- ਰੁਪਏ ਦੀ ਸੀਮਾ ਹੋਣੀ ਚਾਹੀਦੀ ਹੈ ਤਾਂ ਕਿ ਉਹ ਵਿਚਾਰੇ ਜਿਹੜੇ ਪਛੜੇ ਵਰਗ ਨਾਲ ਸਬਧਤ ਲੋਕ ਹਨ, ਉਹ ਵੀ ਆਪਣੇ ਮਕਾਨਾਂ ਵਿੱਚ ਰਹਿ ਸਕਣ । ਮੈਂ ਹਾਊਸ ਨੂੰ ਤੇ ਸਰਕਾਰ ਨੂੰ ਇਹ ਵੀ ਬੇਨਤੀ ਕਰਦਾ ਹਾਂ ਕਿ ਜਿਹੜੇ ਮਾੜੇ ਭਰਾ ਜੀਵਨ ਦੇ ਵਿੱਚ ਰੇਹੜੀ ਜਾਂ ਰਿਕਸ਼ਾ ਚਲਾਉਂਦੇ ਹਨ, ਚਾਹੇ ਮਜ਼ਦੂਰੀ ਕਰਦੇ ਹਨ, ਉਹ ਇਤਨਾ ਪੈਸਾ ਨਹੀਂ ਜੋੜ ਸਕਦੇ ਜਿਸ ਨਾਲ ਉਹ ਮਕਾਨ ਬਣਾ ਸਕਣ । ਇਕ ਲੱਖ ਜਾਂ ਦੋ ਲੱਖ ਰੁਪਿਆ ਉਹ ਸਾਰੀ ਜ਼ਿੰਦਗੀ ਵਿੱਚ ਵੀ ਨਹੀਂ ਜੋੜ ਸਕਦੇ । ਅਸੀਂ ਉਨ੍ਹਾਂ ਬਾਰੇ ਨਹੀਂ ਸੋਚਦੇ ਕਿ ਉਹ ਕਿਸ ਤਰ੍ਹਾਂ ਰਹਿੰਦੇ ਹਨ । ਆਪਣੇ ਘਰ ਵਿੱਚ ਹੀ ਆਨੰਦ ਆਉਂਦਾ ਹੈ ਚਾਹੇ ਉਹ ਛੋਟਾ ਹੋਵੇ ਜਾਂ ਵੱਡਾ । ਇਸ ਤਰ੍ਹਾਂ ਜੇਕਰ ਅਸੀਂ ਪਛੜੇ ਵਰਗ ਦੇ ਲੋਕਾਂ ਨੂੰ ਇਕ ਕਮਰਾ ਤੇ ਇਕ ਰਸੋਈ ਬਣਾ ਕੇ ਦੇਵਾਂਗੇ ਤਾਂ ਇਸ ਨਾਲ ਪੰਜਾਬ ਹੋਰ ਉੱਨਤੀ ਕਰੇਗਾ । ਅੱਜ ਜੋ ਹਾਊਸ ਦੇ ਵਿੱਚ ਪ੍ਰਸਤਾਵ ਰੱਖਿਆ ਹੈ ਉਸਦੇ ਰਾਹੀਂ ਮੈਂ ਮਕਾਨ ਉਸਾਰੀ ਮੰਤਰੀ ਅਤੇ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਨ੍ਹਾਂ ਸਾਰੀਆਂ ਗੱਲਾਂ ਨੂੰ ਘੋਖ ਕੇ ਚਾਹੇ ਉਹ ਪੁੱਡਾ ਹੈ ਚਾਹੇ ਇੰਪਰੂਵਮੈਂਟ ਟਰੱਸਟ ਹੈ ਜਾਂ ਕੋਈ ਹੋਰ ਅਥਾਰਿਟੀ ਹੈ, ਉਨ੍ਹਾਂ ਰਾਹੀਂ ਇਹ ਮਕਾਨ ਬਣਵਾ ਕੇ ਦੇਣ । ਜਿਸ ਤਰ੍ਹਾਂ ਸ਼ਡਿਊਲਡ ਕਾਸਟ ਲੋਕਾਂ ਲਈ ਮਕਾਨ ਬਣਾਉਣ ਵਾਸਤੇ 50,000/- ਰੁਪਏ ਦੀ ਰਕਮ ਰੱਖੀ ਗਈ ਹੈ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਵੇਲੇ 7,500/- ਰੁਪਏ ਤੇ ਫਿਰ 15,000/- ਰੁਪਏ ਦੀ ਰਕਮ ਇਸ ਕੰਮ ਵਾਸਤੇ ਰੱਖੀ ਗਈ ਸੀ । ਹੁਣ ਇਸ ਸਰਕਾਰ ਵਲੋਂ ਜਿਹੜੀ 50,000/- ਰੁਪਏ ਦੀ ਰਕਮ ਰੱਖੀ ਗਈ ਹੈ, ਇਹ ਬੜੀ ਖੁਸ਼ੀ ਦੀ ਗੱਲ ਹੈ । ਮੈਂ ਕਹਾਂਗਾ ਕਿ ਮਕਾਨ ਬਣਾਉਣ ਦਾ ਕੋਈ ਕਰਾਈਟੇਰੀਆ ਹੋਣਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਸਾਰੇ ਲੋਕ ਖੁਸ਼ ਹੋ ਸਕਣ । ਜਿਸ ਤਰੀਕੇ ਨਾਲ ਇਹ ਮਕਾਨ ਵੰਡਦੇ ਹਨ, ਉਸ ਬਾਰੇ ਮੈਂ ਸੁਝਾਓ ਦਿੰਦਾ ਹਾਂ ਕਿ ਜਿਸ ਤਰ੍ਹਾਂ ਫੋਕਲ ਪੁਆਇੰਟ ਹਨ ਉਨ੍ਹਾਂ ਦੇ ਵਿੱਚ ਇਹ ਮਕਾਨ ਬਣਾ ਕੇ ਲੋਕਾਂ ਨੂੰ ਵੰਡੇ ਜਾਣ ਜਾਂ ਫਿਰ ਇਕ ਪਿੰਡ ਦੇ ਮਕਾਨ ਬਣਾਉਣੇ ਸ਼ੁਰੂ ਕਰਨੇ ਚਾਹੀਦੇ ਹਨ ਤੇ ਜਦੋਂ ਤੱਕ ਉਸ ਪਿੰਡ ਦੇ ਪੂਰੇ ਲੋਕਾਂ ਨੂੰ ਜੋ ਇਸ ਕਰਾਈਟੇਰੀਏ ਨੂੰ ਪੂਰਾ ਕਰਦੇ ਹਨ, ਉਨ੍ਹਾਂ ਨੂੰ ਮਕਾਨ ਨਹੀਂ ਮਿਲ ਜਾਂਦੇ ਉਦੋਂ ਤਕ ਦੂਜੇ ਪਿੰਡ ਵਿਚ ਮਕਾਨ ਬਣਾਉਣੇ ਸ਼ੁਰੂ ਨਹੀਂ ਕਰਨੇ ਚਾਹੀਦੇ । ਇਹ ਨਾ ਹੋਵੇ ਕਿ ਇਕ ਪਿੰਡ ਵਿਚ 25 ਬੰਦਿਆਂ ਨੂੰ ਮਕਾਨ ਨਹੀਂ ਮਿਲੇ ਅਤੇ ਦੂਜੇ ਪਿੰਡ ਵਿਚ ਵੀ ਇਸੇ ਤਰ੍ਹਾਂ ਹੋਵੇ ਤਾਂ ਇਹ ਠੀਕ ਨਹੀਂ ਹੋਵੇਗਾ । ਪਹਿਲਾਂ ਇਕ ਪਿੰਡ ਵਿਚ ਪੂਰੇ ਮਕਾਨ ਬਣਾਉਣੇ ਚਾਹੀਦੇ ਹਨ ਫਿਰ ਹੀ ਅੱਗੇ ਜਾਣਾ ਚਾਹੀਦਾ ਹੈ । ਇਹ ਸਕੀਮ ਪਹਿਲ ਦੇ ਆਧਾਰ ਤੇ ਲਾਗੂ ਕਰਨੀ ਚਾਹੀਦੀ ਹੈ ਔਰ ਖਾਸ ਕਰਕੇ ਸ਼ਹਿਰਾਂ ਦੇ ਵਿਚ ਜਿਹੜੇ ਪਛੜੇ ਵਰਗ ਦੇ ਲੋਕ ਹਨ ਉਨ੍ਹਾਂ ਨੂੰ ਵੀ ਇਹ ਮਕਾਨ ਬਣਾ ਕੇ ਦਿੱਤੇ ਜਾਣੇ ਚਾਹੀਦੇ ਹਨ । ਮੈਂ ਕਹਾਂਗਾ ਕਿ ਜੇਕਰ ਪੰਜਾਬ ਸਰਕਾਰ ਪਹਿਲ ਦੇ ਆਧਾਰ ਤੇ ਇਹ ਕੰਮ ਕਰਾਏਗੀ ਤਾਂ ਬੜੀ ਅਛੀ ਗੱਲ ਹੋਵੇਗੀ ਕਿਉਂਕਿ ਇਸ ਨਾਲ ਗਰੀਬ ਲੋਕ ਖੁਸ਼ ਹੋਣਗੇ ਤੇ ਗਰੀਬ ਦੀ ਦੁਆ, ਰਬ ਦੀ ਦੁਆ ਹੁੰਦੀ ਹੈ ।

[ਡਾਕਟਰ ਹਰਬੰਸ ਲਾਲ]

ਗਰੀਬ ਦੀ ਆਵਾਜ਼ ਰੱਬ ਦੀ ਆਵਾਜ਼ ਹੁੰਦੀ ਹੈ । ਇਸ ਤਰ੍ਹਾਂ ਜੇਕਰ ਗਰੀਬ ਵਿਅਕਤੀ ਨੂੰ ਖੁਸ਼ ਕਰ ਲਿਆ ਤਾਂ ਸਮਝੋ ਕਿ ਰੱਬ ਖੁਸ਼ ਹੋ ਗਿਆ । ਇਸ ਤਰ੍ਹਾਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਦੇਖ ਕੇ ਤੇ ਇਨ੍ਹਾਂ ਗੱਲਾਂ ਤੋਂ ਉਪਰ ਉਠ ਕੇ ਜਿਹੜਾ 50,000/- ਰੁਪਿਆ ਅਨੁਸੂਚਿਤ ਜਾਤੀ ਦੇ ਲੋਕਾਂ ਲਈ ਤੇ 18,000/- ਰੁਪਿਆ ਗਰੀਬ ਵਰਗ ਦੇ ਪਛੜੇ ਵਰਗ ਦੇ ਲੋਕਾਂ ਲਈ ਰੱਖਿਆ ਗਿਆ ਹੈ ਇਸ ਵਿਚ ਕਾਫੀ ਫਰਕ ਹੈ । ਇਹ ਪਛੜੇ ਵਰਗ ਦੇ ਲੋਕਾਂ ਲਈ ਬਹੁਤ ਘੱਟ ਹੈ । ਇਸ ਦੀ ਸੀਮਾ ਵਧਾਈ ਜਾਣੀ ਚਾਹੀਦੀ ਹੈ । ਜੇ ਕਾਗਜ਼ਾਂ ਵਿਚ ਵੇਖੀਏ ਤਾਂ ਕਲਾਸ-4 ਦੀ ਤਨਖਾਹ ਕਾਗਜ਼ਾਂ ਵਿਚ 18,000/- ਰੁਪਏ ਤੋਂ ਵੱਧ ਨਿਕਲ ਆਏਗੀ । ਜਿਸ ਕਾਰਨ ਉਹ ਇਸ ਸਕੀਮ ਦਾ ਫਾਇਦਾ ਨਹੀਂ ਲੈ ਸਕਦੇ । ਇਹ ਰਕਮ ਵਧਾ ਕੇ 50,000/- ਰੁਪਿਆ ਕਰਨੀ ਚਾਹੀਦੀ ਹੈ । ਬਜਟ ਤਾਂ ਹਾਲੇ ਰੱਖਿਆ ਹੀ ਹੈ, ਉਸ ਤੇ ਬਹਿਸ ਹੋਣੀ ਹੈ । ਉਸ ਵਿਚ ਮੈਂ ਕਹਾਂਗਾ ਕਿ ਘੱਟੋ ਘੱਟ ਇਕ ਲੱਖ ਮਕਾਨ ਦਿੱਤੇ ਜਾਣੇ ਚਾਹੀਦੇ ਹਨ ਤਾਂ ਕਿ ਵੱਧ ਤੋਂ ਵੱਧ ਲੋਕਾਂ ਨੂੰ ਮਕਾਨ ਮਿਲ ਸਕਣ ਅਤੇ ਗਰੀਬ ਲੋਕ ਇਸ ਸਕੀਮ ਦਾ ਫਾਇਦਾ ਮਾਣ ਸਕਣ ।

ਦੂਸਰਾ, ਇਸ ਵਿਚ ਗਰੀਬ ਵਰਗ ਦੇ ਲੋਕਾਂ ਨੂੰ ਚਾਹੇ ਉਹ ਪਿੰਡਾਂ ਵਿਚ ਜਾਂ ਸ਼ਹਿਰਾਂ ਵਿਚ ਰਹਿੰਦੇ ਹਨ, ਪਰਾਇਰਟੀ ਮਿਲਣੀ ਚਾਹੀਦੀ ਹੈ । ਜਾਤਾਂ ਦੇ ਆਧਾਰ ਤੇ ਵੰਡ ਨਾ ਕਰਕੇ ਆਰਥਿਕ ਤੌਰ ਤੇ ਪਛੜੇ ਲੋਕਾਂ ਨੂੰ ਪਰਾਇਰਟੀ ਮਿਲਣੀ ਚਾਹੀਦੀ ਹੈ ਤਾਂ ਕਿ ਇਨਸਾਨੀਅਤ, ਸਾਂਝੀਵਾਲਤਾ ਵਾਸਤੇ ਇਹ ਸਕੀਮ ਲਾਹੇਵੰਦ ਹੋ ਸਕੇ । ਇਹ ਸਾਰੀਆਂ ਗੱਲਾਂ ਅਤੇ ਇਹ ਪ੍ਰਸਤਾਵ ਮੈਂ ਸਰਕਾਰ ਦੇ ਧਿਆਨ ਵਿਚ ਲਿਆਉਂਦਾ ਹਾਂ ਅਤੇ ਮੈਨੂੰ ਆਸ ਹੈ ਕਿ ਅਸੀਂ ਸਾਰੇ ਰਲ ਕੇ ਪੰਜਾਬ ਦੇ ਲੋਕਾਂ ਨੂੰ ਇਕ ਅੱਛਾ ਜੀਵਨ ਦੇਵਾਂਗੇ ਇਨ੍ਹਾਂ ਗੱਲਾਂ ਤੇ ਪੂਰਾ ਉਤਰਾਂਗੇ ਤਾਂ ਕਿ ਕੋਈ ਵੀ ਇਨਸਾਨ ਅਜਿਹਾ ਨਹੀਂ ਹੋਵੇਗਾ ਜਿਹੜਾ ਆਪਣੀ ਛੱਤ ਥੱਲੇ ਨਹੀਂ ਸੌਂਦਾ ਹੋਵੇਗਾ । ਪੰਜਾਬ ਦੇ ਸਾਰੇ ਲੋਕ ਆਪਣੀ ਛੱਤ ਹੇਠ ਸੌਣਗੇ । ਜਿਸ ਤਰ੍ਹਾਂ ਇਕ ਵਾਰੀ ਫਰੀਦ ਜੀ ਆਪਣੇ ਧਾਰਮਿਕ ਪ੍ਰਚਾਰ ਲਈ ਘੁੰਮਦੇ ਫਿਰਦੇ ਇਕ ਭਠਿਆਰਨ ਕੋਲ ਚਲੇ ਗਏ । ਜਦੋਂ ਉਹ ਉਸ ਕੋਲ ਕਾਫੀ ਦੇਰ ਬੈਠੇ ਰਹੇ ਤਾਂ ਭਠਿਆਰਨ ਨੇ ਕਿਹਾ ਕਿ ਕੀ ਗੱਲ ਹੈ, ਇਥੇ ਹੀ ਬੈਠੇ ਹੋ । ਤਾਂ ਫਰੀਦ ਜੀ ਨੇ ਕਿਹਾ ਕਿ ਮੈਂ ਤਾਂ ਵੈਸੇ ਹੀ ਬੈਠਾ ਹਾਂ । ਉਸ ਔਰਤ ਨੇ ਕਿਹਾ ਕਿ ਬਾਬਾ ਤੇਰਾ ਕੋਈ ਮਕਾਨ ਜਾਂ ਟਿਕਾਣਾ ਨਹੀਂ । ਉਦੋਂ ਫਰੀਦ ਜੀ ਨੇ ਕਿਹਾ ਕਿ ਹਰ ਇਨਸਾਨ ਦਾ ਜੀਵਨ ਵਿਚ ਇਕ ਆਪਣਾ ਮਕਾਨ ਹੋਣਾ ਚਾਹੀਦਾ ਹੈ । ਸੋ, ਇਸ ਕਰਕੇ ਮੈਂ ਇਸ ਹਾਊਸ ਦੇ ਰਾਹੀਂ ਸਰਕਾਰ ਨੂੰ ਸਿਫਾਰਸ਼ ਕਰਦਾ ਹਾਂ ਕਿ ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਇਸ ਪ੍ਰਸਤਾਵ ਨੂੰ ਪਾਸ ਕੀਤਾ ਜਾਵੇ । ਗਰੀਬਾਂ ਨੂੰ ਮਕਾਨ ਅਲਾਟ ਕੀਤੇ ਜਾਣ ਭਾਵੇਂ ਉਹ ਗੈਰ ਸਰਕਾਰੀ ਕਰਮਚਾਰੀ ਹੈ, ਸਰਕਾਰੀ ਕਰਮਚਾਰੀ ਹੈ, ਰਿਕਸ਼ਾ ਵਾਲਾ ਹੈ ਜਾਂ ਦਿਹਾੜੀਦਾਰ ਮਜ਼ਦੂਰ ਹੈ, ਜੋ ਵੀ ਆਰਥਿਕ ਤੌਰ ਤੇ ਪਛੜੇ ਹੋਏ ਹਨ । ਇਸ ਦੇ ਨਾਲ ਹੀ ਮੈਂ ਸਪੀਕਰ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਪ੍ਰਸਤਾਵ ਨੂੰ ਰੱਖਣ ਦਾ ਮੌਕਾ ਦਿੱਤਾ । ਇਸ ਬਾਰੇ ਧੰਨਵਾਦ ਕਰਦਾ ਹੋਇਆ ਮੈਂ ਆਪਣਾ ਸਥਾਨ ਲੈਂਦਾ ਹਾਂ । ਜੈ ਹਿੰਦ

RESOLUTION RE. FORMULATION OF SUCH HOUSING SCHEMES UNDER WHICH THE HOUSES BE CONSTRUCTED AND ALLOTTED TO THE ECONOMICALLY WEAKER SECTIONS OF THE SOCIETY

ਸਰਦਾਰ ਮਹੇਸ਼ ਇੰਦਰ ਸਿਘ (ਲੁਧਿਆਣਾ ਪੱਛਮੀ) : ਚੇਅਰਮੈਨ ਸਾਹਿਬ, ਇਹ ਜੋ ਡਾਕਟਰ ਹਰਬੰਸ ਲਾਲ ਨੇ ਗਰੀਬ ਅਤੇ ਕਮਜ਼ੋਰ ਵਰਗਾਂ ਦੇ ਲੋਕਾਂ ਨੂੰ ਸ਼ਹਿਰ ਅਤੇ ਪਿੰਡਾਂ ਵਿਚ ਮਕਾਨ ਅਲਾਟ ਕਰਨ ਬਾਰੇ ਪ੍ਰਸਤਾਵ ਲਿਆਂਦਾ ਹੈ, ਮੈਂ ਇਸ ਪ੍ਰਸਤਾਵ ਬਾਰੇ ਬੋਲਣ ਲਈ ਖੜ੍ਹਾ ਹੋਇਆ ਹਾਂ । ਡਾਕਟਰ ਹਰਬੰਸ ਲਾਲ ਇਸ ਗੱਲ ਤੋਂ ਪੂਰੀ ਤਰ੍ਹਾਂ ਜਾਣੂੰ ਨਹੀਂ ਹਨ ਕਿ ਉਹ ਕਿਸ ਲੈਵਲ ਤੀਕ ਅਤੇ ਕੀ ਕਰਾਇਟੇਰੀਆ ਬਣਾ ਕੇ ਕਮਜ਼ੋਰ ਵਰਗ ਨੂੰ ਡੀਫਾਈਨ ਕਰਨਾ ਚਾਹੁੰਦੇ ਹਨ । ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਜ਼ਿਕਰ ਕੀਤਾ ਹੈ ਕਲਾਸ-4 ਦੇ ਮੁਲਾਜ਼ਮਾਂ ਦਾ, ਪਰ ਇਹ ਸਿਰਫ ਪੁਲੀਟੀਕਲ ਸਿੱਖੀ ਗੇਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਉਨ੍ਹਾਂ ਨੂੰ ਨਹੀਂ ਪਤਾ ਕਿ ਜੋ ਆਰਥਿਕ ਤੌਰ ਤੇ ਪਛੜੇ ਹੋਏ ਹਨ, ਉਨ੍ਹਾਂ ਵਾਸਤੇ ਸਰਕਾਰ ਨੇ ਪਹਿਲਾਂ ਹੀ ਇਕ ਸੀਮਾ ਨਿਰਧਾਰਤ ਕੀਤੀ ਹੋਈ ਹੈ ਜੋ ਕਿ 18,000/- ਰੁਪਏ ਸਾਲਾਨਾ ਇਨਕਮ ਤੋਂ ਘੱਟ ਦੀ ਹੈ । ਜਦ ਕਿ ਦਰਾਂ ਲਾਗੂ ਹੋਣ ਤੋਂ ਬਾਅਦ ਜੋ ਵੀ ਕਲਾਸ-4 ਦੇ ਮੁਲਾਜ਼ਮ ਹਨ, ਚਾਹੇ ਉਹ ਸਰਕਾਰੀ ਮੁਲਾਜ਼ਮ ਹਨ ਜਾਂ ਗੈਰ ਸਰਕਾਰੀ ਮੁਲਾਜ਼ਮ ਹਨ, ਉਨ੍ਹਾਂ ਦੀ ਤਨਖਾਹ ਸ਼ੁਰੂ ਵਿਚ ਹੀ ਤਕਰੀਬਨ 36,000/- ਰੁਪਏ ਸਾਲਾਨਾ ਤੋਂ ਉਪਰ ਹੋ ਜਾਂਦੀ ਹੈ । ਇਹ ਮਤਾ ਬਹੁਤ ਹੀ ਸੋਚੀ, ਸਮਝੀ ਅਤੇ ਸੁਲਝੀ ਹੋਈ ਵਿਉਂਤ ਨਾਲ ਲਿਆਂਦਾ ਗਿਆ ਹੈ । ਇਸ ਵਿਚ ਜੋ ਵੀ ਭਾਵਨਾ ਨਜ਼ਰ ਆਉਂਦੀ ਹੈ, ਉਹ ਸਿਰਫ ਸਿਆਸੀ ਮਕਸਦ ਵਾਲੀ ਹੀ ਮਹਿਸੂਸ ਹੁੰਦੀ ਹੈ । ਗੌਰਮਿੰਟ ਦੀਆਂ ਅਲੱਗ ਅਲੱਗ ਏਜੰਸੀਆਂ ਨੇ ਅਤੇ ਹੋਰ ਅਦਾਰਿਆਂ ਨੇ ਸਾਰਿਆਂ ਵਰਗਾਂ ਦੇ ਲਈ ਮਕਾਨਾਂ ਦੀ ਉਸਾਰੀ ਕੀਤੀ ਹੈ ਅਤੇ ਮਕਾਨ ਲਾਟਰੀ ਰਾਹੀਂ ਡਰਾਅ ਕੱਢ ਕੇ ਅਲਾਟ ਕੀਤੇ ਹਨ । ਮਕਾਨਾਂ ਲਈ ਜਿਹੜੀਆਂ ਐਪਲੀਕੇਸ਼ਨਾਂ ਆਈਆਂ ਸਨ ਉਨ੍ਹਾਂ ਦਾ ਨਿਪਟਾਰਾ ਕੀਤਾ ਜਾਂਦਾ ਰਿਹਾ ਹੈ । ਮੈਂ ਸ਼ਹਿਰ ਦੇ ਵਿਚ ਰਹਿੰਦਾ ਹਾਂ ਅਤੇ ਮੈਨੂੰ ਇਸ ਬਾਰੇ ਜਾਣਕਾਰੀ ਹੈ । ਅਕਸਰ ਸਵਾਲ ਉਠਦਾ ਹੈ ਕਿ ਇਨ੍ਹਾਂ ਕਮਜ਼ੋਰ ਵਰਗਾਂ ਦੇ ਲੋਕਾਂ ਲਈ ਮਕਾਨਾਂ ਲਈ ਜ਼ਮੀਨ ਸਸਤੇ ਭਾਅ ਤੇ ਕਿਥੋਂ ਆਵੇਗੀ । ਚਾਹੇ ਇਹ ਜ਼ਮੀਨ ਸ਼ਹਿਰਾਂ ਦੇ ਵਿਚ ਹੋਵੇ, ਚਾਹੇ ਇਹ ਰੂਰਲ ਏਰੀਏ ਦੇ ਵਿਚ ਹੋਵੇ । ਇਹ ਬੜੀ ਵੱਡੀ ਪ੍ਰਾਬਲਮ ਹੈ ਕਿ ਕਮਜ਼ੋਰ ਵਰਗਾਂ ਦੇ ਲਈ ਇਹ ਜ਼ਮੀਨ ਸਸਤੀ ਕਿਥੋਂ ਆਵੇਗੀ ਅਤੇ ਕਿਥੋਂ ਪ੍ਰਾਪਤ ਹੋਵੇਗੀ । ਇਹ ਗੌਰਮਿੰਟ ਦੀ ਜ਼ਮੀਨ ਹੋ ਸਕਦੀ ਹੈ ਜਾਂ ਫੇਰ ਸੈਮੀ ਗੌਰਮਿੰਟ ਦੀ ਜ਼ਮੀਨ ਹੋ ਸਕਦੀ ਹੈ ਜਿਹੜੀ ਐਕੁਆਇਰ ਕੀਤੀ ਜਾ ਸਕਦੀ ਹੈ । ਹੁਣ ਜਿਹੜੀ ਲੈਂਡ ਐਕੁਇਜ਼ੀਸ਼ਨ ਐਕਟ ਵਿਚ ਅਮੈਂਡਮੈਂਟ ਕੀਤੀ ਗਈ ਹੈ, ਉਸ ਦੇ ਮੁਤਾਬਿਕ ਜ਼ਮੀਨ ਸਸਤੇ ਭਾਅ ਤੇ ਮਿਲ ਹੀ ਨਹੀਂ ਸਕਦੀ । ਫੇਰ ਮਕਾਨ ਸਸਤੇ ਭਾਅ ਤੇ ਸਰਕਾਰ ਕਿਸ ਤਰ੍ਹਾਂ ਕਮਜ਼ੋਰ ਵਰਗ ਦੇ ਲੋਕਾਂ ਨੂੰ ਦੇ ਸਕਦੀ ਹੈ ? ਬਦਕਿਸਮਤੀ ਇਹ ਹੈ ਕਿ ਪਿਛਲੇ 50 ਸਾਲਾਂ ਤੋਂ ਸ਼ਹਿਰਾਂ ਦੇ ਵਿਚ ਜਿਹੜੀਆਂ ਸਰਕਾਰੀ ਜ਼ਮੀਨਾਂ ਪਈਆਂ ਹੋਈਆਂ ਸਨ, ਚਾਹੇ ਉਹ ਨਾਜ਼ੂਲ ਲੈਂਡ ਸੀ, ਮਿਉਂਸਿਪਲ ਲੈਂਡ ਸੀ, ਉਨ੍ਹਾਂ ਸਾਰੀਆਂ ਜ਼ਮੀਨਾਂ ਉਤੇ ਪਿਛਲੀ ਸਰਕਾਰ ਵੇਲੇ ਸੱਤਾ ਵਿਚ ਰਹਿਣ ਵਾਲੇ ਲੀਡਰਾਂ ਨੇ ਨਜਾਇਜ ਕਬਜ਼ੇ ਕਰ ਲਏ । ਚਾਹੇ ਇਹ ਨਜਾਇਜ਼ ਕਬਜ਼ੇ ਡਾਇਰੈਕਟ ਜਾਂ ਇਨਡਾਇਰੈਕਟ ਤਰੀਕੇ ਨਾਲ ਕਰ ਲਏ । ਲੁਧਿਆਣਾ ਜ਼ਿਲ੍ਹੇ ਦੇ ਵਿਚ ਨਜ਼ੂਲ ਲੈਂਡ, ਮਿਉਂਸਿਪਲ ਲੈਂਡ ਅਤੇ ਰੀਹੈਬਲੀਟੇਸ਼ਨ

[ਸਰਦਾਰ ਮਹੇਸ ਇੰਦਰ ਸਿੰਘ]

ਲੈਂਡ ਉਤੇ ਇਨ੍ਹਾਂ ਕਾਂਗਰਸੀਆਂ ਨੇ ਨਜਾਇਜ਼ ਕਬਜ਼ੇ ਕਰ ਲਏ ਹਨ ਅਤੇ ਆਪਣੀਆਂ ਕੋਠੀਆਂ ਬਣਾ ਲਈਆਂ ਹਨ। ਫੇਰ ਕਮਜ਼ੋਰ ਵਰਗਾ ਦੇ ਲਈ ਮਕਾਨ ਕੀ ਹਵਾ ਵਿਚ ਬਨਣਗੇ ? ਇਹ ਠੀਕ ਹੈ ਕਿ ਹਰ ਵੈਲਫੇਅਰ ਸਟੇਟ ਵੱਲੋਂ ਸਟੇਟ ਦੇ ਹਰ ਨਿਵਾਸੀ ਲਈ ਰਹਿਣ ਵਾਸਤੇ ਛੱਤ ਦੀ ਪ੍ਰੋਵੀਜ਼ਨ ਕਰਨ ਦਾ ਫਰਜ਼ ਬਣਦਾ ਹੈ। ਜਦੋਂ ਵੀ ਪੰਜਾਬ ਵਿਚ ਅਕਾਲੀ ਪਾਰਟੀ ਦੀ ਸਰਕਾਰ ਆਈ, ਉਸ ਨੇ ਹੀ ਕਮਜ਼ੋਰ ਵਰਗਾਂ ਦੇ ਲਈ ਮਕਾਨਾਂ ਬਾਰੇ ਸਕੀਮਾਂ ਬਣਾਈਆਂ ਅਤੇ ਬੇਘਰ ਲੋਕਾਂ ਨੂੰ ਘਰ ਦੇਣ ਬਾਰੇ ਫੈਸਲੇ ਕੀਤੇ ਤਾਂ ਕਿ ਉਹ ਵੀ ਛੱਤ ਦੇ ਥੱਲੇ ਰਹਿ ਸਕਣ ਪਰ ਡਾਕਟਰ ਹਰਬੰਸ ਲਾਲ ਦੀ ਪਾਰਟੀ ਦੀ ਸਰਕਾਰ ਵੇਲ਼ੇ ਇਨ੍ਹਾਂ ਕਮਜ਼ੋਰ ਵਰਗਾਂ ਦੇ ਲਈ ਕੁਝ ਨਹੀਂ ਕੀਤਾ ਗਿਆ, ਬਲਕਿ ਇਨ੍ਹਾਂ ਦੀ ਪਾਰਟੀ ਦੇ ਲੀਡਰਾਂ ਨੇ ਇਨ੍ਹਾਂ ਸਕੀਮਾਂ ਦੇ ਤਹਿਤ ਬਹੁਤ ਵੱਡੇ ਘਪਲੇ ਕੀਤੇ ਹਨ ਅਤੇ ਗਰੀਬਾਂ ਨੂੰ ਛੱਤਾਂ ਦੇਣ ਦੀ ਬਜਾਏ ਆਪਣੀਆਂ ਕੋਠੀਆਂ ਬਣਾ ਲਈਆਂ, ਮਹਿਲ ਉਸਾਰ ਲਏ ਅੌਰ ਗਰੀਬ ਸੜਕਾਂ ਤੇ ਰਹਿ ਗਏ। ਸਾਡੇ ਲੁਧਿਆਣੇ ਵਿਚ ਬਹੁਤ ਵੱਡੀ ਪ੍ਰਾਬਲਮ ਹੈ ਕਿ ਉਥੇ ਪੁਲੀਟੀਕਲ ਗੇਮ ਖੇਡੀ ਜਾਂਦੀ ਹੈ। ਪਹਿਲੇ ਇਹ ਸਰਕਾਰੀ ਜ਼ਮੀਨਾਂ ਉਤੇ ਝੁੱਗੀਆਂ ਵਸਾ ਦਿੰਦੇ ਹਨ ਉਨ੍ਹਾਂ ਲੋਕਾਂ ਲਈ ਜਿਹੜੇ ਮਜ਼ਦੂਰੀ ਕਰਨ ਦੀ ਖਾਤਰ ਪੰਜਾਬ ਵਿਚ ਪੰਜਾਬ ਤੋਂ ਬਾਹਰੋਂ ਆਏ ਹੋਏ ਹਨ। ਇਹ ਝੁੱਗੀਆਂ ਵਾਲੇ ਲੋਕ ਇਨ੍ਹਾਂ ਦੇ ਵੋਟ ਬੈਂਕ ਹਨ ਅਤੇ ਇਹ ਵੋਟਾਂ ਦੀ ਖਾਤਰ ਉਨ੍ਹਾਂ ਲੋਕਾਂ ਨੂੰ ਸਰਕਾਰੀ ਜ਼ਮੀਨਾਂ ਉਤੇ ਨਜਾਇਜ਼ ਬਿਠਾ ਦਿੰਦੇ ਹਨ ਅਤੇ ਫੇਰ ਉਨ੍ਹਾਂ ਜ਼ਮੀਨਾਂ ਉਤੇ ਆਪ ਵੀ ਕਬਜ਼ਾ ਕਰ ਲੈਂਦੇ ਹਨ। 1972 ਵਿਚ ਲੁਧਿਆਣਾ ਇੰਪਰੂਵਮੈਂਟ ਟਰੱਸਟ ਨੇ ਜ਼ਮੀਨ ਐਕੁਆਇਰ ਕੀਤੀ ਸੀ ਜਿਸ ਉਤੇ ਕਾਂਗਰਸੀਆਂ ਨੇ ਨਜਾਇਜ਼ ਕਬਜ਼ਾ ਕਰ ਲਿਆ। ਪਹਿਲੇ 2 ਸਾਲ ਵਿਚ ਉਥੇ ਕੇਵਲ 16 ਝੁੱਗੀਆਂ ਹੀ ਵੱਸੀਆਂ ਸਨ ਜਿਨ੍ਹਾਂ ਦੀ ਲਾਇਸੈਂਸ ਫੀਸ ਕਾਂਗਰਸੀ ਲੈਂਦੇ ਰਹੇ। ਉਸ ਸਾਰੇ ਰਕਬੇ ਉਤੇ ਇਨ੍ਹਾਂ ਨੇ ਨਜਾਇਜ਼ ਕਬਜ਼ਾ ਕਰਵਾ ਦਿੱਤਾ, ਝੁੱਗੀਆਂ ਵਾਲੇ ਘਰ ਲੈਂਦੇ ਰਹੇ ਅਤੇ ਇਸ ਤਰ੍ਹਾਂ ਝੁੱਗੀਆਂ ਲੁਧਿਆਣਾ ਵਿਚ ਵੱਸਦੀਆਂ ਰਹੀਆਂ। ਚੇਅਰਮੈਨ ਸਾਹਿਬ, ਜ਼ਮੀਨਾਂ ਤੇ ਕਬਜ਼ੇ ਹੋ ਗਏ, ਝੁੱਗੀਆਂ ਤੇ ਕਬਜ਼ੇ ਹੋ ਗਏ ਅਤੇ ਗਰੀਬਾਂ ਨੂੰ ਸਿਰ ਢੱਕਣ ਲਈ ਥਾਂ ਮਿਲੀ, ਲੋਕ ਉਥੇ ਆਬਾਦ ਹੋ ਗਏ। ਲੋਕ ਪੁਰਾਣੀਆਂ ਥਾਵਾਂ ਨੂੰ ਛੱਡ ਕੇ ਨਵੀਆਂ ਥਾਵਾਂ ਤੇ ਵੱਸ ਗਏ। ਹੁਣ ਇਥੇ ਹਾਊਸ ਵਿਚ ਮਤਾ ਲਿਆਂਦਾ ਗਿਆ ਹੈ ਕਿ ਸਰਕਾਰ ਮਕਾਨ ਬਣਾਉਣ ਦੀਆ ਸਕੀਮਾਂ ਲਈ ਸਿਫਾਰਸ਼ ਕਰੇ। ਅਸੀਂ ਹਾਊਸ ਵਲੋਂ ਰਿਕੁਮੈਂਡ ਕਰੀਏ ਕਿ ਕੋਈ ਐਸੀ ਸਕੀਮ ਬਣਾਈ ਜਾਵੇ। ਚੇਅਰਮੈਨ ਸਾਹਿਬ, ਬਜਟ ਕੱਲ੍ਹ ਪੇਸ਼ ਕੀਤਾ ਗਿਆ ਹੈ। ਬਜਟ ਵਿਚ ਬੜੀ ਸਪੈਸਿਫਿਕ ਪਰੋਵੀਜ਼ਨ ਰੱਖੀ ਗਈ ਹੈ ਅਤੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਮਨਿਸਟਰੀ ਨੂੰ ਇਹ ਮਾਣ ਹੈ ਕਿ ਜਿਹੜੇ ਹਰੀਜਨ ਬੇ-ਘਰੇ ਰਹਿ ਗਏ ਸਨ, ਉਨ੍ਹਾਂ ਨੂੰ ਮਕਾਨ ਬਣਾਉਣ ਲਈ ਜੋ ਗਰਾਂਟ ਪਹਿਲਾ 15,000/- ਰੁਪਏ ਦਿੱਤੀ ਜਾਂਦੀ ਸੀ, ਪਰ ਅੱਜ ਦੇ ਯੁੱਗ ਵਿਚ 15,000/- ਰੁਪਏ ਨਾਲ ਤਾਂ ਚਾਰ ਦੀਵਾਰਾਂ ਵੀ ਖੜ੍ਹੀਆਂ ਨਹੀਂ ਹੋ ਸਕਦੀਆ, ਇਸ ਕਰਕੇ ਪੰਜਾਬ ਸਰਕਾਰ ਨੇ ਉਹ ਗਰਾਂਟ ਵਧਾ ਕੇ 50,000/- ਰੁਪਏ ਕੀਤੀ ਹੈ। ਪੁੱਡਾ ਬਹੁਤ ਹੀ ਛੇਤੀ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਹੋਇਆ ਮਕਾਨਾਂ ਵਾਸਤੇ ਸਕੀਮ ਬਣਾ ਰਿਹਾ ਹੈ। ਅਰਬਨ ਅੈਸਟੇਟ ਲੁਧਿਆਣਾ ਵਿਚ ਡੁਗਰੀ ਅਤੇ ਜਮਾਲਪੁਰ ਵਿਚ ਗਰੀਬ ਲੋਕਾਂ ਲਈ ਮਕਾਨ ਬਣਾਏ

ਹੋਏ ਹਨ ਜਿਨ੍ਹਾਂ ਦੀ ਅਲਾਟਮੈਂਟ ਰੂਲਾਂ ਦੇ ਤਹਿਤ ਕੀਤੀ ਜਾ ਰਹੀ ਹੈ ਅਤੇ ਕੁਝ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਪਛੜੇ ਵਰਗਾਂ ਦੇ ਲੋਕਾਂ ਨੂੰ ਸਮਾਜ ਵਿਚ ਬਰਾਬਰ ਲਿਆਉਣ ਲਈ, ਛੋਟੇ ਪਲਾਟ ਦੇਣ ਲਈ ਇੰਪਰੂਵਮੈਂਟ ਟਰੱਸਟ ਲੁਧਿਆਣਾ ਇਕ ਸਕੀਮ ਫਲੋਟ ਕਰ ਰਿਹਾ ਹੈ। ਚੇਅਰਮੈਨ ਸਾਹਿਬ, ਅੱਜ ਜੋ ਮਤਾ ਲਿਆਂਦਾ ਗਿਆ ਹੈ, ਉਸ ਦੇ ਬਾਰੇ ਮੈਨੂੰ ਬੜੇ ਹੀ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਲੁਧਿਆਣਾ ਇੰਪਰੂਵਮੈਂਟ ਟਰੱਸਟ ਪਿਛਲੇ 13-14 ਸਾਲਾਂ ਤੋਂ ਇਕ ਡੀਫੰਕਟ ਬਾਡੀ ਰਹੀ ਹੈ। ਉਸ ਵੇਲੇ ਪੰਜਾਬ ਵਿਚ ਗਵਰਨਰ ਦਾ ਰਾਜ ਸੀ ਜਿਸ ਦੇ ਤਹਿਤ ਸਿੱਧੇ ਤੌਰ ਤੇ ਦਿੱਲੀ ਵਿਚ ਬੈਠੀ ਕਾਂਗਰਸ ਪਾਰਟੀ ਰਾਜ ਕਰਦੀ ਸੀ ਜਾਂ ਕਹਿ ਸਕਦੇ ਹਾਂ ਕਿ ਪੰਜਾਬ ਵਿਚ ਪਹਿਲਾਂ ਕਾਂਗਰਸ ਪਾਰਟੀ ਦਾ ਰਾਜ ਸੀ। 1982 ਤੋਂ ਬਾਅਦ ਲੁਧਿਆਣਾ ਇੰਪਰੂਵਮੈਂਟ ਟਰੱਸਟ ਇਕ ਨਾਨ-ਫੰਕਸ਼ਨਿੰਗ ਬਾਡੀ ਰਹੀ। ਨਾ ਕਿਸੇ ਅਮੀਰ ਨੂੰ ਅਤੇ ਨਾ ਹੀ ਕਿਸੇ ਗਰੀਬ ਨੂੰ ਪਲਾਟ ਦਿਤੇ ਗਏ। ਪਰ ਅੱਜ ਹਾਊਸ ਵਿਚ ਮਤਾ ਲਿਆਂਦਾ ਹੈ ਕਿ ਗਰੀਬ ਵਰਗਾਂ ਲਈ ਮਕਾਨ ਦਿਤੇ ਜਾਣ। ਚੇਅਰਮੈਨ ਸਾਹਿਬ, ਅੱਜ ਲੋੜ ਹੈ ਕਿ ਪੁੱਡਾ, ਹਾਊਸ ਫੈੱਡ, ਇੰਪਰੂਵਮੈਂਟ ਟਰੱਸਟ ਵਰਗੀਆਂ ਏਜੰਸੀਆਂ ਨੂੰ ਐਕਟੀਵੇਟ ਕੀਤਾ ਜਾਵੇ ਅਤੇ ਉਨ੍ਹਾਂ ਦੇ ਕੰਮ ਵਿਚ ਸੁਧਾਰ ਲਿਆਂਦਾ ਜਾਵੇ। ਮਕਾਨ ਬਣਾ ਕੇ ਹਰ ਵਰਗ ਦੇ ਲੋਕਾਂ ਨੂੰ ਦਿੱਤੇ ਜਾਣ। ਜਿਨ੍ਹਾਂ ਨੂੰ ਵੀ ਮਕਾਨਾਂ ਦੀ ਜ਼ਰੂਰਤ ਹੈ, ਉਨ੍ਹਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਣ ਜਾਂ ਪਲਾਟ ਅਲਾਟ ਕੀਤੇ ਜਾਣ। ਮੈਨੂੰ ਪੂਰਾ ਯਕੀਨ ਹੈ ਕਿ ਇੰਪਰੂਵਮੈਂਟ ਟਰੱਸਟ ਲੁਧਿਆਣਾ ਨੂੰ ਸਰਕਾਰ ਪੂਰੀ ਤਰ੍ਹਾਂ ਐਕਟੀਵੇਟ ਕਰੇਗੀ ਅਤੇ ਉਹ ਅਥਾਰਿਟੀ ਚੰਗੀ ਤਰ੍ਹਾਂ ਕੰਮ ਕਰੇਗੀ। ਫੇਰ ਕੋਈ ਵਜ੍ਹਾ ਨਹੀਂ ਹੈ ਕਿ ਮਕਾਨ ਗਰੀਬ ਲੋਕਾਂ ਨੂੰ ਸਿਰ ਢਕਣ ਲਈ ਨਹੀਂ ਮਿਲਣਗੇ। ਗਰੀਬ ਲੋਕਾਂ ਨੂੰ ਮਕਾਨ ਜ਼ਰੂਰ ਮਿਲਣਗੇ। ਚੇਅਰਮੈਨ ਸਾਹਿਬ, ਮੈਂ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਪੰਜਾਬੀ ਇਕ ਅਣਖ ਵਾਲਾ ਇਨਸਾਨ ਹੈ। ਭਾਵੇਂ ਉਹ ਅਮੀਰ ਹੈ ਜਾਂ ਗਰੀਬ ਹੈ, ਕੋਈ ਵੀ ਪੰਜਾਬੀ ਭੀਖ ਮੰਗਣ ਵਿਚ ਯਕੀਨ ਨਹੀਂ ਰਖਦਾ। ਮਿਹਨਤ ਦੀ ਕਮਾਈ ਕਰਕੇ ਉਹ ਪੈਸਾ ਕਮਾਉਣਾ ਚਾਹੁੰਦਾ ਹੈ। ਇਸ ਲਈ ਜਿਹੜੀਆਂ ਏਜੰਸੀਆਂ ਇਸ ਕੰਮ ਲਈ ਬਣਾਈਆਂ ਗਈਆਂ ਹਨ ਉਨ੍ਹਾਂ ਸਾਰੀਆਂ ਏਜੰਸੀਆਂ ਨੂੰ ਐਕਟੀਵੇਟ ਕੀਤਾ ਜਾਵੇ ਤਾਂ ਕਿ ਉਹ ਚੰਗੀ ਤਰ੍ਹਾਂ ਕੰਮ ਕਰਨ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਅਰਬਨ ਐਸਟੇਟ ਜਮਾਲਪੁਰ ਅਤੇ ਮਾਹਿਲਪੁਰ ਵਿਚ ਪੁੱਡਾ ਦੇ ਬਣੇ ਹੋਏ ਹਾਊਸ ਸਨ ਉਥੇ ਇਕ ਬਜ਼ੁਰਗ ਅਕਾਲੀ ਦਲ ਆਗੂ ਸਰਦਾਰ ਸਰੂਪ ਸਿੰਘ ਨੇ ਆਪਣੀ ਸੇਵਾ ਸੰਭਾਲਣ ਤੋਂ ਬਾਅਦ ਪੁੱਡਾ ਦੁਆਰਾ ਬਣੇ ਹੋਏ ਮਕਾਨ ਜਿਹੜੇ ਡਿਫਰੈਂਟ ਕੈਟੇਗਰੀਜ਼ ਲਈ ਅਲਾਟ ਹੋਏ ਹੋਏ ਸਨ ਅਤੇ ਕਿਸੇ ਨਾ ਕਿਸੇ ਵਜ੍ਹਾ ਕਰਕੇ, ਕੋਈ ਟੈਕਨੀਕਲ ਕਮੀਆਂ ਕਰਕੇ ਜਿਨ੍ਹਾਂ ਦੇ ਪਜ਼ੈਸ਼ਨ ਨਹੀਂ ਸਨ ਦਿੱਤੇ ਜਾ ਸਕੇ, ਉਨ੍ਹਾਂ ਨੇ ਲੁਧਿਆਣੇ ਦੇ ਆਪਣੇ ਫਸਟ ਵਿਜ਼ਿਟ ਤੇ ਨਾਲ ਚੰਡੀਗੜ੍ਹ ਤੋਂ ਅਫਸਰ ਲੈ ਕੇ ਅਤੇ ਉਥੋਂ ਦੂਜੇ ਹੋਰ ਅਫਸਰ ਬੁਲਾ ਕੇ ਮੌਕੇ ਤੇ ਹੁਕਮ ਪਾਸ ਕਰਕੇ ਲੋਕਾਂ ਨੂੰ ਕਬਜ਼ੇ ਦਿਵਾਏ। ਚੇਅਰਮੈਨ ਸਾਹਿਬ, ਜਿਹੜੇ ਮਕਾਨਾਂ ਵਿਚ, ਜਿਹੜੇ ਮੁਹੱਲਿਆਂ ਵਿਚ, ਜਿਹੜੀਆਂ ਕਲੋਨੀਆਂ ਵਿਚ ਰਾਤ ਨੂੰ ਉੱਲੂ ਬੋਲਦੇ ਸਨ, ਅੱਜ ਜਗਮਗਾਉਂਦੀਆਂ ਬੱਤੀਆਂ ਦਿਖਦੀਆਂ ਹਨ ਅਤੇ ਉਨ੍ਹਾਂ

[ਸਰਦਾਰ ਮਹੇਸ਼ ਇੰਦਰ ਸਿੰਘ]

ਵਿਚ ਲੋਕ ਵੱਸ ਰਹੇ ਹਨ । ਲੁਧਿਆਣਾ ਵਾਂਗ ਹਰ ਸ਼ਹਿਰ ਵਿਚ, ਕੀ ਉਹ ਜਲੰਧਰ ਹੋਵੇ, ਕੀ ਉਹ ਅੰਮ੍ਰਿਤਸਰ ਹੋਵੇ, ਕੀ ਉਹ ਪਟਿਆਲਾ ਹੋਵੇ, ਬਹੁਤ ਵੱਡੀ ਪ੍ਰਾਬਲਮ ਜਦ ਵੀ ਹਾਊਸਿੰਗ ਲਈ ਆਉਂਦੀ ਹੈ. ਉਹ ਜ਼ਮੀਨ ਦੀ ਥੁੜ ਕਾਰਣ ਹੀ ਆਉਂਦੀ ਹੈ । ਮੇਰੇ ਕੋਲ ਦੂਸਰੇ ਸ਼ਹਿਰਾਂ ਦੀ ਹੋ ਸਕਦਾ ਹੈ ਡਾਇਰੈਕਟ ਅਤੇ ਜ਼ਿਆਦਾ ਰਿਲਾਇਬਲ ਇਨਫਰਮੇਸ਼ਨ ਨਾ ਹੋਵੇ ਪਰ ਮੈਂ ਇਕ ਗੱਲ ਯਕੀਨ ਨਾਲ ਅਤੇ ਸੈਂਸ ਆਫ ਰਿਸਪਾਂਸੀਬਿਲਟੀ ਨਾਲ ਹਾਊਸ ਵਿਚ ਕਹਿ ਸਕਦਾ ਹਾਂ ਕਿ ਪਿਛਲੀਆਂ ਗੌਰਮਿੰਟਸ ਦੇ ਦੌਰਾਨ ਜਿਨ੍ਹਾਂ ਵਿਚ ਬਹੁਤ ਵਡੀ ਕੰਟਰੀਬਿਊਸ਼ਨ ਡਾਕਟਰ ਹਰਬੰਸ ਲਾਲ ਦੀ ਪਾਰਟੀ ਦੀ ਸੀ, ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਇਨ੍ਹਾਂ ਦੀ ਕਿਰਪਾ ਸਦਕਾ ਹੋਏ ਹੋਏ ਹਨ ।ਇਕ ਗੱਲ ਮੈਂ ਜ਼ਰੂਰ ਰਖਣੀ ਚਾਹਵਾਂਗਾ ਕਿ ਕਿਸੇ ਵੀ ਵਰਗ ਦੀ ਸਹਾਇਤਾ ਕਰਨ ਲਈ ਸਾਨੂੰ ਫੰਡਜ਼ ਦੀ ਲੋੜ ਹੁੰਦੀ ਹੈ ਅਤੇ ਉਸ ਲਈ ਇਹ ਜ਼ਰੂਰੀ ਹੈ ਕਿ ਸਾਧਨ ਜੁਟਾਏ ਜਾਣ ਅਤੇ ਸਾਧਨ ਜੁਟਾਉਣ ਲਈ ਜਿਵੇਂ ਕੱਲ੍ਹ ਕੈਪਟਨ ਕੰਵਲਜੀਤ ਸਿੰਘ ਹੋਰਾਂ ਨੇ ਬਜਟ ਰਖਦਿਆਂ ਹੋਇਆਂ ਆਪਣੀ ਸਪੀਚ ਵਿਚ ਲਿਖਿਆ ਕਿ ਇਸ ਤਰ੍ਹਾਂ ਦੀ ਸਾਧਨ ਜੁਟਾਉਣ ਦੀ ਪਰੋਪੋਜ਼ਲ ਰਖੀ ਹੈ ਕਿ ਰੈਵੇਨਿਊ ਇਨਕਰੀਜ਼ ਕੀਤਾ ਜਾਵੇ ਜਿਸ ਨੂੰ ਕਿ ਗੌਰਮਿੰਟ ਪਰਾਪਰਟੀਜ਼ ਅਤੇ ਨਜ਼ੂਲ ਪਰਾਪਰਟੀਜ਼ ਦੀ ਕਮਰਸ਼ੀਅਲ ਯੂਟੇਲਾਈਜ਼ੇਸ਼ਨ ਦੀ ਪਰੋਪੋਜ਼ਲ ਬਣਾ ਕੇ ਲਾਗੂ ਕੀਤਾ ਜਾਵੇਗਾ ।

ਚੇਅਰਮੈਨ ਸਾਹਿਬ, ਬਹੁਤ ਦੁਖ ਨਾਲ ਕਹਿਣਾ ਪੈਂਦਾ ਹੈ ; ਕਿ ਇੰਡਸਟਰੀਅਲ ਏਰੀਆ ਲੁਧਿਆਣਾ ਦੀ ਪੰਜਾਬ ਸਰਕਾਰ ਨੇ ਇੰਡਸਟਰੀਅਲ ਡਿਪਾਰਟਮੈਂਟ ਦੇ ਜ਼ਰੀਏ ਇੰਡਸਟਰੀ ਲਾਉਣ ਲਈ ਜ਼ਮੀਨ ਐਕੁਆਇਰ ਕੀਤੀ, ਉਸ ਇੰਡਸਟਰੀਅਲ ਏਰੀਆ ਦੀ ਐਕੁਇਜ਼ੀਸ਼ਨ ਤੋਂ ਬਾਅਦ ਜ਼ਮੀਨ ਦੇ ਕਬਜ਼ੇ ਲੈਣੇ ਸਨ, ਕਾਨੂੰਨ ਮੁਤਾਬਿਕ ਐਕੁਆਇਰ ਹੋਈ ਜ਼ਮੀਨ ਦਾ ਇੰਤਕਾਲ ਸਰਕਾਰ ਦੇ ਨਾਮ ਹੋਣਾ ਸੀ ਪਰ ਇਨ੍ਹਾਂ ਭੱਦਰ ਪੁਰਸ਼ਾਂ ਨੇ ਉਸ ਇੰਡਸਟਰੀਅਲ ਏਰੀਆ ਦੇ ਵਿਚ ਬਹੁਤ ਵੱਡੀਆਂ ਓਪਨ ਸਪੇਸਿਜ਼ ਨਾਜਾਇਜ਼ ਕਬਜ਼ਿਆਂ ਦੇ ਹੇਠ ਲੈ ਕੇ ਕਰੋੜਾਂ ਰੁਪਏ ਦੀ ਜਾਇਦਾਦ ਆਪਣੇ ਕਬਜ਼ਿਆਂ ਵਿਚ ਕੀਤੀ । ਉਸ ਤੋਂ ਬਾਅਦ ਡਿਵੈਲਪਮੈਂਟ ਦੀਆਂ ਗੱਲਾਂ ਹੋਈਆਂ ਹਨ । ਮੈਂ ਇਕ ਗੱਲ ਦਾ ਇਥੇ ਜ਼ਿਕਰ ਕਰਨਾ ਚਾਹਵਾਂਗਾ ਕਿ ਸੰਨ 1997 ਸਾਡੇ ਮੁਲਕ ਦੀ ਆਜ਼ਾਦੀ ਦਾ 50ਵਾਂ ਵਰ੍ਹਾ ਹੈ । 15 ਅਗਸਤ, 1997 ਨੂੰ ਇਸ ਮੁਲਕ ਨੂੰ ਆਜ਼ਾਦ ਹੋਏ ਨੂੰ ਕੰਪਲੀਟ 50 ਸਾਲ ਹੋਣਗੇ । ਕੀ ਇਹ ਲੋਕ ਜਿਨ੍ਹਾਂ ਨੂੰ ਇਨ੍ਹਾਂ 50 ਸਾਲਾਂ ਵਿਚ ਸਭ ਤੋਂ ਜ਼ਿਆਦਾ ਸਮਾਂ ਇਸ ਅਰਸੇ ਵਿਚ ਹਕੂਮਤ ਕਰਨ ਦਾ ਮਿਲਿਆ ਹੈ, ਕੀ ਇਹ ਕਹਿ ਸਕਣਗੇ ਕਿ ਇਨ੍ਹਾਂ ਨੇ ਗਰੀਬਾਂ ਲਈ ਕੀ ਕੀਤਾ ਹੈ ? ਮੈਂ ਤਾਂ ਇਸ ਗੱਲ ਦਾ ਧਾਰਨੀ ਹਾਂ ਕਿ ਕਾਂਗਰਸ ਨੇ ਹਮੇਸ਼ਾ ਗਰੀਬੀ ਹਟਾਓ ਦੇ ਨਾਹਰੇ ਹੇਠ ਗਰੀਬਾਂ ਨੂੰ ਹੀ ਖਤਮ ਕਰਕੇ ਗਰੀਬੀ ਹਟਾਉਣ ਦੀ ਕੋਸ਼ਿਸ਼ ਕੀਤੀ ਹੈ ਨਾ ਕਿ ਗਰੀਬੀ ਦੂਰ ਕਰਕੇ ਗਰੀਬੀ ਹਟਾਓ ਦੇ ਨਾਹਰੇ ਨੂੰ ਪ੍ਰਚਲਤ ਕਰਨ ਦੀ ਕੋਸ਼ਿਸ਼ ਕੀਤੀ । ਇਸੇ ਤਰ੍ਹਾਂ......

ਡਾਕਟਰ ਹਰਬੰਸ ਲਾਲ : ਪੁਆਇੰਟ ਆਫ ਆਰਡਰ, ਚੇਅਰਮੈਨ ਸਾਹਿਬ । ਇਨ੍ਹਾਂ ਨੇ ਗਰੀਬ ਲੋਕਾਂ ਵਾਸਤੇ ਤਾਂ ਕੀ ਬੋਲਣਾ ਹੈ, ਆਊਂ ਬਤਾਊਂ ਪੁਲੀਟੀਕਲ ਗੱਲਾਂ ਹੀ

ਕਰੀ ਜਾ ਰਹੇ ਹਨ । ਮਕਾਨ ਗਰੀਬਾਂ ਨੂੰ ਨਹੀਂ ਦੇਣੇ ਤਾਂ ਕਹਿ ਦਿਉ ਕਿ ਨਹੀਂ ਦੇਣੇ (ਵਿਘਨ)

ਸ੍ਰੀ ਸਭਾਪਤੀ : ਇੰਟਰੱਪਟ ਨਾ ਕਰੋ ਜੀ ।

ਸ੍ਰੀ ਮਨੋਰੰਜਨ ਕਾਲੀਆ : ਚੇਅਰਮੈਨ ਸਾਹਿਬ, ਡਾਕਟਰ ਹਰਬੰਸ ਲਾਲ ਜੀ ਬੜੇ ਸਿਆਣੇ ਹਨ ਲੇਕਿਨ ਇਹ ਜੋ "ਆਊਟ ਬਤਾਊ" ਲਫਜ਼ ਇਸਤੇਮਾਲ ਕਰ ਗਏ ਹਨ, ਇਹ ਅਨਪਾਰਲੀਮੈਂਟਰੀ ਹਨ, ਇਸ ਕਰਕੇ ਇਹ ਲਫਜ਼ ਵਾਪਸ ਲੈਣੇ ਚਾਹੀਦੇ ਹਨ ।

ਸਰਦਾਰ ਮਹੇਸ਼ ਇੰਦਰ ਸਿੰਘ : ਕਾਲੀਆ ਸਾਹਿਬ, ਇਨ੍ਹਾਂ ਦੀ ਗੱਲ ਦਾ ਗੁੱਸਾ ਨਹੀਂ ਕਰੀਦਾ । ਹੁਣ ਤੱਕ ਤਾਂ ਇਨ੍ਹਾਂ ਦੀ ਜ਼ੁਬਾਨ ਨੂੰ ਤਾਲੇ ਲੱਗੇ ਹੋਏ ਸੀ, ਇਹ ਵਿਚਾਰੇ ਬੋਲ ਨਹੀਂ ਸਕ ਸਕਦੇ । ਹੁਣ ਇਨ੍ਹਾਂ ਨੂੰ ਬੋਲ ਲੈਣ ਦਿਓ । ਜੇ ਆਪਾਂ ਵੀ ਇਨ੍ਹਾਂ ਨੂੰ ਬੋਲਣ ਨਹੀਂ ਦਿਆਂਗੇ ਤਾਂ ਫਿਰ ਇਨ੍ਹਾਂ ਦਾ ਹਸ਼ਰ ਕੀ ਹੋਵੇਗਾ ।

ਡਾਕਟਰ ਹਰਬੰਸ ਲਾਲ : ਤੁਸੀਂ ਗਰੀਬਾਂ ਨੂੰ ਮਕਾਨ ਦੇਣ ਦੀ ਗੱਲ ਲੁਕੋਈ ਜਾਂਦੇ ਹੋ । ਅੱਜ ਤੁਸੀਂ ਵੇਖੋ ਕੀ ਹਾਲ ਹੈ ਗਰੀਬਾਂ ਦਾ, ਕੀ ਹਾਲ ਹੈ ਮੁਲਾਜ਼ਮਾਂ ਦਾ.... (ਵਿਘਨ)

ਸ੍ਰੀ ਸਭਾਪਤੀ : ਸਰਦਾਰ ਮਹੇਸ਼ ਇੰਦਰ ਸਿੰਘ ਜੀ, ਤੁਸੀ ਵਾਈਂਡ ਅੱਪ ਕਰੋ ।

ਸਰਦਾਰ ਮਹੇਸ਼ ਇੰਦਰ ਸਿੰਘ : ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਹਾਂ ਕਿ ਇਹ ਜਿਹੜਾ ਡਾਕਟਰ ਹਰਬੰਸ ਲਾਲ ਜੀ ਕਹਿ ਰਹੇ ਹਨ ਕਿ ਮੈਂ ਆਪਣੀ ਸਪੀਚ ਗਰੀਬ ਲੋਕਾਂ ਨੂੰ ਮਕਾਨ ਦੇਣ ਦੀ ਬਜਾਏ ਹੋਰ ਪਾਸੇ ਲੈ ਗਿਆ ਹਾਂ, ਇਹ ਗੱਲ ਨਹੀਂ ਹੈ । ਕਿਸੇ ਵੀ ਗੱਲ ਨੂੰ ਲਾਜ਼ੀਕਲ ਕਨਕਲੂਜ਼ਨ ਤੇ ਪਹੁੰਚਾਉਣ ਵਾਸਤੇ ਉਸਦੀ ਸਪੋਰਟ ਵਿਚ ਕੁਝ ਕਹਿਣਾ ਪੈਂਦਾ ਹੈ । ਇਨ੍ਹਾਂ ਦਾ ਤਾਂ ਹੁਣ ਇਹ ਹਾਲ ਹੈ :—

"ਤਾਲੋਂ ਖੁੰਝੀ ਡੂੰਮਣੀ, ਗਾਵੇ ਆਲ ਪਤਾਲ ।"

ਇਨ੍ਹਾਂ ਨੂੰ ਤਾਂ ਇਹੀ ਫਿਕਰ ਹੈ ਕਿ ਸਮਾਂ ਲੰਘ ਗਿਆ ਹੈ, ਹੁਣ ਕੀ ਕਰੀਏ । ਜਿਹੜੇ ਇਨ੍ਹਾਂ ਦੇ ਕੀਤੇ ਹੋਏ ਕੰਮ ਹਨ, ਮੈਂ ਉਹ ਸਾਰੇ ਦੱਸਾਂਗਾ ਅਤੇ ਇਨ੍ਹਾਂ ਨੂੰ ਪਤਾ ਲੱਗ ਜਾਵੇਗਾ । ਮੇਰੇ ਕੋਲ ਜਿਹੜਾ ਇਨ੍ਹਾਂ ਦਾ ਕਰੋੜਾਂ ਰੁਪਿਆਂ ਦਾ ਘੁਟਾਲਾ ਹੈ, ਉਹ ਵੀ ਦੱਸਾਂਗਾ ਲੇਕਿਨ ਅੱਜ ਨਹੀਂ ਕਿਉਂਕਿ ਤੁਸੀਂ ਇਕੱਲੇ (ਡਾਕਟਰ ਹਰਬੰਸ ਲਾਲ ਵੱਲ ਇਸ਼ਾਰਾ) ਬੈਠੇ ਹੋ । ਜਦੋਂ ਤੁਸੀਂ ਸਾਰੇ ਦੇ ਸਾਰੇ ਬੈਠੇ ਹੋਵੋਗੇ, ਉਦੋਂ ਦੱਸਾਂਗਾ ।

ਡਾਕਟਰ ਹਰਬੰਸ ਲਾਲ : ਤੁਸੀਂ ਤਾਂ ਘਰ ਦੇ ਭਾਂਡੇ ਹੀ ਵੇਚੀ ਜਾ ਰਹੇ ਹੋ, ਕਰੋਗੇ ਕੀ ।

ਸਰਦਾਰ ਮਹੇਸ਼ ਇੰਦਰ ਸਿੰਘ : ਮੈਂ ਤੁਹਾਡੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਤੁਹਾਡੇ ਸਮੇਂ ਵਿਚ ਕੀ ਹੁੰਦਾ ਰਿਹਾ ਹੈ । ਲੁਧਿਆਣੇ ਬੱਸ ਸਟੈਂਡ ਦੇ ਸਾਹਮਣੇ ਰੀਹੈਬਲੀਟੇਸ਼ਨ ਡਿਪਾਰਟਮੈਂਟ ਦੀ ਜ਼ਮੀਨ ਸੀ ਉਸ ਨੂੰ ਪਾਰਟ ਆਫ਼ ਰੋਡ ਟਰੀਟ ਕਰਕੇ

[ਸਰਦਾਰ ਮਹੇਸ਼ ਇੰਦਰ ਸਿੰਘ]
ਮਿਊਂਸਪਲ ਕਾਰਪੋਰੇਸ਼ਨ ਲੁਧਿਆਣਾ ਨੇ ਲੋਕਾਂ ਦੀ ਇਵਿਕਸ਼ਨ ਕਰਾਈ ਸੀ ਲੇਕਿਨ ਇਨ੍ਹਾਂ ਨੇ ਬਾਅਦ ਵਿਚ 50 ਪੈਸੇ ਮਹੀਨਾ ਕਿਰਾਏ ਤੇ ਦੇ ਕੇ ਉਥੇ ਪੱਕੀਆਂ ਉਸਾਰੀਆਂ ਕਰਾ ਕੇ ਨਜਾਇਜ਼ ਕਬਜ਼ੇ ਕਰਾਏ ਹਨ । ਮੇਰੇ ਕੋਲ ਇਸ ਦਾ ਐਵੀਡੈਂਸ ਹੈ । ਮੈਂ ਬਗੈਰ ਐਵੀਡੈਂਸ ਦੇ ਗੱਲ ਨਹੀਂ ਕਰਦਾ । ਇਸੇ ਤਰ੍ਹਾਂ ਜਿਹੜੀ ਗਰੀਨ ਬੈਲਟ ਮਾਡਲ ਟਾਊਨ ਲੁਧਿਆਣਾ ਦੇ ਵਿਚ ਦਿਖਾਈ ਹੋਈ ਹੈ. ਉਥੇ ਵੀ ਨਜਾਇਜ਼ ਕਬਜ਼ੇ ਕੀਤੇ ਗਏ ਹਨ ਔਰ ਇਹ ਰਿਕਾਰਡ ਦਾ ਹਿੱਸਾ ਹੈ । ਜਿਹੜੇ ਫੈਕਟਸ ਦਾ ਤੁਹਾਨੂੰ ਪਤਾ ਨਹੀਂ ਹੈ, ਉਸ ਬਾਰੇ ਬੋਲਿਆ ਨਾ ਕਰੋ । ਕੇਵਲ ਬੋਲਣ ਵਾਸਤੇ ਹੀ ਨਾ ਬੋਲਿਆ ਕਰੋ । ਜੋ ਤੁਸੀਂ ਕਹਿ ਰਹੇ ਸੀ ਕਿ ਗੌਰਮਿੰਟ ਪ੍ਰਾਪਰਟੀ ਵੇਚ ਕੇ ਗਰੀਬਾਂ ਦੇ ਘਰ ਨਹੀਂ ਬਣਾਏ ਜਾ ਸਕਦੇ, ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਗੌਰਮਿੰਟ ਨੇ ਆਪਣੇ ਸਾਧਨ ਜੁਟਾਉਣੇ ਹੀ ਹੁੰਦੇ ਹਨ । ਅੱਜ ਮਸਲਾ ਇਹ ਹੈ ਕਿ ਗਰੀਬਾਂ ਨੂੰ ਮਕਾਨ ਦਿੱਤੇ ਜਾਣ । ਇਹ ਸਾਡੀ ਸਰਕਾਰ ਦਾ ਵਾਅਦਾ ਵੀ ਹੈ ਅਤੇ ਵਿਸ਼ਵਾਸ ਵੀ ਹੈ ਕਿ ਅਸੀਂ ਗਰੀਬਾਂ ਨੂੰ ਮਕਾਨ ਬਣਾ ਕੇ ਦਿਆਂਗੇ । ਗਰੀਬਾਂ ਦੀ ਸੇਵਾ ਕਰਨੀ ਸਾਡੀ ਸਰਕਾਰ ਦਾ ਫਰਜ਼ ਹੈ । ਸਾਡੀ ਸਰਕਾਰ ਤਾਂ ਗੁਰੂ ਨਾਨਕ ਦੇ ਆਸ਼ੇ ਮੁਤਾਬਿਕ ਚੱਲਦੀ ਹੈ !—

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

ਸਾਡੀ ਸਰਕਾਰ ਇਸੇ ਆਸ਼ੇ ਦੀ ਧਾਰਨੀ ਹੈ । ਤੁਹਾਡੀ ਤਰ੍ਹਾਂ ਨਹੀਂ ਕਿ ਗਰੀਬਾਂ ਦਾ ਨਾਂ ਲੈ ਕੇ ਜੇਬਾਂ ਆਪਣੀਆਂ ਭਰੀ ਜਾਉ । ਇਹ ਗੌਰਮਿੰਟ ਤਾਂ ਗੁਰੂ ਨਾਨਕ ਦੇ ਅਸੂਲਾਂ ਦੀ ਧਾਰਣੀ ਹੈ । ਉਨ੍ਹਾਂ ਦੀ ਸੋਚ ਤੇ ਪਹਿਰਾ ਦੇਣਵਾਲੀ ਹੈ । ਇਹ ਮਕਾਨ ਬਣਾ ਕੇ ਦੇਣ ਵਾਲਾ ਕੰਮ ਪੁੱਡਾ ਕਰੇਗਾ, ਹਾਊਸਿੰਗ ਬੋਰਡ ਕਰੇਗਾ ਅਤੇ ਇੰਪਰੂਵਮੈਂਟ ਟਰੱਸਟ ਕਰਨਗੇ ਤਾਂ ਕਿ ਹਰੇਕ ਵਰਗ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਲੋੜਾਂ ਅਤੇ ਉਨ੍ਹਾਂ ਦੀ ਆਮਦਨ ਦੇ ਮੁਤਾਬਿਕ ਉਨ੍ਹਾ ਨੂੰ ਸਵੈ-ਮਾਨ ਵਾਲੇ ਸ਼ਹਿਰੀ ਬਣਾਇਆ ਜਾ ਸਕੇ । ਮੈਂ ਪਹਿਲਾਂ ਵੀ ਕਹਿ ਰਿਹਾ ਸੀ ਕਿ ਉਪਰੋਂ ਵੇਖਣ ਨੂੰ ਤਾਂ ਤੁਹਾਡੀ ਗਰੀਬਾਂ ਨਾਲ ਬੜੀ ਹਮਦਰਦੀ ਲਗਦੀ ਹੈ ਲੇਕਿਨ ਲੋਕ ਹੁਣ ਸਮਝ ਗਏ ਹਨ ਕਿ ਤੁਸੀਂ ਕਰੋਕੋਡਾਇਲ ਟੀਅਰਜ਼ ਹੀ ਸੁੱਟਦੇ ਰਹੇ ਹੋ ਅਤੇ ਜਿਹੜੀ ਹਮਦਰਦੀ ਤੁਸੀਂ ਉਨ੍ਹਾਂ ਗਰੀਬ ਲੋਕਾਂ ਨਾਲ ਰੱਖਦੇ ਆਏ ਹੋ, ਉਹ ਫੋਕੀ ਹਮਦਰਦੀ ਹੈ ।

ਚੇਅਰਮੈਨ ਸਾਹਿਬ, ਅੱਜ ਇਸ ਹਾਊਸ ਦੇ ਸਾਹਮਣੇ ਇਕੋ ਇਕ ਮਿਸ਼ਨ ਹੈ ਕਿ ਪੰਜਾਬ ਵਿਚ ਰਹਿੰਦੇ ਪੰਜਾਬੀਆਂ ਦੀ ਖਾਸ ਤੌਰ ਤੇ ਅਤੇ ਗਰੀਬਾਂ ਦੀ ਆਮ ਤੌਰ ਤੇ ਸੇਵਾ ਕਰਨੀ ਹੈ ਅਤੇ ਪੰਜਾਬ ਦੇ ਲੋਕਾਂ ਦੇ ਜੀਵਨ ਮਿਆਰ ਨੂੰ ਉੱਚਾ ਲਿਜਾਣਾ ਹੈ । ਉਹ ਸਾਰੀਆਂ ਚੀਜਾਂ ਅਸੀਂ ਬਜਟ ਦੇ ਵਿਚ ਡਿਸਕਸ ਕਰਨੀਆਂ ਹਨ । ਮੈਂ ਤੁਹਾਡੇ ਨਾਲ ਇਸ ਮਤੇ ਤੇ ਇਸ ਗੱਲੋਂ ਸਹਿਮਤ ਨਹੀਂ ਕਿ ਜੋ ਮਤੇ ਦਾ ਢੰਗ ਹੈ, ਜੋ ਮਤੇ ਦਾ ਤਰੀਕਾ ਹੈ, ਜੋ ਮਤੇ ਦੀ ਵਰਡਿੰਗ ਹੈ ਉਹ ਬਿਲਕੁਲ ਹੀ ਠੀਕ ਨਹੀਂ ਕਿਉਂਕਿ ਬਜਟ ਦੇ ਵਿਚ ਇਸ ਸਬਜੈਕਟ

ਨੂੰ ਪਹਿਲਾਂ ਹੀ ਥਾਂ ਦਿੱਤੀ ਜਾ ਚੁੱਕੀ ਹੈ ਅਤੇ ਹਾਊਸਿੰਗ ਫੈਸਿਲਟੀ ਲਈ 60 ਕਰੋੜ ਰੁਪਏ ਦੀ ਗਰਾਂਟ ਸਾਲਾਨਾ ਕਰ ਦਿੱਤੀ ਗਈ ਹੈ । ਉਸ ਤੇ ਵੀ ਵਿਚਾਰ ਹੋਣਾ ਹੈ ਅਤੇ ਹਾਊਸ ਨੇ ਇਸ ਨੂੰ ਪਾਸ ਕਰਨਾ ਹੈ । ਇਸ ਦੀ ਪਰਾਪਰ ਇੰਪਲੀਮੈਂਟੇਸ਼ਨ ਵੀ ਹੋਣੀ ਹੈ । ਜੇਕਰ ਇਹ ਨਹੀਂ ਹੋਵੇਗੀ ਤਾਂ ਤੁਹਾਡਾ ਕਹਿਣਾ ਜਾਇਜ਼ ਬਣਦਾ ਹੈ ।

ਚੇਅਰਮੈਨ ਸਾਹਿਬ, ਬਹੁਤ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੇ 50 ਸਾਲਾਂ ਵਿਚ ਹੋਇਆ ਕੀ ਹੈ ? ਹੋਇਆ ਇਹ ਹੈ ਕਿ ਸੜਕਾਂ ਬਣਾ ਦਿਉ ਪਲਾਨਿੰਗ ਤੋਂ ਬਿਨਾਂ, ਮਕਾਨ ਬਣਾ ਦਿਉ ਪਲਾਨਿੰਗ ਤੋਂ ਬਿਨਾਂ । ਮੈਂ ਲੁਧਿਆਣੇ ਦਾ ਵਾਸੀ ਹੋਣ ਦੇ ਨਾਤੇ ਕਦੇ ਦੋ ਤਿੰਨ ਮਿੰਟ ਬੈਠ ਕੇ ਇਕੱਲਾ ਸੋਚਦਾ ਹਾਂ ਕਿ ਜਦੋਂ ਅਸੀਂ ਘਰ ਬਣਾਉਂਦੇ ਹਾਂ ਇਹ ਸੋਚ ਕੇ ਬਣਾਉਂਦੇ ਹਾਂ ਕਿ ਅਗਲੇ ਦਸ ਸਾਲਾਂ ਬਾਅਦ ਸਾਨੂੰ ਫਸਟ ਫਲੋਰ ਤੇ ਹੋਰ ਕਮਰੇ ਬਣਾਉਣੇ ਪੈਣਗੇ ਕਿਉਂਕਿ ਬੱਚੇ ਵੱਡੇ ਹੋ ਜਾਣਗੇ । ਪਰ ਪਿਛਲੀ ਸਰਕਾਰ ਨੇ 50 ਸਾਲਾਂ ਦੇ ਅਰਸੇ ਵਿਚ ਪਲਾਨਿੰਗ ਨਾਂ ਦੇ ਲਫਜ਼ ਨੂੰ ਆਪਣੀ ਡਿਕਸ਼ਨਰੀ ਵਿਚੋਂ ਕੱਢ ਦਿੱਤਾ ਤੇ ਉਸ ਲਫਜ਼ ਦੀ ਥਾਂ ਤੇ ਐਕਸਪਲਾਇਟੇਸ਼ਨ ਨੂੰ ਪਰਾਪਰ ਥਾਂ ਦੇ ਕੇ ਪਲਾਨਿੰਗ ਭੁੱਲ ਗਏ । ਉਸ ਦੀ ਕੀ ਵਜ੍ਹਾ ਸੀ, ਕੀ ਕਾਰਣ ਸੀ ?

ਡਾਕਟਰ ਹਰਬੰਸ ਲਾਲ : ** ** **

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਡਾਕਟਰ ਸਾਹਿਬ, ਤੁਸੀਂ ਬੈਠੋ ।

ਡਾਕਟਰ ਹਰਬੰਸ ਲਾਲ : ਇਨ੍ਹਾਂ ਨੇ ਗਰੀਬਾਂ ਦੇ ਘਰ ਉਜਾੜ ਦਿੱਤੇ । ਇਸ ਦੇ ਬਾਰੇ ਅਖਬਾਰਾਂ ਦੇ ਵਿਚ ਵੀ ਛਪਿਆ ਹੈ ਕਿ ਕਬਜ਼ਾ ਕਰਨ ਵਾਲੇ ਲੋਕਾਂ ਨੇ ਪੰਚਾਇਤ ਦੇ ਟੈਲੀਫੂਨ ਦੇ ਕੁਨੈਕਸ਼ਨ ਕੱਟ ਦਿੱਤੇ......ਮੁੱਲਾਂਪੁਰ ਥਾਣੇ ਵਿਚ ਸੱਤ ਬੰਦੇ ਅੰਦਰ ਕੀਤੇ ਹੋਏ ਹਨ...... (ਵਿਘਨ)

ਸ੍ਰੀ ਸਭਾਪਤੀ : ਡਾਕਟਰ ਸਾਹਿਬ, ਤੁਸੀਂ ਬੈਠੋ ਪਲੀਜ਼ । ਮੇਰੇ ਵੀਰ ਤੁਸੀਂ ਬੈਠੋ ।

ਸਰਦਾਰ ਬਲਵੰਤ ਸਿੰਘ : ** ** **

ਸ੍ਰੀ ਸਭਾਪਤੀ : ਡਾਕਟਰ ਸਾਹਿਬ, ਇਹ ਤੁਹਾਡੇ ਰੈਜ਼ੋਲਿਊਸ਼ਨ ਤੇ ਬੋਲ ਰਹੇ ਹਨ, ਬਹੁਤ ਵਧੀਆ ਬੋਲ ਰਹੇ ਹਨ । ਤੁਸੀਂ ਇਨ੍ਹਾਂ ਨੂੰ ਬੋਲਣ ਦਿਉ । (ਸ਼ੋਰ)..(ਵਿਘਨ)

(ਇਸ ਸਮੇਂ ਮਾਨਯੋਗ ਮੈਂਬਰ, ਡਾਕਟਰ ਹਰਬੰਸ ਲਾਲ ਸਦਨ ਦੀ ਮੇਜ਼ ਤੇ ਕੁਝ ਪੇਪਰ ਰੱਖਣ ਲੱਗੇ ।)

Mr. Chairman : Not allowed.

**Expunged as ordered by the Chair.

ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ (ਸਰਦਾਰ ਸਰੂਪ ਸਿੰਘ) : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਮੈਂ ਸਮਝਦਾ ਹਾਂ ਕਿ ਇਹ ਮੈਂਬਰ ਸਾਹਿਬ ਦਾ, ** ** ** (ਵਿਘਨ)......ਇਹ ਕਦੇ ਉਠਦੇ ਹਨ, ਕਦੇ ਬੈਠਦੇ ਹਨ। ਘੜੀ ਮੁੜੀ ਇਹ ਉਠਦੇ ਬੈਠਦੇ ਹਨ। ** ** ** ਪਹਿਲਾਂ ਇਨ੍ਹਾਂ ਦਾ ਇਲਾਜ ਕਰਾਉ, ਫਿਰ ਬੁਲਵਾਉ (ਵਿਘਨ) (ਸ਼ੋਰ)

(ਇਸ ਸਮੇਂ ਮਾਨਯੋਗ ਮੈਂਬਰ ਡਾਕਟਰ ਹਰਬੰਸ ਲਾਲ ਬਿਨਾ ਆਗਿਆ ਤੋਂ ਬੋਲ ਰਹੇ ਸਨ ਪਰ ਉਨ੍ਹਾਂ ਦਾ ਮਾਈਕ ਬੰਦ ਸੀ।)

ਸ੍ਰੀ ਸਭਾਪਤੀ : ਜੋ ਮੰਤਰੀ ਜੀ ਅਤੇ ਸਰਦਾਰ ਬਲਵੰਤ ਸਿੰਘ ਵੱਲੋਂ ਅਨਪਾਰਲੀਮੈਂਟਰੀ ਸ਼ਬਦ ਵਰਤੇ ਗਏ ਹਨ, ਉਹ ਐਕਸਪੰਜ ਕੀਤੇ ਜਾਂਦੇ ਹਨ। Doctor Sahib, he is on a Point of Order.

ਸਰਦਾਰ ਮਹੇਸ਼ ਇੰਦਰ ਸਿੰਘ : ਮੇਰੇ ਵੀਰ, ਸਿਆਣਿਆਂ ਦੀ ਗੱਲ ਸੱਚ ਹੈ ਅਤੇ ਸੱਚ ਕੌੜਾ ਹੁੰਦਾ ਹੈ। ਕਦੇ ਸੱਚ ਨੂੰ ਵੀ ਝੱਲ ਲਿਆ ਕਰੋ। ਕਦੇ ਕੌੜਾ ਵੀ ਖਾਣਾ ਪੈਂਦਾ ਹੈ। ਮੈਂ ਗੱਲ ਕਰ ਰਿਹਾ ਸੀ ਕਿ ਮੇਰੇ ਵੀਰ ਨੇ ਰੈਜ਼ੋਲਿਊਸ਼ਨ ਮੂਵ ਕਰਨ ਤੋਂ ਪਹਿਲਾਂ ਕੋਸ਼ਿਸ਼ ਨਹੀਂ ਕੀਤੀ ਕਿ ਕੋਈ ਡਾਟਾ ਕੁਲੈਕਟ ਕੀਤਾ ਜਾਵੇ ਕਿ ਸ਼ਹਿਰੀ ਜਾਂ ਦਿਹਾਤੀ ਅਜਿਹੇ ਕਿੰਨੇ ਲੋਕ ਹਨ ਜਿਹੜੇ ਗਰੀਬ ਵਰਗ ਨਾਲ ਸਬੰਧਤ ਹਨ ਅਤੇ ਜਿਨ੍ਹਾਂ ਕੋਲ ਰਹਿਣ ਨੂੰ ਮਕਾਨ ਨਹੀਂ ਹਨ। ਜਦੋਂ ਕੋਈ ਵੀ ਰੈਜ਼ੋਲਿਊਸ਼ਨ ਹਾਊਸ ਵਲੋਂ ਰਿਕੁਮੈਂਡੇਸ਼ਨ ਦੀ ਸ਼ੇਪ ਵਿਚ ਲਿਆਉਣਾ ਹੋਵੇ ਤਾਂ ਮੇਰਾ ਖਿਆਲ ਹੈ ਕਿ ਜ਼ਰੂਰ ਇਹ ਤੱਥ ਦੇਣੇ ਚਾਹੀਦੇ ਹਨ ਕਿ ਕਿੰਨੇ ਹਜ਼ਾਰ ਅਜਿਹੇ ਪਰਿਵਾਰ ਹਨ ਅਤੇ ਉਨ੍ਹਾਂ ਵਾਸਤੇ ਕਿੰਨੇ ਹਜ਼ਾਰ ਮਕਾਨ ਚਾਹੀਦੇ ਹਨ ਅਤੇ ਇਹ ਮਕਾਨ ਕਿਹੜੇ-ਕਿਹੜੇ ਸ਼ਹਿਰ ਵਿਚ. ਕਿਹੜੇ-ਕਿਹੜੇ ਪਿੰਡ ਵਿਚ ਅਤੇ ਕਿੰਨੇ ਕਿੰਨੇ ਚਾਹੀਦੇ ਹਨ। ਚੇਅਰਮੈਨ ਸਾਹਿਬ, ਇਹ ਰੈਜ਼ੋਲਿਊਸ਼ਨ ਇਕ ਵੇਗ ਡਾਕੂਮੈਂਟ ਹੈ। ਰੈਜ਼ੋਲਿਊਸ਼ਨ ਪੇਸ਼ ਕਰਨ ਵਾਲੇ ਵਕਤਾ ਨੇ, ਮੈਂ ਸਮਝਦਾ ਹਾਂ ਕਿ ਇਸ ਪਾਸੇ ਵੱਲ ਕੋਈ ਉੱਦਮ ਨਹੀਂ ਕੀਤਾ। ਜਿਨ੍ਹਾਂ ਬਾਰੇ ਮੈਂਬਰ ਮੰਗ ਕਰ ਰਿਹਾ ਹੈ, ਉਨ੍ਹਾਂ ਦੇ ਵਾਸਤੇ ਕਿਹੜੇ ਕਿਹੜੇ ਸ਼ਹਿਰ ਵਿਚ ਕਿੰਨੇ ਕਿੰਨੇ ਮਕਾਨ ਚਾਹੀਦੇ ਹਨ, ਇਸ ਬਾਰੇ ਕੁਝ ਨਹੀਂ ਦੱਸਿਆ ਗਿਆ। ਮਿਸਾਲ ਦੇ ਤੌਰ ਤੇ ਡਾਕਟਰ ਹਰਬੰਸ ਲਾਲ ਦੇ ਕਹਿਣ ਤੇ ਸਰਦਾਰ ਸਰੂਪ ਸਿੰਘ 10,000 ਮਕਾਨ ਲੁਧਿਆਣੇ ਬਣਵਾ ਦਿੰਦੇ ਹਨ।

11.33 ਵਜੇ ਪੂਰਵ ਦੁਪਹਿਰ

(ਇਸ ਸਮੇਂ** ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਫਿਰ ਬਾਅਦ ਵਿਚ ਕਹਿਣਗੇ ਕਿ ਫਤਿਹਗੜ੍ਹ ਸਾਹਿਬ ਦਾ ਤਾਂ ਖਿਆਲ ਹੀ ਨਹੀਂ ਰੱਖਿਆ ਗਿਆ। ਇਸ ਲਈ ਮੈਂ ਆਪਣੇ ਰੈਜ਼ੋਲਿਊਸ਼ਨ ਪੇਸ਼ ਕਰਨ ਵਾਲੇ ਵੀਰ ਨੂੰ ਬੇਨਤੀ ਕਰਾਂਗਾ, ਸੁਝਾਉ ਦੇਣ ਦੇ ਤਾਂ ਮੈਂ ਕਾਬਲ ਨਹੀਂ ਕਿਉਂਕਿ ਉਨ੍ਹਾਂ ਦੀ ਅਸੈਂਬਲੀ ਵਿਚ ਜ਼ਿੰਦਗੀ ਮੇਰੇ

**Expunged as ordered by the Chair.

ਨਾਲੋਂ ਜ਼ਿਆਦਾ ਹੈ, ਕਿ ਹਮੇਸ਼ਾ ਜੋ ਵੀ ਰੈਜ਼ੋਲਿਊਸ਼ਨ ਮੂਵ ਕਰਨ ਵਾਲਾ ਹੁੰਦਾ ਹੈ, ਉਸ ਨੂੰ ਮਿਹਨਤ ਕਰਕੇ ਡਾਟਾ ਕੁਲੈਕਟ ਕਰਨਾ ਪੈਂਦਾ ਹੈ । ਕਿਹੜੇ ਕਿਹੜੇ ਸ਼ਹਿਰਾਂ ਜਾਂ ਪਿੰਡਾਂ ਵਿਚ ਕਿਹੜੀ ਕਿਹੜੀ ਜਾਤੀ ਨਾਲ ਲੋਕ ਸਬੰਧਤ ਹਨ, ਉਹ ਇੰਪਲਾਇਡ ਹਨ, ਅਨਇੰਪਲਾਇਡ ਹਨ ਜਾਂ ਸੈਲਫ-ਇੰਪਲਾਇਡ ਹਨ ਜਿਹੜੇ ਕਿ ਬਿਨਾਂ ਛੱਤ ਤੋਂ ਰਹਿ ਰਹੇ ਹਨ ਅਤੇ ਉਨ੍ਹਾਂ ਵਾਸਤੇ ਕਿੰਨੇ ਮਕਾਨਾਂ ਦੀ ਜ਼ਰੂਰਤ ਹੈ ।

ਸਪੀਕਰ ਸਾਹਿਬ, ਮੈਂ ਇਕ ਦੋ ਹੋਰ ਗੱਲਾਂ ਕਰਕੇ ਖਤਮ ਕਰਾਂਗਾ । ਮੇਰੇ ਵੀਰ ਨੇ ਰੈਜ਼ੋਲਿਊਸ਼ਨ ਮੂਵ ਕਰਨ ਵੇਲੇ ਜਿਹੜਾ ਭਾਸ਼ਣ ਦਿੱਤਾ ਹੈ ਉਹ ਮੈਂ ਸਮਝਦਾ ਹਾਂ ਕਿ ਇਕ ਸਿਆਸੀ ਭਾਸ਼ਣ ਹੀ ਹੈ । ਸਪੀਕਰ ਸਾਹਿਬ, ਸਿਆਸਤ ਦਾ ਆਪਣਾ ਸਥਾਨ ਹੈ । ਮੈਂ ਤੁਹਾਡੇ ਰਾਹੀਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਵੀ ਕੋਈ ਰੈਜ਼ੋਲਿਊਸ਼ਨ ਰਿਕੁਮੈਂਡਿਡ ਫੋਰਮ ਵਿਚ ਸਰਕਾਰ ਨੂੰ ਫਾਰਵਰਡ ਕਰਨਾ ਹੋਵੇ ਤਾਂ ਉਸ ਵਿਚ ਫਿਗਰਜ਼ ਐਂਡ ਫੈਕਟਸ ਪੂਰੇ ਦੱਸਣ ਦੇ ਨਾਲ ਨਾਲ ਸੁਝਾਓ ਵੀ ਚਾਹੀਦੇ ਹੁੰਦੇ ਹਨ । ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਹ ਕਹਾਂਗਾ ਕਿ ਅੱਜ ਮਸਲਾ ਇਹ ਨਹੀਂ ਕਿ ਗਰੀਬਾਂ ਨੂੰ ਛੱਤ ਮਿਲਦੀ ਹੈ ਜਾਂ ਨਹੀਂ, ਮੇਰਾ ਆਪਣਾ ਅੰਦਾਜ਼ਾ ਹੈ, ਜਿੰਨੀ ਕੁ ਮੈਂ ਸਟੱਡੀ ਕੀਤੀ ਹੈ, ਉਸ ਮੁਤਾਬਿਕ ਪੰਜਾਬ ਵਿਚ ਕੋਈ ਵੀ ਬਿਨਾ ਛੱਤ ਦੇ ਨਹੀਂ ਹੈ ਅਤੇ ਜੇ ਹੈ ਤਾਂ ਉਹ ਵੀ ਨਹੀਂ ਰਹੇਗਾ । ਅੱਜ ਸਾਨੂੰ ਲੋੜ ਹੈ ਲੋਕਾਂ ਨੂੰ, ਇਸ ਹਾਊਸ ਨੂੰ, ਪੰਜਾਬ ਦੀ ਸਰਕਾਰ ਨੂੰ ਅਪੀਲ ਕਰਨ ਦੀ, ਸੁਚੇਤ ਕਰਨ ਦੀ ਕਿ ਜਿਹੜੇ ਮਾਫੀਏ ਬਣੇ ਹੋਏ ਹਨ ਪਿਛਲੇ 50 ਸਾਲਾਂ ਤੋਂ, ਸਰਕਾਰੀ, ਗੈਰ-ਸਰਕਾਰੀ ਅਤੇ ਅਰਧ-ਸਰਕਾਰੀ ਜ਼ਮੀਨਾਂ ਤੇ ਕਬਜ਼ੇ ਕਰਨ ਲਈ, ਉਨ੍ਹਾਂ ਨਾਲ ਸਖਤੀ ਨਾਲ ਨਿਪਟਿਆ ਜਾਵੇ । ਪਾਲਿਟਿਕਸ ਨੂੰ ਜਿਨ੍ਹਾਂ ਲੋਕਾਂ ਨੇ ਆਮਦਨ ਦਾ ਕਿੱਤਾ ਬਣਾਇਆ ਹੋਇਆ ਹੈ, ਉਨ੍ਹਾਂ ਤੇ ਬਰੇਕਾਂ ਲਗਾਈਆਂ ਜਾਣ । ਗਰੀਬਾਂ ਦੀ ਸੇਵਾ ਕਰਨ ਲਈ ਇਸ ਤਰ੍ਹਾਂ ਦਾ ਸਾਡੇ ਤੇ ਭਾਰ ਨਹੀਂ ਪੈਣਾ ਚਾਹੀਦਾ । ਜਿਥੋਂ ਤਕ ਸ਼ਹਿਰਾਂ ਦਾ ਤਾਅਲੁੱਕ ਹੈ, ਮੈਂ ਇਸ ਰੈਜ਼ੋਲਿਊਸ਼ਨ ਵਿਚ ਇਕ ਹੋਰ ਗੱਲ ਨਾਲ ਵੀ ਸਹਿਮਤ ਨਹੀਂ । ਪੰਜਾਬ ਦੇ ਵਿਚ ਜਿਹੜੇ ਵੀ ਪੰਜਾਬੀ ਨੂੰ ਮਕਾਨ ਦੇਣ ਦਾ ਜਾਂ ਦਿਹਾਤਾਂ ਵਿਚ ਮਕਾਨ ਦੇਣ ਦਾ ਸਵਾਲ ਹੈ । ਉਸ ਦੇ ਵਿਚ ਇਕ ਗੱਲ ਪੰਜਾਬ ਨੂੰ ਅਤੇ ਪੰਜਾਬੀਆਂ ਨੂੰ ਸੋਚਣੀ ਪਵੇਗੀ, ਉਹ ਇਹ ਹੈ ਕਿ ਪੰਜਾਬ ਦੇ ਵਿਚ ਬਹੁਤ ਵੱਡਾ ਹਿੱਸਾ ਮਾਈਗਰੇਟਿਡ ਲੇਬਰ ਦਾ ਹੈ, ਖਾਸ ਕਰਕੇ ਇੰਡਸਟਰੀਅਲ ਟਾਊਨਜ਼ ਵਿਚ ਜ਼ਿਨ੍ਹਾਂ ਵਿਚ ਮੰਡੀ ਗੋਬਿੰਦਗੜ੍ਹ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਹਨ । ਉਥੇ ਉਹ ਹਜ਼ਾਰਾਂ ਦੀ ਗਿਣਤੀ ਵਿਚ ਆਉਂਦੇ ਹਨ ਅਤੇ ਜਾਂਦੇ ਹਨ । ਮੇਰੇ ਆਪਣੇ ਇਲਮ ਵਿਚ ਹੈ ਕਿ ਕੁਝ ਪੂਅਰ ਸੈਕਸ਼ਨਜ਼ ਨੂੰ 50-50 ਗਜ਼ ਦੇ ਪਲਾਟ ਅਲਾਟ ਕੀਤੇ ਗਏ ਸਨ ਜਿਹੜੇ ਕਿ ਉਹ ਲੈਂਡ ਕੀਮਤੀ ਹੋਣ ਕਰਕੇ ਅੱਗੇ ਲੋਕਾਂ ਨੂੰ ਟਰਾਂਸਫਰ ਕਰਦੇ ਰਹੇ ਸਨ । ਇਕ ਗੱਲ ਹੋਰ ਵੀ ਜ਼ਰੂਰ ਕਹਿਣੀ ਪਵੇਗੀ ਕਿ ਜਿਹੜੀ ਵੀ ਅਲਾਟਮੈਂਟ ਕਰਨ ਜਾਂ ਬੇ-ਘਰਿਆਂ ਨੂੰ ਘਰ ਦੇਣ ਦੀ ਗੱਲ ਹੈ, ਉਸ ਵਿਚ ਇਹ ਵੇਖਣਾ ਚਾਹੀਦਾ ਹੈ ਕਿ ਐਪਲੀਕੈਂਟ ਪੰਜਾਬ ਦਾ ਡੋਮੀਸਾਈਲ ਹੋਵੇ ਅਤੇ ਜਦੋਂ ਕਦੇ ਵੀ ਉਹ ਆਦਮੀ ਕੋਈ ਦਰਖਾਸਤ ਆਪਣੇ ਮਕਾਨ ਲਈ ਕਿਸੇ ਵੀ ਅਥਾਰਟੀ ਕੋਲ ਮੂਵ ਕਰੇ, ਉਹ ਦਰਖਾਸਤ ਮੂਵ

[ਸਰਦਾਰ ਮਹੇਸ਼ ਇੰਦਰ ਸਿੰਘ]

ਕਰਨ ਤੋਂ ਪਹਿਲਾਂ ਘੱਟੋ-ਘੱਟ 10 ਸਾਲ ਉਸ ਦੀ ਪੰਜਾਬ ਵਿਚ ਸਟੇਅ ਹੋਣੀ ਚਾਹੀਦੀ ਹੈ। ਜੇ ਅਸੀਂ ਪ੍ਰੋਫੈਸ਼ਨਲ ਕਾਲਜਾਂ ਵਿਚ ਜਾਂ ਹੋਰ ਟੈਕਨੀਕਲ ਅਦਾਰਿਆਂ ਵਿਚ ਇਹ ਸ਼ਰਤ ਲਗਾ ਸਕਦੇ ਹਾਂ ਕਿ ਇਨ੍ਹਾਂ ਵਿਚ ਸੂਬੇ ਦੇ ਡੋਮੀਸਾਈਲ ਹੀ ਐਡਮਿਟ ਹੋ ਸਕਦੇ ਹਨ ਤਾਂ ਇਹ ਚੀਜ਼ ਵੀ ਬਹੁਤ ਜ਼ਰੂਰੀ ਹੈ ਕਿ ਪੰਜਾਬ ਵਿਚ ਘਰਾਂ ਦਾ ਮਸਲਾ ਹੱਲ ਕਰਨ ਲਈ ਪੰਜਾਬ ਵਿਚ ਜਦੋਂ ਵੀ ਹਾਊਸ ਅਲਾਟਮੈਂਟ ਹੋਵੇ, ਭਾਵੇਂ ਪੂਅਰ ਦੀ ਹੋਵੇ, ਮਿਡਲ ਇਨਕਮ ਗਰੁੱਪ ਦੀ ਹੋਵੇ ਜਾਂ ਹਾਈ ਇਨਕਮ ਗਰੁੱਪ ਦੀ ਹੋਵੇ, ਜਿਹੜੀ ਵੀ ਗੌਰਮਿੰਟ ਏਜੰਸੀ ਹੋਵੇ ਜਿਵੇਂ ਪੁੱਡਾ ਹੈ, ਇੰਪਰੂਵਮੈਂਟ ਟਰੱਸਟ ਹੈ ਜਾਂ ਹਾਊਸਫੈਡ ਹੈ, ਉਨ੍ਹਾਂ ਲੋਕਾਂ ਨੂੰ ਹੀ ਕੰਸਿਡਰ ਕਰੇ ਜਿਹੜੇ ਪੰਜਾਬ ਦੇ ਡੋਮੀਸਾਈਲ ਹੋਣ ਅਤੇ ਉਨ੍ਹਾਂ ਨੂੰ ਪੰਜਾਬ ਵਿਚ ਰਹਿੰਦੇ ਘੱਟੋ ਘੱਟ 10 ਸਾਲ ਹੋ ਗਏ ਹੋਣ। ਸੋ ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਹ ਕਹਾਂਗਾ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ ਇਸ ਦੇ ਵਿਚ ਸਿਆਸੀ ਮਾਈਲੇਜ਼ ਗੇਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਬਜਟ ਤੇ ਕੱਲ੍ਹ ਤੋਂ ਬਹਿਸ ਸ਼ੁਰੂ ਹੋਣੀ ਹੈ। ਬਜਟ ਵਿਚ ਵੀ ਕੈਪਟਨ ਕੰਵਲਜੀਤ ਸਿੰਘ ਜੀ ਵਲੋਂ, ਜੋ ਕਿ ਕੱਲ੍ਹ ਹਾਊਸ ਵਿਚ ਪੇਸ਼ ਕੀਤਾ ਗਿਆ ਹੈ, ਇਹ ਚੀਜ਼ ਰੱਖੀ ਗਈ ਹੈ। ਇਹ ਇਕ ਸੈਪਰੇਟ ਰੈਜ਼ੋ-ਲਿਊਸ਼ਨ ਮੂਵ ਕਰਕੇ ਸਰਕਾਰ ਦੇ ਧਿਆਨ ਵਿਚ ਲਿਆਉਣਾ ਅਤੇ ਫਿਰ ਦੋਬਾਰਾ ਬਜਟ ਤੇ ਬਹਿਸ ਕਰਨੀ ਉਚਿਤ ਨਹੀਂ ਹੈ। ਕੱਲ੍ਹ ਬਜਟ ਤੇ ਬਹਿਸ ਹੋਣੀ ਹੈ ਅਤੇ ਉਸ ਸਮੇਂ ਸਾਰਾ ਮਸਲਾ ਡਿਸਕਸ ਹੋ ਜਾਵੇਗਾ। ਇੰਨਾ ਕਹਿੰਦਾ ਹੋਇਆ ਮੈਂ ਸਥਾਨ ਗ੍ਰਹਿਣ ਕਰਦਾ ਹਾਂ, ਧੰਨਵਾਦ।

ਸ੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) : ਸਪੀਕਰ ਸਾਹਿਬ, ਇਹ ਮਤਾ ਜਿਹੜਾ ਡਾਕਟਰ ਹਰਬੰਸ ਲਾਲ ਜੀ ਨੇ ਹਾਊਸ ਵਿਚ ਲਿਆਂਦਾ ਹੈ ਕਿ ਆਰਥਿਕ ਆਧਾਰ ਤੇ ਕਮਜ਼ੋਰ ਵਰਗਾਂ ਨੂੰ ਸ਼ਹਿਰਾਂ ਅਤੇ ਦਿਹਾਤੀ ਇਲਾਕਿਆਂ ਵਿਚ ਮਕਾਨ ਬਣਾਉਣ ਦੀ ਸਕੀਮ ਬਣਾਈ ਜਾਵੇ, ਉਪਰੋਂ ਤਾਂ ਇਹ ਲਗਦਾ ਹੈ ਕਿ ਬੜਾ ਅੱਛਾ ਮਤਾ ਹੈ, ਬੜਾ ਚੰਗਾ ਹੈ ਲੇਕਿਨ ਜਿਸ ਭਾਵਨਾ ਦੇ ਨਾਲ ਇਹ ਲਿਆਂਦਾ ਗਿਆ ਹੈ, ਮੈਂ ਉਸ ਦੇ ਵੱਲ ਹਾਊਸ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਡਾਕਟਰ ਹਰਬੰਸ ਲਾਲ ਜੀ, ਜਿਹੜੀ ਪਿਛਲੀ ਸਰਕਾਰ ਸੀ ਉਸਦੇ ਵਿੱਚ ਮੰਤਰੀ ਵੀ ਰਹੇ ਅਤੇ ਸਰਕਾਰ ਨੇ ਪੂਰੇ ਪੰਜ ਸਾਲ ਕੰਮ ਵੀ ਕੀਤਾ ਲੇਕਿਨ ਇਹ ਮਤਾ ਉਦੋਂ ਕਦੇ ਨਹੀਂ ਲੈ ਕੇ ਆਏ। ਸਵਾਲ ਇਹ ਹੈ ਕਿ ਇਹ ਮਤਾ ਇਹ ਅੱਜ ਕਿਉਂ ਲੈ ਕੇ ਆਏ ਹਨ ? ਇਸ ਦਾ ਕਾਰਣ ਇਹ ਹੈ ਕਿ ਉਦੋਂ ਇਹ ਹਕੂਮਤ ਦੇ ਨਸ਼ੇ ਵਿਚ ਡੁੱਬੇ ਰਹੇ। ਆਮ ਤੌਰ ਤੇ ਕਿਹਾ ਜਾਂਦਾ ਹੈ :

> 'ਗੱਡੀ ਰਾਤ ਸਾਰੀ ਮੇਰੀ ਮਹਿ ਕਦੇ ਕਦੇ
> ਖੁਦਾ ਯਾਦ ਆਇਆ ਸਵੇਰੇ ਸਵੇਰੇ।' (ਥੰਪਿੰਗ)

ਹੁਣ ਜਦੋਂ ਇਹ ਆਪੋਜ਼ੀਸ਼ਨ ਵਿਚ ਬੈਠੇ ਹਨ ਤਾਂ ਹੁਣ ਇਨ੍ਹਾਂ ਨੂੰ ਗਰੀਬਾਂ ਦੀ ਯਾਦ ਆਈ ਹੈ। ਹੁਣ ਇਨ੍ਹਾਂ ਨੂੰ ਨਜ਼ਰ ਆਉਂਦਾ ਹੈ ਕਿ ਗਰੀਬ ਭਗਵਾਨ ਹੈ, ਗਰੀਬ ਖੁਦਾ ਹੈ। ਇਹ ਸਕੀਮਾਂ ਉਦੋਂ ਲਾਗੂ ਨਹੀਂ ਹੋਈਆਂ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਦਾ ਧਿਆਨ ਉਦੋਂ ਕਬਜ਼ੇ ਕਰਨ ਵੱਲ ਸੀ। ਉਸ ਵੇਲੇ ਇਨ੍ਹਾਂ ਦਾ ਧਿਆਨ ਲੁੱਟਣ ਵੱਲ ਸੀ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ)

ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਕਬਜ਼ਿਆਂ ਦੀ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਪਿਛਲੀ ਸਰਕਾਰ ਦੇ ਸਮੇਂ ਵਿਚ ਜਲੰਧਰ ਵਿਚ ਇਕ ਰੈੱਡ ਰੋਜ਼ ਸੁਸਾਇਟੀ ਬਣੀ ਸੀ । ਉਸ ਨੇ ਕੈਨਾਲ ਡਿਪਾਰਟਮੈਂਟ ਦੀ ਜਗ੍ਹਾ ਤੇ ਰਾਤੋ-ਰਾਤ ਕਬਜ਼ਾ ਕਰ ਲਿਆ ਅੌਰ ਉਥੇ ਉਸਾਰੀ ਕਰਨੀ ਸ਼ੁਰੂ ਕਰ ਦਿੱਤੀ । ਸਪੀਕਰ ਸਾਹਿਬ, ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਉਥੇ ਧਰਨਾ ਦਿੱਤਾ । ਉਸ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਉਨ੍ਹਾਂ ਨੇ ਉਸ ਦੀ ਅਲਾਟਮੈਂਟ ਵੀ ਕਰਵਾ ਲਈ ਹੈ ਅੌਰ ਰਜਿਸਟਰੀ ਵੀ ਕਰਵਾ ਲਈ ਹੈ । ਇਹ ਸਾਰਾ ਕੰਮ ਰਾਤੋ-ਰਾਤ ਕੀਤਾ ਗਿਆ । ਰਾਤ 12.00 ਵਜੇ ਐਡਮਿਨਿਸਟਰੇਸ਼ਨ ਅੌਰ ਪੁਲੀਸ ਆਈ । ਸ਼ਹਿਰ ਵਾਸੀਆਂ ਨੇ ਉਥੇ ਧਰਨਾ ਮਾਰਿਆ । ਜਦੋਂ ਇਹ ਮਸਲਾ ਗਰੀਵੈਂਸਿਜ਼ ਕਮੇਟੀ ਵਿਚ ਉਠਾਇਆ ਗਿਆ ਤਾਂ ਉਹ ਤੋੜ ਦਿੱਤੀ ਗਈ । ਸਪੀਕਰ ਸਾਹਿਬ, ਅੱਜ ਇਹ ਆਪਣੇ ਆਪ ਨੂੰ ਗਰੀਬਾਂ ਦੇ ਹਮਦਰਦ ਦੱਸਦੇ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਮਿਲਾਪ ਚੌਂਕ ਵਿਚ ਇਕ ਸਰਕਾਰੀ ਸਕੂਲ ਸੀ ਪਰ ਅੱਜ ਉਥੇ ਮਾਨੀਕਾ ਟਾਵਰ ਬਣਾਇਆ ਗਿਆ ਹੈ । ਸਪੀਕਰ ਸਾਹਿਬ, ਰਾਤੋ-ਰਾਤ ਹੀ ਉਹ ਸਕੂਲ ਚੁੱਕ ਦਿੱਤਾ ਗਿਆ । ਉਹ ਸਰਕਾਰੀ ਸਕੂਲ ਸੀ ਪਰ ਅੱਜ ਉਹ ਸਰਕਾਰੀ ਸਕੂਲ ਗੁਰੂ ਨਾਨਕ ਸਕੂਲ ਦੇ ਰੂਪ ਵਿਚ ਦੋ ਕਮਰਿਆਂ ਵਿਚ ਬਿਰਾਜਮਾਨ ਹੈ । ਸਪੀਕਰ ਸਾਹਿਬ, ਇਹ ਸਰਕਾਰ ਵਿਚ ਰਹਿੰਦਿਆਂ ਇਸ ਤਰ੍ਹਾਂ ਕਬਜ਼ੇ ਕਰਦੇ ਰਹੇ । ਇਸ ਤਰ੍ਹਾਂ ਇਹ ਸਕੂਲ ਜਿਹੜਾ ਕਾਫੀ ਪੁਰਾਣਾ ਸੀ, ਉਸ ਦੀ ਜਗ੍ਹਾ ਤੇ ਟਾਵਰ ਬਣਾ ਦਿੱਤਾ ਗਿਆ । ਉਸ ਦਾ ਨਕਸ਼ਾ ਵੀ ਪਾਸ ਨਹੀਂ ਹੋਇਆ ਪਰ ਅੱਜ ਉਥੇ ਬਹੁਮੰਜ਼ਲੀ ਇਮਾਰਤ ਬਣੀ ਹੋਈ ਹੈ । ਇੰਨਾ ਹੀ ਨਹੀਂ, ਇਕ ਕਾਂਗਰਸੀ ਅਧਿਕਾਰੀ ਹੈ ਜਿਸ ਨੇ ਨਰਿੰਦਰ ਸਿਨੇਮੇ ਦੇ ਸਾਹਮਣੇ ਕਬਜ਼ਾ ਕੀਤਾ ਹੋਇਆ ਹੈ ਅੌਰ ਉਥੇ ਲਿਖਿਆ ਹੋਇਆ ਹੈ ਕਿ ਉਹ ਕਾਂਗਰਸ ਦਾ ਫਲਾਣਾ ਅਧਿਕਾਰੀ ਹੈ । ਉਸ ਨੇ ਆਪਣਾ ਨਿਸ਼ਾਨ ਵੀ ਬਣਾਇਆ ਹੋਇਆ ਹੈ । ਸੋ, ਇਸ ਤਰ੍ਹਾਂ ਇਨ੍ਹਾਂ ਨੇ ਬੇਸ਼ੁਮਾਰ ਨਜਾਇਜ ਕਬਜ਼ੇ ਕੀਤੇ । ਅੱਜ ਇਹ ਆਪਣੇ ਆਪ ਨੂੰ ਗਰੀਬਾਂ ਦੇ ਹਮਦਰਦ ਦਸਦੇ ਹਨ ਪਰ ਇਹ ਪਿਛਲੇ ਪੰਜ ਸਾਲਾਂ ਵਿਚ ਕੋਈ ਮਤਾ ਨਹੀਂ ਲੈ ਕੇ ਆਏ ਕਿਉਂਕਿ ਉਦੋਂ ਇਨ੍ਹਾਂ ਕੋਲ ਵਿਹਲ ਨਹੀਂ ਸੀ । ਪਹਿਲਾਂ ਤਾਂ ਇਹ ਆਪਣਾ ਮੁੱਖ ਮੰਤਰੀ ਚੁਣਦੇ ਰਹੇ । ਫਿਰ ਦਿੱਲੀ ਜਾ ਕੇ ਬੈਠੇ ਰਹੇ । ਕੋਈ ਸਕੀਮ ਨਹੀਂ ਲਿਆਂਦੀ । ਇਨ੍ਹਾਂ ਨੂੰ ਸਕੀਮਾਂ ਉਦੋਂ ਯਾਦ ਆਈਆਂ ਜਦੋਂ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਲੁਧਿਆਣਾ ਵਿਖੇ ਰੈਲੀ ਕੀਤੀ । ਉਦੋਂ ਇਨ੍ਹਾਂ ਨੇ ਘੋਸ਼ਣਾਵਾਂ ਕਰਨੀਆਂ ਸ਼ੁਰੂ ਕੀਤੀਆਂ ਪਰ ਚਾਰ ਸਾਲ ਗਿਆਰਾਂ ਮਹੀਨੇ ਕੋਈ ਕੰਮ ਨਹੀਂ ਕੀਤਾ । ਉਦੋਂ ਇਨ੍ਹਾਂ ਨੇ ਭ੍ਰਿਸ਼ਟਾਚਾਰ ਫੈਲਾਇਆ ਅਤੇ ਪੰਜਾਬ ਨੂੰ ਲੁੱਟਿਆ । ਇਨ੍ਹਾਂ ਨੂੰ ਗਰੀਬਾਂ ਦੀ ਉਦੋਂ ਯਾਦ ਆਈ ਜਦੋਂ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਘੋਸ਼ਣਾਵਾਂ ਕੀਤੀਆਂ ਅੌਰ ਸਕੀਮਾਂ ਦੱਸੀਆਂ ਕਿ ਜਦੋਂ ਸਾਡੀ ਭਾਰਤੀ ਜਨਤਾ ਪਾਰਟੀ ਅੌਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਏਗੀ ਤਾਂ ਅਸੀਂ ਪੰਜਾਬੀਆਂ ਨੂੰ ਇਹ ਚੀਜ਼ਾਂ ਮੁਹੱਈਆ ਕਰਾਂਗੇ । ਫਿਰ ਇਨ੍ਹਾਂ ਨੂੰ ਯਾਦ ਆਈ ਪਰ ਇਹ ਚਾਰ ਸਾਲ ਗਿਆਰਾਂ ਮਹੀਨੇ ਭੁੱਲੇ ਹੀ ਬੈਠੇ ਰਹੇ । ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਜਦੋਂ ਸਰਕਾਰ ਆਈ ਤਾਂ ਜਿਸ ਦਿਨ ਤੋਂ ਉਨ੍ਹਾਂ ਨੇ ਵਾਗਡੋਰ ਸੰਭਾਲੀ, ਉਸ ਦਿਨ ਤੋਂ ਹੀ ਪੰਜਾਬੀਆਂ

[ਸ੍ਰੀ ਮਨੋਰੰਜਨ ਕਾਲੀਆ]

ਨਾਲ ਕੀਤੇ ਵਾਅਦੇ ਪੂਰੇ ਕਰਨੇ ਸ਼ੁਰੂ ਕਰ ਦਿੱਤੇ । ਪਿਛਲੀ ਸਰਕਾਰ ਨੇ ਚਾਰ ਸਾਲ ਗਿਆਰਾਂ ਮਹੀਨੇ ਪੰਜਾਬ ਨੂੰ ਲੁੱਟਿਆ । ਇਹ ਪੰਜਾਬ ਤੋਂ ਬਾਹਰ ਹੀ ਤੁਰੇ ਫਿਰਦੇ ਰਹੇ । ਪਰ ਸਪੀਕਰ ਸਾਹਿਬ, ਸਾਡੇ ਮੁੱਖ ਮੰਤਰੀ ਸਾਹਿਬ ਨੇ ਪਹਿਲੇ ਦਿਨ ਤੋਂ ਹੀ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨੇ ਸ਼ੁਰੂ ਕਰ ਦਿੱਤੇ । ਕਾਂਗਰਸ ਨੇ ਪੰਜਾਹ ਸਾਲ ਰਾਜ ਕੀਤਾ ਪਰ ਉਦੋਂ ਇਹ ਕੋਈ ਆਰਥਿਕ ਆਧਾਰ ਨਹੀਂ ਲੈ ਕੇ ਆਏ । ਅੱਜ ਅਸੀਂ ਚਾਹੁੰਦੇ ਹਾਂ ਕਿ ਆਰਥਿਕ ਆਧਾਰ ਉੱਤੇ ਗਰੀਬਾਂ ਨੂੰ ਮਕਾਨ ਮਿਲਣ, ਸਹੂਲਤਾਂ ਮਿਲਣ ਲੇਕਿਨ ਬਜਟ ਨਹੀਂ ਹੈ । ਬਜਟ ਕਿਉਂ ਨਹੀਂ ਹੈ ? ਕਿਉਂਕਿ ਜਿਸ ਢੰਗ ਨਾਲ ਪਿਛਲੀਆਂ ਸਰਕਾਰਾਂ ਨੇ ਸਰਕਾਰ ਦੇ ਬਜਟ ਨੂੰ ਉਜਾੜਿਆ ਹੈ, ਜਿਸ ਢੰਗ ਨਾਲ ਫਜ਼ੂਲ ਖਰਚ ਕੀਤਾ ਹੈ, ਨਾਨ-ਪਲਾਨਡ ਐਕਸਪੈਂਡੀਚਰ ਕੀਤੇ ਹਨ, ਉਨ੍ਹਾਂ ਦੇ ਕਾਰਣ ਅੱਜ ਸਾਡੇ ਹੱਥ ਬੱਧੇ ਹੋਏ ਹਨ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਥੱਲੇ ਜੋ ਬਜਟ ਕੈਪਟਨ ਕੰਵਲਜੀਤ ਸਿੰਘ ਨੇ ਪੇਸ਼ ਕੀਤਾ ਹੈ, ਉਸ ਵਿਚ ਬੜੀਆਂ ਵਧੀਆ ਸਕੀਮਾਂ ਹਨ, ਬੜੀਆਂ ਸਹੂਲਤਾਂ ਹਨ । ਅੱਜ 60 ਕਰੋੜ ਰੁਪਿਆ ਪੱਛੜੀਆਂ ਜਾਤੀਆਂ ਵਾਸਤੇ ਰੱਖਿਆ ਗਿਆ ਹੈ ਜਿਹੜਾ ਕਿ ਕਾਂਗਰਸ ਦੇ ਰਾਜ ਸਮੇਂ ਇਕ ਕਰੋੜ ਰੁਪਿਆ ਸੀ । ਅੱਜ ਇਹ ਹਮਦਰਦੀ ਜਤਾ ਰਹੇ ਹਨ, ਬੜੀ ਸ਼ਰਮਨਾਕ ਗੱਲ ਹੈ । ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਕੁਝ ਕਰਨਾ ਚਾਹੁੰਦੀ ਹੈ ਔਰ ਤੁਸੀਂ ਉਸ ਨੂੰ ਭਰਮ-ਭੁਲੇਖੇ ਵਿਚ ਪਾ ਕੇ ਧਿਆਨ ਹੋਰ ਪਾਸੇ ਕਰ ਰਹੇ ਹੋ । ਸਪੀਕਰ ਸਾਹਿਬ, ਇਨ੍ਹਾਂ ਸਾਰੀਆ ਗੱਲਾਂ ਨੂੰ ਪੁੱਠਾ ਆਪਣੀ ਸਕੀਮ ਵਿਚ ਲਾਗੂ ਕਰ ਰਿਹਾ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਸੇਂਟ ਸੋਲਜ਼ਰ ਨਾਮ ਦੀ ਸੋਸਾਇਟੀ ਜੋ ਜਲੰਧਰ ਵਿਚ ਹੈ, ਉਸਨੇ ਨਾਜਾਇਜ਼ ਕਬਜ਼ੇ ਕੀਤੇ ਹਨ ਔਰ ਉਸ ਦੇ ਖਿਲਾਫ਼ ਸਰਦਾਰ ਸਰੂਪ ਸਿੰਘ, ਮੰਤਰੀ ਜੀ ਨੇ ਸਕੈਂਡਲ ਸਾਹਮਣੇ ਲਿਆਂਦੇ ਹਨ ਔਰ ਉਨ੍ਹਾਂ ਦੇ ਖਿਲਾਫ਼ ਕੇਸ ਵੀ ਦਰਜ ਹੋਏ ਹਨ । ਉਨ੍ਹਾਂ ਦਾ ਸਬੰਧ ਵੀ ਕਾਂਗਰਸ ਦੇ ਨਾਲ ਹੀ ਹੈ ।

ਸਪੀਕਰ ਸਾਹਿਬ, ਜਲੰਧਰ ਵਿਚ ਮੈਡੀਕਲ ਕਾਲਜ ਦਾ ਨੀਂਹ ਪੱਥਰ ਰੱਖਿਆ ਗਿਆ ਔਰ ਉਥੇ ਕਿਹਾ ਗਿਆ ਕਿ ਮੈਡੀਕਲ ਕਾਲਿਜ ਦੀ ਸਥਾਪਨਾ ਕੀਤੀ ਜਾਵੇ । ਲੇਕਿਨ ਇਸ ਦੇ ਪਿੱਛੇ ਮਨਸੂਬੇ ਕੀ ਸਨ ? ਇਸ ਵਾਸਤੇ ਸੋਸਾਇਟੀ ਬਣਾਈ ਗਈ । ਉਥੇ ਪਹਿਲਾਂ ਗੰਨੇ ਦੀ ਵੱਖ-ਵੱਖ ਕਿਸਮ ਇਜ਼ਾਦ ਕਰਨ ਲਈ ਰਿਸਰਚ ਹੁੰਦੀ ਸੀ । ਕਿਉਂਕਿ ਉਸ ਦੀ ਜ਼ਮੀਨ ਸ਼ਹਿਰ ਵਿਚ ਆ ਚੁੱਕੀ ਸੀ, ਇਸ ਲਈ ਇਨ੍ਹਾਂ ਨੇ ਮੈਡੀਕਲ ਕਾਲਜ ਦੀ ਆੜ ਲਈ ਔਰ ਕਿਹਾ ਕਿ ਉਥੇ ਮੈਡੀਕਲ ਕਾਲਜ ਦੀ ਸਥਾਪਨਾ ਕਰਾਂਗੇ । ਇਸ ਵਾਸਤੇ ਪਿਛਲੇ ਮੁੱਖ ਮੰਤਰੀ ਨੇ ਉਥੇ ਨੀਂਹ ਪੱਥਰ ਵੀ ਰੱਖਿਆ ਲੇਕਿਨ ਮੈਡੀਕਲ ਕਾਲਜ ਸਥਾਪਤ ਨਹੀਂ ਹੋਇਆ । ਉਸ ਦਾ ਕਾਰਣ ਕੀ ਸੀ ? ਉਸ ਦਾ ਕਾਰਣ ਇਹ ਸੀ ਕਿ ਜਿਹੜੀ ਉਥੇ ਐਸੋਸੀਏਸ਼ਨ ਹੈ, ਉਸ ਨੇ ਸਕੀਮ ਬਣਾਈ ਕਿ ਇਕ ਸੋਸਾਇਟੀ ਬਣਾਈ ਜਾਵੇ ਔਰ ਉਹ ਪਲਾਟ ਕੱਟੇਗੀ । ਪਲਾਟ ਕੱਟ ਕੇ ਵੇਚੇ ਜਾਣਗੇ ਔਰ ਫਿਰ ਉਹ ਫੰਡ ਮੈਡੀਕਲ ਕਾਲਜ ਲਈ ਯੂਜ਼ ਕੀਤਾ ਜਾਵੇਗਾ । ਗੱਲ ਮੈਡੀਕਲ ਕਾਲਜ ਦੀ ਨਹੀਂ ਸੀ, ਸਪੀਕਰ ਸਾਹਿਬ, ਗੱਲ ਇਹ ਸੀ ਕਿ ਉਥੋਂ ਦੀ ਜ਼ਮੀਨ ਬਹੁਮੁੱਲੀ ਹੋ ਗਈ ਸੀ, ਬਹੁਤ ਕੀਮਤੀ ਹੋ ਗਈ ਸੀ, ਇਸ ਲਈ ਇਨ੍ਹਾਂ ਨੇ ਸੋਚਿਆ ਕਿ ਉਸ ਨੂੰ ਕਿਸ ਤਰ੍ਹਾਂ ਹੜੱਪਿਆ ਜਾਵੇ । ਇਸ ਕਰਕੇ ਉਥੇ ਮੈਡੀਕਲ ਕਾਲਜ ਨਹੀਂ ਬਣਿਆ । ਸੋ, ਸਪੀਕਰ ਸਾਹਿਬ, ਜਿਸ ਢੰਗ

ਨਾਲ ਔਰ ਜਿਸ ਭਾਵਨਾ ਨਾਲ ਮੈਡੀਕਲ ਕਾਲਜ ਦੀ ਸਥਾਪਨਾ ਕੀਤੀ ਗਈ ਸੀ, ਉਸ ਅਨੁਸਾਰ ਹੁਣ ਇਹ ਸਿਰਫ ਮਗਰਮੱਛ ਦੇ ਆਸੂ ਬਹਾ ਰਹੇ ਹਨ । ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਚਾਹੁੰਦੀ ਹੈ ਕਿ ਪੰਜਾਬ ਦਾ ਵਿਕਾਸ ਪਲਾਨਡ ਤਰੀਕੇ ਨਾਲ ਹੋਵੇ । ਇਸ ਲਈ ਬਲਾਕ ਲੈਵਲ ਤਕ ਮਾਈਕਰੋ ਪਲੈਨਿੰਗ ਕੀਤੀ ਜਾ ਰਹੀ ਹੈ । ਇਕ ਪਿੰਡ ਵਿਚ, ਇਕ ਬਲਾਕ ਦੇ ਵਿਚ ਕੀ ਕੀ ਜ਼ਰੂਰਤਾਂ ਹਨ, ਉਥੇ ਮਕਾਨ ਕਿੰਨੇ ਚਾਹੀਦੇ ਹਨ, ਸੜਕਾਂ ਕਿੰਨੀਆਂ ਚਾਹੀਦੀਆਂ ਹਨ, ਉਥੇ ਮਕਾਨ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ ਇਸ ਸਭ ਬਾਰੇ ਪਲਾਨਿੰਗ ਕੀਤੀ ਜਾ ਰਹੀ ਹੈ ਔਰ ਇਸ ਤਰ੍ਹਾਂ ਨਾਲ ਪੰਜਾਬ ਦਾ ਸਮੁੱਚਾ ਵਿਕਾਸ ਹੋਵੇਗਾ । ਡਿਵੈਲਪਮੈਂਟ ਦੇ ਲਈ ਸਰਕਾਰ ਵਚਨਬੱਧ ਹੈ । ਪਿਛਲੇ 50 ਸਾਲ ਕਾਂਗਰਸ ਦਾ ਰਾਜ ਰਿਹਾ ਹੈ ਲੇਕਿਨ ਇਸ ਤਰ੍ਹਾਂ ਦੀ ਪਲਾਨਡ ਡਿਵੈਲਪਮੈਂਟ ਕਦੇ ਨਹੀਂ ਹੋਈ । ਇਸ ਤਰ੍ਹਾਂ ਦੀ ਪਲਾਨਡ ਡਿਵੈਲਪਮੈਂਟ ਦਾ ਜ਼ਿਕਰ ਬਜਟ ਵਿਚ ਹੈ ਜਿਹੜਾ ਕੈਪਟਨ ਕੰਵਲਜੀਤ ਸਿੰਘ ਜੀ ਨੇ ਪੇਸ਼ ਕੀਤਾ ਹੈ । ਇਹ ਇਸ ਕਰਕੇ ਹੈ ਕਿਉਂਕਿ ਪਲਾਨਡ ਡਿਵੈਲਪਮੈਂਟ ਕਾਂਗਰਸ ਦੇ ਸਮੇਂ ਵਿਚ ਨਹੀਂ ਹੋਈ । ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਸਿਰਫ ਲੁੱਟਿਆ ਹੈ । ਜਿਸ ਢੰਗ ਨਾਲ ਇਨ੍ਹਾਂ ਦਾ ਡਿਸਕ੍ਰੀਸ਼ਨਰੀ ਕੋਟਾ ਸੀ, ਕਾਂਗਰਸ ਦੇ ਸਮੇਂ ਦੇ ਚੀਫ ਮਨਿਸਟਰ ਨੇ ਕੁਝ ਜ਼ਮੀਨ ਡਿਸਕ੍ਰੀਸ਼ਨਰੀ ਕੋਟੇ ਵਿਚੋਂ ਅਲਾਟ ਕਰ ਦਿੱਤੀ । ਇਹ ਫਾਰਮੂਲਾ ਸਿਰਫ ਲੁੱਟਣ ਲਈ ਸੀ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸਾਰਾ ਡਿਸਕ੍ਰੀਸ਼ਨਰੀ ਕੋਟਾ ਖ਼ਤਮ .....

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਬਾਰ ਬਾਰ ਲੁੱਟਿਆ ਲਫਜ਼ ਯੂਜ਼ ਕੀਤਾ ਜਾ ਰਿਹਾ ਹੈ । ਇਹ ਅਨ-ਪਾਰਲੀਮੈਂਟਰੀ ਲਫਜ਼ ਹੈ । ਇਸ ਲਈ ਇਸ ਨੂੰ ਐਕਸਪੰਜ ਕੀਤਾ ਜਾਵੇ ।

ਸ਼੍ਰੀ ਸਪੀਕਰ : ਲੁੱਟਿਆ ਤਾਂ ਕੋਈ ਅਨ ਪਾਰਲੀਮੈਂਟਰੀ ਲਫਜ਼ ਨਹੀ ਹੈ ।

ਸ਼੍ਰੀ ਮਨੋਰੰਜਨ ਕਾਲੀਆ: ਡਿਸਕਰੀਸ਼ਨਰੀ ਕੋਟੇ ਦੀ ਜਿਹੜੀ ਜ਼ਮੀਨ ਹੈ, ਉਹ ਸਹੀ ਅਰਥਾਂ ਵਿੱਚ, ਸਹੀ ਢੰਗ ਨਾਲ ਯੂਜ਼ ਹੋਣੀ ਚਾਹੀਦੀ ਹੈ । ਇਸ ਲਈ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਡਿਸਕਰੀਸ਼ਨਰੀ ਕੋਟੇ ਨੂੰ ਖਤਮ ਕਰ ਦਿੱਤਾ ਹੈ । ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਥੱਲੇ ਭਾਰਤੀ ਜਨਤਾ ਪਾਰਟੀ ਅਤੇ ਸ੍ਰੋਮਣੀ ਅਕਾਲੀ ਦਲ ਦੀ ਜਿਹੜੀ ਸਰਕਾਰ ਹੈ, ਇਹ ਪਲਾਨਡ ਤਰੀਕੇ ਨਾਲ ਪੰਜਾਬ ਦਾ ਵਿਕਾਸ ਕਰਨਾ ਚਾਹੁੰਦੀ ਹੈ । ਜਿਥੋਂ ਤੱਕ ਪੱਛੜੀਆਂ ਸ੍ਰੇਣੀਆਂ ਦੇ ਲੋਕਾਂ ਲਈ ਮਕਾਨ ਉਸਾਰ ਕੇ ਦੇਣ ਦੀ ਗੱਲ ਹੈ, ਇਸ ਲਈ ਸਮਾਂ ਚਾਹੀਦਾ ਹੈ । ਸਾਡੀ ਸਰਕਾਰ ਨੂੰ ਕੰਮ ਕਰਨ ਦਿਉ । ਸਪੀਕਰ ਸਾਹਿਬ ਮੈਂ ਇੱਕ ਪ੍ਰਾਰਥਨਾ ਕਰਨੀ ਚਾਹਵਾਂਗਾ ਕਿ ਇਹ ਜੋ ਮਤਾ ਲਿਆਂਦਾ ਗਿਆ ਹੈ ਇਸ ਨੂੰ ਰੱਦ ਕਰਨਾ ਚਾਹੀਦਾ ਹੈ । ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸ਼੍ਰੀ ਸਪੀਕਰ : ਕਾਮਰੇਡ ਅਜੈਬ ਸਿੰਘ ਰੌਂਤਾ ਜੀ ।

ਕਾਮਰੇਡ ਅਜੈਬ ਸਿੰਘ ਰੌਂਤਾ (ਨਿਹਾਲ ਸਿੰਘ ਵਾਲਾ, ਐਸ. ਸੀ.): ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਅਜ ਜੋ ਮਤਾ ਡਾਕਟਰ ਹਰਬੰਸ ਲਾਲ ਜੀ ਨੇ ਲਿਆਂਦਾ ਹੈ ਕਿ ਇਹ ਸਦਨ ਸਰਕਾਰ ਨੂੰ ਸਿਫ਼ਾਰਸ਼ ਕਰੇ ਕਿ ਸ਼ਹਿਰੀ ਅਤੇ ਦਿਹਾਤੀ ਇਲਾਕਿਆਂ ਦੇ ਗਰੀਬ ਵਰਗ ਦੇ ਲੋਕਾਂ ਨੂੰ ਸਰਕਾਰ ਮਕਾਨ ਬਣਾ ਕੇ ਦੇਵੇ, ਸਪੀਕਰ ਸਾਹਿਬ, ਉਸ ਸਬੰਧ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਗਰੀਬ ਵਰਗ ਵਿਚ ਪੰਜਾਬ ਦੇ ਸਾਡੇ ਸ਼ਹਿਰਾਂ ਅਤੇ ਪੇਂਡੂ ਖੇਤਰ ਦੇ ਉਹ ਲੋਕ ਵੀ ਸ਼ਾਮਿਲ ਹਨ, ਜਿਹੜੇ ਭੱਠਿਆਂ ਤੇ ਕੰਮ ਕਰਨ ਵਾਲੇ ਲੋਕ ਹਨ ਅਤੇ ਉਹ ਲੋਕ ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਉਥੇ ਵੱਡੀਆਂ ਵੱਡੀਆਂ ਫੈਕਟਰੀਆਂ ਦੇ ਲਈ, ਵੱਡੇ ਵੱਡੇ ਲੋਕਾਂ ਦੀਆਂ ਮਿੱਲਾਂ ਦੇ ਲਈ, ਵੱਡੀਆਂ ਕੋਠੀਆਂ ਉਸਾਰਨ ਦੇ ਲਈ ਗਾਲ ਦਿੱਤੀ ਹੈ। ਲੇਕਿਨ ਅੱਜ ਅਸੀਂ ਉਨ੍ਹਾਂ ਦੇ ਆਪਣੇ ਘਰਾਂ ਵੱਲ, ਜਿਸ ਤਰ੍ਹਾਂ ਆਮ ਪਿੰਡ ਤੇ ਸ਼ਹਿਰਾਂ ਦੇ ਨੇੜੇ ਰਹਿਣ ਵਾਲੇ ਸਿਆਸਤਦਾਨ ਲੋਕ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਉਨ੍ਹਾਂ ਦੇ ਨੇੜੇ ਦੀ ਲੰਘਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਉਹ ਕਿਸ ਤਰ੍ਹਾਂ ਆਪਣਾ ਰੈਣ-ਬਸੇਰਾ ਕਰਦੇ ਹਨ ਤੇ ਆਪਣੇ ਪਰਿਵਾਰ ਦੇ ਨਾਲ ਉਹ ਲੋਕ ਦਿਨ ਰਾਤ ਉਨ੍ਹਾਂ ਥਾਵਾਂ ਤੇ ਕੰਮ ਕਰਦੇ ਹਨ ਜਿਥੇ ਫੈਕਟਰੀਆਂ ਉਸਾਰੀਆਂ ਜਾ ਰਹੀਆਂ ਹਨ ਜਾਂ ਫਿਰ ਵੱਡੇ ਵੱਡੇ ਮਹਿਲ ਤੇ ਕੋਠੀਆਂ ਬਣਾਈਆਂ ਜਾ ਰਹੀਆਂ ਹਨ ਅਤੇ ਅੱਜ ਕਿੰਨੇ ਹੀ ਲੋਕ ਨੀਲੀ ਛੱਤ ਦੇ ਹੇਠਾਂ ਆਪਣਾ ਜੀਵਨ ਬਤੀਤ ਕਰ ਰਹੇ ਹਨ। ਸਪੀਕਰ ਸਾਹਿਬ, ਅੱਜ ਪੇਂਡੂ ਖੇਤਰ ਦੇ ਵਿੱਚ ਮਜ਼ਦੂਰ ਹੀ ਨਹੀਂ ਬਲਕਿ ਪੰਜਾਬ ਦੇ ਉਹ ਕਿਸਾਨ ਵੀ ਸ਼ਾਮਿਲ ਹਨ ਜਿਹੜੇ ਜ਼ਮੀਨ ਤੋਂ ਲਗਾਤਾਰ ਵਾਂਝੇ ਹੁੰਦੇ ਜਾ ਰਹੇ ਹਨ। ਉਨ੍ਹਾਂ ਨੂੰ ਆਪਣੇ ਘਰਾਂ ਦੀਆਂ ਮਜ਼ਬੂਰੀਆਂ ਕਾਰਣ ਆਪਣੇ ਬੱਚਿਆਂ ਦੀ ਸ਼ਾਦੀ, ਪੜ੍ਹਾਈ, ਕਾਰਣ ਆਪਣੀ ਜ਼ਮੀਨ ਤੋਂ ਹੱਥ ਧੋਣਾ ਪੈ ਰਿਹਾ ਹੈ। ਅੱਜ ਹਾਲਾਤ ਇਹ ਪੈਦਾ ਹੋ ਗਏ ਹਨ ਕਿ ਅੱਗੇ ਨੂੰ ਉਸ ਦੇ ਪੁੱਤਰ ਦੇ ਬੱਚੇ, ਜਿਨ੍ਹਾਂ ਦੀਆਂ ਸ਼ਾਦੀਆਂ ਕਰਨੀਆਂ ਹਨ ਅਤੇ ਫਿਰ ਉਨ੍ਹਾਂ ਨੂੰ ਅਲੱਗ ਅਲੱਗ ਮਕਾਨ ਦੇਣਾ ਹੈ, ਇਹ ਕੰਮ ਉਨ੍ਹਾਂ ਲਈ ਬਹੁਤ ਮੁਸ਼ਕਲ ਹੋ ਗਿਆ ਹੈ ਅ ਉਨ੍ਹਾਂ ਕੋਲ ਜ਼ਮੀਨ ਵੀ ਘੱਟ ਜਾਂਦੀ ਹੈ। ਸਪੀਕਰ ਸਾਹਿਬ, ਸਾਡੇ ਬਜਟ ਦੇ ਵਿੱਚ ਇਹ ਪ੍ਰੋਵੀਜ਼ਨ ਰੱਖੀ ਗਈ ਹੈ, ਕਿ ਪੰਜਾਬ ਦੇ ਵਿੱਚ 12,000 ਮਕਾਨ ਬਣਾ ਕੇ ਦੇਣੇ ਹਨ ਅਤੇ ਇੱਕ ਮਕਾਨ ਦੇ ਲਈ 50,000/- ਰੁਪਿਆ ਰੱਖਿਆ ਗਿਆ ਹੈ। ਪੰਜਾਬ ਦੇ ਵਿੱਚ ਕੁੱਲ ਪਿੰਡ 13,000 ਦੇ ਲੱਗਭਗ ਹਨ। ਇਸ ਤਰ੍ਹਾਂ ਤਾਂ ਫਿਰ ਇੱਕ ਪਿੰਡ ਦੇ ਵਿੱਚ ਸਿਰਫ ਇਕ ਮਕਾਨ ਹੀ ਬਣੇਗਾ ਅਤੇ ਇਕ ਪਿੰਡ ਵਿੱਚ ਕੇਵਲ ਇਕ ਵਿਅਕਤੀ ਨੂੰ ਹੀ ਮਕਾਨ ਮਿਲ ਸਕੇਗਾ। ਪਿਛਲੀ ਸਰਕਾਰ ਨੇ 15,000/- ਰੁਪਿਆ ਇਕ ਮਕਾਨ ਬਣਾਉਣ ਦੇ ਲਈ ਰੱਖਿਆ ਸੀ ਤੇ ਉਸ ਦੇ ਵਿੱਚ ਬਾਕੀ ਪੈਸੇ ਜਿਸਨੂੰ ਮਕਾਨ ਮਿਲਣਾ ਹੁੰਦਾ ਸੀ ਉਹ ਆਪ ਪਾਉਂਦਾ ਸੀ। ਲੇਕਿਨ ਅੱਜ 50,000/- ਰੁਪਿਆ ਇੱਕ ਮਕਾਨ ਦੇ ਲਈ ਰੱਖਿਆ ਹੈ। ਇਹ ਪਿੰਡ ਦੇ ਵਿੱਚ ਕਿਸ ਦੇ ਹਿੱਸੇ ਆਵੇਗਾ ਤੇ ਬਾਕੀ ਦੇ ਲੋਕਾਂ ਦੀ ਹਾਲਤ ਕਿਹੋ ਜਿਹੀ ਹੋਵੇਗੀ ਇਹ ਗੱਲ ਸਪਸ਼ਟ ਨਹੀਂ। ਅੱਜ ਪੰਜਾਬ ਦੇ ਵਿੱਚ ਅਜਿਹੇ ਲੋਕਾਂ ਦੀ ਗਿਣਤੀ ਸੈਂਕੜਿਆਂ ਵਿੱਚ ਨਹੀਂ ਬਲਕਿ ਹਜ਼ਾਰਾਂ ਵਿੱਚ ਹੈ।

ਇਨ੍ਹਾਂ ਗਰੀਬ ਲੋਕਾਂ ਦੇ ਲਈ ਮਕਾਨ ਬਣਾ ਕੇ ਦੇਣ ਦਾ ਜੋ ਮਤਾ ਅੱਜ ਇੱਥੇ ਲਿਆਂਦਾ ਗਿਆ ਹੈ, ਇਸ ਦੀ ਕਿਉਂ ਲੋੜ ਪਈ ਤੇ ਸਕੀਮ ਕਿਉਂ ਸ਼ੁਰੂ ਕਰਨੀ ਪਈ ? ਕਿਉਂਕਿ ਸਾਡਾ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਪਰ ਅੱਜ ਖੇਤੀਬਾੜੀ ਦੇ ਕੰਮ ਵਿੱਚ ਗਰੀਬ ਮਜ਼ਦਰ ਦੇ ਕੰਮ ਵਿੱਚ ਗਰੀਬ ਮਜ਼ਦੂਰ ਦੇ ਕੰਮ ਦੀ ਦਰ ਘੱਟ ਗਈ ਹੈ । ਪਹਿਲਾਂ ਪਿੰਡਾਂ ਦੇ ਜੋ ਖੇਤ ਮਜ਼ਦੂਰ ਸਨ ਉਹ ਆਪਣੇ ਜ਼ਿਮੀਦਾਰ ਭਰਾ ਨਾਲ ਮਿਲ ਕੇ ਖੇਤੀ ਦਾ ਕੰਮ ਸ਼ੁਰੂ ਕਰਨ ਤੋਂ ਲੈ ਕੇ ਨਿਪਟਾਉਣ ਤੱਕ ਪੂਰਾ ਕੰਮ ਕਰਦੇ ਸਨ । ਜਿਵੇਂ ਖੇਤ ਦੀ ਗਡਾਈ ਆ ਗਈ, ਸਪਰੇਅ ਕਰਨ ਦਾ ਕੰਮ ਆ ਗਿਆ, ਫੇਰ ਕਟਾਈ ਆ ਗਈ ਕਟਾਈ ਤੋਂ ਬਾਅਦ ਖੇਤਾਂ ਦਾ ਕੰਮ ਨਿਪਟਾਉਣ ਤੱਕ

11.55 ਵਜੇ ਪੂਰਵ ਦੁਪਹਿਰ	(ਇਸ ਸਮੇਂ ਸ੍ਰੀ ਮਨੋਰੰਜਨ ਕਾਲੀਆ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਉਨ੍ਹਾਂ ਨੂੰ ਖੇਤਾਂ ਵਿੱਚ ਕਾਫੀ ਕੰਮ ਮਿਲ ਜਾਂਦਾ ਸੀ । ਲੇਕਿਨ ਅੱਜ ਅਸੀਂ ਦੇਖਦੇ ਹਾਂ ਕਿ ਮਸ਼ੀਨੀਕਰਣ ਹੋਣ, ਨਾਲ ਜਿੱਥੇ ਪਹਿਲਾਂ ਗਰੀਬ ਨੂੰ ਸਾਲ ਦੇ ਪੂਰੇ 365 ਦਿਨ ਕੰਮ ਮਿਲਦਾ ਸੀ ਉਹ ਕੰਮ ਹੁਣ ਉਸ ਨੂੰ 100 ਦਿਨ ਮਸਾਂ ਮਿਲਦਾ ਹੈ । ਹੁਣ ਉਹ ਗਰੀਬ ਮਜ਼ਦੂਰ ਇਸ ਖੇਤੀ ਦੇ ਕੰਮ ਤੋਂ ਵਾਂਝੇ ਹੋ ਰਹੇ ਹਨ । ਇਸ ਲਈ ਸਾਨੂੰ ਅਤੇ ਸਰਕਾਰ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜੋ ਲੋਕ ਇਸ ਕੰਮ ਤੋਂ ਵਾਂਝੇ ਹੋ ਗਏ ਹਨ, ਉਨ੍ਹਾਂ ਨੂੰ ਕਿਸ ਤਰ੍ਹਾਂ ਮਕਾਨ ਬਣਾ ਕੇ ਦੇਣੇ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਉਨ੍ਹਾਂ ਲੋਕਾਂ ਦੀ ਗੱਲ ਕਰੀਏ ਜਿਨ੍ਹਾਂ ਨੇ ਲਗਾਤਾਰ ਆਪਣੇ ਸਿਰ ਤੇ ਟੋਕਰੀ ਚੁੱਕ ਕੇ, ਆਪਣੇ ਸਿਰ ਤੇ ਕੜਾਹੀ ਚੁੱਕ ਕੇ ਵੱਡੇ ਵੱਡੇ ਮਕਾਨ ਬਣਾਏ ਵੱਡੇ ਵੱਡੇ ਫਾਰਮ ਮਾਲਕਾਂ ਦੀਆਂ ਕੋਠੀਆਂ ਬਣਾਈਆਂ, ਘਰ ਬਣਾਏ, ਉਨ੍ਹਾਂ ਦੇ ਘਰਾਂ ਵਿੱਚ ਕੰਮ ਕੀਤਾ ਪਰ ਅੰਤ ਨੂੰ ਜਦੋਂ ਉਹ ਆਪਣੀ ਮਜ਼ਦੂਰੀ ਲੈਣ ਲਈ ਉਸ ਕੋਠੀ ਵਿੱਚ ਜਾਂਦਾ ਹੈ ਤਾਂ ਉਸ ਨੂੰ ਉਸ ਕੋਠੀ ਵਿੱਚ ਵੜਨ ਨਹੀਂ ਦਿੱਤਾ ਜਾਂਦਾ । ਉਸ ਨੂੰ ਬਾਹਰ ਹੀ ਬਿਠਾ ਦਿੱਤਾ ਜਾਂਦਾ ਹੈ । ਚਪੜਾਸੀ ਉਸ ਨੂੰ ਕੋਠੀ ਵਿੱਚ ਵੜਨ ਨਹੀਂ ਦਿੰਦਾ ਅਤੇ ਕਹਿੰਦਾ ਹੈ ਕਿ ਸਰਦਾਰ ਜੀ ਅਰਾਮ ਕਰ ਰਹੇ ਹਨ । ਇਸੇ ਗੱਲ ਨੂੰ ਲੈ ਕੇ ਇੱਕ ਕਵੀ ਨੇ ਇੰਝ ਕਿਹਾ ਹੈ : —

"ਜਦੋਂ ਬੰਗਲਾ ਹੋਵੇ ਤਿਆਰ ਕਿਸੇ ਦਾ, ਤੇਰੇ ਸਿਰ ਤੇ ਚੁੱਕੀ ਕੜਾਹੀ ਹੋਵੇ
14 ਇੱਟਾਂ ਲੈ ਕੇ ਜਦੋਂ ਜਾਏ ਚੌਥੀ ਮੰਜ਼ਲ ਤੇ, ਤਾਂ ਸਫਲ ਤੇਰੀ ਕਮਾਈ
ਹੋਵੇ, ਜਦੋਂ ਬੰਗਲਾ ਹੋ ਤਿਆਰ ਜਾਵੇ, ਅੰਦਰ ਜਾਣ ਦੀ ਤੈਨੂੰ ਮਨਾਹੀ ਹੋਵੇ"

ਜੋ ਅਸਲ ਗੱਲ ਕਰਨ ਵਾਲੀ ਹੈ, ਜਿਸ ਨੂੰ ਲੈ ਕੇ ਅਸੀਂ ਆਪਣੇ ਵਿਚਾਰ ਇਸ ਮਹਾਨ ਸਦਨ ਵਿੱਚ ਦੇ ਰਹੇ ਹਾਂ, ਉਸ ਤੇ ਪੂਰਾ ਜ਼ੋਰ ਦੇ ਕੇ ਇੱਕ ਵਿਚਾਰਧਾਰਾ ਨਾਲ ਗੱਲ ਹੋਣੀ ਚਾਹੀਦੀ ਹੈ । ਮੈਂ ਅੱਜ ਦੇ ਦਿਨ ਇਸ ਸਦਨ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ 1991 ਵਿੱਚ ਜੋ ਮਰਦਮ ਸ਼ੁਮਾਰੀ ਹੋਈ ਸੀ, ਉਸ ਵਿੱਚ ਪੰਜਾਬ ਦੀ ਕੁੱਲ ਅਬਾਦੀ 2 ਕਰੋੜ 3 ਲੱਖ ਦੀ ਸੀ ਜਿਸ ਵਿਚੋਂ ਕਿ 57 ਲੱਖ ਲੋਕ ਐਸ. ਸੀ. ਸਨ । ਜਿਹੜਾ ਕਿ ਪਾਪੂਲੇਸ਼ਨ ਦੇ ਹਿਸਾਬ ਨਾਲ 28.31% ਬਣਦਾ ਹੈ ਅਤੇ ਹਿੰਦੁਸਤਾਨ ਵਿੱਚ ਸਭ ਤੋਂ ਜ਼ਿਆਦਾ ਹੈ ।

[ਕਾਮਰੇਡ ਅਜੈਬ ਸਿੰਘ ਰੌਂਤਾ]

ਚੇਅਰਮੈਨ ਸਾਹਿਬ, ਇਹ ਜੋ 9 ਲੱਖ 57 ਹਜ਼ਾਰ ਸ਼ਡਿਊਲਡ ਕਾਸਟ ਫੈਮਿਲੀਜ਼ ਹਨ, ਇਨ੍ਹਾਂ ਵਿਚੋਂ 6 ਲੱਖ 57 ਹਜ਼ਾਰ ਫੈਮਿਲੀਜ ਦੀ ਹਾਲਤ ਬਹੁਤ ਮਾੜੀ ਹੈ । ਪੂਰੇ ਪੰਜਾਬ ਦੇ ਸਰਵੇ ਵੇਲੇ ਦੇਖਿਆ ਗਿਆ ਹੈ ਕਿ ਉਨ੍ਹਾਂ ਦੀ ਹਾਲਤ ਬਹੁਤ ਹੀ ਤਰਸਯੋਗ ਹੈ । ਜਿਨ੍ਹਾਂ ਵਾਸਤੇ ਮਕਾਨ ਅਲਾਟ ਕਰਨ ਲਈ ਅੱਜ ਅਸੀਂ ਇਸ ਹਾਊਸ ਵਿੱਚ ਖੜ੍ਹੇ ਹੋਏ ਹਾਂ । ਚੇਅਰਮੈਨ ਸਾਹਿਬ, ਬਿਲੋਅ ਪਾਵਰਟੀ ਲਾਈਨ ਦੀ ਜੇਕਰ ਗਿਣਤੀ ਦੇਖੀਏ ਤਾਂ ਉਹ 6 ਲੱਖ ਹੋ ਚੁੱਕੀ ਹੈ । ਇਹ ਜੋ ਗਰੀਬ ਲੋਕ ਹਨ, ਇਨ੍ਹਾਂ ਵਿੱਚ ਝੁੱਗੀ ਝੌਂਪੜੀ ਵਾਲੇ ਲੋਕ ਵੀ ਹਨ । ਮੈਂ ਦੇਖਦਾ ਹਾਂ ਕਿ ਚੰਡੀਗੜ੍ਹ ਵਿੱਚ ਵੀ ਇਹ ਝੁੱਗੀ ਝੌਂਪੜੀ ਵਾਲੇ ਲੋਕ ਕਿਸ ਤਰ੍ਹਾਂ ਬੈਠੇ ਹਨ । ਲੁਧਿਆਣਾ ਦੇ ਸਟਾਰਟਿੰਗ ਵਿੱਚ ਦੇਖ ਲਉ, ਮੋਗਾ ਵਿਖੇ ਦੇਖ ਲਓ, ਜਗਰਾਉਂ ਦੇਖ ਲਓ ਹਰ ਥਾਂ ਝੁੱਗੀ ਝੌਂਪੜੀ ਵਾਲੇ ਲੋਕ ਬੈਠੇ ਦਿਖਾਈ ਦਿੰਦੇ ਹਨ । ਮੈਂ ਬੇਨਤੀ ਕਰਨੀ ਚਾਹੁੰਦਾਂ ਹਾਂ ਕਿ ਬਜਟ ਵਿੱਚ ਜੋ ਪ੍ਰੋਵੀਜ਼ਨ ਸਰਕਾਰ ਨੇ ਰੱਖੀ ਹੈ, ਮੈਂ ਸਮਝਦਾ ਹਾਂ ਕਿ ਉਸ ਨਾਲ ਸਾਡਾ ਮਨੋਰਥ ਪੂਰਾ ਨਹੀਂ ਹੋ ਸਕਦਾ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਸਾਡੇ ਪਿੰਡਾਂ ਵਿੱਚ ਸ਼ਾਮਲਾਤਾਂ ਹਨ, ਜੋ ਸਾਡੀਆਂ ਜ਼ਮੀਨਾਂ ਹਨ ਪਹਿਲਾਂ ਇਹ ਜ਼ਮੀਨਾਂ ਰਾਜੇ ਦੇ ਥੱਲੇ ਹੁੰਦੀਆਂ ਸਨ ਅਤੇ ਫੇਰ ਇਹ ਜ਼ਮੀਨਾਂ ਜਾਗੀਰਦਾਰਾਂ ਦੇ ਥੱਲੇ ਆ ਗਈਆਂ । ਹੁਣ ਇਹ ਸ਼ਾਮਲਾਤ ਜ਼ਮੀਨਾਂ ਪਿੰਡਾਂ ਦੀਆਂ ਪੰਚਾਇਤਾਂ ਦੇ ਥੱਲੇ ਚਲੀਆਂ ਗਈਆਂ ਹਨ ਅਤੇ ਇਨ੍ਹਾਂ ਸਰਕਾਰੀ ਜ਼ਮੀਨਾਂ ਉੱਤੇ ਵੱਡੇ ਵੱਡੇ ਲੀਡਰਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ । ਇਹ ਨਜਾਇਜ਼ ਕਬਜ਼ੇ ਬੰਦ ਹੋਣੇ ਚਾਹੀਦੇ ਹਨ । ਜਿਸ ਤਰ੍ਹਾਂ ਪਿਛੇ ਫਤਿਹਗੜ੍ਹ ਸਾਹਿਬ ਵਿਖੇ ਡਾਇਰੈਕਟਰ ਕਨਸੋਲੀਡੇਸ਼ਨ ਦੇ ਨਾਲ ਮਿਲ ਕੇ ਬੜੇ ਵੱਡੇ ਵੱਡੇ ਲੋਕਾਂ ਨੇ ਜ਼ਮੀਨਾਂ ਉਤੇ ਕਬਜ਼ੇ ਕਰ ਲਏ । ਆਖਿਰਕਾਰ ਇਨ੍ਹਾਂ ਕਮਜ਼ੋਰ ਵਰਗਾਂ ਦੇ ਲੋਕਾਂ ਲਈ ਸਰਕਾਰ ਕੋਲ ਜ਼ਮੀਨਾਂ ਕਿਥੋਂ ਆਉਣਗੀਆਂ । ਇਹ ਜ਼ਮੀਨਾਂ ਕੋਈ ਆਸਮਾਨ ਤੋਂ ਪੈਦਾ ਨਹੀਂ ਹੋਣੀਆਂ । ਅਗਰ ਤੁਹਾਡੀ ਪਾਰਟੀ ਦਾ ਬੰਦਾ ਨਜਾਇਜ਼ ਕਬਜ਼ਾ ਕਰ ਲਵੇ ਤਾਂ ਤੁਸੀਂ ਅੱਖ ਮੀਟ ਲੈਂਦੇ ਹੋ ਅਤੇ ਅਗਰ ਵਿਰੋਧੀ ਧਿਰ ਦਾ ਬੰਦਾ ਨਜਾਇਜ਼ ਕਬਜ਼ਾ ਕਰਦਾ ਹੈ ਤਾਂ ਤੁਸੀਂ ਰੌਲਾ ਪਾ ਦਿੰਦੇ ਹੋ । ਇਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਪਹਿਲੇ ਖਤਮ ਕਰੋ ਤਾਂ ਹੀ ਸਰਕਾਰ ਇਨ੍ਹਾਂ ਗਰੀਬ ਲੋਕਾਂ ਨੂੰ ਸਸਤੇ ਰੇਟਸ ਤੇ ਮਕਾਨ ਬਣਾ ਕੇ ਦੇ ਸਕਦੀ ਹੈ । ਤਦ ਹੀ ਅਸੀਂ ਪਿੰਡਾਂ ਦੇ ਵਿਚ ਰਹਿ ਰਹੇ ਖੇਤ ਮਜਦੂਰਾਂ ਲਈ ਮਕਾਨ ਬਣਾ ਕੇ ਦੇ ਸਕਦੇ ਹਾਂ । ਤਦ ਹੀ ਇਨ੍ਹਾਂ ਗਰੀਬਾਂ ਦੀਆਂ ਪ੍ਰਾਬਲਮਜ਼ ਹੱਲ ਹੋ ਸਕਦੀਆਂ ਹਨ ।

ਚੇਅਰਮੈਨ ਸਾਹਿਬ, ਪਿੰਡਾਂ ਦੇ ਵਿਚ ਔਰਤਾਂ ਨੂੰ ਬਾਹਰ ਜਾਣ ਲਈ ਲੈਟਰੀਨ ਲਈ ਕਿੰਨੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਇਨ੍ਹਾਂ ਗਰੀਬ ਲੋਕਾਂ ਦੇ ਛੋਟੇ ਜਿਹੇ ਮਕਾਨ ਹੁੰਦੇ ਹਨ ਅਤੇ ਇਸ ਵਿਚ ਲੈਟਰੀਨ ਨਹੀਂ ਬਣ ਸਕਦੀਆਂ । ਇਨ੍ਹਾਂ ਦੇ ਮਕਾਨਾਂ ਦੀ ਰੂਪ ਰੇਖਾ ਕੀ ਹੁੰਦੀ ਹੈ ਅਤੇ ਚਾਰਦਿਵਾਰੀ ਕੀ ਹੁੰਦੀ ਹੈ ? ਫੇਰ ਇਹ ਔਰਤਾਂ ਲੈਟਰੀਨ ਲਈ ਕਿਸਾਨਾਂ ਦੇ ਖੇਤਾਂ ਵਿਚ ਜਾਂਦੀਆਂ ਹਨ, ਜਿਸ ਕਾਰਣ ਕਿਸਾਨਾਂ ਦੀ ਫਸਲ ਵੀ ਖਰਾਬ ਹੁੰਦੀ ਹੈ ਅਤੇ ਬਿਮਾਰੀਆਂ ਵੀ ਫੈਲਦੀਆਂ ਹਨ । ਸਰਕਾਰ ਨੇ ਪਿੰਡਾਂ ਦੇ ਵਿਚ ਇਨ੍ਹਾਂ ਗਰੀਬ ਲੋਕਾਂ ਲਈ ਸਾਂਝੀ ਲੈਟਰੀਨ ਦੀ ਸਕੀਮ ਬਣਾਈ ਸੀ ਤਾਂ ਕਿ ਪਿੰਡਾਂ ਦੀਆਂ ਔਰਤਾਂ ਨੂੰ, ਸਾਡੀਆਂ ਧੀਆਂ ਨੂੰ ਲੈਟਰੀਨ ਜਾਣ ਲਈ ਕੋਈ ਮੁਸ਼ਕਿਲ ਨਾ ਹੋਵੇ ।

ਸ਼੍ਰੀ ਜਗਦੀਸ਼ ਸਾਹਨੀ: ਪੁਆਇੰਟ ਆਫ ਆਰਡਰ, ਚੇਅਰਮੈਨ ਸਾਹਿਬ, ਜਿਹੜਾ ਹਾਊਸ ਦੇ ਵਿਚ ਮਤਾ ਪੇਸ਼ ਕੀਤਾ ਗਿਆ ਹੈ ਅਤੇ ਜਿਸ ਤੇ ਬਹਿਸ ਹੋ ਰਹੀ ਹੈ, ਉਹ ਕਮਜ਼ੋਰ ਵਰਗ ਦੇ ਲੋਕਾਂ ਨੂੰ ਮਕਾਨ ਬਣਾ ਕੇ ਦੇਣ ਬਾਰੇ ਸੀ ਪਰ ਇਨ੍ਹਾਂ ਨੇ ਗੱਲ ਲੈਟਰੀਨ ਬਨਾਉਣ ਤੇ ਲੈ ਆਂਦੀ ਹੈ ਅਤੇ ਮਤੇ ਦਾ ਕਾਨਸੈਪਟ ਹੀ ਬਦਲ ਦਿੱਤਾ ਹੈ। ਜਦ ਕਿ ਸਾਡੀ ਬਾਦਲ ਸਾਹਿਬ ਦੀ ਸਰਕਾਰ ਨੇ ਕਿਹਾ ਹੈ ਕਿ 10 ਮਰਲੇ ਜ਼ਮੀਨ ਸਰਕਾਰ ਦੇਵੇਗੀ ਅਤੇ 10 ਮਰਲੇ ਜ਼ਮੀਨ ਪਿੰਡ ਵਾਲੇ ਇਸ ਸਕੀਮ ਦੇ ਤਹਿਤ ਦੇਣਗੇ। ਇਹ ਸੈਂਟਰ ਸਪੌਨਸਰਡ ਸਕੀਮ ਹੈ। ਸਾਡੀ ਸਰਕਾਰ ਨੇ ਇਸ ਦੇ ਵਿਚ ਕੁਝ ਨਹੀਂ ਕਰਨਾ ਬਲਕਿ ਅਸੀਂ ਸੈਂਟਰ ਦੀ ਸਕੀਮ ਨੂੰ ਇੰਪਲੀਮੈਂਟ ਕਰਨਾ ਹੈ ਨਾ ਹੀ ਇਸ ਬਾਰੇ ਸਾਡੀ ਸਰਕਾਰ ਨੇ ਕੋਈ ਬਜਟ ਵਿਚ ਪ੍ਰੋਵੀਜ਼ਨ ਕੀਤੀ ਹੈ।

ਕਾਮਰੇਡ ਅਜੈਬ ਸਿੰਘ ਰੌਂਤਾ: ਚੇਅਰਮੈਨ ਸਾਹਿਬ, ਮੈਂ ਸਾਹਨੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਕਾਨ ਬਨਾਉਣ ਦੀ ਤਜਵੀਜ਼ ਵਿਚ ਲੈਟਰੀਨ ਦਾ ਹੋਣਾ ਬੜਾ ਜ਼ਰੂਰੀ ਹੈ। ਜਿਸ ਤਰ੍ਹਾਂ ਤੁਹਾਡੀ ਕੋਠੀ ਵਿਚ ਲੈਟਰੀਨ ਦੀ ਪ੍ਰੋਵੀਜ਼ਨ ਕੀਤੀ ਹੁੰਦੀ ਹੈ, ਇਸੇ ਤਰ੍ਹਾਂ ਖੇਤ ਮਜ਼ਦੂਰਾਂ ਦੇ ਲਈ ਪਿੰਡਾਂ ਦੇ ਵਿਚ ਲੈਟਰੀਨ ਦਾ ਇੰਤਜ਼ਾਮ ਕਰਨ ਦੀ ਲੋੜ ਹੈ ਅਤੇ ਇਸ ਦੇ ਲਈ ਪ੍ਰੋਵੀਜ਼ਨ ਸਰਕਾਰ ਨੇ ਕਰਕੇ ਦੇਣੀ ਹੈ। ਪਿੰਡਾਂ ਦੇ ਵਿਚ ਖੇਤ ਮਜ਼ਦੂਰਾਂ ਨੂੰ ਇਸ ਮੁਸ਼ਕਿਲ ਦਾ ਬੜਾ ਸਾਹਮਣਾ ਕਰਨਾ ਪੈਂਦਾ ਹੈ। ਅਗਰ ਉਹ ਬਾਹਰ ਜਾਂਦੇ ਹਨ ਤਾਂ ਉਸ ਦੀ ਸਫਾਈ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ, ਨਹੀਂ ਤਾਂ ਪਿੰਡ ਵਿਚ ਬਿਮਾਰੀ ਫੈਲ ਸਕਦੀ ਹੈ। ਤੁਹਾਨੂੰ ਸਾਹਨੀ ਸਾਹਿਬ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ। ਤੁਸੀਂ ਮਨਿਸਟਰ ਬਣ ਜਾਣਾ ਹੈ, ਫੇਰ ਪਤਾ ਲਗ ਜਾਵੇਗਾ।

ਸ਼੍ਰੀ ਸਭਾਪਤੀ: ਤੁਸੀਂ ਸਾਹਨੀ ਸਾਹਿਬ ਨਾਲ ਡਾਇਰੈਕਟ ਗੱਲ ਨਾ ਕਰੋ ਬਲਕਿ ਤੁਸੀਂ ਜੋ ਕੁਝ ਵੀ ਕਹਿਣਾ ਹੈ ਉਹ ਚੇਅਰ ਨੂੰ ਐਡਰੈਸ ਕਰਕੇ ਕਹੋ। ਤੁਸੀਂ ਜਵਾਬ ਚੇਅਰ ਰਾਹੀਂ ਦਿਓ, ਡਾਇਰੈਕਟ ਸਾਹਨੀ ਸਾਹਿਬ ਨੂੰ ਜਵਾਬ ਨਾ ਦਿਓ।

ਸ਼੍ਰੀ ਜਗਦੀਸ਼ ਸਾਹਨੀ: ਮੈਨੂੰ ਕਿਸੇ ਨੇ ਮਨਿਸਟਰ ਨਹੀਂ ਬਣਾਉਣਾ। ਮੈਂ ਕਿਸੇ ਦੇ ਅੱਗੇ ਗੋਡੇ ਨਹੀਂ ਟੇਕਦਾ। ਇਸ ਕਰਕੇ ਮੈਨੂੰ ਕਿਸੇ ਨੇ ਮਨਿਸਟਰ ਨਹੀਂ ਬਣਾਉਣਾ (ਹਾਸਾ)

ਕਾਮਰੇਡ ਅਜੈਬ ਸਿੰਘ ਰੌਂਤਾ: ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਖੇਤ ਮਜ਼ਦੂਰ ਅਤੇ ਪਛੜੇ ਵਰਗਾਂ ਦੇ ਲੋਕਾਂ ਦੀਆਂ ਬਹੁਤ ਸਮੱਸਿਆਵਾਂ ਹਨ। ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਕੇ ਇਨਸਾਫ ਦੇਣਾ ਚਾਹੀਦਾ ਹੈ। ਜੋ ਮਤਾ ਡਾਕਟਰ ਹਰਬੰਸ ਲਾਲ ਨੇ ਲਿਆਂਦਾ ਹੈ, ਉਹ ਠੀਕ ਹੈ। ਸਾਡੇ ਪਿੰਡਾਂ ਵਿਚ ਖੇਤ ਮਜ਼ਦੂਰ ਅਤੇ ਸ਼ਹਿਰਾਂ ਦੇ ਵਿੱਚ ਗਰੀਬ ਵਰਗ ਦੇ ਲੋਕ ਹਨ, ਉਨ੍ਹਾਂ ਲਈ ਮਕਾਨ ਬਣਾਏ ਜਾਣ। ਚੇਅਰਮੈਨ ਸਾਹਿਬ, ਸ਼ਬਦਾਂ ਦੀ ਹੇਰ ਫੇਰ ਹੋ ਸਕਦੀ ਹੈ ਪਰ ਮਤੇ ਦੀ ਕੋਈ ਮੰਦੀ ਭਾਵਨਾ ਨਹੀਂ ਹੈ। ਇਹ ਮਤਾ ਲਿਆਉਣ ਵਿਚ ਕੋਈ ਮਾੜੀ ਭਾਵਨਾ ਨਹੀਂ ਹੈ। ਇਹ ਕਹਿੰਦੇ ਹਨ ਕਿ ਅਕਾਲੀ ਸਰਕਾਰ ਜਦ ਆਉਂਦੀ ਹੈ ਤਾਂ ਹੀ ਅਸੀਂ ਮਕਾਨ ਬਣਾ ਕੇ ਦਿਦੇ ਹਾਂ। ਤੋਤਾ ਸਿੰਘ ਜੀ ਇਥੇ ਹਾਊਸ ਵਿਚ ਬੈਠੇ ਹਨ। ਅਕਾਲੀ ਮਨਿਸਟਰੀ ਵੇਲੇ ਵੀ ਕਈ ਯੋਜਨਾਵਾਂ ਸਨ

[ਕਾਮਰੇਡ ਅਜੈਬ ਸਿੰਘ ਰੌਂਤਾ]

ਜ਼ਿਨ੍ਹਾਂ ਦੇ ਤਹਿਤ ਮਕਾਨ ਬਣਾਏ ਗਏ ਸਨ । ਮੈਂ ਹੋਰ ਵੀ ਕਈ ਪਿੰਡਾਂ ਦੇ ਨਾਮ ਲੈ ਕੇ ਦੱਸ ਸਕਦਾ ਹਾਂ ਕਿ ਉਨ੍ਹਾਂ ਮਕਾਨਾਂ ਵਿਚ ਖੇਤ ਮਜ਼ਦੂਰ ਰਹਿਣ ਨੂੰ ਵੀ ਤਿਆਰ ਨਹੀਂ ਹਨ । ਉਨ੍ਹਾਂ ਮਕਾਨਾਂ ਦੀ ਬਣਤਰ ਠੀਕ ਨਹੀਂ, ਉਹ ਮਕਾਨ ਹਵਾਦਾਰ ਨਹੀਂ । ਜੇਕਰ ਕੋਈ ਖੇਤ ਮਜ਼ਦੂਰ ਉਨ੍ਹਾਂ ਮਕਾਨਾਂ ਵਿਚ ਮਰ ਜਾਵੇ ਤਾਂ ਚਾਰ ਬੰਦੇ ਉਸ ਨੂੰ ਚੁੱਕ ਕੇ ਲਿਆਉਂਦੇ ਹਨ ਪਰ ਉਨ੍ਹਾਂ ਮਕਾਨਾਂ ਵਿਚ ਚਾਰ ਬੰਦੇ ਵੜ ਨਹੀਂ ਸਕਦੇ । ਸੂਰਾਂ ਦੇ ਘਰਨਿਆਂ ਵਰਗੇ ਕਮਰੇ ਹਨ । ਮੇਰੀ ਬੇਨਤੀ ਹੈ ਕਿ ਉਨ੍ਹਾਂ ਗਰੀਬ ਲੋਕਾਂ ਵਾਸਤੇ ਚੰਗੇ ਮਕਾਨ ਬਣਾਕੇ ਦਿਉ, ਜੇਕਰ ਦੇਣੇ ਹਨ । ਨਹੀਂ ਤਾਂ ਉਨ੍ਹਾਂ ਗਰੀਬ ਲੋਕਾਂ ਨੂੰ ਕਹਿ ਦਿਉ ਕਿ ਜਿਸ ਤਰ੍ਹਾਂ ਦਿਨ ਕਟੀ ਹੁੰਦੀ ਹੈ ਕਰੀ ਜਾਓ । ਚੇਅਰਮੈਨ ਸਾਹਿਬ, ਜੋ ਪੈਸਾ ਸਰਕਾਰ ਨੇ ਇਸ ਵਾਸਤੇ ਰਖਿਆ ਹੈ, ਉਹ ਬਹੁਤ ਥੋੜ੍ਹਾ ਹੈ । ਇਹ ਪੈਸਾ ਹੋਰ ਵਧਾਉਣਾ ਚਾਹੀਦਾ ਹੈ ।

ਖੇਤੀਬਾੜੀ ਮੰਤਰੀ (ਸਰਦਾਰ ਗੁਰਦੇਵ ਸਿੰਘ ਬਾਦਲ): ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਉਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਮਕਾਨ ਅਸੀਂ 50,000/- ਰੁਪਏ ਵਿਚ ਬਣਾਕੇ ਦੇ ਰਹੇ ਹਾਂ, ਉਸ ਵਿਚ 10X12 ਫੁੱਟ ਦੇ ਦੋ ਕਮਰੇ ਹੋਣਗੇ, ਇਕ ਬਰਾਂਡਾ ਹੋਵੇਗਾ, ਇਕ ਰਸੋਈ ਹੋਵੇਗੀ, ਇਕ ਬਾਥਰੂਮ ਹੋਵੇਗਾ, ਇਕ ਨਲਕਾ ਲੱਗਾ ਹੋਵੇਗਾ । ਮਕਾਨ ਦੇ ਮਗਰਲੇ ਪਾਸੇ ਮੱਝਾਂ ਵਾਸਤੇ ਕਮਰਾ ਹੋਵੇਗਾ, ਖੁਰਲੀ ਹੋਵੇਗੀ, ਫਰਸ਼ ਲਗਾ ਹੋਵੇਗਾ । ਮੈਂਬਰ ਸਾਹਿਬਾਨ ਫਿਕਰ ਨਾ ਕਰਨ । ਅਸੀਂ ਦਲਿਤ ਭਰਾਵਾਂ ਨੂੰ ਬਹੁਤ ਹੀ ਸੰਜੀਦਗੀ ਨਾਲ ਰਿਆਇਤਾਂ ਦੇ ਰਹੇ ਹਾਂ । ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਬਹੁਤ ਹੀ ਅੱਛੇ ਮਕਾਨ ਬਣਾ ਕੇ ਦੇਵਾਂਗੇ । (ਥੰਪਿੰਗ)

ਕਾਮਰੇਡ ਅਜੈਬ ਸਿੰਘ ਰੌਂਤਾ: ਚੇਅਰਮੈਨ ਸਾਹਿਬ, ਮੈਂ ਸਰਦਾਰ ਗੁਰਦੇਵ ਸਿੰਘ ਬਾਦਲ ਸਾਹਿਬ ਦਾ ਧੰਨਵਾਦ ਕਰਦਾ ਹਾਂ ਜੋ ਇਨ੍ਹਾਂ ਨੇ ਮੈਨੂੰ ਮਕਾਨਾਂ ਬਾਰੇ ਜਾਣਕਾਰੀ ਦਿੱਤੀ ਹੈ । ਮੇਰੇ ਵੀ ਦੋ ਬੱਚੇ ਹਨ ਅਤੇ ਮੇਰੇ ਕੋਲ ਰਹਿਣ ਲਈ ਕੋਈ ਜਗ੍ਹਾ ਵੀ ਨਹੀਂ ਹੈ । ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਉਹ ਮੇਰੇ ਮੁੰਡਿਆਂ ਨੂੰ ਵੀ ਮਕਾਨ ਦੇਣ । ਜੇਕਰ ਸਰਕਾਰ ਅੱਛੇ ਮਕਾਨ ਬਣਾਵੇਗੀ ਤਾਂ ਅਸੀਂ ਵੈਲਕਮ ਕਰਾਂਗੇ । ਜਿਹੜੇ ਪਿੰਡਾਂ ਵਿਚ ਗਰੀਬ ਲੋਕ ਰਹਿੰਦੇ ਹਨ, ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ । ਸਰਕਾਰ ਚੰਗੇ ਮਕਾਨ ਬਣਾਵੇਗੀ ਤਾਂ ਅਸੀਂ ਵੈਲਕਮ ਕਰਾਂਗੇ, ਜੀ ਆਇਆਂ ਕਹਾਂਗੇ ਕਿ ਇਹ ਬਹੁਤ ਵਧੀਆ ਹੈ । ਪਰ ਚੇਅਰਮੈਨ ਸਾਹਿਬ, ਇਹ ਮਤਾ ਕੋਈ ਮੰਦੀ ਭਾਵਨਾ ਨਾਲ ਨਹੀਂ ਲਿਆਂਦਾ ਗਿਆ । ਇਸ ਦੀ ਲੋੜ ਖੇਤ ਮਜ਼ਦੂਰਾਂ ਨੂੰ ਹੈ, ਸ਼ਹਿਰਾਂ ਵਿਚ ਰਹਿਣ ਵਾਲੇ ਗਰੀਬ ਭਰਾਵਾਂ ਨੂੰ ਹੈ ਅਤੇ ਝੁੱਗੀਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਹੈ ਜਿਨ੍ਹਾਂ ਕੋਲ ਰਹਿਣ ਵਾਸਤੇ ਕੋਈ ਥਾਂ ਨਹੀਂ ਹੈ । ਹਨੇਰੀਆਂ, ਝੱਖੜਾਂ ਅਤੇ ਬਾਰਸ਼ਾਂ ਵਿਚ ਖੇਤ ਮਜ਼ਦੂਰਾਂ ਨੂੰ ਦਿਨ ਰਾਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹੋਇਆ ਅਤੇ ਇਸ ਨਾਲ ਆਪਣੀ ਸਹਿਮਤੀ ਪ੍ਰਗਟ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ।

ਸਰਦਾਰ ਗੋਬਿੰਦ ਸਿੰਘ ਕਾਂਝਲਾ: ਚੇਅਰਮੈਨ ਸਾਹਿਬ, ਮੈਂ ਇਸ ਮਤੇ ਬਾਰੇ ਕੁਝ ਗੱਲਾਂ ਕਹਿਣੀਆਂ ਚਾਹੁੰਦਾ ਹਾਂ ।

ਸ੍ਰੀ ਸਭਾਪਤੀ: ਤੁਸੀਂ ਮੈਨੂੰ ਆਪਣਾ ਨਾਂ ਇਸ ਮਤੇ ਤੇ ਬੋਲਣ ਲਈ ਭੇਜ ਦਿਉ ।

ਸਰਦਾਰ ਗੋਬਿੰਦ ਸਿੰਘ ਕਾਂਝਲਾ: ਚੇਅਰਮੈਨ ਸਾਹਿਬ, ਮੈਂ ਪੁਆਇੰਟ ਆਫ ਆਰਡਰ ਤੇ ਬੋਲ ਲੈਂਦਾ ਹਾਂ ।

ਸ੍ਰੀ ਸਭਾਪਤੀ: ਤੁਸੀਂ ਆਪਣਾ ਨਾਂ ਭੇਜ ਦਿਉ ।

ਸਰਦਾਰ ਗੋਬਿੰਦ ਸਿੰਘ ਕਾਂਝਲਾ: ਮੈਂ ਆਪਣਾ ਨਾਂ ਭੇਜ ਦਿੱਤਾ ਹੈ ਜੀ ।

ਸ੍ਰੀ ਸਭਾਪਤੀ: ਮੈਂ ਤੁਹਾਨੂੰ ਵਾਰੀ ਤੇ ਬੁਲਾਵਾਂਗਾ । ਹੁਣ ਤੁਸੀਂ ਬੈਠੋ । ਮੈਂ ਬੁਲਾ-ਵਾਂਗਾ ਤੁਹਾਨੂੰ । ਹੁਣ ਸ੍ਰੀ ਸਤਿਆ ਪਾਲ ਸੈਣੀ ਜੀ ।

ਸ੍ਰੀ ਸੱਤਿਆ ਪਾਲ ਸੈਣੀ (ਸੁਜਾਨਪੁਰ): ਸਭਾਪਤੀ ਜੀ, ਮੈਂ ਡਾਕਟਰ ਹਰਬੰਸ ਲਾਲ ਜੀ ਦੁਆਰਾ ਹਾਊਸ ਵਿਚ ਪੇਸ਼ ਕੀਤੇ ਗਏ ਮਤੇ ਦੇ ਬਾਰੇ ਕੁਝ ਕਹਿਣ ਨੂੰ ਖੜ੍ਹਾ ਹੋਇਆ ਹਾਂ । ਡਾਕਟਰ ਹਰਬੰਸ ਲਾਲ ਜੀ ਨੇ ਇਹ ਜਿਹੜਾ ਮਤਾ ਪੇਸ਼ ਕੀਤਾ ਹੈ, ਇਹ ਮਤਾ ਬੁਰੀ ਨੀਅਤ ਨਾਲ ਰੱਖਿਆ ਹੋਇਆ ਇਕ ਅੱਛਾ ਪ੍ਰਸਤਾਵ ਹੈ ਕਿਉਂਕਿ ਇਹ ਅੱਛੇ ਵਿਚਾਰਵਾਨ ਵਿਅਕਤੀ ਹਨ ਪਰ ਇਹ ਈਵਨ ਜੀਨੀਅਸ ਹਨ । ਇਨ੍ਹਾਂ ਨੂੰ ਬੜੀ ਅੱਛੀ ਗੱਲ ਸੁੱਝੀ ਪਰ ਉਹ ਕਿਸ ਵੇਲੇ ਸੁੱਝੀ, ਉਸ ਵੇਲੇ ਜਿਸ ਵੇਲੇ ਕਿ ਇਨ੍ਹਾਂ ਦਾ ਵਕਤ ਬੀਤ ਚੁੱਕਾ ਸੀ । ਇਨ੍ਹਾਂ ਨੂੰ ਵੀ ਬਹੁਤ ਵਕਤ ਮਿਲਿਆ ਸੀ ਅੱਛੇ ਕੰਮ ਕਰਨ ਵਾਸਤੇ, ਉਹ 5 ਸਾਲ ਇਨ੍ਹਾਂ ਨੇ ਗਵਾਏ ਪਰ ਆਖਿਰ ਵਿਚ ਮੁਗਲੀਆ ਸਲਤਨਤ ਨੇ ਉਹ ਕੋਈ ਵੀ ਕੰਮ ਕਰਨ ਤੋਂ ਨਹੀਂ ਛੱਡਿਆ ਜਿਸ ਨਾਲ ਇਨ੍ਹਾਂ ਨੇ ਸੋਚਿਆ ਕਿ ਦੋਨਾਂ ਹੱਥਾਂ ਨਾਲ ਨਾਲੇ ਤਾਂ ਲੋਕਾਂ ਨੂੰ ਲੁੱਟਣਾ ਹੈ ਅਤੇ ਨਾਲੇ ਅੱਖਾਂ ਵੀ ਦਿਖਾਉਣੀਆਂ ਹਨ । (ਵਿਘਨ) ਹੁਣ ਮੇਰੇ ਵੀਰਾਂ ਨੂੰ ਕਸ਼ਟ ਕਿਉਂ ਹੋ ਰਿਹਾ ਹੈ ? ਤੁਸੀਂ ਬੜੀ ਕਿਰਪਾ ਕੀਤੀ ਹੈ ਸਾਡੇ ਤੇ ਅਤੇ ਅਸੀਂ ਬੜਾ ਕੁਝ ਸਹਿ ਚੁਕੇ ਹਾਂ । ਹੁਣ ਜ਼ਰਾ ਤਸੱਲੀ ਨਾਲ ਸਾਨੂੰ ਵੀ ਕਹਿ ਲੈਣ ਦਿਉ । (ਵਿਘਨ)

ਵਿਰੋਧੀ ਧਿਰਾਂ ਵਲੋਂ ਆਵਾਜ਼ਾਂ: ਚੇਅਰਮੈਨ ਸਾਹਿਬ, ਇਹ ਮਤੇ ਬਾਰੇ ਨਹੀਂ ਬੋਲ ਰਹੇ ।

ਸ੍ਰੀ ਸੱਤਿਆ ਪਾਲ ਸੈਣੀ: ਚੇਅਰਮੈਨ ਸਾਹਿਬ, ਮੈਂ ਪ੍ਰਸਤਾਵ ਦੇ ਬਾਰੇ ਵਿਚ ਹੀ ਕਹਿ ਰਿਹਾ ਹਾਂ । ਮੈਂ ਆਪਣੇ ਕਾਂਗਰਸੀ ਵੀਰਾਂ ਨੂੰ ਪ੍ਰਾਰਥਨਾ ਕਰਾਂਗਾ ਕਿ ਇਹ ਜ਼ਰਾ ਆਪਣੀ ਸਹਿਨਸ਼ੀਲਤਾ ਵਧਾਉਣ । ਅਸੀਂ ਵੀ 40 ਸਾਲ ਦਾ ਵਕਤ ਕੱਟਿਆ ਹੈ । ਇਹ ਅੱਛਾ ਪ੍ਰਸਤਾਵ ਹੈ, ਮੈਂ ਇਸਦੀ ਪ੍ਰਸ਼ੰਸਾ ਕਰਦਾ ਹਾਂ ਪਰ ਇਹ ਗਲਤ ਸਮੇਂ ਤੇ ਲਿਆਂਦਾ ਗਿਆ ਹੈ । ਇਹੋ ਜਿਹੇ ਅੱਛੇ ਵਿਚਾਰ ਇਹ ਆਪਣੇ ਸਮੇਂ ਤੇ ਵੀ ਰੱਖਦੇ ਹੋਏ ਦੋ ਕਦਮ ਅੱਗੇ ਵਧਦੇ ਤਾਂ ਅੱਜ ਸਾਨੂੰ ਸੁਝਾਉ ਦੇਂਦੇ ਕਿ 10 ਕਦਮ ਅੱਗੇ ਵਧੋ । ਇਹ

[ਸ੍ਰੀ ਸੱਤਿਆ ਪਾਲ ਸੈਣੀ]

ਦੱਸਦੇ ਹਨ ਕਿ ਮਕਾਨ ਬਨਾਉਣੇ ਚਾਹੀਦੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਜ਼ਮੀਨ ਐਸੀ ਛੱਡੀ ਵੀ ਹੈ ਜਿਸ ਤੇ ਮਕਾਨ ਬਨਾਉਣੇ ਹਨ । ਜਿਹੜੇ ਪਿਸ਼ਾਬ-ਖਾਨੇ ਸਨ, ਮੜੀਆਂ ਦੀਆਂ ਜਗ੍ਹਾਂ ਸਨ, ਸਾਰਵਜਨਿਕ ਪਾਰਕਿੰਗ ਦੇ ਸਥਾਨ ਸਨ, ਸ਼ਾਮਲਾਤ ਦੇਹਾਂ ਸਨ, ਸਾਰੀਆਂ ਦੀਆਂ ਸਾਰੀਆਂ ਮੰਤਰੀਆਂ ਨੇ ਲੁੱਟ ਲਈਆਂ । ਮੈਂ ਉਸੇ ਮੰਤਰੀ ਦੀ ਗੱਲ ਕਰਦਾ ਹਾਂ ਜਿਸਦੇ ਬਾਰੇ 90 ਏਕੜ ਜ਼ਮੀਨ ਲੈਣ ਦੀ ਖਬਰ ਅਖਬਾਰਾਂ ਦਾ ਵੀ ਵਿਸ਼ਾ ਰਹੀ ਹੈ । ਮੈਂ ਤਾਂ ਦਸ ਰਿਹਾ ਹਾਂ......

ਡਾਕਟਰ ਹਰਬੰਸ ਲਾਲ: ** ** **

ਸ੍ਰੀ ਸਭਾਪਤੀ: ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ ?

ਡਾਕਟਰ ਹਰਬੰਸ ਲਾਲ: ** ** **

ਸ੍ਰੀ ਸਭਾਪਤੀ. ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸ੍ਰੀ ਸੱਤਿਆ ਪਾਲ ਸੈਣੀ: ਮੈਂ ਚੇਅਰਮੈਨ ਸਾਹਿਬ, ਇਸ ਪ੍ਰਸਤਾਵ ਦੇ ਬਾਰੇ ਵਿਚ ਹੀ ਕਹਿ ਰਿਹਾ ਹਾਂ ਕਿ ਕੋਈ ਜ਼ਮੀਨ ਤਾਂ ਛੱਡੀ ਨਹੀਂ ਹੈ । ਕੋਈ ਸ਼ਾਇਦ ਗਲਤੀ ਨਾਲ ਰਹਿ ਗਈ ਹੋਵੇ ਜਿਹੜੀ ਧਿਆਨ ਵਿਚ ਨਾ ਆਈ ਹੋਵੇ । ਮੈਂ ਹੁਣ ਇਸ ਬਾਰੇ ਵਿਚ ਕਹਿਣਾ ਹੈ ਕਿ ਸਰਕਾਰ ਦੀ ਯੋਜਨਾ ਹੈ, ਕਿ ਉਸ ਸਰਕਾਰ ਦੀ, ਜਿਹੜੀ ਪਾਪੂਲਰ ਸਰਕਾਰ ਹੈ, ਜਿਹੜੀ ਲੋਕਮਤ ਦਾ ਸਮਰਥਨ ਲੈ ਕੇ ਬਣੀ ਹੋਈ ਸਰਕਾਰ ਹੈ, ਜਿਸਦੇ ਨਾਲ ਸਾਰੇ ਪੰਜਾਬ ਦਾ ਹੁੰਗਾਰਾ ਜੁੜਿਆ ਹੋਇਆ ਹੈ, ਉਸ ਸਰਕਾਰ ਵਲੋਂ ਇਕ ਅੱਛੀ ਸਕੀਮ ਲਾਗੂ ਹੋਈ ਹੈ । ਇਹ ਸਕੀਮ ਐਸੀ ਹੈ ਜਿਸਦੇ ਨਾਲ ਪੰਜਾਬ ਦੇ ਦਲਿਤ ਵਿਅਕਤੀਆਂ ਨੂੰ ਪਹਿਲੀ ਵਾਰ ਸਹਾਰਾ ਦੇਣ ਦੀ ਗੱਲ ਕੀਤੀ ਗਈ ਹੈ ਅਤੇ ਗੱਲ ਕੀਤੀ ਗਈ ਹੈ ਕਿ ਉਨ੍ਹਾਂ ਦੇ ਘਰਾਂ ਵਿਚ, ਝੁੱਗੀਆਂ ਵਿਚ ਜਿਹੜੀਆਂ ਥੰਮੀਆਂ ਲੱਗੀਆਂ ਹੋਈਆਂ ਹਨ, ਜਿਹੜੇ ਚੂਲੇ ਲਾਏ ਹੋਏ ਹਨ, ਉਨ੍ਹਾਂ ਲਕੜੀਆਂ ਨੂੰ ਪੁੱਟਣਾ ਹੈ ਅਤੇ ਉਨ੍ਹਾਂ ਗਰੀਬ ਲੋਕਾਂ ਨੂੰ, ਵਿਧਵਾਵਾਂ ਨੂੰ ਕਹਿਣਾ ਹੈ ਕਿ ਤੁਹਾਨੂੰ ਇਹ ਮਕਾਨ ਬਣਾ ਕੇ ਦਿੱਤਾ ਹੈ, ਤੁਸੀਂ ਇਸ ਵਿਚ ਰਹੋ । ਅਸੀਂ ਉਨ੍ਹਾਂ ਨੂੰ ਸਹਾਰਾ ਦੇਣਾ ਹੈ, ਆਸਰਾ ਦੇਣਾ ਹੈ ।

ਇਹ ਸੋਚ ਪਹਿਲੀ ਵਾਰ ਇਸ ਸਰਕਾਰ ਦੇ ਦਿਮਾਗ ਵਿਚ ਆਈ ਹੈ । ਕੁਝ ਗੱਲਾਂ ਐਸੀਆਂ ਹਨ ਜਿਹੜੀਆਂ ਅਗਰ ਪਿਛਲੀ ਸਰਕਾਰ ਦੇ ਵੇਲੇ ਹੋ ਜਾਂਦੀਆਂ ਤਾਂ ਬਹੁਤ ਚੰਗੀ ਗੱਲ ਸੀ ਲੇਕਿਨ ਉਹ ਨਹੀਂ ਹੋਈਆਂ । ਉਹ ਹੁਣ ਹੋਣਗੀਆਂ । ਲੋਕਾਂ ਦੀ ਬਹੁਤ ਸਾਰੀ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ । ਮਿਲਟਰੀ ਨੇ ਵੀ ਬਹੁਤ ਸਾਰੀ ਜਗ੍ਹਾ ਐਕੁਆਇਰ ਕਰ ਲਈ ਹੈ । ਐਸੀਆਂ ਜ਼ਮੀਨਾਂ ਦੇ ਮਾਲਕੀ ਹੱਕ ਕਿਸੇ ਨੂੰ ਨਹੀਂ ਸਨ ਮਿਲੇ ਹੋਏ । ਲੋਕਾਂ ਨੂੰ ਉਸ ਦੀ ਕੰਪਨਸੇਸ਼ਨ ਸਿਰਫ 600/- ਜਾਂ 800/- ਰੁਪਿਆ ਹੀ ਮਿਲੀ ਹੈ । ਉਨ੍ਹਾਂ ਜ਼ਮੀਨਾਂ ਦੇ ਮਾਲਕ ਅੱਜ ਵੀ ਬੇਸਹਾਰਾ ਹਨ । ਪਾਕਿਸਤਾਨ ਬਣਨ ਤੋਂ ਬਾਅਦ ਜਿਥੇ ਉਹ ਰਹਿ ਰਹੇ ਹਨ, ਉਸ ਜਗ੍ਹਾ ਦੀ ਮਾਲਕੀ ਦੇ ਹੱਕ ਉਨ੍ਹਾਂ ਨੂੰ ਦਿੱਤੇ

** Expunged as ordered by the Chair.

ਨਹੀਂ ਗਏ । ਉਸ ਵੇਲੇ ਦੇ ਮਾਲਕਾਂ ਨੇ ਉਨ੍ਹਾਂ ਨੂੰ ਵਸਾ ਲਿਆ ਸੀ । ਲੇਕਿਨ ਅੱਜ ਉਹ ਜ਼ਮੀਨ ਮਹਿੰਗੀ ਹੋ ਗਈ ਹੈ । ਜ਼ਮੀਨ ਦੇ ਭਾਅ ਦਾ ਜਾਂ ਮੁੱਲ ਦਾ ਉਨ੍ਹਾਂ ਮਾਲਕਾਂ ਨੂੰ ਪਤਾ ਲੱਗ ਗਿਆ ਹੈ । ਸੋ ਉਸ ਗੁਰਬਤ ਦੇ ਮਾਰੇ ਹੋਏ ਲੋਕਾਂ ਨੂੰ ਜਿਨ੍ਹਾਂ ਕੋਲ ਕੋਈ ਜ਼ਮੀਨ ਨਹੀਂ ਹੈ, ਕੋਈ ਨਾ ਕੋਈ ਸਹਾਰਾ ਮਿਲਣਾ ਚਾਹੀਦਾ ਹੈ । ਸਾਡੇ ਮੰਤਰੀ ਜੀ ਸਰਾਹਣਾ ਦੇ ਪਾਤਰ ਹਨ ਜਿਨ੍ਹਾਂ ਨੇ ਐਡਾ ਵੱਡਾ ਕੰਮ ਸ਼ੁਰੂ ਕੀਤਾ ਹੈ । ਜਿਹੜਾ ਡਿਵੈਲਪਮੈਂਟ ਦਾ ਕੰਮ ਸ਼ੁਰੂ ਹੋਇਆ ਹੈ, ਉਸ ਦੇ ਵਿਚ ਮਕਾਨਾਂ ਦੀ ਗੱਲ ਵੀ ਕੀਤੀ ਗਈ ਹੈ । ਇਹ ਡਿਵੈਲਪਮੈਂਟ ਅਸੀਂ ਪਲਾਨਡ ਵੇਅ ਨਾਲ ਕਰਨੀ ਹੈ । ਅਸੀਂ ਹਰੇਕ ਬਲਾਕ ਨੂੰ ਡਿਵੈਲਪ ਕਰਨਾ ਹੈ ਅਸੀਂ ਚਿੰਤਾ ਕਰ ਰਹੇ ਹਾਂ ।ਬਲਾਕ ਦੀ, ਅਸੀਂ ਬਲਾਕ ਨੂੰ ਪੁਸ਼ਟ ਕਰਨਾ ਹੈ । ਅਸੀਂ ਸਾਰੇ ਬਲਾਕਾਂ ਨੂੰ ਡਿਵੈਲਪ ਕਰਨਾ ਹੈ , ਜੇ ਸਾਰੇ ਬਲਾਕ ਪੁਸ਼ਟ ਹੋ ਜਾਣਗੇ ਤਾਂ ਪੰਜਾਬ ਆਪਣੇ ਆਪ ਪੁਸ਼ਟ ਹੋ ਜਾਵੇਗਾ ਅਤੇ ਲੋਕਾਂ ਵਿਚ ਖੁਸ਼ਹਾਲੀ ਆਵੇਗੀ । ਇਸ ਵਾਸਤੇ ਇਹ ਪ੍ਰਸਤਾਵ ਨਾ ਤਾਂ ਅਵੱਸ਼ਕ ਹੈ ਅਤੇ ਨਾ ਹੀ ਸਮੇਂ ਦੇ ਅਨੁਕੂਲ ਹੈ । ਸਾਡੀ ਜਿਹੜੀ ਪਹਿਲਾਂ ਹੀ ਇਸ ਸਬੰਧੀ ਯੋਜਨਾ ਬਣੀ ਹੋਈ ਹੈ । ਅਗਰ ਡਾਕਟਰ ਸਾਹਿਬ ਉਸ ਦੀ ਪੁਸ਼ਟੀ ਕਰਨਗੇ ਤਾਂ ਅਸੀਂ ਇਨ੍ਹਾਂ ਦਾ ਸਵਾਗਤ ਕਰਾਂਗੇ । ਲੇਕਿਨ ਇਨ੍ਹਾਂ ਨੇ ਇਹ ਪ੍ਰਸਤਾਵ ਸਿਰਫ ਇਸ ਲਈ ਲਿਆਂਦਾ ਹੈ ਕਿ ਇਹ ਇਨ੍ਹਾਂ ਦੇ ਪ੍ਰਚਾਰ ਦਾ ਸਾਧਨ ਬਣੇ । ਅਸੀਂ ਇਸ ਨੂੰ ਅਨ-ਅਵੱਸ਼ਕ ਕਹਿੰਦੇ ਹਾਂ । ਤੁਹਾਨੂੰ ਚਾਹੀਦਾ ਹੈ ਕਿ ਜਿਹੜਾ ਐਡਾ ਵੱਡਾ ਕੰਮ ਬਾਪੂ ਸਰੂਪ ਸਿੰਘ ਜੀ ਨੇ ਸ਼ੁਰੂ ਕੀਤਾ ਹੈ, ਤੁਸੀਂ ਉਸ ਦਾ ਸਵਾਗਤ ਕਰੋ ਅਤੇ ਉਸ ਦੇ ਵਾਸਤੇ ਕੋਈ ਸਾਕਾਰਾਤਮਿਕ ਸੁਝਾਓ ਦਿਓ । ਇਤਨਾ ਨਿਵੇਦਨ ਕਰਦਾ ਹੋਇਆ ਮੈਂ ਆਪਣਾ ਕਥਨ ਸਮਾਪਤ ਕਰਦਾ ਹਾਂ ।

ਮਾਸਟਰ ਮੋਹਨ ਲਾਲ (ਪਠਾਨਕੋਟ) : ਧੰਨਵਾਦ ਜੀ, ਸਭਾਪਤੀ ਸਾਹਿਬ । ਮੈਂ ਆਪਣੇ ਦੋਸਤ ਡਾਕਟਰ ਹਰਬੰਸ ਲਾਲ ਦੇ ਪ੍ਰਸਤਾਵ ਦਾ ਵਿਰੋਧ ਕਰਨ ਲਈ ਖੜ੍ਹਾ ਹੋਇਆ ਹਾਂ । ਡਾਕਟਰ ਸਾਹਿਬ, ਇਸ ਦੇਸ਼ ਦੀ ਹਕੂਮਤ 50 ਸਾਲ, ਢਾਈ ਸਾਲ ਵਿਚੋਂ ਕਢ ਦਿਓ, ਕਾਂਗਰਸ ਦੇ ਕੋਲ ਰਹੀ ਹੈ । ਇਨ੍ਹਾਂ 50 ਸਾਲਾਂ ਵਿਚ ਹੋਇਆ ਕੀ ਹੈ, ਡਾਕਟਰ ਸਾਹਿਬ, ਕਿ ਅਮੀਰ ਅਮੀਰ ਹੁੰਦੇ ਗਏ ਅਤੇ ਗਰੀਬ ਗਰੀਬ ਹੁੰਦੇ ਗਏ । ਵੱਡੀਆਂ ਵੱਡੀਆਂ ਬਿਲਡਿੰਗਾਂ ਬਣ ਗਈਆਂ । 50 ਸਾਲ ਲਗਾਤਾਰ ਇਹ ਪ੍ਰਾਸੈੱਸ ਚਲਦਾ ਰਿਹਾ । ਇਸ ਦੇਸ਼ ਦੇ ਅੰਦਰ ਬੜੀਆਂ ਬੜੀਆਂ ਉਚੀਆਂ ਬਿਲਡਿੰਗਾਂ ਅਤੇ ਨਗਰ ਬਣ ਗਏ । ਬੰਬਈ ਅਤੇ ਕੋਲਕੱਤਾਂ ਸ਼ਹਿਰਾਂ ਅੰਦਰ ਕਈ ਕਈ ਮੰਜਿਲਾਂ ਦੀਆਂ ਇਮਾਰਤਾਂ ਬਣ ਗਈਆਂ ਪਰ ਉਨ੍ਹਾਂ ਦੀਆਂ ਨੀਹਾਂ ਦੇ ਥੱਲੇ 50 ਸਾਲ ਦੀ ਆਜ਼ਾਦੀ ਦੇ ਬਾਅਦ ਵੀ ਗਰੀਬ ਆਦਮੀ ਭੁੱਖੇ ਪੇਟ, ਕਪੜੇ ਤੋਂ ਬਿਨਾਂ ਅਤੇ ਮਕਾਨ ਤੋਂ ਬਿਨਾਂ ਸੌਂ ਰਿਹਾ ਹੈ, ਫੁੱਟ ਪਾਥਾਂ ਤੇ ਸੌਂ ਰਿਹਾ ਹੈ । ਕਈ ਅਜਿਹੇ ਮੌਕੇ ਆਪਾਂ ਦੇਖੇ ਹੋਣਗੇ ਜਦੋਂ ਠਠਰਦੀ ਸਰਦੀ ਦੇ ਅੰਦਰ ਰਾਤੀਂ ਆਦਮੀ ਸੁੱਤਾ ਔਰ ਸਵੇਰ ਨੂੰ ਉਹ ਮਰ ਗਿਆ ਸੀ । 50 ਸਾਲ ਲੋਕ ਵੇਖਦੇ ਰਹੇ ਕਿ ਉਨ੍ਹਾਂ ਦੀ ਰੋਟੀ, ਕਪੜੇ ਤੇ ਮਕਾਨ ਦਾ ਜਾਂ ਕੁੱਲੀ, ਗੁੱਲੀ ਤੇ ਜੁੱਲੀ ਦਾ ਇੰਤਜ਼ਾਮ ਹੋ ਜਾਵੇਗਾ ਲੇਕਿਨ ਹੋਇਆ ਕੁਝ ਵੀ ਨਹੀਂ । ਡਾਕਟਰ ਸਾਹਿਬ ਨੇ ਪ੍ਰਸਤਾਵ ਲਿਆਂਦਾ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਅਕਤੀਆਂ ਨੂੰ ਮਕਾਨ ਮਿਲਣੇ

[ਮਾਸਟਰ ਮੋਹਨ ਲਾਲ]

ਚਾਹੀਦੇ ਹਨ ਲੇਕਿਨ ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਨੇ ਤੁਹਾਨੂੰ ਰੋਕਿਆ ਹੀ ਨਹੀਂ ਸੀ ਕਿ ਤੁਸੀਂ ਇਹ ਮਕਾਨ ਬਣਾ ਕੇ ਨਾ ਦਿਉ। ਐਡੀਆਂ ਵੱਡੀਆਂ ਵੱਡੀਆਂ ਬਿਲਡਿੰਗਾਂ ਬਣਾ ਦਿੱਤੀਆਂ ਲੇਕਿਨ ਜਿਨ੍ਹਾਂ ਮਜ਼ਦੂਰਾਂ ਨੇ ਇਹ ਬਿਲਡਿੰਗਾਂ ਬਣਾਈਆਂ, ਉਨ੍ਹਾਂ ਵਾਸਤੇ ਤੁਸੀਂ ਕੋਈ ਵੱਖਰੀ ਬਸਤੀ ਹੀ ਬਣਾ ਦਿੰਦੇ। ਮੈਂ ਅੱਜ ਵੀ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜਿਹੜੇ ਗਰੀਬ ਲੋਕਾਂ ਵਾਸਤੇ ਮਕਾਨ ਬਣਾਏ ਹਨ, ਜਿਹੜੇ ਕਾਂਗਰਸ ਰਿਜ਼ੀਮ ਵੇਲੇ ਬਣੇ ਹਨ, ਉਨ੍ਹਾਂ ਦੀ ਨਿਸ਼ਪਕਸ਼ ਇਨਕੁਆਰੀ ਕਰਵਾਈ ਜਾਵੇ ਕਿ ਉਨ੍ਹਾਂ ਤੇ ਕਬਜ਼ਾ ਕਿਨ੍ਹਾਂ ਲੋਕਾਂ ਦਾ ਹੈ? ਇਹ ਕਬਜ਼ਾ ਕਾਂਗਰਸ ਦੇ ਲੋਕਾਂ ਦਾ, ਜਿਹੜੇ ਕਾਂਗਰਸ ਦੇ ਟਾਊਟ ਹਨ, ਉਨ੍ਹਾਂ ਦਾ ਹੋਵੇਗਾ। ਜਿਹੜੇ ਕ੍ਰਿਮੀਨਲਜ਼ ਹਨ ਜਾਂ ਪੁਲੀਟੀਕਲ ਲੋਕ ਹਨ, ਉਨ੍ਹਾਂ ਦਾ ਕਬਜ਼ਾ ਹੋਵੇਗਾ। ਜੋ ਇਨ੍ਹਾਂ ਮਕਾਨਾਂ ਦੇ ਅਸਲ ਵਾਰਸ ਹਨ ਉਨ੍ਹਾਂ ਨੂੰ ਇਹ ਮਕਾਨ ਨਹੀਂ ਮਿਲੇ। ਜਿਹੜੇ ਪਿੰਡਾਂ ਤੋਂ ਬਾਹਰ ਇਨ੍ਹਾਂ ਲੋਕਾਂ ਨੇ ਘੁਰਨੇ ਬਣਾ ਕੇ ਦਿੱਤੇ ਹਨ, ਉਹ ਗਰੀਬ ਲੋਕਾਂ ਕੋਲ ਨਹੀਂ ਹਨ। ਇਸ ਦੇਸ਼ ਦੇ 40 ਫੀਸਦੀ ਤੋਂ ਵੱਧ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਹਨ ਜਿਨ੍ਹਾਂ ਨੂੰ ਇਹ ਕਹਿੰਦੇ ਰਹੇ ਕਿ ਮਕਾਨ ਬਣਾ ਕੇ ਦੇਵਾਂਗੇ। ਪਰ ਅੱਜ ਤੱਕ ਵੀ ਤੁਸੀਂ ਦੇਖ ਸਕਦੇ ਹੋ ਕਿ ਗਰੀਬ ਲੋਕਾਂ ਦੇ ਪਾਸ ਆਪਣਾ ਸਿਰ ਲੁਕਾਉਣ ਲਈ ਤਰਪਾਲ ਤੱਕ ਵੀ ਨਹੀਂ ਹੈ। ਚੇਅਰਮੈਨ ਸਾਹਿਬ, ਮਕਾਨ ਕਿਸ ਨੂੰ ਨਹੀਂ ਚਾਹੀਦਾ। ਸਾਰਾ ਹਾਊਸ ਇਸ ਵਾਸਤੇ ਚਿੰਤਤ ਹੈ। ਸਾਡੀ ਸਰਕਾਰ ਖਾਸ ਤੌਰ ਤੇ ਇਸ ਲਈ ਚਿੰਤਤ ਹੈ। ਇਹ ਬਾਦਲ ਸਰਕਾਰ ਹੈ ਜਿਸ ਨੇ 50,000/- ਰੁਪਏ ਗਰੀਬ ਆਦਮੀਆਂ ਲਈ ਮਕਾਨ ਬਣਾਉਣ ਵਾਸਤੇ ਰੱਖੇ ਹਨ। ਜੋ ਗਰੀਬ ਹੈ, ਜਿਸ ਕੋਲ ਆਪਣਾ ਸਿਰ ਲੁਕਾਉਣ ਲਈ ਘਰ ਨਹੀਂ, ਅੱਜ ਆਜ਼ਾਦੀ ਤੋਂ ਬਾਅਦ 50 ਸਾਲ ਹੋ ਚੁੱਕੇ ਹਨ ਉਨ੍ਹਾਂ ਪਾਸ ਆਪਣੇ ਰਹਿਣ ਲਈ ਨਿਵਾਸ ਨਹੀਂ ਇਹ ਸਾਡੀ ਸਰਕਾਰ ਹੈ ਜਿਸ ਨੇ ਉਨ੍ਹਾਂ ਬਾਰੇ ਸੋਚਿਆ ਹੈ ਕਿ 50,000/- ਰੁਪਿਆ ਇਕ ਮਕਾਨ ਤੇ ਖਰਚ ਕਰਕੇ ਉਨ੍ਹਾਂ ਨੂੰ ਮਕਾਨ ਬਣਾ ਕੇ ਦਿਆਂਗੇ। ਕਾਂਗਰਸ ਸਰਕਾਰ 15,000/-ਰੁਪਿਆ ਇਸ ਕੰਮ ਲਈ ਰੱਖਦੀ ਸੀ, ਜਿਸ ਵਿੱਚੋਂ 2,000/- ਰੁਪਏ ਕੋਈ ਮੇਰੇ ਵਰਗਾ ਕਾਂਗਰਸੀ ਲੈ ਗਿਆ, 1,000/ਰੁਪਏ ਕੋਈ ਦਫ਼ਤਰੀ ਬਾਬੂ ਲੈ ਗਿਆ ਔਰ ਗਰੀਬ ਆਦਮੀ ਨੂੰ ਇਕ ਰੁਪਏ ਵਿੱਚੋਂ ਛੇ ਆਨੇ ਮਿਲਦੇ ਸਨ, ਪ੍ਰੈਸ ਇਨ੍ਹਾਂ ਦੀ ਸੀ, ਮੀਡਿਆ ਇਨ੍ਹਾਂ ਦਾ ਸੀ, ਅਖਬਾਰ ਇਨ੍ਹਾਂ ਦੇ ਸਨ, ਰੇਡੀਓ ਟੈਲੀਵੀਜ਼ਨ ਇਨ੍ਹਾਂ ਦੇ ਸਨ। ਉਨ੍ਹਾਂ ਸਾਧਨਾਂ ਰਾਹੀਂ ਰੌਲਾ ਪਾ ਦਿੱਤਾ ਕਿ ਅਸੀਂ ਪਿੰਡਾਂ ਵਿੱਚ ਗਰੀਬਾਂ ਨੂੰ ਬਿਜਲੀ ਦੇ ਦਿੱਤੀ ਹੈ, ਏਨੇ ਮਕਾਨ ਦੇ ਦਿੱਤੇ ਹਨ, ਕੁਆਲਟੀ ਦੇ ਮਕਾਨ ਦੇ ਦਿੱਤੇ ਹਨ ਏਨੀ ਕੁਆਨਟਿਟੀ ਵਿਚ ਮਕਾਨ ਦੇ ਦਿੱਤੇ ਹਨ ਲੇਕਿਨ ਚੇਅਰਮੈਨ ਸਾਹਿਬ, ਗਰੀਬਾਂ ਨੂੰ ਤਾਂ ਅੱਜ ਵੀ ਸਿਰ ਢੱਕਣ ਲਈ ਤਰਪਾਲ ਤੱਕ ਨਹੀਂ ਮਿਲੀ।

ਚੇਅਰਮੈਨ ਸਾਹਿਬ, ਮੇਰੇ ਤੋਂ ਪਹਿਲਾਂ ਇਥੇ ਹਾਊਸ ਵਿੱਚ ਕਾਮਰੇਡ ਅਜੈਬ ਸਿੰਘ ਰੌਂਤਾ ਜੀ ਬੋਲੇ ਹਨ ਅਤੇ ਉਨ੍ਹਾਂ ਨੇ ਬੜੀ ਲੱਛੇਦਾਰ ਸਪੀਚ ਕੀਤੀ ਹੈ। ਇਹ ਏਅਰ ਕੰਡੀਸ਼ਨਾਂ ਵਿੱਚ ਬੈਠ ਕੇ, ਬੰਗਲਿਆਂ ਦੇ ਵਿੱਚ ਬੈਠ ਕੇ, ਉਨ੍ਹਾਂ ਗਰੀਬ ਲੋਕਾਂ ਦੀ ਗੱਲ ਕਰਦੇ ਹਨ ... (ਵਿਘਨ) .. ਇਹ ਅੱਜ ਕਾਂਗਰਸ ਦੇ ਭਾਈਵਾਲ ਬਣੀ ਬੈਠੇ ਹਨ....

ਕਾਮਰੇਡ ਅਜੈਬ ਸਿੰਘ ਰੋਂਤਾ : ਚੇਅਰਮੈਨ ਸਾਹਿਬ, ਇਹ ਮੇਰੀ ਗੱਲ ਕਰਦੇ ਹਨ । ਮੈਂ ਇਨ੍ਹਾਂ ਨੂੰ ਆਪਣਾ ਘਰ ਦਿਖਾ ਦਿੰਦਾ ਹਾਂ ।

ਮਾਸਟਰ ਮੋਹਨ ਲਾਲ : ਕਾਮਰੇਡ ਸਾਹਿਬ, ਪਿੰਡ ਵਾਲਾ ਦਿਖਾਉਗੇ ਜਾਂ ਸ਼ਹਿਰ ਵਾਲਾ ਦਿਖਾਉਗੇ ?

ਸ੍ਰੀ ਸਭਾਪਤੀ : ਕਾਮਰੇਡ ਸਾਹਿਬ, ਮਾਸਟਰ ਜੀ, ਆਪਸ ਵਿੱਚ ਗੱਲ ਨਾ ਕਰੋ । ਤੁਸੀਂ ਚੇਅਰ ਨੂੰ ਐਡਰੈਸ ਕਰੋ ।

ਕਾਮਰੇਡ ਅਜੈਬ ਸਿੰਘ ਰੋਂਤਾ : ਪੁਆਇੰਟ ਆਫ ਆਰਡਰ, ਸਰ, । ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਾਸਟਰ ਮੋਹਨ ਲਾਲ ਜੀ ਨੇ ਕਿਹਾ ਹੈ ਕਿ ਕਾਮਰੇਡ ਸਾਹਿਬ ਨੇ ਲੱਛੇਦਾਰ ਸਪੀਚ ਕੀਤੀ ਹੈ ਅਤੇ ਆਪਣੇ ਮਕਾਨ ਬਣਾ ਲਏ ਹਨ । ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਮੇਰੇ ਨਾਲ ਪਿੰਡ ਚੱਲ ਕੇ ਦੇਖ ਲੈਣ, ਜੇ ਮੇਰੇ ਕੋਲ ਇਕ ਮਰਲਾ ਵੀ ਥਾਂ ਹੋਵੇ ਤਾਂ ਮੈਂ ਇਸ ਅਸੈਂਬਲੀ ਵਿਚੋਂ ਅਸਤੀਫਾ ਦੇ ਦੇਵਾਂਗਾ, ਜਾਂ ਇਹ ਦੇ ਦੇਣ . . .(ਵਿਘਨ)

ਸ੍ਰੀ ਸਭਾਪਤੀ : ਕਾਮਰੇਡ ਜੀ, ਬੈਠ ਜਾਓ । ਮਾਸਟਰ ਮੋਹਨ ਲਾਲ ਜੀ, ਤੁਸੀਂ ਚੇਅਰ ਨੂੰ ਐਡਰੈਸ ਕਰੋ । Please sit down, Comrade Sahib, (ਵਿਘਨ) (ਸ਼ੋਰ)

ਕਾਮਰੇਡ ਹਰਦੇਵ ਅਰਸ਼ੀ : ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਜਿਸ ਸਬਜੈਕਟ ਤੇ ਗੱਲ ਹੋ ਰਹੀ ਹੈ ਉਸੇ ਤੇ ਹੀ ਜੇਕਰ ਸੀਮਤ ਰਿਹਾ ਜਾਵੇ ਤਾਂ ਜ਼ਿਆਦਾ ਚੰਗਾ ਹੈ । ਕਿਸ ਪਾਰਟੀ ਦਾ ਕਿਸ ਪਾਰਟੀ ਦੇ ਨਾਲ ਅਲਾਇੰਸ ਹੈ, ਇਸ ਮੁਲਕ ਦੇ ਵਿੱਚ ਸਾਰੀਆਂ ਪਾਰਟੀਆਂ ਹੀ ਇਕ ਦੂਜੀ ਪਾਰਟੀ ਦੇ ਨਾਲ ਅਲਾਇੰਸ ਕਰਦੀਆਂ ਹਨ । ਕਿਸ ਦਾ ਅਲਾਇੰਸ ਪਵਿੱਤਰ ਹੈ ਜਾਂ ਕਿਸਦਾ ਨਹੀਂ, ਜਾਂ ਤਾਂ ਫਿਰ ਇਸੇ ਤੇ ਡਿਸਕਸ਼ਨ ਕਰਵਾ ਲਓ । ਹਾਊਸ ਦਾ ਸਮਾਂ ਕੀਮਤੀ ਹੈ ਮੇਰਾ ਖਿਆਲ ਹੈ ਕਿ ਇਕ ਦੂਜੇ ਤੇ ਦੋਸ਼ ਲਗਾਉਣਾ ਕੋਈ ਠੀਕ ਗੱਲ ਨਹੀਂ ਹੈ ।

ਸ੍ਰੀ ਸਭਾਪਤੀ : ਠੀਕ ਹੈ ਜੀ ।

ਮਾਸਟਰ ਮੋਹਨ ਲਾਲ : ਚੇਅਰਮੈਨ ਸਾਹਿਬ, ਮੈਂ ਗੱਲ ਕਰ ਰਿਹਾ ਸੀ ਕਿ ਘਰ ਹਰ ਆਦਮੀ ਨੂੰ ਚਾਹੀਦਾ ਹੈ । ਇਸ ਦੇਸ਼ ਦੇ ਅੰਦਰ 90 ਕਰੋੜ ਲੋਕਾਂ ਦੀ ਇਹ ਚਿੰਤਾ ਹੈ । ਸਮੂਹਕ ਤੌਰ ਤੇ ਇਹ ਹਾਊਸ ਦੀ ਚਿੰਤਾ ਹੈ । ਸਾਰਾ ਹਾਊਸ ਇਸ ਬਾਰੇ ਚਿੰਤਤ ਹੈ । ਜਿਹੜੇ ਗਰੀਬ ਲੋਕ ਹਨ, ਝੁੱਗੀਆਂ-ਝੌਂਪੜੀਆਂ ਵਿਚ ਰਹਿੰਦੇ ਹਨ, ਸ਼ਹਿਰ ਤੋਂ ਬਾਹਰ ਗੰਦੀਆਂ ਬਸਤੀਆਂ ਵਿਚ ਰਹਿੰਦੇ ਹਨ, ਉਨ੍ਹਾਂ ਵਾਸਤੇ ਹਾਊਸ ਦੀ ਵੀ ਚਿੰਤਾ ਹੈ । ਉਨ੍ਹਾਂ ਸਾਰਿਆਂ ਨੂੰ ਮਕਾਨ ਬਣਾ ਕੇ ਦਿੱਤੇ ਜਾਣੇ ਚਾਹੀਦੇ ਹਨ । ਇਹ ਕੋਈ ਰਾਜਨੀਤਕ ਵਿਸ਼ਾ ਨਹੀਂ ਹੈ । ਇਹ ਤਾਂ ਮਾਨਵਤਾ ਦੇ ਪੱਖ ਵਾਲਾ ਵਿਸ਼ਾ ਹੈ । ਚੇਅਰਮੈਨ ਸਾਹਿਬ, ਘਰ ਤਾਂ ਹਰ ਆਦਮੀ ਨੂੰ ਬਹੁਤ ਜ਼ਰੂਰੀ ਚਾਹੀਦਾ ਹੈ । ਘਰ ਇੱਟਾਂ ਦੇ ਬਣੇ ਵੱਡੇ ਮਕਾਨਾਂ ਜਾਂ ਏਅਰ ਕੰਡੀਸ਼ਨਰਾਂ ਵਾਲੀਆਂ ਕੋਠੀਆਂ ਨੂੰ ਨਹੀਂ ਕਹਿੰਦੇ । ਘਰ ਤਾਂ ਇਕ ਉਹ ਮੰਦਰਾਂ

[ਮਾਸਟਰ ਮੋਹਨ ਲਾਲ]

ਵਾਲੀ, ਚਾਵ੍ਹਾਂ ਵਾਲੀ, ਮਲ੍ਹਾਰਾਂ ਵਾਲੀ ਜਗ੍ਹਾ ਹੈ, ਜਿਥੇ ਇਨਸਾਨ ਰਾਤ ਨੂੰ ਜਾ ਕੇ ਆਪਣੇ ਪਰਿਵਾਰ ਦੇ ਮੈਂਬਰਾਂ ਦੇ ਨਾਲ ਆਪਣੀਆਂ ਸਧਰਾਂ, ਚਾਵ੍ਹਾਂ ਤੇ ਮਲ੍ਹਾਰਾਂ ਦੇ ਨਾਲ ਸਮਾਂ ਗੁਜ਼ਾਰਦਾ ਹੈ। ਦੁਨੀਆਂ ਵਿਚ ਕੋਈ ਵੀ ਅਜਿਹਾ ਇਨਸਾਨ ਨਹੀਂ ਹੈ ਜਿਸ ਨੂੰ ਕਿ ਘਰ ਨਾ ਚਾਹੀਦਾ ਹੋਵੇ। ਇਸ ਦੇਸ਼ ਨੂੰ ਆਜ਼ਾਦੀ ਮਿਲੀ ਨੂੰ 50 ਸਾਲ ਹੋ ਗਏ ਹਨ ਪਰ ਗਰੀਬ ਆਦਮੀ ਹੋਰ ਗਰੀਬ ਹੁੰਦਾ ਜਾ ਰਿਹਾ ਹੈ ਅਤੇ ਅਮੀਰ ਆਦਮੀ ਹੋਰ ਅਮੀਰ ਹੁੰਦਾ ਜਾ ਰਿਹਾ ਹੈ। ਅਸੀਂ ਰਾਜਨੀਤਕ ਤੌਰ ਤੇ ਇਹ ਗੱਲ ਜ਼ਰੂਰ ਕਰਦੇ ਹਾਂ ਕਿ ਗਰੀਬਾਂ ਨੂੰ ਮਕਾਨ ਮਿਲਣੇ ਚਾਹੀਦੇ ਹਨ, ਪਹਿਨਣ ਨੂੰ ਕੱਪੜਾ ਮਿਲਣਾ ਚਾਹੀਦਾ ਹੈ ਅਤੇ ਖਾਣ ਲਈ ਰੋਟੀ ਮਿਲਣੀ ਚਾਹੀਦੀ ਹੈ। ਪਰ, ਚੇਅਰਮੈਨ ਸਾਹਿਬ, ਇਸ ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਲੈ ਕੇ ਹੁਣ ਤੱਕ ਤੁਸੀਂ ਅੰਦਾਜ਼ਾ ਲਗਾਉ ਕਿ ਹਰ ਸਾਲ ਕਿੰਨੇ ਨੌਜਵਾਨ ਬੇਕਾਰ ਹੋ ਰਹੇ ਹਨ, ਕਿੰਨੇ ਘਰਾਂ ਤੋਂ ਬੇਘਰ ਹੁੰਦੇ ਜਾ ਰਹੇ ਹਨ, ਉਨ੍ਹਾਂ ਕੋਲ ਰਹਿਣ ਵਾਸਤੇ ਅਸਮਾਨ ਦੀ ਛੱਤ ਤੋਂ ਸਿਵਾਏ ਹੋਰ ਕੋਈ ਛੱਤ ਨਹੀਂ ਹੈ ਅਤੇ ਧਰਤੀ ਉਨ੍ਹਾਂ ਦਾ ਵਿਛਾਉਣਾ ਹੈ। ਇਸ ਤਰ੍ਹਾਂ ਦੇ ਕੋਈ ਹਜ਼ਾਰਾਂ ਨਹੀਂ ਬਲਕਿ ਲੱਖਾਂ ਹੀ ਹਿੰਦੁਸਤਾਨੀ ਹਨ ਜਿਨ੍ਹਾਂ ਨੂੰ ਸਰਕਾਰ ਨੂੰ ਘਰ ਉਪਲੱਬਧ ਕਰਾਉਣੇ ਚਾਹੀਦੇ ਹਨ। ਗਰੀਬੀ ਰੇਖਾ ਤੋਂ ਥੱਲੇ ਰਹਿ ਰਹੇ ਪਰਿਵਾਰਾਂ ਨੂੰ ਮਕਾਨ ਬਣਾ ਕੇ ਦੇਣ ਵਾਸਤੇ ਹਿਮਾਚਲ ਪ੍ਰਦੇਸ਼ ਵਿਚ ਸਾਡੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਅੰਤੋਦਯ ਪ੍ਰੋਗਰਾਮ ਦੇ ਅਧੀਨ, ਪਿੰਡ ਵਿਚ ਸਭ ਤੋਂ ਗਰੀਬ ਆਦਮੀ ਜਿਸ ਕੋਲ ਨਾ ਮਕਾਨ ਹੈ, ਨਾ ਖਾਣ ਨੂੰ ਰੋਟੀ ਹੈ, ਨਾ ਪਹਿਨਣ ਨੂੰ ਕਪੜਾ ਹੈ ਅਜਿਹੇ 10 ਪਰਿਵਾਰਾਂ ਨੂੰ ਗਿਣ ਕੇ ਉਨ੍ਹਾਂ ਨੂੰ ਦੂਸਰਿਆਂ ਦੇ ਬਰਾਬਰ ਲਿਆਉਣ ਦੇ ਪ੍ਰਯਤਨ ਕੀਤੇ ਹਨ। ਇਸ ਤਰ੍ਹਾਂ ਦੇ ਪ੍ਰਯਤਨ ਕਾਂਗਰਸ ਸਰਕਾਰ ਨੂੰ ਇਨ੍ਹਾਂ 50 ਸਾਲਾਂ ਦੇ ਦੌਰਾਨ ਸਾਰੇ ਹਿੰਦੁਸਤਾਨ ਵਿਚ ਕਰਨੇ ਚਾਹੀਦੇ ਸਨ ਅਤੇ ਉਨ੍ਹਾਂ ਸਾਰੇ ਗਰੀਬ ਲੋਕਾਂ ਨੂੰ ਮਕਾਨ ਮੁਹੱਈਆ ਕੀਤੇ ਜਾਣੇ ਚਾਹੀਦੇ ਸਨ ਜਿਨ੍ਹਾਂ ਕੋਲ ਅਸਮਾਨ ਦੀ ਛੱਤ ਤੋਂ ਸਿਵਾਏ ਅਤੇ ਧਰਤੀ ਦੇ ਵਿਛਾਉਣੇ ਤੋਂ ਸਿਵਾਏ ਕੁਝ ਵੀ ਨਹੀਂ ਹੈ। ਡਾਕਟਰ ਹਰਬੰਸ ਲਾਲ ਜੀ ਨੇ ਜਿਹੜਾ ਮਤਾ ਰੱਖਿਆ ਹੈ, ਉਨ੍ਹਾਂ ਨੂੰ ਪਤਾ ਸੀ ਕਿ ਇਹ ਮਤਾ ਪਾਸ ਤਾਂ ਹੋ ਨਹੀਂ ਸਕਣਾ, ਉਹ ਇਹ ਜਾਣਦੇ ਵੀ ਹਨ ਕਿ ਪ੍ਰਾਈਵੇਟ ਬਿਜ਼ਨੈਸ ਦੇ ਤੌਰ ਤੇ ਉਨ੍ਹਾਂ ਦੇ ਇਸ ਰੈਜ਼ੋਲਿਊਸ਼ਨ ਦਾ ਕੋਈ ਆਧਾਰ ਨਹੀਂ ਹੈ। ਗੱਲ ਕੀ, ਉਨ੍ਹਾਂ ਦਾ ਕੰਮ ਕੇਵਲ ਹੱਲਾ-ਹੁੱਲਾ ਕਰਕੇ ਇਹ ਦੱਸਣ ਦਾ ਹੈ ਕਿ ਅਸੀਂ ਗਰੀਬਾਂ ਦੇ ਬਹੁਤ ਵੱਡੇ ਹਮਦਰਦ ਹਾਂ ਪਰ ਇਹ ਸਰਕਾਰ ਗਰੀਬਾਂ ਵਾਸਤੇ ਕੁਝ ਨਹੀਂ ਕਰਨਾ ਚਾਹੁੰਦੀ। ਲਿਹਾਜ਼ਾ ਇਸ ਪ੍ਰਸਤਾਵ ਨੂੰ ਇਸ ਹਾਊਸ ਦੇ ਅੰਦਰ ਇਨ-ਟੋਟੋ ਰਿਜੈਕਟ ਕੀਤਾ ਜਾਵੇ ਅਤੇ ਬਾਦਲ ਸਾਹਿਬ ਨੇ ਅਤੇ ਵਿੱਤ ਮੰਤਰੀ ਜੀ ਨੇ ਇਸ ਸਬੰਧ ਵਿਚ ਜੋ ਪ੍ਰਾਵਧਾਨ ਰੱਖੇ ਹਨ ਕਿ ਗਰੀਬ ਲੋਕ ਜਿਹੜੇ ਕਿ ਝੁੱਗੀਆਂ-ਝੌਂਪੜੀਆਂ ਜਾਂ ਗੰਦੀਆਂ ਬਸਤੀਆਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਲੋਕੇਟ ਕੀਤਾ ਜਾਵੇਗਾ, ਉਨ੍ਹਾਂ ਦਾ ਪਤਾ ਲਗਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਮਕਾਨ ਬਣਾਉਣ ਵਾਸਤੇ 50,000/- ਰੁਪਏ ਦਿੱਤੇ ਜਾਣਗੇ ਤਾਂ ਕਿ ਉਹ ਵੀ ਆਪਣੀ ਜ਼ਿੰਦਗੀ ਨੂੰ ਅਰਾਮਦੇਹ ਤਰੀਕੇ ਨਾਲ ਬਿਤਾ ਸਕਣ। ਇਹ ਉਪਰਾਲੇ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਕੀਤੇ ਹਨ। ਅਸੀਂ ਇਨ੍ਹਾਂ ਲੀਹਾਂ ਤੇ ਚਲਦੇ ਹੋਏ ਬੇ-ਘਰੇ ਲੋਕਾਂ

ਨੂੰ ਘਰ ਬਣਾ ਕੇ ਦੇਵਾਂਗੇ, ਰੋਟੀ-ਕੱਪੜਾ ਅਤੇ ਮਕਾਨ ਜਿਹੜੀਆਂ ਕਿ ਜ਼ਿੰਦਗੀ ਦੀਆਂ ਮੁੱਢਲੀਆਂ ਜ਼ਰੂਰਤਾਂ ਹਨ, ਮੁਹੱਈਆ ਕਰਾਉਣ ਵਾਸਤੇ ਪੂਰੇ ਪ੍ਰਯਤਨ ਕਰਾਂਗੇ। ਧੰਨਵਾਦ।

ਸਰਦਾਰ ਮੱਖਣ ਸਿੰਘ (ਪੱਕਾ ਕਲਾਂ, ਐਸ.ਸੀ.): ਚੇਅਰਮੈਨ ਸਾਹਿਬ, ਕੁੱਲੀ, ਗੁੱਲੀ ਅਤੇ ਜੁੱਲੀ ਮਨੁੱਖ ਦੀਆਂ ਬੁਨਿਆਦੀ ਲੋੜਾਂ ਹਨ ਅਤੇ ਇਨ੍ਹਾਂ ਦੀ ਪੂਰਤੀ ਦੀ ਤਵੱਕੋਂ ਕਿਸੇ ਵੀ ਸਰਕਾਰ ਕੋਲੋਂ ਕੀਤੀ ਜਾਂਦੀ ਹੈ। ਸਾਡਾ ਦੇਸ਼ ਆਪਣੀ ਆਜ਼ਾਦੀ ਦੇ 50 ਵਰ੍ਹੇ ਪੂਰੇ ਕਰ ਚੁੱਕਾ ਹੈ। ਮੈਂ ਪੜ੍ਹਿਆ ਹੈ ਕਿ 14 ਅਗਸਤ ਦੀ ਰਾਤ ਨੂੰ 11-00 ਵਜੇ ਸਾਡੀ ਪਾਰਲੀਮੈਂਟ ਦਾ ਇਕ ਵਿਸ਼ੇਸ਼ ਸਮਾਗਮ ਹੋਵੇਗਾ। ਉਸ ਰਾਤ 12-00 ਵਜੇ ਯਾਨੀ 15 ਅਗਸਤ ਦੀ ਸਵੇਰ ਚੜ੍ਹਨ ਤੇ 50ਵੀਂ ਵਰ੍ਹੇ ਗੰਢ ਦੇ ਜਸ਼ਨ ਸ਼ੁਰੂ ਹੋਣਗੇ। ਪੰਡਿਤ ਜਵਾਹਰ ਲਾਲ ਨਹਿਰੂ ਦੀ ਤਕਰੀਰ ਵੀ ਨਸ਼ਰ ਕੀਤੀ ਜਾਵੇਗੀ ਜਿਹੜੀ ਕਿ ਉਨ੍ਹਾਂ ਨੇ 15 ਅਗਸਤ, 1947 ਨੂੰ ਕੀਤੀ ਸੀ। ਤੋਪਾਂ ਸਲਾਮੀ ਦੇਣਗੀਆਂ, ਦੀਪਮਾਲਾਵਾਂ ਕੀਤੀਆਂ ਜਾਣਗੀਆਂ, ਪੰਜਾਹ ਸਾਲਾਂ ਦੀ ਪ੍ਰਗਤੀ ਦੇ ਸੋਹਲੇ ਗਾਏ ਜਾਣਗੇ ਅਤੇ ਜਦੋਂ ਅਸੀਂ ਆਪਣੀਆਂ ਨਜ਼ਰਾਂ ਦੌੜਾਵਾਂਗੇ ਉਨ੍ਹਾਂ ਗਰੀਬ ਦਲਿਤਾਂ ਦੀਆਂ ਬਸਤੀਆਂ ਵੱਲ ਜਿਨ੍ਹਾਂ ਨੂੰ ਸਿਰ ਕੱਜਣ ਲਈ ਮਕਾਨ ਨਹੀਂ, ਤਾਂ ਇਹ ਸਭ ਕੁਝ ਇੰਝ ਜਾਪੇਗਾ ਜਿਵੇਂ ਕਿ ਇਹ ਉਨ੍ਹਾਂ ਦਾ ਮੂੰਹ ਚਿੜਾ ਰਹੇ ਹੋਣ। ਇਸ ਲਈ ਅਫਸੋਸ ਦੀ ਗੱਲ ਹੈ ਕਿ ਪੰਜਾਹ ਵਰ੍ਹਿਆਂ ਦੇ ਵਿੱਚ ਵੀ ਅਸੀਂ ਗਰੀਬ ਲੋਕਾਂ ਨੂੰ, ਦਲਿਤਾਂ ਨੂੰ ਬੁਨਿਆਦੀ ਲੋੜਾਂ ਵੀ ਮੁਹੱਈਆਂ ਨਹੀਂ ਕਰਵਾ ਸਕੇ, ਜਿਸ ਵਿੱਚ ਘਰ ਵੀ ਸ਼ਾਮਿਲ ਹੈ। ਅੱਜ ਵੀ ਉਹ ਦੁਰਦਸ਼ਾ ਵਾਲਾ ਜੀਵਨ ਬਤੀਤ ਕਰ ਰਹੇ ਹਨ। ਮੈਨੂੰ ਅਫਸੋਸ ਹੈ ਕਿ ਪੰਜਾਹ ਵਰ੍ਹਿਆਂ ਮਗਰੋਂ ਅਸੀਂ ਘਰਾਂ ਦੀ ਗੱਲ ਕਰਦੇ ਹਾਂ, ਘਰਾਂ ਦੀ ਗੱਲ ਤਾਂ ਛੱਡੋ। ਮੈਨੂੰ ਯਾਦ ਹੈ ਕਿ ਪਹਿਲਾਂ ਕਿਹਾ ਜਾਂਦਾ ਸੀ ਕਿ ਤੁਹਾਨੂੰ ਜ਼ਮੀਨਾਂ ਤੱਕ ਦਿੱਤੀਆਂ ਜਾਣਗੀਆਂ। ਮੈਨੂੰ ਬਚਪਨ ਦੀ ਗੱਲ ਯਾਦ ਹੈ ਜਦੋਂ ਗਰੀਬ ਦਲਿਤਾਂ ਦੇ ਵਿਹੜਿਆਂ ਵਿੱਚ ਖੱਦਰ ਦੀਆਂ ਜਾਕਟਾਂ ਪਾ ਕੇ ਬਾਸ਼ਾਂ ਖੇਡਿਆ ਕਰਦੇ ਸਨ ਅਤੇ ਪਹਿਲਾਂ ਧੇਲੀ-ਧੇਲੀ, ਫਿਰ ਰੁਪਿਆ-ਰੁਪਿਆ ਅਤੇ ਫਿਰ ਪੰਜ-ਪੰਜ ਦੱਸ-ਦੱਸ ਰੁਪਏ ਇਕੱਠੇ ਕੀਤੇ ਜਾਂਦੇ ਸਨ ਕਿ ਤੁਹਾਨੂੰ ਜ਼ਮੀਨਾਂ ਦਿੱਤੀਆਂ ਜਾਣਗੀਆਂ। ਫਿਰ ਵੀ ਅਫਸੋਸ ਦੀ ਗੱਲ ਹੈ ਕਿ ਪੰਜਾਹ ਵਰ੍ਹਿਆਂ ਪਿੱਛੋਂ ਵੀ ਅੱਜ ਘਰਾਂ ਦੀ ਗੱਲ ਚਲ ਰਹੀ ਹੈ। ਇਹ ਸਵਾਲ ਕਿਉਂ ਵਾਰ ਵਾਰ ਉਠਦਾ ਹੈ ਹੁਣ ਲੋਕ ਜਾਗ੍ਰਿਤ ਹਨ ਅਤੇ ਚੇਤੰਨ ਹਨ। ਕਿਸੇ ਸ਼ਾਇਰ ਨੇ ਲਿਖਿਆ ਹੈ :

"ਪ੍ਰਕ੍ਰਿਤੀ ਜਦੋਂ ਜੋਸ਼ ਵਿੱਚ ਮੇਰੀ ਆਸੀ,
ਤੇਰੇ ਮਹਿਲਾਂ ਨੂੰ ਹੰਝੂ ਖਲੇਰੀ ਆਸੀ।
ਐ ਧੌਣ ਮੇਰੀ ਸੱਧਰ ਦੀ ਘੁੱਟਣ ਵਾਲੇ,
ਹੋ ਗਈ ਜੇ ਹਵਾ ਬੰਦ, ਹਨੇਰੀ ਆਸੀ।"

ਹੁਣ ਗਰੀਬ ਵਰਗ ਦੇ ਲੋਕ, ਦਲਿਤ ਵਰਗ ਦੇ ਲੋਕ ਆਪਣੇ ਹੱਕਾਂ ਦੀ ਪੂਰਤੀ ਵਾਸਤੇ ਜਾਗ੍ਰਿਤ ਹਨ। ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਪੰਜਾਹ ਵਰ੍ਹਿਆਂ ਤੋਂ ਸਰਕਾਰਾਂ

[ਸਰਦਾਰ ਮੱਖਣ ਸਿੰਘ]

ਇਹੀ ਸਕੀਮਾਂ ਬਣਾਉਂਦੀਆਂ ਰਹੀਆਂ ਹਨ ਕਿ ਕਿਵੇਂ ਗਰੀਬਾਂ ਨੂੰ ਲੁੱਟਣਾ ਹੈ ਅਤੇ ਆਪਣੇ ਘਰਾਂ ਨੂੰ ਭਰਨਾ ਹੈ ਅਤੇ ਕੁਰੱਪਸ਼ਨ ਕਰਨੀ ਹੈ। ਗਰੀਬਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਲੇਕਿਨ ਮੈਂ ਬੜੇ ਮਾਣ ਨਾਲ ਅਤੇ ਫਖਰ ਨਾਲ ਕਹਿੰਦਾ ਹਾਂ ਕਿ ਸਰਦਾਰ ਬਾਦਲ ਦੀ ਸਰਕਾਰ ਦੀ ਇਹ ਵਿਚਾਰਧਾਰਾ, ਜੋ ਕਿ ਦੂਸਰੀਆਂ ਪਾਰਟੀਆਂ ਦੀ ਵੀ ਵਿਚਾਰਧਾਰਾ ਬਣਨ ਵਾਲੀ ਹੈ, ਉਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਹੈ, ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਹੈ:

"ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।"

ਉਨ੍ਹਾਂ ਦੀ ਸੱਭ ਲਈ ਸਾਂਝੀਵਾਲਤਾ ਦੀ ਵਿਚਾਰਧਾਰਾ ਹੈ:

"ਸਭੇ ਸਾਂਝੀਵਾਲ ਸਦਾਇਨ
ਕੋਇ ਨ ਦਿਸੈ ਬਾਹਰਾ ਜੀਉ"

ਇਸ ਵਿਚਾਰਧਾਰਾ ਦੀ ਲੋੜ ਜਦੋਂ ਵੀ ਪਈ ਉਨ੍ਹਾਂ ਨੇ ਗਰੀਬਾਂ ਬਾਰੇ ਸੋਚਿਆ ਹੈ। ਪੁਰਾਣੇ ਘਰਾਂ ਬਾਰੇ ਇਥੇ ਚਰਚਾ ਹੋਈ ਹੈ। ਇੱਥੇ ਉਸ ਵੇਲੇ ਹੀ ਘਰਾਂ ਬਾਰੇ ਸੋਚਿਆ ਗਿਆ ਹੈ ਜਦੋਂ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਆਈ ਹੈ। ਜਦੋਂ ਪਹਿਲਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣੀ ਤਾਂ ਉਨ੍ਹਾਂ ਨੇ ਸੋਚਿਆ ਕਿ ਗਰੀਬਾਂ ਨੂੰ, ਦਲਿਤਾਂ ਨੂੰ ਜਿਨ੍ਹਾਂ ਦੇ ਸਿਰ ਢੱਕਣ ਲਈ ਜਗ੍ਹਾ ਨਹੀਂ ਹੈ, ਉਨ੍ਹਾਂ ਨੂੰ ਘਰ ਬਣਾ ਕੇ ਦਿੱਤੇ ਜਾਣ। ਉਸ ਵੇਲੇ ਕੇਂਦਰ ਵਿਚ ਕਾਂਗਰਸ ਦੀ ਧੱਕੜ ਹਕੂਮਤ ਸੀ ਅਤੇ ਉਸ ਨੇ ਇਕ ਵਾਰ ਨਹੀਂ ਅਨੇਕਾਂ ਵਾਰ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਤੋੜੀਆਂ। ਉਸ ਸਮੇਂ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਤੋੜੀ ਗਈ ਅਤੇ ਫਿਰ ਉਹ ਸਕੀਮ ਉਸ ਵੇਲੇ ਦੇ ਸਰਕਾਰੀ ਅਫਸਰਾਂ ਦੇ ਹੱਥ ਵਿੱਚ ਆ ਗਈ ਅਤੇ ਸੈਂਟਰ ਵਲੋਂ ਥਾਪੇ ਗਏ ਗਵਰਨਰ ਦੇ ਹੱਥ ਵਿਚ ਚਲੀ ਗਈ। ਉਨ੍ਹਾਂ ਨੇ ਉਸ ਸਕੀਮ ਦਾ ਕਚੂਮਰ ਕੱਢ ਦਿੱਤਾ ਅਤੇ ਪਿੰਡਾਂ ਤੋਂ ਦੋ-ਦੋ, ਚਾਰ-ਚਾਰ ਕਿਲੋਮੀਟਰ ਦੂਰ ਜਿਥੇ ਵੀ ਪੰਚਾਇਤ ਨੇ ਜ਼ਮੀਨ ਦਿਤੀ ਉਥੇ ਘਰ ਬਣਾ ਦਿੱਤੇ। ਉਹ ਘਰ ਨਹੀਂ ਛੋਟੀਆਂ ਛੋਟੀਆਂ ਖੁੱਡੀਆਂ ਬਣਾ ਦਿਤੀਆਂ ਜਿਨ੍ਹਾਂ ਵਿੱਚ ਬੱਕਰੀਆਂ ਵੀ ਬੜੀ ਮੁਸ਼ਕਲ ਨਾਲ ਬੰਨ੍ਹੀਆਂ ਜਾ ਸਕਦੀਆਂ ਹਨ। ਹੁਣ ਫਿਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਆਈ ਹੈ। ਉਨ੍ਹਾਂ ਦੀ ਜੋ ਸੱਧਰ ਸੀ, ਉਨ੍ਹਾਂ ਦੇ ਜੋ ਸੁਪਨੇ ਸੀ ਕਿ ਕਮਜ਼ੋਰ ਵਰਗਾਂ ਦੇ ਲੋਕ ਜਿਹੜੇ ਬੇ-ਘਰ ਹਨ, ਉਹ ਵੀ ਸੁੰਦਰ ਘਰਾਂ ਵਿੱਚ ਰਹਿਣ, ਖੂਬਸੂਰਤ ਘਰਾਂ ਵਿਚ ਰਹਿਣ। ਉਸਨੂੰ ਸਾਕਾਰ ਕਰਨ ਲਈ ਉਨ੍ਹਾਂ ਨੇ ਫਿਰ ਦੁਬਾਰਾ ਇਸ ਸਕੀਮ ਨੂੰ ਚੁੱਕਿਆ ਹੈ ਔਰ ਐਲਾਨ ਕੀਤਾ ਹੈ ਕਿ ਇਸ ਪੰਜਾਬ ਦੀ ਧਰਤੀ ਉਤੇ ਕਿਸੇ ਵੀ ਦਲਿਤ ਨੂੰ ਕਿਸੇ ਵੀ ਗਰੀਬ ਨੂੰ, ਕਿਸੇ ਵੀ ਕਮਜ਼ੋਰ ਨੂੰ ਬਿਨਾਂ ਘਰ ਤੋਂ ਨਹੀਂ ਰਹਿਣ ਦਿੱਤਾ ਜਾਵੇਗਾ। ਪਹਿਲਾਂ ਵੀ ਇਸ ਤਰ੍ਹਾਂ ਦੀਆਂ ਸਕੀਮਾਂ ਆਉਂਦੀਆਂ ਰਹੀਆਂ। ਕਾਂਗਰਸ ਪਾਰਟੀ ਵੇਲੇ ਸਿਰਫ 15,000/- ਰੁਪਏ ਦੀ ਗਰਾਂਟ ਹੁੰਦੀ ਸੀ

ਜਿਸ ਦਾ ਖਰਚਾ ਪੰਚਾਇਤ ਰਾਹੀਂ ਹੁੰਦਾ ਸੀ। ਸਾਰੇ ਵਿਧਾਇਕ ਜਾਣਦੇ ਹੀ ਹਨ ਕਿ ਉਸ ਸਮੇਂ ਚਰਚਾ ਚਲਦੀ ਹੁੰਦੀ ਸੀ ਕਿ ਪੈਸੇ ਸਰਪੰਚ ਖਾ ਗਿਆ। ਕੋਈ ਕਹਿੰਦਾ ਸੀ ਕਿ ਅਫਸਰ ਛਕ ਗਿਆ। ਕੋਈ ਕਹਿੰਦਾ ਸੀ ਕਿ ਸੈਕਟਰੀ ਪੰਚਾਇਤ ਨੇ ਪੈਸੇ ਖਾ ਲਏ। ਚੇਅਰਪੈਨ ਸਾਹਿਬ, 15,000/-ਰੁਪਏ ਦੀ ਗਰਾਂਟ ਵਿਚੋਂ ਲੋੜਵੰਦ ਨੂੰ ਸਿਰਫ ਛੇ-ਸੱਤ ਹਜ਼ਾਰ ਰੁਪਿਆ ਹੀ ਨਸੀਬ ਹੁੰਦਾ ਸੀ ਔਰ ਤੁਸੀਂ ਜਾਣਦੇ ਹੀ ਹੋ ਕਿ ਅੱਜ ਕਲ੍ਹ ਮਹਿੰਗਾਈ ਦੇ ਸਮੇਂ ਵਿਚ ਛੇ-ਸੱਤ ਹਜ਼ਾਰ ਨਾਲ ਕਿਹੋ ਜਿਹਾ ਘਰ ਬਣ ਸਕਦਾ ਹੈ। ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਉਂਦਿਆਂ ਹੀ ਐਲਾਨ ਕੀਤਾ ਕਿ ਅਸੀਂ ਖੂਬਸੂਰਤ ਘਰ ਬਣਾ ਕੇ ਦੇਵਾਂਗੇ ਔਰ ਖੁਲ੍ਹੇ ਘਰ ਬਣਾ ਕੇ ਦੇਵਾਂਗੇ ਜਿਸ ਵਿੱਚ ਉਹ ਲੋਕ ਵਧੀਆ ਵਸੇਬਾ ਕਰ ਸਕਣ ਔਰ ਉਥੇ ਪਸ਼ੂ-ਡੰਗਰ ਵੀ ਬੰਨ੍ਹੇ ਜਾ ਸਕਣ। ਪਿਛਲੀ ਕਾਂਗਰਸ ਸਰਕਾਰ ਨੇ 1996-97 ਵਿਚ ਗਰੀਬ ਜਨਤਾ ਦੀ ਭਲਾਈ ਵਾਸਤੇ ਸਿਰਫ 39 ਕਰੋੜ ਰੁਪਏ ਰੱਖੇ ਸਨ ਪਰ ਅੱਜ ਇਹ ਰਕਮ ਦੁਗਣੀ-ਤਿਗਣੀ ਕਰ ਦਿੱਤੀ ਗਈ ਹੈ। ਹੁਣ ਗਰੀਬਾਂ ਦੀ ਭਲਾਈ ਵਾਸਤੇ 111 ਕਰੋੜ ਰੁਪਏ ਰੱਖੇ ਗਏ ਹਨ ਔਰ ਇਕੱਲੇ ਘਰਾਂ ਵਾਸਤੇ 60 ਕਰੋੜ ਰੁਪਿਆ ਰੱਖਿਆ ਗਿਆ ਹੈ, ਜਦ ਕਿ 1996-97 ਵਿੱਚ ਸਿਰਫ ਤਿੰਨ ਕਰੋੜ ਰੁਪਿਆ ਰੱਖਿਆ ਗਿਆ ਸੀ। ਇਸ ਤਰ੍ਹਾਂ ਇਹ ਰਕਮ ਵੀਹ ਗੁਣਾ ਕਰ ਦਿੱਤੀ ਗਈ ਹੈ। ਕਾਂਗਰਸ ਪਾਰਟੀ ਦੀ ਸਰਕਾਰ ਨੇ ਜਿਹੜੀ ਇਹ ਰਕਮ ਵੀਹ ਵਰ੍ਹਿਆਂ ਵਿੱਚ ਖਰਚ ਕਰਨੀ ਸੀ, ਉਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਇਕ ਸਾਲ ਵਿਚ ਹੀ ਖਰਚ ਕਰਨ ਦਾ ਐਲਾਨ ਕੀਤਾ ਹੈ ਔਰ ਗਰਾਂਟ 15,000/- ਰੁਪਏ ਤੋਂ ਵਧਾ ਕੇ 50,000/- ਰੁਪਏ ਕਰ ਦਿੱਤੀ ਹੈ। ਉਨ੍ਹਾਂ ਨੇ ਨਾਲ ਹੀ ਇਹ ਵੀ ਐਲਾਨ ਕੀਤਾ ਹੈ ਕਿ ਇਹ ਪੈਸੇ ਪੰਚਾਇਤਾਂ ਨੂੰ ਖਵਾਏ ਨਹੀਂ ਜਾਣਗੇ ਬਲਕਿ ਗੌਰਮਿੰਟ ਦੀ ਕੋਈ ਏਜੰਸੀ ਚਾਹੇ ਪੁੱਡਾ ਹੋਵੇ ਜਾਂ ਇੰਪਰੂਵਮੈਂਟ ਟਰੱਸਟ ਜਾਂ ਕੋਈ ਹੋਰ ਹੋਵੇ, ਉਸ ਰਾਹੀਂ ਖਰਚੇ ਜਾਣਗੇ। ਇਸ 60 ਕਰੋੜ ਰੁਪਏ ਨਾਲ ਬਾਰ੍ਹਾਂ ਹਜ਼ਾਰ ਮਕਾਨ ਪੰਜਾਬ ਵਿੱਚ ਬਣਨਗੇ ਔਰ ਪਹਿਲੇ ਵਰ੍ਹੇ ਵਿੱਚ ਹਰ ਸੀਟ ਪਿੱਛੇ ਹਰ ਅਸੈਂਬਲੀ ਹਲਕੇ ਵਿੱਚ 100-100 ਮਕਾਨ ਬਣਾ ਕੇ ਦਿੱਤੇ ਜਾਣਗੇ। 10-10 ਪਿੰਡਾਂ ਵਿੱਚ 10-10 ਘਰਾਂ ਦਾ ਸੈਟ ਬਣਾਇਆ ਜਾਵੇਗਾ। ਪੰਜ ਵਰ੍ਹਿਆਂ ਵਿੱਚ ਇਹ ਸਕੀਮ ਕਵਰ ਕਰ ਲਈ ਜਾਵੇਗੀ ਔਰ ਸਾਰੇ ਪੰਜਾਬ ਵਿੱਚ ਸਾਰੇ ਬੇਘਰਿਆਂ ਨੂੰ ਮਕਾਨ ਅਲਾਟ ਕਰ ਦਿੱਤੇ ਜਾਣਗੇ। ਇਸ ਤਰ੍ਹਾਂ ਕਿੰਨੀ ਖੂਬਸੂਰਤ ਸਕੀਮ ਪੰਜਾਬ ਸਰਕਾਰ ਨੇ ਬਣਾਈ ਹੈ ਔਰ ਬਜਟ ਵਿੱਚ ਇਸਦੀ ਵਿਵਸਥਾ ਵੀ ਕਰ ਦਿੱਤੀ ਹੈ ਜਿਸ ਬਾਰੇ ਅਗਲੇ ਦਿਨਾਂ ਵਿੱਚ ਅਸੀਂ ਚਰਚਾ ਵੀ ਕਰਨੀ ਹੈ। ਅਸੀਂ ਇਹ ਸਕੀਮ ਪਹਿਲਾਂ ਹੀ ਬਜਟ ਵਿੱਚ ਪ੍ਰੋਵਾਈਡ ਕਰ ਦਿਤੀ ਹੈ ਅਤੇ ਇਸ ਦਾ ਐਲਾਨ ਪੰਜਾਬ ਦੇ ਬਜਟ ਤੇ ਬੋਲਦਿਆਂ ਸਾਡੇ ਵਿੱਤ ਮੰਤਰੀ ਸਾਹਿਬ ਨੇ ਕਰ ਦਿੱਤਾ ਹੈ। ਇਸ ਤਰ੍ਹਾਂ ਇਸ ਦੀ ਪਹਿਲਾਂ ਹੀ ਵਿਵਸਥਾ ਕਰ ਦਿੱਤੀ ਗਈ ਹੈ। ਇਹ ਪੰਜਾਬ ਸਰਕਾਰ ਦਾ ਪ੍ਰੋਗਰਾਮ ਹੈ ਔਰ ਪੰਜਾਬ ਸਰਕਾਰ ਨੇ ਆਪਣੇ ਪਹਿਲੇ ਬਜਟ ਵਿੱਚ ਹੀ ਇਸ ਨੂੰ ਸ਼ਾਮਲ ਕਰ ਦਿਤਾ। ਇਸ ਤਰ੍ਹਾਂ ਜੇ ਇਧਰ ਉਧਰ ਦੀਆਂ ਗੱਲਾਂ ਕੀਤੀਆਂ ਜਾਣਗੀਆਂ ਤਾਂ ਉਹ ਬੇਲੋੜੀਆਂ ਹੋਣਗੀਆਂ। ਉਹ ਦਿਨ ਆ ਗਿਆ ਹੈ ਔਰ ਬੜਾ ਭਾਗਸ਼ਾਲੀ ਦਿਨ ਹੈ ਕਿ ਗਰੀਬ ਔਰ ਬੇਘਰੇ ਲੋਕਾਂ ਦੀ ਸੁਣੀ ਗਈ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਥੱਲੇ ਭਾਰਤੀ ਜਨਤਾ ਪਾਰਟੀ

[ਸਰਦਾਰ ਮੱਖਣ ਸਿੰਘ]

ਔਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ ਹੈ ਔਰ ਸਾਨੂੰ ਆਸ ਹੈ ਕਿ ਪੰਜ ਵਰ੍ਹਿਆਂ ਤੱਕ ਸਾਡਾ ਸੁਪਨਾ ਸਾਕਾਰ ਹੋਵੇਗਾ ਔਰ ਜਿਹੜੇ ਲੋਕ ਦਲਿਤ ਹਨ, ਬੇਘਰੇ ਹਨ, ਕਮਜ਼ੋਰ ਹਨ, ਉਨ੍ਹਾਂ ਨੂੰ ਘਰ ਮਿਲ ਜਾਣਗੇ ਔਰ ਫਿਰ ਉਹ ਦਿਨ ਆਵੇਗਾ-

"ਪੰਛੀਓ ਕੋਈ ਆਲ੍ਹਣੇ ਵਿਚ ਕਰਦਾ ਹੋਊ ਇੰਤਜ਼ਾਰ,
ਤਾਹੀਉਂ ਜਾਣਾ ਲੋਚਦੇ ਹੋ ਦੂਰ ਉਹ ਬੱਦਲਾਂ ਤੋਂ ਪਾਰ ।

ਇਸ ਤਰ੍ਹਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਸੁਪਨੇ ਸਾਕਾਰ ਹੋਣਗੇ । ਆਲਰੈਡੀ ਸਾਡਾ ਪ੍ਰੋਗਰਾਮ ਵੀ ਹੈ । ਇਸ ਮਤੇ ਦੀ ਕੋਈ ਜ਼ਰੂਰਤ ਨਹੀਂ । ਇਨ੍ਹਾਂ ਗਲਾਂ ਨਾਲ ਹੀ ਮੈਂ ਆਪਣੀ ਜਗ੍ਹਾ ਲੈਂਦਾ ਹਾਂ । ਧੰਨਵਾਦ ।

ਸਰਦਾਰ ਸਾਧੂ ਸਿੰਘ ਪਾਇਲ (ਪਾਇਲ) : ਚੇਅਰਮੈਨ ਸਾਹਿਬ, ਤੁਹਾਡੀ ਆਗਿਆ ਨਾਲ ਸਦਨ ਦੇ ਵਿਚ ਬੋਲਣ ਦਾ ਸਮਾਂ ਮਿਲਿਆ ਹੈ । ਰੋਜ਼ ਦੇਖਦੇ ਹਾਂ, ਰੋਜ਼ ਸੁਣਦੇ ਹਾਂ ਅਤੇ ਜੋ ਮਤਾ ਅੱਜ ਇਥੇ ਆਇਆ ਹੈ ਉਸਦੇ ਬਾਰੇ ਮੇਰੇ ਵੀਰਾਂ ਨੇ ਬਹੁਤ ਕੁਝ ਕਿਹਾ ਹੈ । ਸੋਚਦੇ ਹਾਂ ਇਥੇ ਪਹਿਲਾਂ ਸੱਤਯੁਗ ਆਇਆ, ਫਿਰ ਤ੍ਰੇਤਾ ਆਇਆ, ਦਵਾਪਰ ਆਇਆ ਔਰ ਅੱਜ ਕਲਯੁੱਗ ਹੈ । ਸਾਡੇ ਗੁਰੂਆਂ ਨੇ ਸਰਬੱਤ ਦਾ ਭਲਾ ਮੰਗਿਆ ਹੈ ਅਤੇ ਨਾਲੇ ਦੁਨੀਆਂ ਨੂੰ ਬਚਨ ਕੀਤੇ ਹਨ ਕਿ ਜੇ ਕੋਈ ਝੂਠ ਬੋਲਦਾ ਹੈ ਤਾਂ ਮੁਰਦਾਰ ਖਾਏ । ਅੱਜ ਝੂਠ ਦਾ ਯੁੱਗ ਹੈ, ਆਪਣੀ ਕੱਛ ਵਿਚ ਦੂਏ ਦੀ ਹੱਥ ਵਿਚ, ਬੜੀ ਸ਼ਰਮਨਾਕ ਗੱਲ ਹੈ । ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣੀ ਹੈ । ਇਸ ਸਦਨ ਵਿਚ ਹੀ ਨਹੀਂ ਸਾਰੇ ਵਰਲਡ ਵਿਚ ਪਤਾ ਹੈ, ਜੋ ਕੁਝ ਪਹਿਲੀਆਂ ਸਰਕਾਰਾਂ ਨੇ ਕੀਤਾ ਹੈ ਜਾਂ ਅੱਜ ਸਰਕਾਰ ਕਰ ਰਹੀ ਹੈ । ਜੋ ਕੁਝ ਵੀ ਕਿਹਾ ਸੀ, ਜੋ ਬਚਨ ਕੀਤੇ ਸੀ, ਜਿਸ ਵੇਲੇ ਵੋਟਾਂ ਲੈਂਦੇ ਸੀ, ਵੋਟਾਂ ਮੰਗਦੇ ਸੀ, ਉਸ ਦੇ ਵਿਚ ਜ਼ਿਮੀਦਾਰਾਂ ਨਾਲ ਵਾਅਦਾ ਕੀਤਾ ਸੀ ਕਿ ਪਾਣੀ ਮੁਫ਼ਤ ਦੇਵਾਂਗੇ, ਬਿਜਲੀ ਦੇ ਬਿੱਲ ਨਹੀਂ ਲਵਾਂਗੇ, ਉਹ ਸਭ ਕੁਝ ਲਾਗੂ ਹੋ ਚੁੱਕਾ ਹੈ । ਜੋ ਵਾਅਦੇ ਕੀਤੇ ਸੀ ਨਹਿਰੀ ਪਾਣੀ ਬਾਰੇ, ਉਹ ਪੈਸੇ ਮੁਆਫ਼ ਹੋ ਚੁੱਕੇ ਹਨ । ਸਦਨ ਦੇ ਵਿਚ ਬੈਠ ਕੇ ਇੱਕ ਪਾਸੇ ਅਸੀਂ ਇਸ ਸਦਨ ਨੂੰ ਪਵਿੱਤਰ ਅਸਥਾਨ ਮੰਨਿਆ ਹੈ । ਅਸੀਂ ਮੰਨਦੇ ਹਾਂ ਕਿ ਇਹ ਪਵਿੱਤਰ ਅਸਥਾਨ ਹੈ ਪਰ ਜੇ ਲੋਕ ਆਪਣੇ ਮਨ ਅੰਦਰ ਝਾਤੀ ਮਾਰ ਲੈਣ ਕਿ ਅਸੀਂ ਲੋਕਾਂ ਨਾਲ ਕੈਸੇ-ਕੈਸੇ ਸਲੂਕ ਵਰਤੇ ਅਤੇ ਜੇਕਰ ਚੰਗੇ ਸਲੂਕ ਵਰਤਦੇ ਤਾਂ ਫਿਰ ਹਾਰ ਕਿਉਂ ਜਾਂਦੇ । ਜਿਨ੍ਹਾਂ ਲੋਕਾਂ ਨੇ ਚੰਗੇ ਸਲੂਕ ਵਰਤੇ, ਉਨ੍ਹਾਂ ਦੀ ਅੱਜ ਸਦਨ ਚ ਵਿਚ ਸਰਕਾਰ ਬਣੀ ਹੈ । ਗੱਲਾਂ ਕਰਨ ਨੂੰ ਬਹੁਤ ਹਨ, ਮੁੱਕ ਨਹੀਂ ਸਕਦੀਆਂ ਪਰ ਸੱਚ ਤਾਂ ਸੱਚ ਹੀ ਹੁੰਦਾ ਹੈ । ਸੱਚ ਤੇ ਚੱਲਣ ਵਾਲੇ ਲੋਕਾਂ ਨੂੰ ਕਦੇ ਵੀ ਕੋਈ ਡਰਾ ਨਹੀਂ ਸਕਿਆ । ਮੈਨੂੰ ਗੱਲ ਯਾਦ ਆਉਂਦੀ ਹੈ ਗੁਰੂ ਨਾਨਕ ਦੇਵ ਜੀ ਅਤੇ ਬਾਬਰ ਵਾਲੀ । ਬਾਬਰ ਨੇ ਵੀ ਬੜੇ ਹਮਲੇ ਕੀਤੇ ਸੀ, ਗੁਰੂ ਨਾਨਕ ਦੇਵ ਜੀ ਤੋਂ ਚੱਕੀਆਂ ਪਿਸਵਾਈਆਂ ਸਨ, ਕੈਦ ਕਰ ਲਿਆ ਸੀ ਪਰ ਜਦੋਂ ਸਵਾ ਫੁੱਟ ਉੱਚੀ ਪੰਡ ਦੇਖੀ ਤਾਂ ਬਾਬਰ ਵੀ ਚਰਨਾਂ ਤੇ ਢਹਿ ਪਿਆ ਸੀ ਅਤੇ ਸੱਤ ਪਾਤਸ਼ਾਹੀਆਂ ਮੰਗੀਆਂ । ਪਰ ਅੱਜ ਦੇ ਲੋਕ ਝਾਤੀ ਮਾਰ ਲੈਣ, ਲੋਕਾਂ ਨੇ ਉਨ੍ਹਾਂ ਨੂੰ ਰਿਜੈਕਟ ਕਰ ਦਿੱਤਾ

ਹੈ । ਬਾਬਰ ਤਾਂ ਗੁਰੂ ਦੇ ਚਰਨਾਂ ਤੇ ਪੈ ਗਿਆ ਸੀ ਪਰ ਅੱਜ ਇਹ ਆਪਣੇ ਆਪ ਨੂੰ ਲੁਕਾਉਂਦੇ ਫਿਰਦੇ ਹਨ । ਇੱਕ ਪਾਸੇ ਮਲਕ ਭਾਗੋ ਦੀ ਗੱਲ ਹੈ, ਦੂਜੇ ਪਾਸੇ ਭਾਈ ਲਾਲੋ ਹੈ । ਕਿਰਤ ਕਰਨ ਵਾਲੇ ਭਾਈ ਲਾਲੋ ਦੇ ਪਰਸ਼ਾਦੇ ਵਿਚੋਂ ਦੁੱਧ ਨਿਕਲਿਆ ਲੇਕਿਨ ਦੂਜੇ ਪਾਸੇ ਮਲਕ ਭਾਗੋ ਹੈ । ਜਿਹੜੇ ਅੱਜ ਘਰ ਘਰ ਭਾਗੋ ਬਣੇ ਫਿਰਦੇ ਹਨ, ਉਨ੍ਹਾਂ ਦੀ ਕਮਾਈ ਵਿਚੋਂ ਕੱਢ ਕੇ ਦੇਖੋ ਜੇ ਰੱਤ ਨਾ ਨਿਕਲੇ ਤਾਂ ਕਹਿਣਾ । ਕਿਰਤ ਕਰਨ ਵਾਲੀ ਪਾਰਟੀ ਅਤੇ ਵੰਡ ਕੇ ਛੱਕਣ ਵਾਲੀ ਪਾਰਟੀ ਦਾ ਰਾਜ ਆਇਆ ਹੈ । ਗੁਰੂ ਨਾਨਕ ਦੇਵ ਜੀ ਨੇ ਆਖਿਆ ਹੈ ਕਿਰਤ ਕਰੋ, ਵੰਡ ਕੇ ਛੱਕੋ ਅਤੇ ਭਜਨ ਬੰਦਗੀ ਕਰੋ । ਕਿਸੇ ਵੇਲੇ ਜਿਵੇਂ ਨਾਰਦ ਮੁਨੀ ਨੇ ਸ਼ਰਾਰਤ ਕਰ ਦਿੱਤੀ, ਉਸੇ ਤਰ੍ਹਾਂ ਅੱਜ ਘਰ ਘਰ ਨਾਰਦ ਮੁਨੀ ਬਣੇ ਫਿਰਦੇ ਹਨ । ਉਹ ਨਾਰਦਮੁਨੀ ਸਾਰੇ ਪੰਜਾਬ ਨੂੰ ਹੀ ਨਹੀਂ ਸਾਰੇ ਹਿੰਦੁਸਤਾਨ ਨੂੰ ਉਲਟ ਪਾਸੇ ਲਾਈ ਫਿਰਦੇ ਹਨ ।

ਗੁਰੂ ਨਾਨਕ ਦੇਵ ਜੀ ਨੂੰ ਵੀ ਇੱਕ ਤਿਲ ਦਾ ਦਾਣਾ ਉਸ ਵੇਲੇ ਕਿਸੇ ਨਾਰਦ ਮੁਨੀ ਨੇ ਦਿੱਤਾ ਅਤੇ ਇਹ ਸੋਚਿਆ ਕਿ ਜਦੋਂ ਗੁਰੂ ਨਾਨਕ ਦੇਵ ਜੀ ਤਿੱਲ ਇਕੱਲੇ ਹੀ ਖਾ ਲੈਣਗੇ ਤਾਂ ਅਸੀ ਰੌਲਾ ਪਾ ਦਿਆਂਗੇ ਕਿ ਤਿਲ ਇਕੱਲੇ ਨੇ ਹੀ ਖਾ ਲਿਆ ਹੈ ਜਾਂ ਫਿਰ ਆਪਣੇ ਕਿਸੇ ਚੇਲੇ ਨੂੰ ਦੇ ਦਿੱਤਾ ਹੈ । ਪਰ ਉਸ ਨਾਰਦ ਮੁਨੀ ਨੂੰ ਜ਼ਵਾਬ ਦੇਣ ਖਾਤਰ ਗੁਰੂ ਨਾਨਕ ਦੇਵ ਜੀ ਨੇ ਇੱਕ ਕੂੰਡੀ ਤੇ ਸੋਟਾ ਮੰਗਵਾ ਕੇ ਉਹ ਦਾਣਾ ਕੁੱਟਿਆ ਅਤੇ ਉਸ ਦੇ ਵਿਚ ਪਾਣੀ ਪਾ ਕੇ ਸਾਰਿਆਂ ਨੂੰ ਛਕਾਇਆ । ਅਸੀਂ ਉਸ ਪਾਰਟੀ ਦੇ ਨੁਮਾਇੰਦੇ ਹਾਂ ਜਿਹੜੀ ਸਾਰਿਆਂ ਨੂੰ ਜੱਫੜੀ ਦੇ ਵਿਚ ਰੱਖਕੇ ਚੱਲਣ ਵਾਲੀ ਹੈ । ਪਰ ਅੱਜ ਅਸੀਂ ਦੇਖ ਰਹੇ ਹਾਂ ਕਿ ਕਿਸ ਤਰ੍ਹਾਂ ਕਈ ਲੋਕ ਕਟਹਿਰੇ ਦੇ ਵਿਚ ਅਤੇ ਕਚਹਿਰੀਆਂ ਦੇ ਵਿਚ ਦੋਸ਼ੀ ਸਾਬਤ ਹੋ ਕੇ ਸਾਨੂੰ ਅੱਖਾਂ ਦਿਖਾਉਂਦੇ ਹਨ । ਉਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ । ਅਸੀਂ ਰੋਜ਼ ਇਸ ਸਦਨ ਵਿਚ ਬੈਠ ਕੇ ਸੋਚਦੇ ਹਾਂ ਕਿ ਹੇ ਅਕਾਲ ਪੁਰਖ, ਉਨ੍ਹਾਂ ਲੋਕਾਂ ਦੀ ਡਿਊਟੀ ਤੂੰ ਕਿਥੇ ਲਾਈ ਹੈ । ਇਕ ਪਾਸੇ ਮਲਕ ਭਾਗੋ ਵਰਗੇ ਲੋਕਾਂ ਦੇ ਲਹੂ ਚੂਸਣ ਵਾਲੇ ਹਨ ਅਤੇ ਦੂਜੇ ਪਾਸੇ ਭਾਈ ਲਾਲੋ ਵਰਗੇ ਕਿਰਤ ਕਰਨ ਵਾਲੇ ਲੋਕ ਹਨ । ਅਸੀਂ ਪਵਿੱਤਰ ਸਦਨ ਵਿਚ ਬੈਠਦੇ ਹਾਂ । ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਸਦਨ ਵਿਚ ਆਉਣ ਤੋਂ ਪਹਿਲਾਂ ਮਨ ਸਾਫ ਹੋਣਾ ਚਾਹੀਦਾ ਹੈ । ਇੱਕ ਵਾਰ ਸੁਦਾਮਾ ਭਗਤ ਸ੍ਰੀ ਕ੍ਰਿਸ਼ਨ ਜੀ ਨੂੰ ਮਿਲਣ ਲਈ ਗਏ । ਉਨ੍ਹਾਂ ਦੇ ਪੈਰਾਂ ਦੀਆਂ ਬਿਆਈਆਂ ਪਾਟੀਆਂ ਹੋਈਆਂ ਸਨ ਅਤੇ ਉਹ ਪਾਟੇ ਹੋਏ ਕੱਪੜੇ ਪਾ ਕੇ ਕ੍ਰਿਸ਼ਨ ਜੀ ਕੋਲ ਗਏ ਤਾਂ ਉਨ੍ਹਾ ਨੇ ਸੁਦਾਮਾਂ ਜੀ ਨੂੰ ਜੱਫੜੀ ਦੇ ਵਿਚ ਲੈ ਲਿਆ । ਇਸ ਸਦਨ ਦੇ ਵਿਚ ਇੱਕ ਇੱਕ ਗੱਲ ਰਿਕਾਰਡ ਹੁੰਦੀ ਹੈ । ਜਦੋਂ ਆਉਣ ਵਾਲੀਆਂ ਪੀੜੀਆਂ ਇਨ੍ਹਾਂ ਗੱਲਾਂ ਨੂੰ ਪੜ੍ਹਨਗੀਆਂ ਤਾਂ ਕੀ ਕਹਿਣਗੀਆਂ । ਇਸ ਲਈ ਜੇਕਰ ਕਿਸੇ ਨੇ ਗਲਤੀ ਕੀਤੀ ਹੈ ਤਾਂ ਉਸ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾਵੇਗਾ । ਚੇਅਰਮੈਨ ਸਾਹਿਬ, ਜਿਹੜੇ ਲੋਕ ਚੰਗੇ ਕੰਮ ਕਰਦੇ ਹਨ, ਉਨ੍ਹਾਂ ਦੀਆਂ ਕਬਰਾਂ ਤੇ, ਉਨ੍ਹਾਂ ਦੇ ਸਥਾਨਾਂ ਤੇ, ਉਨ੍ਹਾਂ ਦੇ ਗੁਰਦੁਆਰਿਆਂ ਤੇ ਉਨ੍ਹਾਂ ਦੇ ਮੰਦਰਾਂ ਤੇ ਮੇਲੇ ਲਗਦੇ ਹਨ ਪਰ ਜਿਹੜੇ ਗਲਤ ਕੰਮ ਕਰਦੇ ਹਨ ਉਨ੍ਹਾਂ ਦਾ ਕਦੇ ਨਾਮ ਵੀ ਨਹੀਂ ਲਿਆ ਜਾਂਦਾ ।

[ਸਰਦਾਰ ਜ਼ਾਧੂ ਸਿੰਘ ਪਾਇਲ]
ਚੇਅਰਮੈਨ ਸਾਹਿਬ, ਮੈਂ ਤੁਹਾਡੇ ਕਹਿਣ ਤੇ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਸਿਰਫ ਇੱਕ ਦੋ ਗੱਲਾਂ ਹੀ ਕਹਿਣੀਆਂ ਹਨ । ਅੱਜ ਸਾਰੀ ਦੁਨੀਆਂ ਦੇ ਵਿਚ ਪਤਾ ਲਗ ਗਿਆ ਹੈ ਕਿ ਕਿਹੜੀ ਸਰਕਾਰ ਸਹੀ ਮਾਅਨਿਆਂ ਵਿਚ ਚਲ ਰਹੀ ਹੈ । ਅੱਜ ਤੁਸੀਂ ਲੋਕਾਂ ਨੂੰ ਗੁਮਰਾਹ ਨਹੀਂ ਕਰ ਸਕਦੇ । ਲੋਕਾਂ ਨੂੰ ਸਾਰਾ ਪਤਾ ਹੈ । ਇਸ ਤੋਂ ਪਹਿਲਾਂ ਜਿਹੜੀ ਸਰਕਾਰ ਬਣਾਈ ਗਈ ਸੀ ਉਸ ਵਿਚ ਸਰਕਾਰ ਨਾਂ ਦੀ ਕੋਈ ਗੱਲ ਨਹੀਂ ਸੀ ਕਿਉਂਕਿ ਉਸ ਵੇਲੇ ਕਿਸੇ ਨੇ ਵੋਟਾਂ ਹੀ ਨਹੀਂ ਪਾਈਆਂ ਸਨ । ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਸਹੀ ਮਾਅਨਿਆਂ ਵਿਚ ਸਰਕਾਰ ਹੈ । ਚੇਅਰਮੈਨ ਸਾਹਿਬ, ਅੰਤ ਵਿਚ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ । ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ।

ਸ੍ਰੀ ਹਰਮਿੰਦਰ ਸਿੰਘ ਜੱਸੀ : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ . . .

ਸ੍ਰੀ ਸਭਾਪਤੀ : ਹਾਂ ਜੀ, ਜੱਸੀ ਜੀ ।

ਸ੍ਰੀ ਹਰਮਿੰਦਰ ਸਿੰਘ ਜੱਸੀ : ਮਾਨਯੋਗ ਚੇਅਰਮੈਨ ਸਾਹਿਬ, ਅੱਜ ਜੋ ਇਹ ਮਤਾ ਰੱਖਿਆ ਗਿਆ ਹੈ । ਮਾਨਯੋਗ ਮੈਂਬਰ ਨੇ ਤਾਂ ਉਸਦੇ ਉਤੇ ਕੁਝ ਵੀ ਨਹੀਂ ਕਿਹਾ । ਉਹ ਤਾਂ ਸੁਦਾਮਾ ਜੀ ਦੀਆ ਗੱਲਾਂ ਕਰੀ ਗਏ । ਇਸ ਲਈ ਇਹ ਸ਼ਬਦ ਐਕਸਪੰਜ ਕੀਤੇ ਜਾਣੇ ਚਾਹੀਦੇ ਹਨ ।

ਸ੍ਰੀ ਸਭਾਪਤੀ : ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਕ੍ਰਿਸ਼ਨ ਤੇ ਸੁਦਾਮਾ ਜੀ ਦੀਆਂ ਜੋ ਗੱਲਾ ਕੀਤੀਆਂ ਹਨ, ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਲੋਕਾਂ ਦੇ ਵਿਚ ਆਪਸ ਵਿਚ ਕਿੰਨਾ ਪਿਆਰ ਸੀ । ਇਸ ਲਈ ਕਿਰਪਾ ਕਰਕੇ ਤੁਸੀਂ ਬੈਠ ਜਾਉ । ਜੇਕਰ ਪੁਆਇੰਟ ਆਫ ਆਰਡਰ ਰੇਜ਼ ਕਰਨਾ ਸੀ ਤਾਂ ਸਪੀਚ ਦੇ ਦੌਰਾਨ ਕਰਨਾ ਚਾਹੀਦਾ ਸੀ । ਹੁਣ ਤਾਂ ਮੈਂਬਰ ਸਾਹਿਬ ਬੈਠ ਗਏ ਹਨ । ਇਸ ਲਈ ਕਿਰਪਾ ਕਰਕੇ ਤੁਸੀਂ ਬੈਠ ਜਾਉ ।

ਸਰਦਾਰ ਸੁਰਜੀਤ ਸਿੰਘ ਕੋਹਲੀ (ਪਟਿਆਲਾ ਟਾਊਨ) : ਸਤਿਕਾਰਯੋਗ ਚੇਅਰਮੈਨ ਸਾਹਿਬ, ਇਹ ਜੋ ਮਤਾ ਡਾਕਟਰ ਹਰਬੰਸ ਲਾਲ ਜੀ ਨੇ ਲਿਆਂਦਾ ਹੈ, ਮੈਂ ਉਸ ਦੇ ਵਿਰੋਧ ਵਿਚ ਖੜ੍ਹਾ ਹੋਇਆ ਹਾਂ । ਕਿਉਂਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਅਤੇ ਕੈਪਟਨ ਕੰਵਲਜੀਤ ਸਿੰਘ, ਖਜ਼ਾਨਾ ਮੰਤਰੀ ਬਜਟ ਵਿਚ ਇਸ ਮਤੇ ਬਾਰੇ ਪਹਿਲਾਂ ਹੀ ਬਿੱਲ ਲਿਆ ਚੁੱਕੇ ਹਨ । ਇਸ ਲਈ ਇਨ੍ਹਾਂ ਨੂੰ ਚਾਹੀਦਾ ਸੀ ਕਿ ਉਸ ਬਿੱਲ ਵਿਚ ਸੁਝਾਓ ਦਿੰਦੇ ਤਾਂ ਉਸ ਬਾਰੇ ਵਿਚਾਰ ਕੀਤੀ ਜਾ ਸਕਦੀ ਸੀ । ਪਰ ਇਹ ਮਤਾ ਸਿਰਫ ਉਪਰੋਂ ਚਿੱਟੇ ਕੱਪੜੇ ਪਾ ਕੇ ਆਪਣਾ ਨਾਮ ਕਾਲਾ ਰੱਖ ਕੇ ਸਸਤੀ ਅਤੇ ਝੂਠੀ ਸ਼ੋਹਰਤ ਖੱਟਣ ਲਈ ਲਿਆਂਦਾ ਗਿਆ ਹੈ । ਇਸੇ ਲਈ ਮੈਂ ਇਸ ਦਾ ਵਿਰੋਧ ਕਰਦਾ ਹਾਂ । ਕਾਂਗਰਸ ਸਰਕਾਰ ਦੇਸ਼ ਦੀ ਆਜ਼ਾਦੀ ਤੋਂ ਬਾਅਦ ਤਕਰੀਬਨ 44 ਵਰ੍ਹੇ ਪੰਜਾਬ ਵਿਚ ਰਾਜ ਕਰਦੀ ਰਹੀ ਅਤੇ ਇਤਨਾ ਹੀ ਸਮਾਂ ਸੈਂਟਰ ਵਿਚ ਵੀ ਰਹੀ । ਟੁੱਟਵੇਂ-ਟੁੱਟਵੇਂ ਰੂਪ ਵਿਚ ਸ਼੍ਰੋਮਣੀ ਅਕਾਲੀ ਦਲ

ਨੇ ਵੀ ਰਾਜ ਸੰਭਾਲਿਆ । ਸਾਨੂੰ ਜਦੋਂ ਵੀ ਸਮਾਂ ਮਿਲਿਆ ਅਸੀਂ ਹਰ ਤਰ੍ਹਾਂ ਦੇ ਗਰੀਬ ਵਰਗ ਨੂੰ ਚਾਹੇ ਉਹ ਮਾਈਗਰੇਟਿਡ ਲੇਬਰ ਹੋਵੇ, ਅਨੁਸੂਚਿਤ ਜਾਤੀਆਂ ਹੋਣ, ਪਛੜੀਆਂ ਸ਼੍ਰੇਣੀਆਂ ਹੋਣ, ਫੈਕਟਰੀ ਦੇ ਮਜ਼ਦੂਰ ਹੋਣ ਅਤੇ ਚਾਹੇ ਰੋੜੀ ਕੁੱਟਣ ਵਾਲੇ ਮਜ਼ਦੂਰ ਹੋਣ, ਅਸੀਂ ਉਨ੍ਹਾਂ ਸਾਰਿਆਂ ਨੂੰ ਨਾਲ ਲੈ ਕੇ ਆਪਣੀਆਂ ਸਰਕਾਰਾਂ ਚਲਾਈਆਂ ਹਨ । ਅਸੀਂ ਉਨ੍ਹਾਂ ਦੀ ਡਿਵੈਲਪਮੈਂਟ ਲਈ, ਉਨ੍ਹਾਂ ਦੇ ਭਲੇ ਲਈ ਹਮੇਸ਼ਾ ਕੰਮ ਕਰਦੇ ਰਹੇ ਹਾਂ । ਮੌਜੂਦਾ ਸਮੇਂ ਵਿਚ ਸਾਡੀ ਸਰਕਾਰ ਨੇ ਪਿਛਲੀ ਸਰਕਾਰ ਨਾਲੋਂ ਵੱਧ, ਕਿਉਂਕਿ ਪਿਛਲੀ ਸਰਕਾਰ ਨੇ ਗਰੀਬਾਂ ਦੇ ਮਕਾਨਾਂ ਦੀ ਉਸਾਰੀ ਲਈ 3.70 ਕਰੋੜ ਰੁਪਏ ਰੱਖੇ ਸਨ ਪਰ ਸਾਡੀ ਸਰਕਾਰ ਨੇ 60 ਕਰੋੜ ਰੁਪਏ ਰੱਖ ਕੇ ਇਹ ਸਾਬਤ ਕੀਤਾ ਹੈ ਕਿ ਅਸਲ ਵਿਚ ਗਰੀਬਾਂ ਦੀ ਭਲਾਈ ਸੋਚਣ ਵਾਲੀ ਸਰਕਾਰ ਕਿਹੜੀ ਹੈ । ਕਾਮਰੇਡ ਅਜੈਬ ਸਿੰਘ ਹੋਰਾਂ ਨੇ ਇਸ ਮਤੇ ਦੀ ਪ੍ਰੋੜ੍ਹਤਾ ਕੀਤੀ ਹੈ । ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਗਰੀਬਾਂ ਦੇ ਹੱਕ ਲਈ ਪਿਛਲੀ ਸਰਕਾਰ ਨੂੰ ਕਹਿੰਦੇ । ਕਾਂਗਰਸ ਸਰਕਾਰ ਨੇ 44 ਸਾਲ ਗਰੀਬਾਂ ਦੇ ਭਲੇ ਲਈ ਕੁਝ ਨਹੀਂ ਕੀਤਾ । ਉਹ ਉਸ ਕਾਂਗਰਸ ਸਰਕਾਰ ਨੂੰ ਸੁਝਾਓ ਦਿੰਦੇ । ਉਨ੍ਹਾਂ ਨੂੰ ਕ੍ਰਿਟੀਸਾਈਜ਼ ਕਰਦੇ । ਬੜੇ ਅਫਸੋਸ ਦੀ ਗੱਲ ਹੈ, ਇਹ ਇਨ੍ਹਾਂ ਨੇ ਬਹੁਤ ਮਾੜਾ ਕੀਤਾ ਹੈ । ਇਹ ਹਮੇਸ਼ਾ ਆਪਣੇ ਆਪ ਨੂੰ ਗਰੀਬਾਂ ਦੇ ਹਮਦਰਦ ਦੱਸਦੇ ਆਏ ਹਨ ਪਰ ਇੰਨ੍ਹਾਂ ਨੇ 44 ਸਾਲ ਇਸ ਬਾਰੇ ਕੁਝ ਨਹੀਂ ਕਿਹਾ । ਚੇਅਰਮੈਨ ਸਾਹਿਬ, ਮੈਂ ਮਕਾਨ ਉਸਾਰੀ ਬਾਰੇ ਗੱਲ ਕਰ ਰਿਹਾ ਸੀ । 12,000 ਮਕਾਨ ਇਸ ਵੇਲੇ ਬਨਣੇ ਹਨ । ਇਨ੍ਹਾਂ 12,000 ਮਕਾਨਾਂ ਵਿਚ ਤਕਰੀਬਨ 7 ਹਜਾਰ ਪਰਿਵਾਰ ਆ ਜਾਣੇ ਹਨ । ਪਿਛਲੀ ਸਰਕਾਰ ਨੇ ਕੀ ਕੀਤਾ ਕਿ ਗਰੀਬ ਲੋਕਾਂ ਨੂੰ ਰਾਸ਼ਨ ਕਾਰਡ ਬਣਾਉਣ ਲਈ ਫਾਰਮ ਦਿੱਤੇ, ਪੀਲੇ ਕਾਰਡ ਬਣਾਉਣ ਦੇ ਫਾਰਮ ਦਿੱਤੇ, ਗਰੀਬ ਵਿਧਵਾਂਵਾਂ ਨੂੰ ਪੈਨਸ਼ਨ ਦੇ ਕੇ ਹਮਦਰਦੀ ਦਿਖਾਈ ਪਰ ਨਾਲ ਦੀ ਨਾਲ ਇਨ੍ਹਾਂ ਨੇ ਨਜਾਇਜ਼ ਕਬਜੇ ਕਰਵਾਏ ਜੋ ਕਿ ਸ਼ਰਮਨਾਕ ਗੱਲ ਹੈ । ਪਟਿਆਲਾ ਵਿਚ ਇੱਕ ਸੈਫਾਬਾਦੀ ਗੇਟ ਤੋਂ ਧੱਕਾ ਕਾਲੋਨੀ ਨੂੰ ਸੜਕ ਜਾਂਦੀ ਹੈ ਜਿੱਥੇ ਕਿ ਗਰੀਬ ਲੋਕ ਰਹਿੰਦੇ ਹਨ ਪਰ ਉਥੇ ਇਨ੍ਹਾਂ ਨੇ ਇੱਕ ਆਰਾ ਮਸ਼ੀਨ ਲਗਵਾ ਦਿੱਤੀ । ਇੱਕ ਛੋਟੀ ਜਿਹੀ ਪਰਚੀ ਕੱਟ ਦਿੱਤੀ 80 ਗਜ਼ ਦੀ ਪਰ 3 ਹਜ਼ਾਰ ਗਜ਼ ਤੇ ਕਬਜ਼ਾ ਕਰਵਾ ਦਿੱਤਾ । ਉਨ੍ਹਾਂ ਦਾ ਸਾਰਾ ਸਮਾਨ ਸੜਕ ਤੇ ਪਿਆ ਰਹਿੰਦਾ ਹੈ ਜਿਸ ਕਾਰਣ ਕਿ ਉਥੋਂ ਸਕੂਟਰ, ਸਾਈਕਲ ਆਦਿ ਵੀ ਨਹੀਂ ਲੰਘ ਸਕਦੇ । ਇਨ੍ਹਾਂ ਨੇ ਹੋਰ ਵੀ ਨਜਾਇਜ਼ ਕਬਜ਼ੇ ਕਰਵਾਏ ਹਨ । ਪਟਿਆਲਾ ਸ਼ਹਿਰ ਵਿਖੇ ਇੱਕ 6 ਏਕੜ ਜ਼ਮੀਨ ਹੈ ਜਿਸ ਦੀ ਕੀਮਤ ਕਮ-ਅਜ਼-ਕਮ 20 ਕਰੋੜ ਰੁਪਏ ਹੈ। ਉਸ ਦਾ ਇੰਤਕਾਲ ਚੇਂਜ ਕਰਵਾ ਕੇ ਉਸ ਉਪਰ ਕਬਜ਼ਾ ਕਰ ਲਿਆ ਗਿਆ । ਗਰੀਬਾਂ ਲਈ ਮਕਾਨ ਕਿੱਥੇ ਬਨਣ ? ਇਸ ਤੋਂ ਇਲਾਵਾ ਪਟਿਆਲਾ ਸ਼ਹਿਰ ਦੇ ਮੇਨ ਬਜ਼ਾਰਾਂ ਵਿਚ ਪਹਿਲਾਂ ਖੋਖੇ ਰੱਖ ਦਿੱਤੇ ਗਏ, ਫਿਰ ਉਥੇ ਕਮਰਸ਼ੀਅਲ ਕੰਪਲੈਕਸ ਉਸਾਰ ਦਿੱਤੇ ਗਏ । ਰਿਹਾਇਸ਼ੀ ਕਾਲੋਨੀਆਂ ਵਿਚ ਵੀ ਕਮਰਸ਼ੀਅਲ ਕੰਪਲੈਕਸ ਬਣਾ ਦਿੱਤੇ ਗਏ । ਰਾਤੋ-ਰਾਤ ਨਕਸ਼ੇ ਪਾਸ ਕਰ ਦਿੱਤੇ ਗਏ । 500-500 ਰੁਪਏ ਗਜ਼ ਦੇ ਹਿਸਾਬ ਨਾਲ ਪੈਸਾ ਜਮ੍ਹਾਂ ਕਰਾਓ ਅਤੇ ਨਕਸ਼ੇ ਪਾਸ ਕਰਾਓ । ਰਿਹਾਇਸ਼ੀ ਕਾਲੋਨੀਆਂ ਵਿਚ ਕਮਰਸ਼ੀਅਲ ਕੰਪਲੈਕਸ ਉਸਾਰ ਕੇ ਲੋਕਾਂ ਦਾ ਜੀਣਾ ਦੂਭਰ ਕਰ ਦਿੱਤਾ । ਇਸ ਤੋਂ ਇਲਾਵਾ ਪਟਿਆਲਾ ਵਿਖੇ ਛੋਟੀ ਨਦੀ ਦੇ ਨਾਲ

[ਸਰਦਾਰ ਸੁਰਜੀਤ ਸਿੰਘ ਕੋਹਲੀ]

8 ਦੁਕਾਨਾਂ ਦਾ ਕੰਪਲੈਕਸ ਬਣਾ ਦਿੱਤਾ । ਮਿਉਂਸਿਪਲ ਕਮੇਟੀ ਦੇ ਕਮਿਸ਼ਨਰ ਨੇ ਸੱਜੇ ਪਾਸੇ ਆਪਣਾ ਅਧਿਕਾਰ ਕਰ ਲਿਆ ਤਾਂ ਮੀਤ ਪ੍ਰਧਾਨ ਨੇ ਖੱਬੇ ਪਾਸੇ ਆਪਣਾ ਅਧਿਕਾਰ ਕਰਕੇ ਲਕਸ਼ਮੀ ਕੰਪਲੈਕਸ ਉਸਾਰ ਲਿਆ । 40-40 ਲੱਖ ਦੀ ਜਾਇਦਾਦ ਤੇ ਕਬਜ਼ਾ ਕਰ ਲਿਆ । ਹੁਣ ਇਨ੍ਹਾਂ ਕਾਂਗਰਸੀਆਂ ਨੇ ਪਟਿਆਲਾ ਵਿਚ ਪੁੱਡਾ ਦੀ 2 ਏਕੜ ਜ਼ਮੀਨ ਉਤੇ ਚਾਰ ਦੀਵਾਰੀ ਬਣਾ ਕੇ ਨਜਾਇਜ਼ ਕਬਜ਼ਾ ਕਰ ਲਿਆ ਸੀ । ਇਸ ਨਜਾਇਜ਼ ਕਬਜ਼ੇ ਨੂੰ ਹਟਾਉਣ ਲਈ ਸਰਦਾਰ ਸਰੂਪ ਸਿੰਘ, ਮਨਿਸਟਰ ਸਾਹਿਬ ਨੇ ਆਰਡਰ ਜਾਰੀ ਕਰ ਦਿੱਤੇ ਹਨ । ਜਦੋਂ ਗ਼ਰੀਬ ਲੋਕਾਂ ਨੂੰ ਮਕਾਨ ਬਣਾ ਕੇ ਦੇਣ ਲਈ ਬਜਟ ਵਿਚ ਪ੍ਰੋਵੀਜ਼ਨ ਕੀਤੀ ਗਈ ਹੈ ਫੇਰ ਇਸ ਮਤੇ ਨੂੰ ਹਾਊਸ ਵਿਚ ਲਿਆਉਣ ਦੀ ਕੋਈ ਲੋੜ ਨਹੀਂ ਸੀ । ਇਸੇ ਤਰ੍ਹਾਂ ਪਟਿਆਲੇ ਦੇ ਰਾਜਿੰਦਰਾ ਹਸਪਤਾਲ ਦੀ ਕੰਟੀਨ ਤੇ ਕਾਂਗਰਸੀਆਂ ਨੇ ਨਜਾਇਜ਼ ਕਬਜ਼ਾ ਕੀਤਾ ਅਤੇ ਉਥੇ ਟੈਲੀਫੂਨ ਲਗਾ ਕੇ ਐਸ.ਟੀ.ਡੀ. ਦਾ ਬੂਥ ਖੋਲ੍ਹ ਦਿੱਤਾ ਹੈ । ਇਸ ਕੰਟੀਨ ਦੇ ਇਕ ਕਮਰੇ ਵਿਚ ਐਸ.ਟੀ.ਡੀ. ਲਗਾ ਕੇ ਇਨ੍ਹਾਂ ਨੇ ਆਪਣੇ ਚਹੇਤੇ ਨੂੰ ਬਿਠਾ ਕੇ ਨਜ਼ਾਇਜ਼ ਕਬਜ਼ਾ ਕਰ ਲਿਆ ਹੈ । ਇਸੇ ਤਰ੍ਹਾਂ ਅਦਾਲਤ ਬਾਜ਼ਾਰ ਵਿਚ ਸਾਈਕਲ ਸਟੈਂਡ ਦੀ ਨਜ਼ਾਇਜ਼ ਬੋਲੀ ਕੀਤੀ ਗਈ ਅਤੇ ਇਸ ਬੋਲੀ ਵਿਚ ਹੋਰ ਕਿਸੇ ਨੂੰ ਬੋਲੀ ਲਈ ਜਾਣ ਨਹੀਂ ਦਿੱਤਾ ਗਿਆ । ਬੋਲੀ ਦੇ ਮੁਤਾਬਿਕ ਸਾਈਕਲ ਰੱਖਣ ਦੀ ਫੀਸ 3/ ਰੁਪਏ ਹੈ ਪਰ ਉਹ 5/- ਰੁਪਏ ਚਾਰਜ ਕਰ ਰਹੇ ਹਨ ਅਤੇ ਕਾਰ ਦੀ ਪਾਰਕਿੰਗ ਫੀਸ 5/- ਰੁਪਏ ਹੈ, ਪਰ ਉਹ 8/- ਰੁਪਏ ਚਾਰਜ ਕਰ ਰਹੇ ਹਨ । ਇਸੇ ਤਰ੍ਹਾਂ ਨਾਭਾ ਜੇਲ੍ਹ ਦੀ ਜ਼ਮੀਨ ਤੇ ਇਕ ਮਕਾਨ ਹੈ । ਉਸ ਮਕਾਨ ਉਤੇ ਮਾਈਗਰੈਂਟ ਲੇਬਰਰਜ਼ ਦਾ ਨਜਾਇਜ਼ ਕਬਜ਼ਾ ਕਰਵਾ ਦਿੱਤਾ ਅਤੇ ਕਾਂਗਰਸੀ ਵਜ਼ੀਰ ਸਾਹਿਬ ਨੇ ਇਕ ਕਮਰੇ ਵਿਚ ਕਬਜ਼ਾ ਆਪਣੇ ਚਹੇਤੇ ਦਾ ਕਰਵਾ ਦਿੱਤਾ । ਹੁਣ ਜਿਹੜੀ ਲੇਬਰ ਉਥੇ ਨਜਾਇਜ਼ ਕਬਜ਼ੇ ਕਰਕੇ ਬੈਠੀ ਹੋਈ ਸੀ, ਉਨ੍ਹਾਂ ਤੋਂ ਮਕਾਨ ਖਾਲੀ ਕਰਵਾ ਕੇ ਆਪਣਾ ਨਜਾਇਜ਼ ਕਬਜ਼ਾ ਕਰ ਰਹੇ ਹਨ । ਇਹ ਕਾਂਗਰਸੀ ਗ਼ਰੀਬ ਲੋਕਾਂ ਨੂੰ ਵਸਾ ਨਹੀਂ ਰਹੇ ਬਲਕਿ ਉਜਾੜ ਰਹੇ ਹਨ ਅਤੇ ਨਜਾਇਜ਼ ਕਬਜ਼ੇ ਕਰ ਰਹੇ ਹਨ । ਇਸੇ ਤਰ੍ਹਾਂ ਛੋਟੀ ਨਦੀ ਦੇ ਆਲੇ ਦੁਆਲੇ ਇਨ੍ਹਾਂ ਨੇ ਪਹਿਲੇ ਖੋਖੇ ਲਗਵਾ ਦਿਤੇ ਅਤੇ ਮਕਾਨ ਬਣਵਾ ਦਿੱਤੇ ਅਤੇ ਹੁਣ ਉਥੇ ਰੀਫਰੈਸ਼ਮੈਂਟ ਸੈਂਟਰ ਖੋਲ੍ਹ ਦਿੱਤੇ ਹਨ । ਇਹ ਗਰੀਬਾਂ ਨਾਲ ਹਮਦਰਦੀ ਕਿਸ ਤਰ੍ਹਾਂ ਕਰ ਸਕਦੇ ਹਨ, ਇਹ ਤਾਂ ਉਨ੍ਹਾਂ ਨੂੰ ਉਜਾੜ ਰਹੇ ਹਨ । ਪਰ ਸਾਡੀ ਸਰਕਾਰ ਤਾਂ ਇਸ ਗੱਲ ਵਿਚ ਵਿਸ਼ਵਾਸ ਰਖਦੀ ਹੈ ਕਿ 'ਨਾਨਕ ਨਾਮ ਚੜ੍ਹਦੀਕਲਾ, ਤੇਰੇ ਭਾਣੇ ਸਰਬਤ ਦਾ ਭਲਾ' 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ, ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ।' ਸਾਡੀ ਸਰਕਾਰ ਤਾਂ ਗਰੀਬ ਲੋਕਾਂ ਦੀ ਸਰਕਾਰ ਹੈ । ਚੇਅਰਮੈਨ ਸਾਹਿਬ, ਅਸੀਂ ਇਸ ਮਤੇ ਦਾ ਵਿਰੋਧ ਕਰਦੇ ਹਾਂ ਔਰ ਸਰਕਾਰ ਨੇ ਵੈਸੇ ਵੀ ਇਸ ਦਾ ਜ਼ਿਕਰ ਬਜਟ ਵਿਚ ਪਹਿਲੇ ਹੀ ਕਰ ਦਿੱਤਾ ਹੈ ।

ਸਰਦਾਰ ਤੋਤਾ ਸਿੰਘ (ਮੋਗਾ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਉਤੇ ਬੋਲਣ ਲਈ ਸਮਾਂ ਦਿੱਤਾ ਹੈ । ਜਿਹੜਾ ਮਤਾ ਡਾਕਟਰ ਹਰਬੰਸ ਲਾਲ ਨੇ ਪੇਸ਼ ਕੀਤਾ ਹੈ, ਇਹ ਮਤਾ ਸ਼ਬਦਾਂ ਦੇ ਵਿਚ ਬਹੁਤ ਚੰਗਾ ਲਗਦਾ ਹੈ

ਪਰ ਜਿਸ ਭਾਵਨਾ ਦੇ ਨਾਲ ਇਸ ਮਤੇ ਨੂੰ ਹਾਊਸ ਦੇ ਵਿਚ ਪੇਸ਼ ਕੀਤਾ ਗਿਆ ਹੈ ਉਹ ਭਾਵਨਾ ਠੀਕ ਨਹੀਂ ਹੈ। ਇਸ ਮਤੇ ਨੂੰ ਲਿਆਉਣ ਤੋਂ ਪਹਿਲਾਂ ਡਾਕਟਰ ਸਾਹਿਬ ਨੂੰ ਆਪਣੇ ਪਿਛੋਕੜ ਵਿਚ ਵੇਖਣਾ ਚਾਹੀਦਾ ਸੀ। 1947 ਤੋਂ ਲੈ ਕੇ ਹੁਣ ਤੱਕ ਇਨ੍ਹਾਂ ਨੇ ਦਲਿਤ ਪਰਿਵਾਰਾਂ ਦੇ ਨਾਲ ਇਕ ਕਿਸਮ ਦਾ ਧੋਖਾ ਹੀ ਕੀਤਾ ਹੈ। ਗਲਤ ਨਾਅਰੇ ਲਗਾ ਕੇ ਇਹ ਉਨ੍ਹਾਂ ਗਰੀਬ ਲੋਕਾਂ ਨੂੰ, ਦਲਿਤ ਵਰਗ ਨੂੰ ਗੁੰਮਰਾਹ ਕਰਦੇ ਰਹੇ ਹਨ। ਜਦੋਂ ਹਿੰਦੁਸਤਾਨ ਦੇ ਵਿਚ ਪਹਿਲੀ ਇਲੈਕਸ਼ਨ 1952 ਵਿਚ ਆਈ, ਉਸ ਵਕਤ ਮੈਂ ਛੋਟਾ ਜਿਹਾ ਸੀ ਤਾਂ ਇਨ੍ਹਾਂ ਨੇ ਗਰੀਬ ਦਲਿਤ ਨੂੰ ਨਾਅਰਾ ਦਿੱਤਾ ਸੀ ਕਿ ਅਸੀਂ ਤੁਹਾਨੂੰ 25 ਏਕੜ ਜ਼ਮੀਨ ਦੇਵਾਂਗੇ। ਫੇਰ ਦੂਜੀ ਇਲੈਕਸ਼ਨ 1957 ਵਿਚ ਜਦੋਂ ਆਈ ਤਾਂ ਇਨ੍ਹਾਂ ਨੇ ਦਲਿਤਾਂ ਨੂੰ ਨਾਅਰਾ ਦਿੱਤਾ ਕਿ ਅਸੀਂ ਤੁਹਾਨੂੰ 15 ਏਕੜ ਜ਼ਮੀਨ ਦੇਵਾਂਗੇ। ਫੇਰ ਜਦੋਂ ਤੀਸਰੀ ਇਲੈਕਸ਼ਨ ਆਈ ਤਾਂ ਇਨ੍ਹਾਂ ਨੇ ਦਲਿਤਾਂ ਨੂੰ ਨਾਅਰਾ ਦੇ ਦਿੱਤਾ ਕਿ ਅਸੀਂ ਤੁਹਾਨੂੰ ਹਰ ਪਰਿਵਾਰ ਨੂੰ 5-5 ਏਕੜ ਜ਼ਮੀਨ ਅਲਾਟ ਕਰਾਂਗੇ। ਇਸ ਤੋਂ ਬਾਅਦ ਇਨ੍ਹਾਂ ਨੇ ਦਲਿਤ ਪਰਿਵਾਰਾਂ ਨੂੰ ਗੁੰਮਰਾਹ ਕਰਨ ਲਈ ਨਾਅਰਾ ਦੇ ਦਿੱਤਾ ਕਿ ਅਸੀਂ ਤੁਹਾਨੂੰ ਮਕਾਨ ਬਣਾ ਕੇ ਦੇਵਾਂਗੇ। ਇਸ ਤਰੀਕੇ ਨਾਲ ਇਹ ਕਾਂਗਰਸੀ ਰਾਜ ਕਰਦੇ ਰਹੇ ਅਤੇ ਇਨ੍ਹਾਂ ਦਲਿਤ ਪਰਿਵਾਰਾਂ ਨੂੰ ਝੂਠੇ ਨਾਅਰੇ ਦੇ ਕੇ ਗੁੰਮਰਾਹ ਕਰਦੇ ਰਹੇ। ਇਸੇ ਹਾਊਸ ਦੇ ਵਿਚ ਸਾਡੇ ਪੁਰਾਣੇ ਲੀਡਰ ਸਰਦਾਰ ਧੰਨਾ ਸਿਘ ਗੁਲਸ਼ਨ ਨੇ ਕਿਹਾ ਸੀ ਕਿ ਤੁਸੀਂ ਅਗਰ ਇਨ੍ਹਾਂ ਦਲਿਤ ਪਰਿਵਾਰਾਂ ਨੂੰ ਕੁਝ ਦੇ ਨਹੀਂ ਸਕਦੇ, ਫੇਰ ਇਨ੍ਹਾਂ ਨੂੰ ਤੁਸੀਂ ਗੁੰਮਰਾਹ ਨਾ ਕਰੋ। ਉਨ੍ਹਾਂ ਨੇ ਕਿਹਾ ਸੀ ਕਿ ਤੁਸੀਂ ਇਨ੍ਹਾਂ ਨੂੰ ਮਕਾਨ ਵੀ ਬਣਾ ਕੇ ਨਹੀਂ ਦੇਣੇ ਤਾਂ ਇਨ੍ਹਾਂ ਨੂੰ 5-5 ਕਿੱਕਰ ਵਾਲੇ ਕਿੱਲੇ ਹੀ ਹੀ ਘੜ ਕੇ ਦੇ ਦਿਉ ਤਾਂਕਿ ਉਹ ਬੱਕਰੀਆਂ ਹੀ ਬੰਨ੍ਹ ਲੈਣ। ਗੁਲਸ਼ਨ ਸਾਹਿਬ ਅਕਾਲੀ ਪਾਰਟੀ ਨਾਲ ਸਬੰਧ ਰਖਦੇ ਸਨ। ਇਸ ਵੇਲੇ ਬਾਦਲ ਸਾਹਿਬ ਦੀ ਕੁਲੀਸ਼ਨ ਸਰਕਾਰ ਚਲ ਰਹੀ ਹੈ ਜਿਸ ਵਿਚ ਅਕਾਲੀ ਅਤੇ ਬੀ.ਜੇ.ਪੀ. ਪਾਰਟੀ ਹੈ ਅਤੇ ਕੈਪਟਨ ਸਾਹਿਬ ਨੇ ਜਿਹੜਾ ਬਜਟ ਹਾਉਸ ਵਿਚ ਪੇਸ਼ ਕੀਤਾ ਹੈ ਉਹ ਬਹੁਤ ਹੀ ਸੋਹਣਾ ਅਤੇ ਸੁਚੱਜਾ ਬਜਟ ਹੈ। ਇਸ ਦੇ ਵਿਚ ਗਰੀਬਾਂ ਲਈ ਮਕਾਨਾਂ ਦੀ ਪ੍ਰੋਵੀਜ਼ਨ ਕੀਤੀ ਗਈ ਹੈ। ਸਰਕਾਰ ਨੇ 12,000 ਮਕਾਨ ਬਣਵਾ ਕੇ ਦੇਣ ਦਾ ਐਲਾਨ ਕੀਤਾ ਹੈ ਔਰ 60 ਕਰੋੜ ਰੁਪਏ ਦੀ ਪ੍ਰੋਵੀਜ਼ਨ ਕੀਤੀ ਹੈ। ਬਾਦਲ ਸਾਹਿਬ ਨੇ ਕਿਹਾ ਹੈ ਕਿ ਸਾਡਾ ਇਕ ਖੇਤੀਬਾੜੀ ਪ੍ਰਧਾਨ ਸੂਬਾ ਹੈ ਅਤੇ ਇਹ ਖੇਤੀਬਾੜੀ ਟਰੇਡ ਹੁਣ ਕਿਸਾਨਾਂ ਦੇ ਲਈ ਲਾਹੇਵੰਦ ਨਹੀਂ ਰਹੀ। ਜਿਸ ਕਰਕੇ ਬਾਦਲ ਸਾਹਿਬ ਨੇ ਕਿਸਾਨਾਂ ਨੂੰ ਬਿਜਲੀ ਅਤੇ ਪਾਣੀ ਮੁਫਤ ਦੇਣ ਦਾ ਐਲਾਨ ਕੀਤਾ ਪਰ ਇਨ੍ਹਾਂ ਕਾਂਗਰਸੀਆਂ ਤੋਂ ਇਹ ਗੱਲ ਬਰਦਾਸ਼ਤ ਨਹੀਂ ਹੋਈ ਅਤੇ ਇਨ੍ਹਾਂ ਲੋਕਾਂ ਨੂੰ ਗੁੰਮਰਾਹ ਕਰਨ ਵਾਸਤੇ, ਦਲਿਤ ਵਰਗ ਨੂੰ ਗੁੰਮਰਾਹ ਕਰਨ ਵਾਸਤੇ ਇਹ ਨਾਅਰਾ ਦਿੱਤਾ ਹੈ ਕਿ ਬਾਦਲ ਸਰਕਾਰ ਨੇ ਕਿਸਾਨਾਂ ਨੂੰ ਸਾਰਾ ਕੁਝ ਦੇ ਦਿੱਤਾ ਹੈ ਪਰ ਤੁਹਾਨੂੰ ਕੁਝ ਨਹੀਂ ਦਿੱਤਾ। ਹੁਣ ਇਹ ਗਰੀਬ ਪਰਿਵਾਰਾਂ ਦੇ ਵਾਸਤੇ ਇਹ ਮਤਾ ਲਿਆ ਕੇ ਨਾਅਰਾ ਦੇਣਾ ਚਾਹੁੰਦੇ ਹਨ ਕਿ ਅਸੀਂ ਚਾਹੁੰਦੇ ਹਾਂ ਕਿ ਤੁਹਾਨੂੰ ਮਕਾਨ ਬਣਾ ਕੇ ਸਰਕਾਰ ਦੇਵੇ ਪਰ ਸਰਕਾਰ ਕੁਝ ਨਹੀਂ ਕਰ ਰਹੀ। ਚੇਅਰਮੈਨ ਸਾਹਿਬ, ਇਨ੍ਹਾਂ ਕਾਂਗਰਸੀ ਵੀਰਾਂ ਨੂੰ ਆਪਣੀਆਂ ਪਿਛਲੀਆਂ ਸਰਕਾਰਾਂ ਦੇ ਕਾਰਨਾਮੇ ਵੱਲ ਅਤੇ ਪਿਛੋਕੜ ਵੱਲ ਵੀ ਵੇਖਣਾ

[ਸਰਦਾਰ ਤੋਤਾ ਸਿੰਘ]

ਚਾਹੀਦਾ ਹੈ । ਇਨ੍ਹਾਂ ਨੇ ਸਿਵਾਏ ਗਰੀਬ ਜਨਤਾ ਨੂੰ ਗੁੰਮਰਾਹ ਕਰਨ ਤੋਂ ਹੋਰ ਕੁਝ ਨਹੀਂ ਕੀਤਾ ਅਤੇ ਇਹ ਜਿਸ ਹੱਦ ਤੱਕ ਦਲਿਤ ਵਰਗ ਦੇ ਲੋਕਾਂ ਨੂੰ ਗੁੰਮਰਾਹ ਕਰਦੇ ਰਹੇ ਹਨ ਉਸ ਦੀ ਕੋਈ ਮਿਸਾਲ ਨਹੀਂ ਮਿਲਦੀ ।

ਚੇਅਰਮੈਨ ਸਾਹਿਬ, ਬਜਟ ਵਿਚ 12,000 ਮਕਾਨ ਗਰੀਬ ਦਲਿਤ ਪਰਿਵਾਰਾਂ ਵਾਸਤੇ ਬਣਾਉਣ ਦੀ ਪ੍ਰੋਵੀਜ਼ਨ ਕੀਤੀ ਗਈ ਹੈ । ਜੇਕਰ ਪਿਛਲਾ ਰਿਕਾਰਡ ਵੇਖੋ ਤਾਂ ਇਨ੍ਹਾਂ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਦਲਿਤ ਪਰਿਵਾਰਾਂ ਵਾਸਤੇ ਸਿਰਫ 3 ਕਰੋੜ ਰੁਪਿਆ ਰਖਿਆ ਸੀ । ਇਹ 50 ਸਾਲ ਰਾਜ ਕਰਦੇ ਰਹੇ ਪੰਜਾਬ ਅਤੇ ਦਿੱਲੀ । ਵਿਚ ਪਰ ਇਨ੍ਹਾਂ ਨੇ ਗਰੀਬਾਂ ਵਾਸਤੇ ਕੀ ਕੀਤਾ ? ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਜਦੋਂ ਵੀ ਸਰਕਾਰ ਆਈ, ਇਨ੍ਹਾਂ ਨੇ ਦਿੱਤਾ ਹੀ ਦਿੱਤਾ ਹੈ । ਸਾਡੀ ਸਰਕਾਰ ਨੇ ਗਰੀਬਾਂ ਦੀ ਮਦਦ ਕੀਤੀ ਹੈ । ਪਿਛਲੀ ਸਰਕਾਰ ਨੇ 40 ਸਾਲਾਂ ਦੀ ਉਮਰ ਵਿਚ ਹੀ ਬੁਢਾਪਾ ਪੈਨਸ਼ਨਾਂ ਜਾਰੀ ਕਰ ਦਿੱਤੀਆਂ ਪਰ ਦਲਿਤ ਵਰਗ ਦੇ 60-70 ਸਾਲਾਂ ਦੇ ਲੋਕ ਬੁਢਾਪਾ ਪੈਨਸ਼ਨ ਲੈਣ ਲਈ ਰੁਲਦੇ ਫਿਰਦੇ ਹਨ । ਹੁਣ ਸਾਡੀ ਗੌਰਮਿੰਟ ਨੇ ਆਉਂਦਿਆਂ ਹੀ ਪ੍ਰੋਵੀਜ਼ਨ ਕਰ ਦਿੱਤੀ ਹੈ ਕਿ 60 ਸਾਲ ਦੀ ਮਾਈ ਅਤੇ 65 ਸਾਲ ਦਾ ਬੁੱਢਾ ਬੰਦਾ ਅਗਰ ਹੋਵੇਗਾ ਤਾਂ ਉਨ੍ਹਾਂ ਨੂੰ ਬੁਢਾਪਾ ਪੈਨਸ਼ਨ ਮਿਲੇਗੀ । ਸਾਡੀਆਂ ਟੀਮਾਂ ਬਲਾਕ ਪੱਧਰ ਤੇ ਜਾਣਗੀਆਂ, ਕੈਮਰਾ ਮੈਨ ਵੀ ਜਾਏਗਾ ਅਤੇ ਫਾਰਮ ਵੀ ਸਰਕਾਰੀ ਬੰਦੇ ਲੈ ਕੇ ਜਾਣਗੇ । ਸਾਰਾ ਪੈਸਾ ਸਰਕਾਰ ਖਰਚ ਕਰੇਗੀ ਅਤੇ ਕਿਸੇ ਬੰਦੇ ਦਾ ਕੋਈ ਪੈਸਾ ਖਰਚ ਨਹੀਂ ਹੋਵੇਗਾ । ਉਹ ਸਰਕਾਰੀ ਕਰਮਚਾਰੀ ਆਇਡੈਂਟਿਟੀ ਕਾਰਡ ਬਣਾਉਣਗੇ । ਜਿਸ ਬਜ਼ੁਰਗ ਦਾ ਆਇਡੈਂਟਿਟੀ ਕਾਰਡ ਬਣ ਗਿਆ, ਉਸ ਨੂੰ ਬਾਕਾਇਦਾ ਪੈਨਸ਼ਨ ਦਿੱਤੀ ਜਾਵੇਗੀ ਤਾਂ ਕਿ ਸਾਰਾ ਫੈਸਲਾ ਲੋਕਾਂ ਦੇ ਸਾਹਮਣੇ ਹੋਵੇ । ਜਿਹੜਾ 40 ਸਾਲ ਦਾ ਹੈ, ਉਹ ਪੈਨਸ਼ਨ ਨਾ ਲੈ ਸਕੇ ਅਤੇ ਯੋਗ ਆਦਮੀ ਨੂੰ ਹੀ ਪੈਨਸ਼ਨ ਮਿਲੇ । ਡਾਕਟਰ ਹਰਬੰਸ ਲਾਲ ਨੂੰ ਇਹ ਮਤਾ ਲਿਆਉਣ ਦੀ ਲੋੜ ਨਹੀਂ ਸੀ । ਬਜਟ ਵਿਚ ਬਹੁਤ ਚੰਗੀਆਂ ਗੱਲਾਂ ਪਹਿਲਾਂ ਹੀ ਰਖੀਆਂ ਗਈਆਂ ਹਨ । ਸਾਹਮਣੇ ਬੈਠੇ ਭਰਾਵਾਂ ਨੂੰ ਇਸ ਬਜਟ ਦੀ ਸ਼ਲਾਘਾ ਕਰਨੀ ਚਾਹੀਦੀ ਸੀ । ਜੇਕਰ ਬਜਟ ਵਿਚ ਕੋਈ ਤਰੁੱਟੀਆਂ ਹਨ ਤਾਂ ਉਹ ਦੱਸਣ । ਦਲਿਤ ਵਰਗਾਂ ਅਤੇ ਦੂਜੇ ਗਰੀਬ ਲੋਕਾਂ ਵਿਚ ਇਨ੍ਹਾਂ ਨੇ ਆਪ ਹੀ ਵਿਤਕਰਾ ਕੀਤਾ ਹੈ । ਸਾਡੀ ਸਰਕਾਰ ਨੇ ਬਜਟ ਵਿਚ ਰੋਜ਼ਗਾਰ ਦੇ ਸਾਧਨ ਪੈਦਾ ਕੀਤੇ ਹਨ । ਜੇਕਰ ਕਿਸੇ ਬੰਦੇ ਨੂੰ ਰੋਜ਼ਗਾਰ ਮਿਲ ਜਾਵੇ ਤਾਂ ਉਹ ਮਕਾਨ ਵੀ ਬਣਾ ਸਕਦਾ ਹੈ । ਪਿਛਲੇ ਪੰਜ ਸਾਲਾਂ ਵਿਚ ਇਨ੍ਹਾਂ ਨੇ ਬੇਰੁਜ਼ਗਾਰੀ ਹੀ ਪੈਦਾ ਕੀਤੀ ਹੈ । ਡਾਕਟਰ ਹਰਬੰਸ ਲਾਲ ਰੂਲਿੰਗ ਪਾਰਟੀ ਦੇ ਐਮ.ਐਲ.ਏ. ਰਹੇ ਹਨ ਭਾਵੇਂ ਇਹ ਆਪੋਜ਼ੀਸ਼ਨ ਪਾਰਟੀ ਵਿਚੋਂ ਚੁਣ ਕੇ ਆਏ ਸਨ । ਇਹ ਪੁਲਿਸ ਵਾਲਿਆਂ ਨਾਲ ਰਲਕੇ ਟਰੱਕ ਭਰਕੇ ਇਕ ਪਿੰਡ ਵਿਚ ਵੋਟਾਂ ਪੁਆ ਲੈਂਦੇ ਸਨ ਅਤੇ ਫਿਰ ਦੂਜੇ ਪਿੰਡ ਵਿਚ ਉਹੀ ਟਰੱਕ ਲਿਜਾਕੇ ਵੋਟਾਂ ਪੁਆ ਲੈਂਦੇ ਸਨ । ਇਨ੍ਹਾਂ ਨੂੰ ਇਤਨੀਆਂ ਵੋਟਾਂ ਪਈਆਂ ਸਨ ਜਿਤਨੀਆਂ ਕਿ ਪੰਚਾਇਤ ਦੇ ਇਕ ਮੈਂਬਰ ਨੂੰ ਪੈਂਦੀਆਂ ਹਨ । ਇਨ੍ਹਾਂ ਨੇ ਪਿਛੇ 5 ਸਾਲ ਰਾਜ ਕੀਤਾ ਪਰ ਕੀਤਾ ਕੁਝ ਨਹੀਂ । ਹੁਣ ਇਹ ਅੱਜ ਦਲਿਤ ਵਰਗਾਂ ਦੇ ਲੋਕਾਂ ਦੀਆਂ ਗੱਲਾਂ ਕਰਦੇ ਹਨ ਅਤੇ ਕਿਸਾਨਾਂ ਦੀਆਂ ਗੱਲਾਂ ਕਰਦੇ ਹਨ ਕਿ ਵੱਡੇ

ਕਿਸਾਨਾਂ ਨੂੰ ਫ਼ਾਇਦਾ ਕੀਤਾ ਹੈ ਅਤੇ ਛੋਟੇ ਕਿਸਾਨਾਂ ਨੂੰ ਫਾਇਦਾ ਨਹੀਂ ਕੀਤਾ । ਇਨ੍ਹਾਂ ਨੇ ਆਪਣੇ ਸਮੇਂ ਕੋਈ ਪਲਾਨਿੰਗ ਨਹੀਂ ਬਣਾਈ । ਜੇਕਰ ਕੋਈ ਪਲਾਨਿੰਗ ਬਣਾਈ ਹੈ, ਤਾਂ ਹਾਊਸ ਵਿਚ ਦੱਸਣ । ਸਾਡੀ ਸਰਕਾਰ ਨੇ ਪਲਾਨ ਬਣਾ ਕੇ ਇਕ ਜਾਂ ਡੇਢ ਏਕੜ ਵਾਲੇ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਬਾਰੇ ਸਰਵੇ ਕਰਾਇਆ ਹੈ ਅਤੇ ਪਤਾ ਲਗਾ ਹੈ ਕਿ 4-5% ਲੋਕ ਖੇਤੀਬਾੜੀ ਛੱਡਕੇ ਦੁੱਧ ਦੇ ਕੰਮ ਵਿਚ ਜਾਂ ਕਿਸੇ ਹੋਰ ਪਾਸੇ ਪੈ ਗਏ ਹਨ । ਸਾਡੀ ਸਰਕਾਰ ਵੱਲੋਂ ਉਨ੍ਹਾਂ ਗਰੀਬ ਲੋਕਾਂ ਵਾਸਤੇ, ਕਿਸਾਨਾਂ ਵਾਸਤੇ ਬਹੁਤ ਸਾਰੀਆਂ ਅੱਛੀਆਂ ਸਕੀਮਾਂ ਰਖੀਆਂ ਗਈਆਂ ਹਨ ਜੋ ਕਿ ਬਜਟ ਤੇ ਡਿਸਕਸ਼ਨ ਵੇਲੇ ਬੋਲੀਆਂ ਜਾਣਗੀਆਂ । ਚੇਅਰਮੈਨ ਸਾਹਿਬ, ਡਾਕਟਰ ਹਰਬੰਸ ਲਾਲ ਨੇ ਜੋ ਮਤਾ ਹਾਊਸ ਵਿਚ ਲਿਆਂਦਾ ਹੈ ਇਸ ਦੀ ਭਾਵਨਾ ਠੀਕ ਨਹੀਂ ਜਾਪਦੀ । ਸ਼ਬਦਾਵਲੀ ਤਾਂ ਠੀਕ ਹੈ ਪਰ ਭਾਵਨਾ ਠੀਕ ਨਹੀਂ । ਇਸ ਲਈ ਮੈਂ ਆਪਣੇ ਵਲੋਂ ਇਸ ਮਤੇ ਦਾ ਵਿਰੋਧ ਕਰਦਾ ਹਾਂ ਅਤੇ ਕਿਸੇ ਕੀਮਤ ਤੇ ਵੀ ਇਹ ਮਤਾ ਪਾਸ ਨਹੀਂ ਹੋਣਾ ਚਾਹੀਦਾ । ਇਤਨਾ ਕਹਿੰਦਾ ਹੋਇਆ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸਰਦਾਰ ਗੋਬਿੰਦ ਸਿੰਘ ਕਾਂਝਲਾ (ਸ਼ੇਰਪੁਰ, ਐਸ. ਸੀ.) : ਚੇਅਰਮੈਨ ਸਾਹਿਬ, ਮੇਰੇ ਸਾਥੀਆਂ ਨੇ ਕੁੱਲੀ, ਗੁੱਲੀ ਅਤੇ ਜੁੱਲੀ ਦਾ ਜ਼ਿਕਰ ਕੀਤਾ । ਅੱਜ ਤੱਕ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਵਿਚ ਲਤਾੜੇ ਹੋਏ ਲੋਕਾਂ ਦੀ ਵੱਖ ਵੱਖ ਪਾਰਟੀਆਂ ਅਤੇ ਸਰਕਾਰਾਂ ਮਜ਼ਬੂਰਨ ਤੌਰ ਤੇ ਮੱਦਦ ਕਰਦੀਆਂ ਰਹੀਆਂ ਹਨ । ਮੈਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਭਾਰਤ ਦੇਸ਼ ਦੀ ਅਜ਼ਾਦੀ ਤੋਂ ਬਾਅਦ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤਿੰਨ ਵਾਰੀ ਮੁੱਖ ਮੰਤਰੀ ਬਣੇ ਹਨ ਅਤੇ ਉਨ੍ਹਾਂ ਨੇ ਵਿਸ਼ੇਸ਼ ਕਰਕੇ ਦੇਸ਼ ਦੇ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਤੋਂ ਪਹਿਲਾਂ ਇਕ ਨਿੱਗਰ ਉਪਰਾਲਾ ਕੀਤਾ ਹੈ ਕਿ ਦਲਿਤਾਂ ਦਾ ਕੋਈ ਭਲਾ ਕੀਤਾ ਜਾਵੇ, ਉਨ੍ਹਾਂ ਦੀ ਕੁੱਲੀ, ਗੁੱਲੀ ਅਤੇ ਜੁੱਲੀ ਦਾ ਇੰਤਜ਼ਾਮ ਕੀਤਾ ਜਾਵੇ । ਇਹ ਚੇਅਰਮੈਨ ਸਾਹਿਬ, ਇਸ ਸਰਕਾਰ ਵਲੋਂ ਦਲਿਤਾਂ ਦੇ ਵਸੇਬੇ ਲਈ ਪਹਿਲਾ ਉਪਰਾਲਾ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਰਹਿਣ ਸਹਿਣ ਦੀ ਅੱਛੀ ਸਹੂਲਤ ਦਿਤੀ ਜਾਵੇ । ਇਸ ਨਿੱਗਰ ਕਦਮ ਲਈ ਜਿਥੇ ਭਲਾਈ ਮੰਤਰੀ ਸਰਦਾਰ ਗੁਰਦੇਵ ਸਿੰਘ ਬਾਦਲ ਨੂੰ ਮੈਂ ਵਧਾਈ ਦੇਣੀ ਚਾਹੁੰਦਾ ਹਾਂ, ਉਥੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਕੈਪਟਨ ਕੰਵਲਜੀਤ ਸਿੰਘ, ਵਿੱਤ ਮੰਤਰੀ ਨੂੰ ਵੀ ਵਧਾਈ ਦੇਣੀ ਚਾਹੁੰਦਾ ਹਾਂ ਜਿਨ੍ਹਾਂ ਨੇ ਦਲਿਤਾਂ ਲਈ ਇਸ ਤਰ੍ਹਾਂ ਦੇ ਉਪਰਾਲੇ ਅਰੰਭੇ ਹਨ । ਚੇਅਰਮੈਨ ਸਾਹਿਬ, ਕਮ-ਅਜ਼-ਕਮ ਅੱਜ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣਿਆ ਹੈ ਜਿਥੇ ਦਲਿਤਾਂ ਦੇ ਕਲਿਆਣ ਲਈ ਸਮੂਹਿਕ ਤੌਰ ਤੇ ਅਕਾਲੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਯਤਨ ਅਰੰਭੇ ਹਨ । ਕਾਂਗਰਸ ਪਾਰਟੀ ਦੇ ਰਾਜ ਵੀ ਵੱਖ ਵੱਖ ਸੂਬਿਆਂ ਵਿਚ ਰਹੇ ਅਤੇ ਭਾਰਤ ਦੇ ਉਪਰ ਵੀ ਇਸ ਪਾਰਟੀ ਨੇ ਲੰਬੇ ਸਮੇਂ ਤੱਕ ਰਾਜ ਕੀਤਾ, ਪਰ ਇਹ ਲੋਕਾਂ ਨੂੰ ਲੁੱਟਣ ਅਤੇ ਕੁੱਟਣ ਤੋਂ ਇਲਾਵਾ ਉਨ੍ਹਾਂ ਨੂੰ, ਉਨ੍ਹਾਂ ਦੀਆਂ ਭਾਵਨਾਵਾਂ ਨੂੰ ਬਲੈਕਮੇਲ ਵੀ ਕਰਦੇ ਰਹੇ । ਇਨ੍ਹਾਂ ਨੇ ਗਰੀਬਾਂ ਦੇ ਕਲਿਆਣ ਲਈ ਕਦੇ ਕੁਝ ਨਹੀਂ ਕੀਤਾ । ਚੇਅਰਮੈਨ

[ਸਰਦਾਰ ਗੋਬਿੰਦ ਸਿੰਘ ਕਾਂਝਲਾ]

ਸਾਹਿਬ, ਹੁਣ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਬੀ. ਜੇ. ਪੀ. ਨਾਲ ਮਿਲ ਕੇ ਸਰਕਾਰ ਬਣਾਈ ਹੈ। ਇਸ ਨੇ ਪਹਿਲਾ ਮੌਕਾ ਹੈ ਕਿ ਵੱਡੇ ਮਕਾਨਾਂ ਦੇ ਨਾਲ ਨਾਲ ਜਿਹੜੀ ਸਮੱਸਿਆ ਸ਼ਹਿਰਾਂ ਅਤੇ ਪਿੰਡਾਂ ਵਿਚ ਛੋਟੇ ਮਕਾਨਾਂ ਦੀ, ਦਲਿਤਾਂ ਦੇ ਵਸੇਬੇ ਦੀ ਆਉਂਦੀ ਰਹੀ ਹੈ, ਉਸ ਵੱਲ ਵੀ ਵਿਸ਼ੇਸ਼ ਧਿਆਨ ਦੇ ਕੇ ਪਹਿਲ-ਕਦਮੀ ਕੀਤੀ ਹੈ।

ਚੇਅਰਮੈਨ ਸਾਹਿਬ, ਜੇ ਪਿਛਲੇ ਸਮੇਂ ਵਿਚ ਕਾਂਗਰਸ ਦੇ ਰਾਜ ਦਾ ਲੇਖਾ ਜੋਖਾ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਪਹਿਲਾਂ ਜਗ੍ਹਾ ਵੀ ਜਿਹੜੀ ਦਿੱਤੀ ਜਾਂਦੀ ਸੀ ਉਹ ਦਿੱਤੀ ਵੀ ਸਿਵਿਆਂ ਵਿਚ ਜਾਂਦੀ ਸੀ ਅਤੇ ਜੇ ਸਾਰੇ ਪੰਜਾਬ ਦਾ ਡਾਟਾ ਇਕੱਠਾ ਕਰੀਏ ਤਾਂ ਮਕਾਨ ਵੀ ਉਹ ਦਿੱਤੇ ਜਾਂਦੇ ਰਹੇ ਜਿਨ੍ਹਾਂ ਦੇ ਛੋਟੇ ਛੋਟੇ ਕਮਰਿਆਂ ਵਿਚ ਪਸ਼ੂ ਵੀ ਰਹਿਣ ਲਈ ਤਿਆਰ ਨਹੀਂ ਸੀ। ਫਿਰ ਅੱਗੋਂ ਉਹ ਮਕਾਨ ਬਣਾਉਣ ਲਈ ਜਿਹੜੀਆਂ ਵੀ ਏਜੰਸੀਆਂ ਕੰਮ ਕਰਦੀਆਂ ਰਹੀਆਂ, ਉਹ ਕੇਵਲ ਸਰਕਾਰ ਦੀਆਂ ਤਿਜੌਰੀਆਂ ਭਰਨ ਲਈ ਹੀ ਉਪਰਾਲੇ ਕਰਦੀਆਂ ਰਹੀਆਂ। ਅੱਗੋਂ ਫਿਰ ਮਕਾਨ ਬਨਣ ਤੋਂ ਬਾਅਦ ਮਕਾਨ ਦੀ ਜਿਹੜੀ ਉਮਰ ਹੋਣੀ ਚਾਹੀਦੀ ਸੀ, ਉਹ ਸਾਲ ਦੇ ਅੰਦਰ ਅੰਦਰ ਹੀ ਡਿੱਗ ਪਏ ਕਿਉਂਕਿ ਇਨ੍ਹਾਂ ਨੂੰ ਕਿਹੜਾ ਦਲਿਤਾਂ ਨਾਲ ਪਿਆਰ ਸੀ। ਇਕ ਸੀਮਿੰਟ ਦੀ ਬੋਰੀ ਮਗਰ ਜਿੰਨੀ ਮਿਕਦਾਰ ਬਜਰੀ ਅਤੇ ਰੇਤੇ ਆਦਿ ਦੀ ਹੋਣੀ ਚਾਹੀਦੀ ਸੀ, ਉਹ ਘਟੀਆ ਕਿਸਮ ਦਾ ਸੀਮਿੰਟ ਅਤੇ ਬਜਰੀ ਯਾਨੀ ਜਿਹੜਾ ਸਾਰਾ ਸੁਮੇਲ ਸੀ ਮਕਾਨ ਬਣਾਉਣ ਦਾ, ਉਹ ਘਟੀਆ ਇਸਤੇਮਾਲ ਕਰਕੇ ਜਿਹੜੇ ਪੰਜਾਬ ਵਿਚ ਕਾਂਗਰਸ ਦੇ ਰਾਜ ਭਾਗ ਸਮੇਂ ਮਕਾਨ ਬਣੇ, ਉਹ ਢਹਿ ਗਏ। ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸਰਦਾਰ ਗੁਰਦੇਵ ਸਿੰਘ ਬਾਦਲ, ਭਲਾਈ ਮੰਤਰੀ ਅਤੇ ਵਿੱਤ ਮੰਤਰੀ ਨੇ ਫੈਸਲਾ ਕੀਤਾ ਹੈ ਕਿ ਦਲਿਤਾਂ ਨੂੰ ਜਿਹੜੇ ਵੀ ਮਕਾਨ ਬਣਾ ਕੇ ਦੇਣੇ ਹਨ, ਉਨ੍ਹਾਂ ਵਿਚ ਆਧੁਨਿਕ ਸਹੂਲਤਾਂ ਵੀ ਹੋਣ। ਰੋਸ਼ਨੀ ਦਾ ਚੰਗਾ ਪ੍ਰਬੰਧ ਹੋਵੇ, ਵਾਤਾਵਰਣ ਵੀ ਅੱਛਾ ਹੋਵੇ ਜਿਥੇ ਮਕਾਨ ਬਣਾ ਕੇ ਦਿਤੇ ਜਾਣ ਅਤੇ ਉਨ੍ਹਾਂ ਵਿਚ ਲੋੜੀਂਦੀਆਂ ਜਿਹੜੀਆਂ ਸਹੂਲਤਾਂ ਹਨ ਉਨ੍ਹਾਂ ਬਾਰੇ ਪੰਚਾਇਤਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਨ੍ਹਾਂ ਮਕਾਨਾਂ ਲਈ ਅਜਿਹੀਆਂ ਥਾਵਾਂ ਨਾ ਦੇਣ ਜਿਨ੍ਹਾਂ ਬਾਰੇ ਕਾਂਗਰਸ ਕਲਚਰ ਵਾਲਾ ਸਮਾਂ ਹੀ ਯਾਦ ਆਉਂਦਾ ਹੋਵੇ, ਜਿਥੇ ਚੰਗੇ ਨਿਕਾਸ ਦਾ ਪ੍ਰਬੰਧ ਨਾ ਹੋਵੇ ਤੇ ਹੜ੍ਹਾਂ ਵਿਚ ਦਲਿਤਾਂ ਦੀਆਂ ਝੁੱਗੀਆਂ ਝੌਂਪੜੀਆਂ ਜਿਹੜੀਆਂ ਪਹਿਲਾਂ ਵੀ ਹੋਣ, ਉਹ ਵੀ ਰੁੜ੍ਹ ਜਾਣ। ਅੱਜ ਬਾਦਲ ਸਰਕਾਰ ਵਧਾਈ ਦੀ ਪਾਤਰ ਹੈ ਜਿਸਨੇ ਦਲਿਤਾਂ ਲਈ ਏਨਾ ਉਪਰਾਲਾ ਕੀਤਾ।

ਚੇਅਰਮੈਨ ਸਾਹਿਬ, ਇਸ ਦੇ ਨਾਲ ਹੀ ਜਿਥੋਂ ਤੱਕ ਰੋਜ਼ਗਾਰ ਦੇ ਸਾਧਨ ਦਲਿਤਾ ਲਈ ਮੁਹੱਈਆ ਕਰਾਉਣ ਦਾ ਤਾਅਲੁੱਕ ਹੈ, ਹਮੇਸ਼ਾ ਬਾਦਲ ਸਾਹਿਬ ਦੀ ਸਰਕਾਰ ਦਾ ਹੀ ਇਹ ਉਪਰਾਲਾ ਰਿਹਾ ਹੈ ਕਿ ਉਨ੍ਹਾਂ ਨੂੰ ਐਸੇ ਸਾਧਨ ਮੁਹੱਈਆ ਕਰਾਏ ਜਾਣ ਜਿਨ੍ਹਾਂ ਨਾਲ ਉਹ ਕੋਈ ਆਪਣੇ ਕਿੱਤੇ ਤੋਰ ਸਕਣ। ਪਹਿਲਾਂ ਵੀ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ, ਉਸ ਵੇਲੇ ਵੀ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਦੇ ਥਰੂ ਦਲਿਤਾਂ ਨੂੰ ਆਪਣੇ ਕਿੱਤੇ ਤੋਰਨ ਲਈ ਬੈਂਕ ਵਾਲੀ ਸਕੀਮ ਨੂੰ ਹੋਂਦ ਵਿਚ ਲਿਆਂਦਾ ਗਿਆ ਸੀ।

ਹੁਣ ਵੀ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਵਿਚ ਜਿਹੜਾ ਬਜਟ ਦਾ ਅੰਸ਼ ਰਖਿਆ ਗਿਆ ਹੈ ਉਹ ਪਿਛਲੇ ਨਾਲੋਂ ਤਿੰਨ ਗੁਣਾਂ ਵੱਧ ਰਖਿਆ ਗਿਆ ਹੈ । ਇਸ ਤਰ੍ਹਾਂ ਦੀਆਂ ਸਕੀਮਾਂ ਵੀ ਰਖੀਆਂ ਗਈਆਂ ਹਨ, ਜਿਨ੍ਹਾਂ ਰਾਹੀਂ ਉਨਾਂ ਦਾ ਮੁੰਡਾ, ਕੁੜੀ ਅਤੇ ਚਾਹੇ ਮੁਖੀ, ਕੈਸਾ ਵੀ ਕਿੱਤਾ ਤੋਰਨਾ ਚਾਹੇ, ਦੁਕਾਨਦਾਰੀ, ਸਪੇਅਰ ਪਾਰਟਸ ਦਾ ਚਾਹੇ ਵੱਡੀਆਂ ਛੋਟੀਆਂ ਬੱਸਾਂ ਦਾ ਕੋਈ ਵੀ ਕਾਰੋਬਾਰ ਤੋਰਨਾ ਚਾਹੇ ਅਤੇ ਕੋਈ ਬਿਜ਼ਨੈਸ ਤੋਰਨਾ ਚਾਹੇ ਅਕਾਲੀ ਦਲ ਦੀ ਸਰਕਾਰ ਨੇ ਉਨ੍ਹਾਂ ਵਾਸਤੇ ਰੋਜ਼ਗਾਰ ਦੇ ਵਸੀਲੇ ਪੈਦਾ ਕਰਨ ਦੇ ਉਪਰਾਲੇ ਕੀਤੇ ਹਨ । ਇਥੇ ਮੈਂ ਇਹ ਦੱਸਣਾ ਵੀ ਉਚਿਤ ਸਮਝਦਾ ਹਾਂ ਕਿ ਦਲਿਤਾਂ ਦੀ ਰਿਜ਼ਰਵੇਸ਼ਨ ਲਾਗੂ ਕਰਨ ਵਾਸਤੇ ਵੀ ਪੂਰੇ ਭਾਰਤ ਵਿਚ ਸਭ ਤੋਂ ਵਧ ਅਕਾਲੀ ਸਰਕਾਰ ਨੇ ਕਦਮ ਚੁੱਕੇ । ਪਿਛਲੀ ਸਰਕਾਰ ਦੇ ਮੌਕੇ, ਬਰਨਾਲਾ ਸਾਹਿਬ ਦੀ ਸਰਕਾਰ ਦੇ ਮੌਕੇ ਵੀ ਕਈ ਸਕੀਮਾਂ ਲਾਗੂ ਕੀਤੀਆਂ ਗਈਆਂ, ਕਈ ਤਰ੍ਹਾਂ ਦੇ ਉਪਰਾਲੇ ਕੀਤੇ ਗਏ । ਬਾਦਲ ਸਾਹਿਬ ਦੀ ਮੁੱਢਲੀ ਸਰਕਾਰ ਤੋਂ ਲੈ ਕੇ ਅੱਜ ਤੱਕ ਦੇ ਪੂਰੇ ਭਾਰਤ ਵਿਚ ਸਭ ਤੋਂ ਵੱਧ ਰਿਜ਼ਰ-ਵੇਸ਼ਨ ਲਾਗੂ ਕੀਤੀ ਗਈ ਹੈ ਤਾਂ ਇਹ ਅਕਾਲੀ ਦਲ ਦੀ ਸਰਕਾਰ ਵੱਲੋਂ ਹੀ ਕੀਤੀ ਗਈ ਹੈ । ਇਸ ਦੇ ਵਿਚ ਜਿਹੜਾ ਕੋਈ ਬੈਕਲਾਗ ਹੈ, ਉਹ ਵੀ ਸਰਦਾਰ ਬਾਦਲ ਛੇਤੀ ਹੀ ਪੂਰਾ ਕਰਨਗੇ । ਦਲਿਤਾਂ ਦੀਆਂ ਮੁਸ਼ਕਲਾਂ ਦੂਰ ਕਰਨ ਵਾਸਤੇ ਪਿੰਡਾਂ ਅਤੇ ਸ਼ਹਿਰਾਂ ਵਿਚ ਠੋਸ ਉਪਰਾਲੇ ਕੀਤੇ ਜਾ ਰਹੇ ਹਨ । ਜਿਹੜੇ ਪੈਸੇ ਸਰਕਾਰ ਨੇ ਇਨ੍ਹਾਂ ਲੋਕਾਂ ਲਈ ਰੱਖੇ ਹਨ, ਉਨਾਂ ਦੁਆਰਾ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਦੂਰ ਕੀਤਾ ਜਾਵੇਗਾ । ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਮਾਣ ਹੈ ਕਿ ਸਰਦਾਰ ਬਾਦਲ ਦੇ ਮੌਕੇ ਦਲਿਤਾਂ ਦੇ ਬੱਚਿਆਂ ਵਾਸਤੇ ਇਕ ਵਿਸ਼ੇਸ਼ ਏਜੰਸੀ ਦੀ ਸਥਾਪਨਾ ਕੀਤੀ ਗਈ । ਮੋਹਾਲੀ ਵਿਖੇ ਇਸ ਦੀ ਸਥਾਪਨਾ ਇਸ ਕਰਕੇ ਕੀਤੀ ਗਈ ਸੀ ਕਿ ਦਲਿਤ ਮੁੰਡੇ ਕੁੜੀਆਂ ਨੂੰ ਪਹਿਲਾਂ ਮੁਫਤ ਵਿਦਿਆ ਦੇਣ ਦੇ ਬਾਅਦ ਕੌਮੀ ਪੱਧਰ ਤੇ ਕੰਪੀਟੀਸ਼ਨਾਂ ਆਈ. ਏ.ਐਸ., ਆਈ. ਪੀ. ਐਸ., ਅਤੇ ਪੀ. ਸੀ. ਐਸ., ਵਰਗੇ ਇਮਤਿਹਾਨਾਂ ਲਈ ਤਿਆਰੀ ਸਰਕਾਰੀ ਖਰਚ ਤੇ ਕਰਵਾਈ ਜਾਵੇ । ਇਸੇ ਤਰ੍ਹਾਂ ਦੀਆਂ ਕਈ ਹੋਰ ਸਕੀਮਾਂ ਨੂੰ ਵੀ ਅਮਲੀ ਰੂਪ ਦਿਤਾ ਗਿਆ । ਇਸ ਲਈ ਮੈਂ ਅੱਜ ਦੇ ਮੌਜੂਦਾ ਪ੍ਰਸਤਾਵ ਦੀ ਵਿਰੋਧਤਾ ਕਰਦਾ ਹੋਇਆ ਬੇਨਤੀ ਕਰਦਾ ਹਾਂ ਕਿ ਇਸ ਪ੍ਰਸਤਾਵ ਨੂੰ ਰੱਦ ਕਰਨਾ ਚਾਹੀਦਾ ਹੈ । ਮੈਂ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਬਾਦਲ ਸਾਹਿਬ ਦਲਿਤਾਂ ਅਤੇ ਕਮਜ਼ੋਰ ਵਰਗ ਦੇ ਲੋਕਾਂ ਦੇ ਕਲਿਆਣ ਲਈ ਹੋਰ ਵੀ ਜ਼ਿਆਦਾ ਯਤਨ ਕਰਨਗੇ ।

ਸ਼੍ਰੀ ਰਾਮ ਲਾਲ (ਨਰੋਟ ਮਹਿਰਾ, ਐਸ. ਸੀ.) : ਚੇਅਰਮੈਨ ਸਾਹਿਬ, ਮਕਾਨਾਂ ਬਾਰੇ ਜਿਹੜਾ ਮਤਾ ਡਾਕਟਰ ਸਾਹਿਬ ਨੇ ਲਿਆਂਦਾ ਹੈ, ਉਸ ਦੇ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ । 50 ਸਾਲ ਗੁਜ਼ਰ ਗਏ ਹਨ । ਜਦ ਵੀ ਕਾਂਗਰਸ ਸਰਕਾਰ ਸੱਤਾ ਵਿਚ ਆਈ, ਸਟੇਜਾਂ ਤੇ ਖੜ੍ਹੇ ਹੋ ਕੇ ਇਨ੍ਹਾਂ ਨੇ ਬੜੇ ਵੱਡੇ ਵੱਡੇ ਨਾਅਰੇ ਦਿੱਤੇ ਕਿ ਗਰੀਬਾਂ ਦੀ ਗਰੀਬੀ ਦੂਰ ਕਰਾਂਗੇ, ਬੇਰੋਜ਼ਗਾਰੀ ਦੂਰ ਕਰਾਂਗੇ, ਤੁਹਾਨੂੰ ਉਪਰ ਚੁੱਕਾਂਗੇ ਵਗੈਰਾ ਵਗੈਰਾ । ਕਈ ਪ੍ਰਕਾਰ ਦੀਆਂ ਆਵਾਜ਼ਾਂ ਕੱਢ ਕੱਢ ਕੇ ਇਸ ਕਾਂਗਰਸ ਪਾਰਟੀ ਨੇ ਬਹੁਤ ਲੰਮੇ ਸਮੇਂ ਤੱਕ ਰਾਜ ਕੀਤਾ ਲੇਕਿਨ ਇਨ੍ਹਾਂ ਦੀਆਂ ਇਹ ਜਿਹੜੀਆਂ ਆਵਾਜ਼ਾਂ ਸਨ, ਉਹ ਸਿਰੇ ਨਹੀਂ

[ਸ਼੍ਰੀ ਰਾਮ ਲਾਲ]

ਚੜ੍ਹੀਆਂ । ਮੈਨੂੰ ਹੈਰਾਨੀ ਹੈ ਕਿ ਡਾਕਟਰ ਸਾਹਿਬ ਜਦ ਹੋਸ਼ ਵਿਚ ਸਨ ਤਾਂ ਬੇਹੋਸ਼ ਰਹੇ ਅਤੇ ਜਦ ਇਹ ਬੇਹੋਸ਼ ਹਨ ਤਾਂ ਹੋਸ਼ ਵਾਲੀਆਂ ਗੱਲਾਂ ਕਰਨ ਲੱਗ ਪਏ ਹਨ । ਜਿਨ੍ਹਾਂ ਲੋਕਾਂ ਦੀ ਖਾਤਰ ਕਾਂਗਰਸ ਪਾਰਟੀ ਨੇ ਏਡਾ ਲੰਮਾ ਸਮਾਂ ਰਾਜ ਕੀਤਾ ਅਤੇ ਕਈ ਪ੍ਰਕਾਰ ਦੀਆਂ ਆਵਾਜ਼ਾਂ ਕੱਢੀਆਂ—ਗਰੀਬੀ ਦੂਰ ਕਰਾਂਗੇ, ਬੇਰੋਜ਼ਗਾਰੀ ਦੂਰ ਕਰਾਂਗੇ ਅਤੇ ਤੁਹਾਨੂੰ ਚੁੱਕਾਂਗੇ; ਉਨ੍ਹਾਂ ਲੋਕਾਂ ਦਾ ਇਨ੍ਹਾਂ ਨੇ ਕੁਝ ਨਹੀਂ ਸੰਵਾਰਿਆ । ਨਾ ਤਾਂ ਉਨ੍ਹਾਂ ਦੀ ਗਰੀਬੀ ਦੂਰ ਹੋਈ ਅਤੇ ਨਾ ਹੀ ਉਨ੍ਹਾਂ ਦੀ ਕੋਈ ਹੋਰ ਮੁਸ਼ਕਲ ਦੂਰ ਹੋਈ ਲੇਕਿਨ ਕਾਂਗਰਸ ਪਾਰਟੀ ਦੀ ਇਕ ਗੱਲ ਜ਼ਰੂਰ ਸਿਰੇ ਚੜ੍ਹੀ । ਉਨ੍ਹਾਂ ਦੀ ਇਕ ਗੱਲ ਵਾਕਈ ਸਿਰੇ ਚੜ੍ਹ ਗਈ—ਉਪਰ ਚੁੱਕਣ ਵਾਲੀ । ਸੰਨ 1976 ਵਿਚ ਜ਼ਰੂਰ ਲੋਕਾਂ ਨੂੰ ਚੁੱਕਿਆ ਗਿਆ, ਪੱਥਰ ਤੋੜਦਿਆਂ ਨੂੰ, ਇੱਟਾਂ ਢੋਂਦਿਆਂ ਨੂੰ ਅਤੇ ਖੂਹਾਂ ਦੇ ਉਤੇ ਨਹਾਉਂਦਿਆਂ ਨੂੰ ਚੁੱਕਿਆ ਗਿਆ । ਉਹ ਜਿਹੜੀ ਚੁੱਕਣ ਵਾਲੀ ਗੱਲ ਸੀ, ਉਹ ਜ਼ਰੂਰ ਸਿਰੇ ਚੜ੍ਹੀ । ਇਸ ਚੁੱਕਣ ਦੇ ਮੁਤਲਿਕ ਮੈਂ ਕੁਝ ਸ਼ਬਦ ਬੋਲਾਂਗਾ । ਉਸ ਵੇਲੇ ਹਾਹਾਕਾਰ ਮੱਚ ਗਈ ਸੀ ਸਾਰੇ ਦੇਸ਼ ਦੇ ਅੰਦਰ । ਦੇਸ਼ ਆਜ਼ਾਦ ਕਰਾਇਆ ਸ਼ਹੀਦਾਂ ਨੇ ਬਲੀਦਾਨ ਦੇ ਕੇ, ਜੇਲ੍ਹਾਂ ਦੀ ਹਵਾ ਖਾ ਕੇ, ਡਾਂਗਾਂ ਖਾ ਕੇ ਲੇਕਿਨ ਇਸ ਆਜ਼ਾਦ ਦੇਸ਼ ਅੰਦਰ ਉਸ ਵੇਲੇ ਹਾਹਾਕਾਰ ਮੱਚ ਗਈ ਜਦੋਂ ਲੋਕਾਂ ਨੂੰ ਚੁੱਕਿਆ ਗਿਆ । ਮੈਂ ਉਸ ਵੇਲੇ ਵੀ ਇਹ ਸ਼ਬਦ ਕਹੇ ਸੀ ਅਤੇ ਅੱਜ ਵੀ ਕਹਾਂਗਾ—

"ਹਾਹਾਕਾਰ ਮੱਚ ਗਈ ਸਾਡੇ ਦੇਸ਼ ਅੰਦਰ, ਤੁਸੀਂ ਚੁੱਪ ਸੀ ਤਾਂ ਚੁੱਪ ਸੀ ਕਿਉਂ ਲੋਕੋ । ਜੀਪ ਦੇਖ ਕੇ ਨਸਬੰਦੀ ਵਾਲਿਆਂ ਦੀ, ਵਿਚ ਝਾੜੀਆਂ ਜਾਂਦੇ ਸੀ ਛੁਪ ਲੋਕੋ । ਮੂੰਹ ਖੋਲ੍ਹ ਬਾਹਰ ਧਿਆਨ ਮਾਰੋ, ਹੁੰਦੀ ਪਈ ਸੀ ਵੱਢ ਤੇ ਟੁੱਕ ਲੋਕੋ । ਭਾਵੇਂ ਭੱਜ ਕੇ ਦੇਖ ਲਓ ਕਾਂਗਰਸੀਆਂ ਕੋਲੋਂ, ਇਕੱਲੇ ਇਕੱਲੇ ਨੂੰ ਚਿੱਤਾ ਸੀ ਟੁੱਕ ਲੋਕੋ ।"

ਚੇਅਰਮੈਨ ਸਾਹਿਬ, ਮੈਂ ਆਪਣੇ ਇਲਾਕੇ ਦੀ ਗੱਲ ਕਰਦਾ ਹਾਂ—ਹਲਕਾ ਨਰੋਟ ਮਹਿਰਾ ਦੀ । ਇਸ ਇਲਾਕੇ ਵਿਚ ਅਜੇ ਵੀ ਛੰਨਾਂ ਤੇ ਲੋਕਾਂ ਦੀਆਂ ਮੁਸ਼ਕਲਾਂ ਹਨ । ਅਜੇ ਤੱਕ ਵੀ ਕੱਚੀਆਂ ਛੰਨਾਂ, ਕੱਖਾਂ ਦੀਆਂ ਛਿਟੀਆਂ ਨਾਲ ਬਣੀਆਂ ਛੰਨਾਂ ਮੌਜੂਦ ਹਨ । ਕਿੰਨੇ ਸਾਲ ਇਨ੍ਹਾਂ ਨੇ ਰਾਜ ਕੀਤਾ ? ਚੇਅਰਮੈਨ ਸਾਹਿਬ, ਮੈਂ ਤੁਹਾਡੇ ਦੁਆਰਾ ਇਕ ਗੱਲ ਹਾਊਸ ਵਿਚ ਰੱਖਣਾ ਚਾਹੁੰਦਾ ਹਾਂ ਕਿ ਇਸ ਦੀ ਜੇਕਰ ਕਿਤੇ ਇਨਕੁਆਇਰੀ ਕੀਤੀ ਜਾਵੇ ਤਾਂ ਇਹ ਲੋਕ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਭਗਤੂ ਰਾਮ, ਜਗਤੂ ਰਾਮ, ਸੇਵਾ ਰਾਮ, ਮੇਵਾ ਰਾਮ, ਉਨ੍ਹਾਂ ਦੇ ਮਕਾਨਾਂ ਦੇ ਪਤਾ ਨਹੀਂ ਕਿੰਨੀ ਕਿੰਨੀ ਵਾਰੀ ਪੈਸੇ ਲੈ ਚੁੱਕੇ ਹਨ । ਇਕੋ ਹੀ ਮਕਾਨ ਦੀ ਪਤਾ ਨਹੀਂ 30-40-50 ਸਾਲ ਦੇ ਵਿਚ ਕਿੰਨੀ ਵਾਰੀ ਗਰਾਂਟ ਲਈ ਹੋਵੇਗੀ ਲੇਕਿਨ ਮਕਾਨ ਉਥੇ ਦੇ ਉਥੇ ਹੀ ਹਨ । ਮੈਂ ਪਿਛਲੇ ਮਹੀਨੇ ਆਪਣੇ ਇਲਾਕੇ ਵਿਚ ਗਿਆ । 13-14 ਆਦਮੀਆਂ ਨੇ ਕਿਹਾ ਕਿ ਸਰਪੰਚ ਨੇ ਬਾਰ੍ਹਾਂ ਤੇਰ੍ਹਾਂ ਸੌ ਰੁਪਿਆ ਲੈ ਲਿਆ ਕਿ ਕੱਚੇ ਮਕਾਨ ਤੋਂ ਪੱਕੇ ਬਣਾ ਦਿਆਂਗੇ ਪੈਸੇ ਬੜ੍ਹਕਾਅ ਦਿਉ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਡਾਕਟਰ ਸਾਹਿਬ ਅੱਗੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਪਰੰਪਰਾ ਸੀ ਕਿ ਪੈਸੇ ਲੈ ਲੈਣੇ, ਮਕਾਨ ਬਣਾਉਣੇ ਨਹੀਂ ਅਤੇ ਸਾਲ ਵੀ ਪੰਜ ਲੱਗ ਗਏ ਤਾਂ ਹੁਣ ਉਨ੍ਹਾਂ ਲੋਕਾਂ ਨੇ ਜਦੋਂ ਵੱਟਣਾ ਚੜ੍ਹਾਇਆ ਕਿ ਪੈਸੇ ਵਾਪਸ ਕਰ ਦਿਉ ਨਹੀਂ

ਤਾਂ ਜਲੀਲ ਕਰ ਦਿਆਂਗੇ ਤਾਂ ਉਹ ਪੈਸੇ ਟਰਨ ਬਾਈ ਟਰਨ ਵਾਪਸ ਕਰਨ ਲੱਗ ਗਏ। ਇਹ ਖੋਜਕੀ ਚੱਕ ਦੀ ਗੱਲ ਹੈ। ਉਸ ਤੋਂ ਅੱਗੇ ਪਿੰਡ ਦੁਨਾਲ ਦੀ ਪੰਚਾਇਤ ਹੈ। ਉਥੇ ਪਿੰਡ ਦੇ ਦੱਸ ਬੰਦੇ ਖੜ੍ਹੇ ਹੋ ਕੇ ਕਹਿਣ ਲੱਗੇ ਕਿ ਕਾਂਗਰਸ ਦੇ ਸਰਪੰਚ ਨੇ ਇਕ ਇਕ ਹਜ਼ਾਰ ਰੁਪਿਆ ਲਿਆ ਹੈ ਕੱਚਿਆਂ ਮਕਾਨਾਂ ਤੋਂ ਪੱਕੇ ਮਕਾਨ ਬਣਾਉਣ ਵਾਸਤੇ ਪਰ ਮਕਾਨ ਬਣੇ ਨਹੀਂ। ਉਹ ਪੰਜ ਸਾਲ ਕਿੱਥੇ ਰਹੇ ? ਚੇਅਰਮੈਨ ਸਾਹਿਬ, ਮੇਰੇ ਇਲਾਕੇ ਦੇ ਅੰਦਰ 48 ਸਾਲਾਂ ਤੋਂ ਇਕੋ ਹੀ ਪਾਰਟੀ ਦਾ ਐਮ. ਐਲ. ਏ. ਬਣਦਾ ਆ ਰਿਹਾ ਹੈ। ਇਕ ਐਮ. ਐਲ ਏ. ਨੂੰ 100 ਮਕਾਨ ਬਣਾਉਣ ਦਾ ਸਮਾਂ ਮਿਲਦਾ ਹੈ। 48 ਸਾਲਾਂ ਦੇ ਅੰਦਰ 4800 ਮਕਾਨ ਬਣਨਾ ਚਾਹੀਦਾ ਸੀ ਲੇਕਿਨ ਬਣਿਆ ਕੱਖ ਨਹੀਂ। ਕਿਹੜੇ ਕਿਹੜੇ ਸੱਜਣਾਂ ਨੇ ਪੈਸੇ ਲੈ ਕੇ, ਚੈਕ ਕੈਸ਼ ਕਰਵਾ ਕੇ ਖਾ ਲਏ, ਇਸ ਦੀ ਇਨਕੁਆਇਰੀ ਕੀਤੀ ਜਾਏ ਤਾਂ ਜਿਹੜੇ ਅਫਸਰ ਅਤੇ ਸਰਪੰਚ ਹਨ, ਉਨ੍ਹਾਂ ਦੇ ਬਿਸਤਰੇ ਬੱਝ ਜਾਣ। ਅੱਜ ਮੇਰੇ ਹਲਕੇ ਵਿਚ ਕੱਚੇ ਮਕਾਨ ਤੇ ਛੰਨਾਂ ਬਣੀਆਂ ਹੋਈਆਂ ਹਨ। ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦਾ ਬੜਾ ਧੰਨਵਾਦੀ ਹਾਂ ਜਿਨ੍ਹਾਂ ਨੇ ਮਕਾਨ ਬਣਾਉਣ ਲਈ 15,000/- ਤੋਂ 50,000/- ਰੁਪਿਆ ਕੀਤਾ। ਹੁਣ ਵੀ ਪਿੱਛੇ ਕਿਹਾ ਹੈ ਕਿ ਲਿਸਟ ਲਿਆਉ ਬਈ ਅਤੇ ਮਕਾਨ ਦਿਉ। ਅਸੀਂ ਇਸ ਲਿਸਟ ਵਿਚ ਉਹ ਲੋਕ ਲਏ ਹਨ ਜਿਹੜੇ ਕਿ ਗਰੀਬੀ ਦੀ ਰੇਖਾ ਤੋਂ ਬਹੁਤ ਹੇਠਾਂ ਹਨ। ਕਾਂਗਰਸ ਪਾਰਟੀ ਨੇ ਬੜੇ ਲੰਮੇ ਸਮੇਂ ਤੱਕ ਰਾਜ ਕੀਤਾ ਕਿ ਕਦੇ ਲਾਲ ਕਾਪੀ ਲੈ ਲਓ, ਕਦੇ ਪੀਲੀ ਕਾਪੀ ਲੈ ਲਓ, ਕਦੇ ਚਿੱਟੀ ਕਾਪੀ ਲੈ ਲਓ, ਡੌਂਡੇਰੂ ਵਜਾਉਂਦੇ ਵਜਾਉਂਦੇ ਕਿੰਨਾ ਹੀ ਰਾਜ ਕਰ ਲਿਆ। ਗਰੀਬਾਂ ਤੋਂ ਉਹ ਚੀਜ਼ਾਂ ਖੋਹ ਲਈਆਂ ਜਿਹੜੀਆਂ ਗਰੀਬ ਲੋਕਾਂ ਨੂੰ ਤੰਦਰੁਸਤ ਰੱਖਣ ਵਾਲੀਆਂ ਸਨ। ਉਹ ਸਾਰੀਆਂ ਚੀਜ਼ਾਂ ਖੋਹ ਲਈਆਂ। ਉਹ ਨਵੇਂ ਕਪੜੇ ਪਾਉਂਦੇ ਸੀ, ਪੁਰਾਣੇ ਤੇ ਆ ਗਏ, ਕਰੋਮ ਦੇ ਬੂਟ ਪਾਉਂਦੇ ਸੀ, ਗੁਰਗਾਬੀਆਂ ਪਾਉਂਦੇ ਸੀ, ਸਭ ਖੋਹ ਲਏ, ਪਲਾਸਟਿਕ ਤੇ ਆ ਗਏ। ਸੋਨਾ ਪਾਉਂਦੇ ਸੀ, ਚਾਂਦੀ ਤੇ ਆ ਗਏ। ਜਿਹੜਾ ਸਰੀਰ ਤੇ ਤੇਲ ਮਲਦੇ ਸੀ ਤੇਲ ਖੋਹ ਲਿਆ, ਸਾਬਣ ਮਲਦੇ ਸੀ ਸਾਬਣ ਖੋਹ ਲਿਆ। ਤਮਾਮ ਚੀਜ਼ਾਂ ਪਿਛਲੀ ਸਰਕਾਰ ਨੇ ਖੋਹ ਲਈਆਂ। ਪਤਾ ਨਹੀਂ ਇਹ ਕੀ ਕਾਰਣ ਸਨ ਬਾਕੀ ਦੀਆਂ ਸਭ ਚੀਜ਼ਾਂ ਮਹਿੰਗੀਆਂ ਕਰ ਦਿੱਤੀਆਂ ਪਰ ਕਾਂਗਰਸ ਸਰਕਾਰ ਦੀ ਮੈਂ ਇਕ ਗੱਲੋਂ ਜ਼ਰੂਰ ਸਿਫਤ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਇਕ ਚੀਜ਼ ਮਹਿੰਗੀ ਨਾ ਕੀਤੀ ਉਹ ਕੀ ਹੈ, ਉਹ ਹੈ ਝੂਠ। ਹਰ ਸਟੇਜ ਤੇ ਝੂਠ, ਉਹ ਲੈ ਲਓ, ਇਹ ਲੈ ਲਓ, ਫੜੋ ਲੈ ਜਾਉ, ਲੈ ਜਾਉ ਗੱਲੀ ਬਾਤੀਂ ਦੇ ਕੇ ਬੜਾ ਹੀ ਲੰਮਾ ਸਮਾਂ ਰਾਜ ਕੀਤਾ। ਅੱਜ ਮੈਂ ਡਾਕਟਰ ਸਾਹਿਬ ਜੋ ਤੁਸੀਂ ਮਤਾ ਰੱਖਿਆ ਹੈ, ਉਸ ਦਾ ਥੋੜ੍ਹਾ ਜਿਹਾ ਵਿਰੋਧ ਕਰਦਾ ਹਾਂ ਕਿਉਂਕਿ ਮੈਂ ਸ਼ਡਿਊਲਡ ਕਾਸਟ ਨਾਲ, ਛੋਟੀ ਕਾਸਟ ਨਾਲ ਸਬੰਧ ਰੱਖਦਾ ਹਾਂ। ਮਤਾ ਇਹ ਜ਼ਰੂਰ ਅੱਛਾ ਹੈ ਲੇਕਿਨ ਜਦੋਂ ਤੁਸੀਂ ਘੋੜੇ ਦੇ ਉਪਰ ਚੜ੍ਹੇ ਹੋਏ ਸੀ, ਜਦੋਂ ਤੁਹਾਡੇ ਕੋਲ ਸੋਹਣੀ ਕਾਠੀ ਸੀ, ਲਗਾਮ ਤੁਹਾਡੇ ਕੋਲ ਸੀ, ਉਦੋਂ ਤੁਸੀਂ ਮੂੰਹ ਕੱਢ ਲਿਆ ਅਤੇ ਜਿਧਰ ਪੂੰਛ ਹੁੰਦੀ ਹੈ ਉਧਰ ਤੁਸੀਂ ਗਰੀਬਾਂ ਵੱਲ ਧਿਆਨ ਹੀ ਨਹੀਂ ਮਾਰਿਆ। (ਥੰਪਿੰਗ) ਜੇ ਉਦੋਂ ਧਿਆਨ ਮਾਰਿਆ ਹੁੰਦਾ ਤਾਂ ਅੱਜ ਅਸੀਂ ਇਸ ਮਤੇ ਨੂੰ ਲਾਜ਼ਮੀ ਪਾਸ ਕਰਵਾ ਦਿੰਦੇ। ਤੁਸੀਂ ਤਾਂ ਗਰੀਬਾਂ ਨੂੰ ਨਾਹਰੇ ਬੋਲ ਬੋਲ ਕੇ ਖੋਖਲਾ

[ਸ੍ਰੀ ਰਾਮ ਲਾਲ]

ਕਰ ਛੱਡਿਆ ਹੈ । ਨਾਹਰੇ ਬੋਲ ਬੋਲ ਕੇ ਲੋਕਾਂ ਦੇ ਪੇਟ ਨਹੀਂ ਭਰੇ । ਇਸ ਲਈ ਮੈਂ ਖਾਸ ਕਰ ਕੇ ਡਾਕਟਰ ਸਾਹਿਬ ਦੀ ਕੋਈ ਜ਼ਿਆਦਾ ਵਿਰੋਧਤਾ ਨਹੀਂ ਕਰ ਰਿਹਾ । ਮੈਂ ਮਿੱਠੇ ਢੰਗ ਨਾਲ, ਮਿੱਠੇ ਸ਼ਹਿਦ ਦੀ ਤਰ੍ਹਾਂ ਉਨ੍ਹਾਂ ਦਾ ਵਿਰੋਧ ਕਰ ਰਿਹਾ ਹਾਂ । ਮੈਂ ਇਨ੍ਹਾਂ ਸ਼ਬਦਾਂ ਨਾਲ ਇਸ ਮਤੇ ਦੀ ਬਹੁਤ ਜ਼ਿਆਦਾ ਸਖਤ ਨਿਖੇਧੀ ਕਰਨੀ ਚਾਹੁੰਦਾ ਹਾਂ ਅਤੇ ਮਕਾਨਾਂ ਦੇ ਬਾਰੇ ਇਕ ਚੀਜ਼ ਹੋਰ ਕਹਿਣੀ ਚਾਹੁੰਦਾ ਹਾਂ ਕਿ ਜੇ ਮੈਂ ਪਿੰਡ ਗਿਣਕੇ ਦੱਸਣ ਲੱਗਾਂ, ਮੇਰੇ ਇਲਾਕੇ ਵਿਚ ਗੋਬਿੰਦਪੁਰ ਪਿੰਡ ਹੈ । ਪੈਸੇ ਲੋਕਾਂ ਤੋਂ ਸਰਪੰਚ ਨੇ ਲੈ ਲਏ ਹਨ । ਜਦ ਮੈਂ ਟੂਰ ਤੇ ਗਿਆ, ਦਸ ਬਾਰ੍ਹਾਂ ਲੋਕ ਸਟੇਜ ਤੇ ਆ ਖੜ੍ਹੇ ਹੋ ਗਏ ਕਿ ਸਾਡੀ ਗਰਾਂਟ ਮਨਜ਼ੂਰ ਹੋ ਗਈ ਹੈ ਲੇਕਿਨ ਦੋ ਹਜ਼ਾਰ ਇੱਟਾਂ ਪਿਛਲੇ ਦੋ ਸਾਲਾਂ ਤੋਂ ਪਈਆਂ ਹਨ । ਮਕਾਨ ਕੋਈ ਨਹੀਂ ਬਣਾਉਂਦਾ । ਮੈਂ ਸਰਪੰਚ ਨੂੰ ਪੁੱਛਿਆ ਕਿ ਮਕਾਨ ਕਿਉਂ ਨਹੀਂ ਬਣਾਉਂਦਾ ਤਾਂ ਕਹਿੰਦਾ ਹੈ ਕਿ ਜਿੰਨੇ ਪੈਸੇ ਮਿਲੇ, ਉਸ ਦੀਆਂ ਮੈਂ ਇੱਟਾਂ ਲੈ ਆਂਦੀਆਂ । ਮੈਂ ਪੁੱਛਿਆ ਕਿ ਬਾਕੀ ਪੈਸੇ ਕਿੱਥੇ ਕਿੱਥੇ ਵੰਡੇ ਹਨ ? ਚੇਅਰਮੈਨ ਸਾਹਿਬ, ਕਿਸੇ ਗੱਲ ਦੀ ਕੋਈ ਪੁੱਛ ਗਿੱਛ ਹੀ ਨਹੀਂ ਸੀ । ਪਿੰਡਾਂ ਦੇ ਅੰਦਰ ਤਿੰਨ-ਤਿੰਨ ਚਾਰ-ਚਾਰ ਹਜ਼ਾਰ ਇੱਟਾਂ ਪਈਆਂ ਹਨ । ਇਕ ਰਾਏਪੁਰ ਹੈ, ਉਸ ਦਾ ਨਾਂ ਵੀ ਚੰਡੀਗੜ੍ਹ ਹੀ ਹੈ । ਇਹ ਮੇਰੇ ਇਲਾਕੇ ਅੰਦਰ ਫਿਲੌਰ ਲਾਗੇ ਹੈ । ਉਥੇ ਸਰਪੰਚ ਤਰਸੇਮ ਲਾਲ ਹੈ । ਮੈਂ ਟੂਰ ਤੇ ਗਿਆ । ਉਥੇ ਇੱਟਾਂ ਦਾ ਢਾਲ ਲੱਗਾ ਹੋਇਆ ਸੀ । ਲੋਕਾਂ ਦੇ ਘਰਾਂ ਵਿਚ ਤਿੰਨ ਹਜ਼ਾਰ, ਚਾਰ ਹਜ਼ਾਰ ਦਾ, ਇੱਟਾਂ ਨੂੰ ਜਿਲਬ ਲੱਗ ਗਈ । ਲੇਕਿਨ ਕਿਸੇ ਦਾ ਮਕਾਨ ਨਾ ਬਣਿਆ । ਉਹ ਪੈਸੇ ਕੌਣ ਲੈ ਗਿਆ......

ਸ੍ਰੀ ਸਭਾਪਤੀ : ਸ੍ਰੀ ਰਾਮ ਲਾਲ ਜੀ, ਹੁਣ ਤੁਸੀਂ ਵਾਈਂਡ-ਅੱਪ ਕਰੋ ।

ਸ੍ਰੀ ਰਾਮ ਲਾਲ : ਇਕ ਵੀ ਮਕਾਨ ਨਹੀਂ ਬਣਿਆ । ਉਹ ਪੈਸਾ ਕੌਣ ਲੈ ਕੇ ਗਿਆ, ਪੈਸਾ ਕਿਥੇ ਚਲਾ ਗਿਆ ?

ਸ੍ਰੀ ਸਭਾਪਤੀ : ਰਾਮ ਲਾਲ ਜੀ, ਵਾਈਂਡ-ਅੱਪ ਕਰੋ ।

ਸ੍ਰੀ ਰਾਮ ਲਾਲ : ਮੇਰੀ ਸਰਕਾਰ ਸਭ ਦੀ ਸਾਂਝੀ ਸਰਕਾਰ ਹੈ । ਅਸੀਂ ਆਸ ਕਰਦੇ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਲੋਂ ਜਿਹੜੀਆਂ ਗੱਲਾਂ ਬੋਲੀਆਂ ਗਈਆਂ ਹਨ, ਉਨ੍ਹਾਂ ਨੂੰ ਪੂਰਾ ਕਰਨ ਦੇ ਯਤਨ ਕੀਤੇ ਜਾਣਗੇ । ਹੁਣ ਲੋਕਾਂ ਨੂੰ ਪਤਾ ਲਗ ਗਿਆ ਹੈ ਕਿ ਜਿਹੜੇ ਇਹ ਹੁਣ 10-12 ਦੀ ਗਿਣਤੀ ਵਿਚ ਬੈਠੇ ਹਨ, ਸਾਡੇ ਵਿਚੋਂ ਤੇ ਇਨ੍ਹਾਂ ਵਿਚੋਂ ਕਿਹੜੇ ਖ਼ਿਆਲੀ ਪੁਲਾਓ ਬਣਾਉਂਦੇ ਹਨ ਅਤੇ ਕਿਹੜੇ ਸਹੀ ਕੰਮ ਕਰਦੇ ਹਨ । ਪਿਛਲੀ ਬਰਨਾਲਾ ਸਾਹਿਬ ਦੀ ਸਰਕਾਰ ਸਮੇਂ ਮੈਂ 18 ਮਹੀਨਿਆਂ ਵਿਚ 500 ਗਰੀਬ ਘਰਾਂ ਦੀਆਂ ਛੰਨਾਂ ਵਿਚ ਵਾਇਰਿੰਗ ਕਰਵਾ ਕੇ, ਮੀਟਰ ਲਗਵਾ ਕੇ, ਇਕ ਬਲਬ ਜਗਾ ਕੇ ਰੋਸ਼ਨੀ ਕਰਵਾਈ ਸੀ.... .(ਵਿਘਨ)

ਸ੍ਰੀ ਸਭਾਪਤੀ : ਰਾਮ ਲਾਲ ਜੀ, ਵਾਈਂਡ-ਅੱਪ ਕਰੋ ।

ਸ਼੍ਰੀ ਰਾਮ ਲਾਲ : ਜੇਕਰ ਉਹ ਸਰਕਾਰ ਪੰਜ ਸਾਲ ਚਲਦੀ ਤਾਂ ਇਸ ਵੇਲੇ ਚਾਰੇ ਪਾਸੇ ਜਗਮਗ-ਜਗਮਗ ਹੁੰਦੀ । ਇਸ ਦੇ ਨਾਲ ਹੀ ਮੈਂ ਇਸ ਮਤੇ ਦੀ ਤਕੜੀ ਵਿਰੋਧਤਾ ਕਰਦਾ ਹਾਂ । ਮੈਂ ਤਾਂ ਕਹਾਂਗਾ ਕਿ ਭਰਾਵੋ ਹੁਣ ਜਾਣ ਦਿਓ, ਹੁਣ ਸਾਨੂੰ ਵੀ ਕੁਝ ਕਰਨ ਦਿਓ । ਜੈ ਹਿੰਦ ।

ਚੌਧਰੀ ਸਵਰਨਾ ਰਾਮ (ਫਗਵਾੜਾ, ਐਸ.ਸੀ.) : ਆਰਥਿਕ ਤੌਰ ਤੇ ਕਮਜ਼ੋਰ ਵਿਅਕਤੀਆਂ ਨੂੰ ਮਕਾਨ ਬਣਾ ਕੇ ਦੇਣ ਦੀ ਚਰਚਾ ਡਾਕਟਰ ਹਰਬੰਸ ਲਾਲ ਜੀ ਨੇ ਸ਼ੁਰੂ ਕੀਤੀ ਹੈ । ਹਰ ਆਦਮੀ ਚਾਹੇ ਉਹ ਵਿਦੇਸ਼ ਵਿਚ ਬੈਠਾ ਹੈ, ਚਾਹੇ ਦੇਸ਼ ਵਿਚ ਬੈਠਾ ਹੈ, ਉਸ ਨੂੰ ਇਸ ਗੱਲ ਦੀ ਤਾਂਘ ਹੁੰਦੀ ਹੈ ਕਿ ਮੇਰੇ ਕੋਲ ਕੋਈ ਘਰ ਹੋਵੇ । ਜਿਹੜਾ ਆਦਮੀ ਮਜ਼ਦੂਰੀ ਕਰਦਾ ਹੈ ਉਸ ਨੂੰ ਵੀ ਇਸ ਗੱਲ ਦੀ ਤਾਂਘ ਹੁੰਦੀ ਹੈ ਕਿ ਉਸ ਨੇ ਵਾਪਸ ਆਪਣੇ ਘਰ ਆਪਣੇ ਬੱਚਿਆਂ ਦੇ ਕੋਲ ਜਾਣਾ ਹੈ । ਜਿਹੜਾ ਕੋਈ ਨੌਕਰੀ ਕਰਦਾ ਹੈ ਉਸ ਦੀ ਵੀ ਤਾਂਘ ਹੁੰਦੀ ਹੈ ਕਿ ਉਹ ਸ਼ਾਮ ਨੂੰ ਘਰ ਆਪਣੇ ਬੱਚਿਆਂ ਦੇ ਨਾਲ ਸਮਾਂ ਗੁਜ਼ਾਰੇ । ਗਰੀਬ ਆਦਮੀ ਦੀ ਹਿੰਮਤ ਨਹੀਂ ਹੁੰਦੀ ਕਿ ਉਹ ਮਕਾਨ ਬਣਾ ਸਕੇ । ਉਹ ਮਕਾਨਾਂ ਤੋਂ ਸੱਖਣੇ ਹਨ ਅਤੇ ਉਨ੍ਹਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਮਕਾਨ ਬਣਾ ਕੇ ਦਿੱਤਾ ਜਾਵੇ । ਪਰ ਡਾਕਟਰ ਹਰਬੰਸ ਲਾਲ ਜੀ ਨੇ ਜਿਸ ਢੰਗ ਨਾਲ ਇਸ ਵਿਸ਼ੇ ਨੂੰ ਪੁੱਟ ਕੀਤਾ ਹੈ, ਉਹ ਵਿਸ਼ਾ ਧੁੰਦਲਾ ਹੈ ਅਤੇ ਅਨਡਿਸਾਈਸਿਵ ਹੈ । ਇਹ ਕੋਈ ਨਿਰਣਾ ਹੀ ਨਹੀਂ ਹੁੰਦਾ ਕਿ ਇਹ ਮਕਾਨ ਸਮਾਜਕ ਤੌਰ ਤੇ, ਆਰਥਿਕ ਤੌਰ ਤੇ ਜਾਂ ਐਜੂਕੇਸ਼ਨ ਵਿਚ ਪਛੜੇ ਵਰਗ ਦੇ ਲੋਕਾਂ ਨੂੰ ਬਣਾ ਕੇ ਦੇਣੇ ਚਾਹੀਦੇ ਹਨ ਜਾਂ ਕਿ ਉਨ੍ਹਾਂ ਨੇ ਇਹ ਮਤਾ ਇਸ ਗੱਲ ਲਈ ਰੱਖਿਆ ਹੈ ਕਿ ਕੇਵਲ ਆਰਥਿਕ ਤੌਰ ਤੇ ਪਛੜੇ ਵਰਗ ਦੇ ਲੋਕਾਂ ਨੂੰ ਮਕਾਨ ਬਣਾ ਕੇ ਦੇਣੇ ਹਨ । ਕਿਉਂਕਿ ਉਨ੍ਹਾਂ ਨੇ ਅਨੁਸੂਚਿਤ ਜਾਤੀਆਂ ਦੀ ਕੋਈ ਗੱਲ ਨਹੀਂ ਆਖੀ । ਤੁਸੀਂ ਪੜ੍ਹਿਆ ਹੋਵੇਗਾ, ਇਨ੍ਹਾਂ ਲਾਈਨਾਂ ਨੂੰ ਪੜ੍ਹੋ, ਉਨ੍ਹਾਂ ਨੇ ਅਨੁਸੂਚਿਤ ਜਾਤੀਆਂ ਦੀ ਕੋਈ ਗੱਲ ਨਹੀਂ ਕਹੀ । ਇਹ ਤਾਂ ਉਨ੍ਹਾਂ ਨੇ ਕੇਵਲ ਵੋਟ ਬੈਂਕ ਦੀ ਖਾਤਰ ਹੀ ਗੱਲ ਕਹੀ ਹੈ । ਇਹ ਹਾਲੇ ਵੀ ਕੁਰਸੀ ਦੀ ਲਾਲਸਾ ਨਹੀਂ ਛੱਡਦੇ । ਹਾਲੇ ਵੀ ਕੁਰਸੀ ਦੀ ਲਾਲਸਾ ਇਨ੍ਹਾਂ ਨੂੰ ਸਤਾਉਂਦੀ ਹੈ । ਇਸ ਵਿਚ ਇਕ ਵੀ ਸ਼ਬਦ ਅਨੁਸੂਚਿਤ ਜਾਤੀਆਂ ਦੇ ਲੋਕਾਂ ਬਾਰੇ ਨਹੀਂ ਜਿਨ੍ਹਾਂ ਨੂੰ ਕਿ ਮਕਾਨਾਂ ਦੀ ਬਹੁਤ ਸਖਤ ਜ਼ਰੂਰਤ ਹੈ । ਮਤੇ ਵਿਚ ਇਸ ਤਰ੍ਹਾਂ ਦੀ ਇਕ ਵੀ ਗੱਲ ਨਹੀਂ ਕਹੀ ਗਈ । ਕੇਵਲ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਮਕਾਨ ਦੇਣ ਬਾਰੇ ਗੱਲ ਕਹੀ ਗਈ ਹੈ । ਆਰਥਿਕ ਤੌਰ ਤੇ ਤਾਂ ਕੋਈ ਵੀ ਕਮਜ਼ੋਰ ਹੋ ਸਕਦਾ ਹੈ । ਅੱਜ ਇਨ੍ਹਾਂ ਨੂੰ ਚੇਤਾ ਆਇਆ ਹੈ ਕਿ ਆਰਥਿਕ ਤੌਰ ਤੇ ਪਛੜੇ ਵਰਗ ਦੇ ਲੋਕਾਂ ਨੂੰ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ ਪਰ ਇਹ ਚੇਤਾ ਇਨ੍ਹਾਂ ਨੂੰ ਬੜੀ ਦੇਰ ਬਾਅਦ ਆਇਆ ਹੈ । ਜਦੋਂ ਇਨ੍ਹਾਂ ਨੇ ਆਪਣਾ ਪੰਜ ਸਾਲ ਦਾ ਸਮਾਂ ਕੱਢਿਆ ਉਦੋਂ ਇਨ੍ਹਾਂ ਨੂੰ ਪਤਾ ਨਹੀਂ ਲੱਗਾ ਕਿ ਲੋਕਾਂ ਨੂੰ ਮਕਾਨ ਵੀ ਚਾਹੀਦੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਤੁਹਾਡੀ ਸਰਕਾਰ ਸੀ, ਸਭਾਨੇ ਤੋਂ ਲੈ ਕੇ ਲਾਅ ਕਾਲਜ, ਜਲੰਧਰ ਤੱਕ ਸਾਢੇ ਤਿੰਨ ਕਿਲੋਮੀਟਰ ਇਕ ਨਹਿਰ ਹੈ । ਗਰੀਬ ਲੋਕਾਂ ਨੇ ਮੰਗ ਕੀਤੀ ਕਿ ਇਹ ਨਹਿਰ ਬੰਦ ਹੋ ਗਈ ਹੈ । ਜਿੰਨੀ ਇਸ ਦੀ ਜ਼ਮੀਨ ਹੈ ਉਹ ਸਾਰਿਆਂ ਵਿਚ ਤਕਸੀਮ ਕਰ ਦਿੱਤੀ ਜਾਵੇ । ਉਥੇ ਅਬਾਦਪੁਰਾ, ਭਾਰਗੋ

[ਚੌਧਰੀ ਸਵਰਨਾ ਰਾਮ]

ਕੈਂਪ ਅਤੇ ਹੋਰ ਵੱਡੀਆਂ ਬਸਤੀਆਂ ਲਗਦੀਆਂ ਹਨ । ਉਨ੍ਹਾਂ ਨੂੰ ਉਥੇ ਮਕਾਨ ਬਣਾ ਕੇ ਨਹੀਂ ਦਿੱਤੇ । ਚੇਅਰਮੈਨ ਸਾਹਿਬ, ਇਹ ਗੱਲ ਹਾਊਸ ਵਿਚ ਦੱਸਦੇ ਹੋਏ ਬੜਾ ਅਫਸੋਸ ਹੁੰਦਾ ਹੈ ਕਿ ਗਰੀਬਾਂ ਨੂੰ ਉਹ ਜ਼ਮੀਨ ਨਹੀਂ ਦਿੱਤੀ, ਇਕ ਮਕਾਨ ਵੀ ਬਣਾ ਕੇ ਨਹੀਂ ਦਿੱਤਾ ਪਰ ਸਾਰੀ ਨਹਿਰ ਦੀ ਜ਼ਮੀਨ ਤੇ ਕਬਜ਼ਾ ਕਰ ਲਿਆ ।

*1.25 ਵਜੇ ਬਾਅਦ ਦੁਪਹਿਰ | (ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਇਕ ਬਹੁਤ ਵੱਡੇ ਧਨਾਢ ਸਨ, ਆਪਣੇ ਆਪ ਨੂੰ ਕਹਿੰਦੇ ਕਹਾਉਂਦੇ ਵਿਧਾਇਕ ਸਨ ਅਤੇ ਕੁਝ ਵਜ਼ੀਰ ਵੀ ਰਹੇ ਹਨ, ਉਨ੍ਹਾਂ ਨੇ ਸਭ ਤੋਂ ਪਹਿਲਾਂ ਉਥੇ ਕੋਠੀਆਂ ਤਿਆਰ ਕੀਤੀਆਂ । ਜਲੰਧਰ ਜ਼ਿਲ੍ਹੇ ਦਾ ਕੋਈ ਐਮ.ਐਲ.ਏ. ਨਹੀਂ ਬਚਿਆ ਜਿਸ ਨੇ ਉਥੇ ਕਬਜ਼ਾ ਨਹੀਂ ਕੀਤਾ । ਉਥੇ ਇਨ੍ਹਾਂ ਦੇ ਬੰਦਿਆਂ ਨੇ ਕਬਜ਼ਾ ਕੀਤਾ । ਉਸ ਜ਼ਮੀਨ ਸਬੰਧੀ ਜਦੋਂ ਸਵਾਲ ਮੇਰੇ ਵਲੋਂ ਗਰੀਵੈਂਸਿਜ਼ ਕਮੇਟੀ ਵਿਚ ਉਠਾਇਆ ਗਿਆ । ਉਸ ਵੇਲੇ ਡਾਕਟਰ ਕੇਵਲ ਕ੍ਰਿਸ਼ਨ ਜਿਹੜੇ ਵਿੱਤ ਮੰਤਰੀ ਸਨ, ਗਰੀਵੈਂਸਿਜ਼ ਕਮੇਟੀ ਦੇ ਚੇਅਰਮੈਨ ਸਨ, ਤਾਂ ਮੈਂ ਕਿਹਾ ਕਿ ਤੁਸੀਂ ਪੂਰਾ ਪਤਾ ਕਰੋ ਕਿ ਇਹ ਜਿਹੜੀ ਜ਼ਮੀਨ ਹੈ, ਜਿਸ ਤੇ ਨਜਾਇਜ਼ ਕਬਜ਼ਾ ਕੀਤਾ ਗਿਆ ਹੈ, ਇਸ ਦਾ ਤਖਮੀਨਾ ਕਿੰਨਾ ਬਣਦਾ ਹੈ । ਉਸ ਸਾਰੀ ਜ਼ਮੀਨ ਦਾ ਤਖਮੀਨਾ ਬਣਾਇਆ ਗਿਆ ਅਤੇ ਤਕਰੀਬਨ 84 ਕਰੋੜ ਰੁਪਏ ਉਸ ਜਾਇਦਾਦ ਦਾ ਤਖਮੀਨਾ ਬਣਿਆ ਜਿਸ ਤੇ ਉਨ੍ਹਾਂ ਨੇ ਕਬਜ਼ਾ ਕੀਤਾ ਸੀ । ਉਹ ਸਰਕਾਰ ਦੀ ਨਹਿਰ ਹੈ ਅਤੇ ਇਰੀਗੇਸ਼ਨ ਵਿਭਾਗ ਦੀ ਪ੍ਰਾਪਰਟੀ ਹੈ । ਉਸ ਨਹਿਰ ਦੀ ਕੀਮਤ 84 ਕਰੋੜ ਰੁਪਏ ਦੀ ਬਣੀ ਸੀ, ਉਹ ਵੀ ਅੱਜ ਤੋਂ ਸੱਤ ਸਾਲ ਪਹਿਲਾਂ ਦੀ ਅਤੇ ਹੁਣ ਤਾਂ ਉਸ ਦੀ ਕੀਮਤ ਹੋਰ ਵੀ ਵਧ ਗਈ ਹੋਵੇਗੀ ਕਿਉਂਕਿ ਪ੍ਰਾਪਰਟੀ ਦੀ ਕੀਮਤ ਬਹੁਤ ਵਧੀ ਹੈ । ਜਦੋਂ ਮੈਂ ਇਸ ਸਬੰਧੀ ਇਨਕੁਆਰੀ ਕੀਤੀ ਤਾਂ ਉਸ ਸਮੇਂ ਸ੍ਰੀ ਕਾਲੀਆ ਜੀ ਵੀ ਮੇਰੇ ਨਾਲ ਸਨ । ਜਦੋਂ ਅਸੀਂ ਰੌਲਾ ਪਾਇਆ ਤਾਂ ਪਹਿਲਾਂ ਪੰਜ ਦੇ ਵਿਰੁੱਧ ਕੇਸ ਦਰਜ ਹੋਇਆ, ਫਿਰ 20 ਦੇ ਵਿਰੁੱਧ ਕੇਸ ਦਰਜ ਹੋਇਆ ਅਤੇ ਫਿਰ 100 ਦੇ ਕਰੀਬ ਅਤੇ ਹੁਣ 153 ਦੇ ਵਿਰੁੱਧ ਕੇਸ ਦਰਜ ਹੋਇਆ ਹੈ । ਉਹ ਸਾਰੇ ਦੇ ਸਾਰੇ ਹੀ ਇਨ੍ਹਾਂ ਲੋਕਾਂ ਨਾਲ ਸਬੰਧਤ ਹਨ ਜਿਹੜੇ ਕਿ ਪਹਿਲਾਂ ਆਪਣੇ ਆਪ ਨੂੰ ਸਰਕਾਰੀ ਪਾਰਟੀ ਕਹਾਉਂਦੇ ਸੀ । ਉਨ੍ਹਾਂ ਵਿਚ ਕਈ ਵਿਧਾਇਕ ਅਤੇ ਮੰਤਰੀ ਵੀ ਸ਼ਾਮਿਲ ਸੀ । ਇਨ੍ਹਾਂ ਨੇ ਕਦੇ ਵੀ ਕਮਜ਼ੋਰ ਵਰਗਾਂ ਅਤੇ ਦਲਿਤਾਂ ਦੇ ਹਿਤਾਂ ਦਾ ਖਿਆਲ ਨਹੀਂ ਕੀਤਾ । ਮੈਂ ਕਹਿੰਦਾ ਹਾਂ ਕਿ ਜੇ ਇਹ ਮਕਾਨਾਂ ਦਾ ਮਸਲਾ ਹੱਲ ਕਰਨਾ ਚਾਹੁੰਦੇ ਸੀ ਤਾਂ ਉਹ ਨਹਿਰ ਦਾ ਜਿਹੜਾ ਕੁਲ ਰਕਬਾ ਸੀ ਉਸ ਨੂੰ ਖਾਲੀ ਕਰਵਾ ਕੇ ਉਥੇ ਹਜ਼ਾਰਾਂ ਮਕਾਨ ਬਣਾ ਸਕਦੇ ਸੀ, ਦੋ-ਦੋ ਮੰਜ਼ਲੇ ਬਣਾ ਸਕਦੇ ਸੀ, ਚਾਰ-ਚਾਰ ਮੰਜ਼ਲੇ ਬਣਾ ਸਕਦੇ ਸੀ ਅਤੇ ਉਥੇ ਗਰੀਬਾਂ ਨੂੰ ਜਿਨ੍ਹਾਂ ਕੋਲ ਘਰ ਨਹੀਂ, ਉਨ੍ਹਾਂ ਨੂੰ ਉਹ ਮਕਾਨ ਦਿੱਤੇ ਜਾ ਸਕਦੇ ਸੀ । ਲੇਕਿਨ ਇਨ੍ਹਾਂ ਨੂੰ ਉਸ ਵੇਲੇ ਇਹ ਗੱਲ ਯਾਦ ਨਹੀਂ ਆਈ ਅਤੇ ਹੁਣ ਇਨ੍ਹਾਂ ਨੂੰ ਕਮਜ਼ੋਰ ਵਰਗ ਦੇ ਲੋਕਾਂ ਦਾ ਚੇਤਾ ਆਇਆ ਹੈ । ਹੁਣ ਬਾਦਲ ਸਾਹਿਬ ਦੀ ਸਰਕਾਰ ਆਈ ਹੈ ਅਤੇ ਮੇਰੇ ਵੀਰ ਰਾਮ ਲਾਲ ਜੀ ਨੇ ਵੀ ਕਿਹਾ ਹੈ ਕਿ ਇਹ ਪਹਿਲਾਂ ਸੁੱਤੇ ਰਹੇ ਅਤੇ ਹੁਣ ਇਨ੍ਹਾਂ ਨੂੰ ਜਾਗ ਆਈ ਹੈ । ਇਹ ਹੁਣ ਕਹਿੰਦੇ ਹਨ ਕਿ ਆਰਥਿਕ ਤੌਰ ਤੇ ਪਛੜੇ ਹੋਏ ਲੋਕਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਣ ।

ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਰਥਿਕ ਤੌਰ ਤੇ ਪਛੜੇ ਹੋਏ ਲੋਕਾਂ ਨੂੰ ਹੀ ਮਕਾਨ ਬਣਾ ਕੇ ਦਿੱਤੇ ਜਾਣੇ ਚਾਹੀਦੇ ਹਨ ਜਾਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਵੀ ਦੇਣੇ ਚਾਹੀਦੇ ਹਨ ? ਜੋ ਅਨੁਸੂਚਿਤ ਜਾਤੀਆਂ ਲਈ ਰਿਜ਼ਰਵੇਸ਼ਨ ਹੋਈ ਹੈ, ਉਹ ਤਿੰਨ ਚੀਜ਼ਾਂ ਲਈ ਹੈ । ਪਹਿਲੀ ਐਜੂਕੇਸ਼ਨ ਵਿਚ, ਦੂਜੀ ਆਰਥਿਕ ਤੌਰ ਤੇ ਅਤੇ ਤੀਜੀ ਸਮਾਜਿਕ ਤੌਰ ਤੇ ਜੋ ਪਛੜੇ ਹੋਏ ਹਨ । ਇਨ੍ਹਾਂ ਤਿੰਨਾਂ ਮੁੱਦਿਆਂ ਤੇ ਰਿਜ਼ਰਵੇਸ਼ਨ ਕੀਤੀ ਜਾਵੇ, ਇਹ ਸੰਵਿਧਾਨ ਵਿਚ ਉਪਬੰਧ ਕੀਤਾ ਗਿਆ ਹੈ । ਸੰਵਿਧਾਨ ਦੇ ਮੁਤਾਬਿਕ ਵੀ ਇਨਾਂ ਨਾਲ ਸਮਾਜਿਕ ਨਾ-ਬਰਾਬਰਤਾ ਨਹੀਂ ਕਰ ਸਕਦੇ । ਇਸ ਮਤੇ ਵਿਚ ਅਨੁਸੂਚਿਤ ਜਾਤੀਆਂ ਦੀ ਗੱਲ ਨਹੀਂ ਕੀਤੀ ਗਈ ਬਲਕਿ ਬੜੀ ਗੋਲਮੋਲ ਗੱਲ ਕੀਤੀ ਗਈ ਹੈ । ਅੱਜ ਵੀ ਇਹ ਕੁਰਸੀ ਦੀ ਇੱਛਾ ਰੱਖਦੇ ਹਨ ਅਤੇ ਅੱਜ ਵੀ ਇਹ ਨਹੀਂ ਚਾਹੁੰਦੇ ਕਿ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਣ । ਇਹ ਜੋ ਮਤਾ ਰੱਖਿਆ ਗਿਆ ਹੈ ਇਹ ਬੜਾ ਹੇਰਾ ਫੇਰੀ ਅਤੇ ਦੁਵਿਧਾਪੂਰਬਕ ਮਤਾ ਹੈ । ਇਸ ਦੇ ਵਿਚ ਕਲੈਰਿਟੀ ਨਹੀਂ ਹੈ ਕਿ ਕਿਸ ਦੇ ਲਈ ਮਕਾਨ ਚਾਹੀਦੇ ਹਨ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਮਕਾਨ ਬਣਾ ਕੇ ਦੇਣਾ ਚਾਹੁੰਦੀ ਹੈ ਤਾਂ ਸਿਰਫ ਬਾਦਲ ਸਾਹਿਬ ਦੀ ਸਰਕਾਰ ਦੇਣਾ ਚਾਹੁੰਦੀ ਹੈ ਜਿਸ ਨੇ ਕਿਹਾ ਹੈ ਕਿ ਕੱਚੇ ਮਕਾਨਾਂ ਨੂੰ ਪੱਕਿਆਂ ਮਕਾਨਾਂ ਵਿਚ ਬਦਲ ਦਿੱਤਾ ਜਾਵੇਗਾ, ਜਿਨ੍ਹਾਂ ਕੋਲ ਮਕਾਨ ਨਹੀਂ ਹਨ ਉਨ੍ਹਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਣਗੇ, ਜੋ ਵਾਕਿਆ ਹੀ ਗਰੀਬ ਹਨ ਉਨ੍ਹਾਂ ਨੂੰ ਮਕਾਨ ਦਿੱਤੇ ਜਾਣਗੇ ਅਤੇ ਜੋ ਪਛੜੀਆਂ ਸ਼ਰੇਣੀਆਂ ਨਾਲ ਸਬੰਧਤ ਹਨ, ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਦੇ ਹਨ, ਉਨ੍ਹਾਂ ਨੂੰ 12,000 ਮਕਾਨ ਬਣਾ ਕੇ ਦਿੱਤੇ ਜਾਣਗੇ । ਇਸ ਦਾ ਸਿਹਰਾ ਬਾਦਲ ਸਾਹਿਬ ਨੂੰ ਜਾਂਦਾ ਹੈ । ਕਾਂਗਰਸ ਦੀ ਸਰਕਾਰ ਨੇ ਕਮਜ਼ੋਰ ਵਰਗਾਂ ਲਈ, ਦਲਿਤਾਂ ਲਈ ਕਦੇ ਨਹੀਂ ਸੋਚਿਆ । ਅੱਜ ਵੀ ਇਹ ਸਿਆਸੀ ਫਾਇਦੇ ਲੈਣ ਲਈ ਇਹ ਗੱਲ ਕਹਿ ਰਹੇ ਹਨ । ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਜੋ ਮੈਨੀਫੈਸਟੋ ਵਿਚ ਕਿਹਾ, ਕਰਕੇ ਦਿਖਾਇਆ ਹੈ ਅਤੇ ਬਜਟ ਵਿਚ ਵੀ ਪ੍ਰੋਵੀਜ਼ਨ ਰਖੀ ਹੈ । ਇਸ ਗੱਲ ਦੀ ਮਿਸਾਲ ਇਸ ਤੋਂ ਮਿਲਦੀ ਹੈ ਕਿ ਹਜ਼ਾਰਾਂ ਹੀ ਮਕਾਨ ਕਮਜ਼ੋਰ ਅਤੇ ਦਲਿਤ ਵਰਗ ਦੇ ਲੋਕਾਂ ਨੂੰ ਬਣਾ ਕੇ ਦਿੱਤੇ ਜਾਣਗੇ । ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਮੋਨਿਕਾ ਟਾਵਰ, ਜਲੰਧਰ ਵਿਖੇ ਜੋ ਹੈ, ਉਥੇ ਬੜਾ ਆਲੀਸ਼ਾਨ ਸਕੂਲ ਚਲਦਾ ਸੀ, ਅਤੇ ਗਰੀਬਾਂ ਦੇ ਬੱਚੇ ਉਥੇ ਪੜ੍ਹਦੇ ਸਨ..

Mr. Speaker : The House stands adjourned till 9.00 A.M. on Friday, the 13th June, 1997.

*1.30 P.M.

*(The Sabha then *adjourned till 9.00 A.M. on Friday, the 13th June, 1997)*

APPENDIX
TO
PUNJAB VIDHAN SABHA DEBATES

Dated 12th June, 1997

Vol. II—No. 3

UNSTARRED QUESTION AND ANSWER

ਬਟਾਲਾ ਵਿਚ ਆਡੀਟੋਰੀਅਮ ਦੀ ਉਸਾਰੀ

133. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਾਲ 1980 ਦੇ ਦੌਰਾਨ ਬਟਾਲਾ ਵਿਚ ਸਵਰਗੀ ਸ਼ਿਵ ਕੁਮਾਰ ਬਟਾਲਵੀ ਦੀ ਯਾਦ ਵਿਚ ਕਿਸੇ ਆਡੀਟੋਰੀਅਮ ਦਾ ਨੀਂਹ ਪੱਥਰ ਰੱਖਿਆ ਗਿਆ ਸੀ; ਜੇਕਰ ਅਜਿਹਾ ਹੈ, ਤਾਂ ਨੀਂਹ-ਪੱਥਰ ਕਿਸ ਨੇ ਰੱਖਿਆ ਸੀ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਆਡੀਟੋਰੀਅਮ ਮੁਕੰਮਲ ਹੋ ਚੁਕਾ ਹੈ ; ਜੇਕਰ ਅਜਿਹਾ ਹੈ, ਤਾਂ ਕਿਸ ਮਿਤੀ ਨੂੰ ?

ਡਾਕਟਰ ਉਪਿੰਦਰਜੀਤ ਕੌਰ : ਇਹ ਆਡੀਟੋਰੀਅਮ ਸਭਿਆਚਾਰਕ ਮਾਮਲੇ ਵਿਭਾਗ ਦਾ ਪ੍ਰੋਜੈਕਟ ਨਹੀਂ ਹੈ । ਕਿਉਂਕਿ ਇਹ ਸਵਾਲ ਮੇਰੇ ਨਾਂ ਤੇ ਪੁੱਛਿਆ ਗਿਆ ਹੈ, ਇਸ ਲਈ ਮੈਂ ਡੀ. ਸੀ. ਗੁਰਦਾਸਪੁਰ ਤੋਂ ਇਸ ਬਾਰੇ ਸੂਚਨਾ ਮੰਗਵਾਈ ਹੈ । ਡਿਪਟੀ ਕਮਿਸ਼ਨਰ ਗੁਰਦਾਸਪੁਰ ਤੋਂ ਪ੍ਰਾਪਤ ਹੋਇਆ ਉੱਤਰ ਹੇਠ ਲਿਖੇ ਅਨੁਸਾਰ ਹੈ :—

(ੳ) ਇਹ ਨੀਂਹ ਪੱਥਰ ਉਸ ਵੇਲੇ ਦੇ ਮਾਨਯੋਗ ਗਵਰਨਰ ਵਲੋਂ ਮਿਤੀ 15-12-1981 ਨੂੰ ਰੱਖਿਆ ਗਿਆ ਸੀ, ਨਾ ਕਿ ਸਾਲ 1980 ਵਿਚ ।

(ਅ) ਇਹ ਆਡੀਟੋਰੀਅਮ ਇਕ ਪ੍ਰਾਈਵੇਟ ਟਰਸਟ ਵਲੋਂ ਬਣਾਇਆ ਜਾ ਰਿਹਾ ਹੈ । ਇਹ ਅਜੇ ਤਕ ਮੁਕੰਮਲ ਨਹੀਂ ਹੋਇਆ ।

229—3-10-97 —305 —ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Published under the authority of the Punjab Vidhan Sabha and printed by the Controller, Printing & Stationery, Punjab at the Govt. Press, Patiala.

Punjab Vidhan Sabha Debates

13th June, 1997

Vol. II—No. 4

OFFICIAL REPORT

CONTENTS

Friday, the 13th June, 1997

Punjab Vidhan Sabha Secretariat, Chandigarh.

Price : Rs.

PUNJAB VIDHAN SABHA

Friday, the 13th June, 1997

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9.00 A.M. Mr. Speaker (Sardar Charnjit Singh Atwal) in the Chair.

STARRED QUESTIONS AND ANSWERS

ਕੱਚੇ ਆੜ੍ਹਤੀਆਂ ਨੂੰ ਅਦਾਇਗੀ ਯੋਗ ਕਮਿਸ਼ਨ ਦੇ ਦਰ ਦੀ ਸੋਧ

*359. **ਸ਼੍ਰੀ ਤਿਕਸ਼ਨ ਸੂਦ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) 'ਕੱਚੇ ਆੜ੍ਹਤੀਆਂ' ਨੂੰ ਇਸ ਸਮੇਂ ਕਿਸ ਦਰ ਤੇ ਕਮਿਸ਼ਨ ਵਸੂਲ ਕਰਨ ਦੀ ਇਜ਼ਾਜ਼ਤ ਹੈ ਅਤੇ ਇਹ ਦਰ ਕਿਸ ਤਰੀਕ ਤੋਂ ਪ੍ਰਚਲਿਤ ਹੈ;

(ਅ) ਕੀ ਸਰਕਾਰ ਦਾ ਉਪਰੋਕਤ ਭਾਗ (ੳ) ਵਿਚ ਵਰਣਿਤ ਕਮਿਸ਼ਨ ਦੀ ਦਰ ਨੂੰ ਵਧਾਉਣ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦਰ ਦੇ ਕਦੋਂ ਤੱਕ ਵਧਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਮਿਤੀ 16 ਅਪ੍ਰੈਲ,1990 ਤੋਂ 2% ਦੀ ਦਰ ਨਾਲ ।

(ਅ) ਜੀ ਨਹੀਂ ।

ਸ਼੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, 1990 ਤੋਂ ਬਾਅਦ ਆੜ੍ਹਤੀ ਭਰਾਵਾਂ ਦੀਆਂ ਸਹੂਲਤਾਂ ਵਿਚ ਵਾਧਾ ਕੀਤਾ ਗਿਆ ਹੈ ।- ਕੀ ਮੰਤਰੀ ਜੀ ਇਹ ਆਸ਼ਵਾਸਨ ਦੇਣਗੇ ਕਿ ਆੜ੍ਹਤ ਦੀ ਦਰ ਵਿਚ ਹੋਰ ਵਾਧਾ ਕੀਤਾ ਜਾਵੇਗਾ ਔਰ ਆੜ੍ਹਤੀਆਂ ਨੂੰ ਇਮੀਜੀਏਟ ਹੋਰ ਸਹੂਲਤਾਂ ਦਿਤੀਆਂ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਦੋ ਪਰਸੈਂਟ ਦੀ ਸਹੂਲਤ ਪਹਿਲਾਂ ਹੀ ਦਿਤੀ ਹੋਈ ਹੈ । ਹੁਣ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 417

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 443*

ਸ਼੍ਰੀ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ । ਇਹ ਇਕ ਹਫਤੇ ਦੀ ਹੈ ।

ਸਪੀਕਰ ਸਾਹਿਬ : ਅਗਲਾ ਸਵਾਲ, ਅਰਸ਼ੀ ਜੀ ।

(ਇਸ ਸਮੇਂ ਮਾਨਯੋਗ ਮੈਂਬਰ, ਕਾਮਰੇਡ ਹਰਦੇਵ ਅਰਸ਼ੀ ਸਦਨ ਵਿਚ ਦਾਖਲ ਹੋ ਰਹੇ ਸਨ ।)

ਤੁਸੀਂ ਤਾਂ ਬਹੁਤ ਸੀਨੀਅਰ ਮੈਂਬਰ ਹੋ । ਇਸ ਕਰਕੇ ਤੁਹਾਨੂੰ ਪਹਿਲਾਂ ਹੀ ਸਦਨ ਵਿਚ ਆ ਜਾਣਾ ਚਾਹੀਦਾ ਸੀ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਸੌਰੀ, ਸਰ । ਮੈਂ ਪਹਿਲੀ ਵਾਰ ਲੇਟ ਹੋਇਆ ਹਾਂ । ਮੇਰਾ ਸਵਾਲ ਨੰ: 376 ਹੈ ਜੀ ।

ਅੰਮ੍ਰਿਤਸਰ ਅਤੇ ਮਾਨਸਾ ਜ਼ਿਲ੍ਹਿਆਂ ਵਿਚ ਸਰਪੰਚਾਂ ਵਿਰੁੱਧ ਪੈਂਡਿੰਗ ਪੜਤਾਲਾਂ

*376. **ਕਾਮਰੇਡ ਹਰਦੇਵ ਅਰਸ਼ੀ:** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਜਦੋਂ ਮੌਜੂਦਾ ਸਰਕਾਰ ਸੱਤਾ ਵਿਚ ਆਈ, ਅੰਮ੍ਰਿਤਸਰ ਅਤੇ ਮਾਨਸਾ ਜ਼ਿਲ੍ਹਿਆਂ ਦੇ ਸਰਪੰਚਾਂ ਵਿਰੁੱਧ ਭ੍ਰਿਸ਼ਟਾਚਾਰ ਆਦਿ ਦੇ ਦੋਸ਼ਾਂ ਸਬੰਧੀ ਕੋਈ ਪੜਤਾਲਾਂ ਪੈਂਡਿੰਗ ਪਈਆਂ ਸਨ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੀ ਗਿਣਤੀ ਕਿੰਨੀ ਕਿੰਨੀ ਹੈ ਅਤੇ ਇਹ ਹਰ ਇਕ ਪੜਤਾਲ ਕਦੋਂ ਤੋਂ ਪੈਂਡਿੰਗ ਪਈ ਸੀ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮੁੱਖ-ਪੜਤਾਲਾਂ ਦੇ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਨਿਰਮਲ ਸਿੰਘ ਕਾਹਲੋਂ : (ੳ) ਹਾਂ, ਸ਼੍ਰੀਮਾਨ ਜੀ । ਜ਼ਿਲ੍ਹਾ ਅੰਮ੍ਰਿਤਸਰ ਅਤੇ ਮਾਨਸਾ ਵਿੱਚ ਕ੍ਰਮਵਾਰ 57 ਅਤੇ 26 ਅਜਿਹੀਆਂ ਪੜਤਾਲਾਂ ਪੈਂਡਿੰਗ ਹਨ ਜਿਨ੍ਹਾਂ ਵਿੱਚ ਸਰਪੰਚਾਂ ਵਿਰੁੱਧ ਪੰਚਾਇਤ ਫੰਡਾਂ ਦੇ ਗਬਨ ਦੇ ਦੋਸ਼ ਹਨ ।

---

*For Starred Question No. 443 and reply thereto, please see Debate dated 24-6-1997

ਅਜਿਹੀਆਂ ਪੜਤਾਲਾਂ ਦੀ ਗਿਣਤੀ ਅਤੇ ਲੰਬਿਤ ਹੋਣ ਦੀ ਮਿਤੀ ਬਾਰੇ ਵਿਵਰਣ ਅਨੁਲੱਗ 'ੳ' ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ਅ) ਇਹ ਪੜਤਾਲਾਂ ਤਕਰੀਬਨ ਛੇ ਮਹੀਨੇ ਵਿੱਚ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ।

ਅਨੁਲੱਗ 'ੳ'

ਅੰਮ੍ਰਿਤਸਰ ਅਤੇ ਮਾਨਸਾ ਜ਼ਿਲ੍ਹਿਆਂ ਵਿਚ ਮੌਜੂਦਾ ਸਰਕਾਰ ਦੇ ਹੋਂਦ ਵਿੱਚ ਆਉਣ ਸਮੇਂ ਜਿਹੜੇ ਜਿਹੜੇ ਸਰਪੰਚਾਂ ਵਿਰੁੱਧ ਭਰਿਸ਼ਟਾਚਾਰ ਦੇ ਦੋਸ਼ਾਂ ਸਬੰਧੀ ਲੰਬਤ ਇਨਕੁਆਰੀਆਂ ਸਨ, ਦਾ ਵਿਵਰਣ

ਲੜੀ ਨੰ:	ਬਲਾਕ ਦਾ ਨਾਂ	ਸਰਪੰਚ ਅਤੇ ਗਰਾਮ ਪੰਚਾਇਤ ਦਾ ਨਾਂ	ਲੰਬਿਤ ਇਨਕੁਆਰੀ ਹੋਣ ਦੀ ਮਿਤੀ
		ਜ਼ਿਲ੍ਹਾ ਅੰਮ੍ਰਿਤਸਰ	
1.	ਨੁਸ਼ਹਿਰਾ ਪੰਨੂਆਂ	(1) ਬਲਵੀਰ ਸਿੰਘ, ਸਰਪੰਚ ਗਰਾਮ ਪੰਚਾਇਤ, ਨੁਸ਼ਹਿਰਾ ਪੰਨੂਆਂ ।	30-4-96
		(2) ਰਾਮ ਸਿੰਘ, ਸਰਪੰਚ ਗਰਾਮ ਪੰਚਾਇਤ, ਕੁਹਾੜਕਾ ।	16-9-96
2.	ਮਜੀਠਾ	(3) ਕਸ਼ਮੀਰ ਸਿੰਘ, ਸਰਪੰਚ ਗਰਾਮ ਪੰਚਾਇਤ, ਅਬਦਾਲ ।	20-2-96
		(4) ਰਮੇਸ਼ ਕੁਮਾਰ, ਸਰਪੰਚ ਗਰਾਮ ਪੰਚਾਇਤ, ਗੋਪਾਲ ਪੁਰ ।	17-10-96
		(5) ਹਰਵਿੰਦਰ ਸਿੰਘ, ਸਰਪੰਚ ਗਰਾਮ ਪੰਚਾਇਤ, ਕੋਟਲਾ ਗੁਜ਼ਰਾ ।	9-9-94
3.	ਤਰਸਿੱਕਾ	(6) ਬਲਕਾਰ ਸਿੰਘ, ਸਰਪੰਚ ਗਰਾਮ ਪੰਚਾਇਤ, ਕੋਟ ਖਹਿਰਾ ।	17-4-95

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

ਲੜੀ ਨੰ:	ਬਲਾਕ ਦਾ ਨਾਂ		ਸਰਪੰਚ ਅਤੇ ਗਰਾਮ ਪੰਚਾਇਤ ਦਾ ਨਾਂ	ਲੰਬਿਤ ਇਨਕੁਆਰੀ ਹੋਣ ਦੀ ਮਿਤੀ
		(7)	ਦਲਵੀਰ ਸਿੰਘ, ਸਰਪੰਚ ਗਰਾਮ ਪੰਚਾਇਤ, ਸਾਧਪੁਰ ਚੁਗਾਵਾਂ ।	26-11-96
		(8)	ਮਲੂਕ ਸਿੰਘ, ਸਰਪੰਚ ਗਰਾਮ ਪੰਚਾਇਤ, ਘੌਘਾਟ ਵਿੰਡ ਮੁਸਲਮਾਨਾ ।	24-1-97
		(9)	ਸੁਖਦੇਵ ਸਿੰਘ, ਸਾਬਕਾ ਸਰਪੰਚ ਗਰਾਮ ਪੰਚਾਇਤ, ਘਨਸ਼ਾਮਪੁਰ ।	22-7-96
		(10)	ਤਰਲੋਕ ਸਿੰਘ, ਸਰਪੰਚ ਗਰਾਮ ਪੰਚਾਇਤ, ਅਟਵਾਲ, ਬਲਾਕ ਤਰਸਿੱਕਾ	14-9-94
4.	ਖਡੂਰ ਸਾਹਿਬ	(11)	ਪ੍ਰਤਾਪ ਸਿੰਘ, ਸਰਪੰਚ ਗਰਾਮ ਪੰਚਾਇਤ, ਖਡੂਰ ਸਾਹਿਬ ।	7-5-95
		(12)	ਕੁੰਦਨ ਸਿੰਘ, ਸਰਪੰਚ ਗਰਾਮ ਪੰਚਾਇਤ, ਜਲਾਲਾਬਾਦ ।	13-9-94
		(13)	ਕਰਨੈਲ ਸਿੰਘ, ਸਰਪੰਚ ਗਰਾਮ ਪੰਚਾਇਤ, ਖੋਜਕੀਪੁਰ ।	15-9-94
		(14)	ਸੇਵਾ ਸਿੰਘ, ਸਰਪੰਚ (ਮੁਅੱਤਲੀ ਅਧੀਨ) ਗਰਾਮ ਪੰਚਾਇਤ, ਸੰਗਰਕੋਟ ।	
		(15)	ਸੁਖਵਿੰਦਰ ਸਿੰਘ, ਸਰਪੰਚ ਗਰਾਮ ਪੰਚਾਇਤ, ਕੰਗ	28-1-97
		(16)	ਚਰਨ ਸਿੰਘ, ਸਰਪੰਚ ਗਰਾਮ ਪੰਚਾਇਤ, ਸਕਿਆ ਵਾਲੀ ।	6-9-94
		(17)	ਸੁਖਜਿੰਦਰ ਸਿੰਘ, ਸਰਪੰਚ ਗਰਾਮ ਪੰਚਾਇਤ, ਏਕਲ ਮੁੰਡਾ ।	24-1-97
		(18)	ਪਰਮਜੀਤ ਸਿੰਘ, ਸਰਪੰਚ ਗਰਾਮ ਪੰਚਾਇਤ, ਕੱਲਾ ।	7-12-95

ਲੜੀ ਨੰ:	ਬਲਾਕ ਦਾ ਨਾਂ	ਸਰਪੰਚ ਅਤੇ ਗਰਾਮ ਪੰਚਾਇਤ ਦਾ ਨਾਂ	ਲੰਬਿਤ ਇਨਕੁਆਰੀ ਹੋਣ ਦੀ ਮਿਤੀ
		(19) ਰਣਜੀਤ ਸਿੰਘ, ਅਧਿਕਾਰਤ ਪੰਚ, ਗਰਾਮ ਪੰਚਾਇਤ, ਗਗੜੇਵਾਲ ।	29-5-93
5.	ਚੋਗਾਵਾਂ	(20) ਦਿਲਬਾਗ ਸਿੰਘ, ਸਰਪੰਚ ਗਰਾਮ ਪੰਚਾਇਤ, ਡੱਲੇਕੇ ।	4-10-95
		(21) ਦਵਿੰਦਰ ਸਿੰਘ, ਸਰਪੰਚ ਗਰਾਮ ਪੰਚਾਇਤ, ਬੱਚੀ ਵਿੰਡ ।	24-2-94
		(22) ਸੁਖਦੇਵ ਸਿੰਘ, ਸਰਪੰਚ ਗਰਾਮ ਪੰਚਾਇਤ, ਕੋਲੋਵਾਲ ।	17-2-95
		(23) ਬਲਕਾਰ ਸਿੰਘ, ਸਰਪੰਚ ਗਰਾਮ ਪੰਚਾਇਤ, ਤੱਲੇ ।	22-7-96
6.	ਜੰਡਿਆਲਾ ਗੁਰੂ	(24) ਸੁਰਜੀਤ ਸਿੰਘ, ਸਰਪੰਚ ਗਰਾਮ ਪੰਚਾਇਤ, ਬਡਾਲਾ ਜੌਹਲ ।	17-4-96
		(25) ਕੇਵਲ ਸਿੰਘ, ਸਰਪੰਚ ਗਰਾਮ ਪੰਚਾਇਤ, ਰਾਣਾ ਕਲਾਂ	11-2-97
		(26) ਸਰਪੰਚ ਗਰਾਮ ਪੰਚਾਇਤ, ਚੋਹਾਲ ।	24-12-96
		(27) ਸਵਰਨ ਸਿੰਘ, ਸਰਪੰਚ ਗਰਾਮ ਪੰਚਾਇਤ, ਨਵਾਂ ਪਿੰਡ ।	22-7-96
7.	ਰੀੜੀ ਵਿੰਡ	(28) ਜੋਗਿੰਦਰ ਸਿੰਘ, ਸਰਪੰਚ ਗਰਾਮ ਪੰਚਾਇਤ, ਛਿਛਰੇਵਾਲ	20-1-94
		(29) ਰਣਧੀਰ ਸਿੰਘ, ਸਰਪੰਚ ਗਰਾਮ ਪੰਚਾਇਤ, ਚੀਮਾਂ ਕਲਾਂ	6-2-95
		(30) ਤਰਲੋਕ ਸਿੰਘ, ਸਰਪੰਚ ਗਰਾਮ ਪੰਚਾਇਤ, ਧਨੋਏ ਖੁਰਦ	8-1-97
		(31) ਵਿਰਸਾ ਸਿੰਘ, ਸਰਪੰਚ ਗਰਾਮ ਪੰਚਾਇਤ ਗਹਿਰੀ	16-9-96

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

ਲੜੀ ਨੰ:	ਬਲਾਕ ਦਾ ਨਾਂ	ਸਰਪੰਚ ਅਤੇ ਗਰਾਮ ਪੰਚਾਇਤ ਦਾ ਨਾਂ	ਲੰਬਿਤ ਇਨਕੁਆਰੀ ਹੋਣ ਦੀ ਮਿਤੀ
		(32) ਬਲਦੇਵ ਸਿੰਘ, ਸਰਪੰਚ ਗਰਾਮ ਪੰਚਾਇਤ, ਭੇਣੀ ਰਾਜਪੂਤਾਂ ।	8-5-96
		(33) ਬਲਵੀਰ ਸਿੰਘ, ਸਰਪੰਚ ਗਰਾਮ ਪੰਚਾਇਤ, ਮਾਣਕਪੁਰ ।	12-9-96
8.	ਹਰਸ਼ਾ ਛੀਨਾ	(34) ਸੂਰਤ ਸਿੰਘ, ਸਰਪੰਚ ਗਰਾਮ ਪੰਚਾਇਤ, ਸੰਗਤਪੁਰ	5-12-96
		(35) ਗਿਆਨੀ ਗੁਰਨਾਮ ਸਿੰਘ, ਸਰਪੰਚ ਗਰਾਮ ਪੰਚਾਇਤ, ਪੱਥਾਨ ਨੰਗਲ	16-9-96
		(36) ਬਿਕਰਮਜੀਤ ਸਿੰਘ, ਸਰਪੰਚ ਗਰਾਮ ਪੰਚਾਇਤ, ਜੌਸ ।	20-2-95
9.	ਰਈਆ	(37) ਅਜੈਬ ਸਿੰਘ, ਸਰਪੰਚ ਗਰਾਮ ਪੰਚਾਇਤ, ਨਰੰਜਣਪੁਰ ।	18-7-94
		(38) ਮਹਿੰਦਰ ਕੌਰ, ਸਰਪੰਚ ਗਰਾਮ ਪੰਚਾਇਤ, ਟਕਾਂਪੁਰ ।	
10.	ਵੇਰਕਾ	(39) ਹਰਭਜਨ ਸਿੰਘ, ਸਰਪੰਚ ਗਰਾਮ ਪੰਚਾਇਤ, ਮੁਧਲ ।	28-1-97
		(40) ਗੁਰਮੇਲ ਸਿੰਘ, ਸਰਪੰਚ ਗਰਾਮ ਪੰਚਾਇਤ, ਮੂਲਾਂ ਬਹਿਰਾਮ ।	15-3-94
		(41) ਅਮੀਰ ਸਿੰਘ, ਸਰਪੰਚ ਗਰਾਮ ਪੰਚਾਇਤ, ਰੋੜੀਵਾਲਾ ।	22-8-94
11.	ਪੱਟੀ	(42) ਰਛਪਾਲ ਸਿੰਘ, ਸਰਪੰਚ ਗਰਾਮ ਪੰਚਾਇਤ, ਪਰੰਗਿੜੀ ।	24-12-96
		(43) ਸਰੱਤਰ ਸਿੰਘ, ਸਰਪੰਚ ਗਰਾਮ ਪੰਚਾਇਤ, ਉਬੋਕੇ ।	8-2-96

ਲੜੀ ਨੰ:	ਬਲਾਕ ਦਾ ਨਾਂ	ਸਰਪੰਚ ਅਤੇ ਗਰਾਮ ਪੰਚਾਇਤ ਦਾ ਨਾਂ	ਲੰਬਿਤ ਇਨਕੁਆਰੀ ਹੋਣ ਦੀ ਮਿਤੀ
		(44) ਮੁਖਤਿਆਰ ਸਿੰਘ, ਸਰਪੰਚ ਗਰਾਮ ਪੰਚਾਇਤ, ਦੁੱਬਲੀ ।	29-4-94
		(45) ਸੁਰਜੀਤ ਸਿੰਘ, ਸਰਪੰਚ ਗਰਾਮ ਪੰਚਾਇਤ, ਬੁਰਜਪੁਹਲਾ ।	24-7-95
		(46) ਗੁਰਦੀਪ ਸਿੰਘ, ਸਰਪੰਚ ਗਰਾਮ ਪੰਚਾਇਤ, ਧਾਰੀਵਾਲ ।	16-5-95
		(47) ਗੁਰਵਿੰਦਰ ਸਿੰਘ, ਸਰਪੰਚ ਗਰਾਮ ਪੰਚਾਇਤ, ਬਰਵਾਲਾ ।	4-11-96
		(48) ਗੁਰਮੇਲ ਸਿੰਘ, ਸਰਪੰਚ ਗਰਾਮ ਪੰਚਾਇਤ, ਬੁਰਜਦੇਵਾ ਸਿੰਘ	28-2-96
12.	ਚੋਹਲਾ ਸਾਹਿਬ	(49) ਦੁਲਜੀਤ ਸਿੰਘ, ਸਰਪੰਚ ਗਰਾਮ ਪੰਚਾਇਤ, ਬ੍ਰਹਮਪੁਰਾ ।	8-4-94
		(50) ਗੁਰਦਿਆਲ ਸਿੰਘ, ਸਰਪੰਚ ਗਰਾਮ ਪੰਚਾਇਤ, ਮੁੰਡਾ ਪਿੰਡ ।	24-7-96
13.	ਤਰਨ-ਤਾਰਨ	(51) ਗੁਲਜ਼ਾਰ ਸਿੰਘ, ਸਰਪੰਚ ਗਰਾਮ ਪੰਚਾਇਤ, ਬੋਹ ਬ੍ਰਾਹਮਣਾ ।	24-5-94
14.	ਭਿੱਖੀ ਵਿੰਡ	(52) ਅਵਤਾਰ ਸਿੰਘ, ਸਰਪੰਚ ਗਰਾਮ ਪੰਚਾਇਤ, ਘੁਰਕ ਵਿੰਡ ।	18-1-96
		(53) ਬੰਤਾ ਸਿੰਘ ਸਰਪੰਚ ਗਰਾਮ ਪੰਚਾਇਤ, ਨਾਰਲੀ ।	12-9-96
		(54) ਸਕੱਤਰ ਸਿੰਘ, ਸਰਪੰਚ ਗਰਾਮ ਪੰਚਾਇਤ, ਚੇਲਾ ।	22-7-96
15.	ਵਲਟੋਹਾ	(55) ਹਰਬੰਸ ਸਿੰਘ, ਸਰਪੰਚ ਗਰਾਮ ਪੰਚਾਇਤ, ਤੂਤ ।	5-6-95

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

ਲੜੀ ਨੰ:	ਬਲਾਕ ਦਾ ਨਾਂ	ਸਰਪੰਚ ਅਤੇ ਗਰਾਮ ਪੰਚਾਇਤ ਦਾ ਨਾਂ	ਲੰਬਿਤ ਇਨਕੁਆਰੀ ਹੋਣ ਦੀ ਮਿਤੀ
		(56) ਚਰਨ ਸਿੰਘ, ਸਰਪੰਚ ਗਰਾਮ ਪੰਚਾਇਤ, ਝੂਰੀਆਂ ਤਾਲੂ ।	19-5-95
		(57) ਬਲਜੀਤ ਸਿੰਘ, ਅਧਿਕਾਰਤ ਪੰਚ ਗਰਾਮ ਪੰਚਾਇਤ, ਫਤਿਹਪੁਰ ।	15-11-94
		ਜ਼ਿਲ੍ਹਾ ਮਾਨਸਾ	
16.	ਝੁਨੀਰ	(58) ਮੱਖਣ ਸਿੰਘ, ਸਰਪੰਚ ਗਰਾਮ ਪੰਚਾਇਤ, ਦਲੇਲਵਾਲਾ ।	22-8-94
		(59) ਗੁਰਦਿਆਲ ਸਿੰਘ, ਸਰਪੰਚ ਗਰਾਮ ਪੰਚਾਇਤ, ਚੋਟੀਆਂ ਖੁਰਦ ।	8-8-94
		(60) ਬਲਵੰਤ ਸਿੰਘ, ਸਰਪੰਚ ਗਰਾਮ ਪੰਚਾਇਤ, ਚੂਹੜੀਆਂ	3-8-94
		(61) ਦਵਿੰਦਰ ਸਿੰਘ, ਸਰਪੰਚ ਗਰਾਮ ਪੰਚਾਇਤ, ਡੇਲੂਆਣਾ ।	5-12-94
		(62) ਲਾਭ ਸਿੰਘ, ਸਰਪੰਚ ਗਰਾਮ ਪੰਚਾਇਤ, ਉਲਕ ।	9-12-94
17.	ਸਰਦੂਲਗੜ੍ਹ	(63) ਜਸਵੰਤ ਸਿੰਘ, ਸਰਪੰਚ ਗਰਾਮ ਪੰਚਾਇਤ, ਫੱਤਾ ਮਲੂਕਾ	24-12-96
		(64) ਸੁਰਿੰਦਰ ਸਿੰਘ, ਸਰਪੰਚ ਗਰਾਮ ਪੰਚਾਇਤ, ਰਾਜਾ ਰਾਣਾ ।	23-9-96
		(65) ਸੋਹਨ ਲਾਲ, ਸਰਪੰਚ ਗਰਾਮ ਪੰਚਾਇਤ, ਕਾਹਨੇਵਾਲ	29-11-97
18.	ਬੁਢਲਾਡਾ	(66) ਹਰਵੰਤ ਸਿੰਘ, ਸਰਪੰਚ ਗਰਾਮ ਪੰਚਾਇਤ, ਦਾਤੇਵਾਸ ।	2-5-96
		(67) ਦਲੀਪ ਸਿੰਘ, ਸਰਪੰਚ ਗਰਾਮ ਪੰਚਾਇਤ, ਬੀਰੇਵਾਲ ਡੋਗਰਾ	8-1-97

ਲੜੀ ਨੰ:	ਬਲਾਕ ਦਾ ਨਾਂ	ਸਰਪੰਚ ਅਤੇ ਗਰਾਮ ਪੰਚਾਇਤ ਦਾ ਨਾਂ	ਲੰਬਿਤ ਇਨਕੁਆਰੀ ਹੋਣ ਦੀ ਮਿਤੀ
		(68) ਮਹਿੰਦਰ ਸਿੰਘ, ਸਰਪੰਚ ਗਰਾਮ ਪੰਚਾਇਤ, ਸੱਦੋਵਾਲ ।	10-1-97
		(69) ਤੇਜਾ ਸਿੰਘ, ਸਰਪੰਚ ਗਰਾਮ ਪੰਚਾਇਤ, ਕੁਲਰੀਆਂ ।	14-1-97
		(70) ਕੁਲਦੀਪ ਸਿੰਘ, ਸਰਪੰਚ ਗਰਾਮ ਪੰਚਾਇਤ, ਬੋੜਵਾਲ ।	29-11-96
		(71) ਛੱਜੂ ਸਿੰਘ, ਸਰਪੰਚ ਗਰਾਮ ਪੰਚਾਇਤ, ਦਿਆਲਪੁਰਾ ।	12-9-96
		(72) ਧਨੰਤਰ ਸਿੰਘ, ਸਰਪੰਚ ਗਰਾਮ ਪੰਚਾਇਤ, ਫੂਲਵਾਲਾ ਡੋਡ ।	24-10-94
		(73) ਹਰਨੇਕ ਸਿੰਘ, ਸਾਬਕਾ ਸਰਪੰਚ ਗਰਾਮ ਪੰਚਾਇਤ, ਸਿਰਸੀਵਾਲਾ ।	19-5-95
		(74) ਗੁਰਦੇਵ ਸਿੰਘ, ਸਰਪੰਚ ਗਰਾਮ ਪੰਚਾਇਤ, ਬਖਸ਼ੀਵਾਲਾ ।	25-1-95
		(75) ਗੁਰਦੇਵ ਸਿੰਘ, ਸਰਪੰਚ ਗਰਾਮ ਪੰਚਾਇਤ, ਜਲਵੇੜਾ ।	20-6-96
		(76) ਹੰਸ ਰਾਜ, ਸਰਪੰਚ ਗਰਾਮ ਪੰਚਾਇਤ, ਅਹਿਮਦਪੁਰ ।	24-12-96
19.	ਭੀਖੀ	(77) ਸਰਪੰਚ ਗਰਾਮ -- ਪੰਚਾਇਤ, ਬੱਘੀਆਣਾ	4-2-97
		(78) ਬਲਦੇਵ ਸਿੰਘ, ਸਰਪੰਚ ਗਰਾਮ ਪੰਚਾਇਤ, ਰੱਲਾ ।	12-9-96
20.	ਮਾਨਸਾ	(79) ਜੀਵਨ ਸਿੰਘ, ਸਰਪੰਚ ਗਰਾਮ ਪੰਚਾਇਤ, ਮੂਲਾ ਸਿੰਘ ਵਾਲਾ ।	25-1-95
		(80) ਹਰਬੰਸ ਸਿੰਘ, ਸਰਪੰਚ ਗਰਾਮ ਪੰਚਾਇਤ, ਗਾਗੋਵਾਲ ।	13-6-96

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

(81)	ਸ਼ੇਰ ਸਿੰਘ, ਸਰਪੰਚ ਗਰਾਮ ਪੰਚਾਇਤ, ਖੋਖਰ ਖੁਰਦ ।	9-11-94
(82)	ਮਹਾਂ ਸਿੰਘ, ਸਰਪੰਚ ਗਰਾਮ ਪੰਚਾਇਤ, ਮੌਜੀਆਂ	12-9-96
(83)	ਜੰਗੀਰ ਸਿੰਘ, ਸਰਪੰਚ ਗਰਾਮ ਪੰਚਾਇਤ, ਮਲਕਪੁਰ ਖਿਆਲਾ ।	17-10-96

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੈਂ ਮੁਆਫੀ ਚਾਹੁੰਦਾ ਹਾਂ ਕਿਉਂਕਿ ਮੈਂ ਸਦਨ ਵਿੱਚ ਲੇਟ ਪਹੁੰਚਿਆ ਹਾਂ ਪਰ ਮੇਰੀ ਲੇਟ ਹੋਣ ਦੀ ਵਜ੍ਹਾ ਇਹ ਸੀ ਕਿ ਮੈਂ ਇਸ ਪ੍ਰਸ਼ਨ ਦਾ ਉੱਤਰ ਲਭੱਦਾ ਰਿਹਾ ਹਾਂ ਪਰੰਤੂ ਮੈਨੂੰ ਜਵਾਬ ਨਹੀਂ ਮਿਲਿਆ । ਹੁਣ ਜਦੋਂ ਮੈਂ ਆਪਣੀ ਸੀਟ ਤੇ ਪਹੁੰਚਿਆ ਤਾਂ ਇਹ ਟੇਬਲ ਦੇ ਮੂਹਰੇ ਪਿਆ ਸੀ । ਤੁਸੀਂ ਕਈ ਵਾਰ ਹਦਾਇਤ ਕੀਤੀ ਹੈ ਕਿ ਜਵਾਬ ਇਕ ਦਿਨ ਪਹਿਲਾਂ ਜਾਂ ਘੱਟੋ-ਘੱਟ ਦੋ ਘੰਟੇ ਪਹਿਲਾਂ ਮਿਲਣਾ ਚਾਹੀਦਾ ਹੈ । ਤੁਸੀਂ ਹੀ ਦੱਸੋ ਕਿ ਮੈਂ ਕਿਸ ਤਰ੍ਹਾਂ ਜਸਟਿਸ ਕਰ ਸਕਦਾ ਹਾਂ । ਹੁਣ ਮੈਂ ਸਪਲੀਮੈਂਟਰੀ ਪਰਾਪਰ ਨਹੀਂ ਕਰ ਸਕਦਾ । ਮੈਂ ਬੇਨਤੀ ਕਰਦਾ ਹਾਂ ਕਿ ਭਵਿੱਖ ਵਿੱਚ ਅਜਿਹਾ ਨਾ ਹੋਵੇ ।

ਸ਼੍ਰੀ ਸਪੀਕਰ : ਸਾਰੇ ਡਿਪਾਰਟਮੈਂਟਸ ਨੂੰ ਕਹਿ ਦਿਤਾ ਜਾਵੇਗਾ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਹੁਣ ਮੈਂ ਸਪਲੀਮੈਂਟਰੀ ਕਰਦਾ ਹਾਂ । ਸਪੀਕਰ ਸਾਹਿਬ, ਬਹੁਤ ਸਾਰੀਆਂ ਇਨਕੁਆਰੀਆਂ ਪੈਂਡਿੰਗ ਹਨ । ਇਨ੍ਹਾਂ ਵਿੱਚ 1994 ਦੀਆਂ ਵੀ ਹਨ, 1995 ਦੀਆਂ ਵੀ ਹਨ ਅਤੇ 1996 ਦੀਆਂ ਵੀ ਹਨ । ਇਸ ਤਰ੍ਹਾਂ ਇਹ ਇਨਕੁਆਰੀਆਂ ਕਾਫੀ ਚਿਰ ਤੋਂ ਪੈਂਡਿੰਗ ਹਨ । ਇਸ ਦਾ ਕੀ ਕਾਰਨ ਹੈ ? ਡਿਪਾਰਟਮੈਂਟ ਨੂੰ ਚਾਹੀਦਾ ਹੈ ਕਿ ਇਨ੍ਹਾਂ ਨੂੰ ਇਮੀਜੀਏਟਲੀ ਮੁਕੰਮਲ ਕਰੇ ।

ਮੰਤਰੀ: ਸਪੀਕਰ ਸਾਹਿਬ, ਇਨਕੁਆਇਰੀਆਂ ਦੇ ਪ੍ਰਾਸੈੱਸ ਵਿਚ ਪਹਿਲਾਂ ਨੋਟਿਸ ਦੇਣਾ ਪੈਂਦਾ ਹੈ, ਫਿਰ ਜਵਾਬ ਲੈਣਾ ਪੈਂਦਾ ਹੈ । ਫਿਰ ਥੱਲਿਓਂ ਅਪੀਲਾਂ ਤੁਰ ਪੈਂਦੀਆਂ ਹਨ । ਇਸ ਤਰ੍ਹਾਂ ਫਾਈਨਲ ਹੁੰਦਿਆਂ ਹੁੰਦਿਆਂ ਕਾਫੀ ਟਾਈਮ ਲੱਗ ਜਾਂਦਾ ਹੈ । ਅਸੀਂ ਕੋਸ਼ਿਸ਼ ਕਰਾਂਗੇ ਕਿ ਪ੍ਰੋਸੀਜਰ ਵਿੱਚ ਕਾਹਲ ਕੀਤੀ ਜਾਵੇ ਔਰ ਜਵਾਬ ਵੀ ਵਕਤ ਸਿਰ ਦਿੱਤਾ ਜਾਵੇ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਠੀਕ ਹੈ ਇਨ੍ਹਾਂ ਨੇ ਵਿਸ਼ਵਾਸ ਦਿੱਤਾ ਹੈ ਲੇਕਿਨ ਕਿਸੇ ਵੀ ਕੇਸ ਦਾ ਤਿੰਨ ਸਾਲ ਲੰਬਾ ਪ੍ਰੋਸੀਜਰ ਨਹੀਂ ਹੋ ਸਕਦਾ ।

ਕਿਸੇ ਵੀ ਕੇਸ ਵਿੱਚ ਪਰਾਪਰ ਨੋਟਿਸ ਦੇਣਾ, ਫਿਰ ਰਿਪਲਾਈ ਆਉਣਾ ਔਰ ਉਸ ਤੋਂ ਬਾਅਦ ਉਹ ਕਿਤੇ ਹੋਰ ਵੀ ਅਪੀਲ ਕਰ ਸਕਦਾ ਹੈ, ਇਸ ਸਭ ਲਈ ਤਿੰਨ ਸਾਲ ਬਹੁਤ ਜ਼ਿਆਦਾ ਹਨ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਸਾਰੇ ਕੇਸ ਵਿੱਚ ਸਰਪੰਚ ਹੀ ਜ਼ਿੰਮੇਵਾਰ ਨਹੀਂ ਹਨ ਬਲਕਿ ਉਨ੍ਹਾਂ ਦੇ ਨਾਲ ਹੇਠਲੇ ਬੰਦੇ ਜਾਂ ਅਫ਼ਸਰ ਜਿਵੇਂ ਕਿ ਸੈਕਟਰੀ ਜਾਂ ਗਰਾਮ ਸੇਵਕ ਹਨ, ਇਹ ਸਭ ਭ੍ਰਿਸ਼ਟਾਚਾਰ ਵਿੱਚ ਜ਼ਿਆਦਾ ਇਨਵਾਲਵਡ ਹਨ । ਸਰਪੰਚ ਤਾਂ ਵਿਚਾਰੇ ਬਹੁਤੇ ਇਲੀਟਰੇਟ ਹਨ । ਉਨ੍ਹਾਂ ਨੂੰ ਤਾਂ ਸਾਰਾ ਪਤਾ ਹੀ ਨਹੀਂ ਹੁੰਦਾ ਲੇਕਿਨ ਜਿਹੜੇ ਦੂਸਰੇ ਕਰਮਚਾਰੀ ਹਨ, ਉਹ ਡਾਇਰੈਕਟਰ ਲੈਵਲ ਤੱਕ ਇਸ ਨੂੰ ਡਿਲੇਅ ਕਰਾਉਣ ਵਿਚ ਸਹਾਈ ਹੁੰਦੇ ਹਨ । ਕੀ ਮੰਤਰੀ ਜੀ ਦਸਣਗੇ ਕਿ ਜਿਹੜੇ ਇਹ ਕਰਮਚਾਰੀ ਹਨ, ਖਾਸ ਕਰਕੇ ਜਿਨ੍ਹਾਂ ਦਾ ਪੰਚਾਇਤਾਂ ਨਾਲ ਤਾਅਲੁੱਕ ਹੈ, ਉਨ੍ਹਾਂ ਦੀ ਵੀ ਉਨੀ ਹੀ ਜ਼ਿੰਮੇਵਾਰੀ ਫਿਕਸ ਕੀਤੀ ਜਾਵੇਗੀ ?

ਮੰਤਰੀ: ਮਾਨਯੋਗ ਸਪੀਕਰ ਸਾਹਿਬ, ਟਾਈਮ ਜ਼ਿਆਦਾ ਲੱਗਣ ਬਾਰੇ ਤਾਂ ਮੈਂ ਪਹਿਲਾਂ ਹੀ ਦੱਸ ਦਿੱਤਾ ਹੈ । ਇਹ ਜਿਹੜੇ ਸਾਰੇ ਕੇਸ ਹਨ, ਜਿਨ੍ਹਾਂ ਵਿਚ ਟਾਈਮ ਲੱਗਣ ਦੀ ਗੱਲ ਹੈ, ਇਹ ਇਸ ਸਰਕਾਰ ਤੋਂ ਪਹਿਲਾਂ ਦੇ ਹਨ । ਅਸੀਂ ਆ ਕੇ ਬਹੁਤ ਸਾਰੇ ਇਸ ਤਰ੍ਹਾਂ ਦੇ ਕੇਸ, ਜਿਨ੍ਹਾਂ ਵਿੱਚ ਖਾਣ-ਖੂਣ ਦਾ ਕੰਮ ਹੈ ਜਾਂ ਗਬਨ ਦਾ ਕੇਸ ਹੈ, ਲੱਭੇ ਹਨ ਔਰ ਵੱਡੀ ਗਿਣਤੀ ਵਿੱਚ ਲੱਭੇ ਹਨ । ਜ਼ਿਆਦਾ ਟਾਈਮ ਲੱਗਣਾ ਤਾਂ ਕੁਦਰਤੀ ਗੱਲ ਹੈ । ਫਿਰ ਵੀ ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਮੈਂ ਇਨ੍ਹਾਂ ਨੂੰ ਐਸ਼ੋਰੈਂਸ ਦਿੰਦਾ ਹਾਂ ਕਿ ਅਸੀਂ ਛੇਤੀ ਤੋਂ ਛੇਤੀ ਕੋਸ਼ਿਸ਼ ਕਰਾਂਗੇ ਕਿ ਰਿਜ਼ਲਟ ਸਾਡੇ ਸਾਹਮਣੇ ਆ ਜਾਵੇ ।

ਕਾਮਰੇਡ ਹਰਦੇਵ ਅਰਸ਼ੀ: ਠੀਕ ਹੈ ਜੀ ।

ਡਾਕਟਰ ਰਤਨ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਮਾਮਲਾ ਬੜਾ ਜ਼ਰੂਰੀ ਹੈ ਔਰ ਇਸ ਤਰ੍ਹਾਂ ਦੀ ਪੰਚਾਇਤ ਨਹੀਂ ਜਿਥੇ ਗਬਨ ਨਾ ਹੋਏ ਹੋਣ । ਕੀ ਮੰਤਰੀ ਸਾਹਿਬ ਕੋਈ ਇਸ ਤਰ੍ਹਾਂ ਦਾ ਪ੍ਰਬੰਧ ਕਰਨਗੇ ਕਿ ਸਾਰੀਆਂ ਪੰਚਾਇਤਾਂ ਦੀ ਟੋਟਲ ਇਨਕੁਆਇਰੀ ਹੋਵੇ ?

ਸ਼੍ਰੀ ਸਪੀਕਰ: ਤੁਸੀਂ ਇਸ ਬਾਰੇ ਦੁਬਾਰਾ ਲਿਖ ਕੇ ਦੇ ਦੇਵੋ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਸਪੀਕਰ ਸਾਹਿਬ, ਪਿਛਲੇ ਸਮੇਂ ਵਿੱਚ ਜਦੋਂ ਪਹਿਲੀ ਸਰਕਾਰ ਸੀ, ਜਿਹੜੇ ਮੇਰੇ ਵੀਰ ਵਿਰੋਧੀ ਬੈਂਚਾਂ ਤੇ ਬੈਠੇ ਹਨ, ਇਨ੍ਹਾਂ

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਦੀ ਸਰਕਾਰ ਸੀ, ਤਾਂ ਉਸ ਸਮੇਂ ਫੰਡਾਂ ਵਿੱਚ ਬੜੀ ਵੱਡੀ ਹੇਰਾਫੇਰੀ ਹੋਈ । ਇਹ ਅਖਬਾਰਾਂ ਵਿੱਚ ਵੀ ਆਉਂਦਾ ਰਿਹਾ ਕਿ ਮੰਤਰੀ 25% ਪੈਸਾ ਲੈ ਕੇ ਸਰਪੰਚਾਂ ਨੂੰ ਚੈੱਕ ਦਿੰਦੇ ਰਹੇ ਔਰ ਅੱਗੇ ਉਹ ਸਰਪੰਚ ਬੀ.ਡੀ.ਓ. ਅਤੇ ਡੀ.ਡੀ.ਪੀ.ਓ. ਨੂੰ ਹਿੱਸਾ ਦਿੰਦੇ ਰਹੇ । ਕੀ ਮੰਤਰੀ ਜੀ ਕੋਈ ਐਸੀ ਕਮੇਟੀ ਬਣਾਉਣਗੇ ਅਤੇ ਪਿਛਲੇ ਸਮੇਂ ਵਿੱਚ ਮੰਤਰੀਆਂ ਨੇ ਜਿਹੜੀ ਘਪਲੇਬਾਜ਼ੀ ਕੀਤੀ ਹੈ, ਉਸ ਦੀ ਇਨਕੁਆਇਰੀ ਕਰਵਾਈ ਜਾਵੇਗੀ ? ਕੀ ਇਹ ਮੰਤਰੀ ਜੀ ਦੇ ਵਿਚਾਰ ਅਧੀਨ ਹੈ ?

ਮੰਤਰੀ: ਮਾਨਯੋਗ ਸਪੀਕਰ ਸਾਹਿਬ, ਜ਼ੀਰਾ ਸਾਹਿਬ ਨੇ ਜਿਹੜੀ ਗੱਲ ਕੀਤੀ ਹੈ, ਠੀਕ ਹੈ । ਬੜੀ ਵੱਡੀ ਗਿਣਤੀ ਵਿੱਚ ਪਿਛਲੇ ਸਮੇਂ ਵਿੱਚ ਗਬਨ ਹੋਏ ਹਨ । ਖਾਸ ਕਰਕੇ ਜਵਾਹਰ ਰੋਜ਼ਗਾਰ ਯੋਜਨਾ ਦੇ ਵਿੱਚ ਜੋ ਤੱਥ ਸਾਹਮਣੇ ਆਏ ਸਨ, ਉਸ ਸਬੰਧ ਵਿੱਚ ਤਿੰਨ ਸੀਨੀਅਰ ਅਫ਼ਸਰ ਮੁਅੱਤਲ ਕੀਤੇ ਗਏ ਹਨ ਔਰ ਬਹੁਤ ਸਾਰੇ ਸਰਪੰਚ ਮੁਅੱਤਲੀ ਅਧੀਨ ਹਨ । (ਥੰਪਿੰਗ) ਹੁਣ ਸਾਡੇ ਕੋਲ ਸਬੂਤ ਆ ਰਹੇ ਹਨ ਔਰ ਜਦੋਂ ਇਹ ਸਾਰੇ ਮਿਲ ਗਏ ਤਾਂ ਫਿਰ ਭਾਵੇਂ ਵਜ਼ੀਰ ਹੋਵੇ, ਭਾਵੇਂ ਕੋਈ ਹੋਰ ਹੋਵੇ, ਉਨ੍ਹਾਂ ਦੇ ਖਿਲਾਫ਼ ਐਕਸ਼ਨ ਲੈਣ ਵਿੱਚ ਕੋਈ ਦੇਰੀ ਨਹੀਂ ਕੀਤੀ ਜਾਵੇਗੀ । (ਥੰਪਿੰਗ)

ਸਰਦਾਰ ਬਲਦੇਵ ਸਿੰਘ ਖਿਆਲਾ: ਸਪੀਕਰ ਸਾਹਿਬ, ਮੰਤਰੀ ਜੀ ਸਰਪੰਚਾਂ ਦੀ ਇਨਕੁਆਇਰੀ ਬਾਰੇ ਜਵਾਬ ਦੇ ਰਹੇ ਹਨ, ਕਈ ਸਰਪੰਚ ਹਲਫੀਆ ਬਿਆਨ ਲਿਖ ਕੇ ਦੇਣ ਨੂੰ ਤਿਆਰ ਹਨ ਕਿ ਕਿੰਨੇ ਪੈਸੇ ਪਹਿਲਾਂ ਹੀ ਐਮ.ਐਲ.ਏ. ਨੇ ਉਨ੍ਹਾਂ ਤੋਂ ਮੰਗੇ ਸਨ । ਕੀ ਮੰਤਰੀ ਜੀ ਉਨ੍ਹਾਂ ਹਲਫ਼ੀਆ ਬਿਆਨਾਂ ਤੇ ਕਾਰਵਾਈ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਐਸ਼ੋਰੈਂਸ ਦਿੰਦਾ ਹਾਂ ਕਿ ਕਿਉਂਕਿ ਸਾਡੀ ਬਾਦਲ ਸਾਹਿਬ ਦੀ ਸਰਕਾਰ ਦਾ ਭ੍ਰਿਸ਼ਟਾਚਾਰ ਦੇ ਖਿਲਾਫ ਤਕੜੇ ਹੋ ਕੇ ਲੜਨ ਦਾ ਪ੍ਰੋਗਰਾਮ ਹੈ, ਇਸ ਲਈ ਹਲਫ਼ੀਆ ਬਿਆਨ ਦੇਣ, ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਐਕਸ਼ਨ ਫੌਰਨ ਹੋਣਗੇ । (ਥੰਪਿੰਗ)

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੀ ਇਸ ਗੱਲ ਨੂੰ ਵੈਲਕਮ ਕਰਦਾ ਹਾਂ ਜੋ ਇਨ੍ਹਾਂ ਨੇ ਐਸ਼ੋਰੈਂਸ ਦਿੱਤੀ ਹੈ ਕਿ ਭ੍ਰਿਸ਼ਟਾਚਾਰ, ਚਾਹੇ ਉਹ ਕਿਸੇ ਵੀ ਲੈਵਲ ਤੇ ਹੋਵੇ, ਉਸ ਨੂੰ ਇਹ ਸੀਰੀਅਸਲੀ ਲੈਣਗੇ । ਜਿਥੇ ਇਹ ਗੱਲ ਸਵਾਗਤਯੋਗ ਹੈ, ਉਥੇ ਮੈਂ ਇਸ ਗੱਲ ਦਾ ਵਿਸ਼ਵਾਸ ਵੀ ਚਾਹੁੰਦਾ ਹਾਂ ਕਿ ਮੰਤਰੀ ਜੀ ਜਦੋਂ ਭ੍ਰਿਸ਼ਟਾਚਾਰ ਦੀ ਜਾਂਚ ਕਰਨਗੇ, ਖਾਸ ਕਰਕੇ ਸਰਪੰਚਾਂ ਦੀ, ਤਾਂ

ਕਿਸੇ ਸਿਆਸੀ ਬਦਲਾ ਲਊ ਭਾਵਨਾ ਦੇ ਨਾਲ ਕਿਸੇ ਦੇ ਖਿਲਾਫ਼ ਕਾਰਵਾਈ ਨਹੀਂ ਕੀਤੀ ਜਾਵੇਗੀ ।

ਮੰਤਰੀ: ਮਾਨਯੋਗ ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਨੂੰ ਪੂਰੀ ਤਰ੍ਹਾਂ ਯਕੀਨ ਦਿਵਾਉਂਦਾ ਹਾਂ ਕਿ ਇਸ ਦੇ ਵਿੱਚ ਸਿਆਸੀ ਗੱਲ ਕੋਈ ਨਹੀਂ ਆਏਗੀ । ਜਦੋਂ ਕਿਸੇ ਦੇ ਖਿਲਾਫ਼ ਕੋਈ ਐਲੀਗੇਸ਼ਨ ਸਾਬਤ ਹੋ ਜਾਵੇਗਾ, ਪੈਸਿਆਂ ਦਾ ਜਾਂ ਕੋਈ ਹੋਰ, ਤਾਂ ਹੀ ਉਸ ਦੇ ਖਿਲਾਫ਼ ਐਕਸ਼ਨ ਲਿਆ ਜਾਵੇਗਾ ।

ਗੈਰ-ਕਾਨੂੰਨੀ ਕਬਜ਼ੇ ਅਧੀਨ ਸ਼ਾਮਲਾਤ ਜ਼ਮੀਨ ਦੀ ਅਲਾਟਮੈਂਟ

***380. ਕਾਮਰੇਡ ਹਰਦੇਵ ਅਰਸ਼ੀ:** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ--

(ੳ) ਸਾਲਾਂ 1993-94 ਅਤੇ 1995-96 ਦੇ ਦੌਰਾਨ ਰਾਜ ਦੇ ਦਿਹਾਤੀ ਇਲਾਕਿਆਂ ਵਿਚ ਸ਼ਾਮਲਾਤ ਜ਼ਮੀਨ ਦਾ ਜ਼ਿਲ੍ਹਾਵਾਰ ਕਿੰਨਾ-ਕਿੰਨਾ ਰਕਬਾ ਪੱਟੇ ਤੇ ਦਿੱਤਾ ਗਿਆ ਸੀ;

(ਅ) ਉਪਰੋਕਤ ਵਰਣਿਤ ਸਾਲਾਂ ਦੇ ਦੌਰਾਨ ਸ਼ਾਮਲਾਤ ਜ਼ਮੀਨ ਦਾ ਜ਼ਿਲ੍ਹਾਵਾਰ ਕਿੰਨਾ-ਕਿੰਨਾ ਰਕਬਾ ਗੈਰ-ਕਾਨੂੰਨੀ ਕਬਜ਼ੇ ਅਧੀਨ ਸੀ ?

ਸਰਦਾਰ ਨਿਰਮਲ ਸਿੰਘ ਕਾਹਲੋਂ: (ੳ) ਅਤੇ (ਅ) ਸਾਰਣੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸਾਰਣੀ

ਲੜੀ ਨੰ:	ਜ਼ਿਲ੍ਹੇ ਦਾ ਨਾਂ	ਚਕੌਤੇ ਤੇ ਦਿੱਤਾ ਰਕਬਾ		ਨਜਾਇਜ਼ ਕਬਜ਼ੇ ਹੇਠ ਰਕਬਾ	
		1993-94	1995-96	1993-94	1995-96
1	2	3(ੳ) ਏਕੜ	3(ਅ) ਏਕੜ	4(ੳ) ਏਕੜ	4(ਅ) ਏਕੜ ਕਨਾਲ ਮਰਲੇ
1.	ਪਟਿਆਲਾ	21729	21881	6502	3620
2.	ਸੰਗਰੂਰ	10951	11327	172	162

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

1	2	3(ੳ) ਏਕੜ	3(ਅ) ਏਕੜ	4(ੳ) ਏਕੜ	4(ਅ) ਏਕੜ ਕਨਾਲ ਮਰਲੇ
3.	ਰੋਪੜ	21678	21782	8112	8112
4.	ਫਤਿਹਗੜ੍ਹ ਸਾਹਿਬ	10390	10828	2802	2718
5.	ਲੁਧਿਆਣਾ	11701	10569	2612	2272
6.	ਨਵਾਂ ਸ਼ਹਿਰ	ਜ਼ਿਲ੍ਹਾ ਹੋਂਦ ਵਿਚ ਨਹੀਂ ਸੀ ।	4052	ਜ਼ਿਲ੍ਹਾ ਹੋਂਦ ਵਿਚ ਨਹੀਂ ਸੀ ।	84
7.	ਜਲੰਧਰ	12463	6769	430	179
8.	ਕਪੂਰਥਲਾ	9373	8658	531	1951
9.	ਹੁਸ਼ਿਆਰਪੁਰ	55747	61523	296	718
10.	ਗੁਰਦਾਸਪੁਰ	13713	14820	1145	1126
11.	ਅੰਮ੍ਰਿਤਸਰ	15261	14959	242	435
12.	ਫਿਰੋਜ਼ਪੁਰ	18530	16282	695	1645
13.	ਫਰੀਦਕੋਟ	8363	835	498	0-0-17
14.	ਮੁਕਤਸਰ	ਜ਼ਿਲ੍ਹਾ ਹੋਂਦ ਵਿਚ ਨਹੀਂ ਸੀ ।	6267	ਜ਼ਿਲ੍ਹਾ ਹੋਂਦ ਵਿੱਚ ਨਹੀਂ ਸੀ ।	213
15.	ਬਠਿੰਡਾ	4338	4690	92	144
16.	ਮਾਨਸਾ	4926	4998	257	362
17.	ਮੋਗਾ	ਜ਼ਿਲ੍ਹਾ ਹੋਂਦ ਵਿੱਚ ਨਹੀਂ ਸੀ ।	1250	ਜ਼ਿਲ੍ਹਾ ਹੋਂਦ ਵਿੱਚ ਨਹੀਂ ਸੀ ।	252
	ਕੁੱਲ ਜੋੜ:	219163	221490	24386	23993-0-17

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਇਸ ਦੇ ਵਿਚ ਵੀ ਸਥਿਤੀ ਤਰਸਯੋਗ ਬਣੀ ਹੋਈ ਹੈ । ਮੈਨੂੰ ਦੋ ਪ੍ਰਸ਼ਨ ਮਿਲੇ ਹਨ । ਇੱਕ ਰਿਪਲਾਈ ਕੱਲ੍ਹ ਮਿਲਿਆ ਹੈ ਜਿਸ ਨੂੰ ਮੈਂ ਪੂਰੀ ਤਰ੍ਹਾਂ ਐਗਜ਼ਾਮਿਨ ਕਰਕੇ ਆਇਆ ਹਾਂ । ਇੱਕ ਜਿਹੜਾ ਰਿਵਾਈਜ਼ਡ ਕੀਤਾ ਹੋਇਆ ਉੱਤਰ ਹੈ, ਉਹ ਮੈਨੂੰ ਹੁਣੇ ਹੀ ਹਾਊਸ ਦੀ ਟੇਬਲ ਤੇ ਮਿਲਿਆ ਹੈ । ਹੁਣ ਤੁਸੀਂ ਦੱਸੋ ਕਿ ਮੈਂ ਇਨ੍ਹਾਂ ਨਾਲ ਕਿਸ ਤਰ੍ਹਾਂ ਜਸਟਿਸ ਕਰ ਸਕਦਾ ਹਾਂ । ਦੋਨਾਂ ਨੂੰ ਜੇਕਰ ਪਰਾਪਰਲੀ ਦੇਖਿਆ ਜਾਵੇ ਤਾਂ ਮੈਂ ਇਕ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ ਜਿਹੜੀ ਕਿ ਮੇਰੇ ਲਈ ਅਗਲੀ ਸਪਲੀਮੈਂਟਰੀ ਦਾ ਆਧਾਰ ਬਣੇਗੀ ਜਿਸ ਤਰ੍ਹਾਂ ਕਿ ਪਿੰਡ ਦੀ ਟੋਟਲ ਸ਼ਾਮਲਾਤ ਜ਼ਮੀਨ ਕਿੰਨੀ ਹੈ ਜਿਹੜੀ ਚਕੌਤੇ ਤੇ ਦਿੱਤੀ ਗਈ ਅਤੇ ਉਸ ਦੇ ਵਿਚੋਂ ਕਿੰਨੀ ਜ਼ਮੀਨ ਐਸੀ ਸੀ ਜਿਸ ਤੇ ਨਜਾਇਜ਼ ਕਬਜ਼ਾ ਸੀ । ਜ਼ਿਲ੍ਹੇਵਾਰ ਅੰਕੜੇ ਦਿੱਤੇ ਗਏ ਹਨ 1993-94 ਵਿਚ ਅਤੇ ਇਸੇ ਤਰ੍ਹਾਂ ਦੇ ਅੰਕੜੇ 1995-96 ਲਈ ਵੀ ਦਿੱਤੇ ਗਏ ਹਨ । ਮੰਤਰੀ ਜੀ, ਪਹਿਲਾਂ ਇਸ ਦੇ ਵਿਚੋਂ ਫਰਜ਼ ਕਰੋ ਪਟਿਆਲੇ ਜ਼ਿਲ੍ਹੇ ਦੇ ਅੰਕੜੇ ਦੇਖੇ ਜਾਣ । ਇਸ ਦੇ ਵਿਚ 1993-94 ਦੇ ਦੋਨਾਂ ਤਰ੍ਹਾਂ ਦੀ ਜਿਹੜੀ ਲੈਂਡ ਹੈ, ਉਸ ਨੂੰ ਟੋਟਲ ਕਰ ਲਿਆ ਜਾਵੇ ਅਤੇ ਫਿਰ 1995-96 ਦੀ ਲੈਂਡ ਨੂੰ ਵੀ ਟੋਟਲ ਕਰ ਲਿਆ ਜਾਵੇ ਤਾਂ ਇਹ ਮਾਈਨਸ 2730 ਏਕੜ ਹੁੰਦੀ ਹੈ । ਉਹ 2730 ਏਕੜ ਕਿੱਥੇ ਗਈ । ਇਸੇ ਤਰ੍ਹਾਂ ਕੁਝ ਜ਼ਿਲ੍ਹੇ ਹਨ ਜਿੱਥੇ ਜਾ ਕੇ ਲੈਂਡ ਵਧ ਗਈ । ਜਿੰਨੀ ਜ਼ਮੀਨ ਚਕੌਤੇ ਤੇ ਦਿੱਤੀ ਗਈ ਤੇ ਪਲੱਸ ਜਿਹੜੀ ਤੇ ਨਜਾਇਜ਼ ਕਬਜ਼ੇ ਹਨ, ਅਗਰ ਦੋਨਾਂ ਨੂੰ ਕੰਪੇਅਰ ਕਰ ਲਿਆ ਜਾਵੇ ਦੋਨਾਂ ਸਾਲਾਂ ਵਿੱਚ, ਕਿਤੇ ਸੈਂਕੜੇ/ਹਜ਼ਾਰਾਂ ਏਕੜ ਜ਼ਮੀਨ ਵਧ ਰਹੀ ਹੈ ਅਤੇ ਕਿੱਤੇ ਘਟ ਰਹੀ ਹੈ । ਮੰਤਰੀ ਜੀ ਇਹ ਸਪੱਸ਼ਟ ਕਰਨ ਕਿ ਰਿਪਲਾਈ ਪਰਾਪਰਲੀ ਤਿਆਰ ਨਹੀਂ ਕੀਤਾ ਜਾਂ ਕੀ ਕਾਰਨ ਹੈ । ਉਹ ਵਧੀ ਜ਼ਮੀਨ ਆਈ ਕਿਥੋਂ ਤੇ ਘਟੀ ਜ਼ਮੀਨ ਗਈ ਕਿੱਥੇ ?

ਮੰਤਰੀ: ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਫਿਗਰਜ਼ ਪਟਿਆਲਾ ਜ਼ਿਲ੍ਹਾ ਦੇ ਹਨ, ਉਸ ਅਨੁਸਾਰ 1993-94 ਵਿਚ 21729 ਏਕੜ ਹੈ ਅਤੇ 1995-96 ਵਿਚ 21881 ਏਕੜ ਹੈ, ਨਜ਼ਾਇਜ਼ ਕਬਜ਼ੇ ਥੱਲੇ 1993-94 ਵਿਚ 6502 ਏਕੜ ਹੈ ਅਤੇ 1995-96 ਵਿਚ 3620 ਏਕੜ ਹੈ । ਕਈ ਵਾਰ ਨਜਾਇਜ਼ ਕਬਜ਼ਾ ਵਧ ਜਾਂਦਾ ਹੈ ਅਤੇ ਕਈ ਵਾਰ ਘੱਟ ਜਾਂਦਾ ਹੈ ।

ਸ਼੍ਰੀ ਸਪੀਕਰ: ਕਾਹਲੋਂ ਸਾਹਿਬ ਬੈਠ ਜਾਓ । ਮੈਂ ਸਮਝਦਾ ਹਾਂ ਤੇ ਮੈਂ ਮੰਤਰੀ ਸਾਹਿਬਾਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਜਵਾਬ ਵੇਲੇ ਸਿਰ ਭਿਜਵਾ ਦਿਆ

[ਸ੍ਰੀ ਸਪੀਕਰ]

ਕਰਨ ਤਾਂ ਜੋ ਮੈਂਬਰ ਸਾਹਿਬ ਵੇਖ ਸਕਣ । ਇਸ ਬਾਰੇ ਮੰਤਰੀ ਸਾਹਿਬਾਨ ਕਨਸਰਨਡ ਡਿਪਾਰਟਮੈਂਟ ਦੇ ਆਫ਼ੀਸਰਾਂ ਨੂੰ ਕਹਿ ਦੇਣ । ਦੂਜਾ ਮੈਂ ਸਮਝਦਾ ਹਾਂ ਕਿ ਇਸ ਸਵਾਲ ਨੂੰ ਤੁਸੀਂ ਸਟੱਡੀ ਕਰ ਲਵੋ ਤੇ ਦੋਬਾਰਾ ਰਿਪੋਰਟ ਮੰਗਵਾ ਲਵੋ । ਫਿਰ ਦੇਖ ਲਵਾਂਗੇ ।

ਕਾਮਰੇਡ ਹਰਦੇਵ ਅਰਸ਼ੀ: ਮੈਂ ਇਸ ਸਵਾਲ ਨੂੰ ਪੋਸਟਪੋਨ ਕਰਨ ਤੇ ਸਹਿਮਤ ਹਾਂ ।

ਸੰਸਦੀ ਮਾਮਲਿਆਂ ਦੇ ਮੰਤਰੀ: ਸਪੀਕਰ ਸਾਹਿਬ, ਪੋਸਟਪੋਨ ਕਰਨਾ ਤਾਂ ਤੁਹਾਡੀ ਜਿਊਰਿਸਡਿਕਸ਼ਨ ਹੈ । ਇਸ ਤੇ ਕੋਈ ਇਤਰਾਜ਼ ਨਹੀਂ । ਵੈਸੇ ਜਿਹੜਾ ਅਰਸ਼ੀ ਸਾਹਿਬ ਦਾ ਸਵਾਲ ਸੀ ਕਿ ਏਰੀਆ ਵਧ ਗਿਆਂ ਜਾਂ ਘੱਟ ਗਿਆ, ਉਨ੍ਹਾਂ ਦਾ ਪ੍ਰਸ਼ਨ ਇਹ ਤਾਂ ਨਹੀਂ ਹੈ ਕਿ ਟੋਟਲ ਸ਼ਾਮਲਾਤ ਜ਼ਮੀਨ ਕਿੰਨੀ ਹੈ । ਏਰੀਆ ਹਰ ਸਾਲ ਘਟਦਾ ਵਧਦਾ ਰਹਿੰਦਾ ਹੈ ।

ਸ੍ਰੀ ਸਪੀਕਰ: ਮੇਰਾ ਮਤਲਬ ਹੈ ਕਿ ਕੋਈ ਕਲੈਰੀਕਲ ਮਿਸਟੇਕ ਨਾ ਹੋਵੇ, ਉਹ ਵੇਖ ਲੈਣ । ਕਾਹਲੋਂ ਸਾਹਿਬ, ਜੇਕਰ ਤੁਸੀਂ ਸਵਾਲ ਦੇ ਜਵਾਬ ਲਈ ਪਰਫੈਕਟਲੀ ਤਿਆਰ ਹੋ ਤਾਂ ਜਵਾਬ ਦਿਉ ।

ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ : ਹਾਂ ਜੀ, ਮੈ ਜਵਾਬ ਦੇਣ ਲਈ ਤਿਆਰ ਹਾਂ।

ਸ੍ਰੀ ਸਪੀਕਰ: ਚਲੋ ਦਿਉ ।

ਮੰਤਰੀ: ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, 1993-94 ਵਿਚ ਚਕੌਤੇ ਤੇ ਦਿੱਤੀ ਲੈਂਡ 21729 ਏਕੜ ਹੈ ਅਤੇ 1995-96 ਦੇ ਵਿੱਚ 21881 ਏਕੜ ਹੈ । ਇਸੇ ਤਰ੍ਹਾਂ 1993-94 ਵਿਚ ਨਜਾਇਜ਼ ਕਬਜ਼ੇ ਦੇ ਹੇਠਾਂ 6502 ਏਕੜ ਹੈ । ਇਸ ਦੇ ਵਿੱਚ ਕੁਦਰਤੀ ਅਗਲੇ ਸਾਲਾਂ ਦੇ ਵਿੱਚ ਕਈ ਥਾਵਾਂ ਤੇ ਜ਼ਮੀਨ ਅਸੀਂ ਨਿਲਾਮ ਕਰ ਸਕਦੇ ਹਾਂ । ਕੋਈ ਕੋਰਟ ਵਿੱਚ ਚਲਾ ਜਾਂਦਾ ਹੈ । ਕਿਤੇ ਘਟ ਵਧ ਸਕਦੀ ਹੈ । ਇਸ ਕਰਕੇ ਚਕੌਤੇ ਤੇ ਦਿੱਤਾ ਰਕਬਾ ਹਰ ਸਾਲ ਇਕੋ ਜਿੰਨਾ ਨਹੀਂ ਰਹਿ ਸਕਦਾ । ਇਸ ਕਰਕੇ ਇਹ ਫਿਗਰ ਮੇਲ ਨਹੀਂ ਖਾਂਦੀ ।

ਸ੍ਰੀ ਸਪੀਕਰ: ਅਰਸ਼ੀ ਜੀ, ਤੁਸੀਂ ਕਲੈਰੀਕਲ ਮਿਸਟੇਕ ਨਹੀਂ ਲੈਣਾ, ਹੋਰ ਸਪਲੀਮੈਂਟਰੀ ਪੁੱਛ ਲਵੋ ।

ਕਾਮਰੇਡ ਹਰਦੇਵ ਅਰਸ਼ੀ: ਮੈਂ ਕਲੈਰੀਕਲ ਮਿਸਟੇਕ ਨਹੀਂ ਲੈਂਦਾ । ਮੈਂ ਅਜੇ ਵੀ ਸਟੈਂਡ ਕਰਦਾ ਹਾਂ ਜੋ ਤੁਸੀਂ ਰੂਲਿੰਗ ਦਿੱਤੀ ਸੀ ਕਿ ਡਿਪਾਰਟਮੈਂਟ ਦੇ ਕਨਸਰਨਡ ਆਫ਼ੀਸਰ ਇਸ ਨੂੰ ਪ੍ਰਾਪਰਲੀ ਸਟੱਡੀ ਕਰਕੇ ਹਾਊਸ ਵਿੱਚ ਲਿਆਉਣਗੇ । ਜੋ ਇੱਥੇ ਮਿੱਤਲ ਸਾਹਿਬ ਨੇ ਇੰਟਰਵੀਨ ਕੀਤਾ ਹੈ, ਉਸ ਬਾਰੇ ਮੈਂ ਬੇਨਤੀ ਕਰਦਾ ਹਾਂ ਕਿ ਲੈਂਡ ਘਟਦੀ ਵਧਦੀ ਰਹੇਗੀ ਅਤੇ ਇਸ ਤੇ ਮੇਰਾ ਕੋਈ ਇਤਰਾਜ਼ ਨਹੀਂ ਹੈ । ਪਰ ਜਿੰਨੀ ਪਿੰਡ ਦੀ ਟੋਟਲ ਸ਼ਾਮਲਾਤ ਜ਼ਮੀਨ ਹੈ ਅਤੇ ਜਿੰਨੀ ਰੂਰਲ ਡਿਵੈਲਪਮੈਂਟ ਡਿਪਾਰਟਮੈਂਟ ਦੇ ਰਿਕਾਰਡ ਦੇ ਵਿੱਚ ਹੈ, ਉਹ ਰਿਕਾਰਡ ਦੇ ਵਿਚੋਂ ਤਾਂ ਨਹੀਂ ਘਟ ਵਧ ਸਕਦੀ, ਉਹ ਫਿਗਰ ਤਾਂ ਸੇਮ ਹੀ ਹੋਵੇਗੀ । ਚਾਹੇ ਨਜਾਇਜ਼ ਕਬਜ਼ੇ ਘਟ ਰਹੇ ਹਨ ਜਾਂ ਵਧ ਰਹੇ ਹਨ । ਇਹ ਐਗਰੀ ਕਰਨ ਵਾਲੀ ਗੱਲ ਹੈ । ਕੰਪੇਅਰ ਕਰਕੇ ਦੇਖੋ । ਜ਼ਮੀਨ ਘਟ ਜਾਏ ਜਾਂ ਵਧ ਜਾਏ, ਉਸ ਦੇ ਟੋਟਲ ਵਿੱਚ ਕੋਈ ਫਰਕ ਨਹੀਂ ਪੈਂਦਾ । ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਡਿਪਾਰਟਮੈਂਟ ਪੂਰੀ ਗੰਭੀਰਤਾ ਨਾਲ ਰਿਪਲਾਈ ਦੇਵੇ । ਮੇਰੀ ਪ੍ਰਸ਼ਨ ਪੁੱਛਣ ਦੀ ਭਾਵਨਾ ਇਹੀ ਹੈ ਕਿ ਮੈਂ ਇਹ ਤੁਹਾਡੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ।

ਸ਼੍ਰੀ ਸਪੀਕਰ: ਤੁਸੀਂ ਸਪਲੀਮੈਂਟਰੀ ਪੁੱਛੋ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਡਿਪਾਰਟਮੈਟ ਵਾਲੇ ਮਿਸਗਾਈਡ ਕਰਦੇ ਹਨ । ਪਿਛਲੇ ਸਾਲ 1993-94 ਵਿੱਚ 24,386 ਏਕੜ ਅਤੇ ਸਾਲ 1995-96 ਵਿੱਚ 23,993 ਏਕੜ ਜ਼ਮੀਨ ਨਜਾਇਜ਼ ਕਬਜ਼ਿਆਂ ਹੇਠ ਸੀ । ਕੀ ਇਹ ਦੱਸਣਗੇ ਕਿ ਕੀ ਕਾਰਨ ਹੈ ਕਿ ਇੰਨਾ ਵੱਡਾ ਡਿਪਾਰਟਮੈਟ ਹੋਣ ਦੇ ਬਾਵਜੂਦ, ਬੀ.ਡੀ.ਓ., ਡੀ.ਡੀ.ਪੀ.ਓ., ਅਤੇ ਏ ਡੀ.ਸੀ. ਮੌਜੂਦ ਹੋਣ ਦੇ ਬਾਵਜੂਦ ਇਹ ਨਜਾਇਜ਼ ਕਬਜੇ ਘੱਟ ਨਹੀ ਰਹੇ ਹਨ ? ਇਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਰੋਕਣ ਲਈ ਪਾਲਿਸੀ ਕੀ ਹੈ ? ਕੀ ਡਿਪਾਰਟਮੈਟ ਪਹਿਲ ਦੇ ਆਧਾਰ ਤੇ ਇਸ ਤੇ ਕਾਰਵਾਈ ਕਰੇਗਾ ?

ਮੰਤਰੀ : ਸਪੀਕਰ ਸਾਹਿਬ ਨੇ ਜਿਸ ਤਰ੍ਹਾਂ ਦੱਸਿਆ ਹੈ, ਨਜ਼ਾਇਜ਼ ਕਬਜ਼ਿਆਂ ਹੇਠ ਰਕਬਾ 24,386 ਤੋਂ ਘੱਟ ਕੇ 23,993 ਰਹਿ ਗਿਆ ਹੈ । ਬਹੁਤ ਸਾਰੀ ਜ਼ਮੀਨ ਛੁਡਾਈ ਗਈ ਹੈ । ਜ਼ਮੀਨ ਛੁਡਾਉਣ ਦਾ ਪ੍ਰਾਸੈੱਸ ਇਹ ਹੈ ਕਿ ਐਸ ਡੀ ਓ (ਸਿਵਲ) ਲੈਵਲ ਤਕ ਤਾਕਤ ਦਿੱਤੀ ਗਈ ਹੈ । ਇਸ ਕੰਮ ਵਿਚ ਦੇਰੀ ਨਾ ਹੋਵੇ ਅਤੇ ਨੇੜੇ ਤੋ ਨੇੜੇ ਦੇ ਅਫਸਰ ਅਵੇਲੇਬਲ ਹੋ ਸਕਣ, ਇਸ ਦਾ ਪ੍ਰਬੰਧ ਕੀਤਾ ਗਿਆ ਹੈ । ਜਦੋ ਕੇਸ ਹਾਈਕੋਰਟ ਵਿੱਚ ਚਲਾ ਜਾਂਦਾ ਹੈ ਤਾਂ

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

20-20 ਸਾਲ ਦਾ ਕੋਰਟਾਂ ਦਾ ਪ੍ਰਾਸੈੱਸ ਹੋ ਜਾਂਦਾ ਹੈ । ਦੇਰੀ ਨਾ ਹੋਵੇ, ਇਹ ਤਾਂ ਸਾਡੇ ਹੱਥ ਵਿੱਚ ਨਹੀਂ ਪਰ ਫਿਰ ਵੀ ਕੋਸ਼ਿਸ਼ ਕਰਾਂਗੇ । ਸਾਡੇ ਨੋਟਿਸ ਵਿੱਚ ਲਿਆਓ, ਉਸ ਮਾਮਲੇ ਨੂੰ ਜ਼ਰੂਰ ਧਿਆਨ ਵਿੱਚ ਲਿਆਂਦਾ ਜਾਵੇਗਾ । ਇਸ ਦੀ ਮੈਂ ਐਸ਼ੋਰੈਂਸ ਦਿੰਦਾ ਹਾਂ ।

ਕਾਮਰੇਡ ਹਰਦੇਵ ਅਰਸ਼ੀ: ਸਪਲੀਮੈਂਟਰੀ ਸਰ, ਮੈਂ ਮੰਤਰੀ ਜੀ ਤੋਂ ਐਸ਼ੋਰੈਂਸ ਚਾਹੁੰਦਾ ਸੀ ਅਤੇ ਮੈਂਬਰ ਵੀ ਮੇਰੇ ਨਾਲ ਸਹਿਮਤ ਹੋਣਗੇ ਕਿ ਨਜਾਇਜ਼ ਕਬਜ਼ੇ ਖਾਲੀ ਕਰਾਉਣ ਦੀ ਜ਼ਿੰਮੇਵਾਰੀ ਪੰਚਾਇਤ ਦੇ ਸਿਰ ਤੇ ਨਾ ਛੱਡੀ ਜਾਵੇ । ਕਿਉਂਕਿ ਕਈ ਵਾਰ ਹਾਲਾਤ ਇਸ ਤਰ੍ਹਾਂ ਦੇ ਬਣ ਜਾਂਦੇ ਹਨ ਕਿ ਪਿੰਡਾਂ ਵਿੱਚ ਧੜੇਬੰਦੀ ਹੋ ਜਾਂਦੀ ਹੈ ਅਤੇ ਉਸ ਆਪਸੀ ਟਕਰਾਅ ਦੀ ਸੂਰਤ ਵਿੱਚ ਸਰਪੰਚ ਇਹ ਨਹੀਂ ਚਾਹੁੰਦਾ ਕਿ ਆਪਣੇ ਬੰਦਿਆਂ ਤੋਂ ਜ਼ਮੀਨ ਖਾਲੀ ਕਰਵਾਈ ਜਾਵੇ । ਕੀ ਮੰਤਰੀ ਜੀ ਹਾਊਸ ਵਿੱਚ ਭਰੋਸਾ ਦਿਵਾਉਣਗੇ ਕਿ ਇਹ ਨਜਾਇਜ਼ ਕਬਜ਼ੇ ਖਾਲੀ ਕਰਾਉਣ ਦੀ ਜ਼ਿੰਮੇਵਾਰੀ ਪੰਚਾਇਤ ਤੇ ਪਾਉਣ ਦੀ ਬਜਾਏ ਮੁੱਖ ਡਿਪਾਰਟਮੈਂਟ ਤੇ ਪਾਈ ਜਾਵੇਗੀ ਅਤੇ ਬੀ.ਡੀ.ਓ., ਡੀ.ਡੀ.ਪੀ.ਓ. ਇਸ ਲਈ ਜ਼ਿੰਮੇਵਾਰ ਹੋਣਗੇ ?

ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਸਰਪੰਚ ਜਦੋਂ ਇਸ ਸਬੰਧੀ ਲਾਪਰਵਾਹੀ ਵਰਤੇ ਅਤੇ ਉਹ ਕਿਸੇ ਧੜੇਬੰਦੀ ਨਾਲ ਸਬੰਧਤ ਹੋਵੇ ਤਾਂ ਇਸ ਬਾਰੇ ਵੀ ਐਕਟ ਵਿੱਚ ਪ੍ਰੋਵੀਜ਼ਨ ਹੈ । ਸਾਡੇ ਅਫ਼ਸਰ ਉਸ ਤੋਂ ਅਗਾਂਹ ਹੋ ਕੇ ਆਪਣੀ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰਦੇ ਹਨ । ਜੇਕਰ ਇਹ ਸਾਡੇ ਨੋਟਿਸ ਵਿਚ ਲਿਆਉਣਗੇ ਤਾਂ ਅਸੀ ਹਰ ਹੀਲਾ-ਵਸੀਲਾ ਕਰਾਂਗੇ । ਇਸ ਵੱਲ ਉਚੇਚਾ ਧਿਆਨ ਦੇਵਾਂਗੇ । ਇਸ ਦੀ ਮੈਂ ਐਸ਼ੋਰੈਂਸ ਦਿੰਦਾ ਹਾਂ ।

ਕਾਮਰੇਡ ਹਰਦੇਵ ਅਰਸ਼ੀ: ਸਪਲੀਮੈਂਟਰੀ ਸਰ । ਮੇਰੇ ਪ੍ਰਸ਼ਨ ਦਾ ਜਵਾਬ ਨਹੀਂ ਦਿੱਤਾ ਗਿਆ । ਮੈਂ ਤਾਂ ਇਹ ਐਸ਼ੋਰੈਂਸ ਚਾਹੁੰਦਾ ਸੀ ਕਿ ਪੰਚਾਇਤਾਂ ਦੀ ਬਜਾਏ ਕਨਸਰਨਡ ਡਿਪਾਰਟਮੈਂਟ ਬੀ.ਡੀ.ਓ. ਜਾਂ ਡੀ.ਡੀ.ਪੀ.ਓ. ਤੇ ਜ਼ਿੰਮੇਵਾਰੀ ਪਾਈ ਜਾਵੇ । ਪਿੰਡਾਂ ਵਿੱਚ ਪੰਚਾਇਤਾਂ ਠੀਕ ਤਰ੍ਹਾਂ ਕੰਮ ਨਹੀਂ ਕਰ ਸਕਦੀਆਂ । ਕੀ ਇਸ ਤੇ ਸਰਕਾਰ ਵਿਚਾਰ ਕਰੇਗੀ ਅਤੇ ਕੀ ਮੰਤਰੀ ਜੀ ਇਸ ਸਬੰਧੀ ਐਸ਼ੋਰੈਂਸ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਵੈਸੇ ਮੈਂ ਇਨ੍ਹਾਂ ਦੀ ਗੱਲ ਦਾ ਜਵਾਬ ਦੇ ਚੁੱਕਾ ਹਾਂ ਅਤੇ ਇਨ੍ਹਾਂ ਨੇ ਫਿਰ ਐਸ਼ੋਰੈਂਸ ਮੰਗੀ ਹੈ । ਨਜਾਇਜ਼ ਕਬਜਾ ਹਟਾਉਣ ਲਈ ਮਹਿਕਮਾ ਸਰਪੰਚ ਨੂੰ ਅਸਿਸਟ ਕਰੇਗਾ । ਅਸੀਂ ਸਰਪੰਚ ਦੀ ਮਦਦ ਕਰਾਂਗੇ ।

ਇਹ ਸਾਡੀ ਜ਼ਿੰਮੇਵਾਰੀ ਹੈ । ਸਾਡੇ ਮਹਿਕਮੇ ਦਾ ਬੀ.ਡੀ.ਪੀ.ਓ.ਅਤੇ ਹੋਰ ਵੀ ਮਹਿਕਮੇ ਦੇ ਅਫਸਰ ਸਰਪੰਚ ਦੀ ਮਦਦ ਇਸ ਕੰਮ ਲਈ ਕਰਨਗੇ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਇਕ ਕੇਸ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਜਿਥੇ ਕਿ ਸਰਪੰਚ ਨੇ ਜ਼ਮੀਨ ਖਾਲੀ ਨਹੀਂ ਕਰਵਾਈ ਬਲਕਿ ਹਾਈ ਕੋਰਟ ਦੇ ਵਿਚ ਲੈਕ ਆਪ ਗਏ ਹਨ ਅਤੇ ਅਕਾਲੀ ਪਾਰਟੀ ਦਾ ਨਛੱਤਰ ਸਿੰਘ . . . (ਵਿਘਨ) . . . . ਸਰਪੰਚ ਆ ਗਿਆ ਹੈ . .

ਸ਼੍ਰੀ ਸਪੀਕਰ : ਰੌਂਤਾ ਸਾਹਿਬ, ਤੁਹਾਡੀ ਇਹ ਸਪਲੀਮੈਂਟਰੀ ਨਹੀਂ ਬਣਦੀ । ਤੁਸੀਂ ਵੱਖਰਾ ਨੋਟਿਸ ਦੇ ਦਿਓ । ਤੁਸੀਂ ਕਿਸੇ ਦਾ ਇਥੇ ਨਾਂ ਨਹੀਂ ਲੈ ਸਕਦੇ ।

ਅੱਤਵਾਦੀਆਂ ਦੀਆਂ ਜਾਇਦਾਦਾਂ ਨੂੰ ਕਬਜ਼ੇ ਵਿਚ ਲੈਣਾ

*406. **ਮਾਸਟਰ ਮੋਹਨ ਲਾਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਨੇ ਜਨਵਰੀ, 1994 ਤੋਂ ਬਾਅਦ ਹੁਣ ਤਕ ਰਾਜ ਵਿਚ ਅੱਤਵਾਦੀਆਂ ਨਾਲ ਸਬੰਧਤ ਕੋਈ ਜਾਇਦਾਦਾਂ ਆਪਣੇ ਕਬਜ਼ੇ ਹੇਠ ਲਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਹੀਂ ਜੀ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, 1994 ਤੋਂ ਪਹਿਲਾਂ ਕੁਝ ਪਰਾਪਰਟੀਜ਼ ਉਤੇ ਅੱਤਵਾਦੀਆਂ ਨੇ ਆਪਣੀਆਂ ਗਤੀਵਿੱਧੀਆਂ ਕਰਕੇ ਕਬਜ਼ੇ ਕੀਤੇ ਸਨ, ਫਿਰ ਪੁਲਿਸ ਨੇ ਉਨ੍ਹਾਂ ਤੇ ਦੁਬਾਰਾ ਕਬਜ਼ੇ ਕਰਕੇ ਉਥੇ ਪੁਲਿਸ ਚੌਕੀਆਂ ਬਣਾ ਦਿੱਤੀਆਂ ਸਨ । ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਸੀ ਕਿ ਕੀ ਉਥੇ ਸਰਕਾਰ ਆਪਣੇ ਕਬਜ਼ੇ ਰੱਖੇਗੀ ? ਇਨ੍ਹਾਂ ਨੇ ਜਵਾਬ ਨਾਂਹ ਵਿਚ ਦੇ ਦਿੱਤਾ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਸੀ ਕਿ 1994 ਤੋਂ ਬਾਅਦ ਹੁਣ ਤੱਕ ਰਾਜ ਵਿਚ ਅੱਤਵਾਦੀਆਂ ਨਾਲ ਸਬੰਧਤ ਕੋਈ ਜਾਇਦਾਦਾਂ ਆਪਣੇ ਕਬਜ਼ੇ ਹੇਠ ਲਈਆਂ ਸਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ । ਇਸ ਦਾ ਜਵਾਬ 'ਨਹੀਂ ਜੀ' ਹੈ । ਅਗਰ ਇਨ੍ਹਾਂ ਦੇ ਨੋਟਿਸ ਵਿਚ ਕਿਸੇ ਦਾ ਕੇਸ ਹੈ ਤਾਂ ਉਹ ਮੈਨੂੰ ਦਸ ਦੇਣ ।

ਸ਼੍ਰੀ ਸਪੀਕਰ : ਮਾਸਟਰ ਜੀ, ਤੁਸੀਂ ਸਵਾਲ 1994 ਤੋਂ ਬਾਅਦ ਦੇ ਪੀਰੀਅਡ ਦਾ ਕੀਤਾ ਹੈ । ਹੁਣ ਜਿਹੜਾ ਤੁਸੀਂ ਸਵਾਲ ਕਰ ਰਹੇ ਹੋ, ਉਹ ਅਲਹਿਦਾ ਹੈ । ਤੁਸੀਂ ਇਸ ਸਬੰਧ ਵਿਚ ਸਵਾਲ ਕਰੋ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਜਿਹੜੀ ਪ੍ਰਾਪਰਟੀ ਪਹਿਲੇ ਪੁਲਿਸ ਨੇ ਕਬਜ਼ੇ ਹੇਠ ਲਈ ਸੀ ਅਤੇ ਉਥੇ ਪੁਲਿਸ ਚੌਕੀ ਬਣਾ ਦਿੱਤੀ ਸੀ, ਕੀ ਸਰਕਾਰ ਉਸ ਜਾਇਦਾਦ ਉਤੇ ਕਬਜ਼ਾ ਰੱਖੇਗੀ ?

ਸ਼੍ਰੀ ਸਪੀਕਰ : ਮਾਸਟਰ ਜੀ, ਤੁਸੀਂ ਸਵਾਲ 1994 ਤੋਂ ਬਾਅਦ ਦੇ ਪੀਰੀਅਡ ਦਾ ਕਰੋ । ਅਗਰ ਤੁਸੀਂ ਕੋਈ ਹੋਰ ਇਨਫਰਮੇਸ਼ਨ ਲੈਣੀ ਹੈ ਜਿਹੜੀ ਇਸ ਸਵਾਲ ਦੇ ਸਬੰਧ ਵਿਚ ਹੋਵੇ ਤਾਂ ਉਹ ਲੈ ਸਕਦੇ ਹੋ । ਕੋਈ ਹੋਰ ਸਪਲੀਮੈਂਟਰੀ ਕਿਸੇ ਨੇ ਕਰਨੀ ਹੋਵੇ ਤਾਂ ਦਸੋ ।

ਸਰਦਾਰ ਮਹੇਸ਼ ਇੰਦਰ ਸਿੰਘ : ਸਪੀਕਰ ਸਾਹਿਬ, ਲੁਧਿਆਣਾ ਦੇ ਵਿਚ 1994 ਤੋ 1996 ਵਿਚਕਾਰ ਪੁਲਿਸ ਨੇ ਟੈਰੋਰਿਸਟਾਂ ਦੇ 3 ਮਕਾਨਾਂ ਉਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਅਤੇ ਦੱਬੀ ਬੈਠੀ ਹੈ । ਕੀ ਇਹ ਪੁਲਿਸ ਦਾ ਕਬਜ਼ਾ ਖਤਮ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਲੁਧਿਆਣਾ ਇਤਨਾ ਵੱਡਾ ਸ਼ਹਿਰ ਹੈ, ਇਸ ਬਾਰੇ ਇਨਫਰਮੇਸ਼ਨ ਮਹਿਕਮੇ ਤੋਂ ਲੈਣੀ ਪਵੇਗੀ । ਲੇਕਿਨ ਮੈਂ ਫਿਰ ਵੀ ਦਸ ਦਿੰਦਾ ਹਾਂ ਕਿ ਚਾਹੇ ਕੋਈ ਵੀ ਜਾਇਦਾਦ ਟੈਰੋਰਿਸਟ ਦੀ ਹੋਵੇ ਜਾਂ ਮਿਲੀਟੈਂਟ ਦੀ ਹੋਵੇ, ਉਸ ਉਤੇ ਕਬਜ਼ਾ ਨਹੀਂ ਕੀਤਾ ਜਾਵੇਗਾ ਕਿਉਂਕਿ ਇਸ ਦੇ ਵਿਚ ਉਨ੍ਹਾਂ ਦੇ ਬੱਚਿਆਂ ਦਾ ਜਾਂ ਫੈਮਿਲੀ ਦਾ ਕੋਈ ਕਸੂਰ ਨਹੀਂ ਹੈ । ਜਿਥੇ ਕਿਧਰੇ ਕਿਸੇ ਨੇ ਨਜਾਇਜ਼ ਤਰੀਕੇ ਨਾਲ ਕਿਸੇ ਦੀ ਜਾਇਦਾਦ ਨੂੰ ਦੱਬਿਆ ਹੋਇਆ ਹੈ, ਉਸ ਨੂੰ ਖਾਲੀ ਕਰਵਾਉਣ ਵਿਚ ਉਸ ਦੀ ਮਦਦ ਕਰਾਂਗੇ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਨ੍ਹਾਂ ਦੇ ਧਿਆਨ ਵਿਚ ਕੋਈ ਸ਼ਿਕਾਇਤ ਆਈ ਹੈ ਕਿ ਅੱਤਵਾਦ ਦੇ ਸਮੇਂ ਜਦੋਂ ਲੋਕ ਆਪਣੇ ਘਰ ਖਾਲੀ ਛੱਡ ਕੇ ਪਿੰਡਾਂ ਵਿਚੋਂ ਚਲੇ ਗਏ ਸਨ ਤਾਂ ਉਨ੍ਹਾਂ ਦੇ ਮਕਾਨਾਂ ਉਤੇ ਅੱਤਵਾਦੀਆਂ ਨੇ ਨਜਾਇਜ਼ ਕਬਜ਼ਾ ਕਰ ਲਿਆ ਸੀ ? ਉਸ ਨਜਾਇਜ਼ ਕਬਜ਼ੇ ਨੂੰ ਖਤਮ ਕਰਵਾਉਣ ਲਈ ਸਰਕਾਰ ਕੀ ਰੋਲ ਅਦਾ ਕਰ ਰਹੀ ਹੈ ? ਸੀ.ਐਮ. ਸਾਹਿਬ ਜਵਾਬ ਦੇਣਾ ਚਾਹੁੰਦੇ ਸਨ ਪਰ.......

ਸ੍ਰੀ ਸਪੀਕਰ : ਇਹ ਤੁਹਾਡੀ ਸਪਲੀਮੈਂਟਰੀ ਨਹੀਂ ਬਣਦੀ । ਤੁਸੀਂ ਵੱਖਰਾ ਨੋਟਿਸ ਦੇ ਦਿਓ ।

ਮੁੱਖ ਮੰਤਰੀ : ਸਪੀਕਰ ਸਾਹਿਬ, ਕੋਈ ਵੀ ਸ਼ਹਿਰੀ ਜਿਹੜਾ ਉਸ ਸਮੇਂ ਵਿਚ ਕਿਤੇ ਵੀ ਬਾਹਰ ਚਲਾ ਗਿਆ ਸੀ, ਅਗਰ ਉਹ ਵਾਪਿਸ ਆਉਣਾ ਚਾਹੁੰਦਾ ਹੈ ਤਾਂ ਉਸ ਦੀ ਪਰਾਪਰਟੀ ਬਹਾਲ ਕਰਾ ਦੇਵਾਂਗੇ-।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਅਗਰ ਉਹ ਪੰਜਾਬ ਵਿਚ ਵਾਪਿਸ ਨਹੀਂ ਆਉਣਾ ਚਾਹੁੰਦਾ ਅਤੇ ਉਸ ਦੀ ਪਰਾਪਰਟੀ ਏ.ਕੇ. 47 ਵਾਲਿਆਂ ਨੇ ਦੱਬੀ ਹੋਈ ਹੈ ਤਾਂ ਕੀ ਉਸ ਦੀ ਪਰਾਪਰਟੀ ਖਾਲੀ ਕਰਵਾ ਦਿਉਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਾਡਾ ਰੋਲ ਬੜਾ ਕਲੀਅਰ ਹੈ । ਜਿਹੜੀ ਮਿਲੀਟੈਂਟਸ ਦੀ ਪਰਾਪਰਟੀ ਹੈ, ਉਹ ਉਨ੍ਹਾਂ ਦੇ ਬੱਚਿਆਂ ਨੂੰ ਅਤੇ ਉਸਦੀ ਫੈਮਿਲੀਜ਼ ਨੂੰ ਦਿੱਤੀ ਜਾਵੇਗੀ । ਦੂਜੇ ਪਾਸੇ ਜੇ ਕਿਸੇ ਦੀ ਪਰਾਪਰਟੀ ਕਿਸੇ ਨੇ ਦੱਬੀ ਹੋਈ ਹੈ ਅਤੇ ਉਹ ਕੇਸ ਸਾਡੇ ਨੋਟਿਸ ਵਿਚ ਆਵੇਗਾ ਤਾਂ ਉਸ ਦੀ ਪਰਾਪਰਟੀ ਉਨ੍ਹਾਂ ਨੂੰ ਵਾਪਿਸ ਕਰ ਦਿੱਤੀ ਜਾਵੇਗੀ । ਬੱਚੇ ਅਤੇ ਫੈਮਿਲੀ ਦਾ ਕਿਸੇ ਦਾ ਕਸੂਰ ਨਹੀਂ ਹੈ । (ਥੰਪਿੰਗ)

ਸ਼ਾਹ ਨਹਿਰ ਪ੍ਰੋਜੈਕਟ ਦੇ ਵਰਕ-ਚਾਰਜਡ ਕਰਮਚਾਰੀਆਂ ਦੀਆਂ ਸੇਵਾਵਾਂ ਨਿਯਮਤ ਕਰਨਾ

*453. ਸ੍ਰੀ ਅਰੁਨੇਸ਼ ਕੁਮਾਰ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਤਲਵਾੜਾ ਅਤੇ ਮੁਕੇਰੀਆਂ ਆਦਿ ਵਿਖੇ ਤਾਇਨਾਤ ਸ਼ਾਹ ਨਹਿਰ ਪ੍ਰੋਜੈਕਟ ਦੇ ਵਰਕ-ਚਾਰਜਡ ਕਰਮਚਾਰੀਆਂ ਦੀ ਸੇਵਾਵਾਂ ਨੂੰ ਨਿਯਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸਨੂੰ ਕਦੋ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸ਼ਾਹ ਨਹਿਰ ਹੈਡ ਵਰਕਸ ਡਵੀਜ਼ਨ, ਤਲਵਾੜਾ ਵਿੱਚ 59 ਵਰਕ-ਚਾਰਜ ਕਾਮੇ ਹਨ, ਜਿਨ੍ਹਾਂ ਵਿੱਚੋਂ 12 ਕਾਮੇ ਤਲਵਾੜਾ ਵਿਖੇ ਲੱਗੇ ਹੋਏ ਹਨ ਤੇ ਬਾਕੀ ਦੇ 47 ਕਾਮੇ ਰਣਜੀਤ ਸਾਗਰ ਡੈਮ ਤੇ ਜੌਬ ਆਰਡਰ ਬੇਸਿਜ਼ ਤੇ ਕੰਮ ਕਰ ਰਹੇ ਹਨ । ਇਨ੍ਹਾਂ ਸਾਰੇ ਕਾਮਿਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ।

ਸਰਦਾਰ ਸਿਕੰਦਰ ਸਿੰਘ : ਸਪੀਕਰ ਸਾਹਿਬ, ਕੀ ਮੁੱਖ ਮੰਤਰੀ ਸਾਹਿਬ ਹਾਊਸ ਨੂੰ ਐਸ਼ੋਰੈਂਸ ਦੇਣਗੇ ਕਿ ਉਹ ਇਨ੍ਹਾਂ ਵਰਕ-ਚਾਰਜ ਕਾਮਿਆਂ ਨੂੰ ਕਦੋਂ ਤੱਕ ਰੈਗੂਲਰ ਕਰ ਦੇਣਗੇ ? 12 ਸਾਲ ਉਨ੍ਹਾਂ ਨੂੰ ਕੰਮ ਕਰਦਿਆਂ ਹੋ ਗਏ ਹਨ ਪਰ ਅਜੇ ਤੱਕ ਉਹ ਰੈਗੂਲਰ ਨਹੀਂ ਹੋਏ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਕੱਲ੍ਹ ਹੀ ਹਦਾਇਤ ਕਰ ਦਿੱਤੀ ਹੈ ਕਿ ਇਨ੍ਹਾਂ ਨੂੰ ਰੈਗੂਲਰ ਕਰ ਦਿੱਤਾ ਜਾਵੇ ਅਤੇ ਕੋਈ ਆਲਟਰਨੇਟਿਵ ਹੱਲ ਲਭ ਲਿਆ ਜਾਵੇ । (ਥੰਪਿੰਗ)

ਰਾਮਪੁਰਾ ਫੂਲ ਵਿਚ ਸਰਕਾਰੀ ਜਾਇਦਾਦ ਦੀ ਵਿਕਰੀ

*393. ਸਰਦਾਰ ਸਿਕੰਦਰ ਸਿੰਘ : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਨਗਰਪਾਲਿਕਾ, ਰਾਮਪੁਰਾ ਫੂਲ ਨਾਲ ਸਬੰਧਤ ਅਜਿਹੀ ਜਾਇਦਾਦ ਦੇ ਸਾਲ-ਵਾਰ ਵੇਰਵੇ ਕੀ ਕੀ ਹਨ ਜੋ ਜਨਵਰੀ, 1993 ਤੋਂ ਮਿਤੀ ਅੰਤ ਤਕ ਦੇ ਸਮੇਂ ਦੇ ਦੌਰਾਨ ਵੇਚੀ ਗਈ ਅਤੇ ਉਕਤ ਵਿਕਰੀ ਤੋਂ ਸਰਕਾਰ ਨੂੰ ਪ੍ਰਾਪਤ ਹੋਈ ਰਕਮ ਦੇ ਸਾਲ-ਵਾਰ ਵੇਰਵੇ ਕੀ ਹਨ ;

(ਅ) ਕੀ ਸਰਕਾਰ ਨੂੰ ਉਪਰੋਕਤ ਭਾਗ (ੳ) ਵਿਚ ਵਰਣਿਤ ਜਾਇਦਾਦ ਦੀ ਵਿਕਰੀ ਵਿਚ ਬੇਕਾਇਦਗੀਆਂ/ਭ੍ਰਿਸ਼ਟਾਚਾਰ ਸਬੰਧੀ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਤੇ ਕੀ ਕਾਰਵਾਈ ਕੀਤੀ ਗਈ ?

Shri Balramji Dass Tandon: (a) Municipal Council, Rampura Phul sold by transfer one residential plot measuring 310 Sq. yds. @ Rs. 1200 per Sq. yard and a commercial plot measuring 377 Sq. yds. @ Rs. 3500 per Sq. yard in Adalat Bazar Rampura Phul during the year 1995-96 from which it earned Rs. 16,91,500.

(b) No Sir.

ਸਰਦਾਰ ਸਿਕੰਦਰ ਸਿੰਘ : ਸਪੀਕਰ ਸਾਹਿਬ, ਕੀ ਮੰਤਰੀ ਜੀ ਗਰੰਟੀ ਦਿੰਦੇ ਹਨ ਕਿ ਸਿਰਫ ਦੋ ਹੀ ਪਲਾਟ ਵੇਚੇ ਗਏ ਹਨ ? ਮੇਰੀ ਨਾਲਿਜ ਵਿਚ ਪਲਾਟਾਂ ਦੀ ਗਿਣਤੀ ਜ਼ਿਆਦਾ ਹੈ ਅਤੇ ਉਹ ਪਲਾਟ ਆਪਣੇ ਚਹੇਤਿਆਂ ਨੂੰ ਅਲਾਟ ਕਰ ਦਿੱਤੇ ਗਏ ਹਨ, ਬਿਨਾਂ ਕਿਸੇ ਕਾਰਨ ਪਲਾਟ ਦੇ ਦਿੱਤੇ ਗਏ ਹਨ । ਥੱਲੇ ਦੇ ਅਫਸਰਾਂ ਨੇ ਮੰਤਰੀ ਜੀ ਨੂੰ ਗੁਮਰਾਹ ਕੀਤਾ ਹੈ । ਇਥੋਂ ਤੱਕ ਕਿ ਸ਼ਹਿਰ ਵਿਚ ਜੋ ਬੀਬੀਆਂ ਲਈ ਬਾਥਰੂਮ ਦੀ ਜਗ੍ਹਾ ਸੀ, ਉਹ ਵੀ ਮਿਊਂਸਪਲ ਕੌਂਸਲ ਨੇ ਆਪਣੇ ਚਹੇਤਿਆਂ ਨੂੰ ਧੱਕੇ ਨਾਲ ਦੇ ਦਿੱਤੀ ਅਤੇ ਇਸ ਵਿਚ ਬਹੁਤ ਵੱਡੀ ਘਪਲੇਬਾਜ਼ੀ ਹੈ । ਕੀ ਮੰਤਰੀ ਜੀ ਇਸ ਜਾਇਦਾਦ ਦੀ ਇਨਕੁਆਇਰੀ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਇਨ੍ਹਾਂ ਦੀ ਗੱਲ ਦਾ ਤਾਅਲੁੱਕ ਹੈ, ਇਸ ਵਿਚ ਬਿਲਕੁਲ ਕੋਈ ਦੋ ਰਾਵਾਂ ਨਹੀ ਹਨ ਪਰ ਐਸੀ ਕੋਈ ਵੀ ਗੱਲ ਨਹੀਂ ਹੈ । ਜੇ ਸਾਡੇ ਨੋਟਿਸ ਵਿਚ ਕੁਝ ਆਉਂਦਾ ਹੈ ਤਾਂ ਨਿਸ਼ਚਿਤ ਤੌਰ ਤੇ ਅਸੀਂ ਐਕਸ਼ਨ ਲਵਾਂਗੇ ।

ਸਰਦਾਰ ਸਿਕੰਦਰ ਸਿੰਘ : ਸਪੀਕਰ ਸਾਹਿਬ, ਰਾਮਪੁਰਾ ਫੂਲ ਮਿਊਂਸਪਲ ਕਮੇਟੀ ਵਿਚ ਘਪਲੇਬਾਜ਼ੀ ਹੋਈ ਹੈ । ਇਸ ਦੀ ਸ਼ਿਕਾਇਤ ਵੀ ਹੋਈ ਹੈ ਅਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਰਿਪੋਰਟ ਵੀ ਭੇਜੀ ਹੈ ਕਿ ਮਿਊਂਸਪਲ ਕਮੇਟੀ ਤੋੜ ਦਿੱਤੀ ਜਾਵੇ ਕਿਉਂਕਿ ਇਹ ਗਲਤ ਕੰਮ ਕਰ ਰਹੀ ਹੈ । ਕੀ ਮੰਤਰੀ ਜੀ ਉਸ ਰਿਪੋਰਟ ਤੇ ਜਲਦੀ ਕਾਰਵਾਈ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਸਵਾਲ ਸੀ, ਉਹ ਜ਼ਮੀਨ ਦਾ ਸੀ। ਜਿਥੋਂ ਤੱਕ ਦੂਸਰੀ ਗੱਲ ਹੈ ਕਿ ਸ਼ਿਕਾਇਤ ਆਈ ਹੈ, ਉਸ ਦੀ ਇਨਕੁਆਇਰੀ ਹੋ ਰਹੀ ਹੈ ਅਤੇ ਸੈਕਟਰੀ ਸਾਹਿਬ ਜਲਦੀ ਡਿਸੀਜ਼ਨ ਲੈਣ ਵਾਲੇ ਹਨ ।

ਰਾਮਪੁਰਾ ਫੂਲ ਵਿਚ ਸੀਵਰੇਜ ਸਿਸਟਮ ਦੀ ਦੇਖ-ਭਾਲ

*394. ਸਰਦਾਰ ਸਿਕੰਦਰ ਸਿੰਘ : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਸਾਲ 1994 ਤੋਂ ਮਿਤੀ ਅੰਤ ਤਕ ਸਮੇਂ ਦੇ ਦੌਰਾਨ ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਵਿਚ ਸੀਵਰੇਜ਼ ਸਿਸਟਮ ਦੀ ਦੇਖ-ਭਾਲ ਤੇ ਕੀਤੇ ਗਏ ਖਰਚੇ ਦੇ ਸਾਲ-ਵਾਰ ਵੇਰਵੇ ਕੀ ਹਨ;

[ਸਰਦਾਰ ਸਿਕੰਦਰ ਸਿੰਘ]

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਕਸਬੇ ਵਿਚ ਮੌਜੂਦਾ ਸੀਵਰੇਜ ਸਿਸਟਮ ਠੀਕ ਤਰ੍ਹਾਂ ਕੰਮ ਕਰ ਰਿਹਾ ਹੈ, ਜੇਕਰ ਨਹੀਂ ਤਾਂ, ਉਕਤ ਸਿਸਟਮ ਦੇ ਸੁਧਾਰ ਲਈ ਵਿੱਤੀ ਸਾਲ 1997-98 ਦੇ ਦੌਰਾਨ ਸਰਕਾਰ ਦੁਆਰਾ ਕਿੰਨੀ ਰਕਮ ਰੱਖੇ ਜਾਣ ਦੀ ਤਜਵੀਜ਼ ਹੈ ?

Shri Balramji Dass Tandon : The information asked for, is as under :--

(a)

Year	Expenditure incurred
1994-95	7.58 lacs.
1995-96	8.15 lacs.
1996-97	1.42 lacs.

(b) Yes, The Government has not earmarked any amount so far. Decision regarding the same shall be taken shortly.

ਸਰਦਾਰ ਸਿਕੰਦਰ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਰਾਮਪੁਰਾ ਫੂਲ ਜਿਹੜਾ ਸ਼ਹਿਰ ਹੈ, ਉਸ ਦੀ ਹਾਲਤ ਬਹੁਤ ਮਾੜੀ ਹੈ । ਥੋੜ੍ਹੇ ਜਿਹੇ ਦਿਨ ਹੋਏ ਮੰਤਰੀ ਜੀ ਆਪ ਉਥੇ ਗਏ ਸਨ ਅਤੇ ਜਦੋਂ ਸ਼ਹਿਰ ਵਿਚ ਪਹੁੰਚੇ ਤਾਂ ਸ਼ਹਿਰ ਦੇ ਵਰਕਰਾਂ ਨੇ ਇਨ੍ਹਾਂ ਦੀ ਗੱਡੀ ਜਿਹੜੀ ਕਿ ਗਾਰੇ ਵਿਚ ਧਸ ਗਈ ਸੀ ਅਤੇ ਕੱਢਣੀ ਔਖੀ ਹੋ ਗਈ ਸੀ, ਉਹ ਕੱਢੀ । ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਰਾਮਪੁਰਾ ਫੂਲ ਸ਼ਹਿਰ ਦੀ ਜਿਹੜੀ ਹਾਲਤ ਹੈ, ਉਹ ਠੀਕ ਕਰਾ ਦਿੱਤੀ ਜਾਵੇਗੀ ?

ਸ੍ਰੀ ਸਪੀਕਰ : ਸੀਵਰੇਜ ਦੀ ਉਥੇ ਹੀ ਨਹੀਂ, ਸਾਰੀ ਜਗ੍ਹਾ ਹੀ ਮਾੜੀ ਹਾਲਤ ਹੈ ।

ਮੰਤਰੀ : ਸਪੀਕਰ ਸਾਹਿਬ, ਉਥੋਂ ਦੇ ਬਾਰੇ ਮੈਂ ਕਹਿੰਦਾ ਹਾਂ ਕਿ ਵਾਕਿਆ ਹੀ ਹਾਲਤ ਖਰਾਬ ਹੈ ਅਤੇ ਉਸ ਦੇ ਵਾਸਤੇ ਨਿਸ਼ਚਿਤ ਤੌਰ ਤੇ ਅਸੀਂ ਸਟੈੱਪਸ ਲਵਾਂਗੇ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸੀਵਰੇਜ ਸਿਸਟਮ ਨੇ, ਜਿੰਨੇ ਵੀ ਪੰਜਾਬ ਦੇ ਸ਼ਹਿਰ ਹਨ, ਉਹ ਬੁਰੀ ਤਰ੍ਹਾਂ ਤਬਾਹ ਕਰ ਦਿੱਤੇ ਹਨ । ਸੀਵਰੇਜ ਨਾ ਤਾਂ ਚਲਦਾ ਹੈ ਅਤੇ ਨਾ ਕੋਈ ਕੰਮ ਮੁਕੰਮਲ ਹੋਇਆ ਹੈ । ਕਰੋੜਾਂ ਰੁਪਿਆ ਪੰਜਾਬ ਸਰਕਾਰ ਦਾ ਇਸ ਕੰਮ ਤੇ ਖਤਮ ਹੋ ਚੁੱਕਾ ਹੈ ਪਰ ਇਹ ਚਾਲੂ ਵੀ ਨਹੀਂ ਹੋ ਸਕਿਆ ਹੈ ਅਤੇ ਨਾ ਹੀ ਸ਼ਹਿਰਾਂ ਦੀ ਬਰਬਾਦੀ ਨੂੰ ਸਰਕਾਰ ਰੋਕ ਸਕੀ ਹੈ । ਕੀ ਵਜ਼ੀਰ ਸਾਹਿਬ ਸਦਨ ਨੂੰ ਭਰੋਸਾ ਦਿਵਾਉਣਗੇ ਕਿ ਸੀਵਰੇਜ ਸਿਸਟਮ ਨੂੰ ਓਵਰਹਾਲਿੰਗ ਕਰਕੇ ਠੀਕ ਕਰ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਇਸ ਗੱਲ ਦਾ ਤਾਅਲੁੱਕ ਹੈ, ਜਿਥੇ ਸੀਵਰੇਜ ਸਿਸਟਮ ਲੇਅ ਹੋਣਾ ਹੈ, ਉਥੇ ਸੜਕ ਤਾਂ ਤੋੜਨੀ ਹੀ ਪਵੇਗੀ । ਤਦ ਹੀ ਸੀਵਰੇਜ ਲੇਅ ਹੋ ਸਕਦਾ ਹੈ । ਫਿਰ ਅੱਗੋਂ ਉਸ ਦੇ ਕੁਨੈਕਟਿੰਗ ਲਿੰਕ ਹੁੰਦੇ ਹਨ ਜਿਹੜੇ ਗਲੀਆਂ ਅਤੇ ਛੋਟੇ ਬਜ਼ਾਰਾਂ ਵਿਚੋਂ ਆਉਂਦੇ ਹਨ । ਉਨ੍ਹਾਂ ਵਾਸਤੇ ਵੀ ਸੜਕਾਂ ਤੋੜਨੀਆਂ ਪੈਂਦੀਆਂ ਹਨ । ਇਕ ਵਾਰੀ ਤਾਂ ਇਹ ਤਕਲੀਫ ਸਹਿਣੀ ਹੀ ਪੈਂਦੀ ਹੈ । ਕਿਸੇ ਵੀ ਕੰਮ ਨੂੰ ਕਰਨ ਵਾਸਤੇ ਇਹ ਤਾਂ ਸਹਿਣੀ ਹੀ ਪਵੇਗੀ । ਫਿਰ ਵੀ ਇਹ ਨਿਸ਼ਚਿਤ ਤੌਰ ਤੇ ਸਾਡੇ ਖਿਆਲ ਵਿਚ ਹੈ । ਜਿੰਨੀ ਜਲਦੀ ਹੋ ਸਕੇਗਾ, ਜਿਹੜਾ ਕੰਮ ਸ਼ੁਰੂ ਹੋ ਚੁੱਕਾ ਹੈ, ਉਸ ਨੂੰ ਮੁਕੰਮਲ ਕੀਤਾ ਜਾਵੇਗਾ ਤਾਂਕਿ ਲੋਕਾਂ ਦੀ ਮੁਸ਼ਕਲ ਦੂਰ ਹੋਵੇ ।

ਸਰਦਾਰ ਸੁਖਵਿੰਦਰ ਸਿੰਘ : ਸਪੀਕਰ ਸਾਹਿਬ, ਮੈ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮਾਨਸਾ ਸ਼ਹਿਰ ਦਾ ਸੀਵਰੇਜ ਪ੍ਰਬੰਧ ਵੀ ਬੁਰੀ ਤਰ੍ਹਾਂ ਬਰਬਾਦ ਹੋ ਚੁੱਕਾ ਹੈ । ਇਸ ਦੇ ਵਾਸਤੇ 7 ਕਰੋੜ 31 ਲੱਖ ਰੁਪਏ ਦਾ ਲੋਨ ਹੁਡਕੋ ਦੀ ਸਕੀਮ ਦੇ ਤਹਿਤ ਲੈਣਾ ਹੈ ਅਤੇ ਕੁਝ ਪੈਸਾ ਨਗਰਪਾਲਿਕਾ ਮਾਨਸਾ ਨੇ ਦੇਣਾ ਸੀ.....

ਸ੍ਰੀ ਸਪੀਕਰ : ਕੀ ਇਹ ਸਵਾਲ ਸੀਵਰੇਜ ਦੇ ਸਬੰਧ ਵਿਚ ਹੈ ?

ਸਰਦਾਰ ਸੁਖਵਿੰਦਰ ਸਿੰਘ : ਹਾਂ ਜੀ, ਸਪੀਕਰ ਸਾਹਿਬ । ਪਰ ਇਸ ਲਈ ਨਾ ਸਰਕਾਰ ਨੇ ਕੋਈ ਪੈਸਾ ਦਿੱਤਾ ਹੈ, ਨਾਂ ਨਗਰਪਾਲਿਕਾ ਨੇ ਦਿੱਤਾ ਹੈ ਅਤੇ ਸੀਵਰੇਜ ਦੀ ਬਹੁਤ ਬੁਰੀ ਹਾਲਤ ਹੋਈ ਪਈ ਹੈ । ਮੈਂ ਮੰਤਰੀ ਜੀ ਤੋਂ

[ਸਰਦਾਰ ਸੁਖਵਿੰਦਰ ਸਿੰਘ]

ਪੁੱਛਣਾ ਚਾਹੁੰਦਾ ਹਾਂ ਕਿ ਇਹ 7 ਕਰੋੜ 31 ਲੱਖ ਰੁਪਏ ਦਾ ਲੋਨ ਕਦੋ ਤੱਕ ਕਲੀਅਰ ਹੋ ਜਾਵੇਗਾ ?

ਸ਼੍ਰੀ ਸਪੀਕਰ : ਕੋਈ ਗੱਲ ਤਾਂ ਬਣੀ ਨਹੀਂ ।

ਮੰਤਰੀ : ਸਪੀਕਰ ਸਾਹਿਬ, ਇਹ ਸੈਪਰੇਟ ਨੋਟਿਸ ਦੇ ਦੇਣ । ਮੈਂ ਪਤਾ ਕਰਕੇ ਦੱਸ ਦੇਵਾਂਗਾ ।

ਧਾਰ ਸਬ-ਤਹਿਸੀਲ ਵਿਚ ਬੂਟੇ ਲਗਾਉਣਾ

*407. **ਮਾਸਟਰ ਮੋਹਨ ਲਾਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਸਾਲ 1996 ਦੇ ਦੌਰਾਨ ਜੰਗਲਾਤ ਵਿਭਾਗ ਦੁਆਰਾ ਸਬ-ਤਹਿਸੀਲ ਧਾਰ, ਜ਼ਿਲ੍ਹਾ ਗੁਰਦਾਸਪੁਰ ਵਿਚ ਲਗਾਏ ਗਏ ਬੂਟਿਆਂ ਦੀ ਗਿਣਤੀ ਕਿੰਨੀ ਹੈ ਅਤੇ ਇਹ ਕਿੱਥੇ ਕਿੱਥੇ ਲਗਾਏ ਗਏ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਬੂਟਿਆਂ ਵਿਚੋਂ ਅਜਿਹੇ ਬੂਟਿਆਂ ਦੀ ਗਿਣਤੀ ਕਿੰਨੀ ਹੈ ਜਿਹੜੇ ਚਲ ਪਏ ਹਨ ਅਤੇ ਬੂਟਿਆਂ ਦੇ ਲਗਾਉਣ ਤੇ ਕਿੰਨਾ ਖਰਚ ਆਇਆ;

(ੲ) ਕੀ ਉਪਰੋਕਤ ਭਾਗ (ਅ) ਵਿਚ ਵਰਣਿਤ ਬੂਟਿਆਂ ਦੇ ਲਗਾਉਣ ਲਈ ਲਗਾਏ ਗਏ ਮਜ਼ਦੂਰਾਂ ਨੂੰ ਅਜੇ ਤਕ ਉਹਨਾਂ ਦੀ ਮਜ਼ਦੂਰੀ ਦੀ ਅਦਾਇਗੀ ਕਰਨੀ ਰਹਿੰਦੀ ਹੈ; ਜੇਕਰ ਅਜਿਹਾ ਹੈ, ਤਾਂ ਉਸਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਗੁਰਦਾਸਪੁਰ ਵਣ ਮੰਡਲ ਦੁਆਰਾ ਧਾਰ ਸਬ-ਤਹਿਸੀਲ ਵਿੱਚ ਸਾਲ 1996-97 ਦੌਰਾਨ 1300 ਹੈਕਟੇਅਰ ਰਕਬੇ ਵਿੱਚ 6,50,000 ਵੱਖ-2 ਕਿਸਮਾਂ ਦੇ ਪੌਦੇ ਲਗਾਏ ਗਏ । ਜਿਨ੍ਹਾਂ ਜਗ੍ਹਾਂ ਤੇ ਇਹ ਪੌਦੇ ਲਗਾਏ ਗਏ, ਉਨ੍ਹਾਂ ਦੀ ਸੂਚੀ ਨਾਲ ਨੱਥੀ ਹੈ ।

(ਅ) ਕੁੱਲ 6,50,000 ਲਗਾਏ ਗਏ ਪੌਦਿਆਂ ਵਿਚੋ 5,42,922 ਪੌਦੇ ਚੱਲ ਪਏ ਹਨ ਅਤੇ ਇਨ੍ਹਾਂ ਨੂੰ ਲਗਾਉਣ ਉਤੇ 83,31,092 ਰੁਪਏ ਖਰਚ ਕੀਤੇ ਗਏ ਹਨ ।

(ੲ) 83,31,092 ਖਰਚ ਕੀਤੇ ਰੁਪਏ ਵਿਚੋ 78,95,484 ਰੁਪਏ ਮਜ਼ਦੂਰਾਂ ਨੂੰ ਮਜ਼ਦੂਰੀ ਵਜੋਂ ਦਿੱਤੇ ਜਾ ਚੁੱਕੇ ਹਨ ਜਦਕਿ ਉਪਰੋਕਤ ਭਾਗ (ੳ) ਵਿੱਚ ਵਰਣਿਤ ਬੂਟਿਆਂ ਨੂੰ ਲਗਾਉਣ ਲਈ ਕੇਵਲ 4,35,608 ਰੁਪਏ ਦੀ ਮਜ਼ਦੂਰੀ ਦੀ ਅਦਾਇਗੀ ਕਰਨੀ ਹੀ ਬਕਾਇਆ ਹੈ ।

ਉਪਰੋਕਤ ਰਕਮ ਵਿੱਤ ਵਿਭਾਗ ਵੱਲੋਂ ਦੇਰ ਨਾਲ ਮਿਲੀ ਮਨਜ਼ੂਰੀ ਕਾਰਨ 1996-97 ਵਿੱਚ ਕਢਵਾਈ ਨਹੀਂ ਜਾ ਸਕੀ । ਇਸ ਨੂੰ revalidate ਕਰਵਾ ਕੇ ਮਜ਼ਦੂਰਾਂ ਦੀ ਪੇਮੈਂਟ ਜਲਦੀ ਕਰਵਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ।

ਸੂਚੀ

ਸਾਲ 1996-97 ਦੌਰਾਨ ਜੰਗਲਾਤ ਵਿਭਾਗ ਵੱਲੋਂ ਸਬ-ਤਹਿਸੀਲ ਧਾਰ, ਜ਼ਿਲ੍ਹਾ ਗੁਰਦਾਸਪੁਰ ਵਿੱਚ ਲਗਾਏ ਗਏ ਪੌਦਿਆਂ ਸਬੰਧੀ ਸੂਚਨਾ ਹੇਠ ਪ੍ਰਕਾਰ ਹੈ:--

ਲੜੀ ਨੰ:	ਜਗ੍ਹਾ/ਪਿੰਡ ਦਾ ਨਾਂ	ਰਕਬਾ (ਹੈਕਟਰਾਂ ਵਿੱਚ)	ਲਗਾਏ ਗਏ ਪੌਦਿਆਂ ਦੀ ਗਿਣਤੀ	ਜੀਵਿਤ ਪੌਦਿਆਂ ਦੀ ਗਿਣਤੀ
	ਦੁਨੇਰਾ ਰੇਂਜ			
1.	ਲਹਿਰੂਨ	41 ਹੈਕਟਰ	20300	19270
2.	ਲੰਜੇਰਾ	85 ਹੈਕਟਰ	42500	40375
3	ਭੰਗੂਣੀ	116 ਹੈਕਟਰ	58000	55100
4.	ਰੋਘ	8 ਹੈਕਟਰ	4000	3680
5	ਹਰਦੌਸਰਨ	50 ਹੈਕਟਰ	25000	23875
		300 ਹੈਕਟਰ	150000	142300

[ਮੁੱਖ ਮੰਤਰੀ]

ਲੜੀ ਨੰ:	ਜਗ੍ਹਾ/ਪਿੰਡ ਦਾ ਨਾਂ	ਰਕਬਾ (ਹੈਕਟਰਾਂ ਵਿੱਚ)	ਲਗਾਏ ਗਏ ਪੌਦਿਆਂ ਦੀ ਗਿਣਤੀ	ਜੀਵਿਤ ਪੌਦਿਆਂ ਦੀ ਗਿਣਤੀ
	ਧਾਰ ਖੁਰਦ ਰੇਂਜ			
6.	ਬਰੋਹ	28 ਹੈਕਟਰ	14000	11200
7.	ਧਾਰ ਖੁਰਦ	20 ਹੈਕਟਰ	10000	8000
8.	ਜਲਾੜ	65 ਹੈਕਟਰ	32500	26000
9.	ਪੀ. ਤਨਾਗਧਾਰ	89 ਹੈਕਟਰ	44500	35600
10.	ਮੰਗਣੀ	8 ਹੈਕਟਰ	4000	3200
11.	ਬਨਿਹਾੜੀ	28 ਹੈਕਟਰ	14000	11200
12.	ਭੁਮਲਾਦਾ	34 ਹੈਕਟਰ	17000	13600
13.	ਸੁਦਰੇੜ	31 ਹੈਕਟਰ	15500	12400
14.	ਪਲਾਹ	5 ਹੈਕਟਰ	2500	2000
15.	ਭਗੂੜੀ	5 ਹੈਕਟਰ	2500	2000
16.	ਰੌਘ	32 ਹੈਕਟਰ	16000	12800
17.	ਕਿਆਰੀ	40 ਹੈਕਟਰ	20000	16000
18.	ਨਿਆੜੀ	16 ਹੈਕਟਰ	8000	6400
19.	ਫਾਗਲੀ	20 ਹੈਕਟਰ	10000	8000
20.	ਨਲੋਹ	26 ਹੈਕਟਰ	13000	10400
21.	ਧਲੋਰ	24 ਹੈਕਟਰ	12000	9600
22.	ਚੇਲੀ	6 ਹੈਕਟਰ	3000	2400
23.	ਮਾਵ੍ਹਾ	28 ਹੈਕਟਰ	14000	11200
24.	ਨਰਾਇਣਪੁਰ	19 ਹੈਕਟਰ	9500	7600
25.	ਮਰਿਆਲ	26 ਹੈਕਟਰ	13000	10400
		550 ਹੈਕਟਰ	275000	220000

ਲੜੀ ਨੰ:	ਜਗ੍ਹਾ/ਪਿੰਡ ਦਾ ਨਾਂ	ਰਕਬਾ (ਹੈਕਟਰਾਂ ਵਿੱਚ)	ਲਗਾਏ ਗਏ ਪੌਦਿਆਂ ਦੀ ਗਿਣਤੀ	ਜੀਵਿਤ ਪੌਦਿਆਂ ਦੀ ਗਿਣਤੀ
	ਧਾਰ ਰੇਂਜ			
26.	ਮੋਰਨ	48 ਹੈਕਟਰ	24000	20000
27.	ਮਗਨੇੜ	33 ਹੈਕਟਰ	16500	12000
28.	ਲਧੇਤੀ	38 ਹੈਕਟਰ	19000	16000
29.	ਸੁਕਰੇਤ	37 ਹੈਕਟਰ	18500	11800
30.	ਹਾੜਾ	59 ਹੈਕਟਰ	29500	24000
31.	ਨਰਾਇਣਪੁਰ	44 ਹੈਕਟਰ	22000	17600
32.	ਢਾਂਗੂ ਸਰਾਹ	33 ਹੈਕਟਰ	16500	16080
33.	ਕਕੁੜੂਈ	30 ਹੈਕਟਰ	15000	12000
34.	ਚੱਕੜ	12 ਹੈਕਟਰ	6000	4800
35.	ਬਰੋਹ	12 ਹੈਕਟਰ	6000	4857
36.	ਭੂਨ	20 ਹੈਕਟਰ	10000	8880
37.	ਖੁਖਿਆਲ	2 ਹੈਕਟਰ	1000	810
38.	ਕਵਾਲ	20 ਹੈਕਟਰ	10000	7995
39.	ਧਾਰ	12 ਹੈਕਟਰ	6000	4800
40.	ਚਮਰੋੜ ਅਤੇ ਡੱਲਾ	50 ਹੈਕਟਰ	25000	22000
		450 ਹੈਕਟਰ	225000	183622
	ਕੁੱਲ ਜੋੜ	1300 ਹੈਕਟਰ	650000	545922

ਖਰਚਾ

ਲੜੀ ਨੰ:	ਰੇਂਜ ਦਾ ਨਾਂ	ਖਰਚਾ ਜੋ ਸਾਲ 1996-97 ਦੌਰਾਨ ਬੁੱਕ ਕੀਤਾ ਗਿਆ	ਖਰਚਾ ਜੋ ਸਾਲ 1996-97 ਦੌਰਾਨ ਬੁੱਕ ਨਹੀਂ ਕੀਤਾ ਗਿਆ	ਕੁੱਲ ਖਰਚਾ
1.	ਧਾਰ ਖੁਰਦ ਰੇਂਜ	35,77,375.00	1,82,002.00	37,59,377.00
2.	ਧਾਰ ਰੇਂਜ	25,82,703.00	1,47,960.00	27,30,663.00
3.	ਦੁਲੇਰਾ ਰੇਂਜ	17,35,406.00	1,05,646.00	18,41,052.00
	ਜੋੜ	78,95,484.00	4,35,608.00	83,31,092.00

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ 4 ਲੱਖ 35 ਹਜ਼ਾਰ ਰੁਪਿਆ ਮਜ਼ਦੂਰਾਂ ਦਾ ਬਕਾਇਆ ਪਿਆ ਹੈ ਉਸ ਨੂੰ ਟਾਈਮ-ਬਾਊਂਡ ਕਰਕੇ ਉਸ ਦੀ ਅਦਾਇਗੀ ਕਦੋਂ ਤੱਕ ਕਰਨ ਦਾ ਭਰੋਸਾ ਮੁੱਖ ਮੰਤਰੀ ਸਾਹਿਬ ਦਿਵਾਉਣਗੇ ?

ਮੁੱਖ ਮੰਤਰੀ : ਇਕ ਮਹੀਨੇ ਦੇ ਅੰਦਰ ਅੰਦਰ । (ਥੰਪਿੰਗ)

ਮਾਸਟਰ ਮੋਹਨ ਲਾਲ : ਧੰਨਵਾਦ ਜੀ । ਸਪੀਕਰ ਸਾਹਿਬ, ਮੈਂ ਇਕ ਸਪਲੀਮੈਂਟਰੀ ਹੋਰ ਕਰਨੀ ਚਾਹੁੰਦਾ ਹਾਂ । ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਧਾਰ ਬਲਾਕ ਦੇ ਅੰਦਰ ਵਣਾਂ ਦੀ ਅਵੈਧ ਕਟਾਈ ਕੀਤੀ ਜਾਂਦੀ ਹੈ । ਸਾਰੇ ਦਾ ਸਾਰਾ ਬਲਾਕ ਜੰਗਲ ਰਹਿਤ ਕਰ ਦਿੱਤਾ ਗਿਆ । ਕਿਸੇ ਵੇਲੇ ਇਹ ਬਹੁਤ ਖੂਬਸੂਰਤ ਇਲਾਕਾ ਹੁੰਦਾ ਸੀ । ਮੈਂ ਮੁੱਖ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਕੀ ਕੋਈ ਐਸੀ ਪਾਲਿਸੀ ਹੈ ਜਿਸ ਦੇ ਤਹਿਤ ਜੰਗਲਾਂ ਨੂੰ ਪ੍ਰੋਟੈਕਟ ਕਰਕੇ ਰੱਖਿਆ ਜਾ ਸਕੇ ਔਰ ਜਿਹੜੇ ਜੰਗਲਾਂ ਦੀ ਨਜਾਇਜ਼ ਕਟਾਈ ਕਰਨ ਵਿਚ ਲੱਗੇ ਹੋਏ ਹਨ, ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਜਾ ਸਕਣ ।

ਸ੍ਰੀ ਸਪੀਕਰ : ਇਹ ਸਪਲੀਮੈਂਟਰੀ ਇਸੇ ਸਵਾਲ ਨਾਲ ਸਬੰਧਤ ਹੈ ?

ਮਾਸਟਰ ਮੋਹਨ ਲਾਲ : ਹਾਂ ਜੀ, ਇਹ ਜੰਗਲਾਂ ਨਾਲ ਹੀ ਸਬੰਧਤ ਹੈ । ਇਕ ਪਾਸੇ ਤਾਂ ਜੰਗਲ ਲਗਾਏ ਜਾ ਰਹੇ ਹਨ ਪ੍ਰੰਤੂ ਦੂਜੇ ਪਾਸੇ ਇਹ ਕੱਟੇ ਜਾ ਰਹੇ

ਹਨ । ਜੰਗਲਾਂ ਦੀ ਕਟਾਈ ਕਰਕੇ ਅੱਜ ਸਾਰੇ ਦੇਸ਼ ਵਿਚ ਪ੍ਰਦੂਸ਼ਣ ਦੀ ਸਮੱਸਿਆ ਬਣੀ ਹੋਈ ਹੈ । ਇਸ ਨੂੰ ਰੋਕਣ ਵਾਸਤੇ ਕੋਈ ਸੈਟੋਂ ਪਾਲਿਸੀ ਹੋਣੀ ਚਾਹੀਦੀ ਹੈ ਅਤੇ ਜੰਗਲਾਂ ਨੂੰ ਪ੍ਰੋਟੈਕਟ ਕਰਨਾ ਚਾਹੀਦਾ ਹੈ ।

ਸ੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਹੈ । ਸਵਾਲ ਦੇ ਨਾਲ ਸਬੰਧਤ ਸਪਲੀਮੈਂਟਰੀ ਹੀ ਕਰਿਆ ਕਰੋ । ਅਗਲਾ ਸਵਾਲ ।

ਵਣ ਖੋਜ ਯੂਨੀਵਰਸਿਟੀ ਸਥਾਪਤ ਕਰਨਾ

***418. ਸਰਦਾਰ ਅਜੀਤ ਇੰਦਰ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਵਣ ਵਿੱਦਿਆ ਦੇ ਅਧਿਐਨ ਅਤੇ ਖੋਜ ਲਈ ਯੂਨੀਵਰਸਿਟੀ ਕਾਇਮ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਇਸ ਨੂੰ ਕਦੋਂ ਤਕ ਕਾਇਮ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਰਾਜ ਵਿੱਚ ਵਣ ਖੋਜ ਦੀ ਸਟੱਡੀ ਲਈ ਵਿਸ਼ਵ ਵਿਦਿਆਲਿਆ ਸਥਾਪਿਤ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ਜੀ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਐਗਰੀਕਲਚਰ ਤੋਂ ਬਾਅਦ ਜ਼ਿਮੀਂਦਾਰਾਂ ਵਾਸਤੇ ਇਹ ਆਮਦਨ ਦਾ ਦੂਸਰਾ ਸਾਧਨ ਹੈ । ਆਪਾਂ ਸਾਰੇ ਤਕਰੀਬਨ 80% ਲੋਕ ਇਸ ਕਿੱਤੇ ਨਾਲ ਸਬੰਧਤ ਹਾਂ । ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਆਉਣ ਵਾਲੇ ਸਮੇਂ ਵਿਚ ਇਸ ਗੱਲ ਦਾ ਧਿਆਨ ਰੱਖੋਗੇ ਅਤੇ ਕੋਈ ਅਜਿਹੀ ਯੂਨੀਵਰਸਿਟੀ ਖੋਲ੍ਹਣ ਦਾ ਭਰੋਸਾ ਦਿਵਾਉਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਫਾਰੈਸਟਰੀ ਵਿਚ ਜਿਹੜਾ ਰਿਸਰਚ ਦਾ ਕੰਮ ਹੈ, ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਕਰਦੀ ਹੈ । ਉਸ ਦੇ ਵਿਚ ਇਕ ਸਪੈਸ਼ਲ ਡਿਪਾਰਟਮੈਂਟ ਹੈ ਜਿਹੜਾ ਇਸ ਪਾਸੇ ਰਿਸਰਚ ਵੀ ਕਰਦਾ ਹੈ ਅਤੇ ਐਕਸਟੈਨਸ਼ਨ ਵੱਲ ਵੀ ਧਿਆਨ ਦਿੰਦਾ ਹੈ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਉਹ ਤਾਂ ਬੜਾ ਅਨ-ਫੰਕਸ਼ਨਲ ਜਿਹਾ ਡਿਪਾਰਟਮੈਂਟ ਹੈ । ਕਿਸੇ ਜ਼ਿਮੀਂਦਾਰ ਨੂੰ ਕੋਈ ਪਤਾ ਨਹੀਂ ਹੈ ਕਿ ਉਥੇ ਕੀ ਖੋਜ ਹੋ ਰਹੀ ਹੈ । ਜਿਹੜਾ ਵੀ ਵਣ ਅਫਸਰ ਹੈ, ਉਹ ਪਲੈਨਿੰਗ ਬੋਰਡ ਦੀ ਮੀਟਿੰਗ ਵਿਚ ਆਉਂਦਾ ਹੀ ਨਹੀਂ । ਜੇ ਸਹੀ ਤਰੀਕੇ ਨਾਲ ਖੋਜ ਹੋਵੇਗੀ, ਤਾਂ ਹੀ ਚੰਗੇ ਦਰੱਖਤਾਂ ਦਾ ਜ਼ਿਮੀਂਦਾਰਾਂ ਨੂੰ ਪਤਾ ਲੱਗ ਸਕੇਗਾ । ਜੇ ਕੋਈ ਮਹਿਕਮਾ ਇਸ ਸਬੰਧੀ ਕੰਮ ਕਰ ਰਿਹਾ ਹੈ ਤਾਂ ਕੀ ਉਸ ਮਹਿਕਮੇ ਦੇ ਕਰਮਚਾਰੀ ਆਪ ਪਿੰਡਾਂ ਵਿਚ ਜਾ ਕੇ ਜ਼ਿਮੀਂਦਾਰਾਂ ਨੂੰ ਦਰੱਖਤ ਲਾਉਣ ਵਾਸਤੇ ਉਤਸ਼ਾਹਿਤ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਹਰ ਸਟੇਟ ਦੇ ਵਿਚ ਵਣ ਲੱਗਣ, ਇਹ ਬਹੁਤ ਜ਼ਰੂਰੀ ਹੈ । ਤੁਹਾਡੇ ਰਾਹੀਂ ਮੈਂ ਹਾਊਸ ਨੂੰ ਇਹ ਖੁਸ਼ਖਬਰੀ ਵੀ ਦੇਣੀ ਚਾਹੁੰਦਾ ਹਾਂ ਕਿ ਜਾਪਾਨ ਦੇ ਨਾਲ 400 ਕਰੋੜ ਰੁਪਏ ਦਾ ਇਕ ਪ੍ਰਾਜੈਕਟ ਤਕਰੀਬਨ ਸੈਂਕਸ਼ਨ ਹੋ ਗਿਆ ਹੈ ਔਰ ਇਹ 400 ਕਰੋੜ ਰੁਪਿਆ ਲਾ ਕੇ ਪੰਜਾਬ ਨੂੰ ਬਿਲਕੁਲ ਹਰਾ ਭਰਾ ਬਣਾਉਣ ਦਾ ਯਤਨ ਕੀਤਾ ਜਾਵੇਗਾ । (ਥੰਪਿੰਗ) ਚੰਗੀਆਂ ਨਰਸਰੀਆਂ ਅਤੇ ਐਕਸਟੈਨਸ਼ਨ, ਇਹ ਸਾਰਾ ਕੁਝ ਇਸ ਪ੍ਰੋਗਰਾਮ ਦੇ ਅਧੀਨ ਕਵਰ ਹੋ ਜਾਵੇਗਾ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਇਕ ਹੋਰ ਐਸ਼ਿਓਰੈਂਸ ਲੈਣੀ ਚਾਹੁੰਦਾ ਹਾਂ ਕਿ ਕੀ ਉਹ ਆਮ ਇੰਡਿਵਿਜੂਅਲ ਜ਼ਿਮੀਂਦਾਰਾਂ ਨੂੰ ਇਸ ਸਬੰਧੀ ਕੋਈ ਸਹੂਲਤਾਂ ਦੇਣਗੇ ? ਜ਼ਿਮੀਂਦਾਰ ਆਪ ਤਾਂ ਬੂਟੇ ਲਾ ਨਹੀਂ ਸਕਦਾ ਕਿਉਂਕਿ ਉਸ ਨੇ ਨਰਸਰੀ ਵਿਚ ਕੋਈ ਬੂਟੇ ਲਾਏ ਨਹੀਂ ਹੋਏ ਅਤੇ ਨਾ ਹੀ ਉਸ ਨੂੰ ਨਰਸਰੀ ਵਿਚੋਂ ਬੂਟੇ ਮਿਲਦੇ ਹਨ । ਕੀ ਉਨ੍ਹਾਂ ਦੀ ਕੋਈ ਮਦਦ ਕੀਤੀ ਜਾਵੇਗੀ ਜਿਸ ਨਾਲ ਉਨ੍ਹਾਂ ਨੂੰ ਟਾਈਮ ਸਿਰ ਨਰਸਰੀ ਵਿਚੋਂ ਪੌਦੇ ਮਿਲ ਸਕਣ ਅਤੇ ਉਹ ਇਹ ਪੌਦੇ ਆਪਣੇ ਖੇਤਾਂ ਵਿਚ ਲਗਾ ਸਕਣ ?

ਮੁੱਖ ਮੰਤਰੀ : ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾਵੇਗੀ । ਆਨਰੇਬਲ ਮੈਂਬਰ ਨੂੰ ਜਿੰਨੇ ਬੂਟੇ ਚਾਹੀਦੇ ਹੋਣ, ਉਹ ਮੈਨੂੰ ਦੱਸ ਦੇਣ । ਹੋਰ ਕਿਸੇ ਨੂੰ ਬੂਟੇ ਮਿਲਣ ਜਾ ਨਾ ਮਿਲਣ, ਇਨ੍ਹਾਂ ਦੇ ਘਰ ਜ਼ਰੂਰ ਪਹੁੰਚਾ ਦਿੱਤੇ ਜਾਣਗੇ । (ਹਾਸਾ)

ਸ੍ਰੀ ਸਪੀਕਰ : ਅਗਲਾ ਸਵਾਲ, ਸ੍ਰੀ ਰਮੇਸ਼ ਚੰਦਰ ਡੋਗਰਾ ।

ਪਿੰਡ ਡਡਿਆਲ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਦਰੱਖਤਾਂ ਦੀ ਗੈਰ-ਕਾਨੂੰਨੀ ਕਟਾਈ ਵਿਰੁੱਧ ਸ਼ਿਕਾਇਤ

*349. ਸ੍ਰੀ ਰਮੇਸ਼ ਚੰਦਰ ਡੋਗਰਾ : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ--

(ੳ) ਕੀ ਸਰਕਾਰ ਨੂੰ ਸਾਲ 1995-96 ਦੇ ਦੌਰਾਨ ਪਿੰਡ ਡਡਿਆਲ, ਬਲਾਕ ਅਤੇ ਤਹਿਸੀਲ, ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੰਚਾਇਤੀ, ਜ਼ਮੀਨ ਤੋਂ ਦਰਖਤਾਂ ਦੀ ਗੈਰ-ਕਾਨੂੰਨੀ ਕਟਾਈ ਵਿਰੁੱਧ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਇਸ ਮਾਮਲੇ ਵਿਚ ਕੋਈ ਜਾਂਚ ਪੜਤਾਲ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਕਸੂਰਵਾਰ ਵਿਅਕਤੀਆਂ ਵਿਰੁੱਧ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਨਿਰਮਲ ਸਿੰਘ ਕਾਹਲੋਂ : (ੳ) ਨਹੀਂ, ਸ੍ਰੀਮਾਨ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਮੈਨੂੰ ਹੁਣੇ ਹੀ ਮਿਲਿਆ ਹੈ । ਥੋੜ੍ਹੀ ਦੇਰ ਪਹਿਲਾਂ ਜਦੋਂ ਹਾਊਸ ਵਿਚ ਆਏ ਸੀ ਤਾਂ ਉਸ ਵੇਲੇ ਮਿਲਿਆ ਹੈ.....

ਸ੍ਰੀ ਸਪੀਕਰ : ਇਹ ਮੈਂ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਮਹਿਕਮੇ ਵਾਲੇ ਜਲਦੀ ਜਵਾਬ ਭੇਜ ਦਿਆ ਕਰਨ ।

ਸ੍ਰੀ ਰਮੇਸ਼ ਚੰਦਰ ਡੋਗਰਾ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਇਕ ਡਡਿਆਲ ਪਿੰਡ ਹੈ । ਇਸ ਪਿੰਡ ਵਿੱਚੋਂ 1995 ਵਿੱਚ 165 ਦਰੱਖਤ ਕੱਟੇ ਗਏ ਸਨ । ਇਸ ਬਾਰੇ ਸ਼ਿਕਾਇਤ ਫਾਰੈਸਟ ਡਿਪਾਰਟਮੈਂਟ ਦੇ ਕਰਮਚਾਰੀਆਂ ਨੇ ਕੀਤੀ ਔਰ ਨਾਲ ਹੀ ਲੋਕਾਂ ਨੇ ਵੀ ਪੰਚਾਇਤ ਦੇ ਰਾਹੀਂ ਡਿਪਾਰਟਮੈਂਟ ਨੂੰ ਸ਼ਿਕਾਇਤ ਕੀਤੀ । ਇਸ ਸ਼ਿਕਾਇਤ ਦੇ ਆਧਾਰ ਤੇ ਸਰਪੰਚ ਦੇ ਖਿਲਾਫ ਇਨਕੁਆਰੀ ਕੀਤੀ

[ਸ਼੍ਰੀ ਰਮੇਸ਼ ਚੰਦਰ ਡੋਗਰਾ]

ਗਈ। ਇਨਕੁਆਇਰੀ ਦੇ ਵਿੱਚ ਇਹ ਪਤਾ ਲੱਗਾ ਕਿ 165 ਦਰੱਖਤ ਪਿੰਡ ਵਿੱਚੋਂ ਕੱਟੇ ਗਏ ਹਨ। ਇਹ ਦਰੱਖਤ ਬੜੇ ਹੀ ਕੀਮਤੀ ਸਨ। ਲੇਕਿਨ ਪਤਾ ਲੱਗਾ ਕਿ ਆਖਿਰ ਵਿੱਚ ਡਾਇਰੈਕਟਰ, ਪੰਚਾਇਤ ਵਿਭਾਗ ਨੇ ਸਰਪੰਚ ਨੂੰ ਫਿਰ ਬਹਾਲ ਕਰ ਦਿੱਤਾ ਹੈ। ਸਪੀਕਰ ਸਾਹਿਬ, ਅੱਜ ਏਥੇ ਜਵਾਬ ਦੇ ਵਿੱਚ ਕਿਹਾ ਗਿਆ ਹੈ ਕਿ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਔਰ ਸਵਾਲ ਹੀ ਪੈਦਾ ਨਹੀਂ ਹੁੰਦਾ। ਮੈਂ ਸਮਝਦਾ ਹਾਂ ਕਿ ਮਹਿਕਮੇ ਦੇ ਅਫਸਰਾਂ ਨੇ ਮਨਿਸਟਰ ਸਾਹਿਬ ਨੂੰ ਮਿਸਲੀਡ ਕੀਤਾ ਹੈ ਜਿਸ ਕਰਕੇ ਮਨਿਸਟਰ ਸਾਹਿਬ ਨੇ ਹਾਊਸ ਨੂੰ ਮਿਸਲੀਡ ਕੀਤਾ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੀ ਮਨਿਸਟਰ ਸਾਹਿਬ ਇਸ ਕੇਸ ਨੂੰ ਰੀਓਪਨ ਕਰਕੇ ਦੁਬਾਰਾ ਇਨਕੁਆਰੀ ਕਰਵਾਉਣਗੇ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਇਹ ਸਵਾਲ 1995-96 ਬਾਰੇ ਕੀਤਾ ਹੈ। ਅਸਲ ਵਿੱਚ ਇਹ ਦਰੱਖਤ 1995-96 ਵਿਚ ਨਹੀਂ ਕੱਟੇ ਗਏ, ਇਸ ਤੋ ਪਹਿਲਾਂ ਦੀ ਇਹ ਕਟਿੰਗ ਹੋਈ ਹੋਈ ਹੈ। 165 ਦਰੱਖਤ ਜਿਨ੍ਹਾਂ ਦੇ ਬਾਰੇ ਇਹ ਕਹਿੰਦੇ ਹਨ, ਇਸ ਦੇ ਬਾਰੇ ਕਿਸੇ ਨੇ ਕੋਈ ਸ਼ਿਕਾਇਤ ਨਹੀਂ ਕੀਤੀ। ਸਾਡੇ ਪੰਚਾਇਤ ਅਫਸਰ ਨੇ ਆਪਣੇ ਤੌਰ ਤੇ ਇਨਕੁਆਰੀ ਕੀਤੀ, ਉਹਦੇ ਵਿਚ ਡਵੀਜ਼ਨਲ ਡਿਪਟੀ ਡਾਇਰੈਕਟਰ ਨੇ ਸਰਪੰਚ ਦੇ ਖਿਲਾਫ ਐਕਸ਼ਨ ਲਿਆ ਔਰ ਉਸ ਨੂੰ ਸਸਪੈਂਡ ਕਰ ਦਿੱਤਾ। ਉਸ ਤੋਂ ਬਾਅਦ ਮਿਤੀ 3 ਜੁਲਾਈ, 1996 ਦੇ ਫੈਸਲੇ ਵਿਚ ਜੋ ਕਿ ਜੁਡੀਸ਼ੀਅਲ ਫੈਸਲਾ ਸੀ, ਐਡੀਸ਼ਨਲ ਡਾਇਰੈਕਟਰ ਦੇ ਸਾਹਮਣੇ ਜਿਹੜੇ ਕਾਗਜ਼ ਆਏ, ਸ਼ਾਇਦ ਮੈਂਬਰ ਸਾਹਿਬ ਨੂੰ ਪਤਾ ਨਹੀਂ, ਉਸ ਅਨੁਸਾਰ ਉਸ ਜ਼ਮੀਨ ਦੀ ਨਿਸ਼ਾਨਦੇਹੀ ਦੇ ਮੁਤਾਬਿਕ ਉਹ ਦਰੱਖਤ ਉਸ ਬੰਦੇ ਦੇ ਸਨ। ਇਹ ਉਸ ਦੀ ਇੰਡੀਵਿਜੂਅਲ ਪ੍ਰਾਪਰਟੀ ਸੀ, ਪਿੰਡ ਦੀ ਨਹੀਂ ਸੀ। ਇਸ ਕਰਕੇ ਉਸ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਜਾ ਸਕਦਾ ਸੀ ਸਾਡੇ ਵਿਭਾਗ ਵੱਲੋਂ, ਔਰ ਉਸ ਨੂੰ ਬਰੀ ਕਰ ਦਿੱਤਾ ਗਿਆ ਸੀ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਕਿਸੇ ਨੇ ਸ਼ਿਕਾਇਤ ਨਹੀਂ ਕੀਤੀ ਸਗੋਂ ਡਿਪਾਰਟਮੈਂਟ ਨੇ ਖੁਦ ਹੀ ਇਨਕੁਆਰੀ ਕੀਤੀ। ਸਪੀਕਰ ਸਾਹਿਬ, ਇਸ ਕੇਸ ਵਿੱਚ ਸ਼੍ਰੀ ਬਲਬੀਰ ਸਿੰਘ, ਵਿਲੇਜ ਡਡਿਆਲ ਨੇ ਸ਼ਿਕਾਇਤ ਕੀਤੀ ਸੀ ਜਿਸ ਤੇ ਇਨਕੁਆਰੀ ਹੋਈ। ਦੂਸਰੀ ਗੱਲ ਜੋ ਇਹਨਾਂ ਨੇ ਕਹੀ ਹੈ ਕਿ ਜ਼ਮੀਨ ਉਸੇ ਬੰਦੇ ਦੀ ਨਿਕਲੀ, ਇਹ ਵੀ

ਬਿਲਕੁਲ ਗਲਤ ਹੈ । ਉਹ ਜ਼ਮੀਨ ਪੰਚਾਇਤ ਲੈਂਡ ਹੈ । ਉਸ ਵਿਚ ਦਰੱਖਤ ਲੱਗੇ ਹੋਏ ਸਨ, ਉਹ 165 ਦਰੱਖਤ ਕੱਟੇ ਗਏ ਔਰ ਸਰਪੰਚ ਦੀ ਉਸ ਨਾਲ ਕਨਾਈਵੈਂਸ ਸੀ । ਮੈਂ ਸਮਝਦਾ ਹਾਂ ਕਿ ਜੇਕਰ ਇਸ ਦੇ ਵਿੱਚ ਕੋਈ ਐਕਸ਼ਨ ਨਹੀਂ ਲੈਣਾ ਤਾਂ ਬਹੁਤ ਮਾੜੀ ਗੱਲ ਹੋਵੇਗੀ । ਮੈਂ, ਸਪੀਕਰ ਸਾਹਿਬ, ਪ੍ਰਾਰਥਨਾ ਕਰਾਂਗਾ ਅਤੇ ਜਾਨਣਾ ਚਾਹਾਂਗਾ ਕਿ ਕੀ ਇਸ ਕੇਸ ਵਿੱਚ ਦੁਬਾਰਾ ਇਨਕੁਆਰੀ ਕਰਵਾਈ ਜਾਵੇਗੀ ? ਮੈਂ ਯਕੀਨ ਦੇ ਨਾਲ ਕਹਿੰਦਾ ਹਾਂ ਕਿ ਸਚਾਈ ਕੀ ਹੈ, ਉਹ ਬਿਲਕੁਲ ਤੁਹਾਡੇ ਸਾਹਮਣੇ ਆਏਗੀ । ਕੀ ਮੰਤਰੀ ਜੀ ਇਸ ਪਾਸੇ ਗੌਰ ਕਰਨਗੇ ?

ਸ੍ਰੀ ਸਪੀਕਰ : ਇਨਕੁਆਰੀ ਇਕ ਵਾਰ ਵੈਸੇ ਤਾਂ ਹੋ ਗਈ ਹੈ । ਹਾਂ ਜੀ, ਮੰਤਰੀ ਜੀ ।

ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਨਿਸ਼ਾਨਦੇਹੀ ਹੋਈ ਹੈ ਔਰ ਇਹ ਨਿਸ਼ਾਨਦੇਹੀ ਇਨ੍ਹਾਂ ਦੀ ਸਰਕਾਰ ਦੇ ਵੇਲੇ ਹੀ ਹੋਈ ਹੈ । ਇਹ ਨਿਸ਼ਾਨਦੇਹੀ ਤਹਿਸੀਲਦਾਰ ਵੱਲੋਂ ਹੋਈ ਹੈ ਜਿਸ ਮੁਤਾਬਿਕ ਉਸ ਦੇ ਖਿਲਾਫ ਕੋਈ ਐਕਸ਼ਨ ਨਹੀਂ ਆਉਂਦਾ । ਮਹਿਕਮਾ ਕੋਈ ਵੀ ਐਕਸ਼ਨ ਨਹੀਂ ਲੈ ਸਕਦਾ । ਰਿਕਾਰਡ ਮੁਤਾਬਿਕ ਇਹ ਦਰੱਖਤ ਉਸ ਦੀ ਪ੍ਰਾਪਰਟੀ ਸਾਬਤ ਹੋਈ ਹੈ । ਇਸ ਕਰਕੇ ਸਾਡੇ ਕੋਲ ਜਿਹੜਾ ਜੁਡੀਸ਼ੀਅਲ ਫੈਸਲਾ ਹੈ ਅਤੇ ਜੋ ਉਸ ਜ਼ਮੀਨ ਦੀ ਨਿਸ਼ਾਨਦੇਹੀ ਹੋਈ ਹੋਈ ਹੈ, ਉਸ ਮੁਤਾਬਿਕ ਉਸ ਦੇ ਖਿਲਾਫ ਐਕਸ਼ਨ ਨਹੀਂ ਹੋ ਸਕਦਾ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਇਹ ਗੱਲ ਕਿ ਇਹ ਕਾਰਵਾਈ ਸਾਡੀ ਸਰਕਾਰ ਵੇਲੇ ਹੋਈ ਹੈ, ਇਹ ਤਾਂ ਕੋਈ ਆਰਗੂਮੈਂਟ ਨਹੀਂ । ਦੁਬਾਰਾ ਇਨਕੁਆਰੀ ਨਾ ਕਰਵਾਉਣ ਵਾਸਤੇ ਇਹ ਤਾਂ ਕੋਈ ਰੀਜ਼ਨ ਨਹੀਂ । ਮੈਂ ਜ਼ਿੰਮੇਵਾਰੀ ਦੇ ਨਾਲ ਕਹਿ ਰਿਹਾ ਹਾਂ ।

ਮੰਤਰੀ : ਇਹ ਜੁਡੀਸ਼ੀਅਲ ਫੈਸਲੇ ਦੇ ਮੁਤਾਬਿਕ ਹੋਇਆ ਹੈ ਜੀ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੈਂ ਜ਼ਿੰਮੇਵਾਰੀ ਦੇ ਨਾਲ ਕਹਿ ਰਿਹਾ ਹਾਂ ਕਿ ਇਹ ਪੰਚਾਇਤ ਲੈਂਡ ਹੈ । ਮੈਂ ਇਸ ਹਾਊਸ ਦੇ ਵਿੱਚ ਬੜੀ ਜ਼ਿੰਮੇਵਾਰੀ ਦੇ ਨਾਲ ਸਟੇਟਮੈਂਟ ਦੇ ਰਿਹਾ ਹਾਂ ਔਰ ਬੇਨਤੀ ਕਰਦਾ ਹਾਂ ਕਿ ਇਸ ਕੇਸ ਵਿਚ ਦੁਬਾਰਾ ਇਨਕੁਆਰੀ ਕਰਵਾਈ ਜਾਵੇ, ਤੁਹਾਡੇ ਸਾਹਮਣੇ ਫੈਕਟਸ ਆ ਜਾਣਗੇ । ਇਸ ਦੀ ਮੁੜ ਨਿਸ਼ਾਨਦੇਹੀ ਕਰਵਾਈ ਜਾਵੇ । ਮੈਨੂੰ ਪੂਰਾ ਯਕੀਨ

[ਸ਼੍ਰੀ ਰਮੇਸ਼ ਚੰਦਰ ਡੋਗਰਾ]

ਹੈ ਕਿ ਪਹਿਲੀ ਨਿਸ਼ਾਨਦੇਹੀ ਦੀ ਰਿਪੋਰਟ ਪੰਚਾਇਤ ਦੀ ਫੇਵਰ ਵਿੱਚ ਸੀ । ਮੈਂ ਇਸ ਬਾਰੇ ਲਿਖ ਕੇ ਦੇਣ ਨੂੰ ਤਿਆਰ ਹਾਂ, ਮੇਰੀ ਪ੍ਰਾਰਥਨਾ ਹੈ ਕਿ ਇਸ ਦੀ ਦੁਬਾਰਾ ਨਿਸ਼ਾਨਦੇਹੀ ਕਰਵਾ ਕੇ ਇਨਕੁਆਰੀ ਕਰਵਾਈ ਜਾਵੇ ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜੇ ਇਨ੍ਹਾਂ ਕੋਲ ਕੋਈ ਅਜਿਹਾ ਸਬੂਤ ਹੈ ਤਾਂ ਇਹ ਮੇਰੇ ਕੋਲ ਲੈ ਆਉਣ, ਅਸੀਂ ਇਸ ਤੇ ਦੁਬਾਰਾ ਵਿਚਾਰ ਕਰ ਲੈਂਦੇ ਹਾਂ ਕਿਉਂਕਿ ਜਿਹੜੇ ਸਾਡੇ ਕੋਲ ਤੱਥ ਆਏ ਹਨ, ਉਹ ਇਨ੍ਹਾਂ ਦੇ ਖਿਲਾਫ ਹਨ । ਜੇ ਇਨ੍ਹਾਂ ਕੋਲ ਕੋਈ ਸਬੂਤ ਹੈ ਤਾਂ ਉਹ ਦੇ ਦੇਣ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਠੀਕ ਹੈ ਜੀ । ਮੈਂ ਲਿਖ ਕੇ ਦੇ ਦਿਆਂਗਾ । I will give in writing.

ਕੰਡੀ ਨਹਿਰ ਦੇ ਖਾਲਿਆਂ/ਰਜਵਾਹਿਆਂ ਵਿਚ ਪਈਆਂ ਦਰਾੜਾਂ ਦੀ ਮੁਰੰਮਤ

*360. **ਸ਼੍ਰੀ ਤਿਕਸ਼ਨ ਸੂਦ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਇਹ ਠੀਕ ਹੈ ਕਿ 1995 ਦੇ ਹੜ੍ਹਾਂ ਦੇ ਦੌਰਾਨ ਕੰਡੀ ਨਹਿਰ ਦੇ ਖਾਲਿਆਂ/ਰਜਵਾਹਿਆਂ ਵਿਚ ਦਰਾੜਾਂ ਆ ਗਈਆਂ ਸਨ ਅਤੇ ਜਿਸ ਦੇ ਸਿੱਟੇ ਵਜੋਂ ਨਹਿਰ ਦਾ ਬਹੁਤਾ ਪਾਣੀ ਅਜਾਈਂ ਜਾ ਰਿਹਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ, ਤਾਂ ਖਾਲਿਆਂ/ਰਜਵਾਹਿਆਂ ਦੀ ਮੁਰੰਮਤ ਜਾਂ ਸੰਭਾਲ ਲਈ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਹਾਂ ਜੀ । ਇਹ ਸਚਾਈ ਹੈ ਕਿ ਸਾਲ 1995 ਦੇ ਹੜ੍ਹਾਂ ਦੌਰਾਨ ਮੁੱਖ ਕੰਡੀ ਕੈਨਾਲ ਨਹਿਰ ਅਤੇ ਇਸ ਦੇ ਰਜਬਾਹਿਆਂ/ਮਾਈਨਰਾਂ ਅਤੇ ਖਾਲਿਆਂ ਦੀ ਟੁੱਟ-ਭੱਜ ਹੋਈ ਸੀ । ਕਿਉਂਕਿ ਕੰਡੀ ਕੈਨਾਲ ਅਤੇ ਇਸ ਦੇ ਰਜਬਾਹਿਆਂ/ਮਾਈਨਰਾਂ ਦੀ ਟੁੱਟ-ਭੱਜ ਦੀ ਮੁਰੰਮਤ ਕਰਕੇ ਨਹਿਰ ਚਾਲੂ ਕਰ ਦਿੱਤੀ ਗਈ ਸੀ, ਇਸ ਲਈ ਨਹਿਰੀ ਪਾਣੀ ਜਾਇਆ ਨਹੀਂ ਜਾ ਰਿਹਾ ।

(ਅ) ਕੰਡੀ ਕੈਨਾਲ (ਮੁੱਖ ਨਹਿਰ) ਅਤੇ ਇਸ ਦੇ ਰਜਬਾਹੇ ਅਤੇ ਮਾਈਨਰ ਆਰ. ਡੀ. 29 ਕਿਲੋਮੀਟਰ ਤੱਕ ਮਿਤੀ 18 ਫਰਵਰੀ, 1996 ਅਤੇ ਆਰ. ਡੀ. 50 ਕਿਲੋਮੀਟਰ ਤੱਕ ਮਿਤੀ 15 ਮਈ, 1996 ਨੂੰ 80·00 ਲੱਖ ਰੁਪਏ ਦੀ ਲਾਗਤ ਨਾਲ ਠੀਕ ਕਰ ਦਿੱਤੇ ਗਏ ਸਨ ਅਤੇ ਕੰਡੀ ਕੈਨਾਲ ਵਿਚ ਕਿਸਾਨਾਂ ਦੀ ਲੋੜ/ਮੰਗ ਅਨੁਸਾਰ ਹੀ ਪਾਣੀ ਛੱਡਿਆ ਜਾ ਰਿਹਾ ਹੈ।

ਸ਼੍ਰੀ ਤਿਕਸ਼ਨ ਸੂਦ : ਮਾਨਯੋਗ ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਰਿਪੇਅਰ ਕਰਾਉਣ ਲਈ ਜੋ ਵੇਰਵੇ ਦਿੱਤੇ ਹਨ, ਉਸ ਦੇ ਲਈ ਇਨ੍ਹਾਂ ਦਾ ਬਹੁਤ ਬਹੁਤ ਧੰਨਵਾਦ। ਉਸ ਤੋਂ ਬਾਅਦ ਵੀ ਕਾਫੀ ਸ਼ਿਕਾਇਤਾਂ ਆਈਆਂ ਹਨ ਕਿ ਜਿਹੜੀਆਂ ਛੋਟੀਆਂ ਡਿਸਟਰੀਬਿਊਟਰੀਆਂ ਹਨ, ਉਹ ਟੁੱਟੀਆਂ ਹੋਈਆਂ ਹਨ। ਪਹਿਲੇ ਖਾਲ ਕੱਚੇ ਸਨ ਪਰ ਬਾਅਦ ਵਿਚ ਪੱਕੇ ਬਣਾ ਦਿੱਤੇ ਗਏ। ਮੈਂ ਪਹਿਲਾਂ ਮਹਿਕਮੇ ਦੇ ਅਫਸਰਾਂ ਨੂੰ ਪੁੱਛਿਆ ਅਤੇ ਉਨ੍ਹਾਂ ਨੇ ਦੱਸਿਆ ਕਿ ਪੱਕੇ ਖਾਲਿਆਂ ਦੀ ਮੈਨਟੇਨੈਂਸ ਵਾਸਤੇ ਕੋਈ ਫੰਡ ਨਹੀਂ ਹੈ। ਕੱਚੇ ਖਾਲੇ ਤਾਂ ਕਿਸਾਨ ਆਪ ਠੀਕ ਕਰ ਲੈਂਦੇ ਹਨ ਪਰ ਪੱਕੇ ਖਾਲਿਆਂ ਦੀ ਰਿਪੇਅਰ ਉਨ੍ਹਾਂ ਦੀ ਸਮਰੱਥਾ ਤੋਂ ਬਾਹਰ ਹੈ। ਪਿਛੇ ਜਿਹੇ ਵਰਲਡ ਬੈਂਕ ਨੇ ਵੀ ਤਜਵੀਜ਼ ਦਿੱਤੀ ਸੀ ਕਿ ਪੱਕੇ ਖਾਲਿਆਂ ਦੀ ਰਿਪੇਅਰ ਸਰਕਾਰ ਆਪਣੇ ਖਰਚ ਤੇ ਕਰੇ ਤਾਂ ਕਿ ਪਾਣੀ ਵੇਸਟ ਨਾ ਹੋਵੇ। ਕੀ ਮੁੱਖ ਮੰਤਰੀ ਜੀ ਇਹ ਭਰੋਸਾ ਦਿਵਾਉਣਗੇ ਕਿ ਵਰਲਡ ਬੈਂਕ ਦੀ ਤਜਵੀਜ਼ ਦੇ ਮੁਤਾਬਿਕ ਸਰਕਾਰ ਇਨ੍ਹਾਂ ਦੀ ਪਰਾਪਰ ਮੈਨਟੇਨੈਂਸ ਕਰਦੀ ਰਹੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਡਿਸਟਰੀਬਿਊਟਰੀਆਂ ਅਤੇ ਮਾਈਨਰਾਂ ਦਾ ਸਵਾਲ ਹੈ, ਉਸ ਦੀ ਤਾਂ ਪੂਰੀ ਜ਼ਿੰਮੇਵਾਰੀ ਸਰਕਾਰ ਦੀ ਹੈ ਲੇਕਿਨ ਜਿਹੜੇ ਚੈਨਲ ਹਨ, ਜਿਨ੍ਹਾਂ ਨੂੰ ਅਸੀਂ ਖਾਲ ਆਖਦੇ ਹਾਂ, ਪੰਜਾਬ ਦੇ ਵਿੱਚ ਇਨ੍ਹਾਂ ਦਾ ਬੜਾ ਗੰਭੀਰ ਮਸਲਾ ਹੈ ਅਤੇ ਬੜਾ ਵੱਡਾ ਮਸਲਾ ਹੈ ਕਿਉਂਕਿ ਖਾਲਿਆਂ ਦਾ ਕੇਵਲ ਕੰਡੀ ਦੇ ਇਲਾਕੇ ਵਿਚ ਹੀ ਨੁਕਸਾਨ ਨਹੀਂ ਹੋਇਆ, ਹੋਰ ਵੀ ਬਹੁਤ ਥਾਵਾਂ ਤੇ ਨੁਕਸਾਨ ਹੋਇਆ ਹੈ। ਇਸ ਦੇ ਵਿਚ ਬਹੁਤ ਹੀ ਜਿਆਦਾ ਫੰਡ ਇਨਵਾਲਵਡ ਹਨ। ਇਸ ਉਤੇ ਗੌਰ ਤਾਂ ਕੀਤਾ ਜਾ ਸਕਦਾ ਹੈ ਪਰ ਕੋਈ ਕਮਿਟਮੈਂਟ ਨਹੀਂ ਕੀਤੀ ਜਾ ਸਕਦੀ। ਹੁਣ ਤੱਕ ਦੀ ਪਾਲਿਸੀ ਇਹ ਹੈ ਕਿ ਡਿਸਟਰੀਬਿਊਟਰੀਆਂ ਅਤੇ ਮਾਈਨਰਾਂ ਦੀ ਰਿਪੇਅਰ ਦਾ ਕੰਮ ਤਾਂ ਸਰਕਾਰ ਦੇ ਜ਼ਿੰਮੇ ਹੈ ਪਰ ਖਾਲਿਆਂ ਦੀ ਰਿਪੇਅਰ ਜ਼ਿਮੀਂਦਾਰਾਂ ਦੇ ਜ਼ਿੰਮੇ ਹੈ। ਇਸ ਵਿੱਚ ਕਿਸਾਨਾਂ ਨੂੰ ਤਕਲੀਫ ਤਾਂ

[ਮੁੱਖ ਮੰਤਰੀ]

ਬਹੁਤ ਹੈ ਲੇਕਿਨ ਫੰਡਾਂ ਦੀ ਘਾਟ ਕਾਰਨ ਸਾਰੇ ਪੰਜਾਬ ਵਿਚ ਖਾਲਿਆਂ ਦੀ ਰਿਪੇਅਰ ਨਹੀਂ ਕਰਵਾਈ ਜਾ ਸਕਦੀ, ਫਿਰ ਵੀ ਇਹ ਵਿਚਾਰ ਅਧੀਨ ਜ਼ਰੂਰ ਹੈ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਇਹ ਬੜਾ ਗੰਭੀਰ ਮਸਲਾ ਹੈ। ਇਸ ਸਾਲ ਤੋਂ ਜਿਹੜੇ ਫਲੱਡ-ਪਰੋਨ ਏਰੀਆ ਹਨ ਅਤੇ ਉਥੇ ਜਿਹੜੇ ਖਾਲੇ ਟੁੱਟੇ ਹਨ, ਉਨ੍ਹਾਂ ਦੀ ਕੋਈ ਜ਼ਿਆਦਾ ਰਕਮ ਨਹੀਂ ਬਣਦੀ। ਜਿਥੇ ਜਿਥੇ ਵੀ ਫਲੱਡ ਕਾਰਣ ਖਾਲਿਆਂ ਦੀ ਰਿਪੇਅਰ ਦੀ ਜ਼ਰੂਰਤ ਹੈ, ਕੀ ਉਥੇ ਮੁੱਖ ਮੰਤਰੀ ਜੀ ਥੋੜ੍ਹੇ-ਬਹੁਤ ਪੈਸਿਆਂ ਨਾਲ ਉਨ੍ਹਾਂ ਦੀ ਰਿਪੇਅਰ ਕਰਾਉਣ ਦਾ ਭਰੋਸਾ ਦਿਵਾਉਣਗੇ ?

ਮੁੱਖ ਮੰਤਰੀ : ਮੈਂ ਤਾਂ ਪਹਿਲਾਂ ਹੀ ਸਾਰੀ ਗੱਲ ਦੱਸ ਦਿੱਤੀ ਹੈ। ਫਲੱਡ ਵਾਲੀਆਂ ਥਾਵਾਂ ਤੇ ਵੀ ਅਤੇ ਹੋਰ ਬਹੁਤ ਸਾਰੀਆਂ ਥਾਵਾਂ ਤੇ ਵੀ ਰਿਪੇਅਰ ਦੀ ਜ਼ਰੂਰਤ ਹੈ। ਇਸ ਵਿੱਚ ਬਹੁਤ ਵੱਡੀ ਰਕਮ ਇਨਵਾਲਵਡ ਹੈ। ਇਸ ਦੀ ਕੋਸ਼ਿਸ਼ ਤਾਂ ਕੀਤੀ ਜਾ ਸਕਦੀ ਹੈ ਪਰ ਕੋਈ ਕਮਿਟਮੈਂਟ ਜਾਂ ਐਸ਼ਿਓਰੈਂਸ ਅੱਜ ਮੈਂ ਨਹੀਂ ਦੇ ਸਕਦਾ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਕੰਢੀ ਕੈਨਾਲ ਦਾ ਉਦਘਾਟਨ ਸਾਲ 1992 ਵਿੱਚ ਸਵਰਗੀ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਕੀਤਾ ਸੀ ਅਤੇ ਕੈਨਾਲ ਲੋਕਾਂ ਨੂੰ ਸਮਰਪਿਤ ਕੀਤੀ ਸੀ। ਸਾਲ 1992 ਤੋਂ ਲੈ ਕੇ ਅੱਜ ਤੱਕ ਕੰਡੀ ਕੈਨਾਲ ਦੀ ਮੈਨਟੇਨੈਂਸ ਵਾਸਤੇ ਕਿਸੇ ਵੀ ਸਾਲ ਕੋਈ ਵੀ ਫੰਡ ਨਹੀਂ ਰੱਖਿਆ ਗਿਆ। ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸਾਲ ਤੇ ਕੰਡੀ ਕੈਨਾਲ ਦੀ ਮੈਨੇਟੇਨੈਂਸ ਵਾਸਤੇ ਫੰਡ ਦਿੱਤੇ ਜਾਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਹੋਰ ਵੀ ਕੈਨਾਲਜ਼ ਹਨ ਅਤੇ ਸਾਰੀਆਂ ਵਾਸਤੇ ਮੁਰੰਮਤ ਲਈ ਫੰਡ ਰੱਖੇ ਜਾਂਦੇ ਹਨ। ਜਿਥੇ ਕਿਤੇ ਪ੍ਰਾਇਰਟੀ ਹੁੰਦੀ ਹੈ, ਉਥੇ ਉਹ ਫੰਡ ਖਰਚ ਕੀਤੇ ਜਾਂਦੇ ਹਨ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਕੰਡੀ ਕੈਨਾਲ ਦੀ ਰਿਪੇਅਰ ਵਾਸਤੇ ਕੋਈ ਵੀ ਫੰਡ ਨਹੀਂ ਰੱਖਿਆ ਗਿਆ। ਕੀ ਇਸ ਸਾਲ ਇਸ ਨੂੰ ਕਨਸਿਡਰ ਕਰਕੇ ਇਸ ਦੀ ਰਿਪੇਅਰ ਵਾਸਤੇ ਫੰਡ ਅਲਾਟ ਕੀਤੇ ਜਾਣਗੇ ?

ਮੁੱਖ ਮੰਤਰੀ : ਜੇਕਰ ਜ਼ਰੂਰਤ ਹੋਈ ਤਾਂ ਮੁਰੰਮਤ ਵਾਸਤੇ ਫੰਡ ਦਿੱਤੇ ਜਾਣਗੇ। ਮੈਨੂੰ ਤਾਂ ਆਪ ਕੰਡੀ ਕੈਨਾਲ ਦੇ ਨਾਲ ਬਹੁਤ ਪਿਆਰ ਹੈ। ਕਦੀ

ਐਮ.ਐਲ.ਏ. ਸਾਹਿਬ ਸੱਦਣ, ਆ ਕੇ ਦੇਖਾਂਗੇ ਅਤੇ ਇਨ੍ਹਾਂ ਦੀ ਮਹਿਮਾਨ-ਨਿਵਾਜ਼ੀ ਵੀ ਵੇਖਾਂਗੇ।

ਸ਼੍ਰੀ ਤਿਕਸ਼ਨ ਸੂਦ : ਸਪਲੀਮੈਂਟਰੀ, ਸਰ।

ਸ਼੍ਰੀ ਸਪੀਕਰ : ਤਿਕਸ਼ਨ ਸੂਦ ਜੀ, ਤੁਸੀਂ ਦੋ ਸਪਲੀਮੈਂਟਰੀਆਂ ਪਹਿਲਾਂ ਕਰ ਲਈਆਂ ਹਨ।

ਸ਼੍ਰੀ ਤਿਕਸ਼ਨ ਸੂਦ : ਨਹੀਂ ਜੀ, ਮੈਂ ਇਕ ਕੀਤੀ ਹੈ।

ਸ਼੍ਰੀ ਸਪੀਕਰ : ਚਲੋ ਠੀਕ ਹੈ, ਪੁੱਛੋ।

ਸ਼੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਫੰਡਜ਼ ਨਹੀਂ ਹਨ, ਇਸ ਕਰਕੇ ਰਿਪੇਅਰ ਨਹੀਂ ਹੋ ਸਕਦੀ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜ਼ਿਆਦਾਤਰ ਟੁੱਟ-ਭੱਜ ਕਰਾਸਿੰਗ ਪੁਆਇੰਟਸ ਤੇ ਹੀ ਹੁੰਦੀ ਹੈ। ਕੀ ਮੁੱਖ ਮੰਤਰੀ ਸਾਹਿਬ ਕਰਾਸਿੰਗ ਪੁਆਇੰਟਸ ਨੂੰ ਰਿਪੇਅਰ ਕਰਾਉਣ ਦੀ ਐਸ਼ੋਰੈਂਸ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕਰ ਦਿੱਤੀ ਹੈ ਕਿ ਜਿਥੋਂ ਤੱਕ ਕੰਡੀ ਕੈਨਾਲ ਜਾਂ ਡਿਸਟਰੀਬਿਊਟਰੀਜ਼ ਦਾ ਸਬੰਧ ਹੈ, ਉਨ੍ਹਾਂ ਦੀ ਜਿੱਥੇ ਵੀ ਮੁਰੰਮਤ ਦੀ ਲੋੜ ਹੋਵੇਗੀ, ਜ਼ਰੂਰ ਕਰਾਂਗੇ ਲੇਕਿਨ ਜਿਹੜੇ ਚੈਨਲਜ਼ (ਖਾਲੇ) ਹਨ ਅਤੇ ਲੋਕਾਂ ਦੇ ਖੇਤਾਂ ਵਿੱਚ ਜਾਂਦੇ ਹਨ, ਉਨ੍ਹਾਂ ਦੀ ਮੁਰੰਮਤ ਵਾਸਤੇ ਫੰਡਜ਼ ਅਜੇ ਨਹੀਂ ਹਨ। ਜੇ ਕੰਡੀ ਕੈਨਾਲ ਜਾਂ ਡਿਸਟਰੀਬਿਊਟਰੀ ਦੀ ਕਿਧਰੇ ਕੋਈ ਮੁਰੰਮਤ ਹੋਣ ਵਾਲੀ ਹੈ ਤਾਂ ਇਹ ਸਾਡੇ ਨੋਟਿਸ ਵਿੱਚ ਲਿਆ ਦੇਣ, ਉਹ ਜ਼ਰੂਰ ਕਰਵਾ ਦੇਵਾਂਗੇ। ਸਰਕਾਰ ਨੇ ਇੰਨੇ ਪੈਸੇ ਲਗਾ ਕੇ ਜੋ ਕੰਡੀ ਕੈਨਾਲ ਚਾਲੂ ਕੀਤੀ ਹੈ, ਉਸ ਦੀ ਮੁਰੰਮਤ ਕਰਾਉਣਾ ਵੀ ਸਰਕਾਰ ਦਾ ਫਰਜ਼ ਹੈ।

ਸਰਦਾਰ ਸਿਕੰਦਰ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਕਲੈਰੀਫੀਕੇਸ਼ਨ ਲੈਣੀ ਚਾਹੁੰਦਾ ਹਾਂ ਕਿ ਚਲੋ ਜਿਹੜੇ ਖਾਲੇ ਕਿਸਾਨਾਂ ਤੋਂ ਟੁੱਟ ਗਏ, ਉਹ ਤਾਂ ਠੀਕ ਹੈ ਪਰ ਜਿਹੜੇ ਖਾਲੇ ਫਲੱਡ ਆਉਣ ਕਾਰਨ ਸਰਕਾਰੀ ਕਰਮਚਾਰੀਆਂ ਵਲੋਂ ਤੋੜੇ ਗਏ ਕਿ ਪਾਣੀ ਦੂਜੇ ਪਾਸੇ ਲੰਘ ਜਾਵੇ, ਉਨ੍ਹਾਂ ਦੀ ਰਿਪੇਅਰ ਦੀ ਤਾਂ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਅਤੇ ਦੂਜਾ, ਟਿਊਬਵੈੱਲ ਕਾਰਪੋਰੇਸ਼ਨ ਖਾਲੇ ਬਣਾਉਂਦੀ ਹੈ....

ਸ਼੍ਰੀ ਸਪੀਕਰ : ਇਕ ਸਮੇਂ ਇਕੋ ਸਪਲੀਮੈਂਟਰੀ ਪੁੱਛੋ ।

ਸਰਦਾਰ ਸਿਕੰਦਰ ਸਿੰਘ : ਠੀਕ ਹੈ ਜੀ, ਮੇਰੀ ਪਹਿਲੀ ਸਪਲੀਮੈਂਟਰੀ ਦਾ ਜਵਾਬ ਲੈ ਦਿਓ ਜੀ ।

ਸ਼੍ਰੀ ਸਪੀਕਰ : ਹਾਂ ਜੀ, ਮੁੱਖ ਮੰਤਰੀ ਸਾਹਿਬ ਜਿਹੜੇ ਹੜ੍ਹਾਂ ਨਾਲ ਖਾਲੇ ਟੁੱਟੇ ਹਨ ਜਾਂ ਸਰਕਾਰੀ ਕਰਮਚਾਰੀਆਂ ਨੇ ਹੜ੍ਹਾਂ ਵੇਲੇ ਤੋੜੇ ਹਨ, ਕੀ ਸਰਕਾਰ ਉਨ੍ਹਾਂ ਦੀ ਮੁਰੰਮਤ ਕਰਵਾਏਗੀ ਜਾਂ ਨਹੀਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਅੱਜ ਤੱਕ ਦੀ ਜੋ ਪਾਲਿਸੀ ਹੈ, ਉਹ ਇਹ ਹੈ ਕਿ ਜਿਹੜੇ ਖਾਲੇ ਹਨ, ਜੋ ਚੈਨਲਜ਼ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਜ਼ਿਆਦਾਤਰ ਲੋਕਾਂ ਤੇ ਪੈਂਦੀ ਹੈ, ਲੇਕਿਨ ਜਿੱਥੇ ਇਹੋ ਜਿਹੇ ਐਕਸੈਪੱਸ਼ਨਲ ਕੇਸ ਹੋਣਗੇ, ਉਨ੍ਹਾਂ ਤੇ ਵਿਚਾਰ ਕਰ ਲਵਾਂਗੇ ।

ਸ਼੍ਰੀ ਸਪੀਕਰ : ਅਗਲਾ ਸਵਾਲ । ਸ਼੍ਰੀ ਅਰੁਨੇਸ਼ ਕੁਮਾਰ ।

ਪਿੰਡ ਮੰਡ ਮੋਤਲਾਂ ਤੋਂ ਧਨੋਆ ਤਕ ਧੁੱਸੀ ਬੰਧ ਦੀ ਉਸਾਰੀ

*452. ਸ਼੍ਰੀ ਅਰੁਨੇਸ਼ ਕੁਮਾਰ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਇਲਾਕਿਆਂ ਨੂੰ ਹੜ੍ਹਾਂ ਦੁਆਰਾ ਕੀਤੇ ਜਾ ਰਹੇ ਨੁਕਸਾਨ ਨੂੰ ਰੋਕਣ ਲਈ ਦਰਿਆ ਬਿਆਸ ਤੇ ਪਿੰਡ ਮੰਡ ਮੋਤਲਾਂ ਤੋਂ ਪਿੰਡ ਧਨੋਆ ਤੱਕ ਧੁੱਸੀ ਬੰਧ ਬਨਾਉਣ ਲਈ ਵਿੱਤੀ ਸਾਲਾਂ 1992-93, 1993-94, 1994-95, 1995-96 ਅਤੇ 1996-97 ਦੇ ਦੌਰਾਨ ਬਜਟ ਵਿਚ ਕੋਈ ਫੰਡਾਂ ਦਾ ਉਪਬੰਧ ਕੀਤਾ ਗਿਆ ਸੀ, ਜੇਕਰ ਅਜਿਹਾ ਹੋਵੇ ਤਾਂ ਉਕਤ ਸਮੇਂ ਦੇ ਦੌਰਾਨ ਬੰਧ ਦੀ ਉਸਾਰੀ ਲਈ ਕੀਤੇ ਗਏ ਕੰਮਾਂ ਦੇ ਸਾਲਵਾਰ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ, ਲੋੜੀਂਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸੂਚੀ

ਸਾਲ	ਪ੍ਰੋਵੀਜ਼ਨ (ਰੁ: ਲੱਖਾਂ ਵਿਚ)	ਕੀਤੇ ਗਏ ਕੰਮ
1992-93	ਨਿਲ	ਨਿਲ
1993-94	ਨਿਲ	ਨਿਲ
1994-95	30.15	ਪਿੰਡ ਮੋਤਲਾਂ ਅਤੇ ਹਲੇਰ ਜਨਾਰਧਨ ਦੇ ਸਾਹਮਣੇ 2 ਕਿਲੋਮੀਟਰ ਧੁੱਸੀ ਬਣਾਈ ਗਈ ।
1995-96	2.89	ਪਾੜੇ ਨੂੰ ਭਰਿਆ ਅਤੇ ਧੁੱਸੀ ਨੂੰ ਪੱਕਾ ਕੀਤਾ ਗਿਆ ।
1996-97	13.67	ਪੱਥਰਾਂ ਦੁਆਰਾ ਪੱਕਾ ਕੀਤਾ ਗਿਆ ।

ਸ੍ਰੀ ਅਰੁਨੇਸ਼ ਕੁਮਾਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ ਜੋ ਧੁੱਸੀ ਦਾ ਏਰੀਆ ਪੈਂਦਾ ਹੈ, ਕੀ ਸਾਲ 1997-98 ਵਿੱਚ ਉਸ ਤੇ ਧੁੱਸੀ ਬੰਧ ਬਣਾਉਣ ਲਈ ਲੋੜੀਂਦੇ ਫੰਡਜ਼ ਰੱਖੇ ਗਏ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਸ ਧੁੱਸੀ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਪਿੰਡ ਧਨੋਆ ਤੋਂ ਮੰਡ ਮੋਤਲਾਂ ਤੱਕ, ਇਹ ਚਾਰ ਕਿਲੋਮੀਟਰ ਦੀ ਧੁੱਸੀ ਹੈ । ਇਸ ਦੇ ਵਿੱਚੋਂ ਜਿਥੋਂ ਧੁੱਸੀ ਬੰਧ ਬਣਾਉਣਾ ਜ਼ਰੂਰੀ ਸੀ, ਉਥੇ ਇਰੀਗੇਸ਼ਨ ਵਿਭਾਗ ਨੇ ਦੋ ਕਿਲੋਮੀਟਰ ਦਾ ਬੰਧ ਕੰਪਲੀਟ ਕਰ ਦਿੱਤਾ ਹੈ ਅਤੇ ਦੋ ਕਿਲੋਮੀਟਰ ਰਹਿੰਦਾ ਹੈ । ਉਹ ਡਿਸਟ੍ਰਿਕਟ ਪਲੈਨਿੰਗ ਬੋਰਡ ਜਿਹੜਾ ਹੈ, ਉਸ ਨੇ ਦੇਖਣਾ ਹੁੰਦਾ ਹੈ ਕਿ ਕਿਹੜੇ ਕੰਮ ਨੂੰ ਪ੍ਰਾਇਰਟੀ ਦੇਣੀ ਹੈ ਅਤੇ ਐਮ.ਐਲ.ਏ. ਸਾਹਿਬ ਉਸ ਦੇ ਖੁਦ ਮੈਂਬਰ ਹਨ । ਉਹ ਜਿਹੜਾ ਦੋ ਕਿਲੋਮੀਟਰ ਦਾ ਧੁੱਸੀ ਬੰਧ ਹੈ ਡਿਸਟ੍ਰਿਕਟ ਪਲਾਨਿੰਗ ਬੋਰਡ ਤੋਂ ਇਹ ਮਨਜ਼ੂਰ ਕਰਵਾ ਲੈਣ, ਉਸ ਤੋਂ ਉਪਰੰਤ ਫੰਡਜ਼ ਦੇ ਦਿੱਤੇ ਜਾਣਗੇ ਅਤੇ ਪਲੈਨਿੰਗ ਬੋਰਡ ਇਹ ਕੰਮ ਮੁਕੰਮਲ ਕਰਵਾ ਦੇਵੇਗਾ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੋਤਲਾਂ ਮੰਡ ਜਿਹੜਾ ਮੁਕੇਰੀਆਂ ਵਿੱਚ ਹੈ, ਉਸ ਤੇ ਪਿਛਲੇ ਦੋ ਸਾਲਾਂ ਵਿੱਚ ਕਿੰਨਾ ਰੁਪਿਆ ਖਰਚ ਕੀਤਾ ਗਿਆ ਹੈ ?

ਸ੍ਰੀ ਸਪੀਕਰ : ਤੁਸੀਂ ਇਸ ਸਬੰਧ ਵਿੱਚ ਸਿਪਰੇਟ ਕੁਐਸਚਨ ਦੇ ਦੇਣਾ । ਅਗਲਾ ਸਵਾਲ ।

ਫਤਿਹਗੜ੍ਹ ਸਾਹਿਬ ਵਿਖੇ ਅਧਿਸੂਚਿਤ ਇਲਾਕਾ ਕਮੇਟੀ ਦਾ ਗਠਨ

*399. ਡਾਕਟਰ ਹਰਬੰਸ ਲਾਲ : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਫਤਿਹਗੜ੍ਹ ਸਾਹਿਬ ਵਿਖੇ ਅਧਿਸੂਚਿਤ ਇਲਾਕਾ ਕਮੇਟੀ ਕਿਸ ਮਿਤੀ ਨੂੰ ਗਠਿਤ ਕੀਤੀ ਗਈ ਸੀ ਅਤੇ ਅਜੇ ਤੱਕ ਉਕਤ ਕਮੇਟੀ ਨੂੰ ਜਾਰੀ ਕੀਤੇ ਗਏ ਫੰਡਾਂ ਦੇ ਵੇਰਵੇ ਕੀ ਹਨ;

(ਅ) ਕੀ ਅਧਿਸੂਚਿਤ ਇਲਾਕਾ ਕਮੇਟੀ ਹੇਠ ਪੈਂਦੇ ਇਲਾਕਿਆਂ ਨੂੰ ਵਾਰਡਾਂ ਵਿਚ ਵੰਡ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਉਕਤ ਅਧਿਸੂਚਿਤ ਇਲਾਕਾ ਕਮੇਟੀ ਵਿਚ ਕੰਮ ਕਰ ਰਹੇ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ ?

Shri Balramji Dass Tandon : (a) Nagar Panchayat at Fatehgarh Sahib was constituted,--*vide* Government Notification dated 23rd August, 1996. No funds have so far been released by the Government to the said Notified Area Committee (now Nagar Panchayat).

(b) The area falling under Nagar Panchayat Fatehgarh sahib has yet not been divided into wards. At present besides Executive Officer, Sectional Officer and Accountant holding additional charges, three Clerks, two Peons and 15 part-time Sweepers are working in Nagar Panchayat, Fatehgarh Sahib.

ਡਾਕਟਰ ਹਰਬੰਸ ਲਾਲ : ਸਤਿਕਾਰਯੋਗ ਸਪੀਕਰ ਸਾਹਿਬ, ਫਤਿਹਗੜ੍ਹ ਸਾਹਿਬ ਨਵਾਂ ਜ਼ਿਲ੍ਹਾ ਬਣਿਆ ਹੈ ਔਰ ਉਥੇ ਨੋਟੀਫਾਈਡ ਏਰੀਆ ਕਮੇਟੀ ਮਿਤੀ 23 ਅਗਸਤ 1996 ਨੂੰ ਬਣੀ ਸੀ । ਇਸ ਧਰਤੀ ਦੀ ਬਹੁਤ ਮਹਾਨਤਾ ਹੈ । ਇਸ ਨੋਟੀਫਾਈਡ ਏਰੀਆ ਕਮੇਟੀ ਨਾਲ ਦਸ ਪਿੰਡ ਹੋਰ ਵੀ ਲੱਗਦੇ ਹਨ ਪਰੰਤੂ ਇਹ ਪਿੰਡ ਜਿਹੜੇ ਕਿ ਦੋ-ਢਾਈ ਕਿਲੋਮੀਟਰ ਦੇ ਏਰੀਏ ਨਾਲ ਲੱਗਦੇ ਹਨ, ਇਨ੍ਹਾਂ ਦੀਆਂ ਪੰਚਾਇਤਾਂ ਟੁੱਟ ਗਈਆਂ ਜਿਸ ਕਾਰਨ ਵਿਕਾਸ ਦੇ ਸਾਰੇ ਕੰਮ ਰੁੱਕ ਗਏ ਔਰ ਸਰਕਾਰ ਵੱਲੋਂ ਕੋਈ ਪੈਸਾ ਇੱਥੇ ਡਿਵੈਲਪਮੈਂਟ ਵਾਸਤੇ ਨਹੀਂ ਦਿੱਤਾ ਗਿਆ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਐਸ਼ੋਰੈਂਸ ਲੈਣੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪੰਜਾਬ ਦੀਆਂ ਨੋਟੀਫਾਈਡ ਏਰੀਆ ਕਮੇਟੀਆਂ ਨੂੰ ਫੰਡ ਦਿੱਤੇ ਜਾਂਦੇ ਹਨ, ਉਸੀ ਤਰ੍ਹਾਂ ਇਸ ਧਰਤੀ ਦੀ ਮਹਾਨਤਾ ਨੂੰ ਮੁੱਖ ਰੱਖਦੇ ਹੋਏ ਫਤਿਹਗੜ੍ਹ ਸਾਹਿਬ ਦੀ ਨੋਟੀਫਾਈਡ ਏਰੀਆ ਕਮੇਟੀ ਨੂੰ ਵੀ ਫੰਡ ਪਹਿਲ ਦੇ ਆਧਾਰ ਤੇ ਦਿੱਤੇ ਜਾਇਆ ਕਰਨਗੇ ? ਮੇਰਾ ਦੂਸਰਾ ਸਵਾਲ ਹੈ.....

ਸ੍ਰੀ ਸਪੀਕਰ : ਇੱਕ ਸਮੇਂ ਤੁਸੀਂ ਇੱਕ ਹੀ ਸਪਲੀਮੈਂਟਰੀ ਕਰ ਸਕਦੇ ਹੋ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਇਸ ਸਵਾਲ ਦੇ ਦੋ ਪਾਰਟ ਹਨ (ਏ) ਅਤੇ (ਬੀ) । ਇਹ ਸਪਲੀਮੈਂਟਰੀ ਮੈਂ (ਏ) ਪਾਰਟ ਦੀ ਪੁੱਛੀ ਸੀ । ਹੁਣ ਮੈਂ (ਬੀ) ਪਾਰਟ ਦੀ ਗੱਲ ਕਰਦਾ ਹਾਂ । ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਦੱਸਿਆ ਹੈ ਕਿ ਨਗਰ ਪੰਚਾਇਤ ਫਤਿਹਗੜ੍ਹ ਸਾਹਿਬ ਅਧੀਨ ਪੈਂਦੇ ਇਲਾਕਿਆਂ ਦੀ ਅਜੇ ਤੱਕ ਵਾਰਡਬੰਦੀ ਨਹੀਂ ਕੀਤੀ ਗਈ । ਇਸ ਵੇਲੇ ਨਗਰ ਪੰਚਾਇਤ.....।

ਸ੍ਰੀ ਸਪੀਕਰ : ਤੁਸੀਂ ਅਜੇ ਪਹਿਲੇ ਸਵਾਲ ਦਾ ਜਵਾਬ ਲੈ ਲਓ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਇਕੱਠਾ ਹੀ ਕਰ ਲੈਂਦੇ ਹਾਂ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਥੇ ਇਲੈਕਟਿਡ ਬਾਡੀ ਬਣਾਈ ਜਾਵੇ ਔਰ ਫਿਰ ਵਾਰਡਬੰਦੀ ਕੀਤੀ ਜਾਵੇ । ਵਿਕਾਸ ਦੇ ਸਾਰੇ ਕੰਮ ਰੁਕੇ ਪਏ ਹਨ । ਅਸੀਂ ਇਸ ਜ਼ਿਲ੍ਹੇ ਨੂੰ ਉਚਾ ਲਿਜਾਣਾ ਚਾਹੁੰਦੇ ਹਾਂ । ਇਸ ਧਰਤੀ ਦੀ ਬਹੁਤ ਮਹਾਨਤਾ ਹੈ । ਉਥੇ 15 ਪਾਰਟ ਟਾਈਮ ਸਵੀਪਰ ਲਗਾਏ ਗਏ ਹਨ । ਸਫ਼ਾਈ ਦਾ ਬਹੁਤ ਬੁਰਾ ਹਾਲ ਹੈ । ਉਥੇ ਸਫ਼ਾਈ ਕਰਵਾਉਣੀ ਬਹੁਤ ਜ਼ਰੂਰੀ ਹੈ ।

ਸ੍ਰੀ ਸਪੀਕਰ : ਤੁਸੀਂ ਸਵਾਲ ਪੁੱਛੋ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਕੀ ਉਥੇ ਸਫਾਈ ਰੱਖਣ ਵਾਸਤੇ ਘੱਟੋ-ਘੱਟ 100 ਸਫਾਈ ਕਰਮਚਾਰੀ ਪਰਮਾਨੈਂਟ ਤੌਰ ਤੇ ਲਗਾਏ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਕਈ ਕੁਝ ਕਹਿ ਗਏ ਹਨ । ਇਹ ਇੱਕ ਤਰ੍ਹਾਂ ਨਾਲ ਭਾਸ਼ਣ ਕਰ ਗਏ ਹਨ । ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਗੌਰਮਿੰਟ ਜਿਸ ਤਰ੍ਹਾਂ ਬਾਕੀ ਨੋਟੀਫਾਈਡ ਏਰੀਆ ਕਮੇਟੀਆਂ ਨੂੰ ਪੈਸੇ ਦਿੰਦੀ ਹੈ, ਉਸੀ ਤਰ੍ਹਾਂ ਇਸ ਨੋਟੀਫਾਈਡ ਏਰੀਆ ਕਮੇਟੀ ਨੂੰ ਵੀ ਸਹਾਇਤਾ ਦੇਵੇਗੀ । ਵਾਰਡਬੰਦੀ ਦੀ ਗੱਲ ਜ਼ੇਰੇ-ਗੌਰ ਹੈ । ਇਹ ਜਲਦੀ ਕਰਵਾ ਦਿੱਤੀ ਜਾਵੇਗੀ ਤਾਂ ਕਿ ਇਲੈਕਟਿਡ ਬਾਡੀ ਆਪਣੀ ਜਗ੍ਹਾ ਸੰਭਾਲ ਸਕੇ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਮੈਂ ਸਫ਼ਾਈ ਦੀ ਵੀ ਗੱਲ ਕੀਤੀ ਹੈ । ਇਹ ਬੜਾ ਵੱਡਾ ਮੁੱਦਾ ਹੈ । ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ 468 ਪਿੰਡ ਪੈਂਦੇ ਹਨ । ਇਹ ਬੜੀ ਪਵਿੱਤਰ ਜਗ੍ਹਾ ਹੈ । ਬਾਹਰੋਂ ਦੁਨੀਆਂ ਇੱਥੇ ਮੱਥਾ ਟੇਕਣ ਵਾਸਤੇ ਆਉਂਦੀ ਹੈ ਪਰ ਇੱਥੇ ਸਫਾਈ ਦਾ ਬੁਰਾ ਹਾਲ ਹੈ । ਲੋਕਾਂ ਵਿੱਚ ਕਾਫੀ ਰੋਸ ਹੈ । ਇਸ ਲਈ ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਉਥੇ ਇਮੀਜੀਏਟਲੀ ਵੱਧ ਤੋ ਵੱਧ ਸਫਾਈ ਕਰਮਚਾਰੀ ਲਗਾਏ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਆਲਰੈਡੀ ਜਵਾਬ ਵਿਚ ਦੱਸ ਚੁੱਕਾ ਹਾਂ । ਸ਼ਾਇਦ ਇਨ੍ਹਾਂ ਨੇ ਧਿਆਨ ਨਹੀਂ ਦਿੱਤਾ । ਨੋਟੀਫਾਈਡ ਏਰੀਆ ਕਮੇਟੀ ਵਿੱਚ 15 ਸਵੀਪਰ ਲਗਾਏ ਗਏ ਹਨ ਔਰ ਜ਼ਰੂਰਤ ਵੇਖ ਕੇ ਜਾਂ ਦੇਖ-ਪੜਤਾਲ ਕਰਕੇ ਹੋਰ ਵੀ ਵਧਾਏ ਜਾ ਸਕਦੇ ਹਨ ।

ਸਰਹਿੰਦ ਅਤੇ ਬੱਸੀ ਪਠਾਣਾਂ ਵਿਚ ਵਿਕਾਸ ਕੰਮਾਂ ਲਈ ਫੰਡ ਜਾਰੀ ਕਰਨਾ

*400. ਡਾਕਟਰ ਹਰਬੰਸ ਲਾਲ : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਸਰਹਿੰਦ ਅਤੇ ਬੱਸੀ ਪਠਾਣਾਂ ਕਸਬਿਆਂ ਵਿਚ ਵਿਕਾਸ ਕੰਮਾਂ ਨੂੰ ਜਾਰੀ ਰੱਖਣ ਲਈ ਅਕਤੂਬਰ, 1996 ਤੋਂ ਬਾਅਦ ਕੋਈ ਫੰਡ ਜਾਰੀ ਕੀਤੇ ਗਏ ਸਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਉਕਤ ਫੰਡਾਂ ਦੀ ਵਿਕਾਸ ਕੰਮਾਂ ਲਈ ਵਰਤੋਂ ਕੀਤੀ ਗਈ ਹੈ; ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ?

Shri Balramji Dass Tandon : (a) Yes Sir, Rs. 10.00 lac each to Municipal Council, Sirhind and Bassi Pathanan were released by the District Planning Board Fatehgarh Sahib on 28th March, 1997.

(b) The bills for withdrawal of these funds were not entertained by the District Treasury Officer, Fatehgarh Sahib upto 1.00 A.M. on 1st April, 1997.

ਸ੍ਰੀ ਸਪੀਕਰ : ਪ੍ਰਸ਼ਨ ਕਾਲ ਖਤਮ ਹੁੰਦਾ ਹੈ । ਬਾਕੀ ਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਰੂਲ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣਗੇ ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

ਧਾਰ ਬਲਾਕ ਵਿਚ ਇਕ ਹਾਈਡਲ ਪ੍ਰਾਜੈਕਟ ਸਥਾਪਿਤ ਕਰਨਾ

*368. **ਸ੍ਰੀ ਸਤਿਆ ਪਾਲ ਸੈਣੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਰਸਾਤੀ ਨਾਲਿਆਂ ਅਤੇ ਖੱਡਾਂ ਦੇ ਪਾਣੀ ਨੂੰ ਇਕੱਠਾ ਕਰਕੇ ਇਕ ਮਿੰਨੀ ਡੈਮ ਦੇ ਨਿਰਮਾਣ ਦੁਆਰਾ ਧਾਰ ਬਲਾਕ, ਤਹਿਸੀਲ ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ ਵਿਚ ਇਕ ਹਾਈਡਲ ਪ੍ਰਾਜੈਕਟ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸਤੇ ਕਿੰਨਾ ਖਰਚਾ ਕੀਤੇ ਜਾਣ ਦੀ ਤਜਵੀਜ਼ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਹੀਂ ਜੀ ।

ਸਰਕਾਰ ਦੁਆਰਾ ਆਪਣੇ ਅਧਿਕਾਰ ਹੇਠ ਲਏ ਗਏ ਸਕੂਲਾਂ ਦੇ ਅਮਲੇ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨਾ

*350. ਸ਼੍ਰੀ ਰਮੇਸ਼ ਚੰਦਰ ਡੋਗਰਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸਾਲ 1972 ਦੇ ਦੌਰਾਨ ਸਰਕਾਰ ਦੁਆਰਾ ਆਪਣੇ ਅਧਿਕਾਰ ਹੇਠ ਲਏ ਗਏ ਪ੍ਰਾਈਵੇਟ ਪ੍ਰਬੰਧ ਹੇਠਲੇ ਸਹਾਇਤਾ ਪ੍ਰਾਪਤ ਹਾਈ ਸਕੂਲਾਂ ਦੀ ਗਿਣਤੀ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਰੇ ਸਕੂਲਾਂ ਦੇ ਅਮਲੇ ਦੀਆਂ ਸੇਵਾਵਾਂ ਨਿਯਮਿਤ ਕਰ ਦਿੱਤੀਆਂ ਗਈਆਂ ਹਨ; ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ਅਤੇ ਅਜਿਹੇ ਕਰਮਚਾਰੀਆਂ ਦੇ ਵੇਰਵੇ ਕੀ ਹਨ ਜਿਨ੍ਹਾਂ ਦੀਆਂ ਸੇਵਾਵਾਂ ਅਜੇ ਨਿਯਮਿਤ ਕੀਤੀਆਂ ਜਾਣੀਆਂ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਹੁਸ਼ਿਆਰਪੁਰ ਜ਼ਿਲ੍ਹੇ ਦਾ ਇੱਕ ਪ੍ਰਾਈਵੇਟ-ਏਡਿਡ ਹਾਈ ਸਕੂਲ ਸਾਲ, 1972 ਦੌਰਾਨ ਸਰਕਾਰ ਅਧੀਨ ਲਿਆ ਗਿਆ ਸੀ ।

(ਅ) ਸ੍ਰੀਮਤੀ ਕੁਸ਼ੱਲਿਆ ਦੇਵੀ, ਜੇ.ਬੀ.ਟੀ. ਟੀਚਰ ਨੂੰ ਛੱਡ ਕੇ ਬਾਕੀ ਦੇ ਸਾਰੇ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰ ਦਿੱਤੀਆਂ ਗਈਆਂ ਹਨ । ਇਸ ਦੀਆਂ ਸੇਵਾਵਾਂ ਸਰਵਿਸ ਰਿਕਾਰਡ ਪੂਰਾ ਨਾ ਹੋਣ ਕਰਕੇ ਰੈਗੂਲਰ ਨਹੀਂ ਕੀਤੀਆਂ ਜਾ ਸਕੀਆਂ ।

ਸੁਜਾਨਪੁਰ ਕਸਬੇ ਤੋਂ ਗੰਦੇ ਪਾਣੀ ਦਾ ਨਿਕਾਸ

*367. ਸ਼੍ਰੀ ਸਤਿਆ ਪਾਲ ਸੈਣੀ : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਜ਼ਿਲ੍ਹਾ ਗੁਰਦਾਸਪੁਰ ਦੇ ਸੁਜਾਨਪੁਰ ਕਸਬੇ ਦੇ ਗੰਦੇ ਪਾਣੀ ਦੇ ਨਿਕਾਸ ਲਈ ਕੋਈ ਪ੍ਰਬੰਧ ਮੌਜੂਦ ਹਨ ?

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਨਾਂਹ ਵਿਚ ਹੋਵੇ, ਤਾਂ ਕੀ ਸਰਕਾਰ ਉਕਤ ਕਸਬੇ ਦੇ ਗੰਦੇ ਪਾਣੀ ਦੇ ਨਿਕਾਸ ਲਈ ਕੋਈ ਸਕੀਮ ਬਣਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਮੰਤਵ ਲਈ ਕਿੰਨੇ ਫੰਡ ਮਖਸੂਸ ਕੀਤੇ ਜਾਣ ਦਾ ਅਨੁਮਾਨ ਹੈ ?

ਸ਼੍ਰੀ ਬਲਰਾਮਜੀ ਦਾਸ ਟੰਡਨ : (ੳ) ਅਤੇ (ੲ) ਜੀ ਹਾਂ, ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਤੋਂ 10 ਲੱਖ ਰੁਪਏ ਦੀ ਮਦਦ ਨਾਲ ਗੰਦੇ ਪਾਣੀ ਦੇ ਨਿਕਾਸ ਲਈ ਇੱਕ ਨਾਲਾ ਸੁਜਾਨਪੁਰ ਵਿਖੇ ਬਣਾਇਆ ਜਾ ਰਿਹਾ ਹੈ ।

ਸਿਹਤ ਵਿਭਾਗ ਦੁਆਰਾ ਦਵਾਈਆਂ ਦੀ ਖਰੀਦ

*424. ਕਾਮਰੇਡ ਅਜੈਬ ਸਿੰਘ ਰੌਂਤਾ : ਕੀ ਸਿਹਤ ਅਤੇ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਸਾਲਾਂ 1994, 1995 ਅਤੇ 1996 ਦੇ ਦੌਰਾਨ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੁਆਰਾ ਸਾਲ-ਵਾਰ ਕਿੰਨੇ ਮੁੱਲ ਦੀਆਂ ਦਵਾਈਆਂ ਖਰੀਦੀਆਂ ਗਈਆਂ;

(ਅ) ਉਨ੍ਹਾਂ ਸਰਕਾਰੀ ਅਤੇ ਪ੍ਰਾਈਵੇਟ ਏਜੰਸੀਆਂ/ਫਰਮਾਂ ਦੇ ਵੱਖ ਵੱਖ ਵੇਰਵੇ ਕੀ ਹਨ ਜਿਨ੍ਹਾਂ ਤੋਂ ਉਕਤ ਭਾਗ (ੳ) ਵਿਚ ਵਰਣਿਤ ਦਵਾਈਆਂ ਖਰੀਦੀਆਂ ਗਈਆਂ ਸਨ ਅਤੇ ਇਸ ਲਈ ਕੀ ਕਸੌਟੀ ਅਪਣਾਈ ਗਈ ?

ਸ਼੍ਰੀ ਬਲਰਾਮਜੀ ਦਾਸ ਟੰਡਨ : (ੳ) ਸ਼੍ਰੀਮਾਨ ਜੀ, 1994-95, 1995-96 ਅਤੇ 1996-97 ਦੌਰਾਨ ਹੇਠ ਲਿਖੀ ਕੀਮਤ ਦੀਆਂ ਦਵਾਈਆਂ ਦੀ ਖਰੀਦ ਕੀਤੀ ਗਈ :--

1. ਸਾਲ 1994-95	ਰੁਪਏ 12,78,89,600
2. ਸਾਲ 1995-96	ਰੁਪਏ 5,60,80,000
3. ਸਾਲ 1996-97 (4/96 ਤੋਂ 12/96)	ਰੁਪਏ 9,86,66,400

[ਸਿਹਤ ਅਤੇ ਸਥਾਨਕ ਸਰਕਾਰ ਮੰਤਰੀ]

(ਅ) ਤਿੰਨਾਂ ਸਾਲਾਂ ਦੌਰਾਨ ਜਿਹਨਾਂ ਫਰਮਾਂ ਪਾਸੋਂ ਦਵਾਈਆਂ ਦੀ ਖਰੀਦ ਕੀਤੀ ਗਈ ਹੈ ਅਤੇ ਜੋ ਕਰਾਈਟੈਰੀਆ ਅਪਣਾਇਆ ਗਿਆ ਹੈ, ਉਸ ਸਬੰਧੀ ਸੂਚਨਾ ਨੱਥੀ ਅਨੁਲੱਗ-ਏ ਵਿਚ ਦਰਸਾਈ ਗਈ ਹੈ ।

ANNEXURE-A

Name of Firms/Agencies from whom the purchase of medicines is made

Year 1994-95

1. M/s Indian Drugs and Pharmaceuticals Limited, Chandigarh;
2. M/s Hindustan Antibiotics Limited, Chandigarh;
3. M/s Bengal Immunity, Rama Mandi, Jalandhar;
4. M/s Bengal Chemical and Pharmaceuticals Ltd., New Delhi;
5. M/s Smith Stani-Street Pharmaceuticals Ltd., Chandigarh;
6. M/s Maharashtra Antibiotics and Pharmaceuticals, Ambala Cantt;
7. M/s Karnataka Antibiotics and Pharmaceuticals Ltd., Chandigarh;
8. M/s Scaneomax India Limited, Chandigarh;
9. M/s Punjab Drugs Limited, Chandigarh;
10. M/s Japson Pharmaceuticals Limited, Chandigarh;

Year 1995-96 and 1996-97

1. M/s Roussel India Limited, New Delhi;
2. M/s Tablet India Limited, New Delhi;
3. M/s Universal Medicaments Pvt. Ltd., Nagpur;
4. M/s Rajasthan Drugs Pharmaceuticals Ltd., Jaipur;
5. M/s Dee-Pharma Limited, New Delhi;
6. M/s Karnatka Antibiotics and Pharmaceuticals Ltd., Chandigarh.
7. M/s Radicura Pharmaceuticls, Pvt. Ltd., New Delhi;
8. M/s Smith Kleen Beecham Pharmaceuticals Ltd., Bangalore;
9. M/s Cure Fast Remedies Limited, Faridabad;
10. M/s Umega Laboratories Limited, Ghaziabad;

11. M/s Core Health Care Limited, Ahemadabad;
12. M/s Relief Laboratories Limited, Nagpur;
13. M/s Hindustan Antibiotics Pharmaceuticals, Chandigarh;
14. M/s Nestor Pharmaceuticals Limited, Faridabad;
15. M/s Lark Laboratories Limited, Delhi;
16. M/s Maharashtra Antibiotic and Pharmaceuticals Ltd., Ambala Cantt.;
17. M/s Alpa Laboratories, Indore;
18. M/s Paam Pharmaceuticals Limited, Delhi;
19. M/s Targof Pure Drugs Limited, Hyderabad;
20. M/s Mac Laboratories Limited, New Delhi;
21. M/s Ind-swift Limited, Panchkula;
22. M/s. Khendelwal Laboratories Limited, Hyderabad;
23. M/s Ace Laboratories Limited, New Delhi;
24. M/s Brawn Pharmaceuticals, New Delhi;
25. M/s Tuton Pharmaceuticals, Ahmedabad;
26. M/s Neon Laboratories Private Limited, Bombay;
27. M/s Goa Antibiotic and Pharmaceuticals Limited, Goa;
28. M/s Group Pharmaceuticals Limited, Bombay;
29. M/s Reckitt and Colman Limited, New Delhi;
30. M/s I.C.P.A., Bombay;
31. M/s Uttar Pardesh Drugs and Pharmaceuticals Ltd., Lucknow;
32 M/s Ives Drugs India Private Limited, Indore;
33. M/s Shelat Brothers Private Limited, Madras;
34. M/s Seerum Institute India Limited, Bombay.

CRITERIA :

As per the existing Policy Drugs/Medicines are purchased by inviting open tenders through an advertisement in the leading Newspapers. Only those Companies/Firms which are in existence for three years and have been manufacturing Drugs/Medicines for

[ਸਿਹਤ ਅਤੇ ਸਥਾਨਕ ਸਰਕਾਰ ਮੰਤਰੀ]

the last three years and also having a turn over of atleast Rs. 4 crores in the preceding year will be eligible to bid and submit tenders.

UNSTARRED QUESTIONS AND ANSWERS

ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਅੰਮ੍ਰਿਤਸਰ ਵਿਚ ਬਿਜਲੀ ਦੇ ਜੈਨਰੇਟਰ ਲਗਾਉਣਾ

95. ਕਾਮਰੇਡ ਹਰਦੇਵ ਅਰਸ਼ੀ : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਪੰਜਾਬ ਸਰਕਾਰ ਡੈਂਟਲ ਕਾਲਜ ਅਤੇ ਹਸਪਤਾਲ, ਅੰਮ੍ਰਿਤਸਰ ਵਿਚ ਬਿਜਲੀ ਦੀ ਆਮ ਸਪਲਾਈ ਦੇ ਫੇਲ੍ਹ ਹੋਣ ਦੀ ਸੂਰਤ ਵਿਚ ਹਸਪਤਾਲ ਨੂੰ ਬਿਜਲੀ ਦੀ ਲਗਾਤਾਰ ਸਪਲਾਈ ਨੂੰ ਯਕੀਨੀ ਬਣਾਉਣ ਲਈ ਕੋਈ ਬਿਜਲੀ ਦੇ ਜੈਨਰੇਟਰ ਲਗਾਏ ਗਏ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਜੈਨਰੇਟਰ ਹਸਪਤਾਲ ਦੇ ਸਾਰੇ ਭਾਗਾਂ ਨੂੰ ਬਿਜਲੀ ਸਪਲਾਈ ਕਰਦੇ ਹਨ ; ਜੇਕਰ ਨਹੀਂ, ਤਾਂ ਸਥਿਤੀ ਵਿਚ ਸੁਧਾਰ ਕਰਨ ਲਈ ਕੀ ਕਦਮ ਚੁੱਕੇ ਜਾਣ ਦੀ ਤਜਵੀਜ਼ ਹੈ ?

ਸ਼੍ਰੀ ਬਲਰਾਮਜੀ ਦਾਸ ਟੰਡਨ : (ੳ) ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ ਦੇ ਓਰਲ ਸਰਜਰੀ ਵਿਭਾਗ ਵਿਚ ਇਕ 5 ਕਿਲੋ ਵਾਟਸ ਦਾ ਜੈਨਰੇਟਰ ਲੱਗਾ ਹੋਇਆ ਹੈ। ਬਿਜਲੀ ਦੀ ਸਪਲਾਈ ਫੇਲ੍ਹ ਹੋਣ ਦੀ ਸੂਰਤ ਵਿਚ ਇਸ ਜੈਨਰੇਟਰ ਨਾਲ ਕੇਵਲ ਓਪਰੇਸ਼ਨ ਥੀਏਟਰ ਵਿਚ ਐਮਰਜੈਂਸੀ ਦਾ ਹੀ ਕੰਮ ਚਲਾਇਆ ਜਾ ਸਕਦਾ ਹੈ ।

(ਅ) ਬਿਜਲੀ ਦੇ ਫੇਲ੍ਹ ਹੋਣ ਦੀ ਸੂਰਤ ਵਿਚ ਇਸ ਛੋਟੇ ਜੈਨਰੇਟਰ ਨਾਲ ਸਿਰਫ਼ ਓਪਰੇਸ਼ਨ ਥੀਏਟਰ ਹੀ ਕੰਮ ਕਰ ਸਕਦਾ ਹੈ । ਇਸ ਹਸਪਤਾਲ ਵਿਚ ਕੁੱਲ 9 ਵਿਭਾਗ ਅਤੇ 3 ਲਿਬਾਰਟਰੀਆਂ ਹਨ ਅਤੇ ਛੋਟੇ ਜੈਨਰੇਟਰ ਨਾਲ ਸਾਰੇ ਵਿਭਾਗਾਂ ਅਤੇ ਲਿਬਾਰਟਰੀਆਂ ਨੂੰ ਬਿਜਲੀ ਸਪਲਾਈ ਨਹੀਂ ਹੋ ਸਕਦੀ ਹੈ । ਇਸ ਲਈ ਇਸ ਹਸਪਤਾਲ ਲਈ 100 ਕਿਲੋ ਵਾਟਸ ਦਾ ਵੱਡਾ ਜੈਨਰੇਟਰ ਲੋੜੀਂਦਾ ਹੈ, ਜਿਸ ਲਈ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ ।

ਪਿੰਡ ਚੇਤਨਪੁਰਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ 20 ਬਿਸਤਰਿਆਂ ਵਾਲਾ ਹਸਪਤਾਲ ਬਣਾਉਣਾ

96. **ਕਾਮਰੇਡ ਹਰਦੇਵ ਅਰਸ਼ੀ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਪਿੰਡ ਚੇਤਨਪੁਰਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ 20 ਬਿਸਤਰਿਆਂ ਵਾਲਾ ਹਸਪਤਾਲ ਬਣਾਉਣ ਸਬੰਧੀ 15 ਜੁਲਾਈ, 1992 ਲਈ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਨਿਸ਼ਾਨ ਵਾਲੇ ਪ੍ਰਸ਼ਨ ਨੰ: 300 ਦੇ ਉੱਤਰ ਦੇ ਹਵਾਲੇ ਵਿਚ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਚੇਤਨਪੁਰਾ ਵਿਚ ਤਜਵੀਜ਼ਤ 20 ਬਿਸਤਰਿਆਂ ਵਾਲੇ ਹਸਪਤਾਲ ਦੀ ਉਸਾਰੀ ਕਰ ਦਿੱਤੀ ਗਈ ਹੈ; ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ?

ਸ੍ਰੀ ਬਲਰਾਮਜੀ ਦਾਸ ਟੰਡਨ : ਪਿੰਡ ਚੇਤਨਪੁਰਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਮਿੰਨੀ ਪੀ.ਐਚ.ਸੀ. ਦੀ ਇਮਾਰਤ ਦਾ ਨਿਰਮਾਣ ਨਹੀਂ ਹੋ ਸਕਿਆ, ਕਿਉਂਕਿ ਜਿਸ ਜ਼ਮੀਨ ਤੇ ਇਸ ਦਾ ਨਿਰਮਾਣ ਹੋਣਾ ਸੀ, ਉਹ ਜ਼ਮੀਨ ਝਗੜੇ ਵਾਲੀ ਹੈ ਅਤੇ ਇਸ ਜ਼ਮੀਨ ਦਾ ਕੇਸ ਤਹਿਸੀਲ ਅਜਨਾਲਾ ਦੀ ਜੁਡੀਸ਼ੀਅਲ ਅਦਾਲਤ ਵਿਚ ਲੰਬਿਤ ਹੈ । ਇਸ ਮੁਕੱਦਮੇ ਦਾ ਟਾਈਟਲ 'ਮਜ਼ਬੀ ਸਿੱਖ ਬਨਾਮ ਪੰਜਾਬ ਸਰਕਾਰ' ਹੈ । ।

ਕਸ਼ਮੀਰੀ ਪਰਵਾਸੀਆਂ ਨੂੰ ਵਿੱਤੀ ਸਹਾਇਤਾ

97. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਰਾਜ ਵਿਚ ਵਸੇ ਕਸ਼ਮੀਰੀ ਪਰਵਾਸੀ ਜਿਨ੍ਹਾਂ ਨੂੰ ਰਾਜ ਸਰਕਾਰ ਦੁਆਰਾ ਵੱਖ-ਵੱਖ 1 ਜਨਵਰੀ, 1995, 1 ਜਨਵਰੀ, 1996 ਅਤੇ 1 ਜਨਵਰੀ, 1997 ਤੱਕ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਸੀ, ਦੀ ਜ਼ਿਲ੍ਹਾਵਾਰ ਗਿਣਤੀ ਅਤੇ ਉਨ੍ਹਾਂ ਨੂੰ ਦਿੱਤੀ ਜਾ ਰਹੀ ਵਿੱਤੀ ਸਹਾਇਤਾ ਦੀ ਦਰ ਅਤੇ ਸਕੇਲ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਣਗੇ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਵੇਰਵੇ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

[ਮੁੱਖ ਮੰਤਰੀ]

ਸੂਚੀ

ਕਸ਼ਮੀਰੀ ਪਰਵਾਸੀ ਪਰਿਵਾਰਾਂ ਦੀ ਜਿਲ੍ਹੇਵਾਰ ਗਿਣਤੀ ਦੀ ਸੂਚੀ ਜਿਹਨਾਂ ਨੂੰ ਵਿੱਤੀ ਸਹਾਇਤਾ 1 ਜਨਵਰੀ, 1995, 1 ਜਨਵਰੀ, 1996 ਅਤੇ 1 ਜਨਵਰੀ, 1997 ਨੂੰ ਦਿੱਤੀ ਜਾ ਰਹੀ ਸੀ :--

ਲੜੀ ਨੰ:	ਜ਼ਿਲ੍ਹੇ ਦਾ ਨਾਮ	ਕਸ਼ਮੀਰੀ ਪਰਵਾਸੀ ਪਰਿਵਾਰਾਂ ਦੀ ਗਿਣਤੀ ਜਿਹਨਾਂ ਨੂੰ ਵੱਖ ਵੱਖ ਸਮੇਂ ਸਿਰ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਸੀ		
		1-1-1995	1-1-1996	1-1-1997
1.	ਅੰਮ੍ਰਿਤਸਰ	186	189	193
2.	ਬਠਿੰਡਾ	ਨਿਲ	ਨਿਲ	ਨਿਲ
3.	ਫਤਿਹਗੜ੍ਹ ਸਾਹਿਬ	ਨਿਲ	ਨਿਲ	ਨਿਲ
4.	ਫਰੀਦਕੋਟ	ਨਿਲ	ਨਿਲ	ਨਿਲ
5.	ਫਿਰੋਜ਼ਪੁਰ	ਨਿਲ	ਨਿਲ	ਨਿਲ
6.	ਗੁਰਦਾਸਪੁਰ	156	156	131
7.	ਹੁਸ਼ਿਆਰਪੁਰ	1	1	1
8.	ਜਲੰਧਰ	34	33	33
9.	ਕਪੂਰਥਲਾ	ਨਿਲ	ਨਿਲ	ਨਿਲ
10.	ਲੁਧਿਆਣਾ	ਨਿਲ	ਨਿਲ	ਨਿਲ
11.	ਮਾਨਸਾ	ਨਿਲ	ਨਿਲ	ਨਿਲ
12.	ਮੋਗਾ	ਨਿਲ	ਨਿਲ	ਨਿਲ
13.	ਮੁਕਤਸਰ	ਨਿਲ	ਨਿਲ	ਨਿਲ
14.	ਨਵਾਂ ਸ਼ਹਿਰ	ਨਿਲ	ਨਿਲ	ਨਿਲ
15.	ਪਟਿਆਲਾ	3	3	3
16.	ਰੋਪੜ	ਨਿਲ	ਨਿਲ	ਨਿਲ
17.	ਸੰਗਰੂਰ	ਨਿਲ	ਨਿਲ	ਨਿਲ
		380	382	361

ਕਸ਼ਮੀਰੀ ਪਰਵਾਸੀਆਂ ਨੂੰ ਹੇਠ ਲਿਖੀਆਂ ਦਰਾਂ ਤੇ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ :--

(1) ਘੱਟੋ ਘੱਟ ਚਾਰ ਮੈਂਬਰਾਂ ਦੇ ਪਰਿਵਾਰ ਨੂੰ ਭਾਂਡੇ, ਦਰੀਆਂ ਅਤੇ ਚਾਦਰਾਂ ਖਰੀਦਣ ਲਈ ਇਕ ਵਾਰ 860 ਰੁਪਏ ਦੀ ਸਹਾਇਤਾ ਰਾਸ਼ੀ ।

(2) ਚਾਰ ਜਾਂ ਇਸ ਤੋਂ ਵੱਧ ਮੈਂਬਰਾਂ ਦੇ ਪਰਿਵਾਰ ਨੂੰ 460 ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਨਕਦ ਰਾਸ਼ੀ ।

ਜੇਕਰ ਪਰਿਵਾਰ ਚਾਰ ਮੈਂਬਰਾਂ ਤੋਂ ਘੱਟ ਹੋਵੇ ਤਾਂ ਨਕਦੀ ਦਾ ਭੁਗਤਾਨ ਔਸਤਨ ਦਰ ਘੱਟਾ ਕੇ ਦਿੱਤਾ ਜਾਂਦਾ ਹੈ ।

ਸਮਾਜ ਭਲਾਈ ਵਿਭਾਗ ਵਿਚ ਭ੍ਰਿਸ਼ਟਾਚਾਰ/ਗਬਨ

98. ਕਾਮਰੇਡ ਹਰਦੇਵ ਅਰਸ਼ੀ : ਕੀ ਮੁੱਖ ਮੰਤਰੀ ਸਮਾਜ ਭਲਾਈ ਵਿਭਾਗ ਵਿਚ ਭ੍ਰਿਸ਼ਟਾਚਾਰ/ਗਬਨ ਸਬੰਧੀ 6 ਮਾਰਚ, 1995 ਦੀ ਬਿਨਾਂ ਨਿਸ਼ਾਨ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਬਿਨਾਂ ਨਿਸ਼ਾਨ ਪ੍ਰਸ਼ਨ ਨੰ: 342 ਦੇ ਉੱਤਰ ਦੇ ਹਵਾਲੇ ਵਿਚ ਕਿਰਪਾ ਕਰਕੇ ਦੱਸਣਗੇ ਕਿ--

(ੳ) ਉਨ੍ਹਾਂ ਕਸੂਰਵਾਰ ਅਫਸਰਾਂ/ਕਰਮਚਾਰੀਆਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਨੂੰ ਚਾਰਜਸ਼ੀਟ ਕੀਤਾ ਗਿਆ ਸੀ ਅਤੇ ਹਰ ਇਕ ਨੂੰ ਕਿਸ ਕਿਸ ਮਿਤੀ ਨੂੰ ਚਾਰਜਸ਼ੀਟ ਕੀਤਾ ਗਿਆ ਸੀ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚੋਂ ਅਜਿਹੇ ਕੇਸਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਦੀ ਜਾਂਚ-ਪੜਤਾਲ ਮੁਕੰਮਲ ਕਰ ਲਈ ਗਈ ਹੈ ਅਤੇ ਜਾਂਚ-ਪੜਤਾਲ ਦੀਆਂ ਰਿਪੋਰਟਾਂ ਦੇ ਆਧਾਰ ਤੇ ਕੀ ਕਾਰਵਾਈ ਕੀਤੀ ਗਈ ਹੈ ;

(ੲ) ਬਾਕੀ ਰਹਿੰਦੇ ਕੇਸਾਂ ਵਿਚ ਜਾਂਚ-ਪੜਤਾਲ ਕਦੋਂ ਤੱਕ ਮੁਕੰਮਲ ਕਰ ਲਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: (ੳ) ਸੂਚਨਾ ਹੇਠ ਲਿਖੇ ਅਨੁਸਾਰ ਹੈ :-

ਲੜੀ ਨੰ:	ਅਧਿਕਾਰੀ/ਕਰਮਚਾਰੀ ਦਾ ਨਾਮ	ਚਾਰਜਸ਼ੀਟ ਕਰਨ ਦੀ ਮਿਤੀ
1.	ਸ੍ਰੀ ਜਗਜੀਤ ਸਿੰਘ, ਜ਼ਿਲ੍ਹਾ ਸਮਾਜ ਭਲਾਈ ਅਫਸਰ	17.3.94
2.	ਸ੍ਰੀ ਨਿਰੰਜਨ ਦਾਸ, ਜ਼ਿਲ੍ਹਾ ਸਮਾਜ ਭਲਾਈ ਅਫਸਰ	17.3.94
3.	ਸ੍ਰੀਮਤੀ ਇਕਬਾਲ ਕੌਰ, ਲੇਖਾਕਾਰ	17.3.94
4.	ਸ੍ਰੀ ਹਰਪਾਲ ਸਿੰਘ, ਲੇਖਾਕਾਰ	17.3.94

(ਅ) ਅਤੇ (ੲ) ਪੜਤਾਲੀਆ ਅਫਸਰ ਵੱਲੋਂ ਉਪਰੋਕਤ ਚਾਰੇ ਕੇਸਾਂ ਦੀ ਪੜਤਾਲ ਮੁਕੰਮਲ ਕੀਤੀ ਜਾ ਚੁੱਕੀ ਹੈ । ਉਨ੍ਹਾਂ ਦੀ ਰਿਪੋਰਟ ਦੇ ਆਧਾਰ ਤੇ ਉਚਿਤ ਕਾਰਵਾਈ ਕੀਤੀ ਜਾ ਰਹੀ ਹੈ ।

ਸਰਕਾਰੀ ਹਸਪਤਾਲਾਂ ਵਿਚ ਮਰੀਜਾਂ ਅਤੇ ਸਟਾਫ ਨਰਸਾਂ ਦਾ ਅਨੁਪਾਤ

139. **ਕਾਮਰੇਡ ਅਜੈਬ ਸਿੰਘ ਰੌਤਾ:** ਕੀ ਮਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਰਕਾਰੀ ਹਸਪਤਾਲਾਂ ਵਿਚ 1 ਜਨਵਰੀ, 1994, 1 ਜਨਵਰੀ, 1995, 1 ਜਨਵਰੀ, 1996 ਅਤੇ 1 ਜਨਵਰੀ, 1997 ਨੂੰ ਦਾਖਲ ਮਰੀਜ਼ਾਂ ਦੀ ਕੁੱਲ ਗਿਣਤੀ ਕਿੰਨੀ ਸੀ ਅਤੇ ਇਹਨਾਂ ਹੀ ਮਿਤੀਆਂ ਨੂੰ ਉਪਰੋਕਤ ਹਸਪਤਾਲਾਂ ਵਿਚ ਸਟਾਫ ਨਰਸਾਂ ਦੀ ਕੁੱਲ ਗਿਣਤੀ ਕਿੰਨੀ ਸੀ ?

ਸ੍ਰੀ ਬਲਰਾਮਜੀ ਦਾਸ ਟੰਡਨ : ਮਿਤੀ 1 ਜਨਵਰੀ, 1994, 1 ਜਨਵਰੀ, 1995, 1 ਜਨਵਰੀ, 1996 ਅਤੇ 1 ਜਨਵਰੀ, 1997 ਨੂੰ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚ ਦਾਖਿਲ ਮਰੀਜ਼ਾਂ ਦੀ ਗਿਣਤੀ ਅਤੇ ਇਨ੍ਹਾਂ ਹੀ

ਮਿਤੀਆਂ ਨੂੰ ਸਟਾਫ ਨਰਸਾਂ ਦੀ ਗਿਣਤੀ ਹੇਠ ਅਨੁਸਾਰ ਹੈ :-

	1-1-1994	1-1-1995	1-1-1996	1-1-1997
ਦਾਖਿਲ ਮਰੀਜ਼ਾਂ ਦੀ ਗਿਣਤੀ	4897	5679	5825	5795
ਸਟਾਫ ਨਰਸਾਂ ਦੀ ਗਿਣਤੀ	2782	2891	2873	2876

ਗਰੀਬੀ ਦੀ ਰੇਖਾ ਤੋਂ ਥੱਲੇ ਜਨਸੰਖਿਆ

140. ਕਾਮਰੇਡ ਅਜੈਬ ਸਿੰਘ ਰੌਤਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿਚ ਕਿੰਨੇ ਪ੍ਰਤੀਸ਼ਤ ਦਿਹਾਤੀ ਅਤੇ ਸ਼ਹਿਰੀ ਵਸੋਂ ਇਸ ਸਮੇਂ ਗਰੀਬੀ ਰੇਖਾ ਤੋਂ ਥੱਲੇ ਰਹਿ ਰਹੀ ਹੈ ।

(ਅ) ਗਰੀਬੀ ਦੀ ਰੇਖਾ ਨਿਰਧਾਰਤ ਕਰਨ ਲਈ ਕੀ ਕਸੌਟੀ ਅਪਣਾਈ ਗਈ ਹੈ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਮੰਤਰੀ) : (ੳ) ਪੰਜਾਬ ਰਾਜ ਦੀ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੀ ਜਨਸੰਖਿਆ ਦੀ ਪ੍ਰਤੀਸ਼ਤਤਾ ਦਰਸਾਉਣ ਲਈ ਤਿੰਨ ਤਰੀਕੇ ਹਨ :-

(1) ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੁਆਰਾ ਜਾਰੀ ਕੀਤੇ ਪੀਲੇ ਕਾਰਡ ਅਨੁਸਾਰ :

(2) ਯੋਜਨਾ ਕਮਿਸ਼ਨ ਦੁਆਰਾ ਸ੍ਰੀ ਲਕੜਵਾਲਾ ਕਮੇਟੀ ਰਿਪੋਰਟ ਤੋਂ ਪਹਿਲਾਂ ਅਪਣਾਈ ਗਈ ਦਫਤਰੀ ਵਿਧੀ ਅਨੁਸਾਰ ; ਅਤੇ

(3) ਯੋਜਨਾ ਕਮਿਸ਼ਨ ਦੁਆਰਾ ਅਪਣਾਈ ਗਈ ਸ੍ਰੀ ਲਕੜਵਾਲਾ ਵਿਧੀ ਅਨੁਸਾਰ ਉਪਰੋਕਤ ਤਿੰਨਾਂ ਵਿਧੀਆਂ ਅਨੁਸਾਰ ਪੰਜਾਬ

[ਵਿੱਤ ਮੰਤਰੀ]

ਵਿਚ ਗਰੀਬੀ ਰੇਖਾ ਤੋਂ ਥੱਲੇ ਰਹਿ ਰਹੀ ਜਨਸੰਖਿਆ ਦੀ ਪ੍ਰਤੀਸ਼ਤਤਾ ਹੇਠ ਦਿੱਤੀ ਗਈ ਹੈ :—

ਕਸੌਟੀ (ਕਰਾਈਟੇਰੀਆ)	ਗਰੀਬੀ ਰੇਖਾ ਤੋਂ ਥੱਲੇ ਪੰਜਾਬ ਦੀ ਜਨਸੰਖਿਆ ਦੀ ਪ੍ਰਤੀਸ਼ਤਤਾ			ਮਿਤੀ ਜਿਸ ਤੋਂ ਪ੍ਰਤੀਸ਼ਤਤਾ ਮੰਨਣਯੋਗ ਹੈ ।
	ਪੇਂਡੂ	ਸ਼ਹਿਰੀ	ਦੋਨੋਂ	
ਪੀਲੇ ਕਾਰਡ	46.48	11.66	35.67	30.9.96
ਯੋਜਨਾ ਕਮਿਸ਼ਨ ਦੁਆਰਾ ਦਫਤਰੀ ਵਿਧੀ	7.2	7.2	7.2	1987-88
ਯੋਜਨਾ ਕਮਿਸ਼ਨ ਦੁਆਰਾ ਸ੍ਰੀ ਲਕੜਵਾਲਾ ਕਮੇਟੀ ਰਿਪੋਰਟ ਅਨੁਸਾਰ	11.95	11.35	11.77	1993-94

(ਅ) ਗਰੀਬੀ ਰੇਖਾ ਨੂੰ ਨਿਰਧਾਰਤ ਕਰਨ ਲਈ ਅਪਣਾਈ ਗਈ ਕਸੌਟੀ (ਕਰਾਈਟੇਰੀਆ)

(i) **ਪੀਲੇ ਕਾਰਡ** :—ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੁਆਰਾ 1994 ਵਿਚ ਜਾਰੀ ਕੀਤੀ ਨੋਟੀਫਿਕੇਸ਼ਨ ਅਨੁਸਾਰ ਸ਼ਹਿਰੀ ਅਤੇ ਪੇਂਡੂ ਇਲਾਕੇ ਦੇ ਉਹਨਾਂ ਪਰਿਵਾਰਾਂ ਨੂੰ ਜਿਨ੍ਹਾਂ ਦੀ ਆਮਦਨ 11,000 ਰੁਪਏ ਪ੍ਰਤੀ ਵਰਸ਼ ਤੋਂ ਹੇਠਾਂ ਹੈ, ਪੀਲੇ ਕਾਰਡ ਹਾਸਲ ਕਰਨ ਦਾ ਅਧਿਕਾਰ ਹੈ । ਜਿਸ ਪ੍ਰੀਵਾਰ ਕੋਲ ਪੀਲਾ ਕਾਰਡ ਹੈ, ਉਸ ਨੂੰ ਗਰੀਬੀ ਰੇਖਾ ਤੋਂ ਥੱਲੇ ਸਮਝਿਆ ਜਾਂਦਾ ਹੈ ।

(ii) **ਯੋਜਨਾ ਕਮਿਸ਼ਨ ਦੁਆਰਾ 1997 ਤੋਂ ਪਹਿਲਾਂ ਵਰਤੀ ਗਈ ਦਫਤਰੀ ਵਿਧੀ** :—ਇਹ ਵਿਧੀ ਪੇਂਡੂ ਇਲਾਕੇ ਲਈ 2400 ਕਲੋਰੀਆ ਪ੍ਰਤੀ ਵਿਅਕਤੀ ਪ੍ਰਤੀ ਦਿਨ ਅਤੇ ਸ਼ਹਿਰੀ ਇਲਾਕੇ ਲਈ 2100 ਕਲੋਰੀਆ ਪ੍ਰਤੀ ਵਿਅਕਤੀ ਪ੍ਰਤੀ ਦਿਨ ਦੀ ਉਪਭੋਗਤਾ ਤੇ ਅਧਾਰਤ ਹੈ । ਨੈਸ਼ਨਲ ਸੈਂਪਲ ਸਰਵੇ ਦੁਆਰਾ ਪ੍ਰੀਵਾਰਿਕ ਉਪਭੋਗਤਾ ਸਬੰਧੀ ਇਕੱਤਰ ਕੀਤੇ ਡੈਟੇ ਅਨੁਸਾਰ 1973-74 ਦੀਆਂ ਕੀਮਤਾਂ ਤੇ ਪੇਂਡੂ

ਤੇ ਸ਼ਹਿਰੀ ਇਲਾਕੇ ਲਈ ਕ੍ਰਮਵਾਰ 49.09 ਰੁਪਏ ਅਤੇ 56.64 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ ਦੇ ਬਰਾਬਰ ਸੀ । ਬਾਅਦ ਵਿਚ ਇਸ ਰਕਮ ਨੂੰ ਥੋਕ ਕੀਮਤਾਂ ਦੇ ਸੂਚਕ ਅੰਕ ਨਾਲ ਅਵਮੁਲਣ ਕੀਤਾ ਗਿਆ ਹੈ । ਗਰੀਬੀ ਰੇਖਾ ਤੋਂ ਥੱਲੇ ਗਰੀਬਾਂ ਦੀ ਅਨੁਪਾਤ ਨੂੰ ਜਾਨਣ ਲਈ ਨੈਸ਼ਨਲ ਸੈਂਪਲ ਸਰਵੇ ਅਨੁਸਾਰ ਪ੍ਰੀਵਾਰ ਦੀ ਕੁਲ ਉਪਭੋਗਤਾ ਨੂੰ ਕੇਂਦਰੀ ਅੰਕੜਾ ਸੰਗਠਨ ਦੁਆਰਾ ਦਿੱਤੀ ਗਈ ਪ੍ਰੀਵਾਰ ਦੀ ਕੁਲ ਉਪਭੋਗਤਾ ਨਾਲ ਮਿਲਾਨ ਕੀਤਾ ਗਿਆ ।

(iii) **ਯੋਜਨਾ ਕਮਿਸ਼ਨ ਦੁਆਰਾ 1997 ਵਿਚ ਅਪਣਾਈ ਗਈ ਸ੍ਰੀ ਲਕੜਵਾਲਾ ਵਿਧੀ:**—ਪੇਂਡੂ ਅਤੇ ਸ਼ਹਿਰੀ ਇਲਾਕੇ ਲਈ ਕਲੋਰੀ ਅਤੇ ਉਪਭੋਗਤਾ ਦੀ ਮੁਢਲੀ ਕੀਮਤ ਉਹੀ ਸੀ ਜਿਹੜੀ ਕਿ ਯੋਜਨਾ ਕਮਿਸ਼ਨ ਦੁਆਰਾ ਦਫਤਰੀ ਵਿਧੀ ਵਿਚ ਅਪਣਾਈ ਗਈ ਸੀ । ਪਰੰਤੂ ਮੁਢਲੀ ਉਪਭੋਗਤਾ ਨੂੰ ਚਾਲੂ ਪੱਧਰ ਤੇ ਲਿਆਉਣ ਲਈ ਸ਼ਹਿਰੀ ਗਰੀਬੀ ਰੇਖਾ ਲਈ ਉਦਯੋਗਿਕ ਕਾਮਿਆਂ ਦਾ ਉਪਭੋਗਤਾ ਕੀਮਤ ਸੂਚਕ ਅੰਕ ਅਤੇ ਪੇਂਡੂ ਇਲਾਕੇ ਲਈ ਉਪਭੋਗਤਾ ਕੀਮਤ ਸੂਚਕ ਅੰਕ ਵਰਤਿਆ ਗਿਆ ।

ਗਰੀਬਾਂ ਦੀ ਅਨੁਪਾਤ ਜਾਨਣ ਲਈ ਦਫਤਰੀ ਵਿਧੀ ਅਨੁਸਾਰ ਪ੍ਰੀਵਾਰਕ ਕੁਲ ਉਪਭੋਗਤਾ ਦੇ ਅੰਕੜੇ ਕੇਂਦਰੀ ਅੰਕੜਾ ਸੰਗਠਨ ਦੁਆਰਾ ਇਕੱਤਰ ਕੀਤੇ ਪ੍ਰੀਵਾਰਕ ਉਪਭੋਗਤਾ ਦੇ ਅੰਕੜਿਆਂ ਨਾਲ ਮੇਲ ਨਹੀਂ ਖਾਂਦੇ ਸੀ । ਇਹ ਅੰਕੜੇ ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ ਦੁਆਰਾ ਪ੍ਰੀਵਾਰਕ ਉਪਭੋਗਤਾ ਦੇ ਡੈਟਾ ਦੇ ਅਨੁਮਾਨ ਤੇ ਅਧਾਰਤ ਹਨ ।

ਪੰਜਾਬ ਸਟੇਟ ਰਿਨਿਊਲ ਫੰਡ

141. ਕਾਮਰੇਡ ਅਜੈਬ ਸਿੰਘ ਰੌਂਤਾ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਭਾਰਤ ਸਰਕਾਰ ਦੁਆਰਾ ਕਾਇਮ ਕੀਤੇ ਗਏ "ਨੈਸ਼ਨਲ ਰਿਨਿਊਅਲ ਫੰਡ" ਦੀ ਤਰਜ਼ ਤੇ "ਪੰਜਾਬ ਸਟੇਟ ਰਿਨਿਊਅਲ ਫੰਡ" ਮੌਜੂਦ ਹੈ ; ਜੇਕਰ ਅਜਿਹਾ ਹੈ ਤਾਂ ਇਹ ਕਿਸ ਮਿਤੀ ਨੂੰ ਅਤੇ ਕਿੰਨੀ ਮੂਲ ਰਕਮ ਨਾਲ ਕਾਇਮ ਕੀਤਾ ਗਿਆ ਸੀ ;

[ਕਾਮਰੇਡ ਅਜੈਬ ਸਿੰਘ ਰੌਤਾ]

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਫੰਡਜ਼ ਵਿਚੋਂ ਮਿਤੀ ਅੰਤ ਤੱਕ ਕੁੱਲ ਕਿੰਨੀ ਰਕਮ ਵਰਤ ਲਈ ਗਈ ਹੈ ਅਤੇ ਕਿਸ ਮੰਤਵ/ਮੰਤਵਾਂ ਲਈ ਵਰਤੀ ਗਈ ਹੈ ?

ਕੈਪਟਨ ਕੰਵਲਜੀਤ ਸਿੰਘ : (ੳ) ਹਾਂ ਜੀ । ਇਹ 1 ਅਪਰੈਲ, 1993 ਤੋਂ 50 .00 ਕਰੋੜ ਰੁਪਏ ਦੀ ਰਾਸ਼ੀ ਨਾਲ ਸ਼ੁਰੂ ਕੀਤਾ ਗਿਆ ।

(ਅ) ਹੁਣ ਤੱਕ 265 .47 ਲੱਖ ਰੁਪਏ ਹੇਠ ਲਿਖੇ ਮੰਤਵਾਂ ਲਈ ਵਰਤੇ ਗਏ ਹਨ :—

(1) 21 .26 ਲੱਖ ਰੁਪਏ ਨਕੋਦਰ ਕਾਟਨ ਵੇਸਟ ਸਪਿੰਨਿੰਗ ਮਿੱਲ, ਨਕੋਦਰ ਦੇ ਬੰਦ ਹੋਣ ਕਾਰਨ ਮਿੱਲ ਦੇ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢੇ ਜਾਣ ਦਾ ਮੁਆਵਜ਼ਾ, ਉਜਰਤਾਂ ਅਤੇ ਤਨਖਾਹਾਂ ਆਦਿ ਗੋਲਡਨ ਹੈਂਡ ਸ਼ੇਕ ਸਕੀਮ ਅਧੀਨ ਦਿੱਤੇ ਗਏ ।

(2) 145.56 ਲੱਖ ਰੁਪਏ ਪਨਵੈਕ ਦੇ ਕਰਮਚਾਰੀਆਂ ਨੂੰ ਗੋਲਡਨ ਹੈਂਡ ਸ਼ੇਕ ਸਕੀਮ ਅਧੀਨ ਨੌਕਰੀ ਤੋਂ ਕੱਢੇ ਜਾਣ ਦਾ ਮੁਆਵਜ਼ਾ, ਤਨਖਾਹਾਂ ਅਤੇ ਹੋਰ ਲਾਭ ਅਤੇ ਕੁੱਝ ਕਰਮਚਾਰੀਆਂ ਦੀ ਡਾਟਾ ਐਂਟਰੀ ਅਪਰੇਟਰ ਵੱਜੋਂ ਟ੍ਰੇਨਿੰਗ ਦੀ ਕੀਮਤ ਜੋ ਕਿ ਬਾਅਦ ਵਿਚ ਸਮਾਜ ਭਲਾਈ ਵਿਭਾਗ ਵਿਚ ਤੈਨਾਤ ਕੀਤੇ ਗਏ, ਤੇ ਖਰਚ ਕੀਤੇ ਗਏ ।

(3) 51 .31 ਲੱਖ ਰੁਪਏ ਪੰਜਾਬ ਪਾਵਰ ਪ੍ਰੈਕਸ ਲਿਮਟਿਡ ਜੋ ਕਿ ਪੰਜਾਬ ਇਲੈਕਟ੍ਰਾਨਿਕ ਡਿਵੈਲਪਮੈਂਟ ਅਤੇ ਪ੍ਰੋਡਕਸ਼ਨ ਕਾਰਪੋਰੇਸ਼ਨ ਦਾ ਅਦਾਰਾ ਹੈ, ਦੇ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਣ ਦਾ ਮੁਆਵਜ਼ਾ, ਉਜਰਤਾਂ ਅਤੇ ਤਨਖਾਹਾਂ ਆਦਿ ਦੇਣ ਲਈ ਖਰਚ ਕੀਤੇ ਗਏ ।

(4) 47 .34 ਲੱਖ ਰੁਪਏ ਲੈਦਰਾ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਕੱਢੇ ਗਏ ਕਰਮਚਾਰੀ ਜਿਨ੍ਹਾਂ ਨੇ ਗੋਲਡਨ ਹੈਂਡ ਸ਼ੇਕ ਸਕੀਮ ਅਧੀਨ ਦਿੱਤੇ ਜਾਂਦੇ ਲਾਭ ਨੂੰ ਮਨਜ਼ੂਰ ਕੀਤਾ, ਲਈ ਖਰਚ ਕੀਤੇ ਗਏ ।

ਕਾਮਰੇਡ ਅਜੈਬ ਸਿੰਘ ਰੌਤਾ : ਸਪੀਕਰ ਸਾਹਿਬ, ਮੈਂ ਹਾਊਸ ਦਾ ਧਿਆਨ ਇੱਕ ਅਹਿਮ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ । ਅੱਜ ਸ਼ਾਮਲਾਤਾਂ ਤੇ ਨਜਾਇਜ਼ ਕਬਜੇ ਦੀ ਗੱਲ ਪੰਜਾਬ ਦੇ ਵਿੱਚ ਬੜੀ ਵੱਡੀ ਪੱਧਰ ਤੇ ਸਾਹਮਣੇ ਆ ਰਹੀ ਹੈ । ਜਦੋਂ ਤੋਂ ਪੰਜਾਬ ਵਿੱਚ ਇਹ ਸਰਕਾਰ ਬਣੀ ਹੈ, ਉਦੋਂ ਤੋਂ ਪੰਜਾਬ ਵਿੱਚ ਜਿਹੜੇ ਖੇਤ ਮਜ਼ਦੂਰ ਅਤੇ ਦਲਿਤ ਵਰਗ ਦੇ ਲੋਕ ਹਨ, ਉਨ੍ਹਾਂ ਵਿੱਚ ਇਸ ਗੱਲ ਦਾ ਸਹਿਮ ਪਾਇਆ ਜਾ ਰਿਹਾ ਹੈ । ਪਿੰਡ ਦੀ ਸ਼ਾਮਲਾਤ ਸਾਂਝੀ ਹੁੰਦੀ ਹੈ ਔਰ ਉਸ ਦੇ ਵਿੱਚ ਤੀਜਾ ਹਿੱਸਾ ਪਿੰਡ ਦੇ ਖੇਤ ਮਜ਼ਦੂਰਾਂ ਦਾ ਹੁੰਦਾ ਹੈ ਜਿਸ ਵਿੱਚ ਉਨ੍ਹਾਂ ਨੇ ਆਪਣਾ ਜੀਵਨ ਨਿਰਭਾਅ ਕਰਨਾ ਹੁੰਦਾ ਹੈ । ਆਪਣੇ ਮਕਾਨ ਬਣਾ ਕੇ ਉਨ੍ਹਾਂ ਲੋਕਾਂ ਨੇ ਰਹਿਣਾ ਹੁੰਦਾ ਹੈ । ਲੇਕਿਨ ਪਿੰਡ ਵਿੱਚ ਲਗਾਤਾਰ ਉਨ੍ਹਾਂ ਲੋਕਾਂ ਨਾਲ ਧੱਕਾ ਹੋ ਰਿਹਾ ਹੈ, ਨਾਕਾਬੰਦੀ ਹੋ ਰਹੀ ਹੈ, ਤਸ਼ੱਦਦ ਹੋ ਰਹੇ ਹਨ . . . (ਵਿਘਨ, ਸ਼ੋਰ) . . . ਪਿੰਡਾਂ ਦੇ ਕਿਸਾਨਾਂ ਨੇ ਉਸ ਤੇ ਕਬਜ਼ਾ ਕਰ ਲਿਆ ਹੈ ਔਰ ਪਿੰਡਾਂ ਵਿੱਚ ਇਸ ਗੱਲ ਦੀ ਹਾਹਾਕਾਰ ਮੱਚੀ ਹੋਈ ਹੈ.... (ਵਿਘਨ, ਸ਼ੋਰ)...

ਸ਼੍ਰੀ ਸਪੀਕਰ : ਹੋਰਾਂ ਨੂੰ ਵੀ ਬੋਲਣ ਦਾ ਚਾਂਸ ਦਿਓ ।

ਕਾਮਰੇਡ ਅਜੈਬ ਸਿੰਘ ਰੌਤਾ : ਇਸ ਕਰਕੇ ਇਹ ਜਿਹੜੀ ਨਾਕਾਬੰਦੀ ਹੈ, ਇਸ ਦੇ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਚੱਕਬੰਦੀ ਕਾਨੂੰਨ ਨੂੰ ਅਮੈਂਡ ਕਰਕੇ..... (ਵਿਘਨ, ਸ਼ੋਰ).....

ਸ਼੍ਰੀ ਸਪੀਕਰ : ਕੋਈ ਖਾਸ ਗੱਲ ਹੈ ਤਾਂ ਦੱਸੋ, ਐਵੇਂ ਹੀ ਬੋਲਣ ਦੀ ਕੋਈ ਗੱਲ ਨਹੀਂ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ ।...

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਬੈਠ ਜਾਉ । ਤੁਹਾਨੂੰ ਟਾਈਮ ਦੇ ਦੇਵਾਂਗੇ । ਪਹਿਲਾਂ ਭੈਣ ਜੀ ਨੂੰ ਸੁਣ ਲਈਏ ।

श्रीमती लक्ष्मी कांता चावला : अध्यक्ष महोदय, मैं सरकार और सदन का ध्यान शिक्षा जगत के एक महत्वपूर्ण मुद्दे की तरफ दिलाना चाहती हूं । इस सम्बन्ध में मैंने मुख्य मंत्री जी को लिख कर भी दिया है लेकिन अभी तक कोई उत्तर नहीं आया । प्राईवेट स्कूल, मान्यता प्राप्त स्कूल और सहायता प्राप्त प्राईवेट स्कूल इन दिनों फीसें बहुत बढ़ा रहे हैं । लुधियाना और अमृतसर में ये स्कूल कैपीटेशन

[श्रीमती लक्ष्मी कांता चावला]

फीस के नाम पर लोगों को लूट रहे हैं । इन मान्यता प्राप्त स्कूलों की फीस सरकार ने निश्चित की हुई है । इन स्कूलों के लोग रसीद तो उतनी फीस की ही देते हैं लेकिन पैसे ज्यादा लेते हैं । यह बिमारी पूरे पंजाब में है । मैं मानयोग मुख्य मंत्री जी, जो कि शिक्षा मंत्री भी हैं, का ध्यान इन प्राईवेट स्कूलों की तरफ, जो कि लूट रहे हैं, दिलाना चाहती हूं। इस तरह के स्कूलों में बच्चों का भविष्य अन्धकारमय हे । का भविष्य अन्धकारमय है ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਗੱਲ ਇਹ ਹੈ ਕਿ ਪੰਚਾਇਤ ਦੀ ਜ਼ਮੀਨ ਨੂੰ ਲੈ ਕੇ ਜਾਗੋ ਪਿੰਡ ਜੋ ਕਿ ਬਲਾਕ ਸਰਹੰਦ ਵਿੱਚ ਪੈਂਦਾ ਹੈ, ਵਿਚ ਲੋਕਾਂ ਦੇ ਘਰਾਂ ਦੇ ਵਿੱਚ ਇੰਜਣ ਸੁੱਟ ਦਿੱਤੇ ਗਏ, ਪੁਲਿਸ ਨੇ ਧੱਕੇ ਨਾਲ ਬੰਦੇ ਅਰੈਸਟ ਕਰ ਲਏ ਔਰ ਉਨ੍ਹਾਂ ਨੂੰ ਮੁੱਲਾਂਪੁਰ ਥਾਣੇ ਵਿੱਚ ਬੰਦ ਕਰ ਦਿੱਤਾ । ਹੁਣ ਉਨ੍ਹਾਂ ਨੂੰ ਜ਼ਮੀਨ ਵਿੱਚ ਵੜਨ ਨਹੀਂ ਦਿੱਤਾ ਜਾਂਦਾ । ਹਾਈ ਕੋਰਟ ਨੇ ਸਟੇਅ ਦਿੱਤੀ ਹੋਈ ਹੈ ਲੇਕਿਨ ਫਿਰ ਵੀ ਐਡਮਨਿਸਟ੍ਰੇਸ਼ਨ ਅਤੇ ਪੁਲਿਸ ਉਨ੍ਹਾਂ ਨਾਲ ਧੱਕਾ ਕਰ ਰਹੀ ਹੈ । ਇਸੇ ਤਰ੍ਹਾਂ ਵਜ਼ੀਰਾਬਾਦ ਵਿੱਚ ਜ਼ਮੀਨ ਦੇ ਝਗੜੇ ਨੂੰ ਲੈ ਕੇ ਗੋਲੀ ਚੱਲੀ । ਲੋਕਾਂ ਨੇ ਇਸ ਦੇ ਖਿਲਾਫ਼ ਧਰਨਾ ਦਿੱਤਾ ਅਤੇ ਜੀ.ਟੀ. ਰੋਡ. ਤੇ ਟਰੈਫਿਕ ਜਾਮ ਵੀ ਕੀਤਾ । ਇਸੇ ਤਰ੍ਹਾਂ ਮਲਕੋ ਮਾਜਰਾ ਵਿੱਚ ਹੋਇਆ ਅਤੇ ਪੰਜੋਲ ਵਿੱਚ ਵੀ ਗੋਲੀ ਚਲੀ । ਗਰੀਬ ਲੋਕਾਂ ਨੂੰ ਪਿੰਡ ਵਿੱਚ ਵੜਨ ਨਹੀਂ ਦਿੱਤਾ ਜਾਂਦਾ । ਬੋਹਰਾਂ ਪਿੰਡ ਵਿੱਚ ਜ਼ਮੀਨ ਨੂੰ ਲੈ ਕੇ ਝਗੜਾ ਹੋਇਆ । ਉਥੇ ਦੋ ਪਾਰਟੀਆਂ ਵਿੱਚ ਝਗੜਾ ਹੋਇਆ । ਇੱਕ ਪਾਰਟੀ ਨੇ ਜ਼ਮੀਨ ਬੋਲੀ ਤੇ ਲੈ ਲਈ ਤਾਂ ਦੂਸਰੀ ਪਾਰਟੀ ਨੇ ਪੁਲੀਟੀਕਲ ਪ੍ਰੈਸ਼ਰ ਦੇ ਆਧਾਰ ਤੇ ਅਫਸਰਸ਼ਾਹੀ ਨੂੰ ਨਾਲ ਲੈ ਕੇ ਉਨ੍ਹਾਂ ਨੂੰ ਜ਼ਮੀਨ ਵਿੱਚ ਵੜਨ ਤੋਂ ਰੋਕ ਦਿੱਤਾ. . . . . . .

ਸ਼੍ਰੀ ਸਪੀਕਰ : ਤੁਸੀਂ ਇਹ ਸਭ ਬਜਟ ਡਿਸਕਸ਼ਨ ਤੇ ਕਹਿ ਲੈਣਾ ।

ਡਾਕਟਰ ਹਰਬੰਸ ਲਾਲ : ਜ਼ਮੀਨ ਵਾਪਸ ਹੋ ਗਈ . . . (ਵਿਘਨ, ਸ਼ੋਰ). . . . . ਜ਼ਮੀਨ ਲੋਕਾਂ ਦੇ ਨਾਮ ਤੇ ਕਰ ਰਹੇ ਹਨ । ਦੂਜੇ ਪਾਸੇ ਤੁਸੀਂ ਫੋਕਲ ਪੁਆਇੰਟ ਬਣਾਉਣ ਦੀ ਗੱਲ ਕਰ ਰਹੇ ਹੋ । ਜਦੋਂ ਜ਼ਮੀਨ ਹੀ ਖਤਮ ਹੋ ਜਾਣੀ ਹੈ, ਤਾਂ ਫਿਰ ਫੋਕਲ ਪੁਆਇੰਟ ਅਸਮਾਨ ਤੇ ਬਣਾਉਂਗੇ. . .(ਵਿਘਨ, ਸ਼ੋਰ). . . . .ਫਤਹਿਗੜ੍ਹ ਸਾਹਿਬ ਵਿਖੇ ਸਾਹਿਬਜਾਦਿਆਂ ਨੂੰ ਸ਼ਹੀਦ ਕੀਤਾ ਗਿਆ. . . . .(ਵਿਘਨ, ਸ਼ੋਰ). . . . . .

ਸ਼੍ਰੀ ਸਪੀਕਰ : ਹਾਂ ਜੀ, ਸਰਦਾਰ ਅਜੀਤ ਇੰਦਰ ਸਿੰਘ ਮੋਫਰ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ. . .(ਵਿਘਨ) ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਇਹ ਸਾਰਾ ਪੁਲੀਟੀਕਲ ਪਰੈਸ਼ਰ ਦੇ ਆਧਾਰ ਤੇ ਕਰਾਇਆ ਜਾ ਰਿਹਾ ਹੈ । ਉਥੇ ਗੋਲੀਆਂ ਚੱਲੀਆਂ. . . . (ਵਿਘਨ) ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਇਹ ਗੱਲ ਬਜਟ ਡਿਸਕਸ਼ਨ ਤੇ ਕਹਿ ਲੈਣਾ । ਇਸ ਲਈ ਕਿਰਪਾ ਕਰਕੇ ਬੈਠ ਜਾਓ ।

ਡਾਕਟਰ ਹਰਬੰਸ ਲਾਲ : ** ** **

ਸ਼੍ਰੀ ਸਪੀਕਰ : ਇਹ ਜੋ ਬਿਨਾਂ ਇਜਾਜ਼ਤ ਤੇ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਇੱਕ ਬੜਾ ਹੀ ਅਹਿਮ ਮਾਮਲਾ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬਰਾਈਡ ਬਰਨਿੰਗ ਦੇ ਕੇਸਿਜ਼ ਬਹੁਤ ਜ਼ਿਆਦਾ ਵਧਦੇ ਜਾ ਰਹੇ ਹਨ । ਦੋ ਚਾਰ ਕੇਸਿਜ਼ ਹੋਏ ਹਨ, ਜਿਨ੍ਹਾਂ ਵਿੱਚੋਂ ਇੱਕ ਕਮਲੇਸ਼ ਰਾਣੀ ਨੂੰ ਗਿੱਦੜਬਾਹਾ ਵਿਖੇ ਬਰਨ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਖਿਲਾਫ ਧਾਰਾ 304 ਦੇ ਅਧੀਨ ਪਰਚਾ ਵੀ ਦਰਜ ਹੋਇਆ ਹੈ । ਲੇਕਿਨ ਤਿੰਨ ਕਲਪਰਿਟਸ ਵਿਚੋ ਇੱਕ ਨੂੰ ਪਕੜ ਲਿਆ ਗਿਆ ਹੈ । ਜੱਦਕਿ ਦੂਜੇ ਦੋਹਾਂ ਨੂੰ ਅਜੇ ਤੱਕ ਨਹੀਂ ਪਕੜਿਆ ਗਿਆ ਹੈ । ਇਹ ਦੋ ਮਹੀਨੇ ਦੀ ਗੱਲ ਹੋ ਗਈ ਹੈ, ਇਨਕੁਆਇਰੀ ਚਲਦੀ ਨੂੰ ਦੋ ਮਹੀਨੇ ਹੋ ਚੁੱਕੇ ਹਨ । ਇਹ ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ । ਇਸ ਤਰ੍ਹਾਂ ਦੇ ਕੇਸਿਜ਼ ਦੇ ਵਿੱਚ ਤੁਰੰਤ ਦਿਲਚਸਪੀ ਲੈ ਕੇ ਕਸੂਰਵਾਰਾਂ ਵਿਰੁੱਧ ਤੁਰੰਤ ਐਕਸ਼ਨ ਲੈ ਕੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਵੀ ਇਸ ਮਸਲੇ ਨਾਲ ਸਹਿਮਤ ਹਾਂ ਤੇ ਮੈਂ ਇਸ ਦੀ ਸਪੋਰਟ ਕਰਦਾ ਹਾਂ ।

ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਕਲ੍ਹ ਜਦੋਂ ਲੀਡਰ ਆਫ ਦੀ ਆਪੋਜ਼ੀਸ਼ਨ ਬੋਲ ਰਹੇ ਸਨ ਤੇ ਆਪਣਾ ਪੁਆਇੰਟ ਰੇਜ਼ ਕਰ ਰਹੇ ਸਨ ਤਾਂ ਤੁਸੀਂ ਮੈਨੂੰ ਅਲਾਓ ਕੀਤਾ ਸੀ ਅਤੇ ਇਹ ਗੱਲ ਖਤਮ ਹੋ ਗਈ ਸੀ । ਲੇਕਿਨ ਇੱਕ ਖਬਰ ਅਖਬਾਰ ਦੇ ਵਿੱਚ ਮਿਸਰਿਪੋਰਟਿੰਗ ਹੋਣ ਕਰਕੇ ਗਲਤ ਲਿਖੀ ਗਈ ਹੈ । That "Mr. Mittal remarked that the Congress should walk out."

**Not recorded as ordered by the Chair.

[ਸੰਸਦੀ ਮਾਮਲਿਆਂ ਦੇ ਮੰਤਰੀ]

ਉਸ ਦੇ ਵਿਚ ਲਿਖਿਆ ਗਿਆ ਹੈ ਕਿ ਮਿੱਤਲ ਸਾਹਿਬ ਨੇ ਆਪੋਜ਼ੀਸ਼ਨ ਵਾਲਿਆਂ ਨੂੰ ਵਾਕ-ਆਊਟ ਕਰਨ ਲਈ ਕਿਹਾ ਹੈ । ਸਪੀਕਰ ਸਾਹਿਬ, ਮੈਂ ਬਿਲਕੁਲ ਨਹੀਂ ਕਿਹਾ ਕਿ ਤੁਸੀਂ ਵਾਕ-ਆਊਟ ਕਰ ਜਾਓ । ਮੇਰੀ ਇਹ ਭਾਵਨਾ ਬਿਲਕੁਲ ਨਹੀਂ ਸੀ । ਮੈਂ ਤਾਂ ਆਪਣੀ ਗੱਲ ਹੀ ਕਰ ਰਿਹਾ ਸੀ । ਜਦੋਂ ਕੋਈ ਵੀ ਪੁਆਇੰਟ ਆਫ਼ ਆਰਡਰ ਰੇਜ਼ ਕਰਦਾ ਹੈ ਤਾਂ ਸਪੀਕਰ ਸਾਹਿਬ ਮੰਨਣ ਜਾਂ ਨਾ ਮੰਨਣ, ਉਨ੍ਹਾਂ ਦੀ ਮਰਜੀ ਹੈ । That is not my discretion. That discretion lies with the Speaker. If a Member rises on his seat, he can raise the Point of Order. ਇਸ ਕਰਕੇ ਜਿਹੜੀ ਇਹ ਮਿਸਰਿਪੋਰਟਿੰਗ ਹੋਈ ਹੈ, ਇਸ ਦਾ ਨੋਟਿਸ ਲਿਆ ਜਾਵੇ ।

ਸ਼੍ਰੀ ਸਪੀਕਰ : ਠੀਕ ਹੈ ਜੀ ।

GENERAL DISCUSSION ON THE BUDGET ESTIMATES FOR THE YEAR 1997-98

Mr. Speaker : Now the House will resume General Discussion on the Budget Estimates for the year 1997-98. Chaudhary Jagjit Singh.

ਚੌਧਰੀ ਜਗਜੀਤ ਸਿੰਘ (ਕਰਤਾਰਪੁਰ, ਐਸ.ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ । ਸਪੀਕਰ ਸਾਹਿਬ, ਸਰਕਾਰ ਨੇ ਜੋ 2100 ਕਰੋੜ ਰੁਪਏ ਦਾ ਐਨੂਅਲ ਪਲਾਨ ਬਣਾਇਆ ਹੈ, ਇਹ ਪਲਾਨ ਜ਼ਿਆਦਾ ਸੈਂਟਰ ਦੀ ਸਰਕਾਰ ਤੇ ਨਿਰਭਰ ਕਰਦਾ ਹੈ । ਇਸ ਦੇ ਜੋ ਅੰਕੜੇ ਦਿੱਤੇ ਗਏ ਹਨ, ਉਨ੍ਹਾਂ ਵਿਚ ਦੱਸਿਆ ਗਿਆ ਹੈ ਕਿ 979.79 ਕਰੋੜ ਰੁਪਿਆ ਸੈਂਟਰ ਦੀ ਸਰਕਾਰ ਪਾਸੋਂ ਅਸੀਂ ਲੈਣਾ ਹੈ । ਇਹ ਠੀਕ ਹੈ ਕਿ 1996-97 ਦੇ ਵਿੱਚ 1850 ਕਰੋੜ ਰੁਪਏ ਦਾ ਜਿਹੜਾ ਐਨੂਅਲ ਪਲਾਨ ਸੀ, ਹੁਣ ਉਸ ਦੇ ਵਿਚ ਇਨਕਰੀਜ਼ ਹੋਈ ਹੈ 13.51% ਦੀ । ਪਰ ਜੋ ਪਿਛਲਾ ਤਜਰਬਾ ਹੈ, ਉਸ ਦੇ ਵਿਚ ਅਸੀਂ ਦੇਖਦੇ ਹਾਂ ਕਿ ਸਾਲ ਦੇ ਅਖੀਰ ਵਿਚ ਜਾ ਕੇ ਇਸ ਤੇ ਬੜੀਆਂ ਕੱਟਾਂ ਲੱਗਦੀਆਂ ਹਨ । ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮਾਨਯੋਗ ਵਿੱਤ ਮੰਤਰੀ, ਕੈਪਟਨ ਕੰਵਲਜੀਤ ਸਿੰਘ ਜੀ ਨੇ ਜੋ ਬਜਟ ਪੇਸ਼ ਕੀਤਾ ਹੈ, ਉਸ ਦੇ ਵਿਚ ਉਨ੍ਹਾਂ ਨੇ ਕਿਹਾ ਹੈ

(ਚੌਧਰੀ ਜਗਜੀਤ ਸਿੰਘ)

ਕਿ ਇਹ ਬਜਟ ਟੈਕਸ ਫਰੀ ਬਜਟ ਹੈ । ਪਰ ਇਨਡਾਇਰੈਕਟ ਤੌਰ ਤੇ ਉਨ੍ਹਾਂ ਨੇ 240 ਕਰੋੜ ਰੁਪਏ ਦਾ ਨਵੇਂ ਟੈਕਸਾਂ ਵਿੱਚ ਵਾਧਾ ਕੀਤਾ ਹੈ । ਇਨ੍ਹਾਂ ਨੇ ਵਾਅਦੇ ਕੀਤੇ ਸਨ ਪਰ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਤੇ ਟੈਕਸਾਂ ਦਾ ਬਹੁਤ ਜ਼ਿਆਦਾ ਭਾਰ ਪਾਇਆ ਹੈ । ਉਨ੍ਹਾਂ ਚੀਜ਼ਾਂ ਦੇ ਭਾਵਾਂ ਵਿੱਚ ਜ਼ਿਆਦਾ ਇਨਕਰੀਜ਼ ਹੋਈ ਹੈ ਜਿਹੜੀਆਂ ਪੰਜਾਬ ਦੇ ਲੋਕਾਂ ਦੀ ਰੋਜ਼ ਮਰ੍ਹਾ ਦੀ ਜ਼ਿੰਦਗੀ ਵਿੱਚ ਵਰਤੋਂ ਵਿੱਚ ਆਉਂਦੀਆਂ ਹਨ । ਪੈਟਰੋਲ, ਡੀਜ਼ਲ, ਇਲੈਕਟ੍ਰੀਸਿਟੀ ਦੀਆਂ ਚੀਜ਼ਾਂ, ਬੱਸਾਂ, ਟੈਂਪੂਆਂ, ਛੋਟੀਆਂ ਗੱਡੀਆਂ ਆਦਿ ਤੇ ਜ਼ਿਆਦਾ ਟੈਕਸ ਲਗਾਉਣ ਨਾਲ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਲੋਕਾਂ ਤੇ ਵੱਡਾ ਭਾਰ ਪਾਇਆ ਜਾ ਰਿਹਾ ਹੈ । ਇਸ ਬਜਟ ਨੂੰ ਟੈਕਸ ਫਰੀ ਬਜਟ ਨਹੀਂ ਕਿਹਾ ਜਾ ਸਕਦਾ । ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ 252.50 ਕਰੋੜ ਦਾ ਜੋ ਘਾਟਾ ਦੱਸਿਆ ਗਿਆ ਹੈ, ਇਹ ਘਾਟ ਕਿਥੋਂ ਪੂਰੀ ਕਰਨੀ ਹੈ । ਮੈਨੂੰ ਸ਼ੱਕ ਹੈ ਕਿ ਜਿਹੜੇ ਰਿਸੋਰਸਿਜ਼ ਹਨ, ਉਨ੍ਹਾਂ ਤੇ ਆਉਣ ਵਾਲੇ ਸਮੇਂ ਵਿੱਚ ਇਸ ਸਰਕਾਰ ਵੱਲੋਂ ਇਸ ਘਾਟੇ ਨੂੰ ਪੂਰਾ ਕਰਨ ਲਈ ਸ਼ਾਇਦ ਹੋਰ ਟੈਕਸ ਲਗਾਏ ਜਾਣਗੇ । ਇਸ ਤਰ੍ਹਾਂ ਪੰਜਾਬ ਦੇ ਲੋਕਾਂ ਤੇ ਹੋਰ ਬੋਝ ਪਾਇਆ ਜਾਵੇਗਾ । ਮੈਂ ਸਮਝਦਾ ਹਾਂ ਕਿ ਇਹ ਇੱਕ ਚੰਗੀ ਸੋਧ ਨਹੀਂ ਹੈ । ਪੰਜਾਬ ਦੇ ਲੋਕਾਂ ਦੇ ਮਨਾਂ ਤੇ ਇਸ ਗੱਲ ਦਾ ਬੜਾ ਭਾਰ ਹੈ । ਮੈਂ ਇਸ ਕਰਕੇ ਭਾਰ ਕਹਿ ਰਿਹਾ ਹਾਂ ਕਿਉਂਕਿ ਲੋਕਾਂ ਨੂੰ ਬੜੀਆਂ ਆਸਾਂ ਸਨ, ਉਮੰਗਾਂ ਸਨ ਅਤੇ ਉਨ੍ਹਾਂ ਨੂੰ ਬੜਾ ਹੌਸਲਾ ਸੀ ਕਿ ਅਸੀਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੀ ਪਾਰਟੀ ਨੂੰ ਵੋਟਾਂ ਪਾਈਆਂ ਹਨ । ਉਸ ਵੇਲੇ ਉਨ੍ਹਾਂ ਨਾਲ ਬੜੇ ਵਾਅਦੇ ਕੀਤੇ ਗਏ ਸਨ ਜਿਸ ਦੇ ਕਾਰਨ ਇਹ ਅੱਜ ਸਰਕਾਰੀ ਬੈਂਚਾਂ ਤੇ ਬੈਠੇ ਹਨ । ਮੈਂ ਸਮਝਦਾ ਹਾਂ ਕਿ ਜਿਹੜੇ ਵਾਅਦੇ ਉਸ ਸਮੇਂ ਕੀਤੇ ਗਏ ਸਨ, ਉਨ੍ਹਾਂ ਵਿਚੋਂ ਕੋਈ ਵੀ ਚੀਜ਼ ਇਸ ਬਜਟ ਵਿੱਚ ਨਹੀਂ ਲਿਆਂਦੀ ਗਈ ਹੈ । ਜਿਸ ਤਰ੍ਹਾਂ ਸ਼ਹਿਰੀ ਲੋਕਾਂ ਵਾਸਤੇ ਬੜੇ ਵੱਡੇ ਵਾਅਦੇ ਕੀਤੇ ਗਏ ਸਨ ਕਿ ਪੰਜਾਬ ਵਿਚੋਂ ਚੁੰਗੀ ਨੂੰ ਖ਼ਤਮ ਕਰ ਦਿੱਤਾ ਜਾਵੇਗਾ । ਚੁੰਗੀ ਖ਼ਤਮ ਕਰਕੇ ਲੋਕਾਂ ਨੂੰ ਰਾਹਤ ਦਿੱਤੀ ਜਾਵੇਗੀ । ਇੰਸਪੈਕਟਰੀ ਰਾਜ ਖ਼ਤਮ ਕਰ ਦਿੱਤਾ ਜਾਵੇਗਾ । ਛੋਟੀਆਂ ਮਿਊਂਸਿਪਲ ਕਮੇਟੀਆਂ ਅਤੇ ਵੱਡੀਆਂ ਮਿਊਂਸੀਪਲ ਕਮੇਟੀਆਂ ਦਾ ਚੰਗੇ ਤਰੀਕੇ ਨਾਲ ਨਿਰਮਾਣ ਕੀਤਾ ਜਾਵੇਗਾ । ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਪੰਜਾਬ ਦੇ ਅੰਦਰ ਜੋ ਸ਼ਹਿਰੀ ਇਲਾਕੇ ਹਨ, ਉਨ੍ਹਾਂ ਦੀ ਤਰੱਕੀ ਵਾਸਤੇ-ਜਿਹੜੇ ਫੰਡ ਰੱਖੇ ਗਏ ਹਨ, ਉਹ ਨਾਕਾਫ਼ੀ ਹਨ । ਚੁੰਗੀ ਮਾਫ਼ ਨਹੀਂ ਕੀਤੀ ਗਈ ਅਤੇ ਇੰਸਪੈਕਟਰੀ ਰਾਜ ਖ਼ਤਮ ਨਹੀਂ ਹੋਇਆ । ਡਿਵੈਲਪਮੈਂਟ ਦੇ ਕੰਮ ਕਰਨੇ ਸਨ ਕਿਉਂਕਿ ਇਸ ਵੇਲੇ ਬਹੁਤ ਸਾਰੇ ਛੋਟੇ ਸ਼ਹਿਰਾਂ ਵਿੱਚ. . . . . .

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਚੌਧਰੀ ਜਗਜੀਤ ਸਿੰਘ : ਜੋ ਕੁਝ ਕੀਤਾ ਹੈ, ਉਹ ਵੀ ਦੱਸਾਂਗੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜ਼ੀਰਾ ਸਾਹਿਬ ਨੂੰ ਵਿੱਚ ਬੋਲਣ ਦੀ ਪੁਰਾਣੀ ਆਦਤ ਹੈ । ਇਹ ਖ਼ਤਮ ਹੋ ਜਾਵੇਗੀ, ਵੈਸੇ ਇਹ ਅੱਛੀ ਗੱਲ ਨਹੀਂ ਹੈ । ਕੋਈ ਅੱਛੀ ਪਿਰਤ ਪਾਓ, ਇਹ ਪਵਿੱਤਰ ਸਦਨ ਹੈ । ਅਸੀਂ ਤੁਹਾਡੀ ਗੱਲ ਸੁਣੀ, ਤੁਸੀਂ ਸਾਡੀ ਗੱਲ ਸੁਣੋ । ਨਹੀਂ ਤਾਂ ਅਸੀਂ ਵੀ ਰੌਲਾ ਪਾਵਾਂਗੇ । ਇਸ ਤਰ੍ਹਾਂ ਕਰਨ ਦਾ ਕੋਈ ਫਾਇਦਾ ਨਹੀਂ । ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਸ਼ਹਿਰਾਂ ਦੀ ਜਿਹੜੀ ਡਿਵੈਲਪਮੈਂਟ ਹੈ, ਕਸਬਿਆਂ ਦੀ ਡਿਵੈਲਪਮੈਂਟ ਹੈ, ਜਾਂ ਮਿਊਂਸਿਪਲ ਕਮੇਟੀਆਂ ਦੀ ਡਿਵਲੈਪਮੈਂਟ ਹੈ, ਇਸ ਕੰਮ ਲਈ ਇਸ ਬਜਟ ਵਿੱਚ ਬਹੁਤ ਥੋੜ੍ਹਾ ਪੈਸਾ ਰੱਖਿਆ ਗਿਆ ਹੈ . ਜਿਸ ਨਾਲ ਇਨ੍ਹਾਂ ਦੀ ਡਿਵੈਲਪਮੈਂਟ ਨਹੀਂ ਹੋ ਸਕਦੀ । ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਇਕ ਛੋਟੀ ਮਿਊਂਸਿਪਲ ਕਮੇਟੀ ਕਰਤਾਰਪੁਰ ਹੈ । ਸਾਰੇ ਜ਼ਿਲ੍ਹਿਆਂ ਵਿਚ ਮਿਊਂਸਿਪਲ ਕਮੇਟੀਆਂ ਹਨ । ਪਿਛਲੇ ਸਾਲ ਸਾਡੀ ਸਰਕਾਰ ਨੇ 31 ਮਾਰਚ, ਨੂੰ ਪੈਸਾ ਮਨਜ਼ੂਰ ਕੀਤਾ ਸੀ, ਸਾਰੀਆਂ ਕਮੇਟੀਆਂ ਵਾਸਤੇ, ਸ਼ਹਿਰੀ ਕਾਰਪੋਰੇਸ਼ਨਾਂ ਵਾਸਤੇ, ਮਿਊਂਸਿਪਲ ਕਮੇਟੀਆਂ ਵਾਸਤੇ ਅਤੇ ਛੋਟੀਆਂ ਕਮੇਟੀਆਂ ਵਾਸਤੇ ਪਰ ਫਿਰ ਪੰਜਾਬ ਵਿਚ ਨਵੀਂ ਸਰਕਾਰ ਆ ਗਈ ਜਿਸ ਕਰਕੇ ਜਿਹੜੇ ਪੈਸੇ ਪਹਿਲੀ ਸਰਕਾਰ ਨੇ ਸੈਂਕਸ਼ਨ ਕੀਤੇ ਹੋਏ ਸਨ, ਉਹ 31 ਮਾਰਚ ਨੂੰ ਰੀਲੀਜ਼ ਨਹੀਂ ਕੀਤੇ ਗਏ ਅਤੇ ਪੰਜਾਬ ਦੇ ਟਰੈਜ਼ਰੀ ਅਫਸਰਾਂ ਨੂੰ ਆਰਡਰ ਕਰ ਦਿੱਤੇ ਗਏ ਕਿ ਗਰਾਂਟਾਂ ਰੀਲੀਜ਼ ਨਾ ਕੀਤੀਆਂ ਜਾਣ ਜਿਸ ਦੇ ਨਾਲ ਪੰਜਾਬ ਦੇ ਵਿਚ ਮਿਊਂਸਿਪਲ ਕਮੇਟੀਆਂ/ਕਾਰਪੋਰੇਸ਼ਨਾਂ ਦੇ ਵਿਚ ਜਿਹੜੇ ਤਰੱਕੀ ਦੇ ਕੰਮ ਹੋਣੇ ਸਨ, ਉਹ ਰੁੱਕ ਗਏ । ਇਸੇ ਤਰ੍ਹਾਂ ਜਲੰਧਰ ਮਿਊਂਸਿਪਲ ਕਾਰਪੋਰੇਸ਼ਨ ਦੀ 95 ਲੱਖ ਰੁਪਏ ਦੀ ਸੈਂਕਸ਼ਨਡ ਗਰਾਂਟ ਨੂੰ ਰੋਕ ਦਿੱਤਾ ਗਿਆ । ਇਹ ਗਰਾਂਟਾਂ ਵਿਕਾਸ ਦੇ ਕੰਮ ਉਤੇ ਖਰਚ ਕੀਤੀਆਂ ਜਾਣੀਆਂ ਸਨ ਜਿਹੜੀਆਂ ਰਿਲੀਜ ਨਾ ਹੋਣ ਕਰਕੇ ਕੰਮ ਰੁੱਕ ਗਏ । ਐਨੀ ਮਿਹਨਤ ਦੇ ਨਾਲ ਸਾਡੀ ਪਾਰਟੀ ਦੀ ਸਰਕਾਰ ਨੇ ਸ਼ਹਿਰਾਂ ਦੇ ਵਿਚ ਅਤੇ ਕਸਬਿਆਂ ਦੇ ਵਿਚ ਵਿਕਾਸ ਕੀਤਾ ਸੀ, ਉਸ ਨੂੰ ਜਾਰੀ ਰੱਖਣ ਲਈ ਹੋਰ ਵੱਧ ਗ੍ਰਾਂਟਾਂ ਦੇਣ ਦੀ ਲੋੜ ਹੈ । ਇਸੇ ਤਰ੍ਹਾਂ ਸ਼ਹਿਰਾਂ ਦੇ ਵਿਚ ਸਲੱਮ ਏਰੀਆਜ ਦੇ ਲਈ ਪੈਸਾ ਰੱਖਿਆ ਜਾਣਾ ਚਾਹੀਦਾ ਹੈ ਅਤੇ ਜਿਹੜੀਆਂ ਗੰਦੀਆਂ ਬਸਤੀਆਂ ਹਨ, ਉਥੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਜਿਸ

**Expunged as ordered by the Chair.

ਦਾ ਜ਼ਿਕਰ ਖਾਸ ਤੌਰ ਤੇ ਬਜਟ ਵਿਚ ਨਹੀਂ ਕੀਤਾ ਗਿਆ । ਸਲੱਮਜ਼ ਦੇ ਲ
ਪਿਛਲੀ ਸਰਕਾਰ ਖਾਸ ਤੌਰ ਤੇ ਪੈਸੇ ਦਾ ਪ੍ਰਬੰਧ ਕਰਦੀ ਸੀ ਅਤੇ ਪੈਸਾ ਈਅਰਮਾਰ
ਕੀਤਾ ਜਾਂਦਾ ਸੀ ਤਾਕਿ ਸਮੁੱਚੇ ਤੌਰ ਤੇ ਇਨ੍ਹਾਂ ਗੰਦੀਆਂ ਬਸਤੀਆਂ ਦੇ ਵਿਚ
ਸੁਧਾਰ ਹੋ ਸਕੇ । ਅਗਰ ਸਰਕਾਰ ਇਨ੍ਹਾਂ ਕੰਮਾਂ ਦੇ ਲਈ ਪੈਸੇ ਦਾ ਪ੍ਰਬੰਧ ਬਜਟ ਵਿ
ਨਹੀਂ ਕਰੇਗੀ ਤਾਂ ਫਿਰ ਇਨ੍ਹਾਂ ਸਲੱਮ ਏਰੀਆਜ਼ ਵਿਚ ਸੁਧਾਰ ਨਹੀਂ ਹੋ ਸਕੇਗਾ ।

ਅਗਲੀ ਗੱਲ ਮੈਂ ਬਿਜਲੀ ਦੇ ਸਬੰਧ ਵਿਚ ਕਰਨੀ ਚਾਹੁੰਦਾ ਹਾਂ । ਸਰਕਾ ਨੇ ਕਿਹਾ ਹੈ ਕਿ ਥੀਨ ਡੈਮ ਅਤੇ ਲਹਿਰਾ ਮੁਹੱਬਤ ਪ੍ਰਾਜੈਕਟਸ ਨੂੰ ਟਾਈਮ ਸਿ ਕੰਪਲੀਟ ਕਰ ਲਿਆ ਜਾਵੇਗਾ ਜੇਕਰ ਸਾਨੂੰ ਸੈਂਟਰ ਦੀ ਸਰਕਾਰ ਤੋਂ 100 ਕਰੋ ਰੁਪਿਆ ਥੀਨ ਡੈਮ ਲਈ ਮਿਲ ਗਿਆ । ਇਸ ਵੇਲੇ ਜਿਹੜੀ ਬਿਜਲੀ ਦੀ ਪੁਜੀਸ਼ ਹੈ, ਇਹ ਠੀਕ ਹੈ ਕਿ ਸਰਕਾਰ ਨੇ ਫਾਰਮਰਜ਼ ਨੂੰ ਮੁਫਤ ਬਿਜਲੀ ਦੇਣ ਦਾ ਐਲਾ ਕਰ ਦਿੱਤਾ ਹੈ । ਜਿਸ ਦਾ ਅਸੀਂ ਵੀ ਸਵਾਗਤ ਕੀਤਾ ਹੈ ਪਰ ਦੂਜੇ ਪਾਸੇ ਸਰਕਾ ਨੇ ਵੀਕਰ ਸੈਕਸ਼ਨ ਦੇ ਲੋਕਾਂ ਉਤੇ ਪਰ ਯੂਨਿਟ ਬਿਜਲੀ ਦਾ ਰੇਟ 12 ਪੈਸੇ ਵਧ ਦਿੱਤਾ ਹੈ । ਇਹ ਇਨਕਰੀਜ਼ ਉਸ ਵਕਤ ਕੀਤੀ ਗਈ ਜਦੋਂ ਵਿਧਾਨ ਸਭਾ ਦ ਸੈਸ਼ਨ ਚੱਲਣ ਵਾਲਾ ਸੀ ਜਦਕਿ ਕਨਵੈਨਸ਼ਨ ਇਹ ਹੈ ਕਿ ਇਸ ਤਰ੍ਹਾਂ ਅਗਰ ਕੋਈ ਇਨਕਰੀਜ਼ ਕਰਨੀ ਹੋਵੇ ਤਾਂ ਉਸ ਦਾ ਐਲਾਨ ਅਸੈਂਬਲੀ ਵਿਚ ਕੀਤਾ ਜਾਂਦਾ ਹੈ । ਇ ਤਰ੍ਹਾਂ ਕਰਕੇ ਇਨ੍ਹਾਂ ਨੇ ਰੂਲਜ਼ ਦੀ ਉਲਘੰਣਾ ਕੀਤੀ ਹੈ । ਇਸ ਤਰ੍ਹਾਂ ਦੀ ਕੋਈ ਚੀਜ਼ ਨਹੀਂ ਕਰਨੀ ਚਾਹੀਦੀ ਸੀ । ਇਸ ਗੱਲ ਦਾ ਸਾਨੂੰ ਬਹੁਤ ਅਫਸੋਸ ਹੈ ਕਿ ਗਰੀਬ ਜਨਤਾ ਉਤੇ ਘਰੇਲੂ ਬਿਜਲੀ ਦੇ ਵਿਚ 12 ਪੈਸੇ ਪਰ ਯੂਨਿਟ ਦਾ ਵਾਧਾ ਕਰਕੇ ਵੀਕਰ ਸੈਕਸ਼ਨਜ਼ ਉਤੇ ਬੋਝ ਪਾਇਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਫਾਰਮਰਜ਼ ਨੂੰ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ । ਇਸ ਤਰ੍ਹਾਂ ਕਰਕੇ ਪੰਜਾਬ ਦੀ ਗਰੀਬ ਜਨਤਾ ਦੇ ਵਿਚ ਬੜੀ ਭਾਰੀ ਨਿਰਾਸ਼ਾ ਹੈ । ਇਸ ਲਈ ਮੇਰੀ ਸਰਕਾਰ ਅੱਗੇ ਬੇਨਤੀ ਹੈ ਕਿ ਇਹ ਜਿਹੜੀ 12 ਪੈਸੇ ਦੀ ਇਨਕਰੀਜ਼ ਸੈਸ਼ਨ ਤੋਂ ਥੋੜ੍ਹੇ ਦਿਨ ਪਹਿਲਾਂ ਬਿਜਲੀ ਦੇ ਵਿਚ ਕੀਤੀ ਗਈ ਹੈ, ਇਸ ਨੂੰ ਵਾਪਿਸ ਲਿਆ ਜਾਵੇ । ਇਹ ਗਰੀਬ ਜਨਤਾ ਜੋ ਆਪਣੇ ਘਰਾਂ ਦੇ ਵਿਚ ਇਕ ਲਾਟੂ ਜਾਂ 2 ਬਲਬ ਲਗਾ ਕੇ ਗੁਜ਼ਾਰਾ ਕਰ ਰਹੀ ਹੈ, ਉਸ ਉਤੇ ਹੋਰ ਬੋਝ ਨਹੀ ਪਾਇਆ ਜਾਣਾ ਚਾਹੀਦਾ ਸੀ । ਇਸ ਲਈ, ਸਰਕਾਰ ਇਸ 12 ਪੈਸੇ ਦੀ ਇਨਕਰੀਜ਼ ਨੂੰ ਵਾਪਸ ਲੈਣ ਦਾ ਐਲਾਨ ਇਥੇ ਕਰੇ । ਸਾਡੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ 10 ਯੂਨਿਟ ਤੱਕ ਬਿਜਲੀ ਜੋ ਬਾਲਦਾ ਹੈ, ਮਾਫ ਕਰ ਦਿਆਂਗੇ । 10 ਯੂਨਿਟ ਤੱਕ ਗਰੀਬ ਲੋਕ, ਵੀਕਰ ਸੈਕਸ਼ਨ ਦੇ ਲੋਕ ਬਿਜਲੀ ਬਾਲਦੇ ਹਨ । ਸਰਕਾਰ ਨੇ ਬਹੁਤ ਵੱਡੇ ਵੱਡੇ ਫਾਰਮਰਜ਼ ਦੇ ਬਿਲ ਮਾਫ ਕਰ ਦਿੱਤੇ

[ਚੌਧਰੀ ਜਗਜੀਤ ਸਿੰਘ]

ਹਨ ਪਰ ਇਹ ਇਕ ਚੰਗਾ ਕਦਮ ਹੋਵੇਗਾ ਜੇਕਰ 10 ਯੂਨਿਟ ਵਾਲੇ ਗਰੀਬ ਲੋਕਾਂ ਦੀ ਬਿਜਲੀ ਵੀ ਮਾਫ ਕਰ ਦਿੱਤੀ ਜਾਵੇ । ਇਹ ਗੱਲ, ਸਪੀਕਰ ਸਾਹਿਬ, ਮੈਂ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਹਿਣਾ ਚਾਹੁੰਦਾ ਹਾਂ ਕਿ ਵੀਕਰ ਸੈਕਸ਼ਨਜ਼ ਦੇ ਲੋਕਾਂ ਦੇ ਬਿਜਲੀ ਦੇ ਬਿਲ ਮਾਫ ਕਰ ਦੇਣੇ ਚਾਹੀਦੇ ਹਨ ।

ਹੁਣ ਮੈਂ ਫਾਰਮਰਜ਼ ਦੀ ਗੱਲ ਕਰਦਾ ਹਾਂ । ਸਰਕਾਰ ਨੇ ਫਾਰਮਰਜ਼ ਦੀ ਬੜੀ ਮਦਦ ਕੀਤੀ ਹੈ ਅਤੇ ਬਿਜਲੀ ਦੇ ਬਿਲ ਮਾਫ ਕੀਤੇ ਹਨ । ਆਬਿਆਨਾ ਅਤੇ ਲੈਂਡ ਰੈਵੇਨਿਊ ਵੀ ਮਾਫ ਕੀਤਾ ਹੈ । ਅਸੀਂ ਵੀ ਚਾਹੁੰਦੇ ਹਾਂ ਕਿ ਫਾਰਮਰਜ਼ ਦੀ ਪੂਰੀ ਮਦਦ ਹੋ ਸਕੇ ਕਿਉਂਕਿ ਫਾਰਮਰਜ਼ ਜਿਣਸ ਪੈਦਾ ਕਰਕੇ ਪੰਜਾਬ ਦੀ ਸੇਵਾ ਕਰ ਰਹੇ ਹਨ। ਪੰਜਾਬ ਦੇ ਅੰਦਰ ਪਿਛੇ ਸ਼ੂਗਰ ਮਿੱਲਾਂ ਚੱਲੀਆਂ ਅਤੇ ਫਾਰਮਰਜ਼ ਨੇ ਗੰਨਾ ਦਿੱਤਾ । ਸਾਡੀਆਂ ਪ੍ਰਾਈਵੇਟ ਸ਼ੂਗਰ ਮਿੱਲਾਂ ਵੀ ਹਨ ਅਤੇ ਕੋਆਪਰੇਟਿਵ ਦੀਆਂ ਸ਼ੂਗਰ ਮਿੱਲਾਂ ਵੀ ਹਨ । ਇਨ੍ਹਾਂ ਸ਼ੂਗਰ ਮਿੱਲਾਂ ਵੱਲ ਫਾਰਮਰਜ਼ ਦਾ 120 ਕਰੋੜ ਰੁਪਿਆ ਬਕਾਇਆ ਪਿਆ ਹੈ । ਇਹ ਪੈਸਾ ਫਾਰਮਰਜ਼ ਨੂੰ ਦਿੱਤਾ ਜਾਏ । ਫਗਵਾੜਾ ਮਿੱਲ ਵੱਲ 32 ਕਰੋੜ ਰੁਪਿਆ ਹੈ । ਫਾਰਮਰਜ਼ ਨੇ ਸ਼ੂਗਰ ਮਿੱਲਾਂ ਅੱਗੇ ਧਰਨੇ ਦਿੱਤੇ ਹਨ, ਮੁਜ਼ਾਹਰੇ ਕੀਤੇ ਹਨ । ਉਹ ਚੰਡੀਗੜ੍ਹ ਆ ਕੇ ਵੀ ਅਫਸਰਾਂ ਨੂੰ ਮਿਲੇ ਹਨ ਪਰ ਹਾਲੇ ਤੱਕ ਉਨ੍ਹਾਂ ਕਿਸਾਨਾਂ ਦੀ ਕੋਈ ਸੁਣਵਾਈ ਨਹੀਂ ਹੋਈ । 73 ਕਰੋੜ ਰੁਪਿਆ ਕੋਆਪਰੇਟਿਵ ਸ਼ੂਗਰ ਮਿੱਲਾਂ ਵੱਲ ਕਿਸਾਨਾਂ ਦਾ ਬਕਾਇਆ ਪਿਆ ਹੈ । ਕੋਆਪਰੇਟਿਵ ਸ਼ੂਗਰ ਮਿੱਲਾਂ ਹੁਣ ਸਰਕਾਰ ਦੇ ਅਧੀਨ ਹਨ ਅਤੇ ਸਰਕਾਰ ਸਾਰਾ ਕੁਝ ਕਰ ਸਕਦੀ ਹੈ । ਮੈਂ ਸਮਝਦਾ ਹਾਂ ਕਿ ਜਿਤਨੀ ਜਲਦੀ ਹੋ ਸਕੇ, ਚਾਹੇ ਰੂਰਲ ਡਿਵੈਲਪਮੈਂਟ ਫੰਡ ਵਿਚੋਂ ਜਾਂ ਕਿਸੇ ਹੋਰ ਫੰਡ ਵਿਚੋਂ ਪੈਸੇ ਲੈ ਕੇ ਉਨ੍ਹਾਂ ਕਿਸਾਨਾਂ ਨੂੰ ਪੈਸਾ ਦਿਵਾਉਣਾ ਚਾਹੀਦਾ ਹੈ । ਲੋਕਾਂ ਵਿਚ, ਕਿਸਾਨਾਂ ਵਿਚ ਬਹੁਤ ਬੇਚੈਨੀ ਹੈ । ਇਸ ਬੇਚੈਨੀ ਨੂੰ ਸਰਕਾਰ ਵੱਲੋਂ ਦੂਰ ਕਰਨਾ ਚਾਹੀਦਾ ਹੈ । 48 ਕਰੋੜ ਰੁਪਿਆ ਧੂਰੀ ਮਿੱਲ, ਫਗਵਾੜਾ ਮਿੱਲ ਵਗੈਰਾ ਵੱਲ ਬਕਾਇਆ ਹੈ । ਇਹ ਪੈਸਾ ਵੀ ਉਨ੍ਹਾਂ ਕਿਸਾਨਾਂ ਨੂੰ ਦਿਵਾਉਣਾ ਚਾਹੀਦਾ ਹੈ । ਇਸ ਵੱਲ ਸਰਕਾਰ ਨੂੰ ਖਾਸ ਕਦਮ ਉਠਾਉਣੇ ਚਾਹੀਦੇ ਹਨ । ਇਹ ਵੀ ਪਤਾ ਲੱਗਾ ਹੈ ਕਿ ਕੋਆਪਰੇਟਿਵ ਮਿੱਲਾਂ ਵਿਚ ਕਿਸਾਨ ਹਿੱਸੇਦਾਰ ਹਨ । ਮਿੱਲਾਂ ਦੀ ਮੈਨੇਜਮੈਂਟ ਵੀ ਕਿਸਾਨ ਆਪ ਹੀ ਕਰਦੇ ਹਨ । ਪਤਾ ਲੱਗਾ ਹੈ ਕਿ ਫਰੀਦਕੋਟ, ਜਗਰਾਓਂ ਅਤੇ ਹੋਰ ਮਿੱਲਾਂ ਬਾਰੇ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਹ ਫਰੋਖਤ ਕਰ ਦਿੱਤੀਆਂ ਜਾਣ । ਕਈ ਮਿੱਲਾਂ ਜਿਵੇਂ ਨਵਾਂ ਸ਼ਹਿਰ ਅਤੇ ਨਕੋਦਰ ਮਿੱਲਾਂ ਨਫ਼ੇ ਵਿਚ ਜਾ ਰਹੀਆਂ ਹਨ ਅਤੇ ਕੁਝ ਮਿੱਲਾਂ

ਘਾਟੇ ਵਿਚ ਜਾ ਰਹੀਆਂ ਹਨ । ਇਨ੍ਹਾਂ ਮਿੱਲਾਂ ਨੂੰ ਵੇਚਣਾ ਨਹੀਂ ਚਾਹੀਦਾ ਬਲਕਿ ਇਨ੍ਹਾਂ ਮਿੱਲਾਂ ਦਾ ਸੁਧਾਰ ਕਰਨਾ ਚਾਹੀਦਾ ਹੈ । ਇਹ ਲੋਕਾਂ ਦੀਆ ਮਿੱਲਾਂ ਹਨ, ਲੋਕ ਇਨ੍ਹਾਂ ਦੇ ਹਿੱਸੇਦਾਰ ਹਨ ਅਤੇ ਇਨ੍ਹਾਂ ਵਿਚ ਲੋਕਾਂ ਦੀ ਮੈਨੇਜਮੈਂਟ ਹੈ । ਇਨ੍ਹਾਂ ਮਿੱਲਾਂ ਦੀ ਹਰ ਤਰੀਕੇ ਦੇ ਨਾਲ ਮਦਦ ਕਰਨੀ ਚਾਹੀਦੀ ਹੈ ਅਤੇ ਮਿੱਲਾਂ ਨੂੰ ਵੇਚਣਾ ਨਹੀਂ ਚਾਹੀਦਾ ।

ਸ਼੍ਰੀ ਜਗਦੀਸ਼ ਸਾਹਨੀ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਦੱਸਿਆ ਹੈ ਕਿ ਸਰਕਾਰ ਵੱਲੋਂ ਸ਼ੂਗਰ ਮਿੱਲਾਂ ਵੇਚਣ ਦੀ ਗੱਲ ਹੋ ਰਹੀ ਹੈ ਪਰ ਸ਼ਾਇਦ ਚੌਧਰੀ ਸਾਹਿਬ ਭੁੱਲ ਗਏ ਹਨ ਕਿ ਬੁਢਲਾਡਾ ਮਿੱਲ 11 ਲੱਖ ਰੁਪਏ ਦੀ ਇਕ ਐਮ.ਪੀ. ਨੂੰ ਵੇਚਣ ਦੀ ਕੋਸ਼ਿਸ ਕੀਤੀ ਗਈ ਸੀ ਜਿਹੜੀ ਕਿ ਅਸੀਂ ਟਰਨ ਡਾਊਨ ਕੀਤੀ ਸੀ । ਅਸੀਂ ਉਦੋਂ ਆਪੋਜ਼ੀਸ਼ਨ ਦੇ ਮੈਂਬਰ ਸੀ । ਸਾਡੀ ਸਰਕਾਰ ਦਾ ਕਿਸੇ ਮਿੱਲ ਨੂੰ ਵੇਚਣ ਦਾ ਕੋਈ ਵਿਚਾਰ ਨਹੀਂ, ਕੋਈ ਗੱਲਬਾਤ ਨਹੀਂ । ਇਨ੍ਹਾਂ ਨੇ ਤਾਂ ਸਿੱਕ ਹੋਈਆਂ ਮਿੱਲਾਂ ਬਿਨਾਂ ਗੌਰਮਿੰਟ ਦਾ ਪੈਸਾ ਡਿਪਾਜ਼ਿਟ ਕੀਤਿਆਂ ਵੇਚ ਦਿੱਤੀਆਂ । ਦਸੂਹਾ ਸ਼ੂਗਰ ਮਿੱਲ ਇਨ੍ਹਾਂ ਨੇ ਦਿੱਤੀ ਹੈ, ਅਸੀਂ ਨਹੀਂ ਦਿੱਤੀ । ਇਹ ਗੱਲ ਨੂੰ ਗਲਤ ਢੰਗ ਨਾਲ ਪੇਸ਼ ਕਰ ਰਹੇ ਹਨ । ਇਹ ਗੱਲ ਮਿਸਇੰਟਰਪਰੈਟ ਕਿਉ ਕਰ ਰਹੇ ਹਨ ?

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਸਰਕਾਰ ਵੱਲੋਂ ਐਗਰੀਕਲਚਰ ਮਨਿਸਟਰ, ਕੋਆਪਰੇਟਿਵ ਮਨਿਸਟਰ, ਮੁੱਖ ਮੰਤਰੀ ਸਾਹਿਬ ਦੀ ਜਾਣਕਾਰੀ ਵਿਚ ਤਾਂ ਇਹ ਗੱਲ ਹੋ ਸਕਦੀ ਹੈ ਕਿ ਕੋਈ ਮਿੱਲ ਵਿੱਕ ਰਹੀ ਹੈ ਜਾਂ ਨਹੀਂ । ਇਸ ਬਾਰੇ ਸਾਹਨੀ ਸਾਹਿਬ ਨੂੰ ਕੀ ਇਨਫਰਮੇਸ਼ਨ ਹੋ ਸਕਦੀ ਹੈ ? ਇਹ ਪੁਆਇੰਟ ਆਫ ਆਰਡਰ ਤੇ ਗੱਲ ਕਰ ਰਹੇ ਹਨ, ਬੁਢਲਾਡਾ ਸ਼ੂਗਰ ਮਿੱਲ ਹਾਲੇ ਤੱਕ ਨਹੀਂ ਵਿਕੀ । ਮੈਂ ਕਹਿਣਾ ਚਾਹੁੰਦਾ ਹਾਂ.......

ਸ਼੍ਰੀ ਜਗਦੀਸ਼ ਸਾਹਨੀ : * * *

ਸ਼੍ਰੀ ਸਪੀਕਰ : ਇਹ ਤੁਸੀਂ ਆਪਣੀ ਵਾਰੀ ਤੇ ਕਹਿ ਲੈਣਾ । ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

---

*Expunged as ordered by the Chair.

ਚੌਧਰੀ ਜਗਜੀਤ ਸਿੰਘ: ਮੈਂ, ਸਪੀਕਰ ਸਾਹਿਬ, ਤੁਹਾਡੀ ਮਾਰਫਤ ਇਥੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਚਰਚਾ ਹੋਇਆ ਹੈ ਕਿ ਸਾਡੀ ਨਵੀਂ ਸਰਕਾਰ, ਬਾਦਲ ਸਾਹਿਬ ਦੀ ਸਰਕਾਰ ਸਾਡੇ ਸ਼ਡਿਊਲਡ ਕਾਸਟ ਭਰਾਵਾਂ ਵਾਸਤੇ, ਉਨ੍ਹਾਂ ਦੀ ਮੱਦਦ ਕਰਨ ਵਾਲੇ ਪਾਸੇ ਤੁਰੀ ਹੈ । ਇਸ ਗੱਲ ਦੀ ਬੜੀ ਚਰਚਾ ਹੈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਕਿ ਬਾਦਲ ਸਾਹਿਬ ਦੇ ਮਨ ਵਿਚ ਸ਼ਡਿਊਲਡ ਕਾਸਟ ਭਰਾਵਾਂ ਦੀ ਬਿਹਤਰੀ ਵਾਸਤੇ ਬੜਾ ਕੁਝ ਹੈ ਅਤੇ ਉਨ੍ਹਾਂ ਦਾ ਮਨ ਜਿਹੜਾ ਹੈ, ਉਹ ਬੜਾ ਸਾਫ ਹੈ ਕਿ ਉਨ੍ਹਾਂ ਦੀ ਬਿਹਤਰੀ ਕਰੀਏ । ਉਸ ਦੇ ਸਬੰਧ ਵਿਚ ਇਨ੍ਹਾਂ ਨੇ ਚੰਗੀਆਂ ਸਕੀਮਾਂ ਅਨਾਊਂਸ ਕੀਤੀਆਂ ਹਨ ਅਤੇ ਕਿਹਾ ਹੈ ਕਿ ਉਨ੍ਹਾਂ ਨੂੰ ਜਿਹੜੀਆਂ ਪਹਿਲੀਆਂ ਚਲਦੀਆਂ ਪਈਆਂ ਹਨ, ਸਟਰੈਂਥਨ ਕਰਨਾ ਹੈ । ਹੁਣ ਵੀ ਜਿਹੜਾ ਬਜਟ ਹੈ, ਉਸ ਦੇ ਵਿਚ ਵੀ ਜ਼ਿਕਰ ਆਇਆ ਹੈ ਸ਼ਡਿਊਲਡ ਕਾਸਟ ਭਰਾਵਾਂ ਦੀ ਬਿਹਤਰੀ ਬਾਰੇ ਔਰ ਉਨ੍ਹਾਂ ਦੀਆਂ ਜਿਹੜੀਆਂ ਬਸਤੀਆਂ ਹਨ, ਉਨ੍ਹਾਂ ਦੇ ਐਨਵਾਇਰਨਮੈਂਟ ਨੂੰ ਚੰਗਾ ਬਨਾਉਣ ਬਾਰੇ ਪਰ ਮੈਂ, ਸਪੀਕਰ ਸਾਹਿਬ, ਤੁਹਾਡੀ ਮਾਰਫਤ ਬਾਦਲ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜੋ ਕੁਝ ਪਹਿਲਾਂ ਕਿਹਾ ਗਿਆ ਔਰ ਦੱਸਿਆ ਗਿਆ ਹੈ, ਉਹ ਸਾਰੀ ਚੀਜ਼ ਬਾਦਲ ਸਾਹਿਬ ਆਪਣੇ ਸਰਕਾਰ ਦੇ ਦਫਤਰਾਂ ਵਿਚੋਂ ਮੰਗਵਾ ਲੈਣ । ਜਿਹੜੀਆਂ ਮੈਂ ਗੱਲਾਂ ਕਹਾਂਗਾ, ਉਨ੍ਹਾਂ ਮੁਤਾਬਿਕ ਇਹ ਵੀ ਕਹਾਂਗਾ ਕਿ ਇਨ੍ਹਾਂ ਦੀ ਮਨਸ਼ਾ ਪੂਰੀ ਨਹੀਂ ਹੋਈ ਜਦੋਂ ਦੀ ਸਰਕਾਰ ਆਈ ਹੈ । ਪਹਿਲੀ ਗੱਲ ਮੈਂ ਕਹਿਣੀ ਚਾਹਵਾਂਗਾ ਕਿ ਜਿਹੜਾ ਪਿਛਲਾ 39 ਕਰੋੜ ਰੁਪਿਆ ਸੀ, ਜਿਹੜਾ ਪਿਛਲਾ ਖਰਚਾ ਸੀ, ਇਸ ਦੇ ਵਿਚ ਦੱਸਿਆ ਗਿਆ ਹੈ ਕਿ ਉਸ ਨੂੰ ਵਧਾ ਕੇ ਅਸੀਂ 111 ਕਰੋੜ ਕਰ ਦਿੱਤਾ ਹੈ । ਇਹ ਬੜੀ ਵੱਡੀ ਗੱਲ ਦੱਸੀ ਗਈ ਹੈ ਲੇਕਿਨ, ਸਪੀਕਰ ਸਾਹਿਬ, ਮੈਂ ਬਾਦਲ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਅਸਲੀ ਗੱਲ ਜਿਹੜੀ ਹੈ 39 ਕਰੋੜ ਰੁਪਏ ਵਾਲੀ, ਉਹ ਸਹੀ ਨਹੀਂ ਹੈ ਕਿਉਂਕਿ ਪਿਛਲੇ ਸਾਲ, ਮੇਰੇ ਪਾਸ ਅੰਕੜੇ ਹਨ, ਪਿਛਲੇ ਸਾਲ ਜਿਹੜਾ ਖਰਚਾ ਹੋਇਆ ਹੈ, ਉਹ 27 ਕਰੋੜ ਰੁਪਏ ਦਾ ਹੋਇਆ ਹੈ ਜਦ ਕਿ ਉਸੇ ਖਰਚੇ ਨੂੰ ਵਧਾ ਕੇ 39 ਕਰੋੜ ਰੁਪਏ ਦਾ ਕਿਹਾ ਗਿਆ ਹੈ । 39 ਕਰੋੜ ਰੁਪਏ ਦਾ ਖਰਚਾ ਨਹੀਂ ਹੋਇਆ, 27 ਕਰੋੜ ਰੁਪਏ ਦਾ ਹੋਇਆ ਹੈ । ਇਹ ਇਸ ਕਰਕੇ 27 ਕਰੋੜ ਰੁਪਏ ਦਾ ਖਰਚਾ ਹੋਇਆ ਹੈ ਕਿਉਂਕਿ ਜਿਹੜਾ ਪਿਛਲਾ ਕੁਆਰਟਰ ਸੀ ਸਰਕਾਰ ਦਾ , ਜਿਹੜੇ 31 ਮਾਰਚ ਨੂੰ ਪੈਸੇ ਡਰਾਅ ਕਰਨੇ ਸਨ, ਉਹ ਡਰਾਅ ਨਹੀਂ ਕੀਤੇ ਗਏ । ਵੈਸੇ ਤਾਂ ਹਮੇਸ਼ਾ ਹੀ ਐਸਾ ਹੁੰਦਾ ਰਿਹਾ ਹੈ ਪਰ ਐਤਕੀਂ ਖਾਸ ਤੌਰ ਤੇ ਦੱਸਦਾ ਹਾਂ ਕਿ ਜਿੰਨੀਆਂ ਵੀ ਵੈਲਫੇਅਰ ਦੀਆਂ ਸਕੀਮਾਂ ਸਨ, ਜਿੰਨੇ ਵੀ ਪੈਸੇ

ਡਿਸਟ੍ਰਿਕਟ ਪਲਾਨਿੰਗ ਬੋਰਡਾਂ ਨੂੰ ਰਿਲੀਜ਼ ਹੋਣੇ ਸਨ, ਜੋ ਸੋਧਾਂ ਸਨ, ਉਹ ਪੂਰੀਆਂ ਨਹੀਂ ਕੀਤੀਆਂ ਗਈਆਂ ਅਤੇ ਬਹੁਤ ਵੱਡੀ ਗਿਣਤੀ ਵਿਚ ਪੈਸੇ ਲੈਪਸ ਹੋਏ । ਇਸੇ ਕਰਕੇ ਖਰਚਾ ਵੀ 39 ਕਰੋੜ ਰੁਪਏ ਤੋਂ 27 ਕਰੋੜ ਰੁਪਏ ਰਹਿ ਗਿਆ । ਇਹ ਬਹੁਤ ਵੱਡੀ ਗੱਲ ਹੈ ਕਿਉਂਕਿ ਮਨ ਵਿਚ ਕੁਝ ਹੋਰ ਹੋਵੇ ਅਤੇ ਬਾਹਰ ਕੁਝ ਹੋਰ ਤਾਂ ਚੰਗੀ ਗੱਲ ਨਹੀਂ । ਇਹ ਅੰਕੜਿਆਂ ਦੀ ਗੱਲ ਹੈ, ਇਹ ਸਰਕਾਰੀ ਰਿਕਾਰਡ ਦੀ ਗੱਲ ਹੈ ਜੋ ਮੈਂ ਕਹਿ ਰਿਹਾ ਹਾਂ । ਦੂਜੀ ਗੱਲ ਇਹ ਕਹਿਣੀ ਚਾਹੁੰਦਾ ਹਾਂ ਕਿ ਇਥੇ ਇਹ ਕਿਹਾ ਗਿਆ ਹੈ ਕਿ ਸਪੈਸ਼ਲ ਕੰਪੋਨੈਂਟ ਪਲੈਨ ਵਾਸਤੇ ਐਤਕੀਂ 200 ਕਰੋੜ ਰੁਪਿਆ ਰੱਖਿਆ ਗਿਆ ਹੈ । ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਸਰਕਾਰ ਨੇ 205 ਕਰੋੜ ਰੁਪਿਆ ਇਸ ਸਪੈਸ਼ਲ ਕੰਪੋਨੈਂਟ ਪਲੈਨ ਵਾਸਤੇ ਮਨਜ਼ੂਰ ਕੀਤਾ ਸੀ । ਇਹ ਪਲੈਨ ਉਦੋਂ ਮਨਜ਼ੂਰ ਕੀਤੀ ਸੀ ਜਦੋਂ ਗੌਰਮਿੰਟ ਆਫ ਇੰਡੀਆ ਅਤੇ ਪਲੈਨਿੰਗ ਕਮਿਸ਼ਨ ਕੋਲੋਂ 1,850 ਕਰੋੜ ਰੁਪਏ ਦੀ ਐਨੂਅਲ ਪਲੈਨ ਪਾਸ ਕਰਵਾਈ ਸੀ । ਉਥੇ ਇਸ ਤਰ੍ਹਾਂ ਹੁੰਦਾ ਹੈ ਕਿ ਜਦੋਂ ਐਨੂਅਲ ਪਲੈਨ ਪਾਸ ਹੁੰਦੀ ਹੈ ਤਾਂ ਸਟੇਟ ਦੀ ਆਬਾਦੀ ਦੇ ਹਿਸਾਬ ਨਾਲ ਸਪੈਸ਼ਲ ਕੰਪੋਨੈਂਟ ਪਲੈਨ ਪਾਸ ਕੀਤੀ ਜਾਂਦੀ ਹੈ । 2100 ਕਰੋੜ ਰੁਪਏ ਵਿਚੋਂ 2.5% ਦੇ ਹਿਸਾਬ ਨਾਲ ਤੁਸੀਂ ਆਪ ਦੇਖ ਲਓ ਕਿ ਕਿੰਨਾ ਪੈਸਾ ਬਣਦਾ ਹੈ । ਪਰ ਚਲੋ, ਮੈਂ ਇਸ ਗੱਲ ਵਿਚ ਫਿਰ ਜਾਵਾਂਗਾ । ਪਿਛੇ ਇਹ ਪਰਸੈਂਟੇਜ਼ ਕੁਝ ਘਟੀ ਵੀ ਹੈ । ਐਤਕੀਂ ਵੀ ਇਸ ਵਾਸਤੇ ਪੂਰਾ ਪੈਸਾ ਨਹੀਂ ਰੱਖਿਆ ਗਿਆ ਹੈ । ਮੈਂ ਬਾਦਲ ਸਾਹਿਬ ਦੇ ਧਿਆਨ ਵਿਚ ਇਹ ਲਿਆਉਣਾ ਚਾਹੁੰਦਾ ਹਾਂ ਕਿ ਇਹ ਕਾਗਜ਼ੀ ਗੱਲ ਹੀ ਹੈ । ਪਿਛਲੀ ਗੱਲ ਵੀ ਕਾਗਜ਼ੀ ਗੱਲ ਹੀ ਨਿਕਲੀ । 205 ਕਰੋੜ ਰੁਪਿਆ ਜਿਹੜਾ ਅਸੀਂ ਕੀਤਾ ਸੀ, ਉਸ ਨੂੰ ਰਿਵਾਈਜ਼ ਕਰਕੇ ਇਨ੍ਹਾਂ ਨੇ 139 ਕਰੋੜ ਰੁਪਿਆ ਕਰ ਦਿੱਤਾ । 139 ਕਰੋੜ ਰੁਪਿਆ ਵੀ ਸਾਰੇ ਦਾ ਸਾਰਾ ਦਿੱਤਾ ਨਹੀਂ ਗਿਆ । ਸਪੀਕਰ ਸਾਹਿਬ, ਤੁਸੀਂ ਵੀ ਅਤੇ ਸਾਰਾ ਹਾਊਸ ਵੀ ਹੈਰਾਨੀ ਮਹਿਸੂਸ ਕਰੇਗਾ ਕਿ 139 ਕਰੋੜ ਰੁਪਏ ਵਿਚੋਂ ਜਿਹੜਾ ਅਸਲ ਵਿਚ ਸੈਂਕਸ਼ਨ ਹੋਇਆ ਅਤੇ ਡਿਸਟ੍ਰਿਕਟ ਪਲੈਨਿੰਗ ਬੋਰਡਾਂ ਵਿਚ ਗਿਆ, ਉਹ ਸਿਰਫ 21 ਕਰੋੜ ਰੁਪਿਆ ਹੈ । ਸਿਰਫ 21 ਕਰੋੜ ਰੁਪਿਆ ਹੀ ਸੈਂਕਸ਼ਨ ਹੋਇਆ ਹੈ । ਇਹ ਉਸ ਸਰਕਾਰ ਦੇ ਵਾਸਤੇ ਬੜੇ ਦੁੱਖ ਦੀ ਗੱਲ ਹੈ ਜਿਹੜੀ ਇਹ ਕਹੇ ਕਿ ਅਸੀਂ ਹਰੀਜਨਾਂ ਦੀ ਭਲਾਈ ਵਾਸਤੇ, ਉਨ੍ਹਾਂ ਦੀ ਆਰਥਿਕ ਪੁਜ਼ੀਸ਼ਨ ਨੂੰ ਠੀਕ ਕਰਨ ਵਾਸਤੇ, ਉਨ੍ਹਾਂ ਦੇ ਐਨਵਾਇਰਮੈਂਟ ਨੂੰ ਠੀਕ ਕਰਨ ਵਾਸਤੇ ਅਤੇ ਉਨ੍ਹਾਂ ਦੀ ਡਿਵੈਲਪਮੈਂਟ ਵਾਸਤੇ ਬਹੁਤ ਯਤਨਸ਼ੀਲ ਹਾਂ । ਇਸ ਸਰਕਾਰ ਵਲੋਂ 139 ਕਰੋੜ ਰੁਪਏ ਵਿਚੋਂ ਸਿਰਫ 21 ਕਰੋੜ ਰੁਪਏ ਹੀ ਸੈਂਕਸ਼ਨ ਕੀਤੇ ਗਏ

[ਚੌਧਰੀ ਜਗਜੀਤ ਸਿੰਘ]

ਹਨ । ਟਰੈਜ਼ਰੀ ਵਿਚ ਇਹ ਪੈਸਾ ਚਲਿਆ ਗਿਆ ਲੇਕਿਨ ਫਾਇਨਾਂਸ ਐਂਡ ਪਲਾਨਿੰਗ ਡਿਪਾਰਟਮੈਂਟ ਵਲੋਂ ਚਿੱਠੀ ਚਲੀ ਗਈ ਕਿ ਇਹ ਪੈਸਾ ਡਰਾਅ ਨਹੀਂ ਕਰਨ ਦੇਣਾ । ਸੋ, ਇਹ ਪੈਸਾ ਵੀ ਡਰਾਅ ਨਹੀਂ ਕਰਨ ਦਿੱਤਾ ਗਿਆ । ਸਾਡਾ ਤਾਂ ਸ਼ਰਮ ਨਾਲ ਸਿਰ ਝੁਕਦਾ ਹੈ ਕਿ 0% ਵੀ ਪੈਸਾ ਖਰਚ ਨਹੀਂ ਹੋਇਆ । ਉਹ ਖਜ਼ਾਨੇ ਵਿਚ ਰੋਕ ਦਿੱਤਾ ਗਿਆ । ਇਸ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਅਨੁਸੂਚਿਤ ਜਾਤੀਆਂ ਲਈ ਜਿਹੜੇ ਪ੍ਰੋਗਰਾਮ ਉਲੀਕੇ ਗਏ ਹਨ, ਉਨ੍ਹਾਂ ਨੂੰ ਕਿਸ ਤਰੀਕੇ ਦੇ ਨਾਲ ਸਿਰੇ ਚਾੜ੍ਹਿਆ ਜਾਵੇਗਾ । ਇਹ ਬਜਟ ਹੀ ਹੈ ਜਿਸ ਦੇ ਰਾਹੀਂ ਸਪੈਸ਼ਲ ਕੰਪੋਨੈਂਟ ਪਲੈਨ ਅਧੀਨ ਅਸੀਂ ਇਨ੍ਹਾਂ ਗਰੀਬ ਲੋਕਾਂ ਦੀ ਮਦਦ ਕਰ ਸਕਦੇ ਹਾਂ । ਉਪਬੰਧ ਤਾਂ ਬਜਟ ਅੰਦਰ ਕਰ ਦਿੱਤਾ ਹੈ ਲੇਕਿਨ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਇਹ ਬਜਟ ਹੀ ਬਹੁਤ ਦੇਰ ਨਾਲ ਪਾਸ ਕਰ ਰਹੇ ਹਾਂ । ਇਕ ਕਵਾਰਟਰ ਤਾਂ ਪਹਿਲਾਂ ਹੀ ਲੰਘ ਚੁੱਕਿਆ ਹੈ । 31 ਮਾਰਚ ਤੋਂ ਲੈ ਕੇ ਮਈ ਤੱਕ ਪਹਿਲੇ ਕਵਾਰਟਰ ਦਾ ਪੈਸਾ ਖਜ਼ਾਨੇ ਵਿਚ ਚਲਿਆ ਜਾਂਦਾ ਸੀ ਅਤੇ ਪਲੈਨਿੰਗ ਬੋਰਡ ਰਾਹੀਂ ਉਹ ਪੈਸਾ ਲੋਕਾਂ ਵਿਚ ਵੰਡਿਆ ਜਾਂਦਾ ਸੀ । ਇਹ ਪਹਿਲਾ ਕਵਾਰਟਰ ਤਾਂ ਮੁੱਕ ਗਿਆ ਹੈ । ਹੁਣ ਦੂਜਾ ਕਵਾਰਟਰ ਸ਼ੁਰੂ ਹੋਵੇਗਾ ਅਤੇ ਉਸ ਦੇ ਵਿਚ ਇਹ ਪੈਸਾ ਵੰਡਿਆ ਜਾਵੇਗਾ । ਦੇਖ ਲਵਾਂਗੇ ਕਿ ਕਿਸ ਢੰਗ ਦੇ ਨਾਲ ਇਹ ਪੈਸਾ ਦਿੱਤਾ ਜਾਵੇਗਾ । ਇਹ ਜਿਹੜਾ ਪੈਸਾ ਰੱਖਿਆ ਗਿਆ ਹੈ, ਇਸ ਨੂੰ ਸਹੀ ਢੰਗ ਨਾਲ ਖਰਚਣਾ ਹੋਵੇਗਾ ਲੇਕਿਨ ਇਹ ਸਾਰੀਆਂ ਗੱਲਾਂ ਕਾਗਜ਼ੀ ਹੀ ਹਨ । ਇਹ ਸਾਰਾ ਜ਼ੁਬਾਨੀ ਜਮ੍ਹਾਂ ਖਰਚ ਹੈ । ਇਸ ਜ਼ੁਬਾਨੀ ਜਮ੍ਹਾਂ ਖਰਚ ਨੂੰ ਖਤਮ ਕਰਨਾ ਚਾਹੀਦਾ ਹੈ । ਕਾਗਜ਼ੀ ਗੱਲਾਂ ਨੂੰ ਖਤਮ ਕਰਕੇ ਜੋ ਦਿਲੀ ਗੱਲ ਹੈ, ਉਹ ਸਾਹਮਣੇ ਆਉਣੀ ਚਾਹੀਦੀ ਹੈ । ਗਰੀਬ ਲੋਕਾਂ ਤੇ ਪੈਸਾ ਖਰਚ ਕੀਤਾ ਜਾਣਾ ਚਾਹੀਦਾ ਹੈ ।

ਅਨੁਸੂਚਿਤ ਜਾਤੀਆਂ ਦੀ ਵੈਲਫੇਅਰ ਬਾਰੇ 2-3 ਗੱਲਾਂ ਹੋਰ ਕਹਿਣੀਆਂ ਚਾਹੁੰਦਾ ਹਾਂ । ਪੰਜਾਬ ਦੇ ਅੰਦਰ ਸ਼ਡਿਊਲਡ ਕਾਸਟਸ ਦੀ ਵੈਲਫੇਅਰ ਦੀਆਂ ਬਹੁਤ ਸਾਰੀਆਂ ਸਕੀਮਾਂ ਚੱਲਦੀਆਂ ਸਨ । ਉਨ੍ਹਾਂ ਸਕੀਮਾਂ ਦੇ ਰਾਹੀਂ ਜਿੰਨਾਂ ਕੁਝ ਪਿਛਲੀਆਂ ਸਰਕਾਰਾਂ ਕਰ ਸਕਦੀਆਂ ਸਨ, ਉਨ੍ਹਾਂ ਨੇ ਕੀਤਾ । ਮੈਂ ਬਾਦਲ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਵਿਚੋਂ ਕੁਝ ਖਾਸ ਸਕੀਮਾਂ ਹੀ ਡਰਾਪ ਕਰ ਦਿੱਤੀਆਂ ਗਈਆਂ ਹਨ । ਉਹ ਬੜੀਆਂ ਇੰਪਾਰਟੈਂਟ ਸਕੀਮਾਂ ਸਨ । ਬਾਦਲ ਸਾਹਿਬ, ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਉਹ ਸਕੀਮਾਂ ਡਰਾਪ ਕਰ ਦਿੱਤੀਆਂ ਗਈਆਂ ਹਨ । ਇਨ੍ਹਾਂ ਸਕੀਮਾਂ ਨੂੰ ਡਰਾਪ ਕਰਨ ਨਾਲ ਸਾਡੇ ਬਹੁਤ

ਸਾਰੇ ਕੰਮ ਰੁਕ ਜਾਣਗੇ । ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਹਰੀਜਨਾਂ ਵਾਸਤੇ ਧਰਮਸ਼ਾਲਾਵਾਂ ਹਨ, ਮੈ ਖੁਸ਼ੀ ਵੀ ਜ਼ਾਹਿਰ ਕਰਦਾ ਹਾਂ ਇਹ ਧਰਮਸ਼ਾਲਾਵਾਂ ਹਰੀਜਨਾਂ ਵਾਸਤੇ ਪਿੰਡਾਂ ਦੇ ਵਿਚ ਜਦੋਂ ਸ਼ੁਰੂ ਕੀਤੀਆਂ ਗਈਆਂ ਸਨ ਤਾਂ ਇਹ ਬਾਦਲ ਸਰਕਾਰ ਵੇਲੇ ਪੰਜ ਹਜ਼ਾਰ ਰੁਪਏ ਦੀ ਗਰਾਂਟ ਦੇ ਕੇ ਸ਼ੁਰੂ ਹੋਈਆਂ ਸਨ (ਸਰਕਾਰੀ ਬੈਂਚਾਂ ਵੱਲੋਂ ਥੰਪਿੰਗ) . . . . .

ਸਰਦਾਰ ਬਲਦੇਵ ਸਿੰਘ ਖਿਆਲਾ: ਸਪੀਕਰ ਸਾਹਿਬ, ਇਨ੍ਹਾਂ ਵੱਲੋਂ ਹਰੀਜਨ ਲਫਜ਼ ਵਰਤਿਆ ਗਿਆ ਹੈ । ਇਹ ਲਫਜ਼ ਵਰਤਨਾ ਬੈਨ ਹੈ ਜੀ ।

ਸ਼੍ਰੀ ਸਪੀਕਰ: ਠੀਕ ਹੈ ।

ਚੌਧਰੀ ਜਗਜੀਤ ਸਿੰਘ: ਕੋਈ ਬੈਨ ਨਹੀਂ । ਮੈਂ ਇਹ ਲਫਜ਼ ਵਰਤਣਾ ਹੈ । ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਇਹ ਜਿਹੜੀਆਂ ਧਰਮਸ਼ਾਲਾਵਾਂ ਬਣੀਆਂ ਸਨ, ਇਹ ਪੰਜ ਹਜ਼ਾਰ ਰੁਪਏ ਪ੍ਰਤੀ ਧਰਮਸ਼ਾਲਾ ਦੇ ਹਿਸਾਬ ਨਾਲ ਸ਼ੁਰੂ ਕੀਤੀਆਂ ਗਈਆਂ ਸਨ.....

ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਇਹ ਆਨਰੇਬਲ ਮੈਂਬਰ ਹਨ । ਇਹ ਕਹਿੰਦੇ ਹਨ ਕਿ ਮੈਂ ਹਰੀਜਨ ਲਫਜ਼ ਕਹਾਂਗਾ । I never expected this. ਜੇ ਇਹ ਲਫਜ਼ ਬਾਕੀ ਲੋਕ ਮਾੜਾ ਮੰਨਦੇ ਹਨ ਅਤੇ ਬਾਕੀ ਸਮਾਜ ਨੂੰ ਇਹ ਲਫਜ਼ ਮਾੜਾ ਲੱਗਦਾ ਹੈ ਤਾਂ ਆਨਰੇਬਲ ਮੈਂਬਰ ਸਾਹਿਬ ਨੂੰ ਵੀ ਮੰਨ ਲੈਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਠੀਕ ਹੈ ਜੀ, ਠੀਕ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਹੜਾ ਧਰਮਸ਼ਾਲਾਵਾਂ ਦਾ ਪ੍ਰੋਗਰਾਮ ਹੈ, ਇਸ ਨੂੰ ਸਟਰੈਂਥਨ ਕਰਨ ਵਾਸਤੇ 1996-97 ਵਿੱਚ ਤਿੰਨ ਕਰੋੜ ਰੁਪਿਆ ਰੱਖਿਆ ਸੀ ਪਰ ਇਸ ਤੇ 1996-97 ਵਿੱਚ ਕੋਈ ਐਕਸਪੈਂਡੀਚਰ ਨਹੀਂ ਹੋਇਆ, ਕੋਈ ਪੈਸਾ ਨਹੀਂ ਦਿੱਤਾ ਗਿਆ ਔਰ ਇਸ ਸਾਲ ਜੋ ਸਕੀਮਾਂ ਡਰਾਪ ਕੀਤੀਆਂ ਗਈਆਂ ਹਨ, ਉਨ੍ਹਾਂ ਵਿੱਚ ਇਸ ਨੂੰ ਵੀ ਡਰਾਪ ਕਰ ਦਿੱਤਾ ਗਿਆ ਹੈ ।

ਸਪੀਕਰ ਸਾਹਿਬ, ਦੂਸਰੀ ਗੱਲ ਮੈਂ ਧਰਮਸ਼ਾਲਾਵਾਂ ਦੀ ਰਿਪੇਅਰ ਬਾਰੇ ਕਹਿਣਾ ਚਾਹੁੰਦਾ ਹਾਂ ਕਿਉਂਕਿ ਇਹ ਬਣ ਗਈਆਂ ਹਨ । ਇਹ ਸਾਂਝੀ ਜਗ੍ਹਾ ਹੁੰਦੀ

[ਚੌਧਰੀ ਜਗਜੀਤ ਸਿੰਘ]

ਹੈ, ਗਰੀਬ ਲੋਕਾਂ ਦੇ ਮੁਹੱਲਿਆਂ ਵਿੱਚ ਹੁੰਦੀ ਹੈ ਔਰ ਗਰੀਬਾਂ ਕੋਲ ਇਸ ਦੀ ਰਿਪੇਅਰ ਵਾਸਤੇ ਕੋਈ ਪੈਸਾ ਨਹੀਂ ਹੁੰਦਾ । ਇਸ ਵਾਸਤੇ ਪਿਛਲੀ ਸਰਕਾਰ ਨੇ ਇਨ੍ਹਾਂ ਦੀ ਰਿਪੇਅਰ ਵਾਸਤੇ 15,000 ਰੁਪਏ ਪ੍ਰਤੀ ਧਰਮਸ਼ਾਲਾ ਮਨਜ਼ੂਰ ਕੀਤੇ ਸਨ । ਹੁਣ ਮਹਿੰਗਾਈ ਵਧ ਜਾਣ ਕਾਰਨ 15,000 ਰੁਪਏ ਨਾਲ ਰਿਪੇਅਰ ਨਹੀਂ ਹੋ ਸਕਦੀ, ਇਸ ਲਈ ਇਸ ਅਮਾਊਂਟ ਨੂੰ ਅੱਗੇ ਤੋਂ ਵਧਾਇਆ ਜਾਣਾ ਚਾਹੀਦਾ ਹੈ । 1996-97 ਦੇ ਬਜਟ ਵਿੱਚ ਇਸ ਵਾਸਤੇ 5 ਕਰੋੜ ਰੁਪਏ ਰੱਖੇ ਗਏ ਸਨ ਔਰ ਇਸ ਵਿੱਚੋਂ 54 ਲੱਖ ਰੁਪਏ ਖਰਚਾ ਹੋਇਆ ਸੀ ਪਰ ਇਸ ਵਾਰ ਕੇਵਲ 1.20 ਕਰੋੜ ਰੁਪਿਆ ਹੀ ਰੱਖਿਆ ਗਿਆ ਹੈ । ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਕਹਿਣਾ ਚਾਹੁੰਦਾ ਹਾਂ ਕਿ ਇਸ ਪੈਸੇ ਨੂੰ ਹੋਰ ਵਧਾਉਣਾ ਚਾਹੀਦਾ ਹੈ ਤਾਂ ਕਿ ਗਰੀਬਾਂ ਦੀਆਂ ਧਰਮਸ਼ਾਲਾਵਾਂ ਦੀ ਸਮੇਂ ਸਿਰ ਪਰਾਪਰ ਰਿਪੇਅਰ ਹੁੰਦੀ ਰਹੇ ਔਰ ਗਰੀਬ ਲੋਕ ਅੱਛੇ ਤਰੀਕੇ ਨਾਲ ਇਨ੍ਹਾਂ ਦੀ ਵਰਤੋਂ ਕਰ ਸਕਣ ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਨਵੀਆਂ ਧਰਮਸ਼ਾਲਾਵਾਂ ਦੀ ਉਸਾਰੀ ਵਾਸਤੇ ਬਜਟ ਦੇ ਵਿੱਚ ਕੋਈ ਉਪਬੰਧ ਨਹੀਂ ਕੀਤਾ ਗਿਆ । ਪਿੰਡਾਂ ਦੇ ਵਿੱਚ ਮੁਹੱਲੇ ਵੱਡੇ ਹੋ ਜਾਣ ਕਾਰਨ, ਆਬਾਦੀ ਦੇ ਵਧ ਜਾਣ ਕਾਰਨ, ਪਿੰਡਾਂ ਦੇ ਵਿੱਚ ਹੋਰ ਬਸਤੀਆਂ ਬਹੁਤ ਵਧਣ ਕਾਰਨ, ਪੱਤੀਆਂ ਦੇ ਵਧ ਜਾਣ ਕਾਰਨ ਜਿਹੜੀ ਕਿਸੇ ਵੇਲੇ ਪਿੰਡ ਵਿੱਚ ਇਕ ਧਰਮਸ਼ਾਲਾ ਹੁੰਦੀ ਸੀ, ਉਹ ਹੁਣ ਕਾਫੀ ਛੋਟੀ ਹੋ ਗਈ ਹੈ ਔਰ ਘੱਟ ਹੈ ਜਿਸ ਕਾਰਨ ਸਾਰੇ ਲੋਕ ਇਸ ਦਾ ਫ਼ਾਇਦਾ ਨਹੀਂ ਲੈ ਸਕਦੇ । ਪਿਛਲੀ ਸਰਕਾਰ ਵੇਲੇ ਨਵੀਆਂ ਧਰਮਸ਼ਾਲਾਵਾਂ ਵਾਸਤੇ 50 ਹਜ਼ਾਰ ਰੁਪਏ ਪ੍ਰਤੀ ਧਰਮਸ਼ਾਲਾ ਦੇ ਹਿਸਾਬ ਨਾਲ ਅਸੀਂ ਬਜਟ ਦੇ ਵਿੱਚ ਪੈਸੇ ਪਰੋਵਾਈਡ ਕੀਤੇ ਸਨ । ਮੈਂ ਤੁਹਾਡੀ ਮਾਰਫਤ, ਸਪੀਕਰ ਸਾਹਿਬ, ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਵਾਰ ਵੀ ਇਨ੍ਹਾਂ ਨਵੀਆਂ ਧਰਮਸ਼ਾਲਾਵਾਂ ਵਾਸਤੇ ਬਜਟ ਵਿੱਚ ਪੈਸੇ ਪ੍ਰੋਵਾਈਡ ਕਰਵਾਏ ਜਾਣ ।

ਮੈਂ ਅੰਤ ਵਿੱਚ, ਸਪੀਕਰ ਸਾਹਿਬ, ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਸ਼ਡਿਊਲਡ ਕਾਸਟ ਭਰਾ ਹਨ, ਉਹ ਜਦੋਂ ਆਪਣੇ ਜ਼ਿਲ੍ਹੇ ਵਿੱਚ ਸ਼ਡਿਊਲਡ ਕਾਸਟਸ ਮਹਿਕਮੇ ਦੇ ਦਫ਼ਤਰ ਜਾਂਦੇ ਸਨ ਤਾਂ ਇਹ ਦਫ਼ਤਰ ਬਹੁਤ ਮਾੜੇ ਮਾੜੇ ਜਿਹੇ ਹੁੰਦੇ ਸਨ, ਕਈ ਵਾਰ ਤਾਂ ਉਹ ਦਫਤਰ ਲੱਭਦੇ ਵੀ ਨਹੀਂ ਸਨ । ਸ਼ਡਿਊਲਡ ਕਾਸਟਸ ਨਾਲ ਸਬੰਧਤ ਸਾਰੇ ਦਫ਼ਤਰ ਕੋਈ ਕਿਤੇ ਅਤੇ ਕੋਈ ਕਿਤੇ

ਹੁੰਦਾ ਸੀ ਜਿਸ ਕਾਰਨ ਅਸੀਂ ਪਿਛਲੀ ਸਰਕਾਰ ਵੇਲੇ ਇਹ ਫੈਸਲਾ ਕੀਤਾ ਸੀ ਕਿ ਇਹ ਇਕੱਠੇ ਕਰ ਦਿਤੇ ਜਾਣ । ਸ਼ਡਿਊਲਡ ਕਾਸਟਸ ਵਿਚਾਰੇ ਸਾਰੇ ਬਹੁਤਾ ਪੜ੍ਹੇ ਲਿਖੇ ਤਾਂ ਹੁੰਦੇ ਨਹੀਂ ਕਿ ਉਨ੍ਹਾਂ ਨੂੰ ਦਫ਼ਤਰ ਲੱਭਣ ਦੇ ਵਿੱਚ ਕੋਈ ਪਰਾਬਲਮ ਨਾ ਆਵੇ । ਅਸੀਂ ਇਸ ਬਾਰੇ ਫੈਸਲਾ ਕੀਤਾ ਸੀ ਕਿ ਹਰ ਜ਼ਿਲ੍ਹੇ ਦੇ ਵਿੱਚ ਡਾਕਟਰ ਅੰਬੇਦਕਰ ਭਵਨ ਬਣਾਏ ਜਾਣ । ਅਸੀਂ ਇਨ੍ਹਾਂ ਭਵਨਾਂ ਦੀ ਉਸਾਰੀ ਹਰ ਜ਼ਿਲ੍ਹੇ ਵਿੱਚ ਸ਼ੁਰੂ ਕਰਵਾ ਦਿੱਤੀ । ਸਾਰੇ ਜ਼ਿਲ੍ਹਿਆਂ ਨੂੰ ਇਸ ਮੰਤਵ ਲਈ ਪੈਸੇ ਵੀ ਰੀਲੀਜ਼ ਕਰ ਦਿੱਤੇ । ਕੁਝ ਜ਼ਿਲ੍ਹਿਆਂ ਦੇ ਵਿੱਚ ਤਾਂ ਇਹ ਭਵਨ ਬਣ ਵੀ ਗਏ ਹਨ ਅਤੇ ਉਨ੍ਹਾਂ ਦੇ ਉਦਘਾਟਨ ਵੀ ਹੋ ਗਏ ਹਨ ਪਰ ਕਈ ਜ਼ਿਲ੍ਹਿਆਂ ਦੇ ਵਿੱਚ ਹਾਲੇ ਇਹ ਨਹੀਂ ਬਣ ਸਕੇ ਕਿਉਂਕਿ ਕੁਝ ਜਗ੍ਹਾ ਤੇ ਜ਼ਮੀਨ ਦਾ ਝਗੜਾ ਹੈ। ਸੋ, ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਹ ਭਵਨ ਜ਼ਰੂਰ ਬਣਾਏ ਜਾਣੇ ਚਾਹੀਦੇ ਹਨ । ਇਸ ਪਾਸੇ ਸਰਕਾਰ ਨੂੰ ਵਿਸ਼ੇਸ਼ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ । ਸ਼ਡਿਊਲਡ ਕਾਸਟ ਭਰਾਵਾਂ ਨੂੰ ਅਤੇ ਉਨ੍ਹਾਂ ਨਾਲ ਤਾਅਲੁੱਕ ਰੱਖਣ ਵਾਲੇ ਲੋਕਾਂ ਨੂੰ ਇਕੋ ਹੀ ਦਫ਼ਤਰ ਵਿਚ ਸਹੂਲਤ ਮਿਲ ਜਾਵੇ, ਇਹ ਕਰਨਾ ਚਾਹੀਦਾ ਹੈ । ਸਪੀਕਰ ਸਾਹਿਬ, ਇਸ ਦੇ ਨਾਲ ਹੀ ਜੁੜਦੀ ਗੱਲ ਮੈਂ ਕਹਿ ਰਿਹਾ ਹਾਂ । ਮੋਹਾਲੀ ਵਿੱਚ ਡਾਕਟਰ ਅੰਬੇਦਕਰ ਕੈਰੀਅਰ ਇੰਸਟੀਚਿਊਟ ਖੁਲ੍ਹਿਆ ਹੋਇਆ ਹੈ ਜਿਸ ਵਿੱਚ ਆਈ.ਏ.ਐਸ., ਪੀ.ਸੀ.ਐਸ. ਅਤੇ ਅਲਾਈਡ ਸਰਵਿਸਜ਼ ਜਾਂ ਬੈਂਕਿੰਗ ਸਰਵਿਸਿਜ਼ ਦੀ ਨੌਕਰੀ ਵਾਸਤੇ ਸਿਖਲਾਈ ਦਿੱਤੀ ਜਾਂਦੀ ਹੈ । ਇਹ ਇੰਸਟੀਚਿਊਟ ਵੈਲਫੇਅਰ ਡਿਪਾਰਟਮੈਂਟ ਵੱਲੋਂ ਖੋਲ੍ਹਿਆ ਹੋਇਆ ਹੈ । ਦੋ ਕ੍ਰੋੜ ਰੁਪਏ ਦੀ ਲਾਗਤ ਨਾਲ ਇਸ ਦੀ ਬਿਲਡਿੰਗ ਤਿਆਰ ਕੀਤੀ ਗਈ ਹੈ । ਇਹ ਬੜੇ ਸ਼ਾਨਦਾਰ ਢੰਗ ਨਾਲ ਚਲ ਰਿਹਾ ਹੈ । ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਕਹਿਣਾ ਚਾਹੁੰਦਾ ਹਾਂ ਕਿ ਇਸ ਇੰਸਟੀਚਿਊਟ ਦਾ ਹੋਰ ਵਿਸਥਾਰ ਹੋਣਾ ਚਾਹੀਦਾ ਹੈ । ਹਾਲੇ ਉਥੇ ਬੱਚੇ ਥੋੜ੍ਹੀ ਗਿਣਤੀ ਵਿਚ ਸਿਖਲਾਈ ਪ੍ਰਾਪਤ ਕਰ ਰਹੇ ਹਨ । ਉਥੇ ਸਟੈਨੋਗ੍ਰਾਫੀ ਦੀ ਕੋਚਿੰਗ ਵੀ ਦਿੱਤੀ ਜਾਂਦੀ ਹੈ ਅਤੇ ਹੋਰ ਵੀ ਬਹੁਤ ਸਾਰੇ ਖੇਤਰਾਂ ਲਈ ਟਰੇਨਿੰਗ ਦਿੱਤੀ ਜਾਂਦੀ ਹੈ । ਇਸ ਲਈ ਇਸ ਦਾ ਹੋਰ ਵਿਸਥਾਰ ਕਰਨਾ ਚਾਹੀਦਾ ਹੈ ਤਾਂ ਜੋ ਗਰੀਬ ਵਰਗ ਦੇ, ਸ਼ਡਿਊਲਡ ਕਾਸਟ ਲੋਕਾਂ ਦੇ ਬੱਚੇ ਇਥੋਂ ਫ਼ਾਇਦਾ ਉਠਾ ਸਕਣ ਅਤੇ ਟਰੇਨਿੰਗ ਲੈ ਕੇ ਵੱਖ ਵੱਖ ਸਰਵਿਸਜ਼ ਦੇ ਵਿੱਚ ਜਾ ਸਕਣ ।

ਇਸ ਤੋਂ ਬਾਅਦ, ਸਪੀਕਰ ਸਾਹਿਬ, ਮੈਂ ਹਾਊਸਿੰਗ ਦੇ ਬਾਰੇ ਬੇਨਤੀ ਕਰਨਾ ਚਾਹੁੰਦਾ ਹਾਂ.....

ਸ੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਅਜੇ ਤਾਂ ਮੈਂ ਕਈ ਨੁਕਤਿਆਂ ਤੇ ਬੋਲਣਾ ਹੈ ।

ਸ੍ਰੀ ਸਪੀਕਰ : ਤੁਹਾਡੇ ਲੀਡਰ ਨੇ ਵੀ ਬੋਲਣਾ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਸਾਡੀ ਪਾਰਟੀ ਦਾ ਟਾਈਮ ਹੈ । ਲੀਡਰ ਸਾਹਿਬ ਵੀ ਬੋਲਣਗੇ । ਬੜਾ ਟਾਈਮ ਹੈ । ਚਾਰ ਦਿਨ ਡਿਸਕਸ਼ਨ ਵਾਸਤੇ ਰੱਖੇ ਗਏ ਹਨ । ਸਪੀਕਰ ਸਾਹਿਬ, ਜਿਸ ਵੇਲੇ ਤੁਹਾਨੂੰ ਸਪੀਕਰ ਬਣਾਇਆ ਗਿਆ ਸੀ ਤਾਂ ਬਾਦਲ ਸਾਹਿਬ ਨੇ ਕਿਹਾ ਸੀ ਕਿ 'ਰੰਗਰੇਟੇ ਗੁਰੂ ਕੇ ਬੇਟੇ'। ਮੈਂ ਤਾਂ ਸ਼ਡਿਊਲਡ ਕਾਸਟਾਂ ਉਤੇ ਬੋਲ ਰਿਹਾ ਹਾਂ ਤੇ ਮੈਂ ਸਮਝਦਾ ਹਾਂ ਕਿ ਤੁਸੀ ਮੈਨੂੰ ਵੱਧ ਟਾਈਮ ਜ਼ਰੂਰ ਦਿਓਗੇ । ਮੈਂ ਬੇਨਤੀ ਕਰ ਰਿਹਾ ਸੀ ਕਿ ਦੋ ਵੱਡੀਆਂ ਗੱਲਾਂ ਇਸ ਸਰਕਾਰ ਨੇ ਕਹੀਆਂ ਸਨ । ਇਕ ਤਾਂ ਸ਼ਡਿਊਲਡ ਕਾਸਟਾਂ ਦੀਆਂ ਬੱਚੀਆਂ ਨੂੰ ਵਿਆਹ ਤੇ 5100 ਰੁਪਏ ਦਾ ਸ਼ਗਨ ਪਾਵਾਂਗੇ । ਦੂਸਰਾ ਜਿਹੜਾ ਕੱਚੇ ਮਕਾਨਾਂ ਨੂੰ ਪੱਕੇ ਕਰਨ ਵਾਸਤੇ 15,000 ਰੁਪਏ ਦਿੱਤੇ ਜਾਂਦੇ ਸਨ, ਉਸ ਰਕਮ ਨੂੰ ਵਧਾ ਕੇ 50,000 ਰੁਪਏ ਕੀਤਾ ਜਾਵੇਗਾ ਅਤੇ 12,000 ਮਕਾਨ ਬਣਾ ਕੇ ਦਿੱਤੇ ਜਾਣਗੇ । ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਨੇ ਆਪਣੇ ਐਡਰੈੱਸ ਵਿਚ ਕਿਹਾ ਸੀ ਅਤੇ ਬਾਦਲ ਸਾਹਿਬ ਨੇ ਵੀ ਡਿਬੇਟ ਦਾ ਜਵਾਬ ਦਿੰਦਿਆਂ ਕਿਹਾ ਸੀ ਕਿ ਇਸ ਸਕੀਮ ਉਤੇ 60 ਕਰੋੜ ਰੁਪਏ ਖਰਚ ਕਰਨੇ ਹਨ । ਇਸ ਵਿਚੋਂ 10 ਕਰੋੜ ਰੁਪਏ ਸਾਲ 1996-97 ਵਿੱਚ ਖਰਚ ਕਰਨੇ ਹਨ ਅਤੇ 50 ਕਰੋੜ ਰੁਪਏ ਸਾਲ 1997-98 ਵਿਚ ਖਰਚ ਕਰਨੇ ਹਨ । ਸਾਲ 1996-97 ਤਾਂ ਲੰਘ ਗਿਆ ਹੈ ਅਤੇ ਕੋਈ ਇਕ ਵੀ ਮਕਾਨ ਨਹੀਂ ਬਣਿਆ । ਸਪੀਕਰ ਸਾਹਿਬ, ਇਸ ਦੇ ਮੁਤੱਲਕ ਮੈਂ ਬੜੇ ਵਾਅਜ਼ੇ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ 50,000 ਰੁਪਏ ਜਿਹੜੇ ਇਕ ਮਕਾਨ ਦੇ ਦੇਣੇ ਹਨ, ਉਹ ਮਕਾਨ ਕਲੱਸਟਰ ਰੂਪ ਵਿਚ ਇਕ ਪਿੰਡ ਵਿੱਚ ਬਣਾਉਣੇ ਹਨ ਅਤੇ ਇਸ ਕੰਮ ਲਈ ਇਕ ਏਕੜ ਜ਼ਮੀਨ ਖਰੀਦੀ ਜਾਵੇਗੀ । ਪਿੰਡਾਂ ਵਿੱਚ ਹੁਣ ਜ਼ਮੀਨਾਂ ਦੇ ਭਾਅ ਬਹੁਤ ਵਧ ਗਏ ਹਨ । ਜ਼ਮੀਨ ਖਰੀਦਣ ਵਾਸਤੇ ਕਈ ਰਿਕੁਆਇਰਮੈਂਟਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ । ਨੋਟੀਫਿਕੇਸ਼ਨ ਵੀ ਕਰਨੀ ਹੁੰਦੀ ਹੈ, ਉਸ ਤੋਂ ਬਾਅਦ ਸੈਕਸ਼ਨ 4 ਤੇ 9 ਦਾ ਨੋਟਿਸ ਵੀ ਦੇਣਾ ਹੁੰਦਾ ਹੈ ਜਿਸ ਕਾਰਨ ਡਿਲੇਅ ਹੋ ਜਾਂਦੀ ਹੈ ਅਤੇ ਕਈ

ਮਸਲੇ ਖੜ੍ਹੇ ਹੋ ਜਾਂਦੇ ਹਨ । ਜੇਕਰ ਇਹ ਮਕਾਨ ਕਲੱਸਟਰ ਰੂਪ ਵਿਚ 10-10 ਜਾਂ 20-20 ਬਣਾਉਣੇ ਹਨ ਤਾਂ ਇਸ ਵਿਚੋਂ ਵੀ ਪੈਸੇ ਨਿਕਲਣਗੇ । ਜੇਕਰ ਪੰਚਾਇਤਾਂ ਜ਼ਮੀਨ ਦੇ ਦੇਣ ਤਾਂ ਠੀਕ ਹੈ, ਨਹੀਂ ਤਾਂ ਬੜੀ ਔਖੀ ਗੱਲ ਹੋ ਜਾਵੇਗੀ । ਜੇਕਰ 10-10 ਜਾਂ 20-20 ਦੇ ਕਲੱਸਟਰ ਵਿਚ ਮਕਾਨ ਬਣਾਵਾਂਗੇ ਤਾਂ ਫਿਰ ਲੋਕ ਕਹਿਣਗੇ ਕਿ ਉਹ ਸ਼ਡਿਊਲਡ ਕਾਸਟਾਂ ਦੀ ਬਸਤੀ ਹੈ ਅਤੇ ਅਸੀਂ ਉਨ੍ਹਾਂ ਨੂੰ ਫਿਰ ਬਸਤੀਆਂ ਵਾਲੇ ਪਾਸੇ ਲਿਜਾ ਰਹੇ ਹਾਂ । ਇਨ੍ਹਾਂ ਨੇ ਦੱਸਿਆ ਹੈ ਕਿ 12,000 ਮਕਾਨ ਬਣਾਉਣੇ ਹਨ । 12,000 ਤਾਂ ਪੰਜਾਬ ਵਿਚ ਪਿੰਡ ਹੀ ਹਨ । ਇਸ ਹਿਸਾਬ ਨਾਲ ਤਾਂ ਇਕ ਪਿੰਡ ਵਿਚ ਇਕ ਮਕਾਨ ਹੀ ਬਣੇਗਾ । ਅਗਲੀ ਗੱਲ ਵਿਚ ਕਿਹਾ ਗਿਆ ਹੈ ਕਿ ਮਕਾਨ ਹੁਡਕੋ ਜਾਂ ਪੁੱਡਾ ਬਣਾਵੇਗਾ । ਜੇਕਰ ਮਕਾਨ ਕਲੱਸਟਰ ਵਿਚ ਬਣਾਉਣੇ ਹਨ ਤਾਂ ਫਿਰ ਪ੍ਰਤੀ ਮਕਾਨ 50,000 ਰੁਪਏ ਖਰਚ ਨਹੀਂ ਹੋਣੇ । ਇਸ ਪਾਸੇ ਵੱਲ ਜ਼ਰੂਰ ਥੋੜ੍ਹਾ ਜਿਹਾ ਧਿਆਨ ਦਿਓ . . . (ਸ਼ੋਰ) (ਵਿਘਨ)

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀ ਜਗਦੀਸ਼ ਸਾਹਨੀ ਬਿਨਾਂ ਇਜ਼ਾਜ਼ਤ ਕੁਝ ਬੋਲ ਰਹੇ ਸਨ ਜਿਹੜਾ ਕਿ ਸਾਫ਼ ਸੁਣਾਈ ਨਹੀਂ ਸੀ ਦੇ ਰਿਹਾ ।)

ਸਾਹਨੀ ਸਾਹਿਬ ਮੇਰੀ ਗੱਲ ਸੁਣੋ . . . ਤੁਸੀਂ ਤਾਂ ਬੋਲਣਾ ਨਹੀਂ, ਮੇਰੀ ਗੱਲ ਧਿਆਨ ਨਾਲ ਸੁਣੋ ।

Shri Jagdish Sawhney : He is not supposed to ask about us. ਇਹ ਕਹਿੰਦੇ ਹਨ ਕਿ ਅਸੀਂ ਬੋਲਣਾ ਨਹੀਂ । ਸਾਡੀ ਪਾਰਟੀ ਬੀ ਜੇ ਪੀ ਅਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਖੁਲ੍ਹੇ ਦਰਸ਼ਨ ਹਨ ਅਤੇ ਕੋਈ ਵੀ ਮੈਂਬਰ ਖੁਲ੍ਹ ਕੇ ਆਪਣੇ ਵਿਚਾਰ ਦੇ ਸਕਦਾ ਹੈ । ਕਾਂਗਰਸੀਆਂ ਵਾਂਗੂ ਆਪਣੇ ਮੈਂਬਰਾਂ ਨੂੰ ਸਨੌਬ ਨਹੀਂ ਕੀਤਾ ਜਾਂਦਾ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸਦੇ ਵਿੱਚ ਮਹਿਸੂਸ ਕਰਨ ਦੀ ਲੋੜ ਨਹੀਂ ਹੈ । ਇਹ ਠੀਕ ਹੈ ਕਿ ਸਾਡੇ ਵੱਡੇ ਬਜ਼ੁਰਗ ਨੂੰ ਬਾਦਲ ਸਾਹਿਬ ਨੇ ਵਜ਼ੀਰ ਬਣਾਇਆ ਹੈ ਔਰ ਸਾਨੂੰ 10% ਹਿੱਸਾ ਵਜ਼ੀਰੀ ਵਿੱਚ ਦਿੱਤਾ ਗਿਆ ਹੈ ਪਰ ਸਾਡਾ 25-28% ਹਿੱਸਾ ਆਬਾਦੀ ਦੇ ਲਿਹਾਜ਼ ਨਾਲ ਬਣਦਾ ਹੈ । ਸਾਡੇ ਬੜੇ ਪੁਰਾਣੇ ਅਤੇ ਸਿਆਣੇ ਲੀਡਰ ਹਨ, ਕੁਝ

[ਚੌਧਰੀ ਜਗਜੀਤ ਸਿੰਘ]

ਨੌਜਵਾਨ ਪਿੱਛੇ ਬੈਠੇ ਹਨ । ਜਦੋਂ ਵਜ਼ਾਰਤ ਵਿੱਚ ਵਾਧਾ ਹੋਣਾ ਹੈ ਤਾਂ ਸਾਡੀ ਪਰਸੈਂਟੇਜ ਦੇ ਮੁਤਾਬਿਕ ਉਨ੍ਹਾਂ ਨੇ ਵਜ਼ੀਰ ਬਣਨਾ ਹੈ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਬੜੇ ਸਿਆਣੇ ਹਨ, ਉਹ ਸਾਡੀ ਪਰਸੈਂਟੇਜ ਕਾਇਮ ਰੱਖਣ ਅਤੇ ਇਸ ਤੇ ਕੱਟ ਨਾ ਲਗਾਉਣ । ਮੈਂ ਅਰਜ਼ ਕਰ ਰਿਹਾ ਸੀ ਕਿ 60 ਕਰੋੜ ਰੁਪਿਆ ਜਿਹੜਾ ਮਕਾਨਾਂ ਲਈ ਰੱਖਿਆ ਗਿਆ ਹੈ, ਇਸ ਸਕੀਮ ਦਾ ਕੋਈ ਵਾਲੀ-ਵਾਰਸ ਨਹੀਂ । ਪਹਿਲਾਂ ਸ਼ਡਿਊਲਡ ਕਾਸਟ ਕਾਰਪੋਰੇਸ਼ਨ 15,000 ਰੁਪਏ ਮਕਾਨ ਦੀ ਉਸਾਰੀ ਲਈ ਦਿੰਦੀ ਸੀ ਪਰ ਉਸ ਦੇ ਕੋਲ ਅਜਿਹੀ ਕੋਈ ਸਕੀਮ ਨਹੀਂ । ਫਿਰ ਸਰਕਾਰ ਪੁੱਡਾ ਦੇ ਕੋਲ ਗਈ, ਉਸਦੇ ਕੋਲ ਵੀ ਕੋਈ ਅਜਿਹੀ ਸਕੀਮ ਨਹੀਂ । ਫਿਰ ਹੁੱਡਕੋ ਕੋਲ ਗਈ ਅਤੇ ਉਨ੍ਹਾਂ ਨੇ ਵੀ ਕਿਹਾ ਕਿ ਸਾਡੇ ਕੋਲ ਅਜਿਹੀ ਕੋਈ ਸਕੀਮ ਨਹੀਂ ਹੈ ਅਤੇ ਅਸੀਂ ਤਾਂ ਕੇਵਲ ਛੋਟੇ ਛੋਟੇ ਮਕਾਨ ਬਣਾਉਣ ਲਈ ਕਰਜ਼ੇ ਦਿੰਦੇ ਹਾਂ। ਹਾਊਸਫੈਡ ਵੀ ਹੁੱਡਕੋ ਤੋਂ ਹੀ ਲੋਨ ਲੈਂਦਾ ਹੈ ਅਤੇ ਹੁੱਡਕੋ ਨੇ ਸਰਕਾਰ ਨੂੰ ਸਾਫ ਨਾਂਹ ਕਰ ਦਿੱਤੀ ਹੈ । ਸਪੀਕਰ ਸਾਹਿਬ, ਮੈਨੂੰ ਪਤਾ ਨਹੀਂ ਅਤੇ ਸ਼ੰਕਾ ਹੈ ਕਿ ਇਹ ਪੈਸਾ ਕਿਥੋਂ ਆਵੇਗਾ । ਮੈ ਸਿਰਫ ਬਾਦਲ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਕਿਤੇ ਇਹ ਸਕੀਮ ਵੀ ਨੇਪਰੇ ਨਾ ਚੜ੍ਹੇ । ਪੰਜਾਬ ਸਰਕਾਰ ਵੱਲੋਂ ਈਮਾਨਦਾਰੀ ਨਾਲ ਇਸ ਤੇ ਗੌਰ ਕਰਨ ਨਾਲ ਹੀ ਇਹ ਸਕੀਮ ਨੇਪਰੇ ਚੜ੍ਹ ਸਕਦੀ ਹੈ । ਮੈਨੂੰ ਆਸ ਨਹੀਂ ਕਿ ਜੇ ਬਾਦਲ ਸਾਹਿਬ ਨਹੀਂ ਚਾਹੁਣਗੇ ਤਾਂ ਕੰਮ ਨੇਪਰੇ ਚੜ੍ਹ ਸਕਣਗੇ ? ਪਹਿਲਾਂ ਹੀ 4-5 ਮਹੀਨੇ ਦਾ ਸਮਾਂ ਲੰਘ ਗਿਆ ਹੈ ਪਰ ਹਾਊਸਿੰਗ ਸਕੀਮ ਲਈ ਸਰਕਾਰ ਵੱਲੋਂ ਕੋਈ ਖਰਚਾ ਨਹੀਂ ਕੀਤਾ ਗਿਆ । ਹੁੱਡਕੋ ਤੋਂ ਤਾਂ ਪੈਸਾ ਮਿਲਦਾ ਨਹੀਂ ਅਤੇ ਨਾ ਹੀ ਕਿਸੇ ਮਹਿਕਮੇ ਨੂੰ ਜ਼ੁੰਮੇਵਾਰੀ ਸੌਂਪੀ ਹੈ ਕਿ ਉਸ ਨੇ ਕੰਮ ਕਰਵਾਉਣਾ ਹੈ । ਬਾਦਲ ਸਾਹਿਬ ਨੂੰ ਇਸ ਸਬੰਧ ਵਿੱਚ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਜਿਹੜੀ ਇਸ ਤੇ ਗੌਰ ਕਰੇ । ਪਹਿਲਾਂ ਇਕ ਹਾਈ-ਪਾਵਰਡ ਕਮੇਟੀ ਹੁੰਦੀ ਸੀ ਅਨੁਸੂਚਿਤ ਜਾਤੀਆਂ ਦੀ ਭਲਾਈ ਵਾਸਤੇ ਅਤੇ ਉਸ ਦੇ ਪ੍ਰਧਾਨ ਮੁੱਖ ਮੰਤਰੀ ਜੀ ਖੁਦ ਹੋਇਆ ਕਰਦੇ ਸਨ, ਲੇਕਿਨ ਇਸ ਵਾਰ 4 ਮਹੀਨੇ ਦਾ ਸਮਾਂ ਹੋ ਗਿਆ ਹੈ, ਉਹ ਕਮੇਟੀ ਨਹੀਂ ਬਣੀ । ਇਹ ਕਮੇਟੀ ਬਣਨੀ ਚਾਹੀਦੀ ਸੀ ਕਿਉਂਕਿ ਜਦੋਂ ਸੈਸ਼ਨ ਲੱਗੇ ਤਾਂ ਉਸ ਕਮੇਟੀ ਵਿੱਚ ਹੋਏ ਫੈਸਲਿਆਂ ਮੁਤਾਬਿਕ ਇਥੇ ਫੈਸਲੇ ਲਏ ਜਾ ਸਕਦੇ ਹਨ । ਜਦੋਂ ਕਮੇਟੀ ਬਣ ਜਾਵੇਗੀ ਤਾਂ ਦੋ ਮਹੀਨਿਆਂ ਪਿਛੋਂ ਉਸ ਦੀ ਮੀਟਿੰਗ ਹੋਵੇਗੀ ਅਤੇ ਕਾਫੀ ਗੱਲਾਂ ਹਾਊਸ ਦੇ ਸਾਹਮਣੇ ਆਉਣਗੀਆਂ ।

ਦੂਜੀ, ਸਪੀਕਰ ਸਾਹਿਬ, ਜਿਹੜੀ ਸ਼ਗਨ ਵਾਲੀ ਸਕੀਮ ਹੈ, ਤੁਸ ਦੇ ਬਾਰੇ ਵਿੱਚ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮੰਤਰੀ ਸਾਹਿਬ ਨੇ ਤਾਂ ਕਿਹਾ ਸੀ ਕਿ ਇਕ ਹਫਤੇ ਦਾ ਟਾਈਮ ਦਿੱਤਾ ਜਾਵੇਗਾ ਸ਼ਗਨ ਦੀ ਰਕਮ ਦੇਣ ਲਈ, ਪਰ ਸਾਡੇ ਧਿਆਨ ਵਿੱਚ ਆਇਆ ਹੈ ਕਿ ਐਸ.ਡੀ.ਐਮਜ਼ ਨੇ ਇਕ ਮਹੀਨੇ ਦਾ ਸਮਾਂ ਦਿੱਤਾ ਹੈ ਕਿ ਇਕ ਮਹੀਨਾ ਪਹਿਲਾਂ ਸ਼ਗਨ ਲਈ ਅਪਲਾਈ ਕੀਤਾ ਜਾਵੇ ਅਤੇ ਵਿਆਹ ਦਾ ਕਾਰਡ ਨਾਲ ਲਗਾਇਆ ਜਾਵੇ । ਇਸ ਲਈ ਗਰੀਬ ਲੋਕਾਂ ਨੂੰ ਜਿਨ੍ਹਾਂ ਕੋਲ ਵਿਆਹ ਲਈ ਭਾਵੇਂ ਪੈਸੇ ਹੋਣ ਜਾਂ ਨਾ ਪਰ ਇਕ ਮਹੀਨਾ ਪਹਿਲਾਂ ਕਾਰਡਾਂ ਤੇ 4-5 ਹਜ਼ਾਰ ਰੁਪਏ ਖਰਚ ਕਰਨੇ ਪੈਣਗੇ । ਇਸੇ ਤਰ੍ਹਾਂ ਸਰਕਾਰ ਵੱਲੋਂ ਹੁਣ ਇਨਕਮ ਦੀ ਹੱਦ ਫਿਕਸ ਕੀਤੀ ਗਈ ਹੈ । ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਕਿਹਾ ਗਿਆ ਸੀ ਕਿ ਅਸੀਂ ਹਰ ਇਕ ਅਨੁਸੂਚਿਤ ਜਾਤੀ ਦੀ ਲੜਕੀ ਨੂੰ 5100 ਰੁਪਏ ਦਾ ਸ਼ਗਨ ਪੰਜਾਬ ਸਰਕਾਰ ਵੱਲੋਂ ਜਿਸ ਤਰ੍ਹਾਂ ਨਾਨਕੇ ਦੇਣ ਜਾਂਦੇ ਹਨ, ਦੇਣ ਜਾਇਆ ਕਰਾਂਗੇ ਅਤੇ ਸਰਕਾਰ ਵਲੋਂ ਹਰ ਲੜਕੀ ਨੂੰ ਸ਼ਗਨ ਦਿੱਤਾ ਜਾਵੇਗਾ ਪਰ ਹੁਣ ਸਰਕਾਰ ਵੱਲੋਂ ਇਸ ਵਿੱਚ ਸੋਧ ਕਰਕੇ 16,000 ਰੁਪਏ ਦੀ ਇਨਕਮ ਦੀ ਲਿਮਟ ਲਗਾ ਦਿੱਤੀ ਹੈ । ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਜਿਹੜੇ ਇਨਕਮ ਟੈਕਸ ਅਦਾ ਕਰਦੇ ਹਨ, ਤੁਨ੍ਹਾਂ ਨੂੰ ਛੱਡ ਕੇ ਬਾਕੀ ਸਾਰਿਆਂ ਅਨੁਸੂਚਿਤ ਜਾਤੀਆਂ ਦੇ ਪ੍ਰਵਾਰਾਂ ਦੀਆਂ ਲੜਕੀਆਂ ਦੇ ਵਿਆਹ ਤੇ 5,100 ਰੁਪਏ ਦਾ ਸ਼ਗਨ ਦੇਣਾ ਚਾਹੀਦਾ ਹੈ । 16,000 ਦੀ ਲਿਮਟ ਵਿੱਚ ਤਾਂ ਕਲਾਸ-ਫੋਰ ਦੇ ਕਰਮਚਾਰੀ ਵੀ ਨਹੀਂ ਆਉਂਦੇ । ਇਸ ਲਈ ਜੇ ਸਰਕਾਰ ਦੀ ਗਰੀਬਾਂ ਦੀ ਮੱਦਦ ਕਰਨ ਦੀ ਅਸਲ ਮਨਸ਼ਾ ਹੈ ਕਿ ਹਰ ਗਰੀਬ ਨੂੰ ਸਹਾਇਤਾ ਦਿੱਤੀ ਜਾਵੇ ਤਾਂ ਇਸ ਤੇ ਗੌਰ ਕਰਨਾ ਚਾਹੀਦਾ ਹੈ ।

ਸਪੀਕਰ ਸਾਹਿਬ, ਪੰਜਾਬ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਕਾਰਪੋਰੇਸ਼ਨ ਜੋ ਹੈ, ਉਸ ਬਾਰੇ ਜ਼ਿਕਰ ਕਰਦਿਆਂ ਪਿਛਲੀ ਵਾਰ ਬਾਦਲ ਸਾਹਿਬ ਨੇ ਐਲਾਨ ਕੀਤਾ ਸੀ ਕਿ ਚੌਧਰੀ ਜਗਜੀਤ ਸਿੰਘ ਜਿੰਨੇ ਪੈਸੇ ਕਹਿਣਗੇ, ਉਨੇ ਪੈਸੇ ਇਸ ਕਾਰਪੋਰੇਸ਼ਨ ਨੂੰ ਦੇ ਦਿੱਤੇ ਜਾਣਗੇ । ਇਸ ਤੋਂ ਇਲਾਵਾ ਸ਼ੇਅਰ ਕੈਪੀਟਲ ਵਾਸਤੇ 30 ਕਰੋੜ ਰੁਪਏ ਆਥੋਰਾਈਜ਼ਡ ਸਨ ਪਰ 25 ਕਰੋੜ ਰੁਪਏ ਦਿੱਤੇ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਪੈਸਾ ਜਲਦੀ ਤੋਂ ਜਲਦੀ ਦਿੱਤਾ ਜਾਵੇ, ਤਾਂ ਹੀ ਗੌਰਮਿੰਟ ਆਫ ਇੰਡੀਆ ਤੋਂ ਫੰਡ ਮਿਲ ਸਕਣਗੇ । ਪਿਛਲੇ ਸਾਲ ਇਹ ਪੈਸੇ ਨਹੀਂ ਮਿਲੇ ਸਨ ਪਰ ਐਤਕੀਂ ਕਿਹਾ ਗਿਆ ਹੈ ਕਿ ਇਹ ਪੈਸਾ ਦੇਵਾਂਗੇ । ਇਸ ਕਰਕੇ

[ਚੌਧਰੀ ਜਗਜੀਤ ਸਿੰਘ]

ਇਹ ਫੰਡ ਜਲਦੀ ਤੋਂ ਜਲਦੀ ਦਿੱਤੇ ਜਾਣ, ਤਾਂ ਹੀ ਤੁਤੋਂ ਪੈਸੇ ਮਿਲ ਸਕਣਗੇ। ਇਸ ਤੋਂ ਇਲਾਵਾ ਕਾਰਪੋਰੇਸ਼ਨ ਵਿੱਚ ਸਭ ਤੋਂ ਵੱਡੀ ਗੱਲ ਕੈਪੀਟਲ ਸਬਸਿਡੀ ਦੀ ਹੈ। ਇਹ ਸਬਸਿਡੀ ਯੈਲੋ ਕਾਰਡ ਵਾਲਿਆਂ ਨੂੰ ਮਿਲਦੀ ਸੀ ਪਰ ਹੁਣ ਇਸ ਵਾਸਤੇ ਵੀ ਪੈਸਾ ਨਹੀਂ ਰੱਖਿਆ ਗਿਆ ਹੈ। ਗਰੀਬਾਂ ਦੀ ਆਰਥਿਕ ਹਾਲਤ ਤਾਂ ਹੀ ਠੀਕ ਹੋ ਸਕਦੀ ਹੈ ਜੇਕਰ ਸ਼ੇਅਰ ਕੈਪੀਟਲ ਤੇ ਸਬਸਿਡੀ ਦਿੱਤੀ ਜਾਵੇ ਪਰ ਹੁਣ ਇਹ ਪੈਸਾ ਨਹੀਂ ਦਿੱਤਾ ਗਿਆ। ਜੇ ਇਹ ਸਬਸਿਡੀ ਨਹੀਂ ਦਿੰਦੇ ਤਾਂ ਗਰੀਬਾਂ ਦਾ ਭਲਾ ਕਰਨ ਵਾਲੀ ਗੱਲ ਸਿਰਫ ਕਾਗਜ਼ੀ ਕਾਰਵਾਈ ਹੀ ਹੋਵੇਗੀ।

ਸ੍ਰੀ ਸਪੀਕਰ : ਵਾਈਂਡ ਅੱਪ ਕਰੋ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ 4-5 ਗੱਲਾਂ ਹੀ ਕਰਨੀਆਂ ਹਨ। ਟਾਈਮ ਥੋੜ੍ਹਾ ਹੈ। ਸਪੀਕਰ ਸਾਹਿਬ, ਇਕ ਆਨ ਦੀ ਜੌਬ ਟ੍ਰੇਨਿੰਗ ਸਕੀਮ ਸੀ ਪਰ ਉਸ ਸਕੀਮ ਨੂੰ ਹੁਣ ਖਤਮ ਕਰ ਦਿੱਤਾ ਗਿਆ ਹੈ। ਉਸ ਵਿਚ ਬੱਚੇ ਟ੍ਰੇਨਿੰਗ ਲੈਂਦੇ ਸਨ। ਹਰੀਜਨਾਂ, ਗਰੀਬ ਲੋਕਾਂ ਜਾਂ ਸ਼ਡਿਊਲਡ ਕਾਸਟ ਲੋਕਾਂ ਦੀਆਂ ਬਸਤੀਆਂ ਦਾ ਐਨਵਾਇਰਨਮੈਂਟ ਠੀਕ ਕਰਨ ਵਾਸਤੇ ਵੀ ਕੋਈ ਪੈਸਾ ਨਹੀਂ ਰੱਖਿਆ ਗਿਆ ਹੈ। ਇਹ ਸਕੀਮ ਵੀ ਡਰਾਪ ਕਰ ਦਿੱਤੀ ਗਈ ਹੈ। ਪਹਿਲਾਂ ਲੋਕੀਂ ਖੱਡਿਆਂ ਵਿਚ ਰੂੜੀ ਪਾ ਲੈਂਦੇ ਸਨ ਜਿਸ ਕਾਰਨ ਬਸਤੀਆਂ ਠੀਕ ਹੋ ਜਾਂਦੀਆਂ ਸਨ ਪਰ ਹੁਣ ਇਹ ਸਕੀਮ ਹੀ ਡਰਾਪ ਕਰ ਦਿੱਤੀ ਗਈ ਹੈ। ** **

ਸ੍ਰੀ ਸਪੀਕਰ : ਲਾਅ ਐਂਡ ਆਰਡਰ ਬਾਰੇ ਤੁਸੀਂ ਫਿਰ ਟਾਈਮ ਲੈ ਲੈਣਾ।

ਚੌਧਰੀ ਜਗਜੀਤ ਸਿੰਘ : ** **

ਸ੍ਰੀ ਸਪੀਕਰ : ਤੁਸੀਂ ਦੋ ਮਿੰਟਾਂ ਵਿਚ ਖਤਮ ਕਰ ਦਿਓ।

ਚੌਧਰੀ ਜਗਜੀਤ ਸਿੰਘ : ** **

ਸ੍ਰੀ ਸਪੀਕਰ : ਤੁਸੀਂ ਖਤਮ ਕਰੋ। ਬੈਠ ਜਾਓ।

ਚੌਧਰੀ ਜਗਜੀਤ ਸਿੰਘ : ** **

ਸ੍ਰੀ ਸਪੀਕਰ : ਇਹ ਸਭ ਐਕਸਪੰਜ ਕੀਤਾ ਜਾਂਦਾ ਹੈ।

**Expunged as ordered by the Chair.

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਸਪੋਰਟਸ ਦੇ ਬਾਰੇ ਗੱਲ ਕਰਨੀ ਚਾਹੁੰਦਾ ਹਾਂ । ਸਾਡੇ ਖਿਡਾਰੀਆਂ ਨੇ ਬੜਾ ਅੱਛਾ ਯੋਗਦਾਨ ਪਾਇਆ ਹੈ । ਮਨਪ੍ਰੀਤ ਸਿੰਘ ਨੇ ਵੀ ਇਸ ਸਬੰਧੀ ਕੱਲ੍ਹ ਕਿਹਾ ਸੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਹੌਸਲਾ ਅਫਜ਼ਾਈ ਵਾਸਤੇ ਸਾਨੂੰ ਹਾਊਸ ਵਿੱਚ ਬਕਾਇਦਾ ਰੈਜ਼ੋਲਿਊਸ਼ਨ ਲਿਆ ਕੇ ਪਾਸ ਕਰਨਾ ਚਾਹੀਦਾ ਹੈ । ਧੰਨਵਾਦ ।

ਵਿੱਤ ਮੰਤਰੀ : ਸਪੀਕਰ ਸਾਹਿਬ, ਤੁਸੀਂ ਰੂਲਿੰਗ ਦਿੱਤੀ ਹੈ ਔਰ ਜੋ ਮਾਨਯੋਗ ਮੈਂਬਰ ਕਹਿ ਰਹੇ ਹਨ, ਇਸ ਮੈਟਰ ਦਾ ਇਸ ਡਿਸਕਸ਼ਨ ਨਾਲ ਕੋਈ ਸਬੰਧ ਨਹੀਂ ਹੈ । ਤੁਸੀਂ ਇਸ ਦੇ ਉਤੇ ਰੂਲਿੰਗ ਦੇ ਦਿਉ । ਮੈਂ ਸਿਫਾਰਸ਼ ਕਰਦਾ ਹਾਂ ਕਿ ਇਸ ਨੂੰ ਐਕਸਪੰਜ ਕੀਤਾ ਜਾਵੇ ।

ਸ੍ਰੀ ਸਪੀਕਰ : ਇਹ ਸ਼ਬਦ ਮੈਂ ਪਹਿਲਾਂ ਹੀ ਕੱਢ ਦਿੱਤੇ ਹਨ । ਹੁਣ ਸਰਦਾਰ ਮਨਪ੍ਰੀਤ ਸਿੰਘ ਬਾਦਲ ਬੋਲਣਗੇ ।

ਸਰਦਾਰ ਮਨਪ੍ਰੀਤ ਸਿੰਘ ਬਾਦਲ (ਗਿੱਦੜਬਾਹਾ) : ਮੁਅੱਜ਼ਜ਼ ਸਪੀਕਰ ਸਾਹਿਬ ਅੱਜ ਪ੍ਰਮਾਤਮਾ ਨੇ ਸਾਡੇ ਹੱਥਾਂ ਵਿੱਚ ਤਾਕਤ ਬਖਸ਼ੀ ਹੈ, ਖਾਸ ਕਰਕੇ ਜਿਹੜੇ ਮੈਂਬਰ ਇਸ ਸਦਨ ਵਿੱਚ ਚੁਣ ਕੇ ਆਏ ਹਨ ਕਿ ਅਸੀਂ ਆਪਣੀ ਮਿਹਨਤ ਨਾਲ, ਆਪਣੀ ਲਿਆਕਤ ਨਾਲ ਆਪਣੇ ਇਸ ਸੋਹਣੇ ਪੰਜਾਬ ਦੇ ਵਿੱਚੋਂ ਹਮੇਸ਼ਾ ਵਾਸਤੇ ਗਰੀਬੀ ਹਟਾ ਸਕਦੇ ਹਾਂ ਔਰ ਖੁਸ਼ਹਾਲੀ ਲਿਆ ਸਕਦੇ ਹਾਂ । ਜਿਨ੍ਹਾਂ ਲੋਕਾਂ ਤੇ ਪ੍ਰਮਾਤਮਾ ਦੀਆਂ ਏਨੀਆਂ ਬਖਸ਼ਿਸ਼ਾਂ ਹੋਣ, ਉਨ੍ਹਾਂ ਤੇ ਤਾਂ ਆਸਾਂ ਅਤੇ ਉਮੀਦਾਂ ਵੀ ਰੱਖੀਆਂ ਜਾਂਦੀਆਂ ਹਨ । ਉਨ੍ਹਾਂ ਲੋਕਾਂ ਤੇ ਤਾਂ ਤਵੱਕੋਆਤ ਵੀ ਰੱਖੀਆਂ ਜਾਂਦੀਆਂ ਹਨ । ਅੱਜ ਤੋਂ ਕਿਸੇ ਅਗਲੀ ਤਰੀਕ ਵਿਚ ਜਦੋਂ ਪ੍ਰਮਾਤਮਾ ਦੀ ਕਚਹਿਰੀ ਵਿੱਚ ਹਿਸਾਬ ਹੋਇਆ ਕਿ ਅਸੀਂ ਆਪਣੇ ਥੋੜ੍ਹੇ ਜਿਹੇ ਅਰਸੇ ਵਿੱਚ ਜਦੋਂ ਸਾਡੇ ਸੂਬੇ ਦੀ ਜ਼ਿੰਮੇਵਾਰੀ ਸਾਡੇ ਕੰਧਿਆਂ ਤੇ ਰੱਖੀ ਗਈ ਸੀ, ਆਪਣੀ ਜ਼ਿੰਮੇਵਾਰੀ ਨਿਭਾ ਸਕੇ ਕਿ ਨਹੀਂ ਤਾਂ ਮੈਂ ਸਮਝਦਾ ਹਾਂ ਕਿ ਸਾਨੂੰ ਤਿੰਨ ਸਵਾਲਾਂ ਦੇ ਜਵਾਬ ਦੇਣੇ ਪੈਣਗੇ । ਪਹਿਲੀ, ਕੀ ਸਾਡੇ ਵਿੱਚ ਉਹ ਹਿੰਮਤ ਸੀ ਕਿ ਅਸੀਂ ਆਪਣੇ ਦੁਸ਼ਮਣਾਂ ਦੇ ਖਿਲਾਫ ਹੀ ਨਹੀਂ ਬਲਕਿ ਆਪਣੇ ਦੋਸਤਾਂ ਦੇ ਖਿਲਾਫ ਵੀ ਖੜ੍ਹ ਸਕੇ ਕਿ ਨਹੀਂ ? ਜਦੋਂ ਸਾਡੇ ਸੂਬੇ ਦੀ ਭਲਾਈ ਦਾ ਕੋਈ ਸਵਾਲ ਉਠਿਆ, ਤਾਂ ਕੀ ਸਾਡੇ ਵਿੱਚ ਸਬਰ ਤੇ ਲਿਆਕਤ ਸੀ ? ਕੀ ਜਦੋਂ ਅਸੀਂ ਗਲਤ ਹੋਈਏ ਜਾਂ ਕੋਈ ਗਲਤੀ ਹੋ ਜਾਵੇ, ਤਾਂ ਉਸ ਗਲਤੀ ਨੂੰ ਮੰਨਣ ਦੀ ਹਿੰਮਤ ਸਾਡੇ ਵਿੱਚ ਸੀ ਕਿ ਨਹੀਂ ? (ਥੰਪਿੰਗ) ਤੀਸਰਾ, ਸਪੀਕਰ

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਸਾਹਿਬ, ਸਾਡੇ ਵਿੱਚ ਆਪਣੀ ਕੌਮ ਦੀ ਸੇਵਾ ਕਰਨ ਦੀ ਲਗਨਸ਼ੀਲਤਾ ਸੀ ਕਿ ਨਹੀਂ, ਕੀ ਅਸੀਂ ਆਪਣੇ ਸੂਬੇ ਦੀ ਭਲਾਈ ਪਿੱਛੇ ਕਿਸੇ ਵੀ ਇਨਸਾਨ ਦੀ, ਕਿਸੇ ਵੀ ਗਰੁੱਪ ਦੇ ਅਸੀਂ ਮੁਹਤਾਜ ਹਾਂ ਕਿ ਨਹੀਂ ? ਸਪੀਕਰ ਸਾਹਿਬ, ਇਨ੍ਹਾਂ ਤਿੰਨ ਗੱਲਾਂ ਦਾ ਸਾਨੂੰ ਜਵਾਬ ਦੇਣਾ ਪਵੇਗਾ । ਸਾਨੂੰ ਚਾਹੀਦਾ ਹੈ ਕਿ ਜਿਹੜੀ ਇਹ ਬਜਟ ਦੀ ਸਪੀਚ ਆਈ ਹੈ, ਉਸ ਵਿਚ ਇਨ੍ਹਾਂ ਤਿੰਨਾਂ ਸਵਾਲਾਂ ਤੇ ਡਿਸਕਸ਼ਨ ਕਰਕੇ ਇਸ ਬਜਟ ਨੂੰ ਪਾਸ ਕਰੀਏ । ਮੈਂ ਐਫ.ਐਮ.ਸਾਹਿਬ ਨੂੰ ਇਸ ਗੱਲ ਦੀ ਮੁਬਾਰਕਬਾਦ ਦਿੰਦਾ ਹਾਂ ਕਿ ਜਿਹੜਾ ਬਜਟ ਉਨ੍ਹਾਂ ਨੇ ਪੇਸ਼ ਕੀਤਾ ਹੈ, ਉਸ ਨੂੰ ਇੱਕ ਪ੍ਰੋਗਰੈਸਿਵ ਬਜਟ ਕਿਹਾ ਜਾ ਸਕਦਾ ਹੈ । ਇਸ ਬਜਟ ਨੂੰ ਜੇਕਰ ਡਿਵੈਲਪਮੈਂਟ ਦੇ ਨੁਕਤਾ-ਨਜ਼ਰ ਨਾਲ ਦੇਖਿਆ ਜਾਵੇ ਤਾਂ ਇਸ ਦੇ ਵਿੱਚ ਬਹੁਤ ਸਾਰੀਆਂ ਐਸੀਆਂ ਗੱਲਾਂ ਹਨ, ਜਿਹੜੀਆਂ ਕਿ ਸੂਬੇ ਨੂੰ ਅੱਗੇ ਲੈ ਜਾਂਦੀਆਂ ਹਨ । ਬਜਟ ਪੜ੍ਹ ਕੇ ਅਹਿਸਾਸ ਹੁੰਦਾ ਹੈ ਕਿ ਕਿਸ ਪ੍ਰਕਾਰ ਸਾਰੇ ਸੂਬੇ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ ਗਈ ਹੈ । ਸਪੀਕਰ ਸਾਹਿਬ, ਇਸ ਬਜਟ ਵਿੱਚ ਨੁਮਾਇਆ ਗੱਲ ਇਹ ਹੈ ਕਿ ਸਭ ਤੋਂ ਵੱਡੀ ਰਕਮ 784 ਕਰੋੜ ਰੁਪਿਆ ਬਿਜਲੀ ਦੀ ਪੈਦਾਵਾਰ ਕਰਨ ਤੇ ਖਰਚ ਕੀਤਾ ਜਾਵੇਗਾ । ਕਿਸੇ ਵੀ ਸੂਬੇ ਦੀ ਤਰੱਕੀ ਨੂੰ ਨਾਪਣ ਦਾ ਪੈਮਾਨਾ ਇਹ ਹੁੰਦਾ ਹੈ ਕਿ ਸੂਬੇ ਦੇ ਵਿੱਚ ਕਿੰਨੀ ਬਿਜਲੀ ਪੈਦਾ ਹੁੰਦੀ ਹੈ ਔਰ ਕਿੰਨੀ ਬਿਜਲੀ ਖਰਚ ਹੁੰਦੀ ਹੈ । ਸਾਡੇ ਪੰਜਾਬ ਦੀ ਇਹ ਬੁਨਿਆਦੀ ਜ਼ਰੂਰਤ ਹੈ ਕਿ ਅਸੀਂ ਬਿਜਲੀ ਪੈਦਾ ਕਰੀਏ । ਪਿਛਲੇ ਦਸ ਸਾਲਾਂ ਤੋਂ, ਸਪੀਕਰ ਸਾਹਿਬ, ਪੰਜਾਬ ਦੀ ਬਿਜਲੀ ਪੈਦਾ ਕਰਨ ਵਿੱਚ ਇੱਕ ਮੈਗਾਵਾਟ ਦਾ ਵੀ ਇਜ਼ਾਫਾ ਨਹੀਂ ਹੋਇਆ ।

*11.00 ਪੂਰਵ ਦੁਪਹਿਰ	(ਇਸ *ਸਮੇ ਸਰਦਾਰ ਸੁਜਾਨ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਮੈਂ ਐਫ. ਐਮ. ਸਾਹਿਬ ਨੂੰ ਇਸ ਗੱਲ ਦੀ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ 350 ਕਰੋੜ ਰੁਪਿਆ ਲਾ ਕੇ ਜੋ ਥੀਨ ਡੈਮ ਹੈ, ਉਸ ਨੂੰ ਇਸੇ ਬਜਟ ਦੇ ਵਿੱਚ ਪੂਰਾ ਕੀਤਾ ਜਾਵੇਗਾ । ਸਪੀਕਰ ਸਾਹਿਬ, ਜੋ ਥੀਨ ਡੈਮ ਹੈ, ਉਹ ਪੰਜਾਬ ਦਾ ਇਕ ਖੁਸ਼ਹਾਲ ਚਸ਼ਮਾ ਹੈ । ਸੀ. ਐਮ. ਸਾਹਿਬ ਦੀ ਦਿਲੀ ਚਾਹਤ ਹੈ ਕਿ ਥੀਨ ਡੈਮ ਜਲਦੀ ਤਿਆਰ ਕੀਤਾ ਜਾਵੇ । ਜਦੋਂ ਸੰਨ 1998 ਦੇ ਵਿੱਚ ਪੰਜਾਬ ਦੇ ਵਿਚ

ਬਿਜਲੀ ਪੈਦਾ ਹੋਣੀ ਹੈ ਤਾਂ ਪੰਜਾਬ ਦੇ ਇੰਡਸਟਰੀਲਿਸਟਾਂ ਦੀ ਦਿਲ ਦੀ ਧੜਕਨ ਵਧੇਗੀ ।

ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ 1998 ਦੇ ਵਿੱਚ ਲਹਿਰਾ ਮੁਹੱਬਤ ਦਾ ਜੋ ਥਰਮਲ ਪਾਵਰ ਪਲਾਂਟ ਹੈ, ਉਸ ਤੋਂ 500 ਮੈਗਾਵਾਟ ਬਿਜਲੀ ਪੈਦਾ ਹੋਣ ਦੀ ਆਸ ਹੈ । ਇਸ ਗੱਲ ਦੀ ਵੀ ਖੁਸ਼ੀ ਹੈ ਕਿ 120 ਮੈਗਾਵਾਟ ਦਾ ਨੈਪਥਾ ਤੇ ਚੱਲਣ ਵਾਲਾ ਜੋ ਥਰਮਲ ਪਲਾਂਟ ਹੈ, ਉਸਦਾ ਵੀ ਮੈਮੋਰੰਡਮ ਆਫ ਅੰਡਰਸਟੈਂਡਿੰਗ ਇੰਡੀਅਨ ਆਇਲ ਕਾਰਪੋਰੇਸ਼ਨ ਨਾਲ ਹੋ ਗਿਆ ਹੈ ਜੋ ਕਿ ਸੰਨ ਦੋ ਹਜ਼ਾਰ ਦੇ ਵਿੱਚ ਇਸ ਸੂਬੇ ਨੂੰ ਬਿਜਲੀ ਦੇਵੇਗਾ । ਅਗਲੇ ਦੋ ਸਾਲਾਂ ਦੇ ਵਿੱਚ 575 ਮੈਗਾਵਾਟ ਦਾ ਲਿਕੂਅਡ ਫਿਊਲ ਇੰਡੀਪੈਂਡੈਂਸ ਪਾਵਰ ਪਲਾਂਟ ਕਾਇਮ ਹੋਣ ਦਾ ਇਮਕਾਨ ਹੈ । 575 ਮੈਗਾਵਾਟ ਦਾ ਲਿਕੂਅਡ ਫਿਊਲ ਜੋ ਸੈਂਟਰ ਨੇ ਪੰਜਾਬ ਨੂੰ ਅਲਾਟ ਕੀਤਾ ਹੈ, ਮੈਂ ਸਮਝਦਾ ਹਾਂ ਕਿ ਘੱਟ ਹੈ । ਮੈਂ ਇਸ ਸਬੰਧੀ ਐਫ.ਐਮ. ਸਾਹਿਬ ਨੂੰ ਦਰਖਾਸਤ ਕਰਦਾ ਹਾਂ ਕਿ ਪੰਜਾਬ ਦੇ ਇਸ ਕੇਸ ਨੂੰ ਮਜ਼ਬੂਤੀ ਨਾਲ ਸੈਂਟਰ ਦੀ ਸਰਕਾਰ ਅੱਗੇ ਪੇਸ਼ ਕੀਤਾ ਜਾਵੇ । ਅਗਲੇ ਤਿੰਨ ਸਾਲਾਂ ਵਿੱਚ ਗੋਇੰਦਵਾਲ ਸਾਹਿਬ ਥਰਮਲ ਪਲਾਂਟ 500 ਮੈਗਾਵਾਟ ਅਤੇ ਸ਼ਾਹਪੁਰ ਕੰਡੀ 168 ਮੈਗਾਵਾਟ ਹੋਰ ਬਿਜਲੀ ਪੰਜਾਬ ਨੂੰ ਦੇਣੀ ਸ਼ੁਰੂ ਕਰ ਦੇਣਗੇ । ਚੇਅਰਮੈਨ ਸਾਹਿਬ, ਸ਼ਾਰਟ ਅਤੇ ਮੀਡੀਅਮ ਟਰਮ ਦੇ ਵਿੱਚ ਪੰਜਾਬ ਦੀ ਬਿਜਲੀ ਦੀ ਹਾਲਤ ਕਾਫੀ ਅੱਛੀ ਹੈ । ਮੈਂ ਸਮਝਦਾ ਹਾਂ ਕਿ ਲੌਂਗ ਟਰਮ ਦੇ ਵਿੱਚ ਸਾਡੇ ਕੋਲ ਗੁੰਜਾਇਸ਼ ਨਹੀਂ ਬਚੀ ਕਿ ਅਸੀਂ ਹਾਈਡਲ ਇਲੈਕਟ੍ਰੀਸਿਟੀ ਪੈਦਾ ਕਰ ਸਕੀਏ । ਜੋ ਕੋਲੇ ਦੇ ਨਾਲ ਬਿਜਲੀ ਪੈਦਾ ਹੁੰਦੀ ਹੈ ਜਾਂ ਕਿਸੇ ਹੋਰ ਸਾਧਨ ਨਾਲ ਬਿਜਲੀ ਪੈਦਾ ਹੁੰਦੀ ਹੈ, ਉਸ ਵੱਲ ਸਾਨੂੰ ਬੜੇ ਸ਼ੌਕ ਦੀ ਨਿਗਾਹ ਨਾਲ ਦੇਖਣਾ ਪਵੇਗਾ, ਕਿਉਂਕਿ ਉਨ੍ਹਾਂ ਕਰਕੇ ਜੋ ਪਲਿਊਸ਼ਨ ਹੁੰਦਾ ਹੈ ਅਤੇ ਜੋ ਕੋਲੇ ਜਾਂ ਤੇਲ ਦਾ ਖਰਚਾ ਹੈ, ਉਸ ਦੇ ਖਰਚੇ ਨੂੰ ਦੇਖਣਾ ਪਵੇਗਾ । ਇਸ ਨੂੰ ਮੱਦੇਨਜ਼ਰ ਰੱਖਦੇ ਹੋਏ ਸਾਨੂੰ ਹਾਈਡਲ ਇਲੈਕਟ੍ਰੀਸਿਟੀ ਵੱਲ ਹੋਰ ਤਵੱਜੋਂ ਦੇਣੀ ਚਾਹੀਦੀ ਹੈ । ਚੇਅਰਮੈਨ ਸਾਹਿਬ, ਸਾਨੂੰ ਪੰਜਾਬ ਦੇ ਬੰਦਿਆਂ ਤੇ ਮਾਣ ਹੈ । ਸਾਨੂੰ ਪੰਜਾਬ ਇਰੀਗੇਸ਼ਨ ਡਿਪਾਰਟਮੈਂਟ ਦੇ ਇੰਜੀਨੀਅਰਜ਼ ਤੇ ਮਾਣ ਹੈ ਜਿਨ੍ਹਾਂ ਨੇ ਇਸ ਮੁਲਕ ਵਿਚ ਭਾਖੜਾ ਡੈਮ ਬਣਾਇਆ । ਪੰਜਾਬ ਦੇ ਇੰਜੀਨੀਅਰਜ਼ ਨੇ ਥੀਨ ਡੈਮ ਕਾਇਮ ਕੀਤਾ । ਹਿਮਾਚਲ ਵਿੱਚ ਬਹੁਤ ਵੱਡੇ ਡੈਮ ਪੈਦਾ ਕੀਤੇ ਹਨ । ਮੈਂ ਸਮਝਦਾ ਹਾਂ ਕਿ ਕਿਸੇ ਵੀ ਸੂਬੇ ਕੋਲ ਮਾਲੋਮਾਲ ਤਜਰਬੇ ਦੇ ਬੰਦੇ ਨਹੀਂ ਹਨ ਜੋ ਕਿ ਪੰਜਾਬ ਦੇ ਪਾਸ ਹਨ । 13000 ਆਦਮੀਆਂ ਦੀ ਜਿਹੜੇ ਥੀਨ ਡੈਮ ਤੇ ਵਰਕ ਫੋਰਸ ਹੈ, ਥੀਨ ਡੈਮ ਚਾਲੂ

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਹੋ ਜਾਣ ਤੇ ਇਹ ਵਰਕ ਫੋਰਸ ਸਰਪਲੱਸ ਹੋ ਜਾਵੇਗੀ । ਮੈਂ ਐਫ.ਐਮ. ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਅੱਜ ਮੌਕਾ ਹੈ ਕਿ ਅਸੀਂ ਹਿਮਾਚਲ ਦੇ ਨਾਲ ਜਿਨ੍ਹਾਂ ਕੋਲ ਨਾ ਤਜਰਬਾ ਹੈ ਤੇ ਨਾ ਹੀ ਪੈਸਾ ਹੈ, ਅਸੀਂ ਉਨ੍ਹਾਂ ਨਾਲ ਰਲ ਕੇ ਹੋਰ ਡੈਮ ਪੈਦਾ ਕਰੀਏ ਤਾਂਕਿ ਅਸੀਂ ਅਗਲੇ 100 ਸਾਲਾਂ ਵਿੱਚ ਪੰਜਾਬ ਵਾਸਤੇ ਬਿਜਲੀ ਮਹਿਫੂਜ਼ ਕਰ ਸਕੀਏ । ਪੰਜਾਬ ਬਿਜਲੀ ਦੀ ਖਪਤ ਵਿੱਚ ਸਾਰੇ ਦੇਸ਼ ਵਿਚ ਅੱਵਲ ਹੈ ਅਤੇ ਅਗਲੇ ਸੌ ਸਾਲਾਂ ਵਿੱਚ ਵੀ ਅਸੀਂ ਇਸ ਨੂੰ ਅੱਵਲ ਹੀ ਰੱਖਣਾ ਚਾਹੁੰਦੇ ਹਾਂ । ਚੇਅਰਮੈਨ ਸਾਹਿਬ, ਅੱਜ ਵੇਲਾ ਆ ਗਿਆ ਹੈ ਔਰ ਅਸੀਂ ਬੜੀ ਸੰਜੀਦਗੀ ਦੇ ਨਾਲ ਇਸ ਗੱਲ ਦਾ ਫੈਸਲਾ ਕਰਨਾ ਹੈ ਕਿ ਬਿਜਲੀ ਦੀ ਡਿਸਟ੍ਰੀਬਿਊਸ਼ਨ ਕਰਨ ਦਾ ਜੋ ਕੰਮ ਹੈ, ਉਹ ਪ੍ਰਾਈਵੇਟ ਹੱਥਾਂ ਵਿੱਚ ਦੇ ਦੇਈਏ । ਇਹ ਇੱਕ ਲੋੜ ਹੋ ਗਈ ਹੈ । ਅੱਜ ਅਸੀਂ ਇੰਡੀਪੈਂਡੈਂਟ ਟੈਰਿਫ ਕਮਿਸ਼ਨ ਕਾਇਮ ਕਰੀਏ ਜੋ ਬਿਜਲੀ ਪੈਦਾ ਕਰਨ ਵਿੱਚ ਖਰਚਾ ਹੁੰਦਾ ਹੈ, ਉਹ ਇੰਡੀਪੈਂਡੈਂਟ ਟੈਰਿਫ ਕਮਿਸ਼ਨ ਦੇਖੇ ਅਤੇ ਜੋ ਬਿਜਲੀ ਪੈਦਾ ਕਰਨੀ ਹੈ, ਉਸ ਦਾ ਰੇਟ ਵੀ ਟੈਰਿਫ ਕਮਿਸ਼ਨ ਮੁੱਕਰਰ ਕਰੇ । ਸਰਕਾਰ ਦਾ ਇਹ ਹੱਕ ਹੈ ਕਿ ਉਹ ਬਿਜਲੀ ਕਿਸੇ ਵੀ ਰੇਟ ਤੇ ਵੇਚ ਸਕੇ । ਬਿਜਲੀ ਬੋਰਡ ਪਿਛਲੇ ਲੰਮੇ ਅਰਸੇ ਤੋਂ ਇਸ ਪਰਦੇ ਦੇ ਪਿਛੇ ਛੁਪਿਆ ਹੋਇਆ ਹੈ ਕਿ ਟਰਾਂਸਮਿਸ਼ਨ ਲਾਸ ਹੋ ਗਏ ਹਨ ਜਾਂ ਚੋਰੀ ਹੋ ਗਏ ਹਨ । ਅਸੀਂ ਉਸ ਪਰਦੇ ਨੂੰ ਉਠਾ ਕੇ ਅਸਲੀਅਤ ਸਭ ਦੇ ਸਾਹਮਣੇ ਲਿਆਉਣਾ ਚਾਹੁੰਦੇ ਹਾਂ । ਅੱਜ ਇੰਡੀਪੈਂਡੈਂਟ ਟੈਰਿਫ ਕਮਿਸ਼ਨ ਮੁੱਕਰਰ ਹੋਣਾ ਚਾਹੀਦਾ ਹੈ । ਚੇਅਰਮੈਨ ਸਾਹਿਬ, ਅੱਜ ਇਹ ਲੋੜ ਹੈ ਕਿ ਅਸੀਂ ਨਵੇਂ-ਨਵੇਂ ਤਜਰਬੇ ਕਰੀਏ ਇਹ ਮੈਂ ਐਫ.ਐਮ. ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਉਹ ਇਸ ਬਾਰੇ ਜ਼ਰੂਰ ਕੋਸ਼ਿਸ਼ ਕਰਨ । 300 ਕਰੋੜ ਰੁਪਏ ਦੀ ਲਾਗਤ ਨਾਲ ਜਿਹੜੀ 24 ਘੰਟੇ ਪਿੰਡਾਂ ਵਿੱਚ ਬਿਜਲੀ ਸਪਲਾਈ ਕਰਨ ਦੀ ਸਕੀਮ ਹੈ, ਇੱਕ ਅੱਛੀ ਤਜਵੀਜ਼ ਹੈ, ਅਤੇ ਇਹ ਤਿੰਨ ਸਾਲਾਂ ਵਿੱਚ ਮੁਕੰਮਲ ਹੋਣੀ ਹੈ । ਇਸ ਬਾਰੇ ਵੀ ਐਫ.ਐਮ. ਸਾਹਿਬ ਨੂੰ ਮੈਂ ਮੁਬਾਰਕਬਾਦ ਦਿੰਦਾ ਹਾਂ । ਮੈਨੂੰ ਫ਼ਖ਼ਰ ਹੈ ਕਿ ਮੈਂ ਉਸ ਸਰਕਾਰ ਦਾ ਹਿੱਸਾ ਹਾਂ ਜਿਸ ਸਰਕਾਰ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਨੂੰ ਅਸੀਂ ਬਿਜਲੀ ਪਾਣੀ ਮੁਫ਼ਤ ਦਿਆਂਗੇ । ਉਸ ਵਾਅਦੇ ਨੂੰ ਅਸੀਂ ਪੂਰਾ ਕੀਤਾ ਹੈ ।

ਚੇਅਰਮੈਨ ਸਾਹਿਬ, ਬਿਜਲੀ ਤੋਂ ਬਾਅਦ ਸਿੰਚਾਈ ਦੀ ਬੜੀ ਅਹਿਮੀਅਤ ਹੈ । ਮੈਂ ਐਫ.ਐਮ. ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਸ ਗੱਲ ਨੂੰ ਪਛਾਣਦੇ ਹੋਏ ਉਨ੍ਹਾਂ ਨੇ 36 ਫੀਸਦੀ ਰਕਮ ਦਾ ਇਜ਼ਾਫਾ ਸਿੰਜਾਈ ਦੇ ਮਹਿਕਮੇ ਵਿੱਚ ਕੀਤਾ ਹੈ । 47 ਲੱਖ ਹੈਕਟੇਅਰ ਜ਼ਮੀਨ ਇਸ ਪਾਣੀ ਨਾਲ ਆਬਾਦ ਹੋਣੀ

ਹੈ । ਅਗਲੇ 5 ਸਾਲਾਂ ਵਿੱਚ ਪੰਜਾਬ ਦੀ ਜ਼ਮੀਨ 100 ਫੀਸਦੀ ਆਬਾਦ ਹੋ ਜਾਵੇਗੀ । ਇਸ ਦੇ ਕੀ ਆਰਥਿਕ ਸਿੱਟੇ ਨਿਕਲਣਗੇ, ਮੈਂ ਸਮਝਦਾ ਹਾਂ ਕਿ ਇਹ ਬਿਆਨ ਕਰਨ ਦੀ ਲੋੜ ਨਹੀਂ । ਕੁਦਰਤ ਨੇ ਪੰਜਾਬ ਨੂੰ ਇਹ ਜੋ ਪਾਣੀ ਦਾ ਸਰਮਾਇਆ ਦਿੱਤਾ ਹੈ, ਇਸ ਸਰਮਾਏ ਦੀ ਆਪਾਂ ਘੱਟ ਕਦਰ ਕਰਦੇ ਹਾਂ । ਸਾਡੇ ਵਿੱਚ ਸੁਸਤੀ ਆ ਗਈ ਹੈ । ਮੈਂ ਸਮਝਦਾ ਹਾਂ ਕਿ ਸਾਨੂੰ ਵਾਟਰ ਮੈਨੇਜਮੈਂਟ ਦੇ ਨਵੇਂ ਤਰੀਕੇ ਅਪਨਾਉਂਣੇ ਚਾਹੀਦੇ ਹਨ । ਦੁਨੀਆਂ ਦੇ ਤਰੱਕੀ ਯਾਫਤਾ ਮੁਲਕ ਖੇਤੀ ਨੂੰ ਪਾਣੀ ਲਾਉਂਦੇ ਹਨ । ਫਲੱਡ ਇਰੀਗੇਸ਼ਨ ਦਾ ਸਿਸਟਮ ਪੁਰਾਣਾ ਹੋ ਗਿਆ ਹੈ । ਅਸੀਂ ਇਹ ਸਰਮਾਇਆ ਫਲੱਡ ਇਰੀਗੇਸ਼ਨ ਵਿੱਚ ਜਾਇਆ ਕਰ ਰਹੇ ਹਾਂ । ਮੈਂ ਇਸ ਬਾਰੇ ਸਦਨ ਅੱਗੇ ਦਰਖਾਸਤ ਕਰਦਾ ਹਾਂ ।

ਚੇਅਰਮੈਨ ਸਾਹਿਬ, ਇੰਡਸਟਰੀ ਵਿੱਚ ਸਾਡਾ ਸੂਬਾ ਇਸ ਲਿਹਾਜ਼ ਤੋਂ ਕਾਫ਼ੀ ਪਿੱਛੇ ਹੈ । ਸਾਨੂੰ ਅੱਜ ਲੋੜ ਹੈ ਕਿ ਅਸੀਂ ਪੰਜਾਬ ਦੇ ਕੋਨੇ ਕੋਨੇ ਵਿੱਚ ਇੰਡਸਟਰੀ ਲਗਾਈਏ । ਚੇਅਰਮੈਨ ਸਾਹਿਬ, ਪਿਛਲੇ 5 ਸਾਲਾਂ ਵਿੱਚ ਤਾਮਿਲਨਾਡੂ ਵਿੱਚ 22 ਹਜ਼ਾਰ ਕਰੋੜ ਰੁਪਏ ਦੀ ਫਾਰੇਨ ਤੋਂ ਡਾਇਰੈਕਟ ਇਨਵੈਸਟਮੈਂਟ ਆਈ । ਪੰਜਾਬ ਵਿੱਚ ਇਸ ਦਾ 10ਵਾਂ ਹਿੱਸਾ ਵੀ ਨਹੀਂ ਆਇਆ । ਗੁਜਰਾਤ ਵਿੱਚ ਕਾਰਖਾਨੇਦਾਰਾਂ ਨਾਲ ਵੀ.ਆਈ.ਪੀ. ਵਾਲਾ ਰਵੱਈਆ ਅਖਤਿਆਰ ਕੀਤਾ ਜਾਂਦਾ ਹੈ । ਆਪਾਂ ਨੂੰ ਵੀ ਆਪਣਾ ਰਵੱਈਆ ਬਦਲਣ ਦੀ ਲੋੜ ਹੈ । ਜੇਕਰ ਆਪਾ 21 ਵੀਂ ਸਦੀ ਵਿੱਚ ਦਾਖਲ ਹੋਣਾ ਹੈ । ਚੇਅਰਮੈਨ ਸਾਹਿਬ, ਇਹ ਹਕੀਕਤ ਹੈ ਕਿ ਜਦੋਂ ਪੰਜਾਬ ਵਿੱਚ ਇੰਡਸਟਰੀ ਲਗਦੀ ਹੈ ਤਾਂ ਉਸ ਵਿੱਚ ਕਿਸੇ ਵਜ਼ੀਰ ਦਾ, ਕਿਸੇ ਮੁੱਖ ਮੰਤਰੀ ਦਾ ਜਾਂ ਕਿਸੇ ਅਫ਼ਸਰ ਦਾ ਕੋਈ ਹੱਥ ਨਹੀਂ ਹੁੰਦਾ । ਅੱਜ ਲੋੜ ਹੈ ਕਿ ਸਾਡੇ ਅਫ਼ਸਰ ਦਿੱਲੀ ਜਾਂ ਬੰਬਈ ਬੈਠ ਕੇ ਉਨ੍ਹਾਂ ਸਰਮਾਏਦਾਰਾਂ ਨੂੰ ਜਿਨ੍ਹਾਂ ਨੇ ਹਿੰਦੁਸਤਾਨ ਵਿੱਚ ਕਾਰਖਾਨੇ ਲਗਾਉਣੇ ਹਨ, ਪੰਜਾਬ ਵਿੱਚ ਲਿਆਉਣ ਚੇਅਰਮੈਨ ਸਾਹਿਬ, ਮਾਫ਼ ਕਰਨਾ, ਜਿਸ ਤਰ੍ਹਾਂ ਪੂਰਬ ਤੋਂ ਜਦੋਂ ਲੇਬਰ ਆਉਂਦੀ ਹੈ ਤਾਂ ਸਾਡੇ ਕਿਸਾਨ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਤੇ ਖੜ੍ਹੇ ਹੋ ਕੇ ਉਨ੍ਹਾਂ ਦੀ ਬੇਸਬਰੀ ਨਾਲ ਇੰਤਜ਼ਾਰ ਕਰਦੇ ਹਨ ਕਿਉਂਕਿ ਕਟਾਈ ਦਾ ਮੌਸਮ ਹੁੰਦਾ ਹੈ, ਉਸੇ ਤਰ੍ਹਾਂ ਬੇਸਬਰੀ ਨਾਲ ਦਿੱਲੀ ਜਾਂ ਬੰਬਈ ਦੇ ਏਅਰ ਪੋਰਟਾਂ ਤੇ ਸਾਨੂੰ ਉਨ੍ਹਾਂ ਸਰਮਾਏਦਾਰਾਂ ਦਾ ਇੰਤਜ਼ਾਰ ਕਰਨਾ ਪਵੇਗਾ । ਇਸ ਦੀ ਬੜੀ ਲੋੜ ਹੈ । ਜਿਵੇਂ ਕਿਸੇ ਸ਼ਾਇਰ ਨੇ ਕਿਹਾ ਹੈ :

ਦਰਿਆ ਕੋ ਅਪਨੀ ਤੁਗਯਾਨੀਓਂ ਕੀ ਮੌਜ ਸੇ ਕਿਆ ਕਾਮ,
ਕਿਸੀ ਕੀ ਕਸ਼ਤੀ ਪਾਰ ਹੋ ਯਾ ਦਰਮਿਆਂ ਰਹੇ ।

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਦਰਿਆ ਨੇ ਤਾਂ ਚਲਦੇ ਰਹਿਣਾ ਹੈ । ਆਪਣਾ ਵੇਲਾ ਖੁੰਝ ਜਾਣਾ ਹੈ । ਆਪਣੀ ਕਿਸ਼ਤੀ ਪਾਰ ਨਹੀਂ ਲੱਗ ਸਕਣੀ । ਪੰਜਾਬ ਐਗਰੋ ਇੰਡਸਟਰੀਜ਼ ਦੀ ਬੜੀ ਅਹਿਮ ਜ਼ਿੰਮੇਵਾਰੀ ਹੈ । ਇੱਕ ਹੀ ਚੀਜ਼ ਪੰਜਾਬ ਨੂੰ ਖੁਸ਼ਹਾਲ ਬਣਾ ਸਕਦੀ ਹੈ ਅਤੇ ਉਹ ਪੰਜਾਬ ਦੀ ਉਪਜ ਹੈ । ਉਸ ਦੀ ਪ੍ਰਾਸੈਸਿੰਗ ਹੋ ਸਕੇ ਤਾਂ ਉਸ ਨਾਲ ਪੰਜਾਬ ਦਾ ਕਿਸਾਨ ਖੁਸ਼ਹਾਲ ਹੋ ਸਕਦਾ ਹੈ । ਇਕਾਨਮੀ ਖੁਸ਼ਹਾਲ ਹੋ ਸਕਦੀ ਹੈ । ਬ੍ਰਾਜ਼ੀਲ ਵਿੱਚ 70 ਫੀਸਦੀ ਫਲਾਂ ਤੇ ਸਬਜ਼ੀਆਂ ਦੀ ਪ੍ਰਾਸੈਸਿੰਗ ਹੁੰਦੀ ਹੈ । ਪਰ ਪੰਜਾਬ ਵਿੱਚ ਇੱਕ ਫੀਸਦੀ ਪ੍ਰਾਸੈਸਿੰਗ ਦਾ ਸਿਲਸਿਲਾ ਚੱਲ ਰਿਹਾ ਹੈ । ਜਦ ਕਿ ਇਸ ਦੀ ਬੜੀ ਵੱਡੀ ਗੁੰਜਾਇਸ਼ ਹੈ ।

ਹੁਣ ਮੈਂ ਤੁਹਾਡਾ ਧਿਆਨ ਅਰਬਨ ਡਿਵੈਲਪਮੈਂਟ ਵੱਲ ਦਿਵਾਉਣਾ ਚਾਹੁੰਦਾ ਹਾਂ । ਇਹ ਠੀਕ ਹੈ ਕਿ ਪੰਜਾਬ ਵਿਚ ਪੁੱਡਾ ਨੇ ਥੋੜੇ ਅਰਸੇ ਵਿਚ ਕਾਫੀ ਕੰਮ ਕੀਤਾ ਹੈ ਅਤੇ ਕਾਬਲੇ-ਤਾਰੀਫ ਕੰਮ ਕੀਤਾ ਹੈ । ਪਰ ਇਸ ਦੇ ਨਾਲ ਪੰਜਾਬ ਦੀ ਕਿਸ਼ਤੀ ਪਾਰ ਨਹੀਂ ਲੱਗ ਸਕਦੀ । ਇਸ ਕੰਮ ਦੇ ਲਈ ਸਾਨੂੰ ਪ੍ਰਾਈਵੇਟ ਇਨਵੈਸਟਰਜ ਦਾ ਸਾਥ ਲੈਣਾ ਪਵੇਗਾ ਅਤੇ ਪ੍ਰਾਈਵੇਟ ਡਿਵੈਲਪਰਜ ਨੂੰ ਨਾਲ ਲਗਾਉਣਾ ਪਵੇਗਾ, ਤਦ ਹੀ ਤਰੱਕੀ ਹੋ ਸਕਦੀ ਹੈ ਪਰ ਸਾਡੇ ਅਫਸਰ ਉਨ੍ਹਾਂ ਨੂੰ ਮੌਕਾਪ੍ਰਸਤ ਸਮਝਦੇ ਹਨ । ਅਗਰ ਉਹ ਪੈਸਾ ਇਨਵੈਸਟ ਕਰਕੇ ਕੁਝ ਮੁਨਾਫਾ ਕਮਾ ਕੇ ਲੈ ਵੀ ਜਾਣਗੇ ਤਾਂ ਤਰੱਕੀ ਤਾਂ ਪੰਜਾਬ ਸੂਬੇ ਦੀ ਵੀ ਨਾਲ ਹੀ ਕਰਨਗੇ ਅਤੇ ਕੁਝ ਪੰਜਾਬ ਸੂਬੇ ਵਿਚ ਛੱਡ ਕੇ ਵੀ ਜਾਣਗੇ । ਇਸ ਕੰਮ ਲਈ ਤਕਰੀਬਨ 50 ਹਜ਼ਾਰ ਕਰੋੜ ਰੁਪਏ ਦੀ ਲੋੜ ਹੈ, ਤਦ ਹੀ ਅਸੀਂ ਪੰਜਾਬ ਨੂੰ ਅੱਛਾ ਸੂਬਾ ਬਣਾ ਸਕਾਂਗੇ, ਵਰਨਾ ਜਿਸ ਤਰ੍ਹਾਂ ਇਕ ਸ਼ਾਇਰ ਨੇ ਕਿਹਾ ਹੈ "ਕਹੇ ਜਾਤੇ ਹੈਂ ਦਰਦੇ ਦਿਲ ਅਪਨੇ, ਕਿਸੀ ਕੋ ਐਤਬਾਰ ਆਏ ਜਾਂ ਨਾ ਆਏ" ।

ਚੇਅਰਮੈਨ ਸਾਹਿਬ, ਹੁਣ ਮੈਂ ਤਾਲੀਮ ਬਾਰੇ ਜਿਕਰ ਕਰਨਾ ਚਾਹੁੰਦਾ ਹਾਂ । ਅਗਲੇ 5 ਸਾਲਾਂ ਵਿਚ ਸਾਨੂੰ ਇਸ ਖੇਤਰ ਵਿਚ ਕਾਫੀ ਤਰੱਕੀ ਕਰਨ ਦੀ ਲੋੜ ਹੈ, ਤਦ ਹੀ ਸਰਕਾਰ ਉਤੇ ਤਾਲੀਮ ਵਿਚ ਤਰੱਕੀ ਬਾਰੇ ਬਹੁਤ ਵੱਡਾ ਸਿਹਰਾ ਹੋਵੇਗਾ । ਇਹ ਤਾਲੀਮ ਵਿਚ ਤਰੱਕੀ ਦੂਜੇ ਸਕੂਲਾਂ ਵਿਚ ਵੀ ਹੋਵੇਗੀ ਅਤੇ ਪੰਜਾਬ ਦੇ ਹਰ ਬਲਾਕ ਦੇ ਵਿਚ ਆਦਰਸ਼ ਸਕੂਲ ਵੀ ਖੋਲ੍ਹੇ ਜਾਣਗੇ । ਇਨ੍ਹਾਂ ਇੰਗਲਿਸ਼ ਮੀਡੀਅਮ ਆਦਰਸ਼ ਸਕੂਲਾਂ ਦੇ ਵਿਚ ਬੱਚੇ ਪੜ੍ਹਨਗੇ । ਉਥੇ ਇਟੈਲੀਅਨ ਸਿਲੇਬੱਸ ਦੀ ਪੜ੍ਹਾਈ ਹੋਵੇਗੀ ਅਤੇ ਇਹ ਬੱਚੇ ਦੁਨੀਆਂ ਦੇ ਦੂਜੇ ਸਕੂਲਾਂ ਦੇ ਬੱਚਿਆਂ ਦਾ ਮੁਕਾਬਲਾ ਕਰ ਸਕਣਗੇ, ਬਰਾਬਰ ਆ ਸਕਣਗੇ । ਇਹ ਸਕੂਲ ਆਈ.ਸੀ.ਐਸ.ਈ. ਬੋਰਡ ਦੇ ਨਾਲ

ਤਾਅਲੁੱਕ ਰੱਖਣਗੇ ਅਤੇ ਦੂਜੇ ਪਬਲਿਕ ਸਕੂਲਾਂ ਦੇ ਬਰਾਬਰ ਉਥੇ ਬੱਚੇ ਵਿਦਿਆ ਪ੍ਰਾਪਤ ਕਰਨਗੇ । ਪੰਜਾਬ ਸੂਬੇ ਦੇ ਬੱਚੇ ਹਰ ਬਲਾਕ ਵਿਚ ਤਾਲੀਮ ਪ੍ਰਾਪਤ ਕਰਨਗੇ । ਅਗਲੇ 10-15 ਸਾਲਾਂ ਦੇ ਵਿਚ ਪੰਜਾਬ ਸੂਬੇ ਵਿਚ ਅੱਵਲ ਦਰਜੇ ਦੇ ਬੱਚੇ ਤਾਲੀਮ ਦੇ ਖੇਤਰ ਵਿਚ ਆਉਂਣਗੇ ਅਤੇ ਉਹ ਸੂਬੇ ਦੀ ਵਾਗਡੋਰ ਸੰਭਾਲਣਗੇ । ਇਸ ਤੋਂ ਅੱਗੇ ਫਾਈਨੈਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪੰਜਾਬ ਵਿਚ ਰੋਡ ਇਨਫਰਾਸਟਰੱਕਚਰ ਕਾਪੋਰੇਸ਼ਨ ਕਾਇਮ ਕੀਤੀ ਜਾਵੇ ਜਿਸ ਦੇ ਰਾਹੀਂ 'ਪੰਜਾਬ ਵਿਚ ਰੋਡਜ਼ ਬਣਾਈਆਂ ਜਾਣ । ਇਕ ਇਕਾਨਮਿਸਟ ਮਿਸਟਰ ਕੀਨ ਨੂੰ ਪੁੱਛਿਆ ਗਿਆ ਕਿ ਕਿਸੇ ਸੂਬੇ ਦੀ ਤਰੱਕੀ ਲਈ ਕਿਹੜੀ ਚੀਜ਼ ਦੀ ਜ਼ਿਆਦਾ ਲੋੜ ਹੁੰਦੀ ਹੈ ਤਾਂ ਉਸ ਨੇ ਕਿਹਾ ਕਿ ਰੋਡ, ਰੋਡ, ਰੋਡ, ਉਸ ਨੇ 3 ਵਾਰੀ ਕਿਹਾ ਸੜਕਾਂ, ਸੜਕਾਂ, ਸੜਕਾਂ । ਹੁਣ ਸਰਕਾਰ ਨੇ ਬੀ.ਓ.ਟੀ. ਦੀ ਤਜਵੀਜ਼ ਰੱਖੀ ਹੈ ਜਿਸ ਦੇ ਰਾਹੀਂ ਕੋਈ ਵੀ ਪ੍ਰਾਈਵੇਟ ਅਦਾਰਾ ਸੜਕਾਂ, ਪੁਲ ਬਣਾ ਸਕਦਾ ਹੈ ਅਤੇ ਉਸ ਉਤੇ ਟੋਲ ਟੈਕਸ ਲੈ ਸਕਦਾ ਹੈ । ਸੜਕਾਂ ਦੇ ਮਸਲੇ ਵਿਚ ਇਹ ਸੰਭਵ ਨਹੀਂ ਹੋ ਸਕਦਾ ਕਿਉਂਕਿ ਇਸ ਦੇ ਵਿਚ ਬਹੁਤ ਵੱਡੀ ਇਨਵੈਸਟਮੈਂਟ ਦੀ ਲੋੜ ਹੈ ਜਿਹੜੀ ਪੰਜਾਬ ਵਿਚ ਨਹੀਂ ਲੱਗ ਸਕਦੀ ਪਰ ਪੁਲ ਬਨਾਉਣ ਲਈ ਪ੍ਰਾਈਵੇਟ ਇਨਵੈਸਟਰ ਤਿਆਰ ਹੋ ਸਕਦੇ ਹਨ । ਇਸ ਦੇ ਲਈ 1000 ਕਰੋੜ ਰੁਪਏ ਦੀ ਲੋੜ ਹੈ ਔਰ ਇਸ ਸਬੰਧੀ ਅਸੀਂ ਵਰਲਡ ਬੈਂਕ ਨੂੰ ਇਕ ਤਜਵੀਜ਼ ਬਣਾ ਕੇ ਭੇਜੀ ਹੈ । ਇਸ ਤਜਵੀਜ ਉਤੇ ਪੈਰਵੀ ਕਰਨ ਦੀ ਲੋੜ ਹੈ ।

ਇਸੇ ਤਰ੍ਹਾਂ ਜੰਗਲਾਤ ਨੂੰ ਡਿਵੈਲਪ ਕਰਨ ਦੀ ਲੋੜ ਹੈ ਜਿਸ ਬਾਰੇ ਚੀਫ ਮਨਿਸਟਰ ਸਾਹਿਬ ਨੇ ਦੱਸਿਆ ਸੀ ਕਿ ਇਸ ਉਤੇ 400 ਕਰੋੜ ਰੁਪਿਆ ਲਗਾ ਕੇ ਪੰਜਾਬ ਨੂੰ ਹਰਾ ਭਰਾ ਬਣਾਇਆ ਜਾਵੇਗਾ । ਪਿਛਲੇ ਫਾਈਨੈਂਸ ਮਨਿਸਟਰ ਡਾਕਟਰ ਕੇਵਲ ਕ੍ਰਿਸ਼ਨ ਨੇ ਇਹ 400 ਕਰੋੜ ਰੁਪਏ ਦੀ ਤਜਵੀਜ਼ ਰੱਖੀ ਸੀ ਅਤੇ ਹੁਣ ਇਹ ਤਜਵੀਜ ਜਾਪਾਨ ਸਰਕਾਰ ਨੂੰ ਭੇਜੀ ਗਈ ਹੈ । ਇਸ ਉਤੇ ਵੀ ਪੈਰਵੀ ਕਰਨ ਦੀ ਲੋੜ ਹੈ ਤਾਕਿ ਜੰਗਲਾਤ ਪ੍ਰੋਗਰਾਮ ਨੂੰ ਵਧਾ ਸਕੀਏ । ਇਸ ਨੂੰ ਸਖਤੀ ਨਾਲ ਲਾਗੂ ਕਰਨ ਦੀ ਲੋੜ ਹੈ ਚਾਹੇ ਇਸ ਪ੍ਰੋਗਰਾਮ ਨੂੰ ਚਾਲੂ ਰੱਖਣ ਲਈ ਲੋਕਾਂ ਨੂੰ ਇਨਾਮ ਦਿੱਤੇ ਜਾਣ ਅਤੇ ਜੇ ਲੋੜ ਪਵੇ ਤਾਂ ਜੁਰਮਾਨੇ ਵੀ ਲਾਏ ਜਾਣ, ਤਦ ਹੀ ਪੰਜਾਬ ਵਿਚ ਜੰਗਲਾਤ ਕਾਇਮ ਰਹਿ ਸਕਦੇ ਹਨ ।

ਮੈਂ ਐਫ.ਐਮ. ਸਾਹਿਬ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਸਾਡੇ ਮੁਕਤਸਰ ਦੇ ਇਲਾਕੇ ਦੇ ਵਿਚੋਂ ਸੇਮ ਨੂੰ ਖਤਮ ਕਰਨ ਲਈ 120 ਕਰੋੜ ਰੁਪਏ ਦਾ ਪ੍ਰਬੰਧ ਕੀਤਾ

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਹੈ ਤਾਂਕਿ ਕਿਸਾਨਾਂ ਦਾ ਸੇਮ ਨਾਲ ਨੁਕਸਾਨ ਨਾ ਹੋਵੇ । ਇਸ ਦੇ ਰੁਕਣ ਨਾਲ 5000 ਹੈਕਟਰ ਜ਼ਮੀਨ ਆਬਾਦ ਹੋ ਸਕੇਗੀ ਅਤੇ ਇਲਾਕਾ ਖੁਸ਼ਹਾਲ ਹੋਵੇਗਾ । ਇਸ ਕੰਮ ਵੱਲ ਖਾਸ ਤੌਰ ਤੇ ਧਿਆਨ ਦੇਣ ਦੀ ਲੋੜ ਹੈ ।

ਐਫ.ਐਮ. ਸਾਹਿਬ ਨੇ ਆਪਣੀ ਸਪੀਚ ਵਿਚ ਜ਼ਿਕਰ ਕੀਤਾ ਸੀ ਕਿ ਪੰਜਾਬ ਨੂੰ ਬਹੁਤ ਵੱਡੀਆਂ ਆਰਥਿਕ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਅੱਤਵਾਦ ਦੇ ਵੇਲੇ ਜੋ ਕਰਜ਼ਾ ਪੰਜਾਬ ਸਰਕਾਰ ਨੇ ਸੈਂਟਰ ਤੋਂ ਲਿਆ ਸੀ, ਉਸ ਕਰਜ਼ੇ ਉਤੇ ਇਨਟਰੈਸਟ ਵੀ ਲਿਆ ਜਾ ਰਿਹਾ ਹੈ ਅਤੇ ਵਿਆਜ ਸਮੇਤ ਕਰਜਾ ਵਾਪਸ ਕਰਨ ਲਈ ਕਿਹਾ ਜਾ ਰਿਹਾ ਹੈ ਜਦ ਕਿ ਇਹ ਸ਼ਰਤ ਕਿਸੇ ਹੋਰ ਸੂਬੇ ਤੇ ਲਾਗੂ ਨਹੀਂ ਹੁੰਦੀ ਚਾਹੇ ਕਸ਼ਮੀਰ ਹੋਵੇ ਅਤੇ ਚਾਹੇ ਨਾਰਥ ਈਸਟ ਹੋਵੇ । ਕੇਵਲ ਪੰਜਾਬ ਤੋਂ ਇਹ ਰਕਮ ਲਈ ਜਾ ਰਹੀ ਹੈ । ਚੇਅਰਮੈਨ ਸਾਹਿਬ, ਪਿਛਲੇ ਸੈਸ਼ਨ ਵਿਚ ਵੀ ਇਸ ਹਾਊਸ ਨੇ ਯੂਨੈਨੀਮਸਲੀ ਰੈਜ਼ੋਲਿਊਸ਼ਨ ਪਾਸ ਕੀਤਾ ਸੀ ਕਿ ਸਾਡਾ 8,000 ਕਰੋੜ ਰੁਪਏ ਦਾ ਕਰਜ਼ਾ ਮਾਫ ਕੀਤਾ ਜਾਵੇ ਕਿਉਂਕਿ ਪੰਜਾਬ ਨੇ ਦੇਸ਼ ਦੀ ਲੜਾਈ ਲੜੀ ਹੈ । ਮੈਂ ਪਿਛਲੇ ਸੈਸ਼ਨ ਵਿਚ ਵੀ ਇਹ ਬਿਆਨ ਕੀਤਾ ਸੀ ਅਤੇ ਅੱਜ ਫਿਰ ਇਹ ਬਿਆਨ ਕਰਨਾ ਮੁਨਾਸਿਬ ਸਮਝਾਂਗਾ ਕਿ ਖੁਸ਼ਹਾਲੀ ਸਾਡੀ ਤਕਦੀਰ ਹੈ, ਡੈਸਟਨੀ ਹੈ । ਪੰਜਾਬ ਨੇ ਹਰ ਹਾਲਤ ਵਿਚ ਖੁਸ਼ਹਾਲ ਹੋਣਾ ਹੈ ਅਤੇ ਤਰੱਕੀ ਵੱਲ ਵਧਣਾ ਹੈ । ਪੰਜਾਬ ਨੂੰ ਆਪਣੀ ਮੰਜ਼ਲ ਤਕ ਪਹੁੰਚਣ ਵਾਸਤੇ ਜੋ ਪੰਜਾਬ ਦੀਆਂ ਕਰਜ਼ਿਆਂ ਦੀਆਂ ਜੰਜੀਰਾਂ ਹਨ, ਇਨ੍ਹਾਂ ਜੰਜੀਰਾਂ ਨੇ ਉਡ ਜਾਣਾ ਹੈ ।

ਚੇਅਰਮੈਨ ਸਾਹਿਬ, ਮੇਰੇ ਦੋਸਤ ਨੇ ਇਥੇ ਲਾਅ ਐਂਡ ਆਰਡਰ ਦਾ ਜ਼ਿਕਰ ਕੀਤਾ ਹੈ, ਪੁਲਿਸ ਦੀ ਡੀਮਾਰੇਲਾਈਜ਼ੇਸ਼ਨ ਦਾ ਜ਼ਿਕਰ ਕੀਤਾ ਹੈ । ਸਾਨੂੰ ਆਪਣੀ ਪੁਲਿਸ ਉਤੇ ਨਾਜ਼ ਹੈ । 125 ਸਾਲਾਂ ਤੋਂ ਪੰਜਾਬ ਪੁਲਿਸ ਕੰਮ ਕਰ ਰਹੀ ਹੈ । ਅੱਖਾਂ ਵਿਚ ਅੱਖਾਂ ਪਾਈਏ ਤਾਂ ਹੁਸਨ ਜਾਗਦਾ ਹੈ । ਪੰਜਾਬ ਦੀ ਪੁਲਿਸ ਦੁਸ਼ਮਣਾਂ ਦਾ ਮੁਕਾਬਲਾ ਕਰ ਸਕਦੀ ਹੈ ਪਰ ਪੁਲਿਸ ਅਫਸਰਾਂ ਨੇ ਕਈ ਵਾਰ ਕਾਨੂੰਨ ਦੀ ਉਲੰਘਣਾ ਵੀ ਕੀਤੀ ਹੈ ਅਤੇ ਮੈਂ ਸਮਝਦਾ ਹਾਂ ਕਿ ਮੈਂਬਰ ਸਾਹਿਬ ਨੂੰ ਇਸ ਦਾ ਜ਼ਿਕਰ ਵੀ ਕਰਨਾ ਚਾਹੀਦਾ ਸੀ ਕਿਉਂਕਿ ਕਾਨੂੰਨ ਪੁਲਿਸ ਤੋਂ ਵੀ ਉਪਰ ਹੈ । ਆਖਿਰ ਵਿਚ ਮੈਂ ਇਹ ਗੱਲ ਕਹਿਣਾ ਚਾਹਵਾਂਗਾ ਕਿ ਅਸੀਂ ਹਰ ਕੀਮਤ ਤੇ ਮਿਹਨਤ ਕਰਨ ਲਈ ਤਿਆਰ ਹਾਂ ਅਤੇ ਪੰਜਾਬ ਦੀ ਖੁਸ਼ਹਾਲੀ ਲਈ ਹਰ ਬੋਝ ਝੱਲਣ ਲਈ ਤਿਆਰ ਹਾਂ । ਹਰ ਮਜਬੂਤੀ ਨਾਲ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਤਿਆਰ ਹਾਂ । ਪੰਜਾਬ ਦੀ ਖੁਸ਼ਹਾਲੀ ਵਾਸਤੇ, ਪੰਜਾਬ ਦੇ ਲੋਕਾਂ ਦੇ ਭਲੇ ਵਾਸਤੇ ਐਫ.ਐਮ. ਸਾਹਿਬ ਨੇ ਜੋ

ਬਜਟ ਪੇਸ਼ ਕੀਤਾ ਹੈ, ਉਸ ਦੀ ਮੈਂ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ।

ਸਰਦਾਰ ਤੋਤਾ ਸਿੰਘ (ਮੋਗਾ) : ਸਤਿਕਾਰਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ । ਮੈਂ ਕੈਪਟਨ ਕੰਵਲਜੀਤ ਸਿੰਘ, ਵਿੱਤ ਮੰਤਰੀ ਸਾਹਿਬ ਨੂੰ ਬਜਟ ਪੇਸ਼ ਕਰਨ ਦੀ ਮੁਬਾਰਕਬਾਦ ਦਿੰਦਾ ਹਾਂ । ਇਹ ਬਜਟ ਹਰ ਪੱਖ ਤੋਂ ਬੜਾ ਸੋਚ ਵਿਚਾਰ ਕਰਕੇ ਪੇਸ਼ ਕੀਤਾ ਗਿਆ ਹੈ । ਇਹ ਬਜਟ ਸਾਰੇ ਤੱਥਾਂ ਨੂੰ ਪੂਰਾ ਕਰਦਾ ਹੈ । ਇਸ ਬਜਟ ਨੇ ਪੰਜਾਬ ਲਈ ਹਰ ਇਕ ਪੱਖ ਤੋਂ ਠੀਕ ਢੰਗ ਨਾਲ ਰੋਸ਼ਨੀ ਪਾਈ ਹੈ । ਬਿਜਲੀ ਅਤੇ ਸਿੰਚਾਈ ਦੇ ਹੋਰ ਸਾਧਨ ਪੈਦਾ ਕਰਕੇ ਪੰਜਾਬ ਨੂੰ ਅੱਗੇ ਲਿਜਾਣ ਦੀ ਕੋਸ਼ਿਸ਼ ਕੀਤੀ ਗਈ ਹੈ । ਇਸ ਬਜਟ ਵਿਚ ਬਹੁਤ ਸਾਰੇ ਅਜਿਹੇ ਪੱਖ ਹਨ ਜਿਨ੍ਹਾਂ ਨੂੰ ਕੈਪਟਨ ਕੰਵਲਜੀਤ ਸਿੰਘ ਜੀ ਨੇ ਬੜੀ ਦੂਰ ਅੰਦੇਸ਼ੀ ਨਾਲ ਪੇਸ਼ ਕੀਤਾ ਹੈ ਤਾਂਕਿ ਪੰਜਾਬ ਹਰ ਖੇਤਰ ਵਿਚ ਤਰੱਕੀ ਕਰ ਸਕੇ । ਪੰਜਾਬ ਦੀ ਤਰੱਕੀ ਸਭ ਤੋਂ ਵੱਧ ਪੇਂਡੂ ਖੇਤਰ ਤੇ ਨਿਰਭਰ ਕਰਦੀ ਹੈ । ਹਿੰਦੋਸਤਾਨ ਦੀ ਅਤੇ ਪੰਜਾਬ ਦੀ ਸਭ ਤੋਂ ਵੱਧ ਆਬਾਦੀ ਪਿੰਡਾਂ ਵਿਚ ਵਸਦੀ ਹੈ । 80% ਲੋਕ ਪਿੰਡਾਂ ਵਿਚ ਵਸਦੇ ਹਨ । ਮੈਂ ਮੁੱਖ ਮੰਤਰੀ ਸਾਹਿਬ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ 1977 ਵਿਚ ਜਦੋਂ ਪੰਜਾਬ ਦੀ ਵਾਗਡੋਰ ਸੰਭਾਲੀ ਸੀ ਤਾਂ ਕਿਹਾ ਸੀ ਕਿ ਕਿਸੇ ਵੀ ਕਿਸਾਨ ਨੂੰ, ਮਜ਼ਦੂਰ ਨੂੰ ਆਪਣੀ ਮਿਹਨਤ ਦੇ ਦਾਣੇ 5 ਕਿਲੋਮੀਟਰ ਤੋਂ ਦੂਰ ਨਾ ਲਿਜਾਣੇ ਪੈਣ ਜਿਸ ਕਰਕੇ ਇਕ ਫੋਕਲ ਪੁਆਇੰਟ ਸਕੀਮ ਬਣਾਈ ਸੀ । ਪੰਜਾਬ ਵਿਚ ਫੋਕਲ ਪੁਆਇੰਟ ਬਣਾਏ ਗਏ । ਇਸ ਸਕੀਮ ਦੇ ਨਾਲ ਲੋਕਾਂ ਨੂੰ ਬੜਾ ਫਾਇਦਾ ਹੋਣਾ ਸੀ । ਪੰਜਾਬ ਦੇ ਪਿੰਡਾਂ ਦਾ ਬਹੁਤ ਵੱਡਾ ਸੁਧਾਰ ਹੋਣਾ ਸੀ । ਐਗਰੀਕਲਚਰ ਇੰਡਸਟਰੀ ਲੱਗਣੀ ਸੀ ਅਤੇ ਫੋਕਲ ਪੁਆਇੰਟਾਂ ਤੇ ਬਹੁਤ ਸਾਰੀਆਂ ਹੋਰ ਸਹੂਲਤਾਂ ਸ਼ੁਰੂ ਹੋਣੀਆਂ ਸਨ ਪਰ ਬਹੁਤ ਦੁੱਖ ਹੋਇਆ ਜਦੋਂ 1980 ਵਿਚ ਕਾਂਗਰਸ ਦੀ ਸਰਕਾਰ ਦੇ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਨੇ ਤੰਗ ਦਿਲੀ ਦਿਖਾ ਕੇ ਫੋਕਲ ਪੁਆਇੰਟਾਂ ਦੀ ਸਕੀਮ ਨੂੰ ਬੰਦ ਕਰ ਦਿੱਤਾ । ਫੋਕਲ ਪੁਆਇੰਟ ਦੀ 5 ਸਾਲ ਅਤੇ 10 ਸਾਲ ਦੀ ਸਕੀਮ ਸੀ ਅਤੇ ਇਸ ਨੇ ਅੱਗੇ ਵਧਣਾ ਸੀ ਜਿਸ ਨਾਲ ਪੰਜਾਬ ਖੁਸ਼ਹਾਲ ਹੁੰਦਾ ਪਰ ਬੜਾ ਦੁੱਖ ਹੋਇਆ ਜਦੋਂ 1980 ਵਿਚ ਕਾਂਗਰਸ ਦੀ ਸਰਕਾਰ ਨੇ ਇਹ ਸਕੀਮ ਬੰਦ ਕਰ ਦਿੱਤੀ । ਇਸ ਸਕੀਮ ਤੇ ਅਰਬਾਂ ਰੁਪਿਆ ਲੱਗਿਆ ਸੀ, ਉਹ ਰੁਪਿਆ ਵੀ ਬਰਬਾਦ ਚਲਿਆ ਗਿਆ । ਸਾਨੂੰ ਖੁਸ਼ੀ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ.

[ਸਰਦਾਰ ਤੋਤਾ ਸਿੰਘ]

ਦੀ ਸਰਕਾਰ ਦੀਆਂ ਨੀਤੀਆਂ ਨੂੰ ਮਾਨਤਾ ਦੇਂਦੇ ਹੋਏ ਕੈਪਟਨ ਕੰਵਲਜੀਤ ਸਿੰਘ ਨੇ ਬਹੁਤ ਵਧੀਆ ਬਜਟ ਪੇਸ਼ ਕੀਤਾ ਹੈ ਜਿਸ ਰਾਹੀਂ ਇਹ ਨਿਸਚਾ ਕੀਤਾ ਗਿਆ ਹੈ ਕਿ ਪੇਂਡੂ ਵਿਕਾਸ ਨੂੰ ਉਸੇ ਤਰ੍ਹਾਂ ਹੋਰ ਅੱਗੇ ਵਧਾਇਆ ਜਾਵੇ । ਪੇਂਡੂ ਵਿਕਾਸ ਨੂੰ ਅੱਗੇ ਵਧਾਉਣ ਵਾਸਤੇ ਫੋਕਲ ਪੁਆਇੰਟਸ ਦੀ ਸਕੀਮ ਨੂੰ ਮੁੜ ਰੀਵਾਈਵ ਕੀਤਾ ਗਿਆ ਹੈ । ਫੋਕਲ ਪੁਆਇੰਟਸ ਦੀ ਸਕੀਮ ਦੇ ਤਹਿਤ 24 ਬਲਾਕ ਚੁਣੇ ਗਏ ਹਨ ਜਿਹੜੇ ਕਿ ਅੱਵਲ ਬਲਾਕ ਬਨਾਉਣੇ ਹਨ, ਜਿਸ ਨੂੰ ਪਾਇਲਟ ਪ੍ਰਾਜੈਕਟ ਦਾ ਨਾਂ ਦਿੱਤਾ ਗਿਆ ਹੈ । ਇਹ ਸਕੀਮ 5 ਸਾਲਾਂ ਵਿਚ ਸਿਰੇ ਚੜ੍ਹਨੀ ਹੈ । 5-5 ਫੋਕਲ ਪੁਆਇੰਟ ਹਰ ਬਲਾਕ ਵਿਚ ਸਥਾਪਿਤ ਕਰਨ ਦੀ ਵਿਵਸਥਾ ਹੈ । ਇਸ ਨਾਲ ਜਿਥੇ ਸਾਡੇ ਸੂਬੇ ਵਿਚ ਬੇਰੁਜ਼ਗਾਰੀ ਨੂੰ ਠੱਲ੍ਹ ਪਵੇਗੀ, ਉਥੇ ਕਿਸਾਨਾਂ ਨੂੰ ਵੀ ਰਿਲੀਫ ਮਿਲੇਗਾ ਕਿਉਂਕਿ ਉਹ ਵੀ ਆਪਣੀ ਫਸਲ ਨੂੰ ਨੇੜੇ ਨੇੜੇ ਹੀ ਵੇਚ ਸਕਣਗੇ । ਬੇਰੁਜ਼ਗਾਰੀ ਨੂੰ ਠੱਲ੍ਹ ਇਸ ਤਰ੍ਹਾਂ ਪਵੇਗੀ ਕਿ ਹਰ ਫੋਕਲ ਪੁਆਇੰਟ ਤੇ ਐਸੀ ਸਕੀਮ ਲਾਗੂ ਕੀਤੀ ਜਾਵੇਗੀ ਜਿਸ ਨਾਲ 500 ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇਗਾ । ਸਪੀਕਰ ਸਾਹਿਬ, ਇਸ ਕੰਮ ਲਈ ਜਿਥੇ ਪਿਛਲੀ ਸਰਕਾਰ ਨੇ ਸਾਰੇ ਪੇਂਡੂ ਵਿਕਾਸ ਲਈ 297 ਕਰੋੜ ਰੁਪਏ ਰੱਖੇ ਸਨ, ਉਥੇ ਮੈਂ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੂੰ ਵਧਾਈ ਦੇਂਦਾ ਹਾਂ ਕਿ ਭਾਵੇਂ ਬਜਟ ਇਸ ਗੱਲ ਦੀ ਆਗਿਆ ਨਹੀਂ ਸੀ ਦੇਂਦਾ, ਫਿਰ ਵੀ ਪੇਂਡੂ ਵਿਕਾਸ ਦੇ ਕੰਮ ਲਈ ਇਨ੍ਹਾਂ ਨੇ 297 ਕਰੋੜ ਰੁਪਏ ਦੀ ਰਾਸ਼ੀ ਵਧਾ ਕੇ 381 ਕਰੋੜ ਕਰ ਦਿੱਤੀ ਹੈ, ਯਾਨੀ ਇਸ ਬਜਟ ਵਿਚ 84 ਕਰੋੜ ਰੁਪਏ ਪਿਛਲੇ ਸਾਲ ਨਾਲੋਂ ਪੇਂਡੂ ਵਿਕਾਸ ਲਈ ਵੱਧ ਰੱਖੇ ਗਏ ਹਨ । ਇਸ ਗੱਲ ਵਿਚ ਮਨਸ਼ਾ ਇਹੀ ਹੈ ਕਿ ਜੋ ਸਕੀਮ ਹੈ, ਉਸ ਨੂੰ ਚੰਗੀ ਤਰ੍ਹਾਂ ਲਾਗੂ ਕੀਤਾ ਜਾ ਸਕੇ ਅਤੇ ਬੇਰੁਜ਼ਗਾਰੀ ਨੂੰ ਵੀ ਠੱਲ੍ਹ ਪੈ ਸਕੇ ।

ਅੱਗੇ, ਚੇਅਰਮੈਨ ਸਾਹਿਬ, ਵਿਵਸਥਾ ਕੀਤੀ ਗਈ ਕਿ 10,000 ਕਿਲੋਮੀਟਰ ਲੰਬੀਆਂ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਜਾਵੇ । ਪੰਜਾਬ ਵਿਚ 27,000 ਕਿਲੋਮੀਟਰ ਲੰਬੀਆਂ ਲਿੰਕ ਸੜਕਾਂ ਹਨ । ਚੇਅਰਮੈਨ ਸਾਹਿਬ, ਖੇਤੀਬਾੜੀ ਨੂੰ ਵਧਾਉਣ ਵਾਸਤੇ ਪੇਂਡੂ ਆਵਾਜਾਈ ਦਾ ਠੀਕ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਕਿਸਾਨ ਨੇ ਲਿੰਕ ਸੜਕਾਂ ਰਾਹੀਂ ਹੀ ਆਪਣੇ ਸੰਦਾਂ ਵਾਸਤੇ, ਦਵਾਈਆਂ ਅਤੇ ਬੀਜਾਂ ਵਾਸਤੇ ਜਾਣਾ ਹੁੰਦਾ ਹੈ । ਇਹ ਜ਼ਰੂਰੀ ਹੈ ਕਿ 27,000 ਕਿਲੋਮੀਟਰ ਲਿੰਕ ਸੜਕਾਂ ਦੀ ਰਿਪੇਅਰ ਵਾਸਤੇ ਹਰ 3 ਸਾਲਾਂ ਬਾਅਦ ਉਨ੍ਹਾਂ ਤੇ ਪ੍ਰੀਮਿਕਸ ਪਾਈ ਜਾਵੇ । ਇਸ ਹਿਸਾਬ ਨਾਲ ਜਦ ਦਾਸ ਮੰਡੀ ਬੋਰਡ ਦਾ ਚੇਅਰਮੈਨ ਸੀ ਤਾਂ ਇੱਕ ਸਾਲ ਵਿਚ

9,000 ਕਿਲੋਮੀਟਰ ਲੰਬੀਆਂ ਲਿੰਕ ਸੜਕਾਂ ਤੇ ਪ੍ਰੀਮਿਕਸ ਪੈਣਾ ਜ਼ਰੂਰੀ ਕੀਤਾ ਸੀ ਤਾਂ ਜੋ 3 ਸਾਲਾਂ ਵਿਚ 27,000 ਕਿਲੋਮੀਟਰ ਲੰਬੀਆਂ ਲਿੰਕ ਸੜਕਾਂ ਤੇ ਪ੍ਰੀਮਿਕਸ ਪੈ ਸਕੇ । ਬੜੇ ਦੁੱਖ ਦੀ ਗੱਲ ਹੈ, ਚੇਅਰਮੈਨ ਸਾਹਿਬ, ਕਿ ਜਦੋਂ ਕਾਂਗਰਸ ਸਰਕਾਰ ਆਈ ਤਾਂ ਉਸ ਨੇ ਇਹ ਫੈਸਲਾ ਬਦਲ ਦਿੱਤਾ, ਮੰਡੀ ਬੋਰਡ ਦਾ ਫੈਸਲਾ ਬਦਲ ਦਿੱਤਾ ਅਤੇ ਫੈਸਲਾ ਕਰ ਦਿੱਤਾ ਕਿ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਰਿਪੇਅਰ ਹਰ 6 ਸਾਲ ਬਾਅਦ ਕੀਤੀ ਜਾਵੇਗੀ ਪਰ 6 ਸਾਲਾਂ ਵਿਚ ਤਾਂ ਸਾਰੀਆਂ ਦੀਆਂ ਸਾਰੀਆਂ ਸੜਕਾਂ ਟੁੱਟ ਗਈਆਂ । ਸੜਕਾਂ ਦੀ 8-8 ਸਾਲ ਤੋਂ ਕੋਈ ਰਿਪੇਅਰ ਨਹੀਂ ਹੋਈ । ਮੈਨੂੰ ਖੁਸ਼ੀ ਹੈ, ਚੇਅਰਮੈਨ ਸਾਹਿਬ, ਕਿ ਜਿਹੜਾ ਬਜਟ ਕੈਪਟਨ ਕੰਵਲਜੀਤ ਸਿੰਘ ਨੇ ਲਿਆਂਦਾ ਹੈ, ਉਸ ਵਿਚ 10,000 ਕਿਲੋਮੀਟਰ ਲੰਬੀਆਂ ਲਿੰਕ ਸੜਕਾਂ ਦੀ ਰਿਪੇਅਰ ਦੀ ਵਿਵਸਥਾ ਇਸੇ ਸਾਲ ਵਿਚ ਕੀਤੀ ਗਈ ਹੈ । ਇਸ ਵਕਤ ਸਾਰੇ ਪੰਜਾਬ ਵਿਚ 30,000 ਕਿਲੋਮੀਟਰ ਲੰਬੀਆਂ ਲਿੰਕ ਰੋਡਜ਼ ਹਨ । ਇਸ ਹਿਸਾਬ ਨਾਲ 3 ਸਾਲਾਂ ਤੋਂ ਵੀ ਪਹਿਲਾਂ ਪਹਿਲਾਂ ਸਾਰੀਆਂ ਲਿੰਕ ਰੋਡਜ਼ ਦੀ ਰਿਪੇਅਰ ਹੋ ਜਾਵੇਗੀ । ਸਮੁੱਚੇ ਪੇਂਡੂ ਜੀਵਨ ਦੀ ਤਰੱਕੀ ਵਾਸਤੇ ਲਿੰਕ ਰੋਡਜ਼ ਦੀ ਰਿਪੇਅਰ ਹੋਣੀ ਬਹੁਤ ਜ਼ਰੂਰੀ ਹੈ ।

ਚੇਅਰਮੈਨ ਸਾਹਿਬ, ਦੂਸਰੀ ਵੱਡੀ ਗੱਲ ਖੇਤੀ ਦੇ ਪੱਖ ਵਿਚ ਕਹੀ ਗਈ ਹੈ। ਬੜੀ ਦਰਦਨਾਕ ਗੱਲ ਹੈ ਕਿ ਜਿਹੜਾ ਸਰਵੇ ਕਰਵਾ ਕੇ ਦੇਖਿਆ ਗਿਆ, ਉਸ ਰਾਹੀਂ ਪਤਾ ਲੱਗਾ ਕਿ ਅੱਜ 4-5% ਕਿਸਾਨ ਆਪਣਾ ਕਿੱਤਾ ਖੇਤੀਬਾੜੀ ਛੱਡ ਚੁੱਕਾ ਹੈ । ਅੱਜ ਹਾਲਤ ਇਹ ਹੋ ਗਈ ਹੈ ਕਿ ਕਿਸਾਨ ਦਾ ਪੁੱਤਰ ਆਪਣੇ ਮਾਂ-ਬਾਪ ਨੂੰ ਤਾਹਨਾ ਮਾਰ ਕੇ ਕਹਿ ਰਿਹਾ ਹੈ ਕਿ ਇਕ ਕਿੱਲਾ ਬੈਅ ਕਰਕੇ ਉਹ ਉਸ ਨੂੰ ਵਿਦੇਸ਼ਾਂ ਵਿਚ ਭੇਜ ਦੇਵੇ । ਚੇਅਰਮੈਨ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਨੇ ਇਸ ਪਾਸੇ ਬੜੀ ਵੱਡੀ ਸੋਚ ਲਿਆਂਦੀ ਹੈ, ਕੈਪਟਨ ਕੰਵਲਜੀਤ ਸਿੰਘ ਨੇ ਇਸ ਪਾਸੇ ਬੜੀ ਵੱਡੀ ਸੋਚ ਲਿਆਂਦੀ ਹੈ । ਖੇਤੀ-ਬਾੜੀ ਨੂੰ ਇਕ ਸਮੇਂ ਇਕ ਬੜਾ ਲਾਹੇਵੰਦ ਧੰਧਾ ਕਿਹਾ ਜਾਂਦਾ ਸੀ, ਕਿਹਾ ਜਾਂਦਾ ਸੀ ਕਿ "ਉਤਮ ਖੇਤੀ, ਮੱਧਮ ਵਪਾਰ, ਨਖਿਧ ਚਾਕਰੀ, ਭੀਖ ਨਦਾਰ" । ਪਰ ਸਾਨੂੰ ਇਸ ਗੱਲ ਦਾ ਬੜਾ ਦੁੱਖ ਹੈ ਕਿ ਅੱਜ ਖੇਤੀ ਉਤਮ ਨਹੀਂ ਰਹੀ । ਖੇਤੀ ਕਰਨ ਨਾਲੋਂ ਅੱਜ ਇਕ ਬੱਚਾ ਐਮ.ਏ. ਪੜ੍ਹ ਕੇ ਵੀ ਸੇਵਾਦਾਰ ਲੱਗਣਾ ਚਾਹੁੰਦਾ ਹੈ । ਅੱਜ ਇੰਪਲਾਇਮੈਂਟ ਐਕਸਚੇਂਜਾਂ ਦਾ ਹਾਲ ਦੇਖ ਲਓ, ਕੀ ਹੋ ਗਿਆ ਹੈ । ਐਮ.ਏ. ਪਾਸ ਮੁੰਡੇ ਐਪਲੀਕੇਸ਼ਨਾਂ ਦਿੰਦੇ ਪਏ ਹਨ ਕਿ ਸਾਨੂੰ ਸੇਵਾਦਾਰ ਹੀ ਲਗਵਾ ਦਿਉ । ਸਪੀਕਰ ਸਾਹਿਬ, ਇਹ ਸਾਡੇ ਸਾਹਮਣੇ ਬੈਠੇ ਵੀਰਾਂ ਦਾ 40-45 ਸਾਲ ਰਾਜ ਰਿਹਾ । ਇਨ੍ਹਾਂ ਨੇ ਇਸ ਦੌਰਾਨ ਬਿਲਕੁਲ ਇਸ ਪਾਸੇ ਵੱਲ

[ਸਰਦਾਰ ਤੋਤਾ ਸਿੰਘ]

ਕੋਈ ਸੋਚ ਨਹੀਂ ਰੱਖੀ ਕਿ ਕਿਸ ਤਰ੍ਹਾਂ ਨੌਜਵਾਨਾਂ ਨੂੰ ਰੋਜ਼ਗਾਰ ਦੇਣਾ ਹੈ, ਕਿੰਨੀ ਗਿਣਤੀ ਵਿਚ ਬੱਚੇ ਪੜ੍ਹ ਲਿਖ ਰਹੇ ਹਨ, ਉਨ੍ਹਾਂ ਨੂੰ ਕਿਸ ਕਿਸਮ ਦੀ ਸਿਖਿਆ ਦੇਣੀ ਹੈ ਅਤੇ ਕਿਸ ਕਿਸਮ ਦਾ ਰੋਜ਼ਗਾਰ ਦੇਣਾ ਹੈ । ਅੱਜ ਇਨ੍ਹਾਂ ਨੇ ਪੰਜਾਬ ਦੇ ਸੂਬੇ ਨੂੰ ਬੇਰੋਜ਼ਗਾਰੀ ਦੀ ਹੱਦ ਤੇ ਲਿਆ ਕੇ ਖੜ੍ਹਾ ਕਰ ਦਿਤਾ ਹੈ । ਖੇਤੀਬਾੜੀ ਬਹੁਤ ਸਾਰੇ ਲੋਕਾਂ ਨੂੰ ਰੋਜ਼ਗਾਰ ਦੇ ਸਾਧਨ ਮੁਹੱਈਆ ਕਰ ਸਕਦੀ ਹੈ । ਇਸ ਧੰਦੇ ਨੂੰ ਉਚਾ ਚੁੱਕਣ ਲਈ ਅੱਜ ਬਾਦਲ ਸਾਹਿਬ ਨੇ ਉਦਮ ਕੀਤਾ ਹੈ । ਉਨ੍ਹਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਅਤੇ ਰਾਜਸਥਾਨ ਦੇ ਮੁੱਖ ਮੰਤਰੀ ਨੂੰ ਨਾਲ ਲਿਆ ਅਤੇ ਕੇਂਦਰ ਸਰਕਾਰ ਤੇ ਦਬਾਉ ਪਾਇਆ ਕਿ ਸਾਨੂੰ ਕਣਕ ਦੀ ਕੀਮਤ ਸਹੀ ਦਿੱਤੀ ਜਾਵੇ । ਪਿਛਲੀ ਸਰਕਾਰ ਵੱਲੋਂ ਐਸੇ ਹਾਲਾਤ ਪੈਦਾ ਕੀਤੇ ਗਏ ਸਨ ਕਿ ਉਸ ਵਕਤ ਕਣਕ ਦਾ ਮੁੱਲ 380 ਰੁਪਏ ਪ੍ਰਤੀ ਕੁਇੰਟਲ ਪਾਇਆ ਗਿਆ ਅਤੇ 4-5 ਮਹੀਨੇ ਬਾਅਦ 9 ਰੁਪਏ ਕਿਲੋ ਦੇ ਹਿਸਾਬ ਨਾਲ ਆਟਾ ਵੇਚਿਆ ਗਿਆ । ਪਰ ਇਸ ਵਾਰੀ ਇਸ ਤਰ੍ਹਾਂ ਦੇ ਹਾਲਾਤ ਨਹੀਂ ਹੋਣਗੇ । ਹੁਣ ਬਾਦਲ ਸਾਹਿਬ ਦੀ ਹਿੰਮਤ ਸਦਕਾ ਕੇਂਦਰ ਸਰਕਾਰ ਨੇ ਮਜਬੂਰ ਹੋ ਕੇ ਕਣਕ ਦਾ ਪ੍ਰਤੀ ਕੁਇੰਟਲ ਭਾਅ 380 ਰੁਪਏ ਤੋਂ 415 ਰੁਪਏ ਕੀਤਾ, ਉਥੇ 60 ਰੁਪਏ ਉਸ ਨੂੰ ਬੋਨਸ ਵੀ ਦੇਣਾ ਪਿਆ । ਇਸ ਦੇ ਨਾਲ ਵੀ ਪੰਜਾਬ ਸਰਕਾਰ ਦੀ ਤਸੱਲੀ ਨਹੀਂ ਹੋਈ । ਸਾਡੀ ਸਰਕਾਰ ਕਹਿੰਦੀ ਸੀ ਕਿ ਕਿਸਾਨਾਂ ਨੂੰ ਹੋਰ ਜ਼ਿਆਦਾ ਰਿਲੀਫ ਮਿਲਣਾ ਚਾਹੀਦਾ ਹੈ ਲੇਕਿਨ ਕੇਂਦਰ ਦਾ ਖੇਤੀਬਾੜੀ ਮੰਤਰੀ ਅੜਿਆ ਰਿਹਾ ਕਿ ਮੈਂ ਕਿਸੇ ਕੀਮਤ ਤੇ ਵੀ ਕਣਕ ਦਾ ਭਾਅ ਨਹੀਂ ਵਧਾਉਣਾ । ਉਲਟਾ ਉਸ ਨੇ ਅਖਬਾਰਾਂ ਵਿਚ ਇਸ਼ਤਿਹਾਰਬਾਜ਼ੀ ਕੀਤੀ ਕਿ ਜਿਹੜੀ ਕਣਕ, ਜਿਹੜੀ 20 ਲੱਖ ਟੰਨ ਕਣਕ ਅਸੀਂ ਆਸਟ੍ਰੇਲੀਆ, ਆਸਟਰੀਆ ਅਤੇ ਕਨੇਡਾ ਤੋਂ ਲੈਣ ਦਾ ਫੈਸਲਾ ਕੀਤਾ ਹੈ, ਉਹ ਮਦਰਾਸ ਬੰਦਰਗਾਹ ਤੇ ਸਾਨੂੰ 720 ਰੁਪਏ ਕੁਇੰਟਲ ਪੈਂਦੀ ਹੈ । ਉਸ ਨੇ ਇਸ਼ਤਿਹਾਰ ਦਿੱਤਾ ਕਿ ਜਿਹੜੀ ਕਣਕ ਅਸੀਂ ਪੰਜਾਬ ਵਿਚੋਂ ਖਰੀਦਦੇ ਹਾਂ, ਉਹ ਵੀ ਲੁਧਿਆਣੇ ਤੋਂ ਮਦਰਾਸ ਬੰਦਰਗਾਹ ਤੱਕ 720 ਰੁਪਏ ਨੂੰ ਹੀ ਪੈਂਦੀ ਹੈ । ਕਿੰਨਾ ਗਲਤ ਇਸ਼ਤਿਹਾਰ ਸੀ । ਅਸੀਂ ਉਸ ਨੂੰ ਚੈਲਿੰਜ ਕੀਤਾ ਕਿ 475 ਰੁਪਏ ਨੂੰ ਖਰੀਦੀ ਗਈ ਕਣਕ ਦਾ ਭਾਅ ਮਦਰਾਸ ਜਾ ਕੇ ਕਿਵੇਂ 720 ਰੁਪਏ ਹੋ ਸਕਦਾ ਹੈ । ਐਨੀ ਜਿਆਦਾ ਗਲਤਬਿਆਨੀ ਕੀਤੀ ਗਈ ਲੋਕਾਂ ਨੂੰ ਗੁੰਮਰਾਹ ਕਰਨ ਵਾਸਤੇ । ਵਿਦੇਸ਼ੀ ਕਰੰਸੀ ਤਾਂ ਦੂਜੇ ਮੁਲਕਾਂ ਨੂੰ ਦੇ ਦਿੱਤੀ ਗਈ ਲੇਕਿਨ ਹਿੰਦੁਸਤਾਨ ਦੇ ਆਪਣੇ ਲੋਕਾਂ ਨੂੰ ਰਿਲੀਫ ਨਹੀਂ ਦਿੱਤਾ ਗਿਆ । ਇਹ ਜਿਹੜੀ ਸਾਡੀ ਕੇਂਦਰ ਦੀ ਸਰਕਾਰ ਹੈ, ਇਹ ਸਾਡੇ ਸਾਹਮਣੇ ਬੈਠੇ ਵੀਰਾਂ ਦੀ

ਹਮਾਇਤ ਨਾਲ ਚੱਲ ਰਹੀ ਹੈ । ਐਤਕੀ 60 ਲੱਖ ਟੱਨ ਕਣਕ ਖਰੀਦੀ ਗਈ ਜਿਹੜੀ 6 ਕਰੋੜ ਕੁਇੰਟਲ ਬਣਦੀ ਹੈ । 475 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਇਸ ਦੀ ਕੀਮਤ 2850 ਕਰੋੜ ਰੁਪਏ ਬਣਦੀ ਹੈ । ਕਿਸਾਨ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਇਹ ਕਣਕ ਪੈਦਾ ਕਰਦਾ ਹੈ । 20 ਲੱਖ ਟੱਨ ਕਣਕ 720 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਬਾਹਰੋਂ ਮੰਗਵਾਈ ਗਈ ਹੈ । ਜੇ ਸਾਰੀ ਦੀ ਸਾਰੀ 6 ਕਰੋੜ ਕੁਇੰਟਲ ਕਣਕ ਜਿਹੜੀ ਇਥੋਂ ਖਰੀਦੀ ਗਈ ਹੈ, ਬਾਹਰੋਂ ਮੰਗਵਾਈ ਜਾਂਦੀ ਤਾਂ 4320 ਕਰੋੜ ਰੁਪਿਆ ਦੇਣਾ ਪੈਣਾ ਸੀ । ਕੇਵਲ ਦੋ ਕਰੋੜ ਕੁਇੰਟਲ ਕਲਕੱਤੇ 1400 ਕਰੋੜ ਰੁਪਏ ਤੋਂ ਉਪਰ ਵਿਦੇਸ਼ੀ ਕਰੰਸੀ ਦੇ ਕੇ ਬਾਹਰੋਂ ਕਣਕ ਮੰਗਵਾਈ ਗਈ । ਦੂਸਰੇ ਮੁਲਕਾਂ ਨੂੰ ਤਾਂ ਵਿਦੇਸ਼ੀ ਕਰੰਸੀ ਦੇ ਦਿੱਤੀ ਗਈ ਪਰ ਪੰਜਾਬ ਦੇ ਕਿਸਾਨਾਂ ਨੂੰ ਰਿਲੀਫ ਨਹੀਂ ਦਿੱਤਾ ਗਿਆ । ਜੇ ਮੌਜੂਦਾ ਭਾਅ ਤੋਂ 25 ਰੁਪਏ ਪ੍ਰਤੀ ਕੁਇੰਟਲ ਵਧੇਰੇ ਦੇ ਕੇ 500 ਰੁਪਏ ਦੇ ਹਿਸਾਬ ਨਾਲ ਕਣਕ ਖਰੀਦੀ ਜਾਂਦੀ ਤ 6 ਕਰੋੜ ਕੁਇੰਟਲ ਤੇ ਸਿਰਫ 150 ਕਰੋੜ ਰੁਪਿਆ ਹੋਰ ਕਿਸਾਨਾਂ ਨੂੰ ਦੇਣਾ ਪੈ ਸੀ ਪਰ ਨਹੀਂ ਦਿੱਤਾ ਗਿਆ । ਕਿਸਾਨਾਂ ਦੀ ਮਜਬੂਰੀ ਦਾ ਫਾਇਦਾ ਉਠਾਇ ਗਿਆ । ਕਿਸਾਨ ਤਾਂ ਪਹਿਲਾਂ ਹੀ ਕਰਜ਼ੇ ਥੱਲੇ ਦੱਬਿਆ ਪਿਆ ਹੈ । ਬੈਂਕਾਂ ਜਦ ਕਰਜ਼ੇ ਦੇ ਵਾਰੰਟ ਲੈ ਕੇ ਆਉਂਦੇ ਹਨ ਤਾਂ ਡਰਦੇ ਮਾਰੇ ਕਿਸਾਨ ਨੂੰ ਆ ਫਸਲ ਵੇਚਣੀ ਹੀ ਪੈਂਦੀ ਹੈ । ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਨੇ ਮ ਕਿਸਾਨ ਦਾ ਫਾਇਦਾ ਉਠਾਇਆ ਪਰ ਕਿਸਾਨ ਦੀ ਹਾਲਤ ਸੁਧਾਰਨ ਵੱਲ ਕੇਂ ਸਰਕਾਰ ਨੇ ਧਿਆਨ ਨਹੀਂ ਦਿੱਤਾ । 35 ਰੁਪਏ ਜਿਆਦਾ ਭਾਅ ਅਤੇ 60 ਦਾ ਰਿਲੀਫ ਪੰਜਾਬ ਦੇ ਮੁੱਖ ਮੰਤਰੀ ਨੇ ਹਰਿਆਣਾ ਅਤੇ ਰਾਜਸਥਾਨ ਦੇ ਮੰਤਰੀਆਂ ਨੂੰ ਨਾਲ ਲੈ ਕੇ ਕੇਂਦਰ ਤੇ ਦਬਾ ਪਾ ਕੇ ਦਿਵਾਇਆ । ਕਿਸਾਨ ਨੂੰ ਫਾਇਦਾ ਅਕਾਲੀ ਦਲ-ਬੀ.ਜੇ.ਪੀ. ਦੀ ਸਰਕਾਰ ਨੇ ਦਿਵਾਇਆ ਹੈ ।

ਇਸੇ ਤਰ੍ਹਾਂ ਮੈਂ ਝੋਨੇ ਦੇ ਮੁਤੱਲਿਕ ਕਹਿਣਾ ਚਾਹੁੰਦਾ ਹਾਂ । 1994- ਵਿਚ ਝੋਨੇ ਦੇ ਮਾਮਲੇ ਵਿਚ ਵੀ ਕਿਸਾਨ ਨਾਲ ਮਜ਼ਾਕ ਕੀਤਾ ਗਿਆ । ਫਿਰੋ ਅਤੇ ਫਰੀਦਕੋਟ ਵਿਚ ਝੋਨੇ ਦੀ ਖਰੀਦ ਵਿਚ 20 ਰੁਪਏ ਵੱਧ ਭਾਅ ਦੇ ਗਿਆ ਅਤੇ ਬਾਕੀ ਸਾਰੇ ਜ਼ਿਲ੍ਹਿਆਂ ਵਿਚ 20 ਰੁਪਏ ਪ੍ਰਤੀ ਕੁਇੰਟਲ ਘੱਟ ਦਿੱਤਾ ਗਿਆ । ਜਦੋਂ ਬਾਕੀ ਜ਼ਿਲ੍ਹਿਆਂ ਦੇ ਕਿਸਾਨਾਂ ਨੇ ਹੜਤਾਲ ਕੀਤੀ ਕਿ ਭਾਅ ਘੱਟ ਕਿਉਂ ਦਿੱਤਾ ਗਿਆ ਹੈ ਤਾਂ ਉਸ ਵੇਲੇ ਦੇ ਮੁੱਖ ਮੰਤਰੀ ਸਰਦਾਰ ਬੇ ਸਿੰਘ ਨੇ ਕਿਹਾ ਕਿ ਤੁਹਾਨੂੰ 20 ਰੁਪਏ ਪ੍ਰਤੀ ਕੁਇੰਟਲ ਬੋਨਸ ਦੇ ਦਿਆਂਗੇ ਕਿਸਾਨਾਂ ਨੇ ਉਨ੍ਹਾਂ ਦੇ ਲਾਰੇ ਵਿਚ ਆ ਕੇ 60 ਲੱਖ ਟੱਨ ਝੋਨਾ ਵੇਚ ਦਿੱਤਾ ।

[ਸਰਦਾਰ ਤੋਤਾ ਸਿੰਘ]

ਤੇ 120 ਕਰੋੜ ਰੁਪਏ ਦਾ ਬੋਨਸ ਬਣਦਾ ਸੀ ਪਰੰਤੂ ਉਹ ਲਾਰਾ, ਲਾਰਾ ਹੀ ਰਹਿ ਗਿਆ। ਕਿਸਾਨਾਂ ਨੂੰ ਕੁਝ ਨਹੀਂ ਦਿੱਤਾ ਗਿਆ। ਕਿਸਾਨਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ। ਪੰਜਾਬ ਦੇ ਵਿਚ ਇਕ ਐਗਰੋ ਇੰਡਸਟਰੀ ਹੈ ਜਿਸ ਨੂੰ ਰਾਈਸ ਮਿੱਲਾਂ ਕਿਹਾ ਜਾਂਦਾ ਹੈ। ਜਿੰਨੀਆਂ ਰਾਈਸ ਮਿੱਲਾਂ ਤਕੜੀਆਂ ਹੋਣਗੀਆਂ, ਉਨ੍ਹਾਂ ਹੀ ਝੋਨੇ ਦਾ ਵੱਧ ਭਾਅ ਕਿਸਾਨ ਨੂੰ ਮਿਲੇਗਾ ਲੇਕਿਨ 1994-95 ਵਿਚ 2 ਹਿੱਸਿਆਂ ਵਿਚ ਝੋਨੇ ਦੀ ਖਰੀਦ ਕੀਤੀ ਗਈ। ਫਿਰੋਜ਼ਪੁਰ ਅਤੇ ਫਰੀਦਕੋਟ ਵਿਚ 20 ਰੁਪਏ ਵੱਧ ਅਤੇ ਬਾਕੀ ਸਾਰਿਆਂ ਜ਼ਿਲ੍ਹਿਆਂ ਵਿਚ 20 ਰੁਪਏ ਘੱਟ ਭਾਅ ਦਿੱਤਾ ਗਿਆ। ਐਫ.ਸੀ.ਆਈ. ਨੇ ਝੋਨੇ ਦੀ ਕੁਆਲਿਟੀ ਪਰਖਣ ਵਿਚ ਗਲਤ ਨੀਤੀਆਂ ਅਪਣਾਈਆਂ। ਇਕੋ ਕਿਸਮ ਦੇ ਝੋਨੇ ਨੂੰ ਕਿਤੇ ਵਧੀਆ ਅਤੇ ਕਿਤੇ ਘਟੀਆ ਕਹਿ ਕੇ ਖਰੀਦਿਆ ਗਿਆ। ਕੇਂਦਰ ਦੀ ਸਰਕਾਰ ਪਾਸ ਚਿੱਠੀ-ਪੱਤਰ ਵੀ ਕੀਤਾ ਗਿਆ ਲੇਕਿਨ ਉਸ ਨੇ ਆਪਣੀਆਂ ਅੜੀਅਲ ਨੀਤੀਆਂ ਜਾਰੀ ਰੱਖੀਆਂ ਜਿਸ ਕਰਕੇ ਕਿੱਡਾ ਵੱਡਾ ਕੌਮੀ ਨੁਕਸਾਨ ਹੋਇਆ। ਉਦੋਂ ਐਫ.ਸੀ.ਆਈ. ਨੇ 395 ਰੁਪਏ ਕੁਇੰਟਲ ਦੇ ਹਿਸਾਬ ਨਾਲ ਝੋਨਾ ਓਪਨ ਮਾਰਕੀਟ ਵਿਚ ਵੇਚਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ 395 ਰੁਪਏ ਪ੍ਰਤੀ ਕੁਇੰਟਲ ਵੇਚਣ ਤੋਂ ਬਾਅਦ ਬਹੁਤ ਸਾਰੀਆਂ ਰਾਈਸ ਮਿੱਲਾਂ ਡਿਫਾਲਟਰ ਡਿਕਲੇਅਰ ਕਰ ਦਿੱਤੀਆਂ ਗਈਆਂ। ਕਿਸੇ ਨੂੰ ਵਿਆਜ ਦੇਣ ਦੇ ਨੋਟਿਸ ਭੇਜ ਦਿੱਤੇ ਗਏ ਕਿਸੇ ਤੇ ਕੋਈ ਹੋਰ ਐਕਸ਼ਨ ਲਿਆ ਗਿਆ। ਇਸ ਵੇਲੇ ਜਿੰਨੀਆਂ ਮਿੱਲਾਂ ਹਨ ਉਨ੍ਹਾਂ ਵਿੱਚੋਂ 60% ਮਿੱਲਾਂ ਐਕਸ਼ਨ ਅਧੀਨ ਹਨ। ਪੰਜਾਬ ਸਰਕਾਰ ਨੇ ਸਬਸਿਡੀ ਦੇ ਕੇ ਇਹ ਲਾਈਆਂ ਸਨ ਤਾਂ ਕਿ ਇਹ ਕਿਸਾਨਾਂ ਨੂੰ ਰਿਲੀਫ ਦੇ ਸਕਣ ਪਰ ਅੱਜ ਇਹ 60% ਮਿੱਲਾਂ ਡਿਫਾਲਟਰ ਹੋ ਚੁੱਕੀਆਂ ਹਨ। ਇਹ ਮਿੱਲਾਂ ਕਿਸਾਨਾਂ ਨੂੰ ਰਿਲੀਫ ਨਹੀਂ ਦੇ ਸਕੀਆਂ। ਐਸੇ ਤਰ੍ਹਾਂ ਹੀ ਗਲਤ ਨੀਤੀਆਂ ਕਾਰਨ, ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਜਿੱਥੇ ਕਿਸਾਨਾਂ ਦਾ ਨੁਕਸਾਨ ਹੋਇਆ, ਉਥੇ ਰਾਈਸ ਮਿੱਲ ਮਾਲਕਾਂ ਅਤੇ ਉਨ੍ਹਾਂ ਮਿੱਲਾਂ ਦੇ ਅੰਦਰ ਕੰਮ ਕਰਨ ਵਾਲੇ ਸੈਂਕੜੇ ਮਜ਼ਦੂਰਾਂ ਦਾ ਵੀ ਬਹੁਤ ਨੁਕਸਾਨ ਹੋਇਆ। 1995-96 ਦੇ ਅੰਦਰ ਵੀ ਐਸੇ ਤਰ੍ਹਾਂ ਦੇ ਹੀ ਹਾਲਾਤ ਪੈਦਾ ਕੀਤੇ ਗਏ। ਚੇਅਰਮੈਨ ਸਾਹਿਬ, ਹਰਿਆਣੇ ਦੇ ਵਿੱਚ ਝੋਨੇ ਦੇ ਰੇਟ ਵੱਧ ਅਤੇ ਪੰਜਾਬ ਦੇ ਵਿੱਚ ਘੱਟ ਰੇਟ ਦਿੱਤੇ ਗਏ। ਹਰਿਆਣੇ ਦੇ ਵਿੱਚ ਝੋਨਾ 20 ਰੁਪਏ ਪ੍ਰਤੀ ਕੁਇੰਟਲ ਵੱਧ ਵਿਕਿਆ। ਅਸੀਂ 90 ਲੱਖ ਟੱਨ ਝੋਨਾ ਸੈਂਟਰਲ ਪੂਲ ਦੇ ਵਿੱਚ ਦਿੱਤਾ ਜਿਸ ਨਾਲ 180 ਕਰੋੜ ਰੁਪਏ ਦਾ ਸਾਡੇ ਕਿਸਾਨ ਨੂੰ ਨੁਕਸਾਨ ਹੋਇਆ। ਐਸੇ ਤਰ੍ਹਾਂ ਹੀ 1996-97 ਵਿੱਚ ਫਿਰ ਝੋਨਾ

ਦਿੱਤਾ । ਉਦੋਂ ਫਿਰ ਹਰਿਆਣੇ ਨੂੰ ਵੱਧ ਭਾਅ ਦਿੱਤਾ ਗਿਆ ਅਤੇ ਪੰਜਾਬ ਨੂੰ ਘੱਟ ਰੇਟ ਦਿੱਤਾ ਗਿਆ । ਏਨਾ ਵੱਡਾ ਵਿਤਕਰਾ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਦੇ ਕਿਸਾਨ ਦੇ ਨਾਲ ਹੋਇਆ ਹੈ । ਸਾਡੇ ਸਾਹਮਣੇ ਬੈਠੇ ਵੀਰ ਇਸ ਸਭ ਨੁਕਸਾਨ ਲਈ ਜ਼ਿੰਮੇਵਾਰ ਹਨ । ਇਹ ਕੇਵਲ ਰੌਲਾ ਰੱਪਾ ਪਾਉਂਦੇ ਹਨ ਪਰ ਕੇਂਦਰ ਸਰਕਾਰ ਕੋਲ ਇਹ ਕਦੇ ਅਪਰੋਚ ਨਹੀਂ ਕਰਦੇ ਕਿ ਪੰਜਾਬ ਦਾ ਨੁਕਸਾਨ ਹੋ ਰਿਹਾ ਹੈ, ਸਾਨੂੰ ਪੰਜਾਬ ਦੇ ਕਿਸਾਨ ਨੂੰ ਉਚਿਤ ਭਾਅ ਦਿਓ ।

ਸਭ ਤੋ ਵੱਡਾ ਨੁਕਸਾਨ ਪੰਜਾਬ ਦੇ ਜ਼ਿਮੀਦਾਰ ਦਾ ਗੰਨੇ ਦੇ ਵਿੱਚ ਕੀਤਾ ਗਿਆ । ਅੱਜ ਤੋਂ ਤਿੰਨ ਸਾਲ ਪਹਿਲਾਂ ਪੰਜਾਬ ਸਰਕਾਰ ਵੱਲੋਂ ਬੜੀ ਬਿਆਨਬਾਜ਼ੀ ਕੀਤੀ ਗਈ ਕਿ ਫ਼ਸਲੀ ਚੱਕਰ ਬਣਾਓ । ਕਣਕ ਦੀ ਥਾਂ ਤੇ ਦੂਜੀਆਂ ਫਸਲਾਂ ਬੀਜੋ । ਗੰਨਾ ਬੀਜਣ ਲਈ ਕਿਸਾਨਾਂ ਨੂੰ ਉਕਸਾਇਆ ਗਿਆ । ਕਿਸਾਨਾਂ ਨੂੰ ਕਿਹਾ ਗਿਆ ਕਿ ਤੁਸੀਂ ਗੰਨਾ ਬੀਜੋ, ਇਸ ਬਾਰੇ ਬੜੀ ਇਸ਼ਤਿਹਾਰਬਾਜ਼ੀ ਕੀਤੀ ਗਈ । ਸਿੱਟੇ ਵਜੋਂ ਕਿਸਾਨਾਂ ਨੇ ਵੱਡੀ ਗਿਣਤੀ ਦੇ ਵਿੱਚ ਗੰਨਾ ਬੀਜਿਆ ਪਰ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਦੇ ਕਾਰਨ ਕਿਸਾਨ ਨੂੰ ਫਿਰ ਬਹੁਤ ਨੁਕਸਾਨ ਉਠਾਉਣਾ ਪਿਆ । ਚੇਅਰਮੈਨ ਸਾਹਿਬ, ਮੈਂ ਵਿਦੇਸ਼ਾਂ ਦੇ ਵਿੱਚ ਵੀ ਗਿਆ ਹਾਂ ਅਤੇ ਉਥੇ ਮੈਂ ਦੇਖਿਆ ਹੈ ਕਿ ਖੰਡ ਮਿੱਲਾਂ ਲੱਗਣ ਤੋਂ ਪਹਿਲਾਂ ਸਰਵੇ ਕੀਤਾ ਜਾਂਦਾ ਹੈ ਕਿ ਇਸ ਇਲਾਕੇ ਦੇ ਵਿੱਚ ਗੰਨੇ ਦੀ ਉਪਜ ਦੀ ਕੀ ਔਸਤ ਹੈ । ਜ਼ਮੀਨ ਕਿੰਨਾ ਗੰਨਾ ਕਾਸ਼ਤ ਕਰਕੇ ਦੇ ਸਕਦੀ ਹੈ, ਇਹ ਵੇਖ ਕੇ ਹੀ ਖੰਡ ਮਿੱਲ ਲਗਾਈ ਜਾਂਦੀ ਹੈ । ਗੰਨੇ ਦੀ ਸਪਲਾਈ ਦੇ ਮੁਤਾਬਿਕ ਖੰਡ ਮਿੱਲ ਦੀ ਕਪੈਸਿਟੀ ਦੇਖੀ ਜਾਂਦੀ ਹੈ । ਇਹ ਵੀ ਧਿਆਨ ਰੱਖਿਆ ਜਾਂਦਾ ਹੈ ਕਿ ਛੇ ਮਹੀਨਿਆਂ ਦੇ ਅੰਦਰ ਖੰਡ ਮਿੱਲ ਕਿੰਨਾ ਗੰਨਾ ਪੀੜ ਸਕਦੀ ਹੈ । ਚੇਅਰਮੈਨ ਸਾਹਿਬ, ਕਿਸਾਨਾਂ ਨੂੰ ਸਮਝਾਇਆ ਜਾਂਦਾ ਹੈ ਕਿ ਤੁਸੀਂ ਏਨੀ ਮਾਤਰਾ ਦੇ ਵਿੱਚ ਗੰਨਾ ਬੀਜੋ ਔਰ ਜੇਕਰ ਉਸ ਤੋਂ ਵੱਧ ਮਾਤਰਾ ਦੇ ਵਿੱਚ ਬੀਜੋਗੇ ਤਾਂ ਉਸ ਵਾਸਤੇ ਤੁਸੀਂ ਖੁਦ ਜ਼ਿੰਮੇਵਾਰ ਹੋਵੋਗੇ । ਖੰਡ ਮਿੱਲਾਂ ਦਾ ਗੰਨਾ ਪਿੜਾਈ ਦਾ ਸੀਜ਼ਨ ਮਹੀਨੇ ਤੋਂ ਵੱਧ ਨਹੀਂ ਹੋਣਾ ਚਾਹੀਦਾ । ਜੇ ਇਸ ਤੋਂ ਵੱਧ ਹੋਏਗਾ ਤਾਂ ਇਸ ਨਾਲ ਨੈਸ਼ਨਲ ਲਾਸ ਹੋਏਗਾ । ਇਸ ਸਾਰੇ ਸਰਵੇ ਅਤੇ ਜਾਣਕਾਰੀ ਵਾਸਤੇ ਉਹ ਫੀਲਡ ਅਫ਼ਸਰ ਰੱਖਦੇ ਹਨ ਜਦ ਕਿ ਏਥੇ ਖੰਡ ਮਿੱਲ ਲੱਗਣ ਤੋਂ ਪਹਿਲਾਂ ਕਦੇ ਕੋਈ ਸਰਵੇ ਨਹੀਂ ਕੀਤਾ ਜਾਂਦਾ ਅਤੇ ਕਿਸਾਨਾਂ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਜਾਂਦੀ । ਖੰਡ ਮਿੱਲ ਦੀ ਕਰੱਸ਼ਿੰਗ ਕਪੈਸਿਟੀ ਦਾ ਕੋਈ ਖਿਆਲ ਨਹੀਂ ਰੱਖਿਆ ਜਾਂਦਾ । ਸਿੱਟਾ ਇਹ ਨਿਕਲਦਾ ਹੈ ਕਿ

[ਸਰਦਾਰ ਤੋਤਾ ਸਿੰਘ]

ਪਰਚੀਆਂ ਮੁੱਲ ਵਿਕਣ ਲੱਗ ਜਾਂਦੀਆਂ ਹਨ । ਜੇਕਰ ਪਰਾਪਰ ਸਰਵੇ ਕਰਕੇ ਉਸ ਮੁਤਾਬਿਕ ਖੰਡ ਮਿੱਲਾਂ ਨਹੀਂ ਲਗਾਈਆਂ ਜਾਣਗੀਆਂ ਤਾਂ ਇਸ ਦੇ ਸਿੱਟੇ ਇਹੀ ਨਿਕਲਣਗੇ ਕਿ ਪਰਚੀਆਂ ਮੁੱਲ ਵਿਕਣਗੀਆਂ । ਵਿਦੇਸ਼ਾਂ ਦੇ ਵਿੱਚ ਏਸੇ ਕਰਕੇ ਕਿਸਾਨਾਂ ਦੀ ਦੁਰਦਸ਼ਾ ਨਹੀਂ ਹੁੰਦੀ । ਸਾਡਾ ਏਥੇ ਪਰਚੀਆਂ ਦਾ ਸਿਸਟਮ ਠੀਕ ਨਾ ਹੋਣ ਕਾਰਨ ਇਹ ਹੁੰਦਾ ਹੈ ਕਿ ਇਕ ਕਿਸਾਨ ਦਾ ਪੁੱਤਰ ਆਪਣੀ ਟਰਾਲੀ ਲੈ ਕੇ ਖੰਡ ਮਿੱਲ ਵਿੱਚ ਗੰਨਾ ਸਿੱਟਣ ਜਾਂਦਾ ਹੈ ਤਾਂ 15-15 ਦਿਨ ਉਹ ਘਰ ਨਹੀਂ ਮੁੜਦਾ । ਮਾਂ-ਪਿਓ ਘਰੋਂ ਹੋਰ ਆਦਮੀ ਭੇਜਦੇ ਹਨ ਕਿ ਪਤਾ ਨਹੀਂ ਸਾਡਾ ਪੁੱਤਰ ਕਿਧਰ ਚਲਾ ਗਿਆ, ਵਾਪਸ ਨਹੀ ਆਇਆ । ਫਿਰ ਪਤਾ ਲੱਗਦਾ ਹੈ ਕਿ ਹਾਲੇ ਵਾਰੀ ਨਹੀਂ ਆਈ, ਤੁਲਾਈ ਲਈ ਪਰਚੀ ਨਹੀਂ ਮਿਲੀ । ਜਦੋਂ ਇਸ ਵਾਰ ਸੀਜ਼ਨ ਸੀ ਤਾਂ ਇਨ੍ਹਾਂ ਨੇ ਬਿਲਕੁਲ ਨਹੀਂ ਸੋਚਿਆ ਕਿ ਪਿਛਲੇ ਸਾਲ ਕਿਸਾਨ ਨੇ ਕਿੰਨੀ ਤੰਗੀ ਕੱਟੀ ਹੈ । ਸਰਕਾਰ ਵੱਲੋਂ ਕਿਸਾਨਾਂ ਦੀ ਮਜਬੂਰੀ ਦਾ ਫ਼ਾਇਦਾ ਉਠਾਇਆ ਗਿਆ ਹੈ । ਮੇਰੇ ਸਾਹਮਣੇ ਬੈਠੇ ਵੀਰਾਂ ਵੱਲੋਂ ਪਹਿਲਾਂ ਹੀ ਮਿੱਲਾਂ ਦੇ ਵਿੱਚ ਹੜਤਾਲ ਕਰਵਾ ਦਿੱਤੀ ਗਈ ਕਿਉਂਕਿ ਇਹ ਪਾਰਲੀਮੈਂਟ ਦੀਆਂ ਚੋਣਾਂ ਤਾਂ ਪਹਿਲਾਂ ਹੀ ਸਮਝ ਚੁੱਕੇ ਸਨ । ਇਨ੍ਹਾਂ ਨੂੰ ਪਤਾ ਸੀ ਕਿ ਹੁਣ ਪੰਜਾਬ ਦੇ ਵਿੱਚ ਅਕਾਲੀ ਸਰਕਾਰ ਆਵੇਗੀ, ਉਨ੍ਹਾਂ ਵਾਸਤੇ ਔਕੜਾਂ ਪੈਦਾ ਕਰੀਏ । ਇਨ੍ਹਾਂ ਨੇ ਖੰਡ ਮਿੱਲਾਂ ਇਹ ਸੋਚ ਕੇ ਪਹਿਲਾਂ ਹੀ ਹੜਤਾਲ ਦੇ ਬਹਾਨੇ ਬੰਦ ਕਰਵਾ ਦਿੱਤੀਆਂ । ਇਹ ਖੰਡ ਮਿੱਲਾਂ ਅਸਲ ਸੀਜ਼ਨ ਵਿੱਚ ਬੰਦ ਕਰਵਾ ਦਿੱਤੀਆਂ ਜਿਸ ਵੇਲੇ ਕਿਸਾਨ ਨੂੰ ਪੂਰਾ ਫਾਇਦਾ ਮਿਲਣਾ ਹੁੰਦਾ ਹੈ । ਜੇ ਵੇਲੇ ਸਿਰ ਗੰਨਾ ਕੱਟਿਆ ਜਾਵੇ, ਵੇਲੇ ਸਿਰ ਗੰਨੇ ਦੀ ਅਦਾਇਗੀ ਹੋ ਜਾਵੇ ਤਾਂ ਅਗਲੇ ਆਉਣ ਵਾਲੇ ਸਮੇਂ ਹੋਰ ਫਸਲ ਵੀ ਬੀਜੀ ਜਾ ਸਕਦੀ ਹੈ ਪਰ ਇਨ੍ਹਾਂ ਭਰਾਵਾਂ ਨੇ ਅਸਲ ਸੀਜ਼ਨ ਵਿੱਚ ਉਥੇ ਮੁਲਾਜ਼ਮਾਂ ਦੇ ਨਾਲ ਕੋਈ ਗੱਲਬਾਤ ਨਹੀਂ ਕੀਤੀ ਜਿਸ ਕਾਰਨ ਅੱਜ ਤੱਕ ਵੀ ਕਿਸਾਨਾਂ ਦਾ ਗੰਨਾ ਕੱਟਿਆ ਹੋਇਆ ਰੁਲ ਰਿਹਾ ਹੈ । ਹੁਣ ਜੂਨ ਦਾ ਮਹੀਨਾ ਹੈ । ਆਹ ਕੋਈ ਸੀਜ਼ਨ ਹੈ । ਗੰਨਾ ਪਿਆ ਸੁੱਕ ਰਿਹਾ ਹੈ । ਗੰਨੇ ਦਾ ਜੂਸ ਸੁੱਕ ਗਿਆ ਹੈ ਜਿਸ ਕਾਰਨ ਗੰਨੇ ਦਾ ਭਾਰ ਅੱਧਾ ਰਹਿ ਗਿਆ ਹੈ । ਸਿੱਟੇ ਵਜੋਂ ਵਿਚਾਰਾ ਕਿਸਾਨ ਲੁੱਟਿਆ ਪੁੱਟਿਆ ਜਾ ਰਿਹਾ ਹੈ । ਇਸ ਤੋਂ ਨਜ਼ਰ ਆਉਂਦਾ ਹੈ ਕਿ ਅੱਗੇ ਨੂੰ ਖੰਡ ਮਿੱਲਾਂ ਨੂੰ ਗੰਨਾ ਨਹੀਂ ਮਿਲਣਾ ਔਰ ਕਿਸਾਨਾਂ ਨੇ ਫੈਸਲਾ ਕਰ ਲਿਆ ਹੈ ਕਿ ਅੱਗੇ ਵਾਸਤੇ ਗੰਨਾ ਨਹੀਂ ਬੀਜਣਾ । ਇਹ ਹਾਲਾਤ ਸਾਡੇ ਸਾਹਮਣੇ ਬੈਠੇ ਵੀਰਾਂ ਨੇ ਪੈਦਾ ਕੀਤੇ ਹਨ । ਸਪੀਕਰ ਸਾਹਿਬ, 1963-64 ਵਿੱਚ ਵੀ

ਯੂ.ਪੀ. ਵਿੱਚ ਅਜਿਹੇ ਹੀ ਹਾਲਾਤ ਪੈਦਾ ਹੋਏ ਸਨ । ਸਾਡਾ ਉਥੇ ਫ਼ਾਰਮ ਸੀ, ਅਸੀਂ ਸਾਰੇ ਦਾ ਸਾਰਾ ਗੰਨਾ ਬੀਜਿਆ ਅਤੇ ਸਾਨੂੰ 60% ਗੰਨੇ ਨੂੰ ਅੱਗ ਲਾਉਣੀ ਪਈ । ਫਿਰ ਕਿਸਾਨਾਂ ਨੇ ਫੈਸਲਾ ਕੀਤਾ ਕਿ ਗੰਨਾ ਨਹੀਂ ਬੀਜਣਾ । ਇਸ ਕਾਰਨ 1965 ਵਿੱਚ ਖੰਡ ਦੇ ਭਾਅ ਬਹੁਤ ਜ਼ਿਆਦਾ ਵਧ ਗਏ ਸਨ । ਪੰਜਾਬ ਵਿਚ ਵੀ ਐਸੇ ਹਾਲਾਤ ਹੀ ਬਣਾਏ ਜਾ ਰਹੇ ਹਨ । ਚਾਹੇ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਕਹਿੰਦੇ ਹਨ ਕਿ ਅਸੀਂ ਕਿਸਾਨਾਂ ਨੂੰ ਕੋਈ ਔਕੜ ਨਹੀਂ ਆਉਣ ਦੇਣੀ ਪਰ ਪਹਿਲੀ ਸਰਕਾਰ ਦੇ ਮੇਰੇ ਕਾਂਗਰਸੀ ਵੀਰਾਂ ਨੇ ਕਿਸਾਨਾਂ ਨੂੰ ਮੁਸ਼ਕਲਾਂ ਵੱਲ ਹੀ ਧੱਕਿਆ ਹੈ ।

ਇਸ ਤੋਂ ਬਾਅਦ ਮੈਂ ਨਰਮੇ ਅਤੇ ਕਪਾਹ ਦੀ ਗੱਲ ਕਰਦਾ ਹਾਂ ਕਿ ਇਸ ਵਿੱਚ ਵੀ ਕਿਸਾਨਾਂ ਦਾ ਬੜਾ ਨੁਕਸਾਨ ਕੀਤਾ ਗਿਆ ਅਤੇ ਇਹ ਘਾਟਾ ਪੂਰਾ ਨਹੀਂ ਹੋ ਸਕਦਾ । ਸਾਲ 1994-95 ਵਿਚ ਨਰਮੇ ਦਾ ਭਾਅ 2,000 ਰੁਪਏ ਤੋਂ 2,500 ਰੁਪਏ ਪ੍ਰਤੀ ਕੁਇੰਟਲ ਸੀ । ਇਸ ਮਗਰੋਂ ਨਰਮਾ ਸਾਲ 1995-96 ਵਿੱਚ 2,500 ਰੁਪਏ ਤੱਕ ਵਿਕਿਆ । ਉਸ ਮਗਰੋਂ 1996-97 ਵਿੱਚ 2,500 ਰੁਪਏ ਤੱਕ ਵਿਕਣ ਦੀ ਬਜਾਏ 1,500 ਰੁਪਏ ਤੋ 1,800 ਰੁਪਏ ਤੱਕ ਹੀ ਵਿਕ ਰਿਹਾ ਹੈ । ਨਰਮੇ ਦੇ ਭਾਅ ਵਿੱਚ ਸਾਡਾ ਕਿਸਾਨਾਂ ਦਾ ਬਹੁਤ ਵੱਡਾ ਨੁਕਸਾਨ ਕੀਤਾ ਗਿਆ ਹੈ । ਇਸ ਨਾਲ ਕੀ ਹੋਇਆ, ਤੁਸੀਂ ਸਰਵੇ ਕਰਵਾ ਕੇ ਦੇਖ ਲਓ ਕਿ ਕਿੰਨੇ ਰਕਬੇ ਵਿੱਚ ਹੁਣ ਨਰਮਾ ਬੀਜਿਆ ਗਿਆ ਹੈ । ਪਹਿਲਾਂ ਤਾਂ ਅਸੀਂ ਕਿਸਾਨਾਂ ਨੂੰ ਆਖਦੇ ਰਹੇ ਕਿ ਕਣਕ ਅਤੇ ਝੋਨੇ ਦੀ ਥਾਂ ਦੇ ਬਦਲਵੀਆਂ ਫ਼ਸਲਾਂ ਬੀਜੋ ਲੇਕਿਨ ਉਸ ਦਾ ਕਿਸਾਨਾਂ ਨੂੰ ਜੋ ਫਾਇਦਾ ਹੋਇਆ, ਉਹ ਵੀ ਸਾਰਾ ਤੁਹਾਡੇ ਸਾਹਮਣੇ ਹੈ । ਕਿਸਾਨਾਂ ਨੂੰ ਨਰਮੇ ਤੇ ਕਪਾਹ ਦਾ ਸਮੇਂ ਸਿਰ ਸਹੀ ਮੁੱਲ ਨਹੀਂ ਦਿੱਤਾ ਗਿਆ ਤੇ ਹੁਣ ਨਰਮੇ ਦੀ ਫਸਲ ਵੀ ਘੱਟ ਹੋਵੇਗੀ । ਵਪਾਰੀ ਲੋਕ ਬੜੇ ਸਿਆਣੇ ਹੁੰਦੇ ਹਨ । ਉਨ੍ਹਾਂ ਨੇ ਪਤਾ ਲਗਾ ਲਿਆ ਹੈ ਤੇ ਸਰਵੇ ਕਰਵਾ ਕੇ ਦੇਖ ਲਿਆ ਹੈ ਕਿ ਇਸ ਵਾਰ ਨਰਮੇ ਦੀ ਫ਼ਸਲ ਘੱਟ ਹੋਵੇਗੀ । ਜਦੋਂ ਤਾਂ ਕਿਸਾਨਾਂ ਨੇ ਆਪਣਾ ਨਰਮਾ ਮਾਰਚ-ਅਪ੍ਰੈਲ 1997 ਤੱਕ ਵੇਚਿਆ ਤਾਂ ਰੇਟ 1,500 ਰੁਪਏ ਤੋਂ 1,800 ਰੁਪਏ ਤੱਕ ਹੀ ਮਿਲਿਆ ਪਰ ਹੁਣ ਵੇਖੋ ਨਰਮੇ ਦਾ ਭਾਅ ਕਿਥੇ ਜਾ ਚੜ੍ਹਿਆ ਹੈ, ਅਜੇ ਨਰਮੇ ਦੀ ਨਵੀਂ ਫਸਲ ਆਉਣੀ ਹੈ । ਵਪਾਰੀਆਂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਹੈ ਕਿ ਐਤਕੀਂ ਬੀਜਾਂਦ ਬੜੀ ਘੱਟ ਹੋਈ ਹੈ । ਜਦੋਂ ਕਿਸਾਨਾਂ ਨੂੰ ਬਦਲਵੀਆਂ ਫ਼ਸਲਾਂ ਬੀਜਣ ਵਾਸਤੇ ਉਤਸ਼ਾਹਤ ਕੀਤਾ ਤਾਂ ਉਨ੍ਹਾਂ ਨੇ ਜ਼ਿਆਦਾ ਨਰਮਾ ਅਤੇ

[ਸਰਦਾਰ ਤੋਤਾ ਸਿੰਘ]

ਕਪਾਹ ਬੀਜਣੀ ਸ਼ੁਰੂ ਕੀਤੀ ਸੀ ਅਤੇ ਪਹਿਲੀ ਸਰਕਾਰ ਨੇ ਉਨ੍ਹਾਂ ਨੂੰ ਫਾਇਦਾ ਪਹੁੰਚਾਉਣ ਦੀ ਬਜਾਏ ਉਨ੍ਹਾਂ ਦਾ ਨੁਕਸਾਨ ਕਰਨਾ ਸ਼ੁਰੂ ਕਰ ਦਿੱਤਾ । ਮੇਰੀ ਬੇਨਤੀ ਹੈ ਕਿ ਕੈਪਟਨ ਕੰਵਲਜੀਤ ਸਿੰਘ ਨੇ ਐਗਰੋ ਇੰਡਸਟਰੀਜ਼ ਦੇ ਪਾਸੇ ਵੱਲ ਵੱਧ ਤੋ ਵੱਧ ਧਿਆਨ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਜਿੰਨ੍ਹਾ ਚਿਰ ਐਗਰੋ-ਬੇਸਡ ਇੰਡਸਟਰੀ ਨਹੀਂ ਲਗਾਈ ਜਾਂਦੀ, ਉਨਾਂ ਚਿਰ ਕਿਸਾਨਾਂ ਦਾ ਭਲਾ ਨਹੀਂ ਹੋ ਸਕਦਾ ।

ਇਸੇ ਤਰ੍ਹਾਂ ਪਹਿਲਾਂ ਲੋਕਾਂ ਵਿਚ ਬੜਾ ਪ੍ਰਚਾਰ ਕੀਤਾ ਗਿਆ ਕਿ ਆਲੂਆਂ ਦੀ ਫ਼ਸਲ ਬੜੀ ਲਾਹੇਵੰਦ ਹੈ ਪਰ ਇਹ ਕਦੀ ਨਹੀਂ ਸੋਚਿਆ ਕਿ ਸਾਡੇ ਆਲੂਆਂ ਦੀ ਸਟੋਰੇਜ ਕਪੈਸਿਟੀ ਕਿੰਨੀ ਹੈ । ਸਾਡੇ ਕੋਲ ਆਲੂਆਂ ਦੀ ਕੋਲਡ ਸਟੋਰੇਜ ਸਮਰੱਥਾ ਬਹੁਤ ਘੱਟ ਸੀ ਅਤੇ ਆਲੂ ਬਹੁਤ ਜ਼ਿਆਦਾ ਬੀਜਿਆ ਗਿਆ ਅਤੇ ਮਾਰਕੀਟ ਵਿਚ ਆਲੂ ਵਿਕਿਆ ਨਹੀਂ । ਇਹ ਸਭ ਕੁਝ ਬਿਨਾਂ ਪਲਾਨਿੰਗ ਦੇ ਕੀਤਾ ਗਿਆ ਅਤੇ ਇਸ ਦਾ ਸਿੱਟਾ ਕਿਸਾਨਾਂ ਨੂੰ ਭੁਗਤਣਾ ਪਿਆ । ਅੱਜ ਕਿਸਾਨ ਨੂੰ 70 ਰੁਪਏ ਦੀ ਬੋਰੀ ਆਲੂਆਂ ਦੀ ਸੁੱਟਣੀ ਪੈ ਰਹੀ ਹੈ, ਕਿਰਾਇਆ ਵੀ ਲਾਉਣਾ ਪੈ ਰਿਹਾ ਹੈ । ਬਹੁਤ ਸਾਰੇ ਕਿਸਾਨਾਂ ਨੇ ਆਲੂ ਆਪਣੇ ਘਰਾਂ ਵਿਚ ਰੱਖੇ ਹਨ ਪਰ ਇਹ 10-15 ਦਿਨਾਂ ਦੇ ਵਿਚ ਹੀ ਗਲ ਜਾਂਦਾ ਹੈ । ਕਿਸਾਨਾਂ ਨੂੰ ਆਲੂਆਂ ਦੇ 70 ਰੁਪਏ ਵੀ ਬੋਰੀ ਦੇ ਨਹੀਂ ਮਿਲ ਰਹੇ । ਇਸ ਲਈ ਕੈਪਟਨ ਕੰਵਲਜੀਤ ਸਿੰਘ ਨੇ ਸਰਕਾਰ ਦਾ ਵੱਧ ਤੋਂ ਵੱਧ ਧਿਆਨ ਐਗਰੋ-ਬੇਸਡ ਇੰਡਸਟਰੀ ਵੱਲ ਲਿਆਂਦਾ ਹੈ ਅਤੇ ਇਸ ਬਜਟ ਵਿਚ ਇਸ ਵਾਸਤੇ ਬਹੁਤ ਪੈਸਾ ਰੱਖਿਆ ਹੈ । ਸਾਡੇ ਸਾਹਮਣੇ ਬੈਠੇ ਵੀਰਾਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਨੇ ਬਜਟ ਦਾ ਘਾਟਾ ਤਾਂ 40 ਕਰੋੜ ਰੁਪਏ ਦਿਖਾਇਆ ਪਰ ਵਿਦਾਊਟ ਪਲਾਨਿੰਗ ਬਹੁਤ ਜ਼ਿਆਦਾ ਨਜਾਇਜ਼ ਖ਼ਰਚ ਕਰ ਦਿੱਤਾ ਜਿਸ ਦਾ ਸਿੱਟਾ ਇਹ ਹੋਇਆ ਕਿ ਇਹ ਘਾਟਾ 600 ਕਰੋੜ ਰੁਪਏ ਤੋਂ ਵੀ ਵੱਧ ਹੋ ਗਿਆ । ਜਿਹੜਾ ਇਸ ਘਾਟੇ ਨੂੰ ਪੂਰਾ ਕਰਨ ਵਾਸਤੇ ਅਤੇ ਹਰ ਪੱਖ ਤੋਂ ਡਿਵੈਲਪਮੈਂਟ ਕਰਨ ਵਾਸਤੇ ਇਹ ਬਜਟ ਪੇਸ਼ ਕੀਤਾ ਗਿਆ ਹੈ, ਇਹ ਬੜਾ ਸ਼ਲਾਘਾਯੋਗ ਹੈ । ਮੈਂ ਸਾਰਿਆਂ ਨੂੰ ਇਹ ਬੇਨਤੀ ਕਰਦਾ ਹਾਂ ਕਿ ਆਪਣਾ ਇਹ ਸਦਨ ਬੜਾ ਪਵਿੱਤਰ ਹੈ, ਅਤੇ ਸਾਡੀ ਸਾਰਿਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਸਾਨੂੰ ਹਰ ਇਕ ਗੱਲ ਨੂੰ ਬੜੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਪਰ ਬੜੇ ਦੁੱਖ ਦੀ ਗੱਲ ਹੈ ਕਿ ਪਿਛਲੀ ਸਰਕਾਰ ਨੇ ਕਿਸਾਨਾਂ ਵਾਸਤੇ ਬਹੁਤ ਸਾਰੀਆਂ ਮੁਸ਼ਕਲਾਂ ਪੈਦਾ ਕਰਕੇ ਉਨ੍ਹਾਂ ਨੂੰ ਬਰਬਾਦ ਕੀਤਾ ਹੈ ।

ਅੱਜ ਹਰ ਇਕ ਗੱਲ ਨੂੰ ਗੰਭੀਰਤਾ ਨਾਲ ਦੇਖਣ ਦੀ ਲੋੜ ਹੈ । ਸਾਡਾ ਸੂਬਾ ਖੇਤੀਬਾੜੀ ਦਾ ਸੂਬਾ ਹੈ । ਜੇਕਰ ਸਾਡੀ ਖੇਤੀਬਾੜੀ ਤਕੜੀ ਹੋਵੇਗੀ ਤਾਂ ਸਾਡਾ ਕਿਸਾਨ ਤਕੜਾ ਹੋਵੇਗਾ । ਜੇਕਰ ਸਾਡਾ ਕਿਸਾਨ ਤਕੜਾ ਹੋਵੇਗਾ ਤਾਂ ਜੁੱਤੀਆਂ ਸਿਊਣ ਵਾਲਾ ਵੀ ਤਕੜਾ ਹੋਵੇਗਾ । ਜੇਕਰ ਸਾਡਾ ਕਿਸਾਨ ਤਕੜਾ ਹੋਵੇਗਾ ਤਾਂ ਸਾਡਾ ਆੜ੍ਹਤੀ ਵੀ ਤਕੜਾ ਹੋਵੇਗਾ । ਜੇਕਰ ਸਾਡਾ ਕਿਸਾਨ ਤਕੜਾ ਹੋਵੇਗਾ ਤਾਂ ਲੀੜੇ ਸਿਊਣ ਵਾਲਾ ਅਤੇ ਲੀੜੇ ਵੇਚਣ ਵਾਲਾ ਵੀ ਤਕੜਾ ਹੋਵੇਗਾ ਅਤੇ ਬਿਜ਼ਨਸ ਵਾਲਾ ਵੀ ਤਕੜਾ ਹੋਵੇਗਾ ਕਿਉਂਕਿ ਉਸ ਨੇ ਸੇਲਜ਼ ਟੈਕਸ ਵੱਧ ਦੇਣਾ ਹੈ ਅਤੇ ਕਿਸਾਨਾਂ ਨੇ ਲੋਕਾਂ ਨੇ ਸਮਾਨ ਖ਼ਰੀਦਣਾ ਹੈ। ਇਸ ਦੇ ਨਾਲ ਰੁਜ਼ਗਾਰ ਦੇ ਸਾਧਨ ਵੀ ਖੁਲ੍ਹਣਗੇ । ਇਸ ਬਜਟ ਵਿਚ ਪੰਜਾਬ ਦੀ ਖੇਤੀ ਬਾੜੀ ਵੱਲ ਵਿਸ਼ੇਸ਼ ਕਰਕੇ ਧਿਆਨ ਦਿੱਤਾ ਗਿਆ ਹੈ । ਮੇਰੇ ਤੋਂ ਪਹਿਲਾਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਸਿੰਚਾਈ ਦੇ ਪੱਖ ਤੇ ਵਿਚਾਰ ਰੱਖੇ ਹਨ, ਮੈਂ ਉਹ ਮੁੜ ਦੁਹਰਾਉਣਾ ਨਹੀਂ ਚਾਹੁੰਦਾ ਕਿਉਂਕਿ ਉਨ੍ਹਾਂ ਨੇ ਪਹਿਲਾਂ ਹੀ ਬੜੇ ਸੋਹਣੇ ਢੰਗ ਨਾਲ ਵਿਚਾਰ ਰੱਖ ਦਿਤੇ ਹਨ ਕਿ ਸਿੰਚਾਈ ਲਈ ਕਾਫੀ ਜ਼ਿਆਦਾ ਫੰਡਜ਼ ਰੱਖੇ ਗਏ ਹਨ ।

ਇਸ ਤੋਂ ਅੱਗੇ ਸਮਾਲ ਸਕੇਲ ਇੰਡਸਟਰੀ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਬੜੇ ਦੁੱਖ ਦੀ ਗੱਲ ਹੈ ਕਿ ਪਹਿਲਾਂ ਪੰਜਾਬ ਵਿੱਚ ਥਰੈਸ਼ਰ ਬਣਨ ਲੱਗੇ ਅਤੇ ਉਨ੍ਹਾਂ ਦੀ ਵੱਡੀ ਮੰਡੀ ਮੋਗਾ ਅਤੇ ਲੁਧਿਆਣਾ ਸੀ ਪਰ ਉਹ ਥਰੈਸ਼ਰ ਹੁਣ ਫੇਲ੍ਹ ਹੋ ਚੁੱਕੇ ਹਨ । ਇਕਲੇ ਥਰੈਸ਼ਰ ਹੀ ਨਹੀਂ, ਇਨ੍ਹਾਂ ਸ਼ਹਿਰਾਂ ਵਿੱਚ ਸਭ ਤੋਂ ਪਹਿਲਾਂ ਕਲਟੀਵੇਟਰ ਬਣਦੇ ਸੀ, ਫਸਲਾਂ ਬੀਜਣ ਵਾਲੀਆਂ ਮਸ਼ੀਨਾਂ ਅਤੇ ਹੋਰ ਕਈ ਪ੍ਰਕਾਰ ਦੀਆਂ ਮਸ਼ੀਨਾਂ ਬਣਦੀਆਂ ਸਨ ਪਰ ਉਹ ਸਾਰੀ ਸਮਾਲ ਸਕੇਲ ਇੰਡਸਟਰੀ ਫੇਲ੍ਹ ਹੋ ਚੁੱਕੀ ਹੈ ਅਤੇ ਹੁਣ ਉਨ੍ਹਾਂ ਲਈ ਕੋਈ ਸਾਧਨ ਨਹੀਂ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਕੈਪਟਨ ਕੰਵਲਜੀਤ ਸਿੰਘ ਜੀ ਨੇ ਐਗਰੋ ਐਕਸਪੋਰਟ ਕਾਰਪੋਰੇਸ਼ਨ ਵਾਸਤੇ 10.00 ਕਰੋੜ ਰੱਖੇ ਹਨ ਕਿ ਐਗਰੋ ਐਕਸਪੋਰਟ ਕਾਰਪੋਰੇਸ਼ਨ ਬਣਾਈ ਜਾਵੇ । ਇਸਦੇ ਨਾਲ ਪੰਜਾਬ ਦੇ ਕਿਸਾਨ ਜਾਂ ਕਾਰੀਗਰ ਨੂੰ ਬਹੁਤ ਜ਼ਿਆਦਾ ਫਾਇਦਾ ਹੋਵੇਗਾ । ਇਸ ਕਾਰਪੋਰੇਸ਼ਨ ਦੇ ਬਣਨ ਨਾਲ ਜਿਹੜੇ ਛੋਟੇ ਕਾਰੀਗਰ ਹਨ, ਉਹ ਇਸ ਕਾਰਪੋਰੇਸ਼ਨ ਦੇ ਦੁਆਰਾ ਆਪਣੇ ਮਾਲ ਦੀ ਬਾਹਰ ਨੁਮਾਇਸ਼ ਲਗਾ ਸਕਣਗੇ । ਮੈਨੂੰ ਯਾਦ ਹੈ ਕਿ ਪੰਜਾਬ ਦੇ ਡੇਰਾਬੱਸੀ ਦੀਆਂ ਬਣੀਆਂ ਹੋਈਆਂ ਤਵੀਆਂ, ਗਿੱਲਕੋ ਕੰਪਨੀ ਦੀਆਂ, ਦੂਜੇ ਮੁਲਕਾਂ ਵਿੱਚ ਬੜੀਆਂ ਪਾਪੂਲਰ ਹਨ । ਮੈਂ ਵੈਨਕੂਵਰ (ਕਨੇਡਾ) ਵਿੱਚ ਵੇਖਿਆ ਅਤੇ ਮੈਂ ਪੁੱਛਿਆ ਕਿ ਇਹ ਤੱਵੀਆਂ ਬੜੀਆਂ

[ਸਰਦਾਰ ਤੋਤਾ ਸਿੰਘ]

ਕਾਮਯਾਬ ਹਨ ਤਾਂ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਤੁਹਾਡੇ ਪੰਜਾਬ ਦੀਆਂ ਡੇਰਾ ਬੱਸੀ ਦੀਆਂ ਹੀ ਬਣੀਆਂ ਹੋਈਆਂ ਹਨ ਅਤੇ ਗਿਲਕੋ ਕੰਪਨੀ ਦੀਆਂ ਹਨ । ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਦੇਸ਼ ਹਨ ਜਿਨ੍ਹਾਂ ਵਿੱਚ ਇਹ ਤੱਵੀਆਂ ਬੜੀਆਂ ਪਾਪੂਲਰ ਹਨ। ਚੇਅਰਮੈਨ ਸਾਹਿਬ, ਇਹ ਐਗਰੋ ਐਕਸਪੋਰਟ ਕਾਰਪੋਰੇਸ਼ਨ ਬਣ ਜਾਣ ਨਾਲ ਇਥੋਂ ਦੀਆਂ ਬਹੁਤ ਸਾਰੀਆਂ ਚੀਜ਼ਾਂ ਦੂਜੇ ਦੇਸ਼ਾਂ ਵਿੱਚ ਸਪਲਾਈ ਹੋ ਸਕਣਗੀਆਂ । ਇਥੇ ਦਾ ਕਾਰੀਗਰ ਬੜਾ ਮਿਹਨਤੀ ਹੈ, ਹਿੰਮਤੀ ਹੈ ਅਤੇ ਸਿਆਣਾ ਹੈ ਜੇ ਅਸੀਂ ਉਸ ਨੂੰ ਵਿੱਤੀ ਤੌਰ ਤੇ ਕੁਝ ਉਚਾ ਚੁੱਕਾਂਗੇ ਤਾਂ ਉਹ ਆਪਣੀਆਂ ਬਹੁਤ ਸਾਰੀਆਂ ਚੀਜ਼ਾਂ ਦੂਜੇ ਦੇਸ਼ਾਂ ਵਿੱਚ ਭੇਜ ਸਕਦਾ ਹੈ ਜਿਸ ਦੇ ਨਾਲ ਸਾਨੂੰ ਵੀ ਬਹੁਤ ਸਾਰਾ ਫਾਇਦਾ ਹੋ ਸਕਦਾ ਹੈ । ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਬੰਬਈ ਵਿਖੇ ਇਕ ਬਹੁਤ ਵੱਡਾ ਗੁਦਾਮ ਬਣਾਇਆ ਜਾ ਰਿਹਾ ਹੈ ਜਿੱਥੇ ਕਣਕ, ਚਾਵਲ ਅਤੇ ਹੋਰ ਫਸਲਾਂ ਨੂੰ ਸੰਭਾਲਿਆ ਜਾ ਸਕੇਗਾ ਅਤੇ ਉਥੋਂ ਦੂਜੇ ਦੇਸ਼ਾਂ ਨੂੰ ਮਾਲ ਭੇਜਿਆ ਜਾ ਸਕੇਗਾ । ਇਸ ਦੇ ਨਾਲ ਵੀ ਪੰਜਾਬ ਨੂੰ ਬਹੁਤ ਫਾਇਦਾ ਹੋਵੇਗਾ । ਮੇਰਾ ਜ਼ਾਤੀ ਤਜਰਬਾ ਹੈ ਕਿ ਸਾਡਾ ਇੰਨਾਂ ਮਾਲ ਬੰਬਈ ਤੋਂ ਨਹੀਂ ਜਾਂਦਾ, ਜਿੰਨਾਂ ਕਾਂਡਲਾ ਬੰਦਰਗਾਹ ਤੋਂ ਜਾਂਦਾ ਹੈ । ਉਥੋਂ ਖਾੜੀ ਦੇਸ਼ਾਂ ਨੂੰ ਮਾਲ ਜਾਂਦਾ ਹੈ ਅਤੇ ਉਥੋਂ ਸਮੁੰਦਰੀ ਜਹਾਜ਼ਾਂ ਰਾਹੀਂ ਮਾਲ ਬਾਹਰ ਜਾਂਦਾ ਹੈ । ਜਿੰਨਾ ਮਾਲ ਉਥੋਂ ਸਮੁੰਦਰੀ ਜਹਾਜ਼ਾਂ ਰਾਹੀਂ ਜਾਂਦਾ ਹੈ, ਹੋਰ ਕਿਧਰੋਂ ਨਹੀਂ ਜਾਂਦਾ । ਕਈ ਵੇਰ ਮਾਲ ਪੂਰਾ ਐਕਸਪੋਰਟ ਨਹੀਂ ਹੁੰਦਾ, ਉਹ ਉਥੇ ਰੁਲਦਾ ਰਹਿੰਦਾ ਹੈ ਅਤੇ ਉਸ ਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਹੁੰਦਾ । ਜਿੰਨਾ ਮਾਲ ਕਾਂਡਲਾ ਬੰਦਰਗਾਹ ਤੋਂ ਐਕਸਪੋਰਟ ਹੁੰਦਾ ਹੈ, ਉਨਾ ਬੰਬਈ ਤੋਂ ਨਹੀਂ ਹੁੰਦਾ । ਜਿਸ ਲਈ ਇਸ ਤਰ੍ਹਾਂ ਦਾ ਉਦਮ ਬੰਬਈ ਕੀਤਾ ਗਿਆ ਹੈ, ਉਸੇ ਤਰ੍ਹਾਂ ਦਾ ਕਾਂਡਲਾ ਵਿਖੇ ਵੀ ਕੀਤਾ ਜਾਵੇ । ਪੰਜਾਬ ਤੋਂ 4,000 ਟਨ ਮਿਰਚਾਂ ਬਾਹਰ ਭੇਜੀਆਂ ਜਾਣੀਆਂ ਹਨ । ਇਸੇ ਤਰ੍ਹਾਂ ਹੋਰ ਵੀ ਕਈ ਸਬਜ਼ੀਆਂ ਵਗੈਰਾ ਬਾਹਰ ਖਾੜੀ ਦੇਸ਼ਾਂ ਨੂੰ ਭੇਜੀਆਂ ਜਾ ਸਕਦੀਆਂ ਹਨ । ਇਸ ਲਈ ਕਾਂਡਲਾ ਵਿਖੇ ਇਕ ਏਅਰਕੰਡੀਸ਼ਨਡ ਸਟੋਰ ਬਣਾ ਦਈਏ ਤਾਂ ਕਿ ਸਾਡੀਆਂ ਸਬਜ਼ੀਆਂ ਵਗੈਰਾ ਖਰਾਬ ਨਾ ਹੋਣ । ਸਮੁੰਦਰੀ ਜਹਾਜ਼ ਤਾਂ ਏਅਰ-ਕੰਡੀਸ਼ਨਡ ਹੀ ਹੁੰਦੇ ਹਨ, ਉਥੇ ਮਹੀਨਾ ਮਹੀਨਾ ਚੀਜ਼ਾਂ ਖ਼ਰਾਬ ਨਹੀਂ ਹੁੰਦੀਆਂ । ਇਸ ਤਰ੍ਹਾਂ ਨਾਲ ਸਾਨੂੰ ਕਾਫ਼ੀ ਫਾਇਦਾ ਹੋ ਸਕਦਾ ਹੈ ਅਤੇ ਸਾਡੀਆਂ ਹੋਰ ਕਈ ਚੀਜ਼ਾਂ ਐਕਸਪੋਰਟ ਹੋ ਸਕਦੀਆਂ ਹਨ । ਇਸ ਗੱਲ ਦੇ ਲਈ ਮੈਂ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਹਰ ਪੱਖ ਤੋਂ ਵਧੀਆ ਕੋਸ਼ਿਸ਼ ਕੀਤੀ ਹੈ ।

ਐਜੂਕੇਸ਼ਨ ਦੀ ਗੱਲ ਹੈ, ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਐਜੂਕੇਸ਼ਨ ਦੇ ਪੱਖ ਤੋਂ ਵੀ ਬਜਟ ਵਿੱਚ ਕਾਫੀ ਪ੍ਰੋਵੀਜ਼ਨ ਕੀਤੀ ਹੈ। ਬਹੁਤ ਸਾਰੇ ਸਕੂਲ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ +2 ਬਣਾਏ ਜਾਣੇ ਹਨ। ਸਕੀਮ ਬਹੁਤ ਵਧੀਆ ਹੈ ਪਰ ਮੈਂ ਇਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਪ੍ਰਾਇਮਰੀ ਤੋਂ ਮਿਡਲ ਕਰਨੇ ਹਨ ਅਤੇ ਮਿਡਲ ਤੋਂ ਹਾਈ ਕਰਨੇ ਹਨ, ਇਸ ਸਬੰਧੀ ਪਹਿਲਾਂ ਸਰਵੇ ਜ਼ਰੂਰ ਕਰਾਉਣਾ ਚਾਹੀਦਾ ਹੈ ਕਿ ਉਥੇ ਬਿਲਡਿੰਗ ਹੋਵੇ ਅਤੇ ਬੱਚਿਆਂ ਦੀ ਪੂਰੀ ਗਿਣਤੀ ਹੋਵੇ ਪਰੰਤੂ ਮੈਨੂੰ ਦੁੱਖ ਹੈ ਕਿ ਸਾਹਮਣੇ ਬੈਂਚਾਂ ਤੇ ਬੈਠੇ ਮੈਂਬਰ ਫੋਕੀ ਸ਼ੋਹਰਤ ਲੈਣ ਵਾਸਤੇ ਪ੍ਰਾਇਮਰੀ ਸਕੂਲਾਂ ਨੂੰ ਮਿਡਲ ਕਰਦੇ ਰਹੇ ਔਰ ਮੈਨੂੰ ਉਨ੍ਹਾਂ ਪਿੰਡਾਂ ਦਾ ਵੀ ਪਤਾ ਹੈ ਜਿੱਥੇ ਇਨ੍ਹਾਂ ਨੇ ਪ੍ਰਾਇਮਰੀ ਸਕੂਲ ਮਿਡਲ ਕੀਤੇ, ਹਾਲਾਂਕਿ ਉਥੇ ਨਾ ਤਾਂ ਟੀਚਰ ਸਨ ਅਤੇ ਨਾ ਹੀ ਬੱਚਿਆਂ ਦੀ ਪੂਰੀ ਗਿਣਤੀ ਸੀ। ਉਥੇ ਕਮਰੇ ਵੀ ਨਹੀਂ ਸਨ ਪਰ ਫੋਕੀ ਸ਼ੋਹਰਤ ਲੈਣ ਵਾਸਤੇ ਉਹ ਮਿਡਲ ਸਕੂਲ ਬਣਾ ਦਿੱਤੇ। ਇਹ ਸਭ ਕੁਝ ਕਾਗਜ਼ਾਂ ਵਿੱਚ ਹੀ ਕੀਤਾ ਗਿਆ। ਸਿਰਫ ਪਿੰਡਾਂ ਦੇ ਲੋਕਾਂ ਨੂੰ ਥੋੜ੍ਹਾ ਸਮਾਂ ਖੁਸ਼ ਕਰਨ ਵਾਸਤੇ ਇਹ ਸਭ ਕੁਝ ਕੀਤਾ ਗਿਆ। ਹੁਣ ਉਹ ਪਿੰਡਾਂ ਦੇ ਲੋਕ ਸਾਡੇ ਕੋਲ ਆਉਂਦੇ ਹਨ ਅਤੇ ਕਹਿੰਦੇ ਹਨ ਕਿ ਸਾਡੇ ਕੋਲ ਟੀਚਰ ਨਹੀਂ ਹਨ, ਕਮਰੇ ਨਹੀਂ ਹਨ ਅਤੇ ਉਸ ਵਾਸਤੇ ਗਰਾਂਟ ਲੈ ਕੇ ਦਿਓ। ਸਕੂਲ ਉਥੇ ਖੁੱਲ੍ਹਣਾ ਚਾਹੀਦਾ ਹੈ ਜਿੱਥੇ ਆਬਾਦੀ ਪੂਰੀ ਹੋਵੇ ਔਰ ਬੱਚਿਆਂ ਦੇ ਬੈਠਣ ਦੀ ਪੂਰੀ ਸਮਰੱਥਾ ਹੋਵੇ। ਕੀ ਇਨ੍ਹਾਂ ਸਕੂਲਾਂ ਵਿੱਚ ਵਿਦਿਆਰਥੀ ਹਨ, ਕੀ ਉਥੇ ਬੱਚਿਆਂ ਦੇ ਵਾਸਤੇ ਸਾਧਨ ਹਨ ? ਫੋਕੀ ਸ਼ੋਹਰਤ ਲੈਣ ਵਾਸਤੇ ਕੰਮ ਨਹੀਂ ਕਰਨਾ ਚਾਹੀਦਾ। ਪਿਛਲੀ ਸਰਕਾਰ ਨੇ ਇਹੋ ਜਿਹੇ ਹੀ ਕੰਮ ਕੀਤੇ ਹਨ। ਹਰ ਗੱਲ ਮੈਰਿਟ ਤੇ ਹੋਣੀ ਚਾਹੀਦੀ ਹੈ। ਸਕੂਲ ਉਥੇ ਬਣਾਉਣਾ ਚਾਹੀਦਾ ਹੈ ਜਿਥੇ ਸਮਰੱਥਾ ਪੂਰੀ ਹੋਵੇ, ਸਟੂਡੈਂਟਸ ਦੀ ਗਿਣਤੀ ਪੂਰੀ ਹੋਵੇ ਅਤੇ ਸਾਧਨ ਪੂਰੇ ਹੋਣ। ਇਸ ਤੋਂ ਇਲਾਵਾ ਪਿੰਡ ਦੀ ਪੰਚਾਇਤ ਨੂੰ ਵੀ ਭਰੋਸੇ ਵਿੱਚ ਲਿਆ ਜਾਵੇ। ਇਸ ਤਰ੍ਹਾਂ ਨਾਲ ਹੀ ਸਕੂਲ ਚੰਗੀ ਤਰ੍ਹਾਂ ਚੱਲ ਸਕਦੇ ਹਨ। ਇੰਨਾ ਕਹਿੰਦਾ ਹੋਇਆ ਮੈਂ ਕੈਪਟਨ ਕੰਵਲਜੀਤ ਸਿੰਘ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਬਹੁਤ ਹੀ ਸੁਚੱਜਾ ਬਜਟ ਪੇਸ਼ ਕੀਤਾ ਹੈ। ਧੰਨਵਾਦ।

ਸਰਦਾਰ ਮਹੇਸ਼ਇੰਦਰ ਸਿੰਘ (ਲੁਧਿਆਣਾ ਪੱਛਮੀ): ਚੇਅਰਮੈਨ ਸਾਹਿਬ, ਸਭ ਤੋਂ ਪਹਿਲਾਂ ਮੈਂ ਹਾਊਸ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਜਿਨ੍ਹਾਂ ਨੇ ਵਿੱਤ ਦਾ ਮਹਿਕਮਾ ਕੈਪਟਨ ਕੰਵਲਜੀਤ ਸਿੰਘ ਜੀ

[ਸਰਦਾਰ ਮਹੇਸ਼ਇੰਦਰ ਸਿੰਘ]

ਨੂੰ ਦਿੱਤਾ ਹੈ । ਉਨ੍ਹਾਂ ਨੇ ਇੱਕ ਬਹੁਤ ਹੀ ਸੁਚੱਜਾ ਲੋਕ ਹਿੱਤ ਵਾਲਾ ਬਜਟ ਪੰਜਾਬ ਅਸੈਂਬਲੀ ਵਿੱਚ ਪੇਸ਼ ਕੀਤਾ ਹੈ । ਡੈਮੋਕਰੇਸੀ ਦਾ ਅਸੂਲ ਹੈ ਕਿ ਗੌਰਮਿੰਟ ਆਫ਼ ਦੀ ਪੀਪਲ, ਬਾਈ ਦੀ ਪੀਪਲ ਅਤੇ ਫਾਰ ਦੀ ਪੀਪਲ ਹੋਵੇ ਪਰ ਬਦਕਿਸਮਤੀ ਨਾਲ ਪਿਛਲੇ ਸਾਲਾਂ ਵਿੱਚ ਜਿਹੜੀਆਂ ਸਰਕਾਰਾਂ ਬਣੀਆਂ, ਉਨ੍ਹਾਂ ਵਿੱਚ ਆਖਰੀ ਸਰਕਾਰ ਜਿਹੜੀ 1992 ਵਿਚ ਚੁਣੀ ਗਈ, ਉਹ ਸਰਕਾਰ ਨਾ ਆਫ਼ ਦੀ ਪੀਪਲ ਨਾ ਬਾਈ ਦੀ ਪੀਪਲ ਅਤੇ ਨਾ ਹੀ ਫਾਰ ਦੀ ਪੀਪਲ ਸੀ । ਇਸ ਸਰਕਾਰ ਦੇ ਪੰਜ ਸਾਲਾਂ ਦੇ ਰਾਜ ਵਿਚ ਪੰਜਾਬ ਦੀ ਤਬਾਹੀ ਹੋਈ । ਇੱਕ ਹੀ ਨਾਹਰਾ ਲਗਾਇਆ ਜਾ ਰਿਹਾ ਸੀ ਕਿ ਅਸੀਂ ਪੰਜਾਬ ਵਿਚ ਅਮਨ ਲਿਆ ਰਹੇ ਹਾਂ ਪਰ ਬਦਕਿਸਮਤੀ ਨਾਲ ਉਹ ਰੂਲ ਆਫ ਲਾਅ ਦੀ ਜਗ੍ਹਾ ਰੂਲ ਆਫ ਗਾਡ ਸੀ । ਇਹ ਕਰੈਡਿਟ ਪਿਛਲੀ ਸਰਕਾਰ ਨੂੰ ਜਾਂਦਾ ਹੈ ਜਿਸ ਨੇ ਰੂਲ ਆਫ ਲਾਅ ਦੀਆਂ ਧੱਜੀਆਂ ਉਡਾ ਦਿੱਤੀਆਂ । ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਹ ਲੋਕ ਅੱਜ ਪੰਜਾਬ ਦੇ ਹਿੱਤਾਂ ਦੇ ਪਹਿਰੇਦਾਰ ਬਣਦੇ ਫਿਰਦੇ ਹਨ, ਪੰਜਾਬ ਦੇ ਰਖਵਾਲੇ ਬਣਦੇ ਫਿਰਦੇ ਹਨ । ਪੰਜਾਬ ਅਸੈਂਬਲੀ ਵਿਚ ਪੰਜਾਬ ਵਾਸਤੇ ਆਉਣ ਵਾਲੇ ਇੱਕ ਸਾਲ ਵਿੱਚ ਖ਼ਰਚ ਕੀਤੇ ਜਾਣ ਵਾਲੇ ਪੈਸੇ ਅਤੇ ਸਕੀਮਾਂ ਤੇ ਵਿਚਾਰ ਕੀਤਾ ਜਾ ਰਿਹਾ ਹੈ ਪਰ ਸਾਹਮਣੇ ਬੈਂਚਾਂ ਤੇ ਸੁਸ਼ੋਭਿਤ ਬੰਦਿਆਂ ਵਿਚੋਂ ਕੇਵਲ ਦੋ ਹੀ ਹਾਜ਼ਰ ਹਨ ਜਿਨ੍ਹਾਂ ਨੂੰ ਦਿੱਲੀ ਜਾਣ ਦਾ ਮੌਕਾ ਨਹੀਂ ਮਿਲਿਆ । ਇਹ ਲੋਕ ਕਿਸ ਕੰਮ ਲਈ ਦਿੱਲੀ ਦੇ ਇਸ਼ਾਰਿਆਂ ਤੇ ਚਲਦੇ ਹਨ । ਫਿਰ ਇਹ ਪੰਜਾਬ ਦਾ ਉਜਾੜਾ ਕਰ ਰਹੇ ਹਨ । ਪੰਜਾਬ ਦੇ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੇ ਬਜਟ ਵਿਚ ਹਰ ਪੱਖ ਨੂੰ, ਹਰ ਵਰਗ ਨੂੰ, ਹਰ ਜਮਾਤ ਨੂੰ ਸਹੂਲਤ ਦਿੱਤੀ ਹੈ । ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਪੰਜਾਬ ਇਸ ਨੇਚਰ ਦਾ ਮੁਲਕ ਹੈ ਜਿਹੜਾ ਭੁੱਖਾ ਤਾਂ ਕੱਟ ਸਕਦਾ ਹੈ ਪਰ ਇਹ ਮਾਣ ਅਤੇ ਸਵੈ-ਮਾਣ ਨਾਲ ਜਿਊਣ ਦਾ ਆਦੀ ਹੈ । ਇਸ ਪੰਜਾਬ ਸਰਕਾਰ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਥੱਲੇ 12 ਫਰਵਰੀ, ਨੂੰ ਸਹੁੰ ਚੁੱਕ ਕੇ ਪੰਜਾਬੀਆਂ ਦੇ ਮਾਣ ਅਤੇ ਸਵੈ-ਮਾਣ ਦੀ ਜੋ ਰੱਖਿਆ ਕੀਤੀ, ਉਹ ਲੋਕਾਂ ਨੂੰ ਉਨ੍ਹਾਂ ਦੀ ਬਹੁਤ ਵੱਡੀ ਦੇਣ ਹੈ । ਜੋ ਲੋਕ ਦੱਬੇ ਹੋਏ ਸਨ, ਕੁਚਲੇ ਹੋਏ ਸਨ ਅਤੇ ਜਿਨ੍ਹਾਂ ਨੂੰ ਕੋਈ ਸੁਣਦਾ ਨਹੀਂ ਸੀ, ਉਨ੍ਹਾਂ ਦਾ ਮਾਣ ਤੇ ਸਵੈ-ਮਾਣ ਬਰਕਰਾਰ ਕੀਤਾ ਗਿਆ । ਬਦਕਿਸਮਤੀ ਨਾਲ ਪੰਜਾਬ ਨਾਲ ਜੋ ਵੀ ਵਿਹਾਰ ਦਿੱਲੀ ਦੇ ਤਖਤ ਤੇ ਬੈਠੀ ਹਕੂਮਤ ਵੱਲੋਂ ਕੀਤਾ ਗਿਆ, ਉਸ ਦੀ ਜਿੰਨੀ ਵੀ ਨਿੰਦਿਆ ਕੀਤੀ ਜਾਵੇ, ਥੋੜ੍ਹੀ ਹੈ । ਮੁਲਕ ਆਜ਼ਾਦ ਹੋਇਆ ਔਰ ਮੁਲਕ ਆਜ਼ਾਦ ਹੋਣ ਤੋਂ ਬਾਅਦ ਪੰਜਾਬੀਆਂ ਨੇ ਆਮ ਤੌਰ ਤੇ ਅਤੇ ਸਿੱਖਾਂ ਨੇ ਖਾਸ ਤੌਰ

ਤੇ ਆਪਣੀ ਕਿਸਮਤ ਹਿੰਦੁਸਤਾਨ ਨਾਲ ਜੋੜੀ । ਉਸ ਫ਼ੈਸਲੇ ਦੀ ਸ਼ਲਾਘਾ ਤਾਂ ਕੀ ਕਰਨੀ ਸੀ, ਉਸ ਦਾ ਮੁਆਵਜ਼ਾ ਵੀ ਇਨ੍ਹਾਂ ਨੂੰ ਹਮੇਸ਼ਾਂ ਹੀ ਬੇਈਮਾਨੀ ਵਾਲੀ ਨਿਗ੍ਹਾ ਰੱਖ ਕੇ ਦਿੱਤਾ ਗਿਆ । ਭਾਵੇਂ ਉਹ ਸਿਆਸੀ ਫ਼ੈਸਲਾ ਹੋਵੇ, ਭਾਵੇਂ ਉਹ ਆਰਥਿਕ ਫੈਸਲਾ ਹੋਵੇ ਅਤੇ ਭਾਵੇਂ ਧਾਰਮਿਕ ਫੈਸਲਾ ਹੋਵੇ, ਉਸ ਬਾਰੇ ਪੁਰਾਣਾ ਇਤਿਹਾਸ ਗਵਾਹ ਹੈ ਔਰ ਮੈਂ ਉਸ ਵਿੱਚ ਜਾਣਾ ਨਹੀਂ ਚਾਹੁੰਦਾ । ਮੈਂ ਅੱਜ ਇਥੇ ਹੋਰ ਗੱਲ ਕਰਨੀ ਚਾਹੁੰਦਾ ਹਾਂ । ਕਿਉਂਕਿ ਮੇਰਾ ਪ੍ਰੋਫ਼ੈਸ਼ਨ ਐਡਵੋਕੇਟ ਦਾ ਹੈ, ਇਸ ਲਈ ਮੈਂ ਰੂਲ ਐਂਡ ਲਾਅ ਦੀ ਗੱਲ ਕਰਾਂਗਾ । ਚੇਅਰਮੈਨ ਸਾਹਿਬ, ਸਾਡੇ ਸਾਹਮਣੇ ਬੈਠੇ ਬੈਂਚਾਂ ਵਾਲੇ ਹਮੇਸ਼ਾਂ ਹੀ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਰਹੇ ਅਤੇ ਇਹ ਵਿਰਸਾ ਇਨ੍ਹਾਂ ਨੂੰ ਵਿਰਾਸਤ ਵਿੱਚ ਮਿਲਿਆ ਹੈ । ਇਹ ਹਾਊਸ ਇਸ ਗੱਲ ਤੋਂ ਭਲੀਭਾਂਤ ਜਾਣੂ ਹੈ ਕਿ ਸੰਨ 1975 ਵਿੱਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਨੂੰ ਇਲਾਹਾਬਾਦ ਹਾਈ ਕੋਰਟ ਨੇ ਡਿਸਕੁਆਲੀਫਾਈ ਕਰ ਦਿੱਤਾ ਸੀ । ਬਜਾਏ ਇਸ ਦੇ ਕਿ ਉਹ ਕਾਨੂੰਨ ਦਾ ਸਤਿਕਾਰ ਕਰਦੇ ਅਤੇ ਕਾਨੂੰਨ ਦੇ ਦਿੱਤੇ ਗਏ ਫੈਸਲੇ ਨੂੰ ਸਵੀਕਾਰ ਕਰਦੇ, ਇਨ੍ਹਾਂ ਨੇ ਸੜਕਾਂ ਤੇ ਆ ਕੇ ਜੁਡੀਸ਼ਰੀ ਦੇ ਉਲਟ ਨਾਹਰੇ ਲਾਏ ਅਤੇ ਜੁਡੀਸ਼ਰੀ ਨੂੰ ਬਦਨਾਮ ਕੀਤਾ । ਜੱਜਾਂ ਦੇ ਅਗੇਂਸਟ ਚਾਰਜਿਜ਼ ਦੀ ਵਜ੍ਹਾ ਕੀ ਸੀ, ਇਹ ਕਿ ਇਨ੍ਹਾਂ ਲੋਕਾਂ ਨੂੰ ਉਨ੍ਹਾਂ ਦਾ ਫੈਸਲਾ ਪਸੰਦ ਨਹੀਂ ਸੀ । ਇਹ ਲੋਕ ਉਨ੍ਹਾਂ ਲੋਕਾਂ ਨੂੰ ਨਹੀਂ ਝੱਲ ਸਕਦੇ ਜੋ ਆਪਣਾ ਫੈਸਲਾ ਆਜ਼ਾਦੀ ਨਾਲ ਬੋਲ ਜਾਂਦੇ ਹਨ । ਡੈਮੋਕ੍ਰੇਸੀ ਦੇ ਤਿੰਨ ਥੰਮਾਂ ਲੇਜਿਸਲੇਚਰ, ਐਗਜ਼ੈਕਟਿਵ ਅਤੇ ਜੁਡੀਸ਼ਰੀ ਵਿੱਚੋਂ ਜੁਡੀਸ਼ਰੀ ਦਾ ਬਹੁਤ ਵੱਡਾ ਅਤੇ ਇੰਪਾਰਟੈਂਟ ਰੋਲ ਹੈ । ਜਿਥੇ ਦੋ ਪਾਰਟੀ ਸਿਸਟਮ ਹੋਵੇ, ਜਿਥੇ ਮਿਜਾਰਟੀ ਰੂਲ ਹੁੰਦਾ ਹੋਵੇ, ਉਥੇ ਹੋ ਰਹੀਆਂ ਜ਼ਿਆਦਤੀਆਂ ਤੇ ਜੁਡੀਸ਼ਰੀ ਚੈਕ ਰੱਖਦਾ ਹੈ ਅਤੇ ਉਸ ਦੇ ਫ਼ੈਸਲੇ ਅੱਗੇ ਸਿਰ ਝੁਕਾਉਣਾ ਹੀ ਇੱਕ ਨਰੋਈ ਡੈਮੋਕ੍ਰੇਸੀ ਦਾ ਹੱਕ ਹੈ । ਉਹ ਕਾਨੂੰਨ ਦਾ ਫੈਸਲਾ ਦੱਬ ਲਿਆ ਗਿਆ ਅਤੇ ਫਿਰ ਸੁਪਰੀਮ ਕੋਰਟ ਵਿੱਚ ਫੈਸਲਾ ਉਲਟ ਹੋ ਗਿਆ.....

ਡਾਕਟਰ ਹਰਬੰਸ ਲਾਲ : ਚੇਅਰਮੈਨ ਸਾਹਿਬ, ਕੀ ਇਹ ਬਜਟ ਤੇ ਬੋਲ ਰਹੇ ਹਨ ? ਇਹ ਤਾਂ ਹੋਰ ਸਪੀਚ ਕਰ ਰਹੇ ਹਨ । ਇਸ ਤਰ੍ਹਾਂ ਹੋਰ ਸਪੀਚ ਕਰਨ ਦਾ ਕੀ ਫਾਇਦਾ ।

ਸ੍ਰੀ ਸਭਾਪਤੀ : ਉਹ ਬਜਟ ਤੇ ਹੀ ਆ ਰਹੇ ਹਨ ।

ਸਰਦਾਰ ਮਹੇਸ਼ਇੰਦਰ ਸਿੰਘ : ਮੈਂ ਬਜਟ ਤੇ ਹੀ ਗੱਲ ਕਰਾਂਗਾ । ਚੇਅਰਮੈਨ ਸਾਹਿਬ, ਮੈ ਇਹੀ ਅਰਜ਼ ਕਰ ਰਿਹਾ ਸੀ । ਬਦਕਿਸਮਤੀ ਹੈ ਅੱਜ ਸਾਡੇ ਮੁਲਕ

[ਸਰਦਾਰ ਮਹੇਸ਼ਇੰਦਰ ਸਿੰਘ]

ਦੀ, ਸੂਬੇ ਦੀ ਕਿ ਇਹ ਲੋਕ ਜੋ ਅੱਜ ਕਿੰਤੂ ਪਰੰਤੂ ਕਰਦੇ ਹਨ, ਇਹ ਕਾਨੂੰਨ ਦੀ ਗੱਲ ਸੁਣਨ ਨੂੰ ਤਿਆਰ ਨਹੀਂ । ਜਿਹੜਾ ਕਾਨੂੰਨ ਇਨ੍ਹਾਂ ਦੇ ਉਲਟ ਜਾਂਦਾ ਹੋਵੇ, ਉਸ ਨੂੰ ਮੰਨਣ ਨੂੰ ਤਿਆਰ ਨਹੀਂ । ਮੈਂ ਬਜਟ ਤੇ ਹੀ ਆ ਰਿਹਾ ਹਾਂ । ਆਪਣੀ ਬਜਟ ਸਪੀਚ ਦੇ ਕਨਕਲੂਡਿੰਗ ਪੈਰ੍ਹੇ ਵਿੱਚ ਇਨ੍ਹਾਂ ਦੀ ਪਾਰਟੀ ਦੇ ਲੀਡਰ ਚੌਧਰੀ ਸਾਹਿਬ ਨੇ ਜੋ ਗੱਲ ਕਹੀ ਸੀ, ਮੈਂ ਉਸ ਤੇ ਆ ਰਿਹਾ ਹਾਂ । ਇਹ ਤਾਂ ਮੈਂ ਉਸ ਗੱਲ ਵਾਸਤੇ ਭੂਮਿਕਾ ਬੰਨ੍ਹ ਰਿਹਾ ਸੀ । ਇਸ ਸਮੇਂ ਉਹ ਹੀ ਸਰਕਾਰਾਂ ਚਲਦੀਆਂ ਹਨ ਜੋ ਰੂਲ ਆਫ਼ ਲਾਅ ਤੇ ਚੱਲਣ । ਰੂਲ ਆਫ ਰਾਡ ਨਾਲ ਐਡਮਨਿਸਟ੍ਰੇਸ਼ਨ ਕਰਨ ਦਾ ਜ਼ਮਾਨਾ ਹੁਣ ਮੁੱਕ ਗਿਆ ਹੈ, ਜਿਨ੍ਹਾਂ ਨੂੰ ਬਾਦਸ਼ਾਹੀਆਂ ਕਹਿੰਦੇ ਹਨ । ਅੱਜ ਬਣੀ ਹੋਈ ਸਰਕਾਰ ਇਸ ਗੱਲ ਦੀ ਧਾਰਨੀ ਹੈ ਕਿ ਉਹ ਪੰਜਾਬ ਵਿੱਚ ਰੂਲ ਆਫ਼ ਲਾਅ ਪ੍ਰੈਕਟੀਕਲੀ ਕਰੇਗੀ । ਲਾਅ ਆਪਣਾ ਐਕਸ਼ਨ ਲਵੇਗਾ, ਅਤੇ ਉਸ ਦੇ ਅੱਗੇ ਗਿਲਟੀ ਭਾਵੇਂ ਸਿਆਸਤਦਾਨ ਹੋਵੇ, ਭਾਵੇਂ ਪਬਲਿਕਮੈਨ ਹੋਵੇ, ਭਾਵੇਂ ਕੋਈ ਬਿਊਰੋਕੇਟ ਹੋਵੇ ਅਤੇ ਭਾਵੇਂ ਪੁਲਿਸ ਅਫ਼ਸਰ ਹੋਵੇ, ਉਸ ਨੂੰ ਟਰੇਸ ਕਰਨਾ ਹੀ ਪਵੇਗਾ । ਗਲਤ ਚਰਚਾ ਨੂੰ ਉਠਾ ਕੇ ਇਨ੍ਹਾਂ ਨੇ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਦੁਬਾਰਾ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਹੈ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੀ ਵਕਾਲਤ ਦੀ ਨਾਲਿਜ ਦੇ ਬੇਸ ਤੇ ਕੁਝ ਤੱਥ ਇਸ ਹਾਊਸ ਵਿੱਚ ਰੱਖਣਾ ਚਾਹਾਂਗਾ ਕਿ 43 ਪਟੀਸ਼ਨਾਂ ਉਸ ਪੁਲਿਸ ਅਫ਼ਸਰ ਦੇ ਅਗੇਂਸਟ ਹੋਈਆਂ, ਹਾਈ ਕੋਰਟ ਦੇ ਵਿਚ ਅਤੇ ਸੁਪਰੀਮ ਕੋਰਟ ਦੇ ਵਿੱਚ। ਇਕ ਕੇਸ ਉਹ ਹੈ ਜਿਸ ਵਿੱਚ ਢੱਟ ਪਿੰਡ ਦੇ ਸਰਪੰਚ ਦਾ ਮਰਡਰ ਹੋਇਆ ਸੀ । ਉਸ ਕੇਸ ਵਿੱਚ ਉਸ ਸਰਪੰਚ ਦੀ ਪਤਨੀ ਜੋ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੇ ਘਰਾਂ ਵਿਚੋਂ ਭੈਣ ਲਗਦੀ ਸੀ, ਨੂੰ ਬਦਕਿਸਮਤੀ ਨਾਲ ਵਿਧਵਾ ਹੋਣਾ ਪਿਆ । ਉਸ ਔਰਤ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਪਰ ਜਦੋਂ ਉਸ ਦੀ ਪੈਟੀਸ਼ਨ ਹਾਈ ਕੋਰਟ ਵਿਚੋਂ ਖਾਰਜ ਹੋ ਗਈ ਤਾਂ ਉਸ ਔਰਤ ਨੇ ਸਪੈਸ਼ਲ ਲੀਵ ਪੈਟੀਸ਼ਨ ਨਾਲ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ । ਸੁਪਰੀਮ ਕੋਰਟ ਦੇ ਜੱਜ ਨੇ ਇਸ ਨੂੰ ਜਦੋਂ ਪੜ੍ਹਿਆ ਕਿ ਇੱਕ ਦੇਸ਼ ਭਗਤ, ਇੱਕ ਕੌਮੀ ਸ਼ਹੀਦ ਦੇ ਪਰਿਵਾਰ ਨਾਲ ਇਹ ਗੱਲ ਵਾਪਰੀ ਹੈ ਤਾਂ ਉਸ ਨੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ। ਪੰਜਾਬ ਸਰਕਾਰ ਨੇ ਉਸੇ ਵੇਲੇ ਸੁਪਰੀਮ ਕੋਰਟ ਦੀ ਹਦਾਇਤ ਤੇ ਵੰਨ-ਮੈਨ ਟ੍ਰਿਬਿਊਨਲ ਸੈਸ਼ਨ ਜੱਜ ਦੀ ਪ੍ਰਧਾਨਗੀ ਹੇਠ ਬਣਾਇਆ । ਉਸ ਟ੍ਰਿਬਿਊਨਲ ਨੇ ਢਾਈ ਸਾਲ ਦੇ ਅਰਸੇ ਵਿੱਚ 40 ਲੱਖ ਰੁਪਏ ਦੇ ਸਟੇਟ ਐਕਸਚੈਕਅਰ ਦਾ ਖ਼ਰਚਾ ਹੋਣ ਤੋਂ ਬਾਅਦ ਇਕ ਡਿਟੇਲਡ

ਰਿਪੋਰਟ ਦਿੱਤੀ । ਉਸ ਡਿਟੇਲਡ ਰਿਪੋਰਟ ਦੇ ਵਿਚ ਉਨ੍ਹਾਂ ਨੇ ਉਸ ਆਫ਼ੀਸਰ ਨੂੰ ਦੋਸ਼ੀ ਕਰਾਰ ਦਿੱਤਾ । ਇਹ ਰਿਪੋਰਟ ਜਦੋਂ ਸੁਪਰੀਮ ਕੋਰਟ ਕੋਲ ਪੇਸ਼ ਹੋਈ ਤਾਂ ਸੁਪਰੀਮ ਕੋਰਟ ਨੇ ਤਿੰਨ ਹੀਅਰਿੰਗ ਸੁਣ ਕੇ ਪੰਜਾਬ ਸਰਕਾਰ ਨੂੰ ਉਸ ਪੁਲਿਸ ਅਫ਼ਸਰ ਦੇ ਖਿਲਾਫ ਕੇਸ ਰਜਿਸਟਰਡ ਕਰਨ ਦੀ ਹਦਾਇਤ ਕੀਤੀ ਅਤੇ ਉਸ ਨੂੰ ਸਸਪੈਂਡ ਕਰਨ ਦੀ ਕਾਰਵਾਈ ਕਰਨ ਲਈ ਕਿਹਾ । ਬਦਕਿਸਮਤੀ ਦੀ ਗੱਲ ਹੈ ਕਿ ਜੇਕਰ ਕੋਈ ਬੰਦਾ ਗਲਤ ਫੈਸਲਾ ਕਰ ਲਏ ਤਾਂ ਉਸ ਦੇ ਖਿਲਾਫ ਕਾਨੂੰਨ ਦੀਆਂ ਉਚ ਅਦਾਲਤਾਂ ਦੀਆਂ ਹਦਾਇਤਾਂ ਦੇ ਲਏ ਗਏ ਫੈਸਲਿਆਂ ਦੀ ਤਾਮੀਲ ਕਰਨ ਦੀ ਜ਼ਿੰਮੇਵਾਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੇ ਸੁੱਟੀ ਜਾਂਦੀ ਹੈ । ਇਹ ਭੁੱਲ ਜਾਂਦੇ ਹਨ ਕਿ ਬਹੁਤ ਵਧੀਆ ਆਫੀਸਰ ਵੀ ਹਨ ਜਿਨ੍ਹਾਂ ਨੇ ਅੱਤਵਾਦੀਆਂ ਦਾ ਮੁਕਾਬਲਾ ਬੜੀ ਇਮਾਨਦਾਰੀ ਦੇ ਤੌਰ ਤੇ ਕੀਤਾ । ਉਨ੍ਹਾਂ ਦੇ ਪ੍ਰਤੀ ਸਰਕਾਰ ਦੇ ਅਤੇ ਮੈਂਬਰਾਂ ਦੇ ਮਨਾਂ ਵਿਚ ਸਤਿਕਾਰ ਹੈ ਪਰੰਤੂ ਜਿਹੜੇ ਲੋਕਾਂ ਨੇ ਅੱਤਵਾਦ ਦੇ ਨਾਮ ਤੇ ਅੰਨ੍ਹੀਆਂ ਜਾਇਦਾਦਾਂ ਬਣਾਈਆਂ, ਬੇਕਸੂਰ ਲੋਕਾਂ ਨੂੰ ਮਾਰਿਆ ਅਤੇ ਘੜੀਸਿਆ, ਉਨ੍ਹਾਂ ਦੇ ਖਿਲਾਫ ਐਕਸ਼ਨ ਤਾਂ ਹੋਣਾ ਹੀ ਚਾਹੀਦਾ ਹੈ । ਕਾਨੂੰਨ ਉਨ੍ਹਾਂ ਲਈ ਵੀ ਇੱਕੋ ਹੀ ਹੈ ਜੋ ਕਿ ਇੱਕ ਇੰਡੀਵਿਜ਼ੂਅਲ ਵਾਇਲੇਟਰ ਲਈ ਹੈ । ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਆਪੋਜ਼ੀਸ਼ਨ ਬੈਂਚਿਜ਼ ਵਾਲੇ ਪੰਜਾਬ ਦੇ ਲੋਕਾਂ ਨੂੰ ਉਕਸਾ ਰਹੇ ਹਨ ਅਤੇ ਉਨ੍ਹਾਂ ਪੁਲਿਸ ਅਫਸਰਾਂ ਦੇ ਕੀਤੇ ਕੰਮਾਂ ਨੂੰ ਜਸਟੀਫਾਈ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਿਨ੍ਹਾਂ ਨੇ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਕੇ ਇਸ ਦੀ ਗਲਤ ਵਰਤੋਂ ਕੀਤੀ ਹੈ । ਹੋ ਸਕਦਾ ਹੈ ਕੁਲਵੰਤ ਸਿੰਘ ਵਕੀਲ ਰੋਪੜ ਵਾਲੇ ਦੇ ਅੱਤਵਾਦੀਆਂ ਨਾਲ ਸਬੰਧ ਹੋਣ ਪਰ ਉਸ ਢਾਈ ਸਾਲ ਦੀ ਬੱਚੀ ਦਾ ਕੀ ਕਸੂਰ ਸੀ ਅਤੇ ਕੀ ਕਸੂਰ ਸੀ ਉਸ ਦੀ ਜਨਾਨੀ ਦਾ ਜਿਨ੍ਹਾਂ ਨੂੰ ਰਾਤ ਨੂੰ ਚੁੱਕ ਕੇ ਭਾਖੜਾ ਨਹਿਰ ਦੇ ਕੰਢੇ ਤੇ ਲਿਜਾ ਕੇ ਮਾਰਿਆ ਗਿਆ । ਕੋਈ ਕਾਨੂੰਨ ਇਸ ਤਰ੍ਹਾਂ ਦੀ ਜ਼ਿਆਦਤੀ ਕਰਨ ਦੀ ਇਜ਼ਾਜ਼ਤ ਨਹੀਂ ਦਿੰਦਾ । ਮੁਲਜ਼ਮ ਦੇ ਕੀਤੇ ਕੰਮ ਦੀ ਸਜ਼ਾ ਉਸ ਦਾ ਟੱਬਰ ਕਿਉਂ ਭੁਗਤੇ । ਮੈਂ ਜਿਹੜੀ ਗੱਲ ਕਹਿਣੀ ਹੈ, ਉਹ ਇਹ ਹੈ ਕਿ ਸਰਕਾਰ ਦੇ ਇਨ੍ਹਾਂ ਫੈਸਲਿਆਂ ਬਾਰੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ 'ਇੰਡੀਅਨ ਐਕਸਪ੍ਰੈੱਸ' ਵਿਚ ਜੋ ਪਰੈੱਸ ਸਟੇਟਮੈਂਟ ਦਿੱਤੀ ਹੈ, ਉਸ ਵਿਚ ਦੱਸਿਆ ਹੈ ਕਿ Rule of law shall prevail in the State of Punjab. Law shall take its own course irrespective of the person's status. ਇਹ ਗੱਲ ਇਨ੍ਹਾਂ ਲੋਕਾਂ ਨੂੰ ਭਾਉਂਦੀ ਨਹੀਂ । ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਲੋਕਾਂ ਨਾਲ ਇਹ ਗੱਲ ਸਾਂਝੀ ਕਰਨੀ ਚਾਹਾਂਗਾ ਕਿ ਜਿਸ ਤਰ੍ਹਾਂ ਬਜਟ ਸਪੀਚ

[ਸਰਦਾਰ ਮਹੇਸ਼ਇੰਦਰ ਸਿੰਘ]

ਵਿੱਚ ਸਾਡੇ ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪੰਜਾਬ ਨੇ ਪਿਛਲੇ ਦਹਾਕੇ ਦੇ ਵਿੱਚ ਬਹੁਤ ਸੰਤਾਪ ਭੋਗਿਆ ਹੈ, ਉਸ ਤੋਂ ਬਾਅਦ ਇਹ ਪਹਿਲਾ ਵਾਕਿਆ ਹੈ ਜਦ ਪੰਜਾਬ ਨੂੰ ਪਹਿਲਾ ਬੈਲੈਂਸਡ ਬਜਟ ਪ੍ਰੈਜ਼ੈਂਟ ਕਰਨ ਦਾ ਮੌਕਾ ਮਿਲਿਆ ਹੈ। ਨਾਰਮਲ ਹਾਲਾਤ ਵਿੱਚ ਜਦ ਕਦੇ ਵੀ ਕਿਸੇ ਚੀਜ਼ ਦਾ ਅਨੈਲੈਸਿਸ ਕਰਨਾ ਹੋਵੇ, ਉਸ ਦੀ ਘੋਖ ਕਰਨੀ ਹੋਵੇ ਤਾਂ ਉਸ ਦੇ ਕਾਰਣ ਜ਼ਰੂਰ ਦੇਖਣੇ ਪੈਂਦੇ ਹਨ ਕਿ ਉਸ ਦੇ ਲਈ ਕੌਣ ਜ਼ਿੰਮੇਵਾਰ ਹੈ। ਜਿੰਨਾ ਚਿਰ ਕਿਸੇ ਗੱਲ ਦਾ ਕਾਰਣ ਨਾ ਲੱਭਿਆ ਜਾਵੇ, ਇਲਾਜ ਨਹੀਂ ਲੱਭਿਆ ਜਾ ਸਕਦਾ। ਮੈਂ ਕਿਸੇ ਵੀ ਮੈਂਬਰ ਦਾ ਨਾਂ ਨਹੀਂ ਲਵਾਂਗਾ, ਮੈਂ ਪਾਰਟੀ ਦੇ ਤੌਰ ਤੇ ਗੱਲ ਕਰ ਰਿਹਾ ਹਾਂ ਕਿ ਪੰਜਾਬ ਦੇ ਸੰਤਾਪ ਲਈ ਨਿਰੋਲ ਤੇ ਨਿਰੋਲ ਜ਼ਿੰਮੇਵਾਰ ਹੈ ਉਹ ਪਾਰਟੀ ਜਿਹੜੀ ਸਾਡੇ ਸਾਹਮਣੇ ਬੈਂਚਾਂ ਤੇ ਬੈਠਦੀ ਹੈ ਅਤੇ ਜੋ 12-13 ਦੀ ਗਿਣਤੀ ਵਿੱਚ ਹੈ। ਜਿਨ੍ਹਾਂ ਵਿਚੋਂ ਕਿ ਇਸ ਵਕਤ ਦੋ ਹੀ ਹਾਜ਼ਰ ਹਨ। ਇਸ ਗੱਲ ਲਈ ਮੇਰੇ ਕੋਲ ਪਰੂਫ ਹੈ ਅਤੇ ਜੋ ਗੱਲ ਮੈਂ ਕਰਾਂਗਾ, ਉਹ ਡਾਕੂਮੈਂਟਸ ਨਾਲ ਸਪੋਰਟਡ ਹੈ। ਚੇਅਰਮੈਨ ਸਾਹਿਬ, ਬਤੌਰ ਵਕੀਲ ਇਹ ਗੱਲ ਮੈਂ ਦ੍ਰਿੜ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਫੌਜਦਾਰੀ ਕਾਨੂੰਨ ਇਹ ਗੱਲ ਕਹਿੰਦਾ ਹੈ.....

WALK-OUT

ਡਾਕਟਰ ਹਰਬੰਸ ਲਾਲ : ਚੇਅਰਮੈਨ ਸਾਹਿਬ, ਬਹਿਸ ਬਜਟ ਤੇ ਹੋ ਰਹੀ ਹੈ ਪਰ ਬਜਟ ਬਾਰੇ ਕੋਈ ਗੱਲ ਨਹੀਂ ਹੋ ਰਹੀ। ਇਸ ਲਈ ਅਸੀਂ ਵਾਕ ਆਊਟ ਕਰਦੇ ਹਾਂ।

(ਇਸ ਸਮੇ ਸਦਨ ਵਿੱਚ ਕਾਂਗਰਸ ਪਾਰਟੀ ਦੇ ਦੋ ਹਾਜ਼ਰ ਮੈਂਬਰ ਸਾਹਿਬਾਨ ਡਾਕਟਰ ਹਰਬੰਸ ਲਾਲ ਅਤੇ ਸਰਦਾਰ ਗੁਰਚਰਨ ਸਿੰਘ ਦਿੜ੍ਹਬਾ ਸਦਨ ਵਿਚੋਂ ਵਾਕ ਆਊਟ ਕਰ ਗਏ।)

GENERAL DISCUSSION ON THE BUDGET ESTIMATES FOR THE YEAR 1997-98 *(Resumption)*

ਸਰਦਾਰ ਮਹੇਸ਼ਇੰਦਰ ਸਿੰਘ : ਜਾਣ ਦਿਓ। ਸੱਚ ਸੁਣਿਆ ਨਹੀ ਜਾਂਦਾ। ਚੇਅਰਮੈਨ ਸਾਹਿਬ, ਮੈ ਅਰਜ਼ ਕਰ ਰਿਹਾ ਸੀ ਕਿ ਇਹ ਜੋ ਸਾਮ੍ਹਣੇ ਬੈਠਦੇ ਹਨ, ਇਹ ਨਿਰੋਲ ਤੇ ਨਿਰੋਲ ਜ਼ਿੰਮੇਵਾਰ ਹਨ ਪੰਜਾਬ ਵਿੱਚ ਸੰਤਾਪ ਲਿਆਉਣ ਲਈ।

ਜ਼ਿਆਦਾ ਲੰਬਾ ਨਾ ਕਰਦੇ ਹੋਏ ਇਸ ਵਿਸ਼ੇ ਨੂੰ ਮੈਂ ਦੋ ਮਿੰਟਾਂ ਵਿਚ ਮੁਕਾ ਦਿਆਂਗਾ । ਮੈ ਕਹਿ ਰਿਹਾ ਸੀ ਕਿ ਕਦੇ ਵੀ ਕਾਨੂੰਨੀ ਪ੍ਰੋਸੀਜਰ ਵਿਚ ਪਹਿਲਾਂ ਇਹ ਨਹੀਂ ਦੇਖਿਆ ਗਿਆ । ਚੇਅਰਮੈਨ ਸਾਹਿਬ, ਇਥੇ ਮੈਂ ਇਹ ਗੱਲ ਸਾਂਝੀ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਗੱਲ ਮੇਰੇ ਸਾਮ੍ਹਣੇ ਬੈਠੇ ਵੀਰਾਂ ਨੂੰ ਪਸੰਦ ਨਹੀਂ, ਉਹ ਇਕ ਇਤਿਹਾਸ ਹੈ । ਕੌਣ ਜ਼ਿੰਮੇਵਾਰ ਹੈ ਇਹੋ ਜਿਹੇ ਹਾਲਾਤ ਕਰਨ ਦਾ ਜਿਸ ਦੇ ਕਾਰਨ ਸੂਬੇ ਵਿੱਚ ਫਾਈਨੈਂਸ਼ੀਅਲ ਕਰਾਈਸਿਜ਼ ਆਏ । ਕਾਨੂੰਨ ਦੇ ਤਹਿਤ ਕੰਮ ਹੋਣਾ ਚਾਹੀਦਾ ਸੀ । ਅੱਜ ਤੱਕ ਮੇਰੇ ਹਿਸਾਬ ਨਾਲ ਜੁਡੀਸ਼ੀਅਲ ਹਿਸਟਰੀ ਵਿੱਚ ਕੋਈ ਅਜਿਹਾ ਵਾਕਿਆ ਨਹੀਂ ਹੋਇਆ ਜਿਥੇ ਕਿਸੇ ਬੰਦੇ ਦਾ ਨਾਂ ਮੁਲਜ਼ਮ ਦੇ ਤੌਰ ਤੇ ਕਿਸੇ ਐਫ ਆਈ ਆਰ ਵਿੱਚ ਦਰਜ ਕਰਿਆ ਹੋਵੇ ਪਰ ਤਫਤੀਸ਼ ਵਿੱਚ ਸ਼ਾਮਲ ਨਾ ਕੀਤਾ ਗਿਆ ਹੋਵੇ । ਐਸਾ ਵਾਕਿਆ ਵੀ ਕਦੇ ਮੇਰੀ ਜ਼ਿੰਦਗੀ ਵਿੱਚ ਨਹੀਂ ਹੋਇਆ ਜਦ ਕਿਸੇ ਮੁਲਜ਼ਮ ਦਾ ਨਾਂ ਐਫ ਆਈ ਆਰ ਵਿੱਚ ਦਰਜ ਨਾ ਹੋਵੇ ਅਤੇ ਐਡਮਨਿਸਟ੍ਰੇਸ਼ਨ ਉਸ ਬੰਦੇ ਨੂੰ ਫੜ੍ਹ ਲਏ ਅਤੇ ਫਿਰ ਪੰਜਾਬ ਵਿੱਚ ਬੁਰੇ ਹਾਲਾਤ ਕਰੀਏਟ ਕੀਤੇ ਜਾਣ । ਉਸ ਸਮੇਂ ਦਿੱਲੀ ਵਿੱਚ ਪੰਜਾਬ ਦੇ ਹੀ ਮਾਨਯੋਗ ਐਮ.ਪੀ. ਹੋਮ ਮਨਿਸਟਰ ਸਨ ਅਤੇ ਪੰਜਾਬ ਵਿੱਚ ਕਾਂਗਰਸ ਦੇ ਹੀ ਚੀਫ ਮਨਿਸਟਰ ਸਨ ਜਦੋਂ ਨਿਰੰਕਾਰੀ ਮਰਡਰ ਕੇਸ ਹੋਇਆ । ਉਸ ਕੇਸ ਵਿੱਚ ਨੇਮਡ ਸਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ । ਇਹ ਸਾਮ੍ਹਣੇ ਬੈਠਣ ਵਾਲੇ ਲੋਕ ਦੱਸ ਸਕਣਗੇ ਕਿ ਜਿਹੜਾ ਬੰਦਾ ਐਫ ਆਈ ਆਰ ਵਿੱਚ ਨੇਮਡ ਸੀ, ਉਸ ਦੇ ਇਹ ਨੇੜੇ ਕਿਉਂ ਨਹੀ ਫੜਕੇ ? ਕੀ ਕੰਪਲਸ਼ਨ ਸੀ ਜਦ ਕਿ ਇਨ੍ਹਾਂ ਦਾ ਦਿੱਲੀ ਵਿੱਚ ਵੀ ਰਾਜ ਸੀ ਅਤੇ ਪੰਜਾਬ ਵਿੱਚ ਵੀ । ਉਸ ਕੇਸ ਵਿੱਚ ਇੰਟੈਰੋਗੇਟ ਨਹੀਂ ਕੀਤਾ ਗਿਆ । ਉਸ ਦੇ ਕਾਂਟਰੇਰੀ 9 ਸਤੰਬਰ, 1981 ਨੂੰ ਲੁਧਿਆਣਾ ਦੇ ਨੇੜੇ ਇੱਕ ਕਤਲ ਹੋਇਆ ਅਤੇ ਕਤਲ ਹੋਇਆ ਇੱਕ ਉਘੇ ਜਰਨਲਿਸਟ ਲਾਲਾ ਜਗਤ ਨਰਾਇਣ ਦਾ । ਉਸ ਕੇਸ ਦੀ ਐਫ ਆਈ ਆਰ ਲਿਖੀ ਗਈ ਅਤੇ ਉਸ ਵਾਕਿਆ ਦੇ ਡੇਢ ਘੰਟੇ ਦੇ ਅੰਦਰ ਅੰਦਰ ਲਿਖਿਆ ਗਿਆ ਕਿ ਇਹ ਵਾਕਿਆ ਕਰਨ ਵਾਲੇ ਤਿੰਨ ਅਣਪਛਾਣੇ ਨੌਜਵਾਨ ਹਨ ਜਿਨ੍ਹਾਂ ਦਾ ਹੁਲੀਆ ਇਸ ਤਰ੍ਹਾਂ ਦਾ ਹੈ । ਉਹ ਮੋਟਰ ਸਾਈਕਲ ਤੇ ਆਏ ਅਤੇ ਇਹ ਵਾਕਿਆ ਕਰਕੇ ਖੇਤਾਂ ਵਿਚੋਂ ਹੁੰਦੇ ਹੋਏ ਭੱਜ ਗਏ । ਉਸ ਐਫ ਆਈ ਆਰ ਦੇ ਵਿਚ ਸਰਦਾਰ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਨਾਂ ਨਹੀਂ ਸੀ, ਫੇਰ ਉਨ੍ਹਾਂ ਨੂੰ ਛੱਡਿਆ ਗਿਆ । ਇਹ ਇਕ ਕੈਲਕੁਲੇਟਿਵ ਮੂਵ ਸੀ ਅਤੇ ਪੰਜਾਬ ਵਿਚ ਪਾਵਰ ਸਟਰਗਲ ਦਿੱਲੀ ਨਾਲ ਚੱਲ ਰਹੀ ਸੀ । ਪੰਜਾਬ ਵਿਚ ਵੀ ਕਾਂਗਰਸ ਪਾਰਟੀ ਦਾ ਚੀਫ ਮਨਿਸਟਰ ਸੀ ਅਤੇ ਦਿੱਲੀ ਵਿਚ ਵੀ ਇਨ੍ਹਾਂ ਦੀ ਹੀ ਪਾਰਟੀ

[ਸਰਦਾਰ ਮਹੇਸ਼ਇੰਦਰ ਸਿੰਘ]

ਦਾ ਹੋਮ ਮਨਿਸਟਰ ਸੀ । ਦਿੱਲੀ ਵਾਲੇ ਪੰਜਾਬ ਵਿਚ ਆਪਣੀ ਸੁਪਰੀਮੇਸੀ ਪੈਦਾ ਕਰਨਾ ਚਾਹੁੰਦੇ ਸਨ ਜਿਸ ਕਰਕੇ ਪੰਜਾਬ ਵਿਚ ਗੜਬੜ ਕਰਵਾਈ ਗਈ ਅਤੇ ਪੰਜਾਬੀਆਂ ਨੇ ਸੰਤਾਪ ਭੋਗਿਆ । ਪੰਜਾਬ ਦੀ ਇਕਾਨੌਮੀ ਨੂੰ ਸ਼ੈਟਰ ਕੀਤਾ ਗਿਆ ਔਰ ਪੰਜਾਬ ਉਤੇ 8423 ਕਰੋੜ ਰੁਪਏ ਦਾ ਕਰਜ਼ਾ ਸਿਰ ਉਤੇ ਚੜ੍ਹ ਗਿਆ ਜਿਹੜਾ ਪੰਜਾਬ ਨੇ ਸੈਂਟਰਲ ਗੌਰਮਿੰਟ ਨੂੰ ਦੇਣਾ ਹੈ । ਅੱਤਵਾਦ ਦੇ ਖਿਲਾਫ ਲੜਾਈ ਲੜੀ ਪੰਜਾਬੀਆਂ ਨੇ ਅਤੇ ਸੰਤਾਪ ਭੋਗਿਆ ਪੰਜਾਬੀਆਂ ਨੇ ਚਾਹੇ ਉਹ ਗੋਲੀ ਅੱਤਵਾਦੀਆਂ ਦੀ ਸੀ ਜਾਂ ਸਰਕਾਰੀ ਗੋਲੀ ਸੀ, ਦੁੱਖ ਕੱਟਿਆ ਪੰਜਾਬੀਆਂ ਨੇ । ਹਿਸਟਰੀ ਦੇ ਵਿਚ ਕਦੇ ਇਸ ਤਰ੍ਹਾਂ ਨਹੀਂ ਹੋਇਆ ਕਿ ਸੂਬੇ ਵਿਚ ਅੱਤਵਾਦ ਪੈਦਾ ਹੋਇਆ ਹੋਵੇ ਅਤੇ ਉਸ ਉਤੇ ਹੋਇਆ ਸਰਕਾਰੀ ਮਸ਼ੀਨਰੀ ਦਾ ਖਰਚਾ ਸੂਬਾ ਦੇਵੇ । ਦੂਜੀਆਂ ਸਟੇਟਾਂ ਦੇ ਵਿਚ ਵੀ ਅੱਤਵਾਦ ਪੈਦਾ ਹੁੰਦਾ ਰਿਹਾ ਹੈ, ਉਨ੍ਹਾਂ ਕੋਲੋਂ ਪਹਿਲੇ ਕਦੇ ਨਹੀਂ ਇਸ ਤਰ੍ਹਾਂ ਕਰਜ਼ਾ ਲਿਆ ਗਿਆ ਪਰ ਪੰਜਾਬ ਉੱਤੇ ਇਸ ਕਰਜ਼ੇ ਦਾ ਬੋਝ ਪਾਇਆ ਗਿਆ ਹੈ । ਸਾਡੇ ਸੂਬੇ ਨਾਲ ਇਨਜਸਟਿਸ ਕੀਤਾ ਜਾ ਰਿਹਾ ਹੈ । ਫਾਈਨੈਂਸ ਮਨਿਸਟਰ ਸਾਹਿਬ ਨੇ ਆਪਣੀ ਸਪੀਚ ਵਿਚ ਇਹ ਪੁਆਇੰਟ ਲਿਆ ਹੈ ਅਤੇ ਇਸ ਦੇ ਲਈ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ ।

ਭਾਰਤੀ ਫ਼ੌਜ ਦੇ ਵਿਚ ਭਰਤੀ ਸੂਬੇ ਦੀ ਪਾਪੂਲੇਸ਼ਨ ਦੇ ਆਧਾਰ ਤੇ ਕੀਤੀ ਗਈ ਹੈ । ਸਾਡੇ ਪੰਜਾਬੀਆਂ ਨੇ ਖ਼ੂਨ ਡੋਲ੍ਹਿਆ ਬੰਗਲਾ ਦੇਸ਼ ਦੀ ਵਾਰ ਵਿਚ । 1961 ਦੀ ਚਾਈਨਾ ਵਾਰ ਵਿਚ, 1965 ਅਤੇ 1971 ਦੀ ਪਾਕਿਸਤਾਨ ਵਾਰ ਵਿਚ ਪੰਜਾਬੀਆਂ ਨੇ ਆਪਣਾ ਖ਼ੂਨ ਡੋਲ੍ਹਿਆ, ਕੁਰਬਾਨੀਆਂ ਦਿੱਤੀਆਂ ਅਤੇ ਸ਼ਹਾਦਤਾਂ ਦਿੱਤੀਆਂ । ਉਨ੍ਹਾਂ ਕੁਰਬਾਨੀਆਂ ਦਾ ਇਨਾਮ ਦਿੱਲੀ ਦੇ ਹੁਕਮਰਾਨਾਂ ਨੇ ਪੰਜਾਬੀਆਂ ਨੂੰ ਇਹ ਦਿੱਤਾ ਕਿ ਸੂਬੇ ਦੀ ਪਾਪੂਲੇਸ਼ਨ ਦੇ ਆਧਾਰ ਤੇ ਹਿੰਦੁਸਤਾਨ ਦੀ ਫ਼ੌਜ ਵਿਚ ਭਰਤੀ ਕੀਤੀ ਜਾਵੇਗੀ ਜਿਹੜੀ ਕਿ 2% ਬਣਦੀ ਹੈ । ਭਰਤੀ ਵਿਚ ਸਾਡੇ ਤੇ ਪਾਬੰਦੀ ਲਗਾ ਦਿੱਤੀ, ਇਹ ਸਾਨੂੰ ਇਨਸਾਫ ਦੇ ਰਹੇ ਹਨ । ਇਹ ਉਸ ਪਾਰਟੀ ਨੇ ਕੀਤਾ ਜਿਨ੍ਹਾਂ ਦੀ ਸਰਕਾਰ ਪੰਜਾਬ ਵਿਚ ਵੀ ਸੀ ਅਤੇ ਦਿੱਲੀ ਦੇ ਵਿਚ ਵੀ ਸੀ ਅਤੇ ਇਹ ਪੰਜਾਬ ਦੇ ਕਾਂਗਰਸੀ ਆਪਣੇ ਮਾਸਟਰਵਾਦ ਦੇ ਅੱਗੇ ਬੋਲ ਨਹੀਂ ਸਕੇ ਅਤੇ ਸਿਰ ਹਿਲਾਉਂਦੇ ਰਹੇ । ਇਹ ਚੁੱਪ ਕਰਕੇ ਬੈਠ ਗਏ ਅਤੇ ਬੇਇਨਸਾਫੀ ਸਹਿ ਲਈ । ਹੁਣ ਮੈਂ ਐਜੂਕੇਸ਼ਨ ਦੇ ਸਬੰਧ ਵਿਚ ਗੱਲ ਕਰਦਾ ਹਾਂ । ਇਸ ਸਬੰਧ ਵਿਚ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਰਕਾਰ ਜਿਸ ਨੂੰ ਗੌਰਮਿੰਟ ਕਹਿੰਦੇ ਹਨ, ਉਹ ਇਕ ਕੰਟੀਨਿਯੂਟੀ ਹੁੰਦੀ ਹੈ । ਸਰਕਾਰਾਂ ਚਲਾਉਣ ਵਾਲੇ ਬਦਲਦੇ ਰਹਿੰਦੇ ਹਨ

ਪਰ ਗ਼ੈਰਮਿੰਟ ਹਮੇਸ਼ਾਂ ਰਹਿੰਦੀ ਹੈ । ਪਿਛਲੀ ਸਰਕਾਰ ਦੇ ਵੇਲੇ ਸਰਦਾਰ ਅਵਤਾਰ ਸਿੰਘ ਬਰਾੜ ਵਿਦਿਆ ਮੰਤਰੀ ਸਨ, ਉਨ੍ਹਾਂ ਨੇ 837 ਸਕੂਲ ਪੰਜਾਬ ਵਿਚ ਅੱਪਗਰੇਡ ਕੀਤੇ । ਇਸ ਤੋਂ ਪਹਿਲੇ ਵੀ ਇਸੇ ਪਾਰਟੀ ਦੇ ਮਨਿਸਟਰ ਸਨ ਜਿਸ ਨੇ ਸਕੂਲ ਅੱਪਗਰੇਡ ਕੀਤੇ ਸਨ ਪਰ ਬਰਾੜ ਸਾਹਿਬ ਨੇ ਮਨਿਸਟਰ ਬਣਦੇ ਹੀ ਜਿਹੜੇ 837 ਸਕੂਲਾਂ ਨੂੰ ਅੱਪਗਰੇਡ ਕਰਨ ਦੇ ਆਰਡਰ ਕੀਤੇ ਹੋਏ ਸਨ, ਉਨ੍ਹਾਂ ਸਕੂਲਾਂ ਦੀਆਂ ਲਿਸਟਾਂ ਵਿਚ ਤਬਦੀਲੀ ਕਰ ਦਿੱਤੀ ਅਤੇ ਨਵੇਂ 837 ਸਕੂਲਾਂ ਨੂੰ ਅੱਪਗਰੇਡ ਕਰ ਦਿੱਤਾ । ਉਨ੍ਹਾਂ ਨੇ ਇਹ ਆਪਣੇ ਲੋਕਾਂ ਦੇ ਇਨਟਰੈਸਟ ਨੂੰ ਸਾਹਮਣੇ ਰੱਖਦੇ ਹੋਏ ਕੀਤਾ, ਜੋ ਕਿ ਸਕੂਲਾਂ ਦੀ ਠੀਕ ਫੰਕਸ਼ਨਿੰਗ ਵਾਸਤੇ ਕੀਤਾ । ਉਨ੍ਹਾਂ ਦੇ ਹਿੱਤ ਕਿਥੇ ਸਨ । ਸਕੂਲਾਂ ਨੂੰ ਅੱਪਗਰੇਡ ਕਰਨਾ ਬਹੁਤ ਵੱਡੀ ਗੱਲ ਸੀ । ਐਜੂਕੇਸ਼ਨ ਦੀ ਕੁਆਲਿਟੀ ਨੂੰ ਵੇਖਿਆ ਜਾਂਦਾ ਹੈ, ਕੁਆਂਟਿਟੀ ਨੂੰ ਨਹੀਂ ਵੇਖਿਆ ਜਾਂਦਾ । ਮੇਰੇ ਆਪਣੇ ਲੁਧਿਆਣਾ ਵੈਸਟ ਜ਼ਿਲ੍ਹੇ ਦੇ ਵਿਚ 6 ਸਕੂਲਾਂ ਨੂੰ ਅਪਗਰੇਡ ਕੀਤਾ ਗਿਆ ਪਰ ਕਿਸੇ ਸਕੂਲ ਦੇ ਵਿਚ ਸਟਾਫ ਨਹੀਂ ਹੈ, ਕਿਸੇ ਸਕੂਲ ਦੀ ਬਿਲਡਿੰਗ ਨਹੀਂ ਹੈ, ਇਨਫਰਾਸਟਰੱਕਚਰ ਨਹੀਂ ਹੈ, ਬੈਠਣ ਲਈ ਤੱਪੜ ਨਹੀਂ ਹਨ, ਪੀਣ ਲਈ ਪਾਣੀ ਦਾ ਪ੍ਰਬੰਧ ਨਹੀਂ ਹੈ, ਲੈਟਰੀਨ ਦਾ ਪ੍ਰਬੰਧ ਨਹੀਂ ਹੈ ਅਤੇ ਸਕੂਲਾਂ ਦੀ ਬਾਊਂਡਰੀ ਵਾਲ ਨਹੀਂ ਹੈ । ਇਤਨੇ ਲੰਬੇ ਅਰਸੇ ਵਿਚ ਅਸੀਂ ਇਨ੍ਹਾਂ ਸਕੂਲਾਂ ਦੇ ਵਿਚ ਇਨ੍ਹਾਂ ਚੀਜ਼ਾਂ ਦਾ ਪ੍ਰਬੰਧ ਨਹੀਂ ਕਰ ਸਕੇ ਪਰ ਇਨ੍ਹਾਂ ਚੀਜ਼ਾਂ ਦੀ ਘਾਟ ਹੋਣ ਦੇ ਬਾਵਜੂਦ ਵੀ ਇਨ੍ਹਾਂ ਸਕੂਲਾਂ ਨੂੰ ਅੱਪਗਰੇਡ ਕਰ ਦਿੱਤਾ ਗਿਆ ਜਿਸ ਨੂੰ ਕਿ ਪਹਿਲੇ ਦੇਖਣ ਦੀ ਲੋੜ ਹੁੰਦੀ ਹੈ । ਬੱਚਿਆਂ ਨੂੰ ਸਿਰ ਢੱਕਣ ਲਈ ਛੱਤ ਨਹੀਂ ਹੈ ਪਰ ਸਕੂਲਾਂ ਨੂੰ ਅੱਪਗਰੇਡ ਕਰ ਦਿੱਤਾ । ਕਾਂਗਰਸ ਵਾਲੇ, ਚੇਅਰਮੈਨ ਸਾਹਿਬ, ਸਾਰੀ ਚੀਜ਼ ਭੁੱਲ ਗਏ ਹਨ ਜਦੋ ਸਕੂਲਾਂ ਦੀਆਂ ਛੱਤਾਂ ਨਹੀਂ ਸਨ, ਯੂਰੀਨਲ ਨਹੀਂ ਸੀ, ਬਿਲਡਿੰਗ ਨਹੀਂ ਸੀ, ਪਾਣੀ ਨਹੀਂ ਸੀ, ਤੱਪੜ ਨਹੀਂ ਸੀ ਅਤੇ ਕਿਤਾਬਾਂ ਨਹੀਂ ਸਨ । ਸਕੂਲਾਂ ਵਿਚ ਜਿਥੇ ਟੀਚਰ ਹਨ, ਉਥੇ ਬੱਚੇ ਨਹੀਂ ਹਨ । ਸਕੂਲਾਂ ਨੂੰ ਅਪਗ੍ਰੇਡ ਕਰਨ ਦਾ ਕੀ ਫਾਇਦਾ ਹੋਇਆ ? ਜ਼ਾਤੀ ਹਿਤ ਹੁੰਦੇ ਸਨ ਕਿ ਮੇਰੇ ਲਈ ਇਹ ਕੰਮ ਹੋ ਜਾਵੇ । ਸਾਨੂੰ ਇਨ੍ਹਾਂ ਜ਼ਾਤੀ ਗੱਲਾਂ ਨੂੰ ਛੱਡ ਕੇ ਖੁਲ੍ਹਾ ਦਿਲ ਲੈ ਕੇ ਲੋਕਾਂ ਕੋਲ ਜਾਣਾ ਪਵੇਗਾ । ਪੰਜਾਬ ਦੀ ਅਕਾਲੀ ਸਰਕਾਰ ਮਾਣ ਕਰ ਸਕਦੀ ਹੈ ਕਿ ਉਸ ਨੇ ਟੀਚਰਾਂ ਲਈ ਗਰਾਂਟ-ਇੰਨ-ਏਡ ਦਿੱਲੀ ਪੈਟਰਨ ਤੇ ਪੰਜਾਬ ਵਿਚ ਲਿਆਂਦਾ 1967 ਵਿਚ ਜਦੋਂ ਪੰਜਾਬ ਵਿਚ ਅਕਾਲੀ ਸਰਕਾਰ ਹੋਂਦ ਵਿਚ ਆਈ ਸੀ । 1962 ਤੋਂ ਲੈ ਕੇ 1997 ਤੱਕ ਦੇ ਸਮੇਂ ਵਿਚ ਦੂਸਰੇ ਪਾਸੇ ਦੀ ਕਾਫੀ ਦੇਰ ਸਰਕਾਰ ਰਹੀ । ਗਵਰਨਰੀ ਰਾਜ ਵੀ ਰਿਹਾ ਪਰ ਜੋ ਪੋਸਟਾਂ ਟੀਚਰਾਂ ਦੀਆਂ

[ਸਰਦਾਰ ਮਹੇਸ਼ਇੰਦਰ ਸਿੰਘ]

ਗਰਾਂਟ-ਇੰਨ-ਏਡ ਵਿਚ 1967 ਵਿਚ ਦਿੱਤੀਆਂ ਗਈਆਂ ਸਨ, ਉਹ ਰਿਵਾ ਜਿਨੀਆਂ ਨਹੀਂ ਹੋਈਆਂ । ਇਸ ਦਾ ਨਤੀਜਾ ਕੀ ਹੋਇਆ । ਬੱਚੇ ਵਧੇ, ਸਬਜੈਕਟ ਵਧੇ ਹਨ, ਉਨ੍ਹਾਂ ਟੀਚਰ ਨਹੀਂ ਵਧੇ । ਟੀਚਰ ਉਨੇ ਦੇ ਉਨੇ ਹੀ ਰਹੇ ਜਿਸ ਕਰਕੇ ਸਕੂਲ ਲੰਗੇ ਉਥੇ ਅ ਲੂਲੇ ਹੋ ਕੇ ਰਹਿ ਗਏ । ਇਹੀ ਹਾਲ ਉਚ ਵਿਦਿਆ ਦਾ ਹੈ । ਜੋ ਲਿਸਟਾਂ 19 ਅਮਾਊਂਟ ਵਿਚ ਟੀਚਰਾਂ ਦੀਆਂ ਦਿੱਤੀਆਂ ਸਨ, ਉਹ ਵੀ ਰਿਵਾਈਜ਼ ਨਹੀਂ ਹੋਈਆਂ ਹੈ । ਪੈਸੇ ਚੇਅਰਮੈਨ ਸਾਹਿਬ, ਗੌਰਮਿੰਟ ਕਾਲਜ ਲੁਧਿਆਣਾ ਹੈ ਜਿਹੜਾ ਕਿ ਇਕ ਪ੍ਰੀਮੀਅ ਇੰਸਟੀਚਿਊਟ ਹੈ । ਕਾਲਜ ਵਿਚ ਟੀਚਰਾਂ ਦੀ ਘਾਟ ਹੈ ਅਤੇ ਕਾਲਜ ਵਿ ਅਕਾਮੋਡੇਸ਼ਨ ਦੀ ਘਾਟ ਹੈ । ਪੰਜਾਬੀ ਲੈਕਚਰਾਰਾਂ ਦੀ ਘਾਟ ਹੈ ਜੋ ਕਿ ਪੰਜਾ ਵਿਚ ਕੰਪਲਸਰੀ ਲੈਂਗੂਏਜ ਹੈ । ਮੈ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦ ਸਾਹਿਬ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਜਿਨ੍ਹਾਂ ਨੇ ਕਾਲਜ ਦੇ ਇਨਾ ਸ਼ਮਾਰੋਹ ਵਿਚ ਹਿਸਾ ਲਿਆ । ਜਦੋ ਮੁੱਖ ਮੰਤਰੀ ਸਾਹਿਬ ਨੂੰ ਕਾਲਜ ਦੀਅ ਘਾਟਾਂ ਦਾ ਪਤਾ ਲੱਗਾ ਤਾਂ ਇਨ੍ਹਾਂ ਨੇ ਪ੍ਰਾਇਰਿਟੀ ਬੇਸਿਜ਼ ਤੇ ਐਲਾਨ ਕੀਤਾ ।

ਇਹ ਸਾਡੀ ਸਰਕਾਰ ਹੀ ਹੈ ਜੋ ਪੰਜਾਬ ਦੇ ਕਿਸਾਨਾਂ ਦਾ, ਖੇਤ ਮਜ਼ਦੂਰਾਂ ਦਾ, ਸ਼ਹਿਰ ਵਿਚ ਵੱਸਣ ਵਾਲੇ ਲੋਕਾਂ ਦਾ, ਮੁਲਾਜ਼ਮਾਂ ਦਾ ਅਤੇ ਹੋਰ ਸਾਰੇ ਗਰੀਬ ਵਰਗਾਂ ਦਾ ਖਿਆਲ ਰੱਖਦੀ ਹੈ । ਪਿਛਲੀ ਕਾਂਗਰਸ ਸਰਕਾਰ ਨੇ ਸੜਕਾਂ ਬਣਾਉਣੀਆਂ ਸਨ ਅਤੇ ਸੜਕਾਂ ਦੀ ਰਿਪੇਅਰ ਕਰਨੀ ਸੀ ਪਰ ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਟੋਟਲ ਬਣਨ ਵਾਲੀਆਂ ਸੜਕਾਂ ਦਾ 1/10 ਹਿਸਾ ਵੀ ਨਹੀਂ ਬਣਾਇਆ ਅਤੇ ਨਾ ਹੀ ਸੜਕਾਂ ਦੀ ਰਿਪੇਅਰ ਕੀਤੀ ਹੈ । ਸਾਡੀ ਸਰਕਾਰ ਨੇ ਆਉਂਦਿਆਂ ਹੀ ਫਰਵਰੀ ਵਿਚ ਲੁਧਿਆਣਾ ਸਮਰਾਲਾ ਰੋਡ ਅਤੇ ਫਿਰੋਜ਼ਪੁਰ ਰੋਡ ਵਾਸਤੇ ਸਪੈਸ਼ਲ ਗਰਾਂਟ ਰਿਲੀਜ਼ ਕਰਕੇ ਉਨ੍ਹਾਂ ਸੜਕਾਂ ਨੂੰ ਜਲਦੀ ਬਣਾਇਆ ਸਾਡੀ ਸਰਕਾਰ ਸਮਝਦੀ ਹੈ ਕਿ ਇਹ ਲੋਕ ਭਲਾਈ ਦੇ ਕੰਮ ਹਨ ਅਤੇ ਉ ਪਿੰਡਾਂ ਅਤੇ ਸ਼ਹਿਰਾਂ ਵਿਚ ਰਹਿਣ ਵਾਲੇ ਲੋਕਾਂ ਦੇ ਹਿਤਾਂ ਦਾ ਧਿਆਨ ਰੱਖਦੀ ਹੈ ਪੰਜਾਬ ਦੇ ਲੋਕਾਂ ਦਾ ਖਿਆਲ ਹਮੇਸ਼ਾਂ ਅਕਾਲੀ ਸਰਕਾਰ ਹੀ ਕਰਦੀ ਹੈ । ਜਦੋਂ ਵੀ ਮੁਲਾਜ਼ਮਾਂ ਦੀ ਗੱਲ ਸੁਣੀ ਤਾਂ ਅਕਾਲੀ ਸਰਕਾਰ ਨੇ ਸੁਣੀ । ਮੁਲਾਜ਼ਮ ਰੋਂਦੇ ਰਹੇ, ਕੁਰਲਾਂਦੇ ਰਹੇ, ਦਲਿਤ ਮਜ਼ਦੂਰ ਕੁਰਲਾਂਦੇ ਰਹੇ, ਅਤੇ ਬੇਰੁਜ਼ਗਾਰੀ ਵਧਦੀ ਰਹੀ । ਪਰ ਅਕਾਲੀ ਸਰਕਾਰ ਨੇ ਆਉਂਦਿਆਂ ਹੀ ਦਲਿਤਾਂ ਲਈ, ਇਸਤਰੀਅ ਲਈ, ਮੁਲਾਜ਼ਮਾਂ ਲਈ, ਗਰੀਬ ਲੋਕਾਂ ਲਈ ਕੰਮ ਕੀਤਾ ਅਤੇ ਇਹ ਉਨ੍ਹਾਂ ਵਾਸਤੇ ਮਸੀਹਾ ਬਣ ਕੇ ਆਈ । ਚੌਧਰੀ ਸਾਹਿਬ ਨੇ 5100 ਰੁਪਏ ਦੇ ਸ਼ਗਨ ਵਾਲੀ ਗੱਲ

General D for ਕਿ ਅੱਜ ਤੋਂ

ਕੀਤੀ ਹੈ ਕਿ ਅੱਜ ਤੱਕ ਨਹੀਂ ਮਿਲੇ । ਮੈਂ ਆਪਣੀ ਵਾਕਫੀ ਤੋਂ ਦੱਸ ਸਕਦਾ ਹਾਂ ਕਿ ਹੁਣ ਤੱਕ ਜਿੰਨੀਆਂ ਵੀ ਐਪਲੀਕੇਸ਼ਨਾਂ ਐਸ.ਡੀ.ਐਮ. ਆਫਿਸਿਜ਼ ਵਿਚ ਦਿੱਤੀਆਂ ਗਈਆਂ ਹਨ, ਉਨ੍ਹਾਂ ਬਾਰੇ ਐਸ਼ਿਓਰੈਂਸ ਦਿੱਤੀ ਗਈ ਹੈ ਕਿ ਬਜਟ ਪਾਸ ਨਾ ਹੋਣ ਕਰਕੇ ਹਾਲੇ ਉਥੇ ਅਮਾਊਂਟ ਨਹੀਂ ਗਈ, ਪਰ ਬਜਟ ਤੋਂ ਬਾਅਦ ਉਨ੍ਹਾਂ ਐਪਲੀਕੇਸ਼ਨਾਂ ਬਾਰੇ ਪੂਰੀ ਅਮਾਊਂਟ ਰਿਲੀਜ਼ ਕਰ ਦਿੱਤੀ ਜਾਵੇਗੀ ਭਾਵੇਂ ਸ਼ਾਦੀ ਹੋਈ ਨੂੰ ਦੇਰ ਵੀ ਹੋ ਚੁੱਕੀ ਹੋਵੇ । ਪੈਸੇ ਜ਼ਰੂਰ ਆਉਣਗੇ । ਕਹਿਣੀ ਅਤੇ ਕਥਨੀ ਵਿਚ ਕੋਈ ਫਰਕ ਨਹੀਂ ਹੈ ।

ਇਸੇ ਤਰ੍ਹਾਂ ਗੱਲ ਚੱਲ ਰਹੀ ਹੈ ਸ਼ਹਿਰਾਂ ਦੀ । ਸ਼ਹਿਰਾਂ ਵਿਚ ਸੇਲਜ਼ ਟੈਕਸ ਦੀ ਰਾਹਤ ਦਿੱਤੀ ਗਈ । ਚੇਅਰਮੈਨ ਸਾਹਿਬ, ਮੈਨੂੰ ਉਸ ਮੀਟਿੰਗ ਵਿਚ ਮੌਜੂਦ ਹੋਣ ਦਾ ਮੌਕਾ ਮਿਲਿਆ ਸੀ । ਢਾਈ ਤਿੰਨ ਘੰਟੇ ਦੀ ਮੀਟਿੰਗ ਤੋਂ ਬਾਅਦ ਮਿਤੀ 1 ਅਪ੍ਰੈਲ, 1996 ਨੂੰ ਇਕ ਐਗਜ਼ੈਕਟਿਵ ਆਰਡਰ ਪਿਛਲੀ ਗੌਰਮਿੰਟ ਵੱਲੋ ਕੀਤਾ ਗਿਆ ਜਿਸ ਵਿਚ ਯਕੀਨ ਦਿਵਾਇਆ ਗਿਆ ਸੀ ਕਿ ਸਰਟੇਨ ਆਰਟੀਕਲਜ਼ ਜਿਵੇਂ ਟ੍ਰੈਕਟਰ ਪਾਰਟਸ, ਬਾਲ ਪੈਨ ਆਦਿ ਤੇ ਸ਼ਹਿਰਾਂ ਦੇ ਲੋਕਾਂ ਨੂੰ, ਸੈਲਜ਼ ਟੈਕਸ ਦੀਆਂ ਕੁਝ ਰਾਹਤਾਂ ਜਿਹੜੀਆਂ ਤਕਰੀਬਨ 18 ਕਰੋੜ ਦੀਆਂ ਬਣਦੀਆਂ ਸਨ, ਦਿੱਤੀਆਂ ਗਈਆਂ ਹਨ ਅਤੇ ਉਸ 1 ਅਪ੍ਰੈਲ, 1996 ਦੀ ਚਿੱਠੀ ਵਿਚ ਕਨਕਲੂਡਿੰਗ ਲਾਈਨ ਲਿਖੀ ਗਈ ਸੀ ਕਿ ਇਸ ਦੀ ਇੰਪਲੀਮੈਂਟੇਸ਼ਨ ਲਈ ਬਹੁਤ ਛੇਤੀ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ ਪਰ, ਚੇਅਰਮੈਨ ਸਾਹਿਬ, ਮਿਤੀ 1 ਅਪ੍ਰੈਲ, 1996 ਤੋਂ ਲੈ ਕੇ 7 ਫਰਵਰੀ, 1997 ਤੱਕ ਇਹ ਨੋਟੀਫਿਕੇਸ਼ਨ ਜਾਰੀ ਕਰਨ ਦਾ ਮੌਕਾ ਉਸ ਸਰਕਾਰ ਨੂੰ ਨਹੀਂ ਮਿਲਿਆ । ਹੁਣ ਉਹ ਨੋਟੀਫਿਕੇਸ਼ਨ 2 ਅਪ੍ਰੈਲ, ਨੂੰ ਮੀਟਿੰਗ ਬੁਲਾ ਕੇ, ਵਪਾਰੀ ਵਰਗ ਦੇ ਲੋਕਾਂ ਨਾਲ ਗੱਲਬਾਤ ਕਰਕੇ ਸਾਢੇ ਤਿੰਨ ਘੰਟੇ ਦੀ ਮੀਟਿੰਗ ਤੋਂ ਬਾਅਦ ਸਾਡੀ ਸਰਕਾਰ ਨੇ ਜਾਰੀ ਕਰਵਾ ਦਿੱਤੀ ਹੈ । ਫਿਰ ਇਹ ਲੋਕ ਕਹਿੰਦੇ ਹਨ ਕਿ ਅਕਾਲੀ ਦਲ ਵਾਲੇ ਸ਼ਹਿਰੀ ਲੋਕਾਂ ਦੇ ਹਿਤਾਂ ਦੀ ਪੂਰਤੀ ਨਹੀਂ ਕਰਦੇ ।

ਚੇਅਰਮੈਨ ਸਾਹਿਬ, ਹੁਣ ਮੈ ਇਸ ਗੱਲ ਤੇ ਆਉਂਦਾ ਹਾਂ ਕਿ ਔਰਤ ਨੂੰ ਸਮਾਜ ਵਿਚ ਬਰਾਬਰਤਾ ਦੇਣ ਲਈ ਗੁਰੂ ਨਾਨਕ ਨੇ ਝੰਡਾ ਚੁੱਕਿਆ ਸੀ । ਗੁਰੂ ਨਾਨਕ ਦੇ ਹੁਕਮ "ਸੋ ਕਿਉ ਮੰਦਾ ਆਖੀਐ ਜਿਤ ਜੰਮੇ ਰਾਜਾਨ", ਤੇ ਚੱਲਦੇ ਹੋਏ ਉਸਦੇ ਲਈ ਵੀ ਜੋ ਸਕੀਮ ਇਸ ਬਜਟ ਵਿਚ ਰੱਖੀ ਗਈ "ਕੰਨਿਆ ਜਾਗਰਣ ਫੰਡ" ਵਾਲੀ, ਇਹ ਵੀ ਇਕ ਸ਼ਲਾਘਾਯੋਗ ਕਦਮ ਹੈ । ਇਹ ਗੱਲ ਜ਼ਾਹਿਰ ਕਰਦੀ ਹੈ ਕਿ ਇਹ ਸਰਕਾਰ ਇਸ ਸੋਚ ਦੀ ਧਾਰਨੀ ਹੈ ਕਿ 'ਗਰੀਬ ਦਾ ਮੂੰਹ ਰੱਬ

[ਸਰਦਾਰ ਮਹੇਸ਼ਇੰਦਰ ਸਿੰਘ]

ਦੀ ਗੋਲਕ ਹੈ" "ਗਰੀਬੀ ਗਦਾ ਹਮਾਰੀ" ਦੀ ਸੋਚ ਤੇ ਪਹਿਰਾ ਦੇਣ ਵਾਲੀ ਇਹ ਸਰਕਾਰ ਹੈ ।

ਚੇਅਰਮੈਨ ਸਾਹਿਬ, ਅੱਜ ਬਜਟ ਦੀ ਗੱਲ ਹੋ ਰਹੀ ਹੈ । 2,100 ਕਰੋੜ ਰੁਪਏ ਦਾ ਪਲਾਨ ਪਲਾਨਿੰਗ ਕਮਿਸ਼ਨ ਨੇ 1997-98 ਲਈ ਅਪਰੂਵ ਕੀਤਾ ਹੋਇਆ ਹੈ । 1996-97 ਲਈ 1,850 ਕਰੋੜ ਰੁਪਏ ਦਾ ਪਲਾਨ ਅਪਰੂਵ ਹੋਇਆ ਸੀ ਪਰ ਉਸ ਵਿਚੋਂ ਯੁਟੇਲਾਈਜ਼ੇਸ਼ਨ ਸਿਰਫ 1,250 ਕਰੋੜ ਰੁਪਏ ਦੀ ਹੋ ਸਕੀ । ਉਸਦੇ ਕਾਂਟਰੇਰੀ ਇਹ 632 ਕਰੋੜ ਰੁਪਏ ਦਾ ਡੈਫੀਸਿਟ ਵਧਾ ਕੇ ਛੱਡ ਗਏ ਸਨ । ਅੱਜ ਇਕ ਸੁਚੱਜੀ ਸੋਚ, ਦ੍ਰਿੜ ਵਿਸ਼ਵਾਸ ਅਤੇ ਮਿਹਨਤ ਨਾਲ ਸ਼੍ਰੋਮਣੀ ਅਕਾਲੀ ਦਲ ਅਤੇ ਬੀ .ਜੇ .ਪੀ . ਦੇ ਇਲੈਕਸ਼ਨ ਮੈਨੀਫੈਸਟੋ ਦੀ ਪੂਰਤੀ ਕਰਦੇ ਹੋਏ ਜੋ ਬਜਟ ਬਣਾਇਆ ਗਿਆ ਹੈ, ਉਸ ਦੇ ਵਿਚ ਇਹ ਘਾਟਾ ਪੂਰਾ ਕਰਕੇ ਅਤੇ ਵੱਧ ਰਿਆਇਤਾਂ ਕਰਕੇ ਇਹ ਡੈਫੀਸਿਟ ਸਿਰਫ 352 ਕਰੋੜ ਰੁਪਏ ਦਾ ਰਹਿਣ ਦਿੱਤਾ ਗਿਆ ਹੈ । ਮੇਰੇ ਸਤਿਕਾਰਯੋਗ ਭਰਾ ਚੌਧਰੀ ਜਗਜੀਤ ਸਿੰਘ ਨੇ ਬੋਲਦਿਆਂ ਹੋਇਆ ਕਿਹਾ ਹੈ ਕਿ ਇਸ ਡੈਫੀਸਿਟ ਨੂੰ ਪੂਰਾ ਕਰਨ ਬਾਰੇ ਨਹੀਂ ਦੱਸਿਆ ਗਿਆ । ਉਨ੍ਹਾਂ ਨੇ ਸ਼ੰਕਾ ਵੀ ਜ਼ਾਹਿਰ ਕੀਤਾ ਕਿ ਢਾਈ ਸੌ ਕਰੋੜ ਰੁਪਏ ਦੇ ਟੈਕਸ ਲਾਏ ਗਏ ਹਨ । ਮੈਂ ਸਮਝਦਾ ਹਾਂ ਕਿ ਉਹ ਇਕ ਬਹੁਤ ਹੀ ਸੀਨੀਅਰ ਲੈਜਿਸਲੇਟਰ ਹਨ ਪਰ ਮੈਂ ਇਕ ਗੱਲ ਤੇ ਉਨ੍ਹਾਂ ਨਾਲੋਂ ਡਿਫਰ ਕਰਦਾ ਹਾਂ ਕਿ ਨਵੇਂ ਟੈਕਸ ਲਗਾਉਣਾ ਅਤੇ ਐਗਜ਼ਿਸਟਿੰਗ ਰੇਟਸ ਨੂੰ ਰੀਵਾਈਜ਼ ਕਰਨਾ ਐਨਟਾਇਰਲੀ ਡਿਫਰੈਂਟ ਚੀਜ਼ਾਂ ਹਨ । ਰੇਟਸ ਰੀਵਾਈਜ਼ ਕਰਨ ਨੂੰ ਨਵੇਂ ਟੈਕਸ ਲਗਾਉਣਾ ਨਹੀਂ ਕਹਿ ਸਕਦੇ । ਉਸ ਦਾ ਆਮ ਆਦਮੀ ਤੇ ਅਸਰ ਨਹੀਂ ਹੁੰਦਾ । ਰਿਵੀਜ਼ਨ ਕਰਨ ਬਾਰੇ ਫੈਕਚੂਅਲ ਪੁਜ਼ੀਸ਼ਨ ਵੀ ਇਹ ਸੀ ਕਿ ਅੱਜ ਵੀ ਪੂਨਾ ਪ੍ਰਿੰਟਿੰਗ ਪ੍ਰੈਸ ਵਿਚੋਂ ਛੋਟੇ ਅਸ਼ਟਾਮ ਨਾ ਛਪਣ ਕਰਕੇ ਰੇਟ ਰੀਵਾਈਜ਼ ਕੀਤੇ ਗਏ । ਲੋਕ ਤਾਂ ਘੱਟ ਰੇਟ ਹੁੰਦਿਆਂ ਹੋਇਆ ਵੀ ਵੱਧ ਰੇਟ ਦੇ ਅਸ਼ਟਾਮ ਪਿਛਲੇ 7-8 ਸਾਲਾਂ ਤੋਂ ਲਗਾ ਰਹੇ ਹਨ । ਮੈਨੂੰ ਪਤਾ ਹੈ ਕਿ 5 ਰੁਪਏ ਦੇ ਐਫੀਡੇਵਿਟ ਲਈ ਅਸ਼ਟਾਮ ਲੈਣ ਜਾਂਦੇ ਸੀ ਤਾਂ ਵਕੀਲਾਂ ਨੂੰ ਰਿਆਇਤ ਕਰਦੇ ਹੋਏ ਵੀ ਕਹਿੰਦੇ ਸੀ ਕਿ ਲੋਕਾਂ ਨੂੰ 100 ਰੁਪਏ ਵਾਲਾ ਦੇਂਦੇ ਹਾਂ, ਤੁਹਾਨੂੰ 50 ਰੁਪਏ ਵਾਲਾ ਦੇ ਦੇਂਦੇ ਹਾਂ । ਸੋ, ਮੈਂ ਇਹ ਕਹਾਂਗਾ ਕਿ ਇਹ ਜਿਹੜੀ ਰਿਵੀਜ਼ਨ ਹੈ, ਗਰਾਊਂਡ ਰਿਐਲਿਟਿਜ਼ ਨੂੰ ਮੁੱਖ ਰੱਖਦੇ ਹੋਏ ਬਹੁਤ ਲੋੜੀਂਦੀ ਸੀ । ਦੂਸਰਾ, ਜੋ ਬਜਟ ਪ੍ਰੋਪੋਜ਼ਲਜ਼ ਵਿਚ ਲਗਜ਼ਰੀ ਫੰਡ ਲਾਇਆ ਗਿਆ ਹੈ, ਇਹ ਵੀ ਬਹੁਤ ਜ਼ਰੂਰੀ ਸੀ । ਇਸ ਨੂੰ ਟੈਕਸ ਨਹੀਂ ਕਿਹਾ

ਜਾ ਸਕਦਾ । ਇਕ ਕਰੇਜ਼ ਹੁੰਦੀ ਸੀ, ਵਹੀਕਲਜ਼ ਦੇ ਲਈ ਇਕ ਨੰਬਰ ਲੈਣ ਲਈ । ਇਕ ਨੰਬਰ ਪ੍ਰਾਪਤ ਕਰਨ ਲਈ ਲੋਕ ਗੈਰ-ਕਾਨੂੰਨੀ ਤੌਰ ਤੇ ਪੈਸੇ ਖਰਚਦੇ ਸਨ । ਅੱਜ ਜੋ ਬਜਟ ਪ੍ਰੋਪੋਜ਼ਲ ਰੱਖੀ ਗਈ ਹੈ, ਉਸ ਅਨੁਸਾਰ ਜਿਹੜਾ ਵੀ ਕੋਈ ਇਕ ਨੰਬਰ ਲੈਣ ਦਾ ਜਾਂ ਕੋਈ ਹੋਰ ਸਪੈਸੇਫਿਕ ਨੰਬਰ ਲੈਣ ਦਾ ਇੱਛੁਕ ਹੋਵੇਗਾ ਉਹ ਇਹ ਨੰਬਰ ਐਜ਼-ਏ-ਮੈਟਰ-ਆਫ-ਰਾਈਟ ਲੈ ਲਵੇਗਾ । ਕੋਈ ਕਿੰਤੂ-ਪ੍ਰੰਤੂ ਕਰੇ, ਇਹ ਨਜਾਇਜ਼ ਹੋਵੇਗਾ । ਅੱਜ ਕੋਈ ਵੀ ਨਵਾਂ ਵਹੀਕਲ ਲਿਆ ਜਾਵੇ, ਭਾਵੇਂ ਛੋਟੇ ਤੋ ਛੋਟਾ ਵੀ ਲਿਆ ਜਾਵੇ, ਉਹ 2 ਲੱਖ ਰੁਪਏ ਨੂੰ ਕਰਾਸ ਕਰ ਜਾਂਦਾ ਹੈ । ਜਿਹੜਾ ਆਦਮੀ 2 ਲੱਖ ਰੁਪਿਆ ਖਰਚ ਕਰਨ ਦੀ ਸਮਰੱਥਾ ਰੱਖਦਾ ਹੈ, ਉਸ ਨੂੰ ਹੋਰ 5-7 ਹਜ਼ਾਰ ਰੁਪਿਆ ਖਰਚ ਕਰਨਾ ਚੁਭਦਾ ਨਹੀਂ ਹੈ । ਅੱਜ ਵਹੀਕਲਜ਼ ਜ਼ਿਆਦਾ ਹੋਣ ਕਰਕੇ ਰੋਡਜ਼ ਤੇ ਲੋਡ ਐਨਾ ਜ਼ਿਆਦਾ ਵਧ ਚੁੱਕਿਆ ਹੈ ਕਿ ਉਨ੍ਹਾਂ ਦੀ ਮੈਨਟੀਨੈਂਸ ਲਈ ਸਾਨੂੰ ਫਰੀਕੁਐਂਟਲੀ ਖਰਚ ਕਰਨਾ ਪੈਂਦਾ ਹੈ ।

ਇਸ ਤੋਂ ਬਾਦ ਮੈਂ ਚੌਧਰੀ ਸਾਹਿਬ ਦੀ ਉਸ ਗੱਲ ਦਾ ਵੀ ਜ਼ਿਕਰ ਕਰਨਾ ਚਾਹਾਂਗਾ ਜਿਸ ਵਿਚ ਉਨ੍ਹਾਂ ਨੇ ਕੋਆਪ੍ਰੇਟਿਵ ਮੂਵਮੈਂਟ ਦੀ ਗੱਲ ਕੀਤੀ ਹੈ । ਉਨ੍ਹਾਂ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਕੋਆਪ੍ਰੇਟਿਵ ਸੈਕਟਰ ਵਿਚ ਬਣੀਆਂ ਹੋਈਆਂ ਮਿੱਲਾਂ ਨੂੰ ਵੇਚਣ ਦਾ ਇਰਾਦਾ ਹੋ ਰਿਹਾ ਹੈ । ਮਾਨਯੋਗ ਲੀਡਰ ਆਫ ਦੀ ਹਾਊਸ ਇਸ ਵਕਤ ਹਾਊਸ ਵਿਚ ਮੌਜੂਦ ਹਨ । ਮੈ ਇਸ ਵਿਸ਼ੇ ਤੇ ਗੱਲ ਕਰਦਾ ਹੋਇਆ ਉਨ੍ਹਾਂ ਦੇ ਅਤੇ ਹਾਊਸ ਦੇ ਨੋਟਿਸ ਵਿਚ ਕੁਝ ਗੱਲਾਂ ਲਿਆਉਣੀਆਂ ਚਾਹੁੰਦਾ ਹਾਂ । ਕੋਆਪ੍ਰੇਟਿਵ ਮੂਵਮੈਂਟ ਦਾ ਬੇਸਿਕ ਕਨਸੈਪਟ ਕੀ ਸੀ । ਉਹ ਇਹ ਸੀ ਕਿ ਲੋਕਾਂ ਨੂੰ ਇਨਵਾਲਵ ਕਰਕੇ, ਲੋਕਾਂ ਨੂੰ ਰਲਾ ਕੇ ਕੋਈ ਅਦਾਰਾ ਬਣਾਇਆ ਜਾਵੇ ਜਿਸ ਨਾਲ ਲੋਕਾਂ ਦੀ ਬਿਹਤਰੀ ਹੋਵੇ ਲੇਕਿਨ ਅਨਫਾਰਚੂਨੇਟਲੀ ਇਹ ਕੰਮ ਹੁੰਦਾ ਨਹੀਂ ਰਿਹਾ । 1980 ਵਿਚ ਸਪਿੱਨਫੈੱਡ ਬਣੀ ਸੀ । ਜਿਹੜੀ ਸਪਿਨਫੈੱਡ 1980 ਵਿਚ ਬਣੀ ਸੀ, ਉਹ 1992 ਤੋ ਲੈ ਕੇ 1996 ਤਕ ਕਰੋੜਾਂ ਰੁਪਏ ਦੇ ਨੁਕਸਾਨ ਵਿਚ ਚਲੀ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਹਾਊਸ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ 1992 ਤੋਂ ਲੈ ਕੇ 1996 ਤੱਕ ਸਪਿਨਫੈੱਡ ਵਿਚ ਬਹੁਤ ਹੀ ਜ਼ਿਆਦਾ ਧਾਂਦਲੀਆਂ ਹੋਇਆਂ । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਧਾਂਦਲੀਆਂ ਦੀ ਪੂਰੀ ਤਰ੍ਹਾਂ ਨਾਲ ਘੋਖ ਕਰਵਾਈ ਜਾਵੇ । ਜਿਹੜਾ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ, ਉਸ ਦੇ ਬੈਨੀਫੀਸ਼ੀਅਰੀ ਪਾਲੇਟੀਸ਼ਨਜ਼ ਵੀ ਹੋ ਸਕਦੇ ਹਨ ਅਤੇ ਬਿਊਰੋਕਰੇਟਸ ਵੀ ਹੋ ਸਕਦੇ ਹਨ । ਉਹ ਜੋ ਵੀ ਹਨ, ਉਨ੍ਹਾਂ ਨੂੰ ਨੰਗਾ ਕਰਨਾ

[ਸਰਦਾਰ ਮਹੇਸ਼ਇੰਦਰ ਸਿੰਘ]

ਚਾਹੀਦਾ ਹੈ, ਬਲਕਿ ਉਨ੍ਹਾਂ ਤੋਂ ਰਿਕਵਰੀਜ਼ ਵੀ ਕਰਨੀਆਂ ਚਾਹੀਦੀਆਂ ਹਨ। ਇਹ ਜਿਹੜਾ ਅਦਾਰਾ ਉਸ ਇਲਾਕੇ ਦਾ ਸੀ ਜਿਥੋਂ ਦੇ ਸਾਡੇ ਮਾਨਯੋਗ ਲੀਡਰ ਆਫ਼ ਦੀ ਹਾਊਸ ਹਨ, ਇਸ ਅਦਾਰੇ ਦੇ ਘਾਟੇ ਵਿਚ ਜਾਣ ਕਾਰਣ ਨਰਮਾ ਉਤਪਾਦਕਾਂ ਨੂੰ, ਕਪਾਹ ਉਤਪਾਦਕਾਂ ਨੂੰ ਉਨ੍ਹਾਂ ਦੇ ਉਤਪਾਦਨ ਦਾ ਪਰਾਪਰ ਮੁੱਲ ਨਹੀਂ ਮਿਲਿਆ। ਇਸ ਦਾ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਜੋ ਕਿਸਾਨਾਂ ਦਾ ਨਰਮਾ ਮੰਡੀਆਂ ਵਿਚ ਨਾ ਰੁਲਦਾ ਰਹੇ, ਉਨ੍ਹਾਂ ਦਾ ਝੋਨਾ ਮੰਡੀਆਂ ਵਿਚ ਨਾ ਰੁਲਦਾ ਰਹੇ। ਜਿਸ ਆਸ਼ੇ ਨਾਲ ਸਪਿਨਫੈਡ ਬਣਾਈ ਗਈ ਸੀ, ਉਹ ਪੂਰਾ ਨਹੀਂ ਹੋਇਆ ਅਤੇ ਹੁਣ ਇਹ ਅਦਾਰਾ ਘਾਟੇ ਵਿਚ ਜਾ ਰਿਹਾ ਹੈ। ਘਾਟੇ ਵਿਚ ਹੀ ਨਹੀਂ ਬਲਕਿ ਕਲੋਜ਼ਰ ਹੋਣ ਦੇ ਨੇੜੇ ਜਾ ਰਿਹਾ ਹੈ। ਇਹ ਸਾਰਾ ਕੁਝ ਉਨ੍ਹਾਂ ਲੋਕਾਂ ਦੇ ਸਮੇਂ ਵਿਚ ਹੋਇਆ ਜਿਹੜੇ ਆਪਣੇ ਆਪ ਨੂੰ ਪੰਜਾਬ ਦੇ ਹਮਦਰਦ ਕਹਿੰਦੇ ਹਨ।

ਜੋ ਬਜਟ ਕੈਪਟਨ ਸਾਹਿਬ ਨੇ ਪੇਸ਼ ਕੀਤਾ ਹੈ, ਉਹ ਪੰਜਾਬ ਨੂੰ ਇਕ ਸਹੀ ਅਗਵਾਈ ਦੇ ਰਿਹਾ ਹੈ। ਇਹ ਹਰ ਵਰਗ ਦੀ ਜ਼ਰੂਰਤ ਪੂਰੀ ਕਰ ਰਿਹਾ ਹੈ। ਐਡੇ ਵੱਡੇ ਡੈਫੀਸਿਟ ਬਜਟ ਤੋਂ ਅਸੀਂ ਓਵਰਨਾਈਟ ਮਿਰੇਕਲਜ਼ ਐਕਸਪੈਕਟ ਨਹੀਂ ਕਰ ਸਕਦੇ। ਸਹੀ ਸੋਚ ਲੈ ਕੇ ਚੱਲਣਾ ਹੀ ਉਜਲੇ ਭਵਿੱਖ ਦਾ ਸੰਕੇਤ ਦਿੰਦਾ ਹੈ। ਮੈਂ ਬਜਟ ਵਿਚ ਦਿੱਤੀਆਂ ਗਈਆਂ ਸਾਰੀਆਂ ਤਜਵੀਜ਼ਾਂ ਦੀ ਪੁਰਜ਼ੋਰ ਪ੍ਰੋੜ੍ਹਤਾ ਕਰਦਾ ਹੋਇਆ ਕੈਪਟਨ ਕੰਵਲਜੀਤ ਸਿੰਘ ਜੀ ਨੂੰ ਅਤੇ ਲੀਡਰ ਆਫ਼ ਦੀ ਹਾਊਸ ਨੂੰ ਮੁਬਾਰਿਕਬਾਦ ਦਿੰਦਾ ਹਾਂ ਕਿ ਤੁਹਾਡੇ ਵੱਲੋਂ ਪੇਸ਼ ਕੀਤਾ ਹੋਇਆ ਬਜਟ ਪੰਜਾਬ ਦੇ ਲੋਕਾਂ ਦੀ ਸਹੀ ਤਰਜਮਾਨੀ ਕਰਦਾ ਹੋਇਆ ਉਨ੍ਹਾਂ ਦੀਆਂ ਆਸਾਂ ਤੇ ਪੂਰਾ ਉਤਰੇਗਾ। ਏਨਾ ਕਹਿੰਦਾ ਹੋਇਆ ਮੈਂ ਆਪਣਾ ਸਥਾਨ ਲੈਂਦਾ ਹਾਂ। ਧੰਨਵਾਦ। (ਸਰਕਾਰੀ ਬੈਂਚਾਂ ਵੱਲੋਂ ਥੰਪਿੰਗ)

ਸਰਦਾਰ ਬਲਦੇਵ ਸਿੰਘ ਖਿਆਲਾ (ਜੋਗਾ) : ਮਾਨਯੋਗ ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਬਜਟ ਤੇ ਬੋਲਣ ਲਈ ਮੌਕਾ ਦਿੱਤਾ ਹੈ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਜੋ ਬਜਟ ਪੇਸ਼ ਕੀਤਾ ਹੈ, ਉਹ ਪੰਜਾਬ ਦੀ ਬਿਹਤਰੀ ਵਾਸਤੇ, ਪੰਜਾਬ ਦੇ ਭਲੇ ਵਾਸਤੇ ਅਤੇ ਪੰਜਾਬ ਦੀ ਤਰੱਕੀ ਵਾਸਤੇ ਹੈ। ਉਸ ਵਿੱਚ ਜਿਹੜੀਆਂ ਸੋਧਾਂ ਦਿੱਤੀਆਂ ਗਈਆਂ ਹਨ, ਮੈਂ ਉਨ੍ਹਾਂ ਦੀ ਤਾਈਦ ਕਰਦਾ ਹਾਂ। ਚੇਅਰਮੈਨ ਸਾਹਿਬ, ਭਾਵੇਂ ਪਿਛਲੇ ਸਮੇਂ ਦੀ ਸਰਕਾਰ ਨੇ ਖਜ਼ਾਨਾ ਬਿਲਕੁਲ ਹੀ ਖਾਲੀ ਕਰ ਦਿੱਤਾ ਸੀ ਪਰ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ

ਦੀ ਸਰਕਾਰ ਨੇ ਆਉਂਦਿਆਂ ਸਾਰ ਹੀ ਸੋਚਿਆ ਕਿ ਪੰਜਾਬ ਦੀ ਬਿਹਤਰੀ ਵਾਸਤੇ, ਪੰਜਾਬ ਦੀ ਤਰੱਕੀ ਵਾਸਤੇ ਕੀ ਉਪਰਾਲੇ ਕੀਤੇ ਜਾਣ । ਸਾਡਾ ਹਿੰਦੁਸਤਾਨ ਅਤੇ ਖਾਸ ਤੌਰ ਤੇ ਪੰਜਾਬ, ਖੇਤੀਬਾੜੀ ਪ੍ਰਧਾਨ ਦੇਸ਼ ਹੈ । ਸਾਡਾ ਸੂਬਾ ਸਾਡੇ ਮੁਲਕ ਦੀ ਰੀੜ੍ਹ ਦੀ ਹੱਡੀ ਹੈ ਅਤੇ ਜੇਕਰ ਰੀੜ੍ਹ ਦੀ ਹੱਡੀ ਮਜ਼ਬੂਤ ਹੋਵੇਗੀ ਤਾਂ ਸਾਰਾ ਸਰੀਰ ਮਜ਼ਬੂਤ ਰਹੇਗਾ ਅਤੇ ਜੇਕਰ ਰੀੜ੍ਹ ਦੀ ਹੱਡੀ ਨੂੰ ਤਰੋੜ ਮਰੋੜ ਦਿਆਂਗੇ ਤਾਂ ਸਾਰੇ ਦੇਸ਼ ਦਾ ਢਾਂਚਾ ਦਰਾਮ-ਬਰਾਮ ਹੋ ਜਾਵੇਗਾ । ਅਫਸੋਸ ਹੈ ਕਿ ਪਿਛਲੇ ਸਮੇਂ ਦੌਰਾਨ ਬਹੁਤਾ ਸਮਾਂ ਸਾਡੇ ਮੁਲਕ ਤੇ ਕਾਂਗਰਸ ਨੇ ਰਾਜ ਕੀਤਾ ਔਰ ਇਹ ਜਮਾਤ ਜਦੋਂ ਵੀ ਤਾਕਤ ਵਿੱਚ ਆਈ, ਇਸ ਨੇ ਲੋਕਾਂ ਦੀ ਬਿਹਤਰੀ ਦੀ ਖਾਤਰ, ਲੋਕਾਂ ਦੇ ਭਲੇ ਦੀ ਖਾਤਰ ਪੰਜਾਬ ਦੀ ਤਰੱਕੀ ਦੀ ਖਾਤਰ ਕੋਈ ਵੀ ਉਪਰਾਲਾ ਨਹੀਂ ਕੀਤਾ ਬਲਕਿ ਹਰ ਚੀਜ਼ ਨੂੰ ਇਸ ਢੰਗ ਨਾਲ ਲਿਆ ਕਿ ਤਰੱਕੀ ਨਾ ਹੋ ਸਕੇ । ਸੋ ਜਿੱਥੇ ਇਸ ਸਰਕਾਰ ਨੇ ਬਜਟ ਵਿੱਚ ਪੈਸੇ ਦਾ ਪਰਬੰਧ ਕੀਤਾ ਹੈ ਉਥੇ ਚੋਰ ਮੋਰੀਆਂ ਨੂੰ ਬੰਦ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ ।

ਪਿਛਲੇ ਸਮੇਂ ਦੀ ਸਰਕਾਰ ਲੋਕਾਂ ਨੂੰ ਰਾਹਤ ਦੇਣ ਦੀ ਬਜਾਏ ਆਪ ਲੁੱਟਿਆ ਕਰਦੀ ਸੀ ਅਤੇ ਲੋਕਾਂ ਨੂੰ ਕੁਝ ਵੀ ਨਹੀਂ ਮਿਲਦਾ ਸੀ । ਮੇਰੇ ਵੀਰ ਕਾਂਗਰਸੀ ਐਮ .ਐਲ .ਏ . ਏਥੇ ਬੋਲਦੇ ਹਨ ਅਤੇ ਕਹਿੰਦੇ ਹਨ ਕਿ ਇਸ ਸਰਕਾਰ ਨੇ ਪੱਛੜੀਆਂ ਸ਼੍ਰੇਣੀਆਂ ਦੀ ਖਾਤਰ ਕੁਝ ਨਹੀਂ ਕੀਤਾ । ਪਹਿਲਾਂ ਵੀ ਜੋ ਪੈਨਸ਼ਨਾਂ ਸਨ, ਉਹ ਗਰੀਬ ਲੋਕਾਂ ਨੂੰ ਦੇਣ ਵਾਸਤੇ ਪਰਬੰਧ ਕੀਤੇ ਗਏ ਸਨ ਪਰ ਉਸ ਵੇਲੇ ਦੀ ਸਰਕਾਰ ਨੇ ਜਿਹੜੇ ਰੂਲ ਬਣਾਏ, ਉਹਦੇ ਲਈ ਜਿਹੜੇ ਫਾਰਮ ਬਣਾਏ, ਉਸ ਵਿੱਚ ਕਈ ਸਖਤ ਸ਼ਰਤਾਂ ਸਨ । ਪਹਿਲੀ ਸ਼ਰਤ ਇਹ ਸੀ ਕਿ ਪੈਨਸ਼ਨ ਉਸ ਵਿਅਕਤੀ ਨੂੰ ਦਿੱਤੀ ਜਾਵੇ ਜਿਸ ਦਾ ਕੋਈ ਬਾਲ ਬੱਚਾ ਨਾ ਹੋਵੇ । ਪਹਿਲਾਂ ਤਾਂ ਜਿਹੜੇ ਪੈਨਸ਼ਨ ਮੰਗਣ ਵਾਲੇ ਆਉਂਦੇ ਸਨ, ਉਨ੍ਹਾਂ ਸਾਰਿਆਂ ਨੂੰ ਝੂਠ ਬੋਲਣ ਲਈ ਕਿਹਾ ਜਾਂਦਾ ਸੀ ਕਿ ਉਹ ਪਹਿਲਾਂ ਆਪਣੇ ਬਾਲ-ਬੱਚੇ ਤੋਂ ਸਾਫ ਹੋਣ, ਇਹ ਸਾਬਤ ਕਰਨ ਕਿ ਉਨ੍ਹਾਂ ਦਾ ਕੋਈ ਬਾਲ-ਬੱਚਾ ਨਹੀਂ ਹੈ । ਫਿਰ ਏਥੋਂ ਤੱਕ ਕਿ ਜ਼ਮੀਨ ਭਾਵੇਂ ਕਿਸੇ ਕੋਲ ਦੋ ਮਰਲੇ ਵੀ ਹੋਵੇ, ਉਸ ਨੂੰ ਪੈਨਸ਼ਨ-ਨਹੀਂ ਸੀ ਮਿਲ ਸਕਦੀ । ਅਸਲ ਵਿੱਚ ਹੋਇਆ ਕੀ ਕਿ ਜਿਨ੍ਹਾਂ ਦੇ ਬਾਲ-ਬੱਚੇ ਸਨ ਅਤੇ ਜਿਨ੍ਹਾਂ ਕੋਲ 20-20 ਕਿੱਲੇ ਜ਼ਮੀਨ ਵੀ ਸੀ, ਉਨ੍ਹਾਂ ਦੀਆਂ ਪੈਨਸ਼ਨਾਂ ਤਾਂ ਲੱਗ ਗਈਆਂ ਪਰ ਕਿਸੇ ਇਕ ਵੀ ਗਰੀਬ ਨੂੰ ਪੈਨਸ਼ਨ ਨਹੀ ਮਿਲੀ । ਚਾਹੇ ਇਸ ਦੀ ਪੜਤਾਲ ਕਰਵਾ ਕੇ ਦੇਖ ਲਓ । ਇਹ ਪੈਨਸ਼ਨਾਂ ਕਿਸੇ ਗਰੀਬ ਨੂੰ ਨਹੀਂ ਮਿਲੀਆਂ । ਕੋਈ ਚਿੱਟੀ ਪੱਗ ਵਾਲਾ

[ਸਰਦਾਰ ਬਲਦੇਵ ਸਿੰਘ ਖਿਆਲਾ]

ਭਾਵੇਂ ਉਹ ਕਿੰਨੀ ਹੀ ਜ਼ਮੀਨ ਦਾ ਮਾਲਕ ਸੀ ਪਰ ਕਿਉਂਕਿ ਉਹ ਸਿਰ ਤੋਂ ਲੈ ਕੇ ਪੈਰਾਂ ਤੱਕ ਚਿੱਟਾ ਸੀ, ਉਸ ਨੂੰ ਪੈਨਸ਼ਨ ਮਿਲ ਜਾਂਦੀ ਸੀ ।

ਇਨ੍ਹਾਂ ਨੇ ਲੋਕਾਂ ਨੂੰ ਐਸੇ ਭੰਬਲਭੂਸੇ ਵਿਚ ਪਾ ਕੇ ਰੱਖਿਆ ਕਿ ਗਰੀਬ ਲੋਕਾਂ ਵਾਸਤੇ ਆਹ ਸਕੀਮ ਚਾਲੂ ਹੈ, ਪਰ ਦੇਣਾ ਕੱਖ ਨਹੀਂ । ਪਹਿਲਾਂ ਹਿੰਦੁਸਤਾਨ ਦੀ ਸਰਕਾਰ ਨੇ ਗਰੀਬੀ ਹਟਾਓ ਦਾ ਨਾਹਰਾ ਦਿੱਤਾ । ਕਦੇ ਨਾਹਰਾ ਦਿੱਤਾ ਪੰਜ ਕਿੱਲਿਆਂ ਦਾ, ਅਖੇ ਪੰਜ-ਪੰਜ ਕਿੱਲੇ ਜ਼ਮੀਨ ਦੇਵਾਂਗੇ । ਕਦੇ ਬੈਂਕਾਂ ਦੇ ਕੌਮੀਕਰਨ ਦਾ ਨਾਹਰਾ ਦੇ ਦਿੱਤਾ, ਕਦੇ ਨਾਹਰਾ ਦੇ ਦਿੱਤਾ ਕਿ 100-100 ਕਿੱਲਿਆਂ ਵਿਚ ਕਾਰਖਾਨੇ ਲਗਾਵਾਂਗੇ । ਇਹ ਕਹਿੰਦੇ ਰਹੇ ਕਿ ਅਸੀਂ ਗਰੀਬੀ ਨੂੰ ਖਤਮ ਹੀ ਕਰ ਦੇਣਾ ਹੈ । ਇਹ ਅਜਿਹੀਆਂ ਗੱਲਾਂ ਵਾਰ ਵਾਰ ਕਹਿ ਕੇ ਗਰੀਬ ਲੋਕਾਂ ਦੀਆਂ ਵੋਟਾਂ ਤਾਂ ਲੈਂਦੇ ਰਹੇ ਪਰ ਉਨ੍ਹਾਂ ਦਾ ਭਲਾ ਕੱਖ ਨਹੀਂ ਕੀਤਾ । ਅੱਜ ਤੱਕ ਕਿਸੇ ਗਰੀਬ ਨੂੰ ਇਕ ਮਰਲਾ ਵੀ ਜ਼ਮੀਨ ਨਹੀਂ ਮਿਲੀ, ਕੁਝ ਨਹੀਂ ਮਿਲਿਆ । ਚੇਅਰਮੈਨ ਸਾਹਿਬ, ਸਮੇਂ ਦੀ ਸਰਕਾਰ ਆਪਣੇ ਰਾਜਭਾਗ ਤੋਂ ਲੈ ਕੇ ਬਾਰ ਬਾਰ ਇਹ ਗੱਲ ਕਹਿੰਦੀ ਰਹੀ ਕਿ ਇਕ ਨਵੀਂ ਸਕੀਮ ਬਣਾਈ ਹੈ 15,000 ਰੁਪਏ ਗਰੀਬਾਂ ਨੂੰ ਮਕਾਨ ਬਣਾਉਣ ਵਾਸਤੇ ਦੇਣ ਦੀ ! ਅੱਜ ਇਹ ਸਾਥੀ ਕਹਿੰਦੇ ਹਨ ਕਿ ਜੋ ਮਕਾਨ ਹੁਡਕੋ ਨੇ ਬਣਾਉਣੇ ਹਨ ਤਾਂ ਇਹ ਪੂਰੇ ਪੈਸੇ ਲੱਗਣੇ ਨਹੀਂ । ਜੇ ਕਿਸੇ ਗਰੀਬ ਨੇ ਮਕਾਨ ਵਾਸਤੇ ਕਰਜ਼ਾ ਲੈਣਾ ਹੁੰਦਾ ਸੀ ਤਾਂ ਇਹ ਜਿਹੜਾ ਫਾਰਮ ਦਸਾਂ ਪੈਸਿਆਂ ਦਾ ਸੀ, ਇਨ੍ਹਾਂ ਦੇ ਏਜੰਟ ਉਨ੍ਹਾਂ ਨੂੰ ਇਹ ਫਾਰਮ 200-200 ਰੁਪਏ ਵਿਚ ਵੇਚਦੇ ਰਹੇ । ਮਿਸਾਲ ਦੇ ਤੌਰ ਤੇ ਮੇਰੇ ਆਪਣੇ ਹਲਕੇ ਵਿੱਚ 6 ਪਰਿਵਾਰਾਂ ਤੋਂ ਫਾਰਮਾਂ ਦੇ 200-200 ਰੁਪਏ ਲੈ ਲਏ ਅਤੇ ਮੇਰੇ ਕੋਲ ਆ ਗਏ ਕਿ ਆਹ ਲਾਓ ਮੋਹਰ, ਅਸੀਂ ਕੱਚੇ ਮਕਾਨ ਦਾ ਮੁਆਵਜ਼ਾ ਲੈਣਾ ਹੈ । ਉਸ ਤੋਂ ਬਾਅਦ ਜਦੋਂ ਕਰਜ਼ਾ ਮਨਜ਼ੂਰ ਹੋ ਜਾਂਦਾ ਹੈ ਤਾਂ ਇਹ ਲੋਕ ਉਸ ਵਿਚਾਰੇ ਨੂੰ 2-3 ਹਜ਼ਾਰ ਰੁਪਿਆ ਦੇ ਕੇ ਬਾਕੀ ਸਾਰੇ ਆਪਣੀ ਜੇਬ ਵਿੱਚ ਪਾ ਲੈਂਦੇ ਰਹੇ ਹਨ ।

ਫਿਰ ਗੱਲ ਚੱਲੀ ਕਿ ਪੀਲੇ ਕਾਰਡ ਬਣਾ ਲਓ । ਅਖੇ, ਜਿਸ ਕੋਲ ਪੀਲਾ ਕਾਰਡ ਹੋਵੇਗਾ, ਉਸ ਨੂੰ ਮਕਾਨ ਮਿਲ ਜਾਵੇਗਾ । ਜਿਸ ਕੋਲ ਪੀਲਾ ਕਾਰਡ ਹੋਵੇਗਾ, ਉਸ ਦੇ ਬੱਚੇ ਨੂੰ ਨੌਕਰੀ ਮਿਲ ਜਾਵੇਗੀ । ਜਿਨ੍ਹਾਂ ਕੋਲ ਪੀਲਾ ਕਾਰਡ ਹੋਵੇਗਾ, ਉਨ੍ਹਾਂ ਨੂੰ ਬੜਾ ਕੁਝ ਮਿਲ ਜਾਵੇਗਾ । ਚੇਅਰਮੈਨ ਸਾਹਿਬ, ਇਨ੍ਹਾਂ ਨੇ ਪੰਜ ਸਾਲ ਪੀਲੇ ਕਾਰਡ ਬਣਾਉਣ ਤੇ ਹੀ ਲਗਾ ਦਿੱਤੇ ਜਿਹੜਾ ਕਿ ਕੇਵਲ ਪੰਜਾਂ ਮਿੰਟਾਂ ਦਾ ਕੰਮ ਸੀ ।

ਪੀਲੇ ਕਾਰਡ ਤਿਆਰ ਹੋ ਗਏ ਤਾਂ ਕਹਿੰਦੇ ਕਿ ਸਕੀਮ ਵੀ ਤਿਆਰ ਹੈ । ਸਕੀਮ ਕੀ ਸੀ, ਆਟਾ ਤੇ ਦਾਲ ਦੇਣ ਦੀ । ਮੈਨੂੰ ਨਹੀਂ ਪਤਾ ਲੱਗਾ ਬਈ ਆਹ ਆਟਾ-ਦਾਲ ਦੀ ਸਕੀਮ ਕੀ ਹੋਈ । ਮੇਰੇ ਖਿਆਲ ਵਿਚ ਇਹ ਗਰੀਬ ਲੋਕਾਂ, ਜਿਨ੍ਹਾਂ ਦੇ ਚਿਹਰੇ ਪੀਲੇ ਪੈ ਚੁੱਕੇ ਹਨ, ਨੂੰ ਆਟਾ ਤੇ ਦਾਲ ਖਵਾ ਕੇ ਉਨ੍ਹਾਂ ਦੇ ਰੰਗ ਗੈਰੂ ਵਰਗੇ ਲਾਲ ਕਰਨਗੇ ਇਹ ਕਾਂਗਰਸ ਵਾਲੇ । ਸਹਾਇਤਾ ਕਿੰਨੀ ਦਿੱਤੀ ਗਈ, ਕੇਵਲ 130 ਰੁਪਏ, ਇਕ ਪਰਿਵਾਰ ਨੂੰ 130 ਰੁਪਏ ਦਾ ਚੈਕ ਕੱਟਿਆ ਗਿਆ । ਪਹਿਲਾਂ ਤਾਂ 10-10 ਤੇ 20-20 ਗੇੜੇ ਸ਼ਹਿਰਾਂ ਵਿਚ ਉਨ੍ਹਾਂ ਲੋਕਾਂ ਦੇ ਮਰਵਾਏ ਗਏ, ਫਿਰ ਜਦੋਂ ਬੈਂਕ ਵਿਚੋਂ ਪੈਸੇ ਲੈਣ ਗਏ ਤਾਂ ਉਹ ਕਹਿਣ ਲੱਗੇ ਕਿ ਪਹਿਲਾਂ 100 ਰੁਪਏ ਦਾ ਖਾਤਾ ਖੁਲਵਾਓ, ਫਿਰ ਅਸੀਂ ਤੁਹਾਨੂੰ 30 ਰੁਪਏ ਦੇ ਦੇਵਾਂਗੇ । ਚੇਅਰਮੈਨ ਸਾਹਿਬ, ਪਿਛਲੀ ਸਰਕਾਰ ਨੇ ਇਹ ਇਕ ਐਸੀ ਸਕੀਮ ਚਲਾਈ । ਭਲਾ, ਇਨ੍ਹਾਂ ਨੂੰ ਪੁੱਛੇ ਕਿ ਪੀਲੇ ਕਾਰਡਾਂ ਵਾਲੇ ਕਿੰਨੇ ਲੋਕਾਂ ਨੂੰ ਰਾਹਤ ਮਿਲੀ ਹੈ ? ਕਿੰਨਿਆਂ ਨੂੰ ਮਕਾਨ ਦਿੱਤੇ ਹਨ ਤੇ ਕਿੰਨਿਆਂ ਨੂੰ ਨੌਕਰੀਆਂ ਦਿੱਤੀਆਂ ਹਨ ? ਜੇ ਕੋਈ ਦਫਤਰ ਵਿਚ ਚਪੜਾਸੀ ਵੀ ਰੱਖਦਾ ਹੁੰਦਾ ਸੀ ਤਾਂ ਇਨ੍ਹਾਂ ਦੀ ਬੋਲੀ 40,000 ਰੁਪਏ ਦੀ ਸੀ । ਮਾਸਟਰ ਵਗੈਰਾ ਵਾਸਤੇ ਤਾਂ ਇਕ ਲੱਖ ਰੁਪਿਆ ਲਿਆ ਜਾਂਦਾ ਸੀ । ਉਸ ਸਮੇਂ ਪੰਜਾਬ ਸਰਕਾਰ ਦੇ ਖਿਲਾਫ ਰਿੱਟਾਂ ਹੋਈਆਂ । 6-7 ਰਿੱਟਾਂ ਉਸ ਦੇ ਖਿਲਾਫ ਹੋਈਆਂ ਕਿ ਤੁਸੀ ਰਿਸ਼ਵਤ ਲੈ ਕੇ ਬੰਦੇ ਰੱਖੇ ਹਨ । ਕਾਂਗਰਸ ਪਾਰਟੀ ਦੀ ਸਰਕਾਰ ਦੇ ਖਿਲਾਫ ਹਾਈ ਕੋਰਟ ਵਿਚ ਬਲੇਮ ਸਾਬਤ ਹੋਏ....(ਵਿਘਨ)

ਸ੍ਰੀ ਰਮੇਸ਼ ਚੰਦਰ ਡੋਗਰਾ : ਚੇਅਰਮੈਨ ਸਾਹਿਬ, ਇਹ ਗਲਤ ਅਤੇ ਬੇਸਲੈਸ ਐਲੀਗੇਸ਼ਨ ਲਗਾਏ ਜਾ ਰਹੇ ਹਨ । ਇਹ ਲਫਜ਼ ਪ੍ਰੋਸੀਡਿੰਗਜ਼ ਵਿਚੋਂ ਐਕਸਪੰਜ ਹੋਣੇ ਚਾਹੀਦੇ ਹਨ । ਇਹ ਮੇਰੀ ਪ੍ਰਾਰਥਨਾ ਹੈ ।

ਸ੍ਰੀ ਸਭਾਪਤੀ : ਇਸ ਵਿਚ ਕੋਈ ਅਨਪਾਰਲੀਮੈਂਟਰੀ ਸ਼ਬਦ ਤਾਂ ਨਹੀਂ ਕਿਹਾ ਗਿਆ ਹੈ ।

ਸ੍ਰੀ ਰਮੇਸ਼ ਚੰਦਰ ਡੋਗਰਾ : ਚੇਅਰਮੈਨ ਸਾਹਿਬ, ਮੈਂਬਰ ਸਾਹਿਬ ਨੂੰ ਬਜਟ ਉਤੇ ਬੋਲਣਾ ਚਾਹੀਦਾ ਹੈ । ਇਹ ਤਾਂ ਕੇਵਲ ਕਾਂਗਰਸ ਪਾਰਟੀ ਦੇ ਖਿਲਾਫ ਹੀ ਸਪੀਚ ਕੀਤੀ ਜਾ ਰਹੀ ਹੈ । ਤੁਸੀ ਇਨ੍ਹਾਂ ਨੂੰ ਐਡਵਾਈਸ ਕਰੋ ਕਿ let them give some good suggestions. Let them give some good proposals. Simply they are wasting the time of the House. Please ask them to speak on the Budget.

ਸ੍ਰੀ ਸਭਾਪਤੀ : ਕੋਈ ਅਨਪਾਰਲੀਮੈਂਟਰੀ ਸ਼ਬਦ ਤਾਂ ਨਹੀਂ ਬੋਲਿਆ ਗਿਆ ।

ਸਰਦਾਰ ਬਲਦੇਵ ਸਿੰਘ ਖਿਆਲਾ : ਚੇਅਰਮੈਨ ਸਾਹਿਬ, ਇਸ ਬਜਟ ਵਿੱਚ ਜੋ ਪਛੜੀਆਂ ਸ਼੍ਰੇਣੀਆਂ ਦੀ ਮੱਦ ਹੈ, ਮੈਂ ਉਸ ਉਤੇ ਹੀ ਬੋਲ ਰਿਹਾ ਹਾਂ । ਸਾਡੀ ਸਰਕਾਰ ਨੇ ਪਿਛਲੀ ਸਰਕਾਰ ਦੇ ਸਮੇਂ ਦੀਆਂ ਚੋਰ-ਮੋਰੀਆਂ ਨੂੰ ਬੰਦ ਕਰਕੇ ਉਹ ਸਾਰੇ ਦਾ ਸਾਰਾ ਪੈਸਾ ਇਨ੍ਹਾਂ ਤੱਕ ਪਹੁੰਚਾਉਣ ਦਾ ਪ੍ਰਬੰਧ ਕੀਤਾ ਹੈ ਚਾਹੇ ਉਹ ਹੁੱਡਕੋ ਵੱਲੋਂ 50-50 ਹਜ਼ਾਰ ਰੁਪਏ ਖਰਚ ਕੇ ਮਕਾਨ ਬਣਾ ਕੇ ਦੇਣ ਦੀ ਸਕੀਮ ਹੈ ਅਤੇ ਚਾਹੇ ਕੋਈ ਹੋਰ ਸਕੀਮ ਹੈ । ਪਰ ਇਹ ਨਾ ਹੋਵੇ ਕਿ ਇਹ ਫਿਰ ਵੀ ਵਿੰਗੇ-ਟੇਢੇ ਢੰਗ ਨਾਲ ਦਾਅ ਲਗਾ ਲੈਣ । ਚੇਅਰਮੈਨ ਸਾਹਿਬ, ਹੋਰ ਵੀ ਬਹੁਤ ਸਾਰੀਆਂ ਸਕੀਮਾਂ ਬਣਾਈਆਂ ਗਈਆਂ ਹਨ । ਪਹਿਲੀ ਤਾਂ ਇਹ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਅਤੇ ਬੀ.ਜੇ.ਪੀ ਦੀ ਸਰਕਾਰ ਨੇ ਪਹਿਲਾਂ ਚੋਰ-ਮੋਰੀ ਵਾਲਾ ਖਾਨਾ ਬੰਦ ਕਰਕੇ ਇਹ ਕੀਤਾ ਹੈ ਕਿ 60 ਸਾਲ ਦੀ ਬੀਬੀ ਜਾਂ 65 ਸਾਲ ਦੇ ਹਰ ਬਜ਼ੁਰਗ ਭਾਵੇਂ ਉਹ ਕਿਸੇ ਵੀ ਜਾਤ ਦਾ ਹੋਵੇ ਅਤੇ ਕਿਸੇ ਵੀ ਧਰਮ ਦਾ ਹੋਵੇ ਭਾਵੇਂ ਉਸ ਦੀ 100 ਏਕੜ ਜ਼ਮੀਨ ਹੋਵੇ, ਨੂੰ ਵੀ ਪੈਨਸ਼ਨ ਦਿੱਤੀ ਜਾਵੇਗੀ । ਚੇਅਰਮੈਨ ਸਾਹਿਬ, ਇਨ੍ਹਾਂ ਨੇ ਰਿਸ਼ਵਤਾਂ ਲੈ ਕੇ ਪੈਨਸ਼ਨਾਂ ਸੈਂਕਸ਼ਨ ਕੀਤੀਆਂ ਹਨ । ਮੈਂ ਬੇਨਤੀ ਕਰਨੀ ਚਾਹਾਂਗਾ ਕਿ ਹਾਊਸ ਦੀ ਇਕ ਸਬ ਕਮੇਟੀ ਬਣਾ ਦਿੱਤੀ ਜਾਵੇ ਜਿਹੜੀ ਪੜਤਾਲ ਕਰੇ ਕਿ ਕਿੰਨੇ ਬੰਦਿਆਂ ਨੂੰ ਪੈਨਸ਼ਨ ਲਗਾਈ ਗਈ ਹੈ । ਇਹ ਚਿੱਟੇ ਬਗਲੇ ਸਾਰੇ ਦੇ ਸਾਰੇ ਗਲਤ ਸਾਬਤ ਹੋਣਗੇ । ਇਨ੍ਹਾਂ ਨੇ ਆਪਣੇ ਬੰਦਿਆਂ ਤੋਂ ਪੈਸੇ ਲੈ ਕੇ ਪੈਨਸ਼ਨਾਂ ਸੈਂਕਸ਼ਨ ਕੀਤੀਆਂ ਹਨ । ਚੇਅਰਮੈਨ ਸਾਹਿਬ, ਇਸ ਸਾਲ ਸਾਡੀ ਸਰਕਾਰ ਨੇ ਇਸ ਮੰਤਵ ਲਈ ਪਿਛਲੇ ਸਾਲ ਨਾਲੋਂ 13.51 ਕਰੋੜ ਰੁਪਿਆ ਵੱਧ ਰੱਖਿਆ ਹੈ ।

ਇਸੇ ਤਰ੍ਹਾਂ ਭਾਵੇਂ ਬਿਜਲੀ ਦੇ ਪੱਖ ਤੋਂ ਹੈ, ਭਾਵੇ ਪੇਂਡੂ ਵਿਕਾਸ ਦੇ ਪੱਖ ਤੋਂ ਹੈ ਅਤੇ ਭਾਵੇ ਬੇ-ਰੋਜ਼ਗਾਰਾਂ ਨੂੰ ਰੋਜ਼ਗਾਰ ਦੇਣ ਦੀ ਸਕੀਮ ਹੈ, ਸਾਡੀ ਸਰਕਾਰ ਨੇ ਬਹੁਤ ਸਾਰੀਆਂ ਸਕੀਮਾਂ ਬਣਾਈਆਂ ਹਨ ਜਿੰਨ੍ਹਾਂ ਵਿੱਚ ਪਛੜੇ ਵਰਗਾਂ ਨੂੰ ਰੋਜ਼ਗਾਰ ਮਿਲੇਗਾ ਅਤੇ ਉਨ੍ਹਾਂ ਦੀ ਤਰੱਕੀ ਹੋਵੇਗੀ । ਇਸ ਸਬੰਧ ਵਿੱਚ ਇਕੋ ਗੱਲ ਲੈ ਲਵੋ ਕਿ ਫੋਕਲ ਪੁਆਇੰਟ ਸਕੀਮ 1978 ਵਿੱਚ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ, ਅਕਾਲੀ ਦਲ ਦੀ ਸਰਕਾਰ ਆਈ ਸੀ, ਉਸ ਸਮੇਂ ਚਾਲੂ ਕੀਤੀ ਗਈ ਸੀ । ਅੱਜ ਫੋਕਲ ਪੁਆਇੰਟਾਂ ਨੂੰ 20 ਸਾਲ ਹੋ ਗਏ ਚਾਲੂ ਹੋਇਆਂ ਨੂੰ । ਜੇ 20 ਸਾਲ ਦੇ ਸਮੇਂ ਵਿੱਚ ਇਹ ਨੇਪਰੇ ਚਾੜ੍ਹੇ ਹੁੰਦੇ ਤਾਂ ਹਰ ਫੋਕਲ ਪੁਆਇੰਟ ਤੇ 5 ਸਾਲਾਂ ਵਿੱਚ 500 ਬੇ-ਰੋਜ਼ਗਾਰ ਪੱਛੜੀ ਸ਼੍ਰੇਣੀ ਦੇ ਬੱਚਿਆਂ ਨੂੰ ਰੋਜ਼ਗਾਰ ਮਿਲਣਾ

ਸੀ ਅਤੇ ਅੱਜ ਤੱਕ ਦੇਖ ਲਵੋ ਕਿੰਨੇ ਬੱਚਿਆਂ ਨੂੰ ਰੋਜ਼ਗਾਰ ਮਿਲ ਜਾਣਾ ਸੀ । ਜੇ ਉਹ ਫੋਕਲ ਪੁਆਇੰਟ ਹੁੰਦੇ ਤਾਂ ਕਿੰਨੀਆਂ ਵਰਕਸ਼ਾਪਾ ਖੁੱਲੀਆਂ ਹੁੰਦੀਆਂ, ਕਿੰਨੇ ਕਾਰਖਾਨੇ ਲਗਦੇ ਜੋ ਖੇਤੀਬਾੜੀ ਲਈ ਸੰਦ ਬਣਾਉਂਦੇ ਅਤੇ ਦੂਜੇ ਬਾਹਰਲੇ ਮੁਲਕਾਂ ਨੂੰ ਭੇਜਦੇ ਅਤੇ ਕਿੰਨਾ ਫਾਇਦਾ ਹੁੰਦਾ ਪਰ ਉਹ ਸਭ ਕੁਝ ਬੰਦ ਹੋ ਗਿਆ । ਉਹ ਸਭ ਫੋਕਲ ਪੁਆਇੰਟ ਕਾਂਗਰਸ ਵਾਲਿਆਂ ਨੇ ਬੰਦ ਕਰ ਦਿਤੇ ਜਿਸ ਨਾਲ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ ਅਤੇ ਕਿਸਾਨਾਂ ਦੀ ਰੀੜ੍ਹ ਦੀ ਹੱਡੀ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ ਹੈ । ਜਦੋਂ ਅਸੀਂ ਫੋਕਲ ਪੁਆਇੰਟਾਂ ਨੂੰ ਚਾਲੂ ਕਰਨ ਦੀ ਗੱਲ ਕਰਦੇ ਸੀ ਤਾਂ ਕਾਂਗਰਸੀ ਕਹਿੰਦੇ ਸੀ ਕਿ ਇਹ ਆ ਗਏ ਫੋਕੇ-ਪੁਆਇੰਟ ਵਾਲੇ । ਮੈਂ ਕਹਿੰਦਾ ਹਾਂ ਕਿ ਕਿਵੇਂ ਉਸ ਸਮੇਂ ਦੀ ਸਰਕਾਰ ਨੇ ਗਲਤ ਕੰਮ ਕੀਤੇ ਹਨ । ਵਿੱਤ ਮੰਤਰੀ ਜੀ ਦਾ ਮੈਂ ਬੜਾ ਧੰਨਵਾਦੀ ਹਾਂ ਜਿਨ੍ਹਾਂ ਨੇ ਫੋਕਲ ਪੁਆਇੰਟ ਸਕੀਮ ਨੂੰ ਮੁੜ ਚਾਲੂ ਕਰਨ ਲਈ ਉਪਰਾਲੇ ਕੀਤੇ ਹਨ, ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ । ਜਿਥੇ ਫੋਕਲ ਪੁਆਇੰਟਾਂ ਨਾਲ ਪਿੰਡਾਂ ਵਿਚ ਕਾਰਖਾਨੇ ਲੱਗਣਗੇ ਅਤੇ ਜਿਣਸ ਦੀ ਪੈਦਾਵਾਰ ਵਧੇਗੀ, ਉਥੇ ਬੇ-ਰੋਜ਼ਗਾਰਾਂ ਨੂੰ ਟਰੇਨਿੰਗ ਦੇ ਕੇ ਵਰਕਸ਼ਾਪਾਂ ਵੀ ਖੋਲ੍ਹੀਆਂ ਜਾਣਗੀਆਂ । ਟਰੈਕਟਰਾਂ, ਸਕੂਟਰਾਂ ਅਤੇ ਹੋਰ ਦੂਜੇ ਧੰਦਿਆਂ ਦੀਆਂ ਵਰਕਸ਼ਾਪਾਂ ਖੋਲ੍ਹੀਆਂ ਜਾਣਗੀਆਂ ਅਤੇ ਬੇ-ਰੋਜ਼ਗਾਰਾਂ ਨੂੰ ਰੋਜ਼ਗਾਰ ਮਿਲੇਗਾ । ਉਥੇ ਪਟਵਾਰਖਾਨੇ ਬਣਾਏ ਜਾਣਗੇ ਜਿਥੋਂ 5-7 ਪਿੰਡਾਂ ਦੇ ਲੋਕ ਆ ਕੇ ਆਪਣੇ ਕੰਮਕਾਰ ਕਰਵਾ ਸਕਣਗੇ । ਪਿੰਡਾਂ ਵਿਚ ਹਸਪਤਾਲ ਅਤੇ ਸਕੂਲ ਵੀ ਬਣਾਏ ਜਾਣਗੇ ਅਤੇ ਲੋਕਾਂ ਨੂੰ ਸਾਰੀਆਂ ਮੁਢੱਲੀਆਂ ਸਹੂਲਤਾਂ ਮੁਹੱਈਆ ਕਰਾਈਆਂ ਜਾਣਗੀਆਂ ਤਾਂ ਕਿ ਪੇਂਡੂ ਕਿਸਾਨ ਤੱਰਕੀ ਕਰ ਸਕੇ । ਇਨ੍ਹਾਂ ਕਾਂਗਰਸੀ ਵੀਰਾਂ ਨੇ ਇਸ ਸਕੀਮ ਨੂੰ ਬੰਦ ਕਰਕੇ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਹੈ ।

ਇਥੇ ਹੀ ਬੱਸ ਨਹੀਂ, ਪਾਣੀ ਦੀ ਗੱਲ ਲੈ ਲਵੋ । ਚੇਅਰਮੈਨ ਸਾਹਿਬ, ਪਾਣੀ ਤੋਂ ਬਿਨਾਂ ਕੁਝ ਵੀ ਨਹੀਂ ਹੁੰਦਾ । ਰਾਜਸਥਾਨ ਵਿਚੋਂ ਲੋਕ ਇੱਥੇ ਆ ਕੇ ਭੱਠਿਆਂ ਤੇ ਕੰਮ ਕਰਦੇ ਹਨ ਭਾਵੇਂ ਉਥੇ ਉਨ੍ਹਾਂ ਕੋਲ 100-100 ਏਕੜ ਜਮੀਨ ਹੋਵੇ ਪਰ, ਚੇਅਰਮੈਨ ਸਾਹਿਬ, ਇਨ੍ਹਾਂ ਨੇ ਪੰਜਾਬ ਦੇ ਪਾਣੀ ਨੂੰ ਹਰਿਆਣੇ ਨੂੰ ਦੇਣ ਲਈ ਕਪੂਰੀ ਵਿਖੇ ਨਹਿਰ ਦਾ ਟੱਕ ਲਗਾਉਣ ਲਈ ਇੰਦਰਾ ਗਾਂਧੀ ਨੂੰ ਉਥੇ ਬੁਲਾ ਲਿਆ ਅਤੇ ਇਕ ਸੋਨੇ ਦੀ ਕਹੀ ਬਣਾ ਕੇ ਉਸ ਦੇ ਹੱਥ ਵਿੱਚ ਟੱਕ ਲਗਾਉਣ ਲਈ ਫੜਾ ਦਿੱਤੀ। ** ** ਜਿਹੜੇ ਅੱਜ ਨੰਗੇ ਪੈਰੀਂ ਤੁਰੇ ਫਿਰਦੇ ਹਨ, ਉਥੇ ਉਨ੍ਹਾਂ ਦੇ ਨਾਲ ਬੈਠੇ ਸਨ ।

**Expunged as ordered by the Chair.

ਸ਼੍ਰੀ ਰਮੇਸ਼ ਚੰਦਰ ਡੋਗਰਾ : ਚੇਅਰਮੈਨ ਸਾਹਿਬ, ਜਿਹੜਾ ਬੰਦਾ ਆਪਣੇ ਆਪ ਨੂੰ ਇੱਥੇ ਹਾਊਸ ਵਿੱਚ ਡਿਫੈਂਡ ਨਹੀਂ ਕਰ ਸਕਦਾ ਅਤੇ ਹਾਊਸ ਵਿੱਚ ਹਾਜ਼ਰ ਨਹੀਂ ਹੈ, ਉਸ ਦਾ ਨਾਂ ਐਕਸਪੰਜ ਕੀਤਾ ਜਾਣਾ ਚਾਹੀਦਾ ਹੈ ।

ਸ਼੍ਰੀ ਸਭਾਪਤੀ : ਠੀਕ ਹੈ, ** ** ਦਾ ਨਾਂ ਪ੍ਰੋਸੀਡਿੰਗ ਵਿਚੋਂ ਕੱਢ ਦਿੱਤਾ ਜਾਵੇ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਭਾਪਤੀ ਸਾਹਿਬ, ਅਕਾਲੀ ਦਲ ਨੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ, ਪਟਿਆਲਾ ਵਿਖੇ ਪ੍ਰਣ ਕੀਤਾ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦਾ ਪਾਣੀ ਹਰਿਆਣੇ ਨਹੀਂ ਜਾਣ ਦਿੱਤਾ ਜਾਵੇਗਾ । ਇਸ ਨਹਿਰ ਵਿੱਚ ਪੰਜਾਬ ਦੇ ਕਿਸਾਨ ਦਾ ਖ਼ੂਨ ਜਾਵੇਗਾ । ਇਨ੍ਹਾਂ ਨੇ ਪੰਜਾਬ ਨਾਲ ਮਤਰੇਈ ਮਾਂ ਵਰਗਾ ਸਲੂਕ ਕੀਤਾ । ਸਾਡੇ ਮੋਢਿਆਂ ਨੂੰ ਡਾਂਗਾਂ ਨਾਲ ਭੰਨਿਆ । ਤੁਸੀਂ ਕਾਂਗਰਸੀਓ, ਦਵੈਲ ਬਣੇ ਰਹੇ । ਤੁਸੀਂ ਪੰਜਾਬ ਦਾ ਨੁਕਸਾਨ ਕੀਤਾ । (ਥੰਪਿੰਗ) ਅੱਜ ** ਕਹਿ ਰਿਹਾ ਹੈ ਕਿ ਪਾਣੀ ਨਹੀਂ ਜਾਣ ਦੇਣਾ । ਤੁਸੀਂ ਤਾਂ ਥੁੱਕ ਕੇ ਚੱਟਦੇ ਰਹੇ ਹੋ । (ਵਿਘਨ)

ਸ਼੍ਰੀ ਰਮੇਸ਼ ਚੰਦਰ ਡੋਗਰਾ : (ਬੈਠੇ ਬੈਠੇ) ਤੁਸੀਂ ਬਜਟ ਤੇ ਬੋਲੋ ।

ਸਰਦਾਰ ਬਲਦੇਵ ਸਿੰਘ ਖਿਆਲਾ : ਪਾਣੀ ਕਰਕੇ ਹੀ ਬਜਟ ਹੈ । (ਥੰਪਿੰਗ) ਇੱਥੇ ਹੀ ਬੱਸ ਨਹੀਂ, ਤੁਸੀਂ ਪੰਜਾਬ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ । ਪੰਜਾਬ ਦੀ ਖੇਤੀ ਦਰਹਮ ਬਰਹਮ ਕੀਤੀ । ਪੰਜਾਬ ਦੀ ਪੇਂਡੂ ਤਰੱਕੀ ਨੂੰ ਦਰਹਮ ਬਰਹਮ ਕੀਤਾ । ਇਸ ਤੋਂ ਇਲਾਵਾ ਤੁਸੀਂ ਹੋਰ ਵੀ ਬੜੀਆਂ ਵੱਡੀਆਂ ਗੱਲਾਂ ਕੀਤੀਆਂ । ਇਨ੍ਹਾਂ ਗੱਲਾਂ ਤੇ ਧਿਆਨ ਦੇਣ ਦੀ ਲੋੜ ਹੈ । ਮੈਂ ਖਜ਼ਾਨਾ ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਚੰਗੀਆਂ ਸੇਧਾਂ ਦਿੱਤੀਆਂ ਹਨ । ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੇ ਦਿਮਾਗ ਵਿੱਚ ਜਿਹੜੀਆਂ ਗੱਲਾਂ ਅੱਜ ਤੋਂ ਵੀਹ ਸਾਲ ਪਹਿਲਾਂ ਆਈਆਂ ਸਨ, ਜੇ ਉਹ ਨੇਪਰੇ ਚੜ੍ਹ ਗਈਆਂ ਹੁੰਦੀਆਂ ਤਾਂ ਪੰਜਾਬ ਦੀ ਕਾਇਆ ਕਲਪ ਹੋ ਸਕਦੀ ਸੀ । ਅੱਜ ਵਾਹਿਗੁਰੂ ਨੇ ਫਿਰ ਉਨ੍ਹਾਂ ਨੂੰ ਮੌਕਾ ਦਿੱਤਾ ਹੈ । ਇਸ ਮਹਾਨ ਸ਼ਖਸੀਅਤ ਦੇ ਦਿਮਾਗ ਵਿੱਚ ਪੰਜਾਬ ਦੀ ਬਿਹਤਰੀ ਵਾਸਤੇ ਕਈ ਸਕੀਮਾਂ ਹਨ । ਇਹ ਸਕੀਮਾਂ ਇਸ ਬਜਟ ਵਿਚੋਂ ਜਨਮ ਲੈਣਗੀਆਂ ਜਿਸ ਨਾਲ ਪੰਜਾਬ ਦਾ ਭਲਾ ਹੋਵੇਗਾ । (ਥੰਪਿੰਗ) ਇਥੇ ਹੀ ਬੱਸ

**Expunged as ordered by the Chair.

ਨਹੀਂ । ਗੱਲ ਚਲਦੀ ਹੈ ਅਤੇ ਮੈਂ ਹੈਰਾਨ ਹੁੰਦਾ ਹਾਂ ਕਿ ਹੋਰਾਂ ਚੀਜ਼ਾਂ ਤੇ ਐਨਾ ਖਰਚਾ ਕਰ ਦਿੱਤਾ ਗਿਆ । ਮੇਰੇ ਤੋਂ ਪਹਿਲਾਂ ਸਤਿਕਾਰਯੋਗ ਐਮ.ਐਲ.ਏ. ਸਾਹਿਬ ਨੇ ਦੱਸ ਦਿੱਤਾ ਹੈ । ਮੈਨੂੰ ਅਫਸੋਸ ਹੈ ਔਰ ਕਹਿੰਦਿਆਂ ਦੁੱਖ ਲੱਗਦਾ ਹੈ ਕਿ ਇਹ ਅੱਠ ਹਜ਼ਾਰ ਕਰੋੜ ਰੁਪਿਆ ਪੰਜਾਬ ਦੀ ਕਿਹੜੀ ਬਿਹਤਰੀ ਤੇ ਖਰਚ ਕੀਤਾ ਗਿਆ ਹੈ । ਕਿਹੜੀ ਨਹਿਰ ਬਣਾਈ ਗਈ ਹੈ । ਇਹ ਅੱਠ ਹਜ਼ਾਰ ਕਰੋੜ ਰੁਪਏ ਦਾ ਭੂਤ ਸਾਨੂੰ ਡਰਾ ਰਿਹਾ ਹੈ । ਇਹ ਦਿੱਲੀ ਦਾ ਭੂਤ ਜਿਹੜਾ ਕਿ ਕਰਜ਼ੇ ਦਾ ਬੋਝ ਹੈ, ਇਸ ਨੇ ਪੰਜਾਬ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਹੈ । ਇਹ ਪੈਸਾ ਕਿਸ ਚੀਜ਼ ਤੇ ਖਰਚ ਕੀਤਾ ਗਿਆ ਹੈ ? ਇਸ ਦੀ ਕੀ ਲੋੜ ਸੀ ? ਇਹ ਖਰਚਾ ਕਿਉਂ ਹੋਇਆ ? ਚੇਅਰਮੈਨ ਸਾਹਿਬ, ਮੈਂ ਇੱਕ ਗੱਲ ਕਰਨੀ ਚਾਹੁੰਦਾ ਹਾਂ ਕਿ ਤਰੱਕੀ ਦੀਆਂ ਗੱਲਾਂ ਦੋ ਵੱਧ ਹੋ ਜਾਣ ਜਾਂ ਦੋ ਘੱਟ ਹੋ ਜਾਣ, ਬਿਜਲੀ ਦੀਆਂ ਗੱਲਾਂ ਦੋ ਵੱਧ ਹੋ ਜਾਣ ਜਾਂ ਦੋ ਘੱਟ ਹੋ ਜਾਣ ਪਰ ਸਾਡੇ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਜਿਨ੍ਹਾਂ ਲੋਕਾਂ ਨੇ ਫਾਂਸੀ ਦੇ ਰੱਸਿਆਂ ਨੂੰ ਚੁੰਮਿਆ ਅਤੇ ਡਾਂਗਾਂ ਖਾਧੀਆਂ, ਉਨ੍ਹਾਂ ਲੋਕਾਂ ਨੇ ਸੋਚਿਆ ਸੀ ਕਿ ਆਜ਼ਾਦ ਹੋਣ ਤੋਂ ਬਾਅਦ ਸਾਡਾ ਦੇਸ਼ ਤਰੱਕੀ ਕਰੇਗਾ, ਸਾਡਾ ਭਾਈਚਾਰਾ ਮਜ਼ਬੂਤ ਹੋਵੇਗਾ ਪਰ ਅਫਸੋਸ ਦੀ ਗੱਲ ਇਹ ਹੈ ਕਿ ਪੰਜਾਹ ਸਾਲਾਂ ਦੇ ਸਮੇਂ ਵਿੱਚ ਜਿਹੜੀ ਜਮਾਤ ਨੇ ਰਾਜ-ਭਾਗ ਕੀਤਾ, ਉਸ ਦੇ ਥੋਥੇ, ਖੋਖਲੇ ਨਾਹਰੇ ਬੇਕਾਰ ਹੋ ਗਏ, ਖੁੰਢੇ ਹੋ ਗਏ । ਕੋਈ ਅਮਲ ਨਹੀਂ ਹੋ ਸਕਿਆ । ਇੱਕ ਨਾਹਰਾ ਤਿਆਰ ਕੀਤਾ ਗਿਆ, ਐਸਾ ਨਾਹਰਾ ਤਿਆਰ ਕੀਤਾ ਗਿਆ, ਐਸੀਆਂ ਮਾੜੀਆਂ ਗੱਲਾਂ ਕੀਤੀਆਂ ਗਈਆਂ, ਐਸੀ ਪਿਰਤ ਪਾਈ ਗਈ ਕਿ ਲੋਕਾਂ ਨੂੰ ਮਾਰਿਆ ਗਿਆ, ਪਾੜਿਆ ਗਿਆ । ਬੰਬ ਧਮਾਕੇ ਕਰਕੇ ਰਾਜ ਲੈਣਾ ਬੜੀ ਹੀ ਮਾੜੀ ਸੋਚ ਹੈ । ਇਨ੍ਹਾਂ ਨੇ ਪੰਜਾਬ ਨੂੰ ਤਬਾਹ ਕੀਤਾ । ਪੰਜਾਬ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ ਹਨ । ਸਾਡੇ ਵਿੱਚੋਂ ਹੀ ਐਸੀਆਂ ਸ਼ਕਤੀਆਂ ਪੈਦਾ ਕੀਤੀਆਂ ਜਿਨ੍ਹਾਂ ਨੂੰ ਲਾਲਚ ਦਿੱਤਾ ਅਤੇ ਫਿਰ ਜਿਨ੍ਹਾਂ ਨੇ ਗਲਤ ਕੰਮ ਕੀਤੇ । ਲੋਕਾਂ ਨੂੰ ਭੈ-ਭੀਤ ਕਰ ਦਿੱਤਾ ਗਿਆ । ਧਰਮ ਅਸਥਾਨਾਂ ਤੇ ਹਥਿਆਰ ਭੇਜੇ ਗਏ । ਘੜਿਆਂ ਵਿਚੋਂ ਪਰਚੀਆਂ ਕੱਢੀਆਂ ਜਾਂਦੀਆਂ ਸਨ । ਇੱਕ ਪਾਸੇ ਸਮੇਂ ਦੀ ਸਰਕਾਰ ਦਿੱਲੀ ਵਿਚ ਬੈਠੀ ਕਹਿ ਰਹੀ ਸੀ ਕਿ ਬਾਬੇ ਤਾਂ ਸੰਤਗਿਰੀ ਦਾ ਕੰਮ ਕਰਦੇ ਹਨ ਪਰ ਦੂਜੇ ਪਾਸੇ ਫਿਰ ਚੜ੍ਹਾਈ ਕਰ ਦਿੱਤੀ ਦਰਬਾਰ ਸਾਹਿਬ 'ਤੇ ਜਿਹੜਾ ਸਾਡੇ ਧਰਮ ਦੀ ਆਲੀ ਥਾਂ ਹੈ ਅਤੇ ਜਿਥੇ ਹਰ ਬੰਦਾ ਅਰਦਾਸ ਕਰਦਾ ਹੈ । ਮੈਂ ਸਮਝਦਾ ਹਾਂ ਕਿ ਰੱਬ ਦੇ ਘਰ ਜਾ ਕੇ ਹਰ ਬੰਦਾ ਹੱਥ ਜੋੜਦਾ ਹੈ । ਇਨ੍ਹਾਂ ਨੇ 42 ਗੁਰਦੁਆਰਿਆਂ ਵਿਚ ਪੁਲਿਸ ਭੇਜੀ ਔਰ 42 ਗੁਰਦੁਆਰਿਆਂ ਦੀ ਬੇਅਦਬੀ ਕੀਤੀ । ਬੜਾ ਕੋਹ-ਕੋਹ ਕੇ

[ਸਰਦਾਰ ਬਲਦੇਵ ਸਿੰਘ ਖਿਆਲਾ]

ਪੰਜਾਬ ਦੇ ਲੋਕਾਂ ਨੂੰ ਮਾਰਿਆ । ਫ਼ੌਜ ਲਾ ਕੇ ਭੈ ਭੀਤ ਕੀਤਾ ਗਿਆ, ਸਿਰਫ ਇਕ ਗੱਲ ਦੀ ਖਾਤਰ । ਉਸ ਵਿੱਚੋਂ ਕੀ ਕੱਢਿਆ, ਕੱਢੀ ਤੇ ਕੱਢੀ ਰਾਜਸੀ ਤਾਕਤ । ਕੋਈ ਪੰਜਾਬ ਦੀ ਤਰੱਕੀ ਨਹੀਂ, ਕੋਈ ਹਿੰਦੁਸਤਾਨ 'ਚ ਤਰੱਕੀ ਨਹੀਂ । ਬੇਗੁਨਾਹ ਲੋਕਾਂ ਨੂੰ ਬੱਸਾਂ ਰੋਕ ਰੋਕ ਕੇ ਮਾਰਿਆ ਉਸ ਵਿਚੋਂ ਰੋੜਿਆਂ ਨੂੰ ਵੱਖਰਾ ਕੀਤਾ, ਦਾਹੜੀ ਵਾਲਿਆਂ ਨੂੰ ਵੱਖਰਾ ਕੀਤਾ । ਰੋੜਿਆਂ ਨੂੰ ਮਾਰ ਦਿੱਤਾ ਤੇ ਦਾਹੜੀ ਵਾਲਿਆਂ ਨੂੰ ਛੱਡ ਦਿੱਤਾ । ਇਹ ਸਾਰਾ ਭਾਣਾ ਵਰਤਾਉਣ ਤੋਂ ਬਾਅਦ ਕੱਢੀ ਤੇ ਕੱਢੀ ਇਕ ਕੁਰਸੀ । ਕੁਰਸੀ ਦੀ ਖਾਤਰ ਕਿਵੇਂ ਲੋਕਾਂ ਦਾ ਘਾਣ ਕੀਤਾ ਗਿਆ । ਕਿਵੇਂ ਲੋਕਾਂ ਨੂੰ ਮਾਰਿਆ ਗਿਆ, ਕਿਵੇਂ ਲੋਕਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ, ਕਿਵੇਂ ਬੇਗੁਨਾਹਾਂ ਦੇ ਸਿਰਾਂ ਦਾ ਮੁੱਲ ਇੱਕ-ਇੱਕ ਲੱਖ ਰੁਪਿਆ ਪਿਆ ਕਿ ਇੱਕ ਲੱਖ ਰੁਪਿਆ ਦਿਓ ਤਾਂ ਤੁਹਾਡੇ ਮੁੰਡੇ ਨੂੰ ਛੱਡ ਦਿਆਂਗੇ, ਨਹੀਂ ਤਾਂ ਉਸ ਨੂੰ ਗੱਡੀ ਚਾੜ੍ਹ ਦਿਆਂਗੇ । ਇਹ ਸਾਰਾ ਕੁਝ ਕਰਨ ਵਾਲੇ ਆਹ ਬੈਠੇ ਹਨ ਗੁਨਾਹਕਾਰ, ਜਿਨ੍ਹਾਂ ਨੇ ਰਾਜਭਾਗ ਦੀ ਖਾਤਰ ਇਹ ਸਾਰਾ ਭਾਣਾ ਵਰਤਾਇਆ . . . . . .(ਵਿਘਨ, ਸ਼ੋਰ).......

ਸ੍ਰੀ ਰਮੇਸ਼ ਚੰਦਰ ਡੋਗਰਾ : ** **

ਸਰਦਾਰ ਬਲਦੇਵ ਸਿੰਘ ਖਿਆਲਾ : ਇਸ ਤੋਂ ਵੱਡੀ ਜੁਡੀਸ਼ੀਅਲ ਇਨਕੁਆਰੀ ਕਿਹੜੀ ਹੈ ?

ਸ੍ਰੀ ਰਮੇਸ਼ ਚੰਦਰ ਡੋਗਰਾ : ** **

ਸ੍ਰੀ ਸਭਾਪਤੀ : ਡੋਗਰਾ ਸਾਹਿਬ, ਤੁਹਾਡਾ ਪੁਆਇੰਟ ਆਫ ਆਰਡਰ ਬਣਦਾ ਨਹੀਂ ਹੈ ।

ਸ੍ਰੀ ਜਗਦੀਸ਼ ਸਾਹਨੀ : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਜੋ ਪੁਆਇੰਟ ਸਾਡੇ ਮਾਨਯੋਗ ਮੈਂਬਰ ਡੋਗਰਾ ਸਾਹਿਬ ਨੇ ਉਠਾਇਆ ਹੈ, ਇਹੀ ਚੀਜ਼ ਅਸੀਂ ਪਿਛਲੇ 1992 ਤੋਂ ਲੈ ਕੇ 1996 ਤੱਕ ਰੋਂਦੇ ਰਹੇ ਹਾਂ । ਮੈਨੂੰ ਯਾਦ ਹੈ, ਮੈਂ ਇਨ੍ਹਾਂ ਦੀ ਸਰਕਾਰ ਅੱਗੇ ਕਿਹਾ ਸੀ ਕਿ ਜੁਡੀਸ਼ੀਅਲ ਇਨਕੁਆਇਰੀ ਕਰਾਈ ਜਾਵੇ । ਅੱਜ ਇਨ੍ਹਾਂ ਨੂੰ ਜੁਡੀਸ਼ੀਅਲ ਇਨਕੁਆਇਰੀ ਯਾਦ ਆਉਂਦੀ ਹੈ । ਇਨ੍ਹਾਂ ਨੂੰ ਯਾਦ ਨਹੀਂ ਕਿ ਕੀ ਕੀ ਕੰਮ ਇਨ੍ਹਾਂ ਨੇ ਕੀਤੇ ? ਹਰ ਇਕ ਦੇ ਬਾਰੇ ਪਿਛਲੀ ਵਿਧਾਨ ਸਭਾ ਵਿੱਚ ਜੋ ਇਨ੍ਹਾਂ ਦੇ ਲੀਡਰ ਸਨ, ਮੈਂ ਕਿਸੇ ਦਾ ਨਾਮ ਨਹੀਂ

** Expunged as ordered by the Chair.

ਲਵਾਂਗਾ, ਸਬੂਤ ਦਿੱਤੇ ਗਏ । ਪਿਛਲੀ ਵਿਧਾਨ ਸਭਾ ਵਿਚ ਇਨ੍ਹਾਂ ਦੀ ਰੂਲਿੰਗ ਪਾਰਟੀ ਵੇਲੇ ਅਸੀਂ ਪੁਆਇੰਟ ਉਠਾਇਆ ਸੀ, ਜੋ ਇਨ੍ਹਾਂ ਦਾ ਸਿਰਕਰਦਾ ਲੀਡਰ ਰਿਹਾ ਹੈ, ਉਸ ਬਾਰੇ ਕਿਹਾ ਸੀ, ਇਹ ਦੱਸਣ ਕਿ ਉਸ ਦੀ ਕੋਈ ਜੁਡੀਸ਼ੀਅਲ ਇਨਕੁਆਇਰੀ ਹੋਈ ? ਇਨ੍ਹਾਂ ਦੇ ਟੋਟਲ ਰਾਜ ਦੇ ਅਰਸੇ ਦੌਰਾਨ ਪਰੂਫ ਦਿੱਤੇ ਗਏ, ਅੱਤਵਾਦੀਆਂ ਦੇ ਬਿਆਨ ਆਏ ਕਿ ਪੁਲਿਸ ਨੇ ਇੰਟੈਰੋਗੇਟ ਕੀਤਾ ਹੈ । ਜਿਹੜਾ ਸੁਮੇਧ ਸੈਣੀ ਹੈ, ਜੋ ਕਿ ਹੁਣ ਡੀ. ਆਈ. ਜੀ. ਹੈ, ਉਸ ਦੇ ਖਿਲਾਫ ਜੋ ਇਨਕੁਆਇਰੀ ਸੀ, ਉਸ ਨੂੰ ਮਰਹੂਮ ਬੇਅੰਤ ਸਿੰਘ ਨੇ ਠੱਪ ਕੀਤਾ । ਇਹ ਅੱਜ ਕਿਉਂ ਜੁਡੀਸ਼ੀਅਲ ਇਨਕੁਆਇਰੀ ਦੀ ਮੰਗ ਕਰਦੇ ਹਨ ਜਦੋਂ ਕਿ ਸਭ ਕੁਛ ਇਨ੍ਹਾਂ ਨੇ ਕੀਤਾ ਹੈ, ਇਨ੍ਹਾਂ ਨੇ ਕਰਾਇਆ ਹੈ ਔਰ ਨਾਮ ਅਕਾਲੀ ਦਲ ਅਤੇ ਬੀ. ਜੇ. ਪੀ. ਸਰਕਾਰ ਦਾ ਲੈਂਦੇ ਹਨ ।

ਡਾਕਟਰ ਹਰਬੰਸ ਲਾਲ : ਚੇਅਰਮੈਨ ਸਾਹਿਬ, ਜੁਡੀਸ਼ੀਅਲ ਇਨਕੁਆਇਰੀ (ਵਿਘਨ) (ਸ਼ੋਰ).......

ਸ੍ਰੀ ਸਭਾਪਤੀ : ਡਾਕਟਰ ਸਾਹਿਬ, ਤੁਸੀਂ ਬੈਠੋ ।

ਸ੍ਰੀ ਜਗਦੀਸ਼ ਸਾਹਨੀ : ਪੁਆਇੰਟ ਆਫ ਆਰਡਰ, ਚੇਅਰਮੈਨ ਸਾਹਿਬ ।

ਸ੍ਰੀ ਸਭਾਪਤੀ : ਸਾਹਨੀ ਸਾਹਿਬ, ਤੁਸੀਂ ਇੰਟਰੱਪਟ ਨਾ ਕਰੋ ।

ਸ੍ਰੀ ਜਗਦੀਸ਼ ਸਾਹਨੀ : ਚੇਅਰਮੈਨ ਸਾਹਿਬ, ਹਰਬੰਸ ਲਾਲ ਜੀ ਕੁਛ ਬੋਲ ਰਹੇ ਹਨ । ਇਨ੍ਹਾਂ ਨੇ ਜੁਡੀਸ਼ੀਅਲ ਇਨਕੁਆਇਰੀ ਦਾ ਨਾਮ ਲਿਆ ਹੈ, ਇਸ ਲਈ ਮੈਂ ਇਹ ਨਾਮ ਲੈਣ ਲੱਗਿਆ ਹਾਂ । ਲਖਮੀਰ ਸਿੰਘ ਰੰਧਾਵਾ ਦੇ ਖਿਲਾਫ ਜਗਦੀਸ਼ ਸਾਹਨੀ, ਐਮ. ਐਲ. ਏ. ਬਟਾਲਾ ਨੇ ਉਸ ਵੇਲੇ ਸਬੂਤ ਦਿੱਤੇ ਸਨ । ਇਨ੍ਹਾਂ ਨੂੰ ਯਾਦ ਹੋਣਾ ਹੈ, ਉਸ ਵੇਲੇ ਸਪੀਕਰ ਸ੍ਰੀ ਹਰਨਾਮ ਦਾਸ ਜੌਹਰ ਸਨ । ਉਨ੍ਹਾਂ ਨੇ ਕੋਈ ਐਕਸ਼ਨ ਨਹੀਂ ਲਿਆ । ਇਹ (ਡਾਕਟਰ ਹਰਬੰਸ ਲਾਲ ਵੱਲ ਇਸ਼ਾਰਾ) ਵਿਧਾਨ ਸਭਾ ਵਿੱਚ ਪਾਰਟੀ ਦੀ ਡਿਫੈਕਸ਼ਨ ਕਰਕੇ, ਭਾਰਤੀ ਜਨਤਾ ਪਾਰਟੀ ਨੂੰ ਛੱਡ ਕੇ ਭੱਜ ਕੇ ਕਾਂਗਰਸ ਵਿੱਚ ਮਿਲ ਗਏ ਕਿ ਉਥੋਂ ਕੁਝ ਮਿਲੇਗਾ । ਇਥੇ ਕੁਝ ਦਿਨ ਮੰਤਰੀ ਪਦ ਤੇ ਰਹੇ ਤੇ ਹੁਣ ਮੇਰੇ ਵਾਂਗੂ ਇਥੇ ਬੈਠੇ ਹਨ, ਰਾਮ, ਰਾਮ ।

ਡਾਕਟਰ ਹਰਬੰਸ ਲਾਲ : ਜੇਕਰ ਲੋਕਾਂ ਨੇ ਮੇਰੇ ਫੈਸਲੇ ਨੂੰ ਪਸੰਦ ਕੀਤਾ ਹੈ ਤਾਂ ਇਸੇ ਲਈ ਉਨ੍ਹਾਂ ਨੇ ਮੈਨੂੰ ਦੁਬਾਰਾ ਚੁਣ ਕੇ ਭੇਜਿਆ ਹੈ ।

ਸਰਦਾਰ ਬਲਦੇਵ ਸਿੰਘ ਖਿਆਲਾ : ਚੇਅਰਮੈਨ ਸਾਹਿਬ, ਮੇਰੇ ਮਾਨਯੋਗ ਮੈਂਬਰ ਸਾਹਿਬਾਨ ਕਹਿੰਦੇ ਹਨ ਕਿ ਜੁਡੀਸ਼ੀਅਲ ਕਮਿਸ਼ਨ ਬਣਾਉ ਔਰ ਮੈਂ ਸਮਝਦਾ ਹਾਂ ਕਿ ਜਿਹੜੇ ਮੈਂਬਰ ਸਾਹਿਬਾਨ ਲੋਕਾਂ ਵੱਲੋਂ ਇਸ ਸਦਨ ਦੇ ਵਿਚ ਚੁਣ ਕੇ ਆਏ ਹਨ, ਇਸ ਨਾਲੋਂ ਹੋਰ ਕੋਈ ਵੱਡਾ ਕਮਿਸ਼ਨ ਨਹੀਂ ਹੋ ਸਕਦਾ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਤੁਸੀਂ ਆਪਣੀਆਂ ਗੱਲਾਂ ਇਥੇ ਲਿਆਉ, ਇਹ ਸਿੱਧ ਕਰੇਗਾ ਕਿ ਕੌਣ ਠੀਕ ਹੈ ਅਤੇ ਕੌਣ ਗਲਤ ਹੈ। ਇਸ ਹਾਊਸ ਨੇ ਹੀ ਇਮਾਨਦਾਰੀ ਨਾਲ ਫੈਸਲਾ ਕਰਨਾ ਹੈ। ਇੱਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਬੀਬੀ ਸਰਲਾ ਪ੍ਰਾਸ਼ਰ ਕਾਂਗਰਸ ਦੀ ਪ੍ਰਧਾਨ ਸੀ, ਹੈ ਸੀ ਨਾ ਉਹ ਕਾਂਗਰਸ ਦੀ ਪ੍ਰਧਾਨ ?.........

ਡਾਕਟਰ ਹਰਬੰਸ ਲਾਲ : ਚੇਅਰਮੈਨ ਸਾਹਿਬ, ਇਹ ਬਜਟ ਤੇ ਬਿਲਕੁਲ ਵੀ ਨਹੀਂ ਬੋਲ ਰਹੇ। ਇਨ੍ਹਾਂ ਨੂੰ ਡਿਵੈਲਪਮੈਂਟ ਦੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ, ਪਰ ਇਹ ਗੱਲਾਂ ਹੋਰ ਹੀ ਪਾਸੇ ਲਈ ਜਾ ਰਹੇ ਹਨ।

ਸ਼੍ਰੀ ਸਭਾਪਤੀ : ਹਰਬੰਸ ਲਾਲ ਜੀ, ਤੁਸੀਂ ਆਪਣੇ ਵਕਤ ਤੇ ਬੋਲ ਲੈਣਾ। ਇਸ ਕਰਕੇ ਤੁਸੀਂ ਬੈਠ ਜਾਓ।

ਸਰਦਾਰ ਬਲਦੇਵ ਸਿੰਘ ਖਿਆਲਾ : ਭੈਣ ਸਰਲਾ ਪ੍ਰਾਸ਼ਰ ਕਾਂਗਰਸ ਦੀ ਪ੍ਰਧਾਨ ਸੀ। ਉਸ ਨੇ ਬਿਆਨ ਦਿੱਤਾ ਸੀ ਕਿ ਸੰਤ ਲੌਂਗੋਵਾਲ ਦੇ ਕਹਿਣ ਉਤੇ ਮੋਟਰ ਸਾਈਕਲਾਂ ਵਾਲੇ ਥਾਣੇ ਵਿਚੋਂ ਆਉਂਦੇ ਹਨ ਅਤੇ ਥਾਣੇ ਵਿਚ ਚਲੇ ਜਾਂਦੇ ਹਨ। ਇਹ ਮੈਂ ਨਹੀਂ ਕਹਿੰਦਾ ਇਹ ਸਰਲਾ ਪ੍ਰਾਸ਼ਰ ਕਹਿੰਦੀ ਸੀ। ਇਹ ਉਸ ਦਾ ਬਿਆਨ ਸੀ, ਹੋਰ ਕਿਸੇ ਦਾ ਨਹੀਂ ਸੀ ਜਾਂ ਮੇਰਾ ਨਹੀਂ ਸੀ। ਪਰ ਅਫ਼ਸੋਸ ਹੈ ਕਿ 6ਵੇਂ ਦਿਨ ਖਰੜ ਲਾਗੇ ਬੀਬੀ ਸਰਲਾ ਪ੍ਰਾਸ਼ਰ ਦੀ ਲਾਸ਼ ਮਿਲੀ। ਚੇਅਰਮੈਨ ਸਾਹਿਬ, ਬਿਆਨ ਦੇਣ ਤੋਂ ਛੇਵੇਂ ਦਿਨ ਹੀ ਉਸਦੀ ਲਾਸ਼ ਮਿਲੀ। (ਟਰੇਜ਼ਰੀ ਬੈਂਚਾਂ ਵੱਲੋਂ ਸ਼ੇਮ, ਸ਼ੇਮ ਦੀ ਆਵਾਜ਼) ਏਥੇ ਹੀ ਬਸ ਨਹੀਂ, ਹੁਣ ਦੇਖ ਲਵੋ ਮਨਿੰਦਰਜੀਤ ਸਿੰਘ ਬਿੱਟਾ, ਆਲ ਇੰਡੀਆ ਕਾਂਗਰਸ ਦੇ ਪ੍ਰਧਾਨ, ਨੌਜਵਾਨ ਜਿਊਂਦੇ ਸ਼ਹੀਦ। ਕੀਤਾ ਕਿਨ੍ਹਾਂ ਨੇ ? ਇਨ੍ਹਾਂ ਨੇ। ਉਨ੍ਹਾਂ ਨੂੰ ਫਹੁੜੀਆਂ ਕਿਸ ਨੇ ਦਿਵਾਈਆਂ (ਆਪੋਜ਼ੀਸ਼ਨ ਵੱਲ ਇਸ਼ਾਰਾ)। ਜਸਟਿਸ ਤਾਰਕੁੰਡੇ ਦੀ ਅਤੇ ਜਸਟਿਸ ਕੁਠਾਰੀ ਦੀ ਜੋ ਕਿਤਾਬ ਲਿਖੀ ਹੋਈ ਹੈ, ਉਸ ਦੇ ਵਿੱਚ ਪੜ੍ਹ ਕੇ ਦੇਖ ਲਵੋ। ਉਸ ਨੂੰ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਦੋਸ਼ੀ ਕੌਣ ਹਨ। ਇਸੇ ਤਰ੍ਹਾਂ

ਮਾਰਕ ਟੈਲੀ ਦੀ ਕਿਤਾਬ ਦੇਖ ਲਵੋ । ਉਸ ਵਿੱਚ ਇਨ੍ਹਾਂ ਨੂੰ ਦੋਸ਼ੀ ਕਿਹਾ ਗਿਆ ਹੈ । ਇਹ ਗੱਲਾਂ ਕਰਦੇ ਹਨ ਕਿ ਬੰਬ ਧਮਾਕਾ ਹੋ ਗਿਆ ਹੈ, ਪੰਜਾਬ ਦੇ ਹਾਲਾਤ ਬੜੇ ਮਾੜੇ ਹੋ ਗਏ ਹਨ, ਸਾਰੇ ਪਾਸੇ ਅਰਾਜਕਤਾ ਫੈਲ ਗਈ ਹੈ ਅਤੇ ਮੁੜ ਪੰਜਾਬ ਵਿਚ ਅੱਤਵਾਦ ਆ ਜਾਵੇਗਾ । ਚੇਅਰਮੈਨ ਸਾਹਿਬ, ਪੰਜਾਬ ਦੇ ਵਿੱਚ ਮੁੜ ਕੇ ਅੱਤਵਾਦ ਨਹੀਂ ਆਵੇਗਾ ਕਿਉਂਕਿ ਪੰਜਾਬ ਦੇ ਲੋਕ ਅੱਜ ਜਾਣ ਗਏ ਹਨ ਅਤੇ ਉਹ ਇਨ੍ਹਾਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਦੇ ਝਾਂਸੇ ਵਿੱਚ ਨਹੀਂ ਆਉਂਦੇ । ਇਹ ਮੋਮੋ ਠੱਗਣੀ ਅਤੇ ਸਿਆਪੇ ਦੀ ਨੈਣ ਹੈ...

ਸਰਦਾਰ ਗੁਰਚਰਨ ਸਿੰਘ ਦਿੜ੍ਹਬਾ : ਸਪੀਕਰ ਸਾਹਿਬ, ਇਹ ਬਜਟ ਤੇ ਨਹੀਂ ਬੋਲ ਰਹੇ । ਇਨ੍ਹਾਂ ਨੇ ਜੋ ਸ਼ਬਦ 'ਮੋਮੋ ਠੱਗਣੀ' ਅਤੇ 'ਸਿਆਪੇ ਦੀ ਨੈਣ' ਵਰਤੇ ਹਨ, ਇਹ ਐਕਸਪੰਜ ਹੋਣੇ ਚਾਹੀਦੇ ਹਨ ।

ਸ੍ਰੀ ਸਭਾਪਤੀ : ਇਹ ਸ਼ਬਦ ਕੋਈ ਭੈੜੇ ਵਿਸ਼ੇਸ਼ਣ ਨਹੀਂ ਹਨ ।

ਸ੍ਰੀ ਜਗਦੀਸ਼ ਸਾਹਨੀ : ਚੇਅਰਮੈਨ ਸਾਹਿਬ, ਕਲ੍ਹ ਮੈਂਬਰ ਸਾਹਿਬਾ ਨੇ ਇਸ ਨੂੰ ਮੁਹਾਵਰਾ ਦੱਸਿਆ ਸੀ ਤੇ ਅੱਜ ਇਹ ਕਹਿੰਦੇ ਹਨ ਕਿ ਇਹ ਅਨਪਾਰਲੀਆਮੈਂਟਰੀ ਵਰਡ ਹੈ ।

ਸ੍ਰੀ ਸਭਾਪਤੀ : ਭੱਠਲ ਜੀ ਨੇ ਇਸ ਨੂੰ ਮੁਹਾਵਰਾ ਦੱਸਿਆ ਹੈ । ਇਸ ਲਈ 'ਮੋਮੋਠੱਗਣੀ' ਸ਼ਬਦ ਅਨਪਾਰਲੀਆਮੈਂਟਰੀ ਨਹੀਂ ਹੈ ।

ਸਰਦਾਰ ਬਲਦੇਵ ਸਿੰਘ ਖਿਆਲਾ : ਜਿਹੜਾ ਪਿੱਛੇ ਪਠਾਨਕੋਟ ਵਿੱਚ ਬੰਬ ਧਮਾਕਾ ਹੋਇਆ, ਇਹ ਬੜਾ ਮਾੜਾ ਹੋਇਆ । ਇਸ ਵਿੱਚ ਅਜਾਈਂ ਜਾਨਾਂ ਗਈਆਂ । ਇਹ ਬੜੀ ਮਾੜੀ ਗੱਲ ਹੋਈ ਹੈ । ਛੇ ਬੰਦੇ ਮਾਰੇ ਗਏ ਅਤੇ ਬਾਕੀ ਫੱਟੜ ਹੋ ਗਏ । ਮੈ ਪੁੱਛਣਾ ਚਾਹੁੰਦਾ ਹਾਂ, ਚੇਅਰਮੈਨ ਸਾਹਿਬ, ਕਿ ਜਦੋਂ ਸੂਬੇ ਦਾ ਮੁੱਖ ਮੰਤਰੀ ਬੰਬ ਧਮਾਕੇ ਵਿੱਚ ਮਾਰਿਆ ਜਾਵੇ ਅਤੇ ਉਹ ਵੀ ਉਸ ਜਗ੍ਹਾ ਤੇ ਜਿਥੇ ਇੱਕ ਕੀੜੀ ਤੱਕ ਨਹੀਂ ਫਟਕਦੀ, ਕੀ ਉਦੋਂ ਲਾਅ ਐਂਡ ਆਰਡਰ ਖਤਰੇ ਵਿੱਚ ਨਹੀਂ ਸੀ ਪਿਆ ? ਉਦੋਂ ਤੁਸੀਂ ਇਥੇ ਆਉਣਾ ਨਹੀਂ ਛੱਡਿਆ ? ਡਾਰਾਂ ਦੀਆਂ ਡਾਰਾਂ ਵਜ਼ੀਰਾਂ ਦੀਆਂ ਟੋਲੀਆਂ ਫਿਰ ਵੀ ਇਥੇ ਆ ਕੇ ਲੋਕਾਂ ਨੂੰ ਲੁੱਟਦੇ ਰਹੇ, ਦੋਵੀਂ ਹੱਥੀ ਲੁੱਟਦੇ ਰਹੇ । ਅਲੀ ਬਾਬਾ ਚਾਲੀ ਚੋਰਾਂ ਬਾਰੇ ਲੋਕਾਂ ਨੂੰ ਪਤਾ ਹੀ ਹੈ । ਜਦੋਂ ਸਾਬਕਾ ਪ੍ਰਧਾਨ ਮੰਤਰੀ ਬੰਬ ਧਮਾਕੇ ਵਿੱਚ ਮਾਰਿਆ ਗਿਆ, ਉਦੋਂ ਦੇਸ਼ ਲਈ ਕੋਈ ਖਤਰਾ ਨਹੀਂ ਹੋਇਆ । ਉਸ ਦੀਆਂ ਲੱਤਾਂ ਬਾਹਾਂ ਵੀ ਨਹੀਂ ਲੱਭੀਆਂ । ਹੁਣ ਖ਼ਤਰਾ ਕਿਉਂ

[ਸਰਦਾਰ ਬਲਦੇਵ ਸਿੰਘ ਖਿਆਲਾ]

ਹੈ, ਕਿਉਂਕਿ ਰਾਜ ਭਾਗ ਇਨ੍ਹਾਂ ਦੇ ਹੱਥ ਵਿੱਚ ਨਹੀਂ ਹੈ । ਮੌਕਾ ਲੱਭਦੇ ਫਿਰਦੇ ਨੇ ਕਿ ਬੰਬ ਧਮਾਕੇ ਕਰਾਈਏ ਪਰ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੋ ਪਿੱਛੇ ਭਾਣਾ ਵਰਤਿਆ, ਉਹ ਇਨ੍ਹਾਂ ਦੀਆਂ ਗੱਲਾਂ ਤੋਂ ਸਾਫ ਹੋ ਗਿਆ ਕਿ ਇਹ ਹਿੰਦੂ ਸਿੱਖਾਂ ਨੂੰ ਵੰਡਣਾ ਚਾਹੁੰਦੇ ਹਨ । ਅਸੀਂ ਇਹ ਪੰਜਾਬ ਵੰਡਣ ਨਹੀਂ ਦੇਵਾਂਗੇ । (ਥੰਪਿੰਗ) ਹੁਣ ਤੁਹਾਡੇ ਮਨਸੂਬੇ ਦੁਬਾਰਾ ਨਹੀ ਚੱਲਣ ਦੇਵਾਂਗੇ । ਪੰਜਾਬ ਦੇ ਲੋਕ ਇਹ ਸਭ ਸਮਝ ਗਏ ਹਨ ।

ਇਹ ਸਤਿਕਾਰਯੋਗ ਸੰਧੂ ਸਾਹਿਬ ਦੀ ਗੱਲ ਕਰਦੇ ਹਨ । ਬੰਦਾ ਕੋਈ ਵੀ ਮਰ ਜਾਏ ਜਾਂ ਖੁਦਕਸ਼ੀ ਕਰ ਲਵੇ ਜਾਂ ਐਕਸੀਡੈਂਟ ਹੋ ਜਾਵੇ, ਸਭ ਮਾੜਾ ਹੀ ਮਾੜਾ ਹੈ । ਖੁਦਕਸ਼ੀ ਕਿਸੇ ਗਰੀਬ ਦੀ ਹੋਵੇ ਜਾਂ ਅਮੀਰ ਦੀ ਹੋਵੇ, ਇੱਕ ਬਰਾਬਰ ਹੀ ਹੁੰਦੀ ਹੈ । ਖੁਦਕਸ਼ੀ ਦੇ ਦੋ ਢੰਗ ਤਰੀਕੇ ਨਹੀਂ ਹੋ ਸਕਦੇ । ਹਿੰਦੁਸਤਾਨ ਦੇ ਵਿਧਾਨ ਵਿੱਚ ਲਿਖਿਆ ਹੈ ਕਿ ਜੇਕਰ ਕੋਈ ਬੰਦਾ ਖੁਦਕਸ਼ੀ ਕਰਦਾ ਹੈ ਤਾਂ ਉਸ ਦੇ ਖਿਲਾਫ਼ ਪਰਚਾ ਦਰਜ ਕੀਤਾ ਜਾਵੇ । ਆਤਮ ਹੱਤਿਆ ਇੱਕ ਜੁਰਮ ਹੈ । ਮੇਰੇ ਹਲਕੇ ਵਿੱਚ ਇੱਕ ਪਛੜੇ ਵਰਗ ਦੀ ਬੀਬੀ ਖੂਹ ਵਿੱਚ ਛਾਲ ਮਾਰ ਕੇ ਮਰ ਗਈ । ਉਸ ਦੇ ਖਿਲਾਫ ਪਰਚਾ ਦਾਖਲ ਹੋਇਆ । ਪਤਾ ਨਹੀਂ ਉਸ ਦੀ ਮੌਤ ਦਾ ਕੀ ਕਾਰਨ ਸੀ, ਉਹ ਹਾਲੇ ਤੱਕ ਲੱਭ ਰਹੇ ਹਨ । ਪੁਲਿਸ ਇੱਕ ਡਿਸਿਪਲਨਰੀ ਫੋਰਸ ਹੈ । ਇਸ ਨੂੰ ਹੁਕਮ ਦੇਣ ਵਾਲਾ ਗਿਲਟੀ ਹੈ, ਹੁਕਮ ਮੰਨਣ ਵਾਲਾ ਨਹੀਂ । ਜਿਸ ਨੇ ਗਲਤ ਹੁਕਮ ਦਿੱਤੇ, ਗਲਤ ਕੰਮ ਕਰਵਾਏ, ਉਨ੍ਹਾਂ ਨੂੰ ਸਜ਼ਾ ਹੋਣੀ ਚਾਹੀਦੀ ਹੈ । ਗਲਤ ਕੰਮ ਕਰਵਾਏ ਗਏ ਅਤੇ ਫਿਰ ਮੁੱਕਦਮੇ ਕਰਨ ਦੀਆਂ ਮਨਜ਼ੂਰੀਆਂ ਦਿੱਤੀਆਂ ਗਈਆਂ । ਹੁਣ ਇਹ ਉਸ ਦੀ ਮੌਤ ਦਾ ਕਾਰਨ ਪੁੱਛਦੇ ਹਨ । ਫਿਰ ਕਹਿੰਦੇ ਹਨ ਕਿ ਜੁਡੀਸ਼ੀਅਲ ਕਮਿਸ਼ਨ ਬਿਠਾਓ । ਮੌਤ ਦਾ ਕਾਰਣ ਤੁਸੀਂ ਹੋ ਅਤੇ ਸਾਬਕਾ ਡੀ.ਜੀ.ਪੀ. ਹੈ । ਹੋਰ ਜੁਡੀਸ਼ੀਅਲ ਕਮਿਸ਼ਨ ਕਿਹੜਾ ਆਵੇਗਾ । ਉਸ ਦੇ ਖਿਲਾਫ਼ ਮੁੱਕਦਮੇ ਕਰਨ ਦੀਆਂ ਮਨਜ਼ੂਰੀਆਂ ਤਾਂ ਤੁਸੀਂ ਹੀ ਦਿੱਤੀਆਂ ਸਨ । ਖੁਦਕਸ਼ੀ ਕਰਨ ਲਈ ਤੁਸੀਂ ਹੀ ਉਸ ਨੂੰ ਮਜਬੂਰ ਕੀਤਾ ਹੈ ਅਤੇ ਫਿਰ ਦੋਸ਼ੀ ਦੱਸਦੇ ਹਨ ਅਕਾਲੀ ਅਤੇ ਬੀ.ਜੇ.ਪੀ. ਪਾਰਟੀ ਨੂੰ । "ਬਾਂਦਰੀ ਰਿੱਛ ਦਾ ਮੂੰਹ ਲਬੇੜਦੀ ਹੈ," ਅਸੀ ਤਾਂ ਕੁਝ ਵੀ ਨਹੀਂ ਕੀਤਾ ਸਾਡਾ ਕੋਈ ਲੈਣਾ ਦੇਣਾ ਨਹੀਂ ਹੈ । ਮੈਂ ਅੱਗੇ ਹੋਰ ਕਹਿਣਾ ਚਾਹੁੰਦਾ ਹਾਂ ਕਿ ਇੱਕ ਕੇਸ ਹੋਰ ਹੋਇਆ ਪੁਲਿਸ ਦੇ ਨੌਜਵਾਨ ਡੀ.ਐਸ.ਪੀ. ਸੁਖਦੇਵ ਸਿੰਘ ਚਾਹਲ ਦਾ । ਇੱਕ ਬਸ਼ੀਰ ਨਾਂ ਦਾ ਖਾੜਕੂ ਪੱਛਮੀ ਬੰਗਾਲ ਵਿੱਚ ਚਲਿਆ ਗਿਆ ਸੀ ਜਿਸ ਨੂੰ ਸੁਖਦੇਵ ਸਿੰਘ ਡੀ.ਐਸ.ਪੀ.- ਫੜ ਲਿਆਇਆ ਸੀ ।

ਉਹ ਪੱਛਮੀ ਬੰਗਾਲ ਰਹਿਣ ਲਈ ਗਿਆ ਹੋਇਆ ਸੀ । ਡੀ·ਜੀ·ਪੀ· ਨੇ ਹੁਕਮ ਕੀਤਾ ਕਿ ਉਸ ਨੂੰ ਫੜ ਲਿਆਓ । ਇਥੇ ਆ ਕੇ ਮੁਕਾਬਲਾ ਕਰਵਾ ਦਿੱਤਾ ਅਤੇ ਮੁਕਾਬਲੇ ਵਿੱਚ ਉਸ ਨੂੰ ਮਾਰ ਦਿੱਤਾ । ਪੱਛਮੀ ਬੰਗਾਲ ਨੇ ਇਸ ਐਕਸ਼ਨ ਦੇ ਖਿਲਾਫ ਕੇਸ ਦਰਜ ਕਰ ਲਿਆ ਅਤੇ ਹੁਣ ਇਸ ਵਿਚ 7 ਬੰਦੇ ਫਸੇ ਹੋਏ ਹਨ । ਪੱਛਮੀ ਬੰਗਾਲ ਸਰਕਾਰ ਨੂੰ ਤੁਸੀਂ ਕਹੋ ਕਿ ਉਹ ਕੇਸ ਵਾਪਸ ਲੈ ਲੈਣ, ਕਿਧਰੇ ਉਹ ਵੀ ਖੁਦਕਸ਼ੀ ਨਾ ਕਰ ਲੈਣ । ਸਾਡੀ ਸਰਕਾਰ ਨੇ ਕੇਸ ਦਰੇਜ ਨਹੀਂ ਕੀਤਾ ਅਤੇ ਨਾ ਹੀ ਅਸੀਂ ਇਜਾਜ਼ਤ ਦਿੱਤੀ ਹੈ ਇਹ ਤੁਹਾਡੇ ਟਾਈਮ ਦਾ ਕੇਸ ਹੈ । ਤੁਸੀਂ ਆਪਣੇ ਵੱਲ ਝਾਤੀ ਮਾਰੋ । ਤੁਸੀਂ ਕਿਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹੋ । ਜੋ ਕੁਝ ਪਿਛੇ ਭਾਣਾ ਵਰਤਿਆ ਹੈ, ਉਹ ਗੱਲਾਂ ਮੁੜ ਨਾ ਕਰੋ । ਤੁਸੀਂ ਪੱਛਮੀ ਬੰਗਾਲ ਸਰਕਾਰ ਨੂੰ ਕਹੋ ਕਿ ਉਹ ਕੇਸ ਵਾਪਸ ਲੈ ਲੈਣ, ਤੁਸੀਂ ਐਵੇਂ ਮਗਰਮੱਛ ਦੇ ਆਸੂੰ ਕੱਢ ਰਹੇ ਹੋ ।

ਕਾਮਰੇਡ ਅਜੈਬ ਸਿੰਘ ਰੌਂਤਾ : ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਖਿਆਲਾ ਸਾਹਿਬ ਸਾਡੇ ਬਹੁਤ ਹੀ ਪੁਰਾਣੇ ਮੈਂਬਰ ਅਤੇ ਪਾਰਲੀਮੈਂਟੇਰੀਅਨ ਹਨ । ਇਨ੍ਹਾਂ ਨੂੰ ਇਤਨਾ ਗੁੱਸਾ ਅਤੇ ਤੌਖਲਾ ਨਹੀਂ ਕਰਨਾ ਚਾਹੀਦਾ ਅਤੇ ਇਹੋ ਜਿਹੀਆਂ ਗੱਲਾਂ ਇਨ੍ਹਾਂ ਨੂੰ ਸੋਭਦੀਆਂ ਨਹੀਂ । ਅਗਰ ਇਨ੍ਹਾਂ ਨੂੰ ** ** ਹੋ ਗਿਆ ਹੈ ਤਾਂ ਇਨ੍ਹਾਂ ਨੂੰ ਗੋਲੀ ਲੈ ਲੈਣੀ ਚਾਹੀਦੀ ਹੈ । ਮੈਨੂੰ ਪਤਾ ਹੈ ਤੁਹਾਡੀ ਪਾਰਟੀ ਦਾ ਰਾਜ ਹੈ ਜਿਸ ਕਰਕੇ ਤੁਸੀਂ ਇਤਨਾ ਬੋਲ ਰਹੇ ਹੋ । ਤੁਸੀਂ ਵੈਸਟ ਬੰਗਾਲ ਸਰਕਾਰ ਨੂੰ ਆਪਣੀ ਸਰਕਾਰ ਦੀ ਤਰਫੋਂ ਰਿਕੁਮੈਂਡ ਕਰਕੇ ਕੇਸ ਭੇਜੋ ਕਿ ਇਹ ਕੇਸ ਵਾਪਸ ਲਿਆ ਜਾਵੇ । ਤੁਸੀਂ ਆਪਣੇ ਆਪ ਤੇ ਕੰਟਰੋਲ ਕਰੋ । (ਵਿਘਨ) ਸਾਨੂੰ ਲੋਕਾਂ ਨੇ ਚੁਣ ਕੇ ਭੇਜਿਆ ਤੁਹਾਡੇ ਕਹੇ ਤੇ ਅਸੀਂ ਬਾਹਰ ਨਹੀਂ ਜਾਂਦੇ ।

ਸਰਦਾਰ ਬਲਦੇਵ ਸਿੰਘ ਖਿਆਲਾ : ਚੇਅਰਮੈਨ ਸਾਹਿਬ, ਇਨ੍ਹਾਂ ਦੀ ਪਾਰਟੀ ਨੇ ਕਲ੍ਹ ਇਥੇ ਹਾਊਸ ਦੇ ਵਿਚੋਂ ਵਾਕ ਆਊਟ ਕਾਂਗਰਸੀਆਂ ਦੇ ਨਾਲ ਕੀਤਾ ਸੀ । ਜੇ ਨਹੀਂ ਤਾਂ ਫੇਰ ਇਨ੍ਹਾਂ ਨੇ ਕਿਸ ਗੱਲ ਤੇ ਵਾਕ ਆਊਟ ਕੀਤਾ ਸੀ ।

ਸੰਸਦੀ ਮਾਮਲਿਆਂ ਦੇ ਮੰਤਰੀ : ਚੇਅਰਮੈਨ ਸਾਹਿਬ, ਤੁਸੀਂ ਹਾਊਸ ਨੂੰ ਕੰਟਰੋਲ ਕਰੋ । ਰੌਂਤਾ ਸਾਹਿਬ ਐਵੇਂ ਆਪਣੇ ਤੋਂ ਬਾਹਰ ਹੋ ਗਏ ਹਨ । ਮੈਂ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਇਹ ਬਜਟ ਤੇ ਬਹਿਸ ਹੋ ਰਹੀ ਸੀ ਔਰ ਖਿਆਲਾ ਸਾਹਿਬ ਨੇ ਬਹਿਸ ਸ਼ੁਰੂ ਕਰਨ ਤੋਂ ਪਹਿਲਾਂ ਇਕ ਗੱਲ ਸਪੱਸ਼ਟ ਕਰ ਦਿੱਤੀ ਸੀ ਕਿ 8000 ਕਰੋੜ ਰੁਪਿਆ ਕਰਜ਼ਾ ਜਿਹੜਾ ਪੰਜਾਬ ਸਰਕਾਰ ਉੱਤੇ ਬੋਝ

[ਸੰਸਦੀ ਮਾਮਲਿਆਂ ਦੇ ਮੰਤਰੀ]

ਪਿਆ ਹੋਇਆ ਹੈ ਔਰ ਜਿਹੜਾ ਸਾਨੂੰ ਸੈਂਟਰਲ ਗੌਰਮਿੰਟ ਨੂੰ ਦੇਣਾ ਪੈਣਾ ਹੈ, ਇਹ ਕਰਜ਼ਾ ਅਨਜਸਟੀਫਾਈਡ ਹੈ ਔਰ ਕਿਸ ਤਰ੍ਹਾਂ ਅਨਜਸਟੀਫਾਈਡ ਹੈ, ਉਸ ਬਾਰੇ ਇਹ ਦਲੀਲਾਂ ਦੇ ਰਹੇ ਸਨ। ਰੌਂਤਾ ਸਾਹਿਬ, ਪੰਜਾਬ ਦੇ ਵਿਚ ਅੱਤਵਾਦ ਦੇ ਖਿਲਾਫ ਲੜਾਈ ਕੇਵਲ ਸਿੱਖਾਂ ਨੇ ਹੀ ਨਹੀਂ ਲੜੀ ਬਲਕਿ ਅਸੀਂ ਸਾਰਿਆਂ ਨੇ ਲੜੀ ਹੈ ਅਤੇ ਡੱਟ ਕੇ ਸਾਰਿਆਂ ਨੇ ਮੁਕਾਬਲਾ ਕੀਤਾ ਸੀ। ਅੱਤਵਾਦ ਦੇ ਖਿਲਾਫ ਕਿਸੇ ਇਕ ਪਾਰਟੀ ਨੇ ਲੜਾਈ ਨਹੀਂ ਲੜੀ ਹੈ। ਜੇਕਰ ਕੋਈ ਕਹਿੰਦਾ ਹੈ ਤਾਂ ਉਹ ਬੜੀ ਗਲਤਫਹਿਮੀ ਦੇ ਵਿਚ ਹੈ। ਗੋਲੀਆਂ ਅਸੀਂ ਖਾਈਆਂ ਹਨ ਅਤੇ ਤੁਸੀਂ ਵੀ ਗੋਲੀਆਂ ਦਾ ਮੁਕਾਬਲਾ ਕਰਦੇ ਰਹੇ ਹੋ। ਇਸ ਅੱਤਵਾਦ ਦੇ ਖਿਲਾਫ ਅਸੀਂ ਸਾਰਿਆਂ ਨੇ ਇਕੱਠੇ ਹੋ ਕੇ ਲੜਾਈ ਲੜੀ ਸੀ, ਕਿਸੇ ਇਕ ਨੇ ਲੜਾਈ ਨਹੀਂ ਲੜੀ ਸੀ। ਗੋਲੀਆਂ ਦੇ ਜ਼ਖਮ ਅਸੀਂ ਵੀ ਖਾਧੇ ਹਨ ਅਤੇ ਉਹ ਜ਼ਖਮ ਹਾਲੇ ਵੀ ਸਾਡੇ ਤਾਜ਼ਾ ਹਨ। ਖਿਆਲਾ ਸਾਹਿਬ ਨੇ ਵੈਸਟ ਬੰਗਾਲ ਸਰਕਾਰ ਦੀ ਗੱਲ ਕਰ ਦਿੱਤੀ, ਵੈਸਟ ਬੰਗਾਲ ਸਰਕਾਰ ਦਾ ਜ਼ਿਕਰ ਇਸ ਕਰਕੇ ਆ ਗਿਆ ਕਿਉਂਕਿ ਕੇਸ ਉਥੇ ਦਰਜ ਹੋਇਆ ਸੀ ਔਰ ਕੇਸ ਉਥੇ ਚਲ ਰਿਹਾ ਹੈ। ਅਸੀਂ ਕੋਈ ਕੇਸ ਨਹੀਂ ਕੀਤਾ ਅਤੇ ਨਾ ਹੀ ਅਸੀਂ ਕੇਸ ਚਲਾ ਰਹੇ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਤੁਹਾਡੀ ਬੰਗਾਲ ਦੀ ਸਰਕਾਰ ਕੁਝ ਨਹੀਂ ਕਰ ਰਹੀ। ਖਿਆਲਾ ਸਾਹਿਬ ਨੇ ਕੇਸ ਦਾ ਜ਼ਿਕਰ ਕਰਦੇ ਹੋਏ ਕੇਵਲ ਦਲੀਲ ਹੀ ਦਿੱਤੀ ਹੈ ਪਰ ਰੌਂਤਾ ਸਾਹਿਬ ਨੇ ਕਹਿ ਦਿੱਤਾ ਕਿ ਅਗਰ ਤੁਹਾਡਾ ** ** ਵਧ ਗਿਆ ਹੈ ਤਾਂ ਗੋਲੀ ਲੈ ਲੈਣੀ ਚਾਹੀਦੀ ਹੈ ਅਤੇ ਇਹ ਗੁੱਸੇ ਵਿਚ ਗੱਲ ਕਰ ਰਹੇ ਹਨ। ਇਨ੍ਹਾਂ ਨੂੰ ਦੂਜੇ ਮੈਂਬਰ ਦੀ ਗੱਲ ਸੁਣਨੀ ਚਾਹੀਦੀ ਹੈ। ਜਿਹੜੀ ਇਨ੍ਹਾਂ ਨੇ ** ** ਦੀ ਗੋਲੀ ਲੈਣ ਵਾਲੀ ਗੱਲ ਕੀਤੀ ਹੈ, ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਨੂੰ ਹਾਊਸ ਦੀ ਕਾਰਵਾਈ ਦੇ ਵਿਚੋਂ ਕੱਢ ਦਿੱਤਾ ਜਾਣਾ ਚਾਹੀਦਾ ਹੈ। ਇਸ ਨੂੰ ਪ੍ਰੋਸੀਡਿੰਗ ਦਾ ਹਿੱਸਾ ਨਹੀਂ ਬਣਨ ਦੇਣਾ ਚਾਹੀਦਾ।

ਸ੍ਰੀ ਸਭਾਪਤੀ : ਇਸ ਸ਼ਬਦ ਨੂੰ ਪ੍ਰੋਸੀਡਿੰਗ ਦੇ ਵਿਚੋਂ ਕੱਢ ਦਿੱਤਾ ਜਾਵੇ।

ਸਰਦਾਰ ਬਲਦੇਵ ਸਿੰਘ ਖਿਆਲਾ : ਚੇਅਰਮੈਨ ਸਾਹਿਬ, ਇਕ ਗੱਲ ਮੈਂ ਮਾਨਯੋਗ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਮੇਰੀਆਂ ਸਾਰੀਆਂ ਸਪੀਚਾਂ ਕੱਢ ਲਓ, ਮੈਂ ਅੱਜ ਤੱਕ ਹਮੇਸ਼ਾ ਅੱਤਵਾਦ ਦੇ ਖਿਲਾਫ ਬੋਲਦਾ ਰਿਹਾ ਹਾਂ। ਮੇਰੇ ਆਪਣੇ ਤੇ ਗੋਲੀ ਚੱਲੀ ਪਰ ਮੈਂ ਆਪਣੀ ਕਿਸਮਤ ਨਾਲ, ਕਰਮਾਂ

** Expunged as ordered by the Chair.

ਨਾਲ ਬਚ ਗਿਆ । ਮਾਨੂੰ ਵੀ ਮਾਰਨ ਦੀ ਕੋਸ਼ਿਸ਼ ਕੀਤੀ ਗਈ । ਸਾਡੇ ਸ਼੍ਰੋਮਣੀ ਅਕਾਲੀ ਦਲ ਦੇ 27 ਉਮੀਦਵਾਰ ਮਾਰੇ ਗਏ ਜੋ ਕੌਮ ਦੇ ਹੀਰੇ ਸਨ । ਮੈਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੀ ਗੱਲ ਕਰਦਾ ਹਾਂ । ਤੁਸੀਂ (ਕਾਮਰੇਡ ਅਜੈਬ ਸਿੰਘ ਰੌਂਤਾ ਵੱਲ ਇਸ਼ਾਰਾ) ਸਾਹਮਣੇ ਬੈਠੇ ਕਾਂਗਰਸੀਆਂ ਦਾ ਸਾਥ ਦੇਂਦੇ ਰਹੇ । ਤੁਸੀਂ ਅੱਜ ਵੀ ਚਾਹੁੰਦੇ ਹੋ ਕਿ ਉਨ੍ਹਾਂ ਦਾ ਰਾਜ ਹੋਵੇ । ਤੁਸੀਂ ਅੱਜ ਵੀ ਉਨ੍ਹਾਂ ਦੇ ਨਾਲ ਰਲ ਕੇ ਇਲੈਕਸ਼ਨ ਲੜੀ ਹੈ । ਤੁਸੀਂ (ਆਪੋਜੀਸ਼ਨ ਵੱਲ ਇਸ਼ਾਰਾ) ਮਾੜੇ ਹਾਲਾਤ ਪੈਦਾ ਕੀਤੇ । ਤੁਸੀਂ ਦੱਸੋ, ਇਕ ਬੰਦਾ ਨੌਕਰੀ ਕਰਦਾ ਹੈ ਅਤੇ ਉਸ ਦੇ ਸਾਰੇ ਪਰਿਵਾਰ ਨੂੰ ਮਾਰ ਦੇਣਾ ਕੋਈ ਚੰਗੀ ਗੱਲ ਹੈ ? ਪਿਛੇ ਸਾਰਾ ਨੁਕਸਾਨ ਕਾਂਗਰਸ ਪਾਰਟੀ ਨੇ ਕਰਾਇਆ । ਜਦੋਂ ਅਕਾਲੀ ਦਲ ਨੇ ਚੋਣ ਲੜੀ ਤਾਂ ਕਾਂਗਰਸ ਪਾਰਟੀ ਨੇ ਬਾਈਕਾਟ ਕੀਤਾ । ਉਸ ਵੇਲੇ ਸਾਡੇ 27 ਉਮੀਦਵਾਰ ਐਮ.ਪੀ./ਐਮ.ਐਲ.ਏ. ਮਾਰੇ ਗਏ ਪਰ ਜਦੋਂ ਅਕਾਲੀ ਦਲ ਨੇ ਇਲੈਕਸ਼ਨਾਂ ਦਾ ਬਾਈਕਾਟ ਕੀਤਾ ਤਾਂ ਉਸ ਵੇਲੇ ਕਾਂਗਰਸ ਦੇ ਕਿਸੇ ਇਕ ਉਮੀਦਵਾਰ ਨੂੰ ਵੀ ਝਰੀਟ ਤੱਕ ਨਹੀਂ ਲੱਗੀ । ਇਹ 200-200 ਅਤੇ 300-300 ਵੋਟਾਂ ਦੇ ਨਾਲ ਜਿੱਤ ਕੇ ਆਏ । ਇਤਨੀਆਂ ਵੋਟਾਂ ਤਾਂ ਪੰਚਾਇਤ ਦੇ ਇਕ ਮੈਂਬਰ ਲਈ ਵੀ ਨਹੀਂ ਬਣਦੀਆਂ ਜਦ ਕਿ ਇਨ੍ਹਾਂ ਨੇ ਪੰਜਾਬ ਵਿਚ ਰਾਜ ਕੀਤਾ । ਮੈਂ ਦੁੱਖ ਦੇ ਨਾਲ ਕਹਿੰਦਾ ਹਾਂ ਕਿ ਪੁਲਿਸ ਦਾ ਕੋਈ ਕਸੂਰ ਨਹੀਂ । ਪੁਲਿਸ ਇਕ ਡਸਿਪਲਨਡ ਫੋਰਸ ਹੈ । ਜੋ ਇਨ੍ਹਾਂ ਨੇ ਹੁਕਮ ਦਿੱਤਾ ਉਸ ਨੇ ਉਹ ਕਰ ਦਿੱਤਾ । ਜੋ ਵੀ ਇਹ ਪੁਲਿਸ ਨੂੰ ਕਹਿੰਦੇ ਰਹੇ, ਉਹ ਕਰਦੀ ਰਹੀ । ਇਹ ਪੈਸੇ ਦੇ ਕੇ ਵੀ ਗਲਤ ਕੰਮ ਕਰਾਉਂਦੇ ਰਹੇ । ਰਾਜ ਭਾਗ ਅਮੀਰਾਂ ਕੋਲ ਆ ਗਿਆ । ਚੇਅਰਮੈਨ ਸਾਹਿਬ, ਥਾਣੇਦਾਰ ਵੀ ਉਹੀ ਸੀ, ਫੋਰਸ ਵੀ ਉਹੀ ਸੀ, ਗੱਡੀਆਂ ਅਤੇ ਜੀਪਾਂ ਵੀ ਉਹੀ ਸਨ । ਜਦੋਂ ਸਭ ਅੱਤਵਾਦੀ ਇਕੱਠੇ ਹੀ ਮਾਰ ਦਿੱਤੇ ਤਾਂ ਫਿਰ ਥਾਣੇਦਾਰ ਵੀ ਮਜ਼ਬੂਤ ਹੋ ਗਿਆ । ਫੋਰਸ ਵੀ ਮਜ਼ਬੂਤ ਹੋ ਗਈ । ਬਹੁਤ ਵੱਡਾ ਖਿਲਵਾੜ ਪੰਜਾਬੀਆਂ ਦੇ ਨਾਲ ਕੀਤਾ ਗਿਆ, ਹਿੰਦੋਸਤਾਨ ਦੀ ਜਨਤਾ ਦੇ ਨਾਲ ਕੀਤਾ ਗਿਆ । ਮੈਂ, ਚੇਅਰਮੈਨ ਸਾਹਿਬ, ਸਾਰੇ ਸਾਥੀਆਂ ਨੂੰ ਇਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਬਜਟ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਪਿਛਲੀਆਂ ਗੱਲਾਂ ਭੁਲਾ ਕੇ ਪੰਜਾਬ ਦੀ ਬਿਹਤਰੀ ਵਾਸਤੇ, ਪੰਜਾਬੀਆਂ ਦੇ ਭਲੇ ਵਾਸਤੇ ਆਪਾਂ ਕੰਮ ਕਰੀਏ ਪਰ ਪਤਾ ਨਹੀਂ ਆਪੋਜੀਸ਼ਨ ਦੇ ਵੀਰ ਬਾਰ ਬਾਰ ਉਠ ਕੇ ਗਲਤ ਗੱਲਾਂ ਕਿਉਂ ਕਰਦੇ ਹਨ । ਅਖਬਾਰਾਂ ਵਿਚ ਖਬਰ ਛਪਵਾਉਂਦੇ ਹਨ ਕਿ ਸਰਦਾਰ ਅਜੀਤ ਸਿੰਘ ਸੰਧੂ ਦੀ ਮਾਂ ਨੇ ਕਿਹਾ ਹੈ ਕਿ ਹਿੰਦੂਆਂ ਨੂੰ ਬਚਾਓ, ਉਨ੍ਹਾਂ ਨੂੰ ਜੀਉਣ ਦਿਉ । ਮੈਂ ਕਹਿੰਦਾ ਹਾਂ ਕਿ

[ਸਰਦਾਰ ਬਲਦੇਵ ਸਿੰਘ ਖਿਆਲਾ]

ਸੰਧੂ ਦੀ ਮਾਂ ਹਿੰਦੂਆਂ ਨੂੰ ਕਿਉਂ ਕਹਿੰਦੀ ਹੈ, ਪੰਜਾਬੀਆਂ ਨੂੰ ਜੀਉਣ ਵਾਸਤੇ ਕਿਉਂ ਨਹੀਂ ਕਹਿੰਦੀ । ਚੇਅਰਮੈਨ ਸਾਹਿਬ, ਹਿੰਦੂ ਅਤੇ ਸਿੱਖ ਇਕ ਹਨ ਅਤੇ ਇਕ ਹੀ ਰਹਿਣਗੇ । ਅਸੀਂ ਉਨ੍ਹਾਂ ਦੇ ਏਕੇ ਤੇ ਪਹਿਰਾ ਦੇਵਾਂਗੇ । ਜੋ ਸਕੀਮਾਂ ਸਾਹਮਣੇ ਬੈਠੇ ਭਰਾ ਰਲ ਮਿਲ ਕੇ ਬਣਾ ਰਹੇ ਹਨ, ਉਨ੍ਹਾਂ ਨੂੰ ਅਸੀਂ ਜਨਤਾ ਦੇ ਸਾਹਮਣੇ ਨੰਗਾ ਕਰਾਂਗੇ ।

ਜੋ ਕੈਪਟਨ ਕੰਵਲਜੀਤ ਸਿੰਘ, ਵਿੱਤ ਮੰਤਰੀ ਜੀ ਨੇ ਬਜਟ ਪੇਸ਼ ਕੀਤਾ ਹੈ, ਇਹ ਬਹੁਤ ਹੀ ਵਧੀਆ ਬਜਟ ਹੈ । ਸਾਹਮਣੇ ਬੈਠੇ ਭਰਾ ਕਹਿੰਦੇ ਹਨ ਕਿ ਜੋ ਟੈਕਸ ਲਾਏ ਹਨ, ਉਹ ਮਾੜੇ ਹਨ ਪਰ ਮੈਂ ਕਹਿੰਦਾ ਹਾਂ ਕਿ ਜੇਨਰੇਟਰ ਅਮੀਰ ਆਦਮੀ ਚਲਾਉਂਦਾ ਹੈ ਅਤੇ ਉਹ ਬੰਦਾ 5 ਮਿੰਟ ਵੀ ਬਿਜਲੀ ਤੋਂ ਬਗੈਰ ਨਹੀਂ ਰਹਿ ਸਕਦਾ । ਜੇਕਰ 100 ਰੁਪਿਆ ਟੈਕਸ ਅਮੀਰਾਂ ਤੇ ਲਗਾ ਦਿੱਤਾ ਤਾਂ ਕਿਹੜੀ ਮਾੜੀ ਗੱਲ ਹੈ । ਉਹ ਅਮੀਰ ਜ਼ਿਆਦਾ ਹੋ ਗਏ ਹਨ । ਸਾਡੇ ਕੋਲ ਤਾਂ ਕੋਈ ਕੂਲਰ ਤੱਕ ਵੀ ਨਹੀਂ ਹੈ ਅਤੇ ਸਾਨੂੰ ਕੂਲਰ ਦੀ ਲੋੜ ਵੀ ਨਹੀਂ ਹੈ । ਸਾਡੇ ਕੋਲ ਕੋਈ ਜੇਨਰੇਟਰ ਨਹੀਂ, ਉਨ੍ਹਾਂ ਕੋਲ ਹੋਣਗੇ । ਇਸੇ ਤਰ੍ਹਾਂ ਜੇ ਕੋਈ ਬੰਦਾ ਕਹਿੰਦਾ ਹੈ ਕਿ ਮੈਂ ਤਾਂ ਇਕ ਨੰਬਰ ਲੈਣਾ ਹੈ, ਵੱਡਾ ਆਦਮੀ ਕਹਾਉਣਾ ਹੈ ਤਾਂ ਉਹ ਪੈਸਾ ਦੇ ਦੇਵੇਗਾ ਅਤੇ ਚੰਗੀ ਗੱਲ ਹੈ ਕਿ ਉਹ ਪੈਸਾ ਪੰਜਾਬ ਦੀ ਡਿਵੈਲਪਮੈਂਟ ਤੇ ਲੱਗੇਗਾ । ਜਿਹੜਾ ਰਜਿਸਟਰੀ ਕਰਵਾਉਂਦਾ ਹੈ, ਉਹ ਆਪੇ ਫੀਸ ਵੀ ਲਗਾਏਗਾ ਅਤੇ ਉਹ ਸਾਡੇ ਖਜ਼ਾਨੇ ਵਿਚ ਆ ਜਾਵੇਗੀ । ਇਹ ਤਾਂ ਉਨ੍ਹਾਂ ਤੋਂ ਪੈਸਾ ਲੈਣਾ ਹੈ ਜਿਹੜੇ ਦੇ ਸਕਦੇ ਹਨ । ਇਕ ਵੀ ਟੈਕਸ ਗਰੀਬ ਆਦਮੀ ਤੇ ਨਹੀਂ ਲਾਇਆ । ਇਸ ਬਜਟ ਵਿਚ ਐਸੀ ਸੇਧ ਦਿੱਤੀ ਗਈ ਹੈ ਕਿ ਟੈਕਸ ਉਨ੍ਹਾਂ ਲੋਕਾਂ ਤੇ ਹੀ ਲੱਗੇ ਹਨ ਜਿਹੜੇ ਅਦਾ ਕਰ ਸਕਦੇ ਹਨ, ਜਿਨ੍ਹਾਂ ਕੋਲ ਪੈਸੇ ਹਨ । ਚੇਅਰਮੈਨ ਸਾਹਿਬ, ਮੈਂ ਬਹੁਤ ਬਹੁਤ ਵਧਾਈ ਦੇਂਦਾ ਹਾਂ ਖਜ਼ਾਨਾ ਮੰਤਰੀ ਸਾਹਿਬ ਨੂੰ ਤੇ ਬੀ.ਜੇ.ਪੀ. ਅਤੇ ਸ਼੍ਰੋਮਣੀ ਅਕਾਲੀ ਦਲ ਦੇ ਗਠਜੋੜ ਦੀ ਸਰਕਾਰ ਨੂੰ ਕਿ ਇਹ ਇਕ ਬਹੁਤ ਹੀ ਅੱਛਾ ਬਜਟ ਹੈ । ਇਸ ਦੀਆਂ ਸੇਧਾਂ ਪੰਜਾਬ ਦੀ ਬਿਹਤਰੀ ਵਾਸਤੇ, ਕਿਸਾਨੀ ਦੀ ਤਰੱਕੀ ਵਾਸਤੇ, ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਨੂੰ ਮਜ਼ਬੂਤ ਕਰਨ ਵਾਸਤੇ ਅਤੇ ਹਰ ਵਰਗ ਦੇ ਲੋਕਾਂ ਵਾਸਤੇ ਸਹਾਈ ਹੋਣਗੀਆਂ । ਮੈਂ, ਚੇਅਰਮੈਨ ਸਾਹਿਬ, ਆਸ ਕਰਦਾ ਹਾਂ ਕਿ ਇਹ ਲੋਕ (ਆਪੋਜੀਸ਼ਨ ਵੱਲ ਇਸ਼ਾਰਾ) ਵੀ ਐਸੀਆਂ ਪੁੱਠੀਆਂ ਗੱਲਾਂ ਕਰਨ ਤੋਂ ਬਾਜ਼ ਆਉਣਗੇ ਤਾਂਕਿ ਐਸਾ ਮਾਹੌਲ ਪੈਦਾ ਹੋ ਸਕੇ, ਜਿਵੇਂ ਕਿਹਾ ਗਿਆ ਹੈ "ਸਭੇ ਸਾਂਝੀਵਾਲ ਸਦਾਇਨ ਕੋਈ ਨ ਦਿਸੈ ਬਾਹਰਾ ਜੀਓ ।" ਧੰਨਵਾਦ ।

ਚੌਧਰੀ ਸਵਰਨਾ ਰਾਮ (ਫਗਵਾੜਾ, ਐਸ.ਸੀ.) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ 1997-98 ਦੇ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ । ਇਸ ਬਜਟ ਵਿਚ ਕਿਸਾਨਾਂ ਦੇ ਪ੍ਰਤੀ ਜੋ ਤਿੰਨ ਮੁੱਦਿਆਂ ਤੇ ਰਿਲੀਫ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਮਾਲੀਆ ਮੁਆਫ ਕੀਤਾ ਗਿਆ ਹੈ, ਬਿਜਲੀ ਦਾ ਬਿੱਲ ਮੁਆਫ ਕੀਤਾ ਗਿਆ ਹੈ ਅਤੇ ਆਬਿਆਨਾ ਮੁਆਫ ਕੀਤਾ ਗਿਆ ਹੈ, ਇਹ ਗੱਲਾਂ ਕੋਈ ਛੋਟੀਆਂ ਗੱਲਾਂ ਨਹੀਂ ਔਰ ਇਹ ਖੇਤੀ ਦੇ ਪੱਖ ਤੋਂ ਬਹੁਤ ਹੀ ਜ਼ਿਆਦਾ ਮਹੱਤਤਾ ਰੱਖਦੀਆਂ ਹਨ ਕਿਉਂਕਿ ਜੇ ਸਾਡੇ ਸੂਬੇ ਦਾ ਕਿਸਾਨ ਖੁਸ਼ਹਾਲ ਨਹੀਂ ਹੋਵੇਗਾ ਤਾਂ ਅੰਨ ਉਤਪਾਦਨ ਵਿਚ ਪੂਰੇ ਦਿਲ ਨਾਲ ਕੰਮ ਨਹੀਂ ਕਰ ਸਕੇਗਾ ਅਤੇ ਅੰਨ ਦੀ ਘਾਟ ਹੋ ਜਾਣ ਕਾਰਨ ਸਾਡੇ ਲੋਕ ਆਪਣੀ ਰੋਟੀ ਵਾਸਤੇ ਤਰਸਦੇ ਰਹਿਣਗੇ । ਲੋਕਾਂ ਨੂੰ ਠੀਕ ਢੰਗ ਨਾਲ ਅਨਾਜ ਮੁਹੱਈਆ ਹੋ ਸਕੇ ਅਤੇ ਉਨ੍ਹਾਂ ਦੀ ਭੁੱਖ ਮਿਟਾਉਣ ਵਾਸਤੇ ਜਿਹੜਾ ਕਿਸਾਨ ਹੈ, ਸਾਡਾ ਖੇਤ ਮਜ਼ਦੂਰ ਹੈ ਜੋ ਕਿ ਅਨਾਜ ਪੈਦਾ ਕਰਦਾ ਹੈ ਸਾਰੇ ਦੇਸ਼ ਵਾਸੀਆਂ ਵਾਸਤੇ, ਸਾਰੇ ਪ੍ਰਦੇਸ਼ਾਂ ਵਾਸਤੇ, ਉਸ ਕਿਸਾਨ ਦੇ ਬਾਰੇ ਵਿਚ ਜੋ ਤਿੰਨ ਰਿਆਇਤਾਂ ਦਿੱਤੀਆਂ ਗਈਆਂ ਹਨ ਬਾਦਲ ਸਰਕਾਰ ਵੱਲੋਂ, ਅਕਾਲੀ ਪਾਰਟੀ ਅਤੇ ਭਾਜਪਾ ਦੇ ਗਠਜੋੜ ਵਾਲੀ ਸਰਕਾਰ ਵੱਲੋਂ, ਉਸ ਤੇ ਮੈਂ ਬਾਦਲ ਸਰਕਾਰ ਨੂੰ ਬਹੁਤ ਬਹੁਤ ਵਧਾਈ ਪੇਸ਼ ਕਰਨੀ ਚਾਹੁੰਦਾ ਹਾਂ । ਚੇਅਰਮੈਨ ਸਾਹਿਬ, ਹੁਣੇ ਹੁਣੇ ਕਿਲ੍ਹਾ ਰਾਏਪੁਰ ਦੀ ਚੋਣ ਹੋਈ ਹੈ । ਮੈਨੂੰ ਅਫਸੋਸ ਹੈ ਕਿ ਉਸ ਕਿਲ੍ਹਾ ਰਾਏਪੁਰ ਦੇ ਅੰਦਰ ਇਸ ਗੱਲ ਦਾ ਮੇਰੇ ਭਰਾਵਾਂ ਨੇ ਵਿਰੋਧ ਕੀਤਾ ਹੈ, ਗਲਤ ਪ੍ਰਾਪੇਗੰਡਾ ਕੀਤਾ ਹੈ ਕਿ ਕਿਸਾਨਾਂ ਨੂੰ ਬਿਲ ਵੀ ਮੁਆਫ ਕਰ ਦਿੱਤੇ ਹਨ, ਅਬਿਆਨਾ ਵੀ ਮੁਆਫ ਕਰ ਦਿੱਤਾ ਹੈ, ਮਾਲੀਆ ਵੀ ਮੁਆਫ ਕਰ ਦਿੱਤਾ ਹੈ ਪਰ ਗਰੀਬ ਲੋਕਾਂ ਨੂੰ ਕੀ ਦਿੱਤਾ ਗਿਆ ਹੈ ? ਬਾਕੀਆਂ ਨੂੰ ਕੀ ਦਿੱਤਾ ਗਿਆ ਹੈ । ਔਰ ਇਨ੍ਹਾਂ ਨੇ ਇਹ ਗੱਲ ਕਹੀ ਕਿ ਗਰੀਬ ਲੋਕਾਂ ਨੂੰ ਇਸ ਸਰਕਾਰ ਨੂੰ ਛੱਡ ਕੇ ਜੋ ਚੋਣ ਹੋ ਰਹੀ ਹੈ, ਉਸ ਵਿਚ ਸਾਡਾ ਸਾਥ ਦੇਣਾ ਚਾਹੀਦਾ ਹੈ ਅਤੇ ਸਰਕਾਰ ਦੇ ਖਿਲਾਫ ਫਤਵਾ ਦੇਣਾ ਚਾਹੀਦਾ ਹੈ । ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਲੋਕਾਂ ਨੇ ਇਨ੍ਹਾਂ ਗੱਲਾਂ ਵੱਲ ਤਵੱਜੋ ਨਾ ਕਰਦਿਆਂ ਹੋਇਆਂ ਅਤੇ ਸੱਚਾਈ ਨੂੰ ਸਮਝਦਿਆਂ ਹੋਇਆਂ ਆਪਣਾ ਜੋ ਫਤਵਾ ਦਿੱਤਾ ਹੈ, ਉਹ ਕਿਸਾਨਾਂ ਦੀ ਫੇਵਰ ਵਿਚ ਜੋ ਸਰਕਾਰ ਨੇ ਕੀਤਾ ਹੈ, ਸਰਕਾਰ ਦੀ ਜੋ 100 ਦਿਨਾਂ ਦੀ ਕਾਰਕਰਦਗੀ ਹੈ, ਉਸ ਪ੍ਰਤੀ ਆਪਣਾ ਸਹੀ ਫਤਵਾ ਦਿੱਤਾ ਹੈ । (ਥੰਪਿੰਗ) ਚੇਅਰਮੈਨ ਸਾਹਿਬ, ਕਿਲ੍ਹਾ ਰਾਏਪੁਰ ਦੀ ਸੀਟ ਤੋਂ ਸਾਡੇ ਅਕਾਲੀ ਦਲ ਦੇ ਉਮੀਦਵਾਰ 10,000 ਵੋਟਾਂ ਤੋਂ ਜਿੱਤੇ ਹਨ । ਇਥੇ ਹੀ ਬੱਸ ਨਹੀਂ, ਕਾਰਪੋਰੇਸ਼ਨਾਂ ਵਿਚ ਵੀ ਇਨ੍ਹਾਂ ਨੇ ਇਹੀ ਪ੍ਰਾਪੇਗੰਡਾ ਕੀਤਾ ਸੀ ਔਰ ਸ਼ਡਿਊਲਡ ਕਾਸਟ ਲੋਕਾਂ ਨੂੰ ਖਾਸ ਕਰਕੇ ਵਰਗਲਾਇਆ ਗਿਆ ਸੀ, ਹਿੰਦੂਆਂ ਨੂੰ ਵਰਗਲਾਇਆ ਗਿਆ ਸੀ ਪਰ ਲੋਕਾਂ ਨੇ ਇਨ੍ਹਾਂ ਦੀ ਕੋਈ

[ਚੌਧਰੀ ਸਵਰਨਾ ਰਾਮ]

ਕਹਾਣੀ ਨਹੀਂ ਸੁਣੀ । ਲੋਕ ਭਾਂਪ ਗਏ ਹਨ ਕਿ ਰਾਜ ਕਰਨ ਦੇ ਮੁੱਦੇ ਪਿੱਛੇ ਇਨ੍ਹਾਂ ਦੀ ਇਕੋ ਨੀਤੀ ਰਹੀ ਹੈ ਕਿ ਹਿੰਦੂ ਸਿੱਖਾਂ ਵਿਚ ਪਾੜ ਪਾਉ, ਪੰਜਾਬ ਹਰਿਆਣਾ ਵਿਚ ਪਾੜ ਪਾਉ, ਆਪਣੀਆਂ ਸਿਆਸੀ ਰੋਟੀਆਂ ਸੇਕੋ ਅਤੇ ਇਕੋ ਕਾਂਗਰਸ ਦਾ ਰਾਜ ਕਾਇਮ ਰੱਖੋ । ਇਸ ਮਨ ਨਾਲ ਇਨ੍ਹਾਂ ਨੇ ਪੰਜਾਬ ਵਿਚ ਸਾਰੀ ਕਾਰਵਾਈ ਕੀਤੀ ਹੈ । ਲੋਕਾਂ ਨੇ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਦੀਆਂ ਤਿੰਨਾਂ ਮਿਉਂਸਿਪਲ ਕਾਰਪੋਰੇਸ਼ਨਾਂ ਦੀਆਂ ਚੋਣਾਂ ਅੰਦਰ ਇਨ੍ਹਾਂ ਨੂੰ ਕਰਾਰੀ ਹਾਰ ਦਿੱਤੀ ਹੈ ਔਰ ਤਿੰਨਾਂ ਹੀ ਕਾਰਪੋਰੇਸ਼ਨਾਂ ਅੰਦਰ ਅਕਾਲੀ ਦਲ-ਭਾਜਪਾ ਗਠਜੋੜ ਦੇ ਮੇਅਰ ਚੁਣੇ ਗਏ ਹਨ । ਮੈਂ ਇਸ ਗੱਲ ਦੀ ਸਦਨ ਨੂੰ ਵੀ ਅਤੇ ਪੰਜਾਬ ਸਰਕਾਰ ਨੂੰ ਵੀ ਵਧਾਈ ਦੇਣੀ ਚਾਹੁੰਦਾ ਹਾਂ ਜਿਸ ਦੀਆਂ ਨੀਤੀਆਂ ਦੀ ਪੁਸ਼ਟੀ ਕਾਰਪੋਰੇਸ਼ਨਾਂ ਦੀਆਂ ਚੋਣਾਂ ਵਿਚ ਜਨਤਾ ਨੇ ਕੀਤੀ ਹੈ ।

ਭ੍ਰਿਸ਼ਟਾਚਾਰ ਨੇ ਸਾਡੇ ਸਮਾਜ ਦੀ ਨਸ ਨਸ ਨੂੰ ਗੰਦਾ ਕਰ ਦਿੱਤਾ ਹੈ । ਪਿਛਲੀ ਸਰਕਾਰ ਦੇ ਸਮੇਂ ਵਿਚ ਭ੍ਰਿਸ਼ਟਾਚਾਰ ਇੰਨਾ ਜ਼ਿਆਦਾ ਪਨਪਿਆ ਹੈ ਕਿ ਮਾਮੂਲੀ ਤੋਂ ਮਾਮੂਲੀ ਕੰਮ ਵਾਸਤੇ ਜੇ ਭ੍ਰਿਸ਼ਟਾਚਾਰ ਨਹੀਂ ਸੀ ਕੀਤਾ ਜਾਂਦਾ ਤਾਂ ਕੰਮ ਨਹੀਂ ਸੀ ਹੁੰਦਾ ।

*1.17 ਬਾਅਦ ਦੁਪਹਿਰ

(ਇਸ *ਸਮੇਂ ਮਾਨਯੋਗ ਸਪੀਕਰ ਸਾਹਿਬ ਨੇ ਸਦਨ ਦੀ ਕੁਰਸੀ ਸੰਭਾਲੀ ।)

ਇਸ ਭ੍ਰਿਸ਼ਟਾਚਾਰ ਦੇ ਸਬੰਧ ਵਿਚ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਕਿਹਾ ਹੈ ਕਿ ਜਿਹੜੇ ਲੋਕ, ਜਿਹੜੇ ਅਧਿਕਾਰੀ, ਜਿਹੜੇ ਕਰਮਚਾਰੀ ਠੀਕ ਕੰਮ ਕਰਨਗੇ ਅਤੇ ਭ੍ਰਿਸ਼ਟਾਚਾਰ ਨਹੀ ਕਰਨਗੇ, ਉਨ੍ਹਾਂ ਨੂੰ 50 ਹਜ਼ਾਰ, 30 ਹਜ਼ਾਰ, ਅਤੇ 20 ਹਜ਼ਾਰ ਰੁਪਏ ਦੇ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਨਾਲ ਸਨਮਾਨਤ ਕਰਾਂਗੇ, ਉਨ੍ਹਾਂ ਦਾ ਸਤਿਕਾਰ ਕਰਾਂਗੇ ਅਤੇ ਮਾਣ ਕਰਾਂਗੇ । ਇਸ ਦੇ ਉਲਟ ਜਿਹੜੇ ਲੋਕ ਰਿਸ਼ਵਤ ਤੋਂ ਬਾਜ਼ ਨਹੀਂ ਆਉਣਗੇ, ਉਨ੍ਹਾਂ ਦੀ ਖੁੰਬ ਠੱਪਣ ਵਾਸਤੇ ਸਾਡੀ ਸਰਕਾਰ ਨੇ ਕਿਹਾ ਹੈ ਕਿ ਜਿਹੜਾ ਕਿਸੇ ਗਜ਼ਟਿਡ ਅਫਸਰ ਨੂੰ ਫੜਾਏਗਾ, ਉਸ ਨੂੰ 50,000 ਰੁਪਿਆ ਅਤੇ ਜਿਹੜਾ ਕਿਸੇ ਨਾਨ-ਗਜ਼ਟਿਡ ਅਫ਼ਸਰ ਨੂੰ ਫੜਾਏਗਾ, ਉਸ ਨੂੰ 25,000 ਰੁਪਿਆ ਇਨਾਮ ਦਿੱਤਾ ਜਾਵੇਗਾ । ਇਹ ਮੱਦ ਇਸ ਬਜਟ ਅੰਦਰ ਲਿਆਂਦੀ ਗਈ ਹੈ । ਇਸ ਤੋਂ ਪਹਿਲਾਂ ਜਿੰਨੀਆਂ ਵੀ ਸਰਕਾਰਾਂ ਇਥੇ ਰਹੀਆਂ ਹਨ, ਉਨ੍ਹਾਂ ਨੇ ਇਸ ਤਰ੍ਹਾਂ ਦੀ ਮੱਦ ਕਦੇ ਵੀ ਇਸ ਬਜਟ ਵਿਚ ਨਹੀਂ ਲਿਆਂਦੀ । ਅੱਜ ਦੇ ਸਮੇਂ ਵਿਚ ਜਦੋਂ ਕਿ ਭ੍ਰਿਸ਼ਟਾਚਾਰ ਸਾਡੇ ਸਮਾਜ ਦੀਆਂ ਜੜ੍ਹਾਂ ਵਿਚ ਵੜ ਚੁੱਕਿਆ ਹੈ, ਅਸੀਂ ਇਸ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਵਾਸਤੇ ਇਹ ਇਨਾਮ ਰੱਖੇ ਹਨ । ਪਿਛਲੀ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਰਿਕਾਰਡ ਮਾਤ ਕਰ ਦਿੱਤੇ ਸਨ । ਮੇਰੇ ਫਗਵਾੜੇ ਵਿਚ ਇਕ

ਮੰਤਰੀ ਨੇ ਜੋ ਕਿ ਕੈਬਨਿਟ ਮੰਤਰੀ ਸੀ, ਭ੍ਰਿਸ਼ਟਾਚਾਰ ਕਰਕੇ ਇਕ ਕਰੋੜ ਰੁਪਏ ਦੀ ਕੋਠੀ ਪਾਈ ਹੈ । (ਸ਼ੇਮ, ਸ਼ੇਮ ਦੀਆਂ ਆਵਾਜਾਂ) ਉਸ ਮੰਤਰੀ ਨੇ ਐਡਾ ਵੱਡਾ ਭ੍ਰਿਸ਼ਟਾਚਾਰ ਕੀਤਾ ਹੈ । ਉਸ ਦਾ ਇਕ ਪੀ.ਏ. ਹੈ । ਉਸ ਨੇ ਚੰਡੀਗੜ੍ਹ ਦੇ 10 ਸੈਕਟਰ ਵਿਚ ਇਕ ਕੋਠੀ ਪਾਈ ਹੈ । ਇਕ ਕੋਠੀ ਚੰਡੀਗੜ੍ਹ ਵਿਚ ਉਸ ਮੰਤਰੀ ਨੇ ਵੀ ਬਣਾਈ ਹੈ । ਫਗਵਾੜਾ ਕਪੂਰਥਲਾ ਜ਼ਿਲ੍ਹੇ ਵਿਚ ਪੈਂਦਾ ਹੈ । ਇਕ ਕੋਠੀ ਉਸ ਮੰਤਰੀ ਨੇ ਉਥੇ ਇਕ ਪੋਸ਼ ਕਾਲੋਨੀ ਵਿਚ ਬਣਾਈ ਹੈ ਜਿਸ ਦੀ ਲਾਗਤ 1 ਕਰੋੜ ਰੁਪਏ ਦੇ ਕਰੀਬ ਹੈ । ਉਸ ਦੇ ਪੀ.ਏ. ਨੇ ਜਿਹੜੀ ਕੋਠੀ ਬਣਾਈ ਹੈ, ਉਸ ਦੀ ਕੀਮਤ ਵੀ ਲਗਭਗ ਇੰਨੀ ਹੀ ਹੈ । ਕਾਂਸ਼ੀ ਨਗਰ ਮੁਹੱਲੇ ਦੇ ਲਾਗੇ ਹੀ ਉਹ ਇਕ ਹੋਟਲ ਬਣਾ ਰਿਹਾ ਹੈ, ਉਸ ਤੇ ਵੀ ਲੱਖਾਂ ਕਰੋੜਾਂ ਰੁਪਏ ਲੱਗਣਗੇ । ਮੰਤਰੀ ਤਾਂ ਮੰਤਰੀ, ਉਸ ਦਾ ਜੋ ਮੰਤਰੀ ਹੇਠ ਪੀ.ਏ. ਹੈ, ਉਸ ਨੇ ਵੀ ਐਨੀ ਜਾਇਦਾਦ ਬਣਾਈ ਹੈ । ਇਹ ਪੈਸੇ ਉਨ੍ਹਾਂ ਪਾਸ ਕਿਥੋਂ ਆਏ ਸਨ । ਇਹ ਕਿੱਡਾ ਵੱਡਾ ਭ੍ਰਿਸ਼ਟਾਚਾਰ ਹੈ । ਜਲੰਧਰ ਸ਼ਹਿਰ ਮੇਰੇ ਸ਼ਹਿਰ ਦੇ ਲਾਗੇ ਹੈ । ਉਥੇ ਇਕ ਮੋਨਿਕਾ ਟਾਵਰ ਹੈ । ਇਹ ਇਕ ਹੋਟਲਨੁਮਾ ਬਿਲਡਿੰਗ ਹੈ । ਸਾਬਕਾ ਮੁੱਖ ਮੰਤਰੀ ਜੋ ਇਸ ਦੁਨੀਆਂ ਵਿਚ ਨਹੀਂ ਰਿਹਾ, ਦੇ ਜਵਾਈ ਨੇ ਇਹ ਕਾਇਮ ਕੀਤਾ ਸੀ । ਉਥੇ ਪਹਿਲਾਂ ਕਾਰਪੋਰੇਸ਼ਨ ਦਾ ਸਕੂਲ ਸੀ । ਰਾਤੋ ਰਾਤ ਉਸ ਨੂੰ ਤਬਾਹ ਕਰ ਦਿੱਤਾ ਗਿਆ । ਸਵੇਰੇ ਜਦੋਂ ਬੱਚੇ ਆਏ ਤਾਂ ਉਥੇ ਸਕੂਲ ਦਾ ਨਾਮੋ-ਨਿਸ਼ਾਨ ਨਹੀਂ ਸੀ । ਆਟੋਮੈਟਿਕ ਮਸ਼ੀਨਰੀ ਲਗਾ ਕੇ, ਟਰੱਕਾਂ ਵਿਚ ਮਲਬਾ ਭਰ ਕੇ ਰਾਤੋ ਰਾਤ ਪਤਾ ਨਹੀਂ ਕਿਥੇ ਲੈ ਗਏ । ਉਥੇ ਇਕ ਤਕੜੀ ਬਿਲਡਿੰਗ ਬਣਾ ਦਿੱਤੀ ਗਈ ਅਤੇ ਮੋਨਿਕਾ ਟਾਵਰ ਉਸ ਦਾ ਨਾਂ ਰੱਖ ਦਿੱਤਾ । ਇਹ ਜਾਇਦਾਦ ਕਾਰਪੋਰੇਸ਼ਨ ਦੀ ਸੀ, ਸਰਕਾਰ ਦੀ ਸੀ । ਕਾਰਪੋਰੇਸ਼ਨ ਦੇ ਕਿਹੜੇ ਮੈਂਬਰਾਂ ਨੇ, ਕਿਸ ਹਾਊਸ ਨੇ ਇਸ ਦਾ ਫੈਸਲਾ ਲਿਆ ? ਚਾਹੀਦਾ ਤਾਂ ਇਹ ਸੀ ਕਿ ਇਹ ਪਹਿਲਾਂ ਦੱਸਿਆ ਜਾਂਦਾ ਫਲਾਣੀ ਤਾਰੀਖ ਨੂੰ ਬੋਲੀ ਹੋਵੇਗੀ ਅਤੇ ਬੋਲੀ ਦੇ ਕੇ ਕੋਈ ਵੀ ਵਿਅਕਤੀ ਇਹ ਜ਼ਮੀਨ ਲੈ ਸਕਦਾ ਹੈ । ਕੋਈ ਵੀ ਬਿਲਡਿੰਗ ਹੈ, ਜਾਇਦਾਦ ਹੈ, ਉਸ ਨੂੰ ਵੇਚਣ ਵਾਸਤੇ ਬਾਕਾਇਦਾ ਮਤਾ ਪਾਸ ਹੁੰਦਾ ਹੈ, ਨਿਲਾਮੀ ਦੀ ਡੇਟ ਤਹਿ ਹੁੰਦੀ ਹੈ ਅਤੇ ਨੋਟਿਸ ਲੱਗਦਾ ਹੈ ਪਰੰਤੂ ਇਹ ਸਭ ਕੁਝ ਵੀ ਨਹੀਂ ਕੀਤਾ ਗਿਆ । ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । ਜਿਨ੍ਹਾਂ ਲੋਕਾਂ ਨੇ ਭ੍ਰਿਸ਼ਟਾਚਾਰ ਕੀਤਾ ਹੈ, ਜਿਨ੍ਹਾਂ ਲੋਕਾਂ ਨੇ ਸਰਕਾਰ ਦੀ ਜਾਇਦਾਦ ਤੇ ਕਬਜ਼ਾ ਕੀਤਾ ਹੈ, ਜਿਨ੍ਹਾਂ ਨੇ ਗਲਤ ਢੰਗ ਨਾਲ ਬਿਲਡਿੰਗ ਉਸਾਰੀ ਹੈ, ਜਿਨ੍ਹਾਂ ਨੂੰ ਪੰਜ ਲੱਖ ਰੁਪਿਆ ਰੇੜੀਆਂ ਖੜ੍ਹੀਆਂ ਕਰਨ ਲਈ ਪਗੜੀ ਮਿਲਦੀ ਹੈ, ਉਨ੍ਹਾਂ ਦੀ ਜ਼ਮੀਨ ਵਾਸਤੇ ਕਿਸ ਨੇ ਰਜਿਸਟਰੀਆਂ

[ਚੌਧਰੀ ਸਵਰਨਾ ਰਾਮ]

ਕੀਤੀਆਂ ਅਤੇ ਕਿਸ ਨੇ-ਪ੍ਰਸਤਾਵ ਪਾਸ ਕੀਤੇ, ਇਸ ਗੱਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਏਥੇ ਹੀ ਬੱਸ ਨਹੀਂ, ਮੈਂ ਇਹ ਗੱਲ ਵੀ ਕਰਨੀ ਚਾਹੁੰਦਾ ਹਾਂ ਕਿ ਇਸ ਟਾਵਰ ਦੇ ਅੰਦਰ ਜਿਹੜੀਆਂ ਜਿਹੜੀਆਂ ਪਾਰਟੀਆਂ ਸ਼ਾਮਲ ਹਨ, ਜਿਹੜੇ ਜਿਹੜੇ ਅਫਸਰ ਸ਼ਾਮਲ ਹਨ, ਉਹਨਾਂ ਦੇ ਖਿਲਾਫ ਬਕਾਇਦਾ ਤੌਰ ਤੇ ਵਿਸਥਾਰ ਦੇ ਨਾਲ ਇਨਕੁਆਰੀ ਕਰਾਈ ਜਾਣੀ ਚਾਹੀਦੀ ਹੈ। ਇਹ ਕੋਈ ਇਕ ਰੁਪਿਆ, ਲੱਖ ਰੁਪਿਆ ਜਾਂ ਕਰੋੜਾਂ ਰੁਪਏ ਦੀ ਜਾਇਦਾਦ ਦੀ ਗੱਲ ਨਹੀਂ, ਇਹ ਅਰਬਾਂ ਰੁਪਏ ਦੀ ਜਾਇਦਾਦ ਹੈ। ਇਹ ਸਾਡੀ ਸਭ ਦੀ ਜਾਇਦਾਦ ਹੈ, ਦੇਸ਼ ਦੀ ਜਾਇਦਾਦ ਹੈ, ਪਬਲਿਕ ਦੀ ਜਾਇਦਾਦ ਹੈ, ਸਾਡੇ ਸੂਬੇ ਦੀ ਜਾਇਦਾਦ ਹੈ, ਜਿਸ ਤੇ ਉਨ੍ਹਾਂ ਨੇ ਕਬਜ਼ਾ ਕੀਤਾ ਹੋਇਆ ਹੈ। ਇਸ ਦੀਆਂ ਰਜਿਸਟਰੀਆਂ ਦੇਖਣੀਆਂ ਚਾਹੀਦੀਆਂ ਹਨ, ਰਿਕਾਰਡ ਕਢਵਾ ਕੇ ਦੇਖਣਾ ਚਾਹੀਦਾ ਹੈ ਕਿ ਕਿਸ ਦੇ ਨਾਂ ਤੇ ਇਹ ਰਜਿਸਟਰੀਆਂ ਹੋਈਆਂ ਹੋਈਆਂ ਹਨ। ਕਿਸ ਤਰ੍ਹਾਂ ਇਸ ਜ਼ਮੀਨ ਤੇ ਉਨ੍ਹਾਂ ਲੋਕਾਂ ਨੇ ਕਬਜ਼ਾ ਕਰ ਲਿਆ। ਇਸ ਜ਼ਮੀਨ ਤੇ ਸੱਤ ਮੰਜ਼ਲਾ ਬਿਲਡਿੰਗ ਬਣੀ ਹੈ।

ਸਪੀਕਰ ਸਾਹਿਬ, ਇਸ ਤੋਂ ਬਾਅਦ ਉਥੇ ਲਾਜਪਤ ਨਗਰ ਦੇ ਅੰਦਰ ਇਕ ਪਾਰਕ ਹੈ। ਉਥੇ ਇਕ ਵੱਡੇ ਅਫਸਰ ਨੇ, ਜੋ ਕਿ ਅੱਜ ਕੱਲ੍ਹ ਏਥੇ ਚੰਡੀਗੜ੍ਹ ਵਿਖੇ ਪੰਜਾਬ ਮੰਡੀਕਰਣ ਬੋਰਡ ਦੇ ਵਿੱਚ ਵੱਡਾ ਅਫਸਰ ਲੱਗਾ ਹੋਇਆ ਹੈ, ਮਿਲ ਮਿਲਾ ਕੇ ਉਸ ਜ਼ਮੀਨ ਤੇ ਕਬਜ਼ਾ ਕਰ ਲਿਆ। ਉਸ ਵੇਲੇ ਇਹ ਅਫਸਰ ਉਥੇ ਡੀ.ਸੀ. ਲੱਗਿਆ ਹੋਇਆ ਸੀ। ਜਦੋਂ ਇਨ੍ਹਾਂ ਦੇ ਆਦਮੀ ਉਥੇ ਪਾਰਕ ਤੇ ਕਬਜ਼ਾ ਕਰਨ ਗਏ ਤਾਂ ਲੋਕ ਬਾਹਰ ਨਿਕਲੇ ਕਿ ਇਹ ਸਾਡਾ ਪਾਰਕ ਹੈ। ਰੈਡ ਰੋਜ਼ ਸੋਸਾਇਟੀ ਦੇ ਨਾਂ ਤੇ ਇਹ ਕਬਜ਼ਾ ਕਰਨ ਦਾ ਯਤਨ ਕੀਤਾ ਗਿਆ। ਲੋਕੀਂ ਰਾਤ ਨੂੰ ਆਪਣੇ ਘਰਾਂ ਵਿੱਚੋਂ ਨਿਕਲ ਕੇ ਬਾਹਰ ਆ ਗਏ ਜਿਸ ਤੇ ਉਥੋਂ ਦੇ ਐਸ.ਐਸ.ਪੀ. ਮਿਸਟਰ ਸ਼ਰਮਾ ਨੇ ਆਪਣੀ ਫੋਰਸ ਭੇਜੀ ਔਰ ਇਨ੍ਹਾਂ ਲੋਕਾਂ ਨੂੰ ਮਾਰਿਆ ਗਿਆ। ਸ਼ਹਿਰ ਦੇ ਵਿੱਚ ਲੋਕੀਂ ਇਕੱਠੇ ਹੋ ਗਏ ਔਰ ਸਾਰੇ ਸ਼ਹਿਰ ਦੇ ਅੰਦਰ ਹਾਹਾਕਾਰ ਮੱਚ ਗਈ ਜਿਸ ਕਾਰਨ ਇਹ ਲੋਕ ਉਥੋਂ ਭੱਜ ਗਏ। ਲੋਕਾਂ ਨੇ ਇਸ ਪਾਰਕ ਨੂੰ ਕਬਜ਼ੇ ਤੋਂ ਬਚਾਉਣ ਦੀ ਖਾਤਰ ਉਥੇ ਪਾਠ ਰੱਖ ਦਿੱਤਾ। ਇਕ ਪਾਸੇ ਰਮਾਇਣ ਦਾ ਪਾਠ ਹੁੰਦਾ ਰਿਹਾ ਔਰ ਦੂਸਰੇ ਪਾਸੇ ਦਿਨ-ਰਾਤ ਗੁਰੂ ਗਰੰਥ ਸਾਹਿਬ ਦਾ ਪਾਠ ਰੱਖਿਆ ਗਿਆ। ਇਸ ਤਰ੍ਹਾਂ ਇਨ੍ਹਾਂ ਚੋਰਾਂ ਕੋਲੋਂ, ਡਕੈਤਾਂ ਕੋਲੋਂ ਇਹ ਪਾਰਕ ਬਚਾਉਣ ਦੀ ਕੋਸ਼ਿਸ਼ ਕੀਤੀ ਗਈ। ਇਹ ਪਾਰਕ ਅੱਜ ਵੀ ਇਨ੍ਹਾਂ ਦੇ ਨਾਂ ਤੇ ਬੋਲ ਰਿਹਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਇਸ ਸਦਨ ਦੇ ਵਿੱਚ ਕਿ

ਕਿਸ ਤਰ੍ਹਾਂ ਦੇ ਨਾਲ ਇਸ ਕਰੋੜਾਂ, ਅਰਬਾਂ ਰੁਪਏ ਦੀ ਜਾਇਦਾਦ ਤੇ ਕਾਂਗਰਸੀ ਲੋਕਾਂ ਨੇ ਨਜ਼ਾਇਜ ਕਬਜ਼ੇ ਕੀਤੇ ਜਿਸ ਵਿੱਚ ਕਾਂਗਰਸ ਦੇ ਐਮ .ਐਲ .ਏ . ਸ਼ਾਮਲ ਹਨ , ਅਫ਼ਸਰ ਸ਼ਾਮਲ ਹਨ । ਇਸ ਬਾਰੇ ਰਿਕਾਰਡ ਕੱਢ ਕੇ ਵੇਖਿਆ ਜਾਣਾ ਚਾਹੀਦਾ ਹੈ ਕਿ ਕਿਸ ਦੇ ਨਾਂ ਤੇ ਇਸ ਜ਼ਮੀਨ ਦੀ ਲਿਖਾਪੜ੍ਹੀ ਹੋਈ ਹੈ । ਮਹਿਕਮਾ ਮਾਲ ਦੇ ਅੰਦਰ ਇਹ ਰਿਕਾਰਡ ਮੌਜੂਦ ਹੈ । ਰਿਕਾਰਡ ਚੈੱਕ ਕਰਕੇ ਇਨ੍ਹਾਂ ਲੋਕਾਂ ਦੇ ਨਾਂ ਉਥੋਂ ਖਤਮ ਕੀਤੇ ਜਾਣੇ ਚਾਹੀਦੇ ਹਨ । ਜਿਨ੍ਹਾਂ ਅਫਸਰਾਂ ਨੇ ਇਹ ਕਬਜ਼ਾ ਕਰਨ ਦਾ ਯਤਨ ਕੀਤਾ ਸੀ, ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ । ਉਹ ਵਿਅਕਤੀ ਉਸ ਵੇਲੇ ਬਹੁਤ ਵੱਡੀ ਪੋਸਟ ਤੇ ਸੀ, ਉਥੇ ਦਾ ਡੀ .ਸੀ . । ਇਹਨਾਂ ਨੇ ਏਨੇ ਵੱਡੇ ਭ੍ਰਿਸ਼ਟਾਚਾਰ ਕਾਂਗਰਸ ਦੇ ਰਾਜ ਵੇਲੇ ਕੀਤੇ । ਕਾਂਗਰਸ ਦੇ ਐਮ .ਐਲ .ਏਜ਼ ਨੇ ਵੀ ਕੀਤੇ ਔਰ ਮੰਤਰੀਆਂ ਨੇ ਵੀ ਕੀਤੇ ।

ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਹੁਣ ਸੁਭਾਨੇ ਦੀ ਗੱਲ ਕਰਨ ਲੱਗਾ ਹਾਂ......

ਡਾਕਟਰ ਹਰਬੰਸ ਲਾਲ : ਪੁਆਇੰਟ ਆਫ਼ ਆਰਡਰ, ਸਰ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਸਰਕਾਰ ਤੁਹਾਡੀ ਹੈ । ਜੋ ਤੁਸੀਂ ਦੋਸ਼ ਲਾਉਂਦੇ ਹੋ, ਅਗਰ ਤੁਹਾਡੇ ਕੋਲ ਸਬੂਤ ਹਨ ਤਾਂ ਤੁਸੀਂ ਇਸ ਦੀ ਇਨਕੁਆਰੀ ਕਰਾਓ ਔਰ ਜਿਹੜਾ ਦੋਸ਼ੀ ਨਿਕਲਦਾ ਹੈ, ਉਸ ਨੂੰ ਸਜ਼ਾ ਦਿਓ । ਤੁਸੀਂ ਐਵੇਂ ਇਧਰ ਉਧਰ ਦੀਆਂ ਗੱਲਾਂ ਮਾਰੀ ਜਾਂਦੇ ਹੋ । ਜਿਹੜੀ ਠੀਕ ਗੱਲ ਹੈ, ਉਹ ਤੁਸੀਂ ਜ਼ਰੂਰ ਕਰੋ । ਤੁਸੀਂ ਇਨਕੁਆਰੀ ਕਰਾਓ, ਸਜ਼ਾ ਦਿਓ ਔਰ ਜਿਹੜੀ ਜ਼ਮੀਨ ਹੈ, ਉਸ ਨੂੰ ਕਬਜ਼ੇ ਵਿੱਚ ਲਓ ।

ਸ੍ਰੀ ਸਪੀਕਰ : ਡਾਕਟਰ ਸਾਹਿਬ, ਬੈਠ ਜਾਓ ਪਲੀਜ਼ ।

ਚੌਧਰੀ ਸਵਰਨਾ ਰਾਮ : ਸਪੀਕਰ ਸਾਹਿਬ, ਉਹ ਨਹਿਰ ਦੇ ਨਾਲ ਨਾਲ ਇਰੀਗੇਸ਼ਨ ਡਿਪਾਰਟਮੈਂਟ ਦੀ ਜਾਇਦਾਦ ਹੈ ਜਿਹੜੀ ਸੁਭਾਨੇ ਤੋਂ ਲੈ ਕੇ ਲਾਅ ਕਾਲਜ ਜਲੰਧਰ ਤੱਕ 85 ਏਕੜ ਜ਼ਮੀਨ ਹੈ । ਜਦੋਂ ਮੈਂ ਇਹ ਗੱਲ ਉਸ ਵੇਲੇ ਕਮੇਟੀ ਵਿੱਚ ਤੋਰੀ, ਮੇਰੇ ਨਾਲ ਉਸ ਵੇਲੇ ਕਾਲੀਆ ਜੀ ਵੀ ਸਨ ਅਤੇ ਡਾਕਟਰ ਕੇਵਲ ਕ੍ਰਿਸ਼ਨ ਜੀ, ਐਫ .ਐਮ . ਸਾਹਿਬ, ਚੇਅਰਮੈਨ ਸਨ । ਅਸੀਂ ਉਨ੍ਹਾਂ ਦੇ ਸਾਹਮਣੇ ਆਪਣੀ ਗੱਲ ਰੱਖੀ ਤਾਂ ਪਹਿਲਾਂ ਦੱਸਿਆ ਗਿਆ ਕਿ ਇਸ ਜਮੀਨ ਤੇ ਪੰਜ ਬੰਦਿਆਂ ਦਾ ਕਬਜ਼ਾ ਹੈ, ਜਦੋਂ ਫਿਰ ਗੱਲ ਕੀਤੀ ਗਈ ਤਾਂ ਦੱਸਿਆ ਗਿਆ ਕਿ 20 ਬੰਦਿਆਂ ਦਾ ਕਬਜ਼ਾ

[ਚੌਧਰੀ ਸਵਰਨਾ ਰਾਮ]

ਹੈ ਔਰ ਜਦੋਂ ਇਸ ਤੇ ਅਸੀਂ ਆਪਣੀ ਅਸਿਹਿਮਤੀ ਪ੍ਰਗਟ ਕੀਤੀ ਤਾਂ ਫਿਰ ਦੱਸਿਆ ਗਿਆ ਕਿ 20 ਬੰਦਿਆਂ ਦਾ ਨਹੀਂ 152 ਬੰਦਿਆਂ ਦਾ ਕਬਜ਼ਾ ਹੈ । ਉਨ੍ਹਾਂ ਦੇ ਖਿਲਾਫ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ ਅਤੇ ਇਸ ਕੇਸ ਨੂੰ ਦਬਾਅ ਕੇ ਰੱਖਿਆ ਗਿਆ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਭ੍ਰਿਸ਼ਟਾਚਾਰ ਹੱਦਾਂ ਬੰਨੇ ਟੱਪ ਚੁੱਕਿਆ ਸੀ, ਕਾਂਗਰਸ ਰਾਜ ਵਿੱਚ । ਇਨ੍ਹਾਂ ਦੇ ਮੰਤਰੀਆਂ ਨੇ, ਐਮ.ਐਲ.ਏਜ਼ ਨੇ ਵੱਡੀਆਂ ਵੱਡੀਆਂ ਜ਼ਾਇਦਾਦਾਂ ਬਣਾਈਆਂ ਔਰ ਭ੍ਰਿਸ਼ਟਾਚਾਰ ਜੋ ਅੱਜ ਦਾ ਬਹੁਤ ਵੱਡਾ ਮੁੱਦਾ ਹੈ ਅਤੇ ਜਿਸ ਨੂੰ ਅਸੀਂ ਰੋਕਣ ਜਾ ਰਹੇ ਹਾਂ, ਉਸ ਦੇ ਸੰਦਰਭ ਵਿੱਚ ਮੈਂ ਆਪਦੇ ਖਿਆਲ ਪ੍ਰਗਟ ਕੀਤੇ ਹਨ । ਹੋਰ ਦੱਸਣਾ ਚਾਹੁੰਦਾ ਹਾਂ ਕਿ ਏਥੇ ਹੀ ਬੱਸ ਨਹੀਂ, ਏ.ਟੀ.ਓ., ਡੀ.ਟੀ.ਓ. ਅਤੇ ਬੀ.ਡੀ.ਓ. ਇਨ੍ਹਾਂ ਦੀ ਸਰਕਾਰ ਵੱਲੋ ਰੱਖੇ ਗਏ ਸਨ । ਏਸੇ ਤਰ੍ਹਾਂ ਹੀ ਹੋਰ ਮਹਿਕਮਿਆਂ ਦੇ ਵਿੱਚ ਵੀ ਭਰਤੀ ਕੀਤੀ ਗਈ ਸੀ । ਮੈਂ ਭ੍ਰਿਸ਼ਟਾਚਾਰ........ (ਵਿਘਨ)...

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਇਹ ਕਿਹੜੇ ਬਜਟ ਤੇ ਬੋਲ ਰਹੇ ਹਨ । ਹੁਣ ਤੁਹਾਡੀ ਸਰਕਾਰ ਹੈ, ਤੁਸੀਂ......

ਸ੍ਰੀ ਸਪੀਕਰ : ਡਾਕਟਰ ਸਾਹਿਬ, ਤੁਹਾਨੂੰ ਅਲਾਓ ਨਹੀਂ ਕੀਤਾ, ਤੁਸੀਂ ਕਿਉਂ ਬੋਲਦੇ ਹੋ । ਮੈਂ ਕਿਹਾ ਤੁਸੀਂ ਬੈਠੋ ਪਲੀਜ਼ ।

(ਇਕ ਆਵਾਜ਼ : ਜਦੋਂ ਤੁਹਾਡੀ ਵਾਰੀ ਆਵੇਗੀ, ਤੁਸੀਂ ਬੋਲ ਲੈਣਾ ।)

ਚੌਧਰੀ ਸਵਰਨਾ ਰਾਮ : ਸਪੀਕਰ ਸਾਹਿਬ, ਇਨ੍ਹਾਂ ਦੀ ਸਰਕਾਰ ਨੇ ਈ.ਟੀ.ਓ. ਰੱਖੇ, ਏ.ਡੀ.ਟੀ.ਓ. ਰੱਖੇ, ਸੇਲਜ਼ ਟੈਕਸ ਅਫਸਰ ਰੱਖੇ, ਬੀ.ਡੀ.ਓ. ਰੱਖੇ ਅਤੇ ਹੋਰ ਬਹੁਤ ਸਾਰੀ ਭਰਤੀ ਵੀ ਕੀਤੀ । ਇਨ੍ਹਾਂ ਸਾਰੀਆਂ ਗੱਲਾਂ ਦੀ ਮੈਨੂੰ ਕਹਿਣ ਦੀ ਲੋੜ ਨਹੀਂ ਹੈ । ਹਾਈ ਕੋਰਟ ਨੇ ਇਕੱਲੀ ਇਕੱਲੀ ਗੱਲ ਦੀ ਛਾਣਬੀਣ ਕਰਕੇ ਕਾਂਗਰਸ ਸਰਕਾਰ ਦੇ ਖਿਲਾਫ ਫਤਵਾ ਦਿੱਤਾ ਸੀ ਪਰ ਇਹ ਢੀਠ ਸਰਕਾਰ ਸੀ । ਮੈਂ ਅੱਜ ਤੱਕ ਕੋਈ ਇਨੀ ਢੀਠ ਪਾਰਟੀ ਨਹੀਂ ਵੇਖੀ ਕਿਉਂਕਿ ਇਸ ਨੇ ਕਿਸੇ ਇਕ ਬੰਦੇ ਦੇ ਖਿਲਾਫ ਵੀ ਕੋਈ ਐਕਸ਼ਨ ਨਹੀਂ ਲਿਆ । ਸਰਕਾਰੀ ਖਜ਼ਾਨੇ ਵਿਚੋਂ ਨਜਾਇਜ਼ ਤਨਖਾਹਾਂ ਲੈ ਲਈਆਂ ਗਈਆਂ । ਉਨ੍ਹਾਂ ਦੀ ਚੋਣ ਵੀ ਕੋਰਟ ਵੱਲੋਂ ਵੈਲਿਡ ਕਰਾਰ ਨਾ ਦਿੱਤੀ ਗਈ ਹੋਵੇ ਅਤੇ ਉਨ੍ਹਾਂ ਨੇ ਸਰਕਾਰੀ ਖਜ਼ਾਨੇ ਵਿਚੋਂ ਪੈਸਾ ਲਿਆ ਹੋਵੇ ਜਿਹੜਾ ਕਿ ਲੋਕਾਂ ਦਾ ਪੈਸਾ ਹੁੰਦਾ ਹੈ । ਉਹ ਪੈਸਾ ਕੋਣ ਭਰੇਗਾ ? ਕੀ ਉਸ ਦੀ ਕੋਈ ਜ਼ਿਮੇਵਾਰੀ ਫਿਕਸ ਕੀਤੀ ਗਈ ਹੈ ? ਮੈਂ ਕਹਿਣਾ

ਚਾਹੁੰਦਾ ਹਾਂ ਕਿ ਜਿੰਨੀਆਂ ਵੀ ਪੋਸਟਾਂ ਭਰਨ ਵਿਚ ਭ੍ਰਿਸ਼ਟਾਚਾਰ ਕੀਤਾ ਗਿਆ ਹੈ, ਉਨ੍ਹਾਂ ਦੀ ਇਨਕੁਆਰੀ ਹੋਣੀ ਚਾਹੀਦੀ ਹੈ, ਜ਼ਿੰਮੇਵਾਰੀ ਤਹਿ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਖਿਲਾਫ ਐਕਸ਼ਨ ਹੋਣਾ ਚਾਹੀਦਾ ਹੈ । ਪਰ ਕਾਂਗਰਸ ਦੀ ਸਰਕਾਰ ਨੇ ਇਸ ਪਾਸੇ ਵੱਲ ਬਿਲਕੁਲ ਹੀ ਧਿਆਨ ਨਹੀਂ ਦਿੱਤਾ । ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਗਠਜੋੜ ਦੀ ਸਰਕਾਰ ਨੇ, ਸਰਦਾਰ ਬਾਦਲ ਜੀ ਨੇ ਕਿਹਾ ਹੈ ਕਿ ਅਸੀਂ ਭ੍ਰਿਸ਼ਟਾਚਾਰ ਦੇ ਨਾਲ ਬਿਲਕੁਲ ਕੋਈ ਕੰਪਰੋਮਾਈਜ਼ ਨਹੀਂ ਕਰਾਂਗੇ । ਕਿਸੇ ਵੀ ਅਫਸਰ ਜਿਸ ਦੀ ਸਰਵਿਸ ਦੀ ਮਿਆਦ ਖਤਮ ਹੋ ਜਾਂਦੀ ਹੈ, ਦੇ ਸੇਵਾ ਕਾਲ ਵਿਚ ਬਿਲਕੁਲ ਕੋਈ ਵਾਧਾ ਨਹੀਂ ਕੀਤਾ ਜਾਵੇਗਾ । ਸਾਰੇ ਆਪਣੀ ਆਪਣੀ ਵਾਰੀ ਸਿਰ ਆਉਣ ਅਤੇ ਵਾਰੀ ਸਿਰ ਜਾਣ । ਇਸ ਬੱਜਟ ਵਿੱਚ ਇਹ ਕਿਹਾ ਗਿਆ ਹੈ । ਇਸ ਮੰਤਰੀ ਮੰਡਲ ਨੇ ਸਵੱਛ ਰਾਜ ਲਿਆਉਣ ਵਾਸਤੇ, ਲੋਕਾਂ ਨੂੰ ਇਨਸਾਫ ਦੇਣ ਵਾਸਤੇ, ਪੈਸਾ ਨਾ ਹੁੰਦਿਆਂ ਹੋਇਆ ਵੀ ਨਿਸ਼ਚਾ ਕੀਤਾ ਹੋਇਆ ਹੈ ਕਿ ਸਾਰੇ ਮੰਤਰੀ ਕੇਵਲ ਇਕ-ਇਕ ਰੁਪਿਆ ਤਨਖਾਹ ਲੈਣਗੇ, ਲੋਕਾਂ ਦੀ ਸੇਵਾ ਕਰਨਗੇ ਅਤੇ ਭ੍ਰਿਸ਼ਟਾਚਾਰ ਬਿਲਕੁਲ ਨਹੀਂ ਕਰਨਗੇ । ਇਸ ਸਰਕਾਰ ਨੇ ਕੋਈ ਵੀ ਐਸ਼ੋ-ਇਸ਼ਰਤ ਵਾਲੀ ਗੱਲ ਨਹੀਂ ਕੀਤੀ । ਮੈਂ ਸਰਕਾਰ ਨੂੰ ਇਸ ਗੱਲ ਦੀ ਵੀ ਵਧਾਈ ਦਿੰਦਾ ਹਾਂ । ਭ੍ਰਿਸ਼ਟਾਚਾਰ ਦੇ ਸਬੰਧ ਵਿਚ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਕਾਂਗਰਸ ਸਰਕਾਰ ਦੇ ਰਾਜ ਵਿਚ ਭ੍ਰਿਸ਼ਟਾਚਾਰ ਨੂੰ ਸਿਆਸੀ ਤੌਰ ਤੇ ਇਤਨਾ ਵਧਾਇਆ ਗਿਆ ਕਿ, ਸਪੀਕਰ ਸਾਹਿਬ, ਮੇਰੇ ਹਲਕੇ ਵਿਚ 6 ਬੰਦੇ ਮਾਰੇ ਗਏ ਜਿਹੜੇ ਐਮ.ਐਲ.ਏ. ਸਨ ਜਾਂ ਮੰਤਰੀ ਸਨ । ਉਨ੍ਹਾਂ ਵਿਚੋਂ ਚਾਰ ਬੰਦੇ ਸਿਆਸੀ ਪਾਰਟੀਆਂ ਦੇ ਸਨ, ਜਿਹੜੇ ਚੇਅਰਮੈਨ ਰਹਿ ਚੁੱਕੇ ਸਨ ਜਾਂ ਵੱਡੇ ਵੱਡੇ ਅਹੁਦਿਆਂ ਤੇ ਕੰਮ ਕਰ ਚੁੱਕੇ ਸਨ । ਕਾਂਗਰਸ ਦੀ ਸਰਕਾਰ ਨੇ ਇਨ੍ਹਾਂ ਬਾਰੇ ਅੱਜ ਤੱਕ ਨਹੀਂ ਦੱਸਿਆ ਕਿ ਉਨ੍ਹਾਂ ਬੰਦਿਆਂ ਦੇ ਕਾਤਲ ਕੌਣ ਸਨ । ਕੀ ਉਨ੍ਹਾਂ ਨੂੰ ਅੱਤਵਾਦੀਆਂ ਨੇ ਕਤਲ ਕੀਤਾ ਸੀ ਜਾਂ ਕਿ ਕਿਸੇ ਹੋਰ ਨੇ, ਜਿਸ ਦੀ ਉਨ੍ਹਾਂ ਨਾਲ ਲੱਗਦੀ ਸੀ ? ਉਨ੍ਹਾਂ 6 ਬੰਦਿਆਂ ਦੇ ਕਾਤਲਾਂ ਦੀ ਇਨਕੁਆਰੀ ਕੀਤੀ ਜਾਣੀ ਚਾਹੀਦੀ ਹੈ । ਉਹ ਅਜੇ ਪੈਂਡਿੰਗ ਖੜ੍ਹੀ ਹੈ ਅਤੇ ਅੱਗੇ ਕੋਈ ਪ੍ਰਗਤੀ ਨਹੀਂ ਹੋ ਰਹੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕਾਂਗਰਸ ਨੇ ਨਜਾਇਜ਼ ਕਤਲ ਕਰਵਾਏ ਸਨ ? ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ । ਸਿਆਸੀ ਤਾਕਤ ਵਾਸਤੇ ਜਿਨ੍ਹਾਂ ਨਜਾਇਜ਼ ਲੋਕਾਂ ਨੂੰ ਕਤਲ ਕਰਵਾਇਆ ਗਿਆ, ਉਨ੍ਹਾਂ ਦੇ ਕਾਤਲਾਂ ਬਾਰੇ ਲੋਕਾਂ ਨੂੰ ਵੀ ਪਤਾ ਲੱਗਣਾ ਚਾਹੀਦਾ ਹੈ ਕਿ ਉਹ ਕੌਣ ਲੋਕ ਸਨ । ਇਹ ਸਰਕਾਰ ਦੀ ਡਿਊਟੀ ਬਣਦੀ

[ਚੌਧਰੀ ਸਵਰਨਾ ਰਾਮ]

ਹੈ ਹਾਲਾਂ ਕਿ ਵੱਖ ਵੱਖ ਰਾਜਸੀ ਪਾਰਟੀਆਂ ਦੇ ਮੈਂਬਰ ਕਤਲ ਹੋਏ ਸਨ । ਇਹ ਮੇਰੇ ਹਲਕੇ ਦੇ ਸਾਰੇ ਲੋਕਾਂ ਦੀ ਮੰਗ ਹੈ ।

ਸਪੀਕਰ ਸਾਹਿਬ, ਬਜਟ ਦੇ ਅੰਦਰ ਜੋ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ ਹਨ, ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਬਾਰੇ ਇਕ ਮੱਦ ਤੁਹਾਡੇ ਸਾਹਮਣੇ ਲਿਆਉਣਾ ਚਾਹੁੰਦਾ ਹਾਂ । ਸਿਰਾਂ ਉਤੇ ਗੰਦਗੀ ਢੋਣ ਜਿਹੇ ਅਮਾਨਵੀ ਸਿਸਟਮ ਨੂੰ ਖਤਮ ਕਰਨ ਵਾਸਤੇ ਇਸ ਬਜਟ ਦੇ ਵਿੱਚ ਵਿਵਸਥਾ ਕੀਤੀ ਗਈ ਹੈ । ਉਸ ਦੇ ਲਈ ਮੈਂ ਸਰਕਾਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ । ਅੱਜ ਤੱਕ ਕਿਸੇ ਨੇ ਵੀ ਸਫਾਈ ਮਜ਼ਦੂਰਾਂ ਦੀ ਗੱਲ ਨਹੀਂ ਕੀਤੀ । ਇਹ ਪਹਿਲੀ ਸਰਕਾਰ ਹੈ ਜਿਸ ਨੇ ਸਫਾਈ ਮਜ਼ਦੂਰਾਂ ਨੂੰ ਸਿਰਾਂ ਉਤੇ ਮੈਲਾ ਢੋਣ ਤੋਂ ਰਾਹਤ ਦੇਣ ਵਾਸਤੇ ਗੱਲ ਕੀਤੀ ਹੈ । ਇਸ ਵਾਸਤੇ 60 ਕਰੋੜ ਰੁਪਏ ਰੱਖੇ ਗਏ ਹਨ ।.......

ਸ੍ਰੀ ਸਪੀਕਰ : ਚੌਧਰੀ ਸਵਰਨਾ ਰਾਮ ਜੀ, ਤੁਸੀਂ ਸੋਮਵਾਰ ਨੂੰ ਆਪਣੀ ਸਪੀਚ ਕੰਟੀਨਿਊ ਰੱਖਣਾ ।

Mr. Speaker : The House stands adjourned till 2.00 p.m., on Monday, the 16th June, 1997.

*1.30 P.M. | (The Sabha then *adjourned till 2.00 p.m., on Monday, the 16th June, 1997.)

17811 PVS--Govt. Press, U.T., Chd.

Published under the authority of the Punjab Vidhan Sabha and printed by the Controller, Printing & Stationery Department, (U.T.), Chandigarh.

PUNJAB VIDHAN SABHA

DEBATES

16th June, 1997

Vol. II—No. 5

OFFICIAL REPORT

CONTENTS

Monday, the 16th June, 1997

Punjab Vidhan Sabha Secretariat, Chandigarh.

Price Rs....... .

PUNJAB VIDHAN SABHA

Monday the 16th June, 1997

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 2-00 P. M. Mr. Speaker (Sardar Charanjit Singh Atwal) in the Chair.

STARRED QUESTIONS AND ANSWERS

ਫਤਹਿਗੜ੍ਹ ਸਾਹਿਬ ਵਿਖੇ ਸ਼ਹਿਰੀ ਮਿਲਖ ਦੀ ਸਥਾਪਨਾ

*401 **ਡਾਕਟਰ ਹਰਬੰਸ ਲਾਲ:** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਚ ਸ਼ਹਿਰੀ ਮਿਲਖ ਸਥਾਪਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਤਜਵੀਜ਼ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸਰੂਪ ਸਿੰਘ. ਜੀ ਹਾਂ, ਫਤਹਿਗੜ੍ਹ ਸਾਹਿਬ ਵਿਖੇ ਸ਼ਹਿਰੀ ਮਿਲਖ ਸਥਾਪਤ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਲਈ 250 ਏਕੜ ਭੋਂ ਜੋ ਕਿ ਸਰਹਿੰਦ, ਅਤੇ ਵਾਲ਼ੀ, ਮੰਡੋਫਲ, ਬਾਹਮਣ ਮਾਜਰਾ ਪਿੰਡਾਂ ਦੀ ਜ਼ਮੀਨ ਹੈ ਅਤੇ ਚੂੰਨੀ ਸਰਹਿੰਦ ਰੋਡ ਤੇ ਸਥਿਤ ਹੈ, ਪ੍ਰਾਪਤ ਕਰਨ ਦੀ ਤਜਵੀਜ਼ ਹੈ । ਇਹ ਆਸ ਹੈ ਕਿ ਇਹ ਤਜਵੀਜ਼ ਦੋ ਤੋਂ ਤ੍ਰਿੰਨ ਸਾਲ ਵਿੱਚ ਮੁਕੰਮਲ ਹੋ ਜਾਵੇਗੀ ।

ਡਾਕਟਰ ਹਰਬੰਸ ਲਾਲ : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਜੋ ਜਵਾਬ ਦਿਤਾ ਹੈ ਬੜਾ ਤਸੱਲੀ-ਬਖਸ਼ ਹੈ । ਪਰ ਫਿਰ ਵੀ ਜਾਣਕਾਰੀ ਚਾਹੁੰਦਾ ਹਾਂ ਕਿ ਕੀ ਸ਼ਹਿਰੀ ਮਿਲਖਾਂ ਲਈ ਫਤਹਿਗੜ੍ਹ ਸਾਹਿਬ ਵਿਖੇ ਜ਼ਮੀਨ ਦੀ ਨਿਸ਼ਾਨ-ਦੇਹੀ ਕੀਤੀ ਗਈ ਹੈ ਅਤੇ ਉਸ ਨੂੰ ਐਕੁਆਇਰ ਕਰਨ ਵਾਸਤੇ ਵਿਭਾਗ ਵਲੋਂ ਕੀ ਕਾਰਵਾਈ ਕੀਤੀ ਗਈ ਹੈ ? ਜੇ ਜ਼ਮੀਨ ਅਕੁਆਇਰ ਕਰਨ ਵਾਸਤੇ ਵਿਭਾਗ ਵਲੋਂ ਕੋਈ ਕਾਰਵਾਈ ਸ਼ੁਰੂ ਕੀਤੀ ਗਈ ਹੈ ਤਾਂ ਇਸ ਬਾਰੇ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਹਾਊਸ ਵਿੱਚ ਜਾਣਕਾਰੀ ਦੇਣ ।

ਮੰਤਰੀ: ਇਹ ਜ਼ਮੀਨ ਐਕੁਆਇਰ ਕਰਨ ਵਾਸਤੇ ਕਾਰਵਾਈ ਕੀਤੀ ਗਈ ਹੈ । ਐਨ. ਓ. ਸੀ. ਮਿਲ ਗਿਆ ਹੈ ਅਤੇ ਸਾਰੇ ਕਾਗਜ਼ਾਤ ਇਸ ਜ਼ਮੀਨ ਦੇ ਮੁਕੰਮਲ ਹੋ ਗਏ ਹਨ ਅਤੇ ਆਖਰੀ ਪ੍ਰਵਾਨਗੀ ਵਾਸਤੇ ਪਟਿਆਲੇ ਭੇਜੇ ਗਏ ਹਨ । ਕੁਝ ਦੁਕਾਨਦਾਰਾਂ ਵਲੋਂ ਸ਼ਿਕਾਇਤਾਂ ਆਈਆਂ ਹਨ ਕਿ ਉਨ੍ਹਾਂ ਦੀਆਂ ਦੁਕਾਨਾਂ ਨੂੰ ਬਚਾਇਆ ਜਾਵੇ । ਅਸੀਂ ਮੌਕੇ ਦੇ ਅਫਸਰਾਂ ਨੂੰ ਭੇਜ ਰਹੇ ਹਾਂ ਕਿ ਜੇਕਰ ਇਹ ਦੁਕਾਨਾਂ ਬਚ ਸਕਦੀਆਂ ਹਨ ਤਾਂ ਬਚਾਈਆਂ ਜਾਣ ।

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਬੜਾ ਧੰਨਵਾਦ ਕਰਦਾ ਹਾਂ ਪਰ ਇਕ ਛੋਟੀ ਜਿਹੀ ਸਪਲੀਮੈਂਟਰੀ ਹੈ। ਮੰਤਰੀ ਜੀ ਨੇ ਬੜਾ ਅੱਛਾ ਜਵਾਬ ਦਿੱਤਾ ਹੈ। ਇਸ ਜ਼ਿਲ੍ਹੇ ਵਿੱਚ ਸ਼ਹੀਦਾਂ ਦੀ ਧਰਤੀ ਤੇ ਬੜਾ ਵੱਡਾ ਕੰਮ ਹੋਣਾ ਹੈ। ਮੰਤਰੀ ਜੀ ਇਸ ਗੱਲ ਦਾ ਵੀ ਹਾਊਸ ਵਿੱਚ ਯਕੀਨ ਦਿਵਾਉਣ ਕਿ ਜੋ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ, ਇਸ ਨੂੰ ਕਿਸੇ ਪ੍ਰੈਸ਼ਰ ਥੱਲੇ ਜਾਂ ਕਿਸੇ ਗੱਲ ਥੱਲੇ ਬਦਲਿਆ ਤਾਂ ਨਹੀਂ ਜਾਵੇਗਾ ਕਿਉਂਕਿ ਇਹ ਜ਼ਮੀਨ ਬੜੀ ਸੂਟੇਬਲ ਹੈ, ਇਸ ਗੱਲ ਦਾ ਭਰੋਸਾ ਵੀ ਮੰਤਰੀ ਜੀ ਦੇਣ ਦੀ ਖੇਚਲ ਕਰਨ।

ਮੰਤਰੀ: ਸਪੀਕਰ ਸਾਹਿਬ, ਇਹ ਕੰਮ ਇਨ੍ਹਾਂ ਦੇ ਵੇਲੇ ਹੀ ਸ਼ੁਰੂ ਹੋਇਆ ਸੀ। 1995 ਵਿੱਚ ਵੀ ਮੀਟਿੰਗਾਂ ਹੋਈਆਂ, ਪਰ ਇਹ ਕੁਝ ਨਹੀਂ ਕਰ ਸਕੇ। ਮੈਂ ਇਨ੍ਹਾਂ ਨੂੰ ਪੂਰਾ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਇਨ੍ਹਾਂ ਦੀ ਇੱਛਾ ਨੂੰ ਪੂਰਾ ਕਰਾਂਗੇ।

ਝੁਨੀਰ, ਜ਼ਿਲ੍ਹਾ ਮਾਨਸਾ ਵਿਚ ਪਾਲੀਟੈਕਨਿਕ ਖੋਲ੍ਹਣਾ

* 419. **ਸਰਦਾਰ ਅਜੀਤ ਇੰਦਰ ਸਿੰਘ**: ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ: —

(ੳ) ਇਸ ਸਮੇਂ ਜ਼ਿਲ੍ਹਾ ਮਾਨਸਾ ਵਿਚ ਕਿੰਨੀਆਂ ਪਾਲੀਟੈਕਨਿਕਸ/ਉਦਯੋਗਿਕ ਸਿਖਲਾਈ ਸੰਸਥਾਵਾਂ ਕੰਮ ਕਰ ਰਹੀਆਂ ਹਨ ;

(ਅ) ਕੀ ਝੁਨੀਰ, ਜ਼ਿਲ੍ਹਾ ਮਾਨਸਾ ਵਿਚ ਕੋਈ ਪਾਲੀਟੈਕਨਿਕ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

ਡਾਕਟਰ ਉਪਿੰਦਰਜੀਤ ਕੌਰ: (ੳ) ਜ਼ਿਲ੍ਹਾ ਮਾਨਸਾ ਵਿਖੇ ਇਸ ਸਮੇਂ 4 ਉਦਯੋਗਿਕ ਸਿਖਲਾਈ ਸੰਸਥਾਵਾਂ ਚਲ ਰਹੀਆਂ ਹਨ ਅਤੇ ਕੋਈ ਪਾਲੀਟੈਕਨਿਕ ਨਹੀਂ ਚਲ ਰਿਹਾ ਹੈ।

(ਅ) ਹਾਂ ਜੀ।

ਸਰਦਾਰ ਅਜੀਤ ਇੰਦਰ ਸਿੰਘ: ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਮਾਨਸਾ ਬਹੁਤ ਪਛੜਿਆ ਹੋਇਆ ਜ਼ਿਲ੍ਹਾ ਹੈ, ਕੀ ਉਥੇ ਕੋਈ ਪਾਲੀਟੈਕਨਿਕ ਖੋਲ੍ਹਣ ਦੀ ਤਜਵੀਜ਼ ਹੈ।

ਮੰਤਰੀ: ਸਪੀਕਰ ਸਾਹਿਬ, ਜ਼ਿਲ੍ਹਾ ਮਾਨਸਾ ਵਿੱਚ ਝੁਨੀਰ ਵਿਖੇ ਪਾਲੀਟੈਕਨਿਕ ਖੋਲ੍ਹਣ ਦੀ ਤਜਵੀਜ਼ ਹੈ। ਇਸ ਲਈ ਪ੍ਰੋਜੈਕਟ ਰਿਪੋਰਟ ਤਿਆਰ ਕੀਤੀ ਜਾ ਚੁੱਕੀ ਹੈ ਅਤੇ ਇਹ ਅਨੁਮਾਨ ਹੈ ਕਿ ਇਸ ਤੇ 1258 ਲੱਖ ਰੁਪਏ ਖਰਚਾ ਆਵੇਗਾ। ਜ਼ਮੀਨ ਐਕੁਆਇਰ ਕਰ ਲਈ ਗਈ ਹੈ ਅਤੇ ਇਸ ਜ਼ਮੀਨ ਦਾ ਕਬਜ਼ਾ 28 ਮਈ, 1996 ਨੂੰ ਲੈ ਲਿਆ ਗਿਆ ਹੈ। ਏ. ਆਈ. ਸੀ. ਟੀ. ਈ. ਨੂੰ ਪ੍ਰਵਾਨਗੀ ਲਈ ਲਿਖਿਆ ਗਿਆ ਹੈ, ਬਾਕਾਇਦਾ ਪੈਰਵੀ

ਕੀਤੀ ਜਾ ਰਹੀ ਹੈ । 1996-97 ਵਿੱਚ ਕਿਉਂਕਿ ਪ੍ਰਵਾਨਗੀ ਮਿਲੀ ਸੀ ਅਤੇ ਜ਼ਮੀਨ ਤੇ ਕਬਜ਼ਾ ਲਿਆ ਗਿਆ ਸੀ ਸੋ ਉਸ ਸਮੇਂ ਫੰਡਜ਼ ਦੀ ਐਲੋਕੇਸ਼ਨ ਨਹੀਂ ਸੀ ਹੋ ਸਕੀ ।

ਸਰਦਾਰ ਅਜੀਤ ਇੰਦਰ ਸਿੰਘ: ਇਹ ਕਦੋਂ ਤੱਕ ਪੂਰੇ ਹੋਣ ਦਾ ਅਨੁਮਾਨ ਹੈ ਜੀ ।

ਮੰਤਰੀ: ਸਰਕਾਰ ਵੱਲੋਂ 9 ਪਾਲੀਟੈਕਨਿਕ ਬਣਾਏ ਜਾਣ ਦਾ ਫੈਸਲਾ ਕੀਤਾ ਗਿਆ ਹੈ । ਦਸੰਬਰ, 1996 ਵਿੱਚ ਸਾਬਕਾ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਇੱਕ ਇਕੱਤਰਤਾ ਹੋਈ ਸੀ । ਜਿਸ ਵਿੱਚ 9 ਸਥਾਨਾਂ ਤੇ ਪਾਲੀਟੈਕਨਿਕ ਬਣਾਏ ਜਾਣ ਦਾ ਫੈਸਲਾ ਕੀਤਾ ਗਿਆ ਸੀ । ਉਨ੍ਹਾਂ ਵਿੱਚੋਂ ਝੁਨੀਰ ਵੀ ਇੱਕ ਸਥਾਨ ਹੈ । ਇਸ ਸਾਲ ਦੌਰਾਨ ਸਾਢੇ ਸੱਤ ਕਰੋੜ ਰੁਪਿਆ ਇਸ ਕਾਰਜ ਲਈ ਰੱਖਿਆ ਗਿਆ ਹੈ । ਕੁਝ ਸਥਾਨਾਂ ਤੇ ਬਿਲਡਿੰਗਾਂ ਦਾ ਬੜੀ ਤੇਜ਼ੀ ਨਾਲ ਕੰਮ ਹੋ ਰਿਹਾ ਹੈ । ਇਸ ਕਾਰਜ ਪ੍ਰਤੀ ਸਰਕਾਰ ਸੁਹਿਰਦ ਹੈ ਪਰ ਝੁਨੀਰ ਵਿਖੇ ਬਿਲਡਿੰਗ ਦੀ ਉਸਾਰੀ ਫੰਡਜ਼ ਦੀ ਅਵੇਲੇਬਿਲਟੀ ਤੇ ਨਿਰਭਰ ਕਰੇਗੀ ।

ਡਾਕਟਰ ਹਰਬੰਸ ਲਾਲ: ਮਾਨਯੋਗ ਸਪੀਕਰ ਸਾਹਿਬ, ਮਾਨਸਾ ਜ਼ਿਲ੍ਹਾ ਨਵਾਂ ਬਣਿਆ ਹੈ ਅਤੇ ਸਰਕਾਰ ਉਥੇ ਪਾਲੀਟੈਕਨਿਕ ਖੋਲ੍ਹ ਰਹੀ ਹੈ । ਇਹ ਬੜੀ ਹੀ ਖੁਸ਼ੀ ਦੀ ਗੱਲ ਹੈ । ਕੀ ਸਰਕਾਰ ਫਤਹਿਗੜ੍ਹ ਸਾਹਿਬ ਵਿਖੇ ਵੀ ਪਾਲੀਟੈਕਨਿਕ ਖੋਲ੍ਹਣ ਦਾ ਵਿਚਾਰ ਰੱਖਦੀ ਹੈ ਕਿਉਂਕਿ ਇਹ ਵੀ ਨਵਾਂ ਜ਼ਿਲ੍ਹਾ ਬਣਿਆ ਹੈ ?

ਸ੍ਰੀ ਸਪੀਕਰ: ਇਸ ਬਾਰੇ ਤੁਸੀਂ ਨਵਾਂ ਕੁਐਸਚਨ ਕਰੋ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ *381

ਸ੍ਰੀ ਸਪੀਕਰ: ਇਸ ਸਵਾਲ ਬਾਰੇ ਐਕਸਟੈਨਸ਼ਨ ਮੰਗੀ ਗਈ ਹੈ, ਜੋ ਮੈਂ ਦੇ ਦਿੱਤੀ ਹੈ ।

---

*For Sta[illegible] on No. 381 and reply thereto, please see Appendix to this Debate.

ਫੋਨ ਨੰ: 540423, 540931 (ਦਫਤਰ)
.... ਘਰ
ਅ. ਸ. ਪੱ. ਨੰ:
D. O. No. 1506

ਨਿਰਮਲ ਸਿੰਘ ਕਾਹਲੋਂ
Nirmal Singh Kahlon

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ, ਪੰਜਾਬ।
Rural Dev. & Panchayats Minister, Punjab.
ਮਿਤੀ, ਚੰਡੀਗੜ੍ਹ।
Dated, Chandigarh, the 13-6-97

ਵਿਸ਼ਾ: —ਤਾਰਾ ਅੰਕਿਤ ਸਵਾਲ ਨੰਬਰ 381-ਵਲੋਂ ਹਰਦੇਵ ਅਰਸ਼ੀ, ਐਮ. ਐਲ. ਏ.

ਪਿਆਰੇ ਅਟਵਾਲ ਜੀ,

ਮਿਤੀ 16-6-97 ਲਈ ਤਾਰਾ ਅੰਕਿਤ ਪ੍ਰਸ਼ਨਾਂ ਦੀ ਸੂਚੀ ਵਿੱਚ ਦਰਜ, ਪੰਜਾਬ ਵਿਧਾਨ ਸਭਾ ਦੇ ਤਾਰਾ ਅੰਕਿਤ ਪ੍ਰਸ਼ਨ ਨੰਬਰ 381 ਜੋ ਸ੍ਰੀ ਹਰਦੇਵ ਅਰਸ਼ੀ, ਐਮ. ਐਲ. ਏ. ਦੇ ਨਾਂ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋ ਸਕਿਆ ਕਿਉਂਕਿ ਇਸ ਪ੍ਰਸ਼ਨ ਸਬੰਧੀ ਲੋੜੀਂਦੀ ਸੂਚਨਾ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਮਾਨਸਾ ਵਲੋਂ ਇਕੱਤਰ ਕੀਤੀ ਜਾ ਰਹੀ ਹੈ। ਇਹ ਸੂਚਨਾ ਕਾਫੀ ਵਿਸਥਾਰ ਪੂਰਵਕ ਇਕੱਠੀ ਕਰਨ ਦੀ ਲੋੜ ਹੈ। ਇਸ ਲਈ ਕ੍ਰਿਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਦੋ ਹਫਤੇ ਦਾ ਹੋਰ ਸਮਾਂ ਦਿੱਤਾ ਜਾਵੇ।

ਦਿਲੋਂ ਆਪ ਦਾ
ਸਹੀ/—
(ਨਿਰਮਲ ਸਿੰਘ ਕਾਹਲੋਂ)

ਸਰਦਾਰ ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ, ਚੰਡੀਗੜ੍ਹ।

ਕਾਮਰੇਡ ਹਰਦੇਵ ਅਰਸ਼ੀ. ਸਪੀਕਰ ਸਾਹਿਬ, ਕੀ ਇਸ ਸਵਾਲ ਦਾ ਜਵਾਬ ਇਸ ਇਜਲਾਸ ਵਿੱਚ ਹੀ ਆ ਜਾਵੇਗਾ?

ਸ੍ਰੀ ਸਪੀਕਰ. ਮੈਂ ਐਕਸਟੈਨਸ਼ਨ ਦੇ ਦਿੱਤੀ ਹੈ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਇਹ ਤਾਂ ਬਲਾਕ ਲੈਵਲ ਦੀ ਹੀ ਇਨਫਰਮੇਸ਼ਨ ਹੈ। ਤੁਸੀਂ ਕਨਸਰਨਡ ਡਿਪਾਰਟਮੈਂਟ ਨੂੰ ਹਦਾਇਤ ਕਰੋ ਤਾਂ ਕਿ ਜਵਾਬ ਇਸ ਇਜਲਾਸ ਵਿੱਚ ਹੀ ਆ ਜਾਵੇ।

ਸ੍ਰੀ ਸਪੀਕਰ. ਮੈਂ ਐਕਸਟੈਨਸ਼ਨ ਦੇ ਦਿੱਤੀ ਹੈ। ਤੁਸੀਂ [illegible]।

ਕਾਮਰੇਡ ਹਰਦੇਵ ਅਰਸ਼ੀ. ਠੀਕ ਹੈ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ. 390

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਟਰਾਂਸਫਾਰਮਰਾਂ ਦੀ ਖ਼ਰੀਦ

*425. **ਕਾਮਰੇਡ ਅਜੈਬ ਸਿੰਘ ਰੌਂਤਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1993 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਖਰੀਦੇ ਗਏ ਟਰਾਂਸਫਾਰਮਰਾਂ ਦੀ ਸਾਲ-ਵਾਰ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਤੇ ਕਿੰਨਾ ਖ਼ਰਚਾ ਕੀਤਾ ਗਿਆ ;

(ਅ) ਉਨ੍ਹਾਂ ਸਰਕਾਰੀ/ਪ੍ਰਾਈਵੇਟ ਏਜੰਸੀਆ ਦੇ ਨਾਂ ਕੀ-ਕੀ ਹਨ ਜਿਨ੍ਹਾਂ ਤੋਂ ਉਪਰੋਕਤ ਭਾਗ (ੳ) ਵਿਚ ਵਰਣਿਤ ਟਰਾਂਸਫਾਰਮਰ ਖਰੀਦੇ ਗਏ ਸਨ ਅਤੇ ਇਨ੍ਹਾਂ ਦੀ ਖਰੀਦ ਲਈ ਕੀ ਕਸੌਟੀ ਅਪਨਾਈ ਗਈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: (ੳ) ਵਿਵਰਣ 'ੳ' ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

(ਅ) ਵਿਵਰਣ 'ਅ' ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

ਵਿਵਰਣ 'ੳ'

(ੳ) ਪੰਜਾਬ ਰਾਜ ਬਿਜਲੀ ਬੋਰਡ ਦੁਆਰਾ 1-4-1993 ਤੋਂ ਮਿਤੀ ਅੰਤ ਤੱਕ ਖਰੀਦੇ ਗਏ ਵੰਡ ਅਤੇ ਪਾਵਰ ਟ੍ਰਾਂਸਫਾਰਮਰਾਂ ਦੀ ਸਾਲ-ਵਾਰ ਗਿਣਤੀ ਅਤੇ ਉਨ੍ਹਾਂ ਉਤੇ ਕੀਤਾ ਗਿਆ ਖ਼ਰਚ ਹੇਠ ਲਿਖੇ ਅਨੁਸਾਰ ਹੈ: —

ਸਾਲ	ਵੰਡ ਟਰਾਂਸਫਾਰਮਰ		ਪਾਵਰ ਟ੍ਰਾਂਸਫਾਰਮਰ	
	ਖਰੀਦੀ ਗਿਣਤੀ	(ਲੱਖਾਂ ਵਿਚ ਰੁ: ਮੁੱਲ)	ਖਰੀਦੀ ਗਿਣਤੀ	(ਲੱਖਾਂ ਵਿਚ ਰੁ: ਮੁੱਲ)
1993-94	8,842	2,269.59	21	1,158
1994-95	9,704	3,603.47	79	3,044
1995-96	10,960	8,322.81	55	2,466
1996-97	13,613	4,463.72	8	528
ਕੁੱਲ	43,119	13,659.57	163	7,199

[ਮੁੱਖ ਮੰਤਰੀ]

ਪ੍ਰੋਫਾਰਮਾ-ੲ

ਸਰਕਾਰੀ/ਪ੍ਰਾਈਵੇਟ ਸੰਸਥਾਵਾਂ ਦੇ ਨਾਂ, ਜਿਨ੍ਹਾਂ ਤੋਂ ਟਰਾਂਸਫਾਰਮਰ ਖਰੀਦੇ ਗਏ ਸਨ, ਹੇਠ ਲਿਖੇ ਅਨੁਸਾਰ ਹਨ: —

ਲੜੀ ਨੰ:	ਸਾਲ	ਫਰਮ ਜਿਸ ਤੋਂ ਟਰਾਂਸਫਾਰਮਰ ਖਰੀਦੇ ਗਏ	ਕੀ ਫਰਮ ਸਰਕਾਰੀ ਜਾਂ ਪ੍ਰਾਈਵੇਟ
	1993	1. ਮੈਸ: ਜੇ. ਬੀ. ਇੰਡਸਟਰੀ, ਬਠਿੰਡਾ	ਪ੍ਰਾਈਵੇਟ
		2. ਮੈਸ:ਟੈਕਨੀਕਲ ਐਸੋਸੀਏਟ, ਸੰਗਰੂਰ	-ਉਹੀ-
		3. ਮੈਸ: ਮਾਡਰਨ ਟਰਾਂਸਫਾਰਮਰ, ਗਾਜ਼ਿਆਬਾਦ	-ਉਹੀ-
		4. ਉਮਵਿਕ ਇੰਜੀਨੀਅਰਿੰਗ, ਦਿੱਲੀ	-ਉਹੀ-
		5. ਮੈਸ: ਨਿਊਕੋਨ ਸਵਿਚਗੇਅਰ, ਲੁਧਿਆਣਾ	-ਉਹੀ-
		6. ਮੈਸ: ਅਲਫਾ ਟਰਾਂਸਫਾਰਮਰ, ਭੁਵਨੇਸ਼ਵਰ	-ਉਹੀ-
		7. ਮੈਸ: ਸਰਾਫ ਇਲੈਕਟ੍ਰੀਕਲ, ਰਾਮਪੁਰਾ ਫੂਲ	-ਉਹੀ-
		8. ਮੈਸ: ਮੁਕੰਦ ਟਰਾਂਸਫਾਰਮਰ, ਕੋਟਕਪੂਰਾ	-ਉਹੀ-
		9. ਮੈਸ: ਸੰਗਰੂਰ ਇੰਡਸਟਰੀਅਲ ਕਾਰਪੋਰੇਸ਼ਨ, ਸੰਗਰੂਰ	-ਉਹੀ-
		10. ਮੈਸ: ਸ਼ਿਵ ਸ਼ਕਤੀ ਇਲੈਕ੍ਰਟੀਕਲ, ਪਠਾਨਕੋਟ	-ਉਹੀ-
		11. ਮੈਸ: ਐਸੋਸੀਏਟ ਗਾਜ਼ਿਆਬਾਦ	-ਉਹੀ-
		12. ਮੈਸ: ਪੀ. ਐਮ. ਇਲੈਕਟਰੋਨਿਕਸ, ਨੋਇਡਾ	-ਉਹੀ-
		13. ਮੈਸ. ਪੀ. ਐਮ. ਇਲੈਕਟਰੋਨਿਕਸ, ਲਿਮ. ਸੂਰਜਪੁਰ	-ਉਹੀ-
		14. ਮੈਸ: ਦਿਵਿਆ ਸ਼ਕਤੀ ਪਾਵਰ ਡਿਵਾਇਸਜ਼, ਗੁੜਗਾਉਂ	-ਉਹੀ-

1	2		3	4
	1994	1.	ਮੈਸਪੀ.: ਐਮ. ਇਲੈਕਟਰੋਨਿਕ, ਨੋਇਡਾ	ਪ੍ਰਾਈਵੇਟ
		2.	ਮੈਸ. ਪੀ. ਐਮ. ਈ. ਲਿਮਟਿਡ, ਸੂਰਜਪੁਰ	-ਉਹੀ-
		3.	ਮੈਸ. ਟੈਕਨੀਕਲ ਐਸੋਸੀਏਟ (ਆਈ), ਸੰਗਰੂਰ	-ਉਹੀ-
		4.	ਮੈਸ: ਨਿਊਕੋਨ ਸਵਿਚਗੇਅਰ, ਲੁਧਿਆਣਾ	-ਉਹੀ-
		5.	ਮੈਸ: ਜੇ. ਬੀ. ਇੰਡਸਟ੍ਰੀ, ਬਠਿੰਡਾ/ ਪੰਚਕੂਲਾ	-ਉਹੀ-
		6.	ਮੈਸ: ਸ਼ਿਵ ਸ਼ਕਤੀ ਇਲੈਕਟਰੀਕਲ, ਪਠਾਨਕੋਟ	-ਉਹੀ-
		7.	ਮੈਸ. ਸੰਗਰੂਰ ਇੰਡ. ਕਾਰਪੋਰੇਸ਼ਨ, ਸੰਗਰੂਰ	-ਉਹੀ-
		8.	ਮੈਸ: ਮੁੱਕਦ ਐਂਡ ਮੁੱਕਦ ਟਰਾਂਸਫਾਰਮਰ, ਕੋਟਕਪੂਰਾ	-ਉਹੀ-
		9.	ਮੈਸ: ਔਰੀਐਂਟਲ ਟਰਾਂਸਫਾਰਮਰ, ਜੰਮੂ	-ਉਹੀ-
		10.	ਮੈਸ. ਸਰਾਫ ਇਲੈਕਟਰੀਕਲ, ਰਾਮਪੁਰਾ ਫੂਲ	-ਉਹੀ-
	1995	1.	ਮੈਸ. ਅਲਫਾ ਟਰਾਂਸਫਾਰਮਰ, ਭੁਵਨੇਸ਼ਵਰ	-ਉਹੀ-
		2.	ਮੈਸ: ਔਰੀਐਂਟਲ ਟਰਾਂਸਫਾਰਮਰ, ਜੰਮੂ	-ਉਹੀ-
		3.	ਮੈਸ: ਪੀ. ਐਮ, ਇਲੈਕਟਰੋਨਿਕਸ ਲਿਮ: ਸੂਰਜਪੁਰ	-ਉਹੀ-
		4.	ਮੈਸ: ਜੇ. ਬੀ. ਇੰਡ, ਬਠਿੰਡਾ	-ਉਹੀ-
		5.	ਮੈਸ: ਸੰਗਰੂਰ ਇੰਡ. ਕਾਰਪੋਰੇਸ਼ਨ, ਸੰਗਰੂਰ	-ਉਹੀ-
		6.	ਮੈਸ: ਨਿਊਕੋਨ ਸਵਿਚਗੇਅਰ, ਲੁਧਿਆਣਾ	-ਉਹੀ-
		7.	ਮੈਸ. ਟੈਕਨੀਕਲ ਐਸੋਸੀਏਟ (ਆਈ) ਸੰਗਰੂਰ	-ਉਹੀ-
		8.	ਮੈਸ. ਸ਼ਿਵ ਸਕਤੀ ਇਲੈਕਟਰੀਕਲ, ਪਠਾਨਕੋਟ	-ਉਹੀ-
		9.	ਮੈਸ: ਡੈਨਿਸ, ਜੈਪੁਰ	-ਉਹੀ-
		10.	ਮੈਸ: ਆਈ. ਏ. ਸੀ. ਐਲ., ਗਵਾਲੀਅਰ	-ਉਹੀ-

[ਮੁੱਖ ਮੰਤਰੀ]

1	2	3	4
	1996 1997	1. ਮੈਸ: ਯੂ. ਪੀ. ਟਰਾਂਸਫ਼ਾਰਮਰ, ਰਾਏ ਬਰੇਲੀ	ਪ੍ਰਾਈਵੇਟ
		2. ਮੈਸ: ਅਲਫਾ ਟਰਾਂਸਫ਼ਾਰਮਰ, ਭੁਵਨੇਸ਼ਵਰ	-ਉਹੀ-
		3. ਮੈਸ: ਐਕੋਰੇਟ ਟਰਾਂਸਫ਼ਾਰਮਰ, ਗਾਜ਼ਿਆਬਾਦ	-ਉਹੀ-
		4. ਮੈਸ. ਪੀ. ਐਮ. ਈ. ਲਿਮ.,: ਸੂਰਜਪੁਰ	-ਉਹੀ-
		5. ਮੈਸ: ਜੇ. ਬੀ. ਇੰਡ. ਬਠਿੰਡਾ	-ਉਹੀ-
		6. ਮੈਸ. ਨਿਉਕੋਟ ਸਵਿਚਗੇਅਰ, ਲੁਧਿਆਣਾ	-ਉਹੀ-
		7. ਮੈਸ: ਮਾਰਸਨ ਇਲੈਕਟਰੀਕਲ, ਆਗਰਾ	-ਉਹੀ-
		8. ਮੈਸ. ਸਰਾਫ ਇਲੈਕਟਰੀਕਲ, ਰਾਮਪੁਰਾ ਫੂਲ	-ਉਹੀ-
		9. ਮੈਸ: ਸੰਗਰੂਰ ਇੰਡ. ਕਾਰਪੋਰੇਸ਼ਨ, ਸੰਗਰੂਰ	-ਉਹੀ-
		10. ਮੈਸ. ਟੈਕਨੀਕਲ ਐਸੋਸੀਏਟ, ਸੰਗਰੂਰ	-ਉਹੀ-
		11. ਮੈਸ. ਬੈਨਮੋਰੇ ਇਲੈਕਟਰੀਕਲ, ਗਵਾਲੀਅਰ	-ਉਹੀ-
		12. ਮੈਸ: ਵਿਜੈ ਇਲੈਕਟਰੀਕਲ, ਹੈਦਰਾਬਾਦ	-ਉਹੀ-
		13. ਮੈਸ: ਮੁਕੰਦ ਐਂਡ ਮੁੰਕਦ ਟਰਾਂਸਫਾਰਮਰ, ਕੋਟਕਪੂਰਾ	-ਉਹੀ-
		14. ਮੈਸ. ਭੂਪਾਲ ਟਰਾ. ਐਂਡ ਕੰਟਰੋਲ ਭੂਪਾਲ	-ਉਹੀ-
		15. ਮੈਸ. ਪੈਸੀਫਿਕ ਇੰਨਸਟਰੂਮੈਂਟ, ਦਿੱਲੀ	-ਉਹੀ-
		16. ਮੈਸ. ਮਹਿੰਦਰਾ ਟਰਾਂਸਫਾਰਮਰ, ਦਿੱਲੀ	-ਉਹੀ-
		17. ਮੈਸ: ਮਾਡਰਨ ਟਰਾਸਫਾਰਮਰ, ਗਾਜ਼ਿਆਬਾਦ	-ਉਹੀ-
		18. ਮੈਸ: ਕੈਪੀਟਲ ਟਰਾਂਸਫਾਰਮਰ, ਨਿਊ ਦਿੱਲੀ	-ਉਹੀ-
		19. ਮੈਸ: ਪੰਜਾਬ ਟਰਾਂਸਫਾਰਮਰ ਐਂਡ ਇਲੈਕ. ਸੰਗਰੂਰ	-ਉਹੀ-
		20. ਮੈਸ: ਸਾਪਾ ਇਲੈਕਟਰੀਕਲ, ਬਾਰਾਨਸੀ,	-ਉਹੀ-

ਪ੍ਰੋਫਾਰਮਾ-ਬੀ

ਸਰਕਾਰੀ/ਪ੍ਰਾਈਵੇਟ ਸੰਸਥਾਵਾਂ ਦੇ ਨਾਂ ਜਿਨ੍ਹਾਂ ਤੋਂ ਪਾਵਰ ਟਰਾਂਸਫਾਰਮਰ ਖਰੀਦੇ ਗਏ ।

ਲੜੀ ਨੰ:	ਸਾਲ	ਫਰਮ ਜਿਸ ਤੋਂ ਟਰਾਂਸਫਾਰਮਰ ਖਰੀਦੇ ਗਏ	ਕੀ ਫਰਮ ਸਰਕਾਰੀ ਜਾਂ ਪ੍ਰਾਈਵੇਟ
	1993	1. ਮੈਸ: ਐਂਡਰਿਯੂ ਯੂਲ ਕੰਪਨੀ ਲਿਮ: ਮਦਰਾਸ	ਸਰਕਾਰੀ
		2. ਮੈਸ: ਕੰਰਮਟੰਨ ਗਰੀਜ਼ ਲਿਮ: ਚੰਡੀਗੜ੍ਹ	ਪ੍ਰਾਈਵੇਟ
		3. ਮੈਸ: ਜੀ. ਈ. ਸੀ ਚੰਡੀਗੜ੍ਹ	-ਉਹੀ-
		4. ਮੈਸ: ਬੋਲਟੈਪ ਟਰਾਸ. ਬਦੋਦਰਾ	-ਉਹੀ-
		5. ਮੈਸ: ਈ. ਸੀ. ਈ. ਇੰਡ: ਸੋਨੀਪਤ	-ਉਹੀ-
		6. ਮੈਸ: ਜੀ. ਈ. ਸੀ. ਚੰਡੀਗੜ੍ਹ	-ਉਹੀ-
		7. ਮੈਸ: ਐਨ. ਜੀ. ਈ. ਐਫ. ਨਿਊ ਦਿੱਲੀ	-ਉਹੀ-
		8. ਮੈਸ. ਬੋਲਟੈਪ ਟਰਾਂਸ: ਬਦੋਦਰਾ	-ਉਹੀ-
		9. ਮੈਸ: ਐਮਕੋਥਾਨੀ	-ਉਹੀ-
		10. ਮੈਸ. ਵੋਲਟਾਜ ਲਿਮ: ਪੂਨਾ	-ਉਹੀ-
	1994	1. ਮੈਸ: ਐਨਡਿਯੂ ਯੂਲ, ਮਦਰਾਸ	ਸਰਕਾਰੀ
		2. —ਉਹੀ —	-ਉਹੀ-
		3. ਮੈਸ: ਬੀ. ਐਚ. ਈ. ਐਲ, ਚੰਡੀਗੜ੍ਹ	ਪ੍ਰਾਈਵੇਟ
		4. ਮੈਸ. ਈ. ਜੀ. ਈ. ਇੰਡ: ,ਸੋਨੀਪਤ	-ਉਹੀ-
		5. ਮੈਸ: ਐਪਕਸ, ਵਦੋਦਰਾ	-ਉਹੀ-
		6. ਮੈਸ. ਐਮਕੋ, ਥਾਨਾ	-ਉਹੀ-

[ਮੁੱਖ ਮੰਤਰੀ]

1	2	3	4
		7. ਮੈਸ: ੳ. ਜੀ. ਐਲ. ਚੰਡੀਗੜ੍ਹ	ਪ੍ਰਾਈਵੇਟ
		8. ਮੈਸ: ਈ. ਸੀ. ਈ. ਸੋਨੀਪੱਤ	-ਉਹੀ-
		9. ਮੈਸ. ਐਪਕੈਸ ਵਦੋਦਰਾ	-ਉਹੀ-
		10. —ਉਹੀ-	-ਉਹੀ-
		11. ਮੈਸ: ਬੀ. ਐਚ. ਈ. ਐਲ. ਚੰਡੀਗੜ੍ਹ	-ਉਹੀ-
		12. ਮੈਸ: ਪੀ. ਐਮ. ਇਲੈਕਟਰੋਨਿਕ, ਨੋਈਡਾ	-ਉਹੀ-
	1995	1. ਮੈਸ. ਐਨਡਿਯੂ ਯੂਲ, ਮਦਰਾਸ	ਸਰਕਾਰੀ
		2. ਮੈਸ: ਟੈਲਕ ਕੇਰਲਾ	ਪ੍ਰਾਈਵੇਟ
		3. ਮੈਸ. ਐਨ. ਜੀ. ਈ. ਐਫ, ਨਿਊ ਦਿੱਲੀ	-ਉਹੀ-
		4. ਮੈਸ: ਜੀ. ਈ. ਜੀ. ਚੰਡੀਗੜ੍ਹ	-ਉਹੀ-
		5. ਮੈਸ. ਐਪਕਸ ਵਦੋਦਰਾ	-ਉਹੀ-
		6. ਮੈਸ ੳ. ਜੀ. ਐਲ. ਚੰਡੀਗੜ੍ਹ	-ਉਹੀ-
		7. ਮੈਸ. ਐਪਕਸ, ਵਦੋਦਰਾ	-ਉਹੀ-
		8. ਮੈਸ: ੳ. ਜੀ. ਐਲ. ਚੰਡੀਗੜ੍ਹ	-ਉਹੀ-
		9. ਮੈਸ. ਆਈ. ਐਮ. ਪੀ. ਬੰਬਈ	-ਉਹੀ-
	1996	1. ਮੈਸ. ਐਨਡਿਯੂ ਯੂਲ ਮਦਰਾਸ	ਸਰਕਾਰੀ
		2. —ਉਹੀ—	-ਉਹੀ-
		3. ਮੈਸ: ਭਾਰਤ ਬਿਜਲੀ ਲਿਮ. ਬੰਬਈ	ਪ੍ਰਾਈਵੇਟ
		4. —ਉਹੀ-	-ਉਹੀ-
		5. ਮੈਸ: ੳ. ਜੀ. ਐਲ. ਚੰਡੀਗੜ੍ਹ	-ਉਹੀ-
		6. ਮੈਸ. ਬੀ. ਐਚ. ਐਚ. ਈ. ਐਲ. ਚੰਡੀਗੜ੍ਹ	-ਉਹੀ
		7. ਮੈਸ. ਐਪਕਸ, ਬੜੌਦਾ	-ਉਹੀ-
		8. ਮੈਸ. ਆਈ. ਐਮ. ਪੀ. ਬੰਬਈ	-ਉਹੀ-

ਕਾਮਰੇਡ ਅਜੈਬ ਸਿੰਘ ਰੌਂਤਾ. ਮਾਨਯੋਗ ਸਪੀਕਰ ਸਾਹਿਬ, ਸਾਲ 1993 ਤੋਂ 1996 ਤੱਕ ਜਿੰਨੇ ਟਰਾਂਸਫਾਰਮਰ ਖਰੀਦੇ ਗਏ, ਉਨ੍ਹਾਂ ਦੀ ਗਿਣਤੀ 87 ਦੱਸੀ ਹੈ । ਮੈਂ ਜਾਨਣਾ ਚਾਹੁੰਦਾ ਹਾਂ ਕਿ ਜਿਹੜੇ ਟਰਾਂਸਫਾਰਮਰ ਖਰੀਦੇ ਗਏ ਹਨ, ਕੀ ਉਸ ਵਿੱਚ ਟੈਂਡਰ ਕਾਲ ਕੀਤੇ ਜਾਂਦੇ ਹਨ ਜਾਂ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾਵਾਂ ਨਾਲ ਮਿਉਚਲ ਅੰਡਰ-ਸਟੈਂਡਿੰਗ ਕੀਤੀ ਜਾਂਦੀ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਟੈਂਡਰ ਕਾਲ ਕੀਤੇ ਜਾਂਦੇ ਹਨ ।

ਕਾਮਰੇਡ ਅਜੈਬ ਸਿੰਘ ਰੌਂਤਾ: ਸਪੀਕਰ ਸਾਹਿਬ, 93 ਫਰਮਾਂ ਵਿੱਚੋਂ 6 ਸਰਕਾਰੀ ਅਤੇ 87 ਗੈਰ ਸਰਕਾਰੀ ਹਨ । ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਫਰਮਾਂ ਇਹੋ ਜਿਹੀਆਂ ਹਨ ਜਿਨ੍ਹਾਂ ਦੀਆਂ ਅੱਗੋਂ ਚਾਰ-ਚਾਰ ਜਾਂ ਪੰਜ-ਪੰਜ ਫਰਮਾਂ ਹਨ । ਜਿਵੇਂ ਕਿ ਇਹ ਸੰਗਰੂਰ ਜਾਂ ਕੋਟਕਪੂਰੇ ਵਿੱਚ ਹਨ । ਸਪੀਕਰ ਸਾਹਿਬ, ਮੈਂ ਜਾਨਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਸਰਕਾਰੀ ਫਰਮਾਂ ਕੋਲ ਪੂਰੇ ਟਰਾਂਸਫਾਰਮਰ ਅਵੇਲੇਬਲ ਨਾ ਹੋਣ ਕਾਰਨ ਗੈਰ ਸਰਕਾਰੀ ਫਰਮਾਂ ਕੋਲ ਜਾਣਾ ਪੈਂਦਾ ਹੈ ਜਾਂ ਅੰਦਰ ਖਾਤੇ ਕੋਈ ਗੱਲਬਾਤ ਕੀਤੀ ਜਾਂਦੀ ਹੈ ?

ਮੁੱਖ ਮੰਤਰੀ. ਸਪੀਕਰ ਸਾਹਿਬ, ਟਰਾਂਸਫਾਰਮਰ ਖਰੀਦਣ ਦਾ ਇਕ ਬਹੁਤ ਲੰਬਾ ਪ੍ਰਾਸੈਸ ਹੈ । ਜੇ ਮੈਂ ਡਿਟੇਲ ਵਿੱਚ ਦੱਸਾਂ ਤਾਂ ਹਾਊਸ ਦਾ ਕਾਫੀ ਸਮਾਂ ਲੱਗ ਜਾਵੇਗਾ । ਜਿੰਨੇ ਟਰਾਂਸਫਾਰਮਰਾਂ ਦੀ ਜ਼ਰੂਰਤ ਹੁੰਦੀ ਹੈ, ਉਹ ਪਹਿਲਾਂ ਅਸੈੱਸ ਹੋ ਜਾਂਦੇ ਹਨ ਕਿ ਇਸ ਸਾਲ ਇੰਨੇ ਕੁ ਚਾਹੀਦੇ ਹਨ । ਫਿਰ ਹਿੰਦੁਸਤਾਨ ਦੇ ਨੈਸ਼ਨਲ ਔਰ ਸਟੇਟ ਲੈਵਲ ਦੇ ਪੇਪਰਜ਼ ਵਿੱਚ ਐਡਵਰਟਾਈਜ਼ਮੈਂਟ ਕੀਤੀ ਜਾਂਦੀ ਹੈ । ਫਿਰ ਫਰਮਾਂ ਤੋਂ ਟੈਂਡਰ ਲਏ ਜਾਂਦੇ ਹਨ । ਉਨ੍ਹਾਂ ਟੈਂਡਰਾਂ ਦੀ ਫਿਰ ਤਿੰਨ ਥਾਵਾਂ ਤੇ ਘੋਖ ਕੀਤੀ ਜਾਂਦੀ ਹੈ ਸਭ ਤੋਂ ਪਹਿਲਾਂ ਪਰਚੇਜ਼ ਅਫ਼ਸਰ ਟੈਕਨੀਕਲੀ ਔਰ ਕਮਰਸ਼ੀਅਲ ਤੌਰ ਤੇ ਵੇਖਦਾ ਹੈ । ਇਸ ਤੋਂ ਇਲਾਵਾ ਉਹ ਕੀਮਤ, ਕੁਆਲਿਟੀ ਅਤੇ ਫਰਮ ਦੀ ਪੁਜ਼ੀਸ਼ਨ ਦੇ ਪੱਖ ਤੋਂ ਵੀ ਵੇਖਦਾ ਹੈ । ਫਿਰ ਉਹ ਆਪਣੀਆਂ ਰਿਕੂਮੈਂਡੇਸ਼ਨਜ਼ ਪਰਚੇਜ਼ ਕਮੇਟੀ ਨੂੰ ਭੇਜਦਾ ਹੈ । ਪਰਚੇਜ਼ ਕਮੇਟੀ ਦੇ ਮੈਂਬਰਾ ਵਿੱਚ ਪੰਜਾਬ ਰਾਜ ਬਿਜਲੀ ਬੋਰਡ ਦਾ ਚੀਫ ਇੰਜੀਨੀਅਰ, ਅਕਾਊਂਟਸ ਅਫਸਰ ਔਰ ਐਸ. ਈ. ਆਦਿ ਹੁੰਦੇ ਹਨ । ਉਹ ਸਾਰੀ ਘੋਖ ਕਰਦੇ ਹਨ । ਸਾਰੇ ਪੱਖਾਂ ਤੋਂ ਵਿਚਾਰਨ ਤੋਂ ਬਾਅਦ ਉਹ ਫਿਰ ਬੋਰਡ ਦੇ ਸਾਹਮਣੇ ਰੱਖੇ ਜਾਂਦੇ ਹਨ । ਫਿਰ ਬੋਰਡ ਫੈਸਲਾ ਕਰਦਾ ਹੈ ਕਿ ਕਿਹੜੀ ਕੰਪਨੀ ਨੂੰ ਕਿੰਨਾ ਆਰਡਰ ਦਿੱਤਾ ਜਾਵੇ । ਇਸ ਤਰ੍ਹਾਂ ਇਹ ਸਾਰਾ ਸਿਸਟਮ ਚੱਲਦਾ ਹੈ ।

ਕਾਮਰੇਡ ਹਰਦੇਵ ਅਰਸ਼ੀ. ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਜੋ ਪੁੱਛਿਆ ਸੀ, ਉਸ ਦਾ ਉੱਤਰ ਨਹੀਂ ਆਇਆ । ਜੋ ਮੁੱਖ ਮੰਤਰੀ ਜੀ ਨੇ ਡਿਟੇਲ ਵਿਚ ਜਵਾਬ ਦਿੱਤਾ ਹੈ, ਉਸ ਦੇ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਲੇਕਿਨ ਨਾਲ ਹੀ ਇਹ ਐਸਿਓਰੈਂਸ ਚਾਹੁੰਦਾ ਹਾਂ ਕਿ ਬਹੁਤ ਸਾਰੇ ਟਰਾਂਸਫਾਰਮਰਜ਼ ਬਲੈਕ ਲਿਸਟ ਫਰਮਾਂ ਤੋਂ ਖਰੀਦੇ ਗਏ ਹਨ, ਉਸ ਦੀ ਇਹ ਆਪਣੇ ਲੈਵਲ ਤੇ ਪੜਤਾਲ ਕਰਵਾ ਲੈਣ । ਦੂਸਰਾ ਇਹ ਕਿ 93 ਟੋਟਲ ਫਰਮਾਂ ਵਿੱਚੋਂ 6 ਫਰਮਾਂ ਸਰਕਾਰੀ ਹਨ । ਕੀ ਕਾਰਨ ਹੈ ਕਿ ਸਾਰੇ

[ਕਾਮਰੇਡ ਹਰਦੇਵ ਅਰਸ਼ੀ]
ਦੇ ਸਾਰੇ ਟਰਾਂਸਫਾਰਮਰ ਗੈਰ ਸਰਕਾਰੀ ਫਰਮਾਂ ਤੋਂ ਹੀ ਖਰੀਦੇ ਗਏ ਹਨ ? ਕੀ ਸਰਕਾਰੀ ਫਰਮਾਂ ਕੋਲ ਜਿੰਨੇ ਟਰਾਂਸਫਾਰਮਰ ਚਾਹੀਦੇ ਹਨ ਉਤਨੇ ਨਹੀਂ ਹਨ ਜਾਂ ਕੋਈ ਹੋਰ ਰੀਜ਼ਨ ਹੈ ? ਸਰਕਾਰੀ ਫਰਮਾਂ ਤੋਂ ਟਰਾਂਸਫਾਰਮਰ ਕਿਉਂ ਨਹੀਂ ਖਰੀਦੇ ਗਏ ?

ਮੁੱਖ ਮੰਤਰੀ. ਸਪੀਕਰ ਸਾਹਿਬ, ਜਿੰਨੇ ਟਰਾਂਸਫਾਰਮਰਜ਼ ਦੀ ਜ਼ਰੂਰਤ ਹੁੰਦੀ ਹੈ, ਉਨੇ ਸਰਕਾਰੀ ਫਰਮਾਂ ਦੇ ਨਹੀਂ ਸਕਦੀਆਂ, ਇਸੇ ਲਈ ਸਾਰੀਆਂ ਥਾਵਾਂ ਤੋਂ ਖੁਲ੍ਹੇ ਟੈਂਡਰ ਮੰਗਵਾਏ ਜਾਂਦੇ ਹਨ ਕਿਉਂਕਿ ਅਗਰ ਸਮੇਂ ਸਿਰ ਟਰਾਂਸਫਾਰਮਰ ਨਹੀਂ ਪਹੁੰਚੇ ਤਾਂ ਖੇਤੀ ਅਤੇ ਇੰਡਸਟਰੀ ਨੂੰ ਬਹੁਤ ਵੱਡਾ ਨੁਕਸਾਨ ਹੁੰਦਾ ਹੈ। ਦੂਸਰਾ ਸਵਾਲ ਜਿਹੜਾ ਆਨਰੇਬਲ ਮੈਂਬਰ ਸਾਹਿਬ, ਨੇ ਕੀਤਾ ਹੈ ਕਿ ਕੁਝ ਬਲੈਕ ਲਿਸਟ ਫਰਮਾਂ ਤੋਂ ਟਰਾਂਸਫਾਰਮਰ ਖਰੀਦੇ ਹਨ। ਅਗਰ ਕੋਈ ਇਹੋ ਜਿਹੀ ਗੱਲ ਹੋਈ, ਤਾਂ ਮੈਂ ਘੋਖ ਕਰਵਾ ਲਵਾਂਗਾ। ਅਗਰ ਮਾਨਯੋਗ ਮੈਂਬਰ ਮੇਰੇ ਨੋਟਿਸ ਵਿਚ ਲਿਆਉਣਗੇ, ਤਾਂ ਮੈਂ ਇਨ੍ਹਾਂ ਦਾ ਵੀ ਧੰਨਵਾਦ ਕਰਾਂਗਾ। ਮੈਂ ਆਪਣੇ ਤੌਰ ਤੇ ਵੀ ਇਸ ਗੱਲ ਦੀ ਘੋਖ ਕਰ ਲਵਾਂਗਾ ਕਿ ਕਿਸੇ ਬਲੈਕ ਲਿਸਟ ਫਰਮ ਤੋਂ ਟਰਾਂਸਫਾਰਮਰ ਨਾ ਖਰੀਦੇ ਹੋਣ। (ਥੰਪਿੰਗ)

ਕਾਮਰੇਡ ਹਰਦੇਵ ਅਰਸ਼ੀ: ਧੰਨਵਾਦ ਜੀ।

ਰਾਮਪੁਰਾ ਫੂਲ ਵਿਚ ਸੜਕਾਂ ਦੀ ਮੁਰੰਮਤ

*395. **ਸਰਦਾਰ ਸਿਕੰਦਰ ਸਿੰਘ**. ਕੀ, ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1994 ਤੋਂ ਮਿਤੀ ਅੰਤ ਤੱਕ ਸਮੇਂ ਦੇ ਦੌਰਾਨ ਨਗਰਪਾਲਿਕਾ, ਰਾਮਪੁਰਾ ਫੂਲ ਦੀ ਹੱਦ ਵਿਚ ਆਉਂਦੀਆਂ ਸੜਕਾਂ ਦੀ ਮੁਰੰਮਤ ਤੇ ਕੀਤੇ ਗਏ ਖਰਚੇ ਦੇ ਸਾਲਵਾਰ ਵੇਰਵੇ ਕੀ ਹਨ ?

(ਅ) ਕੀ ਸਰਕਾਰ ਨੂੰ ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੇ ਦੌਰਾਨ ਸੜਕਾਂ ਦੀ ਮੁਰੰਮਤ ਤੇ ਕੀਤੇ ਗਏ ਖਰਚੇ ਵਿਚ ਬੇਕਾਇਦਗੀਆਂ/ਕੁਵਰਤੋਂ ਸਬੰਧੀ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਤੇ ਕੀ ਕਾਰਵਾਈ ਕੀਤੀ ਗਈ ਹੈ ?

ਸ੍ਰੀ ਬਲਰਾਮ ਜੀ ਦਾਸ ਟੰਡਨ: (ੳ) ਨਗਰ ਕੌਂਸਲ, ਰਾਮਪੁਰਾ ਫੂਲ ਦੀ ਹੱਦ ਅੰਦਰ ਪੈਂਦੀਆਂ ਸੜਕਾਂ ਦੀ ਮੁਰੰਮਤ ਤੇ ਸਾਲ 1994 ਤੋਂ ਹੁਣ ਤੱਕ ਹੋਏ ਖਰਚੇ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ.

ਸਾਲ	ਖਰਚਾ
1994-95	ਰੁਪਏ 9.36 ਲੱਖ
1995-96	ਰੁਪਏ 1.46 ਲੱਖ
1996-97	ਰੁਪਏ 1.27 ਲੱਖ

(ਅ) ਨਹੀਂ ਜੀ ।

ਸਰਦਾਰ ਸਿਕੰਦਰ ਸਿੰਘ ਮਲੂਕਾ. ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਰਾਮਪੁਰਾ ਫੂਲ ਬਹੁਤ ਵੱਡਾ ਸ਼ਹਿਰ ਹੈ ਲੇਕਿਨ ਉਥੇ ਬਹੁਤ ਥੋੜ੍ਹੀ ਰਕਮ ਖਰਚ ਕੀਤੀ ਗਈ ਹੈ । ਜਿਹੜੀਆਂ ਸੜਕਾਂ ਉਥੇ ਬਣੀਆਂ ਹਨ, ਉਸ ਵਿੱਚ ਵੀ ਬਹੁਤ ਵੱਡੀ ਘਪਲੇਬਾਜ਼ੀ ਹੋਈ ਹੈ, ਕੀ ਮੰਤਰੀ ਜੀ ਇਸ ਦੀ ਪੜਤਾਲ ਕਰਵਾਉਣਗੇ ? ਮੰਤਰੀ ਜੀ ਉਥੇ ਆ ਕੇ ਆਪ ਦੇਖ ਲੈਣ ਕਿ ਸੜਕਾਂ ਦਾ ਕੀ ਹਾਲ ਹੈ । ਕੀ ਮੰਤਰੀ ਜੀ ਆਉਣ ਵਾਲੇ ਸਮੇਂ ਵਿੱਚ ਹੋਰ ਫੰਡ ਦੇਣਗੇ, ਤਾਂ ਕਿ ਸੜਕਾਂ ਦੀ ਰਿਪੇਅਰ ਹੋ ਸਕੇ ?

ਮੰਤਰੀ. ਸਪੀਕਰ ਸਾਹਿਬ, ਇਹ ਲਿਖਤੀ ਤੌਰ ਤੇ ਸ਼ਿਕਾਇਤ ਦੇ ਦੇਣ, ਅਸੀਂ ਜ਼ਰੂਰ ਪੜਤਾਲ ਕਰਵਾਵਾਂਗੇ ।

ਸਰਦਾਰ ਸਿਕੰਦਰ ਸਿੰਘ ਮਲੂਕਾ : ਸਪੀਕਰ ਸਾਹਿਬ, ਕੀ ਇਹ ਆਉਣ ਵਾਲੇ ਸਮੇਂ ਵਿੱਚ ਸੜਕਾਂ ਦੀ ਰਿਪੇਅਰ ਕਰਾਉਣ ਵਾਸਤੇ ਹੋਰ ਫੰਡ ਦੇਣਗੇ ?

ਮੰਤਰੀ. ਸਪੀਕਰ ਸਾਹਿਬ, ਇਸ ਦੇ ਬਾਰੇ ਵਿਚਾਰ ਕਰ ਲਵਾਂਗੇ ।

ਸ੍ਰੀ ਸਪੀਕਰ: ਇਹ ਇਕੱਲੇ ਇਸ ਸ਼ਹਿਰ ਦਾ ਹੀ ਨਹੀਂ, ਸਾਰੇ ਸ਼ਹਿਰਾਂ ਦਾ ਹੀ ਬੁਰਾ ਹਾਲ ਹੈ ।

ਮੰਤਰੀ: ਸਾਰੇ ਸ਼ਹਿਰਾਂ ਦਾ ਹੀ, ਛੋਟੇ ਹੋਣ ਜਾਂ ਵੱਡੇ, ਇਹੋ ਹਾਲ ਹੈ । ਲੇਕਿਨ ਜੋ ਕੁਝ ਉਪਰਾਲੇ ਅਸੀਂ ਕਰ ਸਕਦੇ ਹਾਂ, ਉਹ ਜ਼ਰੂਰ ਕਰਾਂਗੇ ।

ਰਾਮਪੁਰਾ ਫੂਲ ਵਿਚ ਸਟਰੀਟ ਲਾਈਟਜ਼ ਦੀ ਮੁਰੰਮਤ

*396 **ਸਰਦਾਰ ਸਿਕੰਦਰ ਸਿੰਘ ਮਲੂਕਾ:** ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1994 ਤੋਂ ਹੁਣ ਤੱਕ ਦੇ ਸਮੇਂ ਦੌਰਾਨ ਰਾਮਪੁਰਾ ਫੂਲ ਵਿਚ ਸਟਰੀ ਲਾਈਟਜ਼ ਦੀ ਮੁਰੰਮਤ ਤੇ ਕੀਤੇ ਗਏ ਖਰਚੇ ਦੇ ਸਾਲ ਵਾਰ ਵੇਰਵੇ ਕੀ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੇ ਦੌਰਾਨ ਉਕਤ ਕਸਬੇ ਵਿਚ ਸਟਰੀਟ ਲਾਈਟਜ਼ ਦੀ ਮੁਰੰਮਤ ਤੇ ਕੀਤੇ ਗਏ ਖਰਚੇ ਵਿਚ ਬੇਕਾਇਦਗੀਆਂ/ਕੁਵਰਤੋਂ ਸਬੰਧੀ ਸਰਕਾਰ ਨੂੰ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜੇਕਰ ਅਜਿਹਾ ਹੋਵੇ, ਤਾਂ ਇਸ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸ੍ਰੀ ਬਲਰਾਮ ਜੀ ਦਾਸ ਟੰਡਨ. (ੳ) ਨਗਰ ਕੌਂਸਲ, ਰਾਮਪੁਰਾ ਫੂਲ ਵਿਖੇ ਸਾਲ 1994 ਤੋਂ ਹੁਣ ਤੱਕ ਦੇ ਸਮੇਂ ਦੌਰਾਨ ਸਟਰੀਟ ਲਾਈਟਾਂ ਦੀ ਮੁਰੰਮਤ ਤੇ ਆਏ ਖਰਚੇ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :

ਸਾਲ	ਖਰਚਾ
1994-95	ਰੁਪਏ 1.29 ਲੱਖ
1995-96	ਰੁਪਏ 1.44 ਲੱਖ
1996-97	ਰੁਪਏ 1.26 ਲੱਖ

(ਅ) ਹਾਂ ਜੀ, ਸ੍ਰੀ ਕ੍ਰਿਸ਼ਨ ਕੁਮਾਰ, ਮੈਂਬਰ ਨਗਰ ਕੌਂਸਲ, ਰਾਮਪੁਰਾ ਫੂਲ ਨੇ ਇਕ ਸ਼ਿਕਾਇਤ ਮਿਤੀ 11 ਅਪ੍ਰੈਲ, 1997 ਨੂੰ ਸਟਰੀਟ ਲਾਈਟ ਦੇ ਸਮਾਨ ਖਰੀਦਣ ਸਬੰਧੀ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਫਿਰੋਜ਼ਪੁਰ ਨੂੰ ਕੀਤੀ ਸੀ । ਜਿਸ ਵਿਚ ਉਸ ਨੇ ਅਨਿਯਮਤਾਈਆਂ ਦਾ ਦੋਸ਼ ਲਾਇਆ ਸੀ । ਇਸ ਸ਼ਕਾਇਤ ਬਾਰੇ ਪੜਤਾਲ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਫਿਰੋਜ਼ਪੁਰ ਵਲੋਂ ਕੀਤੀ ਜਾ ਰਹੀ ਹੈ ।

ਸਰਦਾਰ ਸਿਕੰਦਰ ਸਿੰਘ (ਮਲੂਕਾ): ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਸ਼ਹਿਰ ਵਿੱਚ ਸਟਰੀਟ ਲਾਈਟ ਦਾ ਬੁਰਾ ਹਾਲ ਹੈ । ਸਾਰਾ ਸ਼ਹਿਰ ਹਨੇਰੇ ਵਿੱਚ ਡੁੱਬਿਆ ਪਿਆ ਹੋਣ ਕਰਕੇ ਚੋਰ ਬਹੁਤ ਸਰਗਰਮ ਹਨ । ਸਟੋਰ ਪੁਰਾਣੇ ਸਮਾਨ ਨਾਲ ਭਰਿਆ ਪਿਆ ਹੈ, ਸੀਵਰੇਜ ਸਿਸਟਮ ਬਹੁਤ ਖਰਾਬ ਹੈ ਫਿਰ ਕਿਉਂ ਉਸ ਨਗਰ ਪਾਲਿਕਾ ਨੂੰ ਲੋਕਾਂ ਤੇ ਠੋਸਿਆ ਜਾ ਰਿਹਾ ਹੈ । ਪੜਤਾਲਾਂ ਨੂੰ ਕਿਉਂ ਮੁਕੰਮਲ ਨਹੀਂ ਕਰਦੇ ਔਰ ਉਸੇ ਨਗਰਪਾਲਿਕਾ ਨੂੰ ਲੋਕਾਂ ਤੇ ਠੋਸੀ ਜਾ ਰਹੇ ਹੋ ?

ਮੰਤਰੀ: ਸਪੀਕਰ ਸਾਹਿਬ, ਜਿਥੋਂ ਤੱਕ ਇਸ ਜਨਰਲ ਸ਼ਿਕਾਇਤ ਦਾ ਤਾਅੱਲੁਕ ਹੈ, ਇਸ ਦੇ ਬਾਰੇ ਪੜਤਾਲ ਹੋਈ ਹੈ । ਉਸ ਦੀ ਰਿਪੋਰਟ ਵੀ ਆਈ ਹੈ ਔਰ ਉਸੇ ਰਪੋਰਟ ਦੇ ਆਧਾਰ ਤੇ ਸ਼ੋ ਕਾਜ਼ ਨੋਟਿਸ ਇਸ਼ੂ ਕਰ ਦਿਤਾ ਹੈ ਜਿਸ ਦੇ ਬਾਰੇ ਜਲਦੀ ਹੀ ਫੈਸਲਾ ਹੋ ਜਾਵੇਗਾ । (ਥੰਪਿੰਗ)

ਸਰਦਾਰ ਬਲਦੇਵ ਸਿੰਘ ਖਿਆਲਾ: ਸਪੀਕਰ ਸਾਹਿਬ, ਬਹੁਤ ਜ਼ਿਆਦਾ ਫੰਡਜ਼ ਉਥੇ ਲਗਾਏ ਹਨ ਪਰ ਲਾਈਟਾਂ ਨਹੀਂ ਲਗਾਈਆਂ ਗਈਆਂ । ਉਥੇ ਇਕ ਵੀ ਲਾਈਟ ਮੁਕੰਮਲ ਨਹੀਂ ਹੋਈ । ਇਸ ਲਈ ਸਟਰੀਟ ਲਾਈਟਾਂ ਤੇ ਜਿਹੜਾ ਖਰਚਾ ਹੋਇਆ ਹੈ, ਮੰਤਰੀ ਜੀ, ਉਸਦੀ ਇਨਕੁਆਇਰੀ ਕਰਾਉਣ ਤਾਂਕਿ ਪਤਾ ਲਗ ਸਕੇ ਕਿ ਉਥੇ ਜਿਹੜਾ ਖਰਚਾ ਹੋਇਆ ਹੈ ਉਹ ਕਿਥੇ ਹੋਇਆ ਹੈ ।

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਸਾਰੀਆਂ ਲਾਈਟਾਂ ਬਾਰੇ ਪੁੱਛਿਆ ਹੈ । ਜੇਕਰ ਮੈਂਬਰ ਸਾਹਿਬ ਦੇ ਧਿਆਨ ਵਿਚ ਕੋਈ ਖਾਸ ਲਾਈਟ ਦੀ ਮੁਰੰਮਤ ਦਾ ਕੇਸ ਹੈ ਤਾਂ ਇਹ ਸੈਪਰੇਟ ਲਿਖ ਕੇ ਦੇਣ, ਅਸੀਂ ਪਤਾ ਕਰ ਲਵਾਂਗੇ ।

ਸ੍ਰੀ ਸਪੀਕਰ: ਖਿਆਲਾ ਜੀ, ਜੇਕਰ ਕਿਸੇ ਸਪੈਸ਼ਲ ਲਾਈਟ ਬਾਰੇ ਤੁਹਾਡੇ ਧਿਆਨ ਵਿਚ ਹੈ ਤਾਂ ਤੁਸੀ ਅਲੱਗ ਕੁਐਸਚਨ ਲਿਖ ਕੇ ਦੇ ਦੇਣਾ ।

ਅਨੁਸੂਚਿਤ ਕਬੀਲਿਆਂ ਅਤੇ ਅਨੁਸੂਚਿਤ ਜਾਤੀਆਂ ਨੂੰ ਜ਼ਮੀਨ ਦੀ ਅਲਾਟਮੈਂਟ

*362 **ਸ੍ਰੀ ਤਿਕਸ਼ਨ ਸੂਦ:** ਕੀ ਖੇਤੀਬਾੜੀ ਅਤੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪੰਚਾਇਤੀ ਜ਼ਮੀਨਾਂ ਸਮੇਤ ਅਜਿਹੀ ਸਰਕਾਰੀ ਜ਼ਮੀਨ ਜਿਸ ਤੇ ਅਨੁਸੂਚਿਤ ਕਬੀਲਿਆਂ ਜਿਵੇਂ ਸਿਕਲੀਗਰਾਂ, ਬਾਜ਼ੀਗਰਾਂ ਅਤੇ ਸੈਂਸੀਆਂ ਨਾਲ ਸਬੰਧਤ ਵਿਅਕਤੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੇ ਆਪਣੇ ਮਕਾਨ ਬਣਾਏ ਹੋਏ ਹਨ ਅਤੇ ਜਿਥੇ ਉਹ ਪਿਛਲੇ 20 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਰਹਿ ਰਹੇ ਹਨ, ਨੂੰ ਅਲਾਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੇ ਵੇਰਵੇ ਕੀ ਹਨ ਅਤੇ ਇਸ ਤਜਵੀਜ਼ ਨੂੰ ਕਦੋਂ ਤੱਕ ਅਮਲੀ ਰੂਪ ਦਿਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ: ਹਾਂ ਜੀ, । ਸਰਕਾਰ ਨੇ ਸਿਧਾਂਤਕ ਤੌਰ ਤੇ ਫੈਸਲਾ ਕੀਤਾ ਹੈ ਕਿ ਬਾਜੀਗਰ, ਸਿਕਲੀਗਰ ਤੇ ਅਨੁਸੂਚਿਤ ਜਾਤੀ ਦੇ ਵਿਅਕਤੀਆਂ ਜਿਹੜੇ ਕਿ ਪਿਛਲੇ 10 ਸਾਲਾਂ ਤੋਂ ਸਰਕਾਰੀ ਜ਼ਮੀਨ ਉਪਰ ਝੁੱਗੀ ਝੌਂਪੜੀ ਬਣਾਈ ਬੈਠੇ ਹਨ ਨੂੰ ਉਦੋਂ ਤੱਕ ਨਾ ਉਠਾਇਆ ਜਾਵੇ ਜਦੋਂ ਤੱਕ ਉਨ੍ਹਾਂ ਨੂੰ ਹੋਰ ਜਗ੍ਹਾ ਤੇ ਵਸਾਇਆ ਨਹੀਂ ਜਾਂਦਾ । ਇਸ ਫੈਸਲੇ ਨੂੰ ਅਮਲੀ ਰੂਪ ਦੇਣ ਲਈ ਸਬੰਧਤ ਵਿਭਾਗਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ । ਵਰਤਮਾਨ ਸਰਕਾਰ ਨੇ ਇਸ ਸਬੰਧੀ ਫੈਸਲਾ ਇਕ ਕਦਮ ਹੋਰ ਅਗਾਂਹ ਲਿਆ ਹੈ ਜਿਸ ਵਿੱਚ ਪੇਂਡੂ ਇਲਾਕਿਆਂ ਵਿੱਚ ਆਰਥਿਕ ਤੌਰ ਤੇ ਕਮਜ਼ੋਰ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ 5 ਮਰਲੇ ਦੇ ਪਲਾਟ ਦੇ ਉਪਰ 50,000/- ਰੁਪਏ ਦੀ ਲਾਗਤ ਨਾਲ ਮੁਫਤ ਮਕਾਨ ਬਣਾ ਕੇ ਦੇਣ ਦਾ ਫੈਸਲਾ ਲਿਆ ਹੈ । ਇਸ ਫੈਸਲੇ ਨੂੰ ਸਿਰੇ ਚਾੜ੍ਹਨ ਲਈ ਸਾਲ 1997-98 ਦੇ ਬਜਟ ਵਿੱਚ 63.15 ਕਰੋੜ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ ।

ਸ੍ਰੀ ਸਪੀਕਰ. ਬਾਦਲ ਸਾਹਿਬ, ਸਵਾਲ ਵਿਚ 5 ਮਰਲੇ ਹੈ ਜਾਂ ਫਿਰ 10 ਮਰਲੇ ਹੈ । ਇਸ ਕਲੈਰੀਕਲ ਮਿਸਟੇਕ ਨੂੰ ਦੇਖ ਲੈਣਾ ।

ਮੰਤਰੀ: 10 ਮਰਲੇ ਹੈ ।

ਸ੍ਰੀ ਤਿਕਸ਼ਨ ਸੂਦ : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਅਤੇ ਸਰਕਾਰ ਦਾ ਬਹੁਤ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਅਨੁਸੂਚਿਤ ਜਾਤੀਆਂ ਲਈ ਔਰ ਪੱਛੜੇ ਵਰਗ ਦੇ ਲੋਕਾਂ ਲਈ ਬਹੁਤ ਹੀ ਅੱਛੀ ਸਕੀਮ ਬਣਾਈ ਹੈ । ਪਰੰਤੂ ਮੇਰੇ ਸਵਾਲ ਦੇ ਵਿੱਚ ਦੋ ਗੱਲਾਂ ਹਨ, ਜਿਨ੍ਹਾਂ ਬਾਰੇ ਜਵਾਬ ਨਹੀਂ ਦਿੱਤਾ ਗਿਆ । ਇਕ ਤਾਂ ਇਹ ਹੈ ਕਿ ਪਿੰਡਾਂ ਦੀਆਂ ਜ਼ਮੀਨਾਂ ਬਾਰੇ ਕੀ ਕਹਿਣਾ ਹੈ, ਇਹ ਸੇਮ ਰੂਲ ਇਨ੍ਹਾਂ ਤੇ ਵੀ ਲਾਗੂ ਹੋਵੇਗਾ ਜਾਂ ਨਹੀਂ, ਦੂਸਰਾ ਜਿਥੇ ਉਹ ਲੋਕ ਬੈਠੇ ਹਨ ਆਪਣੇ ਮਕਾਨ ਬਣਾ ਕੇ ਜਾਂ ਝੁੱਗੀ ਝੌਂਪੜੀ ਬਣਾ ਕੇ ਰਹਿ ਰਹੇ ਹਨ । ਕੀ ਉਨ੍ਹਾਂ ਨੂੰ ਉਹੀ ਜਗ੍ਹਾ ਅਲਾਟ ਕਰਨੀ ਹੈ ਜਾਂ ਤਜਵੀਜ਼ ਹੈ ? ਫਿਰ ਉਨ੍ਹਾਂ ਤੋਂ ਪੈਸੇ ਲੈਣਗੇ ਜਾਂ ਨਹੀਂ ?

ਮੰਤਰੀ :: ਸਪੀਕਰ ਸਾਹਿਬ, ਇਨ੍ਹਾਂ ਨੇ ਪੁੱਛਿਆ ਹੈ ਕਿ ਉਨ੍ਹਾਂ ਨੂੰ ਉਥੋਂ ਉਠਾਇਆ ਜਾਵੇਗਾ ਜਾਂ ਨਹੀਂ ਉਠਾਉਣ ਬਾਰੇ ਸਰਕਾਰ ਸਪੱਸ਼ਟ ਹੈ ਕਿ ਉਨ੍ਹਾਂ ਨੂੰ ਉਤਨਾ ਚਿਰ ਉਥੋਂ ਨਹੀਂ ਉਠਾਇਆ ਜਾਵੇਗਾ ਜਿੰਨਾਂ ਚਿਰ ਤੱਕ ਉਨ੍ਹਾਂ ਨੂੰ ਨਵੇਂ ਘਰ ਪਾ ਕੇ ਨਹੀਂ ਦਿੱਤੇ ਜਾਣਗੇ । ਸਾਡੀ ਉਨ੍ਹਾਂ ਨੂੰ ਉਠਾਉਣ ਬਾਰੇ ਕੋਈ ਤਜਵੀਜ਼ ਨਹੀਂ । ਝੁੱਗੀ ਝੌਂਪੜੀਆਂ ਲਈ 10 ਮਰਲੇ ਅਤੇ ਪੇਂਡੂਆਂ ਬਾਰੇ 5 ਮਰਲੇ, ਜਿਸ ਬਾਰੇ ਮੈਂ ਦੱਸ ਦਿੱਤਾ ਹੈ । ਇਸ ਕਰਕੇ ਸਾਡੀ ਉਨ੍ਹਾਂ ਨੂੰ ਉਠਾਉਣ ਦੀ ਕੋਈ ਤਜਵੀਜ਼ ਨਹੀ ਹੈ ਜਦੋਂ ਤਕ ਉਨ੍ਹਾਂ ਦੇ ਲਈ ਨਵੇਂ ਮਕਾਨ ਨਹੀਂ ਬਣਾ ਦਿੱਤੇ ਜਾਂਦੇ ।

ਸ਼੍ਰੀ ਤਿਕਸ਼ਨ ਸੂਦ: ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਹਾਲੇ ਵੀ ਨਹੀਂ ਆਇਆ । ਮੈਂ ਪੁੱਛਿਆ ਸੀ ਕਿ ਉਨ੍ਹਾਂ ਨੂੰ ਉਹੀ ਮਕਾਨ ਅਲਾਟ ਕੀਤੇ ਜਾਣਗੇ ? ਇਸ ਲਈ ਮੈਂ ਸਵਾਲ ਦੁਬਾਰਾ ਪੜ੍ਹ ਦਿੰਦਾ ਹਾਂ ਕਿ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪੰਚਾਇਤੀ ਜ਼ਮੀਨਾਂ ਸਮੇਤ ਅਜਿਹੀ ਸਰਕਾਰੀ ਜ਼ਮੀਨ ਜਿਸ ਉਤੇ ਅਨੁਸੂਚਿਤ ਕਬੀਲਿਆਂ ਜਿਵੇਂ ਸਿਕਲੀਗਰਾਂ, ਬਾਜ਼ੀਗਰਾਂ ਅਤੇ ਸੈਂਸੀਆਂ ਨਾਲ ਸਬੰਧਤ ਵਿਅਕਤੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੇ ਆਪਣੇ ਮਕਾਨ ਬਣਾਏ ਹੋਏ ਹਨ ਅਤੇ ਜਿਥੇ ਉਹ ਪਿਛਲੇ 20 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਰਹਿ ਰਹੇ ਹਨ, ਨੂੰ ਅਲਾਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੇ ਵੇਰਵੇ ਕੀ ਹਨ ਅਤੇ ਇਸ ਤਜਵੀਜ਼ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਸਪੀਕਰ: ਮੈਂਬਰ ਸਾਹਿਬ ਨੇ ਉਹੀ ਜਗ੍ਹਾ ਅਲਾਟ ਕਰਨ ਸਬੰਧੀ ਪੁੱਛਿਆ ਹੈ ।

ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕਰ ਚੁੱਕਾ ਹਾਂ ਕਿ ਜਿਨ੍ਹਾਂ ਢੁੱਕਵੀਆਂ ਥਾਵਾਂ ਤੇ ਉਹ ਲੋਕ ਬੈਠੇ ਹਨ । ਸਰਕਾਰ ਤਾਂ ਉਨ੍ਹਾਂ ਨੂੰ ਹੋਰ ਸਹੂਲਤਾਂ ਦੇਣ ਵਾਸਤੇ ਵੀ ਹਰ ਤਰ੍ਹਾਂ ਦੇ ਮਨਸੂਬੇ ਵਰਤ ਰਹੀ ਹੈ । ਇਸ ਕਰਕੇ ਉਨ੍ਹਾਂ ਨੂੰ ਮਾਲਕ ਬਣਾਉਣ ਵਾਸਤੇ ਸਰਕਾਰ ਦੇ ਵਿਚਾਰ ਅਧੀਨ ਗੱਲ ਹੈ । ਅਸੀਂ ਤਾਂ ਉਨ੍ਹਾਂ ਨੂੰ ਮਾਲਕ ਬਣਾਉਣ ਵਾਸਤੇ ਤਿਆਰ ਹਾਂ ।

ਸਰਦਾਰ ਹੀਰਾ ਸਿੰਘ ਗਾਬੜੀਆ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਝੁੱਗੀਆਂ ਝੌਂਪੜੀਆਂ ਵਾਲਿਆਂ ਨੂੰ ਮਕਾਨ ਦਿੱਤੇ ਜਾਣੇ ਹਨ, ਉਨ੍ਹਾਂ ਦੀ ਪੰਜਾਬ ਵਿੱਚ ਗਿਣਤੀ ਕਿੰਨੀ ਹੈ ? ਜਾਂ ਇਸ ਦੀ ਆਈਡੈਂਟੀ-ਫਿਕੇਸ਼ਨ ਕਰਾ ਲੈਣੀ ਚਾਹੀਦੀ ਹੈ ਤਾਂ ਕਿ ਝੁੱਗੀਆਂ ਨੂੰ ਵਧਣ ਤੋਂ ਰੋਕਿਆ ਜਾ ਸਕੇ ।

ਸ਼੍ਰੀ ਸਪੀਕਰ: ਤੁਸੀਂ ਇਸ ਬਾਰੇ ਸੈਪਰੇਟ ਕੁਐਸਚਨ ਦੇ ਦਿਓ । ਹਾਂ ਜੀ, ਰੌਂਤਾ ਸਾਹਿਬ ।

ਕਾਮਰੇਡ ਅਜੈਬ ਸਿੰਘ ਰੌਂਤਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 2-3 ਪੱਛੜੀਆਂ ਜਾਤੀਆਂ ਦੇ ਨਾਂ ਲਏ

ਹਨ ਅਤੇ ਮੇਰੇ ਇਲਾਕੇ ਵਿੱਚ ਗੱਡੀਆਂ ਵਾਲੇ ਬਾਗੜੀਏ ਹਨ, ਜਿਹੜੇ ਕਿ ਪਿੰਡਾਂ ਵਿੱਚ ਲੋਹਾ ਕੁੱਟਣ ਦਾ ਕੰਮ ਕਰਦੇ ਹਨ । ਇਨ੍ਹਾਂ ਨੂੰ ਬਹੁਤ ਪਿੰਡਾਂ ਵਿੱਚ ਥਾਂ ਦਿੱਤੀ ਗਈ ਹੈ ਅਤੇ ਇਨ੍ਹਾਂ ਨੇ ਉਥੇ ਆਪਣੇ ਮਕਾਨ ਪਾ ਲਏ ਹਨ, ਰਿਹਾਇਸ਼ ਕਰ ਲਈ ਹੈ । ਕੀ ਇਸ ਬਰਾਦਰੀ ਨੂੰ ਵੀ ਇਸ ਸਕੀਮ ਵਿੱਚ ਕਨਸਿਡਰ ਕੀਤਾ ਜਾਵੇਗਾ ?

ਸ੍ਰੀ ਸਪੀਕਰ: ਇਹ ਸੈਪਰੇਟ ਕੁਐਸਚਨ ਹੈ ।

ਚੌਧਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਬਰਾਦਰੀਆਂ ਦਾ ਜ਼ਿਕਰ ਕੀਤਾ ਗਿਆ ਹੈ ਇਨ੍ਹਾਂ ਪਾਸ ਮਕਾਨ ਜਾਂ ਜ਼ਮੀਨਾਂ ਬਹੁਤ ਘੱਟ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਸਕੀਮ 50 ਹਜ਼ਾਰ ਰੁਪਏ ਦੇ ਘਰ ਦੇਣ ਦੀ ਹੈ, ਉਸ ਸਕੀਮ ਵਿੱਚ ਇਹ ਪੱਛੜੀ ਸ਼੍ਰੇਣੀ ਸਿਕਲੀਗਰਾਂ ਵਾਸਤੇ, ਜਿਨ੍ਹਾਂ ਦੀਆਂ ਆਪਣੀਆਂ ਘੱਟ ਜ਼ਮੀਨਾਂ ਜਾਂ ਮਕਾਨ ਹਨ, ਇਨ੍ਹਾਂ ਵਾਸਤੇ ਕੋਈ ਹਿੱਸਾ ਦਿੱਤਾ ਜਾਵੇਗਾ ਇਸ ਘਰ ਬਣਾਉਣ ਦੇ ਪ੍ਰੋਗਰਾਮ ਵਿੱਚ ।

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਪੇਂਡੂ ਸਕੀਮ ਵਿੱਚ ਆਉਂਦਾ ਹੈ । ਜੋ ਪਿੰਡਾਂ ਵਿਚ ਗਰੀਬ ਰਹਿੰਦੇ ਹਨ ਉਨ੍ਹਾਂ ਨੂੰ 5 ਮਰਲੇ ਜਗ੍ਹਾ ਦੇਣੀ ਹੈ, ਜੇ ਪੰਚਾਇਤ ਦੀ ਮਿਲ ਜਾਵੇ ਤਾ ਬਹੁਤ ਖੁਸ਼ੀ ਦੀ ਗੱਲ ਹੈ । ਜੇ ਇਹ ਨਾ ਮਿਲੀ ਤਾਂ ਬਾਦਲ ਸਰਕਾਰ ਇਸ ਲਈ ਵਚਨਬੱਧ ਹੈ ਕਿ ਉਨ੍ਹਾਂ ਨੂੰ 5-5 ਮਰਲੇ ਲੈ ਕੇ ਦਿਆਂਗੇ । (ਥੰਪਿੰਗ) ਉਨ੍ਹਾਂ ਨੂੰ 50 ਹਜ਼ਾਰ ਰੁਪਿਆ ਖਰਚ ਕਰਕੇ, ਉਨ੍ਹਾਂ ਨੂੰ ਮਕਾਨ ਰਿਹਾਇਸ਼ ਵਾਸਤੇ ਦੇਵਾਂਗੇ । ਜੇ ਇਨ੍ਹਾਂ ਨੇ ਬਣਵਾਉਣਾ ਹੈ ਤਾਂ ਦੱਸ ਦੇਣਾ (ਹਾਸਾ)

ਚੌਧਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ । ਮੈਂ ਪੁੱਛਿਆ ਸੀ ਕਿ ਇਸ ਸਿਕਲੀਗਰ ਬਰਾਦਰੀ ਨੂੰ ਇਸ ਸਕੀਮ ਵਿੱਚ ਹਿੱਸਾ ਦਿੱਤਾ ਜਾਵੇਗਾ ?

ਸ੍ਰੀ ਸਪੀਕਰ. ਇਨ੍ਹਾਂ ਨੇ ਪੁੱਛਿਆ ਹੈ ਕਿ ਸੈਪਰੇਟ ਰੁਪਿਆ ਖਰਚ ਕਰੋਗੇ ?

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜਾ ਸਵਾਲ ਕੀਤਾ ਹੈ ਇਹ ਦੁਬਾਰਾ ਕਰ ਦੇਣ । ਦੁਬਾਰਾ ਜਵਾਬ ਦੇ ਦੇਵਾਂਗੇ ।

ਸ੍ਰੀ ਰਾਮ ਲਾਲ: ਸਪੀਕਰ ਸਾਹਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਅਨੁਸੂਚਿਤ ਜਾਤੀਆਂ ਨੂੰ ਮਕਾਨ ਦੇਣ ਦਾ, ਸਵਾਲ ਉਠਿਆ ਹੈ ਇਸ ਬਾਰੇ ਮੈਂ ਇਕ ਜਿੰਦਾ ਮਿਸਾਲ ਦੇਣੀ ਚਾਹੁੰਦਾ ਹਾਂ । ਪਠਾਨਕੋਟ ਦਾ ਇਲਾਕਾ ਜਿਹੜਾ ਕਿ ਸ੍ਰੀ ਸੱਤਿਆ ਪਾਲ ਸੈਣੀ ਦਾ ਹੈ ਉਥੇ 50-50 ਸਾਲ ਤੋਂ ਪਿੰਡ ਵਸੇ ਹੋਏ ਹਨ । ਉਹ ਲੋਕ ਕੱਖਾਂ ਕਾਨਿਆਂ ਵਾਲੇ ਘਰਾਂ ਵਿੱਚ ਰਹਿੰਦੇ ਹਨ । ਖਜੂਰਾਂ ਦੀਆਂ ਛੱਤਾਂ ਪਾਈਆਂ ਹੋਈਆਂ ਹਨ ਅਤੇ ਹੁਣ ਉਹ ਜ਼ਮੀਨ ਸਰਕਾਰ ਨੇ ਲੈ ਲਈ ਹੈ ।

ਸ੍ਰੀ ਸਪੀਕਰ: ਤੁਸੀਂ ਪਠਾਨਕੋਟ ਬਾਰੇ ਜਾਨਣਾ ਚਾਹੁੰਦੇ ਹੋ ਤਾਂ ਇਸ ਬਾਰੇ ਸੈਪਰੇਟ ਕੁਐਸਚਨ ਦੇ ਦੇਣਾ ।

ਸ੍ਰੀ ਰਾਮ ਲਾਲ : ਜਿਹੜੀ ਜ਼ਮੀਨ ਦਾ ਪੈਸਾ ਸਰਕਾਰ ਨੇ ਦਿੱਤਾ ਉਹ ਤਾਂ ਜ਼ਿਮੀਂਦਾਰਾਂ ਨੇ ਲੈ ਲਿਆ ਪਰ ਗਰੀਬ ਲੋਕਾਂ ਨੂੰ ਕੁਝ ਨਹੀਂ ਮਿਲਿਆ । ਗਰੀਬ ਲੋਕਾਂ ਨੂੰ ਮਕਾਨ ਬਣਾਉਣ . . .(ਵਿਘਨ)

ਸ੍ਰੀ ਸਪੀਕਰ. ਸੈਪਰੇਟ ਕੁਐਸਚਨ ਦੇ ਦੇਣਾ ।

ਕਾਮਰੇਡ ਹਰਦੇਵ ਅਰਸ਼ੀ . ਸਪੀਕਰ ਸਾਹਿਬ, ਮੈਂ ਇਹ ਕਲੈਰੀਫਿਕੇਸ਼ਨ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਉੱਤਰ ਵਿੱਚ ਹੋਏ ਜ਼ਿਕਰ ਕੀਤਾ ਹੈ ਕਿ ਅਸੀਂ 5 ਮਰਲੇ ਦਾ ਪਲਾਟ ਰੂਰਲ ਏਰੀਏ ਵਿੱਚ ਆਪ ਪਰਚੇਜ਼ ਕਰਕੇ ਦੇਵਾਂਗੇ ਅਤੇ 50 ਹਜ਼ਾਰ ਦੀ ਕੌਸਟ ਦੀ ਕੰਸਟ੍ਰਕੱਸ਼ਨ ਕਰਕੇ ਦੇਵਾਂਗੇ । ਕੀ ਇਹ ਸਭ ਵੱਖਰਾ-ਵੱਖਰਾ ਹੋਵੇਗਾ ਜਾਂ ਫਿਰ 50 ਹਜ਼ਾਰ ਰੁਪਏ ਵਿੱਚ ਹੀ ਪਲਾਟ ਦਾ ਖਰਚਾ ਸ਼ਾਮਲ ਕਰਨਗੇ ।

ਮੰਤਰੀ ਸਪੀਕਰ ਸਾਹਿਬ, ਪਲਾਟਾਂ ਵਾਸਤੇ ਅਸੀਂ 60 ਹਜ਼ਾਰ ਰੁਪਿਆ ਰੱਖਿਆ ਹੈ ਅਤੇ 3 ਕਰੋੜ ਰੁਪਿਆ ਵੱਖਰਾ ਰੱਖਿਆ ਹੈ । ਇਨ੍ਹਾਂ ਨੂੰ ਜਗ੍ਹਾ ਲੈ ਕੇ, ਖਰੀਦ ਕੇ ਸਰਕਾਰ ਦੇਵੇਗੀ । 3 ਕਰੋੜ ਰੁਪਿਆ ਰਾਖਵਾਂ ਰੱਖਿਆ ਗਿਆ ਹੈ । (ਥੰਪਿੰਗ)

—

ਧਾਰ ਸਬ ਤਹਿਸੀਲ ਵਿਚ ਫਸਲਾਂ ਨੂੰ ਨੁਕਸਾਨ

*408 **ਮਾਸਟਰ ਮੋਹਨ ਲਾਲ.** ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ :—

(ੳ) ਕੀ ਸਾਲ 1996 ਦੌਰਾਨ ਧਾਰ ਸਬ-ਤਹਿਸੀਲ ਜ਼ਿਲ੍ਹਾ ਗੁਰਦਾਸਪੁਰ ਵਿਚ ਗੜ੍ਹਿਆਂ ਅਤੇ ਕੋਰੇ ਦੇ ਕਾਰਣ ਝੋਨੇ ਅਤੇ ਟਮਾਟਰ ਦੀਆਂ ਫਸਲਾਂ ਨੂੰ ਨੁਕਸਾਨ ਹੋਇਆ ਸੀ ਜੇਕਰ ਅਜਿਹਾ ਹੋਵੇ, ਤਾਂ ਅਜਿਹੀਆਂ ਕੁਦਰਤੀ ਆਫ਼ਤਾਂ ਨਾਲ ਪ੍ਰਭਾਵਿਤ ਹੋਏ ਪਿੰਡਾਂ ਦੇ ਨਾਂ ਕੀ ਕੀ ਹਨ ;

(ਅ) ਕੀ ਸਰਕਾਰ ਦੀ ਅਜਿਹੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਤਜਵੀਜ਼ ਹੈ ਜਿਨ੍ਹਾਂ ਦਾ ਇਨ੍ਹਾਂ ਆਫਤਾਂ ਕਾਰਣ ਨੁਕਸਾਨ ਹੋਇਆ, ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧੀ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਮਜੀਠਾ: (ੳ) ਨਹੀਂ ਜੀ ।

(ਅ) ਸਵਾਲ ਪੈਦਾ ਨਹੀਂ ਹੁੰਦਾ ।

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਇਸ ਪ੍ਰਸ਼ਨ ਸਬੰਧੀ ਮੈਂ ਤੁਹਾਡੀ ਪ੍ਰੋਟੈਕਸ਼ਨ ਚਾਹੁੰਦਾ ਹਾਂ ਔਰ ਮਨਿਸਟਰ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਇਸ ਪ੍ਰਸ਼ਨ ਦਾ ਜਵਾਬ ਤਿਆਰ ਕਰਨ ਲਈ ਕਿੰਨੀ ਸਰਕਾਰ ਦੀ ਐਨਰਜੀ ਵੇਸਟ ਹੋਈ ਹੋਵੇਗੀ ਔਰ ਪਬਲਿਕ ਦੇ ਵਿਚ ਡਿਪਾਰਟਮੈਂਟ ਦੇ ਆਦਮੀਆਂ ਨੇ ਅਨਾਊਂਸਮੈਂਟ ਕੀਤੀ ਕਿ ਲੋਕਾਂ ਦੀ ਫਸਲਾਂ ਦਾ ਨੁਕਸਾਨ ਹੋਇਆ ਹੈ ਪਰ ਵਜ਼ੀਰ ਸਾਹਿਬ ਨੇ ਇਥੇ ਜਵਾਬ ਦੇ ਦਿੱਤਾ ਹੈ

ਕਿ ਨਹੀਂ ਜੀ, ਔਰ ਸਵਾਲ ਹੀ ਪੈਦਾ ਨਹੀਂ ਹੁੰਦਾ। ਸਪੀਕਰ ਸਾਹਿਬ, ਮੇਰੇ ਕੋਲ ਰਿਕਾਰਡ ਮੌਜੂਦ ਹੈ ਔਰ ਇੰਦਰਾਜ ਕੀਤੇ ਗਏ ਹਨ ਕਿ ਨੁਕਸਾਨ ਹੋਇਆ ਹੈ। ਇਹ ਲੋਕ ਹਿੱਤ ਦਾ ਸਵਾਲ ਹੈ।

ਮੰਤਰੀ: ਸਪੀਕਰ ਸਾਹਿਬ, ਮੇਰੇ ਕੋਲ ਜੋ ਡੀ. ਸੀ. ਨੇ ਜਵਾਬ ਭੇਜਿਆ ਹੈ ਉਹ ਮੈਂ ਪੜ੍ਹ ਦਿੱਤਾ ਹੈ।

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਚੂੰਕਿ ਇਹ ਸਵਾਲ ਬੜਾ ਲੋਕ ਹਿੱਤ ਦਾ ਹੈ ਇਸ ਲਈ ਮੇਰੀ ਮਨਿਸਟਰ ਸਾਹਿਬ ਨੂੰ ਬੇਨਤੀ ਹੈ ਕਿ ਇਸ ਦੀ ਪੂਰੀ ਘੋਖ ਕਰਕੇ ਇਸ ਦਾ ਜਵਾਬ ਹਾਊਸ ਦੇ ਵਿਚ ਬਾਅਦ ਵਿਚ ਦੇ ਦੇਣ।

(ਕੋਈ ਜਵਾਬ ਨਹੀਂ ਆਇਆ।)

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੇ ਮਨਿਸਟਰ ਸਾਹਿਬਾਨ ਨੂੰ ਕਹਿਣ ਕਿ ਉਹ ਜਵਾਬ ਠੀਕ ਦਿਆ ਕਰਨ। ਜਿਸ ਤਰ੍ਹਾਂ ਮਨਿਸਟਰ ਸਾਹਿਬ ਨੇ ਇਥੇ ਕਹਿ ਦਿੱਤਾ ਹੈ ਕਿ ਮੇਰੇ ਕੋਲ ਜੋ ਡੀ. ਸੀ. ਨੇ ਜਵਾਬ ਭੇਜਿਆ ਹੈ ਉਹ ਮੈਂ ਪੜ੍ਹ ਦਿੱਤਾ ਹੈ ਜਦ ਕਿ ਇਹ ਜਵਾਬ ਹੈਡ ਆਫ ਦੀ ਡਿਪਾਰਟਮੈਂਟ/ਐਫ. ਸੀ. ਆਰ. ਨੇ ਤਿਆਰ ਕਰਕੇ ਭੇਜਿਆ ਹੋਵੇਗਾ ਔਰ ਇਸ ਦਾ ਜਵਾਬ ਦੇਣ ਵਿਚ ਮਨਿਸਟਰ ਦੀ ਜ਼ਿੰਮੇਵਾਰੀ ਹੁੰਦੀ ਹੈ। ਇਸ ਲਈ ਇਸ ਦੀ ਪੂਰੀ ਘੋਖ ਕਰਕੇ ਇਸ ਪ੍ਰਸ਼ਨ ਦਾ ਜਵਾਬ ਦੇ ਦੇਣ।

ਸ੍ਰੀ ਸਪੀਕਰ: ਜੇਕਰ ਕੋਈ ਸਪੈਸੀਫਿਕ ਇਨਸਟਾਂਸਜ਼ ਹਨ ਤਾਂ ਇਨਫਰਮੇਸ਼ਨ ਮੰਗਵਾ ਲੈਂਦੇ ਹਾਂ।

ਸੰਸਦੀ ਮਾਮਲਿਆਂ ਦੇ ਮੰਤਰੀ: ਸਪੀਕਰ ਸਾਹਿਬ, ਕੋਈ ਸੈਪਸੀਫਿਕ ਕੁਐਸਚਨ ਹੋਵੇ ਤਾਂ ਜਵਾਬ ਦੇਣ। The Minister has replied on the basis of whatever reply has come from the Department. ਸਪੀਕਰ ਸਾਹਿਬ, ਘੋਖ ਤਾਂ ਬਾਅਦ ਵਿਚ ਹੁੰਦੀ ਹੈ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਵਿਧਾਨ ਸਭਾ ਦੇ ਪ੍ਰਸ਼ਨ ਦਾ ਜਵਾਬ ਡੀ. ਸੀ. ਤਿਆਰ ਨਹੀਂ ਕਰਦਾ ਬਲਕਿ ਇਨ੍ਹਾਂ ਦਾ ਜਵਾਬ ਐਫ. ਸੀ. ਆਰ. ਹੀ ਤਿਆਰ ਕਰਦਾ ਹੈ।

ਬੋਹਾ ਟਾਊਨ ਵਿਚ ਮਾਰਕੀਟ ਕਮੇਟੀ ਦੀ ਸਥਾਪਨਾ

*382. **ਕਾਮਰੇਡ ਹਰਦੇਵ ਅਰਸ਼ੀ**: ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ 'ਬੋਹਾ ਟਾਊਨ', ਜ਼ਿਲ੍ਹਾ ਮਾਨਸਾ ਵਿਚ ਕੋਈ ਮਾਰਕੀਟ ਕਮੇਟੀ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤੱਕ ਸਥਾਪਿਤ ਕੀਤੇ ਜਾਣ ਦੀ ਸੰਭਾਵਨਾ ਹੈ ?'

ਸਰਦਾਰ ਗੁਰਦੇਵ ਸਿੰਘ ਬਾਦਲ: ਨਹੀਂ ਜੀ ।

ਕਾਮਰੇਡ ਹਰਦੇਵ ਅਰਸ਼ੀ. ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਨਹੀਂ ਜੀ । ਫੇਰ ਮੈਂ ਜਾਨਣਾ ਚਾਹੁੰਦਾ ਹਾਂ ਕਿ ਕਿਸੇ ਇਲਾਕੇ ਵਿਚ ਕੋਈ ਨਵੀਂ ਮਾਰਕੀਟ ਕਮੇਟੀ ਕਾਇਮ ਕਰਨ ਲਈ ਕੀ ਸਰਕਾਰ ਦਾ ਕਰਾਈਟੇਰੀਆ ਫਿਕਸ ਕੀਤਾ ਹੋਇਆ ਹੈ ?

ਮੰਤਰੀ: ਸਪੀਕਰ ਸਾਹਿਬ, ਜਿਥੇ ਨਵੀਂ ਮਾਰਕੀਟ ਕਮੇਟੀ ਬਣਦੀ ਹੈ ਉਥੇ ਇਸ ਤਰ੍ਹਾਂ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਲਾਜ਼ਮੀ ਹੁੰਦੀਆਂ ਹਨ । ਪਹਿਲੀ ਉਸ ਮਾਰਕੀਟ ਦੀ ਆਮਦਨ 25 ਲੱਖ ਰੁਪਿਆ ਹੋਵੇ ਔਰ ਨਵੀਂ ਮਾਰਕੀਟ ਕਮੇਟੀ ਪੁਰਾਣੀ ਮਾਰਕੀਟ ਕਮੇਟੀ ਦੇ ਨੇੜੇ ਨਾ ਹੋਵੇ ਅਤੇ 16 ਕਿਲੋਮੀਟਰ ਦੇ ਫਾਸਲੇ ਦਾ ਅੰਤਰ ਘੱਟੋ ਘੱਟ ਹੋਵੇ ਔਰ ਇਸ ਮਾਰਕੀਟ ਕਮੇਟੀ ਦੇ ਵਿਚ 50 ਪਿੰਡ ਆਉਣੇ ਚਾਹੀਦੇ ਹਨ, ਅਤੇ 30 ਆੜਤੀ ਹੋਣੇ ਚਾਹੀਦੇ ਹਨ । ਜਿਹੜੀਆਂ ਮਾਰਕੀਟ ਇਹ ਸ਼ਰਤਾਂ ਪੂਰੀਆਂ ਕਰਦੀਆਂ ਹਨ ਉਥੇ ਮਾਰਕੀਟ ਕਮੇਟੀ ਕਾਇਮ ਕਰ ਦਿੱਤੀ ਜਾਂਦੀ ਹੈ ਔਰ ਜਿਹੜੀਆਂ ਇਹ ਸ਼ਰਤਾਂ ਪੂਰੀਆਂ ਨਹੀਂ ਕਰਦੀਆਂ, ਉਥੇ ਮਾਰਕੀਟ ਕਮੇਟੀਆਂ ਨਹੀਂ ਬਣਾਈਆਂ ਜਾਂਦੀਆਂ । ਜਿਸ ਕਰਕੇ ਇਨ੍ਹਾਂ ਦੀ ਬੇਨਤੀ ਸਵੀਕਾਰ ਨਹੀਂ ਕੀਤੀ ਗਈ ਔਰ ਮਾਰਕੀਟ ਕਮੇਟੀ ਨਹੀਂ ਬਣਾਈ ਜਾ ਸਕਦੀ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਉੱਤਰ ਉਤੇ ਕੋਈ ਕਿੰਤੂ ਪ੍ਰੰਤੂ ਨਹੀਂ ਕਰਨਾ ਚਾਹੁੰਦਾ ਪਰ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੇ ਵੇਲੇ ਬਹੁਤ ਸਾਰੀਆਂ ਮਾਰਕੀਟ ਕਮੇਟੀਆਂ ਐਸੀਆਂ ਬਣਾਈਆਂ ਗਈਆਂ ਸਨ ਜਿਹੜੀਆਂ ਇਹ ਸ਼ਰਤਾਂ ਪੂਰੀਆਂ ਨਹੀਂ ਕਰਦੀਆਂ ਸਨ । ਕੀ ਉਸ ਦੀ ਇਹ ਘੋਖ ਕਰਨ ਲਈ ਤਿਆਰ ਹਨ ਕਿਉਂਕਿ ਜਿਥੇ ਪਿਛੇ ਮਾਰਕੀਟ ਕਮੇਟੀਆਂ ਕਾਇਮ ਕੀਤੀਆਂ ਗਈਆਂ ਸਨ ਉਥੇ ਇਹ ਸ਼ਰਤਾਂ ਫਿੱਟ ਨਹੀਂ ਹੁੰਦੀਆਂ । ਸਪੀਕਰ ਸਾਹਿਬ, ਬੋਹਾ ਟਾਊਨ ਵਿਚ ਮਾਰਕੀਟ ਕਮੇਟੀ ਕਿਉਂ ਨਹੀਂ ਬਣ ਸਕਦੀ ? ਕੀ ਮੰਤਰੀ ਜੀ ਇਸਤੇ ਵਿਚਾਰ ਕਰਨਗੇ ?

ਮੰਤਰੀ. ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੋਈ ਐਸੀ ਗੱਲ ਨਹੀਂ ਹੈ ਇਸਤੇ ਵੀ ਵਿਚਾਰ ਕਰ ਲਵਾਂਗੇ ।

ਕਿਸਾਨਾਂ ਨੂੰ ਗੰਨੇ ਦੀ ਕੀਮਤ ਦੀ ਅਦਾਇਗੀ

*454. **ਸ੍ਰੀ ਅਰੁਨੇਸ਼ ਕੁਮਾਰ**: ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਵੱਖ ਵੱਖ ਸਾਲ 1996 ਅਤੇ 1997 ਦੇ ਦੌਰਾਨ ਕਿਸਾਨਾਂ ਦੁਆਰਾ ਸ਼ੂਗਰ ਮਿੱਲ, ਮੁਕੇਰੀਆਂ ਨੂੰ ਮਹੀਨਾ-ਵਾਰ ਕਿੰਨਾ ਗੰਨਾ ਸਪਲਾਈ ਕੀਤਾ ਗਿਆ ਅਤੇ ਉਸ ਦੀ ਕੀਮਤ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਮਿਲ ਨੇ ਉਕਤ ਸਮੇਂ ਦੇ ਦੌਰਾਨ ਇਸ ਨੂੰ ਸਪਲਾਈ ਕੀਤੇ ਗਏ ਗੰਨੇ ਦੀ ਕੀਮਤ ਦੀ ਕਿਸਾਨਾਂ ਨੂੰ ਪੂਰੀ ਅਦਾਇਗੀ ਕਰ ਦਿੱਤੀ ਹੈ ; ਜੇਕਰ ਨਹੀਂ, ਤਾਂ ਪੈਂਡਿਗ ਅਦਾਇਗੀ ਦੇ ਵੇਰਵੇ ਕੀ ਹਨ ?

ਸਰਦਾਰ ਗੁਰਦੇਵ ਸਿੰਘ ਬਾਦਲ (ੳ) ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਸਾਲ 1995-96 ਦੌਰਾਨ ਕਿਸਾਨਾਂ ਵਲੋਂ ਸਪਲਾਈ ਕੀਤੇ ਗੰਨੇ ਦੀ ਕੀਮਤ ਤਕਰੀਬਨ 41 ਕਰੋੜ ਰੁਪਏ ਬਣਦੀ ਸੀ, ਜਿਸ ਦੀ ਸਾਰੀ ਅਦਾਇਗੀ ਖੰਡ ਮਿੱਲ ਲੋਂ ਕੀਤੀ ਜਾ ਚੁੱਕੀ ਹੈ । ਸਾਲ 1996-97 ਦੌਰਾਨ ਕਿਸਾਨਾਂ ਵੱਲੋਂ ਸਪਲਾਈ ਕੀਤੇ ਗੰਨੇ ਦੀ ਕੀਮਤ ਮਿਤੀ 16 ਮਈ, 1997 ਤੱਕ 39 ਕਰੋੜ ਰੁਪਏ ਬਣਦੀ ਸੀ, ਜਿਸ ਵਿਚੋਂ 11 ਕਰੋੜ ਰੁਪਏ ਦੀ ਅਦਾਇਗੀ ਖੰਡ ਮਿੱਲ ਵਲੋਂ ਕੀਤੀ ਜਾ ਚੁੱਕੀ ਹੈ ਅਤੇ ਤਕਰੀਬਨ 28 ਕਰੋੜ ਰੁਪਏ ਦੀ ਅਦਾਇਗੀ ਕਰਨੀ ਅਜੇ ਬਾਕੀ ਹੈ ।

ਸਟੇਟਮੈਂਟ

(ੳ) ਗੰਨਾ ਪਿੜਾਈ ਰੁੱਤ 1995-96 ਦੌਰਾਨ ਕਿਸਾਨਾਂ ਵੱਲੋਂ ਖੰਡ ਮਿੱਲ ਮੁਕੇਰੀਆਂ ਨੂੰ 54,27,751.77 ਕੁਵਿੰਟਲ ਗੰਨਾ ਸਪਲਾਈ ਕੀਤਾ ਗਿਆ, ਜਿਸ ਦੀ ਕੁੱਲ ਕੀਮਤ 41,10,05,14,142 ਰੁਪਏ ਬਣਦੀ ਸੀ । ਇਸੇ ਤਰ੍ਹਾਂ ਸਾਲ 1996-97 ਦੌਰਾਨ ਮਿਤੀ 16 ਮਈ, 1997 ਤੱਕ ਕਿਸਾਨਾਂ ਵੱਲੋਂ ਖੰਡ ਮਿੱਲ ਮੁਕੇਰੀਆਂ ਨੂੰ 53.30 ਲੱਖ ਕੁਵਿੰਟਲ ਗੰਨਾ ਸਪਲਾਈ ਕੀਤਾ ਗਿਆ, ਜਿਸ ਦੀ ਤਕਰੀਬਨ ਕੁੱਲ ਕੀਮਤ 39 ਕਰੋੜ ਰੁਪਏ ਬਣਦੀ ਹੈ । ਕਿਸਾਨਾਂ ਵੱਲੋਂ ਸਾਲ 1995-96 ਅਤੇ 1996-97 ਦੌਰਾਨ ਮਹੀਨਾਵਾਰ ਸਪਲਾਈ ਕੀਤੇ ਗੰਨੇ ਦੀ ਮਾਤਰਾ ਅਤੇ ਕੀਮਤ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਸਾਲ 1995-96

ਲੜੀ ਨੰ.	ਮਹੀਨਾ		ਕੁੱਲ ਗੰਨਾ ਜੋ ਸਪਲਾਈ ਕੀਤਾ (ਕੁਵਿੰਟਲਾਂ ਵਿੱਚ)	ਕੁੱਲ ਦੇਣਯੋਗ ਕੀਮਤ (ਰੁਪਏ)
1	2		3	4
1.	ਨਵੰਬਰ 1995	..	6,28,648.01	4,76,02,025.65
2.	ਦਸੰਬਰ, 1995	..	9,37,337.29	7,04,90,680 18
3.	ਜਨਵਰੀ, 1996	..	8,89,766.44	6,66,15,351.79
4.	ਫਰਵਰੀ, 1996	..	8,61,008.45	6,55,43,990.67
5.	ਮਾਰਚ, 1996	..	8,24,833.40	6,29,67,527.09
6.	ਅਪ੍ਰੈਲ, 1996	.	7,43,060.65	5,67,39,662.50
7.	ਮਈ, 1996	..	5,43,097.53	4,16,45,933.54
	ਜੋੜ	..	54,27,751.77	41,16,05,171.42

[ਖੇਤੀਬਾੜੀ ਮੰਤਰੀ]

ਸਾਲ 1996-97

ਲੜੀ ਨੰ.	ਮਹੀਨਾ	ਕੁੱਲ ਗੰਨਾ ਜੋ ਸਪਲਾਈ ਕੀਤਾ (ਕੁਵਿੰਟਲਾਂ ਵਿਚ)	ਕੁੱਲ ਦੇਣਯੋਗ ਕੀਮਤ (ਰੁਪਏ)
1	2	3	4
1.	ਨਵੰਬਰ, 1996 ..	6,78,232.48	5,09,44,271.77
2.	ਦਸੰਬਰ, 1996 ..	9,00,556.43	6,77,08,878.06
3.	ਜਨਵਰੀ, 1997 ..	8,67,943.02	6,54,21,479.89
4.	ਫਰਵਰੀ, 1997 ..	8,17,042.59	6,12,84,722.36
5.	ਮਾਰਚ, 1997 ..	8,93,367.67	6,61,63,071.69
6.	ਅਪ੍ਰੈਲ, 1997 ..	8,49,508.07	6,27,09,560.70
7.	ਮਈ, 1997 ..	3,23,349.74	1,57,68,015.53
	ਜੋੜ ..	53,30,000.00	39,00,00,000.00

ਸ੍ਰੀ ਅਰੁਨੇਸ਼ ਕੁਮਾਰ: ਸਪੀਕਰ ਸਾਹਿਬ, 3-4 ਮਹੀਨੇ ਹੋ ਗਏ ਹਨ ਅਤੇ ਕਿਸਾਨਾਂ ਦਾ 41 ਕਰੋੜ ਰੁਪਿਆ ਬਕਾਇਆ ਪਿਆ ਹੈ ਜਿਸ ਵਿਚੋਂ ਸਿਰਫ 11 ਕਰੋੜ ਰੁਪਿਆ ਕਿਸਾਨਾਂ ਨੂੰ ਦਿੱਤਾ ਗਿਆ ਹੈ ਅਤੇ 28 ਕਰੋੜ ਰੁਪਿਆ ਕਿਸਾਨਾਂ ਦਾ ਬਕਾਇਆ ਅਜੇ ਵੀ ਪਿਆ ਹੈ । ਕੀ ਮੰਤਰੀ ਜੀ ਦੱਸਣਗੇ ਕਿ 28 ਕਰੋੜ ਰੁਪਿਆ ਕਦੋਂ ਤਕ ਦੇ ਦੇਣਗੇ ?

ਸ੍ਰੀ ਸਪੀਕਰ: ਤੁਸੀਂ ਸਵਾਲ ਕਰੋ ।

ਸ੍ਰੀ ਅਰੁਨੇਸ਼ ਕੁਮਾਰ: ਸਪੀਕਰ ਸਾਹਿਬ, ਪੰਜਾਬ ਸਰਕਾਰ ਵਲੋਂ ਕਿਸਾਨਾਂ ਨੂੰ 28 ਕਰੋੜ ਰੁਪਿਆ ਦੇਣ ਲਈ ਕੀ ਉਪਰਾਲੇ ਕੀਤੇ ਗਏ ਹਨ ਤਾਂਕਿ ਜਲਦੀ ਤੋਂ ਜਲਦੀ ਕਿਸਾਨਾਂ ਨੂੰ ਪੈਸੇ ਮਿਲ ਸਕਣ ।

ਮੰਤਰੀ: ਸਪੀਕਰ ਸਾਹਿਬ, ਸਰਕਾਰ ਸਖ਼ਤੀ ਦੇ ਨਾਲ ਕਿਸਾਨਾਂ ਨੂੰ ਗੰਨੇ ਦੇ ਪੈਸੇ ਦਿਲਵਾਉਣ ਦਾ ਉਪਰਾਲਾ ਕਰ ਰਹੀ ਹੈ ।

ਸਰਦਾਰ ਬਲਦੇਵ ਸਿੰਘ ਖਿਆਲਾ: ਸਪੀਕਰ ਸਾਹਿਬ, ਜਦੋਂ ਦਾ ਮੁਲਕ ਆਜ਼ਾਦ ਹੋਇਆ ਹੈ। ਕਿਸਾਨਾਂ ਨੂੰ ਗੰਨੇ ਦੇ ਭਾਅ ਦਾ ਘਾਟਾ ਪੈਂਦਾ ਰਿਹਾ ਹੈ। ਭਾਵੇਂ ਪ੍ਰਾਈਵੇਟ ਮਿੱਲ ਹੋਵੇ ਜਾਂ ਕੋਆਪਰੇਟਿਵ ਮਿੱਲ ਹੋਵੇ ਪਰ ਵਕਤ ਸਿਰ ਕਿਸਾਨਾਂ ਨੂੰ ਪੇਮੈਂਟ ਨਹੀਂ ਮਿਲਦੀ। ਕੋਈ ਸਰਕਾਰ ਵਲੋਂ ਐਗਰੀਮੈਂਟ ਹੋਣਾ ਚਾਹੀਦਾ ਹੈ ਜਿਸ ਨਾਲ ਕਿਸਾਨਾਂ ਨੂੰ ਕੋਈ ਨੁਕਸਾਨ ਨਾ ਹੋਵੇ। ਕਿਸਾਨਾਂ ਦੇ ਹੱਕਾਂ ਤੇ ਸਰਕਾਰ ਨੂੰ ਪਹਿਰਾ ਦੇਣਾ ਚਾਹੀਦਾ ਹੈ। ਮਿੱਲ ਵਾਲੇ ਕਿਸਾਨਾਂ ਦਾ ਗੰਨਾ ਨਹੀਂ ਚੁਕਦੇ। ਜੇਕਰ ਪ੍ਰਾਈਵੇਟ ਵਾਲੇ ਚੁਕਦੇ ਹਨ ਤਾਂ ਗੰਨੇ ਦਾ ਭਾਅ 80/- ਰੁਪਏ ਦੀ ਬਜਾਏ 60/-ਰੁਪਏ ਦਿਤਾ ਜਾਂਦਾ ਹੈ। ਕਈ ਦਫਾ ਕਿਸਾਨਾਂ ਦੀ ਪੇਮੈਂਟ ਅਗਲੇ ਸਾਲ ਤਕ ਚਲੀ ਜਾਂਦੀ ਹੈ। ਇਸ ਬਾਰੇ ਕੀ ਸਰਕਾਰ ਕੋਈ ਪਾਲਿਸੀ ਬਣਾ ਰਹੀ ਹੈ?

ਮੰਤਰੀ: ਸਪੀਕਰ ਸਾਹਿਬ, ਸਰਕਾਰ ਇਸ ਬਾਰੇ ਪਾਲਿਸੀ ਬਣਾ ਰਹੀ ਹੈ। ਜਿਸ ਤਰ੍ਹਾਂ ਪਹਿਲਾਂ ਕੋਈ ਪਾਲਿਸੀ ਨਹੀਂ ਹੈ ਜੋ ਕਿ ਪਿਛਲੀ ਸਰਕਾਰ ਤੋਂ ਪਤਾ ਲਗਦਾ ਹੈ। ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਕੀਮਤ ਦਿਵਾਉਣ ਲਈ ਕਾਰਵਾਈ ਕਰ ਰਹੀ ਹੈ। ਜਿਵੇਂ ਯੂ. ਪੀ. ਅਤੇ ਹਰਿਆਣਾ ਦੀ ਸਰਕਾਰ ਨੇ ਸਖਤ ਕਾਨੂੰਨ ਬਣਾਏ ਹਨ, ਬਾਦਲ ਸਾਹਿਬ ਦੀ ਸਰਕਾਰ ਵੀ ਸਖਤ ਕਾਨੂੰਨ ਬਣਾ ਰਹੀ ਹੈ, ਤਾਂਕਿ ਪੰਜਾਬ ਦਾ ਕਿਸਾਨ ਨਾ ਰੁਲੇ। 4 ਘੰਟੇ ਤੋਂ ਵੱਧ ਸਮੇਂ ਲਈ ਟਰਾਲੀ ਅੰਦਰ ਖੜ੍ਹ ਨਹੀਂ ਸਕਦੀ। ਕਿਸਾਨਾਂ ਲਈ ਠੀਕ ਢੰਗ ਬਣਾਇਆ ਜਾਏ ਉਸ ਲਈ ਬਾਦਲ ਸਾਹਿਬ 24 ਘੰਟੇ ਫਿਕਰ ਵਿਚ ਰਹਿੰਦੇ ਹਨ ਅਤੇ ਜਿਤਨੀਆਂ ਮੀਟਿੰਗਾਂ ਅਫਸਰਾਂ ਨਾਲ ਬਾਦਲ ਸਾਹਿਬ ਨੇ ਕੀਤੀਆਂ ਹਨ ਉਤਨੀਆਂ ਮੀਟਿੰਗਾਂ ਹੋਰ ਕੋਈ ਵੀ ਚੀਫ ਮਨਿਸਟਰ ਨਹੀਂ ਕਰ ਸਕਦਾ। ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਬਾਦਲ ਸਾਹਿਬ ਦੀ ਸਰਕਾਰ ਕਿਸਾਨਾਂ ਦੇ ਹਿਤਾਂ ਲਈ ਹਰ ਵਕਤ ਤਤਪਰ ਹੈ।

ਸਰਦਾਰ ਅਮਰਜੀਤ ਸਿੰਘ ਸਮਰਾ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਫਗਵਾੜਾ ਸਰਕਾਰੀ ਮਿੱਲ ਹੈ, ਉਥੇ ਅਜੇ ਤਕ ਕਿਸੇ ਵੀ ਕਿਸਾਨ ਨੂੰ ਕੋਈ ਵੀ ਗੰਨੇ ਦੀ ਅਦਾਇਗੀ ਜਿਹੜੀ ਕਿ 37-38 ਕਰੋੜ ਰੁਪਏ ਦੀ ਬਣਦੀ ਹੈ ..... (ਵਿਘਨ)

ਸ੍ਰੀ ਸਪੀਕਰ: ਸਮਰਾ ਸਾਹਿਬ, ਇਹ ਸਵਾਲ ਮੁਕੇਰੀਆਂ ਸ਼ੂਗਰ ਮਿੱਲ ਬਾਰੇ ਹੈ। ਤੁਸੀਂ ਤਾਂ ਜਨਰਲ ਪਾਲਿਸੀ ਦੀ ਹੀ ਗੱਲ ਕਰਨ ਲਗ ਪਏ ਹੋ।

ਸਰਦਾਰ ਅਮਰਜੀਤ ਸਿੰਘ ਸਮਰਾ: ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਮੀਟਿੰਗਾਂ ਕਰ ਰਹੇ ਹਨ ਪਰ ਕਿਸੇ ਮੀਟਿੰਗ ਦਾ ਕੋਈ ਰਿਜ਼ਲਟ ਤਾਂ ਨਿਕਲਿਆ ਨਹੀਂ। ਸਪੀਕਰ ਸਾਹਿਬ, ਦੋਆਬੇ ਦੇ ਏਰੀਏ ਦੇ ਛੋਟੇ ਛੋਟੇ ਕਿਸਾਨਾਂ ਬਾਰੇ ਮੈਂ ਗੱਲ ਕਰ ਰਿਹਾ ਹਾਂ। ਉਨ੍ਹਾਂ ਨੇ ਆਪਣੇ ਵਲੋਂ ਤਾਂ ਗੰਨਾ ਕੈਸ਼ ਕਰਾਪ ਸਮਝ ਕੇ ਬੀਜਿਆ ਸੀ ਅਤੇ ਇਸੇ ਆਸ ਨਾਲ ਲੜਕੀਆਂ ਦੇ ਵਿਆਹ ਰਖ ਲਏ ਸਨ ਪਰ ਅਗੋਂ ਪੇਮੈਂਟ ਹੀ ਨਹੀਂ ਹੋਈ ਲੋਕ ਇਸ ਗੱਲ ਕਰਕੇ ਬੜੇ ਪਰੇਸ਼ਾਨ ਹਨ।

ਸ਼੍ਰੀ ਸਪੀਕਰ ਸਮਰਾ ਸਾਹਿਬ, ਸਰਕਾਰ ਦੀ ਜਨਰਲ ਪਾਲਿਸੀ ਬਾਰੇ ਇਨ੍ਹਾਂ ਨੇ ਦੱਸ ਦਿੱਤਾ ਹੈ ।

ਸਰਦਾਰ ਸੇਵਾ ਸਿੰਘ ਸੇਖਵਾਂ: ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਦਾ ਗੰਨਾ ਵੀ ਮੁਕੇਰੀਆਂ ਸੂਗਰ ਮਿੱਲ ਵਿਚ ਜਾਂਦਾ ਹੈ । ਉਥੇ 28 ਕਰੋੜ ਰੁਪਿਆ ਕਿਸਾਨਾਂ ਦਾ ਅਜੇ ਬਕਾਇਆ ਪਿਆ ਹੈ.....

ਸ਼੍ਰੀ ਸਪੀਕਰ: ਇਹ ਸਵਾਲ ਮੁਕੇਰੀਆਂ ਬਾਰੇ ਹੈ । ਕੀ ਤੁਸੀਂ ਮੁਕੇਰੀਆਂ ਬਾਰੇ ਗੱਲ ਕਰ ਰਹੇ ਹੋ ?

ਸਰਦਾਰ ਸੇਵਾ ਸਿੰਘ ਸੇਖਵਾਂ: ਹਾਂ ਜੀ, ਮੈਂ ਵੀ ਮੁਕੇਰੀਆਂ ਸੂਗਰ ਮਿੱਲ ਬਾਰੇ ਹੀ ਗੱਲ ਕਰ ਰਿਹਾ ਹਾਂ ।

ਸ਼੍ਰੀ ਸਪੀਕਰ. ਤੁਸੀਂ ਆਪਣਾ ਸੈਪਰੇਟ ਕੁਐਸਚਨ ਦੇ ਦਿਉ । ਇਨਫਰਮੇਸ਼ਨ ਮੰਗਵਾ ਦੇਂਦੇ ਹਾਂ ।

ਸਰਦਾਰ ਸੇਵਾ ਸਿੰਘ ਸੇਖਵਾਂ: ਸਪੀਕਰ ਸਾਹਿਬ, 28 ਕਰੋੜ ਰੁਪਿਆ ਕਿਸਾਨਾਂ ਦਾ ਮਿੱਲ ਕੋਲ ਬਕਾਇਆ ਪਿਆ ਹੈ ਅਤੇ 58 ਕਰੋੜ ਰੁਪਏ ਦੀ ਖੰਡ ਮਿੱਲ ਕੋਲ ਪਈ ਹੈ । ਕੀ ਸਰਕਾਰ ਮਿੱਲ ਕੋਲ ਜਿਹੜੀ ਖੰਡ ਪਈ ਹੈ, ਉਸਨੂੰ ਵੇਚਣ ਦਾ ਪ੍ਰਬੰਧ ਕਰੇਗੀ ਜਾਂ ਕਿਸਾਨਾਂ ਨੂੰ ਉਨ੍ਹਾਂ ਦਾ ਪੈਸਾ ਜਿਹੜਾ ਬਕਾਇਆ ਪਿਆ ਹੈ ਉਹ ਮਿੱਲ ਕੋਲੋਂ ਦਿਵਾਉਣ ਦਾ ਯਤਨ ਕਰੇਗੀ ?

ਮੰਤਰੀ: ਸਪੀਕਰ ਸਪੀਕਰ, ਮੈਂ ਪਹਿਲਾਂ ਹੀ ਬੇਨਤੀ ਕਰ ਚੁੱਕਾ ਹਾਂ ਕਿ ਸਰਕਾਰ ਤੱਤਪਰ ਹੈ ਉਨ੍ਹਾਂ ਕਿਸਾਨਾਂ ਨੂੰ ਗੰਨੇ ਦਾ ਮੁੱਲ ਦਿਵਾਉਣ ਵਾਸਤੇ, ਪੈਸਾ ਦਿਵਾਉਣ ਵਾਸਤੇ ਅਤੇ ਇਸ ਮੰਤਵ ਲਈ ਸਰਕਾਰ ਬਹੁਤ ਹੀ ਤੇਜ਼ੀ ਨਾਲ ਯਤਨ ਕਰ ਰਹੀ ਹੈ । ਮੈਂਬਰਾਂ ਨੂੰ ਸਰਦਾਰ ਬਾਦਲ ਦੀ ਸਰਕਾਰ ਉਤੇ ਵਿਸ਼ਵਾਸ ਕਰਨਾ ਚਾਹੀਦਾ ਹੈ ।

ਸਰਦਾਰ ਅਵਤਾਰ ਸਿੰਘ ਬਰਾੜ: ਸਪੀਕਰ ਸਾਹਿਬ, ਮੈਂ ਆਦਰਯੋਗ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੀਆਂ ਵੀ ਸੂਗਰ ਮਿੱਲਾਂ ਚਾਹੇ ਸਰਕਾਰੀ ਅਤੇ ਚਾਹੇ ਗੈਰ ਸਰਕਾਰੀ ਹਨ, ਜੇ ਵਕਤ ਸਿਰ ਕਿਸਾਨਾਂ ਨੂੰ ਗੰਨੇ ਦੀ ਪੇਮੈਂਟ ਨਹੀਂ ਕਰਦੀਆਂ ਤਾਂ ਕੀ ਕੋਈ ਐਸੇ ਨਿਯਮ ਹਨ ਜਿਨ੍ਹਾਂ ਦੇ ਤਹਿਤ ਸਰਕਾਰ ਕੋਈ ਐਕਸ਼ਨ ਲੈ ਸਕਦੀ ਹੋਵੇ ? ਜੇ ਅਜਿਹੇ ਕੋਈ ਨਿਯਮ ਹਨ ਤਾਂ ਹੁਣ ਤੱਕ ਇਨ੍ਹਾਂ ਮਿੱਲਾਂ ਦੇ ਖਿਲਾਫ ਸਰਕਾਰ ਵਲੋਂ ਐਕਸ਼ਨ ਕਿਉਂ ਨਹੀਂ ਲਿਆ ਗਿਆ ?

ਇਕ ਆਵਾਜ਼. ਤੁਸੀਂ ਕਿਹੜਾ ਕੋਈ ਐਕਸ਼ਨ ਲਿਆ ਹੈ ।

ਸਰਦਾਰ ਅਵਤਾਰ ਸਿੰਘ ਬਰਾੜ: ਜੇ ਨਹੀਂ ਲਿਆ ਤਾਂ ਹੀ ਇਥੇ ਬੈਠੇ ਹਾਂ ।

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਮਸਲਾ ਬੜਾ ਗੰਭੀਰ ਮਸਲਾ ਹੈ। ਦੋ ਤਰ੍ਹਾਂ ਦੀਆਂ ਸੂਗਰ ਮਿੱਲਾਂ ਹਨ, ਇਕ ਤਾਂ ਕੋਆਪਰੇਟਿਵ ਸੂਗਰ ਮਿਲਜ਼ ਹਨ ਅਤੇ ਦੂਜੀਆਂ ਪ੍ਰਾਈਵੇਟ ਸੂਗਰ ਮਿਲਜ਼ ਹਨ। ਜਿਥੋਂ ਤੱਕ ਕੋਆਪਰੇਟਿਵ ਸੂਗਰਮਿਲਜ਼ ਰਾਹੀਂ ਕਿਸਾਨਾਂ ਦੇ ਬਕਾਇਆ ਪੈਸੇ ਦੇਣ ਦਾ ਸਬੰਧ ਹੈ, ਥੋੜ੍ਹੇ ਦਿਨ ਹੋਏ ਹਨ, 30 ਕਰੋੜ ਰੁਪਿਆ ਰਿਲੀਜ਼ ਕਰ ਦਿੱਤਾ ਗਿਆ ਹੈ। (ਥੰਪਿੰਗ) ਉਸ ਤੋਂ ਬਾਅਦ ਵੀ ਜੇ ਕਿਧਰੇ ਥੋੜ੍ਹਾ ਜਿਹਾ ਬਕਾਇਆ ਰਹਿ ਗਿਆ ਹੈ, ਉਹ ਕਿਸਾਨਾਂ ਨੂੰ ਦੇ ਦਿਤਾ ਜਾਵੇਗਾ। ਦੂਸਰਾ ਪ੍ਰਾਈਵੇਟ ਸੂਗਰ ਮਿੱਲਾਂ ਹਨ ਜਿਨ੍ਹਾਂ ਬਾਰੇ ਪਹਿਲਾਂ ਤੋਂ ਹੀ ਕੋਈ ਕਾਨੂੰਨ ਨਹੀਂ ਸੀ ਜਿਸ ਰਾਹੀਂ ਅਗਰ ਪ੍ਰਾਈਵੇਟ ਮਿੱਲਾਂ ਕੋਈ ਇਹੋ ਜਿਹੀ ਗੱਲ ਕਰਨ ਤਾਂ ਉਨ੍ਹਾਂ ਤੇ ਐਕਸ਼ਨ ਲਿਆ ਜਾ ਸਕੇ। ਕੋਈ ਜੁਰਮਾਨਾਂ ਸੀ ਥੋੜਾ ਜਿਹਾ 2-4 ਹਜ਼ਾਰ ਰੁਪਏ ਦਾ ਹੁਣ ਤੱਕ। ਜਿੱਥੇ ਮਿੱਲਾਂ ਹਨ, ਜਿਸ ਜਿਸ ਡਿਸਟ੍ਰਿਕਟ ਵਿਚ, ਕੇਨ ਕਮਿਸ਼ਨਰ ਵਲੋਂ ਉਥੋਂ ਦੇ ਡੀ. ਸੀਜ਼ ਨੂੰ ਲਿਖਿਆ ਜਾਵੇਗਾ ਕਿ ਉਨ੍ਹਾਂ ਮਿੱਲਾਂ ਤੋਂ ਏਰੀਅਰਜ਼ ਆਫ ਲੈਂਡ ਰੈਵੇਨਿਊ ਉਗਰਾਹਿਆ ਜਾਵੇ ਭਾਵੇਂ ਮਿੱਲ ਨੂੰ ਇਸ ਲਈ ਆਪਣੀ ਕੋਈ ਜਾਇਦਾਦ ਜਾਂ ਹੋਰ ਸਾਮਾਨ ਵਗੈਰਾ ਵੀ ਕਿਉਂ ਨਾ ਵੇਚਣਾ ਪਵੇ। ਇਹ ਸਖਤੀ ਕੀਤੀ ਜਾਵੇਗੀ ਅਤੇ ਕਾਨੂੰਨ ਵਿਚ ਸੋਧ ਵੀ ਕੀਤੀ ਜਾਵੇਗੀ। ਹੁਣ ਇਹ ਫੈਸਲਾ ਅਸੀਂ ਕੀਤਾ ਹੈ ਕਿ ਮਿੱਲਾਂ ਕੋਲੋਂ ਏਰੀਅਰਜ਼ ਆਫ ਲੈਂਡ ਰੈਵੇਨਿਊ ਲਿਆ ਜਾਵੇ ਤਾਂ ਕਿ ਕਿਸਾਨਾਂ ਨੂੰ ਗੰਨੇ ਦੀ ਪੂਰੀ ਕੀਮਤ ਦਿਤੀ ਜਾਵੇ।

ਬੱਸਾਂ ਦੀ ਖਰੀਦ ਤੇ ਖਰਚਾ

*369. **ਸ੍ਰੀ ਸੱਤਿਆ ਪਾਲ ਸੈਣੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਰਚ, 1992 ਤੋਂ ਦਸੰਬਰ, 1996 ਤੱਕ ਦੇ ਸਮੇਂ ਦੇ ਦੌਰਾਨ ਪੰਜਾਬ ਰੋਡਵੇਜ਼ ਦੇ ਪਠਾਨਕੋਟ ਡਿਪੂ ਨੂੰ ਕਿੰਨੀਆਂ ਨਵੀਆਂ ਬੱਸਾਂ ਅਲਾਟ ਕੀਤੀਆਂ ਗਈਆਂ ਸਨ ਅਤੇ ਹਰ ਇਕ ਬੱਸ ਦੀ ਖਰੀਦ ਤੇ ਕੀਤੇ ਗਏ ਖਰਚ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ. ਸਾਰਣੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

[ਮੁੱਖ ਮੰਤਰੀ]

ਸਾਰਣੀ

ਪੰਜਾਬ ਰੋਡਵੇਜ਼, ਪਠਾਨਕੋਟ ਨੂੰ ਮਾਰਚ, 1992 ਤੋਂ ਦਸੰਬਰ, 1996 ਦੌਰਾਨ ਰਿਪਲੇਸਮੈਂਟ ਪ੍ਰੋਗਰਾਮ ਅਧੀਨ 55 ਨਵੀਆਂ ਬੱਸਾਂ ਅਲਾਟ ਕੀਤੀਆਂ ਗਈਆਂ ਹਨ । ਪ੍ਰਤੀ ਬੱਸ ਤੇ ਹੋਏ ਖਰਚੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

Sr. No.	Chassis No.	Cost of chassis	Cost of bus body	Total Cost
1	2	3	4	5
1.	402588	3,55,728	1,49,918	5,05,646
2.	402584	3,55,728	1,49,918	5,05,646
3.	402442	3,55,728	1,49,918	5,05,646
4.	402640	3,55,728	1,49,918	5,05,646
5.	402440	3,55,728	1,49,918	5,05,646
6.	402641	3,55,728	1,49,918	5,05,646
7.	402438	3,55,728	1,49,918	5,05,646
8.	412388	3,58,795	1,49,918	5,08,713
9.	412391	3,58,795	1,49,918	5,08,713
10.	421672	3,54,686	2,34,900	5,89,586
11.	433790	3,54,686	2,34,900	5,89,586
12.	421681	3,54,686	2,08,748	5,63,434
13.	421667	3,54,686	2,08,748	5,63,434
14.	422846	3,54,686	2,08,748	5,63,434
15.	421889	3,54,686	2,08,748	5,63,434
16.	421762	3,54,686	2,08,748	5,63,434
17.	422266	3,54,686	2,08,748	5,63,434
18.	420144	3,54,686	2,08,748	5,63,434

1	2	3	4	5
19.	421711	3,54,686	2,08,748	5,63,434
20.	421788	3,54,686	2,08,748	5,63,434
21.	421688	3,54,686	2,08,748	5,63,434
22.	421744	3,54,686	2,08,748	5,63,434
23.	420454	3,54,686	2,08,748	5,63,434
24.	420142	3,54,686	2,08,748	5,63,434
25.	421700	3,54,686	2,08,748	5,63,434
26	420202	3,54,686	2,08,748	5,63,434
27.	422355	3,54,686	2,08,748	5,63,434
28.	104934	3,72,909	2,03,945	5,76,854
29.	104453	3,72,909	2,03,945	5,76,854
30.	104936	3,72,909	2,03,945	5,76,854
31.	104556	3,72,909	2,03,945	5,76,854
32.	104035	3,72,909	2,03,945	5,76,854
33.	105446	3,72,909	2,03,945	5,76,854
34.	103776	3,72,909	2,03,945	5,76,854
35.	100868	4,01,366	2,05,511	6,06,877
36.	120772	4,01,366	2,05,511	6,06,877
37.	120858	4,01,366	2,03,445	6,04,811
38.	120859	4,01,366	2,03,445	6,04,811
39.	120792	4,01,366	2,03,445	6,04,811
40.	120755	4,01,366	2,03,445	6,04,811
41.	102136	4,20,198	2,05,511	6,25,709
42.	103719	4,20,198	2,05,511	6,25,709

[ਮੁੱਖ ਮੰਤਰੀ]

1	2	3	4	5
43.	109234	4,23,506	2,03,946	6,27,452
44.	121024	4,26,256	2,29,634	6,55,890
45.	121374	4,26,256	2,29,634	6,55,890
46.	121393	4,26,256	2,29,634	6,55,890
47.	121088	4,26,256	2,29,634	6,55,890
48.	121087	4,26,256	2,29,634	6,55,890
49.	121391	4,26,256	2,29,634	6,55,890
50.	121406	4,26,256	2,29,634	6,55,890
51.	121435	4,26,256	2,29,634	6,55,890
52.	121214	4,26,256	2,29,634	6,55,890
53.	121194	4,26256	2,29,634	6,55,890
54.	121313	4,26,256	2,29,634	6,55,890
55.	107262	4,24,281	2,29,634	6,53,915

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮਾਨਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬੜੀ ਡਿਟੇਲਡ ਇਨਫਰਮੇਸ਼ਨ ਦਿੱਤੀ ਹੈ ਜਿਸ ਵਿਚ ਦੱਸਿਆ ਹੈ ਕਿ 55 ਬੱਸਾਂ ਪਿਛਲੇ ਅਰਸੇ ਵਿਚ ਖਰੀਦੀਆਂ ਗਈਆਂ ਹਨ, ਜਿਹੜੀਆਂ ਕਿ ਇਕ ਸਾਲ ਵਿਚ 11 ਬੱਸਾਂ ਬਣਦੀਆਂ ਹਨ। ਪਰ ਉਥੋਂ ਡਿਪੂ ਵਿਚੋਂ ਹਰ ਸਾਲ 25 ਬੱਸਾਂ ਬਾਹਰ ਜਾਂਦੀਆਂ ਹਨ, ਖਰਾਬ ਹੋਣ ਦੇ ਕਾਰਨ। ਮੈਂ ਸੀ. ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਘਾਟਾ ਪੂਰਾ ਕਰ ਲਿਆ ਜਾਵੇਗਾ ? 11 ਔਰ 25 ਦੇ ਵਿਚ ਜਿਹੜਾ ਅੰਤਰ ਹੈ, ਇਸ ਨੂੰ ਦੂਰ ਕਰਨ ਵਾਸਤੇ ਇਹ ਕੋਈ ਐਸ਼ਿਓਰੈਂਸ ਦੇ ਸਕਦੇ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਪਿਛਲੇ ਸਮੇਂ ਦੇ ਵਿਚ ਟ੍ਰਾਂਸਪੋਰਟ ਵਾਸਤੇ ਜਿੰਨੀਆਂ ਬੱਸਾਂ ਚਾਹੀਦੀਆਂ ਸਨ, ਉਸ ਦੇ ਵਿਚ ਕਮੀ ਰਹਿ ਗਈ ਸੀ

ਲੇਕਿਨ ਹੁਣ ਅਸੀਂ ਇਸ ਨੂੰ ਬੜੇ ਵੱਡੇ ਪੱਧਰ ਤੇ ਠੀਕ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਹੁਣ ਅਸੀਂ ਇਕ ਸਪੈਸ਼ਲ ਕਾਰਪੋਰੇਸ਼ਨ ਬਣਾ ਕੇ ਤਕਰੀਬਨ ਇਕ ਹਜ਼ਾਰ ਤੋਂ ਜ਼ਿਆਦਾ ਬੱਸਾਂ ਲੈਣ ਜਾਂ ਜਿੰਨੀਆਂ ਵੀ ਬੱਸਾਂ ਦੀ ਕਮੀ ਹੈ, ਉਸ ਨੂੰ ਪੂਰਿਆਂ ਕਰਨ ਦਾ ਯਤਨ ਕਰ ਰਹੇ ਹਾਂ। (ਥੰਪਿੰਗ) ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਪੰਜਾਬ ਦੇ ਵਿਚ ਇਕ ਮਾਡਲ ਟ੍ਰਾਂਸਪੋਰਟ ਬਣ ਜਾਵੇ।

ਸਰਕਾਰੀ ਕਾਲਜ, ਹੁਸ਼ਿਆਰਪੁਰ ਵਿਚ ਸਾਇੰਸ ਫੈਕਲਟੀ ਦੁਬਾਰਾ ਚਾਲੂ ਕਰਨਾ

*361. **ਸ੍ਰੀ ਤਿਕਸ਼ਨ ਸੂਦ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਸ ਤੱਥ ਦੇ ਮੱਦੇ ਨਜ਼ਰ ਕਿ ਭਾਰਤ ਦੀ ਵੰਡ ਤੋਂ ਬਾਅਦ ਸ਼ੁਰੂ ਦੇ ਦਿਨਾਂ ਵਿਚ ਸਰਕਾਰੀ ਕਾਲਜ, ਹੁਸ਼ਿਆਰਪੁਰ ਵਿਚ ਸਾਇੰਸ ਫੈਕਲਟੀ ਉਪਲੱਬਧ ਸੀ, ਸਾਇੰਸ ਫੈਕਲਟੀ ਇਸ ਕਾਲਜ ਵਿਚ ਦੁਬਾਰਾ ਚਾਲੂ ਕਰਨ ਅਤੇ ਇਥੇ ਐਮ. ਐਸ. ਸੀ. (ਕੈਮਿਸਟਰੀ) ਦੀਆਂ ਕਲਾਸਾਂ ਸ਼ੁਰੂ ਕਰਨ ਬਾਰੇ ਸਰਕਾਰ ਦੀ ਤਜਵੀਜ਼ ਹੈ ਜੇਕਰ ਅਜਿਹਾ ਹੈ ਇਸਦੇ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਰਕਾਰੀ ਕਾਲਜ, ਹੁਸ਼ਿਆਰਪੁਰ ਵਿਚ ਸਾਇੰਸ ਫੈਕਲਟੀ ਹੁਣ ਵੀ ਚੱਲ ਰਹੀ ਹੈ। ਪਰੰਤੂ ਇਸ ਕਾਲਜ ਵਿਚ ਐਮ. ਐਸ. ਸੀ. ਕਮਿਸਟਰੀ ਦੀਆਂ ਕਲਾਸਾਂ ਸ਼ੁਰੂ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਨਹੀਂ ਹੈ।

ਸ੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਦੇਸ਼ ਦੀ ਪਾਰਟੀਸ਼ਨ ਹੋਈ ਅਤੇ ਲਾਹੌਰ ਤੋਂ ਪੰਜਾਬ ਯੂਨੀਵਰਸਿਟੀ ਉਠ ਕੇ ਇਧਰ ਆ ਗਈ ਤਾਂ ਹੁਸ਼ਿਆਰਪੁਰ ਗੌਰਮਿੰਟ ਕਾਲਜ ਵਿਚ ਸਾਇੰਸ ਦੀਆਂ ਪੋਸਟ ਗਰੈਜੂਏਸ਼ਨ ਦੀਆਂ ਕਲਾਸਾਂ ਲੱਗਦੀਆਂ ਸਨ ਜਿਹੜੀਆਂ ਕਿ ਅੱਜ ਕਲ੍ਹ ਨਹੀਂ ਚੱਲ ਰਹੀਆਂ। ਹੁਣ ਵੀ ਉਥੇ ਕਮਿਸਟਰੀ ਡਿਪਾਰਟਮੈਂਟ ਵਿਚ ਸਾਰੇ ਪ੍ਰਬੰਧ ਪੂਰੇ ਹਨ। ਜੇਕਰ ਸਿਰਫ 3 ਲੈਕਚਰਾਰ ਦੇ ਦਿੱਤੇ ਜਾਣ ਤਾਂ ਕਲਾਸਾਂ ਮੁੜ ਲੱਗ ਸਕਦੀਆਂ ਹਨ। ਇਸ ਦੇ ਵਾਸਤੇ ਅਸੀਂ ਸੈਕਟਰੀ ਐਜੂਕੇਸ਼ਨ ਨੂੰ ਵੀ ਅਤੇ ਹੋਰ ਅਧਿਕਾਰੀਆਂ ਨੂੰ ਵੀ ਮਿਲੇ ਹਾਂ। ਇਸ ਦੇ ਵਾਸਤੇ ਖਰਚਾ ਕੋਈ ਜ਼ਿਆਦਾ ਨਹੀਂ ਹੋਣਾ। ਸਿਰਫ 3 ਲੈਕਚਰਾਰ ਜੇਕਰ ਮਿਲ ਜਾਣ ਤਾਂ ਕਲਾਸਾਂ ਸ਼ੁਰੂ ਹੋ ਜਾਣਗੀਆਂ। ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਐਸਾ ਕੁਝ ਹੋ ਸਕਦਾ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਪਾਰਟੀਸ਼ਨ ਤੋਂ ਬਾਅਦ ਆਪਣੇ ਪੰਜਾਬ ਵਿਚ ਜਦੋਂ ਯੂਨੀਵਰਸਿਟੀ ਨਹੀਂ ਬਣੀ ਸੀ ਤਾਂ ਉਦੋਂ ਇਹ ਕਲਾਸਾਂ ਹੁਸ਼ਿਆਰਪੁਰ ਜ਼ਰੂਰ ਚਾਲੂ ਕੀਤੀਆਂ ਗਈਆਂ ਸਨ ਲੇਕਿਨ 1959 ਵਿਚ ਜਦੋਂ ਪੰਜਾਬ ਯੂਨੀਵਰਸਿਟੀ ਬਣ ਗਈ ਤਾਂ ਫਿਰ ਪੋਸਟ ਗਰੈਜੂਏਸ਼ਨ ਦੀਆਂ ਸਾਰੀਆਂ ਕਲਾਸਾਂ ਯੂਨੀਵਰਸਿਟੀ ਵਿਚ ਹੀ ਚਲੀਆਂ ਗਈਆਂ। ਹੁਣ ਪੰਜਾਬ ਵਿਚ ਇਕ ਵੀ ਐਸਾ ਕਾਲਜ ਨਹੀਂ ਜਿਸ ਵਿਚ ਸਾਇੰਸ ਦੀਆਂ ਪੋਸਟ ਗਰੈਜੂਏਸ਼ਨ ਦੀਆਂ ਕਲਾਸਾਂ ਹੋਣ। ਇਹ ਪਾਲਿਸੀ ਦੇ ਮੁਤਾਬਿਕ ਹੀ ਹੈ। ਇਕੱਲੇ ਹੁਸ਼ਿਆਰਪੁਰ ਦੇ ਵਿਚ ਹੀ ਐਸਾ ਨਹੀਂ ਹੈ। ਹੁਸ਼ਿਆਰਪੁਰ ਕਾਲਜ ਵਿਚ ਆਰਟਸ ਦੀਆਂ ਪੋਸਟ ਗਰੈਜੂਏਸ਼ਨ ਕਲਾਸਾਂ ਹਨ ਅਤੇ ਡਿਗਰੀ ਤੱਕ ਸਾਇੰਸ ਦੀਆਂ ਕਲਾਸਾਂ ਹਨ।

ਬਠਿੰਡਾ ਵਿਚ ਸੀਵਰੇਜ ਸਿਸਟਮ ਦੇ ਫੇਲ੍ਹ ਹੋਣ ਸਬੰਧੀ ਪੜਤਾਲ

*456. **ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਸਾਲ 1986 ਤੋਂ 1989 ਦੇ ਸਮੇਂ ਦੇ ਦੌਰਾਨ ਬਠਿੰਡਾ ਵਿਚ ਵਿਛਾਏ ਗਏ ਸੀਵਰੇਜ ਸਿਸਟਮ ਦੇ ਫੇਲ੍ਹ ਹੋਣ ਸਬੰਧੀ ਕੋਈ ਪੜਤਾਲ ਕਰਵਾਈ ਸੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਪੜਤਾਲੀਆ ਰਿਪੋਰਟ ਕਿਸ ਤਰੀਕ ਨੂੰ ਪ੍ਰਾਪਤ ਹੋਈ ਸੀ ਅਤੇ ਪੜਤਾਲੀਆ ਅਫ਼ਸਰ ਦੁਆਰਾ ਦੋਸ਼ੀ ਕਰਾਰ ਦਿੱਤੇ ਗਏ ਅਫ਼ਸਰਾਂ/ਕਰਮਚਾਰੀਆਂ ਦੇ ਨਾਂ ਅਤੇ ਅਹੁਦੇ ਕੀ-ਕੀ ਹਨ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਕਸੂਰਵਾਰ ਕਰਮਚਾਰੀਆਂ/ਅਫ਼ਸਰਾਂ ਦੇ ਵਿਰੁੱਧ ਕੀਤੀ ਗਈ/ਕੀਤੀ ਜਾਣ ਵਾਲੀ ਤਜਵੀਜ਼ਤ ਕਾਰਵਾਈਆਂ ਦੇ ਵੇਰਵੇ ਕੀ ਹਨ ?

ਸ਼੍ਰੀ ਬਲਰਾਮ ਜੀ ਦਾਸ ਟੰਡਨ : (ਏ) ਹਾਂ ਜੀ ।

(ਬੀ) ਅਤੇ (ਸੀ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

"ਸੂਚੀ"

ਪੜਤਾਲ ਰਿਪੋਰਟ ਮਿਤੀ 22 ਸਤੰਬਰ, 1996 ਨੂੰ ਪ੍ਰਾਪਤ ਹੋਈ ਅਤੇ ਦੋਸ਼ੀ ਪਾਏ ਗਏ ਅਧਿਕਾਰੀਆਂ/ਕਰਮਚਾਰੀਆਂ ਦੇ ਨਾਮ, ਅਹੁਦੇ ਅਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਹੇਠ ਅਨੁਸਾਰ ਹਨ :—

ਲੜੀ ਨੰ:	ਨਾਮ	ਅਹੁਦਾ
1	2	3
1.	ਸ੍ਰੀ ਪੀ. ਐਸ. ਮਾਂਗਟ	ਨਿਗਰਾਨ ਇੰਜਨੀਅਰ
2.	ਸ੍ਰੀ ਪੀ. ਕੇ. ਵਰਮਾ	ਨਿਗਰਾਨ ਇੰਜਨੀਅਰ
3.	ਸ੍ਰੀ ਆਰ. ਆਰ. ਬਾਂਸਲ	ਕਾਰਜਕਾਰੀ ਇੰਜਨੀਅਰ
4.	ਸ੍ਰੀ ਡੀ. ਐਲ. ਗਰਗ	ਕਾਰਜਕਾਰੀ ਇੰਜਨੀਅਰ
5.	ਸ੍ਰੀ ਬਲਰਾਮ ਚੌਧਰੀ	ਕਾਰਜਕਾਰੀ ਇੰਜਨੀਅਰ
6.	ਸ੍ਰੀ ਏ. ਕੇ. ਵਰਮਾ	ਉਪ ਮੰਡਲ ਇੰਜਨੀਅਰ
7.	ਸ੍ਰੀ ਰਾਣਾ ਯਸ਼ਪਾਲ ਸਿੰਘ	ਉਪ ਮੰਡਲ ਇੰਜੀਨੀਅਰ
8.	ਸ੍ਰੀ ਪੀ. ਐਸ. ਮੋਹਿਲ	ਉਪ ਮੰਡਲ ਇੰਜਨੀਅਰ
9.	ਸ੍ਰੀ ਕੇ. ਸੀ. ਗੁਪਤਾ	ਉਪ ਮੰਡਲ ਇੰਜਨੀਅਰ
10.	ਸ੍ਰੀ. ਪੀ. ਕ. ਗੁਪਤਾ	ਉਪ ਮੰਡਲ ਇੰਜਨੀਅਰ
11.	ਸ੍ਰੀ ਏ. ਐਸ. ਵਿਰਦੀ (ਮ੍ਰਿਤਕ)	ਜੂਨੀਅਰ ਇੰਜਨੀਅਰ
12.	ਸ੍ਰੀ ਕੇ. ਬੀ. ਰਾਏ	ਜੂਨੀਅਰ ਇੰਜਨੀਅਰ
13.	ਸ੍ਰੀ ਰਾਜ ਕਮਾਰ	ਜੂਨੀਅਰ ਇੰਜਨੀਅਰ
14.	ਸ੍ਰੀ ਮਨਜੀਤ ਸਿੰਘ	ਜੂਨੀਅਰ ਇੰਜਨੀਅਰ
15.	ਸ੍ਰੀ ਜਰਨੈਲ ਸਿੰਘ	ਜੂਨੀਅਰ ਇੰਜਨੀਅਰ
16.	ਸ੍ਰੀ ਕੇ. ਪੀ. ਪਵਨ	ਜੂਨੀਅਰ ਇੰਜਨੀਅਰ
17.	ਸ੍ਰੀ ਬਾਲ ਕ੍ਰਿਸ਼ਨ	ਜੂਨੀਅਰ ਇੰਜਨੀਅਰ

ਹੇਠਾਂ ਦਰਸਾਏ 7 ਅਧਿਕਾਰੀਆਂ ਨੂੰ ਨੌਕਰੀ ਤੋਂ ਬਰਖ਼ਾਸਤ ਕਰਨ ਅਤੇ ਰਕਮ ਦੀ ਵਸੂਲੀ ਬਾਰੇ ਨੋਟਿਸ ਜਾਰੀ ਕੀਤੇ ਗਏ :—

1.	ਸ੍ਰੀ ਪੀ. ਕੇ. ਵਰਮਾ	ਨਿਗਰਾਨ ਇੰਜਨੀਅਰ
2.	ਸ੍ਰੀ ਡੀ. ਐਲ. ਗਰਗ	ਕਾਰਜਕਾਰੀ ਇੰਜਨੀਅਰ (ਸੀ. ਡੀ. ਸੀ.)
3.	ਸ੍ਰੀ ਬਲਰਾਮ ਚੌਧਰੀ	ਕਾਰਜਕਾਰੀ ਇੰਜਨੀਅਰ
4.	ਸ੍ਰੀ ਰਾਣਾ ਯਸ਼ਪਾਲ ਸਿੰਘ	ਉਪ ਮੰਡਲ ਇੰਜਨੀਅਰ
5.	ਸ੍ਰੀ ਏ. ਕੇ. ਵਰਮਾ	ਉਪ ਮੰਡਲ ਇੰਜਨੀਅਰ
6.	ਸ੍ਰੀ ਕੇ. ਸੀ. ਗੁਪਤਾ	ਉਪ ਮੰਡਲ ਇੰਜਨੀਅਰ
7.	ਸ੍ਰੀ ਰਾਮ ਕੁਮਾਰ	ਜੂਨੀਅਰ ਇੰਜਨੀਅਰ

[ਸਥਾਨਕ ਸਰਕਾਰ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਹੇਠਾਂ ਦਰਸਾਏ 6 ਕਰਮਚਾਰੀਆਂ ਨੂੰ ਰਕਮ ਦੀ ਵਸੂਲੀ ਅਤੇ ਉਨ੍ਹਾਂ ਦੀਆਂ ਸਲਾਨਾ ਤਰੱਕੀਆਂ ਬੰਦ ਕਰਨ ਲਈ ਨੋਟਿਸ ਜਾਰੀ ਕੀਤੇ ਗਏ ਹਨ :—

1.	ਸ੍ਰੀ ਪੀ. ਕੇ. ਗੁਪਤਾ	ਉਪ ਮੰਡਲ ਇੰਜਨੀਅਰ
2.	ਸ੍ਰੀ ਪੀ. ਐਸ. ਮੋਹਿਲ	ਉਪ ਮੰਡਲ ਇੰਜਨੀਅਰ
3.	ਸ੍ਰੀ ਮਨਜੀਤ ਸਿੰਘ	ਜੂਨੀਅਰ ਇੰਜਨੀਅਰ
4.	ਸ੍ਰੀ ਜਰਨੈਲ ਸਿੰਘ	ਜੂਨੀਅਰ ਇੰਜਨੀਅਰ
5.	ਸ੍ਰੀ ਕੇ. ਪੀ. ਧਵਨ	ਜੂਨੀਅਰ ਇੰਜਨੀਅਰ
6.	ਸ੍ਰੀ ਬਾਲ ਕ੍ਰਿਸ਼ਨ	ਜੂਨੀਅਰ ਇੰਜਨੀਅਰ

ਇਕ ਕਰਮਚਾਰੀ ਸ੍ਰੀ ਏ. ਐਸ. ਵਿਰਦੀ, ਜੂਨੀਅਰ ਇੰਜਨੀਅਰ ਦੀ ਮੌਤ ਹੋ ਚੁੱਕੀ ਹੈ। ਜਨ ਸਿਹਤ ਵਿਭਾਗ ਨੂੰ ਬਾਕੀ ਰਹਿੰਦੇ 3 ਕਰਮਚਾਰੀਆਂ ਵਿਰੁੱਧ ਕਾਰਵਾਈ ਕਰਨ ਲਈ ਬੇਨਤੀ ਕੀਤੀ ਗਈ :—

1.	ਸ੍ਰੀ ਪੀ. ਐਸ. ਮਾਂਗਟ	ਜੂਨੀਅਰ ਇੰਜਨੀਅਰ
2.	ਸ੍ਰੀ ਆਰ. ਆਰ. ਬਾਂਸਲ	ਕਾਰਜਕਾਰੀ ਇੰਜਨੀਅਰ
3.	ਸ੍ਰੀ ਕੇ. ਬੀ. ਰਾਏ	ਜੂਨੀਅਰ ਇੰਜਨੀਅਰ

ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਮੰਤਰੀ ਜੀ ਨੇ ਬੜੇ ਵਿਸਥਾਰ ਨਾਲ ਜਵਾਬ ਦਿੱਤਾ ਹੈ ਅਤੇ ਇਸ ਦੇ ਲਈ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 7 ਬੰਦਿਆਂ ਨੂੰ ਨੋਟਿਸਜ਼ ਫਾਰ ਰਿਮੂਵਲ ਦਿੱਤੇ ਗਏ ਹਨ, ਉਹ ਕਿਸ ਤਾਰੀਖ ਨੂੰ ਦਿਤੇ ਗਏ ਹਨ ਔਰ ਹਾਲੇ ਤੱਕ ਉਨ੍ਹਾਂ ਤੇ ਕੀ ਐਕਸ਼ਨ ਹੋਇਆ ਹੈ ? ਇਸ ਤੋਂ ਇਲਾਵਾ, ਬਾਕੀ ਜਿਨ੍ਹਾਂ 6 ਆਦਮੀਆਂ ਦੇ ਵਿਰੁਧ ਰਿਕਵਰੀ ਦੇ ਆਰਡਰ ਕੀਤੇ ਗਏ ਹਨ, ਕੀ ਉਨ੍ਹਾਂ ਤੋਂ ਰਿਕਵਰੀ ਕਰ ਲਈ ਗਈ ਹੈ ਜਾਂ ਕੀ ਉਨ੍ਹਾਂ ਤੋਂ ਰਿਕਵਰੀ ਹੋਣ ਦੀ ਸੰਭਾਵਨਾ ਹੈ ?

ਸ੍ਰੀ ਸਪੀਕਰ : ਮੰਤਰੀ ਜੀ, ਇਹ ਪੁੱਛਦੇ ਹਨ ਕਿ ਉਨ੍ਹਾਂ ਤੋਂ ਰਿਕਵਰੀ ਹੋਈ ਹੈ ਜਾਂ ਨਹੀਂ ?

ਮੰਤਰੀ : ਮੈਂ ਇਨ੍ਹਾਂ ਨੂੰ ਦੱਸਿਆ ਹੈ, ਜਿਸ ਤਰ੍ਹਾਂ ਸਦਨ ਦੀ ਮੇਜ਼ ਤੇ ਜਾਣਕਾਰੀ ਰੱਖੀ ਹੈ ਕਿ ਕਾਰਵਾਈ ਜਾਰੀ ਹੈ ਅਤੇ ਸਾਨੂੰ ਉਮੀਦ ਹੈ ਕਿ ਇਹ ਜਲਦੀ ਹੋ ਜਾਵੇਗੀ ?

ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਰਿਪੋਰਟ ਆਈ ਨੂੰ 9 ਮਹੀਨੇ ਹੋ ਗਏ ਹਨ। ਹਾਲੇ ਤੱਕ ਡਿਪਾਰਟਮੈਂਟ ਇਹੀ ਨਹੀਂ ਡਿਸਾਈਡ ਕਰ ਸਕਿਆ ਕਿ ਨੋਟਿਸ ਦੇਣੇ ਹਨ ਜਾਂ ਨਹੀਂ। ਜਿਹੜੇ ਨੋਟਿਸ ਦਿੱਤੇ ਗਏ ਹਨ ਅਤੇ ਜਿਨ੍ਹਾਂ ਤੋਂ ਰਿਕਵਰੀ ਦੇ ਆਰਡਰ ਕੀਤੇ ਗਏ ਹਨ, ਉਨ੍ਹਾਂ ਸਬੰਧੀ ਅੱਗੇ ਕੀ ਐਕਸ਼ਨ ਲਿਆ ਜਾ ਰਿਹਾ ਹੈ ?

ਸ੍ਰੀ ਸਪੀਕਰ : ਤੁਹਾਡੇ ਸਵਾਲ ਦਾ ਜਵਾਬ ਤਾਂ ਤਕਰੀਬਨ ਆ ਗਿਆ ਹੈ। ਇਸ ਤੋਂ ਇਲਾਵਾ ਜੇਕਰ ਤੁਸੀਂ ਨੋਟਿਸਜ਼ ਦੀ ਸਪੈਸੇਫਿਕ ਡੇਟ ਮੰਗਦੇ ਹੋ ਤਾਂ ਉਹ ਮੰਤਰੀ ਜੀ ਮੰਗਵਾ ਦੇਣਗੇ।

ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਰਿਕਵਰੀ ਬਾਰੇ ਵੀ ਦੱਸਣ ਕਿ ਜਿਹੜੇ ਨੋਟਿਸ ਦਿੱਤੇ ਹੋਏ ਹਨ ਉਸ ਅਨੁਸਾਰ ਕੋਈ ਰਿਕਵਰੀ ਵੀ ਕੀਤੀ ਹੈ ਜਾਂ ਨਹੀਂ ? ਜੇ ਨਹੀਂ ਕੀਤੀ ਤਾਂ ਕਦੋਂ ਤੱਕ ਹੋ ਜਾਵੇਗੀ, ਇਸ ਬਾਰੇ ਵਜ਼ੀਰ ਸਾਹਿਬ ਐਸ਼ੋਰੈਂਸ ਦੇਣ ?

ਮੰਤਰੀ : ਸਪੀਕਰ ਸਾਹਿਬ, ਇਹ ਹਾਲੇ ਅੰਡਰ ਵੇਅ ਹੈ । ਉਮੀਦ ਹੈ ਕਿ ਜਲਦੀ ਹੀ ਹੋ ਜਾਵੇਗੀ । ਇਹਨਾਂ ਨੂੰ ਸਰਵਿਸ ਤੋਂ ਕੱਢਣ ਅਤੇ ਰਿਕਵਰੀ ਕਰਨ ਦੇ ਨੋਟਿਸ ਵੀ ਦਿੱਤੇ ਹੋਏ ਹਨ । ਦੂਸਰੀ ਕੈਟੇਗਰੀ ਵਿੱਚ ਦੂਸਰੀ ਤਰ੍ਹਾਂ ਦਾ ਐਕਸ਼ਨ ਹੈ, ਜਿਸ ਵਿੱਚ ਕਰਮਚਾਰੀਆਂ/ਅਧਿਕਾਰੀਆਂ ਦੀ ਇਨਕਰੀਮੈਂਟ ਬੰਦ ਕਰਨ ਅਤੇ ਨਾਲ ਹੀ ਰਿਕਵਰੀ ਕਰਨ ਬਾਰੇ ਦੱਸਿਆ ਹੈ । ਇਸ ਵੇਲੇ ਸਾਰਾ ਅੰਡਰ ਪਰਾਸੈਸ ਹੈ । ਕਾਰਵਾਈ ਕੀਤੀ ਜਾਵੇਗੀ ਜੀ।

ਡੇਅਰੀਆਂ ਸ਼ਹਿਰਾਂ ਤੋਂ ਬਾਹਰ ਬਣਾਉਣਾ

*409. **ਮਾਸਟਰ ਮੋਹਨ ਲਾਲ** : ਕੀ ਸਥਾਨਕ ਸਰਕਾਰ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ, ਸ਼ਹਿਰਾਂ ਨੂੰ ਸਾਫ਼ ਅਤੇ ਸੁਥਰਾ ਰੱਖਣ ਲਈ ਡੇਅਰੀ ਮਾਲਕਾਂ ਨੂੰ ਸ਼ਹਿਰਾਂ ਦੇ ਬਾਹਰ, ਬਦਲਵੇਂ ਥਾਂ ਅਲਾਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ. ਜੇਕਰ ਅਜਿਹਾ ਹੈ ਤਾਂ ਅਜਿਹਾ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

Shri Balramji Dass Tandon: Yes Sir. The Government has already started process of shifting of dairies outside the cities in a phased manner. This problem was more aggravated in the Municipal Corporation towns of Ludhiana, Jalandhar and Amritsar. In Ludhiana most of the dairies have already shifted on the Tajpur Road. Similar schemes have been prepared by Municipal Corporation, Amritsar at Village Fatehpur and by Improvement Trust, Amritsar on Khem-Karan Road. The Municipal Corporation. Amritsar has already started the allotment process while Improvement Trust, Amritsar has acquired land for this purpose and is in process of building the required infrastruture. In Jalandhar, the Municipal Corporation has initiated process for acquisition of land measuring 60 acres near Basti Pir Dad for this purpose. The process of shifting will take about two years.

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਵਜ਼ੀਰ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਮੇਰਾ ਪ੍ਰਸ਼ਨ ਪੰਜਾਬ ਦੇ ਸਾਰੇ ਸ਼ਹਿਰਾਂ ਦੇ ਮੁਤੱਲਿਕ ਸੀ ਪਰ ਵਜ਼ੀਰ ਦਾ ਜਵਾਬ ਸਪੈਸੇਫਿਕ ਤਿੰਨ ਕਾਰਪੋਰੇਸ਼ਨਾਂ ਦੇ ਮੁਤੱਲਿਕ ਹੀ ਹੈ । ਇਸ ਵਿੱਚ ਮੈਂ ਪ੍ਰਸ਼ਨ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਬਾਕੀ ਸ਼ਹਿਰਾਂ ਵਿੱਚ ਏਸੇ ਤਰ੍ਹਾਂ ਦਾ ਕੋਈ ਫੇਜ਼ ਵਾਇਜ਼ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ ਕਿ ਇਹ ਜਿਹੜੀਆਂ ਡੇਅਰੀਆਂ ਹਨ ਇਹ ਸ਼ਹਿਰਾਂ ਤੋਂ ਬਾਹਰ ਲਿਜਾਈਆਂ ਜਾਣ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਇਸ ਦੇ ਬਾਰੇ ਵਿਚ ਐਕਸ਼ਨ ਬਾਕੀ ਸ਼ਹਿਰਾਂ ਵਿੱਚ ਵੀ ਸ਼ੁਰੂ ਕੀਤਾ ਜਾਣਾ ਹੈ । ਲੇਕਿਨ ਇਹ ਬਹੁਤ ਵੱਡਾ ਪ੍ਰੋਗਰਾਮ ਹੈ ਅਸੀਂ ਤਿੰਨਾਂ ਕਾਰਪੋਰੇਸ਼ਨਾਂ ਵਿਚ ਇਹ ਸ਼ੁਰੂ ਕੀਤਾ ਹੈ ਔਰ ਕਾਰਵਾਈ ਕੀਤੀ ਗਈ ਹੈ । ਬਾਕੀ ਦੇ ਸ਼ਹਿਰਾਂ ਵਿੱਚ ਵੀ ਹੋਏਗਾ ।

ਸ੍ਰੀ ਸਪੀਕਰ : ਇਨ੍ਹਾਂ ਕਾਰਪੋਰੇਸ਼ਨਾਂ ਤੋਂ ਮਗਰੋਂ ਲੈ ਲੈਣਗੇ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ, ਤੋਂ ਇਕ ਹੋਰ ਸਪਲੀਮੈਂਟਰੀ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਡੇਅਰੀਆਂ ਸ਼ਹਿਰਾਂ ਤੋਂ ਬਾਹਰ ਲਿਜਾਈਆਂ ਜਾਣਗੀਆਂ ਇਸ ਵਾਸਤੇ ਜਗ੍ਹਾ ਕੀ ਸਰਕਾਰ ਨੇ ਦੇਣੀ ਹੈ ਜਾਂ ਕਿ ਡੇਅਰੀਆਂ ਵਾਲਿਆਂ ਨੇ ਆਪ ਪੈਸੇ ਖਰਚਣੇ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਦੋ ਤਰ੍ਹਾਂ ਦੀਆਂ ਸਕੀਮਾਂ ਹਨ । ਕਿਸੇ ਜਗ੍ਹਾ ਤੇ ਤਾਂ ਸਰਕਾਰ ਬਣਾ ਕੇ ਦੇਵੇਗੀ ਲੇਕਿਨ ਕਿਸੇ ਜਗ੍ਹਾ ਤੇ ਉਹ ਆਪ ਬਣਾਉਣਗੇ, ਸਰਕਾਰ ਜਗ੍ਹਾ ਦੇ ਦੇਵੇਗੀ । ਉਸ ਮੁਤਾਬਿਕ ਉਹ ਆਪ ਬਣਾ ਲੈਣਗੇ ।

श्रीमती लक्ष्मीकांता चावला, स्पीकर साहिब, आप के द्वारा मैं मंत्री जी से पूछना चाहती हूं कि क्या यह सच है कि अमृतसर शहर में जिन लोगों को पहले अपनी डेयरियां शहर से बाहर ले जाने के लिये प्लाट दिये थे उन्होंने वे प्लाट बेच कर लाभ कमा लिया और वह शहर से बाहर नहीं गये । अगर यह सच है तो उन के खिलाफ सरकार कोई कारवाई करेगी ?

ਮੰਤਰੀ : ਸਪੀਕਰ ਸਾਹਿਬ, ਇਹਨਾਂ ਨੇ ਨੋਟਿਸ ਵਿੱਚ ਲਿਆਂਦਾ ਹੈ, ਅਸੀਂ ਇਸ ਚੀਜ਼ ਦੀ ਪੜਤਾਲ ਕਰਾਂਗੇ ਅੌਰ ਕਾਰਵਾਈ ਕਰਾਂਗੇ ।

श्रीमती लक्ष्मी कांता चावला : स्पीकर साहिब, हैरानी की बात है कि चार महीने हो गये हैं और इस के बारे सरकार को अभी तक पता नहीं है ।

ਸ੍ਰੀ ਸਪੀਕਰ : ਤੁਸੀਂ ਜੋ ਵੀ ਗੱਲ ਹੈ, ਉਹ ਲਿਖ ਕੇ ਦੇ ਦਿਓ ਜੀ ।

ਰਸਾਇਣਿਕ ਖਾਦਾਂ ਦੀ ਵਿਕਰੀ ਤੇ ਪਾਬੰਦੀ

*457. **ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਕੀ ਰਾਜ ਵਿਚ ਇਕ ਫੈਕਟਰੀ ਦੁਆਰਾ ਬਣਾਈ ਜਾਂਦੀ ਕੈਨ (ਕੈਲਸ਼ੀਅਮ ਅਮੋਨੀਅਮ ਨਾਈਟਰੇਟ) ਅਤੇ ਯੂਰੀਆ ਖਾਦ ਦੇ ਸੈਂਪਲ ਕੈਮੀਕਲ ਟੈਸਟਾਂ ਦੇ ਦੌਰਾਨ ਫੇਲ੍ਹ ਹੋ ਜਾਣ ਦੇ ਕਾਰਨ ਇਸ ਦੀ ਵਿਕਰੀ ਤੇ ਕੋਈ ਪਾਬੰਦੀ ਲਗਾਈ ਗਈ ਸੀ ਜਿਸ ਦੇ ਸਿੱਟੇ ਵਜੋਂ ਸਾਲ 1994-95 ਅਤੇ 1995-96 ਦੇ ਦੌਰਾਨ ਲੱਖਾਂ ਬੋਰੀਆਂ ਖਾਦ ਦਾ ਸਟਾਕ ਜਮ੍ਹਾਂ ਹੋ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਫੈਕਟਰੀ ਦਾ ਵੇਰਵਾ ਕੀ ਹੈ;

(ਅ) ਕੀ ਸਾਲ 1996-97 ਦੇ ਦੌਰਾਨ ਸਰਕਾਰ ਦੁਆਰਾ ਉਪਰੋਕਤ ਭਾਗ (ੳ) ਵਿਚ ਵਰਣਿਤ ਪਾਬੰਦੀ ਹਟਾ ਲਈ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਤਾਂ ਕੀ ਪਾਬੰਦੀ ਉਠਾਉਣ ਤੋਂ ਪਹਿਲਾਂ ਖਾਦ ਦੇ ਕੋਈ ਨਵੇਂ ਟੈਸਟ ਕਰਵਾਏ ਗਏ ਸਨ; ਜੇਕਰ ਨਹੀਂ ਤਾਂ ਇਸ ਦੇ ਕਾਰਨ ਕੀ ਹਨ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਯੂਰੀਆ ਅਤੇ ਕਿਸਾਨ ਖਾਦ ਦੀ ਵਿਕਰੀ ਤੇ ਰਾਜ ਸਰਕਾਰ ਵੱਲੋਂ ਕੋਈ ਰੋਕ ਨਹੀਂ ਲਗਾਈ ਗਈ । ਰਾਜ ਵਿੱਚ ਇਹਖਾ ਦਾਂ

ਕੇਵਲ ਨੈਸ਼ਨਲ ਫਰਟੀਲਾਈਜ਼ਰ ਲਿਮਟਿਡ ਵੱਲੋਂ ਹੀ ਬਣਾਈਆ ਜਾਂਦੀਆਂ ਹਨ । ਸਾਲ 1994-95 ਅਤੇ 1995-96 ਦੌਰਾਨ ਕਿਸਾਨ ਖਾਦ ਅਤੇ ਯੂਰੀਆ ਦਾ ਕੋਈ ਸੈਂਪਲ, ਜੋ ਕਿ ਮੈਨੂਫੈਕਚਰਿੰਗ ਯੂਨਿਟ ਤੋਂ ਲਿਆ ਗਿਆ ਹੋਵੇ, ਫੇਲ੍ਹ ਨਹੀਂ ਹੋਇਆ ।

(ਅ) ਸਵਾਲ ਪੈਦਾ ਨਹੀਂ ਹੁੰਦਾ ।

ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ: ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਤਿਕਾਰਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਤੋਂ ਇਲਾਵਾ ਕੋਈ ਹੋਰ ਇਨ੍ਹਾਂ ਦੋ ਸਾਲਾਂ ਦੇ ਵਿੱਚ ਖਾਦਾਂ ਹਨ ਜਿਨ੍ਹਾਂ ਦੇ ਸੈਂਪਲ ਫੇਲ੍ਹ ਹੋਏ ? ਜੇ ਹੈ ਤਾਂ ਉਨ੍ਹਾਂ ਦੀ ਕੀ ਪੈਰਵੀ ਹੋਈ ?

ਮੰਤਰੀ: ਸਪੀਕਰ ਸਾਹਿਬ, ਅਜੇ ਤੱਕ ਤਾਂ ਮੇਰੇ ਧਿਆਨ ਵਿੱਚ ਕੋਈ ਨਹੀਂ ਆਇਆ ਜੀ । ਇਨ੍ਹਾਂ ਨੇ ਜਿਨ੍ਹਾਂ ਦੋ ਖਾਦਾਂ ਦਾ ਨਾਂ ਲਿਆ ਸੀ ਉਹਦੇ ਬਾਰੇ ਮੈਂ ਦੱਸ ਦਿੱਤਾ ਹੈ ਜੀ ।

ਵਣ ਡਿਵੀਜ਼ਨ ਦਸੂਹਾ ਵਿਚ ਦਰੱਖਤਾਂ ਦੀ ਗੈਰ ਕਾਨੂੰਨੀ ਕਟਾਈ

*351. **ਸ਼੍ਰੀ ਰਮੇਸ਼ ਚੰਦਰ ਡੋਗਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਜ਼ਿਲ੍ਹਾ ਹੁਸ਼ਿਆਰਪੁਰ ਦੇ ਵਣ ਡਿਵੀਜ਼ਨ ਦਸੂਹਾ ਦੇ ਅਧਿਕਾਰ ਹੇਠ ਆਉਂਦੇ ਖੇਤਰ ਵਿਚ ਦਰਖਤਾਂ ਦੀ ਗੈਰ-ਕਾਨੂੰਨੀ ਕਟਾਈ ਕਰਨ ਦੇ ਕੇਸਾਂ ਦੀ ਗਿਣਤੀ ਅਤੇ ਵੇਰਵੇ ਕੀ ਹਨ ਜੋ ਸਾਲ 1995-96 ਦੇ ਦੌਰਾਨ ਵਣ ਵਿਭਾਗ ਦੇ ਧਿਆਨ ਵਿਚ ਆਏ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚ ਸ਼ਾਮਲ ਪਾਏ ਗਏ ਵਿਅਕਤੀਆਂ ਦੇ ਵੇਰਵੇ ਕੀ ਹਨ ਅਤੇ ਹਰ ਇਕ ਕੇਸ ਵਿਚ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਾਲ 1995-96 ਦੌਰਾਨ ਹੁਸ਼ਿਆਰਪੁਰ ਦੇ ਦਸੂਹਾ ਵਣ ਮੰਡਲ ਵਿੱਚ ਰੁੱਖਾਂ ਦੀ ਨਜ਼ਾਇਜ ਕਟਾਈ ਦੇ ਕੁੱਲ 159 ਕੇਸ ਨੋਟਿਸ ਵਿੱਚ ਆਏ ਜਿਨ੍ਹਾਂ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖ ਦਿੱਤਾ ਗਿਆ ਹੈ । (ਅਨੈਕਸਚਰ 'ੳ' ਅਤੇ 'ਅ')

[ਮੁੱਖ ਮੰਤਰੀ]

ਅਨੈਕਸਚਰ 'ੳ'

	ਕੇਸਾਂ ਦੀ ਗਿਣਤੀ	ਦਰਖਤਾਂ ਦੀ ਗਿਣਤੀ	ਲੋਕਾਂ ਦੀ ਗਿਣਤੀ
1	2	3	4
ਕੁੱਲ ਕੇਸ ..	159	1,299	165
ਕੰਪਾਊਂਡ ਕੀਤੇ ਗਏ ਕੇਸ ..	137	974	137
ਅਦਾਲਤ ਵਿਚ ਦਾਇਰ ਕੀਤੇ ਗਏ ਕੇਸ ..	5	157	9
ਪੁਲਿਸ ਰਾਹੀਂ ਤਫਤੀਸ਼ ਕੀਤੇ ਜਾ ਰਹੇ ਕੇਸ ..	1	58	3
ਦੋਸ਼ੀ ਅਧਿਕਾਰੀਆਂ ਵਿਰੁੱਧ ਕੇਸ ..	16	110	16

ਅਨੈਕਸਚਰ 'ਅ'

ਦਸੂਹਾ ਵਣ ਮੰਡਲ ਵਿਚ ਸਾਲ 1995-96 ਦੌਰਾਨ ਰੁੱਖਾਂ ਦੀ ਨਜਾਇਜ਼ ਕਟਾਈ ਸਬੰਧੀ ਸੂਚਨਾ ਅਤੇ ਕੀਤੀ ਕਾਰਵਾਈ ਬਾਰੇ ਹੇਠ ਪ੍ਰੋਫਾਰਮੇ ਤੇ ਦਿੱਤੀ ਜਾਂਦੀ ਹੈ :

ਰੇਂਜ ਦਾ ਨਾਂ	ਜਾਰੀ ਕੀਤੀਆਂ ਨੁਕਸਾਨ ਰਿਪੋਰਟਾਂ			ਆਈ.ਐਫ.ਏ. 1927 ਦੀ ਧਾਰਾ 68 ਅਧੀਨ ਕੰਮਪਾਊਂਡ ਕੀਤੇ ਕੇਸ			ਅਦਾਲਤੀ ਕੇਸ			ਕਾਰਵਾਈ ਲਈ ਪੁਲਿਸ ਨੂੰ ਦਿੱਤੇ ਕੇਸ			ਦੋਸ਼ੀ ਸਟਾਫ ਵਿਭਾਗੀ ਕਾਰਵਾਈ ਦੇ ਕੇਸ	
	ਕੇਸਾਂ ਦੀ ਗਿਣਤੀ	ਦਰਖਤਾਂ ਦੀ ਗਿਣਤੀ	ਦੋਸ਼ੀਆਂ ਦੀ ਗਿਣਤੀ	ਕੇਸਾਂ ਦੀ ਗਿਣਤੀ	ਦਰਖਤਾਂ ਦੀ ਗਿਣਤੀ	ਰਕਮ	ਕੇਸਾਂ ਦੀ ਗਿਣਤੀ	ਦਰਖਤਾਂ ਦੀ ਗਿਣਤੀ	ਦੋਸ਼ੀਆਂ ਦੀ ਗਿਣਤੀ	ਕੇਸਾਂ ਦੀ ਗਿਣਤੀ	ਦਰਖਤਾਂ ਦੀ ਗਿਣਤੀ	ਦੋਸ਼ੀਆਂ ਦੀ ਗਿਣਤੀ	ਕੇਸਾਂ ਦੀ ਗਿਣਤੀ	ਦਰ
1	2	3	4	5	6	7	8	9	10	11	12	13	14	15
ਦਸੂਹਾ ..	17	34	21	11	23	18,200	—	—	—	—	—	—	—	—
ਤਲਵਾੜਾ ..	119	996	145	108	726	2,33,796	04	132	11	01	58	03	03	06
ਮੁਕੇਰੀਆਂ ..	08	11	08	08	11	4,475	—	—	—	—	—	—	—	—
ਬਡਲਾਂ ..	15	258	21	10	214	27,825	01	25	02	—	—	—	—	04
ਜੋੜ ..	159	1,299	195	137	974		2,84,296	5	157	13	1	58	3	16

2. ਰੁੱਖਾਂ ਦੀ ਨਜ਼ਾਇਜ ਕਟਾਈ ਵਿਚ ਸ਼ਾਮਲ ਦੋਸ਼ੀਆਂ ਦੀ ਸੂਚਨਾ ਜਿਨ੍ਹਾਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਗਈ ।

	ਨੁਕਸਾਨ ਰਿਪੋਰਟ/ ਐਫ.ਆਈ. ਆਰ ਨੰ.	ਮਿਤੀ		ਨਜ਼ਾਇਜ ਕਟਾਈ ਵਿਚ ਸ਼ਾਮਲ ਦੋਸ਼ੀ ਦਾ ਨਾਂ ਅਤੇ ਪਤਾ	ਰੁੱਖਾਂ ਦੀ ਗਿਣਤੀ	ਵਿਸ਼ੇਸ਼ ਕਥਨ
	1	2		3	4	5
1.	52,956	10-4-95	1.	ਸ਼੍ਰੀ ਚੰਨਣ ਸਿੰਘ, ਐਸ.ਡੀ.ਓ., ਪੀ.ਡਬਲਯੂ. ਡੀ. ਲਿੰਕ ਰੋਡ	67	ਬਰਿੰਗਲੀ-ਚਮੂਹੀ ਲਿੰਕ ਸੜਕ ਦੀ ਉਸਾਰੀ ਲਈ ਪੀ. ਡਬਲਯੂ. ਡੀ. ਵਿਭਾਗ ਵੱਲੋਂ ਵਣ ਕੰਜਰਵੇਸ਼ਨ ਐਕਟ 19 ਅਧੀਨ ਮੰਗੀ ਪ੍ਰਵਾਨਗੀ ਤੋਂ ਬਿਨਾਂ ਹੀ ਰੁੱਖਾਂ ਦੀ ਕਟਾਈ ਕੀਤੀ । ਇਨ੍ਹਾਂ ਦੇ ਵਿਰੁਧ ਅਦਾਲਤੀ ਕਾਰਵਾਈ ਕਰਨ ਲਈ ਮੰਗੀ ਗਈ ਪ੍ਰਵਾਨਗੀ ਉਡੀਕੀ ਜਾ ਰਹੀ ਹੈ ।
			2.	ਸ਼੍ਰੀ ਰਘਬੀਰ ਸਿੰਘ, ਜੇ.ਈ. (ਪੀ.ਡਬਲਯੂ.ਡੀ)		
2.	57,500	14-2-96	1.	ਸ਼੍ਰੀ ਨਰਦੀਪ ਸਿੰਘ ਪੁੱਤਰ ਤੁਲਸੀ ਰਾਮ ਪਿੰਡ ਦੇਪੁਰ		
			2.	ਕਮਲ ਸਿੰਘ ਪੁੱਤਰ ਗਾਧੀਲੋ ਰਾਮ, ਪਿੰਡ ਦੇਪੁਰ	08	ਇਹ ਕੇਸ ਜੁਡੀਸ਼ੀਅਲ ਕੋਰਟ ਵਿਚ ਕਾਰਵਾਈ ਅਧੀਨ ਹੈ ।

			3. ਬਲਬੀਰ ਸਿੰਘ ਪੁੱਤਰ ਕਰਨੈਲ ਸਿੰਘ ਪਿੰਡ ਦਲਵਾਲੀ		
			4. ਸੰਸਾਰ ਚੰਦ ਪੁੱਤਰ ਚੰਧਰ ਸਿੰਘ ਪਿੰਡ ਰਾਪੁਰ ।		
3.	165(15) (1)	21-3-96	1. ਸ੍ਰੀ ਰਾਮ ਪਾਲ ਪੁੱਤਰ ਸ੍ਰੀ ਕਰਮ ਚੰਦ ਪਿੰਡ ਨਰੈਣਪੁਰ. ਹਾਲ. ਬਹਿ ਨੰਗਲ	07	ਇਹ ਕੇਸ ਜੂਡੀਸ਼ੀਅਲ ਕੋਰਟ ਵਿਚ ਕਾਰਵਾਈ ਅਧੀਨ ਹੈ ।
4.	57,459	13-6-95	1. ਸੋਮ ਰਾਜ ਪੁੱਤਰ ਅੰਗਰੇਜ਼ ਸਿੰਘ ਪਿੰਡ ਦੇਹਪੁਰ	50	ਇਹ ਕੇਸ ਜੂਡੀਸ਼ੀਅਲ ਕੋਰਟ ਵਿਚ ਕਾਰਵਾਈ ਅਧੀਨ ਹੈ ।
			2. ਸ੍ਰੀ ਬਲਬੀਰ ਸਿੰਘ ਪੁੱਤਰ ਕਰਨੈਲ ਸਿੰਘ ਪਿੰਡ ਦਲਵਾਲੀ		
			3. ਕਮਲ ਸਿੰਘ ਪੁੱਤਰ ਗੰਧਲੋ ਰਾਮ ਪਿੰਡ ਦੇਹਪੁਰ		
			4. ਬਲਦੇਵ ਸਿੰਘ ਪੁੱਤਰ ਰਾਮ ਚੰਦ ਪਿੰਡ ਦੇਪੁਰ		
5.	30	11-9-95	1. ਗੁਰਦਿਆਲ ਸਿੰਘ ਪੁੱਤਰ ਰੋਸ਼ਨ ਲਾਲ	25	ਇਹ ਕੇਸ ਪੁਲਿਸ ਰਾਹੀਂ ਕੋਰਟ ਵਿਚ ਲੱਗਾ ਹੈ ।
			2. ਤਰਲੋਕ ਸਿੰਘ ਪੁਤਰ ਸ੍ਰੀ ਜੈਮਲ ਸਿੰਘ		
6.	57,458	13-6-95	1. ਸ੍ਰੀ ਕਮਲ ਕਿਸ਼ੋਰ ਪੁੱਤਰ ਇਸਰ ਸਿੰਘ ਪਿੰਡ ਦਲਵਾਲੀ	58	ਪੁਲਿਸ ਵੱਲੋਂ ਪੜਤਾਲ ਲਈ ।
			2. ਤਿਲਕ ਰਾਜ ਪੁੱਤਰ ਮੰਗਤ ਰਾਮ ਪਿੰਡ ਦਲਵਾਲੀ		
			3. ਬਿਸ਼ਨ ਦਾਸ ਪੁੱਤਰ ਰਾਮ ਚੰਦ ਪਿੰਡ ਦਲਵਾਲੀ ।		

[ਮੁੱਖ ਮੰਤਰੀ]

ਅਨੈਕਸਚਰ 'ਅ' 1

ਸਾਲ 1995-96 ਦੌਰਾਨ ਵਸੂਲ ਕੀਤੇ ਮੁਆਵਜ਼ਾ ਕੇਸਾਂ ਦਾ ਵੇਰਵਾ ।

ਲੜੀ ਨੰ:	ਰੇਂਜ ਦਾ ਨਾਂ	ਦੋਸ਼ੀ ਦਾ ਨਾਂ ਅਤੇ ਪਤਾ		ਰੁੱਖਾਂ ਦੀ ਗਿਣਤੀ ਅਤੇ ਮੁਆਵਜ਼ੇ ਦੀ ਰਕਮ (ਰੁਪਿਆਂ ਵਿਚ)
1	2	3		4
		ਸ/ਸ਼੍ਰੀ		
1.	ਤਲਵਾੜਾ	ਚੱਤਰ ਸਿੰਘ ਪੁੱਤਰ ਅੰਗਰੇਜ਼ ਸਿੰਘ ਪਿੰਡ ਦੇਪੁਰ ।	..	1/110
2.	,,	ਸੰਜੀਵ ਕੁਮਾਰ ਪੁੱਤਰ ਮੇਲਾ ਰਾਮ ਪਿੰਡ ਦੇਪੁਰ ।	..	2/227
3.	,,	ਰੁਲੀਆ ਰਾਮ ਪੁੱਤਰ ਕਿਰਪਾ ਰਾਮ ਪਿੰਡ ਦਮਵਾਲ ।	..	1/500
4.	,,	ਸੋਮ ਰਾਜ ਪੁੱਤਰ ਅੰਗਰੇਜ਼ ਸਿੰਘ ਪਿੰਡ ਦੇਪੁਰ ।	..	1/110
5.	,,	ਮਲਕੀਅਤ ਸਿੰਘ ਪੁੱਤਰ ਰਛਪਾਲ ਸਿੰਘ ਪਿੰਡ ਦਲਵਾਲੀ ।	..	1/110
6.	,,	ਸੰਜੀਵ ਕੁਮਾਰ ਪੁੱਤਰ ਮੇਲਾ ਰਾਮ ਪਿੰਡ ਦੇਪੁਰ ਅਤੇ ਜੋਗਿੰਦਰ ਸਿੰਘ ਪੁੱਤਰ ਜੈਮਲ ਸਿੰਘ ਪਿੰਡ ਦੇਪੁਰ ।	..	10/1800
7.	,,	ਤਿਲਕ ਰਾਜ ਪੁੱਤਰ ਧਨੀ ਰਾਮ ਅਤੇ ਸੰਜੀਵ ਕੁਮਾਰ ਪੁੱਤਰ ਮੇਲਾ ਰਾਮ ਪਿੰਡ ਦੇਪੁਰ ।	..	5/2,510
8.	,,	ਸੰਜੀਵ ਕੁਮਾਰ ਪੁੱਤਰ ਮੇਲਾ ਰਾਮ ਪਿੰਡ ਦੇਪੁਰ ।	..	8/1,100
9.	,,	ਸੋਮ ਰਾਜ ਪੁੱਤਰ ਅੰਗਰੇਜ਼ ਸਿੰਘ ਪਿੰਡ ਦੇਪੁਰ ।	..	2/1,900
10.	,,	ਦਲਜੀਤ ਸਿੰਘ ਪੁੱਤਰ ਪ੍ਰਕਾਸ਼ ਸਿੰਘ ਪਿੰਡ ਦੇਪੁਰ ।	..	2/230
11.	,,	ਬਾਲਕ ਚੰਦ ਪੁੱਤਰ ਮਸਤ ਰਾਮ ਪਿੰਡ ਕਹੌੜਾ ।	.	1/120
12.	,,	ਸੁੱਚਾ ਸਿੰਘ ਪੁੱਤਰ ਰਾਮ ਸਿੰਘ ਪਿੰਡ ਚੱਤਰਪੁਰ ।	..	4/1,550

1	2	3	4
13.	ਤਲਵਾੜਾ	ਸੁਰਿੰਦਰ ਪਾਲ ਪੁੱਤਰ ਕਰਮ ਚੰਦ ਪਿੰਡ ਹਾਜ਼ੀਪੁਰ । ..	1/90
14.	,,	ਕਰਨੈਲ ਸਿੰਘ ਪੁੱਤਰ ਸੁਜਿੰਦਰ ਸਿੰਘ ਪਿੰਡ ਦੇਪੁਰ । ..	1/165
15.	,,	ਗਿਆਨ ਚੰਦਰ ਪੁੱਤਰ ਖੁਸ਼ੀ ਰਾਮ ਪਿੰਡ ਦੇਪੁਰ । ..	1/90
16.	,,	ਸੁਰਿੰਦਰ ਸਿੰਘ ਪੁੱਤਰ ਗੁਰਦਿੱਤ ਸਿੰਘ ਪਿੰਡ ਕਰਾੜੀ ਅਤੇ ਕਰਤਾਰ ਸਿੰਘ ਪੁੱਤਰ ਦੌਲਤ ਰਾਮ ਪਿੰਡ ਕਰਾੜੀ । ..	5/410
17.	,,	ਓਮ ਪ੍ਰਕਾਸ਼ ਪੁੱਤਰ ਮੁਨਸ਼ੀ ਰਾਮ ਪਿੰਡ ਦੇਪੁਰ । ..	1/310
18.	,,	ਬਿਸੰਬਰ ਸਿੰਘ ਪੁੱਤਰ ਧਰਮ ਸਿੰਘ ਪਿੰਡ ਦਮਵਾਲ । ..	1/90
19.	,,	ਸ਼ਸ਼ੀ ਪੁੱਤਰ ਮਹਿੰਦਰ ਦੱਤ ਪਿੰਡ ਬਹਿਮਾਵਾ । ..	1/120
20.	,,	ਮਦਨ ਲਾਲ ਪੁੱਤਰ ਧਿਆਨ ਸਿੰਘ ਪਿੰਡ ਭੰਡਿਆਰਾ । ..	5/670
21.	,,	ਸੋਮ ਰਾਮ ਪੁੱਤਰ ਅੰਗਰੇਜ ਸਿੰਘ ਪਿੰਡ ਦੇਪੁਰ । ..	34/1,810
22.	,,	ਅਸ਼ੋਕ ਕੁਮਾਰ ਪੁੱਤਰ ਧਨੀ ਰਾਮ ਪਿੰਡ ਦਮਵਾਲਾ । ..	2/200
23.	,,	ਜੀਤ ਸਿੰਘ ਪੁੱਤਰ ਸਾਧੂ ਸਿੰਘ ਪਿੰਡ ਭੰਡਿਆਰਾ । ..	1/120
24.	,,	ਰਾਜੇਸ਼ ਕੁਮਾਰ ਪੁੱਤਰ ਸਤ ਨਰਾਇਨ ਪਿੰਡ ਭਟੋੜ । ..	5/600
25.	,,	ਕਿਸ਼ੋਰੀ ਲਾਲ ਪੁੱਤਰ ਅਮਰ ਸਿੰਘ ਪਿੰਡ ਭੰਡਿਆਰਾ । ..	3/820
26.	,,	ਹੰਸ ਰਾਜ ਪੁੱਤਰ ਤੁਲਸੀ ਪਿੰਡ ਭੰਡਿਅਰਾ । ..	4/250
27.	,,	ਮਦਨ ਲਾਲ ਪੁੱਤਰ ਧਿਆਨ ਸਿੰਘ ਪਿੰਡ ਰਕੜੀ ਅਤੇ ਕਰਮੂ ਪੁੱਤਰ ਮਾੜੂ ਪਿੰਡ ਰਕੜੀ । ..	5/400
28.	,,	ਸਵਿੱਤਰੀ ਦੇਵੀ ਪਤਨੀ ਧਿਆਨ ਸਿੰਘ ਅਤੇ ਮਦਨ ਲਾਲ ਪੁੱਤਰ ਧਿਆਨ ਸਿੰਘ ਪਿੰਡ ਭੰਡਿਆਰਾ । ..	9/1,400

[ਮੁੱਖ ਮੰਤਰੀ]

1	2	3		4
29.	ਤਲਵਾੜਾ	ਬਿਸੰਭਰ ਦਾਸ ਪੁੱਤਰ ਮਾੜੂ ਰਾਮ ਪਿੰਡ ਬਹਿਕੀਟੋ ।	..	1/90
30.	,,	ਜਗਜੀਤ ਸਿੰਘ ਪੁੱਤਰ ਰੌਸ਼ਾ ਰਾਮ ਪਿੰਡ ਕਰਾੜੀ ।	..	1/750
31.	,,	ਰਾਮ ਸਿੰਘ ਪੁੱਤਰ ਮੀਹੂ ਪਿੰਡ ਰਕੜੀ ।	..	12/7,740
32.	,,	ਪ੍ਰਵੀਨ ਸਿੰਘ ਪੁੱਤਰ ਮਾੜੂ ਰਾਮ ਪਿੰਡ ਬਹਿਮਾਵਾ ।	..	1/750
33.	,,	ਧਿਆਨ ਸਿੰਘ ਪੁੱਤਰ ਛੰਗਣ ਰਾਮ ਪਿੰਡ ਰਕੜੀ ।	..	1/90
34.	,,	ਤਾਰਾ ਚੰਦ ਪੁੱਤਰ ਕੁਸ਼ਲ ਸਿੰਘ, ਤਿਲਕ ਸਿੰਘ ਪੁੱਤਰ ਧਨੀਰਾਮ, ਸਰਵਨ ਸਿੰਘ ਪੁੱਤਰ ਮੰਗਤੂ ਰਾਮ ਅਤੇ ਦਿਲਾਵਰ ਸਿੰਘ ਪੁੱਤਰ ਬਿਹਾਰੀ ਲਾਲ ਪਿੰਡ ਦੇਪੁਰ, ਦਮਵਾਲ, ਬਡਲ ਅਤੇ ਦਲਵਾਲੀ ਕਰਮਵਾਰ ।	..	4/1,100
35.	,,	ਮਲਕੀਅਤ ਸਿੰਘ ਪੁੱਤਰ ਮੇਹਰੂ ਪਿੰਡ ਰਕੜੀ ।	..	2/1,470
36.	,,	ਜੈਜੀ ਰਾਮ ਪੁੱਤਰ ਸੰਤ ਰਾਮ ਪਿੰਡ ਬਹਿਲਖਣ ।	..	1/150
37.	,,	ਦੀਨਾ ਨਾਥ ਪੁੱਤਰ ਹੀਰਾ, ਮੋਹਨ ਲਾਲ ਪੁੱਤਰ ਦਸੌਂਧੀ ਰਾਮ ਪਿੰਡ ਬਹਿਦਲੋ ।	..	2/820
38.	,,	ਸਾਗਰ ਚੰਦ ਪੁੱਤਰ ਮੱਗਰ ਸਿੰਘ ਅਤੇ ਜੋਗਾ ਸਿੰਘ ਪੁੱਤਰ ਬੰਤਾ ਸਿੰਘ ਪਿੰਡ ਬਹਿਦਲੋ ।	..	2/820
39.	,,	ਸੂਰਮ ਸਿੰਘ ਪੁੱਤਰ ਹਰੀ ਸਿੰਘ ਪਿੰਡ ਬਹਿਦਲੋ ।	..	1/110
40.	,,	ਬਚਿੱਤਰ ਸਿੰਘ ਪੁੱਤਰ ਖੁਸ਼ੀ ਰਾਮ ਪਿੰਡ ਬਹਿਦਲੋ ।	..	1/120
41.	,,	ਰਵਿੰਦਰ ਸ਼ਰਮਾ ਪੁੱਤਰ ਕੇਦਾਰ ਨਾਥ, ਪਿੰਡ ਬਹਿਨੰਗਲ	..	4/780
42.	,,	ਕੁਸ਼ਾਲ ਪੁੱਤਰ ਗੁਰਬਚਨ ਸਿੰਘ ਪਿੰਡ ਬਹਿਫੱਤੋ ।	..	1/750
43.	,,	ਰਵਿੰਦਰ ਸਿੰਘ ਪੁੱਤਰ ਰਤਨ ਸਿੰਘ ਪਿੰਡ ਬਹਿਵਿਧੀਆ ।	..	17/9,700

1	2	3		4
44.	ਤਲਵਾੜਾ	ਬਲਵੰਤ ਸਿੰਘ ਪੁੱਤਰ ਜੋਗਾ ਸਿੰਘ ਪਿੰਡ ਬਹਿਵਿਧੀਆਂ ।	..	1/650
45.	,,	ਬਚਿੱਤਰ ਸਿੰਘ ਪੁੱਤਰ ਖੁਸ਼ੀ ਰਾਮ ਪਿੰਡ ਬਹਿਦੂਲੋ ।	..	7/4,500
46.	,,	ਸੀਤਾ ਰਾਮ ਪੁੱਤਰ ਚੰਗਣ ਸਿੰਘ ਪਿੰਡ ਬਹਿਵਿਧੀਆਂ ।	..	11/5,050
47.	,,	ਅਵਤਾਰ ਸਿੰਘ ਪੁੱਤਰ ਬੇਲੀ ਰਾਮ ਪਿੰਡ ਰੇਪੁਰ ।	..	4/1,000
48.	,,	ਤਰਸੇਮ ਸਿੰਘ ਪੁੱਤਰ ਜੈਸੀ ਰਾਮ ਪਿੰਡ ਚੰਗੜਵਾਂ ।	..	5/1,100
49.	,,	ਕਰਤਾਰ ਸਿੰਘ ਪੁੱਤਰ ਧਰਮ ਸਿੰਘ ਪਿੰਡ ਡੋਹਰ ।	..	1/79
50.	,,	ਕ੍ਰਿਸ਼ਨ ਲਾਲ ਪੁੱਤਰ ਅਮੀ ਚੰਦ ਪਿੰਡ ਭੋੜੇ ।	..	10/13,000
51.	,,	ਮਾਨ ਸਿੰਘ ਪੁੱਤਰ ਹੁਕਮ ਸਿੰਘ ਪਿੰਡ ਪੰਡੋਣ ।	..	3/210
52.	,,	ਸੁਰੇਸ਼ ਚੰਦ ਪੁੱਤਰ ਨਿਰਮਲ ਸਿੰਘ ਪਿੰਡ ਧਰਮਪੁਰ ।	..	16/7,000
53.	,,	ਸੂਰਮ ਸਿੰਘ ਪੁੱਤਰ ਗੁਰਦਿਆਲ ਸਿੰਘ ਪਿੰਡ ਅਲੇਰਾ ।	..	8/3,000
54.	,,	ਬਲਦੇਵ ਸਿੰਘ ਪੁੱਤਰ ਲਾਲ ਜੀ ਰਾਮ ਪਿੰਡ ਧਰਮਪੁਰ ।	..	15/8,085
55.	,,	ਅਸ਼ਵਨੀ ਕੁਮਾਰ ਪੁੱਤਰ ਪ੍ਰੀਤਮ ਸਿੰਘ ਪਿੰਡ ਧਾਰ ।	..	7/735

[ਮੁੱਖ ਮੰਤਰੀ]

1	2	3	4
56.	ਤਲਵਾੜਾ	ਭੱਜੂ ਰਾਮ ਪੁੱਤਰ ਜੱਲੂ ਰਾਮ ਪਿੰਡ ਰਜਵਾਲ । ..	3/750
57.	,,	ਅਨਿਲ ਕੁਮਾਰ ਪੁੱਤਰ ਤਰਲੋਕ ਚੰਦ ਪਿੰਡ ਤਲਵਾੜਾ । ..	7/3,000
58.	,,	ਸੋਹਨ ਲਾਲ ਪੁੱਤਰ ਕੇਸਰ ਮੱਲ ਪਿੰਡ ਤਲਵਾੜਾ । ..	2/1,145
59.	,,	ਰਾਮ ਜੀ ਦਾਸ ਪੁੱਤਰ ਪੋਲ ਰਾਮ ਪਿੰਡ ਪੱਲੀ । ..	2/600
60.	,,	ਕੁਲਦੀਪ ਸਿੰਘ ਪੁੱਤਰ ਮੇਹਰ ਚੰਦ ਪਿੰਡ ਕਰਨਪੁਰ । ..	11/1,100
61.	,,	ਸੁਭਾਸ਼ ਚੰਦ ਪੁੱਤਰ ਰੋਸ਼ਨ ਲਾਲ ਪਿੰਡ ਪਲਾਹੜ । ..	9/2,680
62.	,,	ਕਾਂਤਾ ਦੇਵੀ ਪੁੱਤਰੀ ਬਚਿੱਤਰ ਸਿੰਘ ਪਿੰਡ ਸੁਖਚੈਨਪੁਰ । ..	1/1,525
63.	,,	ਸੰਜੀਵ ਕੁਮਾਰ ਪੁੱਤਰ ਮੰਗਤ ਰਾਮ ਪਿੰਡ ਭੋਲ ਬਦਮਾਣੀਆ । ..	15/4,500
64.	,,	ਰਾਜੇਸ਼ ਕੁਮਾਰ ਪੁੱਤਰ ਘਸੀਟਾ ਰਾਮ ਪਿੰਡ ਭਟੋੜ । ..	6/900
65.	,,	ਰਣਜੀਤ ਸਿੰਘ ਪੁੱਤਰ ਮੇਲਾ ਰਾਮ ਪਿੰਡ ਪਲਾਹੜ । ..	11/2,650
66.	,,	ਕੁਲਦੀਪ ਕੁਮਾਰ ਪੁੱਤਰ ਤੁਲੀਆ ਰਾਮ ਪਿੰਡ ਧਰਦਿਲੀ । ..	1/650
67.	,,	ਜਸਪਾਲ ਪੁੱਤਰ ਅਨੰਤ ਰਾਮ ਪਿੰਡ ਪਲਾਹੜ । ..	10/3,000

1	2	3	4
68.	ਤਲਵਾੜਾ	ਦਵਿੰਦਰ ਸਿੰਘ ਪੁੱਤਰ ਰਣ ਸਿੰਘ ਪਿੰਡ ਭੋਲਬਦ ਮਾਣੀਆਂ । ..	3/3,000
69.	,,	ਰਾਕੇਸ਼ ਕੁਮਾਰ ਪੁੱਤਰ ਤੀਰਥ ਰਾਮ ਪਿੰਡ ਧਰਮਪੁਰ । ..	19/10,000
70.	,,	ਸੰਕੀਤ ਸਿੰਘ ਪੁੱਤਰ ਆਗਿਆ ਰਾਮ ਪਿੰਡ ਮੁਖਚੈਨਪੁਰ । ..	1/150
71.	,,	ਸੁਰਿੰਦਰ ਪ੍ਰਸਾਦ ਪੁੱਤਰ ਬਲਜੰਮ ਪਿੰਡ ਹਾਲਭੋਲ ਅਤੇ ਅਨੂਪ ਕੁਮਾਰ ਪੁੱਤਰ ਜਗਦੀਸ਼ ਚੰਦਰ ਪਿੰਡ ਮੁਕੇਰੀਆਂ । ..	50/18,000
72.	,,	ਰਾਮ ਸਰੂਪ ਪੁੱਤਰ ਨਸੀਬ ਸਿੰਘ ਪਿੰਡ ਕਰਟੋਲੀ । ..	14/5,000
73.	,,	ਸੁਰਜੀਤ ਸਿੰਘ ਪੁੱਤਰ ਰਾਮ ਲਾਲ ਪਿੰਡ ਜੱਕ ਬਹਿਰੀਣ । ..	8/3,000
74.	,,	ਰਾਮ ਪ੍ਰਕਾਸ਼ ਪੁੱਤਰ ਉਦੇ ਰਾਮ ਪਿੰਡ ਅਲੇਰਾ । ..	7/2,746
75.	,,	ਰਾਮ ਸਰੂਪ ਪੁੱਤਰ ਨਸੀਬ ਸਿੰਘ ਪਿੰਡ ਕਰਟੋਲੀ । ..	9/4,250
76.	,,	ਪੰਨੂ ਰਾਮ ਪੁੱਤਰ ਜਾਮਲਾ ਦਾਸ ਪਿੰਡ ਨੰਗਲ ਖਨੌੜਾ । ..	10/4,450
77.	,,	ਰਾਮ ਜੀ ਲਾਲ ਪੁੱਤਰ ਦਿਆਲੂ ਰਾਮ ਪਿੰਡ ਨੰਗਲ ਖਨੌੜਾ । ..	8/4,150
78.	,,	ਜਮੇਲ ਸਿੰਘ ਪੁੱਤਰ ਬਾਬ ਰਾਮ ਪਿੰਡ ਨੰਗਲ ਖਨੌੜਾ । ..	10/4,550
79.	,,	ਨਰੇਸ਼ ਕੁਮਾਰ ਪੁੱਤਰ ਸਰੂਪ ਸਿੰਘ ਪਿੰਡ ਨੰਗਲ ਖਨੌੜਾ । ..	8/3,600
80.	,,	ਕਸ਼ਮੀਰ ਸਿੰਘ ਪੁੱਤਰ ਪਾਲੂ ਰਾਮ ਪਿੰਡ ਨੰਗਲ ਖਨੌੜਾ । ..	11/5,000

[ਮੁੱਖ ਮੰਤਰੀ]

1	2	3	4
81.	ਤਲਵਾੜਾ	ਊਧਮ ਸਿੰਘ ਪੁੱਤਰ ਸੰਤ ਰਾਮ ਪਿੰਡ ਨੰਗਲ ਖਨੌੜਾ । ..	12/5,000
82.	,,	ਰਘਵੀਰ ਸਿੰਘ ਪੁੱਤਰ ਜਮਨਾ ਦਾਸ ਪਿੰਡ ਨੰਗਲ ਖਨੌੜਾ । ..	5/4,000
83.	,,	ਅਸ਼ਵਨੀ ਕੁਮਾਰ ਪੁੱਤਰ ਕਰਮ ਚੰਦ ਪਿੰਡ ਕਰਟੋਲੀ । ..	1/850
84.	,,	ਕਿਸ਼ਨ ਚੰਦ ਪੁੱਤਰ ਠਾਕੁਰ ਚੰਦ ਪਿੰਡ ਡਲਾਨ । ..	1/150
85.	,,	ਜੀਤ ਸਿੰਘ ਪੁੱਤਰ ਗੰਗਾ ਰਾਮ ਪਿੰਡ ਬਰੀਗਲੀ । ..	2/1,070
86.	,,	ਰਘਵੀਰ ਸਿੰਘ ਪੁੱਤਰ ਪਰਸ ਰਾਮ ਪਿੰਡ ਭੋਲਭਦਮਾਣੀਆਂ । ..	11/2,000
87.	,,	ਰਮੇਸ਼ ਕੁਮਾਰ ਪੁੱਤਰ ਦਿਲੂ ਪਿੰਡ ਚਮਾਹੀ । ..	4/240
88.	,,	ਅਸ਼ੋਕ ਕੁਮਾਰ ਪੁੱਤਰ ਤੁਫੈਲ ਮੁਹੰਮਦ ਪਿੰਡ ਪੁਹਾਰੀ । ..	10/2,600
89.	,,	ਗੁਲਜ਼ਾਰ ਮੁਹੰਮਦ ਪੁੱਤਰ ਜ਼ਮਾਲੂਦੀਨ ਪਿੰਡ ਪੁਹਾਰੀ । ..	51/6,550
90.	,,	ਬਲਦੇਵ ਸਿੰਘ ਪੁੱਤਰ ਰਾਮ ਰੱਖਾ ਪਿੰਡ ਪੋਹਾਰੀ । ..	6/409
91.	,,	ਬਖਸ਼ੀਸ਼ ਸਿੰਘ ਪੁੱਤਰ ਰਾਮ ਸਿੰਘ, ਰਣਜੀਤ ਸਿੰਘ ਪੁੱਤਰ ਹੁਕਮਾ ਅਤੇ ਭੁਪਿੰਦਰ ਸਿੰਘ ਪੁੱਤਰ ਰਣਜੀਤ ਸਿੰਘ ਪਿੰਡ ਬੜਿੰਗ । ..	8/4,000
92.	,,	ਜਲਾਲਦੀਨ ਪੁੱਤਰ ਫੌਜੂ ਪਿੰਡ ਪੁਹਾਰੀ । ..	19/1,550

1	2	3		4
93.	ਤਲਵਾੜਾ	ਸ਼ੰਗੀਨ ਸਿੰਘ ਪੁੱਤਰ ਆਗਿਆ ਰਾਮ ਪਿੰਡ ਸੁਖਚੈਨਪੁਰ ।	..	6/5,000
94.	,,	ਮਲਕੀਤ ਸਿੰਘ ਪੁੱਤਰ ਰਾਮ ਲਾਲ ਪਿੰਡ ਭੋਲਭਦਮਾਣੀਆਂ ।	..	18/7,000
95.	,,	ਧਨੀ ਰਾਮ ਪੁੱਤਰ ਨਿੱਕੂ ਰਾਮ ਪਿੰਡ ਬਹਿਖੁਸ਼ਹਾਲਾ ।	..	12/3,670
96.	,,	ਅਮਰ ਸਿੰਘ ਪੁੱਤਰ ਭੋਲਾ ਰਾਮ ਪਿੰਡ ਬਹਿਖੁਸ਼ਹਾਲਾ ।	..	5/1,630
97.	,,	ਸਤਨਾਮ ਸਿੰਘ ਪੁੱਤਰ ਉਂਕਾਰ ਸਿੰਘ ਪਿੰਡ ਬਹਿਖੁਸ਼ਹਾਲਾ ।	..	15/4,660
98.	,,	ਮੇਹਰ ਸਿੰਘ ਪੁੱਤਰ ਮੁਨਸ਼ੀ ਰਾਮ ਸਿੰਘ ਬਹਿਖੁਸ਼ਹਾਲਾ ।	..	5/1,540
99.	,,	ਜਿਉਣ ਸਿੰਘ ਪੁੱਤਰ ਲਾਲ ਸਿੰਘ ਪਿੰਡ ਝਹੇੜਾ ।	..	9/1,000
100.	,,	ਦੁਰਗਾ ਦਾਸ ਪੁੱਤਰ ਝੰਡਾ ਰਾਮ ਅਤੇ ਦਰਸ਼ਨ ਸਿੰਘ ਪੁੱਤਰ ਅਮਰ ਸਿੰਘ ਪਿੰਡ ਬਰੂਹੀ ।	..	5/3,000
101.	,,	ਰਮੇਸ਼ ਚੰਦ ਪੁੱਤਰ ਹੰਸ ਰਾਮ ਪਿੰਡ ਭੋਲਭਦਮਾਣੀਆਂ ।	..	3/1,870
102.	,,	ਰਮੇਸ਼ ਚੰਦ ਪੁੱਤਰ ਹੰਸ ਰਾਮ ਪਿੰਡ ਭੋਲਭਦਮਾਣੀਆਂ ।	..	3/3,130
103.	,,	ਦੇਵ ਰਾਮ ਪੁੱਤਰ ਜੁਲੂ ਰਾਮ ਪਿੰਡ ਚਮੂਹੀ ।	..	1/150
104.	,,	ਰਤਨ ਚੰਦ ਪੁੱਤਰ ਦੁਰਗਾ ਦਾਸ ਪਿੰਡ ਚਤਰਪੁਰ ।	..	1/900
105.	,,	ਸ਼ਿਵ ਕੁਮਾਰ ਪੁੱਤਰ ਸੰਤ ਰਾਮ ਪਿੰਡ ਬੜਿੰਗ ।	..	4/2,050

[ਮੁੱਖ ਮੰਤਰੀ]

1	2	3		4
106.	ਤਲਵਾੜਾ	ਰਾਜੇਸ਼ ਕੁਮਾਰ ਪੁੱਤਰ ਤਿਲਕ ਰਾਮ ਪਿੰਡ ਦਬਵਾਲ ਅਤੇ ਦਲਜੀਤ ਸਿੰਘ ਪੁੱਤਰ ਬਲੀ ਰਾਮ ਪਿੰਡ ਦੇਪੁਰ ।	..	8/720
107.	,,	ਜਮਵਾਲ ਸਿੰਘ ਪੁੱਤਰ ਗਿਆਨ ਚੰਦ ਪਿੰਡ ਬੜਿੰਗ ।	..	3/310
108.	,,	ਰਣਜੀਤ ਸਿੰਘ ਪੁੱਤਰ ਹਰੀਆ ਪਿੰਡ ਬਹਿਵਿਧੀਆ ।	..	1/90
109.	ਬਡਲਾ	ਜਗਤ ਰਾਮ ਕਬੀਰ ਪੰਥੀਆ ਪਿੰਡ ਸੈਨਸੋ ।	..	47/6,035
110.	,,	ਹੀਰਾ ਲਾਲ ਪੁੱਤਰ ਰੁਲਦੂ ਰਾਮ ਪਿੰਡ ਨੇਕਨਾਮਾ ।	..	74/3,855
111.	,,	ਦਲਬੀਰ ਸਿੰਘ ਪੁੱਤਰ ਧੰਨੀ ਰਾਮ ਪਿੰਡ ਨੇਕਨਾਮਾ ਹਰਦੂ ।	..	21/1,895
112.	,,	ਬਲਦੇਵ ਸਿੰਘ ਪੁੱਤਰ ਹਰੀ ਸਿੰਘ ਪਿੰਡ ਰਾਮਪੁਰਾ ਹਲੇਰ ।	..	30/4,400
113.	,,	ਰੂਪ ਲਾਲ ਪੁੱਤਰ ਸ਼੍ਰੀ ਗੁਲਜਾਰੀ ਲਾਲ ਪਿੰਡ ਡਡਿਆਲ ।	..	3/520
114.	,,	ਨਿਰਮਲ ਸਿੰਘ ਪੁੱਤਰ ਧਰਮ ਸਿੰਘ ਪਿੰਡ ਡਡਿਆਲ ।	..	3/590
115.	,,	ਰਾਮ ਲਾਲ ਪੁੱਤਰ ਅਮੀਂ ਚੰਦ, ਹੰਸ ਰਾਜ ਪੁੱਤਰ ਮੁਨਸ਼ੀ ਰਾਮ ਪਿੰਡ ਡਡਿਆਲ ।	..	15/4,500
116.	,,	ਨਸੀਬ ਸਿੰਘ ਪੁੱਤਰ ਹੁਕਮ ਚੰਦ ਪਿੰਡ ਡਡਿਆਲ ।	..	14/4,500

1	2	3		4
117.	ਬਡਲਾ	ਹੰਸ ਰਾਜ ਪੁੱਤਰ ਸ਼ਿਵ ਦਿਆਲ ਪਿੰਡ ਅਦੋਚੱਕ ।	..	6/1,230
118.	,,	ਮੋਹਨ ਸਿੰਘ ਪੁੱਤਰ ਪ੍ਰੀਤਮ ਸਿੰਘ ਪਿੰਡ ਭੱਟੀ ।	..	1/300
119.	,,	ਬਲਕਾਰ ਸਿੰਘ ਲਵਾਨਾ ਪਿੰਡ ਜਲਾਲਪੁਰ ।	..	1/1,100
120.	,,	ਦਰਬਾਰਾ ਸਿੰਘ ਪੁੱਤਰ ਮੇਲਾ ਸਿੰਘ ਪਿੰਡ ਮਿਆਨੀ ।	..	1/590
121.	,,	ਜੀਤ ਸਿੰਘ ਪੁੱਤਰ ਦਲੀਪ ਸਿੰਘ ਪਿੰਡ ਝੋਜੀ ।	..	9/2,430
122.	,,	ਅਵਤਾਰ ਸਿੰਘ ਪੁੱਤਰ ਪੋਜਾ ਸਿੰਘ ਪਿੰਡ ਉਸਮਾਲੂ ਸ਼ਹੀਦ ।	..	1/865
123,	,,	ਖਜ਼ਾਨ ਸਿੰਘ ਪੁੱਤਰ ਫ਼ਕੀਰ ਸਿੰਘ ਪਿੰਡ ਆਲਮਪੁਰ ।	..	1/120
124.	,,	ਰਤਨ ਸਿੰਘ ਪੁੱਤਰ ਕੇਹਰ ਸਿੰਘ ਪਿੰਡ ਅਸਾਰਪੁਰ ।	..	2/270
125.	,,	ਪੋਂਕੀ ਪੁੱਤਰ ਦਾਰਾ ਸਿੰਘ ਪਿੰਡ ਕਾਲਕਾ ।	..	1/270
126.	,,	ਬਰਿਆਨ ਰਾਮ ਪੁੱਤਰ ਹਰਬੰਸ ਚੰਦ ਪਿੰਡ ਨੇਕਨਾਮਾ ।	..	3/2,810
127.	,,	ਕਸ਼ਮੀਰ ਸਿੰਘ ਪੁੱਤਰ ਜਗਤਾਰ ਸਿੰਘ ਪਿੰਡ ਕਾਮਾਂਵਾਲੀ ।	..	2/550
128.	,,	ਦਵਿੰਦਰ ਸਿੰਘ ਪੁੱਤਰ ਰੇਸ਼ਮ ਸਿੰਘ ਪਿੰਡ ਬੁਦੌਬਰਕਟ ।	..	1/2,440

[ਮੁੱਖ ਮੰਤਰੀ]

1	2	3		4
129.	ਬਡਲਾ	ਗੁਰਦਿਆਲ ਸਿੰਘ ਪੁੱਤਰ ਸੁੰਦਰ ਸਿੰਘ ਪਿੰਡ ਬੂਦੋਬਰਕਟ ।	..	1/590
130.	ਮੁਕੇਰੀਆਂ	ਦਰਸ਼ਨ ਸਿੰਘ ਪੁੱਤਰ ਮੋਹਨ ਸਿੰਘ ਪਿੰਡ ਕੱਲਪੁਰ ।	..	1/280
131.	,,	ਜਗੀਰ ਸਿੰਘ ਪੁੱਤਰ ਦਰਬਾਰਾ ਸਿੰਘ ਪਿੰਡ ਬਲੋਚੱਕ ।	..	1/280
132.	,,	ਸੁਦਰਸ਼ਨ ਕੁਮਾਰ ਪੁੱਤਰ ਮੁਨਸ਼ੀ ਰਾਮ ਪਿੰਡ ਮੁਕੇਰੀਆਂ ।	..	1/250
133.	,,	ਹੰਸ ਰਾਜ ਪੁੱਤਰ ਰਘੂਨਾਥ ਪਿੰਡ ਚੱਕਕਲਾਂ ।	..	1/200
134.	,,	ਰਮੇਸ਼ ਪੁੱਤਰ ਜਗਤ ਰਾਮ ਪਿੰਡ ਚੱਕਕਲਾਂ ।	..	1/140
135.	,,	ਭਗਵਾਨ ਸਿੰਘ ਪੁੱਤਰ ਅਮਰ ਸਿੰਘ ਪਿੰਡ ਚੱਕਕਲਾਂ ।	.	1/100
136.	,,	ਬੈਨੀ ਰਾਮ ਪੁੱਤਰ ਪਾਲਾ ਰਾਮ ਪਿੰਡ ਚੱਕਕਲਾਂ ।	..	2/1,015
137.	,,	ਰਜਾਲ ਸਿੰਘ ਪੁੱਤਰ ਪਾਲਾ ਰਾਮ ਪਿੰਡ ਚੱਕਕਲਾਂ ।	..	3/2,015

ਸ੍ਰੀ ਰਮੇਸ਼ ਚੰਦਰ ਡੋਗਰਾ ਸਪੀਕਰ ਸਾਹਿਬ, ਬਹੁਤ ਸਾਰੇ ਇਲੀਸਿਟ ਫਾਲਿੰਗ ਆਫ ਟਰੀਜ਼ ਦੇ ਕੇਸਿਜ਼ ਫੋਰੈਸਟ ਡਿਪਾਰਟਮੈਂਟ ਦੀ ਕਨਾਈਵੈਂਸ ਦੇ ਨਾਲ ਹੀ ਹੁੰਦੇ ਹਨ । ਮੈਂ ਸਮਝਦਾ ਹਾਂ ਕਿ ਕੁਝ ਇਸ ਦੇ ਵਿਚ ਮਿਲਿੰਗ ਵੀ ਹਨ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਕੋਈ ਇਸ ਤਰ੍ਹਾਂ ਦੇ ਸਟੈਪਸ ਲੈ ਰਹੀ ਹੈ ਜਿਸ ਦੇ ਨਾਲ ਜਿਹੜੀ ਇਲੀਸਿਟ ਕਟਿੰਗ ਹੈ ਦਰਖਤਾਂ ਦੀ, ਉਹ ਘੱਟ ਹੋ ਸਕੇ ?

ਮੁੱਖ ਮੰਤਰੀ ਸਪੀਕਰ ਸਾਹਿਬ, ਸਰਕਾਰ ਤਾਂ ਚਾਹੁੰਦੀ ਹੈ ਕਿ ਕੋਈ ਵੀ ਦਰਖਤ ਨਾ ਕੱਟਿਆ ਜਾਵੇ । ਲੇਕਿਨ ਜਿਸ ਤਰ੍ਹਾਂ ਮੈਂ ਡਿਟੇਲ ਦਿੱਤੀ ਹੈ, ਕੁਝ ਅਜਿਹੇ ਕੇਸ ਵੀ ਸਰਕਾਰ ਦੇ ਨੋਟਿਸ ਵਿਚ ਆਏ ਹਨ । ਜਿਹੜੇ ਅਪਰਾਧੀ ਹਨ, ਉਨ੍ਹਾਂ

ਨੂੰ ਕੁਝ ਸਜ਼ਾਵਾਂ ਵੀ ਦਿੱਤੀਆਂ ਗਈਆਂ ਹਨ । ਕੁਝ ਕੇਸਿਜ਼ ਵਿਚ ਕੰਪਾਊਂਡ ਹੋ ਗਏ, ਕੁਝ ਕੇਸ ਕੋਰਟਾਂ ਵਿਚ ਚੱਲ ਰਹੇ ਹਨ, ਕੁਝ ਅੰਡਰ-ਇਨਵੈਸਟੀਗੇਸ਼ਨ ਹਨ ਅਤੇ 16 ਕੇਸਿਜ਼ ਵਿੱਚ ਅਫਸਰਾਂ ਦੇ ਵਿਰੁੱਧ ਐਕਸ਼ਨ ਲੈਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ।

ਧਾਰ ਬਲਾਕ, ਤਹਿਸੀਲ ਪਠਾਨਕੋਟ ਵਿਚ ਡੂੰਘੇ ਟਿਊਬਵੈੱਲ ਲਗਾਉਣਾ

*370. **ਸ੍ਰੀ ਸੱਤਿਆ ਪਾਲ ਸੈਣੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਪਠਾਨਕੋਟ ਜ਼ਿਲ੍ਹਾ ਗੁਰਦਾਸਪੁਰ ਦੇ ਧਾਰ ਬਲਾਕ ਵਿਚ ਸਿੰਜਾਈ ਦੇ ਮੰਤਵ ਲਈ ਇਸ ਸਮੇਂ ਲਗਾਏ ਗਏ ਡੂੰਘੇ ਟਿਊਬਵੈਲਾਂ ਦੀ ਗਿਣਤੀ ਅਤੇ ਵੇਰਵੇ ਕੀ ਹਨ ਅਤੇ ਵਿੱਤੀ ਸਾਲ 1997-98 ਦੇ ਦੌਰਾਨ ਉਕਤ ਬਲਾਕ ਵਿਚ ਅਜਿਹੇ ਕਿੰਨੇ ਟਿਊਬਵੈਲ ਲਗਾਏ ਜਾਣ ਦੀ ਤਜਵੀਜ਼ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਧਾਰ ਬਲਾਕ ਵਿਚ 20 ਟਿਊਬਵੈਲ ਨਿਗਮ ਵਲੋਂ ਹੇਠ ਲਿਖੇ ਪਿੰਡਾਂ ਵਿਚ ਮਿਤੀ 31-3-97 ਤੱਕ ਲਗਾਏ ਗਏ ਹਨ ਜੋ ਕਿ ਚਾਲੂ ਹਾਲਤ ਵਿਚ ਹਨ :-

ਲੜੀ ਨੰ.	ਪਿੰਡ ਦਾ ਨਾਂ		
1	2		
1.	ਮਿਰਜ਼ਾਪੁਰ	11.	ਮੁਤਫਰਕਾ-IV
2.	ਬੇਹੜੀ-I	12.	ਘੌਅ-I
3.	ਬੇਹੜੀ-II	13.	ਕਾਹਨਪੁਰ-I
4.	ਬੇਹੜੀ-III	14.	ਕਾਹਨਪੁਰ-II
5.	ਅਤੇਪੁਰ	15.	ਪੰਗੋਲੀ
6.	ਥਰਿਆਲ-I	16.	ਰਾਣੀਪੁਰ-I
7.	ਥਰਿਆਲ-II	17.	ਰਾਣੀਪੁਰ-II
8.	ਮੁਤਫਰਕਾ-I	18.	ਰਾਣੀਪੁਰ-III
9.	ਮੁਤਫਰਕਾ-II	19.	ਛੰਨ
10.	ਮੁਤਫਰਕਾ-III	20.	ਡੰਜੇਲੀ

ਵਿੱਤੀ ਸਾਲ 1997-98 ਦੌਰਾਨ 4 ਟਿਊਬਵੈਲ ਹੋਰ ਲਗਾਉਣ ਦੀ ਤਜਵੀਜ਼ ਹੈ ।

ਸ੍ਰੀ ਸੱਤਿਆਪਾਲ ਸੈਣੀ :ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾਂ ਹਾਂ ਕਿ ਉਨ੍ਹਾਂ ਨੇ ਅੱਛੀ ਸੂਚੀ ਦਿੱਤੀ ਹੈ ਜਿਸ ਦੇ ਵਿੱਚ ਇਹ ਵੀ ਆਸ਼ਵਾਸਨ ਦਿੱਤਾ ਗਿਆ ਹੈ ਕਿ 4 ਹੋਰ ਟਿਊਬਵੈਲ ਲਗਾਏ ਜਾਣਗੇ। ਪਰ ਵਾਸਤਵਿਕਤਾ ਇਹ ਹੈ ਕਿ ਇਨ੍ਹਾਂ ਵਿਚੋਂ ਕੇਵਲ ਚਾਰ ਟਿਊਬਵੈਲ ਹੀ ਫੰਕਸ਼ਨ ਕਰ ਰਹੇ ਹਨ ਅਤੇ ਇਹ ਜਿਹੜੀ ਸਰਕਾਰ ਨੂੰ ਅਸੀਂ ਰੋਜ਼ ਨਿੰਦਦੇ ਹਾਂ (ਵਿਰੋਧੀ ਧਿਰ ਵੱਲ ਇਸ਼ਾਰਾ) ਉਸ ਸਰਕਾਰ ਦੇ ਪੀਰੀਅਡ ਵਿਚ ਲਗਾਏ ਗਏ ਸਨ। ਇਹ ਸਾਰੇ ਦੇ ਸਾਰੇ ਹੀ ਭ੍ਰਿਸ਼ਟਾਚਾਰ ਦੇ ਸ਼ਿਕਾਰ ਹੋਏ ਹਨ। ਇਨ੍ਹਾਂ ਵਿਚੋਂ ਕੋਈ ਵੀ ਟਿਊਬਵੈਲ ਨਹੀਂ ਚੱਲ ਰਿਹਾ, ਉਨ੍ਹਾਂ ਤੇ ਸਬ-ਸਟੈਂਡਰਡ ਮਾਲ ਲੱਗਾ ਹੋਇਆ ਹੈ। ਕੇਵਲ ਚਾਰ ਟਿਊਬ-ਵੈਲ ਹੀ ਕੰਮ ਕਰ ਰਹੇ ਹਨ। ਉਥੇ ਪਾਣੀ ਦੀ ਮੰਗ ਬਹੁਤ ਹੈ, ਪਰ ਹੋਰ ਕੋਈ ਟਿਊਬਵੈਲ ਕੰਮ ਨਹੀਂ ਕਰ ਰਿਹਾ. . .

ਸ੍ਰੀ ਸਪੀਕਰ: ਹੁਣ ਕੋਈ ਕੁਐਸ਼ਚਨ ਵੀ ਪੁੱਛ ਲਓ।

ਸ੍ਰੀ ਸੱਤਿਆ ਪਾਲ ਸੈਣੀ : ਮੈਂ ਪ੍ਰਾਰਥਨਾ ਕਰਨੀ ਚਾਹੁੰਦਾ ਹਾਂ ਕਿ. . . .

ਸ੍ਰੀ ਸਪੀਕਰ :ਤੁਸੀਂ ਕੁਐਸਚਨ ਕਰੋ, ਪ੍ਰਾਰਥਨਾ ਨਾ ਕਰੋ।

ਸ੍ਰੀ ਸੱਤਿਆਪਾਲ ਸੈਣੀ :ਕੀ ਜਿਨ੍ਹਾਂ ਨੇ ਉਹ ਟਿਊਬਵੈਲ ਲਗਵਾਏ ਹਨ, ਉਨ੍ਹਾਂ ਤੇ ਐਕਸ਼ਨ ਲੈ ਕੇ ਸਜ਼ਾਵਾਂ ਦਿੱਤੀਆਂ ਜਾਣਗੀਆਂ ? ਦੂਸਰਾ ਜਿਨ੍ਹਾਂ ਨੇ ਇਨਫਰਮੇਸ਼ਨ ਦਿੱਤੀ ਹੈ, ਕੀ ਉਹ ਧਾਰ ਬਲਾਕ ਵਿਚ ਗਏ ਵੀ ਹਨ ਜਾਂ ਕਿ ਇਥੇ ਹੀ ਬੈਠ ਕੇ ਇਨਫਰਮੇਸ਼ਨ ਤਿਆਰ ਕਰ ਦਿੱਤੀ ਹੈ ?

ਮੁੱਖ ਮੰਤਰੀ :ਸਪੀਕਰ ਸਾਹਿਬ, ਜੋ ਮੈਂ ਜਵਾਬ ਦਿੱਤਾ ਹੈ ਕਿ 20 ਟਿਊਬਵੈਲ ਇਸ ਧਾਰ ਬਲਾਕ ਵਿਚ ਚੱਲ ਰਹੇ ਹਨ ਅਤੇ ਸਾਰੇ ਦੇ ਸਾਰੇ ਹੀ ਚਾਲੂ ਹਾਲਤ ਵਿਚ ਹਨ। ਲੇਕਿਨ ਮੈਂ ਆਨਰੇਬਲ ਮੈਂਬਰ ਸਾਹਿਬ ਦਾ ਬਹੁਤ ਧੰਨਵਾਦੀ ਹੋਵਾਂਗਾ, ਉਹ ਮੈਨੂੰ ਦੱਸਣ ਕਿ ਜੇ ਇਸ ਇਨਫਰਮੇਸ਼ਨ ਵਿਚ ਕੋਈ ਗਲਤੀ ਹੋਈ ਹੈ, ਉਹ ਮੈਨੂੰ ਲਿਖ ਕੇ ਦੇ ਦੇਣ, ਜਿਸ ਨੇ ਵੀ ਗਲਤ ਇਨਫਰਮੇਸ਼ਨ ਦਿੱਤੀ ਹੋਵੇਗੀ, ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ। (ਥੰਪਿੰਗ)

ਫਤਿਹਗੜ੍ਹ ਸਾਹਿਬ ਵਿਖੇ ਸਟੇਡੀਅਮ ਬਣਾਉਣਾ

*402. **ਡਾਕਟਰ ਹਰਬੰਸ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਸਰਕਾਰ ਦੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਜ਼ਿਲ੍ਹਾ ਪੱਧਰ ਤੇ ਕੋਈ ਸਟੇਡੀਅਮ ਬਣਾਉਣ ਦੀ ਤਜਵੀਜ਼ ਹੈ;

(ਅ) ਕੀ ਇਹ ਠੀਕ ਹੈ ਕਿ ਉਕਤ ਸਟੇਡੀਅਮ ਨੂੰ ਬਣਾਉਣ ਲਈ ਕੁਝ ਫੰਡ ਜਾਰੀ ਕਰ ਦਿੱਤੇ ਗਏ ਹਨ ਪਰੰਤੂ ਅਜੇ ਤਕ ਉਸ ਦੀ ਉਸਾਰੀ ਸ਼ੁਰੂ ਨਹੀਂ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕੀ ਕਾਰਨ ਹਨ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਸਟੇਡੀਅਮ ਦੀ ਉਸਾਰੀ ਦੇ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਹਾਂ ਜੀ ।

(ਅ) ਹਾਂ ਜੀ । 1.00 ਕਰੋੜ ਰੁਪਏ ਦੀ ਰਾਸ਼ੀ ਜ਼ਿਲ੍ਹਾ ਸਪੋਰਟਸ ਕੌਂਸਲ, ਫ਼ਤਿਹਗੜ੍ਹ ਸਾਹਿਬ ਨੂੰ ਰਿਲੀਜ਼ ਕੀਤੀ ਜਾ ਚੁੱਕੀ ਹੈ, ਪ੍ਰੰਤੂ ਉਸਾਰੀ ਦਾ ਕੰਮ ਸ਼ੁਰੂ ਨਹੀਂ ਕੀਤਾ ਜਾ ਸਕਿਆ ਕਿਉਂਕਿ ਇਸ ਲਈ ਯੋਗ ਜ਼ਮੀਨ ਉਪਲਬਧ ਨਹੀਂ ਸੀ ।

(ੲ) ਉਸਾਰੀ ਦਾ ਕੰਮ ਲੱਗਭਗ ਇਕ ਸਾਲ ਵਿਚ ਮੁਕੰਮਲ ਹੋਣ ਦੀ ਆਸ ਹੈ ।

ਮੁੱਖ ਮੰਤਰੀ : ਅੱਗੇ ਜਵਾਬ 'ਨਾ ਜੀ' ਹੁੰਦਾ ਸੀ । ਅੱਜ ਮੈਂ ਜਵਾਬ ਦਿੰਦਾ ਹਾਂ 'ਹਾਂ ਜੀ' ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਟੇਡੀਅਮ ਕਾਂਗਰਸ ਸਰਕਾਰ ਵੇਲੇ ਮਨਜ਼ੂਰ ਹੋਇਆ ਸੀ । ਕੀ ਇਹ ਸਟੇਡੀਅਮ ਉਸੇ ਹੀ ਜਗ੍ਹਾ ਤੇ ਪਿੰਡ ਮੁਹੱਦੀਆਂ ਵਿਖੇ ਜੋ 8 ਏਕੜ ਜ਼ਮੀਨ ਦਿੱਤੀ ਗਈ ਸੀ, ਬਣਾਇਆ ਜਾ ਰਿਹਾ ਹੈ ਅਤੇ ਉਥੇ 1 ਕਰੋੜ ਰੁਪਿਆ ਖਰਚ ਕੀਤਾ ਜਾ ਰਿਹਾ ਹੈ ਜਾਂ ਕਿਸੇ ਹੋਰ ਜਗ੍ਹਾ ਤੇ ਸਟੇਡੀਅਮ ਬਣਾਉਣ ਦੀ ਤਜਵੀਜ਼ ਹੈ ?

ਮੁੱਖ ਮੰਤਰੀ : ਹੁਣ ਜੋ ਫਾਈਨਲ ਸੈਂਕਸ਼ਨ ਹੈ, ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਵਾਲਿਆਂ ਨੇ 16 ਏਕੜ ਜ਼ਮੀਨ ਇਸ ਸਟੇਡੀਅਮ ਲਈ ਦਿੱਤੀ ਹੈ ਕਿਉਂਕਿ ਬਹੁਤ ਵੱਡਾ ਸਟੇਡੀਅਮ ਇਕ ਕਰੋੜ ਰੁਪਏ ਦੀ ਰਾਸ਼ੀ ਨਾਲ ਬਣਾਇਆ ਜਾਣਾ ਹੈ, ਉਥੇ ਇਹ ਸਟੇਡੀਅਮ ਬਣਾਇਆ ਜਾਵੇਗਾ । ਮੈਂ ਯਕੀਨ ਦਿਵਾਉਂਦਾ ਹਾਂ ਕਿ ਇਹ ਸਟੇਡੀਅਮ ਇਸੇ ਸਾਲ ਵਿਚ ਇਸੇ ਬਜਟ ਵਿਚ ਬਣ ਜਾਵੇਗਾ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ* 420

ਸ੍ਰੀ ਸਪੀਕਰ : ਕੁਐਸਚਨ ਨੰਬਰ 420 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਮੈਂ ਗਰਾਂਟ ਕਰ ਦਿੱਤੀ ਹੈ ।

D.O. No. 8/13/97-STE(4)/1562

Parkash Singh Badal

Chief Minister, Punjab
Dated : 16 June, 1997

Dear Atwal Sahib,

The answer to Punjab Vidhan Sabha Starred Question No. 420 appearing in the list of Question for 16 June, 1997 in the name of Sardar Ajit Inder Singh Mofar, M.L.A. is not ready. The requisite information is being collected from the quarters concerned. I am, therefore, to request you that time for answering this question may kindly be extended. It is requested that *one month's time* may kindly be granted for this purpose.

Yours sincerely,
Sd/-
(Parkash Singh Badal)

Shri Charnjit Singh Atwal,
Speaker,
Punjab Vidhan Sahba,
Chandigarh.

---

*For Starred Question No. 420 and reply there to, please see Appendix to this Debate.

Mr. Speaker : Questions are over.

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਸਵਾਲ ਨੰਬਰ 402 ਬੜਾ ਇੰਪਾਰਟੈਂਟ ਹੈ, ਮੈਂ ਸਪਲੀਮੈਂਟਰੀ ਕਰਨੀ ਹੈ ।

ਸ੍ਰੀ ਸਪੀਕਰ : ਤੁਸੀਂ ਪਹਿਲਾਂ ਖੜ੍ਹੇ ਨਹੀਂ ਹੋਏ । ਇਸ ਲਈ ਮੈਂ ਕੁਐਸਚਨਜ਼ ਖਤਮ ਕਰ ਚੁੱਕਾ ਹਾਂ । ਡਾਕਟਰ ਸਾਹਿਬ ਤੁਸੀਂ ਬੈਠ ਜਾਓ । ਫਿਰ ਕਦੇ ਸਪਲੀਮੈਂਟਰੀ ਕਰ ਲੈਣਾ ।

UNSTARRED QUESTIONS AND ANSWERS

ਰਾਜ ਵਿਚ ਦਰਜ ਹੋਏ ਬਲਾਤਕਾਰ ਦੇ ਕੇਸਾਂ ਦੀ ਗਿਣਤੀ

99. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ 1992 ਤੋਂ 1996 ਤੱਕ ਦੇ ਸਮੇਂ ਦੌਰਾਨ ਦਰਜ ਹੋਏ ਬਲਾਤਕਾਰ ਦੇ ਕੇਸਾਂ ਦੀ ਜ਼ਿਲ੍ਹਾ-ਵਾਰ ਅਤੇ ਸਾਲ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਅਜਿਹੇ ਕੇਸਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਸ਼ਿਕਾਰ ਹੋਈਆਂ ਲੜਕੀਆਂ ਨਾਬਾਲਗ ਸਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚ ਉਨ੍ਹਾਂ ਕੇਸਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਅਪਰਾਧੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ/ਬਰੀ ਕਰ ਦਿੱਤਾ ਗਿਆ ਹੈ ਅਤੇ ਅਜਿਹੇ ਕੇਸਾਂ ਦੀ ਗਿਣਤੀ ਕਿੰਨੀ ਹੈ ਜੋ ਅਦਾਲਤਾਂ ਵਿਚ ਪੈਂਡਿੰਗ ਪਏ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਅਨੁਲੱਗ 'ੳ' ਅਨੁਸਾਰ ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਅਨੁਲੱਗ 'ਅ' ਅਨੁਸਾਰ ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲੱਗ ੳ

ਅਨੁਲੱਗ-ੳ

ਪੁਲਿਸ ਜ਼ਿਲ੍ਹਿਆਂ ਦੇ ਆਧਾਰ ਤੇ ਬਲਾਤਕਾਰ ਸਬੰਧੀ ਕੇਸਾਂ ਦੀ ਗਿਣਤੀ।

ਜ਼ਿਲ੍ਹੇ	1992		1993		1994		1995		1996	
	ਕੁੱਲ	ਨਾਬਾਲਗ	ਕੁੱਲ	ਨਾਬਾਲਗ	ਕੁੱਲ	ਨਾਬਾਲਗ	ਕੁੱਲ	ਨਾਬਾਲਗ	ਕੁੱਲ	ਨਾਬਾਲਗ
1	2	3	4	5	6	7	8	9	10	11
1. ਰੋਪੜ ..	1	1	2	2	5	1	4	1	5	3
2. ਪਟਿਆਲਾ ..	1	—	9	1	5	1	6	—	6	1
3. ਲੁਧਿਆਣਾ ..	3	2	5	3	9	5	10	6	15	8
4. ਜਲੰਧਰ ..	7	2	7	6	11	7	9	4	11	5
5. ਕਪੂਰਥਲਾ ..	2	1	4	2	1	—	4	—	11	2
6. ਮਾਨਸਾ ..	2	1	—	—	3	—	5	—	—	—
7. ਫਿਰੋਜ਼ਪੁਰ ..	3	1	4	—	6	2	6	—	9	—
8. ਮਜੀਠਾ ..	—	—	—	—	—	—	1	—	3	—
9. ਫਤਿਹਗੜ੍ਹ ਸਾਹਿਬ ..	1	—	—	—	7	—	4	1	3	1

10.	ਨਵਾਂ ਸ਼ਹਿਰ	..	—	—	—	—	4	—	—	—	4	—
11.	ਸੰਗਰੂਰ	..	5	2	2	1	5	1	5	2	7	2
12.	ਬਠਿੰਡਾ	..	5	1	9	1	2	—	—	—	8	—
13.	ਬਰਨਾਲਾ	..	1	1	1	1	—	—	—	—	1	—
14.	ਫ਼ਰੀਦਕੋਟ	..	1	1	2	1	6	—	2	—	1	—
15.	ਅੰਮ੍ਰਿਤਸਰ	..	3	3	—	—	—	—	2	1	8	4
16.	ਹੁਸ਼ਿਆਰਪੁਰ	..	2	1	4	4	8	—	5	—	20	8
17.	ਖੰਨਾ	..	2	1	1	1	—	—	—	—	7	—
18.	ਬਟਾਲਾ	..	—	—	3	2	—	—	3	—	6	—
19.	ਜਗਰਾਉਂ	..	1	—	3	—	—	—	1	—	3	—
20.	ਤਰਨਤਾਰਨ	..	—	—	—	—	—	—	2	—	8	—
21.	ਮੋਗਾ	..	—	—	—	—	—	—	—	—	5	1
22.	ਗੁਰਦਾਸਪੁਰ	..	3	1	6	1	8	1	—	—	6	4
23.	ਮੁਕਤਸਰ	..	—	—	—	—	—	—	—	—	1	—
24.	ਰੇਲਵੇ ਪਟਿਆਲਾ	..	—	—	—	—	—	—	—	—	—	—
	ਕੁੱਲ	..	43	19	62	26	80	18	69	15	148	39

ਅਨੁਲੱਗ-ਅ

ਬਰੀ/ਸਜ਼ਾ ਹੋਏ ਅਪਰਾਧੀਆਂ ਦੀ ਸਾਲ-ਵਾਰ ਸੂਚਨਾ

ਸਾਲ		ਸਜ਼ਾ	ਬਰੀ	ਜ਼ੇਰੇ ਤਫਤੀਸ਼	ਕੈਂਸਲ	ਅਦਮਪਤਾ	ਜ਼ੇਰੇ ਸਮਾਇਤ	ਕੁੱਲ
1		2	3	4	5	6	7	8
1992	..	7	17	—	4	—	15	43
1993	..	5	16	1	4	2	34	62
1994	..	7	17	1	8	2	45	80
1995	..	4	4	—	3	1	57	69
1996	..	—	4	29	6	2	107	148

ਜਾਅਲੀ ਮੈਡੀਕਲ ਸਰਟੀਫਿਕੇਟਾਂ ਵਿਰੁੱਧ ਸ਼ਿਕਾਇਤ

100. **ਕਾਮਰੇਡ ਹਰਦੇਵ ਅਰਸ਼ੀ** : ਕੀ ਸਿਹਤ ਅਤੇ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ 31 ਮਾਰਚ, 1995 ਦੀ ਬਿਨਾਂ ਨਿਸ਼ਾਨ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਜਾਅਲੀ ਮੈਡੀਕਲ ਸਰਟੀਫਿਕੇਟਾਂ ਵਿਰੁੱਧ ਸ਼ਿਕਾਇਤਾਂ ਸਬੰਧੀ ਬਿਨਾਂ ਨਿਸ਼ਾਨ ਪ੍ਰਸ਼ਨ ਨੰ: 490 ਦੇ ਉੱਤਰ ਦੇ ਹਵਾਲੇ ਨਾਲ ਦੱਸਣਗੇ ਕਿ ਕੀ ਸ਼ਿਕਾਇਤਾਂ ਦੀ ਪੜਤਾਲ ਮੁਕੰਮਲ ਕੀਤੀ ਜਾ ਚੁੱਕੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਸਿੱਟੇ ਕੀ ਹਨ ਅਤੇ ਇਸ ਤੇ ਕੀ ਕਾਰਵਾਈ ਕੀਤੀ ਗਈ ਹੈ; ਜੇਕਰ ਨਹੀਂ, ਤਾਂ ਇਸ ਪੜਤਾਲ ਦੇ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਬਲਰਾਮ ਜੀ ਦਾਸ ਟੰਡਨ : ਪੜਤਾਲ ਮੁਕੰਮਲ ਕਰਵਾ ਲਈ ਗਈ ਹੈ। ਪੜਤਾਲ ਰਿਪੋਰਟ ਦੇ ਸਿੱਟੇ ਅਨੁਸਾਰ ਡਾਕਟਰ ਕੇ.ਕੇ. ਸ਼ਰਮਾ, ਡਾਕਟਰ ਅੰਮ੍ਰਿਤਪਾਲ ਕੌਰ, ਡਾਕਟਰ ਸੰਤ ਪ੍ਰਕਾਸ਼ ਸਿੰਘ ਢਿੱਲੋਂ ਅਤੇ ਡਾਕਟਰ ਸ਼ਿਵ ਚਰਨ ਦੀਆਂ ਬਦਲੀਆਂ ਸਿਵਲ ਹਸਪਤਾਲ, ਅੰਮ੍ਰਿਤਸਰ ਵਿੱਚੋਂ ਕੀਤੀਆਂ ਜਾ ਚੁੱਕੀਆਂ ਹਨ। ਡਾਕਟਰ ਕੇ. ਕੇ. ਸ਼ਰਮਾ ਨੂੰ ਐਮ.ਐਲ.ਆਰ. ਕੇਸ ਵਿਚ 220/- ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਵਜੋਂ ਮਿਤੀ 10-6-1997 ਨੂੰ ਦੋਸ਼ ਸੂਚੀ ਜਾਰੀ ਕਰ ਦਿੱਤੀ ਗਈ ਹੈ।

ਸੜਕ ਦੁਰਘਟਨਾਵਾਂ ਵਿਚ ਮੌਤਾਂ

101. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1992 ਤੋਂ 1996 ਤੱਕ ਦੇ ਸਮੇਂ ਦੇ ਦੌਰਾਨ ਰਾਜ ਵਿਚ ਸੜਕ ਦੁਰਘਟਨਾਵਾਂ ਵਿਚ ਮਰੇ ਵਿਅਕਤੀਆਂ ਦੀ ਸਾਲ-ਵਾਰ ਗਿਣਤੀ ਕਿੰਨੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਅਕਤੀਆਂ ਵਿਚੋਂ ਉਨ੍ਹਾਂ ਵਿਅਕਤੀਆਂ ਦੀ ਸਾਲ-ਵਾਰ ਗਿਣਤੀ ਕਿੰਨੀ ਕਿੰਨੀ ਹੈ ਜੋ ਵੱਖ ਵੱਖ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਅਤੇ ਪ੍ਰਾਈਵੇਟ ਬੱਸ ਮਾਲਕਾਂ ਦੀਆਂ ਬੱਸਾਂ ਦੀਆਂ ਹੋਈਆਂ ਦੁਰਘਟਨਾਵਾਂ ਵਿਚ ਮਾਰੇ ਗਏ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਮੁੱਖ ਮੰਤਰੀ]

ਅਨੁਲੱਗ

(ੲ)	ਸਾਲ		ਵਿਅਕਤੀ ਮਰੇ
	1992	..	1,176
	1993	..	1,395
	1994	..	1,820
	1995	..	1,979
	1996	..	2,064
		ਕੁੱਲ	8,434

(ਬੀ) ਸਾਲ		ਪੰਜਾਬ ਰੋਡਵੇਜ਼ ਦੀਆਂ ਬੱਸਾਂ ਨਾਲ ਮਰੇ	ਪੈਪਸੂ ਦੀਆਂ ਬੱਸਾਂ ਨਾਲ ਮਰੇ	ਪ੍ਰਾਈਵੇਟ ਅਪਰੇਟਰਾਂ ਬੱਸਾਂ ਨਾਲ ਮਰੇ
1992	..	92	70	169
1993	..	84	60	159
1994	..	98	63	212
1995	..	82	57	201
1996	..	94	60	240
	ਕੁੱਲ	450	310	981

ਹੈਡ-ਮਾਸਟਰਾਂ/ਪ੍ਰਿੰਸੀਪਲਾਂ ਤੋਂ ਬਿਨਾਂ ਸਕੂਲ

102. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਉਨ੍ਹਾਂ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਜਿਹੜੇ 1 ਮਾਰਚ, 1997 ਨੂੰ ਹੈਡ-ਮਾਸਟਰਾਂ/ਪ੍ਰਿੰਸੀਪਲਾਂ ਤੋਂ ਬਿਨਾਂ ਸਨ;

(ਅ) ਰਾਜ ਵਿਚ ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਜਿਨ੍ਹਾਂ ਵਿਚ 1 ਮਾਰਚ, 1997 ਨੂੰ ਇਕ ਵੀ ਅਧਿਆਪਕ ਨਹੀਂ ਸੀ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਸੂਚੀ 'ਕ' ਨਾਲ ਨੱਥੀ ਕੀਤੀ ਜਾਂਦੀ ਹੈ ।

(ਅ) ਸੂਚੀ 'ਖ' ਨਾਲ ਨੱਥੀ ਕੀਤੀ ਜਾਂਦੀ ਹੈ ।

ਸੂਚੀ 'ਕ'

ਮਿਤੀ 1-3-1997 ਨੂੰ ਜਿਹੜੇ ਸਰਕਾਰੀ ਹਾਈ ਅਤੇ ਹਾਇਰ ਸੈਕੰਡਰੀ ਸਕੂਲ ਹੈਡ ਮਾਸਟਰਾਂ/ਪ੍ਰਿੰਸੀਪਲਾਂ ਤੋਂ ਬਿਨਾਂ ਸਨ, ਦੀ ਜ਼ਿਲ੍ਹਾਵਾਰ ਗਿਣਤੀ।

ਲੜੀ ਨੰ:	ਜ਼ਿਲ੍ਹੇ ਦਾ ਨਾਂ		ਬਿਨਾਂ ਹੈਡਮਾਸਟਰ ਤੋਂ	ਬਿਨਾ ਪ੍ਰਿੰਸੀਪਲ ਤੋਂ
1.	ਬਠਿੰਡਾ	..	43	35
2.	ਹੁਸ਼ਿਆਰਪੁਰ	..	99	10
3.	ਮੋਗਾ	..	18	18
4.	ਮੁਕਤਸਰ	..	40	24
5.	ਲੁਧਿਆਣਾ	..	11	21
6.	ਨਵਾਂ ਸ਼ਹਿਰ	..	14	18
7.	ਰੂਪਨਗਰ	..	9	15
8.	ਫਿਰੋਜ਼ਪੁਰ	..	63	34
9.	ਅੰਮ੍ਰਿਤਸਰ	..	84	42
10.	ਜਲੰਧਰ	..	26	17
11.	ਗੁਰਦਾਸਪੁਰ	..	12	34
12.	ਕਪੂਰਥਲਾ	..	23	13
13.	ਪਟਿਆਲਾ	..	22	12
14.	ਸੰਗਰੂਰ	..	77	54
15.	ਫਰੀਦਕੋਟ	..	5	5
16.	ਫਤਿਹਗੜ੍ਹ ਸਾਹਿਬ	..	11	8
17.	ਮਾਨਸਾ	..	35	18
	ਕੁੱਲ	..	502	378

ਨੋਟ :—ਮਿਡਲ ਸਕੂਲਾਂ ਵਿਚ ਹੈਡ-ਮਾਸਟਰ ਦੀ ਆਸਾਮੀ ਨਹੀਂ ਹੈ, ਸਭ ਤੋਂ ਸੀਨੀਅਰ ਮਾਸਟਰ ਇਨ੍ਹਾਂ ਸਕੂਲਾਂ ਦੇ ਇੰਚਾਰਜ ਵਜੋਂ ਕੰਮ ਕਰਦਾ ਹੈ। ਰਾਜ ਦੇ ਸਾਰੇ ਮਿਡਲ ਸਕੂਲ ਨੇੜੇ ਦੇ ਹਾਈ ਸਕੂਲ ਨਾਲ ਜੋੜੇ ਹੋਏ ਹਨ।

[ਮੁੱਖ ਮੰਤਰੀ]

ਸੂਚੀ 'ਖ'

ਮਿਤੀ 1-3-1997 ਨੂੰ ਜਿਹੜੇ ਸਰਕਾਰੀ ਪ੍ਰਾਇਮਰੀ ਸਕੂਲ ਬਿਨਾ ਮੁੱਖੀ/ਇਕ ਟੀਚਰ ਦੇ ਹਨ, ਦੀ ਜ਼ਿਲ੍ਹਾ-ਵਾਰ ਗਿਣਤੀ।

ਲੜੀ ਨੰ:	ਜ਼ਿਲ੍ਹੇ ਦਾ ਨਾਂ		ਬਿਨਾਂ ਮੁਖੀ ਤੋਂ	ਬਿਨਾਂ ਟੀਚਰ ਤੋਂ
1.	ਅੰਮ੍ਰਿਤਸਰ	..	265	—
2.	ਬਠਿੰਡਾ	..	30	—
3.	ਫਰੀਦਕੋਟ	..	35	—
4.	ਫਿਰੋਜ਼ਪੁਰ	..	150	127
5.	ਫਤਿਹਗੜ੍ਹ ਸਾਹਿਬ	..	46	49
6.	ਗੁਰਦਾਸਪੁਰ	..	336	4
7.	ਹੁਸ਼ਿਆਰਪੁਰ	..	189	—
8.	ਜਲੰਧਰ	..	206	45
9.	ਕਪੂਰਥਲਾ	..	36	—
10.	ਲੁਧਿਆਣਾ	..	355	—
11.	ਮੋਗਾ	..	13	—
12.	ਮਾਨਸਾ	..	41	13
13.	ਮੁਕਤਸਰ	..	78	—
14.	ਨਵਾਂ ਸ਼ਹਿਰ	..	125	20
15.	ਪਟਿਆਲਾ	..	141	55
16.	ਰੋਪੜ	..	118	—
17.	ਸੰਗਰੂਰ	..	281	—

POINTS OF ORDER

Sardar Ajit Inder Singh: Speaker Sahib, I have moved an Adjournment Motion ਪਰ ਤੁਸੀਂ ਉਹ ਅਲਾਓ ਨਹੀਂ ਕੀਤੀ। ਸਪੀਕਰ ਸਾਹਿਬ, ਕਿਧਰੇ ਬੰਬ ਕਾਂਡ ਹੋ ਜਾਵੇ ਤਾਂ ਉਸ ਦੇ ਬਾਰੇ ਕਿੰਨਾ 'ਹਿਊ ਐਂਡ ਕਰਾਈ' ਹਾਊਸ ਵਿਚ ਹੋ ਜਾਂਦਾ ਹੈ......(ਵਿਘਨ)

ਸ਼੍ਰੀ ਸਪੀਕਰ : ਇਹ ਅਖਬਾਰ ਦੀ ਨਿਊਜ਼ ਹੈ. ਤੁਸੀਂ ਮੇਰੇ ਚੈਂਬਰ ਵਿਚ ਆ ਕੇ ਡਿਸਕਸ ਕਰ ਲੈਣਾ ।

Sardar Ajit Inder Singh : It is not question of discussion in the Chamber. It should be discussed in the House. The world is heading for a nuclear war ਅਤੇ ਜੋ ਪੰਜਾਬ ਹੈ, ਇਸ ਨੂੰ ਨਿਸ਼ਾਨਾ ਬਣਨ ਦਿਓ and 11-M missiles have been fitted in Sargodha, Pakistan. Anytime disaster can take place. Both the Prime Ministers of India Pakistan ....(interruption). You will see all red rivers here.

ਸ਼੍ਰੀ ਸਪੀਕਰ : ਆਪਾਂ ਡਿਸਕਸ ਕਰ ਲਵਾਂਗੇ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਜੋ ਪਾਕਿਸਤਾਨ ਵਿਚ ਹੋ ਰਿਹਾ ਹੈ, ਉਹ ਇਥੇ ਜ਼ਰੂਰ ਡਿਸਕਸ ਹੋਣਾ ਚਾਹੀਦਾ ਹੈ ਅਤੇ ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਸਾਰੀ ਗੱਲ ਦਿੱਲੀ ਦੀ ਸਰਕਾਰ ਤੱਕ ਪਹੁੰਚਾਵੇ । ਜੇਕਰ ਅਸੀਂ ਅਜਿਹਾ ਨਹੀਂ ਕਰਾਂਗੇ ਤਾਂ ਇਥੇ ਬਹੁਤ ਕੁਝ ਅਣਹੋਣਾ ਹੋ ਜਾਵੇਗਾ ।

श्रीमती लक्ष्मी कान्ता चावला : अध्यक्ष महोदय, मैं आप के माध्यम से मुख्य मंत्री जी से विशेष कर पूछना चाहती हूं और पंजाब के कर्मचारियों की समस्याओं की तरफ ध्यान दिलाना चाहती हूं कि पंजाब के IRB के जवान दूसरे प्रांतों में भेजे गए थे । उन को जो अतिरिक्त वेतन TA/DA अदा करने बनते थे वह अब तक नहीं दिए गए । वह जवान काफी आर्थिक संकट भोग रहे हैं कठिन डयूटी कर के आए हैं उन को वह तुरंत दे देने चाहिए । इस के साथ ही पुलिस कर्मचारियों की राशन मनी 150/- रुपये बढ़ाई गई है वह भी नहीं दी गई । मैं मुख्य मंत्री जी के ध्यान में लाना चाहती हूं कि पुलिस कर्मचारियों के बकाए तुरन्त अदा किए जाएं ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਹਾਊਸ ਦਾ ਧਿਆਨ ਇਕ ਜ਼ਰੂਰੀ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਬੜੇ ਮਾੜੇ ਹਾਲਾਤ ਵਿਚ ਪੰਜਾਬ ਵਿਚ ਐਸ.ਪੀ.ਓ. ਭਰਤੀ ਕੀਤੇ ਗਏ ਸਨ ਅਤੇ ਉਨ੍ਹਾਂ ਨੇ ਅੱਤਵਾਦ ਦੇ ਖਿਲਾਫ ਲੜਾਈ ਲੜੀ ਹੈ । ਉਨ੍ਹਾਂ ਨੂੰ ਪੱਕੇ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਬਕਾਇਦਾ ਤਨਖਾਹ ਅਦਾ ਕੀਤੀ ਜਾਣੀ ਚਾਹੀਦੀ ਹੈ । ਉਨ੍ਹਾਂ ਨੇ ਬੜੇ ਮਾੜੇ ਹਾਲਾਤ ਵਿਚ ਲੜਾਈ ਲੜੀ ਹੈ ਅਤੇ ਉਨ੍ਹਾਂ ਦੇ ਮਾਂ-ਬਾਪ ਵੀ ਬਿਰਧ ਹਨ । ਜਿਸ ਕਰਕੇ ਸਰਕਾਰ ਦਾ ਫਰਜ਼ ਬਣਦਾ ਹੈ ਕਿ ਇਸ ਸਬੰਧ ਵਿਚ ਤੁਰੰਤ ਕਾਰਵਾਈ ਕਰੇ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਹਾਊਸ ਦਾ ਇਕ ਬਹੁਤ ਹੀ ਅਹਿਮ ਮੁੱਦੇ ਵਲ ਧਿਆਨ ਦਿਵਾਉਣਾ ਚਾਹੁੰਦਾ ਹਾਂ । ਪੰਜਾਬ ਵਿਚ ਜਿਹੜੇ ਬਜ਼ੁਰਗ ਹਨ, ਵਿਧਵਾਵਾਂ ਹਨ ਅਤੇ ਉਨ੍ਹਾਂ ਨੂੰ ਓਲਡ-ਏਜ਼ ਪੈਨਸ਼ਨ, ਵਿਧਵਾ ਪੈਨਸ਼ਨ, ਹੈਂਡੀਕੈਪਡ ਪੈਨਸ਼ਨ ਸਰਕਾਰ ਵਲੋਂ ਦਿੱਤੀ ਜਾਂਦੀ ਸੀ। ਹੁਣ ਜਦੋਂ ਦਫਤਰ ਵਿਚ ਬਜ਼ੁਰਗ ਅਤੇ

[ਚੌਧਰੀ ਜਗਜੀਤ ਸਿੰਘ]
ਵਿਧਵਾਵਾਂ ਪੈਨਸ਼ਨ ਲਈ ਫਾਰਮ ਲੈ ਕੇ ਜਾਂਦੀਆਂ ਹਨ ਤਾਂ ਅੱਗੇ ਦਫਤਰਾਂ ਵਿਚ ਲਿਖ ਕੇ ਲਗਾਇਆ ਹੈ ਕਿ ਸਰਕਾਰ ਦੇ ਅਗਲੇ ਹੁਕਮਾਂ ਤਕ ਕੋਈ ਫਾਰਮ ਨਹੀਂ ਲਿਆ ਜਾਵੇਗਾ । ਸਪੀਕਰ ਸਾਹਿਬ, ਇਹ ਬੜੀ ਅਹਿਮ ਗੱਲ ਹੈ ਕਿ ਜਿਹੜੇ ਸਾਡੇ ਬਜ਼ੁਰਗ ਹਨ ਅਤੇ ਸਾਡੀਆਂ ਵਿਧਵਾ ਭੈਣਾਂ ਹਨ ਅਤੇ ਜਿਹੜੇ ਹੈਂਡੀਕੈਪਡ ਹਨ ਜਿਨ੍ਹਾਂ ਨੂੰ ਪੰਜਾਬ ਅੰਦਰ 200/- ਰੁਪਏ ਦੀ ਦਰ ਨਾਲ ਪੈਨਸ਼ਨਾਂ ਲਗਦੀਆਂ ਹਨ ਅਤੇ ਉਹ ਪੈਨਸ਼ਨਾਂ.....(ਵਿਘਨ)

ਸ੍ਰੀ ਸਪੀਕਰ : ਤੁਸੀਂ ਇਹ ਬਜਟ ਤੇ ਬੋਲ ਲੈਣਾ । ਹੁਣ ਤੁਸੀਂ ਬੈਠ ਜਾਓ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ । ਮੈਂ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਜੀ ਇਸ ਤੇ ਬਿਆਨ ਦੇਣ ਕਿ ਇਹ ਪੈਨਸ਼ਨਾਂ ਚਾਲੂ ਕੀਤੀਆਂ ਜਾਣਗੀਆਂ ਕਿਉਂਕਿ ਬਜ਼ੁਰਗ ਲੋਕਾਂ ਨਾਲ ਨਿਰਾਦਰੀ ਹੋ ਰਹੀ ਹੈ । ਸਰਕਾਰ ਨੇ ਪਹਿਲਾਂ ਕਿਹਾ ਸੀ ਕਿ ਪੈਨਸ਼ਨਾਂ ਦੀ ਦਰ ਵਧਾ ਦਿੱਤੀ ਜਾਵੇਗੀ ਪਰ ਦਰ ਵਧਾਉਣੀ ਤਾਂ ਇਕ ਪਾਸੇ ਰਹੀ, ਪੈਨਸ਼ਨਾਂ ਹੀ ਬੰਦ ਕਰ ਦਿੱਤੀਆਂ ਹਨ । ਇਹ ਬਹੁਤ ਵੱਡੀ ਗੱਲ ਹੈ । ਮੁੱਖ ਮੰਤਰੀ ਜੀ ਇਸ ਤੇ ਬਿਆਨ ਦੇਣ ਕਿ ਪੈਨਸ਼ਨਾਂ ਨੂੰ ਤੁਰੰਤ ਲਾਗੂ ਕਰ ਦਿੱਤਾ ਜਾਵੇਗਾ ।

ਸ੍ਰੀ ਸਪੀਕਰ : ਤੁਸੀਂ ਬਜਟ ਡਿਸਕਸ਼ਨ ਤੇ ਬੋਲ ਲੈਣਾ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਮਾਨਯੋਗ ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਕਿਹਾ ਹੈ ਕਿ ਬੜਾ ਦੁੱਖ ਮਹਿਸੂਸ ਹੋਇਆ ਹੈ ਕਿ ਸਰਕਾਰ ਨੇ ਲਿਖ ਕੇ ਲਗਾ ਦਿੱਤਾ ਹੈ ਕਿ ਦੋ ਮਹੀਨੇ ਤੱਕ ਫਾਰਮ ਨਹੀਂ ਮਿਲਣਗੇ ਪਰ ਇਨ੍ਹਾਂ ਦੇ ਵਜ਼ੀਰ ਸਾਹਿਬ ਜਿਹੜੇ ਸਾਡੇ ਖਡੂਰ ਸਾਹਿਬ ਦੇ ਸਨ, ਉਨ੍ਹਾਂ ਨੇ 50 ਰੁਪਏ, 100 ਰੁਪਏ ਦੇ ਫਾਰਮ ਵੇਚੇ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) । ਮੈਂ ਉਸ ਸਮੇਂ ਜਾਤੀ ਤੌਰ ਤੇ ਵੀ ਧਿਆਨ ਵਿਚ ਲਿਆਂਦਾ ਸੀ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਛੱਜਲਵੱਡੀ ਜੀ, ਤੁਸੀਂ ਬੈਠੋ ।

ਸਰਦਾਰ ਸੇਵਾ ਸਿੰਘ ਸੇਖਵਾਂ : ਸਪੀਕਰ ਸਾਹਿਬ, ਇੱਕ ਬੜੀ ਹੀ ਦਰਦਨਾਕ ਘਟਨਾ 3-4 ਦਿਨ ਪਹਿਲਾਂ ਹੋਈ ਹੈ । ਮਿਆਣੀ ਤੋਂ ਟਾਂਡਾ ਦੇ ਦਰਮਿਆਨ ਇੱਕ ਪੁਰਾਣਾ ਪੁਲ ਸੀ । ਉਥੇ ਇੱਕ ਟਰੱਕ ਤੇ ਜੀਪ ਦੋਵੇਂ ਪੁਲ ਢਹਿ ਜਾਣ ਕਾਰਨ ਨੀਚੇ ਗਿਰ ਗਏ ਜਿਸ ਵਿਚ ਸੱਤ ਲੋਕਾਂ ਦੀ ਮੌਤ ਹੋ ਗਈ । ਸਾਰੇ ਸੱਤ ਬੰਦੇ ਇੱਕੋ ਖਾਨਦਾਨ ਦੇ ਸਨ । ਉਹ ਖਾਨਦਾਨ ਸਾਰਾ ਬਰਬਾਦ ਹੋ ਗਿਆ । ਮੈਂ ਇਹ ਗੱਲ ਹਾਊਸ ਦੇ ਨੋਟਿਸ ਵਿਚ ਲਿਆ ਕੇ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਮਦਰਦੀ ਵਜੋਂ ਇੱਕ ਤਾਂ ਉਨ੍ਹਾਂ ਦੇ ਪਰਿਵਾਰ ਨੂੰ ਮਾਇਕ ਸਹਾਇਤਾ ਦਿੱਤੀ ਜਾਵੇ ਅਤੇ ਦੂਸਰਾ ਜਿਹੜੇ ਉਨ੍ਹਾਂ ਦੇ ਬੱਚੇ ਨੌਕਰੀ ਦੇ ਲਾਇਕ ਹਨ, ਉਨ੍ਹਾਂ ਨੂੰ ਨੌਕਰੀਆਂ ਮਿਲਣੀਆਂ ਚਾਹੀਦੀਆਂ ਹਨ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਬੜੀ ਦੁੱਖਦਾਈ ਘਟਨਾ ਹੈ । ਮੈਨੂੰ ਇਸ ਤੇ ਬੇਹੱਦ ਅਫਸੋਸ ਹੈ ਔਰ ਹਾਊਸ ਵਿਚ ਸਾਨੂੰ ਅਫਸੋਸ ਵੀ ਕਰਨਾ ਚਾਹੀਦਾ ਹੈ । ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਐਸ਼ਿਓਰ ਕਰਦਾ ਹਾਂ ਕਿ ਅਸੀਂ ਬਹੁਤਾ ਕੁਝ ਤਾਂ ਨਹੀਂ ਕਰ ਸਕਦੇ ਲੇਕਿਨ ਸਰਕਾਰ ਪੰਜਾਹ ਹਜ਼ਾਰ ਰੁਪਿਆ ਰਿਲੀਫ ਦੇ ਤੌਰ ਤੇ ਦੇਵੇਗੀ । ਗਈਆਂ ਜਾਨਾਂ ਤਾਂ ਮੁੜ ਕੇ ਵਾਪਸ ਨਹੀਂ ਆ ਸਕਦੀਆਂ ਪਰ ਅਸੀਂ ਪੰਜਾਹ ਹਜ਼ਾਰ ਰੁਪਏ ਦੀ ਸਹਾਇਤਾ ਕਰਾਂਗੇ । ਅਸੀਂ ਇਸ ਦੇ ਦੁੱਖ ਦਾ ਪ੍ਰਗਟਾਵਾ ਵੀ ਕਰਦੇ ਹਾਂ । ਸਾਨੂੰ ਇਸ ਗੱਲ ਤੇ ਵੀ ਬਹੁਤ ਵੱਡਾ ਦੁੱਖ ਹੈ ਕਿ ਦਿੱਲੀ ਵਿਚ ਜੋ ਘਟਨਾ ਹੋਈ ਹੈ, ਮੇਰਾ ਖਿਆਲ ਹੈ ਕਿ ਉਸ ਸਬੰਧੀ ਆਪਾਂ ਨੂੰ ਹਾਊਸ ਵੱਲੋਂ ਇੱਕ ਰੈਜ਼ੋਲਿਊਸ਼ਨ ਵੀ ਭੇਜ ਦੇਣਾ ਚਾਹੀਦਾ ਹੈ ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਜੋ ਦੁਖਾਂਤ ਦਿੱਲੀ ਵਿਚ ਹੋਇਆ । ਉਸ ਵਿਚ ਬਹੁਤ ਸਾਰੀਆਂ ਕੀਮਤੀ ਜਾਨਾਂ ਚਲੀਆਂ ਗਈਆਂ ਹਨ । ਸਾਡੇ ਪੰਜਾਬ ਨਾਲ ਸੰਬੰਧਿਤ ਵੀ ਬਹੁਤ ਸਾਰੀਆਂ ਕੀਮਤੀ ਜਾਨਾਂ ਚਲੀਆਂ ਗਈਆਂ ਹਨ । ਇਸ ਘਟਨਾ ਨੂੰ ਮੱਦੇ-ਨਜ਼ਰ ਰੱਖਦੇ ਹੋਏ ਕੀ ਪੰਜਾਬ ਸਰਕਾਰ ਪੰਜਾਬ ਵਿਚਲੇ ਸਿਨੇਮਾ-ਘਰਾਂ ਦੀ ਚੈਕਿੰਗ ਤੇ ਦੇਖ-ਭਾਲ ਵਾਸਤੇ ਕਦਮ ਚੁੱਕੇਗੀ ਤਾਂ ਕਿ ਇਹੋ ਜਿਹਾ ਦੁਖਾਂਤ ਪੰਜਾਬ ਵਿਚ ਨਾ ਵਾਪਰੇ ।

ਸ੍ਰੀ ਸਪੀਕਰ : ਇਸ ਸਬੰਧੀ ਓਬਿਚਰੀ ਰੈਫੇਂਰਿਸਿਜ਼ ਸਵੇਰੇ ਲੈ ਆਵਾਂਗੇ ।

ਸੰਸਦੀ ਮਾਮਲਿਆਂ ਬਾਰੇ ਮੰਤਰੀ : ਇਸ ਸੰਬੰਧੀ ਕਲੀਅਰ ਰੈਜ਼ੋਲਿਊਸ਼ਨ ਆ ਜਾਣਾ ਚਾਹੀਦਾ ਹੈ । ਚਾਹੇ ਕੱਲ੍ਹ ਲੈ ਆਓ ! ਚਾਹੇ ਇਹ ਕੰਮ ਹੁਣ ਕਰ ਲਓ ਕਿਉਂਕਿ ਰੈਜ਼ੋਲਿ-ਊਸ਼ਨ ਤਾਂ ਕਰ ਹੀ ਲਿਆ ਹੈ । ਦੋ ਮਿੰਟ ਦਾ ਸਾਈਲੈਂਸ ਵੀ ਕਰ ਲੈਂਦੇ ਹਾਂ । ਆਪੋਜ਼ੀਸ਼ਨ ਵਾਲੇ ਵੀ ਸਹਿਮਤ ਹਨ ।

ਸ੍ਰੀ ਸਪੀਕਰ : ਮੈਨੂੰ ਹੁਣੇ ਦੱਸਿਆ ਗਿਆ ਹੈ ਕਿ ਇੱਕ ਸਾਬਕਾ ਐਮ.ਐਲ.ਏ. ਸਾਹਿਬ ਦੀ ਵੀ ਡੈਥ ਹੋ ਗਈ ਹੈ । ਇਸ ਕਰਕੇ ਅਸੀਂ ਸਵੇਰੇ ਓਬਿਚਰੀ ਰੈਫਰੈਂਸਿਜ਼ ਲੈ ਆਵਾਂਗੇ ।

ਸ੍ਰੀਮਤੀ ਰਜਿੰਦਰ ਕੌਰ ਭੱਠਲ : ਅਸੀਂ ਸਹਿਮਤ ਹਾਂ । ਭਾਵੇਂ ਸਪੈਸ਼ਲ ਕੱਲ੍ਹ ਲੈ ਆਵੋ । ਸ਼ਰਧਾਂਜਲੀ ਜ਼ਰੂਰ ਦੇਣੀ ਚਾਹੀਦੀ ਹੈ ।

ਸ੍ਰੀ ਸਪੀਕਰ : ਕੱਲ੍ਹ ਸਵੇਰੇ ਓਬਿਚਰੀ ਰੈਫਰੈਂਸਿਜ਼ ਲੈ ਆਵਾਂਗੇ ।

———

CALL ATTENTION NOTICE UNDER RULE-66

(ਕ੍ਰਮ ਨੰ: 7)

ਕਾਮਰੇਡ ਹਰਦੇਵ ਅਰਸ਼ੀ : ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਕਿ ਪੰਜਾਬ ਸਰਕਾਰ ਵਲੋਂ ਛੋਟੀ ਕੀਮਤ ਦੇ ਅਸ਼ਟਾਮਾਂ ਦੀ ਕਿਲਤ ਨੂੰ ਮੁੱਖ ਰੱਖਦੇ ਹੋਏ ਹੁਕਮ ਜਾਰੀ ਕੀਤੇ ਗਏ ਸਨ ਕਿ

[ਕਾਮਰੇਡ ਹਰਦੇਵ ਅਰਸ਼ੀ]

5/- ਰੁਪਏ ਦਾ ਟਿਕਟ ਪੱਕੇ ਕਾਗਜ਼ ਉਪਰ ਲਾਉਣ ਤੇ ਅਸ਼ਟਾਮ ਫਰੋਸ਼ ਵਲੋਂ ਆਪਣੇ ਰਜਿਸਟਰ ਵਿਚ ਦਰਜ ਕਰਨ ਨਾਲ ਮੁਸ਼ਕਿਲ ਹੱਲ ਹੋ ਗਈ ਸੀ ਤੇ ਲੋਕਾਂ ਨੂੰ ਕਾਫੀ ਰਾਹਤ ਮਿਲੀ ਸੀ। ਪ੍ਰੰਤੂ ਹੁਣ ਕੁੱਝ ਜਿਲ੍ਹਿਆਂ ਵਿਚ 5 ਰੁਪਏ ਵਾਲੀਆਂ ਟਿਕਟਾਂ ਅਸ਼ਟਾਮ ਫਰੋਸ਼ਾਂ ਪਾਸੋਂ ਲੋੜਵੰਦਾਂ ਨੂੰ ਨਾ ਮਿਲਣ ਕਰਕੇ ਮੁੜ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਕਤ ਦੀ ਰੋਸ਼ਨੀ ਵਿਚ 5/- ਰੁਪਏ ਵਾਲੀਆਂ ਟਿਕਟਾਂ ਦੀ ਨਿਰਵਿਘਨ ਸਪਲਾਈ ਲਈ ਪੰਜਾਬ ਸਰਕਾਰ ਕੀ ਕਦਮ ਪੁੱਟ ਰਹੀ ਹੈ ਕਿਰਪਾ ਕਰਕੇ ਇਸ ਬਾਰੇ ਸਬੰਧਤ ਮੰਤਰੀ ਜੀ ਹਾਊਸ ਵਿਚ ਬਿਆਨ ਦੇਣ ਦੀ ਖੇਚਲ ਕਰਨ।

ਮਾਲ ਅਤੇ ਪੁਨਰਵਾਸ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਮਜੀਠਾ) : ਸਪੀਕਰ ਸਾਹਿਬ, ਸਰਕਾਰ ਵੱਲੋਂ ਛੋਟੇ ਮੁੱਲ ਦੇ ਅਸ਼ਟਾਮਾਂ ਦੀ ਕਿੱਲਤ ਨੂੰ ਦੂਰ ਕਰਨ ਲਈ ਪੱਕੇ ਕਾਗਜ਼ ਤੇ ਵਿਸ਼ੇਸ਼ ਚਿਪਕਾਊ ਟਿਕਟ ਦੀ ਵਰਤੋਂ ਕਰਨ ਤੇ ਲਏ ਗਏ ਫੈਸਲੇ ਉਪਰੰਤ ਸਮੂਹ ਖਜ਼ਾਨਾਂ ਦਫ਼ਤਰਾਂ ਤੋਂ ਇਨ੍ਹਾਂ ਟਿਕਟਾਂ ਦੀ ਮੰਗ ਪੱਤਰ ਪ੍ਰਾਪਤ ਕਰਕੇ ਤੁਰੰਤ ਕੰਟਰੋਲਰ ਆਫ ਸਟੈਂਪਸ, ਨਾਸਿਕ ਰੋਡ ਪ੍ਰੈਸ ਨੂੰ ਇਸ ਵਿਭਾਗ ਦੇ ਪੱਤਰ, ਮਿਤੀ 18 ਮਾਰਚ, 1997 ਰਾਹੀਂ ਭੇਜ ਦਿੱਤੇ ਗਏ ਸੀ। ਇਨ੍ਹਾਂ ਦੀ ਤੁਰੰਤ ਸਪਲਾਈ ਲਈ ਇਸ ਵਿਭਾਗ ਵੱਲੋਂ ਸੰਯੁਕਤ ਸਕੱਤਰ, ਵਿੱਤ, ਭਾਰਤ ਸਰਕਾਰ, ਨਵੀਂ ਦਿੱਲੀ ਅਤੇ ਕੰਟਰੋਲਰ ਆਫ ਸਟੈਂਪਸ, ਨਾਸਿਕ ਰੋਡ ਨਾਲ ਲਗਾਤਾਰ ਸੰਪਰਕ/ਲਿਖਾ-ਪੜ੍ਹੀ ਕੀਤੀ ਗਈ ਅਤੇ ਇਸ ਦੇ ਸਿੱਟੇ ਵਜੋਂ ਡਿਪਟੀ ਕੰਟਰੋਲਰ ਆਫ ਸਟੈਂਪਸ ਨੇ ਹਰ ਦੂਜੇ ਮਹੀਨੇ 250 ਤੋਂ 260 ਟਿਕਟਾਂ/ ਅਸ਼ਟਾਮਾਂ ਦੀਆਂ ਪੇਟੀਆਂ, ਟੀਮ ਭੇਜ ਕੇ ਨਾਸਿਕ ਰੋਡ ਪ੍ਰੈਸ, ਤੋਂ ਨਿੱਜੀ ਤੌਰ ਤੇ ਪ੍ਰਾਪਤ ਕਰਨ ਦਾ ਭਰੋਸਾ ਦਿਵਾਇਆ ਹੈ। ਇਸ ਵਿਭਾਗ ਵੱਲੋਂ ਇਸ ਮੰਤਵ ਲਈ ਟੀਮ ਬਣਾ ਦਿੱਤੀ ਗਈ ਹੈ ਅਤੇ ਸਾਰੇ ਪ੍ਰਬੰਧ ਜਿਸ ਵਿਚ ਟੀਮ ਦੀ ਬੁਕਿੰਗ ਅਤੇ ਟਿਕਟਾਂ ਦੀ ਸੁਰੱਖਿਆ ਲਈ ਪੁਲਿਸ ਐਸਕਾਰਟ ਵੀ ਸ਼ਾਮਲ ਹੈ, ਮੁਕੰਮਲ ਕਰਨ ਉਪਰੰਤ ਇਹ ਟੀਮ ਨਾਸਿਕ ਰੋਡ ਪ੍ਰੈਸ 12 ਜੂਨ, 1997 ਨੂੰ ਚਲੀ ਗਈ ਹੈ ਅਤੇ ਮਿਤੀ 14 ਜੂਨ, 1997 ਨੂੰ ਨਾਸਿਕ ਰੋਡ ਪਹੁੰਚ ਜਾਵੇਗੀ। ਸਪਲਾਈ ਪ੍ਰਾਪਤ ਹੋਣ ਉਪਰੰਤ ਖਜ਼ਾਨਾ ਦਫਤਰ, ਲੁਧਿਆਣਾ ਤੋਂ ਇਹ ਟਿਕਟਾਂ ਸਮੂਹ ਖਜ਼ਾਨਾ ਅਫਸਰਾਂ ਨੂੰ ਵੰਡ ਦਿੱਤੀਆਂ ਜਾਣਗੀਆਂ।

Mr. Speaker : For clarification only.

ਕਾਮਰੇਡ ਹਰਦੇਵ ਅਰਸ਼ੀ : ਕਲੈਰੀਫਿਕੇਸ਼ਨ ਹੀ ਲਵਾਂਗਾ ਜੀ। ਇਹ ਜਿਹੜੀ ਸਮੱਸਿਆ ਪੰਜਾਬ ਗੌਰਮਿੰਟ ਨੂੰ ਪੇਸ਼ ਆਈ ਹੈ, ਠੀਕ ਹੈ ਇਸ ਵਿਚ ਪੰਜਾਬ ਗੌਰਮਿੰਟ ਦਾ ਹੱਥ ਨਹੀਂ ਹੈ ਕਿਉਂਕਿ ਅਸ਼ਟਾਮ ਪੇਪਰ ਨਾਸਿਕ ਤੋਂ ਛੱਪ ਕੇ ਆਉਂਦੇ ਹਨ ਔਰ ਕਈ ਵਾਰ ਲੋੜ ਮੁਤਾਬਿਕ ਨਹੀਂ ਛਪਦੇ। ਜਿੰਨੀਂ ਸਾਡੀ ਰਿਕੁਆਇਰਮੈਂਟ ਹੈ, ਉਸ ਅਨੁਸਾਰ ਨਹੀਂ ਪਹੁੰਚਦੇ ਜਿਸ ਕਾਰਨ ਲੋੜਵੰਦਾਂ ਨੂੰ ਪਰੇਸ਼ਾਨੀ ਆਉਂਦੀ ਹੈ ਔਰ ਬਾਰ ਬਾਰ ਆਉਂਦੀ ਰਹੀ ਹੈ। ਇਹ ਗੱਲ ਵੈਲਕਮ ਕਰਨ ਵਾਲੀ ਹੈ ਕਿ ਪਿਛਲੇ ਹਾਊਸ ਵਿਚ ਇਹ ਮਾਮਲਾ ਉਠਾਇਆ ਸੀ ਸ਼ਾਇਦ ਕਿਸੇ ਹੋਰ ਮੈਂਬਰ ਨੇ ਉਠਾਇਆ ਸੀ ਔਰ ਉਸ ਤੇ ਫੈਸਲਾ ਹੋਇਆ ਸੀ ਕਿ ਅਗਰ ਅਸ਼ਟਾਮ ਨਹੀਂ ਮਿਲਦਾ ਤਾਂ ਪੰਜ ਰੁਪਏ ਦੀ ਟਿਕਟ ਕਾਗਜ਼ ਤੇ ਲਾਈ ਜਾ ਸਕਦੀ ਹੈ। ਲੇਕਿਨ ਹੁਣ ਸਮੱਸਿਆ ਫਿਰ ਉਹੀ ਆ ਗਈ ਹੈ ਕਿ ਇਸ ਵੇਲੇ

ਪੰਜ ਰੁਪਏ ਦੀ ਟਿਕਟ ਨਹੀਂ ਮਿਲ ਰਹੀ । 30-30 ਹਜ਼ਾਰ ਟਿਕਟ ਇਕੱਲੇ ਅਸ਼ਟਾਮ ਫਰੋਸ਼ ਨੂੰ ਵੇਚ ਦਿੱਤੀ ਔਰ ਪੁਰਾਣੀ ਸਮੱਸਿਆ ਜਿਉਂ ਦੀ ਤਿਉਂ ਹੋ ਗਈ । ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਸ ਮਾਮਲੇ ਨੂੰ ਪਹਿਲ ਦੇ ਕੇ ਪ੍ਰੈਸ ਕੋਲ ਉਠਾਇਆ ਜਾਵੇ ਔਰ ਇਸ ਦਾ ਕੋਈ ਹੋਰ ਵਾਇਆ ਮੀਡੀਆ ਕੱਢਿਆ ਜਾਵੇ । ਇਸ ਨੂੰ ਪਰਿਆਰਟੀ ਦਿੱਤੀ ਜਾਵੇ, ਤਾਂ ਕਿ ਪੰਜ ਰੁਪਏ ਦੀ ਟਿਕਟ ਅਵੇਲੇਬਲ ਹੋ ਸਕੇ ਔਰ ਥੱਲੇ ਜੋ ਪ੍ਰੇਸ਼ਾਨੀ ਹੁੰਦੀ ਹੈ, ਉਹ ਨਾ ਹੋਵੇ । ਇਸ ਗੱਲ ਦਾ ਵਿਸ਼ਵਾਸ ਦਿੱਤਾ ਜਾਵੇ ।

ਖੇਤੀਬਾੜੀ ਮੰਤਰੀ (ਸਰਦਾਰ ਗੁਰਦੇਵ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਗਵਾਂਢੀ ਹਾਂ, ਇਸ ਲਈ ਜਵਾਬ ਮੈਂ ਦਿੰਦਾ ਹਾਂ ਜੀ । ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਲੋਕ ਭਲਾਈ ਦੇ ਕੰਮ ਸਬੰਧੀ ਬੜਾ ਅੱਛਾ ਸਵਾਲ ਪੁਛਿਆ ਹੈ ਕਿ 15 ਰੁਪਏ ਦਾ ਅਸ਼ਟਾਮ 50 ਰੁਪਏ ਵਿਚ ਵਿਕਦਾ ਸੀ ।

ਸ੍ਰੀ ਸਪੀਕਰ : 50 ਰੁਪਏ ਵਿਚ ਨਹੀਂ, 75 ਰੁਪਏ ਵਿਚ ਵਿਕਦਾ ਰਿਹਾ ਹੈ ।

ਖੇਤੀਬਾੜੀ ਮੰਤਰੀ : 50 ਰੁਪਏ ਵਿਚ ਲੋਕੀਂ ਮਜਬੂਰੀ ਵਸ ਹੋ ਕੇ ਖਰੀਦਦੇ ਰਹੇ ਹਨ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਉਸੇ ਵੇਲੇ ਇਕ ਮੀਟਿੰਗ ਸੱਦੀ ਅਤੇ ਇਸ ਸਬੰਧੀ ਫੈਸਲਾ ਕੀਤਾ । ਪਰ ਅਰਸ਼ੀ ਸਾਹਿਬ ਦਾ ਜੋ ਸਵਾਲ ਸੀ ਕਿ 5 ਰੁਪਏ ਵਾਲੀਆਂ ਟਿਕਟਾਂ ਖਤਮ ਹੋ ਗਈਆਂ ਹਨ । ਮੈਂ ਅਰਸ਼ੀ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇੱਕ ਇੱਕ ਰੁਪਏ ਦੀਆਂ ਪੰਜ ਟਿਕਟਾਂ ਲਗਾਇਆ ਹੋਇਆ ਫਾਰਮ ਵੀ ਪੰਜ ਰੁਪਏ ਦਾ ਅਸ਼ਟਾਮ ਬਣੇਗਾ ।

PAPERS LAID ON THE TABLE

Minister for Parliamentary Affairs (Shri Madan Mohan Mittal) : Sir, I beg to lay on the Table : -

1. The Statement showing the Reasons for delay in laying the Annual Accounts/Reports of the Punjab State Seeds Corporation Ltd. for the years 1991-92 to 1995-96.
2. The 11th Annual Report and Accounts of the Punjab Tourism Development Corporation Ltd. for the year 1989-90, alongwith Statement showing the Reasons for delay in laying the Reports/Accounts of the said Corporation for the years 1990-91 onwards, as required under section 619-A of the Companies Act, 1956.
3. The Annual Report of the Punjab Agricultural University, Ludhiana for the year 1991-92, alongwith Government's Comments thereon, as required under section 39 of the Haryana & Punjab Agricultural Universities Act, 1970.

RESUMPTION OF GENERAL DISCUSSIONS ON THE BUDGET ESTIMATES FOR THE YEAR 1997-98

Mr. Speaker : Now, the House will resume General Discussion on the Budget Estimates for the year 1997-98.

[Mr. Speaker]

When the House adjourned on Friday, the 13th June, 1997, Shri Swarna Ram Ji was on his legs. He may please resume his discussion.

ਚੌਧਰੀ ਸਵਰਨਾ ਰਾਮ (ਫਗਵਾੜਾ, ਐਸ.ਸੀ.) : ਸਪੀਕਰ ਸਾਹਿਬ, ਸ਼ੁੱਕਰਵਾਰ ਨੂੰ ਸਿਟਿੰਗ ਹੋਈ ਸੀ ਜਿਸ ਵਿਚ ਮੈਂ ਅਨੁਸੂਚਿਤ ਜਾਤੀਆਂ ਦੇ ਸਬੰਧ ਵਿਚ ਆਪਣਾ ਭਾਸ਼ਣ ਦੇ ਰਿਹਾ ਸੀ ਕਿ ਟਾਈਮ ਖਤਮ ਹੋ ਗਿਆ । ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਦੁਬਾਰਾ ਬੋਲਣ ਲਈ ਸਮਾਂ ਦਿੱਤਾ ਹੈ । ਮੈਂ ਜ਼ਿਕਰ ਕਰ ਰਿਹਾ ਸੀ ਕਿ ਇਹ ਪਹਿਲਾ ਮੌਕਾ ਹੈ ਪੰਜਾਬ ਦੇ ਅੰਦਰ ਜਦੋਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ ਵਾਸਤੇ ਕਿਸੇ ਸਰਕਾਰ ਨੇ ਬਜਟ ਦੇ ਅੰਦਰ ਇੰਨੀ ਵੱਡੀ ਰਕਮ ਨਿਸ਼ਚਿਤ ਕੀਤੀ ਹੈ । 1996-97 ਦੇ ਬਜਟ ਵਿਚ ਮੇਰੇ ਵਿਰੋਧੀ ਧਿਰ ਦੇ ਵੀਰਾਂ ਨੇ ਸਿਰਫ 39.70 ਕਰੋੜ ਰੁਪਏ ਦੀ ਰਾਸ਼ੀ ਨਿਰਧਾਰਤ ਕੀਤੀ ਸੀ ਲੇਕਿਨ ਅੱਜ ਸਾਡੀ ਸਰਕਾਰ ਨੇ ਤਿੰਨ ਗੁਣਾਂ ਵਧਾ ਕੇ 111.09 ਕਰੋੜ ਰੁਪਏ ਦੀ ਰਾਸ਼ੀ ਨਿਰਧਾਰਤ ਕੀਤੀ ਹੈ । ਇਹ ਕੋਈ ਛੋਟੀ ਰਕਮ ਨਹੀਂ ਹੈ ਜਿਹੜੀ ਗਰੀਬ ਲੋਕਾਂ, ਅਨੁਸੂਚਿਤ ਜਾਤੀਆਂ ਤੇ ਪਛੜੇ ਵਰਗਾਂ ਦੇ ਲੋਕਾਂ ਦੀ ਭਲਾਈ ਲਈ ਵੱਖ ਵੱਖ ਸਕੀਮਾਂ ਦੇ ਤਹਿਤ ਰੱਖੀ ਹੈ । ਇਸ ਪੱਖੋਂ ਮੈਂ ਸਰਕਾਰ ਨੂੰ ਵਧਾਈ ਦੇਣੀ ਚਾਹੁੰਦਾ ਹਾਂ । ਕਿਲਾ ਰਾਏਪੁਰ ਦੀ ਚੋਣ ਸਮੇਂ ਵਿਰੋਧੀ ਧਿਰ ਵਲੋਂ ਇਹ ਆਮ ਵਾਵੇਲਾ ਉਠਾਇਆ ਗਿਆ ਸੀ ਕਿ ਸਰਕਾਰ ਨੇ ਗਰੀਬ ਲੋਕਾਂ ਨੂੰ ਕੁਝ ਨਹੀਂ ਦਿੱਤਾ ਅਤੇ ਜੋ ਕੁਝ ਦਿੱਤਾ ਹੈ ਉਹ ਇਕ **ਵਰਗ ਨੂੰ ਹੀ ਦਿੱਤਾ ਹੈ । ਸਾਰੇ ਵਿਰੋਧੀਧਿਰ ਦੀਆਂ ਇਹ ਦਲੀਲਾਂ ਬੇ-ਮਾਅਨੇ ਅਤੇ ਨਾ ਵਾਜਬ ਸਨ । ਪਹਿਲੀ ਗੱਲ ਤਾਂ ਇਹ ਸੀ ਕਿ ਕਿਲਾ ਰਾਏਪੁਰ ਦੀ ਚੋਣ ਸਰਕਾਰ ਵਲੋਂ ਆਪਣੀ 100 ਦਿਨ ਦੀ ਕਾਰਗੁਜ਼ਾਰੀ ਦੇ ਉਤੇ ਲੜੀ ਗਈ ਸੀ ਜਿਸ ਦੇ ਫਲਸਰੂਪ ਲੋਕਾਂ ਵਲੋਂ ਫਤਵਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਪਾਰਟੀ ਵਲੋਂ ਜਿਹੜਾ ਕੈਂਡੀਡੇਟ ਖੜ੍ਹਾ ਕੀਤਾ ਗਿਆ, ਨੂੰ ਦਿਤਾ ਗਿਆ । ਦੂਸਰਾ ਇਨ੍ਹਾਂ ਭਰਾਵਾਂ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਪੰਜਾਬ ਦੀਆਂ ਤਿੰਨ ਵੰਨਗੀਆਂ ਹਨ ਜਿਨ੍ਹਾਂ ਵਿਚ ਮਾਲਵਾ, ਮਾਝਾ ਅਤੇ ਦੁਆਬਾ ਹਨ ਜਿਹੜੀਆਂ ਗੱਲਾਂ ਇਨ੍ਹਾਂ ਨੇ ਕਹੀਆਂ ਹਨ ਮੈਂ ਉਨ੍ਹਾਂ ਦਾ ਜਵਾਬ ਦੇਣਾ ਚਾਹੁੰਦਾ ਹਾਂ । ਜਵਾਬ ਨਹੀਂ ਦੇਣਾ ਚਾਹੁੰਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ । ਇਨ੍ਹਾਂ ਨੇ ਇਹ ਗੱਲਾਂ ਨਾ-ਵਾਜਬ ਕਹੀਆਂ ਹਨ । ਬਾਦਲ ਸਰਕਾਰ ਨੇ ਆਪਣੇ ਬੱਜਟ ਵਿਚ ਕਿਸਾਨਾਂ ਨੂੰ, ਚਾਹੇ ਉਹ ਬੈਕਵਰਡ ਕਲਾਸ ਨੂੰ ਬਿਲਾਂਗ ਕਰਦੇ ਹਨ, ਸਵਰਨ ਹਿੰਦੂ ਹਨ ਜਾਂ ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਦੇ ਹਨ, ਉਨ੍ਹਾਂ ਸਾਰਿਆਂ ਨੂੰ ਇਕੋ ਜਿੰਨੀ ਰਿਆਇਤ ਦਿੱਤੀ ਗਈ ਹੈ । ਇਹ ਕਹਿੰਦੇ ਹਨ (ਆਪੋਜੀਸ਼ਨ ਵੱਲ ਇਸ਼ਾਰਾ) ਕਿ ਇਕ **ਵਰਗ ਕਿਸਾਨਾਂ ਨੂੰ ਹੀ ਰਿਆਇਤ ਦਿੱਤੀ ਗਈ ਹੈ ਜਦ ਕਿ ਬਾਦਲ ਸਰਕਾਰ ਨੇ ਇਹ ਰਿਆਇਤ ਪੰਜਾਬ ਦੇ ਹਰੇਕ ਕਿਸਾਨ ਨੂੰ ਦਿੱਤੀ ਹੈ । ਇਨ੍ਹਾਂ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਸਟੇਜਾਂ ਤੇ ਜਾ ਕੇ ਸਰਕਾਰ ਦੇ ਖਿਲਾਫ ਵਾਵੇਲੇ ਕੀਤੇ ਹਨ । ਮਾਲਵੇ ਦੇ ਪਿੰਡਾਂ ਅੰਦਰ ਦੇਖ ਲਓ । ਉਥੇ 40 ਕਿਲੋਮੀਟਰ ਦੇ ਘੇਰੇ ਵਿਚ ਅਨੁਸੂਚਿਤ ਜਾਤੀਆਂ ਦੇ ਲੋਕ ਬੈਠੇ ਹਨ । ਉਨ੍ਹਾਂ ਦੀਆਂ ਆਪਣੀਆਂ ਜ਼ਮੀਨਾਂ ਹਨ ਅਤੇ ਉਥੇ ਉਨ੍ਹਾਂ ਨੇ 4-4, 5-5, ਟਿਊਬਵੈਲ ਲਗਾਏ ਹੋਏ ਹਨ । ਇਸ ਸਕੀਮ ਦਾ ਫਾਇਦਾ ਅੱਜ ਸਿਰਫ

**As ordered by the Chair.

ਇਕ **ਵਰਗ ਕਿਸਾਨਾਂ ਨੂੰ ਹੀ ਨਹੀਂ ਮਿਲਿਆ ਬਲਕਿ ਕਾਨੂੰਨ ਦੇ ਮੁਤਾਬਿਕ ਜੋ ਖੇਤੀਬਾੜੀ ਕਰਦਾ ਹੈ ਉਨ੍ਹਾਂ ਨੂੰ ਇਸ ਸਕੀਮ ਦਾ ਫਾਇਦਾ ਮਿਲਿਆ ਹੈ। ਗੁਰਦਾਸਪੁਰ ਦੇ ਇਲਾਕੇ ਵਿਚ ਦੇਖ ਲਓ। ਨਰੋਟ ਜੈਮਲ ਸਿੰਘ, ਦੀਨਾ ਨਗਰ ਆਦਿ ਇਲਾਕਿਆਂ ਵਿਚ ਅਤੇ ਰਾਵੀ ਦਰਿਆ ਲਾਗੇ ਜੋ ਅਨੁਸੂਚਿਤ ਜਾਤੀਆਂ ਵਸੀਆਂ ਹੋਈਆਂ ਹਨ, ਉਨ੍ਹਾਂ ਨੂੰ ਦੇਖ ਲਓ। ਇਨ੍ਹਾਂ ਲੋਕਾਂ ਦੇ ਪਿੰਡਾਂ ਦੇ ਪਿੰਡ ਹਨ ਆਪਣੀਆਂ ਜ਼ਮੀਨਾਂ ਦੇ ਅਤੇ ਆਪਣੀਆਂ ਪੰਚਾਇਤਾਂ ਹਨ। ਉਨ੍ਹਾਂ ਨੂੰ ਵੀ ਫਾਇਦਾ ਮਿਲੇਗਾ। ਮੇਰ ਵੀਰਾਂ ਨੇ ਇੰਨਾ ਵਾਵੇਲਾ ਖੜ੍ਹਾ ਕੀਤਾ ਹੈ। ਇਹ ਸਿਰਫ ਇਕ **ਵਰਗ ਕਿਸਾਨਾਂ ਨੂੰ ਹੀ ਨਹੀਂ ਫਾਇਦਾ ਮਿਲਣਾ। ਇਹ ਸਾਰਿਆਂ ਦਾ ਫਾਇਦਾ ਚਾਹੁੰਣ ਵਾਲੀ ਸਰਕਾਰ ਹੈ।

ਸਰਦਾਰ ਅਵਤਾਰ ਸਿੰਘ ਬਰਾੜ: ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ। ਮੈਂ ਆਨਰੇਬਲ ਮੈਂਬਰ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਇਹ ਗੱਲ ਕਿਸ ਵਿਅਕਤੀ ਨੇ ਕਹੀ ਹੈ ਕਿ ਇਕ **ਵਰਗ ਕਿਸਾਨਾਂ ਨੂੰ ਫਾਇਦਾ ਦਿੱਤਾ ਜਾ ਰਿਹਾ ਹੈ। ਇਸ ਤਰ੍ਹਾਂ ਦੀਆਂ ਨਿਰੋਲ ਝੂਠੀਆਂ ਗੱਲਾਂ ਇਸ ਪਵਿੱਤਰ ਸਦਨ ਵਿਚ ਨਹੀਂ ਕਰਨੀਆਂ ਚਾਹੀਦੀਆਂ। ਇਹ ਚੰਗੀ ਗੱਲ ਨਹੀਂ।

ਚੌਧਰੀ ਸਵਰਨਾ ਰਾਮ: ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਗਰੀਬ ਲੋਕਾਂ ਨੂੰ ਪਠਾਨਕੋਟ ਦੇ ਇਲਾਕੇ ਵਿਚ, ਗੜ੍ਹਦੀਵਾਲਾ, ਹੁਸ਼ਿਆਰਪੁਰ, ਬਲਾਚੌਰ ਦੇ ਇਲਾਕਿਆਂ ਵਿਚ (ਵਿਘਨ)

ਸਰਦਾਰ ਅਵਤਾਰ ਸਿੰਘ ਬਰਾੜ: ਇਹ ਸ਼ਬਦ ਐਕਸਪੰਜ ਕਰਾਓ ਜਾਂ ਫਿਰ ਇਹ ਕਲੈਰੀਫਿਕੇਸ਼ਨ ਦੇਣ। ਸਪੀਕਰ ਸਾਹਿਬ, ਤੁਸੀਂ ਸਰਬਸੰਮਤੀ ਨਾਲ ਚੁਣੇ ਗਏ ਹੋ।

ਸ੍ਰੀ ਸਪੀਕਰ: ਸਵਰਨਾ ਰਾਮ ਜੀ, ਤੁਸੀਂ ਬੈਠ ਜਾਓ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ: ਸਪੀਕਰ ਸਾਹਿਬ, ਬਰਾੜ ਸਾਹਿਬ ਨੇ ਪੁੱਛਿਆ ਹੈ ਕਿ ਇਹ ਕਿਸ ਨੇ ਕਿਹਾ ਹੈ ਅਤੇ ਕਿੱਥੇ ਕਿਹਾ ਹੈ। ਮੈਂ ਦੱਸ ਦਿੰਦਾ ਹਾਂ ਕਿ ਇਹ ਕਾਂਗਰਸੀਆਂ ਨੇ ਕਿਲਾ ਰਾਏਪੁਰ ਵਿਚ ਕਿਹਾ ਹੈ। ਢੋਲ ਵਜਾ ਕੇ ਕਿਹਾ ਹੈ, ਸਪੀਕਰ ਤੇ ਕਿਹਾ ਹੈ, ਘਰ-ਘਰ ਜਾ ਕੇ ਕਿਹਾ ਹੈ, ਗਰੀਬਾਂ ਦੇ ਮੁਹੱਲਿਆਂ ਵਿਚ ਜਾ ਕੇ ਕਿਹਾ ਹੈ। ਪਰ ਫਿਰ ਵੀ ਉਹ ਇਨ੍ਹਾਂ ਦੀਆਂ ਗੱਲਾਂ ਵਿਚ ਨਾ ਆਏ ਅਤੇ ਹੁਣ ਆਹ 10-10 ਹਜ਼ਾਰ ਵੋਟਾਂ ਤੇ ਹਾਰ ਕੇ ਬੈਠੇ ਹਨ। (ਹਾਸਾ)

ਸ੍ਰੀ ਸਪੀਕਰ: ਸ਼ਬਦ ** ਦੀ ਥਾਂ ਤੇ ਇਕ ਵਰਗ ਕਰ ਦਿੱਤਾ ਜਾਵੇ।

ਚੌਧਰੀ ਸਵਰਨਾ ਰਾਮ: ਸਪੀਕਰ ਸਾਹਿਬ, ਮੈਂ ਦਰਿਆ ਸਤਲੁਜ ਦੇ ਕਿਨਾਰੇ ਤੇ ਜਿੰਨੇ ਲੋਕ ਵਸਦੇ ਹਨ ਉਨ੍ਹਾਂ ਬਾਰੇ ਵੀ ਦੱਸਣਾ ਚਾਹੁੰਦਾ ਹਾਂ। ਇਨ੍ਹਾਂ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਜੋ ਵਾਵੇਲਾ ਖੜ੍ਹਾ ਕੀਤਾ ਇਹ ਠੀਕ ਨਹੀਂ। ਇਨ੍ਹਾਂ ਦੀਆਂ ਗੱਲਾਂ ਬੇ-ਬੁਨਿਆਦ ਸਨ। ਬਾਦਲ ਸਰਕਾਰ ਨੇ ਫੈਸਲਾ ਕੀਤਾ ਜਿੰਨੇ ਅਨੁਸੂਚਿਤ ਜਾਤੀ ਦੇ ਲੋਕ ਹਨ, ਜਦੋਂ 1991 ਵਿਚ ਗਿਰਦਾਵਰੀ ਹੋਈ ਉਦੋਂ ਨਜਾਇਜ਼ ਤੌਰ ਤੇ ਜੋ ਲੋਕ ਜ਼ਮੀਨ ਤੇ

**As ordered by the Chair.

[ਚੌਧਰੀ ਸਵਰਨਾ ਰਾਮ]

ਕਾਬਜ਼ ਸਨ, ਉਨ੍ਹਾਂ ਨੂੰ ਮਾਲਕੀ ਹਕੂਕ ਦਿੱਤੇ ਜਾਣਗੇ । ਇਸ ਫੈਸਲੇ ਨਾਲ ਲੱਖਾਂ ਲੋਕਾਂ ਦਾ ਫਾਇਦਾ ਹੋਵੇਗਾ । ਪੰਜਾਬ ਦੇ ਅੰਦਰ ਆਪੋਜੀਸ਼ਨ ਵਲੋਂ ਇਹ ਧਾਰਨਾ ਬਣਾਈ ਜਾ ਰਹੀ ਹੈ ਕਿ ਇਹ ਇਕ ਵਰਗ ** ਦੀ ਸਰਕਾਰ ਹੈ । ਇਹ ਧਾਰਨਾ ਗਲਤ ਸਾਬਤ ਹੋਵੇਗੀ ਔਰ ਇਹ ਅਵਾਮੀ ਸਰਕਾਰ ਹੈ ਅਤੇ ਹਰ ਵਰਗ ਦੀ ਚੁਣੀ ਹੋਈ ਇਹ ਸਰਕਾਰ ਹੈ । ਸਰਕਾਰ ਨੇ ਫੈਸਲਾ ਕੀਤਾ ਹੈ ਕਿ 46,434 ਏਕੜ ਨਿਕਾਸੀ ਜ਼ਮੀਨ ਅਤੇ 30 ਹਜ਼ਾਰ ਏਕੜ ਇਨਫੀਰੀਅਰ ਲੈਂਡ ਨੂੰ ਗਰੀਬ ਲੋਕਾਂ ਦੇ ਵਿਚ ਵੰਡਿਆ ਜਾਵੇਗਾ ਔਰ 7 ਹਜ਼ਾਰ ਰੁਪਏ ਵਿਚ ਜਨਰਲ ਕੈਟੇਗਰੀ ਦੇ ਲੋਕਾਂ ਨੂੰ ਔਰ 6 ਹਜ਼ਾਰ ਰੁਪਏ ਦੇ ਵਿਚ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਅਲਾਟ ਕੀਤੀ ਜਾਵੇਗੀ । ਆਖਿਰ ਵਿਚ ਮੈਂ ਸਪੀਚ ਖਤਮ ਕਰਨ ਤੋਂ ਪਹਿਲਾਂ ਦਸਣਾ ਚਾਹੁੰਦਾ ਹਾਂ ਕਿ ਬੱਜਟ ਵਿਚ ਕਿਹਾ ਗਿਆ ਹੈ ਕਿ ਜਿਨ੍ਹਾਂ ਲੋਕਾਂ ਦੇ ਘਰਾਂ ਦੇ ਵਿਚ 2 ਡੀਕੇਡ ਤੋਂ ਹਨੇਰੇ ਵਾਲਾ ਮਾਹੌਲ ਬਣਿਆ ਹੋਇਆ ਸੀ ਅਤੇ ਉਨ੍ਹਾਂ ਦੇ ਆਂਸੂ ਵੀ ਸੁੱਕ ਗਏ ਸਨ ਉਨ੍ਹਾਂ ਦੇ ਚਿਹਰਿਆਂ ਉਤੇ ਰੌਣਕ ਲਿਆਂਦੀ ਜਾਵੇਗੀ । ਇਸ ਹਾਊਸ ਦੇ ਵਿਚ ਅਤੇ ਬਾਹਰ ਵਿਰੋਧੀ ਧਿਰ ਦੇ ਨੇਤਾ ਮਿਸਿਜ਼ ਭੱਠਲ ਨੇ ਬਿਆਨ ਦਿੱਤਾ ਸੀ ਕਿ ਅਗਰ ਬਾਦਲ ਸਾਹਿਬ ਨੇ ਆਪਣੀਆਂ ਨੀਤੀਆਂ ਨਾ ਬਦਲੀਆਂ ਤਾਂ ਪੰਜਾਬ ਦੀ ਪੁਲਿਸ ਬਗਾਵਤ ਕਰ ਦੇਵੇਗੀ ਅਤੇ ਅੱਤਵਾਦ ਫਿਰ ਪੈਦਾ ਹੋ ਜਾਵੇਗਾ । ਇਕ ਜ਼ਿੰਮੇਵਾਰ ਲੀਡਰ ਵਲੋਂ ਇਸ ਤਰ੍ਹਾਂ ਦਾ ਭੜਕਾਊ ਬਿਆਨ ਨਹੀਂ ਆਉਣਾ ਚਾਹੀਦਾ ਸੀ ਜਿਸ ਦੇ ਨਾਲ ਅੱਤਵਾਦ ਨੂੰ ਹਵਾ ਮਿਲੇ ਔਰ ਪੁਲਿਸ ਵਲੋਂ ਬਗਾਵਤ ਦੀ ਗੱਲ ਕੀਤੀ ਗਈ ਹੈ । ਇਸ ਤਰੀਕੇ ਨਾਲ ਬਿਆਨ ਦੇ ਕੇ ਉਨ੍ਹਾਂ ਨੇ ਸਿਆਸੀ ਰੋਟੀਆਂ ਸੇਕਣ ਵਾਲੀ ਗੱਲ ਕੀਤੀ ਹੈ ਅਤੇ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਵਾਲੀ ਗੱਲ ਕੀਤੀ ਗਈ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਲੀਡਰ ਆਫ ਦੀ ਆਪੋਜ਼ੀਸ਼ਨ ਦੇ ਬਿਆਨ ਬਾਰੇ ਗੱਲ ਕੀਤੀ ਹੈ ਕਿ ਉਨ੍ਹਾਂ ਨੇ ਪੁਲਿਸ ਬਾਰੇ ਬਗਾਵਤ ਦੀ ਗੱਲ ਕੀਤੀ ਹੈ । ਉਨ੍ਹਾਂ ਨੇ ਬੜਾ ਸਪਸ਼ਟ ਕੀਤਾ ਹੈ ਕਿ ਉਨ੍ਹਾਂ ਨੇ ਸਰਕਾਰ ਨੂੰ ਵਾਰਨਿੰਗ ਦਿੱਤੀ ਹੈ ਅਤੇ ਚੌਕੰਨਾ ਕੀਤਾ ਹੈ । ਉਨ੍ਹਾਂ ਨੇ ਬਗਾਵਤ ਵਾਲੀ ਕੋਈ ਗੱਲ ਨਹੀਂ ਕੀਤੀ ਹੈ ।

ਸ਼੍ਰੀ ਸਪੀਕਰ : ਚੌਧਰੀ ਸਵਰਨਾ ਰਾਮ ਜੀ, ਤੁਸੀਂ ਹੁਣ ਵਾਈਂਡ ਅੱਪ ਕਰ ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਭੈਣ ਭੱਠਲ ਨੇ ਅੱਜ ਵੀ ਅਖਬਾਰਾਂ ਦੇ ਵਿਚ ਬਿਆਨ ਦਿੱਤਾ ਹੈ ਜਿਹੜਾ ਕਿ ਕਾਫੀ ਭੜਕੀਲਾ ਬਿਆਨ ਹੈ, ਜਿਹੜਾ ਨਹੀਂ ਦੇਣਾ ਚਾਹੀਦਾ ਸੀ । ਇਹ ਪੰਜਾਬ ਦੇ ਅਮਨ ਵਾਲੇ ਮਾਹੌਲ ਨੂੰ ਅੱਗ ਲਗਾਉਣ ਵਾਲੀ ਗੱਲ ਕੀਤੀ ਗਈ ਹੈ ਅਤੇ ਇਹ ਸਾਰਾ ਕੁਝ ਅੱਜ ਦੇ ਅਖਬਾਰਾਂ ਦੇ ਵਿਚ ਆਇਆ ਹੈ ਔਰ ਕਿਹਾ ਹੈ ਕਿ ਸਰਦਾਰ ਬਾਦਲ ਨੇ ਜਿਹੜੇ ਲੋਕਾਂ ਦੇ ਨਾਲ ਵਾਅਦੇ ਕੀਤੇ ਸਨ ਉਹ ਪੂਰੇ ਨਹੀਂ ਕੀਤੇ ਔਰ ਜਿਹੜੇ ਸਾਡੀ ਪਿਛਲੀ ਸਰਕਾਰ ਨੇ ਫੈਸਲੇ ਕੀਤੇ ਸਨ ਉਨ੍ਹਾਂ ਨੂੰ ਵੀ ਇਸ ਬਾਦਲ ਸਰਕਾਰ ਨੇ ਰੱਦ ਕਰ ਦਿੱਤਾ ਹੈ । ਜਿਹੜੇ ਕਾਂਗਰਸੀ ਮਨਿਸਟਰ ਬਦਲੀਆਂ ਕਰਨ ਲਈ ਪੈਸੇ ਲੈਂਦੇ ਸਨ ਉਹ ਪੈਸੇ ਲੈਣੇ ਬੰਦ ਕਰ ਦਿੱਤੇ ਹਨ । ਇਨ੍ਹਾਂ ਦੇ ਇਸ ਤਰ੍ਹਾਂ ਦੇ ਫੈਸਲੇ ਰੱਦ ਕੀਤੇ ਹਨ । ਜਿਹੜੀਆਂ ਪੈਸੇ ਦੀਆਂ ਥੈਲੀਆਂ ਇਨ੍ਹਾਂ

**As ordered by the Chair.

ਮਨਿਸਟਰਾਂ ਦੀਆਂ ਕੋਠੀਆਂ ਦੇ ਵਿਚ ਪਹੁੰਚਦੀਆਂ ਸਨ, ਉਹ ਬਾਦਲ ਸਾਹਿਬ ਨੇ ਬੰਦ ਕਰ ਦਿੱਤੀਆਂ ਹਨ । ਜਿਹੜੇ ਪਹਿਲਾਂ ਲੋਕ ਹਰਿਦੁਆਰ ਤੋਂ ਚਾਹੇ ਬੱਸ ਆਵੇ, ਚਾਹੇ ਉਹ ਬਸ ਦਿੱਲੀ ਤੋਂ ਆਵੇ, ਇਨ੍ਹਾਂ ਨੂੰ ਆਪਣੇ ਕੰਮਾਂ ਲਈ ਪੈਸੇ ਦੀਆਂ ਥੈਲੀਆਂ ਕੋਠੀਆਂ ਦੇ ਵਿਚ ਭੇਟ ਕਰਦੇ ਸਨ ਤਦ ਕੰਮ ਹੁੰਦੇ ਸਨ, ਉਹ ਅਸੀਂ ਬੰਦ ਕਰ ਦਿੱਤੇ ਹਨ । ਇਹ ਗੱਲ ਅਸੀ ਬੜੀ ਦਲੇਰੀ ਦੇ ਨਾਲ ਕਹਿੰਦੇ ਹਾਂ ਕਿ ਅਸੀਂ ਇਨ੍ਹਾਂ ਦੇ ਇਹ ਫੈਸਲੇ ਥੈਲੀਆਂ ਲੈਣ ਵਾਲੇ ਰੱਦ ਕਰ ਦਿੱਤੇ ਹਨ । ਇਸ ਵਿਚ ਕੋਈ ਸ਼ੱਕ ਨਹੀਂ ਹੈ ।

ਚੌਧਰੀ ਸਵਰਨਾ ਰਾਮ : ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਪੰਜਾਬ ਦੀ ਆਪੋਜ਼ੀਸ਼ਨ ਲੀਡਰ ਸ਼੍ਰੀਮਤੀ ਭੱਠਲ ਨੇ ਪੰਜਾਬ ਵਿਚ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ । ਇਹ ਉਨ੍ਹਾਂ ਦਾ ਸਿਆਸੀ ਮਕਸਦ ਸੀ । ਉਨ੍ਹਾਂ ਨੇ ਕਿਹਾ ਕਿ ਸਰਦਾਰ ਅਜੀਤ ਸਿੰਘ ਸੰਧੂ ਦੀ ਮਾਂ ਨੇ ਕਿਹਾ ਹੈ ਕਿ ਹਿੰਦੂ ਜਿਉਂਦੇ ਰਹਿਣ । ਭੱਠਲ ਨੇ ਪੰਜਾਬ ਦੇ ਮਾਹੌਲ ਨੂੰ ਵਿਗਾੜਨ ਦਾ ਯਤਨ ਕੀਤਾ । ਹਿੰਦੂ-ਸਿੱਖ ਵਿਚ ਪਾੜਾ ਪਾਉਣ ਦਾ ਯਤਨ ਕੀਤਾ । ਸਪੀਕਰ ਸਾਹਿਬ, ਹਾਊਸ ਦੇ ਅੰਦਰ ਮੇਰਾ ਨਿਵੇਦਨ ਹੈ ਕਿ ਭੱਠਲ ਦੀਆਂ ਬੇਤੁਕੀਆਂ ਗੱਲਾਂ ਨੇ ਪੰਜਾਬ ਵਿਚ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ ਹੈ । ਜੇਕਰ ਭੱਠਲ ਤੇ ਐਕਸ਼ਨ ਨਾ ਹੋਵੇ ਤਾਂ ਇਹ ਖਤਰੇ ਤੋਂ ਖਾਲੀ ਨਹੀਂ । ਉਨ੍ਹਾਂ ਨੇ ਪੰਜਾਬ ਦੀ ਪੁਲਿਸ ਨੂੰ ਬਗਾਵਤ ਲਈ ਉਕਸਾਇਆ ਹੈ । ਇਸ ਲਈ ਕਾਨੂੰਨ ਅਨੁਸਾਰ ਉਨ੍ਹਾਂ ਤੇ ਐਕਸ਼ਨ ਜ਼ਰੂਰ ਲੈਣਾ ਚਾਹੀਦਾ ਹੈ । ਕਾਨੂੰਨ ਦੇ ਸ਼ਿਕੰਜੇ ਵਿਚ ਉਸ ਨੂੰ ਕਸਿਆ ਜਾਣਾ ਚਾਹੀਦਾ ਹੈ । ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਬ ਨੂੰ ਉਨ੍ਹਾਂ ਤੇ ਫੌਰਨ ਕਾਰਵਾਈ ਕਰਨੀ ਚਾਹੀਦੀ ਹੈ । ਪਿਛਲਾ ਕਾਂਗਰਸ ਦਾ ਇਤਿਹਾਸ ਹੈ ਕਿ ਉਹ ਪੰਜਾਬ ਦੇ ਲੋਕਾਂ ਨੂੰ ਚੀਚੀ ਤੇ ਨਚਾਉਣਾ ਚਾਹੁੰਦੀ ਹੈ ਤਾਂ ਕਿ ਪੰਜਾਬ ਦੇ ਲੋਕ ਉਨ੍ਹਾਂ ਦੇ ਮਗਰ ਲਗਣ । ਕਾਂਗਰਸੀਆਂ ਦੀ ਪਾਲਿਸੀ ਹੈ ਕਿ ਪੰਜਾਬੀਆਂ ਨੂੰ ਆਪਸ ਵਿਚ ਲੜਾ ਕੇ ਰੱਖਿਆ ਜਾਵੇ ਤਾਂ ਕਿ ਲੋਕ ਭੈਅ ਮਹਿਸੂਸ ਕਰਨ ਅਤੇ ਕਾਂਗਰਸ ਦੇ ਪਿਛੇ ਲਗਣ । ਹੁਣ ਇਹ ਫਾਰਮੂਲਾ ਨਾਕਾਮਯਾਬ ਹੋ ਗਿਆ ਹੈ । ਹਰੇ ਭਰੇ ਅਤੇ ਖੁਸ਼ਹਾਲ ਪੰਜਾਬ ਨੂੰ ਜੋ ਕਿ ਅੱਜ ਸ਼ਾਂਤੀ ਨਾਲ ਤਰੱਕ ਕਰ ਰਿਹਾ ਹੈ ਪਰ ਕਾਂਗਰਸ ਵਾਲੇ ਅੱਗ ਲਗਾਉਣਾ ਬੰਦ ਕਰਨ । ਉਹ ਪੰਜਾਬ ਦੀ ਪੁਲਿਸ ਵਿਚ ਬਗਾਵਤ ਲਿਆਉਣਾ ਚਾਹੁੰਦੇ ਹਨ ਤਾਂ ਕਿ ਪੰਜਾਬ ਦਾ ਅਮਨ ਭੰਗ ਹੋਵੇ । ਇਹੋ ਜਿਹੇ ਭਾਸ਼ਣ ਆਪੋਜ਼ੀਸ਼ਨ ਦੀ ਲੀਡਰ ਨੂੰ ਦੇਣੇ ਬੰਦ ਕਰਨੇ ਚਾਹੀਦੇ ਹਨ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਦੇ ਲੋਕਾਂ ਨੂੰ ਕਹਾਂਗਾ ਕਿ ਉਹ ਸੁਚੇਤ ਰਹਿਣ । ਕਾਂਗਰਸ ਵਾਲੇ ਬਗੈਰ ਕੁਰਸੀ ਤੋਂ ਜਿੰਦਾ ਨਹੀਂ ਰਹਿ ਸਕਦੇ । ਮੈਂ ਸਵਰਗੀ ਮੁੱਖ ਮੰਤਰੀ ਬਾਰੇ ਕਹਿਣਾ ਚਾਹੁੰਦਾ ਹਾਂ । (ਵਿਘਨ) ਸਪੀਕਰ ਸਾਹਿਬ, ਸਚਾਈ ਸੁਣਨੀ ਬੜੀ ਹੀ ਮੁਸ਼ਕਲ ਹੁੰਦੀ ਹੈ । ਕਾਂਗਰਸੀ ਗੁਰਮਰਯਾਦਾ ਦੇ ਮੁਤਾਬਿਕ ਨਹੀਂ ਚਲਦੇ । ਗੁਰਬਾਣੀ ਦੇ ਮੁਤਾਬਿਕ ਨਹੀਂ ਚਲਦੇ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਗੁਰਮਰਯਾਦਾ ਵੀ ਕੋਈ ਚੀਜ਼ ਹੁੰਦੀ ਹੈ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਚੌਧਰੀ ਸਵਰਨਾ ਰਾਮ ਜੀ ਨੂੰ ਬਜਟ ਤੇ ਬੋਲਣਾ ਚਾਹੀਦਾ ਹੈ । ਕੋਈ ਬਜਟ ਤੇ ਇੰਪਰੂਵ-

[ਸ਼੍ਰੀ ਰਮੇਸ਼ ਚੰਦਰ ਡੋਗਰਾ]
ਮੈਂਟ ਦੀ ਗੱਲ ਕਰਨੀ ਚਾਹੀਦੀ ਹੈ। ਪੰਜਾਬ ਦੇ ਲੋਕਾਂ ਦੇ ਭਲੇ ਦੀ ਗੱਲ ਕਰਨੀ ਚਾਹੀਦੀ ਹੈ। ਇਨ੍ਹਾਂ ਨੂੰ ਕਾਂਗਰਸ ਦਾ ਫੋਬੀਆ ਹੋ ਗਿਆ ਹੈ ਇਸ ਲਈ, ਸਪੀਕਰ ਸਾਹਿਬ, ਇਨ੍ਹਾਂ ਦਾ ਕੋਈ ਇਲਾਜ ਕਰਾਓ।

ਸ੍ਰੀ ਸਪੀਕਰ : ਚੌਧਰੀ ਸਵਰਨਾ ਰਾਮ ਜੀ, ਹੁਣ ਖਤਮ ਕਰੋ।

ਚੌਧਰੀ ਸਵਰਨਾ ਰਾਮ : ਸਪੀਕਰ ਸਾਹਿਬ, ਮੈਂ ਬਜਟ ਦੇ ਪੈਰਾ ਨੰ: 4 ਵਿਚ ਜੋ ਗੱਲਾਂ ਕਹੀਆਂ ਗਈਆਂ ਹਨ ਉਸ ਦੇ ਮੁਤੱਲਿਕ ਹੀ ਬੋਲਦਾ ਹਾਂ। ਕਾਂਗਰਸੀਆਂ ਨੂੰ ਗੁਰਬਾਣੀ ਦਾ ਆਦਰ ਨਹੀਂ! ਇਨ੍ਹਾਂ ਨੂੰ ਧਰਮ ਦਾ ਕੋਈ ਆਦਰ ਨਹੀਂ। ਸਪੀਕਰ ਸਾਹਿਬ, ਜਦੋਂ ਕੋਈ ਆਦਮੀ ਮਰ ਜਾਂਦਾ ਹੈ ਤਾਂ ਉਸ ਬੰਦੇ ਨੂੰ ਸਿਵਿਆਂ ਵਿਚ ਲਿਜਾਕੇ ਅੱਗ ਲਗਾਉਂਦੇ ਹਨ। ਬੰਦੇ ਦਾ ਦਾਹ-ਸੰਸਕਾਰ ਕਰਨ ਤੋਂ ਬਾਅਦ ਉਸ ਦੀ ਸਵਾਹ ਕੀਰਤਪੁਰ ਲਿਜਾਕੇ ਦਰਿਆ ਵਿਚ ਪਾਉਂਦੇ ਹਨ। ਸਹਿਜ ਪਾਠ ਰੱਖਿਆ ਜਾਂਦਾ ਹੈ ਤੇ ਭੋਗ ਪਾਇਆ ਜਾਂਦਾ ਹੈ ਤਾਂ ਕਿ ਕੋਈ ਕ੍ਰਮ ਕਾਂਡ ਰਹਿ ਨਾ ਜਾਵੇ। ਮੈਨੂੰ ਸਪੀਕਰ ਸਾਹਿਬ, ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਸਵਰਗੀ ਮੁੱਖ ਮੰਤਰੀ ਦਾ ਭੋਗ ਪੈ ਜਾਣ ਤੋਂ ਬਾਅਦ 17ਵੇਂ ਦਿਨ ਘੜੇ ਇਕੱਠੇ ਕੀਤੇ ਅਤੇ ਉਨ੍ਹਾਂ ਵਿਚ ** ਅਤੇ ਉਪਰ ਲਾਲ ਕਪੜਾ ਲਾਇਆ ਅਤੇ ਕਹਿੰਦੇ ਰਹੇ ਕਿ ਸਾਨੂੰ ਵੋਟਾਂ ਨਹੀਂ ਮਿਲੀਆਂ। (ਵਿਘਨ) (ਸ਼ੋਰ) ਪਤਾ ਨਹੀਂ ਇਨ੍ਹਾਂ ਨੇ ਕਿਹੜੀ ** ਪੰਜਾਬ ਵਿਚ ਜਦੋਂ ਚੋਣਾਂ ਹੋਈਆਂ। (ਵਿਘਨ)

ਸ੍ਰੀ ਸਪੀਕਰ : ** ਲਫਜ਼ ਐਕਸਪੰਜ ਕਰ ਦਿੱਤਾ ਜਾਵੇ।

ਚੌਧਰੀ ਜਗਜੀਤ ਸਿੰਘ : ਇਹ ਕਹਿੰਦੇ ਹਨ ਕਿ ਮਰਯਾਦਾ ਕੋਈ ਨਹੀਂ ਰੱਖੀ। ਮਰਯਾਦਾ ਇਹ ਨਹੀਂ ਰੱਖਦੇ। ਸਪੀਕਰ ਸਾਹਿਬ. ਇਹ ** ਲਫਜ਼ ਕਿੰਨੀ ਕੁ ਮਰਯਾਦਾ ਵਾਲੇ ਹਨ ?

ਸ੍ਰੀ ਸਪੀਕਰ : ਮੈਂ ਇਹ ਪਹਿਲਾਂ ਹੀ ਐਕਸਪੰਜ ਕਰਾ ਦਿਤਾ ਹੈ।

ਚੌਧਰੀ ਸਵਰਨਾ ਰਾਮ : ਅੱਤਵਾਦ ਵਾਸਤੇ ਇਹ ਜ਼ਿੰਮੇਂਵਾਰ ਹਨ। ਇਨ੍ਹਾਂ ਨੇ ਪੰਜਾਬ ਦੀ ਅਮਨ ਅਤੇ ਸ਼ਾਂਤੀ ਨੂੰ ਭੰਗ ਕਰਨ ਦਾ ਯਤਨ ਕੀਤਾ ਹੈ। 1991 ਦੀਆਂ ਜਦੋਂ ਚੋਣਾਂ ਹੋਈਆਂ (ਵਿਘਨ)

Mr. Speaker : Chaudhary Sahib, sit down, I have to make an announcement.

The next meeting of the Business Advisory Committee will be held on Monday, the 16th June, 1997, at 4-30 P. M. in my Chamber to transact the following business :

1. Further consideration of programme of the Assembly.
2. Any other business with the premission of the Chair.

** Expunged as ordered by the Chair

These are the members:

1. Shri Madan Mohan Mittal, Minister for Parliamentary Affairs.
2. Captain Kanwaljit Singh, Minister for Finance.
3. Smt. Rajinder Kaur Bhattal.
4. Comrade Hardev Arshi.
5. Sardar Ravi Inder Singh.

Special Invitees :

1. Sardar Sujan Singh.
2. Bibi Jagir Kaur
3. Chaudhary Jagjit Singh.
4. Shri Shingara Ram Sahungara.
5. Raja Narinder Singh.

ਇਹ ਕ੍ਰਿਪਾ ਕਰਕੇ 4-30 ਵਜੇ ਸ਼ਾਮ ਨੂੰ ਮੇਰੇ ਚੈਂਬਰ ਵਿਚ ਆਉਣ ਦੀ ਖੇਚਲ ਕਰਨ। ਹੁਣ ਕਾਮਰੇਡ ਹਰਦੇਵ ਅਰਸ਼ੀ ਜੀ।

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) : ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਤੁਹਾਡਾ ਕਿ ਤੁਸੀਂ ਮੈਨੂੰ 1997-98 ਦਾ ਬਜਟ ਜੋ ਸਤਿਕਾਰਯੋਗ ਵਿੱਤ ਮੰਤਰੀ ਜੀ ਨੇ ਹਾਊਸ ਵਿਚ ਰੱਖਿਆ ਹੈ, ਉਸਦੇ ਬਾਰੇ ਜੋ ਸਾਡੀ ਪਾਰਟੀ ਦਾ ਦ੍ਰਿਸ਼ਟੀਕੋਣ ਹੈ ਉਸ ਐਂਗਲ ਤੋਂ ਸਮੁਚੇ ਪੰਜਾਬ ਦੇ ਇੰਟਰੈਸਟ ਨੂੰ ਦੇਖਦੇ ਹੋਏ ਆਪਣੀ ਰਾਏ ਅਤੇ ਉਸਾਰੂ ਨੁਕਤਾਚੀਨੀ ਕਰਨ ਦਾ ਜੋ ਮੇਰਾ ਹੱਕ ਹੈ, ਮੈਂ ਉਸਾਰੂ ਸ਼ਬਦ ਵਰਤ ਰਿਹਾ ਹਾਂ, ਉਹ ਆਪਣਾ ਹੱਕ ਵਰਤਣ ਦਾ ਮੈਨੂੰ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਇਕ ਗੱਲ ਜ਼ਰੂਰ ਮੈਂ ਇਥੇ ਅਫਸੋਸ ਨਾਲ ਕਹਿਣਾ ਚਾਹੁੰਦਾ ਹਾਂ ਕਿਉਂਕਿ ਸ਼ਾਇਦ ਇਹ ਪਹਿਲੀ ਵਾਰ ਹੈ, ਮੈਂ ਪਿਛਲੀ ਵਿਧਾਨ ਸਭਾ ਵਿਚ ਵੀ ਮੈਂਬਰ ਰਿਹਾ ਹਾਂ ਅਤੇ ਉਦੋਂ ਵੀ ਮੇਰੇ ਹੁੰਦਿਆਂ ਹੋਇਆਂ ਪੰਜ ਬਜਟ ਇਥੇ ਲੇਅ ਹੋਏ ਹਨ, ਇਹ ਵੀ ਨਹੀਂ ਅਸੀਂ ਕਹਿ ਸਕਦੇ ਕਿ ਸਮਾਂ ਘੱਟ ਮਿਲਿਆ ਹੈ, ਪਿਛਲੀ ਵਾਰੀ ਹਾਊਸ ਨੇ ਵੋਟ-ਆਨ-ਅਕਾਊਂਟ 3 ਮਹੀਨੇ ਦੇ ਸਮੇਂ ਲਈ ਇਸੇ ਕਰਕੇ ਪਾਸ ਕੀਤਾ ਸੀ ਕਿ ਸਰਕਾਰ ਨਵੀਂ ਆਈ ਹੈ, ਉਸਨੇ ਆਪਣੀਆਂ ਪ੍ਰਾਇਰਟੀਜ਼ ਫਿਕਸ ਕਰਨੀਆਂ ਹੋਣੀਆਂ ਹਨ, ਰਿਸੋਰਸਿਜ਼ ਲੱਭਣੇ ਹੋਣੇ ਹਨ ਅਤੇ ਇਸ ਸਮੇਂ ਦੌਰਾਨ ਸਰਕਾਰ ਆਪਣੀ ਪੂਰੀ ਕਾਰਵਾਈ ਕਰਕੇ ਬਜਟ ਪੇਸ਼ ਕਰ ਸਕੇਗੀ। ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਫਸਟ ਟਾਈਮ ਹੈ ਕਿ ਜੋ ਪੂਰੇ ਬਜਟ ਲਈ ਮੈਟੀਰੀਅਲ ਦੀ ਜੋ ਰਿਕੁਆਇਰਮੈਂਟ ਹੈ, ਉਹ ਇਸ ਬਜਟ ਵਿਚ ਨਹੀਂ ਪੂਰੀ ਕੀਤੀ ਗਈ। ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਪਤਾ ਨਹੀਂ ਇਸ ਬਜਟ ਦੀ ਕਿਸ ਤਰ੍ਹਾਂ ਸਟੱਡੀ ਕੀਤੀ ਹੋਵੇਗੀ, ਅਸੀਂ ਤਾਂ ਅੰਦਾਜ਼ੇ ਨਾਲ ਇਧਰੋਂ ਉਧਰੋਂ ਲੱਭ ਕੇ

[ਕਾਮਰੇਡ ਹਰਦੇਵ ਅਰਸ਼ੀ]

ਲਿਆਂਦੀ ਹੈ । ਉਸ ਮੁਤਾਬਿਕ ਪਤਾ ਲਗਦਾ ਹੈ ਕਿ ਜੋ ਐਕਸਪੈਂਡੀਚਰ ਪਲਾਨ ਸਕੀਮ ਲਈ ਹੈ ਉਹ 2,100 ਕਰੋੜ ਰੁਪਏ ਬਜਟ ਵਿਚ ਰੱਖਿਆ ਹੈ ਜਿਸ ਸਬੰਧੀ ਕਿ ਮੈਮੋਰੰਡਾ ਹੋਣਾ ਚਾਹੀਦਾ ਸੀ ਜੋ ਕਿ ਇਸ ਬਜਟ ਵਿਚ ਨਹੀਂ ਹੈ । ਇਹ ਮੈਟੀਰੀਅਲ ਪ੍ਰੋਵਾਈਡ ਨਹੀਂ ਕੀਤਾ ਗਿਆ ਜੋ ਕਿ ਹਮੇਸ਼ਾ ਹੁੰਦਾ ਰਿਹਾ ਹੈ । ਇਸ ਤੋਂ ਬਿਨਾਂ ਅਸੀਂ ਇਹ ਨਹੀਂ ਜਾਣ ਸਕਦੇ ਅਤੇ ਜਸਟੀਫਾਈ ਨਹੀਂ ਕਰ ਸਕਦੇ ਕਿ ਕਿਸ ਹੈਡ ਵਿਚ ਇਹ ਪੈਸਾ ਦਿਤਾ ਜਾ ਰਿਹਾ ਹੈ । ਉਹ ਚੀਜ਼ ਦਾ ਪਰਪਜ਼ ਨਹੀਂ ਪਤਾ ਲਗ ਸਕਦਾ ਅਤੇ ਕੋਈ ਵਿਆਖਿਆ ਨਹੀਂ ਹੋ ਸਕਦੀ ।

ਇਕ ਮੇਰਾ ਇਤਰਾਜ਼ ਇਹ ਹੈ ਕਿ ਜਿਸ ਤਰ੍ਹਾਂ ਪਹਿਲੀ ਵਾਰੀ ਹੋਇਆ ਹੈ ਕਿ ਸੈਂਟਰਲੀ ਸਪਾਂਸਰਡ ਸਕੀਮਾਂ ਜਿੰਨੀਆਂ ਵੀ ਹਨ, ਉਹ ਵੀ ਇਸ ਦਾ ਪਾਰਟ ਹੁੰਦੀਆਂ ਹਨ ਪਰ ਇਹ ਵੀ ਬਜਟ ਵਿਚ ਸਾਡੀ ਜਾਣਕਾਰੀ ਲਈ ਨਹੀਂ ਹਨ । ਅਗੋਂ ਫਿਰ ਹੋਰ ਦੇਖਣ ਵਿਚ ਆਇਆ ਹੈ ਕਿ ਫਿਗਰਜ਼ ਵਿਚ ਵੀ ਡਿਫਰੈਂਸਿਜ਼ ਹਨ । ਮੈਂ ਐਫ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਚੀਜ਼ ਦੀ ਗਾਰੰਟੀ ਕੀਤੀ ਜਾਵੇ ਕਿ ਕਮ-ਅਜ਼-ਕਮ ਇਹ ਅਕਾਊਂਟਸ ਦਾ ਮਾਮਲਾ ਹੈ, ਇਸ ਦੇ ਫਿਗਰ ਵਰਕ ਵੱਲ ਵਿਸ਼ੇਸ਼ ਧਿਆਨ ਦਿਤਾ ਜਾਵੇ । ਮੇਰੇ ਕੋਲ ਐਗਜ਼ਾਂਪਲ ਦੇ ਤੌਰ ਤੇ ਹੈ ਜਿਵੇਂ ਇਕਨਾਮਿਕ ਸਰਵੇ 1996-97 ਦਾ ਹੈ, ਜਿਥੇ ਪਹਿਲੇ ਚੈਪਟਰ ਦੇ 1.6 ਟੋਟਲ ਪੈਰੇ ਹਨ । ਜੇ ਤੁਸੀਂ ਉਸਨੂੰ ਕੰਪੇਅਰ ਕਰ ਲਓ ਤਾਂ ਉਸ ਵਿਚ ਬਹੁਤ ਸਾਰੀਆਂ ਫਿਗਰਾਂ ਕੰਟਰਾਡਿਕਟਰੀ ਹਨ । 1994-95 ਦੀ ਪਰ-ਕੈਪੀਟਾ ਇਨਕਮ ਹੋਰ ਦਰਸਾਈ ਗਈ ਹੈ ਅਤੇ 1995-96 ਦੇ ਸਰਵੇਖਣ ਵਿਚ ਹੋਰ ਦਰਸਾਈ ਗਈ ਹੈ । ਇਹ ਬਜਟ ਪਰਾਪਰਲੀ ਅਤੇ ਪੂਰੀ ਤਿਆਰੀ ਨਾਲ ਪੇਸ਼ ਹੋਣਾ ਚਾਹੀਦਾ ਸੀ ਜੋ ਕਿ ਘੱਟੋ-ਘੱਟ ਫੈਕਟਸ ਦੇ ਆਧਾਰ ਤੇ ਹੁੰਦਾ ਅਤੇ ਅਸੀਂ ਕੋਈ ਗੱਲ ਕਰ ਸਕਦੇ । ਅਕਾਊਂਟਸ ਵਿਚ ਫੈਕਟਸ ਬਹੁਤ ਮਹੱਤਵ ਰੱਖਦੇ ਹਨ । ਜੇ ਫਿਗਰਜ਼ ਵਿਚ ਹੀ ਇਸ ਤਰ੍ਹਾਂ ਫਲੱਕਚੂਏਸ਼ਨ ਹੋ ਜਾਵੇ ਤਾਂ ਸਾਰਾ ਬਜਟ ਡਿਸਟਰਬ ਹੋ ਸਕਦਾ ਹੈ । ਫਿਰ ਦੂਸਰਾ, ਮੈਂ ਇਹ ਨਹੀਂ ਕਹਿੰਦਾ ਕਿ ਕਿਸੇ ਦੇ ਖਿਲਾਫ ਕੋਈ ਐਕਸ਼ਨ ਲੈਣਾ ਚਾਹੀਦਾ ਹੈ ਜੋ ਇੰਨੇ ਸਮੇਂ ਬਾਅਦ ਵੀ ਪੂਰੀ ਤਿਆਰੀ ਨਾਲ ਬਜਟ ਨਹੀਂ ਦੇ ਸਕੇ ।

ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਸਾਰਾ ਕੁਝ ਤਾਂ ਪੜ੍ਹਿਆ ਨਹੀਂ ਜਾ ਸਕਦਾ ਲੇਕਿਨ ਇਥੇ ਐਡੇ ਵੱਡੇ ਅੱਖਰਾਂ ਵਿਚ ਲਿਖਿਆ ਹੋਇਆ ਹੈ —ਐਨੂਅਲ ਪਲਾਨ ਫਾਰ 1995-96 ਐਂਡ ਇਟਸ ਫਾਈਨੈਂਸਿੰਗ ਪੈਟਰਨ । ਇਹ ਟੈਕਨੀਕਲੀ ਗਲਤ ਹੈ । ਇਹ ਪੂਰੀ ਤਰ੍ਹਾਂ ਨਾਲ ਨਹੀਂ, ਲਾਪਰਵਾਹੀ ਨਾਲ ਤਿਆਰ ਕੀਤਾ ਗਿਆ ਹੈ । 1995-96 ਪਾਇਆ ਗਿਆ ਹੈ ਜਦ ਕਿ ਇਹ 1997-98 ਪੈਣਾ ਚਾਹੀਦਾ ਸੀ । ਹੋ ਸਕਦਾ ਹੈ ਕਿ ਬਜਟ ਤਿਆਰ ਕਰਦੇ ਸਮੇਂ ਇਨ੍ਹਾਂ ਨੂੰ ਕੋਈ ਦਿੱਕਤ ਪੇਸ਼ ਆਈ ਹੋਵੇ । ਟਾਈਮ ਘੱਟ ਮਿਲਿਆ ਹੋਵੇ ਜਾਂ ਕੋਈ ਪ੍ਰੈਸ ਅਵੇਲੇਬਲ ਨਾ ਹੋਈ ਹੋਵੇ । ਸੋ, ਮੈਂ ਬੇਨਤੀ ਕਰਾਂਗਾ ਕਿ ਜਿਹੜਾ ਮੈਟੀਰੀਅਲ ਇਸ ਦੇ ਵਿਚੋਂ ਨਹੀਂ ਮਿਲ ਸਕਿਆ, ਉਹ ਜ਼ਰੂਰ ਸਾਰੇ ਮੈਂਬਰਾਂ ਨੂੰ ਦੇਣ ਦੀ ਖੇਚਲ ਕੀਤੀ ਜਾਵੇ ।

ਇਸ ਤੋਂ ਬਾਅਦ ਮੈਂ ਹੁਣ ਬਜਟ ਦੀ ਗੱਲ ਸ਼ੁਰੂ ਕਰਾਂਗਾ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਇਕ ਬੇਨਤੀ ਕਰਾਂਗਾ ਕਿ ਉਹ ਹਾਊਸ ਨੂੰ ਐਸ਼ਿਓਰ ਕਰੇ ਕਿ ਜਿੰਨਾ ਪੈਸਾ ਇਸ ਬਜਟ ਅੰਦਰ ਰੱਖਿਆ ਗਿਆ ਹੈ, ਉਸ ਤੇ ਕੋਈ ਕੱਟ ਨਹੀਂ ਲਾਈ ਜਾਵੇਗੀ । ਸਾਡਾ ਪਿਛਲਾ ਐਕਸਪੀਰੀਐਂਸ ਬਹੁਤ ਮਾੜਾ ਰਿਹਾ ਹੈ । ਪਿਛਲੇ ਪੰਜ ਸਾਲਾਂ ਵਿਚ ਜਿਹੜੇ ਬਜਟ ਪੇਸ਼ ਹੋਏ. ਉਨ੍ਹਾਂ ਤੇ ਹਮੇਸ਼ਾ ਕੱਟ ਲੱਗਦੀ ਰਹੀ ਹੈ । ਪਹਿਲਾਂ 1150 ਕਰੋੜ ਰੁਪਿਆ ਰੱਖਿਆ ਗਿਆ ਸੀ, ਉਸ ਤੇ 23% ਕੱਟ ਲੱਗ ਗਈ ਹੈ ਅਤੇ ਉਹ 885 ਕਰੋੜ ਰੁਪਿਆ ਰਹਿ ਗਿਆ । ਫਿਰ 1250 ਕਰੋੜ ਦਾ ਜਿਹੜਾ ਬਜਟ ਸੀ' ਉਸ ਤੇ 8.59% ਦੀ ਕੱਟ ਲੱਗੀ ਅਤੇ ਉਹ 1147 ਕਰੋੜ ਰੁਪਿਆ ਰਹਿ ਗਿਆ । ਉਸ ਤੋਂ ਬਾਅਦ 1450 ਕਰੋੜ ਰੁਪਏ ਦੇ ਬਜਟ ਤੇ 2.37% ਕੱਟ ਲੱਗੀ ਅਤੇ ਉਹ 1415 ਕਰੋੜ ਰੁਪਏ ਦਾ ਰਹਿ ਗਿਆ । ਪਿਛਲਾ ਬਜਟ ਜਿਹੜਾ 1850 ਕਰੋੜ ਰੁਪਏ ਦਾ ਸੀ' ਉਸ ਤੇ 8.3% ਕੱਟ ਲੱਗੀ ਅਤੇ ਉਹ 1697 ਕਰੋੜ ਰੁਪਏ ਦਾ ਰਹਿ ਗਿਆ । ਪਿਛਲਾ ਹਵਾਲਾ ਦੇਣ ਦਾ ਮੇਰਾ ਮਕਸਦ ਇਹ ਨਹੀਂ ਕਿ ਮੌਜੂਦਾ ਸਰਕਾਰ ਨੂੰ ਉਸ ਦੇ ਲਈ ਜ਼ਿੰਮੇਂਵਾਰ ਠਹਿਰਾਇਆ ਜਾਵੇ । ਇਸ ਸਰਕਾਰ ਦਾ ਬਜਟ ਤਾਂ ਹਾਲੇ ਅੱਗੇ ਆਉਣਾ ਹੈ । ਮੈਂ ਤਾਂ ਐਫ. ਐਮ. ਸਾਹਿਬ ਨੂੰ ਅਤੇ ਸੀ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਜਿਹੜਾ 2100 ਕਰੋੜ ਰੁਪਏ ਦਾ ਤੁਸੀਂ ਪਲਾਨ ਬਜਟ ਰੱਖਿਆ ਹੈ, ਇਸ ਤੇ ਪੂਰੀ ਤਰ੍ਹਾਂ ਨਾਲ ਪਹਿਰਾ ਦਿੱਤਾ ਜਾਵੇ ਅਤੇ ਇਸ ਤੇ ਕਿਸੇ ਵੀ ਤਰ੍ਹਾਂ ਦੀ ਕੋਈ ਕੱਟ ਨਹੀਂ ਲੱਗਣੀ ਚਾਹੀਦੀ ।

ਹੁਣ ਮੈਂ ਬਜਟ ਦੇ ਬਾਰੇ ਕੁਝ ਸ਼ਬਦ ਸ਼ੁਰੂ ਕਰਦਾ ਹਾਂ । ਇਹ ਜ਼ਿਆਦਤੀ ਹੋਵੇਗੀ ਜੇਕਰ ਆਪੋਜ਼ੀਸ਼ਨ ਦਾ ਰੋਲ ਉਸਾਰੂ ਨਾ ਹੋਵੇ । ਸਿਰਫ ਨੈਗੇਟਿਵ ਐਂਗਲ ਤੋਂ ਹੀ ਨਹੀਂ ਵੇਖਣਾ ਚਾਹੀਦਾ ਸਗੋਂ ਆਪੋਜ਼ੀਸ਼ਨ ਦੀ ਅਪਰੋਚ ਹੈਲਦੀ ਅਤੇ ਕੰਸਟਰੱਕਟਿਵ ਹੋਣੀ ਚਾਹੀਦੀ ਹੈ । ਇਸ ਬਜਟ ਵਿਚ ਕੁਝ ਗੱਲਾਂ ਵੈਲਕਮ ਕਰਨ ਵਾਲੀਆਂ ਹਨ । ਬਿਜਲੀ ਇਕ ਬੁਨਿਆਦੀ ਲੋੜ ਹੈ । ਇੰਡਸਟਰੀ ਵਾਸਤੇ ਅਤੇ ਐਗਰੀਕਲਚਰ ਵਾਸਤੇ ਇਸ ਦੀ ਬਹੁਤ ਜ਼ਰੂਰਤ ਹੈ । ਇਸ ਦੇ ਲਈ ਜਿਹੜਾ 784 ਕਰੋੜ ਰੁਪਿਆ ਰੱਖਿਆ ਗਿਆ ਹੈ, ਇਸ ਨੂੰ ਵੈਲਕਮ ਕੀਤਾ ਜਾਣਾ ਚਾਹੀਦਾ ਹੈ । ਸੜਕਾਂ ਤੇ ਆਵਾਜਾਈ ਵਧਣ ਕਰਕੇ ਬਹੁਤ ਹਾਦਸੇ ਹੁੰਦੇ ਹਨ । ਮੁੱਖ ਮਾਰਗਾਂ ਨੂੰ ਚੌੜਾ ਕਰਨ ਦਾ ਸਰਕਾਰ ਦਾ ਜੋ ਫ਼ੈਸਲਾ ਹੈ, ਉਸ ਦਾ ਵੀ ਸਵਾਗਤ ਕੀਤਾ ਜਾ ਸਕਦਾ ਹੈ । ਇਸੇ ਤਰ੍ਹਾਂ 12000 ਮਕਾਨ ਬਣਾਉਣ ਵਾਸਤੇ 60 ਕਰੋੜ ਰੁਪਿਆ ਰੱਖਿਆ ਹੈ, ਇਹ ਵੀ ਬਹੁਤ ਚੰਗੀ ਗੱਲ ਹੈ ਹਾਲਾਂ ਕਿ ਇਸ ਤੇ ਵੀ ਪ੍ਰਸ਼ਨ ਚਿੰਨ੍ਹ ਹੈ ਜਿਸ ਦਾ ਮੈਂ ਅੱਗੇ ਚੱਲ ਕੇ ਜ਼ਿਕਰ ਕਰਾਂਗਾ । ਪੰਜਾਬੀ ਸਾਹਿਤ ਅਤੇ ਖਾਸ ਕਰਕੇ ਪੇਂਡੂ ਖੇਤਰ ਵਾਸਤੇ ਸਾਹਿਤ ਲਈ ਜੋ ਪੈਸਾ ਰੱਖਿਆ ਗਿਆ ਹੈ, ਉਸ ਨੂੰ ਵੀ ਵੈਲਕਮ ਕੀਤਾ ਜਾ ਸਕਦਾ ਹੈ । ਗੈਰ-ਯੋਜਨਾ ਖਰਚ ਜੋ ਕਿ ਸਾਰੇ ਦੇਸ਼ ਵਿਚ ਇਕ ਬੜੀ ਸੀਰੀਅਸ ਗੱਲ ਹੈ ਅਤੇ ਜੋ ਸਾਰੀ ਡਿਵੈਲਪਮੈਂਟ ਨੂੰ ਖਾਈ ਜਾ ਰਿਹਾ ਹੈ, ਨੂੰ ਰਿਡਿਊਸ ਕਰਨ ਦਾ ਜੋ ਫੈਸਲਾ ਕੀਤਾ ਗਿਆ ਹੈ, ਇਹ ਵੀ ਇਕ ਚੰਗੀ ਗੱਲ ਹੈ ਅਤੇ ਇਸ ਦੇ ਉਤੇ ਪਹਿਰਾ ਦੇਣਾ ਚਾਹੀਦਾ ਹੈ । ਸ਼ਾਇਦ ਕੁਝ ਹੋਰ ਐਫਰਟਸ ਕਰਕੇ ਦੇਖ ਲੈਣ, ਇਸ ਨੂੰ ਹੋਰ ਵੀ ਘਟਾ ਸਕਦੇ ਹਨ । ਇਸ ਤਰ੍ਹਾਂ ਇਹ ਕੁਝ ਵੈਲਕਮ ਕਰਨ ਵਾਲੀਆਂ ਗੱਲਾਂ ਹਨ ।

[ਕਾਮਰੇਡ ਹਰਦੇਵ ਅਰਸ਼ੀ]

ਇਸੇ ਤਰ੍ਹਾਂ ਹੀ ਪੇ ਕਮਿਸ਼ਨ ਦੀ ਰਿਪੋਰਟ ਦੀ ਗੱਲ ਹੈ । ਇਸ ਦੇ ਵਾਸਤੇ ਸਰਕਾਰ ਨੇ 400 ਕਰੋੜ ਰੁਪਿਆ ਰੱਖਿਆ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਇਹ ਰਿਪੋਰਟ ਮਿਲੇ, ਉਸ ਦੀਆਂ ਰਿਕਮੈਂਡੇਸ਼ਨਜ਼ ਨੂੰ ਫੌਰੀ ਤੌਰ ਤੇ ਐਗਜ਼ਾਮਿਨ ਕਰਵਾ ਕੇ ਬਿਨਾ ਕਿਸੇ ਦੇਰੀ ਦੇ ਲਾਗੂ ਕਰਨਾ ਚਾਹੀਦਾ ਹੈ । ਆਮ ਤੌਰ ਤੇ ਹੁੰਦਾ ਇਹ ਹੈ ਕਿ ਕਮੇਟੀ ਵਗੈਰਾ ਬਿਠਾ ਕੇ ਇਸ ਨੂੰ ਡਿਲੇਅ ਕਰ ਦਿੱਤਾ ਜਾਂਦਾ ਹੈ । ਇਸ ਦੇ ਵਾਸਤੇ 400 ਕਰੋੜ ਰੁਪਿਆ ਸਰਕਾਰ ਦੇ ਕੋਲ ਰਿਜ਼ਰਵ ਹੈ । ਇਸ ਕਰਕੇ ਜਿਸ ਵੇਲੇ ਵੀ ਰਿਪੋਰਟ ਮਿਲੇ, ਇਹ ਪੈਸਾ ਮੁਲਾਜ਼ਮਾਂ ਨੂੰ ਫੌਰੀ ਤੌਰ ਤੇ ਦਿੱਤਾ ਜਾਣਾ ਚਾਹੀਦਾ ਹੈ ਅਤੇ ਇਸ ਪੈਸੇ ਨੂੰ ਹੋਰ ਕਿਸੇ ਪਾਸੇ ਡਾਈਵਰਟ ਨਹੀਂ ਕਰਨਾ ਚਾਹੀਦਾ । ਮੁਲਾਜ਼ਮਾਂ ਬਾਰੇ ਗੌਰਮਿੰਟ ਨੇ ਇਹ ਜੋ ਪੈਸਾ ਰੱਖਿਆ ਹੈ, ਇਸ ਨੂੰ ਵੀ ਵੈਲਕਮ ਕੀਤਾ ਜਾ ਸਕਦਾ ਹੈ । ਲੇਕਿਨ ਕੁਝ ਗੱਲਾਂ ਐਸੀਆਂ ਵੀ ਹਨ ਜਿਨ੍ਹਾਂ ਕਰਕੇ ਗੌਰਮਿੰਟ ਦੀ ਪਲਾਨ ਉਤੇ ਜਾਂ ਕਾਰਗੁਜ਼ਾਰੀ ਉਤੇ ਪ੍ਰਸ਼ਨ ਚਿੰਨ ਲੱਗਦਾ ਹੈ । ਸਭ ਤੋਂ ਪਹਿਲਾਂ ਮੈਂ ਐਫ. ਐਮ. ਸਾਹਿਬ ਦੀ ਬਜਟ ਸਪੀਚ ਦੇ ਪੈਰਾ, ਨੰ: 70 ਦਾ ਜ਼ਿਕਰ ਕਰਦਾ ਹਾਂ ਜੋ ਕਿ ਕਾਫੀ ਚਿੰਤਾ ਵਾਲਾ ਹੈ ਅਤੇ ਜਿਸ ਨਾਲ ਮੈਂ ਆਪਣੇ ਤੌਰ ਤੇ ਸਹਿਮਤ ਨਹੀਂ ਹਾਂ । ਉਸ ਦੇ ਵਿਚ ਜਿਸ ਗੱਲ ਦਾ ਜਿਕਰ ਕੀਤਾ ਗਿਆ ਹੈ, ਉਸ ਤੋਂ ਇੰਡੀਕੇਸ਼ਨ ਮਿਲਦੀ ਹੈ ਕਿ ਸਰਕਾਰ ਕਿਸ ਤਰ੍ਹਾਂ ਦੀ ਡਿਵੇਲਪਮੈਂਟ ਕਰਨਾ ਚਾਹੁੰਦੀ ਹੈ । ਇਹ ਪੈਰ੍ਹਾ ਇਸ ਤਰ੍ਹਾਂ ਹੈ :—

> "ਰਾਸ਼ਟਰੀ ਪੱਧਰ ਤੇ ਉਦਯੋਗ ਦੇ ਅਣ-ਨਿਯਮਤ ਉਦਾਰੀਕਰਨ ਦੀ ਨੀਤੀ ਦੇ ਅਨੁਰੂਪ ਪੰਜਾਬ ਸਰਕਾਰ ਨੇ ਉਦਯੋਗਿਕ ਮਦਦਗਾਰ ਅਤੇ ਉਤਸ਼ਾਹਕ ਦਾ ਰੋਲ ਅਪਣਾਇਆ ਹੈ, ਨਾ ਕਿ ਸਿੱਧੇ ਨਿਵੇਸ਼ਕਰਤਾ ਦਾ ਜਿਵੇਂ ਕਿ ਪਹਿਲਾਂ ਹੋਇਆ ਕਰਦਾ ਸੀ ।"

ਇਹ ਸਖਤ ਇਤਰਾਜ਼ ਵਾਲੀ ਗੱਲ ਹੈ । ਜੋ ਡਾਕਟਰ ਮਨਮੋਹਨ ਸਿੰਘ ਦੀਆਂ ਪਾਲਿਸੀਆਂ ਸਨ, ਮੈਂ ਉਨ੍ਹਾਂ ਦੇ ਨਾਲ ਬਿਲਕੁਲ ਸਹਿਮਤ ਨਹੀਂ । ਉਨ੍ਹਾਂ ਦੀਆਂ ਨੀਤੀਆਂ ਕਾਰਨ ਜੋ ਮੁਲਕ ਦਾ ਹਸ਼ਰ ਹੋਇਆ ਅਤੇ ਮੇਰੇ ਸਾਥੀ ਗੁੱਸਾ ਨਾ ਕਰਨ, ਜੋ ਇਨ੍ਹਾਂ ਦਾ ਵੀ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਹਸ਼ਰ ਹੋਇਆ, ਉਹ ਸਾਰਿਆਂ ਦੇ ਸਾਹਮਣੇ ਹੈ । ਘੱਟੋ ਘੱਟ ਤੁਸੀਂ ਜ਼ਰੂਰ ਕਿਰਪਾ ਕਰੋ ।

ਇਹ ਜਿਹੜਾ ਬਜਟ ਦਾ 70 ਨੰਬਰ ਪੈਰ੍ਹਾ ਹੈ ਇਸਦੇ ਵਿਚ ਇਸ ਤਰ੍ਹਾ ਦੀ ਇੰਡੀਕੇਸ਼ਨ ਹੈ । ਇਸ ਤੋਂ ਇਹ ਝਲਕ ਪੈਂਦੀ ਹੈ ਕਿਉਂਕਿ ਤੁਸੀਂ ਕਿਹਾ ਹੈ ਕਿ ਅਸੀਂ ਆਪਣੀ ਕੋਈ ਇਨਵੈਸਟਮੈਂਟ ਨਹੀਂ ਕਰਾਂਗੇ । ਕਿਉਂ ਜੀ, ਤੁਹਾਨੂੰ ਕੋਈ ਕਾਂਸਟੀਚਿਊਸ਼ਨਲ ਕਮਪਲਸਨ ਹੈ ਜਾਂ ਤੁਹਾਡੇ ਤੇ ਸੈਂਟਰ ਦਾ ਕੋਈ ਮੈਨਡੇਟ ਹੈ ਕਿ ਤੁਸੀਂ ਕੋਈ ਇਨਵੈਸਟਮੈਂਟ ਨਹੀਂ ਕਰੋਗੇ । ਜੇ ਤੁਸੀਂ ਪਹਿਲਾਂ ਹੀ ਇਹ ਮੰਨ ਜਾਣਾ ਹੈ ਕਿ ਤੁਹਾਡਾ ਪਬਲਿਕ ਸੈਕਟਰ ਹੈਲਦੀ ਨਹੀਂ ਉਹ ਐਡਵਾਂਸ ਨਹੀਂ ਕਰ ਸਕਦਾ ਫਿਰ ਤਾਂ ਉਹ ਗੱਲ ਹੋਈ ਕਿ ਜੇ ਮਰੀਜ਼ ਆਪਣੇ ਆਪ ਹੀ ਇਹ ਗੱਲ ਚੰਗੀ ਤਰ੍ਹਾਂ ਸਮਝ ਜਾਵੇ ਕਿ ਮੈਂ ਤਾਂ ਬਿਮਾਰ ਇਨਸਾਨ ਹਾਂ ਔਰ ਮੈਂ ਠੀਕ ਨਹੀਂ ਹੋ ਸਕਦਾ ਫਿਰ ਤਾਂ ਉਸ ਚੀਜ਼ ਦਾ ਕੋਈ

ਇਲਾਜ ਨਹੀਂ । ਜੇ ਤੁਹਾਡੇ ਵਿਚ ਕਾਂਨਫੀਡੈਂਸ ਹੋਵੇ ਕਿ ਸੇਮ ਨੇਚਰ ਦਾ ਕੋਈ ਪ੍ਰਾਈਵੇਟ ਅਦਾਰਾ ਬਹੁਤ ਅੱਛੀ ਪ੍ਰੋਡਕਸ਼ਨ ਦੇ ਸਕਦਾ ਹੈ ਤਾਂ ਫਿਰ ਗਰਾਸ ਰੂਟ ਤੇ ਜਾ ਕੇ ਉਸ ਦੇ ਕਾਰਨ ਲੱਭਣੇ ਚਾਹੀਦੇ ਹਨ ਕਿ ਪਬਲਿਕ ਸੈਕਟਰ ਘਾਟੇ ਵਿਚ ਕਿਉਂ ਜਾਂਦੇ ਹਨ । ਉਹਨਾਂ ਕਾਰਨਾਂ ਨੂੰ ਪਰਾਪਰਲੀ ਐਗਜ਼ਾਮਿਨ ਕਰੋ ਔਰ ਉਹਨਾਂ ਨੂੰ ਦੂਰ ਕਰਨ ਦੇ ਯਤਨ ਕਰਨੇ ਚਾਹੀਦੇ ਹਨ । ਇਹ ਵਰਲਡ ਦਾ ਐਕਸਪੀਰੀਐਂਸ ਹੈ । ਸਪੀਕਰ ਸਾਹਿਬ, ਮੇਰੇ ਕੋਲ ਸਮਾਂ ਨਹੀਂ । ਮੈਂ ਰੂਸ ਦੇ ਬਾਰੇ ਕਹਿ ਸਕਦਾ ਹਾਂ ਜਿੱਥੇ ਬਹੁਤ ਸਾਰੀਆਂ ਚੀਜ਼ਾਂ ਪਬਲਿਕ ਸੈਕਟਰ ਦੇ ਵਿਚ ਸੀ ਲੇਕਿਨ ਉਥੇ ਪ੍ਰਾਈਵੇਟਾਈਜੇਸ਼ਨ ਹੋਈ, ਕੈਪੀਟਲਿਜ਼ਮ ਮੁੜ ਕੇ ਆਇਆ ਔਰ ਉਨ੍ਹਾਂ ਦੀ ਜਿਹੜੀ ਗਰੋਥ ਰੇਟ ਹੈ, ਇਨਕਮ ਹੈ, ਉਹ ਡਾਊਨ ਚਲੀ ਗਈ । ਚਾਈਨਾ (ਚੀਨ) ਜਿਸ ਨੇ ਫਾਰਨ ਇਨਵੈਸਟਮੈਂਟ ਨੂੰ ਵੈਲਕਮ ਕੀਤਾ ਪਰੰਤੂ ਆਪਣੇ ਪਬਲਿਕ ਸੈਕਟਰ ਤੇ ਡੱਟ ਕੇ ਪਹਿਰਾ ਦਿੱਤਾ । ਹੁਣ ਉਹਨਾਂ ਦੀ ਜਿਹੜੀ ਪਰਕੈਪੀਟਾ ਇਨਕਮ ਹੈ ਉਹ ਲਗਾਤਾਰ ਵੱਧ ਰਹੀ ਹੈ । ਮੈਂ ਸਿਰਫ ਐਗਜ਼ਾਂਪਲ ਦੇ ਤੌਰ ਤੇ ਹੀ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦਾ ਕਲੀਅਰ ਕੱਟ ਡਿਸੀਜ਼ਨ ਲਉ । ਜੋ ਪਾਲਿਸੀ ਅੱਜ ਲਿਆਂਦੀ ਗਈ ਹੈ ਉਸ ਤੇ ਮੈਂ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਦੀ ਪਾਲਿਸੀ ਨੂੰ ਅਡਾਪਟ ਨਾ ਕਰੋ । ਇਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ, ਆਪਾਂ ਆਪਣੀ ਹਾਲਤ ਉਹੋ ਜਿਹੀ ਨਾ ਕਰੀਏ । ਅੱਗੇ ਬਈ ਤੁਹਾਡੀ ਮਰਜ਼ੀ ਹੈ ।

ਸਪੀਕਰ ਸਾਹਿਬ, ਇਹ ਠੀਕ ਹੈ ਕਿ ਸਟੇਟ ਦੀ ਫਾਇਨੈਂਸ਼ੀਅਲ ਹਾਲਤ ਬਹੁਤ ਸੀਰੀਅੱਸ ਹੈ । ਇਹ ਇਕੋ ਚੀਜ਼ ਤੋਂ ਵੇਖੀ ਜਾ ਸਕਦੀ ਹੈ ਕਿ ਜਿਹੜਾ ਟੋਟਲ ਬਜਟ ਹੈ ਉਸਦਾ 17.88% ਜਿਹੜਾ ਹੈ ਉਹ ਕੇਵਲ ਜੋ ਸਟੇਟ ਵੱਲ ਮੂਲ ਖੜ੍ਹਾ ਹੈ ਉਸਦੀ ਵਿਆਜ ਵਜੋਂ ਰਿਟਰਨ ਹੈ । ਮੈਂ ਇਹ ਸਿਰਫ ਤਾਂ ਜਿਕਰ ਕੀਤਾ ਹੈ ਕਿ ਜੋ 18 ਅਰਬ 28 ਕਰੋੜ ਰੁਪਿਆ ਹੈ ਉਸਦਾ 59 ਲੱਖ ਰੁਪਏ ਵਿਆਜ ਬਣ ਜਾਂਦਾ ਹੈ । ਮੇਰਾ ਇਹ ਕਹਿਣ ਤੋਂ ਭਾਵ ਹੈ ਕਿ ਅੱਜ ਇਹ ਕਿੰਨਾ ਗੰਭੀਰ ਮਾਮਲਾ ਹੈ । ਇਸ ਤੋਂ ਮੈਂ ਕਹਿ ਸਕਦਾ ਹਾਂ ਕਿ ਇਹ ਬਹੁਤ ਚਿੰਤਾ ਵਾਲੀ ਗੱਲ ਹੈ । ਇਹ ਸਰਕਾਰ ਵਾਸਤੇ ਵੀ ਬੜੀ ਚਿੰਤਾ ਵਾਲੀ ਗੱਲ ਹੈ ਕਿ ਚੰਗੇ ਸੋਰਸਿਜ਼ ਲੱਭੇ ਜਾਣ ਲੇਕਿਨ ਉਸਦੇ ਵਿੱਚ ਖਤਰਾ ਵੀ ਜ਼ਰੂਰ ਹੈ, ਕਿਉਂਕਿ ਪਿੱਛੇ ਸੈਂਟਰ ਨੇ ਸੁਣਿਆ ਹੈ ਕਿ ਕੋਈ ਕੰਡੀਸ਼ਨ ਲਗਾ ਦਿੱਤੀ ਹੈ ਕਿ ਆਪਣੇ ਸੋਰਸਿਜ਼ ਜ਼ਿਆਦਾ ਪੈਦਾ ਕਰੋ । ਤੁਸੀਂ 225 ਕਰੋੜ ਰੁਪਏ ਦੇ ਕੁਝ ਟੈਕਸ ਲਗਾਏ । ਇਸ ਦੇ ਵਿੱਚ ਕੁਝ ਠੀਕ ਹੋ ਸਕਦਾ ਹੈ, ਕੁਝ ਮੇਰੀ ਨਿਗਾਹ ਦੇ ਵਿਚ ਗਲਤ ਵੀ ਹੋ ਸਕਦਾ ਹੈ । 352 ਕਰੋੜ ਰੁਪਏ ਦਾ ਬਜਟ ਦੇ ਵਿੱਚ ਘਾਟਾ ਹੈ ਤੁਸੀਂ ਜਿਉਂ ਦਾ ਤਿਉਂ ਹੀ ਰੱਖ ਦਿੱਤਾ ਹੈ । ਜਿਸ ਦੇ ਵਾਸਤੇ ਇਹ ਖਤਰਾ ਹੈ ਕਿ ਆਉਣ ਵਾਲੇ ਸਮੇਂ ਵਿਚ ਟੈਕਸਾਂ ਦੀਆਂ ਜਿਹੜੀਆਂ ਦਰਾਂ ਹਨ ਉਸਦੇ ਵਿੱਚ ਤੁਸੀਂ ਵਾਧਾ ਕਰੋਗੇ । 468 ਕਰੋੜ ਰੁਪਏ ਬਾਰੇ ਤੁਸੀਂ ਕਿਹਾ ਹੈ ਕਿ ਅਸੀਂ ਆਪਣੇ ਸੋਰਸਿਜ਼ ਪੈਦਾ ਕਰਨੇ ਹਨ । ਇਹ ਕੁੱਲ ਮਿਲਾ ਕੇ ਖਤਰੇ ਦੀ ਘੰਟੀ ਹੈ । ਮੈਂ ਅਪੀਲ ਦੇ ਰੂਪ ਵਿੱਚ ਇਹ ਜ਼ਰੂਰ ਕਹਾਂਗਾ ਕਿ ਇਸ ਗੱਲ ਦਾ ਪੱਕੀ ਤਰ੍ਹਾਂ ਖਿਆਲ ਰੱਖਿਆ ਜਾਵੇ ਕਿ ਜਿਹੜੀ ਸਾਡੀ ਪਬਲਿਕ ਹੈ, ਜਿਹੜਾ ਜਨ ਸਾਧਾਰਨ ਹੈ, ਉਹਦੇ ਉਤੇ ਭਾਰ ਪਾਉਣ ਦੀ ਖੇਚਲ ਨਾ ਕੀਤੀ ਜਾਵੇ । ਇੰਡੀਕੇਸ਼ਨ ਹੈ ਕਿ ਜਿਹੜੀਆਂ ਸਾਡੀਆਂ ਆਮ ਸੇਵਾਵਾਂ ਹਨ, ਜਨਰਲ

[ਕਾਮਰੇਡ ਹਰਦੇਵ ਅਰਸ਼ੀ]

ਸੇਵਾਵਾਂ ਹਨ, ਉਨ੍ਹਾਂ ਤੋਂ 1996-97 ਵਿੱਚ 58.48 ਲੱਖ ਰੁਪਏ ਪ੍ਰਾਪਤ ਹੋਏ ਸਨ ਹੁਣ ਜਿਹੜਾ ਪਰਪੋਜ਼ ਕੀਤਾ ਹੈ ਉਹ ਹੈ 60.592 ਲੱਖ ਰੁਪਏ ਯਾਨੀ ਇਕ ਦਮ 7% ਦੀ ਇਨਕਰੀਜ਼ ਹੈ। ਮੈਂ ਤਾਂ ਇਹ ਸਮਝ ਨਹੀਂ ਸਕਿਆ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਇਸਦੇ ਵਿੱਚ ਹੋ ਸਕਦਾ ਹੈ ਕਿ ਸਰਕਾਰ ਕੋਲ ਕੁਝ ਹੋਰ ਵੀ ਜਾਣਕਾਰੀ ਹੋਵੇ ਲੇਕਿਨ ਮੇਰੇ ਕੋਲ ਕੋਈ ਜਾਣਕਾਰੀ ਨਹੀਂ ਲੇਕਿਨ ਇਸ ਦੇ ਵਿਚ ਵੀ ਬੜੀ ਡਰਾਉਣੀ ਪਿਕਚਰ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਟੇਟ ਵਿੱਚ ਲੋਕਾਂ ਉਤੇ ਕੋਈ ਜਿਆਦਾ ਭਾਰ ਪਾਉਣ ਦੀ ਖੇਚਲ ਕੀਤੀ ਜਾ ਸਕਦੀ ਹੈ ਔਰ ਜਿਹੜੇ ਟੈਕਸ ਲਗਾਏ ਹਨ ਉਨ੍ਹਾਂ ਵਿਚ ਕੁਝ ਟੈਕਸ ਠੀਕ ਹਨ। ਮਿਸਾਲ ਦੇ ਤੌਰ ਤੇ ਨਵੀਆਂ ਗੱਡੀਆਂ ਜਿਹੜੀਆਂ ਰਜਿਸਟਰਡ ਹੋਣਗੀਆਂ ਚਾਹੇ ਸਕੂਟਰ ਹੈ, ਪ੍ਰਾਈਵੇਟ ਗੱਡੀਆਂ ਹਨ ਉਹਨਾਂ ਦੀ ਜੋ ਕੀਮਤ ਹੈ ਉਹ ਆਪਣੀ ਅਸਲ ਕੀਮਤ ਦਾ 1% ਰੋਡ ਟੈਕਸ ਪੇ ਕਰਨਗੇ ਇਹ ਇਕ ਵੈਲਕਮ ਕਰਨ ਵਾਲੀ ਗੱਲ ਹੈ। ਇਹ ਠੀਕ ਹੈ ਕਿ ਮੈਂ ਕੈਲਕੁਲੇਟ ਵੀ ਕਰਕੇ ਦੇਖਿਆ ਹੈ ਕਿ ਇਸ ਨਵੀਂ ਸਕੀਮ ਦੇ ਤਹਿਤ ਇਹ ਤਕਰੀਬਨ ਉਨਾ ਹੀ ਹੋਵੇਗਾ ਸ਼ਾਇਦ ਉਸ ਤੋਂ ਵੀ ਕੁਝ ਘੱਟ ਦੇਣਾ ਪਵੇਗਾ ਇਹ ਠੀਕ ਹੈ ਕਿ ਇਸ ਵੇਲੇ ਪਤਾ ਨਹੀਂ ਕਿੰਨੀਆਂ ਕਿਸਮ ਦੀਆਂ ਗੱਡੀਆਂ ਤੇ ਦੋ ਨੰਬਰ ਦਾ ਪੈਸਾ ਲੋਕਾਂ ਕੋਲ ਹੈ। ਉਹ ਵੀ ਦੋ ਹਜ਼ਾਰ ਰੁਪਿਆ ਦੇਣ ਅਤੇ ਜਿਹੜਾ ਦੋ ਲੱਖ ਰੁਪਏ ਵਾਲਾ ਹੈ ਉਹ ਵੀ ਦੋ ਹਜ਼ਾਰ ਰੁਪਿਆ ਦੇਵੇ ਅਤੇ 15 ਲੱਖ ਰੁਪਏ ਵਾਲਾ ਵੀ 2 ਹਜ਼ਾਰ ਰੁਪਿਆ ਦੇਵੇ। 15 ਲੱਖ ਰੁਪਿਆ ਵਾਲਾ 15 ਹਜ਼ਾਰ ਕਿਉਂ ਨਾ ਦੇਵੇ। ਲੇਕਿਨ ਜਿਹੜੀਆਂ ਕਿਰਾਏ ਭਾੜੇ ਵਾਲੀਆਂ ਗੱਡੀਆਂ ਹਨ ਉਹਨਾਂ ਵਾਸਤੇ ਜਿਹੜਾ ਰੋਡ ਟੈਕਸ ਹੈ ਇਹ, ਸਪੀਕਰ ਸਾਹਿਬ, ਮੈਂ ਚਿਤਾਵਨੀ ਦੇ ਤੌਰ ਤੇ ਕਹਿ ਸਕਦਾ ਹਾਂ ਕਿ ਇਸਦਾ ਤਾਂ ਹੱਲ ਹੀ ਕੋਈ ਨਹੀਂ। ਪ੍ਰਾਈਵੇਟ ਬੱਸਾਂ ਵਾਲੇ ਤਾਂ ਤੁਹਾਡੇ ਨਾਲ ਲੜਨਗੇ, ਅਸੀਂ ਤੁਹਾਡੇ ਨਾਲ ਹੋਵਾਂਗੇ ਡੱਟ ਕੇ ਪ੍ਰਾਈਵੇਟ ਲਾਬੀ ਦੇ ਅੱਗੇ ਝੁਕਣਾ ਨਹੀਂ, ਉਹਨਾਂ ਦੇ ਕਹਿਣ ਤੇ ਉਨਾਂ ਨੂੰ ਕਿਰਾਏ ਨਾ ਵਧਾਉਣ ਦਿਉ। ਲੇਕਿਨ ਦੂਜੇ ਪਾਸੇ ਤੁਸੀਂ ਟਰੱਕਾਂ ਦਾ, ਟੈਕਸੀਆਂ ਦਾ ਜਿਹੜਾ ਰੋਡ ਟੈਕਸ ਵਧਾ ਦਿੱਤਾ ਹੈ ਉਹ ਕੁਦਰਤੀ ਤੋਰ ਤੇ ਜਿਹੜਾ ਹੋਲ ਸੇਲ ਦਾ ਵਪਾਰੀ ਹੈ ਉਹਦੇ ਮਾਲ ਭਾੜੇ ਵਿੱਚ ਵਾਧਾ ਹੋਵੇਗਾ ਔਰ ਇਸ ਤਰ੍ਹਾਂ ਮਾਲ ਭਾੜੇ ਦੀਆਂ ਦਰਾਂ ਵਿਚ ਵਾਧਾ ਹੋ ਜਾਣਾ ਹੈ। ਅਲਟੀਮੇਟਲੀ ਜਿਹੜਾ ਪਰਚੂਨ ਵਾਲਾ ਹੈ ਇਹ ਉਸਦੇ ਉਤੇ ਹੀ ਪੈਣਾ ਹੈ ਇਸ ਲਈ ਮੈਂ ਇਸ ਨਾਲ ਸਹਿਮਤ ਨਹੀਂ ਹੋ ਸਕਦਾ। ਮੇਰਾ ਇਸ ਨਾਲ ਐਗਰੀਮੈਂਟ ਨਹੀਂ। ਇਸ ਤੋਂ ਇਲਾਵਾ ਕੁਝ ਚੀਜ਼ਾਂ ਖਾਸ ਕਰਕੇ ਜਿਵੇਂ ਐਫੀਡੇਵਿਟ ਅਤੇ ਇੰਤਕਾਲ ਵਗੈਰਾ ਹਨ, ਇਸ ਦੇ ਵਿਚ ਵੀ ਸਰਕਾਰ ਨੇ ਕੁਝ ਨਵੀਆਂ ਚੀਜ਼ਾਂ ਤਜਵੀਜ਼ ਕੀਤੀਆਂ ਹਨ। ਮੈਂ ਸਮਝਦਾ ਹਾਂ ਕਿ ਇਸਦੇ ਨਾਲ ਵੀ ਪਬਲਿਕ ਤੇ ਹੀ ਜ਼ਿਆਦਾ ਬੋਝ ਪਵੇਗਾ। ਇਹ ਠੀਕ ਹੈ ਕਿ ਕੁਝ ਟਰੱਸਟ ਜਿਹੜੇ ਰਜਿਸਟਰਡ ਹੁੰਦੇ ਹਨ, ਉਨ੍ਹਾਂ ਦਾ ਬਿਜ਼ਨਸ ਵੀ ਚਲਦਾ ਹੈ, ਉਸ ਕੇਸ ਵਿੱਚ ਮੇਰੀ ਸਹਿਮਤੀ ਹੋ ਸਕਦੀ ਹੈ। ਲੇਕਿਨ ਬਹੁਤ ਸਾਰੀਆ ਚੀਜਾਂ ਹਨ ਜਿਨ੍ਹਾਂ ਨੂੰ ਮੈਂ ਮਹਿਸੂਸ ਕਰਦਾ ਹਾਂ ਕਿ ਐਗਜ਼ਾਮਿਨ ਕਰੋ, ਰੀਵਿਊ ਕਰ ਤਾਂ ਕਿ ਲੇ-ਮੈਨ ਤੇ ਇਹ ਬਰਡਨ ਨੂੰ ਘਟਾਇਆ ਜਾ ਸਕੇ ਔਰ ਜਿਹੜੇ ਲੋਕ ਭਾਰ ਝੱਲ ਸਕਦੇ ਹਨ ਉਨ੍ਹਾਂ ਤੇ ਬੇਸ਼ੱਕ ਹੋਰ ਭਾਰ ਪਾ ਦਿਉ, ਉਨ੍ਹਾਂ ਕੋਲ ਪੈਸੇ ਬਥੇਰੇ ਹਨ। ਸੋ, ਮੇਰੀ ਬੇਨਤੀ ਇਹ

ਹੈ ਕਿ ਇਹ ਠੀਕ ਹੈ ਕਿ ਗੱਡੀਆਂ ਦੇ ਛੋਟੇ ਨੰਬਰਾਂ ਵਾਸਤੇ ਫੀਸ ਰੱਖਕੇ ਚੰਗਾ ਕੰਮ ਕੀਤਾ ਹੈ । ਅੱਗੇ ਜਣਾ-ਖਣਾ ਹੀ ਵੀ. ਆਈ. ਪੀ. ਬਣਿਆ ਫਿਰਦਾ ਸੀ, ਭਾਵੇਂ ਗੱਡੀ ਵਿਚ ਅਫੀਮ ਹੀ ਰੱਖੀ ਹੋਵੇ । ਪਰ ਇਕ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਕਿਤੇ ਕੋਈ ਇਹ ਛੋਟੇ ਨੰਬਰ ਲੈਣ ਹੀ ਨਾ ਆਵੇ, ਚਲੋ ਖੈਰ, ਐਕਸਪੈਰੀਮੈਂਟ ਕਰ ਲੈਂਦੇ ਹਾਂ 2-4 ਮਹੀਨੇ, ਬਾਅਦ ਵਿਚ ਵੇਖ ਲਿਆ ਜਾਵੇਗਾ ।

ਸਪੀਕਰ ਸਾਹਿਬ, ਐਗਰੀਕਲਚਰਲ ਦੇ ਪਾਸੇ ਪੈਸਾ ਘਟਾਇਆ ਗਿਆ ਹੈ । ਇਹ 5.22 ਪ੍ਰਤੀਸ਼ਤ ਤੋਂ ਘਟਾ ਕੇ 3.53 ਪ੍ਰਤੀਸ਼ਤ ਕਰ ਦਿੱਤਾ ਹੈ । ਇਹ ਚਿੰਤਾ ਵਾਲਾ ਮਾਮਲਾ ਹੈ । ਇਹ ਇਕੱਲੇ ਐਗਰੀਕਲਚਰ ਦਾ ਹੈ । ਇਸ ਵਿਚ ਅਲਾਈਡ ਸਰਵਿਸਿਜ਼ ਨਹੀਂ ਹਨ । ਇਨ੍ਹਾਂ ਦਾ ਘਾਟਾ 22% ਹੈ । ਇਸ ਨੂੰ ਜ਼ਰੂਰ ਰਿਵਿਊ ਕਰਨਾ ਚਾਹੀਦਾ ਹੈ । ਜਿਹੜੀ ਸਭ ਤੋਂ ਚਿੰਤਾ ਵਾਲੀ ਗੱਲ ਹੈ, ਉਹ ਹੈ ਐਗਰੀਕਲਚਰ ਰਿਸਰਚ ਐਜੂਕੇਸ਼ਨ ਵਾਸਤੇ ਪੈਸਾ ਘਟਾਉਣਾ । ਮੈਨੂੰ ਇਸ ਗੱਲ ਦੀ ਸਮਝ ਨਹੀਂ ਆ ਸਕੀ । ਪੰਜਾਬ ਦੀ ਐਗਰੀਕਲਚਰ ਤਾਂ ਅੱਗੇ ਹੀ ਕਰਾਈਸਿਜ਼ ਵਿਚ ਹੈ । ਇਸ ਵਿਚ ਹੁਣ ਉਤਪਾਦਨ ਹੋਰ ਅੱਗੇ ਨਹੀਂ ਵਧ ਰਿਹਾ । ਇਸ ਲਈ ਐਗਰੀਕਲਚਰ ਦੀ ਰਿਸਰਚ ਐਜੂਕੇਸ਼ਨ ਵਾਸਤੇ ਧਿਆਨ ਕਰਨਾ ਬਹੁਤ ਜ਼ਰੂਰੀ ਹੈ । ਇਸ ਵਿਚ ਪੈਸਾ ਘੱਟ ਦੇਣ ਨਾਲ ਕਿਸਾਨਾਂ ਨੂੰ ਇਨਸਾਫ ਨਹੀਂ ਮਿਲ ਸਕੇਗਾ । ਜਿਹੜੇ ਤਾਂ ਅਮੀਰ ਕਿਸਾਨ ਹਨ ਉਹ ਤਾਂ ਆਪਣੀ ਮਨਮਰਜੀ ਦਾ ਸੀਡ, ਖਾਦਾਂ, ਮਸ਼ੀਨਰੀ ਆਦਿ ਕਿਤੋਂ ਵੀ ਲੈ ਸਕਦੇ ਹਨ । ਪਰ ਜਿਹੜੇ ਆਮ ਸਾਧਾਰਨ ਕਿਸਾਨ ਜਿਹੜੇ ਕਿ ਖੇਤੀਬਾੜੀ ਮਹਿਕਮੇ ਅਤੇ ਐਗਰੀਕਲਚਰ ਯੂਨੀਵਰਸਿਟੀ ਉਤੇ ਡਿਪੈਂਡ ਕਰਦੇ ਹਨ, ਉਥੇ ਹੀ ਜੇਕਰ ਰਿਸਰਚ ਬੰਦ ਕਰ ਦੇਈਏ ਤਾਂ ਇਹ ਠੀਕ ਨਹੀਂ ਹੋਵੇਗਾ । ਮੇਰੇ ਵਿਚਾਰ ਅਨੁਸਾਰ ਇਸ ਨੂੰ ਜ਼ਰੂਰ ਰਿਵਿਊ ਕਰਨਾ ਚਾਹੀਦਾ ਹੈ । ਐਗਰੀਕਲਚਰਲ ਯੂਨੀਵਰਸਿਟੀ ਦੇ ਬਾਰੇ ਮੈਂ ਪਹਿਲਾਂ ਵੀ ਹਾਊਸ ਅੰਦਰ ਬਹੁਤ ਗੱਲਾਂ ਕਹੀਆਂ ਸਨ ਤੇ ਸਾਰੇ ਮੇਰੇ ਗੱਲ ਪੈ ਗਏ ਸਨ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਅਤੇ ਸਬੰਧਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਥੇ ਬਹੁਤ ਸਾਰੀਆਂ ਗਲਤ ਗੱਲਾਂ ਹੋ ਰਹੀਆਂ ਹਨ । ਉਥੇ ਕੋਈ ਜ਼ਰੂਰ ਕਮੇਟੀ ਬਣਨੀ ਚਾਹੀਦੀ ਹੈ ਜਿਹੜੀ ਕਿ ਪਰਾਪਰ ਛਾਣਬੀਣ ਕਰੇ ਅਤੇ ਰਿਸਪਾਂਸੀਬਿਲਟੀ ਫਿਕਸ ਕਰ ਸਕੇ । ਇਸ ਵੱਲ ਜ਼ਰੂਰ ਧਿਆਨ ਦੇਣ ਦੀ ਖੇਚਲ ਕਰਨੀ ਚਾਹੀਦੀ ਹੈ ।

ਇਸੇ ਤਰ੍ਹਾਂ, ਇਹ ਠੀਕ ਹੈ ਕਿ ਅਸੀਂ ਅਜੇ ਵੀ ਖੇਤੀਬਾੜੀ ਦੇ ਉਤੇ ਹੀ ਜ਼ਿਆਦਾ ਨਿਰਭਰ ਹਾਂ । ਜਿਹੜੀਆਂ ਸਾਡੀਆਂ ਟਰੇਡੀਸ਼ਨਲ ਫਸਲਾਂ ਹਨ, ਉਨ੍ਹਾਂ ਵਿੱਚ ਹੁਣ ਹੋਰ ਅੱਗੇ ਵਧਣ ਦੀ ਸੰਭਾਵਨਾ ਘਟ ਗਈ ਹੈ ਅਤੇ ਇਕ ਕਿਸਮ ਦੀ ਖੜੋਤ ਆ ਗਈ ਹੈ । ਬਦਲਵੀਆਂ ਕਿਸਮਾਂ ਦੇ ਨਾਲ ਨਾਲ ਸਾਨੂੰ ਨੈਸ਼ਨਲ ਇੰਟਰੈਸਟ ਨੂੰ ਜ਼ਰੂਰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿਉਂਕਿ ਸਾਡੇ ਪੰਜਾਬ ਦਾ ਨੈਸ਼ਨਲ ਕਰੈਕਟਰ ਹੈ ਅਤੇ ਇਸ ਨੇ ਦੇਸ਼ ਦੇ ਅਨਾਜ ਭੰਡਾਰ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ । ਡਾਈਵਰਸੀਫਿਕੇਸ਼ਨ ਹੋਣੀ ਚਾਹੀਦੀ ਹੈ ਲੇਕਿਨ ਨੈਸ਼ਨਲ ਇੰਟਰੈਸਟ ਦਾ ਧਿਆਨ ਰੱਖਕੇ ਹੋਣੀ ਚਾਹੀਦੀ ਹੈ । ਡਾਈਵਰਸੀਫਿਕੇਸ਼ਨ ਵਿਚ ਕੇਵਲ ਗੰਨੇ ਦੀ ਹੀ ਮਿਸਾਲ ਦਿੱਤੀ ਜਾ ਸਕਦੀ ਹੈ । ਕਦੀ ਤਾਂ 128 ਹੈਕਟੇਅਰ ਵਿਚ ਗੰਨਾ ਬੀਜਿਆ ਗਿਆ, ਕਦੀ 71, ਫਿਰ 101, ਫਿਰ 77, ਫਿਰ

[ਕਾਮਰੇਡ ਹਰਦੇਵ ਅਰਸ਼ੀ]

80 ਤੋਂ ਕਦੀ 150 ਵਿਚ । ਕਦੀ ਸੋਚਿਆ ਹੈ ਕਿ ਇਤਨਾ ਵੱਡਾ ਫਰਕ ਕਿਉਂ ਪੈਂਦਾ ਹੈ । ਗੌਰਮਿੰਟ ਪਰਾਪਰ ਸਟੋਰੇਜ ਵੀ ਨਹੀਂ ਕਰ ਸਕੀ । ਆਲੂਆਂ ਦੀ ਸਟੋਰੇਜ ਨਹੀਂ ਹੋ ਸਕੀ, ਜਿਸ ਦਾ ਕਿਸਾਨਾਂ ਤੇ ਮਾੜਾ ਅਸਰ ਪਵੇਗਾ ਅਤੇ ਉਹ ਅਗਲੀ ਵਾਰ ਫਸਲ ਘੱਟ ਬੀਜਣਗੇ । ਮੇਰੀ ਬੇਨਤੀ ਹੈ ਕਿ ਸਰਕਾਰ ਖੇਤੀਬਾੜੀ ਵੱਲ ਆਪਣੀ ਜ਼ਿੰਮੇਵਾਰੀ ਜ਼ਰੂਰ ਨਿਭਾਵੇ ।

ਸਪੀਕਰ ਸਾਹਿਬ, ਅਗਲੀ ਗੱਲ ਮੈਂ ਸ਼ਡਿਊਲਡ ਕਾਸਟਾਂ ਦੇ ਬਾਰੇ ਕਹਿਣੀ ਚਾਹੁੰਦਾ ਹਾਂ । ਇਹ ਠੀਕ ਹੈ ਕਿ ਉਨ੍ਹਾਂ ਵਾਸਤੇ 60 ਕਰੋੜ ਰੁਪਏ ਅਤੇ 20 ਕਰੋੜ ਰੁਪਏ ਰੱਖੇ ਗਏ ਸਨ, ਇਹ ਗੱਲ ਠੀਕ ਹੈ । ਸ਼ਡਿਊਲਡ ਕਾਸਟ ਕਾਰਪੋਰੇਸ਼ਨ ਵਾਸਤੇ ਸ਼ੇਅਰ ਕੈਪੀਟਲ 30 ਕਰੋੜ ਰੁਪਏ ਤੋਂ ਵਧਾ ਕੇ 60 ਕਰੋੜ ਰੁਪਏ ਕਰ ਦਿੱਤੀ ਗਈ ਹੈ, ਇਹ ਵੀ ਚੰਗੀ ਗੱਲ ਕੀਤੀ ਗਈ ਹੈ । ਪਰ ਇਸ ਗੱਲ ਦਾ ਜ਼ਰੂਰ ਧਿਆਨ ਰੱਖਿਆ ਜਾਵੇ ਕਿ ਉਥੇ ** ** ਨਾ ਲਗਾਏ ਜਾਣ, ਜੋ ਕਿ ਸਾਰਾ ਕੁਝ ਹੀ ਖਾ ਗਏ, ਸਾਰਾ ਪੈਸਾ ਹੀ ਸਾਫ ਕਰ ਗਏ । ਇਸ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਉਥੇ ਅੱਛੇ ਤੇ ਈਮਾਨਦਾਰ ਅਫਸਰ ਲਗਾਏ ਜਾਣ ਤਾਂ ਕਿ ਜਿਹੜੇ ਸਹੀ ਅਰਥਾਂ ਵਿਚ ਬੈਨੀਫਿਸ਼ਰੀ ਹਨ ਉਨ੍ਹਾਂ ਨੂੰ ਸਹੀ ਲਾਭ ਪ੍ਰਾਪਤ ਹੋ ਸਕੇ ।

ਸ੍ਰੀ ਸਪੀਕਰ : ਜਿਹੜਾ ਨਾਂ ਲਿਆ ਗਿਆ ਹੈ ਇਹ ਐਕਸਪੰਜ ਕੀਤਾ ਜਾਂਦਾ ਹੈ ।

ਕਾਮਰੇਡ ਹਰਦੇਵ ਅਰਸ਼ੀ : ਇਸ ਦੇ ਨਾਲ ਹੀ ਮੈਂ ਕ੍ਰਿਟੀਸਿਜ਼ਮ ਵੀ ਕਰਾਂਗਾ ਇਸ ਗੱਲ ਦਾ ਕਿ ਧਰਮਸ਼ਾਲਾਵਾਂ ਲਈ 4.18 ਕਰੋੜ ਰੁਪਏ ਤੋਂ ਘਟਾ ਕੇ 1.20 ਕਰੋੜ ਰੁਪਿਆ ਕਰ ਦਿੱਤਾ ਗਿਆ ਹੈ । ਇਹ ਗੱਲ ਮੈਨੂੰ ਠੀਕ ਨਹੀਂ ਲੱਗੀ । ਲੇਕਿਨ ਚਿੰਤਾ ਇਸ ਗੱਲ ਦੀ ਵੀ ਹੈ ਕਿ ਪਿਛਲੀ ਵਾਰ ਬੱਜਟ ਵਿਚ ਇਸ ਹੈਡ ਥੱਲੇ 10.70 ਕਰੋੜ ਰੁਪਏ ਰੱਖੇ ਗਏ ਸੀ ਪਰ ਖਰਚ ਕੇਵਲ 4.86 ਕਰੋੜ ਰੁਪਏ ਹੀ ਹੋਏ ਸਨ । ਅਸੀਂ 6 ਕਰੋੜ ਰੁਪਿਆ ਖਰਚ ਹੀ ਨਹੀਂ ਕਰ ਸਕੇ । ਇਸ ਗੱਲ ਦੀ ਵੀ ਸਰਕਾਰ ਨੂੰ ਜ਼ਿੰਮੇਂਵਾਰੀ ਫਿਕਸ ਕਰਨੀ ਚਾਹੀਦੀ ਹੈ ਕਿ ਪੈਸਾ ਪੂਰਾ ਖਰਚਿਆ ਜਾਵੇ ਇਹ ਤਾਂ ਇਕ ਕੰਟੀਨਿਊਸ ਪ੍ਰੋਸੈਸ ਹੈ, ਚਾਹੇ ਕੋਈ ਵੀ ਸਰਕਾਰ ਹੋਵੇ, ਇੰਸਟੀਚਿਊਸ਼ਨਾਂ ਤਾਂ ਕਾਇਮ ਰਹਿੰਦੀਆਂ ਹਨ ਅਤੇ ਉਨ੍ਹਾਂ ਦੀਆਂ ਸਕੀਮਾਂ ਉਤੇ ਅਮਲ ਹੁੰਦਾ ਰਹਿਣਾ ਚਾਹੀਦਾ ਹੈ । ਅਸੀਂ ਇੰਸਟੀਚਿਊਸ਼ਨਾਂ ਨੂੰ ਡਿਸਟਰਾਏ ਤਾਂ ਨਹੀਂ ਕਰ ਸਕਦੇ । ਇਸ ਕਰਕੇ ਮੇਰੀ ਬੇਨਤੀ ਹੈ ਕਿ ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਘਰ ਬਣਾ ਕੇ ਦੇਣੇ ਹਨ ।

ਸ਼ਾਇਦ ਇਸਦੇ ਨਾਲ ਮੇਰਾ ਐਗਰੀਮੈਂਟ ਨਹੀਂ, ਮੈਂ ਸਹਿਮਤ ਨਹੀਂ ਹਾਂ । ਤੁਸੀਂ ਪੰਚਾਇਤਾਂ ਤੋਂ ਜ਼ਮੀਨ ਲੈ ਕੇ ਮਕਾਨ ਬਣਾਉਣੇ ਹਨ । ਇਸ ਸਬੰਧ ਵਿੱਚ ਮੇਰਾ ਇਤਰਾਜ਼ ਹੈ ਕਿ ਪਹਿਲਾਂ ਦੀ ਤਰ੍ਹਾਂ ਲੋਕਾਂ ਕੋਲ ਜ਼ਮੀਨ ਤਾਂ ਹੈ ਉਨ੍ਹਾਂ ਨੂੰ ਪੱਕੇ ਮਕਾਨ ਬਣਾਉਣ ਲਈ ਸਹਾਇਤਾ ਦਿਤੀ ਜਾਣੀ ਚਾਹੀਦੀ ਹੈ । ਤੁਸੀਂ ਜੋ ਪੰਚਾਇਤਾਂ ਤੋਂ ਜ਼ਮੀਨ ਲੈ ਕੇ ਮਕਾਨ ਬਣਾਕੇ ਦੇਣ ਬਾਰੇ ਕਿਹਾ ਹੈ ਇਸ ਵਿਚ ਕਾਫੀ ਮੁਸ਼ਕਲਾਂ ਪੇਸ਼ ਆਉਣਗੀਆਂ । ਪਹਿਲਾ ਤਾਂ

**Expunged as ordered by the Chair.

ਜ਼ਮੀਨ ਜੋ ਪੰਚਾਇਤ ਦੀ ਹੈ ਉਹ ਪਿੰਡ ਤੋਂ ਹੀ ਦੂਰ ਹੁੰਦੀ ਹੈ ਅਤੇ ਦੂਰ ਜ਼ਮੀਨ ਤੇ ਮਕਾਨ ਬਣਾ ਕੇ ਦੇਣੇ ਵਾਜ਼ਿਬ ਨਹੀਂ ਕਿਉਂਕਿ ਅਸੀਂ ਤਾਂ ਉਨ੍ਹਾਂ ਲੋਕਾਂ ਵਿੱਚ ਇਹ ਭਾਵਨਾ ਪੈਦਾ ਕਰਨੀ ਹੈ ਕਿ ਉਹ ਸਾਡੇ ਸਮਾਜ ਦਾ ਅੰਗ ਹਨ। ਇਸ ਲਈ ਇਸ ਮੱਦ ਤੇ ਜ਼ਰੂਰ ਰਿਵਿਊ ਹੋਣਾ ਚਾਹੀਦਾ ਹੈ ਅਤੇ ਜਿਸ ਤਰ੍ਹਾਂ ਪਹਿਲਾਂ ਪੱਕੇ ਮਕਾਨ ਬਣਾਉਣ ਲਈ ਸਹਾਇਤ ਦਿਤੀ ਜਾਂਦੀ ਹੈ, ਉਸੇ ਤਰ੍ਹਾਂ ਹੀ ਉਨ੍ਹਾਂ ਨੂੰ ਆਪਣੇ ਪਲਾਟਾਂ ਤੇ ਮਕਾਨ ਬਣਾਉਣ ਲਈ ਵਿੱਤੀ ਸਹਾਇਤਾ ਦਿਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ ਭਲਾਈ ਵਿਭਾਗ ਲਈ ਪਿਛਲੇ ਸਾਲ 86 ਕਰੋੜ ਰੁਪਏ ਰੱਖੇ ਗਏ ਸਨ। ਪਰ ਦਸੰਬਰ, 1996 ਵਿਚ ਉਸ ਤੇ 25% ਕੱਟ ਲਗਾ ਕੇ ਉਹ 57 ਕਰੋੜ ਰੁਪਏ ਰਹਿ ਗਏ, ਜਿਸ ਵਿੱਚੋਂ ਕੇਵਲ 27 ਕਰੋੜ ਰੁਪਏ ਹੀ ਖਰਚ ਕੀਤੇ ਗਏ ਅਤੇ ਬਾਕੀ ਰਕਮ ਲੈਪਸ ਹੋ ਗਈ। ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਵੀ ਹੈ ਕਿ ਜਿਸ ਵਰਗ ਲਈ ਬਜਟ ਵਿੱਚ ਕੋਈ ਪ੍ਰੋਵੀਜ਼ਨ ਰੱਖੀ ਜਾਂਦੀ ਹੈ, ਉਸਦੀ ਇਹ ਗਰੰਟੀ ਹੋਣੀ ਚਾਹੀਦੀ ਹੈ ਕਿ ਉਹ ਜ਼ਰੂਰ ਖਰਚ ਹੋਵੇਗੀ ਅਤੇ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਕਿ ਪਹਿਲਾਂ ਤਾਂ ਬਜਟ ਵਿੱਚ ਕਾਫੀ ਰਕਮ ਰੱਖ ਦਿਤੀ ਜਾਵੇ ਅਤੇ ਬਾਅਦ ਵਿੱਚ ਕੱਟ ਲਗਾ ਦਿਤੀ ਜਾਵੇ। ਇਸ ਤਰ੍ਹਾਂ ਅੰਕੜਿਆਂ ਨਾਲ ਕਿਸੇ ਦਾ ਢਿੱਡ ਨਹੀਂ ਭਰਿਆ ਜਾ ਸਕਦਾ

ਇਸ ਤੋਂ ਅੱਗੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਜੀ ਇਥੇ ਬੈਠੇ ਹਨ, ਪੈਨਸ਼ਨਜ਼ ਦੇ ਹੈਡ ਵਿੱਚ ਪੈਸਾ ਪਹਿਲਾਂ ਨਾਲੋਂ ਘੱਟ ਰੱਖਿਆ ਗਿਆ ਹੈ। ਮੈਨੂੰ ਇਹ ਗੱਲ ਸਮਝ ਨਹੀਂ ਆਉਂਦੀ ਕਿ ਤੁਸੀਂ ਤਾਂ ਲੋਕਾਂ ਦੇ ਨਾਲ ਕਮਿਟਮੈਂਟ ਕਰਕੇ ਆਏ ਹੋ ਕਿ 60 ਸਾਲ ਦੀ ਔਰਤ ਅਤੇ 65 ਸਾਲ ਦੇ ਬਜ਼ੁਰਗ ਨੂੰ ਬਿਨਾਂ ਕਿਸੇ ਕੰਡੀਸ਼ਨ ਦੇ ਪੈਨਸ਼ਨ ਦਿਤੀ ਜਾਵੇਗੀ, ਪਰ ਜੋ ਇਸ ਮੰਤਵ ਲਈ ਪ੍ਰੋਵੀਜ਼ਨ ਰੱਖੀ ਗਈ ਹੈ ਉਹ ਕਾਫੀ ਘੱਟ ਹੈ, ਜਿਹੜੀ ਅੰਗਹੀਣਾਂ ਲਈ ਪ੍ਰੋਵੀਜ਼ਨ ਹੈ ਉਹ 4 ਕਰੋੜ 55 ਲੱਖ 38 ਹਜ਼ਾਰ ਤੋਂ ਘਟਾ ਕੇ 3 ਕਰੋੜ 90 ਲੱਖ ਕਰ ਦਿਤੀ ਹੈ ਔਰ ਜਿਹੜੇ ਬੇ-ਸਹਾਰਾ ਬੱਚੇ ਹਨ ਉਨ੍ਹਾਂ ਲਈ 5 ਕਰੋੜ 85 ਲੱਖ 57 ਹਜ਼ਾਰ ਤੋਂ ਘਟਾ ਕੇ 2 ਕਰੋੜ 51 ਲੱਖ 57 ਹਜ਼ਾਰ ਰੁਪਏ ਬਜਟ ਕਰ ਦਿਤਾ ਹੈ। ਵਿਧਵਾਵਾਂ ਲਈ 9 ਕਰੋੜ 69 ਲੱਖ 20 ਹਜ਼ਾਰ ਤੋਂ ਘਟਾ ਕੇ ਇਸ ਬਜਟ ਵਿੱਚ ਤੁਸੀਂ 6 ਕਰੋੜ 37 ਲੱਖ ਰੁਪਏ ਦੀ ਪ੍ਰੋਵੀਜ਼ਨ ਕੀਤੀ ਹੈ। ਜਿਹੜੀ ਬੁਢਾਪਾ ਪੈਨਸ਼ਨ ਹੈ ਉਸਦੇ ਲਈ 39 ਕਰੋੜ 23 ਲੱਖ 53 ਹਜ਼ਾਰ ਤੋਂ ਘਟਾ ਕੇ 31 ਕਰੋੜ 10 ਲੱਖ ਰੁਪਏ ਕਰ ਦਿਤੇ ਹਨ ਅਤੇ ਜੋ ਟੋਟਲ ਬੈਨੀਫਿਸ਼ਰੀਜ, ਮੈਂ ਬੁਢਾਪਾ ਪੈਨਸ਼ਨ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਇਸ ਵੇਲੇ ਬੁਢਾਪਾ ਪੈਨਸ਼ਨ ਵਿੱਚ ਕੁਲ 180 508 ਬੈਨੀਫੀਸ਼ਰੀਜ਼ ਦੇ ਕਰੀਬ ਹਨ ਅਤੇ ਉਨ੍ਹਾਂ ਨੂੰ 200/-ਰੁਪਏ ਜੋ ਪ੍ਰਤੀ ਬੈਨੀਫੀਸ਼ਰੀਜ਼ ਰੇਟ ਹੈ ਉਸਦੇ ਨਾਲ ਜ਼ਰਬ ਕਰ ਲਈਏ ਤਾਂ ਮੇਰਾ ਸੋਚ ਕੁਝ ਕਮਜ਼ੋਰ ਹੈ, ਸ਼ਾਇਦ 43 ਕਰੋੜ ਰੁਪਏ ਚਾਹੀਦਾ ਹੈ ਪਰ ਤੁਸੀਂ 31 ਕਰੋੜ ਰੁਪਏ ਰੱਖੇ ਹਨ। ਤੁਸੀਂ ਕਹਿ ਸਕਦੇ ਹੋ ਕਿ ਸਪੈਸ਼ਲ ਕੰਪੋਨੈਂਟ ਜੋ ਹੈ ਉਸ ਦੇ ਵਿਚ ਪੈਸਾ ਰੱਖਿਆ ਹੈ। ਮੈਂ ਪਿਛਲੇ ਸਾਲ ਵੀ ਕੰਪੋਨੈਂਟ ਨੂੰ ਵੇਖਿਆ ਹੈ ਉਸਦੇ ਵਿੱਚ ਵੀ ਸੀ, ਉਸਨੂੰ ਵੀ ਸ਼ਾਮਿਲ ਕਰਕੇ ਪਿਛਲੇ ਸਾਲ ਦਾ ਬਜਟ ਜ਼ਿਆਦਾ ਸੀ ਔਰ ਕੱਲ੍ਹ ਨੂੰ ਤੁਸੀਂ ਰਿਪਲਾਈ ਦੇਣ ਲੱਗੇ ਕਹਿ ਸਕਦੇ ਹੋ ਕਿ 1991 ਵਿੱਚ ਇਨ੍ਹਾਂ ਦੀਆਂ ਦਰਾਂ ਰੀਵਾਈਜ਼ ਕੀਤੀਆਂ ਗਈਆਂ ਸਨ ਅਤੇ ਉਨ੍ਹਾਂ

[ਕਾਮਰੇਡ ਹਰਦੇਵ ਅਰਸ਼ੀ]

ਦੇ ਬੈਕਲਾਗ ਲਈ ਬਹੁਤ ਜ਼ਿਆਦਾ ਪੈਸਾ ਰਹਿੰਦਾ ਸੀ, ਇਸ ਕਰਕੇ ਪਿਛਲੇ ਸਾਲ ਦਾ ਬਜਟ ਜ਼ਿਆਦਾ ਲਗਦਾ ਹੈ, ਮੈਂ ਉਹ ਵੀ ਕੈਲਕੂਲੇਟ ਕਰਕੇ ਵੇਖਿਆ ਹੈ, ਫਿਰ ਵੀ ਉਹ ਕੱਢ ਦਿਤਾ ਜਾਵੇ ਔਰ ਟੋਟਲ ਬੈਨੀਫਿਸ਼ਰੀਜ਼ ਜਿਹੜੇ ਆਲਰੇਡੀ ਹਨ ਉਹ ਸ਼ਾਮਿਲ ਕਰ ਲਈਏ ਤਾਂ ਵੀ ਤੁਹਾਡਾ ਪੈਸਾ ਘੱਟਦਾ ਹੈ ਅਤੇ ਪਿਛਲੇ ਬੈਨੀਫਿਸ਼ਰੀਜ਼ ਦਾ ਹੀ ਡੰਗ ਮਸਾਂ ਸਰੇਗਾ ਅਤੇ ਨਵਿਆਂ ਨੂੰ ਪੈਨਸ਼ਨ ਨਹੀਂ ਦਿਤੀ ਜਾ ਸਕਦੀ । ਤੁਸੀਂ ਜਿਹੜੀ ਬਿਨਾਂ ਕੰਡੀਸ਼ਨ ਤੋਂ ਸਾਰਿਆਂ ਨੂੰ ਪੈਨਸ਼ਨ ਦੇਣੀ ਹੈ, ਇਹ ਕਿਥੋਂ ਦਿਓਗੇ । ਤੁਸੀਂ ਕਹਿ ਸਕਦੇ ਹੋ ਕਿ ਪੈਸੇ ਦਾ ਅੱਗੇ ਜਾ ਕੇ ਪ੍ਰਬੰਧ ਕਰ ਦੇਵਾਂਗੇ ਤਾਂ ਅੱਗੇ ਲੈ ਕੇ ਜਾਣ ਦੀ ਬਜਾਏ ਵਿਧਾਨ ਸਭਾ ਨੂੰ ਭਰੋਸੇ ਵਿੱਚ ਕਿਉਂ ਨਹੀਂ ਲਿਆ । ਸ਼ਾਇਦ ਅਸੀਂ ਲੋਕਾਂ ਵਿੱਚ ਇਹ ਗੱਲ ਲੈ ਕੇ ਜਾਂਦੇ ਹਾਂ ਕਿ ਸਰਕਾਰ ਨੇ ਜੋ ਪੈਸਾ ਰਖਿਆ ਹੈ ਉਹ ਵਿਧਾਨ ਸਭਾ ਵਿੱਚ ਪਾਸ ਕੀਤਾ ਹੈ ਅਤੇ ਸਰਕਾਰ ਦੀ ਕਮਿਟਮੈਂਟ ਹੈ, ਵਿਧਾਨ ਸਭਾ ਨੇ ਬਜਟ ਪਾਸ ਕੀਤਾ ਹੈ । ਇਹ ਬੜਾ ਮਾੜਾ ਪ੍ਰਬੰਧ ਹੈ ਚਾਹੇ ਇਸ ਵਿੱਚ ਰਵਿਊ ਕਰੋ, ਚਾਹੇ ਇਸ ਵਿਚ ਪੈਸਾ ਹੋਰ ਰੱਖੋ ਜਾਂ ਕਹਿ ਦਿਉ ਕਿ ਲੋਕੀਂ ਐਵੇਂ ਫਾਰਮ ਭਰੀ ਜਾਂਦੇ ਹਨ ਅਤੇ ਉਹ ਵਿਚਾਰੇ 5-5, 10-10 ਰੁਪਏ ਦੇ ਫਾਰਮ ਖਰੀਦ ਕੇ ਐਵੇਂ ਦਫਤਰਾਂ ਵਿੱਚ ਚੱਕਰ ਮਾਰੀ ਜਾਂਦੇ ਹਨ ਅਤੇ ਪੈਨਸ਼ਨ ਕਿਸੇ ਨੂੰ ਲਗਣੀ ਨਹੀਂ । ਇਸ ਤੇ ਜ਼ਰੂਰ ਵਿਚਾਰ ਕੀਤਾ ਜਾਣਾ ਚਾਹੀਦਾ ਹੈ । ਇਸ ਤੋਂ ਅੱਗੇ ਮੈਂ, ਸਪੀਕਰ ਸਾਹਿਬ, ਸਪੈਸ਼ਲ ਕੰਪੋਨੈਂਟ ਪਲਾਨ ਦੇ ਮਾਮਲੇ ਬਾਰੇ ਕਹਿਣਾ ਚਾਹੁੰਦਾ ਹਾਂ । ਪਿਛਲੇ ਸਾਲ ਇਹ 205 ਕਰੋੜ ਰੁਪਏ ਦੀ ਸੀ ਜਿਸ ਦੇ ਆਧਾਰ ਤੇ ਇਸ ਸਾਲ 200 ਕਰੋੜ ਰੁਪਏ ਦੀ ਰਖੀ ਗਈ ਹੈ ਪਰ ਇਕ ਗੱਲ ਚੰਗੀ ਹੈ ਪਿਛਲੇ ਸਾਲ ਦੇ ਮੁਕਾਬਲੇ ਵਿਚ ਇਸ ਸਾਲ ਇਹ ਬਜਟ ਦਾ ਪਾਰਟ ਬਣੀ ਹੈ ਪਹਿਲਾਂ ਬਜਟ ਦਾ ਪਾਰਟ ਨਹੀਂ ਸੀ ਬਣਦੀ ਅਤੇ ਇਸ ਕਰਕੇ ਇਸ ਵਿੱਚ ਤਕਲੀਫਾਂ ਵੀ ਆਉਂਦੀਆਂ ਸਨ ਲੇਕਿਨ ਜਿਹੜਾ ਪੈਸਾ ਰੱਖਿਆ ਗਿਆ ਹੈ, ਜੋ ਇਸਦੇ ਵਿੱਚ ਗਾਈਡ-ਲਾਈਨਜ਼ ਬਣਾਈਆਂ ਗਈਆਂ ਹਨ, ਜੋ ਇਸ ਦੇ ਵਿੱਚ ਜਨਰਲ ਕਮਿਟਮੈਂਟ ਹੈ ਪਾਪੂਲੇਸ਼ਨ, ਇਹ ਠੀਕ ਹੈ ਕਿ ਜੇ ਸਾਡੀ ਪਾਪੂਲੇਸ਼ਨ ਨੂੰ ਹਿੰਦੁਸਤਾਨ ਦੇ ਨਾਲ ਕੰਪੇਅਰ ਕਰੀਏ ਤਾਂ ਸ਼ੈਡਿਊਲਡ ਕਾਸਟਸ ਬਹੁਤ ਜ਼ਿਆਦਾ ਹਨ, ਪਰ ਇਸਦੇ ਵਿੱਚ ਪੰਜਾਬ ਪਲੱਸ ਯੂ. ਟੀ., ਅਗਰ ਹਰਿਆਣੇ ਨੂੰ ਵੀ ਸ਼ਾਮਿਲ ਕਰ ਲਈਏ ਤਾਂ ਉਨ੍ਹਾਂ ਦੀ ਐਵਰੇਜ 19 ਪਰਸੈਂਟ ਬਣਦੀ ਹੈ । ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਪਰਸੈਂਟੇਜ 19 ਪਰਸੈਂਟ ਬਣਨੀ ਚਾਹੀਦੀ ਸੀ, ਉਸ ਦਾ ਸਿਰਫ ਦਸ ਪਰਸੈਂਟ ਹੀ ਦਿੱਤਾ ਗਿਆ ਹੈ । ਇਹ ਸ਼ਡਿਊਲਡ ਕਾਸਟ ਲੋਕਾਂ ਨਾਲ ਜ਼ਿਆਦਤੀ ਹੈ । ਪਿਛਲਾ ਐਕਸਪੀਰੀਐਂਸ ਬੜਾ ਮਾੜਾ ਹੈ । ਪਿਛਲੇ ਸਾਲ 205 ਕਰੋੜ ਰੁਪਏ ਵਿਚੋਂ ਸਿਰਫ 75 ਕਰੋੜ ਰੁਪਿਆ ਹੀ ਖ਼ਰਚ ਕੀਤਾ ਗਿਆ ਸੀ । ਹੁਣ ਇਹ ਗੱਲ ਦੀ ਗਾਰੰਟੀ ਕਰਨੀ ਚਾਹੀਦੀ ਹੈ ਕਿ ਹੁਣ ਇਹ ਪੂਰਾ ਖਰਚਿਆ ਜਾਵੇਗਾ ਪਰ ਇਸ ਵਿਚ ਦਿੱਕਤਾਂ ਆ ਰਹੀਆਂ ਹਨ । ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਸੈਕਟਰੀ ਵੈਲਫੇਅਰ ਇਸ ਦਾ ਇਨਚਾਰਜ ਹੈ । ਬਾਕੀ ਸਟੇਟਾਂ ਵਿਚ ਵੀ ਐਕਸਪੀਰੀਐਂਸ ਹੈ ਪਰ ਇਸ ਵਿਚ ਪਲਾਨਿੰਗ ਡਿਪਾਰਟਮੈਂਟ ਨੂੰ ਲਿਆ ਕੇ ਕਿਉਂ ਅੜਿੱਕਾ ਪਾਇਆ ਗਿਆ ਹੈ । ਸੈਕਟਰੀ ਪਲਾਨਿੰਗ ਦੀ ਕੀ ਲੋੜ ਹੈ ? ਇਸ ਵਿਚ ਪਰਾਪਰ ਸੁਪਰਵੀਜ਼ਨ ਕਿਸ ਤਰ੍ਹਾਂ ਕੀਤੀ ਜਾਣੀ ਚਾਹੀਦੀ ਹੈ, ਉਹ ਕਰ ਲੈਣੀ ਚਾਹੀਦੀ ਹੈ

ਲੇਕਿਨ ਇਹ ਸਾਰਾ ਪੈਸਾ ਜੋ ਵੈਲਫੇਅਰ ਡਿਪਾਰਟਮੈਂਟ ਦੀਆਂ ਸਕੀਮਾਂ ਵਾਸਤੇ ਹੈ, ਉਸ ਦੀ ਗਰੰਟੀ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਸਪੈਸ਼ਲ ਕੰਪੋਨੈਂਟ ਪਲਾਨ ਜੋ ਬਣਾਇਆ ਹੈ, ਇਹ ਪੂਰੀ ਤਰ੍ਹਾਂ ਲਾਗੂ ਹੋਵੇ ।

ਸਪੀਕਰ ਸਾਹਿਬ, ਮੈਂ ਕੁਝ ਹੋਰ ਨੁਕਤੇ ਕਹਿਣਾ ਚਾਹੁੰਦਾ ਹਾਂ ਪਰ ਸਮੇਂ ਦਾ ਵੀ ਧਿਆਨ ਰੱਖਾਂਗਾ । ਪੇਂਡੂ ਵਿਕਾਸ ਬਾਰੇ ਇਸ਼ਾਰੇ ਮਾਤਰ ਕਹਿਣਾ ਚਾਹੁੰਦਾ ਹਾਂ । ਅਜ਼ਾਦੀ ਦੇ ਪੰਜਾਹ ਸਾਲ ਤੋਂ ਬਾਅਦ ਵੀ ਪਿੰਡ ਅਤੇ ਸ਼ਹਿਰ ਵਿਚ ਕਾਫੀ ਫਰਕ ਹੈ । ਡਿਵੈਲਪਮੈਂਟ ਦੇ ਡਿਫਰੈਂਟ ਸਟੇਜਿਜ਼ ਹਨ । ਇਸ ਵਿਚ ਫ਼ਰਕ ਹੈ । ਪਿਛਲੇ ਸਮੇਂ ਵਿਚ ਜੋ ਕੁਝ ਹੋਇਆ, ਉਸ ਵਿਚ ਕਈ ਗੱਲਾਂ ਤੇ ਇਤਰਾਜ਼ ਹੋ ਸਕਦਾ ਹੈ ਲੇਕਿਨ 600 ਕਰੋੜ ਰੁਪਿਆ ਰੂਰਲ ਡਿਵੈਲਪਮੈਂਟ ਤੇ ਖ਼ਰਚ ਕੀਤਾ ਜਾ ਰਿਹਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਖਾਲੀ ਲਕੀਰਾਂ ਖਿੱਚਣ ਦਾ ਕੋਈ ਫਾਇਦਾ ਨਹੀਂ । ਇਸ ਨਾਲ ਠੀਕ ਸਥਾਨ ਤੇ ਨਹੀਂ ਪਹੁੰਚਿਆ ਜਾ ਸਕਦਾ । ਮੈਂ ਕਈ ਵਾਰੀ ਕਿਹਾ ਹੈ ਕਿ ਡੈਮੋਕਰੇਸੀ ਵਿਚ ਕੋਈ ਵੀ ਪਰਮਾਨੈਂਟ ਨਹੀਂ ਰਹਿੰਦਾ । ਆਪੋਜ਼ੀਸ਼ਨ ਵਾਲੇ ਵੀ ਕੱਲ੍ਹ ਉਧਰ ਬੈਠ ਸਕਦੇ ਹਨ । ਜੇ ਅਸੀਂ ਚੰਗੀਆਂ ਟਰੈਡੀਸ਼ਨਜ਼ ਪਾਵਾਂਗੇ ਤਾਂ ਕੱਲ ਸਾਡੀ ਗੱਲ ਨੋਟ ਕੀਤੀ ਜਾਵੇਗੀ । ਇਸ ਲਈ ਮੇਰੀ ਬੇਨਤੀ ਹੈ ਕਿ ਡਿਵੈਲਪਮੈਂਟ ਵਾਸਤੇ ਜ਼ਰੂਰ ਧਿਆਨ ਦੇਣ ਦੀ ਲੋੜ ਹੈ । ਪਿਛਲਾ ਐਕਸਪੀਰੀਐਂਸ ਬੜਾ ਮਾੜਾ ਹੈ । ਪਿਛਲੇ ਸਾਲ ਲਗਭਗ ਇਸ ਵਾਸਤੇ ਇੱਕ ਅਰਬ ਬਾਰ੍ਹਾਂ ਲੱਖ ਰੁਪਿਆ ਰੱਖਿਆ ਗਿਆ ਸੀ ਜਦ ਉਸ ਵਿਚੋਂ ਸਿਰਫ 50 ਪਰਸੈਂਟ ਹੀ ਭਾਵ 50 ਕਰੋੜ ਰੁਪਿਆ ਖਰਚ ਕੀਤਾ ਗਿਆ ਹੈ । ਇਸ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ । ਮੈਂ ਚਾਹੁੰਦਾ ਹਾਂ ਕਿ ਇਹ ਕੱਟ ਹੁਣ ਨਾ ਲੱਗੇ । ਇਹ ਹੋ ਸਕਦਾ ਹੈ ਕਿ ਕੋਈ ਸਕੀਮ ਤੁਹਾਨੂੰ ਚੰਗੀ ਨਾ ਲੱਗੇ । ਉਸ ਦੀ ਲੋੜ ਮਹਿਸੂਸ ਨਾ ਹੋਵੇ । ਉਸ ਨੂੰ ਕਿਸੀ ਚੰਗੀ ਸਕੀਮ ਵਿਚ ਪਾਇਆ ਜਾ ਸਕਦਾ ਹੈ । ਪਰ ਰੂਰਲ ਡਿਵੈਲਪਮੈਂਟ ਤੇ ਪੈਸਾ ਨਹੀਂ ਘਟਾਇਆ ਜਾਣਾ ਚਾਹੀਦਾ ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਮੈਂ ਬਿਜਲੀ ਦੇ ਬਾਰੇ ਬੇਨਤੀ ਕਰਨੀ ਚਾਹੁੰਦਾ ਹਾਂ । ਇਸ ਬਾਰੇ ਸਾਨੂੰ ਕੋਈ ਇਤਰਾਜ਼ ਨਹੀਂ ਕਿ ਬਿਜਲੀ ਮੁਆਫ ਕੀਤੀ ਹੈ । ਇਸ ਨੂੰ ਅਸੀਂ ਵੈਲਕਮ ਕਰਦੇ ਹਾਂ । (ਥੰਪਿੰਗ) ਪਰ ਮੈਂ ਇਸ ਮੁਆਫ਼ੀ ਨਾਲ ਸਹਿਮਤ ਨਹੀਂ ਕਿਉਂਕਿ ਜਿਹੜਾ ਇੱਕ ਲੱਖ ਭਰਦਾ ਹੈ, ਉਸਨੂੰ ਵੀ ਮੁਆਫ ਹੋ ਜਾਵੇ ਅਤੇ ਜਿਸ ਦੀ ਚਾਰ ਏਕੜ ਜ਼ਮੀਨ ਹੈ ਅਤੇ ਜਿਹੜਾ 150 ਰੁਪਏ ਭਰਦਾ ਹੈ, ਉਸ ਦੀ ਵੀ ਮੁਆਫ਼ ਹੋ ਜਾਵੇ । ਸਾਡਾ ਮੁਆਫ ਕਰਨ ਦਾ ਅਸਲ ਮੰਤਵ ਕੀ ਹੈ ? ਅਸਲ ਮੰਤਵ ਇਹ ਹੈ ਕਿ ਸਾਡੇ ਸਮਾਜ ਵਿਚ ਕਿਸੇ ਵਰਗ ਵਿਚ ਆਰਥਿਕ ਪਾੜਾ ਨਾ ਵਧੇ । ਇਸ ਨੂੰ ਘਟਾਉਣਾ ਚਾਹੀਦਾ ਹੈ । ਤੁਹਾਡੀ ਅਪਰੋਚ ਨਾਲ ਮੈਂ ਕਨਵਿਨਸ ਨਹੀਂ । ਆਰਥਿਕ ਪਾੜਾ ਕਿਸਾਨੀ ਵਿਚ ਵੱਧ ਰਿਹਾ ਹੈ ਜਾਂ ਘੱਟ ਰਿਹਾ ਹੈ । ਇਕ ਪਾਸੇ ਉਹ ਕਿਸਾਨ ਹਨ ਜਿਹੜੇ ਰਿੱਚ ਹਨ ਅਤੇ ਇਕ ਪਾਸੇ ਉਹ ਹਨ ਜਿਨ੍ਹਾਂ ਦਾ ਵਾਲ ਵਾਲ ਕਰਜ਼ੇ ਵਿਚ ਹੈ, ਉਹ ਆੜ੍ਹਤੀਆਂ ਅਤੇ ਬੈਂਕਾਂ ਦੇ ਕਰਜ਼ਾਈ ਹਨ । ਇਸ ਕਰਕੇ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਦਰਮਿਆਨੇ ਕਿਸਾਨ ਵਾਸਤੇ ਸਹੀ ਅਪਰੋਚ ਚਾਹੀਦੀ ਹੈ । ਮੇਰੀ ਤਾਂ ਬੇਨਤੀ ਹੈ ਪਰ ਤੁਸੀਂ ਫੈਸਲਾ ਕੀਤਾ ਹੈ । ਇਸ ਤੇ ਕਿਸੇ ਨੂੰ ਇਤਰਾਜ਼ ਨਹੀਂ । ਕਿਸਾਨ ਅਨਾਜ

[ਕਾਮਰੇਡ ਹਰਦੇਵ ਅਰਸ਼ੀ]

ਵਿਚ ਕਾਫੀ ਯੋਗਦਾਨ ਪਾਉਂਦਾ ਹੈ। ਸਪੀਕਰ ਸਾਹਿਬ, ਇੰਡਸਟਰੀ ਅੌਰ ਕਿਸਾਨੀ ਦੇ ਕੁਨੈਕਸ਼ਨ ਤਿੰਨ ਲੱਖ 86 ਹਜ਼ਾਰ ਹਨ। 1995-96 ਦੀ ਮੇਰੇ ਕੋਲ ਡਿਫਰੈਂਟ ਕੈਟਾਗਰੀ ਦੀ ਫਿਗਰ ਹੈ। ਕਮਰਸ਼ੀਅਲ ਅੌਰ ਇੰਡਸਟਰੀਅਲ ਦੀ ਹੈ। ਮੇਨਲੀ ਖੇਤੀਬਾੜੀ ਦੇ ਤਿੰਨ ਲੱਖ 76 ਹਜ਼ਾਰ ਕੁਨੈਕਸ਼ਨ ਹਨ। ਜਿਵੇਂ ਤੁਸੀਂ ਬਜਟ ਵਿਚ ਰਿਆਇਤ ਦਿੱਤੀ ਹੈ ਉਥੇ ਕੁਨੈਕਸ਼ਨ ਰਿਲੀਜ਼ ਵਾਸਤੇ ਵੀ ਪੌਰਟੀ ਬਣਾਓ। ਬਿਜਲੀ ਪੂਰੀ ਮਿਲਣੀ ਚਾਹੀਦੀ ਹੈ ਅੌਰ ਕੁਨੈਕਸ਼ਨ ਵੀ ਮਿਲਣੇ ਚਾਹੀਦੇ ਹਨ। ਕਈ ਸਾਥੀ ਵੇਖੇ ਹਨ ਜੋ ਕਹਿੰਦੇ ਹਨ ਕਿ ਪਾੜਾ ਪਾਉਣ ਦੀ ਗੱਲ ਕਰਦੇ ਹੋ। ਕੋਈ ਕਹੇ ਜਾਂ ਨਹੀਂ ਪਰ ਸਾਧਾਰਨ ਖੇਤ ਮਜ਼ਦੂਰ ਦੇ ਦਿਮਾਗ ਵਿਚ ਇਹ ਗੱਲ ਆ ਜਾਂਦੀ ਹੈ ਕਿ ਪਿੰਡ ਵਿਚ 20 ਟਿਊਬਵੈੱਲ ਹਨ। ਉਸ ਵਿਚ ਇੱਕ ਨੂੰ ਤਾਂ ਬਿਜਲੀ ਮੁਆਫ ਹੋ ਗਈ ਤੇ ਦੂਜੇ ਨੂੰ ਨਹੀਂ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਇਸ ਚੀਜ਼ ਨੂੰ ਐਗਜ਼ਾਮਿਨ ਕਰਨਾ ਚਾਹੀਦਾ ਹੈ। ਖੇਤ ਮਜ਼ਦੂਰ ਸਾਡੇ ਸਮਾਜ ਦਾ ਹੇਠਲਾ ਹਿੱਸਾ ਹੈ। ਉਸ ਦੀ ਬਾਂਹ ਫੜਨ ਦੀ ਲੋੜ ਹੈ। ਉਸ ਦੀ ਬਾਂਹ ਫੜਨ ਲਈ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਸੀਰੀਅਸ ਪ੍ਰਾਬਲਮ ਹੈ --ਰੂਰਲ ਵਾਟਰ ਸਪਲਾਈ ਦੀ। ਇਹ ਸਫੀਸ਼ੈਂਟ ਨਹੀਂ। ਮੈਂ ਬਹੁਤਾ ਡਿਸਕਸ ਨਹੀਂ ਕਰਦਾ। 817 ਕਰੋੜ ਦਾ ਇੱਕ ਪ੍ਰਾਜੈਕਟ ਵਰਲਡ ਬੈਂਕ ਨਾਲ ਟਾਈ ਅੱਪ ਹੋਇਆ ਹੈ। ਬਜਟ ਵਿਚ ਮੈਨੂੰ ਨਜ਼ਰ ਨਹੀਂ ਆਉਂਦਾ ਕਿ ਉਹ ਸਟੈਂਡ ਕਰਦਾ ਹੈ ਜਾਂ ਨਹੀਂ। ਪਤਾ ਨਹੀਂ ਵਰਲਡ ਬੈਂਕ ਮੁੱਕਰ ਗਿਆ ਜਾਂ ਵਰਲਡ ਬੈਂਕ ਨੂੰ ਕਿੰਤੂ-ਪਰੰਤੂ ਲੱਗ ਗਿਆ। ਜੇ ਘੱਟੋ ਘੱਟ ਇੰਨੀ ਅਮਾਊਂਟ ਅਵੇਲੇਬਲ ਨਹੀਂ ਜਾਂ ਨਹੀਂ ਆਉਂਦੀ ਤਾਂ ਪਿੰਡ ਵਿੱਚ ਪੀਣ ਦੇ ਪਾਣੀ ਦੀ ਸਪਲਾਈ ਨਹੀਂ ਦਿੱਤੀ ਜਾ ਸਕਦੀ। ਸਪੀਕਰ ਸਾਹਿਬ, ਇਸ ਦੀ ਆਗਮੈਂਟੇਸ਼ਨ ਵਾਸਤੇ ਬਹੁਤ ਜ਼ਿਆਦਾ ਪੈਸਾ ਚਾਹੀਦਾ ਹੈ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਬੱਸ ਮੈਂ ਥੋੜ੍ਹਾ ਹੀ ਟਾਈਮ ਲਵਾਂਗਾ . . .।

ਸ੍ਰੀ ਸਪੀਕਰ : ਜ਼ਰਾ ਜਲਦੀ ਖਤਮ ਕਰੋ।

ਕਾਮਰੇਡ ਹਰਦੇਵ ਅਰਸ਼ੀ : ਮੈਂ ਪੂਰਾ ਪੂਰਾ ਧਿਆਨ ਰੱਖ ਰਿਹਾ ਹਾਂ ਜੀ। ਸੀ. ਐਮ. ਸਾਹਿਬ ਨੇ ਪਬਲੀਕਲੀ ਕਿਹਾ ਸੀ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਆਪੋਜ਼ੀਸ਼ਨ ਨੂੰ ਖੁੱਲ੍ਹਾ ਸਮਾਂ ਦਿੱਤਾ ਜਾਏਗਾ। ਮੈਨੂੰ ਆਸ ਹੈ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਤੁਸੀਂ ਖੁੱਲ੍ਹਾ ਸਮਾਂ ਦਿਉਗੇ। ਸਪੀਕਰ ਸਾਹਿਬ, ਮੈਂ ਦੂਸਰੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਵਿੱਚ ਮੰਤਰੀ ਮੰਡਲ ਦੇ ਖਰਚੇ ਬਾਰੇ ਵਰਣਨ ਹੈ। ਸਪੀਕਰ ਸਾਹਿਬ, ਨਾਨ-ਪਲਾਨ ਖਰਚਾ ਘਟਣਾ ਚਾਹੀਦਾ ਹੈ। ਪਿਛਲੇ ਸਮੇਂ ਵਿਚ ਮੰਤਰੀ ਮੰਡਲ ਵਾਸਤੇ 45 ਲੱਖ ਰੁਪਿਆ ਸੀ ਅੌਰ ਇਹ ਹੁਣ ਵੀ 45 ਲੱਖ ਰੁਪਿਆ ਹੀ ਹੈ। ਮੰਤਰੀ ਤਾਂ ਹੁਣ ਘੱਟ ਲਏ ਜਾਣੇ ਹਨ, ਫਿਰ ਇਹ 45 ਲੱਖ ਕਿਸ ਵਾਸਤੇ ਰੱਖਿਆ ਗਿਆ ਹੈ। ਪਿਛਲੀ ਵਾਰੀ ਜੋ 45 ਲੱਖ ਰੁਪਿਆ ਸੀ, ਉਸ ਵਕਤ ਤਾਂ 42 ਜਾਂ 44 ਮੰਤਰੀ ਸਨ ਅੌਰ ਉਨ੍ਹਾਂ 44 ਮੰਤਰੀਆਂ ਵਾਸਤੇ ਇਹ 45 ਲੱਖ ਰੁਪਿਆ ਰੱਖਿਆ ਗਿਆ ਸੀ। ਹੁਣ ਤਾਂ 10 ਮੰਤਰੀ ਹਨ ਅੌਰ ਇਹ ਕਮਿਟਮੈਂਟ ਕੀਤੀ ਗਈ ਹੈ ਕਿ 25 ਮੰਤਰੀਆਂ ਤੋਂ ਇਨਕਰੀਜ਼ ਕਿਸੇ ਵੀ ਹਾਲਤ ਵਿੱਚ ਨਹੀਂ ਕਰਨੇ ਅੌਰ

ਮੰਤਰੀ ਤਨਖਾਹ ਵੀ ਇਕ ਰੁਪਿਆ ਲੈਂਦੇ ਹਨ, ਫਿਰ ਕਿਸ ਕਰਕੇ ਇਹ 45 ਲੱਖ ਰੁਪਿਆ ਰੱਖਿਆ ਗਿਆ ਹੈ । (ਵਿਘਨ) ਮੈਂ ਨਹੀਂ ਕਹਿੰਦਾ ਕਿ ਮੰਤਰੀਆਂ ਦੀ ਗਿਣਤੀ ਨਾ ਵਧਾਈ ਜਾਵੇ, ਇਹ ਤਾਂ ਇਨ੍ਹਾਂ ਦੀ ਕਮਿਟਮੈਂਟ ਹੈ । ਮੈਂ ਤਾਂ ਚਾਹੁੰਦਾ ਹਾਂ ਕਿ ਕਈ ਮੇਰੇ ਦੋਸਤ ਵੀ ਮੰਤਰੀ ਬਣ ਜਾਣ । ਇਸ ਤੋਂ ਅੱਗੇ ਪ੍ਰਾਹੁਣਾਚਾਰੀ ਦਾ 35 ਲੱਖ ਤੋਂ 20 ਲੱਖ ਕਰ ਦਿੱਤਾ ਹੈ, ਖੁਸ਼ੀ ਦੀ ਗੱਲ ਹੈ । ਅਖਤਿਆਰੀ ਕੋਟੇ ਵਿੱਚ 19 ਲੱਖ ਦਾ 19 ਲੱਖ ਰੱਖ ਲਿਆ ਹੈ, ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਕਿਉਂਕਿ ਹਰ ਪਿੰਡ ਵਿੱਚ ਜਦੋਂ ਕੋਈ ਮੰਤਰੀ ਜ਼ਾਹਿਰ ਜਾਂਦਾ ਹੈ ਤਾਂ ਪਬਲਿਕ ਦੀ ਡਿਮਾਂਡ ਹੁੰਦੀ ਹੈ ਕਿ ਪਿੰਡ ਦੀ ਡਿਵੈਲਮੈਂਟ ਵਾਸਤੇ ਕੁਝ ਪੈਸੇ ਦਿੱਤੇ ਜਾਣ । ਲੇਕਿਨ ਜਿਹੜੇ ਇਹ ਪੈਸੇ ਦਿੱਤੇ ਜਾਣ, ਇਹ ਮੈਰਿਟ ਦੇ ਆਧਾਰ ਤੇ ਦਿੱਤੇ ਜਾਣ । ਇਸ ਵਿਚ ਵੀ ਮੈਨੂੰ ਕੋਈ ਇਤਰਾਜ਼ ਨਹੀਂ । ਇਸ ਤੋਂ ਅੱਗੇ ਦੌਰਿਆਂ ਦਾ ਖਰਚਾ 25 ਲੱਖ ਰੁਪਿਆ ਰੱਖਿਆ ਹੈ । ਪਿਛਲੀ ਵਾਰੀ ਵੀ ਇਹ 25 ਲੱਖ ਹੀ ਸੀ । ਲੇਕਿਨ ਹੁਣ ਤਾਂ ਪਿਛਲੀ ਵਾਰੀ ਨਾਲੋਂ ਮੰਤਰੀ ਵੀ ਘੱਟ ਹਨ, ਹੁਣ ਤੱਕ ਤਾਂ 9 ਮੰਤਰੀ ਹੀ ਚੱਲ ਰਹੇ ਹਨ । ਇਸ ਲਈ ਇਸ ਤੇ ਵਿਚਾਰ ਕਰਨਾ ਚਾਹੀਦਾ ਹੈ । ਦਫਤਰੀ ਖਰਚੇ ਤੁਸੀਂ ਤਿੰਨ ਲੱਖ ਵਧਾ ਦਿੱਤੇ ਹਨ । ਇਸ ਬਾਰੇ ਵੀ ਬੇਨਤੀ ਕਰਾਂਗਾ ਕਿ ਥੋੜ੍ਹਾ ਜਿਹਾ ਇਸ ਤੇ ਵੀ ਵਿਚਾਰ ਕਰਨਾ ਚਾਹੀਦਾ ਹੈ । ਇਕ ਚੀਜ਼ ਹੋਰ ਕਹੋ ਕਿ ਨਾਨ-ਪਲਾਨ ਖ਼ਰਚਾ ਪਿਛਲੀ ਵਾਰੀ ਨਾਲੋਂ 17% ਇਨਕਰੀਜ਼ ਕਰ ਦਿੱਤਾ ਹੈ । ਮੈਂ ਐਫ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਕੱਲੀ ਐਡਮਨਿਸਟ੍ਰੇਸ਼ਨ ਸਰਵਿਸਿਜ਼/ਪ੍ਰਬੰਧਕੀ ਸੇਵਾਵਾਂ ਵਿੱਚ 15.58 ਹੈ, ਏਨਾ ਇਨਕਰੀਜ਼ ਕੀਤਾ ਹੈ ਅਸੀਂ ਤਾਂ ਨਾਨ-ਡਿਵੈਲਪਮੈਂਟ ਤੇ ਖਰਚਾ ਘਟਾਉਣਾ ਹੈ, ਪੈਸਾ ਜੋੜਨਾ ਹੈ । ਪਤਾ ਤਾਂ ਲੱਗੇ ਕਿ ਇਹ ਪੈਸਾ ਕਿਸ ਤੇ ਹੈ । ਏਡੀ ਵੱਡੀ ਕੀ ਐਮਰਜੰਸੀ ਹੈ ਕਿ ਪੈਸਾ ਦੇਣਾ ਪਵੇਗਾ । ਮੈਂ ਇਸ ਵਿੱਚ ਪੁਲਿਸ ਦੀ ਗੱਲ ਨਹੀਂ ਕਰਦਾ ।

ਆਖਰੀ ਗੱਲ, ਮੈਂ ਕਹਿਣੀ ਚਾਹੁੰਦਾ ਹਾਂ ਕਿ ਸਿਹਤ ਸੇਵਾਵਾਂ ਦੀ ਬੜੀ ਮਾੜੀ ਹਾਲਤ ਹੈ । ਪ੍ਰਤੀ ਹਜ਼ਾਰ ਮਰੀਜ਼ਾਂ ਦੇ ਹਿਸਾਬ ਨਾਲ ਹਸਪਤਾਲਾਂ ਵਿੱਚ ਬੈੱਡਾਂ ਦੀ ਸੰਖਿਆ, ਡਾਕਟਰਾਂ ਦੀ ਸੰਖਿਆ ਘਟਦੀ ਜਾ ਰਹੀ ਹੈ । ਹਸਪਤਾਲਾਂ ਵਿਚ ਇਨ-ਡੋਰ ਅਤੇ ਆਊਟ-ਡੋਰ ਮਰੀਜ਼ਾਂ ਦੇ ਮੁਤਾਬਿਕ, ਤੁਸੀਂ ਆਪ ਸਰਵੇ ਕਰ ਲਵੋ, ਤੁਹਾਨੂੰ ਪਤਾ ਲੱਗ ਜਾਵੇਗਾ । ਸਰਕਾਰੀ ਸਿਹਤ ਸੰਸਥਾਵਾਂ ਵਿੱਚ ਲੋੜੀਂਦੀਆਂ ਸਿਹਤ ਸੇਵਾਵਾਂ ਨਹੀਂ ਮਿਲਦੀਆਂ, ਦਵਾਈਆਂ ਨਹੀਂ ਮਿਲਦੀਆਂ । ਇਸ ਗੱਲ ਵੱਲ ਉਚੇਚੇ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ । ਇਕ ਗੱਲ ਨਾਲ ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ ਕਿ ਪੰਜਾਬ ਅਨਾਜ ਵਿੱਚ ਬੱਲੇ-ਬੱਲੇ, ਬਹਾਦਰੀ ਵਿੱਚ ਬੱਲੇ ਬੱਲੇ ਲੇਕਿਨ ਜਦੋਂ ਅਸੀਂ ਪੜ੍ਹਾਈ ਜਾਂ ਲਿਟਰੇਸੀ ਦੇ ਮੁਕਾਬਲੇ ਤੇ ਦਾਰੂ ਪੀਣ ਦਾ ਮੁਕਾਬਲਾ ਕਰਦੇ ਹਾਂ, ਤਾਂ ਸਾਡਾ ਸਿਰ ਚਿੰਤਾ ਨਾਲ ਝੁੱਕ ਜਾਂਦਾ ਹੈ । ਕਿਰਪਾ ਕਰਕੇ ਪੰਜਾਬ ਨੂੰ ਨਸ਼ੱਈ ਨਾ ਬਣਾਉ, ਪੜ੍ਹਾਈ ਨੂੰ ਡਿਸਕਰੇਜ ਨਾ ਕਰੋ ਬਲਕਿ ਮੈਂ ਬੇਨਤੀ ਕਰਦਾ ਹਾਂ ਕਿ ਇਹੀ ਪੈਸਾ ਐਜੂਕੇਸ਼ਨ ਤੇ ਲਾਉਣਾ ਚਾਹੀਦਾ ਹੈ । ਮੈਂ ਅੰਕੜੇ ਨਹੀਂ ਦੇ ਰਿਹਾ ਲੇਕਿਨ 40.1 ਦੀ ਰੇਸ਼ੋ ਅੱਜ ਪ੍ਰਾਇਮਰੀ ਐਜੂਕੇਸ਼ਨ ਦੀ ਹੈ । ਬਹੁਤ ਸਾਰੇ ਵੱਡੀ ਉਮਰ ਦੇ ਸਟੂਡੈਂਟ, ਖਾਸ ਕਰਕੇ ਐਸ. ਸੀ. ਦੇ ਸਟੂਡੈਂਟਾਂ ਦੀ ਸੰਖਿਆ ਘੱਟ ਰਹੀ ਹੈ । ਇਸ ਕਰਕੇ ਬੇਨਤੀ ਹੈ ਕਿ ਸਾਨੂੰ ਇਸ ਪਾਸੇ ਚਿੰਤਾ ਕਰਨੀ ਚਾਹੀਦੀ ਹੈ । ਆਖਰੀ ਨੁਕਤਾ ਰਹਿ ਗਿਆ ਚੁੰਗੀ ਦੀਆਂ

[ਕਾਮਰੇਡ ਹਰਦੇਵ ਅਰਸ਼ੀ]

ਦਰਾਂ ਬਾਰੇ । ਇਸ ਬਾਰੇ ਕਮੇਟੀ ਬਣਾ ਲਈ ਹੈ ਲੇਕਿਨ ਇਸ ਬਾਰੇ ਬਹੁਤ ਰਿਜੈਂਟਮੈਂਟ ਹੈ । ਜੇਕਰ ਇਹ ਕਰਨੀ ਹੈ, ਤਾਂ ਦੱਸੋ, ਨਹੀਂ ਕਰਨੀ ਤਾਂ ਦੱਸਣਾ ਚਾਹੀਦਾ ਹੈ ।

ਇਸੇ ਤਰ੍ਹਾਂ ਸਪੀਕਰ ਸਾਹਿਬ, ਮੈਨੂੰ ਇਕ ਹੋਰ ਗੱਲ ਨਾਲ ਇਤਰਾਜ਼ ਹੈ। ਬਜਟ ਵਿੱਚ ਕਿਹਾ ਹੈ ਕਿ ਇੰਸਪੈਕਟਰੀ ਰਾਜ ਖਤਮ ਕਰ ਦੇਵਾਂਗੇ । ਐਗਜ਼ਾਮਿਨ ਕਰ ਰਹੇ ਹੋ ਲੇਕਿਨ ਕਿਹੜਾ ਇੰਸਪੈਕਟਰੀ ਰਾਜ ? ਲੇਬਰ ਇੰਸਪੈਕਟਰ ਨੂੰ ਖਤਮ ਕਰਨ ਜਾ ਰਹੇ ਹੋ ਤਾਂ ਕਿ ਲੇਬਰ ਫ਼ੈਕਟਰੀ ਮਾਲਕ ਦੇ ਰਹਿਮ ਤੇ ਹੀ ਰਹਿ ਜਾਵੇ । ਸਪੀਕਰ ਸਾਹਿਬ, ਜਿਹੜੀ ਲੇਬਰ ਦੀ ਹਾਜ਼ਰੀ ਹੈ ਜਾਂ ਹੋਰ ਕੋਈ ਸਹੂਲਤਾਂ ਹਨ, ਫੈਕਟਰੀ ਮਾਲਕ ਤਾਂ ਉਹ ਹੁਣ ਵੀ ਨਹੀਂ ਦੇ ਰਹੇ । ਇਸ ਤਰ੍ਹਾਂ ਕਰਨ ਨਾਲ ਜਿਹੜਾ ਮਾੜਾ ਮੋਟਾ ਚੈਕ ਹੈ, ਉਹ ਵੀ ਖਤਮ ਹੋ ਜਾਵੇਗਾ । ਜਿਹੜੀ ਕੋਈ ਅਨਨਸੈਸਰਲੀ ਹਰਾਸਮੈਂਟ ਹੈ, ਉਸ ਨੂੰ ਜ਼ਰੂਰ ਰੋਕਿਆ ਜਾਵੇ, ਉਸ ਨੂੰ ਯੱਕ-ਮੁਕਤ ਕੀਤਾ ਜਾਵੇ ਲੇਕਿਨ ਲੇਬਰ ਦਾ ਖਿਆਲ ਰੱਖਣਾ ਚਾਹੀਦਾ ਹੈ । ਇੱਕ ਆਖਰੀ ਨੁਕਤਾ ਭ੍ਰਿਸ਼ਟਾਚਾਰ ਦਾ ਰਹਿ ਗਿਆ. . .(ਵਿਘਨ)

ਸ੍ਰੀ ਸਪੀਕਰ : ਹੁਣ ਕਲੋਜ਼ ਕਰੋ ।

ਕਾਮਰੇਡ ਹਰਦੇਵ ਅਰਸ਼ੀ : ਭ੍ਰਿਸ਼ਟਾਚਾਰ ਦਾ ਹਾਲੇ ਕੋਈ ਸਕੋਪ ਨਹੀਂ । 21 ਸੌ ਕਰੋੜ ਰੁਪਏ ਦਾ ਸਾਰਾ ਪਲੈਨਿਡ ਬਜਟ ਹੈ ਔਰ ਸਾਰਾ ਪਲੈਨਿੰਗ ਦੇ ਨਾਲ ਖਰਚ ਹੋਣਾ ਹੈ । ਲੇਕਿਨ ਜਿਹੜਾ ਹੁਣ ਤੱਕ ਦਾ ਪਿਛਲਾ ਐਕਸਪੀਰੀਐਂਸ ਹੈ, ਉਹ ਇਹ ਹੈ ਕਿ ਜਿੰਨਾ ਪੈਸਾ ਬੈਨੀਫਿਸ਼ਰੀ ਦਾ ਹੈ, ਉਹ ਉਸ ਤੱਕ ਜਾਂਦਾ ਜਾਂਦਾ ਅੱਧਾ ਰਹਿ ਰਿਹਾ ਹੈ ਔਰ ਕਿਤੇ ਅੱਧਾ ਵੀ ਨਹੀਂ ਰਿਹਾ । ਤੁਹਾਨੂੰ ਇਸ ਗੱਲ ਦਾ ਕਰੈਡਿਟ ਜਾਣਾ ਹੈ ਕਿ ਤੁਸੀਂ ਜੋ ਪੈਸਾ ਦੇਣ ਜਾ ਰਹੇ ਹੋ, ਉਹ ਪੂਰੇ ਦਾ ਪੂਰਾ ਪਹੁੰਚੇ । ਉਸ ਉਤੇ ਪੂਰੀ ਤਰ੍ਹਾਂ ਨਾਲ ਚੈਕ ਹੋਣਾ ਚਾਹੀਦਾ ਹੈ ਕਿ ਕਿਤੇ ਭ੍ਰਿਸ਼ਟਾਚਾਰ ਨਾ ਹੋਵੇ । ਸਰਕਾਰ ਕਹਿੰਦੀ ਹੈ ਕਿ ਕੋਈ ਭ੍ਰਿਸ਼ਟਾਚਾਰ ਨਹੀਂ ਹੈ । ਆਹ ਮੈਂ ਟੇਬਲ ਤੇ ਰੱਖ ਦਿੰਦਾ ਹਾਂ ਜਿਸ ਵਿੱਚ ਕਰੋੜਾਂ ਰੁਪਏ ਦਾ ਘਪਲਾ ਹੋਇਆ ਹੈ । ਤੁਸੀਂ ਇਸ ਦੀ ਇਨਕੁਆਇਰੀ ਕਰਵਾ ਲਵੋ । ਇਸੇ ਤਰ੍ਹਾਂ ਹੀ ਫਾਰੈਸਟ ਡਿਪਾਰਟਮੈਂਟ ਦਾ ਹੈ, ਉਸ ਬਾਰੇ ਵੀ ਤੁਸੀਂ ਦੇਖ ਲਵੋ । ਇਸੇ ਤਰ੍ਹਾਂ ਟਰਾਂਸਪੋਰਟ ਡਿਪਾਰਟਮੈਂਟ ਦਾ ਵੀ ਹੈ । ਤੁਸੀਂ ਕਹਿੰਦੇ ਹੋ ਕਿ ਕੁਰੱਪਸ਼ਨ ਕਰਨ ਵਾਲੇ ਫੜੇ ਨਹੀਂ ਜਾਂਦੇ । ਸਪੀਕਰ ਸਾਹਿਬ, ਮੇਰੇ ਕੋਲ ਕੈਸੇਟ ਹੈ ਪਰ ਹਾਊਸ ਦੇ ਵਿਚ ਲਗਾਉਣ ਦੀ ਆਗਿਆ ਨਹੀਂ ਹੈ, ਉਹ ਮੈਂ ਸੀ. ਐਮ. ਸਾਹਿਬ ਨੂੰ ਦੇ ਦੇਵਾਂਗਾ, ਕਲਾਸ-ਵੰਨ ਆਫੀਸਰ ਜਿਹੜਾ ਕਿ ਟੈਲੀਫੋਨ ਤੇ ਹੀ ਦਸ ਹਜ਼ਾਰ ਰੁਪਏ ਮੰਗ ਰਿਹਾ ਹੈ । ਮੇਰਾ ਕਹਿਣ ਦਾ ਭਾਵ ਹੈ ਕਿ ਜੇਕਰ ਤੁਹਾਡੇ ਕੋਲ ਭ੍ਰਿਸ਼ਟਾਚਾਰ ਦੂਰ ਕਰਨ ਦੀ ਵਿੱਲ ਹੈ ਤਾਂ ਇਸ ਦੇ ਲਈ ਫੈਕਟਸ ਮਿਲ ਸਕਦੇ ਹਨ । ਤੁਸੀਂ ਕੁਰੱਪਸ਼ਨ ਉਪਰੋਂ ਫੜੋ । ਹੇਠਾਂ ਤੋਂ ਪਟਵਾਰੀ ਜਾਂ ਕਾਨੂੰਨਗੋ ਤੋਂ ਕੁਰਪਸ਼ਨ ਦੂਰ ਨਹੀਂ ਹੋਵੇਗੀ । ਉਪਰੋਂ ਟੰਗਣਾ ਚਾਹੀਦਾ ਹੈ ਜਿਹੜੇ ਅਧਿਕਾਰੀ ਕੁਰੱਪਸ਼ਨ ਕਰਦੇ ਹਨ । ਹੇਠਾਂ ਤੋਂ ਸ਼ੁਰੂ ਕਰਨ ਨਾਲ ਮਘੋਰੇ ਬੰਦ ਨਹੀਂ ਹੋ ਸਕਦੇ । ਪਹਿਲਾਂ ਕੁਰੱਪਸ਼ਨ ਦੂਰ ਕਰਨ ਸਬੰਧੀ ਲਿਸਟਾਂ ਬਣਾਈਆਂ ਸਨ । ਅੱਜ ਲੋਕੀਂ ਪੁੱਛਦੇ ਹਨ ਕਿ ਉਹ

ਲਿਸਟਾਂ ਕਿਥੇ ਗਈਆਂ । ਇਸ ਸਬੰਧੀ ਬੜੇ ਪ੍ਰਸ਼ਨ ਉਠ ਰਹੇ ਹਨ । ਮੈਂ ਬੇਨਤੀ ਕਰਦਾ ਹੋਇਆ ਕਹਿੰਦਾ ਹਾਂ ਕਿ ਜਿੰਨਾ ਬਜਟ ਹੈ ਉਸ ਤੇ ਸਰਕਾਰ ਪੂਰੀ ਤਰ੍ਹਾਂ ਕਾਇਮ ਰਹੇਗੀ । ਕੋਈ ਕੱਟ ਨਹੀਂ ਲਗਾਇਆ ਜਾਵੇਗਾ । ਪੈਸਾ ਰੀਅਲ ਬੇਨੀਫਿਸ਼ਰੀਜ਼ ਕੋਲ ਜਾਵੇਗਾ । ਬਜਟ ਲਾਗੂ ਕਰਨ ਵਾਸਤੇ ਕੋਈ ਪੁਲੀਟੀਕਲੀ ਡਿਸਕ੍ਰੀਮੀਨੇਸ਼ਨ ਨਹੀਂ ਹੋਵੇਗੀ । ਮੈਂ ਮਹਿਸੂਸ ਕਰਦਾ ਹਾਂ ਔਰ ਇਹ ਹੋ ਰਿਹਾ ਹੈ । ਮੈਂ ਇਸ਼ਾਰੇ ਤੌਰ ਤੇ ਕਹਿੰਦਾ ਹਾਂ ਕਿ ਜਿਥੇ ਡਿਵੈਲਪਮੈਂਟ ਦਾ ਕੰਮ ਹੋਵੇਗਾ ਉਥੇ ਅਸੀਂ ਕੋਆਪਰੇਟ ਕਰਾਂਗੇ, ਪੰਜਾਬ ਦੀ ਡਿਵੈਲਪਮੈਂਟ ਸਾਡੀ ਡਿਵੈਲਪਮੈਂਟ ਹੈ । ਸਾਡੀ ਮੌਰਲ ਡਿਊਟੀ ਬਣਦੀ ਹੈ । ਪਰ ਜੇਕਰ ਡਿਸਕ੍ਰੀਮੀਨੇਸ਼ਨ ਕਰੋਗੇ ਤਾਂ ਇਸ ਨਾਲ ਸਾਡੇ ਮਨ ਵਿਚ ਗਲਤ ਭਾਵਨਾ ਪੈਦਾ ਹੋਵੇਗੀ । ਇੰਨਾ ਕਹਿੰਦਾ ਹੋਇਆ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ।

ਰਾਜਾ ਨਰਿੰਦਰ ਸਿੰਘ (ਨਾਭਾ): ਸਪੀਕਰ ਸਾਹਿਬ, ਆਪ ਦੀ ਬੜੀ ਮਿਹਰਬਾਨੀ ਕਿ ਤੁਸੀਂ ਮੈਨੂੰ ਬਜਟ ਦੇ ਉਤੇ ਬੋਲਣ ਲਈ ਆਗਿਆ ਦਿੱਤੀ ਹੈ । ਮੈਂ ਚੀਫ ਮਨਿਸਟਰ ਸਾਹਿਬ ਅਤੇ ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਜਿਥੇ ਸਾਰੇ ਬੋਲਣ ਵਾਲੇ ਇਸ ਨੂੰ ਇਕ ਬੈਲੈਂਸਡ ਬਜਟ ਕਹਿੰਦੇ ਹਨ ਮੈਂ ਇਸ ਦੇ ਨਾਲ ਇਕ ਹੋਰ ਲਾਈਨ ਜੋੜਨੀ ਚਾਹੁੰਦਾ ਹਾਂ ਰਿਲੀਫ ਬਜਟ, ਉਸ ਪਾਸੇ ਜਿਨ੍ਹਾਂ ਨੂੰ ਅਜੇ ਤੱਕ ਰਾਹਤ ਨਹੀਂ ਮਿਲੀ ਸੀ, ਤੇ ਹੁਣ ਇਹ ਬਜਟ ਉਨ੍ਹਾਂ ਲੋਕਾਂ ਨੂੰ ਰਾਹਤ ਪਹੁੰਚਾਉਣ ਵਾਲਾ ਬਜਟ ਹੈ । ਇਸ ਬਜਟ ਦੇ ਵਿੱਚ ਕੁਝ ਐਸੀਆਂ ਹਿਸਟੋਰਿਕ ਚੀਜ਼ਾਂ ਹਨ ਜਿਹੜੀਆਂ ਕਿ ਪਹਿਲੀ ਸਰਕਾਰ ਨੇ ਕਦੇ ਸੋਚੀਆਂ ਹੀ ਨਹੀਂ ਸਨ, ਲਿਆਉਣ ਦੀ ਗੱਲ ਤਾਂ ਦੂਜੇ ਪਾਸੇ ਰਹੀ । ਕਈ ਤਰ੍ਹਾਂ ਦੀਆਂ ਰਾਹਤਾਂ ਇਸ ਬਜਟ ਦੇ ਵਿੱਚ ਦਿੱਤੀਆਂ ਗਈਆਂ ਹਨ । ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਐਜ਼ ਏ ਚੀਫ ਮਨਿਸਟਰ ਇਹ ਤੀਜੀ ਟਰਮ ਹੈ । ਸਭ ਤੋਂ ਪਹਿਲਾਂ ਬਾਦਲ ਸਾਹਿਬ ਨੇ ਪੰਜਾਬ ਨੂੰ 'ਮੇਰਾ ਪੰਜਾਬ' ਕਹਿ ਕੇ ਪੁਕਾਰਿਆ ਹੈ ਔਰ ਪੰਜਾਬ ਦੇ ਵਾਸਤੇ ਹਰੇਕ ਵਾਰੀ ਇਨ੍ਹਾਂ ਨੇ ਕੋਈ ਨਾ ਕੋਈ ਨਵੀਂ ਚੀਜ਼ ਲਿਆਂਦੀ ਹੈ । ਐਂਤਕੀ ਜੋ ਪੰਜਾਬ ਦੇ ਵਿੱਚ ਨਵੀਂ ਚੀਜ਼ ਲਿਆਂਦੀ ਹੈ ਉਹ ਇਹ ਕਿ ਜੋ ਇਲੈਕਸ਼ਨਾਂ ਤੋਂ ਪਹਿਲਾਂ ਲੋਕਾਂ ਨਾਲ ਇਨ੍ਹਾਂ ਨੇ ਵਾਅਦੇ ਕੀਤੇ ਸਨ ਉਹ ਪੂਰੇ ਕਰਕੇ ਦਿਖਾਏ ਹਨ, ਕੇਵਲ ਤਿੰਨ ਮਹੀਨਿਆਂ ਦੇ ਵਿਚ । ਲੋਕਾਂ ਦੇ ਵਿੱਚ ਇਸ ਪ੍ਰਤੀ ਪੂਰੀ ਐਪਰੀਸ਼ੀਏਸ਼ਨ ਵੀ ਹੈ । ਇਸ ਦੀ ਤਾਜ਼ਾ ਮਿਸਾਲ ਕਿਲਾ ਰਾਏਪੁਰ ਦੀ ਚੋਣ ਹੈ । ਚੀਫ ਮਨਿਸਟਰ ਸਾਹਿਬ ਨੇ ਐਜ਼ ਏ ਲੀਡਰ ਅਤੇ ਐਜ਼ ਏ ਅਕਾਲੀ ਦਲ ਦੇ ਪ੍ਰਧਾਨ ਵਜੋਂ ਜੋ ਵਾਅਦੇ ਕੀਤੇ ਸਨ ਉਹ ਪੂਰੇ ਕੀਤੇ ਹਨ । (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਸਪੀਕਰ ਸਾਹਿਬ ਸਾਡੇ ਚੀਫ ਮਨਿਸਟਰ ਸਾਹਿਬ ਨੇ ਸਭ ਤੋਂ ਵੱਡੀ ਗੱਲ ਕਹੀ ਕਿ ਪੰਜਾਬ ਨੂੰ ਕਲੀਨ ਐਡਮਨਿਸਟ੍ਰੇਸ਼ਨ ਦਿਆਂਗੇ । ਮੇਰੇ ਇਕ ਦੋਸਤ ਟਰੇਜ਼ਰੀ ਬੈਂਚ ਤੋਂ ਸਰਦਾਰ ਮਨਪ੍ਰੀਤ ਸਿੰਘ ਨੇ ਬੋਲਦੇ ਹੋਏ ਕਿਹਾ ਸੀ ਕਿ ਲੁਧਿਆਣਾ, ਜਲੰਧਰ, ਗੋਬਿੰਦਗੜ੍ਹ ਵਿਚ ਜਿੰਨੀ ਇੰਡਸਟਰੀ ਲਗੀ ਹੋਈ ਹੈ ਉਸ ਵਿਚ ਸਰਕਾਰ ਦੀ ਕਾਂਟਰੀਬਿਊਸ਼ਨ ਕੀ ਹੈ । ਸਾਡੀ ਕਾਂਟਰੀਬਿਊਸ਼ਨ ਇਹ ਹੈ ਕਿ ਜਿਹੜਾ ਵੀ ਇਨ੍ਹਾਂ ਦੇ ਵਿਚ ਕੋਈ ਪੁਰਜ਼ਾ ਬਣਾਉਂਦਾ ਸੀ ਉਹ ਅੱਜ ਕਾਰਖਾਨਾ ਚਲਾਉਣ ਲੱਗ ਪਿਆ ਹੈ ਔਰ ਜਿਹੜਾ ਪਹਿਲਾਂ ਸੂਈ ਬਣਾਉਂਦਾ ਸੀ ਉਹ ਅੱਜ ਮਸ਼ੀਨ ਤਿਆਰ

[ਰਾਜਾ ਨਰਿੰਦਰ ਸਿੰਘ]

ਕਰਨ ਲੱਗ ਪਿਆ ਹੈ । ਪਹਿਲੀ ਸਰਕਾਰ ਇਸ ਪਾਸੇ ਲੋਕਾਂ ਦੀ ਹੈਲਪ ਹੀ ਨਹੀਂ ਕਰ ਸਕੀ । ਮੇਰੇ ਵੀਰ ਅਰਸ਼ੀ ਜੀ ਕਹਿ ਰਹੇ ਸਨ ਕਿ ਇੰਸਪੈਕਟਰੀ ਰਾਜ ਖਤਮ ਨਹੀਂ ਹੋਣਾ ਚਾਹੀਦਾ ਪਰ ਮੇਰਾ ਇਹ ਕਹਿਣਾ ਹੈ ਕਿ ਜਿਹੜੇ ਇੰਸਪੈਕਟਰ ਹਨ ਇਹ ਦਲਾਲ ਦੇ ਤੌਰ ਤੇ ਕੰਮ ਕਰਦੇ ਹਨ ਅਤੇ ਇਹ ਕਿਸੇ ਫੈਕਟਰੀ ਵਿੱਚ ਲਗਾਏ ਜਾਣ ਤੋਂ ਪਹਿਲਾਂ ਆਪਣਾ ਤੇ ਵਜ਼ੀਰ ਸਾਹਿਬ ਦਾ ਹਿੱਸਾ ਮੰਗਦੇ ਹਨ । ਮੁਕਤ ਪਾਈਪ ਫੈਕਟਰੀ ਦਾ ਕੰਮ ਦੋ ਸਾਲ ਲਈ ਇਸ ਕਰਕੇ ਡਿਲੇਅ ਹੋ ਗਿਆ ਸੀ ਕਿਉਂਕਿ ਉਦੋਂ ਦੇ ਵਜ਼ੀਰ ਸਾਹਿਬ ਚਾਹੁੰਦੇ ਸਨ ਕਿ ਉਨ੍ਹਾਂ ਦਾ ਹਿੱਸਾ ਇਸ ਦੇ ਵਿਚ ਰੱਖਿਆ ਜਾਵੇ ਤੇ ਜਿੰਨੀ ਵੀ ਇੰਡਸਟਰੀ ਹਿੰਦੁਸਤਾਨ ਤੋਂ ਜਾਂ ਬਾਹਰਲੇ ਮੁਲਕਾਂ ਤੋਂ ਇਸ ਸਟੇਟ ਵਿੱਚ ਆਵੇ ਉਸ ਦੇ ਵਿਚ ਸਾਡਾ ਹਿੱਸਾ ਰਖਿਆ ਜਾਏ । ਇਸ ਕਰਕੇ ਨਵੀਂ ਇੰਡਸਟਰੀ ਨਹੀਂ ਆ ਸਕੀ । ਸਾਡੇ ਚੀਫ ਮਨਿਸਟਰ ਸਾਹਿਬ ਨੇ ਫੈਸਲਾ ਕੀਤਾ ਕਿ ਸਾਡੇ ਕਿਸੇ ਵੀ ਐਮ. ਐਲ. ਏ. ਜਾਂ ਵਜ਼ੀਰ ਦਾ ਇਨ੍ਹਾਂ ਫੈਕਟਰੀਆਂ ਦੇ ਵਿਚ ਕੋਈ ਹਿੱਸਾ ਨਹੀਂ ਹੋਵੇਗਾ ਜਿਹੜੀਆਂ ਕਿ ਬਾਹਰਲੇ ਮੁਲਕਾਂ ਦੇ ਵਿੱਚੋਂ ਆਉਣ ਜਾਂ ਹਿੰਦੁਸਤਾਨ ਦੇ ਵਿੱਚੋਂ ਆਉਣ । ਇਸ ਵਿੱਚ ਅਸੀਂ ਕੋਈ ਹਿੱਸੇਦਾਰ ਨਹੀਂ ਪਾਵਾਂਗੇ ਸਗੋਂ ਉਨ੍ਹਾਂ ਨੂੰ ਸਹੂਲੀਅਤ ਦੇਵਾਂਗੇ । ਪਰ ਇਹ ਜ਼ਰੂਰ ਕਿਹਾ ਹੈ ਕਿ ਜੇ ਜ਼ਮੀਨ ਲਓਗੇ ਤਾਂ ਅਸੀਂ ਉਹ ਤੁਹਾਨੂੰ ਮਾਰਕੀਟ ਰੇਟ ਤੇ ਲੈ ਕੇ ਦੇਵਾਂਗੇ । ਇਹ ਨਹੀਂ ਕਿ ਲੁਧਿਆਣੇ ਦੀ ਜ਼ਮੀਨ ਪਲਾਟਾਂ ਵਿੱਚ ਲਈ ਹੋਈ ਹੈ ਉਹ ਏਕੜਾਂ ਵਿੱਚ ਲੋਕਾਂ ਨੂੰ ਬਹੁਤ ਵੱਡੇ ਭਾਅ ਤੇ ਦੇ ਦਿੱਤੀਆਂ ਅਤੇ ਫਿਰ ਇਤਰਾਜ਼ ਹੋਇਆ । ਜੇ ਕਿਸੇ ਦੇਸ਼ ਦੀ ਤਰੱਕੀ ਦਾ ਮਾਪ ਦੇਖਣਾ ਹੋਵੇ ਜਾਂ ਯਾਰਡ ਸਟਿਕ ਜਿਸ ਨੂੰ ਕਹਿੰਦੇ ਹਨ ਉਹ ਬਿਜਲੀ ਦੀ ਖਪਤ ਹੈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਸੂਬੇ ਵਿੱਚ ਹਰ ਥਾਂ ਬਿਜਲੀ ਬੋਰਡ ਜਾਂ ਕਾਰਪੋਰੇਸ਼ਨਾਂ ਬਣਾ ਰਹੇ ਹਨ । ਲੋਨ ਲੈ ਕੇ ਵੱਧ ਤੋਂ ਵੱਧ ਸਟੇਟ ਦੀ ਡਿਵੈਲਪਮੈਂਟ ਹੋ ਸਕੇ ਜਿਵੇਂ ਕਿ ਫਿਗਰਜ਼ ਪੜ੍ਹ ਰਹੇ ਸੀ ਕਿ ਪੰਜਾਬ ਸਟੇਟ ਇਲੈਕਟਰੀਸਿਟੀ ਬੋਰਡ 46 ਲੱਖ ਕਨਜ਼ਿਊਮਰਜ਼ ਨੂੰ ਬਿਜਲੀ ਸਰਵ ਕਰ ਰਿਹਾ ਹੈ । ਲੇਕਿਨ ਬਿਜਲੀ ਬੋਰਡ ਕੋਲ 3514 ਮੈਗਾਵਾਟ ਬਿਜਲੀ ਅਵੇਲੇਬਲ ਹੈ । ਕੁਝ ਤਾਂ ਕਾਮਨ ਪੂਲ ਤੋਂ 1262 ਮੈਗਾਵਾਟ ਅਤੇ ਕੁਝ ਸੈਂਟਰਲ ਰਿਸੋਰਸਿਜ਼ ਤੋਂ 1014 ਮੈਗਾਵਾਟ ਆਉਂਦੀ ਹੈ । ਬਾਕੀ ਹੋਰ ਬਿਜਲੀ ਅਸੀਂ ਜੈਨਰੇਟ ਕਰਨੀ ਹੈ । ਬਿਜਲੀ ਦੇ ਘਾਟੇ ਨੂੰ ਪੂਰਾ ਕਰਨਾ ਹੈ । ਲੋਕਾਂ ਦੀ ਡਿਮਾਂਡ ਵੱਧ ਰਹੀ ਹੈ ਅਤੇ ਸਰਕਾਰ ਵੀ ਇਸ ਵਾਸਤੇ ਚਿੰਤਾਜਨਕ ਹੈ । ਇਸ ਵਾਸਤੇ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਜਿਵੇਂ ਰਣਜੀਤ ਸਾਗਰ ਡੈਮ ਹੈ ਇਸ ਤੋਂ 600 ਮੈਗਾਵਾਟ ਬਿਜਲੀ ਲੈਣੀ ਹੈ । ਦੂਜਾ ਪ੍ਰਾਜੈਕਟ ਸ਼ਾਹਪੁਰ ਕੰਡੀ ਦਾ ਹੈ, ਇਸ ਤੋਂ 134 ਮੈਗਾਵਾਟ ਬਿਜਲੀ ਲੈਣੀ ਹੈ । ਯੂ. ਬੀ. ਡੀ. ਸੀ. ਤੋਂ 70 ਮੈਗਾਵਾਟ ਬਿਜਲੀ ਲੈਣੀ ਹੈ । ਕੁਝ ਲੈਟਰ ਬਾਹਰਲੀਆਂ ਕੰਪਨੀਜ਼ ਅਤੇ ਕਾਰਪੋਰੇਸ਼ਨਜ਼ ਨਾਲ ਸਾਈਨ ਕੀਤੇ ਗਏ ਹਨ । ਗੁਰੂ ਹਰਗੋਬਿੰਦ ਥਰਮਲ ਪ੍ਰਾਜੈਕਟ ਹੈ ਇਸ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਜਿਹੜੀ ਬਿਜਲੀ ਮਾਫ਼ ਕੀਤੀ ਗਈ ਹੈ ਅਤੇ ਬਾਦਲ ਸਰਕਾਰ ਨੇ 60 ਰੁਪਏ ਕੁਇੰਟਲ ਕਣਕ ਉਤੇ ਜਿਹੜਾ ਬੋਨਸ ਦਿੱਤਾ ਹੈ, ਇਹ ਰਿਕਾਰਡ ਹੈ । ਇਹ ਇਨ੍ਹਾਂ ਦੀ ਅਕਲਮੰਦੀ ਹੈ, ਸੂਝ-ਬੂਝ ਹੈ ਕਿ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨੂੰ ਕੰਨਵਿੰਸ ਕੀਤਾ ਕਿ ਪਿੱਛੇ ਕਾਂਗਰਸ ਸਰਕਾਰ ਨੇ ਝੋਨੇ ਤੇ 20 ਰੁਪਏ ਬੋਨਸ ਦੇਣ ਲਈ ਕਿਹਾ ਸੀ । ਇਸ ਮਾਮਲੇ ਨੂੰ ਲਟਕਾਈ ਰੱਖਿਆ ਪਰ ਦਿੱਤਾ ਕੁਝ ਨਹੀਂ । ਭਾਵੇਂ 60 ਰੁਪਏ ਬੋਨਸ ਨਾਲ ਅਸੀਂ ਸੈਟਿਸਫਾਈਡ ਨਹੀਂ ਹਾਂ ਫਿਰ ਵੀ

ਇਹ ਇਕ ਸ਼ਲਾਘਾਯੋਗ ਕਦਮ ਹੈ। ਬਿਜਲੀ ਬੋਰਡ 7 ਲੱਖ 27 ਹਜ਼ਾਰ 540 ਟਿਊਬਵੈਲਾਂ ਨੂੰ ਬਿਜਲੀ ਦੇ ਰਿਹਾ ਹੈ ਜੋ ਕਿ ਮੁਫ਼ਤ ਹੈ। ਇਸ ਨਾਲ 226 ਕਰੋੜ ਰੁਪਏ ਦਾ ਬੋਰਡ ਨੂੰ ਘਾਟਾ ਪਿਆ ਹੈ ਅਤੇ ਇਹ ਘਾਟਾ ਪੰਜਾਬ ਸਰਕਾਰ ਆਪਣੇ ਰਿਸੋਰਸਿਜ਼ ਨਾਲ ਪੂਰਾ ਕਰੇਗੀ.

ਇਕ ਹੋਰ ਸਕੀਮ ਸ਼ਹਿਰੀ ਅਤੇ ਪੇਂਡੂ ਜੀਵਨ ਨੂੰ ਇਕੋ ਜਿਹਾ ਬਣਾਉਣ ਵਾਸਤੇ ਪੰਜਾਬ ਸਰਕਾਰ ਨੇ ਕੋਸ਼ਿਸ਼ ਕੀਤੀ ਹੈ। ਸ਼ਹਿਰਾਂ ਵਿੱਚ ਜਦੋਂ ਪਿੰਡਾਂ ਵਾਲੇ ਆਉਂਦੇ ਹਨ ਤਾਂ ਵੇਖਦੇ ਹਨ ਕਿ ਪੱਖਾ ਚੱਲ ਰਿਹਾ ਹੈ, ਬਿਜਲੀ ਚਲਦੀ ਹੈ। ਪਰ ਜੇ ਕੋਈ ਪਿੰਡਾਂ ਵਿੱਚ ਜਾਂਦਾ ਹੈ ਤਾਂ ਉਥੇ ਕੋਈ ਬਿਜਲੀ ਨਹੀਂ ਹੈ, ਮੱਛਰ ਕੱਟਦੇ ਹਨ। ਇਸ ਲਈ ਹੁਣ 24 ਘੰਟੇ ਪਿੰਡਾਂ ਵਿੱਚ ਬਿਜਲੀ ਸਪਲਾਈ ਕੀਤੀ ਜਾਵੇਗੀ। 31 ਮਾਰਚ, 1997 ਤੱਕ 698 ਪਿੰਡਾਂ ਨੂੰ 24 ਘੰਟੇ ਬਿਜਲੀ ਦੇ ਦਿੱਤੀ ਗਈ ਹੈ ਅਤੇ 1997-98 ਵਿੱਚ 3 ਹਜ਼ਾਰ ਪਿੰਡਾਂ ਨੂੰ ਇਹ ਬਿਜਲੀ ਦੀ ਸਹੂਲੀਅਤ ਵੀ ਦੇ ਦਿੱਤੀ ਜਾਵੇਗੀ ਤਾਂ ਕਿ ਉਹ ਵੀ ਸੁੱਖ ਦੀ ਨੀਂਦ ਸੌਂ ਸਕਣ। ਬੱਚਿਆਂ ਨੂੰ ਸਹੂਲਤ ਦੇਣੀ ਹੈ ਤਾਂ ਕਿ ਰਾਤਾਂ ਨੂੰ ਇਮਤਿਹਾਨਾਂ ਦੇ ਦਿਨਾਂ ਵਿੱਚ ਲਾਟੂ ਬਾਲ ਕੇ ਪੜ੍ਹਾਈ ਕਰ ਸਕਣ। ਹੁਣ ਮੈਂ ਜ਼ਿਆਦਾ ਸਮਾਂ ਇਧਰ ਨਹੀਂ ਲਗਾਉਣਾ ਚਾਹੁੰਦਾ। ਹੁਣ ਮੈਂ ਦੂਜੇ ਪਾਸੇ ਖੇਤੀਬਾੜੀ ਦੇ ਮਸਲੇ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਇਹ ਠੀਕ ਹੈ ਕਿ ਸਾਡੀ ਸਰਕਾਰ ਨੇ ਜ਼ਿੰਮੀਦਾਰਾਂ ਨੂੰ ਫਰੀ ਬਿਜਲੀ ਅਤੇ ਪਾਣੀ ਦਿੱਤਾ ਹੈ ਕਿਉਂਕਿ ਅਸੀਂ ਉਨ੍ਹਾਂ ਨੂੰ 60 ਰੁਪਏ ਬੋਨਸ ਨਹੀਂ ਦਿਵਾ ਸਕੇ। ਬੋਨਸ ਦੇ ਬਦਲੇ ਅਸੀਂ ਉਨ੍ਹਾਂ ਨੂੰ ਬਿਜਲੀ ਅਤੇ ਪਾਣੀ ਮੁਫਤ ਦੇਣ ਦਾ ਫੈਸਲਾ ਕੀਤਾ ਪਰ ਸਾਡੇ ਸੀ. ਪੀ. ਆਈ. ਅਤੇ ਸੀ. ਪੀ. ਐਮ. ਵਾਲੇ ਕਦੇ ਆਪੋਜ਼ੀਸ਼ਨ ਦੇ ਨਾਲ ਮਿਲ ਕੇ ਗੱਲਾਂ ਕਰਦੇ ਹਨ ਅਤੇ ਕਦੇ ਸਾਡੇ ਨਾਲ ਕਰਦੇ ਹਨ ਇਨ੍ਹਾਂ ਦਾ ਕੋਈ ਪਤਾ ਨਹੀਂ ਲਗਦਾ। ਅਗਰ ਇਨ੍ਹਾਂ ਦੀ ਸਰਕਾਰ ਹੋਵੇ ਤਦ ਹੀ ਪਤਾ ਲਗ ਸਕਦਾ ਹੈ ਕਿ ਇਨ੍ਹਾਂ ਦੀ ਸਰਕਾਰ ਲੋਕਾਂ ਨੂੰ ਕੀ ਸਹੂਲਤਾਂ ਦੇ ਸਕਦੀ ਹੈ। ਸੈਂਟਰ ਦੇ ਵਿਚ ਹੁਣ ਇਨ੍ਹਾਂ ਦਾ ਹੋਮ ਮਨਿਸਟਰ ਹੈ ਇਹ ਹੀ ਦੇਖ ਲੈਣ ਕਿੰਨੀਆਂ ਸਹੂਲਤਾਂ ਲੋਕਾਂ ਨੂੰ ਇਹ ਦਿਵਾ ਸਕੇ ਹਨ ਅਤੇ ਕਿਸ ਸੈਕਟਰ ਵਿਚ ਵੱਧ ਸਹੂਲਤਾਂ ਦਿਵਾ ਸਕੇ ਹਨ। ਜਦੋਂ ਵੀ ਰੌਂਤਾ ਸਾਹਿਬ ਅਤੇ ਅਰਸ਼ੀ ਸਾਹਿਬ ਨੂੰ ਬੋਲਣ ਦਾ ਮੌਕਾ ਮਿਲਦਾ ਹੈ ਇਹ ਸਰਕਾਰ ਨੂੰ ਕਰੀਟੀਸਾਈਜ਼ ਹੀ ਕਰਦੇ ਰਹਿੰਦੇ ਹਨ। ਹੈਲਦੀ ਕਰੀਟੀਸਾਈਜ਼ ਕਰਨ ਤਾਂ ਇਸ ਨੂੰ ਅਸੀਂ ਵੈਲਕਮ ਕਰਾਂਗੇ ਪਰ ਅਗਰ ਇਹ ਨੁਕਤਾਚੀਨੀ ਕੇਵਲ ਕਰੀਟੀਸੀਜ਼ਿਮ ਦੀ ਖਾਤਰ ਹੀ ਕਰਨ, ਉਹ ਕੋਈ ਅੱਛੀ ਗੱਲ ਨਹੀਂ ਹੈ।

ਬਾਕੀ ਜਿਹੜੇ ਵਾਟਰ ਰੀਸੋਰਿਸਜ਼ ਹਨ ਉਸ ਬਾਰੇ ਸਾਡੀ ਧਰਤੀ ਵਿਚ ਪੋਟੈਂਸ਼ਨਲ ਘੱਟ ਗਈ ਹੈ। ਇਰੀਗੇਸ਼ਨ ਰਾਹੀਂ ਅਸੀਂ 38% ਜ਼ਮੀਨ ਦੇ ਹਿੱਸੇ ਨੂੰ ਅਸੀਂ ਪਾਣੀ ਨਹੀਂ ਦੇ ਸਕਦੇ। ਪਾਣੀ ਦੇਣ ਲਈ ਸਾਨੂੰ ਛੋਟੇ ਡੈਮਾਂ ਰਾਹੀਂ ਪਾਣੀ ਦਾ ਪ੍ਰਬੰਧ ਕਰਨਾ ਪਵੇਗਾ ਔਰ ਬਿਜਲੀ ਪੈਦਾ ਕਰਨੀ ਪਵੇਗੀ। ਇਸ ਦੇ ਨਾਲ ਕੰਡੀ ਨਹਿਰ ਦੇ 59.5 ਕਿਲੋਮੀਟਰ ਏਰੀਏ ਨੂੰ ਅਸੀਂ ਪੱਕਾ ਕਰ ਦਿੱਤਾ ਹੈ ਔਰ ਲਾਈਨਿੰਗ ਆਫ ਚੈਨਲ ਦੇ ਲਈ ਜਿਹੜੀ ਸੀਪੇਜ਼ ਹੁੰਦੀ ਸੀ ਉਸ ਨੂੰ ਬੰਦ ਕਰ ਦਿੱਤਾ ਹੈ। ਬਾਦਲ ਸਾਹਿਬ ਨੇ

[ਰਾਜਾ ਨਰਿੰਦਰ ਸਿੰਘ]

ਆਉਂਦੇ ਹੀ ਕਿਹਾ ਕਿ ਪਿੰਡਾਂ ਦੇ ਵਿਚ ਨਹਿਰਾਂ ਦੇ ਖਾਲਿਆਂ ਨੂੰ ਪੱਕਾ ਕੀਤਾ ਜਾਵੇ ਔਰ ਲਾਇਨਿੰਗ ਆਫ ਚੈਨਲ ਨੂੰ ਪੱਕਾ ਕੀਤਾ ਜਾਵੇ । ਇਸ ਉਤੇ ਸਰਕਾਰ ਨੇ 50 ਕਰੋੜ ਰੁਪਿਆ ਖਰਚ ਕਰਨ ਦਾ ਵਾਅਦਾ ਕੀਤਾ ਹੈ ਔਰ ਇਹ ਸਰਕਾਰ ਦੀ ਜ਼ਿੰਮੇਵਾਰੀ ਵੀ ਹੈ । ਜਿਹੜਾ ਵਿਅਕਤੀ ਖੇਤੀਬਾੜੀ ਕਰਦਾ ਹੈ ਉਸ ਨੂੰ ਹੀ ਪਤਾ ਹੈ ਕਿ ਖਾਲੇ ਪੱਕੇ ਕਰਨ ਨਾਲ ਕਿੰਨਾ ਫਾਇਦਾ ਹੁੰਦਾ ਹੈ, ਦੂਜੇ ਨੂੰ ਨਹੀਂ ਪਤਾ ਹੋ ਸਕਦਾ ।

*4.17 ਵਜੇ ਬਾਅਦ ਦੁਪਹਿਰ

(ਇਸ ਸਮੇਂ *ਸਰਦਾਰ ਜਗੀਰ ਸਿੰਘ' ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਆਪੋਜ਼ੀਸ਼ਨ ਵਾਲੇ ਸ਼ਹਿਰਾਂ ਦੇ ਵਿਚ ਜਾ ਕੇ ਕਹਿੰਦੇ ਹਨ ਕਿ ਸਰਕਾਰ ਨੇ ਖਾਲਿਆਂ ਨੂੰ ਪੱਕਾ ਕਰਵਾ ਕੇ ਕਿਹੜਾ ਵੱਡਾ ਕੰਮ ਕਰ ਦਿੱਤਾ ਹੈ । ਇਹ ਗੱਲ ਜ਼ਿਮੀਦਾਰ ਹੀ ਜਾਣਦਾ ਹੈ ਕਿ ਅਗਰ ਕੋਈ ਖਾਲਾ ਰਸਤੇ ਵਿਚ ਟੁੱਟ ਜਾਵੇ ਤਾਂ ਉਸ ਖਾਲੇ ਨੂੰ ਨਾਲ ਜੋੜਨ ਲਈ ਕਿੰਨੀ ਮੁਸੀਬਤ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਪਾਣੀ ਨੂੰ ਲਿਆਉਣ ਲਈ ਕਿੰਨਾ ਕੁਝ ਕਰਨਾ ਪੈਂਦਾ ਹੈ । ਖਾਲੇ ਪੱਕੇ ਕਰਨ ਨਾਲ ਪਿੰਡਾਂ ਦੇ ਵਿਚ ਜ਼ਿਮੀਦਾਰਾਂ ਦਾ ਕਾਫੀ ਫਾਇਦਾ ਹੋਇਆ ਹੈ । Only the wearer knows where the shoe pinches. ਜਿਹੜੇ ਛੋਟੇ ਡੈਮ ਹਨ ਉਨ੍ਹਾਂ ਦੇ ਰਾਹੀਂ ਕਿਸਾਨਾਂ ਨੂੰ ਪਾਣੀ ਦਿੱਤਾ ਜਾਵੇਗਾ ਅਤੇ ਖਾਲੇ ਪੱਕੇ ਕਰਕੇ ਪਾਣੀ ਦਿੱਤਾ ਜਾਵੇਗਾ ਔਰ ਲਾਈਨਿੰਗ ਆਫ ਚੈਨਲ ਕਰਕੇ ਪਾਣੀ ਦਿੱਤਾ ਜਾਵੇਗਾ ਔਰ ਇਨ੍ਹਾਂ ਪ੍ਰਾਜੈਕਟਸ ਨੂੰ ਪੂਰਾ ਕੀਤਾ ਜਾਵੇਗਾ । ਅਸੀਂ ਚਾਹੁੰਦੇ ਹਾਂ ਕਿ ਜਿਸ ਤਰ੍ਹਾਂ ਲੋਕ ਸ਼ਹਿਰਾਂ ਦੇ ਵਿਚ ਆਰਾਮ ਦੀ ਜ਼ਿੰਦਗੀ ਬਤੀਤ ਕਰਦੇ ਹਨ ਉਸੇ ਤਰ੍ਹਾਂ ਪਿੰਡਾਂ ਦੇ ਵਿਚ ਜ਼ਿਮੀਦਾਰ ਲੋਕ ਵੀ ਆਰਾਮ ਦੀ ਜ਼ਿੰਦਗੀ ਬਤੀਤ ਕਰਨ । ਪਿਛੇ ਜਦੋਂ ਇਥੇ ਪੰਜਾਬ ਵਿਚ ਅਕਾਲੀ ਪਾਰਟੀ ਦੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ ਉਸ ਵੇਲੇ ਪੰਜਾਬ ਵਿਚ ਫੋਕਲ ਪੁਆਇੰਟਸ ਦੇ ਰਾਹੀਂ ਪਿੰਡਾਂ ਦਾ ਵਿਕਾਸ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ । ਕਾਂਗਰਸੀ ਸਰਕਾਰ ਨੇ ਫੋਕਲ ਪੁਆਇਟਸ ਦੀ ਸਕੀਮ ਨੂੰ ਖਤਮ ਕਰ ਦਿੱਤਾ ਅਤੇ ਸਕੀਮ ਹੀ ਡਰਾਪ ਕਰ ਦਿੱਤੀ । ਜਿਹੜੇ ਫੋਕਲ ਪੁਆਇੰਟ ਬਣਾਉਣ ਲਈ ਸਾਡੀ ਸਰਕਾਰ ਨੇ ਪ੍ਰਾਜੈਕਟ ਚਾਲੂ ਕੀਤੇ ਸਨ, ਉਨ੍ਹਾਂ ਦਾ ਇਨ੍ਹਾਂ ਨੇ ਨਾਮੋ ਨਿਸ਼ਾਨ ਹੀ ਖਤਮ ਕਰ ਦਿੱਤਾ । ਜਿਸ ਤਰ੍ਹਾਂ ਮੇਰੇ ਇਲਾਕੇ ਵਿਚ ਫੋਕਲ ਪੁਆਇੰਟ ਤੇ ਲਗੀਆਂ ਇੱਟਾਂ ਵੀ ਉਤਾਰ ਕੇ ਲੈ ਗਏ ਅਤੇ ਜਿਹੜੀਆਂ ਉਥੇ ਦੋ ਦੁਕਾਨਾਂ ਬਣੀਆਂ ਹੋਈਆਂ ਸਨ, ਵਰਕਸ਼ਾਪ ਬਣੀ ਹੋਈ ਸੀ, ਉਸ ਦੀਆਂ ਇੱਟਾਂ ਲਾਹ ਕੇ ਇਨ੍ਹਾਂ ਨੇ ਆਪਣੀਆਂ ਦੁਕਾਨਾਂ ਬਣਾ ਲਈਆਂ ਅਤੇ ਪੱਕੀਆਂ ਛੱਤਾਂ ਪਾ ਲਈਆਂ ਹਨ । ਉਥੇ ਜਿਹੜੀ ਮੰਡੀ ਬਣੀ ਹੋਈ ਸੀ, ਉਸ ਨੂੰ ਵੀ ਖਤਮ ਕਰ ਦਿੱਤਾ । ਇਨ੍ਹਾਂ ਨੇ ਸਾਡੀ ਫੋਕਲ ਪੁਆਇੰਟਸ ਦੀ ਸਕੀਮ ਨੂੰ ਬੜਾ ਵੱਡਾ ਧੱਕਾ ਮਾਰਿਆ ਔਰ ਇਸ ਤਰ੍ਹਾਂ ਜ਼ਿਮੀਦਾਰਾਂ ਦਾ ਇਨ੍ਹਾਂ ਨੇ ਬੜਾ ਨੁਕਸਾਨ ਕੀਤਾ । ਫੇਰ ਇਹ ਕਹਿੰਦੇ ਹਨ ਕਿ ਬੜੀਆਂ ਕੌੜੀਆਂ ਗੱਲਾਂ ਕਰਦੇ ਹਨ । ਫੇਰ ਇਹ ਗੁੱਸਾ ਕਰਦੇ ਹਨ । ਜਿਸ ਤਰ੍ਹਾਂ ਵਿਆਹ ਵਿਚ ਇਕੱਠੀਆਂ ਹੋਈਆਂ ਕੁੜੀਆਂ ਇਕ ਦੂਜੇ ਨੂੰ ਅਤੇ ਨਾਨਕਿਆਂ ਵਾਲਿਆਂ ਨੂੰ ਗਾਲ੍ਹਾਂ ਕੱਢਦੀਆਂ ਹਨ । ਇਸ ਤਰ੍ਹਾਂ ਅਸੀਂ ਗੱਲਾਂ ਕਰਦੇ ਹਾਂ ਤੁਹਾਨੂੰ ਗੁੱਸਾ ਨਹੀਂ ਕਰਨਾ ਚਾਹੀਦਾ । ਅਸੀਂ ਤੁਹਾਨੂੰ ਬੀਲੋਅ ਦੀ ਬੈਲਟ ਹਿੱਟ ਨਹੀਂ ਕਰਦੇ । ਮੈਂ ਅਰਜ਼ ਕਰ ਰਿਹਾ ਸੀ ਕਿ ਸਾਡੇ ਕੋਲ ਆਲਰੇਡੀ 1 ਅਪ੍ਰੈਲ, 1997 ਤੱਕ 61 ਪਾਰਸ਼ਲੀ ਫੋਕਲ ਪੁਆਇੰਟ ਕੰਪਲੀਟਿਡ ਹਨ ।

14.63 ਕਰੋੜ ਰੁਪਏ ਦੀ ਰਕਮ ਰੱਖੀ ਹੈ । 498.80 ਕਰੋੜ ਰੁਪਿਆ ਐਡੀਸ਼ਨਲ ਫੈਸੀਲਿਟੀਜ਼ ਵਾਸਤੇ ਰਖਿਆ ਹੈ ਜੋ ਕਿ ਖਰਚ ਕੀਤਾ ਜਾਵੇਗਾ । ਪੰਜ ਫੋਕਲ ਪੁਆਇੰਟ ਹਰ ਬਲਾਕ ਵਿਚ ਦਿਤੇ ਜਾਣਗੇ । ਹਰ ਫੋਕਲ ਪੁਆਇੰਟ ਵਿਚ 5 ਤੋਂ 20 ਦੁਕਾਨਾਂ ਹੋਣਗੀਆਂ, ਸਟਾਫ ਲਈ ਰੇਜ਼ੀਡੈਂਸ ਅਕਾਮੋਡੇਸ਼ਨ ਹੋਵੇਗੀ । ਐਗਰੋ ਸਰਵਿਸ ਸੈਂਟਰ ਹੋਵੇਗਾ, ਕਮਿਊਨਿਟੀ ਸੈਂਟਰ ਹੋਵੇਗਾ, ਐਸ. ਟੀ. ਡੀ. ਫੈਸੀਲਿਟੀਜ਼ ਹੋਵੇਗੀ । ਬਿਜਲੀ ਦੇ ਬਿੱਲ ਦੇਣ ਦਾ ਪ੍ਰਬੰਧ ਹੋਵੇਗਾ । ਟਰੈਕਟਰਜ਼ ਅਤੇ ਡੀਜ਼ਲ ਇੰਜਣ ਰਿਪੇਅਰ ਵਾਸਤੇ ਵਰਕਸ਼ਾਪ ਅਤੇ ਦੁਕਾਨਾਂ ਹੋਣਗੀਆਂ । ਇਲੈਕਟਰੀਕਲ ਮੋਟਰਾਂ ਨੂੰ ਰਿਪੇਅਰ ਕਰਨ ਵਾਸਤੇ ਦੁਕਾਨਾਂ ਹੋਣਗੀਆਂ । ਡਾਕਖਾਨਾ ਹੋਵੇਗਾ, ਬੱਸ ਸ਼ੈਡ ਹੋਵੇਗਾ । ਹਰ ਇਕ ਫੋਕਲ ਪੁਆਇੰਟ ਤੇ 2 ਕਰੋੜ ਰੁਪਿਆ ਪੰਜਾਬ ਸਰਕਾਰ ਲਾਏਗੀ । ਇਨ੍ਹਾਂ ਪੰਜਾਂ ਸਾਲਾ ਵਿਚ ਫੋਕਲ ਪੁਆਇੰਟਾਂ ਦੀ ਸਕੀਮ ਨੂੰ ਕਵਰ ਕਰ ਦਿਤਾ ਜਾਵੇਗਾ । ਸਲੱਜ ਵਾਟਰ ਡਿਸਪੋਜ਼ਲ ਪਲਾਂਟ ਹੋਵੇਗਾ ਅਤੇ ਕਮਿਊਨਟੀ ਸੈਂਟਰ ਹੋਵੇਗਾ । ਗਰਾਮ ਪੰਚਾਇਤਾਂ ਨੂੰ ਖਾਸ ਤੌਰ ਤੇ ਸਹਾਇਤਾ ਦਿਤੀ ਜਾਵੇਗੀ । It is proposed to increase the amount under C-224 grants to Panchyats from Rs. 85 crores in 1996-97 to Rs. 100 crores in the current financial year. ਚੇਅਰਮੈਨ ਸਾਹਿਬ, ਪਹਿਲਾਂ ਪਿੰਡਾਂ ਤੋਂ ਲੋਕ ਸ਼ਹਿਰਾਂ ਵੱਲ ਦੌੜਦੇ ਸਨ । ਪਿੰਡਾਂ ਵਿਚ ਜ਼ਮੀਨ ਦਾ ਰੇਟ 100 ਰੁਪਏ ਗਜ਼ ਸੀ ਜਦੋਂ ਕਿ ਇਕ ਸ਼ਹਿਰ ਦੀ ਜ਼ਮੀਨ 500 ਰੁਪਏ ਗਜ਼ ਹੁੰਦੀ ਸੀ । ਦਿੱਲੀ ਚਲੇ ਜਾਓ ਤਾਂ ਚੇਅਰਮੈਨ ਸਾਹਿਬ, ਜਿਵੇਂ ਪੁਰਾਣੇ ਸਮੇਂ ਵਿਚ ਦੀਵਾਨ ਟੋਡਰ ਮੱਲ ਜੀ ਨੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਵਾਸਤੇ ਜਗ੍ਹਾ ਮੋਹਰਾਂ ਵਿਛਾਕੇ ਲਈ ਸੀ । ਇਸੇ ਤਰ੍ਹਾਂ ਜੇਕਰ ਹੁਣ ਕਿਸੇ ਨੇ ਦਿੱਲੀ ਜਗ੍ਹਾ ਲੈਣੀ ਹੋਵੇ ਤਾਂ ਉਹ ਕੰਡੇ ਦੇ ਭਾਰ ਜਿੰਨੇ ਨੋਟ ਦੇ ਕੇ ਹੀ ਲੈ ਸਕਦਾ ਹੈ ਜਾਂ ਸਿਰ ਲੁਕੋ ਸਕਦਾ ਹੈ । ਅਸੀਂ ਇਨ੍ਹਾਂ ਫੋਕਲ ਪੁਆਇੰਟਾਂ ਤੇ ਪੋਟੈਨਸ਼ੀਅਲ ਇੰਪਲਾਇਮੈਂਟ ਵੀ ਕਰੀਏਟ ਕੀਤੀ ਹੈ । ਇਨ੍ਹਾਂ ਫੋਕਲ ਪੁਆਇੰਟਾਂ ਤੇ ਅਸੀਂ ਇੰਡੀਵੀਜ਼ੁਅਲ ਨੂੰ ਲੋਨ ਦੇ ਕੇ ਤਕਰੀਬਨ 500 ਨੌਜਵਾਨਾਂ ਨੂੰ ਇੰਪਲਾਇਮੈਂਟ ਦੇ ਸਕਾਂਗੇ । ਜਿਹੜੇ ਗਰੀਬ ਆਦਮੀ ਪਿੰਡਾਂ ਵਿਚ ਵਸਦੇ ਹਨ ਸ਼ਡਿਊਲਡ ਕਾਸਟ ਹਨ ਜਾਂ ਹੋਰ ਗਰੀਬ ਆਦਮੀ ਹਨ, ਉਨ੍ਹਾਂ ਨੂੰ ਐਸਿਸਟੈਂਸ ਦੇਣ ਲਈ 875 ਲੱਖ ਰੁਪਏ ਪ੍ਰਪੋਜ਼ ਕੀਤੇ ਗਏ ਹਨ ਅਤੇ ਉਨ੍ਹਾਂ ਨੂੰ ਫਾਈਨੈਂਸ਼ਲ ਅਸਿਸਟੈਂਸ ਦੇਣ ਵਾਸਤੇ ਇੰਦਰਾ ਆਵਾਸ ਯੋਜਨਾ ਲਈ 695 ਲੱਖ ਰੁਪਏ ਦੀ ਪ੍ਰੋਵੀਜ਼ਨ ਰੱਖੀ ਗਈ ਹੈ । ਇਕ ਮਿਲੀਅਨ ਵੈਲਜ਼ ਸਕੀਮ ਹੈ ਅਗੇਂਸਟ ਔਫ ਆਊਟ ਲੇਅ, ਉਹ 275 ਲੱਖ ਰੁਪਏ ਹੈ । ਪ੍ਰਾਵੀਵੇਟ ਇੰਡੀਵੀਜ਼ੂਅਲ ਨੂੰ ਲੈਂਡ ਡਿਵੈਲਪਮੈਂਟ ਵਾਸਤੇ 375 ਲੱਖ ਰੁਪਿਆ ਪਰਪੋਜ਼ ਕੀਤਾ ਗਿਆ ਹੈ । ਇਹ ਤ੍ਰਿੰਨ ਸਕੀਮਾਂ ਦੀ ਟੋਟਲ 257 ਲੱਖ ਰੁਪਏ ਆਊਟਲੇ ਹੈ ਤਾਂਕਿ ਜ਼ਮੀਨ ਦਾ ਸੁਧਾਰ ਹੋ ਸਕੇ । ਚੇਅਰਮੈਨ ਸਾਹਿਬ, ਇਕ ਅਮਾਊਂਟ Rs. 316 lakh is to be allocated in the coming years to improve rural sanitation.

ਪਿੰਡਾਂ ਵਿਚ ਰੂਰਲ ਸੈਨੀਟੇਸ਼ਨ ਨੂੰ ਇੰਪਰੂਵ ਕਰਨ ਵਾਸਤੇ ਜਿਹੜਾ ਪੈਸਾ ਰਖਿਆ ਗਿਆ ਉਸ ਨਾਲ ਪਿੰਡਾਂ ਦੀ ਹਾਲਤ ਸ਼ਹਿਰਾਂ ਵਰਗੀ ਹੋ ਸਕੇਗੀ । ਗਲੀਆਂ ਨਾ ਲੀਆਂ ਅਤੇ ਸਲੱਜ ਵਾਟਰ ਨੂੰ ਇਸ ਸਕੀਮ ਦੇ ਤਹਿਤ ਬਣਾ ਕੇ, ਇਕ ਡਿਸਪੋਜ਼ਲ ਵਰਕ

[ਰਾਜਾ ਨਰਿੰਦਰ ਸਿੰਘ]

ਬਣਾਇਆ ਜਾਵੇ ਜਿਸ ਦੇ ਵਿਚ ਲਿਜਾ ਕੇ ਇਸ ਨੂੰ ਸੁੱਟ ਕੇ, ਕਿਉਂਕਿ ਉਸ ਪਾਣੀ ਵਿਚ ਨਾਈਟਰੋਜਨ ਦਾ ਤੱਤ ਬਹੁਤ ਹੁੰਦਾ ਹੈ, ਉਹ ਪਾਣੀ ਫਸਲਾਂ ਨੂੰ ਦਿਤਾ ਜਾ ਸਕੇਗਾ ਜਿਸ ਨਾਲ ਫਸਲਾਂ ਨੂੰ ਫਰਟੇਲਾਈਜ਼ਰ ਦੀ ਲੋੜ ਨਹੀਂ ਪਵੇਗੀ। For development of 600 groups of women, an outlay of Rs. 100 lac is to be provided by the State Government. ਇਹ ਬੀਬੀਆਂ ਲਈ ਅਤੇ ਬੱਚਿਆਂ ਲਈ 600 ਗਰੁੱਪਸ ਡਿਵੈਲਪਮੈਂਟ ਦੇ ਬਣਾਏ ਜਾ ਰਹੇ ਹਨ ਜਿਸ ਵਿਚ 100 ਲੱਖ ਰੁਪਿਆ ਸਾਡੇ ਵਲੋਂ ਸ਼ੇਅਰ ਪਾਇਆ ਜਾਵੇਗਾ। 55.77 ਕਰੋੜ ਰੁਪਿਆ ਰਿਲੀਜ਼ ਕੀਤਾ ਜਾ ਰਿਹਾ ਹੈ ਪੰਚਾਇਤੀ ਰਾਜ ਇੰਸਟੀ-ਚਿਊਸ਼ਨਜ਼ ਨੂੰ ਡਿਵੈਲਪ ਕਰਨ ਲਈ ਅਤੇ ਜਿਹੜੀਆਂ ਐਕਟੀਵਿਟੀਜ਼ ਉਥੇ ਡਿਵੈਲਪਮੈਂਟ ਲਈ ਲੋੜੀਂਦੀਆਂ ਹਨ, ਉਸਦੇ ਵਾਸਤੇ ਦਿਤਾ ਜਾ ਰਿਹਾ ਹੈ। ਸਪੀਕਰ ਸਾਹਿਬ, ਜਿਹੜੇ ਇਹ ਆਪੋਜ਼ੀਸ਼ਨ ਬੈਂਚਿਜ ਤੋਂ ਸਾਡੇ ਖਿਲਾਫ ਇਹ ਕਿਹਾ ਗਿਆ ਹੈ ਕਿ ** ** ਬਾਰੇ ਕੁਝ ਨਹੀਂ ਕੀਤਾ ਗਿਆ . . .

ਸ੍ਰੀ ਸਭਾਪਤੀ: ਤੁਸੀਂ ਮੇਰੇ ਲਈ ਸਪੀਕਰ ਸਾਹਿਬ, ਦਾ ਸ਼ਬਦ ਪ੍ਰਯੋਗ ਨਾ ਕਰੋ।

ਰਾਜਾ ਨਰਿੰਦਰ ਸਿੰਘ: ਚੇਅਰਮੈਨ ਸਾਹਿਬ, ਮੇਰੀ ਨਜ਼ਰ ਥੱਲੇ ਸੀ, ਉਪਰ ਹੁੰਦੀ ਤਾਂ ਮੈਂ ਚੇਅਰਮੈਨ ਸਾਹਿਬ ਕਹਿੰਦਾ। For the Department of Welfare of Scheduled Castes & Backward Classes ਇਸ ਦੇ ਵਿਚ ਨਵੀਂ ਚੀਜ਼ ਜਿਹੜੀ ਰਖੀ ਗਈ ਹੈ, ਜਿਸ ਦੇ ਬਾਰੇ ਅਰਸ਼ੀ ਜੀ ਨੇ ਕਿਹਾ ਹੈ ਕਿ ਥੋੜ੍ਹਾ ਜਿਹਾ ਐਪਰੀਸ਼ੀਏਟ ਕੀਤਾ ਜਾ ਸਕਦਾ ਹੈ। ਏਨੇ ਸ਼ਬਦ ਇਨ੍ਹਾਂ ਨੇ ਤਾਂ ਕਹਿ ਦਿਤੇ ਪਰ ਆਪੋਜ਼ੀਸ਼ਨ ਦੇ ਸਾਡੇ ਦੂਜੇ ਜਿਹੜੇ ਭਰਾ ਬੈਠੇ ਹਨ, ਉਨ੍ਹਾਂ ਨੇ ਕੁਝ ਹੋਰ ਹੀ ਸ਼ਬਦ ਵਰਤੇ ਹਨ ਜਿਹੜੇ ਕਿ ਮੈਂ ਠੀਕ ਨਹੀਂ ਸਮਝਦਾ। ਜਿਹੜੀ ਸ਼ਗਨ ਦੀ ਸਕੀਮ ਹੈ, ਫਲੱਸ਼ ਲੈਟਰੀਨ ਲਗਾ ਕੇ ਦੇਣ ਦੀ ਸਕੀਮ ਹੈ ਅਤੇ 15000 ਤੋਂ 50,000 ਰੁਪਿਆ ਦੇ ਕੇ ਨਵੇਂ ਘਰ ਬਣਾਉਣ ਦੀ ਸਕੀਮ ਹੈ, ਉਨ੍ਹਾਂ ਸਭ ਸਕੀਮਾਂ ਬਾਰੇ ਐਪਰੀਸੀਏਸ਼ਨ ਸਾਡੇ ਆਪੋਜ਼ੀਸ਼ਨ ਬੈਂਚਿਜ਼ ਤੇ ਜਿਹੜੇ ਭਰਾ ਬੈਠੇ ਹਨ ਅਤੇ ਜਿਹੜੀ ਪਹਿਲਾਂ ਟਰੈਜ਼ਰੀ ਬੈਂਚਿਜ਼ ਤੇ ਰਹਿ ਚੱਕੇ ਹਨ, ਉਨ੍ਹਾਂ ਵਲੋਂ ਜ਼ਰੂਰੀ ਹੋਣੀ ਚਾਹੀਦੀ ਸੀ। ਜਿਸ ਗੱਲ ਨੂੰ ਇਹ ਠੀਕ ਮੰਨ ਰਹੇ ਹਨ, ਉਹ ਕਰਨ। ਚੇਅਰਮੈਨ ਸਾਹਿਬ, ਇਹ ਗੱਲ ਹੈ ਕਿ ਜਿਹੜੀ ** ਵੋਟ ਸੀ ਜਿਸ ਦੇ ਨਾਲ ਏਨੇ ਚਿਰ ਤੋਂ ਇਹ ਲਾਰੇ ਲਾਈ ਗਏ, ਝੂਠੇ ਵਾਅਦੇ ਕਰੀ ਗਏ, ਉਹ ਇਨ੍ਹਾਂ ਨੂੰ ਛੱਡ ਕੇ ਸਾਡੇ ਵੱਲ ਆ ਰਹੀ ਹੈ . . . (ਵਿਘਨ)

ਸ੍ਰੀ ਸਭਾਪਤੀ: ਤੁਸੀਂ ** ** ਸ਼ਬਦ ਨਾ ਕਹੋ। ਇਹ ਲਫਜ਼ ਐਕਸਪੰਜ ਕਰ ਦਿਤਾ ਜਾਵੇ।

ਰਾਜਾ ਨਰਿੰਦਰ ਸਿੰਘ: ਚੇਅਰਮੈਨ ਸਾਹਿਬ, ਸਾਡੇ ਆਪੋਜ਼ੀਸ਼ਨ ਵਾਲੇ ** ਸ਼ਬਦ ਵਰਤ ਸਕਦੇ ਹਨ ਤਾਂ ਮੈਂ ਵੀ ਵਰਤ ਦਿਤਾ। ਮੈਂ ਪੱਛੜੀਆਂ ਸ਼੍ਰੇਣੀਆਂ ਕਹਿ ਲੈਂਦਾ ਹਾਂ। ਦਲਿਤ ਵੀਰ ਕਹਿ ਲੈਂਦਾ ਹਾਂ।

**Expunged as ordered by the Chair

ਸਰਦਾਰ ਗੁਰਦੇਵ ਸਿੰਘ **ਸਿੱਧੂ**. ਪੁਆਇੰਟ ਆਫ ਆਰਡਰ, ਚੇਅਰਮੈਨ ਸਾਹਿਬ। ਰਾਜਾ ਸਾਹਬ ਇਹ ਜਿਹੜੇ ਸ਼ਬਦ ਦੀ ਵਰਤੋਂ ਕਰ ਰਹੇ ਹਨ, ਤੁਸੀਂ ਆਪ ਆਪਣੀਆਂ ਅੱਖਾਂ ਨਾਲ ਦੇਖਿਆ ਹੈ, ਮੈਂ ਇਥੇ ਮਾਸਟਰ ਗੁਰਬੰਤਾ ਸਿੰਘ ਦਾ ਨਾਂ ਲੈਣਾ ਨਹੀਂ ਚਾਹੁੰਦਾ, ਉਹ ਕੇਸਧਾਰੀ ਸਿੱਖ ਸਨ। ਜੇ ਉਨ੍ਹਾਂ ਦੇ ਪੁੱਤਰ ਇਹ ਸ਼ਬਦ ਕਹਿ ਸਕਦੇ ਹਨ ਤਾਂ ਸਾਡੀ ਗੱਲ ਤੇ ਕੀ ਇਤਰਾਜ਼ ਹੈ ?....(ਵਿਘਨ)

ਕਾਮਰੇਡ ਹਰਦੇਵ ਅਰਸ਼ੀ. ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਇਸ ਤਰ੍ਹਾਂ ਨਾਲ ਗੱਲ ਨਹੀਂ ਕਰਨੀ ਚਾਹੀਦੀ। ਮੁਨਾਸਿਬ ਸ਼ਬਦ ਦੀ ਵਰਤੋਂ ਹੋਣੀ ਚਾਹੀਦੀ ਹੈ।

ਚੌਧਰੀ ਜਗਜੀਤ ਸਿੰਘ. ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਇਸ ਗੱਲ ਦਾ ਗਿਆਨ ਨਹੀਂ। ਇਹ ਲਫ਼ਜ਼ ਐਕਸਪੰਜ ਕਰਾਉ ਜੀ।

ਸ੍ਰੀ ਸਭਾਪਤੀ. ਇਹ ਸ਼ਬਦ ਐਕਸਪੰਜਡ ਹੈ।

ਰਾਜਾ ਨਰਿੰਦਰ ਸਿੰਘ: ਚੇਅਰਮੈਨ ਸਾਹਿਬ, 1996-97 ਵਿਚ ਇਸ ਮੰਤਵ ਲਈ 57.84 ਕਰੋੜ ਰੁਪਏ ਰਖੇ ਗਏ ਸੀ, ਹੁਣ ਇਸ ਵਾਸਤੇ 175.73 ਕਰੋੜ ਰੁਪਏ ਰਖੇ ਗਏ ਹਨ। ਇਹ ਜਿਹੜੀਆਂ ਸਕੀਮਾਂ ਹਨ, 50 ਘਰਾਂ ਵਿਚ ਐਕਸਪੀਰੀਐਂਸ ਇਹ ਹੋਇਆ ਹੈ ਕਿ ਜੇ ਪਿੰਡਾਂ ਵਿਚ, ਕਾਮਨ ਲੈਟਰੀਨ ਬਣਾ ਦਿਤੀਆਂ ਜਾਣ ਜਿਵੇਂ ਸ਼ਹਿਰਾਂ ਵਿਚ ਵੀ ਬਣਾ ਦਿਤੀਆਂ ਗਈਆਂ ਸਨ, ਤਾਂ ਉਨ੍ਹਾਂ ਦੀ ਸਫ਼ਾਈ ਕਰਨ ਨੂੰ ਕੋਈ ਤਿਆਰ ਨਹੀਂ ਹੁੰਦਾ। ਇਸ ਕਰਕੇ ਅਕਾਲੀ ਗੌਰਮਿੰਟ ਨੇ ਸੋਚਿਆ ਕਿ ਹਰੇਕ ਘਰ ਵਿਚ ਫਲੱਸ਼ ਲੈਟਰੀਨ ਬਣਾ ਕੇ ਦਈਏ। ਹੁਣ ਕਿਉਂਕਿ ਆਬਾਦੀ ਵੀ ਕਾਫੀ ਵੱਧ ਚੁਕੀ ਹੈ, ਇਸ ਕਰਕੇ ਬੀਬੀਆਂ ਨੂੰ ਖੇਤਾਂ ਵਿਚ ਜਾਣਾ ਔਖਾ ਹੋ ਗਿਆ ਹੈ। ਇਸ ਕਰਕੇ ਫਲੱਸ਼ ਲੈਟਰੀਨ ਬਣਾਉਣ ਦਾ ਸਾਡੇ ਮੈਨੀਫੈਸਟੋ ਵਿਚ ਵਾਇਦਾ ਸੀ, ਉਹ ਅਸੀਂ 50 ਘਰਾਂ ਵਿਚ ਵੱਡੀ ਬਸਤੀ ਨੂੰ ਮੱਦੇ-ਨਜ਼ਰ ਰਖਦੇ ਹੋਏ ਫਲੱਸ਼ ਲੈਟਰੀਨ ਦੇਣ ਦਾ ਉਪਰਾਲਾ ਕੀਤਾ ਹੈ ਔਰ ਦਿਆਂਗੇ। ਇਨ੍ਹਾਂ ਬੱਚਿਆਂ ਨੂੰ ਜਿਹੜੇ ਦਲਿਤ ਵੀਰਾਂ ਦੇ ਹਨ, ਸਕੂਲ ਐਜੂਕੇਸ਼ਨ ਤੋਂ ਲੈ ਕੇ ਯੂਨੀਵਰਸਿਟੀ ਐਜੂਕੇਸ਼ਨ ਤੱਕ ਬੁੱਕਸ, ਸਟਾਈਪੈਂਡ ਅਤੇ ਜਿਹੜੇ ਜ਼ਿਆਦਾ ਸ਼ਾਈਨਿੰਗ ਬੱਚੇ ਹਨ, ਉਨ੍ਹਾਂ ਵਾਸਤੇ ਵੱਖਰਾ ਸਟਾਈਪੈਂਡ ਦੇ ਕੇ ਦੂਜੇ ਬੱਚਿਆਂ ਦੇ ਮੁਕਾਬਲੇ ਹੈਲਦੀ ਕੰਪੀਟੀਸ਼ਨ ਵਿਚ ਲਿਆਉਣ ਦੀ ਸਕੀਮ ਹੈ। ਦਲਿਤ ਵੀਰਾਂ ਦੀ ਜੋ ਧੀ ਹੈ, ਉਹ ਪਹਿਲਾਂ ਵੀ ਜ਼ਿਮੀਂਦਾਰ ਨੂੰ "ਚਾਚਾ, ਤਾਇਆ" ਕਹਿ ਕੇ ਬੁਲਾਉਂਦੀ ਸੀ ਅਤੇ ਹੁਣ ਵੀ ਅਸੀਂ ਉਨ੍ਹਾਂ ਧੀਆਂ ਨੂੰ ਆਪਣੀਆਂ ਧੀਆਂ ਹੀ ਸਮਝਦੇ ਹਾਂ। ਅਸੀਂ ਕਦੀ ਮਹਿਸੂਸ ਹੀ ਨਹੀਂ ਕੀਤਾ ਕਿ ਇਹ ਲੜਕੀ ਕਿਸੇ ਦੂਜੇ ਵਰਗ ਜਾਂ ਛੋਟੀ ਜਾਤੀ ਨਾਲ ਸਬੰਧ ਰਖਣ ਵਾਲੀ ਹੈ। ਮੇਰੇ ਰਹਿਬਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਨ੍ਹਾਂ ਨੂੰ ਇਹ ਦਰਜਾ ਦਿੱਤਾ ਸੀ-ਰੰਘਰੇਟੇ ਗੁਰੂ ਕੇ ਬੇਟੇ। ਇਹ ਆਪੋਜ਼ੀਸ਼ਨ ਵਾਲੇ ਇਨ੍ਹਾਂ ਨੂੰ ** ਕਹਿੰਦੇ ਹਨ ਲੇਕਿਨ ਅਸੀਂ ਆਪਣੇ ਸਿੱਖੀ ਸ਼ਬਦ ਵਿਚ ਇਨ੍ਹਾਂ ਨੂੰ "ਰੰਘਰੇਟੇ" ਕਹਿੰਦੇ ਹਾਂ। ਗੁਰੂ ਜੀ ਨੇ ਇਨ੍ਹਾਂ ਨੂੰ ਬੇਟੇ ਦੀ ਪਦਵੀ ਦਿੱਤੀ ਸੀ।

**Expunged as ordered by the Chair.

[ਰਾਜਾ ਨਰਿੰਦਰ ਸਿੰਘ]

ਚੇਅਰਮੈਨ ਸਾਹਿਬ, ਇਥੇ ਇਕ ਗੱਲ ਜਿਹੜੀ ਮੇਰੇ ਕੁਝ ਸੱਜਣਾਂ ਨੇ ਪਹਿਲਾਂ ਕਹੀ ਹੈ, ਉਸ ਦੇ ਬਾਰੇ ਦੋ ਲਫਜ਼ ਨਾ ਕਹਾਂ ਤਾਂ ਮੈਂ ਆਪਣੀ ਡਿਊਟੀ ਤੋਂ ਕੁਤਾਹੀ ਕਰਾਂਗਾ। ਚੇਅਰਮੈਨ ਸਾਹਿਬ, ਆਪੋਜ਼ੀਸ਼ਨ ਵੱਲੋਂ ਇਹ ਜਿਹੜਾ ਕਿਹਾ ਗਿਆ ਹੈ ਕਿ ਇਕ ਅਫਸਰ ਨੇ ਖੁਦਕਸ਼ੀ ਕੀਤੀ ਹੈ, ਇਸ ਦੇ ਬਾਰੇ ਮੈਂ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ ਲੇਕਿਨ ਇਕ ਗੱਲ ਜ਼ਰੂਰ ਕਹਾਂਗਾ। ਅਗਰ ਇਹ ਸ਼ਬਦ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਮੂੰਹੋਂ ਨਿਕਲੇ ਹੁੰਦੇ ਅਤੇ ਅਸੀਂ ਆਪੋਜ਼ੀਸ਼ਨ ਵਿਚ ਹੁੰਦੇ ਤਾਂ ਅੱਜ ਸਾਰੇ ਹੀ ਅਕਾਲੀ ਜੇਲ੍ਹਾਂ ਵਿਚ ਬੰਦ ਹੁੰਦੇ। ਇਹ ਟਰੀਜ਼ਨ ਦਾ ਬੜਾ ਕਲੀਅਰ ਕੇਸ ਹੈ। ਇਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਨਰਮਦਿਲੀ ਹੈ ਅਤੇ ਤੁਸੀਂ ਅੰਦਾਜ਼ਾ ਲਗਾਓ ਕਿ ਉਹ ਕਿੰਨੇ ਨਰਮ ਦਿਲ ਹਨ। ਜੋ ਬੀਬੀ ਜੀ ਨੇ ਕਿਹਾ ਹੈ, ਉਹ ਕੇਸ ਐਗਜ਼ਾਮਿਨ ਹੋ ਰਿਹਾ ਹੈ। ਜੋ ਬੀਬੀ ਜੀ ਨੇ ਕਿਹਾ ਹੈ, ਉਹ ਟਰੀਜ਼ਨ ਤੋਂ ਘੱਟ ਨਹੀਂ ਹੈ। ਇੰਨੀ ਗੱਲ ਕਹਿ ਕੇ ਡਸਿਪਲਿਨਡ ਪੁਲਿਸ ਫੋਰਸ ਨੂੰ ਉਕਸਾਉਣ ਦੀ ਗੱਲ ਕੀਤੀ ਗਈ ਹੈ। 10 ਸਾਲ ਪਹਿਲਾਂ ਇਸੇ ਹਾਊਸ ਵਿਚ ਕਿਹਾ ਗਿਆ ਸੀ ਕਿ ਫੌਜ ਵਿਚ ਸਿਪਾਹੀ ਤਾਂ ਅੱਗੇ ਹੋ ਕੇ ਲੜਦਾ ਹੈ ਜਦ ਕਿ ਕਰਨੈਲ ਬਾਰੇ ਕਿਹਾ ਗਿਆ ਕਿ ਉਹ ਤਾਂ ਬੰਕਰ ਵਿਚ ਬੈਠਾ ਦੇਖਦਾ ਰਹਿੰਦਾ ਹੈ। ਇਥੇ ਉਸ ਵੇਲੇ ਸਰਦਾਰ ਰਵੀ ਇੰਦਰ ਸਿੰਘ ਜੀ ਬੈਠੇ ਸੀ। ਉਨ੍ਹਾਂ ਨੇ ਉਠ ਕੇ ਕਿਹਾ ਕਿ ਸੋਲਜਰ ਅਤੇ ਅਫਸਰ ਵਿਚ ਇਹ ਗੱਲ ਕਹਿ ਕੇ ਪਾੜੇ ਨਾ ਪਾਓ। ਹੌਲੀ ਹੌਲੀ ਗੱਲ ਜਦ ਬਾਹਰ ਨਿਕਲੀ ਤਾਂ ਆਰਮੀ ਦੇ ਜਰਨੈਲਾਂ ਨੇ ਵੀ ਚਿੱਠੀ ਲਿਖੀ ਕਿ ਇਹ ਅੱਗ ਲਾਉਣ ਵਾਲੀਆਂ ਗੱਲਾਂ ਨਾ ਕਰੋ ਅਤੇ ਤੁਸੀਂ ਆਪਣੀ ਲੜਾਈ ਆਪਣੇ ਘਰ ਵਿਚ ਹੀ ਰੱਖੋ। ਇਹ ਲੜਾਈ ਛੇੜ ਕੇ ਚੀਪ ਪੁਲੀਟੀਕਲ ਮਾਈਲੇਜ ਹਾਸਲ ਕਰਨ ਦੀ ਗੱਲ ਕੀਤੀ ਗਈ ਹੈ। ਇਨ੍ਹਾਂ ਨੇ ਇਹ ਸਿਆਣੀ ਗੱਲ ਨਹੀਂ ਕੀਤੀ। ਆਈ. ਪੀ. ਐਸ, ਦੇ ਜਿਹੜੇ ਸੱਜਣ ਹਨ, ਉਨ੍ਹਾਂ ਵਿਚੋਂ 70 ਦੇ ਖਿਲਾਫ ਐਕਸ਼ਨ ਲਿਆ ਜਾ ਰਿਹਾ ਹੈ, 2 ਡੀ. ਆਈ. ਜੀ., ਕੁਝ ਐਸ. ਐਸ. ਪੀ., ਕੁਝ ਐਸ. ਪੀ., ਕੁਝ ਡੀ. ਐਸ. ਪੀ. ਅਤੇ ਇਕ ਡਿਪਟੀ ਕਮਾਂਡਰ ਵੀ ਹੈ ਬਾਰਡਰ ਸਿਕਿਉਰਿਟੀ ਫੋਰਸ ਦਾ। ਇਨ੍ਹਾਂ ਦੇ ਖਿਲਾਫ ਕੋਰਟ ਐਕਸ਼ਨ ਲਵੇਗੀ, ਇਸ ਦੇ ਵਿਚ ਕਿਸੇ ਪਾਲੀਟੀਸ਼ੀਅਨ ਦਾ ਕੋਈ ਹੱਥ ਨਹੀਂ। ਫਿਰ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ 4 ਡੀ. ਆਈ. ਜੀਜ਼ ਦੀ ਇਕ ਕਮੇਟੀ ਬਣਾ ਦਿੱਤੀ ਹੈ ਅਤੇ ਕਿਹਾ ਹੈ ਕਿ ਇਹ ਕਮੇਟੀ ਹਰੇਕ ਕੇਸ ਨੂੰ ਐਗਜ਼ਾਮਿਨ ਕਰੇਗੀ। ਹਰੇਕ ਕੇਸ ਨੂੰ ਇਹ ਕਮੇਟੀ ਦੇਖੇਗੀ ਅਤੇ ਉਸ ਤੇ ਯੋਗਤਾ ਦੇ ਆਧਾਰ ਤੇ ਫੈਸਲਾ ਕਰੇਗੀ। ਕੋਈ ਕਰਮਚਾਰੀ ਸਰਕਾਰੀ ਸਹਾਇਤਾ ਜਾਂ ਮਾਇਆ ਵਾਸਤੇ ਡਿਜ਼ਰਵ ਕਰਦਾ ਹੈ ਜਾਂ ਨਹੀਂ, ਇਸ ਦਾ ਫੈਸਲਾ ਇਹ ਕਮੇਟੀ ਕਰੇਗੀ। ਫਿਰ ਉਸ ਦੀ ਮਦਦ ਕਰਨ ਵਾਸਤੇ ਸਰਕਾਰ ਬਾਊਂਡ ਹੋਵੇਗੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਇਕ ਪਬਲਿਕ ਸਟੇਟਮੈਂਟ ਵੀ ਪ੍ਰੈਸ ਵਿਚ ਦਿੱਤੀ ਸੀ ਅਤੇ ਕਿਹਾ ਸੀ ਕਿ ਮੇਰਾ ਸਟੈਂਡ ਬਿਲਕੁਲ ਕਲੀਅਰ ਹੈ "My Govt. stands by its promise that law and order would be maintained at any cost Any person, how high or rich he may be, law will take its own course ਮੈਂ ਕਲੀਨ ਐਡਮਨਿਸਟਰੇਸ਼ਨ ਦਿਆਂਗਾ। ਕੋਈ ਵੱਡਾ ਹੋਵੇ, ਕੋਈ ਛੋਟਾ ਹੋਵੇ, ਉਸ ਨੂੰ ਇਸ ਪੰਜਾਬੀ ਸੂਬੇ ਦੇ ਵਿੱਚ ਜਿਸ ਦੇ ਵਿੱਚ ਏਨੀ ਮਿਹਨਤ ਕਰਕੇ ਅਸੀਂ ਇਹ ਰਾਜ

ਲਿਆਂਦਾ ਹੈ, ਇਸ ਨੂੰ ਡਿਸਟਰਬ ਕਰਨ ਦੀ ਕੋਸ਼ਿਸ਼ ਨਹੀਂ ਕਰਨ ਦਿੱਤੀ ਜਾਵੇਗੀ। ਚੇਅਰਮੈਨ ਸਾਹਿਬ, ਇਕ ਫਰਕ ਇਨ੍ਹਾਂ ਕਾਂਗਰਸੀ ਵੀਰਾਂ ਅਤੇ ਅਕਾਲੀ ਭਰਾਵਾਂ ਵਿੱਚ ਹੈ। ਉਹ ਫਰਕ ਇਹ ਹੈ ਕਿ ਜਦੋਂ ਵੀ ਇਹ ਕਾਂਗਰਸੀ ਭਰਾ ਪਾਵਰ ਵਿੱਚ ਆਏ ਇਨ੍ਹਾਂ ਨੇ ਹਮੇਸ਼ਾ ਹੀ ਕੋਈ ਨਾ ਕੋਈ ਨਾਹਰਾ ਦੇ ਕੇ ਪ੍ਰਾਪੇਗੰਡਾ ਕੀਤਾ। ਇਹ ਪ੍ਰਾਪੇਗੰਡਾ ਰੇਡੀਓ ਰਾਹੀਂ, ਟੈਲੀਵੀਜ਼ਨ ਰਾਹੀਂ, ਅਖ਼ਬਾਰਾਂ ਰਾਹੀਂ, ਮੀਡੀਏ ਰਾਹੀਂ ਕਰਦੇ ਰਹੇ ਅਤੇ ਉਨ੍ਹਾਂ ਨੇ ਪਾਵਰ ਹਾਸਲ ਕੀਤੀ ਹੈ। ਚੇਅਰਮੈਨ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਲੰਮਾ ਸਮਾਂ ਪਹਿਲਾਂ ਪੰਡਿਤ ਜੀ ਨੇ ਔਰ ਮਗਰੋਂ ਬੀਬੀ ਜੀ ਸਵਰਗੀ ਸ੍ਰੀਮਤੀ ਇੰਦਰਾ ਗਾਂਧੀ ਨੇ ਨਾਹਰਾ ਦਿੱਤਾ ਸੀ ਕਿ ਹਮ ਨੇ ਰਾਜਾਉਂ ਕੇ ਵਜ਼ੀਫੇ ਹਟਾ ਦਿਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਵਜ਼ੀਫੇ ਦਿੱਤੇ ਕਿਸ ਨੇ ਸੀ। ਚੇਅਰਮੈਨ ਸਾਹਿਬ, ਸਾਡੇ ਹਿੰਦੁਸਤਾਨ ਦੇ ਵਿੱਚ 524 ਸਟੇਟਾਂ ਸਨ ਔਰ ਉਨ੍ਹਾਂ ਸਟੇਟਾਂ ਦੇ ਹੁਕਮਰਾਨਾਂ ਨੇ ਆਪਣੀ ਖੁਸ਼ੀ ਦੇ ਨਾਲ ਆਪਣੇ ਝੰਡੇ ਲਾਹ ਕੇ ਇਨ੍ਹਾਂ ਦੀ ਹਕੂਮਤ ਨੂੰ ਦਿੱਤੇ ਤਾਂ ਇਨ੍ਹਾਂ ਨੇ ਉਸ ਦੇ ਇਵਜ਼ ਵਿੱਚ ਇਹ ਵਜ਼ੀਫੇ ਉਨ੍ਹਾਂ ਨੂੰ ਦਿੱਤੇ ਸਨ। ਬਾਅਦ ਦੇ ਵਿੱਚ ਉਹੀ ਵਜ਼ੀਫੇ ਬੰਦ ਕਰ ਦਿੱਤੇ ਔਰ ਇਹ ਨਾਹਰਾ ਦਿੱਤਾ ਕਿ ਅਸੀਂ ਵਜ਼ੀਫੇ ਹਟਾ ਦਿੱਤੇ ਹਨ ਇਸ ਕਰਕੇ ਸਾਨੂੰ ਵੋਟਾਂ ਪਾਓ। ਚੇਅਰਮੈਨ ਸਾਹਿਬ, ਸਾਡੇ ਭੋਲੇ ਭਾਲੇ ਹਿੰਦੁਸਤਾਨੀਆਂ ਜੋ ਗਰੀਬ ਲੋਕਾਂ ਨੇ ਇਨ੍ਹਾਂ ਦੇ ਮਗਰ ਲਗ ਕੇ ਇਨ੍ਹਾਂ ਨੂੰ ਵੋਟਾਂ ਪਾ ਦਿੱਤੀਆਂ। ਇਸ ਤੋਂ ਬਾਅਦ ਬੰਗਲਾ ਦੇਸ਼ ਦਾ ਨਾਹਰਾ ਦਿੱਤਾ। ਫਿਰ ਉਸ ਤੋਂ ਬਾਅਦ ਗਰੀਬੀ ਹਟਾਓ ਦਾ ਨਾਹਰਾ ਦਿੱਤਾ। ਏਸੇ ਤਰ੍ਹਾਂ ਹੀ ਇਹ ਨਾਹਰੇ ਦੇ ਦੇ ਕੇ ਇਨ੍ਹਾਂ ਨੇ ਹਕੂਮਤ ਹਾਸਲ ਕੀਤੀ ਹੈ। ਇਹ ਜਿਹੜਾ ਪਿੱਛੇ ਪੰਜ ਸਾਲ ਇਨ੍ਹਾਂ ਨੇ ਰਾਜ ਕੀਤਾ ਹੈ ਉਹ ਵੀ ਪਹਿਲਾਂ ਵਾਂਗ ਹੀ ਨਾਹਰੇ ਦੇ ਸਿਰ ਤੇ ਹੀ ਕੀਤਾ ਹੈ ਕਿ ਅਸੀਂ ਅੱਤਵਾਦ ਹਟਾ ਦਿੱਤਾ ਹੈ। ਚੇਅਰਮੈਨ, ਸਾਹਿਬ, ਪਹਿਲਾਂ ਅੱਗ ਲਾ ਦਿੱਤੀ ਫਿਰ ਬੁਝਾਉਣ ਲੱਗ ਪਏ। ਪਰ ਅੱਜ ਕਿਸ ਨੂੰ ਨਹੀਂ ਪਤਾ ਕਿ ਇਹ ਅੱਗ ਲਾਉਣ ਵਾਲੇ ਕੌਣ ਸਨ ਅਤੇ ਫਿਰ ਬੁਝਾਉਣ ਵਾਲੇ ਕੌਣ ਸਨ। ਜੇ ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਹਕੂਮਤ ਪ੍ਰਾਪਤ ਕੀਤੀ ਹੈ ਤਾਂ ਇਹ ਸ਼ੀਅਰ ਮੈਰਿਟ ਦੇ ਸਿਰ ਕੀਤੀ ਹੈ। ਤੁਸੀਂ ਕਿਤਾਬਾਂ ਦੇ ਵਿੱਚ ਪੜ੍ਹਿਆ ਹੋਵੇਗਾ ਕਿ ਨੈਪੋਲੀਅਨ ਆਪਣੇ ਘੋੜੇ ਦੀ ਕਾਠੀ ਤੇ ਹੀ ਸੌਂ ਜਾਂਦਾ ਸੀ। ਏਸੇ ਤਰ੍ਹਾਂ ਹੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਆਪਣੀ ਅੰਬੈਸਡਰ ਗੱਡੀ ਦੇ ਵਿੱਚ ਹੀ ਸਫ਼ਰ ਕਰਦੇ ਕਰਦੇ ਸੌਂ ਜਾਂਦੇ ਹਨ। ਉਹ ਇਸ ਕਰਕੇ ਕਿਉਂਕਿ ਇਹ ਇਕੱਲੇ ਇਕੱਲੇ ਦਲਿਤ, ਇਕੱਲੇ ਇਕੱਲੇ ਜ਼ਿਮੀਦਾਰ ਭਰਾ ਦੇ ਘਰ ਗਏ ਔਰ ਜਾ ਕੇ ਸੱਦਾ ਦਿੱਤਾ ਅਤੇ ਕਿਹਾ ਕਿ ਜੇ ਤੁਸੀਂ ਪੰਜਾਬ ਦੇ ਵਿੱਚ ਰਾਹਤਾਂ ਚਾਹੁੰਦੇ ਹੋ ਤਾਂ ਪੰਜਾਬ ਵਿੱਚੋਂ ਕਾਂਗਰਸ ਨੂੰ ਭਜਾ ਦਿਓ। ਚੇਅਰਮੈਨ ਸਾਹਿਬ, ਜੇ ਅੱਜ ਪੰਜਾਬ ਦੇ ਲੋਕਾਂ ਨੂੰ ਰਾਹਤਾਂ ਮਿਲੀਆਂ ਹਨ ਤਾਂ ਇਹ ਕਾਂਗਰਸ ਦੇ ਭੱਜਣ ਕਰਕੇ ਮਿਲੀਆਂ ਹਨ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਇੱਛਾ ਹੈ ਕਿ ਮੇਰੀ ਸਰਕਾਰ ਲੋਕਾਂ ਕੋਲ ਆਪ ਜਾਵੇ ਨਾ ਕਿ ਲੋਕ ਸਰਕਾਰ ਦੇ ਕੋਲ ਚੱਲ ਕੇ ਆਉਣ। ਏਸੇ ਕਰਕੇ ਹੀ ਇਹ ਆਪ ਲੋਕਾਂ ਦੇ ਕੋਲ ਜਾਂਦੇ ਹਨ। ਇਹ ਨਹੀਂ ਚਾਹੁੰਦੇ ਕਿ ਲੋਕਾਂ ਨੂੰ ਆਪਣੇ ਦਫ਼ਤਰ ਵਿਚ ਬੁਲਾ ਕੇ ਰਾਹਤ ਦਿੱਤੀ ਜਾਵੇ। ਹਰ ਇਕ ਨੂੰ ਉਸ ਦੇ ਪਿੰਡ ਵਿੱਚ ਜਾ ਕੇ ਰਾਹਤ ਦੇਣ ਦਾ

[ਰਾਜਾ ਨਰਿੰਦਰ ਸਿੰਘ]

ਵਾਇਦਾ ਕਰਦੇ ਹਨ । ਇਹ ਕਲੀਨ ਐਡਮਨਿਸਟਰੇਸ਼ਨ ਅਤੇ ਸਿਵਲ ਜਸਟਿਸ ਦੇਣ ਕਰਕੇ ਹੀ ਹੈ ।

ਸ੍ਰੀ ਸਭਾਪਤੀ : ਪਲੀਜ਼ ਹੁਣ ਵਾਈਂਡ-ਅੱਪ ਕਰੋ ਜੀ ।

ਰਾਜਾ ਨਰਿੰਦਰ ਸਿੰਘ: ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਮਸ਼ਕੂਰ ਹਾਂ । ਮੈਂ ਤਾਂ ਕੋਆਪਰੇਟਿਵ ਬਾਰੇ ਵੀ ਬੋਲਣਾ ਚਾਹੁੰਦਾ ਸੀ, ਚਲੋ ਕੋਈ ਗੱਲ ਨਹੀਂ । ਜਦੋਂ ਕਦੇ ਫਿਰ ਮੌਕਾ ਮਿਲੇਗਾ ਉਦੋਂ ਬੇਨਤੀ ਕਰਾਂਗਾ । ਇੰਨਾ ਕਹਿੰਦਾ ਹੋਇਆ ਕਿ ਮੈਂ ਆਪ ਦਾ ਮਸ਼ਕੂਰ ਹਾਂ, ਸਮਾਪਤ ਕਰਦਾ ਹਾਂ ।

ਸ੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) : ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਬੜਾ ਆਭਾਰੀ ਹਾਂ ਕਿ ਤੁਸੀਂ ਮੈਨੂੰ 1997-98 ਦੇ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ । ਸਭ ਤੋਂ ਪਹਿਲਾਂ ਮੈਂ ਵਧਾਈ ਦੇਣਾ ਚਾਹੁੰਦਾ ਹਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਜੀ ਨੂੰ ਅਤੇ ਫਿਰ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਜੀ ਨੂੰ ਕਿ ਉਨ੍ਹਾਂ ਨੇ ਇਕ ਐਸਾ ਬਜਟ ਪੇਸ਼ ਕੀਤਾ ਹੈ ਜਿਹੜਾ ਕਿ ਆਉਣ ਵਾਲੇ ਪੰਜਾਂ ਸਾਲਾਂ ਵਿਚ ਜਿਹੜਾ ਵਿਕਾਸ ਪੰਜਾਬ ਦੇ ਅੰਦਰ ਹੋਣਾ ਹੈ ਭਾਰਤੀ ਜਨਤਾ ਪਾਰਟੀ ਔਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਕਰਨਾ ਹੈ, ਉਸ ਵਿਕਾਸ ਦੀ ਇਹ ਬਜਟ ਨੀਂਹ ਰਖੇਗਾ । ਇਹ ਬਜਟ ਗਰੋਥ ਓਰੀਐਂਟਿਡ ਬਜਟ ਹੈ । ਇਸ ਬਜਟ ਦੇ ਅੰਦਰ ਸਾਰੇ ਵਰਗਾਂ ਦੇ ਲੋਕਾਂ ਨੂੰ ਕੁਝ ਨਾ ਕੁਝ ਦੇਣ ਦਾ ਉਪਰਾਲਾ ਕੀਤਾ ਗਿਆ ਹੈ ਔਰ ਜਿਹੜੇ ਵਾਅਦੇ ਕਾਮਨ ਮਿਨੀਮੱਮ ਪ੍ਰੋਗਰਾਮ ਦੇ ਵਿੱਚ ਕੀਤੇ ਸਨ, ਉਨ੍ਹਾਂ ਦੀ ਇਸ ਬਜਟ ਦੇ ਵਿੱਚ ਝਲਕ ਮਿਲਦੀ ਹੈ । ਜਿਨ੍ਹਾਂ ਹਾਲਾਤ ਦੇ ਅੰਦਰ ਇਹ ਬਜਟ ਪੇਸ਼ ਕੀਤਾ ਗਿਆ ਹੈ ਇਕ ਪਾਸੇ 11,816 ਕਰੋੜ ਰੁਪਏ ਦਾ ਕਰਜ਼ਾ, ਦੂਸਰੇ ਪਾਸੇ ਜਨਤਾ ਦੇ ਨਾਲ ਕੀਤੇ ਗਏ ਵਾਅਦੇ, ਤੀਸਰੇ ਪਾਸੇ ਵਿਕਾਸ ਦੇ ਲਈ ਹੋਰ ਪੈਸਾ ਜੁਟਾਉਣਾ । ਇਨ੍ਹਾਂ ਹਾਲਾਤ ਦੇ ਵਿਚ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਉਸ ਨੂੰ ਅਸੀਂ ਬੈਲੈਂਸਡ (Balanced) ਬਜਟ ਹੀ ਕਹਿ ਸਕਦੇ ਹਾਂ । ਇਸ ਲਈ ਬਜਟ ਤੇ ਚਰਚਾ ਕਰਨ ਤੋਂ ਪਹਿਲਾਂ ਮੈਂ 11,800 ਕਰੋੜ ਰੁਪਏ ਦੇ ਕਰਜ਼ੇ ਦਾ ਜ਼ਿਕਰ ਕਰਨਾ ਚਾਹਾਂਗਾ ਕਿ ਪਿਛਲੇ ਪੰਜ ਸਾਲਾਂ ਦੇ ਵਿੱਚ ਜਿਹੜਾ ਇਹ ਕਰਜ਼ਾ, ਪਿਛਲੇ ਸਾਲਾਂ ਵਿਚ ਗੁਜ਼ਰੇ ਹੋਏ ਦੌਰ ਵਿੱਚ ਉਗਰਵਾਦ ਦੇ ਖ਼ਿਲਾਫ਼ ਲੜਾਈ ਲੜਨ ਲਈ ਲਿਆ ਗਿਆ ਸੀ ਅਤੇ ਵਰਤਿਆ ਗਿਆ ਸੀ, ਇਹ ਘੱਟ ਹੋ ਸਕਦਾ ਸੀ । ਜਿੰਨਾ ਇਹ ਕਰਜ਼ਾ ਲਿਆ ਗਿਆ, ਉਸ ਨੂੰ ਘਟਾਇਆ ਜਾ ਸਕਦਾ ਸੀ ਕਿਉਂਕਿ ਕਾਂਗਰਸ ਸਰਕਾਰ 1992 ਵਿੱਚ 23% ਵੋਟਾਂ ਨਾਲ ਬਣੀ ਸੀ । ਉਸ ਨੇ ਇਸ ਕਰਜ਼ੇ ਦਾ ਦੁਰਉਪਯੋਗ ਕੀਤਾ ਹੈ । ਉਸ ਨੇ ਆਪਣੇ ਵੱਡੇ ਵੱਡੇ ਮੰਤਰੀ-ਮੰਡਲ ਬਣਾਏ, 40-40 ਮੰਤਰੀ ਬਣਾਏ ਅਤੇ ਪੈਸੇ ਦਾ ਬੁਰੀ ਤਰ੍ਹਾਂ ਦੁਰਉਪਯੋਗ ਕੀਤਾ । ਕੇਂਦਰ ਦੀ ਸਰਕਾਰ ਕੋਲ ਇਸ 8,600 ਕਰੋੜ ਰੁਪਏ ਦੇ ਕਰਜ਼ੇ ਨੂੰ ਮੁਆਫ ਕਰਾਉਣ ਵਾਸਤੇ ਉਸ ਸਰਕਾਰ ਨੇ ਕੋਈ ਸਿੰਸੀਅਰ ਉਪਰਾਲੇ ਨਹੀਂ ਕੀਤੇ ਕਿ ਇਸ ਕਰਜ਼ੇ ਨੂੰ ਮੁਆਫ ਕੀਤਾ ਜਾਵੇ । ਉਸ ਵੇਲੇ ਕੇਂਦਰ ਵਿਚ ਕਾਂਗਰਸ ਦੀ ਹੀ ਸਰਕਾਰ ਸੀ । ਇਹ ਠੀਕ ਹੈ ਕਿ ਇਕ ਵਾਰੀ ਪ੍ਰਧਾਨ ਮੰਤਰੀ ਸ੍ਰੀ

ਨਰਸਿਮਹਾ ਰਾਓ ਜੀ ਲੁਧਿਆਣੇ ਆਏ ਸਨ। ਉਥੇ ਰੌਲਾ ਪਿਆ ਕਿ ਸਾਰਾ ਕਰਜ਼ਾ ਮੁਆਫ ਕਰ ਦਿੱਤਾ ਗਿਆ ਹੈ। ਪਰ ਬਾਅਦ ਵਿਚ ਪਤਾ ਲੱਗਾ ਕਿ ਕੇਵਲ ਇਕ ਸਾਲ ਦੀ ਕਿਸ਼ਤ 800 ਕਰੋੜ ਰੁਪਏ ਹੀ ਮੁਆਫ ਕੀਤੀ ਗਈ ਹੈ। ਦੂਸਰੇ ਪਾਸੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕੇਂਦਰ ਸਰਕਾਰ ਕੋਲੋਂ ਇਸ ਕਰਜ਼ੇ ਨੂੰ ਮੁਆਫ ਕਰਾਉਣ ਵਾਸਤੇ ਦਿਨ ਰਾਤ ਚਿੰਤਾ ਵਿਚ ਲੱਗੇ ਹੋਏ ਸਨ। ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਆਈ. ਕੇ. ਗੁਜਰਾਲ 4 ਮਈ, 1997 ਨੂੰ ਪੰਜਾਬ ਆਏ ਅਤੇ ਉਨ੍ਹਾਂ ਨੇ ਜਲੰਧਰ ਵਿਖੇ ਪੰਜਾਬ ਕੇਸਰੀ ਕੰਪਲੈਕਸ ਦਾ ਉਦਘਾਟਨ ਕਰਨਾ ਸੀ ਅਤੇ ਇਹ ਇਕ ਪ੍ਰਾਈਵੇਟ ਸਮਾਗਮ ਸੀ। ਲੇਕਿਨ ਬਾਦਲ ਸਾਹਿਬ ਨੂੰ ਪੰਜਾਬ ਦੀ ਚਿੰਤਾ ਸੀ ਅਤੇ ਉਨ੍ਹਾਂ ਨੇ ਬੜੇ ਸੋਹਣੇ ਅਤੇ ਸਾਫ ਸ਼ਬਦਾਂ ਵਿਚ ਉਨ੍ਹਾਂ ਕੋਲੋਂ ਵਾਅਦਾ ਲੈ ਲਿਆ ਕਿ ਇਸ ਕਰਜ਼ੇ ਦਾ ਬੋਝ ਪੰਜਾਬ ਦੀ ਜਨਤਾ ਤੇ ਨਹੀਂ ਪਵੇਗਾ ਕਿਉਂਕਿ ਪੰਜਾਬ ਨੇ ਇਹ ਲੜਾਈ ਆਪਣੀ ਖਾਤਰ ਨਹੀਂ ਲੜੀ ਬਲਕਿ ਸਾਰੇ ਦੇਸ਼ ਦੀ ਖਾਤਰ ਲੜੀ ਹੈ। ਇਸ ਲਈ ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਬੜੇ ਅੱਛੇ ਢੰਗ ਨਾਲ ਸ਼੍ਰੀ ਆਈ. ਕੇ. ਗੁਜਰਾਲ ਜੀ ਪਾਸੋਂ ਇਸ ਗੱਲ ਦਾ ਵਾਅਦਾ ਲੈ ਲਿਆ। ਮੈਂ ਚਾਹਾਂਗਾ ਕਿ ਇਸ ਸਬੰਧ ਵਿਚ ਉਨ੍ਹਾਂ ਦੇ ਧੰਨਵਾਦ ਵਿਚ ਰੈਜ਼ੋਲਿਊਸ਼ਨ ਪਾਸ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਯਾਦ ਕਰਵਾਇਆ ਜਾਵੇ ਕਿ ਉਹ ਪੰਜਾਬ ਦੇ ਕਰਜ਼ੇ ਨੂੰ ਮੁਆਫ ਕਰਾਉਣ ਦੇ ਉਪਰਾਲੇ ਕਰਨ ਅਤੇ ਅੱਗੇ ਵੇਧਣ। ਇਸ ਤੋਂ ਪਤਾ ਲਗਦਾ ਹੈ ਕਿ ਬਾਦਲ ਸਰਕਾਰ ਇਸ ਕੰਮ ਵਾਸਤੇ ਸਿੰਸੀਅਰ ਹੈ।

ਦੂਸਰੇ ਪਾਸੇ ਬਾਦਲ ਸਰਕਾਰ ਨੇ ਜਿਹੜੇ ਵਾਅਦੇ ਲੋਕਾਂ ਨਾਲ ਕੀਤੇ ਹੋਏ ਸਨ, ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਉਸੇ ਦਿਨ ਤੋਂ ਹੀ ਕਦਮ ਉਠਾਉਣੇ ਸ਼ੁਰੂ ਕਰ ਦਿੱਤੇ, ਜਿਸ ਦਿਨ ਤੋਂ ਉਨ੍ਹਾਂ ਨੇ ਸਰਕਾਰ ਦੀ ਵਾਗਡੋਰ ਸੰਭਾਲੀ ਸੀ। ਪਰ ਇਸ ਦੇ ਉਲਟ ਕਾਂਗਰਸ ਸਰਕਾਰ ਨੇ ਪਿਛਲੇ ਪੰਜ ਸਾਲਾਂ ਵਿਚ ਜਿਸ ਢੰਗ ਨਾਲ ਲੋਕਾਂ ਨਾਲ ਵਾਅਦੇ ਕੀਤੇ ਸਨ, ਉਹ ਪੂਰੇ ਨਹੀਂ ਕੀਤੇ। ਚੇਅਰਮੈਨ ਸਾਹਿਬ, ਸਰਦਾਰ ਬੇਅੰਤ ਸਿੰਘ ਜੀ ਨੇ ਵਾਅਦਾ ਕੀਤਾ ਸੀ ਕਿ ਹਾਊਸ ਟੈਕਸ ਤੇ ਪਾਣੀ ਦਾ ਬਿੱਲ ਮੁਆਫ ਕੀਤਾ ਜਾਵੇਗਾ ਲੇਕਿਨ ਮੁਆਫ ਨਹੀਂ ਹੋਇਆ। ਇਸੇ ਤਰ੍ਹਾਂ ਵਪਾਰੀ ਭਰਾਵਾਂ ਲਈ ਵਾਅਦਾ ਕੀਤਾ ਕਿ 10 ਲੱਖ ਰੁਪਏ ਤੋਂ ਸੇਲਜ਼ ਟੈਕਸ ਸਮਰੀ ਲਿਮਟ ਵਧਾ ਕੇ 20 ਲੱਖ ਰੁਪਏ ਕਰ ਦਿੱਤੀ ਜਾਵੇਗੀ। ਲੇਕਿਨ ਪੂਰੇ ਪੰਜਾਂ ਸਾਲਾਂ ਵਿਚ ਇਸ ਦੀ ਨੋਟੀਫਿਕੇਸ਼ਨ ਨਹੀਂ ਹੋਈ। 3-4 ਵਾਰ ਵਾਅਦੇ ਕੀਤੇ ਗਏ। ਬਰਾੜ ਸਾਹਿਬ ਆਏ, ਉਹ ਵੀ ਵਾਅਦੇ ਕਰਕੇ ਚਲੇ ਗਏ। ਮੈਡਮ ਭੱਠਲ ਆਏ, ਉਨ੍ਹਾਂ ਨੇ ਵਾਅਦਾ ਕੀਤਾ ਕਿ ਲਿਮਟ ਵਧਾ ਦਿੱਤੀ ਗਈ ਹੈ ਲੇਕਿਨ ਵਾਧਾ ਕੋਈ ਨਹੀਂ ਹੋਇਆ ਅਤੇ ਨਾ ਹੀ ਨੋਟੀਫਿਕੇਸ਼ਨ ਹੋਈ। ਇਹ ਜਾਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਬਜਟ ਵਿਚ ਕੀਤੀ। ਹਾਊਸ ਟੈਕਸ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਮੁਆਫ ਕੀਤਾ, ਕਾਂਗਰਸ ਸਰਕਾਰ ਨੇ ਨਹੀਂ ਕੀਤਾ। ਸਾਲ 1993-94 ਵਿੱਚ ਇਨ੍ਹਾਂ ਨੇ, ਕਾਂਗਰਸ ਨੇ ਪ੍ਰੋਵੀਜ਼ਨ ਕੀਤੀ ਸੀ ਕਿ ਫਲਾਈ-ਓਵਰ ਬ੍ਰਿਜ ਬਣਾਏ ਜਾਣਗੇ ਅਤੇ ਜਲੰਧਰ ਵਿਚ ਦਮੋਰੀਆ ਪੁਲ ਲਈ ਫਲਾਈ-ਓਵਰ ਬਣਾਇਆ ਜਾਵੇਗਾ ਲੇਕਿਨ ਉਸ ਦੇ ਬਾਰੇ ਕੋਈ ਕਾਰਵਾਈ ਨਹੀਂ ਹੋਈ। ਲੇਕਿਨ

[ਸ਼੍ਰੀ ਮਨੋਰੰਜਨ ਕਾਲੀਆ]

ਸਾਡੀ ਸਰਕਾਰ ਨੇ ਕਿਹਾ ਕਿ ਜਲੰਧਰ ਵਿੱਚ ਫਲਾਈ-ਓਵਰ ਬਰਿਜ ਬਣੇ, ਇਸ ਦੇ ਲਈ ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਆਈ. ਕੇ. ਗੁਜਰਾਲ ਕੋਲੋਂ ਵਾਇਦਾ ਲਿਆ ਅਤੇ ਫਾਇਨਾਂਸ ਕੇਂਦਰ ਸਰਕਾਰ ਖਰਚ ਕਰੇ, ਇਹ ਵੀ ਵਾਇਦਾ ਲਿਆ । ਹੁਣ ਇਸ ਦੇ ਲਈ ਕੰਮ ਵੀ ਸ਼ੁਰੂ ਹੋ ਗਿਆ ਹੈ । ਇਸ ਲਈ ਮੈਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ । ਇੰਨਾ ਹੀ ਨਹੀਂ ਕਿ ਜਦੋਂ ਬਰਾੜ ਸਾਹਿਬ ਸਰਦਾਰ ਬੇਅੰਤ ਸਿੰਘ ਤੋਂ ਬਾਅਦ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਵੀ ਕਈ ਵਾਅਦੇ ਕੀਤੇ ਕਿ ਸਸਤੀ ਬਿਜਲੀ ਸਪਲਾਈ ਕਰਨ ਦਾ ਉਪਰਾਲਾ ਕਰਾਂਗੇ । 1000 ਸਕੂਲਾਂ ਨੂੰ ਅਪ-ਗਰੇਡ ਕਰਾਂਗੇ ਅਤੇ ਐਨ. ਆਰ. ਆਈਜ਼ ਲਈ ਕਾਨੂੰਨ ਬਣਾਵਾਂਗੇ ਕਿ ਉਨਾਂ ਦੀ ਪ੍ਰਾਪਰਟੀ ਜ਼ਬਤ ਨਾ ਹੋਵੇ ਅਤੇ ਲੋਕਾਂ ਲਈ ਹੋਰ ਵੀ ਮੁਢਲੀਆਂ ਸਹੂਲਤਾਂ ਮੁਹੱਈਆ ਕਰਾਂਗੇ ਪਰ ਉਹ ਵਾਅਦੇ, ਵਾਅਦੇ ਹੀ ਰਹਿ ਗਏ । ਬਰਾੜ ਸਾਹਿਬ ਚਲੇ ਗਏ ਅਤੇ ਉਨ੍ਹਾਂ ਤੋਂ ਬਾਅਦ ਭੱਠਲ ਜੀ ਆ ਗਏ ਅਤੇ ਉਨ੍ਹਾਂ ਨੇ ਕਿਹਾ ਕਿ 40,000 ਨੌਕਰੀਆਂ ਦਿੱਤੀਆਂ ਜਾਣਗੀਆਂ ਅਤੇ ਸਾਰੇ ਫਿਰਕਿਆਂ ਨੂੰ ਅੱਪ-ਲਿਫਟ ਕਰਾਂਗੇ ਅਤੇ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦਾ ਜਿਹੜਾ ਏਜੰਡਾ ਸੀ, 1 ਦਸੰਬਰ, 1996 ਨੂੰ ਲੁਧਿਆਣੇ ਵਿੱਚ ਰੈਲੀ ਵਿਚ ਅਨਾਊਂਸ ਕੀਤਾ ਗਿਆ ਸੀ, ਉਸ ਨੂੰ ਵੀ ਚੁਰਾਉਣ ਦੀ ਕੋਸ਼ਿਸ਼ ਕੀਤੀ । ਚੇਅਰਮੈਨ ਸਾਹਿਬ, ਸਾਡੀ ਸਰਕਾਰ ਬਣੀ ਨੂੰ ਤਿੰਨ ਮਹੀਨੇ ਹੋਏ ਹਨ ਅਤੇ ਅਸੀਂ ਜਿਹੜੇ ਕਾਮਨ ਮੀਨੀਮਮ ਪ੍ਰੋਗਰਾਮ ਅਧੀਨ ਵਾਇਦੇ ਕੀਤੇ ਸਨ, ਉਹ ਪੂਰੇ ਕੀਤੇ ਹਨ ਜਿਸ ਦੀ ਕਿ ਝਲਕ ਇਸ ਗੱਲ ਤੋਂ ਮਿਲਦੀ ਹੈ ਕਿ ਅਸੀਂ ਕਿਸਾਨਾਂ ਦਾ ਮਾਲੀਆ ਮੁਆਫ ਕਰ ਦਿਤਾ ਹੈ ਅਤੇ ਕਿਸਾਨਾਂ ਲਈ ਪਾਣੀ ਅਤੇ ਬਿਜਲੀ ਮੁਫਤ ਕਰ ਦਿਤੀ ਹੈ । ਸ਼ਹਿਰਾਂ ਵਿਚ ਹਾਊਸ ਟੈਕਸ ਦੀ ਰਾਹਤ ਦਿੱਤੀ ਹੈ । ਅੱਜ ਕਾਂਗਰਸ ਸਰਕਾਰ ਜਿਹੜੀ ਕਿ ਆਪਣੇ ਆਪ ਨੂੰ ਪਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਾਤੀਆਂ ਦੀ ਪੈਰੋਕਾਰ ਦੱਸਦੀ ਹੈ ਅਤੇ ਉਨ੍ਹਾਂ ਦੇ ਇੰਟਰੈਸਟ ਵਾਚ ਕਰਦੀ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਸਾਲ 1992-93 ਤੋਂ ਮਕਾਨ ਬਣਾਉਣ ਲਈ 15,000/-ਰੁਪਏ ਰਖਿਆ ਹੋਇਆ ਹੈ, ਉਹ 5 ਸਾਲ 15,000/- ਰੁਪਏ ਹੀ ਚਲਦਾ ਰਿਹਾ ਹੈ ਜਦ ਕਿ ਇੱਟਾਂ, ਸੀਮਿੰਟ, ਲੋਹੇ ਅਤੇ ਹੋਰ ਕੰਸਟਰੱਕਸ਼ਨ ਮੈਟੀਰੀਅਲ ਦੀਆਂ ਕੀਮਤਾਂ ਬਹੁਤ ਜ਼ਿਆਦਾ ਵਧੀਆਂ ਹਨ, ਲੇਕਿਨ ਉਨ੍ਹਾਂ ਨੇ 15,000/- ਰੁਪਏ ਦੀ ਪ੍ਰੋਵੀਜ਼ਨ ਹੀ ਰੱਖੀ ਹੈ । ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਇਹ ਵਾਇਦਾ ਕੀਤਾ ਕਿ 50,000/- ਰੁਪਏ ਇਸ ਮੰਤਵ ਲਈ ਕਰ ਦਿਤੇ ਅਤੇ ਸਾਡੇ ਅਨੁਸੂਚਿਤ ਜਾਤੀਆਂ ਦੇ ਭਰਾਵਾਂ ਲਈ ਸਰਕਾਰ 12,000 ਮਕਾਨ ਬਣਾ ਕੇ ਦੇਵੇਗੀ, ਜਿਸਦੇ ਲਈ 60 ਕਰੋੜ ਰੁਪਏ ਬਜਟ ਵਿਚ ਰਖੇ ਗਏ ਹਨ ਜਦ ਕਿ ਕਾਂਗਰਸ ਵੱਲੋਂ ਬਜਟ ਵਿਚ ਅਨੁਸੂਚਿਤ ਜਾਤੀਆਂ ਦੇ ਲਈ ਮਕਾਨਾਂ ਦੀ ਸਕੀਮ ਅਧੀਨ ਕੇਵਲ 1.20 ਕਰੋੜ ਰੁਪਏ ਹੀ ਰੱਖੇ ਗਏ ਸਨ । ਇਸੇ ਤਰ੍ਹਾਂ ਚੇਅਰਮੈਨ ਸਾਹਿਬ, ਬਾਦਲ ਸਾਹਿਬ ਨੇ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਦੀ ਸ਼ਾਦੀ ਤੇ 5100/- ਰੁਪਏ ਸ਼ਗਨ ਦੇਣ ਦੀ ਸਕੀਮ ਚਾਲੂ ਕੀਤੀ ਹੈ । ਜਦੋਂ ਵੀ ਕਿਸੇ ਗਰੀਬ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੜਕੀ ਦੀ ਸ਼ਾਦੀ ਹੋਵੇਗੀ ਤਾਂ ਸਰਕਾਰ ਵਲੋਂ 5100/- ਰੁਪਏ ਸ਼ਗਨ ਦਿੱਤਾ ਜਾਵੇਗਾ । ਚੇਅਰਮੈਨ ਸਾਹਿਬ, ਅਜਿਹੀ ਸਕੀਮ ਪਹਿਲਾਂ ਕਿਸੇ ਸਰਕਾਰ ਨੇ

ਨਹੀਂ ਚਲਾਈ । ਇਸ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੀ ਸਰਕਾਰ ਵਧਾਈ ਦੀ ਪਾਤਰ ਹੈ ।

ਚੇਅਰਮੈਨ ਸਾਹਿਬ, ਟੈਕਸਾਂ ਦੇ ਬਾਰੇ ਵਿੱਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਟੈਕਸ ਬਜਟ ਵਿੱਚ ਇਸ ਤਰੀਕੇ ਨਾਲ ਲਗਾਏ ਗਏ ਹਨ ਜਿਨ੍ਹਾਂ ਦਾ ਆਮ ਜਨਤਾ ਤੇ, ਗਰੀਬ ਜਨਤਾ ਤੇ ਅਸਰ ਨਾ ਹੋਵੇ । ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਾਰਾਂ ਆਦਿ ਲਈ ਜੋ ਛੋਟੇ ਨੰਬਰ ਲੈਣ ਦੇ ਚਾਹਵਾਨ ਹਨ, ਨੰਬਰ ਲੈਣ ਲਈ 25,000/-ਰੁਪਏ ਦੇਣੇ ਪੈਣਗੇ ਕਿਉਂਕਿ ਕਾਰਾਂ ਆਮ ਕਰਕੇ ਅਮੀਰ ਲੋਕਾਂ ਕੋਲ ਹੀ ਹਨ । ਪਹਿਲਾਂ ਛੋਟਾ ਨੰਬਰ ਲੈਣ ਲਈ ਕਰਮਚਾਰੀਆਂ ਨੂੰ ਰਿਸ਼ਵਤ ਆਦਿ ਦੇਣ ਦਾ ਸਹਾਰਾ ਲਿਆ ਜਾਂਦਾ ਸੀ । ਪਰ ਹੁਣ ਇਸ ਦੇ ਨਾਲ ਭ੍ਰਿਸ਼ਟਾਚਾਰ ਵੀ ਖਤਮ ਹੋਵੇਗਾ ਅਤੇ ਪੈਸੇ ਵੀ ਸਰਕਾਰ ਦੇ ਖਜ਼ਾਨੇ ਵਿਚ ਜਾਣਗੇ । ਵਿੱਤ ਮੰਤਰੀ ਜੀ ਨੇ ਜਿਸ ਤਰੀਕੇ ਨਾਲ ਬਜਟ ਪੇਸ਼ ਕੀਤਾ ਹੈ, ਉਸ ਦੇ ਲਈ ਮੈਂ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ । ਬਜਟ ਵਿਚ ਸੇਵਿੰਗ ਬਾਰੇ ਵੀ ਮੱਦ ਹੈ, ਚੇਅਰਮੈਨ ਸਾਹਿਬ, ਸਾਨੂੰ ਸੇਵਿੰਗ ਵੀ ਕਰਨੀ ਚਾਹੀਦੀ ਹੈ । ਇਸ ਮੰਤਵ ਲਈ ਸਰਕਾਰੀ ਖਰਚੇ ਵਿੱਚ 5% ਦੀ ਕਟੌਤੀ ਲਗਾਈ ਗਈ ਹੈ । ਇਹ ਕੇਵਲ ਸਰਕਾਰੀ ਕਰਮਚਾਰੀਆਂ ਤੇ ਹੀ ਲਾਗੂ ਨਹੀਂ ਕੀਤੀ ਗਈ ਬਲਕਿ ਮੰਤਰੀ ਸਾਹਿਬ ਨੇ ਵੀ ਆਪਣੇ ਖਰਚਿਆਂ ਤੇ ਕੱਟ ਲਗਾਈ ਹੈ ਅਤੇ ਕੇਵਲ ਇਕ ਰੁਪਿਆ ਤਨਖਾਹ ਲੈਣ ਦਾ ਫੈਸਲਾ ਕੀਤਾ ਹੈ । ਇਹ ਕਟੌਤੀ ਸਰਕਾਰੀ ਖਰਚੇ ਤੇ ਵੀ ਲਗਾਈ ਗਈ ਹੈ । ਇਹ ਮੱਦ ਕਾਂਗਰਸ ਦੇ ਵੇਲੇ ਵੀ ਬਜਟ ਵਿਚ ਸ਼ਾਮਿਲ ਸੀ ਲੇਕਿਨ ਉਨ੍ਹਾਂ ਨੇ ਕਦੇ ਵੀ ਬੱਚਤ ਨਹੀਂ ਕੀਤੀ ਔਰ ਕਾਫੀ ਐਕਸਪੈਂਡੀਚਰ ਕੀਤਾ ਭਾਵੇਂ ਕਿ ਉਨ੍ਹਾਂ ਨੇ ਪ੍ਰੋਵੀਜ਼ਨ ਰੱਖੀ ਹੋਈ ਸੀ । ਚੇਅਰਮੈਨ ਸਾਹਿਬ, ਬੇਅੰਤ ਸਿੰਘ ਗੌਰਮਿੰਟ, ਬਰਾੜ ਗੌਰਮਿੰਟ ਔਰ ਭੱਠਲ ਗੌਰਮਿੰਟ ਵਿਚ ਹਾਥੀਨੁਮਾ ਮੰਤਰੀ ਮੰਡਲ ਬਣਾਏ ਗਏ । 40-40, 42-42 ਮੰਤਰੀ ਬਣਾਏ ਗਏ । ਅਲੀ ਬਾਬਾ. . . .ਨਾਲ ਮੈਂ ਕਹਿਣਾ ਨਹੀਂ ਚਾਹੁੰਦਾ । 42-42 ਮੰਤਰੀ ਬਣਾ ਕੇ ਰਾਜਸਵ ਤੇ ਬੋਝ ਪਾਇਆ ਗਿਆ । ਕੋਈ ਕਾਂਗਰਸੀ ਐਮ. ਐਲ. ਏ. ਨਹੀਂ ਹੋਣਾ ਜਿਹੜਾ ਮੰਤਰੀ ਜਾਂ ਮੁੱਖ ਮੰਤਰੀ ਨਾ ਬਣਿਆ ਹੋਵੇ । ਸਰਦਾਰ ਬੇਅੰਤ ਸਿੰਘ ਤੋਂ ਬਾਅਦ ਕਾਂਗਰਸ ਦੀ ਲੜਾਈ ਤੇਜ਼ ਹੋ ਗਈ । ਬਰਾੜ ਸਾਹਿਬ ਨੂੰ ਲਾਹ ਕੇ ਬੀਬੀ ਭੱਠਲ ਮੁੱਖ ਮੰਤਰੀ ਬਣੇ । ਉਹ ਤਿੰਨ ਤਿੰਨ ਮਹੀਨੇ ਦਿੱਲੀ ਬੈਠੇ ਰਹੇ । ਉਸ ਸਮੇਂ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਸੀ । ਇਸ ਤਰ੍ਹਾਂ ਲੱਗਦਾ ਸੀ ਕਿ ਜਿਵੇਂ ਸਾਰੀ ਸਰਕਾਰ ਦਿੱਲੀ ਬੈਠੀ ਹੋਵੇ । ਸਿਰਫ ਕੁਰਸੀ ਖਾਤਰ ਲੜਦੇ ਰਹੇ ਔਰ ਪੰਜਾਬ ਦੀਆਂ ਮੰਗਾਂ ਮਨਵਾਉਣ ਜਾਂ ਪੰਜਾਬ ਸਮੱਸਿਆ ਵੱਲ ਧਿਆਨ ਨਹੀਂ ਦਿਤਾ । ਇਸ ਨਾਲ ਕਰਜ਼ਾ ਵੱਧ ਗਿਆ ਔਰ ਪੰਜਾਬ ਦੀ ਆਰਥਿਕ ਸਥਿਤੀ ਮਾੜੀ ਹੋ ਗਈ । ਬਰਾੜ ਸਾਹਿਬ ਦੇ ਸਮੇਂ ਕਿਹਾ ਜਾਂਦਾ ਸੀ ਕਿ ਇੱਥੇ ਸੰਨੀ, ਮੰਮੀ ਅਤੇ ਮੁੰਨੀ ਰਾਜ ਕਰ ਰਹੇ ਹਨ । ਇਸ ਤੋਂ ਬਾਅਦ ਮੈਡਮ ਭੱਠਲ ਆਏ । ਇਨ੍ਹਾਂ ਨੇ ਦੋ ਮਹੀਨਿਆਂ ਵਿਚ ਆਪਣਾ ਕੋਈ ਪ੍ਰੋਗਰਾਮ ਨਹੀਂ ਦਿੱਤਾ ਲੇਕਿਨ ਭਾਰਤੀ ਜਨਤਾ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਏਜੰਡਾ ਚੁਰਾ ਕੇ ਘੋਸ਼ਣਾਵਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ । ਅੰਧਾ-ਧੁੰਦ ਘੋਸ਼ਣਾਵਾਂ ਕੀਤੀਆਂ ਗਈਆਂ । ਇਹ ਤਾਂ ਚੀਫ ਇਲੈਕਸ਼ਨ ਕਮਿਸ਼ਨ ਨੇ ਇਲੈਕਸ਼ਨਾਂ ਘੋਸ਼ਿਤ ਕਰ ਦਿੱਤੀਆਂ ਨਹੀਂ ਤਾਂ

[ਸ਼੍ਰੀ ਮਨੋਰੰਜਨ ਕਾਲੀਆ]

ਉਨ੍ਹਾਂ ਨੇ ਪੰਜਾਬ ਨੂੰ ਟੋਟਲੀ ਬੈਂਕੁਰੱਪਟ ਕਰ ਦੇਣਾ ਸੀ । ਇਸ ਬਜਟ ਵਿੱਚ ਕੁਰੱਪਸ਼ਨ ਨੂੰ ਘੱਟ ਕਰਨ ਵਾਸਤੇ ਕਈ ਉਪਰਾਲੇ ਕੀਤੇ ਗਏ ਹਨ । ਜਿਹੜੇ ਇਮਾਨਦਾਰ ਅਫਸਰ ਹਨ, ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਦਿੱਤਾ ਜਾਵੇਗਾ ਔਰ ਜੋ ਭ੍ਰਿਸ਼ਟ ਵਿਅਕਤੀਆਂ ਨੂੰ ਫੜਾਉਣਗੇ, ਉਨ੍ਹਾਂ ਨੂੰ ਵੀ ਇਨਾਮ ਦਿੱਤਾ ਜਾਵੇਗਾ । ਇਸ ਤਰ੍ਹਾਂ ਦਾ ਉਪਰਾਲਾ ਕੀਤਾ ਗਿਆ ਹੈ । ਡਿਸਕਰੀਸ਼ਨਰੀ ਕੋਟਾ ਬਾਦਲ ਸਾਹਿਬ ਨੇ ਸਰੰਡਰ ਕਰ ਦਿੱਤਾ ਹੈ । ਚਾਹੇ ਉਹ ਪਲਾਟ ਅਲਾਟਮੈਂਟ ਦਾ ਹੋਵੇ, ਚਾਹੇ ਐਡਮਿਸ਼ਨ ਦਾ ਹੋਵੇ । ਪਰ ਪਿਛਲੇ ਪੰਜ ਸਾਲਾਂ ਵਿਚ ਡਿਸਕਰੀਸ਼ਨਰੀ ਕੋਟੇ ਦੀ ਦੁਰਵਰਤੋਂ ਕੀਤੀ ਗਈ ਹੈ । ਭ੍ਰਿਸ਼ਟਾਚਾਰ ਨੂੰ ਵਧਾਇਆ ਗਿਆ । ਭਾਈ-ਭਤੀਜਾਵਾਦ ਵਧਾਇਆ ਗਿਆ । ਉਨ੍ਹਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਪਲਾਟ ਅਲਾਟ ਕਰ ਦਿੱਤੇ । ਪੈਸੇ ਲੈ ਕੇ ਪਲਾਟ ਦਿੱਤੇ ਗਏ । ਐਡਮਿਸ਼ਨਾਂ ਵੀ ਡਿਸਕਰੀਸ਼ਨਰੀ ਕੋਟੇ ਦੇ ਤਹਿਤ ਕੀਤੀਆਂ ਗਈਆਂ । ਏਨਾ ਹੀ ਨਹੀਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਜਿਹੜਾ ਅਫਸਰਾਂ ਦੀ ਭਰਤੀ ਰੈਗੂਲੇਟ ਕਰਦਾ ਹੈ, ਉਸ ਨੂੰ ਛੱਡ ਕੇ 89 ਦਿਨਾਂ ਵਾਸਤੇ ਐਡੀਸ਼ਨਲ ਈ. ਟੀ. ਓ., ਐਡੀਸ਼ਨਲ ਡੀ. ਟੀ. ਓ. ਲਗਾਏ ਗਏ । ਜੇ ਹਾਈ ਕੋਰਟ ਇੰਟਰਫੀਅਰ ਨਾ ਕਰਦੀ ਤਾਂ ਪਤਾ ਨਹੀਂ ਕੀ ਕੁਝ ਹੋ ਜਾਂਦਾ । ਪਿਛਲੇ ਪੰਜ ਸਾਲ ਕੀ ਕੁਝ ਨਹੀਂ ਹੋਇਆ ? ਉਸ ਦੌਰਾਨ ਕੇਤੀਆ ਕਾਂਡ ਹੋਇਆ । 1993 ਵਿਚ ਸਰਕਾਰ ਨੇ ਜਿਸ ਢੰਗ ਨਾਲ ਸ਼ੂਗਰ ਮਿੱਲਾਂ ਨੂੰ ਸਿੱਕ ਕਹਿ ਕੇ ਵੇਚਿਆ ਉਸ ਨਾਲ ਅਮਲੋਹ, ਦਸੂਹਾ, ਪਾਤੜਾਂ ਮਿੱਲਾਂ ਦੀ ਪੇਮੈਂਟ 8-8 ਮਹੀਨੇ ਲੇਟ ਹੋਈ ਪਰ ਉਹ ਬਿਨਾਂ ਵਿਆਜ ਅਸੈਪਟ ਕੀਤੀ ਗਈ । ਦਸੂਹਾ ਮਿੱਲ ਦੀ ਤਾਂ ਹਾਲੇ ਤੱਕ ਪੇਮੈਂਟ ਨਹੀਂ ਹੋਈ । ਇਹ ਹਾਲਾਤ ਪਿਛਲੇ ਪੰਜ ਸਾਲਾਂ ਵਿਚ ਹੋਏ ਜਿਸ ਕਾਰਨ ਅਰਥ ਵਿਵਸਥਾ ਦੀ ਦੁਰਵਰਤੋਂ ਹੋਈ । ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਸੀ ਕਿ ਇਹ ਬਜਟ ਗਰੋਥ ਓਰੀਐਂਟਿਡ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਬਪੱਖੀ ਵਿਕਾਸ ਤਾਂ ਹੀ ਹੋ ਸਕਦਾ ਹੈ ਜੇ ਪਾਵਰ ਜਨਰੇਸ਼ਨ ਨੂੰ ਵਧਾਇਆ ਜਾਵੇ ਕਿਉਂਕਿ ਇਲੈਕਟ੍ਰੀਸਿਟੀ, ਇੰਡਸਟਰੀ ਐਗਰੀਕਲਚਰ ਔਰ ਹਰ ਖੇਤਰ ਵਿਚ ਕੰਮ ਆਉਂਦੀ ਹੈ ਔਰ ਬਾਦਲ ਸਾਹਿਬ ਨੇ ਸਭ ਤੋਂ ਪਹਿਲਾਂ ਇਸ ਵਿਚ ਪ੍ਰੋਵੀਜ਼ਨ ਕੀਤੀ ਹੈ । ਚੇਅਰਮੈਨ ਸਾਹਿਬ, ਰਣਜੀਤ ਸਾਗਰ ਡੈਮ ਔਰ ਲਹਿਰਾ ਮੁਹੱਬਤ ਪ੍ਰਾਜੈਕਟ ਟਾਈਮ ਬਾਊਂਡ ਕਰਕੇ ਕੰਪਲੀਟ ਕੀਤੇ ਜਾਣਗੇ ਜਿਸ ਨਾਲ ਬਿਜਲੀ ਦੀ ਕਪੈਸਿਟੀ 3,510 ਮੈਗਾਵਾਟ ਤੋਂ ਵੱਧ ਕੇ 4,162 ਮੈਗਾਵਾਟ ਹੋ ਜਾਵੇਗੀ ਜਿਸ ਨਾਲ ਪੰਜਾਬ ਦੇ ਸਰਬਪੱਖੀ ਵਿਕਾਸ ਦੀ ਨੀਂਹ ਹੋਰ ਮਜ਼ਬੂਤ ਹੋਏਗੀ ਔਰ ਇਸੇ ਤਰ੍ਹਾਂ ਇਸ ਬਜਟ ਦੇ ਵਿੱਚ ਪਲਾਨਡ ਡਿਵੈਲਪਮੈਂਟ ਦੀ ਗੱਲ ਕੀਤੀ ਗਈ ਹੈ ਕਿ ਬਲਾਕ ਲੇਵਲ ਤੇ ਪਲਾਨਿੰਗ ਵਾਸਤੇ ਕਿਹੜੀ ਚੀਜ਼ ਚਾਹੀਦੀ ਹੈ, ਉਸ ਢੰਗ ਨਾਲ ਪਲਾਨਿੰਗ ਕਰੀਏ । ਇਸੇ ਤਰ੍ਹਾਂ ਫੋਕਲ ਪੁਆਇੰਟ ਸਕੀਮ ਦੁਬਾਰਾ ਲਾਗੂ ਕੀਤੀ ਗਈ ਹੈ, ਜਿਹੜੀ ਬਾਦਲ ਸਰਕਾਰ ਨੇ ਪਹਿਲਾਂ ਸ਼ੁਰੂ ਕੀਤੀ ਸੀ ਲੇਕਿਨ ਕਾਂਗਰਸ ਦੇ ਕਾਲੇ ਕਾਲ ਵਿੱਚ ਇਹ ਖਤਮ ਕਰ ਦਿੱਤੀ ਗਈ ਸੀ । ਐਗਰੀਕਲਚਰ ਵੱਲ ਵੀ ਧਿਆਨ ਦਿੱਤਾ ਹੈ ਕਿਉਂਕਿ ਐਗਰੀਕਲਚਰ ਵਿੱਚ ਸੈਚੂਰੇਸ਼ਨ ਪੁਆਇੰਟ ਹੁੰਦਾ ਹੈ, ਇਸ ਲਈ ਐਗਰੋ ਬੇਸਡ ਇੰਡਸਟਰੀ ਨੂੰ ਬੜਾਵਾ ਦਿੱਤਾ ਜਾਵੇ, ਇਸ ਦੇ ਵੱਲ ਵੀ ਧਿਆਨ ਦਿੱਤਾ ਹੈ । ਕਾਂਗਰਸ ਸਰਕਾਰ ਦੀ ਕੋਈ ਪਾਲਿਸੀ ਨਹੀਂ ਸੀ । ਕਾਂਗਰਸ ਦੇ ਸਮੇਂ ਵਿੱਚ ਗਲਤ ਨੀਤੀਆਂ ਚੱਲੀਆਂ । ਉਸ ਸਮੇਂ ਗੰਨਾ

ਖੇਤਾਂ ਵਿੱਚ ਰੁਲਿਆ, ਕਿਸਾਨ ਮਿੱਲਾਂ ਵਿੱਚ ਰੁਲਿਆ ਔਰ ਸ਼ੂਗਰ ਮਿੱਲਾਂ ਬੰਦ ਪਈਆਂ ਸਨ। ਅੱਜ ਬਜਟ ਵਿੱਚ ਇਸ ਬਾਰੇ ਵੀ ਪ੍ਰੋਵੀਜ਼ਨ ਕੀਤੀ ਹੈ।

ਐਨ. ਆਰ. ਆਈਜ਼ ਵਾਸਤੇ ਸਪੈਸ਼ਲ ਸੈਲ ਮੁੱਖ ਮੰਤਰੀ ਦਫ਼ਤਰ ਵਿੱਚ ਖੋਲ੍ਹਿਆ ਗਿਆ ਹੈ, ਤਾਂ ਕਿ ਉਹ ਇਨਵੈਸਟਮੈਂਟ ਦੇ ਬਾਰੇ ਕੋਈ ਗੱਲ ਕਰ ਸਕਣ ਅਤੇ ਸੁਝਾਉ ਦੇ ਸਕਣ। ਇਸ ਗੱਲਬਾਤ ਦੇ ਬਾਰੇ ਉਪਰਾਲਾ ਕੀਤਾ ਗਿਆ ਹੈ।

ਸ਼੍ਰੀ ਸਭਾਪਤੀ: ਕਾਲੀਆ ਸਾਹਿਬ, ਟਾਈਮ ਦਾ ਖਿਆਲ ਰੱਖੋ।

ਸ਼੍ਰੀ ਮਨੋਰੰਜਨ ਕਾਲੀਆ: ਤਿੰਨ ਮਹੀਨੇ ਸਰਕਾਰ ਆਈ ਨੂੰ ਹੋਏ ਹਨ ਔਰ ਪ੍ਰਕਿਉਰਮੈਂਟ ਪ੍ਰਾਈਸ ਜੋ 1996-97 ਵਿੱਚ 350 ਰੁਪਏ ਸੀ, ਉਹ ਅੱਜ ਬਾਦਲ ਸਰਕਾਰ ਨੇ 415 ਰੁਪਏ ਕਰਵਾਈ ਔਰ 60 ਰੁਪਏ ਦਾ ਬੋਨਸ ਦਿੱਤਾ। ਇਹ ਬੋਨਸ ਕੇਂਦਰ ਸਰਕਾਰ ਕੋਲੋਂ ਮੁਹੱਈਆ ਕਰਵਾਇਆ। ਇਹ ਵੀ ਸ਼ਲਾਘਾਯੋਗ ਉਪਰਾਲਾ ਹੈ। ਅੰਤ ਵਿੱਚ ਮੈਂ ਇਸ ਬਜਟ ਉਤੇ ਕੈਪਟਨ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਇਹ ਗਰੀਬ ਓਰੀਐਂਟਿਡ ਬਜਟ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਸਦਨ ਵਿੱਚ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਮੱਖਣ ਸਿੰਘ (ਪੱਕਾ ਕਲਾਂ, ਐਸ. ਸੀ.): ਚੇਅਰਮੈਨ ਸਾਹਿਬ, ਮੈਂ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ 1997-98 ਦੇ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਮੁੱਖ ਮੰਤਰੀ ਸਾਹਿਬ ਦਾ ਔਰ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਇੱਕ ਬੜਾ ਹੀ ਸ਼ਾਨਦਾਰ ਬਜਟ ਦਿੱਤਾ ਹੈ। ਇਸ ਬਜਟ ਦੇ ਵਿੱਚ ਸਾਰੇ ਹੀ ਵਰਗ ਦੇ ਲੋਕਾਂ ਦਾ ਧਿਆਨ ਰੱਖਿਆ ਗਿਆ ਹੈ। ਬਜਟ ਵਿਚ ਕੋਈ ਵੀ ਨਵਾਂ ਟੈਕਸ ਨਹੀਂ ਲਾਇਆ ਗਿਆ। ਜੋ ਕੋਈ ਆਮਦਨੀ ਦੇ ਵਸੀਲੇ ਵੀ ਢੂੰਡੇ ਹਨ, ਉਹ ਵੀ ਇਸ ਤਰ੍ਹਾਂ ਢੂੰਡੇ ਹਨ, ਜਿਸ ਨਾਲ ਆਮ ਲੋਕਾਂ ਨੂੰ ਕੋਈ ਤਕਲੀਫ਼ ਨਾ ਹੋਵੇ। ਕੋਸ਼ਿਸ਼ ਕੀਤੀ ਗਈ ਹੈ ਕਿ ਜਿਹੜੇ ਗੈਰ-ਯੋਜਨਾ ਖਰਚੇ ਹਨ, ਉਨ੍ਹਾਂ ਵਿਚ ਕਟੌਤੀ ਕਰਕੇ ਕੁਝ ਪੈਸਾ ਬਚਾਇਆ ਜਾਵੇ। ਜਿਹੜੀ ਵਿੱਤੀ ਮਸ਼ੀਨਰੀ ਟੈਕਸ ਇਕੱਠਾ ਕਰਨ ਵਾਲੀ ਹੈ, ਉਸ ਦੇ ਵਿੱਚ ਸੁਧਾਰ ਕਰਕੇ ਟੈਕਸ ਦੀ ਉਗਰਾਹੀ ਤੋਂ ਪੈਸਾ ਕਮਾਇਆ ਜਾਵੇ। ਜੋ ਜ਼ਮੀਨਾਂ ਪਈਆਂ ਹਨ ਪੰਜਾਬ ਸਰਕਾਰ ਦੀਆਂ, ਉਸ ਦੀ ਵਰਤੋਂ ਕਰਕੇ, ਉਨ੍ਹਾਂ ਨੂੰ ਵੇਚ ਕੇ ਜਾਂ ਉਨ੍ਹਾਂ ਦੀ ਕਮਰਸ਼ੀਅਲ ਆਧਾਰ ਤੇ ਵਰਤੋਂ ਕਰਕੇ ਉਥੋਂ ਪੈਸਾ ਲਿਆਂਦਾ ਜਾਵੇ ਔਰ ਫਿਰ ਸਾਰੇ ਹੀ ਵਰਗਾਂ ਦੇ ਲੋਕਾਂ ਨੂੰ ਧਿਆਨ ਵਿਚ ਰੱਖਿਆ ਹੈ। ਕਿਸੇ ਟੈਕਸ ਦੇ ਵਿੱਚ ਵਾਧਾ ਵੀ ਕੀਤਾ ਹੈ ਜਾਂ ਕਿਸੇ ਫੀਸਾਂ ਦੇ ਵਿਚ ਵਾਧਾ ਕੀਤਾ ਹੈ, ਤਾਂ ਉਹ ਇਸ ਤਰ੍ਹਾਂ ਵਾਧਾ ਕੀਤਾ ਗਿਆ ਹੈ ਕਿ ਉਸ ਦੇ ਨਾਲ ਆਮ ਆਦਮੀ ਪ੍ਰਭਾਵਿਤ ਨਾ ਹੋਵੇ। ਜੋ, ਬਹੁਤ ਹੀ ਸ਼ਾਨਦਾਰ ਵਿਕਾਸ-ਮੁਖੀ ਬਜਟ ਪੇਸ਼ ਕੀਤਾ ਗਿਆ ਹੈ, ਜਿਸ ਤੋਂ ਸਾਰੇ ਹੀ ਵਰਗਾਂ ਦੇ ਲੋਕਾਂ ਨੂੰ ਬੜੀਆਂ ਆਸਾਂ ਬੱਝੀਆਂ ਹਨ। ਇਸ ਸਰਕਾਰ ਨੂੰ ਹਾਲੇ ਮਸਾਂ ਚਾਰ ਕੁ ਮਹੀਨੇ ਹੀ ਹੋਏ ਹਨ, ਸਾਡੀ ਭਾਰਤੀ ਜਨਤਾ ਪਾਰਟੀ ਔਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ, ਪਰ ਏਨੇ ਥੋੜ੍ਹੇ ਸਮੇਂ ਦੇ ਵਿੱਚ ਹੀ ਇਸ

[ਸਰਦਾਰ ਮੱਖਣ ਸਿੰਘ]

ਬਜਟ ਦੇ ਰਾਹੀਂ ਵੀ ਔਰ ਜੋ ਪ੍ਰਾਪਤੀਆਂ ਹੋਈਆਂ ਹਨ, ਉਹ ਬੜੀਆਂ ਗਿਣਨਯੋਗ ਹਨ। ਬੜੀਆਂ ਸ਼ਾਨਦਾਰ ਸਕੀਮਾਂ ਨੂੰ ਦੁਬਾਰਾ ਚਾਲੂ ਕੀਤਾ ਗਿਆ ਹੈ ਪਿੰਡਾਂ ਦੇ ਵਿਕਾਸ ਵਾਸਤੇ ਜਦੋਂ ਪਹਿਲਾਂ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ ਸੀ ਤਾਂ ਫੋਕਲ ਪੁਆਇੰਟਾਂ ਦੀ ਸਕੀਮ ਨੂੰ ਚਾਲੂ ਕੀਤਾ ਗਿਆ ਸੀ ਤਾਂ ਕਿ ਇਕ ਜਗ੍ਹਾ ਤੇ ਫੋਕਲ ਪੁਆਇੰਟ ਕਾਇਮ ਕਰਕੇ ਉਸ ਦੇ ਆਲੇ ਦੁਆਲੇ ਦੇ 10-12 ਪਿੰਡਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਜਿਸ ਨਾਲ ਪਿੰਡ ਦੇ ਕਿਸਾਨ ਨੂੰ ਔਰ ਪੰਜਾਬ ਦੇ ਦੂਸਰੇ ਵਰਗਾਂ ਦੇ ਲੋਕਾਂ ਨੂੰ ਸਹੂਲਤਾਂ ਮੁਹੱਈਆ ਕਰਾਈਆਂ ਜਾ ਸਕਣ। ਇਨ੍ਹਾਂ ਫੋਕਲ ਪੁਆਇੰਟਾਂ ਨੂੰ ਉਸ ਤੋਂ ਬਾਅਦ ਬਣੀ ਕਾਂਗਰਸ ਦੀ ਸਰਕਾਰ ਨੇ ਫੋਕਟ ਪੁਆਇੰਟ ਕਹਿ ਕੇ ਨਿੰਦਿਆ। ਇਨ੍ਹਾਂ ਨਾਲ ਜੋ ਸੁਖ ਸੁਵਿਧਾ ਕਿਸਾਨਾਂ ਨੂੰ ਔਰ ਹੋਰ ਪੇਂਡੂ ਲੋਕਾਂ ਨੂੰ ਮਿਲੀ ਹੈ, ਉਹੀ ਦੱਸ ਸਕਦੇ ਹਨ। ਉਸ ਸਕੀਮ ਨੂੰ ਦੁਬਾਰਾ ਰਿਵਾਈਜ਼ ਕੀਤਾ ਹੈ ਇਹ ਬੜੀ ਵੱਡੀ ਪ੍ਰਾਪਤੀ ਹੈ।

ਇਸੇ ਤਰ੍ਹਾਂ ਹੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਲੋਂ ਆਦਰਸ਼ ਸਕੂਲ ਪਿੰਡਾਂ ਦੇ ਵਿਚ ਖੋਲ੍ਹ ਕੇ ਪਿੰਡਾਂ ਦੇ ਗਰੀਬ ਵਿਦਿਆਰਥੀਆਂ ਨੂੰ ਉਚ ਦਰਜੇ ਦੀ ਵਿਦਿਆ ਮੁਹੱਈਆ ਕਰਨ ਦਾ ਉਪਰਾਲਾ ਕੀਤਾ ਗਿਆ ਸੀ, ਉਸ ਨੂੰ ਵੀ ਹੁਣ ਦੁਬਾਰਾ ਦੁਹਰਾਇਆ ਗਿਆ ਹੈ ਔਰ ਹਰ ਬਲਾਕ ਦੇ ਵਿਚ ਇਹ ਆਦਰਸ਼ ਸਕੂਲ ਖੋਲ੍ਹੇ ਜਾਣਗੇ। ਇਹ ਵੀ ਬਹੁਤ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਯੋਜਨਾ ਬਣਾਈ ਹੈ ਕਿ ਪੰਜਾਬ ਦੇ ਵਿਚ ਪੰਜਾਬ ਖੇਤੀਬਾੜੀ ਨਿਰਯਾਤ ਕਾਰਪੋਰੇਸ਼ਨ ਦੀ ਸਥਾਪਨਾ ਕਰਨੀ ਹੈ ਜਿਹੜੀ ਲੋਕਾਂ ਦੇ ਉਤੇ ਬੋਝ ਪਾਉਣ ਦੀ ਬਜਾਏ ਕਿਸਾਨਾਂ ਦੀ ਉਪਜ ਬਾਹਰ ਭੇਜ ਕੇ ਔਰ ਪੰਜਾਬ ਦੀ ਪੈਦਾਵਾਰ ਬਾਹਰ ਭੇਜ ਕੇ ਆਮਦਨ ਪੈਦਾ ਕਰੇਗੀ ਔਰ ਪੰਜਾਬ ਦੇ ਵਿਕਾਸ ਦਾ ਉਪਰਾਲਾ ਕੀਤਾ ਜਾਵੇਗਾ।

ਇਸੇ ਤਰ੍ਹਾਂ ਦਲਿਤ ਵੀਰਾਂ ਦੇ ਭਲੇ ਲਈ ਇਸ ਵਾਰੀ ਜੋ ਕੁਝ ਕੀਤਾ ਗਿਆ ਹੈ ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਲੋਂ ਉਹ ਆਪਣੇ ਮੂੰਹੋਂ ਬੋਲਦੀ ਤਸਵੀਰ ਹੈ। ਪਿਛਲੇ ਵਰ੍ਹੇ 1996-97 ਦੇ ਬਜਟ ਵਿਚ ਪਿਛਲੀ ਸਰਕਾਰ ਨੇ ਕੇਵਲ 39 ਕਰੋੜ ਰੁਪਿਆ ਰੱਖਿਆ ਸੀ ਇਸ ਵਾਰੀ ਸਾਡੀ ਸਰਕਾਰ ਨੇ ਵਧਾ ਕੇ 111.09 ਕਰੋੜ ਰੁਪਿਆ ਰੱਖਿਆ ਹੈ। ਇਸੇ ਤਰ੍ਹਾਂ ਹੀ ਨਿਕਾਸੀ ਜ਼ਮੀਨਾਂ ਨੂੰ ਔਰ ਜਿਹੜੀਆਂ ਦਬੀਆਂ ਜ਼ਮੀਨਾਂ ਹਨ ਉਨ੍ਹਾਂ ਜਮੀਨਾਂ ਦੀ ਨਿਗੂਣੀ ਜਿਹੀ ਕੀਮਤ ਲੈ ਕੇ ਜਿਵੇਂ 46,734 ਏਕੜ ਨਿਕਾਸੀ ਜ਼ਮੀਨ ਔਰ 20 ਹਜ਼ਾਰ ਏਕੜ ਜਿਹੜੀ ਘਟੀਆ ਨਿਕਾਸੀ ਜ਼ਮੀਨ ਹੈ, ਉਸ ਲਈ ਥੋੜ੍ਹੇ ਜਿਹੇ ਪੈਸੇ ਲੋਕਾਂ ਤੋਂ ਲੈ ਕੇ ਉਨ੍ਹਾਂ ਨੂੰ ਮਾਲਕ ਬਣਾ ਦਿੱਤਾ ਹੈ। ਜਿਹੜੀ ਉਨ੍ਹਾਂ ਦੀ ਵਰ੍ਹਿਆਂ ਦੀ ਇਛਾ ਸੀ ਉਸਦੀ ਪੂਰਤੀ ਕੀਤੀ ਗਈ ਹੈ। ਇਸੇ ਤਰ੍ਹਾਂ ਜਿਹੜੀ ਪੈਨਸ਼ਨ ਸਕੀਮ ਹੈ ਉਸ ਨੂੰ ਲਾਗੂ ਕੀਤਾ ਗਿਆ ਹੈ ਕਿ ਸਾਡੀ ਮਾਂ ਜਦੋਂ 60 ਸਾਲ ਦੀ ਉਮਰ ਪੂਰੀ ਕਰ ਜਾਏ ਅਤੇ ਸਾਡਾ ਬਜ਼ੁਰਗ 65 ਸਾਲ ਦਾ ਹੋ ਜਾਵੇਗਾ ਤਾਂ ਉਸ ਨੂੰ 300 ਰੁਪਿਆ ਪ੍ਰਤੀ ਮਹੀਨਾ ਪੈਨਸ਼ਨ ਦਿਤੀ ਜਾਵੇਗੀ।

ਇਹ ਇਕ ਸਮਾਜਕ ਸੁਰੱਖਿਆ ਦੀ ਬੜੀ ਹੀ ਖ਼ੂਬਸੂਰਤ ਸਕੀਮ ਨੂੰ ਨਵਾਂ ਰੂਪ ਦਿਤਾ ਗਿਆ ਹੈ । ਇਸੇ ਤਰ੍ਹਾਂ ਪ੍ਰਾਪਤੀਆਂ ਵਿਚ ਕਿਹਾ ਜਾ ਸਕਦਾ ਹੈ ਕਿ ਕਰ ਢਾਂਚੇ ਨੂੰ ਵੀ ਬੜਾ ਆਸਾਨ ਬਣਾਇਆ ਗਿਆ ਹੈ ਜਿਸ ਨਾਲ ਦੁਕਾਨਦਾਰ ਵੀਰਾਂ ਨੂੰ ਇਸ ਤੋਂ ਫਾਇਦਾ ਪਹੁੰਚੇਗਾ, ਜਿਨ੍ਹਾਂ ਦੀ ਹੱਦ ਦਸ ਲੱਖ ਤੋਂ ਵਧਾ ਕੇ 20 ਲੱਖ ਰੁਪਏ ਕਰ ਦਿੱਤੀ ਗਈ ਹੈ । ਮੈਂ ਕਹਿ ਸਕਦਾ ਹਾਂ ਕਿ ਇਹ ਬਹੁਤ ਵੱਡਾ ਕੋਹੜ ਸੀ । ਜਿੰਨੀਂ ਕੁਰੱਪਸ਼ਨ ਪਿਛਲੇ ਸਮੇਂ ਦੇ ਵਿਚ ਚਲਦੀ ਸੀ ਅੌਰ ਪੰਜਾਬ ਦੇ ਹਰੇਕ ਵਰਗ ਦੇ ਲੋਕਾਂ ਦੇ ਨਸਾਂ ਵਿੱਚ ਘਰ ਕਰ ਗਈ ਸੀ ਅੌਰ ਇਸ ਬੜੇ ਵੱਡੇ ਕੋਹੜ ਨੂੰ ਦੂਰ ਕਰਨ ਦੀ ਲੋਕਾਂ ਦੀ ਪ੍ਰਬਲ ਇੱਛਾ ਸੀ, ਉਸ ਪਾਸੇ ਵੀ ਪੰਜਾਬ ਦੀ ਸਰਕਾਰ ਨੇ ਕਦਮ ਪੁੱਟਿਆ ਹੈ ਅੌਰ ਇਹ ਨਿਸ਼ਚਾ ਕੀਤਾ ਹੈ ਕਿ ਪੰਜਾਬ ਦੇ ਵਿਚੋਂ ਕੁਰੱਪਸ਼ਨ ਨੂੰ ਦੂਰ ਕਰਨਾ ਹੈ । ਜਿਹੜਾ ਅਧਿਕਾਰੀ ਕੁਰੱਪਸ਼ਨ ਕਰੇਗਾ ਉਸ ਨੂੰ ਸਜ਼ਾ ਦਿੱਤੀ ਜਾਵੇਗੀ ਜਿਹੜੇ ਅਫ਼ਸਰ ਇਮਾਨਦਾਰੀ ਨਾਲ ਕੰਮ ਕਰਨਗੇ, ਉਨ੍ਹਾਂ ਨੂੰ ਇਨਾਮ ਦਿੱਤੇ ਜਾਣਗੇ । ਚੇਅਰਮੈਨ ਸਾਹਿਬ, ਇਸੇ ਤਰ੍ਹਾਂ ਪ੍ਰਾਪਤੀਆਂ ਦੇ ਵਿਚ ਕਿਹਾ ਜਾ ਸਕਦਾ ਹੈ ਕਿ ਮੁਲਾਜ਼ਮ ਵੀਰਾਂ ਦਾ ਧਿਆਨ ਰੱਖਿਆ ਗਿਆ ਹੈ, ਜਿਨ੍ਹਾਂ ਨੂੰ ਮਹਿੰਗਾਈ ਭੱਤੇ ਦੀ ਕਿਸ਼ਤ ਜਨਵਰੀ, 1997 ਤੋਂ ਜਾਰੀ ਕਰ ਦਿੱਤੀ ਹੈ ਅੌਰ ਦਰਜਾ ਚਾਰ ਕਰਮਚਾਰੀਆਂ ਦੇ ਲਈ ਬਿਨਾਂ ਵਿਆਜ ਤੋਂ 1900 ਰੁਪਿਆ ਕਣਕ ਖਰੀਦਣ ਲਈ ਦਿੱਤਾ ਗਿਆ ਹੈ । ਮਾਨਤਾ ਪ੍ਰਾਪਤ ਏਡਿਡ ਸਕੂਲਾਂ ਨੂੰ ਰਾਹਤ ਦਿੱਤੀ ਗਈ ਹੈ । ਨਾਲ ਹੀ ਚੀਫ ਜਸਟਿਸ ਐਸ. ਐਸ. ਸੰਧਾਵਾਲੀਆ ਦੀ ਪ੍ਰਧਾਨਗੀ ਹੇਠ ਜਿਹੜਾ ਤਨਖਾਹ ਕਮਿਸ਼ਨ ਕੰਮ ਕਰ ਰਿਹਾ ਹੈ ਉਸਨੂੰ ਬੇਨਤੀ ਕੀਤੀ ਗਈ ਹੈ ਕਿ ਉਹ 15 ਜੁਲਾਈ ਤੱਕ ਆਪਣੀ ਅੰਤਿਮ ਰਿਪੋਰਟ ਦੇਵੇ ਇਸ ਤੇ ਅਮਲ ਕਰਨ ਲਈ ਸਾਡੀ ਸਰਕਾਰ ਵਲੋਂ ਪਹਿਲਾਂ ਹੀ 100 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਤਾਂ ਕਿ ਫਿਰ ਇਹ ਨਾ ਵੇਖਿਆ ਜਾਵੇ ਕਿ ਇਸ ਲਈ ਪੈਸਾ ਕਿਥੋਂ ਆਵੇਗਾ । ਇਸ ਲਈ ਪਹਿਲਾਂ ਹੀ ਉਪਬੰਧ ਕਰ ਦਿੱਤਾ ਹੈ । ਇਸ ਨੂੰ ਲਾਗੂ ਕਰਨ ਦਾ ਉਪਰਾਲਾ ਵੀ ਪਹਿਲਾਂ ਹੀ ਕਰ ਦਿੱਤਾ ਹੈ । ਇਸੇ ਤਰ੍ਹਾਂ ਸਾਡੀਆਂ ਪ੍ਰਾਪਤੀਆਂ ਵਿਚ ਕਿਹਾ ਜਾ ਸਕਦਾ ਹੈ ਕਿ ਜਿਹੜੇ ਸਾਡੇ ਪੈਨਸ਼ਨਰ ਹਨ ਉਨ੍ਹਾਂ ਸਬੰਧੀ ਵੀ ਹਦਾਇਤਾਂ ਕਰ ਦਿੱਤੀਆਂ ਹਨ ਕਿ ਉਨ੍ਹਾਂ ਦੇ ਮਹਿੰਗਾਈ ਭੱਤੇ ਵਿਚ ਵੀ ਵਾਧਾ ਕਰ ਦਿੱਤਾ ਜਾਵੇ । ਇਹ ਪਹਿਲੀ ਵਾਰ ਹੋਇਆ ਹੈ ਕਿ ਮਾਤਰੀ ਜ਼ਬਾਨ, ਸਾਡੀ ਪੰਜਾਬੀ ਮਾਂ ਦੇ ਵਿਕਾਸ ਲਈ ਪੰਜਾਬ ਸਰਕਾਰ ਨੇ ਪੈਸਾ ਰੱਖਿਆ ਹੈ । ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਤਰੱਕੀ ਵਾਸਤੇ ਪੰਜਾਬੀ ਸਾਹਿਤ ਪੜ੍ਹਿਆ ਜਾਵੇ, ਉਸਦੇ ਵਾਸਤੇ ਪੈਸਾ ਰੱਖਿਆ ਗਿਆ ਹੈ । ਥੋੜ੍ਹੇ ਸਮੇਂ ਦੀਆਂ ਇਹ ਬਹੁਤ ਵੱਡੀਆਂ ਪ੍ਰਾਪਤੀਆਂ ਹਨ, ਜਿਨ੍ਹਾਂ ਉਤੇ ਸਰਕਾਰ ਮਾਣ ਕਰ ਸਕਦੀ ਹੈ । ਇਨ੍ਹਾਂ ਦੇ ਹੀ ਰੂਬਰੂ ਹੋਰ ਵੀ ਕੁਝ ਬੜੇ ਅਹਿਮ ਖੇਤਰ ਹਨ ਜਿਨ੍ਹਾਂ ਵੱਲ ਧਿਆਨ ਦਿੱਤਾ ਗਿਆ ਹੈ । ਸਭ ਤੋਂ ਵੱਧ ਪੈਸਾ ਬਜਟ ਵਿਚੋਂ ਊਰਜਾ ਦੇ ਖੇਤਰ ਵਾਸਤੇ 795.16 ਕਰੋੜ ਰੱਖਿਆ ਗਿਆ ਹੈ । ਊਰਜਾ ਬਿਨਾਂ ਕਿਸੇ ਰਾਜ ਦਾ ਵਿਕਾਸ ਨਹੀਂ ਹੋ ਸਕਦਾ । ਲਹਿਰਾ ਮੁਹੱਬਤ ਦਾ ਥਰਮਲ ਪਲਾਂਟ ਦਸੰਬਰ, 1998 ਵਿਚ ਪੂਰਾ ਕਰਨ ਦਾ ਟੀਚਾ ਮਿੱਥਿਆ ਗਿਆ ਹੈ । ਰਣਜੀਤ ਸਾਗਰ ਡੈਮ ਜਿਹੜਾ ਮੁੱਦਤ ਤੋਂ ਖੜ੍ਹਾ ਸੀ ਇਸ ਬਾਰੇ ਅਸੀਂ ਸਰਦਾਰ ਬਾਦਲ ਦੇ ਧੰਨਵਾਦੀ ਹਾਂ ; ਸਾਰੇ ਪੰਜਾਬੀ ਕੈਪਟਨ ਸਾਹਿਬ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਇਸ ਵਾਰੀ 100 ਕਰੋੜ ਰੁਪਿਆ ਕੇਂਦਰ

[ਸਰਦਾਰ ਮੱਖਣ ਸਿੰਘ]

ਤੋਂ ਲੈ ਕੇ ਆਂਦਾ ਅਤੇ ਉਨਾਂ ਨੇ ਕਿਹਾ ਹੈ ਕਿ ਜੂਨ, 1998 ਤੱਕ ਇਸ ਨੂੰ ਪੂਰਾ ਕਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਪੰਜਾਬ ਵਿਚ ਪਾਣੀ ਅਤੇ ਬਿਜਲੀ ਦੀ ਕਿੱਲਤ ਨਹੀਂ ਰਹੇਗੀ। ਇਹ ਸਕੀਮਾਂ ਪਹਿਲਾਂ ਹੀ ਮਿੱਥੀਆਂ ਹੋਈਆਂ ਸਨ। ਸਮਾਜਿਕ ਸੇਵਾਵਾਂ ਵਾਸਤੇ 638.40 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਸਾਡੀ ਸਰਕਾਰ ਨੇ ਲੋਕ ਭਲਾਈ ਨੂੰ ਪਹਿਲ ਦੇ ਆਧਾਰ ਤੇ ਮਿੱਥਿਆ ਹੋਇਆ ਹੈ।

ਇਸੇ ਤਰ੍ਹਾਂ ਬਿਜਲੀ ਅਤੇ ਸਿੰਜਾਈ ਵਾਸਤੇ ਪੰਜਾਬ ਸਰਕਾਰ ਨੇ 231.96 ਕਰੋੜ ਰੁਪਿਆ ਰਖਿਆ ਹੈ। ਕਿਉਂਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਔਰ ਇਸ ਦਾ ਜਿਹੜਾ ਹਾਲੇ ਵੀ ਅਨ-ਕਮਾਂਡ ਰਕਬਾ ਹੈ ਉਸ ਨੂੰ ਕੰਮਾਂਡ ਕੀਤਾ ਜਾਵੇ ਤਾਂ ਹੀ ਇਥੇ ਖੇਤੀਬਾੜੀ ਦੇ ਵਿਕਾਸ ਦੇ ਨਾਲ ਆਰਥਿਕਤਾ ਦਾ ਸਮੁੱਚਾ ਵਿਕਾਸ ਹੋ ਸਕਦਾ ਹੈ। ਸਰਦਾਰ ਪਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਲੋਕਾਂ ਨਾਲ ਇਹ ਵਾਅਦਾ ਕੀਤਾ ਸੀ ਕਿ ਪੰਜਾਬ ਵਿਚ ਅਮਨ ਹੋਵੇਗਾ। ਉਸ ਨੂੰ ਪੱਕੇ ਪੈਰੀਂ ਕਰਨਾ ਹੈ ਅਤੇ ਪੰਜਾਬ ਨੂੰ ਵਿਕਾਸ ਦੀਆਂ ਮੰਜਿਲਾਂ ਤੇ ਲੈ ਕੇ ਜਾਣ ਨਾਲ ਚੰਨਾਂ ਤਾਰਿਆਂ ਨੂੰ ਵਿਕਾਸ ਦੀਆਂ ਮੰਜ਼ਿਲਾਂ ਛੂਹ ਜਾਣਗੀਆਂ। ਬੜੀ ਤਸੱਲੀ ਨਾਲ ਇਹ ਗੱਲ ਕਹਿ ਸਕਦੇ ਹਾਂ ਕਿ ਪੰਜਾਬ ਦੇ ਲੋਕਾਂ ਨੇ ਮੁੱਦਤ ਦੇ ਬਾਅਦ ਅਮਨ ਦੇਖਿਆ ਹੈ। ਪੰਜਾਬ ਨੇ ਲੰਮਾ ਸੰਤਾਪ ਭੋਗਿਆ ਹੈ। 25,000 ਤੋਂ ਵੀ ਵੱਧ ਲੋਕਾਂ ਨੂੰ ਕੁਰਬਾਨੀਆਂ ਦੇਣੀਆਂ ਪਈਆਂ। ਸਾਡੀਆਂ ਹਜ਼ਾਰਾਂ ਭੈਣਾਂ ਵਿਧਵਾ ਹੋ ਗਈਆਂ, ਹਜ਼ਾਰਾਂ ਬੱਚਿਆਂ ਨੂੰ ਅਨਾਥ ਹੋਣਾ ਪਿਆ। ਅੱਤਵਾਦ ਦੇ ਕਾਲੇ ਬੱਦਲ ਪੰਜਾਬ ਦੇ ਅਸਮਾਨ ਤੇ ਲੰਮੇ ਸਮੇਂ ਲਈ ਛਾਏ ਰਹੇ। ਇਹ ਯਤਨ ਹੁਣ ਫੇਰ ਇਨ੍ਹਾਂ ਤਾਕਤਾਂ ਵੱਲੋਂ ਕੀਤੇ ਜਾ ਰਹੇ ਹਨ ਕਿ ਪੰਜਾਬ ਨੂੰ ਉਸ ਹਨੇਰੀ ਗਲੀ ਵਿਚ ਫੇਰ ਸੁੱਟ ਦਿੱਤਾ ਜਾਏ। ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਹ ਛੋਟੀਆਂ ਮੋਟੀਆਂ ਘਟਨਾਵਾਂ ਨਹੀਂ। ਪੰਜਾਬ ਵਿੱਚ ਮੁੜ ਕੇ ਅੱਤਵਾਦ ਆਉਣ ਵਾਲਾ ਹੈ। ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਡਰਾਇਆ ਜਾ ਰਿਹਾ ਹੈ ਅਤੇ ਲੋਕਾਂ ਵਿੱਚ ਪਾੜਾ ਪਾਇਆ ਜਾ ਰਿਹਾ ਹੈ। ਅੱਤਵਾਦ ਨੂੰ ਜ਼ਿੰਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਪਰ ਲੋਕ ਜਾਣਦੇ ਹਨ ਉਹ ਭੁੱਲੇ ਨਹੀਂ ਕਿ ਉਹ ਕੌਣ ਲੋਕ ਸਨ, ਜਿਨ੍ਹਾਂ ਨੇ ਪੰਜਾਬ ਨੂੰ ਚੁਆਤੀ ਲਗਾਈ ਸੀ, ਕੌਣ ਸਨ ਜਿਹੜੇ ਅੱਤਵਾਦ ਨੂੰ ਬੜਾਵਾ ਦਿੰਦੇ ਸਨ, ਕੌਣ ਸਨ ਜਿਨ੍ਹਾਂ ਨੇ ਘਰਾਂ ਵਿੱਚ ਅੱਤਵਾਦੀ ਲੁਕਾਏ ਸਨ, ਕੌਣ ਅੱਤਵਾਦ ਨੂੰ ਸ਼ਹਿ ਦਿੰਦੇ ਸਨ। ਬੇਸ਼ੱਕ ਸਰਹੱਦ ਪਾਰ ਤੋਂ ਵੀ ਪਾਕਿਸਤਾਨ ਦੇਸ਼ ਸ਼ਰਾਰਤ ਕਰਦਾ ਸੀ, ਕਿਸੇ ਨੂੰ ਚੇਤਾ ਨਹੀਂ ਭੁੱਲਿਆ। ਕੌਣ ਨਹੀਂ ਜਾਣਦਾ ਕਿ ਪਿਛਲੀ ਸਰਕਾਰ ਦੇ ਮਕਾਨ ਉਸਾਰੀ ਮੰਤਰੀ ਸ੍ਰੀ ਬਾਲ ਮੁਕੰਦ ਸ਼ਰਮਾ ਦੇ ਬੇਟੇ ਨੇ ਘੋੜੀ ਟਰੇਂਡ ਕਰ ਰੱਖੀ ਸੀ। ਘੋੜੀ ਦੇ ਗਲ ਵਿਚ ਪੈਸੇ ਬੰਨ੍ਹ ਦਿੰਦਾ ਸੀ। ਉਹ ਪਾਕਿਸਤਾਨ ਦੀ ਸਰਹੱਦ ਪਾਰ ਕਰਕੇ ਇੱਕ ਸਮੱਗਲਰ ਦੇ ਘਰ ਚਲੀ ਜਾਂਦੀ ਸੀ। ਉਥੇ ਪੈਸੇ ਖੋਲ੍ਹ ਕੇ ਉਸ ਉਤੇ ਏ. ਕੇ. 47 ਲੱਦ ਦਿੱਤੀਆਂ ਜਾਂਦੀਆਂ ਸਨ। ਉਹ ਘੋੜੀ ਏ. ਕੇ. 47 ਲੈ ਕੇ ਫਿਰੋਜ਼ਪੁਰ ਆ ਜਾਂਦੀ ਸੀ। ਇਸ ਬਾਰੇ ਕੇਸ ਵੀ ਦਰਜ ਹੋਇਆ। ਉਹ ਭੱਜ ਕੇ ਬਲਰਾਮ ਜਾਖੜ ਦੀ ਕੋਠੀ ਵਿੱਚ ਲੁਕ ਗਿਆ ਅਤੇ ਉਥੋਂ ਉਦੋਂ ਤੱਕ ਵਾਪਸ ਨਹੀਂ ਆਇਆ ਜਦੋਂ ਤੱਕ ਕੇਸ ਰਫਾ ਦਫਾ ਨਹੀਂ ਸੀ ਕਰ ਦਿੱਤਾ ਗਿਆ।

ਇਹ ਗੱਲ ਰਿਕਾਰਡ ਉਪਰ ਹੈ । ਕਿਹੜਾ ਇਸ ਗੱਲ ਨੂੰ ਭੁੱਲਿਆ ਹੋਇਆ ਹੈ ਕਿ ਹਰਚਰਨ ਸਿੰਘ ਹੀਰੋ ਜੋ ਕਿ ਪੰਜਾਬ ਕਾਂਗਰਸ ਦਾ ਕਾਰਜਕਾਰੀ ਪ੍ਰਧਾਨ ਰਿਹਾ ਹੈ, ਜਦੋਂ ਉਨ੍ਹਾਂ ਦੇ ਫਾਰਮ ਹਾਊਸ ਤੇ ਛਾਪਾ ਮਾਰਿਆ ਉਥੋਂ ਪੰਜ ਅੱਤਵਾਦੀ ਫੜੇ ਗਏ । ਉਨ੍ਹਾਂ ਦੇ ਖਿਲਾਫ਼ ਪਰਚਾ ਦਰਜ ਹੋਇਆ ਪਰ ਕਿਉਂਕਿ ਕੇਂਦਰ ਵਿੱਚ ਵੀ ਅਤੇ ਸੂਬੇ ਵਿੱਚ ਵੀ ਕਾਂਗਰਸ ਦੀਆਂ ਸਰਕਾਰਾਂ ਸਨ, ਇਸ ਲਈ ਉਹ ਪਰਚਾ ਕੈਂਸਲ ਕਰਵਾ ਦਿੱਤਾ ਗਿਆ । ਕੌਣ ਨਹੀਂ ਜਾਣਦਾ ਬੀਬੀ ਰਾਜਿੰਦਰ ਕੌਰ ਭੱਠਲ ਜਿਹੜੇ ਕਿ ਇਸ ਵੇਲੇ ਆਪੋਜੀਸ਼ਨ ਦੇ ਲੀਡਰ ਹਨ, ਉਨ੍ਹਾਂ ਦੀ ਚੰਡੀਗੜ੍ਹ ਵਾਲੀ ਰਿਹਾਇਸ਼ ਉਤੇ ਚੰਡੀਗੜ੍ਹ ਪੁਲਿਸ ਨੇ ਰੇਡ ਕੀਤੀ ਪਰ ਕੁਝ ਮਿੰਟ ਪਹਿਲਾਂ ਹੀ ਉਥੇ ਜੋ ਸ਼ੱਕੀ ਬੰਦੇ ਸਨ, ਉਹ ਨਿਕਲ ਗਏ ਸਨ । ਹੋਰ ਵੀ ਅਨੇਕਾਂ ਗੱਲਾਂ ਹਨ । ਤੁਸੀਂ ਤਰਸ ਕਰੋ, ਮੇਹਰ ਕਰੋ ਪੰਜਾਬ ਦੀ ਹਾਲਤ ਤੇ । ਹੱਸਦਾ ਵੱਸਦਾ, ਖੁਸ਼ੀਆਂ ਖੇੜਿਆਂ ਦਾ ਪੰਜਾਬ, ਗੁਰੂਆਂ ਪੀਰਾਂ ਦੀ ਧਰਤੀ, ਇਹ ਸੰਤਾਂ ਅਤੇ ਫਕੀਰਾਂ ਦੀ ਧਰਤੀ. ਸੂਰਮਿਆਂ ਦੀ ਧਰਤੀ, ਇਸ ਧਰਤੀ ਨੂੰ ਫੇਰ ਅੱਗ ਦੀਆਂ ਲਾਟਾਂ ਵਿੱਚ ਧੱਕਣ ਦੀ ਕੋਸ਼ਿਸ਼ ਨਾ ਕਰੋ । ਪੰਜਾਬ ਦੇ ਲੋਕਾਂ ਤੇ ਰਹਿਮ ਕਰੋ । ਇਨ੍ਹਾਂ ਨੇ ਬਹੁਤ ਨੁਕਸਾਨ ਝੱਲਿਆ ਹੈ । ਇਸ ਲਈ ਜੋ ਯਤਨ ਹੋ ਰਹੇ ਹਨ, ਚੇਅਰਮੈਨ ਸਾਹਿਬ, ਇਨ੍ਹਾਂ ਯਤਨਾਂ ਦੇ ਖਿਲਾਫ ਸਾਰੇ ਹਾਊਸ ਨੂੰ, ਸਾਡੀ ਸਰਕਾਰ ਨੂੰ, ਜੋ ਵੀ ਇਹ ਕੋਸ਼ਿਸ਼ਾਂ ਕਰ ਰਹੇ ਹਨ, ਉਨ੍ਹਾਂ ਖਿਲਾਫ ਮੁਕੱਦਮੇ ਦਰਜ ਕਰਨੇ ਚਾਹੀਦੇ ਹਨ । ਜੇਕਰ ਅਸੀਂ ਅੱਜ ਹੀ ਉਨ੍ਹਾਂ ਲੋਕਾਂ ਨੂੰ ਨਾ ਵਰਜਿਆ ਤਾਂ ਉਹ ਆਪਣੀਆਂ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰਨਗੇ, ਔਰ ਫਿਰ ਪੰਜਾਬ ਨੂੰ ਇਸ ਭੱਠੀ ਵਿਚ ਸੁੱਟ ਦੇਣਗੇ । ਜਿਸ ਭੱਠੀ ਦੇ ਵਿੱਚੋਂ ਪੰਜਾਬ ਦੇ ਲੋਕ ਨੇ ਆਪਣੇ ਆਪ ਨੂੰ ਬੜੀ ਮੁਸ਼ਕਲ ਦੇ ਨਾਲ ਕੱਢਿਆ । ਇਸ ਦਾ ਸਿਹਰਾ ਮੇਰੀ ਪਹਿਲੀ ਵਾਲੀ ਸਰਕਾਰ ਦੇ ਵੀਰ ਲੈਣ ਦੀ ਕੋਸ਼ਿਸ਼ ਕਰਦੇ ਹਨ, ਇਹ ਕਹਿੰਦੇ ਹਨ ਕਿ ਜਦੋਂ ਸਾਡੀ ਸਰਕਾਰ ਆਈ ਤਾਂ ਅਸਾਂ ਪੰਜਾਬ ਦੇ ਵਿੱਚ ਅਮਨ ਕੀਤਾ । ਮੈਂ ਇਸ ਗੱਲ ਦੇ ਨਾਲ ਕਦੇ ਸਹਿਮਤ ਨਹੀਂ ਹੋਇਆ ਔਰ ਇਹ ਗੱਲ ਵੀ ਝੂਠੀ ਹੈ ਅਮਨ ਇਨ੍ਹਾਂ ਨੇ ਨਹੀਂ ਕੀਤਾ । ਜੇ ਬਈ ਤੁਸੀਂ ਕੀਤਾ ਹੈ ਤੁਹਾਡੇ ਕੋਲ ਕੋਈ ਅਮਨ ਦਾ ਫਾਰਮੂਲਾ ਸੀ, ਸਰਦਾਰ ਬੇਅੰਤ ਸਿੰਘ ਕੋਲ ਕੋਈ ਅਮਨ ਦਾ ਫਾਰਮੂਲਾ ਸੀ ਤਾਂ ਫਿਰ ਉਹ ਏਡੇ ਬੇਈਮਾਨ ਕਿਉਂ ਰਹੇ ਉਸ ਤੋਂ ਪਹਿਲਾਂ ਵੀ ਕਾਂਗਰਸ ਦੀਆਂ ਕਈ ਸਰਕਾਰਾਂ ਸੀ । ਬੇਸ਼ੱਕ ਪੰਜਾਬ ਦੇ ਵਿੱਚ ਚੁਣੀ ਹੋਈ ਸਰਕਾਰ ਨਹੀਂ ਸੀ ਪਰ ਕੇਂਦਰ ਦੇ ਵਿੱਚ ਕਾਂਗਰਸ ਪਾਰਟੀ ਦੀ ਚੁਣੀ ਹੋਈ ਸਰਕਾਰ ਬੈਠੀ ਸੀ । ਉਨ੍ਹਾਂ ਵੱਲੋਂ ਹੀ ਗਵਰਨਰ ਥਾਪੇ ਜਾਂਦੇ ਸਨ ਜਿਹੜੇ ਕਿ ਕਾਂਗਰਸ ਪਾਰਟੀ ਦੇ ਲੀਡਰ ਵੀ ਹੁੰਦੇ ਸਨ । ਸ੍ਰੀ ਅਰਜਨ ਸਿੰਘ ਵੀ ਏਥੇ ਗਵਰਨਰ ਰਹੇ ।...... (ਵਿਘਨ)

ਸਰਦਾਰ ਤੇਜ ਪ੍ਰਕਾਸ਼ ਸਿੰਘ: ਚੇਅਰਮੈਨ ਸਾਹਿਬ, ਜੋ ਇਹ ਬਜਟ ਤੇ ਬਹਿਸ ਹੋ ਰਹੀ ਹੈ ਇਨ੍ਹਾਂ ਨੂੰ ਬਜਟ ਤੇ ਹੀ ਬਹਿਸ ਕਰਨੀ ਚਾਹੀਦੀ ਹੈ ਨਾ ਕਿ ਜਿਹੜੀਆਂ ਦੂਸਰੀਆਂ ਗੱਲਾਂ ਹਨ ਉਹ ਕਰਨੀਆਂ ਚਾਹੀਦੀਆਂ ਹਨ । ਜੋ ਇਹ ਪੁਲੀਟੀਕਲ ਮਸਲਾ ਹੈ ਜੇ ਅਸੀਂ ਇਹੋ ਜਿਹੀਆਂ ਗੱਲਾਂ ਕਰਨ ਲੱਗ ਗਏ ਤਾਂ ਮੇਰਾ ਖ਼ਿਆਲ ਹੈ ਕਿ ਇਸ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ । ਇਸ ਹਾਊਸ ਦਾ ਜਿਹੜਾ ਟਾਈਮ ਹੈ ਉਹ ਬਿਨਾਂ ਵਜ੍ਹਾ ਖਰਾਬ ਕੀਤਾ ਜਾ ਰਿਹਾ ਹੈ ।

ਸ਼੍ਰੀ ਸਭਾਪਤੀ. ਜੇ ਜ਼ਿਆਦਾ ਸਮਾਂ ਬਜਟ ਦੀ ਬਹਿਸ ਤੇ ਦਿਓ ਤਾਂ ਜ਼ਿਆਦਾ ਚੰਗਾ ਹੈ ।

ਸਰਦਾਰ ਮੱਖਣ ਸਿੰਘ : ਮੈਂ ਬਜਟ ਤੇ ਹੀ ਸਬੰਧਤ ਗੱਲ ਕਰਾਂਗਾ ਜੀ । ਸੋ, ਚੇਅਰਮੈਨ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਕੇਂਦਰ ਦੇ ਵਿਚ ਜ਼ਿਆਦਾ ਸਮਾਂ ਕਾਂਗਰਸ ਦੀ ਸਰਕਾਰ ਰਹੀ । ਜਿਹੜੇ ਗਵਰਨਰ ਵੀ ਲਗਦੇ ਸੀ ਉਹ ਕਾਂਗਰਸ ਪਾਰਟੀ ਦੇ ਲੀਡਰ ਹੀ ਲਗਦੇ ਸੀ । ਜੇਕਰ ਕੋਈ ਅਮਨ ਦਾ ਫਾਰਮੂਲਾ ਇਨ੍ਹਾਂ ਕੋਲ ਸੀ ਤਾਂ ਇਨ੍ਹਾਂ ਨੇ ਉਸ ਸਮੇਂ ਅਮਨ ਦਾ ਫਾਰਮੂਲਾ ਵਰਤ ਕੇ ਪੰਜਾਬ ਵਿੱਚ ਅਮਨ ਕਿਉਂ ਨਹੀਂ ਕਰਾਇਆ । ਕਿਉਂ 25 ਹਜ਼ਾਰ ਲੋਕਾਂ ਨੂੰ ਸ਼ਹੀਦ ਹੋਣ ਦਿੱਤਾ, ਕਿਉਂ ਸਾਡੀਆਂ ਹਜ਼ਾਰਾਂ ਭੈਣਾਂ ਨੂੰ ਵਿਧਵਾ ਹੋਣ ਦਿੱਤਾ ? ਨਹੀਂ, ਚੇਅਰਮੈਨ ਸਾਹਿਬ, ਪੰਜਾਬ ਦੀ ਸਥਿਤੀ ਉਥੋਂ ਤੱਕ ਪਹੁੰਚ ਚੁੱਕੀ ਸੀ ਜਿੱਥੋਂ ਹਰ ਪੰਜਾਬੀ ਇਸ ਗੱਲ ਤੋਂ ਅੱਕ ਗਿਆ ਸੀ, ਥੱਕ ਗਿਆ ਸੀ । ਉਸ ਨੋਡਲ ਪੁਆਇੰਟ ਤੱਕ ਸਥਿਤੀ ਜਾ ਚੁੱਕੀ ਸੀ ਭਾਵੇਂ ਏਥੇ ਕੋਈ ਪਾਪੂਲਰ ਸਰਕਾਰ ਹੁੰਦੀ ਜਾਂ ਨਾ ਹੁੰਦੀ, ਭਾਵੇਂ ਏਥੇ ਕੋਈ ਵੀ ਗਵਰਨਰ ਸਾਹਿਬ ਹੁੰਦੇ, ਚਾਹੇ ਕਿਸੇ ਦੀ ਵੀ ਸਰਕਾਰ ਹੁੰਦੀ, ਲੋਕ ਏਨੇ ਸਤੇ ਹੋਏ ਸਨ ਕਿ ਉਨ੍ਹਾਂ ਨੇ ਮਾੜੀਆਂ ਸ਼ਕਤੀਆਂ ਦੀਆਂ ਜਾਣਕਾਰੀਆਂ ਦਿੱਤੀਆਂ ਅਤੇ ਉਨ੍ਹਾਂ ਨੂੰ ਖਤਮ ਕਰਨ ਦੇ ਵਾਸਤੇ ਉਪਰਾਲਾ ਕੀਤਾ । ਇਹ ਸਿਹਰਾ ਪੰਜਾਬ ਦੇ ਲੋਕਾਂ ਦੇ ਸਿਰ ਹੈ ਨਾ ਕਿ ਕਿਸੇ ਹੋਰ ਦੇ ਸਿਰ ਹੈ । ਮੈਂ ਤਾਂ ਬੜਾ ਧੰਨਵਾਦੀ ਹਾਂ ਕਿ ਹਮੇਸ਼ਾ ਹੀ ਸ਼੍ਰੋਮਣੀ ਅਕਾਲੀ ਦਲ ਨੇ ਦਲਿਤ ਵੀਰਾਂ ਦੇ ਬਾਰੇ ਸੋਚਿਆ ਹੈ ਅੱਗੇ ਪਿੱਛੇ ਕੋਈ ਵੀ ਦਲਿਤ ਵੀਰਾਂ ਦੇ ਵਾਸਤੇ ਨਹੀਂ ਸੀ ਸੋਚਦਾ । ਸੰਨ 1952 ਵਿੱਚ ਪਹਿਲੀਆਂ ਚੋਣਾਂ ਹੋਈਆਂ । ਕੇਂਦਰ ਦੇ ਵਿੱਚ ਕਾਂਗਰਸ ਦੀ ਸਰਕਾਰ ਬਣੀ ਔਰ ਸੂਬਿਆਂ ਦੇ ਵਿੱਚ ਵੀ ਕਾਂਗਰਸ ਦੀ ਸਰਕਾਰ ਬਣੀ । ਉਹ ਸਰਕਾਰਾਂ ਲਗਾਤਾਰ 15 ਵਰ੍ਹੇ ਰਹੀਆਂ । ਕੋਈ ਵੀ ਕਾਂਗਰਸੀ ਵੀਰ ਉਨ੍ਹਾਂ 15 ਸਾਲਾਂ ਦੇ ਵਿਚ ਕਿਸੇ ਇਕ ਕਦਮ ਦਾ ਵੀ ਨਾਂ ਦੱਸੇ ਜੋ ਕਿ ਦਲਿਤ ਵੀਰਾਂ ਦੇ ਵਾਸਤੇ ਚੁਕਿਆ ਹੋਵੇ । ਸੰਨ 1967 ਦੇ ਵਿਚ ਜਦੋਂ ਪਹਿਲੀ ਵਾਰੀ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਦੇ ਹੇਠਾਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ ਤਾਂ ਉਸ ਸਰਕਾਰ ਨੇ ਸੋਚਿਆ ਕਿ ਜਿਸ ਵੇਲੇ ਦਲਿਤ ਵੀਰਾਂ ਦੀਆਂ ਧੀਆਂ ਦੇ ਵਿਆਹ ਹੁੰਦੇ ਹਨ, ਜਿਸ ਵੇਲੇ ਬਰਾਤ ਆਉਣ ਵਿੱਚ ਪੰਜ ਚਾਰ ਦਿਨ ਰਹਿ ਜਾਂਦੇ ਹਨ ਤਾਂ ਉਨ੍ਹਾਂ ਨੂੰ ਫਿਕਰ ਪੈ ਜਾਂਦਾ ਹੈ ਕਿ ਬਰਾਤ ਨੂੰ ਕਿੱਥੇ ਠਹਿਰਾਵਾਂਗੇ । ਉਸ ਸਮੇਂ ਕਿਸੇ ਕਿਸਾਨ ਵੀਰ ਦੀ ਮਿੰਨਤ ਕੀਤੀ ਜਾਂਦੀ ਹੈ ਅਤੇ ਉਸ ਦਾ ਬਾਹਰਲਾ ਘਰ ਖਾਲੀ ਕੀਤਾ ਜਾਂਦਾ ਹੈ, ਜਿਸ ਨੂੰ ਮਾਲਵੇ ਦੇ ਵਿਚ ਵਾੜਾ ਕਹਿੰਦੇ ਹਨ । ਉਸ ਵਾੜੇ ਦੇ ਵਿੱਚ ਉਹ ਬਰਾਤਾਂ ਬੈਠਦੀਆਂ ਸਨ । ਜਸਟਿਸ ਗੁਰਨਾਮ ਸਿੰਘ ਨੇ ਸੋਚਿਆ ਕਿ ਸਰਕਾਰੀ ਪੈਸੇ ਦੇ ਨਾਲ ਦਲਿਤ ਵੀਰਾਂ ਵਾਸਤੇ ਪਿੰਡਾਂ ਦੇ ਵਿੱਚ ਧਰਮਸ਼ਾਲਾਵਾਂ ਬਣਾ ਕੇ ਦਿੱਤੀਆਂ ਜਾਣ । ਮੈਨੂੰ ਇਸ ਗਲ ਦਾ ਮਾਣ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਪਹਿਲੀ ਸਰਕਾਰ ਸੀ ਜਿਸ ਨੇ ਸਰਕਾਰੀ ਗਰਾਂਟਾਂ ਦੇ ਕੇ ਦਲਿਤ ਵੀਰਾਂ ਵਾਸਤੇ ਪਿੰਡਾਂ ਵਿਚ ਧਰਮਸ਼ਾਲਾਵਾਂ ਪੁਆਈਆਂ । ਜੇਕਰ ਇਸ ਤੋਂ ਪਹਿਲਾਂ

ਕਦੇ ਵੀ ਕੋਈ ਧਰਮਸ਼ਲਾਵਾਂ ਬਣੀਆਂ ਹਨ ਤਾਂ ਮੇਰੇ ਕਾਂਗਰਸੀ ਵੀਰ ਦੱਸ ਦੇਣ । ਜੇ ਇਕ ਵੀ ਕਦਮ ਇਨ੍ਹਾਂ ਦਲਿਤ ਵੀਰਾਂ ਦੀ ਭਲਾਈ ਵਾਸਤੇ ਇਨ੍ਹਾਂ ਨੇ ਪਿਛਲੇ 15 ਵਰ੍ਹਿਆਂ ਦੇ ਵਿਚ ਪੁੱਟਿਆ ਹੋਵੇ । ਉਸ ਤੋਂ ਮਗਰੋਂ ਪੰਜਾਬ ਦੇ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ ਤਾਂ ਉਸ ਸਰਕਾਰ ਨੇ ਸੱਭ ਤੋਂ ਵੱਡਾ ਉਪਰਾਲਾ ਇਹ ਕੀਤਾ ਕਿ ਜ਼ਮੀਨ ਕੋਈ ਰਬੜ ਤੇ ਹੈ ਨਹੀਂ ਹੈ । ਇਹ ਜ਼ਮੀਨ ਤਾਂ ਏਥੇ ਹੀ ਸੀਮਤ ਰਹਿਣੀ ਹੈ । ਇਸ ਜ਼ਮੀਨ ਤੇ ਲੋਕਾਂ ਦਾ ਬੋਝ ਵੱਧ ਰਿਹਾ ਹੈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਦੀ ਸਥਾਪਨਾ ਕੀਤੀ । ਜਿਹੜੀ ਦਲਿਤਾਂ ਨੂੰ ਬੜੇ ਸਸਤੇ ਵਿਆਜ ਤੇ ਕਰਜ਼ੇ ਦਿੰਦੀ ਹੈ, ਜਿਹੜੀ ਸਬਸਿਡੀਆਂ ਦਿੰਦੀ ਹੈ । ਪਿਛਲੇ 20-25 ਸਾਲਾਂ ਤੋਂ ਉਹ ਸ਼ਡਿਊਲਡ ਕਾਸਟ ਕਾਰਪੋਰੇਸ਼ਨ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਥਾਪਿਤ ਕੀਤੀ ਹੋਈ ਕਾਰਪੋਰੇਸ਼ਨ, ਲੋਕਾਂ ਦੀ ਸੇਵਾ ਕਰ ਰਹੀ ਹੈ ਔਰ ਉਸ ਕਾਰਪੋਰੇਸ਼ਨ ਵਾਸਤੇ ਇਸ ਵਾਰੀ ਵੀ ਇਸ ਬਜਟ ਦੇ ਵਿੱਚ ਹੋਰ ਵਿਵਸਥਾ ਕੀਤੀ ਹੈ । ਪੰਜ ਕਰੋੜ ਰੁਪਿਆ ਦੇਣ ਦੀ ਵਿਵਸਥਾ ਕੀਤੀ ਹੈ ਕਿ ਉਹ ਪੱਕੇ ਤੌਰ ਤੇ ਅਤੇ ਮਾਲੀ ਤੌਰ ਤੇ ਮਜ਼ਬੂਤ ਹੋ ਕੇ ਗਰੀਬ ਲੋਕਾਂ ਦੀ, ਦਲਿਤਾਂ ਦੀ ਮਦਦ ਕਰ ਸਕੇ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਸਕੀਮ ਬਣੀ ਕਿ ਗਰੀਬਾਂ ਨੂੰ ਪੱਕੇ ਮਕਾਨ ਬਣਾ ਕੇ ਦਿੱਤੇ ਜਾਣ । ਪਰ ਮੈਨੂੰ ਅਫ਼ਸੋਸ ਦੇ ਨਾਲ ਕਹਿਣਾ ਪੈਂਦਾ ਕਿ ਅੱਜ ਉਹ ਖਤਰਾ ਨਹੀਂ ਰਿਹਾ, ਉਸ ਕੇਂਦਰ ਦੇ ਵਿੱਚ ਪਹਿਲਾਂ ਕਾਂਗਰਸ ਦਾ ਰਾਜ ਹੁੰਦਾ ਸੀ ਜਿਹੜੀ ਕਿ ਏਥੇ ਪੰਜਾਬ ਦੇ ਵਿੱਚ ਹਰ ਵਾਰੀ ਬਹੁਤ ਸੰਮਤੀ ਹੋਣ ਦੇ ਬਾਵਜੂਦ ਵੀ ਸ਼੍ਰੋਮਣੀ ਅਕਾਲੀ ਦਲ ਸਰਕਾਰ ਤੋੜ ਦਿੰਦੀ ਸੀ । ਸੈਂਟਰ ਦੀ ਸਰਕਾਰ ਨੇ ਚੇਅਰਮੈਨ ਸਾਹਿਬ, ਉਸ ਵੇਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਸਰਕਾਰ ਤੋੜ ਦਿੱਤੀ ਸੀ । ਪਿਛੋਂ ਜਿਹੜੇ ਪੱਕੇ ਘਰ ਬਣਾ ਕੇ ਦੇਣ ਦੀ ਸਕੀਮ ਸੀ । ਉਹ ਅਫਸਰ ਸ਼ਾਹੀ ਦੇ ਢਾਹੇ ਚੜ੍ਹ ਗਈ । ਜਿਨ੍ਹਾਂ ਨੇ ਦੂਰ ਤਿੰਨ-ਤਿੰਨ, ਚਾਰ-ਚਾਰ ਕਿਲੋਮੀਟਰ ਤੇ ਜਿਥੇ ਵੀ ਥਾਂ ਮਿਲੀ, ਨਿੱਕੀਆਂ ਨਿੱਕੀਆਂ ਕਾਲੋਨੀਆਂ ਪਾ ਦਿੱਤੀਆਂ, ਜਿਹੜੀਆਂ ਵਰਤੋਂ ਵਿਚ ਨਹੀਂ ਆਈਆਂ ਅਤੇ ਸਰਕਾਰ ਦਾ ਪੈਸਾ ਵਿਰਾਨ ਗਿਆ ਅਤੇ ਨਾ ਹੀ ਉਥੇ ਗਰੀਬ ਜਾ ਕੇ ਵੱਸੇ । ਪਰ ਬਾਦਲ ਸਾਹਿਬ ਦੀ ਸਰਕਾਰ ਨੇ ਹੁਣ ਪੱਕੇ ਘਰ ਬਣਾਉਣ ਵਾਸਤੇ ਸਕੀਮ ਬਣਾਈ ਹੈ । ਇਹ ਜਿਹੜੀ ਪੈਨਸ਼ਨ ਦੀ ਗੱਲ ਕਰਦੇ ਹਨ । ਇਹ ਮੁੱਖ ਮੰਤਰੀ ਬਾਦਲ ਸਾਹਿਬ ਦੀ ਸਰਕਾਰ ਵੇਲੇ ਪੈਨਸ਼ਨ ਸਕੀਮ ਸ਼ੁਰੂ ਕੀਤੀ ਸੀ ਅਤੇ ਸਭ ਤੋਂ ਪਹਿਲਾਂ 25/- ਰੁਪਏ ਪੈਨਸ਼ਨ ਮਿਲਦੀ ਸੀ ਜੋ ਕਿ ਅੱਜ 300/- ਰੁਪਿਆ ਪੈਨਸ਼ਨ ਬਾਦਲ ਸਾਹਿਬ ਕਰ ਰਹੇ ਹਨ । ਚੇਅਰਮੈਨ ਸਾਹਿਬ, 1985 ਵਿਚ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਦੀ ਅਗਵਾਈ ਵਿਚ ਸਰਕਾਰ ਬਣੀ ਸੀ । ਬਰਨਾਲਾ ਸਾਹਿਬ ਦੀ ਸਰਕਾਰ ਨੇ ਦਲਿਤ ਭਰਾਵਾਂ ਵਾਸਤੇ ਧਰਮਸ਼ਾਲਾਵਾਂ ਬਣਾ ਕੇ ਦਿਤੀਆਂ ਪਰ ਦਲਿਤ ਵਰਗਾਂ ਕੋਲ ਭਾਂਡੇ ਨਹੀਂ ਹੁੰਦੇ ਸਨ । ਉਨ੍ਹਾਂ ਨੇ ਭਾਂਡੇ ਦੇਣ ਲਈ ਸਕੀਮ ਸ਼ੁਰੂ ਕੀਤੀ ਸੀ । ਪਰ ਜਦੋਂ ਸਰਦਾਰ ਬੇਅੰਤ ਸਿੰਘ ਜੀ ਦੀ ਅਗਵਾਈ ਵਿਚ ਸਰਕਾਰ ਬਣੀ ਤਾਂ ਬਰਤਨਾਂ ਦੀ ਸਕੀਮ ਬੰਦ ਕਰ ਦਿਤੀ । ਮੈਂ ਦਾਅਵੇ ਦੇ ਨਾਲ ਕਹਿੰਦਾ ਹਾਂ ਕਿ ਅੱਜ 50 ਵਰ੍ਹੇ ਹੋ ਗਏ ਹਨ ਹਿੰਦੁਸਤਾਨ ਨੂੰ ਆਜ਼ਾਦ ਹੋਇਆਂ, ਅਤੇ ਇਨ੍ਹਾਂ 50 ਵਰ੍ਹਿਆਂ ਦੇ ਜ਼ਸ਼ਨ ਮਨਾਏ

[ਸਰਦਾਰ ਮੱਖਣ ਸਿੰਘ]

ਜਾਣੇ ਹਨ । ਕਾਂਗਰਸੀ ਭਰਾ ਸਾਹਮਣੇ ਬੈਠੇ ਹਨ । ਜੇ ਇਕ ਵੀ ਕਦਮ ਦਲਿਤ ਭਰਾਵਾਂ ਵਾਸਤੇ ਚੁਕਿਆ ਗਿਆ ਹੋਵੇ ਤਾਂ ਇਹ ਦੱਸਣ । ਮੈਂ, ਜੋ ਸਜ਼ਾ ਦੇਣਗੇ ਭੁਗਤਣ ਵਾਸਤੇ ਤਿਆਰ ਹੋਵਾਂਗਾ । ਕਾਂਗਰਸੀ ਭਰਾਵਾਂ ਨੇ ਦਲਿਤ ਵਰਗ ਵਾਸਤੇ ਕੋਈ ਵੀ ਕਦਮ ਨਹੀਂ ਚੁੱਕਿਆ ਬਲਕਿ ਪੁਰਾਣੀਆਂ ਸ਼ਰੋਮਣੀ ਅਕਾਲੀ ਦਲ ਦੀਆਂ ਚੰਗੀਆਂ ਸਕੀਮਾਂ ਨੂੰ ਬੰਦ ਕਰ ਦਿੱਤਾ ।

ਸ੍ਰੀ ਰਮੇਸ਼ ਚੰਦਰ ਡੋਗਰਾ. ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਮੈਂਬਰ ਸਾਹਿਬਾਨ ਇਕ ਵੀ ਸ਼ਬਦ ਠੀਕ ਨਹੀਂ ਬੋਲਦੇ । ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਗਲਤ ਸਟੇਟਮੈਂਟਾਂ ਕਿਉਂ ਦੇ ਰਹੇ ਹਨ । ਇਨ੍ਹਾਂ ਨੂੰ ਸਮਝਾਓ ਕਿ ਇਹ ਠੀਕ ਗੱਲ ਕਰਨ ਇਨ੍ਹਾਂ ਦੀ ਗੱਲ ਦਾ ਕੋਈ ਆਧਾਰ ਨਹੀਂ ਹੈ ਅਤੇ ਇਹ ਆਧਾਰ ਰਹਿਤ ਗੱਲਾਂ ਕਰ ਰਹੇ ਹਨ । (ਵਿਘਨ)

ਸਰਦਾਰ ਮੱਖਣ ਸਿੰਘ : ਮੇਰੇ ਵੀਰਾਂ ਨੇ ਪਿਛਲੇ 50 ਸਾਲਾਂ ਵਿਚ ਦਲਿਤਾਂ ਵਾਸਤੇ ਕੋਈ ਇਕ ਵੀ ਕਦਮ ਚੁਕਿਆ ਹੋਵੇ ਤਾਂ ਦੱਸਣ । ਇਹ ਰੌਲਾ ਪਾ ਰਹੇ ਹਨ ਪਰ ਇਕ ਕਦਮ ਦਾ ਨਾਂ ਵੀ ਦੱਸਣ । ਬਾਦਲ ਸਾਹਿਬ ਦੀ ਅਗਵਾਈ ਵਾਲੀ ਸਰਕਾਰ ਜੋ ਕਿ ਸ਼ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ ਅਤੇ ਦਲਿਤ ਵਰਗ ਵਾਸਤੇ 111.00 ਕਰੋੜ ਰੁਪਿਆ ਰੱਖਿਆ ਗਿਆ ਹੈ, ਇਸ ਵਿਚ ਸਭ ਤੋਂ ਵੱਡੀ ਰਕਮ ਪੱਕੇ ਘਰ ਬਣਾਉਣ ਵਾਸਤੇ, ਦਲਿਤ ਵਰਗ ਵਾਸਤੇ 60 ਕਰੋੜ ਰੁਪਿਆ ਰੱਖਿਆ ਗਿਆ ਹੈ । ਪਹਿਲਾਂ ਜੋ ਮੁੱਖ ਮੰਤਰੀ ਬਾਦਲ ਸਾਹਿਬ ਦੀ ਪੁਰਾਣੀ ਦਿਲੀ ਇੱਛਾ ਸੀ ਇਨ੍ਹਾਂ ਦੀ ਪੂਰਤੀ ਪਹਿਲਾਂ ਨਹੀਂ ਸੀ ਹੋਈ ਜੋ ਕਿ ਹੁਣ ਕਰ ਰਹੇ ਹਨ । ਕਾਂਗਰਸ ਸਰਕਾਰ ਨੇ 1996-97 ਵਿਚ ਦਲਿਤਾਂ ਵਾਸਤੇ 39 ਕਰੋੜ ਰੁਪਿਆ ਰਖਿਆ ਸੀ ਜਦ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਪੱਕੇ ਘਰ ਬਣਾਉਣ ਲਈ 60 ਕਰੋੜ ਰੁਪਿਆ ਰੱਖਿਆ ਹੈ । ਬਾਦਲ ਸਾਹਿਬ ਦੀ ਸਰਕਾਰ ਨੇ 50,000/- ਰੁਪਿਆ ਪੱਕਾ ਮਕਾਨ ਬਣਾਉਣ ਵਾਸਤੇ ਕਰ ਦਿੱਤਾ ਹੈ ਜਿਹੜਾ ਕਿ ਪਹਿਲਾਂ 15,000/- ਰੁਪਿਆ ਸੀ, ਉਸ ਦੀ ਵਰਤੋਂ ਪੰਚਾਇਤਾਂ ਰਾਹੀਂ ਕਰਾਉਂਦੇ ਸੀ ਅਤੇ ਪੰਚਾਇਤਾਂ ਰਾਹੀਂ ਵਰਤੋਂ ਕਿਵੇਂ ਹੁੰਦੀ ਸੀ, ਇਹ ਮੇਰੇ ਕਾਂਗਰਸੀ ਵੀਰ ਚੰਗੀ ਤਰ੍ਹਾਂ ਜਾਣਦੇ ਹਨ । ਜਿਸ ਦੇ ਨਾਲ ਇਕ ਕੱਚਾ ਕੋਠਾ ਵੀ ਨਹੀਂ ਪੈਂਦਾ । ਉਹ ਹੁਣ 50,000/- ਰੁਪਿਆ ਕਰ ਦਿਤੀ ਗਈ ਹੈ ਜਿਸ ਦੇ ਨਾਲ ਬਕਾਇਦਾ ਇਕ ਚੰਗਾ ਘਰ ਬਣਾ ਕੇ ਦੇਣਾ ਹੈ । ਨਾਲ ਡੰਗਰਾਂ ਵਾਸਤੇ ਵੀ ਵਿਵਸਥਾ ਕੀਤੀ ਜਾਣੀ ਹੈ । ਸ਼ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਪੱਕੇ ਘਰਾਂ ਦੇ ਨਾਲ ਨਾਲ 11 ਕਰੋੜ ਰੁਪਏ ਦੀ ਪੈਨਸ਼ਨ ਦੀ ਸਕੀਮ ਚਾਲੂ ਕੀਤੀ ਹੈ । ਦਲਿਤ ਵਰਗ ਦੀਆਂ ਬੇਟੇ ਬੇਟੀਆਂ ਪੜ੍ਹ ਸਕਣ ਅਤੇ ਚੰਗੀ ਵਿਦਿਆ ਪ੍ਰਾਪਤ ਕਰ ਸਕਣ, ਇਸ ਵਾਸਤੇ ਵੀ ਵਿਵਸਥਾ ਕੀਤੀ ਗਈ ਹੈ । ਜਿੰਨੀਆਂ ਵੀ ਲੜਕੀਆਂ ਸਕੂਲਾਂ ਵਿਚ ਜਾਣਗੀਆਂ ਉਨ੍ਹਾਂ ਨੂੰ ਹਾਜ਼ਰੀ ਦਾ 50/- ਰੁਪਏ ਮਹੀਨਾ ਵਜ਼ੀਫ਼ਾ ਦਿਤਾ ਜਾਵੇਗਾ ਤਾਂ ਕਿ ਉਹ ਬਕਾਇਦਾ ਸਕੂਲਾਂ ਵਿਚ ਜਾ ਸਕਣ । ਇਸ ਤਰ੍ਹਾਂ ਦੇ ਸਕੂਲ ਖੋਲ੍ਹੇ ਜਾਣਗੇ ਜਿਸ ਵਿਚ ਹੋਸਟਲ ਦੀ ਵਿਵਸਥਾ ਵੀ ਹੋਵੇਗੀ ਜਿਥੇ ਬੱਚਿਆਂ ਨੂੰ ਮੁਫਤ ਹੋਸਟਲ ਵਿਚ ਰੱਖਿਆ ਜਾਵੇਗਾ । ਉਨ੍ਹਾਂ ਨੂੰ ਵਿਦਿਆ ਦਿਵਾਈ ਜਾਵੇਗੀ ਅਤੇ ਉਨ੍ਹਾਂ ਨੂੰ ਉਚੀ ਵਿਦਿਆ ਦੇਣ ਦਾ ਯਤਨ ਕੀਤਾ ਜਾਵੇਗਾ । ਉਨ੍ਹਾਂ ਪੰਜ ਸਾਲਾਂ

ਵਿਚ ਪਹਿਲੇ ਵਰ੍ਹੇ ਹੀ 111.00 ਕਰੋੜ ਰੁਪਿਆ ਦਿਤਾ ਹੈ ਅਤੇ ਅਗਲੇ ਸਾਲਾਂ ਵਿਚ ਹੋਰ ਦੇਣਗੇ । ਚੇਅਰਮੈਨ ਸਾਹਿਬ, ਸਦਾ ਹੀ ਦਲਿਤਾਂ ਨੂੰ ਉਦੋਂ ਹੀ ਕੁਝ ਮਿਲਿਆ ਹੈ ਜਦੋਂ ਸ਼ਰੋਮਣੀ ਅਕਾਲੀ ਦਲ ਦੀ ਸਰਕਾਰ ਆਈ ਹੈ । ਅੱਜ ਵੀ ਆਸ ਬੱਝੀ ਹੈ । ਜੋ ਸਰਕਾਰ ਬਾਦਲ ਸਾਹਿਬ ਦੀ ਅਗਵਾਈ ਵਿਚ ਬਣੀ ਹੈ ਉਸ ਵਿਚ ਦਲਿਤ ਭਰਾਵਾਂ ਦਾ ਵਿਕਾਸ ਹੋਵੇਗਾ ਅਤੇ ਦਲਿਤ ਵਰਗਾਂ ਦੇ ਲੋਕਾਂ ਨੂੰ ਰੋਜ਼ਗਾਰ ਮਿਲੇਗਾ । ਫੋਕਲ ਪੁਆਇੰਟਾਂ ਤੇ ਐਗਰੋ ਬੇਸਡ ਕਾਰਖਾਨੇ ਲਗਾ ਕੇ ਉਥੇ ਵੀ ਦਲਿਤ ਭਰਾਵਾਂ ਨੂੰ ਰੋਜ਼ਗਾਰ ਮਿਲੇਗਾ । ਇਸ ਹਾਊਸ ਦੀ ਸਭ ਤੋਂ ਉਚੀ ਕੁਰਸੀ ਤੇ ਸਾਡੇ ਦਲਿਤ ਵੀਰ ਨੂੰ ਬਿਠਾ ਦਿੱਤਾ ਹੈ । ਇਸ ਤੋਂ ਜ਼ਿਆਦਾ ਮਾਣ ਵਾਲੀ ਗੱਲ ਹੋਰ ਨਹੀਂ ਹੋ ਸਕਦੀ । ਇਸ ਤਰ੍ਹਾਂ ਦਾ ਵੱਡਾ ਮਾਣ ਕਿਸੇ ਦਲਿਤ ਨੂੰ ਪਹਿਲੀ ਵਾਰੀ ਅਸੈਂਬਲੀ ਦੇ ਇਤਿਹਾਸ ਵਿਚ ਮਿਲਿਆ ਹੈ ਜਿਸ ਗੱਲ ਲਈ ਮੈਂ ਸਰਕਾਰ ਦਾ ਧੰਨਵਾਦੀ ਹਾਂ ।

ਸਰਦਾਰ ਅਵਤਾਰ ਸਿੰਘ ਬਰਾੜ: ਚੇਅਰਮੈਨ ਸਾਹਿਬ, ਸਪੀਕਰ ਸਾਹਿਬ ਦੀ ਚੋਣ ਸਰਬ-ਸੰਮਤੀ ਨਾਲ ਹੋਈ ਸੀ । ਅਸੀਂ ਉਨ੍ਹਾਂ ਦੀ ਚੋਣ ਦਾ ਸਮਰਥਨ ਕੀਤਾ ਸੀ ਇਸ ਕਰਕੇ ਕਿ ਉਹ ਬਹੁਤ ਸੁਲਝੇ ਹੋਏ ਪਾਰਲੀਮੈਂਟੇਰੀਅਨ ਹਨ, ਵਧੀਆ ਵਕੀਲ ਹਨ, ਸ਼ਾਨਦਾਰ ਮਨੁੱਖ ਹਨ ਅਤੇ ਉਨ੍ਹਾਂ ਵਿਚ ਬੇਸ਼ੁਮਾਰ ਖੂਬੀਆਂ ਹਨ, ਇਸ ਕਰਕੇ ਨਹੀਂ ਕਿ ਜਿਵੇਂ ਇਹ ਹਰ ਵਕਤ ਉਨ੍ਹਾਂ ਤੇ ਅਹਿਸਾਨ ਜਿਹਾ ਕਰਦੇ ਹਨ ਕਿ ਸਾਡੀ ਸਰਕਾਰ ਨੇ ਤੈਨੂੰ ਸਪੀਕਰ ਬਣਾ ਦਿਤਾ ਹੈ ਕਿਉਂਕਿ ਤੂੰ ਦਲਿਤ ਹੈ, ਇਸ ਤਰ੍ਹਾਂ ਕਰਕੇ ਇਹ ਉਸ ਉਚ ਪੱਧਰੀ ਪਦਵੀ ਨੂੰ ਵੀ ਛੋਟਾ ਕਰਕੇ ਦਿਖਾਉਂਦੇ ਹਨ ਜਿਹੜਾ ਕਿ ਬੰਦ ਕੀਤਾ ਜਾਵੇ ।

ਸ੍ਰੀ ਜਗਦੀਸ਼ ਸਾਹਨੀ : ਚੇਅਰਮੈਨ ਸਾਹਿਬ, ਜੋ ਮੇਰੇ ਮਾਨਯੋਗ ਭਾਈ ਸਾਹਿਬ ਨੇ ਕਿਹਾ ਹੈ ਸਰਬ-ਸੰਮਤੀ ਨਾਲ, ਉਸ ਵਿਚ ਕੋਈ ਸ਼ੱਕ ਨਹੀਂ । ਪਰ ਕਿਸੇ ਗੱਲ ਨੂੰ ਰੈਫਰ ਕਰਨਾ ਕੋਈ ਬੁਰੀ ਗੱਲ ਨਹੀਂ ਕਿਉਂਕਿ ਸ਼ਰੋਮਣੀ ਅਕਾਲੀ ਦਲ ਔਰ ਬੀ. ਜੇ. ਪੀ. ਦੀ ਸਰਕਾਰ ਨੇ ਆਪਣੇ ਵਾਇਦੇ ਮੁਤਾਬਿਕ ਇਕ ਦਲਿਤ ਵੀਰ ਨੂੰ ਵਿਧਾਨ ਸਭਾ ਦੀ ਉਚੀ ਕੁਰਸੀ ਤੇ ਬਿਰਾਜਮਾਨ ਕਰਨ ਦਾ ਪੂਰਾ ਯਤਨ ਕੀਤਾ ਹੈ ਅਤੇ ਸਫਲਤਾ ਪਾਈ ਹੈ । ਇਹ ਸਮਰਥਨ ਬੇਸ਼ੱਕ ਕਹਿ ਲੈਣ ਪਰ ਜ਼ਿਆਦਾ ਨਾਲ ਨਹੀਂ ਚਲੇ ।

ਸਰਦਾਰ ਮੱਖਣ ਸਿੰਘ. ਚੇਅਰਮੈਨ ਸਾਹਿਬ, ਇਨ੍ਹਾਂ ਨੇ 50 ਵਰ੍ਹਿਆਂ ਬਾਅਦ ਹੀ ਸਾਡੇ ਉਮੀਦਵਾਰ ਦਾ ਸਮਰਥਨ ਕੀਤਾ । ਇਸ ਲਈ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ । ਮੈਂ ਆਖਿਰ ਵਿਚ ਏਨੀ ਗੱਲ ਕਹਿਣੀ ਚਾਹੁੰਦਾ ਹਾਂ, ਗੱਲ ਲੰਬੀ ਨਹੀਂ ਕਰਨੀ ਚਾਹੁੰਦਾ ਕਿ ਭਰਾਓ, ਰਹਿਮ ਕਰੋ, ਇਥੇ ਮੁੜ ਅੱਤਵਾਦ ਦੇ ਬੱਦਲ ਲਿਆਉਣ ਦਾ ਯਤਨ ਨਾ ਕਰੋ,. . . .ਵਾਸਤਾ ਹੈ ਮੇਰਾ (ਵਿਘਨ)

ਸ੍ਰੀ ਸਭਾਪਤੀ: ਕਾਮਰੇਡ ਸਾਹਿਬ, ਵਾਈਂਡ ਅਪ ਕਰੋ ।

ਸਰਦਾਰ ਮੱਖਣ ਸਿੰਘ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ :—

"ਇਹ ਕੀ ਹੋ ਗਿਆ ਹੈ ਮੇਰੇ ਹਿੰਦੁਸਤਾਨ ਨੂੰ
ਮੱਲਾਹ ਹੀ ਪਏ ਡੋਬਦੇ ਬੇੜੀਆਂ ਨੂੰ
ਜਦੋਂ ਲੁੱਟ ਮੱਚੀ ਮੇਰੇ ਕਾਫਲੇ ਵਿਚ
ਮੈ ਲੁੱਟਦੇ ਹੋਏ ਵੇਖਿਆ ਰਾਹਬਰਾਂ ਨੂੰ ।
ਬਹੂ ਬੇਟੀ ਬਣ ਕੇ ਬੜੀ ਯਾਦ ਆਈ, ਗੁਲਾਮੀ ਦੇ ਦਿਨ ਪਦਮਿਨੀ
ਖਿਲਜੀਆਂ ਨੂੰ ।"

ਸਰਦਾਰ ਅਵਤਾਰ ਸਿੰਘ ਬਰਾੜ: ਚੇਅਰਮੈਨ ਸਾਹਿਬ, ਇਹ ਉਦੋਂ ਦੀ ਕਵਿਤਾ ਹੈ ਜਦੋਂ ਇਹ ਕਾਮਰੇਡ ਸੀ । ਇਹ ਮੁਜ਼ਾਹਰਿਆਂ ਵਿਚ ਗਾਲ੍ਹਾਂ ਕੱਢਦਾ ਹੁੰਦਾ ਸੀ ਪਰ ਅਫਸੋਸ ਕਿ ਇਨਸਾਨ ਏਨਾ ਬਦਲ ਜਾਂਦਾ ਹੈ ।

ਸ਼੍ਰੀ ਜਗਦੀਸ਼ ਸਾਹਨੀ : ਚੇਅਰਮੈਨ ਸਾਹਿਬ, ਸਾਡੇ ਮਾਨਯੋਗ ਬਰਾੜ ਸਾਹਿਬ ਨੇ ਕਿਹਾ ਹੈ ਕਿ ਇਹ ਨਾਹਰੇ-ਬਾਜ਼ੀ ਕਰਦੇ ਸਨ ਅਤੇ ਗਾਲ੍ਹਾਂ ਕੱਢਦੇ ਸਨ, ਪਰ ਮੈਂ ਪੁੱਛਦਾ ਹਾਂ ਕਿ ਇਹ ਦੱਸਣ ਕਿ ਇਹ ਗਾਲ੍ਹਾਂ ਕਿਸ ਨੂੰ ਕੱਢਦੇ ਸਨ । ਇਹ ਗਾਲ੍ਹਾਂ ਕੱਢਦੇ ਸਨ ਕਾਂਗਰਸ ਨੂੰ । ਅੱਜ ਕੀ ਫਰਕ ਪੈ ਗਿਆ ਕਿ ਇਹ ਇਧਰ ਚਲੇ ਗਏ ਅਤੇ ਉਹ ਇਧਰ ਆ ਗਏ ।

ਸਰਦਾਰ ਅਵਤਾਰ ਸਿੰਘ ਬਰਾੜ: ਚੇਅਰਮੈਨ ਸਾਹਿਬ, ਇਹ ਹਾਊਸ ਬਹੁਤ ਵਧੀਆ ਚਲ ਸਕਦਾ ਹੈ, ਇਹ ਮੇਰੇ ਨਾਲ ਸਾਥੀ ਰਹੇ ਹਨ। ਸਾਹਨੀ ਸਾਹਿਬ, ਛੱਜਲਵੱਡੀ ਜੀ, ਜੀਰਾ ਸਾਹਿਬ ਅਤੇ ਡਾਕਟਰ ਰਤਨ ਸਿੰਘ । ਇਨ੍ਹਾਂ ਬਾਰੇ ਇਕ ਵਾਰੀ ਬਾਦਲ ਸਾਹਿਬ ਦੇ ਕੰਨ ਵਿਚ ਕਹਾ ਦਿਓ ਕਿ ਇਨ੍ਹਾਂ ਦੀ ਵਜ਼ੀਰੀ ਪੱਕੀ । ਇਸ ਨਾਲ ਇਸ ਹਾਊਸ ਦਾ ਵਕਤ ਜ਼ਾਇਆ ਨਹੀਂ ਹੋਵੇਗਾ । ਸਰਦਾਰ ਮੱਖਣ ਸਿੰਘ ਹੋਰੀਂ ਗਾਲ੍ਹਾਂ ਕਿਸ ਨੂੰ ਕੱਢਦੇ ਸਨ ਮੈਂ ਇਸ ਗੱਲ ਦੀ ਕਲੈਰੀਫਿਕੇਸ਼ਨ ਕਰਦਾ ਹਾਂ । ਇਹ ਕਹਿੰਦੇ ਹੁੰਦੇ ਸਨ ਕਿ ਸਰੋਪੇ ਦੇਣ ਵਾਲੇ ਅਕਾਲੀ ਨੇਤਾਓ, ਪੰਜਾਬ ਦੇ ਲੋਕ ਤੁਹਾਨੂੰ ਮੁਆਫ ਨਹੀਂ ਕਰਨਗੇ, ਪੰਜਾਬ ਦਾ ਇਤਿਹਾਸ ਤੁਹਾਨੂੰ ਮੁਆਫ ਨਹੀਂ ਕਰੇਗਾ, ਉਹ ਵਿਧਵਾ ਭੈਣਾਂ, ਯਤੀਮ ਬੱਚੇ ਤੁਹਾਨੂੰ ਮੁਆਫ ਨਹੀਂ ਕਰਨਗੇ ਪਰ ਕੁਝ ਦਿਨਾਂ ਵਿਚ ਹੀ ਟਿਕਟ ਮਿਲੀ । ਚੇਅਰਮੈਨ ਸਾਹਿਬ, ਫਿਰ ਸਿਰ ਤੇ ਪੱਗੜੀ ਆ ਗਈ ਅਤੇ ਦਾੜ੍ਹੀ ਵਧਣੀ ਸ਼ੁਰੂ ਹੋ ਗਈ । ਏਨੀ ਵਾਰ ਤਾਂ ਗੁਰਦੇਵ ਸਿੰਘ ਬਾਦਲ ਜਿਹੜਾ ਸੱਤ ਵਾਰੀ ਚੋਣ ਜਿੱਤ ਕੇ ਆਇਆ ਹੈ ਅਕਾਲੀ ਪਾਰਟੀ ਵਲੋਂ ਉਹ ਵੀ ਨਾਮ ਨਹੀਂ ਲੈਂਦਾ ਜਿੰਨੀ ਵਾਰੀ ਇਹ ਲੈਂਦੇ ਹਨ । ਇਨ੍ਹਾਂ ਨੂੰ ਕੁਝ ਨਹੀਂ ਮਿਲਣਾ । ਹਾਲੇ ਛੱਜਲਵੱਡੀ ਬੈਠਾ ਹੈ, ਜ਼ੀਰਾ ਬੈਠਾ ਹੈ । (ਹਾਸਾ)

ਸ਼੍ਰੀ ਜਗਦੀਸ਼ ਸਾਹਨੀ : ਚੇਅਰਮੈਨ ਸਾਹਿਬ, ਜੋ ਮਾਨਯੋਗ ਬਰਾੜ ਸਾਹਿਬ ਨੇ ਕਿਹਾ ਹੈ, ਸ਼ਾਇਦ ਇਨ੍ਹਾਂ ਨੂੰ ਆਪਣਾ ਵਕਤ ਯਾਦ ਨਹੀਂ । ਹਰ ਆਦਮੀ ਆਪਣਾ ਵਕਤ ਭੁੱਲ ਜਾਂਦਾ ਹੈ । ਇਨ੍ਹਾਂ ਕੁਰਸੀਆਂ ਤੇ ਜਿਥੇ ਅੱਜ ਅਸੀਂ ਬੈਠੇ ਹਾਂ, ਇਥੇ ਹੀ ਇਨ੍ਹਾਂ ਬੇਅੰਤ ਸਿੰਘ ਦੇ ਮਸ਼ੋਹੇ ਪੜ੍ਹੇ ਸਨ । ਉਨ੍ਹਾਂ ਦੀਆਂ ਬੜੀਆਂ ਮਿੰਨਤਾਂ ਕੀਤੀਆਂ ਸਨ । ਕਦੇ ਕੁਝ ਕਹਿਣਾ ਤੇ ਕਦੇ ਕੁਝ ਕਹਿਣਾ । ਇਹ ਸਾਡੇ ਭਰਾ ਹਨ ਅਤੇ ਅਸੀਂ ਤਾਂ ਇਨ੍ਹਾਂ

ਦਾ ਹੀ ਅਨੁਸਰਣ ਕਰ ਰਹੇ ਹਾਂ । ਜੋ ਕੁਝ ਅਸੀਂ ਸਿਖਿਆ ਹੈ, ਇਨ੍ਹਾਂ ਤੋਂ ਹੀ ਸਿੱਖਿਆ ਹੈ । ਅਸੀਂ ਇਨ੍ਹਾਂ ਦੇ ਪਰਛਾਵੇ ਵਾਂਗ ਹਾਂ । ਸਭ ਕੁਝ ਇਨ੍ਹਾਂ ਦਾ ਹੀ ਸਿਖਾਇਆ ਹੋਇਆ ਹੈ । ਜੈ ਹਿੰਦ, ਜੈ ਭਾਰਤ ।

ਸਰਦਾਰ ਅਵਤਾਰ ਸਿੰਘ ਬਰਾੜ: ਚੇਅਰਮੈਨ ਸਾਹਿਬ, ਇਹ ਮੇਰੇ ਵੀਰ ਐਨਾ ਕੁਝ ਬੋਲ ਕੇ ਵੀ ਵਜ਼ੀਰ ਨਹੀਂ ਬਣ ਸਕਦੇ । ਮੈਨੂੰ ਇਨ੍ਹਾਂ ਤੇ ਅਫਸੋਸ ਹੈ । ਟੰਡਨ ਸਾਹਿਬ ਹੋਰਾਂ ਨੇ ਹੀ ਮਸਾਂ ਦੋ ਕੁਰਸੀਆਂ ਲਈਆਂ ਹਨ, ਇਨ੍ਹਾਂ ਨੂੰ ਹੋਰ ਕੁਰਸੀ ਕਿਥੋਂ ਮਿਲਣੀ ਹੈ । ਅਕਾਲੀਆਂ ਦੇ ਤਾਂ ਹਾਲੇ ਆਪਣੇ ਰੁੱਸੇ ਫਿਰਦੇ ਹਨ ।

ਸਰਦਾਰ ਮੱਖਣ ਸਿੰਘ: ਚੇਅਰਮੈਨ ਸਾਹਿਬ, ਮੈਨੂੰ ਆਪਣੀ ਗੱਲ ਪੂਰੀ ਕਰਨ ਦੀ ਆਗਿਆ ਦਿਓ । ਮੈਂ ਤੁਹਾਡਾ ਧੰਨਵਾਦੀ ਹਾਂ ਜੀ । ਸਾਡੇ ਸਤਿਕਾਰਯੋਗ ਬਰਾੜ ਸਾਹਿਬ ਨੇ ਕੁਰਸੀ ਦਾ ਜ਼ਿਕਰ ਕੀਤਾ ਹੈ, ਮੈਨੂੰ ਤਾਂ ਐਡੀ ਲੋੜ ਨਹੀਂ ਹੈ । 2-3 ਸਾਲ ਪਹਿਲਾਂ ਸਰਦਾਰ ਬੇਅੰਤ ਸਿੰਘ ਹੋਰਾਂ ਨੇ ਕੌਡੀਆਂ ਦੇ ਭਾਅ ਮਿੱਲਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ ਸੀ । ਬਠਿੰਡੇ ਦੀ ਮਿੱਲ ਵੀ ਵੇਚ ਦਿੱਤੀ । 65 ਏਕੜ ਜ਼ਮੀਨ ਤੇ ਮਿੱਲ ਲੱਗੀ ਹੈ, 23 ਕਰੋੜ ਰੁਪਏ ਦੀ ਮਸ਼ੀਨ ਸੀ ਅਤੇ ਢਾਈ ਕਰੋੜ ਰੁਪਏ ਦਾ ਧਾਗਾ ਸੀ । ਉਹ ਵੇਚ ਦਿੱਤੀ ਸਿਰਫ 3 ਕਰੋੜ 60 ਲੱਖ ਰੁਪਏ ਵਿਚ । 90 ਹਜ਼ਾਰ ਦੀ ਕਿਸ਼ਤ ਦਿਤੀ ਤੇ ਢਾਈ ਕਰੋੜ ਦਾ ਧਾਗਾ ਵੇਚਿਆ । ਮੇਰੇ ਤੇ 307,25,54,59 ਦਾ ਮੁੱਕਦਮਾ ਕਰਕੇ ਮੈਨੂੰ ਅੰਦਰ ਧੱਕ ਦਿੱਤਾ । ਬਰਾੜ ਸਾਹਿਬ ਮੈਨੂੰ ਬਹੁਤ ਪਿਆਰ ਕਰਦੇ ਹਨ । ਇਹ ਮੇਰਾ ਚੋਰੀਓਂ ਪਤਾ ਲੈਣ ਆਏ ਅਤੇ ਮੁਲਾਕਾਤ ਕਰਨ ਆਏ ਪਰ ਨਾਲ ਹੀ ਇਹ ਵੀ ਕਹਿ ਦਿੱਤਾ ਕਿ ਕਿਤੇ ਮੇਰੀ ਝੰਡੀ ਨਾ ਕੱਟੀ ਜਾਵੇ । ਇਕ ਵਾਰ ਤਰਸੇਮ ਬਾਹੀਆ ਨੇ ਧਰਨੇ ਤੇ ਬੁਲਾ ਲਿਆ ਸੀ ਤਾਂ ਮੇਰੀ ਝੰਡੀ ਕੱਟੀ ਗਈ ਸੀ । ਅੱਜ ਫੇਰ ਤੇਰੇ ਨਾਲ ਮੁਲਾਕਾਤ ਕਰਨ ਆਇਆ ਹਾਂ, ਕਿਤੇ ਬੇਅੰਤ ਸਿੰਘ ਹੁਰਾਂ ਨੂੰ ਪਤਾ ਨਾ ਲੱਗ ਜਾਵੇ ਤੇ ਫੇਰ ਨਾ ਮੇਰੀ ਝੰਡੀ ਕੱਟੀ ਜਾਵੇ ।

ਸਰਦਾਰ ਅਵਤਾਰ ਸਿੰਘ ਬਰਾੜ: ਚੇਅਰਮੈਨ ਸਾਹਿਬ, ਉਦੋਂ ਮੁਲਾਕਾਤ ਕਰਨ ਵਾਲਿਆਂ ਦੇ ਨਾਂ ਲਿਖੇ ਜਾਂਦੇ ਸੀ । ਮੈਂ ਤਾਂ ਮਨਿਸਟਰ ਹੁੰਦਾ ਹੋਇਆ ਵੀ ਇਲੈਕਸ਼ਨ ਰੈਲੀ ਵਿਚ ਗਿਆ । ਭੁੱਖ ਹੜਤਾਲਾਂ ਵਿਚੋਂ ਛੁਡਾ ਕੇ ਲਿਆਇਆ ਸੀ । ਲੈਕਚਰਾਰਾਂ ਵਿਚ ਬੋਲ ਕੇ ਆਇਆ ਸੀ ਅਤੇ ਸਰਕਾਰ ਨੂੰ ਪ੍ਰੇਰਨਾ ਦਿੱਤੀ ਕਿ ਇਨ੍ਹਾਂ ਦੀਆਂ ਮੰਗਾਂ ਮੰਨੋ । ਜੇਲ੍ਹ ਵਿਚ ਇਨ੍ਹਾਂ ਨਾਲ ਮੁਲਾਕਾਤ ਕਰਕੇ ਆਇਆ ਸੀ । ਮੈਂ ਵੀ ਕਾਮਰੇਡ ਰਿਹਾ ਹਾਂ ਪਰ ਇਨ੍ਹਾਂ ਨੇ ਤਾਂ ਝੂਠ ਦਾ ਪਲੜਾ ਹੀ ਫੜ ਲਿਆ ਹੈ ।

ਸਰਦਾਰ ਮੱਖਣ ਸਿੰਘ: ਚੇਅਰਮੈਨ ਸਾਹਿਬ, ਮੈਂ ਕਨਕਲੂਡ ਕਰ ਰਿਹਾ ਸੀ । ਮੇਰੇ ਕੁਝ ਵੀਰਾਂ ਨੇ 352.52 ਕਰੋੜ ਰੁਪਏ ਦੇ ਘਾਟੇ ਬਾਰੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਕਿਤੇ ਬਾਅਦ ਵਿਚ ਟੈਕਸ ਨਾ ਲਾ ਦਿੱਤੇ ਜਾਣ ਹਾਲਾਂ ਕਿ ਇਹ ਐਸ਼ਿਓਰੈਂਸ ਦਿੱਤੀ ਗਈ ਹੈ ਕਿ ਆਮਦਨ ਦੇ ਹੋਰ ਵਸੀਲੇ ਭਾਲ ਲਏ ਜਾਣਗੇ ਅਤੇ ਟੈਕਸ ਨਹੀਂ ਲਾਏ ਜਾਣਗੇ । ਇਸ ਦੇ ਬਾਵਜੂਦ ਇਹ ਖਦਸ਼ੇ ਜ਼ਾਹਿਰ ਕਰ ਰਹੇ ਹਨ । ਲੀਡਰ ਆਫ ਦੀ ਹਾਊਸ ਨੇ

[ਸਰਦਾਰ ਮੱਖਣ ਸਿੰਘ]

ਵੀ ਅਤੇ ਐਫ. ਐਮ. ਨੇ ਵੀ ਕਿਹਾ ਹੈ ਕਿ ਅਸੀਂ ਲੋਕਾਂ ਤੇ ਬੋਝ ਨਹੀਂ ਪਾਉਣਾ ਅਤੇ ਇਹ ਯਕੀਨ ਦੇ ਨਾਲ ਕਿਹਾ ਜਾ ਸਕਦਾ ਹੈ । ਅਸੀਂ ਤਾਲੀਮਯਾਫਤਾ ਤਾਂ ਹੈ ਨਹੀਂ, ਅਸੀਂ ਇਨ੍ਹਾਂ ਗੱਲਾਂ ਨੂੰ ਕੀ ਸਮਝਾਂਗੇ ! ਅਸੀਂ ਤਾਂ ਲੋਂਗੋਵਾਲ ਤੱਕ ਹੀ ਪੜ੍ਹੇ ਹਾਂ । ਆਰਥਿਕਤਾ ਦਾ, ਕਲਾ ਦਾ ਜਾਂ ਸਾਹਿੱਤ ਦਾ ਬੜਾ ਗੰਭੀਰ ਮਾਮਲਾ ਹੈ । ਮੇਰੇ ਤੇਰੇ ਵਰਗੇ ਛੋਟੇ ਆਦਮੀ ਦਾ ਇਹ ਕੰਮ ਨਹੀਂ । ਜਿਸ ਨੂੰ ਇਹ ਨਹੀਂ ਪਤਾ ਕਿ ਐਡਮ ਸਮਿੱਥ ਕਿੱਥੇ ਰੇੜ੍ਹੀ ਲਾਉਂਦਾ ਸੀ, ਮਾਲਥਸ ਕਿਹੜੇ ਬਾਜ਼ਾਰ ਵਿਚ ਚਾਹ-ਦੁੱਧ ਦੀ ਦੁਕਾਨ ਕਰਦਾ ਸੀ, ਕਾਂਤ ਦੀ ਫੜ੍ਹੀ ਕਿੱਥੇ ਲੱਗਦੀ ਸੀ ਉਹ ਆਰਥਿਕਤਾ ਦੀਆਂ ਗੱਲਾਂ ਕਿਵੇਂ ਸਮਝ ਸਕਦਾ ਹੈ । ਇਸ ਕਰਕੇ ਅਸੀਂ ਇਸ ਬੁਜਟ ਨੂੰ ਕੀ ਸਮਝ ਸਕਦੇ ਹਾਂ । ਇਹ ਬਜਟ ਬੜਾ ਸੋਚ ਸਮਝ ਕੇ ਬਣਾਇਆ ਗਿਆ ਹੈ । ਇਹ ਬਹੁਤ ਹੀ ਸ਼ਾਨਦਾਰ ਬਜਟ ਹੈ ਅਤੇ ਸਾਰੇ ਵਰਗਾਂ ਦੀਆਂ ਇੱਛਾਵਾਂ ਨੂੰ ਧਿਆਨ ਵਿਚ ਰੱਖ ਕੇ ਬਣਾਇਆ ਗਿਆ ਹੈ । ਇਹ ਬਜਟ ਪੰਜਾਬ ਦੇ ਵਿਕਾਸ ਵਾਸਤੇ ਇਕ ਮੀਲ-ਪੱਥਰ ਸਾਬਤ ਹੋਵੇਗਾ । ਇੰਨਾਂ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸ੍ਰੀ ਜਗਦੀਸ਼ ਸਾਹਨੀ (ਬਟਾਲਾ): ਮਾਨਯੋਗ ਚੇਅਰਮੈਨ ਸਾਹਿਬ, ਇਹ ਬਜਟ ਸ਼੍ਰੋਮਣੀ ਅਕਾਲੀ ਦਲ ਔਰ ਭਾਰਤੀ ਜਨਤਾ ਪਾਰਟੀ ਦੇ ਸਾਂਝੇ ਉਪਰਾਲਿਆਂ ਦਾ ਅਤੇ ਪੰਜਾਬ ਦੀ ਜਨਤਾ ਦੀਆਂ ਇੱਛਾਵਾਂ ਦਾ ਜੋ ਅਨੁਰੂਪ ਹੈ ਉਸ ਦੇ ਮੁਤਾਬਿਕ, ਉਨ੍ਹਾਂ ਦੀ ਸੋਚ ਦੇ ਮੁਤਾਬਿਕ ਹੈ ਕਿਉਂਕਿ ਪੰਜਾਬ ਦੀ ਜਨਤਾ ਦੁਖੀ ਸੀ, ਪਹਿਲਾਂ ਦੁਖੀ ਰਹੀ 12 ਸਾਲਾਂ ਤੱਕ ਆਤੰਕਵਾਦ ਦੇ ਕਾਰਨ । ਫਿਰ ਇਕ ਮਾੜੀ ਜਿਹੀ ਰੌਸ਼ਨੀ ਦਾ ਕਿਰਨ ਦਿਖਾਈ ਦਿੱਤੀ ਜਿਸ ਵੇਲੇ ਕਾਂਗਰਸ ਦੀ ਹਕੂਮਤ ਆਈ । ਮਗਰ ਉਸ ਨੇ ਜੋ ਆਪਣੇ ਚਾਲ ਚਲਣ ਦਿਖਾਏ ਉਸ ਦਾ ਜ਼ਿਕਰ ਵੀ ਅੱਜ ਸਰਦਾਰ ਅਵਤਾਰ ਸਿੰਘ ਜੀ ਬਰਾੜ ਨੇ ਕਰ ਦਿੱਤਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਚੰਗੇ ਕੰਮ ਕੀਤੇ ਹੁੰਦੇ ਤਾਂ ਉਸ ਦੇ ਚੰਗੇ ਨਤੀਜੇ ਨਿਕਲਦੇ । ਜੇ ਚੰਗੇ ਕੰਮ ਕੀਤੇ ਹੁੰਦੇ ਤਾਂ ਅੱਜ 1997 ਵਿੱਚ ਇਹ 14 ਨਾ ਰਹਿ ਜਾਂਦੇ । (ਸ਼੍ਰੀ ਹਰਮਿੰਦਰ ਸਿੰਘ ਜੱਸੀ ਵਲੋਂ ਵਿਘਨ......) ਜੱਸੀ ਸਾਹਿਬ ਵਕਤ ਬਹੁਤ ਵੱਡੀ ਚੀਜ਼ ਹੈ । ਫਿਲਹਾਲ ਅਸੀਂ ਹਕੂਮਤ ਵਿਚ ਹਾਂ । ਜੋ ਹਕੂਮਤ ਦੀ ਅੱਛਾਈ ਹੈ, ਉਹਦੇ ਬਾਰੇ ਅਸੀਂ ਜ਼ਰੂਰ ਦੱਸਣਾ ਹੈ । ਜਿਸ ਕਾਂਗਰਸ ਨੇ ਆਪਣੀ ਮਸ਼ਹੂਰੀ ਕੀਤੀ ਸੀ ਕਿ ਅਸੀਂ ਬਹੁਤ ਵੋਟਾਂ ਲੈ ਕੇ ਆਏ ਹਾਂ ਉਸ ਦਾ ਨਤੀਜਾ ਇਹ ਹੋਇਆ ਕਿ ਜੋ ਭ੍ਰਿਸ਼ਟਾਚਾਰ ਕਾਂਗਰਸ ਦੇ ਰੂਪ ਵਿੱਚ ਪਲਿਆ ਉਸ ਨੂੰ ਪੰਜਾਬ ਦੇ ਲੋਕਾਂ ਨੇ, ਪੰਜਾਬ ਦੀਆਂ ਸੰਗਤਾਂ ਨੇ ਬੁਰੀ ਤਰ੍ਹਾਂ ਨਕਾਰਿਆ ਔਰ ਪੰਜਾਬ ਦੇ ਵਿੱਚ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ 95 ਮੈਂਬਰ ਇਸ ਵਿਧਾਨ ਸਭਾ ਦੇ ਵਿੱਚ ਹਾਜ਼ਰ ਹਨ । ਇਹ ਇਕ ਜਿਊਂਦਾ ਜਾਗਦਾ ਪ੍ਰਮਾਣ ਹੈ ਜਿਸ ਦੇ ਵਿੱਚ ਕਿਸੇ ਪ੍ਰਕਾਰ ਦੇ ਹੋਰ ਸਬੂਤ ਦੀ ਲੋੜ ਨਹੀਂ । ਅੱਜ ਜੋ ਬਜਟ ਸਾਡੀ ਸਰਕਾਰ ਨੇ ਪੇਸ਼ ਕੀਤਾ ਹੈ ਇਸ ਵਿੱਚ ਕਾਫੀ ਸ਼ੰਕੇ ਕਾਮਰੇਡ ਹਰਦੇਵ ਅਰਸ਼ੀ ਜੀ ਨੇ ਜ਼ਾਹਿਰ ਕੀਤੇ ਹਨ । ਉਨ੍ਹਾਂ ਨੇ ਆਪਣੀ ਸਪੀਚ ਵਿੱਚ ਦੱਸਿਆ ਹੈ ਕਿ ਜੋ ਬਜਟ ਪਹਿਲਾਂ ਪੇਸ਼ ਹੁੰਦੇ ਸਨ, ਜੋ ਅਨੁਮਾਨ ਪੇਸ਼ ਕੀਤੇ ਜਾਂਦੇ ਹਨ, ਅਕਚੂਅਲੀ ਉਸ ਵਿੱਚ ਕਿਸ ਤਰ੍ਹਾਂ ਕੱਟ ਲੱਗਦੀ ਰਹੀ ਹੈ । ਮਗਰ ਜੋ ਸਾਡੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਆਪਣੀ ਪਾਲਿਸੀ ਅਨੁਸਾਰ ਜੋ ਪੰਜਾਬ ਦੀਆਂ ਸੰਗਤਾਂ ਦੇ ਵਿੱਚ

ਅਨਾਊਂਸਮੈਂਟਸ ਕੀਤੀਆਂ ਹਨ, ਪਾਰਦਰਸ਼ੀ ਹਕੂਮਤ ਦੇਣ ਦੀਆਂ, ਟਰਾਂਸਪੇਰੈਂਸੀ ਦੀਆਂ ਉਹ ਬੜਾ ਕਲੀਅਰ ਕੱਟ ਹੈ ਕਿ ਕਿਤੇ ਵੀ ਕੋਈ ਬਜਟ ਦੇ ਵਿੱਚ ਕੱਟ ਨਹੀਂ ਲੱਗੇਗੀ। ਚੇਅਰਮੈਨ ਸਾਹਿਬ, ਮੈਨੂੰ ਯਾਦ ਹੈ ਸੰਨ 1994 ਵਿਚ ਜਿਸ ਵੇਲੇ ਬਜਟ ਪੇਸ਼ ਕੀਤਾ ਗਿਆ ਉਸ ਵੇਲੇ ਸਾਡੇ ਇਥੇ ਸਦਨ ਦੇ ਅੰਦਰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਵੀ ਆਏ ਸਨ। ਉਨ੍ਹਾਂ ਨੇ ਪੰਜਾਬ ਕੇਸਰੀ ਦੇ ਫੰਕਸ਼ਨ ਵਿੱਚ ਕਿਹਾ ਸੀ ਕਿ ਸਾਡੀ ਸਟੇਟ ਦਾ ਏਨਾ ਵੱਡਾ ਏਰੀਆ ਹੈ ਔਰ ਅਸੀਂ ਤੇਰਾਂ ਚੌਦਾਂ ਸੌ ਕਰੋੜ ਰੁਪਏ ਤੋਂ ਵੱਧ ਦਾ ਬਜਟ ਪੇਸ਼ ਨਹੀਂ ਕਰਦੇ। ਮਗਰ ਪੰਜਾਬ ਨੇ ਇੰਨਾ ਛੋਟਾ ਹੋਣ ਦੇ ਬਾਵਜੂਦ ਵੀ 1450 ਕਰੋੜ ਰੁਪਏ/ ਦਾ ਬਜਟ ਪੇਸ਼ ਕੀਤਾ ਹੈ। ਅੱਜ ਉਹੀ ਬਜਟ ਵਧਦਾ ਵਧਦਾ ਸ਼ਰੋਮਣੀ ਅਕਾਲੀ ਦਲ ਔਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ 2100 ਕਰੋੜ ਰੁਪਏ ਦਾ ਪੇਸ਼ ਕੀਤਾ ਹੈ। ਇਸ ਵਿੱਚ ਕਿਸੇ ਪ੍ਰਕਾਰ ਦਾ ਕਿਸੇ ਸਟੇਜ ਤੇ ਬਾਅਦ ਵਿੱਚ ਕੋਈ ਕੱਟ ਨਹੀਂ ਲੱਗੇਗਾ। ਅਸੀਂ ਜਨਤਾ ਦੇ ਨਾਲ ਜੋ ਵਾਅਦੇ ਕਰਕੇ ਆਏ ਹਾਂ ਉਨ੍ਹਾਂ ਤੇ ਅਸੀਂ ਪੂਰੇ ਉਤਰਾਂਗੇ। ਸੱਭ ਤੋਂ ਵੱਡੀ ਚੀਜ਼ ਜੋ ਅਸੀਂ ਆਪਣੇ ਚੋਣ ਮੈਨੀਫੈਸਟੋ ਦੇ ਵਿੱਚ ਆਪਣੇ ਕਿਸਾਨਾਂ ਨੂੰ ਬਿਜਲੀ ਫਰੀ ਦੇਣ ਬਾਰੇ ਵਾਅਦਾ ਕੀਤਾ ਸੀ, ਉਸ ਵਿੱਚ ਇਹ ਬਿਲਕੁਲ ਨਹੀਂ ਅਸੀਂ ਸੋਚਿਆ ਕਿ ਅਸੀਂ ਮੀਟਿੰਗਾਂ ਕਰਾਂਗੇ ਸਗੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਆਪਣੀ ਪਹਿਲੀ ਕੈਬਨਿਟ ਮੀਟਿੰਗ ਵਿੱਚ ਜੋ ਵਾਅਦੇ ਕੀਤੇ ਸਨ ਉਨ੍ਹਾਂ ਨੂੰ ਪੂਰਾ ਕੀਤਾ ਭਾਵੇਂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਪੰਜਾਬ ਦੇ ਵਿੱਚ ਬਿਜਲੀ ਸਾਡੇ ਕੋਲ ਘੱਟ ਹੈ ਪਰ ਜਿਸ ਤੇਜ਼ੀ ਨਾਲ ਐਫਰਟਸ ਸਾਡੇ ਸੀ. ਐਮ. ਸਾਹਿਬ ਕਰ ਰਹੇ ਹਨ ਔਰ ਜੋ ਸਿੰਸੀਅਰਨੈਸ ਬਾਦਲ ਸਾਹਿਬ ਨੇ ਦਿਖਾਈ ਹੈ ਉਹ ਕਿਸੇ ਹੋਰ ਵਿੱਚ ਬਿਲਕੁਲ ਵੀ ਨਹੀਂ। ਇਹ ਆਪਣੇ ਆਪ ਵਿੱਚ ਇਕ ਜੀਂਦਾ ਜਾਗਦਾ ਪ੍ਰਮਾਣ ਹੈ। ਇਸੇ ਵਿਧਾਨ ਸਭਾ ਦੇ ਅੰਦਰ ਸਾਡੇ ਮਰਹੂਮ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਲੋਕਾਂ ਦੇ ਨਾਲ ਵਾਅਦਾ ਕੀਤਾ ਸੀ ਕਿ ਮੈਂ ਪਹਿਲੀ ਪਾਤਸ਼ਾਹੀ ਦੇ ਗੁਰਪੁਰਬ ਦੇ ਮੌਕੇ ਤੇ ਥੀਨ ਡੈਮ ਦਾ ਉਦਘਾਟਨ ਕਰਾਂਗਾ। ਅੱਜ ਉਹ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਤੋਂ ਬਾਅਦ ਵੀ ਡੇਢ ਸਾਲ ਮਗਰੋਂ ਉਹ ਕੰਮ ਉਥੇ ਦਾ ਉਥੇ ਹੀ ਰਿਹਾ ਕਿਉਂਕਿ ਜੋ ਕਾਂਗਰਸ ਹਕੂਮਤ ਸੀ, ਉਸ ਵਕਤ ਦੀ ਹਕੂਮਤ ਸੀ ਉਹ ਕਦੇ ਵੀ ਪੰਜਾਬ ਦੇ ਲੋਕਾਂ ਪ੍ਰਤੀ ਸੀਰੀਅਸ ਨਹੀਂ ਸੀ। ਉਨ੍ਹਾਂ ਨੇ ਕਦੇ ਪੈਸਿਆਂ ਦਾ ਬੰਦੋਬਸਤ ਨਹੀਂ ਕੀਤਾ। ਸਿਰਫ ਇਸ ਪਿੱਛੇ ਹੀ ਲੱਗੇ ਰਹੇ ਕਿ ਕੁਰੱਪਸ਼ਨ ਕਿਥੋਂ ਕੀਤੀ ਜਾ ਸਕਦੀ ਹੈ। ਜਿਸ ਤਰ੍ਹਾਂ ਇਹ ਉਸ ਡੈਮ ਤੇ ਕੰਮ ਕਰ ਰਹੇ ਸਨ ਅਸੀਂ ਤਾਂ ਉਮੀਦ ਲਾਈ ਸੀ ਕਿ ਇਹ ਡੈਮ 2005 ਜਾਂ 2010 ਤੱਕ ਵੀ ਕੰਪਲੀਟ ਨਹੀਂ ਹੋ ਸਕੇਗਾ। ਪਰ ਜਿਸ ਸੋਚ ਤੇ ਵਿਚਾਰ ਨਾਲ ਸਾਡੇ ਮੁੱਖ ਮੰਤਰੀ ਜੀ ਨੇ ਉਪਰਾਲੇ ਕੀਤੇ ਉਹ ਮੇਰੇ ਤੋਂ ਪਹਿਲਾਂ ਮੇਰੇ ਭਰਾਵਾਂ ਨੇ ਕਹੇ ਹਨ ਅਤੇ ਮੈਂ ਰੈਪੀਟੀਸ਼ਨ ਨਹੀਂ ਕਰਨਾ ਚਾਹੁੰਦਾ। 100 ਕਰੋੜ ਰੁਪਏ ਦੀ ਸੈਂਟਰਲ ਅਸਿਸਟੈਂਸ ਲੈ ਕੇ 784 ਕਰੋੜ ਰੁਪਏ ਲਗਾਏ ਗਏ ਹਨ। ਇਹ ਅੰਕੜੇ ਆਪਣੇ ਆਪ ਦੱਸਦੇ ਹਨ ਕਿ ਸਾਡੇ ਮੁੱਖ ਮੰਤਰੀ ਜੀ ਬਿਜਲੀ ਦੇ ਬਾਰੇ ਵਿੱਚ ਕਿੰਨੇ ਸੀਰੀਅਸ ਹਨ। ਬਿਜਲੀ ਇਕ ਐਸੀ ਚੀਜ਼ ਹੈ, ਜਿਹੜੀ ਕਿ ਸਾਨੂੰ ਜ਼ਰੂਰ ਮਿਲਣੀ ਚਾਹੀਦੀ ਹੈ। ਜੇਕਰ ਆਪਾਂ 50 ਸਾਲਾਂ ਦੀ ਹਿਸਟਰੀ ਲੈ ਲਈਏ, ਜਦੋਂ ਭਾਖੜਾ ਡੈਮ ਬਣਿਆ ਸੀ ਤਾਂ ਲਗਦਾ ਸੀ ਕਿ ਭਾਖੜੇ ਦੀ ਬੱਤੀ ਬਹੁਤ ਜ਼ਿਆਦਾ ਹੈ ਅਤੇ ਇਸ ਨੂੰ ਵਰਤਣ ਲਈ

[ਸ੍ਰੀ ਜਗਦੀਸ਼ ਸਿੰਘ ਸਾਹਨੀ]

ਹੀ ਉਥੇ ਫਰਟੇਲਾਈਜ਼ਰ ਦਾ ਕਾਰਖਾਨਾ ਲਗਾਇਆ ਗਿਆ ਸੀ । ਲੇਕਿਨ ਉਸ ਤੋਂ ਬਾਅਦ ਕਿਸੇ ਨੇ ਵੀ ਕੋਸ਼ਿਸ਼ ਨਹੀਂ ਕੀਤੀ ਕਿ ਬਿਜਲੀ ਹੋਰ ਪੈਦਾ ਕੀਤੀ ਜਾਵੇ । ਜੇਕਰ ਦੂਸਰਿਆਂ ਤਰੀਕਿਆਂ ਜਿਵੇਂ ਕੋਇਲੇ ਨਾਲ ਬਿਜਲੀ ਬਣਾਉਣੀ ਸ਼ੁਰੂ ਕੀਤੀ ਤਾਂ ਕਦੀ ਕੋਇਲਾ ਨਹੀਂ, ਕਦੇ ਕੁਝ ਨਹੀਂ ਅਤੇ ਕਦੇ ਕੁਝ ਨਹੀਂ । ਚੇਅਰਮੈਨ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਸਰਦਾਰ ਹਰਚਰਨ ਸਿੰਘ ਬਰਾੜ ਦੀ ਮਨਿਸਟਰੀ ਵੇਲੇ ਕੋਇਲੇ ਦੀਆਂ ਵੈਗਨਾਂ ਆਉਂਦੀਆਂ ਸਨ ਪਰ ਦੂਸਰੇ ਦਿਨ ਵਾਸਤੇ ਵੈਗਨਾਂ ਨਹੀਂ ਸਨ ਹੁੰਦੀਆਂ । ਪੰਜਾਬ ਦੀ ਇਨ੍ਹਾਂ ਨੇ ਬੁਰੀ ਹਾਲਤ ਕਰ ਦਿੱਤੀ ਸੀ । ਸਾਡੀ ਸਰਕਾਰ ਬੜੀ ਸੋਚ ਸਮਝ ਦੇ ਨਾਲ ਇਸ ਪਾਸੇ ਵੱਲ ਉਪਰਾਲੇ ਕਰ ਰਹੀ ਹੈ (ਸ਼ੋਰ . . . ਵਿਘਨ)

ਸ੍ਰੀ ਰਮੇਸ਼ ਚੰਦਰ ਡੋਗਰਾ (ਬੈਠੇ ਬੈਠੇ): ਇਹ ਲੋਕਾਂ ਕੋਲੋਂ ਪੁੱਛੋ ਕਿ ਪੰਜਾਬ ਦੀ ਹਾਲਤ ਕਿਸ ਨੇ ਬੁਰੀ ਕੀਤੀ ।

ਸ੍ਰੀ ਜਗਦੀਸ਼ ਸਾਹਨੀ: ਡੋਗਰਾ ਸਾਹਿਬ, ਅਸੀਂ ਕੋਈ ਹਾਂਗਕਾਂਗ ਤੋਂ ਨਹੀਂ ਆਏ । ਅਸੀਂ ਲੋਕਾਂ ਦੇ ਵਿਚ ਹੀ ਰਹਿੰਦੇ ਹਾਂ ਅਤੇ ਲੋਕਾਂ ਦੇ ਵਿਚੋਂ ਹੀ ਆਏ ਹਾਂ ਜਿਹੜਾ ਸਾਨੂੰ ਪਤਾ ਨਾ ਹੋਵੇ ਕਿ ਕੌਣ ਬੁਰੀ ਹਾਲਤ ਕਰ ਰਿਹਾ ਹੈ ਅਤੇ ਕੌਣ ਪੰਜਾਬ ਦੀ ਨੁਮਾਇੰਦਗੀ ਕਰ ਰਿਹਾ ਹੈ । ਜੇਕਰ ਬਟਾਲੇ ਵਿੱਚ ਕੱਟ ਹੈ ਤਾਂ ਇਹ ਨਹੀਂ ਕਿ ਜਗਦੀਸ਼ ਸਾਹਨੀ ਤੇ ਕੱਟ ਨਹੀਂ ਹੈ । ਜਗਦੀਸ਼ ਸਾਹਨੀ ਤੇ ਉਤਨੀ ਹੀ ਕੱਟ ਹੋਵੇਗੀ ਜਿਤਨੀ ਕਿ ਦੂਸਰੇ ਲੋਕਾਂ ਤੇ । ਇਹੋ ਜਿਹਾ ਕਾਂਗਰਸ ਸਰਕਾਰ ਵੇਲੇ ਤਾਂ ਹੁੰਦਾ ਰਿਹਾ ਹੋਵੇਗਾ ਪਰ ਇਸ ਸਰਕਾਰ ਵਿੱਚ ਨਹੀਂ । ਜਦੋਂ ਕੱਟ ਹੈ ਤਾਂ ਸਾਰਿਆਂ ਲਈ ਕੱਟ ਹੈ ਅਤੇ ਜਦੋਂ ਬੱਤੀ ਹੈ ਤਾਂ ਸਾਰਿਆਂ ਲਈ ਬੱਤੀ ਹੈ ।

ਚੇਅਰਮੈਨ ਸਾਹਿਬ, ਜਿਹੜਾ 468 ਕਰੋੜ ਰੁਪਏ ਵਿਚੋਂ ਸਾਨੂੰ ਸੈਂਟਰਲ ਸਰਕਾਰ ਨੇ ਕਿਹਾ ਹੈ ਕਿ 225 ਕਰੋੜ ਰੁਪਏ ਦੇ ਟੈਕਸ ਜਾਂ ਰਿਸੋਰਸਿਜ਼ ਪੈਦਾ ਕਰਨ ਨਾਲ ਤੁਹਾਨੂੰ ਹੋਰ ਅਸਿਸਟੈਂਸ ਅਤੇ ਸਭ ਕੁਝ ਮਿਲੇਗਾ । ਪਰ ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਮਾਲੀ ਹਾਲਾਤ ਸੁਧਰ ਨਹੀਂ ਸਕਦੇ । ਸਰਦਾਰ ਬੇਅੰਤ ਸਿੰਘ ਨੇ ਇਕ ਵਾਰ ਉਪਰਾਲੇ ਸ਼ੁਰੂ ਕੀਤੇ ਸਨ, ਇਸ ਵਿਚ ਕੋਈ ਸ਼ੱਕ ਨਹੀਂ । ਉਨ੍ਹਾਂ ਨੇ ਬਹੁਤ ਵੱਡੇ ਉਪਰਾਲੇ ਕਰਕੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਨਰਸਿਮਹਾ ਰਾਓ ਜੀ ਨੂੰ ਇਥੇ ਬੁਲਾਇਆ ਸੀ ਅਤੇ ਸੁਝਾਓ ਦਿੱਤਾ ਸੀ ਕਿ ਪੰਜਾਬ ਨੇ ਸਾਰੇ ਮੁਲਕ ਦੀ ਲੜਾਈ ਲੜੀ ਹੈ ਅਤੇ ਇਸ ਅੱਤਵਾਦ ਦੇ ਖਿਲਾਫ ਲੜਾਈ ਲੜਦਿਆਂ ਜਿਹੜਾ ਖਰਚ ਹੋਇਆ ਹੈ ਉਸ ਤੋਂ ਪੰਜਾਬ ਨੂੰ ਮੁਆਫੀ ਦਿੱਤੀ ਜਾਵੇ । ਉਥੇ ਬੋਲਦਿਆਂ ਮੇਰੇ ਭਾਈ ਸਾਹਿਬ ਨੇ ਕਿਹਾ ਕਿ ਮੁਆਫ ਕੀਤਾ ਜਾਂਦਾ ਹੈ ਪਰ ਕੁਝ ਵੀ ਮੁਆਫ ਨਹੀਂ ਸੀ ਹੋਇਆ ਸਗੋਂ ਸਾਡੀ ਹਰ ਕਿਸ਼ਤ ਡੈਫਰ ਹੋਈ ਹੈ । ਸਰਦਾਰ ਬੇਅੰਤ ਸਿੰਘ ਦੇ ਬਿਆਨ ਕਿੰਨੀ ਵਾਰ ਆਏ ਹਨ ਕਿ ਮੁਆਫ ਹੋ ਗਿਆ ਹੈ, ਮੁਆਫ ਹੋ ਗਿਆ ਹੈ । ਪਰ ਅੱਜ ਉਹ ਕਰਜ਼ਾ ਸਾਡੇ ਸਾਹਮਣੇ ਬਘਿਆੜ ਦੀ ਤਰ੍ਹਾਂ ਮੂੰਹ ਖੋਲ੍ਹੀ ਖੜਾ ਹੈ । ਇਹ ਪੰਜਾਬ ਲਈ ਇਕ ਬਹੁਤ ਵੱਡੀ ਰੁਕਾਵਟ ਹੈ ਕਿਉਂਕਿ ਇਕ ਛੋਟੀ ਜਿਹੀ ਸਟੇਟ ਵਾਸਤੇ ਇਹ ਬਹੁਤ ਵੱਡੀ ਕਰਜ਼ੇ ਦੀ ਰਕਮ ਹੈ ।

ਐਗਰੀਕਲਚਰ ਦੀ ਗੱਲ ਲੈ ਲਓ । ਐਗਰੀਕਲਚਰ ਦੀਆਂ ਜਿਣਸਾਂ ਦੇ ਭਾਅ ਸੈਂਟਰਲ ਗੌਰਮਿੰਟ ਮਿਥਦੀ ਹੈ । ਕੇਂਦਰ ਦੀ ਕਾਂਗਰਸ ਸਰਕਾਰ ਕਦੇ ਵੀ ਪੰਜਾਬ ਵਾਸਤੇ ਸਿੰਸੀਅਰ ਨਹੀਂ ਰਹੀ ਹੈ । ਇਤਿਹਾਸ ਗਵਾਹ ਹੈ ਕਿ ਜਦੋਂ ਵੀ ਅਕਾਲੀ ਹਕੂਮਤ ਆਈ ਤਾਂ ਹਰ ਵਾਰ ਇਸ ਨੂੰ 356 ਦੀ ਧਾਰਾ ਲਗਾ ਕੇ ਤੋੜਿਆ ਗਿਆ । ਕਿਉਂ ਤੋੜਿਆ ਗਿਆ, ਕਿਉਂਕਿ ਉਹ ਲੋਕਾਂ ਦੀ ਸਹੀ ਨੁਮਾਇੰਦਗੀ ਕਰਦੀ ਸੀ ਅਤੇ ਕਾਂਗਰਸ ਵਾਲੇ ਗੱਦੀ ਤੋਂ ਬਿਨਾਂ ਰਹਿ ਨਹੀਂ ਸਨ ਸਕਦੇ । ਅਖੇ, ਆਟਾ ਗੁੰਨਦੀ ਹਿੱਲਦੀ ਕਿਉਂ ਹੈ । ਜਦੋਂ ਵੀ ਅਕਾਲੀ ਮਾੜਾ ਜਿਹਾ ਹਿੱਲੇ ਤਾਂ ਇਨ੍ਹਾਂ ਦੀ ਹਕੂਮਤ ਤੋੜ ਦਿੱਤੀ ਜਾਂਦੀ ਰਹੀ । ਅੱਜ ਜਿਹੜੀ ਯੂਨਾਈਟਡ ਫਰੰਟ ਦੀ ਗੌਰਮਿੰਟ ਹੈ, ਉਹ ਵੀ ਪੰਜਾਬ ਪ੍ਰਤੀ ਸੀਰੀਅਸ ਨਹੀਂ ਹੈ । ਸਾਡੇ ਪੰਜਾਬ ਦੀ ਕਣਕ ਦਾ ਭਾਅ ਕਦੇ 380 ਰੁਪਏ ਪ੍ਰਤੀ ਕੁਇੰਟਲ ਮਿੱਥਿਆ ਅਤੇ ਫਿਰ 415 ਰੁਪਏ ਪ੍ਰਤੀ ਕੁਇੰਟਲ ਮਿਥਿਆ । ਅੱਜ ਵੀ ਸਾਡੇ ਮੁੱਖ ਮੰਤਰੀ ਜੀ ਉਪਰਾਲੇ ਕਰ ਰਹੇ ਹਨ ਕਿ ਇਸ ਰੇਟ ਨਾਲ ਪੂਰੀ ਨਹੀਂ ਪੈਂਦੀ ਕਿਉਂਕਿ ਬਾਹਰਲੀਆਂ ਸਟੇਟਾਂ ਵਿਚ ਅੱਜ ਵੀ ਕਣਕ 600 ਰੁਪਏ ਨੂੰ ਵਿਕ ਰਹੀ ਹੈ ਪਰ ਸਾਡੇ ਤੇ ਬਾਹਰ ਲਿਜਾਣ ਤੇ ਬੈਨ ਲੱਗਾ ਹੋਇਆ ਹੈ ਕਿਉਂਕਿ ਸੈਂਟਰ ਨਹੀਂ ਚਾਹੁੰਦਾ ਕਿ ਪੰਜਾਬ ਸੂਬਾ ਤਰੱਕੀ ਕਰਕੇ, ਪੰਜਾਬ ਦਾ ਕਿਸਾਨ ਮੁਕਾਬਲੇ ਵਿਚ ਅੱਗੇ ਆਵੇ । ਪੰਜਾਬ ਉਤੇ ਕਾਂਗਰਸ ਸਰਕਾਰ ਵੱਲੋਂ ਜੇਕਰ ਅੱਤਵਾਦ ਦਾ ਦੌਰ ਨਾ ਲਿਆਇਆ ਹੁੰਦਾ ਤਾਂ ਪੰਜਾਬ ਵੱਲ ਸੰਸਾਰ ਦੇ ਹਰ ਮੁਲਕ ਨੇ ਮੂੰਹ ਅੱਡ ਕੇ ਵੇਖਣਾ ਸੀ ਕਿ ਪੰਜਾਬ ਕਿਥੇ ਪਹੁੰਚ ਗਿਆ ਹੈ ਅਤੇ ਕਿੰਨੀ ਤਰੱਕੀ ਕਰ ਗਿਆ ਹੈ । ਇਸ ਦੀ ਤਰੱਕੀ ਵਿਚ ਘਾਟਾ ਪਿਆ ਹੈ ਕਿਉਂਕਿ ਇਸ ਨੂੰ ਨਜ਼ਰ ਲੱਗ ਗਈ ਅੱਤਵਾਦ ਦੇ ਰੂਪ ਵਿਚ ਔਰ ਦੂਸਰੀਆਂ ਜੋ ਨਜ਼ਰਾਂ ਲੱਗੀਆਂ ਸਾਡੀਆਂ ਫਸਲਾਂ ਦੇ ਘੱਟ ਮੁੱਲ ਫਿਕਸ ਕਰਕੇ । ਇਸ ਦੇ ਨਾਲ ਇਕਾਨਮੀ ਕਿੰਨੀ ਘੱਟ ਜਾਂਦੀ ਹੈ, ਇਕ ਇਕ ਫਿਗਰ ਦੱਸਦੀ ਹੈ ਅਤੇ ਸੈਂਟਰ ਦੇ ਫੂਡ ਸਪਲਾਈ ਦੇ ਮਨਿਸਟਰ ਦਾ ਇਕ ਇਕ ਬਿਆਨ ਦੱਸਦਾ ਹੈ । ਅੱਜ ਦੀ ਜੋ ਸੈਂਟਰ ਦੀ ਸਰਕਾਰ ਹੈ, ਉਸ ਨੇ ਕਣਕ ਦੀ ਖਰੀਦ ਲਈ 45% ਐਡਵਾਂਸਿਜ਼ ਰੱਖੇ ਹਨ ਜਦਕਿ ਦੂਸਰੀਆਂ ਚੀਜ਼ਾਂ ਦੀ ਖਰੀਦ ਲਈ 60% ਤੱਕ ਐਡਵਾਂਸਿਜ਼ ਮਿਲ ਸਕਦੇ ਹਨ । ਇਹ ਐਡਵਾਂਸਿਜ਼ ਇਸ ਕਰਕੇ ਘੱਟ ਰੱਖੇ ਗਏ ਹਨ ਕਿਉਂਕਿ ਕਣਕ ਪੰਜਾਬੀਆਂ ਦੀ ਹੈ ਅਤੇ ਪੰਜਾਬੀਆਂ ਨੂੰ ਥੱਲੇ ਲਗਾਉਣਾ ਹੈ । ਇਸ ਲਈ ਆਰ.ਬੀ.ਆਈ. ਨੇ ਆਰਡਰ ਕੀਤਾ ਹੈ ਅਤੇ ਇਹ ਸੈਂਟਰ ਦੀ ਸਰਕਾਰ ਦੇ ਕਹਿਣ ਤੇ ਹੀ ਆਰ.ਬੀ.ਆਈ. ਨੇ ਆਰਡਰ ਕੀਤੇ ਹਨ । ਇਸ ਦੇ ਮੁਤਾਬਿਕ ਕੌਣ ਕਹਿ ਸਕਦਾ ਹੈ ਕਿ ਸੈਂਟਰ ਦੀ ਸਰਕਾਰ ਸਾਡੇ ਨਾਲ ਹੈ । ਇਹ ਤੁਹਾਡੇ ਸਾਹਮਣੇ ਹੈ ਕਿ ਜੋ ਸਟਾਕ ਅਸੀਂ ਕਰਨਾ ਹੈ ਉਸ ਤੇ ਸਾਨੂੰ 45% ਐਡਵਾਂਸਿਜ਼ ਆਰ.ਬੀ.ਆਈ. ਦੀਆਂ ਹਦਾਇਤਾਂ ਮੁਤਾਬਿਕ ਮਿਲ ਸਕਦੇ ਹਨ ਤਾਂ ਕਿ ਪੰਜਾਬੀ ਅੱਗੇ ਨਾ ਵੱਧ ਸਕਣ । ਚੇਅਰਮੈਨ ਸਾਹਿਬ, ਮੈਂ ਪਿਛਲੀ ਸਰਕਾਰ ਦੀ ਕਾਰਵਾਈ ਦੱਸਦਾ ਹਾਂ, ਪਿਛਲੀ ਸਰਕਾਰ ਨੇ ਬਹੁਤ ਸਾਰੇ ਸਕੂਲ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਕੀਤੇ ਪਰ ਚੇਅਰਮੈਨ ਸਾਹਿਬ, ਸਿਰਫ ਬੋਰਡ ਹੀ ਬਦਲੇ ਗਏ ਅਤੇ ਉਥੇ ਸਟਾਫ ਨਹੀਂ ਬਦਲਿਆ ਗਿਆ । ਜੋ ਉਨ੍ਹਾਂ ਦੇ ਐਮ.ਐਲ.ਏ. ਬੈਠੇ ਹਨ ਉਨ੍ਹਾਂ ਦੀ ਚੀਖ-ਪੁਕਾਰ ਸੀ ਕਿ ਸਕੂਲਾਂ ਵਿਚ ਟੀਚਰ ਪੂਰੇ ਨਹੀਂ ਹਨ, ਜਿਥੇ ਟੀਚਰ ਹਨ ਉਥੇ ਸਕੂਲ ਦੀ ਬਿਲਡਿੰਗ ਨਹੀਂ, ਜਿਥੇ ਬਿਲਡਿੰਗ ਹੈ ਉਥੇ ਟੀਚਰ

[ਸ਼੍ਰੀ ਜਗਦੀਸ਼ ਸਾਹਨੀ]

ਨਹੀਂ ਅਤੇ ਜਿਥੇ ਟੀਚਰ ਅਤੇ ਸਕੂਲ ਦੀ ਬਿਲਡਿੰਗ ਹੁੰਦੇ ਹਨ, ਉਥੇ ਬੱਚੇ ਨਹੀਂ ਹਨ। ਪਰ ਸਾਡੀ ਸਰਕਾਰ ਨੇ ਜੋ ਸਕੂਲ ਅੱਪ ਗਰੇਡ ਕੀਤੇ ਹਨ ਉਹ ਬੜੇ ਸੋਚ ਸਮਝ ਕੇ ਕੀਤੇ ਹਨ। ਮੇਰੇ ਜੋ ਵੀਰ ਇਥੇ ਕਹਿੰਦੇ ਹਨ ਕਿ ਕੋਈ ਉਪਰਾਲਾ ਨਹੀਂ ਕੀਤਾ ਗਿਆ, ਉਨ੍ਹਾਂ ਨੇ ਸ਼ਾਇਦ ਬਜਟ ਸਪੀਚ ਨਹੀਂ ਸੁਣੀ ਅਤੇ ਬਾਦਲ ਸਾਹਿਬ ਦੀ ਸਪੀਚ ਨੂੰ ਨਹੀਂ ਸੁਣਿਆ। ਬਾਦਲ ਸਾਹਿਬ ਨੇ ਆਦਰਸ਼ ਸਕੂਲ ਬਣਾਉਣ ਬਾਰੇ ਕਿਹਾ ਹੈ ਕਿ ਹਰ ਬਲਾਕ ਵਿਚ ਮਾਡਲ ਸਕੂਲ ਖੋਲ੍ਹੇ ਜਾਣਗੇ ਅਤੇ ਦੋ-ਦੋ ਕਰੋੜ ਰੁਪਏ ਖਰਚ ਕਰ ਕੇ ਇਹ ਸਕੂਲ ਖੋਲ੍ਹੇ ਜਾਣਗੇ ਅਤੇ ਇਹ ਸਕੂਲ ਇਕ ਮਿਸਾਲ ਹੋਣਗੇ। ਇਕ ਇਕ ਸਕੂਲ ਤੇ ਦੋ-ਦੋ ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਜਾਵੇਗੀ। ਇਹ ਬਹੁਤ ਵੱਡਾ ਇਸ ਸਰਕਾਰ ਦਾ ਉਪਰਾਲਾ ਹੈ।

ਇਰੀਗੇਸ਼ਨ ਲਈ ਜੋ ਇਸ ਸਾਲ ਪ੍ਰੋਵੀਜ਼ਨ ਕੀਤੀ ਗਈ ਹੈ ਇਹ ਪਿਛਲੇ ਸਾਲ ਦੇ ਬਜਟ ਨਾਲੋਂ 36% ਜ਼ਿਆਦਾ ਰੱਖੀ ਗਈ ਹੈ। ਪਿਛਲੇ ਸਾਲ 1996-97 ਵਿਚ ਇਸ ਮੱਦ ਲਈ 171.12 ਕਰੋੜ ਰੁਪਏ ਕਾਂਗਰਸ ਸਰਕਾਰ ਨੇ ਰੱਖੇ ਸੀ। ਐਤਕੀਂ ਇਸ ਸਰਕਾਰ ਨੇ 231.96 ਕਰੋੜ ਰੁਪਏ ਰੱਖੇ ਹਨ। ਇਸ ਦੇ ਨਾਲ 41,152 ਹੈਕਟੇਅਰ ਜ਼ਮੀਨ ਮੀਡੀਅਮ ਅਤੇ ਸਮਾਲ ਇਰੀਗੇਸ਼ਨ ਨਾਲ ਕਵਰ ਕਰਨੀ ਹੈ। ਚੇਅਰਮੈਨ ਸਾਹਿਬ, ਮੈਂ ਇਕ ਬਹੁਤ ਜ਼ਰੂਰੀ ਗੱਲ ਦੱਸਣੀ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਵੇਲੇ ਸਾਡੇ ਮਰਹੂਮ ਮੰਤਰੀ ਸਰਦਾਰ ਦਿਲਬਾਗ ਸਿੰਘ ਜੀ ਇਜ਼ਰਾਇਲ ਡ੍ਰਿੱਪ-ਸਿਸਟਮ ਵੇਖਣ ਗਏ ਸਨ। ਉਨ੍ਹਾਂ ਨੇ ਇਥੇ ਆ ਕੇ ਹਾਊਸ ਵਿਚ ਬੜਾ ਕੁਝ ਕਿਹਾ ਕਿ ਇਹ ਹੋਵੇਗਾ ਓਹ ਹੋਵੇਗਾ ਪਰ ਉਨ੍ਹਾਂ ਨੇ ਡ੍ਰਿੱਪ ਸਿਸਟਮ ਦੇ ਪ੍ਰੇਖਣ ਲਈ ਕਿਧਰੇ ਵੀ ਕੋਈ ਉਪਰਾਲਾ ਨਹੀਂ ਕੀਤਾ। ਚੇਅਰਮੈਨ ਸਾਹਿਬ, ਉਸ ਸਮੇਂ ਇਸ ਮੰਤਵ ਲਈ ਕਾਫੀ ਪੈਸਾ ਖਰਚ ਕੀਤਾ ਗਿਆ। ਪਰ ਡ੍ਰਿੱਪ-ਸਿਸਟਮ ਚਾਲੂ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ। ਪਰੰਤੂ ਹੁਣ ਸਾਡੀ ਸਰਕਾਰ ਨੇ ਪਿਛਲੇ ਸਾਲ ਦੇ ਬਜਟ ਨਾਲੋਂ 36% ਜ਼ਿਆਦਾ ਬਜਟ ਰੱਖਿਆ ਹੈ ਅਤੇ 41,152 ਹੈਕਟੇਅਰ ਜ਼ਮੀਨ ਜਿਹੜੀ ਕਿ 100% ਅਸੀਂ ਕਲਟੀਵੇਸ਼ਨ ਵਿਚ ਲਿਆਉਣੀ ਹੈ, ਇਹ ਉਪਰਾਲਾ ਸਾਡੀ ਇਹ ਸਰਕਾਰ ਹੀ ਕਰ ਸਕਦੀ ਹੈ।

ਚੇਅਰਮੈਨ ਸਾਹਿਬ, ਰੂਰਲ ਡਿਵੈਲਪਮੈਂਟ ਵਾਸਤੇ 381 ਕਰੋੜ ਰੁਪਏ ਦਾ ਟੀਚਾ ਰੱਖਿਆ ਗਿਆ ਹੈ। ਜਦਕਿ ਪਿਛਲੀ ਵਾਰ ਇਹ 297.69 ਕਰੋੜ ਸੀ। ਪਿਛਲੇ ਪੰਜ ਸਾਲਾਂ ਵਿਚ ਅਸੀਂ ਆਪੋਜ਼ੀਸ਼ਨ ਬੈਂਚਾਂ ਤੇ ਬੈਠ ਕੇ ਕਾਫੀ ਕੁਝ ਸੁਣਦੇ ਰਹੇ ਹਾਂ। ਹੁਣ ਕਾਫੀ ਪੈਸਾ ਖਰਚ ਕੇ ਪਿੰਡਾਂ ਦੀ ਡਿਵੈਲਪਮੈਂਟ ਕੀਤੀ ਜਾਵੇਗੀ। ਮੈਂ ਇੱਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਸੈਂਟਰਲ ਅਸਿਸਟੈਂਸ ਸਕੀਮ ਆਉਂਦੀ ਹੈ। ਪੈਸੇ ਐਲੋਕੇਟ ਹੁੰਦੇ ਹਨ। ਪੰਜਾਬ ਵਿਚ ਆਤੰਕਵਾਦ ਪੀੜਤ ਮੇਨ ਡਿਸਟ੍ਰਿਕਟ ਗੁਰਦਾਸਪੁਰ, ਫਿਰੋਜ਼ਪੁਰ ਅਤੇ ਅੰਮ੍ਰਿਤਸਰ ਹਨ। ਇਸ ਕਰਕੇ ਸੈਂਟਰ ਗਰਾਂਟ ਜੇ. ਆਰ. ਵਾਈ. ਦੇ ਤਹਿਤ 16 ਕਰੋੜ ਰੁਪਿਆ ਭੇਜਿਆ ਗਿਆ। ਅੱਜ ਕਾਂਗਰਸੀ ਮੁੱਕਰਨਗੇ ਪਰ ਇਨ੍ਹਾਂ ਦੇ ਮੰਤਰੀ ਨੇ ਉਸ ਵਿੱਚ 15 ਤੋਂ 20 ਪਰਸੈਂਟ ਕਮਿਸ਼ਨ ਲਈ। ਚੰਡੀਗੜ੍ਹ ਵਿਚ ਬੈਠ ਕੇ ਕਮਿਸ਼ਨ ਲਈ। ਅੱਜ ਇਹ ਗੱਲਾਂ ਕਰਦੇ ਹਨ। ਅੱਜ ਸਰਪੰਚ ਸਾਡੇ ਡਿਵੈਲਪਮੈਂਟ ਮਨਿਸਟਰ ਕੋਲ

ਆਉਂਦੇ ਹਨ ਅਤੇ ਕਹਿੰਦੇ ਹਨ ਕਿ ਫਲਾਣੇ ਨੇ ਬੇਈਮਾਨੀ ਕੀਤੀ, ਫਲਾਣੇ ਨੇ ਬੇਈਮਾਨੀ ਕੀਤੀ । 20-20 ਪਰਸੈਂਟ ਦਾ ਕੋਟਾ ਰੱਖਿਆ ਗਿਆ ਸੀ । ਜੋ 100 ਰੁਪਏ ਦਿੰਦੇ ਸਨ ਤਾਂ ਉਸ ਵਿਚੋਂ ਮੁਸ਼ਕਲ ਨਾਲ 70 ਰੁਪਏ ਹੀ ਪਹੁੰਚਦੇ ਸਨ । ਮੈਂ ਇਕ ਇਨੈਂਸਟਾਂਸ ਸੁਣਾਉਂਦਾ ਹਾਂ । ਸਾਡੇ ਬਲਾਕ ਸੰਮਤੀ ਦੇ ਚੇਅਰਮੈਨ ਜੋ ਬਟਾਲੇ ਦੇ ਹਨ, ਉਨ੍ਹਾਂ ਨੇ 15 ਲੱਖ ਰੁਪਿਆ ਜੇ.ਆਰ.ਵਾਈ. ਸਕੀਮ ਦੇ ਤਹਿਤ ਲਿਆ । ਅੱਜ ਐਡੀਸ਼ਨਲ ਡਿਪਟੀ ਕਮਿਸ਼ਨਰ ਨੇ ਰਿਪੋਰਟ ਦਿੱਤੀ ਹੈ ਅੌਰ ਇਨਕੁਆਰੀ ਤੋਂ ਪਤਾ ਲੱਗਾ ਕਿ 15 ਲੱਖ ਰੁਪਏ ਵਿਚੋਂ 9 ਲੱਖ 30 ਹਜ਼ਾਰ ਕਾਂਗਰਸੀ ਭਰਾ ਛੱਕ ਗਏ । ਇਸ ਤੋਂ ਇਲਾਵਾ ਮਿਊਂਸਿਪਲ ਕਮੇਟੀਆਂ ਵਾਸਤੇ, ਸ਼ਹਿਰੀ ਵਿਕਾਸ ਵਾਸਤੇ ਵੀ ਪੈਸੇ ਰੱਖੇ ਗਏ ਸਨ । ਪਹਿਲੀਆਂ ਕਾਂਗਰਸੀ ਸਰਕਾਰਾਂ ਨੇ ਵੀ ਸ਼ਹਿਰੀ ਵਿਕਾਸ ਵਾਸਤੇ ਪੈਸੇ ਰੱਖੇ ਸਨ । ਬਟਾਲਾ ਸ਼ਹਿਰ ਵਾਸਤੇ ਵੀ ਰੱਖੇ ਪਰ ਉਥੋਂ ਦਾ ਇਕ ਕਾਂਗਰਸੀ ਪ੍ਰਧਾਨ ਜੋ ਆਪਣੇ ਆਪ ਨੂੰ ਬੇਅੰਤ ਸਿੰਘ ਦਾ ਪੁੱਤ ਕਹਾਉਂਦਾ ਸੀ, ਉਸ ਨੇ ਪੈਸੇ ਖਾਧੇ । ਉਹ ਸਾਰਾ ਬਟਾਲਾ ਸ਼ਹਿਰ ਹੀ ਖਾ ਗਿਆ । ਮੈਂ ਉਪਰਾਲਾ ਕਰ ਕੇ ਜਿਹੜਾ ਇਕ ਕਰੋੜ ਸੱਤ ਲੱਖ ਰੁਪਿਆ ਦਿਵਾਇਆ ਸੀ, ਅੱਜ ਤੱਕ ਉਹ ਸ਼ਹਿਰ ਵਿਚ ਨਹੀਂ ਲੱਗਾ । ਇਸੇ ਤਰ੍ਹਾਂ ਸ਼ਹਿਰਾਂ ਦਾ ਵਿਕਾਸ ਨਹੀਂ ਹੋ ਸਕਦਾ । ਇਸ ਤਰ੍ਹਾਂ ਬਹੁਤ ਸਾਰੀਆਂ ਮੁਸ਼ਕਲਾਂ ਖੜ੍ਹੀਆਂ ਹਨ । ਇਸ ਕਰਕੇ ਇਸ ਸਿਸਟਮ ਨੂੰ ਠੀਕ ਕਰਨਾ ਚਾਹੀਦਾ ਹੈ । ਪਿਛਲੇ ਪੰਜ ਸਾਲਾਂ ਵਿਚ ਪੈਸਾ ਸਿਰਫ ਕਾਗਜ਼ਾਂ ਵਿਚ ਹੀ ਜਾਂਦਾ ਰਿਹਾ ਪਰ 10 ਕਿਲੋਮੀਟਰ ਤੱਕ ਪੱਕੀ ਸੜਕ ਨਹੀਂ ਬਣੀ । ਪਰ ਹੁਣ ਸਾਡੀ ਸਰਕਾਰ ਨੇ ਬੀੜਾ ਚੁੱਕਿਆ ਹੈ । ਮੈਂ ਇਕ ਹੋਰ ਇਨਸਟਾਂਸ ਦੱਸਦਾ ਹਾਂ । ਲਿੰਕ ਰੋਡਜ਼ ਬਣੀਆਂ । ਮਹਿਤਾ ਚੌਂਕ ਵਿਚ ਵੀ ਬਣੀ । ਕਾਹਨੂੰਵਾਨ ਵਿਚ ਵੀ ਬਣੀ । ਸਾਡੇ ਦੋਸਤ ਮੰਤਰੀ ਸਨ ਪ੍ਰਤਾਪ ਸਿੰਘ ਬਾਜਵਾ । ਸੜਕ ਦੀਆਂ ਪਾਪੜੀਆਂ ਹੀ ਉਤਰ ਗਈਆਂ । ਦੋ ਵਾਰ ਇਨਕੁਆਰੀ ਕਰਵਾਈ । ਇਹ ਹਾਲਤ ਹੋਈ ਸਾਡੇ ਮੁਲਕ ਦੀ । ਬਹੁਤ ਸਾਰਾ ਰੁਪਿਆ ਆਇਆ ਪਰ ਕੋਈ ਫਾਇਦਾ ਨਹੀਂ ਹੋਇਆ । ਅਰਸ਼ੀ ਜੀ ਨੇ ਸ਼ੰਕਾ ਜ਼ਾਹਿਰ ਕੀਤੀ ਹੈ ਕਿ ਇਨ੍ਹਾਂ ਨੂੰ ਡਰ ਹੈ ਕਿ ਬਜਟ ਵਿਚ ਪਹਿਲਾਂ ਜੋ ਪਰਪੋਜ਼ ਕੀਤਾ ਜਾਂਦਾ ਸੀ, ਉਸ ਤੇ ਕੱਟ ਲਗਾ ਦਿੱਤਾ ਜਾਂਦਾ ਸੀ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਰਸ਼ੀ ਸਾਹਿਬ, ਹੁਣ ਅਜਿਹਾ ਕੱਟ ਨਹੀਂ ਲੱਗੇਗਾ । ਕੋਈ ਵੀ ਸੜਕ ਜਿਸ ਦੀ ਮੁਰੰਮਤ ਕਰਨੀ ਪੈਂਦੀ ਹੈ, ਉਹ ਦੁਬਾਰਾ ਨਵੀਂ ਸੜਕ ਵਰਗੀ ਨਹੀਂ ਹੋ ਸਕਦੀ । ਇਸ ਵਾਸਤੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੂੰ ਮਿਹਨਤ ਦੀ ਲੋੜ ਹੈ ਅੌਰ ਸਭ ਤੋਂ ਵੱਡਾ ਕੰਮ ਕਰਜ਼ੇ ਦਾ ਹੈ । ਕਰਜ਼ੇ ਨੂੰ ਦੂਰ ਕਰਕੇ ਹੀ ਪੰਜਾਬ ਨੂੰ ਅੱਗੇ ਵਧਾਇਆ ਜਾ ਸਕਦਾ ਹੈ ।

ਐਗਰੀਕਲਚਰ ਸਾਡੀ ਸਟੇਟ ਦਾ ਬੇਸ ਹੈ । ਇਸ ਵਾਸਤੇ ਸਾਲ 1996-97 ਵਿਚ 380 ਕਰੋੜ ਰੁਪਏ ਰੱਖੇ ਗਏ ਸਨ । ਹੁਣ 415 ਕਰੋੜ ਰੱਖੇ ਗਏ ਹਨ ।

ਸਰਦਾਰ ਅਵਤਾਰ ਸਿੰਘ ਬਰਾੜ : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ...।

ਸ੍ਰੀ ਸਭਾਪਤੀ : ਹਾਂ ਜੀ, ਬਰਾੜ ਸਾਹਿਬ ।

ਸਰਦਾਰ ਅਵਤਾਰ ਸਿੰਘ ਬਰਾੜ : ਸਭਾਪਤੀ ਸਾਹਿਬ, ਸਾਹਨੀ ਸਾਹਿਬ ਦਾ ਕਿੰਨਾ ਸਮਾਂ ਬਕਾਇਆ ਹੈ ਕਿਉਂਕਿ ਹਾਊਸ ਦਾ ਬੜਾ ਕੀਮਤੀ ਵਕਤ ਹੈ । ਇੱਕ ਬੰਦਾ ਜਿਸ ਦੀ ਕਿ ਆਪਣੀ ਲਾਈਨ ਹੈ, ਉਹ ਉਸ ਲਾਈਨ ਤੇ ਬੋਲੇ ਤਾਂ ਕਿ ਹਾਊਸ ਨੂੰ ਚੰਗੇ ਸੁਝਾਓ ਦੇ ਸਕੇ । ਖੇਤੀਬਾੜੀ ਤੇ ਤਾਂ ਅਸੀਂ ਹੀ ਕਹਿ ਸਕਦੇ ਹਾਂ, ਮੁਲਾਜ਼ਮਾਂ ਬਾਰੇ ਮੇਰੇ ਵਰਗਾ ਹੀ ਬੋਲ ਸਕਦਾ ਹੈ । ਟਰਾਂਸਪੋਰਟ ਇਨ੍ਹਾਂ ਦੀ ਲਾਈਨ ਹੈ । ਇਹ ਉਸ ਤੇ ਸੁਝਾਓ ਦੇਣ ਤਾਂ ਕਿ ਅਸੀਂ ਵੀ ਕੁਝ ਸਿੱਖ ਸਕੀਏ । ਇਨ੍ਹਾਂ ਨੇ ਸਰਦਾਰ ਦਿਲਬਾਗ ਸਿੰਘ ਦਾ ਨਾਮ ਲਿਆ ਲੇਕਿਨ ਉਨ੍ਹਾਂ ਨੇ ਹਾਊਸ ਵਿਚ ਟਰਾਂਸਪੋਰਟ ਬਾਰੇ ਲੜਾਈ ਲੜੀ । ਜਿਥੇ ਇਨ੍ਹਾਂ ਨੇ ਉਨ੍ਹਾਂ ਦਾ ਨਾਮ ਲਿਆ ਹੈ, ਉਥੇ ਉਨ੍ਹਾਂ ਬਾਰੇ ਗੱਲ ਵੀ ਕਰਨ । ਚਾਹੇ ਇਥੇ ਬਾਦਲ ਸਾਹਿਬ ਬੈਠੇ ਨਹੀਂ, ਇਹ ਬੋਲਦੇ ਹਨ ਲੇਕਿਨ ਇਨ੍ਹਾਂ ਨੇ ਵਜ਼ੀਰ ਨਹੀਂ ਬਣ ਸਕਣਾ । ਇਹ ਟਰਾਂਸਪੋਰਟ ਬਾਰੇ ਹਾਊਸ ਨੂੰ ਸੁਝਾਓ ਦੇਣ, ਤਾਂ ਕਿ ਹਾਊਸ ਨੂੰ ਵੀ ਕੁਝ ਫਾਇਦਾ ਹੋਵੇ ।

ਸ੍ਰੀ ਸਭਾਪਤੀ : ਤੁਸੀਂ ਇਸ ਬਾਰੇ ਚਿੰਤਾ ਨਾ ਕਰੋ ।

ਸ੍ਰੀ ਜਗਦੀਸ਼ ਸਾਹਨੀ : ਜਿਸ ਤਰ੍ਹਾਂ ਬਰਾੜ ਸਾਹਿਬ ਨੇ ਕਿਹਾ ਹੈ ਮੈਨੂੰ ਸ਼ੱਕ ਨਹੀਂ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਹਕੂਮਤ ਅਧੀਨ ਭਾਰਤੀ ਜਨਤਾ ਪਾਰਟੀ ਦਾ ਕਾਰਿਯਾ-ਕਰਤਾ ਹੋਣ ਦੇ ਨਾਤੇ ਜੋ ਠੀਕ ਹੈ, ਮੈਂ ਉਸ ਨੂੰ ਠੀਕ ਕਹਿਣਾ ਹੈ ਔਰ ਜੋ ਗਲਤ ਹੈ, ਉਸ ਨੂੰ ਗਲਤ ਕਹਿਣਾ ਹੈ । ਬਰਾੜ ਸਾਹਿਬ ਨੇ ਜੋ ਵੀ ਮੈਨੂੰ ਕਿਹਾ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਮਰਹੂਮ ਸਰਦਾਰ ਦਿਲਬਾਗ ਸਿੰਘ ਨੇ ਟਰਾਂਸਪੋਰਟ ਵਾਸਤੇ ਬਹੁਤ ਅੱਛਾ ਕੰਮ ਕੀਤਾ ਸੀ । ਲੇਕਿਨ ਕਾਂਗਰਸ ਸਰਕਾਰ ਨੇ ਉਨ੍ਹਾਂ ਨੂੰ ਕਾਮਯਾਬ ਕਿਉਂ ਨਹੀਂ ਹੋਣ ਦਿੱਤਾ ? ਇਨ੍ਹਾਂ ਨੇ ਚੱਲਣ ਹੀ ਨਹੀਂ ਦਿੱਤਾ । ਇਨ੍ਹਾਂ ਨੇ ਉਨ੍ਹਾਂ ਨੂੰ ਬੋਲਣ ਹੀ ਨਹੀਂ ਦਿੱਤਾ ।......(ਵਿਘਨ) ਇਹੀ ਮਾੜੇ ਸੀ ਜੀ ।

ਸ੍ਰੀ ਸਭਾਪਤੀ : ਵਾਈਂਡ ਅੱਪ ਕਰੋ ।

ਸ੍ਰੀ ਜਗਦੀਸ਼ ਸਾਹਨੀ : ਜੋ ਬਜਟ ਵਿਚ ਐਗਰੀਕਲਚਰ ਲਈ ਵਾਧਾ ਕੀਤਾ ਗਿਆ ਹੈ, ਉਸ ਅਨੁਸਾਰ 380 ਕਰੋੜ ਦੀ ਬਜਾਏ 415 ਕਰੋੜ ਰੁਪਏ ਰੱਖ ਕੇ ਸਰਕਾਰ ਨੇ ਜੋ ਵਾਅਦੇ ਕੀਤੇ ਸਨ ਕਿ ਬਿਜਲੀ ਫਰੀ, ਪਾਣੀ ਫਰੀ, ਮਾਮਲਾ ਨਹੀਂ ਦੇਣਾ, ਉਹ ਪੂਰੇ ਕੀਤੇ ਹਨ । 1996-97 ਵਿਚ ਸਰਕਾਰ ਕਣਕ ਦੀ ਕੀਮਤ ਬਾਰੇ ਕਿੰਨੀ ਸੀਰੀਅਸ ਰਹੀ ਹੈ, ਇਸ ਦੇ ਬਾਰੇ ਸਾਰਿਆਂ ਨੂੰ ਪਤਾ ਹੀ ਹੈ । ਮੇਰੇ ਕੋਲ ਅੰਕੜੇ ਹਨ । ਇਹ ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚ ਇਨ੍ਹਾਂ ਨੇ ਪੰਜਾਬੀਆਂ ਨੂੰ ਥੱਲੇ ਲਾਉਣ ਲਈ ਕੀ ਕੁਝ ਨਹੀਂ ਕੀਤਾ । ਜਿਸ ਤਰ੍ਹਾਂ ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ ਇਕ-ਇਕ ਅੰਕੜਾ ਬੋਲੇਗਾ । ਪੰਜਾਬ ਵਿਚ ਵ੍ਹੀਟ ਇੰਪੋਰਟ ਕੀਤੀ ਗਈ ਔਰ ਉਹ ਵੀ ਇਨਫੀਰੀਅਰ ਕੁਆਲਿਟੀ ਦੀ । ਕਿਸ ਲਈ ? ਇਹ ਸਭ ਕਾਂਗਰਸ ਸਰਕਾਰ ਦੇ ਵੇਲੇ ਹੋਇਆ । ਇਹ ਤੁਹਾਡੀ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਸਰਕਾਰ ਦਾ ਕੰਮ ਹੈ ।

ਸ੍ਰੀ ਸਭਾਪਤੀ : ਹੁਣ ਵਾਈਂਡ ਅੱਪ ਕਰੋ ।

ਸ੍ਰੀ ਜਗਦੀਸ਼ ਸਾਹਨੀ : ਅਜੇ ਤਾਂ ਮੈਂ ਸ਼ੁਰੂ ਹੀ ਹੋਇਆ ਹਾਂ । ਅਜੇ ਟਰਾਂਸਪੋਰਟ ਤੇ ਤਾਂ ਬੋਲਣਾ ਹੈ । ਚਲੋ, ਮੈਂ ਛੇਤੀ ਹੀ ਬੰਦ ਕਰਾਂਗਾ ਜੀ । ਚੇਅਰਮੈਨ ਸਾਹਿਬ, ਕਾਂਗਰਸ ਨੇ ਜ਼ੋਰ ਪਾਇਆ ਕਿ ਇਸ ਸਰਕਾਰ ਨੇ ਪਿੰਡਾਂ ਦੇ ਵਿਕਾਸ ਲਈ ਤਾਂ ਬਹੁਤ ਕੁਝ ਕੀਤਾ ਹੈ ਲੇਕਿਨ ਸ਼ਹਿਰਾਂ ਦੇ ਵਿਕਾਸ ਲਈ ਕੁਝ ਨਹੀਂ ਕੀਤਾ ਗਿਆ । ਸ਼ਹਿਰਾਂ ਦੇ ਵਿਕਾਸ ਲਈ ਵੀ ਪੈਸਾ ਰੱਖਿਆ ਹੈ । ਸ਼ਹਿਰਾਂ ਦਾ ਵਿਕਾਸ ਵੀ ਹੋਣਾ ਹੈ । 1996-97 ਵਿਚ ਜਿਥੇ ਇਕ ਕਰੋੜ 99 ਲੱਖ ਰੁਪਿਆ ਰੱਖਿਆ ਸੀ, ਉਥੇ ਇਸ ਸਰਕਾਰ ਨੇ 69 ਕਰੋੜ 62 ਲੱਖ ਰੁਪਿਆ ਸ਼ਹਿਰਾਂ ਦੇ ਵਿਕਾਸ ਲਈ ਰੱਖਿਆ ਹੈ । ਸ਼ਹਿਰਾਂ ਨੂੰ ਉਚਾ ਉਠਾਉਣ ਲਈ, ਜੋ ਸ਼ਹਿਰਾਂ ਵਿਚ ਗੰਦ ਹੈ, ਜਿਸ ਤਰ੍ਹਾਂ ਤੁਸੀਂ ਕੁਐਸਚਨ ਆਵਰ ਵਿਚ ਨੋਟ ਕੀਤਾ ਹੋਣਾ ਹੈ ਕਿ ਟੰਡਨ ਸਾਹਿਬ ਨੇ ਦੱਸਿਆ ਸੀ ਕਿ ਕੋਈ ਵੀ ਸ਼ਹਿਰ ਸਾਫ ਨਹੀਂ ਹੈ । ਸੋ, ਇਸ ਸਰਕਾਰ ਦਾ ਧਿਆਨ ਹੈ ਕਿ ਉਨ੍ਹਾਂ ਨੂੰ ਅਸੀਂ ਠੀਕ ਕਰਨਾ ਹੈ ।

ਤੀਸਰੀ ਗੱਲ ਇੰਡਸਟਰੀ ਬਾਰੇ ਹੈ । ਮੈਂ ਉਸ ਸ਼ਹਿਰ ਨੂੰ ਬਿਲਾਂਗ ਕਰਦਾ ਹਾਂ, ਜਿਥੇ ਕਦੇ ਇੰਡਸਟਰੀ ਦਾ ਬੋਲਬਾਲਾ ਸੀ । ਮਗਰ ਪਿਛੇ ਵੀ ਮੈਂ ਵਿਧਾਨ ਸਭਾ ਵਿਚ ਸਪੀਚ ਦਿੰਦਾ ਰਿਹਾ ਹਾਂ ਔਰ ਹਰ ਵਾਰ ਬਟਾਲੇ ਦੀ ਇੰਡਸਟਰੀ ਬਾਰੇ ਕਿਹਾ ਹੈ । ਮਗਰ ਕਿਸੇ ਨੇ ਕਦੇ ਕੋਸ਼ਿਸ਼ ਨਹੀਂ ਕੀਤੀ । ਮਰਹੂਮ ਸਰਦਾਰ ਬੇਅੰਤ ਸਿੰਘ ਨਾਲ ਕਈ ਵਾਰ ਸਲਾਹ ਕੀਤੀ ਸੀ ਔਰ ਇਕ ਚੀਜ਼ ਦੀ ਮੰਗ ਕੀਤੀ ਸੀ ਕਿ ਬਟਾਲੇ ਦੀ ਇੰਡਸਟਰੀ ਨੂੰ ਫਰੇਟ ਇਕੋਲਾਈਜ਼ੇਸ਼ਨ ਪਾਲਿਸੀ ਦੇ ਅਧੀਨ ਲਿਆਂਦਾ ਜਾਵੇ । ਲੇਕਿਨ ਉਸ ਦੀ ਕੋਈ ਤਵੱਜੋ ਨਹੀਂ ਕੀਤੀ । ਪੰਜਾਬ ਗੌਰਮਿੰਟ ਦੀ ਸਮਾਲ ਸਕੇਲ ਇੰਡਸਟਰੀ ਵੀ ਬੰਦ ਹੋਣ ਜਾ ਰਹੀ ਹੈ । ਪੰਡਤ ਜਵਾਹਰ ਲਾਲ ਨਹਿਰੂ ਨੇ ਜਦੋਂ ਦੇਸ਼ ਆਜ਼ਾਦ ਹੋਇਆ ਉਸ ਵੇਲੇ ਤੋਂ ਲੈ ਕੇ ਅੱਗੇ ਵਧਾਉਣ ਦੀ ਪੂਰੀ ਕੋਸ਼ਿਸ਼ ਕੀਤੀ ਲੇਕਿਨ ਉਹ ਬੰਦ ਹੋ ਗਈ । ਜੋ ਕਾਂਗਰਸ ਨੇ ਨਵੀਂ ਇੰਡਸਟਰੀ ਪਾਲਿਸੀ ਲਿਆਂਦੀ, ਉਸ ਦੇ ਵਾਸਤੇ ਪੰਜ ਸੌ ਕਿਲੇ ਦਾ ਪਾਰਕ ਲਿਆ ਕਿਉਂਕਿ ਉਸ ਵੇਲੇ ਦੇ ਜਿਹੜੇ ਸਾਡੇ ਚੀਫ ਸੈਕਟਰੀ ਸਨ, ਉਨ੍ਹਾਂ ਦਾ ਉਸ ਨਾਲ ਬੜਾ ਤਾਅਲਕ ਸੀ ਔਰ ਉਸ ਨੇ ਬੜਾ ਲੈਣ ਦੇਣ ਕੀਤਾ । ਉਹ ਸਰਦਾਰ ਬੇਅੰਤ ਸਿੰਘ ਦੇ ਬੜੇ ਚਹੇਤੇ ਸਨ । ਉਸ ਵਿਚ ਕੀ ਲੈ-ਦੇ ਹੋਇਆ, ਉਸ ਬਾਰੇ ਹੁਣ ਮੈਂ ਕੁਝ ਨਹੀਂ ਕਹਿਣਾ ਕਿਉਂਕਿ ਬੜੀ ਵਾਰ ਇਸ ਵਿਧਾਨ ਸਭਾ ਵਿਚ ਆ ਚੁੱਕਾ ਹੈ । ਜਿੰਨੀ ਐਗਰੀਕਲਚਰਲ ਲੈਂਡ ਸੀ, ਉਹ ਇਸ ਵਾਸਤੇ ਐਲੋਕੇਟ ਕੀਤੀ ਲੇਕਿਨ ਜਿਹੜੀ ਬੰਜਰ ਜ਼ਮੀਨ ਸੀ, ਉਸ ਉਪਰ ਇੰਡਸਟਰੀ ਲਗਾਉਣ ਵਾਸਤੇ ਉਤਸ਼ਾਹਿਤ ਨਹੀਂ ਕੀਤਾ ਗਿਆ । ਇਹ ਕਾਂਗਰਸ ਦੀ ਪਾਲਿਸੀ ਸੀ । ਇਸੇ ਪਾਲਿਸੀ ਦੇ ਤਹਿਤ ਕਾਂਗਰਸ ਨੇ ਕੰਮ ਕੀਤਾ ਹੈ । ਇਨ੍ਹਾਂ ਨੇ ਐਗਰੀਕਲਚਰਲ ਲੈਂਡ ਨੂੰ ਵੇਸਟ ਕਰ ਦਿੱਤਾ ਔਰ ਵੇਸਟ ਲੈਂਡ ਨੂੰ ਵੇਸਟ ਰਹਿਣ ਦਿੱਤਾ । ਇਨ੍ਹਾਂ ਨੇ ਐਗਰੀ-ਕਲਚਰਲ ਲੈਂਡ ਤੇ ਇੰਡਸਟਰੀ ਲਗਾ ਦਿੱਤੀ । ਚੇਅਰਮੈਨ ਸਾਹਿਬ, ਕਾਂਗਰਸ ਪਾਰਟੀ ਦੀ ਅੰਗਰੇਜ਼ਾਂ ਤੋਂ ਬਾਅਦ ਇਕ ਹੀ ਪਾਲਿਸੀ ਰਹੀ ਹੈ ਕਿ ਡਿਵਾਈਡ ਐਂਡ ਰੂਲ । ਇਹ ਇਨ੍ਹਾਂ ਦੀ ਸ਼ੁਰੂ ਤੋਂ ਹੀ ਪਾਲਿਸੀ ਰਹੀ ਹੈ ਕਿ ਕਿਸ ਤਰ੍ਹਾਂ ਆਪਣਾ ਰੂਲ ਕਾਇਮ ਰੱਖਿਆ ਜਾਵੇ ਪਰ ਹੁਣ ਪੰਜਾਬ ਦੀ ਜਨਤਾ ਪੂਰੀ ਤਰ੍ਹਾਂ ਸਮਝ ਗਈ ਹੈ ਅਤੇ ਅਸੈਂਬਲੀ ਚੋਣਾਂ ਵਿਚ

[ਸ਼੍ਰੀ ਜਗਦੀਸ਼ ਸਾਹਨੀ]

ਇਨ੍ਹਾਂ ਨੂੰ ਨਕਾਰਿਆ ਹੈ । ਇਸੇ ਤਰ੍ਹਾਂ ਕਿਲਾ ਰਾਇਪੁਰ ਦੀ ਚੋਣ ਵਿਚ ਵੀ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿਚ ਵੋਟਾਂ ਪਾ ਕੇ ਸਾਬਤ ਕਰ ਦਿੱਤਾ ਹੈ ਕਿ ਅਸਲੀ ਮਾਅਨਿਆਂ ਵਿਚ ਕਿਹੜੀ ਸਰਕਾਰ ਸਹੀ ਸਰਕਾਰ ਹੈ । ਇਸ ਕਰਕੇ ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਕੇਵਲ 14 ਹਨ ਅਤੇ ਅਸੀਂ ਇਥੇ 95 ਬੈਠੇ ਹਾਂ । ਪਹਿਲਾਂ ਇਹ ਸ਼ਡਿਊਲਡ ਕਾਸਟ ਦੇ ਲੋਕਾਂ ਨੂੰ ਆਪਣੇ ਨਾਲ ਲਾਉਂਦੇ ਸਨ ਪਰ ਹੁਣ ਉਹ ਬਾਬੂ ਕਾਂਸ਼ੀ ਰਾਮ ਜੀ ਨਾਲ ਲਗ ਗਏ ਹਨ । ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਇਕ ਸਮਾਲ ਸਕੇਲ ਇੰਡਸਟਰੀ ਕਾਰਪੋਰੇਸ਼ਨ ਦੇ ਚੇਅਰਮੈਨ ਸੀ ਸ਼੍ਰੀ ਅਸ਼ਵਨੀ ਸੇਖੜੀ ਜੋ ਕਿ ਇਸ ਹਾਊਸ ਦਾ ਮੈਂਬਰ ਵੀ ਰਿਹਾ ਹੈ .....(ਵਿਘਨ) .....

ਇਕ ਆਵਾਜ਼: ਚੇਅਰਮੈਨ ਸਾਹਿਬ, ਜਿਨ੍ਹਾਂ ਦਾ ਨਾਮ ਲਿਆ ਜਾ ਰਿਹਾ ਹੈ ਉਹ ਹਾਊਸ ਵਿਚ ਨਹੀਂ ਹਨ । (ਵਿਘਨ) ਤੁਸੀਂ ਪੈਸਿਆਂ ਦੇ ਨਾਲ ਕਿਲਾ ਰਾਇਪੁਰ ਦੀ ਸੀਟ ਜਿੱਤ ਕੇ ਆਏ ਹੋ......(ਵਿਘਨ)

ਸਰਦਾਰ ਬਲਦੇਵ ਸਿੰਘ ਖਿਆਲਾ : ਚੇਅਰਮੈਨ ਸਾਹਿਬ, ਇਹ ਕਹਿ ਰਹੇ ਹਨ ਕਿ ਅਸੀਂ ਪੈਸਿਆਂ ਦੇ ਨਾਲ ਜਿੱਤ ਕੇ ਆਏ ਹਾਂ । ਗਿੱਦੜਬਾਹਾ ਦੇ ਵਿਚ ਇਨ੍ਹਾਂ ਵਲੋਂ ਪੈਸਿਆਂ ਦੀਆਂ ਕਿੰਨੀਆਂ ਪੇਟੀਆਂ ਲਿਜਾਈਆਂ ਗਈਆਂ ਸਨ ।

ਸ਼੍ਰੀ ਸਭਾਪਤੀ : ਖਿਆਲਾ ਜੀ, ਬੈਠ ਜਾਓ । ਹਾਂ ਜੀ, ਸਾਹਨੀ ਜੀ ।

ਸ਼੍ਰੀ ਜਗਦੀਸ਼ ਸਾਹਨੀ : ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦੇ ਵੇਲੇ ਪੰਜਾਬ ਗੌਰਮਿੰਟ ਨੇ 5 ਸ਼ੂਗਰ ਮਿੱਲਾਂ ਲਈ ਸੈਂਟਰਲ ਗੌਰਮਿੰਟ ਕੋਲ ਅਪਲਾਈ ਕੀਤਾ ਸੀ ਜੋ ਕਿ ਸੈਂਟਰਲ ਗੌਰਮਿੰਟ ਦੀ ਚਿੱਠੀ ਪਰੂਵ ਕਰਦੀ ਹੈ । ਉਦੋਂ ਤੱਕ ਚੀਫ ਸੈਕਟਰੀ ਔਰ ਕੇਨ ਕਮਿਸ਼ਨਰ ਮਿੱਲਾਂ ਸਬੰਧੀ ਕੋਈ ਫੈਸਲਾ ਨਹੀਂ ਲੈਣਗੇ ਜਦੋਂ ਤੱਕ ਚੀਫ ਮਨਿਸਟਰ ਨਾ ਕਹੇ । ਇਸ ਤਰ੍ਹਾਂ ਇਹ ਮਿੱਲਾਂ ਉਦੋਂ ਤੱਕ ਨਹੀਂ ਲਗ ਸਕਦੀਆਂ ਜਦੋਂ ਤਕ ਚੀਫ ਸੈਕਟਰੀ, ਚੀਫ ਮਨਿਸਟਰ ਤੇ ਕੇਨ ਕਮਿਸ਼ਨਰ ਨਾ ਕਹੇ । ਇਸ ਤਰ੍ਹਾਂ ਸੈਂਟਰ ਤੋਂ ਅਪਰੂਵਲ ਮਿਲ ਗਈ ਸੀ ਪਰ ਇਥੇ ਪੈਸੇ ਨਾ ਹੋਣ ਕਾਰਨ ਇਹ ਮਿੱਲਾਂ ਨਹੀਂ ਲਗ ਸਕੀਆਂ । ਮੈਂ ਇਕ ਹੋਰ ਗੱਲ ਟਰਾਂਸਪੋਰਟ ਦੇ ਸਬੰਧ ਵਿਚ ਕਹਿਣੀ ਚਾਹੁੰਦਾ ਹਾਂ ਕਿ ਜੋ 225 ਕਰੋੜ ਰੁਪਏ ਦੇ ਘਾਟੇ ਨੂੰ ਪੂਰਾ ਕਰਨ ਲਈ ਟੈਕਸ ਲਾਏ ਗਏ ਹਨ, ਉਨ੍ਹਾਂ ਸਬੰਧੀ ਸੁਝਾਅ ਦੇਣਾ ਚਾਹੁੰਦਾ ਹਾਂ । ਜੋ ਵੱਡੇ ਵਹੀਕਲ ਤੇ ਟੈਕਸ 500 ਤੋਂ 750 ਰੁਪਏ ਕੀਤਾ ਗਿਆ ਹੈ ਇਸ ਸਬੰਧੀ ਮੇਰਾ ਸੁਝਾਅ ਹੈ ਕਿ ਇਹ ਟੈਕਸ ਆਲਰੇਡੀ ਪਹਿਲਾਂ ਹੀ ਬਹੁਤ ਜ਼ਿਆਦਾ ਹਨ ਔਰ ਇਨ੍ਹਾਂ ਦਾ ਬੋਝ ਸਿੱਧਾ ਹੇਠਾਂ ਪਬਲਿਕ ਤੇ ਹੀ ਪੈਣਾ ਹੈ । ਮੈਂ ਨਿਵੇਦਨ ਕਰਾਂਗਾ ਕਿ ਕਿਉਂਕਿ ਅੰਗਰੇਜ਼ਾਂ ਨੇ 1939 ਦੇ ਮੋਟਰ ਵਹੀਕਲ ਐਕਟ ਮੁਤਾਬਕ ਇਹ ਫੈਸਲਾ ਕੀਤਾ ਸੀ ਕਿ 500 ਰੁਪਏ ਪਰ ਸੀਟ ਤੋਂ ਵੱਧ ਟੈਕਸ ਨਹੀਂ ਲਾਏ ਜਾਣਗੇ । 750 ਰੁਪਏ ਪਰ ਸੀਟ ਕਰਨ ਦਾ ਮਤਲਬ ਹੈ ਕਿ ਇਕ ਗੱਡੀ ਵਾਲੇ ਨੂੰ 40 ਹਜ਼ਾਰ ਰੁਪਏ ਦਾ ਸਾਲਾਨਾ ਰੋਡ ਟੈਕਸ ਵੱਧ ਦੇਣਾ ਪਵੇਗਾ । ਇਸੇ ਤਰ੍ਹਾਂ ਇਕ ਲੱਖ 60 ਹਜ਼ਾਰ ਲੰਪਸਮ ਟੈਕਸ ਬਣਦਾ ਹੈ । ਇਸ ਤਰ੍ਹਾਂ ਮੇਰੀ ਬੇਨਤੀ ਹੈ ਕਿ ਇਨ੍ਹਾਂ ਸਬੰਧੀ ਸੋਚਿਆ ਜਾਣਾ ਚਾਹੀਦਾ ਹੈ । ਇਸੇ ਤਰ੍ਹਾਂ ਨੰਬਰ ਲੈਣ ਸਬੰਧੀ

ਜੋ ਫੈਸਲਾ ਕੀਤਾ ਗਿਆ ਹੈ, ਇਹ ਤਜਵੀਜ਼ ਠੀਕ ਹੈ ਕਿਉਂਕਿ ਜਿਹੜਾ ਵਿਅਕਤੀ ਅੱਠ ਜਾਂ ਦਸ ਲੱਖ ਰੁਪਿਆ ਖਰਚ ਕੇ ਵਹੀਕਲ ਖਰੀਦ ਲੈਂਦਾ ਹੈ ਤਾਂ ਉਹ 25 ਹਜ਼ਾਰ ਰੁਪਿਆ ਦੇ ਕੇ ਛੋਟਾ ਨੰਬਰ ਵੀ ਖਰੀਦ ਸਕਦਾ ਹੈ । ਪੰਜਾਬ ਸਰਕਾਰ ਨੇ ਪੰਜਾਬ ਦੀ ਜਨਤਾ ਅਤੇ ਪੰਜਾਬ ਦੀਆਂ ਸਨਅਤਾਂ ਤੋਂ ਬੋਝ ਘੱਟ ਕਰਨ ਲਈ ਉਪਰਾਲੇ ਕੀਤੇ ਹਨ । ਕਾਂਗਰਸੀਆਂ ਵਾਂਗ ਨਹੀਂ ਜਿਵੇਂ ਅਰਸੀ ਜੀ ਨੇ ਕਿਹਾ ਹੈ ਕਿ ਬਜਟ ਵਿਚ ਕੱਟ ਲਾਈ ਗਈ ਹੈ । ਜੇ ਪਲਾਨ 100 ਰੁਪਏ ਦੀ ਬਣੀ ਹੈ ਤਾਂ 70 ਰੁਪਏ ਦੀ ਕੱਟ ਲਗਾ ਦਿੱਤੀ, ਉਸ ਵਿਚੋਂ ਵੀ ਕਾਫੀ ਜਨਤਾ ਤੱਕ ਨਹੀਂ ਪੁੱਜਦਾ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਕੈਪਟਨ ਕੰਵਲਜੀਤ ਸਿੰਘ ਨੇ ਜੋ ਬਜਟ ਪੇਸ਼ ਕੀਤਾ ਹੈ, ਇਹ ਜਨਤਾ ਦੀਆਂ ਆਸ਼ਾਵਾਂ ਤੇ ਪੂਰਾ ਉਤਰਦਾ ਹੈ । ਜੋ ਟੈਕਸ ਲੱਗੇ ਹਨ ਇਨ੍ਹਾਂ ਬਾਰੇ ਸੋਚਿਆ ਜਾ ਸਕਦਾ ਹੈ । ਜੋ ਵੱਧ ਲੱਗਦੇ ਹਨ ਤਾਂ ਅੱਗੇ ਘੱਟ ਵੀ ਸਕਦੇ ਹਨ । ਤੁਸੀਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਕੋਸ਼ਿਸ਼ ਕਰ ਰਹੇ ਹੋ ਕਿ ਮੈਂ ਇਨ੍ਹਾਂ ਦੇ ਖਿਲਾਫ ਬੋਲਾਂ ਪਰ ਮੈਂ ਨਹੀਂ ਬੋਲਾਂਗਾ । (ਹਾਸਾ) ਮੈਂ ਇਸ ਬਜਟ ਦੀ ਤਾਈਦ ਕਰਦਾ ਹਾਂ ਅਤੇ ਆਪਣੇ ਫਾਈਨਾਂਸ ਮੰਤਰੀ ਜੀ ਦਾ ਧੰਨਵਾਦੀ ਹਾਂ ।

ਸਰਦਾਰ ਸੁਰਜੀਤ ਸਿੰਘ ਕੋਹਲੀ (ਪਟਿਆਲਾ ਟਾਊਨ) : ਸਤਿਕਾਰਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਵਿੱਤ ਮੰਤਰੀ, ਪੰਜਾਬ, ਕੈਪਟਨ ਕੰਵਲਜੀਤ ਸਿੰਘ ਨੂੰ ਇਸ ਬਜਟ ਬਾਰੇ, ਜੋ ਹਾਊਸ ਵਿਚ ਪੇਸ਼ ਕੀਤਾ ਗਿਆ ਹੈ, ਬਹੁਤ ਹੀ ਵਧਾਈ ਦਿੰਦਾ ਹਾਂ ਕਿਉਂਕਿ ਇਹ ਬਜਟ ਇਕ ਅਗਾਂਹਵਧੂ ਬਜਟ ਹੈ, ਪੰਜਾਬ ਦੇ ਹਰ ਖੇਤਰ, ਹਰ ਵਰਗ ਦੇ ਲੋਕਾਂ ਦੀਆਂ ਉਮੀਦਾਂ ਅਤੇ ਉਮੰਗਾਂ ਵਾਲਾ ਬਜਟ ਹੈ । ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਸੇਵਾਦਾਰਾਂ ਦੀ ਜਮਾਤ ਰਹੀ ਹੈ ਅਤੇ ਪੰਜਾਬ ਦੇ ਹਿਤਾਂ ਲਈ ਸ਼੍ਰੋਮਣੀ ਅਕਾਲੀ ਦਲ ਨੇ ਅਥਾਹ ਕੁਰਬਾਨੀਆਂ ਕੀਤੀਆਂ ਹਨ ਜਿਸ ਦਾ ਸਦਕਾ ਪੰਜਾਬ ਦੀ ਜਨਤਾ ਨੂੰ ਸ਼੍ਰੋਮਣੀ ਅਕਾਲੀ ਦਲ ਉਤੇ ਬੜਾ ਮਾਣ ਹੈ । ਉਸੇ ਮਾਣ ਸਦਕਾ ਬਹੁਤ ਪਿਆਰ ਨਾਲ ਅੱਜ ਇਹ ਸਰਕਾਰ ਤੁਹਾਡੇ ਸਾਹਮਣੇ ਹੋਂਦ ਵਿਚ ਆਈ ਹੈ । ਇਸ ਸਰਕਾਰ ਦਾ ਜੋ 1997-98 ਦਾ ਬਜਟ ਹੈ ਇਹ ਲੋਕਾਂ ਦੀਆਂ ਉਮੰਗਾਂ ਦੀ ਪੂਰਤੀ ਕਰਦਾ ਹੈ । ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿਚ ਬਹੁਤ ਜ਼ਿਆਦਾ ਮਿਹਨਤ ਕੀਤੀ ਹੈ । ਅੱਜ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਮਿਹਨਤ ਸਦਕਾ ਹੈ ਕਿ ਕਾਂਗਰਸ ਦੇ 14 ਵੀਰ ਬੈਠੇ ਹਨ ਅਤੇ ਇਸ ਹਾਊਸ ਵਿਚ ਸਾਡੇ 95 ਭਰਾ ਬੈਠੇ ਹਨ । ਪੰਜਾਬ ਅੰਦਰ ਇਹ ਬਜਟ ਆਪਣੇ ਰਾਜ ਦੀ ਗਰੀਬੀ ਦੂਰ ਕਰਨ, ਪੰਜਾਬ ਵਿਚ ਖੁਸ਼ਹਾਲੀ ਲਿਆਉਣ, ਪੰਜਾਬ ਦੇ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਨ ਅਤੇ ਪੰਜਾਬ ਦੀ ਹਰ ਪੱਖ ਤੋਂ ਤਰੱਕੀ ਲਈ ਵਚਨਬੱਧ ਹੈ । ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਇਸ ਬਜਟ ਵਿਚ ਵਿਦਿਆ ਲਈ ਭਾਰੀ ਵਾਧਾ ਕੀਤਾ ਹੈ । ਅੱਜ ਤੋਂ ਦੋ ਦਹਾਕੇ ਪਹਿਲਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਦਰਸ਼ ਸਕੂਲ ਬਣਾਉਣ ਦੀ ਯੋਜਨਾ ਲਿਆਂਦੀ ਸੀ ਪਰ ਬਦਕਿਸਮਤੀ ਨਾਲ ਉਸ ਸਰਕਾਰ ਨੂੰ ਭੰਗ ਕਰ ਦਿੱਤਾ ਗਿਆ ਅਤੇ ਉਹ ਸਕੀਮ ਵੀ ਕਾਂਗਰਸ ਸਰਕਾਰ ਨੇ ਬੰਦ ਕਰ ਦਿੱਤੀ । ਵਿਦਿਆ ਦਾ ਪਾੜਾ ਸ਼ਹਿਰੀ ਖੇਤਰਾਂ ਅਤੇ ਪੇਂਡੂ ਖੇਤਰਾਂ ਵਿਚਕਾਰ

[ਸਰਦਾਰ ਸੁਰਜੀਤ ਸਿੰਘ ਕੋਹਲੀ]

ਵੱਧਦਾ ਗਿਆ । ਹੁਣ ਇਹ ਜੋ ਜਨਤਾ ਦੀ ਸਰਕਾਰ ਆਈ ਹੈ ਜਿਸ ਦੀ ਅਗਵਾਈ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕਰ ਰਹੇ ਹਨ, ਉਨ੍ਹਾਂ ਨੇ ਫੇਰ ਇਸ ਬਜਟ ਵਿਚ 25 ਕਰੋੜ ਰੁਪਿਆ ਆਦਰਸ਼ ਸਕੂਲਾਂ ਲਈ ਰੱਖ ਕੇ ਬਹੁਤ ਅੱਛਾ ਫੈਸਲਾ ਕੀਤਾ ਹੈ । ਇਹ ਸਕੂਲ ਪਿੰਡਾਂ ਵਿਚ ਪਰ੍ਹਰ ਬਲਾਕ ਵਿਚ ਇਕ ਖੋਲ੍ਹਿਆ ਜਾਵੇਗਾ । ਇਕ ਸਕੂਲ ਤੇ ਤਕਰੀਬਨ ? ਕਰੋੜ ਰੁਪਿਆ ਖਰਚ ਆਉਣਾ ਹੈ । ਇਨ੍ਹਾਂ ਸਕੂਲਾਂ ਵਿਚ ਪੇਂਡੂ ਖਤਰਾਂ ਵਿਚ ਬੱਚੇ ਵਿਦਿਆ ਦਾ ਆਨੰਦ ਮਾਣ ਸਕਣਗੇ । ਇਸ ਤੋਂ ਇਲਾਵਾ ਟੈਕਨੀਕਲ ਵਿਦਿਆ ਦੇ ਵਾਸਤੇ ਵੀ ਬਜਟ ਵਿਚ ਕਾਫੀ ਵਾਧਾ ਕੀਤਾ ਗਿਆ ਹੈ । ਲੜਕੀਆਂ ਲਈ ਆਈ.ਟੀ.ਆਈ. ਖੋਲ੍ਹ ਕੇ ਲੜਕੀਆਂ ਲਈ ਟੈਕਨੀਕਲ ਵਿਦਿਆ ਵਿਚ ਵਾਧਾ ਕੀਤਾ ਹੈ ਤਾਂ ਕਿ ਟੈਕਨੀਕਲ ਤੌਰ ਤੇ ਬੱਚੇ ਵਿਦਿਆ ਹਾਸਲ ਕਰ ਸਕਣ ਅੌਰ ਨੌਕਰੀਆਂ ਦੇ ਪਿਛੇ ਨਾ ਫਿਰਨ ਅੌਰ ਆਪਣਾ ਕੰਮ ਕਾਰ ਸ਼ੁਰੂ ਕਰਕੇ ਕਮਾਈ ਕਰ ਸਕਣ । ਇਸ ਗੱਲ ਦੀ ਪ੍ਰਸ਼ੰਸਾ ਸਾਰੇ ਪੰਜਾਬ ਵਿਚ ਹੋ ਰਹੀ ਹੈ । ਮੈਂ ਆਪਣੇ ਮੁੱਖ ਮੰਤਰੀ ਅਤੇ ਫਾਇਨਾਂਸ ਮਨਿਸਟਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜੋ ਪ੍ਰੋਫੈਸ਼ਨਲ ਕਾਲਜ ਹਨ ਜਿਨ੍ਹਾਂ ਵਿਚ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜ ਆਉਂਦੇ ਹਨ, ਇਨ੍ਹਾਂ ਪ੍ਰੋਫੈਸ਼ਨਲ ਕੋਰਸਾਂ ਦੇ ਵਿਚ ਦਾਖਲਾ ਲੈਣ ਲਈ ਸਾਡੇ ਬੱਚੇ ਦੱਖਣੀ ਭਾਰਤ ਦੇ ਕਾਲਜਾਂ ਵਿਚ ਵਿਦਿਆ ਪ੍ਰਾਪਤ ਕਰਨ ਲਈ ਜਾਂਦੇ ਹਨ ਚੂੰਕਿ ਪੰਜਾਬ ਵਿਚ ਪ੍ਰੋਫੈਸ਼ਨਲ ਕਾਲਜ ਘੱਟ ਹਨ ਅਤੇ ਪੰਜਾਬ ਦੇ ਬਹੁਤ ਸਾਰੇ ਬੱਚੇ ਬਾਹਰਲੇ ਸੂਬਿਆ ਦੇ ਵਿਚ ਮੈਡੀਕਲ ਅਤੇ ਇੰਜੀਨੀਅਰਿੰਗ ਵਿਦਿਆ ਪ੍ਰਾਪਤ ਕਰਨ ਲਈ ਦਾਖਲੇ ਲੈਂਦੇ ਹਨ ਅਤੇ ਪੰਜਾਬ ਦਾ ਕਾਫੀ ਪੈਸਾ ਬਾਹਰਲੇ ਸੂਬਿਆਂ ਦੇ ਵਿਚ ਚਲਾ ਜਾਂਦਾ ਹੈ । ਇਸ ਨੂੰ ਰੋਕਣ ਲਈ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਵਿਚ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜ ਖੋਲ੍ਹੇ ਜਾਣ । ਕਾਂਗਰਸ ਦੀਆ ਪਿਛਲੀਆਂ ਸਰਕਾਰਾਂ ਨੇ ਇਨ੍ਹਾਂ ਪ੍ਰੋਫੈਸ਼ਨਲ ਕਾਲਜਾਂ ਨੂੰ ਖੋਲ੍ਹਣ ਲਈ ਕੋਈ ਖਾਸ ਧਿਆਨ ਨਹੀਂ ਦਿੱਤਾ ਬਲਕਿ ਇਨ੍ਹਾਂ ਨੇ ਇਨ੍ਹਾਂ ਸੀਟਾਂ ਨੂੰ ਵੇਚਣ ਵੱਲ ਧਿਆਨ ਦਿੱਤਾ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਵਿਚ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜ ਹੋਰ ਜ਼ਿਆਦਾ ਖੋਲ੍ਹ ਕੇ ਪੰਜਾਬ ਦੇ ਪੈਸੇ ਨੂੰ ਬਾਹਰ ਜਾਣ ਤੋਂ ਰੋਕਿਆ ਜਾਵੇ । ਇਨ੍ਹਾਂ ਵਿਚ ਬਾਹਰਲੇ ਸੂਬਿਆਂ ਦੇ ਬੱਚਿਆਂ ਨੂੰ ਦਾਖਲੇ ਦੇ ਕੇ ਪੰਜਾਬ ਵਿਚ ਪੈਸੇ ਲਿਆਂਦੇ ਜਾ ਸਕਦੇ ਹਨ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਵਿਚ ਅੰਮ੍ਰਿਤਸਰ ਅਤੇ ਫਤਿਹਗੜ੍ਹ ਸਾਹਿਬ ਵਿਖੇ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜ ਖੋਲ੍ਹੇ ਹਨ ਤਾਂਕਿ ਬੱਚਿਆਂ ਨੂੰ ਮੈਡੀਕਲ ਅਤੇ ਟੈਕਨੀਕਲ ਵਿਦਿਆ ਪ੍ਰਾਪਤ ਹੋ ਸਕੇ ਅੌਰ ਪੰਜਾਬ ਦੇ ਬੱਚਿਆਂ ਦਾ ਭਵਿੱਖ ਉਜਵਲ ਹੋ ਸਕੇ । ਸਰਕਾਰ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਉਹ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਨੂੰ ਹੋਰ ਖੋਲ੍ਹਣ ਵੱਲ ਖਾਸ ਧਿਆਨ ਦੇਵੇ । ਇਸ ਦੇ ਨਾਲ ਉਦਯੋਗਿਕ ਖੇਤਰ ਵਿਚ ਵਿਕਾਸ ਕਰਨ ਲਈ ਸਰਕਾਰ ਨੂੰ ਹੋਰ ਧਿਆਨ ਦੇਣ ਦੀ ਲੋੜ ਹੈ ਤਦ ਹੀ ਰਾਜ ਤਰੱਕੀ ਕਰ ਸਕਦਾ ਹੈ । ਇਸ ਦੇ ਲਈ ਸਰਕਾਰ ਨੂੰ ਉਪਰਾਲੇ ਕਰਨੇ ਚਾਹੀਦੇ ਹਨ । ਉਦਯੋਗਾਂ ਦੇ ਲਈ ਬਿਜਲੀ ਦੀ ਬੜੀ ਲੋੜ ਹੈ ਅਤੇ ਇਸ ਦੇ ਨਾਲ ਪ੍ਰੋਡਕਸ਼ਨ ਵਿਚ ਵਾਧਾ ਹੋਵੇਗਾ ਅੌਰ ਬਿਜਲੀ ਦੇ ਖੇਤਰ ਵਿਚ ਵਿਕਾਸ ਕਰਨ ਲਈ ਸਰਕਾਰ ਨੇ 784 ਕਰੋੜ ਰੁਪਏ ਦਾ ਪ੍ਰਬੰਧ ਇਸ ਬਜਟ ਦੇ ਵਿਚ ਕੀਤਾ ਹੈ ਅੌਰ ਜੋ ਥੀਨ ਡੈਮ ਅੌਰ

ਲਹਿਰਾ ਮੁਹੱਬਤ ਪ੍ਰਾਜੈਕਟਸ ਹਨ ਉਨ੍ਹਾਂ ਨੂੰ ਮੇਰੀ ਸਰਕਾਰ ਨੇ ਪੂਰਾ ਕਰਨ ਦਾ ਵਚਨ ਕੀਤਾ ਹੈ। ਇਸ ਦੇ ਨਾਲ ਜ਼ਿਆਦਾ ਬਿਜਲੀ ਪੈਦਾ ਹੋਵੇਗੀ। ਇਹ ਬੜਾ ਸ਼ਲਾਘਾਯੋਗ ਕਦਮ ਹੈ। ਇਸ ਦੇ ਨਾਲ ਇੰਡਸਟਰੀ ਦੇ ਵਿਚ ਕਾਫੀ ਵਾਧਾ ਹੋਵੇਗਾ ਅਤੇ ਉਤਸ਼ਾਹ ਮਿਲੇਗਾ ਔਰ ਇੰਡਸਟਰੀ ਨੂੰ ਪੂਰਾ ਟਾਈਮ ਬਿਜਲੀ ਮਿਲੇਗੀ। ਇਸ ਨਾਲ ਪ੍ਰੋਡਕਸ਼ਨ ਵਿਚ ਵਾਧਾ ਹੋਵੇਗਾ ਅਤੇ ਲੋਕਾਂ ਨੂੰ ਕਾਫੀ ਲਾਭ ਪ੍ਰਾਪਤ ਹੋਵੇਗਾ। ਇਸ ਦੇ ਨਾਲ ਪੰਜਾਬ ਦੇ ਹਰ ਮਜ਼ਦੂਰ ਨੂੰ ਅਤੇ ਮਿਹਨਤਕਸ਼ ਲੋਕਾਂ ਨੂੰ ਫਾਇਦਾ ਹੋਵੇਗਾ ਅਤੇ ਪੰਜਾਬ ਦੀ ਪ੍ਰਤੀ ਜੀਅ ਆਮਦਨ ਵਿਚ ਵਾਧਾ ਹੋਵੇਗਾ। ਹੁਣ ਵੀ ਸਾਰਿਆਂ ਸੂਬਿਆਂ ਨਾਲੋਂ ਪੰਜਾਬੀਆਂ ਦੀ ਪ੍ਰਤੀ ਜੀਅ ਆਮਦਨ ਸਭ ਨਾਲੋਂ ਜ਼ਿਆਦਾ ਹੈ। ਪੰਜਾਬ ਇਕ ਬੜਾ ਖੁਸ਼ਹਾਲ ਸੂਬਾ ਹੈ ਪਰ ਪੰਜਾਬ ਦਾ ਖਜ਼ਾਨਾ ਖਾਲੀ ਹੈ। ਇਹ ਗੱਲ ਮੇਰੀ ਸਮਝ ਵਿਚ ਨਹੀਂ ਆਈ। ਪੰਜਾਬ ਦਾ ਸਰਕਾਰੀ ਖਜ਼ਾਨਾ ਖਾਲੀ ਕਿਉਂ ਹੈ? ਇਸ ਦੇ ਕੀ ਕਾਰਨ ਹਨ? ਪਿਛਲੀ ਕਾਂਗਰਸ ਸਰਕਾਰਾਂ ਨੇ ਪੰਜਾਬ ਦੇ ਖਜ਼ਾਨੇ ਨੂੰ ਲੁੱਟਿਆ। ਉਨ੍ਹਾਂ ਨੇ ਲੁੱਟਣ ਤੋਂ ਸਿਵਾਏ ਹੋਰ ਕੋਈ ਕੰਮ ਨਹੀਂ ਕੀਤਾ। ਵਿਕਾਸ ਦੇ ਕੰਮਾਂ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ। ਇਹ ਪੰਜਾਬ ਦੇ ਖਜ਼ਾਨੇ ਨੂੰ ਲੁੱਟਦੇ ਰਹੇ।

ਸ੍ਰੀ ਰਮੇਸ਼ ਚੰਦਰ ਡੋਗਰਾ : ਚੇਅਰਮੈਨ ਸਾਹਿਬ, 31 ਮਾਰਚ, 1997 ਨੂੰ ਪੰਜਾਬ ਵਿਚ 125 ਕਰੋੜ ਰੁਪਏਆ ਜਿਹੜਾ ਵਿਕਾਸ ਦੇ ਕੰਮਾਂ ਉਤੇ ਖਰਚ ਹੋਣਾ ਸੀ ਉਹ ਲੈਪਸ ਹੋ ਗਿਆ ਔਰ ਇਹ ਕਹਿੰਦੇ ਹਨ ਕਿ ਪੰਜਾਬ ਦਾ ਖਜ਼ਾਨਾ ਖਾਲੀ ਪਿਆ ਸੀ। ਇਹ ਕਿਥੋਂ ਫਿਗਰਜ਼ ਲੈ ਰਹੇ ਹਨ ਔਰ ਇਹ ਹਾਊਸ ਨੂੰ ਗੁੰਮਰਾਹ ਕਰ ਰਹੇ ਹਨ। 9 ਕਰੋੜ ਰੁਪਿਆ ਮੇਰੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਲੈਪਸ ਹੋ ਗਿਆ ਹੈ। ਅਗਰ ਖਜ਼ਾਨਾ ਖਾਲੀ ਸੀ ਫੇਰ ਇਹ ਰੁਪਿਆ ਕਿਸ ਤਰ੍ਹਾਂ ਲੈਪਸ ਹੋ ਗਿਆ?

ਸਰਦਾਰ ਸੁਰਜੀਤ ਸਿੰਘ ਕੋਹਲੀ : ਚੇਅਰਮੈਨ ਸਾਹਿਬ, ਇਹ ਜਿਹੜਾ ਰੁਪਿਆ ਬਚ ਗਿਆ ਹੈ, ਇਹ ਲੋਕਾਂ ਦੀ ਹਿੰਮਤ ਨਾਲ ਬਚ ਗਿਆ ਹੈ ਔਰ ਤੁਹਾਡੀ ਗਲਤੀ ਨਾਲ ਰਹਿ ਗਿਆ ਹੈ। ਸਰਕਾਰ ਬਦਲ ਗਈ। ਇਸ ਪੈਸੇ ਨੂੰ ਲੋਕਾਂ ਨੇ ਤੁਹਾਨੂੰ ਲੁੱਟਣ ਨਹੀਂ ਦਿੱਤਾ ਜਿਸ ਕਰਕੇ ਬਚ ਗਿਆ ਹੈ।

ਸ੍ਰੀ ਰਮੇਸ਼ ਚੰਦਰ ਡੋਗਰਾ : ਚੇਅਰਮੈਨ ਸਾਹਿਬ, ਲੁੱਟਣ ਵਾਲਾ ਲਫਜ਼ ਅਨਪਾਰਲੀਮੈਂਟਰੀ ਹੈ, ਇਸ ਨੂੰ ਐਕਸਪੰਜ ਕੀਤਾ ਜਾਵੇ। ਇਸ ਨੂੰ ਪ੍ਰੋਸੀਡਿੰਗਜ਼ ਦੇ ਵਿਚੋਂ ਐਕਸਪੰਜ ਕਰ ਦਿੱਤਾ ਜਾਵੇ। ਇਹ ਲਫਜ਼ ਐਕਸਪੰਜ ਹੋਣੇ ਚਾਹੀਦੇ ਹਨ। 'Lutan' is unparliamentry word. It should be expunged from the proceedings.

ਸੰਸਦੀ ਮਾਮਲਿਆਂ ਦੇ ਮੰਤਰੀ : ਚੇਅਰਮੈਨ ਸਾਹਿਬ, ਇਹ ਜਿਹੜਾ ਲਫਜ਼ ਕੋਹਲੀ ਸਾਹਿਬ ਨੇ ਲੁੱਟਣ ਵਾਲਾ ਇਸਤੇਮਾਲ ਕੀਤਾ ਹੈ ਇਹ ਅਨਪਾਰਲੀਮੈਂਟਰੀ ਨਹੀਂ ਹੈ। ਇਸ ਲਈ ਇਹ ਐਕਸਪੰਜ ਨਾ ਕੀਤਾ ਜਾਵੇ। ਇਸ ਬਾਰੇ ਇਨ੍ਹਾਂ ਦੇ ਫਾਈਨਾਂਸ ਮਨਿਸਟਰ ਹੀ ਦੱਸ ਸਕਦੇ ਹਨ ਕਿ ਖਜ਼ਾਨੇ ਨੂੰ ਲੁੱਟਿਆ ਹੈ ਕਿ ਨਹੀਂ?

ਸਰਦਾਰ ਸੁਰਜੀਤ ਸਿੰਘ ਕੋਹਲੀ : ਚੇਅਰਮੈਨ ਸਾਹਿਬ, ਇਨ੍ਹਾਂ ਨੇ ਪੰਜਾਬ ਦੇ ਖਜ਼ਾਨੇ ਨੂੰ ਲੁੱਟਿਆ ਹੈ। ਪੰਜਾਬ ਦੇ ਵਪਾਰੀਆਂ ਨੇ ਵੀ ਕਿਸਾਨਾਂ ਨੂੰ ਲੁਟਿਆ। ਸੁਪਰ-

[ਸਰਦਾਰ ਸੁਰਜੀਤ ਸਿੰਘ ਕੋਹਲੀ]

ਫਾਈਨ ਝੋਨਾ ਕਿਸਾਨਾਂ ਤੋਂ ਘੱਟ ਰੇਟ ਤੇ ਖਰੀਦਿਆ ਅਤੇ ਸੈਂਟਰਲ ਸਰਕਾਰ ਨੂੰ ਖੁਸ਼ ਕੀਤਾ। ਸਾਹਮਣੇ ਬੈਠੇ ਭਰਾਵਾਂ ਨੇ ਕਿਸਾਨਾਂ ਦੀਆਂ ਜੇਬਾਂ ਖਾਲੀ ਕਰ ਦਿੱਤੀਆਂ। ਚੇਅਰਮੈਨ ਸਾਹਿਬ, ਹੈਂਡਲੂਮ ਇੰਡਸਟਰੀ ਅਤੇ ਸਪਿਨਿੰਗ ਮਿੱਲਾਂ ਬਾਰੇ ਵੀ ਸਰਕਾਰ ਨੂੰ ਪੰਜਾਬ ਵਿਚ ਧਿਆਨ ਦੇਣਾ ਚਾਹੀਦਾ ਹੈ। (ਵਿਘਨ)

ਸਰਦਾਰ ਅਵਤਾਰ ਸਿੰਘ ਬਰਾੜ : ਚੇਅਰਮੈਨ ਸਾਹਿਬ, ਹਾਊਸ ਵਿਚ ਬਜਟ ਤੇ ਬਹਿਸ ਹੋ ਰਹੀ ਹੈ ਪਰ ਪੰਜਾਬ ਦਾ ਕੋਈ ਵੀ ਜ਼ਿੰਮੇਵਾਰ ਅਫਸਰ ਅਫਸਰਾਂ ਦੀ ਗੈਲਰੀ ਵਿਚ ਬੈਠਾ ਨਹੀਂ ਹੈ ਇਥੋਂ ਤਕ ਕਿ ਫਾਈਨਾਂਸ ਸੈਕਟਰੀ ਵੀ ਬੈਠਾ ਨਹੀਂ ਹੈ ਅਤੇ ਕੋਈ ਹੋਰ ਅਫਸਰ ਵੀ ਬੈਠਾ ਨਹੀਂ ਹੈ ਜੋ ਕਿ ਨੋਟਿੰਗ ਲੈ ਸਕੇ ਅਤੇ ਮਨਿਸਟਰ ਸਾਹਿਬ ਦੀ ਹੈਲਪ ਕਰ ਸਕੇ। ਇਸ ਤੋਂ ਪਤਾ ਲਗਦਾ ਹੈ ਕਿ ਕਿਤਨੀ ਪਕੜ ਇਨ੍ਹਾਂ ਦੀ ਅਫਸਰਾਂ ਉਤੇ ਹੈ। ਸੰਡੇ ਦੇ ਦਿਨ ਅੰਗਰੇਜ਼ੀ ਦੇ ਅਖਬਾਰ ਵਿਚ ਐਸ.ਐਸ.ਪੀ. ਦਾ ਜ਼ਿਕਰ ਕੀਤਾ ਗਿਆ ਸੀ ਪਰ ਇਨ੍ਹਾਂ ਨੂੰ ਅੰਗਰੇਜ਼ੀ ਆਉਂਦੀ ਨਹੀਂ ਹੈ। ਇਹ ਲੇਖ ਪੰਜਾਬੀ ਟ੍ਰਿਬਿਊਨ ਵਿਚ ਵੀ ਛਾਪਿਆ ਜਾਣਾ ਚਾਹੀਦਾ ਹੈ ਤਾਂਕਿ ਇਨ੍ਹਾਂ ਨੂੰ ਸਮਝ ਆ ਸਕੇ। (ਵਿਘਨ)

ਸਰਦਾਰ ਸੁਰਜੀਤ ਸਿੰਘ ਕੋਹਲੀ : ਚੇਅਰਮੈਨ ਸਾਹਿਬ, ਐਗਰੋ-ਬੇਸਡ ਇੰਡਸਟਰੀ ਸਪਿੰਨਿੰਗ ਮਿੱਲ ਦੀ ਲਗਦੀ ਹੈ ਜੋ ਕਿ ਧਾਗਾ ਤਿਆਰ ਕਰਦੀ ਹੈ। ਇਹ ਧਾਗਾ ਪੰਜਾਬ ਤੋਂ ਬਾਹਰ ਸੇਲ ਵਾਸਤੇ ਭੇਜਣਾ ਪੈਂਦਾ ਹੈ। ਪਾਣੀਪਤ ਵੀ ਧਾਗੇ ਦੀਆਂ ਮਿੱਲਾਂ ਹਨ। ਕਾਨਪੁਰ ਵਿਚ ਹੈਂਡ ਲੂਮ ਇੰਡਸਟਰੀ ਕਾਫੀ ਹੈ। ਪਰ ਪੰਜਾਬ ਵਿਚ ਹੈਂਡ ਲੂਮਜ਼ ਇੰਡਸਟਰੀ ਘੱਟ ਹੈ। ਪੰਜਾਬ ਵਿਚ ਹੈਂਡ ਲੂਮਜ਼ ਇੰਡਸਟਰੀ ਨੂੰ ਪ੍ਰਫੁੱਲਤ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਹਰ ਇਕ ਜ਼ਿਲ੍ਹੇ ਵਿਚ ਜੋ ਜ਼ਿਲ੍ਹਾ ਇੰਡਸਟਰੀ ਅਫਸਰ ਹਨ ਉਨ੍ਹਾਂ ਇੰਡਸਟਰੀ ਅਫਸਰਾਂ ਨੂੰ ਪਿੰਡਾਂ ਅਤੇ ਸ਼ਹਿਰਾਂ ਵਿਚ ਇੰਡਸਟਰੀ ਨੂੰ ਪ੍ਰਫੁਲਤ ਕਰਨ ਲਈ ਲੋਕਾਂ ਵਿਚ ਜਾਗ੍ਰਿਤ ਲਿਆਉਣੀ ਚਾਹੀਦੀ ਹੈ। ਲੋਕਾਂ ਨੂੰ ਇਸ ਸਬੰਧ ਵਿਚ ਜਾਗ੍ਰਿਤੀ ਕੀਤਾ ਜਾਵੇ ਤਾਂਕਿ ਲੋਕ ਇੰਡਸਟਰੀ ਲਗਾਉਣ ਵਾਸਤੇ ਅੱਗੇ ਆਉਣ।

ਚੇਅਰਮੈਨ ਸਾਹਿਬ, ਚਾਵਲ 75% ਸਰਕਾਰ ਲੈਂਦੀ ਹੈ। ਬਾਕੀ ਦਾ ਜਿਹੜਾ 25% ਚਾਵਲ ਇਥੇ ਬਚਦਾ ਹੈ, ਉਸ ਸਾਰੇ ਦੀ ਵੀ ਪੰਜਾਬ ਵਿਚ ਸੇਲ ਨਹੀਂ ਹੁੰਦੀ ਅਤੇ ਉਸ ਨੂੰ ਵੀ ਪੰਜਾਬ ਤੋਂ ਬਾਹਰ ਵੇਚਣਾ ਪੈਂਦਾ ਹੈ। ਅੱਗੇ ਇਹ ਦਿੱਲੀ ਜਾਂ ਹੋਰ ਥਾਵਾਂ ਤੋਂ ਬਾਹਰ ਐਕਸਪੋਰਟ ਹੁੰਦਾ ਹੈ। (ਵਿਘਨ)

ਸੰਸਦੀ ਮਾਮਲਿਆਂ ਦੇ ਮੰਤਰੀ : ਸਰਦਾਰ ਅਵਤਾਰ ਸਿੰਘ ਬਰਾੜ ਨੂੰ ਆਪਣਾ ਨਾਂ ਪ੍ਰੈਸ ਵਿਚ ਦੇਣ ਦੀ ਖਾਹਿਸ਼ ਜ਼ਿਆਦਾ ਹੋ ਗਈ ਹੈ। ਇਹ ਕਹਿੰਦੇ ਹਨ ਕਿ ਇਨ੍ਹਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ ਪਰ ਅਸੀਂ ਸਾਰੇ ਪੜ੍ਹੇ ਹੋਏ ਮੈਂਬਰ ਹਾਂ। ਦੂਸਰੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਅਫਸਰ ਸਾਡੀ ਇਜਾਜ਼ਤ ਦੇ ਨਾਲ ਗਏ ਹਨ ਕਿਉਂਕਿ ਚੀਫ ਸੈਕਟਰੀ ਦੀ ਮਦਰ ਦੀ ਡੈਥ ਹੋਣ ਕਰਕੇ ਅਫਸਰ ਉਥੇ ਗਏ ਹਨ। ਉਨ੍ਹਾਂ ਅਫਸਰਾਂ ਬਾਰੇ ਸਾਨੂੰ ਸਾਰਾ ਪਤਾ ਹੈ।

ਸਰਦਾਰ ਸੁਰਜੀਤ ਸਿੰਘ ਕੋਹਲੀ : ਚੇਅਰਮੈਨ ਸਾਹਿਬ, ਚਾਵਲਾਂ ਨੂੰ ਬੰਗਾਲ, ਗੁਜਰਾਤ ਅਤੇ ਮਹਾਂਰਾਸ਼ਟਰ ਵਿਚ ਵੇਚਣ ਦਾ ਪ੍ਰਬੰਧ ਪੰਜਾਬ ਸਰਕਾਰ ਕਰੇ । ਜਿਸ ਤਰ੍ਹਾਂ ਪੰਜਾਬ ਵਿਚ ਪਨਸਪ ਦੀਆਂ ਦੁਕਾਨਾਂ ਹਨ ਜੋ ਕਿ ਸਸਤੇ ਭਾਅ ਤੇ ਅਨਾਜ ਵੇਚਦੀਆਂ ਹਨ ਉਸੇ ਤਰ੍ਹਾਂ ਹੀ ਪੰਜਾਬ ਤੋਂ ਬਾਹਰ ਪਨਸਪ ਦੀਆਂ ਦੁਕਾਨਾਂ ਮਹਾਂਰਾਸ਼ਟਰ, ਦਿੱਲੀ, ਬੰਗਾਲ ਅਤੇ ਗੁਜਰਾਤ ਵਿਚ ਖੋਲ੍ਹੀਆਂ ਜਾਣ । ਜੋ ਦਿੱਲੀ ਦੇ ਦਲਾਲ ਆੜ੍ਹਤ ਖਾਂਦੇ ਹਨ ਉਹ ਸਰਕਾਰ ਦੇ ਘਰ ਵਿਚ ਜਮ੍ਹਾਂ ਹੋਵੇ ਅਤੇ ਇਸ ਲਈ ਦਿੱਲੀ, ਬੰਗਾਲ, ਗੁਜਰਾਤ ਅਤੇ ਮਹਾਂਰਾਸ਼ਟਰ ਵਿਚ ਦੁਕਾਨਾਂ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ । ਐਗਰੋ-ਬੇਸਡ ਇੰਡਸਟਰੀ ਦੇ ਵਿੱਚ ਚੌਲਾਂ ਦੀਆਂ ਅੌਰ ਦਾਲਾਂ ਦੀਆਂ ਮਿੱਲਾਂ ਲਾਉਣ ਲਈ ਉਪਰਾਲੇ ਕੀਤੇ ਜਾਣ ਤਾਂ ਜੋ ਕਿਸਾਨ ਬਦਲਵੀਂ ਫਸਲ ਨੂੰ ਅਪਨਾ ਕੇ ਆਰਥਕ ਤੌਰ ਤੇ ਮਜ਼ਬੂਤ ਹੋ ਸਕੇ ਅੌਰ ਕੱਚਾ ਮਾਲ ਜੋ ਕਿ ਖੇਤੀ ਤੇ ਆਧਾਰਿਤ ਹੈ, ਉਹ ਉਦਯੋਗ ਆਪਣੀ ਵਰਤੋਂ ਵਿਚ ਲਿਆ ਕੇ ਆਪਣੇ ਆਪ ਨੂੰ ਮਜ਼ਬੂਤ ਕਰ ਸਕੇ ......।

ਸ੍ਰੀ ਸਭਾਪਤੀ : ਕੋਹਲੀ ਸਾਹਿਬ, ਹੁਣ ਕਨਕਲੂਡ ਕਰੋ ।

ਸਰਦਾਰ ਸੁਰਜੀਤ ਸਿੰਘ ਕੋਹਲੀ : ਹਾਂ ਜੀ, ਕਨਕਲੂਡ ਕਰਨ ਲੱਗਾ ਹਾਂ ਜੀ । ਚੇਅਰਮੈਨ ਸਾਹਿਬ, ਇਕ ਗੱਲ ਹੋਰ ਬਹੁਤ ਜ਼ਰੂਰੀ ਹੈ ਕਿ ਇੰਡਸਟਰੀ ਗੈਰ-ਉਪਜਾਊ ਜ਼ਮੀਨ ਤੇ ਜਾਂ ਜਿਥੇ ਪਾਣੀ ਦਾ ਲੈਵਲ ਡਾਊਨ ਹੋਵੇ, ਉਥੇ ਲਾਈ ਜਾਵੇ । ਇਸ ਵਾਸਤੇ ਉਪਜਾਊ ਜ਼ਮੀਨ ਨੂੰ ਐਕੁਆਇਰ ਕਰਨ ਤੋਂ ਗੁਰੇਜ਼ ਕੀਤਾ ਜਾਵੇ । ਇੰਡਸਟਰੀ ਲਈ ਫਾਈਨਾਂਸ ਦੀ ਵੀ ਬਹੁਤ ਲੋੜ ਹੈ । ਫਾਈਨਾਂਸ ਲਈ ਐਨ.ਆਰ.ਆਈ. ਸੈਲ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੇ ਆਪਣੇ ਦਫਤਰ ਵਿਚ ਖੋਲ੍ਹਿਆ ਹੈ ਜੋ ਕਿ ਇੱਕ ਬਹੁਤ ਸ਼ਲਾਘਾ-ਯੋਗ ਕਦਮ ਹੈ ਕਿਉਂਕਿ ਪੰਜਾਬੀ ਜੋ ਵਿਦੇਸ਼ਾਂ ਵਿਚ ਰਹਿੰਦੇ ਹਨ ਉਨ੍ਹਾਂ ਨਾਲ ਸਿੱਧਾ ਸੰਪਰਕ ਕਰਕੇ ਉਨ੍ਹਾਂ ਦਾ ਪੈਸਾ ਪੰਜਾਬ ਵਿਚ ਲਾਇਆ ਜਾਵੇਗਾ, ਜਿਸ ਦਾ ਪੰਜਾਬ ਦੀ ਡਿਵੈਲਪ-ਮੈਂਟ ਵਾਸਤੇ ਬਹੁਤ ਵੱਡਾ ਯੋਗਦਾਨ ਹੋਵੇਗਾ । ਤੁਸੀਂ ਕਿਸੇ ਨੂੰ ਮੁਆਫ ਨਹੀਂ ਕਰਦੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਜਿਹੜੇ ਸਾਡੇ ਕਾਂਗਰਸੀ ਭਰਾਵਾਂ ਦੇ ਵੱਡੇ ਵਡੇਰੇ ਹਨ, ਉਹ ਦਿੱਲੀ ਵਿਚ ਬੈਠੇ ਹਨ । ਉਨ੍ਹਾਂ ਨੇ ਸਾਡੇ ਤੋਂ ਪੰਜਾਬ ਦੇ ਹੈਡ-ਵਰਕਸ ਦਾ ਪ੍ਰਬੰਧ ਖੋਹ ਲਿਆ, ਪੰਜਾਬ ਦੀ ਰਾਜਧਾਨੀ ਖੋਹ ਲਈ, ਪੰਜਾਬੀ ਬੋਲਦੇ ਇਲਾਕੇ ਸਾਡੇ ਤੋਂ ਬਾਹਰ ਜਿਹੜੇ ਹਨ, ਉਹ ਖੋਹ ਲਏ ਅਤੇ ਪੰਜਾਬ ਦੀ ਕਿਸਾਨੀ ਦਾ ਪੂਰਾ ਮੁੱਲ ਨਾ ਦੇ ਕੇ ਜੋ ਪੰਜਾਬ ਦੇ ਕਿਸਾਨ ਨਾਲ ਲੁੱਟ ਕੀਤੀ ਹੈ, ਉਹ ਤੁਹਾਡੇ ਸਾਹਮਣੇ ਹੈ । ਚੇਅਰਮੈਨ ਸਾਹਿਬ, ਪੰਜਾਬ ਦੇ ਜਿਹੜੇ ਵੀ ਕਾਂਗਰਸੀ ਮੁੱਖ ਮੰਤਰੀ ਬਣੇ, ਉਹ ਸਾਰੇ ਹੀ ਦਿੱਲੀ ਤੋਂ ਨਾਮੀਨੇਟ ਹੁੰਦੇ ਹਨ । ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਪੰਜਾਬ ਦੇ ਵਿਧਾਇਕ ਨਹੀਂ ਚੁਣ ਸਕਦੇ, ਉਹ ਡਾਇਰੈਕਸ਼ਨ ਉਪਰੋਂ ਲੈਂਦੇ ਹਨ । ਜਿਸ ਤਰ੍ਹਾਂ ਇਕ ਵਿਦਿਆਰਥੀ ਸਕੂਲ ਵਿਚ ਪੜ੍ਹਦਾ ਹੈ ਅਤੇ ਮਾਸਟਰ ਕੋਲੋਂ ਇਕ ਨੰਬਰ ਜਾ ਆਵਾਂ, ਕਦੇ ਦੋ ਨੰਬਰ ਜਾ ਆਵਾਂ, ਇਸ ਦੀ ਇਜਾਜ਼ਤ ਮੰਗਦਾ ਹੈ, ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਉਸੇ ਤਰ੍ਹਾਂ ਦਿੱਲੀ ਤੋਂ ਡਾਇਰੈਕਸ਼ਨ ਲੈਂਦੇ ਹਨ । ਉਹ ਇਹ ਡਾਇਰੈਕਸ਼ਨ ਲੈਂਦੇ ਹਨ ਕਿ ਕਿਨ੍ਹਿਆਂ ਨੂੰ ਲੁੱਟਣਾ ਹੈ, ਕਿਨ੍ਹਿਆਂ ਨੂੰ ਕੁੱਟਣਾ ਹੈ ਅਤੇ ਕਿਨ੍ਹਿਆਂ ਤੇ ਟਾਡਾ ਲਾਉਣਾ ਹੈ, ਕਿਨ੍ਹਿਆਂ

[ਸਰਦਾਰ ਸੁਰਜੀਤ ਸਿੰਘ ਕੋਹਲੀ]

ਨੂੰ ਜੇਲ੍ਹਾਂ ਵਿਚ ਭੇਜਣਾ ਹੈ। ਪੰਜਾਬ ਦੀ ਡਿਵੈਲਪਮੈਂਟ ਲਈ ਕਿਸੇ ਮੁਖ ਮੰਤਰੀ ਦਾ ਕੋਈ ਯੋਗਦਾਨ ਨਹੀਂ ਰਿਹਾ। ਇਹ ਤਾਂ ਆਪਣੀ ਸਿਲੈਕਸ਼ਨ ਵਾਸਤੇ ਪੰਜਾਬ ਵਿਚ ਆਉਂਦੇ ਹਨ, ਇਥੇ ਆਪਣਾ ਕਰਤੱਵ ਦਿਖਾ ਕੇ ਸਿਲੈਕਟ ਹੋ ਕੇ ਦਿੱਲੀ ਚਲੇ ਜਾਂਦੇ ਹਨ। ਕੋਈ ਗ੍ਰਹਿ ਮੰਤਰੀ, ਕੋਈ ਰਾਜ ਸਭਾ ਦਾ ਮੈਂਬਰ ਅਤੇ ** ** ** ਇਹ ਜਿੰਨੇ ਵੀ ਕਰਤੱਵ ਦਿਖਾਉਂਦੇ ਹਨ . . . (ਵਿਘਨ)

ਸਰਦਾਰ ਅਵਤਾਰ ਸਿੰਘ ਬਰਾੜ : ਪੁਆਇੰਟ ਆਫ ਆਰਡਰ। ਚੇਅਰਮੈਨ ਸਾਹਿਬ, ਰਾਸ਼ਟਰਪਤੀ ਦਾ ਇਕ ਐਸਾ ਰੁਤਬਾ ਹੈ ਜਿਸਦੇ ਮੂਹਰੇ ਸਾਰਿਆਂ ਦਾ ਸਿਰ ਝੁਕਦਾ ਹੈ। ਇਥੇ ਜਿਸ ਰਾਸ਼ਟਰਪਤੀ ਦਾ ਜ਼ਿਕਰ ਹੋਇਆ ਹੈ, ਉਸ ਦੀ ਚੋਣ ਲਈ ਇਨ੍ਹਾਂ ਦੀ ਪਾਰਟੀ ਨੇ ਵੀ ਵੋਟਾਂ ਪਾਈਆਂ ਸਨ ਅਤੇ ਭੇਜਿਆ ਸੀ। ਇਥੇ ਚਾਹੇ ਅਸੀਂ ਇਕ ਦੂਜੇ ਦੀ ਨੁਕਤਾ-ਚੀਨੀ ਕਰ ਲਈਏ, ਹਾਸੇ ਖੇਡੇ ਵਾਲੀ ਗੱਲ ਹੋਰ ਹੁੰਦੀ ਹੈ ਪਰ ਹਾਊਸ ਦੀਆਂ ਪਰੰਪਰਾਵਾਂ ਅਤੇ ਰਵਾਇਤਾਂ ਨੂੰ ਕਾਇਮ ਰਖਿਆ ਜਾਵੇ। ਇਹ ਸ਼ਬਦ ਐਕਸਪੰਜ ਕੀਤੇ ਜਾਣ ਅਤੇ ਆਇੰਦਾ ਵਾਸਤੇ ਵੀ ਹਦਾਇਤ ਕੀਤੀ ਜਾਵੇ ਕਿ ਅਸੀਂ ਆਪਣੇ ਦਾਇਰੇ ਵਿਚ ਰਹਿ ਕੇ ਗੱਲ ਕਰੀਏ। ਸਾਡੇ ਰਾਜਨੀਤਕ ਕੱਦ ਵਿਚ ਵੀ ਉੱਨੀ-ਇੱਕੀ ਦਾ ਫਰਕ ਹੈ। ਪਰ ਉਨ੍ਹਾਂ ਲੋਕਾਂ ਨੇ ਤਾਂ ਦੇਸ਼ ਦੀ ਆਜ਼ਾਦੀ ਵਾਸਤੇ ਬੜੀਆਂ ਘਾਲਨਾਵਾਂ ਘਾਲੀਆਂ ਹਨ। ਸਾਡਾ ਨਾਂ ਸਾਰੇ ਸੰਸਾਰ ਵਿਚ ਉਚਾ ਕੀਤਾ ਹੈ।

ਸ੍ਰੀ ਸਭਾਪਤੀ : ਠੀਕ ਹੈ ਜੀ। ਐਕਸਪੰਜ ਕੀਤਾ ਜਾਵੇ।

ਸਰਦਾਰ ਸੁਰਜੀਤ ਸਿੰਘ ਕੋਹਲੀ : ਬਰਾੜ ਸਾਹਿਬ, ਹੁਣ ਕੱਦ ਵਿਚ ਜ਼ੀਰੋ-ਇੱਕੀ ਦਾ ਫਰਕ ਹੈ।

ਸਰਦਾਰ ਅਵਤਾਰ ਸਿੰਘ ਬਰਾੜ : ਆਪਣੇ ਕੱਦ ਦੀ ਨਹੀਂ, ਮੈਂ ਰਾਜਨੀਤਕ ਕੱਦ ਦੀ ਗੱਲ ਕਰਦਾ ਹਾਂ।

ਸਰਦਾਰ ਸੁਰਜੀਤ ਸਿੰਘ ਕੋਹਲੀ : ਚੇਅਰਮੈਨ ਸਾਹਿਬ, ਇਥੇ ਪੰਜਾਬ ਦੀਆਂ ਨੌਕਰੀਆਂ ਵੇਚੀਆਂ ਗਈਆਂ, ਬਦਲੀਆਂ ਵੇਚੀਆਂ ਗਈਆਂ, ਵਿਦਿਆਰਥੀਆਂ ਦੇ ਦਾਖਲੇ ਵੇਚੇ ਗਏ, ਬੱਸ ਰੂਟ ਪਰਮਿਟ ਵੇਚੇ ਗਏ, ਪੰਜਾਬ ਦੇ ਅੰਦਰ ਨਕਲੀ ਦਵਾਈਆਂ ਲਿਆ ਕੇ ਵੇਚੀਆਂ ਗਈਆਂ ਅਤੇ ਪੰਜਾਬ ਦੀ ਕਿਸਾਨੀ ਨੂੰ ਸੁਪਰਫਾਈਨ ਦੀ ਜਗ੍ਹਾ ਫਾਈਨ ਦਾ ਰੇਟ ਐਫ.ਸੀ.ਆਈ. ਨੂੰ ਚੌਲ ਵੇਚ ਕੇ ਦਿਵਾਇਆ ਗਿਆ ਅਤੇ ਕਿਸਾਨੀ ਨਾਲ ਧੱਕਾ ਕੀਤਾ ਗਿਆ ਅਤੇ ਆਪਣੀਆਂ ਤਿਜੋਰੀਆਂ ਭਰ ਲਈਆਂ। ਪੰਜਾਬ ਦੇਸ਼ ਦਾ ਇਕ ਮੁੱਖ ਸੂਬਾ ਹੈ ਪਰ ਦੇਸ਼ ਅੰਦਰ ਪੰਜਾਬ ਦੀ ਆਰਥਿਕਤਾ ਨੂੰ ਕਮਜ਼ੋਰ ਕਰਨ ਲਈ ਤੁਸੀਂ ਜ਼ਿੰਮੇਵਾਰ ਬੈਠੇ ਹੋ।

ਸ੍ਰੀ ਸਭਾਪਤੀ : ਕਨਕਲੂਡ ਕਰੋ ਜੀ।

**Expunged as ordered by the Chair.

ਸਰਦਾਰ ਸੁਰਜੀਤ ਸਿੰਘ ਕੋਹਲੀ: ਚੇਅਰਮੈਨ ਸਾਹਿਬ, ਭਾਰਤ ਸੋਨੇ ਦੀ ਚਿੜੀਆ ਸੀ । ਜਿਸ ਨੂੰ ਇਨ੍ਹਾਂ ਨੇ ਇਕ ਦਿਨ ਚੋ ਪੈਟਰੋਲ ਦੀ ਖਾਤਰ, ਇਥੇ ਵਿਦੇਸ਼ੀ ਮੁਦਰਾ ਨਹੀਂ ਸੀ ਰਹੀ ਅਤੇ ਭਾਰਤ ਦੇ ਸੋਨੇ ਨੂੰ ਗਿਰਵੀ ਰੱਖਣਾ ਪੈ ਗਿਆ ਸੀ, ਇਨ੍ਹਾਂ ਨੇ ਦੇਸ਼ ਨੂੰ ਕਮਜ਼ੋਰ ਕਰ ਦਿੱਤਾ ਅਤੇ ਭਾਰਤ ਦੀ ਰਿਸ਼ੀਆਂ ਮੁਨੀਆਂ ਦੀ ਧਰਤੀ ਤੇ ਇਨ੍ਹਾਂ ਨੇ ਰਿਸ਼ੀਆਂ ਮੁਨੀਆਂ ਦੀ ਥਾਂ ਨਕਲੀ ਰਿਸ਼ੀ ਮੁਨੀ ਚੰਦਰਾ ਸਵਾਮੀ ਵਰਗੇ ਪੈਦਾ ਕਰ ਦਿੱਤੇ ।

ਸੂਬਿਆਂ ਨੂੰ ਵੱਧ ਅਧਿਕਾਰ ਦਿਵਾਉਣ ਵਾਸਤੇ ਸਰਬਸੰਮਤੀ ਨਾਲ ਰੈਜ਼ੋਲਿਊਸ਼ਨ ਪਾਸ ਕਰਵਾ ਕੇ ਸੈਂਟਰ ਦੀ ਸਰਕਾਰ ਤੇ ਦਬਾਅ ਪਾਉਣਾ ਚਾਹੀਦਾ ਹੈ । ਜੇ ਸੂਬਿਆਂ ਨੂੰ ਵੱਧ ਅਧਿਕਾਰ ਹੋਣਗੇ ਤਾਂ ਸੂਬੇ ਤਕੜੇ ਹੋਣਗੇ ਅਤੇ ਜੇ ਸੂਬੇ ਤਕੜੇ ਹੋਣਗੇ ਤਾਂ ਦੇਸ਼ ਤਕੜਾ ਹੋਵੇਗਾ । ਫਿਰ ਸੂਬਿਆਂ ਨੂੰ ਸੈਂਟਰ ਕੋਲੋਂ ਕਰਜ਼ਾ ਨਹੀਂ ਲੈਣਾ ਪਵੇਗਾ । ਜੋ 107.70 ਕਰੋੜ ਰੁਪਿਆ ਨਾਨ-ਪਲੈਨ ਖਰਚ ਘਟਾਉਣ ਦਾ ਫੈਸਲਾ ਕੀਤਾ ਗਿਆ ਹੈ, ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ । ਇਸ ਨੂੰ ਹੋਰ ਡੂੰਘਾਈ ਨਾਲ ਲੈਣਾ ਚਾਹੀਦਾ ਹੈ ਅਤੇ ਇਸ ਨੂੰ ਹੋਰ ਘਟਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਅਫਸਰਾਂ ਦੁਆਰਾ ਜਿਹੜੀਆਂ ਪੈਟਰੋਲ ਦੀਆਂ ਗੱਡੀਆਂ ਵਰਤੀਆਂ ਜਾਂਦੀਆਂ ਹਨ, ਉਨ੍ਹਾਂ ਦੀ ਥਾਂ ਤੇ ਜੇਕਰ ਡੀਜ਼ਲ ਦੀਆਂ ਗੱਡੀਆਂ ਵਰਤੀਆਂ ਜਾਣ ਤਾਂ ਖਰਚਾ ਹੋਰ ਵੀ ਜ਼ਿਆਦਾ ਘਟਾਇਆ ਜਾ ਸਕਦਾ ਹੈ ।

*6.20 ਵਜੇ ਸ਼ਾਮ	(ਇਸ ਸਮੇਂ* ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਅਨੁਸੂਚਿਤ ਜਾਤੀਆਂ ਦੇ ਲਈ ਜੋ ਮਕਾਨ ਬਣਾਉਣ ਵਾਸਤੇ 50,000 ਰੁਪਏ ਦੀ ਹੱਦ ਕੀਤੀ ਗਈ ਹੈ, ਇਹ ਵੀ ਬਹੁਤ ਸ਼ਲਾਘਾਯੋਗ ਗੱਲ ਹੈ । 12,000 ਮਕਾਨ ਇਨ੍ਹਾਂ ਗਰੀਬ ਲੋਕਾਂ ਲਈ ਬਣਨੇ ਹਨ । ਮੇਰੇ ਸਤਿਕਾਰਯੋਗ ਭਰਾ ਚੌਧਰੀ ਜਗਜੀਤ ਸਿੰਘ ਨੇ ਕਿਹਾ ਸੀ ਕਿ ਗਰੀਬਾਂ ਲਈ ਪਿੰਡਾਂ ਤੋਂ ਬਾਹਰ ਕਾਲੋਨੀਆਂ ਬਣਾ ਦਿੱਤੀਆਂ ਜਾਂਦੀਆਂ ਹਨ । ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਤਾਂ ਸਾਰਿਆਂ ਨੂੰ ਬਰਾਬਰ ਸਮਝਦੇ ਹਾਂ— 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।' ਅੱਜ ਕੋਈ ਭਰਾ ਮਾਡਲ ਟਾਊਨ ਵਿਚ ਰਹਿੰਦਾ ਹੈ, ਕੋਈ ਪੁੱਡਾ ਦੇ ਮਕਾਨ ਵਿਚ ਅਤੇ ਕੋਈ ਇੰਪਰੂਵਮੈਂਟ ਟਰੱਸਟ ਦੇ ਮਕਾਨ ਵਿਚ ਰਹਿੰਦਾ ਹੈ । ਅਗਰ ਖੁਲ੍ਹੀ ਥਾਂ ਤੇ ਮਕਾਨ ਬਣਾ ਕੇ ਦਿੱਤੇ ਜਾਣ ਤਾਂ ਮੈਂ ਸਮਝਦਾ ਹਾਂ ਕਿ ਕੋਈ ਹਰਜ ਵਾਲੀ ਗੱਲ ਨਹੀਂ ਹੈ । ਜਿਥੇ ਜਗ੍ਹਾ ਮਿਲੇਗੀ, ਉਥੇ ਹੀ ਮਕਾਨ ਬਣਾਏ ਜਾ ਸਕਦੇ ਹਨ । ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਜਗ੍ਹਾ ਲਈ ਵੀ ਉਪਰਾਲੇ ਕਰ ਰਹੇ ਹਾਂ । ਇਹ ਵੀ ਬਹੁਤ ਸ਼ਲਾਘਾਯੋਗ ਕੰਮ ਹੈ । ਅਸੀਂ ਸਾਰੇ ਇਕੱਠੇ ਹਾਂ, ਇਕ ਮੁੱਠ ਹਾਂ ।

5100 ਰੁਪਏ ਦਾ ਸ਼ਗਨ ਦੇਣ ਦੀ ਜਿਹੜੀ ਗੱਲ ਕੀਤੀ ਗਈ ਹੈ, ਇਹ ਵੀ ਬਹੁਤ ਸ਼ਲਾਘਾਯੋਗ ਹੈ । ਸਰਕਾਰ ਨੇ ਦਲਿਤ ਦੀ ਬੇਟੀ ਨੂੰ ਆਪਣੀ ਬੇਟੀ ਕਹਿ ਕੇ ਬੁਲਾਇਆ ਹੈ । ਇਹ ਬੜੇ ਮਾਣ ਵਾਲੀ ਗੱਲ ਹੈ । ਸਾਬਕਾ ਕਾਂਗਰਸੀ ਵਜ਼ੀਰ ਕਲੱਬਾਂ ਵਿੱਚ ਬੈਠੇ

[ਸਰਦਾਰ ਸੁਰਜੀਤ ਸਿੰਘ ਕੋਹਲੀ]
ਇਹ ਗੱਲਾਂ ਕਹਿੰਦੇ ਸੁਣੇ ਗਏ ਹਨ ਕਿ ਵਿਆਹ ਦੇ ਕਾਰਡ ਬਹੁਤ ਆ ਰਹੇ ਹਨ, ਇੰਨੇ ਸ਼ਟਾਨ ਤਾਂ ਦੇ ਨਹੀਂ ਸਕਦੇ, ਇਸ ਕਰਕੇ ਖਾਲੀ ਲਿਫਾਫੇ ਹੀ ਦੇ ਦਿਆਗੇ। ਦਲਿਤ ਵੀਰਾਂ ਦੀਆਂ ਧੀਆਂ ਨੂੰ ਆਪਣੀਆਂ ਧੀਆਂ ਕਹਿ ਕੇ ਸਰਕਾਰ ਨੇ ਜੋ 5100 ਰੁਪਏ ਦਾ ਸ਼ਗਨ ਦੇਣ ਦਾ ਕੰਮ ਕੀਤਾ ਹੈ, ਇਹ ਬਹੁਤ ਹੀ ਸ਼ਲਾਘਾਯੋਗ ਹੈ।

ਹੜ੍ਹ ਕੰਟਰੋਲ ਲਈ ਬਜਟ ਵਿਚ ਵਾਧਾ ਕੀਤਾ ਗਿਆ ਹੈ। ਹੜ੍ਹਾਂ ਨਾਲ ਕਿਸਾਨੀ ਦਾ, ਘਰਾਂ ਦਾ ਅਤੇ ਪਸ਼ੂ ਧਨ ਦਾ ਨੁਕਸਾਨ ਹੁੰਦਾ ਹੈ। ਹੜ੍ਹਾਂ ਵੱਲ ਕਾਂਗਰਸੀ ਸਰਕਾਰ ਨੇ ਕੋਈ ਧਿਆਨ ਨਹੀਂ ਸੀ ਦਿੱਤਾ। ਇਹ ਤਾਂ ਰਾਹਤ ਫੰਡ ਵੱਲ ਜ਼ਿਆਦਾ ਧਿਆਨ ਦਿੰਦੇ ਸਨ। ਰਾਹਤ ਲੋਕਾਂ ਨੂੰ ਦੇ ਦਿੰਦੇ ਸਨ ਅਤੇ ਫੰਡ ਆਪਣੀਆਂ ਤਿਜੋਰੀਆਂ ਵਿਚ ਰੱਖ ਲੈਂਦੇ ਸਨ। ਹੁਣ ਜੋ ਹੜ੍ਹਾਂ ਨੂੰ ਰੋਕਣ ਵਾਸਤੇ ਪ੍ਰਬੰਧ ਕੀਤਾ ਗਿਆ ਹੈ, ਇਹ ਵੀ ਬਹੁਤ ਸ਼ਲਾਘਾਯੋਗ ਹੈ। ਕਰੇਨਾਂ ਚੱਲ ਰਹੀਆਂ ਹਨ, ਮਸ਼ੀਨਾਂ ਚੱਲ ਰਹੀਆਂ ਹਨ, ਅਤੇ ਖੁਦਾਈ ਹੋ ਰਹੀ ਹੈ। ਮੇਰਾ ਖਿਆਲ ਹੈ ਕਿ ਹੁਣ ਹੜ੍ਹਾਂ ਨਾਲ ਹੋਰ ਨੁਕਸਾਨ ਨਹੀਂ ਹੋਣਾ।

ਉੱਨਤ ਗ੍ਰਾਮ ਸਕੀਮ ਅਧੀਨ 10,000 ਕਿਲੋਮੀਟਰ ਸੜਕਾਂ ਲਈ 166 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਜੋ ਕੁਝ ਪਿਛਲੀਆਂ ਸਰਕਾਰਾਂ ਨੇ ਕੀਤਾ ਹੈ, ਉਸ ਤੇ ਸਖਤ ਨਜ਼ਰ ਰੱਖਣ ਦੀ ਲੋੜ ਹੈ। ਉਨ੍ਹਾਂ ਨੇ ਪ੍ਰਾਪਰਲੀ ਖਰਚਾ ਨਹੀਂ ਸੀ ਕੀਤਾ। ਸੜਕਾਂ ਦੇ ਟੋਇਆਂ ਤੇ ਮਿੱਟੀ ਪਾ ਦਿੱਤੀ ਪਰ ਲੁੱਕ ਪਾਈ ਨਹੀਂ। ਐਮ.ਬੀ. ਵਿਚ ਐਂਟਰੀਆਂ ਕਰ ਦਿੱਤੀਆਂ ਅਤੇ ਬਿੱਲ ਪਾਸ ਹੋ ਗਏ। ਇਸ ਵੱਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਸੜਕ ਦੇ ਸਪੈਸੀਫਿਕੇਸ਼ਨ ਦੇ ਬਾਰ ਅਫ਼ਸਰਾਂ ਵਲੋਂ ਲਿਖ ਕੇ ਲਾ ਦਿਤਾ ਜਾਵੇ ਕਿ ਐਨੀ ਮਿੱਟੀ ਪਵੇਗੀ, ਐਨਾ ਪੱਥਰ ਪਵੇਗਾ ਅਤੇ ਐਨੀ ਪ੍ਰੀ-ਮਿਕਸ ਪਵੇਗੀ। ਜਿਥੋਂ ਸੜਕ ਸ਼ੁਰੂ ਹੋਣੀ ਹੈ ਅਤੇ ਜਿਥੇ ਖਤਮ ਹੋਣੀ ਹੈ, ਦੋਹੀਂ ਥਾਈਂ ਲਿਖ ਕੇ ਲਾ ਦੇਣ ਤਾਂ ਕਿ ਸਾਰੀ ਗੱਲ ਜਨਤਾ ਦੇ ਸਾਹਮਣੇ ਆ ਸਕੇ। ਇਸ ਸਬੰਧ ਵਿਚ ਜੋ ਪੈਸੇ ਰੱਖੇ ਗਏ ਹਨ, ਇਹ ਵੀ ਬਹੁਤ ਚੰਗੀ ਗੱਲ ਹੈ। ਪਹਿਲਾਂ ਸੜਕਾ ਬਹੁਤ ਟੁੱਟੀਆਂ ਫੁੱਟੀਆਂ ਪਈਆਂ ਸਨ। ਹੁਣ ਸਰਕਾਰ ਇਨ੍ਹਾਂ ਦੀ ਰਿਪੇਅਰ ਕਰ ਰਹੀ ਹੈ।

ਸ਼ਹਿਰੀ ਜੀਵਨ ਦੇ ਮਿਆਰ ਨੂੰ ਵਧਾਉਣ ਵਾਸਤੇ ਵੀ ਉਪਬੰਧ ਕੀਤਾ ਗਿਆ ਹੈ। ਮਾਈਗ੍ਰੇਟ ਲੇਬਰ ਕਾਫੀ ਵੱਧ ਚੁੱਕੀ ਹੈ। ਗਰੀਬ ਅਤੇ ਦਲਿਤ ਲੋਕ ਪਿਛਲੇ 50 ਸਾਲ ਤੋਂ ਪਾਣੀ ਲਈ ਮੁਥਾਜ ਹਨ। ਮੈਂ ਪਟਿਆਲੇ ਦੀ ਮਿਸਾਲ ਦਿੰਦਾ ਹਾਂ। ਉਥੇ ਇਕ ਧੱਕਾ ਕਾਲੋਨੀ ਹੈ ਔਰ ਇਕ ਦਾਦੂਪੁਰ ਬਸਤੀ ਹੈ ਜਿੱਥੇ ਪੰਜ ਹਜ਼ਾਰ ਵਿਅਕਤੀ ਰਹਿੰਦੇ ਹਨ। ਉਥੋਂ ਦਾ ਪਾਣੀ ਟੈਸਟ ਕਰਵਾਇਆ ਗਿਆ ਹੈ ਜੋ ਕਿ ਡੀ-ਗਰੇਡ ਨਿਕਲਿਆ। ਉਹ ਪਾਣੀ ਪੀਣ ਯੋਗ ਨਹੀਂ ਹੈ। ਜੋ ਸ਼ਹਿਰੀ ਵਿਕਾਸ ਦੀਆਂ ਸਕੀਮਾਂ ਹਨ ਇਹ ਗਰੀਬਾਂ ਤੱਕ ਪਹੁੰਚਣਗੀਆਂ। ਇਹ ਨਹੀਂ ਹੋਵੇਗਾ ਕਿ ਸਾਰਾ ਪੈਸਾ ਅਫ਼ਸਰ ਖਾ ਜਾਣਗੇ ਤਾਂ ਵਜ਼ੀਰ ਖਾ ਜਾਣਗੇ। ਇਹ ਪੈਸਾ ਗਰੀਬਾਂ ਤੱਕ ਪਹੁੰਚੇਗਾ ਔਰ ਇਲਾਕੇ ਦੀ ਡਿਵੈਲਪਮੈਂਟ ਹੋਵੇਗੀ।

ਸਰਕਾਰ ਨੇ ਜੋ ਚਾਰ ਲੇਨ ਸੜਕਾਂ ਬਣਾਉਣੀਆਂ ਹਨ ਇਹ ਇਕ ਬਹੁਤ ਹੀ ਅੱਛੀ ਸਕੀਮ ਹੈ । ਇਸ ਨਾਲ ਰੋਡ ਦੁਰਘਟਨਾਵਾਂ ਦੇ ਕਾਰਨ ਜੋ ਕਈ ਕੀਮਤੀ ਜਾਨਾਂ ਅਜਾਈਂ ਜਾਂਦੀਆਂ ਹਨ, ਉਨ੍ਹਾਂ ਦਾ ਨੁਕਸਾਨ ਹੋਣੋਂ ਬੱਚ ਜਾਵੇਗਾ । ਫੋਰ ਲੇਨਿੰਗ ਸੜਕਾਂ ਦੇ ਨਾਲ ਰੋਡ ਐਕਸੀਡੈਂਟ ਘੱਟ ਹੋਣਗੇ ਔਰ ਆਰਥਿਕ ਤੌਰ ਤੇ ਮੋਟਰ ਵਹੀਕਲਜ਼ ਵਾਲਿਆਂ ਨੂੰ ਵੀ ਬਹੁਤ ਫਾਇਦੇ ਪਹੁੰਚਣਗੇ । ਜੋ ਬੀ.ਓ.ਟੀ. ਦੀ ਸਕੀਮ ਹੈ, ਇਸ ਨਾਲ ਵੀ ਕਿਸੇ ਤੇ ਕੋਈ ਖਾਸ ਬੋਝ ਨਹੀਂ ਪਵੇਗਾ ਔਰ ਸੜਕਾਂ ਤੇ ਜਿੱਥੇ ਕਿਤੇ ਵੀ ਚੌਰਸਤੇ ਦੀ ਲੋੜ ਹੈ ਉਸ ਦੇ ਬਣਨ ਨਾਲ ਕਈ ਕੀਮਤੀ ਜਾਨਾਂ ਜੋ ਐਕਸੀਡੈਂਟਾਂ ਵਿਚ ਜਾਂਦੀਆਂ ਹਨ ਉਹ ਬਚ ਜਾਣਗੀਆਂ । ਸਪੀਕਰ ਸਾਹਿਬ, ਜੋ ਰੋਡ ਡੀਵਾਇਡਰ ਪਿਛਲੀ ਸਰਕਾਰ ਨੇ ਪਟਿਆਲੇ ਤੋਂ ਲੈ ਕੇ ਬਹਾਦਰਗੜ੍ਹ ਤੱਕ ਬਣਾਇਆ ਸੀ ਜਦੋਂ ਕੋਈ ਆਪਣੀ ਕਾਰ ਲੈ ਕੇ ਉਥੇ ਦੀ ਜਾਂਦਾ ਹੈ ਤਾਂ ਗੱਡੀ ਨੂੰ ਬੜੀ ਮੁਸ਼ਕਲ ਪੇਸ਼ ਆਉਂਦੀ ਹੈ । ਉਸ ਡੀਵਾਈਡਰ ਨੂੰ ਬਣਾਉਣ ਵਿਚ ਜੋ ਮੈਟੀਰੀਅਲ ਵਰਤਿਆ ਗਿਆ ਹੈ, ਉਹ ਵੀ ਠੀਕ ਨਹੀਂ । ਜੇਕਰ ਉਸ ਨੂੰ ਕੋਈ ਠੁੱਡਾ ਵੀ ਮਾਰ ਦੇਵੇ ਤਾਂ ਉਹ ਢਹਿ ਜਾਂਦਾ ਹੈ । ਅਜਿਹੇ ਠੇਕੇਦਾਰਾਂ ਨੂੰ ਜਾਂ ਅਜਿਹੇ ਅਫਸਰਾਂ ਨੂੰ ਜੋ ਇਸ ਤਰ੍ਹਾਂ ਦੇ ਕੰਮ ਕਰਦੇ ਹਨ, ਇਸ ਤਰ੍ਹਾਂ ਦੀਆਂ ਸੜਕਾਂ ਬਣਾਉਂਦੇ ਹਨ, ਉਨ੍ਹਾਂ ਨੂੰ ਕੰਮ ਤੇ ਨਹੀਂ ਲਾਉਣਾ ਚਾਹੀਦਾ । ਇੰਨੇ ਲਫਜ਼ ਕਹਿੰਦਾ ਹੋਇਆ ਮੈਂ ਇਸ ਬਜਟ ਦੀ ਪ੍ਰੋੜਤਾ ਕਰਦਾ ਹਾਂ ਅਤੇ ਹਾਊਸ ਦਾ ਧੰਨਵਾਦ ਕਰਦਾ ਹਾਂ ।

ਮਾਸਟਰ ਮੋਹਨ ਲਾਲ (ਪਠਾਨਕੋਟ) : ਸਪੀਕਰ ਸਾਹਿਬ, ਆਪ ਦੀ ਬਹੁਤ ਬਹੁਤ ਮਿਹਰਬਾਨੀ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ, ਆਪਣੀ ਬਾਦਲ ਸਰਕਾਰ ਦੀ ਇਸ ਸਾਲ ਦੀ ਕਾਰਗੁਜ਼ਾਰੀ ਦੀ ਤਰਜਮਾਨੀ ਕਰਨ ਵਾਸਤੇ, ਸਮਰਥਨ ਕਰਨ ਵਾਸਤੇ । ਸਪੀਕਰ ਸਾਹਿਬ, 1952 ਤੋਂ ਬਾਅਦ ਭਾਵੇਂ ਸਰਕਾਰ ਕੇਂਦਰ ਦੀ ਹੈ, ਭਾਵੇਂ ਉਹ ਸਰਕਾਰ ਸਟੇਟ ਦੀ ਹੈ. ਇਨ੍ਹਾਂ ਸਰਕਾਰਾਂ ਨੇ ਘਾਟੇ ਦੇ ਬਜਟ ਬਣਾਏ ਔਰ ਘਾਟੇ ਦੇ ਬਜਟ ਬਣਾਉਣ ਦਾ ਨੁਕਸਾਨ ਕੀ ਹੋਇਆ ਕਿ ਚੀਜ਼ਾਂ ਦੀਆਂ ਕੀਮਤਾਂ ਹੋਰ ਵਧ ਗਈਆਂ । ਇਹ ਪੰਜਾਬ ਸਰਕਾਰ ਦਾ ਪਹਿਲਾ ਬਜਟ ਹੈ ਜਿਸ ਦੇ ਅੰਦਰ ਇਸ ਘਾਟੇ ਨੂੰ ਹੋਰ ਸਾਧਨਾਂ ਰਾਹੀਂ ਪੂਰਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ । ਘਾਟੇ ਦਾ ਬਜਟ ਪੇਸ਼ ਕਰਨ ਦਾ ਨੁਕਸਾਨ ਦੇਸ਼ ਨੂੰ ਹੈ, ਹਰ ਦੇਸ਼ ਵਾਸੀ ਨੂੰ ਹੈ ਅਤੇ ਹਰ ਵਿਧਾਨਕਾਰ ਨੂੰ ਹੈ । ਇਹ ਹਰ ਵਿਧਾਨਕਾਰ ਲਈ ਚਿਤਾਵਨੀ ਹੈ ਕਿ ਜਿੰਨੇ ਵੀ ਘਾਟੇ ਅਸੀਂ ਬਜਟ ਵਿਚ ਰੱਖਦੇ ਹਾਂ ਉਸ ਨੂੰ ਪੂਰਾ ਕਰਨ ਦਾ ਪ੍ਰਬੰਧ ਕੋਈ ਸਰਕਾਰ ਨਾ ਕਰੇ । ਅਗਰ ਕੇਂਦਰ ਸਰਕਾਰ ਕਰਦੀ ਹੈ ਤਾਂ ਉਹ ਧੜਾ ਧੜ ਨੋਟ ਛਾਪ ਲੈਂਦੀ ਹੈ । ਨੋਟਾਂ ਦੇ ਇਸ ਪ੍ਰਕਾਰ ਛਾਪਣ ਨਾਲ ਇਨਫਲੇਸ਼ਨ ਵਧਦੀ ਹੈ । 1947 ਤੋਂ ਬਾਅਦ ਇਸ ਦੇਸ਼ ਦੇ ਅੰਦਰ ਪਾਪੂਲੇਸ਼ਨ 300% ਵਧੀ ਔਰ ਇਸ ਦੇਸ਼ ਦਾ ਪ੍ਰੋਡਕਸ਼ਨ ਸਿਰਫ 6 ਤੋਂ ਲੈ ਕੇ 8% ਤੱਕ ਵਧਿਆ । ਪ੍ਰੋਡਕਸ਼ਨ ਔਰ ਪਾਪੂਲੇਸ਼ਨ, ਬੇਰੋਜ਼ਗਾਰੀ ਔਰ ਡਿਵੈਲਪਮੈਂਟ ਦਾ ਆਪਸ ਵਿਚ ਤਾਲਮੇਲ ਨਹੀਂ ਰਿਹਾ । ਦੇਸ਼ ਦੇ ਅੰਦਰ ਇਨਫਲੇਸ਼ਨ ਔਰ ਬੇਰੁਜ਼ਗਾਰੀ ਲਗਾਤਾਰ ਵਧਦੀ ਗਈ ਕਿਉਂਕਿ ਇਸ ਦੇਸ਼ ਦੇ ਅੰਦਰ ਘਾਟੇ ਦੇ ਬਜਟ ਬਣਦੇ ਰਹੇ । ਮੈਂ ਬਾਦਲ ਸਰਕਾਰ ਦਾ ਔਰ ਵਿੱਤ

[ਮਾਸਟਰ ਮੋਹਨ ਲਾਲ]

ਮੰਤਰੀ ਸਾਹਿਬ ਦਾ ਇਸ ਗੱਲ ਲਈ ਧੰਨਵਾਦ ਕਰਾਂਗਾ ਕਿ ਇਨ੍ਹਾਂ ਨੇ 354.52 ਕਰੋੜ ਰੁਪਏ ਦੇ ਘਾਟੇ ਨੂੰ ਪੂਰਾ ਕਰਨ ਵਾਸਤੇ ਜੋ ਅਤਿਰਿਕਤ ਸਾਧਨ ਜੁਟਾਏ ਹਨ ਉਹ ਮੈਂ ਤੁਹਾਡੀ ਸੇਵਾ ਦੇ ਵਿਚ ਦੱਸਣਾ ਚਾਹੁੰਦਾ ਹਾਂ। ਸਾਡੇ ਐਫ.ਐਮ. ਸਾਹਿਬ ਨੇ ਉਪਰਾਲਾ ਕੀਤਾ ਹੈ ਕਿ ਅਸੀਂ ਸਰਕਾਰੀ ਖਰਚੇ ਨੂੰ ਘਟਾਈਏ, ਸਾਹੂਕਾਰਾਂ ਤੋਂ ਲੋਨ ਲਈਏ ਔਰ ਕੇਂਦਰ ਸਰਕਾਰ ਤੋਂ ਕਰਜ਼ਾ ਲਈਏ। ਉਨ੍ਹਾਂ ਨੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਹੈ ਕਿ ਜਿੰਨਾਂ ਅਸੀਂ ਬਜਟ ਵਿਚ ਘਾਟਾ ਰੱਖਾਂਗੇ ਉਨਾਂ ਹੀ ਇਨਫਲੇਸ਼ਨ ਵਧਦੀ ਜਾਵੇਗੀ। ਇਸ ਮਹਿੰਗਾਈ ਨੂੰ, ਇਸ ਮੁਦਰਾ ਸਫਿਤੀ ਨੂੰ ਰੋਕਣ ਵਾਸਤੇ ਦੇਸ਼ ਦੇ ਅੰਦਰ ਸਾਧਨ ਮੁਹੱਈਆ ਕਰਨੇ ਪੈਣਗੇ। ਇਸ ਬੇਰੁਜ਼ਗਾਰੀ ਨੂੰ ਖਤਮ ਕਰਨ ਵਾਸਤੇ ਅਤਿਰਿਕਤ ਸਾਧਨ ਮੁਹੱਈਆ ਕਰਨੇ ਪੈਣਗੇ, ਆਪਣੇ ਖਰਚੇ ਘਟਾਉਣੇ ਪੈਣਗੇ। ਸਪੀਕਰ ਸਾਹਿਬ, ਅੱਜ ਜਿੰਨੇ ਵੀ ਬਜਟ ਬਣ ਰਹੇ ਹਨ, ਮੇਰੇ ਵਿਰੋਧੀ ਵੀਰ ਵੀ ਜਾਣਦੇ ਹਨ ਕਿ ਦੇਸ਼ ਦੇ ਅੰਦਰ ਐਸਟੈਬਲਿਸ਼ਮੈਂਟ ਤੇ ਜੋ ਖਰਚਾ ਹੋ ਰਿਹਾ ਹੈ ਉਹ 70 ਤੋਂ 80% ਹੋ ਰਿਹਾ ਹੈ, ਤਨਖਾਹਾਂ ਅਤੇ ਅਲਾਊਂਸਿਜ਼ ਤੇ, ਬਿਜਲੀ ਦੇ ਬਿੱਲਾਂ ਤੇ ਹੋ ਰਿਹਾ ਹੈ....

Mr. Speaker : Master Mohan Lal Ji, you will be on your legs tomorrow. The House stands adjouned till 9.00 A.M. on Tuesday, the 17th J ne, 1997.

(The Sabha then* adjourned till 9.00 A.M. on Tuesday, the 17th June, 1997)

* 6. 30 P.M.

APPENDIX
TO
Punjab Vidhan Sabha Debates
Dated 16th June, 1997
Vol. II No. 5

STARRED QUESTIONS AND ANSWERS

ਸਰਪੰਚਾਂ ਦੁਆਰਾ ਨਕਦੀ ਰੱਖਣਾ

*381. **ਕਾਮਰੇਡ ਹਰਦੇਵ ਅਰਸ਼ੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕ ਦੱਸਣਗੇ ਕਿ—

(ੳ) ਪੰਚਾਇਤੀ ਰਾਜ ਐਕਟ ਦੇ ਉਪਬੰਧਾਂ ਦੇ ਅਨੁਸਾਰ ਕਿਸੇ ਸਰਪੰਚ ਨੂੰ ਪੰਚਾਇਤੀ ਫੰਡਜ਼ ਵਿਚੋਂ ਕਿਸੇ ਸਮੇਂ ਆਪਣੇ ਪਾਸ ਕਿੰਨੀ ਰਕਮ ਨਕਦ ਰੱਖਣ ਦਾ ਹੱਕ ਹੈ ;

(ਅ) ਕੀ ਸਬ-ਡਿਵੀਜ਼ਨ ਬੁਢਲਾਡਾ (ਜ਼ਿਲਾ ਮਾਨਸਾ) ਦੇ ਕੁਝ ਸਰਪੰਚਾਂ ਦੁਆਰਾ ਉਪਰੋਕਤ ਭਾਗ (ੳ) ਵਿਚ ਵਰਣਿਤ ਐਕਟ ਦੇ ਉਪਬੰਧਾਂ ਦੀ ਉਲੰਘਣਾ ਦੇ ਕੋਈ ਕੇਸ ਵਿੱਤੀ ਸਾਲਾਂ 1994-95 ਅਤੇ 1995-96 ਦੇ ਦੌਰਾਨ ਸਰਕਾਰ ਦੇ ਧਿਆਨ ਵਿਚ ਆਏ ਹਨ ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਸਰਪੰਚਾਂ ਦੇ ਪਿੰਡ-ਵਾਰ ਨਾਂ ਕੀ ਕੀ ਹਨ ;

(ੲ) ਅਜਿਹੀ ਰਕਮ ਦੇ ਵੇਰਵੇ ਅਤੇ ਕਿੰਨੇ ਸਮੇਂ ਲਈ ਉਪਰੋਕਤ ਭਾਗ (ੳ) ਵਿਚ ਵਰਣਿਤ ਸਰਪੰਚਾਂ ਦੁਆਰਾ ਇਸ ਨੂੰ ਆਪਣੇ ਪਾਸ ਰੱਖਿਆ ਸੀ ਅਤੇ ਐਕਟ ਦੇ ਉਪਬੰਧਾਂ ਦੀ ਉਲੰਘਣਾ ਲਈ ਉਨ੍ਹਾਂ ਦੇ ਵਿਰੁੱਧ ਕੀ ਕਾਰਵਾਈ ਕੀਤੀ ਗਈ ?

ਸਰਦਾਰ ਨਿਰਮਲ ਸਿੰਘ ਕਾਹਲੋਂ : (ੳ) ਪੰਜਾਬ ਗਰਾਮ ਪੰਚਾਇਤ ਰੂਲਜ਼, 1965 ਦੇ ਰੂਲ 23 ਅਨੁਸਾਰ ਸਰਪੰਚ ਗਰਾਮ ਪੰਚਾਇਤ ਨੂੰ ਪੰਚਾਇਤ ਫੰਡ ਵਿਚੋਂ 500 ਰੁਪਏ ਤੱਕ ਦੀ ਰਕਮ ਨਕਦ ਹੱਥ ਵਿਚ ਰੱਖਣ ਦਾ ਅਧਿਕਾਰ ਹੈ ।

(ਅ) ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ, ਮਾਨਸਾ ਦੀ ਰਪੋਟ ਅਤੇ

(ੲ) ਅਨੁਸਾਰ 79 ਸਰਪੰਚਾਂ ਨੇ ਮਿਥੀ ਹੱਦ ਤੋਂ ਵੱਧ ਸਾਲ 1994-95 ਅਤੇ 1995-96 ਵਿਚ ਕੈਸ਼ ਇਨ ਹੈਂਡ ਰਖਿਆ ਹੈ, ਉਨ੍ਹਾਂ ਦੀ ਵਿਸਥਾਰ ਪੂਰਵਕ *ਸੂਚਨਾ ਅਨਲੱਗ 'ੳ' ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ । ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 216 ਅਧੀਨ ਸਾਰੇ ਸਰਪੰਚਾਂ ਨੂੰ

*Placed in the Library.

ਨੋਟਿਸ ਜਾਰੀ ਕੀਤੇ ਗਏ ਸਨ । ਉਨ੍ਹਾਂ ਵਿਚੋਂ 76 ਸਰਪੰਚਾਂ ਨੇ ਵਿਆਜ ਸਮੇਤ ਮਿੱਥੀ ਹੱਦ ਤੋਂ ਵੱਧ ਰੱਖੀ ਰਕਮ ਜਮ੍ਹਾਂ ਕਰਵਾ ਦਿੱਤੀ ਹੈ । ਬਾਕੀਆਂ ਵਿਰੁੱਧ ਕਾਰਵਾਈ ਜਾਰੀ ਹੈ ।

ਰਾਜ ਵਿਚ ਜਲ-ਪ੍ਰਦੂਸ਼ਣ ਨੂੰ ਰੋਕਣਾ

*420 **ਸਰਦਾਰ ਅਜੀਤ ਇੰਦਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਧਰਤੀ ਦੀ ਸਤਹ ਉਤਲੇ ਅਤੇ ਧਰਤੀ ਹੇਠਲੇ ਪਾਣੀ ਵਿਚ ਪ੍ਰਦੂਸ਼ਣ ਕਿਸ ਹੱਦ ਤੱਕ ਹੈ ।

(ਅ) ਕੀ ਸਰਕਾਰ ਨੇ ਰਾਜ ਵਿਚ ਡਰੇਨਾਂ ਅਤੇ ਨਦੀਆਂ ਦੇ ਹੋਰ ਪ੍ਰਦੂਸ਼ਣ ਹੋਣ ਤੋਂ ਰੋਕਣ ਲਈ ਕੋਈ ਸਮਾਂ ਬੱਧ ਯੋਜਨਾ ਬਣਾਈ;

(ੲ) ਕੀ ਰਾਜ ਦੀਆਂ ਅਜਿਹੀਆਂ ਡਰੇਨਾਂ ਅਤੇ ਨਦੀਆਂ ਨੂੰ ਸਾਫ ਕਰਨ ਦੀ ਕੋਈ ਯੋਜਨਾ ਹੈ ਜਿਨ੍ਹਾਂ ਨੂੰ ਪਹਿਲਾਂ ਹੀ ਗੰਦੇ ਨਾਲਿਆਂ ਵਿਚ ਪਰਿਵਰਤਿਤ ਕਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੈ ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਰਾਜ ਵਿੱਚੋਂ ਵਗਦੇ ਦਰਿਆਵਾਂ ਦੇ ਪਾਣੀ ਦੀ ਕੁਆਲਿਟੀ ਆਮ ਤੌਰ ਤੇ ਤਸੱਲੀਬਖਸ਼ ਹੈ । ਪਰੰਤੂ ਨਗਰ ਕੌਂਸਲਾਂ ਅਤੇ ਉਦਯੋਗਿਕ ਐਫਲੂਏਂਟਸ ਦੇ ਪੈਣ ਕਾਰਨ ਦਰਿਆ ਸਤਲੁਜ, ਬਿਆਸ ਅਤੇ ਘੱਗਰ ਦੇ ਕੁਝ ਹਿੱਸਿਆਂ ਵਿੱਚ ਪਾਣੀ ਪ੍ਰਦੂਸ਼ਿਤ ਹੈ ।

ਆਮ ਤੌਰ ਤੇ ਰਾਜ ਵਿੱਚ ਜ਼ਮੀਨ ਤੋਂ ਹੇਠਲਾ ਪਾਣੀ ਪ੍ਰਦੂਸ਼ਿਤ ਨਹੀਂ ਹੈ । ਪ੍ਰੰਤੂ ਲੁਧਿਆਣਾ ਦੇ ਕੁਝ ਇਲਾਕਿਆਂ ਵਿੱਚ ਘੱਟ ਡੂੰਘਾਈ ਵਾਲੇ ਇਲਾਕਿਆਂ ਦਾ ਪਾਣੀ ਪ੍ਰਦੂਸ਼ਿਤ ਪਾਇਆ ਗਿਆ ਹੈ ।

(ਅ) ਹਾਂ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨਦੀਆਂ ਅਤੇ ਨਾਲਿਆਂ ਦੇ ਪ੍ਰਦੂਸ਼ਣ ਨੂੰ ਅਗਲੇ ਪੰਜ ਸਾਲਾਂ ਦੌਰਾਨ, ਪੜਾਵਾਂ ਵਿਚ ਰੋਕਣ ਲਈ ਇਕ ਐਕਸ਼ਨ ਪਲਾਨ ਬਣਾ ਰਿਹਾ ਹੈ ।

(ੲ) 'ਸਤਲੁਜ ਐਕਸ਼ਨ ਪਲਾਨ' ਦੇ ਨਾਮ ਦੀ ਇਕ ਯੋਜਨਾ ਚਾਰ ਸ਼ਹਿਰਾਂ ਜਿਵੇਂ ਕਿ ਲੁਧਿਆਣਾ, ਜਲੰਧਰ, ਫਗਵਾੜਾ ਅਤੇ ਫਿਲੌਰ ਲਈ ਬਣਾਈ ਗਈ ਹੈ । ਇਸ ਦੀ ਲਾਗਤ 229.4 ਕਰੋੜ ਰੁਪਏ ਹੈ । ਇਹ ਯੋਜਨਾ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੁਆਰਾ ਲਾਗੂ ਕੀਤੀ ਜਾ ਰਹੀ ਹੈ, ਜਿਸ ਦੀ ਵਿੱਤੀ ਵਿਵਸਥਾ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵਲੋਂ 50:50 ਦੇ ਆਧਾਰ ਤੇ ਕੀਤੀ ਜਾਂਦੀ ਹੈ । ਇਸ ਨੂੰ ਸਾਲ 2001 ਤੱਕ ਮੁਕੰਮਲ ਕਰਨ ਦੀ ਤਜਵੀਜ਼ ਹੈ । ਇਹ ਦਰਿਆ ਸਤਲੁਜ, ਬੁੱਢਾ ਨਾਲਾ ਅਤੇ ਪੂਰਬੀ ਬੇਈ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਹਿੱਸਿਆਂ ਨੂੰ ਸਾਫ ਕਰਨ ਵਿਚ ਮੱਦਦ ਕਰੇਗੀ ।

230— 4-10-97 — 305 —ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।
51x66/10.1 kg. ਆਫਸੈਟ ਪੇਪਰ

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

6

PUNJAB VIDHAN SABHA

DEBATES

17th June, 1997

Vol. II—No. 6

OFFICIAL REPORT

CONTENTS

Tuesday, the 17th June, 1997

Punjab Vidhan Sabha Secretariat, Chandigarh.

Price Rs..........

PUNJAB VIDHAN SABHA

Tuesday, the 17th June, 1997

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 9.00 A.M. Mr. Speaker (Sardar Charnjit Singh Atwal) in the Chair.

OBITUARY REFERENCES

ਸ਼੍ਰੀ ਸਪੀਕਰ : ਸਭ ਤੋਂ ਪਹਿਲਾਂ ਓਬਿਚੁਅਰੀ ਰੈਫਰੈਂਸ, ਬਾਦਲ ਸਾਹਿਬ ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਪਿਛਲੇ ਕੁਝ ਦਿਨਾਂ ਵਿਚ ਸਾਡੇ ਦੇਸ਼ ਵਿੱਚ ਕੁਝ ਇਹੋ ਜਿਹੀਆਂ ਦਰਦਨਾਕ ਘਟਨਾਵਾਂ ਹੋਈਆਂ ਹਨ ਜਿਨ੍ਹਾਂ ਦਾ ਦੁੱਖ ਅਕਹਿ ਅਤੇ ਅਸਹਿ ਹੈ । ਜਿਥੇ ਇਕ ਪਾਸੇ ਇਹ ਦਰਦਨਾਕ ਘਟਨਾਵਾਂ ਹੋਈਆਂ, ਉਥੇ ਸਾਡੇ ਇਸ ਹਾਊਸ ਦੇ ਇਕ ਸਾਬਕਾ ਮੈਂਬਰ ਮਾਸਟਰ ਹਰੀ ਸਿੰਘ ਜੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਹ ਇਕ ਉਘੇ ਸੁਤੰਤਰਤਾ ਸੰਗਰਾਮੀਏ ਸਨ ਅਤੇ ਆਪਣੇ ਜੱਦੀ ਪਿੰਡ ਸੂਦ ਕਲਾਂ (ਹੁਸ਼ਿਆਰਪੁਰ) ਵਿਚ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਹ ਇਕ ਉਘੇ ਕਮਿਊਨਿਸਟ ਨੇਤਾ ਅਤੇ ਮਹਾਨ ਦੇਸ਼ ਭਗਤ ਸਨ । ਉਹ 18 ਮਾਰਚ, 1902 ਨੂੰ ਪੈਦਾ ਹੋਏ ਸਨ ਅਤੇ ਉਨ੍ਹਾਂ ਨੇ ਅਜ਼ਾਦੀ ਸੰਗਰਾਮ ਵਿਚ ਬੜਾ ਭਾਰੀ ਯੋਗਦਾਨ ਪਾਇਆ । ਵਿਸ਼ੇਸ਼ ਕਰਕੇ ਉਨ੍ਹਾਂ ਨੇ ਕਿਸਾਨ ਲਹਿਰ ਵਿਚ ਅਤੇ ਮਜ਼ਦੂਰ ਵਰਗ ਦੀ ਭਲਾਈ ਲਈ ਮਹਾਨ ਕਾਰਜ ਕੀਤੇ । ਮਾਸਟਰ ਹਰੀ ਸਿੰਘ ਪਰਜਾ ਮੰਡਲ ਦੇ ਬਾਨੀਆਂ ਵਿਚੋਂ-ਇਕ ਸਨ । ਉਹ ਪਹਿਲੀ ਵਾਰ 1937 ਵਿਚ ਇਸ ਪਵਿੱਤਰ ਸਦਨ ਦੇ ਮੈਂਬਰ ਚੁਣੇ ਗਏ । ਦੁਬਾਰਾ 1946 ਵਿਚ ਪੰਜਾਬ ਅਸੈਂਬਲੀ ਦੇ ਮੈਂਬਰ ਬਣੇ । ਉਸ ਤੋਂ ਬਾਅਦ ਦੋ ਵਾਰ 30-4-1962 ਅਤੇ 26-4-1967 ਅਤੇ 27-6-1977 ਨੂੰ ਵਿਧਾਨ ਪ੍ਰੀਸ਼ਦ/ਵਿਧਾਨ ਸਭਾ ਵਿਚ ਉਨ੍ਹਾਂ ਨੇ ਆਪਣਾ ਉਘਾ ਯੋਗਦਾਨ ਪਾਇਆ । ਇਸ ਮਹਾਨ ਅਜ਼ਾਦੀ ਘੁਲਾਟੀਏ ਦੇ ਵਿਛੋੜੇ ਨਾਲ ਪੰਜਾਬ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ । ਮੈਂ ਇਸ ਸਦਨ ਵਿਚ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਪੀਕਰ ਸਾਹਿਬ, ਦੂਸਰਾ ਨਵੀਂ ਦਿੱਲੀ ਵਿਚ ਉਪਹਾਰ ਸਿਨਮਾ ਵਿਚ ਅਗਨੀ ਕਾਂਡ ਹੋਇਆ ਹੈ । ਇਹੋ ਜਿਹੇ ਪਹਿਲਾਂ ਵੀ ਬੜੇ ਦੁਖਾਂਤ ਹੋਏ ਹਨ । ਇਕ ਅਗਨੀ ਕਾਂਡ ਡੱਬਵਾਲੀ ਵਿਖੇ ਹੋਇਆ ਸੀ । ਉਸ ਤੋਂ ਬਾਅਦ ਇਹ ਦਿੱਲੀ ਵਿਚ ਹੋਇਆ ਹੈ । ਇਸ ਦੇ ਵਿਚ ਬਹੁਤ ਹੀ ਕੀਮਤੀ ਜਾਨਾਂ ਗਈਆਂ ਹਨ ਅਤੇ ਇਸ ਦਾ ਸਾਰੇ ਦੇਸ਼ ਨੂੰ ਬੜਾ ਵੱਡਾ ਦੁੱਖ ਹੋਇਆ ਹੈ । ਇਸ ਦੁਖਾਂਤ ਵਿੱਚ ਭਾਵੇਂ ਸਭ ਦਾ ਹੀ ਸਾਨੂੰ ਬੜਾ ਭਾਰੀ ਦੁੱਖ ਹੈ ਲੇਕਿਨ ਉਸ ਕਾਂਡ ਵਿਚ ਇਕ ਸ਼੍ਰੀ ਐਸ. ਐਸ. ਸਿਧੂ ਜੋ ਕਿ ਆਈ. ਏ. ਐਸ. ਸਨ ਅਤੇ ਪੰਜਾਬ ਦੇ ਰਹਿਣ ਵਾਲੇ ਸਨ, ਉਨ੍ਹਾਂ ਦੇ ਪਰਿਵਾਰ ਦਾ ਬੜਾ ਵੱਡਾ ਨੁਕਸਾਨ ਹੋਇਆ ਹੈ । ਉਨ੍ਹਾਂ ਦੀ ਨੂੰਹ, ਲੜਕੀ ਅਤੇ ਲੜਕਾ ਸਾਰੇ ਬੱਚੇ ਇਸ ਘਟਨਾ ਦਾ ਸ਼ਿਕਾਰ ਹੋਏ ਹਨ । ਇਸ ਦੇ ਵਿੱਚ ਇਕ ਹੋਰ

[ਮੁੱਖ ਮੰਤਰੀ]

ਦੇਸ਼ ਨੂੰ ਬਹੁਤ ਮਾਣ ਦੇਣ ਵਾਲੇ ਕੈਪਟਨ ਭਿੰਡਰ ਜਿਹੜੇ ਕਿ ਘੌੜਸਵਾਰੀ ਵਿਚ ਗੋਲਡ ਮੈਡਲਿਸਟ ਸਨ ਅਤੇ ਉਨ੍ਹਾਂ ਨੇ ਬੜਾ ਨਾਂ ਪੈਦਾ ਕੀਤਾ, ਉਹ ਵੀ ਇਸ ਦੁਖਾਂਤ ਦਾ ਸ਼ਿਕਾਰ ਹੋਏ ਹਨ। ਬੜੇ ਦੁੱਖ ਦੀ ਗੱਲ ਹੈ ਕਿ ਕੁਝ ਨਾ-ਅਹਿਲੀਆਂ ਦੇ ਕਾਰਨ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ ਜਿਨ੍ਹਾਂ ਦੇ ਨਾਲ ਬਹੁਤ ਵੱਡਾ ਘਾਟਾ ਹੁੰਦਾ ਹੈ। ਇਹ ਜਿਹੜੇ ਘਾਟੇ ਹਨ, ਇਹ ਨਾ ਪੂਰੇ ਹੋਣ ਵਾਲੇ ਹਨ। ਇਹ ਇਹੋ ਜਿਹੇ ਜ਼ਖਮ ਹਨ ਜਿਹੜੇ ਕਿ ਹਮੇਸ਼ਾ ਅੱਲੇ ਰਹਿੰਦੇ ਹਨ।

ਤੀਸਰਾ ਟਾਂਡਾ-ਬੇਗੋਵਾਲ ਪੁਲ ਟੁੱਟਣ ਕਾਰਨ ਸੜਕ ਹਾਦਸੇ ਦਾ ਦੁਖਾਂਤ ਹੋਇਆ ਹੈ ਜਿਸ ਦੇ ਵਿੱਚ ਵੀ ਕਈ ਕੀਮਤੀ ਜਾਨਾਂ ਚਲੀਆਂ ਗਈਆਂ ਹਨ ਔਰ ਉਹ ਲੋਕ ਸਾਰੇ ਤਕਰੀਬਨ ਇਕੋ ਪਰਿਵਾਰ ਦੇ ਨਜ਼ਦੀਕੀ ਰਿਸ਼ਤੇਦਾਰ ਸਨ ਜਿਹੜੇ ਇਸ ਘਟਨਾ ਦਾ ਸ਼ਿਕਾਰ ਹੋਏ ਹਨ। ਜਿਥੇ ਅਸੀਂ ਉਨ੍ਹਾਂ ਨਾਲ ਦਿਲੋਂ ਹਮਦਰਦੀ ਕਰਦੇ ਹਾਂ, ਉਥੇ ਵਾਹਿਗੁਰੂ ਅੱਗੇ, ਪ੍ਰਮਾਤਮਾ ਅੱਗੇ ਇਹ ਅਰਦਾਸ ਕਰਦੇ ਹਾਂ ਕਿ ਸੱਚੇ ਪਾਤਸ਼ਾਹ, ਉਨ੍ਹਾਂ ਵਿਛੜੀਆਂ ਹੋਈਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਉਨ੍ਹਾਂ ਸਾਰੇ ਪਰਿਵਾਰਾਂ ਨੂੰ ਦੁੱਖ ਸਹਿਣ ਦੀ ਤਾਕਤ ਬਖਸ਼ਣ।

ਸਪੀਕਰ ਸਾਹਿਬ, ਕੱਲ੍ਹ ਇਕ ਹੋਰ ਵੀ ਦੁੱਖਦਾਈ ਘਟਨਾ ਹੋਈ ਹੈ। ਸਾਡੇ ਸੂਬੇ ਦੇ ਮੁੱਖ ਸਕੱਤਰ ਮਾਨ ਸਾਹਿਬ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ ਹਨ, ਉਨ੍ਹਾਂ ਦਾ ਵੀ ਸਾਨੂੰ ਬਹੁਤ ਦੁੱਖ ਹੈ ਔਰ ਮੈਂ ਇਹ ਬੇਨਤੀ ਕਰਾਂਗਾ ਕਿ ਸਦਨ ਵਲੋਂ ਇਕ ਮਤਾ ਪਾਸ ਕਰਕੇ ਦੁਖੀ ਪਰਿਵਾਰਾਂ ਨੂੰ ਭੇਜਿਆ ਜਾਵੇ ਔਰ ਉਨ੍ਹਾਂ ਦੇ ਦੁੱਖ ਵਿੱਚ ਸਾਰਾ ਹਾਊਸ ਸ਼ਰੀਕ ਹੋਵੇ। ਮੈਂ ਸਾਰੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ (ਲਹਿਰਾ) : ਸਪੀਕਰ ਸਾਹਿਬ, ਕੱਲ੍ਹ ਹਾਊਸ ਦੇ ਵਿੱਚ ਜਿਸ ਤਰ੍ਹਾਂ ਸਾਰਿਆਂ ਨੇ ਸਰਵ-ਸੰਮਤੀ ਨਾਲ ਪਿਛਲੇ ਸਮੇਂ ਵਿੱਚ ਜੋ ਘਟਨਾਵਾਂ ਵਾਪਰੀਆਂ, ਉਨ੍ਹਾਂ ਲਈ ਸ਼ਰਧਾਂਜਲੀ ਸਮਾਰੋਹ ਲਈ, ਸ਼ਰਧਾ ਦੇਣ ਵਾਸਤੇ ਸਮਾਂ ਰੱਖਿਆ ਹੈ, ਉਨ੍ਹਾਂ ਵਿੱਚ ਸਭ ਤੋਂ ਪਹਿਲਾਂ ਮੈਂ ਮਾਸਟਰ ਹਰੀ ਸਿੰਘ ਜੀ, ਜੋ ਵਿਧਾਨ ਪ੍ਰੀਸ਼ਦ ਦੇ ਸਾਬਕਾ ਮੈਂਬਰ ਸਨ ਅਤੇ ਜਿਨ੍ਹਾਂ ਦਾ ਜਨਮ 18 ਮਾਰਚ, 1902 ਨੂੰ ਹੋਇਆ, ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹਾਂ। ਉਹ ਇਕ ਬਹੁਤ ਵੱਡੇ ਦੇਸ਼ ਭਗਤ ਸਨ ਅਤੇ ਉਹ ਇਕ ਅਜਿਹੀ ਪਾਰਟੀ ਵਿਚੋਂ ਸਨ, ਕਮਿਊਨਿਸਟ ਪਾਰਟੀ ਵਿਚੋਂ, ਜਿਸ ਨੇ ਦੇਸ਼ ਲਈ ਏਕਤਾ ਅਤੇ ਅਖੰਡਤਾ ਦੀ ਲੜਾਈ ਲੜੀ ਅਤੇ ਦੇਸ਼ ਦੀ ਅਜ਼ਾਦੀ ਲਈ ਹਰ ਇੱਕ ਫਰੰਟ ਤੇ ਅੱਗੇ ਰਹਿਣ ਦੀ ਕੋਸ਼ਿਸ਼ ਕੀਤੀ। ਸਾਨੂੰ ਮਾਣ ਹੈ ਕਿ ਮਾਸਟਰ ਹਰੀ ਸਿੰਘ ਜੀ ਨੇ ਵੀ ਬੜੇ ਅੰਦੋਲਨਾਂ ਵਿੱਚ ਹਿੱਸਾ ਪਾਇਆ। ਖਾਸ ਤੌਰ ਤੇ 1930 ਵਿੱਚ ਕਪੂਰਥਲੇ ਦੇ ਰਾਜੇ ਦੇ ਵਿਰੁੱਧ, ਉਸਦੀ ਅਯਾਸ਼ੀ ਦੇ ਵਿਰੁੱਧ ਜੋ ਅੰਦੋਲਨ ਛੇੜਨਾ ਸੀ, ਉਸ ਵਿੱਚ ਉਹ ਅੱਗੇ ਹੋਏ ਸਨ। ਉਹ ਲਗਾਤਾਰ ਰਜਵਾੜਾ-ਸ਼ਾਹੀ ਦੇ ਖਿਲਾਫ ਲੜਦੇ ਰਹੇ ਅਤੇ ਆਜ਼ਾਦੀ ਲਈ ਜੂਝਦੇ ਰਹੇ। ਆਜ਼ਾਦੀ ਤੋਂ ਬਾਅਦ ਵੀ ਦੇਸ਼ ਦੇ ਨਿਰਮਾਣ ਲਈ ਦੱਬੇ-ਕੁੱਚਲੇ ਲੋਕਾਂ ਨੂੰ ਉੱਚਾ ਚੁੱਕਣ ਲਈ ਉਹ ਬੜੇ ਸ਼ਲਾਘਾ-ਯੋਗ ਕਦਮ ਚੁੱਕਦੇ ਰਹੇ। ਉਹ ਸਾਡੀ ਵਿਧਾਨ ਸਭਾ ਦੇ ਮੈਂਬਰ ਵੀ ਚੁਣੇ ਗਏ ਸਨ ਅਤੇ 1962 ਅਤੇ 1968

ਵਿੱਚ ਵਿਧਾਨ ਪ੍ਰੀਸ਼ਦ ਦੇ ਵੀ ਮੈਂਬਰ ਚੁਣੇ ਗਏ ਸਨ । ਉਹ 'ਨਵਾਂ ਜ਼ਮਾਨਾ' ਅਖ਼ਬਾਰ ਦੀ ਗਦਰੱਜ ਫਾਉਂਡੇਸ਼ਨ ਦੇ ਮੈਂਬਰ ਵੀ ਸਨ । ਮੈਂ ਸਮਝਦੀ ਹਾਂ ਕਿ ਉਨ੍ਹਾਂ ਦੇ ਚਲੇ ਜਾਣ ਨਾਲ ਜਿਥੇ ਉਨ੍ਹਾਂ ਦੇ ਪਰਿਵਾਰ ਨੂੰ ਘਾਟਾ ਪਿਆ ਹੈ ਉਥੇ ਸਮੂਹ ਪਾਰਟੀਆਂ ਅਤੇ ਇਸ ਵਿਧਾਨ ਸਭਾ ਵਲੋਂ ਵੀ ਉਨ੍ਹਾਂ ਦੀ ਕਮੀ ਮਹਿਸੂਸ ਕਰਦੇ ਹੋਏ ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ ।

ਇਸੇ ਤਰ੍ਹਾਂ ਸਪੀਕਰ ਸਾਹਿਬ, 60 ਵਿਅਕਤੀ ਜੋ ਪਿਛਲੀ ਦਿਨੀਂ ਉਪਹਾਰ ਸਿਨਮਾ, ਦਿੱਲੀ ਵਿਖੇ ਅਗਨੀ ਕਾਂਡ ਵੇਲੇ ਸਾਡੇ ਕੋਲੋਂ ਵਿਛੜ ਗਏ ਹਨ, ਉਨ੍ਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ । ਸਪੀਕਰ ਸਾਹਿਬ, ਉਨ੍ਹਾਂ ਵਿੱਚ ਕੁਝ ਲੋਕ ਆਪਣੇ ਪਰਿਵਾਰਾਂ ਸਮੇਤ ਖੁਸ਼ੀਆਂ ਦੇ ਕੁੱਝ ਪਲਾਂ ਲਈ, ਐਂਟਰਟੇਨਮੈਂਟ ਲਈ ਉਥੇ ਗਏ ਹੋਏ ਸਨ ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਸਿਨਮੇ ਦੇ ਗੇਟ ਤੇ ਮੌਤ ਉਨ੍ਹਾਂ ਦਾ ਇੰਤਜ਼ਾਰ ਕਰ ਰਹੀ ਹੈ । ਇਸ ਕਾਂਡ ਦਾ ਸਾਨੂੰ ਬੜਾ ਭਾਰੀ ਦੁੱਖ ਹੈ । ਛੋਟੇ ਛੋਟੇ ਬੱਚੇ ਅਤੇ ਹੋਰ ਭੈਣ-ਭਰਾ ਜਿਸ ਹਾਲਤ ਵਿੱਚ ਉਥੋਂ ਲਿਆਂਦੇ ਗਏ, ਕੋਈ ਐਸਾ ਹਿਰਦਾ ਨਹੀਂ ਜਿਹੜਾ ਵੇਖ ਕੇ ਘਬਰਾ ਨਾ ਉਠਿਆ ਹੋਵੇ ਅਤੇ ਦੇਖਣ ਵਾਲਿਆਂ ਦੇ ਕਾਲਜੇ ਵਲੂੰਦਰੇ ਨਾ ਗਏ ਹੋਣ । ਸਾਨੂੰ ਇਹ ਪਤਾ ਨਹੀਂ ਹੁੰਦਾ ਕਿ ਪਰਮਾਤਮਾ ਨੂੰ ਕੀ ਮਨਜ਼ੂਰ ਹੁੰਦਾ ਹੈ । ਇਸੁ ਭਾਣੇ ਨੂੰ ਮੰਨਦੇ ਹੋਏ ਮੈਂ ਉਨ੍ਹਾਂ ਦੇ ਪਰਿਵਾਰਾਂ ਨਾਲ ਦੁੱਖ ਪ੍ਰਗਟ ਕਰਦੀ ਹਾਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦੀ ਹਾਂ ਕਿ ਉਹ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਪਰ ਮੈਂ ਇਸ ਸਬੰਧ ਵਿੱਚ ਇਹ ਕਹਿਣਾ ਚਾਹੁੰਦੀ ਹਾਂ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਦੇਖਦੇ ਹੋਏ ਅਤੇ ਅੱਗੋਂ ਲਈ ਮੁੜ ਅਜਿਹੀਆਂ ਘਟਨਾਵਾਂ ਨਾ ਵਾਪਰਨ, ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਾਨੂੰ ਪਬਲਿਕ ਪਲੇਸਿਜ਼ ਤੇ ਜਿਵੇਂ ਸਿਨਮਾ ਆਦਿ ਹਨ, ਲੋੜੀਂਦੇ ਪ੍ਰਬੰਧ ਕਰਨੇ ਚਾਹੀਦੇ ਹਨ । ਸਪੀਕਰ ਸਾਹਿਬ, ਇਸ ਘਟਨਾ ਵਿੱਚ ਸਾਡੇ ਪੰਜਾਬ ਦੇ ਇਕ ਆਈ. ਏ. ਐਸ. ਅਫਸਰ ਸਿੱਧੂ ਸਾਹਿਬ ਦੇ ਪਰਿਵਾਰ ਦੇ ਮੈਂਬਰਾਂ ਦਾ ਵੀ ਨੁਕਸਾਨ ਹੋਇਆ ਹੈ ਅਤੇ ਕੈਪਟਨ ਭਿੰਡਰ, ਜੋ ਕਿ ਉਘੇ ਘੋੜ ਸਵਾਰ ਸਨ, ਉਹ ਵੀ ਲੋਕਾਂ ਦੀਆਂ ਜਾਨਾਂ ਬਚਾਉਂਦੇ ਹੋਏ ਪਰਮਾਤਮਾ ਨੂੰ ਪਿਆਰੇ ਹੋ ਗਏ ਹਨ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਬੜੇ ਦੁੱਖ ਨਾਲ ਟਾਂਡਾ ਬੇਗੋਵਾਲ ਰੋਡ ਤੇ ਪੁਲ ਦੇ ਟੁੱਟ ਜਾਣ ਨਾਲ ਜਿਹੜੇ 6 ਵਿਅਕਤੀਆਂ ਦੀਆਂ ਜਾਨਾਂ ਚਲੀਆਂ ਗਈਆਂ ਹਨ, ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਟ ਕਰਦੀ ਹਾਂ । ਉਨ੍ਹਾਂ ਦੇ ਮਨ ਵਿੱਚ ਇਹ ਬਿਲਕੁਲ ਨਹੀਂ ਸੀ ਕਿ ਉਨ੍ਹਾਂ ਨੇ ਇਸ ਤਰ੍ਹਾਂ ਵਿਛੜ ਜਾਣਾ ਹੈ । ਇਸ ਕਰਕੇ ਮੈਨੂੰ ਬੜਾ ਭਾਰੀ ਦੁੱਖ ਹੋਇਆ ਹੈ । ਮੈਂ ਉਨ੍ਹਾਂ ਦੇ ਪਰਿਵਾਰਾਂ ਨਾਲ ਬੜੀ ਹਮਦਰਦੀ ਕਰਦੀ ਹਾਂ ।

ਇਸੇ ਤਰ੍ਹਾਂ ਰਾਮ ਤੀਰਥ ਵਿਖੇ ਫੂਡ ਪੁਆਇਜ਼ਨਿੰਗ ਕਰਕੇ ਇੱਕ ਇੰਸੀਡੈਂਟ ਹੋਇਆ ਹੈ । ਇਹ ਵੀ ਬੜੀ ਦੁੱਖਦਾਈ ਘਟਨਾ ਹੈ । ਇਸ ਵਿੱਚ ਵੀ ਮੈਂ ਆਪਣੇ ਆਪ ਨੂੰ ਸ਼ਾਮਲ ਕਰਦੀ ਹਾਂ ਔਰ ਮੈਂ ਬੇਨਤੀ ਕਰਦੀ ਹਾਂ ਕਿ ਇਸ ਘਟਨਾ ਨੂੰ ਵੀ ਓਬਿਚੁਅਰੀ ਰੈਫਰੈਂਸਿਜ਼ ਵਿੱਚ ਸ਼ਾਮਲ ਕੀਤਾ ਜਾਵੇ ਕਿਉਂਕਿ ਜਿਹੜੇ ਲੋਕ ਉਥੇ ਗਏ ਸਨ, ਉਨ੍ਹਾਂ ਨੂੰ ਇਸ ਘਟਨਾ ਸਬੰਧੀ ਪਤਾ ਤੱਕ ਵੀ ਨਹੀਂ ਸੀ । ਇਹ ਵੀ ਹਾਲੇ ਤੱਕ

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਪਤਾ ਨਹੀਂ ਲੱਗਾ ਕਿ ਇਸ ਦੀਆਂ ਡਿਟੇਲਜ਼ ਕੀ ਹਨ । ਲੇਕਿਨ ਜਿਸ ਤਰ੍ਹਾਂ ਪਪਰ ਵਿੱਚ ਆਇਆ ਹੈ, ਉਹ ਵਿਚਾਰੇ ਲੋਕ ਅਕਾਲ ਪੁਰਖ ਦਾ ਭਾਣਾ ਮੰਨਦੇ ਹੋਏ, ਉਸ ਦੇ ਹੁਕਮਨਾਮੇ ਅਨੁਸਾਰ ਆਪਣੇ ਪਰਿਵਾਰ ਤੋਂ ਵਿਛੜ ਗਏ ਹਨ । ਇਨ੍ਹਾਂ ਦਾ ਵੀ ਮੈਨੂੰ ਬੜਾ ਦੁੱਖ ਹੈ ।

ਇਸੇ ਤਰ੍ਹਾਂ ਸਾਡੇ ਚੀਫ ਸੈਕ੍ਰੇਟਰੀ ਸਾਹਿਬ ਦੇ ਮਾਤਾ ਜੀ ਦਾ ਦਿਹਾਂਤ ਹੋ ਗਿਆ ਹੈ । ਉਸ ਦੁੱਖ ਵਿੱਚ ਵੀ ਮੈਂ ਆਪਣੇ ਆਪ ਨੂੰ ਸ਼ਰੀਕ ਕਰਦੀ ਹਾਂ ਔਰ ਮੈਂ ਚਾਹੁੰਦੀ ਹਾਂ ਕਿ ਸ਼ੋਕ ਪੱਤਰ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜੇ ਜਾਣ । ਇਸ ਦੇ ਨਾਲ ਹੀ ਮੈਂ ਬੇਨਤੀ ਕਰਦੀ ਹਾਂ ਕਿ ਇਹੋ ਜਿਹੇ ਇੰਸੀਡੈਂਟ ਰੋਕਣ ਲਈ ਕਦਮ ਉਠਾਏ ਜਾਣ । ਸਪੀਕਰ ਸਾਹਿਬ, ਇੰਨੇ ਲਫਜ਼ਾਂ ਨਾਲ ਮੈਂ ਸਾਰਿਆਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹਾਂ । ਧੰਨਵਾਦ ।

ਸ੍ਰੀ ਸਪੀਕਰ : ਜੇ ਹਾਊਸ ਦੀ ਸਹਿਮਤੀ ਹੋਵੇ ਤਾਂ ਰਾਮਤੀਰਥ ਵਿਖੇ ਜਿਨ੍ਹਾਂ ਵਿਅਕਤੀਆਂ ਦੀ ਡੈਥ ਹੋਈ ਹੈ, ਉਨ੍ਹਾਂ ਨੂੰ ਵੀ ਸ਼ਾਮਲ ਕਰ ਲਿਆ ਜਾਵੇ ।

ਮੁੱਖ ਮੰਤਰੀ : ਠੀਕ ਹੈ ਜੀ । ਇਨ੍ਹਾਂ ਨੂੰ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਪਿਛਲੇ ਹਫਤੇ ਅਸੀਂ ਸ਼ੋਕ ਪ੍ਰਸਤਾਵ ਕੀਤਾ ਸੀ ਔਰ ਅੱਜ ਅਸੀਂ ਫਿਰ ਕਰ ਰਹੇ ਹਾਂ । ਸਪੀਕਰ ਸਾਹਿਬ, ਸਿੱਕਮ ਵਿੱਚ ਗੰਗਟੋਕ ਕੋਲ ਪਹਾੜੀ ਖਿਸਕਣ ਕਾਰਨ ਮੌਤਾਂ ਹੋਈਆ ਹਨ ਔਰ ਇਸੇ ਤਰ੍ਹਾਂ ਤਾਮਿਲਨਾਡੂ ਵਿੱਚ ਇੱਕ ਮੰਦਰ ਨੂੰ ਅੱਗ ਲੱਗਣ ਕਾਰਨ ਕਈ ਬੰਦੇ ਝੁਲਸ ਗਏ ਹਨ । ਮੈਂ ਇਸ ਸਬੰਧੀ ਪਿਛਲੀ ਵਾਰ ਯਾਦ ਕਰਵਾਇਆ ਸੀ । ਉਨ੍ਹਾਂ ਨੂੰ ਵੀ ਜ਼ਰੂਰ ਸ਼ਰਧਾਂਜਲੀ ਭੇਂਟ ਕਰਨੀ ਚਾਹੀਦੀ ਹੈ ।

ਖੇਤੀਬਾੜੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ (ਸਰਦਾਰ ਗੁਰਦੇਵ ਸਿੰਘ ਬਾਦਲ) : ਸਪੀਕਰ ਸਾਹਿਬ, ਰਾਮ ਤੀਰਥ ਵਿਖੇ ਘਟਨਾ ਵਾਪਰੀ ਹੈ । ਉਥੇ ਪੰਜ ਬੰਦਿਆਂ ਦੀ ਮੌਤ ਹੋ ਗਈ । ਚਾਲ ਵਿੱਚ ਕਿਸੇ ਨੇ ਕੁੱਝ ਪਾ ਦਿੱਤਾ ਸੀ ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ । ਕੁਝ ਬੰਦੇ ਹਸਪਤਾਲ ਵਿੱਚ ਵੀ ਪਏ ਹਨ । ਸਪੀਕਰ ਸਾਹਿਬ, ਇਹ ਜਿਹੜੀ ਜਗ੍ਹਾ ਹੈ, ਇਹ ਸਵਾਮੀ ਬਾਲਮੀਕ ਰਿਸ਼ੀ ਜੀ ਦੀ ਹੈ ਜਿੱਥੇ ਕਿ ਲਵ ਅਤੇ ਕੁਸ਼ ਰਹੇ । ਇੱਥੋਂ ਹੀ ਉਨ੍ਹਾਂ ਨੂੰ ਰਾਜ-ਭਾਗ ਮਿਲਿਆ । ਉਸ ਜਗ੍ਹਾ ਤੇ ਇਹ ਘਟਨਾ ਹੋਈ ਹੈ । ਇਸ ਕਰਕੇ ਸਾਨੂੰ ਸਾਰਿਆਂ ਨੂੰ ਇਸ ਦੁੱਖ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ । ਇਹ ਬੜੀ ਹੀ ਦੁੱਖਦਾਈ ਘਟਨਾ ਹੈ ।

ਸ੍ਰੀ ਸਪੀਕਰ : ਸੀ. ਐਮ. ਸਾਹਿਬ ਨੇ ਪਹਿਲਾਂ ਹੀ ਇਸ ਬਾਰੇ ਕਹਿ ਦਿੱਤਾ ਹੈ।

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) : ਸਪੀਕਰ ਸਾਹਿਬ, ਕੱਲ੍ਹ ਦੁਪਹਿਰ ਨੂੰ ਇੱਕ ਬੜਾ ਹੀ ਦੁੱਖਦਾਈ ਟੈਲੀਫੂਨ ਮਿਲਿਆ ਕਿ ਸਾਡੇ ਬਹਤ ਹੀ ਉਘੇ ਸੁਤੰਤਰਤਾ ਸੰਗਰਾਮੀ, ਕਮਿਊਨਿਸਟ ਲਹਿਰ ਦੇ ਮੋਢੀ, ਇੱਕ ਮਿਸਾਲੀ ਵਿਧਾਨਕਾਰ, ਪੰਜਾਬ ਦੇ ਇੱਕ

ਉਘੇ ਅਰਥ-ਸ਼ਾਸਤਰੀ ਜਿਨ੍ਹਾਂ ਦੀ ਬੜੀ ਧਾਂਕ ਸੀ, ਉਹ ਸਾਥੋਂ ਵਿਛੜ ਗਏ ਹਨ । ਉਨ੍ਹਾਂ ਦਾ ਨਾਂ ਮਾਸਟਰ ਹਰੀ ਸਿੰਘ ਸੀ । ਭਾਵੇਂ ਉਨ੍ਹਾਂ ਦੀ ਉਮਰ ਬਹੁਤ ਜ਼ਿਆਦਾ ਸੀ, ਉਨ੍ਹਾਂ ਦਾ ਜਨਮ 18 ਮਾਰਚ, 1902 ਨੂੰ ਹੋਇਆ ਅਤੇ ਉਹ ਪੰਜਾਬ ਦੇ ਇੱਕ ਪਿੰਡ ਧੁੱਤ ਕਲਾਂ ਦੇ ਸਨ । ਜਿਸ ਸਮੇਂ ਉਹ ਸਾਡੇ ਕੋਲੋਂ ਵਿਛੜੇ ਤਾਂ ਉਨ੍ਹਾਂ ਦੀ ਉਮਰ ਉਸ ਵੇਲੇ ਤਕਰੀਬਨ 95 ਸਾਲਾਂ ਦੀ ਹੋ ਚੁੱਕੀ ਸੀ । ਸਪੀਕਰ ਸਾਹਿਬ, ਉਹ ਮੇਰੀ ਪਾਰਟੀ ਨਾਲ ਸਬੰਧਿਤ ਸਨ ਜਿਸ ਦਾ ਮੈਂ ਵੀ ਇੱਕ ਛੋਟਾ ਜਿਹਾ ਸਿਪਾਹੀ ਹਾਂ । ਮੈਂ ਉਨ੍ਹਾਂ ਨੂੰ ਕਾਫੀ ਨੇੜਿਉਂ ਵੇਖਿਆ ਹੈ । ਮੈਂ ਉਨ੍ਹਾਂ ਨੂੰ ਪਿਛਲੇ 25-26 ਸਾਲ ਤੋਂ ਜਾਣਦਾ ਸੀ । ਉਹ ਬੜੀ ਹੀ ਸ਼ਾਨਦਾਰ ਪਰਸਨੈਲਿਟੀ ਸਨ । ਉਨ੍ਹਾਂ ਵਿੱਚ ਦੇਸ਼-ਭਗਤੀ ਦੇ ਗੁਣ ਭਰ ਜਵਾਨੀ ਤੋਂ ਹੀ ਕੁੱਟ-ਕੁੱਟ ਕੇ ਭਰੇ ਹੋਏ ਸਨ । ਬੀ. ਏ., ਬੀ. ਟੀ. ਕਰਨ ਤੋਂ ਬਾਅਦ ਉਨ੍ਹਾਂ ਨੇ ਜਲੰਧਰ ਦੇ ਇੱਕ ਪਿੰਡ ਵਿੱਚ ਬਤੌਰ ਹੈਡਮਾਸਟਰ ਆਪਣੀਆਂ ਸੇਵਾਵਾਂ ਅਰਪਿਤ ਕੀਤੀਆਂ । ਅਜ਼ਾਦੀ ਦੀ ਲਹਿਰ ਵਿੱਚ ਜਦੋਂ ਉਹ ਸ਼ਾਮਲ ਹੋਏ ਤਾਂ ਉਨ੍ਹਾਂ ਨੇ ਪਰਜਾ ਮੰਡਲ ਲਹਿਰ ਦੀ ਸਥਾਪਨਾ ਕੀਤੀ । ਉਹ ਇਸ ਲਹਿਰ ਦੇ ਬਾਨੀਆਂ ਵਿਚੋਂ ਸਨ । ਸਭ ਤੋਂ ਪਹਿਲਾਂ ਉਨ੍ਹਾਂ ਨੇ ਕਪੂਰਥਲਾ ਰਿਆਸਤ ਦੇ ਖਿਲਾਫ ਆਪਣਾ ਸੰਘਰਸ਼ ਸ਼ੁਰੂ ਕੀਤਾ ਜਿਸ ਕਾਰਨ ਉਹ ਡਾਇਰੈਕਟਲੀ ਦੇਸ਼ ਦੀ ਅਜ਼ਾਦੀ ਨਾਲ ਜੁੜੇ ਰਹੇ । ਉਨ੍ਹਾਂ ਨੇ ਕਈ ਅੰਦੋਲਨਾਂ ਵਿੱਚ ਹਿੱਸਾ ਲਿਆ ਅਤੇ ਕਈ ਵਾਰ ਜੇਲ੍ਹ ਵੀ ਗਏ। ਕਈ ਵਾਰ ਉਹ ਅੰਡਰ-ਗਰਾਊਂਡ ਵੀ ਹੋਏ । ਲੋਕਾਂ ਵਿਚ ਹਰਮਨ-ਪਿਆਰਤਾ ਦੇ ਕਾਰਨ ਉਹ ਸਾਂਝੇ ਪੰਜਾਬ ਵਿੱਚ 1937 ਵਿੱਚ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ । ਇਸ ਤੋਂ ਬਾਅਦ ਉਹ 1946 ਵਿੱਚ ਫਿਰ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ । ਇਸ ਤਰ੍ਹਾਂ ਉਨ੍ਹਾਂ ਦੀ ਲੋਕਾਂ ਵਿੱਚ ਹਰਮਨ-ਪਿਆਰਤਾ ਦਾ ਪਤਾ ਲੱਗਦਾ ਹੈ । ਲੋਕਾਂ ਵਿੱਚ ਉਨ੍ਹਾਂ ਦਾ ਕਾਫੀ ਸਤਿਕਾਰ ਸੀ । ਪੰਜਾਬ ਦੀ ਵਿਧਾਨ ਪ੍ਰੀਸ਼ਦ ਵਿੱਚ ਵੀ ਉਨ੍ਹਾਂ ਨੂੰ ਲੈਜਿਸਲੇਟਰ ਬਣਨ ਦਾ ਮਾਣ ਮਿਲਿਆ । ਸੀ. ਐਮ. ਸਾਹਿਬ ਨੂੰ ਵੀ ਉਨ੍ਹਾਂ ਨਾਲ ਵਿਚਰਨ ਦਾ ਮੌਕਾ ਮਿਲਿਆ ਹੋਵੇਗਾ । ਵਿਧਾਨ ਪ੍ਰੀਸ਼ਦ ਵਿੱਚ ਖਾਸ ਤੌਰ ਤੇ ਆਰਥਿਕ ਮਾਮਲਿਆਂ ਬਾਰੇ ਉਨ੍ਹਾਂ ਨੇ ਸ਼ਾਨਦਾਰ ਰੋਲ ਅਦਾ ਕੀਤਾ । ਹੋਰ ਮੈਂਬਰ ਵੀ, ਸ਼ਾਇਦ ਮਾਸਟਰ ਹਰੀ ਸਿੰਘ ਦੇ ਮੁਕਾਬਲੇ ਦੇ ਹੋਣ, ਦੂਸਰਿਆਂ ਨੂੰ ਮੈਂ ਘਟਾਉਂਦਾ ਤਾਂ ਨਹੀਂ ਲੇਕਿਨ ਉਹ ਆਪਣੇ ਆਪ ਵਿੱਚ ਇੱਕ ਮਿਸਾਲ ਸਨ । ਖਾਸ ਕਰਕੇ ਪੰਜਾਬ ਦੀ ਜਿਹੜੀ ਰੂਰਲ ਇਕਾਨਮੀ ਹੈ, ਇਸ ਦਾ ਤਾਂ ਉਨ੍ਹਾਂ ਨੂੰ ਪੰਡਿਤ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਦੇ ਉਤੇ ਉਨ੍ਹਾਂ ਦੀ ਪਕੜ ਸੀ । ਉਹ ਇੱਕ ਅੱਛੇ ਵਿਧਾਨਕਾਰ ਵੀ ਸਨ । ਮੈਂ ਦੇਖਿਆ ਹੈ ਕਿ ਕਦੇ ਕੋਈ ਸਰਕਾਰ ਬਜਟ ਪੇਸ਼ ਕਰਦੀ ਸੀ ਤਾਂ ਤੁਸੀਂ ਜਾ ਕੇ ਉਨ੍ਹਾਂ ਨੂੰ ਸਮੁੱਚਾ ਬਜਟ ਦੇ ਦਿਓ, ਉਹ ਅੱਧੇ ਘੰਟੇ ਵਿੱਚ ਸਾਰੇ ਬਜਟ ਦਾ ਨਿਚੋੜ ਕੱਢ ਕੇ ਦੇ ਦਿੰਦੇ ਸਨ । ਯਾਨੀ ਇਸ ਤਰ੍ਹਾਂ ਦੀ ਉਨ੍ਹਾਂ ਦੀ ਪਕੜ ਸੀ । ਪੰਜਾਬ ਦੀ ਇਕਾਨਮੀ ਤੇ ਉਨ੍ਹਾਂ ਨੇ ਕੁਝ ਕਿਤਾਬਾਂ ਵੀ ਲਿਖੀਆਂ ਹਨ, ਜਿਨ੍ਹਾਂ ਨੂੰ ਲਾਇਬ੍ਰੇਰੀ ਵਿੱਚ ਰੱਖਣਾ ਚਾਹੀਦਾ ਹੈ । ਪੰਜਾਬ ਦੀ ਇਕਾਨਮੀ ਦਾ ਜੋ ਪਿਛੋਕੜ ਹੈ ਔਰ ਹੁਣ ਜੋ ਵਰਤਮਾਨ ਹੈ, ਇਸ ਦੇ ਬਾਰੇ ਉਨ੍ਹਾਂ ਕਿਤਾਬਾਂ ਵਿੱਚ ਬਹੁਤ ਕੁਝ ਸਿੱਖਣ ਨੂੰ ਮਿਲ ਸਕਦਾ ਹੈ । ਇਸੇ ਤਰ੍ਹਾਂ ਉਹ ਜਿਥੇ ਕਿਸਾਨ ਪਰਿਵਾਰ ਦੇ ਵਿੱਚ ਪੈਦਾ ਹੋਏ, ਉਥੇ ਇਹ ਵੀ ਉਨ੍ਹਾਂ ਦੀ ਇੱਕ ਵਿਲੱਖਣ ਸ਼ਖਸੀਅਤ ਸੀ ਕਿ ਉਨ੍ਹਾਂ ਨੇ ਕਿਸਾਨ ਲਹਿਰ ਦੇ ਨਾਲ ਨਾਲ ਪੰਜਾਬ ਵਿੱਚ ਖੇਤ ਮਜ਼ਦੂਰ ਲਹਿਰ

[ਕਾਮਰੇਡ ਹਰਦੇਵ ਅਰਸ਼ੀ]

ਨੂੰ ਉਸਾਰਨ ਵਿੱਚ ਬੜਾ ਵੱਡਾ ਯੋਗਦਾਨ ਪਾਇਆ। 1954 ਵਿੱਚ ਪੰਜਾਬ ਵਿੱਚ ਖੇਤ ਮਜ਼ਦੂਰ ਸਭਾ ਨਾਂ ਦੀ ਜਥੇਬੰਦੀ ਦੀ ਸਥਾਪਨਾ ਕੀਤੀ ਗਈ ਔਰ ਫਿਰ 1968 ਵਿੱਚ ਆਲ ਇੰਡੀਆ ਲੈਵਲ ਦੀ ਕਾਨਫਰੰਸ ਮੋਗੇ ਵਿੱਚ ਕੀਤੀ ਗਈ ਜਿਥੋਂ ਦੀ ਆਲ ਇੰਡੀਆ ਖੇਤ ਮਜ਼ਦੂਰ ਸਭਾ ਅੱਜ ਸਾਰੇ ਦੇਸ਼ ਭਰ ਵਿੱਚ ਮਸ਼ਹੂਰ ਹੈ। ਉਸ ਵਿੱਚ ਮਾਸਟਰ ਹਰੀ ਸਿੰਘ ਦਾ ਉਘਾ ਯੋਗਦਾਨ ਸੀ। ਉਹ ਇੱਕ ਉਘੇ ਅਰਥ ਸ਼ਾਸਤਰੀ, ਉਘੇ ਦੇਸ਼ ਭਗਤ ਤੇ ਇੱਕ ਬਹੁਤ ਸ਼ਾਨਦਾਰ ਵਿਧਾਨਕਾਰ ਸਨ। ਉਨ੍ਹਾਂ ਦਾ ਸਾਡੇ ਕੋਲੋਂ ਵਿਛੜਨਾ, ਭਾਵੇਂ ਵਡੇਰੀ ਉਮਰ ਵਿੱਚ ਹੀ ਸਹੀ, ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਸਾਡੀ ਪਾਰਟੀ ਲਈ ਤਾਂ ਬਹੁਤ ਹੀ ਦੁੱਖਦਾਈ ਹੈ। ਉਹ ਚਾਰ ਸਾਲ ਪਹਿਲਾਂ ਤੱਕ ਦਫ਼ਤਰ ਵਿੱਚ ਬੈਠਦੇ ਸਨ। ਬਾਅਦ ਵਿੱਚ ਜਦੋਂ ਉਨ੍ਹਾਂ ਦੀ ਸਿਹਤ ਠੀਕ ਨਾ ਰਹੀ, ਤਾਂ ਪਰਿਵਾਰ ਨੇ ਜ਼ੋਰ ਪਾਇਆ ਔਰ ਅਸੀਂ ਵੀ ਪ੍ਰੇਰਿਆ ਕਿ ਇਥੇ ਸਾਡੇ ਕੋਲੋਂ ਤੁਹਾਡੀ ਸੰਭਾਲ ਨਹੀਂ ਹੋ ਸਕਦੀ, ਇਸ ਕਰਕੇ ਤੁਸੀਂ ਆਪਣੇ ਬੱਚਿਆਂ ਕੋਲ ਚਲੇ ਜਾਓ। ਉਹ ਤੁਹਾਡੀ ਸੰਭਾਲ ਅੱਛੀ ਤਰ੍ਹਾਂ ਕਰਨਗੇ ਔਰ ਉਨ੍ਹਾਂ ਦੇ ਬੱਚਿਆਂ ਨੇ ਉਨ੍ਹਾਂ ਦੀ ਬੜੀ ਸ਼ਾਨਦਾਰ ਸੇਵਾ ਕੀਤੀ। 92 ਸਾਲ ਦੀ ਉਮਰ ਤੱਕ, ਸਪੀਕਰ ਸਾਹਿਬ, ਉਹ ਦਫ਼ਤਰ ਵਿੱਚ ਬੈਠਦੇ ਰਹੇ। ਸਪੀਕਰ ਸਾਹਿਬ, ਬਹੁਤ ਸਾਰੇ ਸਟੂਡੈਂਟਸ ਡਿਫਰੈਂਟ ਯੂਨੀਵਰਸਿਟੀਜ਼ ਤੋਂ, ਜਿਨ੍ਹਾਂ ਨੇ ਰਿਸਰਚ ਕਰਨੀ ਹੁੰਦੀ ਸੀ, ਜਿਹੜੇ ਪੀ. ਐਚ. ਡੀ. ਕਰਦੇ ਸਨ, ਉਹ ਉਨ੍ਹਾਂ ਕੋਲੋਂ ਥੀਸਿਸ ਤਿਆਰ ਕਰਨ ਵਾਸਤੇ ਆਉਂਦੇ ਸਨ ਕਿਉਂਕਿ ਉਨ੍ਹਾਂ ਦੀ ਇਕਾਨਮੀ ਤੇ ਪਕੜ ਬਹੁਤ ਮਜ਼ਬੂਤ ਸੀ। ਸੋ, ਜਿਥੇ ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ, ਉਥੇ ਇਹ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ, ਸ਼ਾਇਦ ਸੀ. ਐਮ. ਸਾਹਿਬ ਦੇ ਨੋਟਿਸ ਵਿੱਚ ਵੀ ਹੋਵੇ ਕਿ ਕਦੇ ਵੀ ਇਸ ਤਰ੍ਹਾਂ ਦੀ ਸ਼ਖਸੀਅਤ ਨਾਲ ਇਸ ਤਰ੍ਹਾਂ ਦਾ ਵਿਵਹਾਰ ਨਹੀਂ ਹੋਣਾ ਚਾਹੀਦਾ। ਡੀ. ਸੀ. ਔਰ ਐਸ. ਐਸ. ਪੀ. ਨੂੰ ਪਹਿਲਾਂ ਹੀ ਇਸ ਬਾਰੇ ਇਨਫਾਰਮ ਕਰ ਦਿੱਤਾ ਗਿਆ ਸੀ। ਉਹ ਇੱਕ ਸੁਤੰਤਰਤਾ ਸੰਗਰਾਮੀ ਸਨ, ਆਲ ਇੰਡੀਆ ਲੈਵਲ ਦੇ ਲੀਡਰ ਸਨ ਔਰ ਇਤਲਾਹ ਦੇਣ ਦੇ ਬਾਵਜੂਦ ਵੀ ਡਿਪਟੀ ਕਮਿਸ਼ਨਰ ਜਾਂ ਐਸ. ਐਸ. ਪੀ. ਉਥੇ ਨਹੀਂ ਆਏ। ਇਹ ਇੱਕ ਫੈਸਲਾ ਹੈ ਕਿ ਜਦੋਂ ਕੋਈ ਸੁਤੰਤਰਤਾ ਸੰਗਰਾਮੀ ਸਾਡੇ ਕੋਲੋਂ ਜਾਂਦਾ ਹੈ ਤਾਂ ਸਰਕਾਰ ਵਲੋਂ ਸਰਕਾਰੀ ਤੌਰ ਤੇ ਕੋਈ ਨਾ ਕੋਈ ਉਥੇ ਜ਼ਰੂਰ ਜਾਂਦਾ ਹੈ। ਇਹ ਗੱਲ ਹੋਰ ਵੀ ਜ਼ਰੂਰੀ ਹੈ ਜਦੋਂ ਅਸੀਂ 50 ਸਾਲਾ ਆਜ਼ਾਦੀ ਜਸ਼ਨ ਮਨਾਉਣ ਜਾ ਰਹੇ ਹਾਂ ਕਿਉਂਕਿ ਇਸ ਸਮੇਂ ਤੱਕ ਤਾਂ ਬਹੁਤ ਥੋੜ੍ਹੇ ਸੁਤੰਤਰਤਾ ਸੰਗਰਾਮੀ ਰਹਿ ਗਏ ਹਨ ਜਿਨ੍ਹਾਂ ਦੀ ਉਮਰ ਬਹੁਤ ਵਡੇਰੀ ਹੈ। ਇਸ ਕਰਕੇ ਉਨ੍ਹਾਂ ਦੇ ਵਾਸਤੇ ਕੁਝ ਕਰਨਾ ਚਾਹੀਦਾ ਹੈ। ਅਗਰ ਅਸੀਂ ਹੋਰ ਕੁਝ ਨਹੀਂ ਕਰ ਸਕਦੇ, ਤਾਂ ਇਹ ਗੱਲ ਤਾਂ ਜ਼ਰੂਰ ਕੀਤੀ ਜਾਵੇ ਕਿ ਉਨ੍ਹਾਂ ਦਾ ਸੰਸਕਾਰ ਪੂਰੀ ਸ਼ਰਧਾ ਨਾਲ ਕੀਤਾ ਜਾਵੇ। ਇਸ ਗੱਲ ਦੀ ਸੀ. ਐਮ. ਸਾਹਿਬ ਪੜਤਾਲ ਕਰਾਉਣ ਕਿ ਇਤਲਾਹ ਦੇਣ ਦੇ ਬਾਵਜੂਦ ਵੀ ਸਰਕਾਰ ਵੱਲੋਂ ਡਿਪਟੀ ਕਮਿਸ਼ਨਰ ਕਿਉਂ ਨਹੀਂ ਪਹੁੰਚਿਆ ?

ਇਸੇ ਤਰ੍ਹਾਂ, ਸਪੀਕਰ ਸਾਹਿਬ, ਇੱਕ ਹੋਰ ਦੁੱਖਦਾਈ ਘਟਨਾ ਹੋਈ। ਤਿੰਨ ਦਿਨ ਤੋਂ ਲਗਾਤਾਰ ਅਖ਼ਬਾਰਾਂ ਵਿੱਚ ਵੀ ਇਸ ਬਾਰੇ ਆ ਰਿਹਾ ਹੈ ਕਿ ਦਿੱਲੀ ਦੇ ਸਿਨਮਾ ਘਰ ਵਿੱਚ ਅੱਗ ਲੱਗਣ ਨਾਲ ਕਈ ਕੀਮਤੀ ਜਾਨਾਂ ਚਲੀਆਂ ਗਈਆਂ ਹਨ। ਇਸ

ਬਾਰੇ ਸੀ. ਐਮ. ਸਾਹਿਬ ਨੇ ਵੀ ਜ਼ਿਕਰ ਕੀਤਾ ਹੈ, ਇਸ ਕਰਕੇ ਮੈਂ ਜ਼ਿਆਦਾ ਵਿਸਥਾਰ ਵਿੱਚ ਨਹੀਂ ਜਾਵਾਂਗਾ ਬਲਕਿ ਸੰਖੇਪ ਵਿੱਚ ਹੀ ਕਹਿਣਾ ਚਾਹੁੰਦਾ ਹਾਂ। ਅਖਬਾਰਾਂ ਵਿੱਚ ਪੜ੍ਹਨ ਨੂੰ ਮਿਲਿਆ ਹੈ ਕਿ ਇੱਕ ਇੱਕ ਫੈਮਿਲੀ ਦੇ 9-9 ਵਿਅਕਤੀ ਇਸ ਵਿਚ ਮਾਰੇ ਗਏ। ਜਿਸ ਫੈਮਿਲੀ ਦੇ 9 ਮੈਂਬਰ ਇਸ ਘਟਨਾ ਦਾ ਸ਼ਿਕਾਰ ਹੋ ਜਾਣ, ਆਪਣੇ ਪਰਿਵਾਰ ਤੋਂ ਵਿਛੜ ਜਾਣ, ਉਸ ਫੈਮਿਲੀ ਦਾ, ਉਸ ਪਰਿਵਾਰ ਦਾ ਤਾਂ ਵਿਰਸੇ ਨੂੰ ਜਾਰੀ ਰੱਖਣ ਦਾ ਕੰਮ ਹੀ ਬੰਦ ਹੋ ਗਿਆ। ਫਿਰ ਸਾਡੇ ਪੰਜਾਬ ਦਾ ਇੱਕ ਪਰਿਵਾਰ ਵੀ ਉਸ ਦਾ ਸ਼ਿਕਾਰ ਹੋਇਆ। ਇੱਕ ਆਦਮੀ, ਉਸ ਦੀ ਪਤਨੀ, ਬਚਾ ਇਸ ਦਾ ਸ਼ਿਕਾਰ ਹੋਏ। ਉਹ ਆਪ ਤਕੜਾ ਮਿਲਟਰੀ ਅਫਸਰ ਸੀ, ਸ਼ਾਇਦ ਘੋੜ ਸਵਾਰ ਸੀ ਔਰ ਜਿਹੜੀਆਂ ਬੰਗਲੌਰ ਵਿੱਚ ਖੇਡਾਂ ਹੋਈਆਂ, ਉਨ੍ਹਾਂ ਦੇ ਵਿੱਚ ਉਸ ਦੀ ਕਾਫ਼ੀ ਅੱਛੀ ਕਾਰਗੁਜ਼ਾਰੀ ਸੀ। ਅਸੀਂ ਉਨ੍ਹਾਂ ਪ੍ਰਤੀ ਬੜੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ ਔਰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ। ਔਰ ਨਾਲ ਨਾਲ ਮੈਂ ਇਹ ਵੀ ਕਹਿੰਦਾ ਹਾਂ ਕਿ ਸਾਨੂੰ ਇਸ ਘਟਨਾ ਤੋਂ ਸਬਕ ਜ਼ਰੂਰ ਸਿੱਖਣਾ ਚਾਹੀਦਾ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਜਿਸ ਤਰ੍ਹਾਂ ਕਿ ਪਿੱਛੇ ਡੱਬਵਾਲੀ ਵਿੱਚ ਹੋਈ, ਹੋਰ ਥਾਵਾਂ ਤੇ ਵੀ ਹੋਈਆਂ, ਦਿੱਲੀ ਵਿੱਚ ਵੀ ਹੋਈਆਂ, ਉਨ੍ਹਾਂ ਤੋਂ ਘੱਟੋ ਘੱਟ ਇਸ ਗੱਲ ਨੂੰ ਜ਼ਰੂਰ ਡਰਾਅ ਕਰੀਏ ਕਿ ਇਸ ਤਰ੍ਹਾਂ ਦੇ ਜੋ ਸਿਨੇਮਾ ਘਰ ਹਨ, ਮੈਰਿਜ ਪੈਲੇਸ ਵਗੈਰਾ ਹਨ, ਉਨ੍ਹਾਂ ਵਿੱਚ ਅਸੀਂ ਪਹਿਲਾਂ ਤੋਂ ਹੀ ਜੋ ਇਸ ਤਰ੍ਹਾਂ ਦੀ ਲਾਪਰਵਾਹੀ ਵਰਤੀ ਜਾ ਰਹੀ ਹੈ, ਉਸ ਨੂੰ ਦੂਰ ਕਰੀਏ ਤਾਂ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ, ਇਸ ਤਰ੍ਹਾਂ ਦੇ ਅਗਨੀ ਕਾਂਡ ਨਾ ਵਾਪਰਨ ਔਰ ਦੁਖਦਾਈ ਮੌਤਾਂ ਨਾ ਹੋਣ। ਇਸ ਤੋਂ ਸਾਨੂੰ ਸਬਕ ਸਿੱਖਣਾ ਚਾਹੀਦਾ ਹੈ। ਉਨ੍ਹਾਂ ਪੀੜਤ ਪਰਿਵਾਰਾਂ ਪ੍ਰਤੀ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਹਮਦਰਦੀ ਪ੍ਰਗਟ ਕਰਦਾ ਹਾਂ।

ਇਸ ਤਰ੍ਹਾਂ ਇੱਕ ਹੋਰ ਘਟਨਾ ਵਾਪਰੀ, ਜਿਸ ਬਾਰੇ ਸੀ. ਐਮ. ਸਾਹਿਬ ਨੇ ਦੁੱਖ ਦਾ ਪ੍ਰਗਟਾਵਾ ਵੀ ਕੀਤਾ ਸੀ ਔਰ ਕਿਹਾ ਸੀ ਕਿ ਅਸੀਂ ਵਿਛੜਿਆਂ ਨੂੰ ਤਾਂ ਵਾਪਸ ਨਹੀਂ ਲਿਆ ਸਕਦੇ ਪਰ ਫਿਰ ਵੀ ਬਾਕੀ ਰਹਿੰਦੇ ਪਰਿਵਾਰ ਦੀ ਆਰਥਿਕ ਮੱਦਦ ਕਰ ਸਕਦੇ ਹਾਂ। ਉਨ੍ਹਾਂ ਦੀ ਮੱਦਦ ਵਾਸਤੇ 50,000/- ਰੁਪਏ ਦਾ ਐਲਾਨ ਕੀਤਾ ਗਿਆ ਹੈ। ਜਿਹੜੀ ਇਹ ਜੀਪ ਨਾਲ ਦੁਰਘਟਨਾ ਹੋਈ, ਮੈਂ ਉਨ੍ਹਾਂ ਪ੍ਰਤੀ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਔਰ ਸਪੀਕਰ ਸਾਹਿਬ, ਜੋ ਬੇਗੋਵਾਲ ਪੁਲ ਦੇ ਉਤੇ ਘਟਨਾ ਵਾਪਰੀ ਹੈ, ਜਦ ਉਸ ਪੁਲ ਨੂੰ ਅਨਸੇਫ ਡਿਕਲੇਅਰ ਕਰ ਦਿੱਤਾ ਸੀ ਤਾਂ ਫਿਰ ਉਸ ਤੇ ਆਵਾਜਾਈ ਕਿਉਂ ਜਾਰੀ ਰੱਖੀ ਗਈ? ਇਸ ਦੁਖਦਾਈ ਘਟਨਾ ਨੂੰ ਵਾਪਰਨ ਤੋਂ ਟਾਲਿਆ ਜਾ ਸਕਦਾ ਸੀ ਜੇਕਰ ਇਸ ਤੇ ਪਹਿਲਾਂ ਕਾਰਵਾਈ ਕੀਤੀ ਗਈ ਹੁੰਦੀ। ਇਸੇ ਤਰ੍ਹਾਂ ਰਾਮ ਤੀਰਥ ਮੰਦਿਰ ਦੇ ਵਿੱਚ ਜੋ ਘਟਨਾ ਵਾਪਰੀ ਹੈ, ਇਹ ਇੱਕ ਗੰਭੀਰ ਘਟਨਾ ਹੈ। ਇਸ ਵਿਚ ਕਿਸੇ ਨੇ ਖਾਣੇ ਵਿਚ ਜ਼ਹਿਰ ਪਾਇਆ ਜਾਂ ਜੋ ਕੁਝ ਵੀ ਹੋਇਆ ਹੈ, ਇਸ ਦੀ ਇਨਕੁਆਇਰੀ ਕਰਵਾਉਣੀ ਚਾਹੀਦੀ ਹੈ। ਸਪੀਕਰ ਸਾਹਿਬ, ਇਸੇ ਤਰ੍ਹਾਂ ਕੱਲ੍ਹ ਇਥੇ ਹਾਊਸ ਦੇ ਵਿੱਚ ਸਾਢੇ ਕੁ ਪੰਜ ਵਜੇ ਸਾਨੂੰ ਪਤਾ ਲਗਿਆ ਕਿ ਸਾਡੇ ਮੁੱਖ ਸਕੱਤਰ ਦੀ ਮਾਤਾ ਜੀ ਅਕਾਲ ਚਲਾਣਾ ਕਰ ਗਏ ਹਨ। ਕੱਲ੍ਹ ਗੱਲ ਕੀਤੀ ਜਾ ਰਹੀ ਸੀ ਕਿ ਅੱਜ ਹਾਊਸ ਦੇ ਵਿਚ ਸਾਡੇ ਆਫੀਸਰ ਸਾਹਿਬਾਨ ਨਹੀਂ

[ਕਾਮਰੇਡ ਹਰਦੇਵ ਅਰਸ਼ੀ]

ਦਿਸ ਰਹੇ ਤਾਂ ਉਹ ਮਾਨ ਸਾਹਿਬ ਜੀ ਦੀ ਮਾਤਾ ਦੇ ਅੰਤਿਮ ਸਸਕਾਰ ਤੇਗਏ ਹੋਏ ਸਨ। ਮਾਤਾ ਦਾ ਰਿਸ਼ਤਾ ਬੜਾ ਗੂੜ੍ਹਾ ਰਿਸ਼ਤਾ ਹੁੰਦਾ ਹੈ। ਜਿੰਨੀ ਮਾਤਾ ਦੀ ਸਪੋਰਟ ਹੁੰਦੀ ਹੈ ਉਤਨੀ ਕਿਸੇ ਹੋਰ ਰਿਸ਼ਤੇ ਦੇ ਵਿਚ ਸਪੋਰਟ ਨਹੀਂ ਹੁੰਦੀ। ਇਸ ਲਈ ਮੈਂ ਮਾਨ ਸਾਹਿਬ ਨਾਲ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਾ ਹਾਂ। ਅੰਤ ਵਿਚ ਮੈਂ ਉਪਰੋਕਤ ਸਾਰੀਆਂ ਘਟਨਾਵਾਂ ਵਿਚ ਮਰਨ ਵਾਲੇ ਵਿਅਕਤੀਆਂ ਦੇ ਪਰਿਵਾਰਾਂ ਪ੍ਰਤੀ ਡੂੰਘੀ ਹਮਦਰਦੀ ਪ੍ਰਗਟ ਕਰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ।

ਸਰਦਾਰ ਅਜੀਤ ਇੰਦਰ ਸਿੰਘ (ਸਰਦੂਲਗੜ੍ਹ) : ਰਿਸਪੈਕਟਿਡ ਸਪੀਕਰ ਸਾਹਿਬ, ਅਕਾਲ ਚਲਾਣਿਆਂ ਦਾ ਜੋ ਪ੍ਰਸਤਾਵ ਰਖਿਆ ਗਿਆ ਹੈ, ਕੱਲ੍ਹ ਇਸ ਬਾਰੇ ਫੈਸਲਾ ਕਰਕੇ ਜੋ ਅੱਜ ਸਮਾਂ ਰੱਖਿਆ ਗਿਆ ਹੈ, ਇਸ ਸਬੰਧੀ ਮੈਂ ਤੁਹਾਡਾ ਅਤੇ ਸੀ. ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ। ਸਭ ਤੋਂ ਪਹਿਲਾਂ ਮਾਸਟਰ ਹਰੀ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਹੈ। ਉਹ ਬਹੁਤ ਵੱਡੇ ਲਰਨੇਡ ਇਕਨਾਮਿਸਟ ਸਨ। ਉਨ੍ਹਾਂ ਨੇ ਬਹੁਤ ਜ਼ਿਆਦਾ ਸਮਾਂ ਲੋਕਾਂ ਦੀ ਭਲਾਈ ਲਈ ਲਾਇਆ। ਉਨ੍ਹਾਂ ਨੇ ਜ਼ਿਮੀਂਦਾਰਾਂ ਵਾਸਤੇ ਔਰ ਦਲਿਤਾਂ ਵਾਸਤੇ ਬਹੁਤ ਕੁਝ ਕੀਤਾ। ਉਨ੍ਹਾਂ ਨੇ ਆਪਣੇ ਸਿਆਸੀ ਜੀਵਨ ਦੇ ਵਿੱਚ ਕੁਝ ਕਰਕੇ ਦਿਖਾਇਆ ਸੀ। ਉਹ ਬੜੀ ਲੰਮੀ ਉਮਰ ਲੈ ਕੇ ਗਏ ਹਨ। ਉਨ੍ਹਾਂ ਦੀਆਂ ਬਹੁਤ ਸੋਹਣੀਆਂ ਪੁਸਤਕਾਂ ਹਨ ਜੋ ਕਾਫੀ ਚਾਨਣ-ਮੁਨਾਰਾ ਸਾਬਤ ਹੋ ਸਕਦੀਆਂ ਹਨ। ਸਾਨੂੰ ਇਨ੍ਹਾਂ ਨੂੰ ਪੜਨਾ ਚਾਹੀਦਾ ਹੈ ਔਰ ਪੁਲੀਟੀਕਲ ਗਾਈਡ-ਲਾਈਨਜ਼ ਲੈਣੀਆਂ ਚਾਹਦੀਆਂ ਹਨ। ਉਨ੍ਹਾਂ ਦਾ ਇਸ ਸਮੇਂ ਚਲੇ ਜਾਣਾ, ਬੇਸ਼ਕ ਉਹ ਲੰਮੀ ਉਮਰ ਲੈ ਕੇ ਗਏ ਹਨ, ਲੇਕਿਨ ਦੁਖਦਾਈ ਹੈ।

ਦਿੱਲੀ ਵਿਖੇ ਜਿਹੜੀ ਦੁਖਦਾਈ ਘਟਨਾ ਵਾਪਰੀ ਉਸ ਦੇ ਵਿਚ ਪਰਿਵਾਰਾਂ ਦੇ ਪਰਿਵਾਰ ਮਾਰੇ ਗਏ ਹਨ। ਜਿਸ ਦਾ ਸਾਰਾ ਪਰਿਵਾਰ ਚਲਾ ਜਾਂਦਾ ਹੈ, ਉਸ ਦੁੱਖ ਦਾ ਉਸ ਨੂੰ ਹੀ ਪਤਾ ਹੁੰਦਾ ਹੈ। ਅਸੀਂ ਵੀ ਉਨ੍ਹਾਂ ਨੂੰ ਅੱਜ ਸ਼ਰਧਾਂਜਲੀ ਦੇ ਰਹੇ ਹਾਂ ਪਰ ਸਾਡੇ ਮਨ ਵਿੱਚ ਵੀ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਇਹ ਬਹੁਤ ਵੱਡਾ ਦੁੱਖ ਹੈ, ਮਹਿਜ਼ ਲਫਜ਼ਾਂ ਵਿੱਚ ਹੀ ਪ੍ਰਗਟ ਨਹੀਂ ਹੋਣਾ ਚਾਹੀਦਾ। ਇਸ ਅਗਨੀ ਕਾਂਡ ਦੇ ਵਿੱਚ ਪੰਜਾਬ ਦੇ ਇਕ ਸਾਬਕਾ ਆਫੀਸਰ ਮਿਸਟਰ ਸਿੱਧੂ ਵੀ ਹਾਦਸਾ ਗ੍ਰਸਤ ਹੋ ਗਏ ਹਨ ਅਤੇ ਉਨ੍ਹਾਂ ਦੇ ਨਾਲ ਪੰਜਾਬ ਦਾ ਹੋਣਹਾਰ ਵਿਅਕਤੀ ਕੈਪਟਨ ਭਿੰਡਰ ਅਤੇ ਉਸਦਾ ਬੱਚਾ ਅਤੇ ਉਸਦੀ ਵਾਈਫ ਵੀ ਹਾਦਸਾਗ੍ਰਸਤ ਹੋ ਗਏ ਹਨ। ਮੈਂ ਕੈਪਟਨ ਭਿੰਡਰ ਨੂੰ ਪਰਸਨਲੀ ਜਾਣਦਾ ਸੀ। ਉਨ੍ਹਾਂ ਦੇ ਇਕ ਸਾਥੀ ਨੇ ਦੱਸਿਆ ਹੈ ਕਿ ਭਿੰਡਰ ਨੇ ਦੂਸਰੇ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਔਰ ਉਨ੍ਹਾਂ ਨੇ ਕਈ ਜਾਨਾਂ ਨੂੰ ਬਚਾਇਆ ਵੀ ਪਰ ਉਹ ਆਪ ਇਸ ਕਾਂਡ ਦੀ ਲਪੇਟ ਵਿੱਚ ਆ ਗਏ। ਇਸ ਤਰ੍ਹਾਂ ਦੀ ਸਪਿਰਟ ਹੋਣੀ ਚਾਹੀਦੀ ਹੈ ਕਿਉਂਕਿ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਉਹ ਲੋਕਾਂ ਦੀਆਂ ਜਾਨਾਂ ਬਚਾਉਂਦੇ ਰਹੇ ਪਰ ਅੰਤ ਵਿੱਚ ਆਪ ਵੀ ਇਸ ਦੀ ਲਪੇਟ ਵਿੱਚ ਆ ਗਏ। ਇਸ ਸਬੰਧੀ ਬਾਰੇ ਇਨਕੁਆਇਰੀ ਹੋਣੀ ਚਾਹੀਦੀ ਹੈ। ਅਸੀਂ ਕਹਿ ਤਾਂ ਦਿੰਦੇ ਹਾਂ ਕਿ ਇਹ ਤਾਂ ਕੁਦਰਤ ਦਾ ਭਾਣਾ ਹੈ ਜੋ ਵਾਪਰ ਗਿਆ ਹੈ, ਲੇਕਿਨ

ਇਸ ਵਿੱਚ ਸਾਡਾ ਵੀ ਕੋਈ ਫਰਜ਼ ਬਣਦਾ ਹੈ। ਜਿੰਨੇ ਰੋਡ ਐਕਸੀਡੈਂਟਸ ਹੁੰਦੇ ਹਨ ਅਸੀਂ ਕਹਿ ਦਿੰਦੇ ਹਾਂ ਕਿ ਕੁਦਰਤ ਦੀ ਮਰਜ਼ੀ ਸੀ ਕਿ ਇਹ ਘਟਨਾ ਵਾਪਰ ਗਈ। ਇਸ ਸਬੰਧੀ ਅਸੀਂ ਵੀ ਕੁਝ ਕਰ ਸਕਦੇ ਹਾਂ। ਇਸ ਕਾਂਡ ਵਿੱਚ ਕਿੰਨੇ ਪਰਿਵਾਰ ਗਏ ਹਾਲੇ ਤੱਕ ਦਿੱਲੀ ਵਾਲੇ ਐਗਜ਼ੈਕਟ ਨਹੀਂ ਦੱਸ ਰਹੇ। ਕਦੇ 60 ਕਹਿ ਦਿੰਦੇ ਹਨ ਅਤੇ ਕਦੇ ਇਸ ਤੋਂ ਜ਼ਿਆਦਾ ਕਹਿ ਦਿੰਦੇ ਹਨ। ਮੈਂ ਇਸ ਅਗਨੀ ਕਾਂਡ ਵਿਚ ਮਰਨ ਵਾਲੇ ਵਿਅਕਤੀਆਂ ਦੇ ਪਰਿਵਾਰਾਂ ਨਾਲ ਦੁੱਖ ਵਿਚ ਸ਼ਰੀਕ ਹੁੰਦਾ ਹਾਂ।

ਬੇਗੋਵਾਲ ਸੜਕ ਦੇ ਉਤੇ ਪੁਲ ਟੁੱਟਣ ਦੇ ਕਾਰਨ ਜੋ ਹਾਦਸਾ ਹੋਇਆ ਹੈ, ਉਹ ਬੜਾ ਦੁਖਦਾਈ ਹੈ। ਇਸ ਬਾਰੇ ਹਾਊਸ ਵਿਚ ਕੱਲ੍ਹ ਵੀ ਗੱਲ ਹੋਈ ਸੀ। ਇਸ ਸਬੰਧੀ ਕਿਸੇ ਦੀ ਜ਼ਿੰਮੇਂਵਾਰੀ ਫਿਕਸ ਹੋਣੀ ਚਾਹੀਦੀ ਸੀ। ਐਕਸੀਡੈਂਟਸ ਸਬੰਧੀ ਟਰੈਫਿਕ ਪੁਲਿਸ ਦਾ ਫਰਜ਼ ਹੈ। ਸਪੀਕਰ ਸਾਹਿਬ, ਜਿਸ ਕਿਸੇ ਦੇ ਪਰਿਵਾਰ ਦਾ ਮੈਂਬਰ ਵਿਛੜਦਾ ਹੈ ਉਸ ਨੂੰ ਹੀ ਦੁੱਖ ਹੁੰਦਾ ਹੈ। ਅੱਗੋਂ ਵਾਸਤੇ ਇਸ ਤਰ੍ਹਾਂ ਦੇ ਹਾਦਸੇ ਨਾ ਹੋਣ ਸਬੰਧੀ ਧਿਆਨ ਰੱਖਿਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਸਾਡੇ ਮੁੱਖ ਸਕੱਤਰ ਦੀ ਮਾਤਾ ਜੀ ਦਾ ਕੱਲ੍ਹ ਦਿਹਾਂਤ ਹੋ ਗਿਆ ਹੈ। ਉਨ੍ਹਾਂ ਦਾ ਇਸ ਸਮੇਂ ਚਲੇ ਜਾਣਾ ਬੜੀ ਦੁੱਖ ਦੀ ਗੱਲ ਹੈ ਔਰ ਉਨ੍ਹਾਂ ਦੇ ਦੁੱਖ ਵਿਚ ਮੈਂ ਸ਼ਰੀਕ ਹੁੰਦਾ ਹਾਂ। ਮੈਂ ਆਪਣੇ ਵੱਲੋਂ ਔਰ ਆਪਣੀ ਪਾਰਟੀ ਵੱਲੋਂ ਔਰ ਜਿਵੇਂ ਭੈਣ ਜੀ ਨੇ ਵੀ ਜ਼ਿਕਰ ਕੀਤਾ ਹੈ ਕਿ ਜਿੰਨੀਆਂ ਵੀ ਇਨ੍ਹਾਂ ਘਟਨਾਵਾਂ ਵਿੱਚ ਜਾਨਾਂ ਚਲੀਆਂ ਗਈਆਂ ਹਨ, ਉਨ੍ਹਾਂ ਸਾਰਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਰਹੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਕਿ ਉਹ ਇਹ ਸਦਮਾ ਸਹਾਰ ਸਕਣ। ਇੰਨਾ ਕਹਿੰਦਾ ਹੋਇਆ ਮੈਂ ਆਪਣਾ ਸਥਾਨ ਗ੍ਰਹਿਣ ਕਰਦਾ ਹਾਂ।

ਮੁੱਖ ਮੰਤਰੀ : ਸਪੀਕਰ ਸਾਹਿਬ, ਮਾਫ਼ ਕਰਨਾ ਇੱਕ ਹੋਰ ਮਹਾਨ ਸ਼ਖਸੀਅਤ ਸਾਡੇ ਕੋਲੋਂ ਵਿਛੜੀ ਹੈ ਸ੍ਰੀ ਹਰੀ ਕਿਸ਼ਨ ਸ਼ਾਸਤਰੀ ਜੀ, ਜੋ ਕਿ ਫਾਰਮਰ ਮਨਿਸਟਰ ਵੀ ਰਹੇ ਹਨ। ਉਹ ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ਦੇ ਸਪੁੱਤਰ ਸਨ। ਇਸ ਪਰਿਵਾਰ ਨੇ ਦੇਸ਼ ਦੀ ਸੇਵਾ ਵਾਸਤੇ ਜੋ ਯੋਗਦਾਨ ਪਾਇਆ ਹੈ, ਉਸ ਤੇ ਜਿੰਨਾ ਮਾਣ ਕਰ ਸਕੀਏ, ਥੋੜ੍ਹਾ ਹੈ। ਸ਼ਾਸਤਰੀ ਜੀ ਨੇ 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਲਾਇਆ। ਉਹ ਦੇਸ਼ ਦੇ ਬਹੁਤ ਮਹਾਨ ਪ੍ਰਧਾਨ ਮੰਤਰੀ ਸਨ। ਉਨ੍ਹਾਂ ਦੇ ਸਪੁੱਤਰ ਦੀ ਸਾਥੋਂ ਵਿਦਾਇਗੀ ਬਹੁਤ ਦੁਖਦਾਈ ਘਟਨਾ ਹੈ। ਉਨ੍ਹਾਂ ਨੂੰ ਅੱਜ ਦੇ ਸ਼ੋਕ ਮਤੇ ਵਿੱਚ ਸ਼ਾਮਲ ਕੀਤਾ ਜਾਵੇ।

ਸ੍ਰੀ ਸਪੀਕਰ : ਇਸ ਹਾਊਸ ਦੇ ਮੈਂਬਰ ਸਾਹਿਬਾਨ ਵੱਲੋਂ ਜਿਨ੍ਹਾਂ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਹਨ ਮੈਂ ਉਨ੍ਹਾਂ ਨਾਲ ਸ਼ਰੀਕ ਹੁੰਦਾ ਹੋਇਆ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਖੜ੍ਹੇ ਹੋ ਕੇ ਮੌਨ ਧਾਰਨ ਕਰਕੇ ਸੱਚੀ ਸ਼ਰਧਾਂਜਲੀ ਭੇਂਟ ਕੀਤੀ ਜਾਵੇ।

(ਇਸ ਸਮੇਂ ਸਦਨ ਦੇ ਸਾਰੇ ਮੈਂਬਰ ਸਾਹਿਬਾਨ 2 ਮਿੰਟ ਲਈ ਮੌਨ ਧਾਰਨ ਕਰਨ ਲਈ ਖੜ੍ਹੇ ਹੋਏ।)

Mr. Speaker : Thank you very much. ਹਾਊਸ ਦੀ ਇੱਛਾ ਅਨੁਸਾਰ ਸ਼ੋਕ ਮਤੇ ਦੁਖੀ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ ।

ਹੁਣ ਪ੍ਰਸ਼ਨ ਕਾਲ ਸ਼ੁਰੂ ਹੁੰਦਾ ਹੈ । ਕਾਮਰੇਡ ਹਰਦੇਵ ਅਰਸ਼ੀ ।

STARRED QUESTIONS AND ANSWERS

ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ, ਬਠਿੰਡਾ ਵਿੱਚ ਹੇਰਾ-ਫੇਰੀ/ਬੇਕਾਇਦੀਆਂ ਸਬੰਧੀ ਪੜਤਾਲ

*384. **ਕਾਮਰੇਡ ਹਰਦੇਵ ਅਰਸ਼ੀ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਕਾਲਜ ਆਫ਼ ਇੰਜੀਨੀਅਰਿੰਗ ਅਤੇ ਤਕਨਾਲੋਜੀ, ਬਠਿੰਡਾ ਵਿੱਚ ਹੋਈਆਂ ਭਾਰੀ ਬੇਕਾਇਦਗੀਆਂ/ਹੇਰਾ ਫੇਰੀਆਂ ਦੀ ਪੜਤਾਲ ਕਰਵਾਉਣ ਦਾ ਨਵੰਬਰ, 1995 ਦੇ ਮਹੀਨੇ ਦੇ ਦੌਰਾਨ ਹੁਕਮ ਦਿੱਤਾ ਸੀ; ਜੇਕਰ ਅਜਿਹਾ ਹੋਵੇ, ਤਾਂ ਪੜਤਾਲੀਆ ਅਫ਼ਸਰ ਦਾ ਨਾਂ ਕੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਪੜਤਾਲੀਆ ਅਫ਼ਸਰ ਨੇ ਪੜਤਾਲ ਮੁਕੰਮਲ ਕਰ ਲਈ ਹੈ ਅਤੇ ਸਰਕਾਰ ਨੂੰ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

ਡਾਕਟਰ ਉਪਿੰਦਰਜੀਤ ਕੌਰ : (ੳ) ਹਾਂ ਜੀ । ਸ੍ਰੀ ਐਸ. ਐਸ. ਗਿੱਲ, ਆਈ. ਏ. ਐਸ., ਡੀ. ਸੀ. ਬਠਿੰਡਾ ਨੂੰ ਇਸ ਸ਼ਿਕਾਇਤ ਸਬੰਧੀ ਪੜਤਾਲ ਕਰਕੇ ਰਿਪੋਰਟ ਭੇਜਣ ਲਈ ਕਿਹਾ ਗਿਆ ਸੀ ।

(ਅ) ਇਹ ਰਿਪੋਰਟ 7.6.1997 ਨੂੰ ਪ੍ਰਾਪਤ ਹੋਈ ਹੈ । ਇਹ ਰਿਪੋਰਟ ਵਿਚਾਰ ਅਧੀਨ ਹੈ ਅਤੇ ਵਿਸਥਾਰਮਈ ਹੋਣ ਕਰਕੇ ਇਸ ਤੇ ਕੁਝ ਸਮਾਂ ਹੋਰ ਲਗੇਗਾ ।

ਕਾਮਰੇਡ ਹਰਦੇਵ ਅਰਸ਼ੀ : ਸਪਲੀਮੈਂਟਰੀ, ਸਰ । ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਚਿੰਤਾ ਅਤੇ ਅਫ਼ਸੋਸ ਦੀ ਗੱਲ ਹੈ ਕਿ ਇਨਕੁਆਇਰੀ 24.11.95 ਨੂੰ ਸੀ. ਐਮ. ਦੇ ਹੁਕਮਾਂ ਨਾਲ ਸਟਾਰਟ ਹੋਈ ਸੀ । ਤੁਸੀਂ ਵੇਖੋ ਕਿ ਰਿਪੋਰਟ ਪੇਸ਼ ਕਰਨ ਨੂੰ ਪਹਿਲਾਂ ਹੀ ਇੰਨੀ ਦੇਰ ਕਰ ਦਿੱਤੀ ਗਈ ਹੈ । ਸਭ ਤੋਂ ਪਹਿਲਾਂ ਤਾਂ ਇਨਕੁਆਇਰੀ ਇਸ ਗੱਲ ਦੀ ਕਰਾਉ ਕਿ ਪੜਤਾਲ ਕਰਾਉਣ ਵਿੱਚ ਇੰਨੀ ਦੇਰੀ ਕਿਉਂ ਕੀਤੀ ਗਈ ? ਜਦੋਂ ਕਿ ਜਿਸ ਦੇ ਖਿਲਾਫ਼ ਇਨਕੁਆਇਰੀ ਕਰਨੀ ਸੀ ਉਹ ਵੀ ਉਥੇ ਹੀ ਰਹਿੰਦਾ ਸੀ ਅਤੇ ਇਨਕੁਆਇਰੀ ਕਰਨ ਵਾਲਾ ਅਫ਼ਸਰ ਵੀ ਉਥੇ ਹੀ ਰਹਿੰਦਾ ਸੀ ?

ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਹ ਜੋ ਡਿਲੇਅ ਹੋਈ ਹੈ ਪਹਿਲਾਂ ਤਾਂ ਇਹ ਇਸ ਦੇ ਕਾਰਨਾਂ ਦੀ ਪੜਤਾਲ ਕਰਾਉਣ ਕਿ ਦੇਰੀ ਕਿਉਂ ਹੋਈ ਜਦ ਕਿ ਬਹੁਤੀ ਪੜਤਾਲ ਕਰਨ ਵਾਲੀ ਕੋਈ ਗੱਲ ਨਹੀਂ ਸੀ।

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਇਸ ਸਬੰਧ ਵਿੱਚ ਜੋ ਸਭ ਤੋਂ ਪਹਿਲਾਂ ਸ਼ਿਕਾਇਤ ਪ੍ਰਾਪਤ ਹੋਈ ਉਹ ਮਿਤੀ 14.11.95 ਨੂੰ ਭੇਜੀ ਗਈ। ਉਸ ਤੋਂ ਬਾਅਦ ਹੋਰ ਵੀ ਸ਼ਿਕਾਇਤਾਂ ਪ੍ਰਾਪਤ ਹੋਈਆਂ। ਅਖੀਰਲੀ ਸ਼ਿਕਾਇਤ ਮਿਤੀ 24.10.96 ਨੂੰ ਭੇਜੀ ਗਈ ਸੀ। ਸੋ, ਇਹ ਸੰਭਵ ਹੈ ਕਿ ਡੀ. ਸੀ. ਇਨ੍ਹਾਂ ਵੱਖ-ਵੱਖ ਸ਼ਿਕਾਇਤਾਂ ਤੇ ਵਿਚਾਰ ਕਰ ਰਿਹਾ ਹੋਵੇ ਤਾਂ ਦੇਰ ਲੱਗ ਗਈ ਹੋਵੇ। ਦੂਜਾ ਕਾਰਨ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਐਲਾਨ ਸੀ। ਕਿਉਂਕਿ ਡੀ. ਸੀ. ਸਾਹਿਬ ਨੇ ਚੋਣਾਂ ਦੀ ਕਾਰਵਾਈ ਵਿੱਚ ਹਿੱਸਾ ਲੈਣਾ ਸੀ, ਇਸ ਲਈ ਦੇਰੀ ਦਾ ਇਹ ਕਾਰਣ ਵੀ ਹੋ ਸਕਦਾ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਮੌਜੂਦਾ ਸਰਕਾਰ ਨੇ ਇਸ ਸਬੰਧ ਵਿੱਚ ਤੁਰੰਤ ਕਾਰਵਾਈ ਕੀਤੀ ਹੈ ਔਰ ਇਨ੍ਹਾਂ 4 ਮਹੀਨਿਆਂ ਦੇ ਵਿੱਚ ਡੀ. ਸੀ. ਸਾਹਿਬ ਨੂੰ 5 ਰੀਮਾਈਂਡਰਜ਼ ਭੇਜੇ ਹਨ, ਫੈਕਸ ਮੈਸੇਜ ਭੇਜੇ ਹਨ ਅਤੇ ਟੈਲੀਫੂਨ ਦੇ ਰਾਹੀਂ ਇਸ ਕੇਸ ਦੀ ਪੈਰਵੀ ਕੀਤੀ ਹੈ ਤਾਕਿ ਛੇਤੀ ਤੋਂ ਛੇਤੀ ਰਿਪੋਰਟ ਪ੍ਰਾਪਤ ਹੋ ਸਕੇ ਅਤੇ ਇਨ੍ਹਾਂ ਯਤਨਾਂ ਦੇ ਸਦਕਾ ਹੀ 4 ਮਹੀਨਿਆਂ ਦੇ ਵਿੱਚ ਇਹ ਰਿਪੋਰਟ ਸਾਨੂੰ ਪ੍ਰਾਪਤ ਹੋਈ ਹੈ। ਕਿਉਂਕਿ ਇਹ ਇਕ ਬਹੁਤ ਵੱਡਾ ਵਾਲਿਊਮ ਹੈ, ਇਸ ਦੀ ਜਾਂਚ ਤੇ ਕੁਝ ਸਮਾਂ ਲਗੇਗਾ ਇਸ ਲਈ ਜੋ ਇਸ ਦੀਆਂ ਫਾਈਂਡਿੰਗਜ਼ ਹੋਣਗੀਆਂ, ਉਹ ਹਾਊਸ ਦੇ ਵਿੱਚ ਪੇਸ਼ ਕਰ ਦਿੱਤੀਆਂ ਜਾਣਗੀਆਂ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਹੁਣ ਜਵਾਬ ਦਿੱਤਾ ਹੈ ਉਸ ਤੇ ਮੇਰੀ ਤਸੱਲੀ ਹੈ ਪਰ ਜੋ ਪਾਰਟ-ਏ ਦੇ ਵਿਚ ਮੈਂ ਸਵਾਲ ਕੀਤਾ ਸੀ ਉਸ ਦਾ ਵੇਰਵਾ ਹਾਲੇ ਤੱਕ ਨਹੀਂ ਦਿੱਤਾ ਗਿਆ ਜਿਸ ਵਿੱਚ ਕਿਹਾ ਗਿਆ ਸੀ ਕਿ ਅਗਰ ਇਨਕੁਆਇਰੀ ਅਫ਼ਸਰ ਨੇ ਸਰਕਾਰ ਨੂੰ ਰਿਪੋਰਟ ਪੇਸ਼ ਕਰ ਦਿੱਤੀ ਹੈ ਤਾਂ ਉਸ ਦੇ ਵੇਰਵੇ ਕੀ ਹਨ। ਉਹ ਵੇਰਵੇ ਇਥੇ ਹਾਊਸ ਵਿੱਚ ਨਹੀਂ ਦਿੱਤੇ ਗਏ। ਮੰਤਰੀ ਜੀ ਇਸ ਰਿਪੋਰਟ ਦੇ ਮੁੱਖ ਵੇਰਵੇ ਅਤੇ ਡੀਟੇਲਜ਼ ਦੱਸ ਦੇਣ।

ਮੰਤਰੀ : ਸਪੀਕਰ ਸਾਹਿਬ, ਅਧਿਆਪਕਾਂ ਵੱਲੋਂ ਅਤੇ ਬਾਕੀਆਂ ਵੱਲੋਂ 13 ਮੁੱਖ ਦੋਸ਼ ਲਗਾਏ ਗਏ ਸਨ, ਜਿਨ੍ਹਾਂ ਸਬੰਧੀ ਪੜਤਾਲ ਕੀਤੀ ਗਈ ਹੈ। ਇਹ ਦੋਸ਼ ਐਕੇਡ-ਮਿਕ, ਫਾਈਨੈਂਸ਼ੀਅਲ ਅਤੇ ਐਡਮਿਨਿਸਟ੍ਰੇਟਿਵ ਇਰਰੈਗੂਲੈਰਿਟੀਜ਼ ਦੇ ਬਾਰੇ ਹਨ, ਜਿਨ੍ਹਾਂ ਦੀ ਡੀ. ਸੀ. ਸਾਹਿਬ ਨੇ ਪੜਤਾਲ ਕੀਤੀ ਹੈ। ਉਨ੍ਹਾਂ ਨੇ ਇਸ ਸਬੰਧੀ ਆਪਣਾ ਓਵਰਵਿਊ ਲੈਂਦੇ ਹੋਏ ਦੱਸਿਆ ਹੈ ਕਿ ਜਿਥੋਂ ਤੱਕ ਫਾਈਨੈਂਸ਼ੀਅਲ ਮੈਟਰ ਦਾ ਤੁਅੱਲਕ ਹੈ ਔਰ ਸਾਜ਼ੋ-ਸਾਮਾਨ ਦੀ ਖਰੀਦੋਫਰੋਖਤ ਦਾ ਤੁਅਲੱਕ ਹੈ, ਇਸ ਦੀ ਇਨਕੁਆਇਰੀ ਲਈ ਇਕ ਟੈਕਨੀਕਲ ਮਾਹਿਰਾਂ ਦੀ ਕਮੇਟੀ ਬਣਾਈ ਜਾਵੇ ਜਿਹੜੀ ਇਸ ਦੀ ਦੁਬਾਰਾ ਜਾਂਚ ਕਰੇ। ਜਿੱਥੋਂ ਤੱਕ ਐਕਡੈਮਿਕ ਅਤੇ ਐਡਮਿਨਿਸਟ੍ਰੇਟਿਵ ਮੈਟਰ ਦਾ ਸਵਾਲ ਹੈ, ਇਨ੍ਹਾਂ ਬਾਰੇ ਬੇਨਿਯਮੀਆਂ ਦੇ ਸਾਰੇ ਵੇਰਵੇ ਰਿਪੋਰਟ ਵਿੱਚ ਦਿੱਤੇ ਹੋਏ ਹਨ। ਇਸ ਵਿੱਚ

[ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ]

ਪ੍ਰਿੰਸੀਪਲ ਅਤੇ ਹੋਰਨਾਂ ਨੂੰ ਜ਼ਿੰਮੇਂਵਾਰ ਠਹਿਰਾਇਆ ਗਿਆ ਹੈ ਅਤੇ ਨਾਲ ਹੀ ਡੀ. ਸੀ. ਨੇ ਓਰਵਵਿਊ ਪੇਸ਼ ਕੀਤਾ ਹੈ ਕਿ ਕਿਉਂ ਜੋ ਇਹ ਸੰਸਥਾ ਵਿਕਾਸ ਦੇ ਆਪਣੇ ਮੁੱਢਲੇ ਪੜਾਅ ਵਿੱਚ ਸੀ, ਜਿਸ ਕਰਕੇ ਇਹੋ ਜਿਹੀਆਂ ਚੀਜ਼ਾਂ ਹੋ ਜਾਂਦੀਆਂ ਹਨ। ਸਰਕਾਰ ਇਸ ਰਿਪੋਰਟ ਤੇ ਪੂਰੀ ਤਰ੍ਹਾਂ ਤਸੱਲੀ ਨਹੀਂ ਰੱਖਦੀ। ਇਸ ਦੀ ਬਾਕਾਇਦਾ ਜਾਂਚ ਕੀਤੀ ਜਾ ਰਹੀ ਹੈ। ਇਸ ਦੀ ਪੂਰੀ ਜਾਂਚ ਉਪਰੰਤ ਹੀ ਫਾਈਂਡਿੰਗਜ਼ ਸਿੱਧ ਹੋਣਗੀਆਂ ਅਤੇ ਉਸ ਤੋਂ ਬਾਅਦ ਹੀ ਰੈਗੂਲਰ ਇਨਕੁਆਇਰੀ ਕੀਤੀ ਜਾਵੇਗੀ।

ਧਾਰ ਸਬ-ਤਹਿਸੀਲ ਵਿੱਚ ਗਰਾਂਟਾਂ ਦੀ ਵੰਡ

*410. **ਮਾਸਟਰ ਮੋਹਨ ਲਾਲ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਜਨਵਰੀ/ਫਰਵਰੀ, 1997 ਦੌਰਾਨ ਧਾਰ-ਸਬ-ਤਹਿਸੀਲ, ਜ਼ਿਲ੍ਹਾ ਗੁਰਦਾਸਪੁਰ ਵਿੱਚ ਕੁੱਝ ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਦੀ ਮੁਰੰਮਤ ਲਈ ਗਰਾਂਟਾਂ ਵਜੋਂ ਕੋਈ ਚੈੱਕ ਦਿੱਤੇ ਸਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੇ ਵੇਰਵੇ ਕੀ ਹਨ ?

ਸਰਦਾਰ ਨਿਰਮਲ ਸਿੰਘ ਕਾਹਲੋਂ : ਨਹੀਂ ਜੀ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਜਾਨਣਾ ਚਾਹੁੰਦਾ ਹਾਂ ਕਿ ਕੀ ਜਨਵਰੀ ਅਤੇ ਫਰਵਰੀ ਮਹੀਨੇ ਇਲੈਕਸ਼ਨਾਂ ਦੇ ਦੌਰਾਨ ਕੋਈ ਗ੍ਰਾਂਟਾ ਦੇ ਲਈ ਚੈੱਕ ਵੰਡੇ ਗਏ ਸਨ ਜਾਂ ਨਹੀਂ ?

ਮੰਤਰੀ : ਸਪੀਕਰ ਸਾਹਿਬ, ਇਹ ਕੋਈ ਸਪੈਸਿਫਿਕ ਗ੍ਰਾਂਟ ਬਾਰੇ ਪੁਛਦੇ ਅਤੇ ਏਰੀਏ ਬਾਰੇ ਪੁੱਛਦੇ ਤਾਂ ਮੈਂ ਦੱਸ ਦਿੰਦਾ। ਫਰਵਰੀ, 1997 ਵਿਚ ਕੋਈ ਚੈੱਕ ਜਾਰੀ ਨਹੀਂ ਕੀਤਾ ਗਿਆ। ਅਗਰ ਪਿਛਲੀ ਸਰਕਾਰ ਨੇ ਜਨਵਰੀ, 1997 ਵਿੱਚ ਕੋਈ ਚੈੱਕ ਵੰਡੇ ਹੋਣਗੇ ਤਾਂ ਉਹ ਵੋਟਾਂ ਲੈਣ ਦੀ ਖਾਤਿਰ ਆਪਣੀਆਂ ਜੇਬਾਂ ਵਿੱਚ ਚੈੱਕ ਪਾ ਕੇ ਲੈ ਗਏ ਹੋਣਗੇ। ਸਾਡੇ ਕੋਲ ਇਸ ਦਾ ਕੋਈ ਵੇਰਵਾ ਨਹੀਂ ਹੈ। ਫਰਵਰੀ ਵਿੱਚ ਇਲੈਕਸ਼ਨਾਂ ਸਨ ਅਤੇ ਪਿਛਲੀ ਸਰਕਾਰ ਖਜ਼ਾਨੇ ਦੀ ਸੇਵਾ ਪੂਰੀ ਤਰ੍ਹਾਂ ਕਰ ਚੁਕੀ ਸੀ। ਫਰਵਰੀ ਵਿੱਚ ਸਾਡੀ ਸਰਕਾਰ ਬਣ ਗਈ ਔਰ ਸਾਡੇ ਖਜ਼ਾਨੇ ਵਿਚ ਕੋਈ ਪੈਸਾ ਨਹੀਂ ਸੀ। ਇਸ ਲਈ ਅਸੀਂ ਕੋਈ ਚੈੱਕ ਨਹੀਂ ਵੰਡੇ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਜਿਹੜੇ ਚੈੱਕ ਵੰਡੇ ਗਏ ਹਨ, ਕੀ ਉਨ੍ਹਾਂ ਬਾਰੇ ਵਜ਼ੀਰ ਸਾਹਿਬ ਵੱਲੋਂ ਇਨਕੁਆਇਰੀ ਕਰਵਾ ਦਿੱਤੀ ਜਾਵੇਗੀ ? ਕੀ ਜਿਹੜੇ ਚੈੱਕ ਵੰਡੇ ਗਏ ਹਨ, ਮੰਤਰੀ ਜੀ ਉਨ੍ਹਾਂ ਬਾਰੇ ਇਨਕੁਆਇਰੀ ਕਰਵਾਉਣਗੇ ਜਾਂ ਨਹੀਂ ?

ਸ੍ਰੀ ਸਪੀਕਰ : ਤੁਸੀਂ ਚੈੱਕਾਂ ਬਾਰੇ ਕੋਈ ਵੇਰਵਾ ਦੱਸ ਦਿਉ ਕਿ ਕਿਤਨੇ ਚੈੱਕ ਸਨ ਅਤੇ ਕੋਈ ਇਨਸਟਾਂਸ ਦੱਸ ਦਿਉ। ਚੈੱਕਾਂ ਦੇ ਨੰਬਰ ਦੇ ਦਿਉ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਚੈੱਕ ਇਲੈਕਸ਼ਨਾਂ ਵੇਲੇ ਵੰਡੇ ਗਏ ਹਨ । ਕੀ ਮੰਤਰੀ ਜੀ ਇਸ ਬਾਰੇ ਇਨਕੁਆਇਰੀ ਕਰਾਉਣਗੇ ਜਾਂ ਨਹੀਂ ?

ਮੰਤਰੀ : ਸਪੀਕਰ ਸਾਹਿਬ, ਜੇਕਰ ਇਨ੍ਹਾਂ ਨੂੰ ਕੋਈ ਐਸਾ ਗਿਆਨ ਹੈ ਤਾਂ ਇਹ ਦੱਸ ਦੇਣ । ਇਹ ਮੇਰੇ ਨੋਟਿਸ ਵਿੱਚ ਲੈ ਆਉਣ ਕਿ ਚੈੱਕ ਕਦੋਂ ਦਿੱਤੇ ਗਏ ਸਨ ਅਤੇ ਕਦੋਂ ਇਸ਼ੂ ਹੋਏ ਸਨ ਤਾਂ ਉਸ ਤੇ ਵਿਚਾਰ ਕਰਾਂਗੇ । ਜੇਕਰ ਇਹ ਮੇਰੇ ਨੋਟਿਸ ਵਿੱਚ ਲਿਆਣਉਗੇ ਤਾਂ ਇਨਕੁਆਇਰੀ ਕਰਾਂਗੇ ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, 30 ਤਾਰੀਖ ਨੂੰ ਇਲੈਕਸ਼ਨਾਂ ਦੀ ਅਨਾਊਂਸਮੈਂਟ ਹੋਈ ਸੀ । ਇਸ ਤੋਂ ਪਹਿਲਾਂ ਡਿਵੈਲਪਮੈਂਟ ਬੋਰਡ, ਡਿਸਟ੍ਰਿਕਟ ਗੁਰਦਾਸਪੁਰ ਦੀ ਮੀਟਿੰਗ ਹੋਈ ਸੀ । ਦੋ ਮੰਤਰੀਆਂ ਵੱਲੋਂ 29 ਤਾਰੀਖ ਵਿੱਚ ਚੈੱਕ ਕਟਵਾਏ ਗਏ ਅਤੇ ਉਹ ਚੈੱਕ ਵੰਡੇ ਗਏ । ਮੈਂ ਇਹ ਗੱਲ ਡਿਪਟੀ ਕਮਿਸ਼ਨਰ ਦੇ ਨੋਟਿਸ ਵਿੱਚ ਲਿਆਂਦੀ ਸੀ ਅਤੇ ਐਡੀਸ਼ਨਲ ਡਿਪਟੀ ਕਮਿਸ਼ਨਰ ਨੂੰ ਵੀ ਦੱਸ ਦਿੱਤਾ ਸੀ । ਉਸ ਦੀ ਅਜੇ ਤੱਕ ਕੋਈ ਇਨਕੁਆਇਰੀ ਨਹੀਂ ਹੋਈ । ਜੇਕਰ ਇਸ ਦੀ ਮੰਤਰੀ ਸਾਹਿਬ ਇਨਕੁਆਇਰੀ ਕਰਾਉਣਗੇ ਤਾਂ ਪਤਾ ਲੱਗੇਗਾ ਕਿ ਚੈੱਕਾਂ ਤੇ 29 ਤਾਰੀਖ ਪਾਈ ਹੋਈ ਸੀ ਅਤੇ ਅਸਲੀ ਤੱਥ ਸਾਹਮਣੇ ਆਉਣਗੇ ।

ਸ਼੍ਰੀ ਸਪੀਕਰ : ਇਹ ਸਵਾਲ ਤਾਂ ਧਾਰ ਸਬ-ਤਹਿਸੀਲ ਜ਼ਿਲ੍ਹਾ ਗੁਰਦਾਸਪੁਰ ਦਾ ਹੈ ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮੇਰਾ ਵੀ ਡਿਸਟ੍ਰਿਕਟ ਗੁਰਦਾਸਪੁਰ ਹੈ । ਮੈਂ ਉਸ ਵੇਲੇ ਐਮ. ਐਲ. ਏ. ਦੇ ਤੌਰ ਤੇ ਆਪੋਜੀਸ਼ਨ ਵਿੱਚ ਬੈਠਾ ਸੀ ਅਤੇ ਮੈਨੂੰ ਇਹ ਸਾਰਾ ਪਤਾ ਹੈ । ਮੈਂ ਇਸ ਵਿੱਚ ਇਨਵਾਲਵਡ ਹਾਂ ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਹੜਾ ਮਸਲਾ ਹਾਊਸ ਵਿੱਚ ਆਇਆ ਹੈ ਕਿ ਚੈੱਕ ਹਰ ਥਾਂ ਤੇ ਵੰਡੇ ਗਏ, ਇਸ ਵਿੱਚ ਨਾਂਹ ਕਰਨ ਵਾਲੀ ਕੋਈ ਗੱਲ ਨਹੀਂ ਕਿ ਇਲੈਕਸ਼ਨਾਂ ਵਿੱਚ ਵੋਟਾਂ ਲੈਣ ਵਾਸਤੇ ਚੈੱਕ ਵੰਡੇ ਗਏ । ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਮੈਂਬਰ ਸਾਹਿਬਾਨ ਹਰ ਚੀਜ਼ ਮੇਰੇ ਨੋਟਿਸ ਵਿੱਚ ਲਿਆਉਣ ਅਤੇ ਡੀ. ਸੀ. ਦੇ ਨੋਟਿਸ ਵਿੱਚ ਇਨ੍ਹਾਂ ਨੇ ਲਿਆਂਦਾ ਹੀ ਹੈ, ਤਾਂ ਉਨ੍ਹਾਂ ਤੋਂ ਵੀ ਪੁੱਛ ਲੈਂਦੇ ਹਾਂ ਔਰ ਇਨਕੁਆਇਰੀ ਕਰਦੇ ਹਾਂ । (ਥੰਪਿੰਗ) ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਚੈੱਕ ਦਿੱਤੇ ਗਏ ਪਰ ਤਾਰੀਖਾਂ ਬਾਅਦ ਦੀਆਂ ਸਨ, ਜਾਂ ਪਹਿਲੀਆਂ ਸਨ ? ਬੈਂਕ ਵਿੱਚ ਪੈਸਾ ਕਦੋਂ ਜਮ੍ਹਾਂ ਹੋਇਆ ? ਪਹਿਲਾਂ ਚੈੱਕ ਕਿਸ ਅਫਸਰ ਕੋਲ ਰਹੇ ਅਤੇ ਕਿਤਨੀ ਦੇਰ ਰਹੇ ? ਇਨ੍ਹਾਂ ਗੱਲਾਂ ਦਾ ਪਤਾ ਲੱਗਣ ਤੇ ਕੀ ਉਸ ਅਫਸਰ ਨੂੰ ਸਜ਼ਾ ਦਿੱਤੀ ਜਾਵੇਗੀ ? ਚੈੱਕ ਜਦੋਂ ਕੱਟ ਦਿੱਤੇ ਗਏ ਅਤੇ ਬੈਂਕ ਵਿੱਚ ਜਮ੍ਹਾਂ ਕਿਉਂ ਨਹੀਂ ਕਰਾਏ ਗਏ ਜੇ ਕਰਾਏ ਗਏ ਤਾਂ ਕਿਸ ਤਾਰੀਖ ਨੂੰ ਜਮ੍ਹਾਂ ਕਰਾਏ ਗਏ, ਕੀ ਮੰਤਰੀ ਜੀ ਇਸ ਦੀ ਇਨਕੁਆਇਰੀ ਕਰਾਉਣਗੇ ?

ਸ਼੍ਰੀ ਸਪੀਕਰ : ਡੇਟਾਂ ਵਿੱਚ ਫਰਕ ਹੈ ਅਤੇ ਪਹਿਲਾਂ ਚੈੱਕ ਕਿਸ ਕੋਲ ਰਹੇ, ਮੰਤਰੀ ਜੀ ਇਸ ਬਾਰੇ ਦੱਸਣ ;

ਮੰਤਰੀ : ਸਪੀਕਰ ਸਾਹਿਬ, ਸਰਕਾਰ ਨੇ ਮਨਿਸਟਰਾਂ ਕੋਲ ਅਤੇ ਐਮ. ਐਲ. ਏਜ਼. ਕੋਲ ਚੈੱਕ ਦਿੱਤੇ ਸਨ ਅਤੇ ਉਸ ਦਾ ਗਲਤ ਇਸਤੇਮਾਲ ਇਲੈਕਸ਼ਨਾਂ ਵਿੱਚ ਹੋਇਆ ਤਾਂਕਿ ਪਿੰਡਾਂ ਵਿੱਚ ਲੋਕਾਂ ਕੋਲੋਂ ਵੋਟਾਂ ਲਈਆਂ ਜਾ ਸਕਣ । ਜੇਕਰ ਮੈਂਬਰ ਸਾਹਿਬ ਮੇਰੇ ਨੋਟਿਸ ਵਿੱਚ ਲਿਆਉਣਗੇ ਕਿ ਕਿਥੇ ਕਿਥੇ ਅਤੇ ਕਦੋਂ ਕਦੋਂ, ਕਿਹੜੀ ਤਾਰੀਖ ਨੂੰ ਚੈੱਕ ਵੰਡੇ ਗਏ, ਇਹ ਸਾਰੀ ਗੱਲ ਮੇਰੇ ਨੋਟਿਸ ਵਿੱਚ ਜਦ ਲਿਆਉਣਗੇ ਤਾਂ ਇਨਕੁਆਇਰੀ ਕਰਾ ਦਿਆਂਗੇ ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਇਹ ਬੜੀ ਹੀ ਅਜੀਬ ਗੱਲ ਲਗਦੀ ਹੈ । ਡਿਸਟ੍ਰਿਕਟ ਡਿਵੈਲਪਮੈਂਟ ਬੋਰਡ ਦੀ ਮੀਟਿੰਗ ਹੋਈ ਅਤੇ ਦੂਜੇ ਮੈਂਬਰ ਸਾਹਿਬਾਨ ਨੇ ਵੀ ਇਹ ਮਸਲਾ ਉਠਾਇਆ ਅਤੇ ਚੈੱਕਾਂ ਬਾਰੇ ਪਰੂਫ ਦਿੱਤੇ ਗਏ ' ਮਗਰ ਇਨ੍ਹਾਂ ਨੇ ਵੀ ਕਿਉਂਰੀ ਮਾਰਕ ਕੀਤੀ ਕਿ ਇਸ ਬਾਰੇ ਮੈਨੂੰ ਦੱਸਿਆ ਜਾਵੇ । ਇਹ ਕੋਈ ਗੱਲ ਬਣੀ ਨਹੀਂ । ਜੋ ਚੈੱਕ ਇਸ਼ੂ ਹੋਏ ਹਨ 29 ਦਸੰਬਰ ਨੂੰ, ਉਨ੍ਹਾਂ ਦੀ ਐਨਕੈਸ਼ਮੈਂਟ ਬਾਅਦ ਵਿੱਚ ਹੋਈ, ਆਫਟਰ ਇਲੈਕਸ਼ਨ ਹੋਈ ਹੈ । ਸਪੀਕਰ ਸਾਹਿਬ, ਇਸ ਵਿੱਚ ਪੂਰੀ ਮਿਲੀਭੁਗਤ ਹੈ । ਲੋਕਲ ਅਫ਼ਸਰਾਂ ਦੀ ਪੁਰਾਣੇ ਮਨਿਸਟਰਾਂ ਅਤੇ ਐਮ. ਐਲ. ਏਜ਼ ਦੇ ਨਾਲ ਪੂਰੀ ਮਿਲੀਭੁਗਤ ਹੈ । ਇਹ ਸਾਰੀ ਕਾਰਵਾਈ ਉਨ੍ਹਾਂ ਦੇ ਨਾਲ ਮਿਲ ਕੇ ਹੋਈ ਹੈ । ਇਹ ਅੱਜ ਹੀ ਬੰਦਾ ਭੇਜ ਦੇਣ, ਇਸ ਵਿੱਚ ਹੈ ਕੀ, ਹੁਣੇ ਹੀ, ਕੱਲ੍ਹ ਹੀ ਪਤਾ ਲੱਗ ਜਾਵੇਗਾ ।

ਸ਼੍ਰੀ ਸਪੀਕਰ : ਵੈਸੇ ਤਾਂ ਇਨ੍ਹਾਂ ਨੇ ਇਸ ਗੱਲ ਦਾ ਜਵਾਬ ਦੇ ਦਿੱਤਾ ਹੈ ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਹ ਸਵਾਲ ਜਨਵਰੀ ਅਤੇ ਫਰਵਰੀ, 1997 ਬਾਰੇ ਹੈ । ਬਾਕੀ ਗੱਲ ਜਿਹੜੀ ਹੁਣ ਨੋਟਿਸ ਵਿੱਚ ਲਿਆਂਦੀ ਗਈ ਹੈ ਗੁਰਦਾਸਪੁਰ ਵਿਖੇ ਜਦੋਂ ਟੰਡਨ ਸਾਹਿਬ ਗਏ ਹਨ, ਉਦੋਂ ਨੋਟਿਸ ਵਿੱਚ ਆਈ ਹੈ, ਉਸ ਬਾਰੇ ਮੈਂ ਸਾਰਾ ਵੇਰਵਾ ਲੈ ਲੈਂਦਾ ਹਾਂ, ਇਨਕੁਆਇਰੀ ਕਰਵਾ ਦੇਂਦੇ ਹਾਂ ।

ਸਬ-ਤਹਿਸੀਲ ਧਾਰ ਵਿੱਚ ਪਿੰਡਾਂ ਦੇ ਵਿਕਾਸ ਲਈ ਗਰਾਂਟ

*411. **ਮਾਸਟਰ ਮੋਹਨ ਲਾਲ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 1996 ਵਿੱਚ ਜ਼ਿਲ੍ਹਾ ਗੁਰਦਾਸਪੁਰ ਵਿਚ ਸਬ-ਤਹਿਸੀਲ ਧਾਰ ਵਿੱਚ ਪਿੰਡਾਂ ਦੇ ਵਿਕਾਸ ਲਈ ਕੋਈ ਗਰਾਂਟ ਮੰਜੂਰ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਇਸ ਤਰ੍ਹਾਂ ਕੁੱਲ ਕਿੰਨੀ ਰਕਮ ਮੰਜੂਰ ਕੀਤੀ ਗਈ ਅਤੇ ਉਨ੍ਹਾਂ ਪ੍ਰਾਜੈਕਟਾਂ/ਕੰਮਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਤੇ ਇਸ ਦੀ ਵਰਤੋਂ ਕੀਤੀ ਗਈ ਸੀ ?

ਸਰਦਾਰ ਨਿਰਮਲ ਸਿੰਘ ਕਾਹਲੋਂ : ਵਿਵੱਰਣ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

ਵਿੱਵਰਣ

ਲੜੀ ਨੰ:	ਪਿੰਡ ਦਾ ਨਾਂ	ਪ੍ਰਵਾਨਤ ਰਕਮ ਰੁ: (ਲੱਖਾਂ ਵਿੱਚ)	ਪ੍ਰਵਾਨ ਕਰਨ ਦੀ ਮਿਤੀ	ਮੰਤਵ	ਖਰਚ ਕੀਤੀ ਰਕਮ	ਅਣਵਰਤੀ ਰਕਮ ਜੇਕਰ ਹੋਵੇ ਤਾਂ ਉਸ ਦਾ ਵੇਰਵਾ	ਮੰਤਵ ਜਿਸ ਲਈ ਖਰਚ ਕੀਤੀ
1	2	3	4	5	6	7	3
1.	ਹਾੜਾ ..	2.50	12/96	ਪੰਚਾਇਤ ਘਰ	2.50	—	ਪੰਚਾਇਤ ਘਰ ਦੀ ਉਸਾਰੀ
2.	ਲਹਿਰੂਣ .	2.55	,,	ਪ੍ਰਾਇਮਰੀ ਸਕੂਲ	2.55	—	ਪ੍ਰਾਇਮਰੀ ਸਕੂਲ ।
3.	ਮੁਤਫਰਕਾ ..	2.50	,,	ਕਮਿਊਨਿਟੀ ਸੈਂਟਰ	2.50	—	ਕਮਿਊਨਿਟੀ ਸੈਂਟਰ
4.	ਬਾੜ ਸੁਡਾਲ ..	1.00	,,	ਉਨਤ ਗਰਾਮ	1.00	—	ਉਨਤ ਗਰਾਮ
5.	ਲਹਿਰੂਣ ..	1.00	,,	-ਉਕਤ-	1.00	—	-ਉਕਤ-
6.	ਭਮਲਾਦਾ ..	1.00	,,	-ਉਕਤ-	1.00	—	-ਉਕਤ-

7.	ਮਾੜਵਾਂ ..	1.10	,,	-ਉਕਤ-	1.10	—	-ਉਕਤ-
8.	ਥੜਾ ਝੀਕਲਾ ..	0.50	,,	-ਉਕਤ-	0.50	—	-ਉਕਤ-
9.	ਕੋਟ ..	0.50	,,	-ਉਕਤ-	0.50	—	-ਉਕਤ-
10.	ਭੂਲਚੱਕ ..	0.53	,,	-ਉਕਤ-	0.53	—	-ਉਕਤ-
11.	ਤਰਹੇਟੀ ਨਰੰਗਪੁਰ ..	1.63	,,	-ਉਕਤ-	1.63	—	-ਉਕਤ-
12.	ਡਡਵਾਂ ..	1.00	,,	-ਉਕਤ-	1.00	—	-ਉਕਤ-
13.	ਰਾਣੀਪੁਰ ਝੀਂਕਲਾ ..	1.00	,,	-ਉਕਤ-	1.00	—	-ਉਕਤ-
14.	ਨਲੋਹ ..	0.21	,,	ਪ੍ਰਾਇਮਰੀ ਸਕੂਲ ਦੀ ਮੁਰੰਮਤ	0.21	—	ਪ੍ਰਾਇਮਰੀ ਸਕੂਲ ਦੀ ਮੁਰੰਮਤ
	ਟੋਟਲ ਅਲਾਟ ਕੀਤੇ ਗਏ ਫੰਡ ..	17.02			17.02		

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਇਸ ਸਵਾਲ ਦੇ ਜਵਾਬ ਬਾਰੇ ਮੇਰੇ ਕੋਲ ਕੋਈ ਕਾਗਜ਼ ਮੌਜੂਦ ਨਹੀਂ ਹੈ। ਜਿਹੜੀਆਂ ਚੀਜ਼ਾਂ ਇਨ੍ਹਾਂ ਨੇ ਮੇਜ਼ ਤੇ ਰੱਖੀਆਂ ਹਨ, ਮੇਰੇ ਕੋਲ ਕੋਈ ਉਸ ਜਵਾਬ ਬਾਰੇ ਪਰੂਫ ਨਹੀਂ ਭੇਜਿਆ ਗਿਆ। ਮੇਰੀ ਬੇਨਤੀ ਹੈ ਕਿ ਜੋ ਜਵਾਬ ਹੈ, ਉਸਦੇ ਕਾਗਜ਼ ਮੇਰੇ ਕੋਲ ਪੁੱਜਣੇ ਚਾਹੀਦੇ ਸਨ ਤਾਂਕਿ ਮੈਂ ਸਪਲੀਮੈਂਟਰੀ ਤਿਆਰ ਕਰ ਸਕਦਾ। ਫਿਰ ਵੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਗਰਾਂਟਾਂ ਦਿੱਤੀਆਂ ਗਈਆਂ......

ਸ਼੍ਰੀ ਸਪੀਕਰ : ਕਾਹਲੋਂ ਸਾਹਿਬ, ਇਹ ਕੱਲ੍ਹ ਵੀ ਮਸਲਾ ਆਇਆ ਸੀ। ਤੁਸੀਂ ਆਪਣੇ ਮਹਿਕਮੇ ਵਾਲਿਆਂ ਨੂੰ ਕਹੋ ਕਿ ਜਵਾਬ ਸਬੰਧੀ ਕਾਗਜ਼ ਪੱਤਰ ਪਹਿਲਾ ਸਪਲਾਈ ਕਰਿਆ ਕਰਨ।

ਮੰਤਰੀ : ਸਪੀਕਰ ਸਾਹਿਬ, ਵੈਸੇ ਅਸੀਂ ਤਾਂ ਆਪਣੇ ਵਲੋਂ ਭੇਜ ਚੁੱਕੇ ਹਾਂ। ਫਿਰ ਵੀ ਮੈਂ ਆਪਣੇ ਵਲੋਂ ਪਤਾ ਕਰ ਲੈਂਦਾ ਹਾਂ ਜੀ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ......

ਸ਼੍ਰੀ ਸਪੀਕਰ : ਕਾਗਜ਼ ਜਦੋਂ ਆ ਜਾਣਗੇ, ਤੁਸੀਂ ਸਪਲੀਮੈਂਟਰੀ ਉਦੋਂ ਪੁੱਛ ਲੈਣਾ।

ਆਈ.ਏ.ਐਸ./ਪੀ.ਸੀ.ਐਸ. ਅਧਿਕਾਰੀਆਂ ਵਿਰੁੱਧ ਚੌਕਸੀ ਜਾਂਚ-ਪੜਤਾਲ

***427. ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਉਨ੍ਹਾਂ ਆਈ. ਏ. ਐਸ. ਅਤੇ ਪੀ. ਸੀ. ਐਸ. ਅਧਿਕਾਰੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਵਿਰੁਧ ਚੌਕਸੀ ਜਾਂਚ-ਪੜਤਾਲਾਂ ਚਲ ਰਹੀਆਂ ਹਨ ਅਤੇ ਹਰ ਇਕ ਕੇਸ ਵਿਚ ਕਿਸ ਤਰੀਕ ਨੂੰ ਉਕਤ ਜਾਂਚ-ਪੜਤਾਲ ਸ਼ੁਰੂ ਕੀਤੀ ਗਈ ਅਤੇ ਹਰ ਇਕ ਕੇਸ ਵਿਚ ਜਾਂਚ-ਪੜਤਾਲ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਚੌਕਸੀ ਵਿਭਾਗ ਵਿਚ 6 ਆਈ. ਏ. ਐਸ. ਅਫਸਰਾਂ ਅਤੇ 5 ਪੀ. ਸੀ. ਐਸ. ਅਫਸਰਾਂ ਵਿਰੁੱਧ ਬਕਾਇਦਾ ਇਨਕੁਆਰੀਆਂ ਦਰਜ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ 2 ਆਈ. ਏ. ਐਸ. ਅਫਸਰਾਂ ਅਤੇ ਇੱਕ ਪੀ. ਸੀ. ਐਸ. ਅਫਸਰ ਵਿਰੁੱਧ ਮੁੱਢਲੀਆਂ ਇਨਕੁਆਇਰੀਆਂ ਵੀ ਦਰਜ ਕੀਤੀਆਂ ਗਈਆਂ ਹਨ। ਬਾਕੀ ਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਅਨੁਲੱਗ

ਆਈ. ਏ. ਐਸ. ਅਤੇ ਪੀ. ਸੀ. ਐਸ. ਅਧਿਕਾਰੀਆਂ ਵਿਰੁੱਧ ਚੱਲ ਰਹੀਆਂ ਬਾਕਾਇਦਾ ਪੜਤਾਲਾਂ ਦਾ ਵੇਰਵਾ

ਲੜੀ ਨੰ:	ਇਨਕੁਆਇਰੀ ਨੰ: (ਆਰ. ਈ.)	ਸ਼ੱਕੀ ਅਧਿਕਾਰੀ ਦਾ ਨਾਮ	ਪੜਤਾਲ ਰਜਿਸਟਰ ਕਰਨ ਦੀ ਮਿਤੀ	ਪੜਤਾਲ ਮੁਕੰਮਲ ਹੋਣ ਦੀ ਅਦਾਜ਼ਨ ਮਿਤੀ
1	2	3	4	5
1.	6/95—ਲੁਧਿਆਣਾ	ਸ੍ਰੀ ਜਸਬੀਰ ਸਿੰਘ ਆਹਲੂ-ਵਾਲੀਆ, ਆਈ. ਏ. ਐਸ. (ਰਿਟਾਇਰਡ)	19-4-1995	30-6-1997
2.	14/95—ਚੰਡੀਗੜ੍ਹ	ਸ੍ਰੀਮਤੀ ਗੀਤਕਾ ਕੱਲ੍ਹਾ, ਆਈ.ਏ.ਐਸ.	5-12-1995	5-7-1997
3.	8/97—ਸੰਗਰੂਰ	ਸ੍ਰੀ ਫੁਲਵੰਤ ਸਿੰਘ ਸਿੱਧੂ, ਆਈ.ਏ. ਐਸ. ਅਤੇ ਸ੍ਰੀ ਮਹਿਤਾਬ ਸਿੰਘ, ਪੀ.ਸੀ.ਐਸ. (ਰਿਟਾਇਰਡ)	28-2-1997	28-2-1998
4.	2/92—ਲੁਧਿਆਣਾ	ਸ੍ਰੀ ਪੀ. ਡੀ. ਵਸਿਸ਼ਟ, ਆਈ.ਏ.ਐਸ. ਅਤੇ ਸ੍ਰੀ ਬੀ. ਡੀ. ਅੱਗਰਵਾਲ, ਆਈ.ਏ.ਐਸ. (ਰਿਟਾ.)	27-10-1992	ਸੂਚਨਾ ਸਥਾਨਕ ਸਰਕਾਰ ਵਿਭਾਗ ਪਾਸੋਂ ਮੰਗੀ ਗਈ ਹੈ ।

5.	5/94—ਚੰਡੀਗੜ੍ਹ	ਸ਼੍ਰੀ ਡੀ. ਐਸ. ਜਸਪਾਲ, ਆਈ.ਏ.ਐਸ.	4-9-1994	31-10-1997
6.	1/96—ਮੋਗਾ	ਸ਼੍ਰੀ ਅਸ਼ੋਕ ਕੁਮਾਰ ਸਿੰਗਲਾ. ਪੀ.ਸੀ.ਐਸ.	18-10-1996	18-10-1997
7.	20/96—ਚੰਡੀਗੜ੍ਹ	ਸ਼੍ਰੀ ਖੁਸ਼ਬਾਜ਼ ਸਿੰਘ ਸੰਧੂ, ਪੀ.ਸੀ.ਐਸ.	22-11-1996	22-11-1997
8.	6/97—ਹੁਸ਼ਿਆਰਪੁਰ	ਸ਼੍ਰੀ ਐਸ. ਆਰ. ਕਲੇਰ, ਪੀ.ਸੀ.ਐਸ.	6-2-1997	6-2-1993
9.	1/96—ਅੰਮ੍ਰਿਤਸਰ	ਸ਼੍ਰੀ ਐਸ. ਐਸ. ਜੌਹਲ, ਪੀ.ਸੀ.ਐਸ.	12-4-1996	12-7-1997

ਅਨੁਲੱਗ

ਆਈ. ਏ. ਐਸ. ਅਤੇ ਪੀ. ਸੀ. ਐਸ. ਅਧਿਕਾਰੀਆਂ ਵਿਰੁੱਧ ਚੱਲ ਰਹੀਆਂ ਮੁੱਢਲੀਆਂ ਪੜਤਾਲਾਂ ਦਾ ਵੇਰਵਾ

ਲੜੀ ਨੰ:	ਇੰਨਕੁਆਇਰੀ ਨੰ: (ਪੀ. ਈ.)	ਸ਼ੱਕੀ ਅਧਿਕਾਰੀ ਦਾ ਨਾਮ	ਪੜਤਾਲ ਰਜਿਸਟਰ ਕਰਨ ਦੀ ਮਿਤੀ	ਪੜਤਾਲ ਮੁਕੰਮਲ ਹੋਣ ਦੀ ਅੰਦਾਜ਼ਨ ਮਿਤੀ
1	2	3	4	5
1.	1/91 —ਚੰਡੀਗੜ੍ਹ	ਸ਼੍ਰੀ ਨਿਰੰਜਨ ਸਿੰਘ, ਆਈ.ਏ.ਐਸ.	10-9-1991	31-8-1997
2.	4/97 —ਚੰਡੀਗੜ੍ਹ	ਸ਼੍ਰੀਮਤੀ ਗੀਤਕਾ ਕੱਲ੍ਹਾ, ਆਈ.ਏ.ਐਸ.	6-2-1997	30-8-1997
3.	2/95 -ਅੰਮ੍ਰਿਤਸਰ	ਸ਼੍ਰੀ ਐਮ. ਐਸ. ਖਾਰਾ, ਪੀ.ਸੀ.ਐਸ.	6-3-1995	30-6-1997

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਆਪ ਜੀ ਦੁਆਰਾ ਸਤਿਕਾਰ ਯੋਗ ਸੀ.ਐਮ.ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਲਿਸਟ ਦਿੱਤੀ ਹੈ 5 ਆਈ. ਏ. ਐਸ. ਅਤੇ 4 ਪੀ.ਸੀ.ਐਸ. ਅਫਸਰਾਂ ਦੀ, ਜਿਨ੍ਹਾਂ ਦੇ ਵਿਰੁੱਧ ਬਾਕਾਇਦਾ ਪੜਤਾਲਾਂ ਚਲ ਰਹੀਆਂ ਹਨ । ਮੈਂ ਜਾਨਣਾ ਚਾਹਵਾਂਗਾ ਕਿ ਜੋ ਇਨ੍ਹਾਂ ਨੇ ਪੜਤਾਲ ਰਜਿਸਟਰ ਕਰਨ ਦੀ ਮਿਤੀ ਅਤੇ ਪੜਤਾਲ ਮੁਕੰਮਲ ਕਰਨ ਦੀ ਮਿਤੀ ਦਰਸਾਈ ਹੈ, ਕੀ ਇਹ ਸਵਾਲ ਲਗਣ ਤੋਂ ਪਹਿਲਾਂ ਤਹਿ ਕੀਤੀਆਂ ਗਈਆਂ ਹਨ ਜਾਂ ਬਾਅਦ ਵਿਚ ਤਹਿ ਕੀਤੀਆਂ ਗਈਆਂ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾ ਕਿ ਵੈਸੇ ਦੋ ਤਰ੍ਹਾਂ ਦੀਆ ਇਨਕੁਆਇਰੀਆਂ ਹੁੰਦੀਆਂ ਹਨ । ਇਕ ਪ੍ਰੀਲਿਮਨਰੀ ਇਨਕੁਆਇਰੀ ਅਤੇ ਇਕ ਰੈਗੂਲਰ ਇਨਕੁਆਇਰੀ ਹੁੰਦੀ ਹੈ । ਪ੍ਰੀਲਿਮਨਰੀ ਇਨਕੁਆਇਰੀ ਉਹ ਹੁੰਦੀ ਹੈ ਜਿਸ ਦੇ ਵਿਚ ਜ਼ਿਆਦਾ ਘੋਖ ਨਾ ਕਰਨੀ ਪਵੇ ਅਤੇ ਥੋੜ੍ਹੇ ਸਮੇਂ ਵਿਚ ਹੀ ਨਿਰਣੇ ਤੱਕ ਪਹੁੰਚਿਆ ਜਾਵੇ । ਪ੍ਰੀਲਿਮਨਰੀ ਇਨਕੁਆਇਰੀ ਦਾ 4 ਮਹੀਨਿਆਂ ਦੇ ਅੰਦਰ ਅੰਦਰ ਨਿਪਟਾਰਾ ਹੋਣਾ ਚਾਹੀਦਾ ਹੈ । ਰੈਗੂਲਰ ਇਨਕੁਆਇਰੀ ਵਾਸਤੇ ਫੈਕਟਸ਼ ਆਦਿ ਇਕੱਠੇ ਕਰਨ ਲਈ ਸਾਲ ਤੱਕ ਦਾ ਸਮਾਂ ਹੋਣਾ ਚਾਹੀਦਾ ਹੈ । ਬਾਕੀ ਇਸ ਜਵਾਬ ਵਿਚ ਜੋ ਕੁਝ ਦਰਜ ਕੀਤਾ ਗਿਆ ਹੈ ਉਹ ਕੋਈ ਨਵਾਂ ਨਹੀਂ ਦਰਜ ਕੀਤਾ ਗਿਆ, ਇਹ ਠੀਕ ਦਰਜ ਕੀਤਾ ਗਿਆ ਹੈ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਜਾਣਨਾ ਚਾਹਵਾਂਗਾ ਕਿ ਜਿਸ ਤਰ੍ਹਾਂ 4 ਨੰਬਰ ਤੇ 2 ਆਈ.ਏ.ਐਸ. ਅਫਸਰਾਂ ਬਾਰੇ ਜਿਨ੍ਹਾਂ ਦੇ ਵਿਰੁੱਧ ਇਨਕੁਆਇਰੀ 27-10-92 ਨੂੰ ਰਜਿਸਟਰ ਕੀਤੀ ਗਈ, ਉਨ੍ਹਾਂ ਬਾਰੇ ਲਿਖਿਆ ਗਿਆ ਹੈ ਕਿ ਸੂਚਨਾ ਸਥਾਨਕ ਸਰਕਾਰ ਵਿਭਾਗ ਪਾਸੋਂ ਮੰਗੀ ਗਈ ਹੈ । ਸਪੀਕਰ ਸਾਹਿਬ, ਅੱਗੇ ਹੀ 5 ਸਾਲ ਲੰਘ ਚੁਕੇ ਹਨ । ਕੀ ਇਹ ਮਿਤੀ ਅੱਗੇ ਤਾਂ ਨਹੀਂ ਪਾਈ ਜਾਵੇਗੀ ?

ਮੁੱਖ ਮੰਤਰੀ : ਇਹ ਜੀ ਤੁਰੰਤ ਇਨਕੁਆਇਰੀ ਖਤਮ ਕਰਨ ਦੇ ਆਦੇਸ਼ ਦਿੱਤੇ ਜਾਣਗੇ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਅਫਸਰ ਸਾਹਿਬਾਨ ਦੇ ਵਿਰੁੱਧ ਇਨਕੁਆਇਰੀ ਚਲ ਰਹੀ ਹੈ, ਕੀ ਇਹ ਉਨ੍ਹਾਂ ਦੇ ਨਾਂ ਦੱਸਣ ਦੀ ਖੇਚਲ ਕਰਨਗੇ ?

ਸ੍ਰੀ ਸਪੀਕਰ : ਉਹ ਤਾ ਆਲਰੇਡੀ ਦਿੱਤੇ ਹੋਏ ਹਨ ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ 1994 ਵਿਚ ਜਲੰਧਰ ਵਿਚ ਇਕ ਡੀ.ਟੀ.ਓ., ਪੀ.ਸੀ.ਐਸ. ਅਫਸਰ ਮਿਸਟਰ ਗੌਂਦ ਸਨ । ਉਨ੍ਹਾਂ ਦੇ ਖਿਲਾਫ ਕੁਰੱਪਸ਼ਨ ਦੀ ਇਨਕੁਆਇਰੀ ਵਾਸਤੇ ਅਸੀਂ ਕਿਹਾ ਸੀ ਲੇਕਿਨ ਅਜੇ ਤੱਕ ਵੀ ਉਸ ਦੇ ਕੋਈ ਤੱਥ ਸਾਹਮਣੇ ਨਹੀਂ ਆਏ ।

[ਸ਼੍ਰੀ ਜਗਦੀਸ਼ ਸਾਹਨੀ]

ਕਿਸੇ ਦੇ ਖਿਲਾਫ 15,000/- ਰੁਪਏ ਦਾ ਜੁਰਮਾਨਾ ਕੀਤਾ ਗਿਆ ਸੀ ਲੇਕਿਨ ਉਸ ਨੇ 5-5 ਸੌ ਰੁਪਏ ਦੀਆਂ ਸਿਰਫ ਦੋ ਰਸੀਦਾਂ ਹੀ ਦਿੱਤੀਆਂ ਸਨ, ਕੁੱਲ ਇਕ ਹਜ਼ਾਰ ਰੁਪਏ ਦੀਆਂ । 14,000/-ਰੁਪਿਆ ਉਸ ਨੇ ਡਾਇਰੈਕਟ ਪਾਰਟੀ ਕੋਲੋਂ ਲਿਆ ਸੀ । ਅਸੀਂ ਉਸ ਦੇ ਖਿਲਾਫ ਐਫੀਡੈਵਿਟ ਵੀ ਦਿੱਤਾ ਸੀ ਅਤੇ ਵਿਧਾਨ ਸਭਾ ਵਿਚ ਮਸਲਾ ਵੀ ਉਠਾਇਆ ਸੀ ਲੇਕਿਨ ਅਜੇ ਤੱਕ ਉਸ ਇਨਕੁਆਇਰੀ ਦਾ ਕੋਈ ਵੇਰਵਾ ਪਤਾ ਨਹੀਂ ਲੱਗਾ । ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਦੇ ਖਿਲਾਫ ਇਨਕੁਆਇਰੀ ਕਰਵਾਈ ਜਾਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਮੈਨੂੰ ਸਾਰੇ ਫੈਕਟਸ ਦੇ ਦੇਣ । ਮੈਂ ਤਾਂ ਸਮਝਦਾ ਹਾਂ ਕਿ ਮੈਂ ਇਨ੍ਹਾਂ ਦਾ ਅਹਿਸਾਨਮੰਦ ਹੋਵਾਂਗਾਂ ਕਿਉਂਕਿ ਸਰਕਾਰ ਕੁਰੱਪਸ਼ਨ ਦੇ ਖਿਲਾਫ ਲੜਣ ਲਈ ਵਚਨਬੱਧ ਹੈ । ਇਹ ਮੈਨੂੰ ਫੈਕਟਸ ਦੇ ਦੇਣ, ਇਨਕੁਆਇਰੀ ਤੁਰੰਤ ਕੀਤੀ ਜਾਵੇਗੀ । (ਥੰਪਿੰਗ)

ਪਾਇਲ ਕਤਲ ਕੇਸ ਦੀ ਜਾਂਚ ਪੜਤਾਲ

*488. **ਸਰਦਾਰ ਅਵਤਾਰ ਸਿੰਘ ਬਰਾੜ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਜੁਲਾਈ, 1996 ਵਿਚ ਥਾਣਾ ਪਾਇਲ (ਪੁਲਿਸ ਜ਼ਿਲ੍ਹਾ ਖੰਨਾ) ਪਾਸ ਦਰਜ ਕਰਾਏ ਗਏ ਇਕ ਡਾਕਟਰ ਦੇ ਕਤਲ ਕੇਸ ਸਬੰਧੀ ਤਫਤੀਸ਼ ਸਾਲ 1996 ਦੇ ਦੌਰਾਨ ਐਸ.ਪੀ. (ਹੈੱਡਕੁਆਟਰ), ਖੰਨਾ ਨੂੰ ਅਤੇ ਬਾਅਦ ਵਿਚ ਏ.ਡੀ.ਜੀ.ਪੀ. (ਸੀ.ਆਈ.ਡੀ., ਕਰਾਈਮਜ਼), ਪੰਜਾਬ ਨੂੰ ਸੌਂਪੀ ਗਈ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਤਫਤੀਸ਼ ਅਫਸਰਾਂ ਨੇ ਉਕਤ ਕੇਸ ਵਿਚ ਕੋਈ ਰਿਪੋਰਟ ਪੇਸ਼ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਰਿਪੋਰਟਾਂ ਦੇ ਆਧਾਰ ਤੇ ਹੁਣ ਤੱਕ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ਏ) ਜੀ, ਹਾਂ ।

(ਬੀ) ਇਸ ਕੇਸ ਵਿਚ ਤਿੰਨ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਇਸ ਕੇਸ ਦਾ ਚਲਾਨ ਤਿਆਰ ਕਰਕੇ ਮਿਤੀ 12-6-97 ਨੂੰ ਕੋਰਟ ਵਿਚ ਪੇਸ਼ ਕਰ ਦਿੱਤਾ ਗਿਆ ਹੈ । ਚੌਥਾ ਦੋਸ਼ੀ ਜ਼ਮਾਨਤ ਤੇ ਰਿਹਾ ਹੋ ਚੁੱਕਾ ਹੈ ।

Sardar Avtar Singh Brar : Thank you, Sir.

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਇਹ ਕੁਐਸਚਨ ਪਹਿਲਾਂ ਮੈਂ ਕੀਤਾ

ਸੀ, ਇਸ ਕਰਕੇ ਮੈਂ ਇਹ ਸਪਲੀਮੈਂਟਰੀ ਕਰ ਰਿਹਾ ਹਾਂ । ਇਹ ਜਿਹੜਾ ਮਰਡਰ ਕੇਸ ਹੋਇਆ, ਇਸ ਵਿਚ ਸ਼ਾਇਦ ਕੋਈ ਅਫਸਰ ਇਨਵਾਲਵਡ ਸੀ ਜਿਸ ਕਰਕੇ ਇਹ ਮਰਡਰ ਕੇਸ ਟਰੇਸ ਨਹੀਂ ਸੀ ਹੋ ਰਿਹਾ । ਉਸ ਤੋਂ ਬਾਅਦ ਨਵੇਂ ਐਸ. ਐਸ. ਪੀ. ਉਥੇ ਗਏ । ਉਨ੍ਹਾਂ ਨੇ ਇਹ ਕੇਸ ਵੀ ਅਤੇ ਇਸ ਤੋਂ ਇਲਾਵਾ 7 ਹੋਰ ਮਰਡਰ ਕੇਸ ਵੀ ਟਰੇਸ ਕੀਤੇ ਅਤੇ ਨਾਲ ਹੀ ਇਕ ਬੜਾ ਵੱਡਾ ਸਕੈਂਡਲ ਟਰੇਸ ਕੀਤਾ । ਮੇਰੀ ਬੇਨਤੀ ਹੈ ਕਿ ਇਸ ਕੇਸ ਦੇ ਨਾਲ ਨਾਲ ਜਿਹੜੇ ਦੂਸਰੇ ਕੇਸ ਟਰੇਸ ਕੀਤੇ ਗਏ, ਉਨ੍ਹਾਂ ਦੀ ਵੀ ਪੜਤਾਲ ਕਰਵਾਈ ਜਾਵੇ ਅਤੇ ਇਹ ਕੇਸ ਠੱਪ ਨਾ ਹੋਣ ।

ਸ਼੍ਰੀ ਸਪੀਕਰ : ਇਸ ਦਾ ਇਸ ਸਵਾਲ ਨਾਲ ਕੀ ਸਬੰਧ ਹੈ ?

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਇਹ ਸਾਰੇ ਕੇਸ ਇਕੱਠੇ ਟਰੇਸ ਹੋਏ ਸਨ ਜਦੋਂ ਜੂਲੀਆ ਸਕੈਂਡਲ ਸਾਹਮਣੇ ਆਇਆ ਸੀ ਜਿਸ ਵਿਚ ਪਾਲੇਟੀਸ਼ਨਜ਼ ਅਤੇ ਬਿਊਰੋਕਰੇਟਸ ਵੀ ਸ਼ਾਮਲ ਸਨ । ਸਰਦਾਰ ਲਾਜਪਾਲ ਸਿੰਘ ਉਦੋਂ ਉਥੇ ਐਸ.ਐਸ. ਪੀ. ਸਨ । ਪੇਪਰ ਦੇ ਵਿਚ ਵੀ ਇਹ ਇਕੱਠੇ ਕੇਸ ਆਏ ਸਨ ।

ਸ਼੍ਰੀ ਸਪੀਕਰ : ਚੰਗਾ ਤਾਂ ਇਹ ਹੈ ਕਿ ਇਸ ਦੇ ਵਾਸਤੇ ਤੁਸੀਂ ਵੱਖਰਾ ਸਵਾਲ ਦੇ ਦਿਉ ।

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਇਹ ਸਾਰੇ ਕੇਸ ਇਕੱਠੇ ਹਨ । ਜਦੋਂ ਡਾਕਟਰ ਸਾਹਿਬ ਦਾ ਕੇਸ ਟਰੇਸ ਹੋਇਆ, ਉਦੋਂ 7 ਹੋਰ ਕੇਸ ਵੀ ਟਰੇਸ ਹੋਏ ਸਨ ।

ਸ਼੍ਰੀ ਸਪੀਕਰ : ਮੇਰਾ ਮਤਲਬ ਹੈ ਕਿ ਕੀ ਇਸ\ਕੇਸ ਨਾਲ ਉਨ੍ਹਾਂ ਕੇਸਾਂ ਦਾ ਕੋਈ ਸਬੰਧ ਹੈ, ਕੋਈ ਲਿੰਕ ਹੈ ? ਜੇ ਨਹੀਂ ਤਾਂ ਫਿਰ ਇਸ ਵਾਸਤੇ ਤੁਸੀਂ ਵੱਖਰਾ ਸਵਾਲ ਦੇ ਦਿਓ ।

ਸਰਦਾਰ ਧਨਵੰਤ ਸਿੰਘ: ਸਪੀਕਰ ਸਾਹਿਬ, ਇਹ ਵੀ ਬਲਾਈਂਡ ਮਰਡਰ ਕੇਸ ਸੀ ਅਤੇ ਦੂਸਰੇ ਵੀ ਬਲਾਈਂਡ ਮਰਡਰ ਕੇਸ ਸਨ । ਇਹ ਸਾਰੇ ਕੇਸ ਇਕੱਠੇ ਟਰੇਸ ਹੋਏ ਸਨ । ਇਸ ਕੇਸ ਤੋਂ ਬਾਦ ਐਸ.ਐਸ.ਪੀ. ਨੇ 7 ਹੋਰ ਕੇਸ ਟਰੇਸ ਕੀਤੇ ਸਨ । ਪੇਪਰ ਵਿਚ ਵੀ ਇਹ ਆਇਆ ਸੀ ਕਿ ਉਨ੍ਹਾਂ ਨੇ 8 ਕੇਸ ਟਰੇਸ ਕੀਤੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਕੁਐਸਚਨ ਦਾ ਸਬੰਧ ਤਾਂ ਕੇਵਲ ਇਕ ਮਰਡਰ ਕੇਸ ਨਾਲ ਸੀ । ਲੇਕਿਨ ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਉਹ ਮੈਨੂੰ ਦੂਜੇ ਕੇਸਾਂ ਦੇ ਮੁਤੱਲਿਕ ਵੀ ਦੱਸ ਦੇਣ । ਜਿਹੜੇ ਕੇਸ ਇਹ ਮੈਨੂੰ ਦੱਸਣਗੇ, ਉਨ੍ਹਾਂ ਸਬੰਧੀ ਵੀ ਤੁਰੰਤ ਐਕਸ਼ਨ ਲਿਆ ਜਾਵੇਗਾ । (ਥੰਪਿੰਗ)

ਸਰਹੰਦ ਕਸਬੇ ਵਿਚ ਸੀਵਰੇਜ ਸਿਸਟਮ ਵਿਛਾਉਣਾ

*403. **ਡਾਕਟਰ ਹਰਬੰਸ ਲਾਲ**: ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਜਿਲ੍ਹਾ ਫਤਿਹਗੜ੍ਹ ਸਾਹਿਬ ਦੇ ਸਰਹਿੰਦ ਕਸਬੇ ਵਿਚ ਸੀਵਰੇਜ਼ ਸਿਸਟਮ ਵਿਛਾਉਣ ਦਾ ਕੰਮ ਅਧੂਰਾ ਪਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਕਾਰਣ ਕੀ ਹਨ;

(ਅ) ਸਰਕਾਰ ਦੁਆਰਾ ਉਪਰੋਕਤ ਭਾਗ (ੳ) ਵਿਚ ਵਰਣਿਤ ਸੀਵਰੇਜ ਸਿਸਟਮ ਵਿਛਾਉਣ ਦੇ ਕੰਮ ਨੂੰ ਮੁੜ ਸ਼ੁਰੂ ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸ੍ਰੀ ਬਲਰਾਮ ਜੀ ਦਾਸ ਟੰਡਨ : (ਏ) ਅਤੇ (ਬੀ) ਹਾਂ ਜੀ।

ਫੰਡਾਂ ਦੀ ਘਾਟ ਕਾਰਨ ਕੰਮ ਅਧੂਰਾ ਹੈ। ਨਿਮਨ ਲਿਖਤ ਅਨੁਸਾਰ ਫੰਡਜ਼ ਮੁਹੱਈਆ ਕੀਤੇ ਜਾਣੇ ਹਨ:—

ਹੁਡਕੋ ਤੋਂ ਕਰਜ਼ਾ 50%

ਸਰਕਾਰ ਦਾ ਹਿੱਸਾ 30%

ਨਗਰ ਕੌਂਸਲ, ਸਰਹਿੰਦ 20%
ਦਾ ਹਿੱਸਾ

ਜਦੋਂ ਨਗਰ ਕੌਂਸਲ, ਸਰਹਿੰਦ ਆਪਣੇ ਹਿੱਸੇ ਦੀ ਪੂਰੀ ਰਕਮ ਜਮ੍ਹਾਂ ਕਰਵਾ ਦੇਵੇਗੀ ਤਾਂ ਬਾਕੀ ਰਹਿੰਦੀ ਰਕਮ ਰਾਜ ਸਰਕਾਰ/ਹੁਡਕੋ ਵਲੋਂ ਰਿਲੀਜ਼ ਕਰ ਦਿੱਤੀ ਜਾਵੇਗੀ। ਨਗਰ ਕੌਂਸਲ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਪਣੇ ਹਿੱਸੇ ਦੀ ਰਕਮ ਤੁਰੰਤ ਜ਼ਮ੍ਹਾਂ ਕਰਵਾਏ ਤਾਂ ਜੋ ਕੰਮ ਮੁੜ ਚਾਲੂ ਕੀਤਾ ਜਾ ਸਕੇ।

ਡਾਕਟਰ ਹਰਬੰਸ ਲਾਲ: ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਵੈਸੇ ਇਨ੍ਹਾਂ ਨੇ ਜਵਾਬ ਬੜਾ ਠੀਕ ਦਿੱਤਾ ਹੈ ਕਿ ਸ਼ਹਿਰ ਦਾ ਤੀਜਾ ਹਿੱਸਾ ਪਾਣੀ ਦੀ ਲਪੇਟ ਵਿੱਚ ਹੈ। 6 ਇੰਜਨ ਲਗਾ ਕੇ ਰੋਜ਼ ਪਾਣੀ ਬਾਹਰ ਕੱਢਿਆ ਜਾਂਦਾ ਹੈ। ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਲੋਕ ਧਰਨੇ ਮਾਰੀ ਬੈਠੇ ਹਨ। ਸ਼ਹਿਰ ਦੇ ਵਿੱਚ ਸੀਵਰੇਜ ਪਾਉਣ ਲਈ ਹੁਡਕੋ ਤੋਂ ਪੈਸੇ ਮਨਜ਼ੂਰ ਹੋ ਚੁੱਕੇ ਹਨ ਲੇਕਿਨ ਸਰਹਿੰਦ ਮਿਊਂਸਿਪਲ ਕਮੇਟੀ ਦੇ ਕੋਈ ਆਪਣੀ ਆਮਦਨ ਦੇ ਸਾਧਨ ਨਹੀਂ ਹਨ ਜਿਸ ਕਾਰਣ ਕਮੇਟੀ ਪਾਸ ਫੰਡਜ਼ ਦੀ ਬਹੁਤ ਜ਼ਿਆਦਾ ਕਮੀ ਹੈ। ਸਰਕਾਰਾਂ ਕੋਲ ਬਹੁਤ ਕੁਝ ਹੋਇਆ ਕਰਦਾ ਹੈ। ਅਗਰ ਸ਼ਹਿਰ ਦੇ ਵਿੱਚ ਸੀਵਰੇਜ ਪਾਉਣ ਦਾ ਕੰਮ ਕਮੇਟੀ ਦਾ ਆਪਣਾ ਹਿੱਸਾ ਪਾਉਣ ਕਾਰਣ ਰੁਕਿਆ ਹੋਇਆ ਹੈ ਤਾਂ ਕੀ ਸਰਕਾਰ ਕਮੇਟੀ ਦੇ ਹਿੱਸੇ ਨੂੰ ਮੁਆਫ ਕਰਕੇ ਸੀਵਰੇਜ ਦਾ ਕੰਮ ਸ਼ੁਰੂ ਕਰਾਉਣ ਦੀ ਕੋਸ਼ਿਸ਼ ਕਰੇਗੀ ? ਇਹ ਇਕ ਇਤਿਹਾਸਕ ਸ਼ਹਿਰ ਹੈ। ਇਸ ਇਤਿਹਾਸਕ ਸ਼ਹਿਰ ਦੀ ਮਹ-

ਤਤਾ ਨੂੰ ਮੁੱਖ ਰਖਦੇ ਹੋਏ ਕਮੇਟੀ ਦੇ ਪੈਸੇ ਨੂੰ ਮੁਆਫ ਕਰਕੇ ਸੀਵਰੇਜ ਦਾ ਕੰਮ ਸ਼ੁਰੂ ਕਰਾਉਣ ਲਈ ਕੀ ਮੰਤਰੀ ਜੀ ਐਸ਼ੋਰੇਂਸ ਦੇਣਗੇ ?

ਸ੍ਰੀ ਸਪੀਕਰ: ਟੰਡਨ ਸਾਹਿਬ, ਇਹ ਕਹਿੰਦੇ ਹਨ ਕਿ ਕਮੇਟੀ ਦਾ 20 % ਹਿੱਸਾ ਜ਼ਿਆਦਾ ਹੈ । ਕੀ ਕਮੇਟੀ ਵੱਲੋਂ ਹਿੱਸਾ ਪਾਉਣ ਤੋਂ ਬਗੈਰ ਕੰਮ ਸ਼ੁਰੂ ਹੋ ਸਕਦਾ ਹੈ ?

ਮੰਤਰੀ: ਸਪੀਕਰ ਸਾਹਿਬ, ਇਕ ਗੱਲ ਨਿਸ਼ਚਿਤ ਹੈ ਕਿ ਜਿਹੜਾ ਹਿੱਸਾ ਕਮੇਟੀ ਨੇ ਪਾਉਣਾ ਹੈ ਉਸ ਮੁਤਾਬਿਕ ਹੀ ਸਰਕਾਰ ਨੇ ਵੀ ਦੇਣਾ ਹੈ ਅਤੇ ਹੁਡਕੋ ਨੇ ਵੀ ਲੋਨ ਦੇਣਾ ਹੈ । ਇਸ ਕਰਕੇ ਕਮੇਟੀ ਨੂੰ ਵੀ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ । ਅਗਰ ਕਮੇਟੀ ਵਾਲੇ ਮੁਕੰਮਲ ਤੌਰ ਤੇ ਪੈਸੇ ਨਹੀਂ ਪਾ ਸਕਦੇ ਤਾਂ ਉਸ ਦਾ ਕੁਝ ਭਾਗ ਤਾਂ ਦੇਣਾ ਹੀ ਚਾਹੀਦਾ ਹੈ । ਜੇਕਰ ਇਕ ਪੈਸਾ ਵੀ ਨਾ ਦਿੱਤਾ ਜਾਵੇ ਕਮੇਟੀ ਵੱਲੋਂ ਤਾਂ ਆਖਿਰ ਕੰਮ ਕਿਸ ਤਰ੍ਹਾਂ ਚਲੇਗਾ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਵੀ ਕਮੇਟੀ ਨੂੰ ਕੁਝ ਪੈਸੇ ਪਾਉਣ ਲਈ ਕਹਿਣ, ਅਸੀਂ ਵੀ ਸਹਾਇਤਾ ਕਰਾਂਗੇ ।

ਸ੍ਰੀ ਸਪੀਕਰ: ਡਾਕਟਰ ਸਾਹਿਬ, ਤੁਸੀਂ ਕਮੇਟੀ ਨੂੰ ਵੀ ਕੁਝ ਪ੍ਰੇਰਨਾ ਦਿਉ ਕਿ ਉਹ ਕੁਝ ਹਿੱਸ ਜ਼ਰੂਰ ਪਾਉਣ ।

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜੇਵਾਬ ਦਿੱਤਾ ਹੈ ਕਿ ਕਮੇਟੀ ਆਪਣਾ ਹਿੱਸਾ ਜਮ੍ਹਾਂ ਕਰਾਏ ਪਰ ਕਮੇਟੀ ਕੋਲ ਤਾਂ ਪੈਸੇ ਜਮ੍ਹਾਂ ਕਰਾਉਣ ਵਾਸਤੇ ਹੈ ਹੀ ਨਹੀਂ ਹਨ ।

ਸ੍ਰੀ ਸਪੀਕਰ: ਡਾਕਟਰ ਸਾਹਿਬ, ਮੰਤਰੀ ਜੀ ਕਹਿੰਦੇ ਹਨ ਕਿ ਉਹ ਵੀ ਕੁਝ ਪੈਸੇ ਜਮ੍ਹਾਂ ਕਰਾਉਣ ।

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਸਰਹਿੰਦ ਮਿਉਂਸਪਲ ਕਮੇਟੀ ਆਸਾਨ ਕਿਸ਼ਤਾਂ ਤੇ ਆਪਣੇ ਵੱਲੋਂ ਕੁਝ ਪੈਸੇ ਜਮ੍ਹਾਂ ਕਰਵਾ ਦੇਵੇ ਤਾਂ ਕੀ ਸਰਕਾਰ ਸੀਵਰੇਜ ਦਾ ਕੰਮ ਸ਼ੁਰੂ ਕਰਾਉਣ ਲਈ ਭਰੋਸਾ ਦੇਵੇਗੀ ਕਿ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ ?

ਸ੍ਰੀ ਸਪੀਕਰ: ਡਾਕਟਰ ਸਾਹਿਬ, ਇਹ ਤਾਂ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਕੁਝ ਪੈਸੇ ਤਾਂ ਜਮ੍ਹਾਂ ਕਰਵਾਉ ।

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਜੇ ਆਸਾਨ ਕਿਸ਼ਤਾਂ ਤੇ ਪੈਸੇ ਜਮ੍ਹਾਂ ਕਰਾ ਦੇਈਏ ਤਾਂ ਕੀ ਸੀਵਰੇਜ ਦਾ ਕੰਮ ਇਹ ਸ਼ੁਰੂ ਕਰਵਾ ਦੇਣਗੇ ?

ਸ੍ਰੀ ਸਪੀਕਰ: ਥੋੜ੍ਹਾ ਬਹੁਤ ਪੈਸਾ ਜਮ੍ਹਾਂ ਤਾਂ ਕਰਵਾਉ, ਫਿਰ ਦੇਖ ਲਵਾਂਗੇ ।

ਡਾਕਟਰ ਹਰਬੰਸ ਲਾਲ: ਠੀਕ ਹੈ ਜੀ, ਬਹੁਤ ਸ਼ੁਕਰੀਆ ।

ਨਵਾਂ ਸ਼ਹਿਰ ਵਿਚ ਸਬਜ਼ੀ ਮੰਡੀ ਤੋਂ ਦਾਣਾ ਮੰਡੀ ਤੱਕ ਪਹੁੰਚ ਸੜਕ

*458. **ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਨਵਾ ਸ਼ਹਿਰ ਦੀ ਸਬਜ਼ੀ ਮੰਡੀ, ਦਾਣਾ ਮੰਡੀ ਤੋਂ ਕਾਫੀ ਦੂਰ ਹੈ, ਅਤੇ ਸ਼ਹਿਰ ਤੋਂ ਇਸ ਨੂੰ ਕੋਈ ਸੜਕ ਨਹੀਂ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਸਰਕਾਰ ਦਾ ਮੌਜੂਦਾ ਮੰਡੀ ਤੱਕ ਉਚਿਤ ਪਹੁੰਚ ਸੜਕ ਬਣਾਉਣ ਦਾ ਵਿਚਾਰ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਨਹੀਂ ਜੀ । ਸਬਜ਼ੀ ਮੰਡੀ ਨਵਾਂ ਸ਼ਹਿਰ ਜਿਥੇ ਸਥਾਪਿਤ ਕੀਤੀ ਗਈ ਦਾਣਾ ਮੰਡੀ ਦਾ ਹੀ ਹਿੱਸਾ ਹੈ । ਦਾਣਾ ਮੰਡੀ ਅਤੇ ਸਬਜ਼ੀ ਮੰਡੀ ਨੂੰ ਫਿਲੌਰ- ਨਵਾਂ ਸ਼ਹਿਰ ਸੜਕ ਤੋਂ ਦੋ ਪਹੁੰਚ ਮਾਰਗ ਉਪਲੱਬਧ ਹਨ ।

(ਅ) ਨਹੀਂ ਜੀ ।

ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਇਸੇ ਮੰਡੀ ਨੂੰ ਨਵਾਂ ਸ਼ਹਿਰ-ਬਲਾਚੌਰ ਨਾਲ ਜੋੜਿਆ ਜਾਏਗਾ ਕਿਉਂਕਿ ਇਹ ਇਕ ਐਸੀ ਜਗ੍ਹਾ ਹੈ ਜਿੱਥੇ 6 ਮੰਡੀਆਂ ਪੈਂਦੀਆਂ ਹਨ ਔਰ ਰਸਤਾ ਕੋਈ ਨਹੀਂ ਜੋੜਿਆ ਗਿਆ । ਸਪੀਕਰ ਸਾਹਿਬ, ਜਿਸ ਵੇਲੇ ਫਸਲ ਆਉਂਦੀ ਹੈ ਤਾਂ ਉਥੇ ਕਾਫੀ ਜਾਮ ਲੱਗ ਜਾਂਦਾ ਹੈ । ਜੇ ਇਸ ਮੰਡੀ ਨੂੰ ਨਵਾਂ ਸ਼ਹਿਰ-ਬੰਗਾ ਰੋਡ ਨਾਲ ਜੋੜਿਆ ਜਾਵੇ ਤਾਂ ਕਾਫੀ ਸਹੂਲਤ ਹੋਵੇਗੀ । ਕੀ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਇਸ ਮੰਡੀ ਨੂੰ ਰਸਤਾ ਦਿੱਤਾ ਜਾਵੇ ?

ਮੰਤਰੀ : ਸਪੀਕਰ ਸਾਹਿਬ, ਦਾਣਾ ਮੰਡੀ ਅਤੇ ਸਬਜ਼ੀ ਮੰਡੀ ਦੋਨੋਂ ਮੰਡੀਆਂ ਇਕੱਠੀਆਂ ਬਣਦੀਆਂ ਹਨ । ਇਨ੍ਹਾਂ ਮੰਡੀਆਂ ਦੀਆਂ ਜਿਹੜੀਆਂ ਆੜ੍ਹਤੀਆਂ ਦੀਆਂ ਦੁਕਾਨਾਂ ਹਨ ਉਨ੍ਹਾਂ ਦੀ ਅਤੇ ਇਨ੍ਹਾਂ ਦੀ ਆਪਸ ਵਿੱਚ ਪਿੱਠ ਰਲ ਕੇ ਇਕ ਬੂਥ ਬਣਦਾ ਹੈ । ਸਬਜ਼ੀ ਮੰਡੀ ਔਰ ਦਾਣਾ ਮੰਡੀ ਇਹ ਦੋਵੇਂ ਪਹਿਲਾਂ ਹੀ ਸੜਕਾਂ ਦੇ ਨਾਲ ਜੋੜੀਆਂ ਜਾ ਚੁਕੀਆਂ ਹਨ । ਇਸ ਕਰਕੇ ਜਿਹੜਾ 'ਅ' ਭਾਗ ਵਿੱਚ ਜਵਾਬ ਦਿੱਤਾ ਹੈ ਨਹੀਂ ਜੀ, ਉਹ ਠੀਕ ਦਿੱਤਾ ਹੈ । ਹੋਰ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

— — —

ਡਾਕਟਰ ਅੰਬੇਡਕਰ ਭਵਨ ਦੀ ਉਸਾਰੀ

*473. **ਚੌਧਰੀ ਜਗਜੀਤ ਸਿੰਘ :** ਕੀ ਅਨੁਸੂਚਿਤ ਜਾਤੀਆਂ ਅਤੇ ਪਛੱੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਦੀ ਰਾਜ ਦੇ ਸਾਰੇ ਜ਼ਿਲ੍ਹਿਆਂ ਵਿਚ ਡਾਕਟਰ ਅੰਬੇਡਕਰ ਭਵਨ ਬਣਾਉਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਰਾਜ ਵਿਚ ਅਜਿਹੇ ਜ਼ਿਲ੍ਹਿਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਅਜਿਹੇ ਭਵਨਾਂ ਦੀ ਉਸਾਰੀ ਮੁਕੰਮਲ ਕਰ ਲਈ ਗਈ ਹੈ ਅਤੇ ਉਨ੍ਹਾਂ ਭਵਨਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਇਸ ਸਮੇਂ ਉਸਾਰੀ ਅਧੀਨ ਹਨ ;

(ਅ) ਅਜਿਹੇ ਜ਼ਿਲ੍ਹਿਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਵਿਚ ਡਾਕਟਰ ਅੰਬੇਡਕਰ ਭਵਨਾਂ ਦੀ ਉਸਾਰੀ ਅਜੇ ਤੱਕ ਸ਼ੁਰੂ ਨਹੀਂ ਕੀਤੀ ਗਈ ਹੈ;

(ੲ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਜ਼ਿਲ੍ਹਿਆਂ ਵਿਚ ਉਕਤ ਭਵਨਾਂ ਦੀ ਉਸਾਰੀ ਲਈ ਕੋਈ ਫੰਡਜ਼ ਜਾਰੀ ਕੀਤੇ ਗਏ ਹਨ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੇ ਜ਼ਿਲ੍ਹਾਵਾਰ ਵੇਰਵੇ ਕੀ ਹਨ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਹਾਂ ਜੀ । ਪੰਜ ਜ਼ਿਲ੍ਹਿਆਂ ਵਿੱਚ ਡਾਕਟਰ ਬੀ. ਆਰ. ਅੰਬੇਡਕਰ ਭਵਨਾਂ ਦੀ ਉਸਾਰੀ ਮੁਕੰਮਲ ਹੋ ਚੁੱਕੀ ਹੈ ਅਤੇ ਤਿੰਨ ਜ਼ਿਲ੍ਹਿਆਂ ਵਿੱਚ ਭਵਨ ਉਸਾਰੀ ਅਧੀਨ ਹਨ ।

(ਅ) ਜ਼ਿਲ੍ਹਾ ਅੰਮ੍ਰਿਤਸਰ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮਾਨਸਾ, ਮੁਕਤਸਰ, ਮੋਗਾ ਅਤੇ ਨਵਾਂ ਸ਼ਹਿਰ ਵਿਖੇ ਡਾਕਟਰ ਅੰਬੇਡਕਰ ਭਵਨਾਂ ਦੀ ਉਸਾਰੀ ਅਜੇ ਸ਼ੁਰੂ ਨਹੀਂ ਕੀਤੀ ਗਈ ।

(ੲ) ਸਾਲ 1996-97 ਤੱਕ ਡਾਕਟਰ ਅੰਬੇਡਕਰ ਭਵਨਾਂ ਦੀ ਉਸਾਰੀ ਲਈ ਜ਼ਿਲ੍ਹਾਵਾਰ ਜਾਰੀ ਕੀਤੇ ਗਏ ਫੰਡਜ਼ ਦਾ ਵੇਰਵਾ ਅਨੁਲੱਗ 'ੳ' ਅਨੁਸਾਰ ਹੈ, ਜੋ ਸਦਨ ਦੀ ਮੇਜ਼ ਉਪਰ ਰੱਖਿਆ ਜਾਂਦਾ ਹੈ ।

ਅਨੁਲੱਗ 'ੳ'

ਅੰਬੇਡਕਰ ਭਵਨ ਦੀ ਉਸਾਰੀ ਸਕੀਮ ਅਧੀਨ ਸਾਲ 1991-92 ਤੋਂ 1996-97 ਤੱਕ ਜ਼ਿਲ੍ਹੇਵਾਰ ਪ੍ਰਵਾਨਤ ਅਤੇ ਰਿਲੀਜ਼ ਕੀਤੀ ਗਈ ਰਾਸ਼ੀ ਦਾ ਵੇਰਵਾ

(ਰਾਸ਼ੀ ਲੱਖਾਂ ਵਿੱਚ)

ਲੜੀ ਨੰ:	ਜ਼ਿਲ੍ਹਾ	ਕੁੱਲ ਪ੍ਰਵਾਨਤ ਉਪਬੰਧ	ਕੁੱਲ ਜਾਰੀ ਕੀਤੀ ਰਾਸ਼ੀ
	1	2	3
1.	ਅੰਮ੍ਰਿਤਸਰ	50.31	27.00

[ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ]

1		2	3
2. ਬਠਿੰਡਾ	..	57.06	48.57
3. ਫ਼ਰੀਦਕੋਟ	..	57.06	47.47
4. ਫ਼ਿਰੋਜ਼ਪੁਰ	..	110.86	54.11
5. ਫ਼ਤਿਹਗੜ੍ਹ ਸਾਹਿਬ	..	50.31	50.31
6. ਗੁਰਦਾਸਪੁਰ	..	72.37	50.05
7. ਹੁਸ਼ਿਆਰਪੁਰ	..	50.31	47.49
8. ਜਲੰਧਰ	..	100.31	39.70
9. ਕਪੂਰਥਲਾ	..	57.06	45.77
10. ਲੁਧਿਆਣਾ	..	50.31	50.31
11. ਮਾਨਸਾ	..	50.31	50.31
12. ਪਟਿਆਲਾ	..	143.06	96.76
13. ਰੋਪੜ	..	121.20	96.20
14. ਸੰਗਰੂਰ	..	57.26	48.55
15. ਨਵਾਂ ਸ਼ਹਿਰ	.	16.20	—
16. ਮੋਗਾ	..	27.21	24.10
17. ਮੁਕਤਸਰ	..	35.31	26.48
		1.106.51	803.18

ਚੌਧਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਹੜੇ ਪੰਜ ਜ਼ਿਲ੍ਹੇ ਹਨ ਜਿਥੇ ਅੰਬੇਡਕਰ ਭਵਨ ਕੰਪਲੀਟ ਹੋ ਗਏ ਹਨ ਅਤੇ ਉਹ ਕਿਹੜੇ ਤਿੰਨ ਜ਼ਿਲ੍ਹੇ ਹਨ ਜਿਥੇ ਡਾਕਟਰ ਅੰਬੇਡਕਰ ਭਵਨਾਂ ਦਾ ਕੰਮ ਸ਼ੁਰੂ ਹੈ ? ਜਿਹੜੇ ਪੰਜ ਜ਼ਿਲ੍ਹਿਆਂ ਵਿਚ ਕੰਮ ਕੰਪਲੀਟ ਹੋ ਚੁੱਕਾ ਹੈ, ਉਥੇ ਹਰ ਜ਼ਿਲ੍ਹੇ ਵਿੱਚ ਕਿੰਨੇ-ਕਿੰਨੇ ਰੁਪਏ ਲੱਗੇ ਹਨ ?

ਮੰਤਰੀ: ਸਪੀਕਰ ਸਾਹਿਬ, ਇਸ ਬਾਰੇ ਡਿਟੇਲ ਮੈਂ ਸਦਨ ਦੀ ਮੇਜ਼ ਤੇ ਰੱਖ ਦਿੱਤੀ

ਹੈ । ਜਿਨ੍ਹਾਂ ਪੰਜ ਜ਼ਿਲ੍ਹਿਆਂ ਵਿਚ ਕੰਮ ਮੁਕੰਮਲ ਹੋ ਚੁੱਕਾ ਹੈ ਉਹ ਹਨ, ਰੋਪੜ, ਫ਼ਰੀਦਕੋਟ, ਗੁਰਦਾਸਪੁਰ, ਪਟਿਆਲਾ ਅਤੇ ਬਠਿੰਡਾ । ਜਿਨ੍ਹਾਂ ਤਿੰਨਾਂ ਵਿਚ ਕੰਮ ਚਲ ਰਿਹਾ ਹੈ ਉਹ ਹਨ ਸੰਗਰੂਰ, ਕਪੂਰਥਲਾ ਅਤੇ ਫ਼ਿਰੋਜ਼ਪੁਰ ।

ਸਰਦਾਰ ਅਜੀਤ ਇੰਦਰ ਸਿੰਘ : ਸਪਲੀਮੈਂਟਰੀ, ਸਪੀਕਰ ਸਾਹਿਬ.........

ਸ੍ਰੀ ਸਪੀਕਰ : ਹਾਂ ਜੀ, ਅਜੀਤ ਇੰਦਰ ਸਿੰਘ ਮੋਫ਼ਰ ਜੀ, ਤੁਸੀਂ ਸਪਲੀਮੈਂਟਰੀ ਪੁੱਛੋ ।

ਚੌਧਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਪਹਿਲਾਂ ਮੇਰੀ ਸਪਲੀਮੈਂਟਰੀ ਦਾ ਪੂਰਾ ਜਵਾਬ ਤਾਂ ਆਇਆ ਨਹੀਂ ।

ਸ੍ਰੀ ਸਪੀਕਰ : ਮੋਫ਼ਰ ਜੀ, ਤੁਸੀਂ ਇਕ ਮਿੰਟ ਠਹਿਰੋ ।

ਚੌਧਰੀ ਜਗਜੀਤ ਸਿੰਘ : ਮੈਂ ਪੁੱਛਿਆ ਹੈ ਕਿ ਹਰ ਜ਼ਿਲ੍ਹੇ ਵਿੱਚ ਅੰਬੇਡਕਰ ਭਵਨ ਉਤੇ ਕਿੰਨਾ ਕਿੰਨਾ ਰੁਪਿਆ ਖਰਚ ਹੋਇਆ ਹੈ ?

ਮੰਤਰੀ : ਸਪੀਕਰ ਸਾਹਿਬ, ਕੁੱਲ ਰਕਮ 80 ਕਰੋੜ ਰੁਪਏ ਦੀ ਰੱਖੀ ਗਈ ਹੈ ਅਤੇ ਸਾਰੀ ਰਕਮ ਦਾ ਵੇਰਵਾ ਅਨੁਲੱਗ 'ੳ' ਵਿਚ ਦਰਸਾਇਆ ਗਿਆ ਹੈ ।

ਸ੍ਰੀ ਸਪੀਕਰ : ਬਾਦਲ ਸਾਹਿਬ, ਉਨ੍ਹਾਂ ਨੇ ਤਾਂ ਇਹ ਪੁੱਛਿਆ ਹੈ ਕਿ ਜਿਹੜੇ ਭਵਨ ਕੰਪਲੀਟ ਹੋਏ ਹਨ, ਉਨ੍ਹਾਂ ਉਤੇ ਕਿੰਨਾ ਕਿੰਨਾ ਰੁਪਿਆ ਖਰਚ ਹੋਇਆ ਹੈ ?

ਮੰਤਰੀ : ਰੋਪੜ ਵਾਸਤੇ 50 ਲੱਖ ਰੁਪਿਆ ਰੱਖਿਆ ਸੀ ਅਤੇ 50 ਲੱਖ ਹੀ ਲਗ ਚੁੱਕਾ ਹੈ । ਪਟਿਆਲਾ ਵਿੱਚ 50 ਲੱਖ ਰੁਪਏ ਵਿਚੋਂ 48 ਲੱਖ 40 ਹਜ਼ਾਰ ਰੁਪਿਆ ਲਗ ਚੁੱਕਾ ਹੈ । ਇਸੇ ਤਰ੍ਹਾਂ ਬਾਕੀ ਜਿਹੜਾ ਇਨ੍ਹਾਂ ਨੇ ਪੁਛਿਆ ਹੈ ਉਸ ਬਾਰੇ ਸਾਰੀ ਡਿਟੇਲ ਦੇ ਦਿੱਤੀ ਗਈ ਹੈ । ਜਲੰਧਰ ਵਿਚ ਕੁਝ ਅੜਿਕਾ ਹੈ । ਉਥੇ ਕੁਝ ਰਿਫਟ ਪਈ ਹੋਈ ਹੈ । ਉਥੇ ਦੋ ਧੜੇ ਬਣੇ ਹੋਏ ਹਨ । ਇਕ ਦੀ ਅਗਵਾਈ ਚੌਧਰੀ ਜਗਜੀਤ ਸਿੰਘ ਕਰਦਾ ਹੈ, ਇਕ ਦੀ ਅਗਵਾਈ ਕੋਈ ਹੋਰ ਕਰਦਾ ਹੈ । ਉਥੇ ਉਨ੍ਹਾਂ ਨੇ ਚੀਫ਼ ਮਿਨਿਸਟਰ ਵੱਲੋਂ ਪੱਥਰ ਵੀ ਲਗਵਾਇਆ ਹੋਇਆ ਹੈ । ਪਰ ਖਾਲੀ ਪੱਥਰ ਹੀ ਖੜਾ ਹੈ, ਹੋਇਆ ਕੁਝ ਨਹੀਂ । ਦੂਸਰਾ ਧੜਾ ਕਹਿੰਦਾ ਹੈ, ਸਾਨੂੰ ਮਨਜ਼ੂਰੀ ਲੈ ਕੇ ਦਿਉ, ਅਸੀਂ ਭਵਨ ਰਾਤੋ ਰਾਤ ਬਣਾ ਦਿਆਂਗੇ । ਇਸ ਕਰਕੇ.........(ਸ਼ੋਰ) (ਵਿਘਨ)

ਚੌਧਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਮੈਂ ਜੋ ਸਪਲੀਮੈਂਟਰੀ ਕੀਤੀ ਹੈ, ਉਸ ਦਾ ਜਵਾਬ ਨਹੀਂ ਆਇਆ ।

ਮੰਤਰੀ: ਦੋ-ਤਿੰਨ ਜਗ੍ਹਾ ਐਸੀਆਂ ਹਨ ਜਿਥੇ ਸਤਿਕਾਰਯੋਗ ਮਰਹੂਮ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਨੀਂਹ ਪੱਥਰ ਰੱਖੇ ਸਨ, ਜਿਵੇਂ ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ ਅਤੇ ਜਲੰਧਰ ਵਿਖੇ । ਉਸ ਵਕਤ ਇਹ ਆਪ ਮਨਿਸਟਰ ਹੁੰਦੇ ਸਨ । (ਚੌਧਰੀ ਜਗਜੀਤ ਸਿੰਘ ਵੱਲ ਇਸ਼ਾਰਾ)

ਸ੍ਰੀ ਸਪੀਕਰ: ਬਾਦਲ ਸਾਹਿਬ, ਉਨ੍ਹਾਂ ਨੇ ਜਿਹੜਾ ਸਵਾਲ ਪੁੱਛਿਆ ਹੈ, ਕੇਵਲ ਉਸ ਦਾ ਜਵਾਬ ਦਿਉ।

ਮੰਤਰੀ: ਸਪੀਕਰ ਸਾਹਿਬ, ਡਿਟੇਲ ਤਾਂ ਪਹਿਲਾਂ ਹੀ ਸਦਨ ਦੀ ਮੇਜ਼ ਤੇ ਰੱਖੀ ਹੋਈ ਹੈ ਅਤੇ ਇਹ ਬੜੀ ਲੰਮੀ ਚੌੜੀ ਡਿਟੇਲ ਹੈ।

ਸ੍ਰੀ ਸਪੀਕਰ: ਚੋਧਰੀ ਸਾਹਿਬ, ਕਲੀਅਰ ਦੱਸੋ ਤੁਸੀਂ ਕੀ ਪੁੱਛਣਾ ਚਾਹੁੰਦੇ ਹੋ ?

ਚੌਧਰੀ ਜਗਜੀਤ ਸਿੰਘ: ਭਵਨਾਂ ਉਤੇ ਜਿੰਨਾ ਜਿੰਨਾ ਪੈਸਾ ਖਰਚ ਹੋਇਆ ਹੈ, ਉਹ ਦੱਸਿਆ ਜਾਵੇ।

ਸ੍ਰੀ ਸਪੀਕਰ : ਚੌਧਰੀ ਸਾਹਿਬ, ਜਿੰਨਾ ਖਰਚਾ ਹੋਇਆ ਹੈ, ਉਹ ਸਾਰੀ ਡੀਟੇਲ ਦੇ ਦਿੱਤੀ ਗਈ ਹੈ। ਮੇਰੇ ਕੋਲ ਵੀ ਡੀਟੇਲ ਆ ਗਈ ਹੈ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਦੋ ਜ਼ਿਲ੍ਹਿਆਂ ਦੀ ਡੀਟੇਲ ਦੱਸੀ ਹੈ, ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਵਜ਼ੀਰ ਸਾਹਿਬ ਕਹਿ ਰਹੇ ਹਨ ਕਿ ਰੋਪੜ ਜ਼ਿਲ੍ਹੇ ਲਈ 50.00 ਲੱਖ ਰੁਪਏ ਰੱਖੇ ਗਏ ਸਨ ਜੋ ਸਾਰੇ ਦੇ ਸਾਰੇ ਖਰਚ ਹੋ ਗਏ, ਜਦ ਕਿ ਜੋ ਉਤਰ ਸਪਲਾਈ ਕੀਤਾ ਗਿਆ ਹੈ ਉਸਦੇ ਵਿੱਚ 121.20 ਲੱਖ ਰੁਪਏ ਇਸ ਭਵਨ ਲਈ ਰੱਖੇ ਗਏ ਦਰਸਾਏ ਗਏ ਹਨ ਅਤੇ 96.20 ਲੱਖ ਖਰਚ ਕੀਤੇ ਗਏ ਦਸੇ ਗਏ ਹਨ। ਇਸੇ ਤਰ੍ਹਾਂ ਪਟਿਆਲਾ ਵਿਖੇ ਇਨ੍ਹਾਂ ਨੇ ਦੱਸਿਆ ਹੈ ਕਿ 50.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ ਅਤੇ 48.40 ਲੱਖ ਰੁਪਏ ਖਰਚ ਕੀਤੇ ਗਏ ਹਨ ਜਦ ਕਿ ਰਿਪਲਾਈ ਵਿੱਚ 143.06 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ ਅਤੇ ਖਰਚਾ 96.76 ਲੱਖ ਰੁਪਏ ਦਰਸਾਇਆ ਗਿਆ ਹੈ; ਜਵਾਬ ਤਾਂ ਸਹੀ ਆਉਣਾ ਚਾਹੀਦਾ ਹੈ। ਜੋ ਮੰਤਰੀ ਜੀ ਨੂੰ ਜਵਾਬ ਦਿੱਤਾ ਗਿਆ ਹੈ ਉਹ ਤਾਂ ਠੀਕ ਪੜ੍ਹ ਦੇਣ।

ਮੰਤਰੀ: ਜੋ ਲਿਖਕੇ ਰਿਪਲਾਈ ਦਿੱਤਾ ਹੈ ਉਹ ਠੀਕ ਹੈ ਜੀ।

ਸ੍ਰੀ ਸਪੀਕਰ : ਸਰਦਾਰ ਗੁਰਦੇਵ ਸਿੰਘ ਬਾਦਲ ਸਾਹਿਬ, ਜਿਹੜਾ ਰਿਪਲਾਈ ਮੇਰੇ ਕੋਲ ਆਇਆ ਹੈ ਉਸ ਵਿਚ ਵੀ ਰੋਪੜ ਲਈ 121.20 ਲੱਖ ਰੁਪਏ ਅੰਬੇਡਕਰ ਭਵਨ ਲਈ ਰੱਖੇ ਗਏ ਦਰਸਾਏ ਗਏ ਹਨ ਅਤੇ 96.20 ਲੱਖ ਰੁਪਏ ਖਰਚ ਕੀਤੇ ਗਏ ਹਨ। ਇਸੇ ਤਰ੍ਹਾਂ ਪਟਿਆਲਾ ਲਈ 143.06 ਲੱਖ ਰੁਪਏ ਰੱਖੇ ਗਏ ਹਨ ਅਤੇ 96.76 ਲੱਖ ਰੁਪਏ ਖਰਚ ਕੀਤੇ ਗਏ ਹਨ। ਕਿਧਰੇ ਇਹ ਰਿਪਲਾਈ ਬਾਅਦ ਵਿੱਚ ਰੀਵਾਈਜ਼ ਤਾਂ ਨਹੀਂ ਹੋ ਗਿਆ।

ਮੰਤਰੀ : ਸਪੀਕਰ ਸਾਹਿਬ, ਰਿਪਲਾਈ ਵਿੱਚ ਠੀਕ ਹੀ ਲਿਖਿਆ ਹੈ ਪਰ ਮੇਰੇ ਬੋਲਣ ਵਿੱਚ ਗਲਤੀ ਹੋ ਗਈ ਹੋਵੇਗੀ, ਇਹ ਵੱਖਰੀ ਗੱਲ ਹੈ। ਪਰ ਜੋ ਮੇਰੇ ਕੋਲ ਲਿਖਿਆ ਹੈ ਉਹ ਠੀਕ ਲਿਖਿਆ ਹੈ ਕਿ ਕਿਸ ਜ਼ਿਲ੍ਹੇ ਵਿੱਚ ਕਿੰਨਾ ਪੈਸਾ ਖਰਚ ਹੋਇਆ ਹੈ ਅਤੇ ਕਿੰਨਾ ਰੱਖਿਆ ਗਿਆ ਸੀ।

ਸ੍ਰੀ ਸਪੀਕਰ : ਕੁੱਲ ਕਿੰਨੇ ਰੁਪਏ ਦਾ ਉਪਬੰਧ ਕੀਤਾ ਗਿਆ ਸੀ ?

ਮੰਤਰੀ : 803.18 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਜੀ ।

ਸ੍ਰੀ ਸਪੀਕਰ : ਬਾਦਲ ਸਾਹਿਬ, ਤੁਸੀਂ ਕਿਸੇ ਹੋਰ ਸਵਾਲ ਦਾ ਜਵਾਬ ਤਾਂ ਨਹੀਂ ਪੜ੍ਹ ਰਹੇ (ਹਾਸਾ) ਸਾਲ 1991-92 ਤੋਂ 1996-97 ਤੱਕ ਅੰਬੇਡਕਰ ਭਵਨ ਦੀ ਉਸਾਰੀ ਸਕੀਮ ਅਧੀਨ ਜ਼ਿਲ੍ਹੇਵਾਰ ਪ੍ਰਵਾਨਤ ਅਤੇ ਰਿਲੀਜ਼ ਕੀਤੀ ਗਈ ਰਾਸ਼ੀ ਦਾ ਵੇਰਵਾ ਜੋ ਮੈਨੂੰ ਰਿਪਲਾਈ ਭੇਜਿਆ ਹੈ, ਉਸਦੇ ਅਨੁਲੱਗ-ੳ ਤੇ ਦਰਜ ਹੈ, ਉਸ ਮੁਤਾਬਿਕ 803.18 ਲੱਖ ਰੁਪਏ ਦਾ ਕੀਤਾ ਗਿਆ ਹੈ । ਹਾਂ ਜੀ, ਮਿੱਤਲ ਸਾਹਿਬ ਤੁਸੀਂ ਦੱਸੋ ।

ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਚੌਧਰੀ ਸਾਹਿਬ ਬੜੇ ਪੁਰਾਣੇ ਮੈਂਬਰ ਹਨ ਅਤੇ ਇਹ ਇਸੇ ਵਿਭਾਗ ਦੇ ਮੰਤਰੀ ਵੀ ਰਹੇ ਹਨ । ਮੰਤਰੀ ਸਾਹਿਬ ਨੇ ਡੀਟੇਲ ਦੇ ਦਿੱਤੀ ਹੈ । ਇਨ੍ਹਾਂ ਨੇ ਉਸੇ ਵਿਚੋਂ ਹੀ ਪੁਆਇੰਟ ਰੇਜ਼ ਕੀਤਾ ਹੈ । Sir, You know, that we have got the information. If that is contradictory, he should point out. ਜੋ ਇਨ੍ਹਾਂ ਨੇ ਸਪਲੀਮੈਂਟਰੀ ਕੀਤੀ ਹੈ, ਉਸ ਸਬੰਧੀ ਉਤਰ ਪਹਿਲਾਂ ਹੀ ਸਦਨ ਦੀ ਮੇਜ਼ ਤੇ ਰੱਖ ਦਿੱਤਾ ਗਿਆ ਹੈ ।

ਮੰਤਰੀ : ਸਪੀਕਰ ਸਾਹਿਬ, ਜਿਹੜੀ ਮੇਰੇ ਕੋਲ ਡੀਟੇਲ ਹੈ ਉਸਦੇ ਵਿੱਚ ਲਿਖਣ ਵਿੱਚ ਗਲਤੀ ਹੋਈ ਹੈ । ਕੁਲ 803.18 ਲੱਖ ਰੁਪਏ ਰੱਖੇ ਗਏ ਹਨ ।

ਸ੍ਰੀ ਸਪੀਕਰ : ਤੁਸੀਂ ਜਵਾਬ ਦੋਬਾਰਾ ਮੰਗਵਾ ਲਉ । ਇਹ ਕੁਐਸਚਨ ਪੋਸਟਪੋਨ ਕੀਤਾ ਜਾਂਦਾ ਹੈ । ਮਹਿਕਮੇ ਤੋਂ ਮੰਤਰੀ ਜੀ, ਤੁਸੀਂ ਦੋਬਾਰਾ ਜਵਾਬ ਮੰਗਵਾ ਲਉ । ਅਗਲਾ ਸਵਾਲ ਕਾਮਰੇਡ ਹਰਦੇਵ ਅਰਸ਼ੀ । The question is postponed.

ਜ਼ਿਲ੍ਹਾ ਯੋਜਨਾਬੰਦੀ ਅਤੇ ਵਿਕਾਸ ਬੋਰਡਾਂ ਨੂੰ ਮੁੜ ਬਣਾਉਣਾ

*385. **ਕਾਮਰੇਡ ਹਰਦੇਵ ਅਰਸ਼ੀ**: ਕੀ ਵਿੱਤ ਅਤੇ ਯੋਜਨਾਬੰਦੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਜ਼ਿਲ੍ਹਾ ਯੋਜਨਾਬੰਦੀ ਅਤੇ ਵਿਕਾਸ ਬੋਰਡਾਂ ਨੂੰ ਮੁੜ ਬਣਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਬੋਰਡਾਂ ਵਿਚ ਨਿਯੁਕਤ ਕੀਤੇ ਜਾਣ ਵਾਲੇ ਮੈਂਬਰਾਂ ਦੇ ਵੇਰਵੇ ਕੀ ਹਨ ਅਤੇ ਬੋਰਡਾਂ ਵਿਚ ਮੈਂਬਰ ਨਾਮਜ਼ਦ ਕੀਤੇ ਜਾਣ ਲਈ ਕੀ ਕਸੌਟੀ ਅਪਣਾਈ ਗਈ ਹੈ ?

ਕੈਪਟਨ ਕੰਵਲਜੀਤ ਸਿੰਘ: ਹਾਂ ਜੀ । ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਸਰਕਾਰ ਵੱਲੋਂ ਮਿਤੀ 3-6-97 ਨੂੰ ਕੀਤੀ ਗਈ ਨੋਟੀਫਿਕੇਸ਼ਨ ਰਾਹੀਂ ਪੁਨਰਗਠਿਤ ਕਰ ਦਿੱਤੇ ਗਏ ਹਨ । ਇਨ੍ਹਾਂ ਬੋਰਡਾਂ ਵਿੱਚ ਨਿਯੁਕਤ ਅਤੇ ਨੋਮੀਨੇਟ ਕੀਤੇ ਜਾਣ ਵਾਲੇ ਮੈਂਬਰਾਂ ਦੀ ਡਿਟੇਲ ਅੰਤਿਕਾ-1 ਤੇ ਨਾਲ ਲਗਾਈ ਜਾਂਦੀ ਹੈ ।

[ਵਿੱਤ ਅਤੇ ਯੋਜਨਾਬੰਦੀ ਮੰਤਰੀ]

ਅੰਤਿਕਾ–1

ਪੰਜਾਬ ਸਰਕਾਰ

ਯੋਜਨਾਬੰਦੀ ਵਿਭਾਗ

ਨੋਟੀਫਿਕੇਸ਼ਨ

ਮਿਤੀ 3 ਜੂਨ, 1997

ਨੰ: 2/1/ਪ੍ਰਸਪ੍ਰਬ/ਐਲ.ਪੀ.ਡੀ./ਖੋ. ਅ. (II)-97/3987 ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ: 2/8/88-ਐਲ. ਪੀ.ਡੀ.-II/8238, ਮਿਤੀ 19 ਅਗਸਤ, 1993 ਦੇ ਅਧਿਲੰਘਣ ਵਿੱਚ ਪੰਜਾਬ ਦੇ ਗਵਰਨਰ ਪੰਜਾਬ ਦੇ ਹਰ ਇੱਕੇ ਜ਼ਿਲ੍ਹੇ ਲਈ ਨਿਮਨ-ਲਿਖਤ ਅਨੁਸਾਰ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਾਂ ਦੇ ਪੁਨਰਗਠਨ ਦੀ ਖੁਸ਼ੀ ਲੈਂਦੇ ਹਨ :—

1.	ਕੈਬਨਿਟ ਮੰਤਰੀ ..	ਚੇਅਰਮੈਨ
2.	ਸਟੇਟ ਮੰਤਰੀ ..	ਚੇਅਰਮੈਨ/ਵਾਈਸ ਚੇਅਰਮੈਨ
3.	ਪਾਰਲੀਮੈਂਟ ਦੇ ਸਾਰੇ ਮੌਜੂਦਾ ਮੈਂਬਰ ਜਿਨ੍ਹਾਂ ਦਾ ਹਲਕਾ ਪੂਰੀ ਤਰ੍ਹਾਂ ਜਾਂ ਹਲਕੇ ਦਾ ਕੁੱਝ ਹਿੱਸਾ ਜ਼ਿਲ੍ਹੇ ਵਿੱਚ ਪੈਂਦਾ ਹੋਵੇ ..	ਮੈਂਬਰ
4.	ਪੰਜਾਬ ਵਿਧਾਨ ਸਭਾ ਦੇ ਸਪੀਕਰ, ਡਿਪਟੀ ਸਪੀਕਰ ਅਤੇ ਹਰ ਮੰਤਰੀ ਵਲੋਂ ਆਪਣੀ ਥਾਂ ਤੇ ਆਪਣੇ ਹਲਕੇ ਵਿਚੋਂ ਆਪਣੀ ਚੋਣ ਦਾ ਇਕ ਨੁਮਾਇੰਦਾ ..	ਮੈਂਬਰ
5.	ਯੂਨੀਅਨ ਮੰਤਰੀਆਂ ਵਲੋਂ ਆਪਣੀ ਜਗ੍ਹਾ ਤੇ ਆਪਣੇ ਹਲਕੇ ਵਿਚੋਂ ਆਪਣੀ ਚੋਣ ਦਾ ਇਕ ਨੁਮਾਇੰਦਾ ..	ਮੈਂਬਰ
6.	ਚਾਰ ਨਾਨ-ਆਫੀਸ਼ੀਅਲ ਮੈਂਬਰ ਜਿਨ੍ਹਾਂ ਦੀ ਨਿਯੁਕਤੀ ਰਾਜ ਸਰਕਾਰ ਵਲੋਂ ਕੀਤੀ ਜਾਵੇਗੀ।	ਮੈਂਬਰ
7.	ਜ਼ਿਲ੍ਹੇ ਦੇ ਸਾਰੇ ਮੌਜੂਦਾ ਐਮ. ਐਲ. ਏ. ..	ਮੈਂਬਰ
8.	ਜ਼ਿਲ੍ਹੇ ਦੀ ਹਰ ਇਕ ਸਬ-ਡਵੀਜ਼ਨ ਵਿਚੋਂ ਇਕ ਸਰਪੰਚ ਜੋ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਸਿਫਾਰਸ਼ਾਂ ਤੇ ਰਾਜ ਸਰਕਾਰ ਦੀ ਮੰਜ਼ੂਰੀ ਉਪਰੰਤ ਨਿਯੁਕਤ ਕੀਤਾ ਜਾਵੇਗਾ। ..	ਮੈਂਬਰ

9. ਡਿਪਟੀ ਕਮਿਸ਼ਨਰ .. ਮੈਂਬਰ ਸਕੱਤਰ

10. ਅਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ) .. ਅਡੀਸ਼ਨਲ ਸਕੱਤਰ

2. ਚੇਅਰਮੈਨ ਦੀ ਗੈਰ-ਹਾਜ਼ਰੀ ਵਿੱਚ ਵਾਈਸ ਚੇਅਰਮੈਨ ਮੀਟਿੰਗ ਦੀ ਪ੍ਰਧਾਨਗੀ ਕਰਨਗੇ ।

3. ਚੁਣੇ ਹੋਏ ਮੈਂਬਰ ਦੀ ਮਿਆਦ ਦਾ ਸਮਾਂ ਉਸ ਦੀ ਵਿਅਕਤੀਗਤ ਹੈਸੀਅਤ ਦੀ ਮਿਆਦ ਅਨੁਸਾਰ ਹੋਵੇਗਾ । ਜਦੋਂ ਕਿ ਨਾਮਜ਼ਦ ਕੀਤੇ ਗਏ ਮੈਂਬਰ ਅਤੇ ਨਾਨ ਆਫੀਸ਼ੀਅਲ ਮੈਂਬਰਾਂ ਦੀ ਮਿਆਦ ਦੋ ਸਾਲ ਦੀ ਹੋਵੇਗੀ । ਜੇਕਰ ਕੋਈ ਨਾਮਜ਼ਦ ਕੀਤਾ ਗਿਆ ਮੈਂਬਰ ਬੋਰਡ ਦੀਆਂ ਤਿੰਨ ਲਗਾਤਾਰ ਮੀਟਿੰਗਾਂ ਵਿੱਚ ਬਿਨਾ ਕਿਸੇ ਉਚਿਤ ਕਾਰਨ ਅਤੇ ਚੇਅਰਮੈਨ ਨੂੰ ਪਹਿਲਾਂ ਦੱਸੇ ਬਗੈਰ ਹਾਜ਼ਰ ਨਹੀਂ ਹੁੰਦਾ, ਤਾਂ ਉਹ ਬੋਰਡ ਦਾ ਮੈਂਬਰ ਰਿਹਾ ਨਹੀਂ ਸਮਝਿਆ ਜਾਵੇਗਾ ਅਤੇ ਉਸ ਦੀ ਜਗ੍ਹਾ ਤੇ ਨਵਾਂ ਮੈਂਬਰ ਨਾਮਜ਼ਦ ਕੀਤਾ ਜਾ ਸਕਦਾ ਹੈ ।

4. ਜ਼ਿਲ੍ਹਾ ਪੱਧਰ ਦੇ ਸਾਰੇ ਸਬੰਧਤ ਅਫ਼ਸਰ ਬੋਰਡ ਦੀਆਂ ਮੀਟਿੰਗਾਂ ਵਿੱਚ ਹਾਜ਼ਰ ਰਹਿਣਗੇ । ਜ਼ਿਲ੍ਹੇ ਦਾ ਉਪ ਅਰਥ ਅਤੇ ਅੰਕੜਾ ਸਲਾਹਕਾਰ, ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਦੇ ਕੰਮ ਕਾਜ ਵਿੱਚ ਲੋੜੀਂਦੀ ਸਕੱਤਰੇਤ ਸਹਾਇਤਾ ਯਕੀਨੀ ਬਣਾਵੇਗਾ ਅਤੇ ਇਹ ਯਕੀਨੀ ਬਣਾਵੇਗਾ ਕਿ ਰਾਜ ਯੋਜਨਾਬੰਦੀ ਵਿਭਾਗ ਵਲੋਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਗਈਆਂ ਸਾਰੀਆਂ ਹਦਾਇਤਾਂ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਦੇ ਮੈਂਬਰਾਂ ਦੇ ਧਿਆਨ ਵਿਚ ਲਿਆ ਦਿੱਤੀਆਂ ਜਾਂਦੀਆਂ ਹਨ । ਉਸਨੂੰ ਸਾਰੇ ਕੰਮਾਂ/ਸਕੀਮਾਂ ਦਾ ਮੁਆਇਨਾ ਕਰਨ ਦਾ ਅਤੇ ਯੋਜਨਾਬੰਦੀ ਵਿਭਾਗ ਨੂੰ ਰੈਗੂਲਰ ਰਿਪੋਰਟਾਂ ਭੇਜਣ ਦਾ ਅਧਿਕਾਰ ਹੋਵੇਗਾ ।

5. ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਦੇ ਕਾਰਜ ਨਿਮਨ ਅਨੁਸਾਰ ਹੋਣਗੇ :—

(1) ਲੋਕਾਂ ਦੀਆਂ ਲੋੜਾਂ ਅਤੇ ਸਥਾਨਕ ਅਗੇਤਤਾਵਾਂ ਦੇ ਅਧਾਰ ਤੇ ਦੀਰਘ-ਕਾਲੀ ਜ਼ਿਲ੍ਹਾ ਪਰਿਪੇਖ ਯੋਜਨਾ ਬਣਾਉਣੀ ਅਤੇ ਜ਼ਿਲ੍ਹੇ ਦੇ ਯੋਜਨਾਬੰਦੀ ਵਿਕਾਸ ਦੀ ਨੀਤੀ ਤਿਆਰ ਕਰਨੀ ।

(2) ਹਰੇਕ ਸਾਲ ਦੇ ਸ਼ੁਰੂ ਹੋਣ ਤੋਂ ਪਹਿਲਾਂ ਪਲਾਨ ਫੰਡਜ ਰਾਜ ਮੰਡੀਕਰਨ ਬੋਰਡ, ਰਾਜ ਦਿਹਾਤੀ ਵਿਕਾਸ ਬੋਰਡ ਅਤੇ ਕਮਿਊਨਟੀ ਅੰਸ਼ਦਾਨ ਤੇ ਉਪਲਬੱਧ ਸਾਧਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੀਮਾਂ/ਪ੍ਰੋਗਰਾਮਾਂ ਦੀ ਅਗੇਤਵਾਰ ਸੂਚੀ ਤਿਆਰ ਕਰਨੀ ।

(3) ਸਕੀਮਾਂ/ਪ੍ਰੋਗਰਾਮਾਂ ਅਤੇ ਪ੍ਰਾਜੈਕਟਾਂ ਨੂੰ ਉਚਿਤ ਤੌਰ ਤੇ ਅਮਲੀ ਰੂਪ ਦੇਣ ਲਈ ਢੁਕਵੇਂ ਉਪਰਾਲੇ ਕਰਨੇ ।

(4) ਪ੍ਰਾਜੈਕਟਾਂ ਦੀ ਪ੍ਰਗਤੀ ਦਾ ਨਿਰੀਖਣ ਕਰਨਾ ਅਤੇ ਇਸ ਮੰਤਵ ਲਈ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਲੋੜ ਅਨੁਸਾਰ ਅਕਸਰ ਮੀਟਿੰਗਾਂ

[ਵਿੱਤ ਅਤੇ ਯੋਜਨਾਬੰਦੀ ਮੰਤਰੀ]

ਕਰੇਗਾ । ਬੋਰਡ ਕਾਰਗੁਜਾਰੀ ਸਬੰਧੀ ਰਿਪੋਰਟਾਂ ਰਾਜ ਯੋਜਨਾ ਅਤੇ ਵਿਕਾਸ ਬੋਰਡ ਨੂੰ ਬਕਾਇਦਾ ਵਕਫੇ ਤੇ ਭੇਜੇਗਾ ।

(5) ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਅਤੇ ਉਨ੍ਹਾਂ ਦਾ ਆਪਣੇ ਨੇਤਾਵਾਂ ਪ੍ਰਤੀ ਵੱਧ ਤੋਂ ਵੱਧ ਵਿਸ਼ਵਾਸ ਅਤੇ ਵਿਕਾਸ ਪ੍ਰਾਜੈਕਟਾਂ ਨੂੰ ਅਮਲੀ ਰੂਪ ਦੇਣ ਦੀ ਸਮਰਥਾ ਨੂੰ ਯਕੀਨੀ ਬਨਾਉਣ ਲਈ ਪੰਚਾਇਤਾਂ ਅਤੇ ਹੋਰਨਾਂ ਸਥਾਨਕ ਸੰਸਥਾਵਾਂ ਨੂੰ ਵਿਕਾਸ ਪ੍ਰਾਜੈਕਟਾਂ ਦੇ ਕੰਮ ਨੂੰ ਅਮਲ ਵਿਚ ਲਿਆਉਣ ਲਈ ਹੱਥ ਵਿੱਚ ਲੈਣ ਵਾਸਤੇ ਉਤਸ਼ਾਹਿਤ ਕਰਨਾ । ਇਹ ਸ਼ਮੂਲੀਅਤ ਮਾਲੀ ਅਤੇ ਜਿਸਮਾਨੀ ਦੋਹਾਂ ਤਰ੍ਹਾਂ ਦੀ ਹੋਣੀ ਚਾਹੀਦੀ ਹੈ ।

(6) ਰਾਜ ਯੋਜਨਾ ਬੋਰਡ ਦੁਆਰਾ ਸੌਂਪਿਆ ਜਾਣ ਵਾਲਾ ਕੋਈ ਵੀ ਹੋਰ ਸਬੰਧਤ ਕਾਰਜ ।

ਚੇਅਰਮੈਨ, ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਦੁਆਰਾ ਨਿਰਧਾਰਿਤ ਕੀਤੀ ਜਾਣ ਵਾਲੀ ਥਾਂ ਤੇ ਸਮੇਂ-ਸਮੇਂ ਸਿਰ ਇਸ ਬੋਰਡ ਦੀ ਮੀਟਿੰਗ ਹੋਇਆ ਕਰੇਗੀ ।

ਚੰਡੀਗੜ੍ਹ, (ਏ. ਕੇ. ਦੂਬੇ)

ਮਿਤੀ : 17-5-1997 ਸਕੱਤਰ, ਪੰਜਾਬ ਸਰਕਾਰ

ਯੋਜਨਾਬੰਦੀ ਵਿਭਾਗ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਉੱਤਰ ਦਿਤਾ ਹੈ ਉਸਦੇ ਕਾਲਮ 1 ਤੋਂ 10 ਤੱਕ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਦੇ ਜੋ ਮੈਂਬਰ ਹੋਣਗੇ ਉਸਦੀ ਡੀਟੇਲ ਹੈ । ਇਨ੍ਹਾਂ ਵਿਚੋਂ ਬਾਕੀ ਦੇ ਉਤੇ ਜਾਂ ਕਿਸੇ ਤੇ ਕੋਈ ਇਤਰਾਜ ਨਹੀਂ, ਸਾਰਾ ਡੈਮੋਕਰੇਟਿਕ ਤਰੀਕੇ ਨਾਲ ਠੀਕ ਹੈ। ਪਰ ਮੈਨੂੰ ਮੱਦ ਨੰ: 6 ਅਤੇ 8 ਤੇ ਜ਼ਰੂਰ ਇਤਰਾਜ ਹੈ ਜਿਨ੍ਹਾਂ ਵਿਚ ਲਿਖਿਆ ਹੈ ਕਿ ਚਾਰ ਨਾਨ-ਅੱਫੀਸ਼ੀਅਲ ਮੈਂਬਰ ਰਾਜ ਸਰਕਾਰ ਵਲੋਂ ਨਿਯੁਕਤ ਕੀਤੇ ਜਾਣਗੇ ਅਤੇ ਕਾਲਮ-8 ਵਿੱਚ ਲਿਖਿਆ ਹੈ ਕਿ ਹਰ ਇਕ ਸਬ-ਡਵੀਜ਼ਨ ਵਿਚੋਂ ਇੱਕ ਸਰਪੰਚ ਹੋਵੇਗਾ। ਉਹ ਬਲਾਕ ਦੇ ਸਮੂਹ ਸਰਪੰਚਾਂ ਵਿੱਚ ਇਲੈਕਸ਼ਨ ਰਾਹੀਂ ਨਿਯੁਕਤ ਨਹੀਂ ਹੋਵੇਗਾ, ਬਲਕਿ ਜ਼ਿਲ੍ਹੇ ਦੀ ਐਡਮਨਿਸਟਰੇਸ਼ਨ ਰਿਕੁਮੈਂਡੇਸ਼ਨ ਕਰੇਗੀ, ਸਿਫਾਰਸ਼ ਕਰੇਗੀ ਔਰ ਫਿਰ ਪੰਜਾਬ ਸਰਕਾਰ ਨਾਮੀਨੇਟ ਕਰੇਗੀ। ਇਸਦਾ ਮਤਲਬ ਇਹ ਹੋਇਆ ਕਿ ਸਿਰਫ ਰੂਲਿੰਗ ਪਾਰਟੀ ਦੇ ਹੀ ਬੰਦੇ ਆਉਣਗੇ ਕਿਉਂਕਿ ਡੈਮੋਕਰੇਸੀ ਤਾਂ ਚੋਣ ਨਾਲ ਹੀ ਆ ਸਕਦੀ ਹੈ । ਇਸ ਕਰਕੇ ਕੀ ਖਜ਼ਾਨਾ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਅਜਿਹਾ ਗੈਰ-ਜਮਹੂਰੀ ਤਰੀਕਾ ਤਾਂ ਨਹੀਂ ਅਪਣਾਇਆ ਜਾਵੇਗਾ ਕਿਉਂਕਿ ਅਜਿਹੀ ਪ੍ਰੈਕਟਿਸ ਪਹਿਲਾਂ ਕਦੇ ਵੀ ਨਹੀਂ ਹੋਈ ? ਇਸ ਤੋਂ ਇਲਾਵਾ ਜਿਹੜੇ ਇਲੈਕਟਿਡ ਮੈਂਬਰ ਹਨ ਜਾਂ ਜਿਹੜੇ ਸਰਪੰਚ ਇਲੈਕਟ ਹੋ ਕੇ ਆਉਂਦੇ ਹਨ, ਕੀ ਉਨ੍ਹਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ ? (ਵਿਘਨ) ਸਪੀਕਰ ਸਾਹਿਬ, ਕਿਰਪਾ ਕਰਕੇ ਮੈਂਬਰ ਸਾਹਿਬਾਨ ਨੂੰ ਕਹੋ ਕਿ ਉਹ ਵਿੱਚ ਨਾ ਬੋਲਿਆ ਕਰਨ ਕਿਉਂਕਿ ਮੈਂ ਆਪਣੀ ਕੋਈ ਵੀ ਗੱਲ ਟੈਕਟਸ ਤੋਂ ਬਿਨ੍ਹਾਂ ਨਹੀਂ ਕਰਦਾ ।

ਮੰਤਰੀ : ਸਪੀਕਰ ਸਾਹਿਬ, ਜ਼ਿਲ੍ਹਾ ਯੋਜਨਾ ਬੋਰਡ ਦੀਆਂ ਕੰਡੀਸ਼ਨਾਂ ਕਈ ਵਾਰ ਚੇਂਜ ਕੀਤੀਆਂ ਗਈਆਂ। ਇਸਦਾ ਵੇਰਵਾ ਜੇ ਮੈਂਬਰ ਸਾਹਿਬ ਚਾਹੁੰਣ ਤਾਂ ਮੈਂ ਦੇ ਦੇਵਾਂਗਾ। ਸਾਡੀ ਕੋਸ਼ਿਸ਼ ਹੈ ਕਿ ਸੂਬੇ ਦਾ ਔਰ ਜ਼ਿਲ੍ਹਿਆਂ ਦਾ ਜਿਹੜਾ ਵਿਕਾਸ ਹੈ, ਜੋ ਪਲਾਨਿੰਗ ਹੈ, ਉਹ ਇਸ ਮਿਆਰ ਦੀ ਕੀਤੀ ਜਾਵੇ ਕਿ ਜਿਹੜੀਆਂ ਆਸ਼ਾਵਾਂ ਪੰਜਾਬੀ ਸਾਥੋਂ ਲਾਈ ਬੈਠੇ ਹਨ, ਉਨ੍ਹਾਂ ਦੀ ਅਸੀਂ ਪੂਰਤੀ ਕਰ ਸਕੀਏ। ਇਸ ਕਾਰਣ ਸਰਕਾਰ ਦੀ ਇਹ ਰਾਏ ਹੈ ਕਿ ਹਰ ਉਹ ਵਿਅਕਤੀ ਚਾਹੇ ਉਹ ਕਮਿਊਨਿਸਟ ਹੋਵੇ, ਚਾਹੇ ਪਬਲਿਕ-ਮੈਨ ਹੋਵੇ, ਚਾਹੇ ਪਲਾਨਿੰਗ ਕਮਿਸ਼ਨ ਨਾਲ ਸਬੰਧ ਰੱਖਦਾ ਹੋਵੇ, ਸਮਾਜ-ਸੇਵੀ ਹੋਵੇ, ਉਨ੍ਹਾਂ ਸਾਰਿਆਂ ਨੂੰ ਇਸ ਪਲਾਨਿੰਗ ਦੇ ਪ੍ਰਾਸੈਸ ਨਾਲ ਜੋੜਿਆ ਜਾਵੇ। ਅਸੀਂ ਜਿਹੜੀ ਨੰਬਰ-6 ਤੇ ਸੋਧ ਕੀਤੀ ਹੈ, ਉਹ ਇਸੀ ਗੱਲ ਨੂੰ ਮੁੱਖ ਰੱਖ ਕੇ ਕੀਤੀ ਹੈ ਤਾਂ ਕਿ ਇੱਕ ਨਵੀਂ ਰੂਹ ਪੰਜਾਬ ਦੀ ਪਲਾਨਿੰਗ ਵਿੱਚ ਲਿਆਂਦੀ ਜਾਵੇ। ਇਸਤੋਂ ਇਲਾਵਾ ਨੰਬਰ-8 ਤੇ ਸਰਪੰਚਾਂ ਬਾਰੇ ਜ਼ਿਕਰ ਕੀਤਾ ਗਿਆ ਹੈ। ਚਾਰ ਸਾਲ ਤੋਂ ਉਪਰ ਪੰਚਾਂ-ਸਰਪੰਚਾਂ ਨੂੰ ਕੰਮ ਕਰਦਿਆਂ ਹੋ ਗਏ ਹਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਸਰਪੰਚ ਐਸੇ ਹਨ ਜਿਨ੍ਹਾਂ ਦਾ ਕੰਮ ਸ਼ਲਾਘਾਯੋਗ ਹੈ। ਉਨ੍ਹਾਂ ਨੇ ਆਪਣੇ ਪਿੰਡ ਵਿੱਚ ਐਸੇ ਕੰਮ ਕੀਤੇ ਹਨ ਜਿਨ੍ਹਾਂ ਨਾਲ ਉਨ੍ਹਾਂ ਦਾ ਪਿੰਡ ਅੱਗੇ ਗਿਆ ਹੈ। ਅਸੀਂ ਉਨ੍ਹਾਂ ਦੇ ਤਜਰਬੇ ਔਰ ਯੋਗਦਾਨ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਕਿ ਉਨ੍ਹਾਂ ਸਾਰਿਆਂ ਨੂੰ ਜੋੜ ਕੇ ਇੱਕ ਅੱਛੀ ਮਿਆਰ ਦੀ ਪਲਾਨਿੰਗ ਦੇ ਸਕੀਏ। ਸਪੀਕਰ ਸਾਹਿਬ, ਇਸ ਕਰਕੇ ਇਹ ਸੋਧਾਂ ਕੀਤੀਆਂ ਗਈਆਂ ਹਨ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਠੀਕ ਹੈ ਮੈਨੂੰ ਕੋਈ ਇਤਰਾਜ਼ ਨਹੀਂ। ਇਨ੍ਹਾਂ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਔਰ ਇਨ੍ਹਾਂ ਨੇ ਆਪਣਾ ਪੱਖ ਦੱਸ ਦਿੱਤਾ ਹੈ ਪਰ ਇਹ ਗੈਰ-ਜਮਹੂਰੀ ਹੈ ਕਿਉਂਕਿ ਪਿੱਛੇ ਇਹੋ ਜਿਹੀ ਕੋਈ ਪਰੰਪਰਾ ਨਹੀਂ ਸੀ। ਮੇਰੀ ਦੂਸਰੀ ਸਪਲੀਮੈਂਟਰੀ ਇਹ ਹੈ ਕਿ ਜਿਸ ਤਰ੍ਹਾਂ ਸਬੋਰਡੀਨੇਟ ਕਮੇਟੀਆਂ ਵਿੱਚ ਦੂਸਰੀਆਂ ਰਾਜਨੀਤਿਕ ਪਾਰਟੀਆਂ ਦੇ ਮੈਂਬਰ ਸ਼ਾਮਲ ਕੀਤੇ ਜਾਂਦੇ ਹਨ, ਉਸੇ ਤਰ੍ਹਾਂ ਕੀ ਪਲਾਨਿੰਗ ਕਮੇਟੀਆਂ ਵਿੱਚ ਵੀ ਦੂਸਰੀਆਂ ਰਾਜਨੀਤਿਕ ਪਾਰਟੀਆਂ ਜਾਂ ਨੈਸ਼ਨਲ ਪਾਰਟੀਆ ਜਾਂ ਮਾਨਤਾ ਪਰਾਪਤ ਪਾਰਟੀਆ ਦਾ ਇੱਕੋ ਇੱਕ ਨੁਮਾਇੰਦਾ ਸ਼ਾਮਲ ਕਰਨ ਤੇ ਇਨ੍ਹਾਂ ਵੱਲੋਂ ਵਿਚਾਰ ਕੀਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਜ਼ਿਲ੍ਹਾ ਯੋਜਨਾ ਬੋਰਡ ਔਰ ਸੂਬੇ ਦਾ ਜੋ ਯੋਜਨਾ ਬੋਰਡ ਹੈ ਉਹ ਐਗਜ਼ੈਕਟਿਵ ਆਰਡਰ ਨਾਲ ਬਣਦਾ ਹੈ। ਜ਼ਿਲ੍ਹਾ ਯੋਜਨਾ ਬੋਰਡ ਕਿਸੇ ਸਟੈਚੂਟਰੀ ਜਾਂ ਲੀਗਲ ਪਾਬੰਦੀ ਨਾਲ ਨਹੀਂ ਬਣਾਇਆ ਗਿਆ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਲਾਨਿੰਗ ਬੋਰਡ ਪੁਲੀਟੀਕਲ ਪਾਰਟੀਆਂ ਦੇ ਫੋਰਮ ਨਹੀਂ ਹਨ। ਇਹ ਫੋਰਮ ਟਰੇਂਡ, ਐਕਸਪਰਟ ਔਰ ਉਹ ਸੱਜਣ ਜੋ ਕੁਝ ਦੇ ਸਕਦੇ ਹਨ, ਉਨ੍ਹਾਂ ਵਾਸਤੇ ਹਨ ਲੇਕਿਨ ਪੁਲੀਟੀਕਲ ਪਾਰਟੀਆਂ ਵਿੱਚੋਂ ਵੀ ਜੋ ਕੋਈ ਸ਼ਰਤਾਂ ਪੂਰੀਆਂ ਕਰੇਗਾ, ਉਸ ਦਾ ਕੇਸ ਜ਼ਰੂਰ ਕੰਸਿਡਰ ਕੀਤਾ ਜਾਵੇਗਾ। (ਥੰਪਿੰਗ)

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਪ੍ਰਥਮ ਸ੍ਰੀ ਹਰਦੇਵ ਅਰਸ਼ੀ ਦਾ ਧੰਨਵਾਦੀ ਹਾਂ.....

ਸ੍ਰੀ ਸਪੀਕਰ : ਤੁਸੀਂ ਸਵਾਲ ਪੁੱਟ ਕਰੋ।

ਸਰਦਾਰ ਗੁਰਦੇਵ ਸਿੰਘ ਸਿੱਧੂ : ਅੱਜ ਇਨ੍ਹਾਂ ਨੇ ਗੈਰ-ਜਮਹੂਰੀਅਤ ਵਾਲੀ ਗੱਲ ਕਹੀ ਹੈ। (ਵਿਘਨ) ਸ਼ਾਇਦ ਇਨ੍ਹਾਂ ਨੇ ਐਨਕਾਂ ਬਦਲ ਲਈਆਂ ਹਨ। ਪਿਛਲੀ ਸਰਕਾਰ ਸਮੇਂ ਸਤਿਕਾਰਯੋਗ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਦੇ ਸਮੇਂ ਪਲਾਨਿੰਗ ਬੋਰਡ ਦੀ ਚੋਣ ਹੋਣੀ ਸੀ। ਸੰਗਰੂਰ ਵਿੱਚ ਚੋਣ ਹੋਣੀ ਸੀ ਪਰ .....

ਸ਼੍ਰੀ ਸਪੀਕਰ : ਤੁਸੀਂ ਸਵਾਲ ਪੁੱਛ ਕਰੋ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਚੋਣਾਂ ਕਿਸਾਨ ਭਵਨ ਵਿੱਚ ਕਰਵਾਈਆਂ ਗਈਆਂ। ਬਕਸਾ ਲਾਸਟ ਕਮਰੇ ਵਿੱਚ ਰੱਖਿਆ ਗਿਆ। ਕਮਰੇ ਦੇ ਬਾਹਰ ਪੁਲਿਸ ਮੁਲਾਜ਼ਮ ਖੜ੍ਹੇ ਸਨ। ਸਾਡੇ ਬੰਦੇ ਅਰੈਸਟ ਕੀਤੇ ਗਏ। (ਵਿਘਨ) ਇਹ ਚੋਣ ਇਕੱਲੀ ਪਾਰਟੀ ਦੀ ਹੀ ਕਰਵਾਈ ਗਈ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਜੇ ਅਜਿਹਾ ਨਾ ਹੋਵੇ ਤਾਂ ਮੈਂ ਅਸਤੀਫਾ ਦੇ ਦੇਵਾਂਗਾ।

ਸ਼੍ਰੀ ਸਪੀਕਰ : ਤੁਸੀਂ ਸਵਾਲ ਪੁੱਛੋ।

ਕਾਮਰੇਡ ਹਰਦੇਵ ਅਰਸ਼ੀ : (ਬੈਠੇ, ਬੈਠੇ) ਜੋ ਕੁਝ ਇਹ ਕਰਦੇ ਰਹੇ, ਉਹੀ ਕੁਝ ਤੁਸੀਂ ਕਰੋਗੇ।

Mr. Speaker : Next Question.

ਟਰਾਂਸਫਾਰਮਰਾਂ ਦੀ ਮੁਰੰਮਤ

*426. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1994 ਤੋਂ 1996 ਤੱਕ ਦੇ ਸਮੇਂ ਦੌਰਾਨ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਟਰਾਂਸਫਾਰਮਰਾਂ ਦੀ ਮੁਰੰਮਤ ਤੇ ਸਾਲ-ਵਾਰ ਕਿੰਨੀ ਰਕਮ ਖ਼ਰਚ ਕੀਤੀ ਗਈ;

(ਅ) ਉਨ੍ਹਾਂ ਸਰਕਾਰੀ/ਪ੍ਰਾਈਵੇਟ ਕੰਪਨੀਆਂ ਦੇ ਨਾਂ ਅਤੇ ਪਤੇ ਕੀ-ਕੀ ਹਨ ਜਿਨ੍ਹਾਂ ਤੋਂ ਉਪਰੋਕਤ ਭਾਗ (ੳ) ਵਿਚ ਵਰਣਿਤ ਟਰਾਂਸਫਾਰਮਰਾਂ ਦੀ ਮੁਰੰਮਤ ਕਰਵਾਈ ਗਈ ਸੀ ਅਤੇ ਇਸ ਸਮੇਂ ਟਰਾਂਸਫਾਰਮਰਾਂ ਦੀ ਮੁਰੰਮਤ ਦੇ ਲਈ ਪੰਜਾਬ ਰਾਜ ਬਿਜਲੀ ਬੋਰਡ ਦੀਆਂ ਆਪਣੀਆਂ ਕੁਲ ਕਿੰਨੀਆਂ ਵਰਕਸ਼ਾਪਾਂ ਹਨ ਅਤੇ ਹਰ ਇਕ ਵਰਕਸ਼ਾਪ ਦੀ ਸਮਰੱਥਾ ਕੀ ਹੈ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਟਰਾਂਸਫਾਰਮਰਾਂ ਦੀ ਮੁਰੰਮਤ ਤੇ ਸਾਲਵਾਰ ਨਿਮਨ ਅਨੁਸਾਰ ਖ਼ਰਚ ਕੀਤਾ ਗਿਆ :—

ਸਾਲ	ਖਰਚਾ
1994	2245-00 ਲੱਖ ਰੁਪਏ
1995	2023-70 ਲੱਖ ਰੁਪਏ
1996	2579-75 ਲੱਖ ਰੁਪਏ

(ਅ) (1) ਪਬਲਿਕ ਸੈਕਟਰ/ਪ੍ਰਾਈਵੇਟ ਕੰਪਨੀਆਂ, ਜਿੰਨ੍ਹਾਂ ਵਲੋਂ ਭਾਗ 'ੳ' ਵਿੱਚ ਦਰਸਾਏ ਟਰਾਂਸਫਾਰਮਰਾਂ ਦੀ ਮੁਰੰਮਤ ਕਰਵਾਈ ਗਈ ਹੈ, ਦੀ ਸੂਚੀ ਅਨੁਲਗ 'ਅ' ਅਤੇ 'ਸ' ਤੇ ਰੱਖੀ ਜਾਂਦੀ ਹੈ ।

(2) ਪੰਜਾਬ ਰਾਜ ਬਿਜਲੀ ਬੋਰਡ ਦੀਆਂ ਵਰਕਸ਼ਾਪਾਂ ਦੀ ਗਿਣਤੀ	ਹਰ ਇਕ ਵਰਕਸ਼ਾਪ ਦੀ ਮੁਰੰਮਤ ਲਈ ਮਾਲਾਨਾ ਔਸਤਨ ਸਮਰੱਥਾ
(i) ਡਿਸਟਰੀਬਿਊਸ਼ਨ ਟਰਾਂਸਫਾਰਮਰ-11	968
(ii) ਪਾਵਰ ਟਰਾਂਸਫਾਰਮਰ-5	6

ਅੰਤਕਾ 'ਅ'

ਪਬਲਿਕ ਸੈਕਟਰ ਅਦਾਰਿਆਂ ਦੇ ਨਾਂ ਅਤੇ ਪਤੇ

1 ਮੈਸਰਜ਼ ਭਾਰਤ ਹੈਵੀ ਇਲੈਕਟਰੀਕਲ ਲਿਮਟਿਡ, ਹੈਦਰਾਬਾਦ

2. ਪੰਜਾਬ ਰਾਜ ਬਿਜਲੀ ਬੋਰਡ ਦੀਆਂ ਮੁਰੰਮਤ ਵਰਕਸ਼ਾਪਾਂ

ਅਨੁਲੱਗ-ਸ

ਪ੍ਰਾਈਵੇਟ ਕੰਪਨੀਆਂ ਦੇ ਨਾਮ ਅਤੇ ਪਤੇ

1. ਮੈ: ਸਰਾਫ ਇਲੈਕਟਰੀਕਲ, ਰਾਮਪੁਰਾ ਫੂਲ ।
2. ਮੈ ਸ਼ਿਵ ਸ਼ਕਤੀ ਇਲੈਕਟ੍ਰੀਕਲ. ਪਠਾਨਕੋਟ ।
3. ਮੈ: ਐਮਸਨ ਟਰਾਂਸਫਾਰਮਰ, ਮੋਹਾਲੀ ।
4. ਮੈ: ਓਰੀਐਂਟਲ ਟਰਾਂਸਫਾਰਮਰ, ਜੰਮੂ ।
5. ਮੈ ਊਸ਼ਾ ਟਰਾਂਸਫਾਰਮਰ, ਨਿਊ ਦਿੱਲੀ ।
6. ਮੈ: ਪੀ. ਐਮ. ਈ. ਨੋਈਡਾ
7. ਮੈ: ਜੇ. ਬੀ. ਇੰਡਸਟ੍ਰੀਜ਼, ਬਠਿੰਡਾ ।
8. ਮੈ ਕੇਪੀਟਲ ਟਰਾਂਸਫਾਰਮਰ, ਨਿਊ ਦਿੱਲੀ ।
9. ਮੈ: ਮੁਕੰਦ ਐਂਡ. ਮੁਕੰਦ, ਕੋਟਕਪੂਰਾ ।
10. ਮੈ: ਮਾਡਰਨ ਟਰਾਂਸਫਾਰਮਰ, ਗਾਜ਼ੀਆਬਾਦ ।
11. ਮੈ: ਜੇ.ਬੀ. ਇੰਡਸਟਰੀਜ਼, ਪੰਚਕੂਲਾ ।

[ਮੁੱਖ ਮੰਤਰੀ]

12. ਮੈ. ਹਿੰਦੁਸਤਾਨ ਟਰਾਂਸਫਾਰਮਰ, ਚੰਡੀਗੜ੍ਹ ।
13. ਮੈ: ਜੇ. ਕੇ. ਟਰਾਂਸਫਾਰਮਰ, ਜੰਮੂ ।
14. ਮੈ: ਏ. ਕੇ. ਇਲੈਕਟ੍ਰੀਕਲ, ਮਥੁਰਾ ।
15. ਮੈ: ਟੀ. ਏ. ਸੰਗਰੂਰ ।
16. ਮੈ. ਸਰਵੋਚ ਇੰਡਸਟ੍ਰੀਜ਼, ਬੁਲੰਦ ਸ਼ਹਿਰ ।
17. ਮੈ: ਗੁਲਾਟੀ ਐਂਟਰਪ੍ਰਾਈਜ਼ਿਜ਼, ਮੇਰਠ ।
18. ਮੈ: ਈਸਟ ਇੰਡੀਆ ਉਦਯੋਗ, ਰਾਜਪੁਰਾ ।
19. ਮੈ: ਨਿਊਕੋਨ ਸਵਿਚਗੀਅਰ, ਲੁਧਿਆਣਾ ।
20. ਮੈ: ਲਕਸ਼ਮੀ ਟਰਾਂਸਫਾਰਮਰਸ ਐਂਡ ਇਲੈਕਟਰੀਕਲ, ਬੀ-8, ਸਾਈਟ-4, ਯੂ.ਪੀ. ਐਸ.ਆਈ. ਡੀ.ਸੀ. ਸਿਕੰਦਰਾ, ਆਗਰਾ ।
21. ਮੈ. ਸੂਰੀਆ ਟਰਾਂਸਫਾਰਮਰ, ਕਾਨਪੁਰ ।
22. ਮੈਂ: ਓਮਵਿਕ ਇੰਜੀਨੀਅਰਜ, ਗਾਜ਼ੀਆਬਾਦ ।
23. ਮੈਂ: ਅਨੁਰਾਗ ਇੰਜੀਨੀਅਰਿੰਗ, ਅਲੀਗੜ੍ਹ ।
24. ਮੈ: ਟੀ. ਏ. ਟਰਾਂਸਫਾਰਮਰਜ਼ ਲਿਮਿਟਡ, ਲਖਨਊ ।
25. ਮੈ: ਜੇ. ਕੇ. ਇੰਡਸਟ੍ਰੀਜ਼, ਬਠਿੰਡਾ ।
26. ਮੈ: ਸ਼ਿਵਾਲਿਕ, ਮੋਹਾਲੀ ।
27 ਮੈ. ਜੇ. ਆਰ. ਇੰਡਸਟ੍ਰੀਜ਼, ਬਠਿੰਡਾ ।
28. ਮੈ. ਆਜ਼ਾਦ ਐਸੋਸੀਏਟਸ, ਬੁਲੰਦ ਸ਼ਹਿਰ ।
29. ਮੈ: ਰਾਜਸਥਾਨ ਟਰਾਂਸਫਾਰਮਰ ਐਂਡ ਸਵਿਚਗੀਅਰ, 306, ਬਲਨਾਮਾ ਹਾਊਸ ਕਾਸਿਮਪੁਰਾ, ਕਮਿਊਨਿਟੀ ਸੈਂਟਰ, ਨਿਊ ਦਿੱਲੀ ।
30. ਮਹਿੰਦਰਾ ਟ/ਫ (ਪੀ) ਲਿਮਿਟਡ, ਐਫ-10, ਸਾਊਥ ਆਫ ਜੀ.ਟੀ. ਰੋਡ, ਇੰਡਸਟ੍ਰੀਅਲ ਏਰੀਆ, ਗਾਜ਼ੀਆਬਾਦ ।
31. ਟਰਾਂਸਟੈਕ ਇਲੈਕਟਰੀਕਲ ਇੰਡਸਟਰੀਜ਼, 667, ਬ੍ਰਹਮਪੁਰੀ, ਨੇੜੇ ਪਾਵਰ, ਹਾਊਸ, ਮੇਰਠ ।
32. ਜੈਕੋ ਇਲੈਕਟ੍ਰੀਕਲ ਟ/ਫ ਐਂਡ ਸਵਿਚਗੀਅਰ, 230, ਡਾਲਮਪੁਰਾ, ਮੇਰਠ ।
33. ਜੀ ਇੰਡਸਟ੍ਰੀਜ਼ ਟੈਕਨੋ ਟ/ਫ ਗੰਗਿਆਲ 109, ਫੇਜ-III, ਇੰਡਸਟ੍ਰੀਅਲ ਐਕਸਟੈਂਨਸ਼ਨ ਏਰੀਆ, ਗੰਗਿਆਲ, ਜੰਮੂ ।
34. ਐਸ. ਪੀ. ਐਲ. ਇਲੈਕਟ੍ਰੋਨਿਕਸ 95 ਇੰਡਸਟ੍ਰੀਅਲ ਏਰੀਆ ਫੇਜ-I, ਪੰਚਕੂਲਾ ।
35. ਕੋਂਟੀਨੈਂਟਲ ਟ/ਫ ਵਿਲੇਜ਼ ਕੋਟਪੁਰ ਵਿਜੈਪੁਰ (ਜੇ. ਐਂਡ ਕੇ.) ।
36. ਟੈਕਨੋਕਰੇਟ ਟ/ਫ. ਡੀ-37 ਯੂ. ਪੀ.ਐਸ ਆਈ. ਡੀ.ਸੀ. ਇੰਡਸਟ੍ਰੀਅਲ ਏਰੀਆ ਸਾਈਟ-ਸੀ, ਸਿਕੰਦਰਾ ਆਗਰਾ ।

37. ਗਵਰਧਨ ਟ/ਫ ਉਦਯੋਗ ਪ੍ਰਾਈਵੇਟ ਲਿਮਿਟਡ, ਸਿਕੋਹਾਬਾਦ ।

38. ਜੇ.ਪੀ. ਇਲੈਕਟ੍ਰੀਕਲਜ਼, ਭੂਰ ਕਰੋਸਿੰਗ ਜੀ.ਟੀ. ਰੋਡ, ਬੁਲੰਦ ਸ਼ਹਿਰ ।

39. ਐਸ. ਏ. ਆਈ. ਕੰਪਿਊਟਰੋਨਿਕਸ ਪ੍ਰਾਈਵੇਟ ਲਿਮਿਟਡ, ਸਾਈ ਧਾਮ ਵਿਕਟੋਰੀਆ ਪਾਰਕ, ਮੇਰਠ ।

40. ਮੈ: ਊਸ਼ਾ ਟਰਾਂਸਫਾਰਮਰ ਐਂਡ ਕੰਟਰੋਲ ਪ੍ਰਾਈਵੇਟ ਲਿਮਿਟਡ, 421-ਏ, ਗਲੀ ਨੰਬਰ-6, ਫਰੈਂਡਜ਼ ਕਾਲੌਨੀ, ਔਪੋਜ਼ਿਟ ਸੰਸਾਰ ਸਿਲਾਈ ਮਸ਼ੀਨ, ਗਾਜ਼ੀਆਬਾਦ ।

41. ਮੈ: ਪੰਜਾਬ ਟ/ਫੇਜ਼ ਐਂਡ ਇਲੈਕਟ੍ਰਾਨਿਕਸ ਲਿਮਿਟਡ, ਸੰਗਰੂਰ ।

42. ਮੈ: ਤਪੱਸਿਆ ਟ/ਫੇਜ (ਪੀ) ਲਿਮਿਟਡ, ਨੰਦ ਗਾਂਓ ਰੋਡ, ਕੋਸੀ ਕਲਾਂ, ਮਥੁਰਾ ।

43. ਮੈ: ਪੀ.ਪੀ. ਇੰਡਸਟ੍ਰੀਜ਼, ਬਠਿੰਡਾ ।

44. ਮੈ. ਸੁਰਵਾ ਇੰਜੀਨੀਅਰਿੰਗ ਸੈਂਟਰ (ਪੀ) ਲਿਮਿਟਡ, ਜੀ.ਟੀ. ਰੋਡ, ਮਿੱਲਰਗੰਜ, ਲੁਧਿਆਣਾ ।

45. ਮੈ: ਸਵਾਸਤਿੱਕ ਟ/ਫੇਜ਼ ਇੰਡਸਟ੍ਰੀਜ਼ 4388 ਕਿੱਕਰ ਬਾਜ਼ਾਰ, ਬਠਿੰਡਾ ।

46. ਮੈ: ਮਹਾਂ ਸ਼ਕਤੀ ਕੰਡੱਕਟਰ (ਪੀ.) ਲਿਮਿਟਡ, ਏ-8, ਫੋਕਲ ਪੁਆਇੰਟ ਡਬੱਵਾਲੀ ਰੋਡ, ਬਠਿੰਡਾ ।

47. ਮੈ: ਪੈਸੀਫਿਕ ਇੰਨਸਟਰੂਮੈਂਟਸ ਪ੍ਰਾਈਵੇਟ ਲਿਮਿਟਡ, 203 ਸਾਸਕੋ ਭਵਨ, ਆਜ਼ਾਦਪੁਰ ਕਮਰਸ਼ੀਅਲ ਕੰਪਲੈਕਸ, ਆਜ਼ਾਦਪੁਰ ਦਿੱਲੀ-110033 ।

48. ਮੈ: ਆਰ. ਬੀ. ਇਲੈਕਟਰੀਕਲ (ਪੀ.) ਲਿਮਿਟਡ, 113, ਇੰਡਸਟ੍ਰੀਅਲ ਏਰੀਆ ਫੇਜ਼-1, ਪੰਚਕੂਲਾ, ਹਰਿਆਣਾ ।

49. ਮੈ: ਬਰਿਮਕੋ ਇੰਜੀਨੀਅਰਿੰਗ, ਇੰਡਸਟ੍ਰੀ, 71 ਐਲ. ਆਈ. ਜੀ. ਰਤਨ ਲਾਲ ਨਗਰ, ਕਾਨਪੁਰ (ਯੂ. ਪੀ.) ।

50. ਮੈ. ਯੂਨੀਇਲੈਕ ਟਰਾਂਸਫਾਰਮਰਜ਼, 81 ਇੰਡਸਟ੍ਰੀਅਲ ਏਰੀਆ, ਫੇਜ਼-1, ਚੰਡੀਗੜ੍ਹ ।

51. ਮੈ: ਸੰਗਰੂਰ ਇੰਡਸਟ੍ਰੀਅਲ ਕਾਰਪੋਰੇਸ਼ਨ ਸਿਬੀਆਂ ਰੋਡ, ਸੰਗਰੂਰ ।

52. ਮੈ: ਟੇਕਨੀਕਲ ਐਸੋਸੀਏਟ (1) ਲਿਮਿਟਡ ਬਸਤੀ ਹਰਗੋਬਿੰਦਪੁਰਾ ਕਾਲਜ ਰੋਡ, ਸੰਗਰੂਰ-148001

53. ਮੈ. ਮਹਿੰਦਰਾ ਇੰਜੀਨੀਅਰਿੰਗ (ਪੀ.) ਲਿਮਿਟਡ 7-ਬੀ, ਇੰਡਸਟ੍ਰੀਅਲ ਏਰੀਆ ਐਮਾਸੀ, ਲਖਨਊ ।

[ਮੁੱਖ ਮੰਤਰੀ]

54. ਮੈ: ਕੌਸ਼ਿਕੋ ਪਲਾਟ ਨੰਬਰ-5, ਸੈਕਟਰ-4, ਫਰੀਦਾਬਾਦ ।

55. ਮੈ: ਅਲਟਰਾ ਇਲੈਕਟ੍ਰੀਕਲਜ਼ ਐਂਡ ਟ/ਫੇਜ਼ ਡਵੀਜਨ, ਪ੍ਰਾਈਵੇਟ ਲਿਮਿਟਡ ਜੀ-3, ਇੰਡਸਟ੍ਰੀਅਲ ਏਰੀਆ, ਸਾਈਟ-ਈ ਅਪੋਜ਼ਿਟ ਮਥੁਰਾ ਰਿਫਾਈਨਰੀ, ਮਥੁਰਾ ।

56. ਮੈ: ਮਿਲਨ ਟ/ਫੇਜ਼ ਇਲੈਕਟ੍ਰੀਕਲਜ਼ ਪ੍ਰਾਈਵੇਟ ਲਿਮਿਟਡ, ਮੈਨੂੰਫੈਕਚਰਰ ਆਫ ਪਾਵਰ ਐਂਡ ਡਿਸਟ੍ਰੀਬਿਊਸ਼ਨ ਟ/ਫੇਜ, ਬੇਰੋਂਤ ਰੋਡ, ਬੁਧਨਾ, ਮੁਜ਼ਫਰਨਗਰ-ਯੂ. ਪੀ. ।

57. ਮੈ. ਵਿਕਾਸ ਐਂਟਰਪ੍ਰਾਈਜਿਜ਼, ਐਸ-7. ਸ਼ਿਆਮ ਨਗਰ, ਅਜਮੇਰ ਰੋਡ, ਸੋਲਾ, ਜੈਪੁਰ

58. ਮੈ: ਪਰਫੈਕਟ ਇਲੈਕਟ੍ਰੀਕਲ (ਪੀ.) ਲਿਮਿਟਡ, 8 ਗੀਤਾ ਕਾਲੋਨੀ, ਗੜ੍ਹ ਰੋਡ ਮੇਰਠ (ਯੂ. ਪੀ.)

ਸਹੀ/-
ਨਿਗਰਾਨ ਇੰਜੀਨੀਅਰ/ਹੈ. ਕ.-ਕਮ-ਪ੍ਰਬੰਧੀ
ਦਾ. ਮੁੱਖ ਇੰਜੀਨੀਅਰ/ਵਰਕਸ਼ਾਪ
ਪੰ: ਰਾ: ਬਿ: ਬੋ: ਪਟਿਆਲਾ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮਾਨਯੋਗ ਸੀ. ਐਮ. ਸਾਹਿਬ ਤੋਂ ਜਾਣਨਾ ਚਾਹਾਂਗਾ ਕਿ 1994-1995 ਅਤੇ 1996 ਦੀ ਰਿਪੋਰਟ ਇਨ੍ਹਾਂ ਨੇ ਦਿੱਤੀ ਹੈ । ਇਹ ਲਿਸਟ ਟਰਾਂਸਫਾਰਮਰ ਠੀਕ ਕਰਨ ਦੀ ਹੈ ਅੌਰ ਉਸ ਉਤੇ ਆਏ ਖਰਚ ਦਾ ਲਿਖਕੇ ਰੁਪਿਆ ਬਿਆਨਿਆ ਗਿਆ ਹੈ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਜੋ ਰੁਪਿਆ ਟਰਾਸਫਾਰਮਰ ਠੀਕ ਕਰਨ ਦਾ ਦਿੱਤਾ ਗਿਆ ਹੈ, ਕੀ ਇਹ ਸਾਰੀ ਮੁਰੰਮਤ ਕਿਸੇ ਪ੍ਰਾਈਵੇਟ ਫ਼ਰਮ ਤੋਂ ਕਰਵਾਈ ਗਈ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਦੇ ਵਿੱਚ ਦੋ ਤਰ੍ਹਾਂ ਦੇ ਟਰਾਂਸਫਾਰਮਰ ਹੁੰਦੇ ਹਨ । ਇੱਕ ਡਿਸਟ੍ਰੀਬਿਊਸ਼ਨ ਦਾ ਹੁੰਦਾ ਹੈ ਅੌਰ ਇੱਕ ਪਾਵਰ ਟਰਾਂਸਫਾਰਮਰ ਹੁੰਦਾ ਹੈ । ਜਿਹੜਾ ਡਿਸਟ੍ਰੀਬਿਊਸ਼ਨ ਟਰਾਂਸਫਾਰਮਰ ਹੁੰਦਾ ਹੈ, ਉਸ ਦੀ ਮੁਰੰਮਤ ਵਾਸਤੇ 11 ਸਰਕਾਰੀ ਵਰਕਸ਼ਾਪ ਅਤੇ ਪਾਵਰ ਟਰਾਂਸਫਾਰਮਰ ਦੀ ਮੁਰੰਮਤ ਵਾਸਤੇ 5 ਸਰਕਾਰੀ ਵਰਕਸ਼ਾਪ ਹਨ । ਇਸ ਕਰਕੇ ਜਿੰਨੀ ਸਰਕਾਰੀ ਵਰਕਸ਼ਾਪਾਂ ਦੀ ਮੁਰੰਮਤ ਕਰਨ ਦੀ ਕਪੈਸਿਟੀ ਹੈ, ਉਨੀਂ, ਮੁਰੰਮਤ ਤਾਂ ਸਰਕਾਰੀ ਵਰਕਸ਼ਾਪ ਤੋਂ ਕਰਵਾਈ ਜਾਂਦੀ ਹੈ ਲੇਕਿਨ ਕਿਉਂਕਿ ਮੁਰੰਮਤ ਕਰਨ ਵਾਲੇ ਟਰਾਂਸਫਾਰਮਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਹੈ ਇਸ ਕਰਕੇ ਬਾਕੀ ਦੇ ਟਰਾਂਸਫਾਰਮਰ ਪ੍ਰਾਈਵੇਟ ਫਰਮਾਂ ਤੋਂ ਟੈਂਡਰ ਵਗੈਰਾ ਮੰਗਾ ਕੇ, ਸਹੀ ਤਰੀਕਾ ਵਰਤ ਕੇ ਮੁਰੰਮਤ ਕਰਵਾਏ ਜਾਂਦੇ ਹਨ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਡਿਸਟ੍ਰੀਬਿਊਸ਼ਨ ਟਰਾਂਸਫਾਰਮਰ ਜਿਹੜੇ ਹਨ, ਉਹ ਠੀਕ ਕਰਨ ਦੀ ਸਰਕਾਰੀ ਵਰਕਸ਼ਾਪਾਂ ਦੀ ਗਿਣਤੀ 11 ਦੱਸੀ ਹੈ ਅੌਰ ਹਰ ਇੱਕ ਵਰਕਸ਼ਾਪ ਦੀ ਮੁਰੰਮਤ ਕਰਨ ਦੀ ਸਲਾਨਾ ਅੌਸਤਨ ਸਮਰੱਥਾ 968 ਹੈ । ਜੇਕਰ ਇਸ ਨੂੰ ਜੋੜ ਕੇ ਦੇਖਿਆ ਜਾਵੇ ਤਾਂ 10648 ਕੀ ਸਮਰੱਥਾ ਬਣਦੀ ਹੈ । ਫਿਰ ਕੀ ਕਾਰਣ

ਹੈ ਕਿ ਇਹ ਮੁਰੰਮਤ ਬਾਹਰੋਂ ਕਰਵਾਈ ਗਈ ? ਕੀ ਇਸ ਗੱਲ ਦੀ ਇਨਕੁਆਇਰੀ ਕਰਵਾਈ ਜਾਵੇਗੀ ਕਿ ਜਦੋਂ ਸਾਡੀ ਇੱਕ ਵਰਕਸ਼ਾਪ ਦੀ ਸਮਰਥਾ 968 ਇੱਕ ਸਾਲ ਦੀ ਹੈ, ਤਾਂ ਫਿਰ ਏਨੀ ਸਮਰਥਾ ਹੋਣ ਦੇ ਬਾਵਜੂਦ ਵੀ ਇਹ ਮੁਰੰਮਤ ਬਾਹਰੋਂ ਕੰਪਨੀਆਂ ਕੋਲੋਂ ਕਿਉਂ ਕਰਵਾਈ ਜਾਂਦੀ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਐਮ. ਐੱਲ. ਏ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਟੋਟਲ ਲੋੜ 24,000 ਤੋਂ 25,000 ਦੀ ਹੈ । ਇਸ ਲਈ ਜੇਕਰ ਸਰਕਾਰੀ ਵਰਕਸ਼ਾਪਾਂ ਦੀ ਕੁੱਲ ਕਪੈਸਟੀ ਵੀ ਲਈ ਜਾਵੇ ਤਾਂ ਵੀ ਮੁਸ਼ਕਲ ਨਾਲ ਅੱਧੇ ਟਰਾਂਸਫਾਰਮਰਾਂ ਦੀ ਮੁਰੰਮਤ ਹੁੰਦੀ ਹੈ । ਇਸ ਲਈ ਬਾਕੀ ਰਹਿੰਦਿਆਂ ਟਰਾਂਸਫਾਰਮਰਾਂ ਦੀ ਮੁਰੰਮਤ ਬਾਹਰੋਂ ਕਰਵਾਉਣੀ ਪੈਂਦੀ ਹੈ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਇਹ ਮਾਮਲਾ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ । ਬਿਜਲੀ ਬੋਰਡ ਦੇ ਵਿੱਚ ਬਹੁਤ ਸਾਰੀਆਂ ਬੇਕਾਇਦਗੀਆਂ ਹੋ ਰਹੀਆਂ ਹਨ । ਜੋ ਘਾਟਾ ਪੈ ਰਿਹਾ ਹੈ, ਠੀਕ ਹੈ ਬਹੁਤ ਸਾਰਾ ਜਾਇਜ਼ ਵੀ ਹੋ ਸਕਦਾ ਹੈ ਲੇਕਿਨ ਕੁਝ ਚੀਜ਼ਾਂ ਐਸੀਆਂ ਹਨ, ਜਿਨ੍ਹਾਂ ਨੂੰ ਰੈਗੂਲੇਟ ਕਰਨ ਦੀ ਜ਼ਰੂਰਤ ਹੈ, ਜਿਸ ਨੂੰ ਚੈਕ ਕਰਨ ਦੀ ਜ਼ਰੂਰਤ ਹੈ । ਪਿਛਲੇ ਤਿੰਨ ਸਾਲਾਂ ਦਾ ਜੋ ਖਰਚਾ ਦਿੱਤਾ ਹੈ ਉਸ ਵਿੱਚ ਪਹਿਲਾਂ 22 ਲੱਖ ਹੈ ਫਿਰ 20 ਲੱਖ ਹੈ ਅਤੇ ਤੀਜੇ ਸਾਲ 25 ਲੱਖ ਤੇ ਕੁਝ ਹਜ਼ਾਰ ਰੁਪਿਆ ਹੈ । ਇਸ ਗੱਲ ਦੀ ਪੜਤਾਲ ਕੀਤੀ ਜਾਵੇ ਕਿ ਇੰਨੇ ਟਰਾਂਸਫਾਰਮਰ ਖਰਾਬ ਕਿਵੇਂ ਹੋ ਗਏ ? ਕੀ ਉਹ ਸਾਰੇ ਸਬ-ਸਟੈਂਡਰਡ ਖਰੀਦੇ ਗਏ ਸਨ ? ਮੈਂ ਮੁੱਖ ਮੰਤਰੀ ਜੀ ਤੋਂ ਐਸ਼ੋਰੈਂਸ ਚਾਹੁੰਦਾ ਹਾਂ ਕਿ ਉਹ ਇਸ ਦੀ ਪੜਤਾਲ ਕਰਾਉਣ । ਜੋ ਮੇਰੇ ਕਾਮਰੇਡ ਸਾਥੀ ਨੇ ਦੱਸਿਆ ਹੈ ਕਿ ਸਰਕਾਰੀ ਵਰਕਸ਼ਾਪਾਂ ਦੀ ਟੋਟਲ ਕਪੈਸਿਟੀ 10,648 ਬਣ ਜਾਂਦੀ ਹੈ, ਇਹ ਬਹੁਤ ਵੱਡਾ ਨੰਬਰ ਹੈ । ਏਨੀ ਕਪੈਸਿਟੀ ਹੋਣ ਦੇ ਬਾਵਜੂਦ ਵੀ ਫਿਰ ਕਿਉਂ ਅਸੀਂ ਬਾਹਰੋਂ ਪ੍ਰਾਈਵੇਟ ਫਰਮਾਂ ਤੋਂ ਮੁਰੰਮਤ ਕਰਵਾ ਰਹੇ ਹਾਂ ? ਇਸ ਗੱਲ ਦੀ ਪੜਤਾਲ ਕਰਵਾਉਣੀ ਚਾਹੀਦੀ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਪਹਿਲਾਂ ਦੱਸਿਆ ਹੈ, ਉਹ ਫਿਰ ਦੁਹਰਾਉਂਦਾ ਹਾਂ ਕਿ ਜਿੰਨੀਆਂ ਆਪਣੀਆਂ ਵਰਕਸ਼ਾਪਾਂ ਹਨ, ਜਿੰਨੀ ਉਨ੍ਹਾਂ ਦੀ ਕਪੈਸਿਟੀ ਹੈ, ਉਸ ਅਨੁਸਾਰ ਪਹਿਲ ਉਨ੍ਹਾਂ ਨੂੰ ਹੀ ਦਿੱਤੀ ਜਾਂਦੀ ਹੈ ਲੇਕਿਨ ਜਦੋਂ ਮੁਰੰਮਤ ਵੱਧ ਕਰਵਾਉਣੀ ਪੈਂਦੀ ਹੈ, ਤਾਂ ਕੁਦਰਤੀ ਹੈ ਕਿ ਉਹ ਬਾਹਰੋਂ ਕਰਵਾਉਣੀ ਪੈਂਦੀ ਹੈ ਲੇਕਿਨ ਮੈਂ ਪੜਤਾਲ ਕਰਵਾ ਲਵਾਂਗਾ ।......ਕਿਉਂਕਿ ਅਸੀਂ ਤਾਂ ਚਾਹੁੰਦੇ ਹਾਂ ਕਿ ਜਿੰਨੇ ਟਰਾਂਸਫਾਰਮਰ ਸਾਡੀਆਂ ਆਪਣੀਆਂ ਵਰਕਸ਼ਾਪਾਂ ਵਿੱਚ ਠੀਕ ਹੋ ਜਾਣ ਉਨਾਂ ਹੀ ਜ਼ਿਆਦਾ ਚੰਗਾ ਹੈ ।

ਸਰਦਾਰ ਸਿਕੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੇ ਸਮੇਂ ਵਿਚ ਬਹੁਤ ਟਰਾਂਸਫਾਰਮਰ ਸੜ ਜਾਂਦੇ ਸਨ ਪਰ ਉਨ੍ਹਾਂ ਵੱਲ ਧਿਆਨ ਨਹੀਂ ਸੀ ਦਿੱਤਾ ਜਾਂਦਾ ਕਿਉਂਕਿ ਝੋਨੇ ਦੀ ਫਸਲ ਲਈ ਬਿਜਲੀ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ ਤੇ ਇਸ ਤਰ੍ਹਾਂ ਝੋਨੇ ਦੀ ਫਸਲ ਨੂੰ ਨੁਕਸਾਨ ਹੁੰਦਾ ਸੀ । ਮੈਂ ਮੁੱਖ ਮੰਤਰੀ ਜੀ ਤੋਂ ਭਰੋਸਾ ਲੈਣਾ ਚਾਹੁੰਦਾ ਹਾਂ ਕਿਉਂਕਿ ਹੁਣ ਝੋਨੇ ਦਾ ਸੀਜ਼ਨ ਆਉਣ ਵਾਲਾ ਹੈ ਕੀ ਇਸ ਤਰ੍ਹਾਂ ਜਦੋਂ ਹੁਣ ਟਰਾਂਸਫਾਰਮਰ ਸੜ

[ਸਰਦਾਰ ਸਿਕੰਦਰ ਸਿੰਘ]

ਜਾਇਆ ਕਰਨਗੇ ਤਾਂ ਉਨ੍ਹਾਂ ਦੀ ਮੁਰੰਮਤ ਤੁਰੰਤ ਕਰਵਾ ਕੇ ਲਗਾ ਦਿੱਤੇ ਜਾਇਆ ਕਰਨਗੇ ਤਾਂ ਕਿ ਝੋਨੇ ਦੀ ਫਸਲ ਦਾ ਨੁਕਸਾਨ ਨਾ ਹੋਵੇ ?

ਮੁੱਖ ਮੰਤਰੀ : ਇਸ ਸਾਲ ਵਾਸਤੇ ਜਿੰਨੇ ਟਰਾਂਸਫਾਰਮਰਜ਼ ਦੀ ਲੋੜ ਹੈ, ਉਹ ਤਕਰੀਬਨ ਕੱਲ ਹੀ ਮੈਂ ਮਹਿਕਮੇ ਤੋਂ ਪਤਾ ਕਰ ਲਿਆ ਸੀ ਕਿ ਕਿੰਨਾ ਸਟਾਕ ਹੈ । ਮੇਰਾ ਖਿਆਲ ਹੈ ਕਿ ਇਸ ਕਰਕੇ ਲੋਕਾਂ ਨੂੰ ਕੋਈ ਤਕਲੀਫ ਨਹੀਂ ਹੋਵੇਗੀ ।

ਪੰਜਾਬ ਰੋਡਵੇਜ਼ ਪਠਾਨਕੋਟ ਡਿਪੂ ਵਿਚ ਡਰਾਈਵਰਾਂ ਅਤੇ ਕੰਡਕਟਰਾਂ ਦੀਆਂ ਖਾਲੀ ਆਸਾਮੀਆਂ

*371. **ਸ੍ਰੀ ਸੱਤਿਆ ਪਾਲ ਸੈਣੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1992 ਤੋਂ 1997 ਤੱਕ ਦੇ ਸਮੇਂ ਦੇ ਦੌਰਾਨ ਪੰਜਾਬ ਰੋਡਵੇਜ਼ ਦੇ ਪਠਾਨਕੋਟ ਡਿਪੂ ਵਿਚ ਅਲੱਗ-ਅਲੱਗ ਡਰਾਈਵਰਾਂ ਅਤੇ ਕੰਡਕਟਰਾ ਦੀਆਂ ਆਸਾਮੀਆਂ ਦੀ ਸਾਲ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਉਨ੍ਹਾਂ ਆਸਾਮੀਆਂ ਦੀ ਸਾਲ-ਵਾਰ ਗਿਣਤੀ ਕਿੰਨੀ ਹੈ ਜੋ ਖਾਲੀ ਪਈਆਂ ਰਹੀਆਂ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਸਾਰਣੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਪੰਜਾਬ ਰੋਡਵੇਜ਼ ਵਿੱਚ ਡਰਾਈਵਰਾਂ ਦੀਆਂ ਖਾਲੀ ਆਸਾਮੀਆਂ ਭਰਨ ਲਈ ਅਧੀਨ ਸੇਵਾਵਾਂ ਚੋਣ ਬੋਰਡ ਰਾਹੀਂ ਬਿਨੈਕਾਰਾਂ ਤੋਂ ਦਰਖਾਸਤਾਂ ਮੰਗੀਆਂ ਗਈਆਂ ਸਨ । ਇਸ ਸਬੰਧ ਵਿੱਚ ਪੰਜ ਹਜ਼ਾਰ ਦੇ ਲਗਭਗ ਦਰਖਾਸਤਾਂ ਪ੍ਰਾਪਤ ਹੋਈਆਂ ਸਨ, ਇਨ੍ਹਾਂ ਵਿਚੋਂ 166 ਉਮੀਦਵਾਰ ਡਰਾਈਵਿੰਗ ਟੈਸਟ ਵਿਚੋਂ ਪਾਸ ਹੋਏ ਹਨ । ਪਠਾਨਕੋਟ ਡਿਪੂ ਨੂੰ 23 ਡਰਾਈਵਰ ਉਪਲੱਬਧ ਕਰਵਾਏ ਗਏ ਹਨ । ਹੋਰ ਖਾਲੀ ਆਸਾਮੀਆਂ ਭਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ ।

ਸਾਰਣੀ

ਬੱਸ ਡਰਾਈਵਰ

ਸਾਲ		ਮਨਜ਼ੂਰ ਸ਼ੁਦਾ ਆਸਾਮੀਆਂ	ਖਾਲੀ ਆਸਾਮੀਆਂ
1992-93	..	268	17
1993-94	..	268	8
1994-95	..	268	22
1995-96	..	268	55
1996-97	..	268	72

ਕੰਡਕਟਰ

ਸਾਲ	ਮਨਜ਼ੂਰ ਸ਼ੁਦਾ ਆਸਾਮੀਆਂ	ਖਾਲੀ ਆਸਾਮੀਆਂ
1992-93	268	ਕੋਈ ਨਹੀਂ
1993-94	268	ਕੋਈ ਨਹੀਂ
1994-95	268	ਕੋਈ ਨਹੀਂ
1995-96	268	ਕੋਈ ਨਹੀਂ
1996-97	268	ਕੋਈ ਨਹੀਂ

ਸ੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ ਜੋ ਇਨ੍ਹਾਂ ਨੇ 23 ਆਸਾਮੀਆਂ ਭਰ ਦਿੱਤੀਆਂ ਹਨ ਲੇਕਿਨ ਮੈਂ ਇਨ੍ਹਾਂ ਕੋਲੋਂ ਇੱਕ ਆਸ਼ਵਾਸਨ ਲੈਣਾ ਚਾਹੁੰਦਾ ਹਾਂ ਕਿ ਬਾਕੀ 49 ਪੋਸਟਾਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ । ਕੀ ਉਨ੍ਹਾਂ ਬਾਰੇ ਕੋਈ ਟਾਈਮ-ਬਾਊਂਡ ਕੀਤਾ ਜਾ ਸਕਦਾ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਪੋਸਟਾਂ ਵੀ ਜਲਦੀ ਤੋਂ ਜਲਦੀ ਭਰ ਦਿੱਤੀਆਂ ਜਾਣਗੀਆਂ । (ਥੰਪਿੰਗ)

ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੜਕੀਆਂ ਦੇ ਵਿਆਹਾਂ ਤੇ 5100 ਰੁਪਏ ਸ਼ਗਨ ਦੇਣ ਲਈ ਕਸੌਟੀ

*474. **ਚੌਧਰੀ ਜਗਜੀਤ ਸਿੰਘ** : ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੜਕੀਆਂ ਦੇ ਵਿਆਹਾਂ ਤੇ 5100 ਰੁਪਏ ਦੇਣ ਲਈ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ "ਸ਼ਗਨ" ਸਕੀਮ ਅਧੀਨ ਮਾਰਚ, ਅਪ੍ਰੈਲ ਅਤੇ ਮਈ, 1997 ਦੇ ਮਹੀਨਿਆਂ ਦੇ ਦੌਰਾਨ ਜ਼ਿਲ੍ਹਾ-ਵਾਰ ਅਤੇ ਮਹੀਨਾ-ਵਾਰ ਕਿੰਨਾ ਕਿੰਨਾ ਖਰਚ ਕੀਤਾ ਗਿਆ ਅਤੇ ਉਕਤ ਸਕੀਮ ਅਧੀਨ ਲਿਆਂਦੇ ਗਏ ਲਾਭਪਾਤਰਾਂ ਦੇ ਮਹੀਨਾ-ਵਾਰ ਅਤੇ ਜ਼ਿਲ੍ਹਾ-ਵਾਰ ਵੇਰਵੇ ਕੀ ਹਨ ।

(ਅ) ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੜਕੀ ਦੇ ਵਿਆਹ ਤੇ 5100/- ਰੁਪਏ ਸ਼ਗਨ ਦੇਣ ਲਈ ਸਰਕਾਰ ਦੁਆਰਾ ਕੀ ਕਸੌਟੀ ਰੱਖੀ ਗਈ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਸ਼ਗਨ ਸਕੀਮ ਮਿਤੀ 1-4-97 ਤੋਂ ਲਾਗੂ ਕੀਤੀ ਗਈ ਜਿਸ ਕਾਰਨ ਮਾਰਚ ਮਹੀਨੇ ਵਿੱਚ ਖਰਚਾ ਨਹੀਂ ਹੋਇਆ । ਸਾਲ 1997-98 ਦਾ ਬਜਟ ਪਾਸ ਨਾ ਹੋਣ ਕਾਰਨ ਅਪ੍ਰੈਲ ਅਤੇ ਮਈ ਮਹੀਨੇ ਵਿੱਚ ਵੀ ਕੋਈ ਰਾਸ਼ੀ ਸ਼ਗਨ ਦੇ ਰੂਪ ਵਿੱਚ ਨਹੀਂ ਵੰਡੀ ਗਈ । ਰਾਸ਼ੀ ਦੀ ਵੰਡ ਜੂਨ ਤੋਂ ਸ਼ੁਰੂ ਹੋਈ ਹੈ ਤੇ ਹੁਣ ਤੱਕ 25,65,300/- ਰੁਪਏ ਦੀ ਰਾਸ਼ੀ ਕੰਨਟਿੰਨਜੈਂਸੀ ਫੰਡ ਵਿੱਚੋਂ ਵੰਡੀ ਜਾ ਚੁੱਕੀ ਹੈ ।

ਅ) ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਦੀਆਂ ਲੜਕੀਆਂ ਦੀ ਸ਼ਾਦੀ ਸਮੇਂ ਸ਼ਗਨ ਦੇਣ ਦੀ ਸਕੀਮ ਦੀ ਕਸੌਟੀ ਹੇਠ ਲਿਖੇ ਅਨੁਸਾਰ ਨਿਸ਼ਚਿਤ ਕੀਤੀ ਗਈ ਹੈ :—

1. ਲੜਕੀ ਅਨੁਸੂਚਿਤ ਜਾਤੀ ਪਰਿਵਾਰ ਨਾਲ ਸਬੰਧਤ ਹੋਣੀ ਚਾਹੀਦੀ ਹੈ ।
2. ਲੜਕੀ ਦੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ ।
3. ਲੜਕੀ ਦੀ ਸ਼ਾਦੀ ਨਿਸ਼ਚਿਤ ਹੋਈ ਮਿਤੀ ਤੋਂ ਘੱਟੋ ਘੱਟ ਇਕ ਹਫਤਾ ਪਹਿਲਾਂ ਬਿਨੈਕਾਰ ਨੂੰ ਸਬੰਧਤ ਐਸ. ਡੀ. ਐਮ. ਕੋਲ ਬਿਨੈ-ਪੱਤਰ ਦੇਣਾ ਹੋਵੇਗਾ ।
4. ਲੜਕੀ ਦੇ ਮਾਪੇ ਪੰਜਾਬ ਰਾਜ ਦੇ ਵਸਨੀਕ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਸਾਲਾਨਾ ਆਮਦਨ 16,000/- ਰੁ: ਤੋਂ ਵੱਧ ਨਹੀਂ ਹੋਣੀ ਚਾਹੀਦੀ ।
5. ਲਾਭਪਾਤਰੀ ਦੀ ਤਸਦੀਕ ਕਰਨ ਉਪਰੰਤ ਯੋਗ ਪਾਏ ਜਾਣ ਤੇ ਸਬੰਧਤ ਐਸ. ਡੀ. ਐਮ. ਲੜਕੀ ਦੇ ਪਿਤਾ ਨੂੰ 5100/- ਰੁ: ਦਾ ਡਰਾਫਟ ਵਿਆਹ ਵਾਲੇ ਦਿਨ ਖੁਦ ਜਾਂ ਜ਼ਿੰਮੇਵਾਰ ਅਫ਼ਸਰ ਰਾਹੀਂ ਅਦਾ ਕਰੇਗਾ । ਪਿਤਾ ਦੇ ਜੀਵਤ ਨਾ ਹੋਣ ਦੀ ਸੂਰਤ ਵਿੱਚ ਇਹ ਸ਼ਗਨ ਲੜਕੀ ਦੀ ਮਾਤਾ ਨੂੰ ਦਿੱਤਾ ਜਾਵੇਗਾ । ਜੇਕਰ ਮਾਤਾ-ਪਿਤਾ ਦੋਨਾਂ ਵਿੱਚੋਂ ਕੋਈ ਜੀਵਤ ਨਹੀਂ ਹੋਵੇਗਾ, ਤਦ ਸ਼ਗਨ ਦੀ ਰਾਸ਼ੀ ਦਾ ਡਰਾਫਟ ਲੜਕੀ ਦੇ ਨਾਂ ਤੇ ਬਣਾਕੇ, ਅਦਾਇਗੀ ਲੜਕੀ ਨੂੰ ਹੀ ਕੀਤੀ ਜਾਵੇਗੀ ।

ਚੌਧਰੀ ਜਗਜੀਤ ਸਿੰਘ : ਸਪਲੀਮੈਂਟਰੀ ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜ ਸ਼ਗਨ ਦੀ ਸਕੀਮ ਹੈ, ਇਹ ਰਾਜਪਾਲ ਜੀ ਦੇ ਭਾਸ਼ਣ ਸਮੇਂ ਵੀ ਆ ਗਈ ਸੀ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਵੱਲੋਂ ਵੀ ਇਸ ਬਾਰੇ ਬੜੀਆਂ ਅਨਾਊਂਸਮੈਂਟਾਂ ਕੀਤੀਆਂ ਗਈਆਂ ਸਨ ਕਿ ਇਸ ਨਾਲ ਗਰੀਬਾਂ ਨੂੰ ਫਾਇਦਾ ਪਹੁੰਚੇਗਾ । ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਪ੍ਰਚਾਰ ਤਾਂ ਪਹਿਲਾ ਤੋਂ ਹੀ ਚੱਲ ਰਿਹਾ ਸੀ । ਕੀ ਅਪ੍ਰੈਲ, ਮਈ ਦੇ ਮਹੀਨੇ ਵਿੱਚ ਲੋਕਾਂ ਵੱਲੋਂ ਜੋ ਦਰਖਾਸਤਾਂ ਗਈਆਂ ਸਨ, ਜਿਨ੍ਹਾਂ ਨੇ ਕਾਗਜ਼ਾਂ ਤੇ 500-700/- ਰੁਪਏ ਖਰਚੇ ਸਨ ਤਾਂਕਿ ਅਰਜ਼ੀਆਂ ਭੇਜੀਆਂ ਜਾਣ, ਉਨ੍ਹਾਂ ਲੋਕਾਂ

ਨੂੰ ਵੀ ਫਾਇਦਾ ਦਿੱਤਾ ਜਾਵੇਗਾ ਜਦ ਕਿ ਇਹ ਸਕੀਮ ਹੁਣ ਜੂਨ ਮਹੀਨੇ ਤੋਂ ਸ਼ੁਰੂ ਕੀਤੀ ਜਾ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਜੋ ਅਰਜ਼ੀਆਂ 1 ਅਪ੍ਰੈਲ ਤੋਂ ਬਾਅਦ ਆਈਆਂ, ਜਿਨ੍ਹਾਂ ਨੂੰ ਪੈਸੇ ਨਹੀਂ ਮਿਲੇ, ਉਨ੍ਹਾਂ ਨੂੰ ਵੀ ਸਰਕਾਰ ਪੈਸੇ ਦੇਵੇਗੀ । (ਥੰਪਿੰਗ) ਕਾਫੀ ਅਰਜ਼ੀਆਂ ਆ ਚੁੱਕੀਆਂ ਹਨ । ਇਸ ਬਾਰੇ ਸਰਕਾਰ ਵਚਨਬੱਧ ਹੈ । ਬਾਦਲ ਸਾਹਿਬ ਜੋ ਮੂੰਹੋਂ ਕਹਿੰਦੇ ਹਨ, ਉਸ ਤੋਂ ਪਿੱਛੇ ਨਹੀਂ ਹਟਦੇ ।

ਚੌਧਰੀ ਜਗਜੀਤ ਸਿੰਘ : ਸਪਲੀਮੈਂਟਰੀ ਸਰ । ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਇੱਕ ਹੱਦ ਮੁਕੱਰਰ ਕੀਤੀ ਹੈ ਕਿ ਜਿਸ ਗਰੀਬ ਦੀ ਆਮਦਨ 16,000/- ਰੁਪਏ ਤੋਂ ਘੱਟ ਹੋਵੇਗੀ ਉਸ ਦੀ ਲੜਕੀ ਨੂੰ ਵਿਆਹ ਤੇ ਸ਼ਗਨ ਵਜੋਂ 5100/- ਰੁਪਏ ਸ਼ਗਨ ਵਜੋਂ ਦਿੱਤੇ ਜਾਣਗੇ, ਇਹ 16,000/- ਰੁਪਏ ਦੀ ਹੱਦ ਬਹੁਤ ਘੱਟ ਹੈ । ਅੱਜ ਇੱਕ ਮਜ਼ਦੂਰ ਦੀ ਮਜ਼ਦੂਰੀ ਅਤੇ ਕਲਾਸ-4 ਦੀ ਤਨਖਾਹ ਇਸ ਤੋਂ ਉਪਰ ਬਣ ਜਾਂਦੀ ਹੈ । ਇਸ ਤਰ੍ਹਾਂ ਇਸ ਸਕੀਮ ਵਿੱਚ ਬਹੁਤ ਘੱਟ ਗਰੀਬ ਆਉਂਦੇ ਹਨ । ਇਸ ਲਈ ਇਸ ਸਕੀਮ ਨੂੰ ਇਨਕਮ ਟੈਕਸ ਦੇ ਆਧਾਰ ਤੇ ਬਨਾਉਣਾ ਚਾਹੀਦਾ ਹੈ ਕਿ ਜੋ ਬੰਦਾ ਇਨਕਮ ਟੈਕਸ ਨਹੀਂ ਦਿੰਦਾ, ਉਸ ਗਰੀਬ ਦੀ ਲੜਕੀ ਨੂੰ ਇਹ ਸ਼ਗਨ ਦਿੱਤਾ ਜਾਵੇਗਾ ।

ਮੰਤਰੀ : ਇਹ ਤਾਂ ਸ਼ਗਨ ਦੇਣ ਬਾਰੇ ਸਵਾਲ ਚੱਲ ਰਿਹਾ ਹੈ । ਇਸ ਵਿੱਚ ਲਿਮਿਟ ਬਾਰੇ ਹਾਲੇ ਗੱਲ ਨਹੀਂ ਆਈ । ਉਸ ਬਾਰੇ ਵੱਖਰਾ ਸਵਾਲ ਦੇ ਦਿਉ ।

ਚੌਧਰੀ ਜਗਜੀਤ ਸਿੰਘ : ਲਿਮਿਟ ਦਾ ਵੀ ਇਸ ਨਾਲ ਸਬੰਧ ਹੈ । ਕਰਾਈਟੇਰੀਆ ਦੱਸਿਆ ਹੋਇਆ ਹੈ ।

ਮੰਤਰੀ : ਇਹ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਬਾਰੇ ਸੋਚ ਲਵਾਂਗੇ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਕੀਮ ਇਨ੍ਹਾਂ ਨੇ ਇੱਕ ਅਪ੍ਰੈਲ ਤੋਂ ਲਾਗੂ ਕੀਤੀ ਹੈ, ਇਹ ਚੰਗੀ ਗੱਲ ਹੈ । ਪਰ ਉਦੋਂ ਹਾਲੇ ਫ਼ਾਰਮ ਨਹੀਂ ਛਪੇ ਸਨ, ਇਸ ਲਈ ਲੋਕਾਂ ਨੇ ਸਾਦੇ ਕਾਗਜ਼ਾਂ ਤੇ ਹੀ ਅਰਜ਼ੀਆਂ ਲਿਖ ਕੇ ਦੇ ਦਿੱਤੀਆਂ ਸਨ । ਕੀ ਉਹ ਲੋਕ ਹੁਣ ਦੁਬਾਰਾ ਫਾਰਮ ਭਰ ਕੇ ਭੇਜਣ ਜਾਂ ਫਿਰ ਉਨ੍ਹਾਂ ਨੂੰ ਇੰਝ ਹੀ ਪੈਸੇ ਦੇਣ ਦਾ ਪ੍ਰਬੰਧ ਕਰੋਗੇ ?

ਸ੍ਰੀ ਸਪੀਕਰ : ਜਾਂ ਫੇਰ ਐਪਲੀਕੇਸ਼ਨਾਂ ਹੀ ਕੰਸਿਡਰ ਕਰੋਗੇ ?

ਮੰਤਰੀ : ਸਪੀਕਰ ਸਾਹਿਬ, ਇਸ ਸਦਨ ਵਿੱਚ ਮੈਨੂੰ ਇਹ ਸਵਾਲ ਚੌਥੀ ਵਾਰ ਪੁੱਛਿਆ ਜਾ ਰਿਹਾ ਹੈ । (ਹਾਸਾ) ਮੈਨੂੰ ਇਸ ਬਾਰੇ ਅਫ਼ਸੋਸ ਹੈ ਕਿ ਵਾਰੀ ਵਾਰੀ ਪੁੱਛਿਆ . . .

ਸ੍ਰੀ ਸਪੀਕਰ : ਇਹ ਅਫ਼ਸੋਸ ਦੀ ਗੱਲ ਨਹੀਂ, ਇਹ ਉਨ੍ਹਾਂ ਦਾ ਹੱਕ ਹੈ ।

ਮੰਤਰੀ : ਜਿਨ੍ਹਾਂ ਨੇ ਪਹਿਲੀ ਅਪ੍ਰੈਲ ਤੋਂ ਬਾਅਦ ਦਰਖਾਸਤਾਂ ਦਿੱਤੀਆਂ ਹਨ, ਉਨ੍ਹਾਂ ਸਭਨਾਂ ਨੂੰ ਵੀ ਪੈਸੇ ਦੇਵਾਂਗੇ ।

ਸ੍ਰੀ ਸਪੀਕਰ : ਕੀ ਕਾਗਜ਼ ਉਪਰ ਦਿੱਤੀਆਂ ਦਰਖਾਸਤਾਂ ਨੂੰ ਫਾਰਮ ਭਰ ਕੇ ਦਿੱਤੀਆਂ ਹੋਈਆਂ ਦਰਖਾਸਤਾਂ ਦੀ ਤਰ੍ਹਾਂ ਹੀ ਕੰਸਿਡਰ ਕਰੋਗੇ ?

ਮੰਤਰੀ : ਫਾਰਮ ਲੇਟ ਛਪਣ ਕਰਕੇ ਸਾਦੇ ਕਾਗਜ਼ ਤੇ ਦਿੱਤੀਆਂ ਦਰਖਾਸਤਾਂ ਵਾਲਿਆਂ ਨੂੰ ਇਹ ਪੈਸੇ ਦਿੱਤੇ ਜਾਣਗੇ ।

ਸਰਦਾਰ ਹੀਰਾ ਸਿੰਘ ਗਾਬੜੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਬੈਕਵਰਡ ਕਲਾਸਾਂ ਨਾਲ ਸਬੰਧ ਰੱਖਦੇ ਹਨ ਅਤੇ ਜਿਨ੍ਹਾਂ ਦੀ ਇਨਕਮ 10,000/- ਰੁਪਏ ਤੋਂ ਥੱਲੇ ਹੈ, ਕੀ ਉਨ੍ਹਾਂ ਨੂੰ ਵੀ ਇਸ ਸਕੀਮ ਵਿੱਚ ਸ਼ਾਮਲ ਕੀਤਾ ਜਾਵੇਗਾ ?

ਸ੍ਰੀ ਸਪੀਕਰ : ਇਸ ਦਾ ਜਵਾਬ ਪਹਿਲਾਂ ਹੀ ਆ ਚੁੱਕਾ ਹੈ ।

ਸ੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਸਾਡੀ ਸਰਕਾਰ ਦੇ ਮੰਤਰੀ ਜੀ ਦਾ ਅਖ਼ਬਾਰ ਵਿੱਚ ਬਿਆਨ ਆਇਆ ਹੈ ਕਿ ਇਹ 5100/- ਰੁਪਏ ਦੀ ਰਾਸ਼ੀ ਈਸਾਈ ਧਰਮ ਮੰਨਣ ਵਾਲਿਆਂ ਨੂੰ ਵੀ ਦਿੱਤੀ ਜਾਵੇਗੀ । ਮੈਂ ਇਸ ਸਦਨ ਵਿੱਚ ਇਸ ਬਾਰੇ ਕਲੈਰੀਫਿਕੇਸ਼ਨ ਚਾਹੁੰਦਾ ਹਾਂ ਕਿ ਜੇ ਵਾਕਿਆ ਹੀ ਉਨ੍ਹਾਂ ਨੂੰ ਵੀ ਇਹ ਰਾਸ਼ੀ ਦਿੱਤੀ ਜਾਵੇਗੀ ਤਾਂ ਕੀ ਜੋ ਹੋਰ ਇਕਨਾਮੀਕਲੀ ਬੈਕਵਰਡ ਵਰਗ ਹਨ, ਉਨ੍ਹਾਂ ਨੂੰ ਵੀ ਇਹ ਰਾਸ਼ੀ ਦਿੱਤੀ ਜਾਵੇਗੀ ?

ਸ੍ਰੀ ਸਪੀਕਰ : ਇਹ ਸੈਪਰੇਟ ਸਵਾਲ ਹੈ ।

ਸਰਦਾਰ ਸੇਵਾ ਸਿੰਘ ਸੇਖਵਾਂ : ਸਪੀਕਰ ਸਾਹਿਬ, 17 ਮਈ, 1997 ਨੂੰ ਮੁੱਖ ਮੰਤਰੀ ਸਾਹਿਬ ਮੇਰੇ ਨਗਰ ਵਿਚ ਆਏ ਸਨ । ਉਥੇ ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਜਿਹੜੀਆਂ ਇਸਾਈ ਪਰਿਵਾਰਾਂ ਦੀਆਂ ਲੜਕੀਆਂ ਹੋਣਗੀਆਂ ਉਨ੍ਹਾਂ ਨੂੰ ਵੀ ਸ਼ਗਨ ਦੇ ਤੌਰ ਤੇ 5100/- ਰੁਪਿਆ ਸਰਕਾਰ ਦੇਵੇਗੀ । ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਇਸਾਈਆਂ ਨੂੰ ਵੀ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਦੇ ਨਾਲ ਸ਼ਾਮਲ ਕਰ ਲਿਆ ਗਿਆ ਹੈ ਜਾਂ ਨਹੀਂ ? ਜੇ ਨਹੀਂ, ਤਾਂ ਇਨ੍ਹਾਂ ਨੂੰ ਵੀ ਕਦੋਂ ਤੱਕ ਸ਼ਾਮਲ ਕਰ ਲਿਆ ਜਾਵੇਗਾ ?

ਸ੍ਰੀ ਸਪੀਕਰ : ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਇਹ ਰਿਕਮੈਂਡੇਸ਼ਨ ਅੰਡਰ ਪ੍ਰੋਸੈਸ ਹੈ ।

ਮੰਤਰੀ : ਸਪੀਕਰ ਸਾਹਿਬ, ਬਾਹਰ ਸਪੀਚ ਵਿਚ ਕਹਿ ਦੇਣਾ ਹੋਰ ਗੱਲ ਹੈ,

ਫੈਸਲਾ ਲੈਣਾ ਕੋਈ ਹੋਰ ਗੱਲ ਹੁੰਦੀ ਹੈ । ਜਿਹੜਾ ਬਾਦਲ ਸਾਹਿਬ ਦਾ ਫੈਸਲਾ ਹੋਵੇਗਾ, ਉਸ ਤੇ ਅਸੀਂ ਅਮਲ ਕਰਾਂਗੇ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਪੰਜਾਬ ਦੇ ਬਹੁਤ ਸਾਰੇ ਹਿੱਸਿਆਂ ਵਿਚੋਂ ਰਿਪੋਰਟਾਂ ਆਈਆਂ ਹਨ ਖਾਸ ਕਰਕੇ ਮੈਨੂੰ ਆਪਣੇ ਜ਼ਿਲ੍ਹਾ ਮਾਨਸਾ ਦਾ ਪਤਾ ਹੈ ਕਿ ਪਟਵਾਰੀਆਂ ਨੇ ਫੈਸਲਾ ਕਰ ਲਿਆ ਹੈ ਕਿ 16,000/- ਰੁਪਏ ਇਨਕਮ ਦੀ ਕੈਟਗਰੀਜ਼ ਵਾਲੇ ਕੇਸ ਨੂੰ ਰਿਕਮੈਂਡ ਨਹੀਂ ਕਰਨਾ ਕਿਉਂਕਿ ਇਸ ਦੇ ਵਿਚ ਉਹ ਜਵਾਬ ਦੇਹ ਹੋਣਗੇ । ਇਸ ਬਾਰੇ ਉਨ੍ਹਾਂ ਨੇ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਹੈ । ਚੂੰਕਿ 16,000/- ਰੁਪਏ ਦੀ ਇਨਕਮ ਵਿਚ ਕੋਈ ਕੈਟੇਗਰੀ ਕਵਰ ਨਹੀਂ ਹੁੰਦੀ, ਜਿਸ ਤਰਾਂ ਸਾਰੇ ਪਟਵਾਰੀਆਂ ਨੇ ਫੈਸਲਾ ਕਰ ਲਿਆ ਹੈ, ਫੇਰ ਇਸ ਦਾ ਕੋਈ ਆਲਟਰਨੇਟਿਵ ਸਰਕਾਰ ਨੂੰ ਸੋਚਣਾ ਚਾਹੀਦਾ ਹੈ । ਮੁੱਢਲੀ ਰਿਪੋਰਟ ਤਾਂ ਪਟਵਾਰੀ ਨੇ ਕਰਨੀ ਹੁੰਦੀ ਹੈ । ਕੀ ਸਰਕਾਰ ਇਸ ਇਨਕਮ ਦੀ ਮਿਆਦ ਨੂੰ ਵਧਾਉਣ ਲਈ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਵੱਖਰਾ ਨੋਟਿਸ ਦੇ ਦੇਣ ।

ਸ੍ਰੀ ਸਪੀਕਰ : ਇਸ ਦਾ ਜਵਾਬ ਤੁਸੀਂ ਪਹਿਲਾਂ ਦਿੱਤਾ ਹੋਇਆ ਹੈ ਕਿ ਇਸ ਨੂੰ ਕੰਸਿਡਰ ਕਰ ਰਹੇ ਹਾਂ ।

ਪੰਜਾਬ ਰੋਡਵੇਜ਼, ਪਠਾਨਕੋਟ ਡਿਪੂ ਦੀਆਂ ਨਕਾਰਾ ਬੱਸਾਂ

*372. **ਸ੍ਰੀ ਸੱਤਿਆ ਪਾਲ ਸੈਣੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮਾਰਚ, 1992 ਤੋਂ ਦਸੰਬਰ, 1996 ਤੱਕ ਦੇ ਸਮੇਂ ਦੇ ਦੌਰਾਨ ਪੰਜਾਬ ਰੋਡਵੇਜ਼ ਦੇ ਪਠਾਨਕੋਟ ਡਿਪੂ ਵਿਚ ਬੱਸਾਂ ਦੀ ਸਾਲ-ਵਾਰ ਕੁੱਲ ਗਿਣਤੀ ਕਿੰਨੀ ਕਿੰਨੀ ਹੈ, ਅਤੇ ਉਨ੍ਹਾਂ ਦੇ ਬੱਸਾਂ ਦੇ ਸਾਲ-ਵਾਰ ਵੇਰਵੇ ਕੀ ਹਨ ਜੋ ਕੰਡਮ ਕਰ ਦਿੱਤੀਆਂ ਗਈਆਂ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਬੱਸਾਂ ਨੂੰ ਕੰਡਮ ਕਰਨ ਲਈ ਕੀ ਕਸੌਟੀ ਅਪਣਾਈ ਗਈ ਹੈ ਅਤੇ ਉਪਰੋਕਤ ਸਮੇਂ ਦੇ ਦੌਰਾਨ ਉਕਤ ਡਿਪੂ ਨੂੰ ਮੁਹੱਈਆ ਕੀਤੀਆਂ ਗਈਆਂ ਨਵੀਆਂ ਬੱਸਾਂ ਦੀ ਸਾਲ-ਵਾਰ ਗਿਣਤੀ ਕਿੰਨੀ ਕਿੰਨੀ ਹੈ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਕੰਡਮ ਬੱਸਾਂ ਦੀ ਨਿਲਾਮੀ/ਵਿਕਰੀ ਤੋਂ ਪ੍ਰਾਪਤ ਹੋਈ ਆਮਦਨ ਦੇ ਸਾਲ-ਵਾਰ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਪੰਜਾਬ ਰੋਡਵੇਜ਼ ਪਠਾਨਕੋਟ ਡਿਪੂ ਵਿਚ ਮਾਰਚ 1992 ਤੋਂ ਦਸੰਬਰ 1996 ਤੱਕ ਸਾਲ ਵਾਈਜ਼ ਬੱਸਾਂ ਦੀ ਗਿਣਤੀ ਦੇ

[ਮੁੱਖ ਮੰਤਰੀ]

ਨਾਲ ਕੰਡਮ ਹੋਈਆਂ ਬੱਸਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

ਸਾਲ	ਕੁੱਲ ਬੱਸਾਂ	ਨਕਾਰਾ ਘੋਸ਼ਿਤ ਕੀਤੀਆਂ ਬੱਸਾਂ ਦੀ ਗਿਣਤੀ
992	190	25
1993	190	10
1994	190	13
1995	190	10
1996	190	24

(ਅ) ਸਰਕਾਰ ਵਲੋਂ ਬੱਸਾਂ ਨੂੰ ਕੰਡਮ ਕਰਨ ਲਈ 7 ਸਾਲ ਦੀ ਉਮਰ ਅਤੇ 5.25 ਲੱਖ ਕਿ. ਮੀ. ਤਹਿ ਕਰਨ ਦਾ ਨਾਰਮ ਨਿਸ਼ਚਿਤ ਕੀਤਾ ਹੋਇਆ ਹੈ । ਪਠਾਨਕੋਟ ਡਿਪੂ ਨੂੰ ਸਾਲ ਵਾਈਜ਼ ਹੇਠ ਲਿਖੇ ਅਨੁਸਾਰ ਨਵੀਆਂ ਬੱਸਾਂ ਦਿੱਤੀਆ ਗਈਆਂ ਹਨ :—

ਸਾਲ	ਨਵੀਆਂ ਬੱਸਾਂ ਦੀ ਗਿਣਤੀ
1992	9
1993	18
1994	7
1995	20
1996	1
1997	11 (ਜਨਵਰੀ ਤੋਂ 31 ਮਾਰਚ 1997)

(ੲ) ਜਿਨ੍ਹਾਂ ਕੰਡਮ ਬੱਸਾਂ ਦੀ ਰਿਪਲੇਸਮੈਂਟ ਪ੍ਰਾਪਤ ਹੋ ਗਈ ਸੀ, ਉਨ੍ਹਾਂ ਤੋਂ ਨਿਲਾਮੀ/ਵਿਕਰੀ ਨਾਲ ਸਾਲ ਵਾਈਜ਼ ਹੇਠ ਲਿਖੇ ਅਨੁਸਾਰ ਰਾਸ਼ੀ ਪ੍ਰਾਪਤ ਹੋਈ :—

ਸਾਲ	ਰਕਮ
19	13,72,342.66
1993	1,42,000.00
1994	3,16,500.00
1995	12,42,900.00
1996	-
ਕੁਲ ਜੋੜ	30,73,742-66

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਜ਼ਿਲ੍ਹਾ ਪਟਿਆਲਾ ਵਿਚ ਸੜਕਾਂ ਦੀ ਮੁਰੰਮਤ/ਬਣਾਉਣਾ

*489. **ਸਰਦਾਰ ਸੁਰਜੀਤ ਸਿੰਘ ਕੋਹਲੀ** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਵੱਖ ਵੱਖ ਵਿੱਤੀ ਸਾਲਾਂ 1992–93, 1993–94, 1994–95, 1995-96 ਅਤੇ 1996–97 ਦੇ ਦੌਰਾਨ ਜ਼ਿਲ੍ਹਾ ਪਟਿਆਲਾ ਵਿਚ ਸਾਲ-ਵਾਰ ਕੁੱਲ ਕਿੰਨੇ ਕਿਲੋਮੀਟਰ ਸੜਕਾਂ ਦੀ ਮੁਰੰਮਤ ਕੀਤੀ ਗਈ/ਬਣਾਈਆਂ ਗਈਆਂ ਅਤੇ ਉਨ੍ਹਾਂ ਦੇ ਵੇਰਵੇ ਕੀ ਹਨ;

(ਅ) ਕੀ ਸਾਲ 1997–98 ਦੇ ਦੌਰਾਨ ਜ਼ਿਲ੍ਹਾ ਪਟਿਆਲਾ ਵਿਚ ਕੋਈ ਹੋਰ ਸੜਕਾਂ ਦੀ ਮੁਰੰਮਤ ਕਰਨ/ਨਵੀਆਂ ਸੜਕਾਂ ਬਣਾਉਣ ਦੀ ਸਰਕਾਰ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸ੍ਰੀ ਮਾਨਜੀ, ਵੇਰਵਾ ਪੱਤਰ ਸਦਨ ਦੀ ਟੇਬਲ ਤੇ ਰੱਖਿਆ ਜਾਂਦਾ ਹੈ ।

ਵੇਰਵਾ ਪੱਤਰ

(ੳ) ਜ਼ਿਲ੍ਹਾ ਪਟਿਆਲਾ ਵਿੱਚ ਮੁਰੰਮਤ/ਉਸਾਰੀ ਕੀਤੀਆਂ ਸੜਕਾਂ ਦੀ ਲੰਬਾਈ ਹੇਠ ਲਿਖੇ ਅਨੁਸਾਰ ਹੈ —

ਲੜੀ ਨੰ.	ਸਾਲ	ਬਣਾਈਆਂ ਗਈਆਂ ਲਿੰਕ ਸੜਕਾਂ ਦੀ ਲੰਬਾਈ	ਖਰਚਾ (ਲੱਖਾਂ ਰੁ: ਵਿੱਚ)	ਮੁਰੰਮਤ ਕੀਤੀਆਂ ਗਈਆਂ ਲਿੰਕ ਸੜਕਾਂ ਲੰਬਾਈ	ਖਰਚਾ (ਲੱਖਾਂ ਰੁਪਏ ਵਿੱਚ)	ਮੁਰੰਮਤ ਕੀਤੀਆਂ ਪਲੇਨ ਸੜਕਾਂ ਦੀ ਲੰਬਾਈ	ਖਰਚਾ (ਲਖਾਂ ਰੁਪਏ ਵਿੱਚ)
1	2	3	4	5	6	7	8
1.	1992–93	1.66	5.76	273.62	420.03	167.74	258.04
2.	1993-94	34.46	147.77	161.43	333.17	99.90	295.11
3.	1994–95	33.70	120.60	142.19	168.94	74.26	308.90
4.	1995–96	16.49	47.40	450.64	748.83	133.41	361.01
5.	1996–97	7.00	16.97	302.40	615.04	145.40	517.39

[ਮੁੱਖ ਮੰਤਰੀ]

(ਅ) ਸਾਲ 1997-98 ਦੌਰਾਨ ਮੁਰੰਮਤ/ਉਸਾਰੀਆਂ ਜਾਣ ਵਾਲੀਆਂ ਸੜਕਾਂ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ :—

1. ਨਵੀਆਂ ਸੜਕਾਂ :—

ਨਵੀਆਂ ਸੜਕਾਂ ਦੀ ਲੰਬਾਈ	ਅਨੁਮਾਨਤ ਲਾਗਤ (ਲੱਖਾਂ ਰੁਪਏ ਵਿੱਚ)
105.59	686.33

2. ਲਿੰਕ ਸੜਕਾਂ ਦੀ ਮੁਰੰਮਤ

ਲੰਬਾਈ ਕਿ.ਮੀ. ਵਿੱਚ	ਅਨੁਮਾਨਤ ਲਾਗਤ (ਲੱਖਾਂ ਰੁਪਏ ਵਿਚ
789.42	2210.00

3. ਪਲੈਨ ਸੜਕਾਂ ਦੀ ਮੁਰੰਮਤ;

ਲੰਬਾਈ ਕਿ. ਮੀ. ਵਿੱਚ	ਅਨੁਮਾਨਤ ਲਾਗਤ (ਲੱਖਾਂ ਰੁਪਏ ਵਿੱਚ)
162	242.00

ਉਪਰੋਕਤ ਤਜਵੀਜ ਫੰਡਾਂ ਦੀ ਉਪਲਭਧਤਾ ਤੇ ਨਿਰਭਰ ਹੈ ।

—0—

ਪਟਿਆਲਾ-ਜ਼ੀਰਕਪੁਰ ਸੜਕ ਨੂੰ ਦੋ ਲੇਨਾ ਵਾਲੀ ਬਣਾਉਣਾ

*490. **ਸਰਦਾਰ ਸੁਰਜੀਤ ਸਿੰਘ ਕੋਹਲੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਟਿਆਲਾ ਤੋਂ ਜ਼ੀਰਕਪੁਰ ਸੜਕ ਨੂੰ ਦੋ ਲੇਨਾ ਵਾਲੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਇਸ ਨੂੰ ਕਦੋਂ ਤਕ ਬਣਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ । ਫੰਡਜ਼ ਉਪਲੱਬਧ ਹੋਣ ਦੀ ਸੂਰਤ ਵਿੱਚ, ਪਟਿਆਲਾ ਤੋਂ ਜ਼ੀਰਕਪੁਰ ਸੜਕ ਨੂੰ ਫੋਰਲੇਨਿੰਗ ਕਰਨ ਲਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ।

———

ਦਿਹਾਤੀ ਖੇਤਰਾਂ ਵਿੱਚ ਖੇਡਾਂ ਨੂੰ ਉਤਸ਼ਾਹਤ ਕਰਨਾ

*421. **ਸਰਦਾਰ ਅਜੀਤ ਇੰਦਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦਿਹਾਤੀ ਖੇਤਰਾਂ ਵਿੱਚ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੈ ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਹਾਂ ਜੀ । ਪੇਂਡੂ ਖੇਡਾਂ ਦੀ ਤਰੱਕੀ ਲਈ ਹੇਠ ਲਿਖੀਆਂ ਸਕੀਮਾਂ ਪ੍ਰਚਲਤ ਹਨ..

(ੳ) ਪੇਂਡੂ ਖੇਡ ਮੈਦਾਨ ਤਿਆਰ ਕਰਨੇ ;
(ਅ) ਪੇਂਡੂ ਖੇਡ ਕਲੱਬਾਂ ਨੂੰ ਗ੍ਰਾਂਟ ਦੇਣਾ ;
(ੲ) ਪੇਂਡੂ ਸਕੂਲਾਂ ਨੂੰ ਗ੍ਰਾਂਟ ਦੇਣਾ ;
(ਜ) ਪੇਂਡੂ ਖੇਡ ਮੁਕਾਬਲੇ ਕਰਵਾਉਣੇ ;
(ਹ) ਹਰ ਬਲਾਕ ਵਿੱਚ ਪੱਧਰ ਦੇ ਸਟੇਡੀਅਮ ਦੀ ਉਸਾਰੀ ਕਰਨਾ ।

—0—

ਤਹਿਸੀਲ ਮੁਕੇਰੀਆਂ ਦੇ ਪਿੰਡਾਂ ਵਿਚ ਸੇਮ ਦੀ ਸਮੱਸਿਆ

*444. **ਸ੍ਰੀ ਰਮੇਸ਼ ਚੰਦਰ ਡੋਗਰਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਿੰਡਾਂ ਦੇਪੁਰ, ਬਡਾਲਾ, ਨਾਰਨੋਲ, ਕੰਡੇ ਕਰੋੜਾ, ਪਾਸੀ ਕਰੋੜਾ ਘੱਗਵਾਲ, ਆਸਿਫਪੁਰ, ਗੱਗਰ ਅਤੇ ਜੁਗਿਆਲ ਦੇ ਇਲਾਕੇ ਮੁਕੇਰੀਆਂ ਹਾਈਡਲ ਚੈਨਲ ਦੇ ਕਾਰਣ ਸੇਮ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹਨ; ਜੇਕਰ ਅਜਿਹਾ ਹੋਵੇ, ਤਾਂ ਇਹ ਸਮੱਸਿਆ ਤੇ ਕਾਬੂ ਪਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾਣ ਦੀ ਤਜਵੀਜ਼ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਮੁਕੇਰੀਆਂ ਦੇ ਪਿੰਡਾਂ/ਖੇਤਰਾਂ, ਜੋ ਮੁਕੇਰੀਆਂ ਹਾਈਡਲ ਚੈਨਲ ਕਰਕੇ ਸੇਮ ਨਾਲ ਪ੍ਰਭਾਵਿਤ ਹੋਏ ਹਨ, ਨੂੰ ਸੇਮ ਤੋਂ ਬਚਾਉਣ ਲਈ ਲੋੜੀਂਦਾ ਨਿਰੀਖਣ ਕੀਤਾ ਜਾ ਰਿਹਾ ਹੈ ।

ਨਵਾਂ ਸ਼ਹਿਰ ਅਤੇ ਫਿਲੌਰ ਵਿਚਕਾਰ ਧੁੱਸੀ ਬੰਨ ਨੂੰ ਪੱਕਾ ਕਰਨਾ

*459. **ਸ੍ਰੀ ਚਰਨਜੀਤ ਸਿੰਘ** ਨਵਾਂ ਸ਼ਹਿਰ. ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਵਾਂਸ਼ਹਿਰ ਅਤੇ ਫਿਲੌਰ ਵਿਚਕਾਰ ਧੁੱਸੀ ਬੰਨ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਨਹੀ ਜੀ ।

UNSTARRED QUESTIONS AND ANSWERS

ਰਾਜ ਵਿਚ ਦਹਜ ਕਾਰਣ ਹੋਈਆਂ ਮੌਤਾਂ

103: **ਕਾਮਰੇਡ ਹਰਦੇਵ ਅਰਸ਼ੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਰ ਇਕ ਸਾਲਾ 1991, 1992, 1993, 1994, 1995 ਅਤੇ 1996 ਦੇ ਦੌਰਾਨ ਰਾਜ ਵਿਚ ਦਹੇਜ਼ ਕਾਰਣ ਹੋਈਆਂ ਮੌਤਾਂ ਸਬੰਧੀ ਦਰਜ ਕੀਤੇ ਗਏ ਕੇਸਾ ਦੀ ਸਾਲ-ਵਾਰ ਗਿਣਤੀ ਕਿੰਨੀ-ਕਿੰਨੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸੂਚਨਾ ਹੇਠ ਲਿਖੇ ਅਨੁਸਾਰ ਹੈ :—

ਸਾਲ	ਕੁਲ ਦਰਜ ਕੀਤੇ ਕੇਸ
1991	50
1992	104
1993	128
1994	103
1995	139
1996	164

ਸੰਤ ਰਾਮ ਮੈਟਰਨਿਟੀ ਹਸਪਤਾਲ, ਛੇਹਰਟਾ ਦੇ ਪ੍ਰਬੰਧਕਾਂ ਦੇ ਖਿਲਾਫ਼ ਸ਼ਿਕਾਇਤ

104. **ਕਾਮਰੇਡ ਹਰਦੇਵ ਅਰਸ਼ੀ:** ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਸੰਤ ਰਾਮ ਮੈਟਰਨਿਟੀ ਹਸਪਤਾਲ, ਛੇਹਰਟਾ ਦੇ ਪ੍ਰਬੰਧਕਾਂ ਦੇ ਖਿਲਾਫ਼ ਸ਼ਿਕਾਇਤਾਂ ਸਬੰਧੀ 18 ਮਾਰਚ, 1993 ਲਈ ਬਿਨਾਂ ਨਿਸ਼ਾਨ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਬਿਨਾ ਨਿਸ਼ਾਨ ਪ੍ਰਸ਼ਨ ਨੰਬਰ 108 ਦੇ ਉੱਤਰ ਦੇ ਹਵਾਲੇ ਨਾਲ ਕਿਰਪਾ ਕਰਕੇ ਦੱਸਣਗੇ ਕਿ ਕੀ ਕਮਿਸ਼ਨਰ ਮਿਉਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ ਵਲੋਂ ਹੋਰ ਜਾਂਚ-ਪੜਤਾਲ ਮੁਕੰਮਲ ਕਰ ਲਈ ਗਈ ਹੈ ਅਤੇ ਸਬੰਧਤ ਰਿਕਾਰਡ ਪੇਸ਼ ਕਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੈ ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

ਸ੍ਰੀ ਬਲਰਾਮ ਜੀ ਦਾਸ ਟੰਡਨ : ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ ਵਲੋਂ ਮਾਮਲੇ ਦੀ ਪੜਤਾਲ ਕੀਤੀ ਗਈ ਹੈ ਜਿਹਨਾਂ ਨੇ ਰਿਪੋਰਟ ਕੀਤੀ ਹੈ ਕਿ ਸ਼੍ਰੀਮਤੀ ਮਨਜੀਤ ਕੌਰ ਅਤੇ ਉਸ ਦੇ ਪਤੀ ਨੇ ਇਹ ਹਲਫੀਆ ਬਿਆਨ ਦਿੱਤੇ ਹਨ ਕਿ ਹਸਪਤਾਲ ਦੇ ਸਟਾਫ ਦਾ ਵਤੀਰਾ ਚੰਗਾ ਸੀ ਅਤੇ ਉਸ ਨੂੰ ਠੀਕ ਤਰ੍ਹਾਂ ਨਾਲ 'ਅਟੈਂਡ' ਕੀਤਾ ਗਿਆ ਸੀ। ਹਸਪਤਾਲ ਦੇ ਸਟਾਫ ਦੇ ਕਿਸੇ ਮੈਂਬਰ ਨੇ ਉਹਨਾਂ ਤੋਂ ਪੈਸੇ ਦੀ ਮੰਗ ਨਹੀਂ ਕੀਤੀ। ਇਹਨਾਂ ਹਾਲਤਾਂ ਦੇ ਸਨਮੁੱਖ ਸਟਾਫ ਦੇ ਖਿਲਾਫ ਕੋਈ ਕਾਰਵਾਈ ਕਰਨੀ ਨਹੀਂ ਬਣਦੀ। ਇਸ ਤੋਂ ਇਲਾਵਾ ਹੁਣ ਮੈਡੀਕਲ ਅਫਸਰ ਹਸਪਤਾਲ ਦੀ ਦੇਖ-ਰੇਖ ਕਰ ਰਿਹਾ ਹੈ। ਫਾਰਮਾਸਿਸਟ ਦੀ ਇਕ ਖਾਲੀ ਆਸਾਮੀ ਪਹਿਲਾਂ ਹੀ ਭਰੀ ਜਾ ਚੁੱਕੀ ਹੈ ਅਤੇ ਸਟਾਫ ਨਰਸਾਂ ਦੀਆਂ ਤਿੰਨ ਖਾਲੀ ਆਸਾਮੀਆਂ ਛੇਤੀ ਹੀ ਭਰੀਆਂ ਜਾਣਗੀਆਂ।

ਮੁੱਖ ਮੰਤਰੀ ਰਾਹਤ ਫੰਡਜ਼

105. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਰਾਜ ਵਿਚ ਕੋਈ ਮੁੱਖ ਮੰਤਰੀ ਰਾਹਤ ਫੰਡਜ਼ ਵਜੋਂ ਜਾਣੇ ਜਾਂਦੇ ਫੰਡਜ਼ ਹਨ; ਜੇਕਰ ਅਜਿਹਾ ਹੈ ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ, ਅਤੇ ਅਜਿਹੇ ਹਰੇਕ ਫੰਡ ਵਿਚ 1 ਜਨਵਰੀ, 1997 ਤਕ ਕਿੰਨੀ-ਕਿੰਨੀ ਰਕਮ ਸੀ।

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਫੰਡਜ਼ ਦਾ ਪ੍ਰਬੰਧ ਕਿਸੇ ਨਿਯਮਾਂ ਅਧੀਨ ਕੀਤਾ ਜਾਂਦਾ ਹੈ; ਜੇਕਰ ਅਜਿਹਾ ਹੈ ਤਾਂ ਹਰੇਕ ਫੰਡਜ਼

ਨਾਲ ਸਬੰਧਤ ਨਿਯਮਾਂ ਦੀਆਂ ਕਾਪੀਆਂ ਸਦਨ ਦੀ ਮੇਜ਼ ਤੇ ਰੱਖੀਆਂ ਜਾਣ;

(ਦ) ਕੀ ਉਪਰੋਕਤ ਭਾਗ (ੲ) ਵਿਚ ਵਰਣਿਤ ਕਿਸੇ ਫੰਡਜ਼ ਵਿਚੋਂ ਕੋਈ ਰਕਮਾਂ ਪਿਛਲੇ ਪੰਜ ਸਾਲਾਂ ਦੌਰਾਨ ਹੜ੍ਹ ਰਾਹਤ ਤੋਂ ਇਲਾਵਾ ਕਿਸੇ ਹੋਰ ਮੰਤਵਾਂ ਲਈ ਖਰਚ ਕੀਤੀਆਂ ਗਈਆਂ ਸਨ ; ਜੇਕਰ ਅਜਿਹਾ ਹੈ ਤਾਂ ਕਿੰਨੀ ਰਕਮ ਅਤੇ ਕਿਸ ਮੰਤਵ ਲਈ ਖਰਚ ਕੀਤੀ ਗਈ ਸੀ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਹਾਂ ਸ੍ਰੀਮਾਨ ਜੀ। ਮੁੱਖ ਮੰਤਰੀ ਜੀ ਦੇ ਨਾਂ ਤੇ ਦੋ ਫੰਡਜ਼ ਹਨ ਜਿਨ੍ਹਾਂ ਦੇ ਨਾਂ "ਮੁੱਖ ਮੰਤਰੀ ਫਲੱਡ ਰਿਲੀਫ ਫੰਡ" ਅਤੇ "ਮੁੱਖ ਮੰਤਰੀ ਰਲੀਫ ਫੰਡ" ਹਨ। ਇਨ੍ਹਾਂ ਦੋਹਾਂ ਫੰਡਾਂ ਵਿੱਚ 1-1-1997 ਨੂੰ ਕ੍ਰਮਵਾਰ 15,42,05,663/-ਰੁਪਏ ਅਤੇ 15'45,500/-ਰੁ: ਦੇ ਫੰਡਜ਼ ਸਨ।

(ਅ) ਜਿਨ੍ਹਾਂ ਰੂਲਾਂ ਨਾਲ ਇਨ੍ਹਾਂ ਦੋਹਾਂ ਫੰਡਾਂ ਨੂੰ ਗਵਰਨ ਕੀਤਾ ਜਾਂਦਾ ਹੈ ਉਨ੍ਹਾਂ ਦੀਆਂ ਕਾਪੀਆਂ ਅਨੁਲੱਗ 'ੳ'* ਅਤੇ 'ਅ'* ਰਾਹੀਂ ਸਦਨ ਦੀ ਟੇਬਲ ਤੇ ਰੱਖੀਆਂ ਜਾਂਦੀਆਂ ਹਨ।

(ੲ) ਮੁੱਖ ਮੰਤਰੀ ਜੀ ਦੇ "ਰਿਲੀਫ ਫੰਡ" ਵਿਚੋਂ ਫਲੱਡ ਰਿਲੀਫ ਨੂੰ ਛੱਡ ਕੇ 2,88,84,911/-ਰੁ: ਦੀ ਰਕਮ ਖਰਚ ਕੀਤੀ ਗਈ ਸੀ। ਜਿਸ ਬਾਰੇ ਪਿਛਲੇ ਪੰਜਾਂ ਸਾਲਾਂ ਦਾ ਵੇਰਵਾ, ਖਰਚੇ ਅਤੇ ਮੰਤਵ ਸਮੇਤ ਅਨੁਲੱਗ 'ੲ'* ਰਾਹੀਂ ਸਦਨ ਦੀ ਟੇਬਲ ਤੇ ਰੱਖਿਆ ਜਾਂਦਾ ਹੈ।

ਰਾਜ ਦੀਆਂ ਮਿਊਂਸਪਲ ਕਾਰਪੋਰੇਸ਼ਨਾਂ ਵਿਚ ਲੋਕਲ ਬੱਸ ਸੇਵਾ

106. **ਕਾਮਰੇਡ ਹਰਦੇਵ ਅਰਸ਼ੀ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੀਆਂ ਮਿਊਂਸਪਲ ਕਾਰਪੋਰੇਸ਼ਨਾਂ ਪਾਸ ਬੱਸ ਸੇਵਾ ਲਈ ਆਪਣੀਆਂ ਲੋਕਲ ਬੱਸਾਂ ਹਨ; ਜੇਕਰ ਅਜਿਹਾ ਹੈ ਤਾਂ ਹਰੇਕ ਕਾਰਪੋਰੇਸ਼ਨ ਕੋਲ ਕਿੰਨੀਆਂ-ਕਿੰਨੀਆਂ ਬੱਸਾਂ ਹਨ; ਅਤੇ ਉਨ੍ਹਾਂ ਰੂਟਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਉਤੇ ਇਹ ਬੱਸਾਂ ਚਲਾਈਆਂ ਰਹੀਆਂ ਹਨ ?

ਸ੍ਰੀ ਬਲਰਾਮ ਜੀ ਦਾਸ ਟੰਡਨ : ਜੀ ਨਹੀਂ। ਪੰਜਾਬ ਮੰਤਰੀ ਮੰਡਲ ਵਲੋਂ ਲਏ ਗਏ ਫੈਸਲੇ ਅਨੁਸਾਰ ਰਾਜ ਦੀਆਂ ਤਿੰਨਾਂ ਨਗਰ ਨਿਗਮਾਂ ਵਲੋਂ ਚਲਾਈ ਜਾ ਰਹੀ ਲੋਕਲ ਬੱਸ ਸੇਵਾ ਸਾਲ 1993 ਵਿੱਚ ਖਤਮ ਕਰ ਦਿੱਤੀ ਗਈ ਸੀ।

POINTS OF ORDER

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ, ਦਾ ਧਿਆਨ ਵਿਸ਼ੇਸ਼ ਕਰਕੇ ਇਸ ਗੱਲ ਵੱਲ ਦਿਵਾਉਣਾ ਚਾਹੁੰਦੀ ਹਾਂ ਕਿ ਨੇਤਰਹੀਣ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਆਪਣੀਆਂ ਮੰਗਾਂ ਲੈ ਕੇ ਇਕ ਅੰਦੋਲਨ ਕੀਤਾ ਸੀ ਅਤੇ ਕਾਫੀ ਅਰਸਾ ਉਹ ਅੰਦੋਲਨ ਚਲਦਾ ਰਿਹਾ ਸੀ। ਮੁੱਖ ਮੰਤਰੀ ਸਾਹਿਬ ਦੇ ਇਹ ਵਿਸ਼ਵਾਸ ਦਿਵਾਉਣ ਤੇ ਅੰਦੋਲਨ ਖਤਮ ਹੋਇਆ ਸੀ ਕਿ ਉਨ੍ਹਾਂ ਨੂੰ ਨੌਕਰੀਆਂ ਦੇਣ ਵਿਚ ਰਿਜ਼ਰਵੇਸ਼ਨ ਦਿੱਤੀ ਜਾਵੇਗੀ ਜਿਸ ਉਤੇ ਹਾਲੇ ਤੱਕ ਕੋਈ ਅਮਲ ਨਹੀਂ ਕੀਤਾ ਗਿਆ। ਅਗਰ ਉਨ੍ਹਾਂ ਵਿਚੋਂ ਕਿਸੇ ਨੂੰ ਨੌਕਰੀ ਦਿੱਤੀ ਜਾਂਦੀ ਹੈ ਤਾਂ ਉਸ ਨੂੰ ਜੁਆਇਨ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ। ਇਸ ਗੱਲ ਉਤੇ ਫੈਸਲਾ ਕਰਵਾ

*Placed in the Library.

[ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

ਕੇ ਮੁੱਖ ਮੰਤਰੀ ਸਾਹਿਬ ਹਾਊਸ ਦੇ ਵਿਚ ਸਾਨੂੰ ਦੱਸਣ ਅਤੇ ਹੋ ਸਕੇ ਤਾਂ ਹਾਊਸ ਦੇ ਵਿਚ ਹੁਣੇ ਹੀ ਜਵਾਬ ਦੇ ਦੇਣ ।

ਸਰਦਾਰ ਸੁਰਜੀਤ ਕੋਹਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਟਿਆਲਾ ਸ਼ਹਿਰ ਵਿਚ 200 ਪਰਿਵਾਰਾਂ ਦੀ ਰੋਟੀ ਦਾ ਸਵਾਲ ਹੈ । ਮੈਂ ਸਰਕਾਰ ਦਾ ਧਿਆਨ ਉਸ ਜ਼ਰੂਰੀ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਜਦੋਂ 1994-95 ਵਿੱਚ ਉਨ੍ਹਾਂ ਦਾ ਸਭ ਕੁਝ ਤਬਾਹ ਹੋ ਗਿਆ ਸੀ । (ਵਿਘਨ) ਸਪੀਕਰ ਸਾਹਿਬ, ਇਹ 200 ਪਰਿਵਾਰਾਂ ਦਾ ਰੋਟੀ ਦਾ ਮਸਲਾ ਹੈ ।

ਸ੍ਰੀ ਸਪੀਕਰ: ਇਹ 1994-95 ਦੀ ਗੱਲ ਹੈ । ਕੋਹਲੀ ਸਾਹਿਬ ਤੁਸੀਂ ਬੈਠ ਜਾਓ ।

ਕਾਮਰੇਡ ਹਰਦੇਵ ਅਰਸ਼ੀ: ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਇਕ ਬੜੇ ਹੀ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਇਕ ਪਰਵਾਸੀ ਨੂੰ ਭੱਠਾ ਮਾਲਕ ਨੇ ਉਸ ਦੀ ਮਜ਼ਦੂਰੀ ਨਹੀਂ ਦਿੱਤੀ । ਉਹ ਪਰਵਾਸੀ ਬਾਹਰੋਂ ਆਇਆ ਹੈ ਅਤੇ ਉਸ ਦਾ ਨਾਂ ਸੁਭਾਸ਼ ਹੈ । ਪਰਵਾਸੀ ਹੋਣ ਕਰਕੇ ਉਸ ਨੂੰ ਕੋਈ ਜਾਣਦਾ ਨਹੀਂ ਅਤੇ ਦੁਕਾਨਦਾਰ ਨੇ ਵੀ ਉਸ ਦਾ ਉਧਾਰ ਬੰਦ ਕਰ ਦਿੱਤਾ ਹੈ । ਉਸ ਦਾ ਇਕ ਸਵਾ ਸਾਲ ਦਾ ਬੱਚਾ ਬਿਮਾਰ ਸੀ ਪਰ ਉਸ ਕੋਲ ਪੈਸਾ ਨਾ ਹੋਣ ਕਰਕੇ ਉਹ ਆਪਣੇ ਬੱਚੇ ਦਾ ਇਲਾਜ ਨਹੀਂ ਕਰਵਾ ਸਕਿਆ ਅਤੇ ਉਹ ਬੱਚਾ ਬਗੈਰ ਦਵਾਈ ਤੋਂ ਮਰ ਗਿਆ । ਕਿਤਨੀ ਸ਼ਰਮ ਵਾਲੀ ਗੱਲ ਹੈ । ਇਸ ਤਰ੍ਹਾਂ ਦੇ ਹੋਰ ਵੀ ਕੇਸ ਹੋਣਗੇ ਜਿਥੇ ਭੱਠਾ ਮਾਲਕ ਮਜ਼ਦੂਰਾਂ ਨੂੰ ਪੈਸੇ ਨਹੀਂ ਦਿੰਦੇ । ਕੀ ਸਰਕਾਰ ਉਸ ਦੀ ਕੋਈ ਮੱਦਦ ਕਰੇਗੀ ? ਸਰਕਾਰ ਨੂੰ ਉਸ ਦੀ ਮੱਦਦ ਕਰਨੀ ਚਾਹੀਦੀ ਹੈ । ਜੋ ਮਜ਼ਦੂਰਾਂ ਦੇ ਨਾਲ ਜ਼ਿਆਦਤੀਆਂ ਹੁੰਦੀਆਂ ਹਨ, ਕੀ ਮੰਤਰੀ ਜੀ ਇਸ ਗੱਲ ਦੀ ਪੜਤਾਲ ਕਰਨਗੇ ?

ਰਾਜਾ ਨਰਿੰਦਰ ਸਿੰਘ: ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਜਿਥੋਂ ਤਕ ਮੈਨੂੰ ਹਾਊਸ ਦੇ ਰੂਲਜ਼ ਦੀ ਵਾਕਫੀਅਤ ਹੈ ਉਸ ਮੁਤਾਬਿਕ ਅਗਰ 1/3 ਮੈਂਬਰ ਆਪਣੀ ਪਾਰਟੀ ਨੂੰ ਛੱਡਕੇ ਦੂਸਰੇ ਪਾਸੇ ਚਲੇ ਜਾਣ ਤਾਂ ਉਨ੍ਹਾਂ ਲਈ ਅਲਹਿਦਾ ਸੀਟ ਹਾਊਸ ਵਿਚ ਅਲਾਟ ਕੀਤੀ ਜਾਂਦੀ ਹੈ । ਡਾਕਟਰ ਹਰਬੰਸ ਲਾਲ ਆਪਣੀ ਪਾਰਟੀ ਤੋਂ ਅਲਹਿਦਾ ਹੋ ਗਏ ਹਨ ਤਾਂ ਡਾਕਟਰ ਹਰਬੰਸ ਲਾਲ ਨੂੰ ਸੀਟ ਅਲਹਿਦਾ ਕਿਉਂ ਨਹੀਂ ਅਲਾਟ ਕੀਤੀ ਗਈ ? ਜੇਕਰ ਕੋਈ ਮੈਂਬਰ ਦੂਜੀ ਪਾਰਟੀ ਵਿਚ ਸ਼ਾਮਲ ਹੋ ਜਾਂਦਾ ਹੈ ਤਾਂ ਸੀਟ ਅਲੱਗ ਦਿੱਤੀ ਜਾਂਦੀ ਹੈ । (ਹਾਸਾ) (ਵਿਘਨ)

ਸ੍ਰੀ ਸਪੀਕਰ: ਰਾਜਾ ਸਹਿਬ, ਤੁਸੀਂ ਬੈਠ ਜਾਓ ।

ਡਾਕਟਰ ਹਰਬੰਸ ਲਾਲ : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ..... (ਵਿਘਨ)

ਸ੍ਰੀ ਸਪੀਕਰ: ਡਾਕਟਰ ਸਾਹਿਬ, ਤੁਸੀਂ ਬੈਠ ਜਾਓ ।

PRESENTATION OF SECOND REPORT OF THE BUSINESS ADVISORY COMMITTEE

Mr. Speaker: I have to present to the House the Second Report of the Business Advisory Committee. The Report reads.

After reconsidering the Programme already settled by the Committee in its meeting held on 10th June, 1997, the Committee decided that the following business be transacted at the sittings of the Vidhan Sabha to be held from 18th June, 1997 to 24th June, 1997 :—

Wednesday, the 18th June, 1997 9.00 A.M.	(i) Election of Deputy Speaker. (ii) Resumption of General Discussion on Budget Estimates for the year 1997-98. (To be concluded).
Thursday, the 19th June, 1997 (9.00 A.M.)	Non-Official Business.
Friday, the 20th June, 1997 (9.00 A.m.)	Discussion and voting on Demands and Grants in respect of Home and Education relating to the Budget Estimates for the year 1997-98.
Saturday, the 21st June, 1997 Sunday, the 22nd June, 1997	Holidays
Monday, the 23rd June, 1997 (2.00 P.M.)	Discussion and Voting on Demands for Grants in respect of Agriculture & Forests and welfare of Scheduled Castes & Backward Classes relating to Budget Estimates for the year 1997-98. Guillotine will be applied in remaining Demands for Grants under the Rules.
Tuesday, the 24th June, 1997 (9.00 A.m)	(i) Motion under Rule 16 regarding adjournment of the House *Sine die* (ii) Appropriation Bill in respect of Budget Estimates for the year 1997-98. (iii) Legislative Business.

[Mr. Speaker]

If any rule/rules of the Rules of procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, the rule/those rules shall stand suspended to that extent.

Minister for Parliamentary Affairs : (Shri Madan Mohan Mittal) : Sir, I beg to move—

> That this House agrees with the recommendations contained in the second Report of the Business Advisory Committee.

Mr. Speaker. Motion moved—

> That this House agrees with the recommendations contained in the Second Report of the Business Advisory Committee

Mr. Speaker. Question is—

> That this House agrees with the recommendations contained in the Second Report of the Business Advisory Committee.

The motion was carried.

CALL ATTENTION NOTICES UNDER RULE 66

(Serial No. 12)

श्रीमती लक्ष्मी कांता चावला : सभापति जी मैं आपकी आज्ञा से सदन का ध्यान एक अत्यंत ही आवश्यक विषय की ओर आकर्षित करना चाहती हूं कि साल 1997-98 के लिए शराब के ठेके और अहाते पंजाब में फरवरी, मार्च, 1997 में नीलाम किए गए, उनको नीलाम करते समय यह नहीं देखा गया कि बस-स्टड रेलवे स्टेशन या घरेलु आबादियां कहां हैं। इसका दुष्परिणाम यह सामने आ रहा है कि सूर्य अस्त होने के समय जब इन ठेकों और अहातों पर रौनक बढ़ने लगती है तो महिलाओं और सरीफ लोगों का वहां से निकलना कठिन हो जाता है और जिस कारण हमारी सोशल लाईफ सामाजिक सेहत में हानिकारक घटनाएं होती हैं। सरकार शराबियों और शराब के अहातों से महिलाओं और शरीफ लोगों को मुक्त कराने के लिए सदन में वक्तव्य दे।

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਸੀ. ਐਮ. ਸਾਹਿਬ ਤੋਂ, ਹਾਊਸ ਤੋਂ....

ਸ੍ਰੀਮਤੀ ਲਛਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਤੇ ਹਾਲੇ ਸਪਲੀਮੈਂਟਰੀ ਹੋਣ ਨਹੀਂ ਦਿੱਤੀ . . .

ਰਾਜਾ ਨਰਿੰਦਰ ਸਿੰਘ : ਮੈਂ ਜਾਨਣਾ ਚਾਹੁੰਦਾ ਹਾਂ ਕਿ ਗਰੀਬ ਆਦਮੀ ਜਿਹੜੇ ਦਾਰੂ ਪੀਂਦੇ ਹਨ, ਕੀ ਉਹ ਸ਼ਰੀਫ ਨਹੀਂ ਹੁੰਦੇ ?

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਇਹ ਬਹੁਤ ਪੁਰਾਣੇ ਪਾਰਲੀਮੈਂਟਰੀਅਨ ਹਨ । ਇਹ ਕੀ ਕਰ ਰਹੇ ਹਨ।....(ਵਿਘਨ)

(ਇਸ ਸਮੇਂ ਡਾਕਟਰ ਹਰਬੰਸ ਲਾਲ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਪਵਿੱਤਰ ਸਦਨ ਦਾ ਮੈਂਬਰ ਹੈ । ਇਸ ਨੂੰ ਬੋਲਣ ਦੀ ਇਜ਼ਾਜ਼ਤ ਦੇ ਦਿਉ । (ਹਾਸਾ)

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਹੁਣੇ ਰਾਜਾ ਸਾਹਿਬ ਨੇ ਕਾਫ਼ੀ ਗੱਲਾਂ ਕੀਤੀਆਂ ਹਨ । ਲੋਕ ਤਾਂ ਵਜ਼ੀਰ ਤੋਂ ਰਾਜੇ ਬਣਦੇ ਹਨ ਇਹ ਰਾਜੇ ਤੋਂ ਵਜ਼ੀਰ ਬਣਨਾ ਚਾਹੁੰਦੇ ਹਨ । ਇਹ ਨਾ ਹੋਵੇ ਇਹ ਆਪਣੀਆਂ ਕੁਰਸੀਆਂ ਵਖਰੀਆਂ ਲਗਵਾ ਲੈਣ ਜਿਹੜੇ ਇਹ ਡਾਕਟਰ ਹਰਬੰਸ ਲਾਲ ਨੂੰ ਵੱਖਰੀ ਕੁਰਸੀ ਦੇਣਾ ਚਾਹੁੰਦੇ ਹਨ ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਾਲ 1997-98 ਲਈ ਆਬਕਾਰੀ ਤੇ ਕਰ ਵਿਭਾਗ ਵਲੋਂ ਜ਼ਿਲ੍ਹਾਵਾਰ ਨੀਲਾਮੀਆਂ ਮਾਰਚ, 1997 ਵਿਚ ਕੀਤੀਆਂ ਗਈਆਂ ਸਨ : ਇਹ ਨਿਲਾਮੀਆਂ ਪਿਛਲੇ ਸਾਲ ਚਲ ਰਹੇ ਠੇਕਿਆਂ ਦੇ ਆਧਾਰ ਤੇ ਹੀ ਕੀਤੀਆਂ ਗਈਆਂ ਹਨ ਅਤੇ ਕੋਈ ਵੀ ਨਵੇਂ ਠੇਕੇ ਨੀਲਾਮ ਨਹੀਂ ਕੀਤੇ ਗਏ ।

ਠੇਕਿਆਂ ਦੀਆਂ ਨੀਲਾਮੀਆਂ ਗਰੁੱਪਵਾਰ ਕੀਤੀਆਂ ਜਾਂਦੀਆਂ ਹਨ । ਸਰਕਾਰ ਦੀ ਨੀਤੀ ਅਨੁਸਾਰ ਠੇਕੇ ਧਾਰਮਿਕ ਸਥਾਨਾਂ, ਜਨਤਕ ਮਨੋਰੰਜਨ, ਵਿਦਿਅਕ ਸੰਸਥਾਵਾਂ, ਮਜ਼ਦੂਰਾਂ ਅਤੇ ਦਲਿਤਾਂ ਦੀਆਂ ਬਸਤੀਆਂ ਅਤੇ ਗੁਰੂ ਗੋਬਿੰਦ ਸਿੰਘ ਮਾਰਗ ਤੋਂ ਵਾਜਿਬ ਦੂਰੀ ਤੇ ਖੋਲ੍ਹਣ ਦਾ ਉਪਬੰਧ ਹੈ । ਇਸ ਤੋਂ ਇਲਾਵਾ ਇਹ ਠੇਕੇ ਨੈਸ਼ਨਲ ਹਾਈ ਵੇ ਤੋਂ 150 ਮੀਟਰ ਦੀ ਦੂਰੀ ਤੇ ਹੋਣੇ ਚਾਹੀਦੇ ਹਨ । ਪਰੰਤੂ ਇਹ ਸ਼ਰਤਾਂ ਮਿਊਂਸਪਲ ਕਮੇਟੀ, ਮਿਊਂਸਪਲ ਕਾਰਪੋਰੇਸ਼ਨ ਅਤੇ ਨੋਟੀਫਾਈਡ ਏਰੀਆ ਕਮੇਟੀ ਵਗੈਰਾ ਅੰਦਰ ਪੈਂਦੀਆਂ ਥਾਵਾਂ ਤੇ ਲਾਗੂ ਨਹੀਂ ਹੁੰਦੀਆਂ । ਸ਼ਹਿਰਾਂ ਅਤੇ ਪਿੰਡਾਂ ਵਿਚ ਮਹੱਤਵਪੂਰਣ ਠੇਕਿਆਂ ਨਾਲ ਅਹਾਤੇ ਵੀ ਖੋਲ੍ਹੇ ਜਾਂਦੇ ਹਨ ।

ਠੇਕਿਆਂ ਦੀ ਨੀਲਾਮੀ ਕਰਨ ਤੋਂ ਪਹਿਲਾਂ ਏਰੀਆਵਾਰ ਠੇਕਿਆਂ ਦੀ ਗਿਣਤੀ ਨਿਸ਼-ਚਿਤ ਕੀਤੀ ਜਾਂਦੀ ਹੈ ਅਤੇ ਇਕ ਏਰੀਏ ਦਾ ਠੇਕਾ ਨੀਲਾਮ ਕਰਨ ਤੋਂ ਉਪਰੰਤ ਬੋਲੀ ਦੇਣ ਵਾਲੇ ਠੇਕੇਦਾਰ ਨੂੰ ਉਹ ਠੇਕਾ ਢੁੱਕਵੇਂ ਵਪਾਰਕ ਸਥਾਨ ਤੇ ਖੋਲ੍ਹਣ ਦੀ ਖੁਲ੍ਹ ਦਿੱਤੀ ਜਾਂਦੀ ਹੈ । ਸ਼ਹਿਰਾਂ ਤੇ ਪਿੰਡਾਂ ਦੇ ਮਹੱਤਵਪੂਰਣ ਠੇਕਿਆਂ ਦੇ ਨਾਲ ਅਹਾਤੇ ਖੋਲ੍ਹਣ ਦੀ ਇਜ਼ਾਜ਼ਤ ਇਸ ਲਈ ਦਿੱਤੀ ਜਾਂਦੀ ਹੈ ਕਿ ਸ਼ਰਾਬ ਨੂੰ ਪੀਣ ਵਾਲੇ ਲੋਕ ਜਨਤਕ ਸਥਾਨਾਂ ਤੇ ਖੜ੍ਹੇ ਹੋ ਕੇ ਸ਼ਰਾਬ ਦਾ ਇਸਤੇਮਾਲ ਨਾ ਕਰਨ ਅਤੇ ਕਿਸੇ ਕਿਸਮ ਦੀ ਆਮ ਲੋਕਾਂ ਨੂੰ ਪ੍ਰੇਸ਼ਾਨੀ ਨਾ ਹੋਵੇ । ਫਿਰ ਵੀ ਠੇਕੇਦਾਰ ਦੀ ਇਹ ਡਿਊਟੀ ਹੈ ਕਿ ਉਹ ਅਹਾਤਾ ਅਜਿਹੇ ਤਰੀਕੇ ਨਾਲ ਠੀਕ ਇਮਾਰਤ ਵਿਚ ਚਲਾਵੇ ਕਿ ਕਿਸੇ ਵੀ ਰਾਹਗੀਰ ਨੂੰ ਕਿਸੇ ਕਿਸਮ ਦੇ ਭੱਦੇ ਤੇ ਅਸੱਭਿਆ ਵਾਤਾਵਰਣ ਦਾ ਸਾਹਮਣਾ ਨਾ ਕਰਨਾ ਪਵੇ ।

श्रीमती लक्ष्मी कांता चावला : स्पीकर साहिब, मुख्य मंत्री जी खूब जानते हैं कि कागज़ी चीजों में और व्यवहार में बड़ा अंतर होता है । मुझे इनके जवाब से बहुत आशा थी लेकिन इन्होंने कह दिया है कि पिछली सरकार ने जो दे दिये वही ठेके है और हम ने कोई नये नहीं दिये । सरकार ने जो महाराजा रणजीत सिंह के राज जैसा राज्य बनाने का ऐलान किया है, उसको उस पर अमल करना चाहिए और अगर इस साल नहीं तो अगले साल यह ठेके और अहाते जरूर उठा देने चाहिएं । जालधर के बस स्टैंड, अमृतसर के रेलवे स्टेशन और रामा मंडी चौक में, बंगा के मेन बाजार में, नवां शहर के बस स्टैंड में, खरड़ के बस स्टैंड में और अमृतसर रेलवे स्टेशन के तीनों तरफ ठेके और आहाते खुले हुए है । प्रकाश आश्रम, पी. बी. एन. स्कूल, गवर्नमेंट प्राईमरी स्कूल और हाल गेट के सामनें ठेके खुले हुए हैं । इन घिसी पिटी बातों को बंद किया जाए । अब तो ठेकेदारों ने जो ले लिया, सो ले लिया । अब तो इन को बदलने में कठिनाई होगी । ठेकेदार कहते हैं कि हमने तो फीस दे दी है । मेरी प्रार्थना है कि शराब अच्छी चीज नहीं है पर जिन्होंने पीनी है, वे कहीं दूर जाकर पीएं । फिर एक और बात है यह कहते हैं कि अहाते इस तरह खोले हैं कि पीने वाले कोई गड़बड़ी न करें । अब अगर किसी ने अहाते में बैठ कर पीनी है तो वह किसी स्कूटर या कार में ही वापस घर जाएगा, उस के लिए कोई हैलीकाप्टर का प्रबंध तो किया नहीं हुआ । फिर पीने के बाद जब वे स्कूटर, कार या साईकल रिक्शा चला कर जाते हैं तो एक्सीडैंट करते हैं । ऐसा तो हो नहीं सकता कि कोई स्कूटर चला कर अहाते में आए और जाती बार स्कूटर वहीं छोड़ जाए । उनके लिए पार्किंग का कोई प्रबंध नहीं है । सरकार कहती है कि पुरानी सरकार की नीतियों को बदलना है तो फिर इस चीज को भी बदला जाए । मेरा निवेदन है कि पंजाबियों की सेहत अच्छी बनाने के लिए इस कुरीति को रोकें अगर इस के लिए कानून में कोई संशोधन भी करना पड़े तो, करिये ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ)

ਸ਼੍ਰੀ ਸਪੀਕਰ : ਅਗਲਾ ਕਾਲ ਅਟੈਨਸ਼ਨ ਨੋਟਿਸ । ਅਰਸ਼ੀ ਜੀ

(ਕ੍ਰਮ ਨ. 15)

ਕਾਮਰੇਡ ਹਰਦੇਵ ਅਰਸ਼ੀ . ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਕਿ ਬੀਤੇ ਦਿਨੀਂ ਭਾਰੀ ਮੀਂਹ ਝੱਖੜ ਨਾਲ ਜ਼ਿਲ੍ਹਾ ਮਾਨਸਾ ਦੇ ਬਹੁਤ ਸਾਰੇ ਇਲਾਕਿਆਂ ਵਿਚ ਸਾਉਣੀ ਦੀ ਮੁੱਖ ਫਸਲ ਕਪਾਹ ਤੇ ਪੂਰ ਚੜ੍ਹੇ ਹੋਏ ਅੰਗੂਰਾਂ ਨੂੰ ਭਾਰੀ ਨੁਕਸਾਨ ਪੁੱਜਾ ਹੈ । ਜਿਸ ਕਰਕੇ ਕਿਸਾਨਾਂ ਵਿਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ ।

ਹੋਏ ਨੁਕਸਾਨ ਦੀ ਤੁਰੰਤ ਸਪੈਸ਼ਲ ਗਿਰਦਾਵਰੀ ਕਰਕੇ ਫਸਲਾਂ ਦੇ ਹੋਏ ਨੁਕਸਾਨ ਦੇ ਮਾਲਕ ਕਿਸਾਨਾਂ ਨੂੰ ਸਰਕਾਰ ਵਲੋਂ ਕੀ ਰਾਹਤ ਦਿੱਤੀ ਜਾਵੇਗੀ, ਇਸ ਸਬੰਧੀ ਸਬੰਧਤ ਮੰਤਰੀ ਜੀ ਹਾਊਸ ਵਿਚ ਬਿਆਨ ਦੇਣ ਦੀ ਖੇਚਲ ਕਰਨ ।

Minister for Food & Supplies and Parliamentary Affairs (Shri Madan Mohan Mittal): The matter has been enquired into and it has been found that there was no loss to crops of cotton and grapes in District Mansa due to recent rains and storm. So, no special girdawri has been carried out. As there was no loss, the question of giving relief does not arise.

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਨੂੰ ਨਹੀਂ ਪਤਾ ਕਿ ਮੰਤਰੀ ਜੀ ਨੇ ਇਹ ਰਿਪੋਰਟ ਕਿਥੋਂ ਲਈ ਹੈ । 11 ਤਰੀਕ ਨੂੰ 12-00 ਵਜੇ ਤੋਂ ਲੈ ਕੇ ਰਾਤ ਦੇ 10-12 ਵਜੇ ਤੱਕ ਜਿੰਨੀ ਭਿਆਨਕ ਬਾਰਸ਼ ਔਰ ਜਿੰਨਾ ਜ਼ੋਰਦਾਰ ਝੱਖੜ ਆਇਆ ਉਸ ਕਾਰਣ ਤਿੰਨ ਘੰਟੇ ਤੱਕ ਬਾਜ਼ਾਰ ਬੰਦ ਰਿਹਾ । ਮੇਨ ਰੋਡ ਤੇ ਮਾਨਸਾ ਤੋਂ ਸਰਸਾ ਤੱਕ ਤਿੰਨ ਘੰਟੇ ਤੱਕ ਟਰੈਫਿਕ ਜਾਮ ਰਿਹਾ । ਵੱਡੀ ਗਿਣਤੀ ਵਿਚ ਸੜਕਾਂ ਦੇ ਉਪਰ ਦਰਖੱਤ ਡਿਗ ਪਏ । ਮਾਨਸਾ ਰੋਡ ਬੁਢਲਾਡਾ ਵਿਖੇ ਜਾਮ ਲੱਗ ਗਿਆ ਔਰ ਐਨੀ ਵੱਡੀ ਘਟਨਾ ਦੇ ਬਾਵਜੂਦ ਵੀ ਇਹ ਕਹਿੰਦੇ ਹਨ ਕਿ ਕੋਈ ਨੁਕਸਾਨ ਨਹੀਂ ਹੋਇਆ । ਸਪੀਕਰ ਸਾਹਿਬ, ਅੰਗੂਰਾਂ ਦੀ ਫਸਲ ਨੂੰ ਖਰਾਬ ਕਰਨ ਵਾਸਤੇ ਤਾਂ ਚਾਰ ਕਣੀਆਂ ਹੀ ਬਹੁਤ ਹਨ । ਏਸੇ ਤਰ੍ਹਾਂ ਨਰਮੇ ਦੀ ਫਸਲ ਦਾ ਵੀ ਬਹੁਤ ਨੁਕਸਾਨ ਹੋਇਆ ਹੈ । ਮਿੱਤਲ ਸਾਹਿਬ ਨੇ ਮੇਰਾ ਖਿਆਲ ਹੈ, ਕੋਈ ਪਿਛਲੀ ਜਾਣਕਾਰੀ ਦਿੱਤੀ ਹੈ । ਮੈਂ 11 ਤਰੀਕ ਦੀ ਸਪੈਸ਼ਲ ਡੇਟ ਮੈਨਸ਼ਨ ਕਰ ਰਿਹਾ ਹਾਂ । ਉਸ ਦਿਨ ਉਥੇ ਬਹੁਤ ਜਿਆਦਾ ਮੀਂਹ ਪਿਆ ਹੈ ਔਰ ਝੱਖੜ ਆਇਆ ਹੈ ਜਿਸ ਕਾਰਣ ਵੱਡੀ ਮਾਤਰਾ ਵਿਚ ਇਹ ਸਾਰਾ ਨੁਕਸਾਨ ਹੋਇਆ ਹੈ ।

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਇਸ ਗੱਲ ਦੀ ਜਾਣਕਾਰੀ ਦੇਣੀ ਚਾਹੁੰਦਾ ਹਾਂ ਕਿ ਠੀਕ ਹੈ ਕਿ ਉਸ ਦਿਨ ਬਰਸਾਤ ਵੀ ਹੋਈ ਹੋਵੇਗੀ ਔਰ ਝੱਖੜ ਵੀ ਜ਼ਰੂਰ ਆਇਆ ਹੋਵੇਗਾ, ਮੈਂ ਇਸ ਗੱਲ ਤੇ ਡਿਸਪਿਯੂਟ ਨਹੀਂ ਕਰ ਰਿਹਾ । ਲੇਕਿਨ ਜੋ ਰਿਲੀਫ ਦੇਣ ਦਾ ਕਰਾਈਟੇਰੀਆ ਹੈ, ਇਨ੍ਹਾਂ ਦਾ ਇਹ ਕੇਸ ਉਸ ਕਰਾਈਟੇਰੀਆ ਦੇ ਵਿਚ ਨਹੀਂ ਆਉਂਦਾ ਇਸ ਕਰਕੇ ਰਿਲੀਫ ਨਹੀਂ ਦਿੱਤਾ ਜਾ ਸਕਦਾ ਔਰ ਨਾ ਹੀ ਗਿਰਦਾਵਰੀ ਹੋ ਸਕਦੀ ਹੈ । ਸਪੀਕਰ ਸਾਹਿਬ ਪੰਜਾਬ ਸਰਕਾਰ ਨੇ 1-4-95 ਤੋਂ ਇਕ ਸਕੀਮ ਚਾਲੂ ਕੀਤੀ ਹੈ ਕਿ ਜਿੱਥੇ 75% ਤੋਂ ਵੱਧ ਫਸਲ ਦਾ ਨੁਕਸਾਨ ਹੋਇਆ ਹੋਵੇ ਉਥੇ 2000/- ਰੁਪਏ ਪਰ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਣਾ ਹੈ । ਜੇਕਰ ਨੁਕਸਾਨ 50% ਤੋਂ ਵੱਧ ਹੈ ਔਰ 75% ਤੋਂ ਘੱਟ ਹੈ ਤਾਂ 1000/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਡੈਮੇਜ਼ ਦੇਣਾ ਹੈ । ਜੇਕਰ ਨੁਕਸਾਨ 50% ਤੋਂ ਘੱਟ ਹੈ ਪਰੰਤੂ 25% ਤੋਂ ਵੱਧ ਹੈ ਤਾਂ ਮੁਆਵਜ਼ਾ 700/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਦੇਣਾ ਹੈ ਔਰ ਜੇਕਰ ਨੁਕਸਾਨ 25% ਤੋਂ ਵੀ ਘਟ ਹੈ ਤਾਂ ਕੁਝ ਨਹੀਂ ਦੇਣਾ. ਨਾ ਕੋਈ ਸਪੈਸ਼ਲ ਗਿਰਦਾਵਰੀ ਕਰਨੀ ਹੈ ਔਰ ਨਾ ਹੀ ਡੈਮੇਜ ਦੇਣ ਹੈ । ਇਸ ਕਰਕੇ ਇਹ ਜਿਹੜਾ ਥੋੜ੍ਹਾ ਬਹੁਤ ਡੈਮੇਜ ਹੋਇਆ ਹੋਵੇਗਾ. It must be less than 25%. That is why, this was not covered under the present scheme.

[ਖੁਰਾਕ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ]

ਪਰ ਫਿਰ ਵੀ ਮੈਂ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਜੇਕਰ ਕਿਤੇ ਇਨ੍ਹਾਂ ਨੂੰ ਜਾਣਕਾਰੀ ਹੈ ਕਿ ਨੁਕਸਾਨ 25% ਤੋਂ ਵੱਧ ਹੋਇਆ ਹੈ ਤਾਂ Goverment will consider the matter and will pay compensation. But the rquirement for this compensation is that the loss must fall under the criteria, which I gave here.

ਸ਼੍ਰੀ ਸਪੀਕਰ : ਹਾਂ ਜੀ, ਅਰਸ਼ੀ ਜੀ, ਨੈਕਸਟ ਕਾਲ ਅਟੈਨਸ਼ਨ ਪਲੀਜ਼ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੇਰੀ ਕਲੈਰੀਫਿਕੇਸ਼ਨ ਪੂਰੀ ਨਹੀਂ ਹੋਈ । ਜੋ ਮੁਆਵਜ਼ਾ ਦੇਣ ਦਾ ਕਰਾਈਟੇਰੀਆ ਹੈ, ਉਹ ਮੈਨੂੰ ਪਤਾ ਹੈ । ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ 11 ਤਰੀਕ ਨੂੰ ਜਦੋਂ ਮੈਂ ਕਿਹਾ ਹੈ ਕਿ 12-00 ਵਜੇ ਤੋਂ ਲੈ ਕੇ ਰਾਤ ਦੇ 10-11 ਵਜੇ ਤੱਕ ਬਹੁਤ ਜ਼ਿਆਦਾ ਬਰਸਾਤ ਹੋਈ, ਕੀ ਇਸ ਬਾਰੇ ਇਨ੍ਹਾਂ ਨੇ ਡਿਸਟ੍ਰਿਕਟ ਐਡਮਨਿਸਟਰੇਸ਼ਨ ਤੋਂ ਕੋਈ ਰਿਪੋਰਟ ਲਈ ਹੈ ਕਿ ਉਸ ਦਿਨ ਏਨੀ ਬਰਸਾਤ ਹੋਈ ਹੈ !

ਮੰਤਰੀ : ਸਪੀਕਰ ਸਾਹਿਬ, ਜੋ ਕਾਲ ਅਟੈਨਸ਼ਨ ਹੈ ਉਸ ਤੇ ਅਸੀਂ ਡਿਸਟ੍ਰਿਕਟ ਐਡਮਨਿਸਟਰੇਸ਼ਨ ਦੀ ਰਿਪੋਰਟ ਲਈ ਹੈ । ਅਸੀਂ ਕੋਈ ਪੁਰਾਣੀ ਰਿਪੋਰਟ ਨਹੀਂ ਲਈ । It is not general question. It was a specific question and a Call Attention always relates to a particular question.

(ਕ੍ਰਮ ਨੰ. 17)

ਕਾਮਰੇਡ ਹਰਦੇਵ ਅਰਸ਼ੀ
ਕਾਮਰੇਡ ਅਜੈਬ ਸਿੰਘ ਰੋਤਾ : ਸ਼੍ਰੀਮਾਨ ਜੀ ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਇਸ ਸਮੇਂ ਪਿੰਡ ਕਪਿਆਲ (ਸੰਗਰੂਰ) ਵਿਚ ਕੁੱਝ ਧਨਾਢ ਜ਼ਿਮੀਂਦਾਰਾਂ ਵਲੋਂ ਪਿੰਡ ਦੇ ਖੇਤ ਮਜ਼ਦੂਰਾਂ ਦਾ ਬਾਈਕਾਟ ਕੀਤਾ ਹੋਇਆ ਹੈ । ਜਿਸ ਨਾਲ ਪਿੰਡ ਵਿਚ ਭਾਰੀ ਤਣਾਅ ਪਾਇਆ ਜਾ ਰਿਹਾ ਹੈ । ਉਕਤ ਨੂੰ ਧਿਆਨ ਵਿਚ ਰਖਦੇ ਹੋਏ ਸਬੰਧਤ ਮੰਤਰੀ ਜੀ ਹਾਊਸ ਵਿਚ ਬਿਆਨ ਦੇਣ ਦੀ ਖੇਚਲ ਕਰਨ ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਪਿੰਡ ਕਪਿਆਲ, ਸਟੇਸ਼ਨ ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ ਵਿਖੇ ਪੰਚਾਇਤ ਦੀ 400 ਬਿਘੇ ਦੇ ਲੱਗਭਗ ਜ਼ਮੀਨ ਹੈ । ਇਹ ਜ਼ਮੀਨ ਹਰ ਸਾਲ ਖੇਤੀ ਵਾਸਤੇ ਠੇਕੇ ਤੇ ਦਿੱਤੀ ਜਾਂਦੀ ਹੈ । ਇਸ ਜ਼ਮੀਨ ਵਿਚੋਂ 80 ਬਿੱਘੇ ਜ਼ਮੀਨ ਮਜ਼ਦੂਰ ਵਰਗ ਵਿਚ ਨਿਲਾਮੀ ਲਈ ਰੱਖੀ ਗਈ ਹੈ ਬਾਕੀ 320 ਬਿੱਘੇ ਜ਼ਮੀਨ ਖੁੱਲ੍ਹੀ ਬੋਲੀ ਰਾਹੀਂ ਠੇਕੇ ਤੇ ਦਿੱਤੀ ਜਾਂਦੀ ਹੈ । 80 ਬਿੱਘੇ ਜ਼ਮੀਨ ਜੋ ਮਜ਼ਦੂਰ ਵਰਗ ਲਈ ਹੈ ਉਸ ਵਾਸਤੇ ਬੋਲੀ ਸ਼ਾਂਤਮਈ ਢੰਗ ਨਾਲ ਸੰਪੂਰਨ ਹੋ ਗਈ ਪਰ ਜਦੋਂ 320 ਬਿਘੇ ਜ਼ਮੀਨ ਦੀ ਬੋਲੀ ਹੋਈ ਤਾਂ ਜਨਰਲ ਕਲਾਸ ਦੇ ਨਾਲ ਨਾਲ ਮਜ਼ਦੂਰ ਵਰਗ ਨੇ ਵੀ ਬੋਲੀ ਪੇਸ਼ ਕਰ ਦਿੱਤੀ । ਜ਼ਿਮੀਦਾਰਾਂ ਲੋਕਾਂ ਵਲੋਂ ਇਸ ਦਾ ਵਿਰੋਧ ਕੀਤਾ ਗਿਆ । ਇਸ ਲਈ ਜੋ ਬੋਲੀ ਪਹਿਲਾਂ ਮਿਤੀ 6.5.97 ਨੂੰ ਰੱਖੀ ਗਈ ਸੀ ਉਹ ਮੁਲਤਵੀ ਕਰ ਦਿੱਤੀ ਗਈ ।

ਇਸ ਉਪਰੰਤ 8.5.97 ਅਤੇ 6.6.97 ਨੂੰ ਮੁੜ ਕੇ ਬੋਲੀ ਦੀਆਂ ਮਿਤੀਆਂ ਫਿਕਸ ਕੀਤੀਆਂ ਗਈਆਂ ਪਰੰਤੂ ਇਹ ਬੋਲੀਆਂ ਆਪਸੀ ਝਗੜੇ ਹੋਣ ਕਾਰਨ ਸਿਰੇ ਨਹੀਂ ਚੜ੍ਹ ਸਕੀਆਂ। ਇਸ ਮਾਮਲੇ ਬਾਰੇ ਐਸ.ਡੀ.ਐਮ. ਸੰਗਰੂਰ ਨੇ ਬਲਾਕ ਡਿਵੈਲਪਮੈਂਟ ਪੰਚਾਇਤ ਅਫ਼ਸਰ ਭਵਾਨੀਗੜ੍ਹ ਨੂੰ ਇਨਕੁਆਰੀ ਸੌਂਪ ਦਿੱਤੀ। ਮਿਤੀ 11.6.97 ਨੂੰ ਜ਼ਿਮੀਂਦਾਰਾਂ ਅਤੇ ਮਜ਼ਦੂਰਾਂ ਦਾ ਝਗੜਾ ਹੋ ਗਿਆ। ਸ੍ਰੀ ਚੰਦ ਸਿੰਘ ਚੋਪੜਾ ਨੇ ਮਾਮਲਾ ਐਸ.ਐਚ.ਓ. ਭਵਾਨੀਗੜ੍ਹ ਅਤੇ ਡੀ.ਐਸ.ਪੀ. ਰੂਰਲ ਸੰਗਰੂਰ ਦੇ ਧਿਆਨ ਵਿਚ ਲਿਆਂਦਾ। ਡੀ.ਐਸ.ਪੀ. ਰੂਰਲ,ਸੰਗਰੂਰ ਅਤੇ ਐਸ.ਐਚ.ਓ. ਭਵਾਨੀਗੜ੍ਹ ਤੁਰੰਤ ਕਪਿਆਲ ਪੁੱਜੇ ਅਤੇ ਦੋਨਾਂ ਪਾਰਟੀਆਂ ਵਿਚਕਾਰ ਲਿਖਤੀ ਸਮਝੌਤਾ ਕਰਵਾ ਦਿੱਤਾ। ਮਾਮਲਾ ਲੋਕਲ ਐਸ.ਡੀ.ਐਮ. ਦੇ ਧਿਆਨ ਵਿਚ ਲਿਆਂਦਾ ਗਿਆ ਜਿਨ੍ਹਾਂ ਵੱਲੋਂ ਪਹਿਲਾਂ ਹੀ ਜ਼ਮੀਨ ਠੇਕੇ ਤੇ ਦੇਣ ਬਾਰੇ ਇਨਕੁਆਰੀ ਦੇ ਹੁਕਮ ਸਨ। ਇਸ ਸਮੇਂ ਕਿਸੇ ਵੀ ਪਾਰਟੀ ਦਾ ਪਿੰਡ ਕਪਿਆਲ ਵਿਚ ਕੋਈ ਝਗੜਾ ਨਹੀਂ ਹੈ ਅਤੇ ਰਿਪੋਰਟ ਅਨੁਸਾਰ ਸਥਿਤੀ ਪੂਰੀ ਤਰ੍ਹਾਂ ਸ਼ਾਂਤਮਈ ਹੈ।

ਕਾਮਰੇਡ ਹਰਦੇਵ ਅਰਸ਼ੀ. ਸਪੀਕਰ ਸਾਹਿਬ, ਜੋ ਸੀ. ਐਮ. ਸਾਹਿਬ ਨੇ ਜਵਾਬ ਦੇ ਲਾਸਟ ਪੋਰਸ਼ਨ ਵਿਚ ਕਿਹਾ ਹੈ ਇਸ ਦੇ ਨਾਲ ਮੈਂ ਸਹਿਮਤ ਹਾਂ। ਜਿਸ ਵੇਲੇ ਬਾਈਕਾਟ ਹੋਇਆ ਸੀ, ਸਿਚੂਏਸ਼ਨ ਕਾਫ਼ੀ ਸੀਰੀਐਂਸ ਹੋ ਗਈ ਸੀ, ਪਰ ਬਾਅਦ ਵਿਚ ਲੋਕਾਂ ਨੇ ਇੰਟਰਵੀਨ ਕਰਕੇ ਉਥੇ ਰਾਜ਼ੀਨਾਮਾਂ ਕਰਾ ਦਿੱਤਾ ਅਤੇ ਬਾਈਕਾਟ ਖਤਮ ਹੋ ਗਿਆ ਹੈ। ਲੇਕਿਨ ਮੈਂ ਇਕ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ ਅਤੇ ਸੀ. ਐਮ. ਸਾਹਿਬ ਕੋਲੋਂ ਪੁਰਜ਼ੋਰ ਸ਼ਬਦਾਂ ਵਿਚ ਮੰਗ ਵੀ ਕਰਦਾ ਹਾਂ ਕਿ ਇਹ ਜਿਹੜਾ ਸ਼ਡਿਊਲਡ ਕਾਸਟ ਵਰਸਿਜ਼ ਨਾਨ-ਸ਼ਡਿਊਲਡ ਕਾਸਟ ਵਿਚਕਾਰ ਤਨਾਓ ਪੈਦਾ ਹੁੰਦਾ ਹੈ, ਇਨ੍ਹਾਂ ਸ਼ਾਮਲਾਤ ਜ਼ਮੀਨਾਂ ਨੂੰ ਲੈ ਕੇ, ਇਹ ਇਕ ਬੜਾ ਗੰਭੀਰ ਮਸਲਾ ਬਣਦਾ ਜਾ ਰਿਹਾ ਹੈ ਜਿਹੜਾ ਉਹਨਾਂ ਦਾ ਆਪਣਾ ਸ਼ੇਅਰ 1/3 ਬਣਦਾ ਹੈ, ਉਸਦੇ ਖੇਵਟ ਵੀ ਦੂਸਰੇ ਲੋਕ ਆਪਣੇ ਨਾਂ ਕਰਵਾ ਰਹੇ ਹਨ। ਜਿਹੜੇ ਸ਼ਡਿਊਲਡ ਕਾਸਟਾਂ ਕੋਲ ਆਲਰੈਡੀ ਪਲਾਟ ਹਨ, ਉਨ੍ਹਾਂ ਉਪਰ ਵੀ ਕਬਜ਼ੇ ਕੀਤੇ ਜਾ ਰਹੇ ਹਨ। ਜਿਵੇਂ ਪਿੰਡ ਘੁੱਡਰ, ਫਰੀਦਾ. ਪੰਚਾਲ, ਭਬਪੁਰਗੜ੍ਹ, ਜਾਗੋ ਆਦਿ ਕਈ ਪਿੰਡ ਹਨ ਜਿਨ੍ਹਾਂ ਵਿਚ ਇਕੋ ਜਿਹੀ ਨੇਚਰ ਦੀ ਪ੍ਰਾਬਲਮ ਹੈ। ਇਹ ਪਿੰਡ ਉਨ੍ਹਾਂ ਪਿੰਡਾਂ ਵਿਚ ਇਕ ਹੈ ਜਿਸ ਦਾ ਕਾਲ ਅਟੈਨਸ਼ਨ ਵਿਚ ਜ਼ਿਕਰ ਕੀਤਾ ਗਿਆ ਹੈ। ਇਸ ਤਰ੍ਹਾਂ ਪੰਜਾਬ ਦੇ ਵਿਚ ਹੋਰ ਵੀ ਬਹੁਤ ਸਾਰੇ ਪਿੰਡ ਹਨ ਜਿਥੇ ਕਿ ਸ਼ਾਮਲਾਤ ਜ਼ਮੀਨਾਂ ਨੂੰ ਲੈ ਕੇ ਸ਼ਡਿਊਲਡ ਕਾਸਟ ਵਰਸਿਜ਼ ਨਾਨ-ਸ਼ਡਿਊਲਡ ਕਾਸਟ ਲੋਕਾਂ ਵਿਚ ਟਕਰਾਓ ਹੁੰਦਾ ਹੈ। ਕੀ ਮੁੱਖ ਮੰਤਰੀ ਸਾਹਿਬ ਇਸ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਦੇ ਹੋਏ, ਕੋਈ ਇਸ ਤਰ੍ਹਾਂ ਦੇ ਅੱਛੇ ਸਟੈਪਸ ਉਠਾਉਣਗੇ ਤਾਂਕਿ ਇਸ ਤਰ੍ਹਾਂ ਟਕਰਾਓ ਨਾ ਹੋਵੇ ਅਤੇ ਸਾਡੇ ਦਲਿਤ ਵੀਰਾਂ ਦੇ ਹੱਕਾਂ ਦੀ ਰਾਖੀ ਹੋ ਸਕੇ ਅਤੇ ਉਹ ਭੈਅ ਦੇ ਮਾਹੌਲ ਤੋਂ ਬਾਹਰ ਆ ਕੇ ਰਹਿ ਸਕਣ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਤਾਂ ਹਰ ਇਕ ਪਾਰਟੀ ਦੀ ਇੱਛਾ ਹੋਣੀ ਚਾਹੀਦੀ ਹੈ ਅਤੇ ਸਰਕਾਰ ਦੀ ਵੀ ਇੱਛਾ ਹੈ ਕਿ ਸਾਰੇ ਵਰਗਾਂ ਦੇ ਲੋਕ ਭਰਾਵਾਂ ਵਾਂਗ ਰਹਿਣ। ਇਸ ਵਿਚ ਸਾਰੀਆਂ ਪਾਰਟੀਆਂ ਦੀ ਜ਼ਿੰਮੇਵਾਰੀ ਹੈ। ਮੈਂ ਵਿਸ਼ਵਾਸ਼ ਦਿਵਾਉਂਦਾ

[ਮੁੱਖ ਮੰਤਰੀ]

ਤਾਂ ਕਿ ਸਾਰੇ ਵਰਗ ਦੇ ਲੋਕਾਂ ਨਾਲ, ਖਾਸ ਕਰਕੇ ਦਲਿਤ ਵੀਰਾਂ ਦੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ ਕਿਉਂਕਿ ਉਹ ਕਮਜ਼ੋਰ ਹੁੰਦੇ ਹਨ । (ਥੰਪਿੰਗ) ਇਸ ਲਈ ਜਿਥੇ ਕਿਤੇ ਵੀ ਬੇਇਨਸਾਫੀ ਹੋਵੇਗੀ, ਉਥੇ ਇਨਸਾਫ ਕੀਤਾ ਜਾਵੇਗਾ ।

PAPERS LAID ON THE TABLE

Minister for Parliamentary Affairs (*Shri* Madan Mohan Mittal) : Sir, I beg to lay on the Table :—

1. The Punjab Payment of Allowances and Fees to the Chairman, Vice-Chairman and Members of the Panchayat Samitis and Zila Parishads Rules, 1996, as required under sub-section (3) of Section 227 of the Punjab Panchayati Raj, Act, 1994,

2. The Annual Statement of Accounts of Punjab State Electricity Board for the Year 1995-96, alongwith Statement showing the Reasons for delay in laying the said Statement,as required under section 69(5) of the Electricity (Supply) Act, 1948.

RESUMPTION OF GENERAL DISCUSSION ON THE BUDGET ESTIMATES FOR THE YEAR 1997-98

Mr. Speaker : Now the House will resume General Discussion on the Budget Estimates for the year 1997-98. When the House adjourned on 16th June, 1997, Master Mohan Lal was on his legs. He may please resume his discussion, if he wants.

ਮਾਸਟਰ ਮੋਹਨ ਲਾਲ (ਪਠਾਨਕੋਟ) : ਸਪੀਕਰ ਸਾਹਿਬ, ਮੈਂ ਕੇਵਲ ਦੋ ਗੱਲਾਂ ਤੇ ਹੀ ਵਿਚਾਰ ਕਰ ਰਿਹਾ ਸੀ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਬੜੇ ਜ਼ਰੂਰੀ ਮਸਲੇ ਤੇ ਬੋਲਣਾ ਚਾਹੁੰਦਾ ਹਾਂ । ਮੈਂ ਪੰਜਾਬ ਵਿਧਾਨ ਸਭਾ ਵਿਚ ਧਿਆਨ ਦਿਵਾਊ ਨੋਟਿਸ ਦਿੱਤਾ ਸੀ । ਇਕ ਗੰਨਾ ਮਿੱਲ ਹੈ ਪਿਕਾਡਲੀ ਸ਼ੂਗਰ ਮਿੱਲ, ਪਾਤੜਾਂ ਜਿਥੇ ਕਿਸਾਨਾਂ ਨੂੰ ਪੇਮੈਂਟ ਨਹੀਂ ਕੀਤੀ ਜਾ ਰਹੀ ...(ਵਿਘਨ)

ਸ਼੍ਰੀ ਸਪੀਕਰ : ਸਿੱਧੂ ਸਾਹਿਬ, ਅਜੇ ਤਾਂ ਡਿਸਕਸ਼ਨ ਸ਼ੁਰੂ ਹੋਣੀ ਹੈ । ਉਸ ਵੇਲੇ ਪੁਆਇੰਟ ਆਫ ਆਰਡਰ ਤੇ ਬੋਲ ਲੈਣਾ । ਤੁਹਾਨੂੰ ਜਦੋਂ ਟਾਈਮ ਮਿਲੇਗਾ, ਤੁਸੀਂ ਉਸ ਵਕਤ ਵੀ ਗੱਲ ਕਰ ਸਕਦੇ ਹੋ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਪਹਿਲਾਂ ਮੇਰੀ ਬੇਨਤੀ ਜ਼ਰਾ ਸੁਣ ਲਓ । ਉਥੇ ਦਾ ਮੈਨੇਜਰ, ਜਿਵੇਂ ਬੀਬੀ ਕਾਂਤਾ ਜੀ ਨੇ ਕਿਹਾ ਹੈ, ਸ਼ਰਾਬ ਪੀ ਕੇ ਬੈਠਾ ਸੀ । ਉਸਨੇ ਕਿਸਾਨਾਂ ਨੂੰ ਗਾਲ੍ਹਾਂ ਕੱਢੀਆਂ ਅਤੇ ਉਨ੍ਹਾਂ ਦੀ ਬੇਇਜ਼ਤੀ ਕੀਤੀ, ਵਿਘਨ)

ਸ਼੍ਰੀ ਸਪੀਕਰ : ਇਹ ਗੱਲ ਕਹਿਣ ਦਾ ਇਹ ਟਾਇਮ ਨਹੀਂ ਹੈ । ਤੁਸੀਂ ਡਿਸਕਸ਼ਨ ਵੇਲੇ ਕਹਿ ਲੈਣਾ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਮਿੱਲ ਵਾਲਿਆਂ ਦਾ ਇਕ ਰਿਸ਼ਤੇਦਾਰ ਬਹੁਤ ਵੱਡੇ ਅਹੁਦੇ ਤੇ ਹੈ । (ਵਿਘਨ) ਕਿਤੇ ਉਹ ਪੈਸੇ ਲੈ ਕੇ ਹੀ ਨਾ ਭੱਜ ਜਾਣ. . (ਵਿਘਨ)

ਸ਼੍ਰੀ ਸਪੀਕਰ : ਤੁਸੀਂ ਇਹ ਸਭ ਲਿਖਤੀ ਰੂਪ ਵਿਚ ਦੇ ਦਿਓ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਨੂੰ ਇਹ ਜਵਾਬ ਤੁਹਾਡੇ ਦਫਤਰ ਵੱਲੋਂ ਹੀ ਆਇਆ ਹੈ ।

ਸ਼੍ਰੀ ਸਪੀਕਰ : ਤੁਸੀਂ ਇਸ ਬਾਰੇ ਸਰਕਾਰ ਨੂੰ ਲਿਖ ਕੇ ਦੇ ਦਿਓ ।

ਸਰਦਾਰ ਮਨਜੀਤ ਸਿੰਘ ਕਲਕੱਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਰੇ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਦੇਸ਼ ਦੇ ਪਧਾਨ ਮੰਤਰੀ ਸ਼੍ਰੀ ਇੰਦਰ ਕੁਮਾਰ ਗੁਜਰਾਲ ਨੇ ਹਿਮਾਚਲ ਪ੍ਰਦੇਸ਼ ਦੇ ਦੌਰੇ ਤੇ ਜੋ ਪਰਸੋਂ ਬਿਆਨ ਦਿਤਾ ਹੈ । . . (ਵਿਘਨ)

ਸ਼੍ਰੀ ਸਪੀਕਰ : ਤੁਸੀਂ ਆਪਣੀ ਗੱਲ ਡਿਸਕਸ਼ਨ ਵੇਲੇ ਕਹਿ ਲੈਣਾ, ਜੋ ਤੁਸੀਂ ਕਹਿਣਾ ਚਾਹੁੰਦੇ ਹੋ । ਅਜੇ ਤਾਂ ਆਪਾਂ ਬਜਟ ਤੇ ਡਿਸਕਸ਼ਨ ਸ਼ੁਰੂ ਨਹੀਂ ਕੀਤੀ । ਪਹਿਲਾਂ ਡਿਸਕਸ਼ਨ ਸ਼ੁਰੂ ਕਰ ਲੈਣ ਦਿਉ, ਫਿਰ ਤੁਸੀਂ ਪੁਆਇੰਟ ਆਫ ਆਰਡਰ ਤੇ ਖੜ੍ਹੇ ਹੋ ਜਾਣਾ ।

ਸਰਦਾਰ ਮਨਜੀਤ ਸਿੰਘ ਕਲਕੱਤਾ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸ਼੍ਰੀ ਇੰਦਰ ਕੁਮਾਰ ਗੁਜਰਾਲ ਪ੍ਰਧਾਨ ਮੰਤਰੀ ਜੀ ਨੇ ਹਿਮਾਚਲ ਪ੍ਰਦੇਸ਼ ਦੇ ਦੌਰੇ ਤੇ ਜੋ ਪਰਸੋਂ ਬਿਆਨ ਦਿੱਤਾ, ਉਹ ਪੰਜਾਬ ਦੇ ਲਈ ਚਿੰਤਾ ਦਾ ਵਿਸ਼ਾ ਹੈ । ਜਿਸ ਤਰ੍ਹਾਂ ਉਨ੍ਹਾਂ ਨੇ ਹਿਮਾਚਲ ਪ੍ਰਦੇਸ਼ ਦੀਆਂ ਮੰਗਾਂ ਦਾ ਸਮਰਥਨ ਕੀਤਾ ਹੈ । ਬਿਜਲੀ ਦੇ ਉਤਪਾਦਨ ਤੇ ਰਾਇਲਟੀ ਦੀ ਗੱਲ ਕੀਤੀ ਹੈ, ਪੰਜਾਬ ਦੇ ਨਾਲ ਅਤੇ ਹੋਰ ਸਟੇਟਾਂ ਦੇ ਮਸਲਿਆਂ ਬਾਰੇ ਗੱਲ ਕਹੀ ਹੈ, ਉਸ ਦੇ ਬਾਰੇ ਸਦਨ ਨੂੰ ਕੋਈ ਨਾ ਕੋਈ ਗੱਲ ਕਰਨੀ ਚਾਹੀਦੀ ਹੈ । ਮੁੱਖ ਮੰਤਰੀ ਸਾਹਿਬ ਨੂੰ ਰੀਐਕਟ ਕਰਨਾ ਚਾਹੀਦਾ ਹੈ ਅਤੇ ਜਵਾਬ ਦੇਣਾ ਚਾਹੀਦਾ ਹੈ ਤਾਂ ਜੋ ਕੋਈ ਯੂਨੀਲੇਟਰਲ ਫੈਸਲਾ ਸੈਂਟਰ ਪੰਜਾਬ ਦੇ ਨਾਂ ਥੋਪ ਦੇਵੇ ।

ਸ਼੍ਰੀ ਸਪੀਕਰ : ਮਾਸਟਰ ਮੋਹਨ ਲਾਲ ਜੀ, ਬਜਟ ਤੇ ਬੋਲੋ । ਤੁਹਾਡੇ ਕੋਲ ਕੇਵਲ 10 ਮਿੰਟ ਹਨ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਤਾਂ ਕੇਵਲ 5 ਮਿੰਟ ਹੀ ਲੈਣੇ ਹਨ । ਸਪੀਕਰ ਸਾਹਿਬ, ਮੈਂ ਕੇਵਲ ਦੋ ਗੱਲਾਂ ਤੇ ਹੀ ਵਿਚਾਰ ਕਰ ਰਿਹਾ ਸੀ । ਪਹਿਲੀ ਗੱਲ ਸੀ ਘਾਟੇ ਦਾ ਬਜਟ ਅਤੇ ਦੂਜੀ ਗੱਲ ਸੀ ਇਸਟੈਬਲਿਸ਼ਮੈਂਟ ਤੇ ਖਰਚਾ । ਸਪੀਕਰ ਸਾਹਿਬ, 1952 ਤੋਂ ਲੈਕੇ ਇਸ ਦੇਸ਼ ਦੇ ਅੰਦਰ ਇਸਟੈਬਲਿਸ਼ਮੈਂਟ ਤੇ ਖਰਚਾ ਵਧਦਾ ਜਾ ਰਿਹਾ ਹੈ । ਕੋਈ ਵੀ ਅਦਾਰਾ ਐਸਾ ਨਹੀਂ ਜਿਸਦੀ ਆਮਦਨ ਦਾ 70-80 % ਖਰਚਾ ਇਸਟੈਬਲਿਸ਼ਮੈਂਟ ਤੇ ਨਾ ਕੀਤਾ ਜਾ ਰਿਹਾ ਹੋਵੇ ਅਤੇ ਇਹ ਖਰਚ ਹਰ ਸਾਲ ਵਧਦਾ

[ਮਾਸਟਰ ਮੋਹਨ ਲਾਲ[ਇਸਟੈਬਲਿਸ਼ਮੈਂਟ ਤੇ ਵਧਦਾ ਜਾ ਰਿਹਾ ਹੈ । ਇਹ
ਰਿਹਾ ਹੈ । ਹਰ ਵਿਭਾਗ ਦਾ ਖਰਚਾ ਇਸਟੈਬਲਿਸ਼ਮੈਂਟ ਤੇ ਵਧਦਾ ਜਾ ਰਿਹਾ ਹੈ । ਇਹ ਸਰਕਾਰਾਂ ਨੇ ਅਤੇ ਕੇਂਦਰ ਸਰਕਾਰ ਨੇ
ਬੜੀ ਭਿਆਨਕ ਸਥਿਤੀ ਹੈ । ਅਗਰ ਰਾਜ ਸਰਕਾਰਾਂ ਨੇ ਅਤੇ ਕੇਂਦਰ ਸਰਕਾਰ ਨੇ
ਆਪਣੇ ਅਧਿਕਾਰੀਆਂ ਦੇ ਅਤੇ ਦਫਤਰੀ ਖਰਚਿਆਂ ਤੇ ਕਟੌਤੀ ਨਾ ਲਗਾਈ ਅਤੇ ਇਸ-
ਟੈਬਲਿਸ਼ਮੈਂਟ ਦੇ ਖਰਚੇ ਨਾ ਘਟਾਏ ਤਾਂ ਇਹ ਖਰਚਾ, ਇਕ ਐਸਾ ਸਮਾਂ ਆਵੇਗਾ ਕਿ
ਭਿਆਨਕ ਸਥਿਤੀ ਪੈਦਾ ਕਰ ਦੇਵੇਗਾ ਅਤੇ ਦਫਤਰਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ
ਤਨਖਾਹਾਂ ਦੇਣ ਲਈ ਵੀ ਪੈਸਾ ਨਹੀਂ ਬਚੇਗਾ । ਇਸੇ ਕਰਕੇ ਬੀ.ਜੇ.ਪੀ. ਨੇ ਆਪਣੇ
ਘੋਸ਼ਣਾ ਪੱਤਰ ਵਿਚ ਇਕ ਗੱਲ ਕਹੀ ਹੈ ਕਿ ਜਦੋਂ ਕੇਂਦਰ ਅਤੇ ਰਾਜਾਂ ਵਿਚ ਸਾਡੀ
ਸਰਕਾਰ ਆਈ ਤਾਂ ਅਸੀਂ ਤਨਖਾਹ 1 ਅਨੁਪਾਤ 10 ਵਿਚ ਲਿਆਵਾਂਗੇ ਭਾਵ ਜਿਥੇ ਵੱਡੇ
ਵੱਡੇ ਅਫਸਰ 100/- ਰੁਪਏ ਲੈਂਦੇ ਹੋਣਗੇ ਉਥੇ ਛੋਟੇ ਤੋਂ ਛੋਟੇ ਕਰਮਚਾਰੀ ਨੂੰ 10/- ਰੁਪਏ
ਜ਼ਰੂਰ ਮਿਲਣ ਅਤੇ ਬਾਕੀ ਦੀ ਰਕਮ ਡਿਵੈਲਪਮੈਂਟ ਤੇ ਖਰਚ ਕੀਤੀ ਜਾਵੇ । ਸਪੀਕਰ
ਸਾਹਿਬ ਦਫਤਰਾਂ ਵਿਚ ਜਦੋਂ ਡਿਵੈਲਪਮੈਂਟ ਦੇ ਪ੍ਰੋਜੈਕਟਾਂ ਦੇ ਐਸਟੀਮੇਂਟ ਬਣਦੇ ਹਨ ਤਾਂ
ਉਨ੍ਹਾਂ ਵਿਚ 40% ਕਮਿਸ਼ਨ ਦੀ ਮੱਦ ਰੱਖੀ ਜਾਂਦੀ ਹੈ । ਇਹ ਕਮਿਸ਼ਨ ਲੀਗਲਾਈਜ਼ ਹੋ
ਚੁੱਕੀ ਹੈ । ਜੇ ਇਹ 40% ਕਮਿਸ਼ਨ ਹਰ ਪ੍ਰੋਜੈਕਟ ਹਰ ਕੰਮ ਲਈ ਖਰਚ ਕੀਤੀ ਜਾਵੇਗੀ
ਤਾਂ ਤੁਸੀਂ ਖੁਦ ਅੰਦਾਜ਼ਾ ਲਗਾ ਸਕਦੇ ਹੋ ਕਿ ਕਿਸ ਤਰ੍ਹਾਂ ਡਿਵੈਲਪਮੈਂਟ ਦੇ ਕੰਮ ਹੋਣਗੇ ।
ਸੋ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਆਪਣੇ ਬਜਟ ਨੂੰ ਪਾਸ ਕਰਦੇ ਸਮੇਂ ਇਸ ਗੱਲ
ਨੂੰ ਜ਼ਰੂਰ ਧਿਆਨ ਵਿਚ ਰੱਖੇ ਕਿ ਬਜਟ ਇਨਫਲੇਸ਼ਨ ਵਧਾਉਣ ਵਾਲਾ ਨਾ ਹੋਵੇ ਅਤੇ ਕਿਸੇ
ਨਾ ਕਿਸੇ ਤਰੀਕੇ ਨਾਲ ਇਕਾਨਮੀ ਡਿਸਿਪਲਿਨ ਵਿਚ ਲਿਆਂਦੀ ਜਾਵੇ । ਜਿਸ ਤਰ੍ਹਾਂ ਬਜਟ
ਕੈਪਟਨ ਕੰਵਲਜੀਤ ਸਿੰਘ ਜੀ, ਸਾਡੇ ਵਿੱਤ ਮੰਤਰੀ ਜੀ ਨੇ ਪੇਸ਼ ਕੀਤਾ ਹੈ ਮੈਨੂੰ ਇਸ ਗੱਲ
ਦਾ ਭਰੋਸਾ ਹੈ ਕਿ ਕੈਪਟਨ ਸਾਹਿਬ ਨੇ ਜੋ ਬਜਟ ਪੇਸ਼ ਕੀਤਾ ਹੈ ਉਹ ਇਕਾਨਮੀ ਡਸਿਪਲਿਨ
ਵਿਚ ਲਿਆਉਣ ਵਾਸਤੇ ਹਰ ਤਰੀਕੇ ਦੇ ਨਾਲ ਸੋਚ-ਸਮਝਕੇ ਤਿਆਰ ਕੀਤਾ ਗਿਆ ਹੈ ਅਤੇ ਇਸ
ਦੇ ਨਾਲ ਹਰ ਦਫਤਰ ਵਿਚ ਇਕਾਨਮੀ ਡਸਿਪਲਨ ਵਿਚ ਲਿਆਂਦੀ ਜਾਵੇਗੀ । ਸਪੀਕਰ ਸਾਹਿਬ,
ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਰੁਪਏ ਦੀ ਪਰਚੇਜ਼ਿੰਗ ਪਾਵਰ ਘਟਦੀ
ਜਾ ਰਹੀ ਹੈ । ਇਕ ਰੁਪਿਆ ਜੋ 1952 ਵਿਚ 16 ਆਨੇ, 100 ਪੈਸੇ ਦਾ ਕੰਮ ਕਰਦਾ ਸੀ
ਅੱਜ ਉਸ ਰੁਪਏ ਦੀ ਕੀਮਤ ਕੇਵਲ 15 ਪੈਸੇ ਰਹਿ ਗਈ ਹੈ ।
ਇਕ ਭਿਆਨਕ ਸਥਿਤੀ ਇਸ ਦੇਸ਼ ਅੰਦਰ ਆ ਰਹੀ ਹੈ ਕਿਉਂਕਿ ਪੈਸੇ ਦੀ ਪਰਚੇਜਿੰਗ
ਪਾਵਰ ਡਿਕਰੀਜ਼ ਹੋ ਰਹੀ ਹੈ । ਇਸ ਕਰਕੇ ਘਾਟੇ ਦਾ ਬਜਟ ਪੇਸ਼ ਹੋਇਆ ਹੈ । ਇਸ
ਘਾਟੇ ਨੂੰ ਪੂਰਾ ਕਰਨ ਵਾਸਤੇ ਜਿਸ ਤਰ੍ਹਾਂ ਕਪਤਾਨ ਸਾਹਿਬ ਨੇ ਆਪਣੇ ਬਜਟ ਵਿਚ
ਸੁਝਾਅ ਰੱਖੇ ਹਨ ਕਿ ਇਹ 352.50 ਕਰੋੜ ਰੁਪਏ ਦਾ ਘਾਟਾ ਵੱਖ-ਵੱਖ ਅਦਾਰਿਆਂ ਤੋਂ
ਕਰਜ਼ਾ ਲੈ ਕੇ ਪੂਰਾ ਕੀਤਾ ਜਾਵੇਗਾ, ਜਿਸ ਤਰ੍ਹਾਂ ਕੇਂਦਰ ਸਰਕਾਰ ਤੋਂ ਕਰਜ਼ਾ ਲਿਆ
ਜਾਵੇਗਾ, ਸ਼ਾਹੂਕਾਰ ਤੋਂ ਕਰਜ਼ਾ ਲਿਆ ਜਾਵੇਗਾ ਔਰ ਬਿਗ ਮਨੀ ਲੈਂਡਰਜ਼ ਤੋਂ ਕਰਜ਼ਾ
ਲਿਆ ਜਾਵੇਗਾ । ਇਸ ਤਰ੍ਹਾਂ ਇਸ ਸੰਕਟ ਔਰ ਇਕਨਾਮਿਕ ਕਰਾਈਸਿਜ਼ ਨੂੰ ਮੀਟ ਕੀਤਾ
ਜਾਵੇਗਾ । ਇਸ ਵਾਸਤੇ ਬੜਾ ਅੱਛਾ ਪਲਾਨ ਦੱਸਿਆ ਹੈ ਕਿ 252 ਕਰੋੜ ਰੁਪਿਆ ਹੋਰ
ਸਾਧਨਾਂ ਤੋਂ ਪੂਰਾ ਕੀਤਾ ਜਾਵੇਗਾ । ਇਸੇ ਤਰ੍ਹਾਂ 100 ਕਰੋੜ ਰੁਪਏ ਦੀ ਬੱਚਤ ਯੋਜਨਾ ਇਸ
ਬਜਟ ਵਿਚ ਲਿਆਂਦੀ ਗਈ ਹੈ ਅਤੇ ਇਕਨਾਮਿਕ ਡਿਸਪਲਿਨ ਰਾਹੀਂ ਫਜ਼ੂਲ ਖਰਚੀ ਤੇ ਨੱਥ
ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ । ਇਹ ਬੜਾ ਹੀ ਪ੍ਰਸ਼ੰਸਾਜਨਕ ਕੰਮ ਹੈ ।

ਸਪੀਕਰ ਸਾਹਿਬ, ਅਗਲੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੇ ਸਿਰ 11,816 ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਵਿਚੋਂ ਲਗਭਗ 9552 ਕਰੋੜ ਰੁਪਏ ਦਾ ਕਰਜ਼ਾ ਸੈਂਟਰ ਦਾ ਹੈ ਜਿਹੜਾ ਕਿ ਉਸਨੇ ਇਸ ਛੋਟੀ ਜਿਹੀ ਸਟੇਟ ਨੂੰ ਦਿੱਤਾ ਹੈ। ਇਸ ਕਰਜ਼ੇ ਦਾ ਬੋਝ ਹਰ ਸਾਲ ਇਸ ਸਟੇਟ ਉਤੇ ਦਿਨ-ਪ੍ਰਤੀ ਦਿਨ ਵੱਧਦਾ ਹੀ ਜਾ ਰਿਹਾ ਹੈ। ਅਸੀਂ ਵਿਧਾਨ ਸਭਾ ਦੀ ਪਹਿਲੀ ਬੈਠਕ ਵਿਚ ਹੀ ਕੇਂਦਰ ਸਰਕਾਰ ਤੋਂ ਮੰਗ ਕੀਤੀ ਸੀ ਕਿ ਸਾਡਾ ਅੱਠ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮਾਫ ਕੀਤਾ ਜਾਵੇ ਤਾਂ ਕਿ ਅਸੀਂ ਆਪਣੇ ਪੈਰਾਂ ਤੇ ਆਪ ਖੜ੍ਹੇ ਹੋ ਸਕੀਏ। ਸਪੀਕਰ ਸਾਹਿਬ, ਪਿਛਲੀਆਂ ਸਰਕਾਰਾਂ ਕੀ ਕਰਦੀਆਂ ਰਹੀਆਂ ਹਨ ? ਕੇਂਦਰ ਵਿਚ ਇਨ੍ਹਾਂ ਦੀ ਆਪਣੀ ਸਰਕਾਰ ਸੀ। ਇਹ ਕੇਂਦਰ ਤੋਂ ਕਰਜ਼ਾ ਮੰਗਣ ਜਾਂਦੇ ਸਨ ਔਰ ਕਰਜ਼ਾ ਲੈ ਆਉਂਦੇ ਸਨ। ਫਿਰ ਉਹ ਕਰਜ਼ੇ ਦਾ ਪੈਸਾ ਅਯਾਸ਼ੀ ਤੇ ਬੇ-ਰਹਿਮੀ ਨਾਲ ਖਰਚ ਕਰਦੇ ਸਨ। ਸਪੀਕਰ ਸਾਹਿਬ ਮੈਂ ਇਕ ਉਦਾਹਰਣ ਇਸ ਸਬੰਧੀ ਦੇਣੀ ਚਾਹੁੰਦਾ ਹਾਂ। ਮਾਨਯੋਗ ਮੁੱਖ ਮੰਤਰੀ ਪੰਜਾਬ ਮਰਹੂਮ ਸ. ਬੇਅੰਤ ਸਿੰਘ ਜੀ ਮੇਰੇ ਹਲਕੇ ਵਿਚ ਗਏ। ਉਥੇ ਉਨ੍ਹਾਂ ਨੇ ਇਕ ਪਿੰਡ ਵਿਚ ਪਾਣੀ ਦੀਆਂ ਪਾਈਪਾਂ ਵਿਛਾਉਣ ਵਾਸਤੇ 100 ਕਰੋੜ ਰੁਪਿਆ ਅਨਾਊਂਸ ਕੀਤਾ ਸਪੀਕਰ ਸਾਹਿਬ ਮੈਂ ਫੰਡਾਂ ਦੀ ਦੁਰਵਰਤੋਂ ਦੀ ਇਹ ਉਦਾਹਰਣ ਦੇਣੀ ਚਾਹੁੰਦਾ ਹਾਂ। ਪਰ ਸਪੀਕਰ ਸਾਹਿਬ, ਨਾ ਸ਼ੁਰੂ ਵਿਚ ਅਤੇ ਨਾ ਹੀ ਅਖੀਰ ਵਿਚ ਇਹ ਪਾਈਪਾਂ ਪਈਆਂ ਕਿਉਂਕਿ 100 ਕਰੋੜ ਰੁਪਿਆ 31 ਮਾਰਚ ਤੋਂ ਪਹਿਲਾਂ ਪਹਿਲਾਂ ਖਤਮ ਕਰਨਾ ਸੀ। ਇਸ ਕਰਕੇ ਇਸ ਦਾ ਫਾਇਦਾ ਨਾ ਤਾਂ ਪਿੰਡ ਦੇ ਲੋਕਾਂ ਨੂੰ ਹੋਇਆ ਅਤੇ ਨਾ ਹੀ ਇਸ ਪੈਸੇ ਦੀ ਠੀਕ ਵਰਤੋਂ ਕੀਤੀ ਗਈ। ਸਗੋਂ ਇਕ ਫਾਲਤੂ ਬੋਝ ਸਟੇਟ ਦੇ ਉਤੇ ਪਾ ਦਿੱਤਾ ਗਿਆ। ਇਸ ਤਰ੍ਹਾਂ ਪੈਸੇ ਦੀ ਦੁਰਵਰਤੋਂ ਹੁੰਦੀ ਰਹੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਹ ਪਾਲਿਸੀ ਪਿਛਲੀਆਂ ਸਰਕਾਰਾਂ ਦੀ ਰਹੀ ਹੈ ਕਿ ਰਿਣ ਲਓ, ਕਰਜ਼ਾ ਲਓ, ਖਾਓ ਅਤੇ ਫਿਰ ਸੌਂ ਜਾਓ ਇਹ ਸਿਸਟਮ ਬੰਦ ਕਰਨਾ ਚਾਹੀਦਾ ਹੈ। ਇਸ ਨੂੰ ਠੀਕ ਕਰਨ ਦੀ ਲੋੜ ਹੈ।

ਸਪੀਕਰ ਸਾਹਿਬ, ਅੱਗੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਪਤਾਨ ਸਾਹਿਬ ਨੇ 400 ਕਰੋੜ ਰੁਪਿਆ ਕਰਮਚਾਰੀਆਂ ਵਾਸਤੇ ਰਖਿਆ ਹੈ। ਫਿਰ ਵੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਔਰ ਪੰਜਾਬ ਸਰਕਾਰ ਨੂੰ ਕੁਝ ਸੁਝਾਓ ਦੇਣੇ ਚਾਹੁੰਦਾ ਹਾਂ। ਅੱਜਕਲ੍ਹ ਪੰਜਾਬ ਵਿਚ ਦੋ ਕਿਸਮ ਦੇ ਕਰਮਚਾਰੀ ਹਨ। ਇਕ ਉਹ ਜਿਹੜੇ ਪਿੰਡਾਂ ਵਿਚ ਕੰਮ ਕਰਦੇ ਹਨ ਅਤੇ ਇਕ ਉਹ ਜਿਹੜੇ ਸ਼ਹਿਰਾਂ ਵਿਚ ਕੰਮ ਕਰਦੇ ਹਨ। ਸ਼ਹਿਰਾਂ ਵਿਚ ਕੰਮ ਕਰਦੇ ਕਰਮ-ਚਾਰੀਆਂ ਨੂੰ ਹਾਊਸ ਰੈਂਟ ਫੈਸਲੀਟੀਜ਼ ਔਰ ਐਂਟਰਟੈਨਮੈਂਟ ਦੇ ਸਾਧਨ ਮਿਲਦੇ ਹਨ ਪਰ ਜਿਹੜਾ ਕਰਮਚਾਰੀ ਦਿਹਾਤ ਵਿਚ ਕੰਮ ਕਰਦਾ ਹੈ, ਜਿਹੜਾ 30-30 ਕਿਲੋਮੀਟਰ ਹਰ ਰੋਜ਼ ਬੱਸਾਂ ਵਿਚ ਜਾਂਦਾ ਹੈ, ਉਸ ਨੂੰ ਕੁਝ ਵੀ ਨਹੀਂ ਮਿਲਦਾ। ਇਸ ਵਾਸਤੇ ਮੈਂ ਕਪਤਾਨ ਸਾਹਿਬ ਨੂੰ ਕੁਝ ਸੁਝਾਓ ਦੇਣੇ ਚਾਹੁੰਦਾ ਹਾਂ ਤਾਂ ਕਿ ਪੰਜਾਬ ਦੇ ਅੰਦਰ ਲੋਕ ਦਿਹਾਤਾਂ ਵਿਚ ਕੰਮ ਕਰਨ ਦੀ ਆਦਤ ਪਾਉਣ। ਪੇਂਡੂ ਕਰਮਚਾਰੀਆਂ ਨੂੰ ਸਪੈਸ਼ਲ ਭੱਤਾ ਮਿਲਣਾ ਚਾਹੀਦਾ ਹੈ। ਜੇ ਸਪੈਸ਼ਲ ਭੱਤਾ ਨਹੀਂ ਤਾਂ ਜਿਹੜਾ ਪੇਂਡੂ ਭੱਤਾ 80/- ਰੁਪਏ ਮਿਲਦਾ ਹੈ ਇਹ ਨਾ ਨਾ ਕਾਫੀ ਹੈ। ਇਸ ਕਰਕੇ ਮੇਰੀ ਬੇਨਤੀ ਹੈ ਕਿ ਪੰਜਾਬ ਸਰਕਾਰ ਮੇਰਾ ਸੁਝਾਓ ਮੰਨਦੇ

[ਮਾਸਟਰ ਮੋਹਨ ਲਾਲ]

ਏ । ਇਸ ਬੱਜਟ ਵਿਚ ਪ੍ਰੋਵੀਜ਼ਨ ਰੱਖੋ ਕਿ ਪੇਂਡੂ ਖੇਤਰ ਵਿਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਇਨਸੈਂਟਿਵ ਦੇਣ ਵਾਸਤੇ ਹਾਊਸ ਰੈਂਟ ਵਧਾਇਆ ਜਾਵੇ ਅਤੇ ਦੂਰ ਦੁਰਾਡੇ ਜਾਣ ਵਾਸਤੇ ਵਹੀਕਲ ਦਿੱਤਾ ਜਾਵੇ । ਤੀਜਰੀ ਗੱਲ, ਪੰਜਾਬ ਸਰਕਾਰ ਦੇ ਕਰਮਚਾਰੀਆਂ ਬਾਰੇ ਇਹ ਹੈ ਕਿ 1-1-78 ਤੋਂ ਸਾਰਿਆਂ ਨੂੰ ਇਨਕਰੀਮੈਂਟ ਦਿੱਤੀ ਜਾਵੇ । ਉਸ ਸਮੇਂ ਕਿਸੇ ਨੂੰ ਇਨਕਰੀਮੈਂਟ ਦਿੱਤੀ ਗਈ ਕਿਸੇ ਨੂੰ ਨਹੀਂ ਦਿੱਤੀ ਗਈ । ਮੇਰੀ ਬੇਨਤੀ ਹੈ ਕਿ ਉਹ ਇਨਕਰੀਮੈਂਟ ਫੌਰੀ ਤੌਰ ਤੇ ਦਿੱਤੀ ਜਾਵੇ ਤਾਂ ਕਿ ਇਹ ਡਿਸਕ੍ਰਿਮੀਨੇਸ਼ਨ ਖਤਮ ਹੋਵੇ ।

ਇਸੇ ਤਰ੍ਹਾਂ ਪ੍ਰਾਈਵੇਟ ਸਕੂਲਾਂ ਦੇ ਅਧਿਆਪਕ ਜੋ ਗੈਰਮਿੰਟ ਏਡਿਡ ਸਕੂਲਾਂ ਵਿਚ ਕੰਮ ਕਰ ਰਹੇ ਹਨ, ਮੈਂ ਕਪਤਾਨ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਦੀਆਂ ਮੰਗਾਂ ਮੰਨਦੇ ਹੋਏ 1-1-96 ਤੋਂ ਅੰਤਰਿਮ ਰਿਲੀਫ ਰਿਲੀਜ਼ ਕਰ ਦਿੱਤਾ ਗਿਆ ਹੈ । ਮੈਡੀਕਲ ਭੱਤਾ ਵੀ 40/- ਰੁਪਏ ਤੋਂ 100/- ਰੁਪਏ ਕੀਤਾ ਹੈ ਪਰ ਫਿਰ ਵੀ, ਸਪੀਕਰ ਸਾਹਿਬ, ਪ੍ਰਾਈਵੇਟ ਗੈਰਮਿੰਟ ਏਡਿਡ ਸਕੂਲਾਂ ਦੀਆਂ ਮੰਗਾਂ ਮੰਨਣ ਵਾਸਤੇ ਬਹੁਤ ਸਾਰੇ ਉਪਰਾਲੇ ਕਰਨ ਦੀ ਲੋੜ ਹੈ । ਮੈਂ ਕਪਤਾਨ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਅੱਜ ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਨੂੰ ਬੁਲਾਇਆ ਹੈ ਔਰ ਉਨ੍ਹਾਂ ਦੇ ਬਾਰੇ ਵਿਚਾਰ ਕਰਨ ਵਕਤ ਇਨ੍ਹਾਂ ਦਾ ਫਰਜ ਹੈ ਕਿ ਗੌਰਮਿੰਟ ਸਕੂਲਾਂ ਦੇ ਬਰਾਬਰ ਸਹੂਲਤਾਂ ਉਨ੍ਹਾਂ ਨੂੰ ਦਿੱਤੀਆਂ ਜਾਣ । ਇਹ ਮੰਗ ਇਸ ਪਵਿੱਤਰ ਸਦਨ ਦੇ ਵਿਚ ਮੰਨੀ ਗਈ ਹੈ, ਪਿਛਲੇ ਸਮਾਗਮ ਵਿਚ ਵੀ ਮੰਨੀ ਗਈ ਹੈ ਔਰ ਉਸ ਤੋਂ ਪਿਛਲੇ ਸਮਾਗਮ ਵਿਚ ਵੀ ਮੰਨੀ ਗਈ ਹੈ ਕਿ ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲਾਂ ਦੇ ਅਧਿਆਪਕ ਜਿਹੜੇ ਪੰਜਾਬ ਦੇ ਅੰਦਰ ਕੰਮ ਕਰਦੇ ਹਨ, ਉਨ੍ਹਾਂ ਨੂੰ ਗੌਰਮਿੰਟ ਸਕੂਲਾਂ ਦੇ ਬਰਾਬਰ ਭੱਤੇ, ਅਲਾਊਂਸਜ਼ ਔਰ ਤਨਖਾਹਾਂ ਦਿੱਤੀਆਂ ਜਾਣਗੀਆਂ । ਮੈਂ ਕਪਤਾਨ ਸਾਹਿਬ ਨੂੰ ਬੇਨਤੀ ਕਰਦਾਂ ਹਾਂ ਕਿ ਮੇਰੇ ਇਸ ਸੁਝਾਉ ਨੂੰ ਇਹ ਬਜਟ ਵਿਚ ਪਾਉਣ ਔਰ ਮੈਂ ਐਸ਼ੋਰੈਂਸ ਚਾਹੁੰਦਾ ਹਾਂ ਕਿ ਜਦੋਂ ਇਹ ਕੱਲ੍ਹ ਨੂੰ ਬਜਟ ਦੀ ਬਹਿਸ ਦਾ ਜਵਾਬ ਦੇਣ ਤਾਂ ਇਸ ਗੱਲ ਵੱਲ ਖ਼ਾਸ ਧਿਆਨ ਦੇਣ ਔਰ ਹਰ ਤਰੀਕੇ ਨਾਲ ਪ੍ਰਾਈਵੇਟ ਗੌਰਮਿੰਟ ਏਡਿਡ ਸਕੂਲਾਂ ਦੀਆਂ ਔਕੜਾਂ ਨੂੰ ਦੂਰ ਕਰਨ ਮੈਂ, ਸਪੀਕਰ ਸਾਹਿਬ, ਦੋ ਤਿੰਨ ਲਾਈਨਾਂ ਹੋਰ ਕਹਿ ਕੇ ਆਪਣੀ ਗੱਲ ਖਤਮ ਕਰਾਂਗਾ ।

ਸ੍ਰੀ ਸਪੀਕਰ : ਤੁਹਾਡਾ ਟਾਈਮ ਖਤਮ ਹੋ ਗਿਆ ਹੈ ।

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਸਾਡੇ ਮਾਨਯੋਗ ਕਪਤਾਨ ਸਾਹਿਬ ਨੇ 225 ਕਰੋੜ ਰੁਪਏ ਦੇ ਰਿਸੋਰਸਿਜ਼ ਪੈਦਾ ਕਰਨ ਲਈ ਬਜਟ ਪੇਸ਼ ਕਰਦੇ ਹੋਏ ਵਹੀਕਲ, ਪੈਟਰੋਲ, ਆਇਲ, ਕੱਪੜੇ ਧੋਣ ਵਾਲੀ ਮਸ਼ੀਨ ਉਤੇ ਵਿਕਰੀ ਕਰ ਲਾਇਆ ਹੈ । ਪਰ ਪ੍ਰਸ਼ੰਸਾ ਦੀ ਗੱਲ ਇਹ ਹੈ ਕਿ ਆਮ ਆਦਮੀ ਨੂੰ ਇਹ ਮਹਿਸੂਸ ਹੀ ਨਹੀਂ ਹੋਣ ਦਿੱਤਾ ਕਿ ਉਨ੍ਹਾਂ ਤੇ ਟੈਕਸ ਲੱਗਿਆ ਹੈ । ਇਸੇ ਤਰ੍ਹਾਂ ਹਲਫਨਾਮੇ ਅਤੇ ਇਕਰਾਰਨਾਮੇ ਦੀ ਫੀਸ ਵਧਾਈ ਹੈ ਪਰ ਕਾਮਨ ਆਦਮੀ ਨੂੰ ਇਹ ਮਹਿਸੂਸ ਨਹੀਂ ਹੋਣ ਦਿੱਤਾ ਇਨ੍ਹਾਂ ਨੇ ਚਾਣਕਿਆ ਦੀ ਨੀਤੀ ਲਿਆਂਦੀ ਹੈ । ਚਾਣਕਿਆ ਨੇ ਕਿਹਾ ਹੈ ਕਿ ਰਾਜਾ ਜਦੋਂ ਟੈਕਸ ਲਗਾਵੇ ਤਾਂ ਪਰਜਾ ਮਹਿਸੂਸ ਨਾ ਕਰੇ ਕਿ ਰਾਜਾ ਸਾਡੇ ਤੇ ਟੈਕਸ ਲਗਾ ਰਿਹਾ ਹੈ । ਜਿਸ ਤਰ੍ਹਾਂ ਭੰਵਰਾਂ ਫੁੱਲਾਂ ਦਾ ਰੱਸ ਚੂਸਦਾ ਹੈ, ਰਾਜਾ ਵੀ ਉਸੇ ਤਰ੍ਹਾਂ ਟੈਕਸ ਲਾਵੇ ਕਿ ਫੁੱਲਾਂ ਦਾ ਨੁਕਸਾਨ ਨਾ ਹੋਵੇ । ਇਥੇ ਜਨਤਾ ਫੁੱਲ ਹੈ ਤੇ ਰਾਜਾ ਲੋਕਤੰਤਰ ਹੈ । ਸਰਕਾਰ ਆਪਣੀ ਪਰਜਾ ਨੂੰ ਫੁੱਲਾਂ ਵਾਂਗੂ ਰੱਖੇ ਤਾਕਿ ਉਸ ਦੇ ਦਿਲ ਨੂੰ ਸੱਟ

ਨਾ ਲੱਗੇ ਲੋਕਾਂ ਨੂੰ ਮਹਿਸੂਸ ਨਾ ਹੋਵੇ ਕਿ ਸਾਡੇ ਤੇ ਟੈਕਸ ਲਗਾਏ ਜਾ ਰਹੇ ਹਨ । ਜਨਤਾ ਮਹਿਸੂਸ ਨਾ ਕਰੇ ਇਸ ਲਈ ਇਨਡਾਇਰੈਕਟ ਟੈਕਸ ਲਗਾਉਣੇ ਚਾਹੀਦੇ ਹਨ, ਡਾਇਰੈਕਟ ਟੈਕਸ ਨਹੀਂ ਲਗਾਉਣੇ ਚਾਹੀਦੇ । ਇਕ ਵਾਰ, ਸਪੀਕਰ ਸਾਹਿਬ, ਮੈਂ ਤੁਹਾਡਾ ਫਿਰ ਮਸ਼ਕੂਰ ਹਾਂ ਮੈਂ ਆਪਣੇ ਹਾਊਸ ਦੇ ਮੈਂਬਰਾਂ ਦਾ ਵੀ ਮਸ਼ਕੂਰ ਹਾਂ ਕਿ ਗਲਾ ਖਰਾਬ ਹੋਣ ਦੇ ਬਾਵ-ਜੂਦ ਵੀ ਸਾਰਿਆਂ ਮੈਂਬਰਾਂ ਨੇ ਔਰ ਤੁਸੀਂ ਵੀ ਬੜੀ ਤਮੰਨਾ ਨਾਲ ਮੈਨੂੰ ਸੁਣਿਆ ਹੈ । ਮੈਂ ਇਕ ਵਾਰ ਫਿਰ ਕਪਤਾਨ ਸਾਹਿਬ ਨੂੰ ਇਸ ਬਜਟ ਦੇ ਪੇਸ਼ ਕੀਤੇ ਜਾਣ ਤੇ ਵਧਾਈ ਦਿੰਦਾ ਹਾਂ । ਧੰਨਵਾਦ ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ (ਲਹਿਰਾ) : ਸਪੀਕਰ ਸਾਹਿਬ,ਮੈਂ ਧੰਨਵਾਦੀ ਹਾਂ ਕਿ ਤੁਸਾਂ ਮੈਨੂੰ 11-6-1997 ਨੂੰ ਜਿਹੜਾ ਬਜਟ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ, ਉਸ ਦੇ ਬਾਰੇ ਕੁਝ ਕਹਿਣ ਦਾ ਮੌਕਾ ਦਿੱਤਾ ਹੈ । ਸਪੀਕਰ ਸਾਹਿਬ, ਮੈਂ ਬੜੇ ਧਿਆਨ ਨਾਲ ਮੰਤਰੀ ਜੀ ਦਾ ਇਕ ਇਕ ਲਫਜ਼ ਸੁਣਿਆ ਸੀ ਔਰ ਉਸ ਤੋਂ ਬਾਅਦ ਤਕਰੀਬਨ ਸਾਰਾ ਹੀ ਬਜਟ ਪੜ੍ਹਿਆ ਹੈ । ਮੈਨੂੰ ਹੈਰਾਨੀ ਵੀ ਹੋਈ ਹੈ, ਮਾਯੂਸੀ ਵੀ ਹੋਈ ਹੈ ਇਹ ਗੱਲ ਜਾਣ ਕੇ ਕਿ ਸਾਰੇ ਬਜਟ ਦੇ ਪੰਨਿਆਂ ਵਿਚੋਂ ਪੂਰਾ ਯਤਨ ਲਾਕੇ ਵੀ ਕੋਈ ਗੱਲ ਇਹੋ ਜਹੀ ਨਹੀਂ ਲੱਭ ਸਕੀ ਜਿਸ ਤਰ੍ਹਾਂ ਦੇ ਚੋਣਾਂ ਤੋਂ ਪਹਿਲਾਂ ਅਕਾਲੀ ਬੀ.ਜੇ.ਪੀ. ਸਰਕਾਰ ਨੇ ਵਾਅਦੇ ਕੀਤੇ ਸਨ, ਜੋ ਸਬਜ਼ਬਾਗ ਦਿਖਾਏ ਸਨ, ਉਹ ਨਹੀਂ ਲੱਭੇ ਅਤੇ ਇਹ ਨਹੀਂ ਹੋ ਸਕਿਆ ਕਿ ਉਨ੍ਹਾਂ ਸਾਰਿਆਂ ਨੂੰ ਕਿਸੇ ਇਕ ਪੰਨੇ ਵਿਚ ਵੀ ਮੈਂ ਪੜ੍ਹ ਸਕਾਂ । ਸਾਡੇ ਮੰਤਰੀ ਸਾਹਿਬ ਬੜੇ ਅੱਛੇ ਪਰਿਵਾਰ ਨਾਲ ਤਾਅਲੁੱਕ ਰੱਖਦੇ ਹਨ। ਮੇਰੇ ਮਨ ਵਿਚ ਉਨ੍ਹਾਂ ਪ੍ਰਤੀ ਬਹੁਤ ਇੱਜ਼ਤ ਮਾਣ ਹੈ ਕਿਉਂਕਿ ਦੇਸ਼ ਭਗਤੀ ਲਈ ਇਸ ਪਰਿਵਾਰ ਦੀਆਂ ਅਤੇ ਇਨ੍ਹਾਂ ਦੇ ਪਿਤਾ ਦੀਆਂ ਬਹੁਤ ਅਥਾਹ ਕੁਰਬਾਨੀਆਂ ਹਨ । ਮੈਨੂੰ ਪੂਰੀ ਆਸ ਸੀ ਕਿ ਜਿਸ ਤਰ੍ਹਾਂ ਕਹਿੰਦੇ ਹਨ ਦੇਰ ਆਏ ਦਰੁਸਤ ਆਏ, ਇਹ ਬਹੁਤੀ ਦੇਰ ਤੋਂ ਬਾਅਦ ਇਸ ਸੈਸ਼ਨ ਵਿਚ ਬਜਟ ਲੈਕੇ ਆਏ ਹਨ, ਇਸ ਕਰ ਕੇ ਖੁਸ਼ੀ ਸੀ ਲੇਕਿਨ ਇਹ ਦੇਖ ਕੇ ਬੜਾ ਦਿਲ ਦੁਖਿਆ ਕਿ ਦੇਰ ਵੀ ਆਏ ਤੇ ਦਰੁਸਤ ਵੀ ਨਹੀਂ ਆਏ ਇਸ 55-ਪੇਜ ਦੀ ਬਜਟ ਦੀ ਕਾਪੀ ਵਿਚੋਂ ਮੈਨੂੰ ਵਾਰ ਵਾਰ ਇਹੋ ਗੱਲ ਮਿਲੀ ਹੈ ਕਿ ਜਦੋਂ ਮੇਰੇ ਵੀਰ ਐਫ. ਐਮ.ਸਾਹਿਬ ਬਜਟ ਪੜ੍ਹ ਰਹੇ ਸਨ ਤਾਂ ਉਨ੍ਹਾਂ ਨੇ ਤਕਰੀਬਨ 25 ਵਾਰੀ ਇਹ ਕਿਹਾ ਹੈ ਕਿ ਬਾਕੀ ਦਾ ਹਿੱਸਾ "ਪੜ੍ਹਿਆ ਗਿਆ" ਸਮਝਿਆ ਜਾਵੇ । ਕਿਉਂਕਿ ਪੜ੍ਹਨ ਲਈ ਇਸ ਵਿਚ ਹੈ ਹੀ ਕੁਝ ਨਹੀਂ । ਇਸ ਦੇ ਨਾ ਪੰਨਿਆਂ ਵਿਚ ਕੁਝ ਹੈ ਅਤੇ ਨਾ ਹੀ ਲਿਖਤਾਂ ਦੇ ਵਿੱਚ ਕੁਝ ਹੈ । ਇਸ ਲਈ ਉਸ ਵੇਲੇ ਮੈਨੂੰ ਸਰਦਾਰ ਬਲਵੰਤ ਸਿੰਘ ਦਾ ਖਿਆਲ ਆਇਆ ਜਿਸ ਨੂੰ ਅਕਾਲੀ ਦਲ ਦਾ ਦਿਮਾਗ ਕਿਹਾ ਜਾਂਦਾ ਸੀ । ਉਹ ਬੜੇ ਮਾਹਿਰ ਸਨ । ਉਨ੍ਹਾਂ ਦੇ ਪੇਸ਼ ਕੀਤੇ ਹੋਏ ਬਜਟ ਸਾਨੂੰ ਸਦਾ ਯਾਦ ਰਹਿਣਗੇ । ਉਹ ਬੜੇ ਮਾਸਟਰ ਸਨ ਬਜਟ ਪੇਸ਼ ਕਰਨ ਵਿੱਚ । ਉਹ ਕਿਹਾ ਕਰਦੇ ਸੀ ਕਿ ਜੇ ਕੋਈ ਗੱਲ ਪੂਰੀ ਨਾ ਹੋਵੇ ਤਾਂ ਪੂਰਾ ਕਰਨ ਦੀ ਕੋਸ਼ਿਸ਼ ਕਰੋ । ਪਰ if you cannot convince the person then do confuse. ਸੋ ਮੇਰੇ ਭਰਾ ਨੇ ਵੀ ਉਨ੍ਹਾਂ ਤੋਂ ਬੜੀ

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਜਿਹੀ ਗੱਲ ਜ਼ਰੂਰ ਸਿੱਖੀ ਹੈ ਕਿ ਲੋਕਾਂ ਨੂੰ ਕਨਵਿੰਸ ਨਹੀਂ ਕਰਾ ਸਕਦੇ ਤਾਂ ਫਿਰ ਉਨ੍ਹਾਂ ਨੂੰ ਕਨਫਿਊਜ਼ ਹੀ ਕਰ ਦਿਉ । ਸੋ, ਇਸ ਬਜਟ ਦੇ ਵਿੱਚ ਇਹੀ ਗੱਲ ਕੀਤੀ ਗਈ ਹੈ । ਭਾਸ਼ਣ ਦਿੰਦੇ ਸਮੇਂ ਇਨ੍ਹਾਂ ਨੇ ਕਿਹਾ ਕਿ ਅਸੀਂ ਨਵੇਂ ਟੈਕਸ ਨਹੀਂ ਲਾਵਾਂਗੇ, ਕਈ ਜਗ੍ਹਾਂ ਕਿਹਾ ਇਨ੍ਹਾਂ ਨੇ ਪਰ ਜਦੋਂ ਦੂਜੀ ਲਾਈਨ ਪੜ੍ਹੀ ਤਾਂ ਸਪੀਕਰ ਸਾਹਿਬ, ਇਕ ਅੱਧ ਨਹੀਂ ਸਗੋਂ 225 ਕਰੋੜ ਰੁਪਏ ਦੇ ਟੈਕਸ ਲਾਏ । ਸਪੀਕਰ ਸਾਹਿਬ, ਮੈਨੂੰ ਇਸ ਤੇ ਕੋਈ ਇਤਰਾਜ਼ ਨਹੀਂ ਹੈ ਕਿਉਂਕਿ ਸਾਡੇ ਪੰਜਾਬ ਦੀ ਆਰਥਿਕ ਹਾਲਤ ਠੀਕ ਨਹੀਂ ਹੈ । ਇਸ ਲਈ ਸਾਨੂੰ ਕੁਝ ਨਾ ਕੁਝ ਕਰਨਾ ਹੀ ਪੈਂਦਾ ਹੈ । ਲੇਕਿਨ ਅਫਸੋਸ ਮੈਨੂੰ ਇਸ ਗੱਲ ਦਾ ਹੈ ਕਿ ਟੈਕਸ ਲਾਉਣ ਵੇਲੇ ਜਿਸ ਤਰ੍ਹਾਂ ਸਾਡੀ ਕਾਂਗਰਸ ਸਰਕਾਰ ਨੇ ਤੇ ਮੈਨੂੰ ਵੀ ਮੌਕਾ ਮਿਲਿਆ ਇਹ ਗੱਲ ਗੰਭੀਰਤਾ ਨਾਲ ਲਈ ਸੀ, ਉਹ ਗੰਭੀਰਤਾ ਇਨ੍ਹਾਂ ਨੇ ਨਹੀਂ ਦਿਖਾਈ ਜਿਸਦੀ ਕਿ ਅੱਜ ਲੋੜ ਵੀ ਸੀ । ਸਪੀਕਰ ਸਾਹਿਬ, ਸਾਡੇ ਵਿਚੋਂ ਸਿਰਫ ਦੋ ਤਿੰਨ ਹੀ ਅਜਿਹੇ ਵਿਅਕਤੀ ਹਨ ਜਿਨ੍ਹਾਂ ਦੇ ਉਤੇ ਪ੍ਰਮਾਤਮਾ ਦੀ ਮਿਹਰ ਹੈ । ਉਨ੍ਹਾਂ ਵਿਚ ਸਾਡੇ ਮੁੱਖ ਮੰਤਰੀ ਬਾਦਲ ਸਾਹਿਬ, ਰਾਜਾ ਸਾਹਿਬ ਅਤੇ ਸ਼ਾਇਦ ਰਵੀਇੰਦਰ ਸਿੰਘ ਹਨ ਜਿਹੜੇ ਕਿ ਕਲਾਸ 'ਏ' ਵਿਚ ਆਉਂਦੇ ਹਨ ਅਤੇ ਬਾਕੀ ਅਸੀਂ 114 ਮੈਂਬਰ ਬੈਠੇ ਹਾਂ ਜਿਹੜੇ ਇਸ ਕਲਾਸ ਵਿਚ ਨਹੀਂ ਆਉਂਦੇ । ਮਸਾਂ ਦੋ ਚਾਰ ਹੀ ਮੈਂਬਰ ਹੋਣਗੇ, ਕਲਾਸ-ਏ ਦੇ ਵਿੱਚ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਇਹ ਆਪਣਾ ਨਾਮ ਨਹੀਂ ਲੈਂਦੇ (ਵਿਘਨ) ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਮੈਂ ਕਿਸੇ ਨੂੰ ਵਿਚੋਂ ਇੰਟਰੱਪਟ ਨਹੀਂ ਕਰਦੀ । ਇਸ ਲਈ ਤੁਸੀਂ ਵੀ ਰਿਸਪਾਂਸੀਬਲ ਮੈਂਬਰ ਦੇ ਤੌਰ ਤੇ ਆਪਣਾ ਫਰਜ਼ ਨਿਭਾਉ । ਜੇਕਰ ਦੋ ਤਿੰਨ-ਮੈਂਬਰਾਂ ਨੂੰ ਹੀ ਮਾਣ-ਸਨਮਾਨ ਦੇਣਾ ਹੈ ਦੋ ਤਿੰਨ ਮੈਂਬਰਾਂ ਨੂੰ ਰਿਆਇਤਾਂ ਦੇਣ ਵਾਸਤੇ ਬਾਕੀ 114 ਦਾ ਗਲਾ ਘੁੱਟਿਆ ਜਾਵੇ ਤਾਂ ਮੈਨੂੰ ਇਸ ਤੇ ਬਹੁਤ ਅਫਸੋਸ ਹੋਵੇਗਾ । ਸਪੀਕਰ ਸਾਹਿਬ, ਇਸੇ ਤਰ੍ਹਾਂ ਬਿਜਲੀ ਤੇ ਪਾਣੀ ਦੀ ਰਿਆਇਤ ਦਿੱਤੀ ਗਈ ਹੈ ਅਤੇ ਉਹ ਕੇਵਲ 10% ਲੋਕਾਂ ਨੂੰ ਹੀ ਦਿਤੀ ਹੈ ਉਹ ਵੀ ਉਨ੍ਹਾਂ ਨੂੰ ਜਿਨ੍ਹਾਂ ਦੀ ਮੈਂ ਪਿਛੇ ਐਗਜ਼ਾਂਪਲ ਦਿੱਤੀ ਹੈ । ਸਿਰਫ 3-4 ਸ਼ਖਸੀਅਤਾਂ ਦੇ ਲਈ ਬਿਜਲੀ ਤੇ ਪਾਣੀ ਮੁਆਫ ਕਰਨ ਨਾਲ ਲਗਭਗ 700 ਕਰੋੜ ਰੁਪਏ ਦਾ ਬਿਜਲੀ ਬੋਰਡ ਤੇ ਵਾਧੂ ਬੋਝ ਪਵੇਗਾ । ਦੂਸਰੇ ਪਾਸੇ ਜਿਹੜੇ 90% ਛੋਟੇ ਛੋਟੇ ਕਿਸਾਨ ਹਨ ਜਾਂ ਕਮਜ਼ੋਰ ਦਰਜੇ ਦੇ ਨਾਲ ਸਬੰਧਤ ਹਨ ਉਨ੍ਹਾਂ ਨੂੰ ਰਿਆਇਤ ਦੇਣ ਵਾਸਤੇ ਸਿਰਫ 600 ਕਰੋੜ ਰੁਪਏ ਦਾ ਬੋਝ ਪਾਇਆ ਗਿਆ ਹੈ । 10% ਲੋਕਾਂ ਲਈ 700 ਕਰੋੜ ਤੇ 90% ਲੋਕਾਂ ਲਈ 600 ਕਰੋੜ ਰੁਪਏ ਦਾ ਬੋਝ ਪਵੇਗਾ । ਜਿਹੜਾ 602.70 ਕਰੋੜ ਦੇ ਘਾਟੇ ਵਾਲਾ ਬਜਟ ਦਿਖਾਇਆ ਹੈ, ਇਹ ਬੋਝ ਤਾਂ ਸਾਰੇ ਗਰੀਬ ਕਿਸਾਨਾਂ ਤੇ ਪਿਆ, ਛੋਟੇ ਵਪਾਰੀਆਂ ਤੇ ਪਿਆ ਅਤੇ ਮਜ਼ਦੂਰਾਂ ਤੇ ਪਿਆ । ਬਜਟ ਦੀ ਜੇਕਰ ਇਕ ਇਕ ਆਈਟਮ ਦੇਖੀ ਜਾਵੇ ਤਾਂ ਜੋ ਟੈਕਸ ਲਾਏ ਹਨ ਇਕ ਬੱਚੇ ਤੋਂ ਲੈ ਕੇ ਪਿਤਾ ਤੱਕ ਇਕ ਮਹੀਨੇ ਦੇ ਵਿੱਚ ਨਵੇ ਟੈਕਸਾਂ ਦਾ ਭਾਰ 12/- ਰੁਪਏ ਬਣਦਾ ਹੈ, ਇਹ/- 12 ਰੁਪਏ 90% ਲੋਕਾਂ ਤੇ ਬੋਝ ਪਾਇਆ ਗਿਆ ਹੈ । ਵੱਡੇ ਲੋਕ ਕਹਿੰਦੇ ਹਨ ਕਿ ਸਾਡਾ ਬਿਜਲੀ ਦਾ ਬਿਲ ਮੁਆਫ ਹੋਣਾ ਚਾਹੀਦਾ ਹੈ, ਪਰ ਦਰਮਿਆਨੇ ਤੇ ਕਮਜ਼ੋਰ ਕਿਸਾਨ ਕਹਿੰਦੇ ਹਨ ਕਿ ਸਾਨੂੰ ਰਿਆਇਤ ਹੀ ਮਿਲ ਜਾਵੇ ਅਤੇ ਬਿਜਲੀ ਵੀ

ਪੂਰੀ ਮਿਲ ਜਾਵੇ, ਅਸੀਂ ਹੋਰ ਮਿਹਨਤ ਕਰਕੇ ਹੋਰ ਜ਼ਿਆਦਾ ਅਨਾਜ ਪੈਦਾ ਕਰ ਸਕਦੇ ਹਾਂ ਜਿਸ ਦੇ ਸਿਰ ਉਤੇ ਪੰਜਾਬ ਹੋਰ ਅੱਗੇ ਤੁਰ ਸਕਦਾ ਹੈ । ਮੈਨੂੰ ਬੜਾ ਭਾਰੀ ਅਫਸੋਸ ਹੈ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਧਿਆਨ ਵਿਚ ਨਾ ਰੱਖਦੇ ਹੋਏ ਇਹ ਜੋ ਬਜਟ ਲਿਆਂਦਾ ਗਿਆ ਹੈ ਇਹ ਕੇਵਲ ਅਮੀਰਾਂ ਨੂੰ ਫਾਇਦਾ ਪਹੁੰਚਾਉਣ ਲਈ ਲਿਆਂਦਾ ਗਿਆ ਹੈ ਅਤੇ ਗਰੀਬ ਅਮੀਰ ਲੋਕਾਂ ਦੇ ਵਿੱਚ ਪਾੜਾ ਪਾਇਆ ਗਿਆ ਹੈ । ਪੇਂਡੂ ਅਤੇ ਸ਼ਹਿਰੀਆਂ ਵਿੱਚ ਪਾੜਾ ਪਾਇਆ ਗਿਆ ਹੈ । ਇਸ ਬਜਟ ਨੂੰ ਦੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਇਸ ਨਾਲ ਲੋਕਾਂ ਨੂੰ ਨਿਰਾਸ਼ ਕੀਤਾ ਗਿਆ ਹੈ । ਇਸ ਬਜਟ ਵਿਚੋਂ ਨਿਰਾਸ਼ਾ ਤੋਂ ਸਿਵਾਏ ਹੋਰ ਕੁਝ ਨਹੀਂ ਮਿਲਿਆ । ਲੋਕ ਸੋਚਦੇ ਸੀ ਕਿ ਸ਼ਾਇਦ ਪਹਾੜ ਹੇਠੋਂ ਚੂਹਾ ਨਿਕਲ ਆਏ ਪਰ ਇਥੇ ਤਾਂ ਪਹਾੜ ਵੀ ਪੁੱਟਿਆ ਗਿਆ ਪਰ ਚੂਹਾ ਵੀ ਨਹੀਂ ਨਿਕਲਿਆ । ਅਕਾਲੀ, ਭਾਜਪਾ ਸਰਕਾਰ ਨੇ ਕਿਹਾ ਸੀ ਕਿ ਸਾਡੇ ਚੋਣ ਮਨਸੂਬੇ ਚੋਰੀ ਹੋ ਗਏ ਅਸੀਂ ਇਨ੍ਹਾਂ ਦੀ ਗੱਲ ਮੰਨ ਲਈ । ਜੇ ਅਸੀਂ ਉਹ ਲਏ ਸਨ ਤਾਂ ਅਸੀਂ ਕੁਝ ਕੀਤਾ ਵੀ ਸੀ । ਅਸੀਂ ਚਾਹੇ ਕੋਈ ਪੇਂਡੂ ਹੈ ਜਾਂ ਸ਼ਹਿਰੀ, ਸਾਰਿਆਂ ਵਾਸਤੇ ਰਿਆਇਤਾਂ ਰੱਖੀਆਂ ।

ਸਰਦਾਰ ਤੋਤਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੀਬੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਨੇ ਕਿਸਾਨਾਂ ਨੂੰ 226 ਕਰੋੜ ਰੁਪਏ ਦੀ ਬਿਜਲੀ ਦੀ ਰਿਆਇਤ ਰੱਖੀ ਹੈ । ਇਹ ਗਲਤ ਬਿਆਨੀ ਕਰ ਰਹੇ ਹਨ ਕਿ 10... ਅਮੀਰਾਂ ਵਾਸਤੇ 700 ਕਰੋੜ ਰੁਪਏ ਦੀ ਰਿਆਇਤ ਦਿੱਤੀ ਗਈ ਹੈ । ਇਸ ਵਿਚੋਂ ਕਿਹੜਾ ਅੰਕੜਾ ਠੀਕ ਹੈ ?

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ ਕਿ ਜਿਹੜੇ ਇਨ੍ਹਾਂ ਨੇ ਵਾਅਦੇ ਕੀਤੇ ਸਨ ਉਨ੍ਹਾਂ ਨੂੰ ਤੋੜਿਆ ਗਿਆ ਹੈ । ਪਹਿਲਾਂ ਤਾਂ ਇਹ ਉਮੀਦ ਨਹੀਂ ਸੀ ਕਿ ਅਕਾਲੀ ਭਾਜਪਾ ਦੀ ਸਰਕਾਰ ਆਵੇਗੀ । ਫੇਰ ਇਨ੍ਹਾਂ ਨੇ ਵਾਅਦੇ ਇਵੇਂ ਕੀਤੇ ਜਿਵੇਂ ਕੋਈ ਸੁਦਾਗਰ ਕਰਦਾ ਹੁੰਦਾ ਹੈ । ਇਹ ਗੱਲ ਬਰਾੜ ਸਾਹਿਬ ਕਿਹਾ ਕਰਦੇ ਸਨ । ਜਿਵੇਂ ਸੁਦਾਗਰ ਹਰ ਕਿਨਾਰੇ ਤੋਂ ਜਦੋਂ ਗੁਜਰਦਾ ਹੈ ਤਾਂ ਜਦੋਂ ਰਸਤੇ ਵਿੱਚ ਉਸ ਕੋਲ ਕੋਈ ਆਉਂਦਾ ਹੈ ਅਤੇ ਜੇ ਘੋੜੀ ਮੰਗਦਾ ਹੈ ਤਾਂ ਸੁਦਾਗਰ ਕਹਿੰਦਾ ਹੈ ਕਿ ਹਾਥੀ ਲੈ ਲੈ । ਜੇ ਅਗਲਾ ਕਹੇ ਗੱਡੀ ਦੇ ਦੇ ਤਾਂ ਉਹ ਕਹਿੰਦਾ ਹੈ ਹਵਾਈ ਜਹਾਜ਼ ਲੈ ਲੈ । ਸੁਦਾਗਰ ਇੰਝ ਤਾਂ ਕਹਿੰਦਾ ਹੈ ਕਿਉਂਕਿ ਉਸ ਨੇ ਉਸ ਰਸਤੇ ਵਾਪਸ ਮੁੜ ਕੇ ਨਹੀਂ ਆਉਣਾ ਹੁੰਦਾ । ਅਕਾਲੀ ਦਲ ਦੀ ਸਰਕਾਰ ਤਾਂ ਆਈ ਕਿ ਇਨ੍ਹਾਂ ਨੇ ਆਪੋਜ਼ੀਸ਼ਨ ਵਿੱਚ ਰਹਿ ਕੇ ਕੁਝ ਸਿੱਖਿਆ ਹੋਵੇਗਾ । ਇਹ ਲੋਕਾਂ ਨਾਲ ਹਮਦਰਦੀ ਕਰਨਗੇ । ਇਨ੍ਹਾਂ ਦੀ ਸਰਕਾਰ ਨੂੰ ਵੋਟਾਂ ਪਈਆਂ । ਜਿਵੇਂ ਆਮ ਲੋਕ ਕਹਿੰਦੇ ਹਨ ** ** *ਉਵੇਂ ਇਨ੍ਹਾਂ ਨੂੰ ਵੋਟਾਂ ਪਈਆਂ । ਲੋਕਾਂ ਨੇ ਇਨ੍ਹਾਂ ਤੇ ਵਿਸ਼ਵਾਸ ਕੀਤਾ । (ਵਿਘਨ)

ਇੱਕ ਆਵਾਜ਼ : ਸਪੀਕਰ ਸਾਹਿਬ, ਇਹ ਸ਼ਬਦ ਐਕਸਪੰਜ ਕਰਾਓ ।

ਸ੍ਰੀ ਸਪੀਕਰ : **** ਲਾਈਨ ਐਕਸਪੰਜ ਕੀਤੀ ਜਾਵੇ ।

**Expunged as ordered by the Chair

ਖੇਤੀਬਾੜੀ ਮੰਤਰੀ : ਭੈਣ ਜੀ ਨੇ ਕਿਹਾ ਹੈ ਕਿ ਵੋਟਾਂ ਪਈਆਂ, ਉਹ ਕਿਉਂ, ਕਿਉਂਕਿ ਬਾਦਲ ਸਾਹਿਬ ਦੀ ਸਰਕਾਰ ਨੇ 5 ਹਾਰਸ ਪਾਵਰ ਦੇ ਮੀਟਰ ਨੂੰ 250/- ਰੁਪਏ ਪੈਨਸ਼ਨ ਲਗਾ ਦਿੱਤੀ। ਇਸ ਵਿੱਚ ਕੀ ਮਾੜਾ ਹੋਇਆ ? ਇਸ ਵਿੱਚ ਗਰੀਬ ਦਲਿਤ ਵੀ ਆਉਂਦੇ ਹਨ। ਜੇ ਘੱਟ ਬਿਜਲੀ ਮਿਲੀ ਹੁੰਦੀ ਤਾਂ ਜਿਵੇਂ ਐਤਕੀ ਰਿਕਾਰਡ ਤੋੜ ਕਣਕ ਦਾ ਝਾੜ ਹੋਇਆ ਹੈ, ਉਹ ਨਾ ਹੁੰਦਾ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਮੇਰੀ ਬੇਨਤੀ ਹੈ ਕਿ ਇਹ ਜਵਾਬ ਤਾਂ ਬਾਦਲ ਸਾਹਿਬ ਨੇ ਕੱਲ ਦੇਣਾ ਹੈ ਇਹ ਤਾਂ ਅੱਜ ਹੀ ਦੇਣ ਲੱਗ ਪਏ ਹਨ। ਦੂਜੀ ਗੱਲ ਮੈਂ ਤਾਂ ਸਿਰਫ ਐਗਜ਼ਾਂਪਲ ਦਿੱਤੀ ਸੀ। ਮੈਂ ਕਿਸੇ ਨੂੰ ਵੀ ਗਲਤ ਲਫਜ਼ ਨਹੀਂ ਕਹਿਣਾ ਚਾਹੁੰਦੀ। ਇਹ ਤਾਂ ਠੇਠ ਪੰਜਾਬੀ ਦੀ ਮਿਸਾਲ ਦਿੱਤੀ ਸੀ। ਇਸ ਨਾਲ ਇਨ੍ਹਾਂ ਦਾ ਕੋਈ ਤਾਅਲੁੱਕ ਨਹੀਂ ਹੈ। ਇਨ੍ਹਾਂ ਨੂੰ ਕਦੇ ਵੀ ਇਸ ਤਰ੍ਹਾਂ ਗੱਲ ਨਹੀਂ ਲੈਣੀ ਚਾਹੀਦੀ।

ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਇਹ ਹੈ ਕਿ ਇਤਨੀਆਂ ਵੋਟਾਂ ਪਈਆਂ ਅਤੇ ਇਨ੍ਹਾਂ ਦੀ ਪਾਰਟੀ ਦੀ ਸਰਕਾਰ ਬਣ ਗਈ ਪਰ ਸਰਕਾਰ ਬਣਨ ਤੋਂ ਬਾਅਦ ਇਨ੍ਹਾਂ ਨੇ ਕੌੜੀਆਂ ਅਤੇ ਕੌੜੀਆਂ, ਕਲੰਕ ਵਾਲੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ। ਜਿਹੜੇ ਅਸੀਂ ਇਲੈਕਸ਼ਨ ਤੋਂ ਪਹਿਲਾਂ ਲੋਕਾਂ ਦੀ ਭਲਾਈ ਲਈ ਫੈਸਲੇ ਕੀਤੇ ਸਨ, ਉਨ੍ਹਾਂ ਨੂੰ ਰੁਕਵਾਉਣ ਲਈ ਇਨ੍ਹਾਂ ਨੇ ਇਲੈਕਸ਼ਨ ਕਮਿਸ਼ਨ ਕੋਲ ਲਿਖਤੀ ਸ਼ਿਕਾਇਤ ਕੀਤੀ ਔਰ ਸਾਡੇ 51 ਨੁਕਾਤੀ ਫੈਸਲੇ ਤੇ ਅਮਲ ਰੁਕਵਾ ਦਿੱਤਾ ਜਦ ਕਿ ਉਨ੍ਹਾਂ ਫੈਸਲਿਆਂ ਤੇ ਨੋਟੀਫਿਕੇਸ਼ਨ ਜਾਰੀ ਹੋ ਚੁੱਕੀ ਸੀ ਅਤੇ ਉਨ੍ਹਾਂ ਨੂੰ ਲਾਗੂ ਕਰਨ ਲਈ ਆਰਡਰਜ਼ ਜਾਰੀ ਹੋ ਚੁੱਕੇ ਸਨ। ਅਕਾਲੀ ਭਰਾਵਾਂ ਨੇ ਇਹ ਫੈਸਲੇ ਬੰਦ ਕਰਵਾ ਦਿੱਤੇ। ਇਸ ਤੋਂ ਇਨ੍ਹਾਂ ਦਾ ਪੰਜਾਬ ਦੇ ਲੋਕਾਂ ਨਾਲ ਪਿਆਰ ਤੁਸੀਂ ਸਮਝ ਸਕਦੇ ਹੋ। ਇਸ ਤੋਂ ਇਲਾਵਾ ਜਿਹੜੇ ਭਲਾਈ ਦੇ ਕੰਮਾਂ ਵਿਚ ਅਸੀਂ ਔਰਤਾਂ ਦੇ ਲਈ ਫੈਸਲੇ ਕੀਤੇ ਸਨ, ਉਹ ਵੀ ਇਨ੍ਹਾਂ ਦੀ ਸਰਕਾਰ ਨੇ ਆਉਂਦੇ ਸਾਰ ਹੀ ਬੰਦ ਕਰਵਾ ਦਿੱਤੇ। ਇਕ ਔਰਤ ਜਿਹੜੀ ਇਕ ਰਾਜੇ ਨੂੰ ਵੀ ਜਨਮ ਦਿੰਦੀ ਹੈ, ਉਸ ਦੇ ਲਈ ਅਸੀਂ ਨੌਕਰੀਆਂ ਦੇ ਵਿਚ 33% ਨੌਕਰੀਆਂ ਵਿੱਚ ਰਿਜ਼ਰਵੇਸ਼ਨ ਫਿਕਸ ਕੀਤੀ ਸੀ ਅਤੇ ਮਹਿਲਾ ਮੰਡਲਾਂ ਲਈ ਦੱਸ ਦੱਸ ਹਜ਼ਾਰ ਰੁਪਏ ਦੀ ਗ੍ਰਾਂਟਾਂ ਅਤੇ 60-65 ਸਾਲ ਦੀ ਔਰਤ ਨੂੰ ਫਰੀ ਬਸ ਸਰਵਿਸ ਦੇਣ ਦਾ ਵਾਅਦਾ ਅਸੀਂ ਪੂਰਾ ਕੀਤਾ ਸੀ ਤਾਂਕਿ ਉਹ ਮਾਤਾ ਦੁੱਖ ਸੁੱਖ ਵਿਚ ਆ ਜਾ ਸਕੇ, ਆਂਗਣਵਾੜੀਆਂ ਦੇ ਵਿਚ ਕੰਮ ਕਰ ਰਹੀਆਂ ਔਰਤਾਂ ਦੇ ਲਈ ਰਿਆਇਤਾਂ ਦੇ ਜੋ ਐਲਾਨ ਕੀਤੇ ਸਨ ਇਨ੍ਹਾਂ ਦੀ ਸਰਕਾਰ ਨੇ ਪਹਿਲਾਂ ਆ ਕੇ ਉਹ ਸਭ ਬੰਦ ਕਰਵਾ ਦਿੱਤੇ। ਸਭ ਤੋਂ ਪਹਿਲਾਂ ਇਸ ਸਰਕਾਰ ਦੀ ਤਲਵਾਰ ਔਰਤ ਜਾਤੀ ਉਤੇ ਚੱਲੀ। ਇਸੇ ਤਰ੍ਹਾਂ ਅਸੀਂ ਫੈਸਲਾ ਕੀਤਾ ਕਿ ਜਿਹੜੇ ਭਰਾ ਚਾਹੇ ਉਹ ਬਾਜ਼ੀਗਰ ਹੋਣ ਅਤੇ ਚਾਹੇ ਸਾਂਸੀ, ਚਾਹੇ ਉਹ ਪਿੰਡਾਂ ਵਿਚ ਪਿਛਲੇ 10 ਸਾਲ ਤੋਂ ਰਹਿੰਦੇ ਹਨ ਜਾਂ ਸ਼ਹਿਰਾਂ ਦੇ ਵਿਚ ਰਹਿੰਦੇ ਹੋਣ ਉਨ੍ਹਾਂ ਦੀ ਮਲਕੀਅਤ ਕਾਇਮ ਕੀਤੀ ਜਾਵੇ। ਉਨ੍ਹਾਂ ਨੂੰ ਮਲਕੀਅਤ ਦਾ ਹੱਕ ਅਸੀਂ ਦਿੱਤਾ ਅਤੇ ਦਾਰ ਲੈਵਲ ਤੇ ਅਸੀਂ ਫੈਸਲੇ ਕੀਤੇ। ਪਰ ਇਨ੍ਹਾਂ ਫੈਸਲਿਆਂ ਉਤੇ ਬਗੈਰ ਕੋਈ ਕਲੈਰਿਟੀ ਲਏ ਰੋਕ ਲਗਾ ਦਿੱਤੀ। ਉਨ੍ਹਾਂ ਫੈਸਲਿਆਂ ਨੂੰ ਜਿਹੜੇ ਮੇਰੀ ਸਰਕਾਰ

ਨੇ ਲਏ ਸਨ ਉਨ੍ਹਾਂ ਨੂੰ ਪਾਸ ਕਰੋ ਜਾਂ ਫੇਲ੍ਹ ਕਰੋ ਪਰ ਫ਼ੈਸਲਿਆਂ ਨੂੰ ਰੋਕ ਕੇ ਤੁਸੀਂ ਉਨ੍ਹਾਂ ਲੋਕਾਂ ਦੇ ਨਾਲ ਇਨਜਸਟਿਸ ਕਰ ਰਹੇ ਹੋ। ਪਰ ਇਸ ਸਰਕਾਰ ਨੇ ਵੱਡੇ ਕਿਸਾਨਾਂ ਨੂੰ ਮੁਫਤ ਬਿਜਲੀ ਦਿੱਤੀ ਹੈ, ਪਾਣੀ ਫਰੀ ਦਿੱਤਾ ਹੈ ਅੌਰ ਵੱਡੇ ਕਿਸਾਨਾਂ ਦਾ ਫਾਇਦਾ ਕੀਤਾ ਹੈ ਅਤੇ ਬਿਨਾਂ ਮੰਗੇ ਰਿਆਇਤਾਂ ਦਿੱਤੀਆਂ ਗਈਆ ਹਨ। ਜਦ ਕਿ ਦੂਜੇ ਪਾਸੇ ਛੋਟੇ ਗਰੀਬ ਲੋਕ ਚਾਹੇ ਉਹ ਪਿੰਡਾਂ ਦੇ ਵਿਚ ਰਹਿੰਦੇ ਹੋਣ ਜਾਂ ਸ਼ਹਿਰਾਂ ਦੇ ਵਿਚ ਰਹਿੰਦੇ ਹੋਣ, ਇਕ ਲਾਟੂ ਵਾਲੇ ਤੋਂ ਵੀ ਇਹ ਸਰਕਾਰ 50/- ਰੁਪਏ ਲੈ ਰਹੀ ਹੈ। ਜਦੋਂ ਮੇਰੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ 10 ਯੂਨਿਟਸ ਤੱਕ ਵਾਲੇ ਨੂੰ ਫਰੀ ਬਿਜਲੀ ਦਿੱਤੀ ਜਾਵੇਗੀ ਉਸ ਉਤੇ ਬਾਦਲ ਸਰਕਾਰ ਨੇ ਅਮਲ ਰੋਕ ਦਿੱਤਾ ਅੌਰ ਜਿਮੀਂਦਾਰਾਂ ਨੂੰ ਫਰੀ ਬਿਜਲੀ, ਪਾਣੀ ਦੇ ਦਿੱਤਾ। ਸਾਡੇ ਕੀਤੇ ਹੋਏ ਫੈਸਲਿਆਂ ਉਤੇ ਇਨ੍ਹਾਂ ਨੇ ਸਰਕਾਰ ਬਣਦੇ ਸਾਰ ਹੀ ਲਾਈਨ ਮਾਰ ਦਿੱਤੀ। ਇਸ ਤਰ੍ਹਾਂ ਕਰਕੇ ਇਨ੍ਹਾਂ ਨੇ ਗਰੀਬ ਲੋਕਾਂ ਦੇ ਨਾਲ ਇਨਜਸਟਿਸ ਕੀਤਾ ਹੈ।

ਫੇਰ ਇਥੇ ਕਿਹਾ ਗਿਆ ਕਿ ਸਾਨੂੰ ਪੰਜਾਬ ਦਾ ਖਜ਼ਾਨਾ ਖਾਲੀ ਮਿਲਿਆ ਹੈ ਅਤੇ ਲੋਕਾਂ ਦੇ ਵਿਚ ਕੋਈ ਹੋਰ ਤਸਵੀਰ ਦੱਸਣੀ ਸ਼ੁਰੂ ਕਰ ਦਿੱਤੀ। ਦੁਨੀਆਂ ਦੇ ਵਿਚ ਪੰਜਾਬ ਦੀ ਤਸਵੀਰ ਬਹੁਤ ਅੱਛੀ ਹੈ ਅਤੇ ਹਿੰਦੁਸਤਾਨ ਦੇ ਵਿਚ ਅੱਛੀ ਤਸਵੀਰ ਨੂੰ ਤੁਹਾਡੀ ਸਰਕਾਰ ਨੇ ਲੋਕਾਂ ਦੇ ਸਾਹਮਣੇ ਗ਼ਲਤ ਰੂਪ ਦੇ ਦਿੱਤਾ ਹੈ। ਜਦੋਂ ਸਾਡੀ ਸਰਕਾਰ ਪੰਜਾਬ ਵਿਚ 1992 ਵਿਚ ਬਣੀ ਸੀ ਉਸ ਵਕਤ ਵੀ ਐਸਾ ਹੀ ਹਾਲ ਸੀ ਪਰ ਅਸੀਂ ਤੁਹਾਡੇ ਵਾਂਗ ਲੋਕਾਂ ਵਿਚ ਰੌਲਾ ਨਹੀਂ ਪਾਇਆ ਸੀ, ਬੜੇ ਅੱਛੇ ਢੰਗ ਨਾਲ ਪੰਜਾਬ ਦੀ ਸਰਕਾਰ ਚਲਾਈ, ਬਹੁਤ ਸਾਰੀਆਂ ਸਕੀਮਾਂ ਨੂੰ ਅਸੀਂ ਆ ਕੇ ਇੰਪਲੀਮੈਂਟ ਕੀਤਾ ਅਤੇ ਪਹਿਲੇ ਹੀ ਸਾਲ 600 ਕਰੋੜ ਰੁਪਏ ਦਾ ਬਜਟ ਪਿੰਡਾਂ ਦੇ ਲੋਕਾਂ ਲਈ ਪੇਸ਼ ਕੀਤਾ ਸੀ, ਜਦ ਕਿ ਖਜ਼ਾਨਾ ਸਾਡੇ ਵਕਤ ਵੀ ਖਾਲੀ ਸੀ। ਪਰ ਤੁਸੀਂ ਤਾਂ 200 ਕਰੋੜ ਰੁਪਿਆ ਘਾਟੇ ਵਿਚ ਹੋਰ ਐਡ ਕਰ ਦਿੱਤਾ ਹੈ ਜਦ ਕਿ ਘਾਟਾ ਘੱਟ ਸੀ। ਇਸ ਨੂੰ ਐਡ ਕਰਕੇ ਤੁਸੀਂ 602 ਕਰੋੜ ਤੱਕ ਚਲੇ ਗਏ ਹੋ। ਤੁਸੀਂ ਕੋਈ ਸਟੇਟ ਨੂੰ ਚੰਗੀਆਂ ਸਕੀਮਾਂ ਦਿਓ। ਕਦੇ ਕਹਿ ਦਿੰਦੇ ਹਨ ਕਿ ਪੰਜਾਬ ਵਿਚ ਚੁੰਗੀ ਮੁਆਫ ਕਰ ਦੇਣੀ ਹੈ। ਸਪੀਕਰ ਸਾਹਿਬ, ਇੰਜ ਹਿੰਦੂ ਸਿੱਖ ਏਕਤਾ ਲਈ ਕੰਮ ਕਰਨ ਅਸੀਂ ਇਨ੍ਹਾਂ ਦੇ ਨਾਲ ਹਾਂ। ਇਹ ਪੰਜਾਬ ਦੀਆਂ ਸਾਰੀਆਂ ਕਮਿਊਨਿਟੀਜ਼ ਨੂੰ ਨਾਲ ਲੈ ਕੇ ਚਲਣ। ਸਰਕਾਰ ਬਨਣ ਤੋਂ ਪਹਿਲਾਂ ਇਨ੍ਹਾਂ ਨੇ ਐਲਾਨ ਕਰ ਦਿੱਤਾ ਕਿ ਅਸੀਂ ਪੰਜਾਬ ਵਿਚ ਟੰਡਨ ਸਾਹਿਬ ਨੂੰ ਡਿਪਟੀ ਚੀਫ ਮਨਿਸਟਰ ਬਣਾਵਾਂਗੇ, ਤੁਸੀਂ ਵੋਟਾਂ ਪਾਉ। ਸਰਕਾਰ ਬਣਦੇ ਸਾਰ ਹੀ ਕੁਰਸੀ ਖਿੱਚ ਲਈ ਅਤੇ ਵਾਅਦੇ ਤੋਂ ਮੁਕਰ ਗਏ।

ਸਪੀਕਰ ਸਾਹਿਬ, ਟੰਡਨ ਸਾਹਿਬ ਨਾਲ ਜੋ ਇਲੈਕਸ਼ਨਾਂ ਵਿਚ ਵਾਅਦਾ ਕੀਤਾ ਸੀ, ਉਹ ਬਾਦਲ ਸਾਹਿਬ ਨੇ ਕੁਰਸੀ ਤੇ ਬੈਠਣ ਸਾਰ ਹੀ ਪੂਰਾ ਨਹੀਂ ਕੀਤਾ। (ਹਾਸਾ)

ਸ੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਮੈਡਮ ਭੱਠਲ ਜੀ ਦੱਸਣ ਕਿ ਜੋ ਵਾਅਦਾ ਇਨ੍ਹਾਂ ਨੇ ਡਾਕਟਰ ਕੇਵਲ ਕ੍ਰਿਸ਼ਨ ਜੀ ਨਾਲ ਕੀਤਾ ਸੀ ਕਿ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਬਣਾਵਾਂਗੇ ਉਹ ਵਾਅਦਾ ਇਨ੍ਹਾਂ ਨੇ ਕਿਉਂ ਪੂਰਾ ਨਹੀਂ ਕੀਤਾ ? (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਇਹ ਉਸ ਵੇਲੇ ਨਾ ਸਾਡੀ ਪਾਰਟੀ ਦੇ ਮੈਂਬਰ ਸਨ ਅਤੇ ਨਾ ਹੀ ਇਸ ਹਾਊਸ ਵਿਚ ਮੈਂਬਰ ਸਨ। ਇਨ੍ਹਾਂ ਨੂੰ ਕਿਵੇਂ ਪਤਾ ਲਗ ਗਿਆ ? (ਵਿਘਨ)

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ....

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਅੱਜ ਤੱਕ ਬਾਦਲ ਸਾਹਿਬ ਨੂੰ ਮੈਂ ਕੋਈ ਸਿਫਾਰਿਸ਼ ਨਹੀਂ ਕੀਤੀ ਸਪੀਕਰ ਸਾਹਿਬ ਲੇਕਿਨ ਬਾਦਲ ਸਾਹਿਬ ਨੂੰ ਇਕ ਸਿਫਾਰਿਸ਼ ਅੱਜ ਜ਼ਰੂਰ ਕਰਦੀ ਹਾਂ ਕਿ ਸਾਹਨੀ ਸਾਹਿਬ ਨੂੰ ਕੋਈ ਨਾ ਕੋਈ ਕੁਰਸੀ ਜ਼ਰੂਰ ਦੇ ਦਿਉ। (ਹਾਸਾ)

ਸਪੀਕਰ ਸਾਹਿਬ, ਇਲੈਕਸ਼ਨਾਂ ਤੋਂ ਪਹਿਲਾਂ ਆਪਣੇ ਚੋਣ ਮੈਨੀਫੈਸਟੋ ਵਿਚ ਅਕਾਲੀਆਂ ਨੇ ਚੁੰਗੀਆਂ ਮੁਆਫ ਕਰਨ ਦਾ ਫੈਸਲਾ ਕੀਤਾ ਸੀ ਪਰ ਅੱਜ ਉਹ ਵਾਅਦਾ ਚੋਣ ਮੈਨੀਫੈਸਟੋ ਵਿਚੋਂ ਕੱਟਿਆ ਗਿਆ। ਇਨ੍ਹਾਂ ਚੋਣ ਮੈਨੀਫੈਸਟੋ ਦਾ ਇਕ-ਇਕ ਕੀਤਾ ਵਾਅਦਾ ਕੱਟਣਾ ਸ਼ੁਰੂ ਕਰ ਦਿਤਾ ਹੈ। ਪਹਿਲਾਂ ਆਉਂਦੇ ਸਾਰ ਸਰਕਾਰ ਨੇ ਰੌਲਾ ਪਾਉਣਾ ਸ਼ੁਰੂ ਕਰ ਦਿਤਾ ਕਿ ਬਜਟ ਵਿਚ ਕੋਈ ਪੈਸਾ ਨਹੀਂ ਹੈ ਅਤੇ ਦੋ ਤਿੰਨ ਸਾਲ ਲੱਗ ਜਾਣਗੇ। ਇਥੇ ਅਕਾਲੀ ਦਲ ਦੇ ਇਕ ਸੀਨੀਅਰ ਲੀਡਰ ਜੋ ਕਿ ਹਾਊਸ ਦੇ ਮੈਂਬਰ ਨਹੀਂ ਹਨ, ਮੈਂ ਇਸ ਕਰਕੇ ਉਨ੍ਹਾਂ ਦਾ ਨਾਮ ਨਹੀਂ ਲੈਣਾ ਚਾਹੁੰਦੀ, ਉਨ੍ਹਾਂ ਨੇ ਬਿਆਨ ਦਿਤਾ ਹੈ ਕਿ ਲੋਕਾਂ ਨਾਲ ਕੀਤੇ ਵਾਅਦੇ 90% ਪੂਰੇ ਹੋ ਗਏ ਹਨ। ਕੀ ਇਹ ਵਾਅਦੇ ਰਾਤੋ-ਰਾਤ ਪੂਰੇ ਹੋ ਗਏ ਹਨ ਜਾ ਸੁਪਨਿਆਂ ਵਿਚ ਪੂਰੇ ਹੋ ਗਏ ਹਨ ? ਸੁਪਨਿਆਂ ਵਿਚ ਵਾਅਦੇ ਪੂਰੇ ਹੋ ਸਕਦੇ ਹਨ। ਇਨ੍ਹਾਂ ਨੇ ਇਕ ਵੀ ਵਾਅਦਾ ਪੰਜਾਬ ਦੀ ਧਰਤੀ ਤੇ ਪੂਰਾ ਨਹੀਂ ਕੀਤਾ। ਜੇਕਰ ਅਕਾਲੀ ਸਰਕਾਰ ਆਪਣੇ ਚੋਣ ਮੈਨੀਫੈਸਟੋ ਦੇ ਵਾਅਦੇ ਪੂਰੇ ਨਹੀਂ ਕਰ ਸਕਦੀ ਤਾਂ ਸਾਡੀ ਕਾਂਗਰਸ ਸਰਕਾਰ ਦੀਆਂ ਚੰਗੀਆਂ ਗੱਲਾਂ ਨੂੰ ਜਾਰੀ ਰੱਖਦੀ। ਸਾਡੀਆਂ ਚੰਗੀਆਂ ਗੱਲਾ ਨੂੰ ਵੀ ਸਰਕਾਰ ਨੇ ਕੱਟ ਦਿੱਤਾ। ਸਪੀਕਰ ਸਾਹਿਬ, ਜੋ ਵੀ ਇਨ੍ਹਾਂ ਨੇ ਕੰਮ ਕੀਤਾ, ਉਹ ਕੱਟਣ ਵਾਲਾ ਹੀ ਕੀਤਾ ਹੈ। ਕਿਸੇ ਚੰਗੇ ਕੰਮ ਨੂੰ ਸਿਰੇ ਚਾੜਨ ਵਾਲੇ ਪਾਸੇ ਨਹੀਂ ਕੀਤਾ।

ਇਥੇ ਹਿੰਦੂ ਸਿੱਖ ਏਕਤਾ ਦੀ ਗੱਲ ਹੋਈ ਹੈ। ਇਹ ਬੜੀ ਚੰਗੀ ਗੱਲ ਹੈ ਕਿ ਹਿੰਦੂ-ਸਿੱਖ ਏਕਤਾ ਸ਼ੁਰੂ ਤੋਂ ਹੀ ਕਾਇਮ ਹੈ। ਗੁਰੂ ਤੇਗ ਬਹਾਦਰ ਜੀ ਵੀ ਏਕਤਾ ਦੇ ਹਾਮੀ ਸਨ। ਗੁਰੂ ਤੇਗ ਬਹਾਦਰ ਜੀ ਨੇ ਵੀ ਏਕਤਾ ਦਾ ਸੰਦੇਸ਼ ਸਭ ਨੂੰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਜੀ ਦੀ ਸ਼ਹੀਦੀ ਹੋਈ ਹੋਵੇ ਅਤੇ ਉਸੇ ਫਤਿਹਗੜ੍ਹ ਸਾਹਿਬ ਲਈ ਟੰਡਨ ਸਾਹਿਬ ਹਾਊਸ ਵਿਚ ਕਹਿੰਦੇ ਹਨ ਜਦੋਂ ਮੇਰੇ ਮੈਂਬਰ ਨੇ ਸਵਾਲ ਕੀਤਾ ਸੀ ਤਾਂ ਜਵਾਬ ਦਿੱਤਾ ਕਿ ਮਿਊਂਸਪਲ ਕਮੇਟੀ ਪੈਸੇ ਜਮ੍ਹਾਂ ਕਰਾਏ। ਇਕ ਪਾਸੇ ਇਹੋ ਜਿਹੀਆਂ ਗੱਲਾਂ ਕਰਦੇ ਹਨ ਜੋ ਠੀਕ ਨਹੀਂ ਹੈ। ਪਵਿੱਤਰ ਸਥਾਨ ਹੋਵੇ ਅਤੇ ਉਥੋਂ ਦੀ ਆਰਥਿਕ ਦਸ਼ਾ ਇਹੋ ਜਿਹੀ ਹੋਵੇ ਕਿ ਉਹ ਪੈਸੇ ਨਾ ਪਾ ਸਕਣ ਤਾਂ ਸਰਕਾਰ ਜਵਾਬ ਦੇਵੇ ਕਿ ਕਮੇਟੀ ਪੈਸੇ ਜਮ੍ਹਾਂ ਕਰਾਏ ਤਾਂ ਕੰਮ ਕਰੇਗੀ। ਇਹ ਹਿੰਦੂ ਸਿੱਖ ਏਕਤਾ ਵਾਲੀ ਕੋਈ ਗੱਲ ਨਹੀਂ। ਜੇਕਰ ਸੱਚੀ-ਮੁੱਚੀ ਏਕਤਾ ਹੋਵੇ ਅਤੇ ਇਹੋ ਜਿਹੀ ਗੱਲ ਕੀਤੀ ਜਾਵੇ ਤਾਂ ਬੜਾ ਦੁੱਖ ਹੁੰਦਾ ਹੈ। ਅਸੀਂ ਸਪੀਕਰ ਸਾਹਿਬ, ਗੁਰੂ ਤੇਗ ਬਹਾਦਰ ਮਾਰਗ ਬਣਾਇਆ ਅਤੇ ਇਸ ਬਾਰੇ ਨਕਸ਼ਾ ਪਾਸ ਕੀਤਾ, ਡਿਜ਼ਾਇਨ ਬਣਾਇਆ ਅਤੇ ਇਸ ਵਾਸਤੇ ਪੈਸੇ ਰੱਖੇ ਪਰ ਬਜਟ ਵਿਚ ਹੁਣ ਗੁਰੂ ਤੇਗ ਬਹਾਦਰ ਮਾਰਗ ਦਾ ਕੋਈ ਨਾਮ ਨਹੀਂ ਅਤੇ ਨਾ ਹੀ ਕੋਈ ਇਸ ਵਾਸਤੇ ਪੈਸਾ ਰੱਖਿਆ ਗਿਆ ਹੈ। ਇਸੇ ਤਰ੍ਹਾਂ ਹੀ ਸਪੀਕਰ ਸਾਹਿਬ ਗੁਰਦੁਆਰਾ ਸਾਹਿਬ, ਮੰਦਰ, ਮਸੀਤਾਂ ਜਾਂ ਹੋਰ ਧਰਮ ਅਸਥਾਨ ਹੋਣ ਅਤੇ ਸਕੂਲ ਹੋਵੇ, ਬਸ ਸਟੈਂਡ ਹੋਵੇ ਜਿਥੇ ਕਿ ਜਾਣ ਦੀ ਸਾਰੇ ਵਰਗਾਂ ਨੂੰ ਲੋੜ ਪੈਂਦੀ ਹੈ, ਉਸ ਲਈ ਬਜਟ ਵਿਚ ਪੈਸਾ ਰੱਖਣਾ ਚਾਹੀਦਾ ਸੀ ਪਰ ਮੈਨੂੰ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਬਜਟ ਵਿਚ ਕੋਈ ਪੈਸਾ ਸੈਂਕਸ਼ਨ ਨਹੀਂ ਕੀਤਾ ਗਿਆ। ਕੋਈ ਸਪੈਸ਼ਲ ਸਕੀਮ

ਵਾਸਤੇ ਪੈਸਾ ਨਹੀਂ ਰੱਖਿਆ ਗਿਆ । ਇਹ ਠੀਕ ਹੈ ਕਿ ਕੁਝ ਹੱਦ ਤੱਕ ਸਿਆਸੀ ਗੱਲਾਂ ਵੀ ਹੁੰਦੀਆਂ ਹਨ ਪਰ 100 ਪਰਸੈਂਟ ਸਿਆਸੀ ਤੌਰ ਤੇ ਕੰਮ ਨਹੀਂ ਹੋਣਾ ਚਾਹੀਦਾ । ਇਹ ਠੀਕ ਨਹੀਂ ਹੈ । ਫਿਰ ਕਿਹਾ ਜਾਂਦਾ ਹੈ ਕਿ ਅਸੀਂ ਸਿੱਖਾਂ ਦੇ ਨੁਮਾਇੰਦੇ ਹਾਂ । ਨੁਮਾਇੰਦੇ ਬਣੇ ਸਾਨੂੰ ਖੁਸ਼ੀ ਹੈ । ਸਿੱਖੀ ਕੋਈ ਛੋਟੀ ਗੱਲ ਨਹੀਂ । ਇਸ ਅੱਗੇ ਸਾਡਾ ਸਿਰ ਮਾਣ ਨਾਲ ਅਤੇ ਸ਼ਰਧਾ ਨਾਲ ਝੁੱਕ ਜਾਂਦਾ ਹੈ ਅਤੇ ਸਾਡਾ ਸਿਰ ਉੱਚਾ ਹੁੰਦਾ ਹੈ ਪਰ ਅਗਰ ਇਸ ਵਾਸਤੇ ਵੀ ਕੁਝ ਕਰਨ ਦੀ ਲੋੜ ਪਵੇ ਅਤੇ ਵਕਤ ਵੇਲੇ ਅਸੀਂ ਖੁੰਝ ਜਾਈਏ ਤਾਂ ਕੋਈ ਅੱਛੀ ਗੱਲ ਨਹੀਂ । ਗੁਰੂ ਗੋਬਿੰਦ ਸਿੰਘ ਮਾਰਗ ਸਾਡੇ ਸਮੇਂ ਵਿਚ ਬਣਿਆ, ਗੁਰੂ ਤੇਗ ਬਹਾਦੁਰ ਮਾਰਗ ਦੀ ਸ਼ੁਰੂਆਤ ਸਾਡੇ ਸਮੇਂ ਵਿਚ ਹੋਈ । ਫਿਰ ਸਾਡਾ ਬਹੁਤ ਉੱਚਾ ਧਾਰਮਿਕ ਸਥਾਨ ਹੇਮਕੁੰਟ ਸਾਹਿਬ ਹੈ ਜਿਸ ਦੇ ਅਸੀਂ ਸਾਰੇ ਦਰਸ਼ਨ ਕਰਨ ਜਾਂਦੇ ਹਾਂ । ਉਸ ਤੱਕ ਜਾਣ ਵਾਲੀ ਬੜੀ ਸੜਕ ਛੋਟੀ ਰਹਿ ਜਾਂਦੀ ਹੈ । ਉਥੇ ਇਸੇ ਕਾਰਨ ਕਈ ਹਾਦਸੇ ਵੀ ਹੁੰਦੇ ਰਹੇ ਹਨ । ਉਸ ਤੋਂ ਪਹਿਲਾਂ ਅਸੀਂ ਆਪਣੇ ਮੰਦਰਾਂ ਵਿਚ ਬਦਰੀ ਨਾਥ ਕੇਦਾਰਨਾਥ ਜਾਂਦੇ ਹਾਂ, ਤਾਂ ਉਥੇ ਤੱਕ ਬੱਸ ਚਲੀ ਜਾਂਦੀ ਹੈ । ਪਰ ਇਹ ਇਕੋ ਇਕ ਐਸਾ ਧਾਮ ਹੈ ਜਿਥੇ ਪੈਦਲ ਵੀ ਜਾਣ ਵਿਚ ਮੁਸ਼ਕਲ ਪੇਸ਼ ਆਉਂਦੀ ਹੈ । ਜਦੋਂ ਅਸੀਂ ਇਹ ਦੇਖਿਆ ਤਾਂ ਉਸੇ ਵੇਲੇ ਟੋਕਨ ਦੇ ਤੌਰ ਤੇ, ਸ਼ਰਧਾ ਦੇ ਤੌਰ ਤੇ ਇਹ ਫੈਸਲਾ ਲਿਆ ਸੀ ਕਿ ਪੰਜਾਬ ਦੀ ਸਰਕਾਰ ਵੀ 3 ਕਰੋੜ ਰੁਪਿਆ ਇਸ ਵਿਚ ਬਤੌਰ ਆਪਣੀ ਸ਼ਰਧਾ ਦੇ ਇਸ ਧਾਮ ਅਸਥਾਨ ਲਈ ਸੜਕ ਬੇਹਤਰ ਬਣਾਉਣ ਦੇ ਕੰਮ ਲਈ ਦੇ ਕੇ ਇਸ ਦੀ ਸ਼ੁਰੂਆਤ ਕਰਾਏਗੀ । ਪਰ ਉਸ 3 ਕਰੋੜ ਰੁਪਏ ਦਾ ਇਸ ਬਜਟ ਵਿਚ ਕਿਤੇ ਕੋਈ ਮੈਨਸ਼ਨ ਨਹੀਂ । ਮੈਂ ਸਾਰੀ ਕਾਪੀ ਫਰੋਲ ਕੇ ਦੇਖ ਲਈ ਹੈ । ਮੈਂ ਬਾਦਲ ਸਾਹਿਬ, ਮੁੱਖ ਮੰਤਰੀ ਸਾਹਿਬ ਨੂੰ, ਖਾਸ ਤੌਰ ਤੇ ਬੇਨਤੀ ਕਰਾਂਗੀ ਕਿ ਇਹ ਜੋ ਇਸ ਬਜਟ ਵਿਚ ਕਮੀਆਂ ਰਹਿ ਗਈਆਂ ਹਨ, ਇਨ੍ਹਾਂ ਗੱਲਾਂ ਨੂੰ ਵੀ ਇਸ ਵਿਚ ਸ਼ਾਮਿਲ ਕਰਨ । ਸਾਡਾ ਮਾਣ, ਸਾਡੀ ਇੱਜ਼ਤ ਇਸ ਦੇਸ਼ ਵਿਚ ਸਾਰੀ ਦੁਨੀਆਂ ਵਿਚ ਤਾਂ ਹੀ ਰਹਿੰਦੀ ਹੈ ਜੇ ਅਸੀਂ ਚੰਗੇ ਕੰਮਾਂ ਤੇ ਪਹਿਰਾ ਦਈਏ, ਉਨ੍ਹਾਂ ਤੇ ਚਲ ਕੇ ਦਿਖਾਈਏ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਿਹਤ ਕਾਰਪੋਰੇਸ਼ਨ ਦੇ ਬਾਰੇ ਵਿਚ 418 ਕਰੋੜ ਰੁਪਿਆ ਸਾਨੂੰ ਵਰਲਡ ਬੈਂਕ ਤੋਂ ਲੋਨ ਦੇ ਰੂਪ ਵਿਚ ਮਿਲਿਆ ਸੀ । ਇਨ੍ਹਾਂ ਨੇ ਉਸ ਬਾਰੇ ਆਪਣੇ ਚੋਣ ਮੈਨੀਫੈਸਟੋ ਵਿਚ ਕਿਹਾ ਕਿ ਅਸੀਂ ਸਿਹਤ ਕਾਰਪੋਰੇਸ਼ਨ ਨੂੰ ਤੋੜ ਦਿਆਂਗੇ । । ਅੱਜ ਉਹ ਕਾਰਪੋਰੇਸ਼ਨ ਟੁੱਟੀ ਹੋਈ ਹੈ ਜਾਂ ਜਿਊਂਦੀ ਹੈ, ਇਸ ਬਾਰੇ ਮੈਨੂੰ ਨਹੀਂ ਪਤਾ । ਬੜੇ ਦੁੱਖ ਦੀ ਗੱਲ ਹੈ ਕਿ ਪੈਸਾ ਸਾਨੂੰ ਬਾਹਰੋਂ ਮਿਲਿਆ । ਸਾਡੇ ਸਿਹਤ ਕੇਂਦਰਾਂ ਵਿਚ ਬਹੁਤ ਦੂਰ ਦੂਰ ਤੱਕ ਲੋਕਾਂ ਨੂੰ ਜਾਣਾ ਪੈਂਦਾ ਹੈ । ਅਸੀਂ ਕੋਸ਼ਿਸ਼ ਕਰ ਰਹੇ ਸੀ ਕਿ ਡਿਸਪੈਂਸਰੀਆਂ ਨੇੜੇ ਬਣਾਈਏ । ਚੰਗੇ ਸਿਸਟਮ ਨਾਲ ਸਿਹਤ ਸਹੂਲਤਾਂ ਲੋਕਾਂ ਨੂੰ ਮੁਹੱਈਆ ਕਰਾਈਏ । ਅਸੀਂ ਕਹੀ ਜਾਂਦੇ ਹਾਂ ਕਿ ਬੜੀਆਂ ਰਿਆਇਤਾਂ ਦਿੱਤੀਆਂ ਹਨ । 600 ਕਰੋੜ ਰੁਪਿਆ ਵਰਲਡ ਬੈਂਕ ਨੇ ਜਿਹੜਾ ਪੇਂਡੂ ਵਿਕਾਸ ਥੱਲੇ ਦਿੱਤਾ ਸੀ, ਉਹ ਵਾਪਸ ਇਸ ਲਈ ਹੋਇਆ ਹੈ ਕਿ ਉਹ ਕਹਿੰਦੇ ਹਨ ਕਿ ਤੁਸੀਂ ਕੈਟੇਗਰੀਵਾਈਜ਼ ਨਹੀਂ ਚਲਦੇ, ਇਹ ਪੈਸਾ ਕਮਜ਼ੋਰ ਵਰਗ ਨੂੰ ਮੱਦਦ ਕਰਨ ਲਈ ਨਹੀਂ ਬਲਕਿ ਖੁੱਲੀਆਂ ਰਿਆਇਤਾਂ ਦੇਣ ਲਈ ਤੁਸੀਂ ਦੇਂਦੇ ਹੋ । ਉਨ੍ਹਾਂ ਨੇ 600 ਕਰੋੜ ਰੁਪਿਆ ਦਿੱਤਾ ਨਹੀਂ,

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਆਪਣੇ ਕੋਲ ਰੱਖਿਆ ਹੋਇਆ ਹੈ । ਇਸੇ ਕਰਕੇ ਅਸੀਂ ਕਹਿ ਰਹੇ ਹਾਂ ਕਿ ਕਲੈਰਿਟੀ ਦੇ ਨਾਲ ਚਲੋ । ਜੇ ਚੋਣਾਂ ਵਿਚ ਕੁਝ ਕਹਿ ਚੁੱਕੇ ਹਾਂ ਤਾਂ ਹੁਣ ਉਸ ਨੂੰ ਦਰੁੱਸਤ ਕਰ ਲਓ, ਕੋਈ ਫਰਕ ਨਹੀਂ ਪੈਂਦਾ । ਮੈਂ ਬਾਦਲ ਸਾਹਿਬ ਦੀ ਬੜੀ ਇੱਜ਼ਤ ਕਰਦੀ ਹਾਂ, ਬਾਦਲ ਸਾਹਿਬ ਨੇ ਇਹ ਗੱਲ ਕਹਿਣ ਦੀ ਹਿੰਮਤ ਕੀਤੀ ਹੈ ਕਿ ਬਾਹਰ ਸਪੀਚਾਂ ਕੁਝ ਹੋਰ ਹੁੰਦੀਆਂ ਹਨ, ਪ੍ਰੈਕਟੀਕਲ ਵਿਚ ਜਾਈਏ ਤਾਂ ਪਤਾ ਲਗਦਾ ਹੈ । ਸਾਡੀਆਂ ਤਾਂ ਬਾਹਰ ਸਪੀਚਾਂ ਵੀ ਉਹੀ ਹਨ, ਚੋਣ ਮੈਨੀਫੈਸਟੋ ਵੀ ਉਹੀ ਹੈ ।

ਇਸੇ ਤਰ੍ਹਾਂ ਸਪੀਕਰ ਸਾਹਿਬ, ਟੈਕਨੀਕਲ ਐਜੂਕੇਸ਼ਨ ਦੇ ਬਾਰੇ ਵਿਚ ਪੈਰ੍ਹਾ ਆਇਆ ਹੈ । ਮੈਨੂੰ ਖੁਸ਼ੀ ਹੈ ਕਿ ਅਸੀਂ ਉਸ ਸਦੀ ਵੱਲ ਜਾ ਰਹੇ ਹਾਂ ਜਿਸ ਸਦੀ ਵਿਚ ਲੋਕਾਂ ਨੂੰ, ਨੌਜਵਾਨਾਂ ਨੂੰ ਦੁਨੀਆਂ ਦੇ ਮੁਕਾਬਲੇ ਵਿਚ ਜਾਣ ਲਈ ਅਸੀਂ ਆਪਣੇ ਬੱਚਿਆਂ ਨੂੰ ਤਿਆਰ ਕਰਨਾ ਹੈ । ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਦੇ ਸਮੇਂ ਵਿਚ ਇਕ ਨਹੀਂ, ਦੋ ਨਹੀਂ, 5 ਵੱਡੇ ਕਾਲਜ ਟੈਕਨੀਕਲ ਐਜੂਕੇਸ਼ਨ ਵਿਚ, 26 ਆਈ. ਟੀ. ਆਈਜ਼, 13 ਪਾਲੀਟੈਕਨੀਕ ਬਣਾਏ ਗਏ । ਅੱਜ ਅਸੀਂ ਉਸ ਪਾਸੇ ਵੱਲ ਜਿੱਥੇ ਬੱਚਿਆਂ ਦਾ ਭਵਿੱਖ ਜੁੜਿਆ ਹੋਇਆ ਹੈ, ਜਿਥੋਂ ਨੌਜਵਾਨਾਂ ਨੂੰ ਰੋਜ਼ਗਾਰ ਮਿਲਣਾ ਹੈ, ਅੱਜ ਉਸ ਲਈ ਕੀ ਰੱਖਿਆ ਹੈ ? ਇਥੇ ਦੱਸਿਆ ਗਿਆ ਹੈ ਕਿ ਇਸ ਸਾਲ ਵਿੱਚ 6 ਆਈ. ਟੀ. ਆਈਜ਼ ਅਤੇ 2 ਪਾਲੀਟੈਕਨੀਕ ਖੋਲ੍ਹਣੇ ਹਨ । ਕਿੰਨੇ ਦੁੱਖ ਦੀ ਗੱਲ ਹੈ । ਇਹ ਸਰਕਾਰ ਨਾ ਨੌਜਵਾਨਾਂ ਲਈ ਕਲੀਅਰ ਹੈ, ਨਾ ਬੱਚਿਆਂ ਲਈ ਕਲੀਅਰ ਹੈ, ਨਾ ਗਰੀਬਾਂ ਲਈ ਕਲੀਅਰ ਹੈ, ਨਾ 50% ਤੋਂ ਵੱਧ ਸਾਡੀ ਔਰਤ ਜਾਤੀ ਲਈ ਕਲੀਅਰ ਹੈ । ਅਫਸੋਸ ਹੈ ਕਿ ਜਿਹੜੀ ਵੀ ਸਕੀਮ ਇਹ ਲੈ ਕੇ ਜਾਂਦੇ ਹਨ ਉਹ ਦਿਖਾਵੇ ਵਾਲੀ ਗੱਲ ਹੀ ਰਹਿ ਜਾਂਦੀ ਹੈ । ਇਨ੍ਹਾਂ ਨੇ ਇਥੇ ਦੋ ਗੱਲਾਂ ਕੀਤੀਆਂ ਦੱਸੀਆਂ ਹਨ । ਇਕ 5100/- ਰੁਪਏ ਸ਼ਗਨ ਦੇਣ ਵਾਲੀ ਅਤੇ ਇਕ ਸਰਕਾਰ ਨੇ ਜਿਹੜੀ 15,000/- ਰੁਪਏ ਤੋਂ 50,000/- ਰੁਪਿਆ ਮਕਾਨਾਂ ਵਾਸਤੇ ਖਰਚਣ ਦੀ ਸਕੀਮ ਰੱਖੀ ਹੈ, ਜਿਸ ਬਾਰੇ 43 ਵਾਰ ਮੰਤਰੀ ਜੀ ਨੇ ਇਥੇ ਜਵਾਬ ਦੇ ਦਿੱਤਾ ਹੈ, ਉਹ ਇਸ ਲਈ ਕਿ ਇਥੇ ਵਾਰ ਵਾਰ ਪੁੱਛਿਆ ਗਿਆ ਹੈ, ਪੁੱਛਿਆ ਤਾਂ ਜਾਂਦਾ ਹੈ ਜੇ ਸਕੀਮ ਵਿਚ ਕੋਈ ਕਮੀਆਂ ਹੁੰਦੀਆਂ ਹਨ । ਮੈਨੂੰ ਮਾਣ ਸੀ ਬਾਦਲ ਸਾਹਿਬ ਤੇ, ਮੈਂ ਉਨ੍ਹਾਂ ਦੀ ਬੜੀ ਇੱਜ਼ਤ ਕਰਦੀ ਹਾਂ ਪਰ ਪਤਾ ਨਹੀਂ ਕਿਸ ਥਾਂ ਤੇ ਉਨ੍ਹਾਂ ਕੋਲੋਂ ਕਮੀ ਰਹਿ ਗਈ ਹੈ । ਸਰਦਾਰ ਕੰਵਲਜੀਤ ਸਿੰਘ ਜੀ ਨੇ ਕੋਸ਼ਿਸ਼ ਕੀਤੀ ਹੈ ਪਰ ਸ਼ਰਤਾਂ ਏਨੀਆਂ ਲਾ ਦਿੱਤੀਆਂ ਹਨ, ਜਿਵੇਂ ਅਸੀਂ ਕੋਈ ਥਾਲੀ ਪਰੋਸ ਕੇ ਰੱਖ ਦਈਏ ਅਤੇ ਉਸ ਦੇ ਆਲੇ ਦੁਆਲੇ ਤਾਰਾਂ ਦਾ ਜੰਗਲਾ ਲਾ ਦਈਏ ਅਤੇ ਕਹੀਏ ਕਿ ਹੱਥ ਨਾ ਲਾਈਂ । ਇਸੇ ਤਰ੍ਹਾਂ ਦੋਨੋਂ ਸਕੀਮਾਂ ਸਿਰੇ ਨਹੀਂ ਚੜ੍ਹ ਰਹੀਆਂ । ਅਸੀਂ ਇਸ ਬਾਰੇ ਜਾਣਨਾ ਚਾਹੁੰਦੇ ਹਾਂ ਕਿ ਇਨ੍ਹਾਂ ਸਕੀਮਾਂ ਥੱਲੇ ਹੁਣ ਤੱਕ ਕਿੰਨੇ ਪੈਸੇ ਖਰਚ ਹੋਏ ਹਨ, ਉਹ ਤਾਂ ਅੰਕੜੇ ਹੀ ਦੱਸਦੇ ਹਨ, ਮੇਰੇ ਕਹਿਣ ਦੀ ਗੱਲ ਨਹੀਂ । ਇਸੇ ਤਰ੍ਹਾਂ ਪੈਨਸ਼ਨ ਸਕੀਮ ਬਾਰੇ ਗੱਲ ਹੋਈ ਸੀ । ਇਸ ਵਾਸਤੇ ਗਰੀਬ, ਵਿਧਵਾ, ਬਜ਼ੁਰਗ, ਬੇਸਹਾਰਾ ਭੈਣਾਂ ਸਾਡੇ ਕੋਲ ਆਉਂਦੀਆਂ ਹਨ । ਸਾਡਾ ਫਰਜ਼ ਬਣਦਾ ਹੈ ਕਿ ਉਨ੍ਹਾਂ ਦੀ ਪੂਰੀ ਮੱਦਦ ਕਰੀਏ । ਅਸੀਂ ਕਿਉਂ ਨਾ ਇਸ ਤਰ੍ਹਾਂ ਦੀ ਗੱਲ ਕਰੀਏ । ਕਿਉਂ ਨਾ ਸਿਸਟਮ

ਨੂੰ ਚੇਂਜ ਕਰੀਏ । ਜੋ ਪੈਨਸ਼ਨਾਂ ਲਾਉਣ ਵਾਲੇ ਸਬੰਧਤ ਅਧਿਕਾਰੀ ਹਨ, ਜਿਨ੍ਹਾਂ ਨੂੰ ਸਰਕਾਰ ਨੇ ਗੱਡੀਆਂ ਦਿੱਤੀਆਂ ਹਨ, ਪੈਸਾ ਦਿੱਤਾ ਹੈ, ਤੇਲ ਦਿੱਤਾ ਹੈ ਅਤੇ ਦਫ਼ਤਰ ਦਿੱਤਾ ਹੈ, ਬਜਾਏ ਇਸ ਦੇ ਕਿ ਪੈਨਸ਼ਨਾਂ ਵਾਲੇ ਆਪ ਦਫ਼ਤਰਾਂ ਦੇ ਚੱਕਰ ਮਾਰਨ, ਉਹ 4-5 ਸਬੰਧਤ ਅਫ਼ਸਰ ਆਪ ਬਲਾਕਾਂ ਵਿਚ ਜਾਣ, ਬਲਕਿ ਮੈਂ ਤਾਂ ਇਹ ਕਹਾਂਗੀ ਕਿ ਪਿੰਡਾਂ ਵਿਚ ਜਾਣ । ਇਹ ਸਕੀਮ ਮੈਂ ਆਪਣੇ ਸਮੇਂ ਵਿਚ ਸ਼ੁਰੂ ਕੀਤੀ ਸੀ ਜਿਹੜੀ ਕਿ ਇਨ੍ਹਾਂ ਭਰਾਵਾਂ ਦੀ ਮਿਹਰਬਾਨੀ ਨਾਲ ਰੁਕ ਗਈ । ਇਹ ਸਬੰਧਤ ਅਧਿਕਾਰੀ ਪਿੰਡਾਂ ਵਿਚ ਜਾਣ ਅਤੇ ਮੌਕੇ ਤੇ ਸ਼ਨਾਖਤ ਕਰਕੇ ਪੈਨਸ਼ਨਾਂ ਪਾਸ ਕੀਤੀਆਂ ਜਾਣ ।

ਪਲਾਨਿੰਗ ਬੋਰਡ ਇਨ੍ਹਾਂ ਨੇ ਬਣਾਇਆ ਹੈ । ਇਸ ਦੀ ਮੀਟਿੰਗ ਤਾਂ ਸ਼ਾਇਦ ਹੋਈ ਹੋਵੇਗੀ ਲੇਕਿਨ ਪੈਸਾ ਮਨਜ਼ੂਰ ਨਹੀਂ ਕੀਤਾ ਹੋਵੇਗਾ । ਸਾਡੀ ਵਾਰ ਕਿੰਨੇ ਪੈਸੇ ਲੋਕਾਂ ਕੋਲ ਜਾਂਦੇ ਸੀ, ਇਹ ਰਿਕਾਰਡ ਕਢਵਾ ਕੇ ਵੇਖ ਲਓ ਅਤੇ ਇਨ੍ਹਾਂ ਨੇ ਪਿਛਲੇ 4 ਮਹੀਨਿਆਂ ਵਿਚ ਕਿੰਨੇ ਪੈਸੇ ਲੋਕਾਂ ਨੂੰ ਦਿੱਤੇ ਹਨ, ਇਹ ਵੀ ਤੁਸੀਂ ਵੇਖ ਲਓ । ਇਸ ਤੋਂ ਗੌਰਮਿੰਟ ਦੀ ਪਰਫਾਰਮੈਂਸ ਨਜ਼ਰ ਆਉਂਦੀ ਹੈ । ਇਨ੍ਹਾਂ ਨੇ ਪਲਾਨਿੰਗ ਬੋਰਡ ਦੇ ਮੈਂਬਰ ਬਣਾਏ ਹਨ । ਮੈਨੂੰ ਖੁਸ਼ੀ ਹੈ ਕਿ ਸਾਡੇ ਇਲਾਕੇ ਦੇ ਢੀਂਡਸਾ ਸਾਹਿਬ ਨੂੰ ਇਨ੍ਹਾਂ ਨੇ ਵਾਈਸ ਚੇਅਰਮੈਨ ਬਣਾਇਆ ਹੈ । ਇਕ ਹੋਰ ਮੈਂਬਰ ਬਣਾਇਆ ਹੈ ਜੌਹਲ ਸਾਹਿਬ ਨੂੰ ਜੋ ਕਿ ਆਰਥਿਕਤਾ ਦੇ ਖੇਤਰ ਵਿਚ ਮੰਨੇ ਪ੍ਰਮੰਨੇ ਹਨ ਅਤੇ ਰਿਜ਼ਰਵ ਬੈਂਕ ਦੇ ਡਾਇਰੈਕਟਰ ਵੀ ਰਹੇ ਹਨ । ਇਨ੍ਹਾਂ ਮੈਂਬਰਾਂ ਨੇ ਆਪਣੇ ਤੌਰ ਤੇ ਐਡਮਿਟ ਕੀਤਾ ਹੈ ਕਿ ਇਹ ਸਾਰਾ ਹੀ ਸਿਸਟਮ ਫਾਲਟੀ ਹੈ, ਪੈਸੇ ਦੀ ਪਲੈਨ ਕੋਈ ਨਹੀਂ । ਮਾਨਯੋਗ ਮੈਂਬਰ ਮੀਟਿੰਗਾਂ ਕਰਨ ਦਾ ਹੀਆ ਨਹੀਂ ਕਰ ਸਕਦੇ । ਸਾਰਾ ਕੁਝ ਖਾਲੀ ਪਿਆ ਹੈ । ਜਿਸ ਤਰ੍ਹਾਂ ਅਰਸ਼ੀ ਜੀ ਨੇ ਕਿਹਾ ਹੈ, ਦੂਸਰੀਆਂ ਪੁਲੀਟੀਕਲ ਪਾਰਟੀਆਂ ਦੇ ਮੈਂਬਰ ਵੀ ਇਸ ਵਿਚ ਲਏ ਜਾਣੇ ਚਾਹੀਦੇ ਹਨ । ਮੀਟਿੰਗਾਂ ਕੀਤੀਆਂ ਜਾਣ ਅਤੇ ਪੈਸਾ ਦਿੱਤਾ ਜਾਵੇ । ਸਾਡੇ ਇਕ ਭਰਾ ਕਹਿ ਰਹੇ ਸੀ ਕਿ ਧੱਕੇ ਨਾਲ ਬੀਬੀ ਭੱਠਲ ਨੇ ਇਸ ਤਰ੍ਹਾਂ ਕੀਤਾ ਸੀ । ਮੈਨੂੰ ਮਜਬੂਰਨ ਦੱਸਣਾ ਪੈਂਦਾ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਸੰਗਰੂਰ ਦੇ ਇਲੈਕਸ਼ਨ ਹੋਏ ਸੀ । ਕਿੰਨੀ ਅਜੀਬ ਗੱਲ ਹੈ ਕਿ ਸਰਕਾਰ ਕਾਂਗਰਸ ਦੀ ਹੋਵੇ ਅਤੇ ਬੰਦੇ ਇਹ ਅਕਾਲੀ ਚੁੱਕ ਕੇ ਲੈ ਜਾਣ । ਉਥੇ ਜਾ ਕੇ ਇਕ ਅਕਾਲੀ ਮਾਨਯੋਗ ਮੈਂਬਰ ਜੋ ਅੱਜ ਨਹੀਂ ਆਏ, ਬੰਦੇ ਚੁੱਕ ਕੇ ਲੈ ਗਏ । ਨਾ ਸਿਰਫ ਬੰਦੇ ਹੀ ਚੁੱਕ ਕੇ ਲੈ ਗਏ ਬਲਕਿ ਨਾਲ ਬੇਟੀਆਂ, ਭੈਣਾਂ ਅਤੇ ਮਾਤਾਵਾਂ ਜਿਨ੍ਹਾਂ ਦੀ ਗੋਦ ਵਿਚ 3-3 ਸਾਲਾਂ ਦੇ ਬੱਚੇ ਸਨ, ਉਨ੍ਹਾਂ ਨੂੰ ਵੀ ਚੁੱਕ ਕੇ ਲੈ ਗਏ ।

ਸਰਦਾਰ ਗੋਬਿੰਦ ਸਿੰਘ ਕਾਂਝਲਾ : ਸਪੀਕਰ ਸਾਹਿਬ, ਸਾਡੀ ਉਥੇ ਬਹੁਗਿਣਤੀ ਅੱਜ ਵੀ ਹੈ ਅਤੇ ਉਦੋਂ ਵੀ ਸੀ । ਇਨ੍ਹਾਂ ਨੇ ਡੰਡੇ ਦੇ ਜ਼ੋਰ ਨਾਲ ਉਦੋਂ ਉਥੇ ਚੇਅਰਮੈਨ ਬਣਾਇਆ । ਇਸ ਕੇਸ ਨੂੰ ਲੈ ਕੇ ਹੁਣ ਇਹ ਆਪਣੀ ਸਫਾਈ ਪੇਸ਼ ਕਰ ਰਹੇ ਹਨ ਪਰ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ । ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਨੇ ਡੰਡੇ ਦੇ ਜ਼ੋਰ ਨਾਲ ਉਥੇ ਚੇਅਰਮੈਨ ਬਣਾਇਆ । ਅੱਜ ਵੀ ਸਾਡੇ ਕੋਲ ਇਸ ਗੱਲ ਦੇ ਸਬੂਤ ਹਨ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਕਾਂਗਰਸ ਪਾਰਟੀ ਦੀ ਸਹਿਨਸ਼ੀਲਤਾ ਨੂੰ ਅਤੇ ਅਕਾਲੀ ਪਾਰਟੀ ਦੇ ਧੱਕੇ ਨੂੰ ਤਾਂ ਸਾਰੀ ਦੁਨੀਆਂ ਜਾਣਦੀ ਹੈ । ਸਾਰੇ ਜਾਣਦੇ ਹਨ ਕਿ ਇਹ ਕਿੰਨਾ ਧੱਕਾ ਕਰਦੇ ਹਨ । ਉਸ ਵੇਲੇ ਸਾਨੂੰ ਹਾਈ ਕੋਰਟ ਵਿਚ ਜਾਣਾ ਪਿਆ ਸੀ । ਅਸੀਂ ਜੱਜ ਸਾਹਿਬ ਦੀ ਕੋਰਟ ਵਿਚ ਗਏ ਅਤੇ ਅਸੀਂ ਕਿਹਾ ਕਿ ਸਾਡੇ ਬੰਦਿਆਂ ਨੂੰ ਰਿਲੀਜ਼ ਕਰਵਾਇਆ ਜਾਵੇ । ਮੈਂ ਉਥੇ ਆਪ ਗਈ ਸੀ ।

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੇ ਰਾਜ ਵਿਚ ਜਦੋਂ ਪੰਚਾਇਤ ਸੰਮਤੀਆਂ ਅਤੇ ਪੰਚਾਇਤਾਂ ਦੀਆਂ ਚੋਣਾਂ ਹੋਈਆਂ, ਉਦੋਂ ਐਨਾ ਜ਼ੁਲਮ, ਤਸ਼ੱਦਦ ਅਤੇ ਪਾਪ ਹੋਇਆ ਕਿ ਹਿਸਟਰੀ ਵਿਚ ਕਿਤੇ ਨਹੀਂ ਮਿਲਦਾ । ਜਿਨ੍ਹਾਂ ਕੈਂਡੀਡੇਟਸ ਨੇ ਆਪਣੇ ਨਾਮੀਨੇਸ਼ਨ ਪੇਪਰ ਦਾਖਲ ਕਰ ਦਿੱਤੇ ਸਨ, ਉਨ੍ਹਾਂ ਦੇ ਡੱਬੇ ਰੱਖੇ ਗਏ ਸਨ ਲੇਕਿਨ ਇਨ੍ਹਾਂ ਦੀ ਸ਼ਹਿ ਤੇ ਪੁਲਿਸ ਵਾਲਿਆਂ ਨੇ ਉਹ ਡੱਬੇ ਚੁਕਵਾ ਕੇ ਬਾਹਰ ਸੁੱਟ ਦਿੱਤੇ । ਮਾਸਟਰ ਜਾਗੀਰ ਸਿੰਘ ਨੇ ਉਨ੍ਹਾਂ ਤੇ ਝੂਠੇ ਕੇਸ ਬਣਵਾ ਦਿੱਤੇ ਅਤੇ 8-8 ਕਿਲੋਮੀਟਰ ਦੂਰ ਪੁਲਿਸ ਨਾਕੇ ਲਗਵਾ ਦਿੱਤੇ ਤਾਂ ਕਿ ਮੈਂਬਰ ਉਥੇ ਜਾ ਨਾ ਸਕਣ । ਕਈ ਥਾਈਂ ਫਾਇਰਿੰਗ ਵੀ ਹੋਈ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਪਹਿਲਾਂ ਆਪਾਂ ਇਸ ਗੱਲ ਦਾ ਫੈਸਲਾ ਕਰ ਲਈਏ ਕਿ ਬੋਲਣਾ ਕਿਵੇਂ ਹੈ । ਜੇ ਇਕ ਇਕ ਗੱਲ ਦਾ ਜਵਾਬ ਇਸੇ ਤਰ੍ਹਾਂ ਹੀ ਦੇਣਾ ਹੈ ਤਾਂ ਫਿਰ ਸਾਨੂੰ ਵੀ ਇਸ ਤਰ੍ਹਾਂ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ ।

ਸਰਦਾਰ ਮਨਜੀਤ ਸਿੰਘ ਕਲਕੱਤਾ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਸਾਡੀ ਬਹੁਤ ਵੱਡੀ ਡੈਮੋਕਰੇਟਿਕ ਪਾਰਟੀ ਹੈ ਲੇਕਿਨ ਇਹ ਕਿੰਨੀ ਵੱਡੀ ਸ਼ਰਮਨਾਕ ਗੱਲ ਹੈ ਕਿ ਕਾਂਗਰਸ ਦੇ ਰਾਜ ਵੇਲੇ ਸਾਡੀ ਡੈਮੋਕਰੇਟਿਕ ਪਾਰਟੀ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਬੱਟ ਮਾਰੇ ਗਏ, ਧੱਕੇ ਮਾਰ ਗਏ, ਅਕਾਲੀ ਦਲ ਨੂੰ ਆਪਣੀ ਕਾਨਫਰੰਸ ਵੀ ਨਹੀਂ ਕਰਨ ਦਿੱਤੀ ਗਈ ਔਰ ਸਰਦਾਰ ਗੁਰਚਰਨ ਸਿੰਘ ਟੌਹੜਾ ਨੂੰ ਗੁਰਦੁਆਰੇ ਤੋਂ ਘਸੀਟ ਕੇ ਪੁਲਿਸ ਲੈ ਕੇ ਗਈ । ਇਸ ਤੋਂ ਇਲਾਵਾ ਇਨ੍ਹਾਂ ਨੇ ਆਪਣੇ ਵੇਲੇ ਪੂਰੀ ਤਰ੍ਹਾਂ ਦੂਜੀਆਂ ਪਾਰਟੀਆਂ ਦੀ ਜ਼ਬਾਨ-ਬੰਦੀ ਕੀਤੀ । ਸਾਡੇ ਸਾਰੇ ਵਰਕਰਾਂ ਨੂੰ ਤੁਹਾਡੇ ਸਮੇਤ ਜੇਲ੍ਹਾਂ ਵਿੱਚ ਬੰਦ ਕੀਤਾ ਗਿਆ ਔਰ ਅੱਜ ਇਹ ਕਹਿੰਦੇ ਹਨ ਕਿ ਅਸੀਂ ਡੈਮੋਕਰੇਸੀ ਨਾਲ ਚਲਦੇ ਹਾਂ । ਸਪੀਕਰ ਸਾਹਿਬ, ਧੱਕਾ ਤਾਂ ਨਾਂ ਹੀ ਕਾਂਗਰਸ ਦਾ ਹੈ । ਕਾਂਗਰਸ ਨਾਂ ਧੱਕੇ ਦਾ ਹੈ

ਸ੍ਰੀ ਸਪੀਕਰ : ਕਲਕੱਤਾ ਜੀ, ਬੈਠੋ, ਪਲੀਜ਼ ਬੈਠੋ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਇਹ ਕੋਈ ਖਾਸ ਪੁਆਇੰਟ ਆਫ ਆਰਡਰ ਵਾਲੀ ਗੱਲ ਤਾਂ ਹੈ ਨਹੀਂ ਸੀ । ਅਗਰ ਏਸੇ ਤਰ੍ਹਾਂ ਹੀ ਤਾਹਨੇ ਮਿਹਣੇ

ਦੇਣੇ ਹਨ ਤਾਂ ਕੋਈ ਗੱਲ ਨਹੀਂ । ਪਰ ਅਸੀਂ ਇਸ ਕੰਮ ਵਿੱਚ ਪੈਣਾ ਨਹੀਂ ਚਾਹੁੰਦੇ । ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਇਹ ਸਾਰਾ ਕੁਝ ਸਾਡੇ ਭਰਾ ਜਿਹੜੇ ਇਸ ਤਰ੍ਹਾਂ ਕਰਦੇ ਹਨ, ਜਿਸ ਵਕਤ ਆਪ ਕਰਦੇ ਹਨ ਤਾਂ ਫਿਰ ਸੁਣਨਾ ਬਹੁਤ ਮੁਸ਼ਕਲ ਲਗਦਾ ਹੈ । ਇਹ ਮੈਨੂੰ ਵਾਰ ਵਾਰ ਵਿੱਚੋਂ ਕੱਟ ਕੇ ਮਜ਼ਬੂਰ ਕਰਦੇ ਹਨ ਕਿ ਮੈਂ ਇਨ੍ਹਾਂ ਦੀਆਂ ਗੱਲਾਂ ਦਾ ਜਵਾਬ ਦੇਵਾਂ । ਇਹ, ਸਪੀਕਰ ਸਾਹਿਬ, ਠੀਕ ਨਹੀਂ । ਚਲੋ ਖੈਰ, ਸਪੀਕਰ ਸਾਹਿਬ, ਜੇ ਅਸੀਂ ਬਜਟ ਤੇ ਨਜ਼ਰ ਮਾਰੀਏ ਤਾਂ ਅੱਜ ਦੀ ਸਰਕਾਰ ਕਿਸਾਨ ਦੀ ਹਮਦਰਦ ਸਰਕਾਰ ਕਹਾਉਂਦੀ ਹੈ । ਅੱਛਾ ਹੁੰਦਾ ਕਿ ਪ੍ਰੈਕਟੀਕਲੀ ਵੀ ਇਹ ਕਿਸਾਨਾਂ ਦੇ ਹਮਦਰਦ ਹੁੰਦੇ । ਕਿਸਾਨਾਂ ਨੂੰ ਬਹੁਤ ਉਮੀਦ ਸੀ, ਜਦੋਂ ਇਹ ਅਕਾਲੀ ਸਰਕਾਰ ਪੰਜਾਬ ਦੇ ਵਿੱਚ ਆਈ ਕਿ ਹੁਣ ਉਨ੍ਹਾਂ ਨੂੰ ਬਹੁਤ ਫਾਇਦੇ ਹੋਣਗੇ ਪਰ ਬਦਕਿਸਮਤੀ ਕਿ ਜਿਸ ਵਕਤ ਇਹ ਸਰਕਾਰ ਆਈ ਤਾਂ ਪਹਿਲਾਂ ਹੀ ਕਾਫੀ ਬਰਸਾਤ ਹੋਈ ਜਿਸ ਕਾਰਨ ਮੰਡੀਆਂ ਦੇ ਵਿੱਚ ਕਣਕ ਰੁਲੀ, ਕਿਸਾਨਾਂ ਦਾ ਕਾਫੀ ਨੁਕਸਾਨ ਹੋਇਆ ਔਰ ਕਿਸਾਨਾਂ ਦਾ ਲੱਕ ਟੁੱਟ ਗਿਆ । ਅੱਜ ਉਸ ਕਿਸਾਨ ਦੇ ਵਿੱਚ ਹਿੰਮਤ ਨਹੀਂ । ਉਸ ਨੇ ਬਹੁਤ ਮਿਹਨਤ ਕਰਕੇ ਆਪਣੀ ਫਸਲ ਪੈਦਾ ਕੀਤੀ ਪਰ ਉਸ ਦੀ ਫਸਲ ਦਾ ਉਸ ਨੂੰ ਢੁਕਵਾਂ ਭਾਅ ਨਹੀਂ ਮਿਲ ਸਕਿਆ । ਸਪੀਕਰ ਸਾਹਿਬ, ਅਸੀਂ ਬੰਬੇ ਦੇ ਲਾਗੇ ਬੰਦਰਗਾਹ ਤੇ ਕਣਕ ਸਟੋਰ ਕਰਨ ਵਾਸਤੇ ਇਕ ਬਹੁਤ ਵੱਡਾ ਸਟੋਰ ਬਣਾਇਆ ਸੀ ਕਿ ਜੇਕਰ ਲੋੜ ਪਈ ਤਾਂ ਅਸੀਂ ਦੁਨੀਆਂ ਦੀ ਮੰਡੀ ਦੇ ਵਿੱਚ ਕਣਕ ਵੇਚਾਂਗੇ ਔਰ ਕਿਸਾਨ ਨੂੰ ਵੱਧ ਤੋਂ ਵੱਧ ਲਾਭ ਦੇਵਾਂਗੇ । ਅਸੀਂ ਆਪਣੇ ਸਮੇਂ ਦੇ ਵਿੱਚ ਪੂਰੀ ਸਖਤੀ ਦੇ ਨਾਲ, ਜ਼ਿੰਮੇਵਾਰੀ ਦੇ ਨਾਲ ਇਹ ਫੈਸਲਾ ਕੀਤਾ ਸੀ ਕਿ ਅਸੀਂ ਆਪਣੀ ਜਿਨਸ ਬਾਹਰ ਭੇਜਾਂਗੇ । ਜਿੰਨੀ ਸਾਡੀ ਰਿਕੁਆਇਰਮੈਂਟ ਹੈ ਉਸ ਨੂੰ ਰੱਖ ਕੇ ਬਾਕੀ ਦੀ ਜਿਨਸ ਬਾਹਰ ਭੇਜਾਂਗੇ ਤਾਂ ਕਿ ਸਾਡੀ ਜਿਹੜੀ ਗਰੀਬ ਜਨਤਾ ਹੈ ਉਸ ਨੂੰ ਮਹਿੰਗੇ ਭਾਅ ਤੇ ਰਾਸ਼ਨ ਨਾ ਲੈਣਾ ਪਵੇ । ਪਰ ਇਸ ਸਰਕਾਰ ਨੇ ਆ ਕੇ ਕਿਸਾਨਾਂ ਵਾਸਤੇ ਕੁਝ ਵੀ ਨਹੀਂ ਕੀਤਾ । ਇਸ ਚੀਜ਼ ਦਾ ਕਿਸਾਨਾਂ ਨੂੰ ਬਹੁਤ ਦੁੱਖ ਹੋਇਆ । ਉਸ ਤੋਂ ਬਾਅਦ ਗੰਨੇ ਦਾ ਮਸਲਾ ਆ ਗਿਆ । ਇਹ ਮਾਮਲਾ ਅੱਜ ਵੀ ਉਥੇ ਦਾ ਉਥੇ ਹੀ ਹੈ । ਇਹ ਸਰਕਾਰ ਨਾ ਤਾਂ ਗੰਨੇ ਦੀ ਪੇਮੈਂਟ ਹੀ ਕਰਵਾ ਸਕੀ ਹੈ ਅਤੇ ਨਾ ਹੀ ਗੰਨਾ ਚੁਕਵਾ ਸਕੀ ਹੈ । ਪਤਾ ਨਹੀਂ ਕੁਦਰਤ ਨੂੰ ਕੀ ਮਨਜ਼ੂਰ ਹੈ ਕਿ ਜਦੋਂ ਵੀ ਐਥੇ ਇਨ੍ਹਾਂ ਭਰਾਵਾਂ ਦੀ ਸਰਕਾਰ ਆਉਂਦੀ ਹੈ, ਨਾ ਤਾਂ ਗੰਨੇ ਦਾ ਭਾਅ ਪੂਰਾ ਮਿਲਦਾ ਹੈ, ਨਾ ਨਰਮੇ ਦਾ ਭਾਅ ਪੂਰਾ ਮਿਲਦਾ ਹੈ । (ਵਿਘਨ) ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਇਹ ਸਰਕਾਰ ਕਿਸਾਨਾਂ ਦੇ ਨਾਲ ਕਿਵੇਂ ਹਮਦਰਦੀ ਕਰਦੀ ਹੈ । ਸਪੀਕਰ ਸਾਹਿਬ, ਅੰਕੜੇ ਦੱਸਦੇ ਹਨ.......

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸਾਡੀ ਸਰਕਾਰ ਬਣੀ (ਵਿਘਨ) ਜਦੋਂ ਸਾਡੀ ਸਰਕਾਰ ਬਣੀ ਤਾਂ ਮਿੱਲਾਂ ਚਲੀਆਂ ਹਨ । ਪਰੰਤੂ ਇਸ ਤੋਂ ਪਹਿਲਾਂ ਮਿੱਲਾਂ ਦੇ ਵਿੱਚ ਹੜਤਾਲ ਹੋਈ ਹੋਈ ਸੀ ਔਰ ਮੈਂ ਦੱਸਦਾ ਹਾਂ ਕਿ ਹੜਤਾਲ ਦੇ ਕਾਰਣ ਡੇਢ ਮਹੀਨਾ ਮਿੱਲਾਂ ਬੰਦ ਰਹੀਆਂ । ਮਿੱਲਾਂ ਲੇਟ ਚੱਲੀਆਂ ਜਿਸ ਕਾਰਣ ਇਹ ਸਾਰਾ ਕੁਝ ਹੋਇਆ ।

ਸ੍ਰੀ ਸਪੀਕਰ : ਹਾਂ ਜੀ, ਠੀਕ ਹੈ ਜੀ ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ :ਸਪੀਕਰ ਸਾਹਿਬ, ਹੜਤਾਲ ਸਾਡੇ ਵੇਲੇ ਹੀ ਖੁੱਲ੍ਹ ਗਈ ਸੀ । (ਵਿਘਨ) ਕਿਸਾਨ ਸੋਚਦਾ ਸੀ ਕਿ ਇਸ ਬਜਟ ਦੇ ਵਿੱਚ ਸਾਨੂੰ ਕਾਫੀ ਰਾਹਤਾਂ ਮਿਲਣਗੀਆਂ ਕਿਉਂਕਿ ਇਹ ਕਿਸਾਨਾਂ ਦੀ ਹਮਦਰਦ ਸਰਕਾਰ ਕਹਾਉਂਦੀ ਹੈ । ਪਰ ਅੱਜ ਦੇਖੋ, ਕਿਸਾਨਾਂ ਦੇ ਲਈ ਬਜਟ ਦੇ ਵਿੱਚ ਕਿੰਨਾ ਪੈਸਾ ਰੱਖਿਆ ਗਿਆ ਹੈ । ਕਿਸਾਨਾਂ ਵਾਸਤੇ 74 ਕਰੋੜ ਰੁਪਿਆ ਰੱਖਿਆ ਗਿਆ ਹੈ । ਕਾਂਗਰਸ ਵੇਲੇ ਕਿੰਨਾ ਪੈਸਾ ਰੱਖਿਆ ਗਿਆ ਸੀ, ਅੰਕੜੇ ਕੱਢ ਕੇ ਦੇਖੋ, 105 ਕਰੋੜ ਰੁਪਿਆ ਰੱਖਿਆ ਗਿਆ ਸੀ । ਇਸ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਕੇ ਦੇਖੋ ਕਿ ਤੁਸੀਂ ਕਿਸਾਨਾਂ ਵਾਸਤੇ ਕੀ ਕੁਝ ਕਰ ਰਹੇ ਹੋ । ਅਸੀਂ ਕੇਵਲ ਗੱਲਾਂ ਹੀ ਕਰ ਰਹੇ ਹਾਂ, ਪ੍ਰੈਕਟੀਕਲੀ ਅਸੀਂ ਕੁਝ ਨਹੀਂ ਕਰ ਰਹੇ । ਏਸੇ ਤਰ੍ਹਾਂ ਪੰਜਾਬ ਦਾ ਜੋ ਗਰੀਬ ਤਬਕਾ ਹੈ ਕਿਸਾਨ ਵਰਗ ਹੈ, ਜੋ ਕਿ 90 ਪਰਸੈਂਟ ਹੈ, ਜੇਕਰ ਬਜਟ ਦੇ ਵਿੱਚ ਤਬਦੀਲੀ ਕਰਕੇ ਉਨ੍ਹਾਂ ਵਾਸਤੇ ਅਸੀਂ ਰਾਹਤਾਂ ਨਾ ਲਿਆਂਦੀਆਂ ਤਾਂ ਸਾਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡਾ ਪੰਜਾਬ ਅੱਗੇ ਵੱਧਣ ਦੀ ਬਜਾਏ ਪਿਛਾਂਹ ਵਾਲੇ ਪਾਸੇ ਜਾਵੇਗਾ । ਸਪੀਕਰ ਸਾਹਿਬ, ਤਰੱਕੀ ਦੇ ਦੋ ਰਸਤੇ ਹੁੰਦੇ ਹਨ : ਇਕ ਐਗਰੀਕਲਚਰ ਅਤੇ ਦੂਸਰਾ ਇੰਡਸਟਰੀ । ਇਸ ਬਜਟ ਦੇ ਵਿੱਚ ਐਗਰੀਕਲਚਰ ਵਾਲੇ ਪਾਸੇ ਵੀ ਕਾਂਗਰਸ ਨਾਲੋਂ ਘੱਟ ਅਤੇ ਇੰਡਸਟਰੀ ਵਾਲੇ ਪਾਸੇ ਵੀ ਘੱਟ ਪੈਸੇ ਰੱਖੇ ਗਏ ਹਨ । ਇੰਡਸਟਰੀ ਦੇ ਖੇਤਰ ਵਿੱਚ ਮੁੱਖ ਮੰਤਰੀ ਜੀ ਬਿਆਨ ਦਿੰਦੇ ਹਨ ਕਿ ਅਸੀਂ ਇੰਡਸਟਰੀ ਲਗਾਉਣ ਵਾਸਤੇ ਪੰਜਾਬ ਦੇ ਵਿੱਚ ਐਨ. ਆਰ. ਆਈਜ਼. ਨੂੰ ਇਨਵਾਈਟ ਕਰ ਰਹੇ ਹਾਂ । ਪਰ ਜਿੰਨੀ ਦੇਰ ਤੱਕ ਅਸੀਂ ਇੰਡਸਟਰੀ ਲਗਾਉਣ ਦੇ ਪਾਸੇ ਵੱਲ ਕੋਈ ਅਟਰੈਕਟਿਵ ਸਕੀਮਾਂ ਨਹੀਂ ਬਣਾਉਂਦੇ ਉਤਨੀ ਦੇਰ ਤੱਕ ਕਿਸੇ ਨੇ ਵੀ ਬਾਹਰੋਂ ਆ ਕੇ ਇਥੇ ਇੰਡਸਟਰੀ ਨਹੀਂ ਲਗਾਉਣੀ । ਇੰਡਸਟਰੀ ਵਾਸਤੇ ਸਾਨੂੰ ਵੱਧ ਤੋਂ ਵੱਧ ਪੈਸਾ ਲਾਉਣਾ ਚਾਹੀਦਾ ਹੈ ਅਤੇ ਅਟਰੈਕਟਿਵ ਸਕੀਮਾਂ ਬਣਾਉਣੀਆਂ ਚਾਹੀਦੀਆਂ ਹਨ । ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅਸੀਂ ਆਪਣੇ ਸਮੇਂ ਵਿੱਚ ਇੰਡਸਟਰੀ ਵਾਲੇ ਪਾਸੇ 66 ਕਰੋੜ ਰੁਪਏ ਰੱਖੇ ਸਨ । ਜਿਥੇ ਹੁਣ ਇੰਡਸਟਰੀ ਵਾਲੇ ਪਾਸੇ, ਰੁਜ਼ਗਾਰ ਵਾਲੇ ਪਾਸੇ, ਵਿਦਿਆ ਵਾਲੇ ਪਾਸੇ, ਗੱਲਾਂ ਤਾਂ ਇਹ ਬੜੀਆਂ ਲੰਮੀਆਂ-ਚੌੜੀਆਂ ਕਰਦੇ ਹਨ, ਵੱਧ ਪੈਸਾ ਰੱਖਿਆ ਜਾਣਾ ਚਾਹੀਦਾ ਸੀ ਉਥੇ ਇਨ੍ਹਾਂ ਨੇ ਰੱਖਿਆ ਕਿੰਨਾ, ਕੇਵਲ 55 ਕਰੋੜ ਰੁਪਏ । ਅੱਜ ਤੁਸੀਂ ਅੰਦਾਜਾ ਲਗਾਉ ਕਿ ਇਸ ਪੈਸੇ ਵਿੱਚ ਇੰਡਸਟਰੀ ਕਿਹੜੇ ਪਾਸੇ ਵੱਲ ਜਾ ਸਕਦੀ ਹੈ, ਇਹ ਤੁਹਾਡੇ ਅੰਕੜਿਆਂ ਤੋਂ ਸਾਫ ਨਜ਼ਰ ਆਉਂਦਾ ਹੈ ।

ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਕਹਿਣਾ ਚਾਹਾਂਗੀ ਕਿ ਅੱਜ ਸਾਇੰਸ ਦਾ ਯੁੱਗ ਆ ਗਿਆ ਹੈ । ਨਵੀਆਂ ਕਾਢਾਂ, ਲੇਟੈਸਟ ਤਰੀਕਿਆਂ ਦੇ ਨਾਲ ਖੇਤੀਬਾੜੀ, ਵਪਾਰ ਅਤੇ ਦੂਸਰੇ ਕੰਮ-ਕਾਜ ਇਸ ਪਾਸੇ ਵੱਲ ਵੱਧ ਰਹੇ ਹਨ । ਪਰ ਇਸ ਵਾਸਤੇ ਪੈਸਾ ਕਿੰਨਾ ਰੱਖਿਆ ਹੈ ? ਅਸੀਂ ਤਾਂ ਇਸ ਵਾਸਤੇ 4 ਕਰੋੜ ਰੁਪਏ ਰੱਖੇ ਸਨ ਪਰ ਇਨ੍ਹਾਂ ਨੇ ਹੁਣ ਕੇਵਲ 2.5 ਕਰੋੜ ਜਾਂ ਸਮਝਿਓ ਹੀ ਰੱਖਿਆ ਹੈ । ਇਸ ਕਰਕੇ ਅੱਜ ਇਹ ਚਿੰਤਾ ਵਾਲਾ ਵਿਸ਼ਾ ਬਣ ਗਿਆ ਹੈ, ਕਿਸੇ ਪਾਸੇ ਵੀ ਲੈ ਲਓ, ਕੋਈ ਆਸ ਦੀ ਕਿਰਨ

ਨਜ਼ਰ ਨਹੀਂ ਆਉਂਦੀ । ਧੁੰਦਲਾ ਅਸਮਾਨ ਹੀ ਨਜ਼ਰ ਆਉਂਦਾ ਹੈ । ਇਸ ਤਰ੍ਹਾਂ ਤਾਂ ਕਿਸੇ ਕੰਮ ਵਿੱਚ ਵੀ ਕੋਈ ਤਰੱਕੀ ਨਹੀਂ ਹੋ ਸਕੇਗੀ, ਕੋਈ ਲਾਈਨ ਨਹੀਂ ਹੈ, ਕੋਈ ਮਾਰਗ ਨਹੀਂ ਹੈ, ਦਿਸ਼ਾਹੀਣ ਵਾਲੀ ਸਥਿਤੀ ਵਾਲੇ ਪਾਸੇ ਅਸੀਂ ਤੁਰੇ ਹੋਏ ਹਾਂ । ਇਸੇ ਤਰੀਕੇ ਨਾਲ ਹੀ ਅਸੀਂ ਸੋਚਦੇ ਹਾਂ ਕਿ ਜਿਹੜੇ ਇਹ ਆਪਣੇ ਆਪ ਨੂੰ ਕਿਸਾਨਾਂ ਦੇ ਮੁਦਈ ਕਹਿੰਦੇ ਹਨ ਅਤੇ ਉਨ੍ਹਾਂ ਨਾਲ ਹਮਦਰਦੀ ਰੱਖਦੇ ਹਨ ਪਰ ਜਦੋਂ ਕੋਈ ਕਿਸਾਨ ਆਪਣਾ ਟਰੈਕਟਰ ਲੈ ਕੇ ਜਾਂਦਾ ਹੈ, ਆਪਣਾ ਸਮਾਨ ਢੋਂਅਦਾ ਹੈ ਜਾਂ ਹੋਰ ਕੁਝ ਢੋਂਅਦਾ ਹੈ ਤਾਂ ਹੈਰਾਨੀ ਵਾਲੀ ਗੱਲ ਹੈ ਕਿ ਉਸ ਉਤੇ ਵੀ ਯਕਮੁਸ਼ਤ 10,000/- ਰੁਪਏ ਦਾ ਟੈਕਸ ਲਗਾ ਦਿੱਤਾ ਗਿਆ ਹੈ । ਇਹ ਪਹਿਲੀ ਦਫ਼ਾ ਹੋਇਆ ਹੈ ।

ਕਿਸਾਨਾਂ ਨੂੰ ਬਿਜਲੀ ਮੁਫਤ ਦੇਣ ਦੀ ਗੱਲ ਕੀਤੀ ਹੈ । ਪਰ ਬਿਜਲੀ ਮਿਲੀ ਨਹੀਂ, ਕਿਉਂਕਿ ਬਿਜਲੀ ਆਉਂਦੀ ਹੀ ਨਹੀਂ । ਤੁਸੀਂ ਬਿੱਲ ਨਹੀਂ ਲੈਣੇ ਅਤੇ ਅਸੀਂ ਬਿਜਲੀ ਦੇਣੀ ਨਹੀਂ ।

ਇਸੇ ਤਰ੍ਹਾਂ ਪੈਟਰੋਲ, ਮੋਬਿਲ ਆਇਲ ਤੇ ਲੁਬਰੀਕੈਂਟਸ, ਕੱਪੜੇ ਧੋਣ ਵਾਲੀਆਂ ਮਸ਼ੀਨਾਂ ਆਦਿ ਉਤੇ ਪਹਿਲਾਂ ਸਾਡੀ ਸਰਕਾਰ ਵੇਲੇ 7% ਕਰ ਸੀ ਪਰ ਹੁਣ ਇਹ ਵਧਾ ਕੇ 12% ਕਰ ਦਿੱਤਾ ਗਿਆ ਹੈ । ਇਸੇ ਤਰ੍ਹਾਂ ਕਰਜ਼ਾ ਪ੍ਰਾਪਤੀ ਦਸਤਾਵੇਜ਼ਾਂ, ਹਲਫਨਾਮਿਆਂ, ਇਕਰਾਰਨਾਮਿਆਂ ਆਦਿ ਉਤੇ ਲੱਗਣ ਵਾਲੀ ਅਸ਼ਟਾਮ ਡਿਊਟੀ ਵੀ ਵਧਾ ਕੇ 15/- ਅਤੇ 25/- ਰੁਪਏ ਕਰ ਦਿੱਤੀ ਗਈ ਹੈ । ਇਹ ਸਾਰਾ ਬੋਝ ਆਮ ਆਦਮੀ ਤੇ ਹੀ ਪਿਆ ਹੈ । ਸਪੀਕਰ ਸਾਹਿਬ, ਮੈਂ ਜਲਦੀ ਹੀ ਆਪਣੀ ਸਪੀਚ ਸਮਾਪਤ ਕਰਾਂਗੀ । ਮੇਰੇ ਇਹ ਵੀਰ ਬੈਠੇ ਹਨ, ਇਨ੍ਹਾਂ ਵਿਚੋਂ ਪਤਾ ਨਹੀਂ ਕਿਹੜੇ ਕਿਹੜੇ ਨੇ ਮਨਿਸਟਰ ਬਣਨਾ ਹੈ । ਅਸੀਂ ਸਾਰੇ ਹੀ ਜਾਣਦੇ ਹਾਂ ਕਿ ਜੇ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਸਾਡੇ ਅੱਗੇ ਵਧਣ ਦੇ ਹਾਲਾਤ ਦਿਸ਼ਾ ਰਹਿਤ ਹੋ ਜਾਣਗੇ ਅਤੇ ਫਿਰ ਪੰਜਾਬ, ਜਿਹੜਾ ਕਿ ਸਭ ਨੂੰ ਰੋਟੀ ਦੇਣ ਵਾਲਾ ਰਾਜ ਹੈ, ਵਿਚ ਪੰਜਾਬੀ ਹੀ ਪੰਜਾਬੀ ਨੂੰ ਪਛਾਣ ਨਹੀਂ ਸਕੇਗਾ । ਮੈਂ ਕਹਿਣਾ ਚਾਹੁੰਦੀ ਹਾਂ ਕਿ ਜਿਹੜੇ ਟੈਕਸ ਲਗਾਏ ਗਏ ਹਨ ਇਨ੍ਹਾਂ ਵਾਲੇ ਪਾਸੇ ਕੁਝ ਜ਼ਰੂਰ ਸੋਚਣਾ ਚਾਹੀਦਾ ਹੈ । ਮੈਂ ਇਕ ਤਜਵੀਜ਼ ਦੇਣਾ ਚਾਹੁੰਦੀ ਹਾਂ ਕਿ ਪੰਜਾਬ ਵਿੱਚ, ਸ਼ਹਿਰਾਂ ਵਿੱਚ ਅਤੇ ਪਿੰਡਾਂ ਵਿੱਚ ਜਿਹੜੇ ਕੁਝ ਲੋਕ ਰੱਜੇ-ਪੁੱਜੇ ਹੋਏ ਹਨ ਅਤੇ ਉਹ ਆਪਣੇ ਐਸ਼ੋ-ਆਰਾਮ ਅਤੇ ਲਗਜ਼ਰੀ ਉਤੇ ਲੱਖਾਂ-ਕਰੋੜਾਂ ਰੁਪਿਆ ਖਰਚ ਕਰਦੇ ਹਨ, ਉਨ੍ਹਾਂ ਨੂੰ ਸਰਕਾਰ ਵੱਲੋਂ ਇਕ ਅਪੀਲ ਕੀਤੀ ਜਾਵੇ ਕਿ ਪੰਜਾਬ ਨੇ ਪਿਛਲੇ ਕਾਫ਼ੀ ਲੰਮੇ ਸਮੇਂ ਵਿੱਚ ਅੱਤਵਾਦ ਅਤੇ ਵੱਖਵਾਦ ਦੇ ਖਿਲਾਫ ਲੜਾਈ ਲੜੀ ਹੈ । ਇਹ ਲੜਾਈ ਦੇਸ਼ ਦੀ ਜੰਗ ਹੈ ਜਿਹੜੀ ਕਿ ਲੜੀ ਗਈ ਅਤੇ ਪੰਜਾਬ ਕਰਜ਼ਾਈ ਹੋਇਆ ਪਿਆ ਹੈ । ਇਕ ਆਲ ਪਾਰਟੀ ਮੀਟਿੰਗ ਬੁਲਾਈ ਜਾਵੇ ਅਤੇ ਕਿਹਾ ਜਾਵੇ ਕਿ ਉਹ ਲੋਕ ਆਪਣੇ ਵੱਲੋਂ ਕੁਝ ਰੁਪਿਆ ਸਰਕਾਰ ਨੂੰ ਦੇਣ ਅਤੇ ਉਸ ਪੈਸੇ ਦਾ ਇਕ ਹੈਡ ਬਣਾਇਆ ਜਾਵੇ । ਫਿਰ ਉਸ ਵਿਚੋਂ ਸਾਰੀਆਂ ਸਕੀਮਾਂ ਲਾਗੂ ਕੀਤੀਆਂ ਜਾ ਸਕਦੀਆਂ ਹਨ । ਅਸੀਂ ਤਾਂ ਸਪੀਕਰ ਸਾਹਿਬ, ਕੋਆਪਰੇਟ ਕਰਨ ਨੂੰ ਵੀ ਤਿਆਰ ਹਾਂ । ਜਦੋਂ ਇਹ ਸਾਡੇ ਤਿੰਨ ਭਰਾ ਆਪੋਜ਼ੀਸ਼ਨ ਵਿਚ ਸਨ, ਇਨ੍ਹਾਂ ਵੱਲੋਂ ਤਾਂ ਸਾਨੂੰ ਕੋਆਪਰੇਸ਼ਨ ਨਹੀਂ ਮਿਲੀ । ਪਰ

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਅਸੀਂ ਤਾਂ ਕੋਆਪਰੇਟ ਕਰਨ ਨੂੰ ਬਿਲਕੁਲ ਤਿਆਰ ਹਾਂ । ਭਾਵੇਂ ਉਹ ਲਾਅ ਐਂਡ ਆਰਡਰ ਦਾ ਮਸਲਾ ਹੈ, ਚਾਹੇ ਪੰਜਾਬ ਦੇ ਲੋਕਾਂ ਦੀ ਦਸ਼ਾ ਸੁਧਾਰਨ ਵਾਲੇ ਪਾਸੇ ਵਾਲੀ ਗੱਲ ਹੋਵੇ, ਦਿੱਲੀ ਤੋਂ ਕਰਜ਼ਾ ਮੁਆਫ ਕਰਨ ਦੀ ਗੱਲ ਹੋਵੇ, ਭਾਵੇਂ ਚੰਡੀਗੜ੍ਹ ਦਾ ਮਸਲਾ ਹੋਵੇ, ਅਸੀਂ ਪੂਰੀ ਤਰ੍ਹਾਂ ਕੋਆਪਰੇਟ ਕਰਨ ਨੂੰ ਤਿਆਰ ਹਾਂ ।

ਜਦੋਂ ਸਰਦਾਰ ਬੇਅੰਤ ਸਿੰਘ ਜੀ ਸਨ ਤਾਂ ਉਨ੍ਹਾਂ ਨੇ ਇਕ ਆਲ-ਪਾਰਟੀ ਮੀਟਿੰਗ ਸੱਦੀ ਸੀ । ਉਸ ਵਿੱਚ ਬੀ. ਜੇ. ਪੀ. ਦੇ ਭਰਾ ਵੀ ਸ਼ਾਮਲ ਹੋਏ ਸਨ ਲੇਕਿਨ ਅਕਾਲੀ ਦਲ ਦਾ ਕੋਈ ਨੁਮਾਇੰਦਾ ਸ਼ਾਮਲ ਨਹੀਂ ਸੀ ਹੋਇਆ । ਲੇਕਿਨ ਕਿੰਨੇ ਅਫਸੋਸ ਦੀ ਗੱਲ ਹੈ ਕਿ 8,000 ਕਰੋੜ ਰੁਪਏ ਦੇ ਕਰਜ਼ੇ ਨੂੰ ਇਨ੍ਹਾਂ ਵਲੋਂ ਏਨਾਂ ਕੁ ਸੀਰੀਅਸ ਲਿਆ ਜਾ ਰਿਹਾ ਹੈ ਕਿ ਜਦੋਂ ਪ੍ਰਧਾਨ ਮੰਤਰੀ ਜੀ ਦੌਰੇ ਤੇ ਆਉਣ ਤਾਂ ਅਸੀਂ ਸਰਸਰੀ ਸਮਾਂ ਮਿਲਣ ਤੇ ਉਸਦੀ ਮੁਆਫੀ ਦਾ ਜ਼ਿਕਰ ਕਰੀਏ । ਸਪੀਕਰ ਸਾਹਿਬ, ਸਾਰੀਆਂ ਪਾਰਟੀਆਂ ਜਾ ਕੇ ਗੱਲ ਕਰ ਸਕਦੀਆਂ ਹਨ, ਪੰਜਾਬ ਦਾ ਇਹ ਸਾਂਝਾ ਮਸਲਾ ਹੈ । ਮੈਨੂੰ ਅਫਸੋਸ ਹੈ ਕਿ ਸਾਡੇ ਅਕਾਲੀ ਭਰਾਵਾਂ ਦੀ 11 ਮੈਂਬਰੀ ਟੀਮ ਦਿੱਲੀ ਬੈਠੀ ਹੈ । ਇਕ ਦਿਨ ਤਾਂ ਕਿਸੇ ਤਰੀਕੇ ਨਾਲ ਇਹ ਕਾਂਗਰਸ ਪਾਰਟੀ ਨਾਲ ਕਰਜ਼ੇ ਦੀ ਮੁਆਫੀ ਲਈ ਮਿਲਣ ਲਈ ਗਏ ਪਰ ਉਸ ਤੋਂ ਬਾਅਦ ਸਪੀਕਰ ਸਾਹਿਬ, ਪਾਰਲੀਮੈਂਟ ਦਾ ਸੈਸ਼ਨ ਕਿੰਨਾ ਸਮਾਂ ਚਲਦਾ ਹੈ, ਤੁਸੀਂ ਰਿਕਾਰਡ ਕਢਵਾ ਕੇ ਦੇਖ ਲਓ, ਸਾਡੇ ਇਹ ਭਰਾ ਜਾਂ ਤਾਂ ਏਅਰਕੰਡੀਸ਼ਨ ਲਗਾ ਕੇ ਸੌਂ ਜਾਂਦੇ ਹਨ ਜਾਂ ਫਿਰ ਆਪਣੀ ਹਾਜ਼ਰੀ ਪਾ ਕੇ ਆ ਜਾਂਦੇ ਹਨ । ਅੱਜ ਤੱਕ ਵੀ ਇਨ੍ਹਾਂ ਨੇ ਇਸ 8.000 ਕਰੋੜ ਰੁਪਏ ਦੇ ਕਰਜ਼ੇ ਦੀ ਮੁਆਫੀ ਦੀ ਗੱਲ ਨਹੀਂ ਕੀਤੀ । ਸੋ, ਮੈਨੂੰ ਇਸ ਗੱਲ ਤੇ ਦੁੱਖ ਹੈ ਕਿ ਸਾਡੇ ਭਰਾ ਇਸ ਬਾਰੇ ਚੁੱਪ ਸਾਧੀ ਬੈਠੇ ਹਨ ।

ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਮੇਰੇ ਜੋ ਪੰਜਾਬੀ ਭਰਾ ਹਨ ਅਤੇ ਪੰਜਾਬ ਤੋਂ ਬਾਹਰ ਰਹਿ ਰਹੇ ਹਨ, ਅੱਜ ਉਨ੍ਹਾਂ ਨੂੰ ਵੀ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਜਦੋਂ ਪੰਜਾਬ ਅੱਤਵਾਦ ਦੇ ਦੌਰ ਹੇਠ ਸੀ ਅਤੇ ਪੰਜਾਬ ਬਰਬਾਦ ਹੋ ਰਿਹਾ ਸੀ, ਬਹੁਤ ਸਾਰੇ ਪੰਜਾਬੀ ਦਿੱਲੀ ਜਾ ਕੇ ਰਹਿਣ ਲੱਗ ਪਏ ਸਨ । ਅੱਜ 12 ਸਾਲ ਹੋ ਗਏ ਹਨ ਉਨ੍ਹਾਂ ਨੂੰ ਉਥੇ ਰਹਿੰਦੇ । ਬੀ.ਜੇ.ਪੀ. ਵਾਲੇ ਮੇਰੇ ਭਰਾ ਜਾਣਦੇ ਹਨ, ਮਿੱਤਲ ਸਾਹਿਬ ਇਸ ਵੇਲੇ ਬੈਠੇ ਨਹੀਂ ਹਨ ਪਰ ਟੰਡਨ ਸਾਹਿਬ ਬੈਠੇ ਹਨ, ਜਿਸ ਵੇਲੇ ਹਿੱਤ ਅਭਿਲਾਸ਼ੀ ਜੀ ਮਾਰੇ ਗਏ ਸਨ, ਤਾਂ ਉਸ ਵੇਲੇ ਉਨ੍ਹਾਂ ਦੇ ਪਰਿਵਾਰ ਵਾਲੇ ਆਪਣੇ ਘਰ ਨੂੰ ਅਲਵਿਦਾ ਕਹਿ ਕੇ, ਕੋਡੀਆਂ ਦੇ ਭਾਅ ਵੇਚ ਕੇ ਦਿੱਲੀ ਜਾ ਵਸੇ ਸਨ । ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਪੰਜਾਬੀ ਉਥੇ ਜਾ ਵਸੇ ਸਨ ਪਰ ਅੱਜ ਅਖਬਾਰਾਂ ਵਿੱਚ ਖਬਰਾਂ ਆ ਰਹੀਆਂ ਹਨ ਕਿ ਦਿੱਲੀ ਤੋਂ ਪੰਜਾਬੀਆਂ ਨੂੰ ਉਜਾੜਿਆ ਜਾ ਰਿਹਾ ਹੈ । ਉਥੇ ਬੀ.ਜੇ.ਪੀ. ਦੀ ਸਰਕਾਰ ਹੈ । ਉਸ ਵਲੋਂ 29 ਤਰੀਕ ਤੱਕ ਦਾ ਅਲਟੀਮੇਟਮ ਦਿੱਤਾ ਗਿਆ ਹੈ । ਇਹ ਠੀਕ ਹੈ ਕਿ ਬਾਦਲ ਸਾਹਿਬ ਵੱਲੋਂ ਇਸ ਸਬੰਧ ਵਿੱਚ ਇਕ ਚਿੱਠੀ ਲਿਖੀ ਗਈ ਹੈ ਜਿਸਦਾ ਕਿ ਮੈਨੂੰ ਅਫਸੋਸ ਹੈ ਚਾਹੀਦਾ ਤਾਂ ਇਹ ਹੈ ਕਿ ਅਸੀਂ ਚਿੱਠੀ ਤੋਂ ਅੱਗੇ ਵਧ ਕੇ ਸਾਰੀਆਂ ਪਾਰਟੀਆਂ ਦਾ ਡੈਪੂਟੇਸ਼ਨ ਲੈ ਕੇ ਜਾਈਏ । ਮੈਂ ਬੀ. ਜੇ. ਪੀ. ਵਾਲੇ ਭਰਾਵਾਂ ਨੂੰ ਬੇਨਤੀ ਕਰਾਂਗੀ ਕਿ ਜਿਹੜੇ ਲੋਕ ਅੱਤਵਾਦ ਦੇ ਵੇਲੇ ਆਪਣਾ ਸਾਰਾ ਕੁਝ ਪੰਜਾਬ ਵਿੱਚ

ਗੁਆ ਕੇ ਇਥੋਂ ਉਜੜ ਕੇ ਦਿੱਲੀ ਵਿੱਚ ਜਾ ਕੇ ਵਸੇ ਸਨ ਅੱਜ ਫਿਰ ਉਨ੍ਹਾਂ ਨੂੰ ਦਿੱਲੀ ਤੋਂ ਨਾ ਉਜਾੜਿਆ ਜਾਵੇ ਤਾਂ ਕਿ ਉਨ੍ਹਾਂ ਨੂੰ ਫਿਰ ਪੁਰਾਣੇ ਸਮੇਂ ਦੀਆਂ ਕੌੜੀਆਂ ਯਾਦਾਂ ਨਾ ਆਉਣ। ਬੜੇ ਦੁੱਖ ਦੀ ਗੱਲ ਹੈ ਕਿ ਜਿਥੇ ਬੀ. ਜੇ. ਪੀ. ਦੀ ਭਾਈਵਾਲ ਸਰਕਾਰ ਹੋਵੇ, ਯੂ. ਪੀ. ਵਿੱਚ ਅਤੇ ਪੰਜਾਬ ਵਿੱਚ ਵੀ ਇਨ੍ਹਾਂ ਦੀ ਭਾਈਵਾਲ ਸਰਕਾਰ ਹੈ, ਸਪੀਕਰ ਸਾਹਿਬ, ਯੂ. ਪੀ. ਵਿੱਚ ਸਾਡੇ ਬਹੁਤ ਸਾਰੇ ਪੰਜਾਬੀ ਪਿਛਲੇ 50-50 ਸਾਲਾਂ ਤੋਂ ਆਪਣੀ ਸਾਰੀ ਜ਼ਮੀਨ-ਜਾਇਦਾਦ ਪੰਜਾਬ ਵਿਚੋਂ ਵੇਚ ਕੇ ਜਾ ਵਸੇ ਸਨ ਪਰ ਅੱਜ ਉਨ੍ਹਾਂ ਕਿਸਾਨਾਂ ਨੂੰ ਵੀ ਉਜਾੜਿਆ ਜਾ ਰਿਹਾ ਹੈ। ਉਨ੍ਹਾਂ ਨੇ ਇੰਨੇ ਲੰਮੇ ਅਰਸੇ ਵਿੱਚ ਜੰਗਲਾਂ ਨੂੰ ਕੱਟ ਕੇ ਅਤੇ ਸੱਪਾਂ ਦੀਆਂ ਸਿਰੀਆਂ ਨੂੰ ਮਿੱਧ ਕੇ ਜ਼ਮੀਨਾਂ ਨੂੰ ਵਾਹੀ-ਯੋਗ ਬਣਾਇਆ, ਪਰ ਅੱਜ ਉਨ੍ਹਾਂ ਨੂੰ ਉਜਾੜਿਆ ਜਾ ਰਿਹਾ ਹੈ। ਮੈਂ ਬੀ. ਜੇ. ਪੀ. ਵਾਲੇ ਭਰਾਵਾਂ ਨੂੰ ਬੇਨਤੀ ਕਰਾਂਗੀ ਕਿ ਅੱਤਵਾਦ ਵੇਲੇ ਤਾਂ ਤੁਸੀਂ ਡਰੇ ਨਹੀਂ, ਸ਼ੇਰ ਬਣਕੇ ਰਹੇ ਹੋ, ਪਰ ਹੁਣ ਕਿਉਂ ਕਾਗਜ਼ੀ ਸ਼ੇਰ ਬਣ ਗਏ ਹੋ ਅਤੇ ਇਨ੍ਹਾਂ ਕਾਗਜ਼ੀ ਸ਼ੇਰਾਂ ਨੂੰ ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਇਹ ਸਾਰਾ ਕੁਝ ਨਾ ਹੋਵੇ। ਇਨ੍ਹਾਂ ਨੂੰ ਪੰਜਾਬ ਦੇ ਦਬੇ-ਕੁਚਲੇ ਅਤੇ ਮਜ਼ਲੂਮ ਲੋਕਾਂ ਦੀ ਜ਼ਰੂਰ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

ਇਸ ਤਰ੍ਹਾਂ ਸਪੀਕਰ ਸਾਹਿਬ, ਫਰੀਦਕੋਟ ਵਿਖੇ ਇਕ ਮੈਡੀਕਲ ਯੂਨੀਵਰਸਿਟੀ ਬਣਾਉਣ ਦੀ ਗੱਲ ਕੀਤੀ ਗਈ ਹੈ। ਮੈਂ ਵੈਲਕਮ ਕਰਦੀ ਹਾਂ, ਕਿਉਂਕਿ ਫਰੀਦਕੋਟ ਸਾਡੇ ਮਾਲਵੇ ਦਾ ਪਛੜਿਆ ਹੋਇਆ ਇਲਾਕਾ ਹੈ। (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਸਪੀਕਰ ਸਾਹਿਬ, ਮੇਰੇ ਟਰੈਜ਼ਰੀ ਬੈਂਚਿਜ਼ ਵਾਲੇ ਭਰਾ ਟੇਬਲ ਤਾਂ ਬਹੁਤ ਥਪ-ਥਪਾਉਂਦੇ ਹਨ ਪਰ ਇਨ੍ਹਾਂ ਨੇ ਇਸ ਮੰਤਵ ਲਈ ਕੇਵਲ 10 ਲੱਖ ਰੁਪਏ ਰੱਖੇ ਹਨ, ਜਦਕਿ ਯੂਨੀਵਰਸਿਟੀ ਤੇ ਘੱਟੋ ਘੱਟ 40-50 ਕਰੋੜ ਰੁਪਏ ਦਾ ਖਰਚਾ ਆਉਣਾ ਹੈ। ਇਨ੍ਹਾਂ ਪੈਸਿਆਂ ਨਾਲ ਤਾਂ ਬਾਉਂਡਰੀ ਵਾਲ ਵੀ ਨਹੀਂ ਬਣਨੀ ਭਾਵੇਂ ਫਰੀਦਕੋਟ ਜ਼ਿਲ੍ਹਾ ਇਨ੍ਹਾਂ ਦਾ ਹੈ ਪਰ ਮਾਲਵਾ ਸਾਡਾ ਪੈਂਦਾ ਹੈ। ਇਸ ਲਈ ਇਨ੍ਹਾਂ ਨੂੰ ਚਾਹੀਦਾ ਹੈ ਕਿ ਇਸ ਯੂਨੀਵਰਸਿਟੀ ਲਈ ਹੋਰ ਪੈਸਾ ਰੱਖਿਆ ਜਾਵੇ।

ਸਪੀਕਰ ਸਾਹਿਬ, ਇਸੇ ਤਰ੍ਹਾਂ ਪਿਛਲੇ ਸਮੇਂ ਵਿੱਚ ਪੰਜਾਬ ਵਿੱਚ ਬੜੇ ਮਾੜੇ ਹਾਲਾਤ ਰਹੇ ਹਨ ਅਤੇ ਉਸ ਨੂੰ ਸੁਧਾਰਨ ਲਈ ਸਾਨੂੰ ਕਈ ਕੀਮਤੀ ਜਾਨਾਂ ਵੀ ਗਵਾਉਣੀਆਂ ਪਈਆਂ ਹਨ ਅਤੇ ਤਦ ਜਾ ਕੇ ਸ਼ਾਂਤੀ ਆਈ ਹੈ। ਸਪੀਕਰ ਸਾਹਿਬ, ਅਸੀਂ ਉਸ ਵੇਲੇ ਵੀ ਬੜੀ ਕਲੈਰਿਟੀ ਦੇ ਨਾਲ, ਜ਼ਿੰਮੇਂਵਾਰੀ ਦੇ ਨਾਲ, ਬੜੀ ਅਗਾਂਹ-ਵਧੂ ਸੋਚ ਦੇ ਨਾਲ ਤੁਰਦੇ ਰਹੇ ਹਾਂ ਅਤੇ ਹੁਣ ਵੀ ਅਸੀਂ ਹਰ ਤਰ੍ਹਾਂ ਦਾ ਸਮਰਥਨ ਦੇਣ ਲਈ ਤਿਆਰ ਹਾਂ। ਲੇਕਿਨ ਇਹ ਅੰਕੜੇ ਦੱਸਦੇ ਹਨ ਕਿ ਜਿਸ ਵਕਤ ਸਰਦਾਰ ਬੇਅੰਤ ਸਿੰਘ ਜੀ ਆਏ ਸਨ, ਉਦੋਂ ਗਵਰਨਰ ਸਾਹਿਬ ਨੇ ਭਾਸ਼ਣ ਕੀਤਾ ਸੀ। ਉਸ ਭਾਸ਼ਣ ਵਿੱਚ ਗਵਰਨਰ ਸਾਹਿਬ ਨੇ ਕਿਹਾ ਸੀ ਕਿ ਪੰਜਾਬ ਵਿੱਚ ਲਾਅ ਐਂਡ ਆਰਡਰ ਦੀ ਸਥਿਤੀ ਕਾਫੀ ਇੰਪਰੂਵ ਹੋਈ ਹੈ। ਇਸ ਵਿੱਚ ਕਾਫੀ ਸੁਧਾਰ ਹੋਇਆ ਹੈ। ਇਹ ਮੁਹਰ ਕਾਂਗਰਸ ਪਾਰਟੀ ਦੀ ਸਰਕਾਰ ਨੇ ਲਗਾਈ ਰੱਖੀ ਲੇਕਿਨ ਉਸ ਤੋਂ ਬਾਅਦ ਹੁਣ ਚਾਰ ਮਹੀਨੇ ਹੋ ਗਏ ਹਨ। ਇਸ ਦੌਰਾਨ ਅਕਾਲੀ ਬੀ. ਜੇ. ਪੀ. ਦੀ ਸਰਕਾਰ ਬਣੀ। 12 ਫਰਵਰੀ ਨੂੰ ਇਨ੍ਹਾਂ ਨੇ ਸਹੁੰ ਚੁੱਕੀ। ਮੇਰੇ ਕੋਲ ਅੰਕੜੇ ਹਨ। ਮੈਂ ਆਪਣੇ ਕੋਲੋਂ ਕੁਝ ਨਹੀਂ ਕਹਿ ਰਹੀ। ਸਪੀਕਰ ਸਾਹਿਬ,

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਇੱਕ ਹਫਤਾ ਵੀ ਨਹੀਂ ਲੰਘਿਆ ਕਿ ਸੂਬੇ ਵਿੱਚ ਲੁੱਟ-ਮਾਰ, ਅਗਵਾ, ਫਾਇਰਿੰਗ, ਕਤਲ, ਬੰਬ ਧਮਾਕੇ ਹੋਣੇ ਸ਼ੁਰੂ ਹੋ ਗਏ। 19 ਫਰਵਰੀ ਨੂੰ ਮੋਗੇ ਵਿੱਚ ਕਾਂਡ ਹੋਇਆ, 20 ਫਰਵਰੀ ਨੂੰ ਅੰਮ੍ਰਿਤਸਰ ਵਿੱਚ ਇੱਕ ਕਾਰ ਡੀਲਰ ਵਿਜੇ ਕੁਮਾਰ ਤੋਂ ਪਸਤੌਲ ਦੀ ਨੋਕ ਤੇ ਪੈਸੇ ਖੋਹ ਲਏ ਗਏ। 21 ਫਰਵਰੀ ਨੂੰ ਮਲੋਟ ਦੇ ਪਿੰਡ ਖੁੰਦਰਾਣਾ ਵਿੱਚ ਸ਼ਰਾਬ ਦੇ ਠੇਕੇ ਤੇ ਫਾਇਰਿੰਗ ਹੋਈ। 25 ਫਰਵਰੀ ਨੂੰ ਇੱਕ ਲੋਹੇ ਦੇ ਵਪਾਰੀ ਦੀ ਹੱਤਿਆ ਕਰ ਦਿੱਤੀ ਗਈ। ਇੱਕ ਟੈਕਸੀ ਚਾਲਕ ਮਾਰਿਆ ਗਿਆ ਜੋ ਕਿ ਬਠਿੰਡੇ ਦਾ ਸੀ। ਸਪੀਕਰ ਸਾਹਿਬ, 14 ਮਾਰਚ ਨੂੰ ਜਲੰਧਰ ਵਿੱਚ ਰੇਲਵੇ ਬੰਬ ਧਮਾਕਾ ਹੋਇਆ ਜਿਸ ਵਿਚ ਸੱਤ ਬੰਦੇ ਮਾਰੇ ਗਏ। 16 ਮਾਰਚ ਨੂੰ ਅਜਨਾਲਾ ਵਿਖੇ ਸਰਹੱਦੀ ਚੌਕੀਆਂ ਤੇ ਸੁਰੰਗਾਂ ਫੜੀਆਂ ਗਈਆਂ। 15 ਫਰਵਰੀ ਤੋਂ 30 ਮਈ ਤੱਕ ਸਾਰੇ ਸਰਕਾਰੀ ਅੰਕੜੇ ਦੱਸਦੇ ਹਨ ਕਿ ਕਰਾਈਮ ਵਧਿਆ ਹੈ। ਪਤਾ ਨਹੀਂ ਕਿ ਗਲਤੀ ਨਾਲ ਇੱਕ ਬਿਆਨ ਬੀ. ਜੇ. ਪੀ. ਦੇ ਮੈਂਬਰ ਦਾ ਆ ਗਿਆ। ਫਿਰ ਮਿਸਿਜ਼ ਰਵਨੀਤ ਕੌਰ ਦੇ ਅੰਕੜੇ ਆਏ। ਫਿਰ ਡੀ. ਜੀ. ਪੀ. ਦੇ ਅੰਕੜੇ ਆ ਗਏ। ਪਤਾ ਨਹੀਂ ਇਨ੍ਹਾਂ ਨੇ ਕਿਸ ਤਰ੍ਹਾਂ ਸੱਚ ਕਹਿ ਦਿੱਤਾ। ਕੇ. ਪੀ. ਐਸ. ਗਿੱਲ ਦੀ ਸਟੇਟਮੈਂਟ ਆਈ। ਮੈਂ ਕਹਿਣਾ ਚਾਹੁੰਦੀ ਹਾਂ ਕਿ ਜਿਹੜੀ ਸਿਚੂਏਸ਼ਨ ਅਸੀਂ ਮੁਸ਼ਕਲ ਨਾਲ ਕੰਟਰੋਲ ਕੀਤੀ ਸੀ, ਉਸ ਨੂੰ ਸਥਾਈ ਰੱਖਣ ਵਾਸਤੇ ਸਾਨੂੰ ਕਦਮ ਚੁੱਕਣੇ ਚਾਹੀਦੇ ਹਨ। ਸਪੀਕਰ ਸਾਹਿਬ, ਸਾਡੇ ਆਪਣੇ ਸਮੇਂ ਜਿਸ ਸਮੇਂ, ਅੱਤਵਾਦ ਸਿਖਰਾਂ ਤੇ ਸੀ, ਉਸ ਸਮੇਂ ਵੀ ਅਸੀਂ ਨਾ ਡਰਦੇ ਹੋਏ, ਨਾ ਹੀ ਪਰਵਾਹ ਕਰਦੇ ਹੋਏ ਕਿੰਨਾ ਨੁਕਸਾਨ ਕਰਵਾਇਆ। ਅਸੀਂ ਪਿੱਛੇ ਨਹੀਂ ਹਟੇ। ਸਾਡੇ ਵਿੱਚ ਸੱਚ ਕਹਿਣ ਦੀ ਹਿੰਮਤ ਸੀ ਲੇਕਿਨ ਮੈਨੂੰ ਅਫਸੋਸ ਹੈ ਕਿ ਉਸ ਵੇਲੇ ਸਾਡੇ ਇਹ ਭਰਾ ਕਿੱਥੇ ਸਨ ?

ਸ੍ਰੀ ਸਪੀਕਰ : ਤੁਸੀਂ ਜਲਦੀ ਵਾਈਂਡ ਅੱਪ ਕਰੋ। ਜਲਦੀ ਕਲੋਜ਼ ਕਰ ਦਿਓ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਮੈਂ ਦੋ-ਤਿੰਨ ਮਿੰਟ ਹੋਰ ਲਵਾਂਗੀ। ਮੈਂ ਲਾਅ ਐਂਡ ਆਰਡਰ ਦੇ ਮਸਲੇ ਬਾਰੇ ਕਹਿਣਾ ਚਾਹੁੰਦੀ ਹਾਂ। 1997 ਤੋਂ ਇਨ੍ਹਾਂ ਦੀ ਸਰਕਾਰ ਆਈ ਅਤੇ ਪੰਜਾਬ ਦੀ ਹਾਲਤ ਵਿਗੜਨੀ ਸ਼ੁਰੂ ਹੋ ਗਈ। ਇਨ੍ਹਾਂ ਵਿੱਚ ਹਮਦਰਦੀ ਨਾ ਹੋਣ ਕਾਰਣ ਸਾਡੇ ਇੱਕ ਆਈ. ਪੀ. ਐਸ. ਅਫਸਰ ਸ੍ਰੀ ਸੰਧੂ ਦੀ ਮੌਤ ਹੋਈ। ਇਹ ਬੜੀ ਹੀ ਦੁੱਖਦਾਈ ਮੌਤ ਸੀ। ਸਾਨੂੰ ਸਾਰਿਆਂ ਨੂੰ ਇਸ ਦੁਖ ਵਿੱਚ ਸ਼ਾਮਲ ਹੋਣਾ ਚਾਹੀਦਾ ਸੀ। ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਲੋਕਾਂ ਨਾਲ ਹਮਦਰਦੀ ਵਰਤੇ ਜਿਨ੍ਹਾਂ ਨੇ ਦੇਸ਼ ਦੀ ਲੜਾਈ ਲੜੀ। ਅੱਜ ਉਨ੍ਹਾਂ ਵਿੱਚ ਰਿਜ਼ੈਂਟਮੈਂਟ ਹੈ, ਮਾਯੂਸੀ ਹੈ। ਉਨ੍ਹਾਂ ਲਈ ਖਤਰੇ ਦੀ ਘੰਟੀ ਵੱਜ ਰਹੀ ਹੈ। ਅੱਜ ਮੇਰੇ ਬਿਆਨ ਨੂੰ ਦੂਜੇ ਪਾਸੇ ਲਿਜਾਇਆ ਜਾ ਰਿਹਾ ਹੈ। (ਵਿਘਨ) ਸਪੀਕਰ ਸਾਹਿਬ, ਇਹੀ ਗੱਲ ਮਾਨਯੋਗ ਅਡਵਾਨੀ ਜੀ ਨੇ ਵੀ ਕਹੀ ਅੰਰ ਨੈਸ਼ਨਲ ਲੈਵਲ ਤੇ ਵੀ ਕਹੀ ਗਈ। ਆਂਧਰਾ ਪ੍ਰਦੇਸ਼ ਦੀ ਪੁਲਿਸ ਨੇ ਮੈਮੋਰੰਡਮ ਵੀ ਦਿੱਤਾ। ਚੰਦਰ ਸ਼ੇਖਰ ਜੀ ਨੇ ਵੀ ਕਿਹਾ।

ਸਰਦਾਰ ਤੋਤਾ ਸਿੰਘ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

ਸ੍ਰੀ ਸਪੀਕਰ : ਬੀਬੀ ਜੀ, ਇੱਕ ਮਿੰਟ ਠਹਿਰੋ। ਸਰਦਾਰ ਤੋਤਾ ਸਿੰਘ ਜੀ ਦੀ ਗੱਲ ਪਹਿਲਾਂ ਸੁਣ ਲਈਏ। ਹਾਂ ਜੀ, ਸਰਦਾਰ ਤੋਤਾ ਸਿੰਘ ਜੀ।

ਸਰਦਾਰ ਤੋਤਾ ਸਿੰਘ : ਸਪੀਕਰ ਸਾਹਿਬ, ਮਤਿਕਾਰਯੋਗ ਬੀਬੀ ਭੱਠਲ ਜੀ ਨੂੰ ਦੋਗਲੀ ਨੀਤੀ ਛੱਡ ਦੇਣੀ ਚਾਹੀਦੀ ਹੈ । ਕਸ਼ਮੀਰ ਸਿੰਘ ਦਾ ਮਰਡਰ ਹੋਇਆ ਤਾਂ ਇਨ੍ਹਾਂ ਨੇ ਉਸ ਵੇਲੇ ਕਿਹਾ ਸੀ ਕਿ ਸਾਨੂੰ ਪੁਲਿਸ ਤੇ ਇਤਬਾਰ ਨਹੀਂ ਹੈ ਅਤੇ ਇਨ੍ਹਾਂ ਨੇ ਵਾਕ-ਆਊਟ ਕੀਤਾ । ਇਨਕੁਆਰੀ ਕਰਵਾਈ ਗਈ ਅਤੇ ਕਾਤਲਾਂ ਨੂੰ ਫੜਿਆ ਗਿਆ ਪਰ ਇਨ੍ਹਾਂ ਦੇ ਪ੍ਰਧਾਨ ਸਰਦਾਰ ਸੰਤੋਖ ਸਿੰਘ ਰੰਧਾਵਾ ਨੇ ਕਿਹਾ ਕਿ ਕਸ਼ਮੀਰ ਸਿੰਘ ਅੱਤਵਾਦੀ ਸੀ । ਸਰਦਾਰ ਸੰਤੋਖ ਸਿੰਘ ਨੇ ਕਿਹਾ ਕਿ ਪੁਲਿਸ ਨੂੰ ਡੀਮਾਰੇਲਾਈਜ਼ ਨਾ ਕੀਤਾ ਜਾਵੇ । ਇਹ ਇਸ ਤਰ੍ਹਾਂ ਦੋਗਲੀ ਨੀਤੀ ਵਰਤਦੇ ਹਨ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) (ਵਿਘਨ)

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਇਨ੍ਹਾਂ ਨੂੰ ਤਾਹਨਿਆਂ ਮਿਹਣਿਆਂ ਤੋਂ ਉਪਰ ਉਠ ਕੇ ਗੱਲ ਕਰਨੀ ਚਾਹੀਦੀ ਹੈ । ਮੈਨੂੰ ਅਫਸੋਸ ਹੈ ਕਿ ਮੇਰੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ । ਇਹ ਭੜਕਾਊ ਬਿਆਨ ਦਿੰਦੇ ਹਨ । ਪੁਲਿਸ ਦੀ ਗਲ ਸੁਣਨੀ ਚਾਹੀਦੀ ਹੈ । ਉਨ੍ਹਾਂ ਨੂੰ ਰਿਆਇਤਾਂ ਤੇ ਪੈਸੇ ਦੇਣੇ ਚਾਹੀਦੇ ਹਨ ! ਅਸੀਂ ਆਪਣੇ ਸਮੇਂ ਵਿੱਚ ਪੁਲਿਸ ਵਾਸਤੇ 502 ਕਰੋੜ ਰੁਪਿਆ ਰੱਖਿਆ ਸੀ ਲੇਕਿਨ ਅੱਜ ਅਫਸੋਸ ਹੈ ਕਿ ਇਹ 475 ਕਰੋੜ ਰੁਪਿਆ ਹੀ ਰਹਿ ਗਿਆ ਹੈ । ਦੂਸਰੇ ਪਾਸੇ ਇਹ ਕਹਿੰਦੇ ਹਨ ਕਿ ਕਰਜ਼ਾ ਮੁਆਫ ਕੀਤਾ ਜਾਵੇ ਔਰ ਇਸ ਨੂੰ ਸਾਰੇ ਦੇਸ਼ ਦੀ ਲੜਾਈ ਕਹਿੰਦੇ ਹਨ, ਤਾਂ ਹੁਣ ਲੜਾਈ ਲੜਨ, ਚੁੱਪ ਕਿਉਂ ਬੈਠੇ ਹਨ । ਇਨ੍ਹਾਂ ਪੁਲਿਸ ਅਫਸਰਾਂ ਨੇ, ਪੁਲਿਸ ਕਰਮਚਾਰੀਆਂ ਨੇ, ਜਿਨ੍ਹਾਂ ਨੇ ਆਪਣੇ ਪਰਿਵਾਰਾਂ ਦੇ ਪਰਿਵਾਰ ਸ਼ਹੀਦ ਕਰਵਾਏ ਉਸ ਸਮੇਂ ਇੱਕ ਅਰਥੀ ਜਾਂਦੀ ਸੀ ਔਰ ਦੂਜੀ ਤਿਆਰ ਹੋ ਜਾਂਦੀ ਸੀ ਤਾਂ ਕੋਈ ਹੋਰ ਉਸ ਅਰਥੀ ਦੀ ਸਹੁੰ ਲੈ ਕੇ ਲੜਨ ਨੂੰ ਤਿਆਰ ਹੋ ਜਾਂਦਾ ਸੀ ਔਰ ਉਸੇ ਹੀ ਪ੍ਰੋਟੈਕਸ਼ਨ ਕਰਕੇ ਅਸੀਂ ਅੱਜ ਇਸ ਸਿਚੂਏਸ਼ਨ ਵਿੱਚ ਰਾਜ ਕਰਦੇ ਪਏ ਹਾਂ । ਪਰ ਅੱਜ ਅਸੀਂ ਉਨ੍ਹਾਂ ਵਾਸਤੇ ਕੁਝ ਕਰਨ ਤੋਂ ਚੁੱਪ ਹਾਂ । ਉਹ ਲੜਨ ਦੇਸ਼ ਲਈ ਲੇਕਿਨ ਆਪਣੇ ਕੇਸਾਂ ਵਾਸਤੇ ਪੈਸੇ ਆਪਣੀ ਜੇਬ ਵਿੱਚੋਂ ਖਰਚ ਕਰਨ । ਉਨ੍ਹਾਂ ਕਰਮਚਾਰੀਆਂ ਨੇ ਦੇਸ਼ ਵਾਸਤੇ ਲੜਾਈ ਲੜੀ ਹੈ ਲੇਕਿਨ ਜਦੋਂ ਅਸੀਂ ਕੁਝ ਕਹਿੰਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਇਹ ਭੜਕਾਉਣ ਵਾਲੀ ਗੱਲ ਹੈ । ਦੂਜੇ ਪਾਸੇ ਗੱਲ ਆਉਂਦੀ ਹੈ, ਤਾਂ ਇਹ ਉਨ੍ਹਾਂ ਅੱਤਵਾਦੀਆਂ ਨੂੰ ਬਾਬੇ ਕਹਿੰਦੇ ਰਹੇ ! ਦੂਜੇ ਪਾਸੇ ਜਿਥੋਂ ਤੱਕ ਅੱਤਵਾਦ ਪੀੜਤ ਪਰਿਵਾਰਾਂ ਦੀ ਗੱਲ ਹੈ, ਬਾਦਲ ਸਾਹਿਬ ਨੇ ਕਿਹਾ ਹੈ ਕਿ ਜੋ ਅੱਤਵਾਦੀਆਂ ਦੇ ਪਰਿਵਾਰ ਸਨ, ਉਨ੍ਹਾਂ ਪਰਿਵਾਰਾਂ ਦੀ ਜ਼ਮੀਨ ਵਾਪਸ ਕਰੋ । ਲੇਕਿਨ ਨਾਲ ਨਾਲ ਦੂਜੇ ਪਰਿਵਾਰਾਂ ਦੇ ਮੈਂਬਰਾਂ ਦਾ ਕੀ ਕਸੂਰ ਹੋ ਸਕਦਾ ਹੈ ? ਬਾਦਲ ਸਾਹਿਬ, ਆਪਾਂ ਚਿੰਤਾ ਕਰੀਏ ਉਨ੍ਹਾਂ ਪਰਿਵਾਰਾਂ ਦੀ, ਉਨ੍ਹਾਂ ਲੋਕਾਂ ਦੀ, ਚਿੰਤਾ ਕਰੀਏ ਉਨ੍ਹਾਂ ਮਾਸੂਮ ਬੇਟੀਆਂ ਦੀ ਜਿਹੜੀਆਂ 15-15, 20-20 ਸਾਲਾਂ ਤੋਂ, ਜਦੋਂ ਉਹ ਅਜੇ ਬੱਚੀਆਂ ਹੀ ਸਨ, ਇਸ ਧਰਤੀ ਤੇ ਉਨ੍ਹਾਂ ਨੂੰ ਮਜਬੂਰ ਕਰਕੇ, ਜਬਰ ਜ਼ੁਲਮ ਦੇ ਦੌਰ ਵਿੱਚ ਬਿਨ ਵਿਆਹੀਆਂ ਮਾਵਾਂ ਬਣਨਾ ਪਿਆ । ਅੱਜ ਸਰਕਾਰ ਨੂੰ ਇਸ ਪਾਸੇ ਚਿੰਤਾ ਕਰਨੀ ਚਾਹੀਦੀ ਹੈ । ਅੱਜ ਉਹ ਮਾਵਾਂ ਮੰਗ ਕਰਦੀਆਂ ਹਨ, ਅੱਜ ਉਹ ਮਾਸੂਮ ਬੱਚੇ ਮੰਗ ਕਰਦੇ ਹਨ ਕਿ ਸਾਡੇ ਬਾਪ ਮਾਰੇ ਗਏ, ਉਹ ਮੰਗ ਕਰਦੇ ਹਨ ਕਿ ਸਾਡੇ ਵਾਸਤੇ ਕੀ ਰੱਖਿਆ ਗਿਆ ਹੈ ? ਜੋ ਉਜੜ ਕੇ ਦਿੱਲੀ ਤੋਂ ਆਏ, ਉਨ੍ਹਾਂ ਵਾਸਤੇ ਕਿੰਨਾ ਪੈਸਾ ਰੱਖਿਆ ਹੈ ? ਅੱਜ ਇਸ ਗੱਲ ਦੀ ਚਿੰਤਾ ਕਰੀਏ ।

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਸਪੀਕਰ ਸਾਹਿਬ, ਇਹ ਸਾਰੀਆਂ ਗੱਲਾਂ ਹਨ। ਚਾਹੇ ਮੈਨੂੰ ਜੇਲ੍ਹ ਵਿੱਚ ਸੁੱਟ ਦਿਓ, ਮੈਨੂੰ ਕੋਈ ਪਰਵਾਹ ਨਹੀਂ। ਸਪੀਕਰ ਸਾਹਿਬ, ਮੈਂ ਅੱਜ ਫਿਰ ਦੁਹਰਾਉਂਦੀ ਹਾਂ ਕਿ ਜੇਲ੍ਹਾਂ ਵਿੱਚ ਜੰਮਿਆਂ ਨੂੰ ਜੇਲ੍ਹਾਂ ਤੋਂ ਡਰ ਨਹੀਂ ਲਗਦਾ। ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ ਮੈਨੂੰ ਜੇਲ੍ਹਾਂ ਵਿੱਚ ਜਾਣ ਤੋਂ ਕੋਈ ਡਰ ਨਹੀਂ। (ਕਾਂਗਰਸ ਪਾਰਟੀ ਵੱਲੋਂ ਥੰਪਿੰਗ) ਮੈਂ ਇੱਕ ਗੱਲ ਕਹਿਣਾ ਚਾਹੁੰਦੀ ਹਾਂ ਕਿ ਮੈਂ ਆਪਣੇ ਤੌਰ ਤੇ ਫੈਸਲੇ ਕਰਦੀ ਹਾਂ। ਮੈਂ ਨਾ ਕਿਸੇ ਤੋਂ ਡਰਦੀ ਹਾਂ ਅਤੇ ਨਾ ਡਰਾਉਂਦੀ ਹਾਂ। ਮੇਰੇ ਜੀਵਨ ਦਾ ਤਾਂ ਇੱਕ ਹੀ ਲਕਸ਼ ਹੈ :

"ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ ॥"

ਸਪੀਕਰ ਸਾਹਿਬ, ਅਸੀਂ ਨਾ ਭੈਅ ਦਿੰਦੇ ਹਾਂ ਅਤੇ ਨਾ ਹੀ ਭੈਅ ਮੰਨਦੇ ਹਾਂ। ਲੇਕਿਨ ਮੈਂ ਇੱਕ ਗੱਲ ਜ਼ਰੂਰ ਕਹਾਂਗੀ ਕਿ ਜਿਹੜੀਆਂ ਇਹੋ ਜਿਹੀਆਂ ਤਾਕਤਾਂ ਆਈਆਂ ਸਨ; ਉਹ ਫਿਰ ਨਾ ਆਉਣ, ਜਿਸ ਨਾਲ ਸਾਰਾ ਕੁਝ ਤਹਿਸ-ਨਹਿਸ ਹੋ ਜਾਵੇ। ਮੈਂ ਇੱਕ ਗੱਲ ਹੋਰ ਕਹਿਣਾ ਚਾਹੁੰਦੀ ਹਾਂ ਕਿ ਅਸੀਂ 700 ਸਕੂਲ ਬਣਾਏ ਸਨ, ਉਹ ਬੰਦ ਕੀਤੇ, ਡਿਸਪੈਂਸਰੀਆਂ ਬਣਾਈਆਂ ਸਨ, ਉਹ ਬੰਦ ਕੀਤੀਆਂ। ਜੇਕਰ ਹੋਰ ਬਣਾਉਣੇ ਨਹੀਂ ਤਾਂ ਪਹਿਲੀਆਂ ਨੂੰ ਤਾਂ ਬੰਦ ਨਾ ਕਰੋ। ਜਿਹੜੀਆਂ ਕੁਝ ਚੀਜ਼ਾਂ ਸਰਕਾਰ ਨੇ ਮੁਆਫ ਕੀਤੀਆਂ ਹਨ, ਉਸ ਲਈ ਪੈਸਾ ਲਿਆਉਣ ਵਾਸਤੇ ਕੁਝ ਫਾਰਮੂਲੇ ਬਣਾਏ ਹਨ। ਇੱਕ ਤਾਂ ਇਹ ਕਿ ਜਿਹੜੀ ਸਰਕਾਰੀ ਜ਼ਮੀਨ ਹੈ, ਉਹ ਵੇਚੀ ਜਾਵੇ। ਪੁਰਾਣੇ ਵੇਲਿਆਂ ਵਿੱਚ ਸੁਣਿਆ ਸੀ ਕਿ ਗੋਟਾ ਵੇਚੋ ਕਿਨਾਰੀ ਵੇਚੋ ਲੇਕਿਨ ਅੱਜ ਪੰਜਾਬ ਦੇ ਵਿੱਚ ਪੰਜਾਬ ਦੀ ਸਰਕਾਰ ਜ਼ਮੀਨ ਵੇਚਣ ਜਾ ਰਹੀ ਹੈ। ਅੱਜ ਤਾਂ ਜ਼ਮੀਨ ਵੇਚ ਰਹੇ ਹਨ ਕੱਲ੍ਹ ਨੂੰ ਕਿਤੇ ਇਹ ਪੰਜਾਬ ਫਾਰ ਸੇਲ ਨਾ ਰਖ ਦੇਣ। ਕਦੇ ਇਸ ਦਾ ਸੁਪਨਾ ਵੀ ਨਹੀਂ ਲਿਆ ਸੀ, ਅੱਜ ਜ਼ਮੀਨ ਵੇਚਣ ਦੀ ਨੌਬਤ ਆਈ ਹੈ। ਜ਼ਮੀਨ ਵੇਚਣ ਦੀ ਜਗ੍ਹਾ ਕੋਈ ਹੋਰ ਸਿਸਟਮ ਬਣਾਇਆ ਜਾ ਸਕਦਾ ਹੈ। ਵੱਡੇ ਕਿਸਾਨਾ ਦੇ ਪੈਸੇ ਮੁਆਫ ਕਰਕੇ ਗਰੀਬ ਲੋਕਾਂ ਤੇ ਭਾਰ ਪਾਇਆ ਗਿਆ ਹੈ। ਆਪਣੇ ਦੇਸ਼ ਦਾ ਸਰਮਾਇਆ ਜ਼ਮੀਨ ਨਾ ਵੇਚੀ ਜਾਵੇ ਬਲਕਿ ਕੋਈ ਹੋਰ ਇੰਤਜ਼ਾਮ ਕਰਨੇ ਚਾਹੀਦੇ ਹਨ।

ਇਸੇ ਤਰ੍ਹਾਂ ਗੱਡੀਆਂ ਦੇ ਨੰਬਰ ਵੇਚਣ ਦੀ ਗੱਲ ਹੈ। ਕੋਈ ਛੋਟਾ ਨੰਬਰ ਲੈਣਾ ਹੋਵੇ, ਤਾਂ ਪੈਸੇ ਦੇ ਕੇ ਲੈ ਸਕਦਾ ਹੈ। ਚਾਹੇ ਉਹ ਕੋਈ ਸਮੱਗਲਰ ਹੋਵੇ, ਚਾਹੇ ਕੋਈ ਹੋਰ ਮਾੜਾ ਐਲੀਮੈਂਟ ਹੋਵੇ। ਅੱਗੇ ਹੁੰਦਾ ਸੀ ਕਿ ਕਿਸੇ ਅਫਸਰ ਨੂੰ ਜਾਂ ਵੀ.ਆਈ.ਪੀ. ਨੂੰ ਛੋਟਾ ਨੰਬਰ ਦਿੱਤਾ ਜਾਂਦਾ ਸੀ ਤਾਂ ਕਿ ਕੋਈ ਆਮ ਆਦਮੀ ਛੋਟਾ ਨੰਬਰ ਦੇਖ ਕੇ ਆਪਣੀ ਮੱਦਦ ਵਾਸਤੇ ਅਪਰੋਚ ਕਰ ਸਕੇ। ਇਸ ਤਰ੍ਹਾਂ ਤਾਂ ਕੋਈ ਵੀ ਪੈਸਾ ਦੇ ਕੇ ਛੋਟਾ ਨੰਬਰ ਖਰੀਦ ਸਕਦਾ ਹੈ, ਚਾਹੇ ਉਹ ਕੋਈ ਬੈਡ ਐਲੀਮੈਂਟ ਹੋਵੇ। ਕਦੇ ਸੁਪਨੇ ਵਿੱਚ ਵੀ ਸੋਚਿਆ ਨਹੀਂ ਸੀ ਕਿ ਛੋਟੇ ਨੰਬਰ 25,000/- ਰੁਪਏ ਜਾਂ 15,000/- ਰੁਪਏ ਤੱਕ ਵੇਚਣ ਦੀ ਸਰਕਾਰ ਨੂੰ ਨੌਬਤ ਆਵੇਗੀ। ਮੈਂ, ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਹਿਣਾ ਚਾਹੁੰਦੀ ਹਾਂ ਕਿ ਜਿਹੜੀ ਇਨ੍ਹਾਂ ਨੇ ਬਿਜਲੀ ਫਰੀ ਕੀਤੀ ਹੈ, ਇਸ ਨਾਲ ਗਰੀਬਾਂ ਤੇ ਭਾਰ ਪਿਆ ਹੈ, ਸਾਡੀ ਔਰਤ ਜਾਤੀ ਤੇ ਭਾਰ ਪਾਇਆ ਹੈ, ਇਨ੍ਹਾਂ ਸਾਰੇ ਟੈਕਸਾਂ ਨੂੰ ਧਿਆਨ ਵਿੱਚ ਰੱਖਦੇ ਹੋਏ,

ਮੇਰੀ ਬੇਨਤੀ ਹੈ ਕਿ ਇਨ੍ਹਾਂ ਵਿੱਚ ਕੁਝ ਸੁਧਾਰ ਕੀਤਾ ਜਾਣਾ ਚਾਹੀਦਾ ਹੈ ਕੁਝ ਹੋਰ ਇੰਤਜ਼ਾਮ ਕੀਤੇ ਜਾਣ ਤਾਂ ਕਿ ਗਰੀਬ ਲੋਕਾਂ ਤੇ ਇਹ ਭਾਰ ਨਾ ਪਵੇ । ਸਪੀਕਰ ਸਾਹਿਬ, ਮੇਰ ਜੋ ਸਾਰੇ ਭਰਾ ਬੈਠੇ ਹਨ, ਮੈਂ ਉਨ੍ਹਾਂ ਨੂੰ ਇਹ ਕਹਿਣਾ ਚਾਹੁੰਦੀ ਹਾਂ ਕਿ ਇਹੋ ਹੀ ਨਹੀਂ ਕਿ ਸਾਰੇ ਚੁੱਪ ਕਰਕੇ ਗੱਲਾਂ ਦੇਖੀ ਜਾਓ, ਬਲਕਿ ਸਾਨੂੰ ਆਪਣੇ ਤੌਰ ਤੇ ਵੀ ਵਿਚਾਰ ਰੱਖਣੇ ਚਾਹੀਦੇ ਹਨ ।

ਸਪੀਕਰ ਸਾਹਿਬ, ਸੜਕਾਂ ਬਾਰੇ ਸਾਡੇ ਸਮੇਂ ਵਿੱਚ 160 ਕਰੋੜ ਰੁਪਏ ਦੀ ਡਿਮਾਂਡ ਸੀ, ਔਰ ਅਸੀਂ 61 ਕਰੋੜ ਰੁਪਿਆ ਰੱਖਿਆ ਲੇਕਿਨ ਹੁਣ 45 ਕਰੋੜ ਰੁਪਿਆ ਰੱਖਿਆ ਹੈ । ਇਸੇ ਤਰ੍ਹਾਂ ਕਿਸਾਨਾਂ ਵਾਸਤੇ ਕਾਂਗਰਸ ਦੀ ਸਰਕਾਰ ਨੇ 105 ਕਰੋੜ ਰੁਪਏ ਤੇ ਹੁਣ ਦੀ ਸਰਕਾਰ ਨੇ 71 ਕਰੋੜ ਰੁਪਏ ਰੱਖੇ ਹਨ । ਇੰਡਸਟਰੀ ਲਈ ਸਾਡੀ ਸਰਕਾਰ ਨੇ 66 ਕਰੋੜ ਅਤੇ ਹੁਣ ਦੀ ਸਰਕਾਰ ਨੇ 55 ਕਰੋੜ ਰੁਪਏ ਰਖੇ ਹਨ । ਇਸੇ ਤਰ੍ਹਾਂ ਲਾਅ ਐਂਡ ਆਰਡਰ ਲਈ ਸਾਨੂੰ ਵੱਧ ਪੈਸੇ ਰੱਖਣੇ ਚਾਹੀਦੇ ਹਨ, ਸਾਨੂੰ ਲੋਕਾਂ ਦੀ ਹਿਫਾਜ਼ਤ ਕਰਨੀ ਚਾਹੀਦੀ ਹੈ ਅਤੇ ਅਮਨ ਤੇ ਸ਼ਾਂਤੀ ਕਾਇਮ ਰੱਖਣੀ ਚਾਹੀਦੀ ਹੈ । ਕਿਸੇ ਵੀ ਐਕਸੈਸ ਸਬੰਧੀ ਜਾਂ ਜਦੋਂ ਕੋਈ ਨੌਜਵਾਨ ਮਾਰਿਆ ਜਾਵੇ ਤਾਂ ਸਾਨੂੰ ਉਥੇ ਜਾਣਾ ਚਾਹੀਦਾ ਹੈ, ਚਾਹੇ ਉਹ ਯੂ. ਪੀ. ਹੋਵੇ ਜਾਂ ਦਿੱਲੀ ਜਾਂ ਫਿਰ ਪੰਜਾਬ ਹੋਵੇ । ਜਦੋਂ ਕਿਸੇ ਬੇਕਸੂਰ ਵਿਅਕਤੀ ਨੂੰ ਜਾਂ ਕਿਸੇ ਨੌਜਵਾਨ ਨੂੰ ਜਿਸ ਨੂੰ ਕਿਸੇ ਜੱਜ ਨੇ ਬਰੀ ਕਰ ਦਿੱਤਾ ਹੋਵੇ, ਉਸਨੂੰ ਮਾਰਿਆ ਜਾਵੇ, ਤਾਂ ਉਸ ਲਈ ਸਾਨੂੰ ਦਲੇਰੀ ਨਾਲ ਕਦਮ ਚੁੱਕਣੇ ਚਾਹੀਦੇ ਹਨ । ਸੱਚ ਨੂੰ ਸੱਚ ਕਹਿਣਾ ਚਾਹੀਦਾ ਹੈ । ਇਸ ਲਈ ਮੈਂ ਇਸ ਬਜਟ ਦੇ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ ਅਤੇ ਇਸ ਵਿਚ ਕੁਝ ਚੇਂਜਿਜ਼ ਲਿਆ ਕੇ ਬਜਟ ਲਿਆਂਦਾ ਜਾਵੇ । ਧੰਨਵਾਦ ।

ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ: (ਸ੍ਰੀ ਬਲਰਾਮਜੀ ਦਾਸ ਟੰਡਨ) : ਸਪੀਕਰ ਸਾਹਿਬ, ਜੋ ਬਜਟ ਸਾਡੇ ਵਿੱਤ ਮੰਤਰੀ ਜੀ ਨੇ ਪੇਸ਼ ਕੀਤਾ ਹੈ ਉਸ ਲਈ ਮੈਂ ਉਨ੍ਹਾਂ ਨੂੰ ਵਧਾਈ ਦੇਣ ਲਈ ਖੜ੍ਹਾ ਹੋਇਆ ਹਾਂ । ਜੋ ਉਨ੍ਹਾਂ ਨੇ ਪੰਜਾਬ ਦੀ ਹਾਲਤ ਨੂੰ, ਜੋ ਇਸ ਦੀ ਸਿਚੂਏਸ਼ਨ ਸੀ, ਉਸ ਨੂੰ ਮੁੱਖ ਰੱਖਦੇ ਹੋਏ ਕਦਮ ਚੁੱਕੇ ਹਨ, ਉਹ ਅਤਿਅੰਤ ਹੀ ਸ਼ਲਾਘਾਯੋਗ ਹਨ । ਮੈਨੂੰ ਹੈਰਾਨਗੀ ਹੋਈ ਹੈ ਕਿ ਸਾਡੇ ਸਾਹਮਣੇ ਬੈਠੀ ਮੇਰੀ ਭੈਣ ਜੀ ਨੂੰ ਇਸ ਬਜਟ ਦੇ ਵਿੱਚ ਕੋਈ ਵੀ ਚੀਜ਼ ਚੰਗੀ ਦਿਖਾਈ ਨਹੀਂ ਦਿੱਤੀ । ਇਸ ਤੋਂ ਪਹਿਲਾਂ ਬਜਟ ਦੇ ਉਤੇ ਬਹੁਤ ਸਾਰੇ ਮੈਂਬਰਜ਼ ਬੋਲੇ ਹਨ, ਜਿਨ੍ਹਾਂ ਵਿੱਚ ਕਮਿਊਨਿਸਟ ਪਾਰਟੀ ਅਤੇ ਦੂਸਰੀ ਪਾਰਟੀ ਦੇ ਮੈਂਬਰ ਵੀ ਬੋਲੇ ਹਨ । ਉਨ੍ਹਾਂ ਨੇ ਸਾਰਿਆਂ ਫੈਸਲਿਆਂ ਲਈ ਅਤੇ ਕਈ ਆਈਟਮਜ਼ ਸਬੰਧੀ ਵਧਾਈ ਵੀ ਦਿੱਤੀ ਹੈ ਪਰ ਸਾਡੇ ਲੀਡਰ ਆਫ ਦੀ ਆਪੋਜ਼ੀਸ਼ਨ ਜੋ ਕਿ ਪਹਿਲਾਂ ਮੁੱਖ ਮੰਤਰੀ ਵੀ ਰਹਿ ਚੁੱਕੇ ਹਨ, ਉਨ੍ਹਾਂ ਕੋਲੋਂ ਇਹ ਉਮੀਦ ਕੀਤੀ ਜਾਂਦੀ ਸੀ ਕਿ ਉਹ ਬਜਟ ਦਾ ਸਰਵੇਖਣ ਚੰਗੇ ਤਰੀਕੇ ਦੇ ਨਾਲ ਕਰਨਗੇ ਪਰ ਜੇਕਰ ਕਿਸੇ ਦੇ ਹਰੇ ਰੰਗ ਦੀ ਐਨਕ ਲਾਈ ਹੋਵੇ ਤਾਂ ਉਸ ਨੂੰ ਹਰਾ ਹੀ ਦਿਖਾਈ ਦੇਵੇਗਾ ਔਰ ਜੇਕਰ ਕਿਸੇ ਦੇ ਲਾਲ ਰੰਗ ਦੀ ਐਨਕ ਲਗਾਈ ਹੋਵੇ ਤਾਂ ਉਸ ਨੂੰ ਲਾਲ ਹੀ ਦਿਖਾਈ ਦੇਵੇਗਾ । ਜੇਕਰ ਤੁਸੀਂ ਚੰਗੇ

[ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ]

ਤਰੀਕੇ ਦੇ ਨਾਲ ਵੇਖਣ ਦੀ ਕੋਸ਼ਿਸ਼ ਕਰੋਗੇ ਤਾਂ ਬਿਲਕੁਲ ਪਰਸਪਰ ਜਗ੍ਹਾ ਤੇ ਪਹੁੰਚ ਸਕੋਗੇ। ਅਗਰ ਨਹੀਂ, ਤਾਂ ਮੈਂ ਨਹੀਂ ਸਮਝਦਾ ਕਿ ਕਿਸੇ ਵੀ ਢੰਗ ਦੇ ਨਾਲ ਜੋ ਪਰਸਪੈਕਟਿਵ ਹੈ ਉਸਨੂੰ ਨਹੀਂ ਦੇਖ ਸਕਾਂਗੇ। ਇਸ ਨਾਤੇ ਦੇ ਆਧਾਰ ਤੇ ਇਕ ਸ਼ੇਅਰ ਹੈ,

'ਜਿਨ ਕੋ ਖੁਦਾ ਨੇ ਦੀ ਹੈਂ ਆਂਖੇ ਵੋਹ ਪੱਥਰ ਮੇਂ ਖੁਦਾ ਦੇਖਤੇ ਹੈਂ'

ਜਿਨ ਕੀ ਆਂਖੇਂ ਹੀ ਪੱਥਰ ਹੈਂ, ਵੋਹ ਪੱਥਰ ਮੇਂ ਕਿਆ ਦੇਖਤੇ ਹੈਂ।" (ਥੰਪਿੰਗ) ਭਗਵਾਨ ਨੇ ਜਿਨ੍ਹਾਂ ਨੂੰ ਅੱਖਾਂ ਹੀ ਪੱਥਰ ਦੀਆਂ ਦਿੱਤੀਆਂ ਹੋਣ ਉਨ੍ਹਾਂ ਨੂੰ ਤਾਂ ਪੱਥਰ ਹੀ ਦਿਖਾਈ ਦੇਵੇਗਾ। ਮਾਨਯੋਗ ਸਪੀਕਰ ਸਾਹਿਬ, ਬੜੀ ਹੈਰਾਨਗੀ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਹਾਲਾਤ ਦੇ ਮੁਤਾਬਕ ਇੰਨਾਂ ਕੁੱਝ ਇਸ ਬਜਟ ਵਿੱਚ ਲਿਆਂਦਾ ਹੈ, ਇਸ ਲਈ ਇਤਨੇ ਸਾਧਨ ਜੁਟਾਣੇ ਪਏ ਕਿਉਂਕਿ ਪਿਛਲੇ ਸਮੇਂ ਦੇ ਵਿਚ ਹਾਲਾਤ ਖਰਾਬ ਸੀ, ਇਸ ਵਿੱਚ ਕੋਈ ਸ਼ੱਕ ਨਹੀਂ ਪਰ ਤੁਸੀਂ ਅੰਦਾਜ਼ਾ ਲਗਾਓ ਕਿ ਪਿਛਲੀ ਸਰਕਾਰ ਨੇ 1850 ਕਰੋੜ ਰੁਪਏ ਦੀ ਪਲਾਨ ਬਣਾਈ ਸੀ। ਉਹ 1250 ਕਰੋੜ ਰੁਪਏ ਤੇ ਹੀ ਰਹਿ ਗਈ ਅਤੇ ਜੇਕਰ ਪੀ.ਐਸ.ਈ.ਬੀ. ਆਪਣੇ ਤੌਰ ਤੇ ਅਲੱਗ ਉਪਰਾਲਾ ਨਾ ਕਰਦਾ ਤਾਂ ਇਹ ਸ਼ਾਇਦ 1200 ਕਰੋੜ ਰੁਪਏ ਤੱਕ ਹੀ ਰਹਿੰਦੀ ਪਰ ਪੀ. ਐਸ. ਈ. ਬੀ. ਦੇ ਆਪਣੇ ਤੌਰ ਤੇ ਉਪਰਾਲਾ ਕਰਨ ਨਾਲ ਇਹ ਟਾਰਗੈਟ ਮਸਾਂ 1650 ਕਰੋੜ ਤੱਕ ਪਹੁੰਚਿਆ। ਮੈਂ ਸਮਝਦਾ ਹਾਂ ਕਿ ਜਿਨ੍ਹਾਂ ਗੱਲਾਂ ਵੱਲ ਇਨ੍ਹਾਂ ਭਰਾਵਾਂ ਨੇ ਸਾਡਾ ਧਿਆਨ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਵਿੱਚ ਚੰਗੇ ਸੁਝਾਓ ਹੋਣ ਤਾਂ ਅਸੀਂ ਵਿਚਾਰ ਕਰਾਂਗੇ ਪਰ ਜਿਹੜਾ ਇੱਥੇ ਕਿਹਾ ਗਿਆ ਹੈ ਕਿ ਬਜਟ ਦੇ ਵਿਚ ਗਰੀਬਾਂ ਵਾਸਤੇ ਕੁਝ ਨਹੀਂ ਰੱਖਿਆ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਜਟ ਦੇ ਵਿਚ ਰੱਖਿਆ ਹੀ ਗਰੀਬ ਆਦਮੀਆਂ ਵਾਸਤੇ ਹੈ। ਜੋ ਗਰੀਬ ਆਦਮੀ ਹਨ, ਉਨ੍ਹਾਂ ਦੇ ਵਾਸਤੇ ਮਕਾਨ ਬਨਾਉਣ ਲਈ ਪਿਛਲੀ ਸਰਕਾਰ ਨੇ 15 ਹਜ਼ਾਰ ਰੁਪਿਆ ਰੱਖਿਆ ਸੀ। ਜੇ ਇਕ ਕਮਰਾ ਵੀ ਪਾਉਣਾ ਹੋਵੇ ਤਾਂ 15 ਹਜ਼ਾਰ ਰੁਪਏ ਨਾਲ ਨਹੀਂ ਸਰਦਾ। ਇਸ ਕਰਕੇ ਇਹ ਫੈਸਲਾ ਕੀਤਾ ਗਿਆ ਕਿ ਗਰੀਬ ਆਦਮੀ ਕਮ-ਅਜ਼-ਕਮ ਢੰਗ ਨਾਲ ਆਪਣੇ ਸਿਰ ਉਪਰ ਛੱਤ ਪਾ ਸਕੇ। ਇਸ ਲਈ ਅੱਜ ਦੇ ਪਰਾਈਸ ਲੈਵਲ ਮੁਤਾਬਿਕ 50 ਹਜ਼ਾਰ ਰੁਪਿਆ ਇਸ ਕੰਮ ਵਾਸਤੇ ਸਾਡੀ ਸਰਕਾਰ ਵੱਲੋਂ ਰੱਖਿਆ ਗਿਆ ਹੈ ਤਾਂ ਕਿ ਗਰੀਬ ਆਦਮੀ ਦੋ ਕਮਰੇ, ਇੱਕ ਛੋਟਾ ਜਿਹਾ ਕਿਚਨ ਅਤੇ ਬਾਥਰੂਮ ਬਣਾ ਕੇ ਅਜ਼ਾਦੀ ਨਾਲ ਰਹਿ ਸਕੇ। ਸਪੀਕਰ ਸਾਹਿਬ, ਇਸੇ ਹੀ ਤਰ੍ਹਾਂ ਗਰੀਬਾਂ ਵਾਸਤੇ ਹੋਰ ਵੀ ਕਈ ਸਕੀਮਾਂ ਬਣਾਈਆਂ ਗਈਆਂ ਹਨ ਪਰ ਇਨ੍ਹਾਂ ਨੂੰ (ਆਪੋਜ਼ੀਸ਼ਨ ਵੱਲ ਇਸ਼ਾਰਾ) ਇਸ ਬਜਟ ਵਿੱਚ ਕੋਈ ਚੰਗੀ ਚੀਜ਼ ਨਜ਼ਰ ਨਹੀਂ ਆਈ। ਜਿਸ ਤਰੀਕੇ ਨਾਲ ਫਾਈਨਾਂਸ ਰਿਸੋਰਸਿਜ਼ ਨੂੰ ਮੋਬਿਲਾਈਜ਼ ਕਰਨ ਵਾਸਤੇ ਕੋਸ਼ਿਸ਼ ਕੀਤੀ ਗਈ ਹੈ ਉਸ ਵਿੱਚ ਵੀ ਇਨ੍ਹਾਂ ਨੂੰ ਖਰਾਬੀ ਨਜ਼ਰ ਆਈ ਹੈ।

ਪਹਿਲਾਂ ਜੇ ਕੋਈ ਵੀ ਕਾਰ ਜਾਂ ਸਕੂਟਰ ਲੈਂਦਾ ਸੀ, ਤਾਂ ਉਹ ਇੱਕ ਪਰਸੈਂਟ ਖਜ਼ਾਨੇ ਵਿੱਚ ਦਿੰਦਾ ਸੀ ਜਦ ਕਿ ਅੱਜ ਕਈ ਕਾਰਾਂ 20-20, 25-25 ਲੱਖ ਦੀਆਂ ਆਉਂਦੀਆਂ ਹਨ। ਅਜਿਹੇ ਅਮੀਰ ਲੋਕਾਂ ਕੋਲੋਂ ਟੈਕਸ ਕਾਰ ਦੀ ਕੀਮਤ ਦੇ ਹਿਸਾਬ

ਨਾਲ ਲਿਆ ਜਾਵੇਗਾ, ਅਤੇ ਜੋ ਛੋਟੇ ਵਹੀਕਲ ਵਾਲੇ ਹਨ, ਜਿਵੇਂ ਸਕੂਟਰ ਹੈ ਇਸ ਤੇ ਟੈਕਸ 1% ਹੀ ਲਿਆ ਜਾਵੇਗਾ। ਅਮੀਰ ਲੋਕਾਂ ਵਾਸਤੇ, ਜੋ ਕਾਰਾਂ 20-25 ਲੱਖ ਦੀਆਂ ਲੈਂਦੇ ਹਨ, ਉਨ੍ਹਾਂ ਵਾਸਤੇ 25 ਹਜ਼ਾਰ ਦੇਣਾ ਕੋਈ ਮੁਸ਼ਕਿਲ ਚੀਜ਼ ਨਹੀਂ ਹੈ।

ਅੱਗੇ, ਜੋ ਜ਼ਮੀਨਾ ਹਨ, ਜਿਨ੍ਹਾਂ ਤੇ ਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ ਅਤੇ ਹੁਣ ਵੀ ਲੋਕ ਕਬਜ਼ੇ ਕਰ ਰਹੇ ਹਨ, ਉਹ ਜ਼ਮੀਨਾਂ ਮਿਊਂਸੀਪੈਲਟੀ ਦੀਆਂ ਹਨ। ਅਫ਼ਸੋਸ ਦੀ ਗੱਲ ਹੈ ਕਿ ਤਾਕਤਵਰ ਲੋਕਾਂ ਨਾਲ ਮਿਲ ਕੇ, ਸਰਕਾਰਾਂ ਸ਼ਹਿ ਨਾਲ, ਡਿਪਟੀ ਕਮਿਸ਼ਨਰ ਦੇ ਸਹਿਯੋਗ ਨਾਲ, ਐਸ. ਐਸ. ਪੀ. ਵਗੈਰਾ ਨਾਲ ਮਿਲ ਕੇ ਐਸੀਆਂ ਜ਼ਮੀਨਾਂ ਤੇ ਜੋ ਕਿ ਬਹੁਤ ਕੀਮਤੀ ਸਨ ਅਤੇ ਸ਼ਹਿਰਾਂ ਵਿੱਚ ਤਾਂ ਇਹ ਹਾਲਾਤ ਹਨ ਕਿ ਲੁਧਿਆਣਾ ਵਰਗੇ ਸ਼ਹਿਰ ਵਿੱਚ ਕਈ ਐਸੇ ਪੁਆਇੰਟ ਹਨ ਜਿਥੇ 50 ਹਜ਼ਾਰ ਰੁਪਏ ਗਜ਼ ਓਪਨ ਆਕਸ਼ਨ ਤੇ ਵੀ ਉਹ ਜ਼ਮੀਨਾਂ ਜਾ ਸਕਦੀਆਂ ਹਨ, ਉਥੇ ਲੋਕ ਆਪਣੇ ਆਪ ਕਬਜ਼ਾ ਕਰੀ ਬੈਠੇ ਹਨ। ਇਹੋ ਜਿਹੀਆਂ ਜੋ ਜ਼ਮੀਨਾਂ ਹਨ ਸਰਕਾਰ ਇਨ੍ਹਾਂ ਦੁਆਲੇ ਵਾੜ ਲਗਵਾਏਗੀ ਅਤੇ ਇਨ੍ਹਾਂ ਨੂੰ ਸਰਕਾਰ ਰੈਗੂਲਰਾਈਜ਼ ਕਰਨ ਲਈ ਇਨ੍ਹਾਂ ਤੇ ਸਰਵੇ ਕਰੇਗੀ ਅਤੇ ਕਿਉਂਕਿ ਉਨ੍ਹਾਂ ਨੂੰ ਛੇਤੀ ਆਕਸ਼ਨ ਕਰਨ ਦੀ ਲੋੜ ਹੈ, ਇਸ ਲਈ ਉਥੇ ਆਕਸ਼ਨ ਕਰਵਾਏਗੀ ਤਾਂ ਕਿ ਜੇਕਰ ਕੋਈ ਬਾਹਰ ਦੀਆਂ ਪਾਰਟੀਆਂ ਉਸ ਜ਼ਮੀਨ ਨੂੰ ਲੈਣਾ ਚਾਹੁਣ ਤਾਂ ਲੋਕਾਂ ਦੇ ਘਰਾਂ ਵਿੱਚ ਜਾਣ ਵਾਲਾ ਪੈਸਾ ਸਰਕਾਰੀ ਖਜ਼ਾਨੇ ਵਿੱਚ ਆਏਗਾ ਅਤੇ ਸਰਕਾਰ ਉਸ ਪੈਸੇ ਨੂੰ ਪ੍ਰੋਡੱਕਟਿਵ ਕੰਮਾਂ ਵਿੱਚ ਲਗਾ ਸਕੇਗੀ ਜਿਵੇਂ ਨਵੇਂ ਸਕੂਲ ਖੋਲ੍ਹੇ ਜਾ ਸਕਣ, ਡਿਸਪੈਂਸਰੀਆਂ ਖੋਲ੍ਹੀਆਂ ਜਾ ਸਕਣ, ਅਤੇ ਗਰੀਬ ਜਨਤਾ ਨੂੰ ਦਵਾਈਆਂ ਮੁਫਤ ਦਿਵਾਈਆਂ ਜਾ ਸਕਣ।

ਸਪੀਕਰ ਸਾਹਿਬ, ਅਸੀਂ ਹੋਰ ਵੀ ਸਾਧਨ ਜੁਟਾਏ ਹਨ। ਜੋ ਸਾਡੀ ਐਕਸਾਈਜ਼ ਪਾਲਿਸੀ ਹੈ ਉਸ ਅਧੀਨ 1200 ਕਰੋੜ ਰੁਪਿਆ ਅਸੀਂ ਇਕੱਠਾ ਕੀਤਾ ਹੈ। ਐਕਸਾਈਜ਼ ਪਾਲਿਸੀ ਵਿੱਚ ਟਰਾਂਸਪੇਰੈਂਸੀ ਲਿਆਂਦੀ ਹੈ। ਇਹ ਨਹੀਂ ਕਿ ਘਰ ਬੈਠਿਆਂ ਨੂੰ ਇਹ ਵੀ ਏਰੀਆ ਦੇ ਦਿੱਤਾ ਉਹ ਵੀ ਏਰੀਆ ਦੇ ਦਿੱਤਾ।

ਸ੍ਰੀ ਅਵਤਾਰ ਹੈਨਰੀ : ** ** **

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਪਿਛਲੀ ਸਰਕਾਰ ਦੇ ਵੇਲੇ ਸੌਦੇ ਬਾਹਰ ਹੀ ਹੋ ਜਾਂਦੇ ਸਨ ਔਰ ਸੌਦੇ 40-40 ਕਰੋੜ ਤੱਕ ਜਾਂਦੇ ਸਨ। ਪੈਸੇ ਲੈ ਕੇ ਸੌਦੇ ਹੁੰਦੇ ਰਹੇ ਸਨ। ਤੁਹਾਡੇ ਮੁੱਖ ਮੰਤਰੀ ਦੇ ਲੜਕੇ ਨੇ ਹੋਟਲ ਵਿਚ ਸੌਦੇ ਕੀਤੇ ਸਨ।

ਸ੍ਰੀ ਅਵਤਾਰ ਹੈਨਰੀ : ਸਪੀਕਰ ਸਾਹਿਬ, ਇਹ ਹਾਊਸ ਦੇ ਵਿਚ ਸਾਬਿਤ ਕਰ ਦੇਣ ਕਿ ਅਸੀਂ ਪੈਸੇ ਲੈ ਕੇ ਸੌਦੇ ਬਾਹਰ ਕੀਤੇ ਹਨ। ਮੈਂ ਰੀਜ਼ਾਈਨ ਕਰ ਦੇਵਾਂਗਾ ਨਹੀਂ ਤਾਂ ਐਲੀਗੇਸ਼ਨ ਲਗਾਉਣ ਵਾਲਾ ਰੀਜ਼ਾਈਨ ਕਰ ਦੇਵੇ।

**Expunged as ordered by the Chair.

ਸ੍ਰੀ ਜਗਦੀਸ਼ ਸਾਹਨੀ : ਇਹ ਸੌਦੇ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਵੇਲੇ ਅਤੇ ਬਰਾੜ ਸਾਹਿਬ ਦੀ ਸਰਕਾਰ ਵੇਲੇ ਹੁੰਦੇ ਰਹੇ ਹਨ ਅਤੇ ਪੈਸੇ ਲੈ ਕੇ ਸੌਦੇ ਹੁੰਦੇ ਸਨ ।

ਸ੍ਰੀ ਅਵਤਾਰ ਹੈਨਰੀ : ** ** **

ਸ੍ਰੀ ਸੱਤਪਾਲ ਗੋਸਾਈਂ : ਸਪੀਕਰ ਸਾਹਿਬ, ਸਾਡੇ ਕੋਲ ਉਸ ਵਕਤ ਜਿਹੜੇ ਸੌਦੇ ਹੋਏ ਸਨ ਉਸ ਦੀ ਟੇਪਰਿਕਾਰਡਿੰਗ ਕੀਤੀ ਹੋਈ ਗੱਲਬਾਤ ਦੀ ਟੇਪ ਹੈ । ਉਹ ਅਸੀਂ ਸੁਣਾ ਸਕਦੇ ਹਾਂ ।

ਸ੍ਰੀ ਅਵਤਾਰ ਹੈਨਰੀ : ਪੁਆਇੰਟ ਆਫ ਆਰਡਰ ਸਰ ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ: ਸਪੀਕਰ ਸਾਹਿਬ, ਅਸੀਂ ਟਰਾਂਸਪੇਰੈਂਸੀ ਇਸ ਤਰ੍ਹਾਂ ਬਣਾਈ ਹੈ ਕਿ ਜਿਥੇ ਨੀਲਾਮੀ ਹੋਵੇ ਉਥੇ ਸੀਨੀਅਰ ਅਫਸਰ ਹੋਵੇਗਾ ਅਤੇ ਉਸ ਨੀਲਾਮੀ ਦੀ ਵੀਡਿਓ ਰਿਕਾਰਡਿੰਗ ਹੋਵੇਗੀ ਤਾਂ ਕਿ ਕੋਈ ਇਹ ਨਾ ਕਹੇ ਕਿ ਮੈਂ ਬੋਲੀ ਲਈ ਖੜ੍ਹਾ ਹੋਇਆ ਸੀ ਅਤੇ ਮੈਨੂੰ ਬੋਲੀ ਨਹੀ ਦੇਣ ਦਿੱਤੀ ਗਈ ਔਰ ਮੇਰੀ ਬੋਲੀ ਨੂੰ ਰਿਜੈਕਟ ਕਰ ਦਿੱਤਾ ਗਿਆ ਸੀ ਅਤੇ ਦੂਜੇ ਦੇ ਨਾਂ ਬੋਲੀ ਕਰ ਦਿੱਤੀ ਗਈ ਸੀ। ਜਿਸ ਤਰ੍ਹਾਂ ਪਹਿਲੇ ਹੁੰਦਾ ਰਿਹਾ ਹੈ ਪਿਛਲੀ ਸਰਕਾਰ ਦੇ ਵਕਤ, ਬੋਲੀ ਪਹਿਲੇ ਹੀ ਤਹਿ ਹੋ ਜਾਂਦੀ ਸੀ ਅਤੇ ਅਫਸਰ ਦੇ ਕੰਨ ਵਿਚ ਪਹਿਲੇ ਹੀ ਕਹਿ ਦਿੱਤਾ ਜਾਂਦਾ ਸੀ ਕਿ ਫਲਾਣੇ ਨਾਂ ਉਤੇ ਬੋਲੀ ਤੋੜਨੀ ਹੈ ! ਔਰ ਅਗਰ ਕੋਈ ਹੋਰ ਬੋਲੀ ਦੇਵੇ ਉਸ ਵੱਲ ਮੂੰਹ ਨਹੀਂ ਕਰਨਾ ਅਤੇ ਦੇਖਿਆ ਅਣ-ਦੇਖਿਆ ਕਰ ਦਿੱਤਾ ਜਾਂਦਾ ਸੀ। ਇਸ ਤਰੀਕੇ ਦੀਆਂ ਪਿਛਲੀ ਸਰਕਾਰ ਦੇ ਵਕਤ ਧਾਂਧਲੀਆਂ ਹੁੰਦੀਆਂ ਰਹੀਆਂ ਹਨ ਜਿਸ ਨੂੰ ਸਾਡੀ ਸਰਕਾਰ ਨੇ ਆ ਕੇ ਬੰਦ ਕਰਵਾਇਆ ਹੈ । ਇਹੀ ਕਾਰਨ ਹੈ ਕਿ ਪਿਛਲੀ ਸਰਕਾਰ ਦੇ ਵਕਤ ਨੀਲਾਮੀ ਵਿਚ 1000 ਕਰੋੜ ਰੁਪਿਆ ਇਨ੍ਹਾਂ ਨੇ ਇੱਕਠਾ ਕੀਤਾ ਸੀ ਜਦ ਕਿ ਸਾਡੀ ਸਰਕਾਰ ਨੇ 1200 ਕਰੋੜ ਰੁਪਿਆ ਨੀਲਾਮੀ ਵਿਚ ਇੱਕਠਾ ਕੀਤਾ ਹੈ, ਯਾਨੀ 200 ਕਰੋੜ ਰੁਪਏ ਦਾ ਫਾਇਦਾ ਸਰਕਾਰ ਦਾ ਹੋਇਆ ਹੈ ।

ਸਪੀਕਰ ਸਾਹਿਬ, ਇਥੇ ਹੋਰ ਬੜੀਆ ਗੱਲਾਂ ਕੀਤੀਆਂ ਗਈਆਂ ਹਨ । ਜਿਸ ਤਰ੍ਹਾਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਬਾਰੇ ਇਥੇ ਜ਼ਿਕਰ ਕੀਤਾ ਗਿਆ ਅਤੇ ਕਿਸ ਕਿਸਮ ਦੀਆਂ ਧਾਂਧਲਬਾਜੀਆਂ ਹੁੰਦੀਆਂ ਰਹੀਆਂ, ਜੋ ਕੁਝ ਹੋਇਆ ਉਨ੍ਹਾਂ ਸਾਰੀਆਂ ਗੱਲਾਂ ਦਾ ਹਾਊਸ ਨੂੰ ਪਤਾ ਹੀ ਹੈ । ਲਹਿਰਾਗਾਗਾ ਮਿਊਂਸਿਪਲ ਕਮੇਟੀ ਦੀਆਂ ਇਲੈਕਸ਼ਨਾਂ ਹੋਈਆਂ । ਉਥੇ ਉਤਨੀ ਦੇਰ ਤੱਕ ਪ੍ਰਧਾਨ ਦੀ ਚੋਣ ਨਹੀਂ ਹੋਣ ਦਿੱਤੀ ਗਈ ਜਦ ਤੱਕ ਇਨ੍ਹਾਂ ਨੇ ਮੈਂਬਰਾਂ ਨੂੰ ਡਰਾ ਧਮਕਾ ਕੇ ਅਤੇ ਕੁਝ ਦੇ ਕੇ ਆਪਣੇ ਨਾਲ ਮਿਲਾ ਨਹੀਂ ਲਿਆ ਅਤੇ ਇਹ ਸਭ ਕੁਝ ਡੀ. ਸੀ. ਅਤੇ ਐਸ. ਡੀ. ਐਮ. ਦੇ ਨਾਲ ਮਿਲ ਕੇ ਭੈਣ ਭੱਠਲ ਨੇ ਆਪਣੇ ਇਲਾਕੇ ਵਿਚ ਕੀਤਾ ਅਤੇ ਪ੍ਰੈਜ਼ੀਡੈਂਟ ਦੀ ਇਲੈਕਸ਼ਨ ਪੋਸਟਪੋਨ ਕਰਵਾਉਂਦੇ ਰਹੇ ਜਿੰਨੀ ਦੇਰ ਤੱਕ ਇਨ੍ਹਾਂ ਨੂੰ ਮਿਊਂਸਿਪਲ ਕਮੇਟੀ ਦੇ ਵਿਚ ਮੈਜਾਰਿਟੀ ਨਹੀਂ ਮਿਲ ਗਈ । ਇਸੇ ਤਰ੍ਹਾਂ ਵਗਵਾੜਾ ਮਿਊਂਸਿਪਲ ਕਮੇਟੀ ਦੇ ਵਿਚ ਪ੍ਰੈਜ਼ੀਡੈਂਟ ਦੀ ਇਲੈਕਸ਼ਨ ਪਿਛਲੀ ਸਰਕਾਰ ਨੇ ਸਾਢੇ ਚਾਰ ਸਾਲ ਪੌਣੇ ਪੰਜ ਸਾਲ ਤੱਕ ਨਹੀਂ ਹੋਣ ਦਿੱਤੀ ਕਿਉਂਕਿ ਇਨ੍ਹਾਂ ਦੀ ਪਾਰਟੀ ਨੂੰ ਡਰ ਸੀ ਕਿ

**Expunged as ordered by the Chair.

ਦੂਜੀ ਪਾਰਟੀ ਦਾ ਪ੍ਰੈਜ਼ੀਡੈਂਟ ਬਣ ਜਾਵੇਗਾ ਔਰ ਇਹ ਇਲੈਕਸ਼ਨ ਨੂੰ ਪੋਸਟਪੋਨ ਕਰਦੇ ਰਹੇ। ਫੇਰ ਸਾਡੀ ਪਾਰਟੀ ਦੀ ਸਰਕਾਰ ਆਈ ਔਰ ਅਸੀਂ ਉਥੇ ਪ੍ਰੈਜ਼ੀਡੈਂਟ ਦੀ ਇਲੈਕਸ਼ਨ ਕਰਵਾਈ ਹੈ। ਇਸੇ ਤਰ੍ਹਾਂ ਮੁਕੇਰੀਆਂ ਦੇ ਵਿਚ ਵੀ ਪਿਛਲੀ ਸਰਕਾਰ ਦੇ ਖਜ਼ਾਨਾ ਮੰਤਰੀ ਇਸੇ ਤਰ੍ਹਾਂ ਕਰਦੇ ਰਹੇ। ਇਲੈਕਸ਼ਨ ਨੂੰ ਪੋਸਟਪੋਨ ਕਰਵਾਉਂਦੇ ਰਹੇ ਕਿਉਂਕਿ ਉਨ੍ਹਾਂ ਨੂੰ ਵੀ ਡਰ ਸੀ ਕਿ ਦੂਜੀ ਪਾਰਟੀ ਦਾ ਪ੍ਰੈਜ਼ੀਡੈਂਟ ਮਿਊਂਸਿਪਲ ਕਮੇਟੀ ਦੇ ਵਿਚ ਬਣ ਜਾਵੇਗਾ। ਇਸ ਤਰੀਕੇ ਨਾਲ ਇਹ ਡੈਮੋਕਰੇਸੀ ਦੇ ਵਿਚ ਪਾਰਟ ਪਲੇਅ ਕਰਦੇ ਰਹੇ। ਇਸ ਤਰ੍ਹਾਂ ਦੀਆਂ ਗੇਮਜ਼ ਨੂੰ ਪਿਛਲੀ ਸਰਕਾਰ ਵਾਲੇ ਖੇਲਦੇ ਰਹੇ ਅਤੇ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰਦੇ ਰਹੇ। ਜਿਥੇ ਦੂਜੀ ਪਾਰਟੀ ਦੀ ਮੈਜਾਰਿਟੀ ਹੁੰਦੀ ਸੀ ਉਥੇ ਇਹ ਇਲੈਕਸ਼ਨ ਨੂੰ ਕਿਸੇ ਨਾ ਕਿਸੇ ਬਹਾਨੇ ਪੋਸਟਪੋਨ ਕਰਵਾ ਦਿੰਦੇ ਸਨ ਅਤੇ ਡੈਮੋਕਰੇਸੀ ਦੇ ਨਾਲ ਇਕ ਮਜ਼ਾਕ ਕੀਤਾ ਜਾ ਰਿਹਾ ਸੀ।

ਸਪੀਕਰ ਸਾਹਿਬ, ਹਾਊਸ ਵਿੱਚ ਕੁਝ ਗੱਲਾਂ ਕਹੀਆਂ ਗਈਆਂ ਹਨ ਕਿ ਅਸੀਂ ਵਾਅਦੇ ਪੂਰੇ ਨਹੀਂ ਕੀਤੇ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਇਹ ਗੱਲ ਕਹਾਂਗਾ ਕਿ "ਉਲਟੇ ਬਾਂਸ ਬਰੇਲੀ ਕੋ" ਕਿਉਂਕਿ ਜੋ ਵਾਅਦੇ ਕਾਂਗਰਸ ਨੇ ਕੀਤੇ ਸਨ ਉਨ੍ਹਾਂ ਵਿਚੋਂ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ। ਬੜੇ ਜ਼ੋਰ ਨਾਲ ਕਾਂਗਰਸੀ ਭਰਾਵਾਂ ਨੇ ਕਿਹਾ ਸੀ ਕਿ ਸੈਂਟਰਲ ਸਰਕਾਰ ਨਾਲ ਗੱਲਬਾਤ ਹੋ ਗਈ ਹੈ ਅਤੇ ਪੰਜਾਬ ਦੇ ਸਾਰੇ ਕਰਜ਼ੇ ਮੁਆਫ ਹੋ ਜਾਣੇ ਹਨ। ਖੁਦ ਪ੍ਰਾਈਮ ਮਨਿਸਟਰ ਲੁਧਿਆਣਾ ਵਿਖੇ ਆਇਆ ਅਤੇ ਐਲਾਨ ਕੀਤਾ ਗਿਆ ਪ੍ਰੈਸ ਰਾਹੀਂ, ਟੀ.ਵੀ. ਰਾਹੀਂ ਅਤੇ ਹੋਰ ਮਾਧਿਅਮਾਂ ਰਾਹੀਂ ਪਰ ਇਹ ਦੱਸਣ ਜੇ ਇਨ੍ਹਾਂ ਵਿਚੋਂ ਇਕ ਵੀ ਵਾਅਦਾ ਪੂਰਾ ਕੀਤਾ ਗਿਆ ਹੋਵੇ। ਹੋਇਆ ਸਿਰਫ ਇਹ ਕਿ ਉਹ ਕਰਜ਼ੇ ਦੀ ਕਿਸ਼ਤ ਥੋੜ੍ਹੀ ਦੇਰ ਵਾਸਤੇ ਪੋਸਟਪੋਨ ਕੀਤੀ। ਫੇਰ ਸੇਲਜ਼ ਟੈਕਸ ਮੁਆਫ ਕਰਨ ਦਾ ਵਾਅਦਾ ਕੀਤਾ। ਇਥੋਂ ਤੱਕ ਕਿ ਬਜਟ ਸੈਸ਼ਨ ਵਿਚ ਵੀ ਕਹਿ ਦਿਤਾ ਕਿ ਫਲਾਣੀ ਫਲਾਣੀ ਆਈਟਮ ਤੇ ਸੇਲਜ਼ ਟੈਕਸ ਮੁਆਫ ਕਰ ਦਿਤਾ ਗਿਆ ਹੈ ਅਤੇ ਫਲਾਣੀ ਫਲਾਣੀ ਆਈਟਮ ਤੇ ਸੈਲਜ਼ ਟੈਕਸ ਘਟਾ ਗਿਆ ਹੈ। 1-4-1996 ਤੋਂ ਇਹ ਐਲਾਨ ਹੋਇਆ ਸੀ ਪਰ ਕੀਤਾ ਕੁਝ ਨਹੀਂ ਗਿਆ। ਬਜਟ ਸੈਸ਼ਨ ਵਿਚ ਐਲਾਨ ਕਰ ਦਿਤਾ, ਹੋਰ ਪਬਲਿਕ ਥਾਵਾਂ ਤੇ ਜਗ੍ਹਾ ਜਗ੍ਹਾ ਐਲਾਨ ਕਰ ਦਿੱਤਾ ਅਤੇ ਵਪਾਰੀਆਂ ਦੀ ਮੀਟਿੰਗਾਂ ਵਿਚ ਐਲਾਨ ਕਰ ਦਿੱਤਾ।

ਡਾਕਟਰ ਹਰਬੰਸ ਲਾਲ: ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ......

ਸ਼੍ਰੀ ਸਪੀਕਰ: ਡਾਕਟਰ ਸਾਹਿਬ, ਤੁਸੀਂ ਬੈਠ ਜਾਓ।

ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ: ਸਪੀਕਰ ਸਾਹਿਬ, ਨਤੀਜਾ ਕੀ ਹੋਇਆ ਕਿ ਉਹ ਵਪਾਰੀ ਸਾਡੇ ਕੋਲ ਆਏ ਅਤੇ ਉਨ੍ਹਾਂ ਨੇ ਬਾਦਲ ਸਾਹਿਬ ਨਾਲ ਗੱਲਬਾਤ ਕੀਤੀ। ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਜੋ ਕਹਿੰਦੇ ਹਨ, ਉਹ ਕਰਕੇ ਦਿਖਾਉਂਦੇ ਹਨ। ਪਹਿਲਾਂ ਵਪਾਰੀਆਂ ਨਾਲ ਜਨਰਲ ਮੀਟਿੰਗ ਹੋਈ। ਜਨਰਲ ਮੀਟਿੰਗ ਤੋਂ ਬਾਅਦ ਅਗਲੀ ਮੀਟਿੰਗ ਚਾਰ ਦਿਨਾਂ ਬਾਅਦ ਰੱਖੀ ਗਈ।

ਡਾਕਟਰ ਹਰਬੰਸ ਲਾਲ: ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ........ (ਵਿਘਨ)।

ਸ੍ਰੀ ਸਪੀਕਰ: ਡਾਕਟਰ ਸਾਹਿਬ, ਮੈਨੂੰ ਪਤਾ ਹੈ ਕਿ ਤੁਸੀਂ ਕੀ ਕਹਿਣਾ ਹੈ। ਬੈਠ ਜਾਓ।

* 12.23 ਬਾਅਦ ਦੁਪਹਿਰ	(ਇਸ ਸਮੇਂ *ਪ੍ਰੋਫੈਸਰ ਜਗੀਰ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ: ਚੇਅਰਮੈਨ ਸਾਹਿਬ, ਮੈਂ ਦੱਸ ਰਿਹਾ ਸੀ ਕਿ ਅਗਲੀ ਮੀਟਿੰਗ ਚਾਰ ਦਿਨਾਂ ਬਾਅਦ ਰੱਖੀ ਗਈ। ਜੋ ਮੀਟਿੰਗ ਵਿਚ ਐਲਾਨ ਹੋਣਾ ਸੀ ਉਹ ਹੋਇਆ। ਸਭ ਤੋਂ ਵੱਡੀ ਗੱਲ ਬਾਦਲ ਸਾਹਿਬ ਨੇ ਇਹ ਕਹੀ ਕਿ 2 ਘੰਟੇ, 4 ਘੰਟੇ, 6 ਘੰਟੇ ਯਾਨੀ ਤਦ ਤੱਕ ਬੈਠੇ ਰਹੋ ਜਦ ਤਕ ਤੁਹਾਡੀ ਗੱਲ ਪੂਰੀ ਨਹੀਂ ਹੁੰਦੀ। ਜਿਸ ਤਰ੍ਹਾਂ ਫਿਲਮਾਂ ਵਿਚ ਗਾਇਆ ਜਾਂਦਾ ਹੈ ਕਿ "ਹਮ ਤੁਮ ਇਕ ਕਮਰੇ ਮੇਂ ਬੰਦ ਹੋਂ ਔਰ ਚਾਬੀ ਖੋ ਜਾਏ।" (ਵਿਘਨ)

ਚੇਅਰਮੈਨ ਸਾਹਿਬ, 5 ਘੰਟੇ ਦੀ ਮੀਟਿੰਗ ਤੋਂ ਬਾਅਦ ਜੋ ਐਲਾਨ ਕਰਨਾ ਸੀ, ਹੋਇਆ। ਪਿਛਲੀ ਕਾਂਗਰਸ ਦੀ ਸਰਕਾਰ ਨੇ ਬੜਾ ਵਾਵੇਲਾ ਕੀਤਾ ਕਿ 1-4-1996 ਤੋਂ ਕਈ ਆਈਟਮਾਂ ਤੇ ਸੇਲਜ਼ ਟੈਕਸ ਮੁਆਫ ਕਰ ਦਿੱਤਾ ਹੈ ਅਤੇ ਕਈ ਆਈਟਮਾਂ ਤੇ ਸੇਲਜ਼ ਟੈਕਸ ਘਟਾ ਦਿੱਤਾ ਹੈ। ਇਹ ਬਜਟ ਸੈਸ਼ਨ ਵਿਚ ਸਰਕਾਰ ਨੇ ਐਲਾਨ ਕਰ ਦਿੱਤਾ। ਇਹ ਟੈਕਸ ਵਪਾਰੀ ਕਿੱਥੋਂ ਇਕੱਠਾ ਕਰਨ। ਇਹ ਟੈਕਸ ਹਜ਼ਾਰਾਂ ਦਾ ਨਹੀਂ ਬਲਕਿ ਲੱਖਾਂ ਰੁਪਏ ਦਾ ਹੈ। ਵਪਾਰੀਆਂ ਨੇ ਕਿਹਾ ਕਿ ਹੁਣ ਕੁਝ ਨਹੀਂ ਹੋ ਸਕਦਾ। ਹੁਣ ਟੈਕਸ ਇਕੱਠਾ ਕਰਕੇ ਅਸੀਂ ਕਿਵੇਂ ਦੇਵਾਂਗੇ। ਜਦੋਂ ਸਰਕਾਰ ਨੇ ਟੈਕਸ ਮੁਆਫ ਕਰਨ ਦਾ ਅਤੇ ਕੁਝ ਆਈਟਮਾਂ ਤੇ ਘਟਾਉਣ ਦਾ ਐਲਾਨ ਕਰ ਦਿਤਾ ਸੀ। (ਵਿਘਨ)

ਚੌਧਰੀ ਜਗਜੀਤ ਸਿੰਘ: ** ** **

ਸ੍ਰੀ ਸਭਾਪਤੀ ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ: ਚੇਅਰਮੈਨ ਸਾਹਿਬ, ਵਪਾਰੀਆਂ ਨੇ ਕਿਹਾ ਕਿ ਟੈਕਸ ਅਸੀਂ ਇਕੱਠਾ ਹੀ ਨਹੀਂ ਕੀਤਾ ਕਿਉਂਕਿ ਸਰਕਾਰ ਨੇ ਟੈਕਸ ਮੁਆਫ ਕਰ ਦਿੱਤਾ ਸੀ ਅਤੇ ਬਜਟ ਸੈਸ਼ਨ ਵਿਚ ਐਲਾਨ ਕਰ ਦਿੱਤਾ ਸੀ ਕਿ ਟੈਕਸ ਮੁਆਫ ਕਰ ਦਿੱਤਾ ਹੈ। ਚੇਅਰਮੈਨ ਸਾਹਿਬ, ਏਨਾ ਹੀ ਨਹੀਂ, ਬਾਕੀ ਦੀਆਂ ਮੰਗਾਂ ਦੇ ਉਤੇ ਜੋ ਕੁਝ ਕੀਤਾ, ਸੋ ਕੀਤਾ, ਏਨੀ ਫਰਾਖਦਿਲੀ ਨਾਲ ਬਾਦਲ ਸਾਹਿਬ ਨੇ ਕਿਹਾ ਕਿ ਤੁਹਾਡੇ ਨਾਲ ਜੋ ਵਾਇਦੇ ਪਿਛਲੀ ਸਰਕਾਰ ਨੇ ਪੂਰੇ ਨਹੀਂ ਕੀਤੇ ਉਹ ਅਸੀਂ ਸਾਰੇ ਦੇ ਸਾਰੇ ਵਾਇਦੇ 1-4-96 ਤੋਂ ਸੇਲਜ਼ ਟੈਕਸ ਮੁਆਫ ਕਰਕੇ ਪੂਰੇ ਕਰਾਂਗੇ। ਉਨ੍ਹਾਂ ਨੇ 4-6-97 ਨੂੰ ਕੈਬਿਨੇਟ ਦੀ ਮੀਟਿੰਗ ਕਰਕੇ ਇਸ ਫੈਸਲੇ ਤੇ ਮੋਹਰ ਲਾਈ ਅਤੇ ਇਸ ਨੂੰ ਪੂਰਾ ਕੀਤਾ। ਚੇਅਰਮੈਨ ਸਾਹਿਬ, ਇਨ੍ਹਾਂ ਨੇ ਕੇਵਲ ਵਾਇਦੇ ਕੀਤੇ ਪਰ ਪੂਰੇ ਨਹੀਂ ਕੀਤੇ। ਫਿਰ ਇਨ੍ਹਾਂ ਨੇ ਪੇਂਡੂ ਚੌਂਕੀਦਾਰਾਂ ਵਾਸਤੇ ਐਲਾਨ ਕੀਤਾ ਕਿ ਉਨ੍ਹਾਂ ਦਾ ਭੱਤਾ 300/- ਰੁਪਏ ਤੋਂ ਵਧਾ ਕੇ 350/-

**Expunged as ordered by the Chair.

ਰੁਪਏ ਕਰ ਦੇਣਗੇ । ਇਹ ਬੜਾ ਵੱਡਾ ਵਾਇਦਾ ਹੈ, ਉਨ੍ਹਾਂ ਲੋਕਾਂ ਨੂੰ ਇਹ ਸੁਣ ਕੇ ਬੜੀ ਰਾਹਤ ਮਿਲੀ । ਇਸ ਇਨਫਲੇਸ਼ਨਰੀ ਪੀਰੀਅਡ ਵਿਚ ਉਨ੍ਹਾਂ ਨੂੰ ਕੁਝ ਨਾ ਕੁਝ ਰਾਹਤ ਮਿਲੀ । ਉਹ ਵੀ ਸਾਡੇ ਕੋਲ ਚਲਕੇ ਆਏ । ਉਨ੍ਹਾਂ ਦੀ ਗੱਲ ਵੀ ਸੁਣੀ ਗਈ । ਬਾਦਲ ਸਾਹਿਬ ਦੀ ਸਰਕਾਰ ਨੇ ਏਨਾ ਹੀ ਨਹੀਂ, ਉਨ੍ਹਾਂ ਦਾ ਭੱਤਾ 300/- ਰੁਪਏ ਤੋਂ ਵਧਾ ਕੇ 350/- ਰੁਪਏ ਹੀ ਨਹੀਂ ਕੀਤਾ ਬਲਕਿ 400/- ਰੁਪਏ ਕਰ ਦਿੱਤਾ ਹੈ । (ਥੰਪਿੰਗ) ਉਨ੍ਹਾਂ ਨੇ ਕਿਹਾ ਕਿ ਅਸੀਂ ਇਸ ਢੰਗ ਨਾਲ ਤੁਹਾਡੇ ਨਾਲ ਵਾਇਦਾ ਖਿਲਾਫੀ ਨਹੀਂ ਹੋਣ ਦੇਣੀ, ਜੇ ਵਾਇਦਾ ਕੀਤਾ ਜਾਵੇ ਤਾਂ ਉਹ ਪੂਰਾ ਵੀ ਕਰਨਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਇਸ ਦੇ ਨਾਲ ਨਾਲ ਜੋ ਅਸੀਂ ਸਟੈਪਸ ਚੁੱਕ ਰਹੇ ਹਾਂ ਉਹ ਪੰਜਾਬ ਦੀ ਤਰੱਕੀ ਦੇ ਵਾਸਤੇ ਚੁੱਕ ਰਹੇ ਹਾਂ । ਚਾਹੇ ਉਹ ਲੋਕਲ ਗੌਰਮਿੰਟ ਡਿਪਾਰਟਮੈਂਟ ਦੇ ਬਾਰੇ ਵਿਚ ਹਨ, ਚਾਹੇ ਉਹ ਹੈਲਥ ਡਿਪਾਰਟਮੈਂਟ ਦੇ ਬਾਰੇ ਵਿਚ ਹਨ, ਅਸੀਂ ਕਈ ਸਟੈਪਸ ਲਏ ਹਨ । ਸਾਡਾ ਮੰਤਵ ਇਹ ਹੈ ਕਿ ਪੰਜਾਬ ਵਿਚ ਇਸ ਵਕਤ ਜੋ ਹਾਲਤ ਬਣੀ ਹੋਈ ਹੈ, ਉਸ ਨੂੰ ਅਸੀਂ ਠੀਕ ਲੀਹਾਂ ਤੇ ਚਲਾ ਸਕੀਏ । ਅੱਜ ਸ਼ਹਿਰਾਂ ਦੀ ਹਾਲਤ ਕੀ ਹੈ । ਜਗ੍ਹਾ ਜਗ੍ਹਾ ਦੇ ਉਤੇ ਜੋ ਪਿਛਲੇ 15-20 ਸਾਲਾਂ ਦੇ ਵਿਚ ਜਦੋਂ ਤੋਂ ਕਾਂਗਰਸ ਦੀ ਹਕੂਮਤ ਰਹੀ ਅਤੇ ਤਕਰੀਬਨ ਗਵਰਨਰ ਰੂਲ ਰਿਹਾ, ਹਾਲਤ ਜਿਸ ਕਿਸਮ ਦੀ ਬਣੀ ਹੋਈ ਸੀ, ਉਹ ਨਜ਼ਰ ਆ ਰਹੀ ਹੈ । ਸ਼ਹਿਰਾਂ ਦੇ ਚਾਰ ਚੁਫੇਰੇ, ਚਾਹੇ ਛੋਟੇ ਨਗਰ ਹਨ, ਸਿਟੀਜ਼ ਹਨ, ਸਭ ਪਾਸੇ ਨਵੇਂ ਨਵੇਂ ਸਲੱਮਜ਼ ਕਰੀਏਟ ਹੋ ਰਹੇ ਹਨ । ਉਸ ਕਰੀਏਸ਼ਨ ਵਿਚ ਕਿਸੇ ਕਿਸਮ ਦੀ ਉਹ ਜ਼ਿੰਦਗੀ ਜਿਹੜੀ ਇਕ ਇਨਸਾਨ ਜਿਊਂਦਾ ਹੈ, ਉਹ ਮੌਜੂਦ ਨਹੀਂ ਹੈ । ਸ਼ਹਿਰਾਂ ਦੇ ਅੰਦਰ ਵੀ ਸਫਾਈ ਦੀ ਹਾਲਤ ਬੜੀ ਭੈੜੀ ਹੈ । ਅੱਗੋਂ ਵਾਟਰ ਸਪਲਾਈ ਦੇ ਸਿਸਟਮ ਬਾਰੇ ਵੀ ਕਿਸੇ ਕਿਸਮ ਦਾ ਪੂਰਾ ਪ੍ਰਬੰਧ ਨਹੀਂ । ਗਰਮੀਆਂ ਦੇ ਦਿਨਾਂ ਵਿੱਚ ਹਾਲਤ ਐਸੀ ਭੈੜੀ ਹੋ ਜਾਂਦੀ ਹੈ ਜੋ ਕੋਈ ਕਹਿਣ ਦੀ ਗੱਲ ਨਹੀਂ । ਹੁਣ 3-4 ਮਹੀਨੇ ਤੋਂ ਜਦੋਂ ਤੋਂ ਸਾਡੀ ਸਰਕਾਰ ਆਈ ਹੈ, ਅਸੀਂ 3 ਮਹੀਨਿਆਂ ਵਿਚ 30 ਨਵੇਂ ਟਿਊਬਵੈਲ ਲਗਾਏ ਹਨ ਅਤੇ ਅਗੋਂ ਪਾਈਪਾਂ ਨਾਲ ਪਾਣੀ ਦਾ ਪ੍ਰਬੰਧ ਇਸ ਢੰਗ ਨਾਲ ਕਰ ਰਹੇ ਹਾਂ ਕਿ ਅਗਲੇ ਸਾਲ ਤੱਕ, ਲੋਕਲ ਬਾਡੀਜ਼ ਡਿਪਾਰਟਮੈਂਟ ਨੇ ਮੋਟੇ ਤੌਰ ਤੇ ਨਿਸ਼ਚਾ ਕੀਤਾ ਹੈ ਕਿ ਅਗਲੇ ਸਾਲ ਤੱਕ ਇਸ ਤਰੀਕੇ ਨਾਲ ਵਾਟਰ ਸਪਲਾਈ ਦਾ ਪ੍ਰਬੰਧ ਕਰਾਂਗੇ ਜਿਸ ਨਾਲ ਵੱਡੇ ਵੱਡੇ ਸ਼ਹਿਰਾਂ ਵਿਚ ਲੋਕਾਂ ਨੂੰ ਜਿਹੜੀ ਪਾਣੀ ਦੀ ਹਰ ਵਕਤ ਉਡੀਕ ਰਹਿੰਦੀ ਹੈ, ਉਹ ਹਮੇਸ਼ਾ ਵਾਸਤੇ ਖਤਮ ਹੋ ਜਾਵੇ ਅਤੇ ਪਾਣੀ ਹਰ ਵਕਤ ਸੁਚੱਜਾ ਅਤੇ ਸਾਫ ਪੀਣ ਵਾਸਤੇ ਅਤੇ ਹੋਰ ਗੁਜ਼ਾਰੇ ਵਾਸਤੇ ਮੁਹੱਈਆ ਹੋ ਸਕੇ ।

ਚੇਅਰਮੈਨ ਸਾਹਿਬ, ਏਨਾ ਹੀ ਨਹੀਂ ਅਸੀਂ ਏਨੇ ਹੀ ਟਾਈਮ ਵਿਚ ਹੋਰ ਵੀ ਕਈ ਸਕੀਮਾਂ ਆਪਣੇ ਹੱਥ ਵਿਚ ਲਈਆਂ ਹਨ ਤਾਂਕਿ ਅਸੀਂ ਪੰਜਾਬ ਦੀ ਤਰੱਕੀ ਦੇ ਸਾਧਨ ਅੱਛੇ ਬਣਾ ਸਕੀਏ । ਪਿਛਲੇ ਦਿਨਾਂ ਵਿਚ ਜੋ ਕੁਝ ਇਥੇ ਹੋਇਆ ਹੈ, ਚੋਣਾਂ ਹੋਈਆਂ ਹਨ । ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੀਆਂ ਕਾਰਪੋਰੇਸ਼ਨਾਂ ਦੀਆਂ ਚੋਣਾਂ ਹੋਈਆਂ ਹਨ । ਉਹ ਚੋਣਾਂ ਕਾਂਗਰਸ ਦੀ ਸਰਕਾਰ ਨੂੰ ਇਕ ਸਾਲ ਪਹਿਲਾਂ ਕਰਵਾਉਣੀਆਂ ਚਾਹੀਦੀਆਂ ਸਨ । ਇਹ ਕਾਂਸਟੀਚਿਊਸ਼ਨਲ ਰਿਕੁਆਇਰਮੈਂਟ ਹੈ । 24 ਵੀਂ ਅਮੈਂਡਮੈਂਟ ਦੇ ਮੁਤਾਬਿਕ

[ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ]

ਪੀਰੀਅਡ ਖਤਮ ਹੋਣ ਤੋਂ ਪਹਿਲਾਂ ਪਹਿਲਾਂ ਚੋਣਾਂ ਹੋਣੀਆਂ ਚਾਹੀਦੀਆਂ ਹਨ । ਪਰ ਇਨ੍ਹਾਂ ਨੂੰ ਡੈਮੋਕਰੇਟਿਕ ਨਾਰਮਜ਼ ਤੇ ਵਿਸ਼ਵਾਸ ਨਹੀਂ, ਇਨ੍ਹਾਂ ਨੂੰ ਆਪਣੇ ਤੇ ਵੀ ਵਿਸ਼ਵਾਸ ਨਹੀਂ ਕਿ ਜੇ ਚੋਣਾਂ ਕਰਾ ਦਿਤੀਆਂ ਤਾਂ ਪਤਾ ਨਹੀਂ ਸਫਲਤਾ ਮਿਲੇਗੀ ਜਾਂ ਨਹੀਂ ਅਤੇ ਜੇ ਹਾਰ ਗਏ ਤਾਂ ਉਸਦਾ ਅਸੰਬਲੀ ਦੀਆਂ ਚੋਣਾਂ ਤੇ ਅਸਰ ਹੋਵੇਗਾ । ਇਨ੍ਹਾਂ ਨੇ ਪਾਰਲੀਮੈਂਟਰੀ ਚੋਣਾਂ ਵਿਚ ਵੀ ਆਪਣੀ ਪਾਰਟੀ ਦਾ ਹਸ਼ਰ ਦੇਖ ਲਿਆ ਸੀ, ਤਾਂ ਹੀ ਹਾਈ ਕੋਰਟ ਨੂੰ ਕਹਿਣਾ ਪਿਆ The Govt. is reluctant by all means. ਫਿਰ ਇਨ੍ਹਾਂ ਨੇ ਕਿਸੇ ਵੀ ਢੰਗ ਨਾਲ ਇਕ ਵਾਰੀ 3 ਮਹੀਨੇ ਦੀ ਛੋਟ ਲਈ, ਫਿਰ 3 ਮਹੀਨੇ ਦੀ ਛੋਟ ਲਈ ਅਤੇ ਆਖਿਰ ਮਾਰਚ ਤੱਕ ਦੀ ਛੋਟ ਲਈ । ਇਨ੍ਹਾਂ ਵਲੋਂ ਇਸ ਇਮਤਿਹਾਨ ਦੀ ਘੜੀ ਨੂੰ ਜਿੰਨਾ ਚਿਰ ਵੀ ਟਾਲਿਆ ਜਾ ਸਕਦਾ ਸੀ, ਉਹ ਇਨ੍ਹਾਂ ਨੇ ਟਾਲਿਆ । ਚੇਅਰਮੈਨ ਸਾਹਿਬ, ਸਾਡੀ ਸਰਕਾਰ ਨੇ ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ We have faced the elections ਅਤੇ ਇਲੈਕਸ਼ਨ ਦੇ ਵਿਚ ਤਿੰਨਾਂ ਜਗ੍ਹਾ ਤੋਂ, ਕਿਉਂਕਿ ਇਹ ਪਾਰਟੀ ਜਨਤਾ ਦੀ ਪਾਰਟੀ ਹੈ, ਇਨ੍ਹਾਂ ਦੋਨਾਂ ਪਾਰਟੀਆਂ ਨੇ ਜਨਤਾ ਦੇ ਹਿਤਾਂ ਵਾਸਤੇ ਕੰਮ ਕੀਤਾ ਹੈ, ਤਿੰਨਾਂ ਜਗ੍ਹਾ ਤੋਂ ਤਿੰਨਾਂ ਹੀ ਥਾਵਾਂ ਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੇਅਰ ਚੁਣੇ ਗਏ । ਇੰਨਾ ਹੀ ਨਹੀਂ, ਚੇਅਰਮੈਨ ਸਾਹਿਬ, ਸਦਨ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਜਦੋਂ ਸਾਡੇ ਮੇਅਰ ਚੁਣੇ ਗਏ, ਸਾਡੇ ਕੌਂਸਲਰ ਚੁਣੇ ਗਏ ਤਾਂ ਥੋੜ੍ਹੇ ਦਿਨਾਂ ਦੇ ਵਿਚ ਹੀ ਇਨ੍ਹਾਂ ਤਿੰਨਾਂ ਕਾਰਪੋਰੇਸ਼ਨਾਂ ਵਿਚ ਇਕ ਲੱਖ ਰੁਪਏ ਤੋਂ ਲੈ ਕੇ 2 ਲੱਖ ਰੁਪਏ ਰੋਜ਼ਾਨਾ ਆਕਟਰਾਏ ਦੀ ਆਮਦਨ ਇਕ ਦਮ ਵਧ ਗਈ ਕਿਉਂਕਿ ਪ੍ਰਬੰਧ ਚੰਗੇ ਤੇ ਸੁਚੱਜੇ ਹੱਥਾਂ ਵਿਚ ਆ ਗਿਆ ਹੈ। ਹੁਣ ਇਮਾਨਦਾਰ ਲੋਕ ਚੁਣ ਕੇ ਆਏ ਹਨ । ਸਿਰਫ ਇਕੋ ਮਹੀਨੇ ਵਿਚ ਇਕ ਲੱਖ ਰੁਪਏ ਤੋਂ ਲੈ ਕੇ ਦੋ ਲੱਖ ਰੁਪਏ ਤੱਕ ਇਕ ਦਿਨ ਦੀ ਆਮਦਨੀ ਵਧੀ ਅਤੇ 30 ਲੱਖ ਰੁਪਏ ਤੋਂ 60 ਲੱਖ ਰੁਪਏ ਤੱਕ ਇਕ ਮਹੀਨੇ ਵਿਚ ਆਮਦਨੀ ਵਧਾ ਕੇ ਦਿਖਾਈ । ਇੰਨਾ ਹੀ ਨਹੀਂ, ਹੋਰ ਵੀ ਅਸੀਂ ਕਈ ਸਟੈਪਸ ਲੋਕਲ ਬਾਡੀਜ਼ ਡਿਪਾਰਟਮੈਂਟ ਵਿਚ ਲੈ ਰਹੇ ਹਾਂ ਤਾਂਕਿ ਇਹ ਜੋ ਸਾਰੀਆਂ ਪਹਿਲਾਂ ਕਮੀਆਂ ਪੇਸ਼ੀਆਂ ਆ ਚੁੱਕੀਆਂ ਸਨ, ਉਨ੍ਹਾਂ ਨੂੰ ਠੀਕ ਕੀਤਾ ਜਾ ਸਕੇ । ਕਮੇਟੀਆਂ ਦੇ ਵਿਚ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਮਾਨੋ, ਸਾਰੇ ਦੇ ਸਾਰੇ ਸਾਧਨ ਘਪਲਾ ਬਣ ਕੇ ਰਹਿ ਗਏ ਹੋਣ। ਡਿਮਾਂਡ ਰਜਿਸਟਰ ਵੀ ਇਕ ਘਪਲਾ ਬਣ ਕੇ ਰਹਿ ਗਿਆ ਹੈ। ਡਿਮਾਂਡ ਰਜਿਸਟਰ ਤੋਂ ਹੀ ਪਤਾ ਲੱਗਦਾ ਹੈ ਕਿ ਕਮੇਟੀ ਦੀ ਆਮਦਨ ਕਿਤਨੀ ਹੈ, ਕਮੇਟੀ ਦੇ ਸਾਧਨ ਕਿਤਨੇ ਹਨ । ਇਸ ਨੂੰ ਕਲੈਰੀਕਲ ਮਿਸਟੇਕ ਸਮਝ ਕੇ ਇਕ ਬੰਨੇ ਰੱਖ ਦਿੱਤਾ ਜਾਂਦਾ ਹੈ । ਸਰਕਾਰ ਨੇ ਸਭ ਨੂੰ ਹਦਾਇਤ ਦੇ ਦਿੱਤੀ ਹੈ ਕਿ ਡਿਮਾਂਡ ਰਜਿਸਟਰ ਨੂੰ ਠੀਕ ਤਰੀਕੇ ਦੇ ਨਾਲ ਮੇਨਟੇਨ ਕੀਤਾ ਜਾਵੇ । ਇਹ ਇਕ ਤਰ੍ਹਾਂ ਦੀ ਪੂੰਜੀ ਹੈ, ਕਮੇਟੀਆਂ ਦੀ ਅਤੇ ਕਾਰਪੋਰੇਸ਼ਨਾਂ ਦੀ ਆਮਦਨ ਦਾ ਸਾਧਨ ਹੈ । ਇਹ ਅਪ-ਟੂ-ਡੇਟ ਹੋਣਾ ਚਾਹੀਦਾ ਹੈ। ਕਿਸੇ ਵੀ ਕੀਮਤ ਤੇ ਇਸ ਵਿਚ ਕੋਈ ਵੀ ਲੈਪਸ ਸਹਿਣ ਨਹੀਂ ਕੀਤੀ ਜਾਵੇਗੀ ਤਾਂ ਕਿ ਕਮੇਟੀਆਂ ਦੀ ਆਮਦਨ ਤੇ ਡਾਕਾ ਨਾ ਵੱਜੇ । ਮੈਂ ਇਕ ਜਗ੍ਹਾ ਵੇਖਣ ਵਾਸਤੇ ਗਿਆ ਤਾਂ ਵੇਖ ਕੇ ਹੈਰਾਨ ਹੋ ਗਿਆ ਕਿ 3-3 ਸਾਲ ਤੱਕ ਬਿੱਲ ਹੀ ਨਹੀਂ ਦਿੱਤੇ ਗਏ । ਇਸ ਨਾਲ ਆਮਦਨ ਘਟ ਜਾਂਦੀ ਹੈ । ਜੇ ਆਮਦਨ ਘਟ ਹੋ ਜਾਵੇਗੀ ਤਾਂ ਟਿਊਬਵੈੱਲ ਕਿਥੋਂ ਲਗਣੇ ਹਨ ਅਤੇ ਸੀਵਰੇਜ ਕਿਥੋਂ ਲੇਅ ਹੋਣਾ ਹੈ । ਸਫਾਈ ਵਾਸਤੇ ਮਜ਼ਦੂਰ ਕਿਥੋਂ ਲੱਗਣੇ ਹਨ ? ਇਹ ਆਮਦਨੀ ਦੇ ਸੋ

ਸਾਰੇ ਸਾਧਨ ਹਨ, ਇਨ੍ਹਾਂ ਤੇ ਡਾਕੇ ਵੱਜਦੇ ਰਹੇ ਹਨ। ਅਸੀਂ ਇਹ ਵੀ ਹਦਾਇਤਾਂ ਕੀਤੀਆਂ ਹਨ ਕਿ ਮਿਉਂਸਿਪਲ ਲੈਂਡ ਤੇ ਨੰਬਰ ਲਗਾ ਕੇ ਕੰਡੇਦਾਰ ਤਾਰ ਲਗਾਈ ਜਾਵੇ ਤਾਂਕਿ ਇਹ ਜਿਹੜਾ ਬੇਸ਼ਕੀਮਤੀ ਖਜ਼ਾਨਾ ਹੈ, ਇਸ ਨੂੰ ਕੋਈ ਲੁੱਟ ਕੇ ਨਾ ਲੈ ਜਾਵੇ। ਪਾਵਰ ਵਿਚ ਹੁੰਦਿਆਂ ਹੋਇਆ ਇਨ੍ਹਾਂ ਵੱਲੋਂ ਇਸ ਖਜ਼ਾਨੇ ਦੀ ਲੁੱਟ ਕੀਤੀ ਜਾਂਦੀ ਸੀ। ਹਣ ਅਸੀਂ ਹਦਾਇਤ ਕੀਤੀ ਹੈ ਕਿ ਇਸ ਨੂੰ ਅੱਖਾਂ ਬੰਦ ਕਰਕੇ ਨਾ ਵੇਖਿਆ ਜਾਵੇ। ਇਸੇ ਤਰ੍ਹਾਂ ਹੀ ਅਸੀਂ ਹੋਰ ਵੀ ਬਹੁਤ ਸਾਰੇ ਕਦਮ ਚੁੱਕੇ ਹਨ। ਲੁਧਿਆਣੇ ਵਿਚ ਜਿਹੜਾ ਅੰਡਰ ਬ੍ਰਿਜ ਹੈ, ਉਸ ਨੂੰ 22 ਫੁੱਟ ਹੋਰ ਵਧਾਇਆ ਹੈ ਅਤੇ ਇਹ ਕੰਮ 30 ਜੂਨ ਨੂੰ ਸਮਾਪਤ ਹੋਵੇਗਾ। ਇਸੇ ਤਰ੍ਹਾਂ ਜਗਰਾਉਂ ਦਾ ਜੋ ਬ੍ਰਿਜ ਹੈ, ਉਸ ਨੂੰ 6 ਫੁੱਟ ਹੋਰ ਉੱਚਾ ਕੀਤਾ ਹੈ ਤਾਂ ਕਿ ਇਲੈਕਟ੍ਰਿਕ ਟ੍ਰੇਨ ਆਰਾਮ ਨਾਲ ਚੱਲ ਸਕੇ। ਸ਼ਹਿਰਾਂ ਵਿਚ ਟ੍ਰੈਫਿਕ ਬਹੁਤ ਵਧ ਰਹੀ ਹੈ। ਹਰ ਸਾਲ ਢਾਈ ਤਿੰਨ ਲੱਖ ਗੱਡੀਆਂ ਰੋਜ਼ ਨਵੀਆਂ ਆਉਂਦੀਆਂ ਹਨ। ਸ਼ਹਿਰਾਂ ਵਿਚ ਕਨਜੈਸ਼ਨ ਇੰਨੀ ਜ਼ਿਆਦਾ ਹੋ ਰਹੀ ਹੈ ਕਿ ਸ਼ਾਇਦ ਸਾਨੂੰ ਪੈਦਲ ਜਾਣ ਦਾ ਕੋਈ ਸਾਧਨ ਬਣਾਉਣਾ ਪਵੇਗਾ, ਗੱਡੀਆਂ ਜਾਣੀਆਂ ਤਾਂ ਮੁਸ਼ਕਲ ਹੋ ਜਾਣਗੀਆਂ। ਕਨਜੈਸ਼ਨ ਘਟਾਉਣ ਵਾਸਤੇ ਕਈ ਥਾਈਂ ਜਿਵੇਂ ਮੋਰਿੰਡਾ ਹੈ, ਡੇਰਾ ਬੱਸੀ ਹੈ, ਬੀ.ਓ.ਟੀ. ਬ੍ਰਿਜ ਬਣਾਉਣ ਦੀ ਸਕੀਮ ਅਸੀਂ ਰੇਲਵੇ ਮਨਿਸਟਰੀ ਕੋਲੋਂ ਲੈ ਲਈ ਹੈ ਤਾਂਕਿ ਆਵਾਜਾਈ ਵਿਚ ਕੋਈ ਵਿਘਨ ਨਾ ਪਵੇ। ਜਦੋਂ ਫਾਟਕ ਬੰਦ ਹੋ ਜਾਂਦੇ ਹਨ ਤਾਂ ਲੋਕਾਂ ਵਾਸਤੇ ਲੰਘਣਾ ਮੁਸ਼ਕਲ ਹੋ ਜਾਂਦਾ ਹੈ। ਸਭ ਤਰ੍ਹਾਂ ਦੀਆਂ ਗੱਡੀਆਂ ਦੀਆਂ ਦੂਰ ਦੂਰ ਤੱਕ ਕਤਾਰਾਂ ਲੱਗ ਜਾਂਦੀਆਂ ਹਨ ਅਤੇ ਲੰਘਣ ਦਾ ਕੋਈ ਸਾਧਨ ਨਹੀਂ ਹੁੰਦਾ। ਲੋਕਾਂ ਨੂੰ ਬਹੁਤ ਪਰੇਸ਼ਾਨੀ ਹੁੰਦੀ ਹੈ। ਅਸੀਂ ਇਸ ਤਰ੍ਹਾਂ ਦੀ ਸਕੀਮ ਬਣਾਈ ਹੈ ਜਿਸ ਨਾਲ ਇਹ ਬ੍ਰਿਜ ਬਣ ਵੀ ਜਾਣ ਅਤੇ ਸਰਕਾਰ ਦਾ ਪੈਸਾ ਵੀ ਨਾ ਲੱਗੇ। ਠੇਕੇਦਾਰ ਸਾਨੂੰ ਇਹ ਬ੍ਰਿਜ ਬਣਾ ਕੇ ਦੇਣਗੇ। ਉਹ ਟੋਲ ਟੈਕਸ ਲਗਾ ਦੇਣਗੇ ਅਤੇ ਜਦੋਂ ਉਨ੍ਹਾਂ ਦਾ ਪੈਸਾ ਪੂਰਾ ਹੋ ਜਾਵੇਗਾ ਤਾਂ ਉਹ ਇਹ ਬ੍ਰਿਜ ਸਰਕਾਰ ਨੂੰ ਟ੍ਰਾਂਸਫਰ ਕਰ ਦੇਣਗੇ। ਇਸ ਤਰੀਕੇ ਦੇ ਨਾਲ ਅਸੀਂ ਇਹ ਸਕੀਮ ਬਣਾਈ ਹੈ। ਇਸੇ ਤਰ੍ਹਾਂ ਰਾਜਪੁਰੇ ਦਾ ਬ੍ਰਿਜ ਹੈ। ਉਸ ਦੀ ਸਕੀਮ ਬਣਾ ਕੇ ਅਸੀਂ ਰੇਲਵੇ ਮਨਿਸਟਰੀ ਕੋਲ ਸੈਂਟਰ ਦੇ ਵਿੱਚ ਭੇਜੀ ਹੋਈ ਹੈ ਔਰ ਉਮੀਦ ਹੈ ਕਿ ਉਸ ਦੀ ਜਲਦੀ ਹੀ ਪ੍ਰਵਾਨਗੀ ਆ ਜਾਵੇਗੀ ਅਤੇ ਉਸ ਤੇ ਕੰਮ ਸ਼ੁਰੂ ਹੋ ਜਾਵੇਗਾ।

ਚੇਅਰਮੈਨ ਸਾਹਿਬ, ਸਰਕਾਰ ਜਿਹੜੀ ਮੱਦਦ ਦਿੰਦੀ ਹੈ, ਗਰਾਂਟ-ਇਨ-ਏਡ, ਇਸ ਬਾਰੇ ਪ੍ਰਚਾਰ ਕੀਤਾ ਗਿਆ ਹੈ ਵਿਰੋਧੀ ਧਿਰਾਂ ਵੱਲੋਂ ਕਿ ਸਰਕਾਰ ਸ਼ਹਿਰਾਂ ਵਾਲੇ ਪਾਸੇ ਅਣਗਹਿਲੀ ਵਰਤ ਰਹੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਵੇਲੇ ਜਿਹੜਾ ਰਿਵਾਈਜ਼ਡ ਐਸਟੀਮੇਟ ਸੀ 1996-97 ਵਾਸਤੇ ਉਹ ਲਗਭਗ 21 ਕਰੋੜ ਰੁਪਏ ਦਾ ਸੀ ਪਰੰਤੂ, ਚੇਅਰਮੈਨ ਸਾਹਿਬ, ਸਾਡੀ ਸਰਕਾਰ ਨੇ 1997-98 ਵਾਸਤੇ 70 ਕਰੋੜ ਰੁਪਿਆ ਸ਼ਹਿਰੀ ਵਿਕਾਸ ਲਈ ਗਰਾਂਟ-ਇਨ-ਏਡ ਵਾਸਤੇ, ਲੋਕਲ ਬਾਡੀਜ਼ ਵਾਸਤੇ ਦੇਣਾ ਹੈ ਜੋ ਕਿ ਪਿਛਲੇ ਸਮੇਂ ਨਾਲੋਂ ਤਿੰਨ ਗੁਣਾਂ ਜ਼ਿਆਦਾ ਹੈ ਤਾਂ ਕਿ ਸ਼ਹਿਰਾਂ ਦੇ ਵਿੱਚ ਜ਼ਿੰਦਗੀ ਸੌਖੀ ਬਣ ਸਕੇ, ਸ਼ਹਿਰਾਂ ਦਾ ਵਿਕਾਸ ਸੁਚਾਰੂ ਢੰਗ ਨਾਲ ਕੀਤਾ ਜਾ ਸਕੇ ਅਤੇ ਸ਼ਹਿਰਾਂ ਦੇ ਵਿੱਚ ਰਹਿਣ ਵਾਲੇ ਇਨਸਾਨ ਵੀ ਸੁੱਖ ਦਾ ਸਾਹ ਲੈ ਸਕਣ। ਉਨ੍ਹਾਂ ਦਾ ਵਿਸ਼ੇਸ਼ ਧਿਆਨ ਰਖਦੇ ਹੋਏ ਸ਼ਹਿਰੀ ਸਹੂਲਤਾਂ ਨੂੰ ਉਭਾਰਨ ਵਾਸਤੇ, ਲੀਹਾਂ ਤੇ ਲਿਆਉਣ ਵਾਸਤੇ ਅਸੀਂ ਪਹਿਲਾਂ ਨਾਲੋਂ ਤਿੰਨ ਗੁਣਾਂ ਜ਼ਿਆਦਾ ਪੈਸੇ ਦਾ ਪ੍ਰਬੰਧ ਕੀਤਾ ਹੈ।

[ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ]

ਚੇਅਰਮੈਨ ਸਾਹਿਬ, ਇਨ੍ਹਾਂ ਨੇ ਇਸ ਸਦਨ ਦੇ ਅੰਦਰ ਕੁਝ ਗੱਲਾਂ ਹੋਰ ਵੀ ਕੀਤੀਆਂ ਹਨ। ਜਿੱਥੋਂ ਤੱਕ ਸਾਡੇ ਵਾਅਦਿਆਂ ਦਾ ਸਬੰਧ ਹੈ, ਅਸੀਂ ਲੋਕਾਂ ਦੇ ਨਾਲ ਇਹ ਵੀ ਵਾਅਦਾ ਕੀਤਾ ਸੀ ਕਿ ਸ਼ਹਿਰੀ ਲੋਕਾਂ ਨੂੰ ਅਸੀਂ ਰਾਹਤਾਂ ਦੇਣੀਆਂ ਹਨ। ਇਸ ਵਾਸਤੇ ਅਸੀਂ ਬਹੁਤ ਜ਼ਿਆਦਾ ਉਡੀਕ ਨਹੀਂ ਕੀਤੀ। ਜਦੋਂ ਸਾਡੇ ਕੋਲ ਵਪਾਰੀ ਲੋਕ ਆਏ, ਸ਼ਹਿਰਾਂ ਦੇ ਹੋਰ ਲੋਕ ਵੀ ਆਏ। ਆਮ ਪਬਲਿਕ ਸਾਨੂੰ ਮਿਲਦੀ ਰਹਿੰਦੀ ਹੈ, ਜਿਸ ਵਕਤ ਉਨ੍ਹਾਂ ਨੇ ਡਿਮਾਂਡ ਕੀਤੀ ਉਸੇ ਵੇਲੇ ਬਾਦਲ ਸਾਹਿਬ ਨੇ ਇਸ ਗੱਲ ਦਾ ਐਲਾਨ ਕੀਤਾ ਅਤੇ ਸ਼ਹਿਰਾਂ ਦੇ ਲੋਕਾਂ ਵਾਸਤੇ ਜਿਹੜਾ ਹਾਊਸ ਟੈਕਸ ਹੈ, ਉਹ ਪੂਰੇ ਦਾ ਪੂਰਾ ਰਿਹਾਇਸ਼ੀ ਮਕਾਨਾਂ ਉਪਰ ਹਮੇਸ਼ਾਂ ਵਾਸਤੇ ਮਿਤੀ 1-4-97 ਤੋਂ ਮੁਆਫ ਕਰ ਦਿੱਤਾ ਗਿਆ। (ਥੰਪਿੰਗ) ਇਹ ਵੀ ਇਸ ਕਰਕੇ ਕੀਤਾ ਤਾਂ ਕਿ ਸ਼ਹਿਰਾਂ ਦੇ ਲੋਕ ਇਹ ਮਹਿਸੂਸ ਨਾ ਕਰਨ ਕਿ ਸਰਕਾਰ ਉਨ੍ਹਾਂ ਵਾਸਤੇ ਕੋਈ ਸਹੂਲਤਾਂ ਦੇ ਸਾਧਨ ਮੁਹੱਈਆ ਨਹੀਂ ਕਰ ਰਹੀ। ਇਥੇ ਇੱਕ ਗੱਲ ਬਾਰਮ-ਬਾਰ ਕਹੀ ਜਾਂਦੀ ਰਹੀ ਹੈ ਵਿਰੋਧੀ ਬੈਂਚਾਂ ਵੱਲੋਂ ਕਿ ਇਸ ਸਰਕਾਰ ਦੀ ਨਜ਼ਰ ਵਿੱਚ ਪਿੰਡਾਂ ਦੀ ਬਜਾਏ ਸ਼ਹਿਰਾਂ ਪ੍ਰਤੀ ਦਵੈ-ਭਾਵਨਾ ਹੈ ਜੋ ਕਿ ਬਿਲਕੁਲ ਗਲਤ ਤਰ੍ਹਾਂ ਦਾ ਪ੍ਰਚਾਰ ਹੈ। ਚੇਅਰਮੈਨ ਸਾਹਿਬ, ਨਹਿਰੀ ਪਾਣੀ ਅਤੇ ਟਿਊਬਵੈਲਾਂ ਨਾਲ ਕੀਤੀ ਜਾਣ ਵਾਲੀ ਸਿੰਜਾਈ ਵਾਲਾ ਪਾਣੀ ਜਿਸ ਵਾਸਤੇ ਕਿ ਬਿਜਲੀ ਦੀ ਜ਼ਰੂਰਤ ਪੈਂਦੀ ਹੈ, ਉਹ ਮੁਆਫ ਕਰ ਦਿੱਤੇ ਗਏ ਹਨ। ਉਸ ਸਬੰਧ ਵਿੱਚ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੀ ਸਾਰੀ ਇਕਾਨਮੀ ਖੇਤੀਬਾੜੀ ਦੇ ਇਰਦ ਗਿਰਦ ਘੁੰਮਦੀ ਹੈ। ਇਹ ਗੱਲ ਕੇਵਲ ਅਸੀਂ ਹੀ ਨਹੀਂ ਕਹਿੰਦੇ ਸਗੋਂ ਹਿੰਦੁਸਤਾਨ ਦਾ ਬੱਚਾ ਬੱਚਾ ਜਾਣਦਾ ਹੈ ਕਿ ਪੰਜਾਬ ਹਿੰਦੁਸਤਾਨ ਦੀ ਫੂਡ ਕਿੱਟ ਦੇ ਵਿੱਚ 70 % ਤੋਂ ਵੱਧ ਹਿੱਸਾ ਪਾਉਂਦਾ ਹੈ। ਚਾਹੇ ਉਹ ਕਣਕ ਹੈ, ਚਾਹੇ ਚਾਵਲ ਹੈ, ਅਸੀਂ 70 % ਦੇ ਕਰੀਬ ਬਾਕੀ ਦੀਆਂ ਸਾਰੀਆਂ ਡੈਫੀਸਿਟ ਸਟੇਟਾਂ ਨੂੰ ਦੇਣ ਵਾਸਤੇ ਕੰਟਰੀਬਿਊਟ ਕਰਦੇ ਹਾਂ। ਇਹੀ ਕਾਰਣ ਹੈ ਕਿ ਸਾਡੀ ਇਕਾਨਮੀ ਐਗਰੀਕਲਚਰ ਦੇ ਆਲੇ ਦੁਆਲੇ ਘੁੰਮਦੀ ਹੈ ਔਰ ਜਿਸ ਵਕਤ ਕਿਸਾਨ ਨੂੰ ਉਸ ਦੀ ਪਰੋਡਿਊਸ ਦਾ ਲਾਹੇਵੰਦ ਮੁੱਲ ਨਹੀਂ ਮਿਲੇਗਾ ਤਾਂ ਇਹ ਵਾਜ਼ਬ ਗੱਲ ਨਹੀਂ ਹੋਵੇਗੀ। ਹਰ ਸਟੇਟ ਦੇ ਅੰਦਰ ਜ਼ਮੀਨ ਦੇ ਥੱਲੇ ਹੋਰ ਵੀ ਜ਼ਖੀਰੇ ਹਨ। ਬਿਹਾਰ ਦੇ ਵਿੱਚ ਕੋਇਲਾ ਬਹੁਤ ਹੈ, ਵੈਸਟ ਬੰਗਾਲ ਦੇ ਵਿੱਚ ਆਇਰਨ ਓਰਜ਼ ਹਨ, ਆਸਾਮ ਅਤੇ ਸਮੁੰਦਰ ਦੇ ਨੇੜੇ ਦੀਆਂ ਸਟੇਟਸ ਜਿਵੇਂ ਬੰਬੇ ਔਰ ਗੁਜਰਾਤ ਵਗੈਰਾ ਵਿੱਚ ਅਤੇ ਆਂਧਰਾ ਪ੍ਰਦੇਸ ਵਿੱਚ ਪੈਟਰੋਲੀਅਮ ਪਰੋਡਕਟਸ ਅਤੇ ਗੈਸ ਵਗੈਰਾ ਨਿਕਲਦੇ ਹਨ। ਉਸ ਪ੍ਰਕਾਰ ਇਥੇ ਪੰਜਾਬ ਦੀ ਜ਼ਮੀਨ ਦੇ ਥੱਲੇ ਇਸ ਤਰ੍ਹਾਂ ਦੀ ਕੋਈ ਚੀਜ਼ ਨਹੀਂ ਹੈ। ਸਾਡਾ ਕਿਸਾਨ ਆਪਣੀ ਮਿਹਨਤ ਅਤੇ ਆਪਣੀ ਤਾਕਤ ਦੇ ਨਾਲ ਇਸ ਜ਼ਮੀਨ ਦੇ ਵਿੱਚੋਂ ਐਗਰੀਕਲਚਰਲ ਪ੍ਰੋਡਿਊਸ ਪੈਦਾ ਕਰਦਾ ਹੈ ਜਿਸ ਦੇ ਸਿਰ ਤੇ ਸਮੁੱਚੀ ਇਕਾਨਮੀ ਚਲਦੀ ਹੈ। ਇਹ ਸਮੁੱਚੇ ਦੇਸ਼ ਦੀ ਸੇਵਾ ਕਰਦਾ ਹੈ, ਪੰਜਾਬ ਦੀ ਸੇਵਾ ਕਰਦਾ ਹੈ ਨਾ ਕਿ ਕੇਵਲ ਇਕ ਵਰਗ ਦੀ ਸੇਵਾ ਕਰਦਾ ਹੈ। ਇਸ ਚੀਜ਼ ਦਾ ਗਲਤ ਪ੍ਰਚਾਰ ਕਰਕੇ ਬਾਰਮ-ਬਾਰ ਕਹੀ ਜਾਣਾ ਤਾਂ ਕਿ ਲੋਕਾਂ ਦੇ ਦਿਮਾਗ ਦੇ ਵਿੱਚ ਐਵੇਂ ਇਹ ਗਲਤ ਚੀਜ਼ ਘਰ ਕਰ ਜਾਵੇ ਕਿ ਸ਼ਾਇਦ ਵਾਕਿਆ ਹੀ ਸ਼ਹਿਰਾਂ ਦੇ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ ਔਰ ਪਿੰਡਾਂ ਦੇ ਲੋਕਾਂ ਨੂੰ ਵਿਸ਼ੇਸ਼ ਫਾਇਦਾ ਪਹੁੰਚਾਇਆ ਜਾ ਰਿਹਾ ਹੈ ਜੋ ਕਿ ਸਰਾਸਰ ਗਲਤ ਪਰਚਾਰ ਹੈ। Gobal said in West Germany, 'Repeat a lie hundred

times, then it will become a truth.' ਜੇ ਇਕ ਗੱਲ ਨੂੰ ਬਾਰ-ਬਾਰ ਕਹੀ ਜਾਈਏ ਤਾਂ ਲੋਕਾਂ ਦੇ ਦਿਮਾਗ ਵਿੱਚ ਆ ਜਾਂਦਾ ਹੈ ਕਿ ਪਤਾ ਨਹੀਂ ਇਹੋ ਹੀ ਸਚਾਈ ਹੈ । ਅਸੀਂ ਸ਼ਹਿਰਾਂ ਲਈ ਅਤੇ ਦਿਹਾਤਾਂ ਵਾਸਤੇ ਅਜਿਹੇ ਢੰਗ ਨਾਲ ਸਕੀਮਾਂ ਲਾਗੂ ਕਰਨੀਆਂ ਹਨ ਕਿ ਦੋਹਾਂ ਦਾ ਸੁਧਾਰ ਹੋ ਸਕੇ । ਅਸੀਂ ਸ਼ਹਿਰਾਂ ਵਾਸਤੇ ਵੀ ਸਾਧਨ ਜੁਟਾਉਣੇ ਹਨ । ਇਕ 'ਸ਼ੈਦਾ' ਜਿਹੜੀ ਜਾਂਡੀ ਸਕੀਮ ਹੈ, ਇਸ ਸਕੀਮ ਅਧੀਨ ਸਲੱਮਜ਼ ਵਿਚ ਰਹਿਣ ਵਾਲੇ ਲੋਕਾਂ ਨੇ ਅਗਰ ਮਕਾਨ ਬਣਾਉਣੇ ਹਨ ਤਾਂ ਉਨ੍ਹਾਂ ਵਾਸਤੇ ਵੀ ਪ੍ਰੋਵੀਜ਼ਨ ਰਖੀ ਹੈ । ਉਸੇ ਅਧੀਨ ਅਸੀਂ ਸ਼ਹਿਰਾਂ ਵਿੱਚ ਨੌਜਵਾਨਾਂ ਨੂੰ ਟਰੇਨਿੰਗ ਵੀ ਦਿਵਾਉਂਦੇ ਹਾਂ ਤਾਂ ਕਿ ਉਹ ਟਰੇਨਿੰਗ ਲੈ ਕੇ ਆਪਣਾ ਕਈ ਕਿੱਤਾ ਅਪਣਾ ਸਕਣ । ਜੇਕਰ ਕਿਸੇ ਨੌਜਵਾਨ ਨੇ ਕੋਈ ਆਪਣਾ ਕੰਮ-ਧੰਦਾ ਸ਼ੁਰੂ ਕਰਨਾ ਹੋਵੇ ਉਸ ਨੂੰ 20,000 ਰੁਪਏ ਦਾ ਲੋਨ ਦਿੱਤਾ ਜਾਂਦਾ ਹੈ । ਉਸ ਲੋਨ ਵਿਚੋਂ 5,000 ਰੁਪਏ ਦੀ ਸਬਸਿਡੀ ਦਿੱਤੀ ਜਾਂਦੀ ਹੈ । ਜਿਹੜੇ ਆਪਣਾ ਨਵਾਂ ਕੰਮ ਸ਼ੁਰੂ ਕਰਦੇ ਹਨ ਉਨ੍ਹਾਂ ਨੂੰ ਟਰੇਨਿੰਗ ਵਾਸਤੇ 250 ਰੁਪਏ ਪ੍ਰਤੀ ਮਹੀਨਾ ਅਲੱਗ ਦਿਵਾਏ ਜਾਂਦੇ ਹਨ ਚਾਹੇ ਉਨ੍ਹਾਂ ਨੂੰ ਆਈ.ਟੀ.ਆਈਜ਼ ਤੋਂ ਟਰੇਨਿੰਗ ਦਿਵਾਈ ਜਾਵੇ ਜਾਂ ਟੀਚਰਾਂ ਜਾਂ ਲੈਕਚਰਾਰਾਂ ਕੋਲੋਂ ਦਿਵਾਈ ਜਾਵੇ । ਉਨ੍ਹਾਂ ਨੂੰ 1200 ਰੁਪਏ ਪ੍ਰਤੀ ਸਟੂਡੈਂਟ ਵੱਖਰੇ ਦਿੱਤੇ ਜਾਣਗੇ ਅਤੇ ਟਰੇਨੀਆਂ ਨੂੰ 250 ਰੁਪਏ ਵੱਖਰੇ ਦਿੱਤੇ ਜਾਣਗੇ । ਇਹ ਸਹੂਲਤਾਂ, ਚਾਹੇ ਉਹ ਸ਼ਹਿਰ ਦੇ ਹੋਣ ਜਾਂ ਦਿਹਾਤ ਦੇ, ਸਾਰਿਆਂ ਨੌਜਵਾਨਾਂ ਵਾਸਤੇ ਹਨ । ਚੇਅਰਮੈਨ ਸਾਹਿਬ, ਇਹ ਸਾਰੇ ਸਾਧਨ ਜੁਟਾਏ ਗਏ ਹਨ ।

ਸ਼ੈਲਟਰ ਅੱਪ-ਗਰੇਡੇਸ਼ਨ ਦੀ ਸਕੀਮ ਅਧੀਨ ਸ਼ਹਿਰਾਂ ਵਿਚ ਸਲੱਮਜ਼ ਏਰੀਏ ਵਿਚ ਜਿਹੜੇ ਗਰੀਬ ਲੋਕ ਰਹਿੰਦੇ ਹਨ, ਅਗਰ ਉਹ ਆਪਣੇ ਸ਼ੈਲਟਰ ਨੂੰ ਅੱਪ-ਗਰੇਡ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਵੀ 10,000 ਰੁਪਏ ਮਿਲ ਸਕਦੇ ਹਨ । ਇਸ ਦੇ ਵਿੱਚ ਵੀ ਸਬਸਿਡੀ ਮਿਲਦੀ ਹੈ । ਇਸ ਸਕੀਮ ਦੇ ਅਧੀਨ ਵੀ ਲੋਕ ਫਾਇਦਾ ਉਠਾ ਸਕਦੇ ਹਨ ਜਿਹੜੀ ਅਸਲੀਅਤ ਦੀ ਤਸਵੀਰ ਹੈ ਇਹ ਉਸਨੂੰ ਪੇਂਟ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਸਦਾ ਕੋਈ ਆਧਾਰ ਹੀ ਨਹੀਂ ਹੈ ਅਤੇ ਇਹ ਉਸ ਗੱਲ ਨੂੰ ਆਧਾਰ ਰਹਿਤ ਫੈਲਾਉਣ ਦੀ ਕੋਸ਼ਿਸ਼ ਕਰਦੇ ਹਨ । ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਤੋਂ ਪਹਿਲੀ ਸਰਕਾਰ ਨੂੰ ਜਿਥੇ ਕਈ ਸਕੀਮਾਂ ਵਿਚ ਸੈਂਟਰਲ ਅਸਿਸਟੈਂਸ ਮਿਲਦੀ ਹੁੰਦੀ ਸੀ, ਜਿਵੇਂ ਵਾਟਰ-ਸਪਲਾਈ ਦੀ ਸਕੀਮ ਹੈ ਇਸ ਵਿੱਚ ਸਾਨੂੰ ਸੈਂਟਰ ਤੋਂ ਦੋ ਤਰ੍ਹਾਂ ਦੀ ਸੈਂਟਰਲ ਅਸਿਸਟੈਂਸ ਮਿਲਦੀ ਹੈ । ਇਕ ਸਕੀਮ ਵਿੱਚ 50% ਅਸਿਸਟੈਂਸ ਮਿਲਦੀ ਹੈ । ਦੂਸਰੀ ਸਕੀਮ ਵਿੱਚ ਜਿਨ੍ਹਾਂ ਟਾਊਨਾਂ ਦੀ 20,000 ਤੋਂ ਘੱਟ ਆਬਾਦੀ ਹੈ ਉਥੇ ਇਹ ਸਹਾਇਤਾ 80% ਮਿਲਦੀ ਹੈ । ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਸਕੀਮਾਂ ਨੂੰ ਇੰਪਲੀਮੈਂਟ ਕਰਨ ਵਾਸਤੇ ਸੈਂਟਰ ਦੀ ਸਰਕਾਰ ਤਰਫੋਂ ਖੁੱਲ੍ਹੀ ਆਫਰ ਸੀ ਕਿ ਜਿੰਨਾ ਪੈਸਾ ਤੁਸੀਂ ਇਸ ਸਕੀਮ ਉਤੇ ਖਰਚੋਗੇ ਉਤਨਾ ਹੀ ਉਹ ਦੇਣਗੇ । ਪ੍ਰੰਤੂ ਉਸ ਪੈਸੇ ਦੀ ਯੂਟੇਲਾਈਜ਼ੇਸ਼ਨ ਦਾ ਪ੍ਰਬੰਧ ਕਰਨ ਤੋਂ ਪਿਛਲੀ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ । ਇਸ ਸਕੀਮ ਦੇ ਆਧਾਰ ਤੇ ਜਿਹੜੇ ਛੋਟੇ ਸ਼ਹਿਰ ਹਨ, 20,000 ਤੋਂ ਘੱਟ ਦੀ ਆਬਾਦੀ ਵਾਲੇ. ਉਥੇ 80% ਸੈਂਟਰਲ ਅਸਿਸਟੈਂਸ, ਜਿਹੜੇ 20,000 ਤੋਂ ਇਕ ਲੱਖ ਤੱਕ ਦੀ

[ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ]

ਆਬਾਦੀ ਵਾਲੇ ਸ਼ਹਿਰ ਹਨ ਉਥੇ 50% ਸੈਂਟਰਲ ਅਸਿਸਟੈਂਸ ਦੇ ਅਧੀਨ ਇਸ ਸਾਰੇ ਦੇ ਸਾਰੇ ਪੈਸੇ ਨੂੰ ਯੂਟੇਲਾਈਜ਼ ਕਰਨ ਵਾਸਤੇ ਇਹ ਸਰਕਾਰ ਕੋਈ ਵੀ ਕਸਰ ਨਹੀਂ ਛੱਡੇਗੀ ਤਾਂ ਕਿ ਸ਼ਹਿਰਾਂ ਦੇ ਲੋਕਾਂ ਨੂੰ ਸਾਫ ਪੀਣ ਵਾਲਾ ਪਾਣੀ ਸੁਚੱਜੇ ਢੰਗ ਨਾਲ ਮਿਲ ਸਕੇ। ਇਸ ਦੇ ਵਾਸਤੇ ਅਸੀਂ ਪੂਰੇ ਸਟੈਪਸ ਲੈ ਰਹੇ ਹਾਂ।

ਇਤਨਾ ਹੀ ਨਹੀਂ ਮਿਊਂਸਿਪੈਲਟੀਆਂ ਅਤੇ ਮਿਊਂਸਿਪਲ ਕਾਰਪੋਰੇਸ਼ਨਾਂ ਵਿਚ ਪਾਰਦਰਸ਼ਤਾ ਲਿਆਉਣ ਵਾਸਤੇ ਅਸੀਂ ਇਨ੍ਹਾਂ ਵਿਚ ਕੰਪਿਊਟਰਾਈਜ਼ੇਸ਼ਨ ਕਰ ਰਹੇ ਹਾਂ ਤਾਂ ਕਿ ਕਿਸੇ ਕਿਸਮ ਦੇ ਕੋਈ ਵੀ ਘਪਲੇ ਨਾ ਹੋ ਸਕਣ। ਇਹ ਨਾ ਹੋਵੇ ਕਿ ਕਿਤੇ ਪੈਸਾ ਚੜ੍ਹਿਆ ਨਹੀਂ ਇਸ ਕਰਕੇ ਪਤਾ ਨਹੀਂ ਲਗ ਰਿਹਾ ਆਦਿ। ਇਸ ਵਾਸਤੇ ਇਸ ਸਾਲ ਦੇ ਵਿਚ ਅਸੀਂ 1 ਕਰੋੜ 37 ਲੱਖ ਰੁਪਿਆ ਰੱਖਿਆ ਹੈ। ਇਸ ਦੇ ਵਾਸਤੇ ਚੰਡੀਗੜ੍ਹ ਵਿਖੇ ਇਕ ਨੋਡਲ ਏਜੰਸੀ ਬਣਾਈ ਹੈ। ਉਹ ਸਾਰੇ ਕੰਮ ਕਰੇਗੀ ਅਤੇ ਕੰਪਿਊਟਰਾਈਜ਼ੇਸ਼ਨ ਵਾਸਤੇ ਸਭ ਤਰ੍ਹਾਂ ਦੀ ਸਹਾਇਤਾ ਕਰੇਗੀ, ਟਰੇਨਿੰਗ ਵਗੈਰਾ ਦਾ ਪ੍ਰਬੰਧ ਵੀ ਕਰੇਗੀ ਅਤੇ ਜੇਕਰ ਕੋਈ ਇਕੁਇਪਮੈਂਟ ਖਰਾਬ ਹੋ ਜਾਏ ਤਾਂ ਉਸਨੂੰ ਠੀਕ ਕਰਨ ਵਾਸਤੇ ਵੀ ਸਾਧਨ ਜੁਟਾਏਗੀ। ਇਸ ਨਾਲ ਮਿਊਂਸਪੈਲਟੀਆਂ ਅਤੇ ਕਾਰਪੋਰੇਸ਼ਨਾਂ ਦੇ ਕੰਮ ਵਿਚ ਪਾਰਦਰਸ਼ਤਾ ਆਵੇਗੀ। ਚੇਅਰਮੈਨ ਸਾਹਿਬ, ਪਹਿਲਾਂ ਬਹੁਤ ਕੰਪਲੇਟਾਂ ਆਉਂਦੀਆਂ ਸਨ ਜਿਨ੍ਹਾਂ ਨੂੰ ਵੇਖ ਕੇ ਹੈਰਾਨੀ ਹੁੰਦੀ ਸੀ। ਸਭ ਜਗ੍ਹਾ ਤੇ ਹੀ ਕੰਪਲੇਟਾਂ ਸਨ। ਕਈ ਜਗ੍ਹਾ ਤੇ ਇਨਕੁਆਇਰੀਆਂ ਵੀ ਹੋਈਆਂ ਸਨ ਅਤੇ ਇਹ ਇਨਕੁਆਇਰੀਆਂ ਐਸ. ਡੀ. ਐਮ., ਡਿਪਟੀ ਡਾਇਰੈਕਟਰ ਅਤੇ ਕਿਸੇ ਜਗ੍ਹਾ ਡੀ. ਸੀਜ਼, ਵੱਲੋਂ ਵੀ ਕੀਤੀਆਂ ਗਈਆਂ ਸਨ ਅਤੇ ਬੇਸ਼ੁਮਾਰ ਧਾਂਦਲੀਆਂ ਮੱਚੀਆਂ ਹੋਈਆਂ ਸਨ। ਇਸ ਤਰ੍ਹਾਂ ਦੇ ਸਾਰੇ ਕੇਸ ਠੱਪ ਕਰਕੇ ਰੱਖੇ ਹੋਏ ਸਨ। ਬਸ ਜਿਹੜਾ ਕੰਮ ਇਹ ਕਰਦੇ ਸਨ, ਉਹ ਇਹ ਸੀ ਕਿ ਜ਼ਮੀਨਾਂ ਉਤੇ ਦਿਨ ਰਾਤ ਨਜਾਇਜ਼ ਕਬਜ਼ੇ ਕਰਵਾਈ ਜਾਉ। ਕਿਤੇ ਆਪਣੇ ਰਿਸ਼ਤੇਦਾਰਾਂ ਵੱਲੋਂ ਅਤੇ ਆਪਣੀ ਆਮਦਨ ਦੇ ਨਜਾਇਜ਼ ਸੋਮਸ ਬਣਾਈ ਚੱਲੋ। ਅਜਿਹੇ ਕੇਸਾਂ ਤੇ ਜਿਹੜੀ ਪਹਿਲਾਂ ਚੁੱਪ ਛਾਈ ਹੋਈ ਸੀ ਉਨ੍ਹਾਂ ਦੇ ਬਾਰੇ ਵਿੱਚ ਮੁੜ ਕੇ ਨਵੇਂ ਸਿਰੇ ਤੋਂ ਗੌਰ ਕਰਨ ਲਈ ਸਟੈਪਸ ਲਏ ਜਾ ਰਹੇ ਹਨ। ਜਿਨ੍ਹਾਂ ਜਿਨ੍ਹਾਂ ਜਗ੍ਹਾਂ ਦੇ ਬਾਰੇ ਵਿਚ ਡਿਸੀਜ਼ਨ ਲੈਣ ਦੀ ਜ਼ਰੂਰਤ ਸੀ ਉਥੇ ਡਿਸੀਜ਼ਨ ਵੀ ਲਏ ਗਏ ਹਨ ਅਤੇ ਜਿੰਨ੍ਹਾਂ ਨੇ ਪਤਾ ਨਹੀਂ ਕਿੰਨਾ ਕਿੰਨਾ ਘੱਪਲਾ ਕੀਤਾ ਹੋਇਆ ਹੈ, ਉਨ੍ਹਾਂ ਨੂੰ ਆਪਣੇ ਆਪਣੇ ਅਹੁਦੇ ਤੋਂ ਹਟਾਇਆ ਜਾਵੇਗਾ ਅਤੇ ਕਈ ਮਿਊਂਸਿਪਲ ਕਮੇਟੀਆਂ ਦੇ ਪ੍ਰਧਾਨਾਂ ਨੂੰ ਹਟਾਇਆ ਵੀ ਗਿਆ ਹੈ। ਮੈਂ ਇਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਕੋਈ ਵੀ ਕਮੇਟੀ ਚਾਹੇ ਕਿਸੇ ਵੀ ਢੰਗ ਦੀ ਕਮੇਟੀ ਹੋਵੇ, ਜਿਥੇ ਵੀ ਕੋਈ ਘਪਲੇਬਾਜ਼ੀ ਹੋਵੇਗੀ ਅਤੇ ਕਿਸੇ ਵੀ ਕਿਸਮ ਦੀ ਚੋਰੀ, ਉਸ ਵਿਰੁੱਧ ਸਰਕਾਰ ਜ਼ਰੂਰ ਐਕਸ਼ਨ ਲਵੇਗੀ। ਇਹ ਸਰਕਾਰ ਦੀ ਕਲੀਅਰਕਟ ਮਨਸ਼ਾ ਹੈ। ਕੋਈ ਵੀ ਕਮੇਟੀ ਦਾ ਪ੍ਰਧਾਨ ਹੋਵੇ, ਅਸੀਂ ਉਸਦੇ ਖਿਲਾਫ ਬਿਨਾਂ ਕਿਸੇ ਭੇਦਭਾਵ ਤੋਂ ਐਕਸ਼ਨ ਲਵਾਂਗੇ ਪਰ ਕਿਸੇ ਕਿਸਮ ਦੀ ਕੁਰੱਪਸ਼ਨ ਟੋਲਰੇਟ ਨਹੀਂ ਕਰਾਂਗੇ। (ਥੰਪਿੰਗ)

ਚੇਅਰਮੈਨ ਸਾਹਿਬ, ਜਿਥੋਂ ਤੱਕ ਸਿਹਤ ਵਿਭਾਗ ਦਾ ਤਾਅਲੁੱਕ ਹੈ, ਮੇਰੇ ਭੈਣ ਜੀ ਨੇ ਬੋਲਦਿਆਂ ਕਿਹਾ ਕਿ ਹੈਲਥ ਕਾਰਪੋਰੇਸ਼ਨ ਦੇ ਬਾਰੇ ਵਿੱਚ ਅਸੀਂ ਬਹੁਤ ਕੁਝ ਕਿਹਾ ਹੈ। ਇਸ ਦੇ ਬਾਰੇ ਵਿੱਚ ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਡਾਕਟਰ ਸਾਹਿਬਾਨ

ਆਏ, ਬਾਦਲ ਸਾਹਿਬ ਕੋਲ ਵੀ ਗਏ। ਉਨ੍ਹਾਂ ਨੇ ਬੜੀਆਂ ਰਿਜ਼ਰਵੇਸ਼ਨਜ਼ ਦੱਸੀਆਂ। ਉਨ੍ਹਾਂ ਨੇ ਦੱਸਿਆ ਕਿ ਇਸਦੇ ਵਿੱਚ ਕੀ ਕੀ ਕਮੀਆਂ ਜਾਂ ਖਰਾਬੀਆਂ ਹਨ ਜਿਸ ਕਰਕੇ ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਸਿਹਤ ਵਿਭਾਗ ਵਿੱਚ ਤਬਦੀਲ ਕਰਨਾ ਚਾਹੀਦਾ ਹੈ ਅਤੇ ਕਾਰਪੋਰੇਸ਼ਨ ਨੂੰ ਰਿਜੈਕਟ ਕਰਨਾ ਚਾਹੀਦਾ ਹੈ। ਅਸੀਂ ਕਿਹਾ ਕਿ ਅਸੀਂ ਸਿੰਪੈਥੈਟੀਕਲੀ ਜ਼ਰੂਰ ਸੋਚਾਂਗੇ। ਫਿਰ ਜਦੋਂ ਸਾਡੀ ਸਰਕਾਰ ਆਈ ਤਾਂ ਸਭ ਤੋਂ ਪਹਿਲਾਂ ਅਸੀਂ ਇਹ ਕੰਮ ਕੀਤਾ ਕਿ ਇਕ ਤਾਂ ਸਵਾਹਾਰ ਕਰੋੜ ਰੁਪਏ, ਸ਼ਾਇਦ ਕਈ ਸਾਲਾਂ ਤੱਕ ਵੀ ਇਹ ਸਰਕਾਰ ਹੋਵੇ ਜਾਂ ਕੋਈ ਹੋਰ ਸਰਕਾਰ ਇਥੇ ਆਵੇ ਅਤੇ ਮੈਡੀਕਲ ਸਿਸਟਮ ਵਿੱਚ ਮੈਡੀਕਲ ਏਡ ਲਈ ਇੰਨੀ ਵੱਡੀ ਪੰਪਿੰਗ ਕਰ ਸਕੇ ਅਤੇ ਇਸਦੇ ਨਾਲ ਹਸਪਤਾਲ ਅਤੇ ਹੋਰ ਦੂਜੀਆਂ ਜੋ ਡਿਸਪੈਂਸਰੀਆਂ ਹਨ ਉਨ੍ਹਾਂ ਨੂੰ ਸੁਚਾਰੂ ਰੂਪ ਵਿੱਚ ਚਲਾ ਸਕੇ। ਉਹ ਅਸੀਂ ਕੀਤੀ ਹੈ। ਇਸ ਦੇ ਲਈ ਸਾਨੂੰ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਇਸ ਫੀਲਡ ਵਿੱਚ ਕੀ ਕੀ ਕੰਮ ਕਰਨੇ ਹਨ। ਮੈਂ ਸਭ ਤੋਂ ਪਹਿਲਾਂ ਸਕੱਤਰ ਸਾਹਿਬ ਨੂੰ ਅਤੇ ਡਾਇਰੈਕਟਰ ਸਾਹਿਬ ਨੂੰ ਕਿਹਾ ਕਿ ਤੁਸੀਂ ਡਾਕਟਰ ਸਾਹਿਬਾਨ ਦੇ ਪ੍ਰਤੀਨਿੱਧਾਂ ਨਾਲ ਬੈਠ ਕੇ ਉਨ੍ਹਾਂ ਦੀ ਗੱਲਬਾਤ ਸੁਣੋ ਕਿ ਉਹ ਕੀ ਕਹਿਣਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਕੀ ਤਕਲੀਫ ਹੈ ਜਿਸ ਕਰਕੇ ਉਹ ਆਵਾਜ਼ ਉਠਾਉਂਦੇ ਹਨ ਅਤੇ ਜੇਕਰ ਅਸੀਂ ਹੈਲਥ ਸਿਸਟਮ ਵਿੱਚ ਸੁਧਾਰ ਚਾਹੁੰਦੇ ਹਾਂ ਤਾਂ ਸਾਨੂੰ ਚਾਹੀਦਾ ਹੈ ਕਿ ਹੈਲਥ ਸਿਸਟਮ ਦੇ ਕਰਮਚਾਰੀਆਂ ਦੀਆਂ ਮੁਸ਼ਕਲਾਂ, ਦੁੱਖ ਤਕਲੀਫਾਂ ਦੂਰ ਕੀਤੀਆਂ ਜਾਣ। ਇਸ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਜਿਸ ਫੀਲਡ ਵਿੱਚ ਉਨ੍ਹਾਂ ਨੇ ਕੰਮ ਕਰਨਾ ਹੈ, ਉਨ੍ਹਾਂ ਦੀਆਂ ਜੋ ਮੁਸ਼ਕਿਲਾਂ ਹਨ ਉਨ੍ਹਾਂ ਦੇ ਜੋ ਸ਼ਿਕਵੇ-ਗਿਲੇ ਹਨ, ਉਨ੍ਹਾਂ ਨੂੰ ਸੁਣ ਕੇ ਦੂਰ ਕੀਤਾ ਜਾਵੇ। ਸਰਕਾਰ ਨੇ ਉਨ੍ਹਾਂ ਨੂੰ ਸੁਣਿਆ। ਚੇਅਰਮੈਨ ਸਾਹਿਬ, ਤੁਹਾਨੂੰ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਹੈਰਾਨੀ ਹੋਵੇਗੀ ਕਿ ਉਨ੍ਹਾਂ ਦੀਆਂ ਕੇਵਲ ਦੋ ਤਿੰਨ ਪੁਰਾਣੀਆਂ ਹੀ ਸ਼ਿਕਾਇਤਾਂ ਸਨ ਜੋ ਕਿ ਪਿਛਲੇ 15-20 ਸਾਲਾਂ ਤੋਂ ਚਲੀਆਂ ਆਉਂਦੀਆਂ ਸਨ ਔਰ ਸਾਰੀਆਂ ਕਯੂਮੁਲੇਟ ਹੋ ਕੇ ਜਿਸ ਤਰ੍ਹਾਂ ਕਹਿਣਾ ਚਾਹੀਦਾ ਹੈ ਕਿ straw on the camel's back, ਸਾਡੇ ਸਾਹਮਣੇ ਖੜੀਆਂ ਹੋ ਗਈਆਂ। ਉਹ ਇਹ ਸੀ ਕਿ ਉਨ੍ਹਾਂ ਦੀ ਪ੍ਰੋਮੋਸ਼ਨ ਦੇ ਕੇਸ ਪੈਂਡਿੰਗ ਪਏ ਸਨ, ਕਨਫਰਮੇਸ਼ਨ ਦੇ ਕੇਸ ਪੈਂਡਿੰਗ ਚਲੇ ਆ ਰਹੇ ਸਨ ਅਤੇ ਅਪਗ੍ਰੇਡੇਸ਼ਨ ਆਫ ਸਰਵਿਸਿਜ਼ ਦੇ ਮਸਲੇ ਪੈਂਡਿੰਗ ਪਏ ਸਨ। ਇਹ ਚੀਜ਼ਾਂ ਤਕਰੀਬਨ ਪਿਛਲੇ 15-20 ਸਾਲ ਤੋਂ ਪੈਂਡਿੰਗ ਚਲੀਆਂ ਆ ਰਹੀਆਂ ਸਨ। ਇਸੇ ਕਰਕੇ ਹੀ ਉਨ੍ਹਾਂ ਸਾਰਿਆਂ ਨੇ ਇਕਠੇ ਹੋ ਕੇ ਇਹ ਮਾਮਲਾ ਉਠਾਇਆ। ਪਹਿਲਾਂ ਮੇਰੇ ਅਫਸਰ ਸਾਹਿਬਾਨ ਨੇ ਉਨ੍ਹਾਂ ਨਾਲ ਮੀਟਿੰਗਾਂ ਕੀਤੀਆਂ ਅਤੇ ਫਿਰ ਮੈਂ ਉਨ੍ਹਾਂ ਨਾਲ ਮੀਟਿੰਗਾਂ ਕੀਤੀਆਂ ਅਤੇ ਉਨ੍ਹਾਂ ਦੇ ਨਾਲ ਖੁੱਲ੍ਹ ਕੇ ਗੱਲਾਂ ਕੀਤੀਆਂ। ਚੇਅਰਮੈਨ ਸਾਹਿਬ, ਸਾਰੀਆਂ ਮੁਸ਼ਕਲਾਂ ਸੁਣ ਕੇ ਅਸੀਂ ਮੌਕੇ ਤੇ ਹੀ ਫੈਸਲੇ ਕੀਤੇ ਕਿ ਅਸੀਂ ਇਹ ਗੱਲਾਂ ਕਰਨੀਆਂ ਹਨ। ਪ੍ਰੋਮੋਸ਼ਨ ਕਰਨ ਲਈ ਜਿਹੜੀਆਂ ਪੋਸਟਾਂ ਖਾਲੀ ਸਨ, ਉਨ੍ਹਾਂ ਲਈ ਅਸੀਂ ਡੀ.ਪੀ. ਸੀ. ਦੀ ਮੀਟਿੰਗ ਕਰਕੇ ਡਿਪਟੀ ਡਾਇਰੈਕਟਰ, ਜੁਆਇੰਟ ਡਾਇਰੈਕਟਰ ਅਤੇ ਹੋਰ ਜੋ ਪੋਸਟਾਂ ਖਾਲੀ ਸਨ ਅਤੇ ਕਿੰਨੇ ਕਿਨੇ ਸਮੇਂ ਤੋਂ ਖਾਲੀ ਚਲੀਆਂ ਆ ਰਹੀਆਂ ਸਨ, ਉਹ ਕਲੀਅਰ ਕੀਤੀਆਂ ਅਤੇ ਬਣਦੀਆਂ ਪ੍ਰੋਮੋਸ਼ਨਾਂ ਦਿੱਤੀਆਂ। ਇਸੇ ਤਰ੍ਹਾਂ 2,700 ਡਾਕਟਰਾਂ ਦੇ ਕਨਫਰਮੇਸ਼ਨ ਦੇ ਕੇਸ ਸਨ ਜਿਨ੍ਹਾਂ ਦੀ ਕਨਫਰਮੇਸ਼ਨ ਹੋਣੀ ਸੀ, ਪਰ ਉਨ੍ਹਾਂ ਵਿਚੋਂ ਬਹੁਤ ਸਾਰੇ ਇਕ ਸਾਲ ਅਤੇ

[ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ]

ਬਹੁਤ ਸਾਰੇ ਦੋ ਸਾਲ ਦੇ ਪਰੋਬੇਸ਼ਨ ਤੇ ਹੀ ਕੰਮ ਕਰਦੇ ਚਲੇ ਆ ਰਹੇ ਸਨ। ਅਸੀਂ ਚੇਅਰਮੈਨ ਸਾਹਿਬ, ਉਨ੍ਹਾਂ 2,700 ਡਾਕਟਰਾਂ ਦਾ ਪਰੋਬੇਸ਼ਨ ਖਤਮ ਹੋਣ ਤੇ ਉਨ੍ਹਾਂ ਨੂੰ ਯੱਕ-ਮੁਸ਼ਤ ਕਨਫਰਮ ਕੀਤਾ। ਇੰਨਾ ਹੀ ਨਹੀਂ ਇਸ ਤੋਂ ਇਲਾਵਾ ਅਸੀਂ 300 ਦੇ ਕਰੀਬ ਐਸ.ਐਮ.ਓ., ਜਿਨ੍ਹਾਂ ਦੀਆਂ ਸਰਵਿਸਿਜ਼ ਨੂੰ ਵੀ ਹਾਇਰ ਸਕੇਲ ਵਿੱਚ ਅੱਪ-ਗਰੇਡ ਕੀਤਾ ਜਾਣਾ ਸੀ, ਅਸੀਂ ਉਨ੍ਹਾਂ ਨੂੰ 3000-4500 ਦੇ ਸਕੇਲ ਵਿੱਚ ਅੱਪ-ਗਰੇਡ ਕੀਤਾ। ਇਸ ਤੋਂ ਇਲਾਵਾ ਨਾਨ-ਪ੍ਰੈਕਟਾਈਜ਼ਿੰਗ ਅਲਾਊਂਸ ਵਿਚ ਆਈ. ਆਰ. ਸ਼ਾਮਲ ਕਰਨ ਦੀ ਮੰਗ ਕਾਫੀ ਦੇਰ ਤੋਂ ਪੈਂਡਿੰਗ ਸੀ। ਅਸੀਂ ਉਹ ਡਿਮਾਂਡ ਵੀ ਮੰਨ ਲਈ ਹੈ। ਇਸ ਤੋਂ ਇਲਾਵਾ ਫੋਰਥ ਪੇ-ਕਮਿਸ਼ਨ ਕੋਲ ਵੱਡੀ ਡਿਮਾਂਡ ਸੀ ਕਿ ਸੈਂਟਰ ਦੀਆਂ ਹੈਲਥ ਸਰਵਿਸਿਜ਼ ਅਤੇ ਪੰਜਾਬ ਦੀਆਂ ਹੈਲਥ ਸਰਵਿਸਿਜ਼ ਮਿਲਦੀਆਂ ਜੁਲਦੀਆਂ ਹੋਣ ਕਰਕੇ ਸਾਰਾ ਸਿਸਟਮ ਔਰ ਰਿਕੁਆਇਰਮੈਂਟਸ ਅਤੇ ਹੋਰ ਬਾਕੀ ਦੀਆਂ ਚੀਜ਼ਾਂ ਉਸ ਮੁਤਾਬਿਕ ਮਿਲਣੀਆ ਚਾਹੀਦੀਆਂ ਹਨ ਜੋ ਸੈਂਟਰ ਦੀਆਂ ਹਨ। ਇਸ ਕਰਕੇ ਉਨ੍ਹਾਂ ਦੀ ਡਿਮਾਂਡ ਮੰਨਦੇ ਹੋਏ ਫੋਰਥ ਪੇ-ਕਮਿਸ਼ਨ ਨੂੰ ਲੈਟਰ ਲਿਖੀ ਗਈ ਹੈ ਕਿ ਸਾਨੂੰ ਬਿਲਕੁਲ ਇਤਰਾਜ਼ ਨਹੀਂ ਔਰ ਸੈਂਟਰਲ ਗੌਰਮਿੰਟ ਦੀ ਜੋ ਹੈਲਥ ਸਰਵਿਸ ਹੈ, ਉਸ ਸਿਸਟਮ ਨੂੰ ਸਵੀਕਾਰ ਕਰਨ ਵਾਸਤੇ ਸਾਨੂੰ ਕੋਈ ਹਿਚਕਚਾਹਟ ਨਹੀਂ। ਇਥੇ ਹੀ ਬੱਸ ਨਹੀਂ, ਗਰੈਜੂਏਸ਼ਨ ਭਾਵ ਐਮ.ਬੀ.ਬੀ.ਐਸ. ਕਰਕੇ ਡਾਕਟਰ ਐਮ.ਡੀ. ਜਾਂ ਐਮ.ਐਸ. ਕਰਨ ਜਾਂਦੇ ਸਨ ਤਾਂ ਉਨ੍ਹਾਂ ਦੀ ਪ੍ਰਾਪਰਟੀ ਮਾਰਟਗੇਜ ਕਰਵਾ ਲਈ ਜਾਂਦੀ ਸੀ ਪਰ ਅਸੀਂ ਬੜਾ ਵੱਡਾ ਸਟੈਪ ਚੁੱਕਿਆ ਹੈ। ਤੁਸੀਂ ਸੁਣ ਕੇ ਵੀ ਹੈਰਾਨ ਹੋਵੋਗੇ। ਇਕ ਬੰਦਾ ਜਿਸ ਨੇ ਆਪਣੀ ਕੁਆਲੀਫਿਕੇਸ਼ਨ ਵਧਾਉਣੀ ਹੈ, ਆਪਣਾ ਪੈਸਾ ਖਰਚ ਕਰਨਾ ਹੈ ਉਸ ਵਾਸਤੇ ਇਹ ਜਿਹੜਾ ਪ੍ਰਾਪਰਟੀ ਮਾਰਟਗੇਜ ਕਰਨ ਦਾ ਸਿਸਟਮ ਸੀ ਇਹ ਠੀਕ ਨਹੀਂ ਸੀ। ਅਸੀਂ ਇਸ ਨੂੰ ਖਤਮ ਕੀਤਾ ਹੈ। ਹੁਣ ਸਿਰਫ ਬਾਂਡ ਹੀ ਭਰ ਕੇ ਦੇਣਾ ਪਵੇਗਾ ਜਿਹੜਾ ਕਿ ਪਿਛਲੇ ਕਾਫੀ ਸਮੇਂ ਤੋਂ ਲਾਗੂ ਹੈ। ਇਸ ਤਰ੍ਹਾਂ ਅਸੀਂ ਪ੍ਰਾਪਰਟੀ ਮਾਰਟਗੇਜ ਕਰਨ ਦਾ ਸਿਸਟਮ ਖਤਮ ਕੀਤਾ ਹੈ।

ਚੇਅਰਮੈਨ ਸਾਹਿਬ, ਬਾਦਲ ਸਾਹਿਬ ਜਾਂ ਹੋਰ ਮਨਿਸਟਰ ਸਾਹਿਬਾਨ ਜਿੱਥੇ ਵੀ ਜਾਂਦੇ ਹਨ, ਉਥੇ ਇਹੀ ਅਵਾਜ਼ ਮਿਲਦੀ ਹੈ ਕਿ ਡਿਸਪੈਂਸਰੀ ਤਾਂ ਹੈ ਪਰ ਡਾਕਟਰ ਨਹੀਂ ਹਨ ਜਾਂ ਦਵਾਈਆਂ ਨਹੀਂ ਹਨ। ਚੇਅਰਮੈਨ ਸਾਹਿਬ, ਅਸੀਂ ਫੈਸਲਾ ਕੀਤਾ ਹੈ ਕਿ ਜਿਹੜੀਆਂ 500 ਦੇ ਕਰੀਬ ਡਾਕਟਰਾਂ ਦੀਆਂ ਪੋਸਟਾਂ ਖਾਲੀ ਹਨ, ਉਹ ਸਾਰੀਆਂ ਖਾਲੀ ਪੋਸਟਾਂ ਜਲਦੀ ਭਰੀਆਂ ਜਾਣਗੀਆਂ। ਇਸ ਵਾਸਤੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੂੰ ਅਸੀਂ ਆਪਣੀ ਰਿਕੁਈਜ਼ੀਸ਼ਨ ਭੇਜ ਦਿੱਤੀ ਹੈ ਅਤੇ ਬੇਨਤੀ ਕੀਤੀ ਹੈ ਕਿ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਇਹ ਪੋਸਟਾਂ ਭਰ ਕੇ ਦਿਉ ਤਾਂ ਕਿ ਜਿਹੜੇ ਪਿੰਡਾਂ ਵਿਚ ਡਾਕਟਰ ਨਹੀਂ ਹਨ ਉਥੇ ਡਾਕਟਰ ਪਹੁੰਚ ਸਕਣ। (ਥੰਪਿੰਗ) ਇਸ ਨਾਲ ਇਹ ਇਕ ਬੜਾ ਅਹਿਮ ਸਟੈਪ ਚੁੱਕਿਆ ਗਿਆ ਹੈ। ਇਸ ਤਰ੍ਹਾਂ ਹੈਲਥ ਸਰਵਿਸਿਜ਼ ਠੀਕ ਢੰਗ ਨਾਲ ਦਿੱਤੀਆਂ ਜਾ ਸਕਣਗੀਆਂ।

ਚੇਅਰਮੈਨ ਸਾਹਿਬ, ਇੱਕ-ਦੋ ਤੌਖਲੇ ਹੋਰ ਵੀ ਸਨ। ਇਕ ਤੌਖਲਾ ਇਹ ਹੀ ਸੀ

ਕਿ ਜਿਹੜੀ ਇਹ ਕਾਰਪੋਰੇਸ਼ਨ ਬਣਨੀ ਹੈ ਤਾਂ ਜਿਹੜੀਆਂ ਜਾਇਦਾਦਾਂ ਹਸਪਤਾਲਾਂ ਨਾਲ, ਡਿਸਪੈਂਸਰੀਆਂ ਨਾਲ ਲਗੀਆਂ ਹੋਈਆਂ ਸਨ, ਪਤਾ ਨਹੀਂ ਇਹ ਜਾਇਦਾਦਾਂ ਵੀ ਉਨ੍ਹਾਂ ਦੇ ਨਾਂ ਕਰਵਾ ਦਿੱਤੀਆਂ ਜਾਣਗੀਆਂ ਜਾਂ ਫਿਰ ਉਥੇ ਹੋਟਲ ਜਾਂ ਸ਼ਾਪਿੰਗ ਸੈਂਟਰ ਬਣਾ ਦਿੱਤਾ ਜਾਵੇਗਾ ।

ਸ੍ਰੀ ਸਭਾਪਤੀ : ਵਾਈਂਡ ਅੱਪ ਕਰੋ ।

ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ : ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਥੋੜ੍ਹਾ ਜਿਹਾ ਟਾਈਮ ਹੋਰ ਦਿੱਤਾ ਜਾਵੇ ਤਾਂ ਕਿ ਮੈਂ ਇਸ ਡਿਪਾਰਟਮੈਂਟ ਬਾਰੇ ਕੁੱਝ ਗੱਲਾਂ ਕਹਿ ਸਕਾਂ । ਚੇਅਰਮੈਨ ਸਾਹਿਬ, 150 ਦੇ ਕਰੀਬ ਡਿਸ-ਪੈਂਸਰੀਆਂ, ਹਸਪਤਾਲ ਕਾਰਪੋਰੇਸ਼ਨ ਦੇ ਅੰਡਰ ਨਹੀਂ ਹਨ । ਇਨ੍ਹਾਂ ਦੇ ਟਾਈਟਲ ਸਰਕਾਰ ਕੋਲ ਵੈਸਟ ਹਨ । ਇਸ ਕਰਕੇ ਇਹ 150 ਇੰਸਟੀਚਿਊਸ਼ਨਜ਼ ਅਤੇ ਇਨ੍ਹਾਂ ਦੇ ਨਾਲ ਲਗਦੀ ਇੱਕ-ਇੱਕ ਪੈਸੇ ਦੀ ਜਗ੍ਹਾ, ਇਸ ਦਾ ਸਾਰੇ ਦਾ ਸਾਰਾ ਟਾਈਟਲ ਗੌਰਮਿੰਟ ਕੋਲ ਹੀ ਵੈਸਟ ਹੋਵੇਗਾ । ਇਸ ਨੂੰ ਟਰਾਂਸਫਰ ਨਹੀਂ ਕੀਤਾ ਜਾਵੇਗਾ । ਇੰਨਾ ਹੀ ਨਹੀਂ, ਚੇਅਰਮੈਨ ਸਾਹਿਬ, ਇਹ ਵੀ ਤੌਖਲਾ ਪ੍ਰਗਟ ਕੀਤਾ ਗਿਆ ਸੀ ਕਿ ਇਸ ਕਾਰਪੋਰੇਸ਼ਨ ਦੇ ਬਣਨ ਨਾਲ ਡਾਇਗਨੋਸਿਜ਼, ਬਲੱਡ ਟੈਸਟ, ਐਕਸਰੇ ਦੇ ਰੇਟ ਵਧ ਜਾਣਗੇ ਔਰ ਬੜਾ ਭਾਰੀ ਡਿਫਰੈਂਸ ਆ ਜਾਵੇਗਾ ਪਰ ਅਸੀਂ ਫੈਸਲਾ ਕੀਤਾ ਹੈ ਕਿ 1991 ਦੇ ਜਿਹੜੇ ਰੇਟ ਹਨ, ਉਹੀ ਰਹਿਣਗੇ ਅਤੇ ਇਹ ਵਧਾਏ ਨਹੀਂ ਜਾਣਗੇ । ਗਰੀਬ ਆਦਮੀ ਉਸੇ ਰੇਟ ਤੇ ਟੈਸਟ ਕਰਵਾ ਸਕੇਗਾ । (ਥੰਪਿੰਗ)

ਇਹ ਵੀ ਤੌਖਲਾ ਪ੍ਰਗਟ ਕੀਤਾ ਗਿਆ ਸੀ ਕਿ ਕਾਰਪੋਰੇਸ਼ਨ ਔਰ ਦਿਹਾਤ ਦੇ ਡਾਕਟਰਾਂ ਦਾ ਕਾਡਰ ਵੱਖਰਾ ਵੱਖਰਾ ਹੈ । ਇਸ ਕਰਕੇ ਉਹ ਇਧਰ ਉਧਰ ਨਹੀਂ ਜਾ ਸਕਣਗੇ ਪਰ ਅਸੀਂ ਫੈਸਲਾ ਕੀਤਾ ਹੈ ਕਿ ਇਹ ਕਾਮਨ ਕਾਡਰ ਹੋਵੇਗਾ । ਸਾਰੇ ਗੌਰਮਿੰਟ ਮੁਲਾਜ਼ਮ ਸਮਝੇ ਜਾਣਗੇ । ਜਿਹੜੇ ਸਿਵਲ ਸਰਜਨ ਦੇ ਮਾਤਹਿਤ ਹਨ, ਉਨ੍ਹਾਂ ਨੂੰ ਵੀ ਫਿਕਰ ਦੀ ਲੋੜ ਨਹੀਂ । ਟਰਾਂਸਫਰਾਂ ਹੋ ਸਕਣਗੀਆਂ ।

*12.55 ਵਜੇ ਬਾਅਦ ਦੁਪਹਿਰ | (ਇਸ *ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਮੈਂ ਇਹ ਗੱਲ ਮਾਣ ਨਾਲ ਕਹਿ ਸਕਦਾ ਹਾਂ ਕਿ ਉਨ੍ਹਾਂ ਦੀਆਂ ਜਿਹੜੀਆਂ ਜਾਇਜ਼ ਗੱਲਾਂ ਲੰਬਿਤ ਹਨ, ਉਨ੍ਹਾਂ ਨੂੰ ਮੰਨਣਾ ਹੈ । ਇਹ ਸਾਰੀ ਦੀ ਸਾਰੀ ਸਿਚੂਏਸ਼ਨ ਇਸ ਕਿਸਮ ਦੀ ਬਣਾਈ ਹੈ, ਅੱਜ ਮੈਂ ਇਹ ਗੱਲ ਮਾਣ ਨਾਲ ਕਹਿ ਸਕਦਾ ਹਾਂ ਕਿ ਸਾਡਾ ਸਾਰੇ ਦਾ ਸਾਰਾ ਮਹਿਕਮਾ ਸੁਚਾਰੂ ਰੂਪ ਦੇ ਨਾਲ ਕੰਮ ਕਰਨ ਲੱਗਾ ਹੈ । ਜਿਹੜੇ ਸਾਰੇ ਡਾਕਟਰ ਸਾਹਿਬਾਨ ਹਨ, ਅਗਰ ਉਨ੍ਹਾਂ ਦੀ ਕੋਈ ਹੋਰ ਵੀ ਤਕਲੀਫ ਹੋਏਗੀ, ਮੈਂ

[ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ]
ਇਹ ਆਸ਼ਵਾਸ਼ਨ ਦੇਣਾ ਚਾਹੁੰਦਾ ਹਾਂ ਕਿ ਅਗਰ ਕੋਈ ਵੀ ਹੋਰ ਤਕਲੀਫ ਉਨ੍ਹਾਂ ਦੀ ਹੋਵੇਗੀ ਤਾਂ ਉਸ ਨੂੰ ਵੀ ਅਸੀਂ ਦੂਰ ਕਰਾਂਗੇ। ਅਸੀਂ ਕਿਸੇ ਦੇ ਦਿਲ ਵਿਚ ਕਿਸੇ ਕਿਸਮ ਦੀ ਇਰੀਟੇਸ਼ਨ ਰਹਿਣ ਨਹੀਂ ਦੇਣੀ।

ਸਪੀਕਰ ਸਾਹਿਬ, ਇਕ ਗੱਲ ਹੋਰ ਮੈਂ ਲਾਅ ਐਂਡ ਆਰਡਰ ਬਾਰੇ ਕਹਿਣੀ ਹੈ। ਲਾਅ ਐਂਡ ਆਰਡਰ ਬਾਰੇ ਇਥੇ ਗੱਲਾਂ ਕੀਤੀਆਂ ਗਈਆਂ ਹਨ। ਮੈਂ ਇਸ ਵਿਚ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜੋ ਕੁਝ ਇਥੇ ਗਿਣਾਇਆ ਗਿਆ, ਚੋਰੀ ਦੀ ਗਲ ਸੁਣਾਈ ਗਈ, ਕੋਈ ਕਿਤੇ ਖੋਹ ਦੀ ਗੱਲ ਸੁਣਾਈ ਗਈ, ਕਿ ਏਨੀਆਂ ਖੋਹਾਂ ਹੋਈਆਂ, ਏਨੀ ਚੋਰੀ ਹੋ ਗਈ ਔਰ ਇਕ ਦੋ ਜਗ੍ਹਾ ਦੇ ਉਤੇ ਬੰਬ ਵੀ ਫਟੇ ਹਨ, ਜਿਸ ਕਰਕੇ ਲਾਈਫ ਲੌਸਟ ਵੀ ਹੋਈ, ਇਸ ਲਾਈਫ ਲਾਸਟ ਦਾ ਦੁੱਖ ਤਾਂ ਸਾਰੇ ਪੰਜਾਬ ਦੇ ਲੋਕਾਂ ਨੂੰ ਹੈ,ਸਾਨੂੰ ਵੀ ਹੈ। ਸਪੀਕਰ ਸਾਹਿਬ, ਇਨ੍ਹਾਂ ਹਾਲਾਤ ਵਿਚ ਜੋ ਕੁਝ ਸਾਹਮਣੇ ਆਇਆ ਹੈ ਮੈਂ ਉਸਦੀ ਤਰਫ ਧਿਆਨ ਦਿਵਾਉਣਾ ਚਾਹੁੰਦਾ ਹਾਂ ਜਿਸ ਕਰਕੇ ਇਹ ਸਾਰੀ ਚੀਜ਼ ਉਭਰ ਕੇ ਸਾਹਮਣੇ ਆਈ ਹੈ। ਸਾਡਾ ਇਕ ਅਫਸਰ ਹੈ, ਮਿਸਟਰ ਅਜੀਤ ਸਿੰਘ ਸੰਧੂ ਜਿਸ ਨੇ ਆਤਮ ਹੱਤਿਆ ਕਰ ਲਈ ਸੀ। ਉਸ ਦੀ ਆਤਮ-ਹੱਤਿਆ ਦੀ ਗੱਲ ਨੂੰ ਲੈ ਕੇ ਇੰਝ ਦੱਸਣ ਦੀ ਕੋਸ਼ਿਸ਼ ਕੀਤੀ ਗਈ ਜਿਵੇਂ ਇਥੇ ਸਾਰੇ ਦਾ ਸਾਰਾ ਸਿਸਟਮ ਹੀ ਕਲੈਪਸ ਕਰ ਗਿਆ ਹੈ। ਏਨਾ ਹੀ ਨਹੀਂ, ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਅਗਰ ਕੋਈ ਸਾਧਾਰਣ ਵਿਅਕਤੀ ਕਿਸੇ ਕਿਸਮ ਦੀ ਗੱਲਬਾਤ ਕਹੇ ਤਾਂ ਉਸ ਨੂੰ ਤਾਂ ਮੁਆਫ ਕੀਤਾ ਜਾ ਸਕਦਾ ਸੀ ਪਰ ਅਗਰ ਜੇਕਰ ਇਹ ਗੱਲ ਉਸ ਵਿਅਕਤੀ ਪਾਸੋਂ ਸੁਣੀ ਜਾਵੇ, ਜਿਹੜੇ ਕਿ ਚੀਫ ਮਨਿਸਟਰ ਰਹੇ ਹੋਣ ਔਰ ਅੱਜ ਉਹ ਲੀਡਰ ਆਫ ਦੀ ਆਪੋਜ਼ੀਸ਼ਨ ਹੋਣ, ਜਿਨ੍ਹਾਂ ਦੀ ਜ਼ਿੰਮੇਵਾਰੀ ਕਿਸੇ ਵੀ ਤਰ੍ਹਾਂ ਘੱਟ ਨਹੀਂ, ਪੰਜਾਬ ਦੀ ਸੁਚਜੱਤਾ ਵਾਸਤੇ, ਇਥੇ ਲਾਅ ਐਂਡ ਆਰਡਰ ਕਾਇਮ ਰਹੇ, ਇਥੋਂ ਦੇ ਲੋਕ ਸੁਖੀ ਰਹਿਣ, ਇਥੋਂ ਦੇ ਲੋਕਾ ਵਾਸਤੇ ਸੁਚੱਜੇ ਢੰਗ ਦਾ ਪ੍ਰਬੰਧ ਹੋਵੇ ਜਿਥੇ ਉਹ ਆਪਣਾ ਦਿਨ ਰਾਤ ਗੁਜ਼ਾਰ ਸਕਣ, ਇਹ ਸਾਡੀ ਜ਼ਿੰਮੇਵਾਰੀ ਹੈ ਲੇਕਿਨ ਉਸ ਦੀ ਬਜਾਏ ਇਹ ਕਹੀਏ ਕਿ ਸਾਰੀ ਦੀ ਸਾਰੀ ਪੁਲਿਸ ਫੋਰਸ, ਜਿਸ ਦੀ ਜ਼ਿੰਮੇਵਾਰੀ ਲਾਅ ਐਂਡ ਆਰਡਰ ਮੇਨਟੇਨ ਕਰਨ ਦੀ ਹੁੰਦੀ ਹੈ ਉਹ ਕਲੈਪਸ ਹੋ ਗਈ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਗੱਲ ਠੀਕ ਨਹੀਂ ਹੈ, ਇਸ ਨੂੰ ਮੁਨਾਸਿਬ ਨਹੀਂ ਕਿਹਾ ਜਾ ਸਕਦਾ। ਮੈਂ ਸਮਝਦਾ ਹਾਂ ਕਿ ਇਹ ਗੱਲ ਪੰਜਾਬ ਦੇ ਵਾਸਤੇ ਅੱਛੀ ਤਾਂ ਨਹੀਂ ਲੇਕਿਨ ਨਾਲ ਦੀ ਨਾਲ ਪੰਜਾਬ ਦੇ ਅਮਨ ਵਾਸਤੇ ਇਕ ਚੰਗਿਆੜੀ ਲਗਾਉਣ ਵਾਲੀ ਗੱਲ ਹੈ, ਜਿਸ ਨੂੰ ਕਦੇ ਵੀ ਚੰਗੀ ਨਹੀਂ ਕਿਹਾ ਜਾ ਸਕਦਾ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ)

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : * * *

ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਨਹੀਂ ਸਮਝਦਾ ਕਿ ਇਹ ਪੁਆਇੰਟ ਆਫ ਆਰਡਰ ਹੋ ਸਕਦਾ ਹੈ।

ਸ਼੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ।

18 Expunged as ordered by the chair.

ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਇਸ ਗੱਲ ਦਾ ਤਾਅਲੁੱਕ ਹੈ, ਮੈਂ ਇਨ੍ਹਾਂ ਸਾਰੀਆਂ ਗੱਲਾਂ ਤੇ ਆਉਂਦਾ ਹਾਂ ਕਿ ਜੋ ਇਨ੍ਹਾਂ ਨੇ ਕਮੀਆਂ ਪੇਸ਼ੀਆਂ ਨੂੰ ਦੂਰ ਕਰਨ ਦੀ ਗੱਲ ਕੀਤੀ ਹੈ, ਮੈਂ ਇਹ ਸਾਰਾ ਕੁਝ ਸੁਨਾਉਣ ਲੱਗਾ ਹਾਂ । ਜਿੰਨੇ ਸਾਡੇ ਪੁਲਿਸ ਅਫਸਰ ਹਨ, ਉਨ੍ਹਾਂ ਦੇ ਵਾਸਤੇ ਮੇਰੇ ਦਿਲ ਵਿਚ ਬੜੀ ਸ਼ਰਧਾ ਹੈ ।

ਉਨ੍ਹਾਂ ਨੇ ਦੇਸ਼ ਦੀ ਏਕਤਾ ਔਰ ਅਖੰਡਤਾ ਲਈ ਲੜਾਈ ਲੜੀ ਔਰ ਜੋ ਜੇਲ੍ਹਾਂ ਦੀ ਹਵਾ ਖਾ ਕੇ ਅਤੇ ਆਪਣੀ ਜ਼ਿੰਦਗੀ ਦਾਅ ਤੇ ਲਾ ਕੇ ਇਸ ਲੜਾਈ ਵਿਚ ਕੁੱਦੇ । ਉਨ੍ਹਾਂ ਨੇ ਆਪਣੇ ਬਾਲ ਬੱਚਿਆਂ ਦੀ ਪਰਵਾਹ ਨਹੀਂ ਕੀਤੀ ਅਤੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਬਿਲਕੁਲ ਵੀ ਪਰਵਾਹ ਨਹੀਂ ਕੀਤੀ । ਲੇਕਿਨ ਜਿਥੋਂ ਤੱਕ ਇਸ ਗੱਲ ਦਾ ਤਾਅਲੁੱਕ ਹੈ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਹੋਇਆ ਇਸ ਤਰ੍ਹਾਂ ਕਿ ਜਿਹੜੇ ਇਹ ਕੇਸ ਜੋ ਕਿ ਰਜਿਸਟਰਡ ਹੋਏ, ਲਗਭਗ 11 ਹਨ, ਜਿਸ ਦੇ ਵਿਚ ਕਈ ਅਫਸਰ ਤੇ ਕਈ ਪੁਲਿਸ ਦੇ ਸਰਕਾਰੀ ਮੁਲਾਜ਼ਮ ਘੇਰੇ ਵਿਚ ਆਏ । ਇਸ ਦੇ ਵਿਚੋਂ ਚਾਰ ਕੇਸ ਤਾਂ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਵੇਲੇ ਰਜਿਸਟਰ ਹੋਏ ਔਰ 6 ਕੇਸ ਬਰਾੜ ਸਾਹਿਬ ਦੀ ਸਰਕਾਰ ਵੇਲੇ ਰਜਿਸਟਰ ਹੋਏ ਅਤੇ ਇਸੇ ਤਰ੍ਹਾਂ ਇਕ ਕੇਸ ਬੀਬੀ ਭੱਠਲ ਜੀ ਜਦੋਂ ਮੁੱਖ ਮੰਤਰੀ ਸਨ, ਉਦੋਂ ਰਜਿਸਟਰ ਹੋਇਆ । ਹੁਣ ਤੱਕ ਕੁੱਲ 11 ਕੇਸ ਰਜਿਸਟਰ ਹੋਏ ਹਨ । ਜਦੋਂ ਦੀ ਸਾਡੀ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਈ ਹੈ ਕੋਈ ਵੀ ਅਜਿਹਾ ਕੇਸ ਰਜਿਸਟਰ ਨਹੀਂ ਹੋਇਆ । (ਥੰਪਿੰਗ) ਨਾ ਕੋਈ ਕੇਸ ਸੀ.ਬੀ.ਆਈ. ਨੂੰ ਗਿਆ ਅਤੇ ਨਾ ਹੀ ਸੀ.ਬੀ.ਆਈ. ਨੇ ਕਿਸੇ ਸਬੰਧੀ ਕੋਈ ਕੇਸ ਰਜਿਸਟਰ ਕਰਨ ਲਈ ਰਿਕੁਐਸਟ ਕੀਤੀ ਹੈ । ਸੰਧੂ ਸਾਹਿਬ ਨੇ ਜੋ ਲੜਾਈ ਲੜੀ ਹੈ ਬੜੀ ਅੱਛੀ ਗੱਲ ਹੈ । ਇਸ ਨੂੰ ਪੰਜਾਬ ਦੇ ਲੋਕਾਂ ਨੇ ਬੜਾ ਚੰਗਾ ਸਮਝਿਆ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸੰਧੂ ਨੂੰ ਜੇਲ੍ਹ ਵਿਚ ਭੇਜਿਆ ਗਿਆ, ਜੋ ਕਾਤੀਆ ਰੇਪ ਕੇਸ ਸਬੰਧੀ ਦੋਸ਼ੀਆਂ ਨੂੰ ਰੈਸਟ ਹਾਊਸ ਦੇ ਵਿਚ ਰੱਖਿਆ ਜਾ ਸਕਦਾ ਸੀ ਤਾਂ ਫਿਰ ਸ੍ਰੀ ਸੰਧੂ ਨੂੰ ਰੈਸਟ ਹਾਊਸ ਦੇ ਵਿਚ ਕਿਉਂ ਨਹੀਂ ਰੱਖਿਆ ਗਿਆ ਅਤੇ ਉਸ ਨੂੰ ਕਾਂਗਰਸ ਦੀ ਸਰਕਾਰ ਨੇ ਕੰਡੈਮ ਟੈਰੋਰਿਸਟ ਜੇਲ੍ਹ ਦੇ ਵਿਚ ਕਿਉਂ ਭੇਜਿਆ । ਮੈਂ ਸਪੀਕਰ ਸਾਹਿਬ, ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇੰਡੀਅਨ ਐਕਸਪ੍ਰੈਸ ਦੇ ਵਿਚ 16 ਦਸੰਬਰ 1996 ਨੂੰ ਇੱਕ ਖਬਰ ਛੱਪੀ ਸੀ — "Police officers were shocked on receiving the report of ldging Mr. Sandhu in a cell reserved for the terrorist persons." ਇਹ ਇੰਡੀਅਨ ਐਕਸਪ੍ਰੈਸ ਦੀ 16 ਦਸੰਬਰ, 1996 ਦੀ ਅਖਬਾਰ ਵਿਚ ਖਬਰ ਆਈ ਹੈ ਜਿਸਨੂੰ ਪੜ੍ਹ ਕੇ ਪੁਲਿਸ ਫੋਰਸ ਸਟਨਡ ਹੋ ਗਈ । ਸਪੀਕਰ ਸਾਹਿਬ, ਪੁਲਿਸ ਫੋਰਸ ਹੁਣ ਸਟਨਡ ਹੋਈ ਪਰ ਉਦੋਂ ਨਹੀਂ ਹੋਈ ਜਦੋਂ ਉਸ ਨੂੰ ਜੇਲ੍ਹ ਭੇਜਿਆ ਗਿਆ ਸੀ ਅਤੇ ਉਸ ਨੂੰ ਟੈਰੋਰਿਸਟਾਂ ਕੋਲੋਂ ਮਰਵਾਇਆ ਗਿਆ ਅਤੇ ਜ਼ਲੀਲ ਕਰਵਾਇਆ ਗਿਆ ਸੀ । ਉਨ੍ਹਾਂ ਨੇ ਇਕ ਬਿਆਨ ਦਿੱਤਾ ਸੀ ਬਾਅਦ ਦੇ ਵਿਚ ਕਿ ਮੈਨੂੰ ਇਕ ਸਾਜ਼ਿਸ਼ ਦੇ ਤਹਿਤ ਜ਼ਲੀਲ ਕਰਵਾਇਆ ਗਿਆ ਹੈ ਅਤੇ ਉਸ ਵਕਤ ਦੀ ਸਰਕਾਰ ਨੇ ਮੇਰੇ ਨਾਲ ਜ਼ਿਆਦਤੀ ਕੀਤੀ ਹੈ on grounds best known to them ਔਰ ਉਨ੍ਹਾਂ ਨੇ ਇਸ ਤਰ੍ਹਾਂ ਜਾਣ-ਬੁਝ ਕੇ ਕਰਵਾਇਆ ਹੈ । ਇਸ ਤਰ੍ਹਾਂ ਇਕ ਤਰੀਕੇ ਨਾਲ ਉਨ੍ਹਾਂ ਨੂੰ ਜ਼ਲੀਲ ਕਰਨ ਦਾ ਪ੍ਰਬੰਧ ਕੀਤਾ

[ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ]

ਗਿਆ । ਇੰਨਾ ਹੀ ਨਹੀਂ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਲੋਕਾਂ ਨਾਲ ਬੀਤਿਆ ਕੀ । ਲਗਭਗ 6 ਮਹੀਨੇ ਪਹਿਲਾਂ ਜਦੋਂ ਮੈਂ ਬੀ.ਜੇ.ਪੀ. ਦਾ ਪ੍ਰਧਾਨ ਸੀ, ਮੇਰੇ ਕੋਲ ਇਕ ਆਈ.ਪੀ.ਐਸ. ਆਫੀਸਰਜ਼ ਦਾ ਡੈਲੀਗੇਸ਼ਨ ਆਇਆ ਜਿਨ੍ਹਾਂ ਦੇ ਨਾਲ ਸੰਧੂ ਵੀ ਸੀ । ਉਨ੍ਹਾਂ ਨੇ ਮੈਨੂੰ ਕਿਹਾ ਕਿ ਟੰਡਨ ਸਾਹਿਬ, ਪ੍ਰੈਜ਼ੈਂਟ ਸਰਕਾਰ ਕਿਸੇ ਵੀ ਤਰੀਕੇ ਨਾਲ, ਲੀਗਲੀ ਅਤੇ ਫਾਈਨੈਂਸ਼ੀਅਲ ਤੌਰ ਤੇ ਸਾਡੀ ਮੱਦਦ ਨਹੀਂ ਕਰ ਰਹੀ । ਉਨ੍ਹਾਂ ਕਿਹਾ ਕਿ ਟੰਡਨ ਸਾਹਿਬ, ਤੁਸੀਂ ਦੱਸੋ ਕਿ ਜੇ ਅਜਿਹੇ ਹਾਲਾਤ ਦੇ ਵਿਚ ਕਿਸੇ ਆਈ. ਪੀ. ਐਸ. ਆਫੀਸਰ ਨੂੰ ਕਿਸੇ ਕਤਲ ਦੇ ਕੇਸ ਦਾ ਸਾਹਮਣਾ ਕਰਨਾ ਪੈ ਜਾਵੇ ਤਾਂ ਉਹ ਦੋ ਚਾਰ ਹਜ਼ਾਰ ਰਪਏ ਵਾਲੇ ਵਕੀਲ ਨੂੰ ਹੀ ਕਰੇਗਾ ਕਿਉਂਕਿ ਜੇ ਕੋਈ ਅੱਛੇ ਤੋਂ ਅੱਛਾ ਵਕੀਲ ਕਰਦੇ ਹਾਂ ਤਾ ਉਹ ਕਤਲ ਕੇਸ ਵਾਸਤੇ 2-3 ਲੱਖ ਤੋਂ ਘੱਟ ਨਹੀਂ ਮੰਗਦਾ । ਅਸੀਂ ਇੰਨਾ ਪੈਸਾ ਕਿਥੋਂ ਲਿਆਈਏ । ਸੈਂਟਰ ਵਿਚ ਕਾਂਗਰਸ ਦੀ ਸਰਕਾਰ ਹੈ, ਅਸੀਂ ਉਥੇ ਵੀ ਗਏ ਹਾਂ ਪਰ ਉਹ ਵੀ ਨਹੀਂ ਸੁਣਦੇ । ਸੂਬੇ ਦੀ ਕਾਂਗਰਸ ਸਰਕਾਰ ਵੀ ਨਹੀਂ ਸੁਣਦੀ ਇਸ ਲਈ ਅਸੀਂ ਨੈਸ਼ਨਲ ਲੀਡਰਜ਼ ਨਾਲ ਮਿਲੇ ਸੀ । ਸਪੀਕਰ ਸਾਹਿਬ, ਮੈਂ ਉਨ੍ਹਾਂ ਨੂੰ ਲੈ ਕੇ ਗਿਆ, ਨੈਸ਼ਨਲ ਲੀਡਰਜ਼ ਨੂੰ ਮਿਲਿਆ ਕਿ ਇਨ੍ਹਾਂ ਨੇ ਦੇਸ਼ ਦੀ ਏਕਤਾ ਲਈ ਆਪਣੀ ਜਾਨ ਤਲੀ ਤੇ ਰੱਖੀ ਹੈ ਅਤੇ ਹੁਣ ਕਾਂਗਰਸ ਦੀ ਹਕੂਮਤ ਇਨ੍ਹਾਂ ਨਾਲ ਕੀ ਕਰ ਰਹੀ ਹੈ । ਅਟੱਲ ਬਿਹਾਰੀ ਵਾਜਪਈ ਨੂੰ ਜਾ ਕੇ ਮਿਲਿਆਂ, ਫਿਰ 4 ਦਿਨ ਬਾਅਦ ਅਡਵਾਨੀ ਜੀ ਨੂੰ ਮਿਲਿਆ । ਜਿਹੜੇ ਹੋਮ ਮਨਿਸਟਰ ਸਨ ਇੰਦਰਜੀਤ ਗੁਪਤਾ, ਉਨ੍ਹਾਂ ਨੂੰ ਜਾ ਕੇ ਇਨ੍ਹਾਂ ਦੀਆਂ ਸਮੱਸਿਆਵਾਂ ਦੱਸੀਆਂ । ਲੇਕਿਨ ਅਫ਼ਸੋਸ ਦੀ ਗੱਲ ਹੈ ਕਿ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਕੁਝ ਨਹੀਂ ਕੀਤਾ । ਅੱਜ ਉਹ ਵਿਚਾਰਾ ਸਾਡੇ ਦਰਮਿਆਨ ਨਹੀਂ ਰਿਹਾ । ਸਾਰੀ ਗੱਲ ਹੁਣ ਸਾਡੇ ਤੇ ਪਾਈ ਜਾ ਰਹੀ ਹੈ ਜਿਵੇਂ ਅਸੀਂ ਹੀ ਉਸ ਨੂੰ ਜੇਲ੍ਹ ਭੇਜਿਆ ਹੋਵੇ, ਕੰਡੈਮ ਸੈਲ ਵਿਚ ਅਸੀਂ ਹੀ ਉਸ ਨੂੰ ਰੱਖਿਆ ਹੋਵੇ, ਟੈਰੋਰਿਸਟਾਂ ਕੋਲੋਂ ਅਸੀਂ ਹੀ ਮਰਵਾਇਆ ਹੋਵੇ । ਜਿਵੇਂ ਇਹ ਸਾਰੀਆਂ ਗੱਲਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕੀਤੀਆਂ ਹੋਣ । ਇਸ ਨਾਲ ਸਾਰੀ ਫੋਰਸ ਦਾ ਮਨੋਬਲ ਡਿੱਗਦਾ ਹੈ । ।

ਸਾਨੂੰ ਪੰਜਾਬ ਦੀ ਫੋਰਸ ਤੇ ਮਾਣ ਹੈ । ਪੰਜਾਬ ਦੀ ਫੋਰਸ ਨੇ ਪੰਜਾਬ ਦੇ ਹਾਲਾਤ ਨੂੰ ਠੀਕ ਕੀਤਾ । ਜੰਮੂ ਕਸ਼ਮੀਰ ਵਿਚ ਉਥੇ ਦੀ ਲੋਕਲ ਫੋਰਸ ਆਪਣੇ ਹਾਲਾਤ ਠੀਕ ਨਹੀਂ ਕਰ ਸਕੀ, ਉਥੇ ਸੈਂਟਰ ਦੀ ਫੋਰਸ ਜਾ ਕੇ ਲੜੀ, ਪੈਰਾ ਮਿਲਟਰੀ ਫੋਰਸਿਜ਼ ਜਾ ਕੇ ਲੜੀਆਂ, ਮਿਲਟਰੀ ਫੋਰਸਿਜ਼ ਜਾ ਕੇ ਲੜੀਆਂ । ਇਧਰ ਨਾਰਥ ਈਸਟ ਵਿਚ ਜਾ ਕੇ ਦੇਖੋ, ਉਥੇ ਦੀ ਲੋਕਲ ਫੋਰਸ ਕੁਝ ਨਹੀਂ ਕਰ ਸਕੀ । ਪੰਜਾਬ ਪੁਲਿਸ ਤੇ ਪੰਜਾਬ ਦੇ ਲੋਕਾਂ ਨੂੰ ਮਾਣ ਹੈ । ਇਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਆਉਣ ਵਾਲੇ ਸਮੇਂ ਵਿਚ ਅਸੀਂ ਅਫਸਰਾਂ ਦੀ ਮੱਦਦ ਕਰਨੀ ਹੈ ਜਿਨ੍ਹਾਂ ਨੇ ਹਰ ਢੰਗ ਨਾਲ ਇਸ ਦੇਸ਼ ਦੀ ਏਕਤਾ ਵਾਸਤੇ ਲੜਾਈ ਲੜੀ ।

ਚੌਧਰੀ ਜਗਜੀਤ ਸਿੰਘ : ** ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**Expunged as ordered by the Chair.

ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਹੀ ਨਹੀਂ, ਐਡਵੋਕੇਟ ਜਨਰਲ ਦੇ ਆਫਿਸ ਵਿਚ ਡਿਪਾਰਟਮੈਂਟ ਦੇ 4 ਸੀਨੀਅਰ ਆਫੀਸਰ ਇਸ ਵਾਸਤੇ ਡਿਪਿਊਟ ਕੀਤੇ ਹਨ। ਉਨ੍ਹਾਂ ਦੀ ਡਿਊਟੀ, ਜਿਨ੍ਹਾਂ ਤੋਂ ਆਪਣੀ ਡਿਊਟੀ ਡਿਸਚਾਰਜ ਕਰਦੇ ਸਮੇਂ ਕੋਈ ਅਣਗਹਿਲੀ ਹੋ ਗਈ ਹੋਵੇ ਉਨ੍ਹਾਂ ਨੂੰ ਡਿਫੈਂਡ ਕਰਨ ਵਾਸਤੇ ਲਗਾਈ ਗਈ ਹੈ ਪਰ ਜਿਨ੍ਹਾਂ ਨੇ ਜਾਣ ਬੁੱਝ ਕੇ ਜ਼ਾਇਦਾਦਾਂ ਖੜ੍ਹੀਆਂ ਕਰਨ ਵਾਸਤੇ, ਇਨੋਸੈਂਟ ਲੋਕਾਂ ਨੂੰ ਤੰਗ ਕੀਤਾ ਉਨ੍ਹਾਂ ਕੇਸਾਂ ਵਿਚ law of the land will take its course. ਕੀ ਕੁਝ ਹੋਇਆ ਇਹ ਅੱਜ ਦੀ ਗੱਲ ਨਹੀਂ। ਜਿਨ੍ਹਾਂ ਲੋਕਾਂ ਨੇ ਇਮਾਨਦਾਰੀ ਨਾਲ ਕੰਮ ਕੀਤਾ ਉਨ੍ਹਾਂ ਨੂੰ ਅਸੀਂ ਡਿਫੈਂਡ ਕਰਾਂਗੇ, ਉਨ੍ਹਾਂ ਵਾਸਤੇ ਲੀਗਲ ਏਡ ਦੇਵਾਂਗੇ, ਫਾਈਨਾਂਸ਼ੀਅਲ ਏਡ ਦੇਵਾਂਗੇ, ਜੇਣੀ ਪਵੇਗੀ ਅਤੇ ਜ਼ਰੂਰ ਦੇਵਾਂਗੇ। ਸੋ, ਮੈਂ ਇਹ ਗੱਲ ਕਹਾਂਗਾ ਕਿ ਸਰਕਾਰ ਵੱਲੋਂ ਕਾਲੇ ਦਿਨ ਤਾਂ ਕੀ ਕਾਲੇ ਦਿਨਾਂ ਦੀ ਛਾਇਆ ਵੀ ਮੁੜ ਕੇ ਕਿਸੇ ਕੀਮਤ ਤੇ ਨਹੀਂ ਆਉਣ ਦਿੱਤੀ ਜਾਵੇਗੀ। (ਥੰਪਿੰਗ) ਇਸ ਵਾਸਤੇ ਅਸੀਂ ਕਲੀਅਰ ਤੇ ਡਿਟਰਮਿਨ ਹਾਂ।

ਸਪੀਕਰ ਸਾਹਿਬ, ਇਸ ਪੰਜਾਬ ਵਿਚ ਅਸੀਂ ਸੁਚੱਜਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਪਿਛਲੇ ਸਾਲਾਂ ਵਿਚ ਇਕ ਪਾੜਾ ਇੱਕ ਦੀਵਾਰ ਪੰਜਾਬ ਵਿਚ ਪੈਦਾ ਹੋ ਗਈ ਸੀ ਅਤੇ ਭਰਾ ਭਰਾ ਵਿਚ ਖੜ੍ਹੀ ਹੋ ਗਈ ਸੀ। ਪੰਜਾਬ ਦੇ ਲੋਕ ਹੁਣ ਇਹ ਸੋਚਦੇ ਹਨ ਕਿ ਇਨ੍ਹਾਂ ਲੋਕਾਂ ਨੇ ਪੰਜਾਬ ਵਿਚ ਅੱਤਵਾਦ ਲਿਆਉਣ ਲਈ ਕੀ ਢੰਗ ਤਰੀਕੇ ਅਪਣਾਏ ਹਨ। ਪੰਜਾਬ ਦੀ ਅਵਾਮ ਇਹ ਸਭ ਜਾਣਦੀ ਹੈ। ਇਤਨਾ ਹੀ ਨਹੀਂ, ਇਨ੍ਹਾਂ ਕਾਂਗਰਸੀਆਂ ਨੇ ਖਾਲਸਾ ਦਲ ਬਣਾਇਆ ਅਤੇ ਖਾਲਸਾ ਦਲ ਦੇ ਵਿਚੋਂ ਇਕ ਪਰਸਨੈਲਿਟੀ ਨੂੰ ਖੜ੍ਹਾ ਕੀਤਾ ਅਤੇ ਉਸ ਪਰਸਨੈਲਿਟੀ ਨੂੰ ਕਿਹਾ ਗਿਆ ਕਿ ਤੈਨੂੰ ਕਿੰਨੇ ਦਿਨ ਚਾਹੀਦੇ ਹਨ ਗ੍ਰਿਫਤਾਰੀ ਦੇਣ ਲਈ। ਉਸ ਪਰਸਨੈਲਿਟੀ ਦੇ ਰਾਹੀਂ ਅਕਾਲੀ ਪਾਰਟੀ ਨੂੰ ਡੈਮੇਜ ਕਰਨ ਵਾਸਤੇ ਖਾਲਸਾ ਦਲ ਬਣਾਇਆ ਗਿਆ ਅਤੇ ਇਸ ਤਰ੍ਹਾਂ ਕਰਕੇ ਇਨ੍ਹਾਂ ਨੇ ਪੰਜਾਬ ਦੇ ਲਈ ਭੈੜੇ ਦਿਨ ਲਿਆਂਦੇ ਅਤੇ ਭੈੜੀ ਤਸਵੀਰ ਪੰਜਾਬ ਦੀ ਬਣਾਈ। ਪੰਜਾਬ ਦੇ ਅੰਦਰ ਅਤੇ ਪੰਜਾਬ ਤੋਂ ਬਾਹਰ ਰਹਿੰਦੇ ਪੰਜਾਬੀਆਂ ਦੇ ਵਿਚ ਇਕ ਪਾੜਾ ਪਾਇਆ ਗਿਆ ਚਾਹੇ ਉਹ ਪੰਜਾਬੀ ਦਿੱਲੀ ਵਿਚ, ਕਲਕੱਤੇ ਵਿਚ, ਕਾਨ੍ਹਪੁਰ ਵਿਚ ਰਹਿੰਦੇ ਸਨ, ਪੰਜਾਬੀਆਂ ਦੇ ਪ੍ਰਤੀ ਨਫਰਤ ਪੈਦਾ ਕਰ ਦਿੱਤੀ। ਹੁਣ ਚੂੰਕਿ ਪੰਜਾਬ ਵਿਚ ਹਾਲਾਤ ਚੇਂਜ ਹੋਏ ਹਨ ਅਤੇ ਸੁਖਾਵੇਂ ਹਨ ਤਾਂ ਉਥੇ ਬਾਹਰ ਰਹਿੰਦੇ ਪੰਜਾਬੀ ਭਰਾ ਵੀ ਖੁਸ਼ ਹਨ ਅਤੇ ਉਹ ਹੈਰਾਨ ਹਨ ਕਿ ਇਤਨੀ ਤਬਦੀਲੀ ਕਿਵੇਂ ਆਈ ਹੈ ਲੋਕਾਂ ਦੀ ਸੋਚ ਕਿਸ ਤਰ੍ਹਾਂ ਬਦਲ ਗਈ ਅਤੇ ਹਿੰਦੁਸਤਾਨ ਤੋਂ ਬਾਹਰ ਰਹਿ ਰਹੇ ਪੰਜਾਬੀ ਚਾਹੇ ਉਹ ਕਨੇਡਾ ਵਿਚ ਹੈ, ਅਮਰੀਕਾ ਵਿਚ ਹੈ, ਯੂਰਪ ਵਿਚ, ਉਹ ਵੀ ਹੈਰਾਨ ਹਨ ਕਿ ਇਹ ਸੋਚ ਕਿਸ ਤਰ੍ਹਾਂ ਬਦਲ ਗਈ ਹੈ ਜਿਹੜੀ ਦੋ ਹਿਸਿਆਂ ਵਿਚ ਵੰਡੀ ਹੋਈ ਸੀ। ਪੰਜਾਬੀਆਂ ਦੇ ਵਿਚ ਵਿਕਾਸ ਕਰਨ ਲਈ ਇਕ ਨਵਾਂ ਜੋਸ਼, ਨਵੀਂ ਸੋਚ ਆਈ ਅਤੇ ਉਨ੍ਹਾਂ ਨੇ ਇਕ ਤਰ੍ਹਾਂ ਨਾਲ ਨਵੀਂ ਜ਼ਿੰਦਗੀ ਕਾਇਮ ਕੀਤੀ ਹੈ। ਹੁਣ ਵੀ ਘੱਲੂਘਾਰਾ ਦਿਵਸ ਦੇ ਟਾਈਮ ਉਧਰ ਬੈਠੀ ਪਾਰਟੀ ਦੇ ਮੈਂਬਰਾਂ ਨੇ ਸੋਚਿਆ ਸੀ ਕਿ ਘੱਲੂਘਾਰਾ ਵਾਲੇ ਦਿਨ ਜ਼ਰੂਰ ਕੁਝ ਹੋਵੇਗਾ ਪਰ ਉਸ ਦਿਨ ਜੱਥੇਦਾਰ ਅਕਾਲ ਤਖਤ ਨੇ ਗਰੀਬ ਹਿੰਦੂ ਵਿਧਵਾਵਾਂ ਨੂੰ ਸਲਾਈ ਚੀਆਂ

[ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ]

ਮਸ਼ੀਨਾਂ ਵੰਡੀਆਂ ਤਾਂਕਿ ਉਹ ਆਪਣਾ ਗੁਜ਼ਾਰਾ ਆਪਣੇ ਬੱਚਿਆਂ ਦੇ ਨਾਲ ਕਰ ਸਕਣ ਅਤੇ ਆਪਣੀ ਰੋਟੀ ਰੋਜ਼ੀ ਲਈ ਕਮਾਈ ਕਰ ਸਕਣ । ਉਨ੍ਹਾਂ ਨੇ ਕਿਹਾ ਕਿ ਜਿਹੜਾ ਪਠਾਨਕੋਟ ਦੇ ਵਿਚ ਵਾਕਿਆ ਹੋਇਆ ਹੈ ਉਸ ਦਾ ਮੈਨੂੰ ਬਹੁਤ ਦੁੱਖ ਹੈ । ਉਨ੍ਹਾਂ ਨੇ ਕੇਵਲ ਦੁੱਖ ਦਾ ਪ੍ਰਗਟਾਵਾ ਹੀ ਨਹੀਂ ਕੀਤਾ ਬਲਕਿ ਕਿਹਾ ਕਿ ਪਠਾਨਕਟ ਦਾ ਵਾਕਿਆ ਜੰਮੂ ਕਸ਼ਮੀਰ ਦੇ ਵਿਚ ਨਹੀਂ ਹੋਣਾ ਚਾਹੀਦਾ ਅਤੇ ਜੰਮੂ ਕਸ਼ਮੀਰ ਹਿੰਦੁਸਤਾਨ ਦਾ ਇਕ ਅਟੁੱਟ ਅੰਗ ਹੈ, ਹਿੰਦੁਸਤਾਨ ਤੋਂ ਇਸ ਨੂੰ ਅਲੱਗ ਨਹੀਂ ਹੋਣ ਦਿੱਤਾ ਜਾਵੇਗਾ । ਇਸੇ ਤਰ੍ਹਾਂ ਪੰਜਾਬ ਦੇ ਲੋਕਾਂ ਦੀ ਸੋਚ ਵਿਚ ਬੜਾ ਅੰਤਰ ਆਇਆ ਹੈ, ਪੰਜਾਬ ਦੇ ਲੋਕਾਂ ਵਿਚ ਨਵੀਂ ਸੋਚ ਆਈ ਹੈ ਪਰ ਕਾਂਗਰਸੀ ਭਰਾ ਇਸ ਸੋਚ ਨੂੰ ਫਿਰ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ । ਪੰਜਾਬ ਵਿਚ ਅਗਰ ਛੋਟੀਆਂ ਛੋਟੀਆਂ 4 ਚੋਰੀਆਂ ਹੋ ਗਈਆਂ, ਕੋਈ ਡਾਕਾ ਪੈ ਗਿਆ ਜਾਂ 2 ਬੰਦੇ ਖੋ ਗਏ ਤਾਂ ਉਸ ਨੂੰ ਵੀ ਇਨ੍ਹਾਂ ਵੱਲੋਂ ਹਵਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਦ ਕਿ ਇਹ ਦਿੱਲੀ ਦਾ ਕਰਾਈਮ ਗ੍ਰਾਫ ਦੇਖਣ, ਯੂ. ਪੀ. ਅਤੇ ਬਿਹਾਰ ਦੇ ਵਿਚ ਕਰਾਈਮ ਗ੍ਰਾਫ ਨੂੰ ਦੇਖਣ ਜਿਥੇ ਪਤਾ ਨਹੀਂ ਰੋਜ਼ ਕਿੰਨੇ ਕਤਲ ਅਤੇ ਚੋਰੀਆਂ ਡਾਕੇ ਹੁੰਦੇ ਹਨ । ਪੰਜਾਬ ਦੇ ਵਿਚ ਮਾਹੌਲ ਬੜਾ ਸ਼ਾਂਤਮਈ ਹੈ । ਸਾਨੂੰ ਆਪਣੇ ਪੰਜਾਬੀਆਂ ਉਤੇ ਮਾਣ ਹੋਣਾ ਚਾਹੀਦਾ ਹੈ ਅਤੇ ਪੰਜਾਬ ਦੀ ਐਡਮਨਿਸਟਰੇਸ਼ਨ ਉਤੇ ਸਾਨੂੰ ਮਾਣ ਹੈ । ਜਿਸ ਤਰੀਕੇ ਨਾਲ ਪੰਜਾਬ ਦੇ ਵਿਚ ਨਵੀਂ ਸੋਚ ਪੈਦਾ ਹੋਈ ਹੈ ਅਤੇ ਨਵੀਂ ਜ਼ਿੰਦਗੀ ਆਈ ਹੈ, ਦੁਨੀਆਂ ਦੇ ਵਿਚ ਅਤੇ ਹਿੰਦੁਸਤਾਨ ਦੇ ਹਰ ਕਿਨਾਰੇ ਵਿਚ ਇਹ ਗੱਲ ਪਹੁੰਚੀ ਹੈ ਕਿ ਪੰਜਾਬ ਦੇ ਲੋਕਾਂ ਵਿਚ ਨਵੀਂ ਸੋਚ ਆਈ ਹੈ ਅਤੇ ਸ਼ਾਂਤੀ ਸਥਾਪਿਤ ਹੋਈ ਹੈ । ਉਸ ਵਿਚ ਫਿਰ ਅੱਗ ਲਗਾਉਣ ਦੀ ਕੋਸ਼ਿਸ਼ ਨਾ ਕਰੋ ਜਿਸ ਦੇ ਨਾਲ ਪੰਜਾਬ ਦੇ ਹਾਲਾਤ ਫਿਰ ਖਰਾਬ ਹੋਣ । ਤੁਸੀਂ ਸਾਨੂੰ ਜੀਣ ਦਿਉ ਅਤੇ ਲੋਕਾਂ ਨੂੰ ਸੁਖ ਸ਼ਾਂਤੀ ਦੇ ਨਾਲ ਰਹਿਣ ਦਿਉ । ਕਾਂਗਰਸ ਪਾਰਟੀ ਇਸ ਗੱਲ ਤੇ ਮਸ਼ਹੂਰ ਹੈ ਕਿ ਇਹ ਇਸ ਕਿਸਮ ਦੀਆਂ ਗੱਲਾਂ ਕਰਦੀ ਹੈ ਜਿਸ ਦੇ ਨਾਲ ਪੰਜਾਬ ਦੇ ਵਿਚ ਫਿਰ ਪੁਰਾਣੇ ਹਾਲਾਤ ਕਰੀਏਟ ਹੋਣ, ਇਹ ਲਾਂਬੂ ਨੂੰ ਅੱਗ ਲਗਾ ਕੇ ਤਮਾਸ਼ਾ ਵੇਖਣ ਵਾਲੇ ਹਨ । ਮੇਰੀ ਬੇਨਤੀ ਹੈ ਕਿ ਤੁਸੀਂ ਸਾਨੂੰ ਪੰਜਾਬ ਦੇ ਹਾਲਾਤ ਸੁਖਾਵੇਂ ਬਨਾਉਣ ਵਿਚ ਮੱਦਦ ਦਿਉ ਤਾਂਕਿ ਅਸੀਂ ਪੰਜਾਬ ਦਾ ਵਿਕਾਸ ਕਰ ਸਕੀਏ । ਸਰਦਾਰ ਬਾਦਲ ਦਾ ਸਾਥ ਦਿਉ ਤਾਂਕਿ ਅਸੀਂ ਲੋਕਾਂ ਦੇ ਭਲੇ ਲਈ ਕੁਝ ਕਰ ਸਕੀਏ ਅਤੇ ਕਿਰਪਾ ਕਰਕੇ ਆਪਣੀ ਜ਼ੁਬਾਨ ਉਤੇ ਕਾਬੂ ਰੱਖੋ ਅਤੇ ਕੋਈ ਭੜਕੀਲਾ ਬਿਆਨ ਇਸ ਤਰ੍ਹਾਂ ਦਾ ਨਾ ਦਿਉ ਜਿਸ ਦੇ ਨਾਲ ਪੰਜਾਬ ਦਾ ਮਾਹੌਲ ਫਿਰ ਖਰਾਬ ਹੋਵੇ । ਬਾਦਲ ਸਾਹਿਬ ਦੀ ਅਗਵਾਈ ਵਿਚ ਸਾਨੂੰ ਸਾਥ ਦਿਉ ਤਾਂਕਿ ਅਸੀਂ ਪੰਜਾਬ ਨੂੰ ਇਕ ਉਭਰਦਾ ਹੋਇਆ ਨਵਾਂ ਪੰਜਾਬ ਫਿਰ ਬਣਾ ਸਕੀਏ ਔਰ ਵਿਕਾਸ ਵੱਲ ਲੈ ਜਾ ਸਕੀਏ ਜਿਸ ਉਤੇ ਸਾਰੇ ਹਿੰਦੁਸਤਾਨ ਨੂੰ ਪੰਜਾਬੀਆਂ ਉਤੇ ਮਾਣ ਹੋਵੇ ਅਤੇ ਅਸੀਂ ਦੁਨੀਆਂ ਦੇ ਵਿਚ ਅਤੇ ਹਿੰਦੁਸਤਾਨ ਦੇ ਦੂਜੇ ਸੂਬਿਆਂ ਦੇ ਵਿਚ ਆਪਣਾ ਸਿਰ ਉੱਚਾ ਚੁਕ ਸਕੀਏ, ਜਿਸ ਤਰ੍ਹਾਂ ਅਸੀਂ ਪਹਿਲੇ ਚੁਕੱਦੇ ਸੀ ਅਤੇ ਜਿਸ ਤਰੀਕੇ ਨਾਲ ਪਹਿਲੇ ਪੰਜਾਬੀਆਂ ਨੂੰ ਇੱਜ਼ਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ । ਧੰਨਵਾਦ ।

ਸਰਦਾਰ ਅਜੀਤ ਇੰਦਰ ਸਿੰਘ (ਸਰਦੂਲਗੜ੍ਹ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ । ਪਹਿਲੇ ਮੈਨੂੰ ਗਵਰਨਰ

ਐਡਰੇਸ ਉਤੇ ਬੋਲਣ ਲਈ ਸਮਾਂ ਨਹੀਂ ਦਿੱਤਾ ਗਿਆ ਸੀ, ਹੁਣ ਉਹ ਸਮਾਂ ਮੈਨੂੰ ਦਿੱਤਾ ਜਾਵੇ ।

ਸ਼੍ਰੀ ਸਪੀਕਰ : ਟਾਈਮ ਤਾਂ ਹੁਣ ਵੀ ਥੋੜ੍ਹਾ ਹੈ । 5 ਮਿੰਟ ਵਿਚ ਖਤਮ ਕਰੋ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਜੋ ਫਾਈਨਾਂਸ ਮਨਿਸਟਰ ਸਾਹਿਬ ਨੇ ਬਜਟ ਪੇਸ਼ ਕੀਤਾ ਹੈ ਇਹ ਬੜਾ ਬੈਲੇਂਸਡ ਬਜਟ ਹੈ ਪਰ ਜ਼ਿਆਦਾ ਤਾਂ ਆਪਣਾ ਸਾਰਾ ਸੈਂਟਰ ਤੇ ਹੀ ਡੀਪੈਂਡ ਕਰਦਾ ਹੈ ਕਿਉਂਕਿ 2,100 ਕਰੋੜ ਰੁਪਏ ਦੇ ਬਜਟ ਵਿਚੋਂ ਹਾਫ ਔਫ ਇਟ ਸੈਂਟਰ ਦੇ ਨਾਲ ਸਬੰਧਤ ਹੈ । ਇਸ ਬਜਟ ਵਿਚ ਕਈ ਮੁੱਦੇ ਪੰਜਾਬ ਦੇ ਲੋਕਾਂ ਦੇ ਦਿਲਾਂ ਦੀ ਤਰਜ਼ਮਾਨੀ ਕਰਦੇ ਹਨ ਪਰ ਕਈਆਂ ਨੂੰ ਬਜਟ ਵਿਚ ਕੋਈ ਖਾਸ ਰਾਹਤ ਨਹੀਂ ਮਿਲੀ । ਪੰਜਾਬ ਦਾ 21.20 ਕਰੋੜ ਰੁਪਿਆ ਇਸ ਵਿਚ ਦਰਜ ਹੈ । ਬਜਟ ਦਾ ਘਾਟਾ 352.52 ਕਰੋੜ ਰੁਪਿਆ ਹੈ । ਵਾਧੂ ਵਸੀਲੇ ਜਿਹੜੇ ਜੁਟਾਏ ਗਏ ਹਨ ਉਨ੍ਹਾਂ ਵਿਚੋਂ 468 ਕਰੋੜ ਰੁਪਿਆ ਹੈ ਜਿਸ ਵਿਚੋਂ 225 ਕਰੋੜ ਰੁਪਏ ਦਾ ਘਾਟਾ ਪੂਰਾ ਕਰਨ ਦੀ ਗੱਲ ਕੀਤੀ ਗਈ ਹੈ ।

ਸਭ ਤੋਂ ਪਹਿਲਾਂ ਮੈਂ ਸਿੰਚਾਈ ਅਤੇ ਹੜ੍ਹ ਰੋਕੂ ਜੋ ਪ੍ਰੋਗਰਾਮ ਬਜਟ ਦੇ ਤਹਿਤ ਲਿਆਂਦਾ ਗਿਆ ਹੈ ਉਸ ਬਾਰੇ ਦੱਸਣਾ ਚਾਹੁੰਦਾ ਹਾਂ । ਮੈਂ ਸੀ. ਐਮ. ਸਾਹਿਬ ਨੂੰ ਤੁਹਾਡੇ ਰਾਹੀਂ ਮੁਬਾਰਕ-ਬਾਦ ਦੇਣੀ ਚਾਹੁੰਦਾ ਹਾਂ ਸਪੀਕਰ ਸਾਹਿਬ ਕਿ ਇਨ੍ਹਾਂ ਦੇ ਕਿਸਾਨਾਂ ਦਾ ਆਬਿਆਨਾ ਮਾਫ ਕੀਤਾ ਹੈ । ਖੇਤੀਬਾੜੀ ਸਾਡੇ ਸੂਬੇ ਦਾ ਪ੍ਰਧਾਨ ਕਿੱਤਾ ਹੈ । ਪਾਣੀ ਇਨਸਾਨ ਦੀ ਮੁੱਢਲੀ ਲੋੜ ਹੈ । ਇਸ ਵਿਚ 36% ਬਜਟ ਦਾ ਹਿੱਸਾ ਪਾਣੀ ਵਾਸਤੇ ਰਖਿਆ ਹੈ । ਇਹ ਇਕ ਬਹੁਤ ਵੱਡੀ ਗੱਲ ਕੀਤੀ ਗਈ ਹੈ । ਗੁਰਬਾਣੀ ਦਾ ਇਕ ਵਾਕ ਹੈ :—

"ਪਹਿਲਾ ਪਾਣੀ ਜੀਉ ਹੈ, ਜਿਤੁ ਹਰਿਆ ਸਭ ਕੋਇ ।"

ਸਪੀਕਰ ਸਾਹਿਬ, ਪਾਣੀ ਤੇ ਕਾਫੀ ਕੁਝ ਡੀਪੈਂਡ ਕਰਦਾ ਹੈ । ਆਪਣਾ ਪਾਣੀ ਦਾ ਜਿਹੜਾ ਵਾਟਰ ਲੈਵਲ ਹੈ, ਕਾਫੀ ਨੀਵਾਂ ਜਾ ਰਿਹਾ ਹੈ । ਇਸ ਬਾਰੇ ਸਰਕਾਰ ਨੂੰ ਬਹੁਤ ਜਲਦੀ ਉਪਰਾਲੇ ਕਰਨੇ ਚਾਹੀਦੇ ਹਨ । ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਐਸ. ਵਾਈ. ਐਲ. ਨਹਿਰ ਬਾਰੇ ਸਾਰੇ ਚੁੱਪ ਕਰ ਗਏ ਹਨ । ਪਹਿਲਾਂ ਬਹੁਤ ਵੱਡਾ ਵਿਵਾਦ ਇਸ ਬਾਰੇ ਖੜ੍ਹਾ ਹੋਇਆ ਸੀ ਪਰ ਉਸ ਦਾ ਕੋਈ ਡਿਸੀਜ਼ਨ ਨਹੀਂ ਹੋਇਆ । ਮੈਂ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਸਾਹਿਬ, ਕੈਟਾਗੋਰੀਕਲੀ ਇਸ ਬਾਰੇ ਸਟੇਟਮੈਂਟ ਦੇਣ for denotifying S. Y. L. thereby distinguishing the establishment. ਇਹ ਬਹੁਤ ਜ਼ਿਆਦਾ ਕਨਸਰਨਡ ਮੈਟਰ ਹੈ । ਇਸ ਦੇ ਲਈ ਜਿੰਨਾ ਵੀ ਵੱਧ ਤੋਂ ਵੱਧ ਅਤੇ ਜਲਦੀ ਤੋਂ ਜਲਦੀ ਕੋਈ ਉਪਰਾਲਾ ਕੀਤਾ ਜਾਵੇ ਉਹ ਕਰਨਾ ਚਾਹੀਦਾ ਹੈ । ਇਸ ਐਸ. ਵਾਈ. ਐਲ. ਵਿਚ ਕਰੋੜਾਂ ਰੁਪਿਆ ਸਾਡਾ ਇਨਵਾਲਵਡ ਹੋਇਆ ਪਿਆ ਹੈ ਅਤੇ ਇਸਤੋਂ ਬਿਨਾਂ ਅਗਰ ਕੋਈ ਗੱਲ ਕੀਤੀ ਗਈ ਤਾਂ ਜਿਹੜੇ ਸਾਡੇ

[ਸਰਦਾਰ ਅਜੀਤ ਇੰਦਰ ਸਿੰਘ]

ਵਾਟਰ ਰਿਸੋਰਸਿਜ ਹਨ, ਉਨ੍ਹਾਂ ਉਤੇ ਬੜਾ ਅਸਰ ਪੈਣਾ ਹੈ। ਜਿਥੇ ਸਪੀਕਰ ਸਾਹਿਬ, ਗਰੀਨ ਰੈਵੋਲਿਊਸ਼ਨ ਦੀ ਗੱਲ ਹੋਈ ਹੈ, ਵਾਈਟ ਰੈਵੋਲਿਊਸ਼ਨ ਦੀ ਗੱਲ ਹੋਈ ਹੈ। ਮੈਂ ਚਾਹੁੰਦਾ ਹਾਂ ਕਿ ਮੌਕੇ ਦੀ ਸਰਕਾਰ ਬਲਿਊ ਰੈਵੋਲਿਊਸ਼ਨ ਬਾਰੇ ਵੀ ਕੋਈ ਕੋਸ਼ਿਸ਼ ਕਰੇ। ਜਿਹੜੀ ਕਿ ਐਸ. ਵਾਈ. ਐਲ. ਦੀ ਨਹਿਰ ਅਬੰਡਨ ਹੋਈ ਪਈ ਹੈ, ਉਸਨੂੰ ਵੱਡੇ ਵੱਡੇ ਟੈਂਕਾਂ ਵਿਚ ਤਬਦੀਲ ਕਰਕੇ, ਇਕ ਰਿਸਰਚ ਟੀਮ ਬਣਾਕੇ ਉਥੇ ਮੱਛੀਆਂ ਪਾਲਣ ਦਾ ਵੱਡਾ ਪ੍ਰੋਗਰਾਮ ਬਣਾਕੇ ਲਾਗੂ ਕੀਤਾ ਜਾਵੇ ਤਾਂਕਿ ਪੰਜਾਬ ਨੂੰ ਇਸ ਵਿਚੋਂ ਜਿਹੜੀ ਕਰੋੜਾਂ ਰੁਪਏ ਦੀ ਆਮਦਨ ਹੋਣੀ ਹੈ ਉਹ ਵੀ ਸਾਡੇ ਇਸ ਬਜਟ ਦਾ ਇਕ ਹਿੱਸਾ ਹੋਣਾ ਚਾਹੀਦਾ ਹੈ।

ਹੁਣ ਮੈਂ, ਸਪੀਕਰ ਸਾਹਿਬ, ਬਿਜਲੀ ਦੇ ਬਾਰੇ ਆਪਣੇ ਵੱਲੋਂ ਕੁਝ ਕਹਿਣਾ ਚਾਹੁੰਦਾ ਹਾਂ। ਜੋ ਸਰਕਾਰ ਨੇ ਕਿਸਾਨਾਂ ਨੂੰ ਬਿਜਲੀ ਵਿਚ ਰਾਹਤ ਦਿਤੀ ਹੈ ਮਾਫੀ ਦਿਤੀ ਹੈ ਉਸ ਦੇ ਲਈ ਸਰਕਾਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਅਤੇ ਖਾਸ ਤੌਰ ਤੇ ਮੁੱਖ ਮੰਤਰੀ ਸਾਹਿਬ ਦਾ (ਥੰਪਿੰਗ) ਲੇਕਿਨ ਜੋ ਪਾਵਰ ਹੈ ਉਸਦੇ ਉਤੇ ਬੜਾ ਕੁਝ ਡਿਪੈਂਡ ਕਰਦਾ ਹੈ। ਇਹ ਦੇਖੋ, ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਜਿਧਰ ਪਾਵਰ ਹੈ ਉਧਰ ਕੀ ਕੁਝ ਹੋ ਰਿਹਾ ਹੈ ਅਤੇ ਜਿਧਰ ਪਾਵਰ ਨਹੀਂ ਹੈ ਉਧਰ ਕੀ ਕੁਝ ਹੋ ਰਿਹਾ ਹੈ। ਸਪੀਕਰ ਸਾਹਿਬ, ਇਸ ਲਈ ਸਾਡੇ ਜਿਮੀਂਦਾਰਾਂ ਨੂੰ 24 ਘੰਟੇ ਬਿਜਲੀ ਮਿਲਣੀ ਚਾਹੀਦੀ ਹੈ। ਬਿਜਲੀ ਦੇ ਕੁਨੈਕਸ਼ਨ 8,000 ਜਿਹੜੇ ਪੈਂਡਿੰਗ ਪਏ ਹਨ ਉਹ 8,000 ਤੋਂ ਉਤੇ ਹਨ। ਉਹ ਸਰਕਾਰ ਨੂੰ ਤੁਰੰਤ ਰਿਲੀਜ਼ ਕਰਨੇ ਚਾਹੀਦੇ ਹਨ। ਇਨ੍ਹਾਂ ਦੀ ਜ਼ਿਮੀਂਦਾਰਾਂ ਨੂੰ ਬੜੀ ਲੋੜ ਹੈ। ਕਿਉਂਕਿ ਤੁਸੀਂ ਵੀ ਜਾਂਦੇ ਹੋਵੋਗੇ ਸੜਕਾਂ ਤੇ, ਜ਼ਿਮੀਂਦਾਰਾਂ ਨੂੰ ਢੋਲੀਆਂ ਚੁੱਕੀ ਦੇਖਦੇ ਹੋਵੋਗੇ ਜਿਨ੍ਹਾਂ ਨੇ ਡੀਜ਼ਲ ਲੈ ਕੇ ਇੰਜਣ ਚਲਾਉਣਾ ਹੁੰਦਾ ਹੈ। ਇਹ ਬਹੁਤ ਵੱਡੀ ਲੋੜ ਹੈ, ਇਸ ਤੇ ਸਰਕਾਰ ਨੂੰ ਤੁਰੰਤ ਧਿਆਨ ਦੇਣਾ ਚਾਹੀਦਾ ਹੈ। ਪ੍ਰਾਜੈਕਟਸ ਕਾਫੀ ਲਗ ਰਹੇ ਹਨ ਜਿਵੇਂ ਲਹਿਰਾ, ਰਣਜੀਤ ਸਾਗਰ ਡੈਮ। ਬਿਜਲੀ ਉਤਪਾਦਨ ਉਨ੍ਹਾਂ ਨੂੰ ਸਪੀਡ ਅੱਪ ਕਰਕੇ 1998 ਵਿਚ ਜੋ ਮੁਕੰਮਲ ਕੀਤੇ ਜਾਣ ਦੀ ਗੱਲ ਹੈ, ਉਦੋਂ ਤਕ ਕਰਨਾ ਚਾਹੀਦਾ ਹੈ। ਥੀਨ ਡੈਮ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਇਹ ਪ੍ਰਾਜੈਕਟ ਸ਼ੁਰੂ ਹੋਇਆ ਸੀ ਤਾਂ 300 ਕਰੋੜ ਰੁਪਏ ਤੋਂ ਉਤੇ ਦੀ ਗੱਲ ਕੀਤੀ ਗਈ ਸੀ ਲੇਕਿਨ ਅੱਜ ਇਹ 3,000 ਕਰੋੜ ਰੁਪਏ ਤਕ ਪਹੁੰਚ ਚੁੱਕਾ ਹੈ। ਹੁਣ ਇਸ ਬਜਟ ਵਿਚ 350 ਕਰੋੜ ਰੁਪਏ ਇਸ ਦੇ ਵਾਸਤੇ ਰਖੇ ਗਏ ਹਨ ਲੇਕਿਨ ਮੈਨੂੰ ਲਗਦਾ ਨਹੀਂ, ਚਾਹੇ ਅਸੀਂ ਕਿੰਨੀ ਵੀ ਕੋਸ਼ਿਸ਼ ਕਰ ਲਈਏ, ਪੰਜਾਬ ਸਰਕਾਰ ਕਿੰਨੀ ਵੀ ਕੋਸ਼ਿਸ਼ ਕਰ ਲਵੇ ਕਿ ਇਹ ਆਉਣ ਵਾਲੇ ਥੋੜ੍ਹੇ ਸਮੇਂ ਵਿਚ ਪੂਰਾ ਹੋ ਜਾਵੇਗਾ। ਦੂਸਰੇ ਪਾਸੇ ਆਪਣੀ ਇੰਡੀਅਨ ਗੌਰਮਿੰਟ ਪਾਕਿਸਤਾਨ ਤੋਂ ਬਿਜਲੀ ਖਰੀਦਣ ਦੀ ਗੱਲ ਕਰ ਰਹੀ ਹੈ। ਆਲਮੋਸਟ ਦੋਨਾਂ ਪ੍ਰਾਈਮ-ਮਨਿਸਟਰਜ਼ ਦੀ ਗੱਲ ਇਸਦੇ ਬਾਰੇ ਹੋ ਚੁੱਕੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਸਾਡੀ ਸਰਕਾਰ ਉਨ੍ਹਾਂ ਨੂੰ ਬੇਨਤੀ ਕਰੇ, ਪ੍ਰਾਈਮ ਮਨਿਸਟਰ ਸਾਹਿਬ ਨੂੰ ਕਹੇ ਕਿ ਪਾਕਿਸਤਾਨ ਤੋਂ ਬਿਜਲੀ ਲੈਣ ਦੀ ਬਜਾਏ ਅਗਰ ਅਸੀਂ ਥੀਨ ਡੈਮ ਨੂੰ ਜਲਦੀ ਪੂਰਾ ਕਰ ਦਈਏ ਤਾਂ ਉਸ ਤੋਂ ਕਾਫੀ ਬਿਜਲੀ ਸਾਨੂੰ ਮਿਲ ਜਾਵੇਗੀ। ਅੱਜ ਬਿਜਲੀ ਦਾ ਯੁੱਗ ਹੈ। ਬਹੁਤ ਵੱਡੀਆਂ ਵੱਡੀਆਂ ਬਾਹਲੀਆਂ ਕੰਪਨੀਆਂ

ਇਥੇ ਪ੍ਰਾਜੈਕਟ ਲਾਉਣ ਦੀ ਗੱਲ ਕਰ ਰਹੀਆਂ ਹਨ । ਪੰਜਾਬ ਵਿਚ ਤਾਂ ਸਾਨੂੰ ਪਹਿਲਾਂ ਹੀ ਬਿਜਲੀ ਦੀ ਬੜੀ ਕਮੀ ਹੈ । ਦੂਸਰੀਆਂ ਸਟੇਟਸ ਵਿਚ ਇਸ ਪਾਸੇ ਬਹੁਤ ਜ਼ਿਆਦਾ ਪੈਸਾ ਲਾਉਣ ਦੀਆਂ ਤਜਵੀਜ਼ਾਂ ਹੋ ਚੁੱਕੀਆਂ ਹਨ । ਉਥੇ ਬਿਜਲੀ ਸਰਪਲੱਸ ਹੈ । ਸਾਡੀ ਸਟੇਟ ਦਾ ਮੇਨ ਕਿੱਤਾ ਐਗਰੀਕਲਚਰ ਹੈ । ਇਸ ਤੇ ਬਹੁਤ ਜ਼ਿਆਦਾ ਬਿਜਲੀ ਖਰਚ ਹੁੰਦੀ ਹੈ । ਬਿਜਲੀ ਵਾਸਤੇ ਸਾਨੂੰ ਵੱਧ ਤੋਂ ਵੱਧ ਜਿੰਨੀ ਵੀ ਹੋ ਸਕੇ, ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂਕਿ ਬਾਹਰਲੀਆਂ ਫਾਰਨ ਕੰਪਨੀਆਂ ਨੂੰ ਅਸੀਂ ਅਟਰੈਕਟ ਕਰ ਸਕੀਏ । ਇਸ ਦੇ ਨਾਲ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ 117 ਮੁਲਕਾਂ ਵਿਚ ਪੰਜਾਬੀ ਲੋਕ ਵਸਦੇ ਹਨ । ਉਹ ਇਥੇ ਆ ਕੇ ਇੰਡਸਟਰੀ ਲਾਉਣ ਵਾਸਤੇ ਇੰਟਰਸਟਿਡ ਹਨ ਪਰ ਉਨ੍ਹਾਂ ਨੂੰ ਇਥੇ ਕਈ ਮੁਸ਼ਕਲਾਂ ਪੇਸ਼ ਆਉਂਦੀਆਂ ਹਨ । ਉਨ੍ਹਾਂ ਬਾਰੇ ਸਰਕਾਰ ਨੂੰ ਚਾਹੀਦਾ ਹੈ ਕਿ ਦੂਹਰੀ ਨਾਗਰਿਕਤਾ ਵਾਸਤੇ ਸੈਂਟਰ ਸਰਕਾਰ ਨੂੰ ਕਹੇ ਤਾਂ ਕਿ ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ ।

ਮੇਨ ਗੱਲ ਇਹ ਹੈ ਕਿ ਜਿਹੜੀ ਮੇਨ ਪ੍ਰਾਬਲਮ ਆਉਂਦੀ ਹੈ, ਅੱਜ ਅਸੀਂ ਇਧਰ ਬੈਠੇ ਹਾਂ ਅਤੇ ਰੂਲਿੰਗ ਪਾਰਟੀ ਉਧਰ ਬੈਠੀ ਹੈ । 1973 ਤੋਂ ਇਕ ਬਹੁਤ ਵੱਡਾ ਰੌਲਾ ਪਿਆ ਸੀ, ਆਨੰਦਪੁਰ ਸਾਹਿਬ ਰੈਜ਼ੋਲਿਊਸ਼ਨ ਦੀ ਗੱਲ ਬਾਰੇ, ਵੱਧ ਅਧਿਕਾਰ ਦੇਣ ਦੀ ਗੱਲ ਬਾਰੇ ਅਤੇ ਸਾਡੀ ਪਾਰਟੀ ਨੇ ਵੀ ਜਿਵੇਂ ਅੰਮ੍ਰਿਤਸਰ ਡੈਕਲੇਰੇਸ਼ਨ ਵਿਚ ਇਸੇ ਤਰ੍ਹਾਂ ਦੀ ਮੰਗ ਕੀਤੀ ਹੈ ਕਿ ਸੈਂਟਰ ਆਪਣੇ ਕੋਲ 5 ਮਹਿਕਮੇ ਰੱਖ ਕੇ ਸਾਰਾ ਕੁਝ ਸਟੇਟਸ ਨੂੰ ਦੇ ਦੇਵੇ । ਹੁਣ ਅਸੀਂ ਛੋਟੀ ਛੋਟੀ ਗੱਲ ਤੇ ਉਨ੍ਹਾਂ ਦੇ ਹਾੜੇ ਕੱਢੀ ਜਾਂਦੇ ਹਾਂ । ਇਹ ਕਰਜ਼ਾ ਦੇ ਦਿਉ, ਇਹ ਪ੍ਰਾਜੈਕਟ ਦੇ ਦਿਉ । ਹੁਣ ਇਹ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਇਸ ਆਵਾਜ਼ ਨੂੰ ਬੁਲੰਦ ਕਰੀਏ ਤਾਂਕਿ ਸੈਂਟਰ ਕੋਲ ਪਹੁੰਚ ਕਰਕੇ ਇਹ ਕਿਹਾ ਜਾਵੇ ਕਿ ਉਹ ਸਟੇਟਸ ਵੱਲ ਵੀ ਖਿਆਲ ਦੇਵੇ । ਹੁਣ, ਸਪੀਕਰ ਸਾਹਿਬ, ਜੋ ਹਾਲਾਤ ਬਣਦੇ ਜਾ ਰਹੇ ਹਨ, ਕੰਟਰੀ ਫੈਡਰਲ ਸਿਸਟਮ ਵੱਲ ਜਾ ਰਹੀ ਹੈ । ਜੇ ਜਲਦੀ ਖਿਆਲ ਨਾ ਕੀਤਾ ਤਾਂ ਇਹ ਕੰਮ ਹੁਣ ਜਲਦੀ ਸ਼ੁਰੂ ਹੋ ਜਾਵੇਗਾ । ਅੱਗੇ ਪਰ ਕੈਪੀਟਾ ਇਨਕਮ ਦੀ ਗੱਲ ਕੀਤੀ ਗਈ ਹੈ ......।

ਸ਼੍ਰੀ ਸਪੀਕਰ: ਮੈਂਬਰ ਸਾਹਿਬ, ਹੁਣ ਤੁਸੀਂ ਕਲੋਜ਼ ਕਰੋ ।

ਸਰਦਾਰ ਅਜੀਤ ਇੰਦਰ ਸਿੰਘ: ਸਪੀਕਰ ਸਾਹਿਬ, ਇਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਾਹਰਲੇ ਜਿਹੜੇ ਸਾਡੇ ਪੰਜਾਬੀ ਹਨ, ਉਹ ਕਾਫੀ ਮਾਤਰਾ ਵਿਚ ਇਥੇ ਫਾਰਨ ਐਕਸਚੇਂਜ ਭੇਜਦੇ ਹਨ । 8,000 ਕਰੋੜ ਰੁਪਏ ਦੀ ਜਿਹੜੀ ਗੱਲ ਕੀਤੀ ਹੈ, ਮੈਨੂੰ ਪਹਿਲਾਂ ਮੌਕਾ ਨਹੀਂ ਮਿਲ ਸਕਿਆ ਗਵਰਨਰ ਸਾਹਿਬ ਦੇ ਐਡਰੈਸ ਦੇ ਉਤੇ ਬੋਲਣ ਸਮੇਂ, ਹੁਣ ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸੈਂਟਰ ਵਿਚ ਜੋ ਵੀ ਇਸ਼ੂ ਟੇਕ-ਅਪ ਕੀਤਾ ਸੀ, ਉਸ ਬਾਰੇ ਸਾਨੂੰ ਨਹੀਂ ਪਤਾ । ਮੇਰੀ ਹੰਬਲ ਸਬਮਿਸ਼ਨ ਹੁਣ ਇਹ ਹੈ ਕਿ ਆਪੋਜ਼ੀਸ਼ਨ ਵਲੋਂ ਇਕ ਇਕ ਮੈਂਬਰ ਲੈ ਕੇ ਐਫ. ਐਮ. ਸਾਹਿਬ ਅਤੇ ਪ੍ਰਾਈਮ ਮਨਿਸਟਰ ਸਾਹਿਬ ਨਾਲ ਗੱਲ ਕੀਤੀ ਜਾਵੇ ਤਾਂ ਕਿ ਸਾਨੂੰ ਵੀ ਪਤਾ ਲਗ ਸਕੇ, ਅਸੀਂ ਵੀ ਲੋਕਾਂ ਨੂੰ ਦੱਸ ਸਕੀਏ ਕਿ ਜਿਹੜੀ ਇਹ ਪ੍ਰਾਕਸੀ ਵਾਰ ਲੜੀ ਗਈ

[ਸਰਦਾਰ ਅਜੀਤ ਇੰਦਰ ਸਿੰਘ]

ਸੀ, ਉਸਤੇ ਜਿਹੜਾ ਪੈਸਾ ਲਗਿਆ, ਉਸਦਾ ਸਾਡੀ ਸਟੇਟ ਤੇ ਕਿਉਂ ਭਾਰ ਪਾਇਆ ਜਾ ਰਿਹਾ ਹੈ ? ਫਿਰ ਇਹ ਪ੍ਰੈਸ਼ਰ ਦਾ ਜਿਹੜਾ ਹਸ਼ਰ ਹੋਣਾ ਹੈ, ਉਸ ਨਾਲ ਅਸੀਂ ਉਹੀ ਹਾਲਾਤ ਪੈਦਾ ਕਰਾਂਗੇ ਜਿਨ੍ਹਾਂ ਨਾਲ ਅੱਗੇ ਲੜ ਚੁੱਕੇ ਹਾਂ । ਸੈਂਟਰ ਨੂੰ ਚਾਹੀਦਾ ਹੈ ਕਿ ਉਹ ਇਸ ਵੱਲ ਧਿਆਨ ਦੇਵੇ । ਬਾਕੀ ਸਾਡੇ ਜਿੰਨੇ ਵੀ ਰਿਸਪੈਕਟਿਡ ਐਮ. ਪੀਜ਼ ਉਥੇ ਉਪਰ ਦਿੱਲੀ ਵਿਚ ਬੈਠੇ ਹਨ, ਉਨ੍ਹਾਂ ਅੱਗੇ ਵੀ ਮੇਰੀ ਬੇਨਤੀ ਹੈ ਕਿ ਉਹ ਵੀ ਉਨ੍ਹਾਂ ਨੂੰ ਕਹਿਣ । ਬਠਿੰਡਾ ਤੋਂ ਸਾਡੇ ਐਮ. ਪੀ. ਨੇ ਦੋ ਵਾਰ ਬਿਆਨ ਦਿਤਾ ਸੀ ਪਰ ਕੋਈ ਜ਼ਿਆਦਾ ਗੱਲ ਸਮਝ ਨਹੀਂ ਆਈ । ਅੱਜ ਰਾਇਲਟੀ ਦਾ ਬੜਾ ਰੌਲਾ ਪੈ ਰਿਹਾ ਹੈ ਅਸੀਂ ਆਪਣੀ ਬਿਜਲੀ ਦਈ ਜਾ ਰਹੇ ਹਾਂ, ਅਨਾਜ ਦੇਈ ਜਾ ਰਹੇ ਹਾਂ ਪਰ ਇਨ ਰਿਟਰਨ ਸਾਨੂੰ ਕੁਝ ਨਹੀਂ ਮਿਲਦਾ । ਅੱਜ ਸਾਨੂੰ ਆਪਣੇ ਥਰਮਲ ਪਲਾਂਟ ਚਲਾਉਣ ਲਈ ਕੋਇਲੇ ਦੀ ਲੋੜ ਪੈਂਦੀ ਹੈ । ਕਈ ਵਾਰੀ ਕੋਇਲਾ ਨਹੀਂ ਮਿਲਦਾ । ਲੋੜ ਹੈ ਕਿ ਜਿਥੇ ਪੈਰਾ ਮਿਲਟਰੀ ਫੋਰਸਿਜ ਹਨ, ਆਰਮਡ ਫੋਰਸਿਜ਼ ਹਨ, ਰੇਲਵੇ ਫੋਰਸ ਹੈ, ਉਥੇ ਸਾਡਾ ਹਿਸਾ ਪੂਰਾ ਦਿੱਤਾ ਜਾਵੇ । ਸਾਡੀ ਇਹ ਰਿਜ਼ੈਂਟਮੈਂਟ ਹੈ, ਸਾਡੇ ਨਾਲ ਧੱਕਾ ਕਿਉਂ ਕੀਤਾ ਜਾਂਦਾ ਹੈ ?

ਬਾਕੀ ਲਾਅ ਐਂਡ ਆਰਡਰ ਦੀ ਗੱਲ ਹੈ । ਇਸ ਬਜਟ ਵਿਚ ਕੁਝ ਘਾਟਾਂ ਹਨ ਜਿਹੜੀਆਂ ਮੈਂ ਕਹਿ ਦੇਣੀਆਂ ਚਾਹੁੰਦਾ ਹਾਂ । ਅਸ਼ਟਾਮ ਦਾ ਜ਼ਿਮੀਂਦਾਰ ਨਾਲ ਸਿੱਧਾ ਸਬੰਧ ਹੈ ਅਤੇ ਅਸ਼ਟਾਮ ਦੀ ਜਿਹੜੀ ਡਿਊਟੀ ਵਧਾਈ ਗਈ ਹੈ ਇਹ ਠੀਕ ਨਹੀਂ ਕੀਤਾ ਗਿਆ । ਕਿਸਾਨਾਂ ਵਿਚ ਇਸ ਗੱਲ ਬਾਰੇ ਕਾਫੀ ਗੁੱਸਾ ਹੈ। ਇਸੇ ਤਰ੍ਹਾਂ ਜਿਹੜੇ ਰੋਡ ਟੈਕਸ ਲਾਏ ਹਨ, ਇਹ ਵੀ ਠੀਕ ਨਹੀਂ ਕੀਤਾ ਗਿਆ ਹੈ । ਜੇ ਇਥੇ ਵਾਹਿਸ ਦੀਆਂ ਸੜਕਾਂ ਵਰਗੀਆਂ ਸੜਕਾਂ ਹੁੰਦੀਆਂ ਤਾਂ ਫਿਰ ਤਾਂ ਇਹ ਟੈਕਸ ਠੀਕ ਸੀ ਪਰ ਇਥੇ ਤਾਂ ਸੜਕਾਂ ਵਿਚ ਐਨੇ ਟੋਏ ਹਨ ਕਿ ਗੱਡੀ ਵਿਚ ਬੈਠਿਆਂ ਦੀ ਸਪਾਈਨ ਹਿਲ ਜਾਂਦੀ ਹੈ । ਜੇ ਤੁਸੀਂ ਰੋਡ ਟੈਕਸ ਲਾਉਣਾ ਹੈ ਤਾਂ ਫਿਰ ਸੜਕਾਂ ਵੀ ਠੀਕ ਹੋਣੀਆਂ ਚਾਹੀਦੀਆਂ ਹਨ । ਜਿਹੜੀ ਬਿਜਲੀ 12 ਪੈਸੇ ਪ੍ਰਤੀ ਯੂਨਿਟ ਵਧਾਈ ਹੈ, ਇਸ ਨਾਲ ਜਿਹੜੇ ਗਰੀਬ ਵਰਗ ਦੇ ਲੋਕ ਹਨ, ਉਨ੍ਹਾਂ ਤੇ ਬਹੁਤ ਬੋਝ ਪੈ ਰਿਹਾ ਹੈ । ਉਹ ਤਾਂ ਉਲਟਾ ਇਹ ਸੋਚ ਰਹੇ ਸੀ ਕਿ ਸਾਨੂੰ ਵੀ ਕੁਝ ਨਾ ਕੁਝ ਰਾਹਤ ਮਿਲੇਗੀ । ਇਹ ਰਾਹਤ ਤਾਂ ਮਿਲੀ ਨਹੀਂ, ਉਲਟਾ ਇਹ ਬੋਝ ਹੋਰ ਪੈ ਗਿਆ । ਜਿੱਥੇ ਇਨ੍ਹਾਂ ਨੇ ਐਡੀ ਵੱਡੀ ਗੱਲ ਘਾਟਾ ਪੂਰਾ ਕਰਨ ਦੀ ਕੀਤੀ ਹੈ, ਉਥੇ ਇਸ ਕੰਮ ਵਾਸਤੇ ਇਹ ਜੇਕਰ ਹੋਰ 2-3 ਕਰੋੜ ਰੁਪਏ ਰੱਖ ਦੇਣ ਤਾਂ ਗਰੀਬ ਲੋਕਾਂ ਦਾ ਬਹੁਤ ਫਾਇਦਾ ਹੋ ਸਕਦਾ ਹੈ ।

ਲਾਅ ਐਂਡ ਆਰਡਰ ਬਾਰੇ ਇਥੇ ਬੜਾ ਵੱਡਾ ਵਾਵੇਲਾ ਉਠਿਆ ਹੈ । ਸੰਧੂ ਦੀ ਮੌਤ ਦੀ ਗੱਲ ਇਥੇ ਹੋਈ ਹੈ । ਅਸਲ ਗੱਲ ਇਹ ਹੈ ਕਿ ਅਸੀਂ ਕੁਰੱਪਸ਼ਨ ਨੂੰ ਕਰਬ ਨਹੀਂ ਕਰਦੇ । ਜਦੋਂ ਲੋਕ ਆਪੋਜ਼ੀਸ਼ਨ ਵਿਚ ਹੁੰਦੇ ਹਨ ਤਾਂ ਹੋਰ ਗੱਲ ਕਰਦੇ ਹਨ ਅਤੇ ਜਦੋਂ ਉਹ ਸਰਕਾਰ ਵਿਚ ਹੁੰਦੇ ਹਨ ਤਾਂ ਹੋਰ ਗੱਲ ਕਰਦੇ ਹਨ । ਬਹੁਤ ਹਾਈ ਲੈਵਲ ਦੀ ਕੁਰੱਪਸ਼ਨ ਇਥੇ ਹੋਈ ਹੈ । ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਅਸੀਂ ਇਸ ਦੇ ਵਾਸਤੇ ਇਕ ਕਮਿਸ਼ਨ ਬਿਠਾਵਾਂਗੇ ਅਤੇ ਅਸੀਂ ਇਨਕੁਆਰੀ ਕਰਵਾਵਾਂਗੇ ਲੇਕਿਨ 4 ਮਹੀਨੇ ਹੋ ਗਏ ਹਨ, ਕੋਈ ਗੱਲ ਨਹੀਂ ਹੋਈ । ਪਹਿਲਾਂ ਜੋ ਘਪਲੇ ਹੋਏ ਹਨ ਅਤੇ ਬਿਊਰੋਕਰੇਟਸ ਵੱਲੋਂ ਜਿੰਨ੍ਹਾਂ ਪੈਸਾ ਇਕੱਠਾ ਕੀਤਾ ਗਿਆ ਹੈ, ਅਗਰ ਉਹ ਪੈਸਾ

ਲਾਇਆ ਲਿਆ ਜਾਵੇ ਤਾਂ ਉਸ ਨਾਲ ਇਕ ਥਰਮਲ ਪਲਾਂਟ ਤਾਂ ਉਂਜ ਹੀ ਬਣ ਜਾਵੇਗਾ । ਇਸ ਦੇ ਬਾਰੇ ਬਹੁਤ ਜਲਦੀ ਇਕ ਜੁਡੀਸ਼ੀਅਲ ਕਮਿਸ਼ਨ ਮੁੱਖ ਮੰਤਰੀ ਜੀ ਨੂੰ ਬਣਾਉਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਇਕ ਹੋਰ ਬੜਾ ਸੀਰੀਅਸ ਮਾਮਲਾ ਹੈ । ਇਹ ਮਿਜ਼ਾਈਲਾਂ ਵਾਲੀ ਗੱਲ ਬੜੀ ਵੱਡੀ ਗੱਲ ਹੈ । ਜੇਕਰ ਇਹ ਕਿਤੇ ਚੱਲ ਜਾਣ ਤਾਂ ਫਿਰ ਨਾ ਇਹ ਅਸੈਂਬਲੀ ਰਹਿਣੀ ਹੈ ਅਤੇ ਨਾ ਹੀ ਪੰਜਾਬ ਦੇ ਲੋਕ ਰਹਿਣੇ ਹਨ । "ਵਾਸ਼ਿੰਗਟਨ ਪੋਸਟ" ਰਾਹੀਂ ਇਹ ਖਬਰ ਮਿਲੀ ਹੈ ਕਿ ਪਾਕਿਸਤਾਨ ਨੇ ਸਰਗੋਧਾ ਵਿਚ ਮਿਜ਼ਾਈਲ ਫਿੱਟ ਕਰ ਦਿੱਤੇ ਹਨ ਜਿਨ੍ਹਾਂ ਨੂੰ ਐਮ. 11 ਕਹਿੰਦੇ ਹਨ ਅਤੇ ਜੋ ਚਾਇਨਾਂ ਦੇ ਬਣੇ ਹੋਏ ਹਨ । ਇਸੇ ਤਰ੍ਹਾਂ ਇਧਰਲੇ ਪਾਸੇ ਜਲੰਧਰ ਵਿਚ ਭਾਰਤ ਨੇ ਇਹ ਮਿਜ਼ਾਇਲ ਫਿੱਟ ਕਰ ਦਿੱਤੇ ਹਨ । ਰਾਜਸਥਾਨ ਵਿਚ ਬਹੁਤ ਜ਼ਿਆਦਾ ਟਿੱਬੇ ਪਏ ਹਨ । ਇਹ ਮਿਜ਼ਾਈਲ ਜਲੰਧਰ ਦੀ ਜਗ੍ਹਾ ਉਥੇ ਫਿੱਟ ਕਰਨੇ ਚਾਹੀਦੇ ਹਨ । ਜੇ ਕਿਤੇ ਇਹ ਮਿਜ਼ਾਈਲ ਚੱਲਣ ਵਾਲੇ ਥੋੜ੍ਹੀ ਬਹੁਤੀ ਗੱਲ ਹੋ ਗਈ ਤਾਂ ਏਥੇ ਕੱਖ ਵੀ ਨਹੀਂ ਰਹਿਣਾ । ਇਸ ਬਾਰੇ, ਸਪੀਕਰ ਸਾਹਿਬ, ਤੁਸੀਂ ਹਾਊਸ ਵਿਚ ਜ਼ਰੂਰ ਡਿਸਕਸ਼ਨ ਕਰੋ ।

ਸ੍ਰੀ ਸਪੀਕਰ: ਤੁਸੀਂ ਹੁਣ ਕਲੋਜ਼ ਕਰੋ ।

ਸਰਦਾਰ ਅਜੀਤ ਇੰਦਰ ਸਿੰਘ: ਸਪੀਕਰ ਸਾਹਿਬ, ਮੈਂ ਤਾਂ ਲੋਕਾਂ ਦੇ ਭਲੇ ਦੀ ਗੱਲ ਕਰ ਰਿਹਾ ਹਾਂ । ਜੇ ਤੁਸੀਂ ਹੁਣ ਵੀ ਇਸ ਮਸਲੇ ਵੱਲ ਧਿਆਨ ਨਾ ਦਿੱਤਾ ਤਾਂ ਫਿਰ ਗੱਡੀ ਨਿਕਲ ਜਾਵੇਗੀ ਅਤੇ ਅਸੀਂ ਵੇਖਦੇ ਰਹਿ ਜਾਵਾਂਗੇ ।

ਸ੍ਰੀ ਸਪੀਕਰ: ਤੁਸੀਂ ਹੁਣ ਬੈਠ ਜਾਉ ।

ਸਰਦਾਰ ਅਜੀਤ ਇੰਦਰ ਸਿੰਘ: ਸਪੀਕਰ ਸਾਹਿਬ, ਲਾਅ ਐਂਡ ਆਰਡਰ ਬਾਰੇ ਲਾਸਟ ਬੇਨਤੀ ਰਹਿ ਗਈ ਹੈ, ਸਿਰਫ ਇਕ ਮਿੰਟ ਹੋਰ ਦੇ ਦਿਉ । ਮੈਂ ਲਾਅ ਐਂਡ ਆਰਡਰ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਜਿੰਨੀ ਹੇਠਲੇ ਲੈਵਲ ਤੇ ਪੁਲਿਸ ਫੋਰਸ ਵਿਚ ਦਖਲ ਅੰਦਾਜ਼ੀ ਹੋਣ ਲੱਗ ਪਈ ਹੈ, ਹੇਠਲੇ ਲੈਵਲ ਤੇ ਥਾਣਿਆਂ ਵਿਚ......

ਸ੍ਰੀ ਸਪੀਕਰ: ਤੁਸੀਂ ਹੁਣ ਖਤਮ ਕਰੋ । ਸਰਦਾਰ ਸੁਜਾਨ ਸਿੰਘ ਜੀ, ਤੁਸੀਂ ਬੋਲੋ ।

ਸਰਦਾਰ ਸੁਜਾਨ ਸਿੰਘ (ਮਲੋਟ, ਐਸ. ਸੀ.): ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਇਮ ਦਿੱਤਾ ਹੈ । ਵਿੱਤ ਮੰਤਰੀ ਜੀ ਨੇ 1997-98 ਦਾ ਜਿਹੜਾ ਬਜਟ ਪੇਸ਼ ਕੀਤਾ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ । ਰੋਟੀ, ਕਪੜਾ ਅਤੇ ਮਕਾਨ ਇਹ ਤਿੰਨ ਚੀਜ਼ਾਂ ਜ਼ਿੰਦਗੀ ਵਾਸਤੇ ਬਹੁਤ ਲੋੜੀਂਦੀ ਹਨ, ਬਹੁਤ ਜ਼ਰੂਰੀ ਹਨ । ਦੇਸ਼ ਦੀ ਆਜ਼ਾਦੀ ਦੇ 50 ਸਾਲਾਂ ਵਿਚ ਦੇਸ਼

[ਸਰਦਾਰ ਸੁਜਾਨ ਸਿੰਘ]

ਵਾਸੀਆਂ ਨੂੰ ਕੇਂਦਰ ਦੀ ਸਰਕਾਰ ਨੇ ਹਮੇਸ਼ਾਂ ਹੀ ਬੇਇਨਸਾਫ਼ੀ ਨਾਲ ਵੇਖਿਆ ਹੈ ਅਤੇ ਖਾਸ ਤੌਰ ਤੇ ਜੋ ਦੇਸ਼ ਦੇ ਗਰੀਬ ਲੋਕ ਹਨ ਅਤੇ ਖਾਸ ਤੌਰ ਤੇ ਜੋ ਪੰਜਾਬ ਦਾ ਸੂਬਾ ਹੈ.........

Mr. Speaker: Shri Sujan Singh will resume his discussion on the 18th June, 1997. The House stands adjourned till 9.00 A.M. on Wednesday, the 18th June, 1997.

*1.30 P.M.

(The Sabha then *adjourned till 9.00 A.M. on Wednesday, the 18th June, 1997.)

228/3-10-97—305 ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ।
31X66/19.1 Kg. ਆਫਸੈਟ ਪੇਪਰ

© 1997

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

PUNJAB VIDHAN SABHA

DEBATES

18th June, 1997

Vol. II—No. 7

OFFICIAL REPORT

CONTENTS

Wednesday, the 18th June, 1997

Punjab Vidhan Sabha Secretariat, Chandigarh.

Price: Rs.......

PUNJAB VIDHAN SABHA

Wednesday, the 18th June, 1997

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 9-00 A.M. Mr. Speaker (Sardar Charnjit Singh Atwal) in the Chair.

STARRED QUESTIONS AND ANSWERS

Supplementaries to Starred Question No 411*

ਸ਼੍ਰੀ ਸਪੀਕਰ : ਪਹਿਲਾ ਸਪਲੀਮੈਂਟਰੀ । ਮਾਸਟਰ ਮੋਹਨ ਲਾਲ ਜੀ, ਮੈਂ ਇਕ ਗੱਲ ਕਹਿ ਦਿਆਂ ਤੁਹਾਨੂੰ ਵੀ ਅਤੇ ਹੋਰ ਮੈਂਬਰਾਂ ਨੂੰ ਵੀ ਕਿ ਤੁਹਾਨੂੰ 16 ਤਰੀਕ ਨੂੰ ਤੁਹਾਡੇ ਪ੍ਰਸ਼ਨ ਦਾ ਜਵਾਬ ਮਿਲ ਗਿਆ ਸੀ ਪਰ ਤੁਸੀਂ ਆਪ ਉਹ ਪੜ੍ਹਿਆ ਨਹੀਂ ਸੀ ਅਤੇ ਹਾਊਸ ਅੰਦਰ ਕਹਿ ਦਿਤਾ ਕਿ ਮੈਨੂੰ ਜਵਾਬ ਨਹੀਂ ਮਿਲਿਆ । ਕਿਰਪਾ ਕਰਕੇ ਹਾਊਸ ਵਿੱਚ ਆਉਣ ਤੋਂ ਪਹਿਲਾਂ ਆਪਣੇ ਕਾਗਜ਼ ਪੱਤਰ ਦੇਖ ਲਿਆ ਕਰੋ ।

ਮਾਸਟਰ ਮੋਹਨ ਲਾਲ : ਠੀਕ ਹੈ ਜੀ । ਮੁਆਫੀ ਕਹਿਨਾ । ਹੁਣ ਮੈਂ ਸਪੀਕਰ ਸਾਹਿਬ, ਤੁਹਾਡੀ ਮਾਰਫਤ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਗਰਾਂਟਾਂ ਪਿੰਡਾਂ ਨੂੰ ਦਿੱਤੀਆਂ ਗਈਆਂ ਹਨ, ਕੀ ਉਹ ਪਿੰਡਾਂ ਦੀਆਂ ਜ਼ਰੂਰਤਾਂ ਨੂੰ ਮੁੱਖ ਰਖਦੇ ਹੋਏ ਦਿੱਤੀਆਂ ਗਈਆਂ ਹਨ ਜਾਂ ਕਾਂਗਰਸ ਦੇ ਐਮ. ਐਲ. ਏਜ਼ ਨੇ ਆਪਣੇ ਇਲਾਕੇ ਦੇ ਲੋਕਾਂ ਨੂੰ ਖੁਸ਼ ਕਰਨ ਵਾਸਤੇ ਇਹ ਗਰਾਂਟਾਂ ਦਿੱਤੀਆਂ ਗਈਆਂ ?

ਸਰਦਾਰ ਨਿਰਮਲ ਸਿੰਘ ਕਾਹਲੋਂ (ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ): ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿਉਂਕਿ ਇਹ ਸਾਡੇ ਤੋਂ ਪਹਿਲਾਂ ਦਾ ਕੰਮ ਹੋਇਆ ਹੋਇਆ ਹੈ, ਇਹ ਤਾਂ (ਵਿਘਨ)

ਸ਼੍ਰੀ ਸਪੀਕਰ : ਪਹਿਲੇ ਹੀ ਜਵਾਬ ਦੇਣਗੇ ।

ਮੰਤਰੀ : ਇਹ ਤਾਂ ਵੋਟਾਂ ਹੀ ਮੰਗਦੇ ਰਹੇ ਹਨ । ਜਦੋਂ ਵੋਟਾਂ ਮੰਗਣ ਜਾਂਦੇ ਸਨ ਤਾਂ ਜੇਬ ਵਿਚੋਂ ਪਰਚੀ ਕੱਢ ਕੇ ਦੇ ਦਿੰਦੇ ਸਨ । ਜਾਪਦਾ ਹੈ ਕਿ ਲੋਕਾਂ ਤੋਂ ਵੋਟਾਂ ਲੈਣ ਦੀ ਖਾਤਰ ਹੀ ਇਹ ਕੰਮ ਚਲਦਾ ਰਿਹਾ ਹੈ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਦੂਜਾ ਸਪਲੀਮੈਂਟਰੀ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਰਪੰਚ ਆਪੋਜ਼ੀਸ਼ਨ ਦੇ ਚੁਣੇ ਗਏ, ਉਨ੍ਹਾਂ ਨੂੰ

* For Starred Question No. 411 and reply there to, please see Debate dated 17-6-1997

[ਮਾਸਟਰ ਮੋਹਨ ਲਾਲ]

ਪੰਜ ਸਾਲ ਕੋਈ ਗਰਾਂਟ ਕਾਂਗਰਸ ਦੇ ਐਮ. ਐਲ. ਏਜ਼ ਵਲੋਂ ਨਹੀਂ ਦਿੱਤੀ ਗਈ । ਕੀ ਵਜ਼ੀਰ ਸਾਹਿਬ ਇਸ ਬਾਰੇ ਪੁੱਛ ਕਰਾਉਣਗੇ ਕਿ ਉਨ੍ਹਾਂ ਨੂੰ ਗਰਾਂਟਾਂ ਕਿਉਂ ਨਹੀਂ ਦਿੱਤੀਆਂ ਗਈਆਂ ਅਤੇ ਜੇ ਇਹ ਠੀਕ ਹੈ ਕਿ ਇਹ ਗਰਾਂਟਾਂ ਨਹੀਂ ਦਿੱਤੀਆਂ ਗਈਆਂ ਤਾਂ ਇਹ ਪੰਜ ਸਾਲ ਦੇ ਵਕਫੇ ਨੂੰ ਪੂਰਾ ਕਰਾਉਣਗੇ ? ਇਸ ਦੇ ਨਾਲ ਹੀ ਅਗਲਾ ਸਵਾਲ ਇਹ ਹੈ ਕਿ.....

ਸ੍ਰੀ ਸਪੀਕਰ : ਮਾਸਟਰ ਜੀ, ਵਕਫੇ ਤੋਂ ਤੁਹਾਡਾ ਕੀ ਮਤਲਬ ਹੈ ?

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੇਰਾ ਮਤਲਬ ਹੈ ਕਿ ਜਿਹੜਾ ਪੰਜ ਸਾਲ ਦਾ ਸਮਾਂ ਹੈ ਇਸ ਸਮੇਂ ਦੌਰਾਨ ਜਿਹੜੇ ਆਪੋਜੀਸ਼ਨ ਦੇ ਸਰਪੰਚ ਗਰਾਂਟਾਂ ਤੋਂ ਮਹਿ-ਰੂਮ ਰਹੇ, ਉਨ੍ਹਾਂ ਦਾ ਇਹ ਘਾਟਾ ਸਾਡੀ ਇਹ ਮੌਜੂਦਾ ਸਰਕਾਰ ਕਿਵੇਂ ਪੂਰਾ ਕਰੇਗੀ ਔਰ ਇਸ ਤੋਂ ਇਲਾਵਾ ਜਿਨ੍ਹਾਂ ਸਰਪੰਚਾਂ ਦੇ ਖਿਲਾਫ ਇਨਕੁਆਰੀ ਚਲਦੀ ਹੈ, ਜਿਹੜੇ ਸਰਪੰਚ ਦੋਸ਼ੀ ਪਾਏ ਗਏ, ਉਨ੍ਹਾਂ ਦੇ ਖਿਲਾਫ ਸਰਕਾਰ ਕੀ ਐਕਸ਼ਨ ਲਏਗੀ ?

ਸ੍ਰੀ ਸਪੀਕਰ : ਮਾਸਟਰ ਜੀ, ਇਕ ਵੇਲੇ ਇਕ ਕੁਐਸਚਨ ਕਰੋ ।

ਮੰਤਰੀ : ਸਪੀਕਰ ਸਾਹਿਬ, ਤੁਹਾਡੀ ਆਗਿਆ ਨਾਲ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਜਿਹੜੇ ਸਰਪੰਚ ਜਿਨ੍ਹਾਂ ਤੇ ਇਸ ਪ੍ਰਕਾਰ ਮਿਹਰਬਾਨੀ ਹੋਈ ਔਰ 15 %, 20 % ਪੈਸੇ ਦੇ ਕੇ ਵਜ਼ੀਰ ਸਾਹਿਬ ਤੋਂ ਗਰਾਂਟਾਂ ਲਈਆਂ ਉਨ੍ਹਾਂ ਦੀ ਹਾਲਤ ਤਾਂ ਸਾਰਿਆਂ ਨੇ ਅਖਬਾਰਾਂ ਦੇ ਵਿਚ ਪੜ੍ਹ ਲਈ ਹੋਵੇਗੀ । ਇਸ ਤਰ੍ਹਾਂ ਦੇ ਅਫਸਰ ਸਾਹਿਬਾਨ ਵੀ ਸਸਪੈਂਡ ਹੋਏ ਔਰ ਜਿਹੜੀ ਹੁਣ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਹੁਣ ਕੀ ਹੋਏਗਾ, ਮੈਂ ਇਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਪਲਾ-ਨਿੰਗ ਬੋਰਡ ਗਰਾਂਟਾਂ ਦਿੰਦਾ ਹੈ । ਜਿਥੇ ਲੋੜ ਹੁੰਦੀ ਹੈ, ਕੰਮ ਕਰਨ ਵਾਲਾ ਹੁੰਦਾ ਹੈ ਉਥੇ ਪਲਾਨਿੰਗ ਬੋਰਡ ਦੇ ਵਿੱਚ ਐਮ ਐਲ. ਏਜ਼ ਜੋ ਹਨ ਉਹ ਮੈਂਬਰ ਹਨ, ਮੈਂਬਰਾਂ ਦੀ ਰਾਏ ਦੇ ਨਾਲ ਜਿੱਥੇ ਲੋੜ ਹੁੰਦੀ ਹੈ, ਉਸ ਮੁਤਾਬਿਕ ਉਨ੍ਹਾਂ ਨੂੰ ਗਰਾਂਟ ਦਿੱਤੀ ਜਾਂਦੀ ਹੈ । ਜੇ ਕੋਈ ਖਾਸ ਜਗ੍ਹਾ ਹੈ ਤਾਂ ਇਹ ਦੱਸ ਦੇਣ ਕਿ ਏਥੇ ਕੰਮ ਨਹੀਂ ਹੋਇਆ, ਉਨ੍ਹਾਂ ਵਾਸਤੇ ਵੀ ਪ੍ਰਬੰਧ ਹੋ ਜਾਵੇਗਾ ।

ਸ੍ਰੀ ਸਪੀਕਰ : ਇਹ ਠੀਕ ਹੈ । ਐਮ. ਐਲ. ਏ. ਸਾਹਿਬਾਨ ਪਲਾਨਿੰਗ ਬੋਰਡਾਂ ਦੇ ਮੈਂਬਰ ਹਨ । ਜੇ ਕਿਸੇ ਨੂੰ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਲ ਹੈ, ਉਹ ਉਥੇ ਦੱਸ ਸਕਦੇ ਹਨ, ਲੋੜ ਮੁਤਾਬਿਕ ਗਰਾਂਟ ਮਿਲ ਜਾਵੇਗੀ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਕਈ ਪਿੰਡਾਂ ਵਿਚ ਲੋੜ ਤੋਂ ਵੱਧ ਗਰਾਂਟਾ

ਦਿਤੀਆਂ ਗਈਆਂ ਅਤੇ ਉਨ੍ਹਾਂ ਗਰਾਂਟਾਂ ਦਾ ਪੈਸਾ ਖਰਚ ਵੀ ਨਹੀਂ ਹੋਇਆ । ਕੀ ਵਜ਼ੀਰ ਸਾਹਿਬ ਉਨ੍ਹਾਂ ਗਰਾਂਟਾਂ ਨੂੰ ਵਾਪਸ ਕਰਵਾ ਕੇ ਲੋੜਵੰਦ ਪਿੰਡਾਂ ਨੂੰ ਦੇਣ ਵਾਸਤੇ ਕੋਈ ਉਪਰਾਲਾ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਇਹ ਗੱਲ ਕੀਤੀ ਹੈ ਜਿਥੇ ਵੱਧ ਪੈਸੇ ਗਏ ਹਨ, ਇਹ ਸਾਡੇ ਨੋਟਿਸ ਵਿਚ ਲਿਆ ਦੇਣ । ਜੇ ਉਥੇ ਵਾਕਿਆ ਹੀ ਲੋੜ ਨਹੀਂ ਹੈ ਤਾਂ ਉਹ ਪੈਸੇ ਵਾਪਸ ਹੋ ਸਕਦੇ ਹਨ ।

ਸ੍ਰੀ ਸਪੀਕਰ : ਕੋਈ ਸਪੈਸੇਫਿਕ ਇਨਸਟਾਂਸ ਹੈ ਤਾਂ ਉਹ ਨੋਟਿਸ ਵਿਚ ਲਿਆ ਦਿਓ, ਉਸ ਅਨੁਸਾਰ ਕਾਰਵਾਈ ਹੋ ਸਕਦੀ ਹੈ ।

ਸ੍ਰੀ ਚਿਰੰਜੀ ਲਾਲ ਗਰਗ : ਸਪੀਕਰ ਸਾਹਿਬ, ਸਾਡੇ ਬਠਿੰਡੇ ਜ਼ਿਲ੍ਹੇ ਵਾਸਤੇ 9 ਕਰੋੜ ਰੁਪਏ ਦੀ ਗ੍ਰਾਂਟ ਆਈ ਸੀ । ਉਸ ਵੇਲੇ ਦੇ ਵਿਕਾਸ ਮੰਤਰੀ ਉਥੇ ਰਾਤ ਨੂੰ ਪਹੁੰਚੇ । ਉਨ੍ਹਾਂ ਕੋਲੋਂ ਮੰਗ ਕੀਤੀ ਗਈ ਲੇਕਿਨ ਉਸ ਵੇਲੇ ਦੇ ਅਫਸਰ ਸਾਹਿਬਾਨ ਨੇ ਅਤੇ ਉਨ੍ਹਾਂ ਨੇ ਗੱਲ ਨਹੀਂ ਮੰਨੀ ਅਤੇ ਨਾਲ ਦੀ ਨਾਲ ਸਾਰੇ ਦਾ ਸਾਰਾ ਪੈਸਾ ਦੂਸਰੇ ਜਿਲ੍ਹੇ ਵਿਚ ਟਰਾਂਸਫਰ ਹੋ ਗਿਆ । ਫਿਰ ਉਸ ਸਾਰੇ ਦੇ ਸਾਰੇ ਪੈਸੇ ਦੀ ਕੁਵਰਤੋਂ ਕੀਤੀ ਗਈ, ਖਾਧਾ ਗਿਆ । ਕੀ ਮੰਤਰੀ ਜੀ ਇਸ ਗੱਲ ਦਾ ਆਸ਼ਵਾਸਨ ਦੇਣਗੇ ਕਿ ਜਿਹੜਾ ਸਾਡੇ ਬਠਿੰਡੇ ਨਾਲ 9 ਕਰੋੜ ਰੁਪਏ ਦਾ ਧੱਕਾ ਹੋਇਆ ਹੈ, ਕੀ ਹੁਣ ਉਥੇ ਹੋਰ ਵਧੇਰੇ ਰਾਹਤ ਦਿੱਤੀ ਜਾਵੇਗੀ ? ਇਸ ਦੇ ਨਾਲ ਹੀ ਜਿਹੜੇ ਕਸੂਰਵਾਰ ਅਫਸਰ ਹਨ, ਕੀ ਉਨ੍ਹਾਂ ਦੇ ਖਿਲਾਫ ਕੋਈ ਇਨਕੁਆਇਰੀ ਵੀ ਕਰਨਗੇ ?

ਸ੍ਰੀ ਸਪੀਕਰ : ਤੁਸੀਂ ਇਹ ਲਿਖ ਕੇ ਦੇ ਦਿਓ । ਜਿਹੜਾ ਸਵਾਲ ਦਾ ਮਸਲਾ ਸੀ, ਉਹ ਧਾਰ ਬਲਾਕ ਦਾ ਸੀ, ਬਠਿੰਡੇ ਦਾ ਨਹੀਂ । ਤੁਸੀਂ ਬਠਿੰਡਾ ਬਾਰੇ ਵੱਖਰੇ ਤੌਰ ਤੇ ਲਿਖ ਕੇ ਦਿਓ । Any other supplementary ? I think, no, Now, the regular List of Questions will be taken up.

ਆਈ. ਏ. ਐਸ. ਕਾਡਰ ਦੀ ਸਮੀਖਿਆ

*471. **ਕਾਮਰੇਡ ਹਰਦੇਵ ਅਰਸ਼ੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਰਾਜ ਨੂੰ ਐਲੋਕੇਟ ਕੀਤੇ ਗਏ ਆਈ. ਏ. ਐਸ. ਅਫਸਰਾਂ ਦੇ ਕਾਡਰ ਦੀ ਕੇਂਦਰ ਸਰਕਾਰ ਦੁਆਰਾ ਆਈ. ਏ. ਐਸ. ਕਾਡਰ ਨਿਯਮਾਵਲੀ, 1954 ਅਧੀਨ ਪਿਛੇ ਕਿਸ ਸਾਲ ਵਿਚ ਸਮੀਖਿਆ ਕੀਤੀ ਗਈ ਸੀ ;

(ਅ) ਕੀ ਸਰਕਾਰ ਉਪਰੋਕਤ ਭਾਗ (ੳ) ਵਿਚ ਵਰਣਿਤ ਅਫਸਰਾਂ ਦੀਆਂ ਕਾਡਰ ਆਸਾਮੀਆਂ ਦੀ ਤਾਜ਼ਾ ਸਮੀਖਿਆ ਕਰਵਾਉਣ ਲਈ ਭਾਰਤ ਸਰਕਾਰ ਨੂੰ ਪਹੁੰਚ ਕਰਨ ਦਾ ਵਿਚਾਰ ਰੱਖਦੀ ਹੈ ? ਜੇਕਰ ਅਜਿਹਾ ਹੈ, ਤਾਂ ਉਸ ਦੇ ਕਦੋਂ ਕੀਤੇ ਜਾਣ ਦੀ ਉਮੀਦ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) 1991

(ਅ) ਜੀ ਹਾਂ । ਛੇਤੀ ਹੀ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਜਿਹੜਾ ਮੁੱਖ ਮੰਤਰੀ ਜੀ ਨੇ ਜਵਾਬ ਦਿਤਾ ਹੈ, ਉਸ ਨਾਲ ਤਸੱਲੀ ਪ੍ਰਗਟਾਈ ਜਾ ਸਕਦੀ ਹੈ । 1991 ਵਿਚ ਲਾਸਟ ਵਾਰੀ ਕਾਡਰ ਰਿਵਿਊ ਕੀਤਾ ਸੀ । ਪਹਿਲਾਂ ਰਿਵਿਊ ਕਰਨ ਦਾ ਸਮਾਂ ਤਿੰਨ ਸਾਲ ਦਾ ਸੀ ਪਰ ਹੁਣ ਇਹ ਪੰਜ ਸਾਲ ਦਾ ਕਰ ਦਿੱਤਾ ਗਿਆ ਹੈ । ਪੰਜ ਸਾਲ ਦੇ ਬਾਅਦ ਵੀ ਇਹ ਰਿਵਿਊ 1996 ਵਿਚ ਹੋਣਾ ਚਾਹੀਦਾ ਸੀ ਜਿਹੜਾ ਕਿ ਨਹੀਂ ਕੀਤਾ ਗਿਆ । ਹੁਣ ਇਹ ਪਰੋਪੋਜ਼ਲ ਭੇਜੀ ਜਾ ਰਹੀ ਹੈ । ਕੀ ਮੁੱਖ ਮੰਤਰੀ ਜੀ ਕਿਰਪਾ ਕਰਕੇ ਇਹ ਦੱਸਣਗੇ ਕਿ ਇਸ ਵੇਲੇ ਕਿੰਨੀਆਂ ਐਕਸ-ਕਾਡਰ ਪੋਸਟਾਂ ਹਨ ਅਤੇ ਉਹ ਕਿੰਨੇ ਚਿਰ ਤੋਂ ਚਲ ਰਹੀਆਂ ਹਨ ।

ਮੁੱਖ ਮੰਤਰੀ : ਕਾਡਰ ਪੋਸਟਾਂ ਬਾਰੇ ?

ਕਾਮਰੇਡ ਹਰਦੇਵ ਅਰਸ਼ੀ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵੇਲੇ ਕਿੰਨੀਆਂ ਐਕਸ-ਕਾਡਰ ਪੋਸਟਾਂ ਹਨ ਅਤੇ ਉਹ ਕਿੰਨੇ ਸਮੇਂ ਤੋਂ ਐਕਸ-ਕਾਡਰ ਚਲੀਆਂ ਆ ਰਹੀਆਂ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਕਾਡਰ ਪੋਸਟਾਂ ਇਸ ਵੇਲੇ 193 ਹਨ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਦੁਬਾਰਾ ਦੁਹਰਾ ਦਿੰਦਾ ਹਾਂ ਕਿ ਰਿਵਿਊ ਕਰਨ ਵੇਲੇ ਕੁਝ ਐਕਸ-ਕਾਡਰ ਪੋਸਟਾਂ ਨੂੰ ਕਾਡਰ ਪੋਸਟਾਂ ਵਿਚ ਤਬਦੀਲ ਕੀਤਾ ਜਾਂਦਾ ਹੈ । ਇਸ ਵੇਲੇ ਕਿੰਨੀਆਂ ਐਕਸ-ਕਾਡਰ ਪੋਸਟਾਂ ਹਨ ਅਤੇ ਉਹ ਕਿੰਨੇ ਸਮੇਂ ਤੋਂ ਚਲੀਆਂ ਆ ਰਹੀਆਂ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਵੇਲੇ 44 ਐਕਸ-ਕਾਡਰ ਪੋਸਟਾਂ ਹਨ । ਇਹ ਕਿੰਨੇ ਚਿਰ ਤੋਂ ਚਲ ਰਹੀਆਂ ਹਨ, ਇਸ ਬਾਰੇ ਇਹ ਸੈਪਰੇਟ ਸਵਾਲ ਕਰ ਦੇਣ ਉਸਦਾ ਜਵਾਬ ਦੇ ਦਿਆਂਗੇ ।

ਕਾਮਰੇਡ ਹਰਦੇਵ ਅਰਸ਼ੀ : ਕਈ ਪੋਸਟਾਂ 20 ਸਾਲ ਤੋਂ ਅਤੇ ਕਈ 15 ਸਾਲ ਤੋਂ ਐਕਸ-ਕਾਡਰ ਚਲੀਆਂ ਆ ਰਹੀਆਂ ਹਨ । ਐਫ. ਸੀ. (ਡੀ), ਐਫ. ਸੀ. ਅਤੇ ਲੋਕਲ ਬਾਡੀਜ਼ ਵਿਚ ਅਤੇ ਹੋਰ ਬਹੁਤ ਸਾਰੀਆਂ ਅਜਿਹੀਆਂ ਪੋਸਟਾਂ ਹਨ ਜਿਹੜੀਆਂ ਕਿ ਐਕਸ-ਕਾਡਰ ਹਨ । ਕਿਉਂ ਜੋ ਹੁਣ ਰਿਵਿਊ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਵਿਚੋਂ ਕੁਝ ਪੋਸਟਾਂ ਨੂੰ ਕਾਡਰ ਵਿਚ ਤਬਦੀਲ ਕਰਨ ਵਾਸਤੇ ਪਰੋਪੋਜ਼ਲ ਸੈਂਟਰ ਗੌਰਮਿੰਟ ਨੂੰ ਭੇਜੀ ਜਾਣੀ ਹੈ । ਮੇਰੀ ਜਾਣਕਾਰੀ ਦੇ ਮੁਤਾਬਿਕ ਪਿਛੇ ਜਿਹੇ ਫੈਸਲਾ ਹੋਇਆ ਸੀ ਕਿ 30 ਐਕਸ-ਕਾਡਰ ਪੋਸਟਾਂ ਨੂੰ ਕਾਡਰ ਪੋਸਟਾਂ ਵਿਚ ਤਬਦੀਲ ਕੀਤਾ ਜਾਣਾ ਹੈ । ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਗਿਣਤੀ ਹੁਣ ਵੀ 30 ਹੋਵੇਗੀ ਜਾਂ ਕਿ ਘੱਟ ਵੱਧ ਹੋਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਵੇਲੇ 193 ਕਾਡਰ ਪੋਸਟਾਂ ਹਨ । ਇਨ੍ਹਾਂ ਦੀ ਬਰੇਕ-ਅੱਪ ਇਸ ਤਰਾਂ ਹੈ । 99 ਪੋਸਟਾਂ ਸੀਨੀਅਰ ਡਿਊਟੀ ਪੋਸਟਾਂ ਹੁੰਦੀਆਂ ਹਨ । ਸੈਂਟਰਲ ਗੌਰਮਿੰਟ ਡੈਪੂਟੇਸ਼ਨ ਵਾਸਤੇ ਰਿਜ਼ਰਵ 40 ਪੋਸਟਾਂ, ਸਟੇਟ ਡੈਪੂਟੇਸ਼ਨ ਵਾਸਤੇ ਜਿਵੇਂ ਬੋਰਡਾਂ

/ਕਾਰਪੋਰੇਸ਼ਨਾਂ ਆਦਿ ਲਈ 35 ਪੋਸਟਾਂ, ਲੀਵ, ਟਰੇਨਿੰਗ ਅਤੇ ਜੂਨੀਅਰ ਸੇਵਾਵਾਂ ਵਾਸਤੇ ਰਿਜ਼ਰਵ 19 ਪੋਸਟਾਂ ਹਨ । ਇਸ ਦੇ ਵਿਚੋਂ 1/3 ਹਿੱਸਾ ਜਿਹੜੀਆਂ ਪਹਿਲੀਆਂ ਦੋ ਦੱਸੀਆਂ ਹਨ, ਪੀ.ਸੀ.ਐਸ ਦੇ ਵਿਚੋਂ ਪਰਮੋਸ਼ਨ ਹੁੰਦੀ ਹੈ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਸੀ. ਐਮ, ਸਾਹਿਬ ਨੇ ਜਿਹੜੀ ਜਾਣਕਾਰੀ ਦਿੱਤੀ ਹੈ ਉਹ ਬਿਲਕੁਲ ਠੀਕ ਹੈ । ਸਾਡਾ ਸੈਂਟਰਲ ਗੌਰਮਿੰਟ ਵਿਚ ਡੈਪੂਟੇਸ਼ਨ ਦਾ ਕੋਟਾ 40 ਪੋਸਟਾਂ ਦਾ ਹੈ ਪਰ ਅਸੀਂ ਭੇਜੇ ਬਹੁਤ ਘੱਟ ਹੋਏ ਹਨ । ਇਸ ਵੇਲੇ ਹੁਣ ਗੌਰਮਿੰਟ ਵਲੋਂ ਇਸ ਦਾ ਰਿਵਿਊ ਕੀਤਾ ਜਾ ਰਿਹਾ ਹੈ । ਮੇਰੀ ਜਾਣਕਾਰੀ ਦੇ ਮੁਤਾਬਿਕ ਪਿਛੇ ਜਿਹੇ ਫੈਸਲਾ ਹੋਇਆ ਸੀ ਕਿ 30 ਐਕਸ-ਕਾਡਰ ਪੋਸਟਾਂ ਨੂੰ ਕਾਡਰ ਪੋਸਟਾਂ ਵਿਚ ਤਬਦੀਲ ਕੀਤਾ ਜਾਣਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਵੀ ਇਨ੍ਹਾਂ ਪੋਸਟਾਂ ਦੀ ਗਿਣਤੀ ਇਤਨੀ ਹੀ ਹੋਵੇਗੀ ਜਾਂ ਕਿ ਘੱਟ-ਵੱਧ ਹੋਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਰੂਲ ਹੈ, ਉਸ ਦੇ ਮੁਤਾਬਿਕ ਹਰ ਇਕ ਨੂੰ ਪੂਰਾ ਇਨਸਾਫ ਦਿਤਾ ਜਾਵੇਗਾ । (ਥੰਪਿੰਗ) । ਜੋ ਰੂਲਜ਼ ਬਣੇ ਹੋਏ ਹਨ ਉਨ੍ਹਾਂ ਦੇ ਮੁਤਾ-ਬਿਕ ਇਕ ਹਫਤੇ ਦੇ ਅੰਦਰ ਅੰਦਰ ਅਸੀਂ ਭੇਜ ਦਿਆਂਗੇ ।

ਲੋਕਪਾਲ ਪਾਸ ਪੈਂਡਿੰਗ ਪਈਆਂ ਸ਼ਿਕਾਇਤਾਂ

*502. (1) **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
(2) ਸਰਦਾਰ ਬਿਕਰਮਜੀਤ ਸਿੰਘ : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਉਨ੍ਹਾਂ ਮੰਤਰੀਆਂ/ਸਾਬਕਾ ਮੰਤਰੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਰੁੱਧ ਸਾਲ 1992 ਤੋਂ 1996 ਤਕ ਦੇ ਸਮੇਂ ਦੌਰਾਨ ਲੋਕਪਾਲ ਨੂੰ ਸ਼ਿਕਾਇਤਾਂ ਮਿਲੀਆਂ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਛੇ (6) ਸਾਬਕਾ ਮੰਤਰੀਆਂ ਵਿਰੁੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜੋ ਲੋਕਪਾਲ ਕੋਲ ਪੈਂਡਿੰਗ ਹਨ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਸਪੀਕਰ ਸਾਹਿਬ,ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਦੱਸਿਆ ਹੈ ਕਿ 6 ਸਾਬਕਾ ਮੰਤਰੀਆਂ ਵਿਰੁੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਕੀ ਕੁਝ ਹੋਰ ਵੀ ਅਜਿਹੇ ਵਿਅਕਤੀ ਹਨ ਜਿੰਨ੍ਹਾਂ ਵਿਰੁੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ?

ਮੁੱਖ ਮੰਤਰੀ: ਸਪੀਕਰ ਸਾਹਿਬ, ਟੋਟਲ ਕੰਪਲੇਂਟਸ ਪੈਂਡਿੰਗ ਜੋ ਹਨ ਉਹ 12 ਹਨ । ਟੋਟਲ ਕੰਪਲੇਂਟਸ–10 ਵਿਚੋਂ 6 ਮੰਤਰੀ ਹਨ । ਇਕ ਦੋ ਹੋਰ ਵਿਅਕਤੀਆਂ ਦੇ ਖਿਲਾਫ ਵੀ ਸ਼ਿਕਾਇਤਾਂ ਹਨ । ਪਰ ਕਾਨੂੰਨ ਵਿੱਚ ਇਹ ਲਿਖਿਆ ਹੈ ਕਿ ਜਿਨ੍ਹਾਂ ਜਨਤਕ ਵਿਅਕਤੀਆਂ ਦੇ ਖਿਲਾਫ. . .

ਸ਼੍ਰੀ ਸਪੀਕਰ: ਇਨ੍ਹਾਂ ਨੇ (ਜ਼ੀਰਾ ਸਾਹਿਬ ਨੇ) ਏਨਾ ਹੀ ਸਵਾਲ ਪੁਛਿਆ ਹੈ ਜੀ । ਸਰਦਾਰ ਇੰਦਰਜੀਤ ਸਿੰਘ ਜ਼ੀਰਾ, ਅਗਲੀ ਸਪਲੀਮੈਂਟਰੀ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਵਿਅਕਤੀਆਂ ਜਾਂ ਮੰਤਰੀਆਂ ਵਿਰੁੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਉਨ੍ਹਾਂ ਦੀ ਮੁਕੰਮਲ ਕਾਰਵਾਈ ਕਦੋਂ ਤੱਕ ਪੂਰੀ ਕਰ ਲਈ ਜਾਵੇਗੀ?

ਮੁੱਖ ਮੰਤਰੀ: ਸਪੀਕਰ ਸਾਹਿਬ, ਲੋਕਪਾਲ ਐਕਟ ਪਹਿਲਾਂ 1995 ਵਿੱਚ ਬਣਿਆ ਸੀ ਅਤੇ ਫਿਰ ਜਿਨ੍ਹਾਂ ਦੇ ਖਿਲਾਫ ਸ਼ਿਕਾਇਤਾਂ ਸਨ, ਉਨ੍ਹਾਂ ਵਜ਼ੀਰਾਂ ਅਤੇ ਐਮ.ਐਲ.ਏ. ਸਾਹਿਬਾਨ ਨੂੰ ਬਚਾਉਣ ਲਈ 1996 ਵਿੱਚ ਇਸਦੇ ਵਿੱਚ ਅਮੈਂਡਮੈਂਟਸ ਕਰ ਦਿਤੀਆਂ ਗਈਆਂ, 1995 ਵਿੱਚ ਇਹ ਸੀ ਕਿ ਜੇ ਕੋਈ ਅਰਜ਼ੀ ਦੇ ਦਿੰਦਾ ਸੀ ਤਾਂ ਲੋਕਪਾਲ ਉਸ ਤੇ ਪ੍ਰੌਪਰ ਪ੍ਰੋਸੀਜਰ ਮੁਤਾਬਿਕ ਇਨਕੁਆਰੀ ਕਰਦਾ ਸੀ। ਫਿਰ 1996 ਦੇ ਐਕਟ ਵਿੱਚ ਇਹ ਕਰ ਦਿਤਾ ਕਿ ਗਵਰਨਰ ਸਾਹਿਬ ਪਹਿਲਾਂ ਮਨਜ਼ੂਰੀ ਦੇਣ ਫਿਰ ਲੋਕਪਾਲ ਸ਼ਿਕਾਇਤ ਸੁਣ ਸਕਦਾ ਹੈ। 1995 ਵਾਲੇ ਲੋਕਪਾਲ ਐਕਟ ਵਿੱਚ ਤਬਦੀਲੀਆਂ ਕਰ ਦਿਤੀਆਂ ਜਿਸਦੇ ਮੁਤਾਬਿਕ ਇਨਸਾਫ ਹੋਣਾ ਸੀ ਅਤੇ ਸਹੀ ਤਰੀਕੇ ਨਾਲ ਇਨਕੁਆਰੀਆਂ ਹੋਣੀਆਂ ਸਨ। ਜਿਹੜਾ 1996 ਦਾ ਲੋਕਪਾਲ, ਐਕਟ ਹੈ ਇਸ ਨੂੰ ਅਸੀਂ ਛੇਤੀਂ ਹੀ ਅਮੈਂਡ ਕਰਾਂਗੇ। ਇਸਦੇ ਵਿੱਚ ਜਿਹੜੀਆਂ ਦੋ ਜ਼ਰੂਰੀ ਕਮੀਆਂ ਹਨ, ਇਕ ਤਾਂ ਇਹ ਕਿ ਜੋ ਗਵਰਨਰ ਸਾਹਿਬ ਦੀ ਮਨਜ਼ੂਰੀ ਵਾਲੀ ਗੱਲ ਹੈ ਅਸੀਂ ਸਮਝਦੇ ਹਾਂ ਕਿ ਇਸ ਦੀ ਲੋੜ ਨਹੀਂ। ਦੂਜਾ ਇਹ ਕਿ ਐਫੀਡੇਵਿਟ ਦੇਣਾ ਜਾਂ 5000/- ਰੁਪਏ ਜਾਂ ਹੋਰ ਇਸ ਤਰ੍ਹਾਂ ਦੀਆਂ ਚੀਜ਼ਾਂ, ਅਸੀਂ ਅਮੈਂਡਮੈਂਟ ਕਰਕੇ ਇਸ ਤਰ੍ਹਾਂ ਦਾ ਲੋਕਪਾਲ ਐਕਟ ਲਿਆਉਣਾ ਚਾਹੁੰਦੇ ਹਾਂ ਜਿਸ ਦੇ ਨਾਲ ਪਬਲਿਕ ਨੂੰ ਪੂਰਾ ਕਨਫੀਡੈਂਸ ਹੋਵੇ, ਵਿਸ਼ਵਾਸ ਹੋਵੇ ਕਿ ਜਿਨ੍ਹਾਂ ਦੇ ਖਿਲਾਫ ਸ਼ਿਕਾਇਤਾਂ ਹਨ, ਉਨ੍ਹਾਂ ਦੇ ਖਿਲਾਫ ਦੋਸ਼ ਸਾਬਤ ਹੋਣ ਅਤੇ ਐਕਸ਼ਨ ਜ਼ਰੂਰ ਲਿਆ ਜਾਵੇਗਾ, ਕਿਸੇ ਨੂੰ ਬਖਸ਼ਿਆ ਨਹੀਂ ਜਾਵੇਗਾ। (ਥੰਪਿੰਗ)

ਸ੍ਰੀਮਤੀ ਰਾਜਿੰਦਰ ਕੌਰ ਭੱਠਲ: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਜਾਣਨਾ ਚਾਹੁੰਦੀ ਹਾਂ ਕਿ ਅਸੀਂ ਉਸ ਵਕਤ 1996 ਵਿਚ ਜੋ ਲੋਕਪਾਲ ਐਕਟ ਲਿਆਂਦਾ। ਉਸਦੇ ਮੁਤਾਬਿਕ ਅਸੀਂ ਤਿੰਨ ਮੈਂਬਰ ਲੋਕਪਾਲ ਵਿੱਚ ਲਿਆਉਣ ਲਈ ਐਕਟ ਲਿਆਂਦਾ ਸੀ ਕਿਉਂਕਿ ਪੁਰਾਣੇ ਐਕਟ ਵਿੱਚ ਕੁਝ ਕਮੀਆਂ ਸਨ। ਅਗਰ ਉਸ ਐਕਟ ਨੂੰ ਇਹ ਸਮਝਿਆ ਜਾ ਰਿਹਾ ਹੈ ਕਿ ਕੁਝ ਮੰਤਰੀਆਂ ਨੂੰ ਬਚਾਉਣ ਲਈ ਇਹ ਚੇਂਜ ਕੀਤੀ ਗਈ ਹੈ ਤਾਂ ਮੈਂ ਮੁੱਖ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦੀ ਹਾਂ ਕਿ ਹੁਣ ਜੋ ਇਨ੍ਹਾਂ ਨੇ ਦੱਸਿਆ ਹੈ ਕਿ ਲੋਕਪਾਲ ਐਕਟ ਲਿਆਉਣ ਦੀ ਪ੍ਰੋਪੋਜ਼ਲ ਹੈ, ਕੀ ਉਹ ਉਨ੍ਹਾਂ ਨੂੰ ਫਸਾਉਣ ਲਈ ਲਿਆਂਦਾ ਜਾ ਰਿਹਾ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਨਾ ਕੋਈ ਬਚਾਉਣ ਵਾਸਤੇ ਅਤੇ ਨਾ ਕੋਈ ਫਸਾਉਣ ਵਾਸਤੇ ਐਕਟ ਲਿਆਂਦਾ ਜਾਵੇਗਾ। ਅਸੀਂ ਤਾਂ ਦੋਸ਼ੀਆਂ ਨੂੰ ਛੱਡਣ ਵਾਸਤੇ ਉਪਰਾਲਾ ਕਰ ਰਹੇ ਹਾਂ। ਜਿਹੜੀਆਂ ਸ਼ਿਕਾਇਤਾਂ ਉਸ ਵੇਲੇ ਆਈਆਂ ਸਨ, ਉਸ ਵੇਲੇ ਤਾਂ ਸਾਡੀ ਸਰਕਾਰ ਨਹੀਂ ਸੀ ਜਾਂ ਇਹ ਕਹਿਣ ਕਿ ਸ਼ਿਕਾਇਤਾਂ ਅਸੀਂ ਕਰਵਾਈਆਂ ਹਨ? ਸਪੀਕਰ ਸਾਹਿਬ, ਸ਼ਿਕਾਇਤਾਂ ਪੈਂਡਿੰਗ ਹਨ, ਜਦੋਂ ਨਵਾਂ ਲੋਕਪਾਲ ਬਣ ਜਾਵੇਗਾ ਉਦੋਂ ਉਸਦੇ ਵਲੋਂ ਇਨਕੁਆਰੀ ਹੋ ਜਾਵੇਗੀ। ਜੇ ਦੋਸ਼ੀ ਸਾਬਤ ਨਹੀਂ ਹੋਣਗੇ ਤਾਂ ਉਹ ਬਰੀ ਹੋ ਜਾਣਗੇ ਅਤੇ ਜੇ ਗਲਤ ਕੰਮ ਕੀਤਾ ਹੋਵੇਗਾ ਤਾਂ ਸਜ਼ਾ ਮਿਲ ਜਾਵੇਗੀ। (ਥੰਪਿੰਗ)

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਬੜਾ ਅੱਛਾ ਜਵਾਬ ਦਿੱਤਾ ਹੈ। ਇਹ ਗੱਲ ਠੀਕ ਹੈ ਕਿ ਲੋਕਪਾਲ ਐਕਟ ਵਿੱਚ ਬਹੁਤ ਸਾਰੀਆਂ ਕਮੀਆਂ ਪੇਸ਼ੀਆਂ

ਹਨ । ਮੁੱਖ ਮੰਤਰੀ ਜੀ ਨੇ ਇਹ ਐਸ਼ਿਓਰੇਂਸ ਦਿੱਤੀ ਹੈ ਕਿ ਇਹ ਕਮੀਆਂ ਪੇਸ਼ੀਆਂ ਜਲਦੀ ਹੀ ਦੂਰ ਕਰ ਦਿੱਤੀਆਂ ਜਾਣਗੀਆਂ । ਸਪੀਕਰ ਸਾਹਿਬ, ਇਹ ਸੈਸ਼ਨ ਤਾਂ ਹੁਣ ਲੰਘ ਗਿਆ ਹੈ ਪਰ ਇਸ ਵਿੱਚ ਲੋਕਪਾਲ ਐਕਟ ਨੂੰ ਠੀਕ ਕਰਨ ਸਬੰਧੀ ਕੋਈ ਡਰਾਫ਼ਟ ਨਹੀਂ ਲੈ ਕੇ ਆਏ । ਹੁਣ ਦੁਬਾਰਾ ਪਤਾ ਨਹੀਂ ਕਦੋਂ ਸੈਸ਼ਨ ਆਉਣਾ ਹੈ । ਨਾਲ ਹੀ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਅਸੀਂ ਜਲਦੀ ਬਣਾ ਦੇਵਾਂਗੇ । ਦੋ ਸੈਸ਼ਨ ਤਾਂ ਟੱਪ ਗਏ ਹਨ । ਕੀ ਮੁੱਖ ਮੰਤਰੀ ਜੀ ਇਸ ਵਾਸਤੇ ਕੋਈ ਸਮਾਂ ਨਿਸ਼ਚਿਤ ਕਰਨਗੇ ? ਕੀ ਇਸ ਵਿਚ ਕੋਈ ਆਰਡੀਨੈਂਸ ਰਾਹੀਂ ਅਮੈਂਡਮੈਂਟ ਕੀਤੀ ਜਾਵੇਗੀ ? ਇਸ ਦਾ ਕੀ ਪ੍ਰੋਸੀਜਰ ਹੋਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਾਡੀ ਇੰਟੈਨਸ਼ਨ ਬੜੀ ਕਲੀਅਰ ਹੈ ਕਿ ਅਸੀਂ ਜਲਦੀ ਲੋਕਪਾਲ ਬਣਾਉਣਾ ਹੈ । ਇਸ ਲਈ ਦੋ ਤਰੀਕੇ ਹੋ ਸਕਦੇ ਹਣ । ਆਰਡੀਨੈਂਸ ਵੀ ਹੋ ਸਕਦਾ ਹੈ । ਦੂਸਰਾ, ਇਹ ਹੈ ਕਿ ਪ੍ਰੈਜ਼ੀਡੈਂਟ ਦੀ ਇਲੈਕਸ਼ਨ ਆਉਣ ਵਾਲੀ ਹੈ । ਇਸ ਕਰਕੇ ਸੈਸ਼ਨ ਦੁਬਾਰਾ ਜਲਦੀ ਹੀ ਆਉਣਾ ਹੈ । ਕੋਈ ਇਹੋ ਜਿਹੀ ਗੱਲ ਨਹੀਂ ਹੈ । ਇਹ ਲੋਕਪਾਲ ਐਕਟ ਐਸਾ ਹੋਵੇਗਾ ਜਿਸ ਵਿੱਚ ਕੋਈ ਲੂਪ ਹੋਲਜ਼ ਨਾ ਹੋਣ ਔਰ ਸਾਰਿਆਂ ਨੂੰ ਸਹੀ ਮਾਅਨਿਆਂ ਵਿੱਚ ਇਨਸਾਫ ਮਿਲ ਸਕੇ । ਇਹ ਸਭ ਨੂੰ ਪਤਾ ਹੈ ਕਿ ਇਸ ਐਕਟ ਵਿੱਚ ਅਮੈਂਡਮੈਂਟ ਉਸ ਸਮੇਂ ਦੇ ਮਨਿਸਟਰਾਂ ਔਰ ਅਧਿਕਾਰੀਆਂ ਦੇ ਖਿਲਾਫ਼ ਜਿਹੜੀਆਂ ਸ਼ਿਕਾਇਤਾਂ ਸਨ, ਉਨ੍ਹਾਂ ਨੂੰ ਬਚਾਉਣ ਵਾਸਤੇ ਕੀਤੀ ਗਈ ਸੀ । ਨਹੀਂ ਤਾਂ ਕੋਈ ਲੋੜ ਨਹੀਂ ਸੀ ਕਿ ਲੋਕਪਾਲ ਐਕਟ ਵਿੱਚ ਚੇਂਜ ਕੀਤੀ ਜਾਂਦੀ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਜਦੋਂ ਲੋਕਪਾਲ ਹਟਾਇਆ ਸੀ ਤਾਂ ਉਸ ਤੋਂ ਬਾਅਦ ਹਾਈ ਕੋਰਟ ਵਿੱਚ ਰਿੱਟ ਹੋਈ ਸੀ । ਹਾਈ ਕੋਰਟ ਨੇ ਫੈਸਲਾ ਕੀਤਾ ਸੀ ਕਿ ਜਿੰਨੀਆਂ ਸ਼ਿਕਾਇਤਾਂ ਪੈਂਡਿੰਗ ਹਨ, ਉਨ੍ਹਾਂ ਦਾ ਫੈਸਲਾ ਉਹੀ ਲੋਕਪਾਲ ਕਰੇਗਾ । ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਫੈਸਲਾ ਲਾਗੂ ਕਿਉਂ ਨਹੀਂ ਹੋ ਸਕਿਆ ? ਇਸ ਦੇ ਕੀ ਕਾਰਨ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਲੋਕ ਪਾਲ ਐਕਟ ਵਿੱਚ ਜਿਹੜੀ ਅਮੈਂਡਮੈਂਟ ਕੀਤੀ ਗਈ, ਉਸ ਦਾ ਰੀਜ਼ਨ ਸਾਰੇ ਪੰਜਾਬ ਨੂੰ ਪਤਾ ਹੈ, ਸਭ ਨੂੰ ਪਤਾ ਹੈ, ਮੈਨੂੰ ਵੀ ਪਤਾ ਹੈ । ਪੁਰਾਣਾ ਲੋਕ ਪਾਲ ਐਕਟ ਹਟਾ ਦਿੱਤਾ ਔਰ ਫਿਰ ਨਵਾਂ ਐਕਟ ਲਿਆਂਦਾ ਗਿਆ । ਜਿਨ੍ਹਾਂ ਲੋਕਾਂ ਦੇ ਖਿਲਾਫ ਸ਼ਿਕਾਇਤਾਂ ਆ ਗਈਆਂ ਹਨ, ਉਨ੍ਹਾਂ ਦੀ ਬਿਲਕੁਲ ਇਨਕੁਆਰੀ ਹੋਵੇਗੀ ਔਰ ਨਵਾਂ ਲੋਕਪਾਲ ਮੁਕੱਰਰ ਹੋਣ ਤੇ ਹੀ ਇਨਕੁਆਰੀ ਹੋਵੇਗੀ । (ਥੰਪਿੰਗ)

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਹਾਈ ਕੋਰਟ ਦੀ ਰੂਲਿੰਗ ਹੈ ਕਿ ਪੁਰਾਣਾ ਲੋਕਪਾਲ ਫੈਸਲਾ ਕਰੇਗਾ । ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਫੈਸਲਾ ਕਿਉਂ ਨਹੀਂ ਲਾਗੂ ਕੀਤਾ ਗਿਆ ? ਇਸ ਦੇ ਕੀ ਕਾਰਨ ਹਨ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਸੀ.ਐਮ. ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸ਼ਿਕਾਇਤਾਂ ਮੰਤਰੀਆਂ ਦੇ ਖਿਲਾਫ ਪ੍ਰਾਪਤ ਹੋਈਆਂ ਹਨ, ਉਹ ਸ਼ਿਕਾਇਤਾਂ ਕਰਿਮੀਨਲ ਹਨ ਜਾਂ ਭ੍ਰਿਸ਼ਟਾਚਾਰ ਨਾਲ ਸਬੰਧਿਤ ਹਨ ?

ਸ਼੍ਰੀ ਸਪੀਕਰ : ਇਸ ਸਪਲੀਮੈਂਟਰੀ ਦਾ ਇਸ ਨਾਲ ਸਬੰਧ ਨਹੀਂ ਹੈ ।

ਸਰਦਾਰ ਭਾਗ ਸਿੰਘ ਮੱਲ੍ਹਾ: ਸਪੀਕਰ ਸਾਹਿਬ, ਜਿਹੜਾ ਸਵਾਲ ਮੈਂ ਪੁੱਛ ਰਿਹਾ ਹਾਂ ਇਹ ਜਗਰਾਉਂ ਨਾਲ ਸਬੰਧਿਤ ਹੈ। ਮੇਰੇ ਕੋਲ ਅਜੀਤ ਅਖਬਾਰ ਦੀ ਕਟਿੰਗ ਹੈ—

ਸ਼੍ਰੀ ਸਪੀਕਰ: ਤੁਸੀਂ ਅਖਬਾਰ ਪੇਸ਼ ਨਾ ਕਰੋ । ਸਵਾਲ ਪੁੱਛੋ ।

ਸਰਦਾਰ ਭਾਗ ਸਿੰਘ ਮੱਲ੍ਹਾ. ਇਸ ਕੇਸ ਵਿਚ ਕੁਰੱਪਸ਼ਨ ਹੋਈ ਹੈ ।

ਸ਼੍ਰੀ ਸਪੀਕਰ. ਕੀ ਇਹ ਕੇਸ ਇਸ ਸਵਾਲ ਨਾਲ ਸਬੰਧਤ ਹੈ ?

ਸਰਦਾਰ ਭਾਗ ਸਿੰਘ ਮੱਲ੍ਹਾ : ਹਾਂ ਜੀ । ਸਪੀਕਰ ਸਾਹਿਬ, ਇਸ ਵਿਚ ਕੁਰੱਪਸ਼ਨ ਹੋਈ ਹੈ । ਸਾਬਕਾ ਮੰਤਰੀ ਵੀ ਇਸ ਵਿਚ ਇਨਵਾਲਵ ਹੈ। ਕੀ ਮੁੱਖ ਮੰਤਰੀ ਜੀ ਇਸ ਮਾਮਲੇ ਦੀ ਇਨਕੁਆਰੀ ਕਰਾਉਣਗੇ ?

ਸ਼੍ਰੀ ਸਪੀਕਰ. ਇਹ ਕਿਹੜਾ ਕੇਸ ਹੈ, ਤੁਸੀਂ ਨਾਂ ਦੱਸੋ ।

ਸਰਦਾਰ ਭਾਗ ਸਿੰਘ ਮੱਲ੍ਹਾ : ਉਸ ਦਾ ਨਾਂ ਦਰਸ਼ਨ ਸਿੰਘ ਬਰਾੜ ਹੈ ।

ਮੁੱਖ ਮੰਤਰੀ: ਲੋਕ ਪਾਲ ਬਣ ਜਾਣਾ ਹੈ .... ।

ਸ਼੍ਰੀ ਸਪੀਕਰ: ਸਪਲੀਮੈਂਟਰੀ ਇਸ ਸਵਾਲ ਨਾਲ ਸਬੰਧਿਤ ਨਹੀਂ ਹੈ।

ਸ਼੍ਰੀ ਤਿਕਸ਼ਣ ਸੂਦ: ਸਪੀਕਰ ਸਾਹਿਬ, ਕਈ ਸ਼ਿਕਾਇਤ — ਕਰਤਾ ਉਸ ਵਕਤ ਇਸ ਕਰਕੇ ਸ਼ਿਕਾਇਤ ਨਹੀਂ ਦੇ ਸਕੇ ਕਿਉਂਕਿ ਉਸ ਐਕਟ ਵਿਚ ਤਬਦੀਲੀ ਹੋ ਗਈ ਸੀ। ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਸ਼ਿਕਾਇਤ — ਕਰਤਾਵਾਂ ਨੂੰ ਹੁਣ ਮੌਕਾ ਮਿਲੇਗਾ ? ਕੀ ਇਸ ਸੰਬੰਧੀ ਮੁੱਖ ਮੰਤਰੀ ਜੀ ਭਰੋਸਾ ਦਿਵਾਉਣਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਖੁੱਲ੍ਹਾ ਮੌਕਾ ਹੋਵੇਗਾ । ਉਨਾਂ ਦਾ ਇਹੀ ਕੰਮ ਹੋਵੇਗਾ ਭਾਵੇਂ ਰੋਜ਼ ਸ਼ਿਕਾਇਤਾਂ ਕਰੀ ਜਾਣ ।

ਮਿਊਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ ਦੇ ਵਡਾਲੀ ਇਲਾਕੇ ਵਿਚ ਮਕਾਨਾਂ ਨੂੰ ਨੁਕਸਾਨ

*377. **ਕਾਮਰੇਡ ਹਰਦੇਵ ਅਰਸ਼ੀ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਇਹ ਠੀਕ ਹੈ ਕਿ ਮਿਊਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ ਦੇ ਵਡਾਲੀ ਇਲਾਕੇ ਵਿਚ ਨੁਕਸਦਾਰ ਸੀਵਰੇਜ ਵਿਛਾਉਣ ਕਾਰਣ ਕੁਝ ਮਕਾਨਾਂ ਨੂੰ ਨੁਕਸਾਨ ਪਹੁੰਚਿਆ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਸਾਲ 1996 ਦੌਰਾਨ ਮਾਮਲੇ ਦੀ ਪੜਤਾਲ ਕਰਵਾਉਣ ਦਾ ਹੁਕਮ ਦਿੱਤਾ ਗਿਆ ਸੀ ? ਜੇਕਰ ਅਜਿਹਾ ਹੋਵੇ, ਤਾਂ ਇਸਦੇ ਸਿੱਟੇ ਕੀ ਹਨ;

(ੲ) ਕੀ ਸਥਾਨਕ ਸਰਕਾਰ ਵਿਭਾਗ ਵਿਚ ਸਰਕਾਰ ਨੂੰ ਦਸੰਬਰ, 1995 ਵਿਚ ਕਿਸੇ ਵਿਧਾਇਕ ਜਾਂ ਕਿਸੇ ਨਾਗਰਿਕ ਵਲੋਂ ਉਪਰੋਕਤ ਇਲਾਕੇ ਵਿਚ ਸਾਰਾ ਸੀਵਰੇਜ ਦੁਬਾਰਾ ਵਿਛਾਉਣ ਸਬੰਧੀ ਕੋਈ ਪ੍ਰਤੀ ਬੇਨਤੀ ਪ੍ਰਾਪਤ ਹੋਈ ਸੀ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ ਅਤੇ ਇਸਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸ਼੍ਰੀ ਬਲਰਾਮ ਜੀ ਦਾਸ ਟੰਡਨ (ੳ) ਨਹੀਂ ਜੀ, ਪਰ ਕੁਝ ਪੁਰਾਣੇ ਮਕਾਨਾਂ ਦੇ ਪ੍ਰਾਈਵੇਟ ਫੈਰੂਲ ਕੁਨੈਕਸ਼ਨਾਂ ਵਿੱਚ ਲੀਕੇਜ ਕਾਰਨ, ਭਾਰੀ ਬਾਰਸ਼ਾਂ ਕਾਰਨ ਅਤੇ ਪਾਣੀ ਦੀ ਸਪਲਾਈ ਦੀ ਵੰਡ ਵਿੱਚ ਲੀਕੇਜ ਕਾਰਨ ਦਰਾੜਾਂ ਆਈਆਂ।

(ਅ) ਅਤੇ (ੲ) ਸਾਲ 1992 ਵਿੱਚ ਪੜਤਾਲ ਕਰਵਾਈ ਗਈ ਸੀ ਜਿਸ ਵਿੱਚ ਦਸਿਆ ਗਿਆ ਕਿ ਮਕਾਨਾਂ ਨੂੰ 30% ਨੁਕਸਾਨ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਫੀਲਡ ਅਮਲੇ ਦੀ ਅਣਗਹਿਲੀ ਕਾਰਣ ਹੋਇਆ ਜਿਸ ਲਈ ਸਬੰਧਤ ਉਪ ਮੰਡਲ ਇੰਜੀਨੀਅਰ ਅਤੇ ਜੂਨੀਅਰ ਇੰਜੀਨੀਅਰ ਨੂੰ ਦੋਸ਼ ਪੱਤਰ ਜਾਰੀ ਕੀਤੇ ਗਏ ਅਤੇ ਉਹਨਾਂ ਕੋਲੋਂ 40,760/- ਰੁਪਏ ਦੀ ਵਸੂਲੀ ਦੇ ਹੁਕਮ ਕੀਤੇ ਗਏ। ਸਾਲ 1996 ਵਿੱਚ ਉਸ ਸਮੇਂ ਦੀ ਐਮ. ਐਲ. ਏ. ਸ਼੍ਰੀਮਤੀ ਬਿਮਲਾ ਡਾਂਗ ਕੋਲੋਂ ਇੱਕ ਪ੍ਰਤੀ ਬੇਨਤੀ ਸਰਕਾਰ ਕੋਲ ਪ੍ਰਾਪਤ ਹੋਈ ਅਤੇ ਪੜਤਾਲ ਉਪਰੰਤ ਨਗਰ ਨਿਗਮ ਇਸ ਸਿੱਟੇ ਤੇ ਪੁੱਜੀ ਕਿ ਗੁਰੂ ਕੀ ਵਡਾਲੀ ਦੇ ਸੀਵਰੇਜ ਦੀ ਸਫਾਈ (ਡੀਸਿਲਟਿੰਗ) ਦੀ ਜ਼ਰੂਰਤ ਹੈ ਜਿਸ ਅਨੁਸਾਰ ਨਗਰ ਨਿਗਮ ਅੰਮ੍ਰਿਤਸਰ ਨੇ ਇਹ ਕੰਮ ਸ਼ੁਰੂ ਕੀਤਾ ਅਤੇ ਸਫਾਈ ਦਾ 50% ਕੰਮ ਮੁਕੰਮਲ ਕਰ ਲਿਆ ਗਿਆ ਹੈ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਇਹ ਮਾਮਲਾ ਬਹੁਤ ਹੀ ਸੀਰੀਅਸ ਹੈ। ਜਿਸ ਤਰ੍ਹਾਂ ਡਿਪਾਰਟਮੈਂਟ ਨੇ ਜਵਾਬ ਦੇ ਦਿੱਤਾ ਹੈ, ਉਸ ਤਰ੍ਹਾਂ ਇਹ ਮਾਮਲਾ ਸਾਧਾਰਣ ਨਹੀਂ ਹੈ। ਉੱਤਰ ਵਿੱਚ ਕਿਹਾ ਗਿਆ ਹੈ ਕਿ ਫੀਲਡ ਕਰਮਚਾਰੀਆਂ ਦੀ ਲਾਪਰਵਾਹੀ ਨਾਲ ਮਕਾਨਾਂ ਦਾ ਕੁਝ ਪ੍ਰਤੀਸ਼ਤ ਨੁਕਸਾਨ ਹੋਇਆ ਹੈ ਔਹ ਸਜ਼ਾ ਦੇ ਤੌਰ ਤੇ ਉਨ੍ਹਾਂ ਨੂੰ 40 ਹਜ਼ਾਰ ਰੁਪਏ ਪਾ ਦਿੱਤੇ ਹਨ। ਮਾਮਲਾ ਸੀਰੀਅਸ ਇਸ ਤਰ੍ਹਾਂ ਹੈ ਕਿ ਜਦੋਂ ਸੀਵਰੇਜ ਲੇਅ ਕੀਤਾ ਜਾ ਰਿਹਾ ਸੀ, ਉਸ ਸਮੇਂ ਸ਼ਹਿਰ ਵਿੱਚੋਂ ਸਬੰਧਤ ਇਲਾਕੇ ਦੇ ਲੋਕਾਂ ਦੇ ਰਿਪ੍ਰੀਜ਼ੈਂਟੇਟਵ ਨੇ ਉਨ੍ਹਾਂ ਨੂੰ ਸੂਚਿਤ ਕੀਤਾ ਸੀ ਕਿ ਇਹ ਸੀਵਰੇਜ ਟੈਕਨੀਕਲੀ ਗਲਤ ਪਾ ਰਹੇ ਹੋ, ਪਾਣੀ ਦਾ ਫਲੋਅ ਇਸ ਪਾਸੇ ਨਹੀਂ ਜਾਣਾ। ਤੁਸੀਂ ਜਿੰਨਾਂ ਮਰਜ਼ੀ ਪੈਸਾ ਖਰਚ ਕਰ ਲਵੋ, ਇਸ ਨੇ ਪਰਾਪਰ ਫੰਕਸ਼ਨਿੰਗ ਨਹੀਂ ਕਰਨੀ ਲੇਕਿਨ ਉਨ੍ਹਾਂ ਦੀ ਗੱਲ ਨਹੀਂ ਮੰਨੀ ਗਈ। ਬਾਅਦ ਦੇ ਵਿੱਚ 1996 ਦੇ ਵਿੱਚ ਚੀਫ ਇੰਜੀਨੀਅਰ ਨੇ ਜਦੋਂ ਇਨਕੁਆਇਰੀ ਕੀਤੀ, ਤਾਂ ਉਸ ਨੇ ਵੀ ਇਹ

[ਕਾਮਰੇਡ ਹਰਦੇਵ ਅਰਸ਼ੀ]

ਪਰਵਾਨ ਕੀਤਾ ਕਿ ਇਹ ਸੀਵਰੇਜ ਟੈਕਨੀਕਲੀ ਗਲਤ ਪਾਇਆ ਗਿਆ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਅਫਸਰ ਸਾਹਿਬਾਨ ਨੇ ਉਸ ਸਮੇਂ ਡਿਜ਼ਾਈਨ ਕੀਤਾ, ਟੈਕਨੀਕਲੀ ਗਲਤ ਡਿਜ਼ਾਈਨ ਕੀਤਾ, ਸੀਵਰੇਜ ਟੈਕਨੀਕਲੀ ਗਲਤ ਪਾਇਆ ਔਰ ਹੁਣ ਇਹ ਪਰੂਵ ਵੀ ਹੋ ਗਿਆ ਹੈ, ਕੀ ਹੁਣ ਤੱਕ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲਿਆ ਗਿਆ ? ਜੇਕਰ ਨਹੀਂ ਲਿਆ ਤਾਂ ਕਿਉਂ ਨਹੀਂ ਲਿਆ ? ਔਰ ਕਦੋਂ ਤੱਕ ਉਨ੍ਹਾਂ ਦੇ ਖਿਲਾਫ ਸਖਤ ਐਕਸ਼ਨ ਲਵੋਗੇ ?

ਮੰਤਰੀ: ਸਪੀਕਰ ਸਾਹਿਬ, ਅਸੀਂ ਇਸ ਦੀ ਜਾਣਕਾਰੀ ਜ਼ਰੂਰ ਕਰਵਾਵਾਂਗੇ । ਅਗਰ ਕੋਈ ਗਲਤ ਹੈ, ਤਾਂ ਨਿਸ਼ਚਿਤ ਤੌਰ ਤੇ ਜਿਹੜੇ ਬੰਦੇ ਰਿਸਪਾਂਸੀਬਲ ਹੋਣਗੇ, ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੈਂ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਐਸ਼ਿਉਰੈਂਸ ਦਿੱਤੀ ਹੈ । ਦੂਸਰਾ, ਸਪੀਕਰ ਸਾਹਿਬ, ਮੰਤਰੀ ਜੀ ਨੇ ਰਿਪਲਾਈ ਦਿੱਤਾ ਹੈ ਕਿ ਮਕਾਨਾਂ ਦਾ 30% ਨੁਕਸਾਨ ਹੋ ਗਿਆ ਹੈ । ਇਸ ਵਿੱਚ ਮਾਲਕ ਮਕਾਨਾਂ ਦਾ ਤਾਂ ਕੋਈ ਕਸੂਰ ਨਹੀਂ । ਜਦੋਂ ਹੁਣ ਇਹ ਪ੍ਰਵਾਨ ਕਰ ਲਿਆ ਹੈ ਕਿ ਇਹ ਸੀਵਰੇਜ ਬੋਰਡ ਦੇ ਅਧਿਕਾਰੀਆਂ ਦੀ ਲਾਪਰਵਾਹੀ ਕਰਕੇ ਹੋਇਆ ਹੈ । ਇਸ ਵਿੱਚ ਮਾਲਕ ਮਕਾਨਾਂ ਦਾ ਤਾਂ ਆਪਣਾ ਕੋਈ ਕਸੂਰ ਨਹੀਂ । ਜੋ ਉਨ੍ਹਾਂ ਦੇ ਮਕਾਨਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਉਸ ਨੁਕਸਾਨ ਦੀ ਕਿਸੇ ਤਰ੍ਹਾਂ ਰਾਹਤ ਦੇਣ, ਮੁਆਵਜ਼ਾ ਦੇਣ ਚਾਹੇ ਕਿਸੇ ਵੀ ਰੂਪ ਵਿੱਚ ਦੇਣ । ਕੀ ਸਰਕਾਰ ਇਸ ਤੇ ਹਮਦਰਦੀ ਨਾਲ ਵਿਚਾਰ ਕਰੇਗੀ ? ਜੇਕਰ ਵਿਚਾਰ ਕਰ ਲਿਆ ਹੈ, ਤਾਂ ਕਿਸ ਤਰ੍ਹਾਂ ਦਾ ਫੈਸਲਾ ਲਿਆ ਹੈ ?

ਮੰਤਰੀ ਸਪੀਕਰ ਸਾਹਿਬ, ਇਸ ਪੱਖ ਤੋਂ ਸਾਰੀ ਗੱਲ ਦਾ ਵਿਚਾਰ ਕੀਤਾ ਜਾਵੇਗਾ ।

ਕਾਮਰੇਡ ਹਰਦੇਵ ਅਰਸ਼ੀ : ਠੀਕ ਹੈ ਜੀ ।

ਸ਼੍ਰੀ ਚਰੰਜੀ ਲਾਲ ਗਰਗ ਸਪਲੀਮੈਂਟਰੀ, ਸਪੀਕਰ ਸਾਹਿਬ ।

ਸ਼੍ਰੀ ਸਪੀਕਰ. ਹਾਂ ਜੀ, ਚਰੰਜੀ ਲਾਲ ਜੀ । ਇਸੇ ਪ੍ਰਸ਼ਨ ਨਾਲ ਸਬੰਧਤ ਹੋਵੇ ।

ਸ਼੍ਰੀ ਚਰੰਜੀ ਲਾਲ ਗਰਗ. ਸਪੀਕਰ ਸਾਹਿਬ, ਇਸੇ ਨਾਲ ਹੀ ਸਬੰਧਤ ਹੈ । ਸੀਵਰੇਜ ਨਾਲ ਹੀ ਸਬੰਧਤ ਹੈ । ਬਠਿੰਡੇ ਦੇ ਵਿੱਚ ਜਦੋਂ ਸੀਵਰ ਪਾਇਆ ਗਿਆ ਤਾਂ ਉਸ ਸੀਵਰ ਦੇ ਕਾਰਨ ਅੱਜ ਵੀ ਬਠਿੰਡਾ ਨਰਕ ਵਿੱਚ ਡੁੱਬਿਆ ਪਿਆ ਹੈ । ਉਸ ਵੇਲੇ ਮਿਸਟਰ ਰਿਬੇਰੋ ਨੂੰ ਅਰਜ਼ੀ ਦਿੱਤੀ ਸੀ . . . . . .

ਸ਼੍ਰੀ ਸਪੀਕਰ.. ਚਰੰਜੀ ਲਾਲ ਜੀ, ਬੈਠ ਜਾਵੋ ।

ਸ਼੍ਰੀ ਚਰੰਜੀ ਲਾਲ ਗਰਗ ਫਿਰ ਇਨਕੁਆਇਰੀ ਹੋਈ । ਆਹ ਮੇਰੇ ਕੋਲ ਇਨਕੁਆਇਰੀ ਰਿਪੋਰਟ ਹੈ ਜਿਸ ਵਿੱਚ 16 ਅਫਸਰਾਂ ਨੂੰ ਦੋਸ਼ੀ ਪਾਇਆ ਗਿਆ ਹੈ । ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਅਫਸਰਾਂ ਦੇ ਖਿਲਾਫ ਹੁਣ ਤੱਕ ਐਕਸ਼ਨ ਕਿਉਂ ਨਹੀਂ ਲਿਆ ਗਿਆ ? ਕੀ ਹੁਣ ਇਹ ਐਕਸ਼ਨ ਕਰਨਗੇ ? ਸਪੀਕਰ ਸਾਹਿਬ . . . . .

ਸ੍ਰੀ ਸਪੀਕਰ. ਚਰੰਜੀ ਲਾਲ ਜੀ ਬੈਠ ਜਾਵੋ । ਇਹ ਅਨੁਪੂਰਕ ਇਸ ਕੁਐਸਚਨ ਨਾਲ ਸਬੰਧਤ ਨਹੀਂ ਹੈ । ਤੁਸੀਂ ਬਠਿੰਡੇ ਦੀ ਗੱਲ ਕਰ ਰਹੇ ਹੋ ਜਦੋਂ ਕਿ ਇਹ ਪ੍ਰਸ਼ਨ ਅੰਮ੍ਰਿਤਸਰ ਨਾਲ ਤਾਅਲੁੱਕ ਰੱਖਦਾ ਹੈ । ਤੁਸੀਂ ਸੈਪਰੇਟ ਸਵਾਲ ਦੇ ਦੇਵੋ । Next Question.

ਰਾਜਿੰਦਰਾ ਹਸਪਤਾਲ, ਪਟਿਆਲਾ ਵਿਚ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਭਰਨਾ

*491.**ਸਰਦਾਰ ਸੁਰਜੀਤ ਸਿੰਘ ਕੋਹਲੀ**. ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜਿੰਦਰਾ ਹਸਪਤਾਲ, ਪਟਿਆਲਾ, ਵਿਚ ਦੋਨਾਂ, ਪੁਰਸ਼ ਅਤੇ ਇਸਤਰੀ ਡਾਕਟਰਾਂ ਦੀਆਂ ਕਿੰਨੀਆਂ-ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਦੇ ਕਦੋਂ ਤਕ ਭਰੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਬਲਰਾਮ ਜੀ ਦਾਸ ਟੰਡਨ. ਹੇਠ ਲਿਖੀਆਂ ਆਸਾਮੀਆਂ ਖਾਲੀ ਹਨ :—

(ੳ)	ਮੈਡੀਕਲ ਸੁਪਰਡੰਟ :	ਇਕ
(ਅ)	ਐਮਰਜੰਸੀ ਮੈਡੀਕਲ ਅਫਸਰ :	ਦੋ
(ੲ)	ਮੈਡੀਕਲ ਅਫਸਰ.	ਇੱਕ

ਲਿੰਗ ਦੇ ਆਧਾਰ ਤੇ ਜਿਹਾ ਕਿ ਪੁਰਸ਼ ਜਾਂ ਇਸਤਰੀ ਤੇ ਕੋਈ ਵੀ ਪੋਸਟਾਂ ਮਨਜ਼ੂਰ/ਭਰੀਆਂ ਨਹੀਂ ਜਾਂਦੀਆਂ । ਇਹ ਖਾਲੀ ਆਸਾਮੀਆਂ ਜਲਦੀ ਹੀ ਭਰੀਆਂ ਜਾਣਗੀਆਂ ।

ਸਰਦਾਰ ਸੁਰਜੀਤ ਸਿੰਘ ਕੋਹਲੀ : ਸਪੀਕਰ ਸਾਹਿਬ, ਮੇਰੀ ਸੂਚਨਾ ਦੇ ਮੁਤਾਬਿਕ ਉਥੇ ਜ਼ਿਆਦਾ ਪੋਸਟਾਂ ਖਾਲੀ ਪਈਆਂ ਹਨ । ਤਿੰਨ ਡਾਕਟਰ ਸਾਹਿਬਾਨ ਪਿਛਲੇ ਦੋ ਮਹੀਨਿਆਂ ਵਿੱਚ ਅਸਤੀਫੇ ਦੇ ਕੇ ਚਲੇ ਗਏ ਹਨ । ਮੰਤਰੀ ਸਾਹਿਬ ਇਸ ਹਾਊਸ ਵਿੱਚ ਭਰੋਸਾ ਦੇਣ ਕਿ ਇਹ ਪੋਸਟਾਂ ਕਿੰਨੀ ਦੇਰ ਵਿੱਚ ਭਰ ਦਿੱਤੀਆਂ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ, ਇਹ ਦੋ ਗੱਲਾਂ ਕਨਫਿਊਜ਼ ਕਰੀ ਜਾਂਦੇ ਹਨ । ਇਨ੍ਹਾਂ ਨੇ ਸਿਰਫ ਰਾਜਿੰਦਰਾ ਹਸਪਤਾਲ ਦੇ ਸਬੰਧ ਵਿੱਚ ਆਪਣਾ ਸਵਾਲ ਪੁੱਛਿਆ ਹੈ ਜਿਸਦਾ ਉੱਤਰ ਮੈਂ ਦੇ ਦਿੱਤਾ ਹੈ । ਜਿਥੋਂ ਤੱਕ ਮੈਡੀਕਲ ਕਾਲਜ ਦੀਆਂ ਆਸਾਮੀਆਂ ਦਾ ਤਾਅਲੁੱਕ ਹੈ, ਉਸ ਬਾਰੇ ਇਹ ਅਲੱਗ ਸਵਾਲ ਦੇ ਦੇਣ । ਮੈਂ ਦੱਸ ਦਿਆਂਗਾ ।

ਸਰਦਾਰ ਸੁਰਜੀਤ ਸਿੰਘ ਕੋਹਲੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਸਾਹਿਬ ਨੂੰ ਪੁੱਛਣਾ ਚਾਹਾਂਗਾ ਕਿ ਉਥੇ ਐਮਰਜੈਂਸੀ ਵਾਰਡ ਦੇ ਵਿੱਚ ਦਵਾਈਆਂ ਦੀ ਰੈਗੂਲਰ ਸਪਲਾਈ ਨਹੀਂ ਹੁੰਦੀ । ਜਦੋਂ ਕੋਈ ਮਰੀਜ਼ ਐਮਰਜੈਂਸੀ ਵਾਰਡ ਦੇ ਵਿੱਚ ਆਉਂਦਾ ਹੈ ਤਾਂ ਉਸ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਉਸ ਨੂੰ ਫਸਟ ਏਡ ਵੀ ਨਹੀਂ ਮਿਲਦੀ । ਇਸ ਕਰਕੇ ਮੰਤਰੀ ਸਾਹਿਬ, ਕੋਈ ਭਰੋਸਾ ਦੇਣਗੇ ਕਿ ਉਥੇ ਰੈਗੂਲਰ ਦਵਾਈਆਂ ਦੀ ਸਪਲਾਈ ਜਾਰੀ ਕਰਵਾ ਦਿੱਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਇਸ ਗੱਲ ਦਾ ਤਾਅਲੁੱਕ ਹੈ, ਮੈਂ ਨਿਸ਼ਚਿਤ ਤੌਰ ਤੇ ਦੇਖਾਂਗਾ । ਇਸ ਸਬੰਧੀ ਅਸੀਂ ਵੀ ਬੜੇ ਚਿੰਤਤ ਹਾਂ ਅਤੇ ਦਵਾਈਆਂ ਮਰੀਜ਼ਾਂ ਲਈ ਪਹੁੰਚਾਈਆਂ ਜਾਣਗੀਆਂ । ਉਥੇ ਚੈਕ ਕਰਕੇ ਜੋ ਕਮੀਆਂ ਹੋਣਗੀਆਂ ਉਨ੍ਹਾਂ ਨੂੰ ਦੂਰ ਕੀਤਾ ਜਾਵੇਗਾ ਅਤੇ ਜਿਹੜਾ ਅਧਿਕਾਰੀ ਦਵਾਈਆਂ ਦੇ ਸਿਲਸਿਲੇ ਵਿੱਚ ਦੋਸ਼ੀ ਪਾਇਆ ਜਾਵੇਗਾ, ਉਸ ਦੇ ਖਿਲਾਫ ਐਕਸ਼ਨ ਵੀ ਲਵਾਂਗੇ ।

ਜ਼ਿਲ੍ਹਾ ਨਵਾਂ ਸ਼ਹਿਰ ਵਿਚ ਲਿੰਕ ਸੜਕਾਂ ਦੀ ਮੁਰੰਮਤ

*460. **ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ** : ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਨਵਾਂ ਸ਼ਹਿਰ ਵਿਚ ਅਜਿਹੀਆਂ ਲਿੰਕ ਸੜਕਾਂ ਦੀ ਗਿਣਤੀ ਕਿੰਨੀ ਹੈ ਜਿਹੜੀਆਂ ਇਸ ਸਮੇਂ ਟੁੱਟੀਆਂ ਭੱਜੀਆਂ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸੜਕਾਂ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਜ਼ਿਲ੍ਹਾ ਨਵਾਂ ਸ਼ਹਿਰ ਵਿਚ ਅੰਦਾਜ਼ਨ 293 ਲਿੰਕ ਸੜਕਾਂ ਦੀ ਮੁਰੰਮਤ ਹੋਣ ਵਾਲੀ ਹੈ ।

(ਅ) ਹਾਂ ਜੀ । ਇਨ੍ਹਾਂ ਵਿਚੋਂ 21 ਸੜਕਾਂ ਦੀ ਮੁਰੰਮਤ ਸਰਕਾਰ ਦੇ ਵਿਚਾਰ ਅਧੀਨ ਹੈ, ਜੋ ਕਿ ਮਿਤੀ 30-6-1997 ਤੱਕ ਮੁਰੰਮਤ ਕੀਤੀਆਂ ਜਾਣੀਆਂ ਹਨ ।

ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਉਨ੍ਹਾਂ ਨੇ ਦੱਸਿਆ ਹੈ ਕਿ 293 ਸੜਕਾਂ ਰਿਪੇਅਰ ਮੰਗਦੀਆਂ ਹਨ, ਇਨ੍ਹਾਂ ਵਿਚੋਂ 21 ਸੜਕਾਂ ਦੀ ਮੁਰੰਮਤ ਕਰਵਾਏ ਜਾਣ ਦੀ ਸੰਭਾਵਨਾ ਹੈ । ਸਪੀਕਰ ਸਾਹਿਬ, ਕਈ ਸੜਕਾਂ ਦੀ ਹਾਲਤ ਬਹੁਤ ਖਸਤਾ ਹੈ ਅਤੇ ਉਹ 1930-81 ਤੋਂ ਰਿਪੇਅਰ ਲਈ ਡਿਊ ਹਨ । ਕੀ ਇਨ੍ਹਾਂ ਸੜਕਾਂ ਨੂੰ ਬਣਾਉਣ ਸਬੰਧੀ ਮੰਤਰੀ ਜੀ ਭਰੋਸਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਸਭ ਤੋਂ ਵੱਧ ਜ਼ੋਰ ਸੜਕਾਂ ਅਤੇ ਖੇਤੀਬਾੜੀ ਤੇ ਦੇ ਰਹੀ ਹੈ । ਸੜਕਾਂ ਦੀ ਪਿੰਡਾਂ ਵਿਚ ਬਹੁਤ ਜ਼ਰੂਰਤ ਹੈ । ਪਿਛਲੇ 17-18 ਸਾਲਾਂ ਤੋਂ ਖੱਡੇ ਪੈ ਚੁੱਕੇ ਹਨ ਅਤੇ ਲੋਕਾਂ ਨੂੰ ਬੜੀਆਂ ਮੁਸ਼ਕਲਾਂ ਪੈਦਾ

ਹੋ ਰਹੀਆਂ ਹਨ । ਜੋ ਮੈਂਬਰ ਸਾਹਿਬ ਨੇ ਸੜਕਾਂ ਦੀ ਰਿਪੇਅਰ ਕਰਨ ਦੀ ਗੱਲ ਕੀਤੀ ਹੈ, ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਬਜਟ ਪਾਸ ਹੋਣ ਤੋਂ ਬਾਅਦ ਸਰਕਾਰ ਦੀਆਂ ਜਿਹੜੀਆਂ ਸਕੀਮਾਂ ਹਨ, ਉਨ੍ਹਾਂ ਮੁਤਾਬਕ ਇਨ੍ਹਾਂ ਸੜਕਾਂ ਦੀ ਮੁਰੰਮਤ ਕੀਤੀ ਜਾਵੇਗੀ ।

ਸਰਦਾਰ ਗੋਬਿੰਦ ਸਿੰਘ ਕਾਂਝਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਖੇਤੀਬਾੜੀ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹਲਕਾ ਸ਼ੇਰਪੁਰ ਪੰਜਾਬ ਦਾ ਇੱਕ ਬਹੁਤ ਪੱਛੜਾ ਹਲਕਾ ਹੈ । ਪਿਛਲੀ ਸਰਕਾਰ ਨੇ ਉਥੇ ਸੜਕਾਂ ਦੀ ਕੋਈ ਮੁਰੰਮਤ ਨਹੀਂ ਕੀਤੀ । ਜਿਹੜੀਆਂ ਮਾਰਕੀਟ ਕਮੇਟੀਆਂ ਹਨ ਉਨ੍ਹਾਂ ਦੀ ਹਾਲਤ ਵੀ ਬੜੀ ਪੂਅਰ ਹੈ । ਕੀ ਮੰਤਰੀ ਜੀ ਆਪਣੇ ਬੋਰਡ ਵਲੋਂ ਮਦਦ ਦੇ ਕੇ ਹਲਕਾ ਸ਼ੇਰਪੁਰ ਦੀਆਂ ਸੜਕਾਂ ਦੀ ਮੁਰੰਮਤ ਕਰਵਾ ਦੇਣਗੇ ?

ਸ੍ਰੀ ਸਪੀਕਰ : ਤੁਸੀਂ ਹਲਕਾ ਸ਼ੇਰਪੁਰ ਦੇ ਸਬੰਧ ਵਿਚ ਸੈਪਰੇਟ ਸਵਾਲ ਦਿਉ ।

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਨਵਾਂ ਸ਼ਹਿਰ ਦਾ ਹੈ । ਇਹ ਹਲਕਾ ਸੇਰਪੁਰ ਸਬੰਧੀ ਵੀ ਲਿਖ ਕੇ ਸਵਾਲ ਦੇਣ, ਅਸੀਂ ਉਥੇ ਵੀ ਸੜਕਾਂ ਤੇ ਪ੍ਰੀਮਿਕਸ ਪੁਆ ਕੇ ਸੜਕਾਂ ਬਣਵਾ ਦਿਆਂਗੇ ।

ਉਪ-ਮੰਡਲ ਜ਼ੀਰਾ ਵਿਚ ਲਿੰਕ ਸੜਕਾਂ ਤੋਂ ਬਗੈਰ ਪਿੰਡ

*503. (1) **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
(2) **ਸਰਦਾਰ ਬਿਕਰਮਜੀਤ ਸਿੰਘ** } : ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ੀਰਾ ਸਬ-ਡਿਵੀਜ਼ਨ ਵਿਚ ਉਨ੍ਹਾਂ ਪਿੰਡਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਅਜੇ ਤੱਕ ਕਿਸੇ ਪਹਿਲੀ (ਮੇਨ) ਸੜਕ ਦੇ ਨਾਲ ਵੀ ਨਹੀਂ ਜੋੜਿਆ ਗਿਆ ਹੈ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਪਿੰਡਾਂ ਨੂੰ ਪਹਿਲੀ (ਮੇਨ) ਸੜਕ ਦੇ ਨਾਲ ਜੋੜਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ. ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) 27 ਪਿੰਡ ਅਜੇ ਮੁੱਖ ਸੜਕ ਨਾਲ ਜੋੜੇ ਨਹੀਂ ਗਏ ਹਨ ।

(ਅ) ਹਾਂ ਜੀ । ਜ਼ਿਲ੍ਹਾ ਫ਼ਿਰੋਜ਼ਪੁਰ ਦੇ ਸਾਰੇ ਪਿੰਡਾਂ ਦੀਆਂ ਲਿੰਕ ਸੜਕਾਂ ਜੋ ਮੇਨ ਰੋਡਜ਼ ਨਾਲ ਲਿੰਕ ਕੀਤੇ ਜਾ ਸਕਦੇ ਹਨ, ਦਾ ਸਰਵੇ ਕਰਾਇਆ ਜਾ

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ]

ਰਿਹਾ ਹੈ । 27 ਪਿੰਡਾਂ ਵਿਚੋਂ ਤਿੰਨ ਪਿੰਡਾਂ ਦੀਆ ਲਿੰਕ ਸੜਕਾਂ ਬਣਾਉਣ ਦਾ ਕੰਮ ਕੀਤਾ ਜਾ ਰਿਹਾ ਹੈ ਅਤੇ 31-10-97 ਤੱਕ ਮੁਕੰਮਲ ਹੋ ਜਾਵੇਗਾ । ਬਾਕੀ ਦੇ ਪਿੰਡਾਂ ਦੀਆਂ ਲਿੰਕ ਸੜਕਾਂ ਦਾ ਕੰਮ ਅਜੇ ਹੱਥ ਵਿਚ ਲੈਣਾ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪਲੀਮੈਂਟਰੀ ਸਰ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ 50 ਸਾਲ ਬੀਤ ਜਾਣ ਦੇ ਬਾਵਜੂਦ ਵੀ ਜ਼ੀਰਾ ਤਹਿਸੀਲ ਦੇ 27 ਪਿੰਡ ਐਸੇ ਹਨ ਜਿਨ੍ਹਾਂ ਨੂੰ ਫਸਟ ਲਿੰਕ ਰੋਡ ਦੀ ਸਹੂਲਤ ਨਹੀਂ ਮਿਲੀ । ਸਾਹਮਣੇ ਇਹ ਸਾਬਕਾ ਸਰਕਾਰ ਬੈਠੀ ਹੈ, ਜੋ ਕਹਿੰਦੀ ਹੈ ਕਿ ਅਸੀਂ ਡਿਵੈਲਪਮੈਂਟ ਦੇ ਬੜੇ ਕੰਮ ਕਰੀਤੇ ਹਨ । ਜ਼ੀਰਾ ਦੇ 27 ਪਿੰਡਾਂ ਬਾਰੇ ਪਿਛਲੇ 5 ਸਾਲਾਂ ਵਿੱਚ ਰੌਲਾ ਪੈਂਦਾ ਰਿਹਾ ਪਰ ਇਨ੍ਹਾਂ ਨੇ ਉਸ ਨੂੰ ਟੱਚ ਨਹੀਂ ਕੀਤਾ । ਅੱਜ ਵੀ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਬਾਕੀ ਦੇ ਪਿੰਡਾਂ ਦੀਆਂ ਲਿੰਕ ਸੜਕਾਂ ਦਾ ਕੰਮ ਹੱਥ ਵਿੱਚ ਲਿਆ ਜਾਵੇਗਾ ਪਰ ਮੈਂ ਇਹ ਭਰੋਸਾ ਚਾਹੁੰਦਾ ਹਾਂ ਕਿ ਕੀ ਇਹ ਟਾਈਮ ਬਾਊਂਡ ਕਰਨਗੇ ਕਿ ਕਦੋਂ ਤੱਕ ਇਹ ਕੰਮ ਹੱਥ ਵਿੱਚ ਲਿਆ ਜਾਵੇਗਾ ਅਤੇ ਕਦੋਂ ਤੱਕ ਇਸ ਕੰਮ ਨੂੰ ਮੁਕੰਮਲ ਕਰ ਦਿੱਤਾ ਜਾਵੇਗਾ ?

ਮੰਤਰੀ : ਪਹਿਲਾਂ ਤਾਂ ਮੈਨੂੰ ਬੜਾ ਅਫਸੋਸ ਹੈ ਕਿ ਜ਼ੀਰਾ ਇਲਾਕੇ ਦੇ ਕਾਂਗਰਸ ਰਾਜ ਵਿੱਚ ਮੰਡੀਕਰਨ ਬੋਰਡ ਦੇ ਚੇਅਰਮੈਨ ਰਹੇ ਹਨ ਅਤੇ ਹਾਲੇ ਵੀ 27 ਪਿੰਡ ਬਿਨ੍ਹਾਂ ਸੜਕਾਂ ਤੋਂ ਕੱਚੇ ਰਸਤਿਆਂ ਤੇ ਚੱਲ ਰਹੇ ਹਨ । ਬਾਦਲ ਸਰਕਾਰ ਜਲਦੀ ਤੋਂ ਇਨ੍ਹਾਂ ਨੂੰ ਜੋੜਨ ਵਾਸਤੇ ਉਪਰਾਲਾ ਕਰੇਗੀ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪਲੀਮੈਂਟਰੀ ਸਰ । ਮੈਨੂੰ ਕੋਈ ਭਰੋਸਾ ਨਹੀਂ ਮਿਲਿਆ ਕਿਉਂਕਿ ਇਹ ਗੱਲ ਤਾਂ ਸਾਹਮਣੇ ਬੈਠੇ ਵੀਰ ਵੀ ਕਹਿੰਦੇ ਆਏ ਹਨ ਕਿ ਜਲਦੀ ਤੋਂ ਜਲਦੀ ਸੜਕਾਂ ਬਣਾਈਆਂ ਜਾਣਗੀਆਂ । ਮੰਤਰੀ ਜੀ ਤਾਂ ਮੈਨੂੰ ਇਹ ਦੱਸਣ ਕਿ ਇਨ੍ਹਾਂ ਪਿੰਡਾਂ ਨੂੰ ਸੜਕਾਂ ਕਦੋਂ ਤੱਕ ਬਣਾ ਕੇ ਦਿੱਤੀਆਂ ਜਾਣਗੀਆਂ ? ਇਹ ਟਾਈਮ ਬਾਊਂਡ ਕਰਨ । ਇਨ੍ਹਾਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਨੇ ਵੀ ਕਿਹਾ ਸੀ ਕਿ ਜਲਦੀ ਤੋਂ ਜਲਦੀ ਬਣਾ ਦਿੱਤੀਆਂ ਜਾਣਗੀਆਂ । ਮੈਨੂੰ ਇਹ ਨਹੀਂ ਸਮਝ ਆਉਂਦੀ ਕਿ ਇਹ ਜਲਦੀ ਚੀਜ਼ ਕੀ ਹੈ । ਇਹ ਭਰੋਸਾ ਦੇਣ ਕਿ ਇਹ ਕਦੋਂ ਤੱਕ ਮੁਕੰਮਲ ਕਰ ਦਿੱਤੀਆਂ ਜਾਣਗੀਆਂ ਜਾਂ ਕਦੋਂ ਇਸ ਨੂੰ ਹੱਥ ਵਿਚ ਲਓਗੇ ?

ਮੰਤਰੀ : ਸਪੀਕਰ ਸਾਹਿਬ, ਅਜੇ ਤਾਂ ਬਜਟ ਪਾਸ ਹੋਣਾ ਹੈ । ਜਦੋਂ ਬਜਟ ਪਾਸ ਹੋਵੇਗਾ ਤਾਂ ਜਿਹੜੀਆਂ ਇਨ੍ਹਾਂ ਦੇ ਹਲਕੇ ਦੀਆਂ 27 ਪਿੰਡਾਂ ਦੀਆਂ ਸੜਕਾਂ ਹਨ ਉਨ੍ਹਾਂ ਬਾਰੇ ਕੋਸ਼ਿਸ਼ ਕਰਾਂਗੇ ਕਿ ਉਨ੍ਹਾਂ ਨੂੰ ਲਿੰਕ ਸੜਕਾਂ ਨਾਲ ਜੋੜਿਆ ਜਾਵੇ ਤਾਂ ਕਿ ਇਨ੍ਹਾਂ ਦੀ ਤਸੱਲੀ ਹੋ ਸਕੇ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪਲੀਮੈਂਟਰੀ ਸਪੀਕਰ ਸਾਹਿਬ, ਮੇਰਾ ਇਸ ਦੇ ਨਾਲ ਹੀ ਮਿਲਦਾ ਜੁਲਦਾ ਸਵਾਲ ਹੈ । ਮੈਂ ਤੁਹਾਡੇ ਰਾਹੀਂ ਸਹਿਕਾਰਯੋਗ ਮੰਤਰੀ ਜੀ

ਤੋਂ ਭਰੋਸਾ ਲੈਣਾ ਚਾਹੁੰਦਾ ਹਾਂ ਕਿ ਮੇਰੇ ਏਰੀਏ ਦੀਆਂ ਸੜਕਾਂ ਦੀ ਰਿਪੇਅਰ ਵੀ ਬਹੁਤ ਲੋੜ ਹੈ । ਇਸ ਬਾਰੇ ਦੱਸਿਆ ਜਾਵੇ ਕਿ ਉਹ ਕਦੋਂ ਨਵੀਆਂ ਬਣਾਈਆਂ ਜਾਣਗੀਆਂ ? ਮਾਨਯੋਗ ਮੰਤਰੀ ਜੀ ਨੇ ਮੇਰੇ ਏਰੀਏ ਦਾ ਚੱਕਰ ਲਗਾਇਆ ਸੀ । ਉਸ ਦੀ ਹਾਲਤ ਬਹੁਤ ਤਰਸਯੋਗ ਹੈ । ਮੇਰਾ ਇਲਾਕਾ ਸਾਬਕਾ ਮੁੱਖ ਮੰਤਰੀ ਦੇ ਹਲਕੇ ਦੇ ਨਾਲ ਲਗਦਾ ਹੈ ਪਰ ਇਨ੍ਹਾਂ ਨੇ ਵੀ ਧਿਆਨ ਨਹੀਂ ਦਿੱਤਾ । ਕਿਰਪਾ ਕਰਕੇ ਇਸ ਵੱਲ ਵੀ ਧਿਆਨ ਦਿੱਤਾ ਜਾਵੇ ।

ਸ੍ਰੀ ਸਪੀਕਰ : ਤੁਸੀਂ ਸੈਪਰੇਟ ਸਵਾਲ ਦੇ ਦੇਣਾ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਤੁਹਾਡੇ ਰਾਹੀਂ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਲਿੰਕ ਸੜਕਾਂ ਨੂੰ ਪਿੰਡਾਂ ਨਾਲ ਜੋੜਨ ਵਾਸਤੇ ਪਹਿਲਾਂ ਵੀ ਟੀਚੇ ਮਿੱਥੇ ਗਏ ਸਨ । ਮੇਰਾ ਪਿੰਡ ਖਿਆਲਾ ਖੁਰਦ ਅਤੇ ਹੋਰ ਬਹੁਤ ਸਾਰੇ ਪਿੰਡ ਇਸ ਟੀਚੇ ਤੋਂ ਬਾਹਰ ਰਹਿ ਗਏ । ਉਨ੍ਹਾਂ ਨੂੰ ਲਿੰਕ ਸੜਕਾਂ ਨਾਲ ਜੋੜਨ ਵਾਸਤੇ ਕੀ ਸਰਕਾਰ ਧਿਆਨ ਦੇਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਬੜਾ ਅਹਿਮ ਹੈ । ਪੰਜਾਬ ਵਿੱਚ ਕਈ ਪਿੰਡ ਅਜਿਹੇ ਹਨ ਜਿਨ੍ਹਾਂ ਨੂੰ ਫਸਟ ਲਿੰਕ ਰੋਡ ਨਹੀਂ ਮਿਲਿਆ । ਮੈਂ ਮੈਂਬਰ ਸਾਹਿਬ ਅਤੇ ਹਾਊਸ ਨੂੰ ਐਸ਼ਿਓਰ ਕਰਦਾ ਹਾਂ ਕਿ ਇਨ੍ਹਾਂ ਪੰਜਾਂ ਸਾਲਾਂ ਵਿਚ ਜੋ ਪਿੰਡ ਫਸਟ ਲਿੰਕ ਰੋਡ ਤੋਂ ਵਾਂਝਾ ਹੈ ਉਸ ਨੂੰ ਲਿੰਕ ਰੋਡ ਜ਼ਰੂਰ ਦਿੱਤੀ ਜਾਵੇਗੀ । (ਥੰਪਿੰਗ) ।

ਨਵਾਂ ਸ਼ਹਿਰ ਵਿਖੇ ਸ਼ਹਿਰੀ ਮਿਲਖ ਦਾ ਵਿਕਾਸ

*461. **ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ** : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਵਾਂ ਸ਼ਹਿਰ ਵਿਖੇ ਸ਼ਹਿਰੀ ਮਿਲਖ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸਰੂਪ ਸਿੰਘ : ਜੀ ਹਾਂ, ਲਗਭਗ ਇਕ ਸਾਲ ਦਾ ਸਮਾਂ ਲਗੇਗਾ ।

(ਕੋਈ ਸਪਲੀਮੈਂਟਰੀ ਨਹੀਂ ਕੀਤੀ ਗਈ ।)

ਥੀਨ ਡੈਮ ਦੀ ਉਸਾਰੀ

*412. **ਮਾਸਟਰ ਮੋਹਨ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਥੀਨ ਡੈਮ ਦੀ ਉਸਾਰੀ ਕਿਸ ਸਾਲ ਸ਼ੁਰੂ ਕੀਤੀ ਗਈ ਸੀ ਅਤੇ ਇਸ ਨੂੰ ਮੁਕੰਮਲ ਕਰਨ ਲਈ ਕਿੰਨਾ ਸਮਾਂ ਨਿਯਤ ਕੀਤਾ ਗਿਆ ਅਤੇ ਇਸ ਦੇ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਥੀਨ ਡੈਮ ਪ੍ਰਾਜੈਕਟ, ਜਿਸ ਨੂੰ ਹੁਣ ਰਣਜੀਤ ਸਾਗਰ ਡੈਮ ਪ੍ਰਾਜੈਕਟ ਦਾ ਨਾਂ ਦਿੱਤਾ ਗਿਆ ਹੈ, 1977 ਵਿੱਚ ਸ਼ੁਰੂ ਕੀਤਾ ਗਿਆ ਸੀ ਪ੍ਰੰਤੂ ਬਾਅਦ ਵਿੱਚ ਫੰਡਜ਼ ਦੀ ਘਾਟ ਕਾਰਨ ਕੰਮ ਮੱਧਮ ਪੈ ਗਿਆ । ਪ੍ਰਾਜੈਕਟ ਦਾ ਕੰਮ 1986 ਵਿੱਚ ਮੁੜ ਸ਼ੁਰੂ ਹੋਇਆ ਪ੍ਰੰਤੂ 1988 ਦੇ ਭਾਰੀ ਹੜ੍ਹਾਂ ਦੇ ਕਾਰਨ ਇਸ ਨੂੰ ਫਿਰ ਧੱਕਾ ਲੱਗਾ, ਜਿਸ ਦੇ ਕਾਰਨ ਡਾਈਵਰਸ਼ਨ ਟੰਨਲ, ਪਾਵਰ ਪਲਾਂਟ ਅਤੇ ਹੋਰ ਕੰਮਾਂ ਨੂੰ ਕਾਫੀ ਨੁਕਸਾਨ ਹੋਇਆ । ਕੰਮ ਫਿਰ ਮੁੜ 1989 ਵਿੱਚ ਸ਼ੁਰੂ ਹੋਇਆ ਅਤੇ ਉਸ ਸਮੇਂ ਇਹ ਤਜਵੀਜ਼ ਕੀਤਾ ਗਿਆ ਸੀ ਕਿ ਦਰਿਆ ਦੀ ਡਾਈਵਰਸ਼ਨ ਦਸੰਬਰ, 1991 ਵਿੱਚ ਮੁਕੰਮਲ ਕਰ ਲਈ ਜਾਵੇਗੀ ਅਤੇ ਪਾਵਰ ਦਾ ਪਹਿਲਾ ਯੂਨਿਟ ਸਤੰਬਰ, 1995 ਵਿਚ ਸ਼ੁਰੂ ਹੋ ਜਾਵੇਗਾ । ਬਾਅਦ ਦੇ ਸਾਲਾਂ ਵਿੱਚ ਫੰਡਜ਼ ਦੀ ਘਾਟ ਕਾਰਨ ਕੰਮ ਨੂੰ ਫਿਰ ਧੱਕਾ ਲੱਗਾ । ਦਰਿਆ ਦੀ ਡਾਈਵਰਸ਼ਨ ਨਵੰਬਰ, 1993 ਵਿੱਚ ਮੁਕੰਮਲ ਹੋਈ । ਹੁਣ ਦੀ ਤਜਵੀਜ਼ ਅਨੁਸਾਰ ਡੈਮ ਦੀ ਭਰਾਈ ਦਾ ਕੰਮ ਜੂਨ, 1998 ਵਿੱਚ ਸ਼ੁਰੂ ਹੋਵੇਗਾ ਅਤੇ ਪਾਵਰ ਦਾ ਪਹਿਲਾ ਯੂਨਿਟ ਅਕਤੂਬਰ, 1998 ਵਿੱਚ ਚਾਲੂ ਹੋਵੇਗਾ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਡੈਮ ਦਾ ਕੰਮ ਕਦੋਂ ਸ਼ੁਰੂ ਹੋਇਆ ਸੀ ਅਤੇ ਇਸ ਦੇ ਟਾਂਚੇ ਕਦੋਂ ਪੂਰੇ ਹੋਣੇ ਸਨ ਅਤੇ ਇਸ ਦੇ ਨਾ ਪੂਰਾ ਹੋਣ ਵਿਚ ਕੀ ਅੜਚਣਾਂ ਸਨ ਜਿਸ ਕਰਕੇ ਟਾਈਮ ਸਿਰ ਇਹ ਡੈਮ ਪੂਰਾ ਨਹੀਂ ਹੋ ਸਕਿਆ ? ਇਸ ਦੇ ਕਾਰਨ ਦੱਸੇ ਜਾਣ । ਕੁਦਰਤੀ ਕਾਰਨਾਂ ਤੋਂ ਇਲਾਵਾ ਹੋਰ ਵੀ ਕਾਰਨ ਹੋ ਸਕਦੇ ਹਨ ਅਤੇ ਕਾਫੀ ਸਮੇਂ ਤੋਂ ਇਹ ਪ੍ਰਾਜੈਕਟ ਲਟਕਦਾ ਆ ਰਿਹਾ ਹੈ । ਇਸ ਬਾਰੇ ਹਾਊਸ ਦੇ ਵਿਚ ਜਾਣਕਾਰੀ ਦਿੱਤੀ ਜਾਵੇ ਔਰ ਇਸ ਪ੍ਰਾਜੈਕਟ ਦੇ ਵਿਚ ਜਿਹੜੀ ਕਰੋੜਾਂ ਨਹੀਂ ਬਲਕਿ ਅਰਬਾਂ ਰੁਪਏ ਦੀ ਘਪਲੇਬਾਜ਼ੀ ਅਫਸਰਾਂ ਅਤੇ ਮਨਿਸਟਰਾਂ ਨੇ ਕੀਤੀ ਹੈ ....

ਸ਼੍ਰੀ ਸਪੀਕਰ : ਤੁਸੀਂ ਇਕ ਸਪਲੀਮੈਂਟਰੀ ਕਰਨੀ ਸੀ ਪਰ ਤੁਸੀਂ ਤਾਂ ਇਕੱਠੀਆਂ 4 ਸਪਲੀਮੈਂਟਰੀਆਂ ਕਰ ਦਿੱਤੀਆਂ ਹਨ । ਤੁਸੀਂ ਕਿਹੜੀ ਸਪਲੀਮੈਂਟਰੀ ਦਾ ਜਵਾਬ ਪਹਿਲੇ ਚਾਹੁੰਦੇ ਹੋ ?

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਪ੍ਰਾਜੈਕਟ ਉਤੇ ਕਿੰਨਾ ਪੈਸਾ ਖਰਚ ਹੋਇਆ ਅਤੇ ਇਸ ਪੈਸੇ ਵਿਚੋਂ ਕਿੰਨਾ ਪੈਸਾ ਅਫਸਰਾਂ ਅਤੇ ਮਨਿਸਟਰ ਨੇ ਘਪਲਾ ਕੀਤਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਪ੍ਰਾਜੈਕਟ ਦਾ ਐਸਟੀਮੇਟ 2626 ਕਰੋੜ ਰੁਪਏ ਦਾ ਸੀ ਜਿਸ ਵਿਚੋਂ 2127 ਕਰੋੜ ਰੁਪਿਆ ਖਰਚ ਹੋ ਚੁੱਕਾ ਹੈ । ਹਾਊਸ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਇਸ ਸਾਲ ਅਸੀਂ 350 ਕਰੋੜ ਰੁਪਿਆ ਖਰਚ ਕਰਕੇ ਇਸ ਨੂੰ ਜੂਨ, 1998 ਵਿਚ ਤਕਰੀਬਨ ਪੂਰਾ ਕਰ ਲਵਾਂਗੇ ਅਤੇ ਭਰਾਈ ਦਾ ਕੰਮ ਵੀ ਪੂਰਾ ਹੋ ਜਾਵੇਗਾ । ਪ੍ਰਾਜੈਕਟ ਟਾਈਮ ਸਿਰ ਪੂਰਾ ਨਾ ਹੋਣ ਦੇ ਕਈ ਕਾਰਨ ਹੋ ਸਕਦੇ ਹਨ । ਪੈਸੇ ਦੀ ਘਾਟ ਵੀ ਇਕ ਕਾਰਨ ਹੈ । ਪਿਛਲੀਆਂ ਸਰਕਾਰਾਂ ਵੱਲੋਂ ਇਸ ਤਰਫ ਕੋਈ

ਖਾਸ ਧਿਆਨ ਨਾ ਦੇਣਾ ਵੀ ਕਾਰਨ ਹੋ ਸਕਦਾ ਹੈ । ਕੁਝ ਹੋਰ ਵੀ ਗੱਲਾਂ ਹੋ ਸਕਦੀਆਂ ਹਨ ਲੇਕਿਨ ਹੁਣ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਪ੍ਰਾਜੈਕਟ ਹੁਣ ਬਿਲਕੁਲ ਟਾਈਮ ਸਿਰ ਜੋ ਡੇਟ ਦਿੱਤੀ ਹੈ, ਤੇ ਬਣ ਜਾਵੇਗਾ । ਇਥੋਂ ਤੱਕ ਕਿ ਇਹ ਵੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਹੈ ਕਿ ਇਸ ਪ੍ਰਾਜੈਕਟ ਨੂੰ ਸਾਹਮਣੇ ਰੱਖਦੇ ਹੋਏ ਹਰ ਮਹੀਨੇ ਇਸ ਕੰਮ ਨੂੰ ਰੀਵਿਊ ਕੀਤਾ ਜਾਵੇ ਤਾਂ ਕਿ ਕੰਮ ਟਾਈਮ ਸਿਰ ਹੋ ਸਕੇ ਅਤੇ ਮੁਕੰਮਲ ਹੋ ਸਕੇ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦੀ ਹਾਂ ਕਿ ਜਿਹੜੇ ਕਾਰਨ ਇਨ੍ਹਾਂ ਨੇ ਦੱਸੇ ਹਨ, ਇਸ ਦੇ ਵਿਚ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਜਿਹੜੇ ਉਥੇ ਕਰਮਚਾਰੀ ਲੱਗੇ ਹੋਏ ਹਨ, ਉਨ੍ਹਾਂ ਨੂੰ ਡਰ ਹੈ ਕਿ ਥੀਨ ਡੈਮ ਦੇ ਕੰਪਲੀਟ ਹੋ ਜਾਣ ਤੋਂ ਬਾਅਦ ਕਿਤੇ ਸਾਡੀ ਛਾਂਟੀ ਨਾ ਹੋ ਜਾਵੇ । ਕੀ ਮੁੱਖ ਮੰਤਰੀ ਸਾਹਿਬ, ਇਸ ਗੱਲ ਦਾ ਉਨ੍ਹਾਂ ਕਰਮਚਾਰੀਆਂ ਨੂੰ ਭਰੋਸਾ ਦੇਣ ਲਈ ਤਿਆਰ ਹਨ ਕਿ ਥੀਨ ਡੈਮ ਦੇ ਪੂਰੇ ਹੋਣ ਤੋਂ ਬਾਅਦ ਉਥੇ ਕੰਮ ਕਰ ਰਹੇ ਕਰਮਚਾਰੀਆਂ ਦੀ ਛਾਂਟੀ ਨਹੀਂ ਕੀਤੀ ਜਾਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜੇ ਕਰਮਚਾਰੀ ਥੀਨ ਡੈਮ ਤੇ ਕੰਮ ਕਰ ਰਹੇ ਹਨ ਕੰਮ ਪੂਰਾ ਹੋਣ ਤੋਂ ਬਾਅਦ ਉਨ੍ਹਾਂ ਦੀ ਛਾਂਟੀ ਬਿਲਕੁਲ ਨਹੀਂ ਕੀਤੀ ਜਾਵੇਗੀ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਜਿਹੜੇ ਟਨਲਜ਼ ਪਿਛਲੇ ਸਾਲ ਬਹਿ ਗਏ ਸਨ ਅਤੇ ਹੁਣ ਮੁੱਖ ਮੰਤਰੀ ਸਾਹਿਬ ਨੇ ਦਸਿਆ ਹੈ ਕਿ ਪਹਿਲਾ ਯੂਨਿਟ 1998 ਵਿਚ ਕੰਪਲੀਟ ਹੋ ਕੇ ਚਾਲੂ ਹੋ ਜਾਵੇਗਾ, ਬਿਜਲੀ ਦਾ ਉਤਪਾਦਨ ਚਾਲੂ ਹੋ ਜਾਵੇਗਾ ਪਰ ਮੈਨੂੰ ਡਰ ਹੈ ਕਿ ਚਾਲੂ ਨਾ ਹੋਵੇ । ਪਿਛਲੇ ਸਾਲ ਟਨਲਜ਼ ਕਿਉਂ ਬਹਿ ਗਏ ਸਨ, ਕੀ ਇਸ ਦੀ ਇਨਕੁਆਇਰੀ ਮੁੱਖ ਮੰਤਰੀ ਜੀ ਕਰਾਉਣਗੇ ?

ਸ੍ਰੀ ਸਪੀਕਰ : ਕੋਈ ਕੁਐਸਚਨ ਹੈ ਤਾਂ ਦੱਸੋ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਪਿਛਲੇ ਸਮੇਂ ਦੌਰਾਨ ਮੈਂ ਆਪੋਜ਼ੀਸ਼ਨ ਵਿਚ ਬੈਠਾ ਸੀ ਤਾਂ ਮੈਨੂੰ ਥੀਨ ਡੈਮ ਪ੍ਰਾਜੈਕਟ ਤੇ ਜਾਣ ਦਾ ਮੌਕਾ ਮਿਲਿਆ । ਉਥੇ ਜਾ ਕੇ ਵੇਖਿਆ ਤਾਂ ਪਤਾ ਲਗਾ ਕਿ ਉਥੇ ਘਪਲੇਬਾਜ਼ੀ ਅਤੇ ਸਾਮਾਨ ਦੀ ਚੋਰੀ ਵਗੈਰਾ ਬਹੁਤ ਹੋਈ ਹੈ । ਸਾਮਾਨ ਦੀ ਚੋਰੀ ਕਾਰਨ ਪਠਾਨਕੋਟ ਦੇ ਕਬਾੜੀਏ ਅਮੀਰ ਹੋ ਗਏ ਹਨ । ਪਿਛਲੀ ਸਰਕਾਰ ਨੇ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ । ਪਿਛੇ ਜੋ ਕੁਝ ਘਪਲੇਬਾਜ਼ੀ ਹੋਈ ਹੈ ਉਸ ਬਾਰੇ ਕੋਈ ਮੁੱਖ ਮੰਤਰੀ ਸਾਹਿਬ ਕਮੇਟੀ ਬਣਾਉਣਗੇ ਤਾਂ ਕਿ ਅਫ਼ਸਰਸ਼ਾਹੀ ਜਾਂ ਜਿਸ ਕਿਸੇ ਹੋਰ ਨੇ ਫਾਇਦਾ ਉਠਾਇਆ ਹੈ, ਉਸ ਨੂੰ ਸਜ਼ਾ ਮਿਲ ਸਕੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਤੇ ਵਿਚਾਰ ਕਰ ਲਵਾਂਗੇ ।

ਮੰਤਰੀਆਂ ਦੇ ਟੈਲੀਫ਼ੋਨਾਂ ਤੇ ਖ਼ਰਚਾ

*413. **ਮਾਸਟਰ ਮੋਹਨ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮੰਤਰੀਆਂ ਦੇ ਟੈਲੀਫ਼ੋਨ ਚਾਰਜਿਜ਼ ਉਤੇ ਸਾਲ 1996 ਦੇ ਦੌਰਾਨ ਕੁੱਲ ਕਿੰਨੀ ਰਕਮ ਖਰਚ ਹੋਈ ;

(ਅ) ਕੀ ਸਰਕਾਰ ਨੇ ਮੰਤਰੀਆਂ ਨੂੰ ਦਿੱਤੇ ਗਏ ਟੈਲੀਫ਼ੋਨਾਂ ਦੇ ਖ਼ਰਚਿਆਂ ਦੀ ਪ੍ਰਤਿ-ਪੂਰਤੀ ਲਈ ਕੋਈ ਸੀਮਾ ਨੀਯਤ ਕੀਤੀ ਸੀ; ਜੇਕਰ ਅਜਿਹਾ ਹੈ ਤਾਂ ਇਸ ਦੇ ਵੇਰਵੇ ਕੀ ਹਨ;

(ੲ) ਕੀ ਕਿਸੇ ਮੰਤਰੀ ਨੇ ਨਿਯਤ ਸੀਮਾ ਤੋਂ ਵੱਧ ਖ਼ਰਚ ਕੀਤਾ ਸੀ; ਜੇਕਰ ਅਜਿਹਾ ਹੈ, ਤਾਂ ਸਰਕਾਰ ਦੀ ਕਿਸ ਤਰ੍ਹਾਂ ਵਾਧੂ ਰਕਮ ਨੂੰ ਵਸੂਲ ਕਰਨ ਦੀ ਤਜਵੀਜ਼ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਸਾਲ 1996 ਵਿੱਚ (31 ਦਸੰਬਰ, 1996 ਤੱਕ ਦੇ ਸਮੇਂ ਲਈ) ਮੰਤਰੀਆਂ ਨੂੰ ਜਾਰੀ ਕੀਤੇ ਟੈਲੀਫੂਨਾਂ ਤੇ ਕੁੱਲ ਖਰਚਾ 1,24,43,047 ਰੁਪਏ ਦਾ ਹੋਇਆ ਹੈ ।

(ਅ) ਮੰਤਰੀਆਂ ਨੂੰ ਜਾਰੀ ਕੀਤੇ ਟੈਲੀਫੂਨ (ਦਫ਼ਤਰ ਅਤੇ ਰਿਹਾਇਸ਼, ਚੰਡੀਗੜ੍ਹ ਵਿਖੇ) ਬਿਲਾਂ ਦੇ ਖਰਚੇ ਦੀ ਪ੍ਰਤੀ-ਪੂਰਤੀ ਕਰਨ ਬਾਰੇ ਕੋਈ ਲਿਮਟ ਨੀਯਤ ਨਹੀਂ ਹੈ ।

(ੲ) ਨਹੀਂ, ਸ਼੍ਰੀਮਾਨ ਜੀ ।

ਸ਼੍ਰੀ ਸਪੀਕਰ : ਮਾਸਟਰ ਮੋਹਨ ਲਾਲ ਜੀ, ਤੁਸੀਂ ਵੀ ਕੱਲ੍ਹ ਨੂੰ ਵਜ਼ੀਰ ਬਣਨਾ ਹੈ । (ਹਾਸਾ)

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਆਪ ਦੇ ਕੰਪਲੀਮੈਂਟਸ ਦੀ ਬਹੁਤ ਮੇਹਰਬਾਨੀ ਜੀ । ਮੁੱਖ ਮੰਤਰੀ ਸਾਹਿਬ ਨੇ ਟੈਲੀਫੂਨਾਂ ਦੇ ਖਰਚਿਆਂ ਬਾਰੇ ਦਸਿਆ ਹੈ । ਮੈਂ ਆਪਣੇ ਸਵਾਲ ਵਿਚ ਇਕ ਤਜਵੀਜ਼ ਦਿਤੀ ਹੈ ਜਿਸ ਨਾਲ ਇਕਾਨੌਮੀ ਡਸਿਪਲਨ ਹੋਵੇਗਾ । ਪੰਜਾਬ ਦੀ ਆਰਥਿਕ ਹਾਲਤ ਨੂੰ ਦੇਖਦੇ ਹੋਏ ਵਜ਼ੀਰ ਸਾਹਿਬ ਟੈਲੀਫੂਨ ਦੀ ਦੁਰਵਰਤੋਂ ਨਾ ਕਰਨ । ਇਸ ਬਾਰੇ ਕੀ ਮੁੱਖ ਮੰਤਰੀ ਜੀ ਐਸ਼ਿਓਰੈਂਸ ਦੇਣਗੇ ਕਿ ਮੰਤਰੀਆਂ ਲਈ ਕੋਈ ਨਿਯਮ ਜਾਂ ਲਿਮਿਟ ਫਿਕਸ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਵਜ਼ੀਰ ਇਕ ਜ਼ਿੰਮੇਵਾਰ ਵਾਲੀ ਪੁਜ਼ੀਸ਼ਨ ਤੇ ਹੁੰਦਾ ਹੈ, ਉਹ ਆਪ ਹੀ ਇਸ ਗੱਲ ਦਾ ਧਿਆਨ ਰੱਖਣ । ਕੋਈ ਐਸ਼ਿਓਰੈਂਸ ਨਹੀਂ ਦਿੱਤੀ ਜਾ ਸਕਦੀ ਜੀ ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਜੋ ਮਾਸਟਰ ਮੋਹਨ ਲਾਲ ਜੀ ਨੇ ਟੈਲੀਫੂਨਾਂ ਦੇ ਖਰਚਿਆਂ ਬਾਰੇ ਖਦਸ਼ਾ ਜ਼ਾਹਰ ਕੀਤਾ ਹੈ । ਕੀ ਮੁੱਖ ਮੰਤਰੀ ਸਾਹਿਬ ਅਫ਼ਸਰਾਂ ਬਾਰੇ ਕੋਈ ਲਿਮਿਟ ਲਗਾਉਣ ਦਾ ਖਿਆਲ ਰੱਖਦੇ ਹਨ ਕਿਉਂਕਿ ਅਫ਼ਸਰ ਜਿਤਨੇ

ਮਰਜ਼ੀ ਟੈਲੀਫੂਨ ਕਰੀ ਜਾਂਦੇ ਹਨ । ਸਭ ਤੋਂ ਵੱਡੀ ਗੱਲ ਇਹ ਹੈ ਕਿ ਜਦੋਂ ਵੀ ਬਾਹਰੋਂ ਕਿਸੇ ਅਫਸਰ ਨੂੰ ਟੈਲੀਫੂਨ ਕੀਤਾ ਜਾਂਦਾ ਹੈ ਤਾਂ ਉਹ 2-3, 3-3 ਮਿੰਟ ਹੋਲਡ ਰੱਖਣਾ ਪੈਂਦਾ ਹੈ । ਇਸ ਦਾ ਕੋਈ ਉਪਰਾਲਾ ਕਰਨਾ ਚਾਹੀਦਾ ਹੈ । ਜੇਕਰ ਮੰਤਰੀ ਜੀ ਤੇ ਟੈਲੀਫੂਨ ਦੀ ਕੋਈ ਲਿਮਿਟ ਨਹੀਂ ਹੋ ਸਕਦੀ ਕਿਉਂਕਿ ਉਨ੍ਹਾਂ ਨੇ ਪਬਲਿਕ ਦੇ ਕੰਮ ਕਰਨੇ ਹੁੰਦੇ ਹਨ ਇਸ ਕਰਕੇ ਟੈਲੀਫੂਨ ਕਰਨੇ ਜ਼ਰੂਰੀ ਹੁੰਦੇ ਹਨ । ਪਰ ਅਫਸਰਾਂ ਤੇ ਕੋਈ ਲਿਮਿਟ ਜ਼ਰੂਰ ਰੱਖੀ ਜਾ ਸਕਦੀ ਹੈ । । ਅਫਸਰ ਪਰਸਨਲ ਟੈਲੀਫੂਨ ਕਰਦੇ ਰਹਿੰਦੇ ਹਨ । There should be a limit on the officer who is on the chair.

ਸ਼੍ਰੀ ਸਪੀਕਰ : ਤੁਸੀਂ ਇਸ ਬਾਰੇ ਸੈਪਰੇਟ ਸਵਾਲ ਦੇ ਦਿਉ । ਇਹ ਚੀਜ਼ ਨਹੀਂ ਹੋ ਸਕਦੀ ।

श्रीमती लक्ष्मीकांता चावला : स्पीकर साहिब, मैं आप के माध्यम से मुख्य मंत्री जी से पूछना चाहती हूं कि जिन मंत्रियों के घरों और दफ्तरों में टैलीफून लगे हैं और STD की सुविधा है और वो अपने व्यक्तिगत कार्यों के लिए विदेशों में फोन करते हैं । क्या इसकी आज्ञा है ? अगर विदेश में बात की है तो क्या उसका बिल मन्त्री अपनी जेब से देते हैं, अगर अपने निजी कार्य के लिए करते हैं ? मैं यह तो मान सकती हूं कि मुख्य मंत्री जी को विदेशों में फोन करने पड़ते हैं, पर सभी मंत्रियों को नहीं ।

ਮੁੱਖ ਮੰਤਰੀ : ਸਪੀਕਰ ਸਾਹਿਬ, ਅਜੇ ਤੱਕ ਰਿਸਟ੍ਰਿਕਸ਼ਨ ਤਾਂ ਕੋਈ ਨਹੀਂ । ਮੈਂ ਸਮਝਦਾ ਹਾਂ ਕਿ ਮੰਤਰੀ ਸਾਹਿਬਾਨ ਆਪ ਹੀ ਇਸ ਗੱਲ ਦਾ ਖਿਆਲ ਰੱਖਣਗੇ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਤਾਂ ਆਇਆ ਨਹੀਂ ਜੀ......

ਸ਼੍ਰੀ ਸਪੀਕਰ : ਜਵਾਬ ਹੈ ਹੀ ਨਹੀਂ । ਉਹ ਜ਼ਿੰਮੇਵਾਰ ਬੰਦੇ ਹਨ । ਐਸੀ ਕੋਈ ਗੱਲ ਨਹੀਂ ।

ਪਟਿਆਲਾ ਜ਼ਿਲ੍ਹੇ ਵਿਚ ਸਰਕਾਰੀ ਹਸਪਤਾਲ/ਡਿਸਪੈਂਸਰੀਆਂ

*492. **ਸਰਦਾਰ ਸੁਰਜੀਤ ਸਿੰਘ ਕੋਹਲੀ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਪਟਿਆਲਾ ਵਿਚ ਇਸ ਸਮੇਂ ਸਰਕਾਰੀ ਹਸਪਤਾਲਾਂ/ਡਿਸਪੈਂਸਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ?

(ਅ) ਕੀ ਸਾਲ 1997-98 ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੇਂ ਸਰਕਾਰੀ ਹਸਪਤਾਲ/ਡਿਸਪੈਂਸਰੀਆਂ ਖੋਲ੍ਹਣ ਦੀ ਸਰਕਾਰ ਦੀ ਤਜਵੀਜ਼ ਹੈ, ਜੇਕਰ ਅਜਿਹਾ ਹੈ, ਤਾਂ ਇਸਦੇ ਵੇਰਵੇ ਕੀ ਹਨ ?

ਸ੍ਰੀ ਬਲਰਾਮ ਜੀ ਦਾਸ ਟੰਡਨ : (ੳ) ਇਸ ਸਮੇਂ ਜ਼ਿਲ੍ਹਾ ਪਟਿਆਲਾ ਵਿਚ 141 ਸਰਕਾਰੀ ਹਸਪਤਾਲ/ਡਿਸਪੈਂਸਰੀਆਂ ਪੈਂਦੀਆਂ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

1. ਹਸਪਤਾਲ	..	8
2. ਕਮਿਊਨਿਟੀ ਹੈਲਥ ਸੈਂਟਰ/ ਪ੍ਰਾਇਮਰੀ ਹੈਲਥ ਸੈਂਟਰ/ਸਬ-ਸਿਡਰੀ ਹੈਲਥ ਸੈਂਟਰ ਆਦਿ	..	133
ਕੁੱਲ	..	141

(ਅ) ਨਹੀਂ ਜੀ ।

ਸਰਦਾਰ ਸੁਰਜੀਤ ਸਿੰਘ ਕੋਹਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹਵਾਂਗਾ ਕਿ ਇਹ ਜਿਹੜੀਆਂ ਡਿਸਪੈਂਸਰੀਆਂ ਹਨ, ਇਹ ਸਵੇਰੇ 9.00 ਵਜੇ ਤੋਂ ਲੈ ਕੇ ਸ਼ਾਮ ਦੇ 5.00 ਵਜੇ ਤੱਕ ਕੰਮ ਕਰਦੀਆਂ ਹਨ ਅਤੇ ਸ਼ਾਮ ਨੂੰ ਬੰਦ ਹੋ ਜਾਂਦੀਆਂ ਹਨ । ਰਾਤ ਨੂੰ ਤਕਰੀਬਨ ਸਾਰੇ ਪ੍ਰਾਈਵੇਟ ਨਰਸਿੰਗ ਹੋਮਜ਼ ਵੀ ਬੰਦ ਹੋ ਜਾਂਦੇ ਹਨ । ਕੀ ਮੰਤਰੀ ਸਾਹਿਬ ਕੁਝ ਸਰਕਾਰੀ ਡਿਸਪੈਂਸਰੀਆਂ ਰਾਤ ਨੂੰ ਖੁੱਲ੍ਹੀਆਂ ਰੱਖਣ ਬਾਰੇ ਵਿਚਾਰ ਕਰਨਗੇ ?

ਮੰਤਰੀ : ਜਿਥੋਂ ਤੱਕ ਡਿਸਪੈਂਸਰੀਆਂ ਦਾ ਤਾਅਲੁੱਕ ਹੈ, ਉਨ੍ਹਾਂ ਨੂੰ ਰਾਤ ਨੂੰ ਖੋਲ੍ਹਣ ਦਾ ਕੋਈ ਆਈਡੀਆ ਨਹੀਂ ਮਰੀਜ਼ ਸਵੇਰੇ ਆਉਂਦੇ ਹਨ ਅਤੇ ਉਨ੍ਹਾਂ ਦੀ ਪਰਾਪਰ ਅਟੈਂਡੈਂਸ ਹੋ ਜਾਂਦੀ ਹੈ ।

ਸਰਦਾਰ ਸੁਰਜੀਤ ਸਿੰਘ ਕੋਹਲੀ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਰਾਤ ਨੂੰ ਕਿਸੇ ਵੇਲੇ ਐਮਰਜੈਂਸੀ ਹੋ ਜਾਂਦੀ ਹੈ । ਪ੍ਰਾਈਵੇਟ ਨਰਸਿੰਗ ਹੋਮ ਵੀ ਬੰਦ ਹੁੰਦੇ ਹਨ ਅਤੇ ਡਾਕਟਰ ਵੀ ਨਹੀਂ ਮਿਲਦੇ । ਅਗਰ ਡਿਸਪੈਂਸਰੀਆਂ ਨੂੰ ਸਰਕਾਰੀ ਤੌਰ ਤੇ ਰਾਤ ਨੂੰ ਖੋਲ੍ਹ ਦਿਤਾ ਜਾਵੇ ਤਾਂ ਕੋਈ ਨੁਕਸਾਨ ਵੀ ਨਹੀਂ ਹੈ । ਇਸ ਦੇ ਨਾਲ ਹੀ ਮੈਂ ਦੂਸਰੀ ਸਪਲੀਮੈਂਟਰੀ ਇਹ ਪੁੱਛਣੀ ਚਾਹੁੰਦਾ ਹਾਂ ਕਿ ਪਟਿਆਲਾ ਸ਼ਹਿਰ ਹੁਣ 8 ਕਿਲੋਮੀਟਰ ਦੇ ਘੇਰੇ ਵਿਚ ਆ ਚੁੱਕਾ ਹੈ ਅਤੇ ਇਸ ਦੇ ਆਲੇ ਦੁਆਲੇ ਬਹੁਤ ਸਾਰੀਆਂ ਬਸਤੀਆਂ ਵੀ ਡਿਵੈਲਪ ਹੋ ਚੁੱਕੀਆਂ ਹਨ । ਉਥੇ 8 ਸਾਲ ਤੋਂ ਕੋਈ ਨਵੀਂ ਡਿਸਪੈਂਸਰੀ ਨਹੀਂ ਖੋਲ੍ਹੀ ਗਈ । ਕੀ ਮੰਤਰੀ ਸਾਹਿਬ ਪਟਿਆਲਾ ਵਿਖੇ ਕੋਈ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਬਾਰੇ ਦੱਸਣਗੇ ?

ਮੰਤਰੀ : ਇਹ ਇਸ ਬਾਰੇ ਸੁਜੈਸ਼ਨ ਦੇ ਦੇਣ । ਅਸੀਂ ਗੌਰ ਕਰਾਂਗੇ ।

ਅਨੁਸੂਚਿਤ ਜਾਤੀਆਂ ਲਈ ਮਕਾਨ ਬਣਾਉਣ ਦੀ ਸਕੀਮ ਅਧੀਨ ਖ਼ਰਚ

*475 **ਚੌਧਰੀ ਜਗਜੀਤ ਸਿੰਘ** : ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਨੁਸੂਚਿਤ ਜਾਤੀਆਂ

ਨੂੰ ਉਨ੍ਹਾਂ ਦੇ ਮਕਾਨ ਬਣਾਉਣ ਲਈ 50,000 ਰੁਪਏ ਦੇਣ ਲਈ 'ਕਰਜ਼ਾ ਸਕੀਮ' ਅਧੀਨ ਸਰਕਾਰ ਦੁਆਰਾ ਹੁਣ ਤੱਕ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਹੁਣ ਤੱਕ ਉਕਤ ਸਕੀਮ ਅਧੀਨ ਲਿਆਂਦੇ ਗਏ ਲਾਭਪਾਤਰਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਉਨ੍ਹਾਂ ਦੇ ਮਕਾਨ ਬਣਾਉਣ ਲਈ 50,000 ਰੁਪਏ ਦੇਣ ਲਈ ਕੋਈ ਕਰਜ਼ਾ ਸਕੀਮ ਸਰਕਾਰ ਵਲੋਂ ਨਹੀਂ ਚਲਾਈ ਗਈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਾਲ ਵਿਚ ਆਉਣ ਵਾਲੇ ਸਮੇਂ ਵਿਚ ਸ਼ਡਿਊਲਡ ਕਾਸਟਸ ਨੂੰ ਜਿਥੇ 50,000 ਰੁਪਿਆ ਦੇ ਕੇ 12,000 ਮਕਾਨ ਬਣਾਉਣ ਦਾ ਸਰਕਾਰ ਨੇ ਨਿਸਚਾ ਕੀਤਾ ਹੈ. . . ।

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਇਹ ਸਵਾਲ ਗਲਤ ਪੁੱਟ ਕੀਤਾ ਗਿਆ ਹੈ ।

ਚੌਧਰੀ ਜਗਜੀਤ ਸਿੰਘ : ਹਾਂ ਜੀ, ਸਪੀਕਰ ਸਾਹਿਬ । ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੇ ਵਿਚਾਰ ਅਧੀਨ ਕੋਈ ਐਸੀ ਸਕੀਮ ਹੈ ਜਿਸ ਦੀ ਮਾਰਫਤ ਆਉਣ ਵਾਲੇ ਸਮੇਂ ਵਿਚ ਸ਼ਡਿਊਲਡ ਕਾਸਟਸ ਨੂੰ ਕਰਜ਼ਾ ਦੇ ਕੇ ਮਕਾਨ ਬਣਾਉਣ ਦਾ ਸਰਕਾਰ ਯਤਨ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਇਸ ਸਕੀਮ ਵਿਚ ਕਰਜ਼ਾ ਕੋਈ ਹੈ ਨਹੀਂ ਜੀ । ਇਹ ਜਿਹੜਾ 50,000 ਰੁਪਿਆ ਲਗਾ ਕੇ ਮਕਾਨ ਬਣਾ ਕੇ ਦੇਣਾ ਹੈ, ਇਹ ਮੁਫਤ ਜਗ੍ਹਾ ਦੇਣੀ ਹੈ, ਮਕਾਨ ਬਣਾ ਕੇ ਦੇਣਾ ਹੈ । ਇਸ ਕਰਕੇ ਕਰਜ਼ਾ ਨਾਂ ਦੀ ਕੋਈ ਚੀਜ਼ ਇਸ ਵਿਚ ਹੈ ਹੀ ਨਹੀਂ । ਸਰਦਾਰ ਬਾਦਲ ਦੀ ਸਰਕਾਰ ਨੇ ਜਿਹੜਾ 50,000 ਰੁਪਿਆ ਦੇ ਕੇ ਮਕਾਨ ਬਣਾਉਣੇ ਹਨ, ਉਸ ਵਿਚ 2 ਕਮਰੇ 10 ਬਾਈ 12 ਦੇ ਹਨ, ਮੱਝ ਲਈ ਸ਼ੈਡ ਵੀ ਹੈ, ਅੱਗੇ ਰਸੋਈ, ਬਾਥਰੂਮ, ਪੀਣ ਦੇ ਪਾਣੀ ਦਾ ਵੀ ਪ੍ਰਬੰਧ ਹੈ । ਗਲੀਆਂ ਨਾਲੀਆਂ ਪੱਕੀਆਂ ਕਰਕੇ ਦੇਣੀਆਂ ਹਨ, ਪੀਣ ਵਾਲੇ ਪਾਣੀ ਦਾ ਪ੍ਰਬੰਧ ਅਤੇ ਦੂਜੀਆਂ ਜਿਹੜੀਆਂ ਸੜਕਾਂ ਪੱਕੀਆਂ ਕਰਕੇ ਦੇਣੀਆਂ ਹਨ, ਉਨ੍ਹਾਂ ਵਾਸਤੇ ਸਾਢੇ ਤਿੰਨ ਕਰੋੜ ਰੁਪਿਆ ਹੋਰ ਵੀ ਰਾਖਵਾਂ ਰਖਿਆ ਗਿਆ ਹੈ । ਇਹ 63 ਕਰੋੜ 5 ਲੱਖ ਰੁਪਿਆ ਗ਼ਰੀਬ ਲੋਕਾਂ ਲਈ ਬਿਨਾਂ ਵਿਆਜ ਤੋਂ, ਕਰਜ਼ੇ ਵਾਲੀ ਕੋਈ ਚੀਜ਼ ਹੀ ਨਹੀਂ, ਇਹ ਮਕਾਨ ਮੁਫਤ ਬਣਾ ਕੇ ਦੇਣਾ ਹੈ ਤਾਂ ਕਿ ਜਦੋਂ ਵੀ ਕੋਈ ਗਰੀਬ ਬਾਹਰੋਂ ਆਵੇ, ਆਪਣਾ ਬੂਹਾ ਖੋਲ੍ਹੇ ਤਾਂ ਉਹ ਯਾਦ ਕਰੇ ਕਿ ਇਹ ਮਕਾਨ ਸਰਦਾਰ ਬਾਦਲ ਦੀ ਸਰਕਾਰ ਨੇ ਬਣਾ ਕੇ ਦਿੱਤਾ ਹੈ । ਉਹ ਤਿੰਨ ਪੀੜ੍ਹੀਆਂ ਤੱਕ ਇਸ ਗੱਲ ਨੂੰ ਯਾਦ ਰੱਖੇਗਾ । (ਥੰਪਿੰਗ)

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਸਵਾਲ ਤਾਂ ਹੋਰ ਸੀ । ਜਿਹੜੀਆਂ ਗੱਲਾਂ ਇਨ੍ਹਾਂ ਨੇ ਦੱਸੀਆਂ ਹਨ, ਉਨ੍ਹਾਂ ਦਾ ਇਸ ਸਵਾਲ ਦੇ ਨਾਲ ਤਾਂ ਕੋਈ ਤਾਅਲੁੱਕ ਨਹੀਂ ਹੈ । ਇਨ੍ਹਾਂ ਨੇ ਤਾਂ ਹੋਰ ਹੀ ਗੱਲ ਕਰ ਦਿੱਤੀ ਹੈ ।

ਸ਼੍ਰੀ ਸਪੀਕਰ : ਇਨ੍ਹਾਂ ਨੇ ਦੱਸ ਦਿੱਤਾ ਹੈ ਕਿ ਕਰਜ਼ੇ ਦੀ ਕੋਈ ਸਕੀਮ ਨਹੀਂ ਹੈ ।

ਚੌਧਰੀ ਜਗਜੀਤ ਸਿੰਘ : ਇਨ੍ਹਾਂ ਨੇ ਕਿਹਾ ਹੈ ਕਿ ਇਸ ਵੇਲੇ ਕੋਈ ਸਕੀਮ ਨਹੀਂ ਹੈ । ਮੈਂ ਤਾਂ ਇਹ ਪੁੱਛ ਰਿਹਾ ਸਾਂ ਕਿ ਆਉਣ ਵਾਲੇ ਸਮੇਂ ਵਿਚ ਕੋਈ ਐਸੀ ਸਕੀਮ ਜ਼ੇਰੇ-ਗੌਰ ਹੈ ?

ਸ਼੍ਰੀ ਸਪੀਕਰ : ਤੁਹਾਡੇ ਸਵਾਲ ਦਾ ਜਵਾਬ ਆ ਚੁੱਕਾ ਹੈ । ਅਗਲਾ ਸਵਾਲ ।

ਨਿਸ਼ਾਨਵਾਲਾ ਪ੍ਰਸ਼ਨ ਨੰਬਰ 476

ਸ਼੍ਰੀ ਸਪੀਕਰ. ਸਵਾਲ ਨੰਬਰ **476 ਦੀ ਐਕਸਟੈਂਨਸ਼ਨ ਮੰਗੀ ਗਈ ਹੈ ।

ਗੁਰਦੇਵ ਸਿੰਘ ਬਾਦਲ

ਅ. ਸ. ਪ. ਨੰ: ....
ਖੇਤੀਬਾੜੀ ਅਤੇ ਭਲਾਈ ਮੰਤਰੀ, ਪੰਜਾਬ,
ਚੰਡੀਗੜ੍ਹ

ਮਿਤੀ..........

ਵਿਸ਼ਾ :

ਤਾਰਾ ਅੰਕਿਤ ਪ੍ਰਸ਼ਨ ਨੰ: 476-ਵਲੋਂ ਚੌਧਰੀ ਜਗਜੀਤ ਸਿੰਘ, ਐਮ.ਐਲ.ਏ. ਬਾਬਤ ਤਰੱਕੀਆਂ ਵਿੱਚ ਰਿਜ਼ਰਵੇਸ਼ਨ ਨੀਤੀ ਲਾਗੂ ਕਰਨਾ ਜੋ ਮਿਤੀ 18-6-1997 ਨੂੰ ਲੱਗਾ ਹੋਇਆ ਹੈ ।

ਮੇਰੇ ਪਿਆਰੇ ਸਪੀਕਰ ਸਾਹਿਬ,

ਕਿਰਪਾ ਕਰਕੇ ਪੰਜਾਬ ਵਿਧਾਨ ਸਭਾ ਸਕੱਤਰੇਤ (ਪ੍ਰਸ਼ਾਸਨ ਸ਼ਾਖਾ) ਦੇ ਗੈਰ-ਸਰਕਾਰੀ ਪੱਤਰ ਨੰ. 13087 ਮਿਤੀ 8-6-97 ਵੱਲ ਧਿਆਨ ਦੇਣ ਦੀ ਕਿਰਪਾਲਤਾ ਕਰਨਾ ।

2. ਪੰਜਾਬ ਵਿਧਾਨ ਸਭਾ ਦੇ ਚਾਲੂ ਬਜਟ ਸੈਸ਼ਨ ਦੌਰਾਨ ਪ੍ਰਾਪਤ ਹੋਏ ਤਾਰਾ ਅੰਕਿਤ ਪ੍ਰਸ਼ਨ ਨੰ: 476, ਜੋ ਚੌਧਰੀ ਜਗਜੀਤ ਸਿੰਘ, ਐਮ. ਐਲ. ਏ. ਦੇ ਨਾਂ ਤੇ ਹੈ, ਦਾ ਉਤਰ ਨਿਕਟ ਭਵਿੱਖ ਵਿੱਚ ਮੁਕੰਮਲ ਤੌਰ ਤੇ ਤਿਆਰ ਕਰਨਾ ਸੰਭਵ ਨਹੀਂ ਹੈ, ਕਿਉਂਜੋ ਇਸ ਮਾਮਲੇ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਫੈਸਲਾ ਦਿੱਤਾ ਹੈ, ਜੋ ਅੱਜ ਮਿਤੀ 17-6-97 ਨੂੰ ਸ਼ਾਮ 2 ਵਜੇ ਸਾਡੇ ਨੋਟਿਸ ਵਿਚ ਆਇਆ ਹੈ, ਨੂੰ ਵਿਚਾਰਨ ਲਈ ਹੋਰ ਸਮੇਂ ਦੀ ਲੋੜ ਹੈ । ਇਸ ਪ੍ਰਸ਼ਨ ਦਾ ਢੁਕਵਾਂ ਉਤਰ ਦੇਣ ਲਈ ਕਿਰਪਾ ਕਰਕੇ ਘੱਟੋ ਘੱਟ 15 ਦਿਨਾਂ ਦਾ ਸਮਾਂ ਵਧਾ ਦਿੱਤਾ ਜਾਵੇ ।

ਧੰਨਵਾਦ ਸਹਿਤ,

ਹਿਤ
ਸਹੀ/-
(ਗੁਰਦੇਵ ਸਿੰਘ, ਬਾਦਲ)

ਸਰਦਾਰ ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ ।

**For Starred Question No. 476 and reply thereto, please see Appendix to this Debate.

ਚੌਧਰੀ ਜਗਜੀਤ ਸਿੰਘ: ਸਪੀਕਰ ਸਾਹਿਬ ਇਹ ਬੜਾ ਇੰਪਾਰਟੈਂਟ ਕੁਐਸਚਨ ਸੀ......

ਸ਼੍ਰੀ ਸਪੀਕਰ: ਇਸ ਬਾਰੇ ਹਾਈ ਕੋਰਟ ਵਿਚ ਕੋਈ ਕੇਸ ਚੱਲ ਰਿਹਾ ਹੈ। ਇਸ ਕਰਕੇ ਇਸ ਸਵਾਲ ਦੀ ਐਕਸਟੈਨਸ਼ਨ ਦਿੱਤੀ ਗਈ ਹੈ।

ਚੌਧਰੀ ਜਗਜੀਤ ਸਿੰਘ: ਸਪੀਕਰ ਸਾਹਿਬ, 24 ਤਰੀਕ ਤੱਕ ਤਾਂ ਸੈਸ਼ਨ ਹੈ, ਇਸ ਦਾ ਜਵਾਬ ਕਦੋਂ ਆਵੇਗਾ ?

ਸ਼੍ਰੀ ਸਪੀਕਰ: ਆ ਜਾਵੇਗਾ।

ਚੌਧਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਇਸ ਗੱਲ ਨੂੰ ਟਾਲਿਆ ਨਾ ਜਾਵੇ। ਪੰਜਾਬ ਦੇ ਸ਼ਡਿਊਲਡ ਕਾਸਟ ਇੰਪਲਾਈਜ਼ ਨਾਲ ਬੜਾ ਧੱਕਾ ਹੋ ਰਿਹਾ ਹੈ। ਇਹ ਬੜਾ ਇੰਪਾਰਟੈਂਟ ਸਵਾਲ ਹੈ। ਇਸੇ ਸੈਸ਼ਨ ਵਿਚ ਇਸ ਦਾ ਜਵਾਬ ਦਿਵਾ ਦਿਓ। ਹਾਈ ਕੋਰਟ ਵਿਚ ਇਹ ਕੇਸ ਕਰਨੈਲ ਕੌਰ, ਡਿਪਟੀ ਡਾਇਰੈਕਟਰ, ਰੂਰਲ ਡਿਵੈਲਪਮੈਂਟ ਡਿਪਾਰਟਮੈਂਟ ਵਰਸਿਜ਼ ਪੰਜਾਬ ਸਰਕਾਰ ਚੱਲਦਾ ਸੀ ਅਤੇ ਉਸ ਤੋਂ ਬਾਅਦ ਫਿਰ ਸੁਪਰੀਮ ਕੋਰਟ ਦੇ ਜਸਟਿਸ ਰਾਮਾ ਸਵਾਮੀ ਸਮੇਤ 3 ਜੱਜਾਂ ਦੀ ਜਜਮੈਂਟ ਆਈ ਹੈ। ਉਸ ਨੂੰ ਲਾਗੂ ਕਰਨ ਵਾਸਤੇ ਵੈਲਫੇਅਰ ਡਿਪਾਰਟਮੈਂਟ ਨੇ ਚਿੱਠੀ ਵੀ ਜਾਰੀ ਕੀਤੀ ਹੈ, ਲੇਕਿਨ ਉਹ ਫੈਸਲਾ ਅਜੇ ਤੱਕ ਲਾਗੂ ਨਹੀਂ ਹੋਇਆ। ਇਸੇ ਚੀਜ਼ ਨੂੰ ਲੈ ਕੇ ਕਰਨੈਲ ਕੌਰ ਜਿਹੜੇ ਕਿ ਰੂਰਲ ਡਿਵੈਲਪਮੈਂਟ ਡਿਪਾਰਟਮੈਂਟ ਵਿਚ ਅਫਸਰ ਹਨ, ਹਾਈ ਕੋਰਟ ਵਿਚ ਗਏ ਸਨ ਅਤੇ ਕੋਰਟ ਨੇ ਫੈਸਲਾ ਦੇ ਦਿੱਤਾ ਹੈ। ਮੇਰੀ ਬੇਨਤੀ ਹੈ ਕਿ.........

Minister for Parliamentary Affairs: Speaker Sahib, when the extension has been granted why he is speaking ?

Mr. Speaker : Next Question.

ਚਾਂਦ ਭਾਨ ਡਰੇਨ ਉੱਤੇ ਪੁਲ ਦੀ ਉਸਾਰੀ

*428. **ਕਾਮਰੇਡ ਅਜੈਬ ਸਿੰਘ ਰੋਂਤਾ** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਪੱਤੋ ਹੀਰਾ ਸਿੰਘ ਅਤੇ ਨਿਹਾਲ ਸਿੰਘ ਵਾਲਾ (ਮੋਗਾ) ਵਿਚਕਾਰ ਚਾਂਦ ਭਾਨ ਡਰੇਨ ਉੱਤੇ ਪੁਲ ਬਣਾਉਣ ਦਾ ਵਿਚਾਰ ਹੈ; ਜੇਕਰ ਅਜਿਹਾ ਹੈ, ਤਾਂ ਉਸ ਦੀ ਉਸਾਰੀ ਕਦੋਂ ਤਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਹਾਲ ਦੀ ਘੜੀ ਅਜਿਹੀ ਕੋਈ ਤਜਵੀਜ਼ ਨਹੀਂ ਹੈ।

ਕਾਮਰੇਡ ਅਜੈਬ ਸਿੰਘ ਰੋਂਤਾ: ਸਪੀਕਰ ਸਾਹਿਬ, ਇਹ ਬੜਾ ਗੰਭੀਰ ਮਸਲਾ ਹੈ। ਜਦੋਂ ਬਾਰਸ਼ਾਂ ਦੇ ਦਿਨ ਆਉਂਦੇ ਹਨ ਤਾਂ ਇਸ ਡਰੇਨ ਵਿਚ ਪਾਣੀ ਭਰ ਜਾਣ ਕਰਕੇ ਪੱਤੋ ਹੀਰਾ ਸਿੰਘ ਅਤੇ ਨਿਹਾਲ ਸਿੰਘ ਵਾਲਾ ਦਾ ਕੰਟੈਕਟ ਟੁੱਟ ਜਾਂਦਾ ਹੈ। ਸੈਂਕੜੇ ਏਕੜ ਜ਼ਮੀਨ ਡਰੇਨ ਦੇ ਦੂਸਰੇ ਪਾਸੇ ਪੈਂਦੀ ਹੈ ਅਤੇ ਲੋਕਾਂ ਨੂੰ ਚਾਰਾ ਵਗੈਰਾ ਲਿਆਉਣ ਵਾਸਤੇ

[ਕਾਮਰੇਡ ਅਜੈਬ ਸਿੰਘ ਰੌਂਤਾ]

ਬੜੀ ਮੁਸ਼ਕਲ ਪੇਸ਼ ਆਉਂਦੀ ਹੈ ਅਤੇ ਲੋਕਾਂ ਦੀ ਆਵਾਜਾਈ ਵਿਚ ਬੜਾ ਵਿਘਨ ਪੈਂਦਾ ਹੈ। ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਭਵਿੱਖ ਵਿਚ ਇਹ ਪੁਲ ਬਣਾਉਣ ਦਾ ਇਹ ਵਿਚਾਰ ਰੱਖਦੇ ਹਨ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਹਜ਼ਾਰਾਂ ਪੁਲ ਹਨ ਜਿਨ੍ਹਾਂ ਦੇ ਬਣਨ ਦੀ ਲੋੜ ਹੈ ਲੇਕਿਨ ਫੰਡ ਉਪਲਬਧ ਹੋਣ ਦੇ ਬਾਅਦ ਹੀ ਇਹ ਕੰਮ ਹੋ ਸਕਦਾ ਹੈ। ਉਥੇ ਇਕ ਪਾਈਪ ਬ੍ਰਿਜ ਹੈ ਜਿਹੜਾ ਕਿ ਕੰਮ ਕਰ ਰਿਹਾ ਹੈ। ਜਦੋਂ ਪੈਸਿਆਂ ਦੀ ਅਵੇਲੇਬਿਲਟੀ ਹੋਵੇਗੀ, ਉਦੋਂ ਜ਼ਰੂਰ ਇਸ ਪੁਲ ਬਾਰੇ ਧਿਆਨ ਦਿੱਤਾ ਜਾਵੇਗਾ।

ਕਾਮਰੇਡ ਅਜੈਬ ਸਿੰਘ ਰੌਂਤਾ: ਸਪੀਕਰ ਸਾਹਿਬ, ਜ਼ਫਰਨਾਮਾ ਸਾਹਿਬ ਪੰਜਾਬ ਦੀ ਇਕ ਮਹਾਨ ਧਰਤੀ ਹੈ। ਸੀ. ਐਮ. ਸਾਹਿਬ ਨੂੰ ਉਥੇ ਕਈ ਵਾਰੀ ਜਾਣ ਦਾ ਮੌਕਾ ਮਿਲਿਆ ਹੋਵੇਗਾ। ਜਦੋਂ ਉਹ ਸੜਕ ਬਣੀ ਸੀ ਤਾਂ ਉਥੇ ਇਕ ਕੈਂਚੀਆਂ ਵਾਲਾ ਪੁਲ ਬਣਿਆ ਸੀ। 27 ਸਾਲ ਬੀਤ ਜਾਣ ਦੇ ਬਾਅਦ ਵੀ ਅਤੇ 6 ਸਰਕਾਰਾਂ ਬਦਲ ਜਾਣ ਦੇ ਬਾਅਦ ਵੀ ਉਹ ਪੁਲ ਉਥੇ ਹੀ ਪਿਆ ਹੈ। ਕੀ ਉਸ ਪੁਲ ਨੂੰ ਚੁੱਕ ਕੇ ਅਸਲ ਜਗ੍ਹਾ ਤੇ ਰੱਖਣ ਦੀ ਕੋਈ ਤਜਵੀਜ਼ ਹੈ ?

ਮੁੱਖ ਮੰਤਰੀ: ਇਹ ਕਨਸਿਡਰ ਕਰ ਲਵਾਂਗੇ।

ਨਿਹਾਲ ਸਿੰਘ ਵਾਲਾ-ਬਰਨਾਲਾ ਸੜਕ ਤੇ ਮਾਈਨਰ ਕੈਨਾਲ ਉਤੇ ਪੁਲ ਦੀ ਮੁੜ ਉਸਾਰੀ

*429 **ਕਾਮਰੇਡ ਅਜੈਬ ਸਿੰਘ ਰੌਂਤਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਨਿਹਾਲ ਸਿੰਘ ਵਾਲਾ-ਬਰਨਾਲਾ ਸੜਕ ਤੇ ਕੈਨਾਲ ਮਾਈਨਰ (ਪਿੰਡ ਤਖਤਪੁਰਾ ਨੇੜੇ) ਉਤੇ ਕੋਈ ਪੁਲ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਪੁਲ ਦੀ ਉਸਾਰੀ ਤਕਨੀਕੀ ਤੌਰ ਤੇ ਨੁਕਸਦਾਰ ਹੈ ਜਿਸ ਦੇ ਸਿੱਟੇ ਵਜੋਂ ਕਈ ਦੁਰਘਟਨਾਵਾਂ ਹੋਈਆਂ।

(ੲ) ਕੀ ਸਰਕਾਰ ਉਪਰੋਕਤ ਭਾਗ (ੳ) ਵਿਚ ਵਰਣਿਤ ਪੁਲ ਨੂੰ ਮੁੜ ਬਣਾਉਣ ਦਾ ਵਿਚਾਰ ਰੱਖਦੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: (ੳ) ਹਾਂ, ਜੀ।

(ਅ) ਪੁਲ, ਮਾਈਨਰ ਤੇ ਸੁਕੇਅਰ ਹੈ ਅਤੇ ਸੜਕ ਅਲਾਈਨਮੈਂਟ ਦੇ ਹਿਸਾਬ ਨਾਲ ਟੇਢਾ ਹੈ। ਇਹੋ ਜਿਹੇ ਪੁਲ ਤੇ ਕਦੀ ਦੁਰਘਟਨਾ ਵਾਪਰ ਸਕਦੀ ਹੈ।

(ੲ) ਫੰਡਾਂ ਦੀ ਘਾਟ ਕਰਕੇ ਇਹੋ ਜਿਹੀ ਕੋਈ ਤਜਵੀਜ਼ ਨਹੀਂ ਹੈ।

ਕਾਮਰੇਡ ਅਜੈਬ ਸਿੰਘ ਰੌਂਤਾ. ਸਤਿਕਾਰਯੋਗ ਸਪੀਕਰ ਸਾਹਿਬ, ਮਾਨਯੋਗ ਸੀ. ਐਮ. ਸਾਹਿਬ ਨੇ ਮੰਨਿਆ ਹੈ ਕਿ ਹਾਂ ਇਸ ਸੜਕ ਤੇ ਜਿਹੜਾ ਪੁਲ ਹੈ ਉਹ ਟੇਢਾ ਹੈ ਔਰ ਉਹਦੇ ਉਤੇ ਕੋਈ ਹਾਦਸਾ ਵਾਪਰ ਸਕਦਾ ਹੈ। ਸਪੀਕਰ ਸਾਹਿਬ, ਹਾਦਸਾ ਵਾਪਰ ਹੀ ਨਹੀਂ ਸਕਦਾ, ਉਥੇ ਮੇਰਾ ਖਿਆਲ ਹੈ ਕਿ ਇਕ ਹਫਤੇ ਵਿੱਚ ਪੰਜ ਚਾਰ ਜਾਨਾਂ ਜਾਂਦੀਆਂ ਹਨ। ਮੈਂ ਬੇਨਤੀ ਕਰਾਂਗਾ ਕਿ ਜੇ ਤੁਸੀਂ ਆਪ ਜਾ ਕੇ ਦੇਖੋ ਉਹ ਮੇਨ ਰੋਡ ਤੇ ਹੈ। ਨਿਹਾਲ ਸਿੰਘ ਵਾਲਾ ਤੋਂ ਬਰਨਾਲਾ ਨੂੰ ਇਹ ਪੁਲ ਜੋੜਦਾ ਹੈ ਔਰ ਉਥੇ ਟਰੈਫਿਕ ਵੀ ਬਹੁਤ ਜ਼ਿਆਦਾ ਹੈ। ਇਸ ਪੁਲ ਦੀ ਏਨੀ ਭੈੜੀ ਦਸ਼ਾ ਹੈ ਕਿ ਪੁਲ ਦੋਨੋਂ ਪਾਸਿਓਂ ਟੱਟਦਾ ਜਾ ਰਿਹਾ ਹੈ। ਉਥੇ ਪਹਿਲਾਂ ਹੀ ਬਹੁਤ ਸਾਰਾ ਜਾਨੀ ਨੁਕਸਾਨ ਹੋ ਚੁੱਕਾ ਹੈ। ਇਸ ਗੱਲ ਨੂੰ ਮੁੱਖ ਰਖਦੇ ਹੋਏ ਕੀ ਸਰਕਾਰ ਇਸ ਪੁਲ ਨੂੰ ਪਹਿਲ ਦੇ ਆਧਾਰ ਤੇ ਬਣਾਏਗੀ ?

ਮੁੱਖ ਮੰਤਰੀ: ਇਸ ਨੂੰ ਪਹਿਲ ਦਿੱਤੀ ਜਾਵੇਗੀ ਜੀ।

ਸ਼੍ਰੀ ਰਾਮ ਲਾਲ: ਸਪੀਕਰ ਸਾਹਿਬ, ਮੈਂ ਆਪ ਜੀ ਦੁਆਰਾ ਮੁੱਖ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿੱਚ....

ਸ਼੍ਰੀ ਸਪੀਕਰ: ਸ਼੍ਰੀ ਰਾਮ ਲਾਲ ਜੀ ਇਹ ਤਾਂ ਗੱਲ ਰੌਂਤਾ ਜੀ ਦੇ ਇਲਾਕੇ ਦੀ ਹੋ ਰਹੀ ਹੈ।

ਸ਼੍ਰੀ ਰਾਮ ਲਾਲ: ਮੇਰੇ ਇਲਾਕੇ ਵਿੱਚ ਇਕ ਨਰੋਟ ਮਹਿਰਾ ਪੈਂਦਾ ਹੈ। ਏਥੇ ਪੁਲ ਬਣਾਉਣ ਵਾਸਤੇ 89 ਲੱਖ ਰੁਪਏ ਦੀ ਗਰਾਂਟ ਮਨਜ਼ੂਰ ਹੋਈ ਸੀ। ਕਥਲੌਰ ਤੋਂ ਨਰੋਟ ਮਹਿਰਾ ਰੋਡ ਤੇ ਇਹ ਪੁਲ ਬਣਨਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਪੁਲ ਜਿਹੜਾ ਕਿ ਪਾਰਟੀਸ਼ਨ ਤੋਂ ਬਾਅਦ ਅਜੇ ਤੱਕ ਨਹੀਂ ਬਣਿਆ ਜਿਸ ਕਾਰਨ ਸਾਨੂੰ ਜੇ. ਐਂਡ ਕੇ. ਤੋਂ ਹੋ ਕੇ ਨਰੋਟ ਮਹਿਰਾ ਨੂੰ ਜਾਣਾ ਪੈਂਦਾ ਹੈ, ਕੀ ਇਹ ਵੀ ਸਰਕਾਰ ਦੇ ਵਿਚਾਰ ਅਧੀਨ ਹੈ ?

ਸ਼੍ਰੀ ਸਪੀਕਰ: ਰਾਮ ਲਾਲ ਜੀ, ਤੁਸੀਂ ਸੈਪਰੇਟ ਕੁਐਸਚਨ ਦੇਣਾ। ਹਾਲੇ ਤਾਂ ਆਪਾਂ ਰੌਂਤਾ ਸਾਹਿਬ ਦੇ ਇਲਾਕੇ ਦੀ ਗੱਲ ਕਰ ਰਹੇ ਸੀ। Questions are over, Now We can take-up the next item on the Agenda.

UNSTARRED QUESTIONS AND ANSWERS

ਸਰਕਾਰੀ ਮਕਾਨਾਂ ਦੀ ਉਸਾਰੀ

107. **ਕਾਮਰੇਡ ਹਰਦੇਵ ਅਰਸ਼ੀ**: ਕੀ ਮੁੱਖ ਮੰਤਰੀ ਸਰਕਾਰਾਂ "ਮਕਾਨਾਂ ਦੀ ਉਸਾਰੀ" ਨਾਲ ਸਬੰਧਿਤ 28 ਫ਼ਰਵਰੀ, 1996 ਦੀ ਸੂਚੀ ਵਿਚ ਦਰਜ ਬਿਨਾਂ ਨਿਸ਼ਾਨ ਪ੍ਰਸ਼ਨ ਨੰਬਰ 558 ਦੇ ਉੱਤਰ ਦੇ ਹਵਾਲੇ ਨਾਲ ਕਿਰਪਾ ਕਰਕੇ –

(ੳ) ਪੜਤਾਲੀਆ ਰਿਪੋਰਟ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖਣਗੇ;

(ਅ) ਦੱਸਣਗੇ ਕਿ ਕੀ ਉਕਤ ਭਾਗ (ੳ) ਵਿਚ ਵਰਣਿਤ ਪੜਤਾਲ ਰਿਪੋਰਟ ਤੇ ਕੋਈ ਕਾਰਵਾਈ ਕੀਤੀ ਗਈ ਹੈ, ਜੇਕਰ ਅਜਿਹਾ ਹੈ ਤਾਂ ਉਸ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: (ੳ) ਪੜਤਾਲੀਆ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਾ ਲੋਕ-ਹਿੱਤ ਵਿੱਚ ਨਹੀਂ ਹੋਵੇਗਾ।

(ਅ) ਪੜਤਾਲੀਆ ਰਿਪੋਰਟ/ਤਕਨੀਕੀ ਮਾਹਿਰਾਂ ਦੀਆਂ ਟਿੱਪਣੀਆਂ ਵਿਚਾਰਨ ਉਪਰੰਤ ਜਿਨ੍ਹਾਂ ਵਿਅਕਤੀਆਂ/ ਅਫਸਰਾਂ ਦੀ ਜ਼ਿੰਮੇਵਾਰੀ ਬਣਦੀ ਹੈ, ਵਿਰੁੱਧ ਵਿਭਾਗੀ ਕਾਰਵਾਈ ਕਰਨ ਹਿੱਤ ਮਾਮਲਾ ਪ੍ਰਬੰਧਕੀ ਵਿਭਾਗ ਨੂੰ ਭੇਜ ਦਿੱਤਾ ਗਿਆ ਹੈ।

ਦਵਾਈਆਂ ਦੀ ਖਰੀਦ ਵਿਚ ਭ੍ਰਿਸ਼ਟਾਚਾਰ ਵਿਰੁੱਧ ਸ਼ਿਕਾਇਤ

108. **ਕਾਮਰੇਡ ਹਰਦੇਵ ਅਰਸ਼ੀ**: ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦਵਾਈਆਂ ਦੀ ਖਰੀਦ ਵਿਚ ਭ੍ਰਿਸ਼ਟਾਚਾਰ ਵਿਰੁੱਧ ਸ਼ਿਕਾਇਤ ਸਬੰਧੀ 29 ਫਰਵਰੀ 1996 (ਬਾਅਦ ਦੁਪਹਿਰ ਦੀ ਬੈਠਕ) ਲਈ ਸੂਚੀ ਵਿਚ ਦਰਜ ਬਿਨਾਂ ਨਿਸ਼ਾਨ ਪ੍ਰਸ਼ਨ ਨੰ: 553 ਦੇ ਉਤਰ ਦੇ ਹਵਾਲੇ ਵਿਚ ਸੰਯੁਕਤ ਸਕੱਤਰ ਸਿਹਤ ਦੁਆਰਾ 20 ਫਰਵਰੀ, 1996 ਨੂੰ ਪੇਸ਼ ਕੀਤੀ ਗਈ ਪੜਤਾਲੀਆ ਰਿਪੋਰਟ ਦੀ ਇਕ ਕਾਪੀ ਅਤੇ ਇਸ ਤੇ ਕੀਤੀ ਗਈ ਕਾਰਵਾਈ ਸਬੰਧੀ ਰਿਪੋਰਟ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖਣਗੇ ?

ਸ੍ਰੀ ਬਲਰਾਮ ਜੀ ਦਾਸ ਟੰਡਨ: ਸਯੁਕਤ ਸਕੱਤਰ, ਸਿਹਤ ਵੱਲੋਂ ਮਿਤੀ 20-2-96 ਨੂੰ ਪੇਸ਼ ਕੀਤੀ ਗਈ ਇਨਕੁਆਰੀ ਰਿਪੋਰਟ ਘੋਖਣ ਉਪਰੰਤ ਇਸ ਵਿਚ ਕੁਝ ਤਰੁੱਟੀਆਂ ਪਾਈਆਂ ਗਈਆਂ ਸਨ। ਇਹ ਰਿਪੋਰਟ ਵਧੀਕ ਸਕੱਤਰ ਸਿਹਤ ਨੂੰ ਮੁੜ ਘੋਖਣ ਲਈ ਸੌਂਪੀ ਗਈ ਸੀ। ਉਨ੍ਹਾਂ ਵੱਲੋਂ ਮਿਤੀ 22-10-96 ਨੂੰ ਰਿਪੋਰਟ ਘੋਖਣ ਉਪਰੰਤ ਕੁਝ ਪ੍ਰੇਖਣ ਕਰਦੇ ਹੋਏ ਪੇਸ਼ ਕੀਤੀ ਗਈ ਸੀ। ਪ੍ਰੇਖਣਾਂ ਦੇ ਆਧਾਰ ਤੇ ਦਵਾਈਆਂ ਦੀ ਖਰੀਦ ਵਿਚ ਸ਼ਾਮਲ ਸਬੰਧਿਤ ਅਧਿਕਾਰੀਆਂ/ਕਰਮਚਾਰੀਆਂ ਨੂੰ ਚਾਰਜਸ਼ੀਟਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਅਤੇ ਉਨ੍ਹਾਂ ਦੇ ਵਿਰੁੱਧ ਕਾਰਵਾਈ ਕਰਨ ਲਈ ਮਾਮਲਾ ਅਜੇ ਵਿਚਾਰ ਅਧੀਨ ਹੈ। ਇਸ ਸਬੰਧੀ ਅੰਤਿਮ ਫੈਸਲਾ ਅਜੇ ਲਿਆ ਜਾਣਾ ਹੈ ਜਿਸ ਕਰਕੇ ਇਸ ਸਟੇਜ ਤੇ ਇਨਕੁਆਰੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖੀ ਜਾਣੀ ਵਾਜਬ ਨਹੀਂ ਹੈ।

ਬਾਬਾ ਸੋਹਨ ਸਿੰਘ ਭਕਨਾ ਦਾ ਬੁੱਤ ਲਗਾਉਣਾ

109. **ਕਾਮਰੇਡ ਹਰਦੇਵ ਅਰਸ਼ੀ**: ਕੀ ਵਿੱਤ ਅਤੇ ਲੋਕ ਸੰਪਰਕ ਮੰਤਰੀ "ਬਾਬਾ ਸੋਹਨ ਸਿੰਘ ਭਕਨਾ ਦੇ ਬੁੱਤ" ਸਬੰਧੀ 19 ਸਤੰਬਰ, 1995 ਲਈ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਨਿਸ਼ਾਨ ਵਾਲੇ ਪ੍ਰਸ਼ਨ ਨੰ: 2814 ਦੇ ਉੱਤਰ ਦੇ ਹਵਾਲੇ ਵਿਚ ਕਿਰਪਾ ਕਰਕੇ ਦੱਸਣਗੇ ਕਿ ਕੀ ਬਾਬਾ ਸੋਹਨ ਸਿੰਘ ਭਕਨਾ ਦਾ ਬੁੱਤ ਲਗਾ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਇਸ ਦੇ ਕਾਰਨ ਕੀ ਹਨ ਅਤੇ ਇਸ ਦੇ ਕਦੋਂ ਤੱਕ ਲਗਾਏ ਜਾਣ ਦੀ ਸੰਭਾਵਨਾ ਹੈ ?

ਕੈਪਟਨ ਕੰਵਲਜੀਤ ਸਿੰਘ: ਜੀ ਨਹੀਂ, ਬਾਬਾ ਸੋਹਨ ਸਿੰਘ ਭਕਨਾ ਦੇ ਬੁੱਤ ਦੀ ਸਥਾਪਨਾ ਮੁੱਖ ਇੰਜੀਨੀਅਰ (ਸਿੰਜਾਈ) ਵੱਲੋਂ ਇਤਰਾਜ਼ਹੀਨਤਾ ਸਰਟੀਫੀਕੇਟ ਜਾਰੀ ਨਾ

ਕਰਨ ਕਰਕੇ ਨਹੀਂ ਕੀਤੀ ਜਾ ਸਕੀ ਕਿਉਂਕਿ ਉਹ ਜ਼ਮੀਨ ਸਿੰਜਾਈ ਵਿਭਾਗ ਦੀ ਹੈ, ਅਜੇ ਵਿਭਾਗ ਦੀਆਂ ਜ਼ਰੂਰਤਾਂ ਮੁਤਾਬਕ ਵਾਧੂ ਨਹੀਂ ਹੈ। ਇਸ ਸਬੰਧ ਵਿੱਚ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਪਹੁੰਚ ਕੀਤੀ ਜਾ ਰਹੀ ਹੈ ਕਿ ਉਹ ਇਸ ਬੁੱਤ ਦੀ ਸਥਾਪਨਾ ਲਈ ਕਿਸੇ ਹੋਰ ਢੁਕਵੀਂ ਥਾਂ ਦੀ ਭਾਲ ਕਰਨ। ਥਾਂ ਨਿਸ਼ਚਿਤ ਕਰਨ ਤੇ ਬੁੱਤ ਦੀ ਸਥਾਪਨਾ ਦਾ ਕੰਮ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਵਲੋਂ ਤੇਜ਼ੀ ਨਾਲ ਕਰਵਾ ਦਿੱਤਾ ਜਾਵੇਗਾ।

———

ਜ਼ਿਲ੍ਹਾ ਮਾਨਸਾ ਵਿਚ ਕਤਲ ਦੇ ਕੇਸ

110. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਸਾਲ 1994 ਤੋਂ ਹੁਣ ਤੱਕ ਦੇ ਸਮੇਂ ਦੇ ਦੌਰਾਨ ਜ਼ਿਲ੍ਹਾ ਮਾਨਸਾ ਵਿਚ ਵੱਖ ਵੱਖ ਥਾਣਿਆਂ ਵਿਚ ਦਰਜ਼ ਕੀਤੇ ਗਏ ਕਤਲ ਕੇਸਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਹਰ ਇਕ ਕਤਲ ਕਿਸ ਕਿਸ ਮਿਤੀ ਨੂੰ ਹੋਇਆ ਅਤੇ ਉਨ੍ਹਾਂ ਵਿਅਕਤੀਆਂ ਦੇ ਨਾਂ ਅਤੇ ਪਤੇ ਕੀ-ਕੀ ਹਨ ਜਿਨ੍ਹਾਂ ਦਾ ਕਤਲ ਕੀਤਾ ਗਿਆ ਸੀ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਵਿਅਕਤੀਆਂ ਦੇ ਕਾਤਲਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਅਤੇ (ਅ) ਸਟੇਟਮੈਂਟ ਅਨੁਲੱਗ ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ANNEXURE

Sr. No.	Name of the Police Station	Date of Murder	Names & Addresses of the persons who were murdered	Accused arrested or not	Remarks
1	2	3	4	5	6
1.	PS Boha	11/12.5.94	Sh. Rajpal Singh s/o Mukhtiar Singh r/o Lakhbir Wala.	Accused arrested	—
2.	PS Boha	6.8.94	Kekdi d/o Sajid Rai r/o Fatehpur Hall Maghanian.	Accused arrested	—

[Chief Minister]

1	2	3	4	5	9
3.	PS Zoga	11/12.2.94	Labh Singh s/o Mukand Singh	Accused arrested	—
4.	PS Zoga	17.3.94	Nohar Singh s/o Natha Singh Jat Moujokhurd.	—do—	—
5.	PS Zoga	7/8.5.94	Gurdial Singh s/o Chand Singh Jat r/o Kharksingwala.	—do—	—
6.	PS Zoga	21.5.94	Mukhtiar Singh s/o Heera Singh Jat r/o Burj Rathi.	—do—	—
7.	PS Sdr. Mansa	17.8.94	Chutin Singh s/o Teja Singh Jat r/o Hirewala.	—do—	—
8.	PS Sdr. Mansa.	12.10.94	Murit Kaur d/o Kartar Singh r/o Sunam.	Convicted.	— —
9.	PS Sdr. Mansa	20.12.94	Mohinder Singh s/o Garja Singh Jat r/o Bhaini Baga.	Accused were arrested.	—
10.	PS City Mansa	5.8.94	Hakam Singh Jat r/o Chakerian.	—do—	—
11.	PS City Mansa	18/19.10.94 Midnight	1. Shashi w/o Satish Kumar 2. Seema d/o Satish Kumar 3. Neha d/o Satish Kumar 4. Mankhil Kumar s/o Satish Kumar r/o Mansa.	Accused declered as P. O. on 14.8.95	—
12.	PS Jourkian	14.1.94	Harminder Singh s/o Mohinder Singh r/o Bhainiwal.	Convicted.	—
13.	PS Jourkian	1.3.94	Balam Singh s/o Hartar Singh r/o Paro	Accused arrested	—

1	2	3	4	5	6
14.	PS Jourkian	5.4.94	Balkaran Singh s/o Karnail Singh Jat r/o Jaurkian.	Accused were arrested.	—
15.	PS Jhunir	20.3.94	Gurmit Singh s/o Makhan Singh r/o Khiali Chilliwali.	Case has been cancelled on 17.1.95	Suicide case died by Hanging.
16.	PS Jhunir	24.4.94	Sukhdev Singh s/o Chand Singh r/o Verewala	Accused were arrested.	—
17.	PS Sardul-garh.	23.1.94	Karnail Singh s/o Gurwant Singh Jat r/o Sangha.	—do—	—
18.	PS Sardul-garh.	20.1.94	1. Banta Singh s/o Kheta Singh. 2. Amarjit Kaur w/o Banta Singh r/o Meerpur Kalan.	—do—	—
19.	PS Sardul-garh.	1.6.94	Sukhwinder Kaur d/o Kishan Singh r/o Jatana Kalan.	—do—	—
20.	PS Sardul-garh.	31-7-94	Sauda Singh s/o Balwant Singh r/o Ralupur.	—do—	—
21.	PS Sardul-garh	2.10.94	Ram Kishan s/o Mangat Rai r/o Sardulgarh.	—do—	—
22.	PS Baretta	9.6.94	Karnail Singh s/o Bhajan Singh Jat r/o Khatriwala.	—do—	—
23.	PS Baretta	18.6.94	Surjit Kaur w/o Pritam Singh r/o Dialpura.	Case is pending trial. Accused arrested.	—
24.	PS Baretta	23.12.94	Dalip Singh s/o Sucha Singh r/o Kulrian.	Accused were arrested.	
25.	PS Bhikhi	15.1.94	Bikkar Singh s/o Chhota Singh r/o Atla Kalan.	Accused were arrested	—

[Chief Minister]

1	2	3	4	5	6
26.	PS Baretta	7.12.94	Gurdev Singh s/o Daulat Singh Ramdasia r/o Jaglan.	Accused were arrested.	—
27.	PS Bhikhi.	2.2.94	Gurdev Singh r/o Gurthari	Case sent as untraced on 16.6.95	Arrest now not feasible.
28.	PS Bhikhi.	3.3.94	Darshan Singh r/o Bhikhi.	Accused were arrested	—
29.	PS Bhikhi	9.8.94	Mewa Singh s/o Jagroop Singh Jat r/o Borrawal.	—do—	—
30.	PS Bhikhi	23.11.94	Saun Singh s/o Sarwan Singh Jat r/o Garnekalan.	—do—	—
31.	PS Sadar Mansa	21.2.95	Sikandar Singh s/o Sukhdev Singh Pandit r/o Khoker Kalan.	—do—	—
32.	PS Sdr. Mansa	1.3.95	Veera Kaur d/o Jang Singh SC r/o Badalgarh PS Rattia Haryana.	Accused arrested.	—
33.	PS Sdr. Mansa.	19.4.95	Jasbir Kaur d/o Karam Singh r/o Kokhar Kalan.	—do—	—
34.	PS City Mansa	25.8.95	Mohinder Singh s/o Gurcharan Singh Jat r/o Tehsil Road, Mansa	—do—	—
35.	PS City Mansa	Date not given by complainent.	Kadhu Hardip Singh s/o Raghibr Singh r/o Deluana	Under investigation	No clue available so far.
36.	PS City Mansa.	24.10.94	Varinder Kumar s/o Kan Chand Khatari r/oLaluana Road, Mansa.	Accused were arrested.	—
37.	PS City Mansa.	11.12.95	Jagtar Singh s/o Sarwan Singh Majbi r/o Chakbnai Hall, Mansa	—do—	—

1	2	3	4	5	6
38.	PS City Mansa.	18/19.12.95	Balbir Kaur w/o Rup Singh Pandit r/o Mansa.	Accused arrested.	—
39.	PS Jaurkian.	9.2.95	Sukhdev Singh r/o Kot Dharmu.	—do—	—
40.	PS Jaurkian	5.8.95	Gian Kaur w/o Jarnial Singh SC r/o Khasla.	Accused were arrested	—
41.	PS Boha	2.2.95	Gurdev Kaur w/o Jagir Singh Jat r/o Lakhbir Wala	—do—	—
42.	PS Boha.	2.7.95	Harchet Singh s/o Baldev Singh Jat r/o Mal Singh Wala	—do—	—
43.	PS Boha.	16.6.95	Rani w/o Surinder Singh r/o Hakam wala Boha.	—do—	—
44.	PS Budlada	6/7.6.95	Gurdev Khan s/o Karam Khan Muslman r/o Veerokekla.	Accused were arrested.	—
45.	PS Budlada	15.9.95	1. Tarsem Singh 2. Gurmail Singh s/o Bal Singh r/o Bachoana	Case is under investigation.	No clue Available so for
46.	PS Budlada	30.10.95	Pawan Kumar s/o Karri Mal Rajput r/o Budlada.	Accused arrested.	—
47.	PS Jhunir.	11.7.95	Jagdev Singh s/o Shoan Singh Jat r/o Moda.	—do—	—
48.	PS Sardulgarh-	5-5-95	Kirnadeep Kaur d/o Joginder Singh Jat r/o Jhunir.	—do—	—
49.	PS Baretta.	18.4.95	Narinder Kaur w/o Jeet Singh Baretta.	—do—	—
50.	PS Baretta.	20-5-95	Gurcharan Singh s/o Bhagwan Singh r/o Dialpura.	—do—	—

[Chief Minister]

1	2	3	4	5	6
51.	PS Baretta	7/8.9.95	Ajmer Singh s/o Kartar Singh Jat r/o Khiwa Dieluwala	—do—	—
52.	PS Baretta	12.12.95	Piara Lal s/o Rallu Ram SC r/o Baretta.	-do—	—
53.	PS Bhikhi	30.5.95	Darshan Singh s/o Sohan Singh r/o Hirokelan.	—do—	—
54.	PS Bhikhi	22.7.95	Jagroop Singh s/o Nidhan Singh Jat r/o Simau.	—do—	—
55.	PS Joga	9/10.6.95	Jarnail Singh s/o Inder Singh r/o Joga	—do—	—
56.	PS Sdr. Mansa	7.3.96	Gurmail Singh s/o Darbara Singh Jat r/o Laluana.	—do—	—
57.	PS Sdr. Mansa	25.5.96	Sukhwinder Singh s/o Gurbachan Singh Jat r/o Mansa	—do—	—
58.	PS Sdr. Mansa	30.12.96	Ram Rakha s/o Ruldu Singh Ramdasia r/o Barnala	—do—	—
59.	PS City Mansa	13.1.96	Const. Makhan Singh No. 473/Mansa.	Case is under investigation.	—
60.	PS City Mansa	27,2.96	Sakuntla @ Bholi w/o Sham Singh r/o charchaman near Electric grid, Mansa.	Accused arrested.	—
				*No clue available so for. The accused is being declared proclaimed offender after due process.	
61.	PS City Mansa	10.2.96	Kor Singh r/o Musha.	Accused were arrested	..

1	2	3	4	5	6
62.	PS City Mansa	10.10.96	Darshan Singh Suniar r/o Mansa.	Case is under investigation.	No clue available so for
63.	PS City Mansa	10.10.96	Angrej Singh s/o Chand Singh Jat r/o Mansa Ward No. 15.	Accused arrested	
64.	PS City Mansa	20.10.96	Unknown	case is under investigation	Accused unknown no clue available so far.
65.	PS City Mansa	11.12.96	Unknown	Case is under investigation	-do-
66.	PS Jaurkian	20.2.96	Jagseer Singh s/o Gurdev Singh Jat r/o Tandian.	Accused were arrested.	—
67.	PS Jaurkian	3.4.96	Hakam Singh s/o Mehar Singh r/o Chapianwali.	Accused were arrested.	—
68.	PS Jaurkian	14.7.96	Mohinder Singh Jat r/o Gantwali.	-do-	—
69.	PS Jaurkian	10.11.96	Mohinder Singh s/o Gurdial Singh r/o Raipur	-do-	
70.	PS Boha	4.1.96	Surjit Singh s/o Hardit Singh Jat r/o Malko	Accused arrested	—
71.	PS Boha	16.3.96	Gurbaksh Singh s/o Kaka Singh Jat r/o Bhudarwasi	Case has been cancelled	Case transferred to PS Ratia (Haryana)
72.	PS Boha	15.8.95	Raju Singh s/o Kuku Singh Rai Sikh r/o Riondalan	Case is under investigation	Accused found innocent.

[Chief Minister]

1	2	3	4	5	6
73.	PS Boha	10.11.96	Sukhdev Singh — Sukha s/o Kala Singh r/o Boha	Accused were arrested.	--
74.	PS Budhlada	4.10.96	Balwinder Singh s/o Sarwan Singh Jat r/o. Roji	Accused were arrested	—
75.	PS Jhunir	20.10.96	Mukhtiar Singh s/o Harpal Singh Jat r/o Makhewala.	Accused were arrested	--
76.	PS Sardulgarh	26.1.96	Bhola Singh s/o Kheta Singh r/o Sadhuwala.	-do-	—
77-	PS Sardulgarh	16.10.96	Dhan Devi w/o Bharat Lal r/o. Sadhuwala.	-do-	—
78.	PS Baretta	12.5.96	Labh Singh s/o. Bakshi Singh r/o. Rangrial.	-do-	—
79.	PS Baretta	16.6.96	Ajaib Singh s/o Sadhu Singh r/o. Kotli Khurd.	Case has been cancelled on 21.6.96	Case transfe-rred to PS Dirba Distt. Sangrur
80.	PS Baretta	5.8.96	1. Hardeep Singh - Kala s/o. Karnail Singh Jat r/o. Nadianwali. 2. Rupinder Singh s/o. Manjit Singh r/o. Ubhaya.	Accused were arrested	..
81.	PS Barreta	28.9.96	Surjit Singh s/o Pakhar Singh Jat r/o Gurkhupur.	Accused arrested	—
82.	PS Bhikhi	11.2.96	Jeeta Singh s/o Kunda Singh r/o Moiekhurd.	-do-	—

1	2	3	4	5	6
83.	PS Bhikhi	29.2.96	Babe Kesar Singh s/o Waryam Singh r/o Attara Kalan.	Accused were arrested.	—
84.	PS Bhikhi	1.10.96	Darshan Singh — Leela s/o Man Singh Jat r/o Kaurd	Accused were arrested.	—
85.	PS Bhikhi	1.11.96	Harbans Singh r/o Khleka	Accused arrested	—
86.	PS Sdr. Mansa	26.2.97	Hira w/o Banwari s/o Rura Ram	Accused arrested	—
87.	PS City Mansa	5.4.97	Unknown	Case is under investigation	Accused unknown No clue availble so far.
88.	PS Boha	16.1.97	Nilu Singh s/o Wazir Singh r/o Waray.	Accused arrested	—
89.	PS Jhunir	8.2.97	Karo d/o Harbhajan Singh r/o Lakhbir Wala	-do-	—
90.	PS Bhikhi	6.1.97	Sukhjit Singh — Bittu s/o Narain Singh Jat r/o Beero Khurd	Accused arrested	—
91.	PS Bhikhi	16.1.97	Bhola Singh s/o Joginder Singh Jat r/o Bahedurpur PS Baretta	Case is under investigation	No clue available so far
92.	PS Bhikhi	22.2.97	Gejja Singh s/o Jeet Singh r/o Kishangarh Farwahi.	Accused arrested	—
93.	PS Jaurkian	22.2.97	Sukhdev Singh s/o Bhagar Singh r/o Pingara.	Accused were arrested	—
94.	PS Boha	27.5.97	Gurcharan Singh s/o Chet Singh Jat r/o Acchanak	Accused have been arrested	—
95.	PS Joga	30-4-97	Baldev Singh s/o Harnand Singh Jat r/o Ralla.	Accused arrested	—

POINTS OF ORDER

ਕਾਮਰੇਡ ਹਰਦੇਵ ਅਰਸ਼ੀ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦੇ ਨੇਤਾ ਨੂੰ ਉਚੇਚੇ ਤੌਰ ਤੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਤਕਰੀਬਨ ਸਾਰੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿਚੋਂ ਬਹੁਤ ਵੱਡੀ ਗਿਣਤੀ ਦੇ ਵਿਚ ਪੰਜਾਬ ਦੇ ਗੰਨਾ ਉਤਪਾਦਕ ਜੋ ਹਨ ਉਹ ਰੋਸ ਮਾਰਚ ਕਰਨ ਵਾਸਤੇ ਚੰਡੀਗੜ੍ਹ ਆ ਰਹੇ ਹਨ । ਭਾਵੇਂ ਇਥੇ ਹਾਊਸ ਦੇ ਵਿਚ ਉਨ੍ਹਾਂ ਦਾ ਮਸਲਾ ਵਿਚਾਰ ਵੀ ਲਿਆ ਗਿਆ ਹੈ ਲੇਕਿਨ ਕਿਸਾਨਾਂ ਨੂੰ ਇਸ ਗੱਲ ਦੀ ਤਸੱਲੀ ਨਹੀਂ, ਕਿਸਾਨ ਹਾਲੇ ਸੰਤੁਸ਼ਟ ਨਹੀਂ ਹਨ । ਖਾਸ ਕਰਕੇ ਜਿਹੜੇ ਪ੍ਰਾਈਵੇਟ ਮਿਲ ਮਾਲਕ ਹਨ ਉਨ੍ਹਾਂ ਪ੍ਰਤੀ ਜੋ ਹੁਣ ਤੱਕ ਲਿਹਾਜ਼ ਵਰਤਿਆ ਜਾ ਰਿਹਾ ਹੈ, ਕਿਸਾਨ ਇਸ ਆਸ ਨਾਲ ਆ ਰਹੇ ਹਨ ਕਿ ਸਰਕਾਰ ਕੋਈ ਐਸ਼ੋਰੈਂਸ ਦੇਵੇਗੀ । ਐਕਟ ਕਦੋਂ ਬਣੇਗਾ ਕਿਉਂਕਿ ਐਕਟ ਬਣਾਉਣ ਬਾਰੇ ਕਿਹਾ ਗਿਆ ਹੈ ਕਿ ਨਵਾ ਐਕਟ ਬਣ ਰਿਹਾ ਹੈ ਜਿਸ ਵਿਚ ਸਜ਼ਾ ਵੀ ਦਰਜ ਕੀਤੀ ਜਾਵੇਗੀ । ਜੇ ਉਹ ਐਕਟ ਬਣਾਉਣਾ ਸੀ ਤਾਂ ਹੁਣ ਤੱਕ ਇਸ ਸੈਸ਼ਨ ਵਿਚ ਆ ਜਾਂਦਾ । ਮੁੱਖ ਮੰਤਰੀ ਜੀ ਘੱਟੋ ਘੱਟ ਆਪ ਵਿਸ਼ਵਾਸ ਦਿਵਾਉਣ ਕਿ 10-15 ਦਿਨਾਂ ਦੇ ਅੰਦਰ ਅੰਦਰ ਕਿਸਾਨਾਂ ਦੀ ਬਣਦੀ ਪੇਮੈਂਟ ਦਿਵਾ ਦਿੱਤੀ ਜਾਵੇਗੀ ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਇਹ ਮਸਲਾ ਕਾਫੀ ਗੰਭੀਰ ਹੈ । ਮੈਂ ਇਸ ਦਾ ਜਵਾਬ ਵੀ ਦੇ ਚੁੱਕਾ ਹਾਂ । ਜਿਹੜੇ ਪ੍ਰਾਈਵੇਟ ਮਿਲ ਮਾਲਕ ਹਨ ਉਹ ਕਿਸਾਨਾਂ ਨੂੰ ਗੰਨੇ ਦੀ ਪੇਮੈਂਟ ਨਹੀਂ ਦੇ ਰਹੇ ਹਨ । ਇਸ ਦੇ ਵਾਸਤੇ ਕੇਨ ਕਮਿਸ਼ਨਰ ਸਾਹਿਬ ਵਲੋਂ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਲਿਖਤੀ ਹਦਾਇਤ ਕੀਤੀ ਗਈ ਹੈ ਔਰ ਅੱਗੇ ਡਿਪਟੀ ਕਮਿਸ਼ਨਰਾਂ ਨੇ ਪ੍ਰਾਈਵੇਟ ਮਿੱਲ ਮਾਲਕਾਂ ਨੂੰ ਨੋਟਿਸ ਵੀ ਦੇ ਦਿੱਤੇ ਹਨ ਕਿ ਜੇਕਰ ਉਹ ਪੇਮੈਂਟ ਨਹੀਂ ਕਰਨਗੇ ਤਾਂ ਉਨ੍ਹਾਂ ਦੇ ਖਿਲਾਫ ਕੇਸ ਵੀ ਰਜਿਸਟਰ ਹੋਣਗੇ ਅਤੇ Recovery as arrears of land revenue ਵੀ ਕੀਤੀ ਜਾਵੇਗੀ ਔਰ ਉਨ੍ਹਾਂ ਦੀ ਪ੍ਰਾਪਰਟੀ ਵੀ ਕੁਰਕ ਕੀਤੀ ਜਾਵੇਗੀ । ਅਸੀਂ ਇਸ ਬਾਰੇ ਪੂਰੀ ਤਰ੍ਹਾਂ ਯਤਨਸ਼ੀਲ ਹਾਂ ਕਿ ਇਨ੍ਹਾਂ ਮਿਲਾਂ ਦੇ ਖਿਲਾਫ ਪੂਰੀ ਤਰਾਂ ਜ਼ੋਰਦਾਰ ਐਕਸ਼ਨ ਲਿਆ ਜਾਵੇ ।

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਨੋਟਿਸ ਵਿਚ ਇਕ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਕੁਝ ਦਿਨ ਪਹਿਲਾਂ ਏਥੇ ਸੇਖਵਾਂ ਸਾਹਿਬ ਨੇ ਵੀ ਇਕ ਘਟਨਾ ਬਾਰੇ ਜ਼ਿਕਰ ਕਰਦਿਆਂ ਗਰਾਂਟ ਦੀ ਮੰਗ ਕੀਤੀ ਸੀ । ਏਸੇ ਤਰ੍ਹਾਂ ਹੀ ਸਾਡੇ ਅੰਮ੍ਰਿਤਸਰ ਵੀ ਘਟਨਾ ਵਾਪਰੀ ਸੀ ਔਰ ਏਥੇ ਹਾਊਸ ਦੇ ਵਿਚ ਅਸੀਂ ਉਨ੍ਹਾਂ ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇ ਫੁੱਲ ਵੀ ਭੇਂਟ ਕੀਤੇ ਹਨ । ਏਥੇ ਇਤਿਹਾਸਕ ਜਗ੍ਹਾ ਰਾਮ ਤੀਰਥ ਹੈ ਜਿਥੇ 6 ਮੌਤਾਂ ਹੋ ਗਈਆਂ ਹਨ ਔਰ ਵਿਚਾਰੀਆਂ ਲੇਡੀ ਜ਼ਕੀਰਨੇ ਪਾ ਰਹੀਆਂ ਹਨ । ਇਹ ਬਹੁਤ ਹੀ ਗਰੀਬ ਲੋਕ ਹਨ, ਦਲਿੱਤ ਪਰਿਵਾਰਾਂ ਦੇ ਲੋਕ ਹਨ ਅਤੇ ਕਈ ਲੋਕ ਮੌਤ ਦੇ ਨਾਲ ਹਸਪਤਾਲਾਂ ਦੇ ਵਿਚ ਲੜ ਰਹੇ ਹਨ । ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਕੋਈ ਗਰਾਂਟ ਜਿੰਨੀ ਵੀ ਹੋ ਸਕੇ ਜ਼ਰੂਰ ਦਿਤੀ ਜਾਵੇ ਤਾਂ ਹੀ ਅਸੀਂ ਉਨ੍ਹਾਂ ਦੇ ਨਾਲ ਸੱਚੀ ਹਮਦਰਦੀ ਪ੍ਰਗਟ ਕਰ ਸਕਾਂਗੇ ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮ੍ਰਿਤਕਾਂ ਦੇ ਪਰਵਾਰਾਂ ਨੂੰ ਗਰਾਂਟ ਵੀ ਦਿੱਤੀ ਜਾਵੇਗੀ ਅਤੇ ਨਾਲ ਹੀ ਮੈਂ ਅੱਜ ਹੀ ਹਦਾਇਤ ਕਰਾਂਗਾ ਡਿਪਟੀ ਕਮਿਸ਼ਨਰ ਨੂੰ ਕਿ ਜਿਹੜੇ ਬਿਮਾਰ ਹਨ, ਹਸਪਤਾਲ ਵਿਚ ਹਨ, ਉਨ੍ਹਾਂ ਦਾ ਇਲਾਜ ਵੀ ਸਰਕਾਰੀ ਖਰਚ ਤੇ ਕਰਾਇਆ ਜਾਏ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਕ ਪਿੰਡ ਚੱਕ ਮਾਜਰੀ ਵਿਚ ਸ਼ਡਿਊਲਡ ਕਾਸਟ ਲੋਕਾਂ ਦੇ 45 ਘਰ ਹਨ ਅਤੇ ਉਨ੍ਹਾਂ ਦੀ ਇਕ ਕੋ-ਆਪਰੇਟਿਵ ਸੁਸਾਇਟੀ ਬਣੀ ਹੋਈ ਹੈ । ਸਾਲ 1958 ਵਿਚ ਵੈਲਫੇਅਰ ਡਿਪਾਰਟਮੈਂਟ ਵੱਲੋਂ ਉਨ੍ਹਾਂ ਨੂੰ ਫਾਰਮਰ ਵਜੋਂ 5-5 ਏਕੜ ਜ਼ਮੀਨ ਅਲਾਟ ਕੀਤੀ ਗਈ ਸੀ । ਉਹ ਲੋਕ ਉਥੇ ਕਾਸ਼ਤ ਕਰ ਰਹੇ ਹਨ ਅਤੇ ਉਨ੍ਹਾਂ ਦੇ ਨਾਂ ਜ਼ਮੀਨਾਂ ਦੇ ਇੰਤਕਾਲ ਵੀ ਹੋ ਚੁੱਕੇ ਹਨ ਅਤੇ ਉਹ ਮਾਲਕ ਬਣ ਚੁੱਕੇ ਹਨ । ਲੇਕਿਨ ਹੁਣ ਇਥੇ ਇਕ ਸ੍ਰੀ ਹਰਬੰਸ ਸਿੰਘ ਭੱਲਾ ਨਾਂ ਦੇ ਆਦਮੀ ਜਿਹੜਾ ਕਿ ਕਿਸਾਨ ਹੈ, ਨੇ ਝਗੜਾ ਕਰਕੇ ਉਨ੍ਹਾਂ ਦੀ ਜ਼ਮੀਨ ਉਤੇ ਕਬਜ਼ਾ ਕਰਨ ਦਾ ਯਤਨ ਕੀਤਾ । ਉਹ ਲੋਕ ਡਿਸਟ੍ਰਿਕਟ ਐਡ-ਮਨਿਸਟਰੇਸ਼ਨ ਕੋਲ ਗਏ । ਉਥੇ ਉਸ ਨੇ ਮਿਲ ਕੇ ਐਸ.ਡੀ.ਐਮ. ਕੋਲੋਂ ਦਫਾ 145 ਲਗਵਾ ਦਿੱਤੀ, ਫਿਰ ਉਹ ਲੋਕ ਹਾਈ ਕੋਰਟ ਵਿਚ ਗਏ । ਹਾਈ ਕੋਰਟ ਨੇ ਡਾਇਰੈਕਸ਼ਨ ਦਿੱਤੀ ਕਿ ਐਸ.ਡੀ.ਐਮ. ਵੱਲੋਂ ਦੁਬਾਰਾ ਸਬੂਤਾਂ ਨਾਲ ਕੇਸ ਵਿਚਾਰ ਕੇ ਫੈਸਲਾ ਕੀਤਾ ਜਾਵੇ । ਐਸ.ਡੀ.ਐਮ. ਨੇ ਦਫਾ 145 ਖਤਮ ਕਰਕੇ ਨਾਇਬ ਤਹਿਸੀਲਦਾਰ ਨੂੰ ਜ਼ਮੀਨ ਦਾ ਕਬਜ਼ਾ ਸ਼ਡਿਊਲਡ ਕਾਸਟ ਲੋਕਾਂ ਨੂੰ ਦੇਣ ਵਾਸਤੇ ਕਿਹਾ । ਪਰ ਉਹ ਨਾਇਬ ਤਹਿਸੀਲਦਾਰ ਉਨ੍ਹਾਂ ਨੂੰ ਕਬਜ਼ਾ ਨਹੀਂ ਦਿਲਵਾ ਰਿਹਾ (ਸ਼ੋਰ) (ਵਿਘਨ)

Minister for Parliamentary Affairs (Shri Madan Mohan Mittal): This is all sub-judice. The matter which is sub-judice cannot be raised in the House. ਚੌਧਰੀ ਸਾਹਿਬ, ਤੁਸੀਂ ਆਪ ਪਾਰਲੀਮੈਂਟੇਰੀਅਨ ਰਹੇ ਹੋ, ਤੁਹਾਨੂੰ ਪਤਾ ਹੀ ਹੈ ।

ਚੌਧਰੀ ਜਗਜੀਤ ਸਿੰਘ : ਇਹ ਹੁਣ ਕੋਰਟ ਦਾ ਕੇਸ ਨਹੀਂ ਰਿਹਾ । ਅਖ਼ਬਾਰਾਂ ਵਿਚ ਵੀ ਆਇਆ ਹੈ । ਨਾਇਬ ਤਹਿਸੀਲਦਾਰ ਉਨ੍ਹਾਂ ਨੂੰ ਕਬਜ਼ਾ ਨਹੀਂ ਦਿਵਾ ਰਿਹਾ । ਉਥੇ ਉਨ੍ਹਾਂ ਦੇ ਆਪਣੇ ਖੇਤਾਂ ਵਿਚ ਹੀ ਉਨ੍ਹਾਂ ਦਾ ਬਾਈਕਾਟ ਕੀਤਾ ਹੋਇਆ ਹੈ ਅਤੇ ਉਨ੍ਹਾਂ ਨੂੰ ਟੱਟੀ-ਪਿਸ਼ਾਬ ਨਹੀਂ ਜਾਣ ਦਿੱਤਾ ਜਾ ਰਿਹਾ । ਉਨ੍ਹਾਂ ਦੀ ਅਜੇ ਫਸਲ ਖੜੀ ਹੈ ਜਿਹੜੀ ਕਿ ਉਨ੍ਹਾਂ ਨੂੰ ਵੱਢਣ ਨਹੀਂ ਦਿੱਤੀ ਗਈ । ਕਣਕ ਖੜ੍ਹੀ ਹੈ, ਪੱਠੇ ਖੜ੍ਹੇ ਹਨ । ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਮਸਲੇ ਤੇ ਸਰਕਾਰ ਗੰਭੀਰਤਾ ਨਾਲ ਗੌਰ ਕਰੇ ਅਤੇ ਉਨ੍ਹਾਂ ਦੀ ਕੀਤੀ ਹੋਈ ਨਾਕਾਬੰਦੀ ਨੂੰ ਤੁੜਵਾਇਆ ਜਾਵੇ ਅਤੇ ਐਸ.ਡੀ.ਐਮ. ਦੇ ਹੁਕਮਾਂ ਅਨੁਸਾਰ ਉਨ੍ਹਾਂ ਦੀ ਜ਼ਮੀਨ ਮੁੜ ਕੇ ਉਨ੍ਹਾਂ ਨੂੰ ਦਿਵਾਈ ਜਾਵੇ । ਆਹ ਪੇਪਰ ਮੈਂ ਹਾਊਸ ਦੀ ਮੇਜ਼ ਤੇ ਰੱਖਦਾ ਹਾਂ ।

(ਇਸ ਵੇਲੇ ਚੌਧਰੀ ਜਗਜੀਤ ਸਿੰਘ ਵੱਲੋਂ ਕੁਝ ਪੇਪਰ ਮੇਜ਼ ਤੇ ਰੱਖੇ ਗਏ)

ਇਹ ਪੇਪਰ ਮਾਨਯੋਗ ਸਪੀਕਰ ਸਾਹਿਬ ਵਲੋਂ ਅਲਾਓ ਨਹੀਂ ਕੀਤੇ ਗਏ ਅਤੇ ਸਬੰਧਤ ਮੈਂਬਰ ਸਾਹਿਬ ਨੂੰ ਇਹ ਵਾਪਸ ਕਰ ਦਿੱਤੇ ਗਏ ।)

श्रीमती लक्ष्मी कांता चावला : अध्यक्ष महोदय, मैं सरकार के ध्यान में लाना चाहती हूं कि सरकार के जो कर्मचारी हैं, सुरक्षा कर्मी हैं, या हमारे विधायक साथियों के अतिथि जो मिलने के लिये आते हैं. वे बेचारे सभी बाहर बैठे रहते है । आजकल जब कि तापमान 42 डिग्री पर है उनके लिये बाहर बैठने का कोई प्रबन्ध नहीं है, टैंट का कोई प्रबन्ध नहीं है, पीने के लिए ठंडे पानी का कोई प्रबंध नहीं है । चाय पीने का कोई प्रबंध नहीं है ।हम तो यहां आकर ठंडे कमरे में बैठ जाते हैं । लेकिन वे बेचारे बाहर धूप में तपते हैं । क्या सरकार उनके लिये, उनकी सहुलियत के लिये पानी का, कंटीन का, टैंट का कोई आज से ही प्रबंध करेगी ? ठंडे पानी की छबील हरियाणा के राज्यपाल ने कल तो लगवाई थी, पंजाब की तो यह संस्कृति है,यह काम तो मुख्यमंत्रीजी के अपने अतिथी सरकार कोष से करना चाहिए ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਫਤਿਹਗੜ੍ਹ ਜ਼ਿਲ੍ਹੇ ਵਿਚ ਬਾਗੜੀਆਂ ਪਿੰਡ ਵਿਚ ਪੰਚਾਇਤੀ ਜ਼ਮੀਨ ਪਿਛੇ ਦੋ ਧੜਿਆਂ ਦੇ ਵਿਚ ਜੰਮ ਕੇ ਲੜਾਈ ਹੋਈ ਅਤੇ ਗੋਲੀਆਂ ਵੀ ਚੱਲੀਆਂ । ਉਥੇ ਪੁਲਿਸ ਆਈ ਅਤੇ ਸ਼ਡਿਊਲਡ ਕਾਸਟ ਵੀਰਾਂ ਨੂੰ ਇਸ ਤਰ੍ਹਾਂ ਚੁੱਕ ਕੇ ਲੈ ਗਈ ਜਿਸ ਤਰ੍ਹਾਂ ਭੇਡਾਂ ਨੂੰ ਲਿਜਾਈਦਾ ਹੈ, ਠਾਣੇ ਲੈ ਗਏ । ਇਸੇ ਤਰ੍ਹਾਂ ਹੀ ਪੰਚਾਇਤੀ ਜ਼ਮੀਨਾਂ ਉਤੇ ਕਬਜ਼ੇ ਦੇ ਝਗੜੇ ਪਿੰਡ ਫੱਗਣਮਾਜਰਾ, ਗੁਣੀਆਮਾਜਰੀ ਅਤੇ 15 ਹੋਰ ਪਿੰਡਾਂ ਵਿਚ ਵੀ ਲੜਾਈਆਂ ਹੋ ਰਹੀਆਂ ਹਨ । ਪੁਲਿਸ ਕਹਿੰਦੀ ਹੈ ਕਿ ਉਸ ਨੂੰ ਹੋਰ ਕੋਈ ਕੰਮ ਹੀ ਨਹੀਂ ਰਹਿ ਗਿਆ, ਕਦੀ ਕਬਜ਼ਾ ਦਿਵਾਉਣ ਜਾਓ, ਕਦੀ ਕਬਜ਼ਾ ਛੁਡਾਉਣ ਜਾਓ । ਇਸੇ ਤਰ੍ਹਾਂ ਜ਼ਮੀਨ ਉਤੇ ਨਜਾਇਜ਼ ਕਬਜ਼ੇ ਕਾਰਨ ਕੁਝ ਦਿਨ ਹੋਏ ਡੀ. ਸੀ. ਦੇ ਦਫਤਰ ਅੱਗੇ ਲੋਕਾਂ ਨੇ ਧਰਨਾ ਵੀ ਦਿੱਤਾ । ਕੁਝ ਦਿਨ ਹੀ ਪਹਿਲਾਂ ਟਿਕ ਪਿੰਡ ਵਾਸੀਆਂ ਨੇ ਜੀ.ਟੀ. ਰੋਡ ਉਤੇ ਧਰਨਾ ਦੇ ਕੇ ਟਰੈਫਿਕ ਜਾਮ ਕੀਤਾ । ਇਹ ਸਰਕਾਰ ਪਤਾ ਨਹੀਂ ਲੋਕਾਂ ਨੂੰ ਇਸੇ ਤਰ੍ਹਾਂ ਲੜਾ ਕੇ ਮਰਵਾਉਣਾ ਚਾਹੁੰਦੀ ਹੈ .(ਸ਼ੋਰ) (ਵਿਘਨ) ..

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਡਾਕਟਰ ਹਰਬੰਸ ਲਾਲ ਜੀ ਨੇ ਮੁੜ ਮੁੜ ਕੇ ਕਿਹਾ ਹੈ ਕਿ ਪੁਲੀਟੀਕਲ ਪਾਰਟੀਆਂ ਨੇ ਕਬਜ਼ੇ ਕਰਵਾਏ ਹਨ । ਕੀ ਇਹ ਦੱਸ ਸਕਦੇ ਹਨ ਕਿ ਕਿਸ ਪੁਲੀਟੀਕਲ ਪਾਰਟੀ ਨੇ ਕਬਜ਼ੇ ਕਰਵਾਏ ਹਨ ਕਿਉਂਕਿ ਕਬਜ਼ੇ ਕਰਾਉਣੇ ਇਨ੍ਹਾਂ ਦਾ ਹੀ ਕੰਮ ਹੈ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਇਹ ਸ਼ਹੀਦਾਂ ਦੀ ਧਰਤੀ ਤੇ ਧੱਕਾ ਹੋ ਰਿਹਾ ਹੈ, ਬੇਇਨਸਾਫੀ ਹੋ ਰਹੀ ਹੈ । ਪਰਸੋਂ ਡਿਪਟੀ ਕਮਿਸ਼ਨਰ ਦੇ ਦਫਤਰ ਦੇ ਸਾਹਮਣੇ ਧਰਨਾ ਦਿੱਤਾ ਗਿਆ..

ਸ੍ਰੀ ਸਪੀਕਰ : ਡਾਕਟਰ ਹਰਬੰਸ ਲਾਲ ਜੀ, ਗੱਲ ਕਰੋ ਜਿਹੜੀ ਕਰਨੀ ਹੈ ਨਹੀਂ ਤਾਂ ਬੈਠ ਜਾਓ, ਮੈਂ ਤੁਹਾਡੀ ਗਲ ਸੁਣ ਲਈ ਹੈ । ਹੁਣ ਆਪਾਂ ਮੋਫਰ ਸਾਹਿਬ ਦੀ ਗੱਲ ਸੁਣਦੇ ਹਾਂ ਮੋਫਰ ਸਾਹਿਬ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ..

(ਇਸ ਸਮੇਂ ਸੰਸਦੀ ਮਾਮਲਿਆਂ ਦੇ ਮੰਤਰੀ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ) ।

ਸ੍ਰੀ ਸਪੀਕਰ : ਮਿੱਤਲ ਸਾਹਿਬ ।

ਖੁਰਾਕ ਅਤੇ ਸਪਲਾਈ. ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਅਸੀਂ ਬੀ.ਏ.ਸੀ. ਦੀ ਮੀਟਿੰਗ ਵਿਚ ਬੈਠ ਕੇ ਫੈਸਲਾ ਕੀਤਾ ਸੀ ਕਿ ਹਰ ਇਕ ਪਾਰਟੀ ਦੇ ਇਕ ਇਕ ਮੈਂਬਰ ਨੂੰ ਜ਼ਰੂਰੀ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਜਾਵੇਗਾ । ਉਸ ਅਨੁਸਾਰ ਤੁਸੀਂ ਸਭ ਨੂੰ ਅਤੇ ਸਾਡੀ ਪਾਰਟੀ ਨੂੰ ਵੀ ਠੀਕ ਤਰੀਕੇ ਨਾਲ ਮੌਕਾ ਦਿੱਤਾ ਹੈ ਅਤੇ ਸਭ ਨੇ ਆਪਣੇ ਆਪਣੇ ਮੁੱਦੇ ਉਠਾਏ ਹਨ, ਇਸ ਵਿਚ ਕੋਈ ਪ੍ਰਾਬਲਮ ਨਹੀਂ ਹੈ । ਅਗਰ, ਸਪੀਕਰ ਸਾਹਿਬ ਨੇ ਕਿਸੇ ਨੂੰ ਕਹਿ ਦਿਤਾ ਕਿ ਬੰਦ ਕਰ ਦੇਵੋ ਤਾਂ We should obey the chair ਇਹ ਸੈਂਟੀਮੈਂਟਸ ਸਾਰਿਆਂ ਵਿਚ ਹੋ ਸਕਦਾ ਹੈ । we can't understand this. ਅਗਰ ਅਸੀਂ ਰੂਲ ਦੇ ਮੁਤਾਬਿਕ ਚਲੀਏ ਤਾਂ ਵੈਸੇ ਤਾਂ ਜ਼ੀਰੋ-ਆਵਰ ਹੈ ਹੀ ਨਹੀਂ ਪਰ ਅਸੀਂ ਕਨਵੈਨਸ਼ਨ ਬਣਾ ਲਈ ਹੈ । (ਇਕ ਆਵਾਜ਼ ਇਹ ਤੁਸੀਂ ਹੀ ਬਣਾਈ ਹੈ) ਠੀਕ ਹੈ I am supporting ਇਹ ਕਨਵੈਨਸ਼ਨ ਅਸੀਂ ਜਿਸ ਦਿਨ ਪਹਿਲੇ ਦਿਨ ਹੀ ਆ ਕੇ ਟਰੇਜ਼ਰੀ ਬੈਂਚਿਜ਼ ਤੇ ਬੈਠੇ ਸੀ, ਅਸੀਂ ਕਿਹਾ ਸੀ ਹਰ ਪਾਰਟੀ ਦਾ ਇਕ ਇਕ ਮੈਂਬਰ ਜ਼ੀਰੋ-ਆਵਰ ਵੇਲੇ ਜ਼ਰੂਰੀ ਮੁੱਦੇ ਤੇ ਬੋਲ ਲਵੇ । ਇਸ ਨਾਲ ਸਦਨ ਵਿਚ ਡੈਕੋਰਮ ਵੀ ਰਹੇਗਾ ਅਤੇ ਜੋ ਮੈਂਬਰ ਸਾਹਿਬਾਨ ਦਾ ਜ਼ੀਰੋ-ਆਵਰ ਦਾ ਰਾਈਟ ਹੈ, ਉਹ ਵੀ ਪੂਰਾ ਹੋ ਜਾਵੇਗਾ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ. ਪੁਆਇੰਟ ਆਫ ਆਰਡਰ,ਸਪੀਕਰ ਸਾਹਿਬ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੜਾ ਸਨਸਨੀ-ਖੇਜ਼ ਮਾਮਲਾ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ । ਬੜਾ ਤਕੜਾ ਜਿਵੇਂ ਬਿਹਾਰ ਵਿਚ ਚਾਰਾ ਸਕੈਂਡਲ ਹੋਇਆ ਹੈ, ਇਥੇ ਵੀ ਖਾਦ ਵਿਚ ਸਕੈਂਡਲ ਹੋਇਆ ਹੈ । ਸਪੀਕਰ ਸਾਹਿਬ, ਸੈਂਟਰ ਵੱਲੋਂ ਜਿਹੜੀ ਸਬਸਿਡੀ 340 ਰੁਪਏ ਪ੍ਰਤੀ ਟਨ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ ਅਤੇ ਕਰੋੜਾਂ ਰੁਪਏ ਦੀ ਬਣਦੀ ਹੈ, ਪਹਿਲੀ ਤਾਂ ਬੇਨਤੀ ਹੈ ਕਿ ਇਹ ਤੁਰੰਤ ਰੋਕ ਲਈ ਜਾਵੇ ਅਤੇ ਉਹ ਫੈਕਟਰੀ ਨੂੰ ਨਹੀਂ ਜਾਣੀ ਚਾਹੀਦੀ ਕਿਉਂਕਿ 1995 ਤੋਂ ਜਿਹੜੀ ਕਰੋੜਾਂ ਰੁਪਏ ਦੀ ਸਬਸਿਡੀ ਗੌਰਮਿੰਟ ਵਲੋਂ ਖਾਦ ਫੈਕਟਰੀ ਨੂੰ ਭੇਜੀ ਗਈ ਹੈ, ਕਿਸਾਨਾਂ ਨੂੰ ਉਸਦਾ ਕੋਈ ਫਾਇਦਾ ਨਹੀਂ ਹੋਇਆ । 1995 ਵਿਚ ਚੌਕਸੀ ਵਿਭਾਗ ਨੇ ਕੇਸ ਦਰਜ ਕੀਤਾ ਸੀ ਅਤੇ ਉਹ ਇਨਕੁਆਰੀ ਤਕਰੀਬਨ ਫਾਈਨਲ ਸਟੇਜ ਤੇ ਪੁੱਜ ਚੁੱਕੀ ਹੈ, ਇਸ ਵਿਚ ਕਾਫੀ ਘਪਲਾ ਹੋਇਆ ਹੈ । ਇਸ ਸਬਸਿਡੀ ਨੂੰ ਤੁਰੰਤ ਰੋਕਿਆ ਜਾਵੇ । ਸਪੀਕਰ ਸਾਹਿਬ, ਫੈਕਟਰੀ ਦੇ ਮਾਲਕਾਂ ਨੇ ਇਲੈਕਸ਼ਨ ਦੇ ਦੌਰਾਨ ਕਰੋੜਾਂ ਰੁਪਏ ਕੁਝ ਪੁਲੀਟੀਕਲ ਲੀਡਰਾਂ ਨੂੰ ਦਿੱਤੇ ਹਨ, ਇਸ ਪ੍ਰਕਾਰ ਕਿਸਾਨਾਂ ਨਾਲ ਬੜਾ ਧੱਕਾ ਹੋ ਰਿਹਾ ਹੈ, ਇਸਦੇ ਵੱਲ ਜ਼ਰੂਰ ਧਿਆਨ ਦਿੱਤਾ ਜਾਵੇ ।

ਰਾਜਾ ਨਰਿੰਦਰ ਸਿੰਘ : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੀ ਸਾਰੇ ਮੈਂਬਰ ਸਾਹਿਬਾਨ ਦਾ ਮੈਡੀਕਲ ਚੈੱਕ-ਅੱਪ ਹੋ ਕੇ ਤੁਹਾਡੇ ਕੋਲ ਰਿਪੋਰਟ ਪੁੱਜ ਗਈ ਹੈ ? (ਹਾਸਾ)

ਸਰਦਾਰ ਬਲਦੇਵ ਸਿੰਘ ਖਿਆਲਾ: ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੋ ਸਾਡੇ ਸਤਿਕਾਰ ਯੋਗ ਮੈਂਬਰ ਬੀਬੀ ਚਾਵਲਾ ਜੀ ਨੇ ਪਾਬਲਮ ਰੱਖੀ ਹੈ ਉਹ ਸਾਡੀ ਸਭ ਦੀ ਸਾਂਝੀ ਹੈ ਕਿ ਜਿੰਨੇ ਵੀ ਸਾਡੇ ਨਾਲ ਗੰਨਮੈਨ ਜਾਂ ਸਾਨੂੰ ਮਿਲਣ ਵਾਸਤੇ ਲੋਕ ਆਉਂਦੇ ਹਨ, ਉਨ੍ਹਾਂ ਨੂੰ ਬਾਹਰ ਧੁੱਪ ਵਿੱਚ ਬੈਠਣਾ ਪੈਂਦਾ ਹੈ। ਉਥੇ ਪਾਣੀ ਦਾ ਵੀ ਕੋਈ ਪ੍ਰਬੰਧ ਨਹੀਂ ਹੈ, ਕੋਈ ਟੂਟੀ ਨਹੀਂ ਹੈ। ਸਪੀਕਰ ਸਾਹਿਬ, ਛੋਟੀਆਂ-ਛੋਟੀਆਂ ਜਗ੍ਹਾ ਤੇ ਵੀ ਉਡੀਕ ਘਰ ਬਣੇ ਹੋਏ ਹਨ। ਇਸ ਕਰਕੇ ਇਨ੍ਹਾਂ ਦਾ ਟੈਂਪਰੇਰੀ ਪ੍ਰਬੰਧ ਕਰਨਾ ਚਾਹੀਦਾ ਹੈ। ਛਾ[illegible]ਾ ਲਗਾਇਆ ਜਾਵੇ ਤਾਂ ਕਿ ਜਿਹੜੇ ਬੰਦੇ ਸਾਨੂੰ ਮਿਲਣ ਆਉਂਦੇ ਹਨ, ਉਹ ਉਥੇ ਬੈਠ ਕੇ ਉਡੀਕ ਸਕਣ। ਇਹ ਬੜੀ ਜ਼ਰੂਰੀ ਗੱਲ ਹੈ। ਇਸ ਕਰਕੇ ਮੁੱਖ ਮੰਤਰੀ ਜੀ ਇਸ ਬਾਰੇ ਧਿਆਨ ਦੇਣ ਅਤੇ ਤੁਰੰਤ ਕੋਈ ਪ੍ਰਬੰਧ ਕਰਨ ਦੀ ਖੇਚਲ ਕਰਨ।

ਮਾਸਟਰ ਮੋਹਨ ਲਾਲ : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ। ਮੈਂ ਹਾਊਸ ਦਾ ਧਿਆਨ ਇੱਕ ਜ਼ਰੂਰੀ ਮਤੇ ਵੱਲ ਦਿਵਾਉਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਥੀਨ ਡੈਮ ਦੇ ਮਸਲੇ ਬਾਰੇ ਸੀ.ਐਮ. ਸਾਹਿਬ ਨੇ ਬੜਾ ਅੱਛਾ ਜਵਾਬ ਦਿੱਤਾ ਹੈ ਕਿ ਇਸ ਨੂੰ 1998 ਤੱਕ ਕੰਪਲੀਟ ਕਰ ਦਿੱਤਾ ਜਾਵੇਗਾ। ਪਰੰਤ ਸਪੀਕਰ ਸਾਹਿਬ, ਉਥੇ 500 ਡੈਮ ਆਊਸਟੀਜ਼ ਨੂੰ ਹਾਲੇ ਤੱਕ ਇੰਪਲਾਇਮੈਂਟ ਨਹੀਂ ਦਿੱਤੀ ਗਈ। ਉਹ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ। ਉਨ੍ਹਾਂ ਦੀਆਂ ਜ਼ਮੀਨਾਂ ਜਾਇਦਾਦਾਂ, ਦਰਖਤ ਸਭ ਚਲ ਗਏ ਹਨ। ਮੁੱਖ ਮੰਤਰੀ ਜੀ ਨੇ ਇਹ ਐਸ਼ਿਓਰੈਂਸ ਦਿੱਤੀ ਸੀ ਕਿ ਉਨ੍ਹਾਂ ਦੇ ਪਰਿਵਾਰ ਵਿਚੋਂ ਇੱਕ ਬੰਦੇ ਨੂੰ ਥੀਨ ਡੈਮ ਵਿਚ ਨੌਕਰੀ ਮਿਲੇਗੀ ਪਰੰਤੂ ਹੁਣ ਇੱਕ ਸਾਲ ਇਹ ਡੈਮ ਕੰਪਲੀਟ ਹੋਣ ਵਿਚ ਰਹਿ ਗਿਆ ਹੈ। ਹਾਲੇ ਤੱਕ ਉਨ੍ਹਾਂ 500 ਡੈਮ ਆਊਸਟੀਜ਼ ਨੂੰ ਨੌਕਰੀ ਨਹੀਂ ਦਿੱਤੀ ਗਈ। ਮੈਂ ਇਹ ਐਸ਼ਿਓਰੈਂਸ ਚਾਹੁੰਦਾ ਹਾਂ ਕਿ ਕੀ ਉਨ੍ਹਾਂ 500 ਆਊਸਟੀਜ਼ ਨੂੰ ਜਲਦੀ ਐਡਜਸਟ ਕਰ ਦਿੱਤਾ ਜਾਵੇਗਾ? ਸੀ. ਐਮ. ਸਾਹਿਬ ਮਿਹਰਬਾਨੀ ਕਰਕੇ ਇਸ ਬਾਰੇ ਕੁਝ ਕਹਿਣ।

ELECTION OF DEPUTY SPEAKER

Mr. Speaker : Now the House will proceed to elect the Deputy Speaker.

Chief Minister (Sardar Parkash Singh Badal) : Sir, I beg to move—

That Chaudhary Swarna Ram, a member of the Punjab Vidhan Sabha, who is present in the House, be elected as Deputy Speaker of the House.

Minister for Local Government, Health and Family Welfare and Medical Education (Shri Balramji Dass Tandon): Sir, I second this motion.

Mr. Speaker : Motion moved—

> *That Chaudhary Swarna Ram, a member of the Punjab Vidhan Sabha, who is present in the House, be elected as Deputy Speaker of the House.*

Mr. Speaker : Is there any other proposal ?

(No other proposal was put forward by any other Hon'ble Member).

Mr. Speaker : Since there is no other proposal, I declare Chaudhary Swarna Ram, elected as Deputy Speaker of the House unanimously.

(Thumping)

(At this stage Chief Minister, Minister for Local Government, Health and Family Welfare and Medical Education and Minister for Food and Supplies, Public Health and Parliamentary Affairs conducted Chaudhary Swarna Ram to the Chair of the Deputy Speaker).

(Thumping)

Mr. Speaker : C. M. Sahib.

CONGRATULATORY SPEECHES

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਬਹੁਤ ਖੁਸ਼ੀ ਦੀ ਗੱਲ ਹੈ ਕਿ ਸਾਰੇ ਸਦਨ ਨੇ ਯੂਨਾਨੀਮਸਲੀ ਚੌਧਰੀ ਸਵਰਨਾ ਰਾਮ ਨੂੰ ਡਿਪਟੀ ਸਪੀਕਰ ਇਲੈਕਟ ਕੀਤਾ ਹੈ । (ਥੰਪਿੰਗ) ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਦਾ ਧੰਨਵਾਦੀ ਹਾਂ ਕਿ ਮੈਂ ਕੱਲ੍ਹ ਇਨ੍ਹਾਂ ਨਾਲ ਇਹ ਸੁਝਾਅ ਡਿਸਕਸ ਕੀਤਾ ਸੀ ਅਤੇ ਇਨ੍ਹਾਂ ਬੜੀ ਖੁਸ਼ੀ ਨਾਲ ਉਸ ਦੀ ਪ੍ਰਵਾਨਗੀ ਦੇ ਦਿੱਤੀ ਹੈ । ਸਭ ਤੋਂ ਵੱਡੀ ਖੁਸ਼ੀ ਮੈਨੂੰ ਇਸ ਗੱਲ ਦੀ ਹੋ ਰਹੀ ਹੈ ਕਿ ਇਸ ਸਦਨ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਨ੍ਹਾਂ ਦੇ ਮਨ ਵਿੱਚ, ਦਿਲ ਵਿੱਚ ਦਲਿਤ ਭਰਾਵਾਂ ਦਾ ਕਿੰਨਾ ਸਤਿਕਾਰ ਹੈ । (ਥੰਪਿੰਗ) ਸਾਨੂੰ ਸਪੀਕਰ ਸਾਹਿਬ, ਮਾਣ ਹੈ ਕਿ ਤੁਸੀਂ ਵੀ ਉਸ ਬਰਾਦਰੀ ਨਾਲ ਤਾਅਲੁੱਕ ਰੱਖਦੇ ਹੋ । ਭਾਵੇਂ ਅਸੀਂ ਜਾਤ ਬਰਾਦਰੀਆਂ ਦੇ ਚੱਕਰ ਵਿੱਚ ਨਹੀਂ ਪੈਣਾ ਚਾਹੁੰਦੇ ਲੇਕਿਨ ਫਿਰ ਵੀ ਅੱਜ ਖੁਸ਼ੀ ਵਿਚ ਵਾਧਾ ਹੋਇਆ ਹੈ ਕਿ ਚੌਧਰੀ ਸਵਰਨਾ ਰਾਮ ਜੀ ਵੀ ਇੱਕ ਦਲਿਤ ਵਰਗ ਨਾਲ ਤਾਅਲੁੱਕ ਰੱਖਦੇ ਹਨ । (ਥੰਪਿੰਗ) ਮੇਰਾ ਖਿਆਲ ਹੈ ਕਿ ਇਹ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਦਫ਼ਾ ਹੋਇਆ ਹੈ ਕਿ ਸਪੀਕਰ ਸਾਹਿਬ ਵੀ ਦਲਿਤ ਵਰਗ ਨਾਲ ਤਾਅਲੁੱਕ ਰੱਖਣ ਵਾਲੇ ਹਨ ਅਤੇ ਡਿਪਟੀ ਸਪੀਕਰ ਸਾਹਿਬ ਵੀ ਦਲਿਤ ਵਰਗ ਨਾਲ ਤਾਅਲੁੱਕ ਰੱਖਣ

[ਮੁੱਖ ਮੰਤਰੀ]

ਵਾਲੇ ਹਨ । ਜਿੱਥੇ ਇਹ ਖੁਸ਼ੀ ਹੋਈ ਹੈ, ਉਥੇ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਚੌਧਰੀ ਸਵਰਨਾ ਰਾਮ ਜੀ ਇਸ ਪੋਸਟ ਲਈ ਬਹੁਤ ਯੋਗ ਹਨ । ਇਹ ਬਹੁਤ ਹੀ ਪੜ੍ਹੇ ਲਿਖੇ ਹਨ । ਇਨ੍ਹਾਂ ਨੇ ਗਰੀਬ ਵਰਗ ਤੋਂ ਉਠ ਕੇ ਏਨੀ ਪੜ੍ਹਾਈ ਕੀਤੀ ਹੈ, ਇਹ ਬੀ. ਏ. ਆਨਰਜ਼ ਵੀ ਹਨ ਔਰ ਲਾਅ ਗਰੈਜੂਏਟ ਵੀ ਹਨ । ਇਹ ਐਡਵੋਕੇਟ ਵੀ ਰਹੇ ਹਨ ਔਰ ਕਾਂਸਟੀਚਿਊਸ਼ਨ ਦੇ ਪੂਰੇ ਜਾਣਕਾਰ ਹਨ । ਇਹ ਪਾਰਲੀਮੈਂਟਰੀ ਸਿਸਟਮ ਤੋਂ ਪੂਰੇ ਵਾਕਫ ਹਨ । ਇਸ ਲਈ ਜੋ ਇਨ੍ਹਾਂ ਦੀ ਚੋਣ ਹੈ, ਉਹ ਸਾਰੇ ਹਾਊਸ ਦਾ ਮਾਣ ਵਧਾਏਗੀ । ਦੂਜਾ, ਸਪੀਕਰ ਸਾਹਿਬ, ਇਹ ਹੇਠਾਂ ਤੋਂ ਉਠ ਕੇ ਆਏ ਹਨ । ਅੱਜ-ਕਲ੍ਹ ਸਿਆਸਤ ਵਿੱਚ ਕੁਝ ਲੋਕ ਛੇਤੀ ਆ ਜਾਂਦੇ ਹਨ, ਉਤੋਂ ਹੀ ਆ ਜਾਂਦੇ ਹਨ ਲੇਕਿਨ ਇਨ੍ਹਾਂ ਨੇ ਆਪਣੀ ਸਿਆਸਤ ਪੰਚਾਇਤ ਦੇ ਮੈਂਬਰ ਬਣਨ ਤੋਂ ਸ਼ੁਰੂ ਕੀਤੀ ਹੈ । (ਥੰਪਿੰਗ) ਫਿਰ ਇਹ ਬਲਾਕ ਸੰਮਤੀ ਦੇ ਮੈਂਬਰ ਬਣੇ, ਫਿਰ ਮਾਰਕਿਟ ਕਮੇਟੀ ਦੇ ਮੈਂਬਰ ਬਣੇ ਔਰ ਆਹਿਸਤਾ ਆਹਿਸਤਾ ਇਹ ਲੋਕਾਂ ਦੀ ਸੇਵਾ ਕਰਦੇ ਹੋਏ, ਸਮਾਜ ਦੀ ਸੇਵਾ ਕਰਦੇ ਹੋਏ ਵਧਦੇ ਗਏ । ਇਸ ਵੇਲੇ ਇਹ ਬੀ. ਜੇ. ਪੀ. ਦੇ ਵਾਈਸ ਪ੍ਰੈਜ਼ੀਡੈਂਟ ਵੀ ਹਨ । ਪਹਿਲਾਂ ਜਨਰਲ ਸੈਕ੍ਰੇਟਰੀ ਵੀ ਰਹੇ ਹਨ । ਇਸ ਲਈ ਮੈਂ ਫਖਰ ਤੇ ਮਾਣ ਨਾਲ ਕਹਿ ਸਕਦਾ ਹਾਂ ਕਿ ਜੇ ਇਨ੍ਹਾਂ ਨੂੰ ਮੈਨ ਆਫ ਮਾਸਿਜ਼ ਕਿਹਾ ਜਾ ਸਕੇ ਤਾਂ ਕੋਈ ਗਲਤ ਗੱਲ ਨਹੀਂ ਹੋਏਗੀ । ਸਪੀਕਰ ਸਾਹਿਬ, ਮੈਂ ਚੌਧਰੀ ਸਵਰਨਾ ਰਾਮ ਜੀ ਨੂੰ ਫਿਰ ਵਧਾਈ ਦਿੰਦਾ ਹਾਂ ਔਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਚੋਣ ਨਾਲ ਜੋ ਸਦਨ ਵਿਚ ਕੰਮ ਚਲੇਗਾ, ਉਸ ਵਿੱਚ ਤੁਹਾਡੀ ਮਦਦ ਹੋਏਗੀ ਅਤੇ ਤੁਹਾਨੂੰ ਬਹੁਤ ਚੰਗੇ ਸਾਥੀ ਵੀ ਲਭ ਗਏ ਹਨ ਔਰ ਨਾਲ ਹੀ ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹੈ ਕਿ ਤੁਸੀਂ ਇਸ ਚੇਅਰ ਤੇ ਬੈਠ ਕੇ ਆਪਣਾ ਫਰਜ਼ ਤਾਂ ਅਦਾ ਕਰਨਾ ਹੀ ਹੈ ਪਰ ਮੈਂ ਕਹਿੰਦਾ ਹਾਂ ਕਿ ਸਾਨੂੰ ਭਾਵੇਂ ਕਦੇ ਇਗਨੋਰ ਕਰ ਦੇਣਾ ਪਰ ਆਪੋਜੀਸ਼ਨ ਨੂੰ ਇਗਨੋਰ ਨਾ ਕਰਨਾ । (ਥੰਪਿੰਗ) ਅਸੀਂ ਹਮੇਸ਼ਾਂ ਆਪੋਜ਼ੀਸ਼ਨ ਦਾ ਸਤਿਕਾਰ ਕਰਦੇ ਹਾਂ । ਹਰ ਡੈਮੋਕ੍ਰੇਸੀ ਵਿਚ ਆਪੋਜੀਸ਼ਨ ਦਾ ਰੋਲ ਹੁੰਦਾ ਹੈ ਔਰ ਹੋਣਾ ਚਾਹੀਦਾ ਹੈ । ਇਸ ਲਈ ਮੈਂ ਤੁਹਾਨੂੰ ਇਹ ਬੇਨਤੀ ਜ਼ਰੂਰ ਕਰਾਂਗਾ ਕਿ ਹਰ ਇਕ ਨੂੰ ਇਨਸਾਫ ਮਿਲੇ, ਹਰ ਇਕ ਪਾਰਟੀ ਨੂੰ ਉਸ ਦਾ ਹੱਕ ਮਿਲੇ ਔਰ ਡੈਮੋਕ੍ਰੇਟਿਕ ਯੁੱਗ ਵਿੱਚ ਜੋ ਸਦਨ ਦੀ ਡਿਊਟੀ ਹੈ, ਉਹ ਅਸੀਂ ਚੰਗੀ ਤਰ੍ਹਾਂ ਨਿਭਾਅ ਸਕੀਏ । ਮੈਂ ਫਿਰ ਦਿਲ ਦੀਆਂ ਗਹਿਰਾਈਆਂ ਤੇ ਚੌਧਰੀ ਸਵਰਨਾ ਰਾਮ ਜੀ ਨੂੰ ਵਧਾਈ ਦਿੰਦਾ ਹਾਂ । ਬਹੁਤ ਬਹੁਤ ਧੰਨਵਾਦ ।

(ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ ਇਸ ਵੇਲੇ ਬੋਲਣ ਲਈ ਖੜ੍ਹੇ ਹੋਏ ।)

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਇਹ ਰਵਾਇਤ ਬੜੀ ਗਲਤ ਹੈ । ਬੀ. ਜੇ. ਪੀ. ਅਤੇ ਅਕਾਲੀ ਪਾਰਟੀ ਵੱਖਰੀ ਵੱਖਰੀ ਤਾਂ ਹੈ ਨਹੀਂ ।

ਸ਼੍ਰੀ ਸਪੀਕਰ : ਤੁਸੀਂ ਬੋਲ ਲਵੋ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ (ਲਹਿਰਾ) : ਸਪੀਕਰ ਸਾਹਿਬ, ਅੱਜ ਸਾਡੇ ਹਾਊਸ ਦੇ ਨਵੇਂ ਚੁਣੇ ਗਏ ਡਿਪਟੀ ਸਪੀਕਰ ਚੌਧਰੀ ਸਵਰਨਾ ਰਾਮ ਜੀ ਨੂੰ ਸਭ ਤੋਂ ਪਹਿਲਾਂ

ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਮੁਬਾਰਕਬਾਦ ਦਿੰਦੀ ਹਾਂ । ਉਹ ਇਸ ਅਹੁਦੇ ਦੇ ਕਾਬਲ ਹੀ ਸਨ । ਜਿਸ ਤਰ੍ਹਾਂ ਲੀਡਰ ਆਫ ਦੀ ਹਾਊਸ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਦੱਸਿਆ ਉਹ ਸਚਮੁੱਚ ਹੀ ਛੋਟੇ ਪਰਿਵਾਰ, ਛੋਟੇ ਹਾਲਾਤ ਵਿਚੋਂ ਉਠ ਕੇ ਵਡੀਆਂ ਸੋਚਾਂ ਲੈ ਕੇ ਆਏ ਹਨ, ਵੱਡੀਆਂ ਕਾਬਲੀਅਤਾਂ ਔਰ ਵੱਡੀਆਂ ਜ਼ਿੰਮੇਵਾਰੀਆਂ ਲੈ ਕੇ, ਸ਼ੁਰੂ ਤੋਂ ਹੀ ਉਹ ਇਨ੍ਹਾਂ ਤੇ ਪਹਿਰਾ ਦਿੰਦੇ ਰਹੇ । ਗਰੀਬ ਪਰਿਵਾਰ ਦੇ ਵਿਚ ਪੈਦਾ ਹੋਣਾ ਅਤੇ ਗਰੀਬਾਂ ਦੀਆਂ ਸਮੱਸਿਆਵਾਂ ਸਮਝਣਾ, ਗਰੀਬਾਂ ਦੀ ਮਦਦ ਕਰਨਾ ਸਭ ਤੋਂ ਵੱਡੀ ਗੱਲ ਸਮਝੀ ਜਾਂਦੀ ਹੈ ਜੋ ਕਿ ਇਨ੍ਹਾਂ ਦੇ ਕੋਲ ਮੌਜੂਦ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਨ੍ਹਾਂ ਕੋਲ ਕਾਬਲੀਅਤ ਵੀ ਹੈ, ਸਿਆਣਪ ਵੀ ਹੈ ਅਤੇ ਸੂਝ ਬੂਝ ਵੀ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਜਿੰਨਾ ਮਾਣ ਦਿੱਤਾ ਗਿਆ ਹੈ, ਉਸ ਤੋਂ ਵੱਧ ਉਹ ਆਪਣੀ ਕਾਬਲੀਅਤ ਦਾ ਸਬੂਤ ਦੇ ਕੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣਗੇ । ਇਹ ਮੈਨੂੰ ਆਸ ਹੈ । ਕਲ੍ਹ ਹੀ ਗੱਲ ਕੀਤੀ ਸੀ ਬਾਦਲ ਸਾਹਿਬ ਨੇ ਕਿ ਅਸੀਂ ਅੱਛੀਆਂ ਪ੍ਰੰਪਰਾਵਾਂ ਬਣਾਉਣ ਲੱਗੇ ਹਾਂ ਕਿਉਂਕਿ ਪਾਲੇਟਿਕਸ ਵਿਚ ਜੋ ਸਾਡੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਅੱਛੇ ਤਰੀਕੇ ਦੇ ਨਾਲ, ਅੱਛੀਆਂ ਰਵਾਇਤਾਂ ਨਾਲ, ਮਾਣ-ਮਰਿਯਾਦਾ ਕਾਇਮ ਕਰਕੇ ਲੈ ਕੇ ਚਲੀਏ ਤਾਂ ਅੱਛੀ ਗੱਲ ਹੁੰਦੀ ਹੈ ਜੋ ਕਿ ਰਾਜਸੀ ਜੀਵਨ ਦੇ ਵਿੱਚ ਸਭ ਤੋਂ ਔਖੀ ਪਰ ਵੱਡੀ ਗੱਲ ਹੁੰਦੀ ਹੈ । ਜਿਥੇ ਇਨ੍ਹਾਂ ਨੂੰ ਮੈਂ ਇਸ ਗੱਲ ਦੀ ਵਧਾਈ ਦੇਣੀ ਚਾਹੁੰਦੀ ਹਾਂ ਉਥੇ ਇਕ ਗਲ ਕਹਿਣੀ ਚਾਹਾਂਗੀ ਕਿ ਜੋ ਸਾਡੇ ਵਿੱਚ ਲੇਡੀਜ਼ ਬਾਰੇ 33% ਦੀ ਗੱਲ ਚਲਦੀ ਹੈ ਕਿਉਂਕਿ ਸਾਡੇ ਹਾਊਸ ਦੇ ਵਿੱਚ ਕਈ ਬੀਬੀਆਂ ਬੜੀਆਂ ਕਾਬਲ ਬੈਠੀਆਂ ਹਨ ਜਿਵੇਂ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੀ ਹਨ ਜੋ ਕਿ ਬੜੀ ਦਲੇਰੀ ਦੇ ਨਾਲ ਹਰ ਗੱਲ ਨੂੰ ਕਹਿਣ ਦੇ ਗੁਣ ਰੱਖਦੇ ਹਨ । ਇਸ ਲਈ ਖੁਸ਼ੀ ਹੋਵੇਗੀ ਜੇਕਰ ਇਕ ਹੋਰ ਲੇਡੀ ਨੂੰ ਡਿਪਟੀ ਸਪੀਕਰ ਚੁਣ ਲਿਆ ਜਾਵੇ ਤਾਂ ਕਿ ਸਾਰਿਆਂ ਦੀ ਮਨਸ਼ਾ ਪੂਰੀ ਹੋ ਸਕੇ । ਲੇਕਿਨ ਇਸ ਦੇ ਬਾਵਜੂਦ ਮੈਂ ਇਨ੍ਹਾਂ ਨੂੰ ਆਪਣੇ ਵਲੋਂ ਅਤੇ ਆਪਣੀ ਪਾਰਟੀ ਵੱਲੋਂ ਹਾਰਦਿਕ ਮੁਬਾਰਕਬਾਦ ਦਿੰਦੀ ਹਾਂ । ਧੰਨਵਾਦ ।

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ): ਸਪੀਕਰ ਸਾਹਿਬ, ਮੈਂ ਆਪਣੇ ਸੀ.ਪੀ.ਆਈ. ਗਰੁੱਪ ਵਲੋਂ ਜੋ ਚੌਧਰੀ ਸਵਰਨਾ ਰਾਮ ਜੀ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ ਹੈ, ਪਾਰਲੀਮੈਂਟਰੀ ਸਿਸਟਮ ਦੇ ਵਿਚ ਡਿਪਟੀ ਸਪੀਕਰ ਦਾ ਅਹੁਦਾ ਬੜਾ ਸਤਿਕਾਰ ਵਾਲਾ ਅਹੁਦਾ ਹੈ ਜੋ ਉਨ੍ਹਾਂ ਦੀ ਚੋਣ ਸਰਬਸੰਮਤੀ ਨਾਲ ਹੋਈ । ਬੜੀ ਖੁਸ਼ੀ ਦੀ ਗਲ ਹੈ । ਇਸ ਲਈ ਮੈਂ ਉਨ੍ਹਾਂ ਨੂੰ ਵਧਾਈ ਦੇਣੀ ਚਾਹੁੰਦਾ ਹਾਂ । ਸੀ. ਐਮ. ਸਾਹਿਬ ਨੇ ਵੀ ਉਨ੍ਹਾਂ ਬਾਰੇ ਕੁਝ ਸ਼ਬਦ ਕਹੇ, ਉਨ੍ਹਾਂ ਦੀ ਪਰਸਨੈਲਿਟੀ ਦੇ ਬਾਰੇ ਕਿ ਇਕ ਹੇਠਲੇ ਪੱਧਰ ਤੋਂ ਆਪਣਾ ਸੰਘਰਸ਼ ਰੂਪੀ ਜੀਵਨ ਸ਼ੁਰੂ ਕਰਕੇ ਔਰ ਹੇਠਲੇ ਪੱਧਰ ਦੀਆਂ ਛੋਟੀਆਂ ਪਦਵੀਆਂ ਤੋਂ ਉਠ ਕੇ ਹਾਊਸ ਦੇ ਮੈਂਬਰ ਬਣੇ ਅਤੇ ਮੈਂਬਰ ਬਣਨ ਤੋਂ ਬਾਅਦ ਅੱਜ ਇਸ ਸਤਿਕਾਰ ਵਾਲੇ ਅਹੁਦੇ ਤੇ ਪਹੁੰਚੇ ਹਨ ਅਤੇ ਉਨ੍ਹਾਂ ਦੀ ਚੋਣ ਸਰਬਸੰਮਤੀ ਨਾਲ ਹੋਣਾ ਬੜੀ ਖੁਸ਼ੀ ਦੀ ਗੱਲ ਹੈ । ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ ਕਿ ਜੋ ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਹਨ ਕਿ ਇਸ ਜ਼ਿੰਮੇਵਾਰੀ ਵਾਲੀ ਕੁਰਸੀ ਤੇ ਬਿਰਾਜ-ਮਾਨ ਹੋ ਕੇ ਉਹ ਆਪੋਜ਼ੀਸ਼ਨ ਦਾ ਜ਼ਿਆਦਾ ਖਿਆਲ ਰੱਖਿਆ ਕਰਨ ਅਤੇ ਇਸ ਤੇ ਮੈਨੂੰ ਪੂਰਾ

[ਕਾਮਰੇਡ ਹਰਦੇਵ ਅਰਸ਼ੀ]

ਵਿਸ਼ਵਾਸ ਵੀ ਹੈ ਕਿ ਇਸ ਅਹੁਦੇ ਤੇ ਜਦੋਂ ਜਦੋਂ ਵੀ ਤੁਸੀਂ ਬੈਠੋਗੇ ਬੜੀ ਜ਼ਿੰਮੇਵਾਰੀ ਦੇ ਨਾਲ ਆਪਣਾ ਫਰਜ਼ ਨਿਭਾਉਗੇ। ਸਪੀਕਰ ਸਾਹਿਬ, ਤੁਸੀਂ ਵੀ ਆਪਣੇ ਅਹੁਦੇ ਤੇ ਬੈਠ ਕੇ ਪੂਰਾ ਪਹਿਰਾ ਦੇ ਰਹੇ ਹੋ ਅਤੇ ਸਾਰਿਆਂ ਦਾ ਪੂਰੀ ਤਰ੍ਹਾਂ ਖਿਆਲ ਰੱਖ ਰਹੇ ਹੋ ਅਤੇ ਸਾਰੇ ਹਾਊਸ ਦੇ ਪ੍ਰਤੀ ਤੁਹਾਡਾ ਦਿਲ ਬੜਾ ਹੀ ਨਰਮ ਹੈ। ਇਸ ਲਈ ਤੁਸੀਂ ਵੀ ਵਧਾਈ ਦੇ ਪਾਤਰ ਹੋ। ਮੈਨੂੰ ਪੂਰੀ ਆਸ ਹੈ ਕਿ ਚੌਧਰੀ ਸਵਰਨਾ ਰਾਮ ਜੀ ਜਦੋਂ ਵੀ ਇਸ ਸਤਿਕਾਰ ਵਾਲੀ ਕੁਰਸੀ ਤੇ ਬਿਰਾਜਮਾਨ ਹੋਣਗੇ ਤਾਂ ਉਹ ਬੜੇ ਸੁਚੱਜੇ ਢੰਗ ਨਾਲ ਹਾਊਸ ਨੂੰ ਚਲਾਉਣਗੇ। ਸਪੀਕਰ ਸਾਹਿਬ, ਸਾਡੇ ਪਾਰਲੀਮੈਂਟਰੀ ਸਿਸਟਮ ਦੇ ਵਿੱਚ ਸਪੀਕਰ ਦਾ ਅਹੁਦਾ ਬੜਾ ਸਤਿਕਾਰ ਵਾਲਾ ਹੁੰਦਾ ਹੈ। ਸਾਡੇ ਪਾਰਲੀਮੈਂਟਰੀ ਸਿਸਟਮ ਦੇ ਵਿੱਚ, ਚਾਹੇ ਉਹ ਲੋਕ ਸਭਾ ਹੋਵੇ, ਰਾਜ ਸਭਾ ਹੋਵੇ ਜਾਂ ਵਿਧਾਨ ਸਭਾਵਾਂ ਹੋਣ ਉਨ੍ਹਾਂ ਦੀ ਫੰਕਸ਼ਨਿੰਗ ਬਹੁਤਾ ਕਰਕੇ ਚੇਅਰ ਤੇ ਹੀ ਨਿਰਭਰ ਕਰਦੀ ਹੈ। ਅਗਰ ਚੇਅਰ ਪੂਰੀ ਗੰਭੀਰਤਾ ਨਾਲ ਹਾਊਸ ਨੂੰ ਵਧੀਆ ਚਲਾਏ ਤਾਂ ਲੋਕਾਂ ਵਿਚ ਇਸ ਦੀ ਦਿਖ ਵਧੀਆ ਬਣਦੀ ਹੈ। ਅਗਰ ਥੋੜ੍ਹੀ ਬਹੁਤੀ ਕਮੀ ਪੇਸ਼ੀ ਰਹਿ ਜਾਏ ਤਾਂ ਕੋਈ ਫਰਕ ਨਹੀਂ। ਜਿਸ ਤਰ੍ਹਾਂ ਠੀਕ ਢੰਗ ਨਾਲ ਤੁਸੀਂ ਇਸ ਨੂੰ ਚਲਾ ਰਹੇ ਹੋ ਉਸੇ ਤਰ੍ਹਾਂ ਇਹ ਵੀ ਨਿਰਪੱਖਤਾ ਨਾਲ ਹਾਊਸ ਨੂੰ ਆਪਣੀ ਪੂਰੀ ਜ਼ਿੰਮੇਵਾਰੀ ਨਾਲ ਚਲਾਉਣਗੇ। ਹੁਣ ਜਿਵੇਂ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਦਲਿਤ ਵਰਗ ਨੂੰ ਅਹੁਦਾ ਦਿੱਤਾ ਗਿਆ ਹੈ, ਇਸ ਦੀ ਸਾਨੂੰ ਖੁਸ਼ੀ ਹੈ। ਸੈਂਟਰ ਵਿਚ ਸਾਂਝੇ ਫਰੰਟ ਦੀ ਸਰਕਾਰ ਹੈ ਉਸ ਸਰਕਾਰ ਵਿਚ ਵੀ ਬੀ.ਜੇ.ਪੀ. ਦੇ ਸ਼੍ਰੀ ਸੂਰਜ ਭਾਨ ਦਲਿਤ ਵਰਗ ਨਾਲ ਸਬੰਧ ਰੱਖਦੇ ਹਨ, ਉਨ੍ਹਾਂ ਦੇ ਨਾਂ ਵਾਸਤੇ ਸਹਿਮਤੀ ਕੀਤੀ ਸੀ। ਸਾਨੂੰ ਇਹ ਰੋਸ਼ਨੀ ਉਥੋਂ ਮਿਲੀ ਹੈ ਅਤੇ ਇਸ ਰੋਸ਼ਨੀ ਨੂੰ ਅੱਗੇ ਵਧਾ ਕੇ ਪੰਜਾਬ ਨੇ ਚੰਗੀ ਪ੍ਰੰਪਰਾ ਪਾਈ ਹੈ। ਕੁਝ ਸ਼ਬਦ ਮੈਂ ਇਸ ਬਾਰੇ ਵੀ ਕਹਿਣਾ ਚਾਹਾਂਗਾ ਕਿ ਵਾਰ ਵਾਰ ਦਲਿਤ ਸ਼ਬਦ ਦਾ ਜ਼ਿਕਰ ਨਹੀਂ ਕੀਤਾ ਜਾਣਾ ਚਾਹੀਦਾ। ਇਸ ਤਰ੍ਹਾਂ ਨਾਲ ਓਪਰੀ ਕਿਸਮ ਦਾ ਪ੍ਰਭਾਵ ਲੋਕ ਮਨਾਂ ਤੇ ਪੈਂਦਾ ਹੈ। ਆਖਿਰ ਇਨ੍ਹਾਂ ਵਿਚ ਵੀ ਵੱਡੀਆਂ ਯੋਗਤਾਵਾਂ ਹਨ। ਤੁਸੀਂ ਵੀ ਲਾਅ ਗਰੈਜੂਏਟ ਹੋ, ਚੌਧਰੀ ਜੀ ਵੀ ਲਾਅ ਗਰੈਜੂਏਟ ਹਨ। ਸਾਡੇ ਦੇਸ਼ ਦਾ ਸੰਵਿਧਾਨ ਬਣਾਉਣ ਵਾਲੇ ਬਾਬਾ ਭੀਮ ਰਾਓ ਅੰਬੇਦਕਰ ਜੀ ਇੰਨੇ ਵੱਡੇ ਵਿਦਵਾਨ ਹੋਏ ਹਨ। ਇਨ੍ਹਾਂ ਵਰਗਾਂ ਨੂੰ ਉਪਰ ਉਠਣ ਦਾ ਸਮਾਂ ਨਹੀਂ ਦਿੱਤਾ ਗਿਆ, ਜਿਸ ਕਾਰਨ ਇਨ੍ਹਾਂ ਦਾ ਇਨਟਲੈਕਟ ਛੁਪਿਆ ਰਿਹਾ। ਇਸ ਨੂੰ ਹੁਣ ਬਾਹਰ ਨਿਕਲਣ ਦਾ ਮੌਕਾ ਦਿੱਤਾ ਜਾਵੇ। ਆਜ਼ਾਦੀ ਤੋਂ ਬਾਅਦ ਇਹ ਮੌਕਾ ਮਿਲਿਆ ਹੈ। ਇਸੇ ਰਫਤਾਰ ਨਾਲ ਅੱਗੇ ਵਧਦੇ ਸਮਾਜ ਵਿੱਚ ਇਨ੍ਹਾਂ ਨੂੰ ਬਰਾਬਰ ਦਾ ਬਣਦਾ ਮਾਣ ਸਤਿਕਾਰ ਪ੍ਰਾਪਤ ਹੋਵੇਗਾ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੇ ਵੱਲੋਂ ਅਤੇ ਆਪਣੇ ਗਰੁੱਪ ਵੱਲੋਂ ਚੌਧਰੀ ਸਾਹਿਬ ਨੂੰ ਵਧਾਈ ਦੇਣੀ ਚਾਹੁੰਦਾ ਹਾਂ। ਮੈਨੂੰ ਆਸ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਸਫਲਤਾ ਨਾਲ ਨਿਭਾਉਣਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣਾ ਸਥਾਨ ਲੈਂਦਾ ਹਾਂ। (ਥੰਪਿੰਗ)

ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ : (ਸ਼੍ਰੀ ਬਲਰਾਮਜੀ ਦਾਸ ਟੰਡਨ). ਸਪੀਕਰ ਸਾਹਿਬ, ਮੈਂ ਆਪਣੇ ਵੱਲੋਂ, ਆਪਣੀ ਪਾਰਟੀ ਵੱਲੋਂ ਅਤੇ ਬਾਕੀ ਹਾਊਸ ਵੱਲੋਂ ਚੌਧਰੀ ਸਵਰਨਾ ਰਾਮ ਜੀ ਨੂੰ ਵਧਾਈ ਦਿੰਦਾ ਹਾਂ। ਇਸ

ਜਗ੍ਹਾ ਉਤੇ ਜਿਥੇ ਅੱਜ ਸਾਰੇ ਲੋਕਾਂ ਨੇ ਯੂਨਾਨੀਮਸਲੀ ਇਨ੍ਹਾਂ ਨੂੰ ਇਸ ਕੁਰਸੀ ਤੇ ਬਿਠਾਇਆ ਹੈ ਇਸ ਵਾਸਤੇ ਇਹ ਯਥਾਯੋਗ ਯੋਗਤਾ ਰੱਖਦੇ ਹਨ। ਬਾਕੀ ਦੀਆਂ ਜਿਵੇਂ ਗੱਲਾਂ ਦੱਸੀਆਂ ਹਨ, ਛੋਟੇ ਪਰਿਵਾਰ ਦੀ ਗੱਲ ਨਹੀਂ ਜਿਸ ਤਰੀਕੇ ਨਾਲ ਇਨ੍ਹਾਂ ਨੇ ਕੋਸ਼ਿਸ਼ ਕੀਤੀ ਪੰਚਾਇਤ ਤੋਂ ਲੈ ਕੇ ਉਪਰ ਤੱਕ ਆਏ, ਸੁਬਾਰਡੀਨੇਟ ਸਰਵਿਸ ਸਿਲੈਕਸ਼ਨ ਬੋਰਡ ਦੇ ਮੈਂਬਰ ਰਹੇ। ਇਸ ਤਰ੍ਹਾਂ ਵੱਖ ਵੱਖ ਹੈਸੀਅਤ ਵਿਚ ਜੋ ਕੰਮ ਇਨ੍ਹਾਂ ਨੇ ਕਰਕੇ ਦਿਖਾਇਆ, ਸਭ ਲੋਕਾਂ ਨੇ ਇਨ੍ਹਾਂ ਦੀ ਸ਼ਲਾਘਾ ਕੀਤੀ ਸੀ। ਜਿਸ ਸਿਲੈਕਸ਼ਨ ਵਿੱਚ ਬਸ ਮਿਹਨਤੀ ਹੀ ਚੁਣ ਕੇ ਆ ਸਕਦਾ ਸੀ, ਉਸ ਚੋਣ ਵਿੱਚ ਇਨ੍ਹਾਂ ਨੇ ਉਘਾ ਯੋਗਦਾਨ ਪਾਇਆ। ਸਟੇਟ ਬੈਂਕ ਆਫ ਪਟਿਆਲਾ ਦਾ ਜੋ ਬੋਰਡ ਹੈ, ਉਸ ਬੋਰਡ ਦੇ ਵੀ ਇਹ ਕਈ ਸਾਲ ਮੈਂਬਰ ਰਹੇ। ਕਈ ਵਾਰੀ ਇਨ੍ਹਾ ਨੇ ਇਸ ਸਮਾਜ ਦੀ ਸੇਵਾ ਕੀਤੀ ਜਿਸ ਨੂੰ ਅੱਖਾਂ ਤੋਂ ਓਹਲੇ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਨੇ ਪਾਰਟੀ ਵਾਸਤੇ ਦਿਨ ਰਾਤ ਕੰਮ ਕੀਤਾ। ਬਚਪਨ ਤੋਂ ਇਹ ਪਾਰਟੀ ਨਾਲ ਜੁੜੇ ਰਹੇ। ਸਾਡੀ ਪਾਰਟੀ ਦੇ ਜਨਰਲ ਸੈਕਟਰੀ ਦੇ ਤੌਰ ਤੇ ਇਹ ਸਾਰੇ ਪੰਜਾਬ ਵਿਚ ਘੁੰਮੇ ਫਿਰੇ। ਉਹ ਵਕਤ ਅਜਿਹਾ ਸੀ ਜਦੋਂ ਘਰੋਂ ਨਿਕਲਣਾ ਮੁਸ਼ਕਿਲ ਹੁੰਦਾ ਸੀ। ਉਸ ਸਮੇਂ ਇਨ੍ਹਾਂ ਨੇ ਵੀ ਬੜੀ ਹਿੰਮਤ ਨਾਲ ਸਾਰੇ ਪੰਜਾਬ ਵਿਚ ਪਾਰਟੀ ਦਾ ਸੰਦੇਸ਼ ਦਿੱਤਾ। ਇਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਦੇ ਵਾਈਸ ਪ੍ਰੈਜ਼ੀਡੈਂਟ ਦੇ ਤੌਰ ਤੇ ਵੀ ਕੰਮ ਕੀਤਾ। ਮੈਂ ਇਨ੍ਹਾ ਨੂੰ ਵਧਾਈ ਦਿੰਦਾ ਹਾਂ ਅਤੇ ਸਾਰੇ ਹਾਊਸ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੂੰ ਯੂਨਾਨੀਮਸਲੀ ਚੁਣ ਕੇ ਇਸ ਸੁਯੋਗ ਸਥਾਨ ਤੇ ਬਿਠਾਇਆ। ਮੈਨੂੰ ਆਸ਼ਾ ਹੀ ਨਹੀਂ ਸਗੋਂ ਵਿਸ਼ਵਾਸ ਵੀ ਹੈ ਕਿ ਇਹ ਹਾਊਸ ਦਾ ਮਾਣ ਵਧਾਉਣਗੇ, ਸ਼ਕਤੀ ਵਧਾਉਣਗੇ। (ਥੰਪਿੰਗ)

ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ) : ਸਪੀਕਰ ਸਾਹਿਬ, ਮੈਂ ਚੌਧਰੀ ਸਵਰਨਾ ਰਾਮ ਨੂੰ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਵਧਾਈ ਦਿੰਦਾ ਹਾਂ। ਇਹ ਬੜੇ ਜ਼ਿੰਮੇਵਾਰ ਵਿਅਕਤੀ ਹਨ। ਸਰਦਾਰ ਪ੍ਰਕਾਸ਼ ਸਿੰਘ ਬਾਦਲ, ਇਨ੍ਹਾਂ ਦੀ ਪਾਰਟੀ ਅਤੇ ਸਾਰੇ ਹਾਊਸ ਨੇ ਯੂਨਾਨੀਮਸਲੀ ਇਨ੍ਹਾਂ ਨੂੰ ਡਿਪਟੀ ਸਪੀਕਰ ਵਾਸਤੇ ਚੁਣਿਆ ਹੈ। ਇਨ੍ਹਾਂ ਦੀ ਪਰਸਨੈਲਿਟੀ ਬਾਰੇ ਕਾਫੀ ਕੁਝ ਕਿਹਾ ਗਿਆ ਹੈ। ਜਿਨ੍ਹਾਂ ਵਿਚ ਕੋਈ ਕਲਾ ਹੁੰਦੀ ਹੈ, ਯੋਗਤਾ ਹੁੰਦੀ ਹੈ ਉਹ ਲੁੱਕ ਨਹੀਂ ਸਕਦੀ। ਬੜੇ ਸੋਹਣੇ ਢੰਗ ਨਾਲ ਇਨ੍ਹਾਂ ਨੇ ਆਪਣੀ ਸਿਆਸੀ ਜ਼ਿੰਦਗੀ ਸ਼ੁਰੂ ਕੀਤੀ। ਇਹ ਥੋੜ੍ਹਾ ਥੋੜ੍ਹਾ ਚੱਲ ਕੇ ਐਜੂਕੇਸ਼ਨ ਲੈ ਕੇ ਇਲੈਕਸ਼ਨ ਜਿੱਤ ਕੇ ਇੱਥੇ ਤੱਕ ਪਹੁਚੇ। ਇਨ੍ਹਾਂ ਦੀ ਪਰਸਨੈਲਿਟੀ ਬਾਰੇ ਜੋ ਕਿਹਾ ਗਿਆ ਵਾਕਿਆ ਹੀ ਇਹ ਇਸ ਸੀਟ ਦੇ ਯੋਗ ਹਨ। ਇਨ੍ਹਾਂ ਨੇ ਆਪਣੇ ਭਾਈਚਾਰੇ ਦਾ ਸਿਰ ਮਾਣ ਨਾਲ ਉਚਾ ਕੀਤਾ ਹੈ। ਵਾਕਿਆ ਹੀ ਜਿਸ ਇਨਸਾਨ ਵਿਚ ਕੈਪੇਬਿਲਟੀ ਹੁੰਦੀ ਹੈ ਉਹ ਲੁੱਕ ਨਹੀਂ ਸਕਦੀ। ਮੈਂ ਫੇਰ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਅਤੇ ਨਾਲ ਹੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਵੀ ਇਸ ਸਰਬਸੰਮਤੀ ਨਾਲ ਹੋਈ ਚੋਣ ਲਈ ਵਧਾਈ ਦਿੰਦਾ ਹਾਂ। (ਥੰਪਿੰਗ)

ਸਰਦਾਰ ਧਨਵੰਤ ਸਿੰਘ (ਧੂਰੀ) : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਨਵੇਂ ਚੁਣੇ ਗਏ ਡਿਪਟੀ ਸਪੀਕਰ ਸਾਹਿਬ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ। ਇਹ ਵਧਾਈ ਦੇ

[ਸਰਦਾਰ ਧਨਵੰਤ ਸਿੰਘ]

ਪਾਤਰ ਇਸ ਕਰਕੇ ਵੀ ਹਨ ਕਿ ਇਨ੍ਹਾਂ ਨੇ ਰਾਜਨੀਤੀ ਵਿਚ ਆਉਣ ਤੋਂ ਪਹਿਲਾਂ ਜਿਸ ਤਰ੍ਹਾਂ ਕੋਈ ਬੱਚਾ ਆਪਣਾ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਪ੍ਰੀ-ਨਰਸਰੀ ਦੀ ਕਲਾਸ ਵਿਚ ਜਾਂਦਾ ਹੈ ਫੇਰ ਅਗਲੀਆਂ ਕਲਾਸਾਂ ਦੇ ਵਿਚ ਵਿਦਿਆ ਪ੍ਰਾਪਤ ਕਰਨ ਲਈ ਜਾਂਦਾ ਹੈ ਉਸੇ ਤਰ੍ਹਾਂ ਚੌਧਰੀ ਸਵਰਨਾ ਰਾਮ ਜੀ ਪਹਿਲੇ ਪੰਚਾਇਤ ਮੈਂਬਰ ਬਣੇ ਫਿਰ ਬਲਾਕ ਸੰਮਤੀ ਦੇ ਮੈਂਬਰ ਬਣੇ, ਫਿਰ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਬਣੇ, ਅਤੇ ਰਾਜਨੀਤੀ ਵਿਚ ਕਾਫੀ ਕੰਮ ਕੀਤਾ । ਇਨ੍ਹਾਂ ਨੂੰ ਪਤਾ ਹੈ ਕਿ ਰਾਜਨੀਤੀ ਵਿਚ ਰਹਿੰਦੇ ਹੋਏ ਅਫੀਸਰਜ਼ ਅਤੇ ਰਾਜਨੀਤੀਵਾਨਾਂ ਦੇ ਕੀ ਸਬੰਧ ਹੁੰਦੇ ਹਨ । ਇਨ੍ਹਾਂ ਨੂੰ ਸਿਆਸੀ ਕੰਮ-ਕਾਰਾਂ ਬਾਰੇ ਪੂਰੀ ਜਾਣਕਾਰੀ ਹੈ ਅਤੇ ਇਹ ਕਾਫੀ ਸੂਝ ਬੂਝ ਰੱਖਦੇ ਹਨ । ਬਾਦਲ ਸਾਹਿਬ ਨੇ ਹਾਊਸ ਨੂੰ ਠੀਕ ਕਿਹਾ ਹੈ ਕਿ ਸਾਡੇ ਸਪੀਕਰ ਸਾਹਿਬ ਵੀ ਦਲਿਤ ਵਰਗ ਦੇ ਨਾਲ ਸਬੰਧ ਰੱਖਦੇ ਹਨ ਅਤੇ ਅੱਜ ਨਵੇਂ ਚੁਣੇ ਡਿਪਟੀ ਸਪੀਕਰ ਵੀ ਦਲਿਤ ਵਰਗ ਦੇ ਨਾਲ ਸਬੰਧ ਰੱਖਦੇ ਹਨ । ਇਹ ਪਰੰਪਰਾਵਾਂ ਅੱਛੀਆਂ ਹਨ ਔਰ ਕਾਇਮ ਰਹਿਣੀਆਂ ਚਾਹੀਦੀਆਂ ਹਨ । ਸਾਡੇ ਦੇਸ਼ ਦੇ ਵਾਈਸ ਪ੍ਰੈਜ਼ੀਡੈਂਟ ਵੀ ਦਲਿਤ ਵਰਗ ਦੇ ਹਨ ।

ਇਸ ਤੋਂ ਪਹਿਲਾਂ ਗਿਆਨੀ ਜ਼ੈਲ ਸਿੰਘ, ਪ੍ਰੈਜ਼ੀਡੈਂਟ ਆਫ ਇੰਡੀਆ ਵੀ ਪਛੜੀਆਂ ਸ਼੍ਰੇਣੀਆਂ ਦੇ ਨਾਲ ਸੰਬੰਧ ਰਖਦੇ ਸਨ । ਮੇਰੇ ਖਿਆਲ ਵਿਚ ਇਨ੍ਹਾਂ ਪਰੰਪਰਾਵਾਂ ਦਾ ਧਿਆਨ ਰੱਖਦੇ ਹੋਏ ਬਾਦਲ ਸਾਹਿਬ ਰਾਸ਼ਟਰਪਤੀ ਦੀ ਚੋਣ ਵਿਚ ਵੀ ਦਲਿਤ ਵਰਗ ਨੂੰ ਹੀ ਸਪੋਰਟ ਕਰਨਗੇ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਚੌਧਰੀ ਸਵਰਨਾ ਰਾਮ ਜੀ ਨੂੰ ਡਿਪਟੀ ਸਪੀਕਰ ਚੁਣੇ ਜਾਣ ਤੇ ਬਹਤ ਬਹੁਤ ਵਧਾਈ ਦਿੰਦਾ ਹਾਂ ।

ਸ਼੍ਰੀ ਸਪੀਕਰ : ਮੈਂ ਚੌਧਰੀ ਸਵਰਨਾ ਰਾਮ ਜੀ ਨੂੰ ਇਸ ਪਵਿੱਤਰ ਸਦਨ ਦਾ ਸਰਬ ਸੰਮਤੀ ਨਾਲ ਡਿਪਟੀ ਸਪੀਕਰ ਚੁਣੇ ਜਾਣ ਤੇ ਦਿਲੋਂ ਬਹੁਤ ਬਹੁਤ ਵਧਾਈ ਦਿੰਦਾ ਹਾਂ ।

ਚੌਧਰੀ ਸਵਰਨਾ ਰਾਮ (ਡਿਪਟੀ ਸਪੀਕਰ) : ਮਾਨਯੋਗ ਸਪੀਕਰ ਸਾਹਿਬ, ਮੈਂ ਸਾਰੇ ਸਦਨ ਦਾ, ਮੈਨੂੰ ਸਰਬ ਸੰਮਤੀ ਨਾਲ ਡਿਪਟੀ ਸਪੀਕਰ ਲਈ ਚੁਣਨ ਲਈ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਅਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਸਦਨ ਵਿਚ ਸਾਰੀਆਂ ਹੀ ਧਿਰਾਂ ਦੇ ਮੈਂਬਰਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਾਂਗਾ ਅਤੇ ਬਿਨਾਂ ਕਿਸੇ ਪੱਖ ਪਾਤ ਤੋਂ ਆਪਣੀ ਜ਼ਿੰਮੇਵਾਰੀ ਨਿਭਾਵਾਂਗਾ ਅਤੇ ਨਿਰਪੱਖ ਹੋ ਕੇ ਸਾਰਿਆਂ ਦੀ ਆਵਾਜ਼ ਨੂੰ ਸੁਣਾਂਗਾ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਕ ਵਾਰ ਫੇਰ ਸਾਰੇ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਇਤਨਾ ਵੱਡਾ ਮਾਣ ਦਿੱਤਾ ਹੈ ਅਤੇ ਮੈਨੂੰ ਸਰਬ ਸੰਮਤੀ ਨਾਲ ਡਿਪਟੀ ਸਪੀਕਰ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ ।

RESUMPTION OF GENERAL DISCUSSION ON THE BUDGET ESTIMATES FOR THE YEAR 1997-98.

Mr. Speaker: Now, the House will resume General Discussion on the Budget Estimates for the year 1997-98. Sardar Sujan Singh, MLA. was on his legs when the House adjourned on the 17 th June, 1997. He may please resume his discussion.

ਸਰਦਾਰ ਸੁਜਾਨ ਸਿੰਘ (ਮਲੋਟ. ਐਸ.ਸੀ.) :ਸਪੀਕਰ ਸਾਹਿਬ, ਮੈਂ ਕੱਲ, ਅਰਜ਼ ਕਰ ਰਿਹਾ ਸੀ ਕਿ ਰੋਟੀ, ਕੱਪੜਾ ਅਤੇ ਮਕਾਨ ਜ਼ਿੰਦਗੀ ਦੀਆਂ 3 ਬੁਨਿਆਦੀ ਜ਼ਰੂਰਤਾਂ ਹਨ । ਦੇਸ਼ ਦੀ ਆਜ਼ਾਦੀ ਦੇ 50 ਸਾਲ ਬੀਤ ਚੁੱਕੇ ਹਨ ਪਰ ਪਿਛਲੀਆਂ ਸਰਕਾਰਾਂ ਨੇ ਆਪਣੇ ਦੇਸ਼ ਵਾਸੀਆਂ ਦੇ ਨਾਲ ਇਨਸਾਫ ਨਹੀਂ ਕੀਤਾ ਔਰ ਦੇਸ਼ ਦਾ ਸਰਮਾਇਆ ਦੇਸ਼ ਦੇ ਕੁਝ ਗਿਣੇ ਮਿਥੇ ਲੋਕਾਂ ਦੇ ਹੱਥਾਂ ਵਿਚ ਚਲਾ ਗਿਆ ਹੈ ਔਰ ਦੇਸ਼ਵਾਸੀਆਂ ਦੀ ਹਾਲਤ ਦੁੱਭਰ ਹੋ ਗਈ ਹੈ । ਪੰਜਾਬ ਦੇ ਨਾਲ ਕੇਂਦਰ ਸਰਕਾਰ ਨੇ ਹਮੇਸ਼ਾ ਆਰਥਿਕ ਤੌਰ ਤੇ ਵਿਤਕਰਾ ਕੀਤਾ ਹੈ । ਸਮੁੱਚੇ ਦੇਸ਼ ਦੀ ਧਰਤੀ ਤੇ ਪੰਜਾਬੀਆਂ ਨੇ ਆਪਣੇ ਦਸਾਂ ਨਹੁੰਆਂ ਦੀ ਕਮਾਈ ਕੀਤੀ ਅਤੇ ਹਰ ਪੰਜਾਬੀ ਮਿਹਨਤ ਕਰਕੇ ਕਮਾਈ ਕਰਨ ਵਾਲਾ ਹੈ । ਅਗਰ ਫੌਜ ਵਿਚ ਭਰਤੀ ਕਰਨੀ ਹੋਵੇ ਤਾਂ ਆਬਾਦੀ ਦੀ ਰੇਸ਼ੋ ਨਾਲ ਕੀਤੀ ਜਾਂਦੀ ਹੈ ਔਰ ਅਗਰ ਪੈਦਾਵਾਰ ਲੈਣੀ ਹੋਵੇ ਤਾਂ ਪੰਜਾਬ ਤੋਂ ਲਈ ਜਾਂਦੀ ਹੈ । ਪੰਜਾਬ ਨੇ ਦੇਸ਼ ਵਾਸੀਆਂ ਨੂੰ ਰੋਟੀ ਮੁਹੱਈਆ ਕੀਤੀ ਹੈ । ਪਰ ਜਦੋਂ ਕੇਂਦਰ ਸਰਕਾਰ ਨੇ ਪੰਜਾਬ ਨੂੰ ਕੁਝ ਦੇਣਾ ਹੁੰਦਾ ਹੈ ਤਾਂ ਆਬਾਦੀ ਦੀ ਗੱਲ ਕੀਤੀ ਜਾਂਦੀ ਹੈ । ਬਾਦਲ ਸਾਹਿਬ ਨੇ ਪੰਜਾਬ ਵਿਚ ਸਰਬਪੱਖੀ ਵਿਕਾਸ ਲਈ ਪੰਜਾਬੀਆਂ ਨੂੰ ਇਕ ਆਦਰਸ਼ ਰਾਜ ਦੇਣ ਦਾ ਸੰਕਲਪ ਕੀਤਾ ਹੈ । ਇਹ ਹੀ ਪੰਜਾਬ ਨੂੰ ਆਰਥਿਕ ਸੰਕਟ ਵਿਚੋਂ ਛੇਤੀ ਬਾਹਰ ਕੱਢਣਗੇ ਜਿਸ ਆਰਥਿਕ ਸੰਕਟ ਦਾ ਇਸ ਸਮੇਂ ਪੰਜਾਬ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ । ਸਾਡੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਯੋਜਨਾ ਕਮਿਸ਼ਨ ਤੋਂ 1997-98 ਦੀ ਐਨੂਅਲ ਪਲਾਨ ਲਈ 2100 ਕਰੋੜ ਰੁਪਏ ਦੀ ਪ੍ਰਵਾਨਗੀ ਲੈਣ ਵਿਚ ਸਫਲਤਾ ਪ੍ਰਾਪਤ ਕੀਤੀ ਹੈ । ਇਸ ਬਜਟ ਵਿਚ ਸਮੁੱਚੇ ਵਰਗਾਂ ਨੂੰ ਖੁਸ਼ਹਾਲ ਕਰਨ ਦੀਆਂ ਸਕੀਮਾਂ ਹਨ । ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸੁਧਾਰ ਕਰਨ ਲਈ 111.09 ਕਰੋੜ ਰੁਪਏ ਦਾ ਪ੍ਰਬੰਧ ਬਜਟ ਵਿਚ ਕੀਤਾ ਗਿਆ ਹੈ । ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਗਰੀਬ ਲੋਕਾਂ ਲਈ ਪੱਕੇ ਮਕਾਨ ਬਣਾਉਣ ਵਾਸਤੇ ਪਹਿਲਾਂ 15,000/-ਰੁਪਏ ਸਬਸਿਡੀ ਹੁੰਦੀ ਸੀ ਪਰ ਇਹ ਵਧਾ ਕੇ ਬਾਦਲ ਸਾਹਿਬ ਦੀ ਸਰਕਾਰ ਨੇ 30,000/- ਰੁਪਏ ਕਰ ਦਿੱਤੀ ਹੈ । ਪਹਿਲਾਂ ਕਾਂਗਰਸ ਸਰਕਾਰ ਨੇ ਇਸ ਸਕੀਮ ਲਈ 3.97 ਕਰੋੜ ਰੁਪਿਆ ਰੱਖਿਆ ਸੀ ਪਰ ਹੁਣ ਇਹ ਵਧਾ ਕੇ 60 ਕਰੋੜ ਰੁਪਿਆ ਕਰ ਦਿੱਤਾ ਹੈ ਜਿਸ ਨਾਲ ਪੰਜਾਬ ਵਿਚ 12,000 ਮਕਾਨ ਉਸਾਰਨ ਦੀ ਯੋਜਨਾ ਹੈ । ਇਸ ਨਾਲ ਬੇਘਰਿਆਂ ਨੂੰ ਸਿਰ ਲੁਕਾਉਣ ਲਈ ਮਕਾਨ ਮਿਲੇਗਾ । ਇਸੇ ਤਰ੍ਹਾਂ ਹੀ ਪੁੱਡਾ ਨੇ ਜੋ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਲੋਕ ਹਨ ਉਨ੍ਹਾਂ ਲਈ 10,000 ਮਕਾਨ ਬਣਾਉਣ ਦੀ ਸਕੀਮ ਬਣਾਈ ਹੈ । ਇਥੇ ਹੀ ਬੱਸ ਨਹੀਂ, 20 ਕਰੋੜ ਰੁਪਏ ਦੀ ਰਾਸ਼ੀ ਵੀ ਰੱਖੀ ਗਈ ਹੈ ਅਤੇ ਇਸ ਰਾਸ਼ੀ ਨਾਲ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਦੀ ਸ਼ਾਦੀ ਸਮੇਂ 5,100/- ਰੁਪਏ ਦੀ ਸ਼ਗਨ ਦੀ ਸਕੀਮ ਚਾਲੂ ਕਰ ਦਿੱਤੀ ਗਈ ਹੈ । ਮਾਨਯੋਗ ਸਪੀਕਰ ਸਾਹਿਬ, ਹਰ ਸਿਆਸੀ ਪਾਰਟੀ ਦਾ ਆਪਣਾ ਆਪਣਾ ਸਿਆਸੀ ਪ੍ਰੋਗਰਾਮ ਹੁੰਦਾ ਹੈ । ਸਵਰਗੀਏ ਸਰਦਾਰ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਪੰਜਾਬ ਦੀਆਂ ਧਾਰਮਿਕ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਮੰਗਾਂ ਲਈ 4 ਅਗਸਤ, 1982 ਨੂੰ ਧਰਮ ਯੁੱਧ ਮੋਰਚਾ ਲਗਾਇਆ ਲੇਕਿਨ ਕੇਂਦਰ ਦੀ ਸਰਕਾਰ ਨੇ ਪੁਲੀਟੀਕਲ ਪ੍ਰਾਬਲਮਜ਼ ਨੂੰ ਹੱਲ ਕਰਨ ਦੀ ਬਜਾਏ ਸਿੱਖ ਧਰਮ ਦੇ ਸ਼ਕਤੀ, ਭਗਤੀ ਅਤੇ ਸ਼ਾਂਤੀ ਦੇ ਸੋਮੇ ਅਕਾਲ

[ਸਰਦਾਰ ਸੁਜਾਨ ਸਿੰਘ]

ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਉਤੇ ਮਿਲਟਰੀ ਐਕਸ਼ਨ ਰਾਹੀਂ ਬੰਬਾਂ ਦੇ ਨਾਲ ਹਮਲਾ ਕੀਤਾ। ਇਹ ਬੜੀ ਹੀ ਦੁਖਦਾਇਕ ਘਟਨਾ ਸੀ। ਇਥੇ ਹੀ ਬੱਸ ਨਹੀਂ, ਪੰਜਾਬ ਦੀ ਪੁਲਿਸ ਫੋਰਸ ਦਾ ਮਨੋਬਲ ਡੇਗਿਆ ਗਿਆ। ਉਸ ਵੇਲੇ ਐਸਾ ਮਾਹੌਲ ਬਣਾਇਆ ਗਿਆ ਜਿਸ ਨਾਲ ਪੰਜਾਬ ਦੀ ਪੁਲਿਸ ਦਾ ਮਨੋਬਲ ਘੱਟ ਗਿਆ ਅਤੇ ਪੰਜਾਬ ਦੇ ਸਿਰ 8,000 ਕਰੋੜ ਰੁਪਏ ਦਾ ਹੋਰ ਬੋਝ ਪਾ ਦਿਤਾ ਗਿਆ। ਪੁਲਿਸ ਦੇ ਅਧਿਕਾਰੀਆਂ/ਕਰਮਚਾਰੀਆਂ ਨੇ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਲਿਆ ਅਤੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕੀਤੀ ਗਈ। ਉਦਾਹਰਨ ਦੇ ਤੌਰ ਤੇ ਸਰਦਾਰ ਜਸਵੰਤ ਸਿੰਘ ਨਾ ਅਤਵਾਦੀ ਸੀ ਅਤੇ ਨਾ ਹੀ ਉਸ ਦੇ ਅਤਵਾਦੀਆਂ ਦੇ ਨਾਲ ਕੋਈ ਸਬੰਧ ਸਨ ਪਰ ਫਿਰ ਵੀ ਉਸ ਤੇ ਗੈਰ ਕਾਨੂੰਨੀ ਕਾਰਵਾਈ ਕੀਤੀ ਗਈ। ਜਿਸ ਅਧਿਕਾਰੀ/ਕਰਮਚਾਰੀ ਨੇ ਉਸ ਦੇ ਵਿਰੁੱਧ ਗੈਰ ਕਾਨੂੰਨੀ ਕਾਰਵਾਈ ਕੀਤੀ ਹੈ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਨਿਪਟਣਾ ਹੋਵੇਗਾ। ਪਿਛਲੀ ਕਾਂਗਰਸ ਸਰਕਾਰ ਨੇ ਇਹੋ ਜਿਹੇ ਕੇਸਾਂ ਬਾਰੇ ਪ੍ਰਵਾਨਗੀਆਂ ਦਿਤੀਆਂ ਹਨ ਪਰ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਸਰਕਾਰ ਨੇ ਚੰਗੇ ਕਰਮਚਾਰੀਆਂ ਨੂੰ ਸਨਮਾਨਤ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਦੀ ਸਕੀਮ ਚਾਲੂ ਕੀਤੀ ਹੈ ਪਰ ਸਾਹਮਣੇ ਬੈਠੇ ਭਰਾ ਜਿਹੜੀਆਂ ਮਨੋਬਲ ਡੇਗਣ ਦੀਆਂ ਗੱਲਾਂ ਕਰਦੇ ਹਨ ਅਤੇ ਉਨ੍ਹਾਂ ਨੂੰ ਬਗਾਵਤ ਕਰਨ ਲਈ ਉਕਸਾਉਂਦੇ ਹਨ। ਮੈਂ ਆਪ ਜੀ ਦੇ ਮਾਧਿਅਮ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਅਤੇ ਸੁਝਾਓ ਦਿੰਦਾ ਹਾਂ ਕਿ ਉਨ੍ਹਾਂ ਵਿਰੁੱਧ ਦੇਸ਼ ਧਰੋਹੀ ਦਾ ਮੁਕੱਦਮਾ ਦਰਜ ਕਰਾਏ। ਅੰਤ ਵਿਚ, ਮੈਂ ਪੰਜਾਬ ਸਰਕਾਰ ਦਾ ਧੰਨਵਾਦੀ ਹਾਂ ਜਿਸ ਨੇ ਮੁਕਤਸਰ, ਮਲੋਟ ਅਤੇ ਅਬੋਹਰ ਦੇ ਸੇਮ ਵਾਲੇ ਇਲਾਕੇ ਦੀ ਸੇਮ ਖਤਮ ਕਰਨ ਲਈ ਬਜਟ ਵਿਚ 120 ਕਰੋੜ ਰੁਪਏ ਦੀ ਵਿਵਸਥਾ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਵਚਨਬੱਧ ਹੈ ਕਿ ਪੰਜਾਬ ਦੇ ਹਰ ਨਿਵਾਸੀ ਨੂੰ ਰਹਿਣ ਲਈ ਮਕਾਨ ਮਿਲੇ, ਖਾਣ ਨੂੰ ਰੋਟੀ ਮਿਲੇ ਤਨ ਢਕਣ ਨੂੰ ਕਪੜਾ ਮਿਲੇ। ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਸਾਲ 1997-98 ਦਾ ਜੋ ਬਜਟ ਮਾਨਯੋਗ ਵਿੱਤ ਮੰਤਰੀ ਸਾਹਿਬ ਵਲੋਂ ਪੇਸ਼ ਕੀਤਾ ਗਿਆ ਹੈ ਉਸਦੇ ਬਾਰੇ ਮੈਂ ਇਹ ਕਹਿੰਦਾ ਹਾਂ ਕਿ ਇਹ ਬਜਟ ਦਲਿਤ ਪੱਖੀ ਹੈ, ਆਰਥਕ ਤੌਰ ਤੇ ਪਛੜੇ ਵਰਗ ਦੇ ਪੱਖੀ ਹੈ, ਸ਼ਹਿਰਾਂ ਲਈ, ਕਿਸਾਨਾਂ ਲਈ ਅਤੇ ਕਰਮਚਾਰੀਆਂ ਲਈ ਸਰਵ-ਪ੍ਰਵਾਨਿਤ ਅਤੇ ਸੰਤੁਲਿਤ ਬਜਟ ਹੈ। ਇਨ੍ਹਾਂ ਸ਼ਬਦਾਂ ਰਾਹੀਂ ਮੈਂ ਪੰਜਾਬੀਆਂ ਦੀਆਂ ਸ਼ੁਭ-ਕਾਮਨਾਵਾਂ ਅਤੇ ਭਾਵਨਾਵਾਂ ਦਾ ਇਜ਼ਹਾਰ ਕਰਦਾ ਹੋਇਆ ਆਪ ਜੀ ਦੇ ਰਾਹੀਂ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ।

ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ (ਪੱਟੀ): ਮਾਨਯੋਗ ਸਪੀਕਰ ਸਾਹਿਬ, ਪੰਜਾਬ ਵਿਧਾਨ ਸਭਾ ਬਜਟ ਪੇਸ਼ ਕੀਤਾ ਗਿਆ ਹੈ, ਉਸ ਦੇ ਸਬੰਧ ਵਿਚ ਇਸ ਸਤਿਕਾਰ ਯੋਗ ਹਾਊਸ ਵਿਚ ਆਦਰ ਯੋਗ ਮੈਂਬਰਾਂ ਨਾਲ ਜੋ ਮੈਨੂੰ ਵਿਚਾਰ ਸਾਂਝੇ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਇਹ ਮੇਰੇ ਲਈ ਬੜੀ ਮਾਣ ਵਾਲੀ ਗੱਲ ਹੈ। ਇਸ ਸਭਾ ਵਿਚ ਇਹ ਮੇਰਾ ਪਹਿਲਾ ਭਾਸ਼ਣ ਹੈ (ਥੰਪਿੰਗ) ਔਰ ਮੈਂ ਗੁਰਬਾਣੀ ਦੇ ਇਸ ਮਹਾਂਵਾਕ ਦਾ ਆਸਰਾ ਅਤੇ ਓਟ ਲੈਂਦਾ ਹਾਂ :

"ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥"

ਮੈਨੂੰ ਆਸ ਹੈ ਕਿ ਆਪ ਸਾਰਿਆਂ ਦੀਆਂ ਸ਼ੁਭ ਇਛਾਵਾਂ ਦੇ ਨਾਲ ਮੈਂ ਵੀ ਪੰਜਾਬ ਦੀ ਕਾਇਆ ਕਲਪ ਵਿਚ ਕੁਝ ਯੋਗਦਾਨ ਪਾ ਸਕਾਂਗਾ। ਪਿਛਲੀ ਫਰਵਰੀ ਵਿਚ ਜਦੋਂ ਸਮੂਹ ਪੰਜਾਬੀਆਂ ਵਲੋਂ ਇਕ ਇਤਿਹਾਸਕ ਫਤਵਾ ਪ੍ਰਾਪਤ ਕਰਕੇ ਘੱਟੋ-ਘੱਟ ਸਾਂਝੇ ਪ੍ਰੋਗਰਾਮ ਦੇ ਸਹਿਤ ਅਕਾਲੀ ਦਲ ਅਤੇ ਭਾਜਪਾ ਸਰਕਾਰ ਨੇ ਇਕ ਨਵਾਂ ਸਵੇਰਾ, ਨਵਾ ਯੁੱਗ ਸ਼ੁਰੂ ਕਰਨ ਦਾ ਪ੍ਰਣ ਕੀਤਾ ਸੀ, ਸਾਡੇ ਮਾਨਯੋਗ ਵਿੱਤ ਮੰਤਰੀ ਜੀ ਨੇ ਉਸੇ ਪ੍ਰਣ ਤੇ ਆਧਾਰਿਤ ਜੋ ਬਜਟ ਪੇਸ਼ ਕੀਤਾ ਹੈ ਉਹ ਇਕ ਸ਼ਲਾਘਾਯੋਗ ਨਕਸ਼ਾ ਪੰਜਾਬ ਲਈ ਪੇਸ਼ ਕਰ ਦਿੱਤਾ ਹੈ। ਸਪੀਕਰ ਸਾਹਿਬ, ਇਹ ਜੋ ਬਜਟ ਪੇਸ਼ ਕੀਤਾ ਗਿਆ ਹੈ, ਇਸ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਜੋ ਇਕਨਾਮਿਕ ਡਿਵੈਲਪਮੈਂਟ ਯਾਨੀ ਆਰਥਿਕ ਵਿਕਾਸ ਸੀ, ਉਸਦਾ ਰਿਸ਼ਤਾ ਫਿਰ ਸੋਸ਼ਲ ਜਸਟਿਸ ਨਾਲ, ਸਮਾਜਿਕ ਨਿਆਂ ਨਾਲ ਜੋੜਿਆ ਗਿਆ ਹੈ। ਪਿਛਲੇ ਸਮੇਂ ਵਿਚ ਇਹ ਰਿਸ਼ਤਾ ਟੁੱਟ ਗਿਆ ਸੀ ਅਤੇ ਇਸ ਦੇ ਟੁੱਟਣ ਨਾਲ ਵਿਕਾਸ ਦੇ ਜੋ ਲਾਭ ਸਨ, ਉਹ ਹਰ ਵਰਗ ਤੱਕ ਸਹੀ ਤਰ੍ਹਾਂ ਨਾਲ ਨਹੀਂ ਸੀ ਪਹੁੰਚ ਸਕਦੇ। ਇਹ ਰਿਸ਼ਤਾ ਹੁਣ ਨਵੇਂ ਸਿਰਿਉਂ ਜੋੜਿਆ ਗਿਆ ਹੈ। ਹੁਣ ਦੋਬਾਰਾ ਫਿਰ ਵਿਕਾਸ ਦੇ ਲਾਭ ਹਰ ਵਰਗ ਤੱਕ ਪਹੁੰਚ ਸਕਣਗੇ, ਖਾਸ ਤੌਰ ਤੇ ਜੋ ਸਾਡੇ ਦਲਿਤ ਵੀਰ ਹਨ, ਪਛੜੇ ਹੋਏ ਵਰਗ ਜਿਹੜੇ ਪਿਛੇ ਰਹਿ ਗਏ ਸਨ, ਉਨ੍ਹਾਂ ਤੱਕ ਹੁਣ ਇਹ ਪਹੁੰਚ ਸਕਣਗੇ। ਸਪੀਕਰ ਸਾਹਿਬ, ਇਥੇ ਬਜਟ ਤੇ ਚਰਚਾ ਕਰਨ ਤੋਂ ਪਹਿਲਾਂ, ਬੋਲਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਜੋ ਆਰਥਿਕਤਾ ਦੀ ਹਾਲਤ ਸਾਡੀ ਸਰਕਾਰ ਨੂੰ ਵਿਰਸੇ ਵਿਚ ਮਿਲੀ ਹੈ, ਉਸ ਦਾ ਲੇਖਾ ਜੋਖਾ ਕਰਨਾ ਬਹੁਤ ਲਾਜ਼ਮੀ ਹੈ। ਮੇਰੇ ਕੋਲ ਬਜਟ ਦੇ ਨਾਲ ਜੋ 1996-97 ਦਾ ਇਕਨਾਮਿਕ ਸਰਵੇ ਹੈ ਆਰਥਿਕ ਸਰਵੇ ਆਇਆ ਹੈ, ਉਸ ਵਿਚੋਂ ਸਾਫ ਪਤਾ ਲਗਦਾ ਹੈ ਕਿ ਜੋ ਵਿਕਾਸ ਹੈ, ਉਸ ਦੇ ਵਿਚ ਇਕ ਤਰ੍ਹਾਂ ਦੀ ਖੜੋਤ ਆ ਚੁੱਕੀ ਹੈ, ਸਟੈਗਨੇਸ਼ਨ ਆ ਚੁੱਕੀ ਹੈ। ਕਈ ਖੇਤਰ ਇਹੋ ਜਿਹੇ ਹਨ ਜਿਨ੍ਹਾਂ ਵਿਚ ਵਿਕਾਸ ਦੀ ਰਫਤਾਰ ਲਗਾਤਾਰ ਘਟਦੀ ਚਲੀ ਜਾ ਰਹੀ ਹੈ। ਜਿਵੇਂ ਕਿ ਸੰਨ 1991-95 ਵਿਚ ਜੋ ਇਕਨਾਮਿਕ ਡਿਵੈਲਪਮੈਂਟ ਸੀ, ਉਹ 4.52% ਸੀ ਜੋ 1995-96 ਵਿਚ 3.36% ਰਹਿ ਗਈ ਹੈ। ਅਨਾਜ ਦੀਆਂ ਫਸਲਾਂ ਵਿਚ 1994-95 ਦੇ ਮੁਕਾਬਲੇ 1995-96 ਵਿਚ 7.6% ਦੀ ਗਿਰਾਵਟ ਆ ਚੁਕੀ ਹੈ। ਖੇਤੀ-ਬਾੜੀ ਦਾ ਜੋ ਯੋਗਦਾਨ ਵਿਕਾਸ ਵਿਚ ਸੀ ਉਹ 1980-81 ਵਿਚ 33.76% ਸੀ ਜਦ ਕਿ ਹੁਣ ਇਹ ਯੋਗਦਾਨ ਘੱਟ ਕੇ 1995-96 ਵਿਚ 28.15% ਰਹਿ ਗਿਆ ਹੈ।

ਇਸ ਤੋਂ ਅੱਗੇ ਐਗਰੀਕਲਚਰ ਖੇਤਰ ਵਿਚ ਜੋ ਵਧਿਆ ਹੋਇਆ ਸੰਕਟ ਹੈ, ਉਸ ਦਾ ਵੀ ਅਹਿਸਾਸ ਹੁੰਦਾ ਹੈ। ਏਨਾ ਹੀ ਨਹੀ, 1994-95 ਤੱਕ ਪੰਜਾਬ ਵਿਚ ਸੈਂਟਰ ਦੀ ਇਨਵੈਸਟਮੈਂਟ 0.61% ਸੀ। ਮਿਹਨਤ ਕਰਕੇ ਪੰਜਾਬੀ ਜਿਹੜਾ ਆਪਣਾ ਧਨ ਬੈਂਕਾਂ ਵਿਚ ਜਮ੍ਹਾਂ ਕਰਵਾਉਂਦੇ ਸੀ ਉਸ ਵਿਚੋਂ ਵੀ ਜ਼ਿਆਦਾ ਪੈਸਾ ਦੂਜੇ ਸੂਬਿਆਂ ਵਿਚ ਲਿਜਾ ਕੇ ਖਰਚ ਦਿੱਤਾ ਜਾਂਦਾ ਸੀ। ਪੰਜਾਬ ਵਿਚ ਕਰੈਡਿਟ ਡਿਪਾਜ਼ਿਟ ਦੀ ਰੇਸ਼ੋ ਸਿਰਫ 41% ਹੈ ਜਦ ਕਿ ਕਈ ਅਜਿਹੀਆਂ ਸਟੇਟਾਂ ਵੀ ਹਨ ਜਿਥੇ ਇਹ ਰੇਸ਼ੋ 100% ਦੇ ਨੇੜੇ ਹੈ। ਸਾਡੀ ਆਰਥਿਕ ਹਾਲਤ ਇਹ ਸਰਸਰੀ ਤੌਰ ਤੇ ਹੈ। ਜਿਹੜਾ ਐਫ.

[ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ]

ਐਮ' ਸਾਹਿਬ ਨੇ ਬਜਟ ਪੇਸ਼ ਕੀਤਾ ਹੈ, ਉਹ ਇਕ ਪਾਥ ਬਰੇਕਿੰਗ ਬਜਟ ਹੈ ਅਤੇ ਨਵੇਂ ਪੂਰਨੇ ਪਾਉਣ ਵਾਲਾ ਬਜਟ ਹੈ। ਜਿਹੜੀ ਮਾਇਕ ਵਿਵਸਥਾ ਅੱਜ ਸਾਡੀ ਸਰਕਾਰ ਨੂੰ ਮਿਲੀ ਹੈ, ਉਹ ਬਹੁਤ ਕਮਜ਼ੋਰ ਹੈ। ਫਿਰ ਵੀ ਸਰਕਾਰ ਨੇ ਜਨਤਾ ਤੇ ਨਵੇਂ ਟੈਕਸ ਨਹੀਂ ਲਾਏ। ਜਿਹੜਾ ਬਜਟ ਹੈ, ਇਹ ਨਿਰਾ ਅੰਕੜਿਆਂ ਦਾ ਦਸਤਾਵੇਜ਼ ਨਹੀਂ ਜਾਂ ਪ੍ਰਾਜੈਕਟਾਂ ਵਾਸਤੇ ਰੱਖੇ ਪੈਸਿਆਂ ਦਾ ਹੀ ਡਾਕੂਮੈਂਟ ਨਹੀਂ ਹੈ। ਇਹ ਪੰਜਾਬ ਦੇ ਨਵ-ਨਿਰਮਾਣ ਵਾਸਤੇ ਇਕ ਸਾਧਨ ਹੈ ਜਿਸ ਨਾਲ ਇਕ ਨਵੀਂ ਆਰਥਿਕ ਵਿਵਸਥਾ ਹੋਂਦ ਵਿਚ ਲਿਆਂਦੀ ਜਾ ਸਕਦੀ ਹੈ। ਇਹ ਹੀ ਨਹੀਂ, ਸਾਡੀ ਸਰਕਾਰ ਦੀ ਪ੍ਰਥਮ ਤਰਜੀਹ ਹੈ ਕਿ ਸਾਰੇ ਵਰਗਾਂ ਦੀ, ਭਾਵੇਂ ਰਾਜਨੀਤਕ ਵਰਗਾਂ ਜਾਂ ਸਮਾਜਿਕ ਵਰਗ ਹੈ, ਬਰਾਬਰੀ ਕੀਤੀ ਜਾਵੇਗੀ। ਇਸ ਚੀਜ਼ ਨੂੰ ਮੁੱਖ ਰੱਖਦੇ ਹੋਏ ਦਲਿਤ ਵਰਗ ਜਾਂ ਪਛੜੀਆਂ ਸ੍ਰੇਣੀਆਂ ਵਾਸਤੇ ਜੋ 300% ਬਜਟ ਵਧਾਇਆ ਗਿਆ ਹੈ, ਇਹ ਵਾਕਈ ਬਹੁਤ ਸ਼ਲਾਘਾ ਯੋਗ ਕਦਮ ਹੈ ਅਤੇ ਇਸ ਦੇ ਲਈ ਮੈਂ ਵਿੱਤ ਮੰਤਰੀ ਜੀ ਦਾ ਧੰਨਵਾਦੀ ਹਾਂ।

ਜੋ ਐਗਰੀਕਲਚਰ ਹੈ, ਜਿਵੇਂ ਕਿ ਮੈਂ ਪਹਿਲਾਂ ਦੱਸਿਆ ਹੈ, ਪਿਛਲੇ ਸਮੇਂ ਦੌਰਾਨ ਇਸ ਦਾ ਪੰਜਾਬ ਦੀ ਆਰਥਿਕਤਾ ਵਿਚ ਹਿੱਸਾ ਘਟਦਾ ਚਲਿਆ ਜਾ ਰਿਹਾ ਸੀ। ਇਸ ਵੇਲੇ ਸਟੇਟ ਦੀ ਡੋਮੈਸਟਿਕ ਪ੍ਰੋਡਕਸ਼ਨ ਘਟ ਕੇ 28% ਰਹਿ ਗਈ ਹੈ ਅਤੇ ਜੇ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਇਹ ਅੱਗੇ ਨੂੰ 18% ਰਹਿ ਜਾਵੇਗੀ। ਐਗਰੀਕਲਚਰ ਇਕ ਐਸਾ ਖੇਤਰ ਹੈ, ਜਿਸ ਨੂੰ ਇਕ ਐਸੀ ਮੁਰਗੀ ਕਿਹਾ ਜਾ ਸਕਦਾ ਹੈ, ਜਿਹੜੀ ਸੋਨੇ ਦੇ ਅੰਡੇ ਦਿੰਦੀ ਹੈ। ਜੇ ਅਸੀਂ ਇਸ ਮੁਰਗੀ ਨੂੰ ਮਾਰ ਦਿਆਂਗੇ ਤਾਂ ਸਾਨੂੰ ਉਸ ਦੇ ਸੁਨਹਿਰੀ ਅੰਡੇ ਨਹੀਂ ਮਿਲਣਗੇ। ਇਸੇ ਖੇਤਰ ਦੇ ਸਿਰ ਤੇ ਹੀ ਅਸੀਂ ਆਪਣੀਆਂ ਸਮਾਜਿਕ ਜ਼ਿੰਮੇਂਵਾਰੀਆਂ ਪੂਰੀਆਂ ਕਰਦੇ ਆਏ ਹਾਂ ਅਤੇ ਕਰਦੇ ਰਹਾਂਗੇ। ਸਰਕਾਰ ਨੇ ਇਸ ਖੇਤਰ ਦੀ ਅਹਿਮੀਅਤ ਨੂੰ ਸਹੀ ਤੌਰ ਤੇ ਪਛਾਣਿਆ ਅਤੇ ਕਿਸਾਨਾਂ ਨੂੰ ਬਿਜਲੀ ਪਾਣੀ ਮੁਫਤ ਦੇਣ ਦਾ ਫੈਸਲਾ ਕਰਕੇ ਬਹੁਤ ਹੀ ਚੰਗਾ ਕੰਮ ਕੀਤਾ ਹੈ। ਇਸ ਨਾਲ ਸਾਡੀ ਐਗਰੀਕਲਚਰ ਦੀ ਕੰਟਰੀ-ਬਿਊਸ਼ਨ ਵੱਧ ਜਾਵੇਗੀ ਅਤੇ ਜਿਹੜੀਆਂ ਸਾਡੀਆਂ ਸੋਸ਼ਲ ਆਬਲੀਗੇਸ਼ਨਜ਼ ਹਨ, ਉਹ ਅਸੀਂ ਹੁਣ ਹੋਰ ਚੰਗੇ ਤਰੀਕੇ ਨਾਲ ਨਿਭਾ ਸਕਾਂਗੇ। ਹਾਲੇ ਤਾਂ ਸਰਕਾਰ ਨੇ 5100 ਰੁਪਏ ਦੇ ਸ਼ਗਨ ਦੀ ਸਕੀਮ ਚਲਾਈ ਹੈ, ਜੇ ਐਗਰੀਕਲਚਰ ਸੈਕਟਰ ਦੀ ਹੋਰ ਜ਼ਿਆਦਾ ਮਦਦ ਹੁੰਦੀ ਹੈ ਤਾਂ ਫਿਰ ਇਹ ਰਕਮ ਜ਼ਿਆਦਾ ਵੀ ਹੋ ਸਕਦੀ ਹੈ। ਹੁਣ ਜਿਹੜੀ ਸਾਡੇ ਗ਼ਰੀਬ ਵਰਗ ਦੀ 2 ਬਲਬ ਦੇਣ ਦੀ ਮੰਗ ਹੈ, ਉਸ ਨੂੰ ਪੂਰਾ ਕਰਦੇ ਹੋਏ ਫਿਰ 4 ਬਲਬ ਵੀ ਦਿੱਤੇ ਜਾ ਸਕਣਗੇ। ਸੋ ਐਗਰੀਕਲਚਰ ਸੈਕਟਰ ਵਾਸਤੇ ਇਹ ਬਿਜਲੀ ਪਾਣੀ ਮੁਫਤ ਦੇਣਾ ਬੜੀ ਜ਼ਰੂਰੀ ਚੀਜ਼ ਸੀ। ਸਰਕਾਰ ਵਲੋਂ ਇਸ ਦੀ ਅਹਿਮੀਅਤ ਨੂੰ ਪਛਾਣ ਕੇ ਸਹੀ ਕਦਮ ਚੁੱਕੇ ਗਏ ਹਨ। ਇਸ ਤੋਂ ਬਾਅਦ ਇਰੀਗੇਸ਼ਨ ਦਾ ਖੇਤਰ ਹੈ ਜਿਸ ਦਾ ਸਰਕਾਰ ਨੇ ਬਜਟ ਵਧਾਇਆ ਹੈ ਇਸ ਸਾਲ ਇਸ ਨੂੰ 171 ਕਰੋੜ ਰੁਪਏ ਤੋਂ ਵਧਾ ਕੇ 231 ਕਰੋੜ ਰੁਪਿਆ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ ਬਜਟ ਅੰਦਰ 36% ਦਾ ਵਾਧਾ ਕੀਤਾ ਹੈ।

ਸਪੀਕਰ ਸਾਹਿਬ, ਮੈਂ ਕੁਝ ਬਾਰਡਰ ਦੇ ਇਲਾਕੇ ਬਾਰੇ ਕਹਿਣਾ ਚਾਹੁੰਦਾ ਹਾਂ। ਬਾਰਡਰ ਦੇ ਇਲਾਕੇ ਵਿਚ, ਜਿਹੜਾ ਸਾਡਾ ਏਰੀਆ ਹੈ, ਉਸ ਨੂੰ ਖਾਰਾ

ਮਾਝਾ ਕਿਹਾ ਜਾਂਦਾ ਹੈ । ਸਾਡੇ ਇਲਾਕੇ ਵਿਚ ਜਿਹੜਾ ਪਾਣੀ ਹੈ, ਉਹ ਸਲਾਈਨ ਖਾਰਾ ਹੈ । ਇਹ ਪਾਣੀ ਨਾ ਪੀਣ ਦੇ ਕੰਮ ਆਉਂਦਾ ਹੈ ਅਤੇ ਨਾ ਸਿੰਜਾਈ ਦੇ ਕੰਮ ਆਉਂਦਾ ਹੈ । ਇਲਾਕੇ ਦੀ ਬੜੀ ਵੱਡੀ ਮੰਗ ਹੈ ਅਤੇ ਲੋੜ ਹੈ ਕਿ ਉਥੇ ਠੀਕ ਪਾਣੀ ਪਹੁੰਚਾਇਆ ਜਾਵੇ । ਸਾਡਾ ਇਲਾਕਾ ਇਰੀਗੇਸ਼ਨ ਚੈਨਲਾਂ ਦੀ ਟੇਲ ਤੇ ਆਉਂਦਾ ਹੈ । ਕੁਝ ਤਾਂ ਪਾਣੀ ਸੀਪੇਜ ਨਾਲ ਵੇਸਟ ਹੋ ਜਾਂਦਾ ਹੈ ਅਤੇ ਕੁਝ ਟੇਲ ਤੋਂ ਪਹਿਲਾਂ ਵਾਲੇ ਕਿਸਾਨ ਫਾਲਤੂ ਪਾਣੀ ਲੈ ਜਾਂਦੇ ਹਨ । ਪਾਣੀ ਸਾਡੇ ਟੇਲਾਂ ਤੇ ਨਹੀਂ ਸੀ ਪਹੁੰਚਦਾ । ਜੇ ਕਰ ਇਹ ਇਰੀਗੇਸ਼ਨ ਸਕੀਮ ਸਹੀ ਤੌਰ ਤੇ ਇੰਪਲੀਮੈਂਟ ਕੀਤੀ ਜਾਵੇ ਤਾਂ ਦੁਬਾਰਾ ਸਾਡੇ ਟੇਲਾਂ ਤੇ ਸਾਡੇ ਏਰੀਆਜ਼ ਦੇ ਵਿੱਚ ਪਾਣੀ ਆ ਸਕੇਗਾ ਔਰ ਜਿਹੜਾ ਪਾਣੀ ਖਾਰਾ ਹੈ ਉਹ ਮਿੱਠਾ ਵੀ ਹੋ ਜਾਵੇਗਾ ਔਰ ਪਰਾਪਰਲੀ ਪੀਣ ਯੋਗ ਹੋ ਜਾਵੇਗਾ । ਇਸ ਨਾਲ ਇਲਾਕੇ ਦੇ ਲੋਕਾਂ ਦੀ ਪੀਣ ਵਾਲੇ ਪਾਣੀ ਦੀ ਮੁਸ਼ਕਲ ਦੂਰ ਹੋ ਸਕੇਗੀ ।

ਸਪੀਕਰ ਸਾਹਿਬ, ਮੇਰੇ ਇਲਾਕੇ ਦੇ ਵਿੱਚ 1960-61 ਦੇ ਵਿੱਚ ਝੂਮਣੀਵਾਲਾ ਵਿਖੇ ਇਕ ਮਾਈਨਰ ਇਰੀਗੇਸ਼ਨ ਸਕੀਮ ਬਣਾਈ ਗਈ ਸੀ ਪਰ ਕਿਉਂਕਿ ਮੇਰਾ ਇਲਾਕਾ ਬਾਰਡਰ ਦਾ ਇਲਾਕਾ ਹੈ ਅਤੇ ਇਸ ਇਲਾਕੇ ਦੇ ਵਿਚ ਪਾਕਿਸਤਾਨ ਦੇ ਨਾਲ ਲੜਾਈ ਵਗੈਰਾ ਲੱਗਣ ਦੇ ਕਾਰਨ ਉਹ ਇਲਾਕਾ ਅੱਗੇ ਨਹੀਂ ਵੱਧ ਸਕਿਆ, ਜਿਸ ਕਾਰਨ ਇਹ ਸਕੀਮ ਵੀ ਉਸੇ ਤਰ੍ਹਾਂ ਹੀ ਪਈ ਰਹਿ ਗਈ । ਜੇਕਰ ਇਹ ਸਕੀਮ ਮੁੜ ਕੇ ਚਾਲੂ ਕਰਵਾ ਦਿੱਤੀ ਜਾਵੇ, ਤਾਂ ਇਸ ਨਾਲ 85,000 ਹੈਕਟੇਅਰ ਰਕਬਾ ਹੋਰ ਕਵਰ ਕੀਤਾ ਜਾ ਸਕਦਾ ਹੈ ਜਿਸ ਨਾਲ ਕਿ ਪੰਜਾਬ ਇਕਾਨਮੀ ਨੂੰ ਵੀ ਬਹੁਤ ਵੱਡਾ ਫਾਇਦਾ ਹੋ ਸਕੇਗਾ ਔਰ ਉਸ ਏਰੀਏ ਦੀ ਇਕਾਨਮੀ ਵੀ ਵੱਧ ਜਾਵੇਗੀ ।

ਸਪੀਕਰ ਸਾਹਿਬ, ਵਿੱਤ ਮੰਤਰੀ ਸਾਹਿਬ ਨੇ ਆਪਣੇ ਬਜਟ ਦੇ ਵਿੱਚ ਇੰਡਸਟਰੀ ਨੂੰ ਬਹੁਤ ਅਹਿਮੀਅਤ ਦਿੱਤੀ ਹੈ । ਮੈਂ ਇੰਡਸਟਰੀ ਦੇ ਸਬੰਧ ਵਿੱਚ ਕਹਿਣਾ ਚਾਹੁੰਦਾ ਹਾਂ ਕਿ..........

ਸ੍ਰੀ ਸਪੀਕਰ : ਪਲੀਜ਼ ਤੁਸੀਂ ਹੁਣ ਕਲੋਜ਼ ਕਰਨ ਦੀ ਖੇਚਲ ਕਰੋ ।

ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ : ਸਪੀਕਰ ਸਾਹਿਬ, ਇਹ ਮੇਰੀ ਪਹਿਲੀ ਸਪੀਚ ਹੈ । ਮੈਂ ਪੂਰਾ ਯਤਨ ਕਰ ਰਿਹਾ ਹਾਂ, ਲੇਕਿਨ ਤੁਸੀਂ ਮੈਨੂੰ ਥੋੜ੍ਹਾ ਜਿਹਾ ਸਮਾਂ ਬੋਲਣ ਲਈ ਹੋਰ ਦਿਓ, ਮੈਂ ਹੁਣੇ ਆਪਣੇ ਇਲਾਕੇ ਤੇ ਪਹੁੰਚਿਆ ਹਾਂ ।

ਸਪੀਕਰ ਸਾਹਿਬ, ਮੈਂ ਇੰਡਸਟਰੀ ਦੇ ਮੁਤੱਲਿਕ ਗੱਲ ਕਰ ਰਿਹਾ ਸੀ ਕਿ ਮੇਰਾ ਬਾਰਡਰ ਦਾ ਇਲਾਕਾ ਹੋਣ ਦੇ ਕਾਰਨ ਮੇਰੇ ਇਲਾਕੇ ਦੇ ਵਿੱਚ ਕੋਈ ਇੰਡਸਟਰੀ ਨਹੀਂ ਲਗਾਈ ਗਈ ਜਿਸ ਦੇ ਕਾਰਨ ਜਿਹੜਾ ਸਾਡੇ ਇਲਾਕੇ ਦਾ ਨੌਜਵਾਨ ਤਬਕਾ ਹੈ ਉਹ ਫਰੱਸਟਰੇਟ ਫੀਲ ਕਰਦਾ ਹੈ ਔਰ An idle man's brain is a devil's workshop. ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਜੋ ਬਾਰਡਰ ਦਾ ਇਲਾਕਾ ਹੋਣ ਦੇ ਕਾਰਨ

[ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ]

ਕੋਈ ਇੰਡਸਟਰੀ ਨਾ ਲੱਗੀ ਹੋਵੇ ਤਾਂ ਮੈਂ ਹੁਣ ਸਰਕਾਰ ਅੱਗੇ ਬੇਨਤੀ ਕਰਾਂਗਾ ਕਿ ਸੈਂਟਰ ਸਰਕਾਰ ਵੀ ਜਦੋਂ ਕੋਈ ਵੱਡੀ ਇੰਡਸਟਰੀ ਪੰਜਾਬ ਨੂੰ ਦੇਵੇ ਤਾਂ ਪੰਜਾਬ ਸਰਕਾਰ ਕ੍ਰਿਪਾ ਕਰਕੇ ਉਹ ਇੰਡਸਟਰੀ ਮੇਰੇ ਇਲਾਕੇ ਵਿੱਚ ਲਗਾਏ । ਮੈਂ ਇਸ ਸਬੰਧ ਵਿੱਚ ਪਿਛਲੇ ਸਮੇਂ ਵਿੱਚ ਸਰਦਾਰ ਮੋਨਟੇਕ ਸਿੰਘ ਆਹਲੂਵਾਲੀਆ ਜੀ ਨਾਲ ਵੀ ਗੱਲ ਕੀਤੀ ਸੀ ਔਰ ਉਹਨਾਂ ਨੇ ਮੈਨੂੰ ਯਕੀਨ ਦਿਵਾਇਆ ਸੀ ਕਿ ਸਾਡੇ ਏਰੀਆਜ਼ ਵਿੱਚ ਜਿਵੇਂ ਜੰਮੂ ਐਂਡ ਕਸ਼ਮੀਰ ਵਿੱਚ ਟੈਕਸ ਹਾਲੀਡੇ ਦੇ ਕੇ ਇੰਡਸਟਰੀ ਲਗਾਉਣ ਵਾਸਤੇ ਬੂਸਟ ਕੀਤਾ ਗਿਆ ਹੈ, ਉਸੇ ਪ੍ਰਕਾਰ ਹੀ ਮੇਰੇ ਬਾਰਡਰ ਦੇ ਏਰੀਆਜ਼ ਦੇ ਵਿੱਚ ਵੀ ਟੈਕਸ ਹਾਲੀਡੇ ਦਾ ਬੈਨੀਫਿਟ ਦਿੰਦੇ ਹੋਏ ਇੰਡਸਟਰੀ ਲਗਾਉਣ ਲਈ ਲਾਇਸੈਂਸ ਜਾਰੀ ਕੀਤਾ ਜਾਵੇਗਾ । ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਬੈਂਕਾਂ ਨੂੰ ਵੀ ਹਦਾਇਤ ਕੀਤੀ ਜਾਵੇ ਕਿ ਉਥੇ ਇੰਡਸਟਰੀ ਲਗਾਉਣ ਵਾਸਤੇ ਕੁਝ ਇੰਟਰਸਟ ਦੇ ਵਿੱਚ ਵੀ ਜ਼ਰੂਰ ਰੀਲੀਫ ਦਿੱਤਾ ਜਾਵੇ । ਸਰਕਾਰ ਲੀਡਿੰਗ ਬੈਂਕਾਂ ਨੂੰ ਕਹੇ ਕਿ ਬਾਰਡਰ ਏਰੀਆ ਹੋਣ ਦੇ ਨਾਤੇ ਇੰਡਸਟਰੀ ਵਾਸਤੇ ਵਿਆਜ ਦੀ ਅਦਾਇਗੀ ਵਿੱਚ ਛੋਟ ਦਿੱਤੀ ਜਾਵੇ । ਇਸ ਲਈ ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਐਫ. ਐਮ. ਸਾਹਿਬ ਨੂੰ ਕਹਾਂਗਾ ਕਿ ਬਾਰਡਰ ਦੇ ਏਰੀਆਜ਼ ਵਾਸਤੇ ਕੋਈ ਨਾ ਕੋਈ ਇੰਡਸਟਰੀ ਜ਼ਰੂਰ ਘੋਸ਼ਿਤ ਕੀਤੀ ਜਾਵੇ ਔਰ ਭਾਵੇਂ ਇਸ ਵਾਸਤੇ ਬਜਟ ਦੇ ਵਿੱਚ ਸਪੈਸ਼ਲ ਐਲੋਕੇਸ਼ਨ ਕੀਤੀ ਜਾਵੇ ਤਾਂ ਕਿ ਜਿਹੜਾ ਉਥੇ ਨੌਜਵਾਨ ਬੇਰੋਜ਼ਗਾਰ, ਵਿਹਲਾ ਤੁਰਿਆ ਫਿਰਦਾ ਹੈ ਉਸ ਨੂੰ ਰੋਜ਼ਗਾਰ ਵੀ ਮਿਲ ਸਕੇ ।

ਸਪੀਕਰ ਸਾਹਿਬ, ਮੈਂ ਆਪਣੇ ਇਲਾਕੇ ਸਬੰਧੀ ਇਕ ਗੱਲ ਹੋਰ ਵੀ ਕਹਿਣੀ ਚਾਹੁੰਦਾ ਹਾਂ । ਪਹਿਲਾਂ ਅਕਾਲੀ ਭਾਜਪਾ ਸਰਕਾਰ ਨੇ ਸਾਡੇ ਇਲਾਕੇ ਦੇ ਮੁਲਾਜ਼ਮਾਂ ਵਾਸਤੇ ਹਾਊਸ ਰੈਂਟ ਅਲਾਊਂਸ ਦੇਣ ਦਾ ਇਕ ਬਹੁਤ ਅੱਛਾ ਫੈਸਲਾ ਕੀਤਾ ਸੀ ਜਿਸ ਰਾਹੀਂ ਬਾਰਡਰ ਦੇ ਵਿੱਚ ਜਿਹੜੇ ਸਕੂਲ ਔਰ ਹਸਪਤਾਲ ਵਗੈਰਾ ਹਨ, ਉਥੇ ਟੀਚਰ ਔਰ ਡਾਕਟਰ ਆਮ ਕਰਕੇ ਡਿਊਟੀ ਤੇ ਆਉਣਾ ਪਸੰਦ ਕਰਦੇ ਸਨ, ਜਿਸ ਨਾਲ ਮਰੀਜ਼ਾਂ ਦੇ ਇਲਾਜ ਦਾ ਵੀ ਉਚਿਤ ਪ੍ਰਬੰਧ ਹੋ ਜਾਂਦਾ ਸੀ ਔਰ ਇਲਾਕੇ ਦੇ ਬੱਚਿਆਂ ਦੀ ਪੜ੍ਹਾਈ ਵੀ ਹੁੰਦੀ ਰਹਿੰਦੀ ਸੀ ਪਰ ਪਿਛਲੀ ਸਰਕਾਰ ਨੇ ਕੁਝ ਇਹੋ ਜਿਹਾ ਫੈਸਲਾ ਲਿਆ ਕਿ ਉਨ੍ਹਾਂ ਮੁਲਾਜ਼ਮਾਂ ਦਾ ਹਾਊਸ ਰੈਂਟ ਅਲਾਊਂਸ ਵੀ ਵਿਦਡਰਾਅ ਕਰ ਦਿੱਤਾ । ਕੇਵਲ ਇਹ ਹੀ ਨਹੀਂ ਕੀਤਾ ਸਗੋਂ ਵਿਦ ਰੈਟਰੋਸਪੈਕਟਿਵ ਇਫੈਕਟ ਰਿਕਵਰੀ ਕਰਨੀ ਵੀ ਸ਼ੁਰੂ ਕਰ ਦਿੱਤੀ । ਇਸ ਦਾ ਰਿਜ਼ਲਟ ਇਹ ਹੋਇਆ ਕਿ ਮੁਲਾਜ਼ਮ ਤਬਕਾ ਮਾਯੂਸ ਹੋ ਗਿਆ ਔਰ ਉਹ ਇਸ ਇਲਾਕੇ ਦੇ ਵਿੱਚੋਂ ਨਿਕਲਣੇ ਸ਼ੁਰੂ ਹੋ ਗਏ, ਆਪਣੀਆਂ ਟਰਾਂਸਫਰਾਂ ਕਰਵਾ ਕੇ ਹੋਰ ਸ਼ਹਿਰਾਂ ਦੇ ਵਿੱਚ ਚਲੇ ਗਏ । ਅੱਜ ਪੁਜੀਸ਼ਨ ਇਹ ਹੋ ਗਈ ਹੈ ਕਿ ਸਾਡੇ ਇਲਾਕੇ ਦੇ ਵਿੱਚ ਕੁਝ ਪਿੰਡ ਅਜਿਹੇ ਹਨ ਜਿੱਥੇ ਕਿ ਇਕ ਜਾਂ ਦੋ ਟੀਚਰ ਹੀ ਸਕੂਲ ਵਿੱਚ ਹਨ, ਇਹੀ ਹਾਲ ਡਿਸਪੈਂਸਰੀਆਂ ਔਰ ਹਸਪਤਾਲਾਂ ਦਾ ਹੈ । ਬੱਚਿਆਂ ਨੂੰ ਪੜ੍ਹਾਉਣ ਲਈ ਪੇਰੈਂਟਸ ਨੂੰ ਆਪਣੇ ਕੋਲੋਂ ਪੈਸੇ ਖਰਚ ਕਰਕੇ ਟੀਚਰਾਂ ਦਾ ਪ੍ਰਬੰਧ ਕਰਨਾ ਪੈਂਦਾ ਹੈ । ਸੋ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਸਕੀਮ ਪਹਿਲਾਂ ਹਾਊਸ ਰੈਂਟ ਦੇਣ ਦੀ ਲਾਂਚ ਕੀਤੀ ਗਈ ਸੀ, ਉਸ ਨੂੰ ਦੁਬਾਰਾ ਸ਼ੁਰੂ ਕਰ ਦਿੱਤਾ ਜਾਵੇ । ਆਖਿਰ ਵਿੱਚ, ਮੈਂ ਸਪੀਕਰ ਸਾਹਿਬ ਇਕ ਦੋ ਗੱਲਾਂ ਹੋਰ

ਕਹਿ ਕੇ ਬਸ ਕਰਾਂਗਾ ਕਿਉਂਕਿ ਮੈਂ ਹਾਊਸ ਦਾ ਹੋਰ ਜ਼ਿਆਦਾ ਟਾਈਮ ਵੀ ਨਹੀਂ ਲੈਣਾ ਚਾਹੁੰਦਾ। ਸਪੀਕਰ ਸਾਹਿਬ, ਆਪਾਂ ਸਾਰੇ ਜਾਣਦੇ ਹਾਂ ਕਿ ਸੰਨ 1999 ਵਿੱਚ ਵਿਸ਼ਵ ਭਰ ਵਿੱਚ ਖਾਲਸਾ ਪੰਥ ਦੀ ਸਿਰਜਨਾ ਦੀ 300ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ। 1699 ਦੇ ਵਿੱਚ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿੱਖ ਪੰਥ ਦੀ ਸਿਰਜਨਾ ਕਰਦੇ ਹੋਏ ਸਮੁੱਚੀ ਮਨੁੱਖਤਾ ਨੂੰ ਇਕ ਪਵਿੱਤਰ ਸੰਦੇਸ਼ ਦਿੱਤਾ ਸੀ "ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ"। 6 ਮਾਰਚ, 1997 ਨੂੰ ਪੰਜਾਬ ਵਿਧਾਨ ਸਭਾ ਨੇ ਇਕ ਮਤਾ ਪਾਸ ਕਰਕੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਯੂਨਾਈਟਿਡ ਨੇਸ਼ਨਜ਼ ਦੀ ਛਤਰ ਛਾਇਆ ਹੇਠ 1999 ਨੂੰ "ਯੂ. ਐਨ. ਇੰਟਰਨੈਸ਼ਨਲ ਈਅਰ ਆਫ ਹਿਊਮੈਨ ਸਪਿਰਟ" ਮਨਾਇਆ ਜਾਵੇ। ਮੈਂ ਐਫ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੋ 1999 ਨਾਲ ਸਬੰਧਤ ਪ੍ਰੋਗਰਾਮ ਹਨ, ਇਸ ਵਾਸਤੇ ਕੋਈ ਮਾਇਕ ਵਿਵਸਥਾ ਕਰਨ ਦੀ ਜ਼ਰੂਰ ਕ੍ਰਿਪਾਲਤਾ ਕਰਨ। ਮੈਨੂੰ ਯਕੀਨ ਹੈ ਕਿ ਉਹ ਮੇਰੀ ਇਹ ਰਿਕੁਐਸਟ ਜ਼ਰੂਰ ਮੰਨਣਗੇ। ਅਖੀਰ ਦੇ ਵਿੱਚ, ਮੈਂ ਇਕ ਗੱਲ ਹੋਰ ਕਹਿ ਕੇ ਬੈਠ ਜਾਵਾਂਗਾ। ਬਜਟ ਪੜ੍ਹਨ ਤੋਂ ਬਾਅਦ ਮੈਨੂੰ ਇਹ ਮਹਿਸੂਸ ਹੋਇਆ ਹੈ ਕਿ ਜਿਹੜਾ ਛੋਟਾ ਟਰਾਂਸਪੋਰਟਰ ਹੈ, ਉਸ ਉਤੇ ਲਗਾਇਆ ਗਿਆ ਟੈਕਸ ਕੁਝ ਵਧੇਰੇ ਲਗਦਾ ਹੈ। ਮੈਂ ਬੇਨਤੀ ਕਰਦਾ ਹਾਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਿੱਤ ਮੰਤਰੀ ਜੀ ਨੂੰ ਕਿ ਉਹ ਇਸ ਨੂੰ ਜ਼ਰੂਰ ਥੋੜ੍ਹਾ ਜਿਹਾ ਰਿਵਿਊ ਕਰਨ ਅਤੇ ਜਿਹੜੇ ਛੋਟੇ ਟਰਾਂਸਪੋਰਟਰ ਹਨ, ਜਿਨ੍ਹਾਂ ਕੋਲ ਇਕ ਜਾਂ ਦੋ ਗੱਡੀਆਂ ਹਨ, ਉਨ੍ਹਾਂ ਵਾਸਤੇ ਜ਼ਰੂਰ ਦੁਬਾਰਾ ਗੌਰ ਕੀਤੀ ਜਾਵੇ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਬੈਠਦਾ ਹਾਂ।

ਸਰਦਾਰ ਗੋਬਿੰਦ ਸਿੰਘ ਕਾਂਝਲਾ (ਸ਼ੇਰਪੁਰ, ਐਸ.ਸੀ.) : ਮਾਨਯੋਗ ਸਪੀਕਰ ਸਾਹਿਬ, ਬਾਦਲ ਸਰਕਾਰ ਵੱਲੋਂ ਕੈਪਟਨ ਕੰਵਲਜੀਤ ਸਿੰਘ ਜੀ, ਵਿੱਤ ਮੰਤਰੀ ਵੱਲੋਂ ਜਿਹੜਾ ਬਜਟ........

ਸ੍ਰੀ ਸਪੀਕਰ : ਕੇਵਲ ਪੰਜ ਮਿੰਟ ਵਿਚ ਸਮਾਪਤ ਕਰ ਦੇਣਾ।

ਸਰਦਾਰ ਗੋਬਿੰਦ ਸਿੰਘ ਕਾਂਝਲਾ : ਮੈਂ ਪੰਜ ਮਿੰਟ ਵਿਚ ਹੀ ਬਹੁਤ ਕੁਝ ਕਹਿ ਲਵਾਂਗਾ। ਸਪੀਕਰ ਸਾਹਿਬ, ਜਿਹੜਾ ਬਜਟ ਹਾਊਸ ਵਿਚ ਪੇਸ਼ ਕੀਤਾ ਹੈ ਇਹ ਭਾਰਤ ਦੇਸ਼ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਪਹਿਲੀ ਸਰਕਾਰ ਹੈ ਜਿਸ ਨੇ ਕਿਸਾਨਾਂ ਦੀ ਆਰਥਿਕਤਾ ਨੂੰ ਚਾਰ-ਚੰਨ ਲਾਉਣ ਲਈ ਠੋਸ ਉਪਰਾਲੇ ਕੀਤੇ ਹਨ। ਬਾਦਲ ਸਰਕਾਰ ਵੱਲੋਂ ਕਿਸਾਨਾਂ ਨੂੰ, ਚਾਹੇ ਉਹ ਦਲਿਤ ਹਨ ਜਾਂ ਕਿਸਾਨ ਖੁਦ ਆਪ ਖੇਤੀਬਾੜੀ ਕਰਦੇ ਹਨ, ਉਨ੍ਹਾਂ ਦੀ ਆਰਥਿਕਤਾ ਨੂੰ ਪੱਕੇ ਪੈਰੀਂ ਕਰਨ ਲਈ ਅਤੇ ਖੁਸ਼ਹਾਲ ਬਣਾਉਣ ਲਈ ਸਰਕਾਰ ਵੱਲੋਂ ਇਸ ਬਜਟ ਵਿਚ ਖਾਸ ਤੌਰ ਤੇ ਰਿਆਇਤਾਂ ਦਿੱਤੀਆਂ ਗਈਆਂ ਹਨ ਜਿਵੇਂ ਬਿਜਲੀ ਅਤੇ ਪਾਣੀ ਮੁਫਤ ਦੇਣਾ। ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੇ ਉਪਰਾਲੇ ਕਰਨੇ ਆਦਿ ਵਾਸਤੇ ਇਸ ਬਜਟ ਵਿਚ ਪ੍ਰੋਵੀਜ਼ਨ ਰੱਖੀ ਗਈ ਹੈ।

[ਸਰਦਾਰ ਗੋਬਿੰਦ ਸਿੰਘ ਕਾਂਝਲਾ]

ਇਸੇ ਤਰ੍ਹਾਂ ਮੈਨੂੰ ਖੁਸ਼ੀ ਹੈ ਕਿ ਸਾਡੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਇਸ ਤਰ੍ਹਾਂ ਦੇ ਠੋਸ ਉਪਰਾਲੇ ਕੀਤੇ ਹਨ । ਦੇਸ਼ ਦੀ ਅਜ਼ਾਦੀ ਤੋਂ ਬਾਅਦ ਇਹ ਬਾਦਲ ਸਰਕਾਰ ਪਹਿਲੀ ਸਰਕਾਰ ਹੈ ਜਿਸ ਨੇ ਦਲਿਤਾਂ ਦੇ ਕਲਿਆਣ ਲਈ ਮੌਕਾ ਪ੍ਰਦਾਨ ਕੀਤਾ ਹੈ । ਇਹ ਰਿਕਾਰਡ ਦੀ ਗੱਲ ਹੈ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ, ਡਿਪਟੀ ਸਪੀਕਰ ਤੋਂ ਲੈ ਕੇ ਖੇਤੀਬਾੜੀ ਮੰਤਰੀ ਤੱਕ ਦੀਆਂ ਅਹਿਮ ਪਦਵੀਆਂ ਤੇ ਦਲਿਤਾਂ ਨੂੰ ਸੁਸ਼ੋਭਿਤ ਕੀਤਾ ਹੈ । ਇਸ ਦੇ ਨਾਲ ਹੀ ਬੇਘਰੇ ਲੋਕਾਂ ਨੂੰ ਘਰ ਬਣਾਉਣ ਲਈ 50,000 ਰੁਪਏ ਪ੍ਰਤੀ ਘਰ ਦੇ ਹਿਸਾਬ ਨਾਲ ਰਾਸ਼ੀ ਰੱਖਣਾ ਵੀ ਆਪਣੇ ਆਪ ਵਿਚ ਮਾਣਮੱਤਾ ਫੈਸਲਾ ਹੈ । ਇਸ ਦੇ ਨਾਲ ਹੀ ਗੰਦੀਆਂ ਬਸਤੀਆਂ ਦੇ ਸੁਧਾਰ ਲਈ ਵੀ ਪੈਸਾ ਰਾਖਵਾਂ ਰੱਖ ਕੇ ਸਰਕਾਰ ਵੱਲੋਂ ਚੰਗਾ ਫੈਸਲਾ ਕੀਤਾ ਗਿਆ ਹੈ । ਇਸੇ ਤਰ੍ਹਾਂ ਦਲਿਤਾਂ ਦੇ ਕਲਿਆਣ ਲਈ ਅਤੇ ਆਮ ਲੋਕਾਂ ਦੇ ਕਲਿਆਣ ਲਈ ਪੈਨਸ਼ਨ ਦੀ ਸਕੀਮ ਸ਼ੁਰੂ ਕੀਤੀ ਹੈ ਕਿ ਪੁਰਸ਼ ਦੀ ਉਮਰ 65 ਸਾਲ ਅਤੇ ਇਸਤਰੀ ਦੀ ਉਮਰ 60 ਸਾਲ ਹੋਣ ਤੇ ਉਨ੍ਹਾਂ ਨੂੰ ਪੈਨਸ਼ਨ ਲਗਾ ਕੇ ਉਨ੍ਹਾਂ ਦੀ ਆਰਥਿਕ ਮਦਦ ਕੀਤੀ ਗਈ ਹੈ । ਇਸ ਦੇ ਨਾਲ ਹੀ ਦਲਿਤਾਂ ਲਈ ਜਿਹੜੀ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਹੈ ਉਸ ਦੀ ਧਨ ਰਾਸ਼ੀ ਦੀ ਮਿਕਦਾਰ ਵਧਾ ਕੇ ਬੜੀ ਵੱਡੀ ਤਦਾਦ ਵਿਚ ਪੈਸਾ ਰੱਖਿਆ ਗਿਆ ਹੈ ਤਾਂ ਕਿ ਸਾਡੇ ਨੌਜਵਾਨ ਕਾਰਪੋਰੇਸ਼ਨ ਕੋਲੋਂ ਕਰਜ਼ੇ ਲੈ ਕੇ, ਆਪਣੇ ਕੰਮ-ਧੰਦੇ ਚਲਾ ਕੇ ਆਪਣਾ ਰੁਜ਼ਗਾਰ ਆਪ ਪੈਦਾ ਕਰ ਸਕਣ ।

ਮੈਂ ਇਸ ਬਜਟ ਦੀ ਭਰਪੂਰ ਪ੍ਰਸ਼ੰਸਾ ਕਰਦਾ ਹੋਇਆ ਇਹ ਵੀ ਆਸ ਕਰਦਾ ਹਾਂ ਕਿ ਇਸ ਤਰ੍ਹਾਂ ਦੀਆਂ ਸਕੀਮਾਂ ਦੇ ਨਾਲ ਦਲਿਤ ਵੀਰਾਂ ਨੂੰ ਵਧੇਰੇ ਲਾਭ ਮਿਲ ਸਕੇਗਾ । ਸਿੱਖਿਆ ਦੇ ਖੇਤਰ ਵਿਚ ਬਜਟ ਵਿਚ ਲੜਕੀਆਂ ਦੀ ਬੀ.ਏ. ਤੱਕ ਦੀ ਮੁਫਤ ਪੜ੍ਹਾਈ ਲਈ ਪੈਸਾ ਰੱਖਿਆ ਗਿਆ ਹੈ, ਇਸ ਪਹਿਲੀ ਸਰਕਾਰ ਦੇ ਫੈਸਲੇ ਨੂੰ ਇਸ ਬਜਟ ਵਿਚ ਚਾਲੂ ਰੱਖਿਆ ਗਿਆ ਹੈ । ਇਸ ਦੇ ਨਾਲ ਹੀ ਦਲਿਤ ਭਰਾਵਾਂ ਲਈ ਆਈ.ਏ.ਐਸ., ਆਈ.ਪੀ.ਐਸ., ਪੀ.ਸੀ.ਐਸ. ਅਤੇ ਬੈਂਕਾਂ ਦੇ ਕੰਪੀਟੀਸ਼ਨਾਂ ਦੀ ਤਿਆਰੀ ਕਰਾਉਣ ਵਾਸਤੇ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਪਹਿਲੀ ਵਾਰ ਮੁੱਖ ਮੰਤਰੀ ਬਣੇ ਸਨ, ਉਦੋਂ ਇਹ ਫੈਸਲਾ ਕੀਤਾ ਗਿਆ ਸੀ । ਇਸ ਸਕੀਮ ਉਤੇ ਵੀ ਪੈਸਾ ਖਰਚ ਕਰਨ ਲਈ ਇਸ ਬਜਟ ਵਿਚ ਸਰਕਾਰ ਵੱਲੋਂ ਉਪਰਾਲਾ ਕੀਤਾ ਗਿਆ ਹੈ ।

ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ਼ਹਿਰਾਂ ਅਤੇ ਪਿੰਡਾਂ ਦਾ ਪਾੜਾ ਦੂਰ ਕਰਨ ਲਈ, ਪਿੰਡਾਂ ਵਿਚ ਸ਼ਹਿਰਾਂ ਵਾਲੀਆਂ ਸਹੂਲਤਾਂ ਦੇਣ ਲਈ, ਸਰਬਪੱਖੀ ਵਿਕਾਸ ਲਈ ਫੋਕਲ ਪੁਆਇੰਟ ਬਣਾਉਣ ਵਾਸਤੇ ਉਨ੍ਹਾਂ ਲਈ ਬੜੀ ਵੱਡੀ ਪੱਧਰ ਤੇ ਧਨ ਰਾਸ਼ੀ ਖਰਚ ਕਰਨ ਦਾ ਸਰਕਾਰ ਵੱਲੋਂ ਉਪਰਾਲਾ ਕੀਤਾ ਗਿਆ ਹੈ । ਇਸ ਦੇ ਨਾਲ ਹੀ ਸ਼ਹਿਰਾਂ ਅਤੇ ਪਿੰਡਾਂ ਵਿਚਲਾ ਪਾੜਾ ਮਿਟੇਗਾ । ਇਸੇ ਤਰ੍ਹਾਂ ਗੰਦੀਆਂ ਬਸਤੀਆਂ ਵਿਚ ਰਹਿਣ ਵਾਲਿਆਂ ਦਾ ਜੀਵਨ ਮਿਆਰ ਉੱਚਾ ਚੁੱਕਣ ਲਈ ਅਤੇ ਮੈਲਾ ਢੋਣ ਦੀ ਪ੍ਰਥਾ ਨੂੰ ਸਮਾਪਤ ਕਰਨ ਲਈ ਸਰਕਾਰ ਵੱਲੋਂ ਵਧੇਰੇ ਸਹੂਲਤਾਂ ਦੇਣ ਦਾ ਉਪਰਾਲਾ ਵੀ ਕੀਤਾ ਗਿਆ ਹੈ ।

ਔਰ ਅਨਪੜ੍ਹਤਾ ਦੇ ਖਾਤਮੇ ਲਈ ਸਭ ਲਈ ਵਿਦਿਆ ਮੁਫਤ ਦੇਣ ਲਈ ਵਿਸ਼ੇਸ਼ ਤੌਰ ਤੇ ਦਲਿਤਾਂ ਲਈ ਅਤੇ ਪ੍ਰਾਇਮਰੀ ਤੱਕ ਦੀ ਵਿਦਿਆ ਮੁਫਤ ਦੇਣ ਲਈ ਸਰਕਾਰ ਵੱਲੋਂ ਜੋ ਟੀਚੇ ਮਿੱਥੇ ਗਏ ਹਨ ਉਸ ਦੇ ਨਾਲ ਅਨਪੜ੍ਹਤਾ ਦੂਰ ਹੋਵੇਗੀ। ਇਸ ਦੇ ਨਾਲ ਹੀ ਬੇ-ਰੋਜ਼ਗਾਰ ਬੱਚੇ ਬੱਚੀਆਂ ਜੋ ਹਨ, ਉਨ੍ਹਾਂ ਨੂੰ ਰੋਜ਼ਗਾਰ ਦੇਣ ਲਈ ਰਫਤਾਰ ਤੇਜ਼ ਕੀਤੀ ਗਈ ਹੈ। ਸਪੀਕਰ ਸਾਹਿਬ, ਇੰਨੀਆਂ ਬੇਨਤੀਆਂ ਕਰਦਾ ਹੋਇਆ ਮੈਂ ਇਸ ਬਜਟ ਦੀ ਭਰਪੂਰ ਸ਼ਲਾਘਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਕੈਪਟਨ ਕੰਵਲਜੀਤ ਸਿੰਘ ਜੀ ਵਿੱਤ ਮੰਤਰੀ ਜੀ ਵੱਲੋਂ ਜੋ ਇਹ ਬਜਟ ਪੇਸ਼ ਕੀਤਾ ਗਿਆ ਹੈ ਇਸ ਨੂੰ ਸਰਬ-ਸੰਮਤੀ ਨਾਲ ਪਾਸ ਕੀਤਾ ਜਾਵੇ।

ਸ੍ਰੀ ਸਪੀਕਰ : ਸਰਦਾਰ ਮਨਤਾਰ ਸਿੰਘ ਜੀ ਬਰਾੜ। ਕੇਵਲ ਪੰਜ ਮਿੰਟ ਤੁਸੀਂ ਬੋਲਣਾ ਹੈ।.

ਸਰਦਾਰ ਮਨਤਾਰ ਸਿੰਘ (ਕੋਟਕਪੂਰਾ) : ਪਰਮ ਸਤਿਕਾਰਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਜੋ ਬਜਟ ਕੈਪਟਨ ਕੰਵਲਜੀਤ ਸਿੰਘ, ਵਿੱਤ ਮੰਤਰੀ ਜੀ ਵਲੋਂ ਸਾਲ 1997-98 ਲਈ ਪੇਸ਼ ਕੀਤਾ ਗਿਆ ਹੈ ਉਸ ਤੇ ਬਹਿਸ ਕਰਨ ਤੋਂ ਪਹਿਲਾਂ ਮੈਂ ਚੌਧਰੀ ਸਵਰਨਾ ਰਾਮ ਜੀ, ਜਿਨ੍ਹਾਂ ਨੂੰ ਅੱਜ ਸਰਬ-ਸੰਮਤੀ ਨਾਲ ਡਿਪਟੀ ਸਪੀਕਰ ਚੁਣਿਆ ਗਿਆ ਹੈ, ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਅਤੇ ਇਸ ਬਜਟ ਨਾਲ ਮੈਂ ਪੂਰੀ ਤਰ੍ਹਾਂ ਸਹਿਮਤੀ ਪ੍ਰਗਟ ਕਰਦਾ ਹੋਇਆ ਸਰਕਾਰ ਨੂੰ ਵੀ ਵਧਾਈ ਦਿੰਦਾ ਹਾਂ। ਜਿੱਥੇ ਮੈਂ ਇਸ ਬਜਟ, ਜਿਸ ਵਿੱਚ ਹਰ ਵਰਗ ਅਤੇ ਖੇਤਰ ਦੇ ਵਿਕਾਸ ਲਈ ਉਪਰਾਲੇ ਕੀਤੇ ਗਏ ਹਨ, ਲਈ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਵਧਾਈ ਦਿੰਦਾ ਹਾਂ, ਉਥੇ ਨਾਲ ਦੀ ਨਾਲ ਹੀ ਮੈਂ ਕੁਝ ਪ੍ਰਕਿਰਿਆਵਾਂ ਅਤੇ ਸੁਝਾਓ ਵੀ ਪੇਸ਼ ਕਰਨੇ ਚਾਹੁੰਦਾ ਹਾਂ। ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ। ਸਭ ਤੋਂ ਪਹਿਲਾਂ ਮੈਂ ਖੇਤੀਬਾੜੀ ਦੀ ਗੱਲ ਕਰਾਂਗਾ ਕਿ ਇਸ ਖੇਤੀ ਪ੍ਰਧਾਨ ਸੂਬੇ ਵੱਲੋਂ ਜਿੱਥੇ ਕਿ ਰਾਸ਼ਟਰੀ ਅੰਨ ਭੰਡਾਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਜਾਂਦਾ ਹੈ ਉਥੇ ਕਿਸਾਨ ਨੂੰ ਉਸ ਦੀ ਫਸਲ ਦਾ ਵਾਜਿਬ ਮੁੱਲ ਨਹੀਂ ਮਿਲਦਾ। ਜਿਵੇਂ ਕਿ ਕੈਪਟਨ ਸਾਹਿਬ ਨੇ ਇਸ ਬਜਟ ਵਿਚ ਦੱਸਿਆ ਹੈ ਕਿ ਕਣਕ ਦੇ ਮੁੱਲ ਬਾਰੇ ਅਸੀਂ ਸੈਂਟਰਲ ਗੌਰਮਿੰਟ ਕੋਲ ਪ੍ਰਸਤਾਵ ਪੇਸ਼ ਕਰਾਂਗੇ ਪਰ ਇਹ ਬੜੇ ਅਫਸੋਸ ਦੀ ਗੱਲ ਹੈ ਕਿ ਜਦੋਂ ਅਸੀਂ ਸਟੇਜਾਂ ਤੇ ਜਾਂਦੇ ਹਾਂ ਤਾਂ ਉਥੇ ਅਸੀਂ ਹਮੇਸ਼ਾ ਹੀ ਕੀਮਤ ਸੂਚਕ ਅੰਕ ਨਾਲ ਭਾਅ ਜੋੜਨ ਦੀ ਗੱਲ ਕਰਦੇ ਹਾਂ ਪਰ ਇਸ ਬਜਟ ਵਿੱਚ ਅਜਿਹੀ ਕੋਈ ਤਜਵੀਜ਼ ਨਹੀਂ ਰੱਖੀ ਗਈ ਹੈ। ਇਸ ਦਾ ਮੈਨੂੰ ਬਹੁਤ ਅਫਸੋਸ ਹੈ। ਦੂਸਰਾ, ਜੋ ਕੈਪਟਨ ਕੰਵਲਜੀਤ ਸਿੰਘ ਜੀ, ਵਿੱਤ ਮੰਤਰੀ ਵੱਲੋਂ ਬਜਟ ਪੇਸ਼ ਕੀਤਾ ਗਿਆ ਹੈ, ਮੈਂ ਉਨ੍ਹਾਂ ਦਾ ਇਸ ਗੱਲ ਤੇ ਵਿਰੋਧ ਕਰਦਾ ਹਾਂ ਅਤੇ ਸਰਕਾਰ ਦਾ ਵਿਰੋਧ ਕਰਦਾ ਹਾਂ ਕਿ ਅੱਜ ਦੇ ਸਮੇਂ ਵਿੱਚ ਜਦੋਂ ਕਿ ਸਾਡਾ ਪਾਣੀ ਸਥੱਲ ਬਹੁਤ ਨੀਵਾਂ ਜਾ ਰਿਹਾ ਹੈ ਅਤੇ ਝੋਨੇ ਦੀ ਫਸਲ ਖਤਮ ਹੋ ਗਈ ਹੈ, ਤਾਂ ਜ਼ਰੂਰੀ ਹੈ ਕਿ ਵੰਨ-ਸੁਵੰਨਤਾ ਦੀ ਖੇਤੀ, ਦਾਲਾਂ, ਤੇਲ ਦੇ ਬੀਜ ਅਤੇ ਹੋਰ ਚੀਜ਼ਾਂ ਉਗਾਉਣ ਦਾ ਉਪਰਾਲਾ ਕੀਤਾ ਜਾਵੇ। ਇਹ ਤਾਂ ਹੀ ਭਰਪੂਰ ਹੋ

[ਸਰਦਾਰ ਮਨਤਾਰ ਸਿੰਘ]

ਸਕਦੀਆਂ ਹਨ ਜੇ ਇਨ੍ਹਾਂ ਦੀ ਪ੍ਰਾਈਸ ਵਿਚ ਵਾਧਾ ਕੀਤਾ ਜਾਵੇਗਾ ਅਤੇ ਇਨ੍ਹਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਮਾਰਕੀਟ ਵਿਚ ਖਪਤ ਕੀਤਾ ਜਾਵੇਗਾ। ਅੱਜ ਅਸੀਂ ਦੇਖਦੇ ਹਾਂ ਕਿ ਸੂਰਜਮੁਖੀ ਦੀ ਫਸਲ ਦੀ ਕੀਮਤ, ਚਾਰ ਸਾਲ ਪਹਿਲਾਂ 1200 ਰੁਪਏ ਪ੍ਰਤੀ ਕੁਇੰਟਲ ਸੀ ਪਰ ਹੁਣ ਇਸ ਦੀ ਮਾਰਕੀਟ ਡਿੱਗ ਚੁੱਕੀ ਹੈ ਅਤੇ ਇਸ ਦੀ ਕੀਮਤ 800 ਰੁਪਏ ਪ੍ਰਤੀ ਕੁਇੰਟਲ ਰਹਿ ਗਈ ਹੈ। ਇਸ ਦੇ ਨਾਲ ਗੰਨੇ ਅਤੇ ਆਲੂਆਂ ਦੀ ਫਸਲ ਹੈ। ਅੱਜ ਕਿਸਾਨ ਗੰਨੇ ਨੂੰ ਖੇਤਾਂ ਵਿਚ ਵਾਹ ਰਿਹਾ ਹੈ ਅਤੇ ਆਲੂਆਂ ਨੂੰ ਖੇਤਾਂ ਵਿਚ ਗਾਲ ਰਿਹਾ ਹੈ ਕਿਉਂਕਿ ਉਸ ਨੂੰ ਕੋਈ ਚੁੱਕਣ ਵਾਲਾ ਨਹੀਂ ਹੈ। ਇਸ ਕਰਕੇ ਜੇ ਅਸੀਂ ਵੰਨ-ਸੁਵੰਨੀ ਖੇਤੀ ਨੂੰ ਉਤਸ਼ਾਹਿਤ ਕਰਨਾ ਚਾਹੁੰਦੇ ਹਾਂ ਤਾਂ ਇਸ ਦੀ ਮਾਰਕੀਟਿੰਗ ਅਤੇ ਉਚਿਤ ਕੀਮਤ ਕਿਸਾਨਾਂ ਨੂੰ ਦਿਵਾਉਣ ਲਈ ਬਜਟ ਵਿਚ ਉਪਬੰਧ ਹੋਣਾ ਚਾਹੀਦਾ ਸੀ। ਇਸ ਦ ਨਾਲ ਹੀ ਕੁਦਰਤੀ ਕਰੋਪੀ ਬਾਰੇ ਆਪਾਂ ਅਖਬਾਰਾਂ ਵਿਚ ਪੜ੍ਹਦੇ ਹਾਂ। ਮਾਨਸਾ ਵਿਚ ਪਿੱਛੇ ਝੱਖੜ ਆਇਆ ਅਤੇ ਗੜੇ ਵੀ ਪਏ ਜਿਸ ਨਾਲ ਸੂਰਜਮੁਖੀ ਦੀ ਜੋ ਫਸਲ ਕੱਟੀ ਪਈ ਸੀ ਅਤੇ ਜੋ ਨਰਮਾਂ ਅਜੇ ਖੇਤਾਂ ਵਿਚ ਪੁੰਗਰ ਰਿਹਾ ਸੀ, ਉੱਗ ਰਿਹਾ ਸੀ, ਉਸ ਨੂੰ ਗੜਿਆਂ ਨੇ ਭੰਨ ਦਿੱਤਾ। ਇਸ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਚਾਹੇ ਆਪਾਂ ਕੰਪਨਸੇਸ਼ਨ ਦਿੰਦੇ ਹਾਂ ਪਰ ਉਹ ਪੂਰਾ ਨਹੀਂ ਦਿੰਦੇ। ਅੱਜ ਤੋਂ ਡੇਢ ਸਾਲ ਪਹਿਲਾਂ ਫਰੀਦਕੋਟ ਜ਼ਿਲ੍ਹੇ ਦੇ ਕੁਝ ਏਰੀਏ ਵਿਚ ਕੁਦਰਤੀ ਕਰੋਪੀ ਕਾਰਨ ਨੁਕਸਾਨ ਹੋਇਆ ਸੀ ਪਰ ਬੜੀ ਹੈਰਾਨੀ ਦੀ ਗੱਲ ਹੈ, ਸਪੀਕਰ ਸਾਹਿਬ, ਕਿ ਉਸ ਵੇਲੇ ਕਿਸਾਨਾਂ ਨੂੰ ਇਕ-ਇਕ ਰੁਪਏ ਦੇ ਚੈਕ ਭੇਜੇ ਗਏ, ਛੇ-ਛੇ ਰੁਪਏ ਦੇ ਚੈਕ ਭੇਜੇ ਗਏ। ਮੇਰੇ ਕੋਲ ਉਨ੍ਹਾਂ ਦੀਆਂ ਫੋਟੋਸਟੇਟ ਕਾਪੀਆਂ ਹਨ। ਸਾਨੂੰ ਕਿਸਾਨਾਂ ਨੂੰ ਪੂਰਾ ਕੰਪਨਸੇਸ਼ਨ ਦੇਣਾ ਚਾਹੀਦਾ ਹੈ। ਇਸ ਵੱਲ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਘੱਟ ਕੰਪਨਸੇਸ਼ਨ ਨਾਲ ਕਿਸਾਨਾਂ ਦਾ ਨਹੀਂ ਸਰਦਾ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕਿਸਾਨਾਂ ਵਾਸਤੇ ਬੀਮਾ ਸਕੀਮ ਲਾਗੂ ਹੋਣੀ ਚਾਹੀਦੀ ਹੈ ਜਿਹੜੀ ਕਿ ਪਹਿਲਾਂ ਵੀ ਕਿਸੀ ਸਮੇਂ ਲਾਗੂ ਰਹੀ ਹੈ। ਇਸ ਨਾਲ ਕਿਸਾਨਾਂ ਨੂੰ ਪੂਰਾ ਮੁਆਵਜ਼ਾ ਮਿਲ ਸਕੇਗਾ। ਇਹ ਮੇਰਾ ਸੁਝਾਓ ਹੈ। ਇਸ ਕਰਕੇ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਜ਼ਰੂਰ ਲਾਗੂ ਕੀਤਾ ਜਾਵੇ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਕਿਸਾਨਾਂ ਨੂੰ ਆਪਣੀ ਕਿਸਾਨੀ ਦਾ ਮਿਆਰ ਉੱਚਾ ਚੁੱਕਣ ਵਾਸਤੇ, ਆਪਣੀ ਫਸਲ ਸਹੀ ਤਰ੍ਹਾਂ ਉਗਾਉਣ ਵਾਸਤੇ, ਖਾਦਾਂ ਵਾਸਤੇ, ਸਪਰੇਅ ਵਾਸਤੇ, ਸੰਦਾਂ ਵਾਸਤੇ, ਟਰੈਕਟਰਾਂ ਵਾਸਤੇ ਇੱਕ ਨਵੀਂ ਸਕੀਮ ਚਾਲੂ ਕੀਤੀ ਗਈ ਹੈ। ਪਹਿਲਾਂ ਇਸ ਵਾਸਤੇ ਲੋਨ ਮਿਲਦਾ ਸੀ ਪਰ ਹੁਣ ਇੱਕ ਨਵੀਂ ਸਕੀਮ ਕੰਜ਼ੰਪਮਸ਼ਨ ਲੋਨ ਸਕੀਮ ਚਾਲੂ ਕੀਤੀ ਗਈ ਹੈ। ਇਸ ਵਾਸਤੇ ਇੱਕ ਏਕੜ ਪਿੱਛੇ 25,000 ਰੁਪਿਆ ਰੱਖਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਹੀ ਘੱਟ ਹੈ। ਪੰਜਾਬ ਵਿਚ ਇੱਕ ਏਕੜ ਦੀ ਮਾਰਕਿਟ ਵੈਲਿਊ ਤਿੰਨ ਲੱਖ ਰੁਪਏ ਹੈ। ਕੁਝ ਥਾਵਾਂ ਤੇ ਥੋੜੀ ਬਹੁਤ ਘੱਟ ਵੀ ਹੋ ਸਕਦੀ ਹੈ। ਇਸ ਦਾ ਸਰਕਾਰੀ ਰੇਟ ਸਵਾ ਲੱਖ ਰੁਪਿਆ ਹੈ। 25,000/- ਰੁਪਏ ਵਿੱਚ ਕੋਈ ਵੀ ਜ਼ਮੀਨ ਗਹਿਣੇ ਨਹੀਂ ਰੱਖ ਸਕਦਾ। ਸਰਕਾਰੀ ਕੀਮਤ ਵੀ ਸਵਾ ਲੱਖ ਰੁਪਿਆ ਹੈ। ਇਸ ਕਰਕੇ ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਲੋਨ ਘੱਟੋ-ਘੱਟ ਇੱਕ ਲੱਖ ਰੁਪਿਆ ਕੀਤਾ ਜਾਵੇ।

ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਫ਼ਿਰੋਜ਼ਪੁਰ, ਫ਼ਰੀਦਕੋਟ, ਮੁਕਤਸਰ, ਬਠਿੰਡਾ, ਮਾਨਸਾ, ਮੋਗੇ ਦਾ ਕੁਝ ਏਰੀਆ ਔਰ ਸੰਗਰੂਰ ਦਾ ਕੁਝ ਏਰੀਆ ਕਾਟਨ ਵਾਸਤੇ ਕਾਫੀ ਮਸ਼ਹੂਰ ਹੈ । ਪੰਜਾਬ ਦੇਸ਼ ਦੀਆਂ ਪ੍ਰਮੁੱਖ ਸਟੇਟਾਂ ਵਿੱਚੋਂ ਕਪਾਹ ਪੈਦਾ ਕਰਨ ਵਿੱਚ ਇੱਕ ਨੰਬਰ ਤੇ ਹੈ । ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਇੱਥੇ ਇੱਕ ਇੰਸਟੀਚਿਊਟ ਆਫ ਕਾਟਨ ਟੈਕਨਾਲੋਜੀ ਸੀ ਪਰ ਅਫਸੋਸ ਦੀ ਗੱਲ ਹੈ ਕਿ ਪੰਜਾਬੀ ਸੂਬਾ ਬਣਨ ਤੋਂ ਬਾਅਦ ਇਹ ਭਵਾਨੀ ਵਿਖੇ ਰਹਿ ਗਈ ਜੋ ਕਿ ਹਰਿਆਣੇ ਵਿੱਚ ਹੈ । ਹੁਣ ਪੰਜਾਬ ਵਿੱਚ ਕੋਈ ਵੀ ਇੰਸਟੀਚਿਊਟ ਆਫ ਕਾਟਨ ਟੈਕਨਾਲੋਜੀ ਨਹੀਂ ਹੈ । ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ । ਮੇਰੀ ਬੇਨਤੀ ਹੈ ਕਿ ਬਜਟ ਵਿੱਚ ਇਹ ਤਜਵੀਜ਼ ਰੱਖੀ ਜਾਵੇ ਕਿ ਇੱਕ ਇੰਸਟੀਚਿਊਟ ਆਫ ਕਾਟਨ ਟੈਕਨਾਲੋਜੀ ਪੰਜਾਬ ਵਿੱਚ ਖੋਲ੍ਹਿਆ ਜਾਵੇ । ਏਸ਼ੀਆ ਦੀ ਸਭ ਤੋਂ ਵੱਡੀ ਕਾਟਨ ਮੰਡੀ ਕੋਟਕਪੂਰੇ ਵਿੱਚ ਹੈ । ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਕੈਪਟਨ ਸਾਹਿਬ. . . .

ਸ਼੍ਰੀ ਸਪੀਕਰ : ਤੁਸੀਂ ਹੁਣ ਕਲੋਜ਼ ਕਰੋ ।

ਸਰਦਾਰ ਮਨਤਾਰ ਸਿੰਘ : ਸਪੀਕਰ ਸਾਹਿਬ, ਮੈਂ ਦੋ-ਚਾਰ ਮਿੰਟ ਹੀ ਲੈਣੇ ਹਨ ।

ਸ਼੍ਰੀ ਸਪੀਕਰ : ਤੁਹਾਡਾ ਟਾਈਮ ਹੋ ਗਿਆ ਹੈ ।

ਸਰਦਾਰ ਮਨਤਾਰ ਸਿੰਘ : ਸਪੀਕਰ ਸਾਹਿਬ, ਸਾਡੇ ਇੰਡੀਪੈਂਡੈਂਟਸ ਦੇ 25 ਮਿੰਟ ਬਣਦੇ ਹਨ ।

ਸਪੀਕਰ ਸਾਹਿਬ, ਬਜਟ ਵਿੱਚ ਸੜਕਾਂ ਅਤੇ ਪੁਲਾਂ ਦੀ ਗੱਲ ਕੀਤੀ ਗਈ ਹੈ । ਮੈਂ ਸਰਕਾਰ ਦਾ ਧੰਨਵਾਦੀ ਹਾਂ ਕਿ ਚਾਰ ਸੜਕਾਂ ਫੋਰ ਲਾਈਨ ਕੀਤੀਆਂ ਜਾ ਰਹੀਆਂ ਹਨ । ਇਨ੍ਹਾਂ ਵਿੱਚੋਂ ਇੱਕ ਪ੍ਰਮੁੱਖ ਸੜਕ ਲੁਧਿਆਣੇ ਤੋਂ ਮੋਗਾ ਤੱਕ ਦੀ ਹੈ । ਇਸ ਸੜਕ ਦੇ ਬਣਨ ਨਾਲ ਟ੍ਰੈਫਿਕ ਦੀ ਸਮੱਸਿਆ ਕਾਫੀ ਹੱਲ ਹੋ ਜਾਵੇਗੀ ਔਰ ਐਕਸੀਡੈਂਟਸ ਵੀ ਘੱਟਣਗੇ । ਇਸ ਸੜਕ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ ਔਰ ਚਾਲੀ ਮੁਕਤਿਆਂ ਦੀ ਚਰਨ ਛੋਹ ਵੀ ਪ੍ਰਾਪਤ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਇਹ ਸੜਕ ਲੁਧਿਆਣੇ ਤੋਂ ਮੁਕਤਸਰ ਤੱਕ ਫੋਰ ਲੇਨ ਕੀਤੀ ਜਾਵੇ । ਅਜਿਹਾ ਕਰਨਾ ਇੱਕ ਇਤਿਹਾਸਕ ਫੈਸਲਾ ਹੋਵੇਗਾ ।

ਇਸ ਤੋਂ ਅੱਗੇ ਸਿੱਖਿਆ ਦੀ ਗੱਲ ਆਉਂਦੀ ਹੈ । ਕੈਪਟਨ ਸਾਹਿਬ ਨੇ ਬਜਟ ਵਿੱਚ ਜਲੰਧਰ ਵਿਖੇ ਟੈਕਨੀਕਲ ਯੂਨੀਵਰਸਿਟੀ ਔਰ ਫ਼ਰੀਦਕੋਟ ਵਿਖੇ ਮੈਡੀਕਲ ਯੂਨੀਵਰਸਿਟੀ ਵਾਸਤੇ ਫੰਡ ਰੱਖੇ ਹਨ ਪਰ ਮੈਨੂੰ ਅਫਸੋਸ ਹੈ ਕਿ ਫ਼ਰੀਦਕੋਟ ਵਿਖੇ ਜਿਹੜੀ ਮੈਡੀਕਲ ਯੂਨੀਵਰਸਿਟੀ ਬਣ ਰਹੀ ਹੈ, ਉਸ ਵਾਸਤੇ ਪੰਜ ਲੱਖ ਰੁਪਿਆ ਬਹੁਤ ਘੱਟ ਹੈ । ਇਹ ਬੜੀ ਕੋੜੀ ਜਿਹੀ ਗੱਲ ਹੈ । ਮੇਰੀ ਬੇਨਤੀ ਹੈ ਕਿ ਛੇਤੀ ਹੀ ਸੂਫ਼ੀ ਸੰਤ ਬਾਬਾ ਫ਼ਰੀਦ ਜੀ ਦਾ ਆਗਮਨ ਦਿਵਸ ਆ ਰਿਹਾ ਹੈ । ਇਸ ਕਰਕੇ ਉਸ ਦਿਨ ਇਸ ਯੂਨੀਵਰਸਿਟੀ

[ਸਰਦਾਰ ਮਨਤਾਰ ਸਿੰਘ]

ਦਾ ਨੀਂਹ ਪੱਥਰ ਜ਼ਰੂਰ ਰੱਖਿਆ ਜਾਣਾ ਚਾਹੀਦਾ ਹੈ । ਇਸ ਦੇ ਨਾਲ ਹੀ ਮੇਰੀ ਬੇਨਤੀ ਹੈ ਕਿ ਬਜਟ ਵਿੱਚ ਵਾਧਾ ਕਰਕੇ ਪੰਜ ਲੱਖ ਰੁਪਏ ਦੀ ਜਗ੍ਹਾ ਪੰਜ ਕਰੋੜ ਕੀਤਾ ਜਾਵੇ । ਇਸ ਤੋਂ ਇਲਾਵਾ ਮੇਰੀ ਇਹ ਵੀ ਬੇਨਤੀ ਹੈ ਕਿ ਰਾਜ ਦੇ ਹੋਮਿਓਪੈਥਿਕ ਕਾਲਜ, ਮੈਡੀਕਲ ਕਾਲਜ ਜਾਂ ਹੋਰ ਮੈਡੀਕਲ ਰਿਲੇਟਿਡ ਕਾਲਜ ਇਸ ਯੂਨੀਵਰਸਿਟੀ ਅਧੀਨ ਕੀਤੇ ਜਾਣ ਔਰ ਸਾਰੇ ਕਾਲਜਾਂ ਵਿੱਚ ਇੱਕ ਸਿਲੇਬਸ ਕੀਤਾ ਜਾਵੇ ਤਾਂ ਕਿ ਜਿਹੜੇ ਬੱਚੇ ਮਾਈਗਰੇਸ਼ਨ ਕਰਵਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਕੋਈ ਤਕਲੀਫ ਨਾ ਆਵੇ । ਇਸੇ ਤਰ੍ਹਾਂ ਗੁਰਦਾਸਪੁਰ ਔਰ ਫਿਰੋਜ਼ਪੁਰ ਦੇ ਇੰਜੀਨੀਅਰਿੰਗ ਕਾਲਜਾਂ ਵਾਸਤੇ ਦਸ ਲੱਖ ਦੀ ਰਾਸ਼ੀ ਰੱਖੀ ਗਈ ਹੈ । ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪਹਿਲੀ ਸਰਕਾਰ ਵੇਲੇ ਸਵਰਗਵਾਸੀ ਸਰਦਾਰ ਬੇਅੰਤ ਸਿੰਘ ਜੀ ਨੇ ਸੰਧਵਾਂ ਪਿੰਡ, ਜੋ ਕਿ ਗਿਆਨੀ ਜ਼ੈਲ ਸਿੰਘ ਜੀ ਦਾ ਪਿੰਡ ਹੈ ਔਰ ਦਾਸ ਦਾ ਪਿੰਡ ਵੀ ਹੈ, ਉਸ ਪਿੰਡ ਵਿਖੇ ਗਿਆਨੀ ਜ਼ੈਲ ਸਿੰਘ ਜੀ ਦੀ ਅੰਤਿਮ ਅਰਦਾਸ ਦੇ ਮੌਕੇ ਇੱਕ ਇੰਜੀਨੀਅਰਿੰਗ ਕਾਲਜ ਬਣਾਉਣ ਦਾ ਐਲਾਨ ਕੀਤਾ ਸੀ ਪਰ ਬਾਅਦ ਵਿੱਚ ਇਹ ਖਟਾਈ ਵਿੱਚ ਪੈ ਗਿਆ । ਜਦੋਂ ਬਾਅਦ ਵਿੱਚ ਪਤਾ ਕੀਤਾ ਤਾਂ ਪਤਾ ਲੱਗਾ ਕਿ ਉਸ ਨੂੰ ਪਾਲੀਟੈਕਨਿਕ ਵਿੱਚ ਬਦਲ ਦਿੱਤਾ ਗਿਆ ਹੈ ਪਰ ਅਸਲ ਵਿੱਚ ਕੀਤਾ ਕੁਝ ਵੀ ਨਹੀਂ । ਇਸ ਸਬੰਧੀ ਗੱਲਬਾਤ ਵਿੱਚ ਹੀ ਚੱਲ ਰਹੀ ਹੈ । ਇਸ ਵਾਸਤੇ ਜ਼ਮੀਨ ਵੀ ਐਕੁਵਾਇਰ ਕਰ ਲਈ ਗਈ ਸੀ ਪਰ ਜਦੋਂ ਇਸ ਬਾਰੇ ਪਤਾ ਕੀਤਾ ਗਿਆ ਤਾਂ ਪਤਾ ਲੱਗਾ ਕਿ ਕਾਗਜ਼ ਹੀ ਨਹੀਂ ਲੱਭ ਰਹੇ । ਕਿਰਪਾ ਕਰਕੇ ਉਸ ਮਹਾਨ ਸ਼ਖਸੀਅਤ ਜੋ ਕਿ ਇਸ ਸਦਨ ਦੇ ਬੜੀ ਵਾਰ ਮੈਂਬਰ ਰਹੇ ਹਨ, ਭਾਰਤ ਦੇ ਰਾਸ਼ਟਰਪਤੀ ਵੀ ਰਹੇ ਹਨ, ਪੰਜਾਬ ਨਾਲ ਸਬੰਧਤ ਦੋ ਸ਼ਖਸੀਅਤਾਂ ਹਨ, ਇੱਕ ਆਈ.ਕੇ. ਗੁਜਰਾਲ ਅਤੇ ਦੂਸਰੇ ਗਿਆਨੀ ਜ਼ੈਲ ਸਿੰਘ ਜਿਨ੍ਹਾਂ ਨੇ ਪੰਜਾਬ ਦਾ ਨਾਮ ਉਤਾਂਹ ਪਹੁੰਚਾਇਆ ਹੈ, ਇਸ ਲਈ ਉਨ੍ਹਾਂ ਦੇ ਨਾਮ ਉਤੇ ਉਥੇ ਇੰਜੀਨੀਅਰਿੰਗ ਕਾਲਜ ਬਣਾਇਆ ਜਾਵੇ । ਉਸ ਐਲਾਨ ਨੂੰ ਜੇਕਰ ਪਿਛਲੀ ਸਰਕਾਰ ਲਾਗੂ ਨਹੀਂ ਕਰ ਸਕੀ ਤਾਂ ਆਪਾਂ ਨੂੰ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਾਂਝੀ ਸਰਕਾਰ ਨੂੰ ਇਹ ਲਾਗੂ ਕਰਨਾ ਚਾਹੀਦਾ ਹੈ ।

ਇਸ ਦੇ ਨਾਲ ਨਾਲ ਮੈਂ ਇਸ ਗੱਲ ਦਾ ਸਵਾਗਤ ਕਰਦਾ ਹਾਂ ਕਿ ਇਸ ਗੌਰਮਿੰਟ ਨੇ ਦੋ ਫੈਸਲੇ ਵਧੀਆ ਲਏ ਹਨ । ਦੋ ਕਾਲਜ ਸਰਕਾਰ ਨੇ ਟੇਕਓਵਰ ਕੀਤੇ ਹਨ । ਜਿਨ੍ਹਾਂ ਵਿੱਚੋਂ ਇੱਕ ਮੇਰੇ ਹਲਕੇ ਕੋਟਕਪੂਰੇ ਦਾ ਸ਼ਹੀਦ ਭਗਤ ਸਿੰਘ ਕਾਲਜ ਆਉਂਦਾ ਹੈ । ਜਿਥੇ ਇਸ ਕਾਲਜ ਨੂੰ ਟੇਕਓਵਰ ਕਰਕੇ ਉਸ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਅਰਪਣ ਕੀਤੇ ਹਨ ਉਥੇ ਇੱਕ ਗੱਲ ਦਾ ਅਫਸੋਸ ਵੀ ਹੈ ਅਸੀਂ ਕਈ ਦਫਾ ਡਿਮਾਂਡ ਵੀ ਕੀਤੀ ਹੈ ਕਿ ਉਸ ਕਾਲਜ ਵਿੱਚ ਸਾਇੰਸ ਦੀਆਂ ਕਲਾਸਾਂ ਨਹੀਂ ਚਲਦੀਆਂ । ਆਉਣ ਵਾਲਾ ਸਮਾਂ ਵੀ ਸਾਇੰਸ ਦਾ ਆ ਰਿਹਾ ਹੈ । ਇਸ ਲਈ ਮੈਂ ਤੁਹਾਡੇ ਰਾਹੀਂ ਕੈਪਟਨ ਸਾਹਿਬ ਨੂੰ ਅਤੇ ਸਰਕਾਰ ਨੂੰ ਸਨਿਮਰ ਬੇਨਤੀ ਕਰਦਾ ਹਾਂ ਕਿ ਉਥੇ ਸਾਇੰਸ ਦੀਆਂ ਕਲਾਸਾਂ ਜਲਦੀ ਤੋਂ ਜਲਦੀ ਚਾਲੂ ਕਰਵਾਈਆਂ ਜਾਣ ।

ਇਸ ਤੋਂ ਅੱਗੇ ਆਦਰਸ਼ ਸਕੂਲਾਂ ਦੀ ਗੱਲ ਹੈ । ਆਦਰਸ਼ ਸਕੂਲਾਂ ਵਾਸਤੇ 25 ਕਰੋੜ ਰੁਪਿਆ ਰਾਖਵਾਂ ਰੱਖਿਆ ਗਿਆ । ਆਦਰਸ਼ ਸਕੂਲਾਂ ਬਾਰੇ ਕੰਮ ਇਸ ਸਰਕਾਰ

ਨੇ ਪਹਿਲਾਂ ਵੀ ਟੇਕਅੱਪ ਕੀਤਾ ਸੀ ਪਰ ਪਹਿਲਾਂ ਇਹ ਸਹੀ ਤਰੀਕੇ ਨਾਲ ਇਨ੍ਹਾਂ ਨੂੰ ਚਲਾ ਨਹੀਂ ਸਕੇ । ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਜਿਹੜੀ 25 ਕਰੋੜ ਰੁਪਏ ਦੀ ਰਾਸ਼ੀ ਆਦਰਸ਼ ਸਕੂਲਾਂ ਲਈ ਰੱਖੀ ਹੈ, ਇਹ ਰਾਸ਼ੀ ਜਿਹੜੇ ਹਾਈ ਸਕੂਲ ਹਨ, ਪ੍ਰਾਇਮਰੀ ਸਕੂਲ ਹਨ, ਮਿਡਲ ਸਕੂਲ ਹਨ, ਜਿਨ੍ਹਾਂ ਦਾ ਮਿਆਰ ਗਿਰ ਰਿਹਾ ਹੈ, ਉਨ੍ਹਾਂ ਤੇ ਖਰਚ ਕਰੀਏ ਤਾਂ ਕਿ ਉਨ੍ਹਾਂ ਦੇ ਮਿਆਰ ਨੂੰ ਉਚਾ ਚੁੱਕ ਕੇ ਉਨ੍ਹਾਂ ਸਕੂਲਾਂ ਨੂੰ ਆਦਰਸ਼ ਸਕੂਲ ਬਣਾ ਸਕੀਏ ਤਾਂ ਬਹੁਤ ਅੱਛਾ ਹੋਵੇਗਾ ।

ਇਸ ਦੇ ਨਾਲ ਜਿਹੜੀ 5100/- ਰੁਪਏ ਦੀ ਸ਼ਗਨ ਸਕੀਮ ਦਲਿਤ ਵਰਗ ਦੇ ਵਾਸਤੇ ਬਣਾਈ ਗਈ ਹੈ, ਇਹ ਬੜੀ ਚੰਗੀ ਯੋਜਨਾ ਹੈ । ਇਸ ਸਰਕਾਰ ਨੇ ਦਲਿਤ ਵਰਗ ਦੇ ਵੀਰਾਂ ਬਾਰੇ ਕੁਝ ਸੋਚਿਆ ਹੈ, ਮੈਂ ਇਸ ਉਪਰਾਲੇ ਦਾ ਸਵਾਗਤ ਕਰਦਾ ਹਾਂ । ਪਰ ਜਿਹੜੇ ਲੋਕ ਸਵਰਨ ਜਾਤੀ ਨਾਲ ਸਬੰਧਤ ਹਨ, ਜਿਹੜੇ ਇਕਨਾਮੀਕਲੀ ਬੈਕਵਰਡ ਹਨ, ਜਿਹੜੇ ਦਲਿਤ ਵੀਰਾਂ ਨਾਲੋਂ ਵੀ ਨੀਵਾਂ ਜੀਵਨ ਮਿਆਰ ਜਿਉਂ ਰਹੇ ਹਨ, ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਵੀ ਇਸ ਯੋਜਨਾ ਵਿਚ ਲਿਆਉਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦਾ ਜੀਵਨ ਮਿਆਰ ਵੀ ਸੁਧਰ ਸਕੇ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਸਨਿਮਰ ਬੇਨਤੀ ਕਰਦਾ ਹਾਂ ਕਿ ਇਸ ਨੂੰ ਵੀ ਐਡ ਕਰਨਾ ਚਾਹੀਦਾ ਹੈ ।

ਪੰਜਾਬੀ ਬੋਲੀ ਦੇ ਵਿਕਾਸ ਬਾਰੇ ਸਰਕਾਰ ਨੇ ਇੱਕ ਕਰੋੜ ਰੁਪਏ ਦੀ ਰਾਸ਼ੀ ਰੱਖੀ ਹੈ, ਮੈਂ ਇਸ ਦਾ ਸਵਾਗਤ ਕਰਦਾ ਹਾਂ । ਪੰਜਾਬੀ ਬੋਲੀ ਨੂੰ ਉਚਾ ਚੁੱਕਣ ਵਾਸਤੇ ਜੋ ਬਾਦਲ ਸਾਹਿਬ ਨੇ ਉਪਰਾਲੇ ਕੀਤੇ ਹਨ, ਮੈਂ ਉਸ ਦਾ ਵੀ ਸਵਾਗਤ ਕਰਦਾ ਹਾਂ । ਇਸ ਤੋਂ ਪਹਿਲਾਂ ਸਰਦਾਰ ਲਛਮਣ ਸਿੰਘ ਦੇ ਵੇਲੇ ਪੰਜਾਬੀ ਬੋਲੀ ਨੂੰ ਉਤਸ਼ਾਹਿਤ ਕਰਨ ਵਾਸਤੇ ਕਦਮ ਚੁਕਿਆ ਗਿਆ ਸੀ..

ਸ੍ਰੀ ਸਪੀਕਰ : ਹੁਣ ਕਲੋਜ਼ ਕਰੋ ।

ਸਰਦਾਰ ਮਨਤਾਰ ਸਿੰਘ : ਬੱਸ ਦੋ ਮਿੰਟ ਹੋਰ ਜੀ । ਦੋ-ਤਿੰਨ ਪੁਆਇੰਟ ਰਹਿੰਦੇ ਹਨ । ਮੈਂ ਸਮਝਦਾ ਹਾਂ ਕਿ ਪੰਜਾਬੀ ਬੋਲੀ ਨੂੰ ਉਤਸ਼ਾਹਿਤ ਕਰਨ ਵਾਸਤੇ ਸਰਕਾਰ ਨੇ ਜੋ ਪੈਸਾ ਰੱਖਿਆ ਹੈ, ਇਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਦੇ ਮਨ ਵਿੱਚ ਪੰਜਾਬੀ ਭਾਸ਼ਾ ਲਈ ਬਹੁਤ ਸਤਿਕਾਰ ਹੈ ਪਰ ਇੱਕ ਗੱਲ ਅਫ਼ਸੋਸ ਨਾਲ ਕਹਿਣੀ ਪੈ ਰਹੀ ਹੈ ਕਿ ਜਾਂ ਤਾਂ ਸਰਦਾਰ ਲਛਮਣ ਸਿੰਘ ਗਿੱਲ ਦੇ ਵੇਲੇ ਪੰਜਾਬੀ ਬੋਲੀ ਥੋੜ੍ਹੀ ਬਹੁਤ ਆਈ ਸੀ ਔਰ ਉਸ ਤੋਂ ਬਾਅਦ ਖਾੜਕੂਵਾਦ ਆਇਆ ਔਰ ਜਾਂ ਫਿਰ ਖਾੜਕੂਆਂ ਦੇ ਡਰ ਦੇ ਕਾਰਨ ਦਫਤਰਾਂ ਦੇ ਵਿੱਚ ਪੰਜਾਬੀ ਬੋਲੀ ਆਈ ਸੀ । ਹੁਣ ਫਿਰ ਪੰਜਾਬੀ ਬੋਲੀ ਦਾ ਪਸਾਰ ਨਹੀਂ ਹੋ ਰਿਹਾ । ਅਸੀਂ ਪੰਜਾਬੀ ਬੋਲੀ ਅਤੇ ਰਾਸ਼ਟਰੀ ਬੋਲੀ ਹਿੰਦੀ ਨੂੰ ਇਗਨੋਰ ਕਰਕੇ ਅੰਗਰੇਜ਼ੀ ਬੋਲੀ ਇਸਤੇਮਾਲ ਕਰ ਰਹੇ ਹਾਂ । ਇਸ ਨੂੰ ਵੀ ਸਰਕਾਰ ਵਿਚਾਰੇ । ਇਸ ਸਦਨ ਵਿੱਚ ਦੋ-ਤਿੰਨ ਮੈਂਬਰ ਅੰਗਰੇਜ਼ੀ ਵਿੱਚ ਉੱਤਰ ਦਿੰਦੇ ਹਨ । ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਪੜ੍ਹੇ ਲਿਖੇ ਨਹੀਂ ਹਨ । ਸਿਰਫ 10-15 ਮੈਂਬਰ ਪੜ੍ਹੇ ਨਹੀਂ ਹੋਣੇ ਲੇਕਿਨ ਬਾਕੀ ਤਾਂ ਸਾਰੀ ਗੱਲ ਸਮਝਦੇ ਹਨ ਪਰ ਪੰਜਾਬੀ ਦੇ ਪਸਾਰ ਵਾਸਤੇ ਸਭ ਤੋਂ ਪਹਿਲਾਂ ਸਾਨੂੰ ਸਦਨ ਨੂੰ ਇਸ ਗੱਲ ਨੂੰ ਅਪਨਾਉਣਾ ਚਾਹੀਦਾ ਹੈ ।

[ਸਰਦਾਰ ਮਨਤਾਰ ਸਿੰਘ]

ਇਸ ਦੇ ਨਾਲ ਨਾਲ ਸਪੀਕਰ ਸਾਹਿਬ, ਜਦੋਂ ਕੋਈ ਪਾਰਟੀ ਇਲੈਕਸ਼ਨ ਲੜਦੀ ਹੈ, ਤਾਂ ਉਹ ਆਪਣਾ ਚੋਣ ਮੈਨੀਫੈਸਟੋ ਜਾਰੀ ਕਰਦੀ ਹੈ। ਜੋ ਗੱਲਾਂ ਚੋਣ ਮੈਨੀਫੈਸਟੋ ਵਿੱਚ ਹੁੰਦੀਆਂ ਹਨ, ਉਨ੍ਹਾਂ ਨੂੰ ਬਾਅਦ ਵਿੱਚ ਅਪਣਾਉਂਦੀ ਹੈ। ਜਿਥੋਂ ਤੱਕ ਇਸ ਸਰਕਾਰ ਦਾ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦਾ ਸਬੰਧ ਹੈ, ਇਸ ਸਰਕਾਰ ਨੇ ਜੋ ਗੱਲਾਂ ਚੋਣ ਮੈਨੀਫੈਸਟੋ ਵਿਚ ਆਖੀਆਂ ਕਿ ਬਿਜਲੀ ਮੁਆਫ ਕਰਾਂਗੇ, ਪਾਣੀ ਦੇ ਪੈਸੇ ਮੁਆਫ ਕਰਾਂਗੇ, ਮਾਲੀਆ ਮੁਆਫ ਕਰਾਂਗੇ, ਉਹ ਸਭ ਕਰਕੇ ਦਿਖਾਇਆ ਹੈ। ਪਰ ਇਸ ਦੇ ਨਾਲ ਨਾਲ ਚੋਣਾਂ ਵਿੱਚ ਇੱਕ ਚੁੰਗੀ ਦੀ ਗੱਲ ਕੀਤੀ ਗਈ ਸੀ ਪਰ ਇਸ ਬਜਟ ਦੇ ਵਿਚ ਉਸ ਦਾ ਕੋਈ ਜ਼ਿਕਰ ਨਹੀਂ। ਇਹ ਗੱਲ ਵਿਚਾਰਨ ਵਾਲੀ ਹੈ। ਮੇਰਾ ਸੁਝਾਉ ਹੈ ਕਿ ਚੁੰਗੀ ਮੁਆਫ ਕਰਨ ਬਾਰੇ ਇਸ ਬਜਟ ਦੇ ਵਿੱਚ ਕੋਈ ਤਜਵੀਜ਼ ਲਿਆਂਦੀ ਜਾਵੇ। ਇਸ ਦੇ ਨਾਲ ਨਾਲ ਆਪਾਂ ਜੋ ਵਿਗਿਆਨ, ਟੈਕਨਾਲੋਜੀ ਅਤੇ ਵਾਤਾਵਰਨ ਬਾਰੇ ਰੌਲਾ ਪਾ ਰਹੇ ਹਾਂ ਕਿ ਪੋਲਿਊਸ਼ਨ, ਪੋਲਿਊਸ਼ਨ ਤੇ ਪੋਲਿਊਸ਼ਨ। ਲੇਕਿਨ ਇਸ ਸਰਕਾਰ ਨੇ ਸਿਰਫ ਦੋ ਕਰੋੜ 52 ਲੱਖ ਰੁਪਿਆ ਰੱਖਿਆ ਹੈ ਜੋ ਕਿ ਬਹੁਤ ਹੀ ਥੋੜ੍ਹੀ ਰਕਮ ਹੈ। ਮੇਰੀ ਬੇਨਤੀ ਤੁਹਾਡੇ ਰਾਹੀਂ ਕੈਪਟਨ ਕੰਵਲਜੀਤ ਸਿੰਘ, ਵਿੱਤ ਮੰਤਰੀ, ਪੰਜਾਬ ਨੂੰ ਹੈ ਕਿ ਜੋ ਇਹ ਰਕਮ ਰੱਖੀ ਗਈ ਹੈ, ਇਸ ਨੂੰ ਬਦਲ ਕੇ ਘੱਟੋ ਘੱਟ 25 ਕਰੋੜ ਰੁਪਿਆ ਕਰਨ। ਇਸ ਤੋਂ ਅੱਗੇ ਛੋਟੇ ਨੰਬਰਾਂ ਦੀ ਗੱਲ ਆਉਂਦੀ ਹੈ ਜੋ ਇਸ ਸਰਕਾਰ ਨੇ ਫੈਸਲਾ ਕੀਤਾ ਹੈ ਜਿਸ ਦਾ ਅਖਬਾਰਾਂ ਵਿਚ ਰੋਜ਼ ਜ਼ਿਕਰ ਵੀ ਆ ਰਿਹਾ ਹੈ। ਛੋਟੇ ਨੰਬਰ ਲੈਣ ਲਈ 25 ਹਜ਼ਾਰ ਰੁਪਏ, 15000 ਰੁਪਏ ਫੀਸ ਕਰ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਇਹ ਠੀਕ ਫੈਸਲਾ ਹੈ ਪਰ ਜੋ ਇਹ ਰਕਮ ਰੱਖੀ ਗਈ ਹੈ, ਇਹ ਵੱਧ ਹੈ। ਜੇਕਰ ਘਾਟਾ ਪੂਰਾ ਕਰਨਾ ਹੈ ਤਾਂ ਅਮਰੀਕਾ ਵਾਂਗ ਜਿਸ, ਤਰ੍ਹਾਂ ਜਦੋਂ ਕਿਸੇ ਵਿਅਕਤੀ ਨੂੰ ਪ੍ਰੈਜ਼ੀਡੈਂਟ ਦੇ ਨਾਲ ਖਾਣਾ ਖਾਣਾ ਹੋਵੇ ਤਾਂ ਉਸ ਨੂੰ ਕੁਝ ਡਾਲਰ ਪੈਸੇ ਜਮ੍ਹਾਂ ਕਰਵਾਉਣੇ ਪੈਂਦੇ ਹਨ ਤਾਂ ਫਿਰ ਇਥੇ ਵੀ ਇਹ ਫੈਸਲਾ ਕਰਕੇ ਜਦੋਂ ਵੀ ਕਿਸੇ ਨੂੰ ਗਵਰਨਰ ਜਾਂ ਸੀ. ਐਮ. ਨਾਲ ਖਾਣਾ ਖਾਣਾ ਹੋਵੇ ਤਾਂ ਉਹ ਪਹਿਲਾਂ ਕੁਝ ਪੈਸੇ ਜਮ੍ਹਾਂ ਕਰਵਾਏ ਤਾਂ ਇਸ ਤਰ੍ਹਾਂ ਘਾਟਾ ਪੂਰਾ ਕੀਤਾ ਜਾ ਸਕਦਾ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਨਾਲ ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

ਸ੍ਰੀ ਸਪੀਕਰ : ਹੀਰਾ ਸਿੰਘ ਗਾਬੜੀਆ ਜੀ, ਤੁਸੀਂ ਸਿਰਫ 5 ਮਿੰਟ ਲੈਣੇ ਹਨ, 11.21 ਤੇ ਖਤਮ ਕਰ ਦੇਣਾ।

ਸਰਦਾਰ ਹੀਰਾ ਸਿੰਘ ਗਾਬੜੀਆ (ਲੁਧਿਆਣਾ ਦਿਹਾਤੀ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ 1997-98 ਦਾ ਬਜਟ ਜੋ ਸਾਡੇ ਮਾਨਯੋਗ ਵਿੱਤ ਮੰਤਰੀ ਜੀ ਨੇ ਪੇਸ਼ ਕੀਤਾ ਹੈ, ਉਸ ਤੇ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਜੋ ਲੋਕਾਂ ਦੀਆਂ ਆਸ਼ਾਵਾਂ ਤੇ ਉਮੀਦਾਂ ਸਨ, ਜੋ ਲੋਕ ਬੜੇ ਲੰਮੇ ਸਮੇਂ ਤੋਂ ਇਹ ਆਸ ਲਾਈ ਬੈਠੇ ਸਨ ਕਿ ਕਦੋਂ ਰਾਤ ਖਤਮ ਹੋਵੇਗੀ ਅਤੇ ਕਦੋਂ ਇਹ ਨਵੀਂ ਸਵੇਰ ਆਏਗੀ ਅਤੇ ਸਾਡੀ ਸਾਰਿਆਂ ਦੀ ਗੱਲ ਸੁਣੀ ਜਾਵੇਗੀ। ਉਨ੍ਹਾਂ ਆਸ਼ਾਵਾਂ ਤੇ ਪੂਰਾ ਉਤਰਦਿਆਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸਾਡੇ ਵਿੱਤ ਮੰਤਰੀ, ਕੈਪਟਨ ਕੰਵਲਜੀਤ ਸਿੰਘ ਨੇ ਹਾਊਸ ਦੇ ਵਿਚ ਇਹ ਬਜਟ ਪੇਸ਼ ਕੀਤਾ ਹੈ, ਉਹ ਲੋਕਾਂ ਦੀਆਂ ਆਸ਼ਾਵਾਂ ਤੇ ਉਮੀਦਾਂ ਤੇ ਪੂਰਾ ਉਤਰਨ

ਵਾਲਾ ਬਜਟ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਜਦੋਂ ਬਜਟ ਪੇਸ਼ ਹੋਣ ਤੋਂ ਬਾਅਦ ਮੈਂ ਲੁਧਿਆਣੇ ਗਿਆ ਤਾਂ ਮੈਨੂੰ ਬਹੁਤ ਸਾਰੇ ਛੋਟੀ ਇੰਡਸਟਰੀ ਨਾਲ ਸਬੰਧ ਰੱਖਣ ਵਾਲੇ ਲੋਕਾਂ ਨੇ ਵਧਾਈ ਦਿੱਤੀ ਔਰ ਸਰਦਾਰ ਪ੍ਰਕਾਸ਼ ਸਿਘ ਬਾਦਲ ਵਲੋਂ ਚੁੱਕੇ ਕੰਮਾਂ ਦੀ ਸ਼ਲਾਘਾ ਕੀਤੀ । ਉਨ੍ਹਾਂ ਨੇ ਇੱਕ ਗੱਲ ਦੁਹਰਾਈ ਤੇ ਕੁਝ ਸੱਜਣਾਂ ਨੇ ਵਾਰ ਵਾਰ ਇਹ ਗੱਲ ਕਹੀ ਕਿ ਇਸ ਤੋਂ ਪਹਿਲਾਂ ਜਦੋਂ ਬਜਟ ਤਿਆਰ ਹੁੰਦੇ ਸਨ ਜਾਂ ਪੇਸ਼ ਹੁੰਦੇ ਸਨ ਤਾਂ ਸਾਨੂੰ ਵਾਰੀ ਵਾਰੀ ਵੱਖ ਵੱਖ ਟਰੇਡਾਂ ਨਾਲ ਸਬੰਧਤ ਲੋਕਾਂ ਨੂੰ ਇੰਟੈਰੋਗੇਸ਼ਨ ਸੈਂਟਰ ਵਿਚ ਬੁਲਾਇਆ ਜਾਂਦਾ ਸੀ ਅਤੇ ਸਾਨੂੰ ਇਹ ਗੱਲ ਕਹੀ ਜਾਂਦੀ ਸੀ ਕਿ ਤੁਸੀਂ ਸਾਈਕਲ ਟਰੇਡ ਨਾਲ ਸਬੰਧ ਰੱਖਦੇ ਹੋ, ਤੁਸੀਂ ਸਾਡੇ ਨਾਲ ਸਬੰਧ ਜੋੜੋ ਤੇ ਸਾਨੂੰ ਧਨ ਦਿਓ, ਚੰਦੇ ਦਿਓ ਨਹੀਂ ਤਾਂ ਇਸ ਸਟੇਜ ਤੇ ਇਸ ਫੈਕਟਰੀ ਤੇ ਮੈਨੂਫੈਕਚਰਰ ਲੋਕਾਂ ਤੇ ਏਨਾ ਟੈਕਸ ਲਾਵਾਂਗੇ । ਜਦੋਂ ਉਨ੍ਹਾਂ

11.19 ਵਜੇ
ਪੂਰਵ ਦੁਪਹਿਰ

(*ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਨਾਲ ਸੌਦਾ ਹੋ ਜਾਂਦਾ ਤਾਂ ਫਿਰ ਸਿਲਾਈ ਮਸ਼ੀਨ ਵਾਲਿਆਂ ਨੂੰ ਬੁਲਾ ਲੈਣਾ, ਜਦੋਂ ਉਨ੍ਹਾਂ ਨਾਲ ਗੱਲ ਹੋ ਜਾਵੇ ਤਾ ਫਿਰ ਕਿਸੇ ਨੱਟ-ਬੋਲਟ ਬਣਾਉਣ ਵਾਲੇ ਨੂੰ ਬੁਲਾ ਲੈਣਾ । ਇਸ ਤਰ੍ਹਾਂ ਉਹ ਵੱਖ ਵੱਖ ਟਰੇਡਾਂ ਵਾਲਿਆਂ ਨੂੰ ਬੁਲਾਉਂਦੇ ਸਨ, ਜਿਨ੍ਹਾਂ ਨਾਲ ਗੱਲ ਨਹੀਂ ਸੀ ਬਣਦੀ ਉਨ੍ਹਾਂ ਤੇ ਟੈਕਸ ਲਾਏ ਜਾਂਦੇ ਸਨ । ਪਰ ਇਹ ਪਹਿਲੀ ਵਾਰ ਹੋਇਆ ਹੈ । ਜਦੋਂ ਇਹ ਬਜਟ ਪੇਸ਼ ਹੋਇਆ ਤਾਂ ਉਸ ਉਤੇ ਸਾਰੇ ਲੋਕਾਂ ਨੇ ਆ ਕੇ ਵਧਾਈ ਦਿੱਤੀ । ਮੈਨੂੰ ਬਹੁਤ ਸਾਰੇ ਵਪਾਰੀਆਂ ਅਤੇ ਇੰਡਸਟਰੀਲਿਸਟਾਂ ਨੇ ਉਚੇਚੇ ਤੌਰ ਤੇ ਇਹ ਗੱਲ ਕਹੀ ਕਿ ਅਸੀਂ ਪੰਜਾਬ ਦੇ ਮੁੱਖ ਮੰਤਰੀ ਅਤੇ ਪੰਜਾਬ ਦੇ ਵਿੱਤ ਮੰਤਰੀ ਨੂੰ ਸਨਮਾਨਿਤ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨੇ ਸਾਡੇ ਹੱਕਾਂ ਦੀ ਰਾਖੀ ਕੀਤੀ । ਉਨ੍ਹਾਂ ਨੇ ਜੋ ਕਿਹਾ ਉਹ ਕਰ ਕੇ ਵਿਖਾਇਆ । ਲੋਕਾਂ ਨੇ ਹੋਰ ਅੱਗੇ ਕਿਹਾ, ਖਾਸ ਕਰ ਲੁਧਿਆਣਾ ਦੇ ਲੋਕਾਂ ਨੇ ਕਿ ਸਾਨੂੰ ਟੈਕਸਾਂ ਦੇ ਰੂਪ ਵਿੱਚ ਰਾਹਤ ਮਿਲੀ ਹੈ । ਇਸ ਤੋਂ ਪਹਿਲੀ ਸਰਕਾਰ ਵੀ ਰਾਹਤ ਦੇਣ ਵਾਸਤੇ, ਐਲਾਨ ਕਰਦੀ ਰਹੀ ਹੈ । ਪਰ ਉਹ ਸਿਰਫ ਐਲਾਨ ਹੀ ਰਹਿ ਗਏ, ਅਮਲ ਵਿੱਚ ਕਦੇ ਨਹੀਂ ਆਏ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਪਿੱਛੇ ਜਿਹੇ ਵਪਾਰੀਆਂ ਦੀ ਇੱਕ ਮੀਟਿੰਗ ਸੱਦੀ ਸੀ । ਕੈਪਟਨ ਕੰਵਲਜੀਤ ਸਿੰਘ ਵੀ ਉਸ ਮੀਟਿੰਗ ਵਿੱਚ ਬੈਠੇ ਸਨ । ਉਨ੍ਹਾਂ ਨੇ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ । ਡਿਪਟੀ ਸਪੀਕਰ ਸਾਹਿਬ, ਜਦੋਂ ਉਹ ਸੁਣ ਰਹੇ ਸਨ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਬੜੀ ਵਾਰੀ ਮੈਮੋਰੰਡਮ ਦਿੱਤੇ ਹਨ ਪਰ ਉਨ੍ਹਾਂ ਤੇ ਕਦੇ ਵੀ ਅਮਲ ਨਹੀਂ ਹੋਇਆ । ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਤੁਸੀਂ ਦੂਸਰੇ ਕਮਰੇ ਵਿੱਚ ਬੈਠ ਕੇ ਰਾਏ ਕਰ ਲਓ, ਜੋ ਵੀ ਤੁਹਾਡਾ ਫੈਸਲਾ ਹੋਵੇਗਾ ਉਸ ਨੂੰ ਪ੍ਰਵਾਨਗੀ ਦਿੱਤੀ ਜਾਵੇਗੀ ਔਰ ਅੰਤ ਵਿੱਚ ਉਸ ਨੂੰ ਪ੍ਰਵਾਨਗੀ ਮਿਲ ਗਈ । ਉਹ ਉਸੇ ਤਰ੍ਹਾਂ ਹੀ ਬਜਟ ਵਿੱਚ ਵੀ ਆਇਆ ਹੈ । ਇਸੇ ਤਰ੍ਹਾਂ ਰੈਜ਼ੀਡੈਂਸ਼ੀਅਲ ਲੋਕਾਂ ਨੂੰ ਫਾਇਦਾ ਦੇਣ ਲਈ ਉਨ੍ਹਾਂ ਦਾ ਹਾਊਸ ਟੈਕਸ ਮਾਫ ਕੀਤਾ ਗਿਆ ਹੈ । ਮੈਂ ਮਿਊਂਸਿਪਲ ਕਾਰਪੋਰੇਸ਼ਨ ਵਿੱਚ ਕੌਂਸਲਰ ਰਿਹਾ ਹਾਂ । ਮੈਂ ਉਥੇ ਆਪੋਜ਼ੀਸ਼ਨ ਦਾ ਲੀਡਰ ਸੀ । ਉਥੇ ਸਾਡੇ ਬਜ਼ੁਰਗ, ਮਾਂਵਾਂ ਧੀਆਂ, ਭੈਣਾਂ ਹਾਊਸ ਟੈਕਸ ਘੱਟ ਕਰਾਉਣ ਵਾਸਤੇ ਆਉਂਦੀਆਂ ਸਨ । ਪਹਿਲਾਂ ਤਾਂ ਉਹ ਇਸ ਵਾਸਤੇ 10/- ਰੁਪਏ ਦੀਆਂ ਅਰਜ਼ੀਆਂ ਲਿਖਵਾਉਂਦੀਆਂ

[ਸਰਦਾਰ ਹੀਰਾ ਸਿੰਘ ਗਾਬੜੀਆ]

ਸਨ, ਫੇਰ ਉਸ ਤੋਂ ਬਾਅਦ ਜਦੋਂ ਉਹ ਕਲਰਕ ਕੋਲ ਜਾਂਦੀਆਂ ਸਨ ਤਾਂ ਕਲਰਕ ਉਨ੍ਹਾਂ ਨੂੰ ਘੰਟਾ ਘੰਟਾ ਖੜ੍ਹਾਈ ਰੱਖਦੇ ਸਨ । ਫੇਰ ਉਨ੍ਹਾਂ ਨੇ ਬਾਦਲ ਸਾਹਿਬ ਨੂੰ ਬੇਨਤੀ ਕੀਤੀ । ਬਾਦਲ ਸਾਹਿਬ ਦੇ ਹਿਰਦੇ ਵਿੱਚ ਸਾਰਿਆਂ ਵਰਗਾਂ ਲਈ ਸਨਮਾਨ ਹੈ, ਉਨ੍ਹਾਂ ਨੇ ਕਿਹਾ ਨਹੀਂ, ਸਗੋਂ ਕਰਕੇ ਵਿਖਾਇਆ । ਅੱਜ ਬੜੀ ਖੁਸ਼ੀ ਦੀ ਗੱਲ ਹੈ ਕਿ ਇਥੇ ਇਸ ਸਦਨ ਵਿੱਚ ਜਦੋਂ ਡਿਪਟੀ ਸਪੀਕਰ ਦੀ ਚੋਣ ਹੋਈ ਤਾਂ ਉਨ੍ਹਾਂ ਨੇ ਇੱਕ ਦਲਿਤ ਦੀ ਚੋਣ ਕੀਤੀ। ਅੱਜ ਚੌਧਰੀ ਸਵਰਨਾ ਰਾਮ ਜੀ ਜੋ ਕਿ ਦਲਿਤ ਵੀਰਾਂ ਵਿਚੋਂ ਹਨ, ਉਨ੍ਹਾਂ ਲਈ ਇਸ ਸਮੇਂ ਇਸ ਤੋਂ ਵੱਡਾ ਸਨਮਾਨ ਹੋਰ ਕੀ ਹੋ ਸਕਦਾ ਹੈ। ਸਾਰੇ ਹਿੰਦੁਸਤਾਨ ਦੇ ਇਤਿਹਾਸ ਵਿੱਚ ਇਹ ਪਹਿਲਾ ਜ਼ਿਕਰ ਹੈ ਜੋ ਬਾਦਲ ਸਾਹਿਬ ਨੇ ਕਰ ਵਿਖਾਇਆ ਹੈ ।

ਸ਼੍ਰੀ ਡਿਪਟੀ ਸਪੀਕਰ : ਗਾਬੜੀਆ ਜੀ, ਤੁਹਾਡਾ ਸਮਾਂ ਖ਼ਤਮ ਹੋ ਗਿਆ ਹੈ ।

ਸਰਦਾਰ ਹੀਰਾ ਸਿੰਘ ਗਾਬੜੀਆ : ਇਨ੍ਹਾਂ ਨੇ ਹਾਊਸ ਟੈਕਸ ਮਾਫ਼ ਕਰ ਦਿੱਤੇ । ਇਹ ਸਰਕਾਰ ਲੋਕ ਹਿਤਾਂ ਦੀ ਸਰਕਾਰ ਹੈ । ਇਨ੍ਹਾਂ ਨੇ ਲੋਕਾਂ ਦੇ ਹੱਕਾਂ ਤੇ ਪਹਿਰਾ ਦਿੱਤਾ ਹੈ । ਪਹਿਲਾਂ ਦੀ ਸਰਕਾਰ ਨੇ ਕੀ ਕੀਤਾ ? ਉਸ ਨੇ ਸਿਰਫ ਇੱਕ ਪ੍ਰਾਪਰਟੀ ਡੀਲਰ ਦਾ ਕੰਮ ਕੀਤਾ ਹੈ । ਲੁਧਿਆਣੇ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਕਿਸਾਨਾਂ ਤੋਂ ਢਾਈ ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਜ਼ਮੀਨ ਲਈ ਗਈ । ਸਰਕਾਰ ਨੇ ਇਹ ਜ਼ਮੀਨ ਇਸ ਵਾਸਤੇ ਲਈ ਸੀ ਕਿ ਪ੍ਰਦੂਸ਼ਣ ਦੂਰ ਕਰਨ ਲਈ ਇੱਥੇ ਇੱਕ ਟਰੀਟਮੈਂਟ ਪਲਾਂਟ ਲਗਾਉਣਾ ਹੈ । ਇਸ ਬਹਾਨੇ ਕਿਸਾਨਾਂ ਤੋਂ 800 ਏਕੜ ਉਪਜਾਊ ਜ਼ਮੀਨ ਕੌਡੀਆਂ ਦੇ ਭਾਅ ਲਈ । ਇਸ ਤਰ੍ਹਾਂ ਪਿਛਲੀ ਸਰਕਾਰ ਨੇ ਪ੍ਰਾਪਰਟੀ ਡੀਲਰ ਦਾ ਕੰਮ ਕੀਤਾ । ਕਿਸਾਨਾਂ ਤੋਂ ਸਸਤੀਆਂ ਜ਼ਮੀਨਾਂ ਲੈ ਕੇ ਇੰਡਸਟਰੀਲਿਸਟਾਂ ਨੂੰ ਵੇਚੀਆਂ । ਜਿਹੜੀ ਸੋਨਾ ਪੈਦਾ ਕਰਨ ਵਾਲੀ ਉਪਜਾਊ ਜ਼ਮੀਨ ਸੀ ਉਹ ਜ਼ਮੀਨ ਪਿਛਲੀ ਸਰਕਾਰ ਨੇ ਕਿਸਾਨਾਂ ਤੋਂ ਲੈ ਕੇ ਜਿਨ੍ਹਾਂ ਨੂੰ ਇਹ ਚਾਹੁੰਦੇ ਸਨ, ਉਨ੍ਹਾਂ ਇੰਡਸਟਰੀਲਿਸਟਾਂ ਨੂੰ ਸਸਤੇ ਭਾਅ ਦੇ ਦਿੱਤੀਆਂ ਅਤੇ ਆਪ ਮੁਨਾਫ਼ਾ ਕਮਾਇਆ ।

ਸ਼੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਕ੍ਰਿਪਾ ਕਰਕੇ ਬੈਠ ਜਾਓ, ਤੁਹਾਡਾ ਟਾਈਮ ਖਤਮ ਹੋ ਗਿਆ ਹੈ ।

ਪ੍ਰੋਫੈਸਰ ਜਗੀਰ ਸਿੰਘ (ਵਲਟੋਹਾ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਉਤੇ ਬੋਲਣ ਲਈ ਸਮਾਂ ਦਿੱਤਾ ਹੈ । ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਵਧਾਈ ਦਿੰਦਾ ਹਾਂ ਕਿ ਪੰਜਾਬ ਅਸੰਬਲੀ ਵਿਚ ਤੁਹਾਨੂੰ ਇਸ ਸਦਨ ਨੇ ਸਰਬ ਸੰਮਤੀ ਨਾਲ ਤੁਹਾਡੀ ਸ਼ਖਸੀਅਤ ਨੂੰ ਦੇਖਦੇ ਹੋਏ ਚੁਣਿਆ ਹੈ । ਪੰਜਾਬ ਦੇ ਮੁੱਖ ਮੰਤਰੀ ਨੇ ਕਾਫੀ ਲੰਬੇ ਸੰਘਰਸ਼ ਤੋਂ ਬਾਅਦ ਪੰਜਾਬ ਵਿਚ 15-16 ਸਾਲਾਂ ਤੋਂ ਚਲੀਆਂ ਆ ਰਹੀਆਂ ਕਾਲੀਆਂ ਰਾਤਾਂ ਅਤੇ ਅੱਤਵਾਦ ਨੂੰ ਖਤਮ ਕਰਕੇ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਦਾ ਮਾਹੌਲ ਦਿੱਤਾ ਹੈ ਅਤੇ ਪੰਜਾਬ ਵਿਚ ਲਾਅ ਐਂਡ ਆਰਡਰ ਨੂੰ ਕਾਇਮ ਰਖਿਆ ਹੈ । ਮੈਂ ਆਪਣੇ ਫਰਜ਼ ਤੋਂ ਕੁਤਾਹੀ ਕਰਾਂਗਾ ਅਗਰ ਮੈਂ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਜੀ ਦਾ ਧੰਨਵਾਦ ਨਹੀਂ ਕਰਦਾ ਜਿਨਾਂ ਨੇ ਇਸ

ਪਵਿੱਤਰ ਸਦਨ ਵਿਚ ਬੈਲੈਂਸਡ ਬਜਟ ਪੇਸ਼ ਕੀਤਾ ਹੈ ਅਤੇ ਪਿੰਡਾਂ ਅਤੇ ਸ਼ਹਿਰਾਂ ਨੂੰ ਵਿਕਾਸ ਕਰਨ ਦਾ ਬਰਾਬਰ ਦਾ ਮੌਕਾ ਦਿੱਤਾ ਗਿਆ ਹੈ । ਇਹ ਬਜਟ ਵਿੱਤ ਮੰਤਰੀ ਸਾਹਿਬ ਨੇ ਬੜੀ ਮਿਹਨਤ, ਲਗਨ ਅਤੇ ਸਿਆਣਪ ਨਾਲ ਪੇਸ਼ ਕੀਤਾ ਹੈ । ਇਹ ਜਿਹੜਾ ਬਜਟ ਪੇਸ਼ ਕੀਤਾ ਗਿਆ ਇਹ ਸਾਰੇ ਪੰਜਾਬੀਆਂ ਨੂੰ ਉੱਨਤੀ ਦੀ ਰਾਹ ਤੇ ਲੈ ਕੇ ਜਾਵੇਗਾ । ਇਸ ਦੇ ਨਾਲ ਪਿੰਡਾਂ ਅਤੇ ਸ਼ਹਿਰਾਂ ਦਾ ਵਿਕਾਸ ਹੋਵੇਗਾ । ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ । ਇਸ ਦੀ 80% ਆਬਾਦੀ ਪਿੰਡਾਂ ਦੇ ਵਿਚ ਰਹਿਣ ਵਾਲੀ ਹੈ ਅਤੇ ਖੇਤੀ ਦਾ ਕੰਮ ਕਾਰ ਕਰਦੀ ਹੈ । ਖੇਤੀ ਉਤੇ ਹੀ ਆਪਣਾ ਗੁਜ਼ਾਰਾ ਕਰਦੀ ਹੈ । ਸਾਡੇ ਬਾਦਲ ਸਾਹਿਬ ਇਸ ਗੱਲ ਲਈ ਵਧਾਈ ਦੇ ਪਾਤਰ ਹਨ ਕਿ ਉਨ੍ਹਾਂ ਨੇ ਆਪਣੀ ਮੰਤਰੀ ਮੰਡਲ ਦੀ ਪਹਿਲੀ ਮੀਟਿੰਗ ਦੇ ਵਿਚ ਫਰੀ ਬਿਜਲੀ ਪਾਣੀ ਕਿਸਾਨਾਂ ਨੂੰ ਦੇਣ ਦਾ ਐਲਾਨ ਕੀਤਾ, ਆਬਿਆਨਾ ਮੁਆਫ ਕੀਤਾ ਅਤੇ ਪੰਜਾਬ ਦੇ ਟਿਊਬਵੈਲਜ਼ ਨੂੰ ਜਿਹੜੀ ਬਿਜਲੀ ਦਿੱਤੀ ਜਾ ਰਹੀ ਸੀ ਉਸ ਦੇ ਬਿਲਾਂ ਨੂੰ ਮੁਆਫ ਕੀਤਾ । ਲੋਕਾਂ ਦੇ ਵਿਚ ਇਕ ਸੋਚ ਹੈ ਕਿ ਪੰਜਾਬ ਦਾ ਜ਼ਿਮੀਂਦਾਰ ਬੜਾ ਅਮੀਰ ਹੈ ਪਰ ਜਦ ਕਿ ਸਚਾਈ ਇਹ ਹੈ ਕਿ ਪੰਜਾਬ ਦਾ ਜ਼ਿਮੀਂਦਾਰ ਬਹੁਤ ਹੀ ਕਰਜ਼ੇ ਹੇਠ ਦਬਿਆ ਹੋਇਆ ਹੈ । ਖੇਤੀ ਦੇ ਵਿਚ ਇਨਪੁਟਸ ਦੇ ਭਾਅ ਬਹੁਤ ਜ਼ਿਆਦਾ ਹਨ ਪਰ ਉਸ ਨੂੰ ਆਪਣੀ ਉਪਜ ਦਾ ਲਾਹੇਵੰਦ ਭਾਅ ਕੇਂਦਰ ਦੀ ਸਰਕਾਰ ਤੋਂ ਨਹੀਂ ਮਿਲਦਾ ਹੈ । ਬਾਦਲ ਸਾਹਿਬ ਨੇ ਕੇਂਦਰ ਸਰਕਾਰ ਨੂੰ ਪੰਜਾਬ ਦੇ ਕਿਸਾਨਾਂ ਨੂੰ ਕਣਕ ਦਾ ਭਾਅ ਵੱਧ ਤੋਂ ਵੱਧ ਦੇਣ ਲਈ ਕਿਹਾ ਸੀ । ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਕਣਕ ਦਾ ਭਾਅ 380 ਰੁਪਏ ਕੁਇੰਟਲ ਤੋਂ ਵਧਾ ਕੇ 415 ਰੁਪਏ ਪ੍ਰਤੀ ਕੁਇੰਟਲ ਦਿੱਤਾ ਗਿਆ ਹੈ ਔਰ ਕੇਂਦਰ ਸਰਕਾਰ ਤੋਂ ਕਿਸਾਨਾਂ ਨੂੰ 60 ਰੁਪਏ ਪ੍ਰਤੀ ਕੁਇੰਟਲ ਬੋਨਸ ਵੀ ਦਿਵਾਇਆ ਹੈ । ਇਸ ਸਬੰਧ ਵਿਚ ਮੈਂ ਸਦਨ ਵਿਚ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਕਿਸਾਨਾਂ ਦੇ ਹਿੱਤਾਂ ਦੀ ਖਾਤਰ ਸਰਬ ਸੰਮਤੀ ਦੇ ਨਾਲ ਇਕ ਮਤਾ ਹਾਊਸ ਵਿਚ ਪਾਸ ਕੀਤਾ ਜਾਵੇ ਜਿਸ ਰਾਹੀਂ ਕੇਂਦਰ ਸਰਕਾਰ ਨੂੰ ਸਿਫਾਰਸ਼ ਕੀਤੀ ਜਾਵੇ ਕਿ ਕਿਸਾਨਾਂ ਨੂੰ 550 ਰੁਪਏ ਪ੍ਰਤੀ ਕੁਇੰਟਲ ਕਣਕ ਦਾ ਭਾਅ ਨਿਸ਼ਚਿਤ ਕਰਨ ਲਈ ਕਿਹਾ ਜਾਵੇ ਜੋ ਬਾਦਲ ਸਾਹਿਬ ਦੀ ਦਿਲੀ ਇੱਛਾ ਵੀ ਹੈ । ਇਸ ਵਿਚ ਸਾਨੂੰ ਲੀਡ ਕਰਨਾ ਚਾਹੀਦਾ ਹੈ । ਬੇਸ਼ਕ ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ ਪਰ ਇਸ ਦਾ ਭੂਗੋਲਿਕ ਏਰੀਆ ਬਹੁਤ ਛੋਟਾ ਹੈ, ਰਕਬਾ ਹੁਣ ਹੋਰ ਵੀ ਬਹੁਤ ਘੱਟ ਗਿਆ ਹੈ ਪਰ ਫਿਰ ਵੀ ਪੰਜਾਬ ਦੇਸ਼ ਦੇ ਅੰਨ ਦੇ ਭੰਡਾਰ ਵਿਚ ਸਭ ਨਾਲੋਂ ਜ਼ਿਆਦਾ ਯੋਗਦਾਨ ਦਿੰਦਾ ਹੈ। ਸਾਰਿਆਂ ਸੂਬਿਆਂ ਨਾਲੋਂ ਅਸੀਂ ਖੇਤੀਬਾੜੀ ਦੇ ਖੇਤਰ ਵਿਚ ਲੀਡ ਕਰ ਰਹੇ ਹਾਂ । ਸਾਡਾ ਪੰਜਾਬ ਸਭ ਤੋਂ ਵੱਧ ਅਨਾਜ ਦੀ ਕੰਟ੍ਰੀਬਿਊਸ਼ਨ ਵਿਚ ਆਪਣਾ ਹਿੱਸਾ ਪਾ ਰਿਹਾ ਹੈ । ਅੱਜ ਪੰਜਾਬ ਤਰੱਕੀ ਦੇ ਰਾਹ ਤੇ ਚੱਲ ਰਿਹਾ ਹੈ । ਉਹ ਸਮਾਂ ਦੂਰ ਨਹੀਂ ਜਦੋਂ ਪੰਜਾਬ ਦੇ ਲੋਕਾਂ ਵਿਚ ਨਵੀਂ ਜ਼ਿੰਦਗੀ, ਖੇੜਾ, ਬਹਾਰ ਅਤੇ ਖੁਸ਼ਹਾਲੀ ਦਾ ਵਾਤਾਵਰਨ ਹੋਵੇਗਾ । ਕਿਸਾਨਾਂ ਨੂੰ ਜੋ ਸਹੂਲਤਾਂ ਦਿੱਤੀਆਂ ਹਨ ਉਨ੍ਹਾਂ ਦਾ ਸਿਹਰਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੇ ਸਿਰ ਤੇ ਹੈ । 100 ਦਿਨਾਂ ਦੇ ਥੋੜ੍ਹੇ ਜਿਹੇ ਅਰਸੇ ਵਿਚ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਲੋਕਾਂ ਦਾ ਵਿਸ਼ਵਾਸ ਜਿੱਤਿਆ ਹੈ ਅਤੇ ਲੋਕਾਂ ਦਾ ਭਰੋਸਾ ਹਾਸਿਲ ਕੀਤਾ ਹੈ । ਜਿਨਸਾਂ ਦਾ ਵਾਜਬ ਭਾਅ ਦੇਣ ਵਾਸਤੇ ਪੰਜਾਬ ਸਰਕਾਰ ਨੇ ਇੱਕ ਐਕਸਪੋਰਟ ਪ੍ਰੋਡੈਕਸ਼ਨ

[ਪ੍ਰੋਫੈਸਰ ਜਗੀਰ ਸਿੰਘ]

ਕਾਰਪੋਰੇਸ਼ਨ 1 ਕਰੋੜ ਰੁਪਏ ਦੀ ਲਾਗਤ ਨਾਲ ਕਾਇਮ ਕੀਤੀ ਹੈ । ਬਾਦਲ ਸਾਹਿਬ ਦੀ ਕੋਸ਼ਿਸ਼ ਹੈ ਕਿ ਪੰਜਾਬ ਨੂੰ ਧਰਤੀ ਉਤੇ ਸਵਰਗ ਦਾ ਨਮੂਨਾ ਬਣਾਇਆ ਜਾਏ । ਇਸ ਪੰਜਾਬ ਨੂੰ ਕੈਲੇਫੋਰਨੀਆ ਦਾ ਰੂਪ ਦਿੱਤਾ ਜਾਵੇ । ਪੰਜਾਬ ਵਿਚ ਕੋਈ ਆਦਮੀ ਰਾਤ ਨੂੰ ਭੁੱਖਾ ਨਾ ਸੌਂਵੇ । ਪੰਜਾਬ ਵਿਚ ਜਿਹੜਾ ਰਕਬਾ ਹੈ ਉਸ ਦਾ 97% ਹਲਾਂ ਥੱਲੇ ਹੈ ਅਤੇ ਹੋਰ ਜ਼ਿਆਦਾ ਰਕਬਾ ਵਾਹੀ ਅਧੀਨ ਲਿਆਉਣ ਦੀ ਹੁਣ ਗੁਜਾਇੰਸ਼ ਨਹੀਂ ਹੈ । ਇਸ ਕਰਕੇ ਬਾਦਲ ਸਾਹਿਬ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਵਿਚ ਓਵਰ ਕਰੇਗੀ । ਦਾਲਾਂ, ਤੇਲਾਂ, ਤੇਲ ਬੀਜ ਸਬਜ਼ੀਆਂ, ਪੌਦੇ, ਫਲ ਅਤੇ ਫੁੱਲਾਂ ਦੀ ਕਾਸ਼ਤ, ਫਾਰਮ ਫਾਰੈਸਟਰੀ ਭਾਵ ਵੰਨ ਸੁਵੰਨੀ ਖੇਤੀ ਵੱਲ ਧਿਆਨ ਦਿੱਤਾ ਜਾਵੇਗਾ ਅਤੇ ਉਨ੍ਹਾਂ ਨੂੰ ਦੱਸਿਆ ਜਾਵੇਗਾ ਕਿ ਲਾਹੇਵੰਦ ਫਸਲਾਂ ਪੈਦਾ ਕਰਨ, ਜਿਨ੍ਹਾਂ ਦਾ ਭਾਅ ਜ਼ਿਆਦਾ ਹੋਵੇ, ਲੋਕਾਂ ਦਾ ਝੁਕਾਓ ਇਸ ਵੱਲ ਕੀਤਾ ਜਾਵੇਗਾ । ਲੁਧਿਆਣਾ ਐਗਰੀਕਲਚਰ ਯੂਨੀਵਰਸਿਟੀ, ਹਾਰਟੀਕਲਚਰ ਡਿਪਾਰਟਮੈਂਟ ਕੋਲੋਂ, ਪ੍ਰਾਈਵੇਟ ਸੈਕਟਰ ਕੋਲੋਂ ਹਾਈ ਬ੍ਰੀਡ ਸੀਡ ਹਾਸਲ ਕੀਤੇ ਜਾ ਰਹੇ ਹਨ । ਫਲਾਂ ਦੀ ਕਿਸਮ ਵਿਚ ਇੰਪਰੂਵਮੈਂਟ ਕੀਤੀ ਜਾ ਰਹੀ ਹੈ । ਖੇਤੀਬਾੜੀ ਵਿਚ ਵਿੱਤੀ ਸੰਸਥਾਵਾਂ ਹਨ ਜਿਵੇਂ ਕਿ ਪੰਜਾਬ ਸਟੇਟ ਖੇਤੀਬਾੜੀ ਵਿਕਾਸ ਬੈਂਕ ਦਾ ਜਿਹੜਾ ਡੀਬੈਂਚਰ ਹੈ ਉਸ ਦੇ ਮੁਖੀ ਪ੍ਰੋਗਰਾਮ ਅਧੀਨ 113 ਕਰੋੜ ਰੁਪਏ ਦੀ ਸਬਸਿਡੀ ਦੇ ਕੇ ਅਤੇ ਪੰਜਾਬ ਵਿਚ ਜਿਹੜੇ ਲੋਕ ਹਨ ਜਿਸ ਤਰ੍ਹਾਂ ਮਿਸਾਲ ਦੇ ਤੌਰ ਤੇ 2800 ਟਿਊਬਵੈਲ ਲਾਉਣ ਵਾਸਤੇ, 3300 ਟਰੈਕਟਰ ਖਰੀਦਣ ਵਾਸਤੇ, 5010 ਡੇਅਰੀ ਵਾਸਤੇ, ਪਸ਼ੂਪਾਲਣ, ਸੂਰ ਪਾਲਣ, ਮੱਛੀ ਪਾਲਣ ਦੀਆਂ ਇਕਾਈਆਂ ਲਾ ਕੇ ਲੋਕਾਂ ਨੂੰ ਇਸ ਪਾਸੇ ਲਿਆਂਦਾ ਜਾਵੇਗਾ ।

ਸ੍ਰੀ ਡਿਪਟੀ ਸਪੀਕਰ: ਤੁਸੀਂ ਸ਼ਾਰਟ ਕਰੋ ।

Professor Jagir Singh: Indian agriculture is a monsoon gamble. The Punjab peasant is at the mercy of canal water, ਡਿਪਟੀ ਸਪੀਕਰ ਸਾਹਿਬ, ਇਸ ਦੀ ਉਪਜ ਤਾਂ ਹੀ ਜ਼ਿਆਦਾ ਹੋ ਸਕਦੀ ਹੈ ਜੇ ਸਿੰਜਾਈ ਵੱਲ ਸਰਕਾਰ ਵਧੇਰੇ ਧਿਆਨ ਦੇਵੇ । ਬਾਦਲ ਸਾਹਿਬ ਦੀ ਸਰਕਾਰ ਨੇ ਸਿੰਜਾਈ ਲਈ ਪੰਜਾਬ ਵਿਚ ਜਾਲ ਵਿਛਾ ਦਿੱਤਾ ਹੈ ਅਤੇ ਬਿਜਲੀ ਪੈਦਾ ਕਰਨ ਦੇ ਵੱਧ ਤੋਂ ਵੱਧ ਪ੍ਰੋਗਰਾਮ ਬਣਾਏ ਗਏ ਹਨ ਅਤੇ ਸਰਕਾਰ ਪੂਰੀ ਡਿਟਰਮਨਡ ਹੈ ਕਿ ਲੋਕਾਂ ਦੀ ਆਮਦਨ ਵਧਾਉਣ ਵਾਸਤੇ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ।

ਡੇਅਰੀ ਫਾਰਮਿੰਗ ਵੱਲ ਉਚੇਚਾ ਧਿਆਨ ਦਿੱਤਾ ਜਾਵੇਗਾ ਅਤੇ ਜਿੰਨਾ ਸਾਡੇ ਕੋਲ ਰਕਬਾ ਹੈ ਉਸ ਵਿਚੋਂ 10% ਰਕਬਾ ਚਾਰੇ ਅਧੀਨ ਲਿਆਂਦਾ ਜਾਵੇਗਾ । ਡਿਪਟੀ ਸਪੀਕਰ ਸਾਹਿਬ, ਦੁਧਾਰੂ ਪਸ਼ੂਆਂ ਵਾਲੀਆਂ ਡੇਅਰੀਆਂ ਕਾਇਮ ਕੀਤੀਆਂ ਜਾਣਗੀਆਂ । 20-20, 25-25 ਕਿਲੋ ਦੁੱਧ ਦੇਣ ਵਾਲੇ ਪਸ਼ੂ ਹੋਣਗੇ । ਇਸ ਨਾਲ ਮਿਲਕ ਗਰੋਅਰਜ਼ ਨੂੰ 10 ਕਰੋੜ ਰੁਪਏ ਦਾ ਫਾਇਦਾ ਪਹੁੰਚਾਇਆ ਜਾਵੇਗਾ । ਫਿਸ਼ਰੀਜ਼ ਰਿਸੋਰਸਿਜ਼ ਪੰਜਾਬ ਕੋਲ ਬਹੁਤ ਜ਼ਿਆਦਾ ਹਨ । 868 ਕਿਲੋਮੀਟਰ ਦਰਿਆ ਹਨ, 5,804 ਹੈਕਟੇਅਰਜ਼ ਜ਼ਮੀਨ ਵਿਚ ਛੋਟੇ ਛੋਟੇ ਵਾਟਰ ਰਿਸੋਰਸਿਜ਼ ਅਤੇ ਝੀਲਾਂ ਹਨ । 17,135 ਪਿੰਡਾਂ ਵਿਚ ਪੌਂਡ ਹਨ ਜਿਨ੍ਹਾਂ ਦੀ ਰੇਨੋਵੇਸ਼ਨ ਕਰਕੇ ਮੱਛੀ ਪਾਲਣ ਦੇ ਯੋਗ ਬਣਾਇਆ ਜਾ ਸਕਦਾ ਹੈ । 1996-97 ਵਿਚ ਮੱਛੀ ਦੀ ਉਪਜ 30,000 ਮੀਟਰਕ ਟਨ ਸੀ । (ਵਿਘਨ)

ਸ਼੍ਰੀ ਡਿਪਟੀ ਸਪੀਕਰ. ਹੁਣ ਤੁਹਾਡਾ ਸਮਾਂ ਖਤਮ ਹੋ ਗਿਆ ਹੈ ।

ਪ੍ਰੋਫੈਸਰ ਜਗੀਰ ਸਿੰਘ. ਡਿਪਟੀ ਸਪੀਕਰ ਸਾਹਿਬ, ਦੋ ਮਿੰਟਾਂ ਵਿਚ ਹੀ ਖਤਮ ਕਰ ਦਿੰਦਾ ਹਾਂ ਜੋ ਗੱਲਾਂ ਸਰਦਾਰ ਅਦੇਸ਼ ਪ੍ਰਤਾਪ ਸਿੰਘ ਜੀ ਨੇ ਪੱਟੀ ਹਲਕੇ ਬਾਰੇ ਕਹੀਆਂ ਹਨ ਉਹ ਪੱਟੀ ਹਲਕੇ ਦੀ ਨੁਮਾਇੰਦਗੀ ਕਰਦੇ ਹਨ, ਜਿਹੜੀਆਂ ਗੱਲਾਂ ਉਨ੍ਹਾਂ ਨੇ ਕਹੀਆਂ ਹਨ ਉਨ੍ਹਾਂ ਦੀ ਮੈਂ ਪ੍ਰੋੜਤਾ ਕਰਦਾ ਹਾਂ । ਅਖਬਾਰਾਂ ਵਿਚ ਵੀ ਸਾਡੇ ਹਲਕੇ ਬਾਰੇ ਆਇਆ ਹੈ ਕਿ ਬਾਰਡਰ ਤੇ ਰਹਿਣ ਵਾਲੇ ਲੋਕ ਨਰਕ ਦਾ ਜੀਵਨ ਬਤੀਤ ਕਰ ਰਹੇ ਹਨ । ਮੈਂ ਬੇਨਤੀ ਕਰਦਾ ਹਾਂ ਕਿ ਉਥੇ ਬਾਰਡਰ ਇਲਾਕੇ ਲਈ ਸਹੂਲਤਾਂ ਵਧਾਈਆਂ ਜਾਣ । 1965 ਅਤੇ 1971 ਦੀਆਂ ਪਾਕਿਸਤਾਨ ਨਾਲ ਲੜਾਈਆਂ ਵਿਚ ਉਨ੍ਹਾਂ ਲੋਕਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ । ਉਥੇ ਜੋ ਕੰਡਿਆਲੀ ਤਾਰ ਲੱਗੀ ਹੋਈ ਹੈ ਉਥੋਂ ਦੀ ਤ੍ਰੇਹ ਲੰਘ ਨਹੀਂ ਸਕਦੇ ਪੰਜਾਬ ਦੀ ਸਰਕਾਰ ਨੂੰ ਉਥੇ ਰਹਿਣ ਵਾਲੇ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ । ਵਲਟੋਹਾ ਅਸੰਬਲੀ ਹਲਕੇ ਦੀਆਂ, ਜੋ ਪਰਾਬਲਮਜ਼ ਹਨ ਉਨ੍ਹਾਂ ਨੂੰ ਹੱਲ ਕੀਤਾ ਜਾਵੇ । ਵਲਟੋਹਾ ਅਸੰਬਲੀ ਹਲਕੇ ਨੂੰ ਅਡਾਪਟ ਕਰੋ । ਉਸਨੂੰ ਨਵੇਂ ਪੱਧਰ ਤੇ ਵਸਾਉਣ ਵੱਲ ਸੋਚੋ ਜਿਸ ਨਾਲ ਲੋਕਾਂ ਦਾ ਭਲਾ ਹੋ ਸਕੇ ਅਤੇ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਮਿਲ ਸਕੇ . . .

Mr. Deputy Speaker: Your time is over, Professor Sahib.

ਪ੍ਰੋਫੈਸਰ ਜਗੀਰ ਸਿੰਘ. ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿੱਤਾ ਹੈ ਅਤੇ ਮੈਂ ਸਾਥੀ ਐਮ.ਐਲ.ਏ. ਸਾਹਿਬ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਵਿਚਾਰ ਸੁਣੇ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ (ਜ਼ੀਰਾ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ 1997-98 ਸਾਲ ਦੇ ਬਜਟ ਤੇ ਬੋਲਣ ਦਾ ਮੌਕਾ ਦਿਤਾ ਹੈ । ਸਭ ਤੋਂ ਪਹਿਲਾਂ ਮੈਂ ਤੁਹਾਨੂੰ ਵਧਾਈ ਦੇਂਦਾ ਹਾਂ ਕਿ ਅੱਜ ਸਰਬ-ਸੰਮਤੀ ਨਾਲ ਤੁਹਾਡੀ ਚੋਣ ਹੋਈ ਹੈ । ਡਿਪਟੀ ਸਪੀਕਰ ਸਾਹਿਬ, 11 ਜੂਨ ਨੂੰ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਥੱਲੇ ਜੋ ਇਹ ਸਾਲ 1997-98 ਦਾ ਬਜਟ ਪੇਸ਼ ਕੀਤਾ ਗਿਆ ਹੈ, ਮੈਂ ਉਸ ਲਈ ਸਭ ਤੋਂ ਪਹਿਲਾਂ ਕੈਪਟਨ ਕੰਵਲਜੀਤ ਸਿੰਘ, ਵਿੱਤ ਮੰਤਰੀ ਨੂੰ ਵਧਾਈ ਦੇਂਦਾ ਹਾਂ । ਇਸ ਬਜਟ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਲੋਕਾਂ ਨੂੰ ਰਾਮ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਆਦਰਸ਼ ਰਾਜ ਵਰਗਾ ਉੱਤਮ ਮਾਹੌਲ ਦੇਣ ਲਈ ਵਚਨ-ਬੱਧ ਹੀ ਨਹੀਂ, ਉਦਮ ਸ਼ੀਲ ਵੀ ਹੈ । ਡਿਪਟੀ ਸਪੀਕਰ ਸਾਹਿਬ, ਪਿਛਲੇ ਦੋ ਦਹਾਕਿਆਂ ਵਿਚ ਯੋਜਨਾ ਬੰਦੀ ਸਹੀ ਨਾ ਹੋਣ ਕਾਰਨ ਵਿਕਾਸ ਵਿਚ ਆਏ ਨਿਘਾਰ ਨੂੰ, ਲੁੱਟ-ਖਸੁੱਟ ਵਾਲ ਮਾਹੌਲ ਨੂੰ ਖੁਸ਼ਹਾਲੀ ਵੱਲ ਲਿਜਾਣ ਲਈ ਵਿਉਂਤਬੰਦੀ ਬਹੁਤ ਵਧੀਆ ਤਰੀਕੇ ਨਾਲ ਇਸ ਬਜਟ ਵਿਚ ਕੀਤੀ ਗਈ ਹੈ । ਡਿਪਟੀ ਸਪੀਕਰ ਸਾਹਿਬ, ਕੱਲ੍ਹ ਮੈਂ ਇਥੇ ਬੈਠਾ ਸ਼ੀ ਅਤੇ

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਮੈਨੂੰ ਸੁਣਨ ਦਾ ਸਮਾਂ ਮਿਲਿਆ । ਬੀਬੀ ਭੱਠਲ ਜੀ ਬੜੇ ਜਜ਼ਬਾਤੀ ਤੌਰ ਤੇ ਬੋਲ ਰਹੇ ਸਨ । ਉਨ੍ਹਾਂ ਨੇ ਗੱਲ ਕੀਤੀ ਕਿ ਮੈਨੂੰ ਬੜੀ ਹੈਰਾਨੀ ਹੈ ਇਸ ਬਜਟ ਨੂੰ ਪੜ੍ਹ ਕੇ । ਡਿਪਟੀ ਸਪੀਕਰ ਸਾਹਿਬ, 5 ਸਾਲ ਉਸ ਪਾਸੇ ਬੈਠ ਕੇ ਸਾਨੂੰ ਵੀ ਬਜਟ ਪੜ੍ਹਨ ਦਾ ਸਮਾਂ ਮਿਲਿਆ ਹੈ, ਬੋਲਣ ਦਾ ਸਮਾਂ ਮਿਲਿਆ ਹੈ । ਉਸ ਬਜਟ ਵਿਚ ਜੋ ਕੁੱਝ ਹੁੰਦਾ ਸੀ, ਉਹ ਮੈਂ ਥੋੜ੍ਹਾ ਜਿਹਾ ਅੱਗੇ ਚੱਲ ਕੇ ਦੱਸਾਂਗਾ । ਮੇਰੇ ਕੋਲ ਇਹ ਕਾਪੀਆਂ ਪਈਆਂ ਹਨ । ਬੀਬੀ ਜੀ ਨੂੰ ਹੈਰਾਨੀ ਹੈ ਕਿਜੋ ਇਨ੍ਹਾਂ ਦੇ ਬਜਟਾਂ ਵਿਚ ਹੁੰਦਾ ਰਿਹਾ, ਉਹ ਇਸ ਬਜਟ ਵਿਚ ਹੋਵੇਗਾ । ਇਹ ਤਾਂ ਸੋਚਦੇ ਸਨ ਕਿ ਸ਼ਾਇਦ ਅਸੀਂ ਭਾਵ ਕਾਂਗਰਸ ਪਾਰਟੀ ਦੇ 2-3 ਹੀ ਆਈਏ ਪਰ ਇਹ 14 ਆ ਗਏ । ਇਸ ਗੱਲ ਦੀ ਵੀ ਇਨ੍ਹਾਂ ਨੂੰ ਹੈਰਾਨੀ ਹੈ ਕਿ ਕਿਸ ਤਰ੍ਹਾਂ ਆ ਗਏ । ਉਨ੍ਹਾਂ ਦੇ ਕੁਝ ਕਾਰਨ ਹਨ, ਇਹ ਜਿਸ ਕਰਕੇ ਆ ਗਏ । ਇਨ੍ਹਾਂ ਨੇ ਇਕ ਗੱਲ ਹੋਰ ਕਹੀ ਕਿ ਇਥੇ 2-3 ਜਿਹੜੀਆਂ ਸ਼ਖਸੀਅਤਾਂ ਹਨ, ਉਨ੍ਹਾਂ ਤੇ ਰੱਬ ਦੀ ਬੜੀ ਕਿਰਪਾ ਹੈ । ਜਿਸ ਤਰ੍ਹਾਂ ਇਨ੍ਹਾਂ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਨਾਂ ਲਿਆ, ਰਾਜਾ ਸਾਹਿਬ ਦਾ ਨਾਂ ਲਿਆ ਕਿ ਇਨ੍ਹਾਂ ਤੇ ਗੁਰੂ ਮਹਾਰਾਜ ਦੀ ਬੜੀ ਕ੍ਰਿਪਾ ਹੈ । ਇਹ ਇਨ੍ਹਾਂ ਦਾ ਕਸੂਰ ਨਹੀਂ ਕਿਉਂਕਿ ਇਨ੍ਹਾਂ ਤੇ ਵੀ ਕਿਸੇ ਦੀ ਕ੍ਰਿਪਾ ਹੋਈ ਹੈ । ਇਨ੍ਹਾਂ ਤੇ ਕਿਸ ਦੀ ਕ੍ਰਿਪਾ ਹੋਈ ਹੈ ? ਇਨ੍ਹਾਂ ਤੇ ਸਰਦਾਰ ਬੇਅੰਤ ਸਿੰਘ ਦੀ ਕ੍ਰਿਪਾ ਹੋਈ ਹੈ । ਉਨ੍ਹਾਂ ਦੀ ਕ੍ਰਿਪਾ ਸਦਕਾ ਇਨ੍ਹਾਂ ਕੋਲ ਵਾਧੂ ਗੱਫੇ ਹੋ ਗਏ ਅਤੇ ਇਲੈਕਸ਼ਨਾਂ ਵਿਚ ਵੀ ਬੜੇ ਵੰਡੇ ਗਏ । ਇਹ ਜਿਹੜੇ ਠੇਕੇਦਾਰ ਹਨ, ਜਿਹੜੇ ਅਸੈਂਬਲੀ ਵਿਚ ਚੁਣ ਕੇ ਆ ਗਏ ਹਨ, ਕਾਮਯਾਬ ਹੋ ਕੇ ਆ ਗਏ ਹਨ, ਇਨ੍ਹਾਂ ਕੋਲ ਗੱਫੇ ਬੜੇ ਸਨ, ਇਸ ਲਈ ਆ ਗਏ ਹਨ । ਅੱਗੇ ਲੋਕਤੰਤਰ ਦੀ ਬੀਬੀ ਜੀ ਨੇ ਬੜੀ ਵਕਾਲਤ ਕੀਤੀ ਕਿ ਲੋਕਤੰਤਰ ਦੀ ਅਸੀਂ ਬੜੀ ਰੱਖਿਆ ਕੀਤੀ । ਡਿਪਟੀ ਸਪੀਕਰ ਸਾਹਿਬ, ਮੈਂ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਟਾਈਮ ਬਹੁਤ ਥੋੜ੍ਹਾ ਹੈ ਅਤੇ ਤੁਹਾਡੀ ਵੀ ਮਜਬੂਰੀ ਹੈ । ਮੈਂ ਸਪੀਚਾਂ ਤੇ ਪੌਣਾ ਪੌਣਾ ਘੰਟਾ ਬੋਲਦਾ ਰਿਹਾ ਹਾਂ । ਡਿਪਟੀ ਸਪੀਕਰ ਸਾਹਿਬ, ਮੈਂ ਉਦੋਂ ਦੀ ਗੱਲ ਦੱਸਦਾ ਹਾਂ ਕਿ ਲੋਕਤੰਤਰ ਵਿਚ ਕੀ ਕੁਝ ਹੋਇਆ । ਇਹ ਉਦੋਂ ਦੀ ਗੱਲ ਹੈ ਜਦੋਂ 11 ਮਾਰਚ, 1995 ਦੇ ਵਿਚ ਜਿਹੜਾ ਸਰਦਾਰ ਕੇ. ਪੀ. ਐਸ. ਗਿੱਲ ਸੀ, ਉਹ ਪੰਜਾਬ ਦਾ ਡੀ.ਜੀ.ਪੀ. ਸੀ, ਉਸਨੇ ਇਕ ਬਿਆਨ ਦੇ ਦਿਤਾ ਕਿ 14 ਮਾਰਚ ਨੂੰ ਜਿਹੜੀ ਅਕਾਲੀ ਦਲ ਨੇ ਲੁਧਿਆਣਾ ਵਿਖੇ ਰੈਲੀ ਰੱਖੀ ਸੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਰੱਖੀ ਸੀ, ਉਹ ਨਹੀਂ ਹੋਣ ਦਿਤੀ ਜਾਵੇਗੀ । ਮੈਂ ਦੂਸਰੇ ਦਿਨ ਉਠਿਆ, ਡਿਪਟੀ ਸਪੀਕਰ ਸਾਹਿਬ, 12 ਤਾਰੀਖ ਨੂੰ ਅਤੇ ਇਥੇ ਹਾਊਸ ਵਿਚ ਪੁਛਿਆ ਕਿ ਮੁੱਖ ਮੰਤਰੀ ਸਾਹਿਬ ਦੱਸਣ ਕਿ ਕੀ ਰੈਲੀ ਹੋਣ ਦਿਤੀ ਜਾਵੇਗੀ ਜਾਂ ਨਹੀਂ ? ਮੁੱਖ ਮੰਤਰੀ ਜੀ ਉਠੇ ਅਤੇ ਉਨ੍ਹਾਂ ਨੇ ਕਿਹਾ ਕਿ ਰੈਲੀ ਹੋਣ ਦਿਤੀ ਜਾਵੇਗੀ । ਡਿਪਟੀ ਸਪੀਕਰ ਸਾਹਿਬ, 14 ਤਾਰੀਕ ਨੂੰ ਰੈਲੀ ਸੀ, ਉਥੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਧੱਕੇ ਮਾਰੇ ਗਏ, ਡੰਡੇ ਮਾਰੇ ਗਏ । ਉਸ ਤੋਂ ਬਾਦ 15 ਤਰੀਕ ਆ ਗਈ । ਮੈਂ ਉਸ ਵੇਲੇ ਆਪੋਜ਼ੀਸ਼ਨ ਦੀ ਕੁਰਸੀ ਤੇ ਬੈਠਾ ਸੀ । ਮੈਂ ਉਠਿਆ ਅਤੇ ਪੁੱਛਿਆ ਕਿ ਇਹ ਡੈਮੋਕਰੇਸੀ ਹੈ ਜਾਂ ਕਿ ਡਾਂਗੋਕਰੇਸੀ ਹੈ । ਮੁੱਖ ਮੰਤਰੀ ਨੂੰ ਬੜਾ ਗੁੱਸਾ ਲੱਗਾ ਕਿ ਇਹ ਕੌਣ ਹੁੰਦਾ ਹੈ ਪੁੱਛਣ ਵਾਲਾ । ਮੇਰੀ ਇੰਨੀ ਗੱਲ ਤੇ ਮੇਰੇ ਉਪਰ ਬੜੇ ਇਲਜ਼ਾਮ ਲਗਾ ਦਿਤੇ ਗਏ । ਇਹ ਕਿਹਾ ਗਿਆ ਕਿ ਇਹ ਬੜਾ ਵੱਡਾ ਅੱਤਵਾਦੀ ਹੈ । ਡਿਪਟੀ ਸਪੀਕਰ ਸਾਹਿਬ, ਸੱਚ ਸੁਣਨਾ ਬੜਾ ਔਖਾ ਹੁੰਦਾ

ਹੈ । ਮੈਂ ਸੱਚ ਕਹਿੰਦਾ ਸੀ ਜਿਸ ਕਰਕੇ ਮੇਰੇ ਤੇ ਇਲਜ਼ਾਮ ਲਗਾ ਦਿੱਤੇ ਗਏ । ਮੈਂ ਇਹ ਗੱਲ ਆਖੀ ਕਿ ਮੈਂ ਰਿਜ਼ਾਈਨ ਦੇ ਦਿਆਂਗਾ ਅਗਰ ਮੈਂ ਅੱਤਵਾਦੀ ਸਾਬਤ ਕਰ ਦਿੱਤਾ ਜਾਵਾਂ । ਮੇਰੇ ਨਾਲ ਛੱਜਲਵੱਡੀ ਵੀ ਸੀ । ਸੈਸ਼ਨ ਵਿਚ ਸਾਨੂੰ ਦੋਹਾਂ ਨੂੰ ਕੁੱਟਿਆ ਗਿਆ, ਸਾਡੀ ਖਿੱਚਾ ਧੂਈ ਕੀਤੀ ਗਈ । ਇਹ ਸੀ ਇਨ੍ਹਾਂ ਦਾ ਲੋਕਤੰਤਰ । ਇਹ ਡੈਮੋਕਰੇਸੀ ਨਹੀਂ ਸੀ, ਡਾਂਗੋਕਰੇਸੀ ਸੀ। ਕਾਂਗਰਸ ਦੇ ਰਾਜ ਵੇਲੇ ਅੱਤਵਾਦ ਦੀ ਦੁਹਾਈ ਪਾ ਕੇ ਲੋਕਾਂ ਨੂੰ ਲੁੱਟਿਆ ਗਿਆ ਅਤੇ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਗਈਆਂ । ਇਸੇ ਕਰਕੇ ਹੀ ਹੁਣ ਇਹ 90 ਵਿਚੋਂ 14 ਆਏ ਹਨ । ਬੀਬੀ ਜੀ ਨੂੰ ਹੈਰਾਨੀ ਹੈ ਕਿ ਅਸੀਂ 14 ਵੀ ਕਿਵੇਂ ਆ ਗਏ, ਅਸੀਂ ਕਰਦੇ ਤਾਂ ਇਹ ਕੰਮ ਰਹੇ ਹਾਂ । ਇਨ੍ਹਾਂ ਨੇ ਸੜਕਾਂ ਦਾ ਪੈਸਾ ਵੀ ਖਾ ਲਿਆ । ਸਕੂਲਾਂ ਵਿਚ ਟੀਚਰ ਨਹੀਂ ਸਨ ਅਤੇ ਹਸਪਤਾਲਾਂ ਵਿਚ ਡਾਕਟਰ ਨਹੀਂ ਸਨ । ਇਹ ਸਾਰਾ ਕੁਝ ਖਾ ਗਏ । ਫਿਰ ਵੀ ਬਾਦਲ ਸਾਹਿਬ ਨੇ 2100 ਕਰੋੜ ਰੁਪਿਆ ਜੁਟਾਉਣ ਦਾ ਯਤਨ ਕੀਤਾ ਹੈ । ਇਥੇ ਬੀਬੀ ਜੀ ਕਹਿ ਰਹੇ ਸਨ ਕਿ ਇਸ ਬਜਟ ਵਿਚ ਤਾਂ ਕੁਝ ਰੱਖਿਆ ਹੀ ਨਹੀਂ ਗਿਆ । ਇਨ੍ਹਾਂ ਨੇ ਸ਼ਾਇਦ ਇਸ ਨੂੰ ਪੜ੍ਹਿਆ ਹੀ ਨਹੀਂ । ਇਹ ਪਿੰਡਾਂ ਦੀ ਬੜੀ ਵਕਾਲਤ ਕਰਦੇ ਹਨ ਪਰ ਇਨ੍ਹਾ ਦੇ ਰਾਜ ਵਿਚ ਸੜਕਾਂ ਦਾ ਐਨਾ ਮਾੜਾ ਹਾਲ ਸੀ ਕਿ ਗੱਡੀ ਖਿਲਰ ਜਾਂਦੀ ਸੀ । ਇਨ੍ਹਾਂ ਦੇ ਆਪਣੇ ਇਲਾਕੇ ਦਾ ਇਹ ਹਾਲ ਸੀ । ਹੜ੍ਹਾਂ ਵਾਸਤੇ ਜਿਹੜਾ ਰਾਹਤ ਫੰਡ ਰੱਖਿਆ ਸੀ, ਉਹ ਪੈਸਾ ਇਨ੍ਹਾ ਨੇ ਆਪਣੇ ਇਲਾਕੇ ਦੀਆਂ ਸੜਕਾਂ ਤੇ ਲਾ ਦਿੱਤਾ ਅਤੇ ਉਹ ਕੁਝ ਠੀਕ ਹੋ ਗਈਆਂ । ਹੁਣ ਪੇਂਡੂ ਵਿਕਾਸ ਕਾਰਜਾਂ ਵਾਸਤੇ 391 ਕਰੋੜ ਰੁਪਏ ਰੱਖੇ ਗਏ ਹਨ । ਸ਼ਹਿਰਾਂ ਵਿਚ ਵਧਦੀਆਂ ਜਾ ਰਹੀਆਂ ਅਬਾਦੀਆਂ ਨੂੰ ਘਟਾਉਣ ਵਾਸਤੇ ਫੋਕਲ ਪੁਆਇੰਟਾਂ ਦੀ ਬੜੀ ਜ਼ਰੂਰਤ ਹੈ । ਇਹ ਸਕੀਮ ਪਹਿਲਾਂ ਵੀ ਬਾਦਲ ਸਾਹਿਬ ਨੇ ਚਲਾਈ ਸੀ ਪਰ ਜਦੋਂ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਆਏ ਤਾਂ ਉਨ੍ਹਾਂ ਨੇ ਇਹ ਸਕੀਮ ਬੰਦ ਕਰ ਦਿੱਤੀ । ਜਿਸ ਕਰਕੇ 364 ਫੋਕਲ ਪੁਆਇੰਟ ਅਧੂਰੇ ਰਹਿ ਗਏ । ਹੁਣ ਫੇਰ ਇਨ੍ਹਾਂ ਨੂੰ ਚਾਲੂ ਕਰਨ ਦੀ ਸਕੀਮ ਹੈ ਅਤੇ ਇਸ ਦੇ ਵਾਸਤੇ ਪੈਸਾ ਰੱਖਿਆ ਹੈ । ਇਹ 326 ਫੋਕਲ ਪੁਆਇੰਟ 500 ਕਰੋੜ ਰੁਪਏ ਦੀ ਲਾਗਤ ਨਾਲ ਬਣਨੇ ਹਨ । ਤਕਰੀਬਨ 2 ਕਰੋੜ ਰੁਪਏ ਇਕ ਫੋਕਲ ਪੁਆਇੰਟ ਨੂੰ ਦੇਣੇ ਹਨ । ਇਸ ਤਰ੍ਹਾਂ ਨਾਲ ਹਜ਼ਾਰਾਂ ਨੌਜਵਾਨਾਂ ਨੂੰ ਰੋਜ਼ਗਾਰ ਮਿਲੇਗਾ । ਪਿੰਡਾਂ ਵਿਚ 24 ਘੰਟੇ ਬਿਜਲੀ ਦੀ ਸਪਲਾਈ ਦੇਣ ਵਾਸਤੇ ਵੀ ਚੋਖੀ ਰਕਮ ਰੱਖੀ ਹੈ ।

ਸ਼੍ਰੀ ਡਿਪਟੀ ਸਪੀਕਰ: ਤੁਸੀਂ ਆਪਣੀ ਗੱਲ ਨੂੰ ਸ਼ਾਰਟ ਕਰੋ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਿਹਾ ਸੀ ਕਿ ਮੈਂ ਅੱਜ ਬੜਾ ਕੁਝ ਦੱਸਣਾ ਹੈ । ਸੜਕਾਂ ਦੀ ਪਹਿਲਾਂ ਬੜੀ ਮਾੜੀ ਹਾਲਤ ਸੀ । ਸਾਡੀ ਸਰਕਾਰ ਨੇ ਆਉਂਦਿਆਂ ਸਾਰ 100 ਦਿਨਾਂ ਦੇ ਅੰਦਰ ਅੰਦਰ 4,000 ਕਿਲੋਮੀਟਰ ਸੜਕਾਂ ਰਿਪੇਅਰ ਕਰਨ ਦਾ ਜੋ ਟੀਚਾ ਰੱਖਿਆ ਸੀ, ਉਹ ਪੂਰਾ ਕਰ ਲਿਆ ਹੈ । 10,000 ਕਿਲੋਮੀਟਰ ਸੜਕਾਂ ਰਿਪੇਅਰ ਕਰਨ ਦਾ ਟੀਚਾ ਰੱਖਿਆ ਗਿਆ ਹੈ । ਇਸ ਕੰਮ ਵਾਸਤੇ 166 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ । ਇਹ ਕਾਂਗਰਸ ਪਾਰਟੀ

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਵਾਲੇ ਤਾਂ ਸਾਡੇ ਨਾਲ ਬੜਾ ਵਿਤਕਰਾ ਕਰਦੇ ਹੁੰਦੇ ਸਨ ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕੋਈ ਵਿਤਕਰਾ ਨਹੀਂ ਕੀਤਾ । ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਤਾਂ ਬਲਾਕਾਂ ਦੇ ਪੈਸੇ ਵੀ ਛਕੇ ਹਨ । ਇਨ੍ਹਾਂ ਨੇ 25 ਪੈਸਾ ਲੈ ਕੇ ਲੋਕਾਂ ਨੂੰ ਫੰਡ ਦਿੱਤੇ ਸਨ ਜਿਸ ਦਾ ਨਤੀਜਾ ਪਿੰਡਾਂ ਦੇ ਸਰਪੰਚ ਅੱਜ ਭੁਗਤ ਰਹੇ ਹਨ, ਹਾਲਾਂ ਕਿ ਭੁਗਤਣਾ ਤਾਂ ਇਨ੍ਹਾਂ ਨੂੰ ਚਾਹੀਦਾ ਸੀ । ਇਨ੍ਹਾਂ ਨੂੰ ਇਸ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ । ਬਲਾਕਾਂ ਦੇ ਵਿਕਾਸ ਵਾਸਤੇ ਕਿ ਕਿਹੜੇ ਬਲਾਕ ਲੈਣੇ ਹਨ, ਇਸ ਸਰਕਾਰ ਨੇ ਲਾਟਰੀ ਸਿਸਟਮ ਚਾਲੂ ਕੀਤਾ ਹੈ । ਹਰ ਬਲਾਕ ਦੀਆਂ ਅੱਡੋ ਅੱਡ ਸਮੱਸਿਆਵਾਂ ਹਨ ਅਤੇ ਉਨ੍ਹਾ ਦਾ ਵਿਕਾਸ ਕਰਨ ਵਾਸਤੇ 24 ਬਲਾਕ ਚੁਣੇ ਗਏ ਹਨ ।

ਵਿਦਿਆ ਵਾਸਤੇ ਇਨ੍ਹਾਂ ਕਾਂਗਰਸੀਆਂ ਨੇ ਕੀ ਕੀਤਾ ? ਇਸ ਦੇ ਬਾਰੇ ਇਥੇ ਮੇਰੇ ਇਕ ਵੀਰ ਨੇ ਦੱਸਿਆ ਹੈ ਕਿ ਕਿਸੇ ਵੀ ਸਕੂਲ ਵਿਚ ਟੀਚਰ ਨਹੀਂ ਸੀ । ਜਿਹੜੇ ਵੀ ਸਕੂਲ ਅਪਗ੍ਰੇਡ ਕੀਤੇ ਗਏ ਉਥੇ ਇਹ ਟੀਚਰ ਨਹੀਂ ਦੇ ਸਕੇ । ਇਨ੍ਹਾਂ ਨੇ ਐਵੇਂ ਹੀ ਸਕੂਲਾਂ ਬਾਰੇ ਫੋਕੇ ਨੀਂਹ ਪੱਥਰ ਰੱਖ ਦਿੱਤੇ ਕਿਸੇ ਵੀ ਸਕੂਲ ਵਿੱਚ ਕੋਈ ਕੰਮ ਨਹੀਂ ਹੋਇਆ । ਮੇਰੇ ਇਲਾਕੇ ਦੇ ਵਿੱਚ ਇਕ ਸਕੂਲ ਅਪਗਰੇਡ ਕੀਤੇ ਨੂੰ ਚਾਰ ਸਾਲ ਹੋ ਗਏ ਹਨ ਪਰ ਹਾਲੇ ਤੱਕ ਉਥੇ ਕੋਈ ਕਲਾਸ ਚਾਲੂ ਨਹੀਂ ਹੋ ਸਕੀ । ਅੱਜ ਬੀਬੀ ਭੱਠਲ ਜੀ ਨੂੰ ਹੈਰਾਨੀ ਹੁੰਦੀ ਹੈ ਕਿ ਸਾਡੇ ਨਾਲ ਕੀ ਹੋ ਗਿਆ । ਮੈਂ ਕਹਿੰਦਾ ਹਾਂ ਕਿ ਸ਼ੁਕਰ ਮਨਾਓ ਕਿ ਤੁਸੀਂ 14 ਜਿੱਤ ਕੇ ਆ ਗਏ । ਅੱਜ ਲੋਕ ਹਰ ਚੀਜ਼ ਤੋਂ ਚੰਗੀ ਤਰ੍ਹਾਂ ਜਾਣੂੰ ਹਨ, ਉਹ ਹਰ ਚੀਜ਼ ਸਮਝਦੇ ਹਨ । ਅੱਜ ਫਰੀਦਕੋਟ ਦੇ ਵਿੱਚ ਮੈਡੀਕਲ ਯੂਨੀਵਰਸਿਟੀ ਬਣਾਈ ਜਾ ਰਹੀ ਹੈ ਔਰ ਮਲੋਟ ਦੇ ਵਿੱਚ ਐਮ.ਬੀ.ਏ. ਦਾ ਕੋਰਸ ਵੀ ਚਾਲੂ ਕੀਤਾ ਜਾ ਰਿਹਾ ਹੈ । ਪਹਿਲਾ ਜੋ ਪੜ੍ਹਾਈ ਕਰਾਈ ਜਾਂਦੀ ਸੀ ਉਸ ਨਾਲ ਕੇਵਲ ਬਾਬੂ ਲੋਕ ਹੀ ਤਿਆਰ ਕੀਤੇ ਜਾਂਦੇ ਸਨ । ਅੱਜ ਉਸ ਇਲਾਕੇ ਦੇ ਲੋਕ ਉਚੇਰੀ ਵਿਦਿਆ ਹਾਸਲ ਕਰ ਸਕਣਗੇ । ਜਿਹੜੇ ਆਦਰਸ਼ ਸਕੂਲ ਸਾਡੀ ਅਕਾਲੀ ਸਰਕਾਰ ਨੇ ਪਹਿਲਾਂ ਸ਼ੁਰੂ ਕੀਤੇ ਸਨ ਉਹ ਇਨ੍ਹਾਂ ਨੇ ਬੰਦ ਕਰਵਾ ਦਿੱਤੇ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਫਿਰ ਉਦਮ ਕੀਤਾ ਹੈ ਕਿ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮੁੜ ਕੇ ਚਾਲੂ ਕੀਤਾ ਜਾਵੇ ਤਾਂ ਕਿ ਜਿਹੜੀ ਪਿੰਡਾਂ ਦੀ ਆਬਾਦੀ ਹੈ ਉਹ ਵੀ ਅੱਛੀ ਐਜੂਕੇਸ਼ਨ ਪ੍ਰਾਪਤ ਕਰ ਸਕੇ । ਜਿਹੜਾ ਸਾਡਾ ਖੇਤੀਬਾੜੀ ਆਧਾਰਤ ਸੂਬਾ ਹੈ ਉਸੇ ਸੂਬੇ ਦੇ ਲੋਕਾਂ ਦੇ ਨਾਲ ਐਜੂਕੇਸ਼ਨ ਦੇ ਖੇਤਰ ਵਿੱਚ ਕੋਈ ਵਿਤਕਰਾ ਨਾ ਹੋ ਸਕੇ । ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਬਹੁਤ ਵੱਡਾ 60/- ਰੁਪਏ ਪ੍ਰਤੀ ਕੁਇੰਟਲ ਕਣਕ ਪਿੱਛੇ ਬੋਨਸ ਵੀ ਲੈ ਕੇ ਦਿੱਤਾ । ਇਹ ਸਰਕਾਰ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦੀ । ਅਨੁਸੂਚਿਤ ਜਾਤੀਆਂ ਦੇ ਸਬੰਧ ਵਿੱਚ ਚੌਧਰੀ ਜਗਜੀਤ ਸਿੰਘ ਜੀ ਨੂੰ ਬਹੁਤ ਮੁਸ਼ਕਲ ਹੋਈ ਹੈ ਕਿ ਉਨ੍ਹਾਂ ਨੂੰ ਪੈਸਾ ਇੰਨਾਂ ਕਿਉਂ ਦਿੱਤਾ ਗਿਆ ਹੈ । ਇਨ੍ਹਾਂ ਦੀ ਸਰਕਾਰ ਬਜਟ ਦੇ ਵਿੱਚ ਪੈਸੇ ਰੱਖਦੀ ਸੀ ਪਰ ਉਸ ਨਾਲ ਕਿਸੇ ਅਨੁਸੂਚਿਤ ਜਾਤੀ ਦੇ ਵਰਗ ਦੀ ਤਰੱਕੀ ਨਹੀਂ ਕਰਦੀ ਸੀ ਸਗੋਂ ਇਨ੍ਹਾਂ ਦੇ ਵਜ਼ੀਰ ਤਾਂ ਆਪਣੇ ਆਪ ਹੀ ਗੱਫੇ ਛਕੀ ਜਾਂਦੇ ਸਨ, ਤਰੱਕੀ ਇਨ੍ਹਾਂ ਕੋਲੋਂ ਕਿਸੇ ਦੀ ਕੀ ਹੋਣੀ ਸੀ ।

PERSONAL EXPLANATION BY CHAUDHARY JAGJIT SINGH

ਚੌਧਰੀ ਜਗਜੀਤ ਸਿੰਘ: ਪਰਸਨਲ ਐਕਸਪਲੇਨੇਸ਼ਨ, ਡਿਪਟੀ ਸਪੀਕਰ ਸਾਹਿਬ। ਜ਼ੀਰਾ ਸਾਹਿਬ ਨੇ ਲੈਕਚਰ ਕਰਦੇ ਸਮੇਂ ਇਹ ਕਿਹਾ ਹੈ ਕਿ ਇਹ ਪੈਸੇ ਛਕੀ ਜਾਂਦੇ ਸਨ। ਇਹ ਬਿਲਕੁਲ ਝੂਠ ਬੋਲ ਰਹੇ ਹਨ। ਇਨ੍ਹਾਂ ਨੂੰ ਪਤਾ ਹੈ ਕਿ ਸ਼ਡਿਊਲਡ ਕਾਸਟਸ ਪ੍ਰਤੀ ਵੈਲਫੇਅਰ ਸਕੀਮਾਂ ਜਿਹੜੀਆਂ ਹਨ, ਇਹ ਮੇਰੇ ਕੋਲ ਪੰਜਾਬ ਸਰਕਾਰ ਦੀ ਕਿਤਾਬ ਹੈ ਸਕੀਮਾਂ ਬਾਰੇ। ਹੁਣ ਇਸ ਵਿਚੋਂ 13 ਸਕੀਮਾਂ ਹਟਾ ਦਿੱਤੀਆਂ ਗਈਆਂ ਹਨ ਜਿਹੜੀਆ ਕਿ ਪਹਿਲਾਂ ਚਲਦੀਆਂ ਸਨ। ਇਨ੍ਹਾਂ ਨੂੰ ਕੁਝ ਪਤਾ ਤਾਂ ਹੈ ਨਹੀਂ। ਏਥੇ ਇਹ ਕਹਿ ਰਹੇ ਹਨ ਕਿ ਪੈਸੇ ਛਕੇ ਜਾਂਦੇ ਸਨ। ਇਹ ਬਿਲਕੁਲ ਗਲਤ ਗੱਲ ਹੈ।

ਸ਼੍ਰੀ ਜਗਦੀਸ਼ ਸਾਹਨੀ: ਮੇਰਾ ਪੁਆਇੰਟ ਆਫ ਆਰਡਰ ਹੈ, ਡਿਪਟੀ ਸਪੀਕਰ ਸਾਹਿਬ। ਚੌਧਰੀ ਸਾਹਿਬ ਨੇ ਕਿਹਾ ਹੈ ਕਿ ਮੇਰੇ ਕੋਲ ਕਿਤਾਬ ਹੈ। ਕਿਤਾਬ ਚੌਧਰੀ ਸਾਹਿਬ ਨੇ ਬਣਾਈ ਹੈ। ਇਹ ਕਿਤਾਬ ਇੰਪਲੀਮੈਂਟ ਕਿੰਨੀ ਹੋਈ, ਇਹ ਵੀ ਦੱਸ ਦੇਣ ? ਚੌਧਰੀ ਸਾਹਿਬ, ਤੁਹਾਡੀਆਂ ਕਿਤਾਬਾਂ ਬਾਰੇ ਸਾਰੀ ਦੁਨੀਆਂ ਜਾਣਦੀ ਹੈ, ਸਾਰੇ ਲੋਕ ਜਾਣਦੇ ਹਨ......(ਵਿਘਨ......) ਜੋ ਕੁਝ ਇਨ੍ਹਾਂ ਨੇ ਕੀਤਾ ਹੈ ਉਸ ਤੋਂ ਸਾਰਾ ਪੰਜਾਬ ਅੱਜ ਰੋਂਦਾ ਹੈ, ਸਾਰੇ ਪਾਸੇ ਸੜਕਾਂ ਇਨ੍ਹਾਂ ਦੇ ਵੇਲੇ ਟੁੱਟੀਆਂ ਹੁੰਦੀਆਂ ਸਨ।

GENERAL DISCUSSION ON BUDGET ESTIMATES FOR THE YEAR 1997-98 (*Resumption*)

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਜ਼ਮੀਨਾਂ ਸਨ ਇਹ ਵੇਚ ਦਿੰਦੇ ਸਨ। ਜਿਹੜੇ ਗਰੀਬ ਲੋਕ ਹਨ, ਜਿਨ੍ਹਾਂ ਕੋਲ ਆਪਣੀਆਂ ਕੋਈ ਜ਼ਮੀਨਾਂ ਨਹੀਂ ਸਨ, ਉਨ੍ਹਾਂ ਨੇ ਮਿਹਨਤ ਕਰਕੇ ਉਹ ਜ਼ਮੀਨਾਂ ਵਾਹੀਆਂ। ਗਰੀਬਾਂ ਅਤੇ ਵੱਡੇ ਜ਼ਿਮੀਂਦਾਰਾਂ ਦੇ ਪਾੜੇ ਨੂੰ ਘੱਟ ਕਰਨ ਵਾਸਤੇ, ਉਸ ਪਾੜੇ ਨੂੰ ਮਿਟਾਉਣ ਵਾਸਤੇ ਸਾਡੀ ਸਰਕਾਰ ਨੇ ਉਹ ਜ਼ਮੀਨਾਂ ਉਨ੍ਹਾਂ ਗਰੀਬਾਂ ਨੂੰ ਬਹੁਤ ਘੱਟ ਰੇਟ ਤੇ ਦਿੱਤੀਆਂ ਹਨ।

ਸੈਨਿਕਾਂ ਦੀ ਭਲਾਈ ਵਾਸਤੇ ਕੈਪਟਨ ਸਾਹਿਬ ਨੇ ਆਪ ਫੌਜੀ ਹੁੰਦਿਆਂ ਹੋਇਆਂ ਜੋ ਉਨ੍ਹਾਂ ਦੀ ਭਲਾਈ ਵਾਸਤੇ ਬਹੁਤ ਵੱਡੇ ਫੈਸਲੇ ਕੀਤੇ ਹਨ, ਉਸ ਲਈ ਮੈਂ ਉਹਨਾਂ ਨੂੰ ਮੁਬਾਰਿਕਬਾਦ ਦਿੰਦਾ ਹਾਂ। ਉਨ੍ਹਾਂ ਨੇ 2 ਕਰੋੜ 87 ਲੱਖ ਰੁਪਿਆ ਉਨ੍ਹਾਂ ਵਾਸਤੇ ਰੱਖਿਆ ਹੈ।

ਸ਼੍ਰੀ ਡਿਪਟੀ ਸਪੀਕਰ: ਜ਼ੀਰਾ ਸਾਹਿਬ, ਹੁਣ ਬੱਸ ਕਰੋ, ਤੁਹਾਡਾ ਟਾਈਮ ਪੂਰਾ ਹੋ ਗਿਆ ਹੈ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਬੱਸ ਜੀ, ਮੇਰੇ ਹਲਕ ਦੀਆਂ ਦ ਗੱਲਾਂ ਕਰਨੀਆਂ ਹੋਰ ਰਹਿ ਗਈਆਂ ਹਨ ਮੈਂ ਤੁਹਾਨੂੰ ਇਨ੍ਹਾਂ ਦੀਆਂ ਕਰਤੂਤਾਂ ਦੱਸਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਸ਼ੂਗਰ ਮਿੱਲਾਂ ਦੀ ਗੱਲ ਕਰਨਾ ਚਾਹੁੰਦਾ ਹਾਂ। ਏਥੇ ਸ਼ੂਗਰ ਮਿੱਲਾਂ ਬਾਰੇ ਕਾਫੀ ਰੌਲਾ ਪਾਇਆ ਗਿਆ ਹੈ। ਇਨ੍ਹਾਂ ਨੇ ਆਪਣੇ ਸਮੇਂ ਵਿੱਚ ਮਿੱਲਾਂ ਦੇ ਮਾਮਲੇ ਵਿੱਚ ਜੋ ਕੁਝ ਕੀਤਾ ਉਹ ਸਦਨ ਦੇ ਰਿਕਾਰਡ ਵਿੱਚ ਅੱਜ ਵੀ ਮੌਜੂਦ ਹੈ। ਇਨ੍ਹਾਂ

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਨੇ ਕਿਵੇਂ ਗੱਫੇ ਮਾਰੇ । ਜੋ ਕੁਲਵੰਤ ਸਿੰਘ ਨਾਂ ਦਾ ਮਿੱਲ ਵਿੱਚ ਐਮ. ਡੀ. ਸੀ, ਜੋ ਕਿ ਬਟਾਲੇ ਸ਼ੂਗਰ ਮਿੱਲ ਵਿੱਚ ਲੱਗਾ ਹੋਇਆ ਸੀ ਬਾਅਦ ਵਿੱਚ ਉਸ ਨੂੰ ਜ਼ੀਰੇ ਲਗਾ ਦਿੱਤਾ। ਉਸ ਨੇ ਪਹਿਲਾਂ ਬਟਾਲਾ ਸ਼ੂਗਰ ਮਿੱਲ ਦਾ ਭੱਠਾ ਬਿਠਾਇਆ, ਫਿਰ ਜ਼ੀਰਾ ਸ਼ੂਗਰ ਮਿੱਲ ਦਾ ਭੱਠਾ ਬਿਠਾਇਆ । ਇਹ ਸਾਰਾ ਕੁਝ ਇਸ ਸਦਨ ਦੇ ਰਿਕਾਰਡ ਵਿੱਚ ਮੌਜੂਦ ਹੈ । ਜਦੋਂ ਮੈਂ ਸਾਰਾ ਕੁਝ ਉਸ ਵੇਲੇ ਦੇ ਮਨਿਸਟਰ ਦੇ ਧਿਆਨ ਵਿੱਚ ਲਿਆਂਦਾ ਤਾਂ ਉਸ ਨੇ ਕਿਹਾ ਕਿ ਮੇਰੀਆਂ ਤਾਂ ਬਾਹਾਂ ਖੜ੍ਹੀਆਂ ਹਨ । ਮੈਂ ਇਸ ਨੂੰ ਲਾਹ ਨਹੀਂ ਸਕਦਾ ਕਿਉਂਕਿ ਉਸ ਨੇ ਬਹੁਤ ਵੱਡਾ ਗੱਫਾ ਲਿਆ ਸੀ । ਡਿਪਟੀ ਸਪੀਕਰ ਸਾਹਿਬ, ਅੱਜ ਏਸੇ ਕਰਕੇ ਉਸ ਦੇ ਖਿਲਾਫ ਬਹੁਤ ਵੱਡੀ ਇਨਕੁਆਰੀ ਹੋ ਰਹੀ ਹੈ । ਅਸੀਂ ਲੋਕਾਂ ਨੂੰ ਇਨਸਾਫ ਦੇਵਾਂਗੇ ।

ਡਿਪਟੀ ਸਪੀਕਰ ਸਾਹਿਬ, ਏਸੇ ਤਰ੍ਹਾਂ ਹੀ ਮੈਂ ਇਕ ਹੋਰ ਬੇਨਤੀ ਕਰਾਂਗਾ ਕਿ ਇਹ ਜੋ ਟੈਕਸ ਹੈ ਜਿਹੜਾ ਕਿ ਟਰਾਂਸਪੋਰਟਰਾਂ ਤੇ ਲੱਗਾ ਹੈ ਮੈਂ ਇਸ ਦੇ ਬਾਰੇ ਇਕ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਟਰਾਂਸਪੋਰਟਰ ਹਨ ਜਿਨ੍ਹਾਂ ਨੇ ਪੰਜਾਬ ਦਾ ਨਾਂ ਹਿੰਦੁਸਤਾਨ ਦੇ ਵਿੱਚ ਚਮਕਾਇਆ ਹੈ, ਮੈਂ ਸਮਝਦਾ ਹਾਂ ਕਿ ਉਨ੍ਹਾਂ ਉਪਰ ਅੱਜ ਕੁਝ ਜ਼ਿਆਦਾ ਬੋਝ ਪੈ ਗਿਆ ਹੈ । ਮੈਂ ਇਸ ਬਾਰੇ ਕੈਪਟਨ ਸਾਹਿਬ ਨੂੰ ਬੇਨਤੀ ਕਰਾਂਗਾ ਕਿ....

ਸ੍ਰੀ ਡਿਪਟੀ ਸਪੀਕਰ: ਕਿਰਪਾ ਕਰਕੇ ਤੁਸੀਂ ਹੁਣ ਬੈਠ ਜਾਉ । ਬਹੁਤ ਟਾਈਮ ਹੋ ਗਿਆ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਡਿਪਟੀ ਸਪੀਕਰ ਸਾਹਿਬ, ਬੱਸ ਜੀ, ਇੱਕ ਮਿੰਟ ਜੀ । ਡਿਪਟੀ ਸਪੀਕਰ ਸਾਹਿਬ, ਆਹ ਦੇਖੋ ਪਿਛਲੇ ਬਜਟ ਦੇ ਪੰਨਾ 47 ਤੇ ਡਾਕਟਰ ਕੇਵਲ ਕ੍ਰਿਸ਼ਨ ਦੀ ਇਹ ਸਪੀਚ ਹੈ ਇਸ ਵਿੱਚ ਇਹ ਕਹਿੰਦੇ ਹਨ ਕਿ ਅਸੀਂ ਜ਼ੀਰੇ ਦੇ ਵਿੱਚ ਇਕ ਆਈ. ਟੀ. ਆਈ. ਖੋਲ੍ਹ ਰਹੇ ਹਾਂ । ਪਰ ਤੁਹਾਡੇ ਸਾਹਮਣੇ 1996-97 ਦਾ ਬਜਟ ਹੈ । ਇਸ ਵਿਚ ਉਹ ਆਈ. ਟੀ. ਆਈ. ਉਡਾ ਦਿੱਤੀ । ਜਦੋਂ ਮਾਮਲਾ ਉਠਾਇਆ ਗਿਆ ਤਾਂ ਇਹ ਕਹਿੰਦੇ ਕਿ ਚੇਤਾ ਭੁੱਲ ਗਿਆ । ਇਨ੍ਹਾਂ ਨੇ ਮੇਰੇ ਨਾਲ ਇਸ ਕਰਕੇ ਵਿਤਕਰਾ ਕੀਤਾ ਕਿਉਂਕਿ ਮੈਂ ਅਕਾਲੀ ਸੀ । ਹੁਣ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਹੁਣ ਮੇਰੀ ਇਸ ਮੰਗ ਵੱਲ ਜ਼ਰੂਰ ਗੌਰ ਕੀਤਾ ਜਾਵੇ । ਡਿਪਟੀ ਸਪੀਕਰ ਸਾਹਿਬ, 12 ਸਾਲਾਂ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ । ਸਾਲ 1982 ਵਿੱਚ ਜ਼ੀਰੇ ਵਿੱਚ ਬੱਸ ਡਿਪੂ ਦਾ ਨੀਂਹ ਪੱਥਰ ਰੱਖਿਆ ਗਿਆ ਸੀ । ਕਾਂਗਰਸ ਦਾ ਇਕ ਵੱਡਾ ਲੀਡਰ ਸ੍ਰੀ ਬਲਰਾਮ ਜਾਖੜ ਆਇਆ ਸੀ ਅਤੇ ਸਰਦਾਰ ਬੇਅੰਤ ਸਿੰਘ ਜੀ ਵੀ ਨਾਲ ਸਨ । ਉਹ ਬੱਸ-ਡਿਪੂ ਅੱਜ ਵੀ ਉਥੇ ਧਾਹਾਂ ਮਾਰ ਮਾਰ ਕੇ ਰੋ ਰਿਹਾ ਹੈ । (ਇਕ ਅਵਾਜ਼: ਆਖੋ ਕਿ ਨੀਂਹ ਪੱਥਰ ਰੋ ਰਿਹਾ ਹੈ) ਉਹ ਨੀਂਹ ਪੱਥਰ ਅੱਜ ਧਾਹਾਂ ਮਾਰ ਮਾਰ ਕੇ ਰੋ ਰਿਹਾ ਹੈ । ਇਨ੍ਹਾਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਦਾ ਇਕ ਨੇਤਾ ਲਿਖਦਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਕਹਿ ਰਿਹਾ ਹੈ ਕਿ ਕੋਈ ਜੁਡੀਸ਼ੀਅਲ ਕਮਿਸ਼ਨ ਕਾਇਮ ਕਰੋ । ਕਾਂਗਰਸ ਸਰਕਾਰ ਨੇ ਅੱਤਵਾਦ ਆਪ ਹੀ ਪੈਦਾ ਕੀਤਾ ਹੈ . . .(ਵਿਘਨ.) ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਲਈ ਸਮਾਂ ਦਿੱਤਾ ।

ਸ੍ਰੀ ਰਮੇਸ਼ ਚੰਦਰ ਡੋਗਰਾ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਸਿਰਫ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਕਹਿ ਰਹੇ ਹਨ ਕਿ ਨੀਂਹ ਪੱਥਰ ਧਾਹਾਂ ਮਾਰ ਮਾਰ

ਕੇ ਰੋਂਦਾ ਪਿਆ ਹੈ । ਜੇਕਰ ਨੀਂਹ ਪੱਥਰ ਹੀ ਰੋਣ ਲਗ ਪਏ ਹਨ ਤਾਂ ਆਮ ਜਨਤਾ ਦਾ ਕੀ ਹਾਲ ਹੋਵੇਗਾ ।

ਸ਼੍ਰੀ ਡਿਪਟੀ ਸਪੀਕਰ: ਸ਼੍ਰੀ ਚਰੰਜੀ ਲਾਲ ਜੀ ਗਰਗ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ. ਕਿਰਪਾ ਕਰਕੇ ਮੈਨੂੰ ਦੱਸ ਦਿਓ ਕਿ ਅੱਜ ਦੀ ਤਰੀਕ ਵਿੱਚ ਮੈਨੂੰ ਬੋਲਣ ਦਾ ਸਮਾਂ ਦਿੱਤਾ ਜਾਵੇਗਾ ਜਾਂ ਨਹੀਂ । ਮੇਰਾ ਨਾਂ ਹੈ ਕਿ ਨਹੀਂ ।

ਸ਼੍ਰੀ ਡਿਪਟੀ ਸਪੀਕਰ ਹਾਂ, ਤੁਹਾਡਾ ਨਾਂ ਹੈ ਜੀ । ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਜੇਕਰ ਸਾਰੇ ਮੈਂਬਰਾਂ ਨੇ ਬੋਲਣਾ ਹੈ ਤਾਂ ਪੰਜ-ਪੰਜ ਮਿੰਟ ਦਾ ਸਮਾਂ ਹੀ ਲਿਆ ਜਾਵੇ । ਨਹੀਂ ਤਾਂ ਸਾਰੇ ਬੁਲਾਰੇ ਆਪਣੀ ਸਪੀਚ ਨਹੀਂ ਕਰ ਸਕਣਗੇ ।

ਸ਼੍ਰੀ ਚਰੰਜੀ ਲਾਲ ਗਰਗ (ਬਠਿੰਡਾ): ਡਿਪਟੀ ਸਪੀਕਰ ਸਾਹਿਬ, ਤੁਹਾਡੀ ਚੋਣ ਲਈ ਤੁਹਾਨੂੰ ਬਹੁਤ ਬਹੁਤ ਮੁਬਾਰਕਬਾਦ । ਤੁਹਾਡਾ ਕਾਨੂੰਨ ਨਾਲ ਬੜਾ ਸਬੰਧ ਰਿਹਾ ਹੈ । ਆਪ ਜੀ ਨੂੰ ਇਸ ਕੁਰਸੀ ਤੇ ਬਿਠਾ ਕੇ, ਇਨਸਾਫ ਦੀ ਤੱਕੜੀ ਨਾਲ ਦੇਖ ਕੇ ਸਦਨ ਦੇ ਵਿੱਚ ਆਪ ਜੀ ਨੂੰ ਮਾਣ ਦਿੱਤਾ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਹ ਬਜਟ ਤਿਆਰ ਕਰਕੇ ਇਕ ਆਮ ਲੋਕਾਂ ਦਾ ਬਜਟ ਦਿੱਤਾ ਹੈ ਅਤੇ ਇਸ ਬਜਟ ਨੂੰ ਬਣਾਉਣ ਸਮੇਂ ਸਾਰੇ ਹੀ ਵਰਗਾਂ ਦੇ ਲੋਕਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਬਜਟ ਬਣਾਇਆ ਹੈ । ਇਸ ਬਜਟ ਦੇ ਨਾਲ ਸਮੁੱਚੇ ਪੰਜਾਬ ਅਤੇ ਹਰ ਵਰਗ ਦੇ ਸਮੁੱਚੇ ਲੋਕਾਂ ਦੇ ਅੰਦਰ ਖੁਸ਼ਹਾਲੀ ਆਵੇਗੀ ਅਤੇ ਪੰਜਾਬ ਵਿਚ ਹੋਰ ਤਰੱਕੀ ਹੋਵੇਗੀ । ਵਿਰੋਧੀ ਧਿਰ ਵੱਲੋਂ ਇਸ ਬਜਟ ਤੇ ਚਰਚਾ ਕਰਦੇ ਹੋਏ ਟਿੱਪਣੀ ਕੀਤੀ ਗਈ ਹੈ ਕਿ ਇਸ ਬਜਟ ਵਿਚ ਸ਼ਹਿਰੀ ਲੋਕਾਂ ਦਾ ਧਿਆਨ ਨਹੀਂ ਰੱਖਿਆ ਗਿਆ । ਮੇਰੀ ਰਾਏ ਅਨੁਸਾਰ ਇਹ ਟਿੱਪਣੀ ਕੋਈ ਸਚਾਈ ਤੇ ਅਧਾਰਤ ਨਹੀਂ ਹੈ ਬਲਕਿ ਫਿਰਕਾਪ੍ਰਸਤੀ ਦੇ ਤੌਰ ਤੇ ਅਧਾਰਤ ਹੈ । ਮੈਂ ਇੱਥੋਂ ਤੱਕ ਵੀ ਕਹਾਂਗਾ ਕਿ ਜਿਸ ਮੇਰੇ ਮਾਨਯੋਗ ਮੈਂਬਰ ਨੇ ਟਿੱਪਣੀ ਕੀਤੀ ਹੈ ਜਾਂ ਤਾਂ ਜਾਣਬੁੱਝ ਕੇ ਕੀਤੀ ਹੈ ਜਾਂ ਬਜਟ ਨੂੰ ਉਸਨੇ ਚੰਗੀ ਤਰ੍ਹਾਂ ਪੜ੍ਹਿਆ ਹੀ ਨਹੀਂ ਅਤੇ ਬਗੈਰ ਪੜ੍ਹੇ ਹੀ ਟਿਪਣੀ ਕੀਤੀ ਹੈ । ਜੇ ਅਸੀਂ ਦੇਖੀਏ ਤਾਂ ਟੰਡਨ ਸਾਹਿਬ ਨੇ ਵੀ ਇਸਤੇ ਸਦਨ ਦਾ ਧਿਆਨ ਦਿਵਾਇਆ ਸੀ, ਧਾਰਾ 57 ਦੇ ਵਿੱਚ ਜਿਥੇ ਕਿ ਸ਼ਹਿਰੀ ਇਲਾਕੇ ਦੀ ਉੱਨਤੀ ਵਾਸਤੇ 69 ਕਰੋੜ ਰੁਪਿਆ ਰੱਖਿਆ ਹੈ ਪਿਛਲੀ ਸਰਕਾਰ ਨੇ ਇਸ ਮੰਤਵ ਲਈ ਕੇਵਲ 21 ਕਰੋੜ ਦੇ ਕਰੀਬ ਹੀ ਰੱਖਿਆ ਸੀ । ਇਸ ਦੇ ਨਾਲ ਨਾਲ ਵਾਟਰ ਸਪਲਾਈ ਸਕੀਮ ਵਾਸਤੇ 462 ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜਦੋਂ ਕਿ ਪਿਛਲੀ ਸਰਕਾਰ ਨੇ ਇਸ ਮੰਤਵ ਲਈ ਬਹੁਤ ਘੱਟ ਬਜਟ ਰੱਖਿਆ ਸੀ । ਇਸ ਦੇ ਨਾਲ ਨਾਲ ਹੀ ਜਿਹੜੇ ਸ਼ਹਿਰਾਂ ਦੀ ਆਬਾਦੀ 20 ਹਜ਼ਾਰ ਤੋਂ ਇਕ ਲੱਖ ਤੱਕ ਹੈ, ਉਨ੍ਹਾਂ ਸ਼ਹਿਰਾਂ ਦੀ ਉੱਨਤੀ ਵਾਸਤੇ ਵੀ ਬਹੁਤ ਵੱਡਾ ਬਜਟ ਰੱਖਿਆ ਗਿਆ ਹੈ । ਸਭ ਤੋਂ ਵੱਡੀ ਗੱਲ ਜਿਹੜੀ ਅੱਜ ਸਾਨੂੰ ਮਾਣ ਨਾਲ ਕਹਿਣੀ ਪੈਂਦੀ ਹੈ, ਉਹ ਇਹ ਹੈ ਕਿ ਸ਼ਹਿਰਾਂ ਦੇ ਵਿੱਚ ਗਰੀਬ ਲੋਕ ਜਿਹੜੇ ਸਫਾਈ ਮਜ਼ਦੂਰ ਸਨ, ਉਹ ਸਿਰ ਤੇ ਮੈਲਾ ਉਠਾਉਂਦੇ ਸਨ, ਲੇਕਿਨ ਸਾਡੀ ਸਰਕਾਰ ਨੇ 60 ਕਰੋੜ ਰੁਪਏ ਦਾ ਬਜਟ ਰੱਖਕੇ ਘਰ ਘਰ ਵਿੱਚ ਪਾਣੀ ਦੀਆਂ ਟੂਟੀਆਂ ਦੇ ਕੇ ਫਲੱਸ਼

[ਸ੍ਰੀ ਚਰੰਜੀ ਲਾਲ ਗਰਗ]

ਦੀਆਂ ਲੈਟ੍ਰੀਨਜ਼ ਬਣਾਉਣ ਦਾ ਪ੍ਰੋਗਰਾਮ ਬਣਾਇਆ ਹੈ ਅਤੇ ਉਨ੍ਹਾਂ ਲੋਕਾਂ ਦੇ ਸਿਰਾਂ ਤੋਂ ਗੰਦ ਦਾ ਭਾਰ ਉਤਾਰਿਆ ਹੈ। ਇਸੇ ਤਰ੍ਹਾਂ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਦੇ ਵਿਕਾਸ ਲਈ 2.50 ਕਰੋੜ ਰੁਪਏ ਰੱਖੇ ਗਏ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵਿਰੋਧੀ ਧਿਰ ਦੇ ਮੈਂਬਰ ਸਾਹਿਬਾਨ ਇਸ ਦੀ ਆਲੋਚਨਾ ਕਰਦੇ ਹਨ ਅਤੇ ਫਿਰਕਾਪ੍ਰਸਤੀ ਦਾ ਜਾਲ ਵਿਛਾ ਕੇ ਸ਼ਹਿਰਾਂ ਅਤੇ ਪਿੰਡ ਵਾਲਿਆਂ ਦੇ ਵਿੱਚ ਪਾੜਾ ਵਧਾਉਣਾ ਚਾਹੁੰਦੇ ਹਨ ਉਹ ਕੇਵਲ ਇੱਕੋ ਗੱਲ ਕਹਿੰਦੇ ਹਨ ਕਿ ਚੁੰਗੀ ਮੁਆਫ ਨਹੀਂ ਕੀਤੀ, ਇੰਸਪੈਕਟਰੀ ਰਾਜ ਖਤਮ ਨਹੀਂ ਕੀਤਾ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਸ਼ਹਿਰਾਂ ਵਿੱਚ ਹਾਊਸ ਟੈਕਸ ਖਤਮ ਕੀਤਾ ਹੈ, ਵਿਉਪਾਰੀਆਂ ਨੂੰ ਬਹੁਤ ਸਾਰੀਆਂ ਰਿਆਇਤਾਂ ਦਿਤੀਆਂ ਗਈਆਂ ਹਨ ਅਤੇ ਸੇਲਜ਼ ਟੈਕਸ ਵਿੱਚ ਵੀ ਰਿਆਇਤ ਦਿਤੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਉਹ ਲੋਕ ਜਿਨ੍ਹਾਂ ਦੇ ਪਾਸ ਲੋਕਾਂ ਨੂੰ ਦੇਣ ਵਾਸਤੇ ਕੋਈ ਪ੍ਰੋਗਰਾਮ ਨਹੀਂ, ਜਿਨ੍ਹਾਂ ਦੀ ਪਾਰਟੀ ਕੋਲ ਲੋਕਾਂ ਨੂੰ ਦੇਣ ਵਾਸਤੇ ਕੋਈ ਪ੍ਰੋਗਰਾਮ ਨਹੀਂ ਉਹ ਸਿਰਫ ਫਿਰਕਾਪ੍ਰਸਤੀ ਦੇ ਆਧਾਰ ਤੇ ਆਪਣੀ ਰਾਜਸੀ ਭੁੱਖ ਮਿਟਾਉਣੀ ਚਾਹੁੰਦੇ ਹਨ। ਇਹ ਉਹ ਲੋਕ ਹਨ ਜਿਨ੍ਹਾਂ ਨੇ ਪੰਜਾਬ ਵਿੱਚ ਇਨਸਾਨੀਅਤ ਦਾ ਖੂਨ ਵਹਾਇਆ। ਇਹ ਉਹ ਲੋਕ ਹਨ ਜਿਨ੍ਹਾਂ ਨੇ ਪੰਜਾਬ ਵਿੱਚ ਗੋਲੀ ਦੀ ਸਰਕਾਰ ਬਣਾਈ ਅਤੇ ਬੰਦੂਕ ਵਿਚੋਂ ਨਿਕਲੀਆਂ ਗੋਲੀਆਂ ਨੇ ਪੰਜਾਬ ਵਿੱਚ ਖੂਨ ਬਹਾਇਆ। ਅੱਜ ਮੇਰੀ ਭੈਣ ਬੀਬੀ ਰਾਜਿੰਦਰ ਕੌਰ ਭੱਠਲ ਨੇ ਹਿੰਦੂ ਸਿੱਖਾਂ ਦੀ ਗੱਲ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਬਿਲਕੁਲ ਚੁਕਨੇ ਹਾਂ, ਅਜਿਹੀਆਂ ਗੱਲਾਂ ਹਿੰਦੂ ਸਿੱਖ ਪਾੜੇ ਦੀਆਂ ਪੰਜਾਬ ਦੀ ਧਰਤੀ ਤੇ ਫਿਰ ਨਹੀਂ ਹੋਣੀਆਂ ਚਾਹੀਦੀਆਂ। ਮੈਂ ਵਧਾਈ ਦਿੰਦਾ ਹਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਕਿ ਉਨ੍ਹਾਂ ਨੇ ਪੰਜਾਬ ਵਿਚੋਂ ਜ਼ੁਲਮ ਦਾ ਰਾਜ ਖਤਮ ਕਰਕੇ ਜ਼ਮਹੂਰੀਅਤ ਦਾ ਰਾਜ ਲਿਆਂਦਾ ਹੈ।

Mr. Deputy Speaker: Your time is over.

ਸ੍ਰੀ ਚਰੰਜੀ ਲਾਲ ਗਰਗ: ਡਿਪਟੀ ਸਪੀਕਰ ਸਾਹਿਬ, ਦੋ ਮਿੰਟ ਤਾਂ ਪਹਿਲਾਂ ਤੁਸੀਂ ਬੋਲਦੇ ਰਹੇ ਅਤੇ ਮੇਰੇ ਮਿੰਟ ਖਤਮ ਹੋ ਗਏ ਹਨ। ਮੈਂ ਪਹਿਲੀ ਵਾਰ ਬੋਲਣ ਲੱਗਾ ਹਾਂ, ਤਿੰਨ ਮਿੰਟ ਹੋਰ ਲਵਾਂਗਾ। ਕ੍ਰਿਪਾ ਕਰਕੇ ਮੈਨੂੰ ਬੋਲਣ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਦੇ ਬਹਾਦਰ ਵੀਰਾਂ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਇਹ ਜਿਹੜੀ ਸ਼ਾਂਤੀ ਲਿਆਂਦੀ ਹੈ, ਇਹ ਇਸ ਤੇ ਪਹਿਰਾ ਦੇਣਗੇ।

ਡਿਪਟੀ ਸਪੀਕਰ ਸਾਹਿਬ, ਇੱਕ ਬਹੁਤ ਵੱਡੀ ਗੱਲ ਇੱਥੇ ਆਉਂਦੀ ਹੈ ਕਿ ਵਿਰੋਧੀ ਧਿਰ ਦੇ ਮੈਂਬਰਾਂ ਨੇ ਕਿਹਾ ਕਿ ਇਸ ਸਰਕਾਰ ਨੇ ਗਰੀਬਾਂ ਵਾਸਤੇ ਕੁਝ ਨਹੀਂ ਕੀਤਾ। ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਗਰੀਬਾਂ ਵਾਸਤੇ ਕੀ ਕੁਝ ਨਹੀਂ ਕੀਤਾ। ਪਰ ਜਿਹੜੀ ਪਹਿਲੀ ਸਰਕਾਰ ਸੀ, ਇਹ ਗਰੀਬਾਂ ਦੀ ਕਾਤਲ ਸੀ ਇਨ੍ਹਾਂ ਦੀ ਗਰੀਬਾਂ ਵਾਸਤੇ ਕਲਮ ਰੂਪੀ ਤਲਵਾਰ ਸੀ। ਇਨ੍ਹਾਂ ਨੇ ਗਰੀਬ ਅਤੇ ਅਮੀਰ ਵਿੱਚ ਫਰਕ ਪਾਇਆ। ਮੈਂ ਇੱਕ ਮਿਸਾਲ ਦੇਣੀ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਲੁਧਿਆਣਾ ਤੋਂ ਚੰਡੀਗੜ੍ਹ ਰੋਡ ਤੇ ਜ਼ਮੀਨ ਐਕੁਆਇਰ ਹੋਈ। ਉਹ ਜ਼ਮੀਨ ਛੋਟੇ ਉਦਯੋਗਾਂ ਵਾਸਤੇ ਸੀ, ਪਰ ਉਹ ਜ਼ਮੀਨ ਛੇ ਵੱਡੇ ਘਰਾਂ ਨੂੰ ਦਿੱਤੀ ਗਈ। ਇੱਥੇ ਹੀ ਬਸ ਨਹੀਂ ਉਹ ਜ਼ਮੀਨ ਸਿਰਫ 126/ ਰੁਪਏ ਪ੍ਰਤੀ ਗਜ਼ ਵਿੱਚ ਦਿੱਤੀ ਗਈ। ਕੋਈ ਅਰਜ਼ੀ ਨਹੀਂ ਲਈ ਗਈ, ਕੋਈ ਐਸਟੀਮੇਟ ਨਹੀਂ ਲਿਆ ਗਿਆ, ਕੋਈ ਪ੍ਰਾਜੈਕਟ ਰਿਪੋਰਟ ਨਹੀਂ ਲਈ ਗਈ। ਡਿਪਟੀ ਸਪੀਕਰ ਸਾਹਿਬ,

ਇਨ੍ਹਾਂ ਛੇ ਵੱਡੇ ਘਰਾਂ ਵਿੱਚੋਂ ਹੀਰੋ ਸਾਈਕਲ ਨੇ 100 ਏਕੜ ਏਵਨ ਸਾਈਕਲ ਨੇ 40 ਏਕੜ, ਓਸਵਾਲ ਨੇ 100 ਏਕੜ, ਵਰਧਮਾਨ ਨੇ 60 ਏਕੜ, ਰਾਇਲ ਇੰਡਸਟਰੀ ਨੇ 20 ਏਕੜ,ਔਰ ਦਾਸ ਇੰਡਸਟਰੀ ਨੇ 10 ਏਕੜ ਜ਼ਮੀਨ ਲਈ। ਜਿਨ੍ਹਾਂ ਲੋਕਾਂ ਦਾ ਉਦਯੋਗ ਨਾਲ ਕੋਈ ਸਬੰਧ ਵੀ ਨਹੀਂ ਸੀ, ਉਨ੍ਹਾਂ ਲੋਕਾਂ ਨੂੰ ਜਗ੍ਹਾ ਦਿੱਤੀ ਗਈ ਔਰ ਸਿਰਫ 126/- ਰੁਪਏ ਪ੍ਰਤੀ ਗਜ਼ ਵਿੱਚ ਦਿੱਤੀ ਗਈ। ਬਾਕੀ ਦੀ ਜ਼ਮੀਨ ਛੋਟੇ ਉਦਯੋਗਾਂ ਨੂੰ 350/- ਰੁਪਏ ਪ੍ਰਤੀ ਗਜ਼ ਵਿੱਚ ਦਿੱਤੀ ਗਈ। ਪਰ ਅੱਜ ਇਹ ਲੋਕ ਗਰੀਬਾਂ ਦੀ ਗੱਲ ਕਰਦੇ ਹਨ, ਛੋਟੇ ਲੋਕਾਂ ਦੀ ਗੱਲ ਕਰਦੇ ਹਨ। ਅੱਜ ਇਹ ਉਨ੍ਹਾਂ ਦੇ ਮਸੀਹਾ ਬਣੀ ਫਿਰਦੇ ਹਨ। ਇਨ੍ਹਾਂ ਨੂੰ ਪੁੱਛੋ ਕਿ ਉਨ੍ਹਾਂ ਦਾ ਕਤਲੇਆਮ ਕੀ ਸਾਡੀ ਸਰਕਾਰ ਨੇ ਕੀਤਾ ? ਨਹੀਂ ਉਨ੍ਹਾਂ ਦਾ ਕਤਲੇਆਮ ਇਨ੍ਹਾਂ ਦੀ ਸਰਕਾਰ ਨੇ ਕੀਤਾ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਹੋਰ ਗੱਲ ਕਹਾਂਗਾ ਕਿ ਇਨ੍ਹਾਂ ਨੇ ਮੁਹਾਲੀ ਵਿੱਚ ਰੈਨਬੈਕਸੀ ਅਤੇ ਗਾਦਰੇਜ ਵਰਗੀਆਂ ਵੱਡੀਆਂ ਵੱਡੀਆਂ ਫਰਮਾਂ ਨੂੰ ਜਗ੍ਹਾ ਦੇ ਕੇ ਛੋਟੇ ਉਦਯੋਗਾਂ ਵਾਲਿਆਂ ਦਾ ਅਤੇ ਸਾਰਿਆਂ ਦਾ ਹੱਕ ਮਾਰਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਟਾਈਮ ਨਹੀਂ ਲੈਣਾ ਚਾਹੁੰਦਾ। ਮੈਂ ਤੁਹਾਡਾ ਧੰਨਵਾਦੀ ਹਾਂ, ਪਰ ਇੱਕ ਬੇਨਤੀ ਹੋਰ ਕਰਦਾ ਹਾਂ ਕਿ ਟਰਾਂਸਪੋਰਟ ਵੱਲ ਵੀ ਧਿਆਨ ਦਿੱਤਾ ਜਾਵੇ। ਬਹੁਤ ਬਹੁਤ ਧੰਨਵਾਦ।

ਸ੍ਰੀ ਸੱਤਿਆ ਪਾਲ ਸੈਣੀ (ਸੁਜਾਨਪੁਰ): ਮਾਨਯੋਗ ਉਪ ਸਭਾਪਤੀ ਜੀ, ਮਾਨਯੋਗ ਬਾਦਲ ਸਾਹਿਬ ਦੇ ਮਾਰਗ ਦਰਸ਼ਨ ਵਿੱਚ ਕੈਪਟਨ ਸਾਹਿਬ ਦੁਆਰਾ ਪੇਸ਼ ਕੀਤੇ ਹੋਏ ਬਜਟ ਦੀ ਮੈਂ ਪੁਸ਼ਟੀ ਕਰਨ ਲਈ. ਉਸ ਦੀ ਪ੍ਰੋੜਤਾ ਕਰਨ ਲਈ ਖੜਾ ਹੋਇਆ ਹਾਂ। ਇਸ ਬਜਟ ਵਿੱਚ ਕੁਝ ਗੱਲਾਂ ਐਸੀਆਂ ਹਨ ਜਿਹੜੀਆਂ ਕਿ ਅਭੂਤਪੂਰਵ ਹਨ ਜਿਨ੍ਹਾਂ ਦੀ ਮੈਂ ਚਰਚਾ ਕਰਨੀ ਚਾਹੁੰਦਾ ਹਾਂ।

ਸੱਭ ਤੋਂ ਪਹਿਲਾਂ ਜਿਹੜਾ ਪੰਜਾਬ ਸਾਨੂੰ ਵਿਰਾਸਤ ਵਿੱਚ ਮਿਲਿਆ ਹੈ, ਜਿਸ ਪੰਜਾਬ ਦੀ ਦੇਖ-ਰੇਖ ਦੀ ਸਾਨੂੰ ਜ਼ਿੰਮੇਵਾਰੀ ਮਿਲੀ ਹੈ ਉਸ ਪੰਜਾਬ ਦੀ ਦਸ਼ਾ ਕੀ ਸੀ ਉਸਦੀ ਚਰਚਾ ਮੈ ਕਰਾਂਗਾ। 11,816 ਕਰੋੜ ਦਾ ਕਰਜਾ ਜਿਸ ਵਿੱਚ 9,953 ਕਰੋੜ ਕੇਂਦਰ ਸਰਕਾਰ ਤੋਂ ਲਿਆ ਗਿਆ ਕਰਜਾ ਹੈ ਔਰ ਬਾਕੀ ਲਗਭਗ 1,863 ਕਰੋੜ ਦਾ ਕਰਜਾ ਹੋਰ ਸਰੋਤਾਂ ਤੋਂ ਲਿਆ ਗਿਆ ਕਰਜਾ ਹੈ। ਇਹ ਕਰਜਾ ਥੋੜੇ ਜਿਹੇ ਅਰਸੇ ਵਿੱਚ. 1996 ਵਿੱਚ ਬੜੀ ਤੇਜੀ ਨਾਲ ਵਧਿਆ। ਕਿਉਂਕਿ 1996 ਪੰਜਾਬ ਦੇ ਇਤਿਹਾਸ ਦਾ ਸਭ ਤੋਂ ਕਾਲਾ ਵਕਤ ਸੀ, ਉਹ ਸਭ ਤੋਂ ਕਾਲਾ ਸਮਾਂ ਸੀ ਜਿਸ ਦੇ ਵਿੱਚ ਸਰਕਾਰ ਨੇ ਕੋਈ ਕੰਮ ਨਹੀਂ ਕੀਤਾ। ਸਿਰਫ ਆਪਣੀ ਸਰਵਾਈਵਲ ਵਾਸਤੇ ਕੰਮ ਕਰਦੀ ਰਹੀ। ਇਸ ਸਮੇਂ ਵਿਚ ਸਰਕਾਰ ਜਾਂ ਤਾਂ ਦਿੱਲੀ ਰਹੀ ਜਾਂ ਦਿੱਲੀ ਦੇ ਰਸਤੇ ਵਿੱਚ ਰਹੀ। ਲਗਾਤਾਰ ਭ੍ਰਮਣ ਕਰਦੀ ਰਹੀ। ਅਥਾਹ ਰਾਸ਼ੀ ਇਨ੍ਹਾਂ ਨੇ ਭ੍ਰਮਣ ਤੇ, ਸੈਰ-ਸਪਾਟੇ ਤੇ ਖਰਚ ਕੀਤੀ ਔਰ ਅੱਜ ਜਦੋਂ ਅਸੀਂ ਉਸ ਦੀ ਨਿੰਦਿਆ ਕਰਦੇ ਹਾਂ, ਤਾਂ ਇਨ੍ਹਾਂ ਜ਼ਖਮੀ ਸ਼ੇਰਾਂ ਨੂੰ ਬੜਾ ਦਰਦ ਹੁੰਦਾ ਹੈ। ਇੱਕ ਸਾਥੀ ਨੂੰ ਅਸੀਂ ਡੈਪੂਟੇਸ਼ਨ ਤੇ ਭੇਜਿਆ ਹੈ। ਉਸ ਨੂੰ ਪੰਜ ਸਾਲਾਂ ਦੇ ਡੈਪੂਟੇਸ਼ਨ ਤੇ ਭੇਜਿਆ। ਅੱਜ ਉਸ ਦੇ ਬਾਰੇ ਜਦੋਂ ਕੁਝ ਕਹਿੰਦੇ ਹਾਂ ਤਾਂ ਲਗਦਾ ਹੈ ਉਹ ਇਥੇ ਹੈ ਨਹੀਂ ਕੋਈ ਗੱਲ ਨਹੀਂ, ਇਹ ਨਾਲ ਵਾਲੇ ਸੁਣ ਲੈਣਗੇ। ਉਸ ਨੂੰ ਅਸੀਂ ਸੱਤਾ ਵਿੱਚ ਰਹਿਣ ਦੀ ਜਾਂਚ ਸਿਖਾਈ. (ਵਿਘਨ): ਜਦੋਂ ਸਾਡੇ ਕੋਲ ਸੱਤਾ ਆ ਜਾਵੇਗੀ ਤਾਂ ਸਾਨੂੰ ਸਿਖਾ ਦੇਣਗੇ।

[ਸ਼੍ਰੀ ਸੱਤਿਆ ਪਾਲ ਸੈਣੀ]

ਹੁਣ ਥੋੜ੍ਹਾ ਸੀਰੀਅਸ ਹੋਈਏ । ਇਹ ਗੱਲ ਕੋਈ ਮਜ਼ਾਕ ਦੀ ਨਹੀਂ । ਪੰਜਾਬ ਦੇ ਇਸ ਸਦਨ ਵਿੱਚ ਅਸੀਂ ਜ਼ਿੰਮੇਵਾਰੀ ਨੂੰ ਲੈ ਕੇ ਆਏ ਹਾਂ । ਉਪ ਸਭਾਪਤੀ ਜੀ, ਮੈਂ ਕ੍ਰਿਸ਼ੀ ਦੀ ਗੱਲ ਕਰ ਰਿਹਾ ਹਾਂ । ਕ੍ਰਿਸ਼ੀ ਦਾ ਖੇਤਰ ਬੜਾ ਦੁਰਭਾਗਪੂਰਨ ਰਿਹਾ । ਇਹ ਅੱਜ ਤੱਕ ਇਗਨੋਰ ਹੋਇਆ ਹੈ । ਜਦੋਂ ਹੁਣ ਬਿਜਲੀ ਫਰੀ ਕੀਤੀ ਤਾਂ ਪਤਾ ਨਹੀਂ ਇਨ੍ਹਾਂ ਕਾਂਗਰਸੀ ਵੀਰਾਂ ਨੂੰ ਕੀ ਪ੍ਰੇਸ਼ਾਨੀ ਹੋਈ ਕਿ ਇਨ੍ਹਾਂ ਨੇ ਮੁਹੱਲੇ ਮਹੱਲੇ ਦੇ ਵਿੱਚ ਰੌਲਾ ਪਾਇਆ, ਬਈ ਤੁਹਾਡੇ ਨਾਲ ਕੀ ਭਾਣਾ ਵਰਤਿਆ ਹੈ ? ਜ਼ਮੀਨ ਵਿੱਚੋਂ ਕਿਸਾਨ ਨੂੰ ਕੁਝ ਨਹੀਂ ਮਿਲਦਾ । ਇਹ ਜੋ ਕੁਝ ਵੀ ਕਿਸਾਨਾਂ ਨੂੰ ਦਿੱਤਾ ਹੈ, ਇਸ ਵਾਸਤੇ ਇਨ੍ਹਾਂ ਸਾਡੇ ਵੀਰਾਂ ਨੂੰ ਸਰਾਹਣਾ ਕਰਨੀ ਚਾਹੀਦੀ ਸੀ । ਇਹ ਤਾਂ ਘਾਟੇ ਦਾ ਵਪਾਰ ਹੈ । ਐਗਰੀਕਲਚਰ ਪ੍ਰਾਈਸ ਕਮਿਸ਼ਨ ਖੁਦ ਕਹਿ ਰਿਹਾ ਹੈ ਕਿ ਕਿਸਾਨਾਂ ਨੂੰ ਕਣਕ ਦਾ ਮੁੱਲ ਘੱਟ ਮਿਲਦਾ ਹੈ । 1996-97 ਵਿੱਚ ਕਿਸਾਨ 380/-ਰੁਪਏ ਦੇ ਹਿਸਾਬ ਨਾਲ ਕਣਕ ਵੇਚਣ ਵਾਸਤੇ ਮਜ਼ਬੂਰ ਹੁੰਦਾ ਰਿਹਾ । 1997-98 ਵਿੱਚ ਉਹ 415/- ਰੁਪਏ ਦੇਣ ਨੂੰ ਮਜ਼ਬੂਰ ਹੁੰਦਾ ਰਿਹਾ । ਕੇਂਦਰ ਸਰਕਾਰ ਜੇਕਰ 60/- ਦੀ ਬੜੋਤਰੀ ਕਰਦੀ ਹੈ, ਤਾਂ ਇਹ ਕੀ ਬਹਾਦਰੀ ਹੈ ? ਕਈ ਵਾਰ ਬਾਦਲ ਜੀ ਨੇ ਇਸ ਦੀ ਕੀਮਤ ਵਧਾਉਣ ਦੀ ਕੋਸ਼ਿਸ਼ ਕੀਤੀ, ਮੈਂ ਇਸ ਦੀ ਸਰਾਹਣਾ ਕਰਦਾ ਹਾਂ ।

ਇੱਕ ਹੋਰ ਗੱਲ ਧਿਆਨ ਦੇਣ ਯੋਗ ਹੈ । ਯੋਜਨਾ ਜਿਹੜੀ ਹੈ ਇਹ ਬਲਾਕ ਲੈਵਲ ਦੀ ਬਣਾਈ ਹੈ । ਅਸੀਂ ਜਿਹੜੀਆਂ ਯੋਜਨਾਵਾਂ ਬਣਾਉਣੀਆਂ ਹਨ, ਉਹ ਬਲਾਕ ਵਿੱਚ ਲੈ ਕੇ ਜਾਵਾਂਗੇ । ਸਾਰੀਆਂ ਯੋਜਨਾਵਾਂ ਬਲਾਕ ਵਿੱਚ ਲਾਗੂ ਕਰਿਆ ਕਰਾਂਗੇ । ਮੇਰਾ ਇਲਾਕਾ ਕੰਡੀ ਦਾ ਇਲਾਕਾ ਹੈ । ਜਿਥੇ ਜ਼ਮੀਨ ਦਿਖਾਈ ਹੀ ਨਹੀਂ ਦਿੰਦੀ ਸਿਰਫ ਘਾਹ ਹੀ ਦਿਸਦਾ ਹੈ । ਉਥੇ ਅੰਦੋਲਨ ਚੱਲਿਆ ਕਿ ਸਾਨੂੰ ਸਰਕਾਰ ਤੋਂ ਮੁਕਤ ਕਰ ਦਿਉ । ਉਸ ਦੇ ਪਿੱਛੇ ਕੀ ਕਾਰਨ ਹਨ ? ਕਾਰਨ ਇਹ ਸੀ ਕਿ ਕਿਸੇ ਸਰਕਾਰ ਨੇ ਉਥੇ ਸੜਕਾਂ ਨਹੀਂ ਬਣਾਈਆਂ ਕੰਡੀ ਦੇ ਖੇਤਰ ਵਿੱਚ ਕੋਈ ਬੋਰ ਨਹੀਂ, ਸੜਕ ਕੋਈ ਨਹੀਂ । ਪਹਿਲਾਂ ਅੱਠ-ਅੱਠ, ਨੌਂ-ਨੌਂ ਕਿਲੋਮੀਟਰ ਤੋਂ ਬੱਚੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਜਾਂਦੇ ਸਨ ਅਤੇ ਉਸ ਖੇਤਰ ਦੇ ਵਿੱਚ ਲੋਕ ਅੱਠ-ਅੱਠ ਦਿਨ ਨਹਾਉਂਦੇ ਨਹੀਂ ਸਨ । ਚਾਰ-ਚਾਰ ਕਿਲੋਮੀਟਰ ਤੋਂ ਭੈਣਾਂ ਪਾਣੀ ਲੈ ਕੇ ਆਉਂਦੀਆਂ ਸਨ । ਇਸ ਤਰ੍ਹਾਂ ਦਾ ਦੌਰ ਪੰਜਾਬ ਦੇ ਅੰਦਰ ਇਨ੍ਹਾਂ ਨੇ ਦਿੱਤਾ ਸੀ । ਹੁਣ ਯੋਜਨਾਵਾਂ ਬਣਾਈਆਂ ਹਨ ।

ਮੈਂ ਕ੍ਰਿਸ਼ੀ ਬਾਰੇ ਚਰਚਾ ਕਰ ਕਿਹਾ ਸੀ ਕਿ ਝੋਨੇ ਤੇ ਕਣਕ.....

ਸ਼੍ਰੀ ਡਿਪਟੀ ਸਪੀਕਰ . ਤੁਹਾਡਾ ਸਮਾਂ ਖਤਮ ਹੋ ਗਿਆ ਹੈ, ਇਸ ਲਈ ਤੁਸੀਂ ਬੈਠ ਜਾਓ ।

ਸ਼੍ਰੀ ਸੱਤਿਆ ਪਾਲ ਸੈਣੀ. ਡਿਪਟੀ ਸਪੀਕਰ ਸਾਹਿਬ, ਤੁਸੀਂ ਸਾਨੂੰ ਪਹਾੜੀ ਇਲਾਕੇ ਵਾਲਿਆਂ ਨੂੰ ਕੁਝ ਸਮਾਂ ਵੱਧ ਦਿਆ ਕਰੋ । ਸਾਨੂੰ ਚੰਗਾ ਮਿਲਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਤੁਹਾਡੀ ਆਗਿਆ ਮੈਂ ਜ਼ਰੂਰ ਮੰਨਾਂਗਾ ਅਤੇ ਜ਼ਿਆਦਾ ਸਮਾਂ ਨਹੀਂ ਲਵਾਂਗਾ ਲੇਕਿਨ ਮੈਂ ਡ੍ਰਿਕਿੰਗ ਵਾਟਰ ਦੀ ਗੱਲ ਜ਼ਰੂਰ ਕਰਨੀ ਚਾਹਾਂਗਾ, ਇਸ ਵੱਲ ਜ਼ਿਆਦਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ ।

ਇਸੇ ਤਰ੍ਹਾਂ ਜੋ ਸਬਜ਼ੀਆਂ ਵਗੈਰਾ ਨਿਰਯਾਤ ਕਰਨ ਲਈ ਸਰਕਾਰ ਵਲੋਂ ਪੰਜਾਬ ਖੇਤੀਬਾੜੀ ਨਿਰਯਾਤ ਕਾਰਪੋਰੇਸ਼ਨ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ ਉਸ

ਦੇ ਲਈ ਵੀ ਰਾਸ਼ੀ ਵਧਾਉਣ ਦੀ ਲੋੜ ਹੈ ਤਾਂ ਕਿ ਇਸ ਨਾਲ ਸਬਜ਼ੀਆਂ ਜਾਂ ਹੋਰ ਫਲ ਵਗੈਰਾ ਉਗਾਉਣ ਵਾਲੇ ਉਤਸ਼ਾਹਤ ਹੋ ਸਕਣ ।

ਡਿਪਟੀ ਸਪੀਕਰ ਸਾਹਿਬ, ਮੇਰੇ ਇਲਾਕੇ ਵਿਚ ਇਕ ਬੜਾ ਵੱਡਾ ਸਕੈਂਡਲ ਪਿੰਡ ਭੰਬਾਰ ਵਿਖੇ ਹੋਇਆ ਜਿਸ ਵਿਚ ਪੂਰਵ ਮੰਤਰੀ ਨੇ 55 ਏਕੜ ਜ਼ਮੀਨ, ਜਿਹੜੀ ਕਿ ਸ਼ਾਮਲਾਤ ਜ਼ਮੀਨ ਸੀ, ਨੂੰ ਆਪਣੇ ਲੜਕੇ ਦੇ ਨਾਮ ਲਵਾ ਦਿੱਤਾ । ਜਿਹੜੇ ਲੋਕਾਂ ਨੇ ਉਸ ਦੇ ਵਿਰੁੱਧ ਰੋਸ ਜ਼ਾਹਿਰ ਕੀਤਾ, ਉਨ੍ਹਾਂ ਦੇ ਖਿਲਾਫ ਝੂਠੇ ਕੇਸ ਬਣਾ ਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਭੇਜਿਆ ਗਿਆ । ਇਸ ਕੇਸ ਦੀ ਜਾਂਚ ਕਰਾਉਣੀ ਚਾਹੀਦੀ ਹੈ ਕਿ ਕਿਸ ਤਰ੍ਹਾਂ 55 ਏਕੜ ਜ਼ਮੀਨ ਉਸ ਵਿਅਕਤੀ ਦੇ ਲੜਕੇ ਦੇ ਨਾਂ ਤੇ ਚਲੀ ਗਈ ।

ਇਸੇ ਤਰ੍ਹਾਂ ਸਾਡੇ ਇਲਾਕੇ ਵਿਚ ਪਨਿਆੜ ਸ਼ੂਗਰ ਮਿੱਲ ਹੈ ਉਸ ਦਾ ਚੋਰੀ ਦਾ ਕੇਸ ਰਜਿਸਟਰਡ ਹੋਇਆ 5 ਕਰੋੜ 63 ਲੱਖ ਰੁਪਏ ਦਾ, ਜਿਸ ਦੀ ਐਫ.ਆਈ.ਆਰ. 1996 ਦੇ ਵਿੱਚ ਦਰਜ ਹੋਈ ਸੀ । ਉਸ ਦੇ ਵਿਚੋਂ ਬੋਰੀਆਂ ਗਾਇਬ ਸਨ, ਚੀਨੀ ਗਾਇਬ ਸੀ......

ਸ੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਖਤਮ ਹੋ ਗਿਆ ਹੈ । ਇਸ ਲਈ ਤੁਸੀਂ ਬੈਠ ਜਾਓ ।

ਸ੍ਰੀ ਸੱਤਿਆ ਪਾਲ ਸੈਣੀ : ਸਰ, ਇੱਕ ਮਿੰਟ ਸਿਰਫ ।

ਸ੍ਰੀ ਡਿਪਟੀ ਸਪੀਕਰ : ਨਹੀਂ, ਤੁਹਾਡਾ ਟਾਈਮ ਸਮਾਪਤ ਹੋ ਗਿਆ ਹੈ । ਇਸ ਲਈ ਬੈਠ ਜਾਓ ।

ਸ੍ਰੀ ਸੱਤਿਆ ਪਾਲ ਸੈਣੀ : ਠੀਕ ਹੈ ਜੀ, ਧੰਨਵਾਦ ।

ਸਰਦਾਰ ਸੇਵਾ ਸਿੰਘ ਸੇਖਵਾਂ (ਕਾਹਨੂੰਵਾਨ) : ਡਿਪਟੀ ਸਪੀਕਰ ਸਾਹਿਬ, ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ, ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ । ਉਸ ਤੋਂ ਬਾਅਦ ਤੁਸੀਂ ਅੱਜ ਡਿਪਟੀ ਸਪੀਕਰ ਦੇ ਅਹੁਦੇ ਲਈ ਚੁਣੇ ਗਏ ਹੋ ਇਸ ਲਈ ਮੈਂ ਤੁਹਾਨੂੰ ਵਧਾਈ ਦਿੰਦਾ ਹਾਂ । ਜੋ ਬਜਟ 1997-98 ਦਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸਰਕਾਰ ਵਲੋਂ ਕੈਪਟਨ ਕੰਵਲਜੀਤ ਸਿੰਘ, ਵਿੱਤ ਮੰਤਰੀ, ਨੇ ਪੇਸ਼ ਕੀਤਾ ਹੈ, ਉਸ ਤੇ ਕਾਫੀ ਚਰਚਾ ਹੋਈ ਹੈ । ਮੈਂ ਸਮਝਦਾ ਹਾਂ ਕਿ ਇਹ ਜੋ ਬਜਟ ਪੇਸ਼ ਕੀਤਾ ਗਿਆ ਹੈ, ਇਹ ਸਮੇਂ ਦੇ ਅਨੁਕੂਲ ਹੈ । ਜੇਕਰ ਇਸ ਦੀ ਹਰ ਪੱਖ ਤੋਂ ਸ਼ਲਾਘਾ ਕੀਤੀ ਜਾਵੇ ਤਾਂ ਇਸ ਦੇ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ । ਇਸ ਦੇ ਵਿਚ ਸਾਰੇ ਪੱਖਾਂ ਨੂੰ ਛੋਹਿਆ ਗਿਆ ਹੈ । ਹਰ ਵਰਗ ਦੇ ਲੋਕਾਂ ਦਾ ਖਿਆਲ ਰੱਖਿਆ ਗਿਆ ਹੈ । ਲੋਕਾਂ ਦੇ ਸਰਵ-ਪੱਖੀ ਵਿਕਾਸ ਵੱਲ ਧਿਆਨ ਰੱਖ ਕੇ ਇਹ ਬਜਟ ਤਿਆਰ ਕੀਤਾ ਹੈ ! ਚੰਗੀਆਂ ਸਕੀਮਾਂ ਅਤੇ ਚੰਗੇ ਬਜਟ ਪੇਸ਼ ਹੋਣ ਨਾਲ ਹੀ ਦੇਸ਼ ਅਤੇ ਸੂਬਿਆਂ ਦੀਆਂ ਤਰੱਕੀਆਂ ਹੁੰਦੀਆਂ ਹਨ । ਸਾਡੇ ਦੇਸ਼ ਨੂੰ 50 ਸਾਲ ਦੇ ਕਰੀਬ ਆਜ਼ਾਦ ਹੋਇਆਂ

[ਸਰਦਾਰ ਸੇਵਾ ਸਿੰਘ ਸੇਖਵਾਂ]

ਹੋ ਗਏ ਸਨ । ਇਥੇ ਜੋ ਹੁਕਮਰਾਨ ਹਕੂਮਤਾਂ ਕਰਦੇ ਰਹੇ ਹਨ ਉਹ ਆਪੋ ਆਪਣੇ ਸਮੇਂ ਦੇ ਵਿੱਚ ਸਕੀਮਾਂ ਬਹੁਤ ਡੱਟ ਕੇ ਤਿਆਰ ਕਰਦੇ ਰਹੇ ਹਨ । ਸਾਡਾ ਦੇਸ਼ ਇਹ ਜਿਹੜਾ ਸੋਨੇ ਦੀ ਚਿੜੀਆ ਕਰਕੇ ਸਾਰੇ ਸੰਸਾਰ ਵਿੱਚ ਪ੍ਰਸਿੱਧ ਸੀ, ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਮਨੁੱਖ ਨੂੰ ਜਿੰਦਗੀ ਜਿਉਣ ਵਾਸਤੇ ਰੋਜ਼ਮਰ੍ਹਾ ਦੀਆਂ ਜੋ ਚੀਜ਼ਾਂ ਚਾਹੀਦੀਆਂ ਹਨ ਉਹ ਸਾਰੀਆਂ ਇਸ ਦੇਸ਼ ਵਿੱਚ ਪੈਦਾ ਹੁੰਦੀਆਂ ਹਨ । ਲੇਕਿਨ ਫਿਰ ਵੀ ਇਸ ਦੇਸ਼ ਨੇ ਇੰਨੀ ਤਰੱਕੀ ਨਹੀਂ ਕੀਤੀ ਜਿੰਨੀ ਕਿ ਇਸਨੂੰ ਕਰਨੀ ਚਾਹੀਦੀ ਸੀ । ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਪਾਨ ਜੋ ਕਿ ਬੜਾ ਛੋਟਾ ਜਿਹਾ ਮੁਲਕ ਹੈ ਅਤੇ ਸਾਡੇ ਦੇਸ਼ ਤੋਂ ਬਾਅਦ ਜਿਸ ਨੂੰ ਆਜ਼ਾਦੀ ਮਿਲੀ, ਉਹ ਅੱਜ ਸਾਰੇ ਸੰਸਾਰ ਦੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ । ਅਮਰੀਕਾ ਵਰਗੇ ਵਿਕਸਿਤ ਮੁਲਕ ਨੂੰ ਵੀ ਉਹ ਆਰਥਿਕ ਤੌਰ ਤੇ ਪਛਾੜ ਕੇ ਅਗਾਂਹ ਲੰਘ ਗਿਆ ਹੈ । ਸਾਡੇ ਦੇਸ਼ ਦਾ ਇਹੋ ਜਿਹਾ ਮਾਹੌਲ ਹੋਵੇ, ਇੰਨੀ ਵਧੀਆ ਧਰਤੀ ਹੋਵੇ, ਵਧੀਆ ਪਾਣੀ ਹੋਵੇ, ਕੁਦਰਤੀ ਸਾਧਨ ਹੋਣ, ਕਿਸੇ ਚੀਜ਼ ਦਾ ਘਾਟਾ ਨਾ ਹੋਵੇ, ਫਿਰ ਵੀ ਸਾਡਾ ਮੁਲਕ ਤਰੱਕੀ ਨਹੀਂ ਕਰ ਸਕਿਆ ਕਿਉਂਕਿ ਇਸ ਦੇਸ਼ ਤੇ ਰਾਜ ਕਰਨ ਵਾਲੇ ਲੋਕਾਂ ਨੇ ਕੋਈ ਐਸੀਆਂ ਸਕੀਮਾਂ ਨਹੀਂ ਲਿਆਂਦੀਆਂ ਜਿਸ ਨਾਲ ਦੇਸ਼ ਤਰੱਕੀ ਕਰ ਸਕੇ । ਹਾਂਗਕਾਂਗ ਇਕ ਛੋਟਾ ਜਿਹਾ ਮੁਲਕ ਹੈ । ਜਿਥੇ ਕਿ ਪਰ ਕੈਪੀਟਾ ਇਨਕਮ 11 ਹਜ਼ਾਰ 760 ਡਾਲਰ ਹੈ ਜਦ ਕਿ ਇਸ ਦੇ ਮੁਕਾਬਲੇ ਭਾਰਤ ਵਿੱਚ ਪਰ ਕੈਪੀਟਾ ਇਨਕਮ 300 ਡਾਲਰ ਤੋਂ ਵੀ ਥੱਲੇ ਹੈ । ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਦੇਸ਼ ਕੋਲ ਸਭ ਕੁਝ ਹੁੰਦਿਆਂ ਹੋਇਆਂ ਵੀ ਇਥੇ ਤਰੱਕੀ ਨਹੀਂ ਹੋ ਸਕੀ । ਹਾਂਗਕਾਂਗ ਜਿਸ ਦੀ ਸਾਰੀ ਧਰਤੀ ਪਥਰੀਲੀ ਹੈ, ਉਹ ਇੰਨੀ ਤਰੱਕੀ ਕਿਉਂ ਕਰ ਗਿਆ । ਕਿਉਂਕਿ ਉਥੇ ਹਕੂਮਤ ਕਰਨ ਵਾਲੇ ਲੋਕਾਂ ਨੇ ਐਸੀਆਂ ਸਕੀਮਾਂ ਬਣਾਈਆਂ, ਐਸੇ ਪ੍ਰੋਗਰਾਮ ਲਿਆਂਦੇ ਕਿ ਉਹ ਇਸ ਵੇਲੇ ਸੰਸਾਰ ਦੇ ਵਿਕਸਿਤ ਮੁਲਕਾਂ ਵਿਚੋਂ ਇੱਕ ਹੈ । ਅੱਜ ਦਾ ਇਹ ਜੋ ਬਜਟ ਪੇਸ਼ ਕੀਤਾ ਗਿਆ ਹੈ ਇਹ ਗੁਰੂਆਂ ਦੇ ਦਰਸਾਏ ਸਿਧਾਂਤ ਤੇ ਨਿਰਭਰ ਹੈ । ਗੁਰੂ ਸਾਹਿਬ ਨੇ ਕਿਹਾ ਹੈ—

ਨੀਚਾ ਅੰਦਰਿ ਨੀਚੁ ਜਾਤੁ ਨੀਚੀ ਹੂ ਅਤਿ ਨੀਚੁ ।
ਨਾਨਕ ਤਿਨ ਕੇ ਸੰਗਿ ਸਾਥ ਵੱਡਿਆ ਸਿਉ ਕਿਆ ਰੀਸ ॥
ਜਿਥੈ ਨੀਚੁ ਸਮਾਲੀਅਨੁ ਤਿਥੈ ਨਦਰਿ ਤੇਰੀ ਬਖਸ਼ੀਸ਼ ॥।

ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ, ਦਲਿਤ ਵਰਗ ਦੇ ਲੋਕਾਂ ਨੂੰ ਗਰੀਬ ਵਰਗ ਦੇ ਲੋਕਾਂ ਨੂੰ ਜਿੰਨੀਆਂ ਰਿਆਇਤਾਂ ਦੇਣ ਦਾ ਐਲਾਨ ਇਸ ਬਜਟ ਵਿਚ ਕੀਤਾ ਗਿਆ ਹੈ, ਮੈਂ ਸਮਝਦਾ ਹਾਂ ਕਿ ਜਿਹੜੇ ਬਜਟ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵਲੋਂ ਲਿਆਂਦੇ ਗਏ ਹਨ, ਉਨ੍ਹਾਂ ਵਿਚ ਅਜਿਹੀਆਂ ਰਿਆਇਤਾਂ ਕਦੀ ਨਹੀਂ ਮਿਲੀਆਂ । 1996-97 ਦਾ ਬਜਟ ਜਿਸ ਵਿੱਚ ਲੋਕਾਂ ਦੀ ਭਲਾਈ ਵਾਸਤੇ 39.70 ਕਰੋੜ ਰੁਪਿਆ ਰੱਖਿਆ ਗਿਆ ਸੀ । ਲੇਕਿਨ ਅਕਾਲੀ ਦਲ-ਭਾਜਪਾ ਦੀ ਸਰਕਾਰ ਨੇ ਇਸ ਨੂੰ ਵਧਾ ਕੇ ਤਿੰਨ ਗੁਣਾਂ ਕਰਕੇ 119 ਕਰੋੜ ਰੁਪਿਆ ਗਰੀਬਾਂ ਦੀ ਭਲਾਈ ਵਾਸਤੇ ਰੱਖਿਆ ।

ਸ੍ਰੀ ਡਿਪਟੀ ਸਪੀਕਰ : ਤੁਹਾਡਾ ਸਮਾਂ ਪੂਰਾ ਹੋ ਗਿਆ ਹੈ, ਤੁਸੀਂ ਬੈਠੋ ।

ਸਰਦਾਰ ਸੇਵਾ ਸਿੰਘ ਸੇਖਵਾਂ : ਪਿਛਲੀ ਸਰਕਾਰ ਨੇ ਗਰੀਬ ਲੋਕਾਂ ਵਾਸਤੇ ਉਨ੍ਹਾਂ ਨੂੰ ਮਕਾਨ ਬਨਾਉਣ ਵਾਸਤੇ 15 ਹਜ਼ਾਰ ਰੁਪਏ ਦੀ ਗਰਾਂਟ ਦਿੱਤੀ ਸੀ । ਲੇਕਿਨ ਬਾਦਲ ਸਰਕਾਰ ਨੇ ਇਨ੍ਹਾਂ ਲੋਕਾਂ ਨੂੰ ਮਕਾਨ ਬਨਾਉਣ ਵਾਸਤੇ ਇਹ ਰਕਮ ਵਧਾ ਕੇ 50 ਹਜ਼ਾਰ ਰੁਪਏ ਕਰ ਦਿੱਤੀ । ਸਾਡੀ ਸਰਕਾਰ ਵਲੋਂ 12 ਹਜ਼ਾਰ ਮਕਾਨ ਸਾਰੇ ਪੰਜਾਬ ਵਿੱਚ ਗਰੀਬ ਲੋਕਾਂ ਨੂੰ ਬਣਾ ਕੇ ਦਿੱਤੇ ਜਾਣਗੇ । ਗਰੀਬ ਲੜਕੀਆਂ ਅਤੇ ਅਨੁਸੂਚਿਤ ਜਾਤੀ ਦੀਆਂ ਲੜਕੀਆਂ ਦੇ ਵਿਆਹ ਤੇ ਸ਼ਗਨ ਵਜੋਂ 5100/- ਰੁਪਏ ਦੇਣ ਦੀ ਜੋ ਇਸ ਬਜਟ ਵਿੱਚ ਵਿਵਸਥਾ ਹੈ, ਉਹ ਬਹੁਤ ਸ਼ਲਾਘਾਯੋਗ ਹੈ । ਸ਼ਾਇਦ ਸਾਰੇ ਸੰਸਾਰ ਵਿੱਚ ਅਜਿਹੀ ਵਿਵਸਥਾ ਕਿਸੇ ਵੀ ਬਜਟ ਵਿੱਚ ਪਹਿਲਾਂ ਨਹੀਂ ਆਈ । ਫਿਰ ਅਨਪੜ੍ਹਤਾ ਦੀ ਗੱਲ ਆਉਂਦੀ ਹੈ । ਡਿਪਟੀ ਸਪੀਕਰ ਸਾਹਿਬ, ਸਾਡਾ ਸਮਾਜ ਉਨੀ ਦੇਰ ਤਰੱਕੀ ਨਹੀਂ ਕਰ ਸਕਦਾ ਜਦੋਂ ਤੱਕ ਅਨਪੜ੍ਹਤਾ ਸਮਾਪਤ ਨਹੀਂ ਹੁੰਦੀ । ਗਰੀਬ ਵਰਗ ਦੀਆਂ ਲੜਕੀਆਂ ਨੂੰ ਪੜ੍ਹਾਉਣ ਵਾਸਤੇ ਅਤੇ ਉਨ੍ਹਾਂ ਨੂੰ ਸਕੂਲ ਵਿੱਚ ਰੈਗੂਲਰ ਸਿੱਖਿਆ ਦੇਣ ਵਾਸਤੇ ਇਸ ਬਜਟ ਵਿੱਚ 50 ਰੁਪਏ ਪ੍ਰਤੀ ਮਹੀਨਾ ਦਾ ਵਜ਼ੀਫਾ ਦੇਣਾ ਵੀ ਰੱਖਿਆ ਗਿਆ ਹੈ । ਮੈਂ ਸਮਝਦਾ ਹਾਂ ਕਿ ਇਸ ਨਾਲ ਗਰੀਬ ਵਰਗ ਦੀਆਂ ਲੜਕੀਆਂ ਰੈਗੂਲਰ ਤੌਰ ਤੇ ਪੜ੍ਹਾਈ ਕਰ ਸਕਣਗੀਆਂ । ਮੈਂ ਇਕ ਗੱਲ ਆਖਿਰ ਵਿਚ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ 8 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਪੰਜਾਬ ਦੇ ਸਿਰ ਸੈਂਟਰ ਦੀ ਸਰਕਾਰ ਦਾ ਹੈ, ਅੱਤਵਾਦ ਜਿਸ ਨੂੰ ਕਾਂਗਰਸ ਪਾਰਟੀ ਨੇ ਖੜ੍ਹਾ ਕੀਤਾ ਸੀ. ਇਹ ਇਨ੍ਹਾਂ ਦੀ ਹੀ ਪੈਦਾਇਸ਼ ਸੀ, ਉਸ ਦਾ ਮੁਕਾਬਲਾ ਕਰਨ ਲਈ ਜਿਹੜਾ ਖਰਚਾ ਪੰਜਾਬ ਸਰਕਾਰ ਨੇ ਕੀਤਾ, ਉਸ ਕਰਜ਼ੇ ਦਾ ਬੋਝ ਪੰਜਾਬ ਦੇ ਸਿਰ ਉਤੇ ਹੈ । ਮੈਂ ਇਥੇ 3 ਉਦਾਹਰਣਾਂ ਅੱਤਵਾਦ ਦੀਆਂ ਦੇ ਸਕਦਾ ਹਾਂ ਜਿਸ ਤੋਂ ਇਹ ਸਾਬਿਤ ਹੋ ਜਾਵੇਗਾ ਕਿ ਕਾਂਗਰਸੀਆਂ ਦਾ ਅੱਤਵਾਦੀਆਂ ਨਾਲ ਮਿਲਾਪ ਸੀ, ਚੰਡੀਗੜ੍ਹ ਦੇ ਵਿਚ ਜਿਸ ਅੱਤਵਾਦੀ ਦੀ ਮੌਤ ਹੋਈ ਉਸ ਅੱਤਵਾਦੀ ਨੇ ਮਰਨ ਤੋਂ ਪਹਿਲਾ ਸਾਬਕਾ ਕਾਂਗਰਸ ਪ੍ਰਧਾਨ ਦਾ ਨਾਂ ਲਿਆ । ਦੂਸਰੀ ਘਟਨਾ ਮੇਰੇ ਜ਼ਿਲ੍ਹੇ ਦੇ ਵਿਚ ਹੋਈ ਜਦੋਂ ਸਰਦਾਰ ਸਤਨਾਮ ਸਿੰਘ ਬਾਜਵਾ ਦੀ ਬਰਸੀ 1992 ਵਿਚ ਮਨਾਈ ਗਈ, ਉਸ ਬਰਸੀ ਸਮੇਂ ਬਹੁਤ ਵੱਡਾ ਇਕੱਠ ਹੋਇਆ, ਜਿਸ ਵਿੱਚ ਕੇਂਦਰ ਦੇ ਬਹੁਤ ਵੱਡੇ ਕਾਂਗਰਸੀ ਲੀਡਰ ਆਏ ਅਤੇ ਉਨ੍ਹਾਂ ਨੇ ਅੱਤਵਾਦ ਦੇ ਖਿਲਾਫ ਬਹੁਤ ਵੱਡੀਆਂ ਵੱਡੀਆਂ ਸਪੀਚਾਂ ਕੀਤੀਆਂ । ਉਸੇ ਦਿਨ ਦੁਪਹਿਰ ਨੂੰ ਭਗੌੜਾ ਅੱਤਵਾਦੀ ਜਿਸ ਦਾ ਨਾਂ ਕੁਲਦੀਪ ਸਿੰਘ ਸੀ, ਉਸਨੂੰ ਖਾਣਾ ਦਿੱਤਾ ਗਿਆ । ਇਹ ਗੱਲ ਉਥੇ ਦੇ ਇਕ ਮੈਗਜ਼ੀਨ ਵਿਚ ਛਪੀ ਹੈ ਜਿਸ ਦੀ ਕਾਪੀ ਮੇਰੇ ਕੋਲ ਹੈ । ਤੀਸਰਾ, ਫਰੰਟ ਲਾਈਨ ਅਖਬਾਰ ਜਿਹੜੀ ਮਦਰਾਸ ਤੋਂ ਛੱਪਦੀ ਹੈ, ਉਸ ਨੇ ਲਿਖਿਆ ਹੈ ਕਿ ਕੇਂਦਰ ਦੇ 2 ਮਨਿਸਟਰਾਂ ਦੇ ਅੱਤਵਾਦੀਆਂ ਨਾਲ ਸਬੰਧ ਹਨ ਅਤੇ ਇਨ੍ਹਾਂ ਦੀਆਂ ਕੋਠੀਆਂ ਵਿਚ ਉਹ ਅੱਤਵਾਦੀ ਠਹਿਰਦੇ ਹਨ । ਇਕ ਮਸ਼ਕੂਕ ਅੱਤਵਾਦੀ ਮਨੋਚਾਹਲ ਨੂੰ ਸਰਦਾਰ ਬੂਟਾ ਸਿੰਘ ਦੀ ਕੋਠੀ ਵਿਚ ਵੇਖਿਆ ਗਿਆ ਔਰ ਉਸ ਤੋਂ ਬਾਅਦ ਸਰਦਾਰ ਤਰਲੋਚਨ ਸਿੰਘ ਰਿਆਸਤੀ ਦਾ ਕਤਲ ਹੋ ਗਿਆ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ, ਕਿ ਵਾਰ ਵਾਰ ਇਥੇ ਕਿਹਾ ਗਿਆ ਹੈ ਕਿ ਪਿਛਲੀਆਂ ਗੱਲਾਂ ਨੂੰ ਛੱਡ ਕੇ ਪੰਜਾਬ ਦੀ ਤਰੱਕੀ ਵਾਸਤੇ ਗਲ ਕਰੀਏ ਪਰ ਇਥੇ ਇਕ ਦੂਜੇ ਉਤੇ ਇਲਜ਼ਾਮ ਲਗਾਏ ਜਾ ਰਹੇ ਹਨ। ਸਵੇਰੇ ਵੀ ਇਸ ਗੱਲ ਦਾ ਮੈਂ ਜ਼ਿਕਰ ਕੀਤਾ ਸੀ ਕਿ ਆਪਾਂ ਤਾਹਨੇ ਮੇਹਣੇ ਮਾਰਨ ਦੀ ਬਜਾਏ ਪੰਜਾਬ ਦੀ ਭਲਾਈ ਵਾਸਤੇ ਗੱਲਾਂ ਕਰੀਏ। ਪਿਛਲੇ ਵਾਕਿਆਤ ਨੂੰ ਭੁਲਾ ਕੇ ਕੋਈ ਨਵੀਂ ਗੱਲ ਕਰੀਏ। ਅੱਤਵਾਦੀਆਂ ਦੇ ਨਾਲ ਕਿਸ ਦਾ ਹੱਥ ਸੀ ਕਿਸ ਦਾ ਨਹੀਂ ਸੀ, ਗੱਲ ਖਤਮ ਕਰੋ ਹੁਣ!

ਸ੍ਰੀ ਡਿਪਟੀ ਸਪੀਕਰ : ਸੇਖਵਾਂ ਸਾਹਿਬ, ਤੁਹਾਡਾ ਟਾਈਮ ਹੋ ਗਿਆ ਹੈ ਹੁਣ ਤੁਸੀਂ ਬੈਠ ਜਾਓ।

ਡਾਕਟਰ ਬਲਦੇਵ ਰਾਜ ਚਾਵਲਾ (ਅੰਮ੍ਰਿਤਸਰ ਉੱਤਰੀ) : ਪਰਮ ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਉਸ ਬਜਟ ਉਤੇ ਬੋਲਣ ਲਈ ਸਮਾਂ ਦਿੱਤਾ ਹੈ, ਜਿਹੜਾ ਬਜਟ ਸਾਡੇ ਵਿੱਤ ਮੰਤਰੀ, ਕੈਪਟਨ ਕੰਵਲਜੀਤ ਸਿੰਘ ਜੀ ਨੇ ਇਸ ਸਦਨ ਵਿਚ ਪੇਸ਼ ਕੀਤਾ ਹੈ। ਮੈਂ ਇਸ ਦੇ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਅਤੇ ਉਨ੍ਹਾਂ ਨੂੰ ਇਸ ਬਜਟ ਤੇ ਬਹੁਤ ਬਹੁਤ ਵਧਾਈ ਵੀ ਦਿੰਦਾ ਹਾਂ। ਇਹ ਬਜਟ ਪੰਜਾਬ ਦੇ ਲੋਕਾਂ ਦੀ ਭਲਾਈ ਲਈ, ਪੰਜਾਬ ਦੇ ਲੋਕਾਂ ਦੀ ਖੁਸ਼ਹਾਲੀ ਲਈ, ਪੰਜਾਬ ਦੇ ਮਜ਼ਦੂਰਾਂ ਲਈ, ਪੰਜਾਬ ਦੇ ਕਿਸਾਨਾਂ ਲਈ, ਪੰਜਾਬ ਦੀ ਬਿਹਤਰੀ ਲਈ ਇਕ ਬੜਾ ਬੈਲੈਂਸਡ ਬਜਟ ਪੇਸ਼ ਕੀਤਾ ਗਿਆ ਹੈ। ਸਾਡਾ ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ ਜਿਸ ਦੇ ਵਿਚ 70 ਤੋਂ 75 % ਆਬਾਦੀ ਪਿੰਡਾਂ ਦੇ ਵਿਚ ਰਹਿੰਦੀ ਹੈ ਅਤੇ ਖੇਤੀਬਾੜੀ ਉਤੇ ਨਿਰਭਰ ਕਰਦੀ ਹੈ। ਕਿਸਾਨ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ। ਅਗਰ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਵੇਗਾ ਤਾਂ ਦੇਸ਼ ਦੇ ਵਾਸੀ ਵੀ ਖੁਸ਼ਹਾਲ ਹੋਣਗੇ ਜੇ ਪੰਜਾਬ ਦਾ ਮਿਲ ਮਾਲਿਕ ਖੁਸ਼ਹਾਲ ਹੋਵੇਗਾ ਤਾਂ ਉਨ੍ਹਾਂ ਮਿਲਾਂ ਦੇ ਵਿਚ ਕੰਮ ਕਰਨ ਵਾਲਾ ਪੰਜਾਬ ਦਾ ਮਜ਼ਦੂਰ ਵੀ ਖੁਸ਼ਹਾਲ ਹੋਵੇਗਾ। ਮੈਨੂੰ ਬੜਾ ਦੁੱਖ ਹੈ ਕਿ ਪਿਛਲੀ ਸਰਕਾਰ ਨੇ ਇਸ ਕਿਸਮ ਦਾ ਕੋਈ ਕੰਮ ਨਹੀਂ ਕੀਤਾ, ਜਿਸ ਦੇ ਨਾਲ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਵੇ, ਪੰਜਾਬ ਦੇ ਲੋਕ ਖੁਸ਼ਹਾਲ ਹੋਣ ਅਤੇ ਪੰਜਾਬ ਦੇ ਲੋਕਾਂ ਦੀ ਭਲਾਈ ਹੋ ਸਕੇ। ਇਸ ਤਰਫ ਪਿਛਲੀ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ। ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਗ੍ਰਾਮ ਵਿਕਾਸ ਦੇ ਨਾਲ ਨਾਲ ਸ਼ਹਿਰਾਂ ਦੇ ਵਿਕਾਸ ਵੱਲ ਵੀ ਪੂਰਾ ਧਿਆਨ ਦਿੱਤਾ ਹੈ। ਸ਼ਹਿਰਾਂ ਦੇ ਲੋਕਾਂ ਨੂੰ ਅਪਲਿਫਟ ਕਰਨ ਲਈ ਪ੍ਰਾਇਰਿਟੀ ਦਿੱਤੀ ਹੈ। 1997-98 ਦੇ ਬਜਟ ਵਿਚ ਵਿਕਾਸ ਗਰਾਂਟ ਜਿਹੜੀ ਹੈ, ਅਰਬਨ ਲੋਕਲ ਬਾਡੀਜ਼ ਵਾਸਤੇ 69.62 ਕਰੋੜ ਰੁਪਿਆ ਕਰ ਦਿੱਤੀ ਹੈ ਜਦੋਂ ਕਿ 1996-97 ਵਿਚ ਇਹ ਕੇਵਲ 21.99 ਕਰੋੜ ਰੁਪਏ ਹੀ ਸੀ। ਸ਼ਹਿਰਾਂ ਦੇ ਵਿਕਾਸ ਲਈ ਪੰਜਾਬ ਵਾਟਰ ਸੀਵਰੇਜ ਬੋਰਡ ਨੇ 462.50 ਕਰੋੜ ਰੁਪਏ ਦੀਆਂ ਸਕੀਮਾਂ ਬਣਾਈਆਂ ਹਨ। ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਠਾਨਕੋਟ, ਰਾਜਪੁਰਾ, ਖੰਨਾ ਅਤੇ ਬਠਿੰਡੇ ਵਾਸਤੇ ਵਾਟਰ ਸਪਲਾਈ ਦੀਆਂ ਸਹੂਲਤਾਂ ਮੁਹੱਈਆ ਕਰਨ ਵਾਸਤੇ ਵੀ ਬਜਟ ਅੰਦਰ ਪੈਸਾ ਰੱਖਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧਿਆਨ ਗੁਰੂ ਰਾਮ

ਦਾਸ ਜੀ ਦੀ ਨਗਰੀ ਅੰਮ੍ਰਿਤਸਰ ਵੱਲ ਦਿਵਾਉਣਾ ਚਾਹੁੰਦਾ ਹਾਂ। ਮੁੱਖ ਮੰਤਰੀ, ਸਰਦਾਰ ਪਕਾਸ਼ ਸਿੰਘ ਬਾਦਲ ਸਾਹਿਬ ਦੀ ਸਰਕਾਰ ਨੇ ਅੰਮ੍ਰਿਤਸਰ ਨੂੰ ਆਦਰਸ਼ ਨਗਰੀ ਬਣਾਉਣ ਦਾ ਫੈਸਲਾ ਕੀਤਾ ਹੈ। ਭਾਰਤ ਆਜ਼ਾਦ ਹੋਇਆਂ 50 ਸਾਲ ਹੋ ਗਏ ਹਨ ਅਤੇ ਇਨ੍ਹਾਂ 50 ਸਾਲਾਂ ਵਿਚ ਦੇਸ਼ ਅੰਦਰ ਕਾਂਗਰਸ ਦਾ ਹੀ ਰਾਜ ਰਿਹਾ ਹੈ। ਹਾਲੇ ਵੀ ਅੰਮ੍ਰਿਤਸਰ ਨਗਰੀ ਵਿਚ ਸੜਕਾਂ ਦੇ ਕਿਨਾਰੇ ਕਿਨਾਰੇ ਸਾਡੀਆਂ ਭੈਣਾਂ, ਮਾਤਾਵਾਂ ਇਸ਼ਨਾਨ ਕਰਦੀਆਂ ਹਨ, ਭਾਂਡੇ ਮਾਂਜਦੀਆਂ ਹਨ ਅਤੇ ਹੋਰ ਦੂਸਰੇ ਕੰਮ ਕਰਦੀਆਂ ਹਨ। ਅੰਮ੍ਰਿਤਸਰ ਸ਼ਹਿਰ ਵਿਚ ਗਰਾਊਂਡ ਫਲੋਰ ਤੱਕ ਹੀ ਪਾਣੀ ਆਉਂਦਾ ਹੈ ਅਤੇ ਤੀਸਰੀ ਮੰਜ਼ਿਲ ਤੱਕ ਪਾਣੀ ਵੀ ਨਹੀਂ ਪਹੁੰਚਦਾ। ਮੇਰੀਆਂ ਭੈਣਾਂ ਅਤੇ ਮਾਤਾਵਾਂ ਨੂੰ ਸੜਕ ਦੇ ਕਿਨਾਰੇ ਇਸ਼ਨਾਨ ਨਾ ਕਰਨਾ ਪਵੇ, ਇਸ ਲਈ ਕੈਨਾਲ ਵਾਟਰ ਦੇ ਨਾਲ ਨਾਲ ਟਿਊਬਵੈਲਾਂ ਤੋਂ ਪਾਣੀ ਮਿਲਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਅੰਦਰ ਸਫਾਈ ਸੇਵਕ ਅਜੇ ਤੱਕ ਸਿਰਾਂ ਤੇ ਮੈਲਾਂ ਚੁੱਕਦੇ ਹਨ। ਭਾਰਤ ਸਰਕਾਰ ਨੇ ਇਕ ਸਕੀਮ ਇਨ੍ਹਾਂ ਗਰੀਬਾਂ ਵਾਸਤੇ ਬਣਾਈ ਹੈ। ਪੰਜਾਬ ਸਰਕਾਰ ਨੇ 63 ਕਸਬੇ ਚੁਣੇ ਹਨ ਜਿਸ ਵਾਸਤੇ 68 ਕਰੋੜ ਰੁਪਿਆ ਐਲੋਕੇਟ ਕੀਤਾ ਹੈ। ਮੈਂ ਪਿਛਲੀ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਗਰੀਬਾਂ ਨੂੰ ਆਪਣਾ ਵੋਟ ਬੈਂਕ ਸਮਝਦੇ ਸਨ ਪਰ ਉਨ੍ਹਾਂ ਵੱਲ ਕਦੇ ਵੀ ਇਨ੍ਹਾਂ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ ਅਗਰ ਪਿਛਲੀ ਸਰਕਾਰ ਧਿਆਨ **ਦਿੰਦੀ** ਤਾਂ ਅੱਜ ਤੱਕ ਉਹ ਆਪਣੇ ਸਿਰਾਂ ਤੇ ਗੰਦਾ ਕੂੜਾ, ਕਰਕਟ ਨਾ ਚੁੱਕਦੇ। ਸਾਡੀ ਸਰਕਾਰ ਨੇ ਗਰੀਬਾਂ ਵਾਸਤੇ ਮਕਾਨ ਬਣਾਉਣ ਵਾਸਤੇ ਤਜਵੀਜ ਰੱਖੀ ਹੈ। ਇਸ ਦਾ ਸਿਹਰਾ ਵੀ ਬਾਦਲ ਸਾਹਿਬ ਦੀ ਸਰਕਾਰ ਨੂੰ ਹੀ ਜਾਂਦਾ ਹੈ।

ਸ੍ਰੀ ਡਿਪਟੀ ਸਪੀਕਰ : ਚਾਵਲਾ ਜੀ ਤੁਹਾਡਾ ਸਮਾਂ ਖਤਮ ਹੋ ਗਿਆ ਹੈ. ਤੁਸੀਂ ਬੈਠੋ।

ਡਾਕਟਰ ਬਲਦੇਵ ਰਾਜ ਚਾਵਲਾ : ਮੈਂ, ਡਿਪਟੀ ਸਪੀਕਰ ਸਾਹਿਬ, ਆਖਿਰ ਵਿਚ ਸਿੱਖਿਆ ਦੇ ਬਾਰੇ ਇਕ ਗੱਲ ਕਹਿਕੇ ਸਮਾਪਤ ਕਰਦਾ ਹਾਂ। ਐਜੂਕੇਸ਼ਨ ਦੇ ਖੇਤਰ ਵਿਚ ਬਾਦਲ ਸਾਹਿਬ ਦੀ ਸਰਕਾਰ ਨੇ ਪ੍ਰਾਥਮਿਕਤਾ ਦਿੱਤੀ ਹੈ। ਸਰਕਾਰ ਨੇ ਆਦਰਸ਼ ਸਕੂਲ ਖੋਲ੍ਹਣ ਦੀ ਯੋਜਨਾ ਬਣਾਈ ਹੈ। ਵਿੱਤੀ ਸਾਲ 1997-98 ਦੇ ਅੰਦਰ ਇਸ ਕੰਮ ਲਈ 25 ਕਰੋੜ ਰੁਪਿਆ ਐਲੋਕੇਟ ਕੀਤਾ ਹੈ। ਪਿਛਲੀ ਸਰਕਾਰ ਨੇ ਜਿਥੇ ਵੀ ਗਏ ਸਕੂਲਾਂ ਨੂੰ ਅਪਗ੍ਰੇਡ ਕਰ ਦਿੱਤਾ। ਪ੍ਰਾਈਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਹਾਇਰ ਸੈਕੰਡਰੀ ਬਣਾ ਦਿੱਤਾ ਪਰ 80% ਸਕੂਲਾਂ ਵਿਚ ਦੇਖਣ ਵਿਚ ਆਇਆ ਹੈ ਕਿ ਕੋਈ ਸਹੂਲਤ ਨਹੀਂ ਦਿੱਤੀ। ਤੱਪੜ ਨਹੀਂ ਬੱਚਿਆਂ ਦੇ ਬੈਠਣ ਲਈ, ਇਮਾਰਤਾਂ ਨਹੀਂ, ਡੈਸਕ ਨਹੀਂ, ਪਾਣੀ ਨਹੀਂ, ਲੈਟਰੀਨਾਂ ਨਹੀਂ 40% ਸਕੂਲਾਂ ਕੋਲ ਜਗ੍ਹਾ ਨਹੀਂ। ਇਸ ਤੋਂ ਇਲਾਵਾ ਸਕੂਲਾਂ ਅੰਦਰ ਟੀਚਰਜ਼ ਨਹੀਂ। **ਇਸ** ਦੇ ਨਾਲ ਨਾਲ ਮੈਂ ਇਹ ਗੱਲ ਕਹਿਣਾ ਚਾਹਾਂਗਾ ਕਿ ਪਿਛਲੀ ਸਰਕਾਰ ਨੇ ਅੰਮ੍ਰਿਤਸਰ ਸ਼ਹਿਰ ਦੇ ਅੰਦਰ ਕੋਈ ਗੌਰਮਿੰਟ ਕਾਲਿਜ ਫਾਰ ਬੁਆਇਜ਼ ਨਹੀਂ ਖੋਲ੍ਹਿਆ।

[ਡਾਕਟਰ ਬਲਦੇਵ ਰਾਜ ਚਾਵਲਾ]

ਮੈਂ ਆਸ ਕਰਦਾ ਹਾਂ ਆਪਣੀ ਸਰਕਾਰ ਕੋਲੋਂ ਕਿ ਅੰਮ੍ਰਿਤਸਰ, ਗੁਰੂ ਰਾਮਦਾਸ ਜੀ ਦੀ ਨਗਰੀ ਵਿਚ ਆਦਰਸ਼ ਸਕੂਲ ਖੋਲ੍ਹਣ ਦੇ ਨਾਲ ਨਾਲ ਗੌਰਮਿੰਟ ਕਾਲਜ ਫਾਰ ਬੁਆਇਜ਼ ਵੀ ਜ਼ਰੂਰ ਖੋਲ੍ਹੇਗੀ। ਡਿਪਟੀ ਸਪੀਕਰ ਸਾਹਿਬ, ਆਖਿਰ ਵਿਚ, ਮੈਂ ਦੋ ਛੋਟੀਆਂ ਛੋਟੀਆਂ ਗੱਲਾਂ ਕਹਿ ਕੇ ਸਮਾਪਤ ਕਰਦਾ ਹਾਂ ਕਿ ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਾਡੀ ਸਰਕਾਰ ਸੰਗਤ ਕੋਲ ਜਾਵੇਗੀ। ਅਸੀਂ ਛੋਟਿਆਂ ਹੁੰਦਿਆਂ ਵੀ ਕਿਤਾਬਾਂ ਵਿਚ ਪੜ੍ਹਿਆ ਕਰਦੇ ਸੀ ਕਿ ਪਿਆਸਾ ਖੂਹ ਦੇ ਕੋਲ ਜਾਵੇਗਾ, ਪਰ ਹੁਣ ਡਿਪਟੀ ਸਪੀਕਰ ਸਾਹਿਬ, ਪਿਆਸਾ ਖੂਹ ਦੇ ਕੋਲ ਨਹੀਂ ਜਾਵੇਗਾ ਬਲਕਿ ਖੂਹ ਪਿਆਸੇ ਕੋਲ ਜਾਵੇਗਾ। (ਥੰਪਿੰਗ)

ਸ੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਆਪਣੀ ਸਪੀਚ ਖਤਮ ਕਰੋ।

ਡਾਕਟਰ ਬਲਦੇਵ ਰਾਜ ਚਾਵਲਾ : ਡਿਪਟੀ ਸਪੀਕਰ ਸਾਹਿਬ, ਮੈਂ ਆਖਿਰ ਵਿਚ ਇਕ ਗੱਲ ਕਹਿ ਕੇ ਸਮਾਪਤ ਕਰਦਾ ਹਾਂ ਕਿ ਕਾਂਗਰਸ ਨੇ ਪਿਛਲੇ 15 ਸਾਲ ਦੇ ਕਾਲੇ ਇਤਿਹਾਸ ਦੇ ਅੰਦਰ ਹਿੰਦੂ ਸਿੱਖਾਂ ਨੂੰ ਲੜਾਉਣ ਦੀ ਬੜੀ ਕੋਸ਼ਿਸ਼ ਕੀਤੀ, ਜਿਸ ਕਰਕੇ ਅੱਜ ਪੰਜਾਬ ਦੇ ਅੰਦਰ 25,000 ਲੋਕ ਮਾਰੇ ਗਏ ਹਨ। ਇਨ੍ਹਾਂ ਨੇ 15 ਸਾਲ ਇਹੀ ਕੋਸ਼ਿਸ਼ ਕੀਤੀ ਕਿ ਹਿੰਦੂ ਸਿੱਖਾਂ ਨੂੰ ਲੜਾ ਕੇ ਪੰਜਾਬ ਵਿਚ ਆਪਣਾ ਰਾਜ ਸਥਾਪਿਤ ਕੀਤਾ ਜਾਵੇ। ਪਰ ਇਤਿਹਾਸ ਗਵਾਹ ਹੈ ਸਮੂਹ ਪੰਜਾਬੀਆਂ ਦਾ ਕਿ ਪੰਜਾਬ ਦੇ ਅੰਦਰ ਕਿਸੇ ਨੇ ਵੀ ਐਸੀ ਕੋਈ ਘਟਨਾ ਨਹੀਂ ਦੇਖੀ ਜਿਥੇ ਹਿੰਦੂ ਸਿੱਖ ਆਪਸ ਵਿਚ ਲੜੇ ਹੋਣ। 25,000 ਮਰਨ ਵਾਲਿਆਂ ਦੀ ਆਪਸ ਵਿੱਚ ਹਿੰਦੂ ਸਿੱਖਾਂ ਦੀ ਲੜਾਈ ਨਹੀਂ ਸੀ, ਨਹੀਂ ਤਾਂ 70% ਸਿੱਖ ਨਾ ਮਾਰੇ ਜਾਂਦੇ ਅਤੇ 75% ਸਿੱਖ ਭਰਾ ਜਿਹੜੇ ਪੁਲਿਸ ਕਰਮਚਾਰੀ ਸਨ, ਉਹ ਨਾ ਮਾਰੇ ਜਾਂਦੇ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਕੋਈ ਵੀ ਗੁਰੂ ਦਾ ਸਿੱਖ ਆਤੰਕਵਾਦੀ ਨਹੀਂ ਹੋ ਸਕਦਾ। (ਥੰਪਿੰਗ)

ਸਾਡੇ ਗੁਰੂਆਂ ਨੇ ਆਦੇਸ਼ ਦਿੱਤਾ ਹੈ।

"ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥"

ਡਿਪਟੀ ਸਪੀਕਰ ਸਾਹਿਬ, ਸਾਡੇ ਗੁਰੂਆਂ ਨੇ ਆਦੇਸ਼ ਦਿਤਾ ਹੈ।

"ਏਕੁ ਪਿਤਾ ਏਕਸ ਕੇ ਹਮ ਬਾਰਿਕ।"

ਅਤੇ ਸਾਡੇ ਗੁਰੂਆਂ ਨੇ ਆਦੇਸ਼ ਦਿਤਾ ਹੈ।

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।"

Mr. Deputy Speaker: Please sit down. Your time is over.

ਡਾਕਟਰ ਬਲਦੇਵ ਰਾਜ ਚਾਵਲਾ : ਡਿਪਟੀ ਸਪੀਕਰ ਸਾਹਿਬ, ਆਖਿਰ ਵਿਚ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਆਪਣਾ ਸਥਾਨ ਲੈਂਦਾ ਹਾਂ।

ਜੈ ਹਿੰਦ, ਜੈ ਭਾਰਤ।

ਸ੍ਰੀਮਤੀ ਜਗੀਰ ਕੌਰ (ਭੁਲੱਥ) : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਇਸ ਮਹਾਨ ਸਦਨ ਦੀ ਇਸ ਮਹਾਨ ਕੁਰਸੀ ਤੇ ਆਪ ਜੀ ਨੂੰ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦੇਵਾਂਗੀ । ਮੈਂ ਬਹੁਤ ਫਖਰ ਮਹਿਸੂਸ ਕਰ ਰਹੀ ਹਾਂ ਉਸ ਵਧੀਆ ਸੋਚ ਤੇ ਜੋ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਇਸ ਮਹਾਨ ਸਦਨ ਅਤੇ ਸਾਰੇ ਮੈਂਬਰਾਂ ਨੇ ਸਰਬ-ਸੰਮਤੀ ਨਾਲ ਇਕ ਯੋਗ ਅਤੇ ਬਹੁਤ ਹੀ ਨੇਕ ਵਿਅਕਤੀ ਨੂੰ ਇਹ ਮੌਕਾ ਦਿੱਤਾ ਹੈ ਕਿ ਇਸ ਕੁਰਸੀ ਤੇ ਬੈਠ ਕੇ ਉਹ ਸੇਵਾ ਕਰੇ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਇਸ ਗੱਲ ਲਈ ਵੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਹਾਨ ਸਦਨ ਵਿਚ ਬਹੁਤ ਹੀ ਕੀਮਤੀ ਸਮੇਂ ਵਿਚੋਂ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ । ਇਥੇ ਸਾਰੇ ਮੈਂਬਰ ਸਾਹਿਬਾਨ ਨੇ ਆਪਣੇ ਆਪਣੇ ਖਿਆਲਾਤ ਜਦੋਂ ਤੋਂ 11 ਜੂਨ ਤੋਂ ਬਜਟ ਪੇਸ਼ ਕੀਤਾ ਗਿਆ ਹੈ, ਇਸ ਸਦਨ ਵਿਚ ਰੱਖੇ ਹਨ । ਇਹ ਜੋ ਬਜਟ ਕੈਪਟਨ ਕੰਵਲਜੀਤ ਸਿੰਘ, ਸਤਿਕਾਰਯੋਗ ਵਿੱਤ ਮੰਤਰੀ, ਪੰਜਾਬ ਰਾਹੀਂ ਪੇਸ਼ ਕੀਤਾ ਗਿਆ ਹੈ, ਇਸ ਬਾਰੇ ਹਰ ਪੱਖ ਤੋਂ ਜੋ ਸ਼ਲਾਘਾ ਦੀ ਆਵਾਜ਼ ਆਈ ਹੈ, ਉਹ ਬਿਲਕੁਲ ਵਾਜਬ ਹੈ । ਡਿਪਟੀ ਸਪੀਕਰ ਸਾਹਿਬ, ਇਹ ਜੋ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ 1997-98 ਦਾ ਬਜਟ ਪੇਸ਼ ਹੋਇਆ ਹੈ, ਉਸਦੇ ਸਬੰਧ ਵਿਚ ਇਹ ਮਹਿਸੂਸ ਕੀਤਾ ਗਿਆ ਹੈ ਕਿ ਇਹ ਸਰਵ-ਪੱਖੀ ਵਿਕਾਸ ਨੂੰ ਦੇਖਦਿਆਂ ਹੋਇਆਂ, ਹਰ ਵਰਗ, ਹਰ ਖੇਤਰ, ਹਰ ਪੱਖ ਤੋਂ ਸਮਾਜਿਕ, ਵਿਦਿਅਕ, ਧਾਰਮਿਕ, ਭਾਵਨਾਤਮਕ, ਮਨੋਵਿਗਿਆਨਕ ਹਰ ਪੱਖ ਤੋਂ ਜੋ ਇਨ੍ਹਾਂ ਨੇ ਤਰੱਕੀ ਦੇ ਕੰਮ ਨੂੰ ਉਚਾ ਚੁੱਕਿਆ ਹੈ, ਮੈਂ ਮਹਿਸੂਸ ਕਰ ਰਹੀ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਜੋ ਦੋ ਦਹਾਕਿਆਂ ਤੋਂ ਲੋਕਾਂ ਨੇ ਆਪਣੇ ਤਨਾਂ ਅਤੇ ਮਨਾਂ ਤੇ ਪੀੜਾ ਹੰਢਾਈ ਹੈ, ਉਸਤੇ ਮਲ੍ਹਮ ਲਗਾ ਕੇ ਲੋਕਾਂ ਦੇ ਜ਼ਖਮਾਂ ਨੂੰ ਪੂਰਾ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਜੇ ਮੈਂ ਲੰਮੀ ਗੱਲ ਵਿਚ ਪਵਾਂ ਤਾਂ ਸਮਾਂ ਬਹੁਤ ਘੱਟ ਹੈ, ਇਸ ਕਰਕੇ ਗੱਲ ਥੋੜ੍ਹੇ ਸਮੇਂ ਵਿਚ ਕਹਿਣ ਦੀ ਜ਼ਰੂਰਤ ਹੈ । ਜੇ ਅਸੀਂ ਸਾਰੇ ਪੱਖਾਂ ਨੂੰ ਛੂਹੀਏ ਤਾਂ ਥੋੜ੍ਹੇ ਸਮੇਂ ਨੂੰ ਧਿਆਨ ਵਿਚ ਰੱਖ ਕੇ ਇਹੀ ਕਹਾਂਗੀ ਕਿ ਅੱਜ ਸਾਡੇ ਸਤਿਕਾਰਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਖੇਤੀਬਾੜੀ ਦੇ ਸਬੰਧ ਵਿਚ ਜੋ ਗੱਲ ਕਹੀ, ਅੱਜ ਉਨ੍ਹਾਂ ਲੋਕਾਂ ਦੇ ਦਰਦ ਨੂੰ ਪਹਿਚਾਨਿਆ, ਜਿਨ੍ਹਾਂ ਨੇ ਹਮੇਸ਼ਾ ਹੀ ਆਪਣਾ ਢਿੱਡ ਭੁੱਖਾ ਰੱਖ ਕੇ ਰਾਤਾਂ ਦੇ ਹਨੇਰਿਆਂ ਵਿਚ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਉਨ੍ਹਾਂ ਲੋਕਾਂ ਦਾ ਢਿੱਡ ਭਰਿਆ ਜੋ ਹਮੇਸ਼ਾ ਏਅਰ ਕੰਡੀਸ਼ਨਡ ਕਮਰਿਆਂ ਵਿਚ ਬੈਠ ਕੇ ਉਪਦੇਸ਼ ਦਿੰਦੇ ਹਨ ਕਿ ਕਿਰਤੀ ਤਾਂ ਅੰਨ-ਦਾਤਾ ਹੁੰਦੇ ਹਨ, ਲੇਕਿਨ ਇਨ੍ਹਾਂ ਕਿਰਤੀਆਂ ਵਾਸਤੇ, ਕਿਸਾਨਾਂ ਵਾਸਤੇ ਪਿਛਲੇ ਸਮਿਆਂ ਵਿਚ ਪਿਛਲੀਆਂ ਸਰਕਾਰਾਂ ਨੇ ਕੀ ਕੁਝ ਕੀਤਾ, ਇਹ ਸਾਰਿਆਂ ਦੇ ਸਾਹਮਣੇ ਹੈ । ਅੱਜ ਸਾਡੀ ਸਰਕਾਰ ਵੱਲੋਂ ਫਰੀ ਬਿਜਲੀ ਪਾਣੀ ਦੇਣ, 60/- ਰੁਪਏ ਪ੍ਰਤੀ ਕੁਇੰਟਲ ਕਣਕ ਪਿੱਛੇ ਬੋਨਸ ਦੇਣ ਅਤੇ ਹਰ ਬਲਾਕ ਵਿਚ 5-5 ਫੋਕਲ ਪੁਆਇੰਟ ਖੋਲ੍ਹਣ ਤੋਂ ਇਲਾਵਾ ਜੋ ਹੋਰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਇਹ ਉਸ ਅੰਨ-ਦਾਤਾ ਦੀ ਭਲਾਈ ਵਾਸਤੇ ਦਿੱਤੀਆਂ ਜਾ ਰਹੀਆਂ ਹਨ । ਇਸੇ ਤਰ੍ਹਾਂ ਜੇਕਰ ਸਿੰਜਾਈ ਅਤੇ ਡਰੇਨੇਜ ਦੀ ਗੱਲ ਲੈ ਲਈਏ

[ਸ਼੍ਰੀਮਤੀ ਜਗੀਰ ਕੌਰ]

ਤਾਂ ਇਸ ਦੇ ਬਜਟ ਵਿਚ ਵੀ 36% ਵਾਧਾ ਕੀਤਾ ਗਿਆ ਹੈ । ਵਿੱਤ ਮੰਤਰੀ ਜੀ ਨੇ ਆਪਣੇ ਬਜਟ ਵਿਚ ਇਹ ਵਾਧਾ ਇਸ ਕਰਕੇ ਕੀਤਾ ਹੈ ਤਾਂ ਕਿ ਲੋਕਾਂ ਨੂੰ ਡਰੇਨੇਜ ਦੀਆਂ ਫੈਸਿਲਟੀਜ ਸਹੀ ਤੌਰ ਤੇ ਦਿੱਤੀਆਂ ਜਾ ਸਕਣ ।

ਹੁਣ ਮੈਂ ਆਪਣੇ ਇਲਾਕੇ ਦੀ ਗੱਲ ਕਰਦੀ ਹਾਂ । ਜ਼ਿਲ੍ਹਾ ਕਪੂਰਥਲਾ ਬਹੁਤ ਹੀ ਪੱਛੜਿਆ ਹੋਇਆ ਜ਼ਿਲ੍ਹਾ ਹੈ ਅਤੇ ਇਸ ਨੂੰ ਹਮੇਸ਼ਾ ਹੜ੍ਹਾਂ ਦੀ ਮਾਰ ਪੈਂਦੀ ਰਹੀ ਹੈ । 1988 ਵਿਚ ਉਥੇ ਹੜ੍ਹ ਆਏ । ਉਸ ਤੋਂ ਬਾਅਦ 1993 ਵਿਚ ਜਦੋਂ ਉਥੇ ਹੜ੍ਹ ਆਏ ਤਾਂ ਉਥੇ 8 ਕਰੋੜ ਤੋਂ ਵੱਧ ਦਾ ਨੁਕਸਾਨ ਹੋਇਆ । ਜਿਥੇ ਪਿਛਲੀ ਸਰਕਾਰ ਦੇ ਲੋਕ ਪਹਿਲਾਂ ਲੋਕਾਂ ਨੂੰ ਮਾਰਨ ਅਤੇ ਫਿਰ ਰਾਹਤ ਦੇਣ ਵਿਚ ਯਕੀਨ ਰੱਖਦੇ ਸਨ, ਉਥੇ ਸਾਡੇ ਮੁੱਖ ਮੰਤਰੀ ਨੇ ਵਧੀਆ ਸੋਚ ਨੂੰ ਅਪਣਾਉਂਦਿਆਂ ਲੋਕਾਂ ਨੂੰ ਮਾਰਨ ਅਤੇ ਤਬਾਹ ਹੋਣ ਤੋਂ ਪਹਿਲਾਂ ਹੀ ਇਹ ਡਰੇਨੇਜ ਦਾ ਕੰਮ ਸ਼ੁਰੂ ਕਰਵਾ ਦਿੱਤਾ ਤਾਂ ਜੋ ਡਰੇਨਾਂ ਅਤੇ ਨਾਲਿਆਂ ਦੀ ਸਫ਼ਾਈ ਕਰਵਾ ਕੇ ਇਨ੍ਹਾਂ ਹੜ੍ਹਾਂ ਦੇ ਖਤਰਿਆਂ ਤੋਂ ਲੋਕਾਂ ਨੂੰ ਬਚਾਇਆ ਜਾਵੇ । ਇਸ ਵਾਸਤੇ ਮੈਂ ਪੁਰਜ਼ੋਰ ਸ਼ਬਦਾਂ ਵਿੱਚ ਮੁੱਖ ਮੰਤਰੀ ਜੀ ਦੀ ਸ਼ਲਾਘਾ ਕਰਾਂਗੀ ਕਿ ਉਨ੍ਹਾਂ ਨੇ ਕਪੂਰਥਲਾ ਜ਼ਿਲ੍ਹੇ ਵਿਚ ਬਹੁਤ ਵਧੀਆ ਤਰੀਕੇ ਦੇ ਨਾਲ ਪਾਣੀ ਦੇ ਨਿਕਾਸ ਦਾ ਕੰਮ ਸ਼ੁਰੂ ਕਰਵਾਇਆ ਹੈ । ਅੱਜ ਉਥੇ ਮਸ਼ੀਨਾਂ ਕੰਮ ਕਰ ਰਹੀਆਂ ਹਨ ਅਤੇ ਕਾਲੀ ਵੇਈਂ ਵਿਚ ਵੀ ਸਫਾਈ ਕੀਤੀ ਜਾ ਰਹੀ ਹੈ । ਹੜ੍ਹਾਂ ਨੂੰ ਰੋਕਣ ਵਾਸਤੇ ਲੋੜੀਂਦੇ ਪ੍ਰਬੰਧ ਕਰਨ ਲਈ ਬਜਟ ਵਿਚ 36% ਵਾਧਾ ਕੀਤਾ ਗਿਆ ਹੈ । ਇਹ ਸਰਕਾਰ ਦਾ ਸ਼ਲਾਘਾ ਯੋਗ ਕਦਮ ਹੈ ।

ਅੱਗੇ ਹੈਲਥ ਦੀ ਗੱਲ ਲੈ ਲਓ ਜਾਂ ਇੰਡਸਟਰੀ ਦੀ ਗੱਲ ਲੈ ਲਓ, ਜੇਕਰ ਇਨ੍ਹਾਂ ਸਾਰੇ ਮਹਿਕਮਿਆਂ ਤੇ ਪੂਰੀ ਤਰ੍ਹਾਂ ਨਾਲ ਚਰਚਾ ਕੀਤੀ ਜਾਵੇ ਤਾਂ ਬਹੁਤ ਜ਼ਿਆਦਾ ਸਮਾਂ ਲੱਗ ਜਾਵੇਗਾ । ਲੇਕਿਨ ਮੈਂ ਐਜੂਕੇਸ਼ਨ ਦੀ ਗੱਲ ਜ਼ਰੂਰ ਕਰਾਂਗੀ । ਵਿਦਿਆ ਦਾ ਮਤਲਬ ਹੈ, ਬੱਚੇ ਦੇ ਦਿਮਾਗ ਵਿਚ ਗਿਆਨ ਪੈਦਾ ਕਰਨਾ, ਗਿਆਨ ਪ੍ਰਵੇਸ਼ ਕਰਨਾ । ਵੇਖਣ ਵਾਲੀ ਗੱਲ ਇਹ ਹੈ ਕਿ ਇਹ ਗਿਆਨ ਕਿਸ ਤਰੀਕੇ ਦੇ ਨਾਲ, ਕਿਸ ਢੰਗ ਦੇ ਨਾਲ ਪ੍ਰਵੇਸ਼ ਕਰਨਾ ਹੈ । ਸਿਆਣੇ ਕਹਿੰਦੇ ਹਨ ਕਿ ਕੋਈ ਵੀ ਚੀਜ਼ ਵਰਤਣ ਨਾਲ ਘਟਦੀ ਹੈ । ਕੋਈ ਵੀ ਭੰਡਾਰ ਹੈ, ਜਿਵੇਂ ਜਿਵੇਂ ਉਸ ਨੂੰ ਵਰਤਿਆ ਜਾਂਦਾ ਹੈ, ਉਹ ਘਟਦਾ ਜਾਂਦਾ ਹੈ, ਲੇਕਿਨ ਵਿਦਿਆ ਇਕ ਐਸਾ ਭੰਡਾਰ ਹੈ ਜਿਸ ਨੂੰ ਜਿੰਨਾ ਜ਼ਿਆਦਾ ਵਰਤਾਂਗੇ, ਉਹ ਉਨਾ ਜ਼ਿਆਦਾ ਵਧੀ ਜਾਵੇਗਾ । ਇਕਨਾਮਿਕਸ ਦਾ ਇਕ ਲਾਅ ਹੈ ਜਿਸ ਦੇ ਮੁਤਾਬਿਕ ਕਿਸੇ ਚੀਜ਼ ਨੂੰ ਬਹੁਤਾ ਵਰਤਣ ਨਾਲ ਉਸ ਦੀ ਯੂਟਿਲਿਟੀ ਘਟਦੀ ਜਾਂਦੀ ਹੈ ਲੇਕਿਨ ਵਿਦਿਆ ਇਕ ਐਸੀ ਚੀਜ਼ ਹੈ ਜਿਸ ਨੂੰ ਜਿੰਨਾ ਜ਼ਿਆਦਾ ਵਰਤਾਂਗੇ, ਇਸ ਦੀ ਯੂਟਿਲਿਟੀ ਉਨੀ ਜ਼ਿਆਦਾ ਵਧੇਗੀ । ਵਿਦਿਆ ਤੇ ਹੀ ਸਾਰੀ ਮਨੁੱਖਤਾ ਨਿਰਭਰ ਕਰਦੀ ਹੈ । ਪੰਜਾਬ ਦੀ ਹੀ ਨਹੀਂ, ਬਲਕਿ ਸਾਰੀ ਦੁਨੀਆਂ ਦੀ ਤਰੱਕੀ ਇਸ ਤੇ ਨਿਰਭਰ ਕਰਦੀ ਹੈ । ਵਿਦਿਆ 4 ਪੜਾਵਾਂ ਵਿਚ ਚਲਦੀ ਹੈ ਪ੍ਰਾਇਮਰੀ, ਸੈਕੰਡਰੀ, ਕਾਲਿਜ ਅਤੇ ਯੂਨੀਵਰਸਿਟੀ । ਵਿਦਿਆ ਇਨ੍ਹਾਂ 4 ਪੜਾਵਾਂ ਵਿਚੋਂ ਲੰਘਦੀ ਹੈ । ਪਰ ਜੇ ਦੇਖੀਏ ਕਿ ਪਿਛਲੇ ਸਮੇਂ ਵਿਚ ਵਿਦਿਆ ਵਾਸਤੇ ਕੀ ਕੁਝ ਕੀਤਾ ਗਿਆ ਤਾਂ ਅਫ਼ਸੋਸ ਹੁੰਦਾ ਹੈ । ਇਹ ਠੀਕ ਹੈ ਕਿ ਵਿਦਿਆ ਦੇ ਮਾਮਲੇ ਵਿਚ ਬੱਚਿਆਂ ਦਾ ਅਤੇ ਅਧਿਆਪਕਾਂ ਦਾ ਵੀ ਰੋਲ ਹੁੰਦਾ ਹੈ ।

ਲੇਕਿਨ ਸਰਕਾਰ ਦਾ ਇਸ ਵਿਚ ਮੇਨ ਰੋਲ ਹੁੰਦਾ ਹੈ । ਮੈਂ ਕੁਝ ਪਿਛਲੀਆਂ ਮਿਸਾਲਾਂ ਵੀ ਤੁਹਾਡੇ ਸਾਹਮਣੇ ਰੱਖਾਂਗੀ ਅਤੇ ਜੋ ਕੁਝ ਇਸ ਬਜਟ ਵਿਚ ਦਿੱਤਾ ਗਿਆ ਹੈ, ਉਸ ਦੇ ਬਾਰੇ ਵੀ ਕਹਿਣ ਦਾ ਯਤਨ ਕਰਾਂਗੀ । ਪਿਛਲੇ ਸਮੇਂ ਵਿਚ ਵਿਦਿਆ ਦੇ ਸਬੰਧ ਵਿਚ ਕੀ ਹੋਇਆ, ਅਸੀਂ ਹਮੇਸ਼ਾ ਹੀ ਵੇਖਦੇ ਹਾਂ ਕਿ ਜਿਹੜੇ ਟੀਚਰ ਹਨ, ਇਹ ਪਹਿਲਾਂ ਐਡਹਾਕ ਰੱਖੇ ਜਾਂਦੇ ਹਨ ਅਤੇ ਫਿਰ ਉਨ੍ਹਾਂ ਨੂੰ ਰੈਗੂਲਰ ਕੀਤਾ ਜਾਂਦਾ ਹੈ । ਪਹਿਲਾਂ ਇਹ ਕੱਚੇ ਰੱਖੇ ਜਾਂਦੇ ਹਨ ਅਤੇ ਫਿਰ ਪੱਕੇ ਕੀਤੇ ਜਾਂਦੇ ਹਨ । ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਬੀਬੀ ਭੱਠਲ ਜੀ ਨੇ ਕੱਲ੍ਹ ਆਪਣੇ ਵੇਲੇ ਦੇ ਕੀਤੇ ਕੰਮਾ ਦਾ ਵਖਿਆਨ ਕਰਦੇ ਹੋਏ ਆਪਣਾ ਪੱਖ ਕਰਦੇ ਸਮੇਂ ਕਿਹਾ ਕਿ ਅਸੀਂ ਬਹੁਤ ਸਕੂਲ ਅਪਗਰੇਡ ਕੀਤੇ, ਵਿਦਿਆ ਦਾ ਬਹੁਤ ਵਿਸਥਾਰ ਕੀਤਾ ਪਰ ਮੈਂ ਕਹਿਣਾ ਚਾਹੁੰਦੀ ਹਾਂ ਕਿ ਸ਼ਾਇਦ ਬੀਬੀ ਜੀ ਤੁਸੀਂ ਭੁੱਲ ਗਏ ਹੋਵੋਗੇ ਤੁਸੀਂ ਉਸ ਸਮੇਂ ਦੀ ਗੱਲ ਕਰਦੇ ਹੋ ਜਿਸ ਸਮੇਂ ਏਥੇ ਕੇਤੀਆ ਕਾਂਡ ਹੋਇਆ । ਤੁਸੀਂ ਉਸ ਸਰਕਾਰ ਦੀ ਗੱਲ ਕਰਦੇ ਹੋ ਜਿਹੜੀ 7 ਫ਼ਰਵਰੀ ਨੂੰ ਸਵਰਗਵਾਸ ਹੋ ਗਈ ਹੈ ।

Mr. Deputy Speaker : Your time is over, please.

ਸ਼੍ਰੀਮਤੀ ਜਗੀਰ ਕੌਰ : ਜਿਸ ਦੇ ਜਲੰਧਰ, ਲੁਧਿਆਣਾ ਔਰ ਅੰਮ੍ਰਿਤਸਰ ਦੀਆਂ ਕਾਰਪੋਰੇਸ਼ਨਾਂ ਦੇ ਨਤੀਜਿਆਂ ਵੇਲੇ ਫੁੱਲ ਚੁਗੇ ਗਏ ਔਰ ਕਿਲਾ ਰਾਏਪੁਰ ਦੀਆਂ ਚੋਣਾਂ ਦੇ ਵਿੱਚ ਜਿਸ ਦਾ ਦੁਸਹਿਰਾ ਮਨਾਇਆ ਗਿਆ । ਤੁਸੀਂ ਉਸ ਸਰਕਾਰ ਦੀ ਗੱਲ ਕਰ ਰਹੇ ਹੋ ਜਿਸ ਦਾ ਕੈਂਸਰ ਦਾ ਮਰੀਜ਼ (ਕੁਰੱਪਸ਼ਨ) ਖਤਮ ਹੋ ਗਿਆ । ਇਨ੍ਹਾਂ ਨੇ ਕਿਹਾ ਕਿ ਅਸੀਂ ਸਕੂਲ ਖੋਲ੍ਹੇ, ਕਾਲਜ ਖੋਲ੍ਹੇ, ਡਿਪਟੀ ਸਪੀਕਰ ਸਾਹਿਬ, ਮੈਨੂੰ ਸਮਝ ਨਹੀਂ ਆਈ ਜੇਕਰ ਤੁਸੀਂ ਸਕੂਲ ਜਾਂ ਕਾਲਿਜ ਖੋਲ੍ਹੇ ਤਾਂ ਅੱਜ ਇਹ 117 ਦੇ 117 ਕੁਝ ਡਾਇਰੈਕਟਲੀ ਔਰ ਕੁਝ ਇਨਡਾਇਰੈਕਟਲੀ ਉਸੇ ਵਿਦਿਆ ਦੇ ਸਬੰਧ ਵਿੱਚ ਏਨੀਆਂ ਤਕਰੀਰਾਂ ਕਿਉਂ ਕਰ ਰਹੇ ਹਨ ਕਿ ਉਥੇ ਕੋਈ ਟਾਟ ਨਹੀਂ, ਕੋਈ ਚਾਰ ਦਿਵਾਰੀ ਨਹੀਂ, ਕੋਈ ਸਕੂਲ ਦੇ ਅੰਦਰ ਕਮਰਾ ਨਹੀਂ । ਕੋਈ ਅਧਿਆਪਕ ਨਹੀਂ । ਮੈਨੂੰ ਸਮਝ ਨਹੀਂ ਆ ਰਹੀ ਕਿ ਜਿਹੜੇ ਕੌਮ ਦੇ ਨਿਰਮਾਤਾ ਹਨ, ਜੇ ਉਨ੍ਹਾਂ ਨੂੰ ਠੀਕ ਤਰ੍ਹਾਂ ਕੰਮ ਨਹੀਂ ਕਰਨ ਦਿੱਤਾ ਜਾਣਾ ਸੀ ਤਾਂ ਉਹ ਵਿਦਿਆ ਦੇ ਸਿਸਟਮ ਨੂੰ ਕਿਵੇਂ ਸੁਧਾਰ ਸਕਦੇ ਸੀ ।

*12.41 ਵਜੇ ਬਾਅਦ ਦੁਪਹਿਰ

(ਇਸ *ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸ਼੍ਰੀ ਸਪੀਕਰ : ਬੀਬੀ ਜੀ, ਤੁਸੀਂ ਹੁਣ ਕਲੋਜ਼ ਕਰੋ ਜੀ । ਬਹੁਤ ਟਾਈਮ ਹੋ ਗਿਆ ਹੈ ।

ਸ੍ਰੀਮਤੀ ਜਗੀਰ ਕੌਰ : ਸਪੀਕਰ ਸਾਹਿਬ, ਇਨ੍ਹਾਂ ਨੇ 89 ਦਿਨਾਂ ਦੇ ਆਧਾਰ ਤੇ ਟੀਚਰ ਰੱਖਣ ਦੀ ਬਜਾਏ 1994 ਵਿੱਚ ਰੈਗੂਲਰ ਟੀਚਰ ਭਰਤੀ ਕਰ ਲਏ । ਸਪੀਕਰ ਸਾਹਿਬ, ਭਰਤੀ ਕਿਵੇਂ ਕੀਤੀ ਗਈ । ਇਹ ਭਰਤੀ ਇਸ ਲਈ ਕੀਤੀ ਗਈ ਕਿਉਂਕਿ 400 ਅਸਾਮੀਆਂ ਸਨ । ਉਸ ਦੇ ਖਿਲਾਫ ਇਨ੍ਹਾਂ ਨੇ 1300 ਟੀਚਰ ਭਰਤੀ ਕਰ ਲਏ । ਇਹ ਵੀ ਕੋਈ ਸਿਸਟਮ ਹੈ । ਫਿਰ ਕੀ ਹੋਇਆ ਕਿ ਕੇਸ ਹਾਈਕੋਰਟ ਦੇ ਵਿੱਚ ਚਲਾ ਗਿਆ । ਹਾਈਕੋਰਟ ਨੇ ਉਹ ਨਿਯੁਕਤੀਆਂ ਰੀਜੈਕਟ ਕਰ ਦਿੱਤੀਆਂ ਔਰ ਇਨ੍ਹਾਂ ਵਾਸਤੇ ਬਹੁਤ ਵੱਡੀ ਮੁਸ਼ਕਲ ਖੜ੍ਹੀ ਹੋ ਗਈ । ਫਿਰ ਇਨ੍ਹਾਂ ਨੇ ਕੀ ਕੀਤਾ ਕਿ ਉਨ੍ਹਾਂ ਟੀਚਰਾਂ ਨੂੰ ਰੈਗੂਲਰ ਤੋਂ ਬਦਲ ਕੇ 89 ਦਿਨਾਂ ਦੇ ਆਧਾਰ ਤੇ ਨਿਯੁਕਤ ਕਰ ਲਿਆ । ਸਪੀਕਰ ਸਾਹਿਬ ਕਦੇ ਇਹ ਵੀ ਹੋਇਆ ਹੈ ਕਿ ਰੈਗੂਲਰ ਬੇਸਿਸ ਤੋਂ ਹਟਾ ਕੇ 89 ਦਿਨਾਂ ਦੇ ਆਧਾਰ ਤੇ ਰੱਖਿਆ ਗਿਆ ਹੋਵੇ । ਪਰ ਇਨ੍ਹਾਂ ਨੇ ਇਹ ਗੈਰ-ਕਾਨੂੰਨੀ ਕੰਮ ਵੀ ਕੀਤਾ, ਕਿਉਂਕਿ ਇਨ੍ਹਾਂ ਨੇ ਉਨ੍ਹਾਂ ਅਧਿਆਪਕਾਂ ਕੋਲੋਂ ਪੰਜਾਹ-ਪੰਜਾਹ, ਸੱਤਰ-ਸੱਤਰ ਹਜ਼ਾਰ ਰੁਪਏ ਲਏ ਹੋਏ ਸਨ । ਉਨ੍ਹਾਂ ਟੀਚਰਜ਼ ਨੂੰ ਦੁਬਾਰਾ ਭਰਤੀ ਕਰਨ ਤੋਂ ਬਗੈਰ ਇਨ੍ਹਾਂ ਕਲ ਹੋਰ ਕੋਈ ਚਾਰਾ ਹੀ ਨਹੀਂ ਸੀ । ਸਪੀਕਰ ਸਾਹਿਬ, ਉਹ ਟੀਚਰ ਜਿਨ੍ਹਾਂ ਨੂੰ ਆਪਣੀ ਨੌਕਰੀ ਦਾ ਹਮੇਸ਼ਾ ਖਤਰਾ ਹੋਵੇ ਉਹ ਕਿਵੇਂ ਸਕੂਲਾਂ ਦੇ ਵਿੱਚ ਜਾ ਕੇ ਬੱਚਿਆਂ ਨੂੰ ਪੜ੍ਹਾਈ ਕਰਾ ਸਕਦਾ ਹੈ ਔਰ ਜਦੋਂ ਇਹ ਲੋਕ ਅੱਜ ਏਥੇ ਤਕਰੀਰਾਂ ਕਰਦੇ ਹਨ ਤਾਂ ਸਾਨੂੰ ਇਸ ਗੱਲ ਦਾ ਬੜਾ ਭਾਰੀ ਅਫਸੋਸ ਹੈ ਜਦੋਂ ਇਹ ਕਹਿੰਦੇ ਹਨ ਕਿ ਅਸੀਂ ਵਿਦਿਆ ਦੇ ਸਬੰਧ ਵਿਚ ਆਹ ਕੀਤਾ, ਔਹ ਕੀਤਾ । ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਉਨ੍ਹਾਂ ਟੀਚਰਾਂ ਤੇ ਤਰਸ ਖਾਧਾ, ਉਨ੍ਹਾਂ ਨੂੰ ਮੁੜ ਕੇ ਨੌਕਰੀ ਦੇ ਵਿੱਚ ਰੱਖਿਆ । ਉਨ੍ਹਾਂ ਦੇ ਘਰੇਲੂ ਹਾਲਾਤ ਨੂੰ, ਉਹਨਾਂ ਦੇ ਪਰਿਵਾਰਾਂ ਦੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹੋਏ ਜਿਨ੍ਹਾਂ ਵਿਚਾਰਿਆਂ ਨੇ ਇਨ੍ਹਾਂ ਵਿਰੋਧੀ ਧਿਰਾਂ ਵਾਲਿਆਂ ਦਾ ਢਿੱਡ ਭਰਿਆ, ਉਨ੍ਹਾਂ ਦੀਆਂ ਔਕੜਾਂ ਨੂੰ ਵੇਖਦੇ ਹੋਏ ਉਨ੍ਹਾਂ ਤੇ ਤਰਸ ਖਾਧਾ ਔਰ ਉਨ੍ਹਾਂ ਨਾਲ ਬਾਦਲ ਸਾਹਿਬ ਨੇ ਵਾਅਦਾ ਕੀਤਾ ਕਿ ਇਨ੍ਹਾਂ ਅਧਿਆਪਕਾਂ ਨੂੰ ਜ਼ਰੂਰ ਰੈਗੂਲਰ ਕਰਨਾ ਹੈ । ਸਪੀਕਰ ਸਾਹਿਬ, ਇਸ ਹਿਸਾਬ ਨਾਲ ਇਨ੍ਹਾਂ ਨੇ ਕੌਮ ਦੇ ਨਿਰਮਾਤਾਵਾਂ ਦਾ ਕਤਲ ਕੀਤਾ ਹੈ । ਪਿਛਲੇ ਦਹਾਕੇ ਦੇ ਵਿੱਚ ਪਹਿਲਾਂ ਹੀ ਸਾਡੀ ਕੌਮ ਦਾ ਪੜ੍ਹਾਈ ਪੱਖੋਂ ਬਹੁਤ ਨੁਕਸਾਨ ਹੋਇਆ ਔਰ ਸਾਡੇ ਸੂਬੇ ਦੇ ਬੱਚੇ ਦੂਸਰੇ ਬੱਚਿਆਂ ਦੇ ਮੁਕਾਬਲੇ ਬਹੁਤ ਪਿੱਛੇ ਪੈ ਗਏ । ਪਿਛਲੇ ਸਮੇਂ ਦੌਰਾਨ ਐਜੂਕੇਸ਼ਨ ਨੂੰ ਬਹੁਤ ਵੱਡੀ ਢਾਹ ਲੱਗੀ ਹੈ । ਬੱਚਿਆ ਦਾ ਭਵਿੱਖ ਖਰਾਬ ਹੋਇਆ ਹੈ । ਇਨ੍ਹਾਂ ਨੇ ਕੌਮ ਦੇ ਭਵਿੱਖ ਦੇ ਨਾਲ ਖਿਲਵਾੜ ਕੀਤਾ ਹੈ । ਇਸ ਦਾ ਸਿੱਟਾ ਇਹ ਨਿਕਲਿਆ ਕਿ ਸਾਡਾ ਐਜੂਕੇਸ਼ਨ ਦਾ ਮਿਆਰ ਬਹੁਤ ਡਿੱਗ ਗਿਆ ਹੈ । ਏਥੇ ਕਾਮਰੇਡ ਹਰਦੇਵ ਅਰਸ਼ੀ ਜੀ ਨੇ ਕਿਹਾ ਹੈ ਕਿ ਬਜਟ ਬਹੁਤ ਵਧੀਆ ਹੈ । ਉਨ੍ਹਾਂ ਨੇ ਕੁੱਝ ਗੱਲਾਂ ਤੇ ਸ਼ੰਕੇ ਵੀ ਜ਼ਾਹਿਰ ਕੀਤੇ ਹਨ ਔਰ ਕੁਝ ਆਪਣੇ ਵੱਲੋਂ ਸੁਝਾਅ ਵੀ ਦਿੱਤੇ ਹਨ । ਲੇਕਿਨ ਉਨ੍ਹਾਂ ਨੇ ਸਮੁੱਚੇ ਤੌਰ ਤੇ ਇਹ ਕਿਹਾ ਹੈ ਕਿ ਬਜਟ ਬਹੁਤ ਸੋਹਣਾ ਹੈ । ਉਨ੍ਹਾਂ ਦਾ ਸ਼ੰਕਾ ਇਹ ਰਿਹਾ ਹੈ ਕਿ ਪਿਛਲੇ ਬਜਟਾਂ ਦੇ ਵਿਚ ਪੈਸਾ ਰੱਖਿਆ ਜਾਂਦਾ ਰਿਹਾ ਪਰ ਉਹ ਕਹਿੰਦੇ ਹਨ ਕਿ ਇਹ ਕੰਮ ਹੋਏ ਨਹੀਂ । ਜੇ ਇਹ ਕੰਮ ਉਦੋਂ ਨਹੀਂ ਹੋਏ ਤਾਂ ਅੱਜ ਇਹ ਕਿਵੇਂ ਹੋਣਗੇ ? ਮੈਨੂੰ ਇਕ ਗੱਲ ਯਾਦ ਆ ਗਈ, ਜਦੋਂ ਅਸੀਂ ਇਲੈਕਸ਼ਨਾਂ ਵਿਚ ਜਾਂਦੇ ਸੀ ਤਾਂ ਅਸੀਂ ਚੋਣਾਂ ਦੇ ਵਿੱਚ ਜਾ ਕੇ ਇਕ ਗੱਲ ਕਹਿੰਦੇ ਸੀ ਕਿ ਅਸੀਂ ਫੋਕਲ ਪੁਆਇੰਟ ਖੋਲ੍ਹਾਂਗੇ, ਜਦੋਂ ਅਸੀਂ ਕਹਿੰਦੇ ਸੀ ਕਿ ਹਰੇਕ 65 ਸਾਲ ਦੇ ਬਜ਼ੁਰਗ ਅਤੇ 60 ਸਾਲ ਦੀ

ਬੀਬੀ ਨੂੰ ਪੈਨਸ਼ਨ ਦਿੱਤੀ ਜਾਵੇਗੀ ਤਾਂ ਲੋਕ ਸੋਚਦੇ ਸਨ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਸਾਰਿਆਂ ਵਾਸਤੇ ਪੈਨਸ਼ਨ ਲਗ ਜਾਵੇ। ਅਸੀਂ ਜਦੋਂ ਕਹਿੰਦੇ ਸਾਂ ਕਿ ਲੜਕੀ ਦੇ ਵਿਆਹ ਤੇ 5100 ਰੁਪਏ ਦਾ ਸ਼ਗਨ ਸਰਕਾਰ ਵਲੋਂ ਪਾਇਆ ਜਾਵੇਗਾ ਤਾਂ ਲੋਕ ਇਸ ਗੱਲ ਤੇ ਮੂੰਹ ਖੋਲ੍ਹ ਕੇ ਹੈਰਾਨ ਹੁੰਦੇ ਸਨ ਕਿ ਖਜ਼ਾਨਾ ਤਾਂ ਖਾਲੀ ਪਿਆ ਹੈ, ਇਹ ਸ਼ਗਨ ਕਿਸ ਤਰ੍ਹਾਂ ਦੇਣਗੇ ? ਪਰ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਬੜੇ ਪਲਾਨਡ ਤਰੀਕੇ ਦੇ ਨਾਲ ਖਜ਼ਾਨੇ ਦੇ ਦਰਵਾਜ਼ੇ ਲੋਕਾਂ ਵਾਸਤੇ ਖੋਲ੍ਹੇ ਹਨ। ਜਿਹੜੀਆਂ ਵੀ ਗੱਲਾਂ ਉਨ੍ਹਾਂ ਨੇ ਚੋਣਾਂ ਦੌਰਾਨ ਕਹੀਆਂ ਸਨ ਉਨ੍ਹਾਂ ਸਾਰੀਆਂ ਉਤੇ ਪੂਰੀ ਵਚਨਬੱਧਤਾ ਦੁਹਰਾਈ ਅਤੇ ਉਨ੍ਹਾਂ ਗੱਲਾਂ ਵਿਚੋਂ 75 ਤੋਂ 80% ਤੱਕ ਗੱਲਾਂ ਪੂਰੀਆਂ ਵੀ ਹੋ ਚੁੱਕੀਆਂ ਹਨ। (ਥੰਪਿੰਗ) ਸਤਿਕਾਰਯੋਗ ਸਪੀਕਰ ਸਾਹਿਬ, ਇਥੇ ਬਾਰ ਬਾਰ ਸਾਡੀ ਭੈਣ ਭੱਠਲ ਜੀ ਕਹਿੰਦੇ ਸਨ, ਨਸੀਅਤਾਂ ਦੇ ਰਹੇ ਸਨ ਇਹ ਤਾਂ ਉਹ ਗੱਲ ਹੋਈ ਕਿ 'ਆਪ ਨਾ ਵਸੀ ਸਹੁਰੇ, ਲੋਕੀਂ ਮੱਤੀਂ ਦੇ'। ਆਪ ਤਾਂ ਇਹ ਪਹਿਲਾਂ ਕੁਝ ਕਰ ਨਹੀਂ ਸਕੇ ਪਰ ਹੁਣ ਗੱਲਾਂ ਕਰਦੇ ਹਨ। ਮੁੱਖ ਮੰਤਰੀ ਜੀ ਨੂੰ ਭਾਵੇਂ ਖਜ਼ਾਨਾ ਖਾਲੀ ਮਿਲਿਆ ਹੈ ਪਰ ਇਕ ਉਰਦੂ ਦਾ ਸ਼ਾਇਰ ਲਿਖਦਾ ਹੈ।

ਹੌਂਸਲੇ ਫਤਹਿ ਕੀ ਬੁਨਿਆਦ ਹੂਆ ਕਰਤੇ ਹੈਂ
ਕਾਂਚ ਕੇ ਹਾਥ ਮੇਂ ਤਲਵਾਰ ਉਠਾਯਾ ਨਾ ਕਰੋ

ਇਨ੍ਹਾਂ ਨੇ ਹੌਂਸਲੇ ਦੇ ਨਾਲ, ਬੜੀ ਸੋਚ ਦੇ ਨਾਲ ਕੁਝ ਟੈਕਸ ਰਿਵਾਈਜ਼ ਕਰਕੇ ਲਗਾਏ ਹਨ ਤਾਂ ਕਿ ਲੋਕਾਂ ਨੂੰ ਤਕਲੀਫ ਵੀ ਨਾ ਹੋਵੇ (ਵਿਘਨ)

ਸ੍ਰੀ ਸਪੀਕਰ : ਬੀਬੀ ਜੀ, ਕਲੋਜ਼ ਕਰੋ।

ਸ੍ਰੀਮਤੀ ਜਗੀਰ ਕੌਰ : ਮੁੱਖ ਮੰਤਰੀ ਜੀ ਨੇ ਇਹ ਵੀ ਕੋਸ਼ਿਸ਼ ਕੀਤੀ ਹੈ ਕਿ ਸਰਕਾਰ ਨੂੰ ਆਮਦਨ ਹੋਵੇ ਅਤੇ ਪੈਸਾ ਇਕੱਠਾ ਹੋਵੇ। ਕਿਸੇ ਸ਼ਾਇਰ ਨੇ ਕਿਹਾ ਹੈ ਕਿ.

ਨੀਅਤ ਅਗਰ ਹੋ ਨੇਕ, ਮੀਠੀ ਹੋ ਜ਼ਬਾਂ ਭੀ
ਐਸੇ ਮੇਂ ਇਬਾਬਤ ਕੀ ਜ਼ਰੂਰਤ ਨਹੀਂ ਰਹਿਤੀ

ਜਦੋਂ ਇਨ੍ਹਾਂ ਦੀ ਨੀਅਤ ਸਾਫ ਹੈ, ਇਨ੍ਹਾਂ ਦੇ ਦਿਲ ਵਿਚ ਲੋਕਾਂ ਪ੍ਰਤੀ ਦਰਦ ਹੈ, ਭਾਵੇਂ ਇਨ੍ਹਾਂ ਨੂੰ ਖਜ਼ਾਨਾ ਖਾਲੀ ਮਿਲਿਆ ਹੈ ਪਰ ਫਿਰ ਸਾਡੇ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਜੀ ਨੇ ਇਕ ਚੰਗਾ ਬਜਟ ਪੇਸ਼ ਕੀਤਾ ਹੈ, ਲੋਕਾਂ ਦੇ ਹਿੱਤ ਦਾ ਬਜਟ ਪੇਸ਼ ਕੀਤਾ ਹੈ। ਮੈਂ ਤਾਂ ਚਾਹੁੰਦੀ ਸਾਂ ਕਿ ਖੁਲ੍ਹ ਕੇ ਵਿਚਾਰ ਕੀਤੀ ਜਾਂਦੀ ਲੇਕਿਨ ਸਮੇਂ ਨੂੰ ਮੁੱਖ ਰੱਖਦੇ ਹੋਏ ਮੈਂ ਹੋਰ ਸਮਾਂ ਨਹੀਂ ਲੈਂਦੀ। ਇਸ ਬਜਟ ਵਿੱਚ ਜਿਹੜੀ ਆਦਰਸ਼ ਸਕੂਲ ਖੋਲ੍ਹਣ ਦੀ ਗੱਲ ਕੀਤੀ ਗਈ ਹੈ, ਉਹ ਵੀ ਬੜੀ ਚੰਗੀ ਹੈ। ਇਸ ਨਾਲ ਬੱਚਿਆਂ ਨੂੰ ਚੰਗੀ ਐਜੂਕੇਸ਼ਨ ਦਿੱਤੀ ਜਾ ਸਕੇਗੀ।

ਸ੍ਰੀ ਸਪੀਕਰ : ਬੀਬੀ ਜੀ, ਸਮਾਂ ਹੋ ਗਿਆ ਹੈ, ਕਲੋਜ਼ ਕਰੋ।

ਸ਼੍ਰੀਮਤੀ ਜਗੀਰ ਕੌਰ : ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ।

ਵਿੱਤ ਮੰਤਰੀ (ਕੈਪਟਨ ਕੰਵਲਜੀਤ ਸਿੰਘ) : ਸਪੀਕਰ ਸਾਹਿਬ, ਸਾਲ 1997-98 ਦਾ ਜੋ ਬਜਟ ਮੈਂ 11 ਜੂਨ, 1997 ਨੂੰ ਇਸ ਮਹਾਨ ਸਦਨ ਵਿਚ ਪੇਸ਼ ਕੀਤਾ ਸੀ, ਉਸ ਬਜਟ ਦੇ ਉਤੇ ਬੜੀ ਭਰਪੂਰ ਬਹਿਸ ਹੋਈ ਹੈ । ਮੁੱਖ ਰੂਪ ਵਿਚ ਇਹ ਬਹਿਸ ਬਹੁਤ ਹੀ ਉਸਾਰੂ ਰਹੀ ਹੈ । ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੇ ਨਵੇਂ ਨਵੇਂ ਸੁਝਾਓ ਦਿੱਤੇ ਹਨ ਜਿਨ੍ਹਾਂ ਦਾ ਮੈਂ ਸਵਾਗਤ ਕਰਦਾ ਹਾਂ । ਸਪੀਕਰ ਸਾਹਿਬ, ਇਸ ਬਜਟ ਨੂੰ ਤਿਆਰ ਕਰਨ ਤੋਂ ਪਹਿਲਾਂ ਮੈਂ ਪੰਜਾਬ ਦੀ ਆਰਥਿਕਤਾ ਅਤੇ ਸਰਕਾਰ ਦੀਆਂ ਵਿੱਤੀ ਪ੍ਰਸਥਿਤੀਆਂ ਦਾ ਇਕ ਸਰਵੇਖਣ ਕੀਤਾ । ਜੋ ਦ੍ਰਿਸ਼ ਮੇਰੇ ਸਾਹਮਣੇ ਆਇਆ ਉਹ ਨਿਰਾਸ਼ਾਜਨਕ ਸੀ । ਜਿਥੇ ਸਾਲ 1995-96 ਵਿਚ ਸਾਡੀ ਜੀ.ਡੀ.ਪੀ. ਵਿਚ ਸਾਰਾ 3.36% ਵਾਧਾ ਹੋਇਆ ਹੈ, ਉਥੇ ਸਪੀਕਰ ਸਾਹਿਬ, ਮੈਂ ਇਹ ਵੀ ਵੇਖਿਆ ਕਿ ਸਰਕਾਰ ਬੜੇ ਭਾਰੀ ਕਰਜ਼ੇ ਦੇ ਬੋਝ ਥੱਲੇ ਦੱਬੀ ਹੋਈ ਹੈ । ਸਪੀਕਰ ਸਾਹਿਬ, ਸਾਡੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਇਸ ਨਿਰਾਸ਼ਾ ਦੇ ਮਾਹੌਲ ਨੂੰ ਬਦਲ ਕੇ ਪੰਜਾਬ ਦੇ ਅੰਦਰ ਆਸ਼ਾ ਪੈਦਾ ਕੀਤੀ ਜਾਵੇ । ਇਹ ਚਿੰਤਾ ਸੀ ਕਿ ਆਰਥਿਕਤਾ ਔਰ ਵਿਕਾਸ ਦੇ ਖੇਤਰ ਵਿੱਚ ਜੋ ਖੜੋਤ ਆਈ ਹੈ, ਉਸ ਨੂੰ ਤੋੜਦਿਆਂ ਹੋਇਆਂ ਇਨ੍ਹਾਂ ਖੇਤਰਾਂ ਦੀ ਗਤੀਵਿਧੀਆਂ ਵਿੱਚ ਤੇਜ਼ੀ ਲਿਆਂਦੀ ਜਾਵੇ । ਅੱਜ ਜਿਹੜੀਆਂ ਆਸ਼ਾਵਾਂ ਪੰਜਾਬ ਵਾਸੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਉਪਰ ਲਾਈ ਬੈਠੇ ਹਨ ਉਨ੍ਹਾਂ ਨੂੰ ਪੂਰਾ ਕੀਤਾ ਜਾਵੇ । ਸਪੀਕਰ ਸਾਹਿਬ, ਜ਼ਰੂਰੀ ਸੀ ਕਿ ਜਿਹੜੀਆਂ ਰੁਕਾਵਟਾਂ ਇਸ ਰਫਤਾਰ ਵਿੱਚ ਪੜੀਆਂ ਹਨ ਉਨ੍ਹਾਂ ਨੂੰ ਪਹਿਚਾਣਿਆ ਜਾਵੇ ਅਤੇ ਉਨ੍ਹਾਂ ਦਾ ਹੱਲ ਲੱਭਿਆ ਜਾਵੇ । ਮੈਂ ਆਪਣੀਆਂ ਤਜਵੀਜ਼ਾਂ ਦੇ ਰਾਹੀਂ ਇਕ ਵਿਆਪਕ ਫਿਲਾਸਫੀ ਅਤੇ ਪੰਜਾਬ ਦੀ ਆਰਥਿਕਤਾ ਨੂੰ ਨਵੀਂ ਸੇਧ ਦੇਣ ਦੀ ਕੋਸ਼ਿਸ਼ ਕੀਤੀ ਹੈ । ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਪੰਜਾਬ ਦੇ ਸੁਧਾਰ ਔਰ ਪੰਜਾਬੀਆਂ ਦੀ ਆਰਥਿਕਤਾ ਦੀ ਪੂਰਤੀ ਲਈ ਜੋ ਪ੍ਰਾਇਆਰਟੀਜ਼ ਤਹਿ ਕੀਤੀਆਂ ਹਨ, ਮੈਂ ਇਸ ਬੱਜਟ ਦੀ ਰੂਪ-ਰੇਖਾ ਤਿਆਰ ਕਰਨ ਵੇਲੇ ਉਨ੍ਹਾਂ ਸਾਰੀਆਂ ਨੂੰ ਪਹਿਲ ਦੇ ਆਧਾਰ ਤੇ ਤਰਜੀਹ ਦਿੱਤੀ ਸੀ । ਸਪੀਕਰ ਸਾਹਿਬ, ਮੈਂ ਇਹ ਸਮਝਦਾ ਹਾਂ ਕਿ ਜੇ ਗਤੀਸ਼ੀਲਤਾ ਲੈ ਕੇ ਆਉਣੀ ਹੈ ਤਾਂ ਇਸ ਸਮਾਜ ਦੀ ਆਰਥਿਕਤਾ ਦੀ ਇਸ ਵਿੱਤੀ ਪ੍ਰਸਥਿਤੀਆਂ ਦੇ ਵਾਸਤੇ ਖੇਤੀਬਾੜੀ, ਵਿਉਪਾਰ, ਉਦਯੋਗ ਦੀ ਪ੍ਰਫੁੱਲਤਾ ਲਈ ਇਕ ਨਵਾਂ ਇਨਫਰਾਸਟਰੱਕਚਰ ਕਾਇਮ ਕਰਨ ਦੀ ਲੋੜ ਹੈ । ਉਸਨੂੰ ਮਜ਼ਬੂਤ ਕਰਨ ਦੀ ਲੋੜ ਹੈ ਔਰ ਮੈਂ ਸਮਝਦਾ ਹਾਂ ਕਿ ਇਸ ਇਨਫਰਾਸਟਰੱਕਚਰ ਦੇ ਵਿੱਚ ਸੱਭ ਤੋਂ ਮਹੱਤਵ-ਪੂਰਨ ਰੋਲ ਬਿਜ਼ਲੀ ਦਾ ਹੁੰਦਾ ਹੈ । ਅਸੀਂ ਕੋਸ਼ਿਸ਼ ਕੀਤੀ ਹੈ ਕਿ ਨਵੇਂ ਪ੍ਰੋਜੈਕਟਾਂ ਨੂੰ ਸਥਾਪਤ ਕੀਤਾ ਜਾਵੇ ਔਰ ਸਾਲ 1998 ਦੇ ਅਖੀਰ ਤੱਕ ਜੋ ਅੱਜ ਬਿਜਲੀ ਦੇ ਉਤਪਾਦਨ ਅਤੇ ਬਿਜਲੀ ਦੀ ਮੰਗ ਵਿੱਚ 10% ਦੀ ਘਾਟ ਮੌਜੂਦ ਹੈ ਉਸਨੂੰ ਪੂਰਾ ਕੀਤਾ ਜਾਵੇ । ਇਸ ਇਨਫਰਾਸਟਰੱਕਚਰ ਨੂੰ ਮੈਂ ਆਪਣੀਆਂ ਤਜਵੀਜ਼ਾਂ ਵਿੱਚ ਪਹਿਲ ਦਿੱਤੀ ਹੈ । ਸਪੀਕਰ ਸਾਹਿਬ, ਇਸਦੀ ਲੋੜ ਸੀ ਕਿ ਉਦਯੋਗ ਨੂੰ ਪ੍ਰਫੁੱਲਤ ਕਰਨ ਲਈ ਇਕ ਐਸਾ ਵਾਤਾਵਰਣ ਬਣਾਇਆ ਜਾਵੇ, ਜਿਸ ਵਾਤਾਵਰਣ ਦੇ ਰਾਹੀਂ ਪੰਜਾਬ ਵਿੱਚ ਨਵਾਂ ਪੂੰਜੀ ਨਿਵੇਸ਼ ਹੋ ਸਕੇ । ਪਿਛਲੇ ਸਮੇਂ ਵਿੱਚ ਵੇਖਣ ਵਿੱਚ ਆਇਆ ਹੈ ਕਿ

ਪੰਜਾਬ ਦੀ ਇੰਸਟੀਚੂਸ਼ਨਲ ਇਨਵੈਸਟਮੈਂਟ ਦੇਸ਼ ਦੇ ਪੱਛੜੇ ਹੋਏ ਬਾਕੀ ਸੂਬਿਆਂ ਦੇ ਵਿੱਚ ਗਿਣੀ ਜਾਂਦੀ ਹੈ। ਇਸ ਨੂੰ ਪ੍ਰਗਤੀ ਦੇਣ ਲਈ ਵਿਸ਼ੇਸ਼ ਸਹੂਲਤਾਂ, ਖਿਨਸੈਂਟਿਵ ਵੱਲੋਂ ਮੁੱਖ ਰੂਪ ਦੇ ਵਿੱਚ ਸਾਡੀ ਸਰਕਾਰ ਦਾ ਰਵੱਈਆ ਕੀ ਸੀ? ਸਾਡੀ ਸਰਕਾਰ ਨੇ ਹੁਣ ਉਦਯੋਗ ਅਤੇ ਵਿਉਪਾਰ ਪ੍ਰਤੀ ਦੋਸਤਾਨਾ ਰਵੱਈਆ ਅਪਨਾਇਆ ਹੈ। ਅਸੀਂ ਇਹ ਕੋਸ਼ਿਸ਼ ਕਰਨੀ ਹੈ ਕਿ ਵੱਧ ਤੋਂ ਵੱਧ ਉਦਯੋਗਪਤੀਆਂ ਨੂੰ ਪ੍ਰੇਰਿਤ ਕੀਤਾ ਜਾਵੇ ਅਤੇ ਪੰਜਾਬ ਦੇ ਵਿੱਚ ਨਵੇਂ ਸਨਅਤੀ-ਅਦਾਰਿਆਂ ਦੀ ਸਥਾਪਨਾ ਕੀਤੀ ਜਾਵੇ। ਸਪੀਕਰ ਸਾਹਿਬ, ਜਿੱਥੇ ਉਦਯੋਗ ਦੀ ਗੱਲ ਹੈ, ਉਥੇ ਇਹ ਵੀ ਅਫਸੋਸ ਦੀ ਗੱਲ ਹੈ ਕਿ ਅੱਜ ਖੇਤੀਬਾੜੀ ਦੇ ਖੇਤਰ ਵਿੱਚ ਖੜੋਤ ਹੀ ਨਹੀਂ ਆਈ ਬਲਕਿ ਹਰ ਸਾਲ ਸਾਡੀ ਪਰ ਕੈਪਿਟਾ ਪ੍ਰੋਡੱਕਸ਼ਨ ਘੱਟਦੀ ਜਾ ਰਹੀ ਹੈ। ਨਵੀਆਂ ਨਵੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਜਾ ਰਹੀਆਂ ਹਨ। ਕਿਸਾਨ ਦੀ ਅਸਲੀ ਆਮਦਨੀ ਵਿੱਚ ਹਰ ਸਾਲ ਘਾਟਾ ਹੋ ਰਿਹਾ ਹੈ। ਅੱਜ ਲੋੜ ਹੈ ਕਿ ਖੇਤੀਬਾੜੀ ਸੈਕਟਰ ਵਿੱਚ ਇੱਕ ਨਵੀਂ ਅਪਰੋਚ ਅਖ਼ਤਿਆਰ ਕੀਤੀ ਜਾਵੇ ਔਰ ਪੰਜਾਬ ਅੰਦਰ ਦੂਸਰੀ ਹਰੀ ਕ੍ਰਾਂਤੀ ਦਾ ਮੁੱਢ ਬੰਨ੍ਹਿਆ ਜਾਵੇ ਜੋ ਕਿ ਮੈਂ ਇਨ੍ਹਾਂ ਤਜਵੀਜ਼ਾਂ ਰਾਹੀਂ ਕਰਨ ਦਾ ਉਪਰਾਲਾ ਕੀਤਾ ਹੈ।

ਸਪੀਕਰ ਸਾਹਿਬ, ਇੱਥੇ ਮੈਂ ਇਹ ਗੱਲ ਵੀ ਕੀਤੀ ਹੈ ਕਿ ਵਿੱਤੀ ਪ੍ਰਸਥਿਤੀਆਂ ਅੱਛੀਆਂ ਨਹੀਂ ਹਨ। ਉਨ੍ਹਾਂ ਦਾ ਹੱਲ ਲੱਭਣ ਲਈ ਜਿੱਥੇ ਮੈਂ ਕੋਸ਼ਿਸ਼ ਕੀਤੀ ਹੈ ਕਿ ਹੋਰ ਵਿੱਤੀ ਸਾਧਨ ਜੁਟਾਏ ਜਾਣ ਉਥੇ ਮੈਂ ਇਹ ਵੀ ਧਿਆਨ ਰੱਖਿਆ ਹੈ ਕਿ ਗਰੀਬ ਜਨਤਾ ਉਪਰ ਬੋਝ ਨਾ ਪਾਇਆ ਜਾਵੇ। ਇਹ ਸਾਧਨ ਉਥੋਂ ਹੀ ਜੁਟਾਏ ਜਾਣ, ਉਨ੍ਹਾਂ ਵਰਗਾਂ ਕੋਲੋਂ ਜੁਟਾਏ ਜਾਣ, ਜਿਹੜੇ ਇਸ ਨੂੰ ਪੂਰਾ ਕਰਨ ਦੀ ਸਮਰੱਥਾ ਰੱਖਦੇ ਹੋਣ। ਮੈਂ ਪੰਜਾਬ ਦੀ ਵਿੱਤੀ ਸਥਿਤੀ ਨੂੰ ਸੁਧਾਰਨ ਲਈ ਬਿਹਤਰ ਨੀਤੀ ਅਪਣਾਈ ਹੈ। ਜਿੱਥੇ ਨਵੇਂ ਸਾਧਨ ਪੈਦਾ ਕਰਨ ਵਾਸਤੇ ਮੈਂ ਸਦਨ ਸਾਹਮਣੇ ਤਜਵੀਜ਼ ਰੱਖੀ ਹੈ, ਉਥੇ ਮੈਂ ਇਹ ਵੀ ਕੋਸ਼ਿਸ਼ ਕੀਤੀ ਹੈ ਕਿ ਗੈਰ ਜ਼ਰੂਰੀ ਸਰਕਾਰੀ ਖਰਚਿਆਂ ਨੂੰ ਵੀ ਘਟਾਇਆ ਜਾਵੇ। ਸਪੀਕਰ ਸਾਹਿਬ, ਇਸ ਤਰ੍ਹਾਂ 102 ਕਰੋੜ ਰੁਪਿਆ ਘਟਾਉਣ ਦੀ ਤਜਵੀਜ਼ ਮੈਂ ਸਦਨ ਦੇ ਸਾਹਮਣੇ ਪੇਸ਼ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਦੋਨੋਂ ਕਾਰਜਾਂ ਨਾਲ ਸਾਡੀ ਸਰਕਾਰ ਵਿਕਾਸ ਦੇ ਕਾਰਜਾਂ ਲਈ ਵੱਧ ਤੋਂ ਵੱਧ ਰਾਸ਼ੀ ਮੁਹੱਈਆ ਕਰ ਸਕੇਗੀ। ਸਪੀਕਰ ਸਾਹਿਬ, ਜਿੱਥੇ ਮੈਂ ਇਨ੍ਹਾਂ ਸਾਰੀਆਂ ਗੱਲਾਂ, ਆਰਥਿਕਤਾ ਤੇ ਵਿੱਤੀ ਪ੍ਰਸਥਿਤੀਆਂ ਦਾ ਜ਼ਿਕਰ ਕੀਤਾ ਹੈ, ਉਥੇ ਮੈਂ ਇਸ ਦੇ ਨਾਲ ਪੰਜਾਬ ਨੂੰ ਵਿਸ਼ੇਸ਼ ਸੰਕਟ ਜਾਂ ਮੁਸ਼ਕਲਾਂ ਜੋ ਹਨ, ਉਨ੍ਹਾਂ ਨੂੰ ਹੱਲ ਕਰਨ ਦੀ ਤਜਵੀਜ਼ ਵੀ ਇਸ ਬਜਟ ਵਿੱਚ ਰੱਖੀ ਹੈ।

ਸਪੀਕਰ ਸਾਹਿਬ, ਸਾਡੇ ਪ੍ਰਦੇਸ਼ ਵਿੱਚ ਲਗਭਗ ਸਵਾ ਪੰਜ ਲੱਖ ਨੌਜਵਾਨ ਬੇਰੁਜ਼ਗਾਰੀ ਦਾ ਸ਼ਿਕਾਰ ਹਨ। ਨੌਜਵਾਨ ਹਮੇਸ਼ਾ ਹੀ ਸਮਾਜ ਦਾ ਵਡਮੁੱਲਾ ਹਿੱਸਾ ਹੁੰਦੇ ਹਨ। ਨੌਜਵਾਨਾਂ ਤੋਂ ਉਨ੍ਹਾਂ ਦੇ ਮਾਂ-ਬਾਪ ਨੂੰ ਬੜੀਆਂ ਆਸਾਂ ਹੁੰਦੀਆਂ ਹਨ। ਮੈਂ ਆਪਣੀਆਂ ਤਜਵੀਜ਼ਾਂ ਰਾਹੀਂ ਜੋ ਬਜਟ ਪਲਾਨ ਪੇਸ਼ ਕੀਤਾ ਹੈ, ਉਸ ਵਿੱਚ ਦੋ ਲੱਖ ਤੋਂ ਵੱਧ ਨੌਕਰੀਆਂ ਉਪਲਬਧ ਕਰਾਉਣ ਦੀ ਤਜਵੀਜ਼ ਰੱਖੀ ਹੈ। (ਥੰਪਿੰਗ) ਸਪੀਕਰ,

[ਵਿੱਤ ਮੰਤਰੀ]

ਸਾਹਿਬ, ਇਸ ਦੇ ਨਾਲ ਨਾਲ ਵਿਸ਼ੇਸ਼ ਯੋਜਨਾਵਾਂ ਘੜੀਆਂ ਹਨ, ਵਿਸ਼ੇਸ਼ ਉਪਰਾਲੇ ਕੀਤੇ ਹਨ ਕਿ ਅਸਿੱਧੇ ਢੰਗ ਨਾਲ ਔਰ ਸਵੈ-ਰੋਜ਼ਗਾਰ ਦੇ ਸਾਧਨਾਂ ਨਾਲ ਸਾਲ 1997-98 ਵਿੱਚ ਇੱਕ ਲੱਖ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾ ਸਕੀਏ। (ਥੰਪਿੰਗ) ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਦਾ ਇਹ ਇਰਾਦਾ ਹੈ, ਇਹ ਸੋਚ ਹੈ ਕਿ ਸਰਕਾਰ ਦੇ ਮੁਲਾਜ਼ਮ ਪੰਜਾਬ ਦੀ ਜਨਤਾ ਨੂੰ ਇਨਸਾਫ ਦੇਣ ਲਈ, ਉਸ ਦੇ ਹੱਕਾਂ ਦੀ ਪੂਰਤੀ ਲਈ, ਸਰਕਾਰ ਦੇ ਭਾਈਵਾਲ ਹੁੰਦੇ ਹਨ। ਮੁਲਾਜ਼ਮ ਵਰਗ ਬੜੇ ਲੰਬੇ ਸਮੇਂ ਤੋਂ ਕਈ ਸੰਕਟ ਅਤੇ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਹੈ ਲੇਕਿਨ ਮੁਲਾਜ਼ਮਾਂ ਨੂੰ ਇਨਸਾਫ ਨਹੀਂ ਦਿੱਤਾ ਗਿਆ। ਸਪੀਕਰ ਸਾਹਿਬ, ਚੌਥਾ ਪੇ ਕਮਿਸ਼ਨ ਬੈਠਾ ਹੈ। ਅਸੀਂ ਉਸ ਨੂੰ ਬੇਨਤੀ ਕੀਤੀ ਹੈ ਕਿ 15 ਜੁਲਾਈ ਤੱਕ ਆਪਣੀ ਰਿਪੋਰਟ ਭੇਜ ਦੇਵੇ, ਲੇਕਿਨ ਉਸ ਰਿਪੋਰਟ ਨੂੰ ਲਾਗੂ ਕਰਨ ਲਈ ਸਾਡੀ ਸਰਕਾਰ ਦੀ ਵਚਨ-ਬੱਧਤਾ ਹੈ, ਸਾਡੀ ਸਰਕਾਰ ਦਾ ਦ੍ਰਿੜ ਇਰਾਦਾ ਹੈ। ਇਸ ਗੱਲ ਦਾ ਸਬੂਤ ਦਿੰਦਿਆਂ ਹੋਇਆਂ ਪਹਿਲਾਂ ਹੀ ਇਨ੍ਹਾਂ ਮੁਲਾਜ਼ਮ ਵਰਗ ਨੂੰ ਇਨਸਾਫ ਦੇਣ ਲਈ ਚਾਰ ਸੌ ਕਰੋੜ ਰੁਪਏ ਦੀ ਤਜਵੀਜ਼ ਰੱਖੀ ਹੈ। (ਥੰਪਿੰਗ)

ਸਪੀਕਰ ਸਾਹਿਬ, ਪੰਜਾਬੀ ਮਾਂ ਬੋਲੀ ਦੇ ਪ੍ਰਸਾਰ ਦੀ ਬੜੀ ਲੋੜ ਹੈ। ਬੜੀ ਲੋੜ ਹੈ ਪੰਜਾਬੀ ਦੀਆਂ ਜੜ੍ਹਾਂ ਨੂੰ ਪੱਕੀਆਂ ਕਰਨ ਦੀ। ਬੜੀ ਲੋੜ ਹੈ ਕਿ ਅਸੀਂ ਪੰਜਾਬ ਦੇ ਲੇਖਕਾਂ ਨੂੰ ਸਹਿਯੋਗ ਅਤੇ ਉਤਸ਼ਾਹ ਦੇਈਏ। ਇਸ ਕਰਕੇ ਮੈਂ ਪੰਜਾਬੀ ਦੀਆਂ ਕਿਤਾਬਾਂ ਖਰੀਦਣ ਵਾਸਤੇ ਇੱਕ ਕਰੋੜ ਰੁਪਏ ਦੀ ਰਕਮ ਬਜਟ ਅੰਦਰ ਰੱਖੀ ਹੈ। ਮੈਂ, ਸਪੀਕਰ ਸਾਹਿਬ, ਵਿਸ਼ੇਸ਼ ਤੌਰ ਤੇ ਦੱਸਣਾ ਚਾਹਾਂਗਾ ਕਿ ਇਹ ਪਹਿਲੀ ਵਾਰ ਹੈ ਕਿ ਕਿਸੇ ਸਰਕਾਰ ਵੱਲੋਂ ਐਸੀ ਕੋਈ ਸਹਾਇਤਾ ਦੀ ਰਾਸ਼ੀ ਦਿੱਤੀ ਗਈ ਹੋਵੇ। ਸਪੀਕਰ ਸਾਹਿਬ, ਮੈਂ ਆਪਣੀ ਸਪੀਚ ਦੇ ਵਿੱਚ ਵੀ ਆਖਿਆ ਸੀ ਤੇ ਅੱਜ ਵੀ ਆਖਦਾ ਹਾਂ ਕਿ ਸਾਡੇ ਦੇਸ਼ ਦੇ ਵਿੱਚ, ਸਾਡੇ ਸਮਾਜ ਦੇ ਵਿੱਚ ਆਰਥਿਕ ਵਿਤਕਰਾ ਹੈ। ਇਸ ਆਰਥਿਕ ਵਿਤਕਰੇ ਦੇ ਸਦਕਾ ਗਰੀਬ ਵਰਗ ਨੂੰ ਇਨਸਾਫ ਨਹੀਂ ਮਿਲਦਾ। ਇਸ ਆਰਥਿਕ ਵਿਤਕਰੇ ਸਦਕਾ ਹੀ ਹਰ ਵਰਗ, ਹਰ ਪ੍ਰਾਣੀ, ਉਹ ਆਜ਼ਾਦੀ ਜਿਹੜੀ ਕਿ ਅਸੀਂ ਬੜੀ ਮੁਸ਼ਕਲ ਔਰ ਬੜੇ ਸੰਕਟ ਤੋਂ ਬਾਅਦ ਪ੍ਰਾਪਤ ਕੀਤੀ ਹੈ, ਉਸ ਦਾ ਆਨੰਦ ਮਾਨਣ ਲਈ ਪੂਰਨ ਤੌਰ ਤੇ ਸਮੱਰਥਾ ਨਹੀਂ ਰੱਖਦਾ। ਸਾਡੀ ਸਰਕਾਰ ਦੀ ਇਹ ਕੋਸ਼ਿਸ਼ ਹੈ ਔਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਇਹ ਹਦਾਇਤ ਹੈ ਕਿ ਇਸ ਵਿਤਕਰੇ ਨੂੰ ਖਤਮ ਕੀਤਾ ਜਾਵੇ। ਉਸ ਨੂੰ ਮੁੱਖ ਰੱਖਦਿਆਂ ਹੋਇਆਂ ਮੈਂ ਦਲਿਤ ਵਰਗਾਂ ਅਤੇ ਸਮਾਜ ਦੇ ਹੋਰ ਦਬੇ ਅਤੇ ਪੱਛੜਿਆਂ ਵਰਗਾਂ ਲਈ ਇਸ ਸਾਲ ਜੋ ਤਜਵੀਜ਼ ਰੱਖੀ ਹੈ, ਉਸ ਦੇ ਵਿੱਚ ਪਿਛਲੇ ਸਾਲ ਨਾਲੋਂ ਤਿਗਣੀ ਰਾਸ਼ੀ ਵੱਧ ਰੱਖੀ ਗਈ ਹੈ। (ਥੰਪਿੰਗ)।

ਸਪੀਕਰ ਸਾਹਿਬ, ਪੰਜਾਬ ਨੇ ਬੜਾ ਲੰਬਾ ਸੰਤਾਪ ਹੰਢਾਇਆ ਹੈ। ਪੰਜਾਬ ਦੇ ਵਿੱਚ ਅਨੇਕਾਂ ਅਨਾਥ ਹਨ, ਅਨੇਕਾਂ ਵਿਧਵਾਵਾਂ ਹਨ। ਪੰਜਾਬ ਦੇ ਵਿੱਚ ਅੱਜ ਅਨੇਕਾਂ ਵਿਲਕਦੀਆਂ ਰੂਹਾਂ ਹਨ। ਸਾਡੀ ਸਰਕਾਰ ਦਾ ਇਹ ਲਕਸ਼ ਸੀ ਕਿ ਅਸੀਂ ਹਰ ਅੱਖ ਦੇ ਅਥਰੂ ਪੂੰਝਾਂਗੇ, ਹਰ ਘਰ ਦੇ ਵਿੱਚ ਖੁਸ਼ੀਆਂ ਲਿਆਵਾਂਗੇ। ਉਨ੍ਹਾਂ ਵਰਗਾਂ ਨੂੰ,

ਉਨ੍ਹਾਂ ਬੇਸਹਾਰਿਆਂ ਨੂੰ, ਕੁਝ ਸਹਾਰਾ ਦੇਣ ਲਈ ਇਹ ਪਹਿਲੀ ਵਾਰ ਤਜਵੀਜ਼ ਕੀਤੀ ਹੈ ਕਿ 50 ਕਰੋੜ ਰੁਪਏ ਦੀ ਰਾਸ਼ੀ ਰੱਖ ਕੇ, ਸੋਸ਼ਲ ਰੀਸਟ੍ਰਕਚਰ ਫੰਡ ਜੋ ਮੈਂ ਕਰੀਏਟ ਕੀਤਾ ਹੈ, ਉਸ ਦੇ ਨਾਲ ਪੰਜਾਬ ਦੇ ਵਿੱਚ ਖੁਸ਼ੀਆਂ ਦੀ ਵੰਡ ਹੋਵੇ । (ਥੰਪਿੰਗ)

ਸਪੀਕਰ ਸਾਹਿਬ, ਜਿਥੇ ਮੈਂ ਇਹ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਹਨ, ਉਥੇ ਇਸ ਗੱਲ ਦੀ ਵੀ ਪਛਾਣ ਕੀਤੀ ਹੈ ਕਿ ਪਿਛਲੇ ਸਮੇਂ ਦੇ ਵਿੱਚ ਸਾਡੇ ਸਮਾਜ ਦੇ ਅੰਦਰ, ਸਾਡੇ ਕੰਮ-ਕਾਜ ਦੇ ਵਿੱਚ, ਸਾਡੇ ਸਰਕਾਰੀ ਅਦਾਰਿਆਂ ਦੇ ਵਿੱਚ, ਸਾਡੀ ਪਬਲਿਕ ਲਾਈਫ ਦੇ ਵਿੱਚ ਭ੍ਰਿਸ਼ਟਾਚਾਰ ਨੇ ਬਹੁਤ ਪਕੜ ਕੀਤੀ ਹੈ । ਜਦੋਂ ਤੱਕ ਇਸ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਨਹੀਂ ਪੁੱਟਿਆ ਜਾਂਦਾ, ਉਦੋਂ ਤੀਕਰ ਸਹੀ ਰੂਪ ਦੇ ਵਿੱਚ ਖੁਸ਼ਹਾਲੀ ਨਹੀਂ ਆ ਸਕੇਗੀ, ਸਹੀ ਰੂਪ ਦੇ ਵਿੱਚ ਆਰਥਿਕ ਬਰਾਬਰੀ ਨਹੀਂ ਆ ਸਕੇਗੀ ਔਰ ਸਹੀ ਰੂਪ ਦੇ ਵਿੱਚ ਜੋ ਗਤੀਵਿਧੀਆਂ ਅਸੀਂ ਤਹਿ ਕਰਨੀਆਂ ਚਾਹੁੰਦੇ ਹਾਂ, ਉਹ ਨਹੀਂ ਆ ਸਕਣਗੀਆਂ । ਇਸ ਕਰਕੇ ਇਨ੍ਹਾਂ ਤਜਵੀਜ਼ਾਂ ਦੇ ਰਾਹੀਂ ਕੋਸ਼ਿਸ਼ ਕੀਤੀ ਹੈ ਕਿ ਇਸ ਭ੍ਰਿਸ਼ਟਾਚਾਰ ਦੇ ਜਿਹੜੇ ਅਵਸਰ ਤੇ ਜੋ ਕਮੀਆਂ ਪੇਸ਼ੀਆਂ ਹਨ, ਜਿਨ੍ਹਾਂ ਦੇ ਰਾਹੀਂ ਇਹ ਕੰਮ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਘਟਾਇਆ ਜਾਏ ਅਤੇ ਬੰਦ ਕੀਤਾ ਜਾਏ । ਇਹ ਜਿਹੜੀਆਂ ਤਜਵੀਜ਼ਾਂ ਰੱਖੀਆਂ ਹਨ, ਮੈਂ ਆਪ ਦੇ ਰਾਹੀਂ ਸਾਰੇ ਹਾਊਸ ਦੇ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਬਹੁਤ ਹੀ ਸਹਿਯੋਗ ਦਿੱਤਾ ਹੈ ਅਤੇ ਮੇਰੀ ਪਿੱਠ ਪੂਰੀ ਹੈ । ਵੱਖ ਵੱਖ ਪਹਿਲੂਆਂ ਤੇ ਬੋਲਦੇ ਹੋਏ ਮੇਰੇ ਨਿਮਾਣੇ ਲਈ ਸ਼ਲਾਘਾਯੋਗ ਸ਼ਬਦ ਅਪਣਾਏ ਹਨ । ਇਸ ਦੇ ਲਈ ਮੈਂ ਸਮੂਹ ਸਦਨ ਅਤੇ ਸਮੂਹ ਮੈਂਬਰ ਸਾਹਿਬਾਨ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ । ਸਪੀਕਰ ਸਾਹਿਬ, ਜਿਥੇ ਮੈਂ ਸਦਨ ਦਾ ਧੰਨਵਾਦ ਕਰਦਾ ਹਾਂ ਉਥੇ ਮੈਂ ਕੋਤਾਹੀ ਕਰ ਰਿਹਾ ਹੋਵਾਂਗਾ ਕਿ ਜੇ ਪੰਜਾਬ ਦੀਆਂ ਸੰਸਥਾਵਾਂ ਅਤੇ ਮੁੱਖ ਰੂਪ ਵਿੱਚ ਪੰਜਾਬ ਅਤੇ ਦੇਸ਼ ਦੀ ਪ੍ਰੈਸ ਨੇ, ਜੋ ਮੈਂ ਬਜਟ ਪੇਸ਼ ਕੀਤਾ ਹੈ, ਦੀ ਬਹੁਤ ਪ੍ਰੋੜਤਾ ਕੀਤੀ ਹੈ, ਇਸ ਲਈ ਉਨ੍ਹਾਂ ਦਾ ਧੰਨਵਾਦ ਨਾ ਕਰਾਂ । ਮੈਂ ਆਪ ਨੂੰ ਇਹ ਜਾਣਕਾਰੀ ਦੇਣੀ ਚਾਹਾਂਗਾ ਕਿ ਪੰਜਾਬ ਦੇ ਚੰਡੀਗੜ੍ਹ ਤੋਂ ਛਪਦੇ ਇਕ ਮਸ਼ਹੂਰ ਅਖਬਾਰ "ਦੀ ਟ੍ਰਿਬਿਊਨ" ਨੇ ਆਪਣੀ ਸੰਪਾਦਕੀ ਦੇ ਵਿੱਚ ਇਸ ਬਜਟ ਨੂੰ ਇੱਕ ਅੱਛੀ ਸ਼ੁਰੂਆਤ ਦੱਸਦੇ ਹੋਏ ਇਸ ਬਜਟ ਦੀ ਵਿਆਪਕ ਤੌਰ ਤੇ ਸ਼ਲਾਘਾ ਕੀਤੀ ਹੈ । ਸਪੀਕਰ ਸਾਹਿਬ, ਜੋ ਅਸੀਂ ਛੋਟੇ ਨੰਬਰਾਂ ਦੀ ਤਜਵੀਜ਼ ਰੱਖੀ ਹੈ, ਉਸ ਦੀ ਪਰੈਸ ਨੇ ਤਾਂ ਪ੍ਰੋੜਤਾ ਕੀਤੀ ਹੀ ਹੈ, ਸਗੋਂ ਸਾਡੇ ਗਵਾਂਢੀ ਰਾਜ ਦੇ ਮੁੱਖ ਮੰਤਰੀ ਨੇ ਵੀ ਇਸ ਸਕੀਮ ਬਾਰੇ ਸਾਡੇ ਕੋਲੋਂ ਜਾਣਕਾਰੀ ਮੰਗੀ ਹੈ । ਸਪੀਕਰ ਸਾਹਿਬ, ਜਲੰਧਰ ਤੋਂ ਛਪਦੇ ਪੰਜਾਬੀ ਦੇ ਪ੍ਰਸਿੱਧ ਅਖਬਾਰ "ਅਜੀਤ" ਨੇ ਆਪਣੀ ਸੰਪਾਦਕੀ ਰਾਹੀਂ "ਆਰਥਿਕ ਵਿਕਾਸ ਦੀ ਰਫਤਾਰ" ਵਿੱਚ ਆਪਣੇ ਵਿਚਾਰ ਪੇਸ਼ ਕਰਦੇ ਹੋਏ ਇਸ ਬਜਟ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਆਖਿਆ ਹੈ ਕਿ ਇਸ ਬਜਟ ਦੇ ਵਿੱਚ ਇਸ ਗੱਲ ਦਾ ਖਿਆਲ ਜ਼ਰੂਰ ਰੱਖਿਆ ਗਿਆ ਹੈ ਕਿ ਬਜਟ ਦਾ ਆਮ ਲੋਕਾਂ ਅਤੇ ਗਰੀਬ ਵਰਗ ਦੇ ਲੋਕਾਂ ਤੇ ਕੋਈ ਬੋਝ ਨਾ ਪਵੇ । ਸੰਪਾਦਕੀ ਦੇ ਵਿੱਚ ਅੱਗੇ ਕਿਹਾ ਗਿਆ ਹੈ ਕਿ ਕਈ ਵਰ੍ਹਿਆਂ ਤੋਂ ਜੋ ਆਰਥਿਕਤਾ ਖਰਾਬ ਸੀ, ਉਸ ਨੂੰ ਸਹੀ ਰਸਤੇ ਤੇ ਲਿਆਉਣ ਲਈ ਇਹ ਸਰਕਾਰ ਸੰਜੀਦਗੀ ਨਾਲ ਯਤਨ ਕਰ ਰਹੀ ਹੈ ।

[ਵਿੱਤ ਮੰਤਰੀ]

ਸੰਪਾਦਕੀ ਦੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਸ ਦੇ ਰਸਤੇ ਵਿੱਚ ਕਈ ਕਠਿਨਾਈਆਂ ਆ ਸਕਦੀਆਂ ਹਨ ਪਰ ਗੰਭੀਰਤਾ ਅਤੇ ਸੰਜੀਦਗੀ ਦੇ ਨਾਲ ਕੀਤੇ ਯਤਨਾਂ ਦੇ ਸਿੱਟੇ ਭਰਪੂਰ ਹੁੰਦੇ ਹਨ ਅਤੇ ਲਿਖਿਆ ਗਿਆ ਹੈ ਕਿ ਇਸ ਦੀ ਅਕਾਲੀ, ਭਾਜਪਾ ਸਰਕਾਰ ਤੋਂ ਹੀ ਆਸ ਸੀ। ਸਪੀਕਰ ਸਾਹਿਬ, ਜਲੰਧਰ ਤੋਂ ਹੀ ਛਪਦੇ ਹੋਏ ਇਕ ਪ੍ਰਸਿੱਧ ਅਖਬਾਰ "ਜੱਗ ਬਾਣੀ" ਨੇ ਆਪਣੀ ਸੰਪਾਦਕੀ ਦੇ ਵਿੱਚ ਇਸ ਬਜਟ ਦੀ ਭਰਪੂਰ ਸਲਾਘਾ ਕੀਤੀ ਹੈ ਔਰ ਇਹ ਆਸ ਪ੍ਰਗਟਾਈ ਗਈ ਹੈ ਕਿ ਪੰਜਾਬ ਦੀਆਂ ਪ੍ਰਸਿਥਤੀਆਂ ਵਿੱਚ ਇਸ ਬਜਟ ਨਾਲ ਇਕ ਨਵੀਂ ਰੂਹ ਫੂਕੀ ਜਾਵੇਗੀ।

ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਆਰਥਿਕ ਸ਼ਾਸਤਰੀ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਉਪ-ਕੁਲਪਤੀ ਡਾਕਟਰ ਐਚ. ਕੇ. ਮਨਮੋਹਨ ਸਿੰਘ ਨੇ ਇਸ ਬਜਟ ਨੂੰ ਵਧੀਆ, ਸੂਝ ਬੂਝ ਤੋਂ ਬਾਅਦ ਤਿਆਰ ਕੀਤਾ ਗਿਆ ਬਜਟ ਕਰਾਰ ਦਿੱਤਾ ਹੈ। ਨਾਰਥ ਇੰਡੀਆ ਦੇ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਐਸੋਸੀਏਸ਼ਨ ਵੱਲੋਂ ਇਸ ਬਜਟ ਦੀ ਸ਼ਲਾਘਾ ਕੀਤੀ ਗਈ ਹੈ। ਸਨਅਤੀ ਅਦਾਰਿਆਂ ਅਤੇ ਵਪਾਰਕ ਐਸੋਸੀਏਸ਼ਨ ਵੱਲੋਂ ਵੀ ਵਿਆਪਕ ਰੂਪ ਵਿੱਚ ਸ਼ਲਾਘਾ ਆਈ ਹੈ। ਸਮਾਲ ਸਕੇਲ ਇੰਡਸਟਰੀਜ ਐਸੋਸੀਏਸ਼ਨ ਅਤੇ ਪੰਜਾਬ ਪ੍ਰਦੇਸ਼ ਵਪਾਰ ਮੰਡਲ ਨੇ ਵੀ ਇਨ੍ਹਾਂ ਬਜਟ ਤਜਵੀਜ਼ਾਂ ਬਾਰੇ ਵਿਆਪਕ ਰੂਪ ਵਿੱਚ ਤਸੱਲੀ ਪ੍ਰਗਟਾਈ ਹੈ ਅਤੇ ਸ਼ਲਾਘਾ ਕੀਤੀ ਹੈ। ਮੈਂ ਇਨ੍ਹਾਂ ਸਾਰਿਆਂ ਦੀ ਆਪ ਰਾਹੀਂ ਭਰਪੂਰ ਸ਼ਲਾਘਾ ਕਰਦਾ ਹਾਂ।

ਇਸ ਤੋਂ ਅੱਗੇ ਜੋ ਬਹਿਸ ਹੋਈ ਉਸ ਦੇ ਸਬੰਧ ਵਿੱਚ ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਕਲੈਰੀਫਿਕੇਸ਼ਨ ਦੇਣਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਇਹ ਖਦਸ਼ਾ ਪ੍ਰਗਟ ਕੀਤਾ ਗਿਆ ਹੈ ਕਿ ਸ਼ਾਇਦ ਇਸ ਸਾਲ ਕਈ ਮਹਿਕਮਿਆਂ ਨੂੰ ਜੋ ਰਾਸ਼ੀ ਦਿੱਤੀ ਗਈ ਹੈ ਉਹ ਪਿਛਲੇ ਸਾਲਾਂ ਨਾਲੋਂ ਘੱਟ ਹੈ। ਉਸ ਵਿੱਚ ਖਾਸ ਕਰਕੇ ਜ਼ਿਕਰ ਵਿੱਚ ਆਇਆ ਮੈਂ ਦੱਸਣਾ ਚਾਹੁੰਦਾ ਹਾਂ, ਕਿ 1997-98 ਦਾ ਸਾਲ, 8ਵੀਂ ਪੰਜ ਸਾਲ ਯੋਜਨਾ ਦਾ ਅਖੀਰਲਾ ਸਾਲ ਸੀ। ਉਸ ਅਖੀਰਲੇ ਸਾਲ ਤੋਂ ਬਾਅਦ ਜਿਹੜਾ ਮੈਨਟੇਨੈਂਸ ਐਕਸਪੈਂਡੀਚਰ ਪਲਾਨ ਸਾਈਡ ਉਤੇ ਦਰਸਾਇਆ ਜਾਂਦਾ ਹੈ ਉਹ ਪੰਜਵਾਂ ਸਾਲ ਖਤਮ ਹੋਣ ਤੋਂ ਬਾਅਦ ਨਾਨ ਪਲਾਨ ਸਾਈਡ ਵੱਲ ਤਬਦੀਲ ਕੀਤਾ ਜਾਂਦਾ ਹੈ। ਇਸ ਕਾਰਨ ਤਕਰੀਬਨ 214 ਕਰੋੜ ਰੁਪਿਆ ਪਲਾਨ ਸਾਈਡ ਤੋਂ ਨਾਨ ਪਲਾਨ ਸਾਈਡ ਵੱਲ ਤਬਦੀਲ ਕੀਤਾ ਗਿਆ ਹੈ। ਇਸ ਵਿੱਚ ਮੈਂ ਥੋੜ੍ਹਾ ਵੇਰਵਾ ਵੀ ਦੇਣਾ ਚਾਹਾਂਗਾ। ਜ਼ਿਕਰ ਆਇਆ ਸੀ ਕਿ ਸਰਕਾਰ ਨੇ ਖੇਤੀਬਾੜੀ ਦੇ ਵਿਕਾਸ ਦੀ ਗੱਲ ਜ਼ਰੂਰ ਕੀਤੀ ਹੈ, ਲੇਕਿਨ ਇਸ ਦੀ ਰਾਸ਼ੀ ਵਿੱਚ ਘਾਟ ਕਰ ਦਿੱਤੀ ਗਈ ਹੈ। ਐਗਰੀਕਲਚਰ ਐਂਡ ਅਲਾਈਡ ਐਕਟੀਵਿਟੀਜ਼ ਲਈ 1996-97 ਵਿੱਚ 58.58 ਕਰੋੜ ਰੁਪਏ ਰੱਖੇ ਗਏ ਸਨ। 1997-98 ਦੀ ਸਾਲਾਨਾ ਯੋਜਨਾ ਵਿੱਚ 74.12 ਕਰੋੜ ਰੁਪਏ ਤਜਵੀਜ਼ ਕੀਤੇ ਗਏ ਹਨ। ਨਾਨ ਪਲਾਨ ਵੱਲ ਇਸ ਪਲਾਨ ਵੱਲੋਂ 36.82 ਕਰੋੜ ਰੁਪਏ ਟਰਾਂਸਫਰ ਕੀਤੇ ਗਏ ਹਨ। ਪਿਛਲੇ ਸਾਲ ਨਾਲੋਂ ਜੇ ਦੇਖਿਆ ਜਾਵੇ ਤਾਂ ਖੇਤੀਬਾੜੀ ਸੈਕਟਰ ਨੂੰ 110.94 ਕਰੋੜ ਰੁਪਏ ਉਪਲੱਬਧ ਕੀਤੇ ਗਏ ਹਨ। (ਥੰਪਿੰਗ)।

ਇਸੇ ਤਰ੍ਹਾਂ ਇੰਡਸਟਰੀ ਵਿੱਚ ਪਿਛਲੇ ਸਾਲ 19.41 ਕਰੋੜ ਰੁਪਿਆ ਰੱਖਿਆ ਗਿਆ ਸੀ। ਇਸ ਸਾਲ 51.49 ਕਰੋੜ ਰੱਖਿਆ ਗਿਆ ਹੈ। ਨਾਨ ਪਲਾਨ ਵੱਲ ਇਸ ਪਲਾਨ ਵੱਲੋਂ 28 ਲੱਖ ਰੁਪਿਆ ਸ਼ਿਫਟ ਕੀਤਾ ਗਿਆ ਹੈ। ਇਸ ਵਾਸਤੇ 51.77 ਕਰੋੜ ਰੁਪਿਆ ਉਪਲਬਧ ਕੀਤਾ ਗਿਆ ਹੈ।

ਟਰਾਂਸਪੋਰਟ ਵਿੱਚ ਪਿਛਲੇ ਸਾਲ 10.25 ਕਰੋੜ ਰੁਪਿਆ ਰੱਖਿਆ ਗਿਆ ਸੀ। ਜਦ ਕਿ ਇਸ ਸਾਲ 65.17 ਕਰੋੜ ਰੁਪਏ ਰੱਖੇ ਗਏ ਹਨ। ਜਿਸ ਵਾਸਤੇ ਨਾਨ ਪਲਾਨ ਵਿੱਚੋਂ 9.66 ਕਰੋੜ ਦਿੱਤੇ ਗਏ ਹਨ। ਇਸ ਸੈਕਟਰ ਨੂੰ ਟੋਟਲ 74.83 ਕਰੋੜ ਉਪਲੱਬਧ ਕਰਾਏ ਗਏ ਹਨ।

ਸਪੀਕਰ ਸਾਹਿਬ, ਸੋਸ਼ਲ ਸਰਵਿਸਜ਼ ਲਈ ਪਿਛਲੇ ਸਾਲ 490,74 ਕਰੋੜ ਰੁਪਿਆ ਰੱਖਿਆ ਗਿਆ ਸੀ ਇਸ ਨੂੰ ਹੁਣ ਅਸੀਂ ਵਧਾ ਕੇ 638.90 ਕਰੋੜ ਰੁਪਿਆ ਕਰ ਦਿੱਤਾ ਹੈ ਅਤੇ ਇਸੇ ਤਰ੍ਹਾਂ ਨਾਲ ਪਲਾਨ ਵਿਚ 146.75 ਕਰੋੜ ਰੁਪਿਆ ਸ਼ਿਫਟ ਕੀਤਾ ਹੈ ਇਸੇ ਤਰ੍ਹਾਂ ਹੁਣ ਇਨ੍ਹਾਂ ਸਬੰਧੀ ਇਸੇ ਸਾਲ ਸਾਰੀ ਰਾਸ਼ੀ ਟੋਟਲ 785.65 ਕਰੋੜ ਰੁਪਿਆ ਹੋ ਗਈ ਹੈ। ਇਸੇ ਤਰ੍ਹਾਂ ਜਨਰਲ ਸਰਵਿਸਜ਼ ਵਿਚ ਵੀ ਵਾਧਾ ਕੀਤਾ ਗਿਆ ਹੈ ਇਥੇ ਹਾਊਸ ਦੇ ਵਿਚ ਕੁਲ ਮੈਂਬਰ ਸਾਹਿਬਾਨ ਵੱਲੋਂ ਖਦਸ਼ਾ ਜ਼ਾਹਿਰ ਕੀਤਾ ਗਿਆ ਸੀ ਕਿ ਪੰਜਾਬ ਪੁਲਿਸ ਦੇ ਬਜਟ ਵਿਚ ਕਟੌਤੀ ਕੀਤੀ ਗਈ ਹੈ ਔਰ ਇਹ ਆਖਿਆ ਗਿਆ ਸੀ ਕਿ ਬਜਟ ਵਿਚ ਘੱਟ ਪ੍ਰੋਵੀਜ਼ਨ ਕਰਨ ਨਾਲ ਇਸ ਦੀ ਓਪਰੇਸ਼ਨਲ ਐਫੀਸੈਂਸੀ ਵਿਚ ਕਮਜ਼ੋਰੀ ਆਵੇਗੀ ਪਰ ਮੈਂ ਇਥੇ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਬਜਟ ਐਲੋਕੇਸ਼ਨ ਜੋ ਕੀਤੀ ਗਈ ਸੀ ਉਹ 4000 ਕਰੋੜ ਰੁਪਏ ਦੀ ਸੀ ਲੇਕਿਨ ਚੂੰਕਿ ਪਿਛਲੇ ਸਾਲ ਇਲੈਕਸ਼ਨਾਂ ਆ ਗਈਆਂ ਸਨ ਔਰ ਇਸ ਦੇ ਵਿਚ ਇਸ ਕਾਰਨ ਸਪੈਸ਼ਲ ਐਲੋਕੇਸ਼ਨ 100 ਕਰੋੜ ਰੁਪਏ ਦੀ ਹੋਰ ਕੀਤੀ ਗਈ ਸੀ। ਇਸ ਸਾਲ ਪੁਲਿਸ ਦੇ ਬਜਟ ਐਸਟੀਮੇਟਸ ਨੂੰ ਰਿਵਾਇਜ਼ ਕੀਤਾ ਗਿਆ ਹੈ ਅਤੇ ਇਸ ਦੇ ਵਿਚ ਵੱਧ ਪੈਸੇ ਰੱਖੇ ਗਏ ਹਨ। ਜਿਹੜੀ ਪਿਛਲੇ ਸਾਲ ਬਜਟ ਐਲੋਕੇਸ਼ਨ 400 ਕਰੋੜ ਰੁਪਏ ਦੀ ਸੀ ਇਸ ਸਾਲ ਇਹ ਅਸੀਂ ਵਧਾ ਕੇ 475 ਕਰੋੜ ਰੁਪਏ ਦੀ ਕਰ ਦਿੱਤੀ ਹੈ ਤਾਂਕਿ ਪੰਜਾਬ ਦੇ ਵਿਚ ਅਮਨ ਅਤੇ ਸ਼ਾਂਤੀ ਕਾਇਮ ਰਹਿ ਸਕੇ ਅਤੇ ਜਿਹੜਾ ਭਾਈਚਾਰਾ ਪੰਜਾਬ ਵਿਚ ਬਣਿਆ ਹੋਇਆ ਹੈ ਉਸ ਨੂੰ ਕਾਇਮ ਰੱਖ ਸਕੀਏ ਇਸ ਨੂੰ ਅਸੀਂ ਬਰਕਰਾਰ ਵੀ ਰੱਖਾਂਗੇ ਅਤੇ ਸ਼ਾਂਤੀ ਦੀਆਂ ਗਤੀਵਿਧੀਆਂ ਨੂੰ ਹੋਰ ਤੇਜ਼ ਕਰ ਕੇ ਇਸ ਲਕਸ਼ ਨੂੰ ਪ੍ਰਾਪਤ ਕਰਨ ਲਈ ਅਸੀਂ ਹੋਰ ਉਪਰਾਲੇ ਕਰਾਂਗੇ।

ਸਪੀਕਰ ਸਾਹਿਬ, ਇਥੇ ਕੁਝ ਮੈਂਬਰਾਂ ਨੇ ਮੁੱਦਾ ਉਠਾਇਆ ਸੀ ਕਿ ਇਹ ਸਰਕਾਰ ਪਿੰਡਾਂ ਦੇ ਖੇਤਰ ਨੂੰ ਤਰਜ਼ੀਹ ਦਿੰਦੀ ਹੈ ਅਤੇ ਸ਼ਹਿਰੀਆਂ ਨਾਲ ਵਿਤਕਰਾ ਕਰ ਰਹੀ ਹੈ। ਇਸ ਸਬੰਧ ਵਿਚ ਮੈਂ ਤੱਥ ਪੇਸ਼ ਕਰਨਾ ਚਾਹੁੰਦਾ ਹਾਂ ਕਿ ਇਸ ਸਾਲ ਅਸੀਂ ਅਰਬਨ ਸੈਕਟਰ ਦੇ ਵਿਚ 577.47 ਕਰੋੜ ਰੁਪਿਆ ਰੱਖਿਆ ਹੈ ਜੋ ਪਿਛਲੇ ਸਾਲ ਨਾਲੋਂ, ਜਿਹੜਾ ਤਜ਼ਵੀਜ਼ ਕੀਤਾ ਗਿਆ ਸੀ ਅਤੇ ਜਿਹੜਾ ਪ੍ਰਵਾਨ ਹੋਇਆ ਸੀ ਉਹ 39.49 ਕਰੋੜ ਰੁਪਇਆ ਸੀ ਔਰ ਉਹ ਵੀ ਪੂਰਾ ਖਰਚ ਨਹੀਂ ਕੀਤਾ ਗਿਆ ਸੀ। ਪਿਛਲੇ ਸਾਲ ਸ਼ਹਿਰੀ ਖੇਤਰ ਲਈ ਸਾਰਾ ਖਰਚ 28,58 ਕਰੋੜ ਕੀਤਾ ਗਿਆ ਸੀ ਮੈਨੂੰ ਖੁਸ਼ੀ

[ਵਿੱਤ ਮੰਤਰੀ]

ਹੈ ਕਿ ਅਸੀਂ ਇਨ੍ਹਾਂ ਸ਼ਹਿਰੀ ਵਰਗਾਂ ਦੇ ਲਈ ਪਿਛਲੇ ਸਾਲ ਨਾਲੋਂ ਲੱਗਭਗ ਦੁੱਗਣੀ ਰਾਸ਼ੀ ਦੀ ਪ੍ਰੋਵੀਜ਼ਨ ਕੀਤੀ ਹੈ । ਅਸੀਂ ਮਿਉਂਸੀਪਲ ਕਾਰਪੋਰੇਸ਼ਨਾਂ, ਮਿਉਂਸੀਪਲ ਕਮੇਟੀਆਂ ਅਤੇ ਹੋਰ ਲੋਕਲ ਬਾਡੀਜ਼ ਨੂੰ ਜੋ ਗ੍ਰਾਂਟ ਇਨ ਏਡ ਦਿੰਦੇ ਹਾਂ, ਇਸ ਨੂੰ 32.65 ਕਰੋੜ ਰੁਪਏ ਤੋਂ ਵਧਾ ਕੇ ਪਿਛਲੇ ਸਾਲ ਨਾਲੋਂ ਦੁਗਣੀ ਕਰ ਦਿੱਤੀ ਹੈ । ਇਸ ਸਾਲ ਅਸੀਂ ਇਸ ਲਈ 69.62 ਕਰੋੜ ਰੁਪਿਆ ਰੱਖਿਆ ਗਿਆ ਹੈ ।

ਸਪੀਕਰ ਸਾਹਿਬ, ਕੱਲ੍ਹ ਇਥੇ ਬਹਿਸ ਦੇ ਦੌਰਾਨ ਜ਼ਿਕਰ ਕੀਤਾ ਗਿਆ ਸੀ ਕਿ ਬਿਜਲੀ ਦੇ ਰੇਟਸ ਇਸ ਸਰਕਾਰ ਨੇ ਵਧਾ ਦਿੱਤੇ ਹਨ । ਇਸ ਬਾਰੇ ਮੈਂ ਹਾਊਸ ਦੇ ਵਿਚ ਸਪਸ਼ਟੀਕਰਨ ਦੇਣਾ ਚਾਹੁੰਦਾ ਹਾਂ ਕਿ ਅਸੀਂ ਬਿਜਲੀ ਦੇ ਰੇਟਸ ਵਿਚ ਕੋਈ ਵਾਧਾ ਨਹੀਂ ਕੀਤਾ । ਪਰ ਅਸਲੀਅਤ ਇਹ ਹੈ ਕਿ ਕੇਂਦਰ ਸਰਕਾਰ ਦੀਆਂ ਹਦਾਇਤਾਂ ਦੇ ਮੁਤਾਬਿਕ ਜਦੋਂ, ਸਪੀਕਰ ਸਾਹਿਬ, ਕੋਲੇ ਦੀ ਕੀਮਤ ਵਿਚ ਰੇਲਵੇ ਦੀਆਂ ਵੈਗਨਜ਼ ਦੇ ਭਾੜੇ ਵਿਚ ਵਾਧਾ ਹੋਵੇ ਤਾਂ ਬਿਜਲੀ ਬੋਰਡ ਦੇ ਫਾਰਮੂਲੇ ਦੇ ਮੁਤਾਬਿਕ ਵੀ ਆਪਣੇ ਆਪ ਵਾਧਾ ਕੀਤਾ ਜਾ ਸਕਦਾ ਹੈ । ਪਿਛਲੇ ਸਾਲ ਕੋਲੇ ਦੀਆਂ ਕੀਮਤਾਂ ਵਿਚ 30% ਵਾਧਾ ਹੋਇਆ ਅਤੇ ਕੇਂਦਰ ਸਰਕਾਰ ਵਲੋਂ ਬਜਟ ਵਿਚ 12% ਵਾਧਾ ਕੀਤਾ ਗਿਆ ਹੈ । ਇਸ ਵਾਧੇ ਨੂੰ ਔਫ ਸੈਟ ਕਰਨ ਲਈ ਬਿਜਲੀ ਬੋਰਡ ਨੂੰ ਅਖਤਿਆਰ ਹਨ । ਪੰਜਾਬ ਸਰਕਾਰ ਵਲੋਂ ਨਹੀਂ, ਕੇਂਦਰੀ ਸਰਕਾਰ ਵਲੋਂ ਅਖਤਿਆਰ ਹਨ, ਕਿ ਉਹ ਵਾਧਾ ਜਿਸ ਨੂੰ ਫਿਊਲ ਸਰਚਾਰਜ ਆਖਦੇ ਹਨ, 12% ਫਿਊਲ ਸਰਚਾਰਜ ਵਧਾਏ ਗਏ ਹਨ ।

ਸਪੀਕਰ ਸਾਹਿਬ, ਇਥੇ ਹਾਊਸ ਵਿਚ ਦਸੂਹਾ ਖੰਡ ਮਿਲ ਦਾ ਜ਼ਿਕਰ ਆਇਆ ਹੈ । ਮੈਂ ਇਹ ਗੱਲ ਕਹਾਂਗਾ ਕਿ 13 ਅਕਤੂਬਰ 1992 ਨੂੰ ਮਰਹੂਮ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਪ੍ਰਧਾਨਗੀ ਅਧੀਨ ਮੀਟਿੰਗ ਹੋਈ ਇਸ ਮੀਟਿੰਗ ਵਿੱਚ ਦਸੂਹਾ ਖੰਡ ਮਿਲ ਨੂੰ ਪ੍ਰਾਈਵੇਟ ਪਾਰਟੀ ਨੂੰ ਵੇਚਣ ਦਾ ਫੈਸਲਾ ਹੋਇਆ । ਇਸ ਦੇ ਵੇਚਣ ਵਾਸਤੇ 13.65 ਕਰੋੜ ਰੁਪਏ ਦੀ ਕੀਮਤ ਰੱਖੀ ਗਈ ਅਤੇ ਉਸ ਦੀਆਂ ਕਿਸ਼ਤਾਂ ਵੀ ਬਣਾਈਆਂ ਗਈਆਂ । 31-3-1995 ਨੂੰ 2 ਕਰੋੜ 65 ਲੱਖ ਰੁਪਏ, 31-3-1996 ਨੂੰ 5 ਕਰੋੜ ਰੁਪਏ ਅਤੇ 31-3-1997 ਨੂੰ 6 ਕਰੋੜ ਰੁਪਏ ਦੇ ਲਗਭਗ ਅਦਾ ਕਰਨੀਆਂ ਸਨ । ਲੇਕਿਨ ਸਪੀਕਰ ਸਾਹਿਬ, ਨਾਰਥ ਲੈਂਡ ਦੀ ਜਿਹੜੀ ਕੰਪਨੀ ਹੈ, ਉਸ ਨੇ ਅੱਜ ਤੱਕ ਪੰਜਾਬ ਸਰਕਾਰ ਦੇ ਖ਼ਜ਼ਾਨੇ ਵਿਚ ਇਕ ਵੀ ਪੈਸਾ ਮਿੱਲ ਦੀ ਖਰੀਦ ਦਾ ਜਮ੍ਹਾਂ ਨਹੀਂ ਕਰਾਇਆ । ਇਹ ਇਕ ਬਹੁਤ ਵੱਡਾ ਸਕੈਂਡਲ ਹੈ । ਪਬਲਿਕ ਮਨੀ ਨੂੰ ਇਸ ਢੰਗ ਦੇ ਨਾਲ ਕਿਸੇ ਦੇ ਜਾਤੀ ਮੁਫਾਦ ਵਾਸਤੇ ਦਿਤਾ ਜਾਵੇ ਤਾਂ ਇਤਰਾਜ਼ਯੋਗ ਅਤੇ ਗੈਰ ਕਾਨੂੰਨੀ ਗੱਲ ਹੈ । ਇਸ ਗੱਲ ਨੂੰ ਮੁੱਖ ਰੱਖਦਿਆਂ ਹੋਇਆਂ ਸਾਡੀ ਸਰਕਾਰ ਨੇ ਇਸ ਸਾਰੇ ਮਾਮਲੇ ਦੀ ਵਿਜੀਲੈਂਸ ਬਿਊਰੋ ਤੋਂ ਇਨਕੁਆਇਰੀ ਕਰਾਉਣ ਦੀ ਹਦਾਇਤ ਕੀਤੀ ਹੈ । ਮੁੱਖ ਮੰਤਰੀ ਜੀ ਨੇ ਇਹ ਵੀ ਹਦਾਇਤ ਕੀਤੀ ਹੈ ਕਿ ਇਸ ਦੀ ਬੜੀ ਜਲਦੀ ਪੜਤਾਲ ਕੀਤੀ ਜਾਵੇ ਅਤੇ ਉਸ ਤੋਂ ਬਾਅਦ ਲੋੜੀਂਦੀ ਕਾਰਵਾਈ ਆਰੰਭ ਕੀਤੀ ਜਾਵੇਗੀ । (ਥੰਪਿੰਗ)

ਸਪੀਕਰ ਸਾਹਿਬ, ਸਾਹਮਣੇ ਬੈਠੇ ਭਰਾਵਾਂ ਵਲੋਂ ਇਥੇ ਇਹ ਵੀ ਜ਼ਿਕਰ ਆਇਆ ਹੈ ਕਿ ਸਾਡੀ ਸਰਕਾਰ ਨੇ ਸਪੈਸ਼ਲ ਕੰਪੋਨੈਂਟ ਪ੍ਰੋਗਰਾਮ ਵਿਚ ਕਮੀ ਕੀਤੀ ਹੈ । ਮੈਂ ਤੁਹਾਡੇ ਸਾਹਮਣੇ, ਸਪੀਕਰ ਸਾਹਿਬ, ਕੁਝ ਤੱਥ ਪੇਸ਼ ਕਰਨਾ ਚਾਹੁੰਦਾ ਹਾਂ । ਸਪੀਕਰ ਸਾਹਿਬ,

ਇਸ ਸਾਲ ਸਪੈਸ਼ਲ ਕੰਪੋਨੈਂਟ ਪ੍ਰੋਗਰਾਮ ਵਾਸਤੇ 210 ਕਰੋੜ ਰੁਪਏ ਰੱਖੇ ਗਏ ਹਨ ਜਿਹੜੇ ਕਿ ਪਿਛਲੇ ਸਾਲ 1996-97 ਵਿਚ 205 ਕਰੋੜ ਰੁਪਏ ਰੱਖੇ ਗਏ ਸਨ ਲੇਕਿਨ ਪਿਛਲੀ ਸਰਕਾਰ ਨੇ 205 ਕਰੋੜ ਰੁਪਏ ਵਿਚੋਂ ਸਿਰਫ 75 ਕਰੋੜ ਰੁਪਿਆ ਹੀ ਖਰਚ ਕੀਤਾ ਹੈ ਅਤੇ ਬਾਕੀ ਦਾ ਪੈਸਾ ਵਰਤਿਆ ਹੀ ਨਹੀਂ ਗਿਆ। ਸਪੀਕਰ ਸਾਹਿਬ, ਅਸੀਂ ਜਿਥੇ ਰਾਸ਼ੀ ਵਿਚ ਵਾਧਾ ਕੀਤਾ ਹੈ ਉਥੇ, ਸਪੀਕਰ ਸਾਹਿਬ, ਅਸੀਂ ਇਹ ਵੀ ਯਕੀਨੀ ਬਣਾਵਾਂਗੇ ਕਿ ਪੂਰਨ ਤੌਰ ਉਤੇ ਇਹ ਪੈਸਾ ਲੋਕ ਭਲਾਈ ਲਈ ਖਰਚਿਆ ਜਾਵੇ। ਅਸੀਂ, ਸਪੀਕਰ ਸਾਹਿਬ, ਜੋ ਪੰਜਾਬ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਹੈ, ਉਸਨੂੰ ਪਿਛਲੇ ਸਾਲ ਦੇ 30 ਕਰੋੜ ਦੇ ਮੁਕਾਬਲੇ ਇਸ ਸਾਲ ਦੁੱਗਣਾ ਕਰਦੇ ਹੋਏ, ਤਾਂਕਿ ਦਲਿਤ ਵਰਗ ਨੂੰ ਪਛੜੇ, ਵਰਗ ਨੂੰ ਇਹ ਕਾਰਪੋਰੇਸ਼ਨ ਵੱਧ ਤੋਂ ਵੱਧ ਸਹਾਇਤਾ ਦੇ ਸਕੇ, ਅਸੀਂ 60 ਕਰੋੜ ਦੀ ਰਾਸ਼ੀ ਇਸ ਕਾਰਪੋਰੇਸ਼ਨ ਨੂੰ ਮੁਹੱਈਆ ਕਰ ਰਹੇ ਹਾਂ।

EXTENTSION OF TIME OF THE SITTING

ਸ੍ਰੀ ਸਪੀਕਰ : ਐਫ. ਐਮ. ਸਾਹਿਬ, ਤੁਸੀਂ ਹੋਰ ਕਿੰਨਾ ਕੁ ਸਮਾਂ ਲਉਗੇ ? ਕਿੰਨਾ ਕੁ ਸਮਾਂ ਤੁਹਾਨੂੰ ਹੋਰ ਚਾਹੀਦਾ ਹੈ ?

ਵਿੱਤ ਮੰਤਰੀ : ਸਪੀਕਰ ਸਾਹਿਬ ਮੈਨੂੰ 15-20 ਮਿੰਟ ਹੋਰ ਲੱਗਣਗੇ।

ਸ੍ਰੀ ਸਪੀਕਰ : ਜੇ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦੀ ਬੈਠਕ ਦਾ ਸਮਾਂ ਵਿੱਤ ਮੰਤਰੀ ਦੀ ਸਪੀਚ ਦੇ ਅੰਤ ਤੱਕ ਵਧਾ ਲਿਆ ਜਾਵੇ ?

(ਆਵਾਜ਼ਾਂ: ਹਾਂ ਜੀ, ਹਾਂ ਜੀ)

ਸ੍ਰੀ ਸਪੀਕਰ : ਸਦਨ ਦਾ ਸਮਾਂ ਵਿੱਤ ਮੰਤਰੀ ਦੀ ਸਪੀਚ ਦੇ ਅੰਤ ਤੱਕ ਵਧਾਇਆ ਜਾਂਦਾ ਹੈ।

GENERAL DISCUSSION ON THE BUDGET ESTIMATES FOR THE YEAR 1997-98 (*Resumption*)

ਵਿੱਤ ਮੰਤਰੀ : ਸਪੀਕਰ ਸਾਹਿਬ, ਕੱਲ੍ਹ ਦੀ ਬਹਿਸ ਦੇ ਦੌਰਾਨ ਇਥੇ ਇਹ ਵੀ ਜ਼ਿਕਰ ਆਇਆ ਹੈ ਕਿ ਬਿਜਲੀ ਬੋਰਡ ਨੂੰ ਬਹੁਤ ਘਾਟਾ ਪਾਇਆ ਜਾ ਰਿਹਾ ਹੈ ਔਰ ਅਮੀਰ ਕਿਸਾਨਾਂ ਦਾ ਬਹੁਤ ਫਾਇਦਾ ਕੀਤਾ ਜਾ ਰਿਹਾ ਹੈ। ਇਸ ਸਦਨ ਵਿਚ ਕੁਝ ਫਿਗਰਜ਼ ਵੀ ਕੋਟ ਕੀਤੀਆਂ ਗਈਆਂ ਜਿਹੜੀਆਂ ਮੈਂ ਹਾਲੇ ਤੱਕ ਨਹੀਂ ਸਮਝ ਸਕਿਆ ਕਿ ਕਿਥੋਂ ਆਈਆਂ। ਆਖਿਆ ਗਿਆ ਕਿ ਬਿਜਲੀ ਦੇ ਬਿੱਲ ਮੁਆਫ ਕਰਨ ਨਾਲ ਵੱਡੇ ਕਿਸਾਨਾਂ ਨੂੰ 700 ਕਰੋੜ ਰੁਪਏ ਦਾ ਫਾਇਦਾ ਹੋਵੇਗਾ ਔਰ ਛੋਟੇ ਕਿਸਾਨਾਂ ਨੂੰ 600 ਕਰੋੜ ਰੁਪਏ ਦਾ ਫਾਇਦਾ ਹੋਵੇਗਾ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ (ਬੈਠੇ-ਬੈਠੇ) : ਇਹ ਤਾਂ ਸਿਰਫ ਐਗਜ਼ਾਂਪਲ ਸੀ।

ਵਿੱਤ ਮੰਤਰੀ : ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਔਰ ਇਸ ਮਹਾਨ ਸਦਨ ਨੂੰ

[ਵਿੱਤ ਮੰਤਰੀ]

ਇਹ ਜਾਣਕਾਰੀ ਦੇਣੀ ਚਾਹਵਾਂਗਾ ਕਿ ਖੇਤੀ ਸੈਕਟਰ ਦੇ ਵਿਚ ਜੋ ਬਿੱਲਾਂ ਦੀ ਅਦਾਇਗੀ ਹੁੰਦੀ ਹੈ ਪੰਜਾਬ ਰਾਜ ਬਿਜਲੀ ਬੋਰਡ ਕੋਲ, ਉਹ ਇਸ ਸਾਲ 226 ਕਰੋੜ ਰੁਪਏ ਦੀ ਟੋਟਲ ਹੋਣ ਦਾ ਅਨੁਮਾਨ ਸੀ, ਜਿਸ ਦੀ ਰਾਹਤ ਦਿੱਤੀ ਗਈ ਹੈ। ਇਸ ਕਰਕੇ ਜੋ ਅੰਕੜੇ ਪੇਸ਼ ਕੀਤੇ ਗਏ, ਉਹ ਬਿਲਕੁਲ ਗਲਤ ਸਨ।

ਸਪੀਕਰ ਸਾਹਿਬ, ਜਦੋਂ ਮੈਂ ਬਜਟ ਪੇਸ਼ ਕੀਤਾ, ਮੈਂਬਰ ਸਾਹਿਬਾਨ ਨੇ ਸ਼ਲਾਘਾ ਕੀਤੀ, ਲੇਕਿਨ ਮੇਰੀ ਨੁਕਤਾਚੀਨੀ ਵੀ ਜ਼ਰੂਰ ਕੀਤੀ। ਉਨ੍ਹਾਂ ਨੇ ਨੁਕਤਾਚੀਨੀ ਇਹ ਕੀਤੀ ਕਿ ਤੇਰੀ ਸਪੀਚ ਸੀਰੀਅਸ ਬੜੀ ਸੀ। ਸਪੀਕਰ ਸਾਹਿਬ, ਜੇ ਕਿਸੇ ਕਿਸਾਨ ਦੇ ਸਿਰ ਛੋਟੇ ਜਿਹੇ ਟਰੈਕਟਰ ਦਾ ਵੀ ਕਰਜ਼ਾ ਹੋਵੇ ਤਾਂ ਉਹ ਸੌਂ ਨਹੀਂ ਸਕਦਾ ਤੇ ਮੈਂ ਵੀ ਇਕ ਕਿਸਾਨ ਹਾਂ। ਮੇਰੇ ਸਿਰ ਤੇ ਵੀ ਅੱਜ 119 ਕਰੋੜ ਰੁਪਏ ਦਾ ਕਰਜਾ ਖੜ੍ਹਾ ਹੈ ਮੇਰੀ ਨੀਂਦ ਹਰਾਮ ਹੋਈ ਪਈ ਹੈ ਤੇ ਮੇਰਾ ਹੱਸਣਾ ਖੇਡਣਾ ਸਾਰਾ ਪਿਛਲੀ ਸਰਕਾਰ ਨੇ ਭੁਲਾ ਦਿੱਤਾ ਹੈ। (ਥੰਪਿੰਗ) ਇਸ ਦੇ ਨਾਲ ਨਾਲ, ਸਪੀਕਰ ਸਾਹਿਬ, ਮੈਨੂੰ ਕੰਮ ਵੀ ਬੜਾ ਕਰਨਾ ਪੈਂਦਾ ਹੈ। ਕੱਲ੍ਹ ਮਾਨਯੋਗ ਲੀਡਰ ਆਫ ਦੀ ਅਪੋਜ਼ੀਸ਼ਨ ਨੇ ਆਪਣੀ ਸਪੀਚ ਵਿਚ ਜ਼ਿਕਰ ਕੀਤਾ ਕਿ ਤੁਹਾਡੀ ਸਰਕਾਰ ਕੋਈ ਅਹਿਮ ਸਕੀਮ ਨਹੀਂ ਚਲਾ ਸਕੀ। ਉਨ੍ਹਾਂ ਨੇ ਜ਼ਿਕਰ ਕੀਤਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਹੋਣ ਦੇ ਸਮੇਂ 3 ਕਰੋੜ ਰੁਪਏ ਦੀ ਰਾਸ਼ੀ ਹੇਮਕੁੰਟ ਸਾਹਿਬ ਨੂੰ ਸੜਕ ਬਣਾਉਣ ਲਈ ਦਿੱਤੀ ਸੀ। ਮੈਂ ਤਾਂ ਉਦੋਂ ਤੋਂ ਹੀ ਫਾਈਲਾਂ ਲੱਭਣ ਲਗਾ ਹੋਇਆ ਹਾਂ ਸਾਰੇ ਅਫਸਰ ਲੱਗੇ ਹੋਏ ਹਨ ਕਿ ਕਿਧਰੇ ਤਾਂ ਬੀਬੀ ਜੀ ਦੇ ਆਰਡਰ ਲੱਭ ਜਾਣ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ (ਬੈਠੇ-ਬੈਠੇ) : ਤੁਸੀਂ ਸਾਡੇ ਸਾਰੇ ਆਰਡਰ ਖੋ ਦਿੱਤੇ।

ਵਿੱਤ ਮੰਤਰੀ : ਮੈਂ ਇਹ ਗੱਲ ਕਹਾਂਗਾ ਕਿ, ਸਪੀਕਰ ਸਾਹਿਬ, ਸਰਕਾਰ ਦੀਆਂ ਸਾਰੀਆਂ ਫਾਈਲਾਂ ਖੋਜਣ ਤੋਂ ਬਾਅਦ ਕਿਧਰੇ ਵੀ ਹੇਮਕੁੰਟ ਸਾਹਿਬ ਵਾਲੀ ਸਕੀਮ ਦਾ ਜ਼ਿਕਰ ਮੇਰੇ ਸਾਹਮਣੇ ਨਹੀਂ ਆਇਆ।

ਸਪੀਕਰ ਸਾਹਿਬ, ਡਿਸਕਸ਼ਨ ਦੌਰਾਨ ਇਕ ਹੋਰ ਗੱਲ ਦਾ ਜ਼ਿਕਰ ਆਇਆ ਹੈ ਕਿ ਗੁਰੂ ਤੇਗ ਬਹਾਦਰ ਮਾਰਗ ਬਣਾਉਣ ਦਾ ਫੈਸਲਾ ਕੀਤਾ ਗਿਆ ਸੀ ਇਸ ਦੇ ਬਾਰੇ ਵੀ ਮੈਂ ਕੁਝ ਜਾਣਕਾਰੀ ਦੇਣੀ ਚਾਹਾਂਗਾ। ਇਹ ਮਾਰਗ ਬਣਾਉਣ ਵਾਸਤੇ ਪਹਿਲੀ ਜਨਵਰੀ, 1996 ਨੂੰ ਐਲਾਨ ਕੀਤਾ ਗਿਆ ਸੀ ਔਰ ਇਕ ਨੋਟ ਪ੍ਰਿੰਸੀਪਲ ਸੈਕਟਰੀ ਟੂ ਸੀ. ਐਮ. ਨੇ ਦਿੱਤਾ। ਇਸ ਤੋਂ ਬਾਅਦ ਇਸ ਨੋਟ ਦੇ ਉਪਰ, ਇਸ ਅਨਾਊਂਸਮੈਂਟ ਦੇ ਉਪਰ, ਕੋਈ ਕਾਰਵਾਈ ਨਹੀਂ ਹੋਈ। 9 ਮਹੀਨੇ ਬਾਅਦ ਮਿਤੀ 1-10-96 ਨੂੰ ਫਿਰ ਇਸ ਦਾ ਖਿਆਲ ਕੀਤਾ ਗਿਆ। ਇਕ ਉਚ ਪੱਧਰੀ ਕਮੇਟੀ ਬਣਾਈ ਗਈ, ਜਿਸ ਦੇ ਮੁੱਖ ਮੰਤਰੀ ਅਤੇ ਖਜ਼ਾਨਾ ਮੰਤਰੀ ਬਾਕੀ ਮੈਂਬਰਾਂ ਦੇ ਨਾਲ ਮੈਂਬਰ ਸਨ। ਤਜਵੀਜ਼ ਕੀਤਾ ਗਿਆ ਸੀ ਕਿ 1329 ਕਿਲੋਮੀਟਰ ਲੰਮਾ ਇਹ ਮਾਰਗ ਬਣਾਇਆ ਜਾਵੇਗਾ। ਮੈਂ ਫਿਰ ਰਿਕਾਰਡ ਫੋਲਦਾ ਰਿਹਾ, ਸਾਰੀਆਂ ਫਾਈਲਾਂ ਲੱਭਦਾ ਰਿਹਾ, ਸਾਰੀ ਰਾਤ ਬੈਠਾ ਰਿਹਾ, ਲੇਕਿਨ ਇਸ ਕਮੇਟੀ ਦੀ ਕਿਸੇ ਮੀਟਿੰਗ ਦਾ ਮੈਨੂੰ ਕੋਈ ਪਤਾ ਨਹੀਂ ਲੱਗਾ, ਕੋਈ ਮੀਟਿੰਗ ਨਹੀਂ ਹੋਈ, ਫਿਰ ਕੋਈ ਫੈਸਲਾ ਕੀ ਹੋਣਾ ਸੀ। ਇਸ ਦੇ ਬਾਰੇ ਮੈਂ ਅੱਗੇ ਇਹ ਕਹਾਂਗਾ ਕਿ ਅਖੀਰ ਵਿਚ ਭੈਣ

ਜੀ ਨੂੰ ਮੌਕਾ ਦਿੱਤਾ ਗਿਆ । ਇਨ੍ਹਾਂ ਨੇ ਫਿਰ ਜਲਦੀ ਜਲਦੀ ਫੈਸਲੇ ਕਰਨੇ ਸ਼ੁਰੂ ਕਰ ਦਿੱਤੇ, ਲੇਕਿਨ ਇਹ ਸਾਰੇ ਫੈਸਲੇ ਅਖਬਾਰੀ ਹੀ ਸਨ । ਇਨ੍ਹਾਂ ਨੇ ਐਲਾਨ ਵੀ ਕੀਤੇ ਲੇਕਿਨ ਨਾ ਪੰਜਾਬ ਸਰਕਾਰ ਦੇ ਪੀ. ਡਬਲਯੂ. ਡੀ. ਨੇ ਅਤੇ ਨਾ ਹੀ ਫਾਈਨਾਂਸ ਡਿਪਾਰਟ-ਮੈਂਟ ਨੇ ਇਸ ਸਕੀਮ ਦੀ ਕੋਈ ਪ੍ਰਵਾਨਗੀ ਦਿੱਤੀ । ਨਾ ਹੀ ਇਸ ਦੀ ਖਾਤਰ ਕੋਈ ਧਿਆਨ ਦਿੱਤਾ ਗਿਆ । ਮੈਨੂੰ ਪਤਾ ਨਹੀਂ ਕਿ ਮੇਰੇ ਭੈਣ ਜੀ ਨੇ ਕਿਵੇਂ ਇਸ ਦਾ ਜ਼ਿਕਰ ਕੀਤਾ ਲੇਕਿਨ ਮੈਂ ਦੱਸਣਾ ਚਾਹਾਂਗਾ ਕਿ ਇਹ ਸਾਰੀਆਂ ਗੱਲਾਂ ਸਿਰਫ ਅਖਬਾਰੀ ਹੀ ਸਨ । ਬੀਬੀ ਜੀ ਦੀ ਮਜਬੂਰੀ ਨੂੰ ਅਸੀਂ ਸਮਝ ਸਕਦੇ ਹਾਂ ਕਿ ਇਨ੍ਹਾਂ ਨੂੰ ਮੌਕਾ ਹੀ ਉਦੋਂ ਮਿਲਿਆ ਜਦੋਂ ਕਿ ਇਲੈਕਸ਼ਨ ਬਿਲਕੁਲ ਨੇੜੇ ਆ ਗਏ ਸਨ । ਇਨ੍ਹਾਂ ਨੇ ਉਦੋਂ ਕਿਹਾ ਕਿ ਬਾਕੀ ਗੱਲਾਂ ਤਾਂ ਬਾਅਦ ਵਿਚ ਦੇਖ ਲਵਾਂਗੇ, ਪਹਿਲਾਂ ਅਖਬਾਰਾਂ ਵਿਚ ਬਿਆਨ ਤਾਂ ਦੇ ਦਿਉ । ਇਸ ਦੇ ਉਲਟ ਸਾਡੇ ਮੁੱਖ ਮੰਤਰੀ ਨੇ ਫੈਸਲਾ ਕੀਤਾ ਹੈ ਕਿ ਅਸੀਂ ਖਾਲਸੇ ਦਾ 300 ਸਾਲਾ ਜਨਮ ਦਿਨ ਮਨਾਉਣਾ ਹੈ ਔਰ ਇਸ ਦੇ ਮਨਾਉਣ ਵਾਸਤੇ ਅੰਤਰ ਰਾਸ਼ਟਰੀ ਪੱਧਰ ਦੇ ਪ੍ਰਬੰਧ ਕੀਤੇ ਜਾਣੇ ਹਨ । ਸਪੀਕਰ ਸਾਹਿਬ, ਮੈਂ ਦੱਸਣਾ ਚਾਹਵਾਂਗਾ ਕਿ ਸਾਡੀ ਵਚਨ-ਬੱਧਤਾ, ਸਾਡਾ ਇਰਾਦਾ ਔਰ ਜੋ ਸਾਡਾ ਕੰਮ ਕਰਨ ਦਾ ਢੰਗ ਤਰੀਕਾ ਹੈ, ਉਸ ਵਿਚ ਅਤੇ ਇਨ੍ਹਾਂ ਦੇ ਢੰਗ ਤਰੀਕੇ ਵਿਚ ਕਿੰਨਾ ਫਰਕ ਹੈ । ਅਸੀਂ ਇਸ ਫੈਸਲੇ ਦੇ ਨਾਲ ਨਾਲ ਪ੍ਰਸ਼ਾਸਨਿਕ ਅਤੇ ਵਿੱਤੀ ਪ੍ਰਬੰਧ ਵੀ ਕਰ ਦਿੱਤੇ ਹਨ । ਫੈਸਲਾ ਹੋਇਆ ਕਿ ਕੀਰਤਪੁਰ ਸਾਹਿਬ ਤੋਂ ਆਨੰਦਪੁਰ ਸਾਹਿਬ ਤੱਕ 4 ਲੇਨ ਵਾਲੀ ਸੜਕ ਬਣਾਈ ਜਾਵੇਗੀ (ਥੰਪਿੰਗ)।ਇਹ ਵੀ ਫੈਸਲਾ ਹੋਇਆ ਹੈ ਕਿ ਅੱਧੀ ਸੜਕ ਇਸ ਸਾਲ ਬਣੇਗੀ ਅਤੇ ਬਾਕੀ ਦੀ ਅੱਧੀ ਅਗਲੇ ਸਾਲ ਕੰਪਲੀਟ ਕੀਤੀ ਜਾਵੇਗੀ ਅਸੀਂ ਇਸ ਸਾਲ ਪੀ. ਡਬਲਿਯੂ. ਡੀ.ਦੀ ਐਲੋਕੇਸ਼ਨ ਵਿਚੋਂ 17 ਕਰੋੜ ਰੁਪਏ ਪਹਿਲਾਂ ਹੀ ਇਸ ਕੰਮ ਵਾਸਤੇ ਈਅਰ ਮਾਰਕ ਕਰ ਦਿੱਤੇ ਹਨ । (ਥੰਪਿੰਗ) ਇਹ ਵੀ ਫੈਸਲਾ ਹੋਇਆ ਕਿ ਬੇਹੱਦ ਸ਼ਰਧਾਲੂ ਆਉਂਦੇ ਹਨ ਹੋਲੇ ਮਹੱਲੇ ਵੇਲੇ, ਔਰ ਵੈਸੇ ਵੀ ਇਕੱਠ ਹੁੰਦਾ ਹੈ, ਇਸ ਕਰਕੇ ਆਨੰਦਪੁਰ ਸਾਹਿਬ ਦੇ ਸ਼ਹਿਰ ਲਈ ਵਿਆਪਕ ਵਾਟਰ ਸਪਲਾਈ ਦੀ ਸਕੀਮ ਤਿਆਰ ਕੀਤੀ ਜਾਵੇ, ਜਿਸਦੇ ਵਾਸਤੇ 3.7 ਕਰੋੜ ਰੁਪਏ ਰੱਖੇ ਗਏ ਹਨ । (ਥੰਪਿੰਗ) ਫੈਸਲਾ ਹੋਇਆ ਕਿ ਇਸ ਧਾਰਮਕ ਅਸਥਾਨ ਨੂੰ, ਖਾਲਸੇ ਦੀ ਜਨਮ ਭੂਮੀ ਨੂੰ, ਸਾਫ ਸੁਥਰਾ ਕਰਨ ਲਈ ਏਥੇ ਸੀਵਰੇਜ ਸਿਸਟਮ ਬਣਾਇਆ ਜਾਵੇ । ਇਸ ਦੇ ਵਾਸਤੇ 14 ਕਰੋੜ ਰੁਪਏ ਦੀ ਰਾਸ਼ੀ ਦਾ ਉਪਬੰਧ ਕਰ ਦਿੱਤਾ ਗਿਆ ਹੈ । ਇਸ ਦੇ ਨਾਲ ਨਾਲ, ਸਪੀਕਰ ਸਾਹਿਬ, ਆਨੰਦਪੁਰ ਸਾਹਿਬ ਵਿਖੇ ਖਾਲਸੇ ਦਾ ਇਤਿਹਾਸ ਦਰਸਾਉਣ ਲਈ ਢਾਈ ਸੌ ਹੈਕਟੇਅਰ ਜ਼ਮੀਨ ਐਕੁਆਇਰ ਕਰਨ ਲਈ ਪੰਜ ਕਰੋੜ ਰੁਪਏ ਦੀ ਰਕਮ ਵੀ ਮੁਹੱਈਆ ਕਰ ਦਿੱਤੀ ਗਈ ਹੈ । (ਥੰਪਿੰਗ)

ਸਪੀਕਰ ਸਾਹਿਬ, ਜ਼ਿਕਰ ਆਇਆ ਕਿ ਸਾਡੀ ਸਰਕਾਰ ਨੇ ਜੋ ਸਾਡੀਆਂ ਬਹੁਤ ਉਮਰ ਵਾਲੀਆਂ ਮਾਤਾਵਾਂ ਹਨ, ਉਨ੍ਹਾਂ ਵਾਸਤੇ ਫਰੀ ਬੱਸ ਟਰੈਵਲ ਦਾ ਪ੍ਰਬੰਧ ਨਹੀਂ ਕੀਤਾ ਸ਼ਾਇਦ ਧਿਆਨ ਨਹੀਂ ਕੀਤਾ ਗਿਆ ਸਿਰਫ ਮੁਫਤ ਬੱਸ ਸੇਵਾ ਪਰਦਾਨ ਕਰਨ ਲਈ ਇਕ ਕਰੋੜ ਰੁਪਏ ਦੀ ਰਾਸ਼ੀ, ਸਪੀਕਰ ਸਾਹਿਬ, ਮੈਂ ਇਸ ਸਾਲ ਪਹਿਲਾਂ ਹੀ ਰੱਖ ਚੁੱਕਾ ਹਾਂ ।

[ਵਿੱਤ ਮੰਤਰੀ]

ਸਪੀਕਰ ਸਾਹਿਬ, ਮੇਰੇ ਮਾਨਯੋਗ ਵਿਰੋਧੀ ਧਿਰਾਂ ਦੇ ਮੈਂਬਰ ਸਾਹਿਬਾਨ ਨੇ ਕਿਸਾਨਾਂ ਦੇ ਪ੍ਰਤੀ ਬੜੀ ਹਮਦਰਦੀ ਪ੍ਰਗਟਾਈ ਔਰ ਇਹ ਆਖਿਆ ਕਿ ਜਿਹੜਾ 10 ਹਜ਼ਾਰ ਰੁਪਏ ਦਾ ਟਰੈਕਟਰਾਂ ਤੇ ਰੋਡ ਟੈਕਸ ਲਾਇਆ ਹੈ ਇਸ ਨਾਲ ਕਿਸਾਨਾਂ ਤੇ ਵਜ਼ਨ ਪਿਆ ਹੈ। ਉਸਦੇ ਬਾਰੇ ਮੈਂ ਕਹਿਣਾ ਚਾਹਾਂਗਾ ਕਿ ਜਿਹੜਾ ਟਰੈਕਟਰ ਖੇਤੀਬਾੜੀ ਲਈ ਕਿਸਾਨ ਦੀ ਉਪਜ ਨੂੰ ਖੇਤਾਂ ਵਿਚੋਂ ਮੰਡੀ ਤੱਕ ਲਿਜਾਣ ਲਈ ਵਰਤਿਆ ਜਾਂਦਾ ਹੈ, ਉਸ ਵਾਸਤੇ ਕੋਈ ਟੈਕਸ ਨਹੀਂ ਹੋਏਗਾ। ਲੇਕਿਨ ਅੱਜ ਬਹੁਤ ਸਾਰੇ ਵਿਅਕਤੀਆਂ ਨੇ ਆਪਣੇ ਰੋਜ਼ਗਾਰ ਤੋਰਨ ਲਈ ਜਿਹੜੇ ਟਰੈਕਟਰ ਸ਼ਹਿਰਾਂ ਵਿਚ ਚਲਾਉਣ ਦਾ ਪ੍ਰਬੰਧ ਕੀਤਾ ਹੈ, ਇਹ ਰੋਡ ਟੈਕਸ ਉਨ੍ਹਾਂ ਤੇ ਲਗੇਗਾ।

ਸਪੀਕਰ ਸਾਹਿਬ, ਇਹ ਵੀ ਜ਼ਿਕਰ ਆਇਆ ਹੈ ਕਿ ਹਰੀਜਨ ਧਰਮਸ਼ਾਲਾਵਾਂ ਲਈ, ਦਲਿਤ ਵੀਰਾਂ ਲਈ ਧਰਮਸ਼ਾਲਾਵਾਂ ਲਈ, ਜੋ ਰਾਸ਼ੀ ਹੈ ਉਸਦੇ ਵਿਚ ਕਟੌਤੀ ਕੀਤੀ ਗਈ ਹੈ। ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਕਾਰਗੁਜ਼ਾਰੀ ਇਸ ਹਾਊਸ ਨੂੰ ਦੱਸਾਂਗਾ। ਪਿਛਲੇ ਸਾਲ ਦਲਿਤ ਵੀਰਾਂ ਲਈ ਧਰਮਸ਼ਾਲਾਵਾਂ ਲਈ 1.08 ਕਰੋੜ ਰੁਪਿਆ ਬਜ਼ਟ ਵਿਚ ਰੱਖਿਆ ਗਿਆ ਔਰ 3 ਕਰੋੜ ਰੁਪਏ ਰਿਵਾਈਜਡ ਐਸਟੀਮੇਟ ਵਿਚ ਰੱਖੇ ਗਏ। ਟੋਟਲ ਰਾਸ਼ੀ4.08ਕਰੋੜ ਦੀ ਸੀ, ਜਿਸਦੇ ਵਿਚੋਂ ਸਾਡੀ ਪਿਛਲੀ ਸਰਕਾਰ ਨੇ, ਜਿਹੜੀ ਕਿ ਇਸ ਵਰਗ ਦੇ ਨਾਲ ਬਹੁਤ ਹਮਦਰਦੀ ਜਿਤਾਉਂਦੀ ਹੈ ਕੇਵਲ 54 ਲੱਖ ਰੁਪਏ ਹੀ ਖਰਚ ਕੀਤੇ ਔਰ ਬਾਕੀ ਦੀ ਸਾਰੀ ਰਾਸ਼ੀ ਸਰੰਡਰ ਕਰ ਦਿੱਤੀ......(ਵਿਘਨ)

ਸਪੀਕਰ ਸਾਹਿਬ, ਮੈਂ ਅੱਜ ਇਸ ਮਹਾਨ ਸਦਨ ਦੇ ਰਾਹੀਂ ਇਕ ਅਪੀਲ ਵੀ ਕਰਨਾ ਚਾਹਾਂਗਾ, ਜਿਹੜੀ ਵਾਰ ਵਾਰ ਸਾਡੇ ਸਾਹਮਣੇ ਆਉਂਦੀ ਹੈ ਕਿ ਅੱਜ ਪੰਜਾਬ ਦੀ ਸਰਕਾਰ ਹੈ ਸਾਨੂੰ ਆਪਣੇ ਵਿੱਤੀ ਸਾਧਨ ਆਪ ਜੁਟਾਉਣੇ ਪੈਂਦੇ ਹਨ। ਲੇਕਿਨ ਕੇਂਦਰੀ ਪ੍ਰਸ਼ਾਸਨ ਚੰਡੀਗੜ੍ਹ ਦੇ ਵਿਚ ਜੋ ਬਜਟ ਰਾਹੀਂ ਐਲੋਕੇਸ਼ਨ ਹੁੰਦੀ ਹੈ ਉਹ ਬੜੀ ਖੁਲ੍ਹ ਦਿਲੀ ਨਾਲ ਹੁੰਦੀ ਹੈ, ਇਸ ਕਰਕੇ, ਸਪੀਕਰ ਸਾਹਿਬ, ਪੰਜਾਬ ਨਾਲ ਕਈ ਗੱਲਾਂ ਵਿਚ ਸੈਂਟਰ ਵਲੋਂ ਬਹੁਤ ਵਿਤਕਰਾ ਕੀਤਾ ਜਾਂਦਾ ਹੈ।

ਕਈ ਕਾਰਜਾਂ ਦੇ ਵਿਚ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਕਰਾਂ ਦੀ ਦਰ ਬਹੁਤ ਘੱਟ ਹੈ, ਜਿਸ ਦੇ ਨਾਲ ਪੰਜਾਬ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਉਤੇ ਬੁਰਾ ਅਸਰ ਪੈਂਦਾ ਹੈ। ਖਾਸ ਕਰਕੇ ਜਦੋਂ ਇਹ ਫੈਸਲਾ ਹੋ ਗਿਆ ਹੋਵੇ ਦਿੱਲੀ ਦੇ ਵਿਚ ਬੈਠ ਕੇ ਅਤੇ ਨਾਰਥ ਜ਼ੋਨ ਦੇ ਸਾਰੇ ਸੂਬਿਆਂ ਵਲੋਂ ਮਿਲ ਕੇ ਇਕ ਆਮ ਸਹਿਮਤੀ ਪੈਦਾ ਕੀਤੀ ਗਈ ਹੋਵੇ ਕਿ ਸੇਲਜ਼ ਟੈਕਸ ਵੱਖ ਵੱਖ ਚੀਜ਼ਾਂ ਪੈਟਰੋਲ ਆਦਿ ਤੇ ਬਰਾਬਰ ਹੋਵੇਗਾ ਤਾਂ ਇਸ ਵਿਚ ਇਕਸਾਰਤਾ ਹੋਣੀ ਚਾਹੀਦੀ ਹੈ। ਉਥੇ ਇਹ ਵੀ ਫੈਸਲਾ ਹੋਇਆ ਸੀ ਕਿ ਪੈਟਰੋਲ ਤੇ 12% ਸੇਲਜ਼ ਟੈਕਸ ਹੋਣਾ ਚਾਹੀਦਾ ਹੈ। ਮੈਂ ਇਸ ਮਹਾਨ ਸਦਨ ਨੂੰ ਇਹ ਅਪੀਲ ਕਰਾਂਗਾ ਕਿ ਉਹ ਮੇਰੇ ਨਾਲ ਜੁੜਦੇ ਹੋਏ, ਅਸੀਂ ਚੰਡੀਗੜ੍ਹ ਪ੍ਰਸ਼ਾਸਨ ਅਤੇ ਕੇਂਦਰ ਸਰਕਾਰ ਨੂੰ ਬੇਨਤੀ ਕਰੀਏ ਕਿ ਇਹ ਜਿਹੜਾ ਅੰਤਰ ਹੈ, ਇਸ ਨੂੰ ਸਮਾਪਤ ਕਰਦੇ ਹੋਏ ਸਾਡੇ ਸੂਬੇ ਦੇ ਵਿਕਾਸ, ਸਾਡੇ ਸੂਬੇ ਦੀ ਵਿੱਤੀ ਸਥਿਤੀ ਨੂੰ ਸਾਹਮਣੇ ਰੱਖਦੇ ਹੋਏ ਚੰਡੀਗੜ੍ਹ ਦੇ ਰੇਟਾਂ ਅਤੇ ਪੰਜਾਬ ਦੇ ਰੇਟਾਂ ਵਿਚ ਪੈਰਿਟੀ ਹੋਣੀ ਚਾਹੀਦੀ ਹੈ। ਸਾਡੇ ਮੁੱਖ ਮੰਤਰੀ ਨੇ ਐਕਸਾਈਜ਼ ਡਿਊਟੀ ਵਾਸਤੇ ਪਹਿਲਾਂ ਵੀ ਚਿੱਠੀ ਲਿਖੀ ਸੀ ਅਤੇ ਅਸੀਂ ਅੱਜ ਵੀ

ਬੇਨਤੀ ਕਰਦੇ ਹਾਂ, ਇਸ ਫਲੋਰ ਤੋਂ ਬੇਨਤੀ ਕਰਦੇ ਹਾਂ ਕਿ ਇਹ ਪ੍ਰਬੰਧ ਕੀਤਾ ਜਾਵੇ । ਇਸ ਦੇ ਨਾਲ, ਸਪੀਕਰ ਸਾਹਿਬ, ਖਾਸ ਕਰਕੇ ਰੋਪੜ ਅਤੇ ਪਟਿਆਲਾ ਦੇ ਜਿਹੜੇ ਨੇੜਲੇ ਇਲਾਕੇ ਪੈਂਦੇ ਹਨ, ਚਾਹੇ ਉਹ ਮਾਰਕੀਟ ਫੀਸ ਹੋਵੇ, ਚਾਹੇ ਸੇਲਜ਼ ਟੈਕਸ ਹੋਵੇ, ਚਾਹੇ ਮੰਡੀਆਂ ਹੋਣ, ਪੈਟਰੋਲ ਪੰਪ ਹੋਣ, ਚਾਹੇ ਹੋਰ ਕੋਈ ਸੇਵਾਵਾਂ ਹੋਣ, ਉਨ੍ਹਾਂ ਤੇ ਬੜਾ ਭੈੜਾ ਅਸਰ ਪੈਂਦਾ ਹੈ । ਇਸ ਨੂੰ ਇਸ ਇਲਾਕਿਆਂ ਦੇ ਨਾਲ ਅਸੀਂ ਵਿਤਕਰਾ ਸਮਝਦੇ ਹਾਂ । ਸਪੀਕਰ ਸਾਹਿਬ, ਮੈਂ ਰੋਡਜ਼ ਟੈਕਸ ਦੀਆਂ ਜੋ ਤਜਵੀਜ਼ਾਂ ਪੇਸ਼ ਕੀਤੀਆਂ ਸਨ, ਉਸ ਉਤੇ ਇਸ ਬਹਿਸ ਦੇ ਦੌਰਾਨ ਮਾਨਯੋਗ ਮੈਂਬਰ ਸਾਹਿਬਾਨ ਵੱਲੋਂ ਬੜੇ ਹੀ ਉਸਾਰੂ ਅਤੇ ਪ੍ਰਭਾਵਸ਼ਾਲੀ ਸੁਝਾਓ ਆਏ ਹਨ । ਜਿਨ੍ਹਾਂ ਦਾ ਮੈਂ ਸਵਾਗਤ ਕਰਦਾ ਹਾਂ ਅਤੇ ਉਨ੍ਹਾਂ ਦਾ ਸਤਿਕਾਰ ਕਰਦਾ ਹੋਇਆ, ਮੈਂ ਉਨ੍ਹਾਂ ਦਰਾਂ ਵਿਚ ਥੋੜੀ ਜਿਹੀ ਸੋਧ ਦਾ ਜ਼ਿਕਰ ਕਰਦਾ ਹਾਂ । ਮੈਂ ਇਹ ਤਜਵੀਜ਼ ਪੇਸ਼ ਕਰਦਾ ਹਾਂ ਕਿ, ਸਪੀਕਰ ਸਾਹਿਬ, ਮੋਪੇਡ, ਸਕੂਟਰ ਅਤੇ 50,000 ਰੁਪਏ ਤੱਕ ਦੀ ਕੀਮਤ ਵਾਲੇ ਮੋਟਰਸਾਈਕਲਾਂ ਤੇ ਜਿਹੜੀ ਅਸੀਂ ਤਜਵੀਜ਼ 1% ਰੋਡ ਟੈਕਸ ਦੀ ਕੀਤੀ ਸੀ ਉਸ ਨੂੰ ਖਤਮ ਕਰਦੇ ਹੋਏ ਮੈਂ ਇਹ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਮੌਜੂਦਾ ਰੇਟਾਂ ਤੇ ਹੀ ਰੱਖਿਆ ਜਾਵੇ ।

ਇਸ ਦੇ ਨਾਲ ਅੱਜ ਵੀ ਅਤੇ ਕੱਲ੍ਹ ਵੀ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਇਹ ਗੱਲ ਵਾਰ ਵਾਰ ਆਖੀ ਹੈ ਕਿ ਜਿਹੜਾ ਅਸੀਂ ਬੱਸਾਂ ਦੇ ਉਤੇ 500/- ਰੁਪਏ ਸੀਟ ਤੋਂ ਲੈ ਕੇ 750/- ਰੁਪਏ ਸੀਟ ਦਾ ਵਾਧਾ ਕੀਤਾ ਹੈ ਇਸ ਨਾਲ ਜਿਹੜੇ ਸੱਜਣ ਇਕ ਇਕ ਬੱਸ ਦੇ ਮਾਲਕ ਹਨ ਜਾਂ ਛੋਟੇ ਓਪਰੇਟਰ ਹਨ, ਉਨ੍ਹਾਂ ਉਤੇ ਮਾੜਾ ਅਸਰ ਪੈਂਦਾ ਹੈ । ਮੈਂ ਇਸ ਹਾਊਸ ਦੇ ਵਿਚ ਜੋ ਮੈਂਬਰ ਸਾਹਿਬਾਨ ਨੇ ਅਲਫ਼ਾਜ਼ ਰੱਖੇ ਹਨ, ਉਨ੍ਹਾਂ ਦੀਆਂ ਭਾਵਨਾਵਾਂ ਦੀ ਪੂਰਤੀ ਕਰਦਾ ਹੋਇਆ 750/- ਰੁਪਏ ਤੋਂ ਘਟਾ ਕੇ 650/- ਰੁਪਏ ਪਰ ਸੀਟ ਕਰਨ ਦੀ ਤਜਵੀਜ਼ ਪੇਸ਼ ਕਰਦਾ ਹਾਂ ।

ਇਸੇ ਤਰ੍ਹਾਂ ਹੀ ਟਰੱਕਾਂ ਦੇ ਉਪਰ ਤਜਵੀਜ਼ੇ ਹੋਏ 3,000/- ਰੁਪਏ ਨੂੰ ਘਟਾ ਕੇ 2500/- ਰੁਪਏ ਦੀ ਪ੍ਰਵਾਨਗੀ ਲਈ ਇਸ ਹਾਊਸ ਕੋਲੋਂ ਅਰਦਾਸ ਕਰਦਾ ਹਾਂ । ਸਪੀਕਰ ਸਾਹਿਬ, ਇਨ੍ਹਾਂ ਤਰਜੀਹਾਂ ਦੇ ਰਾਹੀਂ, ਇਸ ਵਿਆਪਕ ਯੋਜਨਾ ਦੇ ਰਾਹੀਂ ਸਾਡੀ ਸਰਕਾਰ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਦੇ ਅਧੀਨ ਪੰਜਾਬੀਆਂ ਦੀਆਂ ਆਸ਼ਾਵਾਂ ਨੂੰ ਪੂਰਾ ਕਰਨ ਦਾ ਲਕਸ਼ ਰੱਖਿਆ ਹੈ । ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਪੰਜਾਬ ਨੇ ਬੜਾ ਲੰਮਾ ਸੰਤਾਪ ਹੰਢਾਇਆ ਹੈ ਔਰ ਇਹ ਐਸਾ ਸੰਤਾਪ ਹੈ ਜਿਸ ਨੇ ਪੰਜਾਬ ਦੇ ਹਰ ਕੁਰਮ ਨੂੰ ਛੋਹਿਆ ਹੈ । ਇਸ ਸੰਤਾਪ ਦੇ ਸਦਕਾ ਹਰ ਪਿੰਡ ਅਤੇ ਗਲੀ ਵਿਚ ਸਿਵੇ ਜਲੇ ਹਨ, ਹਰ ਘਰ ਅਤੇ ਸ਼ਹਿਰ ਵਿੱਚ ਕੂਕਾਂ ਦੀ ਪੁਕਾਰ ਹੋਈ ਹੈ । ਅੱਜ ਮੌਕਾ ਆਇਆ ਹੈ ਕਿ ਅਸੀਂ ਉਸ ਸਮੇਂ ਨੂੰ ਭੁਲਾਉਂਦੇ ਹੋਏ, ਉਸ ਤੋਂ ਸਿੱਖਿਆ ਪ੍ਰਾਪਤ ਕਰਦੇ ਹੋਏ, ਪੰਜਾਬ ਦੇ ਅੰਦਰ ਇਕ ਨਵੀਂ ਸਵੇਰ ਦਾ ਆਰੰਭ ਕਰੀਏ । ਪੰਜਾਬ ਦੇ ਅੰਦਰ ਇਕ ਨਵੀਂ ਆਸ਼ਾ ਦੀ ਸ਼ੁਰੂਆਤ ਕਰੀਏ ਅਤੇ ਪੰਜਾਬ ਦੇ ਅੰਦਰ ਐਸਾ ਮਾਹੌਲ ਪੈਦਾ ਕਰੀਏ ਜਿਸ ਮਾਹੌਲ ਦੇ ਵਿੱਚ ਆਸ਼ਾ ਦੀ ਕਿਰਨ ਹੋਵੇ, ਵਿਸ਼ਵਾਸ਼ ਹੋਵੇ ਅਤੇ ਹਰ ਵਿਅਕਤੀ ਨੂੰ ਇਨਸਾਫ ਮਿਲੇ । ਇਸ ਗੱਲ ਦੀ ਪ੍ਰਾਪਤੀ ਦੀ ਖਾਤਰ, ਸਪੀਕਰ

[ਵਿੱਤ ਮੰਤਰੀ]

ਸਾਹਿਬ, ਮੌਜੂਦਾ ਹਾਊਸ ਦੇ ਪਹਿਲੇ ਦਿਨ ਸਾਡੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਵਿਰੋਧੀ ਧਿਰ ਨੂੰ ਕੋਆਪਰੇਸ਼ਨ ਦੀ ਆਫਰ ਦਿੱਤੀ ਸੀ ਉਨ੍ਹਾਂ ਨੇ ਆਖਿਆ ਸੀ ਕਿ ਅਸੀਂ ਜਿਹੜਾ ਨਵਾਂ ਪੰਜਾਬ ਖੜ੍ਹਾ ਕਰਨਾ ਚਾਹੁੰਦੇ ਹਾਂ, ਅਸੀਂ ਜਿਹੜੀ ਪੰਜਾਬੀਆਂ ਦੀ ਉਪਲਭਧਤਾ ਕਾਇਮ ਕੀਤੀ ਹੈ, ਉਸ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ ਅਤੇ ਪੰਜਾਬ ਨੂੰ ਖੁਸ਼ਹਾਲ ਕਰਨਾ ਚਾਹੀਦਾ ਹੈ । ਇਸ ਗੱਲ ਦੇ ਲਈ ਵਿਰੋਧੀ ਧਿਰ ਕੋਲੋਂ ਸਪੀਕਰ ਸਾਹਿਬ ਬਾਦਲ ਸਾਹਿਬ ਨੇ ਕੋਅਪਰੇਸ਼ਨ ਦੀ ਮੰਗ ਕੀਤੀ ਸੀ, ਆਮ ਰਾਏ ਦੀ ਮੰਗ ਕੀਤੀ ਸੀ ਔਰ ਪਿਛਲੀਆਂ ਗੱਲਾਂ ਤੋਂ ਸਬਕ ਸਿੱਖਣ ਦੀ ਮੰਗ ਕੀਤੀ ਸੀ । ਆਫਰ ਕਨਸੈਂਸਿਜ਼ ਦੀ ਹੋਈ, ਕੋਅਪਰੇਸ਼ਨ ਦੀ ਹੋਈ, ਲੇਕਿਨ ਸਪੀਕਰ ਸਾਹਿਬ, ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਕਾਂਗਰਸੀ ਵੀਰਾਂ ਨੇ ਪਿਛਲੇ ਸਮੇਂ ਤੋਂ ਕੋਈ ਸਬਕ ਨਾ ਸਿੱਖਦੇ ਹੋਏ ਅੱਜ ਵੀ ਕਨਫਰੰਟੇਸ਼ਨ ਦੀ ਨੀਤੀ ਅਪਣਾਈ ਹੋਈ ਹੈ । ਲੀਡਰ ਆਫ ਦੀ ਆਪੋਜੀਸ਼ਨ ਇਕ ਮਸਲਾ ਲੈ ਕੇ ਗਏ, ਉਨ੍ਹਾਂ ਨੇ ਇਸ ਗੱਲ ਨੂੰ ਉਚਿਤ ਸਮਝਿਆ ਕਿ ਹਿੰਦੁਸਤਾਨ ਦੇ ਹੋਮ ਮਨਿਸਟਰ ਨੂੰ ਮਿਲਿਆ ਜਾਵੇ, ਹਿੰਦੁਸਤਾਨ ਦੀ ਪਰੈਸ ਵਿਚ ਬਿਆਨ ਦਿੱਤੇ ਜਾਣ ਔਰ ਦਿੱਲੀ ਵਿਚ ਪੰਜਾਬ ਸਰਕਾਰ ਵਿਰੁੱਧ ਪ੍ਰਚਾਰ ਕੀਤਾ ਜਾਵੇ ਕਿ ਪੰਜਾਬ ਅੰਦਰ ਅਮਨ ਦੀ ਸਥਿਤੀ ਵਿਗੜ ਰਹੀ ਹੈ ਔਰ ਉਥੋਂ ਦੀ ਪੁਲਿਸ ਡੀਮੋਰੇਲਾਈਜ਼ ਹੋ ਰਹੀ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਵਾਲ ਕਰਨਾ ਚਾਹਾਂਗਾ ਕਿ ਜੇ ਮੇਰੇ ਭੈਣ ਜੀ ਨੂੰ ਇਸ ਗੱਲ ਬਾਰੇ ਸਹੀ ਚਿੰਤਾ ਸੀ, ਉਨ੍ਹਾਂ ਦੇ ਮਨ ਵਿਚ ਪੰਜਾਬ ਦਾ ਦਰਦ ਸੀ, ਤਾਂ ਉਨ੍ਹਾਂ ਦਾ ਸਭ ਤੋਂ ਪਹਿਲਾ ਫਰਜ਼ ਇਹ ਬਣਦਾ ਸੀ ਕਿ ਜੋ ਭਾਵਨਾਵਾਂ ਉਨ੍ਹਾਂ ਦੇ ਮਨ ਵਿਚ ਹਨ, ਉਹ ਦਿੱਲੀ ਜਾਣ ਦੀ ਬਜਾਏ ਸਾਡੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸਾਡੀ ਸਰਕਾਰ ਨਾਲ ਕਰਦੇ । ਜੇ ਉਨ੍ਹਾਂ ਦੀ ਤਸੱਲੀ ਨਾ ਹੁੰਦੀ, ਜੇ ਉਨ੍ਹਾਂ ਦਾ ਵਿਸ਼ਵਾਸ ਨਾ ਹੁੰਦਾ ਤਾਂ ਉਹ ਜ਼ਰੂਰ ਦਿੱਲੀ ਜਾ ਸਕਦੇ ਸਨ । ਲੇਕਿਨ ਮੈਂ ਸਮਝਦਾ ਹਾਂ ਕਿ ਅੱਜ ਕਾਂਗਰਸ ਅਤੇ ਸਾਡੇ ਵਿਰੋਧੀ ਜਿਨ੍ਹਾਂ ਪਾਸ ਕੋਈ ਪੁਲੀਟੀਕਲ ਏਜੰਡਾ ਨਹੀਂ ਰਿਹਾ, ਅੱਜ ਪੰਜਾਬ ਅੰਦਰ ਉਹ ਇੱਕ ਐਸਾ ਵਾਤਾਵਰਨ ਪੈਦਾ ਕਰਨਾ ਚਾਹੁੰਦੇ ਹਨ, ਜਿਹੜਾ ਵਾਤਾਵਰਨ ਨਫਰਤ ਦਾ ਹੋਵੇ । ਐਸਾ ਵਾਤਾਵਰਨ ਪੈਦਾ ਕਰਨਾ ਚਾਹੁੰਦੇ ਹਨ, ਜਿਸ ਵਾਤਾਵਰਨ ਵਿੱਚ ਪਾਟੋ-ਧਾੜ ਹੋਵੇ, ਅਸ਼ਾਂਤੀ ਹੋਵੇ ਅਤੇ ਇਹੀ ਇਨ੍ਹਾਂ ਦੀ ਸ਼ਾਇਦ ਕੋਸ਼ਿਸ਼ ਹੈ । ਪਿਛਲੀ ਵਾਰ ਪੰਜਾਬ ਵਿੱਚ ਹਾਲਾਤ ਖਰਾਬ ਹੋਣ ਕਰਕੇ 9 ਪਰਸੈਂਟ ਵੋਟਾਂ ਨਾਲ ਇਨ੍ਹਾਂ ਨੇ ਪੰਜ ਸਾਲ ਰਾਜ ਕੀਤਾ ਅਤੇ ਸ਼ਾਇਦ ਇਹ ਸੋਚਦੇ ਹਨ ਕਿ ਇਹੋ ਜਿਹੀ ਸਥਿਤੀ ਦੁਬਾਰਾ ਕਾਇਮ ਕਰੀਏ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਕਲੈਰੀਫਿਕੇਸ਼ਨ ।

ਸ੍ਰੀ ਸਪੀਕਰ : ਤੁਸੀਂ ਬਾਅਦ ਵਿਚ ਕਰ ਲੈਣਾ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ ਬੜੇ ਦੁੱਖ ਦੀ ਗੱਲ ਹੈ ਕਿ . . . . .

ਸੰਸਦੀ ਮਾਮਲਿਆਂ ਦੇ ਮੰਤਰੀ (ਬੈਠੇ ਬੈਠੇ). ਤੁਸੀਂ ਬਾਅਦ ਵਿੱਚ ਕਲੈਰੀਫਿਕੇਸ਼ਨ ਲੈ ਲੈਣਾ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਮੈਂ ਕੋਈ ਫਾਇਨਾਂਸ ਬਾਰੇ ਨਹੀਂ ਬੋਲਣਾ। ਮੈਂ ਤਾਂ ਪੁਲੀਟੀਕਲ ਇਸ਼ੂ ਦਾ ਜਵਾਬ ਦੇਣਾ ਚਾਹੁੰਦੀ ਹਾਂ। ਮਿੱਤਲ ਸਾਹਿਬ, ਪੁਲੀਟੀਕਲ ਕਲੈਰੀਫਿਕੇਸ਼ਨ ਵਿਚੋਂ ਹੀ ਹੁੰਦੀ ਹੈ।

ਸ੍ਰੀ ਸਪੀਕਰ : ਤੁਸੀਂ ਬਾਅਦ ਵਿੱਚ ਕਰ ਲੈਣਾ। ਮੈਂ ਟਾਈਮ ਦੇ ਦੇਵਾਂਗਾ ਐਸੀ ਕੋਈ ਗੱਲ ਨਹੀਂ।

ਵਿੱਤ ਮੰਤਰੀ: ਸਪੀਕਰ ਸਾਹਿਬ, ਮੈਂ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਪੁਲਿਸ ਦੇ ਮਨੋਬਲ ਦੀ ਗੱਲ ਅੱਜ ਇਨ੍ਹਾਂ ਨੇ ਕੀਤੀ ਹੈ, ਇਹ ਗੱਲ ਇਨ੍ਹਾਂ ਦੀ ਸਰਕਾਰ ਵੇਲੇ ਵੀ ਉਠੀ ਸੀ। ਉਸ ਵੇਲੇ ਦੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਨੂੰ ਇੱਕ ਉੱਚ ਪੱਧਰੀ ਪੁਲਿਸ ਅਫਸਰਾਂ ਦੀ ਟੀਮ ਮਿਲੀ ਸੀ, ਜੋ ਇਨ੍ਹਾਂ ਨੇ ਉਸ ਬਾਰੇ ਕਾਰਵਾਈ ਕੀਤੀ ਮੈਂ ਉਸ ਦੀ ਵੀ ਜਾਣਕਾਰੀ ਲੈਣੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਅੱਜ ਸਮਾਂ, ਅੱਜ ਹਾਲਾਤ, ਅੱਜ ਪੰਜਾਬ ਇਸ ਗੱਲ ਦੀ ਮੰਗ ਕਰਦਾ ਹੈ ਕਿ ਨਵੀਂ ਸ਼ੁਰੂਆਤ ਕੀਤੀ ਜਾਵੇ ਔਰ ਦੁਬਾਰਾ ਪਾੜਾ ਪਾਉਣ ਦੀਆਂ ਕੋਸ਼ਿਸ਼ਾਂ ਨੂੰ ਬੰਦ ਕੀਤਾ ਜਾਵੇ। ਮੈਂ ਆਪਣੀਆਂ ਵਿਰੋਧੀ ਧਿਰਾਂ ਨੂੰ ਇਹ ਗੱਲ ਕਹਾਂਗਾ ਕਿ ਤੁਸੀਂ ਇਸ ਗੱਲ ਨੂੰ ਪਹਿਚਾਨੋ ਕਿ ਪੰਜਾਬ ਦੀ ਜਨਤਾ ਨੇ ਤੁਹਾਨੂੰ ਕਿਉਂ ਰਿਜੈਕਟ ਕੀਤਾ। ਤੁਸੀਂ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕਿ ਤੁਹਾਡੇ ਵਿਚ ਕੀ ਕਮੀਆਂ ਹਨ। ਤੁਸੀਂ ਇਸ ਗੱਲ ਦਾ ਅਹਿਸਾਸ ਕਰੋ ਕਿ ਤੁਹਾਡੇ ਰਾਜ-ਕਾਲ ਦੌਰਾਨ ਪੰਜਾਬ ਅੰਦਰ ਬੇਮਿਸਾਲ ਭ੍ਰਿਸ਼ਟਾਚਾਰ ਪੈਦਾ ਹੋਇਆ, ਤੁਸੀਂ ਇਸ ਗੱਲ ਦਾ ਅਹਿਸਾਸ ਕਰੋ ਕਿ ਪੰਜਾਬ ਅੰਦਰ ਤੁਹਾਡੇ ਰਾਜ-ਕਾਲ ਦੌਰਾਨ ਬੇ-ਇਨਸਾਫੀਆਂ ਹੋਈਆਂ, ਵਧੀਕੀਆਂ ਹੋਈਆਂ, ਜ਼ੁਲਮ ਹੋਏ। ਅੱਜ ਸਮਾਂ ਇਸ ਗੱਲ ਦੀ ਮੰਗ ਨਹੀਂ ਕਰਦਾ ਕਿ ਨਵੇਂ ਪਾੜੇ ਪਾਏ ਜਾਣ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਇਹ ਬੇਨਤੀ ਕਰਾਂਗਾ ਕਿ ਸਾਰੇ ਪਿਛੋਕੜ ਨੂੰ ਪੂਰੀ ਤਰ੍ਹਾਂ ਘੋਖ ਕਰਦਿਆਂ ਹੋਇਆਂ ਜਿਨ੍ਹਾਂ ਕਾਰਨਾਂ ਕਰਕੇ ਪੰਜਾਬ ਦੀ ਜਨਤਾ ਨੇ ਕਾਂਗਰਸ ਨੂੰ ਰੱਦ ਕੀਤਾ ਹੈ, ਉਨ੍ਹਾਂ ਦਾ ਇਹ ਪਸ਼ਚਾਤਾਪ ਕਰਨ। ਸਪੀਕਰ ਸਾਹਿਬ, ਮੈਂ ਅੱਜ ਜਿੱਥੇ ਬੇਨਤੀ ਕਰਦਾ ਹਾਂ ਕਿ ਇਹ ਪਸ਼ਚਾਤਾਪ ਕਰਨ, ਉਥੇ ਮੈਂ ਅੱਜ ਇਨ੍ਹਾਂ ਨੂੰ ਫਿਰ ਅਪੀਲ ਕਰਦਾ ਹਾਂ ਕਿ ਡਿਸਟ੍ਰਕਸ਼ਨ ਦਾ ਰਸਤਾ ਛੱਡ ਕੇ ਉਸਾਰੂ ਰਸਤਾ ਅਪਣਾ ਲਉ। ਐਸਾ ਰਸਤਾ ਅਪਣਾਉ ਜੋ ਪੰਜਾਬ ਦੇ ਭਲੇ ਦਾ ਹੋਵੇ, ਜੋ ਪੰਜਾਬੀਆਂ ਦੇ ਭਲੇ ਦਾ ਹੋਵੇ। ਮੈਂ ਅੱਜ, ਸਪੀਕਰ ਸਾਹਿਬ, ਇਸ ਮਹਾਨ ਸਦਨ ਦੇ ਵਿਚ ਅਪੀਲ ਕਰਦਾ ਹਾਂ ਕਿ ਆਓ, ਆਪਾਂ ਸਾਰੇ ਆਈਏ ਅਤੇ ਤੁਸੀਂ ਸਾਡੀ ਸਰਕਾਰ ਦੀ ਇਸ ਗੱਲ ਵਾਸਤੇ ਸਹਾਇਤਾ ਕਰੋ ਕਿ ਅਸੀਂ ਪੰਜਾਬ ਦੇ ਅੰਦਰ ਇੱਕ ਨਵੇਂ ਸਮਾਜ ਦੀ ਸਿਰਜਣਾ ਕਰ ਸਕੀਏ। ਉਹ ਸਮਾਜ ਜਿਥੇ ਗਰੀਬੀ ਦਾ ਖ਼ਾਤਮਾ ਹੋਵੇ। ਉਹ ਸਮਾਜ ਜਿਥੇ ਹਰ

[ਵਿੱਤ ਮੰਤਰੀ]

ਵਿਅਕਤੀ ਨੂੰ ਰੋਟੀ, ਕੱਪੜਾ ਤੇ ਮਕਾਨ ਮੁਹੱਈਆ ਹੋਵੇ ਅਤੇ ਸਪੀਕਰ ਸਾਹਿਬ, ਨਾਲ ਹੀ ਉਚ ਨੀਚ ਦੀ ਪਹਿਚਾਣ ਨੂੰ ਵੀ ਖਤਮ ਕੀਤਾ ਜਾਵੇ। ਉਹ ਸਮਾਜ ਬਣਾਇਆ ਜਾਵੇ, ਜਿਥੇ ਹਰ ਇਨਸਾਨ ਨੂੰ ਇਨਸਾਫ ਮਿਲਦਾ ਹੋਵੇ। ਏਨੀਆਂ ਬੇਨਤੀਆਂ ਕਰਦਾ ਹੋਇਆ ਮੈਂ ਅਖੀਰ ਦੇ ਵਿਚ ਫਿਰ ਇਸ ਮਹਾਨ ਸਦਨ ਵੱਲੋਂ, ਮਾਨਯੋਗ ਮੈਂਬਰ ਸਾਹਿਬਾਨ ਵਲੋਂ ਜੋ ਮੈਨੂੰ ਸਹਿਯੋਗ ਦਿੱਤਾ ਗਿਆ, ਮੇਰੀਆਂ ਤਜਵੀਜ਼ਾਂ ਦੀ ਜੋ ਪ੍ਰੋੜਤਾ ਕੀਤੀ ਗਈ, ਮੈਂ ਬੜੀ ਨਿਮਰਤਾ ਦੇ ਨਾਲ ਸਮੂਹ ਮੈਂਬਰ ਸਾਹਿਬਾਨ ਦਾ ਆਪ ਜੀ ਦੇ ਰਾਹੀਂ ਧੰਨਵਾਦ ਕਰਦਾ ਹਾਂ ਔਰ ਇਹ ਤਜਵੀਜ਼ ਕਰਦਾ ਹਾਂ ਕਿ ਇਹ ਮਹਾਨ ਸਦਨ ਇਨ੍ਹਾਂ ਤਜਵੀਜ਼ਾਂ ਨੂੰ ਪਾਸ ਕਰੇ। ਬਹੁਤ ਬਹੁਤ ਧੰਨਵਾਦ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਬੜੇ ਅੱਛੇ ਤਰੀਕੇ ਨਾਲ ਵਿੱਤ ਮੰਤਰੀ ਸਾਹਿਬ ਸਾਰੀਆਂ ਚੀਜ਼ਾਂ ਦੇ ਨਾਲ ਆਪਣੀ ਕਲੋਜ਼ਿੰਗ ਬਜਟ ਸਪੀਚ ਕਰ ਰਹੇ ਸੀ ਲੇਕਿਨ ਬੜਾ ਅਫਸੋਸ ਹੈ ਕਿ ਮੇਰੇ ਵਲੋਂ ਜੋ ਜਗਾਉਣ ਵਾਲੇ ਕੁਝ ਕਦਮ ਉਠਾਏ ਗਏ, ਉਨ੍ਹਾਂ ਤੋਂ ਕੁਝ ਸਿੱਖਣ ਦੀ ਬਜਾਏ, ਇਨ੍ਹਾਂ ਨੇ ਉਸ ਉਪਰ ਰੋਸ ਪ੍ਰਗਟ ਕੀਤਾ ਹੈ।

....

ਸਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। Now, a Member can only seek clarification। ਕਲੈਰੀਫਿਕੇਸ਼ਨ ਨਹੀਂ, ਇਹ ਤਾਂ ਭਾਸ਼ਣ ਦੇ ਰਹੇ ਹਨ।

ਸ੍ਰੀ ਸਪੀਕਰ : ਉਹ ਤਾਂ ਕਲੈਰੀਫਿਕੇਸ਼ਨ ਦੇ ਰਹੇ ਹਨ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਅੱਜ ਤੁਹਾਨੂੰ ਇਹ ਭਾਸ਼ਣ ਨਜ਼ਰ ਆਉਣ ਲੱਗ ਪਿਆ ਹੈ, ਕੱਲ੍ਹ ਤੁਸੀਂ ਵੀ ਇਥੋਂ ਬੋਲਦੇ ਰਹੇ ਹੋ। ਜੋ ਇਨ੍ਹਾਂ ਨੇ ਕਿਹਾ ਹੈ ਕਿ ਦਿੱਲੀ ਹੋਮ ਮਨਿਸਟਰ ਨੂੰ ਮਿਲਣ ਗਏ ਸੀ, ਸਾਡੇ ਨਾਲ ਗੱਲ ਕਰਨੀ ਸੀ। ਮੇਰੇ ਕੋਲ ਅਖ-ਬਾਰਾਂ ਦੀਆਂ ਕਟਿੰਗਜ਼ ਹਨ, ਜਿਨ੍ਹਾਂ ਵਿਚ ਬਿਆਨ ਹਨ ਕਿ ਇਥੇ ਸਿਚੂਏਸ਼ਨ ਬਦਲ ਰਹੀ ਹੈ। ਵਾਰ ਵਾਰ ਸਾਡੇ ਲੀਡਰ, ਕਾਂਗਰਸ ਪਾਰਟੀ ਦੇ ਲੀਡਰ ਇਸ ਦੇ ਬਾਰੇ ਸਰਕਾਰ ਨੂੰ ਜਗਾਉਂਦੇ ਰਹੇ ਹਨ। ਪੰਚਾਂ-ਸਰਪੰਚਾਂ ਬਾਰੇ ਮੈਂ ਬਾਦਲ ਸਾਹਿਬ ਨੂੰ ਪ੍ਰਸਨਲੀ ਮਿਲ ਕੇ ਵੀ ਕਿਹਾ ਸੀ, ਚੀਫ ਸੈਕਟਰੀ ਨੂੰ ਵੀ ਕਿਹਾ ਸੀ ਕਿ ਸਾਡੇ ਲੋਕਾਂ ਨੂੰ ਤੰਗ ਕੀਤਾ ਜਾ ਰਿਹਾ ਹੈ ਲੇਕਿਨ ਉਸ ਦੇ ਬਾਵਜੂਦ ਜਦੋਂ ਸਿਚੂਏਸ਼ਨ ਬਦਲਦੀ ਰਹੀ ਤਾਂ ਮੈਂ ਭਾਰਤ ਸਰਕਾਰ ਦੇ ਹੋਮ ਮਨਿਸਟਰ ਨੂੰ ਮਿਲੀ, । ਮੇਰੇ ਇਨ੍ਹਾਂ ਭਰਾਵਾਂ ਵਾਂਗ ਅਮਰੀਕਾ ਦੇ ਅੰਬੈਸਡਰ ਨੂੰ ਤਾਂ ਨਹੀਂ ਮਿਲੀ। ਕਲਿੰਟਨ ਨੂੰ ਤਾਂ ਨਹੀਂ ਮਿਲੀ ਸਿਰਫ ਹਿੰਦੁਸਤਾਨ ਦੇ ਹੋਮ ਮਨਿਸਟਰ ਨਾਲ ਗੱਲ ਕੀਤੀ ਹੈ। ਹਿੰਦੁਸਤਾਨ ਦੇ ਹੋਮ ਮਨਿਸਟਰ ਨੂੰ ਸਾਰੀ ਗੱਲ ਦੱਸੀ ਹੈ।.. .(ਵਿਘਨ)... ਤੁਸੀਂ ਇਥੇ ਸੁਧਾਰ ਕਰੋ, ਅਸੀਂ ਕੋਆਪ੍ਰੇਸ਼ਨ ਦੇਵਾਂਗੇ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਸਦਨ ਵਿਚ ਬਹਿਸ ਨੂੰ ਕਲੋਜ਼ ਕੀਤਾ ਹੈ। ਉਸ ਵਿਚੋਂ ਸਿਰਫ ਇੱਕ ਹੀ ਮੁੱਦਾ ਉਠਿਆ ਸੀ, ਜਿਸ ਬਾਰੇ ਤੁਸੀਂ ਕਲੈਰੀ-ਫਿਕੇਸ਼ਨ ਦੇ ਦਿੱਤੀ ਹੈ, ਔਰ ਉਹ ਹੋ ਚੁੱਕੀ ਹੈ। ਇਸ ਕਰਕੇ ਇਸ ਕਲੋਜ਼ਿੰਗ ਸਪੀਚ

ਤੋਂ ਬਾਅਦ, ਉਸ ਮੁੱਦੇ ਤੇ ਹੋਰ ਬਹਿਸ ਵਾਸਤੇ ਸਮਾਂ ਨਹੀਂ ਦੇਣਾ ਚਾਹੀਦਾ । ਇਸ ਲਈ ਇਸ ਨੂੰ ਸਮਾਪਤ ਕੀਤਾ ਜਾਵੇ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਕਲੈਰੀਫਿਕੇਸ਼ਨ ਵਾਸਤੇ ਪੁੱਛਣਾ ਹੈ । ਬਹੁਤ ਸਾਰੇ ਡਿਫਰੈਂਟ ਮੁੱਦੇ ਮੈਂਬਰਾਂ ਵਲੋਂ ਉਠਾਏ ਗਏ ਸੀ ਅੋਰ ਉਨ੍ਹਾਂ ਵਿਚੋਂ ਬਹੁਤ ਸਾਰੀਆਂ ਗੱਲਾਂ ਨੂੰ ਮੰਨ ਕੇ ਇਨ੍ਹਾਂ ਨੇ ਉਤਰ ਦਿੱਤਾ ਹੈ । ਵੈਸੇ ਤਾਂ ਬਹੁਤ ਸਾਰੀਆਂ ਕਲੈਰੀਫਿਕੇਸ਼ਨਜ਼ ਚਾਹੀਦੀਆਂ ਹਨ, ਲੇਕਿਨ ਮੈਂ ਦੋ ਕਲੈਰੀਫਿਕੇਸ਼ਨਜ਼ ਲੈਣੀਆਂ ਚਾਹੁੰਦਾ ਹਾਂ । ਮੈਨੂੰ ਬਜਟ ਦੇ ਵਿਚੋਂ ਇਹ ਗੱਲ ਸਪਸ਼ਟ ਨਹੀਂ ਹੋ ਸਕੀ ਜਦੋਂ ਤੁਸੀਂ ਰਿਪਲਾਈ ਬੈਕ ਕਰੋਗੇ ਤਾਂ ਸ਼ਾਇਦ ਉਸ ਦੇ ਵਿਚ ਕੁਝ ਟੱਚ, ਕਿਤੇ ਟੱਚ ਕਰ ਦਿਉਗੇ । ਪਿਛਲੇ ਬਜਟ ਦੇ ਵਿਚ ਜੋ ਸਾਡੇ ਮੁੱਖ ਮੰਤਰੀ ਜੀ ਨੇ ਗਰਾਂਟ ਇਨ ਏਡ ਬਿਜਲੀ ਬੋਰਡ ਨੂੰ ਜੋ ਟੈਰਿਫ ਵੇਵ ਕੀਤਾ ਹੈ, ਉਹ 240 ਕਰੋੜ ਰੁਪਏ ਦੀ ਰਕਮ ਬਣਦੀ ਸੀ । ਜਿਸ ਤੇ ਤੁਸੀਂ ਕਿਹਾ ਸੀ ਕਿ ਅਸੀਂ ਬਜਟ ਦੇ ਵਿਚ ਪ੍ਰੋਵੀਜਨ ਕਰਕੇ ਗਰਾਂਟ ਇਨ ਏਡ ਦੇ ਰੂਪ ਵਿਚ ਬਿਜਲੀ ਬੋਰਡ ਨੂੰ ਦਿਆਂਗੇ । ਮੈਨੂੰ ਉਹ ਗਰਾਂਟ ਇਨ ਏਡ ਕਿਸੇ ਦੀ ਹੈਡ ਦੇ ਵਿਚ ਨਹੀਂ ਲੱਭੀ । ਇਸ ਕਰਕੇ ਇਸ ਦੀ ਕਲੈਰੀਫਿਕੇਸ਼ਨ ਦਿਉ । ਜਿਹੜਾ ਤੁਸੀਂ 784 ਕਰੋੜ ਰੁਪਏ ਦਾ ਟੋਟਲ ਪ੍ਰਾਜੈਕਟ ਦਿਤਾ ਹੈ ਇਹ ਕਿੱਥੇ ਕਿੱਥੇ ਤੁਸੀਂ ਖਰਚ ਕਰਨਾ ਹੈ । ਕੀ ਉਹ ਸਾਰਾ ਡਿਵੈਲਪਮੈਂਟ ਵਾਸਤੇ ਹੈ ? ਉਹ ਕਿਹੜੇ ਹੈਡ ਦੇ ਥੱਲੇ ਹੈ ? ਇਹ ਮੇਰੀ ਕਲੈਰੀਫਿਕੇਸ਼ਨ ਹੈ, ਦਿਉਗੇ ਜਾਂ ਨਹੀਂ ਦਿਉਗੇ ?

ਦੂਜੀ ਮੇਰੀ ਬਿਲਕੁਲ ਛੋਟੀ ਜਿਹੀ ਕਲੈਰੀਫਿਕੇਸ਼ਨ ਹੈ । ਤੁਸੀਂ ਕਿਹਾ ਹੈ ਕਿ ਸੋਸ਼ਲ ਵੈਲਫੇਅਰ ਲਈ ਬਜਟ ਘਟਾਇਆ ਨਹੀਂ ਸਗੋਂ ਵਧਾਇਆ ਹੈ । ਲੇਕਿਨ ਸੋਸ਼ਲ ਵੈਲਫੇਅਰ ਦਾ ਬਜਟ ਘਟਿਆ ਹੈ । ਜੇਕਰ ਨਾਨ ਪਲਾਨ ਦੇ ਵਿਚ ਵੀ ਜਿਹੜੀ ਰਕਮ ਤੁਸੀਂ ਟਰਾਂਸਫਰ ਕੀਤੀ ਹੈ ਉਹ ਵੀ ਐਡ ਕਰ ਲਈ ਜਾਏ ਤਾਂ ਵੀ ਬਜਟ ਘਟਦਾ ਹੈ ਅਤੇ ਜਿਹੜੇ ਰੀਅਲ ਪਿਛਲੇ ਬੈਨੀਫਿਸ਼ਰੀ ਹਨ ਕੇਵਲ ਉਨ੍ਹਾਂ ਨੂੰ ਹੀ ਪੈਨਸ਼ਨ ਮਿਲ ਸਕਦੀ ਹੈ, ਜਿਹੜੇ ਨਵੇਂ ਐਂਟਰ ਹੋਣਗੇ ਉਨ੍ਹਾਂ ਲਈ ਪੈਸਾ ਨਹੀਂ ਰੱਖਿਆ ਗਿਆ ਇਹ ਕਲੈਰੀ-ਫਿਕੇਸ਼ਨ ਹੈ ।

ਵਿੱਤ ਮੰਤਰੀ : ਕੋਈ ਲੋੜ ਹੈ, ਸਪੀਕਰ ਸਾਹਿਬ, ਕਲੈਰੀਫਿਕੇਸ਼ਨ ਦੇਣ ਦੀ ।

ਸ਼੍ਰੀ ਸਪੀਕਰ : ਨਹੀਂ, ਬੱਸ ਇਸ ਤੋਂ ਬਾਅਦ ਹੋਰ ਕੋਈ ਨਹੀਂ ।

The House stands adjourned till 9.00 A.M. on Thursday, the 19th June, 1997.

*2.01

(The Sabha then adjourned till 9.00 A.M. on Thursday, the 19th June, 1997)*

APPENDIX

to

PUNJAB VIDHAN SABHA DEBATES

Dated 18th June, 1997

Vol. II No. 7

STARRED QUESTION AND ANSWER

ਤਰੱਕੀਆਂ ਵਿਚ ਰਿਜ਼ਰਵੇਸ਼ਨ ਨੀਤੀ ਲਾਗੂ ਕਰਨਾ

*476 **ਚੌਧਰੀ ਜਗਜੀਤ ਸਿੰਘ** : ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ ਸਰਕਾਰ ਨੇ ਸਰਕਾਰੀ ਕਰਮਚਾਰੀਆਂ ਦੀਆਂ ਤਰੱਕੀਆਂ ਵਿਚ ਰਿਜ਼ਰਵੇਸ਼ਨ ਨੀਤੀ ਦੀ ਪਾਲਣਾ ਕਰਨ ਸਬੰਧੀ ਭਾਰਤ ਦੇ ਮਾਨਯੋਗ ਸੁਪਰੀਮ ਕੋਰਟ ਦੁਆਰਾ ਦਿੱਤੇ ਗਏ ਫੈਸਲੇ ਦੀ ਪੈਰਵੀ ਵਿਚ ਕੋਈ ਹਦਾਇਤਾਂ ਜਾਰੀ ਕੀਤੀਆਂ ਹਨ; ਜੇਕਰ ਅਜਿਹਾ ਹੈ, ਤਾਂ ਉਕਤ ਨੀਤੀ ਕਿਸ ਤਰੀਕ ਤੇ ਲਾਗੂ ਕੀਤੀ ਗਈ ਹੈ ?

ਸਰਦਾਰ ਸਰਵਨ ਸਿੰਘ ਫਿਲੌਰ, : ਮਾਨਯੋਗ ਮੈਂਬਰ ਵੱਲੋਂ ਮਾਨਯੋਗ ਸੁਪਰੀਮ ਕੋਰਟ ਦੇ ਕਿਸ ਫੈਸਲੇ ਦਾ ਹਵਾਲਾ ਦਿੱਤਾ ਗਿਆ ਹੈ, ਇਹ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੈ । ਫਿਰ ਵੀ ਮਾਨਯੋਗ ਸੁਪਰੀਮ ਕੋਰਟ ਵੱਲੋਂ ਅਜੀਤ ਸਿੰਘ ਜੰਜੂਆ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰਾਂ ਦੇ ਕੇਸ ਵਿਚ ਮਿਤੀ 1-3-96 ਨੂੰ ਦਿੱਤੇ ਗਏ ਫੈਸਲੇ ਦੀ ਰੋਸ਼ਨੀ ਵਿਚ ਪੰਜਾਬ ਸਰਕਾਰ ਵਲੋਂ ਮਿਤੀ 9-10-96 ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ । ਇਨ੍ਹਾਂ ਹਦਾਇਤਾਂ ਰਾਹੀਂ ਇਹ ਸਪੱਸ਼ਟ ਕੀਤਾ ਗਿਆ ਸੀ ਕਿ ਮਾਨਯੋਗ ਸੁਪਰੀਮ ਕੋਰਟ ਵਲੋਂ ਮਿਤੀ 19-10-82 ਨੂੰ ਕੀਤੇ ਅੰਤਿਮ ਹੁਕਮ ਅਤੇ ਅੰਤਿਮ ਜੱਜਮੈਂਟ ਦੀ ਰਸ਼ਨੀ ਵਿਚ ਸ਼ਰਤਾਂ ਅਧੀਨ ਮਿਤੀ 19-10-1982 ਜਾਂ ਉਸ ਤੇ ਪਿਛੋਂ ਕੀਤੀਆਂ ਪੱਚ-ਉਨਤੀਆਂ ਤੇ ਦੁਬਾਰਾ ਵਿਚਾਰ ਕੀਤੀ ਜਾਵੇਗੀ । ਉਸ ਤੋਂ ਬਾਅਦ ਮਾਨਯੋਗ ਸੁਪਰੀਮ ਕੋਰਟ ਵਲੋਂ ਸੂਬੇ ਸਿੰਘ ਬਾਹਮਣੀ ਬਨਾਮ ਹਰਿਆਣਾ ਸਟੇਟ ਅਤੇ ਹੋਰ ਵਿਚ ਕੀਤੀ ਗਈ ਸਪੈਸ਼ਲ ਅਪੀਲ ਵਿਚ ਮਿਤੀ 8-4-97 ਨੂੰ ਕੀਤੇ ਗਏ ਪ੍ਰੇਖਣ ਉਪਰੰਤ ਮਿਤੀ 26-5-97 ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ । ਇਨ੍ਹਾਂ ਹਦਾਇਤਾਂ ਵਿਚ ਇਹ ਸਪੱਸ਼ਟ ਕੀਤਾ ਗਿਆ ਸੀ ਕਿ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਕਰਮਚਾਰੀਆਂ ਦੀ ਕੋਈ ਪੱਦ-ਅਵਨਤੀ ਉਦੋਂ ਤੱਕ ਨਹੀਂ ਕੀਤੀ ਜਾਵੇਗੀ, ਜਦੋਂ ਤੱਕ ਕਿ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੇ

ਬੈਂਚ ਦੁਆਰਾ ਇਹ ਸਪੱਸ਼ਟ ਕਰਨ ਨਹੀਂ ਦਿੱਤਾ ਜਾਂਦਾ ਕਿ ਰਿਜ਼ਰਵ ਕੈਟੇਗਰੀ ਉਮੀਦਵਾਰ ਅਤੇ ਜਨਰਲ ਕੈਟੇਗਰੀ ਉਮੀਦਵਾਰ ਦੀ ਪੱਦਉਨਤੀ ਬਾਰੇ ਸੀਨੀਅਰਤਾ ਪਿਛਲੇ ਸਮੇਂ ਤੋਂ ਜਾਂ ਹੁਣ ਤੋਂ ਨਿਸ਼ਚਿਤ ਕੀਤੀ ਜਾਣੀ ਹੈ ਅਤੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਪੱਦ-ਉਨਤੀਆਂ ਅਤੇ ਸੀਨੀਅਰਤਾ ਮਾਨਯੋਗ ਸੁਪਰੀਮ ਕੋਰਟ ਵਲੋਂ ਮਿਤੀ 1-3 96 ਨੂੰ ਦਿੱਤੀ ਗਈ ਜੱਜਮੈਂਟ ਦੇ ਅਧਾਰ ਤੇ ਦੁਬਾਰਾ ਨਿਸ਼ਚਿਤ ਕਰਨੀਆਂ ਜਾਰੀ ਰਹਿਣਗੀਆਂ । ਮਿਤੀ 9-10-96 ਅਤੇ26-5-1997 ਦੀਆਂ ਹਦਾਇਤਾਂ ਅਨੁਲੱਗ- 'ੳ' ਅਤੇ 'ਅ' ਤੇ ਰਖੀਆਂ ਜਾਂਦੀਆਂ ਹਨ ।

2. ਮਿਤੀ 7-5-1997 ਨੂੰ ਮਾਨਯੋਗ ਸੁਪਰੀਮ ਕੋਰਟ ਵਲੋਂ ਜਗਦੀਸ਼ ਲਾਲ ਅਤੇ ਹੋਰ ਬਨਾਮ ਹਰਿਆਣਾ ਸਟੇਟ ਅਤੇ ਹੋਰ ਦੇ ਕੇਸ ਵਿਚ ਜੋ ਫੈਸਲਾ ਸੁਣਾਇਆ ਗਿਆ, ਉਹ ਮਿਤੀ 1-3-1996 ਨੂੰ ਅਜੀਤ ਸਿੰਘ ਜੰਜੂਆ ਦੇ ਕੇਸ ਵਿਚ ਸੁਣਾਏ ਗਏ ਫੈਸਲੇ ਦੇ ਕਾਫੀ ਹੱਦ ਤੱਕ ਉਲਟ ਹੈ । ਇਸ ਲਈ ਸਰਕਾਰ ਵੱਲੋਂ ਇਸ ਫੈਸਲੇ ਦੇ ਮੱਦੇ ਨਜ਼ਰ ਇਨ੍ਹਾਂ ਦੋਹਾਂ ਕੇਸਾਂ ਵਿਚ ਛੋਹੇ ਗਏ ਮੁੱਦਿਆਂ ਸਬੰਧੀ ਸਪੱਸ਼ਟੀਕਰਨ ਲੈਣ ਲਈ ਸੁਪਰੀਮ ਕੋਰਟ ਵਿਚ ਅਰਜੀ ਪਾਈ ਗਈ ਹੈ । ਸਰਕਾਰ ਵਲੋਂ ਇਹ ਫੈਸਲਾ ਵੀ ਲਿਆ ਗਿਆ ਹੈ ਕਿ ਵੱਖ-ਵੱਖ ਸ਼੍ਰੇਣੀਆਂ ਦੇ ਕਰਮਚਾਰੀਆਂ ਨੂੰ ਪ੍ਰੇਸ਼ਾਨੀ ਤੋਂ ਬਚਾਉਣ ਲਈ ਉਦੋਂ ਤੱਕ ਕੋਈ ਵੀ ਪੱਦ ਉਨਤੀ ਜਾਂ ਰਿਵਰਸ਼ਨ ਨਹੀਂ ਕੀਤੀ ਜਾਵੇਗੀ ਜਦੋਂ ਤੱਕ ਕਿ ਸੁਪਰੀਮ ਕੋਰਟ ਵੱਲੋਂ ਲੋੜੀਂਦਾ ਸਪੱਸ਼ਟੀਕਰਨ ਪ੍ਰਾਪਤ ਨਹੀਂ ਹੋ ਜਾਂਦਾ । ਇਸ ਸਬੰਧੀ ਲੋੜੀਂਦੀਆਂ ਹਦਾਇਤਾਂ ਮਿਤੀ 28-8-97 ਨੂੰ ਕੀਤੀਆਂ ਗਈਆਂ ਹਨ, ਜੋ ਅਨੁਲੱਗ 'ੲ' ਤੇ ਰੱਖੀਆਂ ਜਾਂਦੀਆਂ ਹਨ ।

ANNEXURE-I

No-13/3/96-RCIII/8804

GOVERNMENT OF PUNJAB

DEPARTMENT OF WELFARE

(RESERVATION CELL)

To

1. All the Financial Commissioners, Principal Secretaries and Administrative Secretaries to Government, Punjab.
2. All Heads of Departments, Registrar, Punjab and Haryana High Court, Commissioners of Divisions, Deputy Commissioners and Sub-Divisional Officers (Civil) in the State.

Dated: Chandigarh, the 9-10-1996

Sub: Judgement dated 1-3-96 of the Hon'ble Supreme Court of India in civil Appeal No.-3792-94 of 1989 Ajit Singh Janjua and others Vs. State of Punjab & others.

*****

I am directed to refer to the Subject noted above and to say that the Hon'ble Supreme Court of India in its Judgement dated 1-3-96 (copy enclosed) in civil Appeals cited as Subject, has interalia held that "the rule of reservation gives accelearted promotions but it does not give the accelerated consequential seniority. If a scheduled caste/Scheduled Tribe candidate is promoted earlier because of the rules of reservation/roster and his senior belonging to the general category is promoted later to that higher grade the general category candidate shall regain his seniority over such earlier promoted scheduled caste/tribe candidate."

2. The Government has notified Punjab Civil services (General and Common conditions of Service) Rules, 1994. Rule-8 of these Rules States that the seniority interse of persons appointed to posts in each cadre of services shall be determined by the length of continuous service of such posts in that cadre of the Service. This rule cannot be now applied in fixing of the Seniority between reserve category and general category candidates in promoted category. In view of the Judgement of the Hon'ble Supreme Court of India referred to above, because , in this case their interse sentority cannot be determined by the length of service on promoted category posts in each cadre of the Service. The principle laid down by the Hon,ble Supreme Court has to be implemented while fixing seniority of the reserved category candidates and general category candidates in the promoted category under rule-8 of the Rules *ibid*. In other words, the seniority of the reserved category person

and the general category persons in the higher grade shall continue to be governed by their panel position i.e. w.r.t. interse seniority in the lower grade.

3. The Hon'ble Supreme Court had on 8-2-83 given a clarification of an earlier interim order dated 19-10-82 as follows: —

> "We made it clear by our order dated 19-10-82 that there will be an interim order of stay against a reversion of the person already appointed on the basis of instructions issued by the Govt. of Punjab which have been held to be invalid by the judgement of the High Court impugned in these appeals and writ petitions we do not think that there is any doubt in regard to what we said, namely that no Scheduled Castes and Scheduled Tribes employees who has already been appointed or promoted pursuant to the instructions of the Govt. of Punjab will not be reverted but so far/as the future, appointments/promotions are concerned shall be made according to the judgement of the High Court and these will be ultimately subject to the result of writ petition and appeals. If the Govt. makes any appointments/promotions in accordance with the judgement of the High Court, the State Govt. will make it clear in the letter of appointment/promotion that the appointments/promotion is subject to the result of the writ petition and appeals so that there is no difficulty in future in case the High Court judgement reverted by this Court.

4. Government are, therefore, of the view that keeping in view the interim order of the Hon'ble Supreme Court and the final judgement in the Ajit Singh Janjua's case, the promotions made on or after 19-10-82 are required to be reviewed.

5. You are therefore, requested to go through the contents or the enclosed judgement of the Hon'ble Supreme Court of India and make sure that the directions of Hon'ble Supreme Court are meticulously compiled with by all the functionaries under your administrative control for fixation of seniority between the reserve category candidate and general category candidates in the higher grade under rule-8 of the Punjab Civil Services (General and Common conditions of Service Rules, 1994).

6. This letter may kindly be acknowledged.

Yours faithfully

Sd/-

(S. C. Aggarwal)
Secretary, Welfare.

ANNEXURE-II

No.—13/3/96-RCI/460
Government of Punjab
Department of Welfare
(Reservation Cell)

To

All the Heads of Departments,
Commissioners of Divisons,
Deputy Commissioners in the State,
Registrar, Punjab & Haryana High Court and
Sub-Divisional Officer (Civil) in the State.

Dated, Chandigarh, the 26th May, 1997.

Sub: Judgement dated 1-3-96 of the Hon'ble Supreme Court of India in Civil Appeal No. 3792-94 of 1989 – Ajit Singh Janjua and others Vs. State of Punjab and of others

Sir/Madam,

I am directed to refer to this department letter No. 13/3/96 –RCIII/8804. dated: 9-10-96 on the subject noted above and to state that the same issue has again come up before the Hon'ble Supreme Court of India for clarification as to the date of implementation of the Judgement of the Hon'ble Supreme Court in Ajit Singh Janjua's case in petition(s) for special leave to Appeal (civil) No. 16648/96 from the judgement and order dated 10-7-96 in CWP No. 5533/96 of the High Court of Punjab & Haryana at Chandigarh in Sube Singh Bahmani Vs. State of Haryana & others. From its order dated 8-4-97 it is clear that Hon'ble Supreme Court itself has held that the issue is not entirely free from doubt and accordingly it has been decided that these matters be considered by three judges bench.

2. In view of this the State Govt. has decided to maintain status-quo which would mean that no further reversions of Scheduled Castes/Backward Classes employees be made and in case any reversion has already been made in view of instructions issued vide Govt. letter under reference that may also not be disturbed till the final clarification is given by the Hon'ble Supreme Court However, the promotion-cases which arise after the date of judgement of Hon'ble Supreme Court i.e. 1-3-96 will be dealt with on the basis of seniority of the concerned employees as per judgement of the Hon'ble Court delivered on 1-3-96. In other words it has been decided that till the Hon'ble Supreme Court decides the matter, there should be no reversions of Scheduled Castes/Backward Classes

employees but for promotions, seniorities are to be termined 'as per the Hon'ble Supreme Court judgement already delivered on 1-3-96.

3. This letter may kindly be acknowledged.

Yours faithfully

-Sd/-

(Harsimrat)

Secretary to the Govt. of Punjab.

A copy is forwarded to All the Financial Commissioners Principal Secretaries and Administrative Secretaries to the Govt. of Punjab w.r.t. this Deptt. letter No. 13/3/96 -RCIII/8804 dated 9-10-96, for information and necessary action.

Sd/-

Secretary to the Govt. of Punjab.

Department of Welfare.

To

All the Financial Commissioners/

Principal Secretaries and

Administrative Secretaries to the Govt. of Punjab.

U. O. No. 13/3/96—RC1/461 Dated. Chd. the 26th May, 1997

ANNEXURE-III

No. 1/50/96 RC1/796

Govt. of Punjab

Department of Welfare

(Reservation Cell)

Dated: Chd., the 28th August, 1997

To

All the Heads of Departments,
Commissioners of Divisions,
Deputy Commissioners of all,
Districts in the State,
Registrar, Punjab & Haryana High Court,
Sub-Divisional Officer (Civil) in the State.

Sub : Judgement of Hon'ble Supreme Court in the case of Ajit Singh Janjua and others Vs. State of Punjab, and Jagdish Lal and others Vs. State of Haryana Dated 7-5-97—clarification from the Hon'ble Supreme Court thereof-

Sir/Madam,

I am directed to refer to this department letter No. 13/3/96—RC1/460-61, dated 26-5-97 on the subjected noted above and to state that the same issue has again come up before the Hon'ble Supreme Court of India in the case of Jagdish Lal & others Vs. State of Haryana and others in which the Hon'ble Supreme Court has made some observations on 7-5-97 which are somewhat contrary to the same made in Ajit Singh Janjua's case on 1-3-96. Hence the State Govt. has decided to seek clarifications on certain issues involved in these two judgements. Further It has been decided that no promotion and no reversion shall be made to avoid hardship to the employees of different categories till such time the Supreme Court clarifies the issues.

2. Some Writ Petitions are pending in the High Court and other Courts on this issue. They are advised to draft the reply of the Writ Petitions concerning their departments in the light of these instructions.

3. This letter may kindly be acknowledged.

Yours faithfully
-Sd/-
(Harsimrat)
Secretary to Govt. Punjab
Department of Welfare.

A copy is forwarded to all the Financial Commissioners, Principal Secretaries and Administrative Secretaries to the Govt. of Punjab with reference to this Department U. O. letter No. 13/3/96-RC1/461, dated 26th May, 1997 for information and necessary action.

-Sd/-

Secretary to Govt. Punjab
Department of Welfare

To

All the Financial Commissioners,
Principal Secretaries and
Administrative Secretaries to the Govt.
of Punjab.

U.O. No.—1/50/96—RC1/797 Dated: Chandigarh, 28-8-97.

225—3·10-97—305 ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।
51x66/10,1 Kg. ਆਫਸੈਟ ਪੇਪਰ

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

8

PUNJAB VIDHAN SABHA

DEBATES

19th June, 1997

Vol. II –No. 8

OFFICIAL REPORT

CONTENTS

Thursday, the 19th June, 1997

Punjab Vidhan Sahha Secretariat, Chandigarh.

Price Rs................

PUNJAB VIDHAN SABHA

Thursday, the 19th June, 1997

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9-00 A.M.

———

ANNOUNCEMENT BY THE SECRETARY RE. ABSENCE OF THE SPEAKER

ਸ੍ਰੀ ਸਕੱਤਰ : ਜਿਵੇਂ ਕਿ ਪੰਜਾਬ ਵਿਧਾਨ ਸਭਾ ਦੀ ਕਾਰਜ਼ ਵਿਧੀ ਅਤੇ ਕਾਰਜ ਸੰਚਾਲਣ ਨਿਯ. ਵਲੀ ਦੇ ਨਿਯਮ 13(3) ਅਧੀਨ ਲੋੜੀਂਦਾ ਹੈ, ਮੈਂ ਸਦਨ ਨੂੰ ਸੂਚਿਤ ਕਰਦਾ ਹਾਂ ।ਕ ਸਪੀਕਰ ਸਾਹਿਬ ਕੁਝ ਨਾ ਟਾਲਣਯੋਗ ਕਾਰਣਾ ਕਰਕੇ ਹਾਜ਼ਰ ਨਹੀਂ ਹਨ ਅਤੇ, ਇਸ ਲਈ, ਡਿਪਟੀ ਸਪੀਕਰ ਸਾਹਿਬ ਪ੍ਰਧਾਨਗੀ ਕਰਨਗੇ ।

(At this stage, the Deputy Speaker occupied the Chair)

———

STARRED QUESTIONS AND ANSWERS

ਅੰਮ੍ਰਿਤਸਰ ਵਿਖੇ ਟਰਾਂਸਪੋਰਟ ਨਗਰ ਸਥਾਪਿਤ ਕਰਨਾ

*494. ਸਰਦਾਰ **ਸੁਰਜੀਤ ਸਿੰਘ ਕੋਹਲੀ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੰਮ੍ਰਿਤਸਰ ਵਿਖੇ ਟਰਾਂਸਪੋਰਟ ਨਗਰ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੈ, ਤਾਂ ਇਸ ਨੂੰ ਕਦੋਂ ਤਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਬਲਰਾਮ ਜੀ ਦਾਸ ਟੰਡਨ: ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਵਲੋਂ ਪਹਿਲਾਂ ਹੀ ਸ਼ਹਿਰ ਦੇ ਅੰਦਰ 118 ਏਕੜ ਦੀ ਟਰੱਕ ਸਟੈਂਡ ਵਿਕਾਸ ਸਕੀਮ ਬਣਾਈ ਹੋਈ ਹੈ ਤਾਂ ਜੋ ਸ਼ਹਿਰ ਦੇ ਅੰਦਰ ਟਰੈਫਿਕ ਦੀ ਭਰਮਾਰ ਨੂੰ ਆਸਾਨ ਬਣਾਇਆ ਜਾ ਸਕੇ ।

ਸਰਦਾਰ ਸੁਰਜੀਤ ਸਿੰਘ ਕੋਹਲੀ : ਸਪਲੀਮੈਂਟਰੀ ਸਰ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਸ਼ਹਿਰ ਅੰਦਰ ਜੋ ਟਰਾਂਸਪੋਰਟ ਕੰਪਨੀਆਂ ਹਨ ਉਨ੍ਹਾਂ ਦੇ ਸ਼ਹਿਰ ਅੰਦਰ ਛੋਟੇ ਛੋਟੇ ਗੁਦਾਮ ਹਨ । ਸ਼ਾਮ ਨੂੰ ਜਦੋਂ ਇਨ੍ਹਾਂ ਕੰਪਨੀਆਂ ਦਾ ਮਾਲ ਆਂਉਂਦਾ ਹੈ ਤਾਂ ਉਹ ਸਾਰਾ ਮਾਲ ਬਾਹਰ ਸੜਕ ਤੇ ਰੱਖ ਦਿੰਦੇ ਹਨ । ਸ਼ਾਮ ਵੇਲੇ ਟਰੈਫਿਕ ਦਾ ਰਸ਼ ਵੀ ਬਹੁਤ ਜ਼ਿਆਦਾ ਹੋ ਜਾਂਦਾ ਹੈ । ਜੋ ਮਾਲ ਦੇ ਢੇਰ ਸੜਕ ਤੇ ਲੱਗ ਜਾਂਦੇ ਹਨ ਉਸ ਨਾਲ ਲੋਕਾਂ ਨੂੰ ਆਉਣ ਜਾਣ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ । ਇਨ੍ਹਾਂ ਰੈਜ਼ੀਡੈਂਸ਼ੀਅਲ ਏਰੀਆ ਵਿਚ ਟਰੈਫਿਕ ਦਾ ਬੁਰਾ ਹਾਲ ਹੋ ਜਾਂਦਾ ਹੈ । ਕੀ ਮੰਤਰੀ ਜੀ ਇਨ੍ਹਾਂ ਪ੍ਰਾਈਵੇਟ ਟ੍ਰਾਂਸਪੋਰਟ ਕੰਪਨੀਆਂ ਵਾਸਤੇ ਟਰਾਂਸਪੋਰਟ ਨਗਰ ਸਥਾਪਤ ਕਰਨ ਵਾਸਤੇ ਕੋਈ ਸਮਾਂ ਨਿਸ਼ਚਿਤ ਕਰਨਗੇ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਇਸ ਸਕੀਮ ਉਤੇ ਕੰਮ ਚਲ ਰਿਹਾ ਹੈ। ਸਾਨੂੰ ਉਮੀਦ ਹੈ ਬਹੁਤ ਜਲਦੀ ਸ਼ਹਿਰ ਤੋਂ ਬਾਹਰ ਇਹ ਟਰਾਂਸਪੋਰਟ ਕੰਪਨੀਆਂ ਚਲੀਆਂ ਜਾਣਗੀਆਂ। ਜਿਨ੍ਹਾਂ ਕਰਕੇ ਕਿ ਸ਼ਹਿਰ ਦਾ ਟਰੈਫਿਕ ਜਾਮ ਹੁੰਦਾ ਹੈ। ਇਹ ਸਕੀਮ ਛੇਤੀ ਹੀ ਆਪਰੇਟਿਵ ਹੋ ਜਾਵੇਗੀ।

ਸਰਦਾਰ ਸੁਰਜੀਤ ਸਿੰਘ ਕੋਹਲੀ : ਸਪਲੀਮੈਂਟਰੀ ਸਰ। ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹਾਂਗਾ ਕਿ ਇਹ ਸਕੀਮ ਪਿਛਲੇ 8-9 ਸਾਲ ਤੋਂ ਚਲ ਰਹੀ ਹੈ, ਕੀ ਇਹ ਸਮਾਂ-ਬੱਧ ਜਾਂ ਡੇਟ ਫਿਕਸ ਕਰਨਗੇ ਕਿ ਕਦੋਂ ਤਕ ਇਹ ਸਕੀਮ ਪੂਰੀ ਕਰ ਦਿੱਤੀ ਜਾਵੇਗੀ।

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸਿਆ ਹੈ ਕਿ 7-8 ਸਾਲ ਤੋਂ ਇਹ ਸਕੀਮ ਅੰਡਰ ਲਿਟੀਗੇਸ਼ਨ ਸੀ। 1992 ਵਿੱਚ ਇਹ ਕਲੀਅਰ ਹੋਈ ਹੈ ਅਤੇ ਫੇਰ 1992 ਤੋਂ ਬਾਅਦ ਇਸ ਤੇ ਕੰਮ ਸ਼ੁਰੂ ਹੋਇਆ ਹੈ। ਉਮੀਦ ਹੈ ਕਿ ਬਹੁਤ ਸਾਰਾ ਕੰਮ ਹੋ ਚੁੱਕਾ ਹੈ। ਕੁਝ ਕੰਮ ਹਾਲੇ ਚਲ ਰਿਹਾ ਹੈ। ਜਿਵੇਂ ਵਾਟਰ ਸਪਲਾਈ, ਸੜਕਾਂ ਦਾ ਕੰਮ ਚੱਲ ਰਿਹਾ ਹੈ। 121 ਦੇ ਕਰੀਬ ਪੈਕਿੰਗ ਏਜੰਸੀਆਂ ਹਨ ਜਿਨ੍ਹਾਂ ਦੀ ਆਕਸ਼ਨ ਕਰਨੀ ਹੈ। 250 ਬੂਥ ਹਨ ਜਿਨ੍ਹਾਂ ਦੀ ਆਕਸ਼ਨ ਹੋ ਚੁੱਕੀ ਹੈ ਅਤੇ 173 ਸ਼ਾਪ-ਕਮ-ਆਫਿਸ ਹਨ ਜਿਨ੍ਹਾਂ ਦੀ ਆਕਸ਼ਨ ਹੋ ਚੁੱਕੀ ਹੈ। ਇਹ ਸਾਰਾ ਕੰਮ ਇਕ ਸਾਲ ਦੇ ਅੰਦਰ ਅੰਦਰ ਮੁਕੰਮਲ ਹੋ ਜਾਵੇਗਾ। It will be in operation.

श्रीमती लक्ष्मी कांता चावला : सपलीमेंटरी, उप-सभापति जी, मैं आप के माध्यम से मंत्री जी से जानना चाहती हूं कि इन्होंने स्वयं कहा है कि अमृतसर के लोगों को ट्रैफिक में काफी कठिनाई आती है। जब तक ये ट्रैफिक नगर नहीं बनता तब तक शहरियों की सुविधा के लिए भारी गाड़ियों का समय तय कर सकते है और लोडिंग का समय तय कर सकते हैं ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਅਸੀਂ ਇਸ ਬਾਰੇ ਜ਼ਰੂਰ ਵਿਚਾਰ ਕਰਾਂਗੇ।

श्रीमती लक्ष्मी कांता चावला : ये विचार क्या समय-बद्ध होगा या अनिश्चित समय के लिए होगा। मेरी प्रार्थना है कि मंत्री जी इस विचार को समय-बद्ध करने का कष्ट करें।

ਮੰਤਰੀ : ਜ਼ਰੂਰ ਸਮਾਂ-ਬੱਧ ਕਰਾਂਗੇ।

ਸ਼੍ਰੀ ਡਿਪਟੀ ਸਪੀਕਰ : ਮੈਡਮ ਚਾਵਲਾ ਜੀ, ਉਨ੍ਹਾਂ ਨੇ ਉੱਤਰ ਦੇ ਦਿੱਤਾ ਹੈ। ਤੁਸੀਂ ਹੁਣ ਬੈਠ ਜਾਓ।

श्रीमती लक्ष्मी कांता चावला : डिपटी स्पीकर साहिब, सरकार हमेशा फयूचर टैंस में बात करती है। ये कहें कि हां ये कर दिया जाएगा। और अगर आपकी तसल्ली हो गई है तो मैं बैठ जाती हूं।

ਐਸ. ਜੀ. ਟੀ. ਬੀ. ਹਸਪਤਾਲ, ਅੰਮ੍ਰਿਤਸਰ ਵਿਚ ਕੋਬਾਲਟ ਕੈਂਸਰ ਟਰੀਟਮੈਂਟ ਮਸ਼ੀਨ ਲਗਾਉਣਾ

*516. **ਡਾਕਟਰ ਬਲਦੇਵ ਰਾਜ ਚਾਵਲਾ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਐਸ. ਜੀ. ਟੀ. ਬੀ. ਹਸਪਤਾਲ ਅੰਮ੍ਰਿਤਸਰ ਲਈ ਇਕ ਕੋਬਾਲਟ ਕੈਂਸਰ ਟਰੀਟਮੈਂਟ ਮਸ਼ੀਨ ਖਰੀਦੀ ਗਈ ਸੀ । ਜੇਕਰ ਅਜਿਹਾ ਹੋਵੇ, ਤਾਂ ਇਹ ਕਿਸ ਮਿਤੀ ਨੂੰ ਖਰੀਦੀ ਗਈ ਸੀ ਅਤੇ ਇਸ ਦੀ ਕੀਮਤ ਕਿੰਨੀ ਹੈ ਅਤੇ ਉਕਤ ਮਸ਼ੀਨ ਦੁਆਰਾ ਹੁਣ ਤੱਕ ਕਿੰਨੇ ਮਰੀਜ਼ਾਂ ਦਾ ਇਲਾਜ ਕੀਤਾ ਗਿਆ ਹੈ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਮਸ਼ੀਨ ਇਸ ਸਮੇਂ ਕੰਮ ਕਰ ਰਹੀ ਹੈ । ਜੇਕਰ ਨਹੀਂ, ਤਾਂ ਇਸ ਨੂੰ ਕਦੋਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ?

Shri Balramji Dass Tandon :

(a) Sir, Cobalt Cancer Treatment Mechine (Radio Therapy Machine) was installed in S.G.T.B. Hospital, Amritsar on 12-2-70. This machine was not purchased by the State Government but was donated by the Canadian Government under Colombo Plan 'Aid Programme'. About 13,000 patients have been given treatment with this machine.

(b) The machine is not working at present. Steps are being taken to make the machine operational at the earliest.

ਡਾਕਟਰ ਬਲਦੇਵ ਰਾਜ ਚਾਵਲਾ : ਡਿਪਟੀ ਸਪੀਕਰ ਸਾਹਿਬ, ਮੈਂ ਹੈਲਥ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਕੋਬਾਲਟ ਕੈਂਸਰ ਟਰੀਟਮੈਂਟ ਮਸ਼ੀਨ ਹੈ ਇਹ ਕਿੰਨੇ ਸਮੇਂ ਤੋਂ ਖਰਾਬ ਪਈ ਹੋਈ ਹੈ ਅਤੇ ਇਸ ਨੂੰ ਠੀਕ ਕਰਾਉਣ ਲਈ ਕਿੰਨਾ ਖਰਚਾ ਆਵੇਗਾ ਅਤੇ ਕਦੋਂ ਤੱਕ ਇਹ ਮਸ਼ੀਨ ਠੀਕ ਹੋ ਜਾਵੇਗੀ ਔਰ ਟਾਈਮ ਬਾਊਂਡ ਡੇਟ ਦਿੱਤੀ ਜਾਵੇ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਮਸ਼ੀਨ ਪਿਛਲੇ 8 ਸਾਲ ਤੋਂ ਲਗਭਗ ਕੰਮ ਨਹੀਂ ਕਰ ਰਹੀ ਹੈ । ਇਸ ਦੇ ਵਾਸਤੇ ਅਸੀਂ ਆ ਕੇ ਸਟੈਪਸ ਲਏ ਹਨ ਅਤੇ ਜਿਹੜੇ ਪਾਰਟਸ ਇਸ ਮਸ਼ੀਨ ਨੂੰ ਠੀਕ ਕਰਨ ਲਈ ਚਾਹੀਦੇ ਹਨ ਉਨ੍ਹਾਂ ਨੂੰ ਬਾਹਰੋਂ ਮੰਗਵਾਉਣ ਦਾ ਪ੍ਰਬੰਧ ਕੀਤਾ ਗਿਆ ਹੈ ਬਾਕੀ ਬਾਬਾ ਏਜੰਸੀ ਨੂੰ ਵੀ ਸਪਲਾਈ ਕਰਨ ਲਈ ਕਿਹਾ ਗਿਆ ਹੈ ਤਾਂਕਿ ਇਹ ਮਸ਼ੀਨ ਓਪਰੇਸ਼ਨਲ ਹੋ ਸਕੇ ।

ਡਾਕਟਰ ਬਲਦੇਵ ਰਾਜ ਚਾਵਲਾ : ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਕੋਈ ਡੇਟ ਨਿਸ਼ਚਿਤ ਨਹੀਂ ਕੀਤੀ ਜਿਸ ਬਾਰੇ ਮੈਂ ਪਹਿਲਾਂ ਸਵਾਲ

[ਡਾਕਟਰ ਬਲਦੇਵ ਰਾਜ ਚਾਵਲਾ]

ਕੀਤਾ ਹੈ । ਇਸ ਤੋਂ ਇਲਾਵਾ ਜਿਸ ਸਮੇਂ ਤੋਂ ਇਹ ਮਸ਼ੀਨ ਬੰਦ ਪਈ ਹੈ ਉਸ ਸਮੇਂ ਤੋਂ ਬਾਅਦ ਪੈਰਾ ਮੈਡੀਕਲ ਸਟਾਫ, ਡਾਕਟਰਜ਼ ਅਤੇ ਹੋਰ ਸਟਾਫ ਜਿਹੜਾ ਇਸ ਕੰਮ ਲਈ ਅਪੁਆਇੰਟ ਕੀਤਾ ਹੋਇਆ ਸੀ, ਉਸ ਉਤੇ ਕਿੰਨਾ ਸਰਕਾਰ ਦਾ ਖਰਚਾ ਹੋਇਆ ਹੈ । ਇਸ ਦੇ ਵੇਰਵੇ ਹਾਊਸ ਦੇ ਵਿਚ ਦਿੱਤੇ ਜਾਣ ।

ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਇਸ ਬਾਰੇ ਵੱਖਰਾ ਨੋਟਿਸ ਦੇ ਦੇਣ । ਮੈਂ ਇਸ ਦਾ ਜਵਾਬ ਇਨ੍ਹਾਂ ਨੂੰ ਦੇ ਦੇਵਾਂਗਾ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਮਸ਼ੀਨ ਪਿਛਲੇ 8 ਸਾਲ ਤੋਂ ਖਰਾਬ ਪਈ ਹੈ ਜਿਸ ਵਿਚ 5 ਸਾਲ ਕਾਂਗਰਸ ਸਰਕਾਰ ਦੇ ਨਿਕਲ ਗਏ । ਪਿਛਲੀ ਸਰਕਾਰ ਦੇ ਵੇਲੇ ਮੈਨੂੰ ਇਕ ਸੂਚਨਾ ਫਰਵਰੀ ਮਹੀਨੇ ਦੇ ਵਿਚ ਦਿਤੀ ਗਈ ਸੀ ਪਤਾ ਨਹੀਂ ਉਹ ਠੀਕ ਹੈ ਜਾਂ ਗਲਤ ਹੈ, ਕਿ ਫਾਈਨੈਂਸ ਡਿਪਾਰਟਮੈਂਟ ਨੇ ਇਸ ਦੇ ਖਰਚੇ ਲਈ ਸੈਂਕਸ਼ਨ ਦੇ ਦਿੱਤੀ ਹੈ ਅਤੇ ਬਾਬਾ ਏਜੰਸੀ ਤੋਂ ਅਸੀਂ ਪਾਰਟ ਖਰੀਦ ਰਹੇ ਹਾਂ । ਹੁਣ ਤਾਂ ਪਹਿਲੇ ਫਾਈਨਾਂਸ ਸੈਕਟਰੀ ਵੀ ਬਦਲ ਗਏ ਹਨ । ਕੀ ਇਹ ਜਾਣਕਾਰੀ ਜਿਹੜੀ ਮੈਨੂੰ ਚਿੱਠੀ ਰਾਹੀਂ ਦਿੱਤੀ ਗਈ ਸੀ, ਉਹ ਠੀਕ ਹੈ ਜਾਂ ਨਹੀਂ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਪਹਿਲੇ ਹੀ ਦਸਿਆ ਹੈ ਕਿ ਇਸ ਬਾਰੇ ਹੁਣ ਅਸੀਂ ਸਟੈਪਸ ਲਏ ਹਨ ਅਤੇ ਅਸੀਂ ਇਸ ਮਸ਼ੀਨ ਨੂੰ ਚਾਲੂ ਕਰਨ ਲਈ ਬਾਹਰੋਂ ਪਾਰਟਸ ਮੰਗਵਾ ਰਹੇ ਹਾਂ ਅਤੇ ਬਾਬਾ ਏਜੰਸੀ ਨਾਲ ਸੰਪਰਕ ਕੀਤਾ ਹੋਇਆ ਹੈ ਔਰ 3-4 ਮਹੀਨਿਆਂ ਦੇ ਵਿਚ ਇਸ ਕੰਮ ਨੂੰ ਪੂਰਾ ਕਰ ਲਿਆ ਜਾਵੇਗਾ ਔਰ ਇਹ ਮਸ਼ੀਨ ਉਪਰੇਸ਼ਨਲ ਹੋ ਜਾਵੇਗੀ ।

ਡਾਕਟਰ ਬਲਦੇਵ ਰਾਜ ਚਾਵਲਾ : ਡਿਪਟੀ ਸਪੀਕਰ ਸਾਹਿਬ, ਇਸ ਮਸ਼ੀਨ ਨੂੰ ਠੀਕ ਕਰਨ ਵਾਸਤੇ ਕਿੰਨੀ ਰਾਸ਼ੀ ਖਰਚ ਹੋਵੇਗੀ ? ਕੀ ਇਸ ਉਤੇ ਕੋਈ ਵਿਚਾਰ ਵਟਾਂਦਰਾ ਸਰਕਾਰ ਨੇ ਕੀਤਾ ਹੈ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਜਿਹੜੇ ਪਾਰਟ ਇਸ ਮਸ਼ੀਨ ਲਈ ਬਾਹਰੋਂ ਮੰਗਵਾਉਣੇ ਹਨ ਉਨ੍ਹਾਂ ਦੀ ਪ੍ਰਾਈਸ ਹਾਲੇ ਪੂਰੀ ਤਰ੍ਹਾਂ ਡੈਫੀਨੇਟ ਨਹੀਂ ਹੈ ਔਰ ਜਿਹੜੀ ਉਤੋਂ ਬਾਬਾ ਏਜੰਸੀ ਤੋਂ ਮੰਗਵਾਉਣੀ ਹੈ, ਉਸ ਦੀ ਕੀਮਤ 5 ਲੱਖ 64 ਹਜ਼ਾਰ 546 ਰੁਪਏ ਹੈ ਇਸ ਤੋਂ ਇਲਾਵਾ ਜਿਹੜਾ ਇਸ ਦੀ ਟਰਾਂਸਪੋਰਟੇਸ਼ਨ ਦਾ ਖਰਚਾ ਅਤੇ ਹੋਰ ਖਰਚੇ ਹਨ ਉਹ ਤਕਰੀਬਨ 80 ਹਜ਼ਾਰ ਰੁਪਏ ਹੈ ਇਹ ਅਸੀਂ ਸਾਰਾ ਅਮਾਊਂਟ ਸੈਂਕਸ਼ਨ ਕਰ ਦਿੱਤਾ ਹੈ । ਔਰ ਇਹ ਕੋਬਾਲਟ ਕੈਂਸਰ ਟਰੀਟਮੈਂਟ ਮਸ਼ੀਨ ਜਲਦੀ ਹੀ ਉਪਰੇਸ਼ਨਲ ਹੋ ਜਾਵੇਗੀ ।

ਸਹਿਕਾਰੀ ਖੰਡ ਮਿਲਾਂ ਦੇ ਪ੍ਰਬੰਧਕੀ ਡਾਇਰੈਕਟਰਾਂ ਵਿਰੁੱਧ ਸ਼ਿਕਾਇਤਾਂ

*505. (1) **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
(2) **ਸਰਦਾਰ ਬਿਕਰਮਜੀਤ ਸਿੰਘ** } : ਕੀ ਸਹਿਕਾਰਤਾ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੂੰ ਸਾਲ 1992 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਰਾਜ ਵਿਚ ਸਹਿਕਾਰੀ ਖੰਡ ਮਿਲਾਂ ਦੇ ਕਿਸੇ ਪ੍ਰਬੰਧਕੀ ਡਾਇਰੈਕਟਰਾਂ ਵਿਰੁੱਧ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਗਿਣਤੀ ਅਤੇ ਵੇਰਵੇ ਕੀ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸ਼ਿਕਾਇਤਾਂ ਦੇ ਅਧਾਰ ਤੇ ਉਕਤ ਪ੍ਰਬੰਧਕੀ ਡਾਇਰੈਕਟਰਾਂ ਵਿਰੁੱਧ ਕੋਈ ਕਾਰਵਾਈ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : (ੳ) ਹਾਂ ਜੀ, 40 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਇਨ੍ਹਾਂ ਦੇ ਵੇਰਵੇ ਅਨੁਲੱਗ 'ਏ' ਨੱਥੀ ਦੇ ਕਾਲਮ ਨੰ: 5 ਅਤੇ 6 ਵਿੱਚ ਦਿੱਤੇ ਗਏ ਹਨ ।

(ਅ) ਹਾਂ ਜੀ, ਇਨ੍ਹਾਂ ਦੇ ਵੇਰਵੇ ਅਨੁਲੱਗ 'ਏ' ਨੱਥੀ ਦੇ ਕਾਲਮ ਨੰ: 7 ਅਤੇ 8 ਵਿੱਚ ਦਿੱਤੇ ਅਨੁਸਾਰ ਹਨ ।

ਅਨੁਲੱਗ 'ਓ'

ਲੜੀ ਨੰ:	ਪ੍ਰਬੰਧਕ ਨਿਰਦੇਸ਼ਕ ਦਾ ਨਾਂ	ਸ਼ਿਕਾਇਤ ਦਾ ਸਮਾਂ	ਸ਼ਿਕਾਇਤ ਦੀ ਗਿਣਤੀ	ਸ਼ਿਕਾਇਤ ਕਰਤਾ ਦਾ ਨਾਂ	ਸ਼ਿਕਾਇਤਾਂ ਦੇ ਵੇਰਵੇ	ਕੀ ਪ੍ਰਬੰਧਕ ਨਿਰਦੇਸ਼ਕ ਵਿਰੁੱਧ ਕੋਈ ਕਾਰਵਾਈ ਕੀਤੀ ਹੈ ਜਾਂ ਨਹੀਂ	ਜੇ ਹਾਂ ਉਸ ਦਾ ਵੇਰਵਾ
1	2	3	4	5	6	7	8
1.	ਐਚ. ਐਸ. ਕਲਸੀ	1994-95	3	ਅਜਨਾਲਾ ਮਿਲ ਦੇ ਇੰਜਨੀਅਰ ਅਤੇ ਮੈਨੂੰਫੈਕਚਰਿੰਗ ਕੈਮਿਸਟ	ਇਸ ਦੇ ਅਣਚਾਹੇ ਵਿਵਹਾਰ, ਧੜੇਬੰਦੀ, ਵਿਤਕਰਾ ਲੜਾਓ ਅਤੇ ਰਾਜ ਕਰੋ ਨੀਤੀ ਆਦਿ ਵਿਰੁੱਧ ।	ਨਹੀਂ	ਮੁਢਲੀ ਪੜਤਾਲ ਕਰਵਾਈ ਗਈ ਸੀ ਸ਼ਿਕਾਇਤ ਆਧਾਰਹੀਣ ਪਾਈ ਗਈ ਅਤੇ ਫਾਇਲ ਕਰ ਦਿੱਤੀ ਗਈ ।
	-ਉਹੀ-			ਵਧੀਕ ਚੀਫ ਐਡੀਟਰ, ਸਹਿਕਾਰੀ ਸਭਾਵਾਂ, ਪੰਜਾਬ ਦੀ ਸਪੈਸ਼ਲ ਆਡਿਟ ਰਿਪੋਰਟ ।	— ਨਕੋਦਰ ਵਿਖੇ ਅਣ-ਅਧਿਕਾਰਤ ਤੌਰ ਤੇ ਚੀਨੀ ਦੀ ਵਿਕਰੀ । — ਸ਼ੂਗਰਫੈਡ ਵਲੋਂ ਦਿੱਤੀਆਂ ਹਦਾਇਤਾਂ ਦੀ ਉਲੰਘਣਾ । — ਆਪਣੀ ਪੱਧਰ ਤੇ ਖੰਡ ਗਿੱਲੀ ਹੋਣ ਦਾ ਫੈਸਲਾ ਲੈਣ ਸਬੰਧੀ।	ਹਾਂ	ਇਸ ਨੂੰ ਦੋਸ਼ ਸੂਚੀ ਜਾਰੀ ਕੀਤੀ ਗਈ ਸੀ ਅਤੇ ਇਸ ਵਿਰੁੱਧ ਵਿਭਾਗੀ ਪੜਤਾਲ ਕਰਵਾਈ ਗਈ । ਇਸ ਵਿਰੁੱਧ ਲਗਾਏ ਗਏ ਦੋਸ਼ ਸਾਬਤ ਹੋ ਗਏ ਹਨ ਅਤੇ ਇਸ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ ।

1	2	3	4	5	6	7	8
	-ਉਹੀ-			ਅਜਨਾਲਾ ਸਹਿਕਾਰੀ ਖੰਡ ਮਿਲ ਦੇ ਚੇਅਰਮੈਨ ਦੁਆਰਾ।	1098.17 ਕੁਇੰਟਲ ਬਰਾਊਨ ਖੰਡ 1992-93 ਦੇ ਉਤਪਾਦਨ ਦੀ ਚਲਾਕੀ ਨਾਲ ਸ਼ੂਗਰ ਗਡਾਉਨ ਵਿਚੋਂ ਖਤਮ ਕਰਨ ਅਤੇ ਸੈਂਟਰਲ ਐਕਸਾਈਜ਼ ਐਕਟ ਦੀ ਉਲੰਘਣਾ ਕਰਦਿਆਂ ਹੋਇਆ ਧੋਖੇ ਨਾਲ ਬਰਾਊਨ ਸ਼ੂਗਰ ਦੇ ਰਿਕਾਰਡ ਬਨਾਉਣੇ।	ਹਾਂ	ਇਸ ਨੂੰ ਦੋਸ਼ ਸੂਚੀ ਜਾਰੀ ਕੀਤੀ ਗਈ ਸੀ ਅਤੇ ਵਿਭਾਗੀ ਪੜਤਾਲ ਦੇ ਹੁਕਮ ਦਿੱਤੇ ਜਾ ਚੁੱਕੇ ਹਨ ਜਿਹੜੇ ਕਿ ਕਾਰਵਾਈ ਅਧੀਨ ਹਨ। ਫਿਰ ਵੀ ਸ਼੍ਰੀ ਐਚ. ਐਸ. ਕਲਸੀ ਨੂੰ ਕਿਸੇ ਦੂਜੀ ਪੜਤਾਲ ਦੇ ਕੇਸ ਵਿਚ ਨੌਕਰੀ ਤੋਂ ਪਹਿਲਾਂ ਹੀ ਬਰਖਾਸਤ ਕੀਤਾ ਜਾ ਚੁੱਕਾ ਹੈ। ਇਸ ਕੇਸ ਤੇ ਕਾਰਵਾਈ ਫਿਲਹਾਲ ਰੋਕ ਦਿੱਤੀ ਗਈ ਹੈ।
2.	ਸ਼੍ਰੀ ਜੇ.ਐਸ. ਅਹੂਜਾ	1994-95 ਅਤੇ 1996	6	ਫਾਜ਼ਿਲਕਾ ਸਹਿਕਾਰੀ ਖੰਡ ਮਿਲ ਦੇ ਚੇਅਰਮੈਨ	ਡਿਊਟੀਆਂ ਕਰਨ ਪ੍ਰਤੀ ਕੋਤਾਹੀ	ਹਾਂ	ਉਸ ਨੂੰ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਬਾਅਦ ਵਿਚ ਸਕਾਇਤਕਰਤਾ ਲਗਾਏ ਦੋਸ਼ਾਂ ਤੋਂ ਪਿਛੇ ਹੱਟ ਗਿਆ।
				ਮਹਿੰਦਰ ਸਿੰਘ ਅਤੇ ਦੂਜੇ ਸ਼ੇਅਰ ਹੋਲਡਰਜ।	ਮੰਜੂਰਸ਼ੁਦਾ ਸਟਾਫ ਸਟਰੈਂਥ ਤੋਂ ਵੱਧ 419 ਕਰਮਚਾਰੀ ਆਰਜ਼ੀ ਤੌਰ ਤੇ ਨਿਯੁਕਤ ਕਰਨ ਬਾਰੇ।	ਹਾਂ	ਇਸ ਦੀ ਪੜਤਾਲ ਰਜਿਸਟਰਾਰ ਦੀ ਪੱਧਰ ਤੇ ਕੀਤੀ ਗਈ ਸੀ ਅਤੇ ਇਸ ਨੂੰ 4,43,358/- ਰੁਪਏ ਅਤੇ ਨਾਲ ਵਿਆਜ ਲਈ ਸਰਚਾਰਜ ਕੀਤਾ ਗਿਆ ਹੈ। ਇਹ ਰਕਮ ਵਸੂਲ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

1	2	3	4	5	6	7	8
				ਸਾਹਿਬ ਰਾਮ ਬਾਧੂ ਸਾਬਕਾ ਸਰਪੰਚ ਪਿੰਡ ਬੋਧੀ ਵਾਲਾ ਪਿੱਥਾ ਤਹਿ: ਫਾਜ਼ਿਲਕਾ ।	ਅਸਿਸਟੈਂਟ ਸਟੋਰ ਕੀਪਰ ਦੀ ਗੈਰ ਕਾਨੂੰਨੀ ਤਰੱਕੀ ।	ਨਹੀਂ	ਸ਼ਿਕਾਇਤ ਆਧਾਰਹੀਣ ਪਾਈ ਗਈ ਅਤੇ ਫਾਇਲ ਕੀਤੀ ਗਈ ।
				ਨਕੋਦਰ ਸਹਿਕਾਰੀ ਖੰਡ ਮਿਲ ਦੇ ਬੋਰਡ ਆਫ ਡਾਇਰੈਕਟਰਜ਼	ਢੁਕਵੀਂ ਮੰਜ਼ੂਰੀ ਤੋਂ ਬਿਨ੍ਹਾਂ ਖੰਡ ਉਧਾਰ ਵੇਚਣ ਦੀ ਇਜ਼ਾਜਤ ਦਿੱਤੀ ।	ਮਾਮਲਾ ਵਿਚਾਰ ਅਧੀਨ ਹੈ	ਇਸ ਨੂੰ ਦੋਸ਼ ਸੂਚੀ ਜਾਰੀ ਕੀਤੀ ਗਈ ਸੀ । ਇਸ ਵਲੋਂ ਇਸ ਦਾ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ । ਫਿਰ ਵੀ ਇਸ ਨੇ ਰਜਿਸਟਰਾਰ ਤੋਂ ਰੋਕ ਪ੍ਰਾਪਤ ਕਰ ਲਈ ਹੈ ।
				ਡੀ. ਸੀ. ਗੁਰਦਾਸਪੁਰ ਦਾ ਨੋਟ	ਗੰਨੇ ਦੀ ਧਰਚੀਆਂ ਦੀ ਗਲਤ ਵੰਡ	"	-ਉਹੀ-
				ਅੱਜ ਦੀ ਅਵਾਜ਼ ਵਿੱਚ ਛਪੀ ਖਬਰ ।	ਸ਼ੀਰੇ ਦੀ ਚੋਰੀ ਅਤੇ ਐਕਸਾਈਜ਼ ਕਾਨੂੰਨ ਦੀ ਉਲੰਘਣਾ ।	"	-ਉਹੀ-
3.	ਡੀ. ਐਸ. ਕਾਹਲੋਂ	1993	1	ਖੰਡ ਮਿਲ ਗੁਰਦਾਸਪੁਰ ਦੇ ਕਾਮੇ	ਗੁਰਦਾਸਪੁਰ ਖੰਡ ਮਿਲ ਵਿਖੇ ਗੈਰ ਕਾਨੂੰਨੀ ਢੰਗ ਨਾਲ ਨਿਯੁਕਤੀਆਂ, ਤਰੱਕੀਆਂ ਅਤੇ ਪਦ-ਉਨਤੀਆਂ ਬਾਰੇ ।	ਨਹੀਂ	ਇਹ ਸ਼ਿਕਾਇਤ ਪ੍ਰਬੰਧਕ ਨਿਰਦੇਸ਼ਕ ਦੇ ਸੇਵਾ ਮੁਕਤ ਹੋਣ ਮਗਰੋਂ ਪ੍ਰਾਪਤ ਹੋਈ ਸੀ । ਫਿਰ ਇਸ ਦੀ ਪੜਤਾਲ ਕੀਤੀ ਗਈ । ਪੜਤਾਲ ਰਿਪੋਰਟ ਦੇ ਆਧਾਰ ਤੇ ਉਣਤਾਈਆਂ ਨੂੰ ਠੀਕ ਕਰਨ ਦੇ ਹੁਕਮ ਦਿੱਤੇ ਜਾ ਚੁੱਕੇ ਹਨ ।

1	2	3	4	5	6	7	8
4.	ਚੇਂਚਲ ਸਿੰਘ	1994-95	2	ਸ਼ੂਗਰ ਮਿਲ ਜ਼ੀਰਾ ਦੇ ਲੇਬਰ ਕੰਨਟਰੈਕਟਰ ਅਤੇ ਗੁਰਮੇਲ ਸਿੰਘ ਐਂਡ ਕੰਪਨੀ ।	ਲੇਬਰ ਕੰਨਟਰੈਕਟਰ ਨਾਲ ਬਦਸਲੂਕੀ ਅਤੇ ਉਸ ਟਾਹੀਂ ਜ਼ੀਰਾ ਮਿਲ ਵਿਚ ਕੀਤੇ ਕੰਮ ਦੀ ਅਦਾਇਗੀ ਨਾ ਕਰਨ ਬਾਰੇ ।	ਨਹੀਂ	ਸ਼ਿਕਾਇਤ ਵੱਲ ਧਿਆਨ ਦਿੱਤਾ ਗਿਆ । ਇਸ ਵਿਚ ਲਗਾਏ ਗਏ ਦੋਸ਼ ਅਸਪਸ਼ਟ ਅਤੇ ਅਨਵਰਾਂਟਡ ਪਾਏ ਗਏ । ਇਸ ਲਈ ਸ਼ਿਕਾਇਤ ਫਾਈਲ ਕੀਤੀ ਗਈ ।
				ਜ਼ੀਰਾ ਕਿਸਾਨ ਯੂਨੀਅਨ ਦੀ ਗੁਮਨਾਮ ਸ਼ਕਾਇਤ	ਗੁਰਦੁਆਰਾ ਬਣਾਉਣ ਲਈ ਕਿਸਾਨਾਂ ਅਤੇ ਦੂਜੀਆਂ ਪਾਰਟੀਆਂ ਤੋਂ ਫੰਡ ਇਕੱਠਾ ਕਰਨਾ ।	ਨਹੀਂ	ਇਸ ਸ਼ਿਕਾਇਤ ਦੀ ਪੜਤਾਲ ਕੀਤੀ ਗਈ ਅਤੇ ਫ਼ਾਈਲ ਕੀਤੀ ਗਈ ਸੀ ।
5.	ਸ਼ਰਨਜੀਤ ਸਿੰਘ	1993	2	ਗਿਆਨੀ ਦਲਜੀਤ ਸਿੰਘ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ, ਗੁਰਦਾਸਪੁਰ	1993-94 ਦੇ ਬੰਦ ਸੀਜ਼ਨ ਦੌਰਾਨ ਮਿਲ ਦੀ ਮੁਰੰਮਤ ਸਮੇਂ ਕੀਤੀਆਂ ਉਣਤਾਈਆਂ ਅਤੇ ਦੁਗਣਾ ਇਨ-ਸੈਨਟਿਵ ਲੈਣ ਬਾਰੇ ।	ਹਾਂ	ਸ਼ਕਾਇਤ ਦੀ ਪੜਤਾਲ ਕੀਤੀ ਗਈ ਅਤੇ ਜ਼ਿਆਦਾਤਰ ਦੋਸ਼ ਸਾਬਤ ਨਹੀਂ ਹੋਏ ਫਿਰ ਵੀ ਇਨਸੈਂਟਿਵ ਦੀ ਵਾਧੂ ਕੀਤੀ ਗਈ ਅਦਾਇਗੀ ਉਸ ਦੇ ਫਾਇਨਲ ਹਿਸਾਬ ਕਿਤਾਬ ਵਿਚੋਂ ਕੱਟ ਲਈ ਗਈ ।
6.	ਆਰ. ਪੀ. ਸਿੰਘ	1995	.	ਗੁਰਜੀਤ ਸਿੰਘ ਵਲੋਂ ਗੁਮਨਾਮ ਸ਼ਿਕਾਇਤ ।	ਮਿੱਲ ਦੀ ਬੰਦ ਇੰਤ-ਜਾਮੀ ਬਾਰੇ ਸ਼ਕਾਇਤ ।	ਨਹੀਂ	ਸ਼ਿਕਾਇਤ ਦੀ ਪੜਤਾਲ ਕਰਨ ਉਪਰੰਤ ਦਾਖਲ ਦਫਤਰ ਕਰ ਦਿੱਤੀ ਗਈ ।

[ਸਹਿਕਾਰਤਾ ਮੰਤਰੀ]

1	2	3	4	5	6	7	8
7.	ਐਸ. ਐਸ. ਸਰਾ	1994-95	2	ਬੁਢਲਾਡਾ ਮਿਲ ਦੀ ਵਰਕਰ ਯੂਨੀਅਨ ।	ਬੁਢਲਾਡਾ ਮਿਲ ਦੇ ਕਰਮਚਾਰੀਆਂ ਦੀਆਂ ਸਾਲਾਨਾ ਤਰੱਕੀਆਂ ਰੋਕਣ ਬਾਰੇ ।	ਨਹੀਂ	ਸ਼ਿਕਾਇਤ ਦੀ ਪੜਤਾਲ ਕਰਨ ਤੇ ਇਹ ਝੂਠੀ ਪਾਈ ਗਈ ਅਤੇ ਇਸ ਨੂੰ ਫਾਈਲ ਕਰ ਦਿੱਤਾ ਗਿਆ ਸੀ ।
					ਸਾਲ 1994-95 ਦੌਰਾਨ ਪਿੜਾਈ ਸੀਜ਼ਨ ਪਹਿਲਾਂ ਹੀ ਬੰਦ ਕਰਨ, ਗਾਮਾ ਬੀ.ਐਚ.ਸੀ. ਰੀਜਰ ਦੀ ਖਰੀਦ ਅਤੇ 1994-95 ਦੌਰਾਨ ਵੱਧ ਭਾੜੇ ਦੀ ਅਦਾਇਗੀ ਕਰਨ ਬਾਰੇ।	ਨਹੀਂ	ਦੋਹਾਂ ਸ਼ਿਕਾਇਤਾਂ ਦੀ ਪੜਤਾਲ ਕੀਤੀ ਗਈ ਪਰੰਤੂ ਦੋਸ਼ ਝੂਠੇ ਪਾਏ ਗਏ । ਇਸ ਲਈ ਇਸ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ ।
8.	ਆਰ. ਕੇ. ਜੈਨ	1994	1	ਬੁਢਲਾਡਾ ਮਿਲ ਦੀ ਕਰਮਚਾਰੀ ਯੂਨੀਅਨ	ਬੁਢਲਾਡਾ ਸਹਿਕਾਰੀ ਖੰਡ ਮਿਲ ਦੇ ਕਰਮਚਾਰੀਆਂ ਦੀਆਂ ਗਲਤ ਮੁਅਤਲੀਆਂ ਕਰਨ ਬਾਰੇ ।	ਨਹੀਂ	ਮਾਮਲੇ ਦੀ ਜਾਂਚ ਕਰਨ ਉਪਰੰਤ ਸ਼ਿਕਾਇਤ ਨਿਰਆਧਾਰ ਪਾਈ ਗਈ ਅਤੇ ਫਾਈਲ ਕਰ ਦਿੱਤੀ ਗਈ ।
9.	ਦਸ਼ਰਥ ਸਿੰਘ	1991-92	2	ਸ਼੍ਰੀ ਧੰਨਵੰਤ ਸਿੰਘ ਪਿੰਡ ਸ਼ਹੀਦਪੁਰ ਜ਼ਿਲ੍ਹਾ ਗੁਰਦਾਸਪੁਰ ।	ਗੁਰਦਾਸਪੁਰ ਮਿੱਲ ਦੇ ਪ੍ਰਬੰਧਕਾਂ ਵਲੋਂ ਗਬਨ/ਹੇਰਾਫੇਰੀ ਕਰਨ ਬਾਰੇ।	ਨਹੀਂ	ਮੁਢਲੀ ਜਾਂਚ ਕੀਤੀ ਗਈ ਸੀ । ਸ਼ਿਕਾਇਤ ਝੂਠੀ ਪਾਈ ਗਈ ਅਤੇ ਦਾਖਲ ਦਫ਼ਤਰ ਕਰ ਦਿੱਤੀ ਗਈ ।

1	2	3	4	5	6	7	8
10.	ਐਸ.ਐਸ. ਕੈਂਥ	1993	2	ਪ੍ਰਸ਼ਾਸਕ ਅਜਨਾਲਾ ਮਿਲ	ਗਲਤ ਨਿਯੁਕਤੀਆਂ ਗਲਤ ਤਰੱਕੀਆਂ ਅਣ-ਅਧਿਕਾਰਤ ਛੁੱਟੀ ਲੈਣ ਅਤੇ ਗੰਨੇ ਦੇ ਟੀਚੇ ਪੂਰੇ ਕਰਨ ਬਾਰੇ ।	ਨਹੀਂ	ਉਸ ਨੂੰ ਦੋਸ਼ ਪੱਤਰ ਜਾਰੀ ਕੀਤਾ ਗਿਆ ਸੀ । ਕਿਸੇ ਹੋਰ ਜਾਂਚ ਕੇਸ ਵਿੱਚ ਸ੍ਰੀ ਕੈਂਥ ਦੀਆਂ ਸੇਵਾਵਾਂ ਬਰਖਾਸਤ ਕਰ ਦਿੱਤੀਆਂ ਗਈਆਂ ਸਨ । ਇਸ ਲਈ ਇਹ ਮਾਮਲਾ ਬੰਦ ਕਰ ਦਿੱਤਾ ਗਿਆ ।
				ਤਕਨੀਕੀ ਸਲਾਹਕਾਰ ਐਸ. ਟੀ. ਦੀ ਰਿਪੋਰਟ	ਵਾਧੂ ਰਸਾਇਣਾਂ ਦੀ ਖਰੀਦ ਸਬੰਧੀ ਨਿਯ-ਮਤ ਢੰਗ ਦੀ ਉਲੰਘਣਾ	ਹਾਂ	ਇਨ੍ਹਾਂ ਵਿਰੁੱਧ ਜਾਂਚ ਕੀਤੀ ਗਈ ਸੀ ਅਤੇ ਇਨ੍ਹਾਂ ਦੀਆਂ ਸੇਵਾਵਾਂ ਬਰਖਾਸਤ ਕਰ ਦਿੱਤੀਆਂ ਗਈਆਂ ਸਨ । ਉਸ ਤੋਂ 4,89,000/- ਰੁਪਏ ਦੀ ਵਸੂਲੀ ਕਰਨ ਸਬੰਧੀ ਸਰਚਾਰਜ ਪ੍ਰੋਸਿਡਿੰਗ ਰਜਿਸਟਰਾਰ, ਸਹਿਕਾਰੀ ਸਭਾਵਾਂ ਦੇ ਪੱਧਰ ਤੇ ਕੀਤੀਆਂ ਜਾ ਰਹੀਆਂ ਹਨ ।
11.	ਐਸ.ਐਸ. ਸ਼ਰਮਾ	1992	1	ਖੰਡ ਮਿਲ ਕਰਮਚਾਰੀ ਯੂਨੀਅਨ ਪਟਿਆਲਾ ।	ਘਟੀਆ ਜਾਗਟਾਂ ਅਤੇ ਕਪੜੇ ਦੀ ਖਰੀਦ ਬਾਰ ।	ਨਹੀਂ	ਉਸ ਨੂੰ ਦੋਸ਼ ਪੱਤਰ ਜਾਰੀ ਕੀਤਾ ਗਿਆ ਸੀ । ਇਸ ਹੱਦ ਤੱਕ ਦੋਸ਼ ਸਾਬਤ ਹੋ ਗਏ ਸਨ ਕਿ ਉਸ ਵਲੋਂ ਖਰੀਦ ਸਬੰਧੀ ਹੁਕਮ ਹਿੱਸਿਆਂ ਵਿਚ ਦਿੱਤੇ ਗਏ ਸਨ ਤਾਂ ਜੋ ਮਿਲ ਦੇ ਪ੍ਰਸ਼ਾਸਕ ਦੀ ਮਨਜ਼ੂਰੀ ਲੈਣ ਤੋਂ ਬਚਿਆ ਜਾ ਸਕੇ । ਇਸ ਲਈ ਕੋਈ ਵਿੱਤੀ ਘਾਟਾ ਨਹੀਂ ਪਿਆ ਸੀ । ਇਸ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ।

1	2	3	4	5	6	7	8
12.	ਐਸ. ਐਸ. ਸ਼ਰਮਾ ਪਟਿਆਲਾ	1993	1	ਆਡਿਟ ਰਿਪੋਰਟ	ਪਟਿਆਲਾ, ਨਕੋਦਰ, ਜਗਰਾਉ, ਨਵਾਂ ਸ਼ਹਿਰ, ਮੋਰਿੰਡਾ ਅਤੇ ਗੁਰਦਾਸਪੁਰ ਸਹਿਕਾਰੀ ਖੰਡ ਮਿਲਾਂ ਵਿਖੇ ਸ਼ੀਰੇ ਦੀ ਖਰੀਦ ਵਿਚ ਉਣਤਾਈਆਂ ।	ਨਹੀਂ	ਇਨ੍ਹਾਂ ਨੂੰ ਦੋਸ਼ ਪੱਤਰ ਜਾਰੀ ਕੀਤੇ ਗਏ ਸਨ । ਵਿਭਾਗੀ ਜਾਂਚ ਵੀ ਕੀਤੀ ਗਈ ਸੀ । ਦੋਸ਼ ਸਾਬਤ ਨਹੀਂ ਹੋਏ ਸਨ । ਇਸ ਲਈ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ ।
13.	ਐਸ.ਐਸ. ਸਰਾ, ਬੁਢਲਾਡਾ						
14.	ਪੀ.ਐਸ. ਸਿੱਧੂ, ਨਵਾਂ ਸ਼ਹਿਰ						
15.	ਐਸ. ਜੀ. ਸੈਠੀ, ਮੋਰਿੰਡਾ ।						
16.	ਐਚ. ਐਸ. ਮੰਡ, ਮੋਰਿੰਡਾ ਏ. ਐਸ. ਗੁਪਤਾ, ਜਗਰਾਉਂ						
17.	ਹ. ਸ. ਮੰਡ	1993-94 ਤੇ 1996	7	ਮਨਮੋਹਣ ਸਿੰਘ, ਪੰਚ ਪਿੰਡ ਤੇ ਡਾਕਖਾਨਾ ਗਾਲਬ ਕਲਾਂ ਤਹਿ: ਜਗਰਾਉਂ ਜ਼ਿਲ੍ਹਾ, ਲੁਧਿਆਣਾ ।	ਜਗਰਾਉਂ ਖੰਡ ਮਿੱਲ ਨੂੰ ਜ਼ਿਲ੍ਹਾ ਯੋਜਨਾ ਬੋਰਡ ਲੁਧਿਆਣਾ ਵਲੋਂ ਦਿੱਤੇ ਫੰਡਾਂ ਦੀ ਦੁਰ-ਵਰਤੋਂ ।	ਮਾਮਲਾ ਵਿਚਾਰ ਅਧੀਨ ਹੈ	ਇਨ੍ਹਾਂ ਸ਼ਿਕਾਇਤਾਂ ਦੀ ਜਾਂਚ ਕੀਤੀ ਜਾ ਰਹੀ ਹੈ ।

1	2	3	4	5	6	7	8
				ਅਵਤਾਰ ਸਿੰਘ ਪੁੱਤਰ ਸ੍ਰੀ ਰਤਨ ਸਿੰਘ, ਪਿੰਡ ਤੇ ਡਾਕਖਾਨਾ ਕਾਉਂਕੇ ਕਲਾਂ, ਜਗਰਾਉਂ ।	ਕਾਸ਼ਤਕਾਰਾਂ ਨਾਲ ਗਲਤ ਹਰਕਤਾਂ ਤੇ ਭੈੜਾ ਵਤੀਰਾ ।	ਮਾਮਲਾ ਵਿਚਾਰ ਅਧੀਨ ਹੈ ।	
				ਕਰਤਾਰ ਸਿੰਘ ਅਤੇ ਹੋਰ	ਕੀੜੇਮਾਰ ਦਵਾਈਆਂ ਦੀ ਖਰੀਦ ਅਤੇ ਐਮ. ਟੀ. ਸੀ. ਵਰਕਸ ਦੀ ਮੁਰੰਮਤ ਵਿੱਚ ਕੀਤੀਆਂ ਗਈਆਂ ਊਣਤਾਈਆਂ	ਮਾਮਲਾ ਵਿਚਾਰ ਅਧੀਨ ਹੈ ।	
				ਅਲਵੇਲ ਸਿੰਘ, ਜਨਰਲ ਸਕੱਤਰ	ਨਕਲੀ ਅਤੇ ਘਟੀਆ ਕੀੜੇਮਾਰ ਦਵਾਈਆਂ ਖਰੀਦਣ ਬਾਰੇ ।	ਨਹੀਂ	ਇਨ੍ਹਾਂ ਸ਼ਿਕਾਇਤਾਂ ਦੀ ਜਾਂਚ ਕਰਨ ਉਪਰੰਤ ਕੁਝ ਗਲਤ ਨਹੀਂ ਪਾਇਆ ਗਿਆ । ਇਸ ਲਈ ਇਹ ਦਾਖਲ ਦਫਤਰ ਕਰ ਕਰ ਦਿੱਤੀਆਂ ਗਈਆਂ ।
				ਮੋਰਿੰਡਾ ਮਿਲ ਦੇ ਹਿੱਸੇਦਾਰ	ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਨਿਯੁਕਤੀਆਂ ਦਿੱਤੀਆਂ ਗਈਆਂ ।	ਨਹੀਂ	
				ਸ਼ੂਗਰਫੈਡਰੇਸ਼ਨ ਕਾਮਨ ਕਾਡਰ ਆਫੀਸਰ ਵੈਲਫੇਅਰ ਅਤੇ ਟੈਕਨੀਕਲ ਐਸੋਸੀਏਸ਼ਨ ।	ਮਿਲ ਦੇ ਅਹਾਤੇ ਵਿਚ ਪਈ ਜ਼ਮੀਨ ਦੀ ਆਪਣੇ ਨਿੱਜੀ ਹਿੱਤਾਂ ਵਾਸਤੇ ਵਰਤੋਂ ।		

1	2	3	4	5	6	7	8
					ਸ਼ੀਰੇ ਦੀ ਵੇਚ ਸਬੰਧੀ ਪ੍ਰਾਈਵੇਟ ਪਾਰਟੀਆਂ ਤੋਂ ਵੱਡੀਆਂ ਰਕਮਾਂ ਲਈਆਂ ਗਈਆਂ ।		
					ਸੇਵਾ ਮੁਕਤ ਹੋਣ ਤੋਂ ਬਾਅਦ ਦੁਬਾਰਾ ਨਿਯੁਕਤੀ ਲੈਣ ਵਿਰੁੱਧ ।	ਨਹੀਂ	
				ਰੂਪ ਸਿੰਘ, ਡੀਜ਼ਲ ਮਕੈਨਿਕ ਸਹਿਕਾਰੀ ਖੰਡ ਮਿਲ ਬੁੱਢੇਵਾਲ ।	ਡਿਊਟੀ ਉਧਰ ਲੈਣ ਤੋਂ ਨਾਂਹ ਕਰਨ ਵਿਰੁੱਧ ।		
18.	ਐਨ.ਐਸ. ਗਿੱਲ	1995	2	ਭੋਗਪੁਰ ਮਿਲ ਦੇ ਕਲਰਕ	ਮਿਲ ਦੇ ਦੂਜੇ ਕਰਮਚਾਰੀਆਂ ਦੀ ਸੀਨੀਆਰਤਾ ਨੂੰ ਨਜ਼ਰਅੰਦਾਜ ਕਰਕੇ ਮੌਸਮੀ ਪੱਕੇ ਕਲਰਕਾਂ ਦੀਆਂ ਸੇਵਾਵਾਂ ਪੱਕੇ ਕਲਰਕਾਂ ਦੇ ਤੌਰ ਤੇ ਰੈਗੂਲਰ ਕੀਤੀਆਂ ਗਈਆ ।	ਮਾਮਲਾ ਵਿਚਾਰ ਅਧੀਨ ਹੈ।	ਇਸ ਸ਼ਿਕਾਇਤ ਦੇ ਆਧਾਰ ਤੇ ਉਸਨੂੰ ਦੋਸ਼ ਪੱਤਰ ਜਾਰੀ ਕੀਤਾ ਗਿਆ ਸੀ । ਵਿਭਾਗੀ ਜਾਂਚ ਚਲ ਰਹੀ ਹੈ ।
				ਨਕੋਦਰ ਮਿੱਲ ਦੇ ਬੋਰਡ ਆਫ ਡਾਇਰੈਕਟਰਜ਼ ।	ਬਣਦੀ ਮੰਜ਼ੂਰੀ ਲੈਣ ਤੋਂ ਬਿਨਾਂ ਉਧਾਰ ਖੰਡ ਵੇਚ ਦਿੱਤੀ ਗਈ ।	-ਉਹੀ-	-ਉਹੀ-

1	2	3	4	5	6	7	8
19.	ਮਨਮੋਹਨ ਸਿੰਘ ਖੋਖਰ	1992	1	ਬੁਢਲਾਡਾ ਦੇ ਨਿਵਾਸੀ	ਰਜਿਸਟਰਾਰ, ਸਹਿਕਾਰੀ ਸਭਾਵਾਂ ਪੰਜਾਬ ਵਲੋਂ ਭਰਤੀ ਕਰਨ ਸਬੰਧੀ ਨਿਰਧਾਰਤ ਨਿਯਮਾਂ ਦੀ ਉਲੰਘਣਾ ਕੀਤੀ ਗਈ ਅਤੇ ਹਦਾਇਤਾਂ ਦੀ ਉਲੰਘਣਾ ਕਰਦਿਆਂ ਪੱਕੇ ਅਤੇ ਮੌਸਮੀ ਸਟਾਫ ਦੀ ਭਰਤੀ ਕੀਤੀ ਗਈ। ਬੁਢਲਾਡਾ ਖੰਡ ਮਿਲ ਵਿਖੇ ਖਰੀਦਕਾਰੀ ਵਿੱਚ ਊਣਤਾਈਆਂ । ਨਿਯਮਤ ਢੰਗ ਅਪਣਾਏ ਤੋਂ ਬਿਨ੍ਹਾਂ 2500/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਠੇਕੇਦਾਰ ਦੀ ਨਿਯੁਕਤੀ ਕੀਤੀ ਗਈ ।	ਹਾਂ	ਉਸ ਨੂੰ ਦੋਸ਼ ਪੱਤਰ ਜਾਰੀ ਕੀਤਾ ਗਿਆ ਸੀ । ਵਿਭਾਗੀ ਜਾਂਚ ਕੀਤੀ ਗਈ ਸੀ । ਉਸ ਨੂੰ ਬਰ-ਖਾਸਤ ਕੀਤਾ ਜਾ ਚੁੱਕਾ ਹੈ ।
20.	ਕੁਲਵੰਤ ਸਿੰਘ	1995-96	6	ਦਾਖਲਾ ਪਿੰਡ ਦੇ ਸਰ-ਪੰਚ ਅਤੇ ਮੈਂਬਰ ਪੰਚਾਇਤ ।	ਬਟਾਲਾ ਮਿਲ ਦੇ ਅਹਾਤੇ ਵਿਚ ਸ਼੍ਰੀ ਕੁਲਵੰਤ ਸਿੰਘ, ਪ੍ਰਬੰਧਕ ਨਿਰ-ਦੇਸ਼ਕ ਵਲੋਂ ਸਟੇਡੀਅਮ ਦੀ ਉਸਾਰੀ ਕਰਨ ਤੋਂ ਨਾਂਹ ।	ਨਹੀਂ	ਸ਼ਿਕਾਇਤ ਦੀ ਜਾਂਚ ਕਰਨ ਉਪਰੰਤ ਦਾਖ਼ਲ ਦਫਤਰ ਕਰ ਦਿੱਤੀ ਗਈ ਸੀ ।

1	2	3	4	5	6	7	8
				ਬਟਾਲਾ ਸਹਿਕਾਰੀ ਖੰਡ ਮਿਲ ਦੇ ਚੇਅਰ-ਮੈਨ ਵਲੋਂ	ਮਿਲ ਦੀਆਂ ਸੜਕਾਂ ਦੀ ਮੁਰੰਮਤ ਵਿਚ ਘਟੀਆ ਸਮਾਨ ਦੀ ਵਰਤੋਂ ਬਾਰੇ ।	ਨਹੀਂ	ਸ਼ਕਾਇਤ ਦੀ ਜਾਂਚ ਵਧੀਕ ਪ੍ਰਬੰਧਕ ਨਿਰਦੇਸ਼ਕ ਸ਼ੂਗਰਫੈਡ ਅਤੇ ਤਕ-ਨੀਕੀ ਅਫ਼ਸਰ ਵਲੋਂ ਕੀਤੀ ਗਈ ਸੀ । ਦੋਸ਼ ਸਿੱਧ ਨਹੀਂ ਹੋਏ ਸਨ। ਇਸ ਕਰਕੇ ਸ਼ਿਕਾਇਤ ਨਿਰਆਧਾਰ ਪਾਈ ਗਈ ।
				-ਉਹੀ-	ਗੰਨਾਂ ਤੋਲਨ ਵਾਲੇ ਕੰਡਿਆਂ ਦੀ ਗਿਣਤੀ ਸਮਾਨ ਨੂੰ ਕਬਾੜ ਵਿੱਚ ਵੇਚਣ ਅਤੇ ਘਟੀਆ ਸਮਾਨ ਖਰੀਦਣ ਵਿੱਚ ਕੀਤੀਆਂ ਬਹੁਤ ਸਾਰੀਆਂ ਉਣਤਾਈਆਂ ਬਾਰੇ ।	ਨਹੀਂ	ਮੁੱਢਲੀ ਜਾਂਚ ਦੌਰਾਨ ਸਿਰਫ ਇਕ ਦੋਸ਼ ਨਕਲੀ ਬਿਜਲੀ ਦਾ ਸਮਾਨ ਖਰੀਦਣ ਸਬੰਧੀ ਸਿੱਧ ਹੋਇਆ ਸੀ। ਅੰਤਿਮ ਜਾਂਚ ਦੌਰਾਨ ਦੋਸ਼ ਸਾਬਤ ਨਹੀਂ ਹੋਏ ਇਸ ਕਰਕੇ ਸ਼ਿਕਾਇਤ ਦਾਖਲ ਦਫਤਰ ਕਰ ਦਿੱਤੀ ਗਈ।
				-ਉਹੀ-	ਆਪਣੇ ਨੇੜੇ ਦੇ ਰਿਸ਼ਤੇ-ਦਾਰਾਂ ਨੂੰ ਹੇਰਾਫੇਰੀ ਨਾਲ ਗੰਨੇ ਦੀ ਢੋਆ-ਢੁਆਈ ਦੇ ਖਰਚੇ ਦੀ ਅਦਾਇਗੀ ਕਰਨ ਬਾਰੇ।	ਮਾਮਲਾ ਵਿਚਾਰ ਅਧੀਨ ਹੈ।	ਅਜਿਹੀ ਹੀ ਸ਼ਿਕਾਇਤ 1991 ਵਿੱਚ ਪ੍ਰਾਪਤ ਹੋਈ ਸੀ ਅਤੇ ਇਸ ਦੀ ਵਿਭਾਗੀ ਜਾਂਚ ਕੀਤੀ ਗਈ ਸੀ । ਪਰੰਤੂ ਦੋਸ਼ ਸਾਬਤ ਨਹੀਂ ਹੋਏ ਸਨ। ਇਸ ਕਰਕੇ ਸ਼ਿਕਾਇਤ ਦਾਖਲ ਦਫਤਰ ਕਰ ਦਿੱਤੀ ਗਈ । ਇਨ੍ਹਾਂ

1	2	3	4	5	6	7	8
							ਹੀ ਦੋਸ਼ਾਂ ਸਬੰਧੀ ਉਸ ਵਿਰੁੱਧ ਰਜਿਸਟਰਾਰ ਵਲੋਂ ਸਰਚਾਰਜ ਪ੍ਰੋਸੀ-ਡਿੰਗਜ਼ ਕੀਤੀਆਂ ਗਈਆਂ ਸਨ । ਇਸ ਵਿਰੁੱਧ ਸ਼੍ਰੀ ਕੁਲਵੰਤ ਸਿੰਘ ਵਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਰਿਟ ਕੀਤੀ ਗਈ ਹੈ ਜੋ ਦਾਖਲ ਹੋ ਚੁੱਕੀ ਹੈ । ਇਹ ਮਾਮਲਾ ਰਜਿਸ-ਟਰਾਰ ਵਲੋਂ ਵੇਖਿਆ ਜਾ ਰਿਹਾ ਹੈ ।
				ਬਟਾਲਾ ਮਿੱਲ ਦੇ ਚੇਅਰਮੈਨ ਵਲੋਂ ।	ਵੱਖ-ਵੱਖ ਜੀਜਾਂ ਦੀ ਗੈਰਕਾਨੂੰਨੀ ਅਤੇ ਬੇਨਿਯਮੀ ਖਰੀਦ ਕਰਨ, ਗਲਤ ਅਦਾ-ਇਗੀ ਕਰਨ, ਮਸ਼ੀਨਾਂ ਦੀ ਮੁਰੰਮਤ ਨਿਯਮਾਂ ਅਨੁਸਾਰ ਨਾ ਕਰਨ ਅਤੇ ਗਲਤ ਨਿਯੁ-ਕਤੀਆਂ ਕਰਨ ਬਾਰੇ ।	ਮਾਮਲਾ ਵਿਚਾਰ ਅਧੀਨ ਹੈ ।	ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ ਪੰਜਾਬ ਨੇ ਇਨ੍ਹਾਂ ਸ਼ਿਕਾਇਤਾਂ ਦੀ ਜਾਂਚ ਕੀਤੀ ਹੈ । ਰਿਪੋਰਟ ਸਰ-ਕਾਰ ਦੇ ਵਿਚਾਰ ਅਧੀਨ ਹੈ ।
	ਕੁੱਲ 40						

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ 40 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਸਵਾਲ ਦਾ ਜਵਾਬ ਬੜਾ ਲੰਮਾ ਚੌੜਾ ਹੈ ਅਤੇ ਮੈਨੂੰ ਹੁਣੇ ਹੀ ਮਿਲਿਆ ਹੈ। ਮੈਂ ਜਵਾਬ ਚੰਗੀ ਤਰ੍ਹਾਂ ਪੜ੍ਹ ਨਹੀਂ ਸਕਿਆ। ਐਮ. ਡੀ. ਬਟਾਲਾ ਵਿਰੁੱਧ ਸ਼ਿਕਾਇਤ ਪ੍ਰਾਪਤ ਹੋਈ ਹੈ, ਮੈਂ ਜ਼ਿਆਦਾ ਸਵਾਲ ਨਹੀਂ ਪੁੱਛਦਾ। ਇਹ ਐਮ. ਡੀ. ਪਹਿਲਾਂ ਜ਼ੀਰੇ ਵੀ ਲੱਗਾ ਰਿਹਾ ਹੈ ਅਤੇ ਉਸ ਦੇ ਵਿਰੁੱਧ ਮੰਤਰੀ ਜੀ ਦਸਣਗੇ ਕਿ ਕਿਹੜੇ ਕਿਹੜੇ ਦੋਸ਼ ਲਗਾਏ ਗਏ ਸਨ ?

ਮੰਤਰੀ : ਉਸ ਦੇ ਖਿਲਾਫ 6 ਦੋਸ਼ 1992 ਤੋਂ ਲੈ ਕੇ ਹੁਣ ਤੱਕ ਹਨ। 4 ਦੋਸ਼ ਇਨ੍ਹਾਂ ਵਿਚੋਂ ਪਹਿਲੀ ਸਰਕਾਰ ਦੇ ਸਨ ਅਤੇ ਦੋ ਦੋਸ਼ ਮਗਰੋਂ ਸਾਡੇ ਸਾਹਮਣੇ ਆਏ ਹਨ। ਉਨ੍ਹਾਂ ਦੋਸ਼ਾਂ ਤੇ ਕਾਰਵਾਈ ਹੋਈ ਹੈ, ਇਨਕੁਆਇਰੀ ਹੋਈ, ਫਾਈਂਡਿੰਗਜ਼ ਆਈਆਂ ਅਤੇ ਉਸ ਦੇ ਖਿਲਾਫ ਛੇਤੀ ਕਾਰਵਾਈ ਕੀਤੀ ਜਾ ਰਹੀ ਹੈ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਡਿਪਟੀ ਸਪੀਕਰ ਸਾਹਿਬ, ਜੋ ਜਵਾਬ ਦਿਤਾ ਗਿਆ ਹੈ, ਉਸ ਵਿਚ ਜ਼ੀਰੇ ਬਾਰੇ ਕਿਤੇ ਵੀ ਵੇਰਵਾ ਨਹੀਂ ਪਾਇਆ ਗਿਆ ਹੈ। ਇਹ ਐਮ. ਡੀ. ਜਦੋਂ ਜ਼ੀਰਾ ਵਿਖੇ ਸੀ, ਉਥੇ ਉਸ ਨੂੰ ਕੁਝ ਪੈਸੇ ਬਤੌਰ ਰਿਕਵਰੀ ਵੀ ਪਾਏ ਗਏ ਸਨ। ਮੈਂ ਇਹ ਚੀਜ਼ ਮੰਤਰੀ ਜੀ ਦੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ। ਜਦੋਂ ਜ਼ੀਰਾ ਵਿਖੇ ਇਹ ਨਿਯੁਕਤ ਸੀ ਉਦੋਂ ਮਿਲੀ ਭੁਗਤ ਨਾਲ ਪਰਚੀ ਦੇ ਦਿਤੀ ਜਾਂਦੀ ਸੀ ਪਰ ਗੰਨਾ ਮਿਲ ਵਿਚ ਨਹੀਂ ਸੀ ਆਉਂਦਾ। ਕੀ ਇਹ ਗੱਲ ਮੰਤਰੀ ਜੀ ਦੇ ਨੋਟਿਸ ਵਿਚ ਹੈ ਅਤੇ ਕੀ ਮੰਤਰੀ ਜੀ ਇਸ ਬਾਰੇ ਇਨਕੁਆਇਰੀ ਕਰਾਉਣਗੇ।

ਸ਼੍ਰੀ ਡਿਪਟੀ ਸਪੀਕਰ : ਤੁਹਾਡੀ ਸਪਲੀਮੈਂਟਰੀ ਕਲੀਅਰ ਨਹੀਂ ਹੈ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਕੀ ਮੰਤਰੀ ਜੀ ਜੋ ਜ਼ੀਰਾ ਵਿਖੇ ਪੈਸੇ ਬਤੌਰ ਰਿਕਵਰੀ ਪਾਏ ਗਏ ਸਨ, ਉਸ ਦੀ ਪੜਤਾਲ ਕਰਾਉਣਗੇ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਿਆ ਹੈ ਕਿ ਉਸ ਦੇ ਖਿਲਾਫ ਇਨਕੁਆਇਰੀ ਚੱਲ ਰਹੀ ਹੈ ਪਰ ਜ਼ੀਰੇ ਬਾਰੇ ਮੇਰੇ ਕੋਲ ਇਨਫਰਮੇਸ਼ਨ ਇਸ ਵਕਤ ਨਹੀਂ ਹੈ। ਕਾਫੀ ਐਮ. ਡੀ. ਹਨ ਜੋ ਕੁਰੱਪਟ ਹਨ। ਇਕ ਕੁਲਵੰਤ ਸਿੰਘ ਹੈ ਉਸ ਦੇ ਖਿਲਾਫ ਇਕ ਹਾਈ ਪਾਵਰ ਕਮੇਟੀ ਬਣਾਈ ਹੈ। ਉਸ ਦੇ ਖਿਲਾਫ ਕਾਰਵਾਈ ਸ਼ੁਰੂ ਕੀਤੀ ਹੈ। ਪਿਛਲੇ ਸਮੇਂ ਵਿਚ ਮਿਲਾਂ ਵਿਚ ਕਾਫੀ ਹੇਰਾਫੇਰੀਆਂ ਹੋਈਆਂ ਹਨ ਅਤੇ ਰਿਪੇਅਰ ਕਰਨ ਵਾਸਤੇ 90-90 ਲੱਖ ਰੁਪਿਆ ਖਰਚ ਹੋਇਆ ਸ਼ੋਅ ਕੀਤਾ ਗਿਆ ਹੈ, ਅਸਲ ਵਿਚ ਬਹੁਤ ਘੱਟ ਪੈਸੇ ਖਰਚ ਹੋਏ ਹਨ। ਇਸ ਬਾਰੇ ਵੀ ਇਕ ਕਮੇਟੀ ਬਣਾਈ ਗਈ ਹੈ। ਮੈਂ ਮੈਂਬਰ ਸਾਹਿਬਾਨ ਨੂੰ ਹਾਊਸ ਵਿਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਕੁਰੱਪਟ ਅਫਸਰ ਹਨ, ਕੁਰੱਪਟ ਐਮ.ਡੀ. ਹਨ ਉਨ੍ਹਾਂ ਦੇ ਖਿਲਾਫ ਅਸੀਂ ਐਕਸ਼ਨ ਲੇ ਰਹੇ ਹਾਂ ਅਤੇ ਇਹ ਵੀ ਸਾਡਾ ਸਹਿਯੋਗ ਦੇਣ। (ਥੰਪਿੰਗ) ਤਾਂਕਿ ਉਨ੍ਹਾਂ ਦੇ ਖਿਲਾਫ ਕਾਰਵਾਈ ਕਰ ਸਕੀਏ। ਨਕੋਦਰ ਮਿਲ ਦੀ ਗੱਲ ਸਾਡੇ ਨੋਟਿਸ ਵਿਚ ਆਈ ਸੀ ਅਤੇ ਚੌਧਰੀ ਸਾਹਿਬ ਸਾਹਮਣੇ ਬੈਠੇ ਹਨ। ਮੈਂ ਆਪ ਉਥੇ ਗਿਆ। 9 ਅਫਸਰਾਂ ਦੇ ਖਿਲਾਫ ਡਿਪਾਰਟਮੈਂਟ ਨੇ ਇਨਕੁਆਰੀ ਕੀਤੀ ਅਤੇ ਉਨ੍ਹਾਂ ਨੂੰ ਸਸਪੈਂਡ ਕੀਤਾ, ਉਨ੍ਹਾਂ ਦੇ ਖਿਲਾਫ ਐਫ.ਆਈ.ਆਰ.

ਦਰਜ ਕੀਤੀ ਅਤੇ 6 ਨੂੰ ਜੇਲ੍ਹਾਂ ਵਿਚ ਭਿਜਵਾਇਆ ਅਤੇ ਉਨ੍ਹਾਂ ਦੀਆਂ ਜ਼ਮਾਨਤਾਂ ਵੀ ਨਾ ਹੋ ਸਕੀਆਂ । ਸਾਨੂੰ ਬਹੁਤ ਥੋੜ੍ਹਾ ਸਮਾਂ ਹੋਇਆ ਹੈ ਅਤੇ ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਨੇ ਮੇਰੀ ਕਾਫੀ ਤਸੱਲੀ ਕਰਵਾਈ ਹੈ ਕਿ ਜਿਹੜੇ ਕੁਰਪਟ ਐਮ.ਡੀ. ਹਨ ਉਨ੍ਹਾਂ ਵਿਰੁਧ ਅਸੀਂ ਐਕਸ਼ਨ ਲਵਾਂਗੇ । ਪਿਛਲੀ ਸਰਕਾਰ ਆਪ ਵੀ ਕੁਰੱਪਟ ਸੀ ਅਤੇ ਮੈਂ ਉਸ ਸਮੇਂ ਦੌਰਾਨ ਕਾਫੀ ਸਵਾਲ ਕੀਤੇ ਪਰ ਪਿਛਲੀ ਸਰਕਾਰ ਨੇ ਕੋਈ ਐਕਸ਼ਨ ਨਹੀਂ ਲਿਆ ਅਤੇ ਕਹਿੰਦੇ ਰਹੇ ਕਿ ਕਾਰਵਾਈ ਕਰ ਰਹੇ ਹਾਂ ਅਤੇ ਪੰਜ ਸਾਲ ਲੰਘਾ ਦਿੱਤੇ । ਕੀ ਮੰਤਰੀ ਜੀ ਐਕਸ਼ਨ ਲੈਣ ਲਈ ਟਾਈਮ ਬਾਊਂਡ ਕਰਨਗੇ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਕੁਲਵੰਤ ਸਿੰਘ ਦੇ ਖਿਲਾਫ ਇਨਕੁਆਇਰੀ ਹੋ ਗਈ ਹੈ ਅਤੇ ਚਾਰ ਪੰਜ ਦੋਸ਼ ਸਾਬਤ ਹੋ ਚੁੱਕੇ ਹਨ । ਕੁਝ ਦਿਨਾਂ ਦੇ ਵਿਚ ਹੀ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਧੰਨਵਾਦ ਜੀ ।

ਸਰਦਾਰ ਅਮਰਜੀਤ ਸਿੰਘ ਸਮਰਾ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬੜੀ ਚੰਗੀ ਗੱਲ ਹੈ ਕਿ ਇਨ੍ਹਾਂ ਨੇ ਆਪ ਹੀ ਜ਼ਿਕਰ ਕੀਤਾ ਹੈ ਕਿ ਕੁਰੱਪਟ ਅਫਸਰਾਂ ਦੇ ਖਿਲਾਫ ਕਾਰਵਾਈ ਕਰ ਰਹੇ ਹਾਂ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਲੰਬਾ ਅਰਸਾ ਨਕੋਦਰ ਵਿਚ ਗੰਨਾ ਘੱਟ ਤੁਲਦਾ ਰਿਹਾ ਅਤੇ ਜਿਸ ਕਰਕੇ ਕਈ ਅਫਸਰ ਵੀ ਸਸਪੈਂਡ ਕੀਤੇ ਹਨ, ਕੀ ਗਰੀਬ ਕਿਸਾਨਾਂ ਦਾ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ,ਇਹ ਉਨ੍ਹਾਂ ਨੂੰ ਕੰਪਨਸੇਟ ਕਰ ਰਹੇ ਹਨ ? ਜਿਹੜਾ ਗੰਨਾ ਉਥੇ ਘੱਟ ਤੁਲਦਾ ਰਿਹਾ ਹੈ ਅਤੇ ਕਿਸਾਨਾਂ ਨੂੰ ਪੈਸਾ ਘੱਟ ਦਿਤਾ ਜਾਂਦਾ ਰਿਹਾ ਹੈ, ਉਹ ਪੈਸਾ ਕਿਸਾਨਾਂ ਦਾ ਇਹ ਕਦੋਂ ਤੱਕ ਦਿਵਾ ਦੇਣਗੇ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਕੇਸ ਅਜੇ ਚਲ ਰਿਹਾ ਹੈ, ਇਨਕੁਆਇਰੀ ਹੋ ਰਹੀ ਹੈ । ਜੋ ਵੀ ਉਸ ਦੀਆਂ ਫਾਈਂਡਿੰਗਜ਼ ਹੋਣਗੀਆਂ, ਉਸਤੇ ਅਮਲ ਕੀਤਾ ਜਾਵੇਗਾ ਜੀ ।

ਸਰਦਾਰ ਗੋਬਿੰਦ ਸਿੰਘ ਕਾਂਝਲਾ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਹਿਕਾਰਤਾ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਹੈ ਕਿ ਕੁਰੱਪਟ ਅਧਿਕਾਰੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ । ਮੇਰੇ ਧਿਆਨ ਵਿਚ ਆਇਆ ਹੈ ਕਿ ਜਿਹੜੇ ਅਜਿਹੇ ਅਧਿਕਾਰੀ ਹਨ, ਜਿਨ੍ਹਾਂ ਦੇ ਖਿਲਾਫ ਪਿਛਲੇ ਸਮੇਂ ਤੋਂ ਇਨਕੁਆਇਰੀਆਂ ਚਲ ਰਹੀਆਂ ਹਨ, ਉਹ ਵੀ ਕੋਸ਼ਿਸ਼ ਤੇ ਤਾਕ ਵਿਚ ਹਨ ਕਿ ਚੰਗੀਆਂ ਪੋਸਟਾਂ ਜਿਵੇਂ ਐਮ.ਡੀ. ਅਤੇ ਹੋਰ ਮਹੱਤਵਪੂਰਨ ਥਾਵਾਂ ਤੇ ਸਾਨੂੰ ਲਾਇਆ ਜਾਵੇ । ਕੀ ਮੰਤਰੀ ਜੀ ਅਜਿਹੀ ਗੱਲ ਤੋਂ ਖਬਰਦਾਰ ਰਹਿਣਗੇ ?

ਮੰਤਰੀ : ਜ਼ਰੂਰ ਖਬਰਦਾਰ ਰਹਾਂਗੇ ਜੀ ।

ਨਵਾਂ ਸ਼ਹਿਰ ਵਿਖੇ ਮਿੰਨੀ ਸਕੱਤਰੇਤ ਦੀ ਉਸਾਰੀ

*462. **ਸ਼੍ਰੀ ਚਰਨਜੀਤ ਸਿੰਘ** ਨਵਾਂ ਸ਼ਹਿਰ : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਵਾਂ ਸ਼ਹਿਰ ਵਿਖੇ ਇਕ ਮਿੰਨੀ ਸਕੱਤਰੇਤ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;ਜੇਕਰ ਅਜਿਹਾ ਹੋਵੇ ਤਾਂ ਇਸ ਦੀ ਉਸਾਰੀ ਦਾ ਕੰਮ ਕਦੋਂ ਤੱਕ ਸ਼ੁਰੂ ਕੀਤੇ ਹਨ ਜਾਣ ਦੀ ਸੰਭਾਵਨਾ ਹੈ ?

Shri Madan Mohan Mittal (Food and Supplies, Public Health and Parliamentary Affairs Minister) Yes Sir, However suitable land for the construction of Mini-Secretariat at Nawanshahr is not available, therefore, the time to be taken for construction cannot be specified.

ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਉਥੇ ਮਿੰਨੀ ਸੈਕ੍ਰੇਟਰੀਏਟ ਬਣਾਉਣ ਵਾਸਤੇ ਲੈਂਡ ਅਵੇਲੇਬਲ ਨਹੀਂ । ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਸਦੇ ਲਈ ਸਰਕਾਰ ਵਲੋਂ ਕੋਈ ਯਤਨ ਕੀਤਾ ਗਿਆ ਹੈ ? ਜੇ ਯਤਨ ਕੀਤੇ ਗਏ ਹਨ ਕਦੋਂ ਤੱਕ ਅਤੇ ਕਿਥੇ ਲੈਂਡ ਲੈ ਕੇ ਇਸ ਦੀ ਕੰਸਟਰਕਸ਼ਨ ਕਰ ਦਿੱਤੀ ਜਾਵੇਗੀ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੁਆਰਾ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿੱਥੋਂ ਤੱਕ ਸਰਕਾਰ ਦੇ ਯਤਨਾਂ ਦਾ ਸਵਾਲ ਹੈ, ਇਹ ਜ਼ਿਲ੍ਹਾ ਜੋ ਹੈ, 7-11-95 ਨੂੰ ਬਣਾਇਆ ਗਿਆ ਸੀ । ਉਥੇ ਜ਼ਮੀਨ ਕੋਈ ਅਵੇਲੇਬਲ ਹੈ ਨਹੀਂ, ਜਿਥੇ ਮਿੰਨੀ ਸੈਕ੍ਰੇਟਰੀਏਟ ਬਣ ਸਕੇ । ਕੇਵਲ ਮਿਲਟਰੀ ਕੈਂਪਸ ਸੀ ਜਿਥੇ ਡਿਫੈਂਸ ਡਿਪਾਰਟਮੈਂਟ ਦੀ 117 ਕਨਾਲ 14 ਮਰਲੇ ਜਗ੍ਹਾ ਸੀ । 41 ਕਨਾਲ ਜਗ੍ਹਾ ਉਸ ਵਿਚੋਂ ਪਹਿਲਾਂ ਹੀ ਐਸ. ਡੀ.ਐਮ. ਦਾ ਆਫਿਸ ਬਣਾਉਣ ਵਾਸਤੇ ਯੂਟੀਲਾਈਜ਼ ਕਰ ਲਈ ਹੈ ਅਤੇ 76 ਕਨਾਲ ਜ਼ਮੀਨ ਖਾਲੀ ਪਈ ਹੈ ਜਿਹੜੀ ਕਿ ਡਿਫੈਂਸ ਵਾਲੇ ਪਹਿਲਾਂ ਦੇਣ ਨੂੰ ਤਿਆਰ ਨਹੀਂ ਸੀ । ਹੁਣ ਡਿਫੈਂਸ ਡਿਪਾਰਟਮੈਂਟ ਨੇ ਆਫਰ ਕੀਤੀ ਹੈ ਕਿ ਮਾਰਕਿਟ ਪ੍ਰਾਈਸ ਤੇ ਪੰਜਾਬ ਸਟੇਟ ਚਾਹੇ ਤਾਂ ਲੈ ਲਵੇ ਅਤੇ ਜਾਂ ਲੋਕਲ ਬਾਡੀਜ਼ ਵਾਲੇ ਅਗਰ ਚਾਹੁਣ ਤਾਂ ਉਹ ਜ਼ਮੀਨ ਲੈ ਲੈਣ । ਅਸੀਂ ਇਸ ਵਾਸਤੇ ਹੁਣ ਉਪਰਾਲਾ ਕਰ ਰਹੇ ਹਾਂ ਕਿ ਇਹ ਜ਼ਮੀਨ ਸਾਨੂੰ ਮਿਲ ਜਾਵੇ । ਫਿਰ ਇਕ ਏਕੜ ਜ਼ਮੀਨ ਜਿਥੇ ਪੁਰਾਣਾ ਐਸ.ਡੀ.ਐਮ. ਦਾ ਆਫਿਸ ਸੀ, ਉਥੇ ਖਾਲੀ ਪਈ ਸੀ ਜਿਥੇ ਅਸੀਂ ਮਿਤੀ 9-4-97 ਨੂੰ ਐਡਮਨਿਸਟਰੇਟਿਵ ਬਲਾਕ ਦੇ ਫੇਜ਼-1 ਦੀ ਕੰਸਟਕਸ਼ਨ ਕਰਨ ਦੀ ਅਪਰੂਵਲ ਦੇ ਦਿਤੀ ਹੈ । ਹੁਣ ਸਥਿਤੀ ਇਹ ਹੈ ਕਿ ਡਿਪਟੀ ਕਮਿਸ਼ਨਰ ਵਲੋਂ ਹਾਲੇ ਇਸ ਲਈ ਐਸਟੀਮੇਟ ਬਣ ਕੇ ਨਹੀਂ ਆਇਆ ਜਦੋਂ ਹੀ ਐਸਟੀ-ਮੇਟ ਬਣ ਕੇ ਆ ਜਾਵੇਗਾ, ਮਿੰਨੀ ਸੈਕ੍ਰੇਟਰੀਏਟ ਬਣਾਉਣ ਵਾਸਤੇ, ਸਰਕਾਰ ਪੂਰੀ ਤਰ੍ਹਾਂ ਇਸ ਵਾਸਤੇ ਜਾਗਰਕ ਹੈ ।

ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਪੂਰੇ ਵਿਸਥਾਰ ਨਾਲ ਦਿਤਾ ਹੈ ਜਿਸ ਲਈ ਮੈਂ ਧੰਨਵਾਦੀ ਹਾਂ । ਹੁਣ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਜ਼ਮੀਨ ਖਾਲੀ ਪਈ ਹੈ ਅਤੇ ਡਿਫੈਂਸ ਵਾਲਿਆਂ ਨੇ ਆਫਰ

ਕੀਤੀ ਹੈ ਅਤੇ ਮਾਰਕੀਟ ਪ੍ਰਾਈਸ ਤੇ ਇਨ੍ਹਾਂ ਨੂੰ ਮਿਲ ਸਕਦੀ ਹੈ, ਕੀ ਇਹ ਉਹ ਜ਼ਮੀਨ ਲੈਣ ਨੂੰ ਤਿਆਰ ਹਨ ? ਕੀ ਇਹ ਇਸ ਲਈ ਵਚਨ-ਬੱਧ ਹਨ ਅਤੇ ਦੱਸ ਸਕਦੇ ਹਨ ਕਿ ਇਸ ਵਾਸਤੇ ਉਪਰਾਲਾ ਕਦੋਂ ਤੱਕ ਹੋਵੇਗਾ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਦਿੱਤਾ ਹੈ ਕਿ ਸਰਕਾਰ ਜ਼ਮੀਨ ਲੈਣ ਵਾਸਤੇ ਤਿਆਰ ਹੈ । ਬਾਕੀ ਐਮ.ਐਲ.ਏ. ਸਾਹਿਬ ਆਪਣੇ ਵਲੋਂ ਵੀ ਇਸ ਮੈਟਰ ਨੂੰ ਐਕਸਪੀਡਾਈਟ ਕਰਨ ਅਤੇ ਸਾਡੀ ਮਦਦ ਕਰ ਦੇਣ । We are taking up the matter very seriously. If the Hon'ble Member can help, we welcome it.

ਸ਼੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਜਿਸ ਵੇਲੇ ਬਰਾੜ ਸਾਹਿਬ ਦੀ ਹਕੂਮਤ ਸੀ, ਤਾਂ ਬਟਾਲੇ ਦੀ ਐਜੀਟੇਸ਼ਨ ਮੁਕਾਉਣ ਲਈ ਉਥੇ ਵੀ ਮਿਨੀ ਸੈਕ੍ਰੇਟਰੀਏਟ ਬਣਾਉਣ ਦਾ, ਜੁਡੀਸ਼ੀਅਲ ਕੰਪਲੈਕਸ ਕੰਪਲੀਟ ਕਰਨ ਦਾ ਵਾਇਦਾ ਕੀਤਾ ਗਿਆ ਸੀ । ਇਹ ਸਾਡੇ ਕੋਲ ਚਿੱਠੀ ਹੈ ਅਤੇ ਰਿਟਨ ਸਬੂਤ ਹੈ ਪਰ ਅਸੀਂ ਫਾਇਲਾਂ ਵਿਚ ਵੀ ਦੇਖਿਆ, ਕੋਈ ਫਾਈਲ ਐਸੀ ਨਹੀਂ ਬਣੀ । ਸਾਡੇ ਕੋਲ ਤਾਂ ਚਿੱਠੀ ਵੀ ਹੈ ਮਗਰ ਉਸ ਦੇ ਬਾਰੇ ਕੁਝ ਨਹੀਂ ਹੋਇਆ । ਮੈਂ ਇਸ ਸਬੰਧੀ ਕੁਐਸਚਨ ਦਿੱਤਾ ਸੀ ਪਰ ਉਹ ਰਿਜੈਕਟ ਹੋ ਗਿਆ ਹੈ । ਮੰਤਰੀ ਜੀ ਦੱਸ ਦੇਣ ਕਿ ਕੀ ਇਹ ਵਿਚਾਰ ਅਧੀਨ ਹੈ ?

ਸ਼੍ਰੀ ਡਿਪਟੀ ਸਪੀਕਰ : ਇਹ ਨਵਾਂ ਸ਼ਹਿਰ ਦੀ ਗਲ ਕਰ ਰਹੇ ਹਨ । ਜੇ ਤੁਸੀਂ ਆਪਣੇ ਇਲਾਕੇ ਦੀ ਗੱਲ ਪੁੱਛਣੀ ਹੈ ਤਾਂ ਇਸ ਦੇ ਵਾਸਤੇ ਵੱਖਰਾ ਸਵਾਲ ਦੇ ਦਿਓ ।

ਸ਼੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਮੈਂ ਸਵਾਲ ਦਿੱਤਾ ਸੀ ਪਰ ਉਹ ਰਿਜੈਕਟ ਹੋ ਗਿਆ ਹੈ । ਸਪੀਕਰ ਸਾਹਿਬ ਨੇ ਉਹ ਸਵਾਲ ਡਿਸਅਲਾਓ ਕਰ ਦਿੱਤਾ ਹੈ । ਮੰਤਰੀ ਜੀ ਮੈਨੂੰ ਕੋਈ ਐਸ਼ਿਓਰੈਂਸ ਦੇ ਦੇਣ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਇਸ ਦੇ ਵਾਸਤੇ ਦੁਬਾਰਾ ਸਵਾਲ ਦੇ ਦਿਓ । ਅਗਲਾ ਸਵਾਲ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਮੰਗ ਰਹੀ ਹਾਂ ।

ਸ਼੍ਰੀ ਡਿਪਟੀ ਸਪੀਕਰ : ਇਹ ਸਵਾਲ ਤਾਂ ਹੁਣ ਖਤਮ ਹੋ ਗਿਆ ਹੈ ਮੈਂ ਹੁਣ ਅਗਲਾ ਸਵਾਲ ਅਲਾਓ ਕਰ ਦਿੱਤਾ ਹੈ । ਚਲੋ, ਪੁੱਛੋ ਜੋ ਕੁਝ ਪੁੱਛਣਾ ਹੈ ।

श्रीमती लक्ष्मी कांता चावला : मेरा निवेदन सिर्फ इतना है कि जैसे नवां शहर में मिनी सैक्रेटरीऐट बनाने का फैसला किया गया है, ऐसे ही क्या और शहरों में भी मिनी सैक्रेटरीयेट बनाना विचार अधीन है ? इसके इलावा मिनी सैक्रेटरीऐट बनाने की कसौटी क्या रखी जाती है ?

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਬਣਦੀ ।

श्रीमती लक्ष्मी कांता चावला : सैक्रेटरीयेट बनाने की जो कसौटीं है, सिर्फ वह कसौटीं मुझे बता दें ।

ਮੰਤਰੀ : ਡਿਪਟੀ ਸਪੀਕਰ ਸਾਹਿਬ, ਕਸੌਟੀ ਤਾਂ ਇਹੀ ਹੈ ਕਿ ਇਕ ਤਾਂ ਢੁਕਵੀਂ ਜਗ੍ਹਾ ਮਿਲ ਜਾਵੇ ਅਤੇ ਦੂਸਰਾ ਫੰਡਜ਼ ਅਵੇਲੇਬਲ ਹੋਣ । ਪੰਜਾਬ ਸਰਕਾਰ ਤਾਂ ਚਾਹੁੰਦੀ ਹੈ ਕਿ ਸਰਕਾਰ ਦੇ ਦਫਤਰ ਇਕੋ ਥਾਂ ਤੇ ਸਿਚੂਏਟਿਡ ਹੋਣ ਅਤੇ ਜਨਤਾ ਨੂੰ ਆਪਣੇ ਕੰਮਾਂ ਵਾਸਤੇ ਜਗ੍ਹਾ ਜਗ੍ਹਾ ਨਾ ਜਾਣਾ ਪਵੇ । ਉਨ੍ਹਾਂ ਨੂੰ ਇਕੋ ਕੰਪਲੈਕਸ ਵਿਚ ਜਲਦੀ ਨਿਆਂ ਮਿਲ ਸਕੇ । ਸਰਕਾਰ ਤਾਂ ਹਰ ਥਾਂ ਤੇ ਮਿੰਨੀ ਸਕਤਰੇਤ ਬਣਾਉਣਾ ਚਾਹੁੰਦੀ ਹੈ ਪਰ ਜ਼ਮੀਨ ਨਹੀਂ ਮਿਲਦੀ ਅਤੇ ਜੇ ਜ਼ਮੀਨ ਮਿਲਦੀ ਹੈ ਤਾਂ ਫੰਡ ਨਹੀਂ ਮਿਲਦੇ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਅੰਮ੍ਰਿਤਸਰ ਕਚਹਿਰੀ ਵਿਚ ਕਾਫੀ ਜ਼ਮੀਨ ਖਾਲੀ ਹੈ......

ਸ਼੍ਰੀ ਡਿਪਟੀ ਸਪੀਕਰ : ਮੈਂ ਤਾਂ ਹਾਲੇ ਤੁਹਾਡਾ ਨਾਂ ਵੀ ਨਹੀਂ ਲਿਆ, ਤੁਹਾਨੂੰ ਅਲਾਓ ਵੀ ਨਹੀਂ ਕੀਤਾ ਅਤੇ ਤੁਸੀਂ ਪਹਿਲਾਂ ਹੀ ਬੋਲ ਪਏ ਹੋ । ਪਹਿਲਾਂ ਤੁਸੀਂ ਧਿਆਨ ਦਿਉ ਕਿ ਚੇਅਰ ਕੀ ਕਹਿੰਦੀ ਹੈ । ਜੇ ਸਾਰੇ ਮੈਂਬਰ ਸਾਹਿਬਾਨ ਇਸੇ ਤਰ੍ਹਾਂ ਕਰਨ ਲੱਗ ਪੈਣ ਤਾਂ ਹਾਊਸ ਕਿਸ ਤਰ੍ਹਾਂ ਚਲੇਗਾ । ਪਲੀਜ਼ ਸਿਟ ਡਾਊਨ । ਅਗਲਾ ਸਵਾਲ ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 523

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ ।)

ਜਨਤਕ-ਵੰਡ ਪ੍ਰਣਾਲੀ ਲਈ ਲਾਭ-ਪਾਤਰਾਂ ਦੀ ਪਛਾਣ

*386. **ਕਾਮਰੇਡ ਹਰਦੇਵ ਅਰਸ਼ੀ**: ਕੀ ਖੁਰਾਕ ਅਤੇ ਸਪਲਾਈਜ਼ ਅਤੇ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਰਾਜ ਵਿਚ ਪ੍ਰਧਾਨ ਮੰਤਰੀ ਦੁਆਰਾ ਐਲਾਨੀ ਟੀਚੇ ਮਿਥੀ ਜਨਤਕ ਵੰਡ ਪ੍ਰਣਾਲੀ ਅਧੀਨ ਆਉਣ ਵਾਲੇ ਸੰਭਾਵੀ ਲਾਭ-ਪਾਤਰਾਂ ਦੀ ਪਛਾਣ ਕਰਨ ਲਈ ਕੋਈ ਕਦਮ ਚੁੱਕੇ ਹਨ । ਜੇਕਰ ਅਜਿਹਾ ਹੈ ਤਾਂ ਇਸ ਦੇ ਵੇਰਵੇ ਕੀ ਹਨ ?

Shri Madan Mohan Mittal : Yes Sir.

The state govt. has decided to cover scheduled caste families possessing Yellow card under the targetted public distribution system. Necessary steps to identify the scheduled caste families amongst the existing yellow card holders and to issue the subsidised foodgrains under targetted public distribution system to the beneficiaries are being taken expeditiously.

ਕਾਮਰੇਡ ਹਰਦੇਵ ਅਰਸ਼ੀ : ਡਿਪਟੀ ਸਪੀਕਰ ਸਾਹਿਬ, ਜੋ ਮਾਨਯੋਗ ਮੰਤਰੀ ਜੀ ਨੇ ਉੱਤਰ ਦਿੱਤਾ ਹੈ, ਉਹ ਉਨ੍ਹਾਂ ਦੇ ਪੱਖ ਤੋਂ ਤਾਂ ਠੀਕ ਹੋ ਸਕਦਾ ਹੈ ਲੇਕਿਨ ਇਸ ਦੇ ਵਿਚ ਕੁਝ ਕਨਫਿਊਜ਼ਨ ਹੈ । ਜੋ ਸੈਂਟਰ ਗੌਰਮਿੰਟ ਦੀ, ਪ੍ਰਾਈਮ-ਮਨਿਸਟਰ ਦੀ ਸਕੀਮ ਹੈ, ਉਸ

ਵਾਸਤੇ ਸਾਰੇ ਭਾਰਤ ਵਿਚ 32 ਕਰੋੜ ਵਿਅਕਤੀ ਆਈਡੈਂਟੀਫਾਈ ਕੀਤੇ ਗਏ ਹਨ। ਉਨ੍ਹਾਂ ਨੇ ਸਟੇਟ ਗੌਰਮਿੰਟ ਨੂੰ ਵੀ ਕਿਹਾ ਹੈ ਕਿ ਆਈਡੈਂਟੀਫਿਕੇਸ਼ਨ ਕਰਕੇ ਉਨ੍ਹਾਂ ਨੂੰ ਸਪੈਸ਼ਲ/ਵਖਰੇ ਕਾਰਡ ਵਗੈਰਾ ਬਣਾ ਕੇ ਦਿੱਤੇ ਜਾਣ। ਮੈਂ ਪੁੱਛਣਾ ਚਾਹੁੰਦਾ ਹਾਂ, ਜਿਸ ਤਰ੍ਹਾਂ ਕਿ ਇਨ੍ਹਾਂ ਨੇ ਪਾਰਟ ਦੋ ਵਿਚ ਦੱਸਿਆ ਹੈ, ਕੀ ਇਹ ਕੋਈ ਵੱਖਰੀ ਆਈਡੈਂਟੀਫਿਕੇਸ਼ਨ ਕਰਕੇ ਸ਼ਡਿਊਲਡ ਕਾਸਟ ਜਿਹੜੇ ਪੀਲੇ ਕਾਰਡ ਹੋਲਡਰ ਹਨ, ਉਹ ਇਸ ਸਕੀਮ ਵਿਚ ਕਵਰ ਕਰਨਗੇ ? ਇਸ ਆਈਡੈਂਟੀਫਿਕੇਸ਼ਨ ਦਾ ਤੁਸੀਂ ਕੀ ਆਧਾਰ ਰੱਖਿਆ ਹੈ ? ਇਹ ਥੋੜ੍ਹੀ ਜਿਹੀ ਕਨਫਿਊਜ਼ਨ ਹੈ।

ਮੰਤਰੀ: ਡਿਪਟੀ ਸਪੀਕਰ ਸਾਹਿਬ, ਜੋ ਸਾਡੇ ਕੋਲ ਟੋਟਲ ਯੈਲੋ ਕਾਰਡ ਹੋਲਡਰ ਹਨ ਉਹ 13.28 ਲੱਖ ਹਨ ਅਤੇ ਜੋ ਭਾਰਤ ਸਰਕਾਰ ਨੇ ਆਈਡੈਂਟੀਫਾਈ ਕੀਤੇ ਹਨ, ਉਸ ਅਨੁਸਾਰ 4.30 ਲੱਖ ਲੋਕਾਂ ਨੂੰ ਇਹ ਬੈਨੀਫਿਟ ਦੇਣਾ ਹੈ। ਅਸੀਂ ਸਾਰੇ ਜਿਹੜੇ ਯੈਲੋ ਕਾਰਡ ਹੋਲਡਰ ਹਨ, ਉਨ੍ਹਾਂ ਵਿਚੋਂ poorest amongst poors ਨੂੰ ਇਹ ਬੈਨੀਫਿਟ ਦੇਣਾ ਹੈ। ਤਕਰੀਬਨ 13 ਲੱਖ ਵਿਚੋਂ ਆਈਡੈਂਟੀਫਾਈ ਕਰਨ ਵਾਸਤੇ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜੋ ਅਨੁਸੂਚਿਤ ਜਾਤੀਆਂ ਦੇ ਲੋਕ ਹਨ, ਕੇਵਲ ਉਨ੍ਹਾਂ ਨੂੰ ਹੀ ਇਹ ਬੈਨੀਫਿਟ ਦਿੱਤਾ ਜਾਵੇ because they are poorest among the poor. ਅਨੁਸੂਚਿਤ ਜਾਤੀਆਂ ਵਿਚੋਂ ਜੋ ਯੈਲੋ ਕਾਰਡ ਹੋਲਡਰ ਹਨ, ਉਹ 4.30 ਲੱਖ ਆਈਡੈਂਟੀਫਾਈ ਕਰਕੇ ਇਸ ਸਕੀਮ ਦਾ ਬੈਨੀਫਿਟ ਦਿੱਤਾ ਜਾਣਾ ਹੈ। ਜੋ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਆਈਡੈਂਟੀਫਿਕੇਸ਼ਨ ਕਿਸ ਤਰ੍ਹਾਂ ਅੱਡ ਕਰੋਗੇ, ਜੋ ਉਨ੍ਹਾਂ ਦੇ ਯੈਲੋ ਕਾਰਡਜ਼ ਹਨ, ਉਨ੍ਹਾਂ ਤੇ ਸਪੈਸ਼ਲ ਸਟੈਂਪ ਲਗਾ ਦਿੱਤੀ ਜਾਵੇਗੀ ਤਾਂ ਕਿ ਕੋਈ ਗਲਤ ਆਦਮੀ ਇਸ ਸਕੀਮ ਦਾ ਫਾਇਦਾ ਨਾ ਉਠਾ ਸਕੇ।

ਇਕੱਲੇ ਯੈਲੋ ਕਾਰਡ ਹੋਲਡਰ ਅਨੁਸੂਚਿਤ ਜਾਤੀਆਂ ਦੇ ਲੋਕਾਂ ਵਿਚੋਂ 4 ਲੱਖ 30 ਹਜ਼ਾਰ ਲੋਕ ਆਈਡੈਂਟੀਫਾਈ ਹੋਏ ਹਨ, ਉਹਨਾਂ ਨੂੰ ਸਰਕਾਰ ਵੱਲੋਂ ਪੂਰੇ ਲਾਭ ਦਿੱਤੇ ਜਾਣਗੇ।

ਕਾਮਰੇਡ ਹਰਦੇਵ ਅਰਸ਼ੀ: ਡਿਪਟੀ ਸਪੀਕਰ ਸਾਹਿਬ, ਵੈਸੇ ਤਾਂ ਮੇਰੀ ਗੱਲ ਕਾਫੀ ਕਲੀਅਰ ਹੋ ਗਈ ਹੈ ਕਿਉਂਕਿ ਮੰਤਰੀ ਜੀ ਨੇ ਬੜਾ ਡੀਟੇਲ ਦੇ ਵਿੱਚ ਜਵਾਬ ਦੇ ਦਿੱਤਾ ਹੈ ਕਿ ਜਿਹੜੇ ਪੀਲੇ ਕਾਰਡ ਹੋਲਡਰ ਹਨ ਅਤੇ ਅਨੁਸੂਚਿਤ ਜਾਤੀਆਂ ਨਾਲ ਸਬੰਧ ਰਖਦੇ ਹਨ, ਜਿਨ੍ਹਾਂ ਦਾ ਨੰਬਰ ਇਨ੍ਹਾਂ ਨੇ ਚਾਰ ਲੱਖ ਕੁਝ ਹਜ਼ਾਰ ਦੱਸਿਆ ਹੈ ਉਸਦਾ ਮਤਲਬ ਹੈ ਕਿ ਜਿਨ੍ਹਾਂ ਕੋਲ ਪੀਲਾ ਕਾਰਡ ਨਹੀਂ ਬਣਿਆ ਹੋਇਆ, ਸ਼ਾਇਦ ਇਸ ਸਕੀਮ ਵਿੱਚ ਉਹ ਕਵਰ ਨਾ ਹੁੰਦੇ ਹੋਣ। ਕੀ ਉਨ੍ਹਾਂ ਵਾਸਤੇ ਸਰਕਾਰ ਕੋਈ ਨਵੇਂ ਕਾਰਡ ਬਣਾਏਗੀ ?

ਮੰਤਰੀ: ਡਿਪਟੀ ਸਪੀਕਰ ਸਾਹਿਬ, ਗੱਲ ਇਹ ਹੈ ਕਿ ਇਸ ਵੇਲੇ ਜਿਨ੍ਹਾਂ ਕੋਲ ਯੈਲੋ ਕਾਰਡ ਹਨ, ਉਨ੍ਹਾਂ ਵਿੱਚੋਂ ਸਿਲੈਕਸ਼ਨ ਕੀਤੀ ਗਈ ਹੈ। ਅਗਰ 4 ਲੱਖ 30 ਹਜ਼ਾਰ ਦੇ ਵਿੱਚ ਉਹ ਕਵਰ ਨਹੀਂ ਹੋਏ ਹੋਣਗੇ, ਐਗਜ਼ਿਸਟਿੰਗ ਨੰਬਰ ਵਿੱਚ, ਤਾਂ ਉਸ ਤੇ ਵੀ ਵਿਚਾਰ ਕਰ ਲਿਆ ਜਾਵੇਗਾ ਜੀ because we have decided to give this benefit only to the Scheduled Caste community.

ਨਿਹਾਲ ਸਿੰਘ ਵਾਲਾ ਅਤੇ ਬਰੇਟਾ ਮੰਡੀ ਵਿਚ ਨਵੀਆਂ ਆਈ. ਟੀ. ਆਈਜ਼ ਖੋਲ੍ਹਣਾ

*430. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਤਕਨੀਕੀ ਸਿੱਖਿਆ ਅਤੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਨਿਹਾਲ ਸਿੰਘ ਵਾਲਾ

[ਕਾਮਰੇਡ ਅਜੈਬ ਸਿੰਘ ਰੌਂਤਾ]

ਜ਼ਿਲ੍ਹਾ ਮੋਗਾ ਅਤੇ ਬਰੇਟਾ ਮੰਡੀ, ਜ਼ਿਲ੍ਹਾ ਮਾਨਸਾ ਵਿਚ ਉਦਯੋਗਿਕ ਸਿਖਲਾਈ ਸੰਸਥਾਵਾਂ ਖੋਲ੍ਹਣ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਆਈ.ਟੀ.ਆਈਜ਼ ਲਈ ਸਰਕਾਰ ਦੁਆਰਾ ਕਿੰਨੇ ਕਿੰਨੇ ਫੰਡ ਮਨਜ਼ੂਰ ਕੀਤੇ ਗਏ ਹਨ ਅਤੇ ਇਨ੍ਹਾਂ ਸੰਸਥਾਵਾਂ ਦੀ ਉਸਾਰੀ ਦਾ ਕੰਮ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

ਡਾਕਟਰ ਉਪਿੰਦਰਜੀਤ ਕੌਰ : ਸ੍ਰੀਮਾਨ ਜੀ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿਖੇ ਉਦਯੋਗਿਕ ਸਿਖਲਾਈ ਸੰਸਥਾ ਖੋਲ੍ਹਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ । ਬਰੇਟਾ ਮੰਡੀ ਜ਼ਿਲ੍ਹਾ ਮਾਨਸਾ ਵਿਖੇ ਉਦਯੋਗਿਕ ਸਿਖਲਾਈ ਸੰਸਥਾ ਖੋਲ੍ਹਣ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ । ਸਰਕਾਰ ਵੱਲੋਂ ਅਜੇ ਤੱਕ ਕੋਈ ਫੰਡਜ਼ ਮਨਜ਼ੂਰ ਨਹੀਂ ਕੀਤੇ ਗਏ । ਬਰੇਟਾ ਮੰਡੀ ਵਿਖੇ ਉਦਯੋਗਿਕ ਸਿਖਲਾਈ ਸੰਸਥਾ ਦੀ ਉਸਾਰੀ ਸ਼ੁਰੂ ਕਰਨ ਲਈ ਕੋਈ ਨਿਸ਼ਚਿਤ ਸਮਾਂ ਇਸ ਵੇਲੇ ਨਹੀਂ ਦਰਸਾਇਆ ਜਾ ਸਕਦਾ ਜੀ ।

ਕਾਮਰੇਡ ਅਜੈਬ ਸਿੰਘ ਰੌਂਤਾ: ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੇ ਦੁਆਰਾ ਭੈਣ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਨਿਹਾਲ ਸਿੰਘ ਵਾਲਾ ਜੋ ਕਿ ਮੋਗਾ ਜ਼ਿਲ੍ਹੇ ਵਿੱਚ ਹੈ ਅਤੇ ਮੇਰੀ ਕਾਂਸਟੀਚੁਐਂਸੀ ਹੈ, ਮੈਂ ਉਥੇ ਡਿਗਰੀ ਕਾਲਜ ਖੋਲ੍ਹਣ ਬਾਰੇ, ਪਿਛਲੀ ਸਰਕਾਰ ਵੇਲੇ ਵੀ ਮੰਗ ਕੀਤੀ ਸੀ ਲੇਕਿਨ ਸਰਕਾਰ ਨੇ ਇਸ ਨੂੰ ਆਈ.ਟੀ. ਆਈ. ਦੇ ਵਿੱਚ ਬਦਲ ਦਿੱਤਾ । ਏਥੇ ਗੱਲ ਆਉਂਦੀ ਹੈ ਕਿ ਜਗ੍ਹਾ ਦਿਓ, ਜਦੋਂ ਫੰਡਜ਼ ਐਲੋਕੇਟ ਹੋਣਗੇ ਤਾਂ ਵਿਚਾਰ ਕੀਤਾ ਜਾਵੇਗਾ । ਡਿਪਟੀ ਸਪੀਕਰ ਸਾਹਿਬ, ਸਾਡੇ ਇਲਾਕੇ ਦੇ ਲੋਕਾਂ ਨੇ 29 ਏਕੜ ਜ਼ਮੀਨ ਵੀ ਦਿੱਤੀ ਹੈ ਔਰ ਅਸੀਂ ਇਲਾਕੇ ਦੇ ਲੋਕਾਂ ਨੇ ਕਮੇਟੀ ਬਣਾ ਕੇ ਲੱਖਾਂ ਰੁਪਏ ਇੱਕਠੇ ਕੀਤੇ ਹੋਏ ਹਨ । ਕੀ ਸਰਕਾਰ ਇਸ ਚੀਜ਼ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਸਾਡੇ ਇਲਾਕੇ ਦੇ ਬੱਚਿਆਂ ਨੂੰ ਦੂਰ ਦੂਰ ਪੜ੍ਹਣ ਨਾ ਜਾਣਾ ਪਵੇ, ਕੀ ਉਥੇ ਆਈ. ਟੀ. ਆਈ. ਖੋਲ੍ਹਣ ਬਾਰੇ ਵਿਚਾਰ ਕਰੇਗੀ ?

ਮੰਤਰੀ: ਮਾਨਯੋਗ ਡਿਪਟੀ ਸਪੀਕਰ ਸਾਹਿਬ, ਕਿਸੇ ਵੀ ਜਗ੍ਹਾ ਤੇ ਆਈ. ਟੀ. ਆਈ, ਸਥਾਪਿਤ ਕਰਨ ਬਾਰੇ ਕੁਝ ਗਾਈਡ ਲਾਈਨਜ਼ ਹਨ । ਪਹਿਲੀ ਜ਼ਰੂਰੀ ਸ਼ਰਤ ਹੈ ਕਿ ਉਹ ਸ਼ਹਿਰ ਜਿੱਥੇ ਨਵੀਂ ਆਈ. ਟੀ. ਆਈ ਸਥਾਪਿਤ ਕੀਤੀ ਜਾਣੀ ਹੈ, ਉਹ ਪਹਿਲੀ ਸਥਾਪਿਤ ਆਈ. ਟੀ. ਆਈ. ਨਾਲੋਂ 25-30 ਕਿਲੋਮੀਟਰ ਦੇ ਫਾਸਲੇ ਤੇ ਹੋਵੇ । ਦੂਸਰੀ ਸ਼ਰਤ ਇਹ ਹੈ ਕਿ ਲੋਕਾਂ ਵੱਲੋਂ ਜਾਂ ਪੰਚਾਇਤ ਵੱਲੋਂ ਇਸ ਕਾਰਜ ਲਈ ਸਰਕਾਰ ਨੂੰ ਜ਼ਮੀਨ ਮੁਫਤ ਮੁਹੱਈਆ ਕੀਤੀ ਜਾਵੇ ਅਤੇ ਮਹਿਕਮੇ ਦੇ ਨਾਂ ਤੇ ਟਰਾਂਸਫਰ ਕੀਤੀ ਜਾਵੇ । ਨਿਹਾਲ ਸਿੰਘ ਵਾਲਾ ਸਬੰਧੀ ਜੋ ਸੂਚਨਾ ਉਪਲਬਧ ਹੈ, ਉਸ ਅਨੁਸਾਰ ਕਦੇ ਵੀ ਉਥੇ ਆਈ. ਟੀ. ਆਈ. ਸਥਾਪਿਤ ਕਰਨ ਲਈ ਤਜਵੀਜ਼ ਪ੍ਰਾਪਤ ਨਹੀਂ ਹੋਈ । ਜੇ ਆਪ ਜੀ ਤਜਵੀਜ਼ ਭੇਜ ਦਿਓਗੇ ਔਰ ਲੈਂਡ ਟਰਾਂਸਫਰ ਹੋ ਜਾਵੇਗੀ ਤਾਂ ਸਰਕਾਰ ਇਸ ਨੂੰ ਦੁਬਾਰਾ ਕਨਸਿਡਰ ਕਰ ਲਵੇਗੀ ।

ਕਾਮਰੇਡ ਅਜੈਬ ਸਿੰਘ ਰੌਂਤਾ. ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਇਲਾਕੇ ਦੇ ਐਮ. ਐਲ.ਏ. ਤੋਂ ਜੋ ਪਰਪੋਜ਼ਲ ਮੰਗੀਆਂ ਹਨ, ਅਗਰ ਮੇਰੀ ਰਿਕੁਮੈਂਡੇਸ਼ਨ ਤੇ ਸਰਕਾਰ ਉਥੇ ਆਈ. ਟੀ. ਆਈ. ਖੋਲ੍ਹਣ ਦਾ ਫੈਸਲਾ ਕਰੇਗੀ ਤਾਂ ਮੈਂ ਬਹੁਤ ਧੰਨਵਾਦੀ ਹੋਵਾਂਗਾ । ਲੇਕਿਨ ਸਾਡੇ ਕੋਲ ਜਗ੍ਹਾ ਏਨੀ ਹੈ ਔਰ ਸਾਡੇ ਇਲਾਕੇ ਦੇ ਲੋਕ ਇਸ ਮਹਾਨ ਕੰਮ ਦੇ ਲਈ ਹਰ

ਤਰਾਂ ਅੱਗੇ ਆਉਣ ਨੂੰ ਵੀ ਤਿਆਰ ਹਨ ਅੌਰ ਫੰਡਜ਼ ਦੇਣ ਲਈ ਵੀ ਤਿਆਰ ਹਨ । ਇਸ ਤੋਂ ਇਲਾਵਾ ਸਾਡੇ ਇਲਾਕੇ ਦੇ ਲੋਕ ਕੰਮ ਵੀ ਸ਼ੁਰੂ ਕਰਵਾ ਸਕਦੇ ਹਨ, ਸਾਡੇ ਕੋਲ ਪੈਸੇ ਵੀ ਹਨ ਅੌਰ ਜ਼ਮੀਨ ਵੀ ਬਹੁਤ ਜ਼ਿਆਦਾ ਹੈ । ਕੀ ਸਰਕਾਰ ਇਸ ਗੱਲ ਨੂੰ ਵਿਚਾਰ ਹਿੱਤ ਰੱਖੇਗੀ ?

ਮੰਤਰੀ: ਡਿਪਟੀ ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਅੱਜੇ ਤੱਕ ਕੋਈ ਵੀ ਪਰਪੋਜ਼ਲ ਸਰਕਾਰ ਦੇ ਪਾਸ ਇਸ ਸਬੰਧ ਵਿੱਚ ਕਦੇ ਵੀ ਰਸੀਵ ਨਹੀਂ ਹੋਈ । ਜੇ ਲੋਕ ਤੱਤਪਰ ਹਨ ਕਿ ਉਥੇ ਆਈ. ਟੀ. ਆਈ. ਖੋਲ੍ਹੀ ਜਾਵੇ ਅੌਰ ਲੋਕਾਂ ਕੋਲ ਪੈਸਾ ਵੀ ਹੈ ਤਾਂ ਇਕ ਆਪਸ਼ਨ ਹੈ ਕਿ ਪ੍ਰਾਈਵੇਟ ਸੈਕਟਰ ਦੇ ਵਿੱਚ ਸਥਾਪਿਤ ਕੀਤੀ ਜਾਵੇ । ਦੂਸਰੀ ਆਪਸ਼ਨ ਇਹ ਹੈ ਕਿ ਉਸ ਸਬੰਧੀ ਜਿਹੜੀ ਵਾਇਬਿਲਟੀ ਹੈ, ਉਸ ਨੂੰ ਐਗਜ਼ਾਮਿਨ ਕਰ ਲਿਆ ਜਾਵੇ, ਪਰ ਉਹ ਸਾਰਾ ਕੁਝ ਤਾਂ ਹੀ ਹੋਵੇਗਾ ਜੇ ਸਰਕਾਰ ਦੇ ਨਾਂ ਜ਼ਮੀਨ ਟਰਾਂਸਫਰ ਕੀਤੀ ਜਾਵੇਗੀ । ਇਹ ਸੰਸਥਾ ਉਦੋਂ ਹੀ ਸਥਾਪਿਤ ਹੋ ਸਕੇਗੀ ਜਦੋਂ ਫੰਡਜ਼ ਅਵੇਲੇਬਲ ਹੋਣਗੇ । ਇਸ ਵੇਲੇ 33 ਆਈ. ਟੀ. ਆਈ. ਪਰਵਾਣਿਤ ਹਨ ਉਹਨਾਂ ਵਿੱਚ ਇਸ ਦਾ ਨਾਂ ਸ਼ਾਮਿਲ ਨਹੀਂ ਹੈ ।

ਕਾਮਰੇਡ ਹਰਦੇਵ ਅਰਸ਼ੀ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰ-ਯਗ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਵਾਬ ਦੇ ਪਾਰਟ-2 ਵਿੱਚ ਦੱਸਿਆ ਹੈ ਕਿ ਬਰੇਟਾ ਵਿਖੇ ਆਈ.ਟੀ.ਆਈ. ਖੋਲ੍ਹਣ ਬਾਰੇ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ । ਮੈਂ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ । ਤਕਰੀਬਨ ਸਾਰੀਆਂ ਫਾਰਮੈਲਟੀਜ਼ ਕੇਸ ਦੇ ਲਾਸਟ ਸਟੇਜ ਤੇ ਪਹੁੰਚ ਗਈਆਂ ਹਨ । ਹਾਂ ਕੋਈ ਥੋੜ੍ਹੀ-ਬਹੁਤ ਦਿੱਕਤ ਹੋ ਸਕਦੀ ਹੈ । ਮੈਂ ਤੁਹਾਡੇ ਰਾਹੀਂ ਕੇਵਲ ਇਹ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਕੀ ਗੌਰਮਿੰਟ ਲੈਵਲ ਤੇ ਜੋ ਕੁਝ ਚੀਜ਼ਾਂ ਕਰਨ ਵਾਲੀਆਂ ਹਨ, ਉਹ ਕਰਕੇ ਉਥੇ ਪਹਿਲ ਦੇ ਆਧਾਰ ਤੇ ਕੰਮ ਸ਼ੁਰੂ ਕੀਤਾ ਜਾਵੇਗਾ ? ਜਿਹੜੀਆਂ ਫਾਰਮੈਲਟੀਜ਼ ਜਿਵੇਂ ਜ਼ਮੀਨ ਵਗੈਰਾ ਦੇਣਾ, ਉਸ ਵਾਸਤੇ ਅਸੀਂ ਪੂਰੀ ਤਰ੍ਹਾਂ ਕੋਆਪਰੇਟ ਕਰਾਂਗੇ । ਕੀ ਉਥੇ ਪਹਿਲ ਦੇ ਆਧਾਰ ਤੇ ਕੰਮ ਕੀਤਾ ਜਾਵੇਗਾ ਕਿਉਂਕਿ ਉਹ ਇਲਾਕਾ ਐਜੂਕੇਸ਼ਨਲੀ ਬੜਾ ਪਛੜਿਆ ਹੋਇਆ ਇਲਾਕਾ ਹੈ ।

ਮੰਤਰੀ : ਬਰੇਟਾ ਵਿਖੇ ਆਈ.ਟੀ, ਆਈ. ਦਾ ਵਿਚਾਰ ਵਾਇਬਲ ਪਾਇਆ ਗਿਆ ਹੈ । ਕੇਵਲ ਇਕ ਮੁਸ਼ਕਲ ਹੈ ਕਿ ਉਥੇ ਜ਼ਮੀਨ ਅਜੇ ਟਰਾਂਸਫਰ ਨਹੀਂ ਹੋਈ । ਜਦੋਂ ਵੀ ਜ਼ਮੀਨ ਸਰਕਾਰ ਦੇ ਨਾਂ ਟਰਾਂਸਫਰ ਹੋ ਗਈ ਤਾਂ ਵਾਇਬਲੀ ਵਿਚਾਰਿਆ ਜਾਵੇਗਾ ।

ਕਾਮਰੇਡ ਹਰਦੇਵ ਅਰਸ਼ੀ : ਧੰਨਵਾਦ ਜੀ ।

ਸਰਦਾਰ ਤੋਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਤਕਨੀਕੀ ਸਿੱਖਿਆ ਦੇ ਮੰਤਰੀ ਸਾਹਿਬਾ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੀ ਸਬ-ਡਵੀਜ਼ਨ ਬਹੁਤ ਵੱਡੀ ਹੈ ਅਤੇ ਉਸ ਨੇ ਕੀ ਕਸੂਰ ਕੀਤਾ ਹੋਇਆ ਹੈ । ਸਾਲ 1992 ਵਿੱਚ ਸਵਰਗੀ ਸਰਦਾਰ ਬੇਅੰਤ ਸਿੰਘ ਜੀ ਨੇ ਪਹਿਲਾਂ ਨਿਹਾਲ ਸਿੰਘ ਵਾਲਾ ਵਿਖੇ ਨੀਂਹ ਪੱਥਰ ਰੱਖਿਆ ਕਿ ਉਥੇ ਡਿਗਰੀ ਕਾਲਜ ਬਣਾਵਾਂਗੇ । ਸਬ-ਡਵੀਜ਼ਨ ਦੇ ਲੋਕਾਂ ਨੇ 25 ਏਕੜ ਜ਼ਮੀਨ ਵੀ ਦੇ ਦਿੱਤੀ । ਇਹ ਇਲਾਕੇ ਦਾ ਸੈਂਟਰ ਪਲੇਸ ਹੈ । ਬਾਅਦ ਵਿਚ ਕਹਿ ਦਿੱਤਾ ਕਿ ਡਿਗਰੀ ਕਾਲਜ ਤਾਂ ਖੋਲ੍ਹਣੇ

[ਸਰਦਾਰ ਤੋਤਾ ਸਿੰਘ]

ਬੰਦ ਕੀਤੇ ਹੋਏ ਹਨ, ਤਹਾਨੂੰ ਇਥੇ ਆਈ. ਟੀ. ਆਈ. ਦੇਵਾਂਗੇ। ਸਾਰੇ ਹਲਕੇ ਦੇ ਲੋਕਾਂ ਨੇ ਪਾਰਟੀਬਾਜ਼ੀ ਤੋਂ ਅਤੇ ਧੜੇਬੰਦੀ ਤੋਂ ਉਪਰ ਉਠ ਕੇ ਲੱਖਾਂ ਰੁਪਏ ਇਕੱਠੇ ਕੀਤੇ। ਨਾਲ ਹੀ ਸੈਂਕੜੇ ਟਰੈਕਟਰਾਂ ਦੇ ਨਾਲ ਮਿੱਟੀ ਪੁਆਈ ਤੇ ਜ਼ਮੀਨ ਪੱਧਰੀ ਕੀਤੀ। ਮਿੱਟੀ ਪਾਉਂਦੇ ਹੋਏ ਇਕ ਨੌਜਵਾਨ ਦੀ ਟਰੈਕਟਰ ਥੱਲੇ ਆ ਕੇ ਮੌਤ ਵੀ ਹੋ ਗਈ ਸੀ। ਪਹਿਲਾਂ ਉਥੇ ਡਿਗਰੀ ਕਾਲਜ ਖੋਲ੍ਹਣ ਦੀ ਤਜ਼ਵੀਜ ਸੀ, ਫਿਰ ਉਸ ਨੂੰ ਆਈ. ਟੀ. ਆਈ. ਵਿਚ ਬਦਲ ਦਿੱਤਾ। ਮੁੜ ਕੇ ਬਰਾੜ ਸਾਹਿਬ ਉਸ ਆਈ.ਟੀ.ਆਈ. ਨੂੰ ਧੱਕੇ ਨਾਲ ਸਾਦਿਕ ਲੈ ਗਏ . . . . .(ਵਿਘਨ)।

ਸ੍ਰੀ ਡਿਪਟੀ ਸਪੀਕਰ: ਤੁਹਾਡੀ ਸਪਲੀਮੈਂਟਰੀ ਕੀ ਹੈ ?

ਸਰਦਾਰ ਤੋਤਾ ਸਿੰਘ: ਕੀ ਉਥੇ ਆਈ. ਟੀ. ਆਈ. ਬਾਰੇ ਭਰੋਸਾ ਦਿਵਾਇਆ ਜਾਵੇਗਾ ਕਿ ਜਲਦੀ ਤੋਂ ਜਲਦੀ ਬਣਾ ਦਿੱਤੀ ਜਾਵੇਗੀ।

ਮੰਤਰੀ : ਮਾਨਯੋਗ ਮੈਂਬਰ ਸਾਹਿਬ ਨੂੰ ਮੈਂ ਅੱਗੇ ਹੀ ਨਿਹਾਲ ਸਿੰਘ ਵਾਲਾ ਵਿਖੇ ਆਈ. ਟੀ. ਆਈ. ਦੀ ਸਥਾਪਨਾ ਕਰਨ ਬਾਰੇ ਸੂਚਨਾ ਦੇ ਚੁੱਕੀ ਹਾਂ। ਲੇਕਿਨ ਅਜੇ ਉਥੇ ਜ਼ਮੀਨ ਟਰਾਂਸਫਰ ਨਹੀਂ ਹੋਈ। ਜਦੋਂ ਜ਼ਮੀਨ ਟਰਾਂਸਫਰ ਹੋ ਗਈ ਤਾਂ ਸਰਕਾਰ ਜ਼ਰੂਰ ਵਿਚਾਰ ਕਰੇਗੀ ਅਤੇ ਅਸੀਂ ਜ਼ਰੂਰ ਖੋਲ੍ਹਣ ਦਾ ਉਪਬੰਧ ਕਰਾਂਗੇ।

ਸਰਦਾਰ ਅਵਤਾਰ ਸਿੰਘ ਬਰਾੜ: ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਇਕ ਪਵਿੱਤਰ ਜਗ੍ਹਾ ਜੰਡ-ਸਾਹਿਬ ਹੈ। ਇਥੇ ਦਸਵੇਂ ਪਾਤਸ਼ਾਹ ਨੇ ਵੀ ਚਰਨ ਪਾਏ ਹਨ। ਉਹ ਬਹੁਤ ਸਾਰੇ ਪਿੰਡਾਂ ਦਾ ਸੈਂਟਰ ਹੈ। ਉਥੇ ਫੋਕਲ ਪੁਆਇੰਟ ਹੈ, ਹੈਲਥ ਸੈਂਟਰ, ਪਲੱਸ-ਟੂ ਦਾ ਸਕੂਲ ਵੀ ਹੈ। ਸਭ ਤੋਂ ਖੁਸ਼ੀ ਦੀ ਗੱਲ ਹੈ ਕਿ ਉਥੋਂ ਦੇ ਇਲਾਕੇ ਵਾਲਿਆਂ ਨੇ 120 ਏਕੜ ਜ਼ਮੀਨ ਵੀ ਦਿੱਤੀ ਹੈ। ਉਥੇ ਇਕ ਵਿਦਿਆ ਸਭਾ ਬਣੀ ਹੋਈ ਹੈ। ਉਸ ਨੇ ਇਹ ਜ਼ਮੀਨ ਛੱਡੀ ਹੋਈ ਹੈ। ਇਸ ਵਿਦਿਆ ਸਭਾ ਨੇ ਮੰਗ ਕੀਤੀ ਸੀ ਕਿ ਉਥੇ ਇਕ ਪੌਲੀਟੈਕਨਿਕ ਕਾਲਜ ਖੋਲ੍ਹਿਆ ਜਾਵੇ। ਇਸ ਰੈਜ਼ੋਲਿਊਸ਼ਨ ਨੂੰ ਮੁੱਖ ਰੱਖਦੇ ਹੋਏ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਜੀ ਭੱਠਲ ਨੇ ਉਥੇ ਪੌਲੀਟੈਕਨਿਕ ਖੋਲ੍ਹਣ ਦਾ ਐਲਾਨ ਵੀ ਕਰ ਦਿੱਤਾ ਸੀ ਅਤੇ ਲੈਟਰ ਵੀ ਇਸ਼ੂ ਹੋ ਗਿਆ ਸੀ। ਕੀ ਸਰਕਾਰ ਉਥੇ ਕੋਈ ਨੀਂਹ ਪੱਥਰ ਵਗੈਰਾ ਰੱਖਕੇ ਉਸਾਰੀ ਸ਼ੁਰੂ ਕਰਨ ਦਾ ਭਰੋਸਾ ਦਿਵਾਵੇਗੀ ?

ਮੰਤਰੀ : ਇਸ ਬਾਰੇ ਮੈਂਬਰ ਸਾਹਿਬ ਵੱਖਰਾ ਸਵਾਲ ਦੇ ਦੇਣ ਅਤੇ ਵੇਰਵੇ ਵਾਰ ਉੱਤਰ ਉਪਲਬਧ ਕਰਵਾ ਦਿੱਤਾ ਜਾਵੇਗਾ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 478*

ਸ੍ਰੀ ਡਿਪਟੀ ਸਪੀਕਰ : ਸਵਾਲ ਨੰ: 478* ਦੀ 2 ਹਫਤੇ ਦੀ ਐਕਸਟੈਨਸ਼ਨ ਮੰਗੀ ਗਈ ਹੈ ਜਿਹੜੀ ਕਿ ਅਲਾਓ ਕਰ ਦਿੱਤੀ ਹੈ।

**For Starred Question No. 478 and reply thereto, please see Appendise to this Debate.

D.O. No. 4/68/97-1ਓਸ
ਅ.ਸ.ਪ. ਨੰ:

ਪ੍ਰਕਾਸ਼ ਸਿੰਘ ਬਾਦਲ

ਮੁੱਖ ਮੰਤਰੀ, ਪੰਜਾਬ
Chief Minister, Punjab

ਮਿਤੀ ਚੰਡੀਗੜ੍ਹ, 17-6-1997

ਪਿਆਰੇ ਸ. ਚਰਨਜੀਤ ਸਿੰਘ ਅਟਵਾਲ ਜੀਓ,

ਪੰਜਾਬ ਵਿਧਾਨ ਸਭਾ ਦਾ ਤਾਰਾ ਅੰਕਤ ਸਵਾਲ ਨੰ: 478 ਜੋ ਕਿ ਚੌਧਰੀ ਜਗਜੀਤ ਸਿੰਘ, ਐਮ. ਐਲ. ਏ. ਵਲੋਂ ਪੁੱਛਿਆ ਗਿਆ ਹੈ ਅਤੇ ਮਿਤੀ 19-6-1997 ਦੀ ਸੂਚੀ ਵਿਚ ਦਰਜ ਹੈ, ਦਾ ਜਵਾਬ ਤਿਆਰ ਨਹੀਂ ਹੈ। ਲੋੜੀਂਦੀ ਸੂਚਨਾ ਪ੍ਰਾਪਤ ਹੋਣ ਉਪਰੰਤ ਇਸ ਸਵਾਲ ਦਾ ਜਵਾਬ ਭੇਜ ਦਿੱਤਾ ਜਾਵੇਗਾ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦਾ ਜਵਾਬ ਦੇਣ ਲਈ ਦੋ ਹਫਤੇ ਦਾ ਸਮਾਂ ਵਧਾਉਣ ਦੀ ਖੇਚਲ ਕੀਤੀ ਜਾਵੇ ਜੀ।

ਆਦਰ ਸਹਿਤ,

ਹਿਤੂ

ਸਹੀ/-

(ਪਰਕਾਸ਼ ਸਿੰਘ ਬਾਦਲ)

ਸਰਦਾਰ ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ।

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਸਵਾਲ ਸੀ। ਦੋ ਹਫਤੇ ਤੱਕ ਤਾਂ ਸੈਸ਼ਨ ਹੀ ਉਠ ਜਾਣਾ ਹੈ।

ਸ੍ਰੀ ਡਿਪਟੀ ਸਪੀਕਰ : ਇਸ ਦਾ ਜਵਾਬ ਤਿਆਰ ਨਹੀਂ ਸੀ। ਹੁਣ ਤਾਂ ਐਕਸਟੈਂਸ਼ਨ ਅਲਾਓ ਹੋ ਚੁੱਕੀ ਹੈ।

ਧੁੱਸੀ ਬੰਨ੍ਹਾਂ ਨੂੰ ਮਜ਼ਬੂਤ ਬਣਾਉਣਾ

*504. (1) **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
(2) **ਸਰਦਾਰ ਬਿਕਰਮਜੀਤ ਸਿੰਘ ਖਾਲਸਾ** } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਕੀ ਹੜ੍ਹਾਂ ਤੇ ਕਾਬੂ ਪਾਉਣ ਲਈ ਰੋਕ-ਥਾਮ ਉਪਾਅ ਵੱਜੋਂ ਧੁੱਸੀ ਬੰਨ੍ਹਾਂ ਨੂੰ ਮਜ਼ਬੂਤ ਬਣਾਉਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਮੰਤਵ ਲਈ ਕਿੰਨੀ ਰਕਮ ਮਖਸੂਸ ਕੀਤੀ ਗਈ ਹੈ ?

ਸ਼੍ਰੀ ਮਦਨ ਮੋਹਨ ਮਿੱਤਲ, (ਖੁਰਾਕ ਅਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ) : ਹਾਂ ਜੀ ।

ਧੁੱਸੀ ਬੰਧਾਂ ਨੂੰ ਮਜ਼ਬੂਤ ਕਰਨ ਲਈ ਆਰ. ਆਈ. ਡੀ. ਐਫ. ਫੇਜ-2 ਪ੍ਰੋਜੈਕਟ ਅਧੀਨ 5.82 ਕਰੋੜ ਰੁਪਏ ਮਖਸੂਸ ਕੀਤੇ ਗਏ ਹਨ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਕਿ 5.82 ਕਰੋੜ ਰੁਪਏ ਮਖਸੂਸ ਕੀਤੇ ਗਏ ਹਨ । ਕੀ ਇਸ ਦਾ ਜ਼ਿਲ੍ਹੇਵਾਰ ਵੇਰਵਾ ਦੇਣ ਦੀ ਖੇਚਲ ਕਰਨਗੇ ਕਿ ਕਿੰਨੇ ਕਿੰਨੇ ਫੰਡਜ਼ ਹਰ ਜ਼ਿਲ੍ਹੇ ਲਈ ਰੱਖੇ ਗਏ ਹਨ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜ਼ਿਲ੍ਹੇਵਾਰ ਵੇਰਵਾ ਨਹੀਂ ਮੰਗਿਆ ਸੀ, ਫਿਰ ਵੀ ਮੈਂ ਤਫਸੀਲ ਦੱਸਦਾ ਹਾਂ ਕਿ ਦਰਿਆਵਾਂ ਅਤੇ ਚੋਆਂ ਦੇ ਨਾਲ ਨਾਲ 1370 ਕਿਲੋਮੀਟਰ ਲੰਬੀ ਧੁੱਸੀਆਂ ਹਨ । ਇਸ ਸਾਲ ਜੋ ਪੰਜਾਬ ਸਰਕਾਰ ਨੇ ਧੁੱਸੀਆਂ ਬਣਾਉਣ ਲਈ ਏਰੀਆ ਸੀਲੈਕਟ ਕੀਤਾ ਹੈ, ਉਹ 127 ਕਿਲੋਮੀਟਰ ਹੈ ਜਿਸ ਦੀ ਸਟਰੇਂਗਥਨਿੰਗ ਕਰਨੀ ਹੈ ਅਤੇ ਇਸਦੇ ਵਾਸਤੇ 5.82 ਕਰੋੜ ਰੁਪਏ ਰੱਖੇ ਗਏ ਹਨ । ਜ਼ਿਲ੍ਹੇਵਾਰ ਵੇਰਵਾ ਤਾਂ ਨਹੀਂ ਹੈ ਪਰ ਦਰਿਆਵਾਰ ਵੇਰਵਾ ਜ਼ਰੂਰ ਹੈ । ਇਹ ਵੇਖ ਲੈਣ ਕਿ ਇਨ੍ਹਾਂ ਵਿੱਚ ਕਿਹੜੇ ਕਿਹੜੇ ਜ਼ਿਲ੍ਹੇ ਕਵਰ ਹੁੰਦੇ ਹਨ । ਦਰਿਆ ਰਾਵੀ ਤੇ ਜੋ ਧੁੱਸੀ ਬੰਧ ਦੀ ਲੈਂਥ ਕਵਰ ਕਰਨੀ ਹੈ, ਉਹ 8.15 ਕਿਲੋਮੀਟਰ ਹੈ ਅਤੇ ਇਸ ਲਈ 53.60 ਲੱਖ ਰੁਪਏ ਰੱਖੇ ਗਏ ਹਨ । ਇਸ ਵਿੱਚ ਕੋਟ ਰਾਏਜ਼ਾਦਾ, ਗਿਲਜ਼ੇਵਾਲੀ ਡਿਲਾ ਰਾਜਪੂਤਾਂ ਆਫ ਬਲਾਕ ਅਜਨਾਲਾ, ਪਿੰਡ ਧਰਮਕੋਟ, ਬਲਾਕ ਡੇਰਾ ਬਾਬਾ ਨਾਨਕ ਜ਼ਿਲ੍ਹਾ ਅੰਮ੍ਰਿਤਸਰ, ਟਾਂਡਾ ਬਲਾਕ ਦੀਨਾ ਨਗਰ ਜ਼ਿਲ੍ਹਾ ਗੁਰਦਾਸਪੁਰ ਕਵਰ ਹੋਣਗੇ ।

ਇਸੇ ਤਰ੍ਹਾਂ ਦਰਿਆ ਬਿਆਸ ਤੇ ਮੰਡੀ, ਬੂਹ ਚੱਕ ਹਜ਼ਾਰਾ, ਸੁਲਤਾਨਪੁਰ ਜ਼ਿਲ੍ਹਾ ਕਪੂਰਥਲਾ ਦੇ 19 ਕਿਲੋਮੀਟਰ ਤੇ ਧੁੱਸੀ ਬਣਾਈ ਜਾਣੀ ਹੈ ਜਿਸ ਦੇ ਲਈ 88.00 ਲੱਖ ਰੁਪਏ ਰੱਖੇ ਗਏ ਹਨ ।

ਦਰਿਆ ਸਤਲੁੱਜ ਤੇ ਤਾਜੋਵਾਲ, ਬਲਾਚੌਰ, ਜ਼ਿਲ੍ਹਾ ਹੁਸ਼ਿਆਰਪੁਰ ਪਰਾਗਪੁਰ, ਨਵਾਂ ਸ਼ਹਿਰ, ਡੁੱਗਰੀ ਜ਼ਿਲ੍ਹਾ ਨਵਾਂ ਸ਼ਹਿਰ, ਮੰਡ ਚੌਤਾ, ਰਾਜਾਪੁਰ ਮੰਗਟ ਪੁਲੇਵਾਲ ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ, ਪਿੰਡ ਸਬਰਾਉ, ਜ਼ਿਲ੍ਹਾ ਅੰਮ੍ਰਿਤਸਰ ਵਿਖੇ 40.84 (40.64) ਕਿਲੋਮੀਟਰ ਲੰਮੀ ਧੁੱਸੀ ਬਣਾਈ ਜਾਣੀ ਹੈ, ਜਿਸ ਦੇ ਲਈ 288.50 ਲੱਖ ਰੁਪਏ ਰੱਖੇ ਗਏ ਹਨ । ਘੱਗਰ ਦਰਿਆ ਤੇ ਜ਼ਿਲ੍ਹਾ ਪਟਿਆਲਾ ਦੇ ਪਿੰਡ ਬਸਮਾ, ਤਿਰਪੜਾ, ਚੁੰਡਨਪੁਰ, ਮਨੌਲੀ, ਗੁਰੂ ਨਾਨਕਪੁਰਾ, ਲਾਲੜੂ, ਰਸੌਲੀ ਕੰਠਾਲਾ, ਮਨਤੋਲੀ ਅਤੇ ਬੀਬੀਪੁਰ ਵਿਖੇ 56,81 ਕਿਲੋਮੀਟਰ ਲੰਮੀ ਧੁੱਸੀ ਬਣਾਉਣ ਲਈ 100.00 ਲੱਖ ਰੁਪਏ ਰੱਖੇ ਗਏ ਹਨ । ਇਸ ਤੋਂ ਇਲਾਵਾ ਡਿਪਟੀ ਸਪੀਕਰ ਸਾਹਿਬ

ਨਦੀ ਅਤੇ ਚੋਆਂ ਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੱਕੜਾਂ ਰੂਪੋਵਾਲ, ਬਦੋਂ, ਡੰਡੀਆਂ ਅਤੇ ਮਹਿਰਾਂ ਵਿਖੇ 2.97 ਕਿਲੋਮੀਟਰ ਲੰਬੀ ਧੁੱਸੀ ਬਣਾਉਣ ਲਈ 51.90 ਲੱਖ ਰੁਪਏ ਰੱਖੇ ਗਏ ਹਨ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਫਿਰੋਜ਼ਪੁਰ ਦੇ ਵਿੱਚ ਸਤਲੁਜ ਅਤੇ ਬਿਆਸ ਦੋਵੇਂ ਦਰਿਆ ਇਕੱਠੇ ਹੁੰਦੇ ਹਨ ਅਤੇ ਸਭ ਤੋਂ ਵੱਧ ਨੁਕਸਾਨ ਤਹਿਸੀਲ ਜ਼ੀਰਾ ਦਾ ਹੁੰਦਾ ਹੈ ਕਿਉਂਕਿ ਹਰੀਕੇ-ਪੱਤਣ ਵਿਖੇ ਦੋਵੇਂ ਦਰਿਆ ਇਕੱਠੇ ਹੁੰਦੇ ਹਨ । ਜੋ ਮੰਤਰੀ ਸਾਹਿਬ ਨੇ ਤਫਸੀਲ ਦਿੱਤੀ ਹੈ ਉਸਦੇ ਵਿੱਚ ਫਿਰੋਜ਼ਪੁਰ ਦਾ ਨਾਉਂ ਨਹੀਂ ਆਇਆ । ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਉਥੇ ਵੀ ਧੁੱਸੀ ਬਣਾਉਣ ਲਈ ਫੰਡਜ਼ ਉਪਲਬਧ ਕੀਤੇ ਜਾਣਗੇ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਟੋਟਲ ਰਕਮ ਪੁੱਛੀ ਸੀ ਜੋ ਦੱਸ ਦਿੱਤੀ ਹੈ । ਇਨ੍ਹਾਂ ਨੇ ਫਿਰੋਜ਼ਪੁਰ ਦੇ ਬਾਰੇ ਵਿੱਚ ਪੁੱਛਿਆ ਨਹੀਂ ਸੀ । ਵੈਸੇ ਜੋ ਫੰਡਜ਼ ਮਖਸੂਸ ਕੀਤੇ ਗਏ ਹਨ, ਇਹ ਜ਼ਿਲ੍ਹਿਆਂ ਦੇ ਫਲੱਡ ਕੰਟਰੋਲ ਬੋਰਡਾਂ ਨੇ ਪ੍ਰਾਇਰਟੀ ਫਿਕਸ ਕਰਕੇ ਭੇਜੀ ਸੀ ਕਿ ਇੱਥੇ ਇੱਥੇ ਧੁੱਸੀ ਬਣਾਉਣੀ ਬਹੁਤ ਜ਼ਰੂਰੀ ਹੈ ਉਸਦੇ ਆਧਾਰ ਤੇ ਫੰਡਜ਼ ਰੱਖੇ ਗਏ ਹਨ । ਫਿਰ ਵੀ ਮੈਂਬਰ ਸਾਹਿਬ ਜੇ ਜ਼ਰੂਰੀ, ਸਮਝਦੇ ਹਨ ਤਾਂ ਇਹ ਦੱਸ ਦੇਣ ਕਿ ਕਿੱਥੇ ਕਿੱਥੇ ਧੁੱਸੀ ਬਣਾਉਣੀ ਜ਼ਰੂਰੀ ਹੈ, ਫਿਰ ਜ਼ਿਲ੍ਹਾ ਪਲੈਨਿੰਗ ਬੋਰਡ ਤੋਂ ਫੰਡਜ਼ ਉਪਲਬਧ ਕਰਾਉਣ ਲਈ ਕੁਝ ਕਾਰਵਾਈ ਕੀਤੀ ਜਾ ਸਕਦੀ ਹੈ ।

ਸ੍ਰੀ ਮਨੋਰੰਜਨ ਕਾਲੀਆ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੇ ਫਲੱਡ ਕੰਟਰੋਲ ਮਈਅਰਜ਼, ਪਿਛਲਾ ਤਜੱਰਬਾ ਹੈ ਕਿ ਹਰ ਸਾਲ ਲਏ ਗਏ ਹਨ ਅਤੇ ਫਲੱਡ ਆਉਣ ਤੇ ਰੁੜ੍ਹ ਜਾਂਦੇ ਹਨ, ਕੀ ਮੰਤਰੀ ਜੀ ਦੱਸਣਗੇ ਕਿ ਕੀ ਇਹ ਪੈਸਾ ਪੂਰਾ ਲੱਗੇਗਾ ਕਿਉਂਕਿ ਪਿਛਲੀ ਸਰਕਾਰ ਵੇਲੇ ਪੂਰਾ ਨਹੀਂ ਲੱਗਿਆ ਹੈ ? ਕੀ ਇਹ ਪ੍ਰਾਪਰਲੀ ਯੂਟੇਲਾਈਜ਼ ਹੋ ਰਿਹਾ ਹੈ ਅਤੇ ਇਸ ਦੀ ਮਕੈਨਿਜ਼ਮ ਨੂੰ ਚੈਕ ਕਰਨ ਦਾ ਕੀ ਪ੍ਰੋਸੀਜਰ ਹੈ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਜੋ ਗੱਲ ਆਨਰੇਬਲ ਮੈਂਬਰ ਸਾਹਿਬ ਨੇ ਦੱਸੀ ਹੈ, ਇਹ ਗੱਲ ਬਿਲਕੁਲ ਠੀਕ ਹੈ । ਕਈ ਵਾਰ ਐਸਾ ਹੁੰਦਾ ਰਿਹਾ ਹੈ । ਇਸ ਦੀ ਚੌਕਸੀ ਵਾਸਤੇ ਬਾਦਲ ਸਾਹਿਬ ਦੀ ਸਰਕਾਰ ਨੇ ਇਹ ਹਦਾਇਤ ਕੀਤੀ ਹੈ ਕਿ ਮੌਨਸੂਨ ਸੀਜ਼ਨ ਤੋਂ ਪਹਿਲਾਂ ਪਹਿਲਾਂ ਜਿਹੜਾ ਕੰਮ ਖਤਮ ਹੋ ਸਕਦਾ ਹੈ, ਸਿਰਫ ਉਸੀ ਵਾਸਤੇ ਪੈਸੇ ਦਿੱਤੇ ਜਾਣਗੇ । ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ 10 ਕਰੋੜ 62 ਲੱਖ ਰੁਪਿਆ ਹੋਰ ਦਿੱਤਾ ਹੈ ਅਤੇ ਇਹ ਪੈਸਾ ਇਸ ਸ਼ਰਤ ਤੇ ਰੱਖਿਆ ਹੈ ਕਿ ਮੌਨਸੂਨ ਤੋਂ ਪਹਿਲਾਂ ਪਹਿਲਾਂ ਫਲੱਡ ਪ੍ਰੋਟੈਕਸ਼ਨ ਦੇ ਜਿਹੜੇ ਜ਼ਰੂਰੀ ਕੰਮ ਹਨ, ਉਹ ਕੀਤੇ ਜਾਣ ਤਾਂ ਕਿ ਪੈਸਾ ਵੇਸਟ ਨਾ ਹੋਵੇ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪਲੀਮੈਂਟਰੀ ਸਰ ।

ਸ੍ਰੀ ਡਿਪਟੀ ਸਪੀਕਰ : ਜ਼ੀਰਾ ਸਾਹਿਬ, ਤੁਸੀਂ ਆਪਣੇ ਹਲਕੇ ਫਿਰੋਜ਼ਪੁਰ ਜ਼ਿਲ੍ਹੇ ਦਾ ਨਾਂ ਸਵਾਲ ਵਿੱਚ ਕਿਤੇ ਵੀ ਮੈਨਸ਼ਨ ਨਹੀਂ ਕੀਤਾ । ਤੁਹਾਡੀ ਪਹਿਲੀ ਸਪਲੀਮੈਂਟਰੀ ਦਾ ਜਵਾਬ ਮਨਿਸਟਰ ਸਾਹਿਬ ਨੇ ਦੇ ਦਿੱਤਾ ਹੈ । ਅਗਰ ਤੁਹਾਡੀ ਫਿਰ ਵੀ ਤਸੱਲੀ ਨਹੀਂ ਹੋਈ ਤਾਂ ਤੁਸੀਂ ਸੈਪਰੇਟ ਸਵਾਲ ਭੇਜ ਦਿਉ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਡਿਪਟੀ ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਸੀ ਕਿ 5 ਕਰੋੜ 82 ਲੱਖ ਰੁਪਿਆ ਕਿੱਥੇ ਕਿੱਥੇ ਲੱਗਾ ਹੈ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮਾਨਯੋਗ ਮੈਂਬਰ ਸਾਹਿਬ ਨੇ ਜ਼ਵਾਬ ਪੂਰੀ ਤਰ੍ਹਾਂ ਸੁਣਿਆ ਨਹੀਂ । ਮੈਂ ਤਾਂ ਸਾਰੀ ਡਿਟੇਲ ਪੜ੍ਹ ਕੇ ਦੱਸ ਦਿੱਤੀ ਹੈ ਕਿ ਇਹ 5 ਕਰੋੜ 82 ਲੱਖ ਰੁਪਿਆ ਕਿੱਥੇ ਕਿੱਥੇ ਲੱਗਣਾ ਹੈ । ਮੈਂ ਤਾਂ ਹਰ ਦਰਿਆ ਦਾ ਵੇਰਵਾ ਦੱਸ ਦਿੱਤਾ ਹੈ ਔਰ ਲੰਬਾਈ ਵੀ ਦੱਸ ਦਿੱਤੀ ਹੈ । ਜੇ ਫਿਰ ਵੀ ਇਨ੍ਹਾਂ ਨੇ ਦੁਬਾਰਾ ਤਫਸੀਲ ਲੈਣੀ ਹੈ ਤਾਂ ਇਹ ਮੇਰੇ ਕੋਲ ਆ ਜਾਣ, ਮੈਂ ਦੱਸ ਦੇਵਾਂਗਾ ।

ਸ੍ਰੀ ਡਿਪਟੀ ਸਪੀਕਰ : ਜ਼ੀਰਾ ਸਾਹਿਬ, ਤੁਹਾਡਾ ਮੌਕਾ ਹੁਣ ਖਤਮ ਹੋ ਗਿਆ ਹੈ । ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ । ਜੇ ਹੋਰ ਗੱਲ ਕਰਨੀ ਹੈ ਤਾਂ ਉਨ੍ਹਾਂ ਨਾਲ ਇਕੱਲਿਆਂ ਕਰ ਲੈਣਾ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਵੀ ਸੇਮ ਸਵਾਲ ਹੈ । ਤਕਰੀਬਨ ਅੱਠ ਹਲਕੇ ਘੱਗਰ ਦਰਿਆ, ਮਾਰਕੰਡਾ ਨਦੀ, ਟਾਂਗਰੀ ਨਦੀ ਅਤੇ ਖਾਨੇਵਾਲ ਡਰੇਨ ਤੇ ਪੈਂਦੇ ਹਨ । ਇਹ ਅੱਠ ਹਲਕੇ ਬਨੂੜ ਤੋਂ ਲੈ ਕੇ ਘਨੌਰ, ਰਾਜਪੁਰਾ, ਡਕਾਲਾ, ਸ਼ੁਤਰਾਣਾ, ਲਹਿਰਾਗਾਗਾ ਔਰ ਸਰਦੂਲਗੜ੍ਹ ਹਨ । ਬੀਬੀ ਭੱਠਲ ਨੇ ਤਾਂ ਆਪਣੇ ਹਲਕੇ ਵਿੱਚ ਬੰਨ੍ਹ ਮਰਵਾ ਲਿਆ ਹੈ ਤਾਂ ਕਿ ਆਪਣਾ ਹਲਕਾ ਬਚਾਇਆ ਜਾ ਸਕੇ । ਟਰੈਕਟਰਾਂ ਨਾਲ ਉਥੇ ਬੰਨ੍ਹ ਮਰਵਾਇਆ ਗਿਆ ਹੈ ਪਰ ਸਾਡੇ ਹਲਕੇ ਨਾਲ ਕੁਝ ਨਹੀਂ ਕੀਤਾ ਗਿਆ । ਕੀ ਸਰਕਾਰ ਇਸ ਦਾ ਪ੍ਰਬੰਧ ਕਰੇਗੀ ? ਕੀ ਮੰਤਰੀ ਜੀ ਇਸ ਸਬੰਧੀ ਭਰੋਸਾ ਦਿਵਾਉਣਗੇ ਜਾਂ ਫਿਰ ਪਹਿਲਾਂ ਲੱਗਿਆ ਬੰਨ੍ਹ ਤੁੜਵਾ ਦੇਣਗੇ ਤਾਂ ਕਿ ਪਾਣੀ ਅੱਗੇ ਲੰਘ ਜਾਵੇ । (ਹਾਸਾ)

ਸ੍ਰੀ ਡਿਪਟੀ ਸਪੀਕਰ: ਇਹ ਕੋਈ ਸਪਲੀਮੈਂਟਰੀ ਨਹੀਂ ਹੈ । ਤੁਸੀਂ ਸੈਪਰੇਟ ਸਵਾਲ ਦੇ ਦਿਓ ।

ਸ੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਨੇ ਤਾਂ ਰਾਵੀ, ਬਿਆਸ ਅਤੇ ਸਤਲੁੱਜ ਤੇ ਫਲੱਡਜ਼ ਬਾਰੇ ਦੱਸਿਆ ਹੈ । ਇਸ ਤੋਂ ਇਲਾਵਾ ਮੇਰੇ ਹਲਕੇ ਬਟਾਲਾ ਵਿੱਚ ਵੀ ਇੱਕ ਨਾਲਾ ਨਿਕਲਦਾ ਹੈ । ਉਥੇ ਦੋ ਵਾਰੀ ਫਲੱਡ ਆਏ ਹਨ ਜਿਸ ਨਾਲ ਪੂਰੇ ਸ਼ਹਿਰ ਦੀ ਤਬਾਹੀ ਹੋਈ ਹੈ । ਕੀ ਉਸ ਨਾਲੇ ਨੂੰ ਪੱਕਾ ਕਰਨ ਲਈ ਫੰਡਜ਼ ਵਿੱਚ ਐਲੋਕੇਸ਼ਨ ਹੈ ਜਾਂ ਨਹੀਂ ? ਕੀ ਜਿਹੜੇ 5 ਕਰੋੜ 82 ਲੱਖ ਰੁਪਏ ਹਨ,

ਉਸ ਵਿੱਚ ਪ੍ਰੋਵੀਜ਼ਨ ਹੈ ? ਇਹ ਵੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਦੀ ਪ੍ਰਾਇਰਟੀ ਸਾਲ 1994 ਤੋਂ ਚੱਲ ਰਹੀ ਹੈ ਪਰ ਇਸ ਨੂੰ ਹਰ ਵਾਰ ਪਿੱਛੇ ਪਾ ਦਿੱਤਾ ਜਾਂਦਾ ਰਿਹਾ ਹੈ। ਕੀ ਮੰਤਰੀ ਜੀ ਇਹ ਐਸ਼ੋਰੈਂਸ ਦੇਣਗੇ ਕਿ ਪ੍ਰਾਇਰਟੀ ਪਿੱਛੇ ਨਹੀਂ ਪਾਈ ਜਾਵੇਗੀ ?

ਸ੍ਰੀ ਡਿਪਟੀ ਸਪੀਕਰ : ਤੁਸੀਂ ਇਸ ਲਈ ਸੈਪਰੇਟ ਨੋਟਿਸ ਦੇ ਦਿਓ। ਇਸ ਸਵਾਲ ਵਿੱਚ ਇਸ ਚੀਜ਼ ਦਾ ਕੋਈ ਜ਼ਿਕਰ ਨਹੀਂ।

ਨਿਸ਼ਾਨ ਵਾਲਾ ਪ੍ਰਸ਼ਨ ਨੰ. 522

(ਮਾਨਯੋਗ ਮੈਂਬਰ ਸਾਹਿਬ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

ਪੰਜਾਬ ਰੋਡਵੇਜ਼, ਨਵਾਂ ਸ਼ਹਿਰ ਡਿਪੂ ਵਿਚ ਬੱਸਾਂ ਦੀ ਗਿਣਤੀ

*463. **ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਰੋਡਵੇਜ਼ ਦੇ ਨਵਾਂ ਸ਼ਹਿਰ ਡਿਪੂ ਕੋਲ ਕੁੱਲ ਕਿੰਨੀਆਂ ਬੱਸਾਂ ਹਨ ਅਤੇ ਕਿੰਨੀਆਂ ਬੱਸਾਂ ਚਲ ਰਹੀਆਂ ਹਨ ਅਤੇ ਕਿੰਨੀਆਂ ਬੱਸਾਂ ਖ਼ਰਾਬ ਹਨ;

(ਅ) ਕੀ ਖਰਾਬ ਪਈਆਂ ਬੱਸਾਂ ਦੀ ਮੁਰੰਮਤ ਕਰਵਾਉਣ ਜਾਂ ਨਵਾਂ ਸ਼ਹਿਰ ਡਿਪੂ ਦੀਆਂ ਬੱਸਾਂ ਦੇ ਫਲੀਟ ਨੂੰ ਪੂਰਾ ਕਰਨ ਲਈ ਨਵੀਆਂ ਬੱਸਾਂ ਖਰੀਦਣ ਦੀ ਕੋਈ ਤਜਵੀਜ਼ ਹੈ ?

ਕੈਪਟਨ ਕੰਵਲਜੀਤ ਸਿੰਘ (ਵਿੱਤ, ਯੋਜਨਾ ਅਤੇ ਲੋਕ ਸੰਪਰਕ ਮੰਤਰੀ) : (ੳ) ਪੰਜਾਬ ਰੋਡਵੇਜ਼ ਨਵਾਂ ਸ਼ਹਿਰ ਡਿਪੂ ਪਾਸ ਕੁੱਲ 158 ਬੱਸਾਂ ਹਨ। ਸਾਰੀਆਂ 158 ਬੱਸਾਂ ਚਲ ਰਹੀਆਂ ਹਨ ਅਤੇ ਕੋਈ ਵੀ ਬੱਸ ਪੱਕੇ ਤੌਰ ਤੇ ਖਰਾਬ ਨਹੀਂ ਹੈ।

(ਅ) ਨਹੀਂ ਜੀ।

ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਵਾਬ ਤਾਂ ਇਨ੍ਹਾਂ ਨੇ ਬੜਾ ਵਧੀਆ ਦਿੱਤਾ ਹੈ ਪਰ ਇਸ ਨਾਲ ਮੇਰੀ ਤਸੱਲੀ ਨਹੀਂ ਹੋਈ। ਮੇਰੀ ਜਾਣਕਾਰੀ ਦੇ ਮੁਤਾਬਿਕ ਕੋਈ 30 ਤੋਂ ਉਪਰ ਬੱਸਾਂ ਚੱਲਣਯੋਗ ਨਹੀਂ ਹਨ ਅਤੇ ਉਹ ਖੜ੍ਹੀਆਂ ਹਨ ਪਰ ਇਨ੍ਹਾਂ ਨੇ ਕਿਹਾ ਹੈ ਕਿ ਪੂਰੀਆਂ 158 ਬੱਸਾਂ ਠੀਕ ਚਾਲੂ ਹਾਲਤ ਵਿੱਚ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਕੀ ਇਹ ਇਸ ਚੀਜ਼ ਦੀ ਇਨਕੁਆਇਰੀ ਕਰਵਾਉਣਗੇ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹਾਂਗਾ ਕਿ 158 ਬੱਸਾਂ ਵਿੱਚੋਂ ਸਿਰਫ 5-6 ਬੱਸਾਂ ਨਾਰਮਲੀ ਰਿਪੇਅਰ ਤੇ ਮੇਨਟੇਨੈਂਸ ਦੇ ਲਈ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ ਲੇਕਿਨ ਇਨ੍ਹਾਂ 158 ਬੱਸਾਂ

[ਵਿੱਤ, ਯੋਜਨਾ ਅਤੇ ਲੋਕ ਸੰਪਰਕ ਮੰਤਰੀ]

ਵਿੱਚੋਂ 70 ਬੱਸਾਂ ਐਸੀਆਂ ਹਨ ਜਿਨ੍ਹਾਂ ਨੇ ਆਪਣੀ ਉਮਰ ਪੂਰੀ ਕਰ ਲਈ ਹੈ ਯਾਨੀ ਕਿ ਸਵਾ ਪੰਜ ਲੱਖ ਕਿਲੋ ਮੀਟਰ ਦਾ ਸਫਰ ਉਨ੍ਹਾਂ ਬੱਸਾਂ ਨੇ ਪੂਰਾ ਕਰ ਲਿਆ ਹੈ ਅਤੇ ਸੱਤ ਸਾਲ ਪੂਰੇ ਹੋ ਚੁੱਕੇ ਹਨ । ਉਨ੍ਹਾਂ ਬੱਸਾਂ ਨੂੰ ਰਿਪਲੇਸ ਕਰਨ ਲਈ ਪੰਜਾਬ ਸਰਕਾਰ ਨੇ ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਬਣਾਈ ਹੈ, ਉਸ ਨੇ 1700 ਬੱਸਾਂ ਖਰੀਦ ਕੇ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਨੂੰ ਦੇਣੀਆਂ ਹਨ । ਇਹ ਬੱਸਾਂ ਖਰੀਦਣ ਨਾਲ ਜਿਹੜੀਆਂ ਪੁਰਾਣੀਆਂ ਬੱਸਾਂ ਅੱਜ ਚੱਲ ਰਹੀਆਂ ਹਨ, ਉਨ੍ਹਾਂ ਸਾਰੀਆਂ ਨੂੰ ਬਦਲ ਦਿੱਤਾ ਜਾਵੇਗਾ । (ਥੰਪਿੰਗ)

ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਧੰਨਵਾਦ ਜੀ ।

ਚੰਡੀਗੜ੍ਹ ਪ੍ਰਸ਼ਾਸ਼ਨ ਵਿਚ ਡੈਪੂਟੇਸ਼ਨ ਤੇ ਕੰਮ ਕਰ ਰਹੇ ਪ੍ਰਾਇਮਰੀ ਅਧਿਆਪਕਾਂ ਦੀਆਂ ਜੀ.ਪੀ. ਫੰਡ ਸਟੇਟਮੈਂਟਸ

*431. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਚੰਡੀਗੜ੍ਹ ਪ੍ਰਸ਼ਾਸਨ ਵਿਚ ਇਸ ਸਮੇਂ ਡੈਪੂਟੇਸ਼ਨ ਤੇ ਕੰਮ ਕਰ ਰਹੇ ਰਾਜ ਦੇ ਪ੍ਰਾਇਮਰੀ ਅਧਿਆਪਕਾਂ ਦੀ ਗਿਣਤੀ ਕਿੰਨੀ ਹੈ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਅਧਿਆਪਕਾਂ ਦੀਆਂ ਜੀ. ਪੀ. ਫੰਡ ਸਟੇਟਮੈਂਟਸ ਸਰਕਾਰੀ ਹਦਾਇਤਾਂ ਅਨੁਸਾਰ ਜਾਰੀ ਕੀਤੀਆਂ ਜਾ ਰਹੀਆਂ ਹਨ ; ਜੇਕਰ ਅਜਿਹਾ ਹੋਵੇ, ਤਾਂ ਕਿਸ ਸਾਲ ਤੱਕ ਦੀਆਂ ਅਜਿਹੀਆਂ ਸਟੇਟਮੈਂਟਸ ਜਾਰੀ ਕਰ ਦਿੱਤੀਆਂ ਗਈਆਂ ਹਨ ; ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ਅਤੇ ਕਸੂਰਵਾਰ ਅਫਸਰਾਂ/ਕਰਮਚਾਰੀਆਂ ਦੇ ਵਿਰੁੱਧ ਕੀ ਕਾਰਵਾਈ ਕੀਤੇ ਜਾਣ ਦੀ ਤਜਵੀਜ਼ ਹੈ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਅਧਿਆਪਕਾਂ ਦੀਆਂ ਜੀ. ਪੀ. ਫੰਡ ਦੀਆਂ ਮਿਤੀ ਅੰਤ ਤਕ ਦੀਆਂ ਸਟੇਟਮੈਂਟਸ ਕਦੋਂ ਤਕ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ ?

ਕੈਪਟਨ ਕੰਵਲਜੀਤ ਸਿੰਘ (ਵਿੱਤ, ਯੋਜਨਾ ਅਤੇ ਲੋਕ ਸੰਪਰਕ ਮੰਤਰੀ) :

(ੳ) 257 ਜੇ. ਬੀ. ਟੀ. ਅਧਿਆਪਕ ।

(ਅ) ਹਾਂ ਜੀ, ਸਾਲ 1995-96 ਦੀਆਂ ਜੀ. ਪੀ. ਐਫ. ਸਾਰਣੀਆਂ ਦਿੱਤੀਆਂ ਜਾ ਚੁੱਕੀਆਂ ਹਨ ।

(ੲ) ਸਾਲ 1996-97 ਦੀਆਂ ਜੀ. ਪੀ. ਐਫ. ਸਾਰਣੀਆਂ 31-7-97 ਤੱਕ ਦੇ ਦਿੱਤੀਆਂ ਜਾਣਗੀਆਂ ।

ਕਾਮਰੇਡ ਅਜੈਬ ਸਿੰਘ ਰੌਂਤਾ : ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਵਿੱਤ ਮੰਤਰੀ ਜੀ ਤੋਂ ਜਾਣਨਾ ਚਾਹਾਂਗਾ ਕਿ 1995-96, 1996-97 ਦੀਆਂ ਜੀ. ਪੀ. ਐਫ ਸਾਰਣੀਆਂ ਕਦੋਂ ਤੱਕ ਦੇਣੀਆਂ ਸਨ ? ਕੀ ਮੰਤਰੀ ਸਾਹਿਬ ਦੱਸਣਗੇ ਕਿ ਸਰਕਾਰੀ ਹਦਾਇਤਾਂ ਦੇ ਮੁਤਾਬਿਕ ਇਹ ਹੁਣ ਤੱਕ ਕਿਉਂ ਨਹੀਂ ਕੀਤੀਆਂ ਗਈਆਂ ਸਨ ਅਤੇ ਦੋਸ਼ੀ ਅਫਸਰਾਂ ਦੇ ਖਿਲਾਫ ਇਸ ਸਬੰਧ ਵਿੱਚ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਸਾਰੀ ਕਾਰਵਾਈ ਹਰ ਸਾਲ ਜੁਲਾਈ ਦੇ ਅੰਤ ਤੱਕ ਹੋਣੀ ਨਿਸ਼ਚਿਤ ਕੀਤੀ ਗਈ ਹੈ । ਜਿਵੇਂ ਮੈਂ ਆਖਿਆ ਹੈ ਕਿ ਸਾਲ 1995-96 ਦੀਆਂ ਸਾਰਣੀਆਂ ਦੇ ਦਿੱਤੀਆਂ ਗਈਆਂ ਹਨ ਅਤੇ 1996-97 ਦੀਆਂ ਸਾਰਣੀਆਂ ਬਾਰੇ ਮੈਂ ਇਸ ਸਦਨ ਵਿੱਚ ਭਰੋਸਾ ਦਿੰਦਾ ਹਾਂ ਕਿ 31 ਜੁਲਾਈ ਤੱਕ ਅਦਾ ਕਰ ਦਿੱਤੀਆਂ ਜਾਣਗੀਆਂ । (ਥੰਪਿੰਗ)

ਕਾਮਰੇਡ ਅਜੈਬ ਸਿੰਘ ਰੌਂਤਾ : ਡਿਪਟੀ ਸਪੀਕਰ ਸਾਹਿਬ, ਇਹ ਸਵਾਲ ਹੀ ਤਾਂ ਆਇਆ ਸੀ ਕਿ ਇਹ ਸਾਰਣੀਆਂ ਦਿੱਤੀਆਂ ਨਹੀਂ ਗਈਆਂ ਸਨ । ਮੈਂ ਵਿੱਤ ਮੰਤਰੀ ਜੀ ਤੋਂ ਆਸ਼ਵਾਸਨ ਚਾਹਾਂਗਾ ਕਿ ਕੀ ਅੱਗੇ ਤੋਂ ਹਰ ਸਾਲ ਜੀ. ਪੀ. ਐਫ. ਸਾਰਣੀਆਂ ਸਮੇਂ ਸਿਰ ਜਾਰੀ ਕਰ ਦਿੱਤੀਆਂ ਜਾਣਗੀਆਂ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਆਖਿਆ ਹੈ ਕਿ ਜੁਲਾਈ ਮਹੀਨੇ ਵਿੱਚ ਦਿੱਤੀਆਂ ਜਾਂਦੀਆਂ ਰਹੀਆਂ ਹਨ ਅਤੇ ਇਸ ਸਾਲ ਵੀ 31 ਜੁਲਾਈ ਤੱਕ ਦੇ ਦਿੱਤੀਆਂ ਜਾਣਗੀਆਂ ਅਤੇ ਅੱਗੇ ਨੂੰ ਵੀ ਇਹ ਸਮੇਂ ਸਿਰ ਦਿੱਤੀਆਂ ਜਾਣਗੀਆਂ ।

ਕਾਮਰੇਡ ਅਜੈਬ ਸਿੰਘ ਰੌਂਤਾ : ਧੰਨਵਾਦ ਜੀ ।

ਅੰਮ੍ਰਿਤਸਰ ਵਿਚ ਲੜਕਿਆਂ ਲਈ ਕਾਲਜ ਖੋਲ੍ਹਣਾ

*517. **ਡਾਕਟਰ ਬਲਦੇਵ ਰਾਜ ਚਾਵਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਦੀ ਵਿਦਿਅਕ ਸਾਲ 1997 ਦੇ ਦੌਰਾਨ ਅੰਮ੍ਰਿਤਸਰ ਵਿਚ ਲੜਕਿਆਂ ਲਈ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੈ, ਤਾਂ ਇਸ ਦੇ ਕਦੋਂ ਤੱਕ ਚਾਲੂ ਹੋ ਜਾਣ ਦੀ ਸੰਭਾਵਨਾ ਹੈ ;

(ਅ) ਕੀ ਉਕਤ ਕਾਲਜ ਵਿਚ ਕੇਵਲ ਆਰਟਸ ਦੇ ਵਿਸ਼ੇ ਹੀ ਪੜ੍ਹਾਏ ਜਾਣ ਦੀ ਤਜਵੀਜ਼ ਹੈ ਜਾਂ ਵਿਗਿਆਨ ਦੇ ਵਿਸ਼ੇ ਵੀ ਪੜ੍ਹਾਏ ਜਾਣਗੇ ?

ਕੈਪਟਨ ਕੰਵਲਜੀਤ ਸਿੰਘ (ਵਿੱਤ, ਯੋਜਨਾ ਅਤੇ ਲੋਕ ਸੰਪਰਕ ਮੰਤਰੀ) : (ੳ) ਅਤੇ (ਅ) ਨਹੀਂ ਜੀ ।

ਡਾਕਟਰ ਬਲਦੇਵ ਰਾਜ ਚਾਵਲਾ : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਵਿੱਤ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ 50 ਸਾਲਾਂ ਵਿੱਚ

[ਡਾਕਟਰ ਬਲਦੇਵ ਰਾਜ ਚਾਵਲਾ]

ਕਾਂਗਰਸ ਦੇ ਰਾਜ ਦੇ ਅੰਦਰ ਇਹ ਕਾਲਜ ਨਹੀਂ ਖੁਲ੍ਹਿਆ ਕਿਉਂਕਿ ਹਰ ਸਾਲ ਕਿਹਾ ਜਾਂਦਾ ਸੀ ਕਿ ਇਨ੍ਹਾਂ ਕੋਲ ਫੰਡ ਨਹੀਂ ਹਨ । ਕੀ ਸਾਡੀ ਸਰਕਾਰ ਦੇ ਦੌਰਾਨ ਇਸ ਗੁਰੂ ਰਾਮਦਾਸ ਦੀ ਨਗਰੀ ਨੂੰ ਆਦਰਸ਼ ਨਗਰੀ ਬਣਾਉਣ ਵੱਲ ਸਰਕਾਰ ਧਿਆਨ ਦੇਵੇਗੀ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਅੰਮ੍ਰਿਤਸਰ ਦੇ ਵਿੱਚ ਇੱਕ ਖਾਲਸਾ ਕਾਲਜ ਹੈ, ਇੱਕ ਹਿੰਦੂ ਕਾਲਜ ਹੈ, ਇੱਕ ਡੀ. ਏ. ਵੀ. ਕਾਲਜ ਕਟੜਾ ਸ਼ੇਰ ਸਿੰਘ ਵਿਖੇ ਹੈ ਅਤੇ ਇੱਕ ਹੋਰ ਕਾਲਜ ਬਅਦ ਵਿੱਚ ਐਜੂਕੇਸ਼ਨ ਦਾ ਲਿਆਂਦਾ ਅਤੇ ਇੱਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੀ ਕਾਇਮ ਹੈ । ਸਰਕਾਰ ਇਹ ਮਹਿਸੂਸ ਕਰਦੀ ਹੈ ਕਿ ਇਸ ਦੇ ਨੇੜੇ ਦੇ ਇਲਾਕੇ ਦੇ ਵਿਚ ਬਹੁਤ ਸਾਰੇ ਕਾਲਜ ਹਨ । ਇਸ ਕਰਕੇ ਇਹ ਮਹਿਸੂਸ ਕੀਤਾ ਗਿਆ ਕਿ ਉਥੇ ਕਾਲਜ ਦੀ ਲੋੜ ਨਹੀਂ ।

श्रीमती लक्ष्मी कांता चावला : उपाध्यक्ष महोदय, मुझे बड़े दुःख के साथ यह कहना पड़ता है कि जो पिछली सरकार ने "ना जी" को रट लिया था, यह सरकार भी पिछली सरकार की तरह ही कहने लगी है । पिछला रिकार्ड निकलवा कर देखलो कहीं डंडी या फुलस्टाप का भी फर्क नहीं मिलेगा । वही आंकड़े, वही फिगर दोबारा रपीट कर दिए हैं । मेरा प्रश्न है कि खालसा कालेज, हिंदू कालेज और डी. ऐ. वी. कालेज में भी उतनी ही फीस, कंपीटेशन फीस लीं जायेगी जितनी कि सरकारी कालिजों में ली जाती है ?

ਮੰਤਰੀ : ਸਪੀਕਰ ਸਾਹਿਬ, ਜੋ ਮੈਂਬਰ ਸਾਹਿਬਾ ਨੇ ਸਵਾਲ ਪੁਛਿਆ ਹੈ, ਉਹ ਇਸ ਦੇ ਨਾਲ ਸਬੰਧਤ ਨਹੀਂ । ਇਸ ਸਬੰਧੀ ਉਹ ਮੇਰੇ ਨਾਲ ਗੱਲ ਕਰ ਲੈਣ ਜਾਂ ਫਿਰ ਅਲੱਗ ਨੋਟਿਸ ਦੇਣ । ਇਨ੍ਹਾਂ ਨੇ ਤਾਂ ਫੀਸਾਂ ਦੀ ਗੱਲ ਕੀਤੀ ਹੈ ।

श्रीमती लक्ष्मी कांता चावला : जब मित्तल साहिब हमारे साथ बैठते थे तो वह भी इस प्रश्न पर जोर देते थे । मेरा प्रश्न यह है कि जो मंत्री जी ने कहा है कि वहां और कालेजों की आवश्यकता नहीं है । ठीक है वहां काफी कालेज हैं । पर मैं वित्त मंत्री जी से आश्वासन चाहती हूं कि इन तीन कालेजों में से किसी एक कालेज में अमृतसर के गरीब लड़कों के लिए उतनी ही फीस और कैपीटेशन फीस, निश्चित कर दें जितनी सरकारी कालेजों में ली जाती है । मैं यही आश्वासन चाहती हूं ।

ਸ੍ਰੀ ਡਿਪਟੀ ਸਪੀਕਰ : ਉਨ੍ਹਾਂ ਨੇ ਤੁਹਾਨੂੰ ਕਹਿ ਦਿੱਤਾ ਹੈ ਕਿ ਇਸ ਸਬੰਧੀ ਮੇਰੇ ਚੈਂਬਰ ਵਿਚ ਆ ਕੇ ਗੱਲ ਕਰ ਲਓ ।

श्रीमती लक्ष्मी कांता चावला : डिप्टी स्पीकर साहिब, मैं आप का धन्यवाद करती हूं ।

ਥੀਨ ਡੈਮ ਤੋਂ ਬੇਦਖਲ ਕੀਤੇ ਗਏ ਵਿਅਕਤੀਆਂ ਨੂੰ ਨੌਕਰੀਆਂ

*445. **ਮਾਸਟਰ ਮੋਹਨ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਮਈ, 1986 ਤੋਂ ਬਾਅਦ ਥੀਨ ਡੈਮ ਤੋਂ ਬੇਦਖਲ ਕੀਤੇ ਗਏ ਪਰਿਵਾਰਾਂ ਦੇ ਮੈਂਬਰਾਂ ਨੂੰ ਡੈਮ-ਆਊਸਟੀਜ ਕੋਟੇ ਵਿਚੋਂ ਨੌਕਰੀਆਂ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੈ, ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

ਸ਼੍ਰੀ ਮਦਨ ਮੋਹਨ ਮਿੱਤਲ (ਖੁਰਾਕ ਅਤੇ ਸਪਲਾਈ, ਜਨ ਸਿਹਤ ਅਤੇ ਪਾਰਲੀਮਾਨੀ ਮਾਮਲਿਆਂ ਦੇ ਮੰਤਰੀ) : ਹਾਂ ਜੀ । ਪੰਜਾਬ ਸਰਕਾਰ ਦੇ ਮੁੜ ਵਸੇਬਾ ਵਿਭਾਗ ਦੀ ਮਨਜ਼ੂਰ-ਸ਼ੁਦਾ ਪਾਲਿਸੀ ਅਨੁਸਾਰ ਉਨ੍ਹਾਂ ਪ੍ਰੀਵਾਰਾਂ ਦੇ ਇੱਕ ਮੈਂਬਰ ਨੂੰ ਨੌਕਰੀ ਦਿੱਤੀ ਜਾ ਰਹੀ ਹੈ, ਜਿਹੜੇ ਕਿ ਰਣਜੀਤ ਸਾਗਰ ਡੈਮ ਦੀ ਥਾਂ ਤੋਂ ਮਿਤੀ 1-5-86 ਤੋਂ ਬਾਅਦ ਵੀ ਬੇ-ਘਰੇ ਹੋਏ ਸਨ ।

ਇਸ ਸਬੰਧ ਵਿਚ ਕੁੱਲ 1,520 ਪ੍ਰਤੀ-ਬੇਨਤੀਆਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿਚੋਂ 769 ਯੋਗ ਪਾਈਆਂ ਹਨ । 500 ਬਿਨੈਕਾਰਾਂ ਨੂੰ ਨੌਕਰੀ ਦਿੱਤੀ ਜਾ ਚੁੱਕੀ ਹੈ ਅਤੇ ਬਾਕੀ ਰਹਿੰਦੀਆਂ ਨੂੰ ਮਿਤੀ 31-3-98 ਤੱਕ ਨੌਕਰੀ ਦੇ ਦਿੱਤੀ ਜਾਵੇਗੀ ।

ਮਾਸਟਰ ਮੋਹਨ ਲਾਲ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਥੀਨ ਡੈਮ 30 ਜੂਨ, 98 ਤੱਕ ਪੂਰਾ ਹੋ ਜਾਣਾ ਹੈ । ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਾਰਚ ਦੇ ਪਹਿਲੇ ਹਫਤੇ ਵਿੱਚ 269 ਆਸਾਮੀਆਂ ਲਈ ਇੰਟਰਵਿਊ ਹੋਈ ਸੀ । ਇਨ੍ਹਾਂ ਡੈਮ ਆਊਸਟੀਜ਼ ਵਾਸਤੇ ਨੌਕਰੀ ਲਈ ਇੰਟਰਵਿਊ ਹੋਈ ਉਨ੍ਹਾਂ ਨੂੰ ਐਪੁਆਇੰਟਮੈਂਟ ਲੈਟਰ ਕਦੋਂ ਤੱਕ ਦੇ ਦਿੱਤੇ ਜਾਣਗੇ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਬੜੇ ਵਿਸਥਾਰ ਵਿਚ ਦੱਸ ਦਿੱਤਾ ਹੈ ਕਿ 31-3-98 ਤੱਕ ਜਿਥੇ ਜਿਥੇ ਵੀ ਪ੍ਰਾਜੈਕਟ ਦੇ ਉਤੇ ਕੰਮ ਚਲਦਾ ਜਾਵੇਗਾ ਉਥੇ ਉਥੇ ਆਈਡੈਂਟੀਫਾਈ ਕਰਕੇ ਸਾਰਿਆਂ ਨੂੰ ਨੌਕਰੀ ਦੇ ਦਿੱਤੀ ਜਾਵੇਗੀ । ਵੈਸੇ ਅਸੀਂ ਆਈਡੈਂਟੀਫਾਈ ਕਰ ਚੁਕੇ ਹਾਂ ਅਤੇ ਉਨ੍ਹਾਂ ਨੂੰ ਬੁਲਾ ਕੇ ਜਾਬ ਤੇ ਬਿਠਾ ਦਿੱਤਾ ਜਾਵੇਗਾ ।

ਮਾਸਟਰ ਮੋਹਨ ਲਾਲ : ਡਿਪਟੀ ਸਪੀਕਰ ਸਾਹਿਬ, ਮੇਰਾ ਬੜਾ ਸਪੈਸੇਫਿਕ ਸਵਾਲ ਹੈ ਕਿ ਮਾਰਚ ਦੇ ਪਹਿਲੇ ਹਫਤੇ ਵਿਚ 269 ਆਸਾਮੀਆਂ ਲਈ ਇੰਟਰਵਿਊ ਹੋਈ ਸੀ । 769 ਪ੍ਰਤੀ-ਬੇਨਤੀਆਂ ਯੋਗ ਪਾਈਆਂ ਅਤੇ ਜਿਨ੍ਹਾਂ ਵਿਚੋਂ 500 ਨੌਕਰੀ ਲਈ ਸਵੀਕਾਰ ਕਰ ਲਈਆਂ ਅਤੇ ਬਾਕੀ 269 ਆਸਾਮੀਆਂ ਲਈ ਮਾਰਚ ਦੇ ਵਿਚ ਇੰਟਰਵਿਊ ਹੋਈ ਸੀ । ਤਿੰਨ ਮਹੀਨੇ ਹੋ ਚੁੱਕੇ ਹਨ ਪਰ ਉਨ੍ਹਾਂ ਨੂੰ ਅਜੇ ਤੱਕ ਨਿਯੁਕਤੀ ਪੱਤਰ ਨਹੀਂ ਮਿਲੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਕਦੋਂ ਐਪੁਆਇੰਟਮੈਂਟ ਲੈਟਰ ਦੇ ਦਿੱਤੇ ਜਾਣਗੇ ?

ਮੰਤਰੀ : ਮੈਂ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਅਸੀਂ ਉਨ੍ਹਾਂ ਦੀ ਸਿਲੈਕਸ਼ਨ ਕਰ ਰਹੇ ਹਾਂ। I have given the number of the persons who have been identified by the department. ਇਹ ਵੀ ਦੱਸ ਦਿਤਾ ਹੈ ਕਿ ਜਦੋਂ ਪੋਸਟ ਵੇਕੇਂਟ ਹੋਵੇਗੀ ਕਿਉਂਕਿ ਗੌਰਮਿੰਟ ਦੀ ਕੁਮਿਟਮੈਂਟ ਇਹ ਹੈ ਕਿ ਜਿੰਨੇ ਵੀ ਆਉਸਟੀਜ਼ ਹਨ ਉਨ੍ਹਾਂ ਦੀ ਕੁਆਲੀਫਿਕੇਸ਼ਨ ਨਿਸ਼ਚਿਤ ਕੀਤੀ ਹੋਈ ਹੈ। ਅਸੀਂ ਉਨ੍ਹਾਂ ਨੂੰ ਆਈਡੈਂਟੀਫਾਈ ਕਰ ਲਵਾਂਗੇ। ਹੁਣ ਤੱਕ 770 ਐਪਲੀਕੇਂਟ ਆਈਡੈਂਟੀਫਾਈ ਹੋ ਚੁੱਕੇ ਹਨ ਜਿਨ੍ਹਾਂ ਨੂੰ ਨੌਕਰੀਆਂ ਦੇਣੀਆਂ ਹਨ। ਜਿਨ੍ਹਾਂ ਵਾਸਤੇ ਜਾਬ ਉਪਲਬਧ ਹੋਈ ਉਨ੍ਹਾਂ ਨੂੰ ਜੁਆਇਨ ਕਰਾ ਦਿਆਂਗੇ। ਇਹ ਪ੍ਰਾਜੈਕਟ 31-3-98 ਤੱਕ ਕੰਪਲੀਟ ਹੋਣਾ ਹੈ। ਜਿਉਂ ਹੀ ਨੌਕਰੀਆਂ ਉਪਲਬਧ ਹੋਣਗੀਆਂ ਅਸੀਂ ਇਨ੍ਹਾਂ ਨੂੰ ਕਾਲ ਕਰ ਲਵਾਂਗੇ। ਸਮੇਂ ਦੇ ਨਾਲ ਨਾਲ ਕੰਮ ਵੀ ਵਧ ਰਿਹਾ ਹੈ ਅਤੇ ਹੋਰ ਵੀ ਜਾਬ ਕਰੀਏਟ ਹੋ ਰਹੇ ਹਨ। ਜਿਨ੍ਹਾਂ ਨੂੰ ਆਈਡੈਂਟੀਫਾਈ ਕੀਤਾ ਗਿਆ ਹੈ ਉਨ੍ਹਾਂ ਨੂੰ 31-3-98 ਤੱਕ ਹਰ ਕੀਮਤ ਤੇ ਐਬਜ਼ਾਰਬ ਕਰ ਦਿੱਤਾ ਜਾਵੇਗਾ।

ਸ੍ਰੀ ਸੱਤਿਆ ਪਾਲ ਸੈਣੀ : ਡਿਪਟੀ ਸਪੀਕਰ ਸਾਹਿਬ, ਇਹ ਪੁੱਛਣ ਤੋਂ ਪਹਿਲਾਂ ਜਿਸ ਵਿਸ਼ੇ ਤੇ ਗੱਲ ਚੱਲ ਰਹੀ ਹੈ, ਇਸ ਤੋਂ ਪਹਿਲਾਂ ਚੀਫ ਮਨਿਸਟਰ ਸਾਹਿਬ ਨੇ ਚਰਚਾ ਕੀਤੀ ਸੀ ਕਿ ਉਨ੍ਹਾਂ ਦਲਿਤ ਪਰਿਵਾਰਾਂ ਨੂੰ ਜਿਹੜੇ ਆਈਡੈਂਟੀਫਾਈ ਨਹੀਂ ਕੀਤੇ ਗਏ, ਉਨ੍ਹਾਂ ਨੂੰ ਬਾਕੀਆਂ ਦੇ ਨਾਲ ਆਈਡੈਂਟੀਫਾਈ ਕਰਾਂਗੇ, ਨੌਕਰੀਆਂ ਦਿੱਤੀਆਂ ਜਾਣਗੀਆਂ। ਮੈਂ ਮੰਤਰੀ ਜੀ ਨੂੰ ਪ੍ਰਾਰਥਨਾ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਦਲਿਤ ਪਰਿਵਾਰਾਂ ਨੂੰ ਜਿਨ੍ਹਾਂ ਦੀਆਂ ਜ਼ਮੀਨਾਂ ਨਹੀਂ ਹਨ, ਮਕਾਨ ਸਨ, ਉਨ੍ਹਾਂ ਨੂੰ ਉਥੋਂ ਵੀ ਉਠਾ ਦਿੱਤਾ ਗਿਆ। ਉਹ ਪਰਿਵਾਰ ਜੋ ਪ੍ਰਭਾਵਿਤ ਹੋਏ ਹਨ, ਕੀ ਉਨ੍ਹਾਂ ਨੂੰ ਵੀ ਆਈਡੈਂਟੀਫਾਈ ਕੀਤਾ ਗਿਆ ਹੈ ? ਕੀ ਬਾਕੀਆਂ ਨਾਲ ਉਨ੍ਹਾਂ ਨੂੰ ਵੀ ਰਾਹਤ ਦਿੱਤੀ ਜਾਵੇਗੀ ?

ਮੰਤਰੀ : ਮੈਂ ਪਹਿਲਾਂ ਹੀ ਦਸਿਆ ਹੈ ਕਿ ਗੌਰਮਿੰਟ ਨੇ ਇੱਕ ਕਰਾਈਟੇਰੀਆ ਨਿਸ਼ਚਿਤ ਕੀਤਾ ਹੈ। ਉਸ ਤਹਿਤ ਤਿੰਨ ਕੈਟਾਗਰੀਆਂ ਆਈਡੈਂਟੀਫਾਈ ਕੀਤੀਆਂ ਗਈਆਂ ਹਨ। ਇੱਕ ਕੈਟਾਗਰੀ ਉਹ ਹੈ ਜਿਨ੍ਹਾਂ ਦੀ ਜ਼ਮੀਨ 50% ਤੋਂ ਵੱਧ ਐਕੁਆਇਰ ਕੀਤੀ ਗਈ ਹੈ। ਉਨ੍ਹਾਂ ਦੇ ਪਰਿਵਾਰ ਦੇ ਇੱਕ ਬੰਦੇ ਨੂੰ ਜਾਬ ਦੇਣੀ ਹੈ। ਦੂਸਰੀ ਕੈਟਾਗਰੀ ਲੈਂਡਲੈਸ ਆਉਸਟੀਜ਼ ਦੀ ਹੈ। ਉਨ੍ਹਾਂ ਦੇ ਘਰ ਐਕੁਆਇਰ ਕੀਤੇ ਗਏ ਹਨ। ਉਨ੍ਹਾਂ ਨੂੰ ਵੀ ਨੌਕਰੀ ਦੇਣੀ ਹੈ। ਤੀਸਰੀ ਕੈਟਾਗਰੀ ਉਹ ਹੈ, ਜਿਨ੍ਹਾਂ ਦੀ 75% ਤੋਂ ਵੱਧ ਜ਼ਮੀਨ ਐਕੁਆਇਰ ਹੋਈ ਹੈ। ਜੇ ਕੋਈ ਹੋਰ ਕੈਟਾਗਰੀ ਇਨ੍ਹਾਂ ਤਿੰਨਾਂ ਤੋਂ ਬਾਹਰ ਰਹਿ ਗਈ ਹੈ ਤਾਂ ਉਸ ਬਾਰੇ ਇਹ ਸੇਪਰੇਟ ਦੱਸ ਦੇਣ, ਉਸ ਨੂੰ ਨੋਟਿਸ ਵਿੱਚ ਲਿਆ ਦੇਣਾ, ਪੜਤਾਲ ਕਰ ਲਵਾਂਗੇ।

ਸ੍ਰੀ ਡਿਪਟੀ ਸਪੀਕਰ : ਅਗਲਾ ਸਵਾਲ, ਸ੍ਰੀ ਮੋਹਨ ਲਾਲ ਜੀ।

ਮਾਸਟਰ ਮੋਹਨ ਲਾਲ : ਸਪਲੀਮੈਂਟਰੀ ਸਰ। ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਜਵਾਬ ਆਇਆ ਹੈ.....

ਸ੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਜਿੰਨਾ ਸੀ, ਉਹ ਖਤਮ ਹੋ ਗਿਆ ਹੈ । ਤੁਸੀਂ ਹੋਰ ਸਪਲੀਮੈਂਟਰੀ ਨਹੀਂ ਕਰ ਸਕਦੇ । ਤੁਹਾਨੂੰ ਅਗਲੇ ਕੁਐਸਚਨ ਬਾਰੇ ਕਿਹਾ ਹੈ, ਉਸ ਬਾਰੇ ਬੋਲੋ ।

ਮਾਸਟਰ ਮੋਹਨ ਲਾਲ : ਸ੍ਰੀ ਡਿਪਟੀ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਪਾਕਿਸਤਾਨ ਤੋਂ ਆ ਕੇ ਵਸੇ ਹਨ, 50 ਸਾਲ ਹੋ ਗਏ ਉਨ੍ਹਾਂ ਨੂੰ ਕੱਖ ਨਹੀਂ ਮਿਲਿਆ । ਗਰੀਬਾਂ ਨੂੰ ਕੁਝ ਨਹੀਂ ਮਿਲਿਆ ।

ਸ੍ਰੀ ਡਿਪਟੀ ਸਪੀਕਰ : ਇਸ ਸਵਾਲ ਦਾ ਟਾਈਮ ਖਤਮ ਹੋ ਗਿਆ ਹੈ । 414 ਨੰਬਰ ਬਾਰੇ ਕੁਐਸਚਨ ਕਰੋ ।

ਵਰਕ ਚਾਰਜਡ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨਾ

*414. **ਮਾਸਟਰ ਮੋਹਨ ਲਾਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਸਿੰਜਾਈ ਵਿਭਾਗ ਦੇ ਕੁੱਝ ਵਰਕ ਚਾਰਜਡ ਕਰਮਚਾਰੀਆਂ ਨੂੰ ਮੁਕੇਰੀਆਂ ਹਾਈਡਲ ਪ੍ਰਾਜੈਕਟ, ਤਲਵਾੜਾ ਅਤੇ ਆਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਦੇ ਮੁਕੰਮਲ ਹੋਣ ਤੋਂ ਬਾਅਦ ਸਾਲ 1992-93 ਦੇ ਦੌਰਾਨ ਪੰਜਾਬ ਰਾਜ ਬਿਜਲੀ ਬੋਰਡ ਵਿਚ ਭੇਜ ਦਿੱਤਾ ਗਿਆ ਸੀ ?

(ਅ) ਕੀ ਸਰਕਾਰ ਦੀ ਉਪਰੋਕਤ ਭਾਗ (ੳ) ਵਿਚ ਵਰਣਿਤ ਵਰਕ ਚਾਰਜਡ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ ਦੀ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਨੂੰ ਕਦੋਂ ਤੱਕ ਨਿਯਮਿਤ ਕੀਤੇ ਜਾਣ ਦੀ ਸੰਭਾਵਨਾ ਹੈ ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

Shri Madan Mohan Mittal (Food & Supplies, Public Health & Parliamentary Affairs Minister) : (a) Yes Sir.

1840 workers of Mukerian Hydel Project and 770 workers of Anandpur Sahib Hydel Project were transferred from Irrigation Department to Punjab State Electricity Board alongwith the work of these projects during the year 1992-93.

(b) The residual work of these two projects require the services of 802 workers and accordingly 802 regular posts have been created. Against these 802 regular posts, 631 workers have been regularised. The process of regularising the services of 171 workers is underway. The remaining surplus workers of the above two projects are deployed in other wings of the Punjab State Electricity Board. The regularisation of these surplus workers in the relevant wings would be considered from time to time as per their requirement.

ਮਾਸਟਰ ਮੋਹਨ ਲਾਲ : ਸਪਲੀਮੈਂਟਰੀ ਸਰ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਰਮਚਾਰੀਆਂ ਨੂੰ ਰੈਗੂਲੇਰਾਈਜ਼ ਕਰਨ ਦੀ ਕੋਈ ਪਾਲਿਸੀ ਵੀ ਹੈ ਜਾਂ ਸਮੇਂ ਸਮੇਂ ਸਿਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ?

Mr. Deputy Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਪੀ.ਆਰ.ਟੀ.ਸੀ ਦੇ ਡੀਪੂਆਂ ਦੀ ਗਿਣਤੀ

*493. **ਸਰਦਾਰ ਸੁਰਜੀਤ ਸਿੰਘ ਕੋਹਲੀ**. ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਇਸ ਸਮੇਂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਡਿਪੂਆਂ ਦੀ ਗਿਣਤੀ ਕਿੰਨੀ ਹੈ ਅਤੇ ਹਰ ਇਕ ਡਿਪੂ ਵਿਚ ਬੱਸਾਂ ਦੀ ਗਿਣਤੀ ਕਿੰਨੀ-ਕਿੰਨੀ ਹੈ ?

(ਅ) ਕੀ ਸਰਕਾਰ ਦਾ ਉਕਤ ਕਾਰਪੋਰੇਸ਼ਨ ਦੀਆਂ ਕੰਡਮ ਬੱਸਾਂ ਦੀ ਥਾਂ ਨਵੀਆਂ ਬੱਸਾਂ ਬਦਲਣ ਦਾ ਵਿਚਾਰ ਹੈ, ਜੇਕਰ ਅਜਿਹਾ ਹੋਵੇ, ਤਾਂ ਅਜਿਹੀ ਤਜਵੀਜ਼ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ. (ੳ) ਸਾਰਨੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ

(ਅ) ਨਹੀਂ ਜੀ। ਪੁਰਾਣੀਆਂ ਬੱਸਾਂ ਨੂੰ ਬਦਲਣ ਬਾਰੇ ਸਰਕਾਰ ਦੀ ਬਜਾਏ ਪੀ.ਆਰ.ਟੀ.ਸੀ. ਵਲੋਂ ਕਾਰਵਾਈ ਕੀਤੀ ਜਾਂਦੀ ਹੈ।

ਅਨੁਲੱਗ–2

'ਸਾਰਨੀ'

ਮਿਤੀ 31-3-97 ਨੂੰ ਹਰ ਇੱਕ ਡੀਪੂ ਅਨੁਸਾਰ ਬੱਸਾਂ ਦੀ ਗਿਣਤੀ :—

ਡੀਪੂ ਦਾ ਨਾਂ	ਬੱਸਾਂ ਦੀ ਗਿਣਤੀ
1	2
ਪਟਿਆਲਾ–1	102
ਪਟਿਆਲਾ–2	101
ਸੰਗਰੂਰ	99
ਕਪੂਰਥਲਾ	90
ਬਠਿੰਡਾ–1	94
ਬਠਿੰਡਾ–2	90
ਬਰਨਾਲਾ	96
ਬੁਢਲਾਡਾ	60

1	2
ਲੁਧਿਆਣਾ	102
ਫਰੀਦਕੋਟ	93
ਚੰਡੀਗੜ੍ਹ	103
ਕੁੱਲ	1030

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਮਲੇ ਦੀ ਗਿਣਤੀ

*477. **ਚੌਧਰੀ ਜਗਜੀਤ ਸਿੰਘ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਇਸ ਸਮੇਂ ਟੀਚਿੰਗ/ਨਾਨ-ਟੀਚਿੰਗ ਅਮਲੇ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਦੀ ਸ਼੍ਰੇਣੀ ਨਾਲ ਸਬੰਧਤ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਦੀ ਪ੍ਰਤੀਸ਼ਤਤਾ ਕਿੰਨੀ ਹੈ ?

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸੇਵਾਵਾਂ ਵਿਚ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦਾ ਕੋਈ ਬੈਕਲਾਗ ਹੈ ਜੇਕਰ ਅਜਿਹਾ ਹੈ ਤਾਂ ਉਸ ਦੀ ਪ੍ਰਤੀਸ਼ਤਤਾ ਕੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: (ੲ) ਅਤੇ (ਬੀ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸਟੇਟਮੈਂਟ

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫਤਰ ਵਿੱਚ ਕੰਮ ਕਰਦੇ ਅਮਲੇ ਦੀ ਸੂਚੀ

ਲੜੀ ਨੰ:	ਆਸਾਮੀ ਦਾ ਨਾਂ	ਪ੍ਰਵਾਨਿਤ ਆਸਾਮੀਆਂ ਸਿੱਧੀ ਭਰਤੀ	ਪ੍ਰਵਾਨਿਤ ਆਸਾਮੀਆਂ ਤਰੱਕੀ ਰਾਹੀਂ	ਸਿੱਧੀ ਭਰਤੀ ਰਾਹੀਂ ਭਰੀਆਂ ਆਸਾਮੀਆਂ	ਅ. ਜਾਤੀ ਦਾ ਕੋਟਾ	ਅ. ਜਾਤੀ ਨੂੰ ਦਿੱਤੀਆਂ ਆਸਾਮੀਆਂ	ਅ. ਜਾਤੀ ਦਾ ਬੈਕਲਾਗ	ਤਰੱਕੀ ਰਾਹੀਂ ਭਰੀਆਂ ਆਸਾਮੀਆਂ	ਅ. ਜਾਤੀ ਦਾ ਕੋਟਾ	ਅ. ਜਾਤੀ ਨੂੰ ਦਿੱਤੀਆਂ ਆਸਾਮੀਆਂ	ਅ. ਜਾਤੀ ਦਾ ਬੈਕਲਾਗ	ਵਿਸ਼ੇਸ਼ ਕਥਨ
1	2	3	4	5	6	7	8	9	10	11	12	13
1.	ਸਕੱਤਰ ..	1	—	1	—	—	—	—	—	—	—	ਸਿੰਗਲ ਕਾਡਰ
	(ੲ) ਵਿੱਤ ਤੇ ਵਿਕਾਸ ਅਫਸਰ ..	1	—	1	—	—	—	—	—	—	—	ਸਿੰਗਲ ਕਾਡਰ
2.	ਸੰਯੁਕਤ ਸਕੱਤਰ ..	1	—	1	—	—	—	—	—	—	—	ਸਿੰਗਲ ਕਾਡਰ
3.	ਕੰਟਰੋਲਰ (ਪ੍ਰੀਖਿਆਵਾਂ)	1	—	—	—	—	—	—	—	—	—	ਸਿੰਗਲ ਕਾਡਰ
4.	ਉਪ ਸਕੱਤਰ ..	2	6	2	1	1	—	6	1	1	—	—
5.	ਸਹਾਇਕ ਸਕੱਤਰ ..	5	17	5	1	1	—	17	3	3	—	—
6.	ਡਾਇਰੈਕਟਰ (ਅਕਾਦਮਿਕ)	1	—	1	—	1	—	—	—	—	—	ਸਿੰਗਲ ਕਾਡਰ
7.	ਉਪ ਡਾਇਰੈਕਟਰ ..	4	1	3	1	1	—	1	—	—	—	—

8.	ਸਹਾਇਕ ਡਾਇਰੈਕਟਰ ..	5	—	4	1	—	1	—	—	—	—	ਟੈਕਨੀਕਲ ਅਸਾਮੀਆਂ ਹੋਣ ਕਾਰਣ ਰਿਜ਼ਰਵੇਸ਼ਨ 22-9-82 ਤੋਂ ਲਾਗੂ ਹੋਈ ਇਹ ਆਸਾਮੀਆਂ ਪਹਿਲਾਂ ਹੀ ਭਰੀਆਂ ਹੋਈਆਂ ਸਨ । ਇੱਕ ਆਸਾਮੀ ਰਿਜ਼ਰਵ ਦੀ ਭਰਨ ਲਈ ਵਿਗਿਆਪਨ ਦਿੱਤਾ ਹੋਇਆ ਹੈ ।
9.	ਵਿਸ਼ਾ ਮਾਹਿਰ ..	34	—	33	8	3	5	—	—	—	—	ਇੱਕ ਰਿਜ਼ਰਵ ਦੀ ਆਸਾਮੀ ਭਰਨ ਲਈ ਕਾਰਵਾਈ ਹੋ ਰਹੀ ਹੈ ।
10.	ਮੀਡੀਆ ਲੇਜ਼ਨ ਅਫਸਰ ..	1	—	1	—	—	—	—	—	—	—	ਸਿੰਗਲ ਕਾਡਰ
11.	ਚੀਫ ਮੈਡੀਕਲ ਅਫਸਰ ..	1	—	1	—	—	—	—	—	—	—	ਸਿੰਗਲ ਕਾਡਰ
12.	ਸੀਨੀਅਰ ਮੈਡੀਕਲ ਅਫ਼ਸਰ :	1	—	1	—	—	—	—	—	—	—	ਸਿੰਗਲ ਕਾਡਰ
13.	ਅਸਟੇਟ ਅਫਸਰ :	1	—	1	—	—	—	—	—	—	—	ਸਿੰਗਲ ਕਾਡਰ
14.	ਸਕਿਓਰਟੀ ਅਫਸਰ :	1	—	1	—	—	—	—	—	—	—	ਸਿੰਗਲ ਕਾਡਰ

1	2	3	4	5	6	7	8	9	10	11	12	13
15.	ਲੋਕ ਸੰਪਰਕ ਅਫਸਰ ..	1	—	1	—	—	—	—	—	—	—	ਸਿੰਗਲ ਕਾਡਰ
16.	ਪ੍ਰਕਾਸ਼ਨ ਅਫਸਰ ..	—	2	—	—	—	—	2	1	—	1	ਆਸਾਮੀ ਉਪਲਬਧ ਹੋਣ ਤੇ ਰਿਜ਼ਰਵੇਸ਼ਨ ਪੂਰੀ ਕਰਨ ਦਾ ਉਪਰਾਲਾ ਕੀਤਾ ਜਾਵੇਗਾ।
17.	ਸੀਨੀਅਰ ਪ੍ਰੋਜੈਕਟ ਅਫਸਰ ..	4	—	4	1	1	—	—	—	—	—	—
18.	ਪ੍ਰੋਜੈਕਟ ਅਫਸਰ ..	4	—	4	1	1	—	—	—	—	—	—
19.	ਸਹਾਇਕ ਅਫਸਰ ਖੇਡਾਂ ..	1	—	1	—	—	—	—	—	—	—	ਸਿੰਗਲ ਕਾਡਰ
20.	ਚੀਫ ਲਾਇਬ੍ਰੇਰੀਅਨ ..	1	—	1	—	—	—	—	—	—	—	ਸਿੰਗਲ ਕਾਡਰ
21.	ਐਡੀਟਰ ਪੰਖੜੀਆਂ ..	1	—	1	—	—	—	—	—	—	—	ਸਿੰਗਲ ਕਾਡਰ
22.	ਬਿਜ਼ਨਸ ਮੈਨੇਜਰ ..	1	—	1	—	—	—	—	—	—	—	ਸਿੰਗਲ ਕਾਡਰ

23.	ਸਹਾਇਕ ਕੰਟਰੋਲਰ (ਕੰਪਿਊਟਰ) ..	1	—	1	—	—	—	—	—	—	—	ਐਕਸ ਕਾਡਰ
24.	ਸੰਯੁਕਤ ਡਾਇਰੈਕਟਰ ..	—	1	—	—	—	—	1	—	—	—	ਐਕਸ ਕਾਡਰ ਆਸਾਮੀ ।
25.	ਆਰਟਿਸਟ ..	7	—	7	2	—	2	—	—	—	—	ਆਸਾਮੀ ਉਪਲਬਧ ਹੋਣ ਤੇ ਰਿਜ਼ਰਵ ਕੈਟਾਗਰੀ ਵਿਚੋਂ ਭਰਨ ਦਾ ਉਪਰਾਲਾ ਕੀਤਾ ਜਾਵੇਗਾ ।
26.	ਅੰਕੜਾ ਅਫ਼ਸਰ ..	1	—	1	—	—	—	—	—	—	—	ਸਿੰਗਲ ਕਾਡਰ
27.	ਸੁਪਰਡੰਟ ..	—	111	—	—	—	—	111	15	15	—	—
28.	ਸੀਨੀਅਰ ਸਹਾਇਕ ..	—	443	—	—	—	—	443	88	88	—	—
29.	ਸਹਾਇਕ ਪ੍ਰੋਡਕਸ਼ਨ ਅਫ਼ਸਰ ..	2	6	2	1	—	1	6	1	1	—	ਆਸਾਮੀ ਉਪਲਬਧ ਹੋਣ ਤੇ ਰਿਜ਼ਰਵ ਕੈਟਾਗਰੀ ਵਿੱਚੋਂ ਭਰਨ ਦਾ ਉਪਰਾਲਾ ਕੀਤਾ ਜਾਵੇਗਾ ।
30	ਹੈਡ ਪਰੂਫ਼ ਰੀਡਰ ..	—	1	—	—	—	—	1	—	—	—	ਸਿੰਗਲ ਕਾਡਰ

1	2	3	4	5	6	7	8	9	10	11	12	13
31.	ਸੂਚਨਾ ਅਫਸਰ ..	1	—	1	—	—	—	—	—	—	—	ਸਿੰਗਲ ਕਾਡਰ
32.	ਸਟਾਕ ਵੈਰੀਫਾਇਰ ..	—	1	—	—	—	—	1	—	—	—	ਸਿੰਗਲ ਕਾਡਰ
33.	ਸਹਾਇਕ ਅਟਾਰਨੀ ਗਰੇਡ-2..	1	—	1	—	—	—	—	—	—	—	ਸਿੰਗਲ ਕਾਡਰ
34.	ਸਹਾਇਕ ਸਕਿਓਰਟੀ ਅਫਸਰ .	1	—	1	—	—	—	—	—	—	—	ਸਿੰਗਲ ਕਾਡਰ
35.	ਸਕੱਤਰ ਟੂ ਪ੍ਰਧਾਨ ..	—	1	—	—	—	—	1	—	—	—	ਸਿੰਗਲ ਕਾਡਰ
36,	ਨਿੱਜੀ ਸਕੱਤਰ ਟੂ ਮੀਤ ਪ੍ਰਧਾਨ..	1	—	—	—	—	1	—	—	—	—	ਸਿੰਗਲ ਕਾਡਰ
37.	ਪੀ. ਏ. ..	—	6	—	—	—	—	6	1	—	1	ਅਨੁਸੂਚਿਤ ਜਾਤੀ ਦੀ ਇੱਕ ਆਸਾਮੀ ਇੰਟਰਚੇਂਜੇਬਿਲਟੀ ਰਾਹੀਂ ਬੀ. ਸੀ. ਨੂੰ ਦਿੱਤੀ ਗਈ।
38.	ਸੀਨੀਅਰ ਸਕੇਲ ਸਟੈਨੋਗ੍ਰਾਫਰ..	—	18	—	—	—	—	18	4	2	2	ਆਸਾਮੀ ਉਪਲਬਧ ਹੋਣ ਤੇ ਯੋਗ ਉਮੀਦਵਾਰ ਰਿਜ਼ਰਵ

												ਕੈਟਾਗਰੀ ਵਿੱਚੋਂ ਭਰਨ ਦਾ ਉਪਰਾਲਾ ਕੀਤਾ ਜਾਵੇਗਾ ।
39.	ਜੂਨੀਅਰ ਸਕੇਲ ਸਟੈਨੋਗ੍ਰਾਫਰ	.. 21	—	16	3	1	1	—	—	—	—	ਆਸਾਮੀ ਉਪਲਬਧ ਹੋਣ ਤੇ ਰਿਜ਼ਰਵੇਸ਼ਨ ਪੂਰੀ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ ।
40.	ਸਟੈਨੋਟਾਈਪਿਸਟ	.. 9	—	5	1	—	1	—	—	—	—	ਆਸਾਮੀ ਉਪਲ-ਬਧ ਹੋਣ ਤੇ ਰਿਜ਼-ਰਵੇਸ਼ਨ ਪੂਰੀ ਕੀਤੀ ਜਾਵੇਗੀ ।
41.	ਕਲਰਕ	.. 500	170	401	100	67	34	170	34	34	—	ਅਨੁਸੂਚਿਤ ਜਾਤੀ ਲਈ 34 ਆਸਾਮੀਆਂ ਭਰਨ ਲਈ ਵਿਸ਼ੇਸ਼ ਮੁਹਿੰਮ ਰਾਹੀਂ ਵਿਗਿ-ਆਪਨ ਦਿੱਤਾ ਗਿਆ ਹੈ ।
42.	ਰਿਸਟੋਰਰ	.. 27	—	27	7	9	—	—	—	—	—	—

1	2	3	4	5	6	7	8	9	10	11	12	13
43.	ਸਹਾਇਕ ਕਰਮਚਾਰੀ	. . 105	—	105	26	36	—	—	—	—	—	—
44.	ਹੈਲਪਰ	. . 142	—	89	35	28	7	—	—	—	—	52 ਆਸਾਮੀਆਂ ਲਈ ਵਿਗਿਆਪਨ ਕੀਤਾ ਗਿਆ ਹੈ ਅਤੇ ਅਨੁਸੂਚਿਤ ਜਾਤੀਆਂ ਦਾ ਕੋਟਾ ਪੂਰਾ ਕੀਤਾ ਜਾਵੇਗਾ ।
45.	ਜਮਾਂਦਾਰ	. . —	3	—	—	—	—	3	1	1	—	—
46.	ਦਫਤਰੀ	. . —	48	—	—	—	—	48	12	18	—	—
47.	ਦਫਤਰੀ ਕਮ ਰਿਕਾਰਡ ਲਿਫਟਰ	. . 3	3	—	—	—	—	3	1	1	1	ਆਸਾਮੀ ਉਪਲਬਧ ਹੋਣ ਤੇ ਬੈਕਲਾਗ ਪੂਰਾ ਕੀਤਾ ਜਾਵੇਗਾ।
48.	ਡਰਾਈਵਰ	. . 15	—	13	3	2	1	—	—	—	—	ਰਾਖਵੀਂ ਆਸਾਮੀ ਭਰਨ ਲਈ ਕਾਰ-ਵਾਈ ਕੀਤੀ ਜਾ ਰਹੀ ਹੈ ।

49.	ਬੱਸ/ਟਰੱਕ ਹੈਲਪਰ ..	3	—	2	1	—	1	—	—	—	—	ਆਸਾਮੀ ਉਪਲਬਧ ਹੋਣ ਤੇ ਬੈਕਲਾਗ ਪੂਰਾ ਕੀਤਾ ਜਾਵੇਗਾ।
50.	ਮਸ਼ੀਨਮੈਨ ..	—	5	—	—	—	—	4	1	1	—	—
51.	ਵਾਟਰਮੈਨ ..	5	—	5	1	2	—	—	—	—	—	—
52.	ਪਰੂਫ਼ ਰੀਡਰ ..	—	15	—	—	—	—	15	3	2	1	ਆਸਾਮੀ ਉਪਲਬਧ ਹੋਣ ਤੇ ਬੈਕਲਾਗ ਪੂਰਾ ਕੀਤਾ ਜਾਵੇਗਾ।
53.	ਕਾਪੀ ਹੋਲਡਰ ..	9	—	8	2	2	—	—	—	—	—	—
54.	ਚੀਫ਼ ਫਾਰਮਾਸਿਸਟ ..	—	1	—	—	—	—	1	—	—	—	ਸਿੰਗਲ ਕਾਡਰ
55.	ਡਿਸਪੈਂਸਰ ..	3	—	2	1	—	1	—	—	—	—	ਆਸਾਮੀ ਉਪਲਬਧ ਹੋਣ ਤੇ ਬੈਕਲਾਗ ਪੂਰਾ ਕੀਤਾ ਜਾਵੇਗਾ।
56.	ਸਹਾਇਕ ਲਾਇਬ੍ਰੇਰੀਅਨ ..	2	—	2	1	1	—	—	—	—	—	—
57.	ਸਹਾਇਕ ਆਡੀਟਰ ..	2	—	2	1	1	—	—	—	—	—	—

1	2	3	4	5	6	7	8	9	10	11	12	13
58.	ਲੇਡੀ ਵੈਲਫੇਅਰ ਅਫਸਰ ..	1	—	1	—	—	—	—	—	—	—	ਸਿੰਗਲ ਕਾਡਰ
59.	ਸੁਪਰਵਾਈਜ਼ਰ ..	1	—	1	—	—	—	—	—	—	—	ਸਿੰਗਲ ਕਾਡਰ
60.	ਲੀਗਲ ਐਡਵਾਈਜ਼ਰ ..	1	—	1	—	—	—	—	—	—	—	ਸਿੰਗਲ ਕਾਡਰ
61.	ਲਬਾਟਰੀ ਟੈਕਨੀਸ਼ੀਅਨ ਗਰੇਡ-1 ..	1	—	1	—	—	—	—	—	—	—	ਸਿੰਗਲ ਕਾਡਰ
62.	ਲਬਾਰਟਰੀ ਟਕੈਨੀਸ਼ੀਅਨ ਗਰੇਡ-2 .	1	—	1	—	—	—	—	—	—	—	ਸਿੰਗਲ ਕਾਡਰ
63.	ਸਟਾਫ ਨਰਸ ..	1	—	1	—	—	—	—	—	—	—	ਸਿੰਗਲ ਕਾਡਰ
64.	ਟਾਈਪਰਾਈਟਰ ਮਕੈਨਿਕ ..	1	—	1	—	—	—	—	—	—	—	ਸਿੰਗਲ ਕਾਡਰ
65.	ਇਲੈਕਟਰੀਸ਼ੀਅਨ ..	1	—	1	—	—	—	—	—	—	—	ਸਿੰਗਲ ਕਾਡਰ
66.	ਮਲਟੀਪਰਪਜ਼ ਵਰਕਰ ..	1	—	—	—	—	—	—	—	—	—	ਸਿੰਗਲ ਕਾਡਰ
67.	ਸਿਕਿਉਰਟੀ ਗਾਰਡ ..	90	—	80	22	19	3	—	—	—	—	ਆਸਾਮੀਆਂ ਭਰਨ ਲਈ ਵਿਗਿਆਪਨ ਦਿੱਤਾ ਗਿਆ ਹੈ।

68.	ਸੈਕਸ਼ਨ ਅਫਸਰ (ਸਿਵਲ) ..	5	—	5	1	—	1	—	—	—	—	ਆਸਾਮੀ ਉਪਲੱਬਧ ਹੋਣ ਤੇ ਬੈਕਲਾਗ ਪੂਰਾ ਕੀਤਾ ਜਾਵੇਗਾ।
69	ਸੈਕਸ਼ਨ ਅਫਸਰ (ਇਲੈਕਟਰੀਕਲ)	1	—	1	—	—	—	—	—	—	—	ਸਿੰਗਲ ਕਾਡਰ
70.	ਡਰਾਫਟਸਮੈਨ ..	2	—	2	1	—	1	—	—	—	—	ਆਸਾਮੀ ਉਪਲੱਬਧ ਹੋਣ ਤੇ ਬੈਕਲਾਗ ਪੂਰਾ ਕੀਤਾ ਜਾਵੇਗਾ
71.	ਸਬ-ਡਵੀਜ਼ਨਲ ਇੰਜੀਨੀਅਰ ..	2	—	2	1	—	1	—	—	—	—	—ਉਹੀ—
72.	ਰਿਟੇਨਰ ..	2	—	2	1	—	1	—	—	—	—	—ਉਹੀ—
73.	ਸੈਕਸ਼ਨ ਅਫਸਰ (ਬਾਗਬਾਨੀ) ..	1	—	1	—	—	—	—	—	—	—	ਸਿੰਗਲ ਕਾਡਰ
74.	ਸਬ-ਡਵੀਜ਼ਨਲ ਇੰਜੀਨੀਅਰ (ਇਲੈਕ:) ..	1	—	1	—	—	—	—	—	—	—	ਸਿੰਗਲ ਕਾਡਰ
75.	ਡਵੀਜ਼ਨਲ ਅਕਾਊਂਟੈਂਟ ..	1	—	1	—	—	—	—	—	—	—	ਸਿੰਗਲ ਕਾਡਰ
76.	ਫੋਰਮੈਨ ..	1	—	1	—	—	—	—	—	—	—	ਸਿੰਗਲ ਕਾਡਰ
77.	ਸਹਾਇਕ ਪ੍ਰੋਜੈਕਟ ਅਫਸਰ ..	1	—	1	—	—	—	—	—	—	—	ਸਿੰਗਲ ਕਾਡਰ
78.	ਸਵੀਪਰ ..	17	—	17	4	17	—	—	—	—	—	—

1	2	3	4	5	6	7	8	9	10	11	12	13
79.	ਉਪ ਸਕੱਤਰ ਪੁਸਤਕਾਂ ..	—	1	—	—	—	—	1	—	—	—	ਐਕਸ ਕਾਡਰ
80.	ਸੀਨੀਅਰ ਮੈਨੇਜਰ (ਜਨਰਲ ਕਾਡਰ) ..	1	—	1	—	—	—	—	—	—	—	ਸਿੰਗਲ ਕਾਡਰ
81.	ਸੀਨੀਅਰ ਮੈਨੇਜਰ (ਡਿਮਿਨਸਿੰਗ ਕਾਡਰ) ..	—	1	—	—	—	—	1	—	—	—	ਸਿੰਗਲ ਕਾਡਰ
82.	ਜ਼ਿਲ੍ਹਾ ਮੈਨੇਜਰ (ਜਨਰਲ ਕਾਡਰ) ..	4	5	2	1	1	—	3	1	1	—	—
83.	ਜ਼ਿਲ੍ਹਾ ਮੈਨੇਜਰ (ਡਿਮਿਨਸਿੰਗ ਕਾਡਰ) ..	—	9	—	—	—	—	9	2	2	—	—
84.	ਉਪ-ਜ਼ਿਲ੍ਹਾ ਮੈਨੇਜਰ ..	3	—	3	1	1	—	—	—	—	—	—
85.	ਸੈਕਸ਼ਨ ਅਫਸਰ ..	1	—	1	—	—		—	—	—	—	ਸਿੰਗਲ ਕਾਡਰ
86.	ਸੀਨੀਅਰ ਆਡੀਟਰ ..	1	—	1	—	—	—	—	—	—	—	ਸਿੰਗਲ ਕਾਡਰ

87.	ਆਡੀਟਰ ..	4	—	4	1	—	1	—	—	—	—	ਅਨੁਸੂਚਿਤ ਜਾਤੀ ਦੀ ਪੋਸਟ ਭਰਨ ਲਈ ਵਿਗਿਆਪਨ ਦਿੱਤਾ ਗਿਆ ਹੈ।
88.	ਸੀਨੀਅਰ ਸਹਾਇਕ (ਡਿਮਿਨਸ਼ਿੰਗ ਕਾਡਰ) ..	—	25	—	—	—	—	12	3	2	1	ਆਸਾਮੀ ਉਪਲਬਧ ਹੋਣ ਤੇ ਬੈਕਲਾਗ ਪੂਰਾ ਕੀਤਾ ਜਾਵੇਗਾ।
89.	ਜੂਨੀਅਰ ਆਡੀਟਰ ..	5	—	5	1	—	1	—	—	—	—	-ਉਹੀ-
90.	ਸੁਪਰਵਾਈਜ਼ਰ ਡਿਸਟਰੀਬਿਊਸ਼ਨ ..	1	—	1	—	—	—	—	—	—	—	ਸਿੰਗਲ ਕਾਡਰ
91.	ਕਲਰਕ (ਡਿਮਿਨਸ਼ਿੰਗ ਕਾਡਰ) ..	3	—	—	—		—	—	—	—	—	—
92.	ਪੈਕਰ (ਡਿਮਿਨਸ਼ਿੰਗ ਕਾਡਰ) ..	17	—	9	2	2	—	—	—	—	—	—
93.	ਪੈਕਰ (ਜਨਰਲ ਕਾਡਰ) ..	36	—	36	8	8	—	—	—	—	—	—
94.	ਸੇਵਾਦਾਰ (ਡਿਮਿਨਸ਼ਿੰਗ ਕਾਡਰ) ..	2	—	2	1	1	—	—	—	—	—	—
95.	ਚੌਕੀਦਾਰ ..	4	—	2	1	1	—	—	—	—	—	—

1	2	3	4	5	6	7	8	9	10	11	12	13
96.	ਸਵੀਪਰ-ਕਮ-ਚੌਕੀਦਾਰ	.. 18	—	17	4	10	—	—	—	—	—	—
97.	ਫਾਇਰਮੈਨ	.. 2	—	—	—	—	—	—	—	—	—	—
98.	ਸਬ-ਫਾਇਰ ਅਫਸਰ	.. 1	—	—	—	—	—	—	—	—	—	—
99.	ਪ੍ਰਿੰਸੀਪਲ	.. 6	—	6	1	—	1	—	—	—	—	ਆਸਾਮੀ ਉਪਲਬਧ ਹੋਣ ਤੇ ਬੈਕਲਾਗ ਪੂਰਾ ਕੀਤਾ ਜਾਵੇਗਾ ।
100.	ਲੈਕਚਰਾਰ	.. 10	—	10	2	—	2	—	—	—	—	-ਉਹੀ-
101.	ਮਾਸਟਰ	..125	—	125	31	4	27	—	—	—	—	2 ਨੇਤਰਹੀਣ ਤਬਲਾ ਮਾਸਟਰ ਰਾਖਵੀਂ ਆਸਾਮੀ ਵਿਰੁੱਧ ਐਡਜਸਟ ਕੀਤੇ ਗਏ ਹਨ । ਬਾਕੀ ਆਸਾਮੀਆਂ ਉਪਲ-ਬਧ ਹੋਣ ਤੇ ਬੈਕ-ਲਾਗ ਪੂਰਾ ਕੀਤਾ ਜਾਵੇਗਾ ।

102.	ਸਕੂਲ ਲਾਇਬ੍ਰੇਰੀਅਨ ..	6	—	6	1	—	1	—	—	—	—	ਆਸਾਮੀ ਉਪਲਬਧ ਹੋਣ ਤੇ ਬੈਕਲਾਗ ਪੂਰਾ ਕੀਤਾ ਜਾਵੇਗਾ ।
103.	ਲਬਾਰਟਰੀ ਐਟੈਂਡੈਂਟ ..	6	—	6	1	1	—	—	—	—	—	—
104.	ਦਰਜਾ-4 (ਆਦਰਸ਼ ਸਕੂਲ) ..	46	—	46	12	21	—	—	—	—	—	—

ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ (ਬਠਿੰਡਾ) ਵਿਚ ਅਮਰੀਕਨ ਫ਼ਰਮ ਦੀ ਹਿੱਸੇਦਾਰੀ

*515. **ਕਾਮਰੇਡ ਹਰਦੇਵ ਅਰਸ਼ੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਲਹਿਰਾ ਮੁਹੱਬਤ (ਬਠਿੰਡਾ) ਵਿਖੇ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੀ ਉਸਾਰੀ ਵਿਚ ਕਿਸੇ ਅਮਰੀਕਨ ਪ੍ਰਾਈਵੇਟ ਫ਼ਰਮ ਨੂੰ ਹਿੱਸੇਦਾਰ ਬਣਾਇਆ ਗਿਆ ਹੈ ਜਾਂ ਇਸ ਸਬੰਧ ਵਿਚ ਕੋਈ ਫੈਸਲਾ ਲਿਆ ਗਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਫ਼ਰਮ ਦੇ ਨਾਲ ਕੀਤੇ ਗਏ ਇਕਰਾਰਨਾਮੇ ਦੇ ਵੇਰਵੇ ਕੀ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਅਮਰੀਕਨ ਫ਼ਰਮ ਤੋਂ ਹਿੱਸੇਦਾਰੀ ਵਿਚ ਉਸਦੇ ਹਿੱਸੇ ਵਜੋਂ ਸਰਕਾਰ ਦੁਆਰਾ ਕੁੱਲ ਕਿੰਨੀ ਰਕਮ ਪ੍ਰਾਪਤ ਕੀਤੀ ਗਈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਸਰਕਾਰ ਨੇ ਇਕ ਤਜਵੀਜ਼ ਪ੍ਰਵਾਨ ਕੀਤੀ ਹੈ ਜਿਸ ਅਨੁਸਾਰ ਪੰਜਾਬ ਰਾਜ ਬਿਜਲੀ ਬੋਰਡ ਦੀ ਲਹਿਰਾ ਮੁਹੱਬਤ ਥਰਮਲ ਪਲਾਂਟ ਦੀ ਸਥਾਪਤੀ ਅਤੇ ਸੰਚਾਲਣ ਲਈ ਪ੍ਰਾਈਵੇਟ ਅਮਰੀਕਨ ਫਰਮ ਨਾਲ ਜੁਆਇੰਟ ਵੈਂਚਰ ਕੰਪਨੀ ਬਣਾਉਣ ਦੀ ਯੋਜਨਾ ਹੈ। ਇਸ ਸਬੰਧ ਵਿਚ ਰਸਮੀ ਸਾਂਝ ਦਾ ਇਕਰਾਰਨਾਮਾ ਅਜੇ ਹਸਤਾਖਰ ਕੀਤਾ ਜਾਣਾ ਹੈ।

(ਅ) ਅਜੇ ਕੋਈ ਪੈਸਾ ਪ੍ਰਾਪਤ ਨਹੀਂ ਹੋਇਆ ।

UNSTARRED QUESTIONS AND ANSWERS

ਜ਼ਿਲ੍ਹਾ ਮਾਨਸਾ ਵਿਚ ਪੁਲਿਸ ਥਾਣਿਆਂ/ਪੁਲਿਸ ਚੌਕੀਆਂ ਦੀ ਗਿਣਤੀ

111. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਜ਼ਿਲ੍ਹਾ ਮਾਨਸਾ ਵਿਚ ਇਸ ਵੇਲੇ ਪੁਲਿਸ ਥਾਣਿਆਂ ਅਤੇ ਪੁਲਿਸ ਚੌਕੀਆਂ ਦੀ ਕੁੱਲ ਗਿਣਤੀ ਕਿੰਨੀ ਕਿੰਨੀ ਹੈ ਅਤੇ ਉਨ੍ਹਾਂ ਦੇ ਨਾਂ ਕੀ ਕੀ ਹਨ ;

(ਅ) ਸਾਲ 1995 ਤੋਂ ਹੁਣ ਤੱਕ ਦੇ ਸਮੇਂ ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਪੁਲਿਸ ਥਾਣਿਆਂ/ਪੁਲਿਸ ਚੌਕੀਆਂ ਵਿਚ ਦਰਜ ਕਰਾਏ ਗਏ ਵੱਖ-ਵੱਖ ਜੁਰਮਾਂ ਦੇ ਕੇਸਾਂ ਦੀ ਗਿਣਤੀ ਅਤੇ ਵੇਰਵੇ ਕੀ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਮਾਨਸਾ ਜ਼ਿਲ੍ਹੇ ਵਿਚ ਦਸ ਪੁਲਿਸ ਸਟੇਸ਼ਨ ਅਤੇ ਤਿੰਨ ਪੁਲਿਸ ਪੋਸਟਾਂ ਹਨ । ਪੁਲਿਸ ਸਟੇਸ਼ਨ ਅਤੇ ਪੁਲਿਸ ਪੋਸਟਾਂ ਦੇ ਨਾਂ ਨਾਲ ਨੱਥੀ "ਅਨੈਕਸਚਰ" ਵਿਚ ਦਰਜ ਹਨ ਜੋ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ਅ) ਕੇਸਾਂ ਦੀ ਗਿਣਤੀ ਅਤੇ ਵੇਰਵੇ ਨਾਲ ਨੱਥੀ 'ਅਨੈਕਸਚਰ' ਵਿਚ ਦਰਜ ਹਨ ਜੋ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

ANNEXURE

DETAIL OF POLICE STATIONS/POLICE POSTS AND CASES OF CRIME REGISTERED IN DISTRICT MANSA

Name of Police Stations/ Police Posts.	Murder			Attempt to Murder			Kidnapping			Rape			Assault on Pub. Servant			Robbery			Burglary			Theft			Other Crime		
	95	96	97	95	96	97	95	96	97	95	96	97	95	96	97	95	96	97	95	96	97	95	96	97	95	96	97
1. Sdr. Mansa	3	3	1	2	—	2	—	—	—	—	—	2	—	—	—	—	—	—	2	2	—	2	—	1	93	110	44
2. City Mansa	6	7	1	2	2	2	—	2	—	1	1	2	3	1	—	—	—	—	7	12	1	10	3	5	94	86	52
3. Bhikhi	2	4	3	—	2	—	—	—	—	1		—	—	—	—	—	—	—	4	1	—	10	—	1	89	88	31
4. Jhunir	1	—	1	1	—	—	—	—	—	—	—	—	—	—	1	—	—	—	—	—	1	5	3		80	81	31
5. Jaurkian	2	4	—	1	1	—	—	—	—	—	1	—	—	—	—	—	—	—	—	1	—	2	3	—	46	46	23
6. Sardulgarh	1	2	—	3	2	1	—	1	—	1	1	1	—	—	—	—	—	—	—	—	—	6	4	2	93	111	53
7. Budhlada	3	1	—	1	—	—	—	—	—	—	2	—	—	—	—	—	—	—	—	—	—	2	3	—	56	71	32
8. Boha	3	4	2	1	—	—	—	—	—	—	—	—	—	—	—	1	—	—	—	—	—	2	1	1	90	89	52
9. Baretta	5	3	1	2	—	1	—	—	—		1	—	—	1	—			—	2	—	—	4	3	1	55	63	15
10. Joga	—	1	1	1	—	1	—	—	—	2	—	—	—	—	—	—	—	—	—	—	—	2	1	—	51	61	25
Police Posts																											
1. Ubha	—	—	—	—	—	—	—	—	—	—	—	—	—	—	—	—	1	—	—	—	—	—	—	—	23	16	10
2. Kuleria	—	1	—	—	—	—		—	—	—	—	—	—	—	—	—	—	—	—	—	—	1	1	—	9	17	10
3. Behniwal	—	—	1	—	—	—	1	—	—	—	—	—	—	—	—	—	—	—	—	—	—	—	—	—	19	25	4

ਕੈਦੀਆਂ ਦੀਆਂ ਮੌਤਾਂ

112. ਕਾਮਰੇਡ ਹਰਦੇਵ ਅਰਸ਼ੀ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ---

(ੳ) ਸਾਲ 1994, 1995, 1996 ਅਤੇ 1997 ਤੋਂ ਮਿਤੀ ਅੰਤ ਤਕ ਜੇਲ੍ਹਾਂ ਵਿਚ ਮਰਨ ਵਾਲੇ ਮੁਜਰਮਾਂ/ਸਮਾਇਤ ਅਧੀਨ ਵਿਅਕਤੀਆਂ ਦੇ ਸਾਲ-ਵਾਰ ਨਾਂ ਕੀ ਹਨ ਅਤੇ ਹਰ ਇਕ ਕੇਸ ਵਿਚ ਮੌਤ ਦੀ ਤਰੀਕ ਅਤੇ ਜੇਲ੍ਹ ਦਾ ਨਾਂ ਕੀ-ਕੀ ਹੈ :

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਮ੍ਰਿਤਕਾਂ ਦੀਆਂ ਮੌਤਾਂ ਦੇ ਕਾਰਣਾਂ ਦੀ ਕੋਈ ਜਾਂਚ ਕੀਤੀ ਗਈ ਸੀ, ਜੇਕਰ ਅਜਿਹਾ ਹੋਵੇ, ਤਾਂ ਹਰ ਇਕ ਕੇਸ ਵਿਚ ਜਾਂਚ ਅਧਿਕਾਰੀ ਦਾ ਨਾਂ ਅਤੇ ਜਾਂਚ ਦੇ ਸਿੱਟੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ :

(ੳ) ਸਾਲ 1994, 1995, 1996 ਅਤੇ 1997 ਦੌਰਾਨ ਜੇਲ੍ਹਾਂ ਵਿਚ ਹੋਈਆਂ ਕੈਦੀਆਂ/ਹਵਾਲਾਤੀਆਂ ਦੀਆਂ ਮੌਤਾਂ ਸਬੰਧੀ ਲਿਸਟਾਂ ਸਮੇਤ ਮੌਤ ਦੀ ਮਿਤੀ ਅਤੇ ਜੇਲ੍ਹ ਦੇ ਨਾਮ ਅੰਤਿਕਾ ੳ, ਅ, ੲ ਅਤੇ ਸ ਤੇ ਨੱਥੀ ਕੀਤੀਆਂ ਜਾਂਦੀਆਂ ਹਨ ।

(ਅ) ਵਿਸਥਾਰ ਪੂਰਵਕ ਸੂਚਨਾ ਸਮੇਤ ਪੂਰੇ ਵੇਰਵਿਆਂ ਦੇ ੳ, ਅ, ੲ ਅਤੇ ਸ ਤੇ ਨੱਥੀ ਅੰਤਿਕਾ ਵਿਚ ਦਿੱਤੀ ਗਈ ਹੈ ।

ਅੰਤਿਕਾ-ੳ ਸਾਲ 1994

ਲੜੀ ਨੰ:	ਜੇਲ੍ਹ ਦਾ ਨਾਂ	ਕੈਦੀ/ਹਵਾਲਾਤੀ ਦਾ ਨਾਂ	ਮੌਤ ਦੀ ਮਿਤੀ	ਕਾਰਜਕਾਰੀ ਮੈਜਿਸਟ੍ਰੇਟ ਦਾ ਨਾਂ ਅਤੇ ਰਿਪੋਰਟ ਦੇ ਆਧਾਰ ਤੇ ਮੌਤ ਦਾ ਸੰਖੇਪ ਕਾਰਨ
1	2	3	4	5
1.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਸਤਨਾਮ ਸਿੰਘ ਪੁੱਤਰ ਸਾਧੂ ਸਿੰਘ	5-1-94	ਸ੍ਰੀ ਗੁਰਭਜਨ ਸਿੰਘ, ਪੀ.ਸੀ.ਐਸ., ਐਸ.ਡੀ.ਐਮ., ਪਟਿਆਲਾ ਦੁਆਰਾ ਇਨਕੁਆਰੀ ਕੀਤੀ ਗਈ ਸੀ । ਰਿਪੋਰਟ ਅਨੁਸਾਰ ਹਵਾਲਾਤੀ ਤਪਦਿਕ ਦਾ ਰੋਗੀ ਸੀ ਅਤੇ ਕੁਦਰਤੀ ਮੌਤ ਕਾਰਨ ਮਰਿਆ । ਵਿਚਾਰ ਕਰਨ

1	2	3	4	5
				ਉਪਰੰਤ ਕੇਸ ਠੱਪ ਕਰ ਦਿੱਤਾ ਗਿਆ ।
2.	ਕੇਂਦਰੀ ਜੇਲ੍ਹ, ਜਲੰਧਰ	ਕੈਦੀ ਸਾਹਿਬ ਸਿੰਘ ਪੁੱਤਰ ਮਹਿੰਦਰ ਸਿੰਘ	14-1-94	ਇਸ ਕੇਸ ਵਿਚ ਕੋਈ ਇਨਕੁਆਰੀ ਨਹੀਂ ਕੀਤੀ ਗਈ । ਚੀਫ ਮੈਡੀਕਲ ਅਫਸਰ ਜਲੰਧਰ ਅਨੁ-ਸਾਰ ਕੈਦੀ ਦੀ ਮੌਤ ਦਿਲ ਫੇਲ੍ਹ ਹੋਣ ਕਾਰਨ ਹੋਈ । ਕੁਦਰਤੀ ਮੌਤ ਹੋਣ ਕਰਕੇ ਕੇਸ ਠੱਪ ਕਰ ਦਿੱਤਾ ਗਿਆ ।
3.	ਬੋਰਸਟਲ ਜੇਲ੍ਹ, ਲੁਧਿਆਣਾ	ਕੈਦੀ ਅਮਿਤ ਕੁਮਾਰ ਪੁੱਤਰ ਮੋਹਨ ਲਾਲ	3-2-94	ਕਾਰਜਕਾਰੀ ਮੈਜਿਸਟਰੇਟ ਲੁਧਿਆਣਾ, ਸ਼੍ਰੀ ਮਨਜੀਤ ਸਿੰਘ ਬਰਾੜ ਦੁਆਰਾ ਇਨਕੁਆਰੀ ਕਰਵਾਈ ਗਈ ਹੈ. ਮਾਮਲਾ ਵਿਚਾਰ ਅਧੀਨ ਹੈ ।
4.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਸੀਦਾ ਪੁੱਤਰ ਭੂਲਾ	28-2-94	ਇਸ ਕੇਸ ਵਿਚ ਕੋਈ ਇਨਕੁਆਰੀ ਨਹੀਂ ਕਰਵਾਈ ਗਈ । ਕੁਦ-ਰਤੀ ਮੌਤ ਹੋਣ ਕਾਰਨ ਕੇਸ ਠੱਪ ਕਰ ਦਿਤਾ ਗਿਆ ।
5.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਸੁਰਜਾ ਪੁੱਤਰ ਝੂੰਡਾ ਰਾਮ	1-3-94	ਇਸ ਕੇਸ ਵਿਚ ਕੋਈ ਇਨਕੁਆਰੀ ਨਹੀਂ ਕੀਤੀ ਗਈ । ਕੁਦਰਤੀ ਮੌਤ ਹੋਣ ਕਾਰਨ ਕੇਸ ਠੱਪ ਕਰ ਦਿੱਤਾ ਗਿਆ ।
6.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਪਵਣ ਕੁਮਾਰ ਪੁੱਤਰ ਰੋਸ਼ਨ ਲਾਲ	5-3-94	ਸ਼੍ਰੀ ਰਾਜੇਸ਼ ਸ਼ਰਮਾ ਕਾਰਜਕਾਰੀ ਮੈਜਿਸਟਰੇਟ ਅੰਮ੍ਰਿਤਸਰ ਦੁਆਰਾ

1	2	3	4	5
				ਇਨਕੁਆਰੀ ਕੀਤੀ ਗਈ ਸੀ। ਹਵਾਲਾਤੀ ਜੇਲ੍ਹ ਅੰਦਰ ਦਾਖਲ ਹੁੰਦੇ ਸਾਰ ਹੀ ਮਰ ਗਿਆ। ਆਈ. ਜੀ. ਜੇਲ੍ਹਾਂ ਦੁਆਰਾ ਕਸੂਰਵਾਰ ਕਰਮਚਾਰੀ ਦੀ ਸ਼ਨਾਖਤ ਲਈ ਕਾਰਵਾਈ ਕੀਤੀ ਜਾ ਰਹੀ ਹੈ।
7.	ਕੇਂਦਰੀ ਜੇਲ੍ਹ, ਲੁਧਿਆਣਾ	ਹਵਾਲਾਤੀ ਅਸ਼ੋਕ ਕੁਮਾਰ ਪੁੱਤਰ ਮੋਹਣ ਸਿੰਘ	18-3-94	ਸ੍ਰੀ ਭੁਪਿੰਦਰਜੀਤ ਸਿੰਘ ਤਹਿਸੀਲਦਾਰ-ਕਮ-ਕਾਰਜਕਾਰੀ ਮੈਜਿਸਟ੍ਰੇਟ ਲੁਧਿਆਣਾ ਦੁਆਰਾ ਇਨਕੁਆਰੀ ਕੀਤੀ ਗਈ। ਇਨਕੁਐਸਟ ਰਿਪੋਰਟ ਅਜੇ ਪ੍ਰਾਪਤ ਨਹੀਂ ਹੋਈ। ਹਵਾਲਾਤੀ ਨੇ ਜੇਲ੍ਹ ਅੰਦਰ ਆਤਮ ਹੱਤਿਆ ਕਰ ਲਈ।
8.	ਕੇਂਦਰੀ ਜੇਲ੍ਹ, ਲੁਧਿਆਣਾ	ਕੈਦੀ ਜਗਦੀਸ਼ ਚੰਦ ਪੁੱਤਰ ਲਛਮਣ ਦਾਸ	11-4-94	ਇਸ ਕੇਸ ਵਿਚ ਕੋਈ ਇਨਕੁਆਰੀ ਨਹੀਂ ਕੀਤੀ ਗਈ। ਕੈਦੀ ਕੁਦਰਤੀ ਮੌਤ ਕਰਕੇ ਮੋਹਨ ਦੇਵੀ ਹਸਪਤਾਲ ਵਿਖੇ ਕੈਂਸਰ ਕਾਰਨ ਮਰ ਗਿਆ ਸੀ। ਕੇਸ ਠੱਪ ਕਰ ਦਿੱਤਾ ਗਿਆ।

1	2	3	4	5
9.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਦੀਵਾਨ ਪੁੱਤਰ ਫਜ਼ਲ ਅਜ਼ੀਜ਼	27-5-94	ਸ੍ਰੀ ਗੁਰਭਜਨ ਸਿੰਘ, ਪੀ.ਸੀ.ਐਸ.,ਐਸ.ਡੀ.ਐਮ. ਪਟਿਆਲਾ ਦੁਆਰਾ ਇਨਕੁਆਰੀ ਕੀਤੀ ਗਈ ਸੀ । ਰਿਪੋਰਟ ਅਨੁਸਾਰ ਕੈਦੀ ਦੀ ਮੌਤ ਕੁਦਰਤੀ ਹੈ। ਜੇਲ੍ਹ ਤੇ ਤੈਨਾਤ ਡਿਊਟੀ ਡਾਕਟਰ, ਹਸਪਤਾਲ ਜਾਂ ਰਾਜਿੰਦਰਾ ਹਸਪਤਾਲ ਦੇ ਡਾਕਟਰ ਦੀ ਕੋਈ ਅਣਗਹਿਲੀ ਜਾਂ ਫਾਊਲ ਪਲੇਅ ਨਹੀਂ ਸੀ । ਵਿਚਾਰ ਕਰਨ ਉਪਰੰਤ ਕੇਸ ਠਪ ਕਰ ਦਿੱਤਾ ਗਿਆ ।
10.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਮਨਜੀਤ ਸਿਘ ਪੁੱਤਰ ਮਹਿੰਦਰ ਸਿੰਘ	4-6-94	ਸ੍ਰੀ ਰਾਜੇਸ਼ ਸ਼ਰਮਾ, ਕਾਰਜਕਾਰੀ ਮੈਜਿਸਟ੍ਰੇਟ, ਅੰਮ੍ਰਿਤਸਰ ਦੁਆਰਾ ਇਨਕੁਆਰੀ ਕੀਤੀ ਗਈ ਸੀ । ਇਸ ਕੇਸ ਵਿਚ ਅਜੇ ਰਿਪੋਰਟ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ ।
11.	ਜ਼ਿਲ੍ਹਾ ਜੇਲ੍ਹ, ਨਾਭਾ	ਹਵਾਲਾਤੀ ਕਸ਼ਮੀਰ ਸਿੰਘ ਪੁੱਤਰ ਮੋਤਾ ਸਿੰਘ	10-7-94	ਸ. ਪਰਮਜੀਤ ਸਿੰਘ, ਤਹਿਸੀਲਦਾਰ, ਨਾਭਾ ਦੁਆਰਾ ਇਨਕੁਆਰੀ ਕੀਤੀ ਗਈ ਲੇਕਿਨ ਜ਼ਿਲ੍ਹਾ ਮੈਜਿਸਟ੍ਰੇਟ ਪਟਿਆਲਾ ਨੇ ਇਸ ਨੂੰ ਦੁਬਾਰਾ ਐਸ. ਡੀ. ਐਮ., ਨਾਭਾ ਨੂੰ ਭੇਜਿਆ ਹੈ । ਇਨਕੁਐਸਟ ਰਿਪੋਰਟ ਦਾ ਅਜੇ ਇੰਤਜ਼ਾਰ ਹੈ ।

[ਮੁੱਖ ਮੰਤਰੀ]

1	2	3	4	5
12.	ਕੇਂਦਰੀ ਜੇਲ੍ਹ, ਪਟਿਆਲਾ	ਕੈਦੀ ਜਸਵੰਤ ਸਿੰਘ ਪੁੱਤਰ ਹਰਨਾਮ ਸਿੰਘ	10-7-94	ਸ੍ਰੀ ਅਨਿਲ ਕੁਮਾਰ ਗਰਗ ਉਪ-ਰਜਿਸਟ-ਰਾਰ-ਕਮ-ਕਾਰਜਕਾਰੀ ਮੈਜਿਸਟ੍ਰੇਟ, ਪਟਿਆਲਾ ਦੁਆਰਾ ਇਨਕੁਆਰੀ ਕੀਤੀ ਗਈ ਹੈ। ਕੁਦਰਤੀ ਮੌਤ ਹੋਣ ਕਾਰਣ ਕੇਸ ਠੱਪ ਕਰ ਦਿੱਤਾ ਗਿਆ।
13.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਰਮੇਸ਼ ਕੁਮਾਰ ਪੁੱਤਰ ਟੇਕ ਚੰਦ	22-6-94	ਸ੍ਰੀ ਅਮਰਜੀਤ ਸਿੰਘ, ਐਸ.ਡੀ.ਐਮ., ਪਟਿਆਲਾ ਦੁਆਰਾ ਇਨਕੁਆਰੀ ਕੀਤੀ ਗਈ ਸੀ। ਰਿਪੋਰਟ ਅਨੁਸਾਰ ਕੈਦੀ ਤਪਦਿਕ ਕਾਰਨ ਮਰਿਆ। ਕੁਦਰਤੀ ਮੌਤ ਕਾਰਨ ਕੇਸ ਠੱਪ ਕਰ ਦਿਤਾ ਗਿਆ।
14.	-ਉਹੀ-	ਹਵਾਲਾਤੀ ਛੋਟ ਪੁੱਤਰ ਪਲੰਗ ਧਾਰੀ	18-8-94	ਸ੍ਰੀ ਅਨਿਲ ਕੁਮਾਰ ਗਰਗ, ਉਪ ਰਜਿਸਟਰਾਰ ਕਮ-ਕਾਰਜਕਾਰੀ ਮੈਜਿਸ-ਟ੍ਰੇਟ, ਪਟਿਆਲਾ ਦੁਆਰਾ ਇਨਕੁਆਰੀ ਕੀਤੀ ਗਈ ਸੀ। ਹੁਣ ਤੱਕ ਇਨਕਐਸਟ ਰਿਪੋਰਟ ਪ੍ਰਾਪਤ ਨਹੀਂ ਹੋਈ।
15.	ਕੇਂਦਰੀ ਜੇਲ੍ਹ, ਫਿਰੋਜ਼ਪੁਰ	ਹਵਾਲਾਤੀ ਤਾਰਾ ਚੰਦ ਪੁੱਤਰ ਲਾਲ ਚੰਦ	31-8-94	ਇਸ ਕੇਸ ਵਿਚ ਇਨ-ਕੁਆਰੀ ਨਹੀਂ ਕੀਤੀ ਗਈ ਸੀ। ਕੁਦਰਤੀ ਮੌਤ ਹੋਣ ਕਾਰਣ ਕੇਸ ਠੱਪ ਕਰ ਦਿੱਤਾ ਗਿਆ।

1	2	3	4	5
16.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਮਨਜੀਤ ਸਿੰਘ ਪੁੱਤਰ ਕਰਤਾਰ ਸਿੰਘ	8-9-94	ਇਸ ਕੇਸ ਵਿਚ ਕੋਈ ਇਨਕੁਆਰੀ ਨਹੀਂ ਕੀਤੀ ਗਈ ਸੀ। ਕੇਸ ਕੁਦਰਤੀ ਮੌਤ ਹੋਣ ਕਾਰਣ ਠੱਪ ਕਰ ਦਿੱਤਾ ਗਿਆ।
17.	ਜ਼ਿਲ੍ਹਾ ਜੇਲ੍ਹ, ਹੁਸ਼ਿਆਰਪੁਰ	ਹਵਾਲਾਤੀ ਕਸ਼ਮੀਰ ਸਿੰਘ ਪੁੱਤਰ ਧਾਰੀ	19-9-94	ਡਾ. ਐਮ. ਜੀ. ਆਚਾਰੀਆ, ਪੀ.ਸੀ.ਐਸ., ਐਸ.ਡੀ.ਐਮ. ਹੁਸ਼ਿਆਰਪੁਰ ਨੇ ਇਨਕੁਆਰੀ ਕੀਤੀ ਸੀ। ਰਿਪੋਰਟ ਅਨੁਸਾਰ ਕੈਦੀ ਬਿਮਾਰੀ ਕਾਰਣ ਮਰ ਗਿਆ ਸੀ। ਕੁਦਰਤੀ ਮੌਤ ਹੋਣ ਕਾਰਨ ਕੇਸ ਠੱਪ ਕਰ ਦਿੱਤਾ ਗਿਆ।
18.	ਕੇਂਦਰੀ ਜੇਲ੍ਹ, ਪਟਿਆਲਾ	ਕੈਦੀ ਮਾਨ ਸਿਘ ਪੁੱਤਰ ਕਰਤਾਰ ਸਿੰਘ	11-11-94	ਇਸ ਕੇਸ ਵਿਚ ਕੋਈ ਇਨਕੁਆਰੀ ਨਹੀਂ ਕੀਤੀ ਗਈ। ਕੁਦਰਤੀ ਮੌਤ ਹੋਣ ਕਾਰਣ ਕੇਸ ਠੱਪ ਕਰ ਦਿੱਤਾ ਗਿਆ।
19.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਹਰਨਾਮ ਸਿੰਘ ਪੁੱਤਰ ਬਿਸ਼ਨ ਸਿੰਘ	13-11-94	ਸ੍ਰੀ ਰਾਜੇਸ਼ ਸ਼ਰਮਾ, ਕਾਰਜਕਾਰੀ ਮਜਿਸਟ੍ਰੇਟ, ਅੰਮ੍ਰਿਤਸਰ ਨੇ ਇਨਕੁਆਰੀ ਕੀਤੀ ਸੀ। ਇਨਕੁਐਸਟ ਰਿਪੋਰਟ ਦਾ ਅਜੇ ਤੱਕ ਇੰਤਜ਼ਾਰ ਹੈ।
20.	ਕੇਂਦਰੀ ਜੇਲ੍ਹ, ਪਟਿਆਲਾ	ਕੈਦੀ ਨੰਦ ਲਾਲ ਪੁੱਤਰ ਮੁਕੰਦ ਲਾਲ	20-11-94	ਮਿਸ ਜਸਵਿੰਦਰ ਕੌਰ, ਪੀ.ਸੀ.ਐਸ., ਕਾਰਜਕਾਰੀ ਮੈਜਿਸਟ੍ਰੇਟ ਪਟਿਆਲਾ ਦੁਆਰਾ ਇਨਕੁਆਰੀ ਕੀਤੀ ਗਈ ਕੁਦਰਤੀ ਮੌਤ ਹੋਣ ਕਾਰਣ ਕੇਸ ਠੱਪ ਕਰ ਦਿੱਤਾ ਗਿਆ।

[ਮੁੱਖ ਮੰਤਰੀ]

1	2	3	4	5
21.	ਜ਼ਿਲ੍ਹਾ ਜੇਲ੍ਹ, ਫਰੀਦਕੋਟ	ਹਵਾਲਾਤੀ ਲਿਕਮਾ ਲਾਲ ਪੁੱਤਰ ਮੁੱਖਰਾਮ	18-11-94	ਇਸ ਕੇਸ ਵਿਚ ਕੋਈ ਇਨਕੁਆਰੀ ਨਹੀਂ ਕੀਤੀ ਗਈ । ਮਿਤੀ 4-11-94 ਤੋਂ 18-11-94 ਤੱਕ ਕੈਦੀ ਸੀ. ਜੀ. ਐਸ.ਐਮ. ਸੀ. ਹਸਪਤਾਲ, ਫਰੀਦਕੋਟ ਵਿਖੇ ਰਿਹਾ। ਕੁਦਰਤੀ ਮੌਤ ਹੋਣ ਕਾਰਣ ਕੇਸ ਠੱਪ ਕਰ ਦਿੱਤਾ ਗਿਆ ।
22.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਕਸ਼ਮੀਰ ਸਿੰਘ ਪੁੱਤਰ ਸਾਧੂ ਸਿੰਘ	26/27-11-94	ਇਸ ਕੇਸ ਵਿਚ ਕੋਈ ਇਨਕੁਆਰੀ ਨਹੀਂ ਕੀਤੀ ਗਈ । ਕੇਸ ਦਾ ਨਿਪਟਾਰਾ ਮਨੁੱਖੀ ਅਧਿਕਾਰ ਕਮਿਸ਼ਨ ਨਵੀਂ ਦਿੱਲੀ ਦੁਆਰਾ ਮ੍ਰਿਤਕ ਦੇ ਵਾਰਸਾਂ ਨੂੰ 10,000/- ਰੁਪਏ ਦਾ ਮੁਆਵਜ਼ਾ ਦੇ ਕੇ ਕਰ ਦਿੱਤਾ ।
23.	ਕੇਂਦਰੀ ਜੇਲ੍ਹ, ਗੁਰਦਾਸਪੁਰ	ਹਵਾਲਾਤੀ ਮੁਨਲਾ ਪੁੱਤਰ ਬਾਓ ।	1-12-94	ਸ੍ਰੀ ਮਹਿੰਦਰਪਾਲ, ਕਾਰਜਕਾਰੀ ਮੈਜਿਸਟ੍ਰੇਟ, ਗੁਰਦਾਸਪੁਰ ਨੇ ਇਸ ਕੇਸ ਵਿਚ ਇਨਕੁਆਰੀ ਕੀਤੀ ਸੀ । ਪੋਸਟਮਾਰਟਮ ਦੀ ਰਿਪੋਰਟ ਮੁਤਾਬਿਕ ਕੈਦੀ ਕੁਦਰਤੀ ਤੌਰ ਤੇ ਮਰ ਗਿਆ । ਕੇਸ ਠੱਪ ਕਰ ਦਿੱਤਾ ਗਿਆ ਹੈ ।

1		3	4	5
24.	ਕੇਂਦਰੀ ਜੇਲ੍ਹ, ਲੁਧਿਆਣਾ	ਹਵਾਲਾਤੀ ਜੁਰਜੋਧ ਸਿੰਘ ਪੁੱਤਰ ਬਚਨ ਸਿੰਘ	21-12-94	ਇਸ ਕੇਸ ਵਿਚ ਕੋਈ ਇਨਕੁਆਰੀ ਨਹੀਂ ਕੀਤੀ ਗਈ । ਕੈਦੀ ਹਾਈਪਰਟੈਨਸ਼ਨ ਕਾਰਨ ਮਰਿਆ, ਇਹ ਕੁਦਰਤੀ ਮੌਤ ਸੀ ਅਤੇ ਕੇਸ ਠੱਪ ਕਰ ਦਿੱਤਾ ਗਿਆ ।
25.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਸੇਵਾ ਰਾਮ ਪੁੱਤਰ ਸੀਤਾ ਸਿੰਘ	25-12-94	ਮਿਸ. ਜਸਵਿੰਦਰ ਕੌਰ, ਪੀ.ਸੀ.ਐਸ., ਕਾਰਜ-ਕਾਰੀ ਮੈਜਿਸਟ੍ਰੇਟ, ਪਟਿ-ਆਲਾ ਨੇ ਇਨਕੁਆਰੀ ਕੀਤੀ ਸੀ । ਰਿਪੋਰਟ ਅਨੁਸਾਰ ਹਵਾਲਾਤੀ ਬੀਮਾਰ ਕਾਰਨ ਮਰਿਆ ਸੀ ਅਤੇ ਇਸ ਕੇਸ ਵਿਚ ਕੋਈ ਵੀ ਜ਼ਿੰਮੇਵਾਰ ਨਹੀਂ ਸੀ । ਵਿਚਾਰ ਕਰਨ ਉਪਰੰਤ ਕੇਸ ਠੱਪ ਕਰ ਦਿੱਤਾ ਗਿਆ ।

ਅੰਤਿਕਾ-'ਅ' ਸਾਲ 1995

ਲੜੀ ਨੰ:	ਜੇਲ੍ਹ ਦਾ ਨਾਂ	ਕੈਦੀ/ਹਵਾਲਾਤੀ ਦਾ ਨਾਂ	ਮੌਤ ਦੀ ਮਿਤੀ	ਕਾਰਜਕਾਰੀ ਮੈਜਿ-ਸਟ੍ਰੇਟ ਦਾ ਨਾਮ ਅਤੇ ਰਿਪੋਰਟ ਅਨੁਸਾਰ ਮੌਤ ਦੇ ਕਾਰਨ
1	2	3	4	5
1.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਬਲਬੀਰ ਸਿੰਘ ਪੁੱਤਰ ਬਲਵੰਤ ਸਿੰਘ	2-1-1995	ਕੁਦਰਤੀ ਮੌਤ ਹੋਣ ਕਾਰਨ ਕੋਈ ਇਨਕੁ-ਆਰੀ ਨਹੀਂ ਕੀਤੀ ਗਈ । ਕੇਸ ਨੂੰ ਵਿਚਾ-ਰਨ ਉਪਰੰਤ ਠੱਪ ਕਰ ਦਿੱਤਾ ਗਿਆ ।

1	2	3	4	5
2.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਹਰਬੰਸ ਸਿੰਘ ਪੁੱਤਰ ਸਾਧੂ ਸਿੰਘ	27-2-95	ਕੁਦਰਤੀ ਮੌਤ ਹੋਣ ਕਾਰਨ ਕੋਈ ਇਨਕੁਆਰੀ ਨਹੀਂ ਕੀਤੀ ਗਈ । ਕੇਸ ਨੂੰ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ ।
3.	-ਉਹੀ-	ਹਵਾਲਾਤੀ ਬਲਦੇਵ ਸਿੰਘ ਪੁੱਤਰ ਸ਼੍ਰੀ ਪਿਆਰਾ ਸਿੰਘ	17-2-95	-ਉਹੀ-
4.	-ਉਹੀ-	ਸ਼ਕੀਲ ਪੁੱਤਰ ਉਮਰਦੀਨ	5-3-95	-ਉਹੀ-
5.	-ਉਹੀ-	ਕੈਦੀ ਸ਼ੇਰ ਸਿੰਘ ਪੁੱਤਰ ਨੱਥਾ ਸਿੰਘ	17-3-95	ਸ੍ਰੀ ਭੁਪਿੰਦਰਜੀਤ ਸਿੰਘ, ਕਾਰਜਕਾਰੀ ਮੈਜਿਸਟਰੇਟ-ਕਮ-ਤਹਿਸੀਲਦਾਰ, ਪਟਿਆਲਾ ਨੇ ਇਸ ਕੇਸ ਦੀ ਪੜਤਾਲ ਕੀਤੀ। ਕੁਦਰਤੀ ਹਾਲਾਤ ਕਾਰਨ ਮਰੀਜ਼ ਦੀ ਦਿਲ ਦੇ ਦੌਰੇ ਕਾਰਨ ਮੌਤ ਹੋ ਗਈ । ਕੇਸ ਵਿਚਾਰਨ ਉਪਰੰਤ ਠੱਪ ਕਰ ਦਿਤਾ ਗਿਆ ਹੈ।
6.	ਜ਼ਿਲ੍ਹਾ ਜੇਲ੍ਹ, ਫਰੀਦਕੋਟ	ਕੈਦੀ ਖੁਸ਼ੀਆ ਸਿੰਘ ਪੁੱਤਰ ਮਨਸਾ ਸਿੰਘ	21-3-95	ਕੁਦਰਤੀ ਹਾਲਤ ਵਿਚ ਮਰੀਜ਼ ਬੀਮਾਰੀ ਕਾਰਨ ਮਰ ਗਿਆ। ਇਸ ਲਈ ਇਸ ਕੇਸ ਵਿਚ ਕੋਈ ਪੜਤਾਲ ਨਹੀਂ ਕੀਤੀ ਗਈ । ਕੇਸ ਨੂੰ ਵਿਚਾਰਨ ਉਪਰੰਤ ਕੇਸ ਠੱਪ ਕਰ ਦਿਤਾ ਗਿਆ ।
7.	ਜ਼ਿਲ੍ਹਾ ਜੇਲ੍ਹ ਹੁਸ਼ਿਆਰਪੁਰ	ਹਵਾਲਾਤੀ ਲਖਵਿੰਦਰ ਸਿੰਘ ਪੁੱਤਰ ਨਰੰਜਨ ਸਿੰਘ	2-4-95	ਡਾਕਟਰ ਐਮ. ਜੀ. ਆਚਾਰੀਆ ਪੀ.ਸੀ.ਐਸ., ਸਬ-ਡਵੀਜ਼ਨਲ ਮੈਜਿਸਟਰੇਟ, ਹੁਸ਼ਿਆਰਪੁਰ ਵੱਲੋਂ ਇਸ ਕੇਸ ਵਿਚ ਪੜਤਾਲ

1	2	3	4	5
				ਕੀਤੀ ਗਈ । ਉਹਨਾਂ ਮੁਤਾਬਿਕ ਕੈਦੀ ਪੱਕਾ ਸ਼ਰਾਬੀ ਸੀ । ਇਸ ਕੇਸ ਵਿਚ ਕਿਸੇ ਨੂੰ ਵੀ ਦੋਸ਼ੀ ਨਹੀਂ ਪਾਇਆ ਗਿਆ । ਕੇਸ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ ।
8.	ਕੇਂਦਰੀ ਜੇਲ੍ਹ ਅੰਮ੍ਰਿਤਸਰ	ਹਵਾਲਾਤੀ ਬਲਵਿੰਦਰ ਸਿੰਘ ਪੁੱਤਰ ਸ਼ਿੰਗਾਰਾ ਸਿੰਘ	12-4-95	ਸ੍ਰੀ ਰਾਜੇਸ਼ ਸ਼ਰਮਾ ਕਾਰਜਕਾਰੀ ਮੈਜਿਸਟਰੇਟ, ਅੰਮ੍ਰਿਤਸਰ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ । ਕੈਦੀ ਨੇ ਜੇਲ੍ਹ ਅਧਿਕਾ-ਰੀਆਂ ਦੀ ਅਣਗਹਿਲੀ ਕਾਰਨ ਆਤਮ ਹੱਤਿਆ ਕਰ ਲਈ । ਦੋਸ਼ੀ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ ।
9.	-ਉਹੀ-	ਹਵਾਲਾਤੀ ਜਸਵਿੰਦਰ ਸਿੰਘ ਪੁੱਤਰ ਚਰਨ ਸਿੰਘ	13/14-4-95	ਸ੍ਰੀ ਗੁਰਦੇਵ ਸਿੰਘ, ਨਾਇਬ ਤਹਿਸੀਲਦਾਰ-ਕਮ-ਕਾਰਜਕਾਰੀ ਮੈਜਿਸਟਰੇਟ, ਅੰਮ੍ਰਿਤਸਰ ਵੱਲੋਂ ਪੜਤਾਲ ਕੀਤੀ ਗਈ । ਰਿਪੋਰਟ ਅਨੁਸਾਰ ਹਵਾਲਾਤੀ ਕੁਦਰਤੀ ਮੌਤ ਮਰਿਆ ਅਤੇ ਕੋਈ ਵੀ ਇਸ ਵਿੱਚ ਦੋਸ਼ੀ ਨਹੀਂ ਪਾਇਆ ਗਿਆ । ਕੇਸ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ ।
10.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਵਰਿਆਮ ਸਿੰਘ ਪੁੱਤਰ ਲਾਭਾ ਸਿੰਘ	17-4-95	ਇਸ ਕੇਸ ਵਿੱਚ ਕੋਈ ਪੜਤਾਲ ਨਹੀਂ ਕੀਤੀ ਗਈ ਕਿਉਂਕਿ ਹਵਾਲਾਤੀ ਦਿਲ ਦੇ ਦੌਰੇ ਕਾਰਨ ਕੁਦਰਤੀ ਮੌਤ ਮਰਿਆ ਹੈ । ਕੇਸ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ ।

1	2	3	4	5
11.	ਕੇਂਦਰੀ ਜੇਲ੍ਹ, ਜਲੰਧਰ	ਹਵਾਲਾਤੀ ਬਲਵਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ	18-4-95	ਸ੍ਰੀ ਏ.ਜੇ. ਪਾਲ, ਕਾਰਜਕਾਰੀ ਮੈਜਿਸਟਰੇਟ, ਜਲੰਧਰ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ ਪਰੰਤੂ ਇਸ ਸਬੰਧੀ ਅਜੇ ਤੱਕ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ ।
12.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਰਾਮ ਪੁੱਤਰ ਬਿਲੂ ਰਾਮ	22-4-95	ਸ੍ਰੀ ਨਰੰਜਣ ਸਿੰਘ ਕਾਰਜਕਾਰੀ ਮੈਜਿਸਟਰੇਟ, ਅੰਮ੍ਰਿਤਸਰ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ । ਮਰੀਜ਼ ਦੀ ਮੌਤ ਕੁਦਰਤੀ ਕਾਰਣਾਂ ਕਾਰਨ ਹੋਈ । ਇਸ ਲਈ ਕੇਸ਼ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ ।
13	—ਉਹੀ—	ਹਵਾਲਾਤੀ ਰਾਜ ਕੁਮਾਰ ਪੁੱਤਰ ਦੇਸ ਰਾਜ	1-5-95	ਸ੍ਰੀ ਰਾਜੇਸ਼ ਸ਼ਰਮਾ, ਕਾਰਜਕਾਰੀ ਮੈਜਿਸਟਰੇਟ, ਅੰਮ੍ਰਿਤਸਰ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ । ਰਿਪੋਰਟ ਅਨੁਸਾਰ ਹਵਾਲਾਤੀ ਜੇਲ੍ਹ ਅਧਿਕਾਰੀਆਂ ਦੀ ਅਣਗਹਿਲੀ ਕਾਰਣ ਮਰਿਆ । ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਪਹਿਲਾ ਕਾਰਵਾਈ ਕੀਤੀ ਜਾ ਰਹੀ ਹੈ।
14.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਬਸ਼ੀਰ ਅਹਿਮਦ ਪੁੱਤਰ ਅਬਦੁਲ ਲਤੀਫ ।	6-5-95	ਇਸ ਕੇਸ ਵਿੱਚ ਕੋਈ ਪੜਤਾਲ ਨਹੀਂ ਕੀਤੀ ਗਈ । ਹਵਾਲਾਤੀ ਲੰਬੀ ਬਿਮਾਰੀ ਕਾਰਣ ਮਰਿਆ । ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਕੇਸ ਠੱਪ ਕਰਨ ਲਈ ਬੇਨਤੀ ਕੀਤੀ ਗਈ ਹੈ ।

1	2	3	4	5
15.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਅਮਰ ਸਿੰਘ ਪੁੱਤਰ ਕਰਤਾਰ ਸਿੰਘ	5-6-95	ਮਿਸ ਜਸਵਿੰਦਰ ਕੌਰ, ਕਾਰਜਕਾਰੀ ਮੈਜਿਸਟਰੇਟ, ਪਟਿਆਲਾ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ । ਰਿਪੋਰਟ ਅਨੁਸਾਰ ਹਵਾਲਾਤੀ ਲੰਬੀ ਬੀਮਾਰੀ ਕਾਰਣ ਮਰਿਆ । ਇਹ ਇੱਕ ਕੁਦਰਤੀ ਮੌਤ ਹੋਣ ਕਾਰਨ ਕੇਸ ਨੂੰ ਠੱਪ ਕਰ ਦਿੱਤਾ ਜਾਵੇ ।
16.	ਕੇਂਦਰੀ ਜੇਲ, ਅੰਮ੍ਰਿਤਸਰ	ਕੈਦੀ ਮਲਕੀਤ ਸਿੰਘ ਪੁੱਤਰ ਕਰਤਾਰ ਸਿੰਘ	9-6-95	ਸ੍ਰੀ ਰਾਜੇਸ਼ ਸ਼ਰਮਾ, ਕਾਰਜਕਾਰੀ ਮੈਜਿਸਟਰੇਟ, ਅੰਮ੍ਰਿਤਸਰ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ । ਇਹ ਇੱਕ ਕੁਦਰਤੀ ਮੌਤ ਸੀ । ਕੇਸ ਨੂੰ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ ।
17.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਰਘੂ ਮਹਾਤੋ ਪੁੱਤਰ ਜੰਗ ਬਹਾਦਰ	15-6-95	ਸ੍ਰੀ ਭੁਪਿੰਦਰਜੀਤ ਸਿੰਘ ਤਹਿਸੀਲਦਾਰ-ਕਮ-ਕਾਰਜਕਾਰੀ ਮੈਜਿਸਟਰੇਟ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ । ਇਲਾਜ ਦੀ ਸਹੂਲਤ ਨਾ ਮਿਲਣ ਕਾਰਨ ਕੈਦੀ ਦੀ ਮੌਤ ਹੋ ਗਈ । ਪਰਵੀਨ ਬਾਲਾ, ਮੈਡੀਕਲ ਆਫੀਸਰ, ਪਟਿਆਲਾ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ ।
18.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਰਾਮ ਸਿੰਘ ਪੁੱਤਰ ਸੁੱਚਾ ਸਿੰਘ	16-6-95	ਹਵਾਲਾਤੀ ਦੀ ਕੁਦਰਤੀ ਮੌਤ ਹੋਣ ਕਾਰਣ ਇਸ ਕੇਸ ਵਿੱਚ ਕੋਈ ਪੜਤਾਲ ਨਹੀਂ ਕੀਤੀ ਗਈ । ਕੇਸ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ ।

1	2	3	4	5
19.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਗੁਰਬਖਸ਼ ਸਿੰਘ ਪੁੱਤਰ ਜਵਾਲਾ ਸਿੰਘ	19-6-95	ਇਸ ਕੇਸ ਵਿੱਚ ਕਾਰਜਕਾਰੀ ਮੈਜਿਸਟਰੇਟ, ਪਟਿਆਲਾ ਵੱਲੋਂ ਪੜਤਾਲ ਕੀਤੀ ਗਈ । ਰਿਪੋਰਟ ਅਨੁਸਾਰ ਮਰੀਜ਼ ਕੁਦ-ਰਤੀ ਹਾਲਤਾਂ ਵਿੱਚ ਬਿਮਾਰੀ ਕਾਰਨ ਮਰ ਗਿਆ । ਕੇਸ ਨੂੰ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ ।
20.	-ਉਹੀ-	ਹਵਾਲਾਤੀ ਜਸਵੰਤ ਸਿੰਘ ਪੁੱਤਰ ਸੰਪੂਰਨ ਸਿੰਘ	15-7-95	ਸ੍ਰੀ ਭੁਪਿੰਦਰ ਸਿੰਘ ਕਾਰਜਕਾਰੀ ਮੈਜਿਸਟਰੇਟ-ਕਮ-ਤਹਿਸੀਲਦਾਰ, ਪਟਿਆਲਾ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ । ਰਿਪੋਰਟ ਅਨੁਸਾਰ ਕੈਦੀ ਕੁਦਰਤੀ ਮੌਤ ਮਰਿਆ ਹੈ । ਕੇਸ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ ।
21.	ਕੇਂਦਰੀ ਜੇਲ੍ਹ, ਜਲੰਧਰ	ਹਵਾਲਾਤੀ ਸੱਤਪਾਲ ਸਿੰਘ ਪੁੱਤਰ ਕਰਤਾਰ ਸਿੰਘ	17-7-95	ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨਵੀਂ ਦਿੱਲੀ ਦੀਆਂ ਹਦਾਇਤਾਂ ਅਨੁਸਾਰ ਕੇਸ ਦੀ ਛਾਣ-ਬੀਣ ਸੀ. ਆਈ. ਡੀ. ਵੱਲੋਂ ਜਾਰੀ ਕੀਤੀ ਜਾ ਰਹੀ ਹੈ ।
22.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਰਾਜ ਕੁਮਾਰ ਪੁੱਤਰ ਰਾਮੇਸ਼ਵਰ ਦਾਸ	16-8-95	ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨਵੀਂ ਦਿੱਲੀ ਵੱਲੋਂ ਕੇਸ ਨੂੰ ਫਾਈਨਲ ਕਰ ਦਿੱਤਾ ਗਿਆ । ਇੱਕ ਲੱਖ ਰੁਪਏ ਦਾ ਮੁਆਵਜ਼ਾ ਮ੍ਰਿਤਕ ਦੇ ਵਾਰਸ ਨੂੰ ਦੇ ਦਿੱਤਾ ਗਿਆ ਹੈ । ਕੇਸ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ ਹੈ ।

1	2	3	4	5
23.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤਨ ਸ਼ਹਿਜਾਦੀ ਬੇਗਮ ਪਤਨੀ ਰਹਿਮਤ ਉਲਾਹ	23-8-95	ਇਸ ਕੇਸ ਵਿੱਚ ਕੋਈ ਇਨ-ਕੁਆਰੀ ਨਹੀਂ ਕੀਤੀ ਗਈ । ਇਹ ਕੁਦਰਤੀ ਮੌਤ ਹੈ । ਕੇਸ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ ਹੈ ।
24.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਜੋਗਿੰਦਰ ਸਿੰਘ ਪੁੱਤਰ ਮਾਰਾ ਸਿੰਘ	11-9-95	ਮਿਸ ਜਸਵਿੰਦਰ ਕੌਰ, ਕਾਰਜ-ਕਾਰੀ ਮੈਜਿਸਟਰੇਟ, ਪਟਿਆਲਾ ਵੱਲੋਂ ਇਸ ਕੇਸ ਦੀ ਪੜਤਾਲ ਕੀਤੀ ਗਈ । ਹਵਾਲਾਤੀ ਜੇਲ੍ਹ ਸਟਾਫ ਦੀ ਅਣਗਹਿਲੀ ਕਾਰਨ ਮਰਿਆ । ਮਾਨਯੋਗ ਹਾਈਕੋਰਟ ਦੇ ਆਦੇਸ਼ਾਂ ਅਨੁਸਾਰ ਸੈਸ਼ਨ ਜੱਜ, ਪਟਿਆਲਾ ਵੱਲੋਂ ਪੜਤਾਲ ਕੀਤੀ ਜਾ ਰਹੀ ਹੈ ।
25.	-ਉਹੀ-	ਕੈਦੀ ਪਿਆਰਾ ਸਿੰਘ ਪੁੱਤਰ ਕ੍ਰਿਸ਼ਨ ਸਿੰਘ	11-9-95	ਕੈਦੀ ਦੀ ਮੌਤ ਲੰਬੀ ਬੀਮਾਰੀ ਕਾਰਣ ਹੋਈ । ਕੁਦਰਤੀ ਮੌਤ ਹੋਣ ਕਾਰਨ ਇਸ ਕੇਸ ਵਿਚ ਕੋਈ ਪੜਤਾਲ ਨਹੀਂ ਕੀਤੀ ਗਈ । ਕੇਸ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ ।
26.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਮਿਸ਼ਾਰ ਸਿੰਘ ਪੁੱਤਰ ਹਰਨਾਮ ਸਿੰਘ	17-10-95	ਸ਼੍ਰੀ ਐਲ.ਐਸ. ਕਾਹਲੋਂ, ਨਾਇਬ ਤਹਿਸੀਲਦਾਰ-ਕਮ - ਕਾਰਜਕਾਰੀ ਮੈਜਿਸਟਰੇਟ, ਅੰਮ੍ਰਿਤਸਰ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ । ਰਿਪੋਰਟ ਅਨੁਸਾਰ ਹਵਾਲਾਤੀ ਕੁਝ ਅੰਦਰੂਨੀ ਕਾਰਨਾਂ ਕਾਰਨ ਮਰਿਆ । ਕੋਈ ਵੀ ਜੇਲ੍ਹ ਅਧਿਕਾਰੀ ਇਸ ਕੇਸ ਵਿੱਚ ਦੋਸ਼ੀ ਨਹੀਂ ਪਾਇਆ ਗਿਆ । ਕੁਦਰਤੀ ਮੌਤ ਕਾਰਣ ਕੇਸ ਠੱਪ ਕਰ ਦਿੱਤਾ ਗਿਆ ।

1	2	3	4	5
27.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਕੈਦੀ ਬਲਬੀਰ ਸਿੰਘ ਪੁੱਤਰ ਗੱਜਣ ਸਿੰਘ	23-9-95	ਮਿਤੀ 23-9-95 ਨੂੰ ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਵਿਖੇ ਕੈਦੀ ਦੀ ਕੁਦਰਤੀ ਮੌਤ ਹੋ ਗਈ ਕੋਈ ਇਨਕੁਐਸਟ ਰਿਪੋਰਟ ਨਹੀਂ ਕਰਵਾਈ ਗਈ। ਕੇਸ ਠੱਪ ਕਰ ਦਿੱਤਾ ਗਿਆ।
28.	ਕੇਂਦਰੀ ਜੇਲ੍ਹ, ਫਿਰੋਜ਼ਪੁਰ	ਹਵਾਲਾਤੀ ਲਕਸ਼ਮੀ ਨਰਾਇਨ ਪੁੱਤਰ ਬੀਰਬਲ	30-10-95	ਮਿਸ. ਗੁਰਪ੍ਰੀਤ ਸਪਰਾ, ਜੀ.ਏ-ਕਮ-ਕਾਰਜਕਾਰੀ ਮੈਜਿਸਟਰੇਟ ਫਿਰੋਜ਼ਪੁਰ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ ਹਵਾਲਾਤੀ ਦੀ ਮੌਤ ਸ਼ਰਾਬ ਪੀਣ ਕਾਰਨ ਹੋਈ। ਕੋਈ ਵੀ ਜੇਲ੍ਹ ਅਧਿਕਾਰੀ ਇਸ ਕੇਸ ਵਿੱਚ ਦੋਸ਼ੀ ਨਹੀਂ ਪਾਇਆ ਗਿਆ। ਉਨ੍ਹਾਂ ਪੁਲਸ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ ਜਿਨ੍ਹਾਂ ਦੀ ਨਿਗਰਾਨੀ ਹੇਠ ਮ੍ਰਿਤਕ ਨੇ ਸ਼ਰਾਬ ਪੀਤੀ ਸੀ।
29.	-ਉਹੀ-	ਕੈਦੀ ਮੰਗਤ ਰਾਮ ਪੁੱਤਰ ਸਾਧੂ ਰਾਮ	9-12-95	ਕੈਦੀ ਦੀ ਮੌਤ ਦਿਲ ਦੇ ਦੌਰੇ ਕਾਰਨ ਹੋਣ ਕਰਕੇ ਇਸ ਕੇਸ ਵਿੱਚ ਕੋਈ ਵੀ ਪੜਤਾਲ ਨਹੀਂ ਕੀਤੀ ਗਈ। ਇਹ ਕੁਦਰਤੀ ਮੌਤ ਸੀ। ਕੇਸ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ।
30.	-ਉਹੀ-	ਕੈਦੀ ਦਰਸ਼ਨ ਸਿੰਘ ਪੁੱਤਰ ਰਤਨ ਸਿੰਘ	19-12-95	ਸ੍ਰੀ ਜੇ. ਐਸ. ਢਿੱਲੋਂ ਸਬ-ਡਵੀਜ਼ਨਲ ਮੈਜਿਸਟਰੇਟ, ਫਿਰੋਜ਼ਪੁਰ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ। ਕੈਦੀ ਨੇ ਆਤਮ ਹੱਤਿਆ ਕੀਤੀ ਹੈ। ਇਨਕੁਐਸਟ ਰਿਪੋਰਟ ਪ੍ਰਾਪਤ ਹੋ ਗਈ ਹੈ ਜੋ ਕਿ ਵਿਚਾਰ ਅਧੀਨ ਹੈ।

1	2	3	4	5
31.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਪਿਆਰਾ ਸਿੰਘ ਪੁੱਤਰ ਹਰੀ ਸਿੰਘ	14-12-95	ਸ੍ਰੀ ਸੱਤਪਾਲ ਗਰਗ, ਜ਼ਿਲ੍ਹਾ ਰਜਿਸਟਰਾਰ-ਕਮ - ਕਾਰਜਕਾਰੀ ਮੈਜਿਸਟਰੇਟ, ਅੰਮ੍ਰਿਤਸਰ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ ਹੈ। ਪਰੰਤੂ ਰਿਪੋਰਟ ਅਜੇ ਤੱਕ ਪੈਂਡਿੰਗ ਹੈ।
32.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਰੇਸ਼ਮ ਸਿੰਘ ਪੁੱਤਰ ਗੁਲਜ਼ਾਰ ਸਿੰਘ	21-12-95	ਸ੍ਰੀ ਵੀ. ਕੇ. ਸ਼ਰਮਾ, ਤਹਿ-ਸੀਲਦਾਰ -ਕਮ - ਕਾਰਜਕਾਰੀ ਮੈਜਿਸਟਰੇਟ, ਅੰਮ੍ਰਿਤਸਰ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ। ਰਿਪੋਰਟ ਅਨੁਸਾਰ ਕੈਦੀ ਬੀਮਾਰੀ ਅਤੇ ਕਮਜ਼ੋਰੀ ਕਾਰਨ ਮਰਿਆ ਹੈ। ਕੁਦਰਤੀ ਮੌਤ ਹੋਣ ਕਾਰਨ ਕੇਸ ਵਿਚਾਰਨ ਉਪਰੰਤ ਰੱਦ ਕਰ ਦਿੱਤਾ ਗਿਆ ਹੈ।
33.	ਕੇਂਦਰੀ ਜੇਲ੍ਹ, ਲੁਧਿਆਣਾ	ਹਰਚੰਦ ਸਿੰਘ ਪੁੱਤਰ ਰਾਮ ਸਿੰਘ	11-12-95	ਸ੍ਰੀ ਭੁਪਿੰਦਰ ਸਿੰਘ ਐਸ. ਡੀ. ਐਮ., ਲੁਧਿਆਣਾ ਵੱਲੋਂ ਕੇਸ ਦੀ ਪੜਤਾਲ ਕੀਤੀ ਗਈ। ਰਿਪੋਰਟ ਅਨੁਸਾਰ ਕੈਦੀ ਦੀ ਮੌਤ ਦਿਲ ਦੇ ਦੌਰੇ ਕਾਰਨ ਹੋਈ ਹੈ। ਇਹ ਇਕ ਕੁਦਰਤੀ ਮੌਤ ਹੈ। ਕੇਸ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ।

ਅੰਤਿਕਾ-'ੲ' ਸਾਲ 1996

ਲੜੀ ਨੰ:	ਜੇਲ੍ਹ ਦਾ ਨਾਂ	ਕੈਦੀ/ਹਵਾਲਾਤੀ ਦਾ ਨਾਂ	ਮੌਤ ਦੀ ਮਿਤੀ	ਕਾਰਜਕਾਰੀ ਮੈਜਿਸਟਰੇਟ ਦਾ ਨਾਂ ਅਤੇ ਪੜਤਾਲ ਰਿਪੋਰਟ ਅਨੁਸਾਰ ਮੌਤ ਦੇ ਸੰਖੇਪ ਕਾਰਨ।
1	2	3	4	5
1.	ਕੇਂਦਰੀ ਜੇਲ੍ਹ ਜਲੰਧਰ	ਹਵਾਲਾਤੀ ਸੁਰਜੀਤ ਸਿੰਘ ਪੁੱਤਰ ਹਰਨਾਮ ਸਿੰਘ	7-1-96	ਸ੍ਰੀ ਐਚ. ਐਸ. ਮਝੈਲ, ਜ਼ਿਲ੍ਹਾ ਮਾਲ ਅਫਸਰ-ਕਮ-ਕਾਰਜਕਾਰੀ ਮੈਜਿਸਟਰੇਟ ਵੱਲੋਂ ਇਸ ਕੇਸ

[ਮੁੱਖ ਮੰਤਰੀ]

1	2	3	4	5
				ਵਿਚ ਪੜਤਾਲ ਕੀਤੀ ਗਈ । ਹਵਾਲਾਤੀ ਸੁਰਜੀਤ ਸਿੰਘ ਨੇ ਜੇਲ੍ਹ ਹਸਪਤਾਲ ਦੇ ਮੈਡੀਕਲ ਵਾਰਡ ਦੇ ਬਾਥ ਰੂਮ ਵਿਚ ਲਟਕ ਕੇ ਆਤਮ ਹੱਤਿਆ ਕੀਤੀ । ਜੇਲ੍ਹ ਦਾ ਕੋਈ ਵੀ ਕਰਮਚਾਰੀ ਕਸੂਰਵਾਰ ਨਹੀਂ ਪਾਇਆ ਗਿਆ । ਇਨਕੁਐਸਟ ਰਿਪੋਰਟ ਉਡੀਕੀ ਜਾ ਰਹੀ ਹੈ।
2.	ਕੇਂਦਰੀ ਜੇਲ੍ਹ, ਫਿਰੋਜ਼ਪੁਰ	ਹਵਾਲਾਤੀ ਟਹਿਲ ਸਿੰਘ ਪੁੱਤਰ ਮੱਘਰ ਸਿੰਘ	10-1-96	ਸ੍ਰੀ ਜੇ. ਐਸ. ਢਿਲੋਂ, ਉਪਮੰਡਲ ਅਫਸਰ (ਸਿਵਲ), ਫਿਰੋਜ਼ਪੁਰ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ । ਸੁਪਰਡੰਟ ਜੇਲ੍ਹ ਨੂੰ ਕੈਮੀਕਲ ਐਗਜ਼ਾਮੀਨਰ ਦੀ ਰਿਪੋਰਟ ਤੇ ਸੀਨੀਅਰ ਮੈਡੀਕਲ ਅਫਸਰ ਦੀ ਰਿਪੋਰਟ ਭੇਜਣ ਲਈ ਕਿਹਾ ਗਿਆ ਹੈ ।
3.	ਕੇਂਦਰੀ ਜੇਲ, ਪਟਿਆਲਾ	ਹਵਾਲਾਤੀ ਤਰਸੇਮ ਲਾਲ	6/7-2-96	ਇਸ ਕੇਸ ਵਿਚ ਕੋਈ ਪੜਤਾਲ ਨਹੀਂ ਕਰਵਾਈ ਗਈ । ਹਵਾਲਾਤੀ ਦੀ ਮੌਤ ਕੁਦਰਤੀ ਤੌਰ ਤੇ ਹੋਈ ।
4.	ਕੇਂਦਰੀ ਜੇਲ੍ਹ, ਜਲੰਧਰ	ਹਵਾਲਾਤੀ ਰਾਜੀਵ ਟੰਡਨ ਪੁੱਤਰ ਜੋਗਿੰਦਰ ਪਾਲ	1-3-1996	ਸ੍ਰੀ ਐਚ. ਐਸ. ਮੁਝੈਲ, ਜ਼ਿਲ੍ਹਾ ਮਾਲ ਅਫਸਰ-ਕਮ-ਕਾਰਜਕਾਰੀ ਮੈਜਿਸਟਰੇਟ ਜਲੰਧਰ, ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ । ਰਿਪੋਰਟ ਅਨੁਸਾਰ ਹਵਾਲਾਤੀ ਦੀ ਬੀਮਾਰੀ ਕਾਰਨ ਮੌਤ ਹੋਈ । ਕਿਸੇ ਜੇਲ੍ਹ ਕਰਮਚਾਰੀ ਦਾ ਕਸੂਰ ਨਹੀਂ ਪਾਇਆ ਗਿਆ । ਵਿਚਾਰਨ ਉਪਰੰਤ ਕੇਸ ਠੱਪ ਕਰ ਦਿੱਤਾ ਹੈ ।

1	2	3	4	5
5.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਸਰਦਾਰੀ ਲਾਲ ਪੁੱਤਰ ਚੂੰਨੀ ਲਾਲ	28-3-96	ਸ੍ਰੀ ਲਖਬੀਰ ਸਿੰਘ ਕਾਹਲੋਂ, ਨਾਇਬ ਤਹਿਸੀਲਦਾਰ-ਕਮ-ਕਾਰਜਕਾਰੀ ਮੈਜਿਸਟਰੇਟ, ਅੰਮ੍ਰਿਤਸਰ ਵਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ। ਹਵਾਲਾਤੀ ਕਤਲ ਕੇਸ ਵਿੱਚ ਇਨਵਾਲਵ ਸੀ ਅਤੇ ਸ਼ਰਾਬ ਪੀਣ ਦਾ ਆਦੀ ਸੀ। ਉਸ ਦੀ ਮੌਤ ਹਸਪਤਾਲ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਹੋ ਗਈ। ਮਾਮਲਾ ਕੋਰਟ ਵਿੱਚ ਲੰਬਿਤ ਹੈ।
6.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਹਰਨੇਕ ਸਿੰਘ ਪੁੱਤਰ ਸਵਰਨ ਸਿੰਘ	7-3-96	ਸ੍ਰੀਮਤੀ ਐਸ. ਰਿਆੜ, ਪੀ.ਸੀ.ਐਸ., ਕਾਰਜਕਾਰੀ ਮੈਜਿਸਟਰੇਟ ਪਟਿਆਲਾ, ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ। ਰਿਪੋਰਟ ਅਨੁਸਾਰ ਹਵਾਲਾਤੀ ਬੀਮਾਰੀ ਕਾਰਨ ਕੁਦਰਤੀ ਮੌਤ ਮਰਿਆ। ਮਾਮਲਾ ਨਜਿੱਠਣ ਲਈ ਵਿਚਾਰ ਅਧੀਨ ਹੈ।
7.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਕੈਦੀ ਇੰਦਰ ਸਿੰਘ ਪੁੱਤਰ ਵਸਣ ਸਿੰਘ	15-5-96	ਸ੍ਰੀ ਏ.ਪੀ. ਸੰਧੂ, ਕਾਰਜਕਾਰੀ ਮੈਜਿਸਟਰੇਟ ਅੰਮ੍ਰਿਤਸਰ, ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ। ਕੈਦੀ ਦੀ ਮੌਤ ਦਿਲ ਦੇ ਦੌਰੇ ਕਾਰਨ ਹੋਈ। ਕੇਸ ਵਿਚਾਰਨ ਉਪਰੰਤ ਠੱਪ ਕਰ ਦਿੱਤਾ ਗਿਆ।
8.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਰਾਜਿੰਦਰ ਉਰਫ ਹਰਜਿੰਦਰ ਸਿੰਘ ਪੁੱਤਰ ਬਨਾਰਸੀ ਦਾਸ	4-6-96	ਸ੍ਰੀ ਜੀ. ਆਰ. ਬਾਂਸਲ, ਉਪ-ਮੰਡਲ ਮੈਜਿਸਟਰੇਟ, ਪਟਿਆਲਾ ਵੱਲੋਂ ਪੜਤਾਲ ਕੀਤੀ ਗਈ। ਕੁਦਰਤੀ ਮੌਤ ਹੋਣ ਕਾਰਨ ਕੇਸ ਠੱਪ ਕਰ ਦਿੱਤਾ ਗਿਆ।

1	2	3	4	5
9.	ਜ਼ਿਲ੍ਹਾ ਜੇਲ੍ਹ, ਫਰੀਦਕੋਟ	ਕੈਦੀ ਕਾਕਾ ਸਿੰਘ ਪੁੱਤਰ ਕਾਲਾ ਸਿੰਘ	4-6-96	ਕੋਈ ਪੜਤਾਲ ਨਹੀਂ ਕੀਤੀ ਗਈ । ਕੈਦੀ ਨੂੰ ਮਿਤੀ 29-5-1996 ਨੂੰ ਗੁਰੂ ਗੋਬਿੰਦ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ ਅਤੇ ਉਸ ਦੀ ਮਿਤੀ 4-6-1996 ਨੂੰ ਹਸਪਤਾਲ ਵਿੱਚ ਮੌਤ ਹੋ ਗਈ । ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇਹ ਕੇਸ ਠੱਪ ਕਰਨ ਲਈ ਬੇਨਤੀ ਕੀਤੀ ਗਈ ਹੈ ।
10.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਜਸਬੀਰ ਸਿੰਘ ਪੁੱਤਰ ਕਿਸ਼ਨ ਲਾਲ	14-7-96	ਸ਼੍ਰੀਮਤੀ ਵਿਨੈ ਕੁਮਾਰੀ ਸ਼ਰਮਾ, ਤਹਿਸੀਲਦਾਰ-ਕਮ- ਕਾਰਜਕਾਰੀ ਮੈਜਿਸਟਰੇਟ, ਵੱਲੋਂ ਪੜਤਾਲ ਕੀਤੀ ਗਈ । ਹਵਾਲਾਤੀ ਨੂੰ ਮਿਤੀ 13-8-1996 ਨੂੰ ਦੁਪਹਿਰ ਬਾਅਦ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਦਾਖਲ ਕਰ-ਵਾਇਆ ਗਿਆ ਅਤੇ ਮਿਤੀ 14-8-96 ਨੂੰ ਸਵੇਰੇ 8.45 ਵਜੇ ਉਸ ਦੀ ਮੌਤ ਹੋ ਗਈ । ਇਨਕੁਐਸਟ ਰਿਪੋਰਟ ਅਤੇ ਪੋਸਟ ਮਾਰਟਮ ਰਿਪੋਰਟ ਦੀ ਉਡੀਕ ਹੈ ।
11.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਕੈਦੀ ਸਰਬਜੀਤ ਸਿੰਘ ਪੁੱਤਰ ਇਕਬਾਲ ਸਿੰਘ	14-7-96	ਸ੍ਰੀ ਪਵਨ ਕੁਮਾਰ, ਉਪ ਮੰਡਲ ਮੈਜਿਸਟਰੇਟ, ਅੰਮ੍ਰਿਤਸਰ - 2, ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ । ਕੈਦੀ ਦੀ ਮੌਤ ਮਿਰਗੀ ਦੀ ਬੀਮਾਰੀ ਕਾਰਨ ਹੋਈ । ਕੋਈ ਜੇਲ੍ਹ ਕਰਮਚਾਰੀ ਇਸ ਵਿੱਚ ਸ਼ਾਮਲ ਨਹੀਂ ਪਾਇਆ ਗਿਆ । ਮਾਮਲਾ ਵਿਚਾਰ ਅਧੀਨ ਹੈ ।

1	2	3	4	5
12.	ਕੇਂਦਰੀ ਜੇਲ੍ਹ, ਫਿਰੋਜ਼ਪੁਰ	ਹਵਾਲਾਤੀ ਜਸਬੀਰ ਸਿੰਘ ਪੁੱਤਰ ਸ਼ੇਰ ਸਿੰਘ	22-7-96	ਸ੍ਰੀ ਜੇ. ਐਸ. ਢਿੱਲੋਂ, ਉਪ-ਮੰਡਲ ਮੈਜਿਸਟਰੇਟ, ਫਿਰੋਜ਼ਪੁਰ ਵੱਲੋਂ ਪੜਤਾਲ ਕੀਤੀ ਗਈ। ਕੈਦੀ ਦੀ ਮੌਤ ਦਿਲ ਫੇਲ੍ਹ ਹੋਣ ਕਾਰਨ ਹੋਈ। ਪੋਸਟ ਮਾਰਟਮ ਦੀ ਰਿਪੋਰਟ ਉਡੀਕੀ ਜਾ ਰਹੀ ਹੈ।
13.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਮਨਜੀਤ ਸਿੰਘ ਪੁੱਤਰ ਗੁਰਦੀਪ ਸਿੰਘ	21-7-1996	ਇਸ ਕੇਸ ਵਿੱਚ ਕੋਈ ਇਨਕੁਐਸਟ ਰਿਪੋਰਟ ਨਹੀਂ ਕਰਵਾਈ ਗਈ। ਕੈਦੀ ਸੈਪਟਾਕੈਲਮਿਕ ਸ਼ੌਕ ਕਾਰਨ ਮਰਿਆ। ਪੋਸਟ ਮਾਰਟਮ ਉਪਰੰਤ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ। ਕੇਸ ਠੱਪ ਕਰ ਦਿੱਤਾ ਗਿਆ।
14.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਰਾਮ ਪ੍ਰਕਾਸ਼ ਪੁੱਤਰ ਰਾਮ ਸਰੂਪ	11-9-96	ਸ੍ਰੀਮਤੀ ਅੰਮ੍ਰਿਤ ਕੌਰ ਗਿੱਲ, ਪੀ. ਸੀ. ਐਸ., ਡੀ. ਓ. ਆਰ. ਜੀ., ਪਟਿਆਲਾ, ਵੱਲੋਂ ਕੀਤੀ ਇਨਕੁਐਸਟ ਰਿਪੋਰਟ ਅਤੇ ਕੈਮੀਕਲ ਐਗਜ਼ਾਮੀਨਰ ਦੀ ਰਿਪੋਰਟ ਦੀ ਅਜੇ ਉਡੀਕ ਕੀਤੀ ਜਾ ਰਹੀ ਹੈ।
15.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਦਵਿੰਦਰ ਕੁਮਾਰ ਪੁੱਤਰ ਦਿਲਬਾਗ ਸਿੰਘ	7-9-96	ਮਿਸ ਜਸਵਿੰਦਰ ਕੌਰ, ਪੀ, ਸੀ. ਐਸ., ਕਾਰਜਕਾਰੀ ਮੈਜਿਸਟਰੇਟ, ਪਟਿਆਲਾ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ। ਹਵਾਲਾਤੀ ਦੀ ਬੀਮਾਰੀ ਕਾਰਨ ਮੌਤ ਹੋਈ। ਕੇਸ ਵਿਚਾਰ ਅਧੀਨ ਹੈ।
16.	ਕੇਂਦਰੀ ਜੇਲ੍ਹ, ਜਲੰਧਰ	ਹਵਾਲਾਤੀ ਸੰਤੋਖ ਰਾਮ ਪੁੱਤਰ ਪ੍ਰੀਤਮ ਦਾਸ	21-9-96	ਸ੍ਰੀ ਐਚ. ਐਸ, ਮੁੰਡੈਲ, ਜ਼ਿਲ੍ਹਾ ਮਾਲ ਅਫਸਰ-ਕਮ-ਕਾਰਜਕਾਰੀ ਮੈਜਿਸਟਰੇਟ ਵੱਲੋਂ ਇਸ ਕੇਸ ਵਿੱਚ

1	2	3	4	5
				ਪੜਤਾਲ ਕੀਤੀ ਗਈ । ਹਵਾ-ਲਾਤੀ ਵੱਲੋਂ ਆਤਮ ਹੱਤਿਆ ਕੀਤੀ ਗਈ। ਕੇਸ ਠੱਪ ਕਰ ਦਿੱਤਾ ਗਿਆ ਹੈ ।
17.	ਕੇਂਦਰੀ ਜੇਲ੍ਹ, ਜਲੰਧਰ	ਹਵਾਲਾਤੀ ਸਲੀਮ ਮਸੀਹ ਪੁੱਤਰ ਰੱਖਾ ਰਾਮ	3-10-96	ਸ੍ਰੀਮਤੀ ਸਰੋਜਨੀ ਗੌਤਮ ਸ਼ਾਰਦਾ, ਪੀ. ਸੀ. ਐਸ., ਐਸ. ਐਲ.ਏ. ਸੀ.-ਕਮ-ਕਾਰਜਕਾਰੀ ਮੈਜਿਸਟਰੇਟ ਜਲੰਧਰ, ਵੱਲੋਂ ਪੜਤਾਲ ਕੀਤੀ ਗਈ । ਹਵਾਲਾਤੀ ਵੱਲੋਂ ਆਤਮ ਹੱਤਿਆ ਕੀਤੀ ਗਈ । ਕੇਸ ਠੱਪ ਕਰ ਦਿੱਤਾ ਗਿਆ ਹੈ ।
18.	ਜ਼ਿਲ੍ਹਾ ਜੇਲ੍ਹ, ਸੰਗਰੂਰ	ਹਵਾਲਾਤੀ ਈਸ਼ਰ ਸਿੰਘ ਪੁੱਤਰ ਛੱਜੂ ਸਿੰਘ	5/6-10-96	ਸ੍ਰੀ ਦਰਸ਼ਨ ਸਿੰਘ, ਉਪ ਮੰਡਲ ਮੈਜਿਸਟਰੇਟ, ਸੰਗਰੂਰ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ । ਕੁਦਰਤੀ ਮੌਤ ਹੋਣ ਕਰਕੇ ਇਹ ਕੇਸ ਠੱਪ ਕਰ ਦਿੱਤਾ ਗਿਆ ਹੈ ।
19.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਕ੍ਰਿਸ਼ਨ ਲਾਲ ਪੁੱਤਰ ਮੱਥਰਾ ਦਾਸ	11-10-96	ਇਸ ਕੇਸ ਵਿੱਚ ਕੋਈ ਪੜਤਾਲ ਨਹੀਂ ਕੀਤੀ ਗਈ । ਹਵਾਲਾਤੀ ਦੀ ਮੈਂਟਲ ਹਸਪਤਾਲ, ਅੰਮ੍ਰਿਤਸਰ, ਵਿੱਚ ਮੌਤ ਹੋਈ । ਡੈਥ ਰਿਪੋਰਟ ਦੀ ਉਡੀਕ ਹੈ ।
20.	ਕੇਂਦਰੀ ਜੇਲ੍ਹ, ਫਿਰੋਜ਼ਪੁਰ	ਕੈਦੀ ਜੋਰਾ ਸਿੰਘ ਪੁੱਤਰ ਸੁਰੈਣ ਸਿੰਘ	18-10-96	ਇਸ ਕੇਸ ਵਿਚ ਕੋਈ ਪੜਤਾਲ ਨਹੀਂ ਕਰਵਾਈ ਗਈ । ਕੈਦੀ ਦੀ ਮੌਤ ਕੁਦਰਤੀ ਤੌਰ ਤੇ ਪੀ.ਜੀ. ਆਈ., ਚੰਡੀਗੜ੍ਹ ਵਿੱਚ ਹੋਈ । ਇਨਕੁਐਸਟ ਰਿਪੋਰਟ ਅਤੇ ਪੋਸਟਮਾਰਟਮ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ ।

1	2	3	4	5
21.	ਕੇਂਦਰੀ ਜੇਲ੍ਹ, ਗੁਰਦਾਸਪੁਰ	ਹਵਾਲਾਤੀ ਬੱਬਲੂ ਪੁੱਤਰ ਮਹਿੰਦਰ	13-11-96	ਸ੍ਰੀ ਐਨ. ਕੇ. ਵੱਧਵਾ, ਪੀ.ਸੀ.ਐਸ., ਉਪ ਮੰਡਲ ਮੈਜਿਸਟਰੇਟ ਗੁਰਦਾਸਪੁਰ ਵੱਲੋਂ ਕੀਤੀ ਗਈ ਇਨਕੁਐਸਟ ਰਿਪੋਰਟ ਅਤੇ ਪੋਸਟ ਮਾਰਟਮ ਰਿਪੋਰਟ ਦੀ ਉਡੀਕ ਹੈ।
22.	ਕੇਂਦਰੀ ਜੇਲ੍ਹ, ਜਲੰਧਰ	ਕੈਦੀ ਲਛਮਣ ਦਾਸ ਪੁੱਤਰ ਨਾਮਾ ਰਾਮ	27-11-96	ਸ੍ਰੀ ਐਚ. ਐਸ. ਮੁਝੈਲ, ਜ਼ਿਲ੍ਹਾ ਮਾਲ ਅਫਸਰ, ਜਲੰਧਰ, ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ। ਕੈਦੀ ਦੀ ਮੌਤ ਸਿਵਲ ਹਸਪਤਾਲ, ਜਲੰਧਰ, ਵਿਖੇ ਕਾਰਡੀਓ ਰੈਸਪਾਈਰੇਟਰੀ ਕਾਰਨ ਹੋਈ। ਕੇਸ ਠੱਪ ਕਰ ਦਿੱਤਾ ਗਿਆ ਹੈ।
23.	ਜ਼ਿਲ੍ਹਾ ਜੇਲ੍ਹ, ਹੁਸ਼ਿਆਰਪੁਰ	ਕੈਦੀ ਓਮ ਪ੍ਰਕਾਸ਼ ਪੁੱਤਰ ਚੂਹੜ ਸਿੰਘ	26-11-96	ਸ੍ਰੀ ਹਰਵਿੰਦਰ ਸਿੰਘ, ਉਪ ਮੰਡਲ ਮੈਜਿਸਟਰੇਟ, ਹੁਸ਼ਿਆਰਪੁਰ, ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ। ਕੈਦੀ ਦੀ ਮੌਤ ਸਿਵਲ ਹਸਪਤਾਲ, ਹੁਸ਼ਿਆਰਪੁਰ ਵਿੱਚ ਦਿਲ ਫੇਲ੍ਹ ਹੋਣ ਕਾਰਨ ਹੋਈ।
24.	ਜਨਾਨਾ ਜੇਲ੍ਹ, ਲੁਧਿਆਣਾ	ਕੈਦਣ ਮੈਹਰਾਂ ਬਾਈ ਪਤਨੀ ਗੁਰਾ ਚਿੱਤਾ	12-11-96	ਇਸ ਕੇਸ ਵਿਚ ਕੋਈ ਪੜਤਾਲ ਨਹੀਂ ਕੀਤੀ ਗਈ। ਕੈਦਣ ਦੀ ਮੌਤ ਕਾਰਡਿਕ ਅਰੈਸਟ ਕਾਰਨ ਕੁਦਰਤੀ ਤੌਰ ਤੇ ਸਿਵਲ ਹਸਪਤਾਲ, ਲੁਧਿਆਣਾ ਵਿੱਚ ਹੋਈ।
25.	ਕੇਂਦਰੀ ਜੇਲ੍ਹ, ਲੁਧਿਆਣਾ	ਕੈਦੀ ਸਰਵਣ ਸਿੰਘ ਪੁੱਤਰ ਅਤਰ ਸਿੰਘ	11-12-96	ਸ੍ਰੀ ਸਨਦੀਪ ਹੰਸ, ਕਾਰਜਕਾਰੀ ਮੈਜਿਸਟਰੇਟ ਲੁਧਿਆਣਾ, ਵੱਲੋਂ ਕੀਤੀ ਇਨਕੁਐਸਟ ਰਿਪੋਰਟ ਦੀ ਹਾਲੇ ਉਡੀਕ ਹੈ। ਟੀ.ਬੀ. ਦਾ ਮਰੀਜ ਹੋਣ ਕਾਰਣ ਕੈਦੀ ਦੀ ਮੌਤ ਸਿਵਲ ਹਸਪਤਾਲ, ਲੁਧਿਆਣਾ ਵਿੱਚ ਹੋਈ।

1	2	3	4	5
26.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਕੈਦੀ ਇੰਦਰਜੀਤ ਪਾਲ ਪੁੱਤਰ ਗੁਰਦਾਸ ਰਾਮ	31-8-96	ਕੋਈ ਇਨਕੁਐਸਟ ਰਿਪੋਰਟ ਨਹੀਂ ਕਰਵਾਈ ਗਈ । ਕੈਦੀ ਦੀ ਮੌਤ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ, ਵਿਖੇ ਕੁਦਰਤੀ ਤੌਰ ਤੇ ਹੋਈ । ਕੇਸ ਠੱਪ ਕਰ ਦਿੱਤਾ ਗਿਆ ਹੈ ।
27.	ਕੇਂਦਰੀ ਜੇਲ੍ਹ, ਫਿਰੋਜ਼ਪੁਰ	ਹਵਾਲਾਤੀ ਨਾਗਰ ਸਿੰਘ ਪੁੱਤਰ ਹਰਸ਼ਾਂ ਸਿੰਘ	13/14-12-96	ਸ੍ਰੀਮਤੀ ਕਮਲਪ੍ਰੀਤ ਬਰਾੜ, ਡੀ. ਟੀ. ਓ. -ਕਮ-ਕਾਰਜਕਾਰੀ ਮੈਜਿਸਟਰੇਟ, ਫਿਰੋਜ਼ਪੁਰ, ਵੱਲੋਂ ਇਨਕੁਐਸਟ ਕੀਤੀ ਗਈ । ਕੁਦਰਤੀ ਮੌਤ ਹੋਣ ਕਾਰਨ ਕੇਸ ਠੱਪ ਕਰ ਦਿੱਤਾ ਗਿਆ ਹੈ ।
28.	ਕੇਂਦਰੀ ਜੇਲ੍ਹ, ਲੁਧਿਆਣਾ	ਹਵਾਲਾਤੀ ਰਾਕੇਸ਼ ਕੁਮਾਰ ਪੁੱਤਰ ਬਨਾਰਸੀ ਦਾਸ	21/22-12-96	ਸ੍ਰੀ ਰਾਜੀਵ ਪਰਾਸ਼ਰ ਕਾਰਜਕਾਰੀ ਮੈਜਿਸਟਰੇਟ, ਲੁਧਿਆਣਾ, ਵੱਲੋਂ ਕੀਤੀ ਪੜਤਾਲ ਰਿਪੋਰਟ ਅਤੇ ਪੋਸਟ ਮਾਰਟਮ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ । ਹਵਾਲਾਤੀ ਦੀ ਸਿਵਲ ਹਸ-ਪਤਾਲ, ਲੁਧਿਆਣਾ ਵਿਖੇ ਮੌਤ ਹੋਈ ।
29.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਕੈਦੀ ਦਰਸ਼ਨ ਲਾਲ ਪੁੱਤਰ ਪਿਆਰਾ ਲਾਲ	20/21-10-96	ਸ੍ਰੀ ਰਾਜੇਸ਼ ਸ਼ਰਮਾ, ਤਹਿਸੀਲ ਦਾਰ-ਕਮ-ਮੈਜਿਸਟਰੇਟ, ਅੰਮ੍ਰਿਤਸਰ ਵੱਲੋਂ ਇਨਕੁਐਸਟ ਕੀਤੀ ਗਈ । ਕੈਦੀ ਦੀ ਮੌਤ ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ, ਵਿਖੇ ਹੋਈ । ਇਨਕੁਐਸਟ ਰਿਪੋਰਟ ਅਤੇ ਪੋਸਟ ਮਾਰਟਮ ਰਿਪੋਰਟ ਉਡੀਕੀ ਜਾ ਰਹੀ ਹੈ ।

ਸਾਲ 1997

ਅੰਤਿਕਾ-'ਸ'

ਲੜੀ ਨੰ.	ਜੇਲ੍ਹ ਦਾ ਨਾਂ	ਕੈਦੀ/ਹਵਾਲਾਤੀ ਦਾ ਨਾਂ	ਮੌਤ ਦੀ ਮਿਤੀ	ਕਾਰਜਕਾਰੀ ਮੈਜਿਸਟਰੇਟ ਦਾ ਨਾਂ ਅਤੇ ਪੜਤਾਲ ਰਿਪੋਰਟ ਅਨੁਸਾਰ ਮੌਤ ਦੇ ਸੰਖੇਪ ਕਾਰਨ
1	2	3	4	5
1.	ਜ਼ਿਲ੍ਹਾ ਜੇਲ੍ਹ, ਕਪੂਰਥਲਾ	ਹਵਾਲਾਤੀ ਵਿਜੇ ਕੁਮਾਰ ਪੁੱਤਰ ਪਰਸ ਰਾਮ	13-1-1997	ਸ੍ਰੀ ਅਨੁਰਾਗ ਵਰਮਾ, ਆਈ. ਏ. ਐਸ. ਉਪ ਮੰਡਲ ਮੈਜਿਸਟਰੇਟ, ਕਪੂਰਥਲਾ, ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ। ਕੈਦੀ ਜੇਲ੍ਹ ਅੰਦਰ ਲੈਟਰਿਨ ਵਿੱਚ ਆਪਣੇ ਆਪ ਲਟਕ ਕੇ ਮਰਿਆ। ਇਨਕੁਐਸਟ ਰਿਪੋਰਟ ਅਤੇ ਪੋਸਟ ਮਾਰਟਮ ਰਿਪੋਰਟ ਅਜੇ ਉਡੀਕੀ ਜਾ ਰਹੀ ਹੈ।
2.	ਕੇਂਦਰੀ ਜੇਲ੍ਹ, ਅੰਮ੍ਰਿਤਸਰ	ਹਵਾਲਾਤੀ ਭੁਪਿੰਦਰ ਸਿੰਘ ਪੁੱਤਰ ਮੰਗਤਾ ਸਿੰਘ	19-1-97	ਸ੍ਰੀ. ਵੀ. ਕੇ. ਸ਼ਰਮਾ, ਤਹਿ-ਸੀਲਦਾਰ - ਕਮ - ਕਾਰਜਕਾਰੀ ਮੈਜਿਸਟਰੇਟ, ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ। ਟੀ. ਬੀ. ਦਾ ਮਰੀਜ ਹੋਣ ਕਾਰਨ ਹਵਾਲਾਤੀ ਦੀ ਗੁਰੂ ਗੋਬਿਦ ਸਿੰਘ ਹਸਪਤਾਲ, ਅੰਮ੍ਰਿਤਸਰ, ਵਿਖੇ ਮੌਤ ਹੋਈ।
3.	ਕੇਂਦਰੀ ਜੇਲ੍ਹ, ਪਟਿਆਲਾ	ਹਵਾਲਾਤੀ ਰਣਜੀਤ ਸਿੰਘ ਪੁੱਤਰ ਗਿੰਦਰ ਸਿੰਘ	14-2-97	ਸ੍ਰੀ ਐਮ. ਐਲ. ਸ਼ਰਮਾ, ਨਾਇਬ ਤਹਿਸੀਲਦਾਰ-ਕਮ - ਕਾਰਜਕਾਰੀ ਮੈਜਿਸਟਰੇਟ, ਪਟਿਆਲਾ, ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ। ਹਵਾਲਾਤੀ ਦੀ ਕੁਦਰਤੀ ਤੌਰ ਤੇ ਰਜਿੰਦਰਾ ਹਸਪਤਾਲ ਪਟਿਆਲਾ ਵਿੱਚ ਮੌਤ ਹੋਈ।

1	2	3	4	5
4.	ਜ਼ਿਲ੍ਹਾ ਜੇਲ੍ਹ, ਫਰੀਦਕੋਟ	ਹਵਾਲਾਤੀ ਹਰਭਜਨ ਸਿੰਘ ਪੁੱਤਰ ਅਮਰੀਕ ਸਿੰਘ	15/16-2-97	ਸ੍ਰੀ ਅਸ਼ਵਨੀ ਕੁਮਾਰ, ਜ਼ਿਲ੍ਹਾ ਟਰਾਂਸਪੋਰਟ ਅਫਸਰ-ਕਮ-ਕਾਰਜਕਾਰੀ ਮੈਜਿਸਟਰੇਟ, ਫਰੀਦਕੋਟ ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ। ਹਵਾਲਾਤੀ ਦੀ ਮੌਤ ਮਿਤੀ 15-2-97 ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ, ਵਿਖੇ ਕੁਦਰਤੀ ਤੌਰ ਤੇ ਹੋਈ।
5.	ਕੇਂਦਰੀ ਜੇਲ੍ਹ, ਜਲੰਧਰ	ਹਵਾਲਾਤੀ ਪਿਆਰਾ ਸਿੰਘ ਪੁੱਤਰ ਨੱਥਾ ਸਿੰਘ	14-2-97	ਇਨਕੁਐਸਟ ਰਿਪੋਰਟ ਅਤੇ ਪੋਸਟ ਮਾਰਟਮ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ।
6.	ਕੇਂਦਰੀ ਜੇਲ੍ਹ, ਫਿਰੋਜ਼ਪੁਰ	ਹਵਾਲਾਤੀ ਕਸ਼ਮੀਰ ਸਿੰਘ ਪੁੱਤਰ ਗਨੇਸ਼ਾ ਸਿੰਘ	17/18-2-97	ਸ੍ਰੀ ਬਖਤਾਵਰ ਸਿੰਘ, ਸ਼ਿਕਾਇਤ ਅਫਸਰ, ਫਿਰੋਜ਼ਪੁਰ, ਵੱਲੋਂ ਇਸ ਕੇਸ ਵਿੱਚ ਪੜਤਾਲ ਕੀਤੀ ਗਈ ਹਵਾਲਾਤੀ ਵੱਲੋਂ ਮਿਤੀ 17/18-2-97 ਨੂੰ ਜੇਲ੍ਹ ਵਿੱਚ ਆਤਮ ਹੱਤਿਆ ਕੀਤੀ ਗਈ। ਇਨਕੁਐਸਟ ਰਿਪੋਰਟ ਅਤੇ ਪੋਸਟ ਮਾਰਟਮ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ।

ਅੱਤਵਾਦ ਦਾ ਸ਼ਿਕਾਰ ਹੋਏ ਵਿਅਕਤੀਆਂ ਨੂੰ ਵਿੱਤੀ ਸਹਾਇਤਾ

113. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 12 ਫਰਵਰੀ, 1997 ਤੋਂ ਹੁਣ ਤੱਕ ਰਾਜ ਵਿਚ ਵਾਪਰੀ ਅੱਤਵਾਦ ਦੀ ਦੀ ਹਰ ਇਕ ਘਟਨਾ ਵਿਚ, ਵੱਖ ਵੱਖ, ਮਾਰੇ ਗਏ/ਜ਼ਖਮੀ ਹੋਏ ਵਿਅਕਤੀਆਂ ਦੇ ਵੇਰਵੇ ਕੀ ਹਨ ?

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮ੍ਰਿਤਕ ਵਿਅਕਤੀਆਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਅਤੇ ਜ਼ਖਮੀ ਵਿਅਕਤੀਆਂ ਨੂੰ ਹਰ ਇਕ ਕੇਸ ਵਿਚ ਦਿੱਤੀ ਗਈ ਵਿੱਤੀ ਸਹਾਇਤਾ ਅਤੇ ਹੋਰ ਰਾਹਤਾਂ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਅਤੇ (ਅ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸੂਚੀ

ਪੰਜਾਬ ਰਾਜ ਅੰਦਰ ਮਿਤੀ 12 ਫਰਵਰੀ, 1997 ਤੋਂ ਅੱਤਵਾਦ ਦੀਆਂ ਹਰੇਕ ਘਟਨਾਵਾਂ ਕਰਕੇ ਮਾਰੇ ਗਏ ਵਿਅਕਤੀਆਂ ਦੇ ਵੇਰਵੇ ਦੀ ਸੂਚੀ :—

ਲੜੀ ਨੰਬਰ	ਮਾਰੇ ਗਏ ਵਿਅਕਤੀਆਂ ਦੇ ਨਾਂ ਅਤੇ ਪਤੇ	ਅੱਤਵਾਦੀ ਘਟਨਾ ਦੀ ਮਿਤੀ	ਮ੍ਰਿਤਕ ਦੇ ਨਜ਼ਦੀਕੀ ਰਿਸ਼ਤੇਦਾਰ ਨੂੰ ਦਿੱਤੀ ਗਈ ਵਿੱਤੀ ਸਹਾਇਤਾ ਤੇ ਹੋਰ ਸਹਾਇਤਾ ਦੇ ਵੇਰਵੇ	
1	2	3	4	5
1.	ਸ਼੍ਰੀ ਗਿਰਧਾਰੀ ਲਾਲ ਪੁੱਤਰ ਉਜਾਗਰ ਸਿੰਘ ਦੂਰਦਰਸ਼ਨ ਇਨਕਲੇਵ, ਡਾਕਖਾਨਾ, ਖੁਰਲਾ ਕਿੰਗਰਾ, ਜਲੰਧਰ	14-3-1997 (ਨੇੜੇ ਰੇਲਵੇ ਸਟੇਸ਼ਨ, ਜਲੰਧਰ)	ਰੁ: 1,00,000/-	
2.	ਸ਼੍ਰੀ ਕੁਲਵਿੰਦਰ ਪੁੱਤਰ ਗਿਰਧਾਰੀ ਲਾਲ, ਡਾਕਖਾਨਾ ਖੁਰਲਾ ਕਿੰਗਰਾ, ਜਲੰਧਰ	-ਉਕਤ-	ਰੁ: 1,00,000/-	
3.	ਸ਼੍ਰੀ ਕ੍ਰਿਸ਼ਨ ਲਾਲ ਦੂਆ ਪੁੱਤਰ ਲਕਸ਼ਮੀ ਚੰਦ, ਮਕਾਨ ਨੰਬਰ : 204, ਡਬਲਯੂ 1 ਪੀ, ਬਸਤੀ ਸ਼ੇਖ, ਜਲੰਧਰ ।	-ਉਕਤ-	ਰੁ: 1,00,000/-	
4.	ਸ਼੍ਰੀ ਹੀਰਾ ਸਿੰਘ ਪੁੱਤਰ ਦਿਆਲ ਸਿੰਘ, ਐਸ. ਪੀ. ਓ., ਪਿੰਡ ਮੰਗਲ ਮਨੋਹਰ, ਕਰਤਾਰਪੁਰ ।	-ਉਕਤ-	ਰੁ: 1,00,000/-	

1	2	3	4	5
5	ਸ੍ਰੀ ਗਯਾ ਪ੍ਰਸਾਦਿ ਪੁੱਤਰ ਰਾਮ ਸਰੂਪ, ਪਿੰਡ ਢਾਬਨੋਟੀ ਸ਼ੇਖਰਪੁਰ, ਜ਼ਿਲ੍ਹਾ ਬਾਹਰਾਇਚ (ਯੂ.ਪੀ.)	14-3-1997 (ਨੇੜੇ ਰੇਲਵੇ ਸਟੇਸ਼ਨ, ਜਲੰਧਰ)	ਰੁ: 1,00,000/-	ਮ੍ਰਿਤਕ ਦੇ ਨਜ਼ਦੀਕੀ ਰਿਸ਼ਤੇਦਾਰ ਨੂੰ ਸਹਾਇਤਾ ਦੇਣ ਲਈ ਚੈਕ ਨੰਬਰ 720783 ਮਿਤੀ 16-6-96 ਰਾਹੀਂ ਰਕਮ ਜ਼ਿਲ੍ਹਾ ਮੈਜਿਸਟਰੇਟ, ਬਾਹਰਾਇਚ (ਯੂ.ਪੀ.) ਨੂੰ ਭੇਜ ਦਿੱਤੀ ਗਈ ਹੈ ।
6.	ਸ੍ਰੀ ਬਾਬੂ ਰਾਮ ਪੁੱਤਰ ਬਲਦੇਵ, ਪਿੰਡ ਬਾਂਦੀ, ਜ਼ਿਲ੍ਹਾ ਬਾਹਰਾਇਚ (ਯੂ.ਪੀ.)	-ਉਕਤ-	ਰੁ: 100,000/-	
7.	ਸ੍ਰੀ ਕਮਲੇਸ਼ ਚੌਧਰੀ ਪੁੱਤਰ ਰਾਮ ਪੁਨੀਤ ਚੌਧਰੀ ਵਾਸੀ ਸ੍ਰੀ ਰਾਮਪੁਰ ਜ਼ਿਲ੍ਹਾ ਡਰਭੰਗਾ (ਬਿਹਾਰ)	-ਉਕਤ-		ਸਬੰਧਤ ਵਿਭਾਗ ਤੋਂ ਤਸਦੀਕੀ ਰਿਪੋਰਟ ਪ੍ਰਾਪਤ ਨਹੀਂ ਹੋਈ । ਰਿਪੋਰਟ ਪ੍ਰਾਪਤ ਹੋਣ ਤੇ ਰੁ: 1,00,000/- ਦੀ ਦਰ ਨਾਲ ਅਦਾਇਗੀ ਕਰ ਦਿੱਤੀ ਜਾਵੇਗੀ ।
8.	ਸ੍ਰੀ ਕੁਲਦੀਪ ਸਿਘ ਪੁੱਤਰ ਸ੍ਰੀ ਲੱਭੂ ਰਾਮ ਪਿੰਡ ਰੇਹਾ ਡਾਕਖਾਨਾ ਸੁਕਰਾਲ, ਤਹਿਸੀਲ ਬਿਲੋਵਰ, ਜ਼ਿਲ੍ਹਾ ਕਠੂ (ਜੇ ਐਂਡ ਕੇ) ਜੀ. ਐਨ. ਆਫ 8032360141 ਐਫ. ਡੀ. ਰੈਜਮੈਂਟ (33 ਸਾਲਾਂ) ਮਾਰਫਤ 56 ਏ.ਪੀ.ਓ.	6-4-1997 (ਨੇੜੇ ਸੇਂਟ ਜੋਸਫ ਸਕੂਲ, ਪਠਾਨਕੋਟ)	ਰੁ: 1,00,000/-	
9.	ਸ੍ਰੀ ਤਿਲਕ ਰਾਜ ਪੁੱਤਰ ਬਿਹਾਰੀ ਲਾਲ, ਪਿੰਡ ਹੱਤੀ ਪੰਡਿਤਾਂ, ਡਾਕਖਾਨਾ ਸਰਨਾ, ਪਠਾਨਕੋਟ ।	-ਉਕਤ-	ਰੁ: 1,00,000/-	

1	2	3	4	5
10.	ਸ੍ਰੀ ਨੰਦ ਲਾਲ ਪੁੱਤਰ ਮਨੀ ਰਾਮ, ਪਿੰਡ ਛੋਟੇਪੁਰ, ਡਾਕਖਾਨਾ ਸੁਜਾਨਪੁਰ, ਪਠਾਨਕੋਟ (60 ਸਾਲਾ) ਮਿਲਟਰੀ ਹਸਪਤਾਲ ਪਠਾਨਕੋਟ ਵਿਖੇ ਮਿਤੀ 7-4-1997 ਨੂੰ ਜ਼ਖਮਾਂ ਦੀ ਤਾਬ ਨਾ ਝੱਲਦੇ ਹੋਏ ਮੌਤ ਹੋ ਗਈ ਸੀ ।	6-4-1997 (ਨੇੜੇ ਸੇਂਟ ਜੋਸਫ ਸਕੂਲ, ਪਠਾਨਕੋਟ)	ਰੁ: 1,05,000/-	ਮਿਤੀ 6-4-97 ਨੂੰ ਬੰਬ ਫੱਟਣ ਕਰਕੇ ਜ਼ਖਮੀ ਹੋਣ ਕਰਕੇ ਸ੍ਰੀ ਨੰਦ ਲਾਲ ਨੂੰ 5,000/- ਰੁ: ਦੀ ਸਹਾਇਤਾ ਦਿੱਤੀ ਗਈ ਸੀ । ਪਰੰਤੂ ਬਾਅਦ ਵਿਚ ਮਿਲਟਰੀ ਹਸਪਤਾਲ ਪਠਾਨਕੋਟ ਵਿਚ ਮਿਤੀ 7-4-97 ਨੂੰ ਉਸਦੀ ਮੌਤ ਹੋਣ ਕਰਕੇ ਉਸਦੇ ਨਜ਼ਦੀਕੀ ਰਿਸ਼ਤੇਦਾਰ ਨੂੰ 1,00,000/- ਰੁ: ਦੀ ਸਹਾਇਤਾ ਰਾਸ਼ੀ ਦੇ ਦਿੱਤੀ ਗਈ ਹੈ ।

ਸੂਚੀ

ਪੰਜਾਬ ਰਾਜ ਅੰਦਰ 12 ਫਰਵਰੀ, 1997 ਤੋਂ ਅਤਵਾਦ ਦੀ ਹਰੇਕ ਘਟਨਾ ਵਿਚ ਜ਼ਖਮੀ ਹੋਏ ਵਿਅਕਤੀਆਂ ਦੀ ਵੇਰਵੇ ਸਹਿਤ ਸੂਚੀ :—

ਲੜੀ ਨੰਬਰ	ਜ਼ਖਮੀ ਹੋਏ ਵਿਅਕਤੀਆਂ ਦੇ ਨਾਂ ਅਤੇ ਪਤੇ	ਅਤਵਾਦ ਘਟਨਾ ਦੀ ਮਿਤੀ	ਜ਼ਖਮੀ ਵਿਅਕਤੀਆਂ ਨੂੰ ਦਿੱਤੀ ਗਈ ਵਿੱਤੀ ਸਹਾਇਤਾ ਤੇ ਹੋਰ ਸਹਾਇਤਾ ਦੇ ਵੇਰਵੇ
1	2	3	4
1.	ਬਲਵਿੰਦਰ ਪੁੱਤਰ ਗਿਰਧਾਰੀ ਲਾਲ, ਦਿੱਲੀ ।	14-3-1997 (ਨੇੜੇ ਰੇਲਵੇ ਸਟੇਸ਼ਨ, ਜਲੰਧਰ)	ਰੁ: 25,000/-

1	2	3	4
2.	ਗੁਰਮੀਤ ਕੌਰ ਪਤਨੀ ਗਿਰਧਾਰੀ ਲਾਲ, ਵਾਸੀ ਦਿੱਲੀ ।	14-3-1997 (ਨੇੜੇ ਰੇਲਵੇ ਸਟੇਸ਼ਨ, ਜਲੰਧਰ)	ਰੁ: 25,000/-
3.	ਓਮ ਪ੍ਰਕਾਸ਼ ਪੁੱਤਰ ਮੁਲਖ ਰਾਜ, ਮਕਾਨ ਨੰਬਰ 120/2, ਗਣੇਸ਼ ਨਗਰ, ਦਿੱਲੀ ।	-ਉਕਤ-	ਰੁ: 25,000/-
4.	ਦੀਪਕ ਪੁੱਤਰ ਓਮ ਪ੍ਰਕਾਸ਼, ਵਾਸੀ ਮਕਾਨ ਨੰਬਰ 120/2, ਗਣੇਸ਼ ਨਗਰ, ਦਿੱਲੀ ।	-ਉਕਤ-	ਰੁ: 25,000/-
5.	ਸਰੋਜ ਪਤਨੀ ਦੀਪਕ ਕੁਮਾਰ, ਵਾਸੀ ਮਕਾਨ ਨੰਬਰ 120/2, ਗਣੇਸ਼ ਨਗਰ, ਦਿੱਲੀ ।	-ਉਕਤ-	ਰੁ: 25,000/-
6.	ਦਇਆਲਤ ਸਿੰਘ ਪੁੱਤਰ ਮੁਨੂ ਸਰਨ ਸਿੰਘ, ਵਾਸੀ 358, ਗੁਰੂ ਨਾਨਕ ਪੁਰਾ, ਗਲੀ ਨੰਬਰ 4, ਨੇੜੇ ਗੁਰਦੁਆਰਾ, ਜਲੰਧਰ ।	-ਉਕਤ-	ਰੁ: 25,000/-
7.	ਮੁਨਾ ਪੁੱਤਰ ਮੇਵਾ ਲਾਲ, ਵਾਸੀ ਗੋਬਿੰਦ ਗੜ੍ਹ ਮੁਹੱਲਾ, ਜਲੰਧਰ ।	-ਉਕਤ-	ਰੁ: 25,000/-
8.	ਸ੍ਰੀ ਜੇ ਵਿਕਟਰ ਪੁੱਤਰ ਜੋਸਫ, ਵਾਸੀ ਡੀ-578, ਮੰਦਿਰ ਮਾਰਗ, ਗਾਲੇ ਮਾਰਕੀਟ, ਨਵੀਂ ਦਿੱਲੀ ।	-ਉਕਤ-	ਰੁ: 25,000/-
9.	ਸ੍ਰੀ ਰਾਮ ਕੁਮਾਰ ਪੁੱਤਰ ਕ੍ਰਿਪਾ ਰਾਮ, ਵਾਸੀ, ਜਲੰਧਰ ।	-ਉਕਤ-	ਰੁ: 25,000/-
10.	ਸ੍ਰੀ ਵੋਹਰੀ ਲਾਲ ਪੁੱਤਰ ਬਲਵਾਨ, ਵਾਸੀ, ਗਾਰਡਨ ਕਾਲੋਨੀ, ਜਲੰਧਰ ।	-ਉਕਤ-	ਰੁ: 25,000/-
11.	ਸ੍ਰੀ ਠਾਡੇ ਲਾਲ ਪੁੱਤਰ ਛੱਡੂ, ਵਾਸੀ ਮਕਦੂਮਪੁਰਾ, ਜਲੰਧਰ ।	-ਉਕਤ-	ਰੁ: 25,000/-

1	2	3	4
12.	ਸ੍ਰੀ ਦਵਿੰਦਰ ਪਾਲ ਸ਼ਰਮਾ ਪੁੱਤਰ ਖਰਾਇਤੀ ਲਾਲ, ਬੀ. ਐਮ. ਐਫ. ਨੰਬਰ 85000379, ਵਾਸੀ ਪਿੰਡ ਰਾਜਪੁਰਾ, ਡਾਕਖਾਨਾ ਜੋੜਾ ਛੱਤਰਾਂ, ਜ਼ਿਲਾ ਗੁਰਦਾਸਪੁਰ ।	14-3-1997 (ਨੇੜੇ ਰੇਲਵੇ ਸਟੇਸ਼ਨ, ਜਲੰਧਰ)	ਰੁ: 25,000/-
13.	ਸ੍ਰੀ ਅਸ਼ਵਨੀ ਕੁਮਾਰ ਪੁੱਤਰ ਬਲਵੰਤ ਰਾਏ, ਵਾਸੀ ਬਸਤੀ ਦਾਨਿਸ਼ਮੰਦਾਂ, ਜਲੰਧਰ ।	-ਉਕਤ-	ਰੁ: 50,000/-
14.	ਸ੍ਰੀ ਅਸ਼ੋਕ ਕੁਮਾਰ ਪੁੱਤਰ ਮਹਾਂਵੀਰ, ਵਾਸੀ ਬਸਤੀ ਬਾਵਾ ਖੇਲ, ਜਲੰਧਰ ।	-ਉਕਤ-	ਸਬੰਧਤ ਕੁਆਰਟਰ ਤੋਂ ਕਾਨੂੰਨੀ ਵਾਰਸ ਸਬੰਧੀ ਤਸਦੀਕੀ ਰਿਪੋਰਟ ਪ੍ਰਾਪਤ ਨਹੀਂ ਹੋਈ।
15.	ਸ੍ਰੀ ਜਗ ਪ੍ਰਸ਼ਾਦ ਪੁੱਤਰ ਮਤਨੂ, ਮਾਰਫਤ ਤੋਲੂ ਰਾਮ, ਨੇੜੇ ਸਿਟੀ ਹਸਪਤਾਲ, ਜਲੰਧਰ ।	-ਉਕਤ-	ਰੁ: 25,000/-
16.	ਸ੍ਰੀ ਰਣਜੀਤ ਸਿੰਘ, ਵਾਸੀ 201/6 ਸੈਂਟਰਲ ਟਾਊਨ, ਜਲੰਧਰ ।	-ਉਕਤ-	ਰੁ: 25,000/-
17.	ਸ੍ਰੀ ਰਣਜੀਤ ਸਿੰਘ ਪੁੱਤਰ ਸ੍ਰੀ ਬਾਬੂ ਰਾਮ ਪਿੰਡ ਜੂਨਗਾਠ, ਡਾ. ਗੋ: ਤਹਿਸੀਲ ਪਠਾਨਕੋਟ ।	6-4-1997 (ਨੇੜੇ ਸੇਂਟ ਜੋਸਫ ਸਕੂਲ, ਪਠਾਨਕੋਟ)	ਰੁ: 25,000/-
18.	ਸ੍ਰੀ ਅੰਚਲ ਸਿੰਘ ਪੁੱਤਰ ਖੋਜੀ ਰਾਮ, ਪਿੰਡ ਕਥੂਹ, ਜੇ. ਐਂਡ ਕੇ.	-ਉਕਤ-	ਰੁ: 25,000/-
19.	ਸ੍ਰੀ ਅਸ਼ੋਕ ਕੁਮਾਰ ਪੁੱਤਰ ਸ੍ਰੀ ਮੁਲਖ ਰਾਜ, ਪਿੰਡ ਤੇ ਡਾਕਖਾਨਾ ਟੀਬਰ, ਤਹਿਸੀਲ ਗੁਰਦਾਸਪੁਰ ।	-ਉਕਤ-	ਰੁ: 30,000/-
20.	ਸ੍ਰੀ ਰਿਆਜ਼ ਅਹਿਮਦ ਪੁੱਤਰ ਸ੍ਰੀ ਵਲੀ ਮੁਹੰਮਦ, ਪਿੰਡ ਹਫਤੀ, ਜ਼ਿਲ੍ਹਾ ਡੋਡਾ, ਜੇ. ਐਂਡ ਕੇ. ।	-ਉਕਤ-	ਰੁ: 22,000/-

1	2	3	4
21.	ਸ਼੍ਰੀ ਅਸ਼ੋਕ ਕੁਮਾਰ ਪੁੱਤਰ ਸ਼੍ਰੀ ਕਿਦਾਰ ਨਾਥ, ਮੁਹੱਲਾ ਸਾਹਿਬਜ਼ਾਦੀਆਂ, ਪਠਾਨਕੋਟ ।	6-4-1997 (ਨੇੜੇ ਸੇਂਟ ਜੋਸਫ ਸਕੂਲ ਪਠਾਨਕੋਟ)	ਰੁ: 22,000/-
22.	ਸ਼੍ਰੀ ਅਨਿਲ ਨੰਦ ਪੁੱਤਰ ਸ਼੍ਰੀ ਕਿਦਾਰ ਨਾਥ, ਮੁਹੱਲਾ ਸਾਹਿਬਜ਼ਾਦੀਆਂ, ਪਠਾਨਕੋਟ ।	-ਉਕਤ-	ਰੁ: 22,000/-
23.	ਸ਼੍ਰੀਮਤੀ ਆਰਤੀ ਨੰਦਾ ਪਤਨੀ ਸ਼੍ਰੀ ਅਨਿਲ ਨੰਦਾ, ਮੁਹੱਲਾ ਸਾਹਿਬ-ਜ਼ਾਦੀਆਂ, ਪਠਾਨਕੋਟ ।	-ਉਕਤ-	ਰੁ: 22,000/-
24.	ਸ਼੍ਰੀ ਰਵੀ ਕਮਾਰ ਪੁੱਤਰ ਬਾਲ ਨਾਥ ਪਿੰਡ ਤੇ ਡਾਕਖਾਨਾ ਟਿਬਰ, ਤਹਿਸੀਲ ਗੁਰਦਾਸਪੁਰ ।	-ਉਕਤ-	ਰੁ: 22,000/-
25.	ਸ਼੍ਰੀ ਮਨੋਹਰ ਲਾਲ ਪੁੱਤਰ ਸ਼੍ਰੀ ਖਜ਼ਾਨ ਚੰਦ, ਪਿੰਡ ਭਗਵਾਨਸਰ, ਡਾ. ਭੋਆ, ਤਹਿਸੀਲ ਪਠਾਨਕੋਟ ।	-ਉਕਤ-	ਰੁ: 22,000/-
26.	ਸ਼੍ਰੀ ਤਾਜਿਦ ਖਾਂਦੀ ਪੁੱਤਰ ਸ਼੍ਰੀ ਹਸਨ ਖਾਂਦੀ, ਪਿੰਡ ਅਫਤੀ, ਜ਼ਿਲ੍ਹਾ ਡੋਡਾ, ਜੇ. ਐਂਡ ਕੇ. ।	-ਉਕਤ-	ਰੁ: 22,000/-
27.	ਸ਼੍ਰੀ ਰਮਜ਼ਾਨ ਖਾਂਦੀ ਪੁੱਤਰ ਸ਼੍ਰੀ ਹਸਨ ਖਾਂਦੀ, ਪਿੰਡ ਅਫਤੀ, ਜ਼ਿਲ੍ਹਾ ਡੋਡਾ, ਜੇ. ਐਂਡ ਕੇ. ।	-ਉਕਤ-	ਰੁ: 22,000/-
28.	ਸ਼੍ਰੀ ਸਹਬਾਜ਼ ਪੁੱਤਰ ਸ਼੍ਰੀ ਅਕਬਰ ਖਾਂਦੀ, ਪਿੰਡ ਅਫਤੀ, ਜ਼ਿਲ੍ਹਾ ਡੋਡਾ, ਜੇ. ਐਂਡ ਕੇ. ।	-ਉਕਤ-	ਰੁ: 22,000/-
29.	ਸ਼੍ਰੀਮਤੀ ਹਮੀਦਾ ਪਤਨੀ ਸ਼੍ਰੀ ਬਰਕਤ, ਗੁਰਦਾਸਪੁਰ ਰੋਡ, ਅਮਰੂਦਾ ਵਾਲੀਆਂ ਝੁਗੀਆਂ, ਪਠਾਨਕੋਟ ।	-ਉਕਤ-	ਰੁ: 22,000/-

1	2	3	4
30.	ਸ੍ਰੀ ਬਲਬੀਰ ਦੂਬੇ ਪੁੱਤਰ ਸ੍ਰੀ ਮੁਲਖ ਰਾਜ, ਪਿੰਡ ਤੇ ਡਾਕਖਾਨਾ ਸੁੰਦਰ ਚੱਕ, ਤਹਿਸੀਲ ਪਠਾਨਕੋਟ ।	6-4-199, (ਨੇੜੇ ਸੇਂਟ ਜੋਸਫ ਸਕੂਲ, ਪਠਾਨਕੋਟ)	ਰੁ: 22,000/-
31.	ਸ੍ਰੀ ਮਲੇਰ ਸਿੰਘ ਪੁੱਤਰ ਸ੍ਰੀ ਕਾਕਾ ਰਾਮ, ਪਿੰਡ ਜੂਨਗਾਠ, ਡਾਕਖਾਨਾ ਗੋ., ਤਹਿਸੀਲ ਪਠਾਨਕੋਟ ।	-ਉਕਤ-	ਰੁ: 22,000/-

ਬਾਲ ਵਿਆਹ ਤੇ ਰੋਕ ਐਕਟ ਨੂੰ ਲਾਗੂ ਕਰਨ ਲਈ ਮਸ਼ੀਨਰੀ

114. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਬਾਲ ਵਿਆਹ ਤੇ ਰੋਕ ਐਕਟ, 1929 ਨੂੰ ਪੂਰੀ ਤਰ੍ਹਾਂ ਲਾਗੂ ਕਰਨ ਨੂੰ ਯਕੀਨੀ ਬਣਾਉਣ ਸਬੰਧੀ ਕੋਈ ਮਸ਼ੀਨਰੀ ਹੈ, ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਬਾਲ ਵਿਆਹ ਰੋਕ ਐਕਟ, 1929 ਪੰਜਾਬ ਰਾਜ ਵਿੱਚ ਲਾਗੂ ਕੀਤਾ ਹੋਇਆ ਹੈ । ਰਾਜ ਪੱਧਰ ਤੇ ਡਾਇਰੈਕਟਰ, ਸਮਾਜਿਕ ਸੁਰਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਦਫ਼ਤਰ ਵਿੱਚ ਇੱਕ ਸੈੱਲ ਸਥਾਪਿਤ ਕੀਤਾ ਹੋਇਆ ਹੈ, ਜੋ ਕਿ ਇਸ ਐਕਟ ਦੀ ਦੇਖ-ਰੇਖ ਕਰਦਾ ਹੈ । ਸਥਿਤੀ ਜਾਣਨ ਹਿੱਤ ਜ਼ਿਲਾ ਸੈਸ਼ਨ ਜੱਜਾਂ ਪਾਸੋਂ ਤ੍ਰਿਮਾਹੀ ਰਿਪੋਰਟਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ ।

ਬਾਲ ਵਿਆਹ ਵਿਰੁੱਧ ਲੋਕ ਰਾਏ ਉਤਸ਼ਾਹਿਤ ਕਰਨ ਹਿੱਤ ਰੇਡੀਓ, ਟੈਲੀਵਿਜ਼ਨ, ਨਾਟਕ/ਡਰਾਮੇ ਰਾਹੀਂ ਪਬਲਿਸਿਟੀ ਦੇ ਪ੍ਰੋਗਰਾਮ ਕੀਤੇ ਜਾਂਦੇ ਹਨ । ਸਵੈ-ਇੱਛਕ ਸੰਸਥਾਵਾਂ ਅਤੇ ਹੋਰ ਗੈਰ-ਸਰਕਾਰੀ ਜਥੇਬੰਦੀਆਂ ਇਸ ਪ੍ਰਤੀ ਬੜੀ ਉਤਸੁਕਤਾ ਨਾਲ ਕੰਮ ਵਿਚ ਲੱਗੀਆਂ ਹੋਈਆਂ ਹਨ ।

POINTS OF ORDER

ਕਾਮਰੇਡ ਹਰਦੇਵ ਅਰਸ਼ੀ : ਆਨ ਦੇ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇਕ ਜ਼ਰੂਰੀ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪੋਸਟਿੰਗ ਐਂਡ ਟਰਾਂਸਫਰ ਕਰਨ ਦਾ ਹੱਕ ਸਰਕਾਰ ਦਾ ਆਪਣਾ ਹੈ । ਇਸ ਵਿਚ ਬਾਹਰੋਂ ਕੋਈ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ । ਮੇਰੀ ਐਸੀ ਮਨਸ਼ਾ ਹੈ । ਸਰਕਾਰ ਨੇ ਜਿਹੜੀ ਟਰਾਂਸਫਰ ਪਾਲਿਸੀ ਬਣਾਈ ਹੈ ਉਸ ਦੀ ਵਾਏਲੇਸ਼ਨ ਖੁਦ ਉਹ ਆਪ ਕਰ ਰਹੀ ਹੈ ਅਤੇ ਵੱਡੇ ਪੈਮਾਨੇ ਤੇ ਕਰਮਚਾਰੀਆਂ ਨੂੰ ਅਪਰੂਟ ਕੀਤਾ ਜਾ ਰਿਹਾ ਹੈ । ਖਾਸ ਕਰਕੇ ਐਜੂਕੇਸ਼ਨ ਅਤੇ ਹੈਲਥ ਡਿਪਾਰਟਮੈਂਟ ਦੇ ਵਿਚ ਇਤਨੇ ਲਾਰਜ ਸਕੇਲ ਵਿਚ ਸਰਕਾਰ ਵਲੋਂ ਕਰਮਚਾਰੀਆਂ ਦੀਆਂ ਟਰਾਂਸਫਰਜ਼ ਕੀਤੀਆਂ ਜਾ ਰਹੀਆਂ ਹਨ ਔਰ ਇਨ੍ਹਾਂ ਟਰਾਂਸਫਰਜ਼ ਦੇ ਵਿਚ ਨਾ ਕਿਸੇ ਵਿੱਡੋ ਕੇਸ ਨੂੰ, ਨਾ ਕਿਸੇ ਕਪਲ ਕੇਸ

[ਕਾਮਰੇਡ ਹਰਦੇਵ ਅਰਸ਼ੀ]

ਨੂੰ, ਨਾ ਕਿਸੇ ਬਿਮਾਰੀ ਵਾਲੇ ਨੂੰ ਜਿਸ ਨੂੰ ਡਾਕਟਰ ਨੇ ਐਡਵਾਈਸ ਕੀਤਾ ਹੋਇਆ ਹੈ, ਬਖਸ਼ਿਆ ਗਿਆ ਹੈ । ਉਨ੍ਹਾਂ ਦੇ ਪ੍ਰੋਟੈਸਟ ਨੂੰ ਕੋਈ ਸੁਣ ਨਹੀਂ ਰਿਹਾ ਅਤੇ ਬਦਲੇ ਦੀ ਭਾਵਨਾ ਨਾਲ ਇਹ ਟਰਾਂਸਫਰਜ਼ ਕੀਤੀਆਂ ਗਈਆਂ ਹਨ । ਗੌਰਮਿੰਟ ਨੂੰ ਆਪਣੀ ਪਾਲਸੀ ਦੇ ਮੁਤਾਬਿਕ ਕੰਮ ਕਰਨਾ ਚਾਹੀਦਾ ਹੈ । ਖਾਹਮਖਾਹ ਪ੍ਰੇਸ਼ਾਨੀ ਦਾ ਵਿਸ਼ਾ ਬਣਾਇਆ ਹੋਇਆ ਹੈ ਅਤੇ ਬਾਈਪਾਸ ਆਰਡਰਜ਼ ਕੀਤੇ ਜਾ ਰਹੇ ਹਨ । ਇਸ ਨੂੰ ਰੋਕਣ ਲਈ ਸਰਕਾਰ ਵਲੋਂ ਸਪਸ਼ਟੀਕਰਨ ਹਾਊਸ ਦੇ ਵਿਚ ਆਉਣਾ ਚਾਹੀਦਾ ਹੈ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਦੇ ਧਿਆਨ ਵਿਚ ਇਕ ਜ਼ਰੂਰੀ ਮਸਲਾ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਦੇ ਵਿਚ 1995 ਵਿੱਚ ਇਕ ਅਪੁਆਇੰਟਮੈਂਟ ਰਵੀਇੰਦਰ ਕੌਰ ਢਿੱਲੋਂ ਦੀ ਸਾਬਕਾ ਚੀਫ ਮਨਿਸਟਰ ਸਰਦਾਰ ਹਰਚਰਨ ਸਿੰਘ ਬਰਾੜ ਦੇ ਲੜਕੇ ਨੇ ਆਪਣੀ ਦਖਲਅੰਦਾਜ਼ੀ ਅਤੇ ਦਬਾਅ ਪਾ ਕੇ ਕਰਵਾਈ ਸੀ, ਜਿਸ ਦੀ ਇਨਕੁਆਇਰੀ ਸ੍ਰੀ ਆਰ. ਐਨ. ਗੁਪਤਾ, ਸੈਕਟਰੀ ਸਾਹਿਬ ਨੇ ਕੀਤੀ ਅਤੇ ਕਿਹਾ ਕਿ ਇਸ ਦੀ ਅਪੁਆਇੰਟਮੈਂਟ ਰੂਲਜ਼ ਦੀ ਵਾਇਲੇਸ਼ਨ ਨਾਲ ਹੋਈ ਹੈ ਜਿਹੜੀ ਨਹੀਂ ਹੋਣੀ ਚਾਹੀਦੀ ਸੀ । ਹਾਲੇ ਤੱਕ ਉਸ ਇਨਕੁਆਇਰੀ ਦੀ ਰਿਪੋਰਟ ਉੱਤੇ ਸਰਕਾਰ ਵਲੋਂ ਕੋਈ ਐਕਸ਼ਨ ਨਹੀਂ ਲਿਆ ਗਿਆ । ਟੀਚਰਜ਼ ਐਸੋਸੀਏਸ਼ਨ ਦਾ ਡੈਲੀਗੇਸ਼ਨ ਚੀਫ ਮਨਿਸਟਰ ਸਾਹਿਬ ਨੂੰ ਮਿਲਣ ਲਈ ਆਇਆ ਸੀ ਪਰ ਉਨ੍ਹਾਂ ਨੂੰ ਟਾਈਮ ਨਹੀਂ ਦਿੱਤਾ ਗਿਆ । ਹੁਣ ਉਹ ਗਵਰਨਰ ਸਾਹਿਬ ਨੂੰ ਅਪਰੋਚ ਕਰਨ ਲਈ ਜਾ ਰਹੇ ਹਨ ਕਿ ਇਸ ਗਲਤ ਅਪੁਆਇੰਟਮੈਂਟ ਨੂੰ ਰੱਦ ਕੀਤਾ ਜਾਵੇ । ਟੀਚਰਜ਼ ਦੀ ਡੀਮਾਂਡ ਉੱਤੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਸਰਦਾਰ ਗੁਰਚਰਨ ਸਿੰਘ ਦਿੜ੍ਹਬਾ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇਕ ਜ਼ਰੂਰੀ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਕ ਵਿਗਿਆਪਨ ਰਾਹੀਂ 280 ਪੋਸਟਾਂ ਪਟਵਾਰੀਆਂ ਦੀਆਂ ਕੱਢੀਆਂ ਸਨ । ਉਨ੍ਹਾਂ ਦਾ ਟੈਸਟ 4 ਅਗਸਤ, 1996 ਨੂੰ ਹੋਇਆ ਅਤੇ 23 ਅਗਸਤ, 1996 ਨੂੰ 1166 ਪਟਵਾਰੀਆਂ ਦੀ ਮੈਰਿਟ ਲਿਸਟ ਬਣਾਈ ਗਈ ਅਤੇ ਮੈਰਿਟ ਦੀਆਂ ਲਿਸਟਾਂ ਵੀ ਲੱਗ ਗਈਆਂ । ਅਫਸੋਸ ਦੀ ਗੱਲ ਹੈ ਕਿ ਉਸ ਮੈਰਿਟ ਨੂੰ ਇਕ ਪਾਸੇ ਰੱਖ ਕੇ ਮੁਕਤਸਰ ਦੇ ਗਿਦੜਬਾਹਾ ਹਲਕੇ ਵਿਚ 50 ਪਟਵਾਰੀਆਂ ਨੂੰ ਬਿਨਾਂ ਮੈਰਿਟ ਤੇ ਲਗਾ ਦਿੱਤਾ ਗਿਆ ਔਰ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ । ਇਕ ਪਾਸੇ ਸਰਕਾਰ ਕਾਨੂੰਨ ਦੀ ਪਾਲਣਾ ਕਰਨ ਲਈ ਅਤੇ ਇਨਸਾਫ ਲੋਕਾਂ ਨੂੰ ਦੇਣ ਲਈ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਲਿਆਉਣ ਦੀ ਗੱਲ ਕਹਿੰਦੀ ਹੈ ਔਰ ਦੂਜੇ ਪਾਸੇ ਕਾਨੂੰਨ ਨੂੰ ਛਿੱਕੇ ਤੇ ਟੰਗ ਦਿੱਤਾ ਹੈ । ਇਸ ਵੱਲ ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ, ਧੰਨਵਾਦ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਬਹੁਤ ਦਿਨਾਂ ਤੋਂ ਮੈਂ ਇਸ ਆਸ਼ਾ ਵਿਚ ਬੈਠੀ ਹੋਈ ਸੀ ਕਿ ਸਰਕਾਰ ਖੁਦ ਹੀ ਹੋਮਗਾਰਡਜ਼ ਅਤੇ ਐਸ. ਪੀ. ਓਜ਼. ਦੀ ਪ੍ਰਾਬਲਮਜ਼ ਵੱਲ ਧਿਆਨ

ਦੇਵੇਗੀ ਅਤੇ ਕੋਈ ਫੈਸਲਾ ਕਰੇਗੀ । ਪਰ ਬਜਟ ਆ ਗਿਆ, ਉਸ ਉੱਤੇ ਬਹਿਸ ਵੀ ਹੋ ਗਈ ਅਤੇ ਜਨਾਬ ਵੀ ਵਿੱਤ ਮੰਤਰੀ ਵਲੋਂ ਆ ਗਿਆ ਪਰ ਇਨ੍ਹਾਂ ਨੂੰ 10 ਰੁਪਏ ਹਰ ਰੋਜ਼ ਤਨਖਾਹ ਵਿਚ ਇਨਕਰੀਜ਼ ਕਰਨ ਲਈ ਜਿਹੜੀ ਸਿਫਾਰਸ਼ ਕੀਤੀ ਗਈ ਸੀ ਉਸ ਉੱਤੇ ਹਾਲੇ ਤੱਕ ਸਰਕਾਰ ਨੇ ਕੁਝ ਨਹੀਂ ਕੀਤਾ ਹੈ । ਮੇਰੀ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਇਸ ਪ੍ਰਾਰਥਨਾ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ । ਜਿਹੜੇ 16 ਘੰਟੇ ਹਥਿਆਰ ਚੁੱਕੀ ਫਿਰਦੇ ਹਨ, ਜਦ ਕਿ 8 ਘੰਟੇ ਦੀ ਡਿਊਟੀ ਹੁੰਦੀ ਹੈ, ਉਨ੍ਹਾਂ ਦੀ ਡਿਊਟੀ ਦਾ ਟਾਈਮ ਵੀ ਨਿਸ਼ਚਿਤ ਕੀਤਾ ਜਾਵੇ । ਉਨ੍ਹਾਂ ਨੂੰ 50 ਰੁਪਏ ਰੋਜ਼ ਦਿੱਤੇ ਜਾਂਦੇ ਹਨ ਉਸ ਨਾਲ ਉਹ ਪੇਟ ਭਰ ਕੇ ਰੋਟੀ ਵੀ ਨਹੀਂ ਖਾ ਸਕਦੇ । ਇਸ ਲਈ ਸਰਕਾਰ ਉਨ੍ਹਾਂ ਨੂੰ ਪੇਟ ਭਰਨ ਦੇ ਲਈ ਇਨ੍ਹਾਂ ਦੀ ਤਨਖਾਹ ਵਿਚ ਇਨਕਰੀਜ਼ ਕਰ ਦੇਵੇ । ਮੈਂ ਸਰਕਾਰ ਨੂੰ ਇਨ੍ਹਾਂ ਦੀ ਮੰਗ ਨੂੰ ਮੰਨਣ ਲਈ ਅਪੀਲ ਕਰਦੀ ਹਾਂ ।

ਸਰਦਾਰ ਗੋਬਿੰਦ ਸਿੰਘ ਕਾਂਝਲਾ : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਐਸ. ਪੀ. ਓ. ਨੂੰ ਰੈਗੂਲਰ ਕਰਨ ਵਾਸਤੇ ਸਰਕਾਰ ਨੇ ਉਦਮ ਕੀਤਾ ਹੈ, ਇਸ ਲਈ ਮੈਂ ਬਾਦਲ ਸਾਹਿਬ ਦੀ ਸਰਕਾਰ ਦਾ ਧੰਨਵਾਦ ਕਰਦਾ ਹਾਂ । ਐਸ. ਪੀ. ਓਜ਼. ਦੇ ਨਾਲ ਨਾਲ ਹੋਮ ਗਾਰਡਜ਼ ਦੇ ਨੌਜਵਾਨਾਂ ਨੇ ਵੀ ਅੱਤਵਾਦ ਦੇ ਸਮੇਂ ਆਪਣੀ ਡਿਊਟੀ ਚੰਗੀ ਤਰ੍ਹਾਂ ਨਿਭਾਈ ਹੈ ਤੇ ਕੋਈ ਕਸਰ ਨਹੀਂ ਛੱਡੀ । ਮੈਂ ਬੇਨਤੀ ਕਰਾਂਗਾ ਕਿ ਐਸ. ਪੀ. ਓਜ਼. ਦੇ ਨਾਲ ਨਾਲ ਹੋਮ ਗਾਰਡਜ਼ ਨੂੰ ਵੀ ਰੈਗੂਲਰ ਕੀਤਾ ਜਾਵੇ ਅਤੇ ਉਨ੍ਹਾਂ ਦੇ ਵੇਤਨ ਵੀ ਵਧਾਏ ਜਾਣ ।

ਐਸ. ਐਸ. ਪੀ. ਦੇ ਦਫਤਰ ਵਿਚ ਕੰਪਿਊਟਰ ਓਪਰੇਟਰ ਲੱਗੇ ਹੋਏ ਹਨ ਅਤੇ ਉਹ ਵੀ ਐਸ. ਪੀ. ਓ. ਦੇ ਰੈਂਕ ਦੇ ਹਨ । ਉਨ੍ਹਾਂ ਕੰਪਿਊਟਰ ਓਪਰੇਟਰਾਂ ਨੂੰ ਵੀ ਰੈਗੂਲਰ ਕਰਨ ਬਾਰੇ ਸਰਕਾਰ ਨੂੰ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ । ਕੰਪਿਊਟਰ ਓਪਰੇਟਰਾਂ ਅਤੇ ਹੋਮ ਗਾਰਡਜ਼ ਵਾਲਿਆਂ ਦੀਆਂ ਤਨਖਾਹਾਂ ਵੀ ਵਧਾਈਆਂ ਜਾਣ ਅਤੇ ਉਨ੍ਹਾਂ ਨੂੰ ਰੈਗੂਲਰ ਕਰਨ ਬਾਰੇ ਵੀ ਉਦਮ ਕੀਤੇ ਜਾਣ ।

———

CALL ATTENTION NOTICES UNDER RULE 66

(ਕ੍ਰਮ ਨੰ: 16)

ਕਾਮਰੇਡ ਹਰਦੇਵ ਅਰਸ਼ੀ
ਕਾਮਰੇਡ ਅਜੈਬ ਸਿੰਘ ਰੌਂਤਾ } : ਸ੍ਰੀ ਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਪੰਜਾਬੀ ਲੋਕਾਂ ਦੀ ਵੱਡੀ ਗਿਣਤੀ ਨੇ ਬਹੁਤ ਸਾਲ ਪਹਿਲੇ ਯੂ. ਪੀ. ਵਿਚ ਬੇਆਬਾਦ ਜ਼ਮੀਨ ਨੂੰ ਖਰੀਦ ਕੇ ਵਾਹੀ ਯੋਗ ਬਣਾਇਆ ਸੀ । ਉਨ੍ਹਾਂ ਨੂੰ ਯੂ. ਪੀ. ਸਰਕਾਰ ਵਲੋਂ ਉਜਾੜੇ ਜਾਣ ਦੀਆਂ ਰੋਜ਼ ਚਿੰਤਾਜਨਕ ਖਬਰਾਂ ਪੁੱਜ ਰਹੀਆਂ ਹਨ । ਉਕਤ ਜ਼ਮੀਨਾਂ

[ਕਾਮਰੇਡ ਹਰਦੇਵ ਅਰਸ਼ੀ]

ਉੱਪਰ ਸਥਿਤ ਪੰਜਾਬੀ ਕਿਸਾਨਾਂ ਵਿੱਚ ਸਖਤ ਗੁੱਸਾ ਤੇ ਨਿਰਾਸ਼ਤਾ ਪਾਈ ਜਾ ਰਹੀ ਹੈ। ਪੰਜਾਬੀ ਕਿਸਾਨਾਂ ਦੀ ਰਾਖੀ ਲਈ ਯੂ. ਪੀ. ਸਰਕਾਰ ਨਾਲ ਕਿਵੇਂ ਤਾਲਮੇਲ ਕਰ ਰਹੀ ਹੈ, ਇਸ ਬਾਰੇ ਸਬੰਧਤ ਮੰਤਰੀ ਜੀ ਹਾਊਸ ਵਿਚ ਬਿਆਨ ਦੇਣ ਦੀ ਖੇਚਲ ਕਰਨ।

ਵਿੱਤ, ਯੋਜਨਾ ਅਤੇ ਲੋਕ ਸੰਪਰਕ ਮੰਤਰੀ (ਕੈਪਟਨ ਕੰਵਲਜੀਤ ਸਿੰਘ) : ਡਿਪਟੀ ਸਪੀਕਰ ਸਾਹਿਬ, ਇਹ ਇਕ ਬੇਹੱਦ ਅਹਿਮ ਮਸਲਾ ਹੈ ਅਤੇ ਪੰਜਾਬ ਸਰਕਾਰ ਇਸ ਮਸਲੇ ਨੂੰ ਬੜੀ ਗੰਭੀਰਤਾ ਨਾਲ ਲੈ ਰਹੀ ਹੈ। ਜਿਉਂ ਹੀ ਇਸ ਬਾਰੇ ਜਾਣਕਾਰੀ ਮਿਲੀ, ਅਸੀਂ ਉੱਤਰ ਪ੍ਰਦੇਸ਼ ਦੀ ਸਰਕਾਰ ਨਾਲ ਸੰਪਰਕ ਕਰਕੇ ਇਹ ਮਸਲਾ ਉਠਾਇਆ ਹੈ। ਉਦੋਂ ਹੀ ਮੁੱਖ ਮੰਤਰੀ ਸਾਹਿਬ ਨੂੰ ਜ਼ੋਰ ਨਾਲ ਬੇਨਤੀ ਕੀਤੀ ਗਈ ਹੈ ਕਿ ਉਹ ਜਾਤੀ ਤੌਰ ਤੇ ਇਸ ਮਸਲੇ ਨੂੰ ਨਜਿੱਠਣ ਅਤੇ ਸਭ ਲੋੜੀਂਦੇ ਕਦਮ ਉਠਾਕੇ ਇਹ ਯਕੀਨੀ ਬਣਾਉਣ ਕਿ ਲੰਬੇ ਅਰਸੇ ਤੋਂ ਉਥੇ ਵਸੇ ਹੋਏ ਪੰਜਾਬੀਆਂ ਨੂੰ ਕਿਸੇ ਤਰ੍ਹਾਂ ਵੀ ਪ੍ਰੇਸ਼ਾਨ ਨਾ ਕੀਤਾ ਜਾਵੇ। ਇਹ ਮਿਹਨਤਕਸ਼ ਕਿਸਾਨਾਂ ਨੇ ਆਪਣੇ ਲਹੂ-ਪਸੀਨੇ ਨੂੰ ਇਕ ਕਰਕੇ ਵਿਰਾਨ ਬੰਜਰ ਇਲਾਕਿਆਂ ਵਿਚ ਖੁਸ਼ਹਾਲੀ ਲਿਆਂਦੀ ਹੈ। ਪੰਜਾਬ ਸਰਕਾਰ ਇਸ ਮਸਲੇ ਤੇ ਯੂ. ਪੀ. ਸਰਕਾਰ ਨਾਲ ਰਾਬਤਾ ਬਣਾਕੇ ਰੱਖੇਗੀ ਅਤੇ ਹਰ ਹੀਲੇ ਇਨ੍ਹਾਂ ਬਹਾਦਰ ਪੰਜਾਬੀਆਂ ਦੇ ਹਿੱਤਾਂ ਉਤੇ ਪਹਿਰਾ ਦੇਵੇਗੀ। ਸਥਿਤੀ ਦਾ ਮੌਕੇ ਉਤੇ ਜਾਇਜ਼ਾ ਲੈਣ ਲਈ ਅਸੀਂ ਦੋ (2) ਕੈਬਨਿਟ ਮੰਤਰੀ, ਮੈਂ ਖੁਦ ਅਤੇ ਮੇਰੇ ਸਾਥੀ ਖੁਰਾਕ ਅਤੇ ਸਪਲਾਈ ਮੰਤਰੀ ਸ਼੍ਰੀ ਮਦਨ ਮੋਹਨ ਮਿੱਤਲ ਦੀ, ਸਾਡੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਵਲੋਂ ਇਹ ਜ਼ਿੰਮੇਂਵਾਰੀ ਲਾਈ ਗਈ ਹੈ ਕਿ ਅਸੀਂ ਮੌਕੇ ਤੇ ਜਾਈਏ ਅਤੇ ਮੌਕੇ ਤੇ ਜਾਇਜ਼ਾ ਲਈਏ। ਯੂ. ਪੀ. ਸਰਕਾਰ ਦੇ ਨਾਲ ਇਨ੍ਹਾਂ ਕਿਸਾਨਾਂ ਦੀਆਂ ਮੁਸ਼ਕਲਾਂ ਦੇ ਸਬੰਧ ਵਿਚ ਅਸੀਂ ਗੱਲਬਾਤ ਕਰਾਂਗੇ ਅਤੇ ਉਨ੍ਹਾਂ ਨੂੰ ਰਾਹਤ ਦਿਵਾਉਣ ਦਾ ਉਪਰਾਲਾ ਕਰਾਂਗੇ। ਡਿਪਟੀ ਸਪੀਕਰ ਸਾਹਿਬ, ਇਸ ਮਹਾਨ ਸਦਨ ਦਾ ਜੋ ਸੈਸ਼ਨ ਚਲ ਰਿਹਾ ਹੈ, ਇਸ ਦੇ ਉੱਠ ਜਾਣ ਤੋਂ ਬਾਅਦ ਅਸੀਂ ਯੂ. ਪੀ. ਜਾਵਾਂਗੇ ਤਾਂ ਕਿ ਇਸ ਮਸਲੇ ਨੂੰ ਗੰਭੀਰਤਾ ਦੇ ਨਾਲ ਵਿਚਾਰਕੇ ਇਸਦਾ ਕੋਈ ਹੱਲ ਕੱਢਿਆ ਜਾ ਸਕੇ। ਔਰ ਜੋ ਸਾਡੇ ਪੰਜਾਬੀਆਂ ਨੂੰ ਸਹਾਰਾ ਦੇਣ ਦੀ ਲੋੜ ਹੈ, ਉਸਦੇ ਬਾਰੇ ਪਹਿਲ ਦੇ ਆਧਾਰ ਤੇ ਸਾਡੀ ਸਰਕਾਰ ਕੰਮ ਕਰ ਰਹੀ ਹੈ।

ਕਾਮਰੇਡ ਹਰਦੇਵ ਅਰਸ਼ੀ : ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਵਾਸਤੇ ਇਨ੍ਹਾਂ ਦਾ ਧੰਨਵਾਦੀ ਹਾਂ ਕਿ ਸਰਕਾਰ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੂਰੀ ਗੰਭੀਰਤਾ ਨਾਲ ਉਤਰ ਦਿੱਤਾ ਹੈ ਅਤੇ ਜਿਹੜੀਆਂ ਸਰਕਾਰ ਵਲੋਂ ਐਫਰਟਸ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਬਾਰੇ ਪੂਰੀ ਜਾਣਕਾਰੀ ਆਪਣੇ ਉੱਤਰ ਵਿੱਚ ਵਿੱਤ ਮੰਤਰੀ ਸਾਹਿਬ ਨੇ ਦਿੱਤੀ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਸਰਕਾਰ ਇਸ ਮਾਮਲੇ ਬਾਰੇ ਪੂਰੀ ਚਿੰਤਿਤ ਹੈ ਅਤੇ ਗੰਭੀਰਤਾ ਨਾਲ ਇਸ ਪਾਸੇ ਵੱਲ ਯਤਨ ਕਰ ਰਹੀ ਹੈ। ਇਹ ਬਹੁਤ ਹੀ ਗੰਭੀਰ ਮਾਮਲਾ ਹੈ ਕਿ ਯੂ. ਪੀ. ਵਿਚ ਬੀ. ਜੇ. ਪੀ. ਅਤੇ ਬਹੁਜਨ ਸਮਾਜ ਪਾਰਟੀ ਦੀ ਸਾਂਝੇ ਤੌਰ ਤੇ ਬਣੀ ਸਰਕਾਰ ਗੈਰ ਪੰਜਾਬੀ ਰੁੱਖ ਅਪਣਾ ਰਹੀ ਹੈ। ਮੈਂ ਇਕ ਚੀਜ਼ ਇਥੇ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਐਫਰਟਸ ਸਾਡੀ ਸਰਕਾਰ ਵੱਲੋਂ ਇਸ ਮਸਲੇ ਬਾਰੇ ਕੀਤੀਆਂ ਗਈਆਂ ਹਨ, ਕੋਈ ਕਾਰਗੁਜ਼ਾਰੀ ਪਰਫਾਰਮੈਂਸ

ਕੀਤੀ ਗਈ ਹੈ, ਸੀ. ਐਮ. ਸਾਹਿਬ ਦੇ ਜ਼ਰੀਏ ਗੱਲਬਾਤ ਫੋਨ ਰਾਹੀਂ ਕੋਈ ਕੀਤੀ ਗਈ ਹੈ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸਦਾ ਉਧਰੋਂ ਰਿਸਪਾਂਸ ਕੀ ਹੈ ? ਕੀ ਉਥੋਂ ਦੀ ਮੌਜੂਦਾ ਮੁੱਖ ਮੰਤਰੀ ਵਲੋਂ ਕੋਈ ਪਾਜ਼ਿਟਿਵ ਰਿਸਪਾਂਸ ਦਿੱਤਾ ਗਿਆ ਹੈ ਜਾਂ ਨਹੀਂ ? ਦੂਜੀ ਗੱਲ ਜਿਹੜੀ ਤੁਸੀਂ ਉਥੇ ਟੀਮ ਲੈ ਕੇ ਜਾ ਰਹੇ ਹੋ, ਇਹ ਬਹੁਤ ਅੱਛੀ ਗੱਲ ਹੈ, ਪਰ ਕੀ ਇਹ ਜ਼ਿਆਦਾ ਬੈਟਰ ਨਹੀਂ ਹੋਵੇਗਾ ਕਿ ਦੋ ਮੰਤਰੀਆਂ ਦੇ ਨਾਲ ਸਾਰੀਆਂ ਪਾਰਟੀਆਂ ਦਾ ਘੱਟੋ ਘੱਟ ਇਕ ਮੈਂਬਰ ਇਸ ਹਾਊਸ ਦੇ ਵਿਚੋਂ ਪੂਰੇ ਡੈਪੂਟੇਸ਼ਨ ਦੀ ਸ਼ਕਲ ਵਿਚ ਉਥੇ ਜਾਵੇ ਜਿਸ ਨਾਲ ਉਥੇ ਰਹਿੰਦੇ ਪੰਜਾਬੀਆਂ ਨੂੰ ਕਾਫੀ ਹੌਸਲਾ ਹੋਵੇਗਾ, ਹੁਣ ਇਹ ਦੱਸਣ ਕਿ ਜੋ ਉਥੋਂ ਸਰਕਾਰ ਵਲੋਂ ਕੋਈ ਪਾਜ਼ਿਟਿਵ ਰਿਸਪਾਂਸ ਆਇਆ ਹੈ ਜਾਂ ਨਹੀਂ ਆਇਆ ਅਤੇ ਕੀ ਵਿੱਤ ਮੰਤਰੀ ਜੀ ਮੇਰੀ ਦੂਜੀ ਪਰੋਪੋਜ਼ਲ ਬਾਰੇ ਵਿਚਾਰ ਕਰਨਗੇ ?

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹਵਾਂਗਾ ਕਿ ਇਸ ਗੱਲ ਬਾਰੇ ਮੁੱਖ ਮੰਤਰੀ ਸਾਹਿਬ ਨੇ ਟੈਲੀਫੋਨ ਤੇ ਵੀ ਯੂ.ਪੀ. ਦੀ ਮੁੱਖ ਮੰਤਰੀ ਨਾਲ ਰਾਬਤਾ ਕਾਇਮ ਕੀਤਾ ਹੈ ਅੌਰ ਕੱਲ੍ਹ ਹੀ ਉਨ੍ਹਾਂ ਨੇ ਇਕ ਬਹੁਤ ਵਿਸ਼ੇਸ਼ ਪੱਤਰ ਯੂ. ਪੀ. ਦੀ ਮੁੱਖ ਮੰਤਰੀ ਨੂੰ ਲਿਖਿਆ ਹੈ ਜਿਸ ਦੇ ਵਿਚ ਸਾਰੇ ਮਸਲੇ ਦੀ ਗੰਭੀਰਤਾ ਨੂੰ ਉਨ੍ਹਾਂ ਦੇ ਨੋਟਿਸ ਵਿਚ ਲਿਆਂਦਾ ਹੈ। ਯੂ. ਪੀ. ਦੀ ਮੁੱਖ ਮੰਤਰੀ ਸਾਹਿਬਾ ਵਲੋਂ ਇਸ ਪੱਤਰ ਦੇ ਜਵਾਬ ਦੀ ਅਸੀਂ ਉਡੀਕ ਕਰ ਰਹੇ ਹਾਂ। ਲੇਕਿਨ ਜੋ ਇਨ੍ਹਾਂ ਨੇ ਕਿਹਾ ਹੈ ਕਿ ਸਾਡੇ ਨਾਲ ਇਹ ਜਾਣਾ ਚਾਹੁੰਦੇ ਹਨ, ਜੇ ਜੋ ਮਾਨਯੋਗ ਮੈਂਬਰ ਸਾਹਿਬ ਇਸ ਟੀਮ ਵਿਚ ਮੈਂਬਰ ਬਣਨਾ ਚਾਹੁਣਗੇ, ਅਸੀਂ ਸਵਾਗਤ ਕਰਾਂਗੇ। (ਥੰਪਿੰਗ)।

Mr. Deputy Speaker: Next Call Attention.

श्रीमती लक्ष्मी कांता चावला : उप सभापति जी, मैं अपना विशेष ध्यानाकर्षण प्रस्ताव आपके सामने रखती हूं परन्तु पहले मैं यह जरूर कहना चाहूंगी कि मैं जो कुछ भी भेजती हूं आपको, सैक्रेटरी साहिब को, यह सब हिन्दी में होता है परन्तु बाद में देखती हूं कि उसका अनुवाद अंग्रेजी में मिलता है और वह अनुवाद भी हमेशा ठीक नहीं होता। "मैं सरकार का ध्यान एक बहुत ही महत्वपूर्ण लोकहित विषय की ओर दिलाना चाहती हूं कि अमृतसर के गुरु नानक देव अस्पताल तथा और सरकारी हस्पतालों में एक्स-रे मशीन भी है, एक्स-रे आपरेटर भी हैं लेकिन एक्स-रे फिल्मों की बहुत कमी है जिसके कारण मरीजों को अत्याधिक कठिनाई का सामना करना पड़ रहा है या तो उनको प्राईवेट अस्पतालों में जाना पड़ता है और उनमें से भी कई रोगियों की बीमारी इतनी भयानक होती है कि उनको दूर हस्पताल लेजाना उनके लिए बहुत घातक सिध होता है (विघन)

[श्रीमती लक्ष्मी कांता चावला]

सरकार ने इसके बारे में क्या किया है, यह बताएं। यह मेरा ध्यानाकर्षण प्रस्ताव नं: 20 है।

(संख्या: 20 और 35)

श्रीमती लक्ष्मी कांता चावला
डाक्टर बलदेव राज चावला } :—श्रीमान जी, मैं सरकार का ध्यान जनहित के एक अत्यन्त आवश्यक विषय की ओर आकर्षित करना चाहती हूं अर्थात् :

अमृतसर के सरकारी हस्पतालों में ऐक्सरे फिल्म इन दिनों खत्म है। अनेक रोगी प्रतिदिन परेशान हो रहे हैं; उन्हें प्राइवेट ऐक्सरे मालिकों से मोटी रकम देकर ऐक्सरे करवानी पड़ती है। बहुत बार रोगी का हस्पताल से शहर ले जाना भी उस के जीवन के लिए खतरनाक होता है। सरकार अमृतसर के सरकारी हस्पतालों में ऐक्सरे फिल्म का शीघ्र प्रबन्ध करवाए और इस सम्बन्ध में सदन में वक्तव्य दे।

महत्व : यह प्रश्न रोगियों के जीवन से जुड़ा है; इस लिए सरकार इस ओर शीघ्र ध्यान देकर कार्यवाही करे तथा इसे स्वीकार करे।

Minister For Local Government Health and Family Welfare (Shri Balram ji Dass Tandon) : Three Government hospitals are working at Amritsar i.e. S.G.T.B./Guru Nanak Dev T.B. Sanatorium and a hospital attached to Dental College, where X-rays are being done.

Shortage of X-rays films in these hospitals was faced at times during the period 1996-97. Shortages were met by arranging films from Medical College, Patiala, from certain Civil Surgeons, District Tuberculosis Officers and Red Cross. With the help of supplies received from these sources about 120 X-rays per day are being done at S.G.T.B./Guru Nanak Dev Hospital and Dental Hospital combined. This meets about 40% of the normal requirements of these hospitals.

In order to effect bulk purchases and adequate supply of X-ray films, tenders were finalised by the Departmental Purchase Committee but the purchases could not materialise due to the shortage of funds. Now on the advice of Controller of Stores, Punjab, the firms were asked to give their consent to supply material on standard Govt. guidelines.

Action to finalise the purchase will be taken up immediately on the release of the budget for the year 1997-98.

श्रीमती लक्ष्मी कांता चावला : उपा-अध्यक्ष महोदय, मेरे कहने का असर यह हुआ है कि पहले लिखा हुआ अंग्रेजी में लिखा था, अब उत्तर भी अंग्रेजी में मिला है, उपा-अध्यक्ष महोदय जी, मैं मंत्री जी से केवल इतना ही स्पष्टीकरण लेना है इसमें 2-3 चीजें काम करती हैं । हमेशा फंडज की कमी बताई जाती है । घर में भी खिलौना और दवाई खरीदनी हो तो पहले दवाई ही खरीदी जाती है और खिलौना बाद में । इसी तरह मरीजों के लिए फंडज पहले रखने चाहिए । पिछली गवर्नमैंट ने भी इस के लिए फंड नहीं रखा था और अब इस गवर्नमैंट के व्यवहार में भी कोई परिवर्तन नहीं आया है। हस्पतालों के आस पास प्राईवेट ऐक्स-रे वाले काम करते हैं । उन की भी कोशिश होती है कि सरकारी हस्पतालों में मशीन कम चले । सरकारी डाक्टर मरीजों को उन के पास भेजते हैं और डाक्टरों को उन से काफी मोटी कमिशन मिलती है । यह लोगों की जिंदगी का प्रश्न है, इस लिए कहीं और से खर्चों में कटौती करके हस्पतालों में फिल्म और रेडियोथैरापी सब से पहले दी जाए । मनुष्य की जिंदगी से बड़ी कोई चीज नहीं है ।

ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਦੱਸਿਆ ਹੈ ਕਿ ਅਸੀਂ ਪ੍ਰਬੰਧ ਕਰਦੇ ਪਏ ਹਾਂ । ਇਹ ਬਜਟ ਪਾਸ ਹੋ ਜਾਵੇ ਤਾਂ ਇਸ ਕੰਮ ਵਾਸਤੇ ਫੰਡ ਪ੍ਰਾਪਤ ਕਰਕੇ ਉਪਰਾਲੇ ਕਰਾਂਗੇ ਤਾਂ ਕਿ ਇਹ ਸ਼ਾਰਟੇਜ ਨਾ ਰਹੇ ।

(ਕ੍ਰਮ ਨ: 22)

ਸਰਦਾਰ ਗੁਰਦੇਵ ਸਿੰਘ ਸਿੱਧੂ : ਸ੍ਰੀ ਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਪਿਕਾਡਲੀ ਸ਼ੂਗਰ ਮਿੱਲ, ਪਾਤੜਾਂ ਦੁਆਰਾ ਕਿਸਾਨਾ ਨੂੰ ਗੰਨੇ ਦੀ ਕੀਮਤ ਦੀ ਨਾ-ਅਦਾਇਗੀ ਇਸ ਮਿੱਲ ਦੁਆਰਾ ਇਲਾਕੇ ਦੇ ਹਜ਼ਾਰਾਂ ਗੰਨਾ ਉਤਪਾਦਕਾਂ ਨੂੰ ਗੰਨੇ ਦੀ ਅਦਾਇਗੀ ਕਈ ਹਫਤੇ ਨਹੀਂ ਕੀਤੀ ਜਾ ਰਹੀ, ਜਿਸ ਕਾਰਣ ਕਿਸਾਨਾਂ ਵਿਚ ਭਾਰੀ ਰੋਸ ਅਤੇ ਬੇਚੈਨੀ ਹੈ । ਉਨ੍ਹਾਂ ਨੂੰ ਇਹ ਵੀ ਅੰਦੇਸ਼ਾ ਹੈ ਕਿ ਕਿਤੇ ਮਿੱਲ ਮਾਲਕ ਉਨ੍ਹਾਂ ਦੀ ਪੇਮੈਂਟ ਲੈ ਕੇ ਭੱਜ ਹੀ ਨਾ ਜਾਣ ।

ਇਸ ਲਈ, ਸਰਕਾਰ ਨੂੰ ਬੇਨਤੀ ਹੈ ਕਿ ਉਹ ਕਿਸਾਨਾਂ ਨੂੰ ਗੰਨੇ ਦੀ ਪੇਮੈਂਟ ਨੂੰ ਯਕੀਨੀ ਬਣਾਉਣ ਲਈ ਸਦਨ ਵਿਚ ਬਿਆਨ ਦੇਵੇ ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ (ਸਰਦਾਰ ਗੁਰਦੇਵ ਸਿੰਘ ਬਾਦਲ) : ਡਿਪਟੀ ਸਪੀਕਰ ਸਾਹਿਬ, ਪਿਕਾਡਲੀ ਖੰਡ ਮਿੱਲ, ਪਾਤੜਾਂ, ਵੱਲੋਂ ਸਾਲ 1996-97 ਦੌਰਾਨ ਤਕਰੀਬਨ 35 ਲੱਖ ਕੁਇੰਟਲ ਗੰਨਾ ਪੀੜਨ ਲਈ ਖਰੀਦਿਆ ਗਿਆ ਸੀ ਜਿਸ ਦੀ ਕਿਸਾਨਾਂ ਨੂੰ ਕੁੱਲ ਦੇਣਯੋਗ ਕੀਮਤ 26.21 ਕਰੋੜ ਰੁਪਏ ਬਣਦੀ ਸੀ ਜਿਸ ਵਿਚੋਂ ਹੁਣ ਤੱਕ ਖੰਡ ਮਿੱਲ ਵੱਲੋਂ 24.51 ਕਰੋੜ ਰੁਪਏ ਦੀ ਅਦਾਇਗੀ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ ਅਤੇ ਕੇਵਲ 1.70 ਕਰੋੜ ਰੁਪਏ ਦੀ ਕੀਮਤ ਦੀ ਅਦਾਇਗੀ ਮਿੱਲ ਵੱਲੋਂ ਅਜੇ ਕਰਨੀ ਬਾਕੀ ਰਹਿੰਦੀ ਹੈ । ਖੰਡ ਮਿੱਲ ਵੱਲੋਂ

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ]

ਮਿਤੀ 30.6.97 ਤੱਕ ਬਕਾਇਆ ਕੀਮਤ ਦੀ ਅਦਾਇਗੀ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਇਸ ਬਕਾਇਆ ਰਹਿੰਦੀ ਕੀਮਤ ਦੀ ਅਦਾਇਗੀ ਜਲਦੀ ਕਰਵਾਉਣ ਲਈ ਸਰਕਾਰ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ। ਸਿਰਫ 1.70 ਕਰੋੜ ਰੁਪਿਆ ਬਾਕੀ ਰਹਿ ਗਿਆ ਹੈ ਜੀ।

ਸਰਦਾਰ ਗੁਰਦੇਵ ਸਿੰਘ ਸਿੱਧੂ : ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਨੇ ਅੰਕੜੇ ਬਿਲਕੁਲ ਠੀਕ ਦੱਸੇ ਹੋਣਗੇ ਪਰ ਮਿੱਲ ਵਾਲਿਆਂ ਦੇ ਜਿਹੜੇ ਨੁਮਾਇੰਦੇ ਉਥੇ ਬੈਠੇ ਹਨ, ਉਹ ਕਿਸਾਨਾਂ ਨੂੰ ਭਰੋਸਾ ਦਿੰਦੇ ਹਨ ਕਿ ਇਹ ਅਦਾਇਗੀ ਉਹ ਕਦੋਂ ਦੇਣਗੇ ਉਲਟਾ ਉਹ ਗਾਲ੍ਹਾਂ ਕਢੱਦੇ ਹਨ, ਮੰਦਾ ਬੋਲਦੇ ਹਨ ਅਤੇ ਡਾਂਗਾਂ ਮਾਰਦੇ ਹਨ। ਕਿਸਾਨ ਕਹਿੰਦੇ ਹਨ ਕਿ ਸਾਨੂੰ ਪੇਮੈਂਟ ਨਹੀਂ ਹੋ ਰਹੀ। ਜੇ ਮੰਤਰੀ ਜੀ ਚਾਹੁਣ ਤਾਂ ਮੈਂ ਇਲਾਕੇ ਦੇ ਲੋਕਾਂ ਦੀਆਂ ਗੰਨੇ ਦੀਆਂ ਪਰਚੀਆਂ ਸਦਨ ਦੀ ਟੇਬਲ ਤੇ ਰੱਖ ਦਿੰਦਾ ਹਾਂ। ਜਦੋਂ ਮਿੱਲ ਸ਼ੁਰੂ ਵੀ ਨਹੀਂ ਹੋਈ ਸੀ, ਉਦੋਂ ਤੋਂ ਕਿਸਾਨਾਂ ਦੀ ਪੇਮੈਂਟ ਅਧੂਰੀ ਪਈ ਹੈ। ਇਸ ਅਦਾਇਗੀ ਵਾਸਤੇ ਯਕੀਨ ਦਿਵਾਇਆ ਜਾਵੇ।

ਸ੍ਰੀ ਡਿਪਟੀ ਸਪੀਕਰ : ਤੁਸੀਂ ਜਿਹੜਾ ਸਪਸ਼ਟੀਕਰਣ ਮੰਗ ਰਹੇ ਹੋ, ਉਸ ਦੀ ਸਮਝ ਤਾਂ ਮੈਨੂੰ ਵੀ ਨਹੀਂ ਆਈ, ਇਨ੍ਹਾਂ ਨੂੰ ਕਿਥੋਂ ਆਵੇਗੀ।

ਸਰਦਾਰ ਗੁਰਦੇਵ ਸਿੰਘ ਸਿੱਧੂ : ਗੰਨਾ ਮਾਲਕਾਂ ਨੂੰ ਪੇਮੈਂਟ ਨਹੀਂ ਹੋਈ, ਕਿਸਾਨਾਂ ਦੀ ਅਦਾਇਗੀ ਨਹੀਂ ਕੀਤੀ ਗਈ। ਗੰਨਾ ਮਾਲਕਾਂ ਨੂੰ ਉਥੇ ਗਿਆ ਨੂੰ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ, ਜਿਹੜਾ ਮਿੱਲ ਦਾ ਮਾਲਕ ਹੈ ਉਹ ਹਿੰਦੁਸਤਾਨ ਦੀ ਇਕ ਉਚ ਪਦਵੀ ਤੇ ਬਿਰਾਜਮਾਨ ਇਕ ਅਧਿਕਾਰੀ ਦਾ ਰਿਸ਼ਤੇਦਾਰ ਹੈ। ਉਹ ਕਿਸੇ ਦੀ ਵੀ ਪਰਵਾਹ ਨਹੀਂ ਕਰਦਾ ਔਰ ਕਿਸਾਨਾਂ ਨੂੰ ਥਰੈਟ ਕਰਦਾ ਹੈ। ਉਹ ਰਾਸ਼ਟਰਪਤੀ ਦਾ ਰਿਸ਼ਤੇਦਾਰ ਹੈ। ਮੰਤਰੀ ਜੀ ਇਸ ਸਬੰਧੀ ਸਪਸ਼ਟੀਕਰਨ ਦੇਣ ਦੀ ਖੇਚਲ ਕਰਨ।

ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਮਿੱਲ ਸਾਡੇ ਪੰਜਾਬ ਦੀਆਂ ਸਭ ਤੋਂ ਵਧੀਆ ਮਿੱਲਾਂ ਵਿੱਚੋਂ ਇੱਕ ਖੰਡ ਮਿੱਲ ਹੈ ਜਿਸ ਦੇ ਵੱਲ 24.54 ਕਰੋੜ ਰੁਪਿਆ ਸੀ ਔਰ ਉਨ੍ਹਾਂ ਨੇ ਲੱਗਭੱਗ ਸਾਰਾ ਪੈਸਾ ਦੇ ਦਿੱਤਾ ਹੈ ਬਾਕੀ ਸਿਰਫ 1.70 ਕਰੋੜ ਰਹਿ ਗਿਆ ਹੈ। ਉਨ੍ਹਾਂ ਨੇ ਸਾਡੇ ਨਾਲ ਲਿਖਤੀ ਵਾਅਦਾ ਕੀਤਾ ਹੈ। ਕਿ ਅਸੀਂ ਬਹੁਤ ਜਲਦੀ ਮਿਤੀ 30-6-97 ਤੱਕ ਰਹਿੰਦੀ ਪੇਮੈਂਟ ਵੀ ਕਰ ਦੇਵਾਂਗੇ। ਇਹ ਬਹੁਤ ਵੱਡੀ ਫਰਮ ਹੈ। ਇਨ੍ਹਾਂ ਦੇ ਏਥੋਂ ਭੱਜ ਕੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਹ ਫਿਕਰ ਨਾ ਕਰਨ। ਇਨ੍ਹਾਂ ਮਿੱਲ ਵਾਲਿਆਂ ਨੇ ਸਾਡੇ ਨਾਲ ਲਿਖਤੀ ਵਾਅਦਾ ਕੀਤਾ ਹੈ, ਇਹ ਭੱਜਣਗੇ ਨਹੀਂ।

ਸਰਦਾਰ ਗੁਰਦੇਵ ਸਿੰਘ ਸਿੱਧੂ : ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ..

ਸ੍ਰੀ ਡਿਪਟੀ ਸਪੀਕਰ : ਬੱਸ ਜੀ, ਸਿੱਧੂ ਸਾਹਿਬ, ਤੁਹਾਡਾ ਟਾਈਮ ਖਤਮ ਹੋ ਗਿਆ, ਹੋਰ ਨਹੀਂ।

ਸਰਦਾਰ ਗੁਰਦੇਵ ਸਿੰਘ ਸਿੱਧੂ : ਡਿਪਟੀ ਸਪੀਕਰ ਸਾਹਿਬ, ਇਹ ਕਿਸਾਨਾਂ ਦਾ ਮਸਲਾ ਹੈ । ਜਿਸ ਮਿਲ ਨੂੰ ਇਨ੍ਹਾਂ ਨੇ ਚੰਗੀ ਹੋਣ ਦਾ ਖਿਤਾਬ ਦਿੱਤਾ ਹੈ, ਬਹੁਤ ਵਧੀਆ ਕਿਹਾ ਹੈ . . . .

ਸ੍ਰੀ ਡਿਪਟੀ ਸਪੀਕਰ , ਸਿੱਧੂ ਸਾਹਿਬ, ਸਦਨ ਦੇ ਕੁਝ ਨਿਯਮ ਹਨ । ਤੁਸੀਂ ਸਪਸ਼ਟੀਕਰਨ ਪੁੱਛਿਆ ਸੀ, ਉਹ ਹੁਣ ਹੋ ਗਿਆ ਹੈ । ਤੁਸੀਂ ਹੁਣ ਦੁਬਾਰਾ ਫਿਰ ਕਿਉਂ ਖੜ੍ਹੇ ਹੋ ਗਏ । ਤੁਸੀਂ ਬੈਠਣ ਦੀ ਖੇਚਲ ਕਰੋ । ਅਸੀਂ ਕਿਸੇ ਨਿਯਮ ਦੇ ਤਹਿਤ ਹੀ ਪੁੱਛ ਸਕਦੇ ਹਾਂ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਇਹ ਕਿਸਾਨਾਂ ਦਾ ਮਸਲਾ ਹੈ ਉਨ੍ਹਾਂ ਨੂੰ ਪੇਮੈਂਟ ਨਹੀਂ ਕੀਤੀ ਗਈ. . . .

ਸ੍ਰੀ ਡਿਪਟੀ ਸਪੀਕਰ : ਇਸ ਤਰ੍ਹਾਂ ਬਿਨਾਂ ਆਗਿਆ ਤੋਂ ਸਦਨ ਦੇ ਅੰਦਰ ਬੋਲਣ ਨਾਲ ਕੋਈ ਕਾਰਵਾਈ ਰਿਕਾਰਡ ਨਹੀਂ ਹੋਏਗੀ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਇਹਦਾ ਮਤਲਬ ਹੈ ਕਿ ਤੁਸੀਂ ਸਾਨੂੰ . .

ਸ੍ਰੀ ਡਿਪਟੀ ਸਪੀਕਰ : ਮੈਂ ਕਹਿ ਰਿਹਾ ਹਾਂ ਕਿ ਤੁਸੀਂ ਸਵਾਲ ਪੁੱਛਣਾ ਸੀ, ਉਹ ਉਹ ਤੁਸੀਂ ਪੁੱਛ ਲਿਆ । ਬਾਕੀ ਜੇ ਤੁਸੀਂ ਕੋਈ ਹੋਰ ਗੱਲ ਪੁੱਛਣੀ ਹੈ ਤਾਂ ਉਹਦੇ ਵਾਸਤੇ ਤੁਸੀਂ ਮੰਤਰੀ ਜੀ ਨੂੰ ਮਿਲ ਲੈਣਾ । ਹਾਊਸ ਦੇ ਅੰਦਰ ਤਾਂ ਰੂਲਾਂ ਦੇ ਮੁਤਾਬਿਕ ਹੀ ਕਾਰਵਾਈ ਹੋ ਸਕਦੀ ਹੈ । ਇਕੋ ਹੀ ਕਲੈਰੀਫਿਕੇਸ਼ਨ ਮਿਲਣੀ ਸੀ ਉਹ ਕਲੈਰੀਫਿਕੇਸ਼ਨ ਤੁਸੀਂ ਲੈ ਚੁੱਕੇ ਹੋ । ਹੁਣ ਨੈਕਸਟ ਆਈਟਮ ਰੈਜ਼ੋਲਿਊਸ਼ਨ । ਸ੍ਰੀ ਭਗਵਾਨ ਦਾਸ ਅਰੋੜਾ ।

RESOLUTION RE. RECOMMENDING TO THE GOVERNMENT TO TAKE IMMEDIATE STEPS TO ENACT SUITABLE LEGISLATION TO ENFORCE UNIFIED SYLLABUS AND FEE STRUCTURE IN THE PRIVATE SCHOOLS RUNNING IN THE STATE

(This Resolution could not be moved as the hon. Member Shri Bhagwan Dass Arora was not present in the House).

ਸ੍ਰੀ ਡਿਪਟੀ ਸਪੀਕਰ : ਸ੍ਰੀ ਭਗਵਾਨ ਦਾਸ ਅਰੋੜਾ ਹਾਜ਼ਰ ਨਹੀਂ ਹਨ । ਅਗਲਾ ਰੈਜ਼ੋਲਿਊਸ਼ਨ ਚੌਧਰੀ ਜਗਜੀਤ ਸਿੰਘ ਮੂਵ ਕਰਨਗੇ ।

RESOLUTION RE. RECOMMENDING TO THE STATE GOVERNMENT TO TAKE IMMEDIATE STEPS TO ENACT SUITABLE LEGISLATION TO ENFORCE UNIFIELD SYLLABUS AND FEE STRUCTURE IN THE PRIVATE SCHOOLS RUNNING IN THE STATE

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਰੈਜ਼ੋਲਿਊਸ਼ਨ ਮੂਵ ਕਰਨ ਦਾ ਮੌਕਾ ਦਿੱਤਾ ਹੈ ।

Sir, I beg to move—

> 'This House recommends to the State Government to take immediate steps to enact suitable legislation to enforce unified syllabus and fee-structure in the private schools running in the State.'

ਡਿਪਟੀ ਸਪੀਕਰ ਸਾਹਿਬ, ਇਹ ਇਕ ਬੜਾ ਅਹਿਮ ਮਸਲਾ ਹੈ ਔਰ ਅੱਜ ਮੈਂ ਇਸ ਨੂੰ ਮੂਵ ਕਰਨ ਜਾ ਰਿਹਾ ਹਾਂ । ਅੱਜ ਇਸ ਗੱਲ ਦੀ ਬੜੀ ਲੋੜ ਹੈ ਕਿ ਜਿਹੜੀ ਸਾਡੀ ਵਿਦਿਆ ਪ੍ਰਣਾਲੀ ਹੈ . .

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ, ਬੈਠੋ, ਮੈਨੂੰ ਮੂਵ ਕਰਨ ਦਿਓ ਪਹਿਲਾਂ ।

Mr. Deputy Speaker : Motion moved—

> 'This House recommends to the State Government to take immediate steps to enact suitable legislation to enforce unified syllabus and fee structure in the private schools running in the State."

ਚੌਧਰੀ ਜਗਜੀਤ ਸਿੰਘ (ਕਰਤਾਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਵਿੱਚ ਬੜੀ ਲੋੜ ਹੈ ਕਿ ਜਿਹੜੀ ਸਾਡੀ ਵਿਦਿਅਕ ਪ੍ਰਣਾਲੀ ਹੈ ਉਸ ਨੂੰ ਬਹੁਤ ਅੱਛਾ ਬਣਾਇਆ ਜਾਏ ਔਰ ਪੰਜਾਬ ਵਿੱਚ ਜਿਹੜਾ ਵਿਦਿਆ ਦਾ ਪਸਾਰ ਹੈ ਉਸ ਨੂੰ ਅੱਛੇ ਢੰਗ ਦੇ ਨਾਲ, ਕੀਤਾ ਜਾਏ । ਮੈਂ ਏਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਜਿਹੜੇ ਪ੍ਰਾਈਵੇਟ ਸਕੂਲ ਹਨ ਔਰ ਜਿਹੜੇ ਸਕੂਲ ਨਾ ਤਾਂ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੀਏਟਿਡ ਹਨ ਔਰ ਨਾ ਪੰਜਾਬ ਸਰਕਾਰ ਵੱਲੋਂ ਕੋਈ ਰੀਕੋਗਨਾਈਜ਼ਡ/ ਹਨ, ਉਨ੍ਹਾਂ ਸਕੂਲਾਂ ਵਿੱਚ ਜਿਹੜੇ ਸਾਡੇ ਬੱਚੇ ਪੜ੍ਹਦੇ ਹਨ, ਉਨ੍ਹਾਂ ਬੱਚਿਆਂ ਪਾਸੋਂ ਸਕੂਲ ਫੀਸਾਂ ਆਪਣੇ ਆਪਣੇ ਤੌਰ ਤੇ ਲਈਆਂ ਜਾਂਦੀਆਂ ਹਨ ਔਰ ਇਸੇ ਤਰ੍ਹਾਂ ਜਿਹੜੇ ਸਿਲੇਬਸ ਹਨ, ਉਹ ਵੀ ਹਰ ਸਕੂਲ ਆਪਣੇ ਢੰਗ ਨਾਲ ਹੀ, ਲਗਾਉਂਦੇ ਹਨ । ਕੁਝ ਕਿਤਾਬਾਂ ਕਿਤੋਂ ਲੈ ਕੇ, ਕੁਝ

ਆਪਣੇ ਕੋਲੋਂ ਲਗਾ ਕੇ ਪੜ੍ਹਾਉਂਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਕਹਿਣਾ ਚਾਹਾਂਗਾ ਕਿ ਇਹ ਸਿਲੇਬਸ ਅਤੇ ਫੀਸਾਂ ਇਕੋ ਜਿਹੀਆਂ ਸਰਕਾਰੀ ਸਕੂਲਾਂ ਦੇ ਬਰਾਬਰ ਕਰਨੀਆਂ ਚਾਹੀਦੀਆਂ ਹਨ । ਇਹ ਇਕ ਬਹੁਤ ਅਹਿਮ ਗੱਲ ਹੈ । ਜੇ ਪੰਜਾਬ ਦੇ ਲੋਕਾਂ ਦੇ ਬੱਚਿਆਂ ਲਈ ਪ੍ਰਾਈਵੇਟ ਸਕੂਲਾਂ ਵਿਚ ਇਕੋ ਜਿਹਾ ਸਿਲੇਬਸ ਹੋਵੇਗਾ ਅਤੇ ਇਕੋ ਜਿਹੀਆਂ ਫੀਸਾਂ ਹੋਣਗੀਆਂ ਤਾਂ ਉਨ੍ਹਾਂ ਨੂੰ ਬਹੁਤ ਫਾਇਦਾ ਪਹੁੰਚੇਗਾ । ਕਿਉਂ ਜੋ ਕਈ ਵਾਰੀ ਇਸ ਤਰ੍ਹਾਂ ਹੁੰਦਾ ਹੈ ਕਿ ਜਿਹੜੇ ਨੌਕਰੀ ਪੇਸ਼ਾ ਲੋਕ ਹਨ, ਇੰਪਲਾਈ ਹਨ, ਉਹ ਅੱਜ ਇਕ ਜ਼ਿਲ੍ਹੇ ਵਿਚ ਹਨ, ਕੱਲ੍ਹ ਨੂੰ ਉਨ੍ਹਾਂ ਨੂੰ ਦੂਸਰੇ ਜ਼ਿਲ੍ਹੇ ਵਿਚ ਜਾਣਾ ਪੈਂਦਾ ਹੈ । ਉਸ ਹਾਲਤ ਵਿਚ ਉਨ੍ਹਾਂ ਨੂੰ ਆਪਣੇ ਬੱਚਿਆਂ ਵਾਸਤੇ ਸਕੂਲ ਬਦਲਣਾ ਪੈਂਦਾ ਹੈ । ਪਿਛਲੇ ਸਕੂਲ ਵਿਚ ਹੋਰ ਸਿਲੇਬਸ ਹੁੰਦਾ ਹੈ ਅਤੇ ਅੱਗੇ ਜਾ ਕੇ ਦੂਸਰੇ ਸਕੂਲ ਵਿਚ ਹੋਰ ਸਿਲੇਬਸ ਹੁੰਦਾ ਹੈ । ਇਸੇ ਤਰ੍ਹਾਂ ਫੀਸਾਂ ਵੀ ਵੱਖਰੀਆਂ ਵੱਖਰੀਆਂ ਹੁੰਦੀਆਂ ਹਨ । ਇਸ ਨਾਲ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਵਿਚ ਬੜਾ ਵਿਘਨ ਪੈਂਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹਾਂਗਾ ਕਿ ਅੱਜ ਕੱਲ੍ਹ ਪ੍ਰਾਈਵੇਟ ਸਕੂਲਾਂ ਦਾ ਬੜਾ ਟਰੈਂਡ ਚਲ ਪਿਆ ਹੈ । ਪੰਜਾਬ ਦੇ ਅੰਦਰ ਜਿਹੜੇ ਕੁਝ ਅਮੀਰ ਲੋਕ ਹਨ ਜਾਂ ਅਮੀਰ ਬਣ ਗਏ ਹਨ ਜਾਂ ਜਿਨ੍ਹਾਂ ਕੋਲ ਸਮਰੱਥਾ ਹੈ ਕਿ ਉਹ ਜ਼ਿਆਦਾ ਮਹਿੰਗੀਆਂ ਫੀਸਾਂ ਵਾਲੇ ਸਕੂਲਾਂ ਵਿਚ ਆਪਣੇ ਬੱਚਿਆਂ ਨੂੰ ਪੜ੍ਹਾ ਸਕਦੇ ਹਨ, ਉਹ ਸਾਰੇ ਹੀ ਆਪਣੇ ਬੱਚਿਆਂ ਨੂੰ ਚੰਗੇ ਚੰਗੇ ਪ੍ਰਾਈਵੇਟ ਸਕੂਲਾਂ ਵਿਚ ਭੇਜਦੇ ਹਨ ਜਿਥੇ ਕਿ ਖਾਸ ਕਰਕੇ ਵੱਡੀਆਂ ਵੱਡੀਆਂ ਫੀਸਾਂ ਲਈਆਂ ਜਾਂਦੀਆਂ ਹਨ । ਇਹ ਇਕ ਆਮ ਟਰੈਂਡ ਬਣ ਗਿਆ ਹੈ । ਜਿਹੜੇ ਲੋਕ ਪੈਸੇ ਵਾਲੇ ਹਨ, ਅਮੀਰ ਹਨ, ਉਹ ਇਹ ਨਹੀਂ ਵੇਖਦੇ ਕਿ ਇਸ ਸਕੂਲ ਦਾ ਸਟੈਂਡਰਡ ਕੀ ਹੈ, ਇਥੇ ਪੜ੍ਹਾਈ ਕਿੰਨੀ ਕੁ ਚੰਗੀ ਹੁੰਦੀ ਹੈ, ਉਥੇ ਸਿਲੇਬਸ ਕਿਸ ਤਰ੍ਹਾਂ ਦਾ ਪੜ੍ਹਾਇਆ ਜਾਂਦਾ ਹੈ । ਉਹ ਤਾਂ ਕੇਵਲ ਇਹ ਵੇਖਦੇ ਹਨ ਕਿ ਕਿਹੜੇ ਸਕੂਲ ਵਿਚ ਫੀਸਾਂ ਜ਼ਿਆਦਾ ਹਨ । ਕਈ ਪ੍ਰਾਈਵੇਟ ਸਕੂਲ ਐਸੇ ਹਨ ਜਿਹੜੇ ਕਿ ਕੋਠੀਆਂ ਵਿਚ, ਜਾਂ ਚਾਰ-ਚਾਰ ਜਾਂ ਪੰਜ-ਪੰਜ ਕਮਰਿਆਂ ਵਿਚ ਚਲਦੇ ਹਨ । ਉਨ੍ਹਾਂ ਪਾਸ ਕੋਈ ਸਕੂਲ ਦੀ ਚੰਗੀ ਬਿਲਡਿੰਗ ਨਹੀਂ, ਕੋਈ ਪਲੇ-ਗਰਾਊਂਡ ਨਹੀਂ, ਕੋਈ ਲੈਬ ਨਹੀਂ, ਕੋਈ ਲਾਇਬਰੇਰੀ ਨਹੀਂ ਅਤੇ ਹੋਰ ਜ਼ਰੂਰੀ ਸੁਵਿਧਾਵਾਂ ਨਹੀਂ ਹਨ, ਉਥੇ ਉਹ ਮਹਿੰਗੀਆਂ ਫੀਸਾਂ ਲੈ ਕੇ ਬੱਚਿਆਂ ਨੂੰ ਪੜ੍ਹਾਉਂਦੇ ਹਨ । ਅੱਜ ਜਿਹੜਾ ਪ੍ਰਾਈਵੇਟ ਸਕੂਲਾਂ ਦਾ ਪਰੈਸ਼ਰ ਵੱਧ ਰਿਹਾ ਹੈ, ਮੈਂ ਸਮਝਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਇਸ ਨੂੰ ਅਸੀਂ ਘਟਾ ਸਕਦੇ ਹਾਂ । ਇਹ ਤਾਂ ਹੀ ਘਟਾ ਸਕਦੇ ਹਾਂ ਜੇਕਰ ਅਸੀਂ ਆਪਣੇ ਪ੍ਰਾਇਮਰੀ ਸਕੂਲਾਂ ਦਾ, ਮਿਡਲ ਸਕੂਲਾਂ ਦਾ, ਹਾਈ ਸਕੂਲਾਂ ਦਾ ਅਤੇ ਪਲੱਸ ਦੋ ਸਕੂਲਾਂ ਦਾ ਵਿਦਿਆ ਦਾ ਮਿਆਰ ਉੱਚਾ ਚੁੱਕੀਏ । ਅੱਜ ਪੰਜਾਬ ਵਿਚ ਬਹੁਤ ਸਾਰੇ ਪ੍ਰਾਇਮਰੀ ਸਕੂਲਾਂ ਕੋਲ ਆਪਣੀਆਂ ਬਿਲਡਿੰਗਾਂ ਨਹੀਂ ਹਨ, ਬੱਚੇ ਬਾਹਰ ਬੈਠਦੇ ਹਨ, ਬੱਚਿਆਂ ਦੇ ਬੈਠਣ ਲਈ ਟਾਟ (ਤੱਪੜ) ਨਹੀਂ ਹਨ, ਟੀਚਰਾਂ ਦੇ ਬੈਠਣ ਲਈ ਮੇਜ਼ ਕੁਰਸੀ ਦਾ ਪ੍ਰਬੰਧ ਨਹੀਂ ਹੈ । ਅਸੀਂ ਇਹ ਤਾਂ ਕੀਤਾ ਹੈ ਕਿ ਸਰਕਾਰੀ ਸਕੂਲਾਂ, ਖਾਸ ਕਰਕੇ ਪ੍ਰਾਇਮਰੀ ਸਕੂਲਾਂ, ਜਿਹੜੇ ਕਿ ਮੁਢਲੇ ਵਿਦਿਆ ਦੇ ਕੇਂਦਰ ਹਨ ਉਨ੍ਹਾਂ ਵਿਚ ਕੰਪਲਸਰੀ ਵਿਦਿਆ

[ਚੌਧਰੀ ਜਗਜੀਤ ਸਿੰਘ]

ਅਸੀਂ ਦਿੰਦੇ ਹਾਂ । ਉਨ੍ਹਾਂ ਵਿਚ ਵਿਦਿਆ ਦਾ ਮਿਆਰ ਉੱਚਾ ਚੁੱਕਿਆ ਜਾਵੇ, ਬਿਲਡਿੰਗਾਂ ਅੱਛੀਆਂ ਮੁਹੱਈਆ ਕਰਵਾਈਆਂ ਜਾਣ ਅਤੇ ਸਾਰੀਆਂ ਲੋੜੀਂਦੀਆਂ ਸੁਵਿਧਾਵਾਂ ਪ੍ਰਦਾਨ ਕਰਵਾਈਆਂ ਜਾਣ । ਜਿਥੇ ਟੀਚਰਾਂ ਦੀ ਕਮੀ ਹੈ ਉਥੇ ਕਮੀ ਪੂਰੀ ਕੀਤੀ ਜਾਵੇ । ਡਿਪਟੀ ਸਪੀਕਰ ਸਾਹਿਬ, ਮੈਂ ਵੇਖਿਆ ਹੈ ਕਿ ਕਈ ਸਕੂਲਾਂ ਵਿਚ 1-4 ਕਲਾਸਾਂ ਨੂੰ ਇਕ-ਇਕ ਟੀਚਰ ਹੀ ਪੜ੍ਹਾਉਂਦਾ ਹੈ ਪਰ ਉਹ ਸਾਰੀਆਂ ਕਲਾਸਾਂ ਨੂੰ ਚੰਗੀ ਤਰ੍ਹਾਂ ਪੜ੍ਹਾ ਨਹੀਂ ਸਕਦਾ । ਸਾਨੂੰ ਪੰਜਾਬ ਵਿਚ ਇਨ੍ਹਾਂ ਸਕੂਲਾਂ ਵਿਚ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ । ਜਦੋਂ ਕਿਸੇ ਪਿੰਡ ਵਿਚ ਮਿਡਲ ਸਕੂਲ ਬਣ ਜਾਂਦਾ ਹੈ, ਹਾਈ ਸਕੂਲ ਬਣ ਜਾਂਦਾ ਹੈ, ਪਲੱਸ-ਟੂ ਦਾ ਸਕੂਲ ਬਣ ਜਾਂਦਾ ਹੈ ਤਾਂ ਸਾਡਾ ਸਾਰਿਆਂ ਦਾ ਧਿਆਨ ਉਧਰਲੇ ਪਾਸੇ ਹੋ ਜਾਂਦਾ ਹੈ ਪਰ ਪ੍ਰਾਇਮਰੀ ਸਕੂਲਾਂ, ਜਿਹੜੇ ਕਿ ਵਿਦਿਆ ਦੇ ਮੁਢਲੇ ਘਰ ਹੁੰਦੇ ਹਨ, ਵੱਲ ਧਿਆਨ ਬਿਲਕੁਲ ਘੱਟ ਜਾਂਦਾ ਹੈ । ਇਹ ਮੈਂ ਆਪਣੇ ਤਜਰਬੇ ਦੇ ਤੌਰ ਤੇ ਆਖ ਰਿਹਾ ਹਾਂ । ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹਾਂਗਾ, ਮੈਨੂੰ ਵੀ ਬੜੀ ਦੇਰ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਅਤੇ ਮੈਂ ਆਪ ਵੀ ਕਈ ਸਕੂਲ ਚਲਾਉਂਦਾ ਹਾਂ । ਸਕੂਲਾਂ ਨੂੰ ਚੰਗਾ ਬਣਾਉਣ ਵਾਸਤੇ ਸਰਕਾਰ ਨੂੰ ਜ਼ਿਆਦਾ ਪੈਸਾ ਰੱਖਣਾ ਚਾਹੀਦਾ ਹੈ ਔਰ ਜਿਹੜੀਆਂ ਲੋੜੀਂਦੀਆਂ ਸੁਵਿਧਾਵਾਂ ਹਨ ਉਹ ਮੁਹੱਈਆ ਕਰਨੀਆਂ ਚਾਹੀਦੀਆਂ ਹਨ ਅਤੇ ਜਿੰਨੇ ਟੀਚਰਾਂ ਦੀ ਲੋੜ ਹੈ, ਉਨੇ ਉਥੇ ਦੇਣੇ ਚਾਹੀਦੇ ਹਨ ਅਤੇ ਫਿਰ ਮੈਂ ਸਮਝਦਾ ਹਾਂ ਕਿ ਜਦੋਂ ਵੀ ਇਹ ਸਾਰੀਆਂ ਚੀਜ਼ਾਂ ਪੂਰੀਆਂ ਹੋ ਜਾਣਗੀਆਂ ਤਾਂ ਫਿਰ ਜਿਹੜੇ ਨਰਸਰੀ ਸਕੂਲ ਹਨ ਅਤੇ ਜਿਹੜੀਆਂ ਛੋਟੀਆਂ ਛੋਟੀਆਂ ਦੁਕਾਨਾਂ ਖੁਲ੍ਹੀਆਂ ਹੋਈਆਂ ਹਨ, ਉਨ੍ਹਾਂ ਵਿੱਚ ਪਰੈਸ਼ਰ ਘੱਟ ਜਾਵੇਗਾ ਅਤੇ ਫੀਸ ਅਤੇ ਸਿਲੇਬਸ ਦਾ ਜੋ ਅੰਤਰ ਹੈ ਉਸਨੂੰ ਵੀ ਅਸੀਂ ਠੀਕ ਤਰੀਕੇ ਨਾਲ ਸਰਕਾਰੀ ਸਕੂਲਾਂ ਵਿਚ ਚਲਾ ਸਕਾਂਗੇ । ਡਿਪਟੀ ਸਪੀਕਰ ਸਾਹਿਬ, ਵੈਸੇ ਤਾਂ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਵਿਦਿਆ ਦਾ ਪਸਾਰ ਹੈ ਉਸਦੇ ਵਾਸਤੇ ਪੰਜਾਬ ਵਿੱਚ ਵੀ ਅਤੇ ਦੇਸ਼ ਵਿੱਚ ਵੀ, ਜਿਹੜੇ ਸਾਡੇ ਪ੍ਰਾਈਵੇਟ ਅਦਾਰੇ ਹਨ ਉਨ੍ਹਾਂ ਦਾ ਬਹੁਤ ਯੋਗਦਾਨ ਹੈ, ਜੇ ਉਹ ਯੋਗਦਾਨ ਨਾ ਪਾਉਣ ਤਾਂ ਫਿਰ ਮੈਂ ਸਮਝਦਾ ਹਾਂ ਕਿ ਅਸੀਂ ਸਾਰੇ ਬੱਚਿਆਂ ਨੂੰ ਪੰਜਾਬ ਵਿੱਚ ਵੀ ਅਤੇ ਦੇਸ਼ ਵਿੱਚ ਵੀ ਨਹੀਂ ਪੜ੍ਹਾ ਸਕਦੇ । ਡੀ.ਏ.ਵੀ. ਇੰਸਟੀਚੂਸ਼ਨ, ਖਾਲਸਾ ਇੰਸਟੀਚੂਸ਼ਨ ਅਤੇ ਹੋਰ ਬਹੁਤ ਸਾਰੀਆਂ ਮਨੇਜਮੈਂਟਸ ਐਸੀਆਂ ਹਨ, ਸਮਾਜ ਸੇਵੀ ਸੰਸਥਾਵਾਂ ਐਸੀਆਂ ਹਨ ਜੋ ਵਿਦਿਆ ਵਿੱਚ ਬਹੁਤ ਜ਼ਿਆਦਾ ਹਿੱਸਾ ਪਾਉਂਦੀਆਂ ਹਨ ਅਤੇ ਉਨ੍ਹਾਂ ਦੇ ਯੋਗਦਾਨ ਦੇ ਨਾਲ ਜੇ ਇਹ ਸਾਰਾ ਸਿਲਸਿਲਾ ਇੱਕ ਹੋ ਸਕੇ ਤਾਂ ਅਸੀਂ ਸਹੀ ਮਾਅਨਿਆਂ ਵਿੱਚ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਦੇ ਸਕਦੇ ਹਾਂ । ਇਸਦੇ ਨਾਲ ਹੀ ਮਿਡਲ ਅਤੇ ਹਾਈ ਸਕੂਲਾਂ ਦੇ ਬਾਰੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਜਿੱਥੇ ਵੀ ਜਾਂਦੇ ਹਾਂ ਤਾਂ ਸਾਨੂੰ ਟੀਚਰਾਂ ਦੀ ਘਾਟ ਬਾਰੇ ਦੱਸਿਆ ਜਾਂਦਾ ਹੈ । ਟੀਚਰਾਂ ਦੀ ਬਹੁਤ ਕਮੀ ਹੈ । ਸਕੂਲਾਂ ਵਿੱਚ ਚਾਰ-ਚਾਰ ਸਬਜੈਕਟ ਦੇ ਟੀਚਰ ਨਹੀਂ ਹਨ । ਕਿਤੇ ਹਿਸਾਬ ਦਾ ਟੀਚਰ ਨਹੀਂ, ਕਿਤੇ ਸਾਇੰਸ ਦਾ ਨਹੀਂ ਅਤੇ ਕਿਧਰ ਮੈਥ ਦਾ ਨਹੀਂ, ਸੋਸ਼ਲ-ਸਟੱਡੀ ਦਾ ਨਹੀਂ, ਇਹ ਬਹੁਤ ਵੱਡੀ ਸਮੱਸਿਆ ਹੈ ਜੋ ਬੜੀ ਦੇਰ ਤੋਂ ਚੱਲ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ, ਬਾਦਲ ਸਾਹਿਬ ਨੇ ਵੀ ਪਿੱਛੇ ਬਿਆਨ ਦਿੱਤਾ ਸੀ ਕਿ ਅਸੀਂ ਕੋਸ਼ਿਸ਼ ਕਰਾਂਗੇ ਟੀਚਰਾਂ ਦੀ ਭਰਤੀ ਲਈ, ਪਰ ਕਈ ਕੋਰਟ-ਕੇਸ ਹਨ । ਫਿਰ ਵੀ ਡਿਪਟੀ

ਸਪੀਕਰ ਸਾਹਬ, ਇਧਰ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ ਅਤੇ ਟੀਚਰਾਂ ਦੀ ਕਮੀ ਨੂੰ ਪੂਰਾ ਕਰਨਾ ਚਾਹੀਦਾ ਹੈ ਤਾਂ ਕਿ ਸਕੂਲ ਸਹੀ ਤਰੀਕੇ ਨਾਲ ਚੱਲ ਸਕਣ । ਖਾਸ ਕਰਕੇ ਪੇਂਡੂ ਇਲਾਕਿਆਂ ਵਿੱਚ ਟੀਚਰਾਂ ਦੀ ਕਾਫੀ ਕਮੀ ਹੈ । ਸ਼ਹਿਰਾਂ ਵਿਚ ਤਾਂ ਘੱਟ ਕਮੀ ਮਹਿਸੂਸ ਕੀਤੀ ਜਾਂਦੀ ਹੈ ਕਿਉਂਕਿ ਸ਼ਹਿਰ ਦੇ ਸਕੂਲਾਂ ਵਿੱਚ ਐਕਸਟਰਾ ਭੱਤਾ ਵੀ ਮਿਲਦਾ ਹੈ ਪਰ ਪੇਂਡੂ ਸਕੂਲਾਂ ਵਿੱਚ ਐਕਸਟਰਾ ਭੱਤਾ ਵੀ ਨਹੀਂ ਮਿਲਦਾ । ਇਸ ਲਈ ਟੀਚਰਾਂ ਦਾ ਪਿੰਡਾਂ ਵਿੱਚ ਜਾਣ ਦਾ ਮਨ ਨਹੀਂ ਹੁੰਦਾ । ਇਸ ਕਰਕੇ ਪਿੰਡਾਂ ਦੇ ਸਕੂਲਾਂ ਵਿੱਚ ਬਹੁਤ ਸਾਰੀਆਂ ਪੋਸਟਾਂ ਖਾਲੀ ਹੋ ਜਾਂਦੀਆਂ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਨਵੇਂ ਜੋ ਵੀ ਟੀਚਰ ਭਰਤੀ ਹੋਣ ਉਨ੍ਹਾਂ ਤੇ ਇਹ ਸ਼ਰਤ ਲਗਾਉਣੀ ਚਾਹੀਦੀ ਹੈ ਕਿ ਉਹ ਦੋ-ਤਿੰਨ ਸਾਲ ਪਿੰਡਾਂ ਵਿੱਚ ਜ਼ਰੂਰ ਕੰਮ ਕਰਨ ਜਿੱਥੇ ਕੋਈ ਨਹੀਂ ਜਾਂਦਾ ਉਥੇ ਉਨ੍ਹਾਂ ਨੂੰ ਭੇਜਿਆ ਜਾਵੇ । ਇਸ ਮੰਤਵ ਲਈ 2-3 ਸਾਲ ਦਾ ਉਨ੍ਹਾਂ ਨਾਲ ਐਗਰੀਮੈਂਟ ਕੀਤਾ ਜਾਵੇ ਕਿ ਉਹ ਪਿੰਡਾਂ ਵਿੱਚ ਸਰਵਿਸ ਜ਼ਰੂਰ ਕਰਨਗੇ ਤਾਂ ਹੀ ਪਿੰਡਾਂ ਵਿੱਚ ਸਿੱਖਿਆ ਦਾ ਪਸਾਰ ਹੋ ਸਕੇਗਾ ਅਤੇ ਗਰੀਬ ਅਤੇ ਪੇਂਡੂ ਬੱਚਿਆਂ ਨੂੰ ਜ਼ਿਆਦਾ ਮੱਦਦ/ਸਿੱਖਿਆ ਮਿਲ ਸਕੇਗੀ । ਸ਼ਹਿਰਾਂ ਵਿੱਚ ਜੋ ਵੀ ਸਕੂਲ ਹਨ ਉਨ੍ਹਾਂ ਦੀਆਂ ਬਿਲਡਿੰਗਾਂ ਜਿਹੜੀਆਂ ਹਨ ਉਨ੍ਹਾਂ ਪਾਸ ਗਰਾਊਂਡ ਨਹੀਂ । ਇਸ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ ਹਰ ਸ਼ਹਿਰ ਅਤੇ ਪਿੰਡ ਵਿੱਚ ਸਕੂਲਾਂ ਨੂੰ 10 : 2 ਕਰਨ ਦੀ ਮੰਗ ਕੀਤੀ ਜਾਂਦੀ ਹੈ । ਸਕੂਲ ਤਾਂ 10 : 2 ਹੋ ਜਾਂਦੇ ਹਨ ਪਰ ਉਨ੍ਹਾਂ ਲਈ ਸਕੂਲ ਦੀ ਬਿਲਡਿੰਗ ਚਾਹੀਦੀ ਹੈ, ਸਾਇੰਸ ਲਈ ਲੈਬ ਚਾਹੀਦੀ ਹੈ ਅਤੇ ਸਪੋਰਟਸ ਲਈ ਗਰਾਊਂਡ ਵੀ ਚਾਹੀਦਾ ਹੈ । ਲੇਕਿਨ ਅਸੀਂ ਦੇਖਦੇ ਹਾਂ ਕਿ ਜਦੋਂ ਨਤੀਜੇ ਨਿਕਲਦੇ ਹਨ ਤਾਂ ਪ੍ਰਾਈਵੇਟ ਸਕੂਲਾਂ ਦਾ ਰਿਜ਼ਲਟ ਸੈਂਟ-ਪਰਸੈਂਟ ਆਉਂਦਾ ਹੈ ਅਤੇ ਉਥੋਂ ਦੇ ਬੱਚਿਆਂ ਦੀਆਂ ਉੱਚੀਆਂ ਉੱਚੀਆਂ ਪੁਜੀਸ਼ਨਾਂ ਆਉਂਦੀਆਂ ਹਨ ਅਤੇ ਕਾਫੀ ਬੱਚਿਆਂ ਦੀਆਂ ਫਸਟ ਡਵੀਜ਼ਨਾਂ ਆਉਂਦੀਆਂ ਹਨ, ਪਰ ਜੋ ਸਰਕਾਰੀ ਸਕੂਲ ਹਨ ਉਨ੍ਹਾਂ ਦੇ ਬੱਚੇ ਬਹੁਤ ਘੱਟ ਪਾਸ ਹੁੰਦੇ ਹਨ । ਰਿਜ਼ਲਟ ਤਕਰੀਬਨ 40ਫੀ ਸਦੀ ਆਉਂਦਾ ਹੈ, ਕਿਸੇ ਦਾ 30 ਫੀ ਸਦੀ ਆਉਂਦਾ ਹੈ ਅਤੇ 50% ਤਾਂ ਬਹੁਤ ਹੀ ਘੱਟ ਸਕੂਲਾਂ ਦਾ ਆਉਂਦਾ ਹੈ । ਬਹੁਤ ਘੱਟ ਫਸਟ ਡਵੀਜ਼ਨਾਂ ਆਉਂਦੀਆਂ ਹਨ । ਮੈਂ, ਡਿਪਟੀ ਸਪੀਕਰ ਸਾਹਿਬ ਤੁਹਾਡੇ ਰਾਹੀਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਜਿਹੜੇ ਰਿਜ਼ਲਟ ਹਨ ਅਤੇ ਜਿਹੜੇ ਉਥੇ ਟੀਚਰ ਹਨ ਜਾਂ ਹੋਰ ਪੜ੍ਹਾਉਣ ਵਾਲਾ ਸਟਾਫ ਹੈ, ਉਨ੍ਹਾਂ ਦੀ ਏ.ਸੀ.ਆਰ. ਅਤੇ ਸਲਾਨਾ ਤਰੱਕੀਆਂ ਦੇਣ ਵੇਲੇ ਇਹ ਚੀਜ਼ ਫਿਕਸ ਕੀਤੀ ਜਾਵੇ ਕਿ ਉਨ੍ਹਾਂ ਦੇ ਰਿਜ਼ਲਟ ਅੱਛੇ ਆਉਣੇ ਚਾਹੀਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਇੱਥੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੇ ਗੌਰਮਿੰਟ ਸਕੂਲਾਂ ਦੇ ਰਿਜ਼ਲਟ ਅੱਛੇ ਆਉਣ ਅਤੇ ਪੜ੍ਹਾਈ ਚੰਗੀ ਹੋਵੇ ਤਾਂ ਦੂਸਰੇ ਪਾਸੇ ਬੱਚੇ ਬਹੁਤ ਘੱਟ ਦਾਖਲ ਹੋਣਗੇ । ਇਸ ਤਰ੍ਹਾਂ ਕਰਨ ਨਾਲ ਹੀ ਪੈਰਟੀ ਕਾਇਮ ਹੋ ਸਕਦੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪ੍ਰਾਈਵੇਟ ਸਕੂਲ ਜਾਂ ਪਬਲਿਕ ਸਕੂਲ ਪੰਜਾਬ ਵਿੱਚ ਖੁੱਲ੍ਹੇ ਹਨ, ਉਨ੍ਹਾਂ ਤੇ

[ਚੌਧਰੀ ਜਗਜੀਤ ਸਿੰਘ]

ਸਾਡੀ ਪੰਜਾਬ ਦੀ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ। ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦਾ ਕੋਈ ਕੰਟਰੋਲ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਸਾਨੂੰ ਇਹ ਚਾਹੀਦਾ ਹੈ ਕਿ ਇਸ ਸਬੰਧੀ ਕੋਈ ਐਕਟ ਬਣਾਇਆ ਜਾਵੇ। ਮੈਂ ਸਮਝਦਾ ਹਾਂ ਕਿ ਇਸ ਐਕਟ ਦੀ ਬਹੁਤ ਲੋੜ ਹੈ। ਇਸ ਐਕਟ ਨੂੰ ਬਣਾਉਣ ਲਈ ਸਬ-ਕਮੇਟੀ ਵੀ ਕਾਇਮ ਕਰ ਦੇਣੀ ਚਾਹੀਦੀ ਹੈ ਜਿਹੜੀ ਸਾਰੇ ਸਕੂਲਾਂ ਦਾ ਟੂਰ ਕਰੇ, ਉਨ੍ਹਾਂ ਨੂੰ ਦੇਖੇ ਅਤੇ ਉਨ੍ਹਾਂ ਦੀ ਘੋਖ ਕਰੇ। ਪੰਜਾਬ ਸਰਕਾਰ ਪਾਸ ਕੋਈ ਅੰਕੜੇ ਨਹੀਂ ਹਨ ਕਿ ਪੰਜਾਬ ਵਿੱਚ ਇਹੋ ਜਿਹੇ ਕਿੰਨੇ ਸਕੂਲ ਖੁੱਲ੍ਹੇ ਹਨ, ਇਨ੍ਹਾਂ ਸਕੂਲਾਂ ਵਿੱਚ ਕਿੰਨੇ ਬੱਚੇ ਪੜ੍ਹਦੇ ਹਨ ਔਰ ਇਨ੍ਹਾਂ ਨੂੰ ਕੰਟਰੋਲ ਵਿੱਚ ਰੱਖਣ ਵਾਸਤੇ, ਇਨ੍ਹਾਂ ਦਾ ਧਿਆਨ ਰੱਖਣ ਵਾਸਤੇ, ਡਿਸਟ੍ਰਿਕਟ ਪੱਧਰ ਤੇ ਇਨ੍ਹਾਂ ਸਕੂਲਾਂ ਦੀ ਰਜਿਸਟਰੇਸ਼ਨ ਹੋਣੀ ਚਾਹੀਦੀ ਹੈ। ਇਨ੍ਹਾਂ ਦੀਆਂ ਸਾਲਾਨਾ ਰਿਪੋਰਟਾਂ ਵੀ ਆਉਣੀਆਂ ਚਾਹੀਦੀਆਂ ਹਨ ਤਾਂ ਕਿ ਇਹ ਪਤਾ ਲੱਗ ਸਕੇ ਕਿ ਕਿਸ ਜ਼ਿਲ੍ਹੇ ਵਿੱਚ ਕਿੰਨੇ ਸਕੂਲ ਹਨ, ਕਿੰਨੇ ਬੱਚੇ ਹਨ ਔਰ ਕਿਹੜੀਆਂ ਕਿਹੜੀਆਂ ਕਲਾਸਾਂ ਹਨ। ਇਹ ਅੰਕੜੇ ਇਕੱਤਰ ਕਰਨੇ ਚਾਹੀਦੇ ਹਨ। ਇਸ ਕਰਕੇ ਇਹ ਸਾਰੀ ਚੀਜ਼ ਦੇਖਣ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜੇ ਪਬਲਿਕ ਸਕੂਲ ਹਨ, ਉਨ੍ਹਾਂ ਵਿਚੋਂ 90 ਪਰਸੈਂਟ ਸਕੂਲ ਤਾਂ ਕੋਠੀਆਂ ਵਿੱਚ ਖੁੱਲ੍ਹੇ ਹੋਏ ਹਨ ਔਰ ਉਥੇ ਕੋਈ ਪਲੇਅ ਗਰਾਊਂਡ ਨਹੀਂ ਹਨ ਜਿਸ ਕਾਰਨ ਬੱਚਿਆਂ ਨੂੰ ਖੇਡਣ ਕੁੱਦਣ ਦਾ ਮੌਕਾ ਨਹੀਂ ਮਿਲਦਾ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸੁਵਿਧਾਵਾਂ ਨਹੀਂ ਮਿਲਦੀਆਂ। ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਕੂਲਾਂ ਦੀਆਂ ਫੀਸਾਂ ਵੀ ਬਹੁਤ ਜ਼ਿਆਦਾ ਹਨ। ਇਸ ਤੋਂ ਇਲਾਵਾ ਜਿਹੜੇ ਬੱਚੇ ਬੱਗੀ ਜਾਂ ਸਕੂਲ ਦੀ ਟਰਾਂਸਪੋਰਟ ਵਿੱਚ ਜਾਂਦੇ ਹਨ, ਉਨ੍ਹਾਂ ਦਾ ਖਰਚਾ ਵੀ ਮਾਪਿਆਂ ਨੂੰ ਦੇਣਾ ਪੈਂਦਾ ਹੈ। ਇਨ੍ਹਾਂ ਸਕੂਲਾਂ ਵਾਲਿਆਂ ਨੇ ਕਿਤਾਬਾਂ ਦੀਆਂ ਦੁਕਾਨਾਂ ਵੀ ਫਿਕਸ ਕੀਤੀਆਂ ਹੋਈਆਂ ਹਨ ਅਤੇ ਇਹ ਕਮਿਸ਼ਨ ਲੈਂਦੇ ਹਨ। ਇਸ ਤਰ੍ਹਾਂ ਇਹ ਵਿਦਿਆ ਦੀਆਂ ਦੁਕਾਨਾਂ ਬਣੀਆਂ ਹੋਈਆਂ ਹਨ। ਵਰਦੀਆਂ ਲਈ ਕੱਪੜੇ ਦੀਆਂ ਦੁਕਾਨਾਂ ਵੀ ਰੱਖੀਆਂ ਹੋਈਆਂ ਹਨ ਕਿ ਇਸੀ ਦੁਕਾਨ ਤੋਂ ਕੱਪੜੇ ਅਤੇ ਵਰਦੀ ਲੈਣੀ ਹੈ। ਇਸ ਤੋਂ ਇਲਾਵਾ ਦਰਜ਼ੀ ਵੀ ਰੱਖੇ ਹੋਏ ਹਨ। ਟਾਈਆਂ ਜਾਂ ਹੋਰ ਸਮਾਨ ਖਰੀਦਣ ਵਿੱਚ ਵੀ ਇਨ੍ਹਾਂ ਸਾਰੇ ਸਕੂਲਾਂ ਨੇ ਕਮਿਸ਼ਨ ਫਿਕਸ ਕੀਤਾ ਹੋਇਆ ਹੈ। ਇਸ ਕਰਕੇ ਇਨ੍ਹਾਂ ਸਕੂਲਾਂ ਵਿੱਚ ਕਾਫੀ ਮਹਿੰਗੀ ਪੜ੍ਹਾਈ ਹੈ ਜਿਹੜੀ ਕਿ ਪੰਜਾਬ ਦੇ ਲੋਕਾਂ ਨੂੰ ਆਪਣੇ ਬੱਚਿਆਂ ਨੂੰ ਕਰਵਾਉਣੀ ਪੈਂਦੀ ਹੈ। ਇੱਥੇ ਹੀ ਬਸ ਨਹੀਂ, ਹਰ ਸਕੂਲ ਦਾ ਆਪਣਾ ਸਿਲੇਬਸ ਹੈ। ਹਰ ਕੋਈ ਵੱਖਰੀ ਵੱਖਰੀ ਕਿਤਾਬ ਪੜ੍ਹਾਉਂਦਾ ਹੈ। ਇਸ ਕਰਕੇ ਇਹ ਜ਼ਰੂਰੀ ਹੈ ਕਿ ਪੰਜਾਬ ਵਿੱਚ ਐਸਾ ਐਕਟ ਬਣਾਇਆ ਜਾਵੇ, ਐਸਾ ਲੈਜਿਸਲੇਸ਼ਨ ਬਣਾਇਆ ਜਾਵੇ, ਜਿਸ ਨਾਲ ਪੰਜਾਬ ਵਿੱਚ ਪਹਿਲੀ ਜਮਾਤ ਤੋਂ ਅਖੀਰ ਤੱਕ ਸਭ ਪਾਸੇ ਇੱਕ ਹੀ ਸਿਲੇਬਸ ਹੋਵੇ। ਭਾਵੇਂ ਵਿਦਿਆਰਥੀ ਜਲੰਧਰ, ਹੁਸ਼ਿਆਰਪੁਰ, ਚੰਡੀਗੜ੍ਹ ਜਾਂ ਮੁਹਾਲੀ ਕਿਤੇ ਵੀ ਚਲਾ ਜਾਵੇ, ਹਰ ਥਾਂ ਤੇ ਸਿਲੇਬਸ ਇੱਕ ਹੀ ਹੋਵੇ। ਇਸ ਨਾਲ ਵਿਦਿਆਰਥੀ ਨੂੰ ਪੜ੍ਹਾਈ ਵਿੱਚ ਫਾਇਦਾ ਪਹੁੰਚ ਸਕੇਗਾ। ਇਸ ਕਰਕੇ ਇਸ

ਸਿਸਟਮ ਵਿੱਚ ਸੁਧਾਰ ਕਰਨ ਵਾਸਤੇ ਸਾਨੂੰ ਹਰ ਪਾਸੇ ਤੋਂ ਉਪਰਾਲੇ ਕਰਨੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਸਰਕਾਰ ਨੇ ਕਿਹਾ ਹੈ ਕਿ ਆਦਰਸ਼ ਸਕੂਲ ਕਾਇਮ ਕਰਾਂਗੇ। ਮੇਰਾ ਅੱਜ ਇਸ ਸਬੰਧੀ ਸਵਾਲ ਵੀ ਲੱਗਾ ਸੀ। ਜਿਹੜਾ ਜਵਾਬ ਮੈਨੂੰ ਮਿਲਿਆ, ਉਸ ਵਿਚ ਇਹ ਸੀ ਕਿ ਸਕੂਲਾਂ ਵਿੱਚ ਟੀਚਰ ਨਹੀਂ ਹਨ। ਇਸ ਤਰ੍ਹਾਂ ਇਹ ਆਦਰਸ਼ ਸਕੂਲ ਨਹੀਂ ਹਨ। ਮੈਨੂੰ ਇਸ ਤਰ੍ਹਾਂ ਜਵਾਬ ਤੋਂ ਪਤਾ ਲੱਗਾ ਹੈ ਕਿ ਆਦਰਸ਼ ਸਕੂਲਾਂ ਵਿੱਚ ਵਧੀਆ ਮਨੇਜਮੈਂਟ ਨਹੀਂ ਹੈ ਔਰ ਨਾ ਹੀ ਅੱਛੀ ਪੜ੍ਹਾਈ ਹੈ। ਇਸ ਕਰਕੇ ਅੱਜ ਲੋੜ ਹੈ ਕਿ ਜਿੱਥੇ ਸਰਕਾਰ ਨੇ ਆਦਰਸ਼ ਸਕੂਲ ਖੋਲ੍ਹੇ ਹਨ ਉਥੇ ਪੜ੍ਹਾਈ ਵੀ ਵਧੀਆ ਹੋਵੇ। ਮੈਂ ਕਹਿਣਾ ਚਾਹੁੰਦਾ ਹਾਂ, ਕਿ ਅੱਜ ਲੋੜ ਇਹ ਵੀ ਹੈ ਕਿ ਜਿਥੇ ਅਸੀਂ ਆਦਰਸ਼ ਸਕੂਲਾਂ ਦੀ ਗੱਲ ਕਰਦੇ ਹਾਂ ਉਥੇ ਜਿਹੜੇ ਪਹਿਲੇ ਸਕੂਲ ਹਨ, ਚਾਹੇ ਉਹ ਪ੍ਰਾਇਮਰੀ ਸਕੂਲ ਹੋਣ, ਹਾਈ ਸਕੂਲ ਹੋਣ. ਮਿਡਲ ਸਕੂਲ ਹੋਣ, ਪਲੱਸ ਟੂ ਹੋਣ, ਕਾਲਜ ਹੋਣ ਸਾਨੂੰ ਸਭ ਤੋਂ ਵੱਧ ਧਿਆਨ ਉਧਰਲੇ ਪਾਸੇ ਦੇਣਾ ਚਾਹੀਦਾ ਹੈ ਤਾਂ ਕਿ ਸਾਡੇ ਬੱਚੇ ਪ੍ਰਾਈਵੇਟ ਦੁਕਾਨਾਂ ਵਿਚ ਜਾਣ ਤੋਂ ਗੁਰੇਜ਼ ਕਰਨ ਅਤੇ ਜਿਹੜੇ ਪ੍ਰਾਈਵੇਟ ਸਕੂਲ ਹਨ, ਉਨ੍ਹਾਂ ਦਾ ਪਸਾਰ ਘੱਟ ਹੋ ਸਕੇ। ਮੈਂ ਇਥੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਸ ਦੇ ਵਿੱਚ ਇਹ ਵੀ ਚਾਹੀਦਾ ਹੈ ਕਿ ਜਿੰਨੇ ਵੀ ਪੰਜਾਬ ਦੇ ਵਿੱਚ ਪ੍ਰਾਈਵੇਟ ਸਕੂਲ ਹਨ, ਉਨ੍ਹਾਂ ਵਿੱਚੋਂ ਬਹੁਤ ਸਾਰੇ ਸਕੂਲ ਤਾਂ ਐਸੇ ਹਨ ਜਿਹੜੇ ਦਿੱਲੀ ਪੈਟਰਨ ਤੇ ਏਡਿਡ ਸਕੂਲ ਹਨ। ਉਨ੍ਹਾਂ ਸਕੂਲਾਂ ਵਿੱਚ ਤਾਂ ਫੀਸਾਂ ਵੀ ਠੀਕ ਤਰੀਕੇ ਨਾਲ ਹਨ ਔਰ ਜਿਹੜੇ ਸ਼ਡਿਊਲਡ ਕਾਸਟ ਬੱਚੇ ਹਨ, ਉਨ੍ਹਾਂ ਨੂੰ ਏਡਿਡ ਸਕੂਲਾਂ ਵਿੱਚ ਸਟਾਈਪੰਡ ਵੀ ਮਿਲਦਾ ਹੈ। ਉਹ ਸਕੂਲ ਤਾਂ ਸਰਕਾਰ ਦੀ ਨੀਤੀ ਦੇ ਮੁਤਾਬਿਕ ਚੱਲ ਰਹੇ ਹਨ, ਪਰ ਜਿਹੜੇ ਪ੍ਰਾਈਵੇਟ ਸਕੂਲ ਹਨ, ਜਿਹੜੇ ਗੈਰਮਿੰਟ ਏਡਿਡ ਸਕੂਲ ਨਹੀਂ ਹਨ ਜਿਹੜੇ ਸਕੂਲ ਪੰਜਾਬ ਸਰਕਾਰ ਨੇ ਰਿਕੋਗਨਾਈਜ਼ ਨਹੀਂ ਕੀਤੇ, ਜਿਹੜੇ ਸਕੂਲ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਐਫੀਲੀਏਟਿਡ ਨਹੀਂ, ਉਨ੍ਹਾਂ ਦਾ ਕੋਈ ਆਧਾਰ ਨਹੀਂ। ਮੈਂ ਸਮਝਦਾ ਹਾਂ ਕਿ ਉਨ੍ਹਾਂ ਪ੍ਰਾਈਵੇਟ ਸਕੂਲਾਂ ਦੇ ਹੋਣ ਨਾਲ ਬੱਚਿਆਂ ਦੀ ਪੜ੍ਹਾਈ ਦਾ ਵਿਕਾਸ ਹੋ ਸਕਣਾ ਮੁਸ਼ਕਲ ਹੈ। ਕਈ ਲੋਕ ਆਪਣੇ ਬੱਚੇ ਇਨ੍ਹਾਂ ਸਕੂਲਾਂ ਵਿੱਚ ਪੜ੍ਹਾਉਂਦੇ ਹਨ ਕਿਉਂਕਿ ਸਰਕਾਰੀ ਸਕੂਲਾਂ ਦੀ ਸੁਵਿਧਾ ਨੇੜੇ ਨਾ ਹੋਣ ਕਾਰਨ, ਕਈ ਬੱਚੇ ਇਧਰ ਚਲੇ ਜਾਂਦੇ ਹਨ। ਇਨ੍ਹਾਂ ਪ੍ਰਾਈਵੇਟ ਸਕੂਲਾਂ ਵਿੱਚ ਜੋ ਸਰਕਾਰੀ ਸੁਵਿਧਾਵਾਂ ਜਿਸ ਤਰ੍ਹਾਂ ਫੀਸਾਂ ਦੀਆਂ, ਕਿਤਾਬਾਂ ਦੀਆਂ ਜਾਂ ਸਟਾਈਪੰਡ ਦੀਆਂ ਹਨ, ਉਹ ਨਹੀਂ ਮਿਲ ਸਕਦੀਆਂ। ਮੈਂ, ਡਿਪਟੀ ਸਪੀਕਰ ਸਾਹਿਬ, ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਕੂਲਾਂ ਵਿੱਚ ਸੁਧਾਰ ਲਿਆਉਣਾ ਚਾਹੀਦਾ ਹੈ। ਇਨ੍ਹਾਂ ਸਕੂਲਾਂ ਵਿੱਚ ਜਿੱਥੇ ਅਸੀਂ ਬੱਚੇ ਪੜ੍ਹਾਉਂਦੇ ਹਾਂ, ਲਾਇਬ੍ਰੇਰੀਆਂ ਨਾ-ਮਾਤਰ ਹਨ, ਕਾਗਜ਼ਾਂ ਵਿੱਚ ਤਾਂ ਲਾਇਬ੍ਰੇਰੀਆਂ ਹਨ। ਜਿਹੜੇ ਬੱਚਿਆਂ ਨੂੰ ਕਦੇ ਕਿਤਾਬਾਂ ਪੜ੍ਹਨ ਨੂੰ ਨਹੀਂ ਮਿਲਦੀਆਂ, ਉਹ ਕਿਥੋਂ ਕਿਤਾਬਾਂ ਲੈ ਸਕਦੇ ਹਨ। ਸਰਕਾਰੀ ਕਿਤਾਬਾਂ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਮਿਲਦੀਆਂ ਹਨ ਲੇਕਿਨ ਜਿਹੜਾ ਵੀਕਰ ਸੈਕਸ਼ਨ ਹੈ. ਜਿਹੜੇ ਲੋਕ ਇਕਨਾਮੀਕਲੀ ਪਛੜੇ ਹੋਏ ਹਨ, ਉਨ੍ਹਾਂ ਦੇ ਬੱਚਿਆਂ ਨੂੰ ਵੀ

[ਚੌਧਰੀ ਜਗਜੀਤ ਸਿੰਘ]

ਕਿਤਾਬਾਂ ਨਹੀਂ ਮਿਲਦੀਆਂ। ਜੇਕਰ ਸਕੂਲਾਂ ਵਿੱਚ ਲਾਇਬ੍ਰੇਰੀਆਂ ਹੋਣ, ਤਾਂ ਉਥੋਂ ਕਿਤਾਬਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਜਾਂ ਕਿਤਾਬਾਂ ਦਿਤੀਆਂ ਜਾ ਸਕਦੀਆਂ ਹਨ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜਿਹੜੇ ਸਾਡੇ ਸਰਕਾਰੀ ਸਕੂਲ ਹਨ, ਉਨ੍ਹਾਂ ਵਿੱਚ ਸੁਵਿਧਾਵਾਂ ਪੂਰੀਆਂ ਦੇਣੀਆਂ ਚਾਹੀਦੀਆਂ ਹਨ। ਕਿਤਾਬਾਂ ਸਭ ਤੋਂ ਜ਼ਰੂਰੀ ਹਨ। ਇਸ ਕਰਕੇ ਇਨ੍ਹਾਂ ਸਕੀਮਾਂ ਦੇ ਵਿੱਚ ਉਨ੍ਹਾਂ ਲੋਕਾਂ ਨੂੰ ਲਿਆਉਣਾ ਚਾਹੀਦਾ ਹੈ ਜਿਹੜੇ ਇਕਨਾਮੀਕਲੀ ਬਹੁਤ ਪਿੱਛੇ ਹਨ, ਭਾਵੇਂ ਉਹ ਕਿਸੇ ਵੀ ਜਾਤ-ਬਰਾਦਰੀ ਨਾਲ ਤਾਅਲੁੱਕ ਰੱਖਦੇ ਹੋਣ। ਜਾਤਾਂ-ਪਾਤਾਂ ਤਾਂ ਦੂਸਰੀਆਂ ਵੀ ਹਨ, ਈਸਾਈ ਤੇ ਕ੍ਰਿਸਚੀਅਨ ਵੀ ਇਸ ਵਿੱਚ ਆਉਂਦੇ ਹਨ। ਜਿਹੜੇ ਦੂਸਰੇ ਪਾਸੇ ਜਾ ਕੇ ਕ੍ਰਿਸਚੀਅਨ ਬਣੇ ਹਨ, ਉਨ੍ਹਾਂ ਨੂੰ ਵੀ ਇਹ ਸੁਵਿਧਾ ਮਿਲਣੀ ਚਾਹੀਦੀ ਹੈ। ਜਦੋਂ ਅਸੀਂ ਆਪਣੇ ਇਲਾਕੇ ਵਿੱਚ ਜਾਂਦੇ ਹਾਂ ਤਾਂ ਹਰ ਜਗ੍ਹਾ ਇਹ ਮੰਗ ਕੀਤੀ ਜਾਂਦੀ ਹੈ। ਸੋ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਰੇ ਸਕੂਲਾਂ ਵਿਚ ਇਹ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ। ਖਾਸ ਤੌਰ ਤੇ ਜਿਨ੍ਹਾਂ ਸਕੂਲਾਂ ਨੂੰ ਪੰਜਾਬ ਦੀ ਸਰਕਾਰ ਰਿਕੋਗਨਾਈਜ਼ ਕਰਦੀ ਹੈ, ਉਸ ਵੇਲੇ ਕੁਝ ਸ਼ਰਤਾਂ ਹੋਣੀਆਂ ਚਾਹੀਦੀਆਂ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਜਦੋਂ ਸਕੂਲਾਂ ਨੂੰ ਐਫੀਲੀਏਟ ਕਰਦਾ ਹੈ, ਉਦੋਂ ਇਹ ਸ਼ਰਤਾਂ ਲੱਗਣੀਆਂ ਚਾਹੀਦੀਆਂ ਹਨ ਕਿ ਸਕੂਲਾਂ ਦੇ ਕਮਰੇ ਖੁਲ੍ਹੇ ਹੋਣ ਜਿਨ੍ਹਾਂ ਵਿੱਚ ਬੱਚੇ ਠੀਕ ਤਰ੍ਹਾਂ ਬੈਠ ਸਕਣ, ਸਕੂਲਾਂ ਵਿੱਚ ਪਲੇਅ ਗਰਾਉਂਡ ਹੋਣ, ਬੈਠਣ ਵਾਸਤੇ ਸਾਜ਼ੋ-ਸਮਾਨ ਹੋਵੇ। ਡਿਪਟੀ ਸਪੀਕਰ ਸਾਹਿਬ, ਇਥੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਬੱਚੇ ਮੁਢਲੀ ਵਿਦਿਆ ਪ੍ਰਾਪਤ ਕਰਨ ਵਾਸਤੇ ਆਪਣੇ ਘਰ ਤੋਂ ਸਕੂਲ ਜਾਂਦੇ ਹਨ ਤਾਂ ਅਗਰ ਸਕੂਲ ਦਾ ਮਾਹੌਲ ਘਰ ਨਾਲੋਂ ਚੰਗਾ ਨਾ ਹੋਵੇ, ਸਕੂਲਾਂ ਵਿੱਚ ਬਸਤੇ ਮਿੱਟੀ ਤੇ ਰੱਖ ਕੇ ਪੜ੍ਹਨ ਤਾਂ ਇਸ ਤਰ੍ਹਾਂ ਦੇ ਵਾਤਾਵਰਨ ਵਿੱਚ ਪੜ੍ਹਾਈ ਚੰਗੀ ਨਹੀਂ ਹੋ ਸਕਦੀ। ਸਕੂਲਾਂ ਦਾ ਐਨਵਾਇਰਮੈਂਟ ਵਧੀਆ ਹੋਣਾ ਚਾਹੀਦਾ ਹੈ, ਤਾਂ ਕਿ ਬੱਚੇ ਦਾ ਮਨ ਅਤੇ ਦਿਲ ਪੜ੍ਹਾਈ ਵਿੱਚ ਅੱਛੀ ਤਰ੍ਹਾਂ ਨਾਲ ਲੱਗੇ। ਚੰਗੇ ਐਨਵਾਇਰਮੈਂਟ ਵਿੱਚ ਬੱਚਾ ਚੰਗਾ ਡਿਵੈਲਪ ਹੋ ਸਕਦਾ ਹੈ। ਫਿਰ ਹੀ ਸਹੀ ਮਾਅਨਿਆਂ ਵਿੱਚ ਪੰਜਾਬ ਵਿੱਚ ਵਿੱਦਿਆ ਦਾ ਪਸਾਰ ਹੋ ਸਕਦਾ ਹੈ, ਔਰ ਇਹ ਪਸਾਰ ਕਰਨ ਵਾਸਤੇ ਸਰਕਾਰ ਨੂੰ ਯਤਨਸ਼ੀਲ ਹੋਣਾ ਚਾਹੀਦਾ ਹੈ। ਪਸਾਰ ਲਈ ਇਹ ਜ਼ਰੂਰੀ ਹੈ ਕਿ ਜਿਹੜਾ ਰੈਜ਼ੋਲਿਊਸ਼ਨ ਅੱਜ ਮੈਂ ਹਾਊਸ ਵਿਚ ਰੱਖਿਆ ਹੈ, ਇਹ ਬਹੁਤ ਜ਼ਰੂਰੀ ਦਿਸ਼ਾ ਹੈ। ਇਸ ਵਿੱਚ ਸਭ ਤੋਂ ਜ਼ਰੂਰੀ ਹੈ ਕਿ ਬੱਚਿਆਂ ਦੇ ਪੜ੍ਹਨ ਵਾਸਤੇ ਸਿਲੇਬਸ ਇੱਕ ਹੋਵੇ। ਮੈਂ ਤਾਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਜਿਹੜੇ ਸਰਕਾਰੀ ਸਕੂਲ ਹਨ, ਉਨ੍ਹਾਂ ਸਕੂਲਾਂ ਵਿੱਚ ਜਦੋਂ ਗਰੀਬ ਬੱਚਾ ਪੜ੍ਹਨ ਜਾਂਦਾ ਹੈ ਤਾਂ ਉਸ ਦੇ ਪੈਰਾਂ ਵਿੱਚ ਚੱਪਲ ਵੀ ਨਹੀਂ ਹੁੰਦੀ ਜਦੋਂ ਕਿ ਅਮੀਰ ਦੇ ਬੱਚੇ ਦੇ ਬੂਟ ਵੀ ਹੁੰਦੇ ਹਨ, ਜੁਰਾਬਾਂ ਵੀ ਹੁੰਦੀਆਂ ਹਨ। ਮੈਂ ਇਥੇ, ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫਤ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪ੍ਰਾਇਮਰੀ ਸਕੂਲ ਹਨ ਉਨ੍ਹਾਂ ਦੇ ਵਿਚ ਵਰਦੀ ਵੀ ਇਕੋ ਜਿਹੀ ਲਗਣੀ ਚਾਹੀਦੀ ਹੈ।

ਗਰੀਬ ਬੱਚੇ ਦੇ ਵੀ ਉਹੀ ਵਰਦੀ ਅਤੇ ਅਮੀਰ ਬੱਚੇ ਦੇ ਵੀ ਉਹੀ ਵਰਦੀ ਹੋਣੀ ਚਾਹੀਦੀ ਹੈ ਤਾਂ ਕਿ ਇਹ ਪਤਾ ਨਾ ਲਗ ਸਕੇ ਕਿ ਕਿਹੜਾ ਬੱਚਾ ਗਰੀਬ ਦਾ ਹੈ ਜਾਂ ਕਿਹੜਾ ਅਮੀਰ ਦਾ ਜਾਂ ਕਿਹੜਾ ਬੱਚਾ ਕਿਸ ਧਰਮ ਨਾਲ ਸਬੰਧ ਰੱਖਣ ਵਾਲਾ ਹੈ।

ਜੇਕਰ ਅਸੀਂ ਦੇਸ਼ ਦਾ ਵਾਤਾਵਰਨ ਔਰ ਐਜੂਕੇਸ਼ਨ ਹੋਰ ਚੰਗਾ ਬਣਾਉਣਾ ਹੈ ਤਾਂ ਵਰਦੀ ਵੀ ਇਕੋ ਜਿਹੀ ਹੋਣੀ ਚਾਹੀਦੀ ਹੈ ਤਾਂ ਕਿ ਕਿਸੇ ਨੂੰ ਇਹ ਮਹਿਸੂਸ ਨਾ ਹੋ ਸਕੇ ਕਿ ਫਲਾਣਾ ਬੱਚਾ ਅਮੀਰ ਦਾ ਹੈ ਅਤੇ ਫਲਾਣਾ ਗਰੀਬ ਦਾ ਹੈ ਜਦੋਂ ਸਾਰੇ ਬੱਚੇ ਇਕੱਠੇ ਤੁਰਨ ਤਾਂ ਇਹ ਪਤਾ ਨਾ ਲਗੇ ਕਿ ਕਿਹੜਾ ਬੱਚਾ ਪਿੰਡ ਦਾ ਹੈ ਜਾਂ ਕਿਹੜਾ ਸ਼ਹਿਰ ਦਾ ਹੈ। ਮੈਂ ਕਹਿਣਾ ਚਾਹਾਂਗਾ ਕਿ ਸਰਕਾਰ ਨੂੰ ਇਧਰਲੇ ਪਾਸੇ ਬੜਾ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਅਸੀਂ ਪੰਜਾਬ ਦੀ ਜਿਹੜੀ ਵਿਦਿਆ ਪ੍ਰਣਾਲੀ ਹੈ ਉਸ ਨੂੰ ਹੋਰ ਚੰਗਾ ਕਰ ਸਕੀਏ। ਜਿਹੜੀਆਂ ਇਸ ਵੇਲੇ ਵਿਦਿਆ ਪ੍ਰਣਾਲੀ ਵਿਚ ਕਮੀਆਂ ਹਨ, ਅਸੀ ਉਨ੍ਹਾਂ ਨੂੰ ਸਾਰੇ ਸਕੂਲਾਂ ਵਿਚ ਹੋਰ ਟੀਚਰ ਦੇ ਕੇ, ਅੱਛੀਆਂ ਬਿਲਡਿੰਗਾਂ ਬਣਾ ਕੇ ਖਾਸ ਤੌਰ ਤੇ ਪ੍ਰਾਇਮਰੀ ਸਕੂਲਾਂ ਤੇ ਜ਼ਿਆਦਾ ਜ਼ੋਰ ਦੇ ਕੇ, ਇਕ ਨਵਾਂ ਸਿਸਟਮ, ਇਨ੍ਹਾਂ ਸਰਕਾਰੀ ਸਕੂਲਾਂ ਵਿਚ ਕਾਇਮ ਕਰੀਏ ਤਾਂ ਕਿ ਜਿਹੜੇ ਬੱਚੇ ਹੁਣ ਜ਼ਿਆਦਾ ਪ੍ਰਾਈਵੇਟ ਸਕੂਲਾਂ ਵਿਚ ਜਾਂਦੇ ਹਨ ਉਹ ਉਧਰੋਂ ਹਟ ਕੇ ਸਰਕਾਰੀ ਸਕੂਲਾਂ ਵਿਚ ਆਉਣਾ ਜ਼ਿਆਦਾ ਪਸੰਦ ਕਰਨ। ਪੰਜਾਬ ਸਰਕਾਰ ਇਧਰਲੇ ਪਾਸੇ ਇਕ ਐਕਟ ਬਣਾ ਕੇ ਇਕ ਨਵੀਂ ਦਿਸ਼ਾ ਦੇਵੇ। ਇਕੋ ਜਿਹਾ ਸਿਲੇਬਸ, ਇਕੋ ਜਿਹੀ ਵਰਦੀ ਔਰ ਉਨ੍ਹਾਂ ਨੂੰ ਸਰਕਾਰੀ ਤੌਰ ਤੇ ਸਹੂਲਤਾਂ ਦੇ ਕੇ ਵਿਦਿਆ ਪ੍ਰਣਾਲੀ ਵਿਚ ਇਕਸਾਰਤਾ ਲਿਆਂਦੀ ਜਾਵੇ। ਮੈਂ ਇਹ ਆਸ ਕਰਦਾ ਹਾਂ ਕਿ ਵਿਦਿਆ ਦੇ ਪਸਾਰ ਵਾਸਤੇ ਖਾਸ ਤੌਰ ਤੇ ਪੰਜਾਬ ਦੇ ਬੱਚਿਆਂ ਦੇ ਭਲੇ ਵਾਸਤੇ, ਮੈਂ ਜਿਹੜਾ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ, ਇਸ ਨੂੰ ਅਸੀਂ ਸਾਰੇ ਪਾਸ ਕਰੀਏ। ਅੱਜ ਲੋਕ ਸਰਕਾਰੀ ਸਕੂਲਾਂ ਨੂੰ ਛੱਡ ਕੇ ਪ੍ਰਾਈਵੇਟ ਸਕੂਲਾਂ ਵਿਚ ਆਪਣੇ ਬੱਚੇ ਪੜ੍ਹਾਉਣਾ ਜ਼ਿਆਦਾ ਪਸੰਦ ਕਰਦੇ ਹਨ ਜਿਸ ਦੇ ਨਾਲ ਅੱਜ ਸਾਡੇ ਦੇਸ਼ ਵਿਚ ਬੜਾ ਅੰਤਰ ਪੈਦਾ ਹੋ ਰਿਹਾ ਹੈ ਜਿਵੇਂ ਸਰਵਿਸਿਜ਼ ਦੇ ਵਿੱਚ ਕਿਸੇ ਕਾਨਵੈਂਟ ਸਕੂਲ ਦਾ ਪੜ੍ਹਿਆ ਹੋਇਆ ਬੱਚਾ ਜਾਵੇ ਅਤੇ ਦੂਜੇ ਪਾਸੇ ਕਿਸੇ ਸ਼ਡਿਊਲਡ ਕਾਸਟ ਜਾਂ ਗਰੀਬ, ਵੀਕਰ ਸੈਕਸ਼ਨ ਦਾ ਬੱਚਾ ਜਾਵੇ ਤਾਂ ਇਸ ਤਰ੍ਹਾਂ ਸ਼ਡਿਊਲਡ ਕਾਸਟ ਦਾ ਬੱਚਾ, ਕਾਨਵੈਂਟ ਸਕੂਲ ਵਿਚ ਪੜ੍ਹੇ ਹੋਏ ਬੱਚੇ ਦਾ ਮੁਕਾਬਲਾ ਨਹੀਂ ਕਰ ਸਕਦਾ। ਪਿਛਲੇ ਦੋ ਤਿੰਨ ਸਾਲਾਂ ਦੇ ਵਿੱਚ ਮੈਂ ਦੇਖਿਆ ਹੈ ਕਿ ਟੀਚਰਾਂ ਦੀ ਬਹੁਤ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਖਾਸ ਤੌਰ ਤੇ ਜੇ.ਬੀ.ਟੀ. ਟੀਚਰ ਦਾ ਬੜਾ ਬੈਕਲਾਗ ਪਿਆ ਹੈ ਇਸ ਸਬੰਧ ਵਿਚ ਮੈਂ ਕਹਿਣਾ ਚਾਹਾਂਗਾ ਕਿ ਉਨ੍ਹਾਂ ਗਰੀਬਾਂ ਨੂੰ ਟਰੇਨਿੰਗ ਦੇ ਕੇ ਜਿੰਨੀ ਵੀ ਜਲਦੀ ਹੋ ਸਕੇ, ਉਨ੍ਹਾਂ ਦਾ ਘਾਟਾ ਪੂਰਾ ਕਰਨਾ ਚਾਹੀਦਾ ਹੈ। ਇਸ ਵੇਲੇ ਜੇ. ਬੀ.ਟੀ. ਟੀਚਰਾਂ ਦਾ 50% ਦੇ ਕਰੀਬ ਬੈਕਲਾਗ ਪਿਆ ਹੈ ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਸਾਡੀ ਕਾਂਗਰਸ ਦੀ ਸਰਕਾਰ ਵੇਲੇ ਜੇ. ਬੀ. ਟੀ. ਟੀਚਰਾਂ ਦੀਆਂ ਸਪੈਸ਼ਲ ਕਲਾਸਾਂ ਲਾ ਕੇ ਉਨ੍ਹਾਂ ਨੂੰ ਟਰੇਨਿੰਗ ਦਿੱਤੀ ਗਈ ਸੀ ਅਤੇ ਟੀਚਰ ਤਿਆਰ ਕੀਤੇ ਸਨ, ਉਸੇ ਤਰ੍ਹਾਂ ਹੁਣ ਵੀ ਉਨ੍ਹਾਂ ਦੀਆਂ ਸਪੈਸ਼ਲ ਕਲਾਸਾਂ ਲਾ ਕੇ ਸਪੈਸ਼ਲ ਟਰੇਨਿੰਗ ਦੇ ਕੇ, ਉਨ੍ਹਾਂ ਦਾ ਬਣਦਾ ਹਿਸਾ ਦਿੱਤਾ ਜਾਵੇ। ਜੇਕਰ ਉਨ੍ਹਾਂ ਨੂੰ ਬਣਦਾ ਹਿੱਸਾ ਮਿਲੇਗਾ ਅਤੇ ਪੂਰੇ ਤਰੀਕੇ ਦੇ ਨਾਲ ਪੂਰੀਆਂ ਸੁਵਿਧਾਵਾਂ ਮਿਲਣਗੀਆਂ ਤਾਂ ਫਿਰ ਇੱਕ ਚੰਗੀ ਵਿਦਿਆ ਪ੍ਰਣਾਲੀ ਪੰਜਾਬ ਦੇ ਵਿਚ ਅਸੀਂ ਕਾਇਮ ਕਰ ਸਕਾਂਗੇ।

[ਚੌਧਰੀ ਜਗਜੀਤ ਸਿੰਘ]

ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦੀ ਹਾਂ ਅਤੇ ਮੈਨੂੰ ਆਸ ਹੈ ਕਿ ਸਾਡਾ ਹਾਊਸ ਜੋ ਮੈਂ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ, ਉਸਦੀ ਪ੍ਰੌੜਤਾ ਕਰਕੇ ਪਾਸ ਕਰਨ ਦੀ ਖੇਚਲ ਕਰੇਗਾ ਤਾਂ ਕਿ ਅਸੀਂ ਵਿਦਿਆ ਦਾ ਪਸਾਰ ਕਰ ਸਕੀਏ ਅਤੇ ਇਕੋ ਤਰੀਕੇ ਦੀ ਵਿਦਿਆ, ਇਕੋ ਤਰ੍ਹਾਂ ਦੇ ਖਰਚੇ ਦੇ ਨਾਲ, ਇਕੋ ਹੀ ਸਿਲੇਬਸ ਦੇ ਨਾਲ ਸਾਡੇ ਬੱਚੇ ਪ੍ਰਾਪਤ ਕਰ ਸਕਣ । ਧੰਨਵਾਦ ।

ਬੀਬੀ ਜਗੀਰ ਕੌਰ (ਭੁਲੱਥ) : ਪਰਮ ਸਤਿਕਾਰਯੋਗ, ਡਿਪਟੀ ਸਪੀਕਰ ਸਾਹਿਬ, ਜੋ ਮਤਾ ਚੌਧਰੀ ਜਗਜੀਤ ਸਿੰਘ, ਐਮ. ਐਲ.ਏ ਜੀ ਨੇ ਰੱਖਿਆ ਹੈ ਉਸ ਤੇ ਮੈਂ ਕੁਝ ਕਹਿਣਾ ਚਾਹਾਂਗੀ । ਉਨ੍ਹਾਂ ਵਲੋਂ ਜੋ ਤਜਵੀਜ਼ਾਂ ਰੱਖੀਆਂ ਗਈਆਂ ਹਨ ਕਿ ਪ੍ਰਾਈਵੇਟ ਸਕੂਲਾਂ ਵਿਚ ਫੀਸਾਂ ਦੀ ਇਕਸਾਰਤਾ ਲਿਆਉਣ ਵਾਸਤੇ ਪਬੰਧ ਕਰਨੇ ਚਾਹੀਦੇ ਹਨ ਅਤੇ ਇਸ ਲਈ ਕਮੇਟੀ ਬਨਣੀ ਚਾਹੀਦੀ ਹੈ । ਉਸ ਦੇ ਸਬੰਧ ਵਿਚ ਕੁਝ ਕਹਿਣ ਵਾਸਤੇ ਮੈਂ ਖੜ੍ਹੀ ਹੋਈ ਹਾਂ । ਮੈਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ । ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਵਿਚਾਰ ਕਰਨਾ ਚਾਹੁੰਦੀ ਹਾਂ ਕਿ ਇਹ ਪ੍ਰਾਈਵੇਟ ਸਕੂਲ ਖੁੱਲ੍ਹੇ ਕਿਉਂ ? ਲੋਕਾਂ ਨੂੰ ਮੌਕਾ ਮਿਲਿਆ ਅਤੇ ਸ਼ਹਿਰਾਂ ਵਿੱਚ ਪਿੰਡਾਂ ਵਿਚ ਇਹ ਦੁਕਾਨਾਂ ਕਿਉਂ ਖੁੱਲ੍ਹੀਆਂ ? ਕਿਉਂਕਿ ਜਿਹੜੀ ਚੀਜ਼ ਕਿਤੋਂ ਤੁਰਦੀ ਹੈ, ਜਿਸ ਚੀਜ਼ ਦੀਆਂ ਜੜ੍ਹਾਂ ਲੱਗੀਆਂ ਹੁੰਦੀਆਂ ਹਨ, ਉਸ ਪਿਛੇ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ । ਮੈਂ ਇਸ ਸਬੰਧ ਵਿੱਚ ਕੁਝ ਕਹਿਣਾ ਚਾਹਾਂਗੀ । ਕਿਸੇ ਦੀ ਦੁਕਾਨ ਨੂੰ ਮਾੜਾ ਕਹਿਣ ਤੋਂ ਪਹਿਲਾਂ ਆਪਣੀ ਦੁਕਾਨ ਵਿਚ ਸੌਦਾ ਚੰਗਾ ਪਾਉਣਾ ਪਵੇਗਾ । ਪਿਛਲੀ ਸਰਕਾਰ ਨੇ ਕਦੀ ਇਹ ਨਹੀਂ ਸੋਚਿਆ ਕਿ ਪ੍ਰਾਈਵੇਟ ਸਕੂਲ ਧੜਾਧੜ ਖੁੱਲ੍ਹ ਰਹੇ ਹਨ । ਇਨ੍ਹਾਂ ਸਕੂਲਾਂ ਨੂੰ ਕਿਵੇਂ ਖਤਮ ਕੀਤਾ ਜਾ ਸਕਦਾ ਹੈ ? ਇਨ੍ਹਾਂ ਦੁਕਾਨਾਂ ਨੂੰ ਕਿਵੇਂ ਬੰਦ ਕੀਤਾ ਜਾ ਸਕਦਾ ਹੈ ? ਇਨ੍ਹਾਂ ਦੁਕਾਨਾਂ ਕਾਰਨ ਸਮਾਜ ਤੇ ਜੋ ਵਾਧੂ ਬੋਝ ਪਿਆ ਹੈ ਉਸ ਦਾ ਕਾਰਨ ਕੀ ਹੈ ? ਇਸ ਬਿਮਾਰੀ ਦੀ ਜੜ੍ਹ ਕੀ ਹੈ ? ਪਿਛਲੇ ਸਾਲਾਂ ਦੌਰਾਨ ਸਰਕਾਰਾਂ ਦਾ ਧਿਆਨ ਇਸ ਪਾਸੇ ਕਦੇ ਨਹੀ ਗਿਆ ਕਿ ਇਨ੍ਹਾਂ ਨੂੰ ਘਟੀਆ ਕਿਵੇਂ ਸ਼ੋਅ ਕਰਨਾ ਹੈ ? ਇਨ੍ਹਾਂ ਦਾ ਬੋਝ ਕਿਵੇਂ ਹਟਾਉਣਾ ਹੈ ਅਤੇ ਲੋਕਾਂ ਵਾਸਤੇ ਇਸ ਨੂੰ ਮਾਰੂ ਕਿਵੇਂ ਸਾਬਤ ਕਰਨਾ ਹੈ ? ਇਸ ਸਬੰਧ ਵਿਚ ਕੁਝ ਕਮਜ਼ੋਰੀਆਂ ਮੈਂ ਤੁਹਾਡੇ ਸਾਹਮਣੇ ਪੇਸ਼ ਕਰਨਾ ਚਾਹੁੰਦੀ ਹਾਂ ? ਕੱਲ੍ਹ ਜਦੋਂ ਇਸ ਵਿਸ਼ੇ ਤੇ ਚਰਚਾ ਹੋਈ ਸੀ ਉਦੋਂ ਮੇਰੇ ਵਿਚਾਰ ਦੱਸਣੇ ਰਹਿ ਗਏ ਸਨ । ਚੰਗਾ ਹੋਇਆ ਕਿ ਇਹ ਮੁੱਦਾ ਫੇਰ ਸਾਹਮਣੇ ਆਇਆ ਹੈ । ਮੈਂ ਆਪਣੇ ਮਨ ਦੀ ਗੱਲ ਜ਼ਰੂਰ ਕਹਾਂਗੀ ਕਿ ਗੌਰਮਿੰਟ ਸਕੂਲ ਆਪਣਾ ਮਿਆਰ ਕਿਸ ਤਰੀਕੇ ਨਾਲ ਉਪਰ ਚੁੱਕਣ ਤਾਂ ਕਿ ਇਨ੍ਹਾਂ ਦੁਕਾਨਾਂ ਨੂੰ ਘਟੀਆ ਸ਼ੋਅ ਕੀਤਾ ਜਾ ਸਕੇ । ਮੈਥੇਮੈਟਿਕਸ ਵਿੱਚ ਇਕ ਰੂਲ ਹੈ ਕਿਸੇ ਲਾਈਨ ਨੂੰ ਛੋਟੀ ਜਾਂ ਵੱਡੀ ਦੱਸਣ ਵਾਸਤੇ ਤੁਹਾਨੂੰ ਕੀ ਕਰਨਾ ਚਾਹੀਦਾ ਹੈ । ਆਪਾਂ ਪੜ੍ਹਦੇ ਹੁੰਦੇ ਸੀ ਕਿ ਜੇ ਏ.ਬੀ. ਲਾਈਨ ਤਿੰਨ ਇੰਚ ਹੋਵੇ ਤਾਂ ਇਸ ਨੂੰ ਛੋਟੀ ਕਿਵੇਂ ਸ਼ੋਅ ਕਰਨਾ ਹੈ । ਉਸ ਦਾ ਜਵਾਬ ਇਹ ਹੈ ਕਿ ਇਸ ਲਾਈਨ ਨੂੰ ਛੋਟਾ ਕਰਨ ਵਾਸਤੇ ਇਸ ਨੂੰ ਕੱਟਣਾ ਨਹੀਂ ਬਲਕਿ ਇਸ ਤੋਂ ਵੱਡੀ ਲਾਈਨ ਹੋਰ ਖਿੱਚਣੀ ਹੈ । ਇਸ ਤੋਂ ਲੰਬੀ ਲਾਈਨ ਖਿਚਣੀ ਹੈ ਜੋ ਕਿ 5 ਇੰਚ ਹੋਵੇ।

ਇਸ ਤਰ੍ਹਾਂ 3 ਇੰਚ ਵਾਲੀ ਲਾਈਨ ਛੋਟੀ ਹੋ ਜਾਵੇਗੀ । ਗੱਲ ਕਰ ਰਹੇ ਸੀ ਸਰਕਾਰੀ ਸਕੂਲਾਂ ਦੇ ਮਿਆਰ ਦੀ । ਸਾਨੂੰ ਇਨ੍ਹਾਂ ਸਰਕਾਰੀ ਸਕੂਲਾਂ ਅਤੇ ਗੌਰਮਿੰਟ ਏਡਿਡ ਸਕੂਲਾਂ ਦਾ ਮਿਆਰ ਵਧਾਉਣਾ ਹੋਵੇਗਾ । ਮੈਂ ਸੋਚਦੀ ਹਾਂ ਕਿ ਚੌਧਰੀ ਸਾਹਿਬ ਨੇ ਇਸ ਮਤੇ ਬਾਰੇ ਕਿਹਾ ਹੈ ਪਰ ਪਿਛਲੇ ਸਮੇਂ ਦੌਰਾਨ ਜਦੋਂ ਉਨ੍ਹਾਂ ਦੀ ਆਪਣੀ ਸਰਕਾਰ ਸੀ, ਇਸ ਬਾਰੇ ਕਦੇ ਧਿਆਨ ਨਹੀਂ ਦਿੱਤਾ ਗਿਆ । ਨਾ ਹੀ ਮੁਲਾਜ਼ਮਾਂ ਦੇ ਸਬੰਧ ਵਿਚ ਕਦੇ ਧਿਆਨ ਦਿੱਤਾ ਗਿਆ ਹੈ । ਅਧਿਆਪਕ ਦਰ ਦਰ ਠੋਕਰ ਖਾਂਦੇ ਫਿਰਦੇ ਹਨ । ਕੋਈ ਅਧਿਆਪਕਾਂ ਦੀ ਭਰਤੀ ਨਹੀਂ ਕੀਤੀ ਗਈ । ਪਿਛਲੇ ਦੋ

*10.51 ਵਜੇ ਪੂਰਵ ਦੁਪਹਿਰ	(ਇਸ *ਸਮੇਂ ਪੈਨਲ ਆਫ ਚੇਅਰਮੈਨ ਦੇ ਮੈਂਬਰ, ਸਰਦਾਰ ਸੁਜਾਨ ਸਿੰਘ, ਨੇ ਸਦਨ ਦੀ ਕੁਰਸੀ ਸੰਭਾਲੀ ।)

ਦਹਾਕਿਆਂ ਵਿੱਚ, ਸਕੂਲਾਂ ਵਿਚ ਜੇ.ਬੀ.ਟੀ. ਟੀਚਰਾਂ ਦੀਆਂ 10 ਫੀਸਦੀ ਪੋਸਟਾਂ ਖਾਲੀ ਪਈਆਂ ਹਨ । 1967 ਦੀ ਗਿਣਤੀ ਅਨੁਸਾਰ ਹੀ ਟੀਚਰਾਂ ਨੂੰ ਰੱਖਿਆ ਜਾਂਦਾ ਹੈ । ਜਦ ਕਿ ਅੱਜ ਅਧਿਆਪਕਾਂ ਦੀ ਬਹੁਤ ਲੋੜ ਹੈ । ਪਿਛਲੀ ਸਰਕਾਰ ਨੇ ਕਦੇ ਵੀ ਨਹੀਂ ਸੋਚਿਆ ਕਿ ਬੱਚਿਆਂ ਦੀ ਗਿਣਤੀ ਦੇ ਅਨੁਸਾਰ ਹੀ ਅਧਿਆਪਕ ਲੋੜੀਂਦੇ ਹੁੰਦੇ ਹਨ । ਜੇ ਇਹ ਸਰਕਾਰ ਨਹੀਂ ਕਰ ਸਕੀ ਤਾਂ ਹੁਣ ਵਾਲੀ ਸਰਕਾਰ ਕੀ ਇਹ ਬੋਝ ਚੁੱਕ ਲਵੇਗੀ ? ਹਜ਼ਾਰਾਂ ਦੀ ਗਿਣਤੀ ਵਿੱਚ ਪ੍ਰਾਈਵੇਟ ਸਕੂਲਾਂ ਵਿਚ ਪੜ੍ਹ ਰਹੇ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਤੋਂ ਲਿਆ ਕੇ ਪੂਰੀ ਸਹੂਲਤ ਦਿੱਤੀ ਜਾ ਸਕੇਗੀ ? ਸਰਕਾਰ ਨੇ ਹੁਣ ਕਦਮ ਚੁੱਕੇ ਹਨ ਕਿ ਗੌਰਮਿੰਟ ਏਡਿਡ ਸਕੂਲਾਂ ਵਿਚ ਸਹੂਲਤਾਂ ਦਿਤੀਆਂ ਜਾ ਸਕਦੀਆਂ ਹਨ । ਮੈਂ ਸੁਝਾਅ ਦੇਵਾਂਗੀ. . . . .ਕਿ ਇਹ ਜਿਹੜੇ ਪ੍ਰਾਈਵੇਟ ਸਕੂਲਜ਼ ਜਿਨ੍ਹਾਂ ਨੂੰ ਸਰਕਾਰ ਨੇ ਮਾਨਤਾ ਦਿੱਤੀ ਹੋਈ ਹੈ ਜਾਂ ਬੋਰਡ ਵਲੋਂ ਐਫੀਲੇਸ਼ਨ ਮਿਲੀ ਹੋਈ ਹੈ ਅਤੇ ਗੌਰਮਿੰਟ ਏਡਿਡ ਹਨ ਉਨ੍ਹਾਂ ਦੀਆਂ ਤਨਖਾਹਾਂ ਦੇ ਵਿਚ ਵਾਧਾ ਸਰਕਾਰੀ ਸਕੂਲਾਂ ਦੇ ਬਰਾਬਰ ਅਤੇ ਸਮੇਂ ਨਾਲ ਕੀਤਾ ਜਾਵੇ ਅਤੇ ਜਿਹੜੀਆਂ ਉਨ੍ਹਾਂ ਦੀਆਂ ਡਿਮਾਂਡਜ਼ ਕਾਫੀ ਲੰਬੇ ਸਮੇਂ ਤੋਂ ਚਲੀਆਂ ਆ ਰਹੀਆਂ ਹਨ ਉਨ੍ਹਾਂ ਨੂੰ ਪੂਰਾ ਕੀਤਾ ਜਾਵੇ । ਉਨ੍ਹਾਂ ਟੀਚਰਜ਼ ਨੂੰ ਵੱਧ ਤੋਂ ਵੱਧ ਸਹੂਲਤਾਂ ਸਰਕਾਰੀ ਸਕੂਲਜ਼ ਟੀਚਰਜ਼ ਵਾਲੀਆਂ ਮਿਲਣੀਆਂ ਚਾਹੀਦੀਆਂ ਹਨ ਤਦ ਹੀ ਪੜ੍ਹਾਈ ਦਾ ਮਿਆਰ ਉੱਚਾ ਹੋ ਸਕਦਾ ਹੈ । ਜਿਸ ਤਰ੍ਹਾਂ ਪੰਜਾਬ ਸਰਕਾਰ ਵਲੋਂ ਐਲਾਨ ਕੀਤਾ ਗਿਆ ਹੈ ਕਿ ਟੀਚਰਜ਼ ਨੂੰ ਮੈਡੀਕਲ ਭੱਤਾ 40/- ਰੁਪਏ ਤੋਂ 100/- ਰੁਪਿਆ ਕਰ ਦਿੱਤਾ ਗਿਆ ਹੈ, ਇਨ੍ਹਾਂ ਗੌਰਮਿੰਟ ਏਡਿਡ ਪ੍ਰਾਈਵੇਟ ਟੀਚਰਜ਼ ਦੀਆਂ ਮੰਗਾਂ ਸਰਕਾਰ ਵਲੋਂ ਨਾ ਮੰਨਣ ਦੇ ਕਾਰਨ ਉਨ੍ਹਾਂ ਨੇ ਬੱਚਿਆਂ ਨੂੰ ਪੜ੍ਹਾਈ ਕਰਾਉਣੀ ਬੰਦ ਕਰ ਦਿੱਤੀ ਸੀ ਔਰ ਨਕਲ ਵੱਲ ਚੱਲ ਪਏ ਸਨ । ਇਸ ਦੇ ਨਾਲ ਵਿਦਿਆ ਦਾ ਮਿਆਰ ਗਿਰ ਗਿਆ ਅਤੇ ਜਿਨ੍ਹਾਂ ਮਾਂ ਬਾਪ ਦੇ ਬੱਚੇ ਇਨ੍ਹਾਂ ਸਕੂਲਾਂ ਦੇ ਵਿਚ ਪੜ੍ਹ ਰਹੇ ਸਨ ਉਨ੍ਹਾਂ ਨੇ ਆਪਣੇ ਬੱਚੇ ਪ੍ਰਾਈਵੇਟ ਸਕੂਲਾਂ ਵਿਚ ਭੇਜਣੇ ਸ਼ੁਰੂ ਦਿੱਤੇ ਤਾਂਕਿ

[ਬੀਬੀ ਜਗੀਰ ਕੌਰ]

ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਖਰਾਬ ਨਾ ਹੋਵੇ । ਮਾਪਿਆਂ ਦੇ ਵਿਚ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਬੜੀ ਘਬਰਾਹਟ ਹੁੰਦੀ ਹੈ ਅਤੇ ਉਨ੍ਹਾਂ ਨੇ ਗੌਰਮਿੰਟ ਸਕੂਲਾਂ ਦੇ ਵਿਚੋਂ ਆਪਣੇ ਬੱਚੇ ਛੱਡ ਲਏ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਚ ਜਿਥੇ ਫੀਸਾਂ ਬੇਸ਼ੱਕ ਜ਼ਿਆਦਾ ਸਨ, ਪਰ ਆਪਣੇ ਬੱਚਿਆਂ ਦੇ ਭਵਿੱਖ ਦੀ ਖਾਤਰ ਉਨ੍ਹਾਂ ਨੇ ਪ੍ਰਾਈਵੇਟ ਸਕੂਲਾਂ ਦੇ ਵਿਚ ਬੱਚਿਆਂ ਨੂੰ ਦਾਖਲ ਕਰਵਾਇਆ । ਸਰਕਾਰ ਨੂੰ ਇਸ ਬਾਰੇ ਸੋਚਣਾ ਚਾਹੀਦਾ ਸੀ ਕਿ ਇਸ ਦੇ ਕੀ ਕਾਰਨ ਹਨ । ਅਗਰ ਸਰਕਾਰ ਟੀਚਰਜ਼ ਦੀਆਂ ਤਕਲੀਫਾਂ ਦੂਰ ਕਰ ਦੇਵੇ ਤਾਂ ਉਹ ਟੀਚਰਜ਼ ਪੜ੍ਹਾਈ ਦਾ ਮਿਆਰ ਉੱਚਾ ਚੁੱਕ ਸਕਦੇ ਹਨ । ਇਸ ਤਰ੍ਹਾਂ ਪ੍ਰਾਈਵੇਟ ਸਕੂਲਜ਼/ਗੌਰਮਿੰਟ ਏਡਿਡ ਸਕੂਲ ਟੀਚਰਜ਼ ਲਈ ਪੈਨਸ਼ਨ ਸਕੀਮ ਸਰਕਾਰ ਵਲੋਂ ਲਾਗੂ ਕੀਤੀ ਗਈ ਹੈ ਪਰ ਇਸ ਸਕੀਮ ਦੇ ਵਿਚ ਇਤਨੀਆਂ ਤਰੁੱਟੀਆਂ ਹਨ ਅਤੇ ਇਤਨੀਆਂ ਫਾਰਮੈਲਿਟੀਜ਼ ਹਨ ਜਿਨ੍ਹਾਂ ਨੂੰ ਪੂਰਾ ਕਰਨ ਲਈ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਇਨ੍ਹਾਂ ਪ੍ਰਾਈਵੇਟ ਸਕੂਲ ਟੀਚਰਜ਼ ਨੂੰ ਸਰਕਾਰ ਤੋਂ ਪੈਨਸ਼ਨ ਲੈਣ ਲਈ ਕਈ ਕਈ ਸਾਲ ਧੱਕੇ ਖਾਣੇ ਪੈਂਦੇ ਹਨ ਅਤੇ ਕਾਫੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ, ਫੇਰ ਉਨ੍ਹਾਂ ਨੂੰ ਪੈਨਸ਼ਨ ਮਿਲਦੀ ਹੈ । ਜਦ ਕਿ ਹੋਣਾ ਇਹ ਚਾਹੀਦਾ ਹੈ ਕਿ ਜਿਸ ਤਰ੍ਹਾਂ ਸਰਕਾਰੀ ਸਕੂਲ ਦਾ ਟੀਚਰ ਜਦ ਰਿਟਾਇਰ ਹੁੰਦਾ ਹੈ ਤਾਂ ਉਸ ਨੂੰ ਉਸੇ ਦਿਨ ਹੀ ਪੈਨਸ਼ਨ ਦੇ ਕਾਗਜ਼ ਗਰੈਚੂਟੀ ਦੇ ਕਾਗਜ਼ ਅਤੇ ਹੋਰ ਬਕਾਇਆ ਫੰਡਜ਼ ਦੇ ਕਾਗਜ਼ ਮਿਲ ਜਾਂਦੇ ਹਨ ਪਰ ਦੂਜੇ ਪਾਸੇ ਪ੍ਰਾਈਵੇਟ ਸਕੂਲ ਟੀਚਰਜ਼ ਨੂੰ ਕਈ ਕਈ ਸਾਲ ਇਨ੍ਹਾਂ ਚੀਜ਼ਾਂ ਨੂੰ ਪੂਰਾ ਕਰਨ ਲਈ ਸਮਾਂ ਲਗ ਜਾਂਦਾ ਹੈ । ਇਸ ਨੂੰ ਸਿੰਪਲੀਫਾਈ ਕਰਨ ਦੀ ਲੋੜ ਹੈ । ਅਗਰ ਸਰਕਾਰ ਚਾਹੁੰਦੀ ਹੈ ਕਿ ਵਿਦਿਆ ਦਾ ਸਕੂਲਾਂ ਵਿਚ ਮਿਆਰ ਉਚਾ ਚੁੱਕਣਾ ਹੈ ਫਿਰ ਸਾਨੂੰ ਪ੍ਰਾਈਵੇਟ ਸਕੂਲ ਟੀਚਰਜ਼ ਦੀਆਂ ਮੁਸ਼ਕਲਾਂ ਨੂੰ ਦੂਰ ਕਰਨਾ ਪਵੇਗਾ ਅਤੇ ਉਨ੍ਹਾਂ ਨੂੰ ਸਰਕਾਰੀ ਸਕੂਲ ਟੀਚਰਜ਼ ਵਾਲੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਤਦ ਹੀ ਵਿਦਿਆ ਦੇ ਵਿਚ ਮਿਆਰ ਉੱਚਾ ਹੋ ਸਕਦਾ ਹੈ । ਪਿਛਲੀ ਸਰਕਾਰ ਨੇ ਇਸ ਤਰਫ ਕੋਈ ਧਿਆਨ ਨਹੀਂ ਦਿੱਤਾ । ਸਾਡੇ ਸਰਕਾਰੀ ਸਕੂਲਾਂ ਦੇ ਵਿਚ ਨਾ ਫਰਨੀਚਰ ਹੁੰਦਾ ਹੈ, ਨਾ ਬਿਲਡਿੰਗ ਹੁੰਦੀ ਹੈ, ਨਾ ਪੱਖੇ ਹੁੰਦੇ ਹਨ ਅਤੇ ਨਾ ਪੀਣ ਦੇ ਪਾਣੀ ਦਾ ਕੋਈ ਚੰਗਾ ਪ੍ਰਬੰਧ ਹੁੰਦਾ ਹੈ, ਜਿਸ ਕਰਕੇ ਵਿਦਿਆ ਦੇ ਮਿਆਰ ਵਿਚ ਫ਼ਰਕ ਆਉਂਦਾ ਹੈ ਅਤੇ ਦੂਜੇ ਪਾਸੇ ਪ੍ਰਾਈਵੇਟ ਸਕੂਲਾਂ ਦੇ ਵਿਚ ਵਧੀਆ ਕਿਸਮ ਦਾ ਫਰਨੀਚਰ ਹੁੰਦਾ ਹੈ, ਸਪੋਰਟਸ ਲਈ ਸਮਾਨ ਹੁੰਦਾ ਹੈ, ਲਾਇਬ੍ਰੇਰੀ ਹੁੰਦੀ ਹੈ, ਪੱਖੇ ਹੁੰਦੇ ਹਨ, ਪੀਣ ਲਈ ਪਾਣੀ ਦਾ ਚੰਗਾ ਪ੍ਰਬੰਧ ਹੁੰਦਾ ਹੈ ਅਤੇ ਕੁਆਲੀਫਾਈਡ ਟੀਚਰਜ਼ ਹੁੰਦੇ ਹਨ ਅਤੇ ਉਨ੍ਹਾਂ ਦਾ ਰਿਜ਼ਲਟ ਵੀ ਚੰਗਾ ਹੁੰਦਾ ਹੈ । ਇਨ੍ਹਾਂ ਪ੍ਰਾਈਵੇਟ ਸਕੂਲਾਂ ਨੂੰ ਡਿਸਕਰਜ਼ ਕਰਨ ਲਈ ਪਹਿਲੇ ਸਾਨੂੰ ਅਪਣੇ ਸਕੂਲਾਂ ਦੇ ਵਿਚ ਸਾਰੀਆਂ ਸਹੂਲਤਾਂ ਦੇਣੀਆਂ ਪੈਣਗੀਆਂ ਅਤੇ ਟੀਚਰਜ਼ ਦੀਆਂ ਮੰਗਾਂ ਵੱਲ ਧਿਆਨ ਦੇਣਾ ਪਵੇਗਾ । ਸਰਕਾਰ ਨੂੰ ਆਪਣੀ ਸੋਚ ਵਿਚ ਬਦਲਾਵ ਲਿਆਉਣਾ ਪਵੇਗਾ ਤਦ

ਹੀ ਸਟੈਂਡਰਡ ਆਫ ਐਜੂਕੇਸ਼ਨ ਸਟੇਟ ਵਿਚ ਵੱਧ ਸਕਦਾ ਹੈ। ਨਕਲ ਨੂੰ ਬੰਦ ਕਰਨਾ ਪਵੇਗਾ ਅਤੇ ਇਸ ਗੱਲ ਲਈ ਪੱਕਾ ਇਰਾਦਾ ਕਰਨਾ ਪਵੇਗਾ। ਇਨ੍ਹਾ ਪ੍ਰਾਈਵੇਟ ਸਕੂਲਾਂ ਨੂੰ ਡਿਸਕਰੇਜ ਅਤੇ ਡੀਮਾਰੇਲਾਈਜ਼ ਕਰਨ ਲਈ ਸਭ ਤੋਂ ਪਹਿਲਾਂ ਸਾਨੂੰ ਆਪਣੇ ਸਕੂਲਾਂ ਦੇ ਵਿਚ ਵਧੀਆ ਕਿਸਮ ਦੀ ਵਿਦਿਆ ਦੇਣੀ ਪਵੇਗੀ ਅਤੇ ਸਾਜ਼ੋ-ਸਮਾਨ ਦੇਣਾ ਪਵੇਗਾ ਅਤੇ ਸਕੂਲਾਂ ਲਈ ਜ਼ਰੂਰੀ ਚੀਜ਼ਾਂ ਦਾ ਇੰਤਜ਼ਾਮ ਕਰਕੇ ਦੇਣਾ ਪਵੇਗਾ ਫਿਰ ਅਸੀਂ ਪ੍ਰਾਈਵੇਟ ਸਕੂਲਜ਼ ਨੂੰ ਡਿਸਕਰੇਜ ਕਰ ਸਕਦੇ ਹਾਂ। ਅਗਰ ਸਰਕਾਰ ਸਕੂਲ ਫੀਸਾਂ ਵਿਚ 1% ਵੀ ਵਾਧਾ ਕਰ ਲਵੇ ਤਾਂ ਅਸੀਂ ਸਾਰੇ ਇਕੱਠੇ ਹੋ ਕੇ ਰੌਲਾ ਪਾ ਦਿੰਦੇ ਹਾਂ ਜਦ ਕਿ ਪ੍ਰਾਈਵੇਟ ਸਕੂਲਾਂ ਵਾਲੇ ਕਾਫੀ ਫੀਸਾਂ ਲੈਂਦੇ ਹਨ ਪਰ ਫੇਰ ਵੀ ਮਾਪੇ ਆਪਣੇ ਬੱਚੇ ਉਨ੍ਹਾਂ ਸਕੂਲਾਂ ਦੇ ਵਿਚ ਪੜ੍ਹਾਈ ਲਈ ਭੇਜਣ ਲਈ ਤਿਆਰ ਹੁੰਦੇ ਹਨ। ਜੇ ਕਿਤੇ ਅਮਲਗਾਮੇਟਿਡ ਫੰਡਜ਼ ਦੇ ਵਿਚ ਸਰਕਾਰ ਅਗਰ ਇਨਕਰੀਜ਼ ਕਰ ਦੇਵੇ ਤਾਂ ਉਹ ਚਰਚਾ ਦਾ ਵਿਸ਼ਾ ਬਣ ਜਾਂਦਾ ਹੈ। ਸਰਕਾਰੀ ਖਜ਼ਾਨੇ ਵਿਚ ਵਿਦਿਆ ਦੇ ਲਈ ਫੰਡਜ਼ ਹੋਰ ਆ ਜਾਣ ਔਰ ਉਹ ਪੈਸਾ ਵਿਦਆ ਦੇ ਵਾਸਤੇ ਖਰਚ ਹੋ ਜਾਵੇ ਤਾਂ ਕੋਈ ਮਾੜੀ ਗੱਲ ਨਹੀਂ ਹੈ। ਇਸੇ ਤਰ੍ਹਾਂ ਕਿਸੇ ਨੇ ਸਰਕਾਰੀ ਸਕੂਲ ਨੂੰ ਆਪਣਾ ਸਕੂਲ ਕਦੇ ਨਹੀਂ ਕਿਹਾ ਜਦ ਕਿ ਪ੍ਰਾਈਵੇਟ ਸਕੂਲ ਨੂੰ ਬੱਚੇ ਸਾਰੇ ਆਪਣਾ ਸਕੂਲ ਕਹਿੰਦੇ ਹਨ। ਚੇਅਰਮੈਨ ਸਾਹਿਬ, ਗੌਰਮਿੰਟ ਸਕੂਲਾਂ ਵਿਚ ਬੱਚੇ ਪੜ੍ਹਾਉਣ ਦੀ ਲੋਕਾਂ ਵਿਚ ਦਿਲਚਸਪੀ ਪੈਦਾ ਹੋਵੇ। ਬੱਚੇ ਪ੍ਰਾਈਵੇਟ ਸਕੂਲਾਂ ਵਿਚ ਜਾਣ ਦੀ ਬਜਾਏ ਗੌਰਮਿੰਟ ਸਕੂਲਾਂ ਵਿਚ ਪੜ੍ਹਨ। ਗੌਰਮਿੰਟ ਸਕੂਲਾਂ ਵਿਚ ਪੜ੍ਹਾਈ ਅੱਛੀ ਹੋਵੇ। ਏਸੇ ਲਈ ਪੰਜਾਬ ਸਰਕਾਰ ਨੇ ਫੈਸਲਾ ਲਿਆ ਹੈ ਕਿ ਗੌਰਮਿੰਟ ਸਕੂਲਾਂ ਵਿਚ ਵੀ ਪੜ੍ਹਾਈ ਵਧੀਆ ਹੋਵੇ। ਹਰ ਇਕ ਮਾਂ ਬਾਪ ਚਾਹੁੰਦਾ ਹੈ ਅਤੇ ਉਸ ਨੂੰ ਚਾਅ ਹੁੰਦਾ ਹੈ ਕਿ ਮੇਰਾ ਬੱਚਾ ਸਕੂਲ ਵਿਚ ਟਾਈ ਲਾ ਕੇ ਜਾਵੇ, ਚੰਗੀ ਯੂਨੀਫਾਰਮ ਪਾ ਕੇ ਜਾਵੇ ਅਤੇ ਵਧੀਆ ਸਕੂਲ ਵਿਚ ਜਾਵੇ। ਬਾਦਲ ਸਾਹਿਬ ਦੀ ਸਰਕਾਰ ਨੇ ਆਦਰਸ਼ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ ਹੈ। ਹਰ ਬਲਾਕ ਵਿਚ ਆਦਰਸ਼ ਸਕੂਲ ਖੋਲ੍ਹੇ ਜਾਣਗੇ। ਐਜੂਕੇਸ਼ਨ ਅੱਛੀ ਦਿੱਤੀ ਜਾਵੇਗੀ।

ਚੇਅਰਮੈਨ ਸਾਹਿਬ, ਜਦੋਂ ਕਿਸੇ ਨੂੰ ਠੰਡ ਲਗਦੀ ਹੋਵੇ ਤਾਂ ਕਿਸੇ ਦੇ ਚੁਲ੍ਹੇ ਵਿਚ ਬੈਠਣ ਨਾਲੋਂ ਆਪਣੇ ਚੁਲ੍ਹੇ ਵਿਚ ਅੱਗ ਬਾਲ ਲਈਏ, ਸੇਕ ਲੈ ਲਈਏ ਤਾਂ ਆਪਣੇ ਘਰ ਦਾ ਸੇਕ ਵਧੀਆ ਨਿੱਘ ਦੇਵੇਗਾ। ਸੋ ਸਾਨੂੰ ਐਜੂਕੇਸ਼ਨ ਦਾ ਸਟੈਂਡਰਡ ਵਧੀਆ ਕਰਨਾ ਚਾਹੀਦਾ ਹੈ ਅਤੇ ਐਜੂਕੇਸ਼ਨ ਵਿਚ ਜੋ ਕਮੀਆਂ ਹਨ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ ਤਾਂ ਕਿ ਪ੍ਰਾਈਵੇਟ ਸਕੂਲਾਂ ਬਾਰੇ, ਜਿਨ੍ਹਾਂ ਨੇ ਦੁਕਾਨਾਂ ਬਣਾ ਰਖੀਆਂ ਹਨ, ਉਹ ਆਪਣੇ ਆਪ ਹੀ ਵਿਦਿਅਕ ਦੁਕਾਨਾਂ ਬੰਦ ਕਰ ਦੇਣ। ਸਾਨੂੰ ਪਹਿਲਾਂ ਆਪਣੇ ਸਕੂਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਸਕੂਲ, ਕਾਲਜ ਜੋ ਹਨ ਉਨ੍ਹਾਂ ਵਿਚ ਪੂਰੀਆਂ ਸਹੂਲਤਾਂ ਨਹੀਂ। ਕਈਆਂ ਦੀਆਂ ਆਪਣੀਆਂ ਬਿਲਡਿੰਗਾਂ ਨਹੀਂ, ਅਧਿਆਪਕ ਨਹੀਂ, ਇਸ ਕਰਕੇ ਸਾਨੂੰ ਗੌਰਮਿੰਟ ਸਕੂਲਾਂ ਦਾ ਸਟੈਂਡਰਡ ਉੱਚਾ ਚੁੱਕਣਾ ਚਾਹੀਦਾ ਹੈ। ਐਜੂਕੇਸ਼ਨ ਪ੍ਰਣਾਲੀ ਵਿਚ ਜਿਹੜੀਆਂ ਕਮੀਆਂ ਪਹਿਲੀ ਸਰਕਾਰ

[ਬੀਬੀ ਜਗੀਰ ਕੌਰ]

ਵੇਲੇ ਦੀਆਂ ਹਨ, ਉਹ ਦੂਰ ਕੀਤੀਆ ਜਾਣੀਆਂ ਚਾਹੀਦੀਆ ਹਨ । ਟਰਾਂਸਫਰ ਦੀ ਪਹਿਲੀ ਜਿਹੜੀ ਪਾਲਿਸੀ ਸੀ, ਉਸ ਨਾਲ ਅਧਿਆਪਕ ਸੰਤੁਸ਼ਟ ਨਹੀਂ ਸਨ। ਸੀ.ਈ.ਓ. ਲੈਵਲ ਤੇ, ਡੀ.ਈ.ਓ. ਲੈਵਲ ਤੇ ਡਾਇਰੈਕਟੋਰੇਟ ਲੈਵਲ ਤੇ ਜੋ ਟਰਾਂਸਫਰਾਂ ਹੁੰਦੀਆਂ ਸਨ ਉਨ੍ਹਾਂ ਤੋਂ ਕੋਈ ਵੀ ਅਧਿਆਪਕ ਖੁਸ਼ ਨਹੀਂ ਸੀ । ਅਧਿਆਪਕਾਂ ਦੀਆਂ ਹੋਰ ਜੋ ਪਰਾਬਲਮਜ਼ ਹੁੰਦੀਆਂ ਸਨ, ਚਾਹੇ ਉਹ ਪਰਾਬਲਮਜ਼ ਕਿ ਕਿਸੇ ਅਫਸਰ ਜਾਂ ਕਰਮਚਾਰੀ ਨਾਲ ਸਬੰਧਤ ਹੋਣ, ਪਰ ਉਹ ਹੱਲ ਨਹੀਂ ਹੁੰਦੀਆਂ ਸਨ । ਪਿਛਲੀ ਸਰਕਾਰ ਨੇ ਟਰਾਂਸਫਰ ਦੀ ਅਜਿਹੀ ਪਾਲਿਸੀ ਬਣਾਈ ਸੀ ਕਿ ਇਸ ਅਧਿਆਪਕ ਨੇ ਸਾਨੂੰ ਵੋਟ ਨਹੀਂ ਪਾਈ, ਇਸ ਕਰਕੇ ਇਸ ਦੀ ਟਰਾਂਸਫਰ ਕਰਕੇ ਬਠਿੰਡਾ ਪਹੁੰਚਾ ਦਿਓ । ਮੇਰੇ ਹਲਕੇ ਦੀ ਗੱਲ ਹੈ, ਚੇਅਰਮੈਨ ਸਾਹਿਬ, ਕਿਸੇ ਇਕ ਅਧਿਆਪਕ ਨੇ ਵੋਟਾਂ ਕਾਂਗਰਸ ਨੂੰ ਨਹੀਂ ਪਾਈਆਂ ਤਾਂ ਉਸਦੀ ਬਦਲੀ ਕਪੂਰਥਲੇ ਤੋਂ ਬਠਿੰਡੇ ਕਰ ਦਿਓ, ਗੰਗਾ ਨਗਰ ਕਰ ਦਿਓ । ਅਧਿਆਪਕਾਂ ਦੇ ਨਾਲ ਧੱਕੇ ਹੁੰਦੇ ਰਹੇ ਹਨ ਪਰ ਐਜੂਕੇਸ਼ਨ ਵੱਲ ਧਿਆਨ ਨਹੀਂ ਦਿੱਤਾ ਗਿਆ । ਹੁਣ ਸਾਡੀ ਸਰਕਾਰ ਨੇ ਅਧਿਆਪਕਾਂ ਦੀ ਨਵੀਂ ਟਰਾਂਸਫਰ ਨੀਤੀ ਬਣਾਈ ਹੈ ਜਿਸ ਨਾਲ ਅਧਿਆਪਕ ਵਰਗ ਅਤੇ ਹੋਰ ਸਾਰੇ ਖੁਸ਼ ਹਨ । ਨਵੀਂ ਪਾਲਿਸੀ ਬਾਰੇ ਕਿਸੇ ਨੂੰ ਕੋਈ ਸ਼ਿਕਾਇਤ ਨਹੀਂ ਹੈ । ਮੈਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿੰਦੀ ਹਾਂ ਜਿਸ ਨੇ ਐਜੂਕੇਸ਼ਨ ਦੇ ਸਬੰਧ ਵਿਚ ਵਧੀਆ ਕਦਮ ਚੁਕੇ ਗਏ । ਪ੍ਰਾਈਵੇਟ ਏਡਿਡ ਸਕੂਲਾਂ ਦੇ ਅਧਿਆਪਕਾਂ ਨੂੰ ਕਰਮਚਾਰੀਆਂ ਨੂੰ, ਮੈਡੀਕਲ ਭੱਤਾ ਦਿੱਤਾ ਗਿਆ ਹੈ । ਅੱਜ ਸਕੂਲਾਂ ਵਿਚ, ਦਫਤਰਾਂ ਵਿਚ ਐਫੀਸ਼ੈਂਸੀ ਦੇ ਨਾਲ ਕੰਮ ਹੋ ਰਿਹਾ ਹੈ । ਕਾਨੂੰਨ ਅਨੁਸਾਰ ਅਧਿਆਪਕਾ ਦੀ ਭਰਤੀ ਹੋਵੇਗੀ । ਅੱਜ ਲੋੜ ਹੈ ਜੋ ਕਮੀਆਂ ਰਹਿ ਗਈਆਂ ਹਨ ਉਨ੍ਹਾਂ ਨੂੰ ਸਰਕਾਰ ਵਲੋਂ ਦੂਰ ਕੀਤਾ ਜਾਵੇ । ਮੈਂ ਏਡਿਡ ਸਕੂਲਾਂ ਦੇ ਪ੍ਰੈਜ਼ੀਡੈਂਟ ਦੇ ਤੌਰ ਤੇ ਕੰਮ ਕਰਦੀ ਆ ਰਹੀ ਹਾਂ, ਮੈਂ ਆਪ ਮੁਲਾਜ਼ਮ ਵੀ ਰਹੀ ਹਾਂ ਅਤੇ ਅਧਿਆਪਕਾਂ ਦੇ ਨਾਲ ਮੇਰਾ ਸਬੰਧ ਹੈ । ਮੈਨੂੰ ਪ੍ਰਾਈਵੇਟ ਸਕੂਲਾਂ ਦੀਆਂ ਤਕਲੀਫਾਂ ਬਾਰੇ ਤਜਰਬਾ ਹੈ ਅਤੇ ਪਤਾ ਹੈ । ਜੇਕਰ ਉਨ੍ਹਾਂ ਸਕੂਲਾਂ ਦੀਆਂ ਪਰਾਬਲਮਜ਼ ਨੂੰ ਦੂਰ ਕਰ ਦਿੱਤਾ ਜਾਵੇ ਤਾਂ ਪ੍ਰਾਈਵੇਟ ਦੁਕਾਨਾਂ ਆਪਣੇ ਆਪ ਬੰਦ ਹੋਣ ਲਈ ਮਜਬੂਰ ਹੋ ਜਾਣਗੀਆਂ । ਚੇਅਰਮੈਨ ਸਾਹਿਬ, ਮੈਂ ਹੋਰ ਕੁਝ ਜ਼ਿਆਦਾ ਨਾ ਕਹਿੰਦੀ ਹੋਈ ਇਹ ਬੇਨਤੀ ਜ਼ਰੂਰ ਕਰਾਂਗੀ ਕਿ ਜੋ ਗੌਰਮਿੰਟ ਨੇ ਸਟੈਪ ਲਏ ਹਨ, ਆਦਰਸ਼ ਸਕੂਲ ਖੋਲ੍ਹਣ ਬਾਰੇ, ਟੀਚਰ ਪੂਰੇ ਭਰਤੀ ਕਰਨ ਬਾਰੇ, ਵਧੀਆ ਬਿਲਡਿੰਗਾਂ ਸਕੂਲਾਂ ਲਈ ਬਣਾਉਣ ਬਾਰੇ ਅਤੇ ਹੋਰ ਜਿਹੜੀ ਪੇ-ਕਮਿਸ਼ਨ ਦੀ ਰਿਪੋਰਟ 15 ਜੁਲਾਈ ਤੱਕ ਲੈਣ ਬਾਰੇ, ਜਿਹੜੀ ਕਿ ਪਿਛਲੇ 5 ਸਾਲ ਤੋਂ ਜਦੋਂ ਤੋਂ ਪੇ-ਕਮਿਸ਼ਨ ਬੈਠਾ ਹੋਇਆ ਹੈ, ਇਨ੍ਹਾਂ ਵਿਚ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਉਹ ਰਿਪੋਰਟ ਲੈਣ ਦੀ ਤਾਕਤ ਨਹੀਂ ਹੋਈ, ਇਹ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਡੇਟ ਬਾਊਂਡ ਕਰ ਦਿੱਤਾ ਹੈ ਕਿ 15 ਜੁਲਾਈ 1997 ਤੱਕ ਰਿਪੋਰਟ ਆ ਰਹੀ ਹੈ ਅਤੇ ਸਭ ਤੋਂ ਵੱਡੀ ਗੱਲ ਜਿਹੜੀ ਸਾਡੇ ਖਜ਼ਾਨਾ ਮੰਤਰੀ ਜੀ ਨੇ ਕੀਤੀ ਹੈ, ਉਹ ਇਹ ਹੈ ਕਿ 400 ਕਰੋੜ ਰੁਪਇਆ ਇਸ ਮੰਤਵ ਵਾਸਤੇ ਵੀ ਰੱਖ ਦਿੱਤਾ ਹੈ, ਇਹ ਬੜੇ ਸ਼ਲਾਘਾਯੋਗ ਹਨ । ਇਸ ਰੁਪਏ ਦੇ ਨਾਲ ਅੱਜ ਕਰਮਚਾਰੀ ਅਤੇ ਅਧਿਆਪਕ ਵਰਗ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ । ਉਨ੍ਹਾਂ ਨੇ ਮਹਿਸੂਸ

ਕੀਤਾ ਹੈ ਕਿ ਉਨ੍ਹਾਂ ਦੀਆਂ ਤਕਲੀਫਾਂ ਸੁਣਨ ਵਾਲੀ ਸਰਕਾਰ ਹੁਣ ਆ ਗਈ ਹੈ। ਇਸ ਦੇ ਨਾਲ ਸਕੂਲਾਂ ਦਾ ਵੱਧ ਤੋਂ ਵੱਧ ਸਟੈਂਡਰਡ ਉਚਾ ਹੋਵੇਗਾ, ਰੈਗੂਲਰ ਸਕੂਲ ਹੋਣਗੇ ਅਤੇ ਪੰਜਾਬੀ ਅਤੇ ਵੀ ਹੋਣਗੇ ਅਤੇ ਇਸ ਕਾਰਨ ਸਾਡੇ ਬੱਚਿਆਂ ਦਾ ਭਵਿੱਖ ਬਹੁਤ ਰੌਸ਼ਨੀ ਵਾਲਾ ਹੋਵੇਗਾ। ਚੇਅਰਮੈਨ ਸਾਹਿਬ, ਮੈਂ ਅਪੀਲ ਕਰਾਂਗੀ ਕਿ ਇਸ ਮਤੇ ਨੂੰ ਰੱਦ ਕਰ ਦਿੱਤਾ ਜਾਵੇ ਅਤੇ ਇਸ ਦੇ ਨਾਲ ਹੀ ਸਰਕਾਰ ਨੇ ਜੋ ਸਹੂਲਤਾਂ ਦਿੱਤੀਆਂ ਹਨ ਉਨ੍ਹਾਂ ਨੂੰ ਕਾਮਯਾਬੀ ਨਾਲ ਅੱਗੇ ਤੋਰਨ ਵਾਸਤੇ ਕਦਮ ਚੁੱਕੇ ਜਾਣ ਅਤੇ ਚੜ੍ਹਦੀ ਕਲਾ ਵਿਚ ਸਰਕਾਰੀ ਮਾਨਤਾ ਪ੍ਰਾਪਤ ਸਕੂਲਾਂ ਦੇ ਸਟੈਂਡਰਡ ਨੂੰ ਲਿਜਾਇਆ ਜਾਵੇ। ਇਸ ਲਈ ਇਹ ਜ਼ਰੂਰਤ ਨਹੀਂ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ। ਇਸ ਦੇ ਨਾਲ ਹੀ ਮੈਂ ਮੁੱਖ ਮੰਤਰੀ, ਪੰਜਾਬ ਨੂੰ ਬੇਨਤੀ ਕਰਾਂਗੀ ਕਿ ਜੋ ਕਮੀਆਂ ਰਹਿੰਦੀਆਂ ਹਨ ਅਤੇ ਜਿਨ੍ਹਾਂ ਨੂੰ ਦੂਰ ਕਰਨ ਵਾਸਤੇ ਤੁਸੀਂ ਵਚਨਬੱਧ ਹੋ, ਉਹ ਦੂਰ ਕੀਤੀਆਂ ਜਾਣ। ਧੰਨਵਾਦ।

ਮਾਸਟਰ ਮੋਹਨ ਲਾਲ (ਪਠਾਨਕੋਟ) : ਧੰਨਵਾਦੀ ਹਾਂ ਜੀ। ਚੇਅਰਮੈਨ ਸਾਹਿਬ, ਅੱਜ ਜੋ ਮਤਾ ਚੌਧਰੀ ਜਗਜੀਤ ਸਿੰਘ ਜੀ ਨੇ ਸਦਨ ਦੇ ਵਿਚਾਰ ਅਧੀਨ ਰੱਖਿਆ ਹੈ, ਮੈਂ ਉਸ ਦਾ ਵਿਰੋਧ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਚੇਅਰਮੈਨ ਸਾਹਿਬ, ਅੱਜ ਦੇ ਸੱਤ ਮਤੇ ਹਨ। ਸੱਤਾਂ ਵਿਚੋਂ ਚਾਰ ਮਤੇ ਇਸੇ ਹੀ ਵਿਸ਼ੇ ਨਾਲ ਸਬੰਧਤ ਹਨ ਔਰ ਚਾਰ ਮਤਿਆਂ ਨੂੰ ਪੇਸ਼ ਕਰਨ ਵਾਲਿਆਂ ਵਿਚੋਂ ਤਿੰਨ ਆਦਮੀ ਕਿੰਨੇ ਸੀਰੀਅਸ ਹਨ, ਤੁਸੀਂ ਇਸ ਗੱਲ ਦਾ ਅੰਦਾਜ਼ਾ ਇਥੋਂ ਹੀ ਲਗਾ ਸਕਦੇ ਹੋ ਕਿ ਨਾ ਤਾਂ ਡਾਕਟਰ ਹਰਬੰਸ ਲਾਲ ਇਥੇ ਮੌਜੂਦ ਹਨ, ਨਾ ਚੌਧਰੀ ਜਗਜੀਤ ਸਿੰਘ ਜੀ ਇਥੇ ਮੌਜੂਦ ਹਨ ਅਤੇ ਨਾ ਭਗਵਾਨ ਦਾਸ ਅਰੋੜਾ ਜੀ ਇਥੇ ਮੌਜੂਦ ਹਨ। ਇਹ ਮਤੇ ਵਾਸਤੇ ਮਤਾ ਰੱਖਣਾ ਚਾਹੁੰਦੇ ਹਨ ਅਤੇ ਮਤੇ ਦੀ ਗਰੈਵਿਟੀ, ਮਤੇ ਦੀ ਸੀਰੀਅਸਨੈਸ ਵਾਸਤੇ ਕੋਈ ਸੀਰੀਅਸ ਨਹੀਂ। (ਥੰਪਿੰਗ) ਚੌਧਰੀ ਜਗਜੀਤ ਸਿੰਘ ਆਪ ਮਤਾ ਪੇਸ਼ ਕਰ ਗਏ ਹਨ ਅਤੇ ਆਪ ਕਿਧਰੇ ਚਲੇ ਗਏ ਹਨ। ਹੁਣ ਹਾਊਸ ਆਪੇ ਇਸ ਤੇ ਜੋ ਕੁਝ ਮਰਜ਼ੀ ਬੋਲਦਾ ਰਹੇ।

ਚੇਅਰਮੈਨ ਸਾਹਿਬ, ਅੱਜ ਇਹ ਜੋ ਮਤਾ ਪੇਸ਼ ਕੀਤਾ ਗਿਆ ਹੈ, ਉਸ ਦੀ ਗਰੈਵਿਟੀ, ਉਸ ਦੀ ਪਵਿੱਤਰਤਾ, ਉਸ ਦੀ ਮਹਾਨਤਾ ਵੱਲ ਮੈਂ ਸਾਰੇ ਹਾਊਸ ਦਾ ਧਿਆਨ ਲਿਆਉਣਾ ਚਾਹੁੰਦਾ ਹਾਂ। ਸ਼ਿਕਸ਼ਾ ਜ਼ਿੰਦਗੀ ਦਾ ਮਿਆਰ ਹੈ, ਸ਼ਿਕਸ਼ਾ ਆਦਮੀ ਦੀ ਤੀਸਰੀ ਅੱਖ ਹੈ। ਸ਼ਿਕਸ਼ਾ ਇਕ ਇਨਸਾਨ ਦਾ ਭੂਸ਼ਣ ਹੈ, ਗਹਿਣਾ ਹੈ ਔਰ 50 ਸਾਲ ਦੀ ਅਜ਼ਾਦੀ ਤੋਂ ਬਾਅਦ ਅੱਜ ਅਸੀਂ ਦੇਖਦੇ ਹਾਂ ਕਿ ਸਾਡੇ ਬੱਚੇ 14-15 ਸਾਲ ਦੀ ਪੜ੍ਹਾਈ ਕਰਨ ਤੋਂ ਬਾਅਦ ਵੀ ਗਲੀਆਂ, ਬਾਜ਼ਾਰਾਂ ਵਿਚ ਬੇਕਾਰ ਘੁੰਮ ਰਹੇ ਹਨ। ਅੱਜ ਦੀ ਇਸ ਸ਼ਿਕਸ਼ਾ ਨੇ, ਵਰਤਮਾਨ ਸ਼ਿਕਸ਼ਾ ਪ੍ਰਣਾਲੀ ਨੇ ਸਾਡੇ ਬੱਚਿਆਂ ਨੂੰ ਗਲੀਆਂ ਬਾਜ਼ਾਰਾਂ ਵਿਚ ਬੇਕਾਰ ਘੁੰਮਣ ਵਾਸਤੇ ਮਜਬੂਰ ਕੀਤਾ ਹੈ। ਉਹ ਰੋਜ਼ਗਾਰ ਨਹੀਂ ਲੱਭ ਸਕੇ। ਸੈਲਫ ਇੰਪਲਾਇਮੈਂਟ ਨਹੀਂ ਲੱਭ ਸਕੇ। ਉਹ ਵਧੀਆ ਸਕੂਲ, ਕਾਲਜਾਂ ਦੀ ਤਾਲੀਮ ਹਾਸਲ ਕਰਨ ਤੋਂ ਬਾਅਦ ਵੀ ਬੇਕਾਰ ਹੈ

[ਮਾਸਟਰ ਮੋਹਨ ਲਾਲ]

ਅਤੇ ਆਪਣੇ ਮਾਂ-ਬਾਪ ਤੇ ਬੋਝ ਬਣਿਆ ਹੋਇਆ ਹੈ। ਜਿਸ ਮਾਂ-ਬਾਪ ਨੇ ਆਪਣੇ ਬੱਚੇ ਨੂੰ ਤਾਲੀਮ ਦੇਣ ਵਾਸਤੇ 15-16 ਸਾਲ ਆਪਣੇ ਪਰਿਵਾਰ ਵਿਚ ਔਕੜਾਂ ਸਹੀਆਂ ਪਰ ਅੱਜ 15-16 ਸਾਲ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਵੀ ਉਨ੍ਹਾਂ ਦਾ ਬੱਚਾ ਬੇਕਾਰ ਘੁੰਮ ਰਿਹਾ ਹੈ। ਚੇਅਰਮੈਨ ਸਾਹਿਬ......

ਚੌਧਰੀ ਜਗਜੀਤ ਸਿੰਘ: ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਮੇਰੇ ਸਤਿਕਾਰਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਮੈਂ ਇਥੇ ਮੌਜੂਦ ਨਹੀਂ, ਹਾਜ਼ਰ ਨਹੀਂ ਅਤੇ ਜਦ ਕਿ ਮੈਂ ਮਤਾ ਮੂਵ ਕੀਤਾ ਹੈ। ਚੇਅਰਮੈਨ ਸਾਹਿਬ, ਮੈਂ ਇਥੇ ਹਾਜ਼ਰ ਹਾਂ ਲੇਕਿਨ ਅੱਜ ਏਨਾ ਮਹੱਤਵਪੂਰਨ ਮਤਾ ਪੇਸ਼ ਹੋਣ ਦੇ ਬਾਵਜੂਦ ਏਥੇ ਐਜੂਕੇਸ਼ਨ ਮਨਿਸਟਰ ਸਾਹਿਬ ਔਰ ਮੁੱਖ ਮੰਤਰੀ ਸਾਹਿਬ, ਉਹ ਵੀ ਇਥੇ ਹਾਜ਼ਰ ਨਹੀਂ। ਇਹ ਐਜੂਕੇਸ਼ਨ ਦੇ ਮੁਤਲੱਕ ਰੈਜ਼ੋਲਿਊਸ਼ਨ ਸੀ।

ਸ੍ਰੀ ਸਭਾਪਤੀ : ਕਿਸੇ ਜ਼ਰੂਰੀ ਕੰਮ ਗਏ ਹਨ ਜੀ।

ਮਾਸਟਰ ਮੋਹਨ ਲਾਲ: ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਸਿੱਖਿਆ ਦਾ ਮਿਆਰ 50 ਸਾਲ ਦੀ ਆਜ਼ਾਦੀ ਦੇ ਬਾਅਦ ਵੀ ਲਗਾਤਾਰ ਘੱਟਦਾ ਚਲਿਆ ਜਾ ਰਿਹਾ ਹੈ। ਇਹ ਅੱਜ ਦੀ ਸਿੱਖਿਆ ਸਿਰਫ ਅਕੈਡਮਿਕ ਸਿੱਖਿਆ ਹੈ, ਕਿਤਾਬੀ ਸਿੱਖਿਆ ਹੈ। ਆਜ਼ਾਦੀ ਤੋਂ ਪਹਿਲਾਂ ਸਾਡੇ ਦੇਸ਼ ਦੇ ਨੌਜਵਾਨਾਂ ਨੂੰ ਗੁਮਰਾਹ ਕਰਨ ਵਾਸਤੇ, ਬਾਬੂ ਤਿਆਰ ਕਰਨ ਵਾਸਤੇ ਅਤੇ ਅੰਗਰੇਜ਼ਾਂ ਦੇ ਪਿੱਠੂ ਬਣਾਉਣ ਵਾਸਤੇ ਜਿਹੜੀ ਸਿੱਖਿਆ ਪ੍ਰਣਾਲੀ ਲਾਰਡ ਮੈਕਾਲੇ ਨੇ ਸਾਡੇ ਦੇਸ਼ ਵਿਚ ਚਾਲੂ ਕੀਤੀ ਸੀ, ਉਹੀ ਸਿੱਖਿਆ ਅੱਜ 50 ਸਾਲ ਬਾਅਦ ਵੀ ਚੱਲ ਰਹੀ ਹੈ। ਆਜ਼ਾਦੀ ਤੋਂ ਬਾਅਦ ਬਹੁਤ ਘੱਟ ਸਿੱਖਿਆ ਸ਼ਾਸਤਰੀ ਇਸ ਦੇਸ਼ ਨੇ ਪੈਦਾ ਕੀਤੇ ਹਨ। ਅੱਜ ਪੰਜਾਬ ਵਿਚ ਤਾਂ ਕੀ, ਸਾਰੇ ਦੇਸ਼ ਦੇ ਬਾਕੀ ਸੂਬਿਆਂ ਵਿਚ ਵੀ ਕੋਈ ਐਸਾ ਸਿੱਖਿਆ ਸ਼ਾਸਤਰੀ ਨਹੀਂ ਜੋ ਸਾਡੇ ਮਹਾਨ ਗੁਰੂਆਂ ਦੀਆਂ ਉਚੀਆਂ ਕਦਰਾਂ ਕੀਮਤਾਂ ਨੂੰ ਪਹਿਚਾਨਣ ਵਾਸਤੇ ਨਹੀਂ ਤਾਲੀਮ ਦੇ ਸਕੇ। ਅਸੀਂ ਦੁਬਾਰਾ ਗਾਂਧੀ ਜੀ ਵਰਗਾ ਕੋਈ ਸਖਸ਼ ਪੈਦਾ ਨਹੀਂ ਕਰ ਸਕੇ। ਇਸ ਮੌਜੂਦਾ ਸਿਖਿਆ ਨੇ ਸਿਰਫ ਇਨਫਰਮੇਸ਼ਨ ਦਿੱਤੀ ਹੈ, ਅਕੈਡਮਿਕ ਗਿਆਨ ਦਿੱਤਾ ਹੈ। ਅੱਜ ਹੁੰਦਾ ਕੀ ਹੈ ਕਿ ਬੱਚੇ ਨੂੰ ਬਸਤਾ ਫੜਾ ਦਿੱਤਾ ਜਾਂਦਾ ਹੈ। ਬੱਚੇ ਦੀ ਉਮਰ, ਬੱਚੇ ਦਾ ਦਾ ਕੱਦ ਕਾਠ ਅਤੇ ਬੱਚੇ ਦਾ ਆਪਣਾ ਭਾਰ ਇੰਨਾ ਨਹੀਂ ਹੁੰਦਾ ਜਿੰਨਾ ਕਿ ਬਸਤੇ ਦਾ ਹੁੰਦਾ ਹੈ। ਬੱਚੇ ਦਾ ਬਸਤਾ ਕਿਤਾਬਾਂ ਨਾਲ ਭਰਿਆ ਹੁੰਦਾ ਹੈ। ਬੱਚਾ ਕਿਤਾਬਾਂ ਤੋਂ ਡਰਿਆ ਹੋਇਆ ਹੈ ਅਤੇ ਅਧਿਆਪਕ ਕੰਮ ਦੇ ਬੋਝ ਤੋਂ ਡਰਿਆ ਹੋਇਆ ਹੈ। ਉਸ ਨੂੰ 8-8 ਪੀਰੀਅਡ ਪੜ੍ਹਾਉਣੇ ਪੈਂਦੇ ਹਨ। 8 ਪੀਰੀਅਡ ਪੜ੍ਹਾਉਣ ਤੋਂ ਉਹ ਡਰਦਾ ਹੈ। 8 ਪੀਰੀਅਡ ਪੜ੍ਹਨ ਤੋਂ ਬੱਚਾ ਵੀ ਡਰਦਾ ਹੈ ਔਰ 8 ਪੀਰੀਅਡਾਂ ਦੀ ਜੋ ਕਾਰਗੁਜ਼ਾਰੀ ਹੈ, ਉਸ ਤੋਂ ਬੱਚੇ ਨੂੰ ਲੱਗਦਾ ਹੈ ਕਿ ਮੇਰੇ ਪੱਲੇ ਕੁਝ ਨਹੀਂ ਪਿਆ। ਸਮਾਜ ਨੂੰ ਲੱਗਦਾ ਹੈ ਬੱਚਾ ਕੁਝ ਨਹੀਂ ਕਰ ਰਿਹਾ। ਮਾ ਪਿਓ ਨੂੰ ਲੱਗਦਾ ਹੈ ਕਿ ਬੱਚਾ ਪੈਸੇ ਬਰਬਾਦ ਕਰ ਰਿਹਾ ਹੈ। ਅੱਜ ਕਈ ਤਰ੍ਹਾਂ ਦੀ ਪੜ੍ਹਾਈ ਹੈ। ਕਿਤੇ ਪਬਲਿਕ ਸਕੂਲ ਹਨ, ਕਿਤੇ ਮਾਡਲ ਸਕੂਲ ਹਨ ਅਤੇ ਕਿਤੇ ਗੌਰਮਿੰਟ ਸਕੂਲ ਹਨ।

ਕਿਤੇ ਪੰਜਾਬੀ ਯੂਨੀਵਰਸਿਟੀ ਹੈ ਅਤੇ ਕਿਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ। ਪਟਿਆਲਾ, ਯੂਨੀਵਰਸਿਟੀ ਦਾ ਸਿਲੇਬਸ ਹੋਰ ਹੈ ਅਤੇ ਅੰਮ੍ਰਿਤਸਰ ਯੂਨੀਵਰਸਿਟੀ ਦਾ ਹੋਰ ਹੈ। ਦੋਹਾਂ ਦੇ ਸਿਲੇਬਸ ਵੱਖਰੇ ਵੱਖਰੇ ਹਨ। ਕਿਤੇ ਸੀ.ਬੀ.ਐਸ.ਈ. ਦੀ ਸਿੱਖਿਆ ਹੈ ਅਤੇ ਕਿਤੇ ਪੰਜਾਬ ਬੋਰਡ ਦੀ। ਕਿਤੇ ਅੰਗਰੇਜ਼ੀ ਮੀਡੀਅਮ ਦੇ ਸਕੂਲ ਹਨ ਅਤੇ ਕਿਤੇ ਪੰਜਾਬੀ ਮੀਡੀਅਮ ਦੇ। ਬੱਚੇ ਭੁਲੇਖੇ ਵਿਚ ਘੁੰਮ ਰਹੇ ਹਨ। ਅੱਜ ਸਮਾਜ ਵਿੱਚ ਕੰਪੀਟੀਸ਼ਨ ਇੰਨਾ ਜ਼ਿਆਦਾ ਹੈ ਕਿ ਮਾਂ ਪਿਓ ਸਭ ਕੁਝ ਦਾਅ ਤੇ ਲਾ ਦਿੰਦੇ ਹਨ ਪਰ ਬੱਚਾ ਸਹੀ ਸਿੱਖਿਆ ਪ੍ਰਾਪਤ ਨਹੀਂ ਕਰਦਾ ਅਤੇ ਲੱਖਾਂ ਰੁਪਿਆ ਖ਼ਰਚ ਕਰਕੇ ਵੀ ਬੱਚਾ ਕੰਪੀਟੀਸ਼ਨ ਵਿਚ ਕਿਧਰੇ ਖੜ੍ਹਾ ਨਹੀਂ ਹੋ ਰਿਹਾ। ਆਜ਼ਾਦੀ ਦੇ 50 ਸਾਲਾਂ ਵਿਚ ਜਿਸ ਚੀਜ਼ ਵੱਲ ਸਭ ਤੋਂ ਜ਼ਿਆਦਾ ਧਿਆਨ ਦਿੱਤਾ ਜਾਣਾ ਚਾਹੀਦਾ ਸੀ, ਉਹ ਨਹੀਂ ਦਿੱਤਾ ਗਿਆ। ਅਸੀਂ ਡੈਮ ਖੜ੍ਹੇ ਕਰਦੇ ਰਹੇ, ਵੱਡੀਆਂ ਵੱਡੀਆਂ ਬਿਲਡਿੰਗਾਂ ਅਤੇ ਮਹਿਲ ਚੁਬਾਰੇ ਖੜ੍ਹੇ ਕਰਦੇ ਰਹੇ ਪਰ ਬੇਸਿਕ ਚੀਜ਼ ਜੋ ਸੀ, ਸਭ ਤੋਂ ਵੱਡੀ ਚੀਜ਼ ਜੋ ਸੀ—ਸਿੱਖਿਆ, ਉਸ ਵੱਲ ਧਿਆਨ ਨਹੀਂ ਦਿੱਤਾ। ਸਿੱਖਿਆ ਵਿਚ ਅੱਜ ਐਨੀਆਂ ਊਣਤਾਈਆਂ, ਐਨੀਆਂ ਕਮੀਆਂ ਆ ਗਈਆਂ ਹਨ ਕਿ ਬੱਚਾ ਬੇਤਹਾਸ਼ਾ ਸਮਾਂ ਅਤੇ ਪੈਸਾ ਬਰਬਾਦ ਕਰਨ ਦੇ ਬਾਅਦ ਵੀ ਹੱਥ ਤੇ ਹੱਥ ਧਰ ਕੇ ਬੈਠਾ ਹੈ। ਜਿਸ ਬੱਚੇ ਨੂੰ ਮਾਂ ਪਿਓ ਨੇ 15 ਸਾਲ ਤੱਕ ਸ਼ਿੱਖਿਆ ਵਾਲੇ ਪਾਸੇ ਪਾਈ ਰੱਖਿਆ, ਉਹ ਬੱਚਾ 15 ਸਾਲ ਬਾਅਦ ਨਾ ਟਰੈਕਟਰ ਚਲਾਉਣ ਦੇ ਕਾਬਲ ਰਿਹਾ ਅਤੇ ਨਾ ਖੇਤ ਵਿਚ ਹਲ਼ ਚਲਾਉਣ ਦੇ ਕਾਬਲ ਰਿਹਾ। ਨਾ ਉਹ ਘਰ ਦਾ ਰਿਹਾ ਅਤੇ ਨਾ ਸਮਾਜ ਦਾ। ਨਾ ਉਹ ਘਰ ਦਾ ਕੰਮ ਕਰ ਸਕਦਾ ਹੈ ਅਤੇ ਨਾ ਹੀ ਉਹ ਪਰਿਵਾਰ ਦੇ ਬੋਝ ਨੂੰ ਉਠਾ ਸਕਦਾ ਹੈ। 15 ਸਾਲ ਦੀ ਐਜੂਕੇਸ਼ਨ ਨੇ, ਬੀ.ਏ. ਤੱਕ ਦੀ ਐਜੂਕੇਸ਼ਨ ਨੇ ਬੱਚੇ ਨੂੰ ਹਤਾਸ਼, ਨਿਰਾਸ਼ ਅਤੇ ਕੁੰਠਾ ਗ੍ਰਸਤ ਬਣਾ ਦਿਤਾ ਹੈ। ਅੱਜ ਬੱਚਾ ਸਮਾਜ ਵੱਲ ਅਤੇ ਸਮਾਜ ਬੱਚੇ ਵੱਲ ਵੇਖਦਾ ਹੈ। ਅੱਜ ਅਧਿਆਪਕ ਦੀ ਸਮਾਜ ਵਿਚ ਇਜ਼ਤ ਕੀ ਹੈ। ਇਕ ਟੀਚਰ ਪੜ੍ਹਾਉਣ ਜਾਂਦੀ ਹੈ ਤਾਂ ਕੋਈ ਦੁਕਾਨਦਾਰ ਐਵੇਂ ਹੀ ਉਠ ਕੇ ਕਹਿ ਦਿੰਦਾ ਹੈ ਕਿ ਵੇਖੋ ਜੀ, ਇਹ ਸਕੂਲ ਪੜ੍ਹਾਉਣ ਚੱਲੀ ਹੈ। ਤਨਖਾਹ ਪੰਜ ਹਜ਼ਾਰ ਰੁਪਏ, ਸਕੂਲ ਵਿੱਚ ਜਾਣਾ ਨਹੀਂ, ਜੇ ਜਾਣਾ ਹੈ ਤਾਂ ਪੜ੍ਹਾਉਣਾ ਨਹੀਂ। ਅੱਜ ਅਧਿਆਪਕ ਦਾ ਸਮਾਜ ਦੇ ਵਿੱਚ ਸਨਮਾਨ ਘੱਟ ਰਿਹਾ ਹੈ। ਸਮਾਜ ਦੇ ਵਿੱਚ ਅੱਜ ਅਧਿਆਪਕ ਦਾ ਕੋਈ ਸਨਮਾਨ ਨਹੀਂ ਹੈ ਕਿਉਂਕਿ ਸਰਕਾਰ ਨੇ ਐਸੀ ਕੋਈ ਪ੍ਰਣਾਲੀ, ਐਸੀ ਕੋਈ ਐਜੂਕੇਸ਼ਨ ਨਹੀਂ ਦਿੱਤੀ ਜਿਸ ਦੇ ਨਾਲ ਸਮਾਜ ਦੇ ਅੰਦਰ ਅਧਿਆਪਕ ਨੂੰ ਸਨਮਾਨਜਨਕ ਦ੍ਰਿਸ਼ਟੀ ਦੇ ਨਾਲ ਦੇਖਿਆ ਜਾਏ। ਅਧਿਆਪਕ ਵੀ ਅੱਜ ਸਮਾਜ ਦੇ ਅੰਦਰ ਉਨ੍ਹਾਂ ਕਦਰਾਂ ਕੀਮਤਾਂ ਤੇ ਚੱਲ ਰਿਹਾ ਜਿਨ੍ਹਾਂ ਤੇ ਬਾਕੀ ਦੁਕਾਨਦਾਰ ਚਲਦੇ ਹਨ ਜਾਂ ਬਿਜ਼ਨੈਸਮੈਨ ਚਲਦੇ ਹਨ। ਅਧਿਆਪਕ ਦੇ ਸਾਹਮਣੇ ਅੱਜ ਸਿਰਫ਼ ਟੀਚਾ ਪੈਸਾ ਕਮਾਉਣਾ ਹੀ ਹੈ। ਉਹ ਇਸ ਕਰਕੇ ਹੈ ਕਿਉਂਕਿ ਪੈਸੇ ਤੋਂ ਬਿਨਾਂ ਉਸਦੀ ਜ਼ਿੰਦਗੀ ਚੱਲ ਹੀ ਨਹੀਂ ਸਕਦੀ। ਸਮਾਜ ਦੇ ਅੰਦਰ ਉਹ ਖੜ੍ਹਾ ਨਹੀਂ ਹੋ ਸਕਦਾ।

[ਮਾਸਟਰ ਮੋਹਨ ਲਾਲ]

ਇਸ ਲਈ ਅੱਜ ਜੋ ਰੇਜ਼ੋਲਿਊਸ਼ਨ ਚੌਧਰੀ ਜਗਜੀਤ ਸਿੰਘ ਜੀ ਨੇ ਪੇਸ਼ ਕੀਤਾ ਹੈ ਉਹ ਏਨੀ ਗੰਭੀਰਤਾ ਵਾਲਾ ਔਰ ਡੂੰਘਿਆਈ ਵਾਲਾ ਰੇਜ਼ੋਲਿਊਸ਼ਨ ਹੈ ਮੈਂ ਸਮਝਦਾ ਹਾਂ ਕਿ ਇਕ ਦਿਨ ਵਿੱਚ ਚਾਰ ਘੰਟੇ ਦੀ ਬਹਿਸ ਨਾਲ ਏਨੇ ਵੱਡੇ ਮਹਾਨ ਵਿਸ਼ੇ ਤੇ ਵਿਚਾਰ ਕੀਤੀ ਨਹੀਂ ਜਾ ਸਕਦੀ। ਇਸ ਦੇ ਉਤੇ ਇਕ ਕਮੇਟੀ ਬਣਾਈ ਜਾਏ, ਸਿੱਖਿਆ ਦੀਆਂ ਊਣਤਾਈਆਂ ਲੱਭੀਆਂ ਜਾਣ, ਸਿੱਖਿਆ ਸ਼ਾਸਤਰੀ ਬੁਲਾਏ ਜਾਣ। ਇਸ ਤੋਂ ਇਲਾਵਾ ਦੂਸਰੇ ਦੇਸ਼ਾਂ ਦੀ ਸਿੱਖਿਆ ਪ੍ਰਣਾਲੀ ਦੀ ਘੋਖ ਕੀਤੀ ਜਾਵ ਤਾਂ ਕਿ ਪਤਾ ਲੱਗੇ ਕਿ ਸਾਡੀ ਸਿੱਖਿਆ ਨੇ ਸਾਡੇ ਬੱਚੇ ਨੂੰ, ਸਾਡੇ ਸਮਾਜ ਨੂੰ, ਸਾਡੇ ਮਾਪਿਆਂ ਨੂੰ, ਸਾਡੇ ਟੀਚਰ ਨੂੰ ਦਿੱਤਾ ਕੀ ਹੈ? ਇਸ ਲਈ ਏਨੇ ਮਹਾਨ ਵਿਸ਼ੇ ਤੇ ਸਿਰਫ ਚਾਰ ਘੰਟਿਆਂ ਦੀ ਬਹਿਸ ਦੇ ਅੰਦਰ, ਇਕ ਰੇਜ਼ੋਲਿਊਸ਼ਨ ਪੇਸ਼ ਕਰਕੇ ਇਸ ਦੇਸ਼ ਦੀ ਸਿੱਖਿਆ ਦੀ ਸਮੱਸਿਆ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਲਿਹਾਜ਼ਾ, ਚੇਅਰਮੈਨ ਸਾਹਿਬ, ਮੈਂ ਇਕ ਬੇਨਤੀ ਕਰਾਂਗਾ ਕਿ ਚੌਧਰੀ ਜਗਜੀਤ ਸਿੰਘ ਦੇ ਇਸ ਪ੍ਰਸਤਾਵ ਨੂੰ ਇਨਬਿਨ ਰੀਜੈਕਟ ਕਰ ਦਿੱਤਾ ਜਾਵੇ ਔਰ ਇਸ ਦੀ ਥਾਂ ਤੇ ਸਿੱਖਿਆ ਪ੍ਰਣਾਲੀ ਦੇ ਦੋਸ਼ਾਂ ਨੂੰ ਦੂਰ ਕਰਨ ਵਾਸਤੇ, ਸਿੱਖਿਆ ਪ੍ਰਣਾਲੀ ਦੇਸ਼ ਦੇ ਅੰਦਰ ਅਜਿਹੀ ਪੈਦਾ ਕੀਤੀ ਜਾਵੇ ਜੋ ਸਵੈ-ਰੋਜ਼ਗਾਰ ਦੇ ਸਕੇ, ਬੇਰੋਜ਼ਗਾਰੀ ਦੂਰ ਕਰ ਸਕੇ, ਵੈਲਿਊ ਬੇਸਡ ਐਜੂਕੇਸ਼ਨ ਇਸ ਦੇਸ਼ ਦੇ ਅੰਦਰ ਚਲੇ, ਇਸ ਦੇਸ਼ ਦੇ ਅੰਦਰ ਐਜੂਕੇਸ਼ਨ ਕੰਮ ਦੇਣ ਵਾਲੀ ਹੋਵੇ, ਹਰ ਹੱਥ ਨੂੰ ਕੰਮ ਦੇ ਸਕਦੀ ਹੋਵੇ। ਜਿਵੇਂ ਮਹਾਤਮਾ ਗਾਂਧੀ ਜੀ ਨੇ ਕਿਹਾ ਕਿ ਮੇਰੇ ਦੇਸ਼ ਦਾ ਬੱਚਾ ਪੜ੍ਹਦੇ ਪੜ੍ਹਦੇ ਕੰਮ ਕਰਨਾ ਸਿੱਖੇ, ਇਸ ਪਰਕਾਰ ਦੀ ਸਿੱਖਿਆ ਹੋਵੇ। ਸਿੱਖਿਆ ਸ਼ਾਸਤਰੀਆਂ ਨੇ ਕਿਹਾ ਹੈ ਕਿ ਸਿੱਖਿਆ ਬੱਚੇ ਦੀ ਹਾਰਮੋਨੀਅੱਸ ਡਿਵੈਲਪਮੈਂਟ ਕਰਦੀ ਹੈ। ਸਿੱਖਿਆ ਹਰ ਇਨਸਾਨ ਨੂੰ, ਆਪਣੇ ਆਪ ਨੂੰ, ਐਨਵਾਇਰਨਮੈਂਟ ਦੇ ਮੁਤਾਬਿਕ ਢਾਲਣ ਵਾਸਤੇ ਤਿਆਰ ਕਰਦੀ ਹੈ। ਸਿੱਖਿਆ ਆਦਮੀ ਨੂੰ ਦੱਸਦੀ ਹੈ ਕਿ ਆਦਮੀ ਕਿਸ ਤਰੀਕੇ ਨਾਲ ਜੋ ਨਵੇਂ ਨਵੇਂ ਹਾਲਾਤ ਪੈਦਾ ਹੋ ਰਹੇ ਹਨ, ਕੁਦਰਤ ਦੇ ਅੰਦਰ, ਪ੍ਰਕਿਰਤੀ ਦੇ ਅੰਦਰ, ਸਿੱਖਿਆ ਇਨਸਾਨ ਨੂੰ ਉਨ੍ਹਾਂ ਬਦਲਦੇ ਹਾਲਾਤ ਅਨੁਸਾਰ ਜੀਵਤ ਰਹਿਣ ਲਈ ਢਾਲਦੀ ਹੈ। ਅੱਜ ਸਕੂਲੀ ਸਿੱਖਿਆ ਦਾ ਜੋ ਸਿਲੇਬਸ ਹੈ ਉਹ ਸਾਰੇ ਦਾ ਸਾਰਾ ਵਿਦਿਆ ਮਾਰੂ ਹੈ, ਪੇਰੈਂਟਸ ਮਾਰੂ ਹੈ ਔਰ ਅਜੋਕੀ ਸਿੱਖਿਆ ਸਮਾਜ ਦੇ ਲਈ ਕਤੱਈ ਤੌਰ ਤੇ ਉਪਯੋਗੀ ਨਹੀਂ ਹੈ। ਇਹ ਸਿੱਖਿਆ ਸਿਰਫ ਸੂਚਨਾ ਦੇ ਆਧਾਰ ਤੇ ਕੇਂਦਰਿਤ ਹੈ। ਇਸ ਸਿੱਖਿਆ ਦੇ ਅੰਦਰ ਗੰਭੀਰਤਾ, ਡੂੰਘਾਪਣ ਅਤੇ ਅਸਲੀਅਤ ਨਹੀਂ ਹੈ। ਅੱਜ ਜ਼ਰੂਰੀ ਹੈ ਕਿ ਨਵੇਂ ਸਿਲੇਬਸ ਲੱਭੇ ਜਾਣ। ਇਸ ਵਾਸਤੇ ਵਿਚਾਰ ਕੀਤੀ ਜਾਵੇ ਕਿ ਅੱਜ ਦੇਸ਼ ਦੇ ਅੰਦਰ ਸਿੱਖਿਆ ਦਾ ਮਿਆਰ ਏਨਾ ਕਿਉਂ ਡਿੱਗ ਰਿਹਾ ਹੈ? ਅੱਜ ਪੰਜਾਬ ਦੇ ਅੰਦਰ ਹੀ ਵੱਖ ਵੱਖ ਤਰ੍ਹਾਂ ਦੇ ਸਿਲੇਬਸ ਪੜ੍ਹਾਏ ਜਾ ਰਹੇ ਹਨ। ਚੇਅਰਮੈਨ ਸਾਹਿਬ, ਕਿਤੇ ਸੀ. ਬੀ. ਐਸ. ਸੀ. ਦਾ ਸਿਲੇਬਸ ਚੱਲ ਰਿਹਾ ਹੈ, ਇਸ ਸਿਲੇਬਸ ਦਾ ਮੀਡੀਅਮ ਅੰਗਰੇਜ਼ੀ ਹੈ। ਮੇਰਾ ਬੱਚਾ ਅੰਗਰੇਜ਼ੀ ਤੋਂ ਬਹੁਤ ਡਰਦਾ ਹੈ। ਅੰਗਰੇਜ਼ੀ ਨੇ ਮੇਰੇ ਬੱਚੇ ਨੂੰ ਬਿਲਕੁਲ ਡਰਾ ਦਿੱਤਾ ਹੈ ਜਿਸ ਕਾਰਨ ਉਹ ਇਕ ਵਿਸ਼ੇ ਤੇ ਹੀ ਕਨਸੈਂਟਰੇਟ ਕਰੇਗਾ। ਉਹ ਸਿਰਫ ਅੰਗਰੇਜ਼ੀ ਨੂੰ ਹੀ ਸਾਰਾ ਦਿਨ ਰੱਟਾ ਲਗਾਉਂਦਾ ਰਹਿੰਦਾ ਹੈ ਫਿਰ ਵੀ ਉਸ ਨੂੰ ਅੰਗਰੇਜ਼ੀ ਦੇ ਅਰਥ ਸਮਝ ਨਹੀਂ ਆਉਂਦੇ। ਉਹ ਸਾਰਾ ਦਿਨ ਉਹੀ ਪੁਰਾਣਾ ਕਿੱਸਾ 'ਮਾਰਨਿੰਗ ਵਾਕ', 'ਬਰਸਾਤੀ

ਕਰੋਂ ਪੜ੍ਹਦਾ ਰਹਿੰਦਾ ਹੈ । ਇਸ ਤੋਂ ਇਲਾਵਾ ਹੋਰ ਵੀ 6-7 ਸਬਜੈਕਟ ਹਨ, ਪੰਜਾਬੀ ਹੈ, ਇਤਿਹਾਸ ਹੈ, ਸਾਇੰਸ ਹੈ, ਜੋਗਰਾਫੀ ਹੈ, ਉਹ ਸਭ ਖਤਮ । ਸਾਡੇ ਵੇਲੇ ਮਾਸਟਰ ਫੱਟੀ ਲਿਖਣ ਲਈ ਮਜ਼ਬੂਰ ਕਰਦਾ ਸੀ ਜਿਸ ਕਾਰਨ ਹੈਂਡ ਰਾਈਟਿੰਗ ਬਹੁਤ ਸੋਹਣਾ ਬਣ ਜਾਂਦਾ ਸੀ । ਮੈਂ ਦੇਖ ਰਿਹਾ ਹਾਂ ਕਿ ਅੱਜ ਹਰ ਜੰਮਦੇ ਬੱਚੇ ਦੇ ਹੱਥ ਵਿੱਚ ਪੈੱਨ ਹੈ । ਮੈਂ ਆਪ ਇਕ ਮਾਸਟਰ ਹਾਂ, ਮੈਨੂੰ ਪਤਾ ਹੈ ਕਿ ਸ਼ੁਰੂ ਤੋਂ ਹੀ ਪੈੱਨ ਦੇ ਨਾਲ ਲਿਖਣ ਦੇ ਕਾਰਨ ਬੱਚੇ ਦਾ ਹੈਂਡ ਰਾਈਟਿੰਗ ਬਹੁਤ ਗੰਦਾ ਹੋ ਜਾਂਦਾ ਹੈ । ਲੇਕਿਨ ਕਿਉਂਕਿ ਸ਼ੁਰੂ ਤੋਂ ਹੀ ਪ੍ਰਾਈਵੇਟ ਸਕੂਲਾਂ ਦੇ ਅੰਦਰ ਬੱਚਿਆਂ ਨੂੰ ਪੈੱਨ ਨਾਲ ਹੀ ਲਿਖਣਾ ਸਮਝਾਇਆ ਜਾਂਦਾ ਹੈ । ਅੱਜ ਏਥੇ ਸੀ. ਬੀ. ਐਸ. ਈ. ਦਾ ਸਿਲੇਬਸ ਹੈ, ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦਾ ਸਿਲੇਬਸ ਹੈ । ਪੰਜਾਬ ਸਕੂਲ ਸਿੱਖਿਆ ਬੋਰਡ ਦਾ ਸਿਲੇਬਸ ਵੱਖਰਾ ਹੈ, ਮਾਡਲ ਸਕੂਲਾਂ ਦਾ ਸਿਲੇਬਸ ਵੱਖਰਾ ਹੈ, ਏਡਿਡ ਸਕੂਲਾਂ ਦਾ ਸਿਲੇਬਸ ਵੱਖਰਾ ਹੈ । ਇਸ ਸਿਲੇਬਸ ਨੂੰ ਸਭ ਥਾਵਾਂ ਤੇ ਇਕ ਕਰਕੇ, ਦੇਸ਼ ਦੇ ਬੱਚਿਆਂ, ਪੰਜਾਬ ਦੇ ਬੱਚਿਆਂ ਨੂੰ ਇਕ ਨਾਗਰਿਕ ਬਣਾਇਆ ਜਾਵੇ । ਕਿਤੇ ਅਮੀਰ ਬੱਚੇ ਪੜ੍ਹਦੇ ਹਨ ਉਹ ਅੰਗਰੇਜ਼ੀ ਪੜ੍ਹਦੇ ਹਨ, ਕਿਤੇ ਗਰੀਬ ਬੱਚੇ ਪੜ੍ਹਦੇ ਹਨ, ਉਹ ਪੰਜਾਬੀ ਪੜ੍ਹਦੇ ਹਨ । ਕਾਨਵੈਂਟ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਕੋਲ ਹਿਸਾਬ ਅਤੇ ਸਾਇੰਸ ਦੀ ਤਾਲੀਮ ਮਿਸਿੰਗ ਹੈ । ਬੱਸ ਉਨ੍ਹਾਂ ਨੂੰ 4-5 ਸ਼ਬਦ ਜਾਂ ਅੰਗਰੇਜ਼ੀ ਦੇ ਸਨਟੈਂਸ ਸਿਖਾ ਦਿੱਤੇ ਜਾਂਦੇ ਹਨ, ਪਰ ਉਥੇ ਹਿਸਾਬ ਅਤੇ ਸਾਇੰਸ ਬਿਲਕੁਲ ਮਿਸਿੰਗ ਹੈ । ਚੇਅਰਮੈਨ ਸਾਹਿਬ, ਮੈਂ ਅਧਿਆਪਕ ਹਾਂ ਅਤੇ ਮੈਂ ਹਿਸਾਬ ਪੜ੍ਹਾਉਂਦਾ ਰਿਹਾ ਹਾਂ । ਜਿਹੜਾ ਨਵਾਂ ਸਿਲੇਬਸ ਆਇਆ, ਉਸ ਨੂੰ ਵੇਖ ਕੇ ਮੈਂ ਵੀ ਘਬਰਾ ਗਿਆ । ਮੈਂ ਵੀ ਬੱਚਿਆਂ ਨੂੰ ਉਹ ਨਹੀਂ ਪੜ੍ਹਾ ਸਕਦਾ । ਇਹ ਨਵੇਂ ਤਜਰਬੇ, ਨਵੀਆਂ ਗੱਲਾਂ ਅਤੇ ਨਵੀਆਂ ਟ੍ਰਿਗਨੋਮੈਟਰੀਆਂ ਐਸੀਆਂ ਆ ਗਈਆਂ ਹਨ ਜਿਤਨੀ ਦੇਰ ਅਧਿਆਪਕ ਨੂੰ ਆਪ ਸਮਝ ਨਹੀਂ ਪਵੇਗੀ ਤਾਂ ਉਹ ਬੱਚਿਆਂ ਨੂੰ ਕੀ ਪੜ੍ਹਾਵੇਗਾ, ਥਿਉਰਮਾਂ ਐਸੀਆਂ ਆ ਗਈਆਂ ਹਨ । ਪਹਿਲਾਂ 100-100 ਥਿਉਰਮਾਂ ਰਟ ਲਈਦੀਆਂ ਸਨ, ਪਰ ਹੁਣ ਉਨ੍ਹਾਂ ਦੀ ਸਮਝ ਹੀ ਨਹੀਂ ਪੈਂਦੀ । ਪਤਾ ਨਹੀਂ ਅੱਜ ਕਿਉਂ ਅਸੀਂ ਸਾਰੇ ਦੇ ਸਾਰੇ ਪ੍ਰੈਕਟੀਕਲ ਬੱਚਿਆਂ ਦੇ ਉਪਰ ਹੀ ਕਰ ਰਹੇ ਹਾਂ, ਸਾਰੇ ਤਜਰਬੇ ਹੀ ਬੱਚਿਆਂ ਉਪਰ ਕਰੀ ਜਾ ਰਹੇ ਹਾਂ । ਜਿਹੜੇ ਨਿੱਤ ਨਵੇਂ ਕੋਰਸ ਲਗਾਏ ਜਾ ਰਹੇ ਹਨ ਉਨ੍ਹਾਂ ਦੇ ਵਾਸਤੇ ਅਧਿਆਪਕ ਤਿਆਰ ਨਹੀਂ ਕੀਤੇ ਜਾ ਰਹੇ ਹਨ । ਜੇਕਰ ਨਵੇਂ ਕੋਰਸ ਲਗਾਉਣੇ ਹਨ ਤਾਂ ਉਨ੍ਹਾਂ ਵਾਸਤੇ ਅਧਿਆਪਕ ਜ਼ਰੂਰ ਤਿਆਰ ਕੀਤੇ ਜਾਣੇ ਚਾਹੀਦੇ ਹਨ । ਉਨ੍ਹਾਂ ਨੂੰ ਸਪੈਸ਼ਲ ਰਿਫਰੈਸ਼ਰ ਕੋਰਸ ਕਰਵਾਓ, ਟਰੇਨਿੰਗ ਦਿਵਾਓ । ਵੱਖੋ-ਵੱਖਰੇ ਸੂਬਿਆਂ ਵਿਚ ਪੜ੍ਹਦੇ ਬੱਚਿਆਂ ਦਾ ਪੜ੍ਹਾਈ ਦੇ ਤੌਰ ਤਰੀਕਿਆਂ ਤੋਂ ਵੀ ਉਨ੍ਹਾਂ ਨੂੰ ਜਾਣੂ ਕਰਵਾਇਆ ਜਾਵੇ ਅਤੇ ਟਰੇਨਿੰਗ ਦਿਵਾਈ ਜਾਵੇ ਤਾਂ ਜੋ ਸਿੱਖਿਆ ਚੰਗੀ ਦਿੱਤੀ ਜਾ ਸਕੇ ।

ਚੇਅਰਮੈਨ ਸਾਹਿਬ, ਤੁਸੀਂ ਲੋਕਾਂ ਦੇ ਪ੍ਰਤੀਨਿਧ ਹੋ ਅਤੇ ਜਨ-ਮਾਨਸ ਨੂੰ ਪਹਿਚਾਣਦੇ ਹੋ । ਕੀ ਅਸੀਂ ਆਏ ਦਿਨ ਚੰਡੀਗੜ੍ਹ ਵਿਚ ਅਧਿਆਪਕਾਂ ਦੀਆਂ ਵੱਖ

[ਮਾਸਟਰ ਮੋਹਨ ਲਾਲ]

ਵੱਖਰੀਆਂ ਜਥੇਬੰਦੀਆਂ ਨੂੰ ਰੈਲੀਆਂ ਕਰਨ ਤੋਂ ਨਹੀਂ ਰੋਕਦੇ ? ਪੁਲਿਸ ਬੁਲਾਉਂਦੇ ਹਾਂ, ਲਾਠੀਚਾਰਜ ਹੁੰਦਾ ਹੈ। ਉਨ੍ਹਾਂ ਦੀ ਮੰਗ ਇਹੋ ਹੁੰਦੀ ਹੈ ਕਿ ਪ੍ਰਾਈਵੇਟ ਸਕੂਲਾਂ ਦੇ ਮਸਲੇ ਹੱਲ ਕੀਤੇ ਜਾਣ । ਉਹ ਪ੍ਰਾਈਵੇਟ ਸਕੂਲਾਂ ਦੇ ਮਸਲੇ ਕੀ ਹਨ ? ਕਿ ਪੰਜਾਬ ਦੇ ਸਾਰੇ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਵਿਚ ਟੀਚਰਾਂ ਅਤੇ ਕਰਮਚਾਰੀਆਂ ਨੂੰ ਬਰਾਬਰ ਦੇ ਤਨਖਾਹ ਸਕੇਲ ਦਿੱਤੇ ਜਾਣ, ਬਰਾਬਰ ਦਾ ਭੱਤਾ ਦਿੱਤਾ ਜਾਵੇ । ਉਨ੍ਹਾਂ ਦੀਆਂ ਮੰਗਾਂ ਨੂੰ ਮੰਨਣ ਵਾਸਤੇ ਇਸੇ ਪਵਿੱਤਰ ਸਦਨ ਦੇ ਅੰਦਰ ਵਚਨ ਦਿੱਤਾ ਗਿਆ । ਕੀ ਕਾਰਨ ਹੈ ਅਸੀਂ ਹਾਊਸ ਦੇ ਅੰਦਰ ਆਸ਼ਵਾਸਨ ਦੇ ਕੇ ਉਨ੍ਹਾਂ ਦੀਆਂ ਮੰਗਾਂ ਦੀ ਪੂਰਤੀ ਨਹੀਂ ਕਰ ਰਹੇ । ਕਿੰਨੇ ਵਰ੍ਹੇ ਬੀਤ ਗਏ ਹਨ, ਅਸੀਂ ਸਿੱਖਿਆ ਬਾਰੇ ਇਕ ਪਾਲਿਸੀ ਨਹੀਂ ਦੇ ਸਕੇ, ਉਸ ਨੂੰ ਲਾਗੂ ਨਹੀਂ ਕਰ ਸਕੇ । ਅੱਜ ਦੇ ਲੋਕਤੰਤਰ ਯੁੱਗ ਵਿਚ ਇਕ ਬੜੀ ਵੱਡੀ ਹਾਸੋਹੀਣੀ ਗੱਲ ਹੈ ਕਿ ਬਹੁਤੇ ਪ੍ਰਾਈਵੇਟ ਮਾਡਲ ਸਕੂਲਾਂ ਵਿਚ ਇਕ ਅਧਿਆਪਕ ਨੂੰ ਪੈਸੇ ਤਾਂ ਦਿੱਤੇ ਜਾਂਦੇ ਹਨ 500 ਰੁਪਏ ਪਰ ਇਕ ਮਹੀਨੇ ਬਾਅਦ ਮੈਨੇਜਮੈਂਟ ਦਸਖਤ ਕਰਵਾ ਲੈਂਦੀ ਹੈ 2500 ਰੁਪਏ ਉਤੇ । ਇਸ ਤਰ੍ਹਾਂ ਦੀਆਂ ਸਿੱਖਿਆ ਦੇ ਖੇਤਰ ਵਿਚ ਬੇਇਨਸਾਫੀਆਂ ਕੀਤੀਆਂ ਜਾ ਰਹੀਆਂ ਹਨ । ਸਿੱਖਿਆ ਵਿਭਾਗ ਦਾ ਬੜਾ ਮਹੱਤਵਪੂਰਨ ਅਦਾਰਾ ਹੈ । ਇਸ ਵਿਚ ਕਿਤੇ ਮੈਨੇਜਮੈਂਟ ਨਾਲ ਝਗੜਾ ਤੁਰਿਆ ਰਹਿੰਦਾ ਹੈ, ਕਿਤੇ ਸਰਕਾਰ ਨਾਲ, ਕਿਤੇ ਟੀਚਰਾਂ ਦਾ ਆਪਸੀ ਝਗੜਾ ਚਲਿਆ ਰਹਿੰਦਾ ਹੈ। ਗੱਲ ਕੀ, ਕਿਤੇ ਵੀ ਕਿਸੇ ਵੀ ਗੱਲ ਦੀ ਕੋਈ ਯੂਨੀਫਾਰਮਿਟੀ ਨਹੀਂ ਹੈ ਨਾ ਤਾਂ ਸਿਲੇਬਸ ਵਿੱਚ, ਨਾ ਫੀਸਾਂ ਵਿਚ, ਨਾ ਸੋਚ ਤੇ ਸਮਝ ਵਿਚ । ਕਿਸੇ ਵੀ ਪਾਸੇ ਕੋਈ ਗੰਭੀਰਤਾ ਨਜ਼ਰ ਨਹੀਂ ਆਉਂਦੀ । ਅਸੀਂ ਹੁਣ ਤੱਕ ਹਨੇਰੇ ਵਿਚ ਹੀ ਚੱਲ ਰਹੇ ਹਾਂ । ਚੇਅਰਮੈਨ ਸਾਹਿਬ, ਇਸ ਨਾਲ ਤਾਂ ਸਾਰਾ ਦੇਸ਼ ਹੀ ਤਬਾਹ ਹੋ ਜਾਵੇਗਾ, ਸਾਡਾ ਪੰਜਾਬ ਤਬਾਹ ਹੋ ਜਾਵੇਗਾ, ਸਾਡੇ ਬੱਚੇ ਤਬਾਹ ਹੋ ਜਾਣਗੇ । ਇਸ ਰੈਜ਼ੋਲਿਊਸ਼ਨ ਰਾਹੀਂ ਨਾ ਸਹੀ, ਕਿਸੇ ਹੋਰ ਰੈਜ਼ੋਲਿਊਸ਼ਨ ਰਾਹੀਂ ਜਾਂ ਸਰਕਾਰੀ ਮਤਾ ਪੇਸ਼ ਕਰਕੇ ਇਸ ਪੰਜਾਬ ਦੇ ਅੰਦਰ, ਸਿੱਖਿਆ ਦੇ ਖੇਤਰ ਅੰਦਰ ਸੁਧਾਰ ਲਿਆਈਏ, ਢੰਗ-ਤਰੀਕੇ ਬਦਲੀਏ, ਉਨ੍ਹਾਂ ਵਿਚ ਪਰਿਵਰਤਨ ਲਿਆਈਏ । ਇਨ੍ਹਾਂ ਕੰਮਾਂ ਵਾਸਤੇ ਬਹੁਤ ਹੀ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ । ਚੇਅਰਮੈਨ ਸਾਹਿਬ, ਮੈਂ ਕਈ ਵਾਰੀ ਫਲਾਇੰਗ ਸੁਕੈਡ ਦਾ ਮੈਂਬਰ ਬਣਿਆ ਹਾਂ, ਕਦੀ ਇੰਸਪੈਕਟਰ ਬਣਿਆ ਹਾਂ । ਇਕ ਸੈਂਟਰ ਵਿਚ ਇਕ ਕਮਰੇ ਦੇ ਵਿਚੋਂ ਇਕ ਬੋਰੀ ਉਨ੍ਹਾਂ ਕਾਗਜ਼ਾਂ ਦੀ ਨਿਕਲੀ ਜਿਸ ਨਾਲ ਨਕਲ ਮਾਰ ਕੇ ਪੇਪਰ ਦਿੱਤੇ ਜਾ ਰਹੇ ਸਨ । ਹੈਰਾਨੀ ਦੀ ਗੱਲ ਹੈ ਕਿ ਦੂਸਰੀ ਵਾਰ ਘੰਟੇ ਬਾਅਦ ਉਸੇ ਹੀ ਕਮਰੇ ਵਿਚੋਂ ਇਕ ਬੋਰੀ ਫਿਰ ਕਾਗਜ਼ਾਂ ਦੀ ਫੜੀ ਗਈ । ਇਸ ਤਰ੍ਹਾਂ ਅੱਜ ਅਸੀਂ ਬੱਚਿਆਂ ਨੂੰ ਨਕਲ ਮਾਰਨ ਵੱਲ ਉਤਸ਼ਾਹਿਤ ਕਰਕੇ, ਉਨ੍ਹਾਂ ਨੂੰ ਪਹਿਲੇ ਦਰਜੇ ਤੇ ਦੂਜੇ ਦਰਜੇ ਤੇ ਲਿਆਉਣ ਵਾਸਤੇ, ਕੰਪੀਟੀਸ਼ਨਾਂ ਵਿਚ ਅੱਗੇ ਲਿਆਉਣ ਵਾਸਤੇ ਵਿਦਿਆ ਦੇ ਗਲਤ ਤਰੀਕੇ ਅਪਨਾਈ ਜਾ ਰਹੇ ਹਾਂ । ਚੇਅਰਮੈਨ ਸਾਹਿਬ ਤੁਸੀਂ ਹੈਰਾਨ ਹੋਵੋਗੇ ਕਿ ਗੁਰਦਾਸਪੁਰ ਜ਼ਿਲ੍ਹੇ ਦੇ ਮੇਰੇ ਹਲਕੇ ਵਿਚ ਇਕ ਸੈਂਟਰ ਵਿੱਚ 40 ਵਿਦਿਆਰਥੀ ਉਹ ਫੜੇ ਗਏ ਜਿਹੜੇ ਕਿ ਅਸਲੀ ਨਹੀਂ ਸਨ ਬਲਕਿ ਉਨ੍ਹਾਂ ਨੂੰ ਬਾਹਰੋਂ ਫੜ ਕੇ ਦੂਸਰੇ ਬੱਚਿਆਂ ਦੇ ਪੇਪਰਾਂ ਵਾਸਤੇ ਬਿਠਾ ਦਿੱਤਾ ਗਿਆ ਸੀ ।

ਚੇਅਰਮੈਨ ਸਾਹਿਬ 12 ਬੱਚੇ ਫੜੇ ਜਿਹੜੇ ਨਕਲ ਕਰਾਉਣ ਗਏ ਸਨ, ਇਥੇ ਹੀ ਬੱਸ ਨਹੀਂ ਸੈਂਟਰਾਂ ਦੇ ਸੈਂਟਰ ਬਦਲ ਜਾਂਦੇ ਹਨ ਅਤੇ ਸੈਂਟਰ ਸੁਪਰਡੰਟ ਵੀ ਬਦਲ ਜਾਂਦੇ ਹਨ। ਸਿੱਖਿਆ ਨਾਲ ਇੰਨਾ ਮਜ਼ਾਕ ਕੀਤਾ ਜਾ ਰਿਹਾ ਹੈ। ਅਸੀਂ ਜਿੰਨਾ ਮਰਜ਼ੀ ਖਰਚ ਕਰ ਲਈਏ ਚੇਅਰਮੈਨ ਸਾਹਿਬ, ਜਿੰਨੇ ਮਰਜ਼ੀ ਰਿਫਰੈਸ਼ਰ ਕੋਰਸ ਸ਼ੁਰੂ ਕਰੋ, ਜਿੰਨੀ ਮਰਜ਼ੀ ਨਵੀਂ ਤੋਂ ਨਵੀਂ ਚੀਜ਼ ਇਸ ਖੇਤਰ ਵਿੱਚ ਲੈ ਆਓ, ਬਾਹਰਲੇ ਮੁਲਕਾਂ ਤੋਂ ਸਿਲੇਬਸ ਲੈ ਆਓ ਪਰ ਜਦੋਂ ਤੱਕ ਉਨ੍ਹਾਂ ਦੇ ਆਧਾਰ ਤੇ ਅਧਿਆਪਕ ਤਿਆਰ ਨਹੀਂ ਕਰਦੇ. ਜਦੋਂ ਤੱਕ ਅਧਿਆਪਕ ਵਿੱਚ ਕੰਮ ਕਰਨ ਦੀ ਪ੍ਰਵਿਰਤੀ ਨਹੀਂ ਆਉਂਦੀ ਉਨੀ ਦੇਰ ਤੱਕ ਸਿੱਖਿਆ ਦੇ ਖੇਤਰ ਵਿੱਚ ਪਰਿਵਰਤਨ ਨਹੀਂ ਆ ਸਕਦਾ। ਚੇਅਰਮੈਨ ਸਾਹਿਬ, ਅੱਜ ਦੇਸ਼ ਦੇ ਅੰਦਰ, ਮੈਨੂੰ ਮੁਆਫ ਕਰਨਾ, ਕੋਈ ਅਜਿਹਾ ਆਦਮੀ ਨਹੀਂ ਜਿਹੜਾ ਇਹ ਸਮਝੇ ਕਿ ਇਹ ਦੇਸ਼ ਮੇਰਾ ਹੈ, ਕੋਈ ਇਨਸਾਨ ਇਹ ਸਮਝੇ ਕਿ ਜਿਸ ਕੰਮ ਵਿੱਚ ਮੈਂ ਲੱਗਾ ਹੋਇਆ ਹਾਂ, ਇਹ ਮੇਰਾ ਹੈ। ਕੋਈ ਆਦਮੀ ਸਮਝ ਨਹੀਂ ਰਿਹਾ। ਵੱਡੇ ਤੋਂ ਵੱਡਾ ਅਫਸਰ ਵੀ ਅੱਜ ਇਹ ਸੋਚ ਰਿਹਾ ਹੈ ਕਿ ਕਿਹੜਾ ਸਮਾਜ ਨੇ ਰੁੜ੍ਹ ਜਾਣਾ ਹੈ। ਸਾਰੇ ਹੀ ਇਹ ਸੋਚਦੇ ਹਨ ਕਿ ਜੇ ਕੰਮ ਨਹੀਂ ਕਰਾਂਗੇ ਤਾਂ ਕੀ ਹੋ ਜਾਵੇਗਾ। ਇਸ ਤਰ੍ਹਾਂ ਨਾਲ ਚੇਅਰਮੈਨ ਸਾਹਿਬ, ਅਸੀਂ ਆਪਣੇ ਦੇਸ਼ ਨਾਲ, ਸਮਾਜ ਨਾਲ ਅਤੇ ਖੁਦ ਆਪਣੇ ਆਪ ਨਾਲ ਅਨਿਆਂ ਕਰ ਰਹੇ ਹਾਂ। ਅੱਜ ਹਰ ਕੋਈ ਸੋਚਦਾ ਹੈ ਕਿ ਮੇਰੇ ਪਾਸ ਕੋਠੀ ਹੋਵੇ, ਮੇਰਾ ਬੰਗਲਾ ਹੋਵੇ ਅਤੇ ਮੇਰੇ ਮੁੰਡੇ ਨੂੰ ਨੌਕਰੀ ਮਿਲ ਜਾਵੇ, ਕੋਈ ਦੇਸ਼ ਅਤੇ ਸਮਾਜ ਬਾਰੇ ਨਹੀਂ ਸੋਚਦਾ, ਇਹ ਰੁਝਾਨ ਸਿੱਖਿਆ ਵਲੋਂ ਆ ਰਿਹਾ ਹੈ। ਚੇਅਰਮੈਨ ਸਾਹਿਬ, ਇਹ ਰੁਝਾਨ ਆਇਆ ਕਿਥੋਂ, ਇਹ ਰੁਝਾਨ ਸਾਡੀ ਪਿਛਲੇ 50 ਵਰ੍ਹਿਆਂ ਦੀ ਆਜ਼ਾਦੀ ਤੋਂ ਆਇਆ ਹੈ ਕਿ ਕੰਮ ਛੱਡੋ ਅਤੇ ਐਸ਼ ਕਰੋ। ਮੈਂ ਇਕ ਛੋਟਾ ਜਿਹਾ ਸ਼ੇਅਰ ਅਰਜ਼ ਕਰਦਾ ਹਾਂ :

"ਕਿਸ ਕਿਸ ਕੀ ਫ਼ਿਕਰ ਕੀਜੀਏ
ਕਿਸ ਕਿਸ ਕੋ ਰੋਈਏ।
ਨੀਂਦ ਬੜੀ ਚੀਜ਼ ਹੈ, ਮੂੰਹ ਢੱਕ ਕੇ ਸੋਈਏ।

ਕਿ ਕੰਮ ਦੀ ਚਿੰਤਾ ਨਾ ਕਰੋ। ਚੇਅਰਮੈਨ ਸਾਹਿਬ, ਬੜਾ ਅਫਸੋਸ ਹੈ ਕਿ ਅਗਰ ਇਹ ਪਰਵਿਰਤੀ ਸਿੱਖਿਆ ਵਿੱਚ ਆਵੇਗੀ, ਜਿਸ ਨੇ ਇਨਸਾਨ ਨੂੰ ਇਨਸਾਨ ਬਣਾਉਣਾ ਹੈ, ਆਦਮੀ ਨੂੰ ਪਸ਼ੂ ਤੋਂ ਇਨਸਾਨ ਬਣਾਉਣਾ ਹੈ, ਅੱਜ ਇਸ ਸਿੱਖਿਆ ਦੇ ਨਾਲ ਨਵੇਂ ਨਵੇਂ ਤਜਰਬੇ ਕਰਕੇ, ਨਵੇਂ ਨਵੇਂ ਐਕਸਪੈਰੀਮੈਂਟ ਕਰਕੇ ਸਿੱਖਿਆ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਅੱਜ ਇਸ ਹਾਊਸ ਵਿੱਚ ਇਕ ਅਹਿਮ ਵਿਸ਼ੇ ਤੇ ਡਿਸਕਸ਼ਨ ਕੀਤੀ ਜਾ ਰਹੀ ਹੈ। ਅੱਜ ਟੀਚਰ-ਟੀਚਰ ਵਿੱਚ ਭੇਦ-ਭਾਵ ਕੀਤਾ ਜਾ ਰਿਹਾ ਹੈ ਕਿ ਇਹ ਪ੍ਰਾਈਵੇਟ ਸਕੂਲ ਦਾ ਟੀਚਰ ਹੈ, ਇਹ ਸਰਕਾਰੀ ਸਕੂਲ ਦਾ ਟੀਚਰ ਹੈ,

[ਮਾਸਟਰ ਮੋਹਨ ਲਾਲ]

ਇਹ ਸੀ. ਬੀ. ਐਸ. ਈ. ਦਾ ਸਿਲੇਬਸ ਹੈ, ਇਹ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਸਿਲੇਬਸ ਹੈ। ਇਹ ਪੰਜਾਬ ਯੂਨੀਵਰਸਿਟੀ ਦਾ ਸਿਲੇਬਸ ਹੈ, ਇਹ ਪੰਜਾਬੀ ਯੂਨੀਵਰਸਿਟੀ ਦਾ ਸਿਲੇਬਸ ਹੈ, ਇਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਸਿਲੇਬਸ ਹੈ। ਇਹ ਗੌਰਮਿੰਟ ਸਕੂਲ ਦਾ ਟੀਚਰ ਹੈ, ਇਹ ਕੌਨਵੈਂਟ ਸਕੂਲ ਦਾ ਟੀਚਰ ਹੈ। ਅੱਜ ਮੈਂ ਇਸ ਸਦਨ ਦੇ ਅੰਦਰ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ ਮੇਰਾ ਇਲਾਕਾ ਧਾਰ ਬਲਾਕ ਦਾ ਹੈ। ਇਸ ਇਲਾਕੇ ਵਿੱਚ ਪ੍ਰਾਇਮਰੀ ਐਜੂਕੇਸ਼ਨ ਪ੍ਰਾਪਤ ਕਰਨ ਵਾਸਤੇ ਮੇਰੇ ਆਪਣੇ ਬੱਚੇ ਨੂੰ 12 ਕਿਲੋਮੀਟਰ ਦਾ ਡਿਸਟੈਂਸ ਤਹਿ ਕਰਨਾ ਪੈਂਦਾ ਹੈ। ਛੇ ਕਿਲੋਮੀਟਰ ਜਾਣਾ ਪੈਂਦਾ ਹੈ ਅਤੇ ਛੇ ਕਿਲੋਮੀਟਰ ਆਉਣਾ ਪੈਂਦਾ ਹੈ, ਸਿਰਫ ਪ੍ਰਾਇਮਰੀ ਐਜੂਕੇਸ਼ਨ ਹਸੀਵ ਕਰਨ ਲਈ। ਚੇਅਰਮੈਨ ਸਾਹਿਬ, ਪ੍ਰਾਇਮਰੀ ਐਜੂਕੇਸ਼ਨ ਹਸੀਵ ਕਰਨ ਲਈ 12 ਕਿਲੋਮੀਟਰ ਦਾ ਸਫਰ ਤਹਿ ਕਰਨਾ ਪੈਂਦਾ ਹੈ। ਛੇ ਸਾਲ ਦਾ ਬੱਚਾ ਅਗਰ 12 ਕਿਲੋਮੀਟਰ ਦਾ ਸਫਰ ਤਹਿ ਕਰਦਾ ਹੈ ਤਾਂ ਉਸਨੇ ਪੜ੍ਹਨਾ ਕੀ ਹੈ, ਉਹ ਕੀ ਸਿੱਖਿਆ ਪ੍ਰਾਪਤ ਕਰੇਗਾ। ਚੇਅਰਮੈਨ ਸਾਹਿਬ, 6 ਸਾਲ ਦਾ ਨੰਨ੍ਹਾ-ਮੁੰਨਾ ਬੱਚਾ, ਅਸੀਂ ਬੜੇ ਪਿਆਰ ਨਾਲ ਤਿਆਰ ਕਰਕੇ ਸਕੂਲ ਵਿਚ ਭੇਜਦੇ ਹਾਂ, ਜਦੋਂ ਉਹ ਸਕੂਲ ਪੁੱਜਦਾ ਹੈ ਤਾਂ ਅੱਗੋਂ ਪਤਾ ਲੱਗਦਾ ਹੈ ਕਿ ਮਾਸਟਰ ਜੀ ਨਹੀਂ ਆਏ, ਚਲੋ ਮਾਸਟਰ ਹੈ ਤਾਂ ਉਥੇ ਬਿਲਡਿੰਗ ਕੋਈ ਨਹੀਂ ਹੈ, ਜੇ ਬਿਲਡਿੰਗ ਹੈ ਤਾਂ ਉਥੇ ਨਾ ਚਾਕ ਹੈ ਅਤੇ ਨਾ ਹੀ ਬਲੈਕ ਬੋਰਡ। ਅਪਰੇਸ਼ਨ ਬਲੈਕ-ਬੋਰਡ ਚੱਲ ਰਿਹਾ ਹੈ ਪਰ ਉਥੇ ਬਲੈਕ-ਬੋਰਡ ਹੈ ਨਹੀਂ, ਦੇ ਰਹੇ ਹਾਂ ਚਾਕ ਪਰ ਚਾਕ ਉਥੇ ਹੈ ਨਹੀਂ। ਸਕੂਲ ਖਾਲੀ ਪਏ ਹਨ। ਮੈਂ, ਚੇਅਰਮੈਨ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਦਹਾਕਿਆਂ ਤੋਂ ਮੈਂ ਆਪਣੇ ਪਿੰਡ ਵਿੱਚ ਪੰਚਾਇਤ ਤੋਂ ਇਕ ਬੀ. ਏ. ਪਾਸ ਲੜਕੀ ਨੂੰ ਰੱਖ ਕੇ ਸਿੱਖਿਆ ਦਾ ਸਿਸਟਮ ਚਲਾ ਰਿਹਾ ਹਾਂ। ਚੇਅਰਮੈਨ ਸਾਹਿਬ, ਮੈਨੂੰ ਇੱਥੇ ਇਕ ਜਵਾਬ ਮਿਲਿਆ ਹੈ ਸਿੱਖਿਆ ਦੇ ਬਾਰੇ ਵਿੱਚ ਕਿ ਕੋਈ ਅਜਿਹਾ ਸਕੂਲ ਨਹੀਂ ਜਿੱਥੇ ਸਾਰੀਆਂ ਚੀਜ਼ਾਂ ਸਪਲਾਈ ਨਾ ਕੀਤੀਆਂ ਗਈਆਂ ਹੋਣ ਅਤੇ ਬੱਚਿਆਂ ਨੂੰ 12 ਕਿਲੋਮੀਟਰ ਸਿੱਖਿਆ ਲਈ ਜਾਣਾ ਪਵੇ। ਜਵਾਬ ਵਾਸਤੇ ਜਵਾਬ ਦਈ ਜਾਓ, ਪਰ ਇਹ ਸਿੱਖਿਆ ਨਾਲ, ਵਿਦਿਆਰਥੀਆਂ ਨਾਲ ਅਤੇ ਵਿਦਿਆ ਨਾਲ ਇਕ ਬਹੁਤ ਵੱਡਾ ਮਜ਼ਾਕ ਹੈ, ਬੜਾ ਧੋਖਾ ਹੈ। ਬਾਦਲ ਸਾਹਿਬ ਦੀ ਸਰਕਾਰ ਨੇ ਜੋ ਆਦਰਸ਼ ਸਕੂਲਾਂ ਦੀ ਯੋਜਨਾ ਬਣਾਈ ਹੈ, ਉਹ ਕਾਫੀ ਚੰਗੀ ਹੈ। ਯੋਜਨਾਵਾਂ ਮਾੜੀਆਂ ਨਹੀਂ ਹੁੰਦੀਆਂ, ਸਕੀਮਾਂ ਮਾੜੀਆਂ ਨਹੀਂ ਹੁੰਦੀਆਂ। ਸਕੀਮਾਂ ਵਿੱਚ ਊਣਤਾਈਆਂ ਨਹੀਂ ਹੁੰਦੀਆਂ ਪਰ ਉਨ੍ਹਾਂ ਨੂੰ ਲਾਗੂ ਤਾਂ ਮੇਰੇ ਵਰਗੇ ਮਾਸਟਰਾਂ ਨੇ ਹੀ ਕਰਨਾ ਹੁੰਦਾ ਹੈ। ਮਾਸਟਰ ਵੀ ਉਸੀ ਸਮਾਜ ਦਾ ਅੰਗ ਹਨ ਜਿਸ ਵਿੱਚ ਭ੍ਰਿਸ਼ਟਾਚਾਰ, ਧੋਖਾ-ਧੜੀ ਹੈ। ਇਸ ਲਈ ਇਸ ਪਵਿੱਤਰ ਔਰ ਮਹਾਨ ਸਦਨ ਵਿੱਚ ਸਦਨ ਦੀ ਮਾਣ-ਮਰਿਆਦਾ ਰੱਖਦੇ ਹੋਏ ਮੈਂ ਬੇਨਤੀ ਕਰਦਾ ਹਾਂ ਕਿ ਸਿਲਸ਼ਾ ਵਰਗੇ ਮਹਾਨ ਔਰ ਪਵਿੱਤਰ ਸਬਜੈਕਟ ਨੂੰ ਇਸ ਦੇਸ਼ ਅੰਦਰ ਕਿਸ ਤਰ੍ਹਾਂ ਠੀਕ ਤਰ੍ਹਾਂ ਲਾਗੂ ਕਰਨਾ ਹੈ ? ਅਸੀਂ ਦੇਸ਼ ਦੇ ਵਿਦਿਆਰਥੀਆਂ ਔਰ ਟੀਚਰਾਂ ਨੂੰ ਕਿਸ ਪਾਸੇ ਲਿਜਾਉਣਾ ਹੈ ? ਸਾਡਾ ਹਾਲੇ ਮਕਸਦ ਹੀ ਕਲੀਅਰ ਨਹੀਂ ਹੈ। ਕੀ ਅਸੀਂ ਉਨ੍ਹਾਂ ਨੂੰ ਬਾਬੂ ਜਾਂ ਕਲਰਕ ਬਣਾਉਣਾ ਚਾਹੁੰਦੇ ਹਾਂ ? ਚੇਅਰਮੈਨ ਸਾਹਿਬ, ਸਭ ਤੋਂ ਪਹਿਲਾਂ ਅਸੀਂ ਸਿਲਸ਼ਾ ਦੇ ਮੰਤਵ ਨੂੰ ਸਾਹਮਣੇ ਰੱਖਣਾ ਹੈ ਕਿ ਅਸੀਂ ਬੱਚੇ ਨੂੰ ਕੀ ਬਣਾਉਣਾ ਚਾਹੁੰਦੇ ਹਾਂ, ਸਮਾਜ ਨੂੰ ਕਿਸ ਪਾਸੇ ਲਿਜਾਉਣਾ ਚਾਹੁੰਦੇ ਹਾਂ, ਅਧਿਆਪਕ ਤੋਂ ਕੀ ਕੰਮ ਲੈਣਾ ਹੈ। ਇਹ ਮੰਤਵ

ਸਾਨੂੰ ਸਭ ਤੋਂ ਪਹਿਲਾਂ ਸੌਂਹ ਕਰਨੇ ਚਾਹੀਦੇ ਹਨ । ਇਸ ਟਾਰਗੇਟ ਨੂੰ ਪ੍ਰਾਪਤ ਕਰਨ ਲਈ ਨੀਤੀ ਬਣਾਉਣੀ ਚਾਹੀਦੀ ਹੈ । ਵੱਖ-ਵੱਖ ਸਿਲੇਬਸ ਦੂਰ ਕਰਕੇ ਇਕ ਸਿਲੇਬਸ ਹੀ ਰੱਖਣਾ ਚਾਹੀਦਾ ਹੈ ਔਰ ਅਧਿਆਪਕ ਦਾ ਸਨਮਾਨ ਸਮਾਜ ਵਿੱਚ ਬਰਕਰਾਰ ਹੋਣਾ ਚਾਹੀਦਾ ਹੈ । ਚੇਅਰਮੈਨ ਸਾਹਿਬ, ਬਹੁਤ ਸਾਰੀਆਂ ਗੱਲਾਂ ਸਿਖਿਆ ਦੇ ਮੁਤੱਲਕ ਕਹੀਆਂ ਜਾ ਸਕਦੀਆਂ ਹਨ । ਮੇਰੇ ਭਾਈ ਹੋਰਾਂ ਨੇ ਜਿਹੜਾ ਰੈਜ਼ੋਲਿਊਸ਼ਨ ਰੱਖਿਆ ਹੈ, ਉਹ ਇਸ ਦੇ ਮਹੱਤਵ ਨੂੰ ਛੱਡ ਕੇ ਇਸ ਨੂੰ ਦੂਜੇ ਪਾਸੇ ਲੈ ਗਏ ਹਨ । ਇਸ ਰੈਜ਼ੋਲਿਊਸ਼ਨ ਨੂੰ ਇਨ੍ਹਾਂ ਨੇ ਐਸ.ਸੀ, ਜਾਂ ਦਲਿਤ ਤੱਕ ਹੀ ਵੰਡ ਦਿੱਤਾ ਹੈ । ਉਹ ਸਿਖਿਆ ਦੇ ਮਹੱਤਵ ਨੂੰ ਨਹੀਂ ਸਮਝ ਸਕੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਕੋਈ ਦਲਿਤ ਬੱਚਾ ਹੈ, ਚਾਹੇ ਉਸ ਨੇ ਬੂਟ ਪਾਇਆ ਹੈ ਜਾਂ ਨਹੀਂ ਪਾਇਆ, ਚਾਹੇ ਕਿਸੀ ਅਨੁਸੂਚਿਤ ਜਾਤੀ ਦਾ ਬੱਚਾ ਹੈ, ਚਾਹੇ ਰਾਜਪੂਤ ਦਾ ਬੱਚਾ ਹੈ, ਇਨ੍ਹਾਂ ਸਾਰਿਆਂ ਦਾ ਸਿਲੇਬਸ ਇੱਕ ਹੋਣਾ ਚਾਹੀਦਾ ਹੈ । ਪਰ ਇਸ ਮਤੇ ਨੂੰ ਪੇਸ਼ ਕਰਨ ਵਾਲੇ ਨੇ ਇਸ ਦੇ ਸਿਲੇਬਸ ਦੇ ਮਹੱਤਵ ਨੂੰ ਅੱਖੋਂ ਓਹਲੇ ਕਰ ਦਿੱਤਾ ਹੈ । ਪਰ ਇਹ ਜਿਹੜਾ ਰੈਜ਼ੋਲਿਊਸ਼ਨ ਚੌਧਰੀ ਜਗਜੀਤ ਸਿੰਘ ਜੀ ਨੇ ਰੱਖਿਆ ਹੈ, ਇਹ ਚਾਰ ਘੰਟੇ ਵਿੱਚ ਡਿਸਕਸ ਨਹੀਂ ਕੀਤਾ ਜਾ ਸਕਦਾ । ਇਸ ਵਾਸਤੇ ਵੱਧ ਸਮਾਂ ਚਾਹੀਦਾ ਹੈ । ਵੱਧ ਤੋਂ ਵੱਧ ਲੋਕਾਂ ਦੀ ਜਾਣਕਾਰੀ ਲੈਣ ਦੀ ਜ਼ਰੂਰਤ ਹੈ । ਇਸ ਕਰਕੇ ਇਸ ਰੈਜ਼ੋਲਿਊਸ਼ਨ ਨੂੰ ਰੀਜੈਕਟ ਕਰਨਾ ਚਾਹੀਦਾ ਹੈ । ਧੰਨਵਾਦ ।

ਰਾਜਾ ਨਰਿੰਦਰ ਸਿੰਘ (ਨਾਭਾ) : ਚੇਅਰਮੈਨ ਸਾਹਿਬ, ਮੇਰੇ ਫ਼ਾਜ਼ਲ ਦੋਸਤ ਵੱਲੋਂ ਇਹ ਰੈਜ਼ੋਲਿਊਸ਼ਨ ਆਇਆ ਹੈ ਔਰ ਇਸ ਉਤੇ ਸਾਡੇ ਸੁਲਝੇ ਉਸਤਾਦ ਸਾਹਿਬਾਨ ਬੋਲ ਰਹੇ ਹਨ । ਰੈਜ਼ੋਲਿਊਸ਼ਨ ਇਹ ਹੈ ਕਿ—

> This House recommends to the State Government to take immediate steps to enact suitable legislation to enforce unified syllabus and fee-structure in the private schools running in the State.

ਯੂਨੀਫਾਰਮਿਟੀ ਫੀਸ ਦੀ ਪ੍ਰਾਈਵੇਟ ਸਕੂਲਾਂ ਵਿੱਚ ਹੋਣੀ ਚਾਹੀਦੀ ਹੈ ਤੇ ਸਿਲੇਬਸ ਵੀ ਇੱਕੋ ਜਿਹਾ ਹੋਣਾ ਚਾਹੀਦਾ ਹੈ । ਇਹ ਗੱਲ ਮੋਹਨ ਲਾਲ ਜੀ ਨੇ ਠੀਕ ਕਹੀ ਸੀ ਕਿ ਪੰਜਾਹ ਸਾਲ ਅੰਦਰ ਅਸੀਂ ਐਜੂਕੇਸ਼ਨ ਦੀ ਪਰਾਬਲਮ ਸਾਲਵ ਨਹੀਂ ਕਰ ਸਕੇ । ਸਹੀ ਢੰਗ ਦੀ ਐਜੂਕੇਸ਼ਨ ਪ੍ਰਾਇਮਰੀ ਸਕੂਲਾਂ ਤੋਂ ਲੈ ਕੇ ਕਾਲਜ ਤੇ ਪੋਸਟ ਗਰੈਜੂਏਟ ਇੰਸਟੀਚਿਊਸ਼ਨਜ਼ ਤੱਕ ਨਹੀਂ ਦੇ ਸਕੇ । ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ । ਇਸ ਵਾਸਤੇ ਕੌਣ ਜ਼ੁੰਮੇਵਾਰ ਹੈ ? ਇਸ ਵਾਸਤੇ ਕੌਣ ਜ਼ੁੰਮੇਵਾਰ ਨਹੀਂ ? ਜੋ ਸਾਰੀਆਂ ਸਰਕਾਰਾਂ ਤਾਕਤ ਵਿੱਚ ਆਉਂਦੀਆਂ ਰਹੀਆਂ, ਉਨ੍ਹਾਂ ਵਿੱਚੋਂ ਜ਼ਿਆਦਾ ਹਿੱਸਾ ਮੇਰੇ ਸੱਜੇ ਪਾਸੇ ਬੈਠੇ ਵੀਰ ਹਨ ਜਿਨ੍ਹਾਂ ਨੇ ਦਿੱਲੀ ਵਿੱਚ ਰਾਜ ਕੀਤਾ ਤੇ ਪੰਜਾਬ ਵਿਚ ਵੀ ਜ਼ਿਆਦਾ ਸਮਾਂ ਰਹੇ । ਪੰਜ ਸਾਲ ਇਨ੍ਹਾਂ ਦੀਆਂ ਸਰਕਾਰਾਂ ਚਲਦੀਆਂ ਰਹੀਆਂ । ਸਾਡੀ ਸਰਕਾਰ ਤਾਂ 7-8 ਮਹੀਨੇ ਬਾਅਦ ਤੋੜ ਦਿੱਤੀ ਜਾਂਦੀ ਸੀ । ਫਿਰ ਜੋ ਕੁਝ ਇਨ੍ਹਾਂ ਨੇ ਕੀਤਾ, ਉਹ ਮੁਬਾਰਕ ਹੈ । ਚੇਅਰਮੈਨ ਸਾਹਿਬ, ਯੂਨੀਫਾਰਮਿਟੀ ਕਿਵੇਂ ਆ ਸਕਦੀ ਹੈ ? ਵਿਦਿਆ

[ਰਾਜਾ ਨਰਿੰਦਰ ਸਿੰਘ]

ਵਿਚਾਰੀ ਤਾਂ ਪਰਉਪਕਾਰੀ । ਇਸ ਨਾਲ ਝਗੜਾ ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਦਾ ਕਾਢੀ ਹੈ । ਜਿਹੜਾ ਵੱਧ ਜ਼ਬਾਨਾਂ ਪੜ੍ਹੇ ਉਸ ਨੂੰ ਲਿੰਗੁਇਸਟਿਕ ਕਹਿੰਦੇ ਹਨ । ਜੋ ਮੇਰੇ ਭੈਣ ਜੀ ਬੋਲੇ ਹਨ, ਉਹ ਬੜੀ ਸ਼ੁੱਧ ਹਿੰਦੀ ਬੋਲੇ ਹਨ । ਜੋ ਅੰਗਰੇਜ਼ੀ ਬੋਲਣਾ ਚਾਹੇ, ਉਸ ਨੂੰ ਵੀ ਕੋਈ ਰੁਕਾਵਟ ਨਹੀਂ । ਕੱਲ੍ਹ ਨੂੰ ਇਹ ਕਹਿਣਗੇ ਕਿ ਇਥੇ ਵੀ ਯੂਨੀਫਾਰਮਿਟੀ ਚਾਹੀਦੀ ਹੈ । ਜੇਕਰ ਕੋਈ ਸੰਸਕ੍ਰਿਤ ਬੋਲਣਾ ਚਾਹੇ, ਤਾਂ ਉਸ ਨੂੰ ਵੀ ਛੋਟ ਹੈ । ਇਸ ਦੇਸ਼ ਦੇ ਵਿੱਚ ਸਕੂਲਾਂ ਵਿੱਚ ਕਿਹੜੇ ਕਿਹੜੇ ਸਿਲੇਬਸ ਹਨ; ਇੱਕ ਆਈ. ਸੀ. ਐਸ. ਸੀ. ਹੈ, ਇੱਕ ਸੀ. ਬੀ. ਐਸ. ਈ. ਹੈ, ਇੱਕ ਜਿਥੇ ਫੌਜੀਆਂ ਦੇ ਬੱਚੇ ਪੜ੍ਹਦੇ ਹਨ, ਉਨ੍ਹਾਂ ਸੈਂਟਰਲ ਸਕੂਲਾਂ ਦਾ ਵੱਖਰਾ ਸਿਲੇਬਸ ਹੈ । ਇੱਕ ਸਕੂਲ ਇੱਕ ਬੋਰਡ ਨਾਲ ਐਫੀਲੀਏਟਿਡ ਹੈ, ਦੂਸਰਾ ਹੋਰ ਬੋਰਡ ਨਾਲ ਐਫੀਲੀਏਟਿਡ ਹੈ, ਇਸ ਲਈ ਇਹ ਪਾਸੀਬਲ ਨਹੀਂ ਹੈ ਔਰ ਅਸੀਂ ਇਥੇ ਹੈਲਦੀ ਕੰਪੀਟੀਸ਼ਨ ਕਰਾਉਣਾ ਹੈ । ਜੇਕਰ ਹੈਲਦੀ ਕੰਪੀਟੀਸ਼ਨ ਨਾ ਹੋਵੇ, ਤਾਂ ਜ਼ਿੰਦਗੀ ਸਟੈਗਨੈਂਟ ਹੋ ਜਾਵੇ । ਸਾਨੂੰ ਹੈਲਦੀ ਕੰਪੀਟੀਸ਼ਨ ਚਲਾਉਣਾ ਚਾਹੀਦਾ ਹੈ । ਪ੍ਰਾਈਵੇਟ ਸਕੂਲਾਂ ਨੂੰ ਕਿਉਂ ਬੰਦ ਕਰਨਾ ਚਾਹੀਦਾ ਹੈ ? ਮੇਰੇ ਸੱਜੇ ਪਾਸੇ ਭਰਾ ਬੈਠੇ ਹਨ, ਉਹ ਦੱਸਣ ਕਿ ਇਸ ਦੇਸ਼ ਦੇ ਜਿਹੜੇ ਪ੍ਰਾਈਮ ਮਨਿਸਟਰ ਬਣੇ ਹਨ, ਉਨ੍ਹਾਂ ਵਿੱਚੋਂ ਕਿੰਨੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹੇ ਹਨ ਅਤੇ ਕਿੰਨੇ ਗੌਰਮਿੰਟ ਸਕੂਲਾਂ ਵਿੱਚ ਪੜ੍ਹੇ ਹਨ ? ਰਾਜੀਵ ਜੀ ਕਿੱਥੇ ਪੜ੍ਹੇ ਸੀ, ਇੰਦਰਾ ਜੀ ਕਿੱਥੇ ਪੜ੍ਹੇ ਸੀ, ਪੰਡਿਤ ਜਵਾਹਰ ਲਾਲ ਨਹਿਰੂ ਕਿੱਥੇ ਪੜ੍ਹੇ ਸੀ ਜਾਂ ਦੇਸ਼ ਦੇ ਜੋ ਵੱਡੇ ਵੱਡੇ ਨੇਤਾ ਹੋਏ ਹਨ, ਉਹ ਕਿਹੜੇ ਸਕੂਲਾਂ ਵਿੱਚ ਪੜ੍ਹੇ ਸਨ ? ਜਿਨ੍ਹਾਂ ਸਕੂਲਾਂ ਵਿੱਚ ਸਿੱਖਿਆ ਵੱਧ ਤੋਂ ਵੱਧ ਚੰਗੀ ਹੋਵੇ, ਮਾਪਿਆਂ ਨੇ ਬੱਚਿਆਂ ਨੂੰ ਉਥੇ ਪਾ ਦਿੱਤਾ । ਅੱਜ ਦੇਸ਼ ਵਿਚ ਚੰਗੇ ਸਕੂਲਾਂ ਦੀ ਘਾਟ ਨਹੀਂ ਹੈ । ਜਿਥੇ ਕਿਸੇ ਨੂੰ ਆਪਣੀ ਪਾਕਿਟ ਨੇ ਪ੍ਰੋਵਾਈਡ ਕੀਤਾ, ਜੋ ਸਕੂਲ ਸੂਟ ਕੀਤਾ, ਉਥੇ ਬੱਚਾ ਪਾ ਦਿੱਤਾ । ਆਹ ਜਿਨ੍ਹਾਂ ਨੂੰ ਦੁਕਾਨਾਂ ਕਹਿਣ ਲੱਗ ਪਏ, ਮੈਂ ਤਾਂ ਦੁਕਾਨਾਂ ਕਹਿਣ ਦੇ ਖਿਲਾਫ ਹਾਂ । ਜੇਕਰ ਕੋਈ ਪ੍ਰਾਈਵੇਟ ਸਕੂਲ ਖੋਲ੍ਹ ਕੇ ਚੰਗੀ ਐਜੂਕੇਸ਼ਨ ਦੇ ਰਿਹਾ ਹੈ, ਤਾਂ ਅਸੀਂ ਕਿਉਂ ਮਜ਼ਬੂਰ ਕਰੀਏ ਕਿ ਫੀਸ 10/- ਰੁਪਏ ਹੀ ਲੈ ਜਾਂ ਫਰੀ ਪੜ੍ਹਾ । ਗੌਰਮਿੰਟ ਸਕੂਲਾਂ ਵਿੱਚ ਤਾਂ ਫੀਸ ਹੈ ਹੀ ਨਹੀਂ, ਫਿਰ ਯੂਨੀਫਾਰਮਿਟੀ ਕਾਸ ਦੀ । ਜੋ ਪ੍ਰਾਈਵੇਟ ਸਕੂਲ ਸ਼ਿਮਲੇ ਵਿੱਚ ਖੋਲ੍ਹੇ ਹਨ, ਉਨ੍ਹਾਂ ਦੀ ਫੀਸ ਵੱਧ ਹੈ ਜਾਂ ਜੋ ਦੇਹਰਾਦੂਨ ਹੈ, ਉਸ ਦੀ ਫੀਸ ਵੱਧ ਹੈ । ਜੋ ਪਬਲਿਕ ਸਕੂਲ ਹੈ, ਉਸ ਦੀ ਫੀਸ ਵੱਧ ਹੈ । ਕੱਲ੍ਹ ਨੂੰ ਆਦਰਸ਼ ਸਕੂਲ ਖੋਲ੍ਹੇ ਜਾ ਰਹੇ ਹਨ, ਉਨ੍ਹਾਂ ਦੀ ਫੀਸ ਮੁਆਫ ਨਹੀਂ ਹੋਏਗੀ । ਉਨੀ ਫੀਸ ਨਹੀਂ ਹੋਏਗੀ, ਜਿੰਨੀ ਗੌਰਮਿੰਟ ਸਕੂਲਾਂ ਦੀ ਹੈ । ਕੁਆਲਟੀ ਆਫ ਐਜੂਕੇਸ਼ਨ ਫੀਸ ਤੇ ਡਿਪੈਂਡ ਕਰਦੀ ਹੈ । ਇਨ੍ਹਾਂ ਸਕੂਲਾਂ ਵਿੱਚੋਂ ਜਿਹੜੇ ਬੱਚੇ ਪੜ੍ਹ ਕੇ ਆਉਂਦੇ ਹਨ, ਜਿਨ੍ਹਾਂ ਨੂੰ ਤੁਸੀਂ ਦੁਕਾਨਾਂ ਕਹਿੰਦੇ ਹੋ, ਉਹ ਰਿਸਪੈਕਟਫੁੱਲ ਹਨ ਕਿਉਂਕਿ ਉਨ੍ਹਾਂ ਨੇ ਚੰਗੇ ਸਕੂਲ ਖੋਲ੍ਹੇ ਹਨ । ਆਹ, ਚੰਡੀਗੜ੍ਹ ਦੇ ਵਿੱਚ ਵਿਵੇਕ ਸਕੂਲ ਹੈ । ਉਸ ਸਕੂਲ ਵਿੱਚ ਐਡਮਿਸ਼ਨ ਲੈਣ ਵਾਸਤੇ ਚੀਫ ਸੈਕ੍ਰੇਟਰੀ ਦੀ ਸਿਫਾਰਸ਼ ਚਾਹੀਦੀ ਹੈ, ਨਹੀਂ ਤਾਂ ਐਡਮਿਸ਼ਨ ਮਿਲਦੀ ਹੀ ਨਹੀਂ । ਬੀਬੀ ਜੀ ਜੋ ਕਹਿੰਦੇ ਹਨ ਕਿ ਲੋਕਾਂ ਤੋਂ 10 ਹਜ਼ਾਰ, 25 ਹਜ਼ਾਰ ਸਕੂਲਾਂ ਦੀ ਬਿਲਡਿੰਗ ਵਾਸਤੇ ਫੀਸ ਲੈ ਕੇ ਬੱਚੇ ਦਾਖਲ ਕਰਦੇ ਹਨ, ਇਸ ਹਾਊਸ ਦੇ ਵਿੱਚ ਰੌਲਾ ਵੀ ਪਿਆ ਕਿ ਬਹੁਤ ਜ਼ਿਆਦਾ ਫੀਸ ਮੰਗਦੇ ਹਨ, ਬਿਲਡਿੰਗ ਦੇ ਨਾਮ ਦੇ ਉਤੇ ਜਾਂ ਹੋਰ ਕਿਸੇ ਨਾਮ ਤੇ ਕਿਉਂ ਫੀਸ ਮੰਗਦੇ ਹਨ ? ਜੇਕਰ ਉਨ੍ਹਾਂ ਦਾ ਐਜੂਕੇਸ਼ਨ ਸਟੈਂਡਰਡ ਗੌਰਮਿੰਟ

ਸਕੂਲਾਂ ਨਾਲੋਂ ਜਾਂ ਦੂਜੇ ਸਕੂਲਾਂ ਨਾਲੋਂ ਚੰਗਾ ਹੈ, ਫਿਰ ਉਨ੍ਹਾਂ ਨੂੰ ਖੁੱਲ੍ਹੀ ਛੋਟ ਹੋਣੀ ਚਾਹੀਦੀ ਹੈ । ਉਹ ਐਜੂਕੇਸ਼ਨ ਚੰਗੀ ਦੇਣ, ਵਿਦਿਆ ਪਰਾਪਰ ਦੇਣ ਔਰ ਉਥੇ ਓਬਸੀਨ ਵਿਦਿਆ ਨਹੀਂ ਹੋਣੀ ਚਾਹੀਦੀ ਅਤੇ ਓਬਸੀਨ ਪਿਕਚਰਜ਼ ਨਾ ਦਿਖਾਈਆਂ ਜਾਣ । ਇਨ੍ਹਾਂ ਸਕੂਲਾਂ ਵਿੱਚ ਟੈਲੀਵਿਜ਼ਨ ਦੇ ਰਾਹੀਂ ਕੁਝ ਐਜੂਕੇਸ਼ਨ ਦਿੱਤੀ ਜਾਵੇ । ਚੰਗੀਆਂ ਪਿਕਚਰਜ਼ ਦਿਖਾਈਆਂ ਜਾਣ ਕਿ ਪੜ੍ਹਾਉਣ ਦਾ ਤਰੀਕਾ ਆਹ ਹੈ । ਮਾਸਟਰ ਸਾਹਿਬਾਨ ਦੇ ਪੜ੍ਹਾਉਣ ਦਾ ਤਰੀਕਾ ਆਹ ਹੈ। ਹੁਣੇ ਇਸ ਵਿਸ਼ੇ ਤੇ ਉਸਤਾਦ ਬੋਲੇ ਔਰ ਉਹ ਸੱਜੇ ਪਾਸੇ ਵਾਲਿਆਂ ਦੀ ਸੱਜੇ ਔਰ ਬੱਚਿਆਂ ਦੀ ਖੱਬੇ ਪਾਸੇ ਲੈ ਗਏ ਭਾਵ ਦੋਵੇਂ ਪਾਸਿਆਂ ਦੀ ਕਹਿ ਗਏ । ਹੁਣ ਟੀਚਰ ਤੇ ਟਾਟ ਵਿੱਚ ਡਿਫਰੈਂਸ ਵੱਧ ਰਿਹਾ ਹੈ । ਹੁਣ ਜੋ ਵਿਦਿਆ ਪੜ੍ਹਾ ਰਹੇ ਹਨ, ਇਸ ਦੀ ਜ਼ਿੰਮੇਵਾਰੀ ਇਕੱਲੇ ਬੱਚੇ ਤੇ ਨਹੀਂ ਹੈ ਜਾਂ ਮਾਸਟਰ ਤੇ ਨਹੀਂ ਹੈ । ਚੇਅਰਮੈਨ ਸਾਹਿਬ, ਜਦੋਂ ਮੈਂ ਸਕੂਲ ਵਿੱਚ ਪੜ੍ਹਦਾ ਹੁੰਦਾ ਸੀ, ਉਦੋਂ ਮਾਪੇ ਕਹਿੰਦੇ ਹੁੰਦੇ ਸੀ ਕਿ ਮਾਸਟਰ ਤੁਹਾਡਾ ਗੁਰੂ ਹੈ ਮਾਸਟਰ ਨੂੰ ਗੁਰੂ ਦਾ ਦਰਜਾ ਦਿੱਤਾ ਹੋਇਆ ਸੀ । ਮਾਪੇ ਕਹਿੰਦੇ ਸਨ ਕਿ ਗੁਰੂ ਨੇ ਤੁਹਾਨੂੰ ਪੜ੍ਹਾਉਣਾ ਹੈ ਅਤੇ ਪਸ਼ੂ ਤੋਂ ਬੰਦੇ ਬਣਾਉਣਾ ਹੈ ਔਰ ਵਾਕਿਆ ਹੀ ਉਹ ਲੋਕ ਡਿਵੋਟਿਡ ਸਨ । ਅੱਜ ਜਦੋਂ ਰੁਜ਼ਗਾਰ ਨਹੀਂ ਮਿਲਦਾ ਤਾਂ ਕੋਈ ਮਜਬੂਰੀ ਵਿੱਚ ਕਿਸੇ ਸ਼ੋਬੇ ਵਿੱਚ ਜਾ ਰਿਹਾ ਹੈ, ਕੋਈ ਕਿਸੇ ਵਿੱਚ । ਅੱਜ ਟੀਚਰ ਤੇ ਟਾਟ ਵਿੱਚ ਡਿਫਰੈਂਸ ਵਧ ਗਿਆ ਹੈ । ਟੀਚਰ ਸਮਝਦਾ ਹੈ ਕਿ ਉਸ ਦਾ ਤਨਖਾਹ ਸਕੇਲ ਠੀਕ ਨਹੀਂ ਹੈ । ਪ੍ਰਾਈਵੇਟ ਸਕੂਲ, ਕਾਨਵੈਂਟ ਸਕੂਲ, ਵਾਈ.ਪੀ.ਐਸ. ਸਕੂਲ ਜਾਂ ਪਬਲਿਕ ਸਕੂਲ ਹਨ, ਜੋ ਸਕੂਲ ਦੇਹਰਾਦੂਨ ਹਨ, ਇਨ੍ਹਾਂ ਸਕੂਲਾਂ ਵਿੱਚ ਤਾਂ ਕਦੇ ਐਜੀਟੇਸ਼ਨ ਹੋਈ ਨਹੀਂ । ਉਹ ਇਸ ਵਾਸਤੇ ਨਹੀਂ ਹੋਈ ਕਿਉਂਕਿ ਉਹ ਆਪਣੇ ਟੀਚਰਜ਼ ਨੂੰ ਪਰਾਪਰਲੀ ਪੇਅ ਕਰਦੇ ਹਨ ਅਤੇ ਬੱਚੇ ਵੀ ਉਨ੍ਹਾਂ ਨੂੰ ਸਰ ਕਹਿ ਕੇ ਬੁਲਾਉਂਦੇ ਹਨ । ਇਕ ਟੀਚਰ ਨੂੰ ਫਰਨਿਸ਼ਡ ਹਾਊਸ ਦਿੰਦੇ ਹਨ, ਉਸਦੇ ਹਰ ਦੁੱਖ ਸੁੱਖ ਵਿੱਚ ਬਰਾਬਰ ਸਹਾਇਤਾ ਕਰਦੇ ਹਨ । ਕਾਰਨ ਇਕ ਜਿਹੜਾ ਦਿੱਤੀ ਹੈ ਕਿ ਅਗਰ ਇਹ ਅੱਛੇ ਸਕੂਲ ਖੁਲ੍ਹਦੇ ਹਨ, ਉਹ ਗੌਰਮਿੰਟ ਦੀ ਮਦਦ ਕਰ ਰਹੇ ਹਨ ਪਰ ਸਰਕਾਰ ਤੋਂ ਇਹ ਗੱਲ ਨਹੀਂ ਹੋ ਰਹੀ। ਇਸੇ ਤਰ੍ਹਾਂ ਪ੍ਰਾਈਵੇਟ ਹਸਪਤਾਲ/ ਹੈਲਥ ਸੈਂਟਰ ਹਨ । ਪਹਿਲਾਂ ਮੇਰੇ ਸ਼ਹਿਰ ਵਿੱਚ ਗੌਰਮਿੰਟ ਦਾ ਇੱਕ ਹਸਪਤਾਲ ਹੁੰਦਾ ਸੀ ਹੁਣ ਹਰ ਗਲੀ ਹਰ ਮੁਹੱਲੇ ਦੇ ਵਿਚ ਸੈਂਟਰ ਖੁਲ੍ਹ ਗਿਆ ਹੈ । ਇਹ ਤਾਂ ਕੱਲ੍ਹ ਨੂੰ ਕਹਿਣਗੇ ਕਿ ਹੈਲਥ ਸੈਂਟਰ ਬੰਦ ਕਰ ਦਿਉ ਕਿਉਂਕਿ ਉਥੇ ਦਵਾਈ ਪੈਸਿਆਂ ਦੇ ਨਾਲ ਦਿੱਤੀ ਜਾਂਦੀ ਹੈ, ਉਥੇ ਅਪ੍ਰੇਸ਼ਨ ਦੀ ਫ਼ੀਸ ਲਈ ਜਾਂਦੀ ਹੈ ਔਰ ਦੂਜੇ ਕੰਮਾਂ ਲਈ ਵੀ ਫੀਸ ਲਈ ਜਾਂਦੀ ਹੈ How can you stop this ? ਇਹ ਜਿਹੜਾ ਹੈਲਦੀ ਕੰਪੀਟੀਸ਼ਨ ਹੈ, ਉਹ ਬੰਦ ਨਹੀਂ ਹੋਣਾ ਚਾਹੀਦਾ ਹੈ । ਹੈਲਦੀ ਰੇਸ ਹੈ ਇਸ ਸੰਸਾਰ ਦੇ ਵਿੱਚ ਜਿਹੜਾ ਤੇਜ਼ ਭੱਜੇਗਾ ਉਹ ਕਾਮਯਾਬ ਹੋ ਜਾਵੇਗਾ ਅਤੇ ਜਿਸਦੀ ਸਿਹਤ ਤਕੜੀ ਨਹੀਂ ਹੋਵੇਗੀ, ਤਾਂ ਉਹ ਪਿੱਛੇ ਰਹਿ ਜਾਵੇਗਾ ਫਰਜ਼ ਕਰੋ ਕਿ ਕਿਸੇ ਫੌਜੀ ਦੀ ਟਰਾਂਸਫਰ ਚਾਈਨਾ ਬਾਰਡਰ ਤੇ ਹੋ ਗਈ, ਦੂਜੇ ਦੀ ਬਰਮਾ ਦੇ ਬਾਰਡਰ ਤੇ ਹੋ ਗਈ ਤੇ ਤੀਜਾ ਬਦਲ ਕੇ ਦਿਲੀ ਲਾ ਦਿੱਤਾ, ਪੰਜਾਬ ਲਾ ਦਿੱਤਾ, ਹਿਮਾਚਲ ਜਾਂ ਰਾਜਸਥਾਨ ਲਾ ਦਿੱਤਾ ਤਾਂ ਇਸ ਤਰ੍ਹਾਂ ਫੌਜੀਆਂ ਦੇ ਬੱਚਿਆਂ ਨੂੰ ਕਾਫ਼ੀ ਦਿੱਕਤ ਆਉਂਦੀ ਸੀ ਅਤੇ ਹਰੇਕ ਥਾਂ ਤੇ ਸਿਲੇਬਸ ਵੱਖਰਾ ਸੀ । ਫਿਰ ਫੌਜੀਆਂ ਨੇ ਇਕ ਸੈਂਟਰਲ

[ਰਾਜਾ ਨਰਿੰਦਰ ਸਿੰਘ]

ਸਕੂਲ ਬਣਾ ਦਿੱਤਾ ਕਿ ਫੌਜੀਆਂ ਦੀ ਬਦਲੀ ਭਾਵੇਂ ਕਿੱਥੇ ਦੀ ਹੋਵੇ ਪਰ ਉਸ ਦੇ ਬੱਚੇ ਸੈਂਟਰਲ ਸਕੂਲ ਦੇ ਵਿੱਚ ਹੀ ਰਹਿਣਗੇ ਅਤੇ ਪੜ੍ਹਾਈ ਕਰਨਗੇ । ਫਿਰ ਦੱਸੋ ਕਿ ਇਸ ਦੇ ਵਿਚ ਕਿਵੇਂ ਪੈਰਿਟੀ ਹੋ ਸਕਦੀ ਹੈ । ਜੇਕਰ ਮੈਨੂੰ ਅੰਗਰੇਜ਼ੀ ਨਹੀਂ ਆਉਂਦੀ ਤਾਂ ਮੈਂ ਕਹਾਂਗਾ ਕਿ ਮੈਂ ਸੀ.ਬੀ.ਐਸ.ਈ. ਦਾ ਇਮਤਿਹਾਨ ਦੇਵਾਂ ਪਰ ਜਦੋਂ ਮੇਰੇ ਮਾਪੇ ਮੈਨੂੰ ਕਹਿਣ ਕਿ ਤੂੰ ਆਈ. ਸੀ. ਐਸ. ਈ. ਦਾ ਟੈਸਟ ਦੇ, ਤੈਨੂੰ ਅੰਗਰੇਜ਼ੀ ਚੰਗੀ ਆਉਂਦੀ ਹੈ ਤਾਂ ਕਿ ਸਿਲੇਬਸ ਵੱਖਰਾ ਵੱਖਰਾ ਹੋਵੇਗਾ । ਜਿਹੜੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ, ਉਨ੍ਹਾਂ ਵਿਚ ਮਾਪਿਆਂ ਦੀ ਮਜਬੂਰੀ ਇਹ ਹੁੰਦੀ ਹੈ । ਵੈਸੇ ਇਕ ਚਪੜਾਸੀ ਵੀ ਇਹੀ ਕੋਸ਼ਿਸ਼ ਕਰਦਾ ਹੈ ਕਿ ਉਸਦਾ ਬੱਚਾ ਅੱਛੀ ਤਾਲੀਮ ਪ੍ਰਾਪਤ ਕਰੇ । ਔਰ ਅੱਛੀ ਤਾਲੀਮ ਹਾਸਲ ਕਰਕੇ ਚੰਗਾ ਨਾਗਰਿਕ ਤੇ ਚੰਗਾ ਅਫਸਰ ਬਣੇ ਪਰ ਉਸ ਦੇ ਮਾਪੇ ਉਸ ਨੂੰ ਸ਼ਾਇਦ ਚੰਗੀ ਅਤੇ ਸਾਫ ਸੁਥਰੀ ਯੂਨੀਫਾਰਮ ਨਾ ਦੇ ਸਕਣ । ਉਹ ਫਿਰ ਸਿਲੈਕਟ ਕਰ ਲੈਂਦਾ ਹੈ ਕਿ ਮੈਂ ਕਿਹੋ ਜਿਹੇ ਸਕੂਲ ਵਿਚ ਬੱਚੇ ਨੂੰ ਭੇਜਣਾ ਹੈ । ਉਹ ਇਕ ਪ੍ਰਾਈਵੇਟ ਸਕੂਲ ਸਿਲੈਕਟ ਕਰਦਾ ਹੈ । ਬੱਚੇ ਦੀ ਟਰਨ ਆਊਟ ਉਸ ਸਕੂਲ ਦੀ ਯੂਨੀਫਾਰਮ ਜਿਹੜੀ ਹੈ, ਉਸ ਦੀ ਟਰਨ ਆਊਟ ਬਹੁਤ ਅੱਛੀ ਹੁੰਦੀ ਹੈ । ਆਰਮੀ ਵਿਚ ਜਦੋਂ ਕੋਈ ਗਾਰਦ- ਇੰਸਪੈਕਟ ਕਰਨ ਵਾਸਤੇ ਅਫਸਰ ਜਾਂਦਾ ਹੈ ਤਾਂ ਉਹ ਟਰਨ-ਆਊਟ ਦੇਖ ਕੇ ਹੀ ਅੰਦਾਜ਼ਾ ਲਗਾ ਲੈਂਦਾ ਹੈ ਕਿ ਇਸ ਗਾਰਦ ਦੀ ਟਰਨ ਆਊਟ ਅੱਛੀ ਹੈ, ਯੂਨਿਟ ਵੀ ਅੱਛੀ ਹੋਵੇਗੀ । ਇਸ ਵਾਸਤੇ ਜੇ ਕਿਸੇ ਬੱਚੇ ਦੀ ਟਰਨ ਆਊਟ ਅੱਛੀ ਹੋਵੇਗੀ ਤਾਂ ਉਹ ਆਪਣੇ ਆਪ ਨੂੰ ਬੈਟਰ ਐਕਸਪਰੈਸ ਕਰ ਸਕਦਾ ਹੈ । ਉਸ ਨੂੰ ਉਥੇ ਸਿਖਾਇਆ ਜਾਂਦਾ ਹੈ ਕਿ ਤੂੰ ਆਪਣੇ ਉਸਤਾਦ ਦੀ ਇੱਜ਼ਤ ਕਰਨੀ ਹੈ ਅਤੇ ਉਸ ਨੂੰ ਸਰ ਕਹਿ ਕੇ ਜਾਂ ਜਨਾਬ ਕਹਿ ਕੇ ਬੁਲਾਉਣਾ ਹੈ । ਫਿਰ ਮਾਪੇ ਵੀ ਖੁਸ਼ ਹੁੰਦੇ ਹਨ ਕਿ ਮੈਂ ਆਪਣਾ ਬੱਚਾ ਪੜ੍ਹਨੇ ਪਾਇਆ ਸੀ ਹੁਣ ਉਹ ਪਿੱਕ ਅੱਪ ਕਰ ਗਿਆ ਹੈ ਅਤੇ ਇੱਕ ਅੱਛਾ ਨਾਗਰਿਕ ਬਣ ਜਾਵੇਗਾ । ਜੇ ਅਸੀਂ ਇਹੋ ਜਿਹੇ ਸਕੂਲ ਵਿਚ ਪਾਇਆ, ਮੈਂ ਕਿਸੇ ਉਸਤਾਦ ਦਾ ਵਿਰੋਧੀ ਨਹੀਂ ਹਾਂ, ਮੇਰਾ ਇਸ ਕਲਾਸ ਦੇ ਸਾਹਮਣੇ ਸਿਰ ਝੁਕਦਾ ਹੈ ਲੇਕਿਨ ਅੱਜ ਜੋ ਉਸਤਾਦ ਤਾਲੀਮ ਦੇ ਰਹੇ ਹਨ ਉਹ ਹੋਰ ਹੀ ਤਰ੍ਹਾਂ ਦੀ ਹੈ । ਮੈਂ ਅਤੇ ਮੇਰਾ ਸਾਥੀ ਦੋ ਟੀਚਰ ਹਾਂ ਮੈਂ ਉਸਨੂੰ ਕਹਿੰਦਾ ਹਾਂ ਕਿ ਜਦੋਂ ਮੇਰੇ ਬੱਚੇ ਤੇਰੇ ਸਕੂਲ ਵਿਚ ਇਮਤਿਹਾਨ ਦੇਣ ਆਉਣਗੇ ਤੂੰ ਮੇਰੇ ਵਾਲੇ ਪਾਸ ਕਰ ਦਈਂ ਅਤੇ ਮੈਂ ਤੇਰੇ ਵਾਲੇ ਪਾਸ ਕਰ ਦਿਆਂਗਾ । ਅਗਰ ਕਿਹਾ ਜਾਵੇ ਕਿ ਰਿਜ਼ਲਟ ਓਰੀਐਨਟਿਡ ਪ੍ਰੋਮੋਸ਼ਨ ਹੋਵੇਗੀ ਅਤੇ ਉਸਦੇ ਮੁਤਾਬਕ ਟੀਚਰਜ਼ ਨੂੰ ਸਟੇਸ਼ਨ ਦੀ ਚੁਆਇਸ ਦਿੱਤੀ ਜਾਵੇਗੀ । ਇਸ ਪ੍ਰਿੰਸੀਪਲ ਦੇ ਉਤੇ ਵੀ ਸਵਰਗੀ ਪ੍ਰਤਾਪ ਸਿੰਘ ਕੈਰੋਂ ਦੇ ਵੇਲੇ ਕੋਸ਼ਿਸ਼ ਕੀਤੀ ਗਈ ਸੀ, ਇਹ ਵੀ ਕਾਮਯਾਬ ਨਾ ਹੋ ਸਕੀ । ਮਾਸਟਰ ਆਪਸ ਵਿਚ ਹੀ ਫੈਸਲਾ ਕਰ ਲੈਂਦੇ ਸਨ ਉਨ੍ਹਾਂ ਨੇ ਕਿਹਾ ਸੀ ਕਿ ਜਿਹੜੇ ਮਾਸਟਰ ਦੇ ਰਿਜ਼ਲਟ ਚੰਗੇ ਹੋਣਗੇ ਉਨ੍ਹਾਂ ਨੂੰ ਚੰਗੀ ਜਗ੍ਹਾ ਵੀ ਦੇਵਾਂਗੇ ਅਤੇ ਉਨ੍ਹਾਂ ਨੂੰ ਕੋਈ ਨਾ ਕੋਈ ਤਰੱਕੀ ਵੀ ਦੇਵਾਂਗੇ, ਉਥੇ ਵੀ ਉਹ ਫੇਲ੍ਹ ਹੋਏ । ਇਥੇ ਬੈਠੇ ਹਨ ਸੀ.ਪੀ.ਆਈ ਵਾਲੇ । ਇਨ੍ਹਾਂ ਨੇ ਬਰਨਾਲਾ ਸਾਹਿਬ ਦੀ ਸਰਕਾਰ ਵੇਲੇ ਇਕ ਸੁਝਾਅ ਦਿੱਤਾ ਸੀ ਕਿ ਹਰੇਕ ਮਾਸਟਰ ਨੂੰ ਉਸ ਦੇ ਘਰ ਤੋਂ 20-20 ਮੀਲ ਦੂਰ ਲਗਾ ਦਿੱਤਾ ਜਾਵੇ ਅਤੇ ਅਸੀਂ ਜਿਸ ਵਕਤ ਇਹ ਸੁਝਾਅ ਮੰਨ ਕੇ ਮਾਸਟਰਾਂ ਨੂੰ 20-20 ਮੀਲ ਦੂਰ ਬਦਲ ਦਿਤਾ ਤਾਂ ਹਰ ਜਗ੍ਹਾ ਤੇ ਇਨ੍ਹਾਂ ਮਾਸਟਰਾਂ ਵਿਚ ਰੋਸ ਪੈਦਾ ਹੋ ਗਿਆ । ਸੈਂਟਰ ਨੇ ਸਾਡੀ ਗੌਰਮਿੰਟ

ਤੋੜ ਦਿੱਤੀ ਅਤੇ ਜਦੋਂ ਅਸੀਂ ਲੋਕਾਂ ਵਿਚ ਦੋਬਾਰਾ ਗਏ ਤਾਂ ਉਹ ਅਧਿਆਪਕ ਹਰੇਕ ਪਿੰਡ ਵਿਚ ਅਤੇ ਸ਼ਹਿਰ ਵਿਚ ਕਾਲੇ ਝੰਡੇ ਲੈ ਕੇ ਖੜ੍ਹੇ ਹੋ ਗਏ ਅਤੇ ਇਹ ਗੌਰਮਿਟ ਦੂਜੀ ਵਾਰ ਪਾਵਰ ਵਿੱਚ ਨਾ ਆ ਸਕੀ । ਹੁਣ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਫੈਸਲਾ ਕੀਤਾ ਹੈ ਕਿ ਪ੍ਰਾਇਮਰੀ ਸਕੂਲ ਦੇ ਟੀਚਰ ਨੂੰ ਅੱਗੋਂ ਪੁੱਛ ਲੈਣਾ ਹੈ ਕਿ ਉਹ ਕਿੱਥੇ ਜਾਣਾ ਚਾਹੁੰਦਾ ਹੈ ।

ਇੱਕ ਆਵਾਜ਼ : ਗਲਤ ਗੱਲਾਂ ਕਹਿ ਰਹੇ ਹੋ ।

ਰਾਜਾ ਨਰਿੰਦਰ ਸਿੰਘ : ਮੈਂ ਸਾਬਤ ਕਰਾਂਗਾ । ਮੈਂ ਗਲਤ ਗੱਲ ਨਹੀਂ ਕਹਿੰਦਾ । ਤੁਹਾਡੇ ਕਹੇ ਉਪਰ ਅਸੀਂ ਇਹ ਕੀਤਾ ਸੀ ਜਿਸ ਕਾਰਨ ਸਾਨੂੰ ਨੁਕਸਾਨ ਹੋਇਆ । ਮੈਂ ਬੇਨਤੀ ਕਰ ਰਿਹਾ ਸੀ ਕਿ ਐਜੂਕੇਸ਼ਨਿਸਟਾਂ ਨੇ ਜੋ ਪਾਲਿਸੀ ਬਣਾਈ ਸੀ ਉਸ ਪਲਿਸੀ ਮੁਤਾਬਿਕ ਮੁਲਾਜ਼ਮਾਂ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ । ਜੋ ਕਿਹਾ ਕਿ ਸਿਲੇਬਸ ਇੱਕ ਹੋ ਜਾਏ, ਫ਼ੀਸਾਂ ਇਕੋ ਜਿਹੀਆਂ ਹੋ ਜਾਣ ਇਹ ਮੁਮਕਿਨ ਨਹੀਂ । ਚੀਫ਼ ਮਨਿਸਟਰ ਬਾਦਲ ਸਾਹਿਬ ਨੇ ਮਹਿਸੂਸ ਕੀਤਾ ਹੈ ਕਿ ਪ੍ਰਾਇਮਰੀ ਸਕੂਲ ਦੇ ਟੀਚਰਜ਼ ਨੂੰ ਪੁੱਛ ਕੇ ਉਨ੍ਹਾਂ ਦੀ ਮਰਜ਼ੀ ਮੁਤਾਬਿਕ ਬਦਲੀਆਂ ਕਰ ਦੇਣੀਆਂ ਚਾਹੀਦੀਆਂ ਹਨ । Other than the Government service ਜਿਹੜੇ ਪ੍ਰਾਈਵੇਟ ਅਦਾਰੇ ਹਨ ਜਾਂ ਹੋਰ ਸਰਵਿਸਿਜ਼ ਹਨ ਜਿਵੇਂ ਬੈਂਕ ਹੈ ਜਾਂ ਇਸ਼ੋਰੈਂਸ ਕੰਪਨੀਆਂ ਹਨ, ਉਹ ਆਪਣੇ ਇੰਮਪਲਾਈਜ਼ ਨੂੰ ਪੁੱਛ ਲੈਂਦੀਆਂ ਹਨ ਕਿ ਤੁਹਾਨੂੰ ਤੁਹਾਡਾ ਨੀਅਰੈਸਟ ਸਟੇਸ਼ਨ ਦੇ ਦੇਈਏ । ਜਿਵੇਂ ਉਹ ਕਹਿ ਦਿੰਦੇ ਹਨ ਉਸੇ ਤਰ੍ਹਾਂ ਹੀ ਕਰ ਦਿੱਤਾ ਜਾਂਦਾ ਹੈ । ਉਹ ਸੰਤੁਸ਼ਟ ਹੋ ਜਾਂਦਾ ਹੈ । ਹਰੇਕ ਦੇ ਘਰ ਦੀ ਆਪੋ ਆਪਣੀ ਪ੍ਰਾਬਲਮ ਹੈ । ਇੱਕ ਵਾਰੀ ਕੁਝ ਸੱਜਣ ਹਾਈਕੋਰਟ ਵਿੱਚ ਗਏ। ਉਨ੍ਹਾਂ ਦੀ ਟਰਾਂਸਫਰ ਦਾ ਮਸਲਾ ਸੀ । ਹਾਈ ਕੋਰਟ ਨੇ ਕਹਿ ਦਿੱਤਾ transfer is no punishment. ਲੇਕਿਨ ਜਦੋਂ ਸੀਨੀਅਰ ਜੱਜਿਜ਼ ਇੱਕ ਸਟੇਟ ਤੋਂ ਚੁੱਕ ਕੇ ਦੂਜੇ ਪਾਸੇ ਮਾਰੇ ਤੱਦ ਉਨ੍ਹਾਂ ਦੇ ਦਿਲ ਨੂੰ ਪੁੱਛਣਾ ਚਾਹੀਦਾ ਸੀ ਕਿ transfer is a big punishment. ਅਗਲੇ ਦੇ ਘਰ ਦੀ ਇਕਾਨੌਮਿਕ ਪਾਲਿਸੀ ਦਰਮ-ਬਰਮ ਹੋ ਜਾਂਦੀ ਹੈ । ਕਿਸੇ ਕਟਕੇ ਆਪਾਂ ਨੇ ਮੁਲਾਜ਼ਮਾਂ ਨੂੰ, ਅਧਿਆਪਕਾਂ ਨੂੰ ਉਨ੍ਹਾਂ ਨੂੰ ਸੰਤੁਸ਼ਟ ਰੱਖਣਾ ਹੈ । ਮੇਰੇ ਫਾਜ਼ਿਲ ਦੋਸਤ ਨੇ ਇਹ ਰੈਜ਼ੋਲਿਊਸ਼ਨ ਲਿਆਂਦਾ, ਮੈਂ ਕਹਿਣਾ ਚਾਹੁੰਦਾ ਹਾਂ ਕਿ ਹੈਲਦੀ ਕੰਪੀਟੀਸ਼ਨ ਨੂੰ ਡਿਸਟਰਬ ਨਾ ਕਰੋ । ਇਸ ਨੂੰ ਰਹਿਣ ਦਿਓ । ਅਸੀਂ ਇਕੋ ਜਿਹਾ ਸਿਲੇਬਸ ਅਤੇ ਇਕੋ ਜਿਹੀ ਫੀਸ ਨਹੀਂ ਕਰ ਸਕਦੇ ਕਿਉਂਕਿ ਕੋਈ ਸਕੂਲ ਤਾਂ ਰਾਈਡਿੰਗ ਪ੍ਰੋਵਾਈਡ ਕਰਦਾ ਹੈ, ਕੋਈ ਸਵਿਮਿੰਗ ਪ੍ਰੋਵਾਈਡ ਕਰਦਾ ਹੈ, ਕੋਈ ਚੰਗੇ ਕਲਾਸ ਰੂਮ ਪ੍ਰੋਵਾਈਡ ਕਰਦਾ ਹੈ ਉਸ ਵਿੱਚ ਪੱਖੇ ਲਾ ਕੇ ਦਿੰਦਾ ਹੈ, ਕੋਈ ਕੂਲਰ ਲਗਾਉਂਦਾ ਹੈ, ਕੋਈ ਏਅਰ ਕੰਡੀਸ਼ਨ ਲਗਾਉਂਦਾ ਹੈ । ਚੇਅਰਮੈਨ ਸਾਹਿਬ, ਜੋ ਰਿਸ਼ੀਕੇਸ਼ ਵਾਲੇ ਪਾਸੇ ਜਾਈਏ ਉਥੇ ਇੱਕ ਸਕੂਲ ਖੁੱਲ੍ਹਿਆ ਹੈ । ਮੈਂ ਉਸ ਨੂੰ ਦੇਖਣ ਗਿਆ। ਉਸ ਨੂੰ ਦੇਖਣ ਤੇ ਇਹ ਨਹੀਂ ਪਤਾ ਲੱਗਦਾ ਸੀ ਕਿ ਇਹ ਸਕੂਲ ਹੈ ਜਾਂ ਫਾਈਵ ਸਟਾਰ ਹੋਟਲ ਹੈ । ਇੰਨਾ ਵਧੀਆ ਉਹ ਸਕੂਲ ਬਣਾਇਆ ਗਿਆ ਹੈ । ਜੇ ਫਰਜ਼ ਕਰੋ ਤੁਹਾਡੇ

[ਰਾਜਾ ਨਰਿੰਦਰ ਸਿੰਘ]

ਬੱਚੇ ਉਥੇ ਜਾਣਾ ਚਾਹੁਣ ਤਾਂ ਕੀ ਤੁਸੀਂ ਉਸ ਨੂੰ ਉਥੇ ਨਹੀਂ ਪਾੜ੍ਹਓਗੇ। ਨਾਭੇ ਵਿੱਚ ਇੱਕ ਪੰਜਾਬ ਪਬਲਿਕ ਸਕੂਲ ਹੈ। ਉਥੇ ਅਮਰੀਕਾ ਤੋਂ ਕੁਝ ਬੱਚੇ ਆਏ, ਉਥੇ ਉਨ੍ਹਾਂ ਦਾ ਦਾਖਲਾ ਹੋ ਗਿਆ। ਬਦਕਿਸਮਤੀ ਨਾਲ ਉਦੋਂ ਗਰਮੀਆਂ ਦਾ ਸੀਜ਼ਨ ਸੀ। ਉਨ੍ਹਾਂ ਬੱਚਿਆਂ ਦੇ ਮਾਪੇ ਉਥੇ ਆਏ, ਉਹ ਇੰਡੀਅਨ ਸਨ ਅਤੇ ਬੱਚੇ ਜਨਮੇ ਅਮਰੀਕਾ ਵਿੱਚ ਸਨ, ਕਿਉਂਕਿ ਸਕੂਲ ਦਾ ਇਨਵਾਇਰਨਮੈਂਟ ਬਹੁਤ ਅੱਛਾ ਸੀ, ਪਰ ਬੱਚੇ ਗਰਮੀ ਸਹਾਰ ਨਹੀਂ ਸਕਦੇ ਸਨ। ਉਨ੍ਹਾਂ ਮਾਪਿਆਂ ਨੇ ਆਫਰ ਕੀਤੀ ਕਿ ਅਸੀਂ ਜਿੰਨਾ ਖਰਚਾ ਵੀ ਆਏਗਾ ਦੇਵਾਂਗੇ ਤੁਸੀਂ ਏਅਰ ਕੰਡੀਸ਼ਨ ਲਗਵਾ ਲਓ। ਪਰ ਕਿਉਂਕਿ ਇਹ ਪਾਲਿਸੀ ਦੇ ਅਗੇਂਸਟ ਸੀ। ਸਕੂਲ ਵਾਲਿਆਂ ਨੇ ਕਿਹਾ ਕਿ ਸਕੂਲ ਵਿੱਚ ਤਾਂ ਨਹੀਂ ਲਗਾ ਸਕਦੇ ਪਰ ਇੰਨਾ ਜ਼ਰੂਰ ਕਰ ਦਿੰਦੇ ਹਾਂ ਕਿ ਬੱਚੇ ਜਦੋਂ ਆਪਣੇ ਕਮਰੇ ਵਿੱਚ ਜਾਣ ਜਿੱਥੇ ਉਨ੍ਹਾਂ ਨੂੰ ਰਿਹਾਇਸ਼ ਦਿੱਤੀ ਗਈ ਸੀ, ਉਥੇ ਜ਼ਰੂਰ ਲਗਵਾ ਦਿੰਦੇ ਹਾਂ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਹੈਲਦੀ ਕੰਪੀਟੀਸ਼ਨ ਨੂੰ ਰੋਕਣਾ ਨਹੀਂ ਚਾਹੀਦਾ। ਇਸ ਰੈਜ਼ੋਲਿਊਸ਼ਨ ਨੂੰ, ਜੇ ਇਹ ਅਮੈਂਡ ਕਰ ਲੈਣ ਤਾਂ ਸਭ ਦੀ ਮਰਜ਼ੀ ਮੁਤਾਬਿਕ ਰੈਜ਼ੋਲਿਊਸ਼ਨ ਬਣ ਜਾਂਦਾ ਹੈ। ਜੇ ਇੰਜ ਕਹੀਏ ਕਿ ਇਨ੍ਹਾਂ ਸਭ ਨੂੰ ਇਕੋ ਜਿਹਾ ਕਰ ਦਿਓ, ਫੀਸ ਇਕੋ ਜਿਹੀ ਕਰ ਦਿਓ, ਨਾ ਫੀਸ ਇਕੋ ਜਿਹੀ ਕਰਨੀ ਪਾਸੀਬਲ ਹੈ ਤੇ ਨਾ ਹੀ ਇਕੋ ਜਿਹਾ ਸਿਲੇਬਸ ਹੋ ਸਕਦਾ ਹੈ। ਇਹ ਪ੍ਰੈਕਟੀਕਲੀ ਪਾਸੀਬਲ ਨਹੀਂ ਹੈ। ਇਸ ਵਾਸਤੇ ਦੁਬਾਰਾ ਸੋਚਣਾ ਚਾਹੀਦਾ ਹੈ। ਇਸ ਰੈਜ਼ੋਲਿਊਸ਼ਨ ਦੀ ਮੇਰੇ ਹਿਸਾਬ ਨਾਲ ਕੋਈ ਸੈਂਸ ਨਹੀਂ ਬਣਦੀ। ਇੰਨਾ ਕਹਿੰਦਾ ਹੋਇਆ ਮੈਂ ਇਜਾਜ਼ਤ ਚਾਹੁੰਦਾ ਹਾਂ।

ਸ੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਲਈ ਮੌਕਾ ਦਿੱਤਾ ਹੈ। ਇਹ ਮਤਾ ਜਿਹੜਾ ਚੌਧਰੀ ਜਗਜੀਤ ਸਿੰਘ ਨੇ ਇਸ ਹਾਊਸ ਦੇ ਵਿਚ ਲਿਆਂਦਾ ਹੈ। ਉਸ ਬਾਰੇ ਦੱਸਦਾ ਹਾਂ ਕਿ To take immediate steps to enact suitable legislation to enforce unified syllabus and fee structure in private schools. ਇਹ ਜਿਹੜਾ ਮਤਾ ਲਿਆਂਦਾ ਗਿਆ ਹੈ ਇਹ ਇਨਕੰਪਲੀਟ ਹੈ। ਇਸ ਲਈ ਮੈਂ ਇਸ ਦਾ ਵਿਰੋਧ ਕਰਨ ਲਈ ਖੜਾ ਹੋਇਆ ਹਾਂ। ਦੂਸਰਾ ਚੌਧਰੀ ਸਾਹਿਬ ਨੂੰ ਅਗਰ ਇਸ ਮਤੇ ਲਈ ਇਤਨੀ ਚਿੰਤਾ ਹੁੰਦੀ ਕਿ ਪ੍ਰਾਈਵੇਟ ਸਕੂਲਾਂ ਵਾਲੇ ਲੋਕਾਂ ਨੂੰ ਵੱਧ ਫੀਸਾਂ ਲੈ ਕੇ ਲੁੱਟੀ ਜਾ ਰਹੇ ਹਨ ਅਤੇ ਇਸ ਵਿਚ ਯੂਨੀਫਾਰਮਿਟੀ ਹੋਣੀ ਚਾਹੀਦੀ ਸੀ ਫੇਰ ਇਨ੍ਹਾਂ ਨੂੰ ਆਪਣੀ ਮਨਿਸਟਰੀ ਦੇ ਵਕਤ ਲੈਜਿਸਲੇਸ਼ਨ ਲਿਆਉਣੀ ਚਾਹੀਦੀ ਸੀ। ਕੀ ਇਹ ਪਿਛਲੇ 5 ਸਾਲ ਸੁੱਤੇ ਰਹੇ ਫੇਰ ਉਸ ਵਕਤ ਕਿਉਂ ਨਹੀਂ ਲੈਜਿਸਲੇਸ਼ਨ ਲੈ ਕੇ ਆਏ ? ਇਨ੍ਹਾਂ ਨੂੰ ਚਿੰਤਾ ਲੋਕਾਂ ਦੀ ਉਸ ਵਕਤ ਹੁੰਦੀ ਹੈ ਜਦੋਂ ਇਹ ਆਪੋਜ਼ੀਸ਼ਨ ਦੇ ਵਿਚ ਬੈਠੇ ਹੁੰਦੇ ਹਨ। ਇਨ੍ਹਾਂ ਨੂੰ ਚਾਹੀਦਾ ਸੀ ਕਿ ਇਹ ਲੈਜਿਸਲੇਸ਼ਨ 1992 ਤੋਂ 1996 ਵਿਚ ਲਿਆਉਂਦੇ। ਪਿਛਲੀ ਵਾਰ, ਡਾਕਟਰ ਹਰਬੰਸ ਲਾਲ ਜੀ ਨੇ ਗਰੀਬਾਂ ਲਈ ਮਕਾਨ ਬਣਾ ਕੇ ਦੇਣ ਲਈ ਮਤਾ ਲਿਆਂਦਾ ਸੀ। ਹੁਣ ਇਨ੍ਹਾਂ ਨੇ ਇਥੇ ਕਿਹਾ ਹੈ ਕਿ ਸਿਲੇਬਸ ਵਿਚ ਯੂਨੀਫਾਰਮਿਟੀ ਹੋਣੀ ਚਾਹੀਦੀ ਹੈ ਅਤੇ ਯੂਨੀਫਾਰਮਿਟੀ ਫੀਸਾਂ ਦੇ ਵਿਚ ਹੋਣੀ ਚਾਹੀਦੀ ਹੈ। ਇਹ ਪਾਸੀਬਲ ਹੀ ਨਹੀਂ ਹੈ ਕਿਉਂਕਿ ਜਿਹੜਾ ਪ੍ਰੈਜ਼ੈਂਟ ਸਿਸਟਮ ਆਫ ਐਜੂਕੇਸ਼ਨ ਹੈ, ਇਸ ਨੂੰ ਦੂਜੀ ਸਟੇਟਸ

ਗੌਰਮਿੰਟ ਵੀ ਡੀਲ ਕਰਦੀਆਂ ਹਨ ਅਤੇ ਕੇਂਦਰ ਸਰਕਾਰ ਵੀ ਡੀਲ ਕਰਦੀ ਹੈ। ਸਾਡੇ ਪੰਜਾਬ ਵਿਚ ਪੰਜਾਬ ਸਕੂਲ ਸਿਖਿਆ ਬੋਰਡ ਹੈ ਅਤੇ ਕੇਂਦਰ ਦੇ ਵਿਚ ਸੀ.ਬੀ.ਐਸ.ਈ. ਦਾ ਬੋਰਡ ਹੈ। ਜਦ ਤੱਕ ਏਸ ਨੂੰ ਪੂਰੀ ਤਰ੍ਹਾਂ ਓਵਰਹਾਲ ਨਹੀਂ ਕੀਤਾ ਜਾਂਦਾ ਉਦੋਂ ਤੱਕ ਸਾਡੇ ਦੇਸ਼ ਵਿਚ ਯੂਨੀਫਾਰਮਿਟੀ ਨਹੀਂ ਆ ਸਕਦੀ ਸੀ। ਪਿਛਲੀ ਸਰਕਾਰ ਆਪਣੇ ਸਮੇਂ ਵਿਚ ਕਰਵਾ ਸਕਦੀ ਸੀ। ਕਿਉਂਕਿ ਇਥੇ ਵੀ ਕਾਂਗਰਸ ਪਾਰਟੀ ਦੀ ਸਰਕਾਰ ਸੀ ਅਤੇ ਕੇਂਦਰ ਵਿਚ ਵੀ ਕਾਂਗਰਸ ਪਾਰਟੀ ਦੀ ਸਰਕਾਰ ਸੀ। ਇਹ ਕੇਂਦਰ ਸਰਕਾਰ ਵੱਲੋਂ ਇਕ ਲੈਜਿਸਲੇਸ਼ਨ ਪਾਸ ਕਰਵਾ ਲੈਂਦੀ ਜਿਸ ਦੇ ਨਾਲ ਸਾਰੇ ਯੂਨੀਫਾਰਮਿਟੀ ਆ ਜਾਂਦੀ ਅਤੇ ਇਨਐਕਟਮੈਂਟ ਹੋ ਜਾਂਦੀ। ਪਰ ਇਥੇ ਪਿਛਲੇ 50 ਸਾਲਾਂ ਤੋਂ ਉਹੀ ਸਿਸਟਮ ਆਫ ਐਜੂਕੇਸ਼ਨ ਚਲਦਾ ਆ ਰਿਹਾ ਹੈ ਜਿਹੜਾ ਬ੍ਰਿਟਿਸ਼ ਸਰਕਾਰ ਦੇ ਲਾਰਡ Macaulay ਨੇ ਲਿਆਂਦਾ ਸੀ to create white collared graduate Clerks to sub-service the interests of British Empire. ਬ੍ਰਿਟਿਸ਼ ਇੰਮਪਾਇਅਰ ਮਜ਼ਬੂਤੀ ਨਾਲ ਇਸ ਤਰ੍ਹਾਂ ਦਾ ਸਿਸਟਮ ਇਥੇ ਲਿਆਏ ਸਨ ਤਾਂਕਿ ਆਉਣ ਵਾਲੇ ਸਮੇਂ ਵਿਚ ਇਥੇ ਰਾਜ ਕਰ ਸਕੀਏ, ਇਹ ਉਨ੍ਹਾਂ ਦਾ ਮੰਤਵ ਸੀ। ਜਿਹੜੇ ਲੋਕ ਆਜ਼ਾਦੀ ਤੋਂ ਬਾਅਦ ਰਾਜ ਵਿਚ ਆਏ ਉਨ੍ਹਾਂ ਨੇ ਇਸ ਸਿਸਟਮ ਆਫ ਐਜੂਕੇਸ਼ਨ ਨੂੰ ਚੇਂਜ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ। ਅਸੀਂ ਕਰਮਦੇਹ ਵੱਲ ਧਿਆਨ ਦੇਣ ਵਾਲੇ ਹਾਂ। ਇਸ ਸਿਸਟਮ ਦੇ ਨਾਲ ਅਸੀਂ "ਫਿਊਚਰ ਆਫ ਨੇਸ਼ਨ ਬਿਲਡ ਟੂ ਕਰੀਏਟ" ਵੱਲ ਧਿਆਨ ਨਹੀਂ ਦਿੱਤਾ ਜਿਸ ਕਰਕੇ ਦੇਸ਼ ਦੀ ਜੋ ਹਾਲਤ ਪਿਛਲੇ 50 ਸਾਲਾਂ ਦੇ ਵਿਚ ਹੋਈ ਹੈ ਉਹ ਬੜੀ ਤਰਸ ਯੋਗ ਹੈ। ਸਾਨੂੰ ਐਜੂਕੇਸ਼ਨ ਰਾਹੀਂ ਰਾਸ਼ਟਰੀਅਤਾ ਦੇ ਨਾਲ ਜੋੜਨਾ ਚਾਹੀਦਾ ਹੈ ਸਾਡੀ ਆਪਣੀ ਸੰਸਕ੍ਰਿਤੀ ਨੂੰ ਫੈਲਾਉਣ ਵੱਲ ਜ਼ੋਰ ਦੇਣਾ ਚਾਹੀਦਾ ਸੀ ਅਤੇ 'ਜਾਬ ਓਰੀਐਂਟਿਡ ਐਜੂਕੇਸ਼ਨ ਸਿਸਟਮ" ਲਾਗੂ ਕਰਨਾ ਚਾਹੀਦਾ ਸੀ। ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਦੇਸ਼ ਆਜ਼ਾਦ ਹੋਣ ਤੋਂ ਬਅਦ ਸਾਡੇ ਲੀਡਰਜ਼ ਨੂੰ ਦੇਣਾ ਚਾਹੀਦਾ ਸੀ ਪਰ ਜਿਹੜਾ ਬ੍ਰਿਟਿਸ਼ ਗੌਰਮਿੰਟ ਨੇ ਇਥੇ ਐਜੂਕੇਸ਼ਨ ਸਿਸਟਮ ਸਾਡੇ ਲਈ ਅਡਾਪਟ ਕੀਤਾ ਸੀ ਉਸ ਨੂੰ ਹੀ ਅਸੀਂ ਅਡਾਪਟ ਕਰ ਲਿਆ ਅਤੇ ਜਿਹੜੀ ਸਾਡੀ ਬੇਸਿਕ ਸਿਖਿਆ ਸੀ ਅਤੇ ਸੰਸਕ੍ਰਿਤੀ ਸੀ, ਉਸ ਨੂੰ ਅਸੀਂ ਪਿਛੇ ਪਾ ਦਿੱਤਾ ਜਿਸ ਕਾਰਨ ਸਾਡੀ ਸੰਸਕ੍ਰਿਤੀ ਅਤੇ ਕਲਚਰ ਵਿਚ ਫਰਕ ਆਇਆ। In their culture, tailor makes a man whereas in our Culture, teacher makes a man. They say eat, drink and make merry, tomorrow we may die. ਉਹ ਕਹਿੰਦੇ ਹਨ ਖਾਓ ਪੀਓ ਮੌਜ ਕਰੋ, ਜਦ ਕਿ ਸਾਡਾ ਸਿਸਟਮ ਕਹਿੰਦਾ ਹੈ ਅਸੀਂ ਰਹੀਏ ਨਾ ਰਹੀਏ ਪਰ ਦੇਸ਼ ਰਹਿਣਾ ਚਾਹੀਦਾ ਹੈ ਲੇਕਿਨ ਜਿਹੜਾ ਇਥੇ ਬ੍ਰਿਟਿਸ਼ ਸਿਸਟਮ ਨੂੰ ਅਡਾਪਟ ਕੀਤਾ ਗਿਆ ਉਸ ਦੇ ਨਾਲ ਅਸੀਂ ਆਪਣੀ ਸੰਸਕ੍ਰਿਤੀ ਤੋਂ ਪਿੱਛੇ ਹੱਟ ਗਏ ਹਾਂ। ਜਿਹੜੇ ਨੌਜਵਾਨ ਸਕੂਲਾਂ ਅਤੇ ਕਾਲਜਾਂ ਵਿਚੋਂ ਪੜ੍ਹਾਈ ਕਰਕੇ ਹਟਦੇ ਹਨ, ਉਨ੍ਹਾਂ ਨੂੰ ਦੇਸ਼ ਦੇ ਨਾਲ ਪਿਆਰ ਹੀ ਨਹੀਂ ਹੈ ਉਹ ਦੇਸ਼ ਦੇ ਨਾਲ ਪਿਆਰ ਵਾਲੀ ਕੋਈ ਗੱਲ ਨਹੀਂ ਕਰਦੇ। ਅੱਜ ਸਾਡਾ ਨੌਜਵਾਨ ਗੁੰਮਰਾਹ ਹੋ ਰਿਹਾ ਹੈ। ਉਹ ਕਹਿੰਦਾ ਹੈ

"ਮੈਂ ਢੂੰਡਨੇ ਨਿਕਲਾ ਥਾ ਤੁਝ ਕੋ, ਔਰ ਖੁਦ ਕੋ ਖੋ ਦਿਆ
ਤੂ ਹੀ ਅਬ ਮੇਰਾ ਪਤਾ ਦੇ ਜ਼ਿੰਦਗੀ ਏ ਜ਼ਿੰਦਗੀ।"

[ਸ਼੍ਰੀ ਮਨੋਰੰਜਨ ਕਾਲੀਆ]

ਇਹ ਹਾਲਤ ਪੈਦਾ ਹੋਈ ਹੈ ਕਿ ਸਾਨੂੰ ਆਪਣੇ ਆਪ ਦਾ ਹੀ ਨਹੀਂ ਪਤਾ ਕਿ ਅਸੀਂ ਕਿੱਥੇ ਜਾ ਰਹੇ ਹਾਂ । ਇਹ ਐਜੂਕੇਸ਼ਨ ਕਰਕੇ ਹੀ ਹੋਈ ਹੈ ਜਿਹੜਾ ਕਿ ਫਾਲਟੀ ਹੈ । ਇਹ ਬਦਲਿਆ ਨਹੀਂ ਗਿਆ ਅਤੇ ਇਸ ਦੇ ਕਾਰਨ ਹੀ ਅਸੀਂ ਰਾਸ਼ਟਰਵਾਦ ਤੋਂ ਪਰ੍ਹੇ ਹੁੰਦੇ ਜਾ ਰਹੇ ਹਾਂ ਅਤੇ ਉਸ ਦਾ ਹੀ ਨਤੀਜਾ ਹੈ ਕਿ ਇਸ ਦੇਸ਼ ਦੇ ਵਿੱਚ ਜਿੰਨਾ ਭ੍ਰਿਸ਼ਟਾਚਾਰ ਹੋਇਆ ਹੈ ਅਤੇ ਅੱਜ 50 ਸਾਲਾਂ ਬਾਅਦ ਭ੍ਰਿਸ਼ਟਾਚਾਰ ਦੇਖਣ ਨੂੰ ਮਿਲਿਆ ਇਹ ਇਸ ਕਰਕੇ ਹੀ ਹੋਇਆ ਕਿ ਕਿਉਂਕਿ ਜਿਹੜੀ ਤਾਲੀਮ ਅਸੀਂ ਆਪਣੇ ਬੱਚਿਆਂ ਨੂੰ ਦੇਣੀ ਚਾਹੁੰਦੇ ਸੀ, ਉਹ ਦੇ ਨਹੀਂ ਪਾਏ ਅਤੇ ਜਿਹੜੀ ਰਾਸ਼ਟਰੀਅਤਾ ਸਿਖਾਉਣਾ ਚਾਹੁੰਦੇ ਸੀ, ਉਹ ਸਿਖਾ ਨਹੀਂ ਪਾਏ । ਉਨ੍ਹਾਂ ਨੂੰ ਸਿਰਫ ਇੰਡਵੀਜੁਲਿਜ਼ਮ ਹੀ ਸਿਖਾਇਆ ਹੈ । ਅੱਜ ਇਹੀ ਕਾਰਨ ਹੈ ਕਿ ਇਥੇ ਬੋਫੋਰਜ਼ ਕਾਂਡ ਹੋਇਆ, ਸ਼ੂਗਰ ਸਕੈਂਡਲ ਹੋਇਆ । ਇੱਥੇ ਜੋ ਮਿੱਲਾਂ ਹਨ, ਸਰਕਾਰ ਵੇਚਣ ਦਾ ਨਿਰਣਾ ਕਰਦੀ ਹੈ ਕਿ ਪੈਸੇ ਆਉਣ ਜਾਂ ਨਾ ਆਉਣ, ਮਿੱਲ ਨੂੰ ਵੇਚ ਦਿਓ । ਇਹ ਸਿਰਫ ਸਿਸਟਮ ਆਫ ਐਜੂਕੇਸ਼ਨ ਕਰਕੇ ਹੋਇਆ, ਆਹ ਜਿਹੜੀ ਘਪਲੇ ਬਾਜ਼ੀ ਹੋ ਰਹੀ ਹੈ ਅਤੇ ਲੁੱਟਣ ਦਾ ਮਾਹੌਲ ਹੈ, ਇਹ ਇਹੀ ਕਾਰਨ ਹੈ ਕਿ ਇਹ ਫਾਲਟੀ ਸਿਸਟਮ ਸੀ । ਤੁਸੀਂ ਚੇਅਰਮੈਨ ਸਾਹਿਬ ਅੰਕੜੇ ਕਢਾ ਕੇ ਦੇਖ ਲਓ ਕਿ ਕਾਂਗਰਸ ਸਰਕਾਰ ਨੂੰ ਜਿੰਨਾ ਐਜੂਕੇਸ਼ਨ ਤੇ ਖਰਚ ਕਰਨਾ ਚਾਹੀਦਾ ਸੀ, ਉਨਾਂ ਨਹੀਂ ਕੀਤਾ, ਰਾਦਰ ਘਟਾਇਆ ਹੈ, ਹਰ ਸਾਲ ਘਟਦਾ ਰਿਹਾ ਅਤੇ ਇਸਦੇ ਨਤੀਜੇ ਕੀ ਹੋਏ ਕਿ ਜਿਹੜੀਆਂ ਸਕੂਲਾਂ ਵਿੱਚ ਸਹੂਲਤਾਂ ਮੁਹੱਈਆ ਹੋਣੀਆਂ ਚਾਹੀਦੀਆਂ ਸਨ ਉਹ ਘਟਦੀਆਂ ਗਈਆਂ ਅਤੇ ਬੱਚੇ ਗੌਰਮਿੰਟ ਸਕੂਲਾਂ ਵਿੱਚ ਘੱਟਣੇ ਸ਼ੁਰੂ ਹੋ ਗਏ ਅਤੇ ਪ੍ਰਾਈਵੇਟ ਸਕੂਲ ਵੱਧਣੇ ਸ਼ੁਰੂ ਹੋ ਗਏ । ਇਸ ਦੇ ਕਾਰਨ ਗੌਰਮਿੰਟ ਸਕੂਲਾਂ ਵਿੱਚ ਹਾਲਤ ਇਹ ਹੈ ਕਿ ਉਥੇ ਬੱਚੇ 8 ਜਾਂ 10 ਹੋਣਗੇ ਅਤੇ ਟੀਚਰ ਜ਼ਿਆਦਾ ਹੋਣਗੇ ਔਰ ਬੱਚਿਆਂ ਨੂੰ ਜ਼ਬਰਦਸਤੀ ਪੜ੍ਹਾਉਣ ਲਈ ਲਿਆਇਆ ਜਾਂਦਾ ਹੈ ਅਤੇ ਕਈ ਗੌਰਮਿੰਟ ਦੇ ਸਕੂਲਾਂ ਵਿਚ ਕਾਫ਼ੀ ਭਰਤੀ ਕੀਤੀ ਹੋਈ ਹੈ, ਇਹ ਜਿਹੜਾ ਫਾਲਟੀ ਸਿਸਟਮ ਹੈ, ਇਸ ਦੇ ਕਾਰਨ ਹੀ ਹੋਇਆ ਹੈ । ਇਕ ਗੱਲ ਮੈਂ ਜਿਹੜੀ ਹੋਰ ਕਹਿਣੀ ਚਾਹੁੰਦਾ ਹਾਂ ਕਿ ਸਾਡੀ ਸੰਸਕ੍ਰਿਤੀ ਔਰ ਵੈਸਟਰਨ ਸੰਸਕ੍ਰਿਤੀ ਦਾ ਫਰਕ ਜਿਹੜਾ ਹੈ ਉਥੇ ਸਿਖਿਆ ਪੈਸੇ ਨਾਲ ਦਿੱਤੀ ਜਾਂਦੀ ਸੀ, ਇਥੇ ਫਰੀ ਐਜੂਕੇਸ਼ਨ ਸੀ । ਸ਼ਿੱਖਿਆ ਨੂੰ ਸਰਵਿਸ ਕਿਹਾ ਗਿਆ, ਟੀਚਰ ਸਰਵਿਸ ਕਿਹਾ ਗਿਆ. ਸਿਖਿਆ ਬਿਜ਼ਨਸ ਨਹੀਂ ਹੈ ਪਰ ਫਾਲਟੀ ਸਿਸਟਮ ਦੇ ਕਾਰਨ ਇਹ ਵਪਾਰ ਬਣ ਗਿਆ । ਜਿਹੜਾ ਗੁਰੂ ਦਕਸ਼ਿਨਾ ਦਾ ਕਨਸੈਪਟ ਹੈ, ਉਹ ਇਹੀ ਹੈ ਕਿ ਅਗਰ ਕੋਈ ਗਰੀਬ ਹੈ ਉਸਦੇ ਕੋਲ ਬੱਚੇ ਪੜ੍ਹਾਉਣ ਲਈ ਪੈਸੇ ਨਹੀਂ ਤਾਂ ਗੁਰੂ ਕਹਿੰਦਾ ਹੈ ਕਿ ਤੂੰ ਦਕਸ਼ਿਨਾਂ ਦੇ ਵਿੱਚ ਕੁਝ ਵੀ ਦੇਣਾ ਚਾਹੁੰਦਾ ਹੈਂ, ਦੇ ਸਕਦਾ ਹੈਂ, ਭਾਵੇਂ ਤੂੰ ਮੁੱਠੀ ਭਰ ਚਾਵਲ ਦੇ ਦੇ, ਜਿਹੜੇ ਸੁਦਾਮਾ ਨੇ ਦਿੱਤੇ ਸਨ । ਇਹ ਕਨਸੈਪਟ ਹੈ ਭਾਰਤ ਦਾ । ਉਨ੍ਹਾਂ ਦਾ ਹੈ ਪੈਸੇ ਨਾਲ, ਪੈਸੇ ਨਾਲ ਸ਼ਿੱਖਿਆ ਖਰੀਦੀ ਜਾਂਦੀ ਹੈ । ਜਿਹੜਾ ਬ੍ਰਿਟਿਸ਼ ਸਿਸਟਮ ਅਸੀਂ ਅਡਾਪਟ ਕੀਤਾ ਹੈ ਉਸ ਦੇ ਵਿੱਚ ਐਜੂਕੇਸ਼ਨ ਕਮਰਸ਼ੀਅਲਾਈਜ਼ ਹੋ ਗਈ ਅਤੇ ਜਿਹੜਾ ਗੁਰੂ ਦਕਸ਼ਿਨਾਂ ਦਾ ਕਨਸੈਪਟ ਸੀ, ਉਹ ਖਤਮ ਹੋ ਗਿਆ । ਇਸ ਸਿਸਟਮ ਦੇ ਨਾਲ ਬੱਚਿਆਂ ਤੇ ਬਹੁਤ ਜ਼ਿਆਦਾ ਬੋਝ ਪਿਆ ਹੈ ਕਿ ਭਾਰੀ ਭਾਰੀ ਕਿਤਾਬਾਂ, ਬਹੁਤ ਵੱਡੇ ਵੱਡੇ ਬਸਤੇ । ਮੈਂ ਹਫਤਾ ਹੋਇਆ ਚੇਅਰਮੈਨ ਸਾਹਿਬ, ਇਕ ਟੀ.ਵੀ. ਸੀਰੀਅਲ ਦੇਖਿਆ, ਉਸਦੇ ਵਿੱਚ ਇਕ ਬੱਚੇ ਨੂੰ ਲਿਟਾਇਆ ਹੋਇਆ ਸੀ ਅਤੇ ਉਸਦੇ ਪੱਟੀਆਂ ਬੰਧੀਆਂ ਹੋਈਆਂ ਸਨ ਕੋਈ ਦੇਖਣ ਆਇਆ ਉਹ ਕਹਿੰਦਾ ਕਿ ਕੀ ਗੱਲ ਹੋਈ ਤਾਂ

ਉਹ ਜਵਾਬ ਦਿੰਦਾ ਹੈ ਕਿ ਇਸ ਦੀ ਡਿਸਕ ਸਲਿਪ ਹੋ ਗਈ ਹੈ ਉਹ ਪੁੱਛਦਾ ਹੈ ਕਿ ਕਿਉਂ ? ਤਾਂ ਉਸ ਨੂੰ ਜਵਾਬ ਦਿਤਾ ਕਿ ਇਸਨੇ ਬਸਤਾ ਚੁੱਕ ਲਿਆ ਸੀ । (ਹਾਸਾ) ਮਤਲਬ ਬਸਤਾ ਚੁੱਕਣ ਲਈ ਨਾਲ ਨੌਕਰ ਰੱਖਣਾ ਪੈਂਦਾ ਹੈ, ਇਹ ਸਿਸਟਮ ਹੋਇਆ ਹੋਇਆ ਹੈ ਐਜੂਕੇਸ਼ਨ ਦਾ ਔਰ ਫਿਰ ਇਸ ਦੇ ਵਿੱਚ ਕਨਫਿਊਜ਼ਨ ਹੈ ਔਰ ਇਹ ਰਿਆਲਟੀ ਹੈ ਕਿ ਮੇਰਾ ਭਤੀਜਾ ਕਹਿੰਦਾ ਹੈ 'ਕੇ' ਫਾਰ ਕਾਈਟ ਹੁੰਦਾ ਤਾਂ 'ਪ' ਫਾਰ ਪਤੰਗ ਕੀ ਹੁੰਦਾ ਹੈ ਜਾਂ 'ਪ' ਫਾਰ ਕਾਈਟ ਕਿਉਂ ਨਹੀਂ ਹੈ ? ਅਸੀਂ ਇਸ ਗੱਲ ਦਾ ਕੀ ਜਵਾਬ ਦਈਏ ਕਿਉਂਕਿ ਸਿਸਟਮ ਫਾਲਟੀ ਹੈ । ਇਹ ਸਿਸਟਮ ਕਿਉਂ ਕਿ ਬ੍ਰਿਟਿਸ਼ ਨੇ ਡਿਵੈਲਪ ਕੀਤਾ ਸੀ । ਉਨ੍ਹਾਂ ਨੇ ਇਤਿਹਾਸ ਵੀ ਭਾਰਤ ਦਾ ਜਿਹੜਾ ਹੈ ਉਹ ਆਪਣੇ ਐਂਗਲ ਨਾਲ ਲਿਖਿਆ ਹੈ ਕਿ 1857 ਦੀ 'ਪਹਿਲੀ ਜੰਗੇ ਆਜ਼ਾਦੀ' ਜਿਹੜੀ ਹੈ, ਉਸਨੂੰ ਮਿਊਟਨੀ ਕਿਹਾ ਗਿਆ ਹੈ । ਅਸੀਂ ਇਹ ਹਾਲੇ ਤੱਕ ਬਦਲ ਨਹੀਂ ਸਕੇ । ਇਸ ਬਾਰੇ ਆਵਾਜ਼ ਤਾਂ ਉਠ ਰਹੀ ਹੈ ਕਿ ਰੀ-ਰਾਈਟਿੰਗ ਆਫ ਹਿਸਟਰੀ ਹੋਵੇ, ਇਤਿਹਾਸ ਦੋਬਾਰਾ ਲਿਖਿਆ ਜਾਣਾ ਚਾਹੀਦਾ ਹੈ, ਭਾਰਤ ਦਾ ਇਤਿਹਾਸ ਸਾਨੂੰ ਆਪਣੇ ਨਜ਼ਰੀਏ ਨਾਲ ਲਿਖਣਾ ਚਾਹੀਦਾ ਹੈ । ਪਰ ਇਹ ਕੇਂਦਰ ਸਰਕਾਰ ਦੀ ਜ਼ਿੰਮੇਂਵਾਰੀ ਬਣਦੀ ਹੈ ਜਿਥੇ ਕਿ ਏਨੇ ਸਾਲਾਂ ਤੋਂ ਵੱਧ ਤੋਂ ਵੱਧ ਸਮਾਂ ਕਾਂਗਰਸ ਪਾਰਟੀ ਦੀ ਸਰਕਾਰ ਰਹੀ ਹੈ । ਇਹ ਜਿਹੜੇ ਮੇਰੇ ਆਪੋਜ਼ੀਸ਼ਨ ਵਾਲੇ ਭਰਾ ਇਥੇ ਬੈਠੇ ਹਨ, ਇਨ੍ਹਾਂ ਨੇ 50 ਸਾਲਾਂ ਵਿਚ ਇਹ ਆਵਾਜ਼ ਬੁਲੰਦ ਕਿਉਂ ਨਹੀਂ ਕੀਤੀ, ਇਹ ਸੈਂਟਰ ਗੌਰਮਿੰਟ ਨੂੰ ਕਿਉਂ ਨਹੀਂ ਲਿਖਦੇ ਕਿ ਇਤਿਹਾਸ ਨੂੰ ਰੀ-ਰਾਈਟ ਕੀਤਾ ਜਾਵੇ ? ਇਨ੍ਹਾਂ ਹਾਲਾਤ ਦੇ ਬਾਵਜੂਦ ਪੰਜਾਬ ਵਿਚ ਖਾਸ ਤੌਰ ਤੇ ਜਦੋਂ ਜਦੋਂ ਵੀ ਬਾਦਲ ਸਰਕਾਰ ਆਈ ਹੈ, ਉਦੋਂ ਤੋਂ ਸ਼ਿਕਸ਼ਾ ਵੱਲ ਧਿਆਨ ਜ਼ਿਆਦਾ ਦਿੱਤਾ ਗਿਆ ਹੈ । ਐਜੂਕੇਸ਼ਨ ਵੱਲ ਧਿਆਨ ਜ਼ਿਆਦਾ ਦਿੱਤਾ ਗਿਆ ਹੈ । ਜਦੋਂ ਪਿਛਲੀ ਵਾਰ ਇਹ 1977 ਵਿਚ ਆਈ ਸੀ ਤਾਂ 95% ਗਰਾਂਟ ਕਾਲੇਜਿਜ਼ ਨੂੰ ਬਾਦਲ ਸਰਕਾਰ ਨੇ ਦਿੱਤੀ ਸੀ, ਕਾਂਗਰਸ ਸਰਕਾਰ ਨੇ ਨਹੀਂ ਦਿਤੀ ਸੀ । ਅੱਜ ਵੀ 25 ਕਰੋੜ ਰੁਪਿਆ ਜ਼ਿਆਦਾ ਰੱਖਿਆ ਗਿਆ ਹੈ । ਇਹ ਫਾਈਨਾਂਸ ਮਨਿਸਟਰ ਸਾਹਿਬ ਨੇ ਇਸ ਬਜਟ ਵਿਚ ਰੱਖੇ ਹਨ ਤਾਂਕਿ ਇਹ ਪੈਸਾ ਆਦਰਸ਼ ਸਕੂਲ ਖੋਲ੍ਹਣ ਲਈ ਕੰਮ ਆ ਸਕੇ । ਇਨ੍ਹਾਂ ਨੇ ਇਹ ਵੀ ਧਿਆਨ ਵਿਚ ਰੱਖਿਆ ਹੈ ਕਿ ਉਨ੍ਹਾਂ ਵਿਚ ਕਿਸ ਤਰ੍ਹਾਂ ਦੀਆਂ ਚੀਜ਼ਾਂ ਮੁਹੱਈਆ ਹੋਣੀਆਂ ਚਾਹੀਦੀਆਂ ਹਨ, ਸਕੂਲ ਦੀ ਬਿਲਡਿੰਗ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ, ਉਸਦੀ ਸਟ੍ਰਕਚਰ ਕਿਸ ਢੰਗ ਦੀ ਹੋਣੀ ਚਾਹੀਦੀ ਹੈ, ਵਾਤਾਵਰਨ ਕਿਸ ਢੰਗ ਦਾ ਹੋਣਾ ਚਾਹੀਦਾ ਹੈ ਅਤੇ ਟੀਚਰ ਦਾ ਮਿਨੀਮਮ ਲੈਵਲ ਆਫ ਐਜੂਕੇਸ਼ਨ ਕਿੰਨਾ ਹੋਣਾ ਚਾਹੀਦਾ ਹੈ । ਇਨ੍ਹਾਂ ਚੀਜ਼ਾਂ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆਂ ਆਦਰਸ਼ ਸਕੂਲਾਂ ਦੀ ਸਥਾਪਨਾ ਕੀਤੀ ਗਈ ਹੈ ਕਿਉਂਕਿ ਜਿੰਨਾਂ ਬਜਟ ਹੈ, ਇਕ ਪਾਸੇ ਤਾਂ 11,000 ਕਰੋੜ ਰੁਪਏ ਦਾ ਕਰਜ਼ਾ ਸਾਡੇ ਸਿਰ ਤੇ ਖੜ੍ਹਾ ਹੈ ਅਤੇ ਲੋਕਾਂ ਤੇ ਵੀ ਕਿੰਨੇ ਕੁ ਟੈਕਸ ਲਗਾਏ ਜਾ ਸਕਦੇ ਹਨ । ਫਿਰ ਵੀ ਮਜਬੂਰੀ ਦੇ ਹਾਲਾਤ ਹੋਣ ਦੇ ਬਾਵਜੂਦ ਵੀ ਜਿੰਨਾ ਮੈਕਸੀਮਮ ਹੋ ਪਾਇਆ ਹੈ, ਬਾਦਲ ਸਰਕਾਰ ਨੇ ਕੀਤਾ ਹੈ ਅਤੇ ਐਜੂਕੇਸ਼ਨ ਵੱਲ ਧਿਆਨ ਦੇ ਰਹੀ ਹੈ. . . .

[ਸ੍ਰੀ ਮਨੋਰੰਜਨ ਕਾਲੀਆ]

*12.02 ਬਾਅਦ ਦੁਪਹਿਰ	(ਇਸ *ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਡਿਪਟੀ ਸਪੀਕਰ ਸਾਹਿਬ, ਸਰਕਾਰ ਦਾ ਇਹ ਫੈਸਲਾ ਹੈ ਕਿ ਮੈਡੀਕਲ ਕਾਲਜਾਂ ਅਤੇ ਇੰਜੀਨੀਅਰਿੰਗ ਕਾਲਜਾਂ ਵਿਚ ਡਿਸਕਰੀਸ਼ਨਰੀ ਕੋਟੇ ਦੀ ਜਗ੍ਹਾ ਮੈਰਿਟ ਦੇ ਆਧਾਰ ਤੇ ਭਰਤੀ ਹੋਣੀ ਚਾਹੀਦੀ ਹੈ । ਇਹ ਗੱਲ ਕਾਂਗਰਸ ਦੇ ਦਿਮਾਗ ਵਿਚ ਕਦੇ ਨਹੀਂ ਆਈ । ਇਨ੍ਹਾਂ ਨੇ ਡਿਸਕਰੀਸ਼ਨਰੀ ਕੋਟੇ ਦਾ ਮਿਸ-ਯੂਜ਼ ਕੀਤਾ ਹੈ । ਜਿੰਨੀ ਵਾਰ ਵੀ ਕਾਂਗਰਸ ਸਰਕਾਰ ਆਈ ਹੈ, ਡਿਸਕਰੀਸ਼ਨਰੀ ਕੋਟਾ ਮੁੱਲ ਵੇਚਿਆ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਜਦੋਂ ਦੀ ਬਾਦਲ ਸਰਕਾਰ ਆਈ ਹੈ, ਡਿਸਕਰੀਸ਼ਨਰੀ ਕੋਟਾ ਮੈਡੀਕਲ ਕਾਲਜਾਂ ਅਤੇ ਇੰਜੀਨੀਅਰਿੰਗ ਕਾਲਜਾਂ ਵਿਚ ਸਰੰਡਰ ਕੀਤਾ ਹੈ । ਇਹ ਜਿਹੜੀ ਭਰਤੀ ਹੈ, ਇਹ ਮੈਰਿਟ ਦੇ ਆਧਾਰ ਤੇ ਹੋਵੇ, ਇਹ ਗੱਲ ਇਨ੍ਹਾਂ ਨੇ ਧਿਆਨ ਵਿਚ ਰੱਖੀ ਹੈ ।

ਡਿਪਟੀ ਸਪੀਕਰ ਸਾਹਿਬ, ਅੱਜ ਐਜੂਕੇਸ਼ਨ ਸਿਸਟਮ ਵੱਲ ਧਿਆਨ ਦੇਣ ਦੀ ਲੋੜ ਹੈ । ਜੇ ਇਸ ਬਾਰੇ ਕੇਂਦਰ ਸਰਕਾਰ ਕੁਝ ਕਰੇ ਤਾਂ ਹੀ ਕੁਝ ਹੋ ਸਕਦਾ ਹੈ । ਐਜੂਕੇਸ਼ਨ ਸਿਸਟਮ ਅਸੀਂ ਆਪਣਾ ਐਸਾ ਬਣਾਈਏ ਜਿਹੜਾ ਆਪਣੀ ਸੰਸਕ੍ਰਿਤੀ ਵੱਲ ਤੋਰਨ ਵਾਲਾ ਹੋਵੇ । ਇਸ ਮੁਤੱਲਕ ਰਾਸ਼ਟਰੀ ਸਵਯਮ ਸੇਵਕ ਸੰਘ ਨੇ ਕੋਸ਼ਿਸ਼ ਕੀਤੀ ਹੈ ਜਿਹੜੇ ਸਰਵ ਹਿਤਕਾਰੀ ਵਿਦਿਆ ਮੰਦਰ ਹਨ, ਹੁਣ ਉਹ ਬੜੇ ਪਾਪੂਲਰ ਹੋ ਚੁੱਕੇ ਹਨ । ਮੱਧ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਹੈ ਅਤੇ ਉਥੇ ਉਸਨੇ ਇਹ ਸਿਸਟਮ ਲਾਗੂ ਕੀਤਾ ਹੈ । ਇਹ ਸਕੂਲ ਖੋਲ੍ਹੇ ਹਨ ਜਿਨ੍ਹਾਂ ਦੇ ਵਿਚ ਦੇਸ਼ ਭਗਤੀ ਦੇ ਬਾਰੇ ਬੱਚਿਆਂ ਨੂੰ ਗਿਆਨ ਦਿਤਾ ਜਾਵੇਗਾ, ਭਾਰਤੀ ਸੰਸਕ੍ਰਿਤੀ ਵੱਲ ਉਨ੍ਹਾਂ ਦਾ ਰੁਝਾਨ ਵਧਾਇਆ ਜਾਵੇਗਾ, ਦੱਸਿਆ ਜਾਵੇਗਾ ਕਿ ਅਸੀਂ ਕੌਣ ਹਾਂ । ਉਨ੍ਹਾਂ ਨੇ ਜਿਸ ਢੰਗ ਨਾਲ ਮੱਧ ਪ੍ਰਦੇਸ਼ ਵਿਚ ਸਰਵ ਹਿਤਕਾਰੀ ਵਿਦਿਆ ਮੰਦਰ ਖੋਲ੍ਹੇ ਹਨ, ਉਸੇ ਪੈਟਰਨ ਤੇ ਜੇ ਸਾਰੇ ਦੇਸ਼ ਵਿਚ ਇਹ ਖੁੱਲ੍ਹਣ ਤਾਂ ਬਹੁਤ ਵਧੀਆ ਹੋਵੇਗਾ । ਕੇਂਦਰ ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਜਿਥੋਂ ਤੱਕ ਪ੍ਰਾਈਵੇਟ ਸਕੂਲਾਂ ਦੀ ਗੱਲ ਹੈ, ਇਹ ਤਾਂ ਹੀ ਖਤਮ ਹੋ ਸਕਦੇ ਹਨ ਜੇ ਅਸੀਂ ਸਾਰੇ ਸਿਸਟਮ ਆਫ ਐਜੂਕੇਸ਼ਨ ਨੂੰ ਓਵਰਹਾਲ ਕਰੀਏ । ਇਨ੍ਹਾਂ ਨੇ ਸਿਰਫ ਯੂਨੀਫਾਰਮ ਸਿਲੇਬਸ ਦੀ ਗੱਲ ਕੀਤੀ ਹੈ ਜਿਹੜੀ ਕਿ ਪਾਸੀਬਲ ਨਹੀਂ ਹੈ, ਇਨ੍ਹਾਂ ਨੇ ਯੂਨੀਫਾਰਮ ਫੀਸ ਦੀ ਗੱਲ ਕੀਤੀ ਹੈ ਜਿਹੜੀ ਕਿ ਪਾਸੀਬਲ ਨਹੀਂ ਹੈ । ਮੈਂ ਸਰਕਾਰ ਨੂੰ ਕਹਾਂਗਾ ਕਿ ਆਪਾਂ ਇਕ ਐਸਾ ਐਕਟ ਲੈ ਕੇ ਆਈਏ, ਲੈਜਿਸਲੇਸ਼ਨ ਲੈ ਕੇ ਆਈਏ, ਜਿਸ ਨਾਲ ਇਹ ਚੀਜ਼ਾਂ ਰੈਗੂਲੇਟ ਹੋ ਸਕਣ ਕਿ ਪ੍ਰਾਈਵੇਟ ਸਕੂਲਾਂ ਦੀ ਬਿਲਡਿੰਗ ਕਿਸ ਢੰਗ ਦੀ ਹੋਣੀ ਚਾਹੀਦੀ ਹੈ, ਫੀਸਾਂ ਕਿਤਨੀਆਂ ਹੋਣੀਆਂ ਚਾਹੀਦੀਆਂ ਹਨ । ਇਹ ਠੀਕ ਹੈ ਕਿ ਉਨ੍ਹਾਂ ਨੂੰ ਆਪਣੇ ਖਰਚੇ ਪੂਰੇ ਕਰਨ ਵਾਸਤੇ ਫੀਸਾਂ ਜ਼ਿਆਦਾ ਰੱਖਣੀਆਂ ਪੈਂਦੀਆਂ ਹਨ ਲੇਕਿਨ ਇਹ ਇਤਨੀਆਂ ਜ਼ਿਆਦਾ ਵੀ ਨਹੀਂ ਹੋਣੀਆਂ ਚਾਹੀਦੀਆਂ । ਫੀਸਾਂ ਇਤਨੀਆਂ ਹੋਣੀਆਂ ਚਾਹੀਦੀਆਂ ਹਨ ਜਿਸ ਨਾਲ ਉਹ ਆਪਣੇ ਖਰਚੇ ਮੀਟ ਆਊਟ ਕਰ ਸਕਣ ਅਤੇ ਇਹ ਰੀਜ਼ਨੇਬਲ ਹੋਣੀਆਂ ਚਾਹੀਦੀਆਂ ਹਨ । ਇਸ ਐਕਟ ਵਿਚ ਇਹ ਡਿਮਾਂਡਜ਼ ਹੋਣ ਕਿ ਜਿਹੜੇ ਟੀਚਰ ਇੰਪਲਾਈ ਕੀਤੇ ਜਾਣ, ਉਨ੍ਹਾਂ ਦੀ ਮਿਨੀਮਮ ਕੁਆਲੀਫਿਕੇਸ਼ਨ ਐਨੀ ਹੋਵੇਗੀ ਅਤੇ ਇਸ ਕੁਆਲੀਫਿਕੇਸ਼ਨ ਤੋਂ ਘੱਟ ਕੋਈ ਟੀਚਰ ਇੰਪਲਾਈ ਨਹੀਂ ਹੋ ਸਕਦਾ । ਇਸ ਕਿਸਮ ਦੀ

ਲੈਜਿਸਲੇਸ਼ਨ ਸਾਨੂੰ ਲਿਆਉਣੀ ਚਾਹੀਦੀ ਹੈ ਜਿਸ ਤਰ੍ਹਾਂ ਦੀ ਦਿੱਲੀ ਵਿਚ ਬੀ.ਜੇ.ਪੀ. ਦੀ ਸਰਕਾਰ ਨੇ ਲੈ ਕੇ ਆਂਦੀ ਹੈ। ਮੈਂ ਚਾਹਾਂਗਾ ਕਿ ਇਸ ਤਰ੍ਹਾਂ ਦੀ ਲੈਜਿਸਲੇਸ਼ਨ ਬਾਦਲ ਸਾਹਿਬ ਦੀ ਸਰਕਾਰ ਲੈ ਕੇ ਆਵੇ। ਇਸ ਦੇ ਨਾਲ ਹੀ ਜੋ ਚੌਧਰੀ ਜਗਜੀਤ ਸਿੰਘ ਨੇ ਰੈਜ਼ੋਲਿਊਸ਼ਨ ਲਿਆਂਦਾ ਹੈ, ਮੈਂ ਉਸ ਦੀ ਵਿਰੋਧਤਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਨੂੰ ਨਕਾਰ ਦੇਣਾ ਚਾਹੀਦਾ ਹੈ।

श्रीमती लक्ष्मी कांता चावला (अमृतसर केंद्रीय): उपाध्यक्ष महोदय जी, धन्यवाद। शिक्षा का क्षेत्र मेरा है क्योंकि मैंने 30/- रुपये महीना पर भी प्राईवेट स्कूलों में नौकरी की है और एम. ए. करने के बाद 40/- रुपये में भी प्राईवेट स्कूलों में धक्के खाये हैं।

"घायल की गत घायल ही जाने और न जाने कोई"

मेरा निवेदन है कि बात तो ठीक है कि प्राईवेट स्कूलों के काम में समानता आनी चाहिए लेकिन यह भी एक प्रशन है कि जब पिछले 5 वर्षों में मैं बोलती थी तो सरकारी बैंच वाले कहते थे कि प्राईवेट स्कूलों को हम ग्रांट नहीं देते, एंड नहीं देते, इस लिए इन में हम दखल नहीं दे सकते। तब मैं प्रशन किया करती थी कि जब आप पकौड़ों की दुकान पर बेसन, तेल वगैरा चैक करते हैं तो क्या उस को आप ग्रांट देते हो ? आप बेसन चैक करने जाते हो कि यह सेहत के लिए अच्छा है या नहीं, तो प्राईवेट स्कूलों को चैक क्यों नही करते हो ? इस में कोई शक नहीं कि शिक्षा के नाम पर ब्लैक सिखाई जाती है। भ्रष्टाचार और रिश्वतखोरी सिखाई जाती है। जब सरदार हरचरन सिंह अजनाला इस सदन के सभापती थे तो मैंने कहा था कि मेरी और आप की बात छोड़िए आप के और मेरे मां बाप की अगर हमारे स्कूल में दाखल होने के समय इंटरवियू ली जाती तो न आप और न मैं दाखल हो सकती। अब महाराष्ट्र ने अच्छा काम किया है कि बच्चों के स्कूलों में दाखले के समय मम्मी डैडी की इंटरवियू नहीं ली जायेगी। मां को क्या पता कि अंग्रेजी क्या होती है और बाप को क्या पता कि साईंस क्या होती है। महाराष्ट्र सरकार ने इस को अवैध घोषित कर दिया है कि नन्हें मुन्नों के कलास में दाखले के समय उन के मां बाप की इंटरवियू नहीं हो सकती। ऐसा प्रस्ताव यहां भी आना चाहिए। जो बच्चा इंटरवियू के समय नकटाई लगा लेता है और कपीटीशन फीस दे देता है, उसका दाखला पक्का हो जाता है। आजादी के लिए लड़ने वाले

[श्रीमती लक्ष्मी कांता चावला]

जानते हैं कि हमने विदेशी पहरावे का बहिष्कार किया था और अंग्रेज बहुत थोड़े बच्चों के गले में नकटाई डलवा सके थे। अब महात्मा गांधी के नाम पर चलने वाली सरकारों के जमाने में हिन्दुस्तान के बेटों को छोड़ो, बेटियों के गले में भी नकटाई इन तथा-कथित अंग्रेजी स्कूलों ने डलवा दी है। हम जनेऊ के नाम पर लड़ सकते हैं, माला और कृपान के नाम पर लड़ सकते हैं लेकिन गले में नकटाई डालने पर हम सभी को कोई इतराज नहीं हो सकता। इतनी गुलामी हमारे अंदर धस गई है। मैकाले भुलेखे में था। उस ने अपनी मां को एक चिट्ठी लिखी थी। उस ने लिखा था कि मेरी चलाई हुई नीतियां अगर 50 साल चल गई तो मैं 500 सालों के लिए हिन्दुस्तान को गुलाम बना लूंगा। उपाध्यक्ष महोदय, हम काले रंग वाले, अंग्रेजों की मानसिक गुलामी का राज चला रहे हैं। हमने उनकी शिक्षा नीति को ऐसे अपनाया हुआ है कि पांच हजार साल तक भी हम उनकी गुलामी छोड़ नहीं सकते। जब हम किसी बड़े आदमी के घर, किसी अधिकारी के घर टेलीफून करते हैं, जिन के बच्चे प्राईवेट या पब्लिक स्कूलों में पढ़ते हैं, अगर हम उनको कहते हैं कि जरा अपनी मम्मी को कहना कि साढ़े तीन बजे उठें तो वो आगे से कहते हैं कि यह साढ़े तीन क्या होता है ? अगर हम उनको टेलीफून नं: पंजाबी, हिन्दी में बताते हैं तो भी उनको पता नहीं चलता। वो आगे से कहते हैं कि अपना नं: अंग्रेजी में बतायें। जब आगे से ऐसा जवाब मिलता है तो हमें सोचना पड़ता है कि हम लंदन में बात कर रहे हैं, अमरीका में बात कर रहे हैं या हिन्दुस्तान में बात कर रहे हैं। मेरा कहने का मतलब यह है कि हमारे दिमाग में आज इतनी गुलामी भर चुकी है कि हम अपने ही देश की भाषा हिन्दी और पंजाबी को भी समझ नहीं पाते। फोन चाहे हम डी.ए.वी. कालिज में करें, खालसा कालिज में करें या गवर्नमैंट कालिज में करें आगे से बोला जाता है Good Morning, Good evening Principal speaking. यही हाल पंजाब सचिवालय का है। जब हम किसी अधिकारी को फोन पर नमस्ते या सत् श्री अकाल कहते हैं तो पहले तो Good Morning, या Good evening से जवाब मिल जाता है लेकिन अब तो वह और भी छोटा हो गया है केवल Morning या evening ही बोला जाता है Good और Bad का अंदाजा खुद को ही लगाना पड़ता है कि गुड है या बैड है। यह सारी पब्लिक स्कूलों में अंग्रेजी की पढ़ाई की कृपा है। इस सदन में भी बहुत प्रचार किया जाता है कि हिन्दी पंजाबी लिखी जाय, बोली जाये और पढ़ी जाये लेकिन बाहर जा कर देखें जो बाहर रजिस्टर हस्ताक्षर करने वाला रखा गया है उस

पर मेरा ख्याल है कि 117 में से 17-18 हस्ताक्षर ही हिन्दी या पंजाबी में किये हुये मिलेंगे, बाकी के सभी हस्ताक्षर अंग्रेजी भाषा में किये जाते हैं । मेरे से पहले बोलते हुये मेरे भाई श्री मनोरंजन कालिया जी ने कहा था कि बच्चों को पढ़ाई चाहे वो किसी अमीर का बच्चा हो, चाहे गरीब का बच्चा हो सभी को शिक्षा एक स्तर के स्कूल में ही दी जानी चाहिये । जैसे भगवान श्री कृष्ण और सुदामा दोनों एक ही स्कूल में शिक्षा प्राप्त करते थे चाहे राजे का बेटा हो, चाहे कंगाल का बेटा हो । मेरी प्रार्थना है और सभी को प्रार्थना है कांग्रेस पार्टी वालों को, कमियुनिस्ट भाईयों को भी कि शिक्षा के मामले में यह करा दिया जाये कि पहली कक्षा से लेकर तीसरी कक्षा तक सभी बच्चे 10 साल की उम्र तक तीनों भाषायें एक साथ पढ़ें । यह नहीं लगना चाहिये कि जैसे यह बच्चा अनाथ आश्रम से निकल के आया हुआ है । जैसे एक गली के कुत्ते को देखकर पता चल जाता है कि यह आवारा कुत्ता है । और इस के गले में पटा पाया हुआ है यह किसी का पालतू है । इसी तरह बच्चों में जो विभाजन है यह नहीं होना चाहिये । अमीर और गरीब के बच्चे में किसी प्रकार की भिन्नता नहीं होनी चाहिये । मेरी सरकार से बेनती है कि सरकारी स्कूलों में पहली श्रेणी से लेकर ही सभी बच्चों को तीनों भाषायों का ज्ञान दिया जाना चाहिये वह नहीं होना चाहिए कि एक M.L.A. का, एक M.P. का, या एक शिक्षा मंत्री का बच्चा छोटी आयु में ही तीन भाषायों का पंडित बन जाये और एक गरीब आदमी का बच्चा तीन साल तक एक ही भाषा पढ़ता चला जाये । यह अंतर कम-अज-कम सरकार को नहीं करना चाहिये ।

उपाध्यक्ष महोदय, मैंने एक विनय करनी है कि जो बिल्डिंगज बिल्डिंग फंन्ड देकर बनाई जाती हैं वह समाज की होनी चाहियें क्योंकि उनके लिये समाज के लोगों ने पैसा दिया है । मेरे College में Swimming Pool के लिये बच्चों से जबरी पैसा लिया गया और उस को बनाया गया । मैं आगे यह भी कहना चाहती हूं कि शिक्षा और हस्पताल, ताकि बिना दवाई के कोई मर न जाये, के बारे में हमारे संविधान में लिखा है कि यह हर नागरिक का मूल अधिकार है कि उस को शिक्षा जरूर मिले, कोई नागरिक शिक्षा के बगैर न रह जाये लेकिन इस के बावजूद भी हमारे जो शिक्षा के आंकड़े है वो हैरानी जनक हैं । एक शिक्षा सर्वे के अनुसार सन् 2,000 तक हमारे देश में टोटल जन संख्या का ¼ हिस्सा यानी 50 करोड़ लोग भारत में अनपढ़ होंगे जो कि अपने आप ही एक खतरे की घंटी है । मां भी अनपढ़, बाप भी अनपढ़, दादी भी

[श्रीमती लक्ष्मी कांता चावला]

अनपढ़, बेटी भी अनपढ़ । मेरी प्रार्थना है कि प्राईवेट स्कूलों में ली जाने वाली फीस की अधिकतम सीमा तह की जाये और उनमें टीचरों की वेतन की न्यूनतम सीमा तह की जाये । जब मैं एम. ए. पास 40/- रुपये माह, लेती थी तो मन को बहुत दुख पहुंचता था । स्कूलों में टीचरों से खिलवाड़ किया जा रहा है । चाहे प्राईवेट स्कूल हों, चाहे सो-कालड माडल स्कूल हों, चाहे पब्लिक स्कूल हों इनमें जो दाखले के समय लूट की जाती है वह बंद होनी चाहिये । जो 25,000 रुपये दे कर दाखल हुआ हो उसे चाहे कितना ईमानदारी का पाठ पढ़ा लो वो ईमानदार बनने वाला नहीं है ।

इस लिये मेरी प्रार्थना है कि इस रैजोलियूशन में चाहे कुछ संशोधन करके, चाहे कोई और प्रस्ताव ला कर के सरकारी स्कूलों और प्राईवेट स्कूलों में चाहे वे C. B. S. E. का सिलेबस पढ़ाते हैं, चाहे पंजाब स्कूल शिक्षा बोर्ड का सिलेबस पढ़ाते हैं, उनमें फीसें एक समान होनी चाहिये । अगर किसी ने दान देना है तो अलग बात है । यह न हो कि सरकारी स्कूलों में तो गरीब लोगों के बच्चे जायें और प्राईवेट, माडल स्कूलों में अमीर लोगों के बच्चे कारों में बैठ कर, कुत्ते को साथ लेकर जायें । जो वो ऐसे लूट रहे हैं यह लूट बंद होनी चाहिये । शिक्षा सभी को पहुंच में होनी चाहिये । यही मेरी प्रार्थना है । धन्यवाद ।

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) : ਡਿਪਟੀ ਸਪੀਕਰ ਸਾਹਿਬ, ਮੈਂ ਸੰਖੇਪ ਦੇ ਵਿਚ ਕੁਝ ਸ਼ਬਦ ਹੀ ਰੈਜ਼ੋਲਿਊਸ਼ਨ ਤੇ ਕਹਾਂਗਾ । ਇਹ ਜਿਹੜਾ ਗੈਰ-ਸਰਕਾਰੀ ਰੈਜ਼ੋਲਿਊਸ਼ਨ ਚੌਧਰੀ ਜਗਜੀਤ ਸਿੰਘ ਵੱਲੋਂ ਪੇਸ਼ ਕੀਤਾ ਗਿਆ ਹੈ ਉਸ ਉਤੇ ਮੈਂ ਆਪਣੀ ਪਾਰਟੀ ਵੱਲੋਂ ਅਤੇ ਆਪਣੇ ਵੱਲੋਂ, ਕੁਝ ਸੰਖੇਪ ਜਿਹੇ ਸ਼ਬਦ ਇਸ ਕਰਕੇ ਕਹਾਂਗਾ ਕਿ ਕੱਲ੍ਹ ਹਾਊਸ ਵਿਚ ਡਿਮਾਂਡਜ਼ ਤੇ ਡਿਸਕਸ਼ਨ ਸ਼ੁਰੂ ਹੋਣੀ ਹੈ । ਜਿਹੜੀ ਪਹਿਲੀ ਡਿਮਾਂਡ ਤੇ ਬਹਿਸ ਹੋਣੀ ਹੈ ਉਹ ਹੋਮ ਪਲੱਸ ਐਜੂਕੇਸ਼ਨ ਤੇ ਹੈ । ਇਸ ਲਈ ਐਜੂਕੇਸ਼ਨ ਦੇ ਉਤੇ ਬਹਿਸ ਕਰਨ ਲਈ ਬੜਾ ਸਕੋਪ ਹੈ । ਐਜੂਕੇਸ਼ਨ ਦੀ ਪਾਲਿਸੀ ਹਿੰਦੁਸਤਾਨ ਵਿਚ ਕਿਸ ਤਰ੍ਹਾਂ ਦੀ ਹੈ ? ਇਸ ਵੇਲੇ ਇਸ ਵਿਚ ਕੀ ਕੀ ਸੰਭਾਵਨਾਵਾਂ ਹੋ ਸਕਦੀਆਂ ਹਨ ? ਕੀ ਕੀ ਕਮੀਆਂ ਹਨ ? ਅਜ਼ਾਦੀ ਦੇ 50 ਸਾਲ ਬਾਅਦ ਤੱਕ ਕਿੰਨੀਆਂ ਕੁ ਪ੍ਰਾਪਤੀਆਂ ਕੀਤੀਆਂ ਹਨ, ਕਿੰਨੀਆਂ ਕਰ ਸਕਦੇ ਸੀ, ਕਿੰਨੀਆ ਨਹੀਂ ਹੋਈਆਂ । ਹੁਣ ਹੋਰ ਜ਼ਿਆਦਾ ਕੀ ਕੁਝ ਕਰਨ ਦੀ ਜ਼ਰੂਰਤ ਹੈ । 1986 ਤੋਂ ਜਿਹੜੀ ਨਵੀਂ ਐਜੂਕੇਸ਼ਨ ਪਾਲਿਸੀ ਦਿੱਤੀ ਗਈ ਹੈ, ਉਸ ਵਿਚ ਕੀ ਕੀ ਘਾਟਾਂ ਹਨ, ਕੀ ਕੀ ਉਸ ਵਿਚ ਅੱਛੀਆਂ ਚੀਜ਼ਾਂ ਹਨ । ਇਨ੍ਹਾਂ ਸਾਰੀਆਂ ਗੱਲਾਂ ਆਦਿ ਤੇ ਕੱਲ੍ਹ ਬਹਿਸ ਹੋ ਸਕਦੀ ਹੈ । ਇਹ ਰੈਜ਼ੋਲਿਊਸ਼ਨ ਕੇਵਲ ਪ੍ਰਾਈਵੇਟ ਸਕੂਲਾਂ ਵਗੈਰਾ ਨਾਲ ਤਾਅਲੁੱਕ ਰੱਖਣ ਵਾਲਾ ਹੈ । ਸਾਰਿਆਂ ਤੋਂ ਪਹਿਲਾਂ ਮੈਂ ਆਪਣੇ ਵੱਲੋਂ ਜ਼ਰੂਰ ਇਹ ਨਿਮਰਤਾ ਨਾਲ ਕਹਾਂਗਾ ਕਿ ਰੈਜ਼ੋਲਿਊਸ਼ਨ ਚਾਹੇ ਉਹ ਗੈਰ ਸਰਕਾਰੀ ਹੋਵੇ, ਚਾਹੇ ਸਰਕਾਰੀ ਹੋਵੇ ਜਿਹੜੇ ਜਿਹੜੇ ਮੈਂਬਰਾਂ ਵੱਲੋਂ ਵੀ ਉਹ 15 ਦਿਨ ਦੇ ਨੋਟਿਸ ਨਾਲ ਦਿੱਤਾ ਜਾਂਦਾ ਹੈ ਤਾਂ ਨਿਯਮਾਂ ਦੇ ਮੁਤਾਬਿਕ ਉਨ੍ਹਾਂ ਦਾ ਡਰਾਅ ਕੱਢਿਆ ਜਾਂਦਾ ਹੈ । ਉਨ੍ਹਾਂ ਵਿਚੋਂ ਜਿਹੜੇ ਮੈਂਬਰ ਦਾ ਪਹਿਲੇ ਨੰਬਰ ਤੇ ਨਿਕਲ ਆਵੇ

ਉਹ ਇਥੇ ਹਾਊਸ ਵਿਚ ਮੂਵ ਹੋ ਜਾਂਦਾ ਹੈ, ਉਸ ਨੂੰ ਇਹ ਸੋਚਣਾ ਕਿ ਇਹ ਵਿਰੋਧੀ ਧਿਰ ਵੱਲੋਂ ਆਇਆ ਹੈ ਜਾਂ ਸਰਕਾਰੀ ਧਿਰ ਵਲੋਂ, ਠੀਕ ਨਹੀਂ । ਥੋੜ੍ਹਾ ਜਿਹਾ ਪਾਰਲੀਮੈਂਟਰੀ ਪਰੰਪਰਾਵਾਂ ਨੂੰ ਜ਼ਰੂਰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ । ਮੈਂ ਪਹਿਲਾਂ ਬਜਟ ਸਪੀਚ ਵਿਚ ਬੋਲਦਿਆਂ ਵੀ ਇਕ ਬੇਨਤੀ ਕੀਤੀ ਸੀ ਕਿ ਇਹ ਜ਼ਰੂਰੀ ਨਹੀਂ ਕਿ ਟਰੈਜ਼ਰੀ ਬੈਂਚਾਂ ਵੱਲੋਂ ਜਿਹੜੀ ਚੀਜ਼ ਆ ਰਹੀ ਹੈ ਚਾਹੇ ਉਹ ਲੈਜਿਸਲੇਟਿਵ ਰੂਪ ਵਿੱਚ ਹੈ, ਚਾਹੇ ਬੱਜਟ ਦੇ ਰੂਪ ਵਿਚ ਆਵੇ, ਚਾਹੇ ਅਮੈਂਡਮੈਂਟ ਬਿੱਲ ਦੇ ਰੂਪ ਵਿਚ ਆਵੇ, ਉਨ੍ਹਾਂ ਸਾਰੀਆਂ ਚੀਜ਼ਾਂ ਉਤੇ ਨੁਕਤਾਚੀਨੀ ਹੀ ਹੋਣੀ ਹੈ ਜਾਂ ਆਪੋਜ਼ੀਸ਼ਨ ਨੇ ਉਸ ਦਾ ਵਿਰੋਧ ਕਰਨਾ ਹੀ ਕਰਨਾ ਹੈ । ਮੈਂ ਸਮਝਦਾ ਹਾਂ ਕਿ ਇਹੋ ਜਿਹੀ ਅਪਰੋਚ ਪਾਰਲੀਮੈਂਟ ਸਿਸਟਮ ਦੀਆਂ ਅੱਛੀਆਂ ਪਰੰਪਰਾਵਾਂ ਦੇ ਅਨੁਰੂਪ ਨਹੀਂ ਹੈ । ਸਰਕਾਰ ਵੱਲੋਂ ਬਹੁਤ ਸਾਰੀਆਂ ਚੰਗੀਆਂ ਗੱਲਾਂ ਵੀ ਆ ਸਕਦੀਆਂ ਹਨ ਜਿਹੜੀਆਂ ਸਾਡੀ ਸਟੇਟ ਵਾਸਤੇ ਬਹੁਤ ਲਾਹੇਵੰਦ ਹੋ ਸਕਦੀਆਂ ਹਨ । ਡਿਵੈਲਪਮੈਂਟ ਲਈ ਚੰਗੀਆਂ ਹੋ ਸਕਦੀਆਂ ਹਨ । ਸਾਡਾ ਵੀ ਫਰਜ਼ ਬਣਦਾ ਹੈ ਕਿ ਆਪੋਜ਼ੀਸ਼ਨ ਵਿਚ ਬੈਠਦੇ ਹੋਏ, ਅਸੀਂ ਸਰਕਾਰ ਦੀਆਂ ਚੰਗੀਆਂ ਗੱਲਾਂ ਨੂੰ ਸਲਾਹੀਏ ਅਤੇ ਸਪੋਰਟ ਕਰੀਏ, ਉਨ੍ਹਾਂ ਦੀ ਮੱਦਦ ਕਰੀਏ ।

ਇਸੇ ਤਰ੍ਹਾਂ ਇਹ ਵੀ ਜ਼ਰੂਰੀ ਨਹੀਂ ਕਿ ਜੋ ਗੱਲਾਂ ਜਾਂ ਚੀਜ਼ਾਂ ਆਪੋਜ਼ੀਸ਼ਨ ਵੱਲੋਂ ਇਥੇ ਪੇਸ਼ ਕੀਤੀਆਂ ਜਾਂਦੀਆਂ ਹਨ, ਚਾਹੇ ਰੈਜ਼ੋਲਿਊਸ਼ਨ ਮੂਵ ਕੀਤਾ ਜਾਂਦਾ ਹੈ, ਉਸ ਨੂੰ ਬਿਲਕੁਲ ਪ੍ਰਵਾਨ ਨਾ ਕੀਤਾ ਜਾਵੇ । ਉਸ ਦੇ ਵਿੱਚ ਵੀ ਬਹੁਤ ਸਾਰੀਆਂ ਚੰਗੀਆਂ ਗੱਲਾਂ ਹੋ ਸਕਦੀਆਂ ਹਨ । ਮੈਂ ਸਾਰਿਆਂ ਤੋਂ ਪਹਿਲਾਂ ਬੇਨਤੀ ਕਰਨੀ ਚਾਹਾਂਗਾ ਕਿ ਜੇਕਰ ਇਸ ਤਰ੍ਹਾਂ ਦੀ ਅਪਰੋਚ ਰਖੀ ਜਾਵੇ ਤਾਂ ਅਸੀਂ ਇਸ ਹਾਊਸ ਵਿਚ ਸਤਿਕਾਰਯੋਗ ਮੈਂਬਰਾਂ ਦੇ ਤਜਰਬੇ, ਜਿਨ੍ਹਾਂ ਦੀ ਕਿ ਜ਼ਿੰਮੇਵਾਰੀ ਵੀ ਬਣਦੀ ਹੈ ਅਤੇ ਪੰਜਾਬ ਦੀ ਦੋ ਕਰੋੜ ਦੀ ਅਬਾਦੀ ਨੇ ਸਾਨੂੰ ਇਥੇ 117 ਨੁਮਾਇੰਦਿਆਂ ਨੂੰ ਚੁਣ ਕੇ ਭੇਜਿਆ ਹੈ, ਤੋਂ ਫਾਇਦਾ ਉਠਾ ਸਕਾਂਗੇ । ਲੋਕਾਂ ਨੇ ਸਾਨੂੰ ਇਥੇ ਚੁਣ ਕੇ ਭੇਜਿਆ ਹੈ, ਅਗਰ ਕੋਈ ਵੀ ਮੈਂਬਰ ਇਹ ਸਮਝੇ ਕਿ ਮੇਰੀ ਆਪਣੀ ਵੱਖਰੀ ਪਾਰਟੀ ਹੈ, ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ ਹੈ । ਮੈਂ ਸਮਝਦਾ ਹਾਂ ਕਿ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਇਕ ਅਜਿਹੀ ਸੋਚ ਬਣਾਈਏ ਕਿ ਅਸੀਂ ਆਪਣੇ ਸਾਰੇ ਏਰੀਏ ਨੂੰ ਰਿਪਰੈਜ਼ੇਂਟ ਕਰ ਰਹੇ ਹਾਂ ਅਤੇ ਸਾਡੀ ਸੋਚ ਹਾਂ ਪੱਖੀ ਹੋਣੀ ਚਾਹੀਦੀ ਹੈ । ਇਹ ਹੋ ਸਕਦਾ ਹੈ ਕਿ ਜੋ ਰੈਜ਼ੋਲਿਊਸ਼ਨ ਕਿਸੇ ਵੀ ਮੈਂਬਰ ਸਾਹਿਬਾਨ ਵਲੋਂ ਇਥੇ ਲਿਆਂਦਾ ਜਾਂਦਾ ਹੈ, ਉਸਦੀ ਡਰਾਫਟਿੰਗ ਵਿੱਚੋਂ ਥੋੜ੍ਹਾ ਬਹੁਤ ਫਰਕ ਹੋਵੇ, ਪਰ ਜਦੋਂ ਸਬੰਧਤ ਮੰਤਰੀ ਵੱਲੋਂ ਰਿਪਲਾਈ ਬੈਕ ਕੀਤਾ ਜਾਵੇ ਤਾਂ ਉਹ ਆਪਣੇ ਮੁਤਾਬਿਕ ਉਸ ਵਿੱਚ ਸੋਧ ਕਰ ਸਕਦਾ ਹੈ, ਮੈਂ ਸਮਝਦਾ ਹਾਂ ਕਿ ਇਸਦੇ ਨਾਲ ਕਿਸੇ ਮੈਂਬਰ ਨੂੰ ਵੀ ਕੋਈ ਇਤਰਾਜ਼ ਨਹੀਂ ਹੋ ਸਕਦਾ । ਲੇਕਿਨ ਜੇਕਰ ਅਸੀਂ ਸੱਮੁਚੇ ਰੂਪ ਵਿੱਚ ਹੀ ਇਹ ਸੋਚਾਂਗੇ ਕਿ ਇਹ ਆਪੋਜ਼ੀਸ਼ਨ ਵੱਲੋਂ ਆਇਆ ਹੈ ਅਤੇ ਇਸ ਦਾ ਵਿਰੋਧ ਅਸੀਂ ਕਰਨਾ ਹੀ ਕਰਨਾ ਹੈ, ਇਹ ਠੀਕ ਨਹੀਂ । ਇਹ ਕਾਫੀ ਨੈਗੇਟਿਵ ਰਿਵਾਇਤ ਬਣਦੀ ਜਾ ਰਹੀ ਹੈ । ਮੈਨੂੰ ਤਾਂ ਪਿਛਲੇ ਸਮੇਂ ਵਿੱਚ ਵੀ ਇਸ ਗੱਲ ਦਾ ਇਤਰਾਜ ਰਿਹਾ ਸੀ, ਕਿ ਘੱਟੋ ਘੱਟ ਇਤਨਾ ਨਹੀਂ ਹੋਣਾ ਚਾਹੀਦਾ

[ਕਾਮਰੇਡ ਹਰਦੇਵ ਅਰਸ਼ੀ]

ਜਿਹਾ ਰੇਜ਼ੋਲਿਊਸ਼ਨ ਦਾ ਵਿਰੋਧ ਕਰਨਾ ਹੀ ਕਰਨਾ ਹੈ। ਅਸੀਂ ਪਹਿਲਾਂ ਵੀ ਲੜਦੇ ਰਹੇ ਹਾਂ ਕਿ ਰੇਜ਼ੋਲਿਊਸ਼ਨ ਠੀਕ ਹੈ, ਪਰ ਤੁਹਾਡੀ ਇਹ ਪਾਲਿਸੀ ਕਿ ਸਪੋਰਟ ਵੀ ਕਰੀ ਜਾਵੇ ਅਤੇ ਅੰਤ ਵਿੱਚ ਵਾਕ-ਆਊਟ ਕਰ ਦਿਓ ਠੀਕ ਨਹੀਂ। ਉਸ ਵੇਲੇ ਨੈਗੇਟਿਵ ਪ੍ਰਥਾ ਜਾਰੀ ਸੀ ਪਰ ਹੁਣ ਤੇ ਉਸ ਨਾਲੋਂ ਬਿਲਕੁਲ ਅਲੱਗ ਹੋ ਰਿਹਾ ਹੈ ਕਿ ਜਦੋਂ ਵੀ ਕੋਈ ਰੇਜ਼ੋਲਿਊਸ਼ਨ ਆਉਂਦਾ ਹੈ ਤਾਂ ਉਸਦਾ ਆਰੰਭ ਤੋਂ ਹੀ ਵਿਰੋਧ ਕਰਨਾ ਸ਼ੁਰੂ ਕਰ ਦਿਓ। ਇਸ ਨਵੀਂ ਚੀਜ਼ ਨੂੰ ਮੈਂ ਸ਼ਾਇਦ ਹਾਂ ਪੱਖੀ ਨੋਟ ਨਹੀਂ ਕਰ ਰਿਹਾ। ਇਹ ਹਾਂ ਪੱਖੀ ਹੈ ਜਾਂ ਨਾਂਹ ਪੱਖੀ, ਇਸ ਵੱਲ ਮੈਂ ਨਾ ਜਾਂਦਾ ਹੋਇਆ, ਦੋ ਚਾਰ ਸ਼ਬਦ ਕਹਿਣੇ ਚਾਹਾਂਗਾ। ਡਿਪਟੀ ਸਪੀਕਰ ਸਾਹਿਬ, ਤੁਸੀਂ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਭਾਰਤ ਵਿੱਚ ਬੜੀ ਭਿੰਨਤਾ ਹੈ ਅਤੇ ਸਾਡਾ ਇਕ ਨਾਅਰਾ ਵੀ ਹੈ ਕਿ "ਅਨੇਕਤਾ ਵਿੱਚ ਏਕਤਾ"। ਇਹ ਨਾਅਰਾ ਕਿਉਂ ਦੇਣਾ ਪਿਆ ? ਕਿਉਂਕਿ ਭਾਰਤ ਇਕ ਧਰਮ ਦਾ ਦੇਸ਼ ਨਹੀਂ ਅਤੇ ਬਹੁਤ ਸਾਰਿਆਂ ਧਰਮਾਂ ਦਾ ਦੇਸ਼ ਹੈ ਅਤੇ ਬਹੁਤ ਸਾਰੀਆਂ ਭਾਸ਼ਾਵਾਂ ਬੋਲਣ ਵਾਲੇ ਲੋਕ ਇਥੇ ਰਹਿੰਦੇ ਹਨ ਅਤੇ ਬਹੁਤ ਸਾਰੇ ਲੋਕਾਂ ਦੇ ਕਲਚਰ ਵੱਖੋ ਵੱਖਰੀ ਕਿਸਮ ਦੇ ਹਨ ਅਤੇ ਇਸ ਕਰਕੇ ਇਹ "ਅਨੇਕਤਾ ਵਿੱਚੋਂ ਏਕਤਾ" ਉਸਦੇ ਵਿੱਚੋਂ ਹੀ ਨਾਅਰਾ ਉਤਪੰਨ ਹੋਇਆ ਹੈ ਅਤੇ ਜੇ ਇਸ ਦੇਸ਼ ਨੇ ਵਿਕਾਸ ਕਰਨਾ ਹੈ ਅਤੇ ਅੱਗੇ ਵਧਣਾ ਹੈ, ਜਿਤਨੀ ਸਾਡੀ ਇਹ ਸੈਕੂਲਰ ਦਿੱਖ ਹੈ, ਧਰਮ ਨਿਰਪੱਖਤਾ ਹੈ, ਇਸ ਨੂੰ ਮੇਨਟੇਨ ਰੱਖਣਾ ਪਵੇਗਾ। ਆਜ਼ਾਦੀ ਸੰਗਰਾਮ ਵੇਲੇ ਵੀ ਜੇ ਧਰਮ ਨਿਰਪੱਖਤਾ ਦੀ ਭਾਵਨਾ ਦੇ ਨਾਲ ਅਸੀਂ ਆਜ਼ਾਦੀ ਸੰਗਰਾਮ ਨਾ ਲੜਿਆ ਹੁੰਦਾ ਤਾਂ ਸ਼ਾਇਦ ਇਹ ਮੁਲਕ ਅਸੀਂ ਆਜ਼ਾਦ ਨਾ ਕਰਵਾ ਸਕਦੇ। ਜਦੋਂ ਆਜ਼ਾਦੀ ਦੀ ਲੜਾਈ ਲੜਦੇ ਹੋਏ ਇੱਥੇ ਗਦਰੀ ਬਾਬੇ ਅਤੇ ਗਦਰੀ ਲਹਿਰ ਦੀ ਸਥਾਪਨਾ ਕੀਤੀ ਗਈ, ਉਸਦੇ ਵਿੱਚ ਸਾਡੇ ਬਹੁਤ ਸਾਰੇ ਸਿੱਖ ਪ੍ਰਵਾਰਾਂ ਨਾਲ ਸਬੰਧਤ ਮੈਂਬਰ ਅਮਰੀਕਾ ਵਿੱਚ ਗਏ, ਜਿਹੜੇ ਬਾਅਦ ਵਿੱਚ ਸਤਿਕਾਰ ਵਜੋਂ ਗਦਰੀ ਬਾਬੇ ਕਹਾਏ। ਉਨ੍ਹਾਂ ਵਿੱਚ ਸੈਕੂਲਰਇਜ਼ਮ ਦੀ ਭਾਵਨਾ ਸੀ ਅਤੇ ਸਾਰਿਆਂ ਤੋਂ ਪਹਿਲਾਂ ਉਨ੍ਹਾਂ ਦੇ ਪ੍ਰਧਾਨ ਲਾਲਾ ਹਰਦਿਆਲ ਜੀ ਬਣੇ। ਇਹ ਇਕ ਅਜਿਹੀ ਭਾਵਨਾ ਸੀ ਜਿਸ ਵਿੱਚ ਕਿਸ ਭਾਸ਼ਾ ਦਾ ਧਰਮ ਦਾ ਖਿਆਲ ਨਹੀਂ ਰੱਖਿਆ ਗਿਆ, ਇਹ ਪੁਆਇੰਟ ਮੈਂ ਇਸ ਲਈ ਕਹਿਣਾ ਚਾਹੁੰਦਾ ਹਾਂ ਕਿਉਂਕਿ ਮੈਂ ਇਸੇ ਸਬਜੈਕਟ ਨਾਲ ਇਸ ਨੂੰ ਜੋੜਨਾ ਚਾਹੁੰਦਾ ਹਾਂ। ਇਸੇ ਕਰਕੇ ਅੱਜ ਵੀ ਜਦ ਕਿ ਮੁਲਕ ਵਿੱਚ ਫਿਰਕਾਪ੍ਰਸਤੀ ਅਤੇ ਫਿਰਕਾਪ੍ਰਸਤਾਂ ਨੇ ਸਿਰ ਚੁੱਕਿਆ ਹੈ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਅਤੇ ਧਰਮ ਨਿਰਪੱਖਤਾ ਨੂੰ ਖਤਰਾ ਪੈਦਾ ਹੋ ਗਿਆ ਹੈ, ਐਸੇ ਸਮੇਂ ਵਿੱਚ ਜ਼ਰੂਰੀ ਹੈ ਕਿ ਧਰਮ ਨਿਰਪੱਖਤਾ ਨੂੰ ਇਸ ਦੇਸ਼ ਵਿੱਚ ਮਜ਼ਬੂਤ ਕੀਤਾ ਜਾਵੇ। ਇਸ ਦੇ ਵਾਸਤੇ ਸਾਡੀ ਵਿਦਿਆ ਅਤੇ ਵਿਦਿਅਕ ਅਦਾਰਿਆਂ ਦਾ ਬਹੁਤ ਵੱਡਾ ਰੋਲ ਹੋ ਸਕਦਾ ਹੈ। ਇਸ ਕਰਕੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੀ ਇਹ ਬੜੀ ਬਦਕਿਸਮਤੀ ਹੈ ਕਿ ਅੱਜ ਬਹੁਤ ਸਾਰੇ ਵਿਦਿਆ ਦੇ ਖੇਤਰ ਵਿੱਚ ਪ੍ਰਾਈਵੇਟ ਅਦਾਰੇ ਚਲ ਰਹੇ ਹਨ ਜਿਥੇ ਪੜ੍ਹਾਈ ਦੇ ਨਾਲ ਨਾਲ ਫਿਰਕਾਪ੍ਰਸਤੀ ਜਾਂ ਕੱਟੜਤਾ, ਜਿਹੜੀ ਉਥੋਂ ਦੀ ਮੈਨੇਜਿੰਗ ਕਮੇਟੀ ਹੈ, ਜਿਸ ਧਰਮ ਦੀ ਉਹ ਧਾਰਨੀ ਹੈ, ਉਸਦੀ ਸਿੱਖਿਆ ਦਿੱਤੀ ਜਾਂਦੀ ਹੈ। ਪੰਜਾਬ ਵਿੱਚ ਵੀ ਅਸੀਂ ਦੇਖਦੇ ਹਾਂ ਕਿ ਕਿਤੇ ਜਨ-ਗਨ-ਮਨ ਨਾਲ ਸਕੂਲ ਸ਼ੁਰੂ ਹੁੰਦਾ ਹੈ ਅਤੇ ਕਿਤੇ ਸ਼ਬਦ ਗਾਇਨ ਨਾਲ ਸ਼ੁਰੂ ਹੁੰਦਾ ਹੈ ਅਤੇ ਕਿਤੇ ਸਲੋਕਾਂ ਨਾਲ ਸ਼ੁਰੂ ਹੁੰਦਾ ਹੈ। ਆਖਿਰਕਾਰ ਇਹ ਨਹੀਂ ਕਿ ਸਾਨੂੰ ਧਰਮਾਂ ਤੇ ਕੋਈ ਇਤਰਾਜ਼ ਹੈ, ਧਰਮ

ਸਾਡੇ ਸਤਿਕਾਰ ਦੇ ਸਥਾਨ ਹਨ । ਹਰ ਇਕ ਮਨੁੱਖ ਰੂਹਾਨੀ ਸ਼ਕਤੀ ਦੇ ਵਾਸਤੇ ਉਥੇ ਜਾਂਦਾ ਹੈ, ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਪਰ ਵਿਦਿਆ ਤਾਂ ਸਭ ਵਾਸਤੇ ਇਕ ਹੈ । ਵਿਦਿਆ ਨੇ ਤਾਂ ਇਕ ਚੰਗੇ ਮਨੁੱਖ, ਸਾਇੰਸਦਾਨ ਅਤੇ ਇਕ ਅੱਛੇ ਮੈਡੀਕਲ ਸਟੂਡੈਂਟਸ ਬਣਾਉਣੇ ਹਨ । ਮੈਡੀਕਲ ਜਿਹੜਾ ਖੇਤਰ ਹੈ ਅਤੇ ਜਿਸ ਨੇ ਇਸ ਮੁਲਕ ਨੂੰ ਐਡਵਾਂਸ ਕਰਨਾ ਹੈ, ਅਗਰ ਇਨ੍ਹਾਂ ਸਕੂਲਾਂ ਵਿੱਚ ਹੀ ਇਸ ਤਰ੍ਹਾਂ ਦੀ ਵੰਡ ਪਾਈ ਜਾਵੇਗੀ ਤਾਂ ਮੈਂ ਸਮਝਦਾ ਹਾਂ ਕਿ ਸਾਡੇ ਮੁਲਕ ਦੀ ਜੋ ਏਕਤਾ ਅਤੇ ਅਖੰਡਤਾ ਦੀ ਭਾਵਨਾ ਹੈ, ਉਹ ਵਧਣੀ ਨਹੀਂ ਅਤੇ ਉਸ ਤੇ ਪ੍ਰਸ਼ਨ ਚਿੰਨ੍ਹ ਲਗਦਾ ਹੈ । ਇਸ ਕਰਕੇ ਮੈਂ ਰੈਜ਼ੋਲਿਊਸ਼ਨ ਦੀ ਸਪੋਰਟ ਕਰਦਾ ਹਾਂ ਕਿ ਇਸ ਦੇ ਵਿੱਚ ਜੇ ਕੋਈ ਸਬਜੈਕਟ ਦੇ ਤੌਰ ਤੇ ਵਿਸ਼ੇ ਦੇ ਤੌਰ ਤੇ ਵੀ ਕੋਈ ਇਕਰੂਪਤਾ ਕਰ ਦਿੱਤੀ ਜਾਵੇ ਤਾਂ ਇਹ ਕੋਈ ਮਾੜੀ ਗੱਲ ਨਹੀਂ ਹੈ । ਸੀ. ਬੀ. ਐਸ. ਈ. ਆਪਣੀ ਥਾਂ ਤੇ ਹੈ, ਉਸਦਾ ਆਪਣਾ ਸਬਜੈਕਟ ਹੈ, ਉਸ ਦੇ ਨਾਲ ਕੋਈ ਨਹੀਂ ਕਹਿੰਦਾ ਕਿ ਇਸ ਨੂੰ ਕਰ ਦਿਓ । ਉਹ ਤਾਂ ਇਕ ਅਦਾਰਾ ਹੈ, ਵੱਖਰਾ ਇੰਸਟੀਚੂਸ਼ਨ ਹੈ । ਇਸੇ ਤਰ੍ਹਾਂ ਮਿਲਟਰੀ ਵਾਲਿਆਂ ਦਾ ਆਪਣਾ ਵੱਖਰਾ ਇੰਸਟੀਚੂਸ਼ਨ ਹੈ, ਐਜੂਕੇਸ਼ਨ ਬੋਰਡ ਦਾ ਆਪਣਾ ਪ੍ਰਬੰਧ ਹੈ । ਸਭ ਤੋਂ ਵੱਡੀ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤਿੰਨ ਭਾਸ਼ਾਈ ਫਾਰਮੂਲਾ ਸਾਨੂੰ ਪ੍ਰਵਾਨ ਹੈ । ਪੰਜਾਬੀ ਸਾਡੀ ਮਾਤਰ ਭਾਸ਼ਾ ਹੈ, ਹਿੰਦੀ ਸਾਡੀ ਰਾਸ਼ਟਰ ਭਾਸ਼ਾ ਹੈ ਅਤੇ ਅੰਗਰੇਜ਼ੀ ਸਾਡਾ ਮੀਡੀਅਮ ਜ਼ਰੂਰ ਬਣ ਗਿਆ ਹੈ ਪਰ ਸਾਨੂੰ ਕੋਸ਼ਿਸ਼ ਇਹ ਕਰਨੀ ਚਾਹੀਦੀ ਹੈ ਕਿ ਹਿੰਦੀ ਨੂੰ ਸਾਰੇ ਮੁਲਕ ਵਿੱਚ ਰਾਸ਼ਟਰੀ ਭਾਸ਼ਾ ਬਣਾਇਆ ਜਾਵੇ । ਲੇਕਿਨ ਉਹ ਮਜਬੂਰੀ ਵਿੱਚ ਕਹਿ ਲਓ, ਜੋ ਮੇਰੀ ਭੈਣ ਨੇ ਕਿਹਾ ਉਹ ਠੀਕ ਹੈ ਕਿ ਅਸੀਂ ਦਿਮਾਗੀ ਤੌਰ ਤੇ ਅਜੇ ਇਸ ਗੁਲਾਮੀ ਵਿਚੋਂ ਨਿਕਲ ਨਹੀਂ ਸਕੇ ਕਿ ਅੰਗਰੇਜ਼ੀ ਜੋ ਚੰਗੀ ਬੋਲਣੀ ਜਾਣਦੇ ਹਨ ਜਾਂ ਪੜ੍ਹ ਸਕਦੇ ਹਨ ਜੋ ਉਹ ਅੰਗਰੇਜ਼ੀ ਚਾਹੇ ਤਾਂ ਉਹ ਪੜ੍ਹ ਸਕਦਾ ਹੈ । ਇਹ ਸਾਡੀ ਜ਼ਹਿਨੀਅਤ ਬਣ ਗਈ ਹੈ । ਇਸ ਵਿੱਚੋਂ ਨਿਕਲਣ ਦੀ ਲੋੜ ਹੈ । ਜਿਹੜਾ ਵੀ ਬੱਚਾ ਹੈ, ਉਹ ਆਪਣਾ ਆਰੰਭ ਮਾਤਰੀ ਭਾਸ਼ਾ ਤੋਂ ਕਰਦਾ ਹੈ । ਇਹ ਗੱਲ ਹਕੀਕਤ ਹੈ । ਉਹ ਆਪਣਾ ਵਿਕਾਸ ਦੂਸਰੀ ਭਾਸ਼ਾ ਵਿੱਚ ਨਹੀਂ ਕਰ ਸਕਦਾ । ਜੇ ਮੈਂ ਆਪਣੇ ਬੱਚੇ ਨੂੰ ਅੰਗਰੇਜ਼ੀ ਮੀਡੀਅਮ ਵਿੱਚ ਪਾਵਾਂਗਾ ਤਾਂ ਉਹ ਜ਼ਿਆਦਾ ਗ੍ਰਹਿਣ ਨਹੀਂ ਕਰ ਸਕਦਾ ਕਿਉਂਕਿ ਉਸ ਨੇ 24 ਘੰਟੇ ਪੰਜਾਬੀ ਵਾਤਾਵਰਨ ਵਿੱਚ ਰਹਿਣਾ ਹੈ । ਇਸ ਲਈ ਐਜੂਕੇਸ਼ਨ ਵੱਲ ਉਚੇਚੇ ਤੌਰ ਤੇ ਧਿਆਨ ਦੇਣ ਲੋੜ ਹੈ । ਇਸ ਤਰ੍ਹਾਂ ਜਿਹੜਾ ਬੱਚਾ ਆਪਣੀ ਮਾਤਰੀ ਭਾਸ਼ਾ ਪੰਜਾਬੀ ਵਿੱਚ ਰਹਿੰਦਾ ਹੈ, ਜੇ ਉਸ ਨੂੰ ਕਿਸੀ ਹੋਰ ਮੀਡੀਅਮ ਵਾਲੇ ਸਕੂਲ ਵਿਚ ਦਾਖਲ ਕਰ ਦਿੱਤਾ ਜਾਵੇ ਤਾਂ ਕੁਦਰਤੀ ਤੌਰ ਤੇ ਉਸ ਨੂੰ ਨੁਕਸਾਨ ਹੋਵੇਗਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਆਪਣੇ ਸਬਜੈਕਟਸ ਨੂੰ ਹੋਰ ਕਿਸੀ ਭਾਸ਼ਾ ਵਿਚ ਚੰਗੀ ਤਰ੍ਹਾਂ ਨਹੀਂ ਸਮਝ ਸਕਦਾ ਜਿੰਨਾ ਕਿ ਉਹ ਆਪਣੀ ਮਾਤਰੀ ਭਾਸ਼ਾ ਵਿੱਚ ਸਮਝ ਸਕਦਾ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਇਨ੍ਹਾਂ ਅਦਾਰਿਆਂ ਨੂੰ ਚੈੱਕ ਕੀਤਾ ਜਾਵੇ । ਮੈਂ ਇਨ੍ਹਾਂ ਅਦਾਰਿਆਂ ਦਾ ਵਿਰੋਧ ਨਹੀਂ ਕਰਦਾ ਕਿ ਇਹ ਬਿਲਕੁਲ ਹੀ ਨੇਗੇਟਿਵ ਹਨ । ਅਜ਼ਾਦੀ ਤੋਂ ਪਹਿਲਾਂ ਐਜੂਕੇਸ਼ਨ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਸਨ । ਜਿਸ ਤਰ੍ਹਾਂ ਖ਼ਾਲਸਾ ਕਾਲਜ ਹੈ । ਇਸ ਨੂੰ ਨਜ਼ਰਅੰਦਾਜ਼ ਨਹੀਂ

[ਕਾਮਰੇਡ ਹਰਦੇਵ ਅਰਸ਼ੀ]

ਕੀਤਾ ਜਾ ਸਕਦਾ ਕਿਉਂਕਿ ਇਸ ਦੀਆਂ ਬੜੀਆਂ ਪ੍ਰਾਪਤੀਆਂ ਹਨ। ਐਜੂਕੇਸ਼ਨ ਦੇ ਖੇਤਰ ਵਿੱਚ ਇਸ ਨੇ ਕਈ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਇਸ ਨੇ ਕਈ ਸ਼ਖਸੀਅਤਾਂ ਅਤੇ ਮਾਹਿਰ ਪੈਦਾ ਕੀਤੇ। ਡੀ. ਏ. ਵੀ. ਸੰਸਥਾਵਾਂ ਦਾ ਵੀ ਬੜਾ ਅਹਿਮ ਰੋਲ ਹੈ। ਲੇਕਿਨ ਇਹ ਵੀ ਸੱਚ ਹੈ ਕਿ ਜੋ ਟਾਰਗੇਟ ਮੁਲਕ ਨੇ ਆਪਣੇ ਸਾਹਮਣੇ ਤੈਅ ਕੀਤਾ ਸੀ ਜਾਂ ਸੰਵਿਧਾਨ ਵਿੱਚ ਜੋ ਫੈਸਲਾ ਕੀਤਾ ਸੀ, ਕਿ ਦਸ ਸਾਲਾਂ ਵਿੱਚ ਸੌ ਪਰਸੈਂਟ ਐਜੂਕੇਸ਼ਨ ਦਾ ਟਾਰਗੇਟ ਖਾਸ ਕਰਕੇ ਪ੍ਰਾਇਮਰੀ ਖੇਤਰ ਵਿੱਚ ਅਸੀਂ ਅਚੀਵ ਕਰ ਲਵਾਂਗੇ, ਲੇਕਿਨ ਬਦ-ਕਿਸਮਤੀ ਹੈ, ਉਹ ਅਚੀਵ ਨਹੀਂ ਹੋਇਆ। ਇਸ ਦੀ ਜ਼ੁੰਮੇਵਾਰੀ ਕਿਸ ਤੇ ਫਿਕਸ ਹੁੰਦੀ ਹੈ? ਸਾਡੇ ਤੇ ਵੀ ਹੋਵੇਗੀ, ਰਾਜ ਕਰਨ ਵਾਲੀਆਂ ਸਰਕਾਰਾਂ ਤੇ ਵੀ ਹੋਵੇਗੀ। ਇਹ ਟਾਰਗੇਟ ਹਾਲੇ ਤੱਕ ਅਸੀਂ ਅਚੀਵ ਨਹੀਂ ਕੀਤਾ। ਇਸ ਕਰਕੇ ਸਰਕਾਰੀ ਖੇਤਰ ਦੇ ਸਕੂਲਾਂ ਨੂੰ ਹੈਲਦੀ ਬਣਾਉਣਾ ਚਾਹੀਦਾ ਹੈ। ਇਹੋ ਜਿਹੇ ਸਕੂਲ ਧੜਾ-ਧੜ ਖੁੱਲ੍ਹ ਰਹੇ ਹਨ। ਇਸ ਕਰਕੇ ਸਰਕਾਰੀ ਖੇਤਰ ਵਿੱਚ ਵੀ ਜ਼ਿਆਦਾ ਸਕੂਲ ਖੁੱਲ੍ਹਣ। ਡਿਪਟੀ ਸਪੀਕਰ ਸਾਹਿਬ, ਸੁਸਾਇਟੀ ਵਿੱਚ ਡਿਸਕਰਿਮੀਨੇਸ਼ਨ ਪੈਦਾ ਹੋ ਰਹੀ ਹੈ, ਉਹ ਇਹ ਹੈ ਕਿ ਉਚੇ ਘਰਾਣੇ ਦੇ ਲੋਕਾਂ ਦੇ ਬੱਚੇ ਇਨ੍ਹਾਂ ਸਕੂਲਾਂ ਵਿੱਚ ਪੜ੍ਹਦੇ ਹਨ ਅਤੇ ਗਰੀਬ ਲੋਕਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ। ਇਹ ਭਾਵਨਾ ਪੈਦਾ ਹੁੰਦੀ ਜਾ ਰਹੀ ਹੈ। ਇਹ ਸਾਨੂੰ ਮਹਿਸੂਸ ਕਰਨੀ ਚਾਹੀਦੀ ਹੈ ਔਰ ਇਸ ਵੱਲ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ। ਅਸੀਂ ਆਜ਼ਾਦੀ ਦੇ ਪੰਜਾਹ ਸਾਲ ਮਨਾਉਣ ਜਾ ਰਹੇ ਹਾਂ ਲੇਕਿਨ ਡਿਪਟੀ ਸਪੀਕਰ ਸਾਹਿਬ, ਇਹ ਇੱਕ ਕੌੜਾ ਸੱਚ ਹੈ ਕਿ ਪ੍ਰਾਈਵੇਟ ਖੇਤਰ ਵਿੱਚ ਜਿਹੜੇ ਵਿਦਿਅਕ ਅਦਾਰੇ ਹਨ, ਉਨ੍ਹਾਂ ਬਾਰ ਇਹ ਮੰਨਣਾ ਪਵੇਗਾ ਕਿ ਇਹ ਦੁਕਾਨਾਂ ਬਣ ਰਹੀਆਂ ਹਨ, ਇਹ ਵਪਾਰਕ ਅਦਾਰੇ ਬਣ ਰਹੇ ਹਨ। ਇਹ ਸੱਚ ਹੈ ਕਿ ਫੀਸਾਂ ਵੀ ਕਾਫੀ ਜ਼ਿਆਦਾ ਹਨ। ਜਿਹੜੇ ਉੱਚੀ ਸੁਸਾਇਟੀ ਦੇ 20° ਲੋਕ ਹਨ, ਉਹ ਹੀ ਇਹ ਫੀਸਾਂ ਦੇ ਸਕਦੇ ਹਨ। ਬਾਕੀ ਜਿਹੜੀ 80 ਪਰਸੈਂਟ ਜਨਤਾ ਹੈ, ਉਹ ਇਹ ਖਰਚਾ ਨਹੀਂ ਕਰ ਸਕਦੀ। ਇਸ ਲਈ ਮੇਰੀ ਬੇਨਤੀ ਹੈ ਕਿ ਪਿਛਲੇ ਸਮੇਂ ਵਿੱਚ ਜਿਹੜੇ ਧੜਾਧੜ ਪ੍ਰਾਈਵੇਟ ਸਕੂਲ ਖੁੱਲ੍ਹੇ ਹਨ, ਉਨ੍ਹਾਂ ਤੇ ਕਿਸੇ ਤਰ੍ਹਾਂ ਦਾ ਵੀ ਚੈਕ ਨਹੀਂ ਹੈ। ਇਹ ਕੀ ਪੜ੍ਹਾਈ ਕਰਵਾ ਰਹੇ ਹਨ, ਇਸ ਦਾ ਕੋਈ ਚੈਕ ਨਹੀਂ। ਫੀਸਾਂ ਤੇ ਕੋਈ ਚੈਕ ਨਹੀਂ ਹੈ। ਟਰੇਂਡ ਟੀਚਰ ਜੋ ਐਮ. ਏ., ਬੀ.ਐਡ, ਕਰਦੇ ਹਨ, ਉਨ੍ਹਾਂ ਦੀ ਵੀ ਇਕ ਤਰ੍ਹਾਂ ਨਾਲ ਲੁੱਟ ਕੀਤੀ ਜਾ ਰਹੀ ਹੈ। ਇਸ ਤੇ ਵਿਚਾਰ ਕਰਨਾ ਚਾਹੀਦਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਇਨਾਂ ਨੂੰ ਫੌਰੀ ਤੌਰ ਤੇ ਬੰਦ ਕਰਨਾ ਚਾਹੀਦਾ ਹੈ। ਆਖਰਕਾਰ ਸੁਸਾਇਟੀ ਵਿਚ ਇਨ੍ਹਾਂ ਦਾ ਆਪਣਾ ਰੋਲ ਹੈ। ਹਿੰਦੁਸਤਾਨ ਵਿੱਚ ਐਜੂਕੇਸ਼ਨ ਨੂੰ ਐਡਵਾਂਸ ਕਰਨਾ ਚਾਹੀਦਾ ਹੈ। ਪਰ ਇਨ੍ਹਾਂ ਗੱਲਾਂ ਨੂੰ ਚੈਕ ਕਰਨ ਦੀ ਲੋੜ ਹੈ। ਮੈਂ ਜਿਆਦਾ ਲੰਬਾ ਨਹੀਂ ਜਾਣਾ ਚਾਹੁੰਦਾ। ਪਿਛਲੇ ਸਮੇਂ ਵਿੱਚ ਉਦਾਰੀਕਰਨ ਦੀ ਨੀਤੀ ਚੱਲੀ। ਵਰਲਡ ਬੈਂਕ ਅਤੇ ਆਈ. ਐਮ. ਐਫ. ਦੇ ਪ੍ਰਭਾਵ ਥੱਲੇ ਇਕਾਨਮੀ ਉਸ ਪਾਸੇ ਤੋਰ ਦਿੱਤੀ ਗਈ। ਐਜੂਕੇਸ਼ਨ ਨੂੰ ਵੀ ਇਸ ਥੱਲੇ ਲਿਆਂਦਾ ਗਿਆ। ਪਰ ਇਸ ਦਾ ਸਿੱਟਾ ਕੀ ਹੋਇਆ। ਮੈਡੀਕਲ ਖੇਤਰ ਦੇ ਇੰਸਟੀਚਿਊਸ਼ਨਜ਼ ਹਨ, ਉਹ ਇਸ ਪਾਸੇ ਖੁੱਲ੍ਹਣੇ ਸ਼ੁਰੂ ਹੋਏ ਜਿੱਥੇ ਨਾ ਤਾਂ ਸਟਾਫ ਹੈ ਅਤੇ ਨਾ ਹੀ ਪਰਾਪਰ ਲੇਬਾਰਟਰੀਆਂ ਹਨ। ਐਨ. ਆਰ. ਆਈ. ਬੱਚਿਆਂ ਦੇ ਨਾਂ ਤੇ 5-5, 6-6 ਲੱਖ ਰੁਪਏ ਫੀਸ ਲਈ ਜਾਂਦੀ ਹੈ। ਇਹ ਤਾਂ ਲੁੱਟ ਦੇ ਅਦਾਰੇ ਹਨ। ਇਹ ਫਿਰ ਕਿਸ ਤਰ੍ਹਾਂ ਕੁਆਲੀਫਾਈਡ ਡਾਕਟਰ ਪੈਦਾ ਕਰਨਗੇ? ਇਸ ਦਾ ਅੰਦਾਜ਼ਾ ਤੁਸੀਂ ਖੁਦ ਲਗਾ ਸਕਦੇ ਹੋ। ਇਹ ਮਾਮਲਾ ਐਜੂਕੇਸ਼ਨ ਨਾਲ ਜੁੜਿਆ ਹੋਇਆ ਹੈ। ਇਸ

ਮਸਲੇ ਦੀ ਭਾਵਨਾ ਨੂੰ ਨਾ ਲਈਏ, ਅਗਰ ਇਸ ਵਿੱਚ ਕੋਈ ਅਮੈਂਡਮੈਂਟ ਕਰਨੀ ਹੈ, ਆਨਰੇਬਲ ਪਾਰਲੀਮੈਂਟਰੀ ਮਨਿਸਟਰ ਬੈਠੇ ਹਨ, ਕੋਈ ਸ਼ਬਦ ਪਾਉਣਾ ਹੈ ਤਾਂ ਉਹ ਪਾ ਸਕਦੇ ਹਾਂ ਲੇਕਿਨ ਜਿਹੜੀ ਇਸ ਦੀ ਸਪਿਰਟ ਹੈ, ਉਸ ਸਪਿਰਟ ਨੂੰ ਧਿਆਨ ਵਿੱਚ ਰੱਖ ਕੇ ਇਸ ਨੂੰ ਸਿੰਪੇਥੈਟੇਕਲੀ ਕੰਸਿਡਰ ਕਰਨਾ ਚਹੀਦਾ ਹੈ । ਇਹ ਚੀਜ਼ ਸਾਡੇ ਹਿੰਦੁਸਤਾਨ ਦੇ, ਪੰਜਾਬ ਦੇ ਭਵਿੱਖ ਨਾਲ ਜੁੜੀ ਹੋਈ ਹੈ । ਜਿਥੋਂ ਤੱਕ ਬਾਕੀ ਗੱਲਾਂ ਕਹਿਣੀਆਂ ਹਨ, ਉਹ ਮੈਂ ਇਥੇ ਨਹੀਂ ਕਹਿਣੀਆਂ । ਜਿਸ ਵੇਲੇ ਅਸੀਂ ਕੱਲ੍ਹ ਨੂੰ ਬੋਲਣਾ ਹੈ, ਉਨ੍ਹਾਂ ਦਾ ਜ਼ਿਕਰ ਉਸ ਦੇ ਵਿੱਚ ਕਰਨ ਦੀ ਜ਼ਰੂਰ ਕੋਸ਼ਿਸ਼ ਕੀਤੀ ਜਾਵੇਗੀ ਕਿ ਸਰਕਾਰੀ ਖੇਤਰ ਦੀ ਜਿਹੜੀ ਵਿੱਦਿਆ ਹੈ, ਉਸ ਵਿੱਚ ਕੀ ਕਮੀਆਂ ਪੇਸ਼ੀਆਂ ਹਨ । ਏਨੇ ਸ਼ਬਦਾਂ ਨਾਲ, ਜ਼ਿਆਦਾ ਸਮਾਂ ਨਾ ਲੈਂਦਾ ਹੋਇਆ, ਇਹ ਜੋ ਰੈਜ਼ੋਲਿਊਸ਼ਨ ਪੇਸ਼ ਕੀਤਾ ਗਿਆ ਹੈ, ਉਸ ਦੀ ਮੂਲ ਭਾਵਨਾ ਦਾ ਜ਼ਰੂਰ ਆਦਰ ਕੀਤਾ ਜਾਵੇ । ਬਹੁਤ ਬਹੁਤ ਧੰਨਵਾਦ ।

ਸਰਦਾਰ ਮੱਖਣ ਸਿੰਘ (ਪੱਕਾ ਕਲਾਂ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਬੜੇ ਹੀ ਗੰਭੀਰ ਤੇ ਮਹੱਤਵਪੂਰਨ ਵਿਸ਼ੇ ਦੇ ਉੱਤੇ ਵਿਚਾਰ ਵਟਾਂਦਰਾ ਹੋ ਰਿਹਾ ਹੈ। ਵਿਦਿਆ ਦਾ ਖੇਤਰ ਬਹੁਤ ਹੀ ਅਹਿਮ ਖੇਤਰ ਹੈ ਔਰ ਬਹੁਤ ਹੀ ਗੰਭੀਰ ਵਿਚਾਰ ਕਰਨ ਦੀ ਮੰਗ ਕਰਦਾ ਹੈ । ਕਿਸੇ ਵੀ ਮੁਲਕ ਦੀ ਪਰਗਤੀ ਦੇ ਵਾਸਤੇ, ਕਿਸੇ ਵੀ ਸਮਾਜ ਦੇ ਵਿਕਾਸ ਦੇ ਵਾਸਤੇ, ਕਿਸੇ ਵੀ ਸੂਬੇ ਦੀ ਤਰੱਕੀ ਦੇ ਵਾਸਤੇ, ਜਿਹੜੇ ਮਨੁੱਖੀ ਸਾਧਨ ਹਨ, ਉਨ੍ਹਾਂ ਦਾ ਵਿਕਾਸ ਬੜਾ ਜ਼ਰੂਰੀ ਹੈ । ਇਸ ਤੋਂ ਬਿਨਾਂ ਕਿਸੇ ਸਮਾਜ ਦੀ ਵਧੀਆ ਬੁਨਿਆਦ ਨਹੀਂ ਰੱਖੀ ਜਾ ਸਕਦੀ ਔਰ ਉਹ ਵਿਕਾਸ ਨਹੀਂ ਕਰ ਸਕਦਾ । ਸਾਨੂੰ ਵਿਰਸੇ ਵਿੱਚ ਆਜ਼ਾਦੀ ਤੋਂ ਬਾਅਦ ਉਹ ਵਿਦਿਅਕ ਢਾਂਚਾ ਮਿਲਿਆ ਜੋ ਅੰਗਰੇਜ਼ਾਂ ਨੇ ਕਾਇਮ ਕੀਤਾ ਹੋਇਆ ਸੀ, ਲਾਰਡ ਮੈਕਾਲੇ ਦਾ ਕਾਇਮ ਕੀਤਾ ਹੋਇਆ ਸੀ । ਜਿਥੋਂ ਉਨ੍ਹਾਂ ਨੂੰ ਕੰਮ ਚਲਾਉਣ ਵਾਸਤੇ 'ਬਾਬੂ' ਚਾਹੀਦੇ ਸਨ । ਸਾਡੇ ਦੇਸ਼ ਦਾ ਬੁਨਿਆਦੀ ਵਿਕਾਸ ਤਾਂ ਉਨ੍ਹਾਂ ਨੇ ਕਰਨਾ ਨਹੀਂ ਸੀ ਕਿਉਂਕਿ ਕਾਲੋਨੀ ਦੇ ਰੂਪ ਵਿਚ ਇਸ ਦੇਸ਼ ਨੂੰ ਰੱਖਿਆ ਹੋਇਆ ਸੀ । ਇਸ ਲਈ ਜਦੋਂ ਅਸੀਂ ਆਜ਼ਾਦੀ ਪ੍ਰਾਪਤ ਕੀਤੀ ਤਾਂ ਬੜਾ ਨਿਗੂਣਾ ਔਰ ਬੜਾ ਘਾਟੇ ਵਾਲਾ ਇਹ ਸਿਸਟਮ ਸੀ । ਕੇਵਲ 14% ਲੋਕ ਪੜ੍ਹੇ ਲਿਖੇ ਸਨ । ਇਸੇ ਲਈ ਮਹਾਤਮਾ ਗਾਂਧੀ ਜੀ ਨੇ ਕਿਹਾ ਸੀ ਕਿ ਸਭ ਤੋਂ ਅਹਿਮ ਪਰਜਾ ਹੈ । ਅੱਜ 50 ਵਰ੍ਹੇ ਬੀਤ ਗਏ ਹਨ ਔਰ ਪਿਛਲੀਆਂ ਸਰਕਾਰਾਂ ਨੇ ਕਿੰਨਾ ਜ਼ਿਆਦਾ ਇਸ ਨੂੰ ਅੱਖੋਂ ਪਰੋਖੇ ਕੀਤਾ ਹੈ ਲੇਕਿਨ ਇਹ ਮੂੰਹ ਬੋਲਦੀ ਤਸਵੀਰ ਹੈ । ਸਾਡੀ ਕੇਂਦਰੀ ਸਰਕਾਰ ਦਾ ਟਾਰਗੇਟ ਹੈ ਕਿ ਸੰਨ 2005 ਤੱਕ ਅਸੀਂ 100% ਸਾਖਰਤਾ ਪ੍ਰਾਪਤ ਕਰ ਲਵਾਂਗੇ । ਜਿਸ ਤਰ੍ਹਾਂ 50 ਵਰ੍ਹਿਆਂ ਦੇ ਵਿੱਚ ਵਿੱਦਿਆ ਦਾ ਮਾਮਲਾ ਚੱਲਿਆ ਹੈ, ਮੈਨੂੰ ਨਹੀਂ ਉਮੀਦ ਕਿ ਇਸ ਨਿਸ਼ਾਨੇ ਦੀ ਪੂਰਤੀ ਹੋ ਸਕੇਗੀ । ਪੰਜਾਬ ਜਿਹੜਾ ਹੋਰ ਪੱਖਾਂ ਤੋਂ ਦੇਸ਼ ਦੇ ਬਹੁਤ ਉਨੱਤ ਸੂਬਿਆਂ ਵਿੱਚ ਸਮਝਿਆ ਜਾਂਦਾ ਹੈ, ਉਸ ਦੇ ਵਿੱਚ ਵਿੱਦਿਆ ਦਾ ਮਿਆਰ ਉੱਚਾ ਨਹੀਂ ਕਰ ਸਕਿਆ ਔਰ ਪੂਰਨ ਸਾਖਰਤਾ ਪ੍ਰਾਪਤ ਨਹੀਂ ਕਰ ਸਕਿਆ । ਇਹ ਬੜਾ ਡਿਟੇਲਡ ਵਿਸ਼ਾ ਹੈ, ਇਸ ਲਈ ਇਸ ਵਿਸ਼ੇ ਉੱਤੇ ਬੜੀ ਗੰਭੀਰਤਾ ਨਾਲ ਵਿਚਾਰ ਹੋ ਰਹੀ ਹੈ । ਜਿਹੜੇ ਮਨੁੱਖੀ ਵਿਕਾਸ ਸੰਸਧਾਨ ਹਨ, ਇਨ੍ਹਾਂ ਦੀ ਪ੍ਰਗਤੀ ਕਿਸੇ ਸਮਾਜ ਦੇ ਲਈ ਬੜੀ ਜ਼ਰੂਰੀ ਹੈ। ਸਾਡੇ ਕੋਲ ਕਿੰਨੀ ਵੀ ਜ਼ਮੀਨ ਹੋਵੇ,ਸਾਡੇ

[ਸਰਦਾਰ ਮੱਖਣ ਸਿੰਘ]

ਕੋਲ ਕਿੰਨਾ ਵੀ ਇਨਫ੍ਰਾਸਟ੍ਰਕਚਰ ਹੋਵੇ, ਮਸ਼ੀਨਰੀ ਹੋਵੇ ਕਿੰਨੀ ਵੀ ਕੈਪੀਟਲ ਪਈ ਹੋਵੇ, ਸਰਮਾਇਆ ਪਿਆ ਹੋਵੇ, ਕਿੰਨੇ ਵੀ ਸਾਡੇ ਕੋਲ ਇੰਟਰਪ੍ਰੇਨਿਊਰਜ਼ ਬੈਠੇ ਹੋਣ, ਜਿੰਨੀ ਦੇਰ ਮਨੁੱਖੀ ਸਾਧਨਾ ਦਾ ਵਿਕਾਸ ਨਹੀਂ ਹੁੰਦਾ, ਉਨੀਂ ਦੇਰ ਕੋਈ ਵੀ ਸਮਾਜ ਚੱਲ ਨਹੀਂ ਸਕਦਾ ਅਤੇ ਵਿਕਾਸ ਨਹੀਂ ਹੋ ਸਕਦਾ। ਇਸ ਲਈ ਹੀ ਸਾਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਪੈ ਰਿਹਾ ਹੈ, ਕਿਉਂਕਿ ਪਿਛਲੇ ਸਮੇਂ ਦੇ ਵਿੱਚ ਲਗਾਤਾਰ ਇਸ ਨੂੰ ਇਗਨੋਰ ਕੀਤਾ ਜਾਂਦਾ ਰਿਹਾ ਹੈ। ਅੱਜ ਵੀ ਅਸੀਂ ਦੇਖਦੇ ਹਾਂ ਸ਼ਹਿਰਾਂ ਦੇ ਵਿੱਚ ਵੀ ਅਤੇ ਪਿੰਡਾਂ ਦੇ ਵਿੱਚ ਵੀ ਕਿ ਬੜੇ ਥਾਈਂ ਨਿੱਕੇ ਨਿੱਕੇ ਹਨੇਰੇ ਕਮਰਿਆਂ ਵਿੱਚ ਸਾਡੇ ਨੰਨੇ ਮੁੰਨੇ ਵਿੱਦਿਆ ਦੀ ਪ੍ਰਾਪਤੀ ਲਈ ਜਾਂਦੇ ਹਨ। ਜਿਥੇ ਬਹੁਤ ਵਧੀਆ ਵਾਤਾਵਰਣ ਨਹੀਂ ਮਿਲਦਾ, ਕਦੇ ਰੌਸ਼ਨੀ ਪ੍ਰਾਪਤ ਨਹੀਂ ਹੁੰਦੀ। ਸਾਡਾ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ। ਜਿਥੇ ਖੇਡਾਂ ਦਾ ਮੈਦਾਨ ਨਾ ਹੋਵੇ ਜਿਹੜਾ ਕਿ ਇਸ ਬਾਲ ਉਮਰ ਲਈ ਬੜਾ ਜ਼ਰੂਰੀ ਹੈ ਜੇਕਰ ਵਿੱਦਿਆ ਦੇ ਨਾਲ ਨਾਲ ਸਕੂਲ ਵਿੱਚ ਖੇਡਾਂ ਦਾ ਮੈਦਾਨ ਨਹੀਂ ਤਾਂ ਬੱਚਿਆਂ ਦੀ ਸਿਹਤ ਨਹੀਂ ਹੈ। ਇਸ ਤਰ੍ਹਾਂ ਦੇ ਵਾਤਾਵਰਣ ਵਿੱਚ. ਪ੍ਰਦੂਸ਼ਤ ਵਾਤਾਵਰਣ ਦੇ ਵਿੱਚ ਬੱਚੇ ਕਿਸ ਤਰ੍ਹਾਂ ਵਿੱਦਿਆ ਹਾਸਲ ਕਰਨਗੇ। ਕਿਸੇ ਸਮੇਂ ਮੈਂ ਬਠਿੰਡਾ ਦਾ ਮਿਊਂਸੀਪਲ ਕਮਿਸ਼ਨਰ ਸੀ, ਇਹ ਪੁਰਾਣੀ ਗੱਲ ਹੈ। ਇੱਕ ਧਰਮ-ਸ਼ਾਲਾ ਨੂੰ ਲੈ ਕੇ ਉਸ ਦੇ ਵਿਚ ਦੋ ਕਮਰੇ ਬਣਾ ਕੇ ਪ੍ਰਾਇਮਰੀ ਦੀਆਂ 5 ਕਲਾਸਾਂ ਚਲਾਈਆਂ ਜਾਂਦੀਆਂ ਸਨ. ਇਹ ਬੜੀ ਹਾਸੋ-ਹੀਣੀ ਗੱਲ ਹੈ। ਜਿਸ ਤਰ੍ਹਾਂ ਮਾਸਟਰ ਮੋਹਨ ਲਾਲ ਜੀ ਨੇ ਗੱਲ ਕੀਤੀ ਹੈ ਕਿ ਜੋ ਸਕੂਲਾਂ ਦੀ ਅੱਜ ਹਾਲਤ ਹੋ ਗਈ ਹੈ, ਕੋਈ ਟੀਚਰ ਨਹੀਂ ਹੈ, ਕੋਈ ਬਲੈਕਬੋਰਡ ਨਹੀਂ ਹੈ, ਬੱਚਿਆਂ ਦੇ ਬੈਠਣ ਵਾਸਤੇ ਕੋਈ ਟਾਟ ਨਹੀਂ ਹੈ। ਜਿਹੜੀਆਂ ਜ਼ਰੂਰੀ ਗੱਲਾਂ ਹਨ ਉਨ੍ਹਾਂ ਨੂੰ ਛੱਡੋ ਇਹ ਚੀਜ਼ਾਂ ਵੀ ਉਨ੍ਹਾਂ ਸਕੂਲਾਂ ਦੇ ਵਿੱਚ ਨਹੀਂ ਹਨ। ਲੈਬਾਰਟਰੀਜ਼ ਦੀ ਜ਼ਰੂਰਤ ਹੈ ਤਾਂਕਿ ਜਿਹੜੇ ਸਾਇੰਸ ਦੇ ਬੱਚੇ ਹਨ ਉਹ ਪ੍ਰਯੋਗਸ਼ਾਲਾਵਾਂ ਦੇ ਵਿੱਚ ਪ੍ਰਯੋਗ ਕਰ ਸਕਣ। ਇਹ ਕਿਤੇ ਨਹੀਂ ਹੈ ਪ੍ਰਯੋਗਸ਼ਾਲਾਵਾਂ ਦੀ ਘਾਟ ਹੈ, ਲਾਇਬਰੇਰੀਆਂ ਦੀ ਘਾਟ ਹੈ। ਵਿਦਿਆ ਨੂੰ ਪ੍ਰਫੁਲਤ ਕਰਨ ਵਾਸਤੇ ਚੰਗੀ ਬੁਨਿਆਦ ਦੀ ਲੋੜ ਹੁੰਦੀ ਹੈ। ਮੈਂ ਪਹਿਲਾਂ ਵੀ ਕਿਹਾ ਸੀ ਇਸ ਸਦਨ ਦੇ ਵਿੱਚ ਕਿ 14 ਅਗਸਤ ਨੂੰ ਹਿੰਦੁਸਤਾਨ ਦੀ ਪਾਰਲੀਮੈਂਟ ਦੇ ਵਿੱਚ ਇੱਕ ਵਿਸ਼ੇਸ਼ ਸਮਾਗਮ ਰਾਤ ਦੇ ਗਿਆਰਾਂ ਵਜੇ ਹੋਵੇਗਾ। ਉਸ ਸਮਾਗਮ ਦੇ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਦੀ ਤਕਰੀਰ ਵੀ ਸੁਨਾਉਣੀ ਹੈ ਜਿਹੜੀ ਕਿ ਉਨ੍ਹਾਂ ਨੇ 15 ਅਗਸਤ ਨੂੰ ਆਜ਼ਾਦੀ ਦੇ ਸਮੇਂ ਦਿੱਤੀ ਸੀ। ਪਿਛਲੇ 50 ਵਰ੍ਹਿਆਂ ਦੀਆਂ ਜੋ ਸਾਡੀਆਂ ਪ੍ਰਾਪਤੀਆਂ ਹਨ, ਉਨ੍ਹਾਂ ਦਾ ਵਰਨਣ ਵੀ ਕੀਤਾ ਜਾਵੇਗਾ। ਪਰ ਜੇ ਅਸੀਂ ਦੇਖੀਏ ਕਿ ਜਿਹੜਾ ਸਾਡਾ ਸਭ ਤੋਂ ਮਹੱਤਵਪੂਰਨ ਖੇਤਰ ਵਿਦਿਆ ਦਾ ਹੈ ਤਾਂ ਬੜੀ ਸ਼ਰਮ ਆਉਂਦੀ ਹੈ ਕਿ ਅਸੀਂ ਪਿਛਲੇ 50 ਵਰ੍ਹਿਆਂ ਦੇ ਵਿਚ ਕੀ ਪ੍ਰਾਪਤੀ ਕੀਤੀ ਹੈ। ਅਸੀਂ ਹੁਣ ਕੋਸ਼ਿਸ਼ ਕੀਤੀ ਹੈ। ਪੰਜਾਬ ਦੀ ਮੌਜੂਦਾ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਸ ਖੇਤਰ ਵੱਲ ਉਚੇਚੇ ਰੂਪ ਵਿੱਚ ਗਹਿਰਾਈ ਤੱਕ ਗੰਭੀਰ ਹੋ ਕੇ ਧਿਆਨ ਦਿੱਤਾ ਜਾਵੇ ਕਿਉਂਕਿ ਪਿਛਲੀ ਸਰਕਾਰ ਨੇ ਕੁਝ ਨਹੀਂ ਕੀਤਾ। ਪਿਛਲੇ 5 ਵਰ੍ਹਿਆਂ ਦੇ ਵਿੱਚ ਲਗਾਤਾਰ ਅਪਗ੍ਰੇਡੇਸ਼ਨ ਹੁੰਦੀ ਰਹੀ, ਪ੍ਰਾਇਮਰੀ ਸਕੂਲ ਨੂੰ ਮਿਡਲ, ਮਿਡਲ ਨੂੰ ਹਾਈ ਅਤੇ ਹਾਈ ਨੂੰ ਸੀਨੀਅਰ ਸੈਕੰਡਰੀ ਸਕੂਲ ਬਣਾ ਦਿੱਤਾ। ਪਿਛਲੀ ਸਰਕਾਰ ਨੇ ਸਕੂਲ ਅਪਗ੍ਰੇਡ ਕਰ ਦਿੱਤੇ ਪਰ ਉਨ੍ਹਾਂ ਸਕੂਲਾਂ ਦੇ ਲਈ ਨਾ ਕੋਈ ਬਿਲਡਿੰਗ ਉਸਾਰੀ ਅਤੇ ਨਾ ਹੀ ਅਧਿਆਪਕਾਂ ਦਾ ਪ੍ਰਬੰਧ ਕੀਤਾ। ਸਾਡੀ ਸਰਕਾਰ ਨੇ ਤਹੱਈਆ ਕੀਤਾ ਹੈ ਕਿ ਉਦੋਂ ਤੱਕ ਇਕ ਵੀ ਸਕੂਲ ਅਪਗ੍ਰੇਡ ਨਹੀਂ

ਕਰਨਾ ਜਿਨਾ ਚਿਰ ਤੱਕ ਜੋ ਪੁਰਾਣੇ ਸਕੂਲ ਅਪਗਰੇਡ ਕੀਤੇ ਹੋਏ ਹਨ, ਉਨ੍ਹਾਂ ਦੀਆਂ ਬਿਲਡਿੰਗਾਂ ਅਤੇ ਉਨ੍ਹਾਂ ਦੇ ਵਿੱਚ ਅਧਿਆਪਕਾਂ ਦੀ ਪੂਰਤੀ ਨਹੀਂ ਹੋ ਜਾਂਦੀ। ਇਸ ਤਰ੍ਹਾਂ ਪਹਿਲਾਂ ਅਪਗ੍ਰੇਡ ਕੀਤੇ ਹੋਏ ਸਕੂਲਾਂ ਦੇ ਲਈ ਬਿਲਡਿੰਗਾਂ ਤੇ ਅਧਿਆਪਕਾਂ ਦੀ ਪੂਰਤੀ ਹੋਣ ਤੋਂ ਬਾਅਦ ਹੀ ਨਵੇਂ ਸਕੂਲ ਅਪਗਰੇਡ ਕੀਤੇ ਜਾਣਗੇ। ਫਿਰ ਅਧਿਆਪਕ ਵਰਗ ਔਰ ਦੂਜਾ ਮੁਲਾਜ਼ਮ ਵਰਗ ਜਿਹੜਾ ਇਸ ਗੱਲ ਵੱਲ ਦੇਖ ਰਿਹਾ ਸੀ ਅਤੇ ਤਰਸ ਰਿਹਾ ਸੀ ਕਿ ਤਨਖਾਹ ਕਮਿਸ਼ਨ ਦੀ ਰਿਪੋਰਟ ਕਦੋਂ ਆਏਗੀ ਅਤੇ ਸਾਡੇ ਬਣਦੇ ਹੱਕ ਕਦੋਂ ਸਾਨੂੰ ਦਿੱਤੇ ਜਾਣਗੇ। ਅਗਰ ਅਧਿਆਪਕ ਪ੍ਰਸੰਨ ਹੋਵੇਗਾ ਤਾਂ ਉਹ ਚਿੰਤਾ ਮੁਕਤ ਹੋ ਕੇ ਬੱਚਿਆਂ ਨੂੰ ਪੜ੍ਹਾ ਸਕੇਗਾ। ਪਰ ਹਾਲਤ ਇਹ ਹੈ ਕਿ ਜਿਸ ਕਮਿਸ਼ਨ ਨੇ ਆਪਣੀ ਰਿਪੋਰਟ ਜਨਵਰੀ, 1995 ਵਿੱਚ ਦੇਣੀ ਸੀ ਅੱਜ ਜੂਨ, 1997 ਆ ਗਿਆ ਹੈ ਹਾਲੇ ਤੱਕ ਰਿਪੋਰਟ ਨਹੀਂ ਆਈ ਪਰ ਸਾਡੀ ਸਰਕਾਰ ਬਣਨ ਤੋਂ ਬਾਅਦ ਅਸੀਂ ਐਸ. ਐਸ. ਸੰਧਾਵਾਲੀਆ ਨੂੰ ਰਿਪੋਰਟ 15 ਜੁਲਾਈ ਤੱਕ ਦੇਣ ਲਈ ਕਿਹਾ ਹੈ। ਅਸੀਂ ਰਿਪੋਰਟ ਦੇਣ ਦੀ ਹੀ ਗੱਲ ਨਹੀਂ ਕੀਤੀ ਕਿ ਲੈ ਕੇ ਰੱਖ ਲਈਏ ਸਗੋਂ ਇਸ ਦੇ ਲਈ ਅਸੀਂ ਬਜਟ ਵਿਚ 400 ਕਰੋੜ ਰੁਪਏ ਦੀ ਵਿਵਸਥਾ ਵੀ ਕੀਤੀ ਹੈ ਤਾਂ ਕਿ ਜੋ ਰਿਕੁਮੈਂਡੇਸ਼ਨਜ਼ ਹੋਣਗੀਆਂ ਉਹ ਲਾਗੂ ਕੀਤੀਆਂ ਜਾ ਸਕਣ। ਹੁਣ ਮੁਲਾਜ਼ਮ ਨੂੰ ਆਸ ਹੈ ਅਤੇ ਉਹ ਸੰਤੁਸ਼ਟ ਹੈ। ਅੱਜ ਅਧਿਆਪਕ ਵਰਗ ਦਾ ਵੀ ਪੇਅ ਕਮਿਸ਼ਨ ਦੇ ਪ੍ਰਤੀ ਸੰਤੋਸ਼ ਹੈ ਅਤੇ ਉਹ ਆਸਵੰਦ ਹਨ।

"ਮਾਲਕ ਦੀ ਬੇਨਿਆਜ਼ੀ ਨਾਲੋਂ ਜੋ ਕੁਮਲਾ ਗਏ,
ਕੱਲ੍ਹ ਨੂੰ ਉਹ ਫੁੱਲ ਬਾਗੀਂ ਖਿੜਨਗੇ, ਮੁਸਕਰਾਉਣਗੇ।"

ਸੋ ਅੱਜ ਅਸੀਂ ਆਸਵੰਦ ਹਾਂ। ਸਾਡਾ ਜੋ ਅੱਜ ਵਿਦਿਅਕ ਢਾਂਚਾ ਹੈ ਉਸ ਦੇ ਵਿੱਚ ਜੋ ਊਣਤਾਈਆਂ ਹਨ, ਉਨ੍ਹਾਂ ਨੂੰ ਦੂਰ ਕੀਤਾ ਜਾਵੇਗਾ ਔਰ ਇਕ ਵਧੀਆ ਵਿਦਿਅਕ ਢਾਂਚਾ ਬਣਾ ਕੇ ਲੋਕਾਂ ਨੂੰ ਦਿੱਤਾ ਜਾਵੇਗਾ। ਜਿਹੜੀਆਂ ਬੁਨਿਆਦੀ ਗੱਲਾਂ ਹਨ ਉਨ੍ਹਾਂ ਵੱਲ ਅੱਜ ਧਿਆਨ ਨਹੀਂ ਦਿੱਤਾ ਜਾਂਦਾ, ਇਹ ਇੱਕ ਬਹੁਤ ਗੰਭੀਰ ਗੱਲ ਹੈ। ਇਸ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਦੁਨੀਆਂ ਭਰ ਦੇ ਮਨੋਵਿਗਿਆਨੀਆਂ ਦਾ ਇਹ ਮੰਨਿਆ ਹੋਇਆ ਸਿੱਟਾ ਹੈ ਕਿ ਜਿਸ ਵਿਅਕਤੀ ਨੇ ਮੁੱਢਲੀ ਵਿੱਦਿਆ ਆਪਣੀ ਮਾਤਰੀ ਜ਼ਬਾਨ ਵਿੱਚ ਹਾਸਲ ਨਹੀਂ ਕੀਤੀ, ਉਸ ਦੀ ਬੁੱਧੀ ਦਾ ਪੂਰਨ ਵਿਕਾਸ ਨਹੀਂ ਹੋ ਸਕਦਾ। ਅਸੀਂ ਇਸ ਦੇ ਉਲਟ ਮਾਤਰੀ ਜ਼ਬਾਨ ਨੂੰ ਛੱਡ ਕੇ ਹੋਰਨਾਂ ਜ਼ਬਾਨਾਂ ਵਿੱਚ ਬੁਨਿਆਦੀ ਵਿਦਿਆ ਹਾਸਲ ਕਰਨ ਦਾ ਯਤਨ ਕਰਦੇ ਹਾਂ ਕਿ ਇਸ ਨਾਲ ਬੁੱਧੀ ਦਾ ਜ਼ਿਆਦਾ ਵਿਕਾਸ ਹੁੰਦਾ ਹੈ। ਜਦੋਂ ਅਸੀਂ ਕਾਲਜ ਵਿੱਚ ਜਾਂਦੇ ਹਾਂ ਤਾਂ ਉਥੇ ਸਾਰੇ ਹੀ ਇਕੱਠੇ ਹੋ ਜਾਂਦੇ ਹਨ। ਚਾਹੇ ਮੇਰੇ ਵਰਗਾ ਤੱਪੜ ਸਕੂਲ ਦਾ ਪੜ੍ਹਿਆ ਹੋਵੇ, ਚਾਹੇ ਪਬਲਿਕ ਸਕੂਲ ਦਾ ਪੜ੍ਹਿਆ ਹੋਵੇ ਅਤੇ ਜਾਂ ਫਿਰ ਕਾਨਵੈਂਟ ਸਕੂਲ ਦਾ ਪੜ੍ਹਿਆ ਹੋਇਆ ਹੋਵੇ। ਮੈਂ ਤਾਂ ਕਦੇ ਕਾਲਜ ਜ਼ਿੰਦਗੀ ਵਿੱਚ ਇਹ ਮਹਿਸੂਸ ਨਹੀਂ ਕੀਤਾ ਕਿ ਉਹ ਕਾਨਵੈਂਟ ਐਜੂਕੇਟਿਡ ਹੈ ਜਾਂ ਫਿਰ ਸੋ ਕਾਲਡ ਪਬਲਿਕ ਸਕੂਲ ਦਾ ਪੜ੍ਹਿਆ ਹੋਇਆ ਹੈ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬੇਸਿਕ ਗੱਲ ਮਾਤਰੀ ਜ਼ਬਾਨ ਵਿੱਚ ਤਾਲੀਮ ਹਾਸਲ ਕਰਨ

[ਸਰਦਾਰ ਮੱਖਣ ਸਿੰਘ]

ਦੀ ਭਾਵਨਾ ਸਾਰੇ ਪੰਜਾਬ ਦੇ ਲੋਕਾਂ ਦੇ ਦਿਮਾਗ ਵਿੱਚ ਭਰਨੀ ਚਾਹੀਦੀ ਹੈ। ਦੁਨੀਆਂ ਭਰ ਦੇ ਮਨੋਵਿਗਿਆਨੀਆਂ ਦਾ ਮੰਨਿਆ ਹੋਇਆ ਹੈ ਕਿ ਹੋਰਨਾਂ ਭਾਸ਼ਾਵਾਂ ਵਿੱਚ ਮੁੱਢਲੀ ਵਿਦਿਆ ਲੈਣ ਨਾਲ ਪੂਰਨ ਵਿਕਾਸ ਨਹੀਂ ਹੁੰਦਾ। ਇਸ ਹਾਊਸ ਵਿੱਚ ਜਦੋਂ ਕਦੇ ਤਕਰੀਰ ਕਰਨ ਦਾ ਮੌਕਾ ਕਿਸੇ ਨੂੰ ਦਿੱਤਾ ਜਾਂਦਾ ਹੈ ਤਾਂ ਉਹ ਬੜੇ ਖੂਬਸੂਰਤ ਸ਼ਬਦਾਂ ਦਾ ਜਾਲ ਬਣਾ ਕੇ ਪੇਸ਼ ਕਰਦੇ ਹਨ। ਚਾਹੇ ਉਹ ਮੇਰੇ ਵਰਗਾ ਬੰਦਾ, ਜਿਸ ਨੇ ਕਦੇ ਸਕੂਲ ਦਾ ਮੂੰਹ ਤੱਕ ਨਾ ਦੇਖਿਆ ਹੋਵੇ। ਅੱਜ ਗੱਲਾਂ ਕਰਦੇ ਹਨ ਕਿ ਵਿੱਦਿਆ ਵਿੱਚ ਨਿਘਾਰ ਆ ਗਿਆ, ਨਕਲਾਂ ਚਲਦੀਆਂ ਹਨ, ਬੜੀਆਂ ਪਰਚੀਆਂ ਫੜੀਆਂ ਗਈਆਂ, ਟੋਕਰਿਆਂ ਦੇ ਟੋਕਰੇ ਫੜੇ ਜਾਂਦੇ ਹਨ। ਸਾਨੂੰ ਆਦਰਸ਼ ਸਿਰਫ ਲੋਕਾਂ ਨੂੰ ਦੱਸਣ ਵਾਸਤੇ ਨਹੀਂ ਸਗੋਂ ਆਪਣੀ ਜ਼ਿੰਦਗੀ ਉੱਤੇ ਵੀ ਇਨ੍ਹਾਂ ਨੂੰ ਢੁਕਾਉਣਾ ਚਾਹੀਦਾ ਹੈ, ਅਮਲ ਵਿੱਚ ਲਿਆਉਣਾ ਚਾਹੀਦਾ ਹੈ, ਦਿਖਾਉਣਾ ਚਾਹੀਦਾ ਹੈ ਕਿ ਮੈਂ ਇਸ ਗੱਲ ਵਿੱਚ ਧਨੀ ਹਾਂ, ਜ਼ਿੰਦਗੀ ਵਿੱਚ ਇਸੇ ਗਲ ਉੱਤੇ ਅਮਲ ਕਰਦਾ ਹਾਂ।

ਵਿਦਿਆ ਦੇ ਮਾਮਲੇ ਵਿੱਚ ਬੜੇ ਲੋਕਾਂ ਨੇ ਵਖਰਵੇਂ ਦੀ ਗੱਲ ਕੀਤੀ ਹੈ। ਇਹ ਤਾਂ ਹੋਵੇਗਾ ਹੀ ਕਿਉਂਕਿ ਇਹ ਹਾਲਾਤ ਦੀ ਮਜਬੂਰੀ ਹੈ। ਜਿਸ ਤਰ੍ਹਾਂ ਆਰਮੀ ਵਾਲੇ ਆਪਣੇ ਸਕੂਲ ਬਣਾਉਂਦੇ ਹਨ, ਇਹ ਉਨ੍ਹਾਂ ਦੀ ਮਜਬੂਰੀ ਹੈ। ਕਿਉਂਕਿ ਆਰਮੀ ਵਾਲਿਆਂ ਨੂੰ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਨੇ ਕਲ੍ਹ ਨੂੰ ਮੇਰਠ ਛਾਉਣੀ ਚਲੇ ਜਾਣਾ ਹੈ, ਫਿਰੋਜ਼ਪੁਰ ਛਾਉਣੀ ਚਲੇ ਜਾਣਾ ਹੈ, ਪਾਲਮ ਚਲੇ ਜਾਣਾ ਹੈ, ਜਾਂ ਤ੍ਰਿਵੇਂਦਰਮ ਚਲੇ ਜਾਣਾ ਹੈ। ਵੱਖ ਵੱਖ ਪ੍ਰਦੇਸ਼ਾਂ ਦੇ ਆਪਣੇ ਵਿਦਿਅਕ ਢਾਂਚੇ ਹੁੰਦੇ ਹਨ। ਉਨ੍ਹਾਂ ਵਿੱਚ ਉਨ੍ਹਾਂ ਦੇ ਬੱਚੇ ਤਾਲੀਮ ਹਾਸਲ ਨਹੀਂ ਕਰ ਸਕਦੇ। ਨੈਸ਼ਨਲ ਫਰਟੀਲਾਈਜ਼ਰ ਦੇ ਮੁਲਾਜ਼ਮ ਨੂੰ ਇਹ ਨਹੀਂ ਪਤਾ ਕਿ ਹਿੰਦੁਸਤਾਨ ਦੇ ਕਿਹੜੇ ਪਲਾਂਟ ਵਿੱਚ ਉਸ ਦੀ ਬਦਲੀ ਹੋ ਜਾਣੀ ਹੈ। ਐਨ. ਆਈ. ਐਸ. ਦੇ ਮੁਲਾਜ਼ਮ ਨੂੰ ਵੀ ਇਹੀ ਮੁਸ਼ਕਲ ਪੇਸ਼ ਆਉਂਦੀ ਹੈ। ਹਿੰਦੁਸਤਾਨ ਦੇ ਕਾਂਸਟੀਚਿਊਸ਼ਨ ਵਿੱਚ ਹਰ ਆਦਮੀ ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਆਪਣੇ ਵਿਚਾਰਾਂ ਨੂੰ ਵਿਅੰਕਤ ਕਰ ਸਕਦਾ ਹੈ। ਉਸ ਦੇ ਅੰਦਰ ਜੋ ਸੋਚ ਹੈ, ਉਸ ਅਨੁਸਾਰ ਉਹ ਪੜ੍ਹ ਸਕਦਾ ਹੈ, ਲਿਖ ਸਕਦਾ ਹੈ। ਵੱਖ ਵੱਖ ਧਾਰਮਿਕ ਸੰਸਥਾਵਾਂ ਦੇ ਆਪਣੇ ਰੀਤੀ ਰਿਵਾਜ ਹੁੰਦੇ ਹਨ ਜਿਸ ਅਨੁਸਾਰ ਉਨ੍ਹਾਂ ਨੂੰ ਪੂਜਾ ਪਾਠ ਕਰਨ ਦਾ ਅਧਿਕਾਰ ਹੈ। ਵਿਦਿਅਕ ਸੰਸਥਾਵਾਂ ਚਲਾਉਣ ਵਾਲਿਆਂ ਨੂੰ ਵੀ ਅਧਿਕਾਰ ਹੈ ਅਤੇ ਦੇਸ਼ ਦਾ ਸੰਵਿਧਾਨ ਉਨ੍ਹਾਂ ਨੂੰ ਇਜਾਜ਼ਤ ਦਿੰਦਾ ਹੈ। ਅਸੀਂ ਸੰਵਿਧਾਨ ਦੇ ਉਲਟ ਜਾ ਕੇ ਕਿਸੇ ਨੂੰ ਆਪਣੀਆਂ ਭਾਵਨਾਵਾਂ ਵਿਅਕਤ ਕਰਨ ਤੋਂ ਨਹੀਂ ਰੋਕ ਸਕਦੇ। ਇਹ ਰੈਜ਼ੋਲਿਊਸ਼ਨ ਲਿਆਉਣਾ ਹਿੰਦੁਸਤਾਨ ਦੇ ਸੰਵਿਧਾਨ ਦੇ ਉਲਟ ਹੈ। ਕਈ ਸੰਸਥਾਵਾਂ ਦਾ ਜ਼ਿਕਰ ਆਇਆ ਹੈ, ਸੌਦੇ ਪੱਤੇ ਦੀਆਂ ਸੰਸਥਾਵਾਂ ਚਲਦੀਆਂ ਹਨ, ਜ਼ਰੂਰ ਚਲਦੀਆਂ ਹੋਣਗੀਆਂ। ਪਰ ਜਿਹੜੀਆਂ ਸਾਡੀਆਂ ਸਰਕਾਰਾਂ ਹਨ, ਚਾਹੇ ਕੇਂਦਰ ਦੀ ਸਰਕਾਰ ਹੈ, ਚਾਹੇ ਸੂਬੇ ਦੀ ਸਰਕਾਰ ਹੈ, 50 ਸਾਲ ਹੋ ਗਏ ਹਨ ਕੀ ਇਨ੍ਹਾਂ ਨੇ ਲੋੜਾਂ ਦੀ ਪੂਰਤੀ ਕੀਤੀ ਹੈ? ਵਿੱਦਿਆ ਦੇ ਮਿਆਰ ਵਿੱਚ ਜਿਸ ਵਾਧੇ ਦੀ ਲੋੜ ਸੀ ਉਸ ਬਾਰੇ ਇਹ ਕੁਝ ਨਹੀਂ ਕਰ ਸਕੇ। ਅਗਰ ਇਹ ਨਹੀਂ ਕਰ ਸਕੇ ਤਾਂ ਦੂਜਿਆਂ ਨੂੰ ਵੀ ਨਾ ਰੋਕਣ। ਇਕੋ ਜਿਹੀ ਚੀਜ਼, ਇਕੋ ਜਿਹਾ ਸਿਲੇਬਸ ਕਰਨਾ ਮੁਨਾਸਿਬ ਨਹੀਂ। ਸਰਕਾਰ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਲੋੜ ਮੁਤਾਬਕ ਜ਼ਰੂਰਤਾਂ ਮੁਹੱਈਆ ਨਹੀਂ ਕਰ ਸਕੀ ਇਨ੍ਹਾਂ ਪ੍ਰਾਈਵੇਟ

ਇਸਟੀਚਿਊਸ਼ਨਜ਼ ਨੇ ਇਕ ਤਰ੍ਹਾਂ ਨਾਲ ਸਰਕਾਰ ਦੀ ਮਦਦ ਕੀਤੀ ਹੈ ਅਤੇ ਸਰਕਾਰ ਦੇ ਬੋਝ ਨੂੰ ਘੱਟ ਕੀਤਾ ਹੈ। ਜਿਹੜੇ ਬੱਚੇ ਗਲੀਆਂ ਦੇ ਵਿੱਚ ਫਿਰਦੇ ਸਨ ਉਨ੍ਹਾਂ ਨੂੰ ਵਿੱਦਿਆ ਦਿੱਤੀ ਹੈ ਅਤੇ ਸਮਾਜ ਦੀ ਸੇਵਾ ਕੀਤੀ ਹੈ। ਪ੍ਰਾਈਵੇਟ ਖੇਤਰ ਦੇ ਵਿੱਚ ਬੀ.ਐਡ. ਕਾਲਜ ਹਨ ਅਤੇ ਹੋਰ ਕਈ ਮੈਡੀਕਲ ਅਤੇ ਇੰਜਨੀਅਰਿੰਗ ਕਾਲਜ ਹਨ ਜਿਨ੍ਹਾਂ ਵਿੱਚ ਸਾਡੇ ਬੱਚੇ ਵਿਦਿਆ ਪ੍ਰਾਪਤ ਕਰ ਰਹੇ ਹਨ। ਇਥੇ ਕਿਹਾ ਗਿਆ ਕਿ ਇਹ ਪ੍ਰਾਈਵੇਟ ਅਦਾਰੇ ਲੋਕਾਂ ਨੂੰ ਫੀਸਾਂ ਦੇ ਰਾਹੀਂ ਲੁੱਟ ਰਹੇ ਹਨ। ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ। ਸਾਡੇ ਮਾਨਸਾ ਜ਼ਿਲ੍ਹੇ ਦੇ ਵਿੱਚ ਇਕ ਡੈਂਟਲ ਕਾਲਜ ਹੈ, ਉਸ ਬਾਰੇ ਇਥੇ ਕਿਹਾ ਗਿਆ ਕਿ ਉਹ ਬੱਚਿਆਂ ਨੂੰ ਲੁੱਟ ਰਹੇ ਹਨ, ਬਿਲਕੁਲ ਗਲਤ ਬਿਆਨੀ ਕੀਤੀ ਗਈ ਹੈ ਬਲਕਿ ਉਹ ਕਾਲਜ ਮਾਨਸਾ ਦੇ ਵਿਚ ਬੜੀ ਸੇਵਾ ਕਰ ਰਿਹਾ ਹੈ। ਇਸ ਅਸੈਂਬਲੀ ਦੇ ਵਿੱਚ ਵਾਰ ਵਾਰ ਉਸ ਕਾਲਜ ਦਾ ਜ਼ਿਕਰ ਕੀਤਾ ਜਾਂਦਾ ਰਿਹਾ ਹੈ। ਇਸ ਕਾਲਜ ਬਾਰੇ ਜ਼ਿਕਰ ਕਰਕੇ ਹਾਊਸ ਦਾ ਟਾਈਮ ਜ਼ਾਇਆ ਕੀਤਾ ਜਾਂਦਾ ਰਿਹਾ ਹੈ। ਇਹ ਵਿਸ਼ਾ ਬੜਾ ਲੰਬਾ ਚੌੜਾ ਹੈ ਇਸ ਉਤੇ ਇਤਨੇ ਥੋੜ੍ਹੇ ਸਮੇਂ ਵਿੱਚ ਨਿਚੋੜ ਅਤੇ ਤੱਥ ਨਹੀਂ ਕੱਢੇ ਜਾ ਸਕਦੇ। ਇਸ ਦੇ ਲਈ ਸਾਡੇ ਬੜੇ ਬੜੇ ਸਕਾਲਰਜ਼ ਅਤੇ ਐਜੂਕੇਸ਼ਨਿਸ਼ਟ ਬੈਠੇ ਹਨ, ਉਨ੍ਹਾਂ ਦੀ ਰਾਏ ਲਈ ਜਾ ਸਕਦੀ ਹੈ ਅਤੇ ਵਿਚਾਰ ਵਟਾਂਦਰਾ ਕੀਤਾ ਜਾ ਸਕਦਾ ਹੈ।

ਕਾਮਰੇਡ ਹਰਦੇਵ ਅਰਸ਼ੀ: ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਹ ਜ਼ਰੂਰੀ ਨਹੀਂ ਹੁੰਦਾ ਕਿ ਅਗਰ ਕੋਈ ਮੈਂਬਰ ਕੋਈ ਗੱਲ ਹਾਊਸ ਦੇ ਵਿੱਚ ਪੁੱਟ ਕਰੇ ਕੋਈ ਉਸ ਦਾ ਜਵਾਬ ਦੇਵੇ ਅਤੇ ਗਲਤ ਇਲਜ਼ਾਮਬਾਜ਼ੀ ਕਰੇ। ਇਸ ਤਰ੍ਹਾਂ ਦੀ ਗੱਲ ਦਾ ਗੰਭੀਰਤਾ ਨਾਲ ਨੋਟਿਸ ਲੈਣਾ ਚਾਹੀਦਾ ਹੈ। ਮੇਰੇ ਜ਼ਿਲ੍ਹੇ ਦੇ ਵਿੱਚ ਜਿਹੜਾ ਡੈਂਟਲ ਕਾਲਜ ਹੈ ਉਸ ਬਾਰੇ ਜੋ ਕੁਝ ਮੈਂ ਕਿਹਾ ਹੈ ਉਸ ਦੇ ਲਈ ਹਾਊਸ ਦੀ ਇਮੀਜੇਟਲੀ ਇਕ ਕਮੇਟੀ ਬਣਾ ਦਿੱਤੀ ਜਾਵੇ ਜਿਹੜੀ ਇਸ ਦੀ ਪੂਰੀ ਪੜਤਾਲ ਕਰੇ ਅਤੇ 15-20 ਦਿਨਾਂ ਦੇ ਵਿੱਚ ਹਾਊਸ ਵਿੱਚ ਰਿਪੋਰਟ ਪੇਸ਼ ਕਰੇ ਅਤੇ ਕਮੇਟੀ ਕਾਲਜ ਦੇ ਰਿਕਾਰਡ ਨੂੰ ਵੇਖੇ ਅਤੇ ਬੱਚਿਆਂ ਦੇ ਭਵਿੱਖ ਨੂੰ ਵੀ ਵੇਖਿਆ ਜਾਵੇ। ਇਸ ਸਾਰੀ ਜਾਂਚ ਦੀ ਰਿਪੋਰਟ ਹਾਊਸ ਵਿਚ ਡਿਸਕਸ ਕੀਤੀ ਜਾਵੇ।

ਸ੍ਰੀ ਡਿਪਟੀ ਸਪੀਕਰ: ਸਰਦਾਰ ਮੱਖਣ ਸਿੰਘ ਜੀ, ਤੁਸੀਂ ਆਪਣੀ ਸਪੀਚ ਨੂੰ ਖ਼ਤਮ ਕਰੋ।

ਸਰਦਾਰ ਮੱਖਣ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਡੈਂਟਲ ਕਾਲਜ ਦਾ ਜ਼ਿਕਰ ਹੀ ਕੀਤਾ ਹੈ ਅਤੇ ਕਿਹਾ ਹੈ ਕਿ ਇਹ ਸਮਾਜ ਦੀ ਕਾਫੀ ਸੇਵਾ ਕਰ ਰਿਹਾ ਹੈ ਅਤੇ ਅੱਛੇ ਤਰੀਕੇ ਨਾਲ ਕੰਮ ਕਰ ਰਿਹਾ ਹੈ। ਇਸ ਵਿਸ਼ੇ ਨੂੰ ਬੜੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਇਸ ਵਿਦਿਅਕ ਖੇਤਰ ਦੇ ਵਿਚ ਜਿਨ੍ਹਾਂ ਲੋਕਾਂ ਦਾ ਤਜਰਬਾ ਹੈ, ਉਨ੍ਹਾਂ ਤੋਂ ਸਲਾਹ ਮਸ਼ਵਰਾ ਲੈਣਾ ਚਾਹੀਦਾ ਹੈ ਅਤੇ ਇਥੇ ਜਿਹੜੀ ਵੀ ਗੱਲ ਕੀਤੀ ਜਾਵੇ ਉਹ ਬੜੀ ਸੋਚ ਸਮਝ ਕੇ ਸੂਝ-ਬੂਝ ਦੇ ਨਾਲ ਕਹਿਣੀ ਚਾਹੀਦੀ ਹੈ। ਇਸ ਲਈ ਸਾਨੂੰ ਪਹਿਲੇ ਆਪਣੇ

[ਸਰਦਾਰ ਮੱਖਣ ਸਿੰਘ]

ਵਿੱਦਿਆ ਦੇ ਮਿਆਰ ਨੂੰ ਉਚਾ ਚੁੱਕਣਾ ਚਾਹੀਦਾ ਹੈ ਔਰ ਸਾਡੀ ਸਰਕਾਰ ਇਸ ਤਰਫ ਪਹਿਲੇ ਹੀ ਯਤਨ ਕਰ ਰਹੀ ਹੈ, ਫੇਰ ਇਹ ਮਤਾ ਪਤਾ ਨਹੀਂ ਕਿਉਂ ਲਿਆਂਦਾ ਗਿਆ। ਇਸ ਮਤੇ ਨੂੰ ਲਿਆਉਣ ਦੀ ਕਈ ਲੋੜ ਨਹੀਂ ਸੀ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ੍ਰੀ ਡਿਪਟੀ ਸਪੀਕਰ ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਹਾਊਸ ਦਾ ਸਮਾਂ ਬਹੁਤ ਥੋੜ੍ਹਾ ਰਹਿ ਗਿਆ ਹੈ। ਇਸ ਲਈ ਬਾਕੀ ਰਹਿੰਦੇ ਮੈਂਬਰ ਸਾਹਿਬਾਨ ਆਪਣੀ ਗੱਲ 5-5 ਮਿੰਟ ਵਿਚ ਖਤਮ ਕਰਨ ਦੀ ਕੋਸ਼ਿਸ਼ ਕਰਨ।

ਸ੍ਰੀ ਰਾਮ ਲਾਲ (ਨਰੋਟ ਮਹਿਰਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਲਈ ਮੌਕਾ ਦਿੱਤਾ ਹੈ ਜਿਹੜਾ ਚੌਧਰੀ ਜਗਜੀਤ ਸਿੰਘ ਨੇ ਪੇਸ਼ ਕੀਤਾ ਹੈ ਇਸ ਮੁਲਕ ਨੂੰ ਆਜ਼ਾਦ ਹੋਏ 50 ਸਾਲ ਹੋ ਗਏ ਹਨ ਔਰ 50 ਸਾਲਾਂ ਦੇ ਵਿਚ ਕਾਂਗਰਸ ਪਾਰਟੀ ਦਾ ਰਾਜ ਰਿਹਾ ਹੈ ਪਰ ਪਿਛਲੇ 50 ਸਾਲਾਂ ਦੇ ਵਿਚ ਪਿਛਲੀ ਸਰਕਾਰ ਨੇ ਕੋਈ ਠੋਸ ਕਦਮ ਨਹੀਂ ਚੁੱਕੇ ਹਨ। ਜਿਸ ਵਕਤ ਇਨ੍ਹਾਂ ਕੋਲ ਤਾਕਤ ਸੀ ਅਤੇ ਕਲਮ ਸੀ ਉਸ ਵਕਤ ਇਹ ਬੇਹੋਸ਼ ਪਏ ਰਹੇ ਅਤੇ ਜਦੋਂ ਸੱਤਾ ਚਲੀ ਗਈ ਫੇਰ ਇਨ੍ਹਾਂ ਨੂੰ ਹੋਸ਼ ਆਇਆ ਕਿ ਸਾਨੂੰ ਲੋਕਾਂ ਦੇ ਲਈ ਹੁਣ ਕੁਝ ਕਰਨਾ ਚਾਹੀਦਾ ਹੈ। ਜਿਸ ਵਕਤ ਕਲਮ ਦੀ ਤਾਕਤ ਅਤੇ ਘੋੜੇ ਦੀ ਲਗਾਮ ਇਨ੍ਹਾਂ ਦੇ ਹੱਥ ਵਿਚ ਸੀ ਉਸ ਵਕਤ ਇਹ ਕੁਝ ਨਹੀਂ ਕਰ ਸਕੇ, ਇਹ ਇਸ ਤਰਫ ਧਿਆਨ ਨਹੀਂ ਦੇ ਸਕੇ। ਡਿਪਟੀ ਸਪੀਕਰ ਸਾਹਿਬ, ਮੇਰੀ ਇਹ ਗੁਜ਼ਾਰਿਸ਼ ਹੈ ਕਿ ਪਹਿਲੀ ਵਾਰ ਜਦੋਂ ਬਰਨਾਲਾ ਸਾਹਿਬ ਦੀ ਸਰਕਾਰ ਬਣੀ ਤਾਂ ਮੈਂ ਇਸ ਹਾਊਸ ਵਿਚ ਐਮ. ਐਲ. ਏ. ਬਣ ਕੇ ਆਇਆ ਸੀ ਤੇ ਮੈਂ ਹਾਈ ਪਾਵਰ ਕਮੇਟੀ ਦਾ ਮੈਂਬਰ ਬਣਿਆ ਸੀ। ਉਸ ਸਮੇਂ ਗਵਰਨਰ ਸਾਹਿਬ ਨਾਲ ਮੀਟਿੰਗ ਹੋਈ ਤਾਂ ਮੈਂ ਕਿਹਾ ਕਿ ਸਾਲ ਵਿਚ ਦੋ ਮਹੀਨੇ ਐਸੇ ਹੁੰਦੇ ਹਨ ਜਦੋਂ ਕਿ ਬੱਚੇ ਪੜ੍ਹ ਨਹੀਂ ਸਕਦੇ। ਇਸ ਦਾ ਕਾਰਨ ਹੈ ਕਿ ਜਿਹੜੀਆਂ ਸਕੂਲਾਂ ਦੀਆਂ ਬਿਲਡਿੰਗਾਂ ਹਨ ਉਨ੍ਹਾਂ ਦੀਆਂ ਛੱਤਾਂ ਉਤੇ ਖਜੂਰਾਂ ਦੀਆਂ ਲਟੈਨਾਂ ਅਤੇ ਬਾਲੇ ਪਾਉਂਦੇ ਹਾਂ, ਫਿਰ ਉਤੇ ਡੀਲ੍ਹਾਂ ਪਉਂਦੇ ਹਾਂ, ਸੌਂਚਲ ਪਾਉਂਦੇ ਹਾਂ, ਘਾਹ ਪਾਉਂਦੇ ਹਾਂ। ਫਿਰ ਗਵਰਨਰ ਸਾਹਿਬ ਨੇ ਪੁੱਛਿਆ ਕਿ ਡੀਲਾ ਕੀ ਹੁੰਦਾ ਹੈ ? ਸੌਂਚਲ ਕੀ ਹੁੰਦਾ ਹੈ। ਬਾਕੀ ਹਾਜ਼ਰ ਸੱਜਣਾਂ ਨੇ ਦਸਿਆ ਕਿ ਇਹ ਹੁੰਦਾ ਹੈ। ਮੈਂ ਕਿਹਾ ਕਿ ਬਰਸਾਤ ਦੇ ਦਿਨਾਂ ਵਿਚ ਜਦੋਂ ਪਾਣੀ ਮੁੱਢ ਵਿਚੋਂ ਦੀ ਹੋਕੇ ਮੇਜ਼ ਤੇ ਡਿੱਗਦਾ ਹੈ ਤਾਂ ਮਾਸਟਰ ਬੱਚੇ ਨੂੰ ਆਵਾਜ਼ ਦਿੰਦਾ ਹੈ ਕਿ ਘੰਟੀ ਮਾਰ ਦਿਉ ਅਤੇ ਛੁੱਟੀ ਕਰ ਦਿਉ। ਮੈਂ ਗਵਰਨਰ ਸਾਹਿਬ ਨੂੰ ਕਿਹਾ ਕਿ ਮਿਹਰਬਾਨੀ ਕਰਕੇ ਸਕੂਲਾਂ ਵੱਲ ਧਿਆਨ ਦੇ ਕੇ ਇਸ ਨੂੰ ਠੀਕ ਕੀਤਾ ਜਾਵੇ। ਜਦੋਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਦੀ ਸਰਕਾਰ ਪੰਜਾਬ ਵਿਚ ਬਣੀ ਤਾਂ ਨੱਬੇ-ਨੱਬੇ ਹਜ਼ਾਰ/-ਰੁਪਿਆ ਗਰਾਂਟ ਵਜੋਂ ਸਕੂਲਾਂ ਨੂੰ ਦਿੱਤਾ ਗਿਆ ਅਤੇ ਸਾਰਾ ਕੁਝ ਚੇਂਜ ਕਰ ਦਿੱਤਾ ਗਿਆ ਅਤੇ ਸਕੂਲਾਂ ਦੀਆਂ ਕੰਪਲੀਟ ਬਿਲਡਿੰਗਾਂ ਪੈ ਗਈਆਂ ਪਰ ਸੈਂਟਰ ਦੀ ਸਰਕਾਰ ਇਹ ਬਰਦਾਸ਼ਤ ਨਹੀਂ ਕਰ ਸਕੀ ਅਤੇ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਭੰਗ ਕਰ ਦਿੱਤਾ। ਉਸ ਪਿਛੋਂ ਪੰਜ ਸਾਲ ਕਾਂਗਰਸ ਦਾ ਰਾਜ

ਰਿਹਾ ਪਰ ਪੰਜਾਬ ਦੇ ਗਰੀਬ ਲੋਕਾਂ ਵਾਸਤੇ ਇਨ੍ਹਾਂ ਨੇ ਕੁਝ ਨਹੀਂ ਕੀਤਾ ਬਲਕਿ ਕੁਰਸੀਆਂ ਦੀ ਖਾਤਰ ਹੀ ਲੜਦੇ ਰਹੇ । ਕੁਰਸੀ ਨੂੰ ਬਚਾਉਣ ਦੀ ਖਾਤਰ ਹੀ ਲੜਦੇ ਰਹੇ ਅਤੇ ਇਨ੍ਹਾਂ ਨੇ ਕੁਰਸੀ ਦੀਆਂ ਲੱਤਾਂ ਹੀ ਭੰਨ ਦਿੱਤੀਆਂ । (ਹਾਸਾ) ਪਰ ਪੰਜਾਬ ਦੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ ਉਹ ਪੂਰੇ ਨਹੀਂ ਕੀਤੇ । ਸਕੂਲਾਂ ਵੱਲ ਉੱਕਾ ਹੀ ਧਿਆਨ ਕਾਂਗਰਸ ਨੇ ਨਹੀਂ ਦਿੱਤਾ । ਜੇਕਰ ਤੁਸੀਂ ਸਕੂਲਾਂ ਦੇ ਬੱਚਿਆਂ ਦੀ ਹਾਲਤ ਦੇਖੋ ਕਿ ਇਕ ਹੱਥ ਵਿਚ ਬੱਚੇ ਨੇ ਬਸਤਾ ਚੁਕਿਆ ਹੁੰਦਾ ਹੈ ਅਤੇ ਦੂਜੇ ਪਾਸੇ ਕੱਛ ਵਿਚ ਬੋਰੀ ਹੁੰਦੀ ਹੈ । ਪਿਛਲੀ ਸਰਕਾਰ ਨੇ ਪੰਜ ਸਾਲਾਂ ਵਿਚ ਸਕੂਲਾਂ ਵੱਲ ਕੋਈ ਧਿਆਨ ਨਹੀਂ ਦਿੱਤਾ । ਮੇਰੇ ਹਲਕੇ ਵਿਚ ਨੱਕੀ ਪਿੰਡ ਵਿਖੇ ਇਕ ਸਕੂਲ ਹੈ ਉਥੇ 100–125 ਬੱਚਿਆਂ ਨੂੰ ਪੜ੍ਹਨ ਲਈ ਕਿਸੇ ਨੇ ਆਪਣੇ ਘਰ ਥਾਂ ਦਿੱਤੀ ਹੈ ਅਤੇ ਬੱਚੇ ਅੰਬਾਂ ਥੱਲੇ ਬੈਠਕੇ ਪੜ੍ਹਦੇ ਹਨ । ਦੇਸ਼ ਨੂੰ ਆਜ਼ਾਦ ਹੋਇਆਂ 50 ਸਾਲ ਹੋ ਗਏ ਹਨ ਅਤੇ ਅਸੀਂ 26 ਜਨਵਰੀ, 15 ਅਗਸਤ ਹਰ ਸਾਲ ਮਨਾਉਂਦੇ ਹਾਂ ਪਰ ਅੱਜ ਵੀ ਗਰੀਬ ਲੋਕ ਗੁਲਾਮੀ ਦੀਆਂ ਜੰਜ਼ੀਰਾਂ ਵਿਚ ਫਸੇ ਹੋਏ ਹਨ । ਇਸੇ ਤਰ੍ਹਾਂ ਹੀ ਨਡੋਲੀ ਪਿੰਡ ਵਿਖੇ ਇਕ ਸਕੂਲ ਹੈ ਪਰ ਉਸ ਸਕੂਲ ਦੇ ਦਰਵਾਜ਼ੇ ਨਹੀਂ ਅਤੇ ਨਾ ਹੀ ਬਾਰੀਆਂ ਹਨ ਜਿਵੇਂ ਪੰਜਾਬ ਰੋਡਵੇਜ਼ ਦੀਆਂ ਬੱਸਾਂ ਬਾਰੇ ਕਿਹਾ ਜਾਂਦਾ ਹੈ ਕਿ "ਪੰਜਾਬ ਰੋਡਵੇਜ਼ ਦੀ ਲਾਰੀ ਨਾ ਬੂਹੇ ਨਾ ਬਾਰੀ" ।

ਡਿਪਟੀ ਸਪੀਕਰ ਸਾਹਿਬ, ਇਹੀ ਹਾਲ ਇਨ੍ਹਾਂ ਸਕੂਲਾਂ ਦਾ ਹੈ । ਮਾਜਰਾ ਪਿੰਡ ਵਿਚ ਸਕੂਲ ਦੀ ਬਿਲਡਿੰਗ ਦਾ ਲੈਂਟਰ ਪਿਆ ਹੋਇਆ ਹੈ ਪਰ ਉਥੇ ਕੋਈ ਬੱਚਾ ਨਹੀਂ ਪੜ੍ਹ ਰਿਹਾ । ਹੈਰਾਨਗੀ ਦੀ ਗੱਲ ਹੈ ਕਿ ਪਿਛਲੀ ਸਰਕਾਰ ਨੇ ਅਗਰ ਉਸ ਸਕੂਲ ਲਈ ਕੋਈ ਗਰਾਂਟ ਭੇਜੀ ਹੈ ਤਾਂ ਉਹ ਕਾਗਜ਼ਾਂ ਵਿਚ ਹੀ ਦੇਂਦੀ ਰਹੀ ਪਰ ਕੀਤਾ ਕਰਾਇਆ ਕੁਝ ਨਹੀਂ । ਜੇਕਰ ਕਿਸੇ ਮੰਦਰ ਦੀ ਸਫਾਈ ਨਾ ਹੋਵੇ ਅਤੇ ਮੰਦਰ ਦਾ ਪੁਜਾਰੀ ਸਵੇਰੇ ਉਠ ਕੇ ਇਸ਼ਨਾਨ ਨਾ ਕਰੇ ਅਤੇ ਸਫਾਈ ਨਾ ਕਰੇ, ਗੁਰਦੁਆਰੇ ਦਾ ਗ੍ਰੰਥੀ ਸਵੇਰੇ ਉਠਕੇ ਇਸ਼ਨਾਨ ਨਾ ਕਰੇ ਅਤੇ ਗੁਰਦੁਆਰੇ ਦੀ ਸਫਾਈ ਨਾ ਕਰੇ ਅਤੇ ਇਸੇ ਤਰ੍ਹਾਂ ਮਸਜਿਦ ਦਾ ਹਾਲ ਹੋਵੇ ਤਾਂ ਲੋਕ ਕੀ ਕਹਿਣਗੇ ? ਜੇ ਬੱਚਿਆਂ ਦੇ ਬੈਠਣ ਲਈ ਸਕੂਲਾਂ ਵਿਚ ਜਗ੍ਹਾ ਨਹੀਂ ਅਤੇ ਬਰਸਾਤਾਂ ਵਿਚ ਸਿਰ ਲੁਕਾਉਣ ਲਈ ਜਗ੍ਹਾ ਨਹੀਂ ਤਾਂ ਮਾਸਟਰ ਬੱਚਿਆਂ ਨੂੰ ਸਕੂਲਾਂ ਵਿਚ ਕੀ ਪੜ੍ਹਾਉਣਗੇ ? ਮੇਰੀਆਂ ਭੈਣਾਂ ਜੋ ਟੀਚਰ ਹਨ ਉਹ ਸਕੂਲਾਂ ਵਿਚ ਸੇਵਟਰ ਬੁਣਦੀਆਂ ਰਹਿੰਦੀਆਂ ਹਨ, ਅਧਿਆਪਕ ਸਕੂਲਾਂ ਵਿਚ ਨਹੀਂ ਬੈਠਦੇ ਅਤੇ ਇਕ ਦੂਸਰੇ ਨੂੰ ਕਹਿ ਦਿੰਦੇ ਹਨ ਕਿ ਜੇਕਰ ਛਾਪਾ ਮਾਰਨ ਕੋਈ ਆ ਗਿਆ ਤਾਂ ਕਹਿ ਦਿਉ ਕਿ ਛੁੱਟੀ ਤੇ ਹੈ ।

ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਪਵਿੱਤਰ ਸਦਨ ਵਿੱਚ ਬੈਠਕੇ ਅਸੀਂ ਲੋਕਾਂ ਦਾ ਭਲਾ ਕਰੀਏ, ਜੇ ਅਸੀਂ ਭਲਾ ਨਹੀਂ ਕਰਨਾ ਚਾਹੁੰਦੇ ਤਾਂ ਫਿਰ ਅਸੀਂ ਇਥੇ ਹਾਊਸ ਵਿਚ ਕਿਸ ਵਾਸਤੇ ਆਏ ਹਾਂ । ਮੈਂ ਇਕ ਛੋਟੇ ਜਿਹੇ ਗਰੀਬ ਪਰਿਵਾਰ ਦੇ ਨਾਲ ਸਬੰਧ ਰੱਖਦਾ ਹਾਂ ਅਤੇ ਅਨੁਸੂਚਿਤ ਜਾਤੀ ਦਾ ਮੈਂਬਰ ਹਾਂ । ਇਹ ਨਹੀਂ ਕਿ ਮੈਂ

[ਸ੍ਰੀ ਰਾਮ ਲਾਲ]

ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਨੇ ਹੀ ਵੋਟਾਂ ਪਾਈਆਂ ਹਨ । ਮੈਨੂੰ ਦੂਸਰੀਆਂ ਜਾਤੀਆਂ ਦੇ ਭਰਾਵਾਂ ਨੇ ਵੀ ਵੋਟਾਂ ਪਾ ਕੇ ਜਿਤਾਇਆ ਹੈ ਲੇਕਿਨ ਜਿਸ ਤਬਕੇ ਨੂੰ ਅਸੀਂ ਉੱਚਾ ਚੁੱਕਣਾ ਚਾਹੁੰਦੇ ਹਾਂ ਉਸ ਨੂੰ ਇਕ ਵਾਰੀ ਜ਼ਰੂਰ ਚੁੱਕਿਆ ਹੈ ਕਾਂਗਰਸ ਪਾਰਟੀ ਨੇ । ਮੈਂ ਚੁੱਕਣ ਦੀ ਗੱਲ ਕਰ ਰਿਹਾ ਹਾਂ, ਉਹ ਵੀ ਦੱਸਦਾ ਹਾਂ । ਬੜੇ ਵਾਇਦੇ ਹੁੰਦੇ ਰਹੇ ਕਿ ਤੁਹਾਡੀ ਭੁੱਖ ਦੂਰ ਕਰਾਂਗੇ, ਤੁਹਾਡੀ ਗਰੀਬੀ ਦੂਰ ਕਰਾਂਗੇ, ਤੁਹਾਨੂੰ ਚੁੱਕਾਂਗੇ । ਡਿਪਟੀ ਸਪੀਕਰ ਸਾਹਿਬ, ਇਕ ਗੱਲ ਹੈ ਕਿ 1976 ਵਿਚ ਜ਼ਰੂਰ ਚੁੱਕਿਆ । ਚੁੱਕਿਆ ਕਿੱਥੋਂ, ਖੂਹ ਤੇ ਨਹਾਉਂਦਿਆਂ ਨੂੰ, ਕੰਮ ਤੋਂ ਘਰ ਜਾਂਦਿਆਂ ਨੂੰ, ਘਰਾਂ ਵਿਚ ਬੈਠਿਆਂ ਨੂੰ ਜ਼ਰੂਰ ਚੁੱਕ ਦਿੱਤਾ । ਇਨ੍ਹਾਂ ਨੇ ਇਸ ਕਮਜ਼ੋਰ ਵਰਗ ਤਬਕੇ ਨੂੰ ਕਿਸ ਢੰਗ ਨਾਲ ਚੁੱਕਿਆ ਉਹ ਸਭ ਜਾਣਦੇ ਹਨ । ਏਨੇ ਸਾਲ ਲਾਰੇ ਹੀ ਲਾਉਂਦੇ ਰਹੇ ਕਿ ਦੇਂਦੇ ਹਾਂ, ਦੇਂਦੇ ਹਾਂ । ਲੋਕ ਵੀ ਦੇਖਦੇ ਰਹੇ ਕਿ ਸਾਡੇ ਹੱਕ ਵਿਚ ਕੋਈ ਬੋਲਦਾ ਹੈ, ਬੋਲੇ ਵੀ ਗਰੀਬ ਤਬਕੇ ਦੇ ਹਕ ਵਿਚ ਰੱਜ ਕੇ ਹਨ । ਮੈਂ ਇਥੇ ਹਾਊਸ ਵਿਚ ਕਹਿ ਰਿਹਾ ਹਾਂ ਕਿ ਇਨ੍ਹਾਂ ਨੇ ਰੱਜ ਕੇ ਗਰੀਬਾਂ ਨੂੰ ਦਿੱਤਾ, ਕੀ ਦਿੱਤਾ, ਦੁੱਖ ਅਤੇ ਦਰਦ, ਉਹ ਵੀ ਹੱਥੋਂ ਨਹੀਂ ਦਿੱਤਾ ਮੂੰਹ ਵਿਚੋਂ ਬੋਲ ਕੇ ਦਿੱਤਾ, ਪਰ ਕੁਝ ਦਾਨ ਨਾ ਕੀਤਾ । ਮੈਂ ਕਹਿੰਦਾ ਹਾਂ ਕਿ ਮਿਹਰਬਾਨੀ ਕਰਕੇ ਕੁਝ ਦਾਨ ਕਰਨਾ ਵੀ ਸਿੱਖ ਲਓ, ਉਨ੍ਹਾਂ ਹਿੰਦੁਸਤਾਨ ਦੇ ਲੋਕਾਂ ਉੱਪਰ ਜਿਨ੍ਹਾਂ ਨੇ ਰੱਜ ਕੇ ਕੁਰਬਾਨੀਆਂ ਕੀਤੀਆਂ, ਆਪਣੀਆਂ ਜਾਨਾਂ ਤੱਕ ਵਾਰ ਦਿੱਤੀਆਂ, ਬੱਚੇ ਜਿਉਂਦੇ ਨੀਹਾਂ ਵਿਚ ਚਿਣਾ ਦਿੱਤੇ ਤਾਂ ਕਿ ਇਸ ਧਰਤੀ ਤੇ ਕੋਈ ਭੁੱਖਾ ਨਾ ਰਹੇ, ਕਸ਼ਟ ਵਿਚ ਨਾ ਰਹੇ । ਪਰ ਅੱਜ ਗਰੀਬ ਦੀ ਗਰੀਬੀ ਨਹੀਂ ਗਈ, ਰੋਟੀ ਉਸਨੂੰ ਖਾਣ ਨੂੰ ਨਹੀਂ ਮਿਲਦੀ, ਘਰ ਰਹਿਣ ਨੂੰ ਨਹੀਂ, ਜੁੱਤੀ ਪੁਰਾਣੀ ਪਾਈ ਹੋਈ ਹੈ ਅਤੇ ਹਰ ਗੱਲ ਤੋਂ ਮਹਿਰੂਮ ਰਹਿ ਗਿਆ ਹੈ । ਜੇ ਉਸ ਨੂੰ ਸਾਈਕਲ ਮਿਲਦਾ ਹੈ, ਤਾਂ ਅੱਗੇ ਸਕੂਟਰ ਆ ਜਾਂਦਾ ਹੈ । ਜੇ ਸਕੂਟਰ ਮੁਹੱਈਆ ਹੁੰਦਾ ਹੈ ਤਾਂ ਮੋਟਰ ਸਾਈਕਲ ਆ ਜਾਂਦਾ ਹੈ ਅਤੇ ਜੇ ਮੋਟਰ ਸਾਇਕਲ ਲਵੇ ਤਾਂ ਕਾਰ ਆ ਜਾਂਦੀ ਹੈ । ਗਰੀਬਾਂ ਦੇ ਨਾਲ ਪੂਰਾ ਧੱਕਾ ਹੋ ਰਿਹਾ ਹੈ । ਜੇ ਤੁਸੀਂ ਗਰੀਬ ਦੀ ਸਹੀ ਅਰਥਾਂ ਵਿਚ ਮੱਦਦ ਕਰਨੀ ਚਾਹੁੰਦੇ ਹੋ ਤਾਂ ਆਪਣੀ ਜ਼ਬਾਨ ਵਿਚੋਂ ਜੋ ਕਹੋ ਉਸਨੂੰ ਪੂਰਾ ਵੀ ਕਰਨਾ ਸਿੱਖੋ । ਡਿਪਟੀ ਸਪੀਕਰ ਸਾਹਿਬ, ਜਦੋਂ ਵੀ ਅਕਾਲੀ ਪਾਰਟੀ ਨੇ, ਭਾਰਤੀ ਜਨਤਾ ਪਾਰਟੀ ਨੇ, ਜੋ ਵੀ ਬੋਲਿਆ ਹੈ, ਉਸਨੂੰ ਪੂਰਾ ਕਰਕੇ ਦਿਖਾਇਆ ਹੈ । ਮੇਰੇ ਸਾਹਮਣੇ ਮੇਰੇ ਵੀਰ ਬੈਠੇ ਹਨ, ਮੇਰੀ ਭੈਣ ਬੈਠੀ ਹੈ । ਮੈਂ ਜਿਨ੍ਹਾਂ ਦੇ ਸਮੇਂ ਵੀ ਐਮ.ਐਲ.ਏ. ਰਿਹਾ ਹਾਂ, ਉਦੋਂ ਵੀ ਇਹ ਰੱਜ ਕੇ ਬੋਲਦੇ ਰਹੇ । ਇਹ ਲੈ ਲਓ, ਉਹ ਲੈ ਲਓ, ਇਹ ਯੋਜਨਾ ਹੈ, ਇਹ ਕਰ ਰਹੇ ਹਾਂ, ਪਰ ਮਿਲਿਆ ਕੁਝ ਨਾ । ਸਭ ਕੁਝ ਕਾਗਜ਼ਾਂ ਵਿਚ ਬਣ ਬਣ ਕੇ ਰਹਿ ਗਿਆ । ਲੋਕੀਂ ਇਹੀ ਸੋਚਦੇ ਰਹੇ ਕਿ ਹੁਣ ਲੱਗਾ ਹੈ ਮਿਲਣ, ਹੁਣ ਲੱਗਾ ਹੈ ਮਿਲਣ, ਪਰ ਕੁਝ ਨਾ ਮਿਲਿਆ । ਕਈ ਪ੍ਰਕਾਰ ਦੀਆਂ ਯੋਜਨਾਵਾਂ, ਇੰਦਰਾ ਆਵਾਸ ਯੋਜਨਾ, ਜਵਾਹਰ ਰੋਜ਼ਗਾਰ ਯੋਜਨਾ, ਰਾਜੀਵ ਯੋਜਨਾ ਅਤੇ ਕਈ ਤਰ੍ਹਾਂ ਦੇ ਸੂਤਰੀ ਪ੍ਰੋਗਰਾਮ, 19 ਸੂਤਰੀ, 20 ਸੂਤਰੀ ਅਤੇ 21 ਸੂਤਰੀ ਪ੍ਰੋਗਰਾਮ ਬਣਾ ਬਣਾ ਕੇ ਗਰੀਬ ਲੋਕਾਂ ਨੂੰ ਦਿਖਾਉਂਦੇ ਰਹੇ (ਥੰਪਿੰਗ) ਪਰ ਨਾ ਲੋਕਾਂ ਦਾ ਹੀ ਕੁਝ ਬਣਿਆ ਅਤੇ ਨਾ ਹੀ ਇਨ੍ਹਾਂ ਦਾ ਕੁਝ ਬਣਿਆ । ਲੋਕਾਂ ਨੇ ਹੁਣ ਕੱਢ ਕੇ ਰੱਖ ਦਿੱਤਾ ਹੈ ਅਤੇ ਉਧਰਲੇ ਪਾਸੇ ਬਠਾ ਦਿਤਾ ਹੈ । (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਮੈਂ ਸੂਤਰੀ ਪ੍ਰੋਗਰਾਮਾਂ ਬਾਰੇ ਦੱਸਦਾ ਹਾਂ

ਜਿਨ੍ਹਾਂ ਨੇ ਮੇਰੀਆਂ ਭੈਣਾਂ ਦੀਆਂ ਜਾਨਾਂ ਲੈ ਲਈਆਂ। ਇਥੇ ਕਿਹਾ ਗਿਆ ਕਿ ਜਿਨ੍ਹਾਂ ਦੇ ਦੋ ਤਿੰਨ ਬੱਚੇ ਹਨ, ਉਹ ਅੱਗੇ ਨਾ ਕਰਨ। ਉਸ ਨੂੰ ਬਹਿਕਾ, ਫੁਸਲਾ ਕੇ ਲੈ ਜਾਣਾ ਅਤੇ ਅੱਗੋਂ ਇਕ ਇਕ ਡਾਕਟਰ ਨੇ ਇਕੋ ਇਕ ਕੈਂਚੀ ਨਾਲ 14-14, 15-15 ਆਪਰੇਸ਼ਨ ਕੀਤੇ ਜਿਸ ਕਾਰਨ ਉਹ ਕਈ ਭੈਣਾਂ ਮਰ ਗਈਆਂ। ਇਸ ਲਈ ਹੁਣ ਇਨ੍ਹਾਂ ਪ੍ਰੋਗਰਾਮਾਂ ਅਤੇ ਯੋਜਨਾਵਾਂ ਦੀ ਸ਼ਿਕਸ਼ਾ ਗਰੀਬਾਂ ਨੂੰ ਨਾ ਦਿਉ, ਕਿਸੇ ਨੇ ਨਹੀਂ ਸੁਣਨਾ। ਅੱਜ ਇਥੇ ਸਾਡੇ ਬਾਦਲ ਸਾਹਿਬ ਬੈਠੇ ਹਨ, ਟੰਡਨ ਸਾਹਿਬ ਬੈਠੇ ਹਨ। ਇਹ ਸਭ ਕੁਝ ਜਾਣਦੇ ਹਨ ਅਤੇ ਹਾਊਸ ਵੀ ਸਭ ਕੁਝ ਜਾਣਦਾ ਹੈ ਇਸਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਜੈ ਭਾਰਤ।

ਸਰਦਾਰ ਤੋਤਾ ਸਿੰਘ (ਮੋਗਾ). ਡਿਪਟੀ ਸਪੀਕਰ ਸਾਹਿਬ, ਜਿਹੜਾ ਇਹ ਮਤਾ ਲਿਆਂਦਾ ਗਿਆ ਹੈ, ਇਹ ਬੜੀ ਗੰਭੀਰਤਾ ਨਾਲ ਸੋਚਣ ਵਾਲੀ ਗੱਲ ਹੈ। ਇਹ ਮਤਾ ਐਜੂਕੇਸ਼ਨ ਦੇ ਸਬੰਧ ਵਿੱਚ ਲਿਆਂਦਾ ਗਿਆ ਹੈ। ਐਜੂਕੇਸ਼ਨ ਮਨੁੱਖੀ ਜੀਵਨ ਲਈ ਬਹੁਤ ਜ਼ਰੂਰੀ ਹੈ ਜਿਵੇਂ ਕਿ ਨੇਤਰ ਜ਼ਰੂਰੀ ਹਨ, ਇਸ ਤਰ੍ਹਾਂ ਵਿਦਿਆ ਵੀ ਮਨੁੱਖ ਲਈ ਬਹੁਤ ਜ਼ਰੂਰੀ ਹੈ। ਇਹ ਮਤਾ ਬੰਦਸ਼ਾਂ ਲਾਉਣ ਵਾਸਤੇ ਲਿਆਂਦਾ ਗਿਆ ਹੈ, ਪ੍ਰਾਈਵੇਟ ਸਕੂਲਾਂ ਵਾਸਤੇ ਲਿਆਂਦਾ ਗਿਆ ਹੈ, ਜਿਸਦੇ ਕਿ ਪਿਛੋਕੜ ਵਿਚ ਜਾਣ ਦੀ ਸਾਨੂੰ ਲੋੜ ਹੈ। ਜਦੋਂ ਵਿਦਿਆ ਹਿੰਦੁਸਤਾਨ ਵਿਚ ਸ਼ੁਰੂ ਹੋਈ ਉਦੋਂ ਸਾਰੀ ਵਿਦਿਆ ਪ੍ਰਣਾਲੀ ਹੀ ਪ੍ਰਾਈਵੇਟ ਸੀ। ਫਿਰ ਜਦੋਂ ਅੰਗਰੇਜ਼ਾਂ ਨੇ ਇਸਨੂੰ ਸ਼ੁਰੂ ਕੀਤਾ ਤਾਂ ਬਹੁਤ ਸਾਰੀਆਂ ਪ੍ਰਾਈਵੇਟ ਸੰਸਥਾਵਾਂ ਜੋ ਉਸ ਵੇਲੇ ਸਨ, ਉਨ੍ਹਾਂ ਨੂੰ ਖਦਸ਼ਾ ਸੀ ਕਿ ਕਿਧਰੇ ਇਹ ਵਿਦਿਆ ਸਾਡੀ ਸਭਿਅਤਾ ਖਰਾਬ ਨਾ ਕਰ ਦੇਵੇ, ਜੋ ਵਿਦਿਆ ਅੰਗਰੇਜ਼ਾਂ ਦੀ ਛਤਰ-ਛਾਇਆ ਥੱਲੇ ਚਲੀ, ਉਸਦੇ ਬਾਰੇ ਇਹ ਵਿਚਾਰ ਸਨ। ਉਸ ਵਕਤ ਅੰਗਰੇਜ਼ਾਂ ਨੇ ਸਰਕਾਰੀ ਸਕੂਲ ਚਲਾਏ ਅਤੇ ਬਹੁਤ ਸਾਰੀਆਂ ਪ੍ਰਾਈਵੇਟ ਸੰਸਥਾਵਾਂ ਨੇ ਪ੍ਰਾਈਵੇਟ ਸਕੂਲ ਚਲਾਏ ਤਾਂ ਕਿ ਸਭਿਅਤਾ ਤੇ ਕਿਸੇ ਕਿਸਮ ਦਾ ਅਸਰ ਨਾ ਪਵੇ। ਡਿਪਟੀ ਸਪੀਕਰ ਸਾਹਿਬ, ਉਸ ਸਮੇਂ ਵੀ ਜਿਹੜੀਆਂ ਪ੍ਰਾਈਵੇਟ ਸੰਸਥਾਵਾਂ ਜਿਵੇਂ ਸਿੱਖ ਐਜੂਕੇਸ਼ਨ ਸੋਸਾਇਟੀ, ਨੈਸ਼ਨਲ ਕਾਲਜ, ਲਾਹੌਰ ਅਤੇ ਖਾਲਸਾ ਕਾਲਜ, ਅੰਮ੍ਰਿਤਸਰ ਵਰਗੀਆਂ ਪ੍ਰਾਈਵੇਟ ਸੰਸਥਾਵਾਂ ਤੋਂ ਪੜ੍ਹੇ ਹੋਏ ਲੋਕ ਜਿਹੜੇ ਅੱਜ ਡਾਕਟਰ, ਇੰਜੀਨੀਅਰ ਬਣੇ ਹੋਏ ਹਨ ਅਤੇ ਅਮਰੀਕਾ, ਕੈਨੇਡਾ, ਇੰਗਲੈਂਡ ਵਰਗੇ ਦੇਸ਼ਾਂ ਵਿਚ ਰਹਿ ਰਹੇ ਹਨ, ਉਨ੍ਹਾਂ ਨਾਲ ਮੈਨੂੰ ਮਿਲਣ ਦਾ ਮੌਕਾ ਮਿਲਿਆ ਉਹ ਸਭ ਤਕਰੀਬਨ ਨੈਸ਼ਨਲ ਕਾਲਜ, ਲਾਹੌਰ, ਡੀ.ਏ.ਵੀ. ਕਾਲਜ, ਜਲੰਧਰ ਅਤੇ ਖਾਲਸਾ ਕਾਲਜ, ਅੰਮ੍ਰਿਤਸਰ ਵਰਗੀਆਂ ਸੰਸਥਾਵਾਂ ਤੋਂ ਹੀ ਆਪਣੇ ਆਪ ਨੂੰ ਪੜ੍ਹਿਆ ਦੱਸਦੇ ਹਨ। ਅੱਜ ਜਿਹੜਾ ਮੇਰੇ ਸਾਹਮਣੇ ਬੈਠੇ ਵੀਰਾਂ ਨੇ ਮਤਾ ਲਿਆਂਦਾ ਹੈ, 1947 ਤੋਂ ਬਾਅਦ 50 ਸਾਲਾਂ ਵਿਚੋਂ ਤਕਰੀਬਨ 43 ਸਾਲ ਇਨ੍ਹਾਂ ਨੇ ਦੇਸ਼ ਤੇ ਰਾਜ ਕੀਤਾ ਅਤੇ 7 ਸਾਲ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਨੂੰ ਰਾਜ ਕਰਨ ਦਾ ਮੌਕਾ ਮਿਲਿਆ ਹੈ। ਇਨ੍ਹਾਂ 43 ਸਾਲਾਂ ਦੇ ਵਿਚ, ਐਜੂਕੇਸ਼ਨ ਦੇ ਵਿਚ ਇੰਨਾ ਨਿਘਾਰ ਆਇਆ ਹੈ ਕਿ ਅੱਜ ਕਿਸੇ ਦਾ ਦਿਲ ਨਹੀਂ ਕਰਦਾ ਕਿ ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਲਾਵੇ। ਇਨ੍ਹਾਂ ਨੇ ਜਿਹੜੀ ਰੋਡਵੇਜ਼ ਚਾਲੂ ਕੀਤੀ ਸੀ, ਸਰਕਾਰੀ ਰੂਟ ਚਾਲੂ ਕੀਤੇ ਸਨ, ਅੱਜ ਵੀ ਉਸਦੇ ਬਾਰੇ ਪਿੰਡਾਂ ਵਿਚ ਲੋਕ ਸੱਥਾਂ ਵਿਚ ਬੈਠੇ ਗੱਲਾਂ ਕਰਦੇ ਹਨ—

[ਸਰਦਾਰ ਤੋਤਾ ਸਿੰਘ]

ਰੋਡਵੇਜ਼ ਦੀ ਲਾਰੀ, ਨਾ ਬੂਹਾ ਨਾ ਬਾਰੀ ।

ਇਸੇ ਤਰ੍ਹਾਂ ਦੀ ਹੀ ਹਾਲਤ ਇਨ੍ਹਾਂ ਸਕੂਲਾਂ ਦੀ ਕਰ ਦਿੱਤੀ ਹੈ । ਫੋਕੀ ਸ਼ੋਹਰਤ ਲੈਣ ਵਾਸਤੇ ਇਹ ਸਕੂਲ ਖੋਲ੍ਹੀ ਗਏ ਅਤੇ ਅਪਗਰੇਡ ਕਰੀ ਗਏ । ਨਾ ਸਕੂਲਾਂ ਦੀਆਂ ਬਿਲਡਿੰਗਾਂ ਦਾ ਸੁਧਾਰ ਕੀਤਾ ਗਿਆ ਅਤੇ ਨਾ ਵਿਦਿਆ ਦਾ ਮਿਆਰ ਚੁੱਕਿਆ ਗਿਆ । ਜਿਥੇ ਸਕੂਲ ਖੋਲ੍ਹਣਾ ਹੋਵੇ, ਉਥੇ ਹਮੇਸ਼ਾ ਉਸ ਨਗਰ ਅਤੇ ਕਸਬੇ ਦੀ ਆਬਾਦੀ ਵੇਖਣ ਦੀ ਲੋੜ ਹੁੰਦੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਸਾਨੂੰ ਸਕੂਲ ਵਾਸਤੇ ਕਿੰਨੇ ਵਿਦਿਆਰਥੀ ਮਿਲ ਸਕਦੇ ਹਨ । ਇਹ ਵੀ ਵੇਖਣ ਦੀ ਲੋੜ ਹੁੰਦੀ ਹੈ ਕਿ ਕੀ ਸਰਕਾਰ ਕੋਲ ਪੂਰੇ ਸਾਧਨ ਹਨ ? ਕੀ ਸਰਕਾਰ ਠੀਕ ਢੰਗ ਦੀ ਬਿਲਡਿੰਗ ਉਸ ਸਕੂਲ ਨੂੰ ਦੇ ਸਕਦੀ ਹੈ ? ਬਹੁਤ ਸਾਰੇ ਸਕੂਲ ਇਸ ਤਰ੍ਹਾਂ ਦੇ ਬਣਾਏ ਗਏ, ਅੱਪ-ਗਰੇਡ ਕੀਤੇ ਗਏ ਜਿਥੇ ਨਾ ਕੋਈ ਅੱਛੀ ਬਿਲਡਿੰਗ ਹੈ, ਨਾ ਬੱਚਿਆਂ ਦੀ ਗਿਣਤੀ ਪੂਰੀ ਹੈ, ਅਤੇ ਨਾ ਹੀ ਟੀਚਰ ਪੂਰੇ ਹਨ । ਮੈਂ ਆਪਣੇ ਮੋਗੇ ਜ਼ਿਲ੍ਹੇ ਵਿਚ ਵੇਖਦਾ ਹਾਂ । ਨਿਹਾਲ ਸਿੰਘ ਵਾਲੇ ਜਿਹੜਾ ਪਹਿਲਾਂ ਸਬ ਤਹਿਸੀਲ ਅਤੇ ਹੁਣ ਸਬ ਡਿਵੀਜ਼ਨ ਬਣਾਈ ਗਈ ਹੈ, ਉਸ ਵਿਚ ਕਈ ਥਾਵਾਂ ਤੇ ਸਕੂਲ ਅਪਗ੍ਰੇਡ ਕਰਕੇ ਜਮ੍ਹਾਂ ਦੋ ਦੇ ਸਕੂਲ ਬਣਾਏ ਗਏ ਲੇਕਿਨ ਬਿਲਾਸਪੁਰ, ਧੂੜਕੋਟ ਵਗੈਰਾ ਦੇ ਸਕੂਲਾਂ ਵਿਚ ਇਕ ਵੀ ਟੀਚਰ ਨਹੀਂ ਸੀ । ਬੱਚਿਆਂ ਨੇ ਸਕੂਲ ਵਿਚ ਆਉਣਾ ਅਤੇ ਬਿਨਾਂ ਪੜ੍ਹਾਈ ਤੋਂ ਉਠ ਕੇ ਆ ਜਾਣਾ । ਅਖੀਰ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿਚ ਹੀ ਜਾਣਾ ਪਿਆ । ਜਦੋਂ ਟੀਚਰ ਪੂਰੇ ਨਹੀਂ, ਬਿਲਡਿੰਗ ਪੂਰੀ ਨਹੀਂ ਅਤੇ ਬਾਕੀ ਦੇ ਸਾਧਨ ਵੀ ਪੂਰੇ ਨਹੀਂ ਤਾਂ ਫਿਰ ਸਕੂਲ ਖੋਲ੍ਹਣ ਜਾਂ ਅਪਗਰੇਡ ਕਰਨ ਦੀ ਕੀ ਲੋੜ ਹੈ । ਅੱਜ ਵੇਖਣ ਦੀ ਲੋੜ ਹੈ ਕਿ ਕੀ ਕਾਰਣ ਹੈ ਕਿ ਪ੍ਰਾਈਵੇਟ ਸਕੂਲਾਂ ਦੀ ਮਹੱਤਤਾ ਕਿਉਂ ਵੱਧਦੀ ਜਾ ਰਹੀ ਹੈ ? ਇਸ ਦਾ ਵੱਡਾ ਕਾਰਨ ਇਹ ਹੈ ਕਿ ਸਾਡੇ ਸਰਕਾਰੀ ਸਕੂਲਾਂ ਵਿਚ ਐਜੂਕੇਸ਼ਨ ਦਾ ਸਟੈਂਡਰਡ ਬਹੁਤ ਡਿੱਗ ਗਿਆ ਹੈ । ਮੇਰੇ ਸਾਥੀ ਬੈਠੇ ਹਨ, ਇਨ੍ਹਾਂ ਨੂੰ ਪਤਾ ਹੋਵੇਗਾ ਕਿ ਜਦੋਂ ਆਪਾਂ ਪੜ੍ਹਦੇ ਹੁੰਦੇ ਸੀ ਤਾਂ ਉਦੋਂ ਉਸਤਾਦ ਦਾ ਕਿੰਨਾ ਸਤਿਕਾਰ ਹੁੰਦਾ ਸੀ । ਇਸ ਦੇ ਉਲਟ ਅੱਜ ਉਸਤਾਦ ਦਾ ਸਤਿਕਾਰ ਕੀ ਹੁੰਦਾ ਹੈ । ਅੱਜ ਗੌਰਮਿੰਟ ਸਕੂਲਾਂ ਦਾ ਜਿਹੜਾ ਇੰਨਾ ਮਿਆਰ ਡਿੱਗ ਚੁੱਕਿਆ ਹੈ, ਉਸ ਦਾ ਇਕ ਵੱਡਾ ਕਾਰਣ ਇਹ ਹੈ ਕਿ ਉਸਤਾਦ ਦਾ ਸਤਿਕਾਰ ਨਹੀਂ ਰਿਹਾ । ਉਸਤਾਦ ਨੂੰ ਪੂਰੀਆਂ ਸਹੂਲਤਾਂ ਨਹੀਂ ਮਿਲ ਰਹੀਆਂ । ਸਰਕਾਰਾਂ ਨੇ ਉਸਤਾਦ ਦਾ ਮਾਣ ਸਤਿਕਾਰ ਕਰਨ ਦੀ ਕਦੇ ਕੋਈ ਕੋਸ਼ਿਸ਼ ਨਹੀਂ ਕੀਤੀ । ਇਹ ਠੀਕ ਹੈ ਕਿ ਉਸਤਾਦ ਮਾੜੇ ਵੀ ਹੁੰਦੇ ਹਨ ਅਤੇ ਚੰਗੇ ਵੀ ਹੁੰਦੇ ਹਨ । ਕੁਝ ਚੰਗੇ ਬੰਦੇ ਵੀ ਹਨ ਅਤੇ ਕੁਝ ਕਮਜ਼ੋਰ ਮਨਾਂ ਵਾਲੇ ਵੀ ਹਨ । ਜਿਹੜੇ ਚੰਗੇ ਉਸਤਾਦ ਹਨ, ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦਾ ਸਟੇਜਾਂ ਤੇ ਖੜ੍ਹੇ ਹੋ ਕੇ ਸਨਮਾਨ ਕਰੀਏ ਅਤੇ ਉਨ੍ਹਾਂ ਨੂੰ ਇਨਾਮ ਦੇਈਏ । ਇਸ ਤਰ੍ਹਾਂ ਕਰਨ ਨਾਲ ਜਿਹੜੇ ਕਮਜ਼ੋਰ ਮਨਾਂ ਵਾਲੇ ਅਤੇ ਮਾੜੇ ਟੀਚਰ ਹਨ, ਉਹ ਵੀ ਉਨ੍ਹਾਂ ਦੀ ਰੀਸ ਕਰਨਗੇ । ਜਿੰਨਾ ਕਿਸੇ ਬੱਚੇ ਦੇ ਦਿਮਾਗ ਤੇ ਨਿਰਭਰ ਕਰਦਾ ਹੈ ਉਸ ਤੋਂ ਵਧ ਉਸ ਦੇ ਉਸਤਾਦ ਤੇ ਨਿਰਭਰ ਕਰਦਾ ਹੈ ਉਸਤਾਦ ਚੰਗਾ ਹੋਵੇਗਾ ਤਾਂ ਉਸ ਦਾ ਵਿਦਿਆਰਥੀ ਬਹੁਤ ਅਗਾਂਹ ਵੱਧ ਸਕਦਾ ਹੈ । ਉਸਤਾਦ ਦਾ ਸਤਿਕਾਰ ਅਤੇ ਸਿੱਖਿਆ ਦੇ ਮਿਆਰ ਦੇ ਡਿੱਗਣ ਵਾਸਤੇ ਸਰਕਾਰ ਵੀ ਦੋਸ਼ੀ ਹੈ । ਜਦੋਂ ਸਰਕਾਰ ਨੇ ਅਜੂਕੇਸ਼ਨ ਦਾ ਪਸਾਰ ਕੀਤਾ ਤਾਂ ਉਸ ਨੇ ਮੈਰਿਟ ਨਹੀਂ ਵੇਖੀ । ਥਰਡ ਡਿਵੀਜ਼ਨ ਵਾਲੇ ਨੂੰ ਵੀ ਸਰਕਾਰ

ਨੇ ਟੀਚਰ ਲਗਾ ਦਿੱਤਾ । ਇਸ ਦਾ ਸਿੱਟਾ ਕੀ ਨਿਕਲਿਆ, ਇਹ ਅੱਜ ਤੁਹਾਡੇ ਸਾਹਮਣੇ ਹੈ । ਫਿਰ ਸਰਕਾਰ ਨੇ ਲੀਨੀਐਂਸੀ ਐਨੀ ਦੇ ਦਿੱਤੀ ਕਿ ਪੰਜਵੀਂ ਤੱਕ ਕਿਸੇ ਬੱਚੇ ਨੂੰ ਫੇਲ੍ਹ ਨਹੀਂ ਕਰਨਾ ? ਜਿਹੜਾ ਬੱਚਾ 5 ਸਾਲਾਂ ਵਿਚ ਸੌ ਵੀ ਨਹੀਂ ਗਿਣ ਸਕਿਆ, ਉਹ ਛੇਵੀਂ ਜਮਾਤ ਵਿਚ ਚਲਾ ਗਿਆ । ਜਿਹੜਾ ਬੱਚਾ 5 ਸਾਲਾਂ ਵਿਚ ਸੌ ਵੀ ਪੂਰੀ ਤਰ੍ਹਾਂ ਨਾਲ ਨਹੀਂ ਸੀ ਗਿਣ ਸਕਦਾ, ਉਹ ਤਰੱਕੀ ਕਿਥੋਂ ਕਰੇਗਾ । ਮਜਬੂਰ ਹੋ ਕੇ ਪੰਜਾਬ ਦੇ ਲੋਕਾਂ ਨੂੰ ਪ੍ਰਾਈਵੇਟ ਸਕੂਲਾਂ ਵਿਚ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰਨਾ ਪਿਆ । ਇਹ ਉਨ੍ਹਾਂ ਨੇ ਮਜਬੂਰੀ ਵਿਚ ਕੀਤਾ । ਕੁਝ ਹੋਰ ਵੀ ਕਾਰਣ ਹਨ । ਦੂਜੀ ਭਾਸ਼ਾ ਨੂੰ ਨਫਰਤ ਕਰਨਾ ਕੋਈ ਚੰਗੀ ਗੱਲ ਨਹੀਂ । ਵੇਖਣਾ ਇਹ ਚਾਹੀਦਾ ਹੈ ਕਿ ਅਸੀਂ ਵੱਧ ਫੁੱਲ ਕਿਸ ਤਰ੍ਹਾਂ ਸਕਦੇ ਹਾਂ । ਇਹ ਠੀਕ ਹੈ ਕਿ ਮਾਤ-ਭਾਸ਼ਾ ਨਾਲ ਸਾਨੂੰ ਪਿਆਰ ਕਰਨਾ ਚਾਹੀਦਾ ਹੈ ਲੇਕਿਨ ਅੰਗਰੇਜ਼ੀ ਜਿਹੜੀ ਕਿ ਅੱਜ ਦੁਨੀਆਂ ਦੀ ਭਾਸ਼ਾ ਬਣ ਗਈ ਹੈ, ਉਸ ਨੂੰ ਵੀ ਅਸੀਂ ਕਿਵੇਂ ਛੱਡ ਸਕਦੇ ਹਾਂ । ਤੁਸੀ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਚਲੇ ਜਾਓ, ਜਿਸ ਤਰ੍ਹਾਂ ਆਲੂ ਹਰ ਜਗ੍ਹਾ ਤੇ ਮਿਲ ਸਕਦਾ ਹੈ । ਉਸੇ ਤਰ੍ਹਾਂ ਪੰਜਾਬੀ ਵੀ ਤੁਹਾਨੂੰ ਹਰ ਜਗ੍ਹਾ ਤੇ ਮਿਲ ਜਾਣਗੇ । ਪੰਜਾਬੀ ਮਿਹਨਤਕਸ਼ ਨੌਜਵਾਨ ਹੈ, ਇਹ ਟਿਕ ਕੇ ਨਹੀਂ ਬੈਠ ਸਕਦਾ । ਇਨ੍ਹਾਂ ਨੇ ਦੁਨੀਆਂ ਦੇ ਹਰ ਕੋਨੇ ਵਿਚ ਜਾਣਾ ਹੈ । ਜੇਕਰ ਅਸੀਂ ਮਾਤ-ਭਾਸ਼ਾ ਤੋਂ ਬਗੈਰ ਹੋਰ ਕੋਈ ਭਾਸ਼ਾ ਨਹੀਂ ਸਿੱਖਾਂਗੇ ਤਾਂ ਤਰੱਕੀ ਕਿਵੇਂ ਕਰਾਂਗੇ ? ਇਸੇ ਤਰ੍ਹਾਂ ਜੇਕਰ ਪੰਜਾਬ ਵਿਚ ਪ੍ਰਾਈਵੇਟ ਸਕੂਲਾਂ ਤੋਂ ਚੰਗੀ ਸਿਖਿਆ ਹਾਸਲ ਹੋ ਸਕੇ ਤਾਂ ਸਾਨੂੰ ਉਨ੍ਹਾਂ ਸਕੂਲਾਂ ਨਾਲ ਨਫ਼ਰਤ ਨਹੀਂ ਕਰਨੀ ਚਾਹੀਦੀ । ਮਸਲਾ ਚੰਗੀ ਸਿਖਿਆ ਪ੍ਰਾਪਤ ਕਰਨ ਦਾ ਹੈ । ਸਰਕਾਰੀ ਸਕੂਲਾਂ ਜਾਂ ਪ੍ਰਾਈਵੇਟ ਸਕੂਲਾਂ ਦੀਆਂ ਬੰਦਸ਼ਾਂ ਨਹੀਂ ਲਗਾਉਣੀਆਂ ਚਾਹੀਦੀਆਂ । ਪੰਜਾਬੀ ਮਾਤ-ਭਾਸ਼ਾ ਬਹੁਤ ਚੰਗੀ ਹੈ, ਨੈਸ਼ਨਲ ਭਾਸ਼ਾ ਹਿੰਦੀ ਵੀ ਬਹੁਤ ਚੰਗੀ ਹੈ ਲੇਕਿਨ ਅੰਗਰੇਜ਼ੀ ਵੀ ਮਾੜੀ ਨਹੀਂ ਹੈ । ਜੇ ਦੁਨੀਆਂ ਵਿਚ ਅੱਗੇ ਵੱਧਣਾ ਹੈ ਤਾਂ ਸਾਨੂੰ ਅੰਗਰੇਜ਼ੀ ਵੀ ਪੜ੍ਹਨੀ ਪਵੇਗੀ । ਅੱਜ ਜਿੰਨੇ ਵੀ ਸਾਡੇ ਕੋਲ ਆਈ.ਏ.ਐਸ./ਆਈ.ਪੀ.ਐਸ. ਅਫਸਰ ਬੈਠੇ ਹਨ, ਉਸ ਤਕਰੀਬਨ ਸਾਰੇ ਹੀ ਸਾਊਥ ਦੇ ਹਨ । ਅਜਿਹਾ ਕਿਉਂ ਹੈ ? ਕਿਉਂਕਿ ਉਨ੍ਹਾਂ ਦਾ ਮੀਡੀਅਮ ਇੰਗਲਿਸ਼ ਸੀ । ਆਈ.ਏ.ਐਸ./ਆਈ.ਪੀ.ਐਸ. ਦੇ ਇਮਤਿਹਾਨ ਵਿਚੋਂ ਸਾਊਥ ਦੇ ਲੋਕ ਵੱਧ ਤੋਂ ਵੱਧ ਕਾਮਯਾਬ ਹੁੰਦੇ ਹਨ । ਇਸ ਕਰਕੇ ਕਿਉਂਕਿ ਉਨ੍ਹਾਂ ਦਾ ਅੰਗਰੇਜ਼ੀ ਮੀਡੀਅਮ ਪਹਿਲਾਂ ਹੀ ਤਿਆਰ ਸੀ । ਜਿਹੜੇ ਇਨ੍ਹਾਂ ਇਮਤਿਹਾਨਾਂ ਵਿਚ ਪੇਪਰ ਹੁੰਦੇ ਹਨ, ਉਨ੍ਹਾਂ ਵਿਚ ਇੰਗਲਿਸ਼ ਵਾਲੇ ਹੀ ਜ਼ਿਆਦਾ ਸਫਲਤਾ ਪ੍ਰਾਪਤ ਕਰਦੇ ਹਨ । ਆਈ.ਏ.ਐਸ. ਅਤੇ ਆਈ.ਪੀ.ਐਸ. ਦੇ ਵਿੱਚ ਹਮੇਸ਼ਾ ਅੰਗਰੇਜ਼ੀ ਵਾਲੇ ਬੱਚੇ ਹੀ ਸਫ਼ਲਤਾ ਪ੍ਰਾਪਤ ਕਰਦੇ ਹਨ । ਅੱਜ ਪੰਜਾਬ ਦੇ ਵਿੱਚ ਜਿੰਨੇ ਮਰਜ਼ੀ ਇੰਜੀਨੀਅਰਿੰਗ ਕਾਲਜ ਔਰ ਮੈਡੀਕਲ ਕਾਲਜ ਖੁਲ੍ਹੇ ਹਨ, ਚਾਹੇ ਐਮ.ਬੀ.ਏ. ਦਾ ਟੈਸਟ ਹੋਵੇ, ਜਿਨ੍ਹਾਂ ਕੋਲ ਪਹਿਲੀਆਂ ਜਮਾਤਾਂ ਦੇ ਵਿੱਚ ਇੰਗਲਿਸ਼ ਮਾਧਿਅਮ ਨਹੀਂ, ਉਹ ਉਨ੍ਹਾਂ ਕਾਲਜਾਂ ਵਿੱਚ ਘੱਟ ਜਾਂਦੇ ਹਨ ਜਦ ਕਿ ਦੂਸਰੇ ਵੱਧ ਜਾਂਦੇ ਹਨ । ਇਸ ਲਈ ਜਿਹੜੇ ਸਾਡੇ ਸਰਕਾਰੀ ਸਕੂਲ ਹਨ ਉਨ੍ਹਾਂ ਦੇ ਵਿੱਚ ਸ਼ੁਰੂ ਤੋਂ ਹੀ ਪੜ੍ਹਾਈ ਦੇ ਵਿੱਚ ਸੁਧਾਰ ਲਿਆਉਣਾ ਚਾਹੀਦਾ ਹੈ । ਜੇ ਬੱਚੇ ਨੂੰ ਛੇਵੀਂ

[ਸਰਦਾਰ ਤੋਤਾ ਸਿੰਘ]

ਵਿੱਚ ਜਾ ਕੇ ਏ.ਬੀ.ਸੀ. ਸਿਖਾਈ ਜਾਵੇਗੀ ਤਾਂ ਕੁਦਰਤੀ ਹੈ ਕਿ ਉਹ ਦੂਜੇ ਬੱਚੇ ਜਿਹੜੇ ਪ੍ਰਾਈਵੇਟ ਸਕੂਲਾਂ ਦੇ ਵਿੱਚ ਸ਼ੁਰੂ ਤੋਂ ਹੀ ਅੰਗਰੇਜ਼ੀ ਵਿੱਚ ਪੜ੍ਹਦੇ ਆ ਰਹੇ ਹਨ ਉਨ੍ਹਾਂ ਦੇ ਮੁਕਾਬਲੇ ਬਹੁਤ ਪਿੱਛੇ ਰਹਿ ਜਾਵੇਗਾ। ਇਹ ਠੀਕ ਹੈ ਕਿ ਬੱਚੇ ਅੱਠ-ਅੱਠ, ਦਸ-ਦਸ ਕਿਤਾਬਾਂ ਚੁੱਕੀ ਫਿਰਦੇ ਹਨ, ਪਰ ਜੇਕਰ ਬੱਚੇ ਨੂੰ ਪਹਿਲੀ ਜਮਾਤ ਤੋਂ ਹੀ ਅੰਗਰੇਜ਼ੀ ਪੜ੍ਹਣ ਲਗਾ ਦਿੱਤਾ ਜਾਵੇ ਤਾਂ ਇਕ ਕਿਤਾਬ ਜ਼ਰੂਰ ਵੱਧ ਜਾਵੇਗੀ ਪਰ ਇਸ ਨਾਲ ਕੋਈ ਫਰਕ ਨਹੀਂ ਪੈਣਾ ਲੇਕਿਨ ਉਸ ਨੂੰ ਇਸ ਦਾ ਫਾਇਦਾ ਬਹੁਤ ਜ਼ਿਆਦਾ ਹੋਵੇਗਾ। ਬੱਚਿਆਂ ਅਤੇ ਪੇਰੈਂਟਸ ਦਾ ਰੁਝਾਨ ਪ੍ਰਾਈਵੇਟ ਸਕੂਲਾਂ ਵੱਲੋਂ ਹੱਟ ਕੇ ਸਰਕਾਰੀ ਸਕੂਲਾਂ ਵੱਲ ਵਧੇਗਾ। ਜੇਕਰ ਕਿਸੇ ਪ੍ਰਾਈਵੇਟ ਸਕੂਲ ਵਿੱਚ ਸਹੂਲਤਾਂ ਨਹੀਂ ਹੋਣਗੀਆਂ ਔਰ ਉਸ ਦੀ ਆਪਣੀ ਬਿਲ-ਡਿੰਗ ਠੀਕ ਨਹੀਂ ਹੋਵੇਗੀ ਔਰ ਇਸਦੇ ਮੁਕਾਬਲੇ ਸ਼ਹਿਰ ਦੇ ਵਿੱਚ ਪਿੰਡਾਂ ਦੇ ਵਿੱਚ ਸਰਕਾਰੀ ਸਕੂਲਾਂ ਦੇ ਵਿੱਚ ਪੜ੍ਹਾਈ ਠੀਕ ਹੋਵੇ, ਹੋਰ ਸਹੂਲਤਾਂ ਬੱਚਿਆਂ ਵਾਸਤੇ ਪੂਰੀਆਂ ਹੋਣਗੀਆਂ, ਤਾਂ ਕੀ ਪੇਰੈਂਟਸ ਦਾ ਦਿਮਾਗ ਖਰਾਬ ਹੈ ਕਿ ਉਹ ਜ਼ਿਆਦਾ ਤੋਂ ਜ਼ਿਆਦਾ ਪੈਸੇ ਖਰਚ ਕਰਕੇ ਬੱਚੇ ਨੂੰ ਪ੍ਰਾਈਵੇਟ ਸਕੂਲ ਦੇ ਵਿੱਚ ਪੜ੍ਹਾਏਗਾ? ਮੈਂ ਇਸ ਗੱਲ ਨੂੰ ਮੰਨਦਾ ਹਾਂ ਕਿ ਸਾਡੇ ਲੋਕਾਂ ਵਿੱਚੋਂ 100 ਵਿਚੋਂ ਦੋ ਚਾਰ ਪਰਸੈਂਟ ਲੋਕ ਅਮੀਰ ਹਨ, ਜਿਨ੍ਹਾਂ ਕੋਲ ਪੈਸਾ ਹੈ। ਉਹ ਆਪਣੇ ਬੱਚੇ ਦੇਹਰਾਦੂਨ ਜਾਂ ਸ਼ਿਮਲਾ ਵਿਖੇ ਪੜ੍ਹਨ ਲਈ ਭੇਜਦੇ ਹਨ ਪਰ ਸਾਡੀ ਜਨ ਸੰਖਿਆ ਦਾ ਬਹੁਤਾ ਹਿੱਸਾ ਅਜਿਹਾ ਹੈ ਜੋ ਕਿ ਬਹੁਤ ਜ਼ਿਆਦਾ ਪੈਸਾ ਖਰਚ ਨਹੀਂ ਕਰ ਸਕਦਾ। ਹੁਣ ਵੱਡੇ ਪਿੰਡਾਂ ਅਤੇ ਕਸਬਿਆਂ ਦੇ ਵਿੱਚ ਲਗਭਗ ਹਰ ਥਾਂ ਤੇ ਦੋ-ਦੋ, ਚਾਰ-ਚਾਰ ਪ੍ਰਾਈਵੇਟ ਸਕੂਲ ਖੁਲ੍ਹ ਚੁੱਕੇ ਹਨ। ਜੇਕਰ ਇਨ੍ਹਾਂ ਦੇ ਵਿੱਚ ਸਾਰੀਆਂ ਸਹੂਲਤਾਂ ਨਹੀਂ ਹੋਣਗੀਆਂ ਤਾਂ ਜੋ ਹਾਲ ਅੱਜ ਰੋਡਵੇਜ਼ ਦਾ ਹੈ, ਉਹੀ ਹਾਲ ਸਕੂਲਾਂ ਦਾ ਹੋਵੇਗਾ। ਲੋਕੀ ਪ੍ਰਾਈਵੇਟ ਬੱਸਾਂ ਤੇ, ਮਿੰਨੀ ਬੱਸਾਂ ਤੇ ਚੜ੍ਹਨਾ ਕਿਉਂ ਪਸੰਦ ਕਰਦੇ ਹਨ? ਕਿਉਂਕਿ ਪ੍ਰਾਈਵੇਟ ਬੱਸਾਂ ਵਾਲੇ ਜਿੱਥੇ ਕਿਤੇ ਕੋਈ ਹੱਥ ਦਿੰਦਾ ਹੈ ਉਥੇ ਹੀ ਬੱਸ ਰੋਕ ਕੇ ਸਵਾਰੀ ਚੁੱਕਦੇ ਹਨ ਔਰ ਜਿੱਥੇ ਕਿਤੇ ਕੋਈ ਸਵਾਰੀ ਕਹਿ ਦਿੰਦੀ ਹੈ ਜਾਂ ਕੋਈ ਬਿਰਧ ਮਾਤਾ/ਬਜ਼ੁਰਗ ਕਹਿ ਦਿੰਦਾ ਹੈ ਕਿ "ਵੇ ਭਾਈ ਮੇਰਾ ਘਰ ਏਥੋਂ ਨੇੜੇ ਹੈ ਮੈਨੂੰ ਏਥੇ ਉਤਾਰ ਦੇ," ਤਾਂ ਉਹ ਬੜੇ ਸਤਿਕਾਰ ਦੇ ਨਾਲ ਉਸ ਸਵਾਰੀ ਨੂੰ ਉਤਾਰਦੇ ਹਨ ਜਿਸ ਕਰਕੇ ਅੱਜ ਉਹ ਪੂਰੀ ਤਰ੍ਹਾਂ ਕਾਮਯਾਬ ਹਨ ਜਦ ਕਿ ਦੂਜੇ ਪਾਸੇ ਜਿਹੜੇ ਰੋਡਵੇਜ਼ ਵਾਲੇ ਮੁਲਾਜ਼ਮ ਹਨ ਜੇਕਰ ਕੋਈ ਭੁੱਲਿਆ ਚੁੱਕਿਆ ਰੋਡਵੇਜ਼ ਦੀ ਬੱਸ ਦੇ ਵਿੱਚ ਚੜ੍ਹ ਜਾਵੇ ਔਰ ਕੋਈ ਕਹੇ ਕਿ "ਵੇ ਕੰਡਕਟਰ ਭਾਈ, ਵੇ ਵੀਰਾ, ਜ਼ਰਾ ਮੈਨੂੰ ਏਥੇ ਉਤਾਰ ਦੇ," ਤਾਂ ਇਹ ਅੱਗੇ ਜਵਾਬ ਦਿੰਦੇ ਹਨ "ਕਿਉਂ ਬੱਸ ਤੇਰੀ ਬੇਬੇ ਲਈ ਹੋਈ ਹੈ।" ਇਸ ਤੋਂ ਇਲਾਵਾ ਹੋਰ ਵੀ ਬਥੇਰਾ ਕੁਝ ਚੰਗਾ ਮੰਦਾ ਬੋਲਦੇ ਹਨ। ਸੋ ਮੇਰੇ ਕਹਿਣ ਦਾ ਮਤਲਬ ਹੈ ਕਿ ਅਸੀਂ ਆਪਣੇ ਮੁਲਾਜ਼ਮਾਂ ਨੂੰ ਟਰੇਂਡ ਹੀ ਨਹੀਂ ਕਰ ਸਕੇ ਕਿ ਤੁਹਾਨੂੰ ਬੱਸ ਤੇ ਲਾਇਆ ਹੈ ਤੁਸੀਂ ਜ਼ਿੰਮੇਵਾਰੀ ਦੇ ਨਾਲ ਸਵਾਰੀ ਦਾ ਸਤਿਕਾਰ ਕਰੋ, ਉਸ ਦੀ ਮਦਦ ਕਰੋ।

ਸ੍ਰੀ ਡਿਪਟੀ ਸਪੀਕਰ : ਸਰਦਾਰ ਜੀ, ਤੁਹਾਡਾ ਟਾਈਮ ਹੋ ਗਿਆ ਹੈ। ਹੁਣ ਵਾਈਂਡ-ਅੱਪ ਕਰੋ।

ਸਰਦਾਰ ਤੋਤਾ ਸਿੰਘ : ਕੋਈ ਗੱਲ ਨਹੀਂ ਜੀ, ਬਹੁਤ ਬਹੁਤ ਮਿਹਰਬਾਨੀ। ਮੈਂ ਬੇਨਤੀ ਕਰਨੀ ਚਾਹਾਂਗਾ ਕਿ ਮੇਰਾ ਇਹ ਸਬਜੈਕਟ ਤਾਂ ਬਹੁਤ ਲੰਮਾ ਚੌੜਾ ਸੀ ਪਰ ਜੇ ਤੁਸੀਂ ਕਹਿੰਦੇ ਹੋ ਤਾਂ ਮੈਂ ਏਥੇ ਹੀ ਬੱਸ ਕਰ ਦਿੰਦਾ ਹਾਂ। ਇੰਨਾ ਕਹਿੰਦਾ ਹੋਇਆ ਮੈਂ ਧੰਨਵਾਦ ਕਰਦਾ ਹਾਂ।

ਸ੍ਰੀ ਡਿਪਟੀ ਸਪੀਕਰ : ਜੇਕਰ ਇਕ ਦੋ ਮਿੰਟ ਹੋਰ ਬੋਲਣਾ ਹੈ ਤਾਂ ਬੋਲ ਲਓ।

ਸਰਦਾਰ ਤੋਤਾ ਸਿੰਘ : ਮੈਂ ਤੁਹਾਡਾ ਧੰਨਵਾਦ ਕਰਦਾ ਹਾਂ, ਕਿ ਤੁਸੀਂ ਮੈਨੂੰ ਬੋਲਣ ਲਈ ਇਜ਼ਾਜ਼ਤ ਦੇ ਦਿੱਤੀ ਹੈ। ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅਸੀਂ ਸਾਰੇ ਜੋ ਇਸ ਪਵਿੱਤਰ ਸਦਨ ਦੇ ਵਿੱਚ ਚੁਣ ਕੇ ਆਏ ਹਾਂ ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਜਿੱਥੇ ਟੀਕਾ-ਟਿਪਣੀ ਦੀ ਲੋੜ ਨਹੀਂ ਸਾਨੂੰ ਉਥੇ ਟੀਕਾ-ਟਿਪਣੀ ਨਹੀਂ ਕਰਨੀ ਚਾਹੀਦੀ। ਜਿੰਨਾਂ ਸਾਨੂੰ ਸਮਾਂ ਮਿਲਿਆ ਹੈ ਉਸ ਅਨੁਸਾਰ ਪੂਰੀ ਤਰ੍ਹਾਂ ਵਿਚਾਰ ਕੇ ਗੱਲ ਕਰਨੀ ਚਾਹੀਦੀ ਹੈ ਕਿ ਕਿਵੇਂ ਸੂਬੇ ਨੂੰ ਅੱਗੇ ਲਿਆਉਣ ਦਾ ਯਤਨ ਕੀਤਾ ਜਾਵੇ ਕਿਉਂਕਿ ਅੱਜ ਵਿਦਿਆ ਦਾ ਮਿਆਰ ਡਾਊਨ ਆ ਗਿਆ ਹੈ। ਨਕਲ ਵੀ ਇਸ ਦਾ ਇਕ ਬਹੁਤ ਵੱਡਾ ਕਾਰਨ ਹੈ। ਹੁਣ ਤਾਂ ਫਿਰ ਕੁਝ ਸੁਧਾਰ ਹੋ ਗਿਆ ਹੈ, ਪਹਿਲਾਂ ਤਾਂ ਬਹੁਤ ਕੰਮ ਖਰਾਬ ਹੋ ਗਿਆ ਸੀ। ਇਸ ਨਕਲ ਦੀ ਬਿਮਾਰੀ ਨੇ ਸਾਡੀ ਨਸਲ ਨੂੰ ਖਰਾਬ ਕਰ ਦਿੱਤਾ ਹੈ। ਸਾਡੇ ਇਲਾਕੇ ਵਿੱਚ ਗੁਰੂ ਨਾਨਕ ਦੇਵ ਕਾਲਿਜ ਅਤੇ ਭੁਪਿੰਦਰਾ ਖਾਲਸਾ ਸੀ. ਸ: ਸਕੂਲ, ਮੋਗੇ ਦੇ ਵਿੱਚ ਹੈ ਮੈਂ ਉਸਦਾ ਪ੍ਰਧਾਨ ਹਾਂ। ਮੈਂ ਉਥੇ ਏਨੀ ਸਖਤੀ ਕੀਤੀ ਹੋਈ ਹੈ ਕਿ ਕਿਸੇ ਨੂੰ ਨਕਲ ਮਾਰਨ ਦੀ ਇਜ਼ਾਜ਼ਤ ਨਹੀਂ। ਮੈਂ ਫੈਸਲਾ ਕੀਤਾ ਹੋਇਆ ਹੈ ਕਿ ਪ੍ਰਾਇਮਰੀ ਸਕੂਲ ਤੋਂ ਹੀ ਸਾਡੇ ਕੋਲ ਚਾਹੇ ਕੋਈ ਬੱਚਾ ਦਾਖਲ ਹੋਵੇ ਜਾਂ ਨਾ ਹੋਵੇ, ਮੈਂ ਨਕਲ ਨਹੀਂ ਮਾਰਨ ਦੇਣੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਸਾਡੇ ਸਕੂਲ ਦੇ ਰਿਜ਼ਲਟ ਬਹੁਤ ਵਧੀਆ ਆਏ। ਮੋਗੇ ਦਾ ਹਰ ਆਦਮੀ ਚਾਹੁੰਦਾ ਹੈ ਕਿ ਉਸਦਾ ਬੱਚਾ ਸਾਡੇ ਇਸ ਸਕੂਲ ਵਿੱਚ ਦਾਖਲ ਹੋਵੇ। ਜੇਕਰ ਨਕਲ ਦੇ ਸਿਰ ਤੇ ਬੱਚੇ ਨੂੰ ਤਿਆਰ ਕੀਤਾ ਜਾਵੇ ਜਾਂ ਅੰਗਰੇਜ਼ੀ ਤੋਂ ਬਗੈਰ ਪੜ੍ਹਾਇਆ ਜਾਵੇ ਤਾਂ ਇੰਜੀਨੀਅਰਿੰਗ, ਮੈਡੀਕਲ ਵਗੈਰਾ ਦੇ ਪ੍ਰਿਲਿਮੀਨਰੀ ਟੈਸਟਾਂ ਦੇ ਵਿੱਚ ਸਾਡੇ ਬੱਚੇ ਕੰਮਪੀਟ ਨਹੀਂ ਕਰ ਸਕਣਗੇ। ਜੇ ਬੱਚਾ ਪਹਿਲੀ ਤੋਂ ਲੈ ਕੇ +2 ਤੱਕ ਆਪਣੀ ਮਿਹਨਤ ਨਾਲ ਪੜ੍ਹੇ ਤਾਂ ਉਹ ਹਰ ਕਾਲਜ ਵਿਚ, ਹਰ ਕਲਾਸ ਵਿੱਚ ਸਫਲ ਹੋ ਸਕਦਾ ਹੈ। ਇਹੀ ਕਾਰਨ ਹੈ ਕਿ ਸ਼ਹਿਰਾਂ ਦੇ ਵਿੱਚ ਐਜੂਕੇਸ਼ਨ ਦਾ ਪੱਧਰ ਉੱਚਾ ਹੋਣ ਕਰਕੇ ਬੱਚੇ ਅੱਗੇ ਲੰਘ ਜਾਂਦੇ ਹਨ ਪਰ ਕਿਉਂਕਿ ਪਿੰਡਾਂ ਦੇ ਵਿੱਚ ਸਰਕਾਰੀ ਸਕੂਲ ਹਨ ਔਰ ਉਥੇ ਵਿਦਿਆ ਦਾ ਮਿਆਰ, ਪੜ੍ਹਾਈ ਕਰਾਉਣ ਦਾ ਮਿਆਰ ਨੀਵਾਂ ਹੈ, ਇਸ ਲਈ ਉਹ ਬੱਚੇ ਅੱਗੇ ਨਹੀਂ ਆ ਸਕਦੇ।

ਡਿਪਟੀ ਸਪੀਕਰ ਸਾਹਿਬ, ਮੈਂ ਇੰਜੀਨੀਅਰਿੰਗ ਕਾਲਿਜ ਫਤਿਹਗੜ੍ਹ ਸਾਹਿਬ ਦਾ ਵੀ ਟਰੱਸਟੀ ਹਾਂ। ਦੋਨਾਂ ਕਾਲਜਾਂ ਵਿੱਚ ਗੁਰੂ ਨਾਨਕ ਦੇਵ

[ਸਰਦਾਰ ਤੋਤਾ ਸਿੰਘ]

ਇੰਜੀਨੀਅਰਿੰਗ ਕਾਲਜ ਲੁਧਿਆਣਾ, ਸਮੇਤ 70% ਸੀਟਾਂ ਪਿੰਡਾਂ ਦੇ ਬੱਚਿਆਂ ਵਾਸਤੇ ਪਿੰਡਾਂ ਦੀ ਇਹ ਦਿੱਕਤ ਨੂੰ ਸਾਹਮਣੇ ਰਖਦੇ ਹੋਏ ਰਾਖਵੀਆਂ ਰੱਖੀਆਂ ਹੋਈਆਂ ਹਨ। ਤੁਹਾਨੂੰ ਹੈਰਾਨੀ ਹੋਵੇਗੀ ਕਿ ਜਿਹੜੇ ਸੀ.ਈ.ਟੀ. ਹੁੰਦੇ ਹਨ ਉਨ੍ਹਾਂ ਦੇ ਵਿੱਚ ਸ਼ਹਿਰਾਂ ਦੇ ਪੜ੍ਹੇ ਬੱਚੇ 140 ਨੰਬਰਾਂ ਵਾਲੇ ਨੂੰ ਅੌਰ ਸਾਡੇ ਪਿੰਡਾਂ ਦੇ ਪੜ੍ਹੇ ਬੱਚੇ, ਕੇਵਲ 46 ਨੰਬਰਾਂ ਵਾਲੇ ਨੂੰ ਦਾਖਲਾ ਮਿਲਿਆ। ਜੇਕਰ ਇਹ ਪੇਂਡੂ ਖੇਤਰਾਂ ਲਈ ਰਿਜ਼ਰਵੇਸ਼ਨ ਨਾ ਹੁੰਦੀ ਤਾਂ ਉਹ ਬੱਚੇ ਤਾਂ ਕਿਤੇ ਦਾਖ਼ਲ ਵੀ ਨਹੀਂ ਹੋ ਸਕਦੇ ਸੀ। ਜਿਹੜੇ ਬੱਚੇ ਇਸ ਪਰਕਾਰ ਦਾਖ਼ਲ ਹੋ ਜਾਂਦੇ ਹਨ ਉਹ ਵੀ ਅੱਗੇ ਜਾ ਕੇ ਫਸਟ ਈਯਰ ਜਾਂ ਸੈਕਿੰਡ ਈਯਰ ਵਿੱਚ ਫਸ ਜਾਂਦੇ ਹਨ। ਜਿਹੜੇ ਬੱਚੇ ਇੰਗਲਿਸ਼ ਸਕੂਲਾਂ ਵਿਚ ਪੜ੍ਹਦੇ ਹਨ, ਉਨ੍ਹਾਂ ਦਾ ਮੁਕਾਬਲਾ ਕਰਨਾ ਬੜਾ ਔਖਾ ਹੈ। ਕਦੀ ਸੋਚਿਆ ਹੈ ਕਿ ਪੰਜਾਬ ਦਾ ਕਿੰਨਾ ਪੈਸਾ ਪੰਜਾਬ ਤੋਂ ਬਾਹਰ ਬਰਬਾਦ ਹੋ ਰਿਹਾ ਹੈ। ਸਾਡੇ ਪੰਜਾਬ ਦੇ ਲੋਕ ਆਪਣੇ ਬੱਚਿਆਂ ਨੂੰ ਦੂਸਰੇ ਸੂਬਿਆਂ ਵਿਚ ਦਾਖਲਾ ਦਿਵਾਉਂਦੇ ਹਨ। ਅੰਗਰੇਜ਼ੀ ਵਿਦਿਆ ਲੈਣ ਵਾਸਤੇ ਹਰ ਹੀਲਾ ਵਰਤਦੇ ਹਨ। ਹੁਣ ਉਹ ਰਸ਼ੀਆ ਵਿਚ ਆਪਣੇ ਬੱਚੇ ਭੇਜਣ ਲੱਗ ਪਏ ਹਨ, ਮੈਡੀਕਲ ਦੀ ਪੜ੍ਹਾਈ ਵਾਸਤੇ ਉਹ ਵਿਦੇਸ਼ੀ ਕਰੰਸੀ ਲੈ ਕੇ ਉਥੇ ਪੜ੍ਹਾਉਣ ਵਾਸਤੇ ਭੇਜ ਰਹੇ ਹਨ। ਇਹ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਜਿਹੜੀਆਂ ਇਹੋ ਜਿਹੀਆਂ ਸੰਸਥਾਵਾਂ ਹਨ, ਜਿਹੜੀਆਂ ਮੈਡੀਕਲ ਕਾਲਜ ਚਲਾਉਂਦੀਆਂ ਹਨ, ਜਾਂ ਡੈਂਟਲ ਕਾਲਜ ਚਲਾਉਂਦੀਆਂ ਹਨ ਉਨ੍ਹਾਂ ਨੂੰ ਸਾਰੇ ਰਲ ਕੇ ਅਸੀਂ ਈਮਾਨਦਾਰੀ ਨਾਲ ਸਹਿਯੋਗ ਦੇਈਏ। ਕੁਝ ਕੁ ਪ੍ਰਾਈਵੇਟ ਮੈਨੇਜਮੈਂਟਾਂ ਦੇ ਅੰਦਰ ਜਿਹੜੇ ਟਰੱਸਟ ਬਣੇ ਹੋਏ ਹਨ, ਉਹ ਸਾਰੇ ਤਾਂ ਗਲਤ ਨਹੀਂ ਹੋ ਸਕਦੇ, ਕੁਝ ਕੁ ਹੋ ਸਕਦੇ ਹਨ। ਜਿਹੜੇ ਗਲਤ ਹਨ ਉਨ੍ਹਾਂ ਬਾਰੇ ਮਿਲ ਕੇ, ਬੈਠ ਕੇ ਵਿਚਾਰ ਕੀਤਾ ਜਾ ਸਕਦਾ ਹੈ। ਬਹੁਤੇ ਟਰੱਸਟੀ ਅਜਿਹੇ ਵੀ ਹਨ ਜਿਹੜੇ ਆਪਣੇ ਕੋਲੋਂ ਪੈਸਾ ਲਾਉਂਦੇ ਹਨ, ਆਪ-ਣੀਆਂ ਕਾਰਾਂ ਵਿਚ ਆਪ ਤੇਲ ਪੁਆ ਕੇ ਪ੍ਰਬੰਧ ਕਰਦੇ ਹਨ। ਉਹ ਦਿਲੋਂ ਚਾਹੁੰਦੇ ਹਨ ਕਿ ਵਿਦਿਆ ਦਾ ਮਿਆਰ ਉਚਾ ਹੋਵੇ, ਸਟੈਂਡਰਡ ਵਧੇ। ਜੇਕਰ ਅਜਿਹੇ ਪ੍ਰਾਈਵੇਟ ਸਕੂਲ ਆਪਣੇ ਕੋਲੋਂ ਖਰਚ ਕਰਕੇ, ਸਾਡੇ ਬੱਚਿਆਂ ਨੂੰ ਚੰਗੀ ਐਜੂਕੇਸ਼ਨ ਦੇ ਰਹੇ ਹਨ ਤਾਂ ਉਹ ਬਹੁਤ ਵੱਡਾ ਪੁੰਨ ਦਾ ਕੰਮ ਕਰ ਰਹੇ ਹਨ। ਇਸ ਵਿਚ ਗਲਤ ਕੀ ਹੈ? ਕਦੀ ਆਪਾਂ ਇਹ ਸੋਚਿਆ ਹੈ, ਰੋਡਵੇਜ਼ ਜਿਹੜੀ ਹਮੇਸ਼ਾ ਹੀ ਘਾਟੇ ਵਿਚ ਚਲਦੀ ਹੈ, ਜੇਕਰ ਉਸ ਦੀ ਥਾਂ ਤੇ ਪ੍ਰਾਈਵੇਟ ਸਾਰੀਆਂ ਬੱਸਾਂ ਚਲਾ ਦਿੰਦੇ ਤਾਂ ਉਹ ਰੋਡਵੇਜ਼ ਦੇ ਨਾਲੋਂ ਕਿਤੇ ਚੰਗੀਆਂ ਸਹੂਲਤਾਂ ਪੰਜਾਬ ਦੇ ਲੋਕਾਂ ਨੂੰ ਦਿੰਦੀਆਂ। ਜਿੰਨਾ ਪੈਸਾ ਅਸੀਂ ਰੋਡਵੇਜ਼ ਉਤੇ ਖਰਚ ਕੀਤਾ ਹੈ, ਉਸ ਦੇ ਨਾਲ ਕਈ ਡੈਮ ਬਣਾਏ ਜਾ ਸਕਦੇ ਸਨ ਅਤੇ ਬਿਜਲੀ ਉਤਪਾਦਨ ਵਧਾਇਆ ਜਾ ਸਕਦਾ ਸੀ ਜਾਂ ਹੋਰ ਕਈ ਵਿਕਾਸ ਦੇ ਕੰਮ ਕੀਤੇ ਜਾ ਸਕਦੇ ਸਨ। ਇਸ ਦੇ ਨਾਲ ਸਾਡਾ ਪੰਜਾਬ ਹੋਰ ਬਹੁਤ ਅੱਗੇ ਵੱਧ ਸਕਦਾ ਸੀ। ਅਸੀਂ ਹਰ ਗੱਲ ਦਾ ਕਹੀ ਜਾਂਦੇ ਹਾਂ ਕਿ ਸਹਕਾਰੀਕਰਨ ਕਰ ਦਿਓ, ਸਰਕਾਰੀਕਰਨ ਕਰ ਦਿਓ। ਕਦੀ ਸੋਚਿਆ ਹੈ ਕਿ ਇਸ ਉਤੇ ਸਰਕਾਰ ਦਾ ਕਿੰਨਾ ਪੈਸਾ ਖਰਚ ਹੁੰਦਾ ਹੈ। ਇਹ ਕਹਿੰਦੇ ਹਨ ਕਿ ਸਕੂਲਾਂ ਦਾ ਸਰਕਾਰੀਕਰਨ ਕਰ ਦਿਓ ਪਰ ਇਸ ਉਤੇ ਕਿੰਨਾ ਪੈਸਾ ਖਰਚ ਹੋਵੇਗਾ, ਇਹ ਕਦੀ ਨਹੀਂ ਸੋਚਿਆ। ਇਕ ਸਕੂਲ ਤਾਂ ਗੌਰਮਿਟ ਦੀ ਪੱਧਰ ਤੇ ਚਲਦੇ ਹਨ, ਦੂਸਰੇ ਸਕੂਲ ਉਹ ਹਨ ਜਿਨ੍ਹਾਂ ਨੂੰ ਸਰਕਾਰ ਵੱਲੋਂ 95% ਗ੍ਰਾਂਟ ਮਿਲਦੀ ਹੈ ਅਤੇ 5% ਉਹ ਆਪਣੇ

ਕੋਲੋਂ ਖਰਚ ਕਰਦੇ ਹਨ । ਇਕ ਪ੍ਰਾਈਵੇਟ ਸਕੂਲ ਹਨ ਜਿਹੜੇ ਕਿ ਸਾਰੇ ਦੇ ਸਾਰੇ ਖਰਚੇ ਆਪ ਕਰਦੇ ਹਨ । ਮੈਂ ਮੰਨਦਾ ਹਾਂ ਕਿ ਜਿਹੜੇ ਪ੍ਰਾਈਵੇਟ ਸਕੂਲ ਲੁੱਟ ਦੀਆਂ ਦੁਕਾਨਾਂ ਬਣੇ ਹੋਏ ਹਨ, ਉਨ੍ਹਾਂ ਦੀ ਗਿਣਤੀ ਕੇਵਲ 1 ਜਾਂ 2% ਹੋ ਸਕਦੀ ਹੈ । ਪਰ ਬਹੁਤੇ ਸਕੂਲ ਸਮਾਜ ਸੇਵੀ ਸੰਸਥਾਵਾਂ ਵੱਲੋਂ ਚਲਾਏ ਜਾ ਰਹੇ ਹਨ ਜਿਹੜੇ ਕਿ ਵਿਦਿਆ ਨੂੰ ਹੋਰ ਅੱਗੇ ਲਿਜਾਣਾ ਚਾਹੁੰਦੇ ਹਨ ਅਤੇ ਹਰ ਪੱਖ ਤੋਂ ਉਹ ਵਿਦਿਆ ਬਾਰੇ ਸੋਚਦੇ ਹਨ । ਫਰੀਦਕੋਟ ਵਿਚ ਡੈਂਟਲ ਕਾਲਜ ਇਕ ਟਰੱਸਟ ਵਲੋਂ ਚਲਾਇਆ ਜਾ ਰਿਹਾ ਹੈ । ਜੇਕਰ ਕੁਝ ਪ੍ਰਾਈਵੇਟ ਸਕੂਲ ਜਾਂ ਸੰਸਥਾਵਾਂ ਡੋਨੇਸ਼ਨ ਲੈਂਦੀਆਂ ਵੀ ਹਨ ਤਾਂ ਵੀ ਉਹ ਸੁਪਰੀਮ ਕੋਰਟ ਦੀ ਰੂਲਿੰਗ ਦੇ ਤਹਿਤ ਹੀ ਲੈਂਦੀਆਂ ਹਨ । ਆਹ ਸਾਹਮਣੇ ਬੈਠਾ ਮੇਰਾ ਇਕ ਵੀਰ ਸਿਰ ਜਿਹਾ ਮਾਰੀ ਜਾਂਦਾ ਹੈ (ਸਰਦਾਰ ਅਵਤਾਰ ਸਿੰਘ ਬਰਾੜ ਵੱਲ ਇਸ਼ਾਰਾ) ਜਦੋਂ ਇਸ ਕਾਲਜ ਦੀ ਪਰਮਿਸ਼ਨ ਲੈਣੀ ਸੀ, ਉਸ ਵੇਲੇ ਇਹ ਬੜਾ ਭੱਜਾ ਵਿਰਦਾ ਸੀ । ਜੇਕਰ ਉਥੇ ਕਾਲਜ ਦੀ ਪਰਮਿਸ਼ਨ ਮਿਲ ਗਈ ਹੈ ਤਾਂ ਉਥੇ ਸਾਡੇ ਪੰਜਾਬ ਦੇ ਹੀ ਬੱਚੇ ਡਾਕਟਰ ਬਣਨਗੇ । ਇਹ ਕੋਈ ਗਲਤ ਗੱਲ ਤਾਂ ਨਹੀਂ ਹੈ । ਜੇਕਰ ਕਿਤੇ ਕੋਈ ਕਮੀਆਂ-ਪੇਸ਼ੀਆਂ ਹਨ ਤਾਂ ਉਨ੍ਹਾਂ ਬਾਰੇ ਹੱਲ ਲੱਭਿਆ ਜਾ ਸਕਦਾ ਹੈ, ਕੋਈ ਢੰਗ-ਤਰੀਕੇ ਢੂੰਡੇ ਜਾ ਸਕਦੇ ਹਨ । ਜੇਕਰ ਕੋਈ ਸੰਸਥਾ ਪ੍ਰਾਈਵੇਟ ਸਕੂਲ ਜਾਂ ਕਾਲਜ ਖੋਲ੍ਹਦੀ ਹੈ ਤਾਂ ਤਕਲੀਫ ਕਿਸ ਗੱਲ ਦੀ ਹੈ । ਸਾਨੂੰ ਪਤਾ ਹੈ ਕਿ ਫਤਹਿਗੜ੍ਹ ਸਾਹਿਬ ਵਿਖੇ ਇੰਜੀਨੀਅਰਿੰਗ ਕਾਲਜ ਖੋਲ੍ਹਣ ਵਾਸਤੇ ਕਿੰਨੀਆਂ ਔਕੜਾਂ ਝੱਲਣੀਆਂ ਪਈਆਂ ਸਨ । ਸਰਕਾਰ ਦਾ ਕੀ ਜਾਂਦਾ ਹੈ, ਪੈਸਾ ਤਾਂ ਸਾਰਾ ਐਸ.ਜੀ.ਪੀ.ਸੀ. ਨੇ ਹੀ ਲਗਾਉਣਾ ਹੈ। ਹੁਣ ਅੰਮ੍ਰਿਤਸਰ ਵਿਚ ਮੈਡੀਕਲ ਕਾਲਜ ਖੋਲ੍ਹਣਾ ਹੈ ਉਥੇ ਕਰੋੜਾਂ ਰੁਪਿਆ ਲਗਣਾ ਹੈ, ਪਰ ਸਰਕਾਰ ਦਾ ਕੁਝ ਨਹੀਂ ਲਗਣਾ । ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਪ੍ਰਾਈਵੇਟ ਸਕੂਲਾਂ/ਕਾਲਜਾਂ ਨੂੰ ਪਹਿਲ ਦੇਵੇ ਤਾਂ ਕਿ ਸਰਕਾਰੀ ਖਜ਼ਾਨੇ ਉਤੇ ਕੋਈ ਬੋਝ ਨਾ ਪਵੇ । ਆਪਾਂ ਸਾਰਿਆਂ ਨੇ ਬਜਟ ਦੇ ਉਤੇ ਬਹਿਸ ਵਿਚ ਹਿੱਸਾ ਲਿਆ ਹੈ ਅਤੇ ਸਾਰਿਆਂ ਨੂੰ ਪਤਾ ਹੈ ਕਿ ਕਿਵੇਂ ਥੋੜ੍ਹੀਆਂ ਥੋੜ੍ਹੀਆਂ ਗੱਲਾਂ ਦਾ ਸਾਡੇ ਤੇ ਕਿੰਨਾ ਬੋਝ ਪੈਂਦਾ ਹੈ । ਫਿਰ ਐਜੂਕੇਸ਼ਨ ਤਾਂ ਇਕ ਬਹੁਤ ਵੱਡਾ ਅਦਾਰਾ ਹੈ । ਅਸੀਂ ਜਿੰਨੀ ਵਿਦਿਆ ਦੇ ਸਕਦੇ ਹਾਂ ਉਨੀ ਹੀ ਥੋੜ੍ਹੀ ਹੈ । ਹੁਣ ਸਾਇੰਸ ਦਾ ਯੁੱਗ ਆ ਰਿਹਾ ਹੈ ਇਸ ਕਰਕੇ ਜੇਕਰ ਹੁਣ ਦਾਖਲੇ ਦੇ ਸਮੇਂ ਤੋਂ ਹੀ ਅੰਗਰੇਜ਼ੀ ਮੀਡੀਅਮ ਨਹੀਂ ਰੱਖੋਗੇ ਉਤਨੀ ਦੇਰ ਤੱਕ ਸਾਡੇ ਬੱਚੇ ਲਾਇਕ ਨਹੀਂ ਬਨਣਗੇ ਤੇ ਅੱਗੇ ਨਹੀਂ ਵੱਧ ਸਕਣਗੇ । ਪ੍ਰਾਈਵੇਟ ਸਕੂਲਾਂ ਵਿਚ ਸ਼ੁਰੂ ਤੋਂ ਹੀ ਅੰਗਰੇਜ਼ੀ ਮੀਡੀਅਮ ਹੁੰਦਾ ਹੈ । ਜੇਕਰ ਸਾਡੇ ਬੱਚੇ ਅੰਗਰੇਜ਼ੀ ਪੜ੍ਹਣਗੇ ਤਾਂ ਹੀ ਉਹ ਡਾਕਟਰ ਬਣ ਸਕਣਗੇ, ਇੰਜੀਨੀਅਰ ਬਣ ਸਕਣਗੇ, ਐਮ.ਬੀ.ਏ. ਅਤੇ ਹੋਰ ਕੰਪੀਟੀਸ਼ਨਾਂ ਵਿਚ ਜਾ ਸਕਣਗੇ । ਇਸ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਕੋਸ਼ਿਸ਼ ਕਰਨੀ ਚਾਹੀਦੀ ਹੈ ਜੇ ਕੋਈ ਪ੍ਰਾਈਵੇਟ ਸਕੂਲਾਂ ਜਾਂ ਮੈਨੇਜਮੈਂਟਾਂ ਜਾਂ ਸੰਸਥਾਵਾਂ ਵਿਚ ਕਮੀਆਂ ਹਨ ਤਾਂ ਸਾਨੂੰ ਸਾਰੇ ਨੁਮਾਇੰਦਿਆਂ ਨੂੰ ਉਨ੍ਹਾਂ ਦੇ ਨਾਲ ਮਿਲ ਕੇ, ਬੈਠ ਕੇ, ਤਾਲਮੇਲ ਰੱਖਣਾ ਚਾਹੀਦਾ ਹੈ ।

ਸ੍ਰੀ ਡਿਪਟੀ ਸਪੀਕਰ : ਆਪਣੀ ਸਪੀਚ ਖਤਮ ਕਰਨ ਦੀ ਕੋਸ਼ਿਸ਼ ਕਰੋ ।

ਸਰਦਾਰ ਤੋਤਾ ਸਿੰਘ : ਜੇ ਵਾਕਿਆ ਹੀ ਮਨੇਜਮੈਂਟ ਕੋਈ ਗਲਤ ਕੰਮ ਕਰਦੀ ਹੈ ਤਾਂ ਫਿਰ ਉਸਨੂੰ ਸਜ਼ਾ ਦੇਣ ਵਾਸਤੇ ਸਾਡੀ ਸਰਕਾਰ ਦੇ ਪਾਸ ਬਹੁਤ ਸਾਧਨ ਹੁੰਦੇ ਹਨ । ਪਰ ਜਿਹੜੀਆਂ ਸੰਸਥਾਵਾਂ ਬਹੁਤ ਈਮਾਨਦਾਰੀ ਨਾਲ ਕੰਮ ਕਰਦੀਆਂ ਹਨ ਤਾਂ ਸਾਡਾ ਫਰਜ਼ ਬਣਦਾ ਹੈ ਕਿ ਉਸਦਾ ਸਤਿਕਾਰ ਕਰੀਏ । ਇਸ ਲਈ ਮੈਂ ਕਹਿੰਦਾ ਹਾਂ ਕਿ ਸਾਨੂੰ/ਸਰਕਾਰ ਨੂੰ ਇਸ ਮਤੇ ਨਾਲ ਸਹਿਮਤੀ ਨਹੀਂ ਪ੍ਰਗਟਾਉਣੀ ਚਾਹੀਦੀ ਅਤੇ ਸਾਡੇ ਮੈਂਬਰ ਸਾਹਿਬਾਨ ਨੂੰ ਚਾਹੀਦਾ ਹੈ ਕਿ ਅਜਿਹੇ ਮਤੇ ਸਦਨ ਵਿੱਚ ਲਿਆ ਕੇ ਹਾਊਸ ਦਾ, ਸਰਕਾਰ ਦਾ ਕੀਮਤੀ ਸਮਾਂ ਖਰਾਬ ਨਹੀਂ ਕਰਨਾ ਚਾਹੀਦਾ । ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਖੁਰਾਕ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ (ਸ੍ਰੀ ਮਦਨ ਮੋਹਨ ਮਿੱਤਲ) : ਡਿਪਟੀ ਸਪੀਕਰ ਸਾਹਿਬ, ਇਹ ਜੋ ਮਤਾ ਚੌਧਰੀ ਜਗਜੀਤ ਸਿੰਘ ਜੀ ਨੇ ਲਿਆਂਦਾ ਹੈ ਕਿ ਸਰਕਾਰ ਕੋਈ ਫੌਰੀ ਕਦਮ ਚੁੱਕੇ ਜਿਸ ਦੇ ਨਾਲ ਕਿ ਕੋਈ ਕਾਨੂੰਨ ਬਣੇ । 'ਯੂਨੀਫਾਇਡ ਸਿਲੇਬਸ ਫਾਰ ਫੀ ਸਟਰੱਕਚਰ, (Unified syllabus for fee structure) ਪ੍ਰਾਈਵੇਟ ਸਕੂਲ ਜੋ ਸਾਡੀ ਸਟੇਟ ਵਿੱਚ ਚਲ ਰਹੇ ਹਨ, ਉਨ੍ਹਾਂ ਦੇ ਲਈ ਇਕ ਸਿਸਟਮ ਲਾਗੂ ਕੀਤਾ ਜਾਵੇ । ਸਿੱਖਿਆ ਦਾ ਜੋ ਵਿਸ਼ਾ ਹੈ ਇਹ ਬਹੁਤ ਹੀ ਵੱਡਾ/ਵਿਸ਼ਾਲ ਵਿਸ਼ਾ ਹੈ ਔਰ ਕਿਸੇ ਨੂੰ ਵੀ ਇਸ ਸਮਾਜ ਦੇ ਵਿੱਚ ਇਸ ਵਿਆਪਕ ਸਿਸਟਮ ਦੇ ਵਿੱਚ ਲਿਆਉਣ ਵਾਸਤੇ, ਸੰਸਕਾਰਤ ਕਰਨ ਵਾਸਤੇ, ਜਿੱਥੇ ਬੱਚੇ ਨੂੰ ਮਾਂ-ਬਾਪ ਜਨਮ ਦਿੰਦੇ ਹਨ, ਉਥੇ ਅਧਿਆਪਕ ਔਰ ਸਿੱਖਿਆ, ਉਸਨੂੰ ਸਮਾਜ ਵਿਚ ਪੂਰਨ ਵਿਅਕਤੀ ਅਤੇ ਸਮਾਜ ਸੇਵੀ ਬਣਾਉਣ ਵਾਸਤੇ ਬਹੁਤ ਵੱਡਾ ਰੋਲ ਅਦਾ ਕਰਦੇ ਹਨ । ਸਿੱਖਿਆ ਦਾ ਵਿਸ਼ਾ ਇਕ ਇਮਪਾਰਟੈਂਟ ਵਿਸ਼ਾ ਹੈ ਜੋ ਕਿ ਚੌਧਰੀ ਸਾਹਿਬ ਨੇ ਟੈਕਨੀਕਲ ਤੌਰ ਤੇ ਇਥੇ ਲਿਆਂਦਾ ਹੈ । ਜਦੋਂ ਮੈਂ ਭਾਸ਼ਣ ਸੁਣ ਰਿਹਾ ਸੀ ਤਾਂ ਸੋਚ ਰਿਹਾ ਸੀ ਕਿ 50 ਸਾਲ ਦਾ ਜੋ ਸਮਾਂ ਗੁਜ਼ਰਿਆ ਹੈ, ਇਨ੍ਹਾਂ ਨੇ ਖੁਦ ਆਪਣੇ ਆਪ ਮੰਨਿਆ ਹੈ ਕਿ 15 ਅਗਸਤ, 1947 ਨੂੰ ਹਿੰਦੁਸਤਾਨ ਆਜ਼ਾਦ ਹੋਇਆ, ਉਸ ਸਮੇਂ ਤੋਂ ਲੈ ਕੇ ਅੱਜ ਤੱਕ ਪੰਜਾਬ ਵਿੱਚ ਕੇਵਲ 6½ ਸਾਲ ਹੀ ਦੂਸਰੀਆਂ ਪਾਰਟੀਆਂ ਦਾ ਰਾਜ ਰਿਹਾ, ਬਾਕੀ 43½ ਸਾਲ ਇਥੇ ਇਨ੍ਹਾਂ ਦੀ ਕਾਂਗਰਸ ਪਾਰਟੀ ਦਾ ਹੀ ਇਨ-ਡਾਇਰੈਕਟ ਔਰ ਡਾਇਰੈਕਟ ਤੌਰ ਤੇ ਰਾਜ ਰਿਹਾ ਜੇ ਇਥੇ ਗਵਰਨਰੀ ਰਾਜ ਵੀ ਰਿਹਾ ਉਹ ਵੀ ਦਿੱਲੀ ਦੀ ਸਰਕਾਰ ਦਾ ਹੀ ਰਾਜ ਸੀ ਅਤੇ ਕਾਂਗਰਸ ਦਾ ਹੀ ਰਾਜ ਸੀ । 43½ ਸਾਲ ਦੇ ਪੀਰੀਅਡ ਵਿੱਚ ਸਿੱਖਿਆ ਦੇ ਵਾਸਤੇ ਅਗਰ ਇਹ ਕੋਈ ਇਸ ਤਰ੍ਹਾਂ ਦੇ ਨਿਯਮ ਨਹੀਂ ਲਿਆ ਸਕੇ ਤਾਂ ਇਹ ਕਿਵੇਂ ਕਹਿ ਸਕਦੇ ਹਨ ਕਿ ਪੰਜਾਬ ਵਿੱਚ ਸਿੱਖਿਆ ਦਾ ਮਿਆਰ ਉੱਚਾ ਹੋਇਆ ਹੈ ? ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਸਿਲੇਬਸ ਇਕ ਕਰ ਦਿਤਾ ਜਾਵੇ । ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਪਰ ਮੈਂ ਸਮਝਦਾ ਹਾਂ ਕਿ ਸਿਲੇਬਸ ਇਕ ਨਹੀਂ ਹੋ ਸਕਦਾ ਕਿਉਂਕਿ ਇਥੇ ਤਿੰਨ ਤਰ੍ਹਾਂ ਦੇ ਸਕੂਲ ਸਾਡੇ ਪੰਜਾਬ ਵਿੱਚ ਚਲਦੇ ਹਨ, ਜਿਨ੍ਹਾਂ ਨੂੰ ਮਾਨਤਾ ਪ੍ਰਾਪਤ ਹੈ । ਇਕ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੀਏਟਿਡ ਹਨ, ਉਨ੍ਹਾਂ ਦਾ ਸਿਲੇਬਸ ਪਹਿਲਾਂ

ਹੀ ਨਿਸਚਿਤ ਕੀਤਾ ਹੋਇਆ ਹੈ, ਦੂਜਾ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਨਾਲ ਐਫੀਲੀਏਟਿਡ ਹਨ ਉਨ੍ਹਾਂ ਦਾ ਆਪਣਾ ਸਿਲੇਬਸ ਹੈ ਅਤੇ ਇਕ ਇੰਡੀਅਨ ਸਰਟੀ-ਫਿਕੇਟ ਆਫ ਸਕੂਲ ਐਜੂਕੇਸ਼ਨ ਨਾਲ ਐਫੀਲੀਏਟਿਡ ਹਨ ਉਨ੍ਹਾਂ ਦ ਆਪਣਾ ਸਿਲੇਬਸ ਨਿਸ਼ਚਿਤ ਹੈ । ਤਿੰਨੋ ਸੰਸਥਾਵਾਂ ਐਫੀਲੀਏਸ਼ਨ ਕਰਦੀਆਂ ਹਨ ਪਰ ਇਨ੍ਹਾਂ ਦਾ ਸਿਲੇਬਸ ਇਕੋਂ ਨਹੀਂ ਹੋ ਸਕਦਾ, ਕਿਉਂਕਿ ਨਾ ਤਾਂ ਉਨ੍ਹਾਂ ਦਾ ਸਿਸਟਮ ਇਕ ਹੈ ਅਤੇ ਨਾ ਹੀ ਇਨ੍ਹਾਂ ਤਿੰਨਾਂ ਦਾ ਮੀਡੀਅਮ ਆਫ ਇੰਸਟਰਕਸ਼ਨਜ਼ ਇਕ ਹਨ । ਵੈਸੇ ਤਾਂ ਇਥੇ ਐਜੂਕੇਸ਼ਨ ਦੇ ਖੇਤਰ ਵਿੱਚ ਇਕ ਨੈਸ਼ਨਲ ਪਾਲਿਸੀ ਬਣਨੀ ਚਾਹੀਦੀ ਹੈ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਸਿੱਖਿਆ ਨੂੰ ਇਤਨਾ ਨਿਗਲੈਕਟ ਕੀਤਾ ਗਿਆ ਹੈ ਕਿ ਐਜੂਕੇਸ਼ਨ ਤੇ ਹਮੇਸ਼ਾਂ ਨਵੇਂ ਨਵੇਂ ਐਕਸਪੈਰੀਮੈਂਟ (ਤਜਰਬੇ) ਹੁੰਦੇ ਰਹੇ ਹਨ । ਪਹਿਲਾਂ ਦਸਵੀਂ, ਐਫ.ਐਸ.ਸੀ. ਜਾਂ ਇੰਟਰਮੀਡੀਏਟ ਫਿਰ ਉਸਦੇ ਉਪਰ ਆ ਗਈ ਗਰੈਜੂਏਸ਼ਨ, ਫਿਰ ਉਸ ਤੋਂ ਬਾਅਦ ਇਕ ਨਵਾਂ ਸਿਸਟਮ ਆ ਗਿਆ ਕਿ ਮੈਟ੍ਰਿਕ ਤੋਂ ਬਾਅਦ ਸੀਨੀਅਰ ਸੈਕੰਡਰੀ ਕਰ ਦਿਓ । ਫਿਰ ਕਹਿਣ ਲੱਗੇ ਇਹ ਵੀ ਕਾਰ-ਆਮਦ ਨਹੀਂ ਅਤੇ ਫਿਰ 10+2 ਤੇ ਬਹਿਸ ਚਲਦੀ ਰਹੀ, ਫਿਰ 10+2 ਹੋ ਗਿਆ ਅਤੇ ਫਿਰ +1 ਹੋ ਗਿਆ । ਸੋ, ਪਿਛਲੇ 50 ਸਾਲਾਂ ਵਿੱਚ ਸਿੱਖਿਆ ਦੇ ਮਾਮਲੇ ਵਿੱਚ ਤਜਰਬੇ ਕਰਦੇ ਰਹੇ ਅਤੇ ਵਿਦਿਆ ਦੀ ਇਕ ਨੀਤੀ ਨਿਰਧਾਰਤ ਨਾ ਕਰਨ ਕਾਰਨ ਅਸੀਂ ਕਨ-ਫਿਊਜ਼ ਹੋ ਗਏ । ਸਾਨੂੰ ਮਿਨੀਮਮ ਸਿੱਖਿਆ ਪ੍ਰੈਸਕਰਾਈਬ ਕਰਨੀ ਚਾਹੀਦੀ ਸੀ ਕਿ ਹਰ ਬੱਚਾ ਇਸ ਮਿਆਰ ਤੱਕ ਪੜ੍ਹੇਗਾ ਉਸਦੇ ਬਾਅਦ ਅਸੀਂ ਜੌਬ-ਓਰੀਐਂਟਿਡ ਕਰ ਦਿੰਦੇ ਪਰ ਕੋਈ ਸਿੱਖਿਆ ਦਾ ਮਿਆਰ ਨਾ ਕਾਇਮ ਕਰਕੇ ਅਤੇ ਕੋਈ ਪਾਲਿਸੀ ਜੋ ਸੀ ਉਸਨੂੰ ਅਖਤਿਆਰ ਨਾ ਕਰਕੇ, ਅਸੀਂ ਅਨ-ਇਮਪਲਾਇਡ ਵਾਈਟ ਕਾਲਰ ਗਰੈਜੂਏਟ ਪੈਦਾ ਕਰ ਦਿਤੇ ਹਨ । ਅੱਜ ਇਕ ਕਲਰਕ ਲਈ ਡੀਮਾਂਡ ਭੇਜੀ ਜਾਂਦੀ ਹੈ ਤਾਂ ਉਥੇ ਪੋਸਟ ਗਰੈਜੂਏਟ ਅਪਲਾਈ ਕਰਦੇ ਹਨ, ਬੱਚੇ ਇੰਟਰਵਿਊ ਲਈ ਆਉਂਦੇ ਹਨ । ਜਦੋਂ ਉਨ੍ਹਾਂ ਨੂੰ ਪੁਛਿਆ ਜਾਂਦਾ ਹੈ ਕਿ ਤੁਸੀਂ ਕੋਈ ਟੈਕਨੀਕਲ ਐਜੂਕੇਸ਼ਨ ਲਈ ਹੈ ਜਾਂ ਸਕਿੱਲਡ ਕੰਮ ਤੁਹਾਨੂੰ ਕੋਈ ਆਉਂਦਾ ਹੈ, ਤਾਂ ਉਹ ਕਹਿੰਦੇ ਹਨ ਕਿ ਉਹ ਤਾਂ ਨਹੀਂ ਆਉਂਦਾ ਅਸੀਂ ਤਾਂ ਐਮ.ਏ. ਪੜ੍ਹ ਕੇ ਆ ਗਏ ਹਾਂ । ਇਹ ਕਿਉਂ ਹੋ ਗਿਆ ਹੈ ਕਿਉਂਕਿ ਅਸੀਂ ਕੋਈ ਮਿਆਰ ਜਾਂ ਸਟੈਂਡਰਡ ਆਫ ਐਜੂਕੇਸ਼ਨ ਮੇਨਟੇਨ ਨਹੀਂ ਕੀਤਾ । ਹਰ ਬੱਚਾ ਆਪਣੀ ਮਿਨੀਮਮ ਐਜੂਕੇਸ਼ਨ ਇਥੇ ਪੜ੍ਹਣ ਤੋਂ ਬਾਅਦ, ਜਿਸ ਦੇ ਨਾਲ ਉਹ ਕੰਮਿਊਨਿਕੇਟ ਕਰ ਸਕੇ, ਸਿੱਖਿਆ ਇਕ ਮਾਧਿਅਮ ਹੈ, ਜਿਸ ਨੂੰ ਪੜ੍ਹਣ ਤੋਂ ਬਾਅਦ ਉਸ ਅੰਦਰ ਸੰਸਕਾਰ ਆਉਂਦੇ ਹਨ, ਉਸ ਦੇ ਨਾਲ ਹੀ ਉਸ ਨੂੰ ਸਿੱਖਿਆ ਦਿੱਤੀ ਜਾਂਦੀ ਹੈ ਜਿਸ ਨਾਲ ਉਹ ਆਪਣੇ ਆਪ ਨੂੰ ਕਮਿਊਨੀਕੇਟ ਕਰ ਸਕਦਾ ਹੈ । ਸਾਨੂੰ ਮਿਨੀਮਮ ਐਜੂਕੇਸ਼ਨ ਫਿਕਸ ਕਰਨ ਤੋਂ ਬਾਅਦ ਇਹ ਚਾਹੀਦਾ ਸੀ ਕਿ ਅਸੀਂ ਜਾਬ ਓਰੀਐਂਟਿਡ ਐਜੂਕੇਸ਼ਨ ਬਣਾਈਏ ਅਤੇ ਉਸ ਦੀ ਜਿਸ ਪਾਸੇ ਰੁਚੀ ਸੀ, ਉਸ ਪਾਸੇ ਭੇਜਦੇ ਪਰ ਇੱਥੇ ਤਾਂ ਹੋੜ ਲੱਗ ਗਈ । ਜਦੋਂ ਇੱਥੇ ਇੰਜੀਨੀਅਰਾਂ ਦੀ ਲੋੜ ਪਈ ਤਾਂ ਸਾਰੇ ਇੰਜੀਨੀਅਰਿੰਗ ਸਾਈਡ ਵੱਲ ਦੌੜ ਗਏ । ਇੰਜੀਨੀਅਰ ਬਣਨ ਵਾਸਤੇ ਜੋ ਕੋਈ ਵੀ ਸਾਧਨ ਅਡਾਪਟ

[ਖੁਰਾਕ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ]

ਕਰ ਸਕਦਾ ਸੀ, ਕਿਸੀ ਨੇ ਕਿਹਾ ਕਿ ਮੇਰੀ ਨਾਮੀਨੇਸ਼ਨ ਹੋ ਜਾਵੇ, ਕਿਸੀ ਨੇ ਕਿਹਾ ਕਿ ਮੈਂ ਵੱਧ ਫੀਸ ਦੇ ਕੇ ਦਾਖਲਾ ਲੈ ਲਵਾਂ, ਉਹ ਉਸ ਨੇ ਵਰਤੇ । ਫਿਰ ਮੈਡੀਕਲ ਵਾਲੇ ਪਾਸੇ ਰੇਸ ਚੱਲ ਪਈ । ਹਰ ਮਾਤਾ ਪਿਤਾ ਦੀ ਇਹ ਖਾਹਿਸ਼ ਹੁੰਦੀ ਹੈ ਕਿ ਜਦੋਂ ਮੇਰਾ ਮੁੰਡਾ ਦਸਵੀਂ ਪਾਸ ਕਰੇ ਤਾਂ ਸਭ ਤੋਂ ਪਹਿਲਾਂ ਮੈਡੀਕਲ ਕਾਲਜ ਵਾਲੇ ਪਾਸੇ ਜਾਵੇ । ਜੇ ਮੈਡੀਕਲ ਵਾਲੇ ਪਾਸੇ ਐਡਮਿਸ਼ਨ ਨਹੀਂ ਮਿਲਦੀ ਤਾਂ ਫਿਰ ਇੰਜੀਨੀਅਰਿੰਗ ਕਾਲਜ ਵਿੱਚ ਜਾਵੇ । ਜਦੋਂ ਉਹ ਦੋਵੇਂ ਥਾਵਾਂ ਤੋਂ ਰਹਿ ਜਾਂਦਾ ਹੈ ਤਾਂ ਫਿਰ ਕਹਿੰਦੇ ਹਨ ਕਿ ਜੇ. ਬੀ. ਟੀ. ਜਾਂ ਬੀ. ਏ. ਹੀ ਕਰਵਾ ਦਿਓ । ਇਹੀ ਕਾਰਨ ਹੈ ਕਿ ਸਿੱਖਿਆ ਵਿੱਚ ਇਤਨੀ ਭਾਰੀ ਗਿਰਾਵਟ ਆਈ ਹੈ । ਇਸ ਨੂੰ ਸੋਚਣ ਵਾਸਤੇ ਹੀ ਅਸੀਂ ਚਿੰਤਿਤ ਹੋ ਗਏ । ਚਾਹੀਦਾ ਤਾਂ ਇਹ ਸੀ ਕਿ ਜਿਸ ਬੱਚੇ ਦੀ ਰੁਚੀ ਹੀ ਸ਼ੁਰੂ ਤੋਂ ਇੰਜੀਨੀਅਰਿੰਗ ਵੱਲ ਸੀ, ਉਸ ਨੂੰ ਅਸੀਂ ਦਸਵੀਂ ਤੋਂ ਬਾਅਦ ਚੰਗੀ ਤਰ੍ਹਾਂ ਸਟੱਡੀ ਕਰਵਾਉਂਦੇ । ਜੇ ਕਿਸੀ ਦੀ ਰੁਚੀ ਮੈਡੀਕਲ ਵਾਲੇ ਪਾਸੇ ਸੀ ਤਾਂ ਉਸ ਨੂੰ ਮੈਡੀਕਲ ਵਾਲੇ ਪਾਸੇ ਭੇਜਦੇ । ਇੰਜੀਨੀਅਰਿੰਗ ਵਾਲੇ ਨੂੰ ਇੰਜੀਨੀਅਰਿੰਗ ਸਾਈਡ ਤੇ ਭੇਜਦੇ । ਜੇ ਕਿਸੀ ਦੀ ਰੁਚੀ ਹੋਰ ਪਾਸੇ ਸੀ ਤਾਂ ਉਸ ਨੂੰ ਉਸ ਪਾਸੇ ਟ੍ਰੇਨਿੰਗ ਦਿੰਦੇ । ਇਸ ਨਾਲ ਅਨ-ਇੰਪਲਾਇਮੈਂਟ ਖਤਮ ਹੋ ਸਕਦੀ ਸੀ । ਲੇਕਿਨ ਅਸੀਂ ਕੋਈ ਨੀਤੀ ਨਿਰਧਾਰਿਤ ਨਹੀਂ ਕੀਤੀ । ਡਿਪਟੀ ਸਪੀਕਰ ਸਾਹਿਬ, ਅੱਜ ਇਹ ਕਿਹਾ ਜਾ ਰਿਹਾ ਹੈ ਕਿ ਪ੍ਰਾਈਵੇਟ ਸਕੂਲਾਂ ਉਤੇ ਨਿਯੰਤਰਣ ਕਰ ਦਿਓ । ਅਗਰ ਐਸੀ ਕੋਈ ਲੈਜਿਸਲੇਸ਼ਨ ਲਿਆ ਕੇ ਪ੍ਰਾਈਵੇਟ ਸਕੂਲਾਂ ਵਿਚ ਇੰਟਰਫੀਅਰ ਕਰਾਂਗੇ, ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਦੀ ਵਰਕਿੰਗ ਵਿੱਚ ਅਨ-ਡਿਊ ਇੰਟਰਫੀਅਰੈਂਸ ਹੋਵੇਗੀ । ਇਨ੍ਹਾਂ ਸਕੂਲਾਂ ਦੀ ਕਾਫ਼ੀ ਕੰਟਰੀਬਿਊਸ਼ਨ ਹੈ । ਡੀ. ਏ. ਵੀ. ਇੰਸਟੀਚਿਊਸ਼ਨਜ਼ ਹਨ ਜਿਨ੍ਹਾਂ ਨੂੰ ਸੌ ਸਾਲ ਤੋਂ ਵੱਧ ਹੋ ਗਏ ਹਨ ਔਰ ਉਨ੍ਹਾਂ ਨੇ ਸਿੱਖਿਆ ਦੇ ਖੇਤਰ ਵਿਚ ਕਾਫੀ ਕੰਮ ਕੀਤਾ ਹੈ । ਉਨ੍ਹਾਂ ਨੇ ਆਪਣੇ ਸਕੂਲਾਂ ਵਿਚ ਕਾਫੀ ਸਟੂਡੈਂਟ ਇਹੋ ਜਿਹੇ ਪੜ੍ਹਾਏ ਜਿਹੜੇ ਬਾਅਦ ਵਿਚ ਆਰਮੀ ਵਿੱਚ ਲੱਗੇ, ਐਡਮਨਿਸਟਰੇਸ਼ਨ ਵਿੱਚ ਲੱਗੇ, ਯੂਰਪ ਵਿੱਚ ਗਏ, ਸਾਇੰਸ ਦੇ ਖੇਤਰ ਵਿਚ ਗਏ, ਅਤੇ ਉਨ੍ਹਾਂ ਨੇ ਆਪਣਾ ਨਾਂ ਕਾਇਮ ਕੀਤਾ । ਇੱਥੇ ਹੀ ਬੱਸ ਨਹੀਂ, ਸਮਾਜ ਸੇਵਾ ਵਿੱਚ, ਰਾਜਨੀਤੀ ਵਿੱਚ ਔਰ ਇਸ ਤੋਂ ਵੀ ਵੱਧ ਜੋ ਡੀ. ਏ. ਵੀ. ਕਾਲਜ ਲਾਹੌਰ ਅਤੇ ਖਾਲਸਾ ਕਾਲਜ ਸਨ, ਉਨ੍ਹਾਂ ਨੇ ਸਟੂਡੈਂਟਸ ਵਿਚ ਦੇਸ਼ ਭਗਤੀ ਦੇ ਜਜ਼ਬਾਤ ਭਰ ਕੇ ਦੇਸ਼ ਦੀ ਆਜ਼ਾਦੀ ਵਾਸਤੇ ਤਿਆਰ ਕੀਤਾ । ਮੇਰੇ ਸਾਥੀ ਕਹਿ ਰਹੇ ਸੀ ਕਿ ਇੱਥੇ ਸੈਕੂਲਰਇਜ਼ਮ ਖਤਮ ਹੋ ਜਾਵੇਗਾ, ਕੱਟੜ-ਪੰਥੀ ਦੇ ਵਿਚਾਰ ਦਿੱਤੇ ਜਾਂਦੇ ਹਨ । ਮੈਂ ਅਪਣੇ ਦੋਸਤ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਗਰ ਇਹ ਇੰਸਟੀਚਿਊਸ਼ਨਜ਼ ਨਾ ਖੜ੍ਹੀਆਂ ਹੁੰਦੀਆਂ, ਗੌਰਮਿੰਟ ਕਾਲਜ ਦੇ ਆਧਾਰ ਤੇ ਸਿੱਖਿਆ ਦਿੱਤੀ ਜਾਂਦੀ ਤਾਂ ਅੱਜ ਭਗਤ ਸਿੰਘ ਨਹੀਂ ਪੈਦਾ ਹੋ ਸਕਦਾ ਸੀ । ਭਗਤ ਸਿਘ ਡੀ.ਏ.ਵੀ. ਕਾਲਜ ਵਿੱਚ ਪੜ੍ਹਿਆ । ਲਾਲਾ ਹਰਦਿਆਲ ਵਰਗੇ ਲੋਕ ਨਹੀਂ ਪੈਦਾ ਹੋ ਸਕਦੇ ਸਨ । ਇਸ ਕਰਕੇ ਇਨ੍ਹਾਂ ਇੰਸਟੀਚਿਊਸ਼ਨਜ਼ ਨੇ ਸਿੱਖਿਆ ਦੇ ਖੇਤਰ ਵਿਚ ਜਿਤਨੀ ਕੰਟਰੀਬਿਊਸ਼ਨ ਕੀਤੀ ਹੈ ਸ਼ਾਇਦ ਸਰਕਾਰ ਇੰਨੇ ਸਾਧਨ ਜੁਟਾ ਕੇ ਇੰਨੇ ਲੋਕਾਂ ਨੂੰ ਸਿੱਖਿਆ ਨਹੀਂ ਦੇ ਸਕਦੀ ਸੀ । ਡਿਪਟੀ ਸਪੀਕਰ ਸਾਹਿਬ, ਸਰਕਾਰ ਦੇ ਸਕੂਲਾਂ ਤੇ ਕਾਲਜਾਂ ਦੀ ਇਹ ਹਾਲਤ ਹੈ ਕਿ ਸਕੂਲ ਹਨ ਤਾਂ ਬਿਲਡਿੰਗ

ਨਹੀਂ । ਜੇ ਬਿਲਡਿੰਗ ਹੈ ਤਾਂ ਟੀਚਰ ਨਹੀਂ । ਜੇ ਟੀਚਰ ਹਨ ਤਾਂ ਲੈਬਾਰਟਰੀ ਵਿਚ ਸਮਾਨ ਨਹੀਂ ਹੈ । ਪਿਛਲੇ ਸਾਲਾਂ ਵਿੱਚ ਅਸੀਂ ਵਾਰ ਵਾਰ ਇਹ ਸਵਾਲ ਕਰਦੇ ਰਹੇ ਹਾਂ । ਸਾਨੂੰ ਜਵਾਬ ਇਹ ਮਿਲਦਾ ਰਿਹਾ ਕਿ ਛੇਤੀ ਤੋਂ ਛੇਤੀ ਟੀਚਰ ਲੱਗ ਜਾਣਗੇ । ਪੰਜ ਸਾਲਾਂ ਵਿਚ ਸਕੂਲਾਂ ਵਿਚ ਅਧਿਆਪਕ ਨਹੀਂ ਲੱਗ ਸਕਿਆ । ਹਰ ਸਾਲ ਸਕੂਲ ਅਪਗਰੇਡ ਹੁੰਦੇ ਰਹੇ । ਮੈਂ ਚਾਹੁੰਦਾ ਹਾਂ ਕਿ ਇਸ ਤੇ ਬਹਿਸ ਹੋਣੀ ਚਾਹੀਦੀ ਹੈ ਅਤੇ ਰਾਜਨੀਤੀ ਤੋਂ ਹੱਟ ਕੇ ਬਹਿਸ ਹੋਣੀ ਚਾਹੀਦੀ ਹੈ । ਪੰਜਾਬ ਸਰਕਾਰ, ਜੋ ਵੀ ਕੋਈ ਚੰਗਾ ਸੁਝਾਓ ਦੇਵੇਗਾ, ਉਸ ਤੇ ਵਿਚਾਰ ਕਰੇਗੀ । ਪੰਜਾਬ ਦੇ ਸਿੱਖਿਆ ਦੇ ਮਿਆਰ ਨੂੰ ਉਚਾ ਕਰਨ ਵਾਸਤੇ ਜੋ ਸੁਝਾਅ ਆਵੇਗਾ, ਪੰਜਾਬ ਸਰਕਾਰ ਉਸ ਨੂੰ ਵੈਲਕਮ ਕਰੇਗੀ । ਕਲ੍ਹ ਸਿੱਖਿਆ ਤੇ ਬਹਿਸ ਹੋਣੀ ਹੈ, ਉਥੇ ਹੋਰ ਸੁਝਾਓ ਆਉਣ, ਪੰਜਾਬ ਸਰਕਾਰ ਉਨ੍ਹਾਂ ਨੂੰ ਵੈਲਕਮ ਕਰੇਗੀ ਤੇ ਲਾਗੂ ਕਰਨ ਦਾ ਯਤਨ ਵੀ ਕਰੇਗੀ । ਇਹ ਸਰਕਾਰ ਚਾਹੁੰਦੀ ਹੈ ਕਿ ਪੰਜਾਬ ਵਿਚ ਸਿੱਖਿਆ ਦਾ ਮਿਆਰ ਉੱਚਾ ਹੋਵੇ । ਡਿਪਟੀ ਸਪੀਕਰ ਸਾਹਿਬ, ਜਦੋਂ ਸ਼ਹਿਰ ਵਿਚ ਸਕੂਲ ਖੁੱਲ੍ਹਦਾ ਹੈ ਤਾਂ ਸ਼ਹਿਰ ਵਿਚ ਜ਼ਮੀਨ ਵੀ ਐਕੁਆਇਰ ਹੁੰਦੀ ਹੈ, ਬਿਲਡਿੰਗ ਵੀ ਸਰਕਾਰ ਬਣਾਉਂਦੀ ਹੈ, ਟੀਚਰ ਵੀ ਲੱਗਦੇ ਹਨ ਕਿਉਂਕਿ ਉਥੇ ਜਨਤਾ ਵਲੋਂ ਰੌਲਾ ਪੈਂਦਾ ਹੈ ਪਰ ਪਿੰਡ ਵਿਚ ਸਕੂਲ ਬਣਾਉਣਾ ਹੈ ਤਾਂ ਪਹਿਲਾਂ ਪੰਚਾਇਤ ਮਤਾ ਲੈਕੇ ਤੁਰੇਗੀ, ਫਿਰ ਬਿਲਡਿੰਗ ਬਣਾ ਕੇ ਦੇਵੇਗੀ । ਫਿਰ ਉਥੇ ਟੀਚਰ ਜਾਣ ਨੂੰ ਕੋਈ ਤਿਆਰ ਨਹੀਂ ਹੁੰਦਾ । ਪਿਛਲੇ ਸਾਲਾਂ ਵਿਚ ਕੀ ਹੋਇਆ ਕਿ ਟੀਚਰ ਦੀ ਨਿਯੁਕਤੀ ਕਿਸੇ ਪਿੰਡ ਵਿਚ ਹੋਈ ਹੁੰਦੀ ਹੈ । ਤਨਖਾਹ ਉਸ ਨੂੰ ਪਿੰਡ ਵਿਚ ਮਿਲਦੀ ਹੈ ਪਰ ਐਡਹਾਕ ਤੇ ਉਹ ਲੱਗਾ ਹੋਇਆ ਸ਼ਹਿਰ ਵਿਚ ਹੁੰਦਾ ਹੈ । ਬਾਦਲ ਸਾਹਿਬ ਨੇ ਡੈਪੂਟੇਸ਼ਨ ਸਿਸਟਮ ਖਤਮ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਡੈਪੂਟੇਸ਼ਨ ਤੇ ਐਡਹਾਕਇਜ਼ਮ ਹੀ ਖਤਮ ਨਹੀਂ ਕੀਤਾ ਬਲਕਿ ਇਕ ਹੋਰ ਨੀਤੀ ਅਡਾਪਟ ਕੀਤੀ ਹੈ । ਭਾਵੇਂ ਇੰਟਰਵਿਊਜ਼ ਕਿਸ ਤਰੀਕੇ ਨਾਲ ਹੋਈਆਂ ਹਨ, ਉਸ ਦਾ ਸਾਰਿਆਂ ਨੂੰ ਪਤਾ ਹੈ, ਇੰਟਰਵਿਊਜ਼ ਤੋਂ ਬਾਅਦ ਉਹ ਤਹਿ ਨਹੀਂ ਕਰ ਸਕੇ ਕਿ ਕਿਸ ਨੂੰ ਲਗਾਉਣਾ ਹੈ ਅਤੇ ਕਿਸ ਨੂੰ ਨਹੀਂ ਲਗਾਉਣਾ । ਜਿਹੜਾ ਬੱਚਾ ਮਾਂ ਦੇ ਜ਼ੇਵਰ ਵੇਚ ਕੇ ਜਾਂ ਪਿਤਾ ਦੀ ਜ਼ਮੀਨ ਵੇਚ ਕੇ ਨਿਯੁਕਤੀ ਪੱਤਰ ਪ੍ਰਾਪਤ ਕਰੇਗਾ ਤਾਂ ਕੀ ਉਹ ਠੀਕ ਤਰੀਕੇ ਨਾਲ ਪੜ੍ਹਾ ਸਕੇਗਾ ? ਜਿਸ ਨੇ ਦੇਸ਼ ਦਾ ਭਵਿੱਖ ਬਣਾਉਣਾ ਹੈ, ਜਿਸ ਨੇ ਬੱਚੇ ਨੂੰ ਸੰਸਕਾਰ ਦੇਣੇ ਹਨ, ਅਗਰ ਉਸ ਤਰ੍ਹਾਂ ਦਾ ਟੀਚਰ ਲੱਗ ਜਾਵੇਗਾ ਤਾਂ ਉਹ ਕੀ ਪੜ੍ਹਾਏਗਾ ? ਲੇਕਿਨ ਪਹਿਲੀ ਪੰਜਾਬ ਸਰਕਾਰ ਨੇ, ਜੋ ਇੰਟਰਵਿਊਜ਼ ਕੀਤੀਆਂ ਸਿਲੈਕਸ਼ਨ ਕਮੇਟੀਜ਼ ਨੇ ਜੋ ਸਿਲੈਕਸ਼ਨਾਂ ਕੀਤੀਆਂ, ਰਾਜਨੀਤੀ ਤੋਂ ਪਿੱਛੇ ਹੱਟ ਕੇ ਸਾਰੇ ਅਪੁਆਇੰਟਮੈਂਟ ਲੈਟਰ ਦੇ ਕੇ ਟੀਚਰ ਲਗਾ ਦਿੱਤੇ । ਲੇਕਿਨ ਇੱਕ ਗੱਲ ਇਸ ਵਿਚ ਕੀਤੀ ਕਿ ਜੋ ਵੀ ਨਵਾਂ ਟੀਚਰ ਲੱਗੇਗਾ, ਉਸ ਨੂੰ ਗਰਾਮੀਣ ਖੇਤਰ ਵਿੱਚ ਕੰਮ ਕਰਨਾ ਪਵੇਗਾ ਕਿਉਂਕਿ ਪਹਿਲਾਂ ਉਥੇ ਕੋਈ ਅਧਿਆਪਕ ਨਹੀਂ ਸੀ । ਪਿੰਡਾਂ ਦੇ ਸਾਰੇ ਸਕੂਲਾਂ ਵਿੱਚ ਵੱਧ ਤੋਂ ਵੱਧ ਟੀਚਰ ਲਗਾਏ ਤਾਂ ਕੇ ਪਿੰਡਾਂ ਦੇ ਬੱਚੇ ਸ਼ਹਿਰਾਂ ਦੇ ਬੱਚਿਆਂ ਨਾਲ

[ਖੁਰਾਕ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ]

ਕੰਪੀਟ ਕਰ ਸਕਣ, ਉਨ੍ਹਾਂ ਦੇ ਬਰਾਬਰ ਆ ਸਕਣ । ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਇੱਕ ਨੀਤੀ ਤੈਅ ਕੀਤੀ ਹੈ ਆਦਰਸ਼ ਸਕੂਲਾਂ ਦੀ । ਪਹਿਲਾਂ ਵੀ ਆਦਰਸ਼ ਸਕੂਲਾਂ ਦਾ ਪੈਟਰਨ ਸ਼ੁਰੂ ਕੀਤਾ ਸੀ ਲੇਕਿਨ ਸਰਕਾਰ ਨੇ ਹੋਰ ਰਾਜਨੀਤਿਕ ਹਿਤਾਂ ਨੂੰ ਅਗੇ ਰੱਖ ਕੇ ਉਸ ਆਦਰਸ਼ ਸਕੂਲਾਂ ਦੇ ਸਿਸਟਮ ਨੂੰ ਖਤਮ ਕਰ ਦਿੱਤਾ ਸੀ । ਹੁਣ ਜਦੋਂ ਇੱਕ ਬਲਾਕ ਵਿੱਚ ਕੋਈ ਪਿੰਡ ਜ਼ਮੀਨ ਦੇਣ ਨੂੰ ਤਿਆਰ ਹੋ ਜਾਵੇਗਾ, ਤਾਂ ਸਕੂਲ ਖੋਲ੍ਹ ਦੇਵਾਂਗੇ ਔਰ ਜ਼ਮੀਨ ਮਿਲਣ ਤੋਂ ਬਾਅਦ ਅਸੀਂ ਤੈਅ ਕੀਤਾ ਹੈ ਕਿ ਕੇਵਲ ਉਸੇ ਪਿੰਡ ਦੇ ਬੱਚੇ ਹੀ ਉਸ ਸਕੂਲ ਵਿੱਚ ਨਹੀਂ ਲਏ ਜਾਣਗੇ ਬਲਕਿ ਸਾਰੇ ਬਲਾਕ ਵਿਚੋਂ ਬੱਚੇ ਲਏ ਜਾਣਗੇ ਔਰ ਕੋਈ ਮਜ਼ਹਬ ਦੇ ਬਿਨਾਂ ਔਰ ਕੋਈ ਹੋਰ ਇਕਨਾਮੀਕਲੀ, ਨਾਨ-ਇਕਨਾਮੀਕਲੀ, ਅਮੀਰ-ਗਰੀਬ ਦਾ ਕੋਈ ਖਿਆਲ ਨਹੀਂ ਰੱਖਿਆ ਜਾਵੇਗਾ ਬਲਕਿ ਸਭ ਨੂੰ ਪੜ੍ਹਾਈ ਵਾਸਤੇ ਸਥਾਨ ਦਿੱਤਾ ਜਾਵੇਗਾ ਤਾਂ ਕਿ ਗਰਾਮੀਣ ਖੇਤਰ ਦਾ ਬੱਚਾ ਪੜ੍ਹ ਕੇ ਸ਼ਹਿਰਾਂ ਦੇ ਵਿਚ ਕੰਪੀਟ ਕਰ ਸਕੇ, ਉਨ੍ਹਾਂ ਨੂੰ ਅੱਛੇ ਮਿਆਰ ਦੇ ਨਾਲ ਸਿੱਖਿਆ ਮਿਲ ਸਕੇ । ਮੈਂ, ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਸਿੱਖਿਆ ਦਾ ਠੀਕ ਮਿਆਰ ਨਹੀਂ ਰੱਖਿਆ, ਅਸੀਂ ਠੀਕ ਸੰਸਕ੍ਰਿਤੀ ਦੇਣ ਦੀ ਕੋਸ਼ਿਸ਼ ਨਹੀਂ ਕੀਤੀ । ਪ੍ਰਾਈਵੇਟ ਸਕੂਲਾਂ ਵਿੱਚ ਜਦੋਂ ਮੌਰਲ ਐਜੂਕੇਸ਼ਨ ਪੜ੍ਹਾਈ ਜਾਂਦੀ ਹੈ, ਦੇਸ਼ ਨਾਲ ਜੁੜਨ ਦੀ ਸਿੱਖਿਆ ਦਿੱਤੀ ਜਾਂਦੀ ਹੈ, ਸਾਡੇ ਮੁਲਕ ਵਿੱਚ ਤਾਂ ਇਹ ਨਿਸ਼ਚਿਤ ਹੀ ਨਹੀਂ ਹੈ, ਕਿ ਦੇਸ਼ ਭਗਤੀ ਕੀ ਹੈ ? ਕੁਰਬਾਨੀ ਕੀ ਹੈ ? ਅਗਰ ਕੋਈ ਸਕੂਲ ਦੇਸ਼ ਭਗਤੀ ਦੀ ਗੱਲ ਕਰੇ, ਜਿਨ੍ਹਾਂ ਲੋਕਾਂ ਨੇ ਦੇਸ਼ ਵਾਸਤੇ ਕੁਰਬਾਨੀ ਦਿੱਤੀ, ਜਿਨ੍ਹਾਂ ਨੇ ਸਮਾਜ ਵਾਸਤੇ ਕੁਰਬਾਨੀ ਦਿੱਤੀ, ਜਿਨ੍ਹਾਂ ਨੇ ਧਰਮ ਅਤੇ ਦੇਸ਼ ਨੂੰ ਬਚਾਉਣ ਵਾਸਤੇ ਕੁਰਬਾਨੀ ਦਿੱਤੀ, ਅਗਰ ਉਨ੍ਹਾਂ ਦੇ ਬਾਰੇ, ਉਨ੍ਹਾਂ ਦੇ ਜੀਵਨ ਬਾਰੇ ਸਕੂਲਾਂ ਵਿੱਚ ਪੜ੍ਹਾਇਆ ਜਾਵੇ ਲੇਕਿਨ ਕੁਝ ਲੋਕ ਜਿਹੜੇ ਸੈਕੂਲਰਇਜ਼ਮ ਦੇ ਪਿੱਛੇ ਪਏ ਹਨ, ਜਿਹੜੇ ਕੱਟੜਪੰਥੀ ਹਨ, ਉਹ ਇਸ ਨੂੰ ਨਿੰਦਦੇ ਹਨ । ਮੈਂ ਸਮਝਦਾ ਹਾਂ ਕਿ ਬੱਚਿਆਂ ਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਮੈਂ ਕੌਣ ਹਾਂ, ਹਿੰਦੁਸਤਾਨ ਮੇਰਾ ਕੀ ਲਗਦਾ ਹੈ ? ਇਹ ਧਰਤੀ ਕਿਉਂ ਪਿਆਰੀ ਹੈ ? ਜਿੰਨਾ ਚਿਰ ਇਸ ਚੀਜ਼ ਦਾ ਪਤਾ ਨਹੀਂ ਲਗਦਾ, ਦੇਸ਼ ਨਾਲ ਪਿਆਰ ਨਹੀਂ ਹੋ ਸਕਦਾ । 50 ਸਾਲਾਂ ਤੋਂ ਸਾਡੇ ਦੇਸ਼ ਵਿੱਚ ਆਤੰਕਵਾਦ ਫੈਲਿਆ ਹੋਇਆ ਹੈ । ਸਾਡੇ ਆਪਣੇ ਹਿੰਦੁਸਤਾਨ ਦੇ ਲੋਕ ਵਿਦੇਸ਼ੀਆਂ ਨਾਲ ਮਿਲ ਕੇ ਦੇਸ਼ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਇਸ ਚੀਜ਼ ਦੀ ਜਾਣਕਾਰੀ ਨਹੀਂ ਕਿ ਅਸੀਂ ਕਿਸ ਦੇਸ਼ ਦੇ ਵਾਰਸ ਹਾਂ । ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਆਪਣੇ ਬੱਚਿਆਂ ਨੂੰ ਜਾਣਕਾਰੀ ਦੇਈਏ ਕਿ ਅਸੀਂ ਕਿਸ ਦੇ ਵਾਰਸ ਹਾਂ, ਸਾਡੀ ਸੰਸਕ੍ਰਿਤੀ ਕੀ ਹੈ। ਸਾਡੇ ਬੱਚਿਆਂ ਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਸਾਡੀ ਸਭ ਤੋਂ ਪ੍ਰਾਚੀਨ ਸੰਸਕ੍ਰਿਤੀ ਹੈ, ਸਾਡੀ ਸੱਭਿਅਤਾ ਸਭ ਤੋਂ ਪੁਰਾਣੀ ਹੈ । ਇਸ ਗੱਲ ਦੀ ਜਾਣਕਾਰੀ ਨਾ ਹੋਣ ਦੇ ਕਾਰਨ ਹੀ ਅੱਜ ਬਹੁਤ ਸਾਰੀਆਂ ਭੜਕਾਹਟਾਂ ਹੋ ਰਹੀਆਂ ਹਨ । ਇਹ ਇਥੇ ਹੀ ਨਹੀਂ ਹੋ ਰਹੀਆਂ ਅੱਜ ਤੋਂ 50-60 ਸਾਲ ਪਹਿਲਾਂ ਇੰਗਲੈਂਡ ਦੇ ਵਿੱਚ ਵੀ ਚਰਚਾ ਚਲੀ ਸੀ । ਜਿਹੜੇ ਲਾਸਟ ਪੀਸ ਆਫ ਥਾਟ ਦਾ ਵਿਚਾਰ ਰੱਖਣ ਵਾਲੇ ਸਨ, ਉਨ੍ਹਾਂ ਨੇ ਪਬਲਿਕ ਸਕੂਲਾਂ ਦਾ ਵਿਰੋਧ ਕੀਤਾ ਸੀ ਲੇਕਿਨ ਉਹ ਗੱਲ ਚੱਲ ਨਹੀਂ ਸਕੀ । ਮੈਂ ਪਬਲਿਕ ਸਕੂਲਾਂ ਦੇ ਜ਼ਿਆਦਾ ਪੱਖ ਵਿਚ ਨਹੀਂ ਹਾਂ ਲੇਕਿਨ ਪੰਜਾਬ ਸਰਕਾਰ ਚਾਹੁੰਦੀ ਹੈ ਕਿ ਇੱਕ ਸਿਸਟਮ ਲਾਗੂ ਹੋ ਕੇ ਉਨ੍ਹਾਂ ਦੇ ਵਿੱਚ ਸਿੱਖਿਆ ਦਾ ਮਿਆਰ ਉਚਾ ਕੀਤਾ ਜਾਵੇ. . . .

ਸ੍ਰੀ ਡਿਪਟੀ ਸਪੀਕਰ: ਕੰਪਲੀਟ ਕਰੋ । ਟਾਈਮ ਦੋ ਮਿੰਟ ਰਹਿੰਦੇ ਹਨ ।

ਖੁਰਾਕ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਡਿਪਟੀ ਸਪੀਕਰ ਸਾਹਿਬ, ਹੁਣ ਤੱਕ ਸਕੂਲਾਂ ਦਾ ਮਿਆਰ ਉੱਚਾ ਨਹੀਂ ਹੋਇਆ । ਜਿਹੜੇ ਟੀਚਰ ਹਨ ਉਨ੍ਹਾਂ ਦਾ ਸਕੂਲਾਂ ਵਿਚ ਮਾਣ ਸਨਮਾਨ ਨਹੀਂ ਰੱਖ ਸਕੇ । ਅੱਜ ਤੋਂ ਪੰਜਾਹ ਸਾਲ ਪਹਿਲਾਂ, ਜਦੋਂ ਦੇਸ਼ ਆਜ਼ਾਦ ਹੋਇਆ ਸੀ ਤਾਂ ਟੀਚਰ ਦਾ ਦਰਜਾ ਸਭ ਤੋਂ ਵੱਧ ਉੱਚਾ ਸੀ, ਟੀਚਰ ਨੂੰ ਸਭ ਤੋਂ ਜ਼ਿਆਦਾ ਸਨਮਾਨ ਦਿੱਤਾ ਜਾਂਦਾ ਸੀ ਲੇਕਿਨ ਅੱਜ ਦੇ ਸਮੇਂ ਦੇ ਵਿੱਚ ਟੀਚਰ ਦਾ ਉਹ ਸਨਮਾਨ ਨਹੀਂ ਰਿਹਾ । ਬੱਚਿਆਂ ਦਾ ਟੀਚਰ ਲਈ ਸਨਮਾਨ ਨਹੀਂ ਰਿਹਾ ਅਤੇ ਬੱਚਿਆਂ ਪ੍ਰਤੀ ਟੀਚਰ ਦਾ ਵਿਵਹਾਰ ਵੀ ਠੀਕ ਨਹੀਂ ਰਿਹਾ । ਇਸ ਦਾ ਕਾਰਨ ਇਹ ਹੈ ਕਿ ਸੰਸਕ੍ਰਿਤੀ ਠੀਕ ਨਾ ਹੋਣ ਕਰਕੇ ਸਿੱਖਿਆ ਵਿਚ ਗਿਰਾਵਟ ਆਈ ਹੈ ਔਰ ਇਸ ਨੂੰ ਬਹੁਤ ਜ਼ਿਆਦਾ ਉੱਚਾ ਚੁੱਕਣ ਦੀ ਜ਼ਰੂਰਤ ਹੈ ।

ਸੋ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਮਤਾ ਇਨ੍ਹਾਂ ਨੇ ਰੱਖਿਆ ਹੈ, ਉਹ ਸਿਰਫ ਟੈਕਨੀਕਲ ਗਰਾਊਂਡ ਤੇ ਰੱਖਿਆ ਹੈ, ਇਸ ਲਈ ਇਸ ਮਤੇ ਨੂੰ ਪਾਸ ਕਰਨ ਦੀ ਜ਼ਰੂਰਤ ਨਹੀਂ ਹੈ ਔਰ ਇਹ ਪਾਸ ਨਹੀਂ ਕੀਤਾ ਜਾ ਸਕਦਾ । ਪਰ ਮੈਂ ਫਿਰ ਵੀ ਇਸ ਗੱਲ ਨੂੰ ਵੈਲਕਮ ਕਰਾਂਗਾ ਕਿ ਸਕੂਲਾਂ ਦੇ ਸਟੈਂਡਰਡ ਨੂੰ ਉੱਚਾ ਕਰਨ ਵਾਸਤੇ ਸਿੱਖਿਆ ਦੇ ਸਟੈਂਡਰਡ ਨੂੰ ਉੱਚਾ ਕਰਨ ਵਾਸਤੇ ਕੋਈ ਵੀ ਸੁਝਾਉ ਆਪੋਜ਼ੀਸ਼ਨ ਵਾਲੇ ਦੇਣ ਜਾਂ ਸਾਡੀ ਰੂਲਿੰਗ ਪਾਰਟੀ ਵਾਲੇ ਦੇਣ ਕਿਉਂਕਿ ਇਹ ਸਿੱਖਿਆ ਦਾ ਸਬਜੈਕਟ ਹੈ, ਇਹ ਇਕੱਲੀ ਰੂਲਿੰਗ ਪਾਰਟੀ ਜਾਂ ਆਪੋਜ਼ੀਸ਼ਨ ਦਾ ਨਹੀਂ ਹੈ, ਇਸ ਦੇ ਨਾਲ ਸਾਰੇ ਲੋਕ ਜੁੜੇ ਹਨ, ਸਾਰਾ ਦੇਸ਼ ਜੁੜਿਆ ਹੈ, ਇਸ ਨਾਲ ਸਾਰਾ ਸਮਾਜ ਜੁੜਿਆ ਹੈ ਔਰ ਸਮਾਜ ਅਤੇ ਦੇਸ਼ ਨੂੰ ਉੱਚਾ ਚੁੱਕਣ ਵਾਸਤੇ ਸਿੱਖਿਆ ਬਹੁਤ ਜ਼ਰੂਰੀ ਹੈ ।. . . .

Mr. Deputy Speaker: The House stands adjourned till 9.00 A.M. on Friday, the 20th June, 1997.

*1.30 P.M.

(The Sabha then* adjourned till 9.00 A.M. on Friday, the 20th June, 1997.)

APPENDIX

to

Punjab Vidhan Sabha Debates

19th June, 1997

Vol. II No. 8

Starred Question and Answer

ਪੰਜਾਬ ਰਾਜ ਬਿਜਲੀ ਬੋਰਡ ਦੇ ਅਮਲੇ ਦੀ ਗਿਣਤੀ

*478. **ਚੌਧਰੀ ਜਗਜੀਤ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਰਾਜ ਬਿਜਲੀ ਬੋਰਡ ਵਿਚ ਇਸ ਸਮੇਂ ਕੰਮ ਕਰ ਰਹੇ ਅਮਲੇ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਦੀ ਸ਼੍ਰੇਣੀ ਨਾਲ ਸਬੰਧਤ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ ਅਤੇ ਪ੍ਰਤਿ-ਸ਼ਤਤਾ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਬੋਰਡ ਦੀਆਂ ਸੇਵਾਵਾਂ ਵਿਚ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦਾ ਕੋਈ ਬੈਕਲਾਗ ਹੈ ; ਜੇਕਰ ਅਜਿਹਾ ਹੋਵੇ ਤਾਂ ਉਹ ਕਿੰਨੇ ਪ੍ਰਤੀਸ਼ਤ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਇਸ ਵੇਲੇ ਪੰਜਾਬ ਰਾਜ ਬਿਜਲੀ ਬੋਰਡ ਵਿਚ ਕੰਮ ਕਰ ਰਹੇ ਨਿਯਮਤ ਅਮਲੇ ਦੀ ਕੁੱਲ ਗਿਣਤੀ 71,978 ਹੈ । ਜਿਨ੍ਹਾਂ ਵਿਚੋਂ 14,804 (20.56%) ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਦੇ ਹਨ ।

(ਅ) ਅਨੁਸੂਚਿਤ ਜਾਤੀ ਕਰਮਚਾਰੀ ਦੇ ਸਬੰਧ ਵਿਚ 1,054 (6.64%) ਦਾ ਸਮੁੱਚਾ ਬੈਕਲਾਗ ਹੈ ।

227—3-10-97—305 COPIES—PB. GOVT. PRESS, PATIALA.

Published under the authority of the Punjab Vidhan Sabha and printed by the Controller, Printing & Stationery, Punjab at Government Press, Patiala.

6 9

PUNJAB VIDHAN SABHA

DEBATES

20th June, 1997

Vol. II—No. 9

OFFICIAL REPORT

CONTENTS

Friday, the 20th June, 1997

Punjab Vidhan Sabha Secretariat, Chandigarh.

Price Rs. ________

PAGE

———

PUNJAB VIDHAN SABHA

Friday, the 20th June, 1997.

The Vidhan Sabha met in the Punjab Vidhan Sabha Hall, Vidhan Bhawan, Sector 1, Chandigarh, at 9.00 A. M. Mr. Speaker (Sardar Charnjit Singh Atwal) in the Chair.

STARRED QUESTIONS AND ANSWERS

ਸਬ-ਡਿਵੀਜ਼ਨ ਗੜ੍ਹਸ਼ੰਕਰ ਨੂੰ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਤਬਦੀਲ ਕਰਨਾ

*527. **ਚੌਧਰੀ ਮੋਹਨ ਲਾਲ** : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੜ੍ਹਸ਼ੰਕਰ ਸਬ-ਡਿਵੀਜ਼ਨ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਵਿਚੋਂ ਤਬਦੀਲ ਕਰਕੇ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਸ਼ਾਮਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

Shri Madan Mohan Mittal (Minister for Food & Supplies, Public Health and Parliamentary Affairs) : No, Sir.

ਚੌਧਰੀ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਬੜੇ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਨੇ ਇਸ ਦਾ ਜਵਾਬ ਨਾਂਹ ਵਿਚ ਦਿੱਤਾ ਹੈ। ਮੈਂ ਆਪ ਜੀ. ਨੂੰ ਦੱਸਣਾ ਚਾਹੁੰਦਾ ਹਾਂ ਕਿ ਨਵਾਂ ਸ਼ਹਿਰ, ਨਵਾਂ ਜ਼ਿਲ੍ਹਾ ਬਣਾਇਆ ਗਿਆ ਹੈ ਅਤੇ ਜੋ ਗੜ੍ਹਸ਼ੰਕਰ ਸਬ ਡਵੀਜ਼ਨ ਹੈ, ਉਹ ਨਵਾਂ ਸ਼ਹਿਰ ਤੋਂ ਸਿਰਫ 12 ਕਿਲੋਮੀਟਰ ਦੂਰ ਪੈਂਦੀ ਹੈ ਜਦ ਕਿ ਉਥੋਂ ਹੁਸ਼ਿਆਰਪੁਰ ਲਗਭਗ 52 ਕਿਲੋਮੀਟਰ ਦੂਰ ਪੈਂਦਾ ਹੈ। ਇਸ ਸਬੰਧ ਵਿਚ ਲੋਕਾਂ ਵੱਲੋਂ ਮਤੇ ਵੀ ਪਾ ਕੇ ਦਿੱਤੇ ਗਏ ਹਨ ਪਰ ਪਿਛਲੇ ਖਜ਼ਾਨਾ ਮੰਤਰੀ ਜੀ ਵੱਲੋਂ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਖਾਤਰ ਅਜਿਹਾ ਨਹੀਂ ਹੋਣ ਦਿੱਤਾ ਗਿਆ। ਇਸ ਕਰਕੇ ਮੈਂ ਮੰਤਰੀ ਜੀ ਤੋਂ ਇਹ ਵਿਸ਼ਵਾਸ਼ ਚਾਹੁੰਦਾ ਹਾਂ ਅਤੇ ਪੁੱਛਣਾ ਚਾਹੁੰਦਾ ਹਾਂ ਕਿ ਕੀ ਗੜ੍ਹਸ਼ੰਕਰ ਸਬ ਡਵੀਜਨ ਨੂੰ ਆਉਣ ਵਾਲੇ ਸਮੇਂ ਦੇ ਵਿਚ ਨਵਾਂ ਸ਼ਹਿਰ ਵਿਚ ਸ਼ਾਮਲ ਕਰਨ ਦੀ ਤਜ਼ਵੀਜ ਸਰਕਾਰ ਦੇ ਵਿਚਾਰ ਅਧੀਨ ਹੈ ?

ਮੰਤਰੀ : ਸਪੀਕਰ ਸਾਹਿਬ, ਇਸ ਵਕਤ ਤਾਂ ਇਹ ਸਰਕਾਰ ਦੇ ਅੰਡਰ ਕੰਸਿਡਰੇਸ਼ਨ ਨਹੀਂ ਹੈ। ਇਹ ਜਿਹੜੇ ਜ਼ਿਲ੍ਹੇ ਬਣਾਏ ਗਏ ਹਨ, ਇਸ ਬਾਰੇ ਸਭ ਨੂੰ ਪਤਾ ਹੈ ਕਿ ਇਹ ਪੁਲੀਟੀਕਲ ਕੰਸਿਡਰੇਸ਼ਨ ਤੇ ਬਣਾਏ ਗਏ ਹਨ। ਇਹ ਵਾਇਏਬਲ ਤਾਂ ਨਹੀਂ ਹਨ। ਜੇਕਰ ਕੋਈ ਸਟਰੌਂਗ ਕੇਸ ਆਏਗਾ ਤਾਂ ਉਸ ਤੇ ਸਰਕਾਰ ਜ਼ਰੂਰ ਗੌਰ ਕਰ ਸਕਦੀ ਹੈ, ਪਰ ਹਾਲੇ ਇਹ ਕੋਈ ਅੰਡਰ-ਕੰਸਿਡਰੇਸ਼ਨ ਨਹੀਂ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 547*

ਸ੍ਰੀ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ।

ਧਾਰ ਬਲਾਕ ਵਿਚ ਪਿੰਡ ਦੁਨੇਰੇ ਵਿਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ

*446. **ਮਾਸਟਰ ਮੋਹਨ ਲਾਲ** : ਕੀ ਖੁਰਾਕ ਅਤੇ ਸਪਲਾਈਜ਼ ਅਤੇ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਬ-ਤਹਿਸੀਲ ਧਾਰ, ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਦੁਨੇਰੇ ਨੂੰ ਪਾਈਪ ਲਾਈਨਾਂ ਰਾਹੀਂ ਪੀਣ ਵਾਲੇ ਪਾਣੀ ਦਾ ਉਪਬੰਧ ਕਰਨ ਲਈ ਕੋਈ ਪ੍ਰਬੰਧ ਕੀਤੇ ਗਏ ਹਨ; ਜੇਕਰ ਨਹੀਂ, ਤਾਂ ਅਜਿਹੇ ਪ੍ਰਬੰਧ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

Shri Madan Mohan Mittal : Yes sir. However, the existing arrangements being inadequate, need augmentation to meet with the enhanced requirement of water due to increase in population.

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਅੱਜ ਕਲ੍ਹ ਗਰਮੀਆਂ ਦਾ ਮੌਸਮ ਹੈ, ਇਲਾਕਾ ਨੀਮ ਪਹਾੜੀ ਹੈ ਅਤੇ ਇਹ ਸਕੀਮ 1967 ਤੋਂ ਲੈ ਕੇ ਹੁਣ ਤੱਕ ਚਲਦੀ ਰਹੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵੇਲੇ ਜੋ ਪਾਣੀ ਦੀ ਐਕਿਊਟ ਸ਼ਾਰਟੇਜ ਉਥੇ ਹੈ, ਉਸ ਦੀ ਪੂਰਤੀ ਲਈ ਮੰਤਰੀ ਜੀ ਵੱਲੋਂ ਕੀ ਕਦਮ ਚੁੱਕੇ ਗਏ ਹਨ ?

ਸ੍ਰੀ ਸਪੀਕਰ : ਮੰਤਰੀ ਜੀ, ਉਨ੍ਹਾਂ ਨੇ ਪੁੱਛਿਆ ਹੈ ਕਿ ਪਾਣੀ ਦੀ ਪੂਰਤੀ ਲਈ ਕੀ ਕਦਮ ਚੁੱਕੇ ਗਏ ਹਨ ?

ਮੰਤਰੀ : ਸਪੀਕਰ ਸਾਹਿਬ, ਇਹ 1967 ਦੀ ਪੁਰਾਣੀ ਸਕੀਮ ਸੀ ਔਰ ਉਸ ਤੋਂ ਬਾਅਦ ਜਦੋਂ ਸ਼ਾਹਪੁਰ ਕੰਡੀ ਪ੍ਰਜੈਕਟ ਸ਼ੁਰੂ ਹੋਇਆ ਤਾਂ ਇਸ ਦੇ ਨਾਲ ਪਾਪੂਲੇਸ਼ਨ ਵਧ ਗਈ । ਇਸ ਨੂੰ ਮੱਦੇਨਜ਼ਰ ਰੱਖਦੇ ਹੋਏ ਇਕ ਸਕੀਮ 71 ਲੱਖ ਰੁਪਏ ਦੀ 1994 ਵਿਚ ਬਣਾਈ ਗਈ ਸੀ ਪਰ ਸਾਨੂੰ ਪੰਜਾਬ ਰੂਰਲ ਡਿਵੈਲਪਮੈਂਟ ਬੋਰਡ ਵੱਲੋਂ 63 ਲੱਖ ਰੁਪਏ ਦੇ ਲੱਗਭੱਗ ਪੈਸੇ ਮਿਲੇ ਸਨ । ਉਹ ਪੈਸਾ ਖਰਚ ਹੋ ਗਿਆ ਔਰ ਉਸ ਤੋਂ ਬਾਅਦ ਪੈਸੇ ਨਹੀਂ ਮਿਲੇ । ਫੇਸ ਵੰਨ ਦੇ ਵਿਚ ਅਸੀਂ 128 ਲੱਖ ਰੁਪਏ ਦਾ ਰਿਵਾਈਜ਼ਡ ਐਸਟੀਮੇਟ ਦਿੱਤਾ ਸੀ ਪਰ ਪੰਜਾਬ ਰੂਰਲ ਡਿਵੈਲਪਮੈਂਟ ਬੋਰਡ ਵੱਲੋਂ ਕੋਈ ਰਿਪਲਾਈ ਨਹੀਂ ਦਿੱਤਾ ਗਿਆ । ਫਿਰ ਫੇਸ ਟੂ ਦੇ ਵਿਚ ਅਸੀਂ 10-6-97 ਨੂੰ ਰਿਵਾਈਜ਼ਡ ਐਸਟੀਮੇਟ ਭੇਜਿਆ ਹੈ ਜਿਸ ਦੇ ਅਸੀਂ ਇੰਤਜ਼ਾਰ ਵਿਚ ਹਾਂ । ਜਿਥੋਂ ਤੱਕ ਪਾਣੀ ਦੇਣ ਦਾ ਤਾਅਲੁੱਕ ਹੈ,

---

*For Starred Question No. 547 and reply thereto, please see Appendix to this Debate.

ਮੈਂ ਸਮਝਦਾ ਹਾਂ ਕਿ ਸਰਕਾਰ ਬਹੁਤ ਤੇਜ਼ੀ ਨਾਲ ਕੰਮ ਕਰ ਰਹੀ ਹੈ । ਪੈਸੇ ਆਉਣ ਤੇ ਉਸ ਇਲਾਕੇ ਦੇ ਲੋਕਾਂ ਨੂੰ ਪਾਣੀ ਉਪਲਬਧ ਕਰਵਾ ਦਿਆਂਗੇ । ਇਸ ਬਾਰੇ ਅਸੀਂ ਬਹੁਤ ਗੰਭੀਰ ਹਾਂ ।

ਸ੍ਰੀ ਸਪੀਕਰ : ਪਾਣੀ ਦੀ ਹੀ ਸਭ ਤੋਂ ਵੱਧ ਲੋੜ ਹੁੰਦੀ ਹੈ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਵਜ਼ੀਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਪੈਸੇ ਦੀ ਘਾਟ ਹੈ ਪਰ ਜੋ 90 ਲੱਖ ਰੁਪਿਆ. . . .

ਸ੍ਰੀ ਸਪੀਕਰ : ਤੁਸੀਂ ਕੁਐਸਚਨ ਕਰੋ ।

ਮਾਸਟਰ ਮੋਹਨ ਲਾਲ : ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ, ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਪਿੰਡ ਦੁਨੇਰਾ ਵਿਚ 90 ਲੱਖ ਰੁਪਏ ਦੀਆਂ ਪਾਈਪਾਂ ਵਿਛਾਈਆਂ ਸਨ । ਮੇਰੀ ਮਿੱਤਲ ਸਾਹਿਬ ਨੂੰ ਗੁਜ਼ਾਰਿਸ਼ ਹੈ ਕਿ ਇਹ ਜੋ 90 ਲੱਖ ਰੁਪਏ ਦੀਆਂ ਪਾਣੀ ਦੀਆਂ ਪਾਈਪਾਂ ਵਿਛਾਈਆਂ ਗਈਆਂ ਸਨ. ਇਹ ਉਸੇ ਤਰ੍ਹਾਂ ਹੀ ਜ਼ਮੀਨ ਹੇਠ ਦੱਬੀਆਂ ਪਈਆਂ ਹਨ । 90 ਲੱਖ ਰੁਪਿਆ ਜ਼ਮੀਨ ਹੇਠ ਦੱਬਿਆ ਪਿਆ ਹੈ । ਇਹ ਕਹਿੰਦੇ ਹਨ ਪੈਸਾ ਨਹੀਂ ਹੈ ਪਰ ਇਹ ਜੋ ਪੈਸੇ ਦੀ ਵੇਸਟੇਜ ਹੋਈ ਹੈ, ਕੀ ਇਸ ਦੀ ਇਹ ਕੋਈ ਇਨਕੁਆਇਰੀ ਕਰਵਾਉਣਗੇ ?

ਮੰਤਰੀ : ਵੈਸੇ ਤਾਂ ਮੈਂਬਰ ਸਾਹਿਬ ਨੇ ਇਸ ਬਾਰੇ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਹੈ ਪਰ ਜੇਕਰ ਇਹ ਇਸ ਦਾ ਜਵਾਬ ਸਪਲੀਮੈਂਟਰੀ ਵਿਚ ਚਾਹੁੰਦੇ ਹਨ ਤਾਂ ਮੈਂ ਦੇ ਦਿੰਦਾ ਹਾਂ ।

ਸ੍ਰੀ ਸਪੀਕਰ : ਤੁਸੀਂ ਕਾਲ ਅਟੈਨਸ਼ਨ ਮੋਸ਼ਨ ਵਿਚ ਹੀ ਇਸ ਦਾ ਜਵਾਬ ਦੇ ਦੇਣਾ ।

ਰਾਜ ਵਿਚ ਕਣਕ ਦੀ ਖਰੀਦ

*480. **ਚੌਧਰੀ ਜਗਜੀਤ ਸਿੰਘ** : ਕੀ ਖੁਰਾਕ ਅਤੇ ਸਪਲਾਈਜ਼ ਅਤੇ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸਰਕਾਰੀ ਏਜੰਸੀਆਂ ਦੁਆਰਾ ਚਾਲੂ ਸਾਲ ਦੇ ਦੌਰਾਨ 30 ਮਈ, 1997 ਤੱਕ ਕਣਕ ਦੀ ਕਿੰਨੀ ਮਾਤਰਾ ਖਰੀਦੀ ਗਈ ਅਤੇ ਪਿਛਲੇ ਸਾਲ ਦੇ ਦੌਰਾਨ ਉਕਤ ਮਿਤੀ ਤੱਕ ਕਣਕ ਦੀ ਕਿੰਨੀ ਮਾਤਰਾ ਖਰੀਦੀ ਗਈ ਸੀ;

(ਅ) ਕੀ ਇਹ ਠੀਕ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਵਿਚ ਚਾਲੂ ਸਾਲ ਦੇ ਦੌਰਾਨ ਕਣਕ ਦੀ ਅਨੁਪਾਤਿਕ ਮਾਤਰਾ ਘੱਟ ਖਰੀਦੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ ?

Shri Madan Mohan Mittal: (a) The quantity of wheat procured in the state by the Govt. Agencies up to 30th May, 1997 is 55.98 Lac M. Tonnes and on corresponding date of the previous year, it was 55.68 lac M. Tonnes.

(b) No, sir.

ਚੌਧਰੀ ਜਗਜੀਤ ਸਿੰਘ : ਸਪਲੀਮੈਂਟਰੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਪ੍ਰੋਕਿਓਰਮੈਂਟ ਹੋਈ ਹੈ, ਇਹ ਕਿਹੜੀ ਕਿਹੜੀ ਏਜੰਸੀ ਨੇ ਅਤੇ ਕਿੰਨੀ ਕਿੰਨੀ ਕੀਤੀ ਹੈ ?

ਮੰਤਰੀ : ਇਹ ਏਜੰਸੀਆਂ ਜੋ ਇਸ ਕੰਮ ਵਾਸਤੇ ਲਗਾਈਆਂ ਗਈਆਂ ਹਨ, ਉਹ ਹਨ : ਫੂਡ ਐਂਡ ਸਪਲਾਈਜ਼ ਡਿਪਾਰਟਮੈਂਟ, ਮਾਰਕਫੈੱਡ, ਪਨਸਪ, ...

ਸ੍ਰੀ ਸਪੀਕਰ : ਚੌਧਰੀ ਸਾਹਿਬ ਨੇ ਸਵਾਲ ਕੀ ਦਿੱਤਾ ਹੈ ?

ਮੰਤਰੀ : ਇਨ੍ਹਾਂ ਨੇ ਪੁੱਛਿਆ ਹੈ ਕਿ ਕਿਹੜੀਆਂ ਕਿਹੜੀਆਂ ਏਜੰਸੀਆਂ ਨੇ ਕਿੰਨੀ ਕਿੰਨੀ ਪ੍ਰੋਕਿਓਰਮੈਂਟ ਕੀਤੀ ਹੈ ।

ਸ੍ਰੀ ਸਪੀਕਰ : ਫੇਰ ਇਹ ਸਪਲੀਮੈਂਟਰੀ ਵੀ ਨਾਲ ਹੀ ਪੁੱਛ ਲੈਂਦੇ ?

ਚੌਧਰੀ ਜਗਜੀਤ ਸਿੰਘ : ਮੈਂ ਤਾਂ ਇਹੀ ਪੁੱਛਿਆ ਹੈ ਕਿ ਕਿਹੜੀਆਂ ਕਿਹੜੀਆਂ ਏਜੰਸੀਆਂ ਨੇ ਕਿੰਨੀ ਕਿੰਨੀ ਕਣਕ ਖਰੀਦ ਕੀਤੀ ਹੈ ।

ਮੰਤਰੀ : ਸਪੀਕਰ ਸਾਹਿਬ, ਇਹ ਜੋ ਪ੍ਰੋਕਿਓਰਮੈਂਟ ਹੋਈ ਹੈ, ਇਸ ਵਿਚ ਫੂਡ ਐਂਡ ਸਪਲਾਈਜ਼ ਡਿਪਾਰਟਮੈਂਟ, ਮਾਰਕਫੈੱਡ, ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ, ਪਨਸਪ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ, ਐਫ. ਸੀ. ਆਈ...

ਚੌਧਰੀ ਜਗਜੀਤ ਸਿੰਘ : ਮੈਂ ਤਾਂ ਕੁਆਂਟਿਟੀ ਪੁੱਛੀ ਹੈ ।

ਸ੍ਰੀ ਸਪੀਕਰ : ਇਹ ਤਾਂ ਪੁੱਛ ਰਹੇ ਹਨ ਕਿ ਕਿੰਨੀ ਕਿੰਨੀ ਖਰੀਦ ਕੀਤੀ ਹੈ ।

ਮੰਤਰੀ : ਸਪੀਕਰ ਸਾਹਿਬ, ਫੂਡ ਐਂਡ ਸਪਲਾਈਜ਼ ਡਿਪਾਰਟਮੈਂਟ ਨੇ 7 ਲੱਖ 32 ਹਜ਼ਾਰ 950 ਮੀਟ੍ਰਿਕ ਟਨ ਦੀ ਖਰੀਦ ਕੀਤੀ ਹੈ । ਮਾਰਕਫੈੱਡ ਨੇ 12 ਲੱਖ 11 ਹਜ਼ਾਰ 223 ਮੀਟ੍ਰਿਕ ਟਨ, ਪਨਸਪ ਨੇ 14 ਲੱਖ 76 ਹਜ਼ਾਰ ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ ਨੇ 8 ਲੱਖ 55 ਹਜ਼ਾਰ 430 ਮੀਟ੍ਰਿਕ ਟਨ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਨੇ 2 ਲੱਖ 7 ਹਜ਼ਾਰ 964 ਮੀਟ੍ਰਿਕ ਟਨ ਅਤੇ ਐਫ. ਸੀ. ਆਈ. ਨੇ 14 ਲੱਖ 83 ਹਜ਼ਾਰ 183 ਮੀਟ੍ਰਿਕ ਟਨ ਦੀ ਖਰੀਦ ਕੀਤੀ ਹੈ । This is the total.

ਚੌਧਰੀ ਜਗਜੀਤ ਸਿੰਘ : ਸਪਲੀਮੈਂਟਰੀ, ਸਰ । ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਦਾ ਇਸ ਸੀਜ਼ਨ ਵਿਚ ਕਣਕ ਖਰੀਦਣ ਦਾ ਕਿੰਨਾ ਟਾਰਗੈੱਟ ਸੀ ਅਤੇ ਕੀ ਉਹ ਐਚੀਵ ਹੋ ਗਿਆ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਗਰੰਟਿਡ ਸੀ ਕਿ ਇਸ ਵਾਰ ਵ੍ਹੀਟ ਪ੍ਰੋਡਕੱਸ਼ਨ 136 ਲੱਖ ਮੀਟਿਕ ਟਨ ਹੋਵੇਗੀ । ਸਰਕਾਰ ਨੇ 64-65 ਲੱਖ ਮੀਟ੍ਰਿਕ ਟਨ ਪ੍ਰੋਕਿਓਰ ਕਰਨ ਦਾ ਫੈਸਲਾ ਕੀਤਾ ਸੀ । ਜਿੰਨਾ ਸਾਡਾ ਟਾਰਗੈੱਟ ਸੀ, ਉਹ ਅਸੀਂ ਅਚੀਵ ਕਰ ਲਿਆ ਹੈ ਅਤੇ ਪਿਛਲੇ ਸਾਲ ਨਾਲੋਂ ਅਸੀਂ ਐਕਸੀਡ ਕੀਤਾ ਹੈ ।

ਸਰਪੰਚਾਂ ਦੁਆਰਾ ਫੰਡਾਂ ਦੀ ਕੁਵਰਤੋਂ

*506. (1) **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
(2) **ਸਰਦਾਰ ਬਿਕਰਮਜੀਤ ਸਿੰਘ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਉਨ੍ਹਾਂ ਸਰਪੰਚਾਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਰੁੱਧ ਗਰਾਮ ਪੰਚਾਇਤਾਂ ਨੂੰ ਐਲੋਕੇਟ ਕੀਤੇ ਗਏ ਫੰਡਾਂ ਦੀ ਕੁਵਰਤੋਂ ਲਈ ਸਾਲ 1995 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਕਾਰਵਾਈ ਕੀਤੀ ਗਈ ਹੈ ?

ਸਰਦਾਰ ਨਿਰਮਲ ਸਿੰਘ ਕਾਹਲੋਂ : ਸ਼੍ਰੀਮਾਨ ਜੀ, ਰਾਜ ਵਿਚ ਸਾਲ 1995 ਤੋਂ ਹੁਣ ਤੱਕ 132 ਸਰਪੰਚਾਂ ਵੱਲੋਂ, ਗਰਾਮ ਪੰਚਾਇਤਾਂ ਨੂੰ ਐਲੋਕੇਟ ਕੀਤੇ ਫੰਡਾਂ ਵਿਚ ਕੁਵਰਤੋਂ ਕਰਨ ਕਾਰਣ ਕਾਰਵਾਈ ਅਰੰਭੀ ਗਈ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕਾਰਵਾਈ ਆਰੰਭੀ ਗਈ ਹੈ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਾਰਵਾਈ ਕਿੰਨੇ ਸਰਪੰਚਾਂ ਦੇ ਖਿਲਾਫ ਕੀਤੀ ਗਈ ਹੈ ?

ਮੰਤਰੀ : ਸਪੀਕਰ ਸਾਹਿਬ, ਕਾਰਵਾਈ ਆਰੰਭੀ ਗਈ ਦਾ ਮਤਲਬ ਇਹ ਹੀ ਹੈ ਪਰ ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ 77 ਸਰਪੰਚਾਂ ਨੂੰ ਸਸਪੈਂਡ ਕੀਤਾ ਗਿਆ ਹੈ ਔਰ 55 ਸਰਪੰਚਾਂ ਦੇ ਖਿਲਾਫ ਕਾਰਵਾਈ ਚਲ ਰਹੀ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ 77 ਸਰਪੰਚਾ ਨੂੰ ਸਰਕਾਰ ਨੇ ਸਸਪੈਂਡ ਕਰ ਦਿੱਤਾ ਹੈ । ਇਹ ਮਸਲਾ ਪਿਛਲੀ ਸਰਕਾਰ ਦੇ ਵੇਲੇ ਵੀ ਉਠਦਾ ਰਿਹਾ ਹੈ ਅਤੇ ਹਾਊਸ ਦੇ ਵਿਚ ਵੀ ਰੌਲਾ ਪੈਂਦਾ ਰਿਹਾ ਹੈ ਕਿ ਸਾਬਕਾ ਸਰਕਾਰ ਦੇ ਮਨਿਸਟਰ ਅਤੇ ਐਮ. ਐਲ. ਏਜ਼. ਨੇ 25% ਕਮਿਸ਼ਨਾਂ ਲੈ ਕੇ ਸਰਪੰਚਾਂ ਨੂੰ ਫੰਡਜ਼ ਇਸ਼ੂ ਕੀਤੇ ਹਨ । ਕੀ ਮੰਤਰੀ ਜੀ ਇਹ ਸਾਰਾ ਕੇਸ ਵਿਜੀਲੈਂਸ ਡਿਪਾਰਟਮੈਂਟ ਨੂੰ ਦੇਣ ਲਈ ਤਿਆਰ ਹਨ ਜਾਂ ਕੋਈ ਇਨਕੁਆਇਰੀ ਕਮੇਟੀ ਬਨਾਉਣ ਲਈ ਤਿਆਰ ਹਨ ਜਿਹੜੀ ਇਸ ਸਾਰੀ ਚੀਜ ਦੀ ਘੋਖ ਕਰ ਸਕੇ ਅਤੇ ਸਾਰਾ ਭੇਦ ਸਾਹਮਣੇ ਆ ਸਕੇ ?

ਮੰਤਰੀ : ਸਪੀਕਰ ਸਾਹਿਬ, ਜਿਨ੍ਹਾਂ ਨੇ ਗਾਜਰਾਂ ਖਾਧੀਆਂ ਹਨ, ਉਨ੍ਹਾਂ ਦੇ ਪੇਟ ਵਿਚ ਦਰਦ ਹੋਣਾ ਹੀ ਹੈ ਅਤੇ ਉਨ੍ਹਾਂ ਨੂੰ ਪੀੜਾ ਬਰਦਾਸ਼ਤ ਕਰਨ ਲਈ ਤਿਆਰ ਰਹਿਣਾ

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

ਚਾਹੀਦਾ ਹੈ । ਅਸੀਂ 3 ਸੀਨੀਅਰ ਅਫਸਰਾਂ ਨੂੰ ਜਵਾਹਰ ਰੋਜ਼ਗਾਰ ਯੋਜਨਾ ਅਧੀਨ ਸਸਪੈਂਡ ਵੀ ਕੀਤਾ ਹੈ ਅਤੇ ਜਿਹੜੇ ਸੀਨੀਅਰ ਪੁਲੀਟੀਕਲ ਲੀਡਰਜ਼ ਹਨ, ਜਿਨ੍ਹਾਂ ਵਿਚ ਮਨਿਸਟਰ ਵੀ ਹਨ; ਉਨ੍ਹਾਂ ਦੇ ਖਿਲਾਫ ਸਾਡੇ ਕੋਲ ਐਲੀਗੇਸ਼ਨ ਆਏ ਹਨ ਅਤੇ ਸਬੂਤ ਆਉਣੇ ਸ਼ੁਰੂ ਹੋ ਗਏ ਹਨ । ਅਸੀਂ ਉਨ੍ਹਾਂ ਦੇ ਖਿਲਾਫ ਵੀ ਕਾਰਵਾਈ ਕਰਨ ਵਿਚ ਸੰਕੋਚ ਨਹੀਂ ਕਰਾਂਗੇ ਅਤੇ ਜੇਕਰ ਕਿਸੇ ਹੋਰ ਦੇ ਖਿਲਾਫ ਵੀ ਸ਼ਿਕਾਇਤ ਮਿਲੀ ਅਤੇ ਸਾਬਿਤ ਹੋ ਗਿਆ ਤਾਂ ਅਸੀਂ ਉਸ ਦੇ ਖਿਲਾਫ ਵੀ ਕਾਰਵਾਈ ਕਰਾਂਗੇ ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਬਹੁਤ ਸਾਰੇ ਸਰਪੰਚਾਂ ਦੇ ਖਿਲਾਫ ਕੁਰੱਪਸ਼ਨ ਦੇ ਪਿਛੇ ਐਲੀਗੇਸ਼ਨ ਲੱਗੇ ਸਨ ਪਰ ਉਨ੍ਹਾਂ ਦੇ ਖਿਲਾਫ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ । ਕੀ ਇਹ ਹਾਊਸ ਦੇ ਵਿਚ ਯਕੀਨ ਦਿਵਾਉਣਗੇ ਕਿ ਜਿੰਨ੍ਹਾਂ ਸਰਪੰਚਾਂ ਦੇ ਖਿਲਾਫ ਦੋਸ਼ ਲੱਗੇ ਹਨ, ਉਨ੍ਹਾਂ ਦੇ ਖਿਲਾਫ ਸਰਕਾਰ ਕਾਰਵਾਈ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਜਿਨ੍ਹਾਂ ਸਰਪੰਚਾਂ ਦੇ ਖਿਲਾਫ ਐਲੀਗੇਸ਼ਨ ਲੱਗੇ ਹਨ, ਉਨ੍ਹਾਂ ਦੇ ਖਿਲਾਫ ਕਾਰਵਾਈ ਜ਼ਰੂਰ ਕੀਤੀ ਜਾਵੇਗੀ ਪਰ ਦੋਸ਼ ਸਾਬਿਤ ਹੋਣ ਤੋਂ ਬਾਅਦ ਹੀ ਕਾਰਵਾਈ ਹੋ ਸਕਦੀ ਹੈ । ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਦੇ ਖਿਲਾਫ ਐਲੀਗੇਸ਼ਨ ਲੱਗੇ ਹਨ ਔਰ ਸਾਬਿਤ ਹੋ ਗਏ ਹਨ, ਉਨ੍ਹਾਂ ਦੇ ਖਿਲਾਫ ਪੜਤਾਲ ਕਰਕੇ ਕਾਰਵਾਈ ਕਰਾਂਗੇ । ਅਗਰ ਇਨ੍ਹਾਂ ਦੇ ਕੋਲ ਹੋਰ ਵੀ ਕਿਸੇ ਦੇ ਖਿਲਾਫ ਕੁਝ ਹੈ ਤਾਂ ਉਹ ਸਾਨੂੰ ਐਪਲੀਕੇਸ਼ਨ ਦੇ ਰਾਹੀਂ ਲਿਖ ਕੇ ਭੇਜ ਦੇਣ, ਅਸੀਂ ਉਸ ਉਤੇ ਵੀ ਕਾਰਵਾਈ ਕਰਾਂਗੇ ।

ਸ੍ਰੀ ਰਾਮ ਲਾਲ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਨਰੋਟ ਮਹਿਰਾ ਵਿਚ ਪਿੰਡ ਬਮਿਆਲ ਦੇ ਸਰਪੰਚ ਦੇ ਖਿਲਾਫ ਇਕ ਲੱਖ ਰੁਪਏ ਦੇ ਗਬਨ ਦੇ 1995-96 ਵਿਚ ਐਲੀਗੇਸ਼ਨ ਲੱਗੇ ਸਨ ਅਤੇ ਉਹ ਸਾਬਿਤ ਹੋਏ ਨੂੰ 3 ਮਹੀਨੇ ਹੋ ਗਏ ਹਨ ਪਰ ਅੱਜ ਤੱਕ ਉਸ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੋਈ ਅਤੇ ਨਾ ਹੀ ਉਸ ਦੇ ਖਿਲਾਫ ਕੋਈ ਕੇਸ ਰਜਿਸਟਰਡ ਹੋਇਆ ਹੈ । ਕੀ ਉਸ ਦੇ ਕਾਗਜ਼ਾਂ ਦੇ ਵਿਚ ਕੋਈ ਕਮੀ ਪੇਸ਼ੀ ਹੈ ਜਿਸ ਕਰਕੇ ਕੇਸ ਰਜਿਸਟਰਡ ਨਹੀਂ ਹੋ ਰਿਹਾ ?

ਮੰਤਰੀ : ਸਪੀਕਰ ਸਾਹਿਬ, ਜਿਸ ਸਰਪੰਚ ਦੀ ਇਨ੍ਹਾਂ ਨੇ ਗੱਲ ਕੀਤੀ ਹੈ, ਉਸ ਦਾ ਰਿਕਾਰਡ ਮੈਂ ਦੇਖ ਲਵਾਂਗਾ ਅਤੇ ਮੈਂ ਯਕੀਨ ਦਿਵਾਉਂਦਾ ਹਾਂ ਕਿ ਸਰਪੰਚ ਦੀ ਰੀਮੂਵਲ ਜਾਂ ਸਸਪੈਨਸ਼ਨ ਨਾਲ ਗੱਲ ਖਤਮ ਨਹੀਂ ਹੋ ਜਾਂਦੀ ਬਲਕਿ ਅਸੀਂ ਉਨ੍ਹਾਂ ਕੋਲੋਂ ਉਹ ਪੈਸੇ ਵਾਪਿਸ ਲੈਣੇ ਹਨ ਜਿਹੜੇ ਉਹ ਖਾ ਗਏ ਹਨ ਅਤੇ ਉਸ ਪੈਸੇ ਨੂੰ ਅਸੀਂ ਰੀਕਵਰ ਕਰਾਂਗੇ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 77 ਸਰਪੰਚਾਂ ਨੂੰ ਸਸਪੈਂਡ ਕੀਤਾ ਗਿਆ ਹੈ । ਇਹ ਮੈਨੂੰ ਦੱਸਣ ਕਿ 1995 ਤੋਂ ਲੈ ਕੇ ਜਨਵਰੀ, 1997 ਤੱਕ ਕਿੰਨੇ ਸਸਪੈਂਡ ਕੀਤੇ ਗਏ ਹਨ ਅਤੇ ਫਰਵਰੀ, 1997 ਤੋਂ ਹੁਣ ਤੱਕ ਕਿੰਨੇ ਸਰਪੰਚ ਸਸਪੈਂਡ ਕੀਤੇ ਹੋਏ ਹਨ ? ਇਹ ਫਿਗਰਜ਼ ਮੈਨੂੰ ਦਿੱਤੀਆਂ ਜਾਣ ।

ਮੰਤਰੀ : ਸਾਲ 1995 ਤੋਂ ਲੈ ਕੇ ਹੁਣ ਤੱਕ ਜਿਨ੍ਹਾਂ ਸਰਪੰਚਾਂ ਨੇ ਪੈਸੇ ਖਾਧੇ, ਉਸ ਵਿਚ 1997 ਦੇ ਵੀ ਵਿਚ ਆ ਜਾਂਦੇ ਹਨ । ਬਾਕੀ, ਮੈਂਬਰ ਸਾਹਿਬ ਮੇਰੇ ਕੋਲ ਆ ਜਾਣ, ਦੱਸ ਦੇਵਾਂਗਾ ।

ਕਾਮਰਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 77 ਸਰਪੰਚ ਸਸਪੈਂਡ ਹੋ ਗਏ ਹਨ ਅਤੇ 55 ਸਰਪੰਚਾਂ ਦੇ ਖਿਲਾਫ ਇਨਕੁਆਇਰੀ ਪੈਂਡਿੰਗ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਉਹ ਕਿਹੜੇ ਕਿਹੜੇ ਸਰਪੰਚ ਹਨ ਅਤੇ ਕਿਹੜੀ ਪਾਰਟੀ ਦੇ ਨਾਲ ਤਾਅਲੁੱਕ ਰੱਖਦੇ ਹਨ ? ਕੀ ਉਨ੍ਹਾਂ ਸਰਪੰਚਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ ?

ਸ਼੍ਰੀ ਸਪੀਕਰ : ਕਈਆਂ ਨੂੰ ਫੰਡਜ਼ ਨਹੀਂ ਮਿਲੇ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਅਸੀਂ ਸਰਪੰਚਾਂ ਨੂੰ ਪੈਸੇ ਦਿਵਾਏ ਹਨ । ਸਰਦਾਰ ਸੁਰਜੀਤ ਸਿੰਘ ਰੌਂਤੇ ਪਿੰਡ ਦਾ ਸਰਪੰਚ ਹੈ, ਉਸ ਨੂੰ ਫੰਡਜ਼ ਦਿਵਾਏ ਹਨ । (ਵਿਘਨ)

ਮੰਤਰੀ : ਸਪੀਕਰ ਸਾਹਿਬ, ਪੰਚਾਇਤ ਇਕ ਸਤਿਕਾਰਯੋਗ ਸੰਸਥਾ ਹੈ । ਡੈਮੋਕਰੇਟਿਕ ਸਿਸਟਮ ਹੈ । ਅਸੀਂ ਹਰ ਇਕ ਸਰਪੰਚ ਦਾ ਸਤਿਕਾਰ ਕਰਦੇ ਹਾਂ ਪਰ ਜੋ ਮਾੜੇ ਹਨ ਅਤੇ ਭਾਵੇਂ ਉਹ ਕਿਸੇ ਵੀ ਸਿਆਸੀ ਪਾਰਟੀ ਨਾਲ ਤਾਅਲੁੱਕ ਰੱਖਦੇ ਹਨ ਉਨ੍ਹਾਂ ਦੇ ਖਿਲਾਫ ਅਸੀਂ ਐਕਸ਼ਨ ਲਵਾਂਗੇ । (ਥੰਪਿੰਗ) ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਸਿਆਸੀ ਕਾਰਨਾਂ ਕਰਕੇ ਕੋਈ ਕਾਰਵਾਈ ਨਹੀਂ ਹੋਵੇਗੀ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਬਹੁਤ ਸਾਰੇ ਸਰਪੰਚਾਂ ਦੇ ਖਿਲਾਫ ਇਨਕੁਆਇਰੀ ਪੈਂਡਿੰਗ ਪਈ ਹੈ । ਕੀ ਮੰਤਰੀ ਜੀ ਮਹਿਕਮੇ ਨੂੰ ਹਦਾਇਤ ਕਰਨਗੇ ਕਿ ਇਨ੍ਹਾਂ ਕੇਸਾਂ ਨੂੰ ਜਲਦੀ ਪੂਰਾ ਕੀਤਾ ਜਾਵੇ ਤਾਂ ਕਿ ਗਬਨ ਦੇ ਕੇਸ ਲੋਕਾਂ ਦੇ ਸਾਹਮਣੇ ਆ ਸਕਣ ?

ਮੰਤਰੀ : ਸਪੀਕਰ ਸਾਹਿਬ, ਜਵਾਹਰ ਰੋਜ਼ਗਾਰ ਯੋਜਨਾ ਦੇ ਕੇਸ ਸਾਡੇ ਕੋਲ ਹਨ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਬੜੀ ਛੇਤੀ ਹੀ ਕੋਸ਼ਿਸ਼ ਕਰਕੇ ਇਨ੍ਹਾਂ ਕੇਸਾਂ ਦੀ ਡਿਸਪੋਜ਼ਲ ਕਰਨ ਵਾਸਤੇ ਕਾਰਵਾਈ ਕੀਤੀ ਜਾਵੇਗੀ ।

ਫੋਕਲ ਪੁਆਇੰਟ ਸਥਾਪਤ ਕਰਨਾ

*507. (1) **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
(2) **ਸਰਦਾਰ ਬਿਕਰਮਜੀਤ ਸਿੰਘ** } : ਕੀ ਦਿਹਾਤੀ ਵਿਕਾਸ ਅਤੇ

ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

(ੳ) ਕੀ ਵਿੱਤੀ ਸਾਲ 1997-98 ਦੇ ਦੌਰਾਨ ਰਾਜ ਵਿਚ ਨਵੇਂ ਫੋਕਲ ਪੁਆਇੰਟ ਸਥਾਪਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਫੋਕਲ ਪੁਆਇੰਟ ਸਥਾਪਤ ਕਰਨ ਲਈ ਕਿੰਨੇ ਫੰਡ ਰੱਖੇ ਗਏ ਹਨ ?

ਸਰਦਾਰ ਨਿਰਮਲ ਸਿੰਘ ਕਾਹਲੋਂ : (ੳ) ਅਤੇ (ਅ) ਰਾਜ ਸਰਕਾਰ ਵੱਲੋਂ ਫੋਕਲ ਪੁਆਇੰਟ ਪ੍ਰੋਗਰਾਮ ਨੂੰ 1-4-1997 ਤੋਂ ਸੁਰਜੀਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸਾਲ 1997-98 ਵਿਚ ਨਵੇਂ ਬਣਾਏ ਜਾਣ ਵਾਲੇ ਫੋਕਲ ਪੁਆਇੰਟਾਂ ਅਤੇ ਇਸ ਮੰਤਵ ਲਈ ਖਰਚੀ ਜਾਣ ਵਾਲੀ ਰਕਮ ਦਾ ਅਜੇ ਫੈਸਲਾ ਕੀਤਾ ਜਾਣਾ ਹੈ।

ਸਪੀਕਰ ਸਾਹਿਬ, ਪੈਸੇ ਦੀ ਪਰੋਪੋਜ਼ਲ ਆ ਚੁੱਕੀ ਹੈ ਅਤੇ ਇਹ 498.08 ਕਰੋੜ ਰੁਪਿਆ ਹੈ। ਇਸ ਤੋਂ ਪਹਿਲਾਂ ਇਹ ਰਾਸ਼ੀ 14.63 ਕਰੋੜ ਰੁਪਿਆ ਸੀ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, 364 ਫੋਕਲ ਪੁਆਇੰਟ ਹਨ ਜਿਹੜੇ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਸ਼ੁਰੂ ਕੀਤੇ ਸੀ ਪਰ ਮਗਰੋਂ ਕਾਂਗਰਸ ਸਰਕਾਰ ਦੌਰਾਨ ਦਰਬਾਰਾ ਸਿੰਘ ਜੀ ਨੇ ਫੋਕਲ ਪੁਆਇੰਟ ਦੀ ਇਹ ਸਕੀਮ ਬੰਦ ਕਰ ਦਿੱਤੀ। ਕਾਂਗਰਸ ਸਰਕਾਰ ਹਮੇਸ਼ਾ ਹੀ ਚੰਗੇ ਕੰਮਾਂ ਨੂੰ ਬੰਦ ਕਰਦੀ ਰਹੀ ਹੈ। ਸਪੀਕਰ ਸਾਹਿਬ, ਕਾਂਗਰਸ ਦੇ ਮਾੜੇ ਕੰਮ ਅਸੀਂ ਬੰਦ ਕਰਨੇ ਹਨ। 326 ਨਵੇਂ ਫੋਕਲ ਪੁਆਇੰਟ ਬਣਾਏ ਜਾਣੇ ਹਨ। 498.08 ਕਰੋੜ ਰੁਪਿਆ ਖਰਚ ਹੋਣਾ ਹੈ ਪਰ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਫੋਕਲ ਪੁਆਇੰਟਾਂ ਤੇ ਕਿਹੜੀਆਂ ਕਿਹੜੀਆਂ ਸਹੂਲਤਾਂ ਹੋਣਗੀਆਂ ?

ਸ਼੍ਰੀ ਸਪੀਕਰ : ਇਸ ਸਪਲੀਮੈਂਟਰੀ ਦਾ ਜਵਾਬ ਆਲਰੇਡੀ ਆ ਚੁੱਕਾ ਹੈ। ਫੋਕਲ ਪੁਆਇੰਟਾਂ ਤੇ ਕਿਹੜੀਆਂ ਕਿਹੜੀਆਂ ਸਹੂਲਤਾਂ ਦੇਣੀਆਂ ਹਨ, ਇਹ ਕਈ ਵਾਰ ਹਾਊਸ ਵਿਚ ਆ ਗਿਆ ਹੈ। ਵੈਸੇ ਮੈਂਬਰ ਸਾਹਿਬਾਨ ਇਹ ਟਰਾਈ ਕਰਿਆ ਕਰਨ ਕਿ ਜਿਹੜੇ ਕੁਐਸਚਨ ਪਹਿਲਾਂ ਆ ਜਾਣ, ਉਹ ਦੋਬਾਰਾ ਨਾ ਪੁੱਟ ਕਰਿਆ ਕਰਨ। ਜਿਸ ਸਪਲੀਮੈਂਟਰੀ ਦਾ ਜਵਾਬ ਪਹਿਲਾਂ ਆ ਜਾਵੇ, ਉਹ ਸਪਲੀਮੈਂਟਰੀ ਨਾ ਕਰਿਆ ਕਰਨ।

ਮੰਤਰੀ : ਫੋਕਲ ਪੁਆਇੰਟਾਂ ਤੇ ਜਿਹੜੀਆਂ ਸਹੂਲਤਾਂ ਅਸੀਂ ਦੇਣੀਆਂ ਹਨ, ਮੈਂ ਉਨ੍ਹਾਂ ਦਾ ਜ਼ਿਕਰ ਕਰਦਾ ਹਾਂ ਜੀ।

ਸ਼੍ਰੀ ਜਗਦੀਸ਼ ਸਾਹਨੀ : ਇਹ ਜੀ ਸਾਰਾ ਜਵਾਬ ਪਹਿਲਾਂ ਹੀ ਆ ਚੁੱਕਾ ਹੈ।

ਮੰਤਰੀ : ਚਲੋ ਜਿਹੜੀ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ, ਮੈਨੂੰ ਉਸ ਦਾ ਜਵਾਬ ਦੇਣ ਵਿਚ ਕੋਈ ਹਿਚਕਿਚਾਹਟ ਨਹੀਂ ਹੈ। The facilities include Petrol/Diesel pump, Post Office, Agro Service Centre, Fair Price Shops, Complaint/Bill Collection Centre for electricity, repair workshop for

tractors, electric motors, diesel engines, community centre, patwar-khana, water supply, sanitary, toilets, industrial centre, Sub Office of various departments implementing Government Schemes in rural area and residential houses for officials posted at focal points. ਬੱਸ ਸਟੈਂਡ ਸ਼ੈਲਟਰ, ਕੁਕਿੰਗ ਗੈਸ ਏਜੰਸੀ ਔਰ ਇੰਪਲਾਇਮੈਂਟ ਦੇਣੀ ਹੈ ਅਨਇੰਪਲਾਇਡ ਯੂਥ ਨੂੰ। ਇਹ ਹਨ ਸਾਡੇ ਪੁਆਇੰਟ ਜਿਹੜੇ ਉਚੇਚੇ ਤੌਰ ਤੇ ਅਸੀਂ ਰੱਖੇ ਹਨ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਬੜੇ ਵੇਰਵੇ ਨਾਲ ਸਾਰਾ ਦੱਸਿਆ ਹੈ। ਮੇਰੀ ਹੋਰ ਸਪਲੀਮੈਂਟਰੀ ਹੈ ਕਿ ਜਿਹੜਾ ਸਾਨੂੰ ਤੌਖਲਾ ਹੈ ਕਿ ਪਿਛਲੀ ਸਰਕਾਰ ਨੇ ਜਿਹੜੇ ਨੀਂਹ-ਪੱਥਰ ਰੱਖੇ ਹਨ, ਜਿਨ੍ਹਾਂ ਨੂੰ ਰੱਖਿਆਂ ਨੂੰ 14-14 ਸਾਲ, 18-18 ਸਾਲ ਹੋ ਗਏ ਹਨ ਅਤੇ **

ਸ਼੍ਰੀ ਸਪੀਕਰ : ਇਹ ਲਫਜ਼ ਐਕਸਪੰਜ ਕਰ ਦਿੱਤੇ ਜਾਣ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਇਨ੍ਹਾਂ ਦਾ ਕੰਮ ਕਦੋਂ ਸ਼ੁਰੂ ਕਰ ਦਿੱਤਾ ਜਾਵੇਗਾ ਜਾਂ ਕਰ ਦਿੱਤਾ ਗਿਆ ਹੈ ?

ਸ਼੍ਰੀ ਸਪੀਕਰ : ** ਇਹ ਲਫਜ਼ ਐਕਸਪੰਜ ਕਰ ਦਿੱਤੇ ਜਾਣ।

ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਫੋਕਲ ਪੁਆਇੰਟਾਂ ਦਾ ਕੰਮ ਜਿਹੜਾ ਹੈ, ਉਹ ਬਕਾਇਦਾ ਤੌਰ ਤੇ ਬਜਟ ਜਦੋਂ ਕਲੀਅਰ ਹੋ ਜਾਂਦਾ ਹੈ, ਉਸ ਤੋਂ ਬਾਅਦ ਅਸੀਂ ਸ਼ੁਰੂ ਕਰਨਾ ਹੈ। ਇਸ ਤੋਂ ਪਹਿਲਾਂ ਹੀ ਅਸੀਂ ਜਿਹੜੇ ਕੁਝ ਕੰਮ ਹਨ, ਜਿਸ ਤਰ੍ਹਾਂ ਪਸ਼ੂ ਡਿਸਪੈਂਸਰੀਆਂ ਦਾ, ਹਸਪਤਾਲਾਂ ਦਾ ਕੰਮ ਹੈ, ਉਨ੍ਹਾਂ ਦੇ ਲਈ ਬਾਕਾਇਦਾ ਤੌਰ ਤੇ ਪ੍ਰੋਗਰਾਮ ਆਰੰਭ ਕਰ ਦਿੱਤਾ ਹੈ ਅਤੇ ਟੈਂਡਰ ਇਨਵਾਈਟ ਕਰ ਲਏ ਹਨ। ਉਸ ਪ੍ਰੋਗਰਾਮ ਤੇ ਜਿਹੜਾ ਪੈਸਾ ਲੱਗਣਾ ਹੈ, ਉਹ ਪੈਸਾ ਲੱਗਣ ਦਾ ਕੰਮ ਆਰੰਭ ਹੋ ਗਿਆ ਹੈ। (ਥੰਪਿੰਗ)

ਸਰਦਾਰ ਤੋਤਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਬਾਦਲ ਸਰਕਾਰ ਦੀ ਜਿਹੜੀ ਸਕੀਮ ਹੈ, ਬਹੁਤ ਵਧੀਆ ਸਕੀਮ ਹੈ ਪਰ ਇਸ ਨੂੰ ਲਾਗੂ ਕਰਨ ਲਈ ਫੀਲਡ ਲੈਵਲ ਤੇ ਕੁਝ ਮੁਸ਼ਕਲਾਂ ਪੇਸ਼ ਆਉਂਦੀਆਂ ਪਈਆਂ ਹਨ ਦੁਕੱਵੀਆਂ ਥਾਵਾਂ ਤੇ ਫੋਕਲ ਪੁਆਇੰਟ ਬਣਾਉਣ ਵਾਸਤੇ ਦੇਖਿਆ ਗਿਆ ਹੈ ਕਿ ਜਿਸ ਪਿੰਡ ਨੂੰ ਫਿਕਸ ਕਰ ਦਿੱਤਾ ਜਾਂਦਾ ਹੈ, ਜਿਸ ਦੇ ਘੇਰੇ ਵਿਚ 5-7 ਪਿੰਡ ਇਕੱਠੇ ਸਹੂਲਤਾਂ ਉਠਾ ਸਕਣ ਉਥੇ ਫੋਕਲ ਪੁਆਇੰਟ ਬਣਾਉਣ ਲਈ ਜ਼ਮੀਨ ਨਹੀਂ ਹੁੰਦੀ। ਜਿਸ ਤਰ੍ਹਾਂ ਅਜੈਬ ਸਿੰਘ ਰੌਂਤਾ ਜੀ ਦਾ ਪਿੰਡ ਰੌਂਤਾ ਹੈ। ਉਹ ਫੋਕਲ ਪੁਆਇੰਟ ਲਈ ਫਿਕਸ ਕੀਤਾ ਗਿਆ ਹੈ ਲੇਕਿਨ ਉਥੇ ਜ਼ਮੀਨ 2 ਕਿਲੋਮੀਟਰ ਦੂਰ ਹੈ ਅਤੇ ਹੋਰ ਜ਼ਮੀਨ ਮੁਹੱਈਆ ਨਹੀਂ ਹੋ ਰਹੀ। ਇਸੇ ਤਰ੍ਹਾਂ ਪਿੰਡ ਕੋਕਰੀ ਕਲਾਂ ਹੈ ਮੋਗਾ ਬਲਾਕ-1

**Expunged as ordered by the Chair.

[ਸਰਦਾਰ ਤੋਤਾ ਸਿੰਘ]

ਵਿਚ, ਉਹ ਵੀ 5 ਪਿੰਡਾਂ ਦੇ ਸੈਂਟਰ ਵਿਚ ਵਿਕਸ ਕੀਤਾ ਗਿਆ ਹੈ ਲੇਕਿਨ ਉਥੇ ਵੀ ਜ਼ਮੀਨ ਦੀ ਸਮੱਸਿਆ ਹੈ। ਇਸ ਗੱਲ ਦਾ ਹੱਲ ਸਰਕਾਰ ਕਿਸ ਤਰ੍ਹਾਂ ਕਰੇਗੀ ? ਕੀ ਸਰਕਾਰ ਕੋਈ ਐਸੀਆਂ ਹਦਾਇਤਾਂ ਜਾਰੀ ਕਰੇਗੀ ਜਿਸ ਨਾਲ ਇਕ ਫੋਕਲ ਪੁਆਇੰਟ ਦਾ ਫਾਇਦਾ 5-6 ਪਿੰਡ ਇਕੱਠੇ ਉਠਾਉਣ ਦੇ ਕਾਬਲ ਹੋ ਸਕਣ ? ਜ਼ਮੀਨ ਬਾਰੇ ਸਰਕਾਰ ਕੋਈ ਪ੍ਰਬੰਧ ਕਰੇਗੀ ਤਾਂ ਕਿ ਫੋਕਲ ਪੁਆਇੰਟ ਢੁਕੱਵੀਆਂ ਥਾਵਾਂ ਤੇ ਬਣਨ ਨਾਲ ਕਿਸਾਨ ਉਨ੍ਹਾਂ ਦਾ ਫਾਇਦਾ ਉਠਾ ਸਕਣ ?

ਮੰਤਰੀ : ਸਪੀਕਰ ਸਾਹਿਬ, ਇਹ ਸਕੀਮ ਬੜੀ ਖੂਬਸੂਰਤ ਹੈ। ਇਸ ਰਾਹੀਂ ਸਰਕਾਰ ਨੇ ਪਿੰਡਾਂ ਨੂੰ ਸ਼ਹਿਰਾਂ ਵਾਲੇ ਸੁਖ ਦੇਣੇ ਹਨ। ਇਹ ਬਾਦਲ ਸਰਕਾਰ ਦਾ ਪ੍ਰੋਗਰਾਮ ਹੈ। ਬਾਕੀ ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਪ੍ਰੈਕਟੀਕਲ ਡਿਫੀਕਲਟੀ ਕਈ ਥਾਵਾਂ ਤੇ ਇਸ ਤਰ੍ਹਾਂ ਦੀ ਹੈ। ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਸਰਕਾਰ ਦੇ ਮਨ ਵਿਚ ਇਹ ਗੱਲ ਹੈ। ਬਾਕੀ ਇਹ ਜਿਹੜਾ ਸੁਝਾਅ ਹੈ, ਇਸ ਤੇ ਅਮਲ ਕਰਨ ਦਾ ਵੀ ਯਤਨ ਕਰਾਂਗੇ। ਇਹ ਗੱਲ ਅਸੀਂ ਵਿਚਾਰ ਵਿਚ ਰੱਖਾਂਗੇ।

ਸਰਦਾਰ ਸੋਹਣ ਸਿੰਘ ਮਾਹਿਲਪੁਰ : ਸਪੀਕਰ ਸਾਹਿਬ, ਇਹ ਜੋ ਫੋਕਲ ਪੁਆਇੰਟ ਬਣਨੇ ਹਨ ਅਤੇ ਇਨ੍ਹਾਂ ਵਿਚ ਜਿਹੜੀਆਂ ਸਕੀਮਾਂ ਚੱਲਣੀਆਂ ਹਨ, ਇਨ੍ਹਾਂ ਵਾਸਤੇ ਜ਼ਮੀਨ ਦਾ ਰਕਬਾ ਬਹੁਤ ਜ਼ਿਆਦਾ ਰੱਖਿਆ ਹੋਇਆ ਹੈ ਜਦਕਿ ਸਾਰੇ ਪਿੰਡਾਂ ਵਿਚ ਫੋਕਲ ਪੁਆਇੰਟ ਵਾਸਤੇ ਇੰਨਾ ਰਕਬਾ ਉਪਲਬਧ ਨਹੀਂ ਹੈ। ਸਾਡੇ ਪਿੰਡਾਂ ਵਿਚ ਜ਼ਮੀਨ ਦੇ ਰਕਬੇ ਦੀ ਬੜੀ ਘਾਟ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਜ਼ਮੀਨ ਪੂਰੀ ਨਹੀਂ ਹੈ, ਇਹ ਉਥੇ ਘੱਟ ਜ਼ਮੀਨ ਤੇ ਹੀ ਫੋਕਲ ਪੁਆਇੰਟ ਬਣਾ ਦੇਣਗੇ ਜਾਂ ਉਹ ਇਲਾਕਾ ਬਗੈਰ ਫੋਕਲ ਪੁਆਇੰਟ ਦੇ ਹੀ ਰਹਿ ਜਾਵੇਗਾ।

ਮੰਤਰੀ : ਸਪੀਕਰ ਸਾਹਿਬ, ਸਾਡੀ ਪਹਿਲੀ ਕੋਸ਼ਿਸ਼ ਇਹ ਹੁੰਦੀ ਹੈ ਕਿ ਜਿਥੇ ਰਕਬਾ ਪੂਰਾ ਮਿਲ ਸਕੇ, ਸਾਈਟ ਚੰਗੀ ਹੋਵੇ ਅਤੇ ਬਾਕਾਇਦਾ ਸੜਕਾਂ ਉਥੇ ਪਹੁੰਚਦੀਆਂ ਹੋਣ, ਉਥੇ ਫੋਕਲ ਪੁਆਇੰਟ ਬਣਾਇਆ ਜਾਵੇ। ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਅਸੀਂ ਉਸ ਦੇ ਲਈ ਵੀ ਕੋਸ਼ਿਸ਼ ਕਰਾਂਗੇ ! ਜਿਹੜੀਆਂ ਥਾਵਾਂ ਤੇ ਕਈ ਪਿੰਡ ਪੈਂਦੇ ਹਨ ਅਤੇ ਜ਼ਮੀਨ ਦੀ ਅਵੇਲੇਬਿਲਟੀ ਘੱਟ ਹੈ, ਅਸੀਂ ਉਸ ਬਾਰੇ ਵੀ ਵਿਚਾਰ ਕਰਕੇ ਉਸ ਇਲਾਕੇ ਨੂੰ ਸਹੂਲਤਾਂ ਦੇਣ ਦਾ ਵਿਚਾਰ ਕਰਾਂਗੇ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਇਕ ਸਪਸ਼ਟੀਕਰਣ ਵੀ ਚਾਹੁੰਦਾ ਹਾਂ ਅਤੇ ਇਕ ਸਪਲੀਮੈਂਟਰੀ ਵੀ ਕਰਨੀ ਚਾਹੁੰਦਾ ਹਾਂ। ਸਪਸ਼ਟੀਕਰਣ ਇਹ ਹੈ ਕਿ ਆਪਣੇ ਰਿਪਲਾਈ ਵਿਚ ਮੰਤਰੀ ਜੀ ਨੇ ਜਿਹੜੀ ਟੋਟਲ ਅਮਾਊਂਟ ਦੱਸੀ ਹੈ, ਉਹ 498.08 ਕਰੋੜ ਰੁਪਏ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਰਕਮ ਕਰੋੜਾਂ ਵਿਚ ਹੈ ਜਾਂ ਲੱਖਾਂ ਵਿਚ ਹੈ ? ਕਰੋੜਾਂ ਵਿਚ ਤਾਂ ਇਹ ਰਕਮ ਹੋ ਨਹੀਂ ਸਕਦੀ। ਸਪਲੀਮੈਂਟਰੀ ਇਹ ਹੈ ਕਿ ਇਨ੍ਹਾਂ ਨੇ ਟੋਟਲ ਪ੍ਰਾਜੈਕਟ ਰਿਪੋਰਟ ਦੇ ਦਿੱਤੀ ਹੈ ਕਿ ਇਕ ਫੋਕਲ ਪੁਆਇੰਟ ਵਿਚ ਕੀ ਕੀ ਸਹੂਲਤਾਂ ਦੇਣੀਆਂ ਹਨ। ਇਨ੍ਹਾਂ ਵਿਚ ਪੈਟਰੋਲ ਪੰਪ, ਕੁਕਿੰਗ ਗੈਸ ਏਜੰਸੀ

ਵੀ ਸ਼ਾਮਲ ਹਨ । ਇਹ ਦੋਨੋਂ ਚੀਜ਼ਾਂ ਸੈਂਟਰਲ ਗੌਰਮਿੰਟ ਦੇ ਅੰਡਰ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਦਾ ਸੈਂਟਰ ਦੀ ਸਰਕਾਰ ਨਾਲ ਕੋਈ ਐਮ. ਓ. ਯੂ. ਜਾਂ ਕੋਈ ਅੰਡਰਸਟੈਂਡਿੰਗ ਹੋ ਗਈ ਹੈ ਕਿ ਉਹ ਇਹ ਚੀਜ਼ਾਂ ਤੁਹਾਨੂੰ ਦੇ ਦੇਣਗੇ ? ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਇਹ ਕਿਵੇਂ ਸੰਭਵ ਹੈ ? ਇਸ ਬਾਰੇ ਮੈਂ ਮੰਤਰੀ ਜੀ ਤੋਂ ਸਪਸ਼ਟੀਕਰਣ ਚਾਹੁੰਦਾ ਹਾਂ ।

ਮੰਤਰੀ : ਬਜਟ ਵਿਚ ਇਸ ਕੰਮ ਵਾਸਤੇ ਜਿਹੜੀ ਅਮਾਊਂਟ ਅਸੀਂ ਲਿਆਂਦੀ ਹੈ, ਇਹ ਕਰੋੜਾਂ ਵਿਚ ਹੈ, ਲੱਖਾਂ ਨਾਲ ਤਾਂ ਗੱਲ ਨਹੀਂ ਬਣਦੀ । ਪਿਛਲੀ ਵਾਰ 1977 ਵਿਚ 14.63 ਕਰੋੜ ਰੁਪਿਆ ਰੱਖਿਆ ਗਿਆ ਸੀ ।

ਕਾਮਰੇਡ ਹਰਦੇਵ ਅਰਸ਼ੀ : ਇਹ ਰਕਮ ਤਾਂ 4 ਅਰਬ 8 ਕਰੋੜ ਰੁਪਏ ਬਣ ਗਈ ਹੈ ।

ਮੰਤਰੀ : 2 ਕਰੋੜ ਦੇ ਲਾਗੇ ਤਾਗੇ ਇਕ ਫੋਕਲ ਪੁਆਇੰਟ ਤੇ ਖਰਚਾ ਆਉਣਾ ਹੈ ਅਤੇ ਜਿੰਨੀ ਅਮਾਊਂਟ ਮੈਂ ਦੱਸੀ ਹੈ, ਇੰਨਾ ਖਰਚਾ ਹੋ ਜਾਣਾ ਹੈ । ਦੂਜੀ ਗੱਲ ਜਿਹੜੀ ਇਨ੍ਹਾਂ ਨੇ ਪੈਟ੍ਰੋਲ ਪੰਪ ਅਤੇ ਗੈਸ ਏਜੰਸੀ ਵਾਲੀ ਕੀਤੀ ਹੈ, ਇਸ ਬਾਰੇ ਸੀ. ਐਮ. ਸਾਹਿਬ ਵੱਲੋਂ ਵੀ ਸੈਂਟਰਲ ਗੌਰਮਿੰਟ ਨੂੰ ਲਿਖਿਆ ਗਿਆ ਹੈ ਅਤੇ ਮੈਂ ਆਪਣੇ ਵਲੋਂ ਵੀ ਯਾਦ-ਪੱਤਰ ਦੇ ਰੂਪ ਵਿਚ ਬੇਨਤੀ ਕੀਤੀ ਹੈ ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਥਾਵਾਂ ਤੇ ਇਹ ਫੋਕਲ ਪੁਆਇੰਟ ਬਣਨੇ ਹਨ, ਉਨ੍ਹਾਂ ਥਾਵਾਂ ਦੀ ਚੋਣ ਕੌਣ ਕਰਦਾ ਹੈ ਅਤੇ ਥਾਵਾਂ ਦੀ ਚੋਣ ਕਰਦੇ ਸਮੇਂ ਜੋ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ, ਕੀ ਉਨ੍ਹਾਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾਂਦਾ ਹੈ ਜਾਂ ਸਲਾਹ ਲਈ ਜਾਂਦੀ ਹੈ ?

ਸ੍ਰੀ ਸਪੀਕਰ : ਸਲਾਹ ਤਾਂ ਵੈਸੇ ਸਾਰਿਆਂ ਦੀ ਲਈ ਜਾਂਦੀ ਹੈ ।

ਮੰਤਰੀ : ਜਿਹੜੀ ਸਾਈਟ ਦੀ ਸਿਲੈਕਸ਼ਨ ਹੈ, ਇਸ ਦੇ ਵਾਸਤੇ ਅਸੀਂ ਡੀ. ਸੀ. ਨੂੰ ਕਹਿੰਦੇ ਹਾਂ ਕਿ ਉਹ ਲੋਕਲ ਐਮ. ਐਲ. ਏ. ਨੂੰ ਨਾਲ ਲੈ ਕੇ ਆਪਣੀਆਂ ਸਿਫਾਰਸ਼ਾਂ ਭੇਜਣ । ਸਾਰੇ ਐਮ. ਐਲ. ਏ. ਸਾਹਿਬਾਨ ਤੋਂ ਇਲਾਵਾ ਜਿਹੜੀਆਂ ਹੋਰ ਵੀ ਇੰਪਾਰਟੈਂਟ ਪਰਸਨੈਲਟੀਜ਼ ਹਨ, ਉਨ੍ਹਾਂ ਸਾਰਿਆਂ ਦੀ ਰਾਏ ਲਈ ਜਾਂਦੀ ਹੈ । ਜਿਥੇ ਵੀ ਚੰਗੀ ਥਾਂ ਮਿਲ ਸਕੇ, ਉਹ ਅਸੀਂ ਫੋਕਲ ਪੁਆਇੰਟ ਵਾਸਤੇ ਸਿਲੈਕਟ ਕਰ ਲੈਣੀ ਹੈ ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਇਸ ਮਾਮਲੇ ਵਿਚ ਮੇਰੇ ਨਾਲ ਵਿਤਕਰਾ ਕੀਤਾ ਗਿਆ ਹੈ । ਮੇਰੇ ਇਲਾਕੇ ਵਿਚ ਇਕ ਹਾਰੇ ਹੋਏ ਉਮੀਦਵਾਰ ਦੇ ਲੜਕੇ ਨੂੰ ਹੀ ਪਤਵੰਤਾ ਸਮਝਿਆ ਜਾਂਦਾ ਹੈ । ਲੋਕਲ ਐਮ. ਐਲ. ਏ. ਨੂੰ ਬਿਲਕੁਲ ਇਗਨੋਰ ਕੀਤਾ ਜਾਂਦਾ ਹੈ । ਡੀ. ਸੀ. ਵੱਲੋਂ ਜਾਂ ਕਿਸੇ ਹੋਰ ਅਧਿਕਾਰੀ ਵੱਲੋਂ ਜੇ ਕੋਈ ਮੈਨੂੰ ਚਿੱਠੀ ਜਾਰੀ ਹੋਈ ਹੋਵੇ ਤਾਂ ਇਹ ਮੈਨੂੰ ਦੱਸ ਦੇਣ । ਇਹ ਕੀ ਤਰੀਕਾ ਹੈ ?

ਸ੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਹੈ । ਅਗਲਾ ਸਵਾਲ ।

ਨਵਾਂ ਸ਼ਹਿਰ ਵਿਚ ਪੁਲਿਸ ਲਾਈਨਜ਼ ਦੀ ਉਸਾਰੀ

*464. **ਸ੍ਰੀ ਚਰਨਜੀਤ ਸਿੰਘ** ਨਵਾਂ ਸ਼ਹਿਰ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਨਵਾਂ ਸ਼ਹਿਰ ਵਿਚ ਇਕ ਪੁਲਿਸ ਲਾਈਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਸਰਕਾਰ ਨੇ ਇਸ ਮੰਤਵ ਲਈ ਕੋਈ ਜ਼ਮੀਨ ਪ੍ਰਾਪਤ ਕਰ ਲਈ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ ਤੱਕ ਪੁਲਿਸ ਲਾਈਨ ਬਣਾਏ ਜਾਣ ਦੀ ਸੰਭਾਵਨਾ ਹੈ ?

ਸ੍ਰੀ ਮਦਨ ਮੋਹਨ ਮਿੱਤਲ (ਖੁਰਾਕ ਅਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ) : (ੳ) ਨਹੀਂ ਜੀ, ਹਾਲੇ ਨਹੀਂ।

(ਅ) ਲਾਗੂ ਨਹੀਂ ਜੀ।

ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਸਤਿਕਾਰਯੋਗ ਮੰਤਰ ਸਾਹਿਬ ਨੇ ਜਵਾਬ ਦਿੱਤਾ ਹੈ 'ਨਹੀਂ ਜੀ'। ਇਹ ਬੜੇ ਦੁੱਖ ਦੀ ਗੱਲ ਹੈ। ਜ਼ਿਲ੍ਹੇ ਦੇ ਵਿਚ ਪੁਲਿਸ ਦਾ ਬਹੁਤ ਵੱਡਾ ਅਤੇ ਇੰਪਾਰਟੈਂਟ ਦਫ਼ਤਰ ਹੁੰਦਾ ਹੈ ਔਰ ਪੁਲਿਸ ਦਾ ਸਮਾਜਿਕ ਸਮੱਸਿਆਵਾਂ ਦੇ ਨਾਲ ਸਿੱਧਾ ਅਤੇ ਅਸਿੱਧਾ ਤਾਅਲੁੱਕ ਹੁੰਦਾ ਹੈ। ਜੇ ਸਰਕਾਰ ਪੁਲਿਸ ਮੁਲਾਜ਼ਮਾਂ ਵਾਸਤੇ ਰਿਹਾਇਸ਼ੀ ਸਮੱਸਿਆ ਦਾ ਹੱਲ ਨਹੀਂ ਕਰ ਸਕਦੀ ਤਾਂ ਉਹ ਸਮਾਜ ਦੇ ਵਿਚ ਆਪਣਾ ਕੀ ਯੋਗਦਾਨ ਪਾਉਣਗੇ। ਇਸ ਦੇ ਵਿਚ ਇਸ ਗੱਲ ਦਾ ਸ਼ੰਕਾ ਹੁੰਦਾ ਹੈ। ਇਨ੍ਹਾਂ ਨੇ ਕਿਹਾ ਹੈ 'ਨਹੀਂ ਜੀ' ਯਾਨੀ ਕੋਈ ਇਰਾਦਾ ਨਹੀਂ। ਪਰ ਮੈਂ ਮੰਤਰੀ ਜੀ ਪਾਸੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਸੇ ਸਟੇਜ ਤੇ ਸਰਕਾਰ ਦਾ ਕੋਈ ਇਰਾਦਾ ਬਣੇਗਾ ? ਜੇ ਬਣੇਗਾ ਤਾਂ ਕਦੋਂ ਤੱਕ ਇਹ ਬਣਾਉਣਗੇ ? ਇਸ ਬਾਰੇ ਇਹ ਟਾਈਮ-ਬਾਊਂਡ ਕੋਈ ਪ੍ਰੋਗਰਾਮ ਦੱਸਣ ਦੀ ਖੇਚਲ ਕਰਨ।

ਮੰਤਰੀ : ਸਪੀਕਰ ਸਾਹਿਬ, ਇਹ ਜ਼ਿਲ੍ਹਾ ਬੜੀ ਜਲਦੀ ਜਲਦੀ ਦੇ ਵਿਚ ਬਣਿਆ ਔਰ ਜ਼ਿਲ੍ਹਾ ਬਨਾਉਣ ਤੋਂ ਪਹਿਲਾਂ ਕਿਸੇ ਨੇ ਵੀ ਕੋਈ ਯੋਜਨਾ ਨਹੀਂ ਬਣਾਈ ਕਿ ਜਿਹੜੇ ਉਥੇ ਆਫਿਸਿਜ਼ ਹੋਣਗੇ, ਉਨ੍ਹਾਂ ਵਾਸਤੇ ਕੋਈ ਜਗ੍ਹਾ ਉਪਲਬਧ ਹੋਵੇਗੀ ਜਾਂ ਨਹੀਂ। ਪੁਲਿਸ ਲਾਈਨ ਵਾਸਤੇ ਵੀ ਜਗ੍ਹਾ ਉਪਲਬਧ ਕਰਾਉਣੀ ਚਾਹੀਦੀ ਸੀ। ਇਹ ਜ਼ਿਲ੍ਹਾ ਹੁਣੇ ਬਣਿਆ ਹੈ ਅਤੇ ਇਸ ਵੇਲੇ ਸਰਕਾਰ ਦਾ ਕੋਈ ਇਰਾਦਾ ਨਹੀਂ ਹੈ। ਇਰਾਦਾ ਇਸ ਕਰਕੇ ਨਹੀਂ, ਮੈਂ ਕੱਲ੍ਹ ਵੀ ਦੱਸਿਆ ਸੀ ਕਿ ਸਰਕਾਰ ਉਥੇ ਮਿਨੀ ਸਕੱਤਰੇਤ ਵੀ ਬਨਾਉਣਾ ਚਾਹੁੰਦੀ ਸੀ ਪਰ ਉਥੇ ਕੋਈ ਜ਼ਮੀਨ ਨਹੀਂ ਮਿਲ ਰਹੀ। ਏਸੇ ਕਰਕੇ ਸਰਕਾਰ ਦਾ ਇਰਾਦਾ ਨਹੀਂ ਹੈ ਕਿਉਂਕਿ ਹਾਲੇ ਜ਼ਮੀਨ ਉਪਲਬਧ ਨਹੀਂ ਹੋਈ। ਮਾਨਯੋਗ ਮੈਂਬਰ ਸਾਹਿਬ ਸਾਡੀ ਮਦਦ ਕਰਨ For the time being since no land is available at present, there is no proposal to construct the Police Lines.

ਚੌਧਰੀ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਨਵਾਂ ਸ਼ਹਿਰ ਜ਼ਿਲ੍ਹਾ ਬਣਿਆ ਸੀ, ਉਦੋਂ ਸਰਦਾਰ ਹਰਚਰਨ ਸਿੰਘ ਬਰਾੜ ਉਥੇ ਉਦਘਾਟਨ ਕਰਨ ਲਈ ਗਏ ਸਨ ਔਰ ਸਟੇਜ ਤੇ ਉਨ੍ਹਾਂ ਨੂੰ ਜ਼ਿਲ੍ਹੇ ਦੀ ਡਿਵੈਲਪਮੈਂਟ ਵਾਸਤੇ, ਬਿਲਡਿੰਗਾਂ ਬਣਾਉਣ ਵਾਸਤੇ ਜਾਂ ਪੁਲਿਸ ਲਾਈਨ ਬਣਾਉਣ ਵਾਸਤੇ 51 ਲੱਖ ਰੁਪਏ ਦੀ ਥੈਲੀ ਭੇਂਟ ਕੀਤੀ ਗਈ ਸੀ । ਨਾ ਤਾਂ ਉਹ ਪੈਸਾ ਸਰਕਾਰ ਦੇ ਖਜ਼ਾਨੇ ਵਿਚ ਜਮ੍ਹਾਂ ਕੀਤਾ ਗਿਆ ਔਰ ਨਾ ਹੀ ਉਸ ਪੈਸੇ ਦਾ ਅਜੇ ਤੱਕ ਕੋਈ ਹਿਸਾਬ ਕਿਤਾਬ ਦਿੱਤਾ ਗਿਆ ਹੈ । ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਇਹ 51 ਲੱਖ ਰੁਪਿਆ ਹੈ, ਇਸ ਦੀ ਇਨਕੁਆਰੀ ਕਰਾਈ ਜਾਵੇ ।

ਸ਼੍ਰੀ ਸਪੀਕਰ : ਇਸ ਦਾ ਇਸ ਕੁਐਸਚਨ ਨਾਲ ਕੋਈ ਸਬੰਧ ਨਹੀਂ । ਕੋਈ ਸਵਾਲ ਨਾਲ ਸਬੰਧਤ ਸਪਲੀਮੈਂਟਰੀ ਕਰੋ ।

ਚੌਧਰੀ ਮੋਹਨ ਲਾਲ : ਸਪਲੀਮੈਂਟਰੀ, ਸਰ, ਇਹੀ ਹੈ ਕਿ ਪੁਲਿਸ ਦਾ ਕਿਉਂਕਿ ਬੜਾ ਅਹਿਮ ਦਫਤਰ ਹੈ, ਉਸ ਦੇ ਅਧਿਕਾਰੀਆਂ ਵਾਸਤੇ ਪੁਲਿਸ ਲਾਈਨ ਬਨਾਉਣ ਲਈ ਕੀ ਸਰਕਾਰ, ਸਾਡੇ ਤੇ ਡੀਪੈਂਡ ਨਾ ਕਰਕੇ, ਐਮ.ਐਲ.ਏ. ਤੇ ਡੀਪੈਂਡ ਨਾ ਕਰਕੇ, ਆਪਣੇ ਤੌਰ ਤੇ ਜ਼ਮੀਨ ਐਕੁਆਇਰ ਕਰੇਗੀ ?

ਸ਼੍ਰੀ ਸਪੀਕਰ : ਇਹ ਕੋਈ ਗੱਲ ਬਣੀ ਨਹੀਂ ਜੀ । ਰਹਿਣ ਦਿਓ ਜੀ ।

ਕੁਝ ਸਕੀਮਾਂ ਅਧੀਨ ਲਗਾਏ ਗਏ ਟਿਊਬਵੈੱਲਾਂ ਦੁਆਰਾ ਖਪਤ ਕੀਤੀ ਗਈ ਬਿਜਲੀ ਦੀ ਦਰ

*525. **ਸਰਦਾਰ ਰਣਜੀਤ ਸਿੰਘ ਬਾਲੀਆਂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਮੱਛੀ ਪਾਲਣ, ਬਾਗਬਾਨੀ, ਤੁਪਕਾ ਸਿੰਜਾਈ ਅਤੇ ਫੁਹਾਰਾ ਸਿੰਜਾਈ ਵਰਗੀਆਂ ਸਕੀਮਾਂ ਅਧੀਨ ਕੋਈ ਟਿਊਬਵੈੱਲ ਲਗਾਏ ਗਏ ਹਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਉਕਤ ਟਿਊਬਵੈੱਲਾਂ ਨੂੰ ਸਪਲਾਈ ਕੀਤੀ ਜਾਂਦੀ ਬਿਜਲੀ ਦੇ ਬਿੱਲ ਉਨ੍ਹਾਂ ਦੁਆਰਾ ਅਸਲ ਵਿਚ ਖਪਤ ਕੀਤੀ ਜਾ ਰਹੀ ਬਿਜਲੀ ਦੇ ਆਧਾਰ ਤੇ ਭੇਜੇ ਜਾਂਦੇ ਹਨ ?

Shri Madan Mohan Mittal (Minister for Food & Supplies, Public Health and Parliamentary Affairs) :

(a) Yes Sir,

[Minister for Food & Supplies Public, Health and Parliamentary Affairs]

(b) Punjab State Electricity Board has already notified its decision to supply free electricity w.e.f. 14th Feb., 1997 to Agricultural Tubewells used for Fisheries, Horticulture, Drip Irrigation and Sprinkler Irrigation released under flat rate or metered agricultural power rate.

ਸਰਦਾਰ ਰਣਜੀਤ ਸਿੰਘ ਬਾਲੀਆਂ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਕੀਮਾਂ ਨਾਲ ਸਬੰਧਤ ਜਿਹੜੇ ਬਿਲ ਮੀਟਰ ਨਾਲ ਆ ਰਹੇ ਹਨ, ਕੀ ਉਹ ਮੀਟਰ ਪੁਟਵਾ ਕੇ ਉਨ੍ਹਾਂ ਨੂੰ ਇਹ ਜਨਰਲ ਕੈਟੇਗਰੀ ਦੇ ਵਿਚ ਕਨਸਿਡਰ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਹੁਣ ਜਦੋਂ ਬਿਜਲੀ ਦਾ ਬਿਲ ਮੁਆਫ ਹੀ ਕਰ ਦਿੱਤਾ ਹੈ ਤਾਂ ਇਹ ਫਲੈਟ ਰੇਟ ਖਤਮ ਹੋ ਗਿਆ ਹੈ, ਇਸ ਕਰਕੇ ਮੀਟਰ ਤਾਂ ਲੱਗਣਾ ਹੀ ਨਹੀਂ । ਪਹਿਲੀ ਸਕੀਮ ਅਨੁਸਾਰ ਫਿਸ਼ਰੀਜ਼ ਵਾਸਤੇ ਔਰ ਬਾਕੀ ਸਾਰੀਆਂ ਸਕੀਮਾਂ ਵਾਸਤੇ ਇਕੋ ਰੇਟ ਹੁੰਦਾ ਸੀ ਜੋ ਕਿ ਫਿਕਸਡ ਰੇਟ ਸੀ । ਕੇਵਲ ਫ਼ਿਸ਼ਰੀਜ਼ ਵਾਸਤੇ 600/- ਰੁਪ ਅਲੱਗ ਦੇਣੇ ਪੈਂਦੇ ਸੀ । ਬਾਕੀ ਸਭ ਤੇ ਫਲੈਟ ਰੇਟ ਸੀ । ਹੁਣ ਜਦ ਤੋਂ ਇਹ ਸਰਕਾਰ ਆਈ ਹੈ, ਇਸ ਨੇ 14 ਫਰਵਰੀ, 1997 ਤੋਂ ਬਾਅਦ ਸਾਰੀਆਂ ਸਕੀਮਾਂ ਤੇ ਬਿਲ ਮਾਫ ਕਰ ਦਿੱਤਾ ਹੈ । ਜੇ ਫਿਰ ਵੀ ਇਨ੍ਹਾਂ ਕੋਲ ਕੋਈ ਇਨਫਰਮੇਸ਼ਨ ਹੈ ਕਿ ਮੀਟਰਡ ਬਿਲ ਆਉਂਦਾ ਹੈ ਤਾਂ ਇਹ ਦੱਸ ਦੇਣ ਉਹ ਵੀ ਮਾਫ ਕਰ ਦਿੱਤਾ ਜਾਵੇਗਾ ।

ਸ੍ਰੀ ਅਰੁਨੇਸ਼ ਕੁਮਾਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਬਿਲ ਮਾਫ ਕਰ ਦਿੱਤੇ ਹਨ । ਮੇਰਾ ਇਲਾਕਾ ਕੰਡੀ ਦਾ ਇਲਾਕਾ ਹੈ, ਉਥੇ ਡੀਪ ਟਿਊਬਵੈੱਲਜ਼ ਲੱਗੇ ਹੋਏ ਹਨ ਜੋ ਕਿ ਟਿਊਬਵੈੱਲ ਕਾਰਪੋਰੇਸ਼ਨ ਨੇ ਲਗਾਏ ਹਨ । ਕੀ ਇਹ ਉਨ੍ਹਾਂ ਦੇ ਬਿਲ ਵੀ ਇਰੀਗੇਸ਼ਨ ਵਾਸਤੇ ਮਾਫ ਕਰ ਰਹੇ ਹਨ ?

ਸ੍ਰੀ ਸਪੀਕਰ : ਇਹ ਤਾਂ ਜੀ ਜਨਰਲ ਦੇ ਵਿਚ ਆ ਜਾਂਦੇ ਹਨ । ਗੱਲ ਬਣੀ ਨਹੀਂ । Next Question.

ਰਾਜ ਵਿਚ ਚੁੰਗੀ ਖਤਮ ਕਰਨਾ

*378 **ਕਾਮਰੇਡ ਹਰਦੇਵ ਅਰਸ਼ੀ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਚੁੰਗੀ ਖਤਮ ਕਰਨ ਨਾਲ ਕਿੰਨੇ ਮਿਊਂਸਪਲ ਕਰਮਚਾਰੀਆਂ ਦੇ ਵਾਧੂ ਹੋ ਜਾਣ ਦੀ ਸੰਭਾਵਨਾ ਹੈ ;

(ਅ) ਕੀ ਸਰਕਾਰ ਦੀ ਉਪਰੋਕਤ ਭਾਗ (ੳ) ਵਿਚ ਵਰਣਿਤ ਕਰਮਚਾਰੀਆਂ ਨੂੰ ਵੱਖ ਵੱਖ ਵਿਭਾਗਾਂ ਵਿਚ ਐਡਜੈਸਟ ਕਰਨ ਦੀ ਤਜਵੀਜ਼ ਹੈ ?

ਸ੍ਰੀ ਬਲਰਾਮ ਜੀ ਦਾਸ ਟੰਡਨ : (ੳ) ਅਤੇ (ਅ) ਰਾਜ ਵਿਚ ਅੰਦਾਜਨ 7,000 ਮਿਉਂਸਪਲ ਕਰਮਚਾਰੀ ਚੁੰਗੀ ਇਕੱਠੀ ਕਰਨ ਲਈ ਲੱਗੇ ਹੋਏ ਹਨ । ਇਕ ਕੈਬਨਿਟ ਸਬ-ਕਮੇਟੀ ਚੁੰਗੀ ਖਤਮ ਕਰਨ ਬਾਰੇ ਤਜਵੀਜ਼ ਦੇ ਸਾਰੇ ਪੱਖਾਂ ਤੋਂ ਵਿਚਾਰ ਕਰੇਗੀ ।

ਉਹ ਸਬ ਕਮੇਟੀ ਸਾਰਿਆਂ ਪੱਖਾਂ ਜਿਹਾ ਕਿ ਜਿਹੜਾ ਅਮਲਾ ਵਾਧੂ ਹੋਵੇਗਾ, ਉਸਨੂੰ ਸਥਾਨਕ ਸਰਕਾਰ ਦੀਆਂ ਦੂਸਰੀਆਂ ਸੰਸਥਾਵਾਂ ਵਿਚ ਲਗਾਉਣ ਲਈ ਅਤੇ ਹੋਰ ਕਈ ਮਸਲਿਆਂ ਨੂੰ ਸੁਲਝਾਉਣ ਲਈ ਗੌਰ ਕਰੇਗੀ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਮੁਲਾਜ਼ਮਾਂ ਦੀ ਛਾਂਟੀ ਨਹੀਂ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਦੂਸਰੇ ਵਿਭਾਗਾਂ ਵਿਚ ਟਰਾਂਸਫਰ ਕਰ ਦਿੱਤਾ ਜਾਵੇਗਾ । ਵੈਸੇ ਤਾਂ ਇਹ ਸਵਾਲ ਮਾਅਨੇ ਨਹੀਂ ਰੱਖਦਾ ਕਿਉਂਕਿ ਸਰਕਾਰ ਅਜੇ ਚੁੰਗੀਆਂ ਨੂੰ ਖਤਮ ਕਰਨ ਨਹੀਂ ਜਾ ਰਹੀ ਪਰ ਫਿਰ ਵੀ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਭਰੋਸਾ ਲੈਣਾ ਚਾਹੁੰਦਾ ਹਾਂ ਕਿ ਜਦੋਂ ਉਨ੍ਹਾਂ ਨੂੰ ਦੂਸਰੇ ਵਿਭਾਗਾਂ ਵਿਚ ਟਰਾਂਸਫਰ ਕੀਤਾ ਜਾਵੇਗਾ ਤਾਂ ਸਰਵਿਸ ਦੇ ਜੋ ਬੈਨੀਫਿਟ ਇਨਕਲੂਡਿੰਗ ਸੀਨੀਆਰਟੀ ਵਗੈਰਾ, ਉਹ ਆਪਣੇ ਪੇਰੈਂਟ ਡਿਪਾਰਟਮੈਂਟ ਵਿਚ ਲੈ ਰਹੇ ਹਨ ਉਨ੍ਹਾਂ ਬੈਨੀਫਿਟ ਤੇ ਕੋਈ ਅਫੈਕਟ ਨਹੀਂ ਪਵੇਗਾ । ਇਹ ਵਿਸ਼ਵਾਸ ਮੰਤਰੀ ਜੀ ਦੇਣ ।

ਮੰਤਰੀ : ਸਪੀਕਰ ਸਾਹਿਬ, ਜੋ ਸਾਰੇ ਬੈਨੀਫਿਟ ਉਹ ਅਕਰਿਊ ਕਰਦੇ ਹਨ, definitely they will be entitled.

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ ਕੀ ਕਦੀ ਸਰਕਾਰ ਨੇ ਇਸ ਗੱਲ ਦਾ ਸਰਵੇਖਣ ਕੀਤਾ ਹੈ ਕਿ ਇਕ ਰੁਪਿਆ ਚੁੰਗੀ ਇਕੱਠੀ ਕਰਨ ਵਾਸਤੇ, ਮਿਉਂਸਪੈਲਟੀਆਂ ਨੂੰ ਕਿਤਨਾ ਖਰਚ ਕਰਨਾ ਪੈਂਦਾ ਹੈ ?

ਸ੍ਰੀ ਸਪੀਕਰ : ਇਸ ਬਾਰੇ ਸੇਪਰੇਟ ਕੁਐਸਚਨ ਦੇ ਦਿਉ । ਡੋਗਰਾ ਸਾਹਿਬ, ਤੁਸੀਂ ਤਾਂ ਆਪ ਬੜੇ ਸਿਆਣੇ ਹੋ ।

ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਲਈ ਵਾਰਡਾਂ ਦਾ ਪੁਨਰ-ਗਠਨ

*479. **ਚੌਧਰੀ ਜਗਜੀਤ ਸਿੰਘ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਕਰਵਾਉਣ ਦੀ ਬਣਦੀ ਤਰੀਕ ਕੀ ਹੈ ;

[ਚੌਧਰੀ ਜਗਜੀਤ ਸਿੰਘ]

(ਅ) ਕੀ ਸਰਕਾਰ ਦੀ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਬਣਦੀ ਤਰੀਕ ਨੂੰ ਕਰਵਾਉਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਇਹ ਚੋਣਾਂ ਕਿਸ ਤਰੀਕ ਨੂੰ ਕਰਵਾਏ ਜਾਣ ਦੀ ਸੰਭਾਵਨਾ ਹੈ ;

(ੲ) ਕੀ ਸਰਕਾਰ ਨੇ ਉਨ੍ਹਾਂ ਕਸਬਿਆਂ/ਸ਼ਹਿਰਾਂ ਵਿਚ ਵਾਰਡਾਂ ਦਾ ਪੁਨਰ-ਗਠਨ ਕੀਤਾ ਹੈ ਜਿਥੇ ਕਿ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਹੋਣੀਆਂ ਹਨ ?

Shri Balramji Dass Tandon : (a) Last elections to 95 Municipal Councils were held on 6th Sept., 1992. Elections to these Municipal Councils would be due after 6th Sept., 1997 on the day of completion of five years from the date of first meeting of the concerned Municipality.

(b) Government propose to hold elections to the said Municipal Councils by the due date. No date has so far been fixed.

(c) In the said Municipal Councils the process of reconstitution of wards is under way.

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਨਵੇਂ ਵਾਰਡ ਬਣ ਰਹੇ ਹਨ ਮਿਉਂਸਪਲ ਕੌਂਸਲਾਂ ਦੇ ਉਹ ਵਾਰਡ ਕਦੋਂ ਤੱਕ ਬਣਾ ਦਿੱਤੇ ਜਾਣਗੇ ? ਨਾਲ ਹੀ ਜਿਹੜੀ 33% ਰਿਜ਼ਰਵੇਸ਼ਨ .. (ਵਿਘਨ)

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਇਕ ਟਾਈਮ ਇਕ ਸਪਲੀਮੈਂਟਰੀ ਪੁੱਛੋ ।

ਚੌਧਰੀ ਜਗਜੀਤ ਸਿੰਘ : ਇਕ ਪੁੱਛ ਲੈਂਦਾ ਹਾਂ ਜੀ । ਮਿਉਂਸਪਲ ਕੌਂਸਲਾਂ ਦੇ ਨਵੇਂ ਵਾਰਡ ਕਦੋਂ ਤੱਕ ਕੰਪਲੀਟ ਹੋ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਅੰਦਾਜ਼ਾ ਹੈ ਕਿ ਅਸੀਂ ਜੁਲਾਈ ਦੇ ਅੰਤ ਤੱਕ ਇਹ ਵਾਰਡ ਬੰਦੀ ਕੰਪਲੀਟ ਕਰ ਲਵਾਂਗੇ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਵਾਰਡ ਬਣਾਉਣ ਵੇਲੇ ਕੀ ਸਬੰਧਤ ਐਮ.ਐਲ.ਏ., ਜਿਸ ਮਿਉਂਸਪਲ ਕੌਂਸਲ ਨਾਲ ਉਹ ਤਾਅਲੁੱਕ ਰੱਖਣ ਵਾਲਾ ਹੈ, ਨੂੰ ਵੀ ਪੁੱਛਿਆ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਅੱਜ ਇਹ ਸਾਨੂੰ ਪੁੱਛਦੇ ਹਨ । ਆਪਣੇ ਵੇਲੇ ਇਨ੍ਹਾਂ ਨੇ ਜਦੋਂ ਵਾਰਡ ਬਣਾਏ ਤਾਂ ਕਿਸੇ ਵੀ ਸਬੰਧਤ ਐਮ.ਐਲ.ਏ. ਨੂੰ ਪੁੱਛਿਆ ਨਹੀਂ ਤਾਂ ਕਿ ਜਿਹੜੀ ਕੋਈ ਇਕ-ਅੱਧੀ ਕਮੇਟੀ ਬਚ ਗਈ ਹੈ, ਕਿਤੇ ਉਸ ਦੇ ਵਿਚ ਆਪੋਜ਼ੀਸ਼ਨ ਦਾ

ਐਮ.ਐਲ.ਏ. ਆਪਣੇ ਢੰਗ ਦੇ ਨਾਲ ਵਾਰਡਬੰਦੀ ਨਾ ਕਰਵਾ ਲਵੇ । ਪਰ ਹੁਣ ਇਸ ਤਰ੍ਹਾਂ ਹੋਵੇਗਾ ਕਿ ਹਰੇਕ ਐਮ.ਐਲ.ਏ. ਜਿਸ ਦੇ ਹਲਕੇ ਵਿਚ ਉਹ ਮਿਉਂਸਪਲ ਕੌਂਸਲ ਆਉਂਦੀ ਹੈ, ਵਾਰਡਬੰਦੀ ਬਣਾਉਣ ਵੇਲੇ ਉਥੇ ਇਕ ਮੈਂਬਰ ਦੇ ਤੌਰ ਤੇ ਬੈਠੇਗਾ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸਤਰੀਆਂ ਵਾਸਤੇ 33½ ਪ੍ਰਤੀਸ਼ਤ ਸੀਟਾਂ ਰਿਜ਼ਰਵ ਹੋਣਗੀਆਂ ? ਨਵੇਂ ਐਕਟ ਅਨੁਸਾਰ ਬੀ.ਸੀਜ਼. ਵਾਸਤੇ ਵੀ ਸੀਟਾਂ ਰਿਜ਼ਰਵ ਹੋਣੀਆਂ ਹਨ, ਐਸ.ਸੀਜ਼, ਵਾਸਤੇ ਤਾਂ ਪਹਿਲਾਂ ਹੀ ਸੀਟਾਂ ਰਿਜ਼ਰਵ ਹਨ । ਕੀ ਵਾਰਡ ਬਣਾਉਣ ਵੇਲੇ ਉਨ੍ਹਾਂ ਵਾਰਡਾਂ ਦੇ ਵਿਚੋਂ ਹੀ ਰਿਜ਼ਰਵ ਵਾਰਡ ਬਣਾਏ ਜਾਣਗੇ ਜਾਂ ਕਿ ਵੱਧ ਵਾਰਡ ਬਣਾਏ ਜਾਣਗੇ ?

ਸ੍ਰੀ ਸਪੀਕਰ : ਮੰਤਰੀ ਜੀ, ਉਹ ਪੁੱਛਦੇ ਹਨ ਕਿ ਅਗਜਿਸਟਿੰਗ ਵਾਰਡਾਂ ਦੇ ਵਿਚੋਂ ਹੀ ਰਿਜ਼ਰਵ ਸੀਟਾਂ ਹੋਣਗੀਆਂ ਜਾਂ ਕਿ ਵਾਰਡ ਵੱਧ ਬਣਾਏ ਜਾਣਗੇ ?

ਮੰਤਰੀ : ਜਿਹੜੀ ਵਾਰਡਬੰਦੀ ਹੋਣੀ ਹੈ, ਉਹ 1991 ਦੀ ਆਬਾਦੀ ਦੇ ਆਧਾਰ ਤੇ ਹੋਣੀ ਹੈ । ਇਸ ਕਰਕੇ ਕਈ ਮਿਉਂਸਪਲ ਕੌਂਸਲਾਂ ਵਿਚ ਵਾਰਡ ਵਧ ਜਾਣਗੇ ਕਿਉਂਕਿ ਆਬਾਦੀ ਵਧ ਗਈ ਹੈ । ਇਸ ਕਰਕੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਐਸ.ਸੀ., ਲੇਡੀਜ਼ ਆਦਿ ਨੂੰ ਵਾਰਡਬੰਦੀ ਬਣਾਉਣ ਵੇਲੇ ਧਿਆਨ ਵਿਚ ਰੱਖਿਆ ਜਾਵੇਗਾ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਇਨ੍ਹਾਂ ਨੇ ਪਬਲੀਕਲੀ ਅਨਾਉਂਸ ਤਾਂ ਕਰ ਦਿੱਤਾ ਸੀ ਕਿ ਮੌਜੂਦਾ ਸੈਸ਼ਨ ਵਿਚ ਮਿਉਂਸਪਲ ਕਮੇਟੀਆਂ ਬਾਰੇ ਇਕ ਨਵਾਂ ਐਕਟ ਲਿਆਂਦਾ ਜਾਵੇਗਾ ਅਤੇ ਇਸ ਦਾ ਡਰਾਫਟ ਇਨ੍ਹਾਂ ਕੋਲ ਪਹਿਲਾਂ ਹੀ ਤਿਆਰ ਹੈ ਜਾਂ ਪੁਰਾਣੇ ਐਕਟ ਵਿਚ ਅਮੈਂਡਮੈਂਟ ਲਿਆਂਦੀ ਜਾਵੇਗੀ ਲੇਕਿਨ ਹੁਣ ਤੱਕ ਦੇ ਬਿਜ਼ਨਿਸ ਵਿਚ ਇਸ ਬਾਰੇ ਕੋਈ ਲੈਜਿਸਲੇਸ਼ਨ ਨਹੀਂ ਆਇਆ । ਕੀ ਸਰਕਾਰ ਦਾ ਮਿਉਂਸਪਲ ਕਮੇਟੀਆਂ ਦੇ ਐਕਟ ਨੂੰ ਅਮੈਂਡ ਕਰਨ ਦਾ ਜਾਂ ਨਵਾਂ ਐਕਟ ਬਣਾਉਣ ਦਾ ਕੋਈ ਵਿਚਾਰ ਹੈ ।

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਇਸ ਗੱਲ ਦਾ ਤਾਅਲੁੱਕ ਹੈ, ਗੌਰਮਿੰਟ ਬਿਲਕੁਲ ਕਲੀਅਰ ਹੈ ਕਿ ਅਸੀਂ ਇਕ ਨਵਾਂ ਸੋਧਿਆ ਹੋਇਆ ਮਿਉਂਸਪਲ ਐਕਟ ਲੈ ਕੇ ਆਉਣਾ ਹੈ, ਔਰ ਅਸੀਂ ਉਹ ਬਹੁਤ ਜਲਦੀ ਲੈ ਕੇ ਆਵਾਂਗੇ ।

ਨਿਸ਼ਾਨ ਵਾਲਾ ਪ੍ਰਸ਼ਨ ਨੰ. *548

ਸ੍ਰੀ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਗ੍ਰਾਂਟ ਕਰ ਦਿੱਤੀ ਹੈ । ਅਗਲਾ ਸਵਾਲ, ਡਾਕਟਰ ਬਲਦੇਵ ਰਾਜ ਚਾਵਲਾ ।

*For Starred Question No 548 and reply thereto, please see Appendix to this Debate.

ਅੰਮ੍ਰਿਤਸਰ ਸ਼ਹਿਰ ਵਿਚ ਸਕੂਲਾਂ ਦੀ ਗਿਣਤੀ

*520. **ਡਾਕਟਰ ਬਲਦੇਵ ਰਾਜ ਚਾਵਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਅੰਮ੍ਰਿਤਸਰ ਸ਼ਹਿਰ ਵਿਚ ਇਸ ਸਮੇਂ ਸਰਕਾਰੀ ਪ੍ਰਾਇਮਰੀ, ਮਿਡਲ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ਅਤੇ ਹਰ ਇਕ ਸਕੂਲ ਵਿਚ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਕਿੰਨੀ-ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿਚੋਂ ਅਜਿਹੇ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦੀਆਂ ਇਮਾਰਤਾਂ ਖਸਤਾ ਹਾਲਤ ਵਿਚ ਹਨ ਅਤੇ ਸਾਲ 1997-98 ਲਈ ਇਮਾਰਤਾਂ ਦੀ ਮੁਰੰਮਤ ਲਈ ਕਿੰਨੀ ਰਕਮ ਰੱਖੀ ਗਈ ਹੈ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਮੰਤਰੀ) : (ੳ) ਸੂਚੀ 'ੲ' ਨਾਲ ਨੱਥੀ ਕੀਤੀ ਜਾਂਦੀ ਹੈ ।

(ਅ) ਸੂਚੀ 'ਬੀ' ਨਾਲ ਨੱਥੀ ਕੀਤੀ ਜਾਂਦੀ ਹੈ ।

ਸੂਚੀ 'ੲ'

ਲੜੀ ਨੰ:	ਅੰਮ੍ਰਿਤਸਰ ਸ਼ਹਿਰ ਦੇ ਸਰਕਾਰੀ ਸਕੂਲਾਂ ਦੇ ਨਾਂ	ਟੀਚਰਾਂ ਦੀ ਗਿਣਤੀ	ਬੱਚਿਆਂ ਦੀ ਗਿਣਤੀ
1	2	3	4
	ਪ੍ਰਾਇਮਰੀ		
1.	ਕੋਟ ਬਾਬਾ ਦੀਪ ਸਿੰਘ (ਲੜਕੇ) ..	22	660
2.	ਕੋਟ ਬਾਬਾ ਬਾਬਾ ਦੀਪ ਸਿੰਘ (ਲੜਕੀਆਂ) .	18	434
3.	ਐਮ. ਐਜ ਰੋਡ (ਲੜਕੇ) ..	12	373
4.	ਐਮ. ਐਸ. ਰੋਡ (ਲੜਕੀਆਂ) ..	7	149
5.	ਸੁਲਤਾਨਵਿੰਡ (ਲੜਕੇ) ..	11	384
6.	ਸੁਲਤਾਨਵਿੰਡ (ਲੜਕੀਆਂ) ..	16	670
7.	ਮਹਾਂ ਸਿੰਘ ਗੇਟ ..	11	174
8.	ਕਟੜਾ ਜ਼ਲਿਆਂ ..	13	190
9.	ਆਜ਼ਾਦ ਨਗਰ ..	8	270
10.	ਚੌਕ ਬਾਬਾ ਸਾਹਿਬ ..	10	169
11.	ਸੁਭਾਸ਼ ਕਾਲੋਨੀ ..	4	172
12.	ਮਾਲ ਰੋਡ ..	14	357
13.	ਭਾਰਤ ਨਗਰ ..	6	165
14.	ਵਿਜੇ ਨਗਰ ..	8	249
15.	ਤੁੰਗ ਪਾਈ ..	5	153
16.	ਗੋਲ ਬਾਗ ..	7	247
17.	ਕ੍ਰਿਸ਼ਨਾ ਨਗਰ ..	4	105
18.	ਦਸ਼ਮੇਸ਼ ਨਗਰ ..	3	97
19.	ਸਰਕੁਲਰ ਰੋਡ ..	17	468

[ਵਿੱਤ ਮੰਤਰੀ]

1	2		3	4
20.	ਫੈਜਪੁਰਾ	..	20	649
21.	ਗੰਡਾ ਸਿੰਘ ਵਾਲਾ	..	5	153
22.	ਖੜਕ ਸਿੰਘ ਵਾਲਾ	..	3	104
23.	ਭੂਟਾਨ ਪੁਰਾ	..	3	93
24.	ਤੁੰਗ ਬਾਲਾ	..	11	306
25.	ਗੋਪਾਲ ਨਗਰ	..	10	280
26.	ਨਿਮਕ ਮੰਡੀ	..	7	93
27.	ਦਾਲ ਮੰਡੀ	..	2	19
28.	ਲਛਮਣਸਰ	..	5	97
29.	ਗੇਟ ਹਕੀਮਾ	..	10	381
30.	ਭਾਗਾਂ ਵਾਲਾ	..	6	195
31.	ਭਗਤਾਂ ਵਾਲਾ ਨੰ. 2	..	11	279
32.	ਕਟੜਾ ਸ਼ਹੀਦ	..	5	168
33.	ਕਟੜਾ ਕਰਮ ਸਿੰਘ	..	9	77
34.	ਕਟੜਾ ਖਜ਼ਾਨਾ	..	4	114
35.	ਬਾਗ ਝੰਡਾ	..	4	31
36.	ਰਾਮ ਬਾਗ	..	7	114
37.	ਕੇਂਦਰੀ ਜੇਲ੍ਹ	..	6	225
38.	ਮਾਲ੍ਹਾਂ ਵਾਲੀ	..	6	168
39.	ਗੁਮਟਾਲਾਂ	..	12	352
40.	ਖੇੜਾ ਬਾਗ	..	5	200
41.	ਸੈਂਟਰਲ ਵਰਕਸ਼ਾਪ	..	20	398

1	2		3	4
42.	ਪੁਤਲੀ ਘਰ	..	12	323
43.	ਤੇਮ ਗੰਜ	..	11	186
44.	ਪੁਤਲੀ ਘਰ ਬੇਦੀ	..	6	168
45.	ਰਾਮ ਨਗਰ ਕਾਲੋਨੀ	..	3	106
46.	ਝਾਮ ਨਿਹੰਗਾਂ	..	3	70
47.	ਚੌਕ ਪਾਸੀਆਂ	..	2	81
48.	ਕਟੜਾ ਦੂਲੋ	..	4	64
49.	ਗੁਰਦੁਆਰਾ ਮਹਲ	..	4	102
50.	ਸਬਜ਼ੀ ਮੰਡੀ	..	3	41
51.	ਨਵਾਂ ਕੋਟ	..	27	706
52.	ਭੂਰੀ ਵਾਲ	..	6	160
53.	ਇਸਲਾਮਾ ਬਾਗ	..	12	297
54.	ਫਤਿਹ ਪੁਰ	..	8	338
55.	ਗੁਰੂ ਨਾਨਕ ਪੁਰਾ	..	10	296
56.	ਹਿੰਮਤ ਪੁਰਾ	..	3	121
57.	ਢਪਈ	..	10	378
58.	ਆਨਗੜ੍ਹ	..	7	338
59.	ਹਾਥੀ ਗੇਟ	..	4	113
60.	ਬੇਰੀ ਗੇਟ	..	2	34
61.	ਝੁਗੀਆਂ	..	2	40
62.	ਕਟੜਾ ਪਰਜਨ	..	2	137
63.	ਮਕਬੂਲ ਪੁਰਾ	..	18	620

[ਵਿੱਤ ਮੰਤਰੀ]

1	2		3	4
64.	ਰਸੂਲਪੁਰ ਰੋਹੀ	..	5	224
65	ਮੋਹਕਮ ਪੁਰਾ	..	5	245
66.	ਸਾਵਨ ਨਗਰ	..	5	104
67.	ਧਰਮ ਨਗਰ	..	4	114
68.	ਕੰਗਾਰਾ ਕਾਲੋਨੀ	..	5	143
69.	ਮੁਸਤਫਾਬਾਦ	..	12	449
70.	ਵਾਲਾ	..	18	735
71.	ਜੋੜਾ ਪਿੱਪਲ	..	7	146
72.	ਸ਼ਰੀਫਪੁਰਾ (ਲੜਕੇ)	..	11	315
73.	ਸ਼ਰੀਫਪੁਰਾ (ਲੜਕੀਆਂ)	..	17	409
74.	ਕੋਟ ਮੰਗਲ ਸਿੰਘ	..	6	253
75.	ਕੋਟ ਮਾਨਾ ਸਿੰਘ	..	6	225
76.	ਗੁਰੂ ਅਰਜਨ ਨਗਰ	..	5	227
77.	ਈਸਟ ਮੋਹਨ ਨਗਰ	..	6	201
78.	ਗੁਜਰ ਪੁਰਾ	..	7	190
79.	ਕੋਟ ਮਿੱਤ ਸਿੰਘ	..	9	315
80.	ਖਾਲਸਾ ਨਗਰ	..	1	58
81.	ਵੇਰਕਾ (ਲੜਕੀਆਂ)	..	15	497
82.	ਨਵੀਂ ਆਬਾਦੀ ਵੇਰਕਾ	..	12	419
83.	ਵੇਰਕਾ (ਲੜਕੇ)	..	12	439
84.	ਧੁੱਪ ਸੜੀ	..	7	185
85.	ਜਾਨ੍ਹਪੁਰ	..	13	413

1	2	3	4
86.	ਕਾਲਾ ..	110	422
87.	ਛੇਹਰਟਾ ..	11	440
88.	ਛੇਹਰਟਾ ਮਾਡਲ ਟਾਊਨ ..	4	138
89.	ਛੇਹਰਟਾ ਕਰਤਾਰ ਨਗਰ ..	6	145
90.	ਛੇਹਰਟਾ ਗੁਰਦੁਆਰਾ ..	4	130
91.	ਕੋਟ ਖਾਲਸਾ ..	15	601
92.	ਮਾਹਲ ..	8	280
93.	ਜਗੋਨੀ ਕਲੋਨੀ ਮਾਹਲ ..	—	82
94.	ਵਡਾਲੀ ਗੁਰੂ ..	9	303
95.	ਹਮੀਦਪੁਰਾ ..	5	152
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ			
1.	ਛੇਹਰਟਾ ..	41	418
2.	ਡੈਮਗੰਜ ..	37	883
3.	ਕਾਨਪੁਰ ..	19	543
4.	ਨਵਾਂ ਕੋਟ (ਗ) ..	42	684
5.	ਕੋਟ ਬਾਬਾ ਦੀਪ ਸਿੰਘ (ਗ) ..	33	355
6.	,, ,, ,, ,, (ਮੁੰ) ..	19	625
7.	ਟਾਊਨ ਹਾਲ ..	72	2,455
8.	ਵੇਰਕਾ ..	47	1,255
9.	ਕਟੜਾ ਕਰਮ ਸਿੰਘ ..	27	377

[ਵਿੱਤ ਮੰਤਰੀ]

1	2	3	4
10.	ਮਹਾਂ ਸਿਘ ਗੇਟ ਅੰਮ੍ਰਿਤਸਰ	84	996
11.	ਐਮ. ਐਸ. ਰੋਡ ..	65	927
12.	ਪੁਤਲੀ ਘਰ ..	49	1,166
13.	ਸੁਲਤਾਨਵਿੰਡ ..	18	841
14.	ਦੀਮਾਨ ਅੰਮ੍ਰਿਤਸਰ (ਗ) ..	108	2,657
15.	ਵੇਰਕਾ (ਗ) ..	26	630
ਸਰਕਾਰੀ ਹਾਈ ਸਕੂਲ ਅੰਮ੍ਰਿਤਸਰ			
1.	ਚੱਕ ਲਛਮਣਸਰ ..	13	415
2.	ਢਪਈ ..	13	327
3.	ਦਬੁਰਜੀ ..	8	132
4.	ਗੋਲਬਾਗ ..	18	225
5.	ਗੇਟ ਹਕੀਮਾ ..	13	344
6.	ਕਰਮਪੁਰਾ	21	468
7.	ਕਾਲਾ ..	8	163
8.	ਕੋਟ ਖਾਲਸਾ ..	17	468
9.	ਕੁਲੜਾ ਸਫੇਦ ..	14	266
10.	ਪੁਤਲੀ ਘਰ ..	25	957
11.	ਭਗਤਾ ਵਾਲਾ ..	12	344
12.	ਰਾਮਬਾਗ ਗੇਟ ..	13	402
13.	ਵਾਲਾ ..	21	155

1	2		3	4
	ਸਰਕਾਰੀ ਮਿਡਲ ਸਕੂਲ ਅੰਮ੍ਰਿਤਸਰ			
1.	ਅਨਗੜ੍ਹ	..	7	77
2.	ਭਰਾੜੀਵਾਲ	..	7	65
3.	ਫਤਿਹਪੁਰ	..	7	97
4.	ਗਲੀ ਮੋਰੀਆਂ	..	7	102
5.	ਇਸਲਾਮਾਬਾਦ	..	7	124
6.	ਕੀਰਤਨਗੜ੍ਹ	..	7	107
7.	ਮਕਬੂਲਪੁਰਾ	..	7	89
8.	ਗੁਰੂ ਨਾਨਕ ਪੁਰਾ ਇਸਲਾਮਾਬਾਦ)	..	7	114
9.	ਤੁਗਬਾਲਾ	..	7	175
10.	ਬਿਜਲੀ ਘਰ ਮੁਸਤਫਾਪੁਰ	..	7	75
11.	ਚੱਕ ਬਾਬਾ ਸਾਹਿਬ	..	7	127
12.	ਫੇਜਪੁਰ	..	7	67
13.	ਸੰਤ ਸਿੰਘ ਵਾਲਾ	..	7	77
14.	ਈਦਗਾਹ ਡੇਮਗੰਜ	..	7	87
15.	ਕੋਟ ਮਾਨਾਂ ਸਿੰਘ	..	7	94
16.	ਮਾਡਲ ਟਾਊਨ	..	7	107
17.	ਸੁਲਤਾਨਵਿੰਡ	..	7	117
18.	ਚੱਕ ਪਾਸੀਆਂ	..	7	137
19.	ਸਰਫੀਪੁਰਾ	..	7	140

[ਵਿੱਤ ਮੰਤਰੀ]

ਸੂਚੀ 'ਬੀ'

ਲੜੀ ਨੰ.	ਉਨ੍ਹਾਂ ਸਕੂਲਾਂ ਦੇ ਨਾਵਾਂ ਦੀ ਸੂਚੀ ਜਿਨ੍ਹਾਂ ਦੀਆਂ ਇਮਾਰਤਾਂ ਖਸਤਾ ਹਾਲਤ ਵਿਚ ਹਨ
1	2
	ਪ੍ਰਾਇਮਰੀ ਸਕੂਲ
1.	ਸਰਕਾਰੀ ਪ੍ਰਾਇਮਰੀ ਸਕੂਲ ਮਾਹਨਾ ਸਿੰਘ ਰੋਡ (ਲੜਕੇ)
2.	ਸੁਲਤਾਨਵਿੰਡ (ਲੜਕੇ)
3.	ਗੰਡਾ ਸਿੰਘ ਵਾਲਾ ਬਲਾਕ ਅੰਮ੍ਰਿਤਸਰ-2
4.	ਵਿਜੇ ਨਗਰ
5.	ਟੰਗ ਬਾਲਾ
6.	ਗੋਪਾਲ ਨਗਰ
7.	ਨਾਮੀਨਾਕ ਮੰਡੀ ਬੀ ਅੰਮ੍ਰਿਤਸਰ
8.	ਭਗਤਾਂਵਾਲਾ
9.	ਰਾਮ ਬਾਗ
10.	ਰਾਮ ਨਗਰ ਕਾਲੋਨੀ ਅੰਮ੍ਰਿਤਸਰ-4
11.	ਦਪਾਈ
12.	ਅਨਗੜ੍ਹ (ਅੰਮ੍ਰਿਤਸਰ-4)
13.	ਤੇਜਾ ਕਾਗੀਗੜ੍ਹ (ਬੀ ਅੰਮ੍ਰਿਤਸਰ-5)
14.	ਨਵਾਂ ਪਿੰਡ ਬਲਾਕ-5
15.	ਮੁਸਤਫਾਬਾਦ
16.	ਕਾਲਾ ਬਜ਼ਾਰ ਵੇਰਕਾ
17.	ਬਡਾਲੀ ਗੁਰੂ ਬਲਾਕ ਵੇਰਕਾ

1	2
	ਸਰਕਾਰੀ ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲ
1.	ਸ. ਸ. ਸ. ਸ. ਟਾਊਨ ਹਾਲ, ਅੰਮ੍ਰਿਤਸਰ
2.	ਸ. ਸ. ਸ. ਸ. ਕੋਟ ਬਾਬਾ ਦੀਪ ਸਿੰਘ
3.	ਸ. ਸ. ਸ. ਸ. ਕਟੜਾ ਕਰਮ ਸਿੰਘ
4.	ਸ. ਸ. ਸ. ਸ. ਛੇਹਰਟਾ
5.	ਸ. ਸ. ਸ. ਸ. ਮਹਾਂ ਸਿੰਘ ਗੇਟ
6.	ਸ. ਸ. ਸ. ਸ. ਖਾਨਪੁਰ
7.	ਸ. ਹ. ਸ. ਦਬੁਰਜੀ
8.	ਸ. ਮਿ. ਸ. ਕੋਟ ਮਾਹਨਾ ਸਿੰਘ
9.	ਸ. ਮਿ. ਸ. ਕੀਰਤਨਗੜ੍ਹ
10.	ਸ. ਮਿ. ਸ. ਅਨਗੜ੍ਹ

ਡਾਕਟਰ ਬਲਦੇਵ ਰਾਜ ਚਾਵਲਾ: ਮਾਨਯੋਗ ਸਪੀਕਰ ਸਾਹਿਬ, ਜੋ ਮੈਨੂੰ ਉਤਰ ਪ੍ਰਾਪਤ ਹੋਇਆ ਹੈ, ਉਸ ਦੇ ਵਿਚ ਮੈਨੂੰ ਪਾਰਟ 'ਬੀ' ਦਾ ਉੱਤਰ ਪ੍ਰਾਪਤ ਨਹੀਂ ਹੋਇਆ। ਸਪੀਕਰ ਸਾਹਿਬ, ਮੈਂ ਖਾਸ ਕਰਕੇ ਅੰਮ੍ਰਿਤਸਰ ਵਿਚ ਸਥਿਤ ਸਕੂਲਾਂ ਦੀਆਂ ਬਿਲਡਿੰਗਾਂ ਬਾਰੇ ਪੁੱਛਿਆ ਹੈ....

ਸ਼੍ਰੀ ਸਪੀਕਰ : ਕਿਹੜੇ ਪਾਰਟ ਦਾ ਉੱਤਰ ਤੁਹਾਨੂੰ ਪ੍ਰਾਪਤ ਨਹੀਂ ਹੋਇਆ ?

ਡਾਕਟਰ ਬਲਦੇਵ ਰਾਜ ਚਾਵਲਾ : ਸਰ, ਪਾਰਟ 'ਬੀ' ਦਾ ਉੱਤਰ ਪ੍ਰਾਪਤ ਨਹੀਂ ਹੋਇਆ।

ਸ਼੍ਰੀ ਸਪੀਕਰ : ਮੇਰੇ ਕੋਲ ਜੋ ਲਿਸਟ ਪੁੱਜੀ ਹੈ, ਉਸ ਦੇ ਨਾਲ ਤਾਂ 'ਬੀ' ਪਾਰਟ ਦਾ ਉੱਤਰ ਵੀ ਨੱਥੀ ਹੈ।

ਡਾਕਟਰ ਬਲਦੇਵ ਰਾਜ ਚਾਵਲਾ : ਚਲੋ, ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਪੁੱਛਦਾ ਹਾਂ ਜੀ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਵਿੱਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ 27 ਬਿਲਡਿੰਗ ਖਸਤਾ ਹਾਲਤ ਵਿੱਚ ਦੱਸੀਆਂ ਗਈਆਂ ਹਨ, ਕੀ ਕੋਈ ਨਿਸ਼ਚਿਤ ਮਿਤੀ ਦੱਸਣਗੇ ਕਿ ਇਸ ਮਿਤੀ ਤੱਕ ਇਨ੍ਹਾਂ ਦੀ ਰੀਪੇਅਰ ਕਰਵਾ ਦਿੱਤੀ ਜਾਵੇਗੀ ? ਇਸ ਤੋਂ ਇਲਾਵਾ, ਐਸੀਆਂ ਕਿੰਨੀਆਂ ਬਿਲਡਿੰਗਾਂ ਹਨ ਜਿਨ੍ਹਾਂ ਦੀ ਖਸਤਾ ਹਾਲਤ ਸਾਡੀ ਸਰਕਾਰ ਦੇ ਵੇਲੇ ਹੋਈ ਹੈ ਅਤੇ ਐਸੀਆਂ ਕਿੰਨੀਆਂ ਹਨ ਜਿਨ੍ਹਾਂ ਦੀ ਖਸਤਾ ਹਾਲਤ ਪਿਛਲੀ ਸਰਕਾਰ ਦੇ ਸਮੇਂ ਹੋਈ ਸੀ ?

ਮੰਤਰੀ : ਸਪੀਕਰ ਸਾਹਿਬ, ਸਕੂਲਾਂ ਦੀਆਂ ਇਮਾਰਤਾਂ ਦੀ ਮੁਰੰਮਤ ਵਾਸਤੇ ਇਸ ਸਾਲ ਦੇ ਵਿੱਤੀ ਬਜਟ ਵਿੱਚ 14 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ। ਇਸ ਤੋਂ ਇਲਾਵਾ ਅਪਰੇਸ਼ਨ ਬਲੈਕ ਬੋਰਡ ਅਤੇ ਬਾਰਡਰ ਏਰੀਆ ਡਿਵੈਲਪਮੈਂਟ ਪ੍ਰੋਗਰਾਮ ਦੇ ਅਧੀਨ ਵੀ ਪੈਸੇ ਰੱਖੇ ਗਏ ਹਨ। ਜਿਹੜੀ ਸਕੂਲਾਂ ਦੀ ਮੁਰੰਮਤ ਹੁੰਦੀ ਹੈ, ਉਹ ਡਿਸਟ੍ਰਿਕਟ ਪਲੈਨਿੰਗ ਬੋਰਡ ਦੇ ਰਾਹੀਂ ਹੁੰਦੀ ਹੈ, ਜਿਸ ਦੇ ਮਾਨਯੋਗ ਮੈਂਬਰ ਸਾਹਿਬਾਨ (ਐਮ. ਐਲ. ਏ. ਸਾਹਿਬਾਨ) ਮੈਂਬਰ ਹੁੰਦੇ ਹਨ। ਪਲੈਨਿੰਗ ਬੋਰਡ ਵੱਲੋਂ ਪ੍ਰਾਇਅਰਟੀ ਫਿਕਸ ਕੀਤੀ ਜਾਂਦੀ ਹੈ ਕਿ ਪਹਿਲਾਂ ਕਿਹੜੀ ਬਿਲਡਿੰਗ ਦੀ ਮੁਰੰਮਤ ਕਰਨੀ ਹੈ ਅਤੇ ਬਾਅਦ ਕਿਹੜੀ ਬਿਲਡਿੰਗ ਦੀ ਮੁਰੰਮਤ ਕਰਾਉਣੀ ਹੈ।

ਡਾਕਟਰ ਬਲਦੇਵ ਰਾਜ ਚਾਵਲਾ : ਸਪੀਕਰ ਸਾਹਿਬ, ਮੈਂ ਤਾਂ ਪ੍ਰਾਰਟੀਕੂਲਰ ਅੰਮ੍ਰਿਤਸਰ ਦੇ ਬਾਰੇ ਵਿੱਚ ਪੁੱਛਿਆ ਹੈ। ਇਨ੍ਹਾਂ ਨੇ ਪਾਰਟ 'ਬੀ' ਦਾ ਉੱਤਰ ਨਹੀਂ ਦਿੱਤਾ ਜੀ।

ਸ੍ਰੀ ਸਪੀਕਰ : ਚਾਵਲਾ ਜੀ, ਜ਼ਰਾ ਛੇਤੀ ਉਠਣ ਦੀ ਕੋਸ਼ਿਸ਼ ਕਰਿਆ ਕਰੋ। ਦੱਸੋ ਕੀ ਪੁੱਛਣਾ ਚਾਹੁੰਦੇ ਹੋ ?

ਡਾਕਟਰ ਬਲਦੇਵ ਰਾਜ ਚਾਵਲਾ : ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਲ 1997-98 ਦੇ ਬਜਟ ਵਿੱਚ ਅੰਮ੍ਰਿਤਸਰ ਵਿਖੇ ਜਿਨ੍ਹਾਂ ਸਕੂਲਾਂ ਦੀਆਂ ਇਮਾਰਤਾਂ ਦੀ ਖਸਤਾ ਹਾਲਤ ਹੈ, ਉਨ੍ਹਾਂ ਦੀ ਮੁਰੰਮਤ ਲਈ ਕਿੰਨੇ ਫੰਡਜ਼ ਈਅਰ ਮਾਰਕ ਕੀਤੇ ਗਏ ਹਨ ?

ਸ੍ਰੀ ਸਪੀਕਰ : ਵਿੱਤ ਮੰਤਰੀ ਜੀ, ਇਹ ਸਿਰਫ ਅੰਮ੍ਰਿਤਸਰ ਦੇ ਬਾਰੇ ਪੁੱਛ ਰਹੇ ਹਨ।

ਮੰਤਰੀ: ਸਾਲ 1997-98 ਦਾ ਬਜਟ ਪਾਸ ਹੋਣ ਉਪਰੰਤ ਹੀ ਰਾਸ਼ੀ ਦੀ ਜ਼ਿਲ੍ਹੇਵਾਰ ਵੰਡ ਕਰ ਦਿੱਤੀ ਜਾਵੇਗੀ।

ਡਾਕਟਰ ਬਲਦੇਵ ਰਾਜ ਚਾਵਲਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੇ ਵਿੱਚ ਕਿਤਨੇ ਐਸੇ ਸਕੂਲ ਹਨ ਜਿਹੜੇ ਬਿਨਾਂ ਛੱਤ ਤੋਂ ਅਸਮਾਨ ਦੇ ਨੀਚੇ ਚਲ ਰਹੇ ਹਨ ? ਕੀ ਵਿੱਤ ਮੰਤਰੀ ਜੀ ਇਹ ਦੱਸਣਗੇ ?

ਸ੍ਰੀ ਸਪੀਕਰ : ਤੁਹਾਡਾ ਸਵਾਲ ਤਾਂ ਬਿਲਡਿੰਗਾਂ ਦੀ ਰਿਪੇਅਰ ਬਾਰੇ ਸੀ। ਇਹ ਬਿਲਡਿੰਗਾਂ ਬਣਾਉਣ ਦਾ ਮਸਲਾ ਹੈ।

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਖਸਤਾ ਹਾਲਤ ਦੀਆਂ ਬਿਲਡਿੰਗਾਂ ਦੀ ਰੀਪੇਅਰ ਵਾਸਤੇ ਸਵਾਲ ਪੁੱਛਿਆ ਸੀ ਅਤੇ ਉਸ ਦਾ ਜਵਾਬ ਦੇ ਦਿਤਾ ਹੈ ਜੀ।

ਸ੍ਰੀ ਸਪੀਕਰ: ਅਗਲਾ ਸਵਾਲ। ਸਰਦਾਰ ਸੁਰਜੀਤ ਸਿੰਘ ਕੋਹਲੀ।

———

ਸਰਕਾਰੀ ਸਕੂਲਾਂ ਵਿਚ ਟ੍ਰੈਫਿਕ ਨਿਯਮਾਂ ਸਬੰਧੀ ਵਿਸ਼ਾ ਸ਼ੁਰੂ ਕਰਨਾ

*495. **ਸਰਦਾਰ ਸੁਰਜੀਤ ਸਿੰਘ ਕੋਹਲੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਟ੍ਰੇਨਿੰਗ/ਸਿਖਿਆ ਦੇਣ ਲਈ ਰਾਜ ਦੇ ਸਰਕਾਰੀ ਸਕੂਲਾਂ ਵਿਚ ਵੱਖ ਵੱਖ ਸ਼੍ਰੇਣੀਆਂ ਦੇ ਸਿਲੇਬਸ ਵਿਚ ਕੋਈ ਵਿਸ਼ਾ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ. ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ।

ਕੈਪਟਨ ਕੰਵਲਜੀਤ ਸਿੰਘ (ਵਿੱਤ ਮੰਤਰੀ) : ਪੰਜਾਬ ਸਰਕਾਰ ਦੁਆਰਾ ਟਰੈਫਿਕ ਰੂਲਾਂ ਤੇ ਵੱਖਰਾ ਵਿਸ਼ਾ ਲਾਗੂ ਕਰਨ ਸਬੰਧੀ ਕੋਈ ਮੁੱਦਾ ਵਿਚਾਰ ਅਧੀਨ ਨਹੀਂ ਹੈ । ਫਿਰ ਵੀ ਵੱਖ ਵੱਖ ਸ਼੍ਰੇਣੀਆਂ ਦੇ ਵੱਖ ਵੱਖ ਵਿਸ਼ਿਆਂ ਵਿਚ ਸੜਕ-ਸੁਰੱਖਿਆ ਸਬੰਧੀ ਪਹਿਲਾਂ ਹੀ ਪਾਠਕ੍ਰਮ ਦਰਜ ਕੀਤੇ ਹੋਏ ਹਨ ।

ਸਰਦਾਰ ਸੁਰਜੀਤ ਸਿੰਘ ਕੋਹਲੀ : ਸਤਿਕਾਰਯੋਗ ਸਪੀਕਰ ਸਾਹਿਬ, ਮੇਰੇ ਖਿਆਲ ਮੁਤਾਬਿਕ ਬਹੁਤ ਸਾਰੇ ਵਿਅਕਤੀਆਂ ਨੂੰ ਟਰੈਫਿਕ ਸਿਗਨਲ ਅਤੇ ਇਸ਼ਾਰਿਆਂ ਬਾਰੇ ਪਤਾ ਨਹੀਂ ਹੈ । ਅੱਜ ਦੇ ਸਮੇਂ ਵਿੱਚ ਵਧ ਰਹੇ ਵਹੀਕਲਾਂ ਨੂੰ ਮੁੱਖ ਰੱਖਦੇ ਹੋਏ ਕੀ ਸਰਕਾਰ ਇਸ ਤੇ ਵਿਚਾਰ ਕਰੇਗੀ ਕਿਉਂਕਿ ਛੋਟੀ ਉਮਰ ਦੇ ਬੱਚੇ ਵੀ ਲਾਈਟ ਵਹੀਕਲ ਆਮ ਚਲਾਉਣ ਲੱਗ ਪਏ ਹਨ, ਜਿਸ ਕਾਰਨ ਐਕਸੀਡੈਂਟ ਕਾਫੀ ਵਧ ਰਹੇ ਹਨ ? ਇਸ ਤੋਂ ਇਲਾਵਾ ਲੇਡੀਜ਼ ਵੀ ਕਾਫੀ ਵਹੀਕਲ ਚਲਾਉਣ ਲੱਗ ਪਈਆਂ ਹਨ । ਮੰਤਰੀ ਜੀ ਨੇ ਕਿਹਾ ਹੈ ਕਿ ਹੁਣ ਇਹ ਵਿਚਾਰ ਅਧੀਨ ਨਹੀਂ ਹੈ । ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਅਗਲੇ ਸਾਲਾਂ ਵਿੱਚ ਟ੍ਰੈਫਿਕ ਨਿਯਮਾਂ ਸਬੰਧੀ ਵਿਸ਼ਾ ਬਣਾਉਣ ਲਈ ਵਿਚਾਰ ਕੀਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੈਸ਼ਨਲ ਪਾਲਿਸੀ ਆਫ ਐਜੂਕੇਸ਼ਨ ਨੂੰ ਫਾਲੋ ਕਰਦਾ ਹੈ ਔਰ ਉਸ ਦੇ ਮੁਤਾਬਿਕ ਵੱਖ-ਵੱਖ ਵਿਸ਼ੇ ਜੋ ਕਿ ਦਰਜ ਕੀਤੇ ਗਏ ਹਨ, ਉਨ੍ਹਾਂ ਦੀ ਹੀ ਸਿਖਲਾਈ ਦਿੱਤੀ ਜਾਂਦੀ ਹੈ । ਲੇਕਿਨ ਮੈਂਬਰ ਸਾਹਿਬ ਨੇ ਟ੍ਰੈਫਿਕ ਬਾਰੇ ਜ਼ਿਕਰ ਕੀਤਾ ਹੈ, ਇਸ ਲਈ ਮੈਂ ਦੱਸ ਦਿੰਦਾ ਹਾਂ ਕਿ ਹਰ ਜ਼ਿਲ੍ਹੇ ਵਿੱਚ ਇਕ ਟ੍ਰੈਫਿਕ ਪਾਰਕ ਬਣਾਇਆ ਗਿਆ ਹੈ ਜਿਸ ਵਿੱਚ ਡਿਪਟੀ ਕਮਿਸ਼ਨਰ ਔਰ. ਐਸ. ਐਸ. ਪੀ. ਆਉਂਦੇ ਹਨ ਅਤੇ ਉਹ ਟ੍ਰੈਫਿਕ ਟ੍ਰੇਨਿੰਗ ਆਰਗੇਨਾਈਜ਼ ਕਰਦੇ ਹਨ । ਇਸ ਤੋਂ ਇਲਾਵਾ ਉਸ ਜ਼ਿਲ੍ਹੇ ਦੇ ਸਕੂਲਾਂ ਦੇ ਬੱਚਿਆਂ ਨੂੰ ਪੁਲਿਸ ਰਾਹੀਂ ਟ੍ਰੈਫਿਕ ਸਿਗਨਲਜ਼ ਔਰ ਟ੍ਰੈਫਿਕ ਰੂਲਜ਼ ਬਾਰੇ ਸਿੱਖਿਆ ਵੀ ਦਿੱਤੀ ਜਾਂਦੀ ਹੈ ।

ਸਰਦਾਰ ਸੁਰਜੀਤ ਸਿੰਘ ਕੋਹਲੀ : ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਇਹੋ ਜਿਹੇ ਪਾਰਕ ਕਿਹੜੀਆਂ ਕਿਹੜੀਆਂ ਥਾਵਾਂ ਤੇ ਸਥਿਤ ਹਨ ਜਿੱਥੇ ਡੀ. ਸੀ., ਐਸ. ਐਸ. ਪੀ. ਔਰ ਜ਼ਿਲ੍ਹਾ ਟ੍ਰੈਫਿਕ ਅਫਸਰ ਉਨ੍ਹਾਂ ਸਿਗਨਲਜ਼ ਬਾਰੇ ਜਾਣਕਾਰੀ ਦਿੰਦੇ ਹਨ ? ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਮੰਤਰੀ ਜੀ ਨੇ ਕਿਹਾ ਹੈ ਕਿ ਟ੍ਰੈਫਿਕ ਨਿਯਮਾਂ ਦਾ ਕੋਈ ਵਿਸ਼ਾ ਨਹੀਂ ਹੈ ਪਰ ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਵੱਖ ਵੱਖ ਸਕੂਲਾਂ ਵਿੱਚ ਹਫਤੇ ਜਾਂ ਪੰਦਰਾਂ ਦਿਨਾਂ ਪਿੱਛੋਂ ਟ੍ਰੈਫਿਕ ਕੈਂਪ ਲਗਾਉਣ ਤੇ ਸਰਕਾਰ ਵਿਚਾਰ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਟ੍ਰੈਫਿਕ ਪਾਰਕ ਕਈ ਜ਼ਿਲ੍ਹਿਆਂ ਵਿੱਚ ਅਲਹਿਦਾ ਬਣੇ ਹੋਏ ਹਨ ਅਤੇ ਕਈ ਸਥਾਨਾਂ ਤੇ ਇਹ ਪਾਰਕ ਪੁਲਿਸ ਲਾਈਨ ਵਿੱਚ ਹਨ ।

ਸ੍ਰੀ ਸਪੀਕਰ : ਕਈ ਸਥਾਨਾਂ ਤੇ ਵੱਖਰੇ ਵੱਖਰੇ ਵੀ ਹਨ ।

ਮੰਤਰੀ. ਹਾਂ ਜੀ, ਕਈ ਸਥਾਨਾਂ ਤੇ ਵੱਖਰੇ ਵੱਖਰੇ ਵੀ ਹਨ ਜਿੱਥੇ ਬੱਚਿਆਂ ਨੂੰ ਲਿਆ ਕੇ ਪ੍ਰੈਕਟੀਕਲ ਟ੍ਰੇਨਿੰਗ ਦਿੱਤੀ ਜਾਂਦੀ ਹੈ ।

श्रीमती लक्ष्मी कांता चावला : स्पीकर साहिब, अगर जवाब ठीक आ जाए तो पूछने को कुछ नहीं रहता । मैंने तीस साल स्कूलों और कालजों में पढ़ाया है । मंत्री जी ने कहा है कि स्कूलों में ट्रेनिंग दी जाती है । दूसरी बात इन्होंने कही है कि पाठ्य क्रम में भी पढ़ाया जाता है । स्पीकर साहिब, जिस दिन पुलिस ट्रैफिक डे होता है, उस दिन कुछ गिने-चुने बच्चे बुला लिये जाते हैं या जिस दिन मंत्री जी का भाषण होता है, उस दिन बच्चे बुला लिये जाते हैं । परन्तु किसी भी स्कूल में इन नियमों के बारे में नहीं पढ़ाया जाता । जो बात इन्होंने बताई है, वह गलत है । मेरा निवेदन है कि स्कूलों कालेजों में कुछ एक्सटरा पीरीयड होते हैं । कालेजों में एक्सटरा पीरीयड हफ्ते में एक बार होता है । स्कूलों में एक्सटरा एकटीवीटीज का एक दिन होता है । क्या ऐसा नहीं हो सकता कि जो व्यक्ति ट्रैफिक नियमों की जानकारी रखता हो या कोई पुलिस अधिकारी उस दिन स्कूलों कालेजों में भेज दिया जाए? ऐसा करना काफी लाभदायक होगा । क्या सरकार इस पर विचार करेगी ?

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਸੁਝਾਅ ਦਿੱਤਾ ਹੈ ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਚਾਰ ਕਿਤਾਬਾਂ ਆਲਰੇਡੀ ਲੱਗੀਆਂ ਹੋਈਆਂ ਹਨ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ: ਇਕ ਕਿਤਾਬ ਹਿੰਦੀ ਵਿੱਚ ਹੈ ਜਿਸ ਦਾ ਨਾਂ ਹੈ 'ਆਓ ਹਿੰਦੀ ਸੀਖੇਂ' ਅਤੇ ਉਸ ਵਿੱਚ ਪਾਠ ਦਾ ਨਾਂ ਹੈ 'ਸੜਕ ਪਰ ਕੈਸੇ ਚਲੇਂ' । ਦੂਸਰੀ ਕਿਤਾਬ ਪੰਜਾਬੀ ਦੀ ਦੀ ਹੈ ਜਿਸ ਦਾ ਨਾਂ 'ਪੰਜਾਬੀ ਪੁਸਤਕ-2' ਹੈ । ਇਹ ਪਹਿਲੀ ਜਮਾਤ ਨੂੰ ਪੜ੍ਹਾਈ ਜਾਂਦੀ ਹੈ ਅਤੇ ਇਸ ਵਿੱਚ ਪਾਠ ਦਾ ਨਾਂ ਹੈ 'ਸੜਕ ਪਾਰ ਕਰਨਾ' । ਪੰਜਾਬੀ ਵਿੱਚ ਹੀ ਤੀਸਰੀ ਕਿਤਾਬ 'ਪੰਜਾਬੀ ਪਾਠ ਪੁਸਤਕ-5' ਹੈ ਜਿਹੜੀ ਕਿ ਤੀਜੀ ਜਮਾਤ ਨੂੰ ਪੜ੍ਹਾਈ ਜਾਂਦੀ ਹੈ ਅਤੇ ਇਸ ਵਿੱਚ ਪਾਠ ਦਾ ਨਾਂ ਹੈ 'ਸੜਕ' । ਚੌਥੀ ਪੁਸਤਕ ਵੀ ਪੰਜਾਬੀ ਦੀ ਹੈ ਅਤੇ ਇਸ ਦਾ ਨਾਂ ਹੈ 'ਪਾਠ ਪੁਸਤਕ-11' ਅਤੇ ਇਹ ਲਾਜ਼ਮੀ ਵਿਸ਼ਾ ਹੈ । ਇਹ ਸਭ ਨੂੰ ਪੜ੍ਹਾਇਆ ਜਾਂਦਾ ਹੈ । ਇਸ ਵਿੱਚ ਲਿਖਿਆ ਹੈ ਐਡੀਟਰ ਦੇ ਨਾਂ ਪੱਤਰ ਅਤੇ ਉਸ ਦਾ ਵਿਸ਼ਾ ਹੈ ਦੁਰਘਟਨਾਵਾਂ ਤੋਂ ਬਚਾਓ ਕਿਸ ਤਰ੍ਹਾਂ ਹੋਵੇ ।

श्रीमती लक्ष्मी कांता चावला. स्पीकर साहिब, मैं मन्त्री जी से यह जानना चाहती हूं कि यह किताबें किस कलास के लिये हैं और किस स्कूल में लागू हैं ?

ਸ੍ਰੀ ਸਪੀਕਰ: ਇਹ ਕੋਈ ਸਪਲੀਮੈਂਟਰੀ ਨਹੀਂ ਹੈ ।

श्रीमती लक्ष्मी कांता चावला: ये जो किताबें छपवाई जाती हैं, इन में से क्या कोई तैराकी के बारे में पढ़ कर तैराकी करना सीख सकता है ?

ਸ੍ਰੀ ਸਪੀਕਰ. ਤੁਸੀਂ ਸੈਪਰੇਟ ਸਵਾਲ ਦੇ ਦਿਓ ।

श्रीमती लक्ष्मी कांता चावला: मैंने तो प्रश्न कर दिया है । स्वीकार करो या न करो ।

ਸ੍ਰੀ ਸਪੀਕਰ. ਅਗਲਾ ਸਵਾਲ ।

ਅੰਮ੍ਰਿਤਸਰ ਸ਼ਹਿਰ ਵਿਚ ਟਿਊਬਵੈੱਲ ਲਗਾਉਣੇ

*518. **ਡਾਕਟਰ ਬਲਦੇਵ ਰਾਜ ਚਾਵਲਾ**: ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਅੰਮ੍ਰਿਤਸਰ ਸ਼ਹਿਰ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਲਗਾਏ ਗਏ ਟਿਊਬਵੈੱਲਾਂ ਦੀ ਕੁੱਲ ਗਿਣਤੀ ਕਿੰਨੀ ਹੈ ਉਨ੍ਹਾਂ ਟਿਊਬਵੈੱਲਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਚਾਲੂ ਹਾਲਤ ਵਿਚ ਹਨ ਅਤੇ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਖ਼ਰਾਬ ਪਏ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਟਿਊਬਵੈੱਲਾਂ ਦੀ ਦੇਖ ਭਾਲ ਤੇ ਹਰ ਸਾਲ ਕਿੰਨਾ ਖਰਚਾ ਕੀਤਾ ਜਾ ਰਿਹਾ ਹੈ ?

ਸ੍ਰੀ ਬਲਰਾਮਜੀ ਦਾਸ ਟੰਡਨ : (ੳ) ਅੰਮ੍ਰਿਤਸਰ ਸ਼ਹਿਰ ਵਿਖੇ ਇਸ ਸਮੇਂ ਪੀਣ ਵਾਲੇ ਪਾਣੀ ਦੀ ਸਪਲਾਈ ਵਾਸਤੇ ਲਗਾਏ ਹੋਏ ਟਿਊਬਵੈੱਲਾਂ ਦੀ ਗਿਣਤੀ 128 ਹੈ । ਸਾਰੇ ਟਿਊਬਵੈੱਲ ਚਾਲੂ ਹਾਲਤ ਵਿਚ ਹਨ । ਕੋਈ ਵੀ ਟਿਊਬਵੈੱਲ ਖਰਾਬ ਨਹੀਂ ਹੈ

(ਅ) ਟਿਊਬਵੈੱਲਾਂ ਦੀ ਸਾਂਭ ਸੰਭਾਲ ਲਈ ਪਿਛਲੇ ਤਿੰਨਾਂ ਸਾਲਾਂ ਦੇ ਖਰਚੇ ਦਾ ਵੇਰਵਾ ਹੇਠ-ਲਿਖੇ ਅਨੁਸਾਰ ਹੈ : –

1994-95	1995-96	1996-97
47.70 ਲੱਖ	42.63 ਲੱਖ	52.48 ਲੱਖ

ਡਾਕਟਰ ਬਲਦੇਵ ਰਾਜ ਚਾਵਲਾ : ਸਪੀਕਰ ਸਾਹਿਬ, ਅੰਮ੍ਰਿਤਸਰ ਦੇ ਵਿੱਚ ਐਕਿਊਟ ਵਾਟਰ ਪ੍ਰਾਬਲਮ ਚੱਲ ਰਹੀ ਹੈ। ਵਾਟਰ ਸਪਲਾਈ ਦੇ ਅਧੀਨ 128 ਟਿਊਬਵੈਲ ਪੂਰੀ ਤਰ੍ਹਾਂ ਕੰਮ ਨਹੀਂ ਕਰਦੇ ਪਏ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਹੋਰ ਟਿਊਬਵੈਲ ਚਾਹੀਦੇ ਹਨ ਤਾਂ ਕਿ ਅੰਮ੍ਰਿਤਸਰ ਦੀ ਐਕਿਊਟ ਵਾਟਰ ਪ੍ਰਾਬਲਮ ਠੀਕ ਹੋ ਸਕੇ ? ਔਰ ਇਸ ਸਾਲ ਇਹ ਕਿੰਨੇ ਟਿਊਬਵੈੱਲ ਲਗਾਉਣਗੇ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਇਸ ਗੱਲ ਦਾ ਤਾਅਲੁੱਕ ਹੈ ਕਿ ਕਿੰਨੇ ਟਿਊਬਵੈੱਲ ਹੋਰ ਚਾਹੀਦੇ ਹਨ, ਅਗਰ ਇਸ ਦੇ ਬਾਰੇ ਇਹ ਅਲੱਗ ਨੋਟਿਸ ਦੇ ਦੇਣ ਤਾਂ ਮੈਂ ਸਾਰਾ ਸਰਵੇ ਕਰਵਾ ਕੇ ਉਸ ਦੇ ਮੁਤਾਬਿਕ ਦੱਸ ਦੇਵਾਂਗਾ। ਜਿਥੋਂ ਤੱਕ ਇਸ ਸਾਲ ਦਾ ਤਾਅਲੁੱਕ ਹੈ 1997-98 ਵਿਚ 17 ਹੋਰ ਨਵੇਂ ਟਿਊਬਵੈੱਲ ਲੱਗ ਰਹੇ ਹਨ।

———

ਕੁਝ ਸਕੀਮਾਂ ਅਧੀਨ ਮੁਫਤ ਬਿਜਲੀ ਦੀ ਸਪਲਾਈ

*526. **ਸਰਦਾਰ ਰਣਜੀਤ ਸਿੰਘ ਬਾਲੀਆਂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਿਮਨਲਿਖਤ ਸਕੀਮਾਂ ਜਿਵੇਂ—

(i) ਮੱਛੀ ਪਾਲਣ;

(ii) ਬਾਗ ਬਾਨੀ;

(iii) ਤੁਪਕਾ ਸਿੰਜਾਈ; ਅਤੇ

(iv) ਫੁਹਾਰਾ ਸਿੰਜਾਈ;

ਅਧੀਨ ਲਗਾਏ ਗਏ ਟਿਊਬਵੈੱਲਾਂ ਦੁਆਰਾ ਖਪਤ ਕੀਤੀ ਜਾਂਦੀ ਬਿਜਲੀ, ਹਾਲ ਹੀ ਵਿਚ ਸਰਕਾਰ ਦੁਆਰਾ ਰਾਜ ਦੇ ਜ਼ਰਾਇਤੀ ਖੇਤਰ ਵਿਚ ਮੁਫਤ ਬਿਜਲੀ ਦੇਣ ਸਬੰਧੀ ਕੀਤੇ ਗਏ ਐਲਾਨ ਦੇ ਹੇਠ ਆਉਂਦਾ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ਅਤੇ ਉਪਰੋਕਤ ਸਕੀਮਾਂ ਅਧੀਨ ਲਗਾਏ ਗਏ ਟਿਊਬਵੈੱਲਾਂ ਦੇ ਕਦੋਂ ਤੱਕ ਇਸ ਐਲਾਨ ਦੇ ਅਧੀਨ ਆਉਣ ਦੀ ਸੰਭਾਵਨਾ ਹੈ ?

Shri Madan Mohan Mittal (Minister for Food & Supplies, Public Health and Parliamentary Affairs.): As per policy of the State Government P.S.E.B. vide Notification dated 8th March, 1997 has decided to give free electricity to all categories of Agricultural Tubewell consumers including tubewells used for Fisheries, Horticulture, Drip Irrigation and sprinkler Irrigation.

ਸਰਦਾਰ ਰਣਜੀਤ ਸਿੰਘ ਬਾਲੀਆਂ : ਸਪੀਕਰ ਸਾਹਿਬ, ਪਹਿਲਾਂ ਵੀ ਇਸ ਬਾਰੇ ਕੁਐਸਚਨ ਆ ਗਿਆ ਸੀ ਔਰ ਉਸ ਵਿੱਚ ਮੈਂ ਪੁੱਛਿਆ ਸੀ ਕਿ ਕਈ ਮੀਟਰ ਲੱਗੇ

ਰਹਿ ਗਏ ਹਨ । ਸੰਗਰੂਰ ਜਿਹੜੀ ਕਿ ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਦੀ ਸਬ-ਡਿਵੀਜ਼ਨ ਹੈ, ਉਥੇ ਬੋਰਡ ਅਜੇ ਵੀ ਬਿੱਲ ਭਰਾ ਰਿਹਾ ਹੈ । ਕੀ ਮੰਤਰੀ ਜੀ ਇਸ ਦੀ ਵੈਰੀਫਿਕੇਸ਼ਨ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਮਿਤੀ 14 ਫਰਵਰੀ, 1997 ਤੋਂ ਸਰਕਾਰ ਨੇ ਫਰੀ ਇਲੈਕਟ੍ਰੀਸਿਟੀ ਦੇਣ ਦੀ ਪ੍ਰਵਾਨਗੀ ਦਿੱਤੀ ਹੈ । ਜੋ ਇਨ੍ਹਾਂ ਨੇ ਦੱਸਿਆ ਹੈ ਕਿ ਬਿੱਲ ਆ ਰਹੇ ਹਨ, ਅਸੀਂ ਉਸ ਦੇ ਬਾਰੇ ਹਦਾਇਤ ਜਾਰੀ ਕਰ ਦੇਵਾਂਗੇ ਔਰ ਬਿੱਲ ਆਉਣੇ ਬੰਦ ਹੋ ਜਾਣਗੇ । ਜਿਨ੍ਹਾਂ ਨੇ 14 ਫਰਵਰੀ ਤੱਕ ਬਿੱਲ ਭਰੇ ਹਨ, ਉਨ੍ਹਾਂ ਦੇ ਬਿੱਲ ਵੀ ਐਡਜਸਟ ਹੋ ਜਾਣਗੇ ।

ਸ੍ਰੀ ਸਪੀਕਰ : ਤੁਸੀਂ ਇਸ ਬਾਰੇ ਸੈਪਰੇਟ ਨੋਟਿਸ ਦੇ ਦੇਣਾ ।

ਸਰਦਾਰ ਰਣਜੀਤ ਸਿੰਘ ਬਾਲੀਆਂ : ਧੰਨਵਾਦ ਜੀ ।

ਅਧਿਆਪਕਾਂ ਦੀ ਭਰਤੀ

*486. **ਮਾਸਟਰ ਮੋਹਨ ਲਾਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਸਰਕਾਰ ਦੁਆਰਾ ਪਿਛਲੇ 6 ਮਹੀਨਿਆਂ ਦੇ ਦੌਰਾਨ ਅਧਿਆਪਕਾਂ ਦੀ ਕੋਈ ਭਰਤੀ ਕੀਤੀ ਗਈ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਭਰਤੀ ਕਰਦੇ ਸਮੇਂ ਸਰਕਾਰ ਦੀ ਰਿਜ਼ਰਵੇਸ਼ਨ ਨੀਤੀ ਦੀ ਸਖ਼ਤੀ ਨਾਲ ਪਾਲਣਾ ਕੀਤੀ ਗਈ ਹੈ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਮੰਤਰੀ) : (ੳ) ਜੀ ਹਾਂ ।

(ਅ) ਜਦੋਂ ਨਿਯੁਕਤੀਆਂ ਕੀਤੀਆਂ ਗਈਆਂ ਤਾਂ ਉਪਰੋਕਤ ਭਾਗ (ੳ) ਅਨੁਸਾਰ ਸਰਕਾਰ ਦੀ ਰਾਖਵੀਂਕਰਣ ਪਾਲਿਸੀ ਨੂੰ ਦ੍ਰਿੜ੍ਹਤਾ ਨਾਲ ਅਪਣਾਇਆ ਗਿਆ । ਫਿਰ ਵੀ ਹਿੰਦੀ, ਪੰਜਾਬੀ, ਸੰਸਕ੍ਰਿਤ ਅਧਿਆਪਕਾਂ ਅਤੇ ਫਿਜ਼ਿਕਸ ਦੇ ਲੈਕਚਰਾਰਾਂ ਵਿੱਚ ਕੀਤੀਆਂ ਗਈਆਂ ਨਿਯੁਕਤੀਆਂ ਰਿਜ਼ਰਵੇਸ਼ਨ ਦੇ ਲੋੜੀਂਦੇ ਅਨੁਪਾਤ ਅਨੁਸਾਰ ਨਹੀਂ ਕੀਤੀਆਂ ਜਾ ਸਕੀਆਂ ਕਿਉਂਕਿ ਉਸ ਸਮੇਂ ਰਾਖਵੇਂ ਉਮੀਦਵਾਰ ਉਪਲਬਧ ਨਹੀਂ ਹੋਏ ਸਨ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਡਿਪਾਰਟਮੈਂਟ ਔਰ ਵਜ਼ੀਰ ਸਾਹਿਬ ਨੂੰ ਇਸ ਗੱਲ ਦੀ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਇਸ ਸਵਾਲ ਦਾ ਜਵਾਬ ਟੂ ਦੀ ਪੁਆਇੰਟ, ਐਕੂਰੇਟ ਅਤੇ ਕੁਐਸਚਨ ਦੀ ਰਿਕੁਆਇਰਮੈਂਟ ਦੇ ਮੁਤਾਬਿਕ ਦਿੱਤਾ ਗਿਆ ਹੈ । ਧੰਨਵਾਦ ਜੀ ।

ਚੰਡੀਗੜ੍ਹ ਤੋਂ ਫਗਵਾੜਾ ਬਰਾਸਤਾ ਨਵਾਂ ਸ਼ਹਿਰ ਜੀ. ਟੀ. ਰੋਡ ਨੂੰ ਦੋ-ਲੇਨਾਂ ਵਾਲੀ ਬਣਾਉਣਾ

*528. **ਚੌਧਰੀ ਮੋਹਨ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਚੰਡੀਗੜ੍ਹ ਤੋਂ ਫਗਵਾੜਾ ਬਰਾਸਤਾ ਨਵਾਂ ਸ਼ਹਿਰ ਅਤੇ ਬੰਗਾ ਜੀ. ਟੀ. ਰੋਡ ਨੂੰ ਚੌ-ਲੇਨਾਂ ਵਾਲੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹਾ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਦਨ ਮੋਹਨ ਮਿੱਤਲ (ਖੁਰਾਕ ਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ) : ਹਾਂ ਜੀ, ਇਹ ਮਾਮਲਾ ਵਿਚਾਰ ਅਧੀਨ ਹੈ ।

ਚੌਧਰੀ ਮੋਹਨ ਲਾਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਫਗਵਾੜਾ-ਬੰਗਾ-ਚੰਡੀਗੜ੍ਹ ਨੂੰ ਦੋ ਲੇਨਾਂ ਵਾਲੀ ਬਣਾਉਣ ਦਾ ਮਾਮਲਾ ਵਿਚਾਰ ਅਧੀਨ ਹੈ । ਇਸ ਦਾ ਮੈਂ ਬਹੁਤ ਬਹੁਤ ਧੰਨਵਾਦੀ ਹਾਂ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਇਸ ਸੜਕ ਨੂੰ ਕਦੋਂ ਤੱਕ ਪ੍ਰਾਇਰਟੀ ਦੇ ਆਧਾਰ ਤੇ ਬਣਾ ਦੇਣਗੇ ? ਕੀ ਇਸ ਬਾਰੇ ਮੰਤਰੀ ਜੀ ਪਹਿਲ ਕਦਮੀ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਸ ਦੇ ਵਾਸਤੇ ਪੰਜਾਬ ਸਰਕਾਰ ਨੇ ਵਰਲਡ ਬੈਂਕ ਨੂੰ ਅਪਰੋਚ ਕੀਤਾ ਹੈ । ਉਨ੍ਹਾਂ ਨੇ ਕੁਝ ਟੈਕਨੀਕਲ ਔਰ ਇਕਨਾਮਿਕ ਵਾਇਬਿਲਟੀਜ਼ ਵਾਸਤੇ ਕੁਝ ਵਿਸ਼ੇਸ਼ ਟੀਮਾਂ ਸੁਜੈਸਟ ਕੀਤੀਆਂ ਹਨ । ਏਰੀਆ ਵੀ ਈਅਰਮਾਰਕ ਕੀਤਾ ਗਿਆ ਹੈ ਕਿ ਇਸ ਵਿਚ ਕਿਹੜੀਆਂ ਕਿਹੜੀਆਂ ਸੜਕਾਂ ਇਨਕਲੂਡ ਕੀਤੀਆਂ ਜਾਣੀਆਂ ਹਨ । ਇਸ ਵੇਲੇ ਜ਼ੀਰਕਪੁਰ ਤੋਂ ਪਟਿਆਲਾ ਸੰਗਰੂਰ ਰੋਡ, ਰੋਪੜ-ਨਵਾਂ ਸ਼ਹਿਰ ਰੋਡ ਅਤੇ ਖਰੜ-ਮੋਰਿੰਡਾ ਤੋਂ ਜਗਰਾਵਾਂ ਰੋਡ ਨੂੰ ਫੋਰ ਲੇਨ ਕਰਨ ਵਾਸਤੇ ਵਿਚਾਰ ਹੈ । ਇਸ ਦੀ ਸਟੱਡੀ ਚਲ ਰਹੀ ਹੈ ਅਤੇ ਇਸ ਬਾਰੇ ਸਰਕਾਰ ਬੜੀ ਸੀਰੀਅਸ ਹੈ । ਟੈਕਨੀਕਲ ਅਤੇ ਇਕਨਾਮਿਕ ਵਾਇਬਿਲਟੀ ਕੁਲੈਕਟ ਕਰਕੇ ਜੋ ਚੀਜ਼ਾਂ ਸਾਹਮਣੇ ਆਉਣਗੀਆਂ, ਉਸ ਤੋਂ ਬਾਅਦ ਕੰਮ ਸ਼ੁਰੂ ਹੋਵੇਗਾ । ਇਸ ਦੇ ਵਾਸਤੇ ਸਰਕਾਰ ਨੇ ਪੈਸੇ ਤਹਿ ਕੀਤੇ ਹੋਏ ਹਨ । ਕੇਵਲ ਇਸ ਦੀ ਵਾਇਬਿਲਟੀ ਤਹਿ ਕਰਨ ਵਾਸਤੇ ਵਰਲਡ ਬੈਂਕ ਨੇ ਜੋ ਟੀਮਾਂ ਸੁਜੈਸਟ ਕੀਤੀਆਂ ਹਨ, ਉਨ੍ਹਾਂ ਵਲੋਂ ਜੋ ਸੁਜੈਸ਼ਨਜ਼ ਆਉਣਗੀਆਂ, ਉਨ੍ਹਾਂ ਤੇ ਵਿਚਾਰ ਕਰਕੇ ਇਸ ਨੂੰ ਸ਼ਾਰਟਲੀ ਫਾਈਨਲ ਕੀਤਾ ਜਾਵੇਗਾ ।

ਸੜਕਾਂ ਦੇ ਨਾਲ ਨਾਲ ਦਰੱਖਤ ਲਗਾਉਣਾ

*496. **ਸਰਦਾਰ ਸੁਰਜੀਤ ਸਿੰਘ ਕੋਹਲੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿਚ ਲਿੰਕ ਸੜਕਾਂ ਅਤੇ ਨੈਸ਼ਨਲ ਹਾਈਵੇਜ਼ ਦੇ ਦੋਨਾਂ ਪਾਸਿਆਂ ਤੇ ਦਰੱਖਤ ਲਗਾਉਣ ਦੀ ਸਕੀਮ ਸ਼ੁਰੂ ਕਰਨ ਦੀ ਤਜਵੀਜ਼ ਰੱਖਦੀ ਹੈ ਤਾਂ ਜੋ ਵਾਤਾਵਰਨ ਨੂੰ ਪ੍ਰਦੂਸ਼ਨ-ਮੁਕਤ ਰੱਖਿਆ ਜਾ ਸਕੇ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

Shri Madan Mohan Mittal (Minister for Food & Supplies, Public Health and Parliamentary Affairs): There is no proposal of the Government to launch a scheme to plant trees along both sides of the "Link Roads" in the state since the management of Link Roads is not with the department of forests. As regards "National Highways", these are already being planted with trees on both sides, under the various plantation schemes. A Project to seek Financial Assistance from OECF (Overseas Economic Cooperation Fund) Japan for afforestation all over the State has recently been sanctioned and on receipt of the funds from the above body, the task of planting National Highways shall be completed during the operation of project w.e.f. 1998-99 to 2003-04 (Five Years).

ਸਰਦਾਰ ਸੁਰਜੀਤ ਸਿੰਘ ਕੋਹਲੀ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਹੈ ਕਿ ਲਿੰਕ ਸੜਕਾਂ ਤੇ ਦਰਖਤ ਲਗਾਉਣ ਦੀ ਕੋਈ ਤਜਵੀਜ਼ ਨਹੀਂ ਹੈ । ਕੀ ਮੰਤਰੀ ਜੀ ਦੱਸਣਗੇ ਕਿ ਕਿਹੜਾ ਡਿਪਾਰਟਮੈਂਟ 'ਲਿੰਕ ਸੜਕਾਂ ਦੇ ਆਲੇ ਦੁਆਲੇ ਦਰਖਤ ਲਗਾਉਂਦਾ ਹੈ ?

ਮੰਤਰੀ : ਸਪੀਕਰ ਸਾਹਿਬ, ਪਹਿਲਾਂ ਲਿੰਕ ਸੜਕਾਂ ਤੇ ਪੰਜਾਬ ਸਰਕਾਰ ਨੇ ਦਰਖਤ ਲਗਾਉਣ ਦਾ ਉਪਰਾਲਾ ਕੀਤਾ ਸੀ ਪਰ ਕਈ ਥਾਈਂ ਜਗ੍ਹਾ ਘੱਟ ਸੀ ਅਤੇ ਇਸ ਦਾ ਨਾਲ ਲੱਗਦੇ ਕਿਸਾਨਾਂ ਵੱਲੋਂ ਵਿਰੋਧ ਕੀਤਾ ਗਿਆ ਸੀ । ਅਗਰ ਮਾਨਯੋਗ ਮੈਂਬਰ ਸਾਹਿਬ ਕਿਸਾਨਾਂ ਨੂੰ ਮੰਨਵਾ ਲੈਣ ਤਾਂ ਦਰਖਤ ਲਗਵਾ ਦਿੱਤੇ ਜਾਣਗੇ ।

ਸਰਦਾਰ ਸੁਰਜੀਤ ਸਿੰਘ ਕੋਹਲੀ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜੋ ਦੱਸਿਆ ਹੈ ਕਿ ਨੈਸ਼ਨਲ ਹਾਈਵੇਜ਼ ਲਈ ਜਾਪਾਨ ਤੋਂ ਮੱਦਦ ਆ ਰਹੀ ਹੈ ਪਰ ਜਿਹੜੀ ਸਟੇਟ ਹਾਈਵੇ ਬਹਾਦਰਗੜ੍ਹ ਤੋਂ ਪਟਿਆਲੇ ਤੱਕ ਫੋਰ ਲੇਨ ਸੜਕ ਬਣ ਗਈ ਹੈ, ਇਸ ਦੇ ਦੋਨਾਂ ਪਾਸਿਉਂ ਤੋਂ ਦਰਖਤ ਕੱਟ ਦਿੱਤੇ ਗਏ ਹਨ । ਇਸੇ ਤਰ੍ਹਾਂ ਜੋ ਬਜਟ ਦੇ ਵਿਚ ਨਵੀਆਂ ਚਾਰ ਸੜਕਾਂ ਨੂੰ ਫੋਰ ਲੇਨ ਕਰਨ ਬਾਰੇ ਸਰਕਾਰ ਤਜਵੀਜ਼ ਰੱਖਦੀ ਹੈ, ਕੀ ਉਨ੍ਹਾਂ ਦੇ ਲਾਗੇ ਤੋਂ ਦਰਖਤ ਕੱਟ ਕੇ ਫਿਰ ਦੋਬਾਰਾ ਦਰਖਤ ਲਗਵਾ ਦਿੱਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਸਟੇਟ ਹਾਈਵੇ ਹੈ that is covered under the scheme ਔਰ ਸਟੇਟ ਹਾਈਵੇ ਤੇ ਜੋ ਦਰਖਤ ਕੱਟੇ ਗਏ ਸਨ, ਉਹ ਲੋਕਾਂ ਦੀ ਸੁਵਿਧਾ ਲਈ ਕੱਟੇ ਗਏ ਹਨ । ਕਈ ਜਗ੍ਹਾਂ ਤੇ 80% ਦਰਖਤ ਲਗਾ ਵੀ ਦਿੱਤੇ ਗਏ ਹਨ ਪਰ ਜਿਹੜੀ 20% ਜਗ੍ਹਾ ਤੇ ਨਹੀਂ ਲਗਾਏ ਗਏ, ਉਥੇ ਪਲਾਂਟੇਸ਼ਨ ਕੋਈ ਵਾਇਬਲ ਨਹੀਂ ਹੋ ਰਹੀ ਅਤੇ ਕਿਤੇ ਵਾਟਰ ਲਾਗਿੰਗ ਵੀ ਹੈ । ਇਸ ਤਰ੍ਹਾਂ ਦੀਆਂ ਕਈ ਪ੍ਰਾਬਲਮਜ਼ ਹਨ । ਅਗਰ ਮੈਂਬਰ ਸਾਹਿਬ ਦੇ ਕੋਈ ਸਪੈਸੇਫਿਕ ਜਗ੍ਹਾ ਧਿਆਨ ਵਿਚ ਹੈ ਤਾਂ ਉਹ ਦੱਸ ਦੇਣ, ਅਸੀਂ ਦਰਖਤ ਲਗਵਾ ਦਿਆਂਗੇ ।

ਸਰਦਾਰ ਸੋਹਨ ਸਿੰਘ ਠੰਡਲ : ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੁਝ ਜਗ੍ਹਾ ਤੇ ਬਹੁਤ ਹੀ ਪੁਰਾਣੇ ਦਰਖਤ ਲੱਗੇ ਹੋਏ ਹਨ ਜਿਨ੍ਹਾਂ ਦੇ ਵਿਚੋਂ 25% ਦਰਖਤ ਸੁੱਕ ਗਏ ਹਨ। ਉਹ ਕੀਮਤੀ ਦਰਖਤ ਹਨ। ਕੀ ਸਰਕਾਰ ਇਨ੍ਹਾਂ ਨੂੰ ਕੱਟਣ ਤੋਂ ਬਾਅਦ ਨਵੇਂ ਦਰਖਤ ਲਗਾਉਣ ਦਾ ਵਿਚਾਰ ਰੱਖਦੀ ਹੈ ?

Mr. Speaker: Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

ਜ਼ਿਲ੍ਹਾ ਨਵਾਂ ਸ਼ਹਿਰ ਵਿਚ ਟੀਚਰਾਂ ਦੀਆਂ ਖਾਲੀ ਆਸਾਮੀਆਂ

*465. **ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਨਵਾਂ ਸ਼ਹਿਰ ਵਿਚ ਇਸ ਸਮੇਂ ਸਰਕਾਰੀ ਹਾਈ ਅਤੇ ਪ੍ਰਾਇਮਰੀ ਸਕੂਲਾਂ ਵਿਚ ਖਾਲੀ ਪਈਆਂ ਟੀਚਰਾਂ ਦੀਆਂ ਆਸਾਮੀਆਂ ਦੀ ਸ਼੍ਰੇਣੀ-ਵਾਰ ਗਿਣਤੀ ਕਿੰਨੀ-ਕਿੰਨੀ ਹੈ;

(ਅ) ਕੀ ਸਰਕਾਰ ਦੀ ਨਿਕਟ ਭਵਿੱਖ ਵਿਚ ਉਕਤ ਖਾਲੀ ਪਈਆਂ ਆਸਾਮੀਆਂ ਨੂੰ ਭਰਨ ਦੀ ਤਜਵੀਜ਼ ਹੈ: ਜੇਕਰ ਅਜਿਹਾ ਹੋਵੇ, ਤਾਂ ਅਜਿਹੀ ਤਜਵੀਜ਼ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਵਿਵਰਣ 'ਏ' ਨਾਲ ਨੱਥੀ ਹੈ।

(ਅ) ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਭਰਨ ਲਈ ਇੱਕ ਵਿਸ਼ੇਸ਼ ਅੰਦੋਲਨ ਆਰੰਭ ਕੀਤਾ ਗਿਆ ਸੀ ਅਤੇ ਵੱਖ-ਵੱਖ ਸ਼੍ਰੇਣੀਆਂ ਦੇ ਅਧਿਆਪਕਾਂ ਦੀ ਚੋਣ ਕਰ ਲਈ ਗਈ ਹੈ। ਚੁਣੇ ਹੋਏ ਉਮੀਦਵਾਰਾਂ ਨੂੰ ਪੱਤਰ ਜਾਰੀ ਕੀਤੇ ਜਾ ਰਹੇ ਹਨ ਅਤੇ ਉਹ ਗਰਮੀ ਦੀਆਂ ਛੁੱਟੀਆਂ ਉਪਰੰਤ ਜਾਇਨ ਕਰਨਗੇ।

—0—

ਸੂਚੀ 'ਏ'

ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਵੱਖ-ਵੱਖ ਸ਼੍ਰੇਣੀਆਂ ਦੇ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ :—

ਲੜੀ ਨੰ:	ਸ਼੍ਰੇਣੀ		ਕੁੱਲ ਗਿਣਤੀ
	I. ਹਾਈ ਸਕੂਲ		
1.	ਪ੍ਰਿੰਸੀਪਲ	..	12
2.	ਹੈਡ ਮਾਸਟਰ	..	14
3.	ਸੋਸ਼ਲ ਸਟੱਡੀ ਮਾਸਟਰ	..	50
4.	ਸਾਇੰਸ ਮਾਸਟਰ	..	35
5.	ਮੈਥ ਮਾਸਟਰ	..	20
6.	ਪੰਜਾਬੀ	..	37
7.	ਹਿੰਦੀ	..	17
8.	ਡੀ. ਪੀ. ਈ.	..	05
9.	ਏ. ਸੀ. ਟੀ.	..	21
10,	ਪੀ. ਟੀ. ਆਈ.	..	20
	ਕੁੱਲ	..	231
	II. ਪ੍ਰਾਇਮਰੀ ਸਕੂਲ		
1.	ਜੇ. ਬੀ. ਟੀ. ਟੀਚਰ	..	168
2.	ਹੈਡ ਟੀਚਰ	..	88
3.	ਸੈਂਟਰ ਹੈਡ ਟੀਚਰ	..	37
	ਕੁੱਲ	..	293

ਵੱਧ ਫ਼ੀਸ ਵਸੂਲ ਕਰਨ ਸਬੰਧੀ ਸ਼ਿਕਾਇਤਾਂ

*379. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੂੰ ਸਿਖਿਆ ਵਿਭਾਗ ਵਿਚ ਅੰਮ੍ਰਿਤਸਰ ਵਿਚ ਕਿਸੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਸਕੂਲਾਂ) (ਲੜਕੀਆਂ ਲਈ) ਦੁਆਰਾ ਵਿਦਿਆਰਥੀਆਂ ਤੋਂ ਵੱਧ ਫ਼ੀਸ ਵਸੂਲਣ ਸਬੰਧੀ ਕੋਈ ਲਿਖਤੀ ਸ਼ਿਕਾਇਤਾਂ ਅਕਤੂਬਰ, ਨਵੰਬਰ ਅਤੇ ਦਸੰਬਰ, 1996 ਦੇ ਮਹੀਨਿਆਂ ਦੇ ਦੌਰਾਨ ਪ੍ਰਾਪਤ ਹੋਈਆਂ ਸਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਵੇਰਵੇ ਕੀ ਹਨ;

(ਅ) ਕੀ ਉਕਤ ਸ਼ਿਕਾਇਤਾਂ ਦੀ ਪੜਤਾਲ ਕਰਨ ਬਾਰੇ ਹੁਕਮ ਦਿੱਤੇ ਗਏ ਸਨ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਨਤੀਜੇ ਕੀ ਹਨ ਅਤੇ ਉਸਤੇ ਕੀ ਕਾਰਵਾਈ ਕੀਤੀ ਗਈ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਗਰਲਜ਼) ਨਵਾਂ ਕੋਟ, ਜ਼ਿਲ੍ਹਾ ਅੰਮ੍ਰਿਤਸਰ ਸਬੰਧੀ ਵਿਦਿਆਰਥੀਆਂ ਤੋਂ ਵਾਧੂ ਫ਼ੀਸਾਂ ਲੈਣ ਬਾਰੇ ਸਰਕਾਰ ਨੂੰ ਇਕ ਸ਼ਿਕਾਇਤ ਪ੍ਰਾਪਤ ਹੋਈ ਸੀ।

(ਅ) ਹਾਂ ਜੀ। ਸ਼ਿਕਾਇਤ ਦੀ ਪੜਤਾਲ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਅੰਮ੍ਰਿਤਸਰ ਵੱਲੋਂ ਕੀਤੀ ਗਈ। ਪੜਤਾਲ ਕਰਨ ਉਪਰੰਤ ਪਤਾ ਲੱਗਾ ਕਿ ਇਸ ਸਕੂਲ ਵਿਚ ਕਿਸੇ ਵਿਦਿਆਰਥੀ ਤੋਂ ਵਾਧੂ ਫ਼ੀਸ ਨਹੀਂ ਵਸੂਲ ਕੀਤੀ ਜਾਂਦੀ।

UNSTARRED QUESTIONS AND ANSWERS

ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੀਆਂ ਚੋਣਾਂ ਲਈ ਲਗਾਏ ਗਏ ਅਮਲੇ ਨੂੰ ਆਨਰੇਰੀਅਮ/ਯਾਤਰਾ ਭੱਤਾ

115. **ਕਾਮਰੇਡ ਹਰਦੇਵ ਅਰਸ਼ੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੀਆਂ ਪਿਛਲੀ ਵਾਰ ਚੋਣਾਂ ਕਿਸ ਤਰੀਕ ਨੂੰ ਕਰਵਾਈਆਂ ਗਈਆਂ ਸਨ;

(ਅ) ਕੀ ਇਹ ਠੀਕ ਹੈ ਕਿ ਉਨ੍ਹਾਂ ਕਰਮਚਾਰੀਆਂ ਜਿਨ੍ਹਾਂ ਨੂੰ ਉਪਰੋਕਤ ਭਾਗ (ੳ) ਵਿਚ ਵਰਣਿਤ ਚੋਣ ਡਿਊਟੀਆਂ ਨਿਭਾਉਣ ਲਈ ਲਗਾਇਆ ਗਿਆ ਸੀ, ਨੂੰ ਅਜੇ ਤਕ ਉਨ੍ਹਾਂ ਦੇ ਆਨਰੇਰੀਅਮ/ਯਾਤਰਾ ਭੱਤੇ ਦੀ ਅਦਾਇਗੀ ਨਹੀਂ ਕੀਤੀ ਗਈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਣ ਕੀ ਹਨ ਅਤੇ ਆਨਰੇਰੀਅਮ/ਯਾਤਰਾ ਭੱਤੇ ਦੀ ਬਕਾਇਆ ਰਹਿੰਦੀ ਰਕਮ ਦੇ ਜ਼ਿਲ੍ਹਾਵਾਰ ਵੇਰਵੇ ਕੀ ਹਨ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਕਰਮਚਾਰੀਆਂ ਦੇ ਬਕਾਇਆ ਦੀ ਅਦਾਇਗੀ ਕਦੋਂ ਤਕ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : (ੳ) ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੀਆਂ ਪਿਛਲੀ ਵਾਰ ਚੋਣਾਂ ਮਿਤੀ 27-9-94 ਅਤੇ 30-9-94 ਨੂੰ ਕਰਵਾਈਆਂ ਗਈਆਂ ਸਨ ।

(ਅ) ਸਿਵਾਏ ਜ਼ਿਲ੍ਹਾ ਸੰਗਰੂਰ ਦੇ 38 ਕਰਮਚਾਰੀਆਂ ਦੇ ਸਾਰੇ ਚੋਣ ਡਿਊਟੀਆਂ ਨਿਭਾਉਣ ਲਈ ਲਗਾਏ ਗਏ ਕਰਮਚਾਰੀਆਂ ਨੂੰ ਮਾਨ ਭੱਤਾ/ਸਫ਼ਰੀ ਭੱਤੇ ਦੀ ਅਦਾਇਗੀ ਹੋ ਚੁਕੀ ਹੈ । ਫੰਡ ਉਪਲਬਧ ਨਾ ਹੋਣ ਕਾਰਨ ਇਨ੍ਹਾਂ ਕਰਮਚਾਰੀਆਂ ਨੂੰ ਉਨ੍ਹਾਂ ਦੇ ਸਫ਼ਰੀ ਭੱਤੇ ਕਲੇਮ ਦੀ ਅਦਾਇਗੀ ਨਹੀਂ ਕੀਤੀ ਜਾ ਸਕੀ । ਬਣਦੀ ਰਕਮ 4,888/- ਰੁਪਏ ਹੈ ।

(ੲ) ਉਪਰੋਕਤ ਦਰਸਾਏ ਕਰਮਚਾਰੀਆਂ ਦੇ ਬਿੱਲ ਮਿਤੀ 11-6-1997 ਨੂੰ ਪਾਸ ਕਰ ਦਿੱਤੇ ਗਏ ਹਨ ਅਤੇ ਉਨ੍ਹਾਂ ਦੇ ਸਫ਼ਰ ਭੱਤੇ ਦੀ ਬਣਦੀ ਰਕਮ 4,888/- ਰੁਪਏ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਸੰਗਰੂਰ ਵਲੋਂ ਮਿਤੀ 11-6-1997 ਨੂੰ ਕਢਵਾ ਲਿਤੀ ਹੈ । ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਸੰਗਰੂਰ ਵਲੋਂ ਇਹ ਰਕਮ ਸਬੰਧਤ ਮਹਿਕਮਿਆਂ ਨੂੰ ਮਿਤੀ 13-6-1997 ਨੂੰ ਸਬੰਧਤ ਕਰਮਚਾਰੀਆਂ ਨੂੰ ਜਲਦੀ ਅਦਾਇਗੀ ਕਰਨ ਲਈ ਦੇ ਦਿੱਤੀ ਹੈ ।

ਨਵੇਂ ਅਪਗ੍ਰੇਡ ਹੋਏ ਸਕੂਲਾਂ ਵਿਚ ਕਲਰਕੀ ਅਮਲੇ ਦੀਆਂ ਨਵੀਆਂ ਆਸਾਮੀਆਂ ਦੀ ਸਿਰਜਣਾ

116. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰ ਕੇ ਦੱਸਣਗੇ ਕਿ—

(ੳ) ਅਪ੍ਰੈਲ, 1996 ਤੋਂ ਹੁਣ ਤੱਕ ਦੇ ਸਮੇਂ ਦੌਰਾਨ ਰਾਜ ਵਿਚ ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਪੱਧਰ ਤਕ ਅਪਗਰੇਡ ਕੀਤੇ ਗਏ ਸਕੂਲਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਲਈ ਵਿਦਿਆਰਥੀਆਂ/ਅਧਿਆਪਕਾਂ ਦੀ ਤਾਦਾਦ ਦੇ ਅਨੁਪਾਤ ਵਿਚ ਕਲਰਕੀ ਅਮਲੇ ਦੀਆਂ ਕੋਈ ਆਸਾਮੀਆਂ ਮਨਜ਼ੂਰ ਕੀਤੀਆਂ ਗਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ; ਜੇਕਰ ਨਹੀਂ; ਤਾਂ ਇਸ ਦੇ ਕੀ ਕਾਰਣ ਹਨ;

(ੲ) ਕੀ ਸਰਕਾਰ ਦੀ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਅਤੇ ਜ਼ਿਲ੍ਹਾ ਸਿਖਿਆ ਅਫਸਰਾਂ ਦੇ ਦਫ਼ਤਰਾਂ ਜਿਥੇ ਸਕੂਲਾਂ ਵਿਚ ਵਿਦਿਆਰਥੀਆਂ/ਅਧਿਆਪਕਾਂ ਦੀ ਗਿਣਤੀ ਵਧ ਗਈ ਹੈ, ਲਈ ਕਲਰਕੀ ਅਮਲੇ ਦੀਆਂ ਹੋਰ ਆਸਾਮੀਆਂ ਮਨਜ਼ੂਰ ਕਰਨ ਦੀ ਤਜਵੀਜ਼ ਹੈ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਅਪ੍ਰੈਲ, 1996 ਤੋਂ ਹੁਣ ਤੱਕ 120 ਮਿਡਲ ਸਕੂਲਾਂ ਦਾ ਪੱਧਰ ਹਾਈ ਅਤੇ ਇਸੇ ਤਰ੍ਹਾਂ 118 ਹਾਈ ਸਕੂਲਾਂ ਦਾ ਪੱਧਰ ਸੀਨੀਅਰ ਸੈਕੰਡਰੀ ਉਚਾ ਕੀਤਾ ਗਿਆ ਹੈ ।

[ਮੁੱਖ ਮੰਤਰੀ]

(ਅ) ਹਾਈ ਪੱਧਰ ਤੱਕ ਸਕੂਲਾਂ ਵਿਚ ਨਾਰਮ ਅਨੁਸਾਰ ਇਕ ਕਲਰਕ ਦੀ ਅਸਾਮੀ ਦਿੱਤੀ ਜਾਂਦੀ ਹੈ । ਸੀਨੀਅਰ ਸੈਕੰਡਰੀ ਪੱਧਰ ਤੱਕ ਅਪਗਰੇਡ ਹੋਏ ਸਕੂਲਾਂ ਵਿਚ ਕੋਈ ਕਲਰਕ ਦੀ ਅਸਾਮੀ ਨਹੀਂ ਦਿੱਤੀ ਜਾਂਦੀ ਕਿਉਂ ਜੋ ਹਾਈ ਸਕੂਲਾਂ ਵਿਚ ਕਲਰਕ ਦੀ ਇੱਕ ਪੋਸਟ ਪਹਿਲਾਂ ਹੀ ਹੁੰਦੀ ਹੈ । ਟੀਚਿੰਗ ਅਤੇ ਨਾਨ-ਟੀਚਿੰਗ ਪੋਸਟਾਂ ਦੀ ਅਜੇ ਤੱਕ ਮਨਜ਼ੂਰੀ ਜਾਰੀ ਨਹੀਂ ਹੋਈ ।

(ੲ) ਹਾਲ ਦੀ ਘੜੀ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਅਤੇ ਜ਼ਿਲ੍ਹਾ ਸਿਖਿਆ ਅਫਸਰਾਂ ਦੇ ਦਫਤਰਾਂ ਵਿਚ ਹੋਰ ਕਲੈਰੀਕਲ ਸਟਾਫ ਦੇਣ ਦੀ ਕੋਈ ਤਜਵੀਜ਼ ਨਹੀਂ ਹੈ । ਇਸ ਦਾ ਕਾਰਨ ਸਰਕਾਰੀ ਖਜ਼ਾਨੇ ਦੀ ਮੰਦੀ ਵਿੱਤੀ ਹਾਲਤ ਹੈ ।

ਸਿਖਿਆ ਵਿਭਾਗ ਵਿਚ ਸੀਨੀਅਰ ਸਹਾਇਕਾਂ ਦੀਆਂ ਖਾਲੀ ਆਸਾਮੀਆਂ ਭਰਨਾ

117. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 10 ਅਪ੍ਰੈਲ 1997 ਤਕ ਸਿਖਿਆ ਵਿਭਾਗ ਵਿਚ ਸੀਨੀਅਰ ਸਹਾਇਕਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਸਿਖਿਆ ਵਿਭਾਗ ਵਿਚ ਉਨ੍ਹਾਂ ਕਰਮਚਾਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਨ੍ਹਾਂ ਨੇ 10 ਅਪ੍ਰੈਲ, 1997 ਤਕ ਸਹਾਇਕ ਗ੍ਰੇਡ ਪ੍ਰੀਖਿਆ ਪਾਸ ਕਰ ਲਈ ਹੈ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਖਾਲੀ ਆਸਾਮੀਆਂ ਨੂੰ ਭਰਨ ਲਈ ਸਿਖਿਆ ਵਿਭਾਗ ਦੁਆਰਾ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) 43 (ਕੇਵਲ ਤਰਤਾਲੀ) ।

(ਅ) 138 (ਕੇਵਲ ਇਕ ਸੌ ਅਠੱਤੀ) ।

(ੲ) ਸੀਨੀਅਰ ਸਹਾਇਕਾਂ ਦੀਆਂ ਖਾਲੀ ਪਈਆਂ ਸਾਰੀਆਂ ਆਸਾਮੀਆਂ ਭਰ ਦਿੱਤੀਆਂ ਗਈਆਂ ਹਨ ।

ਸਰਵਿਸ ਦੌਰਾਨ ਮਰੇ ਏ.ਐਸ.ਆਈਜ਼. ਦੇ ਆਸ਼ਿਤਾਂ ਲਈ ਨੌਕਰੀਆਂ

118. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੁਲਿਸ ਵਿਭਾਗ ਪੰਜਾਬ ਦੇ ਅਜਿਹੇ ਅਸਿਸਟੈਂਟ ਸਬ-ਇੰਸਪੈਕਟਰਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦੀ ਸਾਲ 1994 ਵਿਚ ਸਰਵਿਸ ਦੇ ਦੌਰਾਨ ਮੌਤ ਹੋ ਗਈ ਸੀ ਅਤੇ ਉਨ੍ਹਾਂ ਦੇ ਨਾਂ ਅਤੇ ਪੂਰੇ ਵੇਰਵੇ ਕੀ-ਕੀ ਹਨ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਹਰੇਕ ਮ੍ਰਿਤਕ ਏ.ਐਸ.ਆਈਜ਼. ਦੇ ਆਸ਼ਿਤਾਂ ਨੂੰ ਪੁਲਿਸ/ਕਿਸੇ ਹੋਰ ਵਿਭਾਗ ਵਿਚ ਨੌਕਰੀਆਂ ਦੇ ਦਿੱਤੀਆਂ ਗਈਆਂ ਹਨ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਸਾਲ 1994 ਦੌਰਾਨ ਪੁਲਿਸ ਵਿਭਾਗ ਦੇ 28 ਸਹਾਇਕ ਸਬ-ਇੰਸਪੈਕਟਰਜ਼ ਜਿਨ੍ਹਾਂ ਦੀ ਨੌਕਰੀ ਦੌਰਾਨ ਮੌਤ ਹੋ ਗਈ ਸੀ, ਅਨੁਲਗ ਦੇ ਭਾਗ ਨੰਬਰ 2 ਵਿਚ ਦਰਸਾਏ ਗਏ ਹਨ ।

(ਅ) ਸੂਚਨਾ ਅਨੁਲੱਗ ਦੇ ਭਾਗ ਨੰਬਰ 3 ਵਿਚ ਦਿੱਤੀ ਗਈ ਹੈ ਜੀ ।

ਅਨੁਲੱਗ

ਲੜੀ ਨੰ:	ਪੰਜਾਬ ਪੁਲਿਸ ਦੇ ਏ.ਐਸ.ਆਈਜ਼ ਦਾ ਵੇਰਵਾ ਜਿਨ੍ਹਾਂ ਦੀ ਸਾਲ 1994 ਦੌਰਾਨ ਮੌਤ ਹੋਈ	ਪੰਜਾਬ ਪੁਲਿਸ ਦੇ ਮ੍ਰਿਤਕ ਏ.ਐਸ. ਆਈਜ਼ ਜਿਨ੍ਹਾਂ ਦਾ ਵੇਰਵਾ ਭਾਗ(2) ਵਿਚ ਹੈ, ਦੇ ਆਸ਼ਰਿਤ ਜਿਨ੍ਹਾਂ ਨੂੰ ਪੰਜਾਬ ਪੁਲਿਸ/ਹੋਰ ਵਿਭਾਗ ਵਿਚ ਨੌਕਰੀ ਦਿੱਤੀ ਗਈ
1	2	3
1.	ਐਡਹਾਕ ਏ.ਐਸ.ਆਈ. ਭਗਤੂ ਰਾਮ ਨੰਬਰ 292/ਏ.ਐਸ.ਆਰ., ਮੌਤ ਦੀ ਮਿਤੀ 14-2-1994	ਆਸ਼ਰਿਤ ਨੇ ਨੌਕਰੀ ਲਈ ਬਿਨੈ ਪੱਤਰ ਨਹੀਂ ਦਿੱਤਾ ।
2.	ਏ.ਐਸ.ਆਈ. ਪਿਆਰਾ ਸਿੰਘ ਨੰਬਰ 1774/ਪੀ.ਏ.ਪੀ., ਮੌਤ ਦੀ ਮਿਤੀ 13-8-1994 ।	ਆਸ਼ਰਿਤ ਨੇ ਨੌਕਰੀ ਲਈ ਬਿਨੈ ਪੱਤਰ ਨਹੀਂ ਦਿੱਤਾ ।
3.	ਐਡਹਾਕ ਏ.ਐਸ.ਆਈ. ਸੁਰਿੰਦਰ ਸਿੰਘ ਨੰ: 27/161, ਮੌਤ ਦੀ ਮਿਤੀ 6-10-1994 ।	ਮ੍ਰਿਤਕ ਦੀ ਲੜਕੀ ਮਿਸ ਗੁਰਬਿੰਦਰ ਕੌਰ ਨੂੰ ਪੁਲਿਸ ਵਿਭਾਗ ਵਿਚ ਕਲਰਕ ਭਰਤੀ ਕੀਤਾ ਗਿਆ ਹੈ ।
4.	ਐਡਹਾਕ ਏ.ਐਸ.ਆਈ. ਕੁਲਦੀਪ ਸਿੰਘ ਨੰਬਰ 69/ਪੀ.ਏ.ਪੀ., ਮੌਤ ਦੀ ਮਿਤੀ 14-9-1994 ।	ਆਸ਼ਰਿਤ ਵਲੋਂ ਨੌਕਰੀ ਲਈ ਬਿਨੈ ਪੱਤਰ ਨਹੀਂ ਦਿੱਤਾ ।
5.	ਏ.ਐਸ.ਆਈ. ਪ੍ਰਕਾਸ਼ ਲਾਲ ਨੰਬਰ 30/ਜੀ.ਆਰ.ਪੀ., ਮੌਤ ਦੀ ਮਿਤੀ 3-1-1994 ।	ਆਸ਼ਰਿਤ ਵਲੋਂ ਨੌਕਰੀ ਲਈ ਬਿਨੈ ਪੱਤਰ ਨਹੀਂ ਦਿੱਤਾ ।
6.	ਏ.ਐਸ.ਆਈ. ਹਰਯੋਧ ਸਿੰਘ ਨੰਬਰ 671/ਡਬਲਯੂ, ਮੌਤ ਦੀ ਮਿਤੀ 24-4-1994 ।	ਮ੍ਰਿਤਕ ਦੀ ਵਿਧਵਾ ਸ੍ਰੀਮਤੀ ਸੰਤੋਸ਼ ਬੈਂਸ ਨੂੰ ਸਿਵਿਲਨ ਕਲਰਕ ਨਿਯੁਕਤ ਕੀਤਾ ਗਿਆ ਹੈ ।
7.	ਏ.ਐਸ.ਆਈ. ਬਲਵੀਰ ਪ੍ਰਭਾਕਰ ਨੰਬਰ 786/ਡਬਲਯੂ, ਮੌਤ ਦੀ ਮਿਤੀ 3-9-1994	ਆਸ਼ਰਿਤ ਨਾਬਾਲਿਗ ਹੈ ।

[ਮੁੱਖ ਮੰਤਰੀ]

1	2	3
8.	ਏ.ਐਸ.ਆਈ. ਅਨੋਖ ਸਿੰਘ, ਨੰਬਰ 2310/ਅੰਮ੍ਰਿਤਸਰ, ਮੌਤ ਦੀ ਮਿਤੀ 27-6-1994	ਮ੍ਰਿਤਕ ਦਾ ਲੜਕਾ ਸ੍ਰੀ ਸੁਖਬੀਰ ਸਿੰਘ ਬਤੌਰ ਸਿਪਾਹੀ ਭਰਤੀ ਕੀਤਾ ਗਿਆ।
9.	ਏ.ਐਸ.ਆਈ. ਆਸਾ ਸਿੰਘ ਨੰਬਰ 740/ਗੁਰਦਾਸਪੁਰ, ਮੌਤ ਦੀ ਮਿਤੀ 6-9-1994	ਮ੍ਰਿਤਕ ਦਾ ਲੜਕਾ ਹਰਭਜਨ ਸਿੰਘ ਬਤੌਰ ਸਿਪਾਹੀ ਭਰਤੀ ਕੀਤਾ ਗਿਆ ਹੈ।
10.	ਏ.ਐਸ.ਆਈ. ਪਰਮਿੰਦਰ ਸਿੰਘ ਨੰਬਰ ਬੀ.ਆਰ.ਟੀ./105, ਮੌਤ ਦੀ ਮਿਤੀ 7-8-1994।	ਮ੍ਰਿਤਕ ਦੀ ਵਿਧਵਾ ਸ਼੍ਰੀਮਤੀ ਗੁਰਮੀਤ ਕੌਰ ਨੂੰ ਸਿੱਖਿਆ ਵਿਭਾਗ ਵਿਚ ਨੌਕਰੀ ਦਿੱਤੀ ਗਈ ਹੈ।
11.	ਏ.ਐਸ.ਆਈ. ਗਹਿਲ ਸਿੰਘ ਨੰਬਰ 1696/ਬੀ.ਟੀ.ਐਲ., ਮੌਤ ਦੀ ਮਿਤੀ 23-11-1994।	ਮ੍ਰਿਤਕ ਦੀ ਵਿਧਵਾ ਸ੍ਰੀਮਤੀ ਕਿਰਨਦੀਪ ਕੌਰ ਨੂੰ ਪੁਲਿਸ ਵਿਭਾਗ ਵਿਚ ਸਿਪਾਹੀ ਭਰਤੀ ਕੀਤਾ ਗਿਆ ਹੈ।
12.	ਏ.ਐਸ.ਆਈ. ਪ੍ਰੇਮ ਕੁਮਾਰ, ਨੰਬਰ 3193/ਟੀ.ਟੀ., ਮੌਤ ਦੀ ਮਿਤੀ 26-3-1994।	ਮ੍ਰਿਤਕ ਦਾ ਭਰਾ ਸ੍ਰੀ ਗੁਰਮੀਤ ਰਾਜ ਬਤੌਰ ਸਿਪਾਹੀ ਭਰਤੀ ਕੀਤਾ ਗਿਆ ਹੈ।
13.	ਏ.ਐਸ.ਆਈ. ਬਸੰਤ ਸਿੰਘ ਨੰਬਰ 274/ਜੀ.ਐਸ.ਪੀ., ਮੌਤ ਦੀ ਮਿਤੀ 13-3-1994।	ਆਸ਼ਰਿਤ ਨੇ ਨੌਕਰੀ ਲਈ ਬਿਨੈ-ਪੱਤਰ ਨਹੀਂ ਦਿੱਤਾ।
14.	ਜ਼ਰਨੈਲ ਸਿੰਘ ਨੰਬਰ 448/ਕੇ.ਪੀ.ਟੀ., ਮੌਤ ਦੀ ਮਿਤੀ 18-1-1994।	ਆਸ਼ਰਿਤ ਨੇ ਨੌਕਰੀ ਲਈ ਬਿਨੈ-ਪੱਤਰ ਨਹੀਂ ਦਿੱਤਾ।
15.	ਏ.ਐਸ.ਆਈ. ਮਹਿੰਦਰ ਰਾਮ ਨੰਬਰ 1496/ਜਲੰਧਰ, ਮੌਤ ਦੀ ਮਿਤੀ 16-2-1994।	ਆਸ਼ਰਿਤ ਨਾਬਾਲਿਗ ਹਨ।
16.	ਏ.ਐਸ.ਆਈ. ਰਘਬੀਰ ਸਿੰਘ ਨੰਬਰ 674/ਐਚ.ਪੀ.ਆਰ., ਮੌਤ ਦੀ ਮਿਤੀ ਸਾਲ 1994।	ਮ੍ਰਿਤਕ ਦੀ ਵਿਧਵਾ ਸ਼੍ਰੀਮਤੀ ਨਿਰਮਲਾ ਦੇਵੀ ਨੂੰ ਬਤੌਰ ਸਿਪਾਹੀ ਭਰਤੀ ਕੀਤਾ ਗਿਆ ਹੈ।

1	2	3
17.	ਏ.ਐਸ.ਆਈ. ਮਹਿੰਦਰ ਸਿੰਘ ਨੰਬਰ 207/ਲੁਧਿਆਣਾ, ਮੌਤ ਦੀ ਮਿਤੀ 31-3-1994 ।	ਆਸ਼ਰਿਤ ਨਾਬਾਲਿਗ ਹੈ ।
18.	ਏ.ਐਸ.ਆਈ. ਕੁਲਵੰਤ ਸਿੰਘ ਨੰਬਰ 197/ਲੁਧਿਆਣਾ, ਮੌਤ ਦੀ ਮਿਤੀ 25-4-1994	ਆਸ਼ਰਿਤ ਨਾਬਾਲਿਗ ਹੈ ।
19.	ਏ.ਐਸ.ਆਈ. ਕਮਲ ਕਿਸ਼ੋਰ, ਨੰਬਰ 2543/ਲੁਧਿਆਣਾ, ਮੌਤ ਦੀ ਮਿਤੀ 24-11-1994 ।	ਮ੍ਰਿਤਕ ਦਾ ਲੜਕਾ ਬਤੌਰ ਸਿਪਾਹੀ ਭਰਤੀ ਕੀਤਾ ਗਿਆ ਹੈ ।
20.	ਏ.ਐਸ.ਆਈ. (ਓ.ਆਰ.ਪੀ.) ਦਰਸ਼ਨ ਸਿੰਘ ਨੰਬਰ 1521/ਸੰਗਰੂਰ, ਮੌਤ ਦੀ ਮਿਤੀ ਸਾਲ 1994 ।	ਮ੍ਰਿਤਕ ਦਾ ਲੜਕਾ ਹਰਦੀਪ ਸਿੰਘ ਬਤੌਰ ਸਿਪਾਹੀ ਭਰਤੀ ਕੀਤਾ ਗਿਆ ਹੈ ।
21.	ਏ.ਐਸ.ਆਈ. ਜਸਵੰਤ ਰਾਏ, ਨੰਬਰ 324/ਲੁਧਿਆਣਾ, ਮੌਤ ਦੀ ਮਿਤੀ 3-3-1994 ।	ਮ੍ਰਿਤਕ ਦੀ ਲੜਕੀ ਨੂੰ ਸਰਕਾਰ ਦੇ ਸਿਵਲ ਵਿਭਾਗ ਵਿਚ ਨੌਕਰੀ ਦਿੱਤੀ ਗਈ ਹੈ ।
22.	ਏ.ਐਸ.ਆਈ. ਸੁਖਦੇਵ ਸਿੰਘ, ਨੰਬਰ 446/ਐਫ.ਡੀ.ਕੇ., ਮੌਤ ਦੀ ਮਿਤੀ 26-9-1994 ।	ਮ੍ਰਿਤਕ ਦਾ ਲੜਕਾ ਸੰਦੀਪ ਸਿੰਘ ਬਤੌਰ ਸਿਪਾਹੀ ਭਰਤੀ ਕੀਤਾ ਗਿਆ ਹੈ ।
23.	ਏ.ਐਸ.ਆਈ. ਜਸਪ੍ਰੀਤ ਸਿੰਘ, ਮੌਤ ਦੀ ਮਿਤੀ 26-5-1994	ਮ੍ਰਿਤਕ ਦੀ ਭੈਣ ਮਿਸ ਸਿਮਰਨ ਸਿੱਧੂ ਨੂੰ ਸਿਵਲ ਵਿਭਾਗ ਵਿਚ ਨੌਕਰੀ ਦੇਣ ਲਈ ਡੀ.ਸੀ. ਬਠਿੰਡਾ ਨੂੰ ਕੇਸ ਭੇਜਿਆ ਹੈ, ਜੋ ਵਿਚਾਰ ਅਧੀਨ ਹੈ ।
24.	ਏ.ਐਸ.ਆਈ. ਟੇਕ ਸਿੰਘ, ਨੰਬਰ 137/ਬਠਿੰਡਾ, ਮੌਤ ਦੀ ਮਿਤੀ 3-7-1994 ।	ਮ੍ਰਿਤਕ ਦਾ ਲੜਕਾ ਚਰਨਜੀਤ ਸਿੰਘ ਬਤੌਰ ਸਿਪਾਹੀ ਭਰਤੀ ਕੀਤਾ ਗਿਆ ਹੈ ।
25.	ਏ.ਐਸ.ਆਈ. ਜੁਗਰਾਜ ਸਿੰਘ, ਨੰਬਰ 47/ਬਠਿੰਡਾ, ਮੌਤ ਦੀ ਮਿਤੀ 11-4-94 ।	ਆਸ਼ਰਿਤ ਨੇ ਨੌਕਰੀ ਲਈ ਬਿਨੈ ਪੱਤਰ ਨਹੀਂ ਦਿੱਤੀ ।

[ਮੁੱਖ ਮੰਤਰੀ]

1	2	3
26.	ਏ.ਐਸ.ਆਈ. ਅਤਰ ਸਿੰਘ, ਨੰਬਰ 248/ਬਠਿੰਡਾ, ਮੌਤ ਦੀ ਮਿਤੀ 10-3-1994 ।	ਮ੍ਰਿਤਕ ਦੀ ਵਿਧਵਾ ਸ੍ਰੀਮਤੀ ਰਾਜਿੰਦਰ ਕੌਰ ਨੂੰ ਬਤੌਰ ਸਿਪਾਹੀ ਭਰਤੀ ਕੀਤਾ ਗਿਆ ਹੈ ।
27.	ਏ.ਐਸ.ਆਈ., ਮੇਜਰ ਸਿੰਘ ਨੰਬਰ 145/ਫਿਰੋਜ਼ਪੁਰ, ਮੌਤ ਦੀ ਮਿਤੀ 26-9-1994 ।	ਆਸ਼ਰਿਤ ਨੇ ਨੌਕਰੀ ਲਈ ਬਿਨੈ-ਪੱਤਰ ਨਹੀਂ ਦਿੱਤਾ ।
28.	ਏ.ਐਸ.ਆਈ. ਰਵੀ ਕਾਂਤ ਸ਼ਰਮਾ, ਨੰਬਰ ਐਫ਼.ਆਰ.ਟੀ./127, ਮੌਤ ਦੀ ਮਿਤੀ 26-8-1994 ।	ਮ੍ਰਿਤਕ ਦਾ ਭਰਾ ਅਨੁਰਾਗ ਸ਼ਰਮਾ ਬਤੌਰ ਸਿਪਾਹੀ ਭਰਤੀ ਕੀਤਾ ਗਿਆ ਹੈ ।

ਬਿਨਾਂ-ਨਿਸ਼ਾਨ ਵਾਲਾ ਪ੍ਰਸ਼ਨ ਨੰ: *156

(ਬਿਨਾਂ-ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 156 ਦੀ ਐਕਸਟੈਨਸ਼ਨ ਮੰਗੀ ਗਈ ਹੈ ।)

POINTS OF ORDER

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦਾ ਧਿਆਨ ਇਕ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ । ਕਲ੍ਹ ਇਸ ਪੰਜਾਬ ਅਸੈਂਬਲੀ ਵਿਚ ਜ਼ਿਕਰ ਹੋਇਆ ਸੀ ਕਿ ਯੂ.ਪੀ. ਵਿਚ ਤਰਾਈ ਦੇ ਇਲਾਕੇ ਵਿਚ ਪੰਜਾਬ ਦੇ ਕਿਸਾਨਾਂ ਨੂੰ ਉਜਾੜਿਆ ਜਾ ਰਿਹਾ ਹੈ ਅਤੇ ਮੰਤਰੀ ਸਾਹਿਬ ਨੇ ਭਰੋਸਾ ਦਿੱਤਾ ਸੀ ਕਿ ਇਸ ਗੱਲ ਨੂੰ ਟੇਕ-ਅੱਪ ਕੀਤਾ ਜਾਵੇਗਾ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬੜੇ ਮਾੜੇ ਹਾਲਾਤ ਵਿਚ ਪੰਜਾਬ ਵਿਚ 25 ਹਜ਼ਾਰ ਲੋਕ ਮਾਰ ਗਏ ਸਨ ਅਤੇ 70 ਲੱਖ ਲੋਕ ਪੰਜਾਬ ਵਿਚੋਂ ਹਿਜਰਤ ਕਰ ਗਏ ਸਨ ਕਿਉਂਕਿ ਪੰਜਾਬ ਵਿਚ ਅੱਤਵਾਦ ਦੀ ਦਹਿਸ਼ਤ ਬਹੁਤ ਜ਼ਿਆਦਾ ਸੀ । ਥੋੜ੍ਹੀ ਲੋਕ ਦਿੱਲੀ ਵਿਚ ਵੀ ਜਾ ਕੇ ਵਸ ਗਏ ਸਨ । ਸਰਕਾਰ ਨੇ ਉਨ੍ਹਾਂ ਨੂੰ ਬਿਜਲੀ, ਪਾਣੀ ਮੁਫਤ ਦੇਣਾ ਮੰਨਿਆ ਸੀ ਅਤੇ ਇਕ ਹਜ਼ਾਰ ਰੁਪਿਆ ਭੱਤਾ ਦੇਣਾ ਮੰਨਿਆ ਸੀ । ਅੱਜ ਹਾਲਤ ਇਹ ਹੈ ਕਿ ਉਨ੍ਹਾਂ ਹਿਜਰਤਕਾਰੀਆਂ ਨੂੰ ਬਿਜਲੀ ਪਾਣੀ ਦੇਣਾ ਬੰਦ ਕਰ ਦਿੱਤਾ ਗਿਆ ਹੈ ਅਤੇ ਇਕ ਹਜ਼ਾਰ ਰੁਪਏ ਦੀ ਰਾਹਤ ਵੀ ਬੰਦ ਕਰਨ ਦੀਆਂ ਗੱਲਾਂ ਹੋ ਰਹੀਆਂ ਹਨ । ਭਾਰਤ ਸਰਕਾਰ ਦੇ ਗ੍ਰਹਿ ਮੰਤਰੀ ਸ੍ਰੀ ਇੰਦਰਜੀਤ ਗੁਪਤਾ ਨੇ ਪ੍ਰਧਾਨ ਮੰਤਰੀ ਰਾਹੀਂ ਯੂ.ਪੀ. ਦੀ ਸਰਕਾਰ, ਜੋ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ, ਨੂੰ ਕਿਹਾ ਹੈ ਕਿ ਇਨ੍ਹਾਂ ਲੋਕਾਂ ਦੇ ਵਸੇਬੇ ਬਾਰੇ ਗੌਰ ਨਾਲ ਵਿਚਾਰ ਕੀਤਾ ਜਾਵੇ । ਇਸ ਨੂੰ ਪ੍ਰਬੰਧਕੀ ਆਧਾਰ ਤੇ ਨਹੀਂ ਬਲਕਿ ਮਨੁੱਖੀ ਆਧਾਰ ਤੇ ਸੋਚਿਆ ਜਾਵੇ । ਮੈਂ ਪੰਜਾਬ ਸਰਕਾਰ ਨੂੰ

*For Unstarred Question No. 156 and reply thereto, please see Appendix-II to this Debate.

ਅਰਜ਼ ਕਰਾਂਗਾ ਕਿ ਜਿਹੜੇ ਲੋਕ ਪੰਜਾਬ ਵਿਚੋਂ ਉਜੜ ਕੇ ਗਏ ਸਨ, ਉਨ੍ਹਾਂ ਨੂੰ ਦੁਬਾਰਾ ਉਜੜਨ ਦਾ ਮੂੰਹ ਨਾ ਦੇਖਣਾ ਪਵੇ ਅਤੇ ਦਿੱਲੀ ਦੀ ਭਾਜਪਾ ਸਰਕਾਰ ਨਾਲ ਇਸ ਮਸਲੇ ਨੂੰ ਟੇਕ ਅੱਪ ਕਰਕੇ ਉਨ੍ਹਾਂ ਦੇ ਗੁਜ਼ਾਰੇ ਦਾ ਭੱਤਾ ਚਾਲੂ ਰੱਖਿਆ ਜਾਵੇ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਧਿਆਨ ਇਕ ਅਹਿਮ ਮੁੱਦੇ ਵਲ ਦਿਵਾਉਣਾ ਚਾਹੁੰਦਾ ਹਾਂ ।

ਸ੍ਰੀ ਸਪੀਕਰ : ਅਹਿਮ ਮੁੱਦਾ ਨਹੀਂ, ਕਰੰਟ ਮਸਲਾ ।

ਸਰਦਾਰ ਅਜੀਤ ਇੰਦਰ ਸਿੰਘ : ਇਹ ਮਸਲਾ ਪਹਿਲਾਂ ਡਿਸਅਲਾਓ ਹੋ ਗਿਆ ਸੀ, ਬੈਨ ਆਫ ਸਮੋਕਿੰਗ ਆਨ ਪਬਲਿਕ ਪਲੇਸਿਜ਼ । ਤੁਸੀਂ ਬੱਸ ਸਟੈਂਡ ਚਲੇ ਜਾਓ, ਜਾਂ ਔਫਿਸ ਚਲੇ ਜਾਓ, ਉਥੇ ਲੋਕ ਸਮੋਕਿੰਗ ਕਰ ਰਹੇ ਹੁੰਦੇ ਹਨ । ਪਰਸੋਂ ਮੈਂ ਜਦੋਂ ਚੰਡੀਗੜ੍ਹ ਤੋਂ ਪਟਿਆਲਾ ਸਫਰ ਕਰ ਰਿਹਾ ਸੀ ਤਾਂ ਇਕ ਲੇਡੀ ਜੋ ਕਿ ਉਸ ਬੱਸ ਵਿਚ ਸਫਰ ਕਰ ਰਹੀ ਸੀ, ਬੇਹੋਸ਼ ਹੋ ਗਈ ਕਿਉਂਕਿ ਬੱਸ ਵਿਚ ਦੋ ਬੰਦੇ ਸਮੋਕਿੰਗ ਕਰ ਰਹੇ ਸਨ । ਉਨ੍ਹਾਂ ਨੂੰ ਮਨ੍ਹਾ ਵੀ ਕੀਤਾ ਸੀ ਪਰ ਉਹ ਨਹੀਂ ਹਟੇ । ਸਾਡੇ ਗਵਾਂਢੀ ਰਾਜ ਹਿਮਾਚਲ ਪ੍ਰਦੇਸ਼ ਨੇ ਪਬਲਿਕ ਪਲੇਸਿਜ਼ ਤੇ ਸਮੋਕਿੰਗ ਉਪਰ ਬੈਨ ਲਗਾ ਦਿੱਤਾ ਹੈ । ਦਿੱਲੀ ਵਿਚ ਵੀ ਬੈਨ ਲੱਗਾ ਹੋਇਆ ਹੈ । ਇਮੀਜੀਏਟਲੀ ਸਾਨੂੰ ਵੀ ਆਪਣੇ ਪੰਜਾਬ ਵਿਚ ਇਹ ਬੈਨ ਲਗਾ ਦੇਣਾ ਚਾਹੀਦਾ ਹੈ ।

श्रीमति लक्ष्मी कांता चावला : स्पीकर साहिब, मैं अपनी बात कहने से पहले मोफर साहिब की बात का समर्थन करना चाहती हूं । इस के साथ ही जो लोग शराब पी कर गाड़ियों में सफर करते हैं, उन पर भी रोक लगानी चाहिए । मेरा विषय आज का यह है और मैं खास कर के मुख्य मंत्री जी का ध्यान आकर्षित करना चाहती हूं कि आतंकवाद के दौर में बहुत सारे लोग पंजाब और हरियाणा में मारे गए थे । जब वे राजपुरा की गाड़ी या बस से पार करते थे तो वे रास्ते में ही मार दिए जाते थे । उन की सहायता का काम पंजाब सरकार ने तो किया है लेकिन हरियाणा सरकार ने नहीं किया । तीन दिन पहले एक बुजुर्ग की मृत्यू हो गई । उनका बेटा पंजाब हरियाणा बार्डर पर मारा गया था । वह आदमी प्रौढ़ अवस्था से बुढ़ापे में आ गया था । लेकिन उसे एक पैसे की भी सहायता नहीं मिली । यह तो दो नावों के बीच फंस गया था । बटाला में एक इंजीनियर हिंदुस्तान एलकलीज का मारा गया था । मैं बादल साहिब से निवेदन करूंगी कि पंजाब सरकार तो इन लोगों को राहत देती है लेकिन वह हरियाणा सरकार के पास भी इस विषय को उठाएं ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੇਰਾ ਬਹੁਤ ਜ਼ਰੂਰੀ ਮਸਲਾ ਹੈ ਪਠਾਨਕੋਟ ਦੇ ਬੱਸ ਸਟੈਂਡ ਬਾਰੇ । ਪਠਾਨਕੋਟ ਵਿਚ 15 ਬੰਬ ਧਮਾਕੇ ਹੋ ਚੁੱਕੇ ਹਨ ।

ਸ੍ਰੀ ਸਪੀਕਰ : ਤੁਸੀਂ ਕੁਐਸਚਨ ਪੁੱਛੋ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਇਕ ਸਕਿੰਟ ਮੈਂ ਤੁਹਾਡਾ ਪ੍ਰੋਟੈਕਸ਼ਨ ਚਾਹੁੰਦਾ ਹਾਂ । ਇਹ ਬੱਸ ਸਟੈਂਡ ਇੰਨੀ ਮਾੜੀ ਹਾਲਤ ਵਿਚ ਹੈ ਕਿ ਇਸ ਦੁਆਲੇ ਪਾਣੀ ਦੇ ਟੋਭੇ ਖੜ੍ਹੇ ਹਨ । ਇਥੇ ਬਹੁਤ ਬੰਬ ਧਮਾਕੇ ਹੋਏ ਹਨ । ਇਸ ਪੰਜਾਬ ਰੋਡਵੇਜ਼ ਦੇ ਬੱਸ ਸਟੈਂਡ ਦੀ ਰਿਪੇਅਰ ਦਾ ਉਪਰਾਲਾ ਕਰਨਾ ਚਾਹੀਦਾ ਹੈ । ਮੈਂ ਇਸ ਪਾਸੇ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ।

ਸਰਦਾਰ ਗੁਰਚਰਨ ਸਿੰਘ ਦਿੜ੍ਹਬਾ : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਲੈਂਡ ਮਾਰਟਗੇਜ਼ ਬੈਂਕ ਸੈਕਟਰ-17, ਚੰਡੀਗੜ੍ਹ ਦੇ ਮੁਲਾਜ਼ਮ ਕਈ ਦਿਨਾਂ ਤੋਂ ਕਲਮ ਛੱਡੋ ਅੰਦੋਲਨ ਕਰ ਰਹੇ ਹਨ । ਉਨ੍ਹਾਂ ਨੇ ਹੜਤਾਲ ਕੀਤੀ ਹੋਈ ਹੈ ਅਤੇ ਉਹ ਅੱਜ ਵੀ ਧਰਨੇ ਤੇ ਬੈਠੇ ਹੋਏ ਹਨ । 27 ਜੂਨ ਨੂੰ ਇਹ ਇੰਪਲਾਈ, ਰਜਿਸਟਰਾਰ, ਕੋਆਪਰੇਟਿਵ ਸੁਸਾਇਟੀਜ਼ ਦੇ ਦਫ਼ਤਰ ਤੋਂ ਸਕੱਤਰੇਤ ਵੱਲ ਮਾਰਚ ਕਰਨ ਵਾਲੇ ਹਨ । ਇਸ ਬੈਂਕ ਦੇ ਇੰਪਲਾਈਜ਼ ਨੇ ਅੱਤਵਾਦ ਦੇ ਦਿਨਾਂ ਵਿਚ 98.2% ਰਿਕਵਰੀ ਪੰਜਾਬ ਵਿਚ ਕੀਤੀ ਸੀ ਅਤੇ ਸ਼ੀਲਡਾਂ ਪ੍ਰਾਪਤ ਕੀਤੀਆਂ ਸਨ ਕਿ ਇਤਨੀ ਰਿਕਾਰਡ ਰਿਕਵਰੀ ਕੀਤੀ ਹੈ ।

ਸ੍ਰੀ ਸਪੀਕਰ : ਦਿੜ੍ਹਬਾ ਸਾਹਿਬ, ਤੁਸੀਂ ਆਪਣੇ ਪੁਆਇੰਟ ਤੇ ਗੱਲ ਕਰੋ । ਲੈਕਚਰ ਨਾ ਕਰੋ ।

ਸਰਦਾਰ ਗੁਰਚਰਨ ਸਿੰਘ ਦਿੜ੍ਹਬਾ : ਇਸ ਬੈਂਕ ਦੇ ਮੁਲਾਜ਼ਮਾਂ ਵਿਚ ਬੜਾ ਰੋਸ ਹੈ । ਇਸ ਲਈ ਜਿਹੜੀਆਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਹਨ, ਉਨ੍ਹਾਂ ਨੂੰ ਮੰਨ ਲੈਣਾ ਚਾਹੀਦਾ ਹੈ । ਇਸ ਦੇ ਨਾਲ ਹੀ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਗਰੀਬਾਂ ਦੇ ਬੱਚੇ ਆਪਣੀ ਰੋਜ਼ੀ ਰੋਟੀ ਨਾਲ ਗੁਜ਼ਾਰਾ ਬੜੀ ਮੁਸ਼ਕਲ ਨਾਲ ਕਰਦੇ ਹਨ, ਉਨ੍ਹਾਂ ਐਸ. ਸੀ. ਅਤੇ ਬੀ. ਸੀ. ਨਾਲ ਸਬੰਧ ਰੱਖਣ ਵਾਲੇ ਬੱਚਿਆਂ ਨੂੰ 31 ਮਾਰਚ, 1997 ਤੱਕ ਵਜ਼ੀਫੇ ਨਹੀਂ ਮਿਲੇ ਹਨ ਜਿਸ ਕਰਕੇ ਉਨ੍ਹਾਂ ਨੂੰ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਉਹ ਵਜ਼ੀਫੇ ਉਨ੍ਹਾਂ ਨੂੰ ਰੀਲੀਜ਼ ਕਰ ਦੇਣੇ ਚਾਹੀਦੇ ਹਨ । ਇਸ ਵੱਲ ਸਰਕਾਰ ਧਿਆਨ ਦੇਵੇ ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਦਾ ਧਿਆਨ ਆਪਣੇ ਅੰਮ੍ਰਿਤਸਰ ਬਾਰਡਰ ਏਰੀਆ ਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਬਾਰਡਰ ਏਰੀਆ ਵਿਚ ਜਿਹੜੀ ਜ਼ਮੀਨ ਪਾਕਿਸਤਾਨ ਦੇ ਨਾਲ ਲੱਗਦੀ ਹੈ ਉਥੇ ਭਾਰਤ ਸਰਕਾਰ ਵੱਲੋਂ ਕੰਡੇ ਦੀਆਂ ਤਾਰਾਂ ਲਗਾਈਆਂ ਗਈਆਂ ਹਨ ਪਰ ਇਥੋਂ ਦੇ ਕਿਸਾਨ ਕੰਡੇ ਵਾਲੀ ਤਾਰ ਲੱਗਣ ਕਰ ਕੇ ਉਥੇ ਨਾ ਚੰਗੀ ਤਰ੍ਹਾਂ ਬਿਜਾਈ ਕਰ ਸਕਦੇ ਹਨ ਅਤੇ ਨਾ ਹੀ ਆਪਣੇ ਖੇਤਾਂ ਨੂੰ ਪਾਣੀ ਲਗਾ ਸਕਦੇ ਹਨ ਜਿਸ ਕਰਕੇ ਉਨ੍ਹਾਂ ਕਿਸਾਨਾਂ ਦਾ ਨੁਕਸਾਨ ਹੋ ਰਿਹਾ ਹੈ । ਇਸ ਲਈ ਬਾਦਲ ਸਾਹਿਬ ਦੀ ਸਰਕਾਰ ਨੂੰ ਇਹ ਮਸਲਾ ਕੇਂਦਰ ਸਰਕਾਰ ਦੇ ਨਾਲ ਟੇਕ ਅੱਪ ਕਰਨਾ ਚਾਹੀਦਾ ਹੈ ਤਾਂਕਿ ਕਿਸਾਨਾਂ ਦੀਆਂ ਮੁਸ਼ਕਿਲਾਂ ਦੂਰ ਹੋ ਸਕਣ ।

ਸਰਦਾਰ ਸੇਵਾ ਸਿੰਘ ਸੇਖਵਾਂ : ਸਪੀਕਰ ਸਾਹਿਬ, ਪਿਛਲੇ ਦਿਨੀਂ ਮੈਂ ਇਸ ਸਬੰਧ ਵਿਚ ਹਾਊਸ ਵਿਚ ਸਵਾਲ ਵੀ ਕੀਤਾ ਸੀ ਕਿ 17 ਮਈ, 1997 ਨੂੰ ਬਾਦਲ ਸਾਹਿਬ

ਮੇਰੇ ਪਿੰਡ ਆਏ ਸਨ ਅਤੇ ਉਥੇ ਉਨ੍ਹਾਂ ਨੇ ਐਲਾਨ ਵੀ ਕੀਤਾ ਸੀ ਕਿ ਜਿਸ ਤਰ੍ਹਾਂ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਦੀ ਸ਼ਾਦੀ ਉਤੇ ਪੰਜਾਬ ਸਰਕਾਰ ਸ਼ਗਨ ਦਾ 5,100 ਰੁਪਿਆ ਦਿੰਦੀ ਹੈ, ਉਸੇ ਤਰ੍ਹਾਂ ਇਸਾਈਆਂ ਦੀਆਂ ਲੜਕੀਆਂ ਨੂੰ ਵੀ ਪੰਜਾਬ ਸਰਕਾਰ 5,100 ਰੁਪਿਆ ਸ਼ਗਨ ਦੇ ਤੌਰ ਤੇ ਦੇਵੇਗੀ। ਕੀ ਇਸ ਦਾ ਫੈਸਲਾ ਸਰਕਾਰ ਨੇ ਕਰ ਦਿੱਤਾ ਹੈ ? ਜੇਕਰ ਨਹੀਂ, ਤਾਂ ਕਦੋਂ ਤੱਕ ਸਰਕਾਰ ਇਸ ਦਾ ਫੈਸਲਾ ਕਰ ਦੇਵੇਗੀ ਅਤੇ ਉਨ੍ਹਾਂ ਨੂੰ ਇਸ ਸਕੀਮ ਵਿਚ ਸ਼ਾਮਲ ਕਰ ਲਵੇਗੀ ?

ਸਰਦਾਰ ਗੁਲਜ਼ਾਰ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਬਾਰਡਰ ਤੇ ਨਹਿਰਾਂ ਦਾ ਪਾਣੀ ਪਾਕਿਸਤਾਨ ਦੇ ਵਿਚ ਜਾ ਰਿਹਾ ਹੈ ਔਰ ਇਹ ਪਾਣੀ ਬੀ. ਬੀ. ਐਮ. ਬੀ. ਦਾ ਹੈ ਜਦ ਕਿ ਮਾਝੇ ਦੇ ਜਿਲ੍ਹਿਆਂ ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿਚ ਪਾਣੀ ਦੀ ਕਿੱਲਤ ਮਹਿਸੂਸ ਹੋ ਰਹੀ ਹੈ। ਇਸ ਪਾਣੀ ਨੂੰ ਰੋਕਣ ਲਈ ਸਰਕਾਰ ਨੂੰ ਕੋਈ ਕਦਮ ਚੁੱਕਣੇ ਚਾਹੀਦੇ ਹਨ ਅਤੇ ਜਿਹੜੀ ਪਹਿਲੇ ਛੋਟ ਕਿਸਾਨਾਂ ਨੂੰ ਦਿੱਤੀ ਜਾਂਦੀ ਸੀ, ਉਹ ਦੇਣ ਦਾ ਫੈਸਲਾ ਕੀਤਾ ਜਾਵੇ। ਅਫਸਰ ਸਾਹਿਬਾਨ ਕਹਿੰਦੇ ਹਨ ਕਿ ਜਦ ਤੱਕ ਕੋਈ ਨਵੀਂ ਪਾਲਿਸੀ ਨਹੀਂ ਬਣ ਜਾਂਦੀ, ਤਦ ਤੱਕ ਕੁਝ ਨਹੀਂ ਕੀਤਾ ਜਾ ਸਕਦਾ। ਮੇਰੇ ਖਿਆਲ ਵਿਚ ਸਰਕਾਰ ਨੂੰ ਛੋਟ ਦੀ ਪ੍ਰਵਾਨਗੀ ਹਾਲ ਦੀ ਘੜੀ ਦੇ ਦੇਣੀ ਚਾਹੀਦੀ ਹੈ ਤਾਂ ਕਿ ਕਿਸਾਨ ਆਪਣੇ ਖੇਤਾਂ ਨੂੰ ਪਾਣੀ ਲਗਾ ਸਕਣ।

ਸਰਦਾਰ ਮਹੇਸ਼ ਇੰਦਰ ਸਿੰਘ : ਸਪੀਕਰ ਸਾਹਿਬ, ਜਿਸ ਦਿਨ ਤੋਂ ਇਹ ਹਾਊਸ ਕਾਂਸਟੀਚਿਊਟ ਹੋਇਆ ਹੈ, ਇਥੇ ਅਸੀਂ ਸਰਦਾਰ ਬੇਅੰਤ ਸਿੰਘ ਦੀ ਫੋਟੋ ਲੱਗੀ ਵੇਖੀ ਹੈ ਪਰ ਇਸ ਵਿਚ ਇਕ ਕਮੀ ਮਹਿਸੂਸ ਕੀਤੀ ਜਾ ਰਹੀ ਹੈ ਕਿ ਅਮਰ ਸ਼ਹੀਦ ਸਰਦਾਰ ਹਰਚੰਦ ਸਿੰਘ ਲੌਂਗੋਵਾਲ ਜਿਨ੍ਹਾਂ ਕਰਕੇ ਪੰਜਾਬ ਦੇ ਵਿਚ ਸ਼ਾਂਤੀ ਕਾਇਮ ਹੋਈ, ਉਸ ਸ਼ਾਂਤੀ ਦੇ ਹੀਰੋ ਦੀ ਫੋਟੋ ਵੀ ਲਗਾਈ ਜਾਵੇ। ਜਿਸ ਨੇ ਰਾਜੀਵ ਲੌਂਗੋਵਾਲ ਅਕਾਰਡ ਕੀਤਾ 1984 ਵਿਚ ਉਸ ਸਮੇਂ ਜਦੋਂ ਕੋਈ ਸਿੱਖ ਦਿੱਲੀ ਵੱਲ ਮੂੰਹ ਨਹੀਂ ਕਰਦਾ ਸੀ। ਉਨ੍ਹਾਂ ਨੇ ਪੰਜਾਬ ਵਿਚ ਸ਼ਾਂਤੀ ਲਈ ਪੰਜਾਬ ਅਕਾਰਡ ਕੀਤਾ ਅਤੇ ਸ਼ਹੀਦੀ ਪਾਈ। ਉਨ੍ਹਾਂ ਦੀ ਫੋਟੋ ਨੂੰ ਵੀ ਇਸੇ ਸੈਸ਼ਨ ਵਿਚ ਇਨਸਟਾਲ ਕੀਤਾ ਜਾਵੇ।

CALL ATTENTION NOTICES UNDER RULE 66

(Serial No. 26)

Shri Satya Pal Saini : Sir, I beg to draw the attention of the Government towards a matter of urgent public importance namely, the acute shortage of drinking water in many villages of Shahpur Kandi Area in Gurdaspur District and the people living in the area feel great difficulties due to non-availability of drinking water. The Government may please make a statement in the House in this behalf.

Minister for Food & Suplies, Public Health and Parliamentary Affairs (Shri Madan Mohan Mittal) : Shahpur Kandi Area is covered under Prov. Water Supply Scheme Shahpur Kandi, Block Dhar, District Hoshiarpur comprising of the following villages :—

1. Shahpur Kandi,
2. Kot.
3. Trehati.
4. Tikha Bassa.

The Scheme was commissioned initially during the year 1964 when two old wells existed each in villages Kot and Shahpur Kandi. It was augmented during the year 1985 when one more tubewell was installed near Ravi Bed. Due to construction of, Shahpur Kandi Dam, the population in these villages increased manifild. In order to cope with the increasing demand, two augmentation schemes have been prepared. An estimate of Rs. 97.61 lacs has been prepared for water supply Scheme Kot Matti and Thara Jhikla and its abadies, Block Dhar, District Gurdaspur under Kandi Area. However, one No. tubewell has been installed after obtaining Rs. 10 lacs from the District Planning Board against separate estimate. Another estimate for replacement of existing machinery under Water Supply Scheme Shahpur Kandi, Block Dhar, District Gurdaspur for Rs. 3.36 lacs has been prepared and it has since been approved by the District Planning Board in its meeting held on 4th December, 1995. The funds have been received. The work which is in progress, is likely to be completed upto September, 1997. After commissioning of these work, the acute shortage of drinking water being faced in these villages will be removed.

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਬਹੁਤ ਵੱਡੀ ਸਮੱਸਿਆ ਵੱਲ ਧਿਆਨ ਦਿੱਤਾ ਹੈ। ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਸਰਕਾਰ ਕਾਰਜ ਕੁਸ਼ਲਤਾ ਅਤੇ ਇਕਸੁਰਤਾ ਦੇ ਨਾਲ ਕੰਮ ਕਰਦੀ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਅਤੇ ਆਸ ਕਰਾਂਗਾ ਕਿ ਉਹ ਪਹਾੜੀ ਅਤੇ ਕੰਡੀ ਏਰੀਏ ਦੇ ਪਿੰਡਾਂ ਦੀ ਸਮੱਸਿਆ ਲਈ ਫੰਡਜ਼ ਦਾ ਪ੍ਰਬੰਧ ਕਰਨਗੇ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ 34 ਨੂੰ ਵੀ ਇਸ ਕਾਲ ਅਟੈਨਸ਼ਨ ਮੋਸ਼ਨ ਨਾਲ ਕਲੱਬ ਕੀਤਾ ਗਿਆ ਹੈ।

ਸ੍ਰੀ ਸਪੀਕਰ : ਤੁਸੀਂ ਸਪਲੀਮੈਂਟਰੀ ਨਾ ਪੁੱਛਣਾ, ਸਿਰਫ ਇਨਫਰਮੇਸ਼ਨ ਲਈ ਕਲੈਰੀਫਿਕੇਸ਼ਨ ਲੈ ਸਕਦੇ ਹੋ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਪਹਿਲਾਂ ਮੈਂ ਆਪਣੀ ਕਾਲ ਅਟੈਂਨਸ਼ਨ ਮੋਸ਼ਨ ਨੰ. 34 ਪੜ੍ਹ ਦਿੰਦਾ ਹਾਂ ।

(Serial No. 34)

1. **Master Mohan Lal**
2. **Shri Ram Lal**

} :Sir, I beg to draw the attention of the Government towards a matter of urgent public importance namely, big amount of money has been wasted to lay down the pipes for the supply of water in the Dhar-Sub-Tehsil in Pathankot Sub Division. The pipes are laid down from BASSA village to village Dunera. The pipes are worth Rs. 9,00,000 but people are still crying for drinking water. The matter is of grave nature. On the one hand there is severe scarcity of drinking water in Dunera area while on the other hand department has wasted money in a huge amount. Hence this Motion.

Minister for Food and Supplies, Public Health and Parliamentary Affairs (Shri Madan Mohan Mittal) : For providing drinking water to Dunera area, Dhar Sub Tehsil, Pathankot Sub-Division, Water Supply Scheme was initially commissioned in the year 1967.

The existing arrangement being inadequate due to many-fold increase in the population and also the increased demand of water, a scheme for augm tation of water Supply to village Dunera was prepared in two phases in the year 1994. Against an estimate of Rs. 71.03 lacs for phase-I, the funds to the tune of Rs. 63.15 lacs were provided by Rural Development Board. Partial work i.e. construction of collecting tank, laying of rising main and construction of under-ground service reservoir has been done.

To complete the balance work and to commission this Phase-I a revised estimate amounting to Rs. 127.95 lacs was sent to Rural Development Board. The Board declined to provide funds for this scheme. This revised estimate has now been sent to the Board for providing funds under Augmentation Kandi Area programme. The estimate for Phase-II amounting to Rs. 95.92 lacs has also been sent under Augmentation Kandi Area Programme.

[Minister for Public Health]

No pipeline for village Bassa to Dunera has been laid down and no expenditure on this account has been incurred.

The amount to the tune of Rs. 91.56 lacs already spent against Phase-I scheme could not be put into use due to non-completion of whole project for want of additional funds. On receipt of requisite funds, or Phase-I and Phase-II, the scarcity of drinking water being faced presently in Dunera area will be solved after completing the balance work.

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਇਹੀ ਬੇਨਤੀ ਕਰਨੀ ਹੈ ਕਿ ਇਕ ਕਰੋੜ ਰੁਪਿਆ ਸੈਂਕਸ਼ਨ ਕੀਤਾ ਹੈ ਤਾਂ ਕਿ 31 ਮਾਰਚ ਤੱਕ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਵਿਛਾ ਦਿੱਤੀਆਂ ਜਾਣ । ਏਨਾ ਸਾਰਾ ਪ੍ਰਬੰਧ ਕੀਤਾ ਗਿਆ ਹੈ ਪਰ ਪਾਣੀ ਜਿਥੋਂ ਪਹੁੰਚਾਉਣਾ ਹੈ ਅਤੇ ਜਿਥੇ ਆਖੀਰ ਵਿਚ ਪਹੁੰਚਣਾ ਹੈ, ਉਥੇ ਕਿਸੇ ਕਿਸਮ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ । ਸਪੀਕਰ ਸਾਹਿਬ, 90 ਲੱਖ ਰੁਪਏ ਦੀਆਂ ਪਾਈਪ ਧਰਤੀ ਵਿੱਚ ਗੱਡ ਦਿੱਤੀਆਂ ਗਈਆਂ ਹਨ । 1 ਕਰੋੜ ਰੁਪਿਆ ਧਰਤੀ ਵਿੱਚ ਗੱਡਿਆ ਪਿਆ ਹੈ । ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਅਫਸਰਾਂ ਨੇ ਇਹ ਅਣਗਹਿਲੀ ਕੀਤੀ ਹੈ, ਕੀ ਇਹ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈਣਗੇ ?

ਮੰਤਰੀ : ਸਰ, ਮੈਂ ਬੜੀ ਡਿਟੇਲ ਵਿਚ ਦੱਸ ਦਿੱਤਾ ਹੈ ਕਿ ਏਨਾ ਅਮਾਊਂਟ ਸੈਂਕਸ਼ਨ ਹੋਇਆ ਹੈ ਅਤੇ ਏਨਾ ਮਿਲਿਆ ਹੈ । ਇਹ ਕਮਿਸ਼ਨ ਇਸ ਕਰਕੇ ਨਹੀਂ ਹੋ ਸਕਿਆ ਕਿਉਂਕਿ ਪੈਸੇ ਦੀ ਘਾਟ ਹੈ । ਇਨ੍ਹਾਂ ਨੂੰ ਲੱਗਦਾ ਹੈ ਕਿ ਪੈਸੇ ਵੇਸਟ ਹੋ ਗਏ ਹਨ । Part of the work has been done. The grievance of the Hon'ble Member is understandable because the main work has not been commissioned.

Mr. Speaker: Next Call Attention Notice. Mrs. Chawla.

(संख्या 27)

श्रीमती लक्ष्मी कांता चावला : मैं सरकार का ध्यान जनहित के एक अत्यन्त महत्वपूर्ण विषय की ओर आकर्षित करना चाहती हूं अर्थात, इन दिनों अमृतसर शहर में गन्दगी और कूड़े के ढेर लगे हैं, सप्ताह में तीन दिन सफाई कर्मचारी काम पर नहीं आते । मच्छरों, मक्खियों की भरमार है और बिमारियां फैलने का डर है । सरकार इस सम्बन्ध में शीघ्र कार्यवाही करे और सदन में वक्तव्य दे ।

यह समस्या मनुष्य जीवन और स्वास्थ्य के लिए अत्यन्त खतरनाक है; इस लिए इसे स्वीकार किया जाए ।

अध्यक्ष महोदय जी, धन्यवाद और विशेष धन्यवाद इसलिए कि आज मुझे ध्यानाकर्षण प्रस्ताव की एक प्रति हिन्दी में दी गई है और मेरी प्रार्थना स्वीकार

की गई है । इन दिनों अमृतसर शहर में गन्दगी और कूड़े के ढेर लगे हैं और गन्दगी सड़कों पर फैली हुई है । सफाई कर्मचारी भी सप्ताह में 5 दिन से ज्यादा नहीं आते और अगर कोई छुट्टी हो जाए तो 4 दिन ही आते हैं । इस कारण वहां मच्छरों और मक्खियों की जनसंख्या काफी बढ़ गई है जिस कारण वहां बीमारी फैलने का काफी डर है । वहां गन्दा पानी नालियों से निकल कर सड़कों पर फैल जाता है जिस कारण काफी चिंताजनक हालत बन चुकी है । इस के बारे में सरकार क्या कर रही है और क्या करना चाहती है, इस बारे में वह सदन में वक्तव्य दे और शीघ्र कार्यवाही करे क्योंकि वहां बीमारी फैलने का डर है ।

ਸਥਾਨਕ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਅਤੇ ਤਕਨੀਕੀ ਸਿੱਖਿਆ ਮੰਤਰੀ (ਸ੍ਰੀ ਬਲਰਾਮ ਜੀ ਦਾਸ ਟੰਡਨ) : ਅੰਮ੍ਰਿਤਸਰ ਸ਼ਹਿਰ ਵਿਚ ਸਫਾਈ ਦੇ ਕੰਮ ਲਈ 1702 ਸਫਾਈ ਕਰਮਚਾਰੀ ਲਗਾਏ ਗਏ ਹਨ । ਸ਼ਹਿਰ ਦੀਆਂ ਵੱਖ ਵੱਖ ਬਸਤੀਆਂ ਦਾ ਕੂੜਾ ਕਰਕਟ ਪਹਿਲਾਂ ਸ਼ਹਿਰ ਵਿਚ 200 ਭਿੰਨ ਭਿੰਨ ਸੰਗ੍ਰਹਿ ਕੇਂਦਰਾਂ (ਕੁਲੈਕਸ਼ਨ ਪੁਆਇੰਟਸ) ਤੇ ਇਕੱਠਾ ਕੀਤਾ ਜਾਂਦਾ ਹੈ ਜਿਥੇ ਕਿ ਬਰਾਬਰ ਗਿਣਤੀ ਵਿਚ ਵੱਡੇ ਵੱਡੇ ਕੂੜਾਦਾਨ ਰੱਖੇ ਹੋਏ ਹਨ । ਫਿਰ ਇਸ ਨੂੰ 15 ਡੰਪਰ ਪਲੇਸਰਜ਼ ਅਤੇ 60 ਟਰੈਕਟਰ ਟਰਾਲੀਆਂ ਦੀ ਸਹਾਇਤਾ ਨਾਲ ਭਬਾਲ ਸੜਕ ਤੇ ਕੂੜੇ ਦੇ ਡੰਪ ਤੇ ਲਿਜਾਇਆ ਜਾਂਦਾ ਹੈ । ਹਰ ਰੋਜ਼ ਕੂੜਾ ਕਰਕਟ ਚੁੱਕਣਾ ਯਕੀਨੀ ਬਣਾਉਣ ਲਈ 5 ਨਵੇਂ ਡੰਪਰ ਪਲੇਸਰਜ਼ ਅਤੇ 10 ਟਰਾਲੀਆਂ ਪਿਛਲੇ ਕੁਝ ਹੀ ਦਿਨਾਂ ਵਿਚ ਖਰੀਦੀਆਂ ਗਈਆਂ ਹਨ ।

ਇਹ ਕਹਿਣਾ ਗਲਤ ਹੈ ਕਿ ਸਫਾਈ ਮਜ਼ਦੂਰ ਹਫਤੇ ਵਿਚ ਤਿੰਨ ਵਾਰ ਡਿਊਟੀ ਤੇ ਨਹੀਂ ਆਉਂਦੇ । ਦਰਅਸਲ ਉਨ੍ਹਾਂ ਨੂੰ ਹਫਤੇ ਵਿਚ ਇਕ ਹੀ ਛੁੱਟੀ ਦਿਤੀ ਜਾਂਦੀ ਹੈ । ਮੱਛਰ ਅਤੇ ਮੱਖੀਆਂ ਦੀ ਰੋਕਥਾਮ ਲਈ ਦੋ ਜੀਪ ਮਾਊਂਟਡ ਫੌਗਿੰਗ ਮਸ਼ੀਨਾਂ ਅਮਲ ਵਿਚ ਲਿਆਂਦੀਆਂ ਗਈਆਂ ਹਨ । ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿਚ ਨਿਯਮਤ ਤੌਰ ਤੇ ਫੌਗਿੰਗ ਕੀਤੀ ਜਾ ਰਹੀ ਹੈ । ਉਪਰੋਕਤ ਪ੍ਰਬੰਧਾਂ ਦੇ ਮਨਮੁੱਖ ਸ਼ਹਿਰ ਵਿਚ ਕੋਈ ਬੀਮਾਰੀ ਫੈਲਣ ਦਾ ਡਰ ਨਿਰਾਧਾਰ ਹੈ ।

श्रीमती लक्ष्मी कांता चावला : स्पीकर साहिब, मुझे बड़े अफसोस के साथ कहना पड़ता है कि मुझे लगता है कि यह विवरण अमृतसर का नहीं, चंडीगढ़ का है । यहां चंडीगढ़ में वाकई कूड़ा नहीं है और कोई बिमारी फैलने का कोई खतरा नहीं है । मेरा निवेदन है कि कांग्रेस राज के 13 महीनों में और हमारे राज के 4 महीनों में, इन पिछले 17 महीनों में सफाई कर्मचारियों ने एक प्रोटैस्ट कर रखा है कि या तो 13वें महीने की हमें तनख्वाह दो, नहीं तो हम शनिवार को काम नहीं करेंगे और जैसे दूसरे कर्मचारी शनिवार को छुट्टी करते हैं, वैसे ही हम भी छुट्टी करेंगे । चुनाव के दिनों में सफाई कर्मचारियों ने छह दिन काम करना माना था । उस वक्त के एफ. एम. डाक्टर केवल कृष्ण जी वहां गये थे और सफाई कर्मचारियों के लिए 13वें महीने की तनख्वाह देने का ऐलान

[श्रीमती लक्ष्मी कांता चावला]
किया था लेकिन फिर भी शनिवार और रविवार को ये कर्मचारी काम करने नहीं आते। आज की तारीख में भी नहीं आते। मेरे इलाके में 400 क्विंटल कूड़ा डेअली इकट्ठा होता है। शुक्रवार को कर्मचारी आते नहीं हैं। उस के बाद शनि और रविवार को वे छुट्टी कर लेते हैं। इन तीन दिनों का कूड़ा 1200 क्विंटल हो जाता है। यह 1200 क्विंटल कूड़ा उठाते उठाते फिर अगला वीरवार आ जाता है। कागजों में जो लिखा है, वह असलियत नहीं है। कागजों में तो बहुत सुंदर विवरण दिया होता है। मेरा निवेदन है कि इस शहर को खूबसूरत बनाया जाए और जो वहां कूड़े के ढेर पड़े हैं, उन को दूर करवा के सीवरेज का गंदा पानी भी खत्म करवा दें। सफाई कर्मचारी जो एक दिन की छुट्टी करते हैं, उस के लिए भी रिलीवर की व्यवस्था होती है। कूड़ा उठाने के लिए जो गाड़ियां हैं, वे भी प्रदूषण फैलाती हैं। अगर मेरा कहना गलत है तो कल नहीं, आज ही यहां से मंत्री जी खुद चलें और साथ में 4-5 विधायक भी चलें और फिर रविवार को वहां क्या हालत होगी, खुद देख लें। अमृतसर हमारा अपना शहर है, बलरामजी दास टंडन जी का अपना शहर है, गुरु राम दास जी की नगरी है, जनता का शहर है और जनता तो भगवान की बनाई हुई होती है। इस लिए इस शहर को साफ सुथरा बनाया जाए। हिन्दु कालेज के आगे देख लिया जाए कि वहां कितना गंद है। वहां कऊए मांस के टुकड़े उठा के ले जाते हैं। जो गाड़ियां हैं, वे कूड़ा उठाती नहीं, फैलाती हैं। जिस रास्ते में से वे जाती हैं, किलो-दो-किलो कूड़ा तो वहां गिर ही जाता है। फिर भी अमृतसर मेरा अपना शहर है, गुरु राम दास जी का शहर है। इस को साफ सुथरा बनाया जाए। मच्छर, मक्खियां मारने की गाड़ियां तभी आती हैं . . . .

ਸ੍ਰੀ ਸਪੀਕਰ ; ਚਾਵਲਾ ਜੀ, ਹੁਣ ਬੱਸ ਕਰੋ। ਟੰਡਨ ਸਾਹਿਬ, ਜਵਾਬ ਦਿਓ।

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਇਸ ਗੱਲ ਦਾ ਜਵਾਬ ਦੇ ਚੁੱਕਾ ਹਾਂ। ਜਿਹੜੀ ਕੋਈ ਕਮੀ ਇਨ੍ਹਾਂ ਨੇ ਧਿਆਨ ਵਿਚ ਲਿਆਂਦੀ ਹੈ, ਉਸ ਨੂੰ ਮੱਦੇਨਜ਼ਰ ਰੱਖ ਕੇ ਜੋ ਕੁਝ ਸੁਧਾਰ ਹੋ ਸਕਦਾ ਹੋਵੇਗਾ, ਜ਼ਰੂਰ ਕਰਾਂਗੇ।

PAPERS LAID ON THE TABLE

Minister for Parliamentary Affairs (Shri Madan Mohan Mittal) : Sir, I beg to lay on the Table :—

1. The 14th Annual Report of the Goindwal Industrial and Investment Corporation of Punjab Ltd. for the year 1994-95, as required under section 619-A of the Companies Act, 1956.

2. The 12th Annual Report & Accounts of the Punjab Tourism Development Corporation Ltd. for the year 1990-91, as required under section 619-A of the Companies Act, 1956.

3. The Statement showing the Reasons for delay in laying the Annual Reports of the Punjab State Leather Development Corporation Ltd. for the years 1992-93 to 1994-95.

DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 1997-98

Mr. Speaker: There are two Demands for Grants i. e. Demand No. 12 and Demand No. 5 relating to Home Affairs & Justice and Education respectively for discussion. If the Hon'ble Members agree these may be deemed to have been read and moved.

(Voices: Yes, Yes.)

Demand No. 12

That a sum not exceeding Rs. 5,71,07,19,000 on Revenue Account and Rs. 47,28,34,000 on Capital Account be granted to the Governor to defray the charges that will come in course of payment for the year 1997-98, in respect of Home Affairs and Justice.

Demand No. 5

That a sum not exceeding Rs. 10,32,00,70,000 on Revenue Account and Rs. 1,40,00,000 on Capital Account be granted to the Governor to defray the charges that will come in course of payment for the year 1997-98, in respect of Education.

ਸੰਸਦੀ ਮਾਮਲਿਆਂ ਦੇ ਮੰਤਰੀ: ਸਪੀਕਰ ਸਾਹਿਬ, ਇਕ ਚੀਜ਼ ਇਹ ਵੀ ਕਰ ਦਿਓ ਕਿ ਦੋਨਾਂ ਡਿਮਾਂਡਜ਼ ਤੇ ਇਕੱਠਿਆਂ ਹੀ ਬਹਿਸ ਕੀਤੀ ਜਾਵੇਗੀ।

ਸ੍ਰੀ ਸਪੀਕਰ: ਠੀਕ ਹੈ। The Hon'ble Members may indicate the Demand number on which they would like to raise discussion.

ਸਰਦਾਰ ਅਵਤਾਰ ਸਿੰਘ ਬਰਾੜ (ਫਰੀਦਕੋਟ): ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਜਿਨ੍ਹਾਂ ਨੇ ਹਾਊਸ ਦੇ ਸਾਹਮਣੇ ਅਤੇ ਹਾਜ਼ਰ ਮਾਨਯੋਗ ਮੈਂਬਰਾਂ ਦੇ ਸਾਹਮਣੇ ਡੀਮਾਂਡ ਨੰ: 12 ਅਤੇ ਡਿਮਾਂਡ ਨੰ:5 ਤੇ ਮੈਨੂੰ ਕੁਝ ਸ਼ਬਦ ਕਹਿਣ ਦਾ ਮੌਕਾ ਦਿੱਤਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੈਸਿਆਂ ਦੇ ਨਾਲ ਹੀ ਸਰਕਾਰਾਂ ਚਲਦੀਆਂ ਹਨ ਔਰ ਇਹ ਸਾਰਾ ਸਿਸਟਮ ਅੱਜ ਦਾ ਨਹੀਂ, ਕਾਫੀ ਦੇਰ ਤੋਂ ਚਲਿਆ ਆ ਰਿਹਾ ਹੈ। ਜਿੱਥੋਂ ਤੱਕ ਡੀਮਾਂਡ ਨੰ: 12 ਦਾ ਤਾਅਲੁੱਕ ਹੈ ਜਿਹੜੀ ਕਿ ਹੋਮ ਵਿਭਾਗ ਦੇ ਨਾਲ ਸਬੰਧ ਰੱਖਦੀ ਹੈ, ਇਸ ਦੇ ਸਬੰਧ ਵਿੱਚ ਸਮੇਂ ਦੇ ਅਨੁਸਾਰ ਜੋ ਸ਼ੰਕੇ ਉਠਾਏ ਜਾ ਰਹੇ ਹਨ, ਉਹ ਮੈਂ

[ਸਰਦਾਰ ਅਵਤਾਰ ਸਿੰਘ ਬਰਾੜ]

ਤੁਹਾਡੇ ਰਾਹੀਂ ਇਸ ਹਾਊਸ ਦੇ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ। ਆਪਣੀ ਗੱਲ ਕਹਿੰਦਿਆਂ ਇਸ ਹਾਊਸ ਦੇ ਮੈਂਬਰ ਮਾਸਟਰ ਮੋਹਨ ਲਾਲ ਜੀ ਨੇ ਇਕ ਦਿਨ ਪਹਿਲਾਂ ਪਠਾਨਕੋਟ ਦਾ ਜ਼ਿਕਰ ਕੀਤਾ ਸੀ। ਤੁਹਾਡੇ ਸਾਹਮਣੇ ਪਿਛਲੇ ਦਿਨੀਂ ਬੜੀਆਂ ਹੀ ਦੁਖਦਾਈ ਘਟਨਾਵਾਂ ਪੰਜਾਬ ਦੇ ਵਿੱਚ ਵਾਪਰੀਆਂ, ਚਾਰ ਬੰਬ ਘਟਨਾਵਾਂ ਹੋਈਆਂ ਅਤੇ ਉਸ ਦੇ ਸਬੰਧ ਵਿੱਚ ਇਸ ਹਾਊਸ ਦੇ ਵਿੱਚ ਚਰਚਾ ਵੀ ਹੋਇਆ। ਸਰਦਾਰ ਅਜੀਤ ਸਿੰਘ ਸੰਧੂ ਦਾ ਚਲੇ ਜਾਣਾ ਸਾਰੇ ਪੰਜਾਬ ਵਿਚ ਹੀ ਨਹੀਂ ਸਗੋਂ ਸਮੁੱਚੇ ਹਿੰਦੁਸਤਾਨ ਵਿੱਚ ਵੀ ਚਰਚਾ ਦਾ ਵਿਸ਼ਾ ਬਣਿਆ। ਇਨ੍ਹਾਂ ਘਟਨਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਇਕਲਾ ਮੈਂ ਹੀ ਨਹੀਂ ਸਗੋਂ ਪੰਜਾਬ ਦੇ ਲੋਕ ਜਾਂ ਪੰਜਾਬ ਤੋਂ ਬਾਹਰ ਬੈਠੇ ਲੋਕ ਚਾਹੇ ਉਹ ਦੇਸ਼ ਦੇ ਅੰਦਰ ਹਨ ਅਤੇ ਚਾਹੇ ਉਹ ਲੋਕ ਦੇਸ਼ ਤੋਂ ਬਾਹਰ ਬੈਠੇ ਹਨ ਜਿਨ੍ਹਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਦੇ ਨਾਲ ਆਪਣਾ ਰਿਸ਼ਤਾ ਜੋੜਿਆ ਹੋਇਆ ਹੈ ਅਤੇ ਜੋ ਪੰਜਾਬ ਦੇ ਦਰਦ ਨੂੰ, ਪੰਜਾਬ ਦੀ ਗਮੀ ਅਤੇ ਖੁਸ਼ੀ ਨੂੰ ਚਾਹੇ ਉਹ ਕਿਸੇ ਦੀ ਵੀ ਕਿਉਂ ਨਾ ਹੋਵੇ, ਸਾਡੇ ਵਾਂਗ ਹੀ ਮਹਿਸੂਸ ਕਰਦੇ ਹਨ ਅਤੇ ਸਾਡੀ ਚਿੰਤਾ ਕਰ ਰਹੇ ਹਨ ਕਿ ਕਿਤੇ ਉਹ ਮਾੜੇ ਦਿਨ ਜੋ ਪੰਜਾਬ ਦੇ ਲੋਕਾਂ ਨੇ ਹੰਢਾਏ ਹਨ, ਜੋ ਪੰਜਾਬ ਦੇ ਲੋਕਾਂ ਨੇ ਆਪਣੀ ਆਤਮਾ ਦੇ ਨਾਲ, ਆਪਣੇ ਸਰੀਰ ਦੇ ਨਾਲ, ਆਪਣੇ ਜੁੱਸੇ ਦੇ ਨਾਲ ਹੰਢਾਏ ਹਨ, ਉਹ ਬਦਨਸੀਬ ਦਿਨ ਕਿਤੇ ਮੁੜ ਕੇ ਫਿਰ ਨਾ ਦੇਖਣੇ ਪੈ ਜਾਣ। ਮੈਨੂੰ ਅੱਜ ਵੀ ਚੇਤਾ ਆਉਂਦਾ ਹੈ, ਇਸ ਹਾਊਸ ਦੇ ਵਿੱਚ ਕਿਸੇ ਜ਼ਮਾਨੇ ਵਿੱਚ ਰਹਿ ਚੁੱਕੇ ਆਦਰਯੋਗ ਮੈਂਬਰ ਚਾਹੇ ਉਹ ਹਿੱਤ ਅਭਿਲਾਸ਼ੀ ਜੀ ਸੀ, ਚਾਹੇ ਲਾਲਾ ਭਗਵਾਨ ਦਾਸ, ਸਰਦਾਰ ਜਗਰੂਪ ਸਿੰਘ ਜਾਂ ਕਾਮਰੇਡ ਅਰਜਨ ਸਿੰਘ ਸੀ, ਉਹ ਸਾਰੇ ਇਸ ਦੌਰ ਦਾ ਸ਼ਿਕਾਰ ਹੋ ਗਏ।

*10.27 ਪੂਰਵ ਦੁਪਹਿਰ

(ਇਸ ਸਮੇਂ* ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਵੱਡੇ ਵੱਡੇ ਲੀਡਰਾਂ ਦੀਆਂ ਬੇਵਕਤ ਮੌਤਾਂ ਬਾਰੇ ਅਤੇ ਉਨ੍ਹਾਂ ਤੇ ਹੋਏ ਕਾਤਲਾਨਾ ਹਮਲਿਆਂ ਬਾਰੇ ਸੁਣ ਕੇ, ਪੜ੍ਹ ਕੇ ਦਿਲ ਕੰਬ ਉਠਦਾ ਸੀ। ਕਿਸ ਤਰ੍ਹਾਂ ਮੋਟਰ ਸਾਈਕਲ ਖਰੀਦਣ ਲਈ ਸਲਾਹਾਂ ਦਿੱਤੀਆਂ ਜਾਂਦੀਆਂ ਸਨ ਅਤੇ ਮਨੁੱਖੀ ਸਿਰਾਂ ਦੀਆਂ ਪਰਚੀਆਂ ਘੜਿਆਂ ਦੇ ਵਿੱਚੋਂ ਨਿਕਲਦੀਆਂ ਸਨ। ਉਦੋਂ ਬੜੇ ਵੱਡੇ ਵੱਡੇ ਲੀਡਰ ਮਾਰੇ ਗਏ ਔਰ ਕਈ ਲੋਕ ਦਾਰਸ਼ਨਿਕ ਬਣ ਕੇ ਪੰਜਾਬ ਨੂੰ ਬਰਬਾਦ ਹੁੰਦਿਆਂ ਵੇਖਦੇ ਰਹੇ। ਉਹ ਹੁਣ ਵੀ ਚੁੱਪ ਹਾਂ.....

ਸਰਦਾਰ ਤੋਤਾ ਸਿੰਘ: ਪੁਆਇੰਟ ਆਫ ਆਰਡਰ, ਸਰ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਕ੍ਰਿਪਾ ਕਰਕੇ ਇਹ ਜ਼ਖਮ ਨਾ ਛੇੜੋ। ਮਾਰਕ ਟੱਲੀ ਬੀ. ਬੀ. ਸੀ. ਦਾ ਇਕ ਬਹੁਤ ਵੱਡਾ ਪੱਤਰ ਕਾਰ ਸੀ। ਉਸ ਨੇ ਇਸ ਬਾਰੇ ਕਿਤਾਬ ਲਿਖੀ ਹੈ। ਉਹ ਕਿਤਾਬ ਪੜ੍ਹ ਕੇ ਦੇਖੋ ਕਿ ਇਹ ਸਾਰੀ ਦੇਣ ਕਿਸ ਦੀ ਹੈ। ਦਲ ਖਾਲਸਾ ਕਿਸ ਨੇ ਖੜ੍ਹਾ ਕੀਤਾ, ਇਹ ਦਲ ਖਾਲਸਾ ਕਿਸ ਹੋਟਲ ਵਿੱਚ ਬਣਿਆ ਅਤੇ ਉਸ ਹੋਟਲ ਦਾ ਬਿਲ ਕਿਸ ਨੇ ਦਿੱਤਾ ਔਰ ਉਸ ਤੋਂ ਮਗਰੋਂ ਕਿਹੜੀ ਕਿਹੜੀ ਗੱਲ ਨਹੀਂ ਹੋਈ.. .(ਵਿਘਨ)

ਸਰਦਾਰ ਅਵਤਾਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਕਿਸੇ ਦਾ ਨਾਂ ਨਹੀਂ ਲਿਆ। ਇਹ ਮੇਰੇ ਇਲਾਕੇ ਦੇ ਹਨ। ਅਸੀਂ ਦੋਵੇਂ ਬੜੇ ਅੱਛੇ ਮਿੱਤਰ ਹਾਂ। ਇਹ ਬੜੇ ਨੇਕ ਇਨਸਾਨ ਹਨ। ਪਤਾ ਨਹੀਂ ਇਨ੍ਹਾਂ ਨੂੰ ਕਿਉਂ ਸ਼ੱਕ ਪੈ ਗਿਆ ਹੈ। ਮੈਂ ਤਾਂ ਇਨ੍ਹਾਂ ਦਾ ਜ਼ਿਕਰ ਨਹੀਂ ਕੀਤਾ, ਮੈਂ ਤਾਂ ਕਿਸੇ ਦਾ ਵੀ ਜ਼ਿਕਰ ਨਹੀਂ ਕਰ ਰਿਹਾ....(ਵਿਘਨ) ਮੈਂ ਤਾਂ ਉਨ੍ਹਾਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ ...(ਵਿਘਨ) ਔਰ ਜਿੱਥੋਂ ਤੱਕ ਤਾਅਲੁੱਕ ਹੈ ਜਾਂਚ ਪੜਤਾਲ ਦਾ, ਸਾਡੇ ਆਦਰਯੋਗ ਭੈਣ ਜੀ ਜੋ ਕਿ ਇਸ ਪਾਰਟੀ ਦੇ ਲੀਡਰ ਹਨ ਔਰ ਇਸ ਵਿਧਾਨ ਸਭਾ ਵਿਚ ਆਪੋਜ਼ੀਸ਼ਨ ਦੇ ਲੀਡਰ ਹਨ, ਉਹ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਇਸ ਸਮੁੱਚੇ ਮਾਮਲੇ ਦੀ ਪੜਤਾਲ ਕਰਾਓ। ਅਸੀਂ ਇਸ ਪੜਤਾਲ ਦਾ ਸਾਹਮਣਾ ਕਰਨ ਲਈ ਤਿਆਰ ਹਾਂ। ਇਹ ਪੜਤਾਲ ਸੱਚ ਸਿੱਧ ਕਰ ਦੇਵੇਗੀ ਕਿ ਕੌਣ ਲੋਕ ਸਨ ਜਿਨ੍ਹਾਂ ਨੇ ਅੱਤਵਾਦ ਨੂੰ ਉਤਸ਼ਾਹਿਤ ਕੀਤਾ, ਕੌਣ ਲੋਕ ਸਨ ਜਿਹੜੇ ਅੱਤਵਾਦ ਦੇ ਸਮੇਂ ਲੋਕਾਂ ਵੱਲ ਪਿੱਠ ਕਰਕੇ ਖੜ੍ਹੇ ਹੋ ਗਏ। ਡਿਪਟੀ ਸਪੀਕਰ ਸਾਹਿਬ, ਏਥੋਂ ਤੱਕ ਕਿ....(ਵਿਘਨ)

ਸਰਦਾਰ ਸ਼ਰਵਣ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਇਨ੍ਹਾਂ ਦੇ ਇਕ ਬਹੁਤ ਵੱਡੇ ਲੀਡਰ ਜਿਹੜੇ ਕਿ ਫੌਰਨ ਮਨਿਸਟਰ ਵੀ ਰਹੇ ਸੈਂਟਰ ਦੀ ਸਰਕਾਰ ਵਿਚ, ਨੇ ਸਟੇਟਮੈਂਟ ਦਿੱਤੀ ਸੀ ਅਤੇ ਜਿਨ੍ਹਾਂ ਬਾਰੇ ਇਹ ਗੱਲ ਕਰਦੇ ਹਨ, ਉਨ੍ਹਾਂ ਨੂੰ ਇਕ ਮਹਾਨ ਸੰਤ ਕਿਹਾ ਸੀ। ਉਸ ਬਾਰੇ ਇਹ ਕੀ ਗੱਲ ਕਰਨਾ ਚਾਹੁੰਦੇ ਹਨ।

ਸਰਦਾਰ ਅਵਤਾਰ ਸਿੰਘ ਬਰਾੜ ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਕਿਸੇ ਦਾ ਨਾਂ ਨਹੀਂ ਲਿਆ, ਕਿਸੇ ਵੀ ਵਿਅਕਤੀ ਦਾ ਨਾਂ ਨਹੀਂ ਲਿਆ। ਮੈਂ ਹੈਰਾਨ ਹਾਂ ਜਦੋਂ ਇਹ ਬੋਲਦੇ ਹਨ ਤਾਂ ਅਸੀਂ ਚੁਪ ਚਾਪ ਸੁਣਦੇ ਹਾਂ ਪਰ ਹੁਣ ਇਹ ਸਾਡੀ ਗੱਲ ਸੁਣਦੇ ਨਹੀਂ। ਮੈਂ ਤਾਂ ਅਜੇ ਇਕ ਮਿੰਟ ਹੀ ਬੋਲਿਆ ਹਾਂ।

ਸਰਦਾਰ ਗੁਰਦੇਵ ਸਿੰਘ ਸਿੱਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਸਰਦਾਰ ਅਵਤਾਰ ਸਿੰਘ ਬਰਾੜ ਜਿਹੜੀਆਂ ਗੱਲਾਂ ਬੋਲਣਾ ਚਾਹੁੰਦੇ ਹਨ, ਉਨ੍ਹਾਂ ਗੱਲਾਂ ਦਾ ਚੈਪਟਰ ਨਾ ਹੀ ਖੋਲ੍ਹਿਆ ਜਾਵੇ ਤਾਂ ਚੰਗਾ ਹੈ। ਮੇਰੀ ਭੈਣ ਬੀਬੀ ਰਾਜਿੰਦਰ ਕੌਰ ਭੱਠਲ ਦੇ ਭਤੀਜੇ ਨੂੰ ਚੁਕ ਕੇ ਲੈ ਗਏ ਸਨ। ਉਸ ਨੂੰ ਛੁਡਾਉਣ ਵਾਸਤੇ ਸੰਗਰੂਰ ਜੇਲ੍ਹ ਵਿਚੋਂ ਕਿੰਨੇ ਅੱਤਵਾਦੀਆਂ ਨੂੰ ਛੱਡਿਆ ਗਿਆ ਸੀ। ਫਿਰ ਸੰਤੋਖ ਸਿੰਘ ਰੰਧਾਵੇ ਦਾ ਇਕ ਹਮਾਇਤੀ ਅੱਤਵਾਦੀ ਇਸ ਕਰਕੇ ਮਰਵਾ ਦਿਤਾ ਗਿਆ ਕਿ ਕਿਤੇ ਉਹ ਮੂੰਹ ਨਾ ਖੋਲ੍ਹ ਦੇਵੇ। ਹੋਰ ਤਾਂ ਹੋਰ ਤੁਸੀਂ ਬਿੱਟਾ ਦੀ ਸਟੇਟਮੈਂਟ ਪੜ੍ਹ ਲਓ। ਉਹ ਤਾਂ ਇਨ੍ਹਾਂ ਦੀ ਆਪਣੀ ਪਾਰਟੀ ਦਾ ਲੀਡਰ ਹੈ ਤੇ ਨਾਲੇ ਆਲ ਇੰਡੀਆ ਯੂਥ ਕਾਂਗਰਸ ਦਾ ਪ੍ਰਧਾਨ ਵੀ ਰਿਹਾ ਹੈ। ਉਸ ਨੇ ਵੀ ਕਿਹਾ ਹੈ ਅੱਤਵਾਦ ਕਾਂਗਰਸ ਦਾ ਹੀ ਪੈਦਾ ਕੀਤਾ ਹੋਇਆ ਹੈ। ਇਸ ਕਿਸਮ ਦੀਆਂ ਗੱਲਾਂ ਜੇਕਰ ਇਹ ਕਰਨਗੇ ਤਾਂ ਸਾਨੂੰ ਵੀ ਇਕੱਲੀ ਇਕੱਲੀ ਗੱਲ ਦਾ ਜਵਾਬ ਦੇਣਾ ਆਉਂਦਾ ਹੈ। ਸਾਨੂੰ ਵੀ ਖੁਲ੍ਹਾ ਟਾਈਮ ਦਿਓ ਤਾਂ ਕਿ ਪਾਜ ਖੋਲ੍ਹ ਸਕੀਏ ਕਿ ਕਿਸ ਨੇ ਪੰਜਾਬ ਦੀ ਤਬਾਹੀ ਕੀਤੀ ਹੈ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਡਿਪਟੀ ਸਪੀਕਰ ਸਾਹਿਬ, ਮੈਂ ਪੁਆਇੰਟ ਆਫ ਕਲੈਰੀਫਿਕੇਸ਼ਨ ਤੇ ਕਹਿਣਾ ਚਾਹੁੰਦੀ ਹਾਂ । ਮੈਨੂੰ ਬੜਾ ਅਫਸੋਸ ਅਤੇ ਦੁੱਖ ਹੈ । ਅਸੀਂ ਚਾਹੁੰਦੇ ਹਾਂ ਕਿ ਹਾਊਸ ਨੂੰ ਅੱਛੇ ਢੰਗ ਦੇ ਨਾਲ ਚਲਾਇਆ ਜਾਵੇ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਹ ਜੋ ਮਰਜ਼ੀ ਹੈ, ਕਹੀ ਜਾਣ । ਜੇ ਕੋਈ ਇਧਰੋਂ ਬੋਲਦਾ ਹੈ ਤਾਂ ਫਿਰ ਇਹ ਰੌਲਾ ਪਾਉਂਦੇ ਹਨ । ਜੇਕਰ ਇਤਿਹਾਸ ਦੀਆਂ ਘਟਨਾਵਾਂ ਦਾ ਵਰਨਣ ਕਰੀਦਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਹ ਸਭ ਝੂਠ ਹੈ । ਮੈਨੂੰ ਇਸ ਗੱਲ ਦਾ ਬੜਾ ਅਫਸੋਸ ਹੈ । ਮੈਂ ਕਲੈਰੀਫਿਕੇਸ਼ਨ ਦੇਣਾ ਚਾਹੁੰਦੀ ਹਾਂ ਕਿ ਮੇਰਾ ਭਤੀਜਾ ਵੀ ਚੁੱਕਿਆ ਗਿਆ ਸੀ । ਉਸ ਬਾਰੇ ਗੈਰ ਸਰਕਾਰੀ ਸੰਸਥਾਵਾਂ ਨੇ ਬੜਾ ਰੌਲਾ ਪਾਇਆ ਅਤੇ ਮੰਗ ਕੀਤੀ ਕਿ ਉਸ ਨੂੰ ਛੁਡਾਇਆ ਜਾਵੇ । ਲੇਕਿਨ ਇਕ ਗਰੀਬ ਪੰਡਤ ਦਾ ਬੱਚਾ ਵੀ ਚੁੱਕਿਆ ਗਿਆ ਸੀ । ਮੈਂ ਕਿਹਾ ਕਿ ਜੋ ਗਰੀਬ ਪੰਡਤ ਦਾ ਬੱਚਾ ਛੱਡਿਆ ਜਾਵੇਗਾ ਤਾਂ ਮੇਰਾ ਭਤੀਜਾ ਛੱਡਿਆ ਜਾਵੇਗਾ । ਮੈਂ ਹਾਊਸ ਦੇ ਵਿਚ ਕਹਿ ਰਹੀ ਹਾਂ ਕਿ ਜੇਕਰ ਕੋਈ ਇਕ ਵੀ ਅੱਤਵਾਦੀ ਇਸ ਬਦਲੇ ਛੱਡਿਆ ਗਿਆ ਹੋਵੇ ਤਾਂ ਮੈਂ ਦੇਣਦਾਰ ਹੋਵਾਂਗੀ. . (ਸ਼ੋਰ ਵਿਘਨ)

ਸਰਦਾਰ ਗੁਰਦੇਵ ਸਿੰਘ ਸਿੱਧੂ : ਬੀਬੀ ਜੀ, ਜਿਹੜਾ ਖਨੌਰੀ ਤੋਂ ਅੱਤਵਾਦੀ ਫੜਿਆ ਗਿਆ ਸੀ ਜਿਸ ਦੀਆਂ ਲੱਤਾਂ ਤੋੜੀਆਂ ਗਈਆਂ ਸਨ ਅਤੇ ਜੋ ਸੰਗਰੂਰ ਜੇਲ੍ਹ ਵਿਚ ਸੀ ਉਹ ਕਿਸ ਨੇ ਛੁਡਾਇਆ ਸੀ .(ਸ਼ੋਰ) (ਵਿਘਨ)

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਕਹਿਣ ਨਾਲ ਕੋਈ ਗੱਲ ਸੱਚ ਨਹੀਂ ਬਣ ਜਾਂਦੀ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਬੀਬੀ ਜੀ, ਮੈਂ ਸਬੂਤ ਦੇ ਤੌਰ ਤੇ ਡਾਕੂਮੈਂਟ ਪੇਸ਼ ਕਰ ਸਕਦਾ ਹਾਂ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਮੈਂ ਇਹ ਗੱਲ ਹਾਊਸ ਦੇ ਅੰਦਰ ਕਹਿ ਰਹੀ ਹਾਂ ਕਿ ਕੋਈ ਕਮਿਸ਼ਨ ਬਿਠਾਓ, ਸਾਡੇ ਕੋਲ ਤੁਹਾਡੇ ਵਿਰੁੱਧ ਬਹੁਤ ਕੁਝ ਹੈ. . (ਸ਼ੋਰ) (ਵਿਘਨ)

ਸੰਸਦੀ ਮਾਮਲਿਆਂ ਦੇ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਪਰਸੋਂ ਆਪੋਜ਼ੀਸ਼ਨ ਦੀ ਲੀਡਰ ਨੇ ਬੜਾ ਅੱਛਾ ਸੁਝਾਓ ਦਿੱਤਾ ਸੀ ਮੈਂ ਬੇਨਤੀ ਕਰਦਾ ਹਾਂ ਕਿ ਅਸੀਂ ਤਾਂ ਹਰ ਗੱਲ ਨੂੰ ਰੀਕਨਸੀਲੇਟਰੀ ਐਟੀਚਿਊਡ ਦੇ ਤੌਰ ਤੇ ਲੈ ਕੇ ਕੰਮ ਕਰਨਾ ਚਾਹੁੰਦੇ ਹਾਂ ਪਰ ਬਰਾੜ ਸਾਹਿਬ ਨੇ ਪਹਿਲਾਂ ਆਪ ਹੀ ਬਹਿਸ ਛੇੜ ਦਿੱਤੀ ਹੈ । ਜੇ ਅਸੀਂ ਸਾਰੇ ਹੀ ਪੰਜਾਬ ਵਿਚ ਸਥਾਈ ਸ਼ਾਂਤੀ ਚਾਹੁੰਦੇ ਹਾਂ ਤਾਂ ਸਾਨੂੰ ਚਾਹੀਦਾ ਹੈ ਕਿ ਪੁਰਾਣੀਆਂ ਗੱਲਾਂ ਨੂੰ ਭੁੱਲਿਆ ਜਾਵੇ । ਅੱਜ ਹੋਮ ਡਿਪਾਰਟਮੈਂਟ ਤੇ ਡਿਸਕਸ਼ਨ ਹੋ ਰਹੀ ਹੈ ਅਤੇ ਮੈਂ ਸਮਝਦਾ ਹਾਂ ਕਿ ਬਰਾੜ ਸਾਹਿਬ ਆਪ ਹੀ ਸਰਕਾਰ ਦਾ ਹਿੱਸਾ ਰਹੇ ਹਨ, ਇਸ ਲਈ ਉਹ ਕੋਈ ਚੰਗੇ ਸੁਜੈਸ਼ਨ ਦੇਣ । ਅਗਰ ਉਨ੍ਹਾਂ ਨੂੰ ਲੱਗਦਾ ਹੈ ਕਿ ਕਿਤੇ ਕੋਈ ਕਮੀਆਂ ਹਨ ਤਾਂ ਉਹ ਧਿਆਨ ਵਿਚ ਲਿਆਉਣ ਤਾਂ ਕਿ ਉਨ੍ਹਾਂ ਵਿਚ ਇੰਪਰੂਵਮੈਂਟ ਕੀਤੀ ਜਾ ਸਕੇ । ਅਸੀਂ ਤਾਂ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਵੀ ਸੁਜੈਸਟ

ਕਰਾਂਗੇ ਕਿ ਪਿਛਲੀਆਂ ਗੱਲਾਂ ਨੂੰ ਛੱਡ ਕੇ ਅੱਛੇ ਸੁਝਾਓ ਦੇਣ ਕਿ how can we keep pace of this peaceful existence in Punjab in future ਅਤੇ ਅਸੀਂ ਡਿਵੈ-ਲਪਮੈਂਟ ਦੇ ਪੱਖ ਵਿਚ ਕਿਵੇਂ ਅੱਗੇ ਵਧ ਸਕਦੇ ਹਾਂ ।

ਸਰਦਾਰ ਅਵਤਾਰ ਸਿੰਘ ਬਰਾੜ: ਡਿਪਟੀ ਸਪੀਕਰ ਸਾਹਿਬ, ਮੇਰਾ ਟਾਈਮ ਜਾਇਆ ਕੀਤਾ ਜਾ ਰਿਹਾ ਹੈ । ਮੈਂ ਤਾਂ ਕੇਵਲ ਉਹ ਗੱਲ ਆਖੀ ਹੈ ਜਿਹੜਾ ਦਰਦ ਅਸੀਂ ਹੰਢਾਇਆ ਹੈ । ਮੈਨੂੰ ਤਾਂ ਚਿੰਤਾ ਹੈ ਕਿ ਕਿਤੇ ਸਾਨੂੰ ਪੰਜਾਬ ਵਿਚ ਮੁੜ ਕੇ ਉਹ ਮਾੜੇ ਦਿਨ ਨਾ ਵੇਖਣੇ ਪੈ ਜਾਣ । ਮੈਂ ਕਿਸੇ ਉਤੇ ਜ਼ਾਤੀ ਹਮਲਾ ਨਹੀਂ ਕਰ ਰਿਹਾ ਤੇ ਨਾ ਹੀ ਕੋਈ ਮੇਰੀ ਇਸ ਤਰ੍ਹਾਂ ਦੀ ਤਜਵੀਜ਼ ਹੈ । ਜੇਕਰ ਹਮਲਾ ਕਰਨਾ ਹੁੰਦਾ ਤਾਂ ਉਸ ਵੇਲੇ ਕਰਦਾ ਜਦ ਗਰੇਵਾਲ ਸਾਹਿਬ ਨੇ ਕਿਹਾ ਸੀ ਕਿ ਮਹਾਨ ਸ਼ਹੀਦ ਸੰਤ ਲੌਂਗੋਵਾਲ ਦੀ ਤਸਵੀਰ ਹਾਊਸ ਵਿਚ ਲਗਵਾਈ ਜਾਵੇ । ਜਦੋਂ ਉਨ੍ਹਾਂ ਦੀਆਂ ਅਸਥੀਆਂ ਜਾਣੀਆਂ ਸਨ ਤਾਂ ਉਸ ਵੇਲੇ ਇਨ੍ਹਾਂ ਦੇ ਇਕ ਵੱਡੇ ਲੀਡਰ ਨੇ ਕਿਹਾ ਕਿ ਸਿੱਖ ਧਰਮ ਵਿਚ ਇਹ ਕੋਈ ਰਵਾਇਤ ਨਹੀਂ ਕਿ ਇਸ ਤਰ੍ਹਾਂ ਅਸਥੀਆਂ ਲੈ ਕੇ ਜਾਈਆਂ ਜਾਣ ਲੇਕਿਨ ਜਦੋਂ ਇਕ ਬਦਨਾਮ ਅੱਤਵਾਦੀ 'ਕੌਲੀ' ਮਾਰਿਆ ਗਿਆ ਤਾਂ ਉਸ ਦੀਆਂ ਅਸਥੀਆਂ ਆਪਣੀ ਬੁੱਕਲ ਵਿਚ ਛੁਪਾ ਕੇ ਉਹ ਲੀਡਰ ਲੈ ਕੇ ਗਿਆ । ਮੈਂ ਤਾਂ ਉਸ ਦੇ ਨਾਂ ਦਾ ਜ਼ਿਕਰ ਵੀ ਨਹੀਂ ਕਰ ਰਿਹਾ । ਅਸੀਂ ਤਾਂ ਆਪ ਚਾਹੁੰਦੇ ਹਾਂ ਕਿ ਇਸ ਸਦਨ ਨੂੰ ਰੌਲੇ ਰੱਪੇ ਤੋਂ ਬਿਨਾਂ ਚਲਾਇਆ ਜਾਵੇ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦਾ ਤਾਂ ਸੁਭਾਅ ਹੀ ਬਣ ਗਿਆ ਹੈ ਕਿ ਆਪ ਤਾਂ ਜਿੰਨਾ ਮਰਜ਼ੀ ਬੋਲੀ ਜਾਣ ਪਰ ਸਾਡੀ ਚੰਗੀ ਗੱਲ ਸਚੀ ਗੱਲ ਵੀ ਆਪਣੀ ਬਹੁ-ਗਿਣਤੀ ਦੇ ਬਲ-ਬੂਤੇ ਤੇ ਸੁਣਨ ਲਈ ਤਿਆਰ ਨਹੀਂ ਹਨ ਜੋ ਲੋਕਤੰਤਰ ਵਿੱਚ ਮੰਦਭਾਗੀ ਹੈ । ਮੈਂ ਤੁਹਾਡੇ ਰਾਹੀਂ ਆਪਣੇ ਪਿਆਰੇ ਮਿੱਤਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਸ਼ਾਂਤੀ ਨਾਲ ਸੁਣਨ । ਤੁਸੀਂ ਮੈਨੂੰ ਪਤਾ ਨਹੀਂ ਪੰਜ ਮਿੰਟ ਦਿੱਤੇ ਹਨ ਜਾਂ ਦਸ ਮਿੰਟ ਦਿੱਤੇ ਹਨ, ਇਸ ਹਾਊਸ ਦਾ ਵਕਤ ਬਹੁਤ ਕੀਮਤੀ ਹੈ ਅਤੇ ਇਨ੍ਹਾਂ ਨੂੰ ਸ਼ਾਂਤੀ ਨਾਲ ਸੁਣਨਾ ਚਾਹੀਦਾ ਹੈ । ਮੈਂ ਆਪਣੀ ਗੱਲ ਕਰਨੀ ਚਾਹੁੰਦਾ ਹਾਂ ਅਤੇ ਮੈਂ ਬੇਨਤੀ ਕਰ ਰਿਹਾ ਸੀ ਕਿ ਸਾਨੂੰ ਚੰਗੇ ਤਰੀਕੇ ਅਖਤਿਆਰ ਕਰਨੇ ਚਾਹੀਦੇ ਹਨ, ਚੰਗੇ ਸਟੈਪ ਉਠਾਉਣੇ ਚਾਹੀਦੇ ਹਨ । ਸਰਦਾਰ ਅਜੀਤ ਸਿੰਘ ਸੰਧੂ ਦੀ ਮੌਤ ਤੋਂ ਪਿਛੋਂ ਬੀਬੀ ਰਾਜਿੰਦਰ ਕੌਰ ਭੱਠਲ, ਨੇ ਸੁਚੇਤ ਕਰਨਾ ਚਾਹਿਆ ਸੀ ਪਰ ਹੁਕਮਰਾਨ ਪਾਰਟੀ ਨੇ, ਉਨ੍ਹਾਂ ਦੇ ਲੀਡਰ ਬਾਦਲ ਸਾਹਿਬ ਨੇ ਇਸ ਸੱਚ ਨੂੰ ਦਬਾਉਣ ਦੇ ਲਈ ਇਹ ਗੱਲ ਚਲਾਈ ਕਿ ਦੇਸ਼ ਧਰੋਹੀ ਹੋਣ ਦੇ ਦੋਸ਼ ਵਿਚ ਬੀਬੀ ਰਾਜਿੰਦਰ ਕੌਰ ਭੱਠਲ ਨੂੰ ਗ੍ਰਿਫਤਾਰ ਕੀਤਾ ਜਾਵੇ । ਉਨ੍ਹਾਂ ਨੇ ਜੋ ਸੰਕੇਤ ਦਿੱਤਾ ਸੀ, ਅੱਜ ਉਸਨੂੰ ਅਮਲੀ ਰੂਪ ਦੇਣਾ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਬਾਰੇ ਅਫ਼ਸਰਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ । ਬਿਆਨ ਦਿੱਤੇ ਜਾ ਰਹੇ ਹਨ ਕਿ ਉਨ੍ਹਾਂ ਅਫਸਰਾਂ ਅਤੇ ਕਰਮਚਾਰੀਆਂ ਨੂੰ ਪੂਰੀ ਪ੍ਰੋਟੈਕਸ਼ਨ ਦਿੱਤੀ ਜਾਵੇਗੀ । ਸੋ ਮੈਂ ਤਾਂ ਇਹ ਗੱਲਾਂ ਹਾਊਸ ਦੇ ਸਾਹਮਣੇ ਲਿਆਉਣ ਲਈ ਬੇਨਤੀ ਕਰ ਰਿਹਾ ਸੀ ਜੋ ਇਨ੍ਹਾਂ ਨੂੰ ਚੰਗੀਆਂ ਨਹੀਂ ਲੱਗੀਆਂ । ਜੇ ਹੁਣ ਵੀ ਅਸੀਂ ਅੱਖਾਂ ਮੀਟ ਕੇ ਗੁਜ਼ਾਰਾ ਕਰਾਂਗੇ ਤਾਂ ਜੋ ਕੁਝ ਸਾਡੇ ਕੋਲ ਬਚਿਆ ਹੈ, ਉਹ ਵੀ ਅਸੀਂ ਗੁਆ ਲਵਾਂਗੇ । ਮੈਂ ਹਾਊਸ ਤੋਂ ਜੋ ਲੀਡਰ ਬਾਹਰ ਹਨ, ਮੈਂ ਤਾਂ ਉਨ੍ਹਾਂ ਦੇ ਬਾਰੇ ਵੀ ਕੋਈ ਜ਼ਿਕਰ ਨਹੀਂ ਕਰ ਰਿਹਾ,

[ਸਰਦਾਰ ਅਵਤਾਰ ਸਿਘ ਬਰਾੜ]

ਹਾਊਸ ਵਿੱਚ ਬੈਠਿਆਂ ਦਾ ਤਾਂ ਮੈਂ ਜ਼ਿਕਰ ਹੀ ਕੀ ਕਰਨਾ ਹੈ। ਮੈਂ ਤਾਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਮੁਲਜ਼ਮਾਨਾ ਰੂਪ ਧਾਰ ਕੇ ਪੰਜਾਬ ਵਿੱਚ ਖੂਨ ਦੀਆਂ ਨਦੀਆਂ ਬਹਾਈਆਂ ਅਤੇ ਕਤਲ ਕੀਤੇ, ਉਨ੍ਹਾਂ ਵਿਰੁੱਧ ਸਾਡੀ ਫੋਰਸਿਜ਼ ਨੇ ਲੜਾਈ ਲੜੀ ਹੈ। ਬੀਬੀ ਚਾਵਲਾ ਜੀ ਨੇ ਜੋ ਐਸ. ਪੀ. ਓਜ਼. ਦੀ ਗੱਲ ਕੀਤੀ ਹੈ, ਉਨ੍ਹਾਂ ਨੇ ਹਿੱਕ ਤਾਣ ਕੇ ਅੱਤਵਾਦ ਦੇ ਵਿਰੁੱਧ ਲੜਾਈਆਂ ਲੜੀਆਂ ਹਨ ਪਰ ਹੁਣ ਉਨ੍ਹਾਂ ਦਾ ਭਵਿੱਖ ਹਨੇਰੇ ਵਿੱਚ ਹੈ। ਉਨ੍ਹਾਂ ਨੂੰ ਜੋ ਤਨਖਾਹ ਮਿਲਦੀ ਹੈ ਉਹ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਨਹੀਂ ਕਰਦੀ। ਉਨ੍ਹਾਂ ਨੂੰ ਡੇਅਲੀ ਵੇਜਿਜ਼ ਤੇ ਤਨਖਾਹ ਮਿਲਦੀ ਹੈ ਪਰ ਉਨ੍ਹਾਂ ਨੂੰ ਵੀ ਪੁਲਿਸ ਫੋਰਸਿਜ਼ ਵਿੱਚ ਅਬਜ਼ਾਰਬ ਕੀਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਜਿਹੜੇ ਲੋਕਾਂ ਨੇ ਅੱਤਵਾਦ ਦੇ ਖਿਲਾਫ ਲੜਾਈਆਂ ਲੜੀਆਂ ਅਤੇ ਜਿਨ੍ਹਾਂ ਨੂੰ ਬਹਾਦਰ ਸਮਝ ਕੇ ਤਰੱਕੀਆਂ ਦਿੱਤੀਆਂ ਗਈਆਂ ਸਨ, ਅੱਜ ਉਨ੍ਹਾਂ ਦੇ ਸਿਰ ਰੀਵਰਸ਼ਨ ਦੀ ਤਲਵਾਰ ਲਟਕ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਜੇ ਅਸੀਂ ਇਸ ਤਰ੍ਹਾਂ ਕਰਾਂਗੇ ਕਿ ਲੜਾਈ ਸਮੇਂ, ਉਨ੍ਹਾਂ ਨੂੰ ਜੋ ਬਹਾਦਰੀ ਦਿਖਾਉਣ, ਸਨਮਾਨਤ ਕਰੀਏ ਅਤੇ ਲੜਾਈ ਤੋਂ ਬਾਅਦ ਜਦੋਂ ਲੜਾਈ ਖ਼ਤਮ ਹੋ ਜਾਵੇ ਅਤੇ ਅਮਨ ਆ ਜਾਵੇ ਤਾਂ ਉਨ੍ਹਾਂ ਦਾ ਨਿਰਾਦਰ ਕਰੀਏ, ਇਹ ਗੱਲ ਬੜੀ ਖ਼ਤਰਨਾਕ ਸਾਬਤ ਹੋਇਆ ਕਰਦੀ ਹੈ। ਇਕ ਵਾਰ ਤਾਂ ਇਸ ਤਰ੍ਹਾਂ ਹੋ ਸਕਦਾ ਹੈ ਲੇਕਿਨ ਫ਼ਿਰ ਕਦੇ ਜੇ ਭਵਿੱਖ ਵਿੱਚ ਖਤਰਾ ਪੈਦਾ ਹੋ ਗਿਆ ਤਾਂ ਉਹ ਫੋਰਸਿਜ਼ ਬਹਾਦਰੀ ਨਾਲ ਨਹੀਂ ਲੜ ਸਕਣਗੀਆਂ ਅਤੇ ਸਾਡਾ ਬਹੁਤ ਨੁਕਸਾਨ ਹੋਵੇਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਨਿੱਕੀਆਂ ਮੋਟੀਆਂ ਘਟਨਾਵਾਂ ਦੇ ਨਾਲ ਨਾਲ ਸਾਨੂੰ ਇਸ ਗੱਲ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਇਕ ਨਿੱਕੀ ਜਿਹੀ ਘਟਨਾ ਮੈਂ ਦੱਸਣੀ ਚਾਹੁੰਦਾ ਹਾਂ ਕਿ ਗਿੱਦੜਬਾਹਾ ਵਿਖੇ ਇਕ ਲੜਕੀ ਨੂੰ ਜਲਾ ਦਿੱਤਾ ਗਿਆ ਅਤੇ ਜਦੋਂ ਉਸ ਲੜਕੀ ਦੇ ਮਾਪਿਆਂ ਨੇ ਅਤੇ ਹੋਰ ਲੋਕਾਂ ਨੇ ਇਸ ਦੇ ਵਿਰੋਧ ਵਿੱਚ ਜ਼ਿਲ੍ਹਾ ਐਡਮਨਿਸਟਰੇਸ਼ਨ ਦੇ ਖਿਲਾਫ ਮਜ਼ਾਹਰਾ ਕੀਤਾ ਤਾਂ ਉਸਦੇ ਮਾਪਿਆਂ ਨੂੰ ਹੀ ਗ੍ਰਿਫਤਾਰ ਕਰ ਲਿਆ ਗਿਆ। ਇਸ ਤਰ੍ਹਾਂ ਦੀਆ ਗੱਲਾਂ ਦੇ ਨਾਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਛਵੀ ਨੂੰ ਠੇਸ ਪਹੁੰਚਦੀ ਹੈ। ਜਿਹੜਾ ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਜ਼ਿਕਰ ਕਰਦੇ ਹਾਂ ਅਤੇ ਜਿਹੜਾ ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸੰਕਲਪ ਲਿਆ ਹੈ, ਇਹ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਅਸੀਂ ਹਰ ਮੁਲਜ਼ਮ ਨੂੰ ਸਜ਼ਾ ਦੇਵਾਂਗੇ। ਭਾਵੇਂ ਕੋਈ ਵੀ ਹੋਵੇ ਅਤੇ ਭਾਵੇਂ ਆਪਣਾ ਹੀ ਕਿਉਂ ਨਾ ਹੋਵੇ। ਇਸ ਦੇ ਨਾਲ ਲੋਕਾਂ ਵਿੱਚ ਭਰੋਸਾ ਪੈਦਾ ਹੋਵੇਗਾ ਕਿ ਸਰਕਾਰ ਹਰ ਮੁਲਜ਼ਮ ਨੂੰ ਬਖਸ਼ਣ ਲਈ ਤਿਆਰ ਨਹੀਂ ਹੈ।

ਸ੍ਰੀ ਡਿਪਟੀ ਸਪੀਕਰ ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਸਦਨ ਦੀ ਕਾਰਵਾਈ ਵਿੱਚ ਡਿਸਟਰਬੈਂਸ ਪੈਦਾ ਨਾ ਕੀਤੀ ਜਾਵੇ। ਕਿਸੇ ਵੀ ਮੈਂਬਰ ਦੇ ਵਿਚਾਰਾਂ ਨੂੰ ਰੀਬੱਟ ਕਰਨ ਦੇ ਲਈ ਹਰ ਮੈਂਬਰ ਨੂੰ ਮੌਕਾ ਦਿੱਤਾ ਜਾਵੇਗਾ ਅਤੇ ਜਦੋਂ ਵੀ ਉਨ੍ਹਾਂ ਨੂੰ ਬੋਲਣ ਦਾ ਮੌਕਾ ਮਿਲੇ ਤਾਂ ਉਹ ਆਪਣੇ ਭਾਸ਼ਣ ਵਿੱਚ ਆਪਣੀ ਗੱਲ ਕਹਿਣ। ਸਦਨ ਦਾ ਸਮਾਂ ਜ਼ਾਇਆ ਨਾ ਹੋਵੇ ਅਤੇ ਬਹੁਤੇ ਮੈਂਬਰ ਸਾਹਿਬਾਨ ਬੋਲ ਸਕਣ, ਇਹ ਮੇਰੀ ਰਿਕੁਐਸਟ ਹੈ, ਮੇਰੀ ਪ੍ਰਾਰਥਨਾ ਹੈ।

ਸਰਦਾਰ ਅਵਤਾਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਬੋਲਣਾ ਤਾਂ ਸ਼ਾਇਦ ਸਿੱਧੂ ਸਾਹਿਬ ਵੀ ਚਾਹੁੰਦੇ ਹੋਣ ਪਰ ਸਮੇਂ ਦੀ ਮਜਬੂਰੀ ਹੈ । ਇਕ ਖਬਰ ਅਖਬਾਰ ਵਿੱਚ ਲੱਗੀ ਹੋਈ ਹੈ ਜਿਸ ਵਿੱਚ ਨਵੇਂ ਵਜ਼ੀਰਾਂ ਦੇ ਬਣਨ ਦੀ ਚਰਚਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਤੁਹਾਨੂੰ ਵੀ ਵਧਾਈ ਦੇਣੀ ਚਾਹੁੰਦਾ ਸੀ, ਤੁਹਾਨੂੰ ਸ਼ਾਇਦ ਪਤਾ ਨਹੀਂ ਪਰ ਇਸ ਹਾਊਸ ਦੇ ਨਿਯਮ ਕੁਝ ਇਸ ਤਰ੍ਹਾਂ ਦੇ ਹਨ ਕਿ ਹਰ ਕੋਈ ਬੰਦਾ ਆਪਣੇ ਮਨ ਦੀ ਗੱਲ ਨਹੀਂ ਕਰ ਸਕਦਾ । ਇਸ ਹਾਊਸ ਦੀਆਂ ਕੁਝ ਪਰੰਪਰਾਵਾਂ ਹਨ । ਸ਼ਾਇਦ ਬਾਦਲ ਸਾਹਿਬ ਸਿੱਧੂ ਸਾਹਿਬ ਨੂੰ ਵਜ਼ੀਰ ਬਣਾ ਦੇਣ । ਇਨ੍ਹਾਂ ਨਾਲ ਮੇਰਾ ਜ਼ਾਤੀ ਤੌਰ ਤੇ ਬੜਾ ਪਿਆਰ ਹੈ, ਬੜੀ ਮੁਹੱਬਤ ਹੈ । ਮੈਨੂੰ ਇਨ੍ਹਾਂ ਨੇ ਕੱਲ੍ਹ ਵੀ ਕਿਹਾ ਸੀ ਕਿ ਸਾਡੇ ਕੁਝ ਕਹਿਣ ਤੇ ਨਾਰਾਜ਼ ਨਾ ਹੋਈਂ । ਮੈਨੂੰ ਵੀ ਕੀ ਇਤਰਾਜ਼ ਹੋ ਸਕਦਾ ਹੈ ਕਿ ਜੇ ਛੋਟੀ ਜਿਹੀ ਗੱਲ ਕਹਿਣ ਤੇ ਇਨ੍ਹਾਂ ਦੀ ਗੱਲ ਬਣਦੀ ਹੋਵੇ । ਜੇ ਸਾਹਨੀ ਸਾਹਿਬ ਬੋਲਣ ਤਾਂ ਵੀ ਮੈਨੂੰ ਕੋਈ ਇਤਰਾਜ਼ ਨਹੀਂ । ਜੇ ਛੱਜਲਵੱਡੀ ਬੋਲੇ ਤਾਂ ਵੀ ਮੈਨੂੰ ਕੋਈ ਇਤਰਾਜ਼ ਨਹੀਂ । ਜੇ ਜ਼ੀਰਾ ਸਾਹਿਬ ਬੋਲਣ ਤਾਂ ਵੀ ਮੈਨੂੰ ਕੋਈ ਇਤਰਾਜ਼ ਨਹੀਂ । ਮੈਂ ਵੀ ਤਿੰਨ ਵਾਰ ਵਜ਼ੀਰ ਬਣਿਆਂ ਹਾਂ ।

ਸ਼੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

ਸ਼੍ਰੀ ਡਿਪਟੀ ਸਪੀਕਰ : ਹਾਂ ਜੀ, ਸਾਹਨੀ ਸਾਹਿਬ ।

ਸ਼੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਜੋ ਗੱਲ ਮਾਨਯੋਗ ਮੈਂਬਰ ਬਰਾੜ ਸਾਹਿਬ ਨੇ ਕਹੀ ਹੈ, ਤੁਸੀਂ ਧਿਆਨ ਦੇਣਾ ਕਿ ਇਹ ਆਂਦਰਾਂ ਪਾੜਦੀ ਹੈ । ਵਿਧਾਨ ਸਭਾ ਵਿੱਚ ਇਸ ਤੇ ਸ਼ਾਇਦ ਵੀਹ ਵਾਰ ਡਿਸਕਸ਼ਨ ਹੋਈ ਹੈ ਅਤੇ ਹੁਣ ਮਾਨਯੋਗ ਮੰਤਰੀ ਜੀ ਨੇ ਵੀ ਕਿਹਾ ਹੈ ਕਿ ਇਸ ਚੀਜ਼ ਨੂੰ ਜਿਆਦਾ ਨਾ ਉਛਾਲੀਏ । ਇਨ੍ਹਾਂ ਨੇ ਕਿਹਾ ਹੈ ਕਿ ਉਸ ਵੇਲੇ ਇਹ ਮੋਨ ਸਾਧਦੇ ਰਹੇ ਹਨ, ਉਸ ਵੇਲੇ ਇਹ ਕਿੱਥੇ ਸੀ । ਮੋਨ ਸਾਧਣ ਦਾ ਕਲੀਅਰ ਮਤਲਬ ਹੈ । ਜਿਸਨੇ ਬੋਲਣ ਦੀ ਕੋਸ਼ਿਸ਼ ਕੀਤੀ, ਹਿੰਮਤ ਕੀਤੀ.... (ਵਿਘਨ) । ਮੇਰੀ ਪ੍ਰਾਰਥਨਾ ਹੈ ਕਿ ਇਹ ਪਿਆਰ ਨਾਲ ਗੱਲ ਕਰਨ । ਆਂਦਰਾਂ ਨਾ ਪਾੜਨ । ਆਰਾਮ ਨਾਲ ਆਪਣੀ ਗੱਲ ਕਹਿਣ ।

ਸਰਦਾਰ ਅਵਤਾਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਸਰਕਾਰ ਵਿਚ ਭਾਈਵਾਲ ਬਣੇ ਹੋਏ ਮਿੱਤਲ ਸਾਹਿਬ, ਸਾਹਨੀ ਸਾਹਿਬ ਅਤੇ ਭੈਣ ਚਾਵਲਾ ਜੀ ਇੱਧਰ ਬੈਠਦੇ ਸਨ ਔਰ ਇਸ ਪਾਸੇ ਬੈਠ ਕੇ ਵੀ ਸਾਡੇ ਨਾਲ ਸਹਿਮਤ ਹੋਇਆ ਕਰਦੇ ਸਨ ਚਾਹੇ ਆਪੋਜੀਸ਼ਨ ਵਿਚ ਹੁੰਦੇ ਹੋਏ ਵੱਖ-ਵੱਖ ਮੁੱਦਿਆਂ ਤੇ ਇਨ੍ਹਾਂ ਦੇ ਵਿਚਾਰ ਵੱਖ-ਵੱਖ ਸਨ । ਮੈਂ ਤਾਂ ਇਹ ਕਿਹਾ ਹੀ ਨਹੀਂ ਕਿ ਟੰਡਨ ਸਾਹਿਬ ਪੰਜਾਬ ਛੱਡ ਕੇ ਚਲੇ ਗਏ ਸਨ । ਇਨ੍ਹਾਂ ਨੂੰ ਤਾਂ ਆਪਣਾ ਹੀ ਪਾਲਾਂ ਹੈ । ਮੈਂ ਚਾਹੁੰਦਾ ਹਾਂ ਕਿ ਤੁਸੀਂ ਜ਼ਰੂਰ ਵਜ਼ੀਰ ਬਣੋ । ਅਸੀਂ ਵੀ ਇਸ ਹਾਊਸ ਵਿਚ ਪੰਜ ਸਾਲ ਕੱਟੇ ਹਨ । ਇਨ੍ਹਾਂ ਨੇ ਮੇਰੇ ਤੋਂ ਬਦਲੀਆਂ ਕਰਵਾਈਆਂ ਸਨ । ਮੈਂ ਵੀ ਕਰਵਾਂ ਲਵਾਂਗਾ । ਮੈਨੂੰ ਤਾਂ ਖੁਸ਼ੀ ਹੈ । ਮੈਂ ਬੇਨਤੀ ਕਰਦਾ ਹਾਂ ਕਿ ਜੋ ਵੀ ਵਿਅਕਤੀ ਪੰਜਾਬ ਨਾਲ ਦਰਦ ਰੱਖਣ ਵਾਲਾ ਹੈ, ਉਸ ਨੂੰ ਮੁੜ ਕੇ ਤੌਖਲਾ ਪੈਦਾ ਹੋ

[ਸਰਦਾਰ ਅਵਤਾਰ ਸਿੰਘ ਬਰਾੜ]

ਰਿਹਾ ਹੈ ਕਿ ਉਨ੍ਹਾਂ ਨੂੰ ਦੁਬਾਰਾ ਉਹ ਦਿਨ ਨਾ ਵੇਖਣੇ ਪੈਣ। ਇਸ ਕਰਕੇ ਅਸੀਂ ਲਾਅ ਐਂਡ ਆਰਡਰ ਨੂੰ ਸਖਤੀ ਨਾਲ, ਦ੍ਰਿੜ੍ਹਤਾ ਨਾਲ ਔਰ ਵਿਚਾਰਧਾਰਕ ਤੌਰ ਤੇ ਵਚਨਬੱਧ ਹੋ ਕੇ ਲਾਗੂ ਕਰੀਏ। ਸਾਡੇ ਦਸ ਸਾਲ ਬਰਬਾਦ ਹੋ ਗਏ ਹਨ। ਅਸੀਂ ਚਾਹੁੰਦੇ ਹਾਂ ਕਿ ਪੰਜਾਬ ਜਿਹੜਾ ਕਿਸੀ ਜ਼ਮਾਨੇ ਸਾਰੇ ਹਿੰਦੁਸਤਾਨ ਵਿਚੋਂ ਪਹਿਲੇ ਨੰਬਰ ਤੇ ਸੀ, ਉਸ ਨੂੰ ਫਿਰ ਪਹਿਲੇ ਨੰਬਰ ਤੇ ਪਹੁੰਚਾ ਸਕੀਏ।

ਡਿਪਟੀ ਸਪੀਕਰ ਸਾਹਿਬ, ਮੈਂ ਡਿਮਾਂਡ ਨੰਬਰ 5 ਜੋ ਵਿਦਿਆ ਨਾਲ ਸਬੰਧਿਤ ਹੈ, ਉਸ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਕੱਲ੍ਹ ਚੌਧਰੀ ਜਗਜੀਤ ਸਿੰਘ ਹੁਰਾਂ ਨੇ ਇੱਕ ਮਤਾ ਹਾਊਸ ਦੇ ਸਾਹਮਣੇ ਰੱਖਿਆ ਸੀ ਅਤੇ ਉਸ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਹੋਇਆ ਸੀ। ਬਹੁਤ ਸਾਰੇ ਮੇਰੇ ਦੋਸਤਾਂ ਨੇ ਹਾਊਸ ਦੇ ਸਾਹਮਣੇ ਤਸਵੀਰ ਪੇਸ਼ ਕੀਤੀ ਜਿਵੇਂ ਕਿ ਪੰਜਾਹ ਸਾਲਾਂ ਵਿਚ ਇੱਥੇ ਨਾ ਤਾਂ ਕੋਈ ਵਿਦਿਆ ਨਾਂ ਦੀ ਕੋਈ ਚੀਜ਼ ਹੋਵੇ, ਨਾ ਹੀ ਵਿਦਿਆ ਵਿਭਾਗ ਨੇ ਅਨਪੜ੍ਹਤਾ ਦੂਰ ਕਰਨ ਵਾਸਤੇ ਕੋਈ ਕਦਮ ਉਠਾਇਆ ਹੋਵੇ ਔਰ ਨਾ ਹੀ ਅੰਗਰੇਜ਼ਾਂ ਦੇ ਜਾਣ ਪਿੱਛੋਂ ਜਾਂ ਰਜਵਾੜਾਸ਼ਾਹੀ ਦੇ ਜਾਣ ਪਿਛੋਂ ਵਿਦਿਅਕ ਤੌਰ ਤੇ ਕੋਈ ਤਰੱਕੀ ਕੀਤੀ ਹੋਵੇ। ਇਸ ਤੋਂ ਇਲਾਵਾ ਨਾ ਹੀ ਕਿਸੀ ਸਕੂਲ ਦੀ ਬਿਲਡਿੰਗ ਬਣੀ ਹੋਵੇ, ਨਾ ਹੀ ਸਕੂਲਾਂ ਵਿਚ ਅਧਿਆਪਕ ਹੋਵੇ ਅਤੇ ਨਾ ਹੀ ਅਧਿਆਪਕਾਂ ਨੂੰ ਲਗਾਉਣ ਵਾਸਤੇ ਯਤਨ ਕੀਤਾ ਹੋਵੇ। ਇਹ ਬੜੇ ਜ਼ੋਰ ਨਾਲ ਕਿਹਾ ਗਿਆ। ਡਿਪਟੀ ਸਪੀਕਰ ਸਾਹਿਬ, ਤੁਸੀਂ ਸਾਡਾ ਦਰਦ ਸਮਝਦੇ ਹੋਵੋਗੇ ਕਿ ਜਦੋਂ ਵੀ ਕਿਸੇ ਮੁੱਦੇ ਤੇ ਸਾਡਾ ਕੋਈ ਸਾਥੀ ਸਵਾਲ ਕਰਦਾ ਹੈ, ਕੋਈ ਪੁਆਇੰਟ ਆਫ਼ ਆਰਡਰ ਕਰਦਾ ਹੈ, ਕੋਈ ਗੱਲ ਕਹਿਣੀ ਚਾਹੁੰਦਾ ਹੈ, ਤਾਂ ਇੱਕ ਆਵਾਜ਼ ਆਉਂਦੀ ਹੈ ਕਿ ਖਾ ਗਏ, ਲੁੱਟ ਲਿਆ, ਆਹ ਕਰ ਲਿਆ, ਉਹ ਕਰ ਲਿਆ। ਇਹ ਸਭ ਕੁਝ ਸਾਨੂੰ ਸੁਣਨਾ ਪੈਂਦਾ ਹੈ। ਜ਼ਹਿਨੀ ਤੌਰ ਤੇ ਜਿਸ ਮਨੁੱਖ ਨੇ ਆਪਣੇ ਜ਼ੋਰ ਕਰਕੇ ਰਾਜਨੀਤੀ ਵਿਚ ਪੈਰ ਰੱਖਿਆ ਹੋਵੇ ਕਿ ਮੈਂ ਇਨ੍ਹਾਂ ਗੱਲਾਂ ਤੋਂ ਬਚ ਕੇ ਰਹਿਣਾ ਹੈ, ਅਗਰ ਉਸ ਨੂੰ ਇਹੀ ਸੁਣਨੀਆਂ ਪੈਣ ਤਾਂ ਉਸ ਨੂੰ ਮਾਨਸਿਕ ਤੌਰ ਤੇ ਕਿੰਨੀ ਪ੍ਰੇਸ਼ਾਨੀ ਹੁੰਦੀ ਹੈ। ਸਾਡੇ ਇਸ ਹਾਊਸ ਦੇ ਲੀਡਰ ਸਵਰਗਵਾਸੀ ਸਰਦਾਰ ਬੇਅੰਤ ਸਿੰਘ ਹੁਰਾਂ ਨੇ ਇਸੇ ਕਰਕੇ ਹੀ ਲੋਕਪਾਲ ਬਿੱਲ ਲਿਆਂਦਾ ਸੀ ਔਰ ਹੁਣ ਵੀ ਲੋਕਪਾਲ ਦੀ ਵਿਵਸਥਾ ਹੈ। ਮੈਂ ਸਮਝਦਾ ਹਾਂ ਕਿ ਇਹ ਨਿਬੇੜਾ ਹਮੇਸ਼ਾ ਹਮੇਸ਼ਾਂ ਦੇ ਲਈ ਹੋ ਜਾਣਾ ਚਾਹੀਦਾ ਹੈ ਕਿ ਰਾਜਨੀਤੀ ਵਿਚ ਕੀ ਕੁਝ ਹੋਇਆ, ਕਿਥੋਂ ਚੱਲੇ ਤੇ ਕਿੰਨੀ ਸੇਵਾ ਕੀਤੀ ਔਰ ਉਸ ਸੇਵਾ ਦੇ ਤਹਿਤ ਕਿਹੜੀ ਕਿਹੜੀ ਲੁੱਟ ਕਰਕੇ ਕਿੰਨੀਆਂ ਕਿੰਨੀਆਂ ਜਾਇਦਾਦਾਂ ਬਣਾਈਆਂ। ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਦਾ ਜਿੰਨਾ ਵੀ ਲੰਬਾ ਸਫੀਅਰ ਰੱਖ ਲੈਣ, ਉਸ ਦਾ ਅਸੀਂ ਸਵਾਗਤ ਕਰਾਂਗੇ ਪਰ ਹਾਊਸ ਦੇ ਵਿਚ ਸਹੀ ਗੱਲ ਦਾ ਉੱਤਰ ਦੇਣ ਦੀ ਬਜਾਏ, ਸਹੀ ਦੋਸ਼ੀ ਫੜਨ ਦੀ ਬਜਾਏ, ਨੈਗੇਟਿਵ ਗੱਲਾਂ ਹਾਊਸ ਵਿਚ ਲੈ ਕੇ ਆ ਜਾਣਾ, ਇਹ ਉਸਾਰੂ ਗੱਲ ਨਹੀਂ। ਇਥੇ ਗੱਲ ਹੋਈ ਕਿ ਕਈ ਸਕੂਲ ਖਾਲੀ ਪਏ ਹਨ। ਕੋਈ ਭਰਤੀ ਨਹੀਂ ਹੋਈ। ਮੈਂ ਤੁਹਾਨੂੰ 104 ਦਿਨਾਂ ਦੀ ਗੱਲ ਦੱਸਦਾ ਹਾਂ। ਡਿਪਟੀ ਸਪੀਕਰ ਸਾਹਿਬ, 104 ਦਿਨ ਮੈਂ ਐਜੂਕੇਸ਼ਨ ਮਨਿਸਟਰ ਰਿਹਾ ਹਾਂ ਜਿਸ ਦੇ ਵਿਚੋਂ ਕਰੀਬ 90 ਵਰਕਿੰਗ ਡੇਅ ਬਣਦੇ ਹਨ।

ਬਾਦਲ ਸਾਹਿਬ ਨੂੰ ਐਜੂਕੇਸ਼ਨ ਮਨਿਸਟਰ ਔਰ ਸੀ.ਐਮ. ਬਣਿਆਂ 128 ਦਿਨ ਹੋ ਗਏ ਹਨ। ਇਨ੍ਹਾਂ ਦੇ ਕੋਲ ਇੱਕ ਫਾਈਲ ਗਈ ਹੈ, ਡੀ.ਪੀ.ਸੀ. ਦੀ ਫਾਈਲ। ਬਾਦਲ ਸਾਹਿਬ ਹੁਰਾਂ ਨੇ ਇਸ ਹਾਊਸ ਨੂੰ ਦੱਸਿਆ ਹੈ ਕਿ 507 ਹੈਡਮਾਸਟਰਾਂ ਦੀਆਂ ਅਤੇ 378 ਪ੍ਰਿੰਸੀਪਲਾਂ ਦੀਆਂ ਆਸਾਮੀਆਂ ਖਾਲੀ ਹਨ। ਇਨ੍ਹਾਂ ਤੋਂ ਬਿਨਾ ਸਕੂਲ ਖਾਲੀ ਪਏ ਹਨ। ਜਦੋਂ ਬਾਦਲ ਸਾਹਿਬ ਜਵਾਬ ਦੇ ਰਹੇ ਸਨ ਤਾਂ ਮੇਰੇ ਸਾਥੀ ਮੇਜ਼ ਥਪਥਪਾ ਰਹੇ ਸਨ ਕਿ ਇਨ੍ਹਾਂ ਨੇ 50 ਸਾਲ ਕੁਝ ਨਹੀਂ ਕੀਤਾ ਪਰ ਇੱਕ......

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਅਵਤਾਰ ਸਿੰਘ ਬਰਾੜ ਆਪਣੇ ਮੇਜ਼ ਤੋਂ ਕਿਸੇ ਕਾਗਜ਼ ਦੀ ਭਾਲ ਕਰ ਰਹੇ ਸਨ।)

ਸਰਦਾਰ ਰਵੀ ਇੰਦਰ ਸਿੰਘ (ਬੈਠੇ ਬੈਠੇ) : ਤੁਸੀਂ ਸੀ.ਐਮ. ਸਾਹਿਬ ਦਾ ਨਾਮ ਲੈ ਕੇ ਉਲਝ ਗਏ।

ਸਰਦਾਰ ਅਵਤਾਰ ਸਿੰਘ ਬਰਾੜ : ਨਹੀਂ, ਮੇਰੇ ਤਾਂ ਉਹ ਬਜ਼ੁਰਗ ਦੋਸਤ ਹਨ।

ਸ੍ਰੀ ਡਿਪਟੀ ਸਪੀਕਰ : ਟਾਈਮ ਬੜਾ ਘੱਟ ਹੈ। ਕੇਵਲ ਦੋ ਮਿੰਟ ਬਾਕੀ ਹਨ।

ਸਰਦਾਰ ਅਵਤਾਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਅਜੇ ਹੁਣ ਸ਼ੁਰੂ ਕਰਨ ਲੱਗਾ ਹਾਂ, ਇਹ ਤਾਂ ਮੇਰਾ ਵਿਸ਼ਾ ਹੈ। ਮੈਂ ਟੀਚਰ ਵੀ ਰਿਹਾ ਹਾਂ ਔਰ ਟੀਚਰ ਯੂਨੀਅਨ ਦਾ ਪ੍ਰੈਜ਼ੀਡੈਂਟ ਵੀ ਰਿਹਾ ਹਾਂ। ਇਸ ਵਿਸ਼ੇ ਦੇ ਉਪਰ ਸੇਵਾ ਕਰਨ ਦਾ ਮੈਨੂੰ ਕਾਫੀ ਮੌਕਾ ਮਿਲਿਆ ਹੈ ਔਰ ਮੈਂ ਇਹ ਵੀ ਵਿਸ਼ਵਾਸ ਦਿਵਾਉਂਦਾ ਹਾਂ ਕਿ ਕੰਸਟ੍ਰਕਟਿਵ ਗੱਲ ਕਰਾਂਗਾ।

ਚੌਧਰੀ ਜਗਜੀਤ ਸਿੰਘ (ਬੈਠੇ ਬੈਠੇ) : ਤੁਸੀਂ ਸਾਡਾ ਟਾਈਮ ਵੀ ਇਨ੍ਹਾਂ ਨੂੰ ਦੇ ਦਿਉ। ਅਸੀਂ ਨਹੀਂ ਬੋਲਾਂਗੇ।

ਸ੍ਰੀ ਡਿਪਟੀ ਸਪੀਕਰ : ਬਰਾੜ ਸਾਹਿਬ, ਜਲਦੀ ਖਤਮ ਕਰੋ।

ਸਰਦਾਰ ਅਵਤਾਰ ਸਿੰਘ ਬਰਾੜ : 31 ਮਾਰਚ, 1997 ਅਤੇ 30 ਅਪਰੈਲ, 1997 ਨੂੰ ਡੀ.ਪੀ.ਸੀ. ਦੀਆਂ ਮੀਟਿੰਗਾਂ ਹੋਈਆਂ ਮਗਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਉਹ ਫਾਈਲ ਵਾਪਸ ਨਹੀਂ ਭੇਜੀ ਔਰ ਇਸ ਕਰਕੇ ਕੋਈ ਕੰਮ ਨਹੀਂ ਹੋ ਸਕਿਆ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਕਿੰਨੇ ਸੰਜੀਦਾ ਹਨ ਔਰ ਇਹ ਡਿਪਾਰਟਮੈਂਟ ਦਾ ਸਾਡੇ ਸਕੂਲ ਤੇ ਪ੍ਰਿੰਸੀਪਲਾਂ ਦਾ, ਅਧਿਆਪਕਾਂ ਦਾ ਅਤੇ ਬੱਚਿਆਂ ਦਾ ਕਿੰਨਾ ਖਿਆਲ ਰੱਖਦੇ ਹਨ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਮੈਂ ਆਪਣੇ 90 ਦਿਨਾਂ ਦੀ ਕਾਰਗੁਜ਼ਾਰੀ ਦੀ ਗੱਲ ਕਰਨਾ ਚਾਹੁੰਦਾ ਹਾਂ। ਉਦੋਂ ਡਿਪਟੀ ਸਪੀਕਰ ਸਾਹਿਬ, 48 ਕਮੇਟੀਆਂ ਅਧਿਆਪਕ ਭਰਤੀ ਕਰਨ ਵਾਸਤੇ ਬਣਾਈਆਂ ਸਨ ਔਰ ਇਕ ਕਮੇਟੀ ਸੌ ਟੀਚਰਾਂ ਦੀ ਇੰਟਰਵਿਊ ਕਰਦੀ ਸੀ। ਇਸ ਤਰ੍ਹਾਂ ਕਰੀਬ ਪੰਜ ਲੱਖ ਟੀਚਰਾਂ ਦੀਆਂ ਇੰਟਰਵਿਊਜ਼ ਹੋਈਆਂ ਔਰ ਉਸ ਦੇ ਵਿਚੋਂ 20 ਹਜ਼ਾਰ ਦੇ ਕਰੀਬ ਸਿਲੈਕਸ਼ਨਾਂ ਹੋਈਆਂ। ਪਰ ਹੁਣ ਕੀ ਹਾਲ ਹੈ? ਹੁਣ ਤਾਂ ਇੱਕੋ ਇੱਕ ਕਮੇਟੀ ਹੈ ਔਰ ਉਹ ਕਮੇਟੀ ਇੱਕ ਦਿਨ ਵਿਚ 30 ਟੀਚਰਾਂ ਦੀ ਇੰਟਰਵਿਊ ਕਰਦੀ ਹੈ। ਤੁਸੀਂ ਵੇਖ ਲਓ ਕਿ ਇਸ ਸਰਕਾਰ ਨੂੰ ਖਾਲੀ ਪਈਆਂ ਆਸਾਮੀਆਂ ਨੂੰ ਭਰਨ ਵਾਸਤੇ ਕਿੰਨਾ ਫਿਕਰ ਹੈ।

[ਸਰਦਾਰ ਅਵਤਾਰ ਸਿੰਘ ਬਰਾੜ]

ਦੂਸਰੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਇਥੇ ਬਹੁਤ ਸਾਰੀਆਂ ਗੱਲਾਂ ਹੋਈਆਂ । ਤੁਹਾਨੂੰ ਯਾਦ ਹੈ, ਡਿਪਟੀ ਸਪੀਕਰ ਸਾਹਿਬ, ਕਿ ਹਰ ਵਾਰੀ ਪੰਜ ਸਤੰਬਰ ਦਾ ਦਿਨ ਸਵਰਗਵਾਸੀ ਰਾਸ਼ਟਰਪਤੀ ਡਾਕਟਰ ਰਾਧਾ ਕ੍ਰਿਸ਼ਨਨ ਜੀ ਦੇ ਨਾਂ ਤੇ ਸਾਰੇ ਹਿੰਦੁਸਤਾਨ ਵਿਚ ਟੀਚਰਜ਼ ਡੇਅ ਦੇ ਤੌਰ ਤੇ ਮਨਾਇਆ ਜਾਂਦਾ ਹੈ ਅਤੇ ਅਸੀਂ ਪੰਜਾਬ ਵਿਚ ਵੀ ਉਸੇ ਤਰ੍ਹਾਂ ਹੀ ਮਨਾਉਂਦੇ ਸੀ । ਪਰ ਮੇਰੇ ਆਉਣ ਤੋਂ ਪਹਿਲਾਂ ਹਮੇਸ਼ਾਂ ਟੀਚਰ ਯੂਨੀਅਨਜ਼ ਉਸ ਦਾ ਬਾਈਕਾਟ ਕਰਦੀਆਂ ਸਨ ਅਤੇ 100-200 ਟੀਚਰ ਇੱਕਠੇ ਕਰਕੇ ਇੱਕ ਰਸਮ ਪੂਰੀ ਕਰ ਦਿੱਤੀ ਜਾਂਦੀ ਸੀ । ਪਹਿਲੀ ਵਾਰੀ 7 ਹਜ਼ਾਰ ਟੀਚਰਾਂ ਨੇ, ਸਮੇਤ ਸਾਰੀਆਂ ਯੂਨੀਅਨਾਂ ਅਤੇ ਜਥੇਬੰਦੀਆਂ ਦੇ ਫਰੀਦਕੋਟ ਵਿਖੇ 5 ਸਤੰਬਰ, ਨੂੰ ਇਹ ਟੀਚਰਜ਼ ਡੇਅ ਮਨਾਇਆ । ਡਿਪਟੀ ਸਪੀਕਰ ਸਾਹਿਬ, ਇੰਪਲਾਈਜ਼ ਦੇ ਹੱਕਾਂ ਸਬੰਧੀ ਮੈਂ ਲੜਾਈ ਲੜਦਿਆਂ ਵੱਖ ਵੱਖ ਸਰਕਾਰਾਂ ਦੇ ਸਮੇਂ ਚਾਹੇ ਉਹ ਕਾਂਗਰਸ ਦੀ ਸਰਕਾਰ ਸੀ ਜਾਂ ਫਰੰਟ ਦੀ ਸਰਕਾਰ ਸੀ ਜਾਂ ਫਿਰ ਉਸ ਦੇ ਮੁੱਖ ਮੰਤਰੀ ਬਾਦਲ ਸਨ, ਤਿੰਨ ਵਾਰੀ ਜੇਲ੍ਹ ਗਿਆ । ਮੈਂ ਕਿਸੇ ਬਦਲੀ ਦੇ ਪੈਸੇ, ਕਿਸੀ ਨਿਯੁਕਤੀ ਦੇ ਪੈਸੇ ਨਹੀਂ ਲਏ । ਮੈਂ ਆਪਣੇ ਬੇਟੇ ਨੂੰ ਸਨਮੁੱਖ ਰੱਖ ਕੇ ਕਸਮ ਖਾਂਦਾ ਹਾਂ ਕਿ ਮੈਂ ਕਿਸੇ ਵੀ ਵਿਅਕਤੀ ਪਾਸੋਂ ਰਿਸ਼ਵਤ ਨਹੀਂ ਲਈ । ਇਸੇ ਕਰਕੇ ਮੈਂ ਕਸਮ ਖਾਂਦਾ ਹਾਂ ਮੈਂ ਵੀ ਆਖਿਰ ਇੱਕ ਇਨਸਾਨ ਹਾਂ । ਹਰ ਇੱਕ ਨੂੰ ਦੌਲਤ ਦਾ ਮੋਹ ਹੈ । ਮੈਨੂੰ ਵੀ ਦੌਲਤ ਦਾ ਮੋਹ ਪੈ ਜਾਂਦਾ, ਪਰ ਮੈਂ ਅਜਿਹਾ ਨਹੀਂ ਕੀਤਾ । ਮੈਂ ਆਪਣੇ ਬੇਟੇ ਨੂੰ ਸਨਮੁੱਖ ਰੱਖ ਕੇ ਮਾਣ ਨਾਲ ਕਹਿ ਸਕਦਾ ਹਾਂ ਕਿ ਮੈਂ ਕੋਈ ਵੀ ਰਿਸ਼ਵਤ ਕਿਸੇ ਪਾਸੇ ਤੋਂ ਨਹੀਂ ਲਈ । ਡਿਪਟੀ ਸਪੀਕਰ ਸਾਹਿਬ, 14000 ਬਦਲੀਆਂ ਕੀਤੀਆਂ ਗਈਆਂ ਜਿਨ੍ਹਾਂ ਵਿਚੋਂ ਸਿਰਫ ਇੱਕ ਬਦਲੀ ਅਪਰੂਟ ਹੋਈ, ਅੰਮ੍ਰਿਤਸਰ ਦੇ ਵਿਚ ਪੀ.ਟੀ.ਆਈ. ਮਾਸਟਰ ਦੀ । ਉਹ ਵੀ ਇਸ ਕਰਕੇ ਅਪਰੂਟ ਹੋਈ ਕਿ ਉਥੋਂ ਦੇ ਵਿਧਾਇਕ ਸ੍ਰੀਮਤੀ ਵਿਮਲਾ ਡਾਂਗ ਅਤੇ ਸ੍ਰੀ ਡਾਂਗ ਵੱਲੋਂ ਉਸ ਦੇ ਖਿਲਾਫ ਸਖਤ ਐਲੀਗੇਸ਼ਨ ਲਗਾਏ ਗਏ ਸਨ ਜੋ ਕਿ ਪਰੂਵ ਹੋ ਗਏ ਸਨ । ਇਸ ਕਰਕੇ 14 ਹਜ਼ਾਰ ਬਦਲੀਆਂ ਵਿਚੋਂ ਸਿਰਫ ਇੱਕ ਬਦਲੀ ਹੀ ਅਪਰੂਟ ਹੋਈ ਸੀ । ਹੁਣ ਮੇਰੇ ਹਲਕੇ ਦੇ ਵਿਚ ਬਦਲੀਆਂ ਹੋਈਆਂ ਹਨ । ਇਕ ਬਦਲੀ ਦੇ ਸਬੰਧ ਵਿਚ ਲਿਖਿਆ ਗਿਆ ਹੈ ਕਿ ਲੋਕ ਹਿੱਤ ਨੂੰ ਮੁੱਖ ਰੱਖਦਿਆਂ ਹੋਇਆਂ ਇਨ੍ਹਾਂ ਅਧਿਆਪਕਾਂ ਦੀਆਂ ਬਦਲੀਆਂ ਕੀਤੀਆਂ ਜਾਂਦੀਆਂ ਹਨ । ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਦਾ ਡੈਪੂਟੇਸ਼ਨ ਜਦੋਂ ਬਾਦਲ ਸਾਹਿਬ ਨੂੰ ਮਿਲਿਆ ਤਾਂ ਉਨ੍ਹਾਂ ਨੇ ਤੁਰੰਤ ਆਰਡਰ ਕੀਤੇ ਕਿ ਇਹ ਬਦਲੀਆਂ ਰੋਕ ਦਿੱਤੀਆਂ ਜਾਣ ਅਤੇ ਜੋ ਉਥੋਂ ਦੇ ਪੁਲੀਟੀਕਲ ਲੋਕ ਹਨ, ਉਨ੍ਹਾਂ ਦਾ ਹਾਲ ਮੈਂ ਇੱਥੇ ਪੜ੍ਹ ਕੇ ਸੁਣਾਉਣਾ ਚਾਹੁੰਦਾ ਹਾਂ । ਜਾਅਲੀ ਵੋਟਾਂ ਭੁਗਤਾਉਣ ਤੇ ਸਾਇੰਸ ਅਧਿਆਪਕਾ ਦੀ ਬਦਲੀ ਹੋਈ । ਫਰੀਦਕੋਟ ਦੇ ਸਾਬਕਾ ਵਿਧਾਇਕ ਤੇ ਉੱਘੇ ਅਕਾਲੀ ਆਗੂ ਬੀਬੀ ਜਗਦੀਸ਼ ਕੌਰ ਢਿਲੋਂ ਨੇ ਫਰੀਦਕੋਟ ਦੇ ਬਲਬੀਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਸਾਇੰਸ ਅਧਿਆਪਕਾ ਬੀਬੀ ਅੰਗਰੇਜ਼ ਕੌਰ ਦੇ ਕੀਤੇ ਗਏ ਤਬਾਦਲੇ ਨੂੰ ਬਿਲਕੁਲ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਵਿਭਾਗ ਨੂੰ ਤਾਂ ਸਗੋਂ ਉਸ ਦੇ ਵਿਰੁੱਧ ਹੋਰ ਸਖਤ ਕਦਮ ਉਠਾਉਣਾ ਚਾਹੀਦਾ ਸੀ । ਬੀਬੀ ਢਿਲੋਂ ਡੈਮੋਕਰੇਟਿਕ ਟੀਚਰਜ਼ ਫਰੰਟ ਦੇ ਅਖਬਾਰਾਂ ਵਿਚ ਛਪੇ ਉਸ ਬਿਆਨ ਪ੍ਰਤੀ ਆਪਣੀ ਪ੍ਰਤਿਕਿਰਿਆ ਜ਼ਾਹਿਰ ਕਰ ਰਹੇ ਸਨ ਜਿਸ ਵਿਚ ਕਿਹਾ ਗਿਆ ਸੀ ਕਿ ਬੀਬੀ ਅੰਗਰੇਜ਼ ਕੌਰ ਨੇ ਬਦਲੀ

ਲਈ ਅਰਜ਼ੀ ਨਹੀਂ ਸੀ ਦਿਤੀ ਤੇ ਨਾ ਹੀ ਵਿਭਾਗ ਨੇ ਉਸ ਸਬੰਧੀ ਕੋਈ ਪੁੱਛ ਪੜਤਾਲ ਕੀਤੀ । ਬੀਬੀ ਢਿਲੋਂ ਨੇ ਕਿਹਾ ਕਿ ਅੰਗਰੇਜ਼ ਕੌਰ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਦੇ ਵਿਰੁੱਧ ਜਾਅਲੀ ਵੋਟਾਂ ਭੁਗਤਾਈਆਂ ਸਨ ਜਿਸ ਦੇ ਚਸ਼ਮਦੀਦ ਗਵਾਹ ਉਹ ਖੁਦ, ਉਨ੍ਹਾਂ ਦੇ ਕਹਿਣ ਮੁਤਾਬਿਕ ਸਨ । ਉਨ੍ਹਾਂ ਨੇ ਸਬੰਧਤ ਸਾਇੰਸ ਅਧਿਆਪਕ ਨੂੰ ਮੌਕੇ ਤੇ ਕਿਹਾ ਵੀ ਸੀ ਕਿ ਉਹ ਅਜਿਹਾ ਨਾ ਕਰੇ ਪਰ ਉਸ ਨੇ ਸਰਕਾਰੀ ਕਾਨੂੰਨਾਂ ਦੀ ਪ੍ਰਵਾਹ ਨਾ ਕਰਦਿਆਂ ਇਹ ਕੰਮ ਜਾਰੀ ਰੱਖਿਆ । ਬੀਬੀ ਢਿਲੋਂ ਨੇ ਸਪੱਸ਼ਟ ਕੀਤਾ ਕਿ ਸਰਕਾਰੀ ਮੁਲਾਜ਼ਮ ਆਪਣੀ ਵੋਟ ਪਾਉਣ ਤੱਕ ਹੀ ਸੀਮਤ ਰਹਿ ਸਕਦੇ ਹਨ, ਉਨ੍ਹਾਂ ਨੂੰ ਵੋਟਾਂ ਭੁਗਤਾਉਣ ਜਾਂ ਕਿਸੇ ਉਮੀਦਵਾਰ ਦੇ ਹੱਕ ਵਿਚ ਪ੍ਰਾਪੇਗੰਡਾ ਕਰਨ ਦਾ ਕਾਨੂੰਨੀ ਜਾਂ ਨੈਤਿਕ ਅਧਿਕਾਰ ਨਹੀਂ । ਬੀਬੀ ਅੰਗਰੇਜ਼ ਕੌਰ ਦੇ ਉਕਤ ਕਾਰਜ ਦੇ ਚਸ਼ਮਦੀਦ ਗਵਾਹ ਹੋਣ ਦੇ ਨਾਤੇ ਉਹ ਜਿਥੇ ਵੀ ਲੋੜ ਪਈ, ਆਪਣਾ ਇਹ ਬਿਆਨ ਦੇਣਗੇ । ਹਕੀਕਤ ਇਹ ਹੈ ਕਿ ਉਸ ਨੇ ਕੋਈ ਜਾਅਲੀ ਵੋਟਾਂ ਨਹੀਂ ਭੁਗਤਾਈਆਂ ਸਨ । ਇਹ ਸਿਰਫ ਆਪਣੇ ਬਹੁਤ ਕਰੀਬੀ ਬੰਦੇ ਨੂੰ ਲਿਆਉਣ ਵਾਸਤੇ ਬਦਲੀ ਕਰਵਾਈ ਗਈ ਸੀ ।

ਸਰਦਾਰ ਸਰਵਣ ਸਿੰਘ : ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਪੁਰਾਣੇ ਮੈਂਬਰ ਹਨ । ਇਹ ਇਰਰੈਲੇਵੈਂਟ ਬੋਲ ਰਹੇ ਹਨ, ਇਨ੍ਹਾਂ ਨੂੰ ਰੈਲੇਵੈਂਟ ਬੋਲਣਾ ਚਾਹੀਦਾ ਹੈ ।

ਸਰਦਾਰ ਅਵਤਾਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਰੈਲੇਵੈਂਟ ਹੀ ਬੋਲ ਰਿਹਾ ਹਾਂ । ਮੇਰੇ ਇਹ ਸਾਥੀ ਵੀ ਪਹਿਲਾਂ ਵਜ਼ੀਰ ਰਹੇ ਹਨ ਅਤੇ ਇਨ੍ਹਾਂ ਨੂੰ ਹਾਊਸ ਦੀਆਂ ਪ੍ਰੰਪਰਾਵਾਂ ਬਾਰੇ ਚੰਗੀ ਤਰ੍ਹਾਂ ਪਤਾ ਹੈ । ਇਨ੍ਹਾਂ ਨੂੰ ਇਨ੍ਹਾਂ ਰਵਾਇਤਾਂ ਦਾ ਖਿਆਲ ਰੱਖਣਾ ਚਾਹੀਦਾ ਹੈ । ਇਹ ਤਾਂ ਐਵੇਂ ਕਦੇ ਇਧਰ ਅਤੇ ਕਦੇ ਉਧਰ ਦੀ ਗੱਲ ਕਰਦੇ ਹਨ । ਮੈਨੂੰ ਖੁਸ਼ੀ ਹੈ ਕਿ ਹੁਣ ਵੀ ਇਨ੍ਹਾਂ ਨੇ ਹੀ ਮੰਤਰੀ ਬਣਨਾ ਹੈ । ਅਸੀਂ ਤਾਂ ਆਉਣ ਤੋਂ ਰਹੇ (ਹਾਸਾ) ।

ਸ੍ਰੀ ਡਿਪਟੀ ਸਪੀਕਰ : ਬਰਾੜ ਸਾਹਿਬ, ਆਪਣੀ ਸਪੀਚ ਜਾਰੀ ਰੱਖੋ ।

ਸਰਦਾਰ ਅਵਤਾਰ ਸਿੰਘ ਬਰਾੜ : ਇੱਕ ਗੱਲ ਮੈਂ ਤੁਹਾਡੇ ਨਾਲ ਅਤੇ ਤੁਹਾਡੇ ਰਾਹੀਂ ਇਸ ਹਾਊਸ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ । ਬੜਾ ਸ਼ੋਰ ਪਾਇਆ ਜਾ ਰਿਹਾ ਹੈ ਆਦਰਸ਼ ਸਕੂਲਾਂ ਦਾ । ਇਸ ਹਾਊਸ ਦੇ ਲੀਡਰ, ਮੁੱਖ ਮੰਤਰੀ ਸਾਹਿਬ ਨੇ, ਵਿਤ ਮੰਤਰੀ ਸਾਹਿਬ ਨੇ ਆਦਰਸ਼ ਸਕੂਲਾਂ ਬਾਰੇ ਕਿਹਾ ਹੈ । ਇਸ ਤੋਂ ਪਹਿਲਾਂ 6 ਆਦਰਸ਼ ਸਕੂਲ ਇਸ ਵਕਤ ਪੰਜਾਬ ਵਿਚ ਚੱਲ ਰਹੇ ਹਨ । ਇਨ੍ਹਾਂ ਵਾਸਤੇ ਹੁਣ 25 ਕਰੋੜ ਦੀ ਰਕਮ ਰੱਖੀ ਗਈ ਹੈ । ਇੱਕ ਸਕੂਲ ਵਾਸਤੇ 3 ਕਰੋੜ ਰੁਪਿਆ ਖਰਚ ਕਰਨ ਦਾ ਅਨੁਮਾਨ ਹੈ । ਇਸ ਤਰ੍ਹਾਂ ਤਾਂ 8 ਸਕੂਲ ਹੋਣਗੇ । ਜੇ ਮੈਂ ਭੁਲਦਾ ਨਹੀਂ ਤਾਂ ਪੰਜਾਬ ਵਿਚ 137 ਬਲਾਕ ਹਨ । ਤੁਸੀਂ 8 ਨਾਲ 137 ਨੂੰ ਵੰਡ ਦਿਓ । ਕਿੰਨੇ ਸਾਲ ਲੱਗਣਗੇ । ਮੈਂ ਤਾਂ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਪੂਰੇ 5 ਸਾਲ ਪੂਰੇ ਕਰਨ । ਪਰ ਮੇਰੇ ਕਹਿਣ ਨਾਲ ਕੀ ਬਣਦਾ ਹੈ । ਇਹ ਪੰਜ ਸਾਲ ਪੂਰੇ ਕਰਦੇ ਲੱਗਦੇ ਨਹੀਂ । ਇਹ ਤੁਸੀਂ

[ਸਰਦਾਰ ਅਵਤਾਰ ਸਿੰਘ ਬਰਾੜ]

(ਰੂਲਿੰਗ ਪਾਰਟੀਜ਼ ਵੱਲ ਇਸ਼ਾਰਾ) ਹੀ ਕਰੋਗੇ, ਅਸੀਂ ਤਾਂ ਸਿਰਫ 14 ਹਾਂ। ਜਿਵੇਂ ਕਿਸ਼ਤੀ ਵਿਚ ਬੈਠੇ ਸਵਾਰ ਦੇ ਚਿਹਰੇ ਮੋਹਰੇ ਤੋਂ ਪਤਾ ਲੱਗਦਾ ਹੈ ਕਿ ਕਿਸ਼ਤੀ ਕਿਨਾਰੇ ਪੁੱਜਦੀ ਲੱਗਦੀ ਨਹੀਂ ਇਸੇ ਤਰ੍ਹਾਂ ਇਨ੍ਹਾਂ ਦੇ ਲੱਛਣ ਹੀ ਬਾਦਲ ਸਾਹਿਬ ਨੂੰ ਪੰਜ ਸਾਲ ਪੂਰੇ ਨਹੀਂ ਕਰਨ ਦੇਣਗੇ। ਅਸੀਂ ਤਾਂ ਕਹਿੰਦੇ ਹਾਂ ਕਿ ਇਹ ਪੂਰੇ ਕਰਨ। ਜੇ 8 ਸਕੂਲ ਵੀ ਬਣਾਏ ਅਤੇ ਜੇ ਇੱਕ ਸਕੂਲ ਵਿਚ ਹਜ਼ਾਰ ਬੱਚੇ ਤਾਲੀਮ ਲੈਂਦੇ ਹਨ ਤਾਂ ਕੁੱਲ 8 ਹਜ਼ਾਰ ਬੱਚੇ ਬਣਦੇ ਹਨ। ਮਗਰ ਉਹ ਲੱਖਾਂ ਬੱਚੇ ਜਿਨ੍ਹਾਂ ਦੇ ਤਨ ਤੇ ਅਜੇ ਪੂਰਾ ਕੱਪੜਾ ਨਹੀਂ, ਜਿਨ੍ਹਾਂ ਦੇ ਮਾਪੇ ਹਾਲੇ ਵੀ ਉਨ੍ਹਾਂ ਦੀ ਛੋਟੀ ਉਮਰ ਤੋਂ ਆਪਣੀ ਤੰਗੀ ਕਰਕੇ ਕੋਈ ਨਾ ਕੋਈ ਘਰੇਲੂ ਕੰਮ ਲੈਂਦੇ ਹਨ, ਉਨ੍ਹਾਂ ਦੇ ਭਵਿੱਖ ਦੀ ਸਾਨੂੰ ਕੋਈ ਚਿੰਤਾ ਨਹੀਂ। ਜਿਨ੍ਹਾਂ ਦੇ ਥੱਲੇ ਬੈਠਣ ਨੂੰ ਬੋਰੀਆਂ, ਦਰੀਆਂ ਨਹੀਂ, ਜਿਨ੍ਹਾਂ ਵਾਸਤੇ ਬੈਂਚ ਨਹੀਂ, ਜਿਨ੍ਹਾਂ ਵਾਸਤੇ ਕਿਤਾਬਾਂ ਨਹੀਂ, ਜਿਨ੍ਹਾਂ ਵਾਸਤੇ ਕਮਰੇ ਨਹੀਂ, ਜਿਨ੍ਹਾਂ ਵਾਸਤੇ ਅਧਿਆਪਕ ਨਹੀਂ, ਉਨ੍ਹਾਂ ਦੀ ਸਾਨੂੰ ਕੋਈ ਚਿੰਤਾ ਨਹੀਂ ਪਰ ਬਾਦਲ ਸਾਹਿਬ ਦੀ ਸੋਚ ਹਾਲੇ ਵੀ ਜਾਗੀਰਦਾਰਾਂ ਵਾਲੀ ਹੈ। ਅਮੀਰਾਂ ਦੇ ਬੱਚਿਆਂ ਦੀ ਗਿਣਤੀ ਸਿਰ ਆਦਰਸ਼ ਸਕੂਲ ਬਣਾ ਦੇਈਏ ਅਤੇ ਬਾਕੀ ਦੀ ਬਹੁ ਗਿਣਤੀ, ਜਿਹੜੀ ਤੰਗੀ ਤੁਰਸ਼ੀ ਦੇ ਬਾਵਜੂਦ ਆਪਣੇ ਬੱਚਿਆਂ ਨੂੰ ਸਕੂਲ ਆਸਾਂ ਨਾਲ ਭੇਜਦੀ ਹੈ ਕਿ ਉਨ੍ਹਾਂ ਦੇ ਬੱਚੇ ਪੜ੍ਹ ਕੇ ਤਾਲੀਮ ਲੈ ਕੇ ਚੰਗੇ ਸ਼ਹਿਰੀ ਬਣ ਸਕਣ, ਉਨ੍ਹਾਂ ਨੂੰ ਰੋਜ਼ਗਾਰ ਮਿਲ ਸਕੇ, ਉਨ੍ਹਾਂ ਦਾ ਕੋਈ ਖਿਆਲ ਨਹੀਂ। ਆਹ ਸਾਹਮਣੇ ਗੈਲਰੀ ਵਿਚ ਬੈਠੇ ਸੀਨੀਅਰ ਆਈ.ਏ.ਐਸ. ਮੇਰੀ ਹੁਣ ਵੀ ਨਿਗਾਹ ਵਿਚ ਹਨ। ਇਹ ਕਿਹੜੇ ਮਾਡਲ ਸਕੂਲਾਂ ਵਿਚੋਂ ਪੜ੍ਹ ਕੇ ਆਏ ਹਨ, ਕਿਹੜੇ ਆਦਰਸ਼ ਸਕੂਲਾਂ ਤੋਂ ਪੜ੍ਹ ਕੇ ਆਏ ਹਨ। ਮੇਰੇ ਸਾਮ੍ਹਣੇ ਉਹ ਵੀ ਅਮੀਰਾਂ ਦੇ ਬੱਚੇ ਹਨ ਜਿਹੜੇ ਮੁਨਾਵਰ ਪੜ੍ਹਨ ਗਏ ਅਤੇ ਉਥੋਂ ਨਸ਼ਿਆਂ ਦੇ ਆਦੀ ਹੋ ਕੇ ਆਏ, ਡਾਕੂਆਂ ਵਾਲੇ ਕੰਮ ਸ਼ੁਰੂ ਕੀਤੇ। ਮੇਰੇ ਸਾਮ੍ਹਣੇ ਉਹ ਵੀ ਹਨ ਤੁਸੀਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਲਿਆਉਣ ਦਾ ਸੰਕਲਪ ਕੀਤਾ ਹੈ। ਉਸ ਨੇ ਕਿਹੜੇ ਮਾਡਲ ਸਕੂਲ ਵਿਚ ਤਾਲੀਮ ਲਈ ਸੀ, ਅਕਬਰ ਨੇ ਕਿਹੜੇ ਸਕੂਲ ਵਿਚ ਤਾਲੀਮ ਲਈ ਸੀ, ਗਿਆਨੀ ਜ਼ੈਲ ਸਿੰਘ ਨੇ ਕਿਹੜੇ ਸਕੂਲ ਵਿਚ ਤਾਲੀਮ ਲਈ ਸੀ।

ਰਾਜਾ ਨਰਿੰਦਰ ਸਿੰਘ : ਪੁਆਇੰਟ ਆਫ ਆਰਡਰ, ਸਰ। ਮੇਰੇ ਇਹ ਬੜੇ ਮਾਨਯੋਗ ਮੈਂਬਰ ਸਾਹਿਬ ਮੰਤਰੀ ਵੀ ਰਹੇ ਹਨ। ਮੇਰਾ ਇਰਾਦਾ ਨਹੀਂ ਸੀ ਕਿ ਇਨ੍ਹਾਂ ਦੀ ਗੱਲ ਵਿਚ ਇੰਟਰਫੀਅਰ ਕਰਾਂ ਲੇਕਿਨ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਤਜ਼ਰਬੇ ਤੋਂ, ਇਸ ਹਾਊਸ ਦੇ ਸੀਨੀਅਰ ਮੈਂਬਰਜ਼ ਦੇ ਤਜਰਬੇ ਤੋਂ ਇਹ ਗੱਲ ਸਾਫ ਜ਼ਾਹਿਰ ਹੁੰਦੀ ਹੈ ਅਤੇ ਇਹ ਫੈਕਟ ਹੈ ਕਿ ਜਿੰਨੇ ਵੀ ਲੀਡਰ ਸਾਹਿਬਾਨ ਇਧਰ ਹਨ ਜਾਂ ਉਧਰ ਹਨ ਜਿਹੜੇ ਪਬਲਿਕ ਸਕੂਲਾਂ ਦੇ ਖਿਲਾਫ ਬੋਲੇ ਹਨ, ਇਨ੍ਹਾਂ ਸਾਰਿਆਂ ਦੇ ਪੁੱਤਰ ਪਬਲਿਕ ਸਕੂਲਾਂ ਵਿਚ ਪੜ੍ਹਦੇ ਹੁੰਦੇ ਸੀ। (ਥੰਪਿੰਗ) ਕਾਂਗਰਸ ਨੇ ਪ੍ਰੋਹਿਬਸ਼ਨ ਦੀ ਕਮੇਟੀ ਬਣਾਈ ਸੀ ਅਤੇ ਮੈਂ ਉਸ ਦਾ ਮੈਂਬਰ ਸੀ। ਅਸੀਂ ਸ਼ਹਿਰ ਵਿਚ ਇੱਕ ਜਲੂਸ ਵੀ ਕੱਢਿਆ ਸੀ। ਅਸੀਂ ਇਨ੍ਹਾਂ ਦੇ ਨਾਲ ਪੀਣ ਤੋਂ ਬਾਅਦ ਪਾਨ ਦੀ ਦੁਕਾਨ ਤੇ ਇੱਕਠੇ ਜਾਂਦੇ ਸੀ ਔਰ ਬਾਹਰ ਅਸੀਂ ਪ੍ਰੋਹਿਬਸ਼ਨ ਦੀ ਗੱਲ ਕਰਦੇ ਸੀ। ਇਹ ਹਿਪੋਕਰੇਸੀ ਬੰਦ ਹੋਣੀ ਚਾਹੀਦੀ ਹੈ। ਬਰਾੜ ਸਾਹਿਬ ਸੈਂਟੀਮੈਂਟਲ ਹੋ ਗਏ ਹਨ ਅਤੇ ਸੈਂਟੀਮੈਂਟਲ ਹੋ ਕੇ ਇਥੇ ਗੱਲਾਂ

ਕਰ ਰਹੇ ਹਨ । ਪਾਲਿਟਿਕਸ ਵਿਚ ਸੈਂਟੀਮੈਂਟਲ ਹੋਣ ਵਾਲੀ ਕਿਹੜੀ ਗੱਲ ਹੈ । ਇਹ ਕਿਉਂ ਪੁੱਤ ਦੀ ਸਹੁੰ ਖਾਈ ਜਾ ਰਹੇ ਹਨ । ਅਸੀਂ ਕਦੋਂ ਕਿਹਾ ਹੈ ਕਿ ਬਰਾੜ ਸਾਹਿਬ ਕੁਰੱਪਟ ਹਨ ?

ਸਰਦਾਰ ਅਵਤਾਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨਾਲ ਕਦੀ ਪਾਨ ਦੀ ਦੁਕਾਨ ਤੇ ਨਹੀਂ ਗਿਆ । ਹੁਣ ਇਹ ਖੁਦ ਜਜ਼ਬਾਤੀ ਹੋ ਕੇ ਗੱਲਾਂ ਕਰ ਰਹੇ ਹਨ । ਤੁਸੀਂ ਇਨ੍ਹਾਂ ਗੱਲਾਂ ਨੂੰ ਛੱਡੋ । ਸਾਨੂੰ ਉਨ੍ਹਾਂ ਮਾਪਿਆਂ ਦੇ ਜਜ਼ਬਾਤ ਦੀ ਕਦਰ ਕਰਨੀ ਚਾਹੀਦੀ ਹੈ ਜਿਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਦੇ ਵਿਚ ਪੜ੍ਹ ਰਹੇ ਹਨ ਅਤੇ ਜਿਹੜੇ ਤਾਲੀਮ ਲੈਣ ਲਈ ਸਕੂਲ ਜਾਂਦੇ ਹਨ । ਉਨ੍ਹਾਂ ਦੇ ਬੱਚਿਆਂ ਦੀ ਤਾਲੀਮ ਵੱਲ ਧਿਆਨ ਦੇਣਾ ਚਾਹੀਦਾ ਹੈ । ਵੋਟਾਂ ਦੀ ਖਾਤਿਰ ਇਕ ਫਿਰਕੇ ਦੀ ਗੱਲ ਨਾ ਕਰੋ । ਵੋਟਾਂ ਤੁਸੀਂ ਅਤੇ ਅਸੀਂ ਗਰੀਬ ਅਤੇ ਅਮੀਰ ਦੋਨਾਂ ਤੋਂ ਲਈਆਂ ਹਨ ਪਰ ਇਹ ਸਰਕਾਰ ਹਮੇਸ਼ਾ ਵੱਡੇ ਜ਼ਿਮੀਂਦਾਰਾਂ ਦੀ ਗੱਲ ਕਰਦੀ ਹੈ, ਕਿਸਾਨਾਂ ਦੀ ਗੱਲ ਕਰਦੀ ਹੈ । ਇਸ ਲਈ, ਬਾਦਲ ਸਾਹਿਬ, ਪਹਿਲੇ ਸਰਕਾਰ ਨੂੰ ਸਰਕਾਰੀ ਸਕੂਲਾਂ ਦੇ ਵਿਚ ਉਨ੍ਹਾਂ ਜ਼ਰੂਰੀ ਚੀਜ਼ਾਂ ਦੀ ਪ੍ਰੋਵੀਜ਼ਨ ਕਰਨੀ ਚਾਹੀਦੀ ਹੈ ਜਿਹੜੀਆਂ ਉਥੇ ਹਾਲੇ ਉਨ੍ਹਾਂ ਨੂੰ ਮਿਲੀਆਂ ਨਹੀਂ ਹਨ । ਪਹਿਲੇ ਉਨ੍ਹਾਂ ਸਰਕਾਰੀ ਸਕੂਲਾਂ ਦੇ ਵਿਚ ਫਰਨੀਚਰ ਦਾ ਪ੍ਰਬੰਧ ਕਰੋ, ਕਮਰਿਆਂ ਦਾ ਪ੍ਰਬੰਧ ਕਰੋ, ਪੀਣ ਦੇ ਪਾਣੀ ਦਾ ਪ੍ਰਬੰਧ ਕਰੋ ਅਤੇ ਟੀਚਰਜ਼ ਦਾ ਪ੍ਰਬੰਧ ਕਰੋ ਤਾਕਿ ਉਨ੍ਹਾਂ ਮਾਪਿਆਂ ਦਾ ਸੁਪਨਾ ਸਾਕਾਰ ਹੋ ਸਕੇ । ਪਿਛਲੀ ਸਰਕਾਰ ਨੇ ਬਹੁਤ ਸਾਰੇ ਸਕੂਲਾਂ ਨੂੰ ਅਪਗਰੇਡ ਕੀਤਾ ਸੀ ਜਿਥੇ ਇਸ ਦੀ ਕਾਫੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ । ਮੈਂ ਬਾਦਲ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਫਰੀਦਕੋਟ ਜਦੋਂ ਜਾਂਦੇ ਹਾਂ, ਉਹ ਹਲਕਾ ਜਿਹੜਾ ਬਾਦਲ ਸਾਹਿਬ ਦਾ ਸੀ, ਉਸ ਵਿਚ ਚਾਂਦ ਭਾਨ ਪਿੰਡ ਜਿਥੇ ਮਹਾਰਾਜਾ ਫਰੀਦਕੋਟ ਦੇ ਨਾਂ ਦਾ ਸਕੂਲ ਹੈ, ਉਸ ਨੂੰ ਹਾਈ ਸਕੂਲ ਕੀਤਾ ਗਿਆ । ਫਿਰੋਜ਼ਪੁਰ ਵਿਚ, ਗੋਲੇਵਾਲਾ ਪਿੰਡ ਵਿਚ ਮਹਾਰਾਜਾ ਦੇ ਸਕੂਲ ਨੂੰ ਹਾਈ ਸਕੂਲ ਕੀਤਾ ਗਿਆ ਅਤੇ ਮੁਕਤਸਰ ਵਿਚ ਇਕ ਬਹੁਤ ਵੱਡਾ ਪਿੰਡ ਖੇੜਾ ਹੈ ਜਿਥੇ ਮਹਾਰਾਜਾ ਫਰੀਦਕੋਟ ਦੇ ਨਾਂ ਦਾ ਸਕੂਲ ਸੀ, ਉਸ ਨੂੰ ਵੀ ਅਸੀਂ ਅਪਗਰੇਡ ਕੀਤਾ ਜਿਥੇ ਲੋਕਾਂ ਨੂੰ ਇਹ ਲੋੜ ਮਹਿਸੂਸ ਹੋ ਰਹੀ ਸੀ, ਉਸ ਨੂੰ ਅਸੀਂ ਪੂਰਾ ਕੀਤਾ । ਇਸੇ ਤਰ੍ਹਾਂ ਅਸੀਂ ਬਹੁਤ ਸਾਰੇ ਪ੍ਰਾਇਮਰੀ ਸਕੂਲਾਂ ਨੂੰ ਮਿਡਲ ਸਕੂਲਾਂ ਵਿਚ ਅਤੇ ਮਿਡਲ ਸਕੂਲਾਂ ਨੂੰ ਹਾਈ ਸਕੂਲਾਂ ਦੇ ਵਿਚ ਅਤੇ ਹਾਈ ਸਕੂਲਾਂ ਨੂੰ 10 ਪਲਸ 2 ਵਿਚ ਅਪਗਰੇਡ ਕੀਤਾ । ਇਹ ਤਕਰੀਬਨ 837 ਸਕੂਲਾਂ ਨੂੰ ਅਪਗਰੇਡ ਕੀਤਾ ਗਿਆ ਸੀ ਅਤੇ ਇਸ ਅਪਗਰੇਡੇਸ਼ਨ ਸਬੰਧੀ ਨੋਟੀਫੀਕੇਸ਼ਨ ਸਰਕਾਰ ਦੇ ਵੱਲੋਂ ਇਸ਼ੂ ਹੋ ਗਈ ਸੀ । ਉਸ ਨੋਟੀਫੀਕੇਸ਼ਨ ਦੀ ਕਾਪੀ ਮੇਰੇ ਕੋਲ ਹੈ ਪਰ ਇਸ ਸਰਕਾਰ ਨੇ ਆਉਂਦੇ ਹੀ ਇਨ੍ਹਾਂ ਸਕੂਲਾਂ ਨੂੰ ਅਪਗਰੇਡ ਕਰਨ ਵਾਲੀ ਨੋਟੀਫੀਕੇਸ਼ਨ ਉਤੇ ਅਮਲ ਰੋਕ ਦਿੱਤਾ । ਇਨ੍ਹਾਂ ਨੇ ਨਾ ਤਾਂ ਉਸ ਨੋਟੀਫੀਕੇਸ਼ਨ ਨੂੰ ਡੀਨੋਟੀਫਾਈ ਕੀਤਾ ਹੈ ਅਤੇ ਨਾ ਹੀ ਹੋਰ ਸਕੂਲਾਂ ਨੂੰ ਅਪਗਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਨੇ ਬਜਟ ਦੇ ਵਿਚ ਰੱਖੀ ਹੈ । ਇਸ ਲਈ ਮੈਂ ਬਾਦਲ ਸਾਹਿਬ ਨੂੰ ਅਪੀਲ ਕਰਦਾ ਹਾਂ ਕਿ ਉਸ ਨੋਟੀਫੀਕੇਸ਼ਨ ਨੂੰ ਲਾਗੂ ਕੀਤਾ ਜਾਵੇ ਜਿਸ ਨੋਟੀਫੀਕੇਸ਼ਨ ਨੂੰ ਲੋਕਰਾਜੀ ਸਰਕਾਰ ਨੇ ਜਾਰੀ

[ਸਰਦਾਰ ਅਵਤਾਰ ਸਿੰਘ ਬਰਾੜ]

ਕੀਤਾ ਸੀ । ਲੋਕਰਾਜੀ ਅਸੂਲਾਂ ਨੂੰ ਮੱਦੇ-ਨਜ਼ਰ ਰੱਖਦੇ ਹੋਏ ਅਤੇ ਲੋਕ ਮਹੱਤਤਾ ਨੂੰ ਸਮਝਦੇ ਹੋਏ ਸਾਡੀ ਸਰਕਾਰ ਵੱਲੋਂ ਸਕੂਲਾਂ ਨੂੰ ਅਪਗਰੇਡ ਕਰਨ ਵਾਸਤੇ ਜਿਹੜੀ ਨੋਟੀਫੀਕੇਸ਼ਨ ਜਾਰੀ ਕੀਤੀ ਗਈ ਸੀ, ਉਸ ਉਤੇ ਫੌਰੀ ਤੌਰ ਤੇ ਅਮਲ ਕਰਵਾਇਆ ਜਾਵੇ ਤਾਕਿ ਅਸੀਂ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰ ਸਕੀਏ । ਇਸ ਨੋਟੀਫੀਕੇਸ਼ਨ ਦਾ ਜੋ ਹਸ਼ਰ ਇਨ੍ਹਾਂ ਨੇ ਕੀਤਾ ਹੈ, ਉਹ ਬਹੁਤ ਹੀ ਮਾੜਾ ਹੈ। ਨਾ ਤਾਂ ਇਨ੍ਹਾਂ ਨੇ ਉਸ ਨੋਟੀਫੀਕੇਸ਼ਨ ਨੂੰ ਡੀਨੋਟੀਫਾਈ ਕੀਤਾ ਹੈ । ਜਦੋਂ ਮੈਨੂੰ ਪਿਛਲੀ ਸਰਕਾਰ ਦੇ ਵਿਚ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਅਤੇ ਮੈਂ ਜ਼ਿੰਮੇਂਵਾਰੀ ਸੰਭਾਲੀ ਸੀ ਤਾਂ ਮੈਂ ਸਭ ਤੋਂ ਪਹਿਲਾਂ ਇਹ ਮਹਿਸੂਸ ਕੀਤਾ ਸੀ ਕਿ ਪੰਜਾਬ ਵਿਚ ਜਿਹੜਾ ਟੀਚਰਜ਼ ਵਰਗ ਹੈ, ਉਸ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਇਨ੍ਹਾਂ ਦੀਆਂ ਜਿਹੜੀਆਂ ਜਾਇਜ਼ ਮੰਗਾਂ ਹਨ, ਉਨ੍ਹਾਂ ਨੂੰ ਮੰਨ ਲੈਣਾ ਚਾਹੀਦਾ ਹੈ ਤਾਕਿ ਬੱਚਿਆਂ ਦੀ ਤਾਲੀਮ ਖਰਾਬ ਨਾ ਹੋਵੇ । ਉਸ ਵਕਤ ਪੰਜਾਬ ਦੇ ਟੀਚਰਜ਼ ਆਪਣੇ ਸਕੂਲਾਂ ਨੂੰ ਛੱਡ ਕੇ ਚੰਡੀਗੜ੍ਹ ਦੀਆਂ ਸੜਕਾਂ ਉਤੇ ਝੰਡੇ ਲੈ ਕੇ ਮੁਜ਼ਾਹਰਾ ਕਰ ਰਹੇ ਸਨ ਅਤੇ ਧਰਨੇ ਮਾਰ ਰਹੇ ਸਨ । ਮੈਂ ਸਭ ਤੋਂ ਪਹਿਲਾਂ 15 ਦਿਨਾਂ ਦੇ ਵਿਚ ਇਨ੍ਹਾਂ ਸਾਰੀਆਂ ਟੀਚਰਜ਼ ਜਥੇਬੰਦੀਆਂ ਨੂੰ ਇੱਕਠਾ ਕਰਕੇ ਉਸ ਵੇਲੇ ਦੇ ਸੈਕਟਰੀ ਐਜੂਕੇਸ਼ਨ, ਐਡੀਸ਼ਨਲ ਸੈਕਟਰੀ, ਐਜੂਕੇਸ਼ਨ ਅਤੇ ਡੀ.ਪੀ.ਆਈ., ਸਕੂਲਜ਼ ਨੂੰ ਸਵੇਰੇ 10 ਵਜੇ ਬੁਲਾਇਆ ਅਤੇ ਮੀਟਿੰਗ ਸ਼ੁਰੂ ਕਰ ਦਿੱਤੀ । ਮੀਟਿੰਗ ਚਲਦੀ ਰਹੀ । ਡਿਪਟੀ ਸਪੀਕਰ ਸਾਹਿਬ, ਸ਼ਾਮ ਨੂੰ 8.00 ਵਜੇ ਉਹ ਮੀਟਿੰਗ ਖਤਮ ਹੋਈ ਸੀ । ਉਨ੍ਹਾਂ ਦੀਆਂ 25 ਮੰਗਾਂ ਵਿਚੋਂ 17 ਮੰਗਾਂ ਮੰਨ ਲਈਆਂ ਗਈਆਂ ਸਨ । ਟਰੇਡ ਯੂਨੀਅਨ ਵਲੋਂ ਪਹਿਲੀ ਵਾਰ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਅਤੇ ਇਹ ਐਲਾਨ ਕੀਤਾ ਗਿਆ ਕਿ ਅਧਿਆਪਕ ਵਕਤ ਸਿਰ ਸਕੂਲ ਜਾਇਆ ਕਰਨ ਅਤੇ ਬੱਚਿਆਂ ਨੂੰ ਪੜ੍ਹਾ ਕੇ ਉਨ੍ਹਾਂ ਦੇ ਨਾਲ ਇਨਸਾਫ ਕਰਨ । ਆਪਣੇ ਕੰਮ ਨੂੰ ਅਧਿਆਪਕ ਚੰਗੀ ਤਰ੍ਹਾਂ ਦੇ ਨਾਲ ਨਿਭਾਉਣ । ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਮੰਗਾਂ ਮਨਜ਼ੂਰ ਕੀਤੀਆਂ ਗਈਆਂ ਅਤੇ ਕੁਝ ਇੰਪਲੀਮੈਂਟ ਕਰਨੋਂ ਰਹਿ ਗਈਆਂ ਹਨ, ਉਨ੍ਹਾਂ ਨੂੰ ਇੰਪਲੀਮੈਂਟ ਕਰ ਦਿੱਤਾ ਜਾਵੇ । ਇਨ੍ਹਾਂ ਮੰਗਾਂ ਤੇ ਇਕ ਵੀ ਪੈਸਾ ਖਰਚ ਨਹੀਂ ਹੁੰਦਾ । ਸਮਾਂ ਥੋੜ੍ਹਾ ਹੋਣ ਕਰਕੇ ਮੈਂ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ । ਜੇਕਰ ਅਧਿਆਪਕ ਸੰਤੁਸ਼ਟ ਨਹੀਂ ਹੋਵੇਗਾ ਤਾਂ ਉਹ ਬੱਚਿਆਂ ਨੂੰ ਇਨਸਾਫ ਕਿਸ ਤਰ੍ਹਾਂ ਦੇਵੇਗਾ । ** ** ਐਮ.ਪੀ. ਨੇ ਕਿਹਾ ਕਿ ਅਧਿਆਪਕਾਂ ਦੀ ਡੰਡੇ ਨਾਲ ਸੇਵਾ ਕਰਨੀ ਚਾਹੀਦੀ ਹੈ ਪਰ ਮੈਂ ਇਸ ਗੱਲ ਤੇ ਵਿਸ਼ਵਾਸ ਨਹੀਂ ਕਰਦਾ। (ਵਿਘਨ)

ਸੰਸਦੀ ਮਾਮਲਿਆਂ ਦੇ ਮੰਤਰੀ : ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ । ਜੋ ਮੈਂਬਰ ਇਸ ਸਦਨ ਵਿਚ ਹਾਜ਼ਰ ਨਹੀਂ, ਉਸ ਦਾ ਨਾਮ ਬਰਾੜ ਸਾਹਿਬ ਨਹੀਂ ਲੈ ਸਕਦੇ । ਇਸ ਲਈ ਐਮ.ਪੀ. ਦਾ ਨਾਂ ਐਕਸਪੰਜ ਹੋਣਾ ਚਾਹੀਦਾ ਹੈ ।

ਸ੍ਰੀ ਡਿਪਟੀ ਸਪੀਕਰ : ਐਮ.ਪੀ. ਦਾ ਨਾਂ ਐਕਸਪੰਜ ਕਰ ਦਿੱਤਾ ਜਾਵੇ । ਬਰਾੜ ਸਾਹਿਬ, ਤੁਸੀਂ ਹੁਣ ਬੈਠ ਜਾਓ ਕਿਉਂਕਿ ਤੁਹਾਡਾ ਟਾਈਮ ਖਤਮ ਹੋ ਗਿਆ ਹੈ । ਸ੍ਰੀ ਸੱਤਿਆ ਪਾਲ ਸੈਣੀ ਜੀ, ਤੁਸੀਂ ਬੋਲੋ ।

---

*Expunged as ordered by the Chair.

ਸ੍ਰੀ ਸੱਤਿਆ ਪਾਲ ਸੈਣੀ (ਸੁਜਾਨਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਗੱਲਾਂ ਕਹਿਣ ਵਾਸਤੇ ਖੜ੍ਹਾ ਹੋਇਆ ਹਾਂ। ਸਭ ਤੋਂ ਪਹਿਲਾਂ ਮੈਂ 22 ਮਾਰਚ, 1995 ਦੀ ਕਾਰਵਾਈ ਕੋਟ ਕਰਨਾ ਚਾਹੁੰਦਾ ਹਾਂ ਜਿਸ ਵਿਚ ਸਦਨ ਨੂੰ ਦੱਸਿਆ ਗਿਆ ਸੀ ਕਿ 12,000 ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਵਿਚੋਂ 431 ਸਕੂਲਾਂ ਦੀਆਂ ਬਿਲਡਿੰਗਾਂ ਖਸਤਾ ਹਾਲਤ ਵਿਚ ਹਨ। ਬਰਾੜ ਸਾਹਿਬ, ਹੁਣ ਤੁਸੀਂ ਜਾਓ ਨਾ ਅਤੇ ਸੁਣ ਲਓ, ਇਹ ਤੁਹਾਡੀਆਂ ਹੀ ਗੱਲਾਂ ਹਨ।

ਸਰਦਾਰ ਅਵਤਾਰ ਸਿੰਘ ਬਰਾੜ : ਮੈਂ ਪਾਣੀ ਪੀਣ ਲਈ ਜਾ ਰਿਹਾ ਹਾਂ ਅਤੇ ਵਾਪਿਸ ਆ ਜਾਵਾਂਗਾ।

ਸ੍ਰੀ ਸੱਤਿਆ ਪਾਲ ਸੈਣੀ : ਤੁਸੀਂ ਪਾਣੀ ਪੀ ਕੇ ਆ ਜਾਣਾ। ਪਾਣੀ ਪੀ ਲਓ। (ਹਾਸਾ) ਇਸ ਬਜਟ ਵਿਚ ਮਰਹੂਮ ਮੁੱਖ ਮੰਤਰੀ ਜੀ ਨੇ ਆਸ਼ਵਾਸਨ ਦਿੱਤਾ ਸੀ ਕਿ ਇਨ੍ਹਾਂ 431 ਸਕੂਲਾਂ ਦੀਆਂ ਬਿਲਡਿੰਗਾਂ ਨੂੰ ਬਣਾ ਦਿਆਂਗੇ ਅਤੇ ਪੰਜਾਬ ਵਿਚ ਕੋਈ ਵੀ ਐਸਾ ਸਕੂਲ ਨਹੀਂ ਰਹੇਗਾ ਜਿਸ ਦੀ ਬਿਲਡਿੰਗ ਨਹੀਂ ਹੋਵੇਗੀ। ਇਹ ਸ਼ਬਦ ਵਰਨਣ ਹਨ ਅਤੇ ਉਸ ਵੇਲੇ ਮੇਜ਼ਾਂ ਨੂੰ ਥਪ ਥਪਾਇਆ ਗਿਆ ਸੀ। ਇਕ ਗੱਲ ਇਨ੍ਹਾਂ ਨੇ ਹੋਰ ਵੀ ਕਹੀ ਸੀ ਕਿ ਇਨ੍ਹਾਂ ਸਕੂਲਾਂ ਵਿਚੋਂ ਜਿਹੜੇ ਉਪਰਲੇ ਹਾਇਰ ਸੈਕੰਡਰੀ ਸਕੂਲ ਹਨ, ਉਨ੍ਹਾਂ ਵਿਚ ਵੋਕੇਸ਼ਨੇਲਾਈਜੇਸ਼ਨ ਕਰਾਂਗੇ। ਹੁਸ਼ਿਆਰਪੁਰ ਅਤੇ ਫਰੀਦਕੋਟ ਜ਼ਿਲ੍ਹੇ ਨੂੰ ਪੂਰਨ ਸਾਖਰਤਾ ਵਾਲੇ ਜ਼ਿਲ੍ਹੇ ਕਰ ਦਿਆਂਗੇ। ਇਹ ਆਸ਼ਵਾਸਨ ਕਿਤਨੇ ਪੂਰੇ ਹੋਏ ਹਨ ਅਤੇ ਕਿਤਨੇ ਨਿਭਾਏ ਗਏ ਜੋ ਕਿ ਇਸ ਪਵਿੱਤਰ ਸਦਨ ਵਿਚ ਦਿੱਤੇ ਗਏ ਸਨ? ਬਰਾੜ ਸਾਹਿਬ, ਦੂਸਰਿਆਂ ਨੂੰ ਕਹਿਣਾ ਜਾਣਦੇ ਹਨ ਪਰ ਆਪਣੀ ਮੰਜੀ ਥੱਲੇ ਸੋਟਾ ਮਾਰ ਕੇ ਦੇਖਣ ਕਿ ਅਸਲੀਅਤ ਕੀ ਹੈ? ਬਰਾੜ ਸਾਹਿਬ, ਨੇ ਕਿਹਾ ਕਿ ਬਾਦਲ ਸਾਹਿਬ ਵਜ਼ੀਰੀਆਂ ਵੰਡ ਰਹੇ ਹਨ ਪਰ ਮੈਂ ਉਨ੍ਹਾਂ ਨੂੰ ਪ੍ਰਾਰਥਨਾ ਕਰਨਾ ਚਾਹੁੰਦਾ ਹਾਂ ਕਿ ਸਾਡੀ ਚਿੰਤਾ ਨਾ ਕਰੋ, ਅਸੀਂ ਵਜ਼ੀਰੀਆਂ ਆਪਣੇ ਆਪ ਵੰਡ ਲਵਾਂਗੇ। ਅਸੀਂ ਸੱਤਾ ਦੇ ਵਪਾਰੀ ਨਹੀਂ। ਸਾਨੂੰ ਆਪਣੇ ਨੇਤਾ ਤੇ ਪੂਰਾ ਭਰੋਸਾ ਹੈ ਔਰ ਜਿਹੜੀ ਅਪਗ੍ਰੇਡੇਸ਼ਨ ਦੀ ਤੁਸੀਂ ਪਾਲਿਟਿਕਸ ਖੇਡੀ ਸੀ, ਜ਼ਰਾ ਉਸ ਦਾ ਹਸ਼ਰ ਮੇਰੇ ਇਲਾਕੇ ਵਿਚ ਦੇਖੋ। ਸਕੂਲ ਅਪਗ੍ਰੇਡ ਕਰ ਦਿੱਤੇ ਪਰ ਉਨ੍ਹਾਂ ਸਕੂਲਾਂ ਵਿਚ ਕੋਈ ਟੀਚਰ ਹੁਣ ਤੱਕ ਨਹੀਂ ਸੀ ਗਿਆ। ਹੁਣ ਮਾਰਚ ਵਿਚ ਆ ਕੇ ਸਾਡੀ ਸਰਕਾਰ ਨੇ ਟੀਚਰ ਉਨ੍ਹਾਂ ਸਕੂਲਾਂ ਵਿਚ ਭੇਜੇ ਹਨ। ਧਾਰ ਬਲਾਕ ਦੀ ਤਰਫ ਦੇਖੋ, ਤੁਸੀਂ ਉਸ ਇਲਾਕੇ ਦੇ ਉਪਰ ਹੀ ਜ਼ਰਾ ਤਰਸ ਖਾਧਾ ਹੁੰਦਾ, ਕੋਈ ਟੀਚਰ ਭੇਜੇ ਹੁੰਦੇ....

ਚੌਧਰੀ ਜਗਜੀਤ ਸਿੰਘ (ਬੈਠੇ ਬੈਠੇ) : ਤੁਸੀਂ ਹੁਣ ਲੈ ਜਾਉ।

ਸ੍ਰੀ ਸੱਤਿਆ ਪਾਲ ਸੈਣੀ : ਹੁਣ ਤਾਂ ਅਸੀਂ ਲੈ ਹੀ ਜਾਵਾਂਗੇ। ਹੁਣ ਤਾਂ ਅਸੀਂ ਕਰ ਹੀ ਰਹੇ ਹਾਂ।

ਡਿਪਟੀ ਸਪੀਕਰ ਸਾਹਿਬ, ਮੈਂ ਪਿਛਲੀ ਕਾਰਗੁਜ਼ਾਰੀ ਦੀ ਚਰਚਾ ਨਾ ਕਰਕੇ ਜਿਹੜੇ ਇਹ ਸਾਡੇ ਬਜਟ ਅਨੁਮਾਨ ਹਨ, ਉਨ੍ਹਾਂ ਦੇ ਉਪਰ ਹੀ ਆਉਂਦਾ ਹਾਂ। ਅਸੀਂ ਪਹਿਲੀ ਮੱਦ ਵਿਚ, ਮੱਦ ਨੰ: 12 ਵਿਚ 5 ਕਰੋੜ ਰੁਪਏ ਰੈਵੇਨਿਊ ਐਕਸਪੈਂਡੀਚਰ ਦਾ ਪ੍ਰਾਵਧਾਨ

[ਸ਼੍ਰੀ ਸੱਤਿਆ ਪਾਲ ਸੈਣੀ]

ਕੀਤਾ ਹੈ ਅਤੇ 47 ਕਰੋੜ ਰੁਪਏ ਦੀ ਕੈਪੀਟਲ ਐਕਸਪੈਂਡੀਚਰ ਵਾਸਤੇ ਪ੍ਰੋਵੀਜਨ ਕੀਤੀ ਹੈ। ਇਸ ਦੇ ਨਾਲ ਨਾਲ ਜਿਹੜੀ ਦੂਸਰੀ ਮੱਦ ਹੈ, ਉਸ ਦੇ ਵਿਚ 1032 ਕਰੋੜ ਦਾ ਔਰ 140 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਹੈ। ਕੱਲ੍ਹ ਇਹ ਮੇਰੇ ਵੀਰ ਸਿਕਸ਼ਾ ਦੇ ਬਾਰੇ ਵਿਚ ਗੱਲ ਕਰ ਰਹੇ ਸੀ। ਉਸ ਸ਼ਿਕਸ਼ਾ ਦੀ ਇਨ੍ਹਾਂ ਨੂੰ ਮੂਲ ਤੋਂ ਵੀ ਜਾਣਕਾਰੀ ਨਹੀਂ ਸੀ। ਇਹ ਸ਼ਿਕਸ਼ਾ ਦਿਵਾਰਾਂ ਨੂੰ ਗਿਣਦੇ ਸਨ, ਟਾਟਾਂ ਨੂੰ ਗਿਣਦੇ ਸਨ, ਸ਼ਿਕਸ਼ਾ ਸਮੱਗਰੀ ਨੂੰ ਗਿਣਦੇ ਸਨ। ਇਹ ਸ਼ਿਕਸ਼ਾ ਦੀ ਕੋਈ ਹੋਰ ਭਾਵਨਾ ਨਹੀਂ ਸਨ ਸਮਝਦੇ ਪਏ ਕਿ ਸ਼ਿਕਸ਼ਾ ਦਾ ਸਹੀ ਮਾਅਨਿਆਂ ਵਿਚ ਕੀ ਅਰਥ ਹੈ। ਸਾਡੇ ਭਾਰਤ ਵਿਚ ਹੀ ਰਿਸ਼ੀਆਂ, ਮੁਨੀਆਂ ਨੇ, ਮਹਾਂਪੁਰਸ਼ਾਂ ਨੇ ਸ਼ਿਕਸ਼ਾ ਦਿੱਤੀ ਸੀ, ਜਿਸ ਦਾ ਕਿ ਹੁਣ ਬੜਾ ਅਭਾਵ ਹੈ। ਉਸ ਸਮੇਂ ਕਈ ਤਰ੍ਹਾਂ ਦੇ ਅਭਾਵ ਦੇ ਹਾਲਾਤ ਵਿਚ ਵੀ ਬੱਚੇ ਪੜ੍ਹਦੇ ਸਨ ਅਤੇ ਯੋਗਤਾ ਪ੍ਰਾਪਤ ਕਰਦੇ ਸਨ। ਹੁਣ ਵੀ ਜੇ ਬਹੁਤਾ ਪਿਛੇ ਨਾ ਜਾਈਏ ਤਾਂ ਰਾਬਿੰਦਰ ਨਾਥ ਟੈਗੋਰ ਨੇ ਜਿਹੜਾ ਸ਼ਾਂਤੀ ਨਿਕੇਤਨ ਸ਼ੁਰੂ ਕੀਤਾ ਸੀ, ਉਥੇ ਉਸ ਵਕਤ ਵਿਦਿਆਰਥੀਆਂ ਕੋਲ ਕੋਈ ਸਥਾਨ ਬੈਠਣ ਨੂੰ ਨਹੀਂ ਸੀ ਪਰ ਫਿਰ ਵੀ ਉਥੋਂ ਯੋਗ ਵਿਦਿਆਰਥੀ ਅਤੇ ਸ਼ਿਕਸ਼ਕ ਤਿਆਰ ਹੁੰਦੇ ਸਨ ਜਿਨ੍ਹਾਂ ਦਾ ਇਸ ਖੇਤਰ ਵਿਚ ਅੱਛਾ ਨਾਮ ਹੁੰਦਾ ਸੀ। ਹੁਣ ਵੀ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਵਿਦਿਆ ਨਿਕੇਤਨ ਨਾਮ ਦੀਆਂ ਸੰਸਥਾਵਾਂ ਅੱਛੇ ਅਤੇ ਯੋਗ ਬੱਚੇ ਪੜ੍ਹਾਈ ਦੇ ਖੇਤਰ ਵਿਚ ਤਿਆਰ ਕਰਕੇ ਦੇ ਰਹੀਆਂ ਹਨ। ਇਹ ਜਿਹੜਾ ਆਦਰਸ਼ ਸਕੂਲਾਂ ਵਾਸਤੇ ਅਸੀਂ 25 ਕਰੋੜ ਰੁਪਏ ਦਾ ਪ੍ਰੋਵੀਜ਼ਨ ਕੀਤਾ ਹੈ ਔਰ ਬੋਰਡਾਂ ਨਿਗਮਾਂ ਨੂੰ ਵੀ ਇਸ ਦੇ ਵਿਚ ਹਿੱਸੇਦਾਰੀ ਪਾਉਣ ਲਈ ਕਿਹਾ ਹੈ, ਇਹ ਵੀ ਉਸੇ ਮੰਤਵ ਲਈ ਸਥਾਪਿਤ ਕੀਤੇ ਜਾਣੇ ਹਨ। ਡਿਪਟੀ ਸਪੀਕਰ ਸਾਹਿਬ, 1996-97 ਵਿਚ ਸ਼ਿਕਸ਼ਾ ਦੇ ਖੇਤਰ ਵਿਚ 64.51% ਖਰਚ ਦੀ ਪ੍ਰੋਵੀਜ਼ਨ ਸੀ ਜਿਹੜੀ ਕਿ 1997-98 ਵਿਚ 84.48% ਕਰ ਦਿੱਤੀ ਗਈ ਹੈ। ਨੌਵੀਂ ਸਾਲਾਨਾ ਯੋਜਨਾ ਵਿਚ ਸਾਕਸ਼ਰਤਾ ਲਿਆਉਣ ਲਈ ਅਸੀਂ ਹੋਰ ਸਥਾਨਾਂ ਦੀ ਵੀ ਪਹਿਚਾਨ ਕੀਤੀ ਹੈ। ਅਸੀਂ ਪੰਜਾਬੀ ਭਾਸ਼ਾ ਨੂੰ ਫਿਰ ਦੋਬਾਰਾ ਹੋਰ ਜ਼ਿਆਦਾ ਮਹੱਤਵ ਦਿੱਤਾ ਹੈ। ਇਹ ਪੰਜਾਬ ਦੀ ਸੰਪਰਕ ਭਾਸ਼ਾ ਹੈ, ਮੁੱਖ ਭਾਸ਼ਾ ਹੈ ਅਤੇ ਇਸ ਨੂੰ, ਪੰਜਾਬੀਆਂ ਦੀ ਭਾਸ਼ਾ ਨੂੰ ਮਹੱਤਵ ਦੇਣ ਵਾਸਤੇ 70% ਜਿਹੜਾ ਖਰਚਾ ਹੈ, ਲਾਇਬ੍ਰੇਰੀਆਂ ਪਿੰਡਾਂ ਵਿਚ ਬਣਾ ਕੇ ਪਿੰਡਾਂ ਵਿਚ ਕਰਨਾ ਹੈ ਅਤੇ 30% ਖਰਚਾ ਸ਼ਹਿਰਾਂ ਵਿਚ ਕਰਾਂਗੇ। ਇਸੇ ਤਰ੍ਹਾਂ ਨਾਲ ਖੇਡਾਂ ਔਰ ਯੁਵਕਾਂ ਦੀਆਂ ਜਿਹੜੀਆਂ ਸੇਵਾਵਾਂ ਹਨ ਤਾਂਕਿ ਉਨ੍ਹਾਂ ਦੀ ਖੇਡਾਂ ਦੀ ਤਰਫ ਪ੍ਰਵਿਰਤੀ ਵਧੇ ਅਤੇ ਉਹ ਕੰਸਟ੍ਰਕਟਿਵ ਕੰਮ ਦੀ ਤਰਫ ਆਉਣ, ਉਨ੍ਹਾਂ ਵਾਸਤੇ 1996-97 ਵਿਚ 8.10 ਕਰੋੜ ਰੁਪਏ ਦੀ ਵਿਵਸਥਾ ਤੋਂ 12.91 ਕਰੋੜ ਰੁਪਏ ਦੀ ਵਿਵਸਥਾ ਕੀਤੀ ਹੈ ਔਰ ਇਹ ਵੀ ਤਹਿ ਕੀਤਾ ਹੈ ਕਿ ਇਹ ਸੇਵਾਵਾਂ ਅਸੀਂ ਡੀਸੈਂਟਰੇਲਾਈਜ਼ ਕਰਕੇ ਬਲਾਕ ਸਤਰ ਤੇ ਲੈ ਕੇ ਜਾਵਾਂਗੇ। ਅਸੀਂ 10 ਬਲਾਕਾਂ ਦੇ ਵਿਚ ਸਟੇਡੀਅਮ ਬਣਾ ਕੇ 250 ਕਰੋੜ ਰੁਪਏ ਦਾ ਖਰਚਾ ਕਰਨ ਦਾ ਟੀਚਾ ਮਿਥਿਆ ਹੈ ਔਰ ਗੁਰਦਾਸਪੁਰ, ਮਾਨਸਾ, ਫਤਿਹਗੜ੍ਹ ਸਾਹਿਬ ਅਤੇ ਮੁਕਤਸਰ ਵਿਚ ਸਪੋਰਟਸ ਕੰਪਲੈਕਸ ਬਣਾਉਣ ਦਾ ਵੀ ਟੀਚਾ ਮਿਥਿਆ ਹੈ। ਇਹ ਜਿਹੜੇ ਅਸੀਂ ਮੁੱਖ ਤੌਰਤੇ ਨਿਰਣੇ ਕੀਤੇ ਹਨ, ਮੈਂ ਉਨ੍ਹਾਂ ਦੀ ਪ੍ਰੋੜ੍ਹਤਾ ਕਰਦਾ ਹਾਂ ਔਰ ਇਸ ਦੇ ਬਾਅਦ ਮੈਂ ਉਸ ਖੇਤਰ ਦੀ ਤਰਫ ਜਾਂਦਾ ਹਾਂ ਜਿਹੜਾ ਕਿ ਅਭਾਵ ਗ੍ਰਸਤ ਹੈ ਅਤੇ ਜਿਸ ਦੀ

ਮੈਂ ਵਾਰ ਵਾਰ ਚਰਚਾ ਕਰਦਾ ਰਿਹਾ ਹਾਂ। ਕਾਂਗਰਸ ਨੇ ਜਾਣ-ਬੁੱਝ ਕੇ ਅਤੇ ਸੋਚੀ ਸਮਝੀ ਸਾਜ਼ਿਸ਼ ਦੇ ਅਧੀਨ ਉਸ ਖੇਤਰ ਨੂੰ ਅਨਪੜ੍ਹ ਰੱਖਿਆ ਉਸ ਖੇਤਰ ਨੂੰ ਅਭਾਵ ਗ੍ਰਸਤ ਰੱਖਿਆ, ਅਵਿਕਸਿਤ ਰੱਖਿਆ ਅਤੇ ਉਸ ਖੇਤਰ ਦੇ ਲੋਕਾਂ ਨੂੰ ਅੰਦੋਲਨ ਕਰਨ ਵਾਸਤੇ ਮਜਬੂਰ ਕੀਤਾ ਅਤੇ ਇਹ ਕਹਿਣ ਲਈ ਮਜਬੂਰ ਕੀਤਾ ਕਿ ਅਸੀਂ ਆਪਣੇ ਆਪ ਨੂੰ ਇਸ ਖੇਤਰ ਤੋਂ ਬਾਹਰ ਰੱਖਣਾ ਚਾਹੁੰਦੇ ਹਾਂ। ਇਸ ਅੰਦੋਲਨ ਦਾ ਸੂਤਰਪਾਤ ਵੀ ਇਨ੍ਹਾਂ ਕਾਂਗਰਸੀ ਵੀਰਾਂ ਨੇ ਹੀ ਕੀਤਾ ਅਤੇ ਆਪਣੇ ਤੌਰ ਤੇ ਇਸ ਅੰਦੋਲਨ ਨੂੰ ਅਸਫਲ ਵੀ ਕਰਵਾਇਆ। ਮੇਰੇ ਵੀਰੋ, ਤੁਸੀਂ ਆਪਣੀ ਭੂਮਿਕਾ ਥੋੜ੍ਹੀ ਜਿਹੀ ਸਾਕਾਰਤਮਿਕ ਕਰੋ। ਮੈਂ ਕੋਈ ਪ੍ਰੀਸਟ ਨਹੀਂ ਹਾਂ, ਮੈਂ ਕੋਈ ਸਿਖਿਅਕ ਨਹੀਂ ਹਾਂ ਪਰ ਇੰਨੀ ਗੱਲ ਜ਼ਰੂਰ ਕਹਿੰਦਾ ਹਾਂ ਕਿ ਜਦੋਂ ਤੁਹਾਡਾ ਰਾਜ ਸੀ ਤਾਂ ਤੁਸੀਂ ਆਪੋਜ਼ੀਸ਼ਨ ਤੋਂ ਬੜੀ ਆਪੇਕਸ਼ਾ ਕਰਦੇ ਹੁੰਦੇ ਸੀ। ਡੋਗਰਾ ਜੀ ਨੂੰ ਵੀ ਮੈਂ ਬੋਲਦਿਆਂ ਸੁਣਿਆ ਸੀ। ਤੁਸੀਂ ਉਦੋਂ ਆਪੋਜ਼ੀਸ਼ਨ ਤੋਂ ਬੜਾ ਕੁਝ ਆਪੇਕਸ਼ਾ ਕਰਦੇ ਹੁੰਦੇ ਸੀ ਲੇਕਿਨ ਚਾਹੀਦਾ ਇਹ ਹੈ ਕਿ ਅੱਜ ਅਸੀਂ ਆਪਣੇ ਰੋਲ ਦੀ ਤਰਫ ਵੀ ਦੇਖੀਏ। ਅਸੀਂ ਉਸ ਵੇਲੇ ਕੀ ਕਰਦੇ ਰਹੇ ਹਾਂ, ਇਸ ਨੂੰ ਜਰਾ ਵਿਚਾਰੀਏ। ਸਪੀਕਰ ਸਾਹਿਬ, ਤੁਹਾਡੇ ਪ੍ਰਤੀ ਬੜੇ ਨਰਮ ਦਿਲ ਹਨ। ਤੁਹਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਜਿਹੜੀਆਂ ਆਪੇਕਸ਼ਾਵਾਂ ਤੁਸੀਂ ਦੂਸਰਿਆਂ ਤੋਂ ਕਰਦੇ ਹੁੰਦੇ ਸੀ, ਉਸ ਤੇ ਤੁਸੀਂ ਆਪ ਕਿੰਨਾ ਕੁ ਪੂਰਾ ਉਤਰਦੇ ਹੋ। ਇਥੇ ਕਾਮਰੇਡ ਵੀ ਬੈਠੇ ਹਨ। ਇਨ੍ਹਾਂ ਦਾ ਬੜਾ ਪ੍ਰਸ਼ੰਸਾਯੋਗ ਕੰਮ ਹੁੰਦਾ ਹੈ ਪਰ ਮੈਨੂੰ ਬੜਾ ਦੁੱਖ ਹੁੰਦਾ ਹੈ ਜਦੋਂ ਇਹ ਉਸ ਅਪਰਾਧਿਕ ਟੋਲੇ ਦੇ ਵਿਚ ਮਿਲ ਜਾਂਦੇ ਹਨ ਜਿਨ ਨੇ ਪੰਜਾਬ ਵਿਚ ਗ੍ਰਹਿ ਯੁੱਧ ਛੇੜਿਆ ਸੀ ਅਤੇ ਜਿਸ ਨੇ ਪੂਰੇ ਸਮਾਜ ਦੇ ਸਟਰੱਕਚਰ ਨੂੰ ਹੀ ਤੋੜਨ ਦੀ ਕੋਸ਼ਿਸ਼ ਕੀਤੀ ਸੀ। ਜਦੋਂ ਮੈਂ ਇਨ੍ਹਾਂ ਕਾਮਰੇਡਾਂ ਨੂੰ ਉਨ੍ਹਾਂ ਦੇ ਨਾਲ ਖੜ੍ਹਿਆਂ ਵੇਖਦਾ ਹਾਂ ਅਤੇ ਉਨ੍ਹਾਂ ਦੇ ਨਾਲ ਰਲ ਕੇ ਵਾਕ-ਆਊਟ ਕਰਦਿਆਂ ਵੇਖਦਾ ਹਾਂ ਤਾਂ ਮੈਨੂੰ ਬੜੀ ਹੈਰਾਨੀ ਹੁੰਦੀ ਹੈ। ਮੈਂ ਉਨ੍ਹਾਂ ਤੇ ਦੂਸ਼ਣਬਾਜੀ ਨਹੀਂ ਕਰ ਰਿਹਾ ਪਰ ਮੈਂ ਇਸ....(ਵਿਘਨ) ਜਥੇਦਾਰ ਤਾਂ ਸਾਡਾ ਪਾਰਟ ਹਨ। ਉਹ ਸਾਡੇ ਸਹਿਯੋਗੀ ਹਨ ਅਤੇ ਅਸੀਂ ਉਨ੍ਹਾਂ ਦੇ ਸਹਿਯੋਗੀ ਹਾਂ। ਉਹ ਸਾਡੇ ਪੂਰਕ ਹਨ ਅਤੇ ਅਸੀਂ ਉਨ੍ਹਾਂ ਦੇ ਪੂਰਕ ਹਾਂ। ਸਾਡਾ ਇਹ ਜੋ ਸਮਝੌਤਾ ਹੋਇਆ ਹੈ, ਇਹ ਕੋਈ ਬਨਾਵਟੀ ਸਮਝੌਤਾ ਨਹੀਂ ਹੈ, ਇਹ ਦਿਲੋਂ ਸਮਝੌਤਾ ਹੋਇਆ ਹੈ।

ਇਹ ਜਿਹੜਾ ਸਿਖਿਆ ਦਾ ਖੇਤਰ ਹੈ, ਇਸ ਦੇ ਬਾਰੇ ਮੈਂ ਥੋੜ੍ਹਾ ਜਿਹਾ ਹੋਰ ਕਹਿਣਾ ਚਾਹੁੰਦਾ ਹਾਂ। ਜਦੋਂ ਇਨ੍ਹਾਂ ਕਾਂਗਰਸੀ ਵੀਰਾਂ ਦਾ ਰਾਜ ਸੀ, ਉਦੋਂ ਇਨ੍ਹਾਂ ਨੇ ਕਾਲਿਜਾਂ ਵਾਸਤੇ ਆਸ਼ਵਾਸਨ ਦਿੱਤਾ ਸੀ ਕਿ ਅਸੀਂ 1981 ਦੇ ਬੇਸ ਈਅਰ ਨੂੰ 1986 ਤੱਕ ਸ਼ਿਫਟ ਕਰ ਦਿਆਂਗੇ। ਇਨ੍ਹਾਂ ਨੇ ਨੋਟੀਫਿਕੇਸ਼ਨ ਵੀ ਕਰ ਦਿੱਤੀ। ਇਨ੍ਹਾਂ ਨੇ ਉਨ੍ਹਾਂ ਦੀਆਂ ਡਿਮਾਂਡਜ਼ ਬਾਰੇ ਅਨਾਊਂਸ ਕਰ ਦਿੱਤਾ ਅਤੇ ਡੇਟ ਵੀ ਤਹਿ ਕਰ ਦਿੱਤੀ ਕਿ ਅਸੀਂ ਇਨ੍ਹਾਂ ਦੀਆਂ ਗ੍ਰਾਂਟਸ ਵਾਸਤੇ ਪੀਰੀਅਡ 1986 ਤੱਕ ਕਵਰ ਕਰ ਦਿਆਂਗੇ ਪਰ ਇਹ ਉਸ ਨੂੰ ਅਖੀਰ ਤੱਕ ਲੈ ਗਏ। ਇਨ੍ਹਾਂ ਦਾ ਆਸ਼ਵਾਸਨ, ਆਸ਼ਵਾਸਨ ਬਣ ਕੇ ਹੀ ਰਹਿ ਗਿਆ। ਅੱਜ ਸਾਡੀ ਸਰਕਾਰ ਸੰਜੀਦਾ ਹੈ ਅਤੇ ਇਸ ਨੇ ਇਸ ਕੰਮ ਵਾਸਤੇ ਐਕਸਟਰਾ ਫੰਡਜ਼ ਦੀ ਪ੍ਰੋਵੀਜ਼ਨ ਵੀ ਕਰ ਦਿੱਤੀ ਹੈ....

ਸ੍ਰੀ ਡਿਪਟੀ ਸਪੀਕਰ. ਤੁਸੀਂ ਜਲਦੀ ਖਤਮ ਕਰੋ ।

ਸ੍ਰੀ ਸੱਤਿਆ ਪਾਲ ਸੈਣੀ : ਡਿਪਟੀ ਸਪੀਕਰ ਸਾਹਿਬ, ਤੁਸੀਂ ਜ਼ਰਾ ਵਿਚਾਰ ਕਰੋ ਕਿ ਇਨ੍ਹਾਂ ਨੇ ਸਕੂਲਾਂ ਦੀ ਕਿੰਨੀ ਦੁਰਦਸ਼ਾ ਕਰ ਦਿੱਤੀ ਸੀ । ਸਕੂਲਾਂ ਵਿਚ ਟੀਚਰਜ਼ ਦਾ ਅਭਾਵ ਰਿਹਾ ਹੈ । ਕੰਡੀ ਏਰੀਏ ਵਿਚ, ਬਾਦਲ ਸਾਹਿਬ ਧਿਆਨ ਨਾਲ ਸੁਣ ਲਓ, ਜਦ ਤੱਕ ਟੀਚਰਜ ਅਪੁਆਇੰਟ ਨਹੀਂ ਹੁੰਦੇ, ਕੰਡੀ ਏਰੀਏ ਦੇ ਇਲਾਕੇ ਵਾਸਤੇ ਜਦ ਤੱਕ ਅਲੱਗ ਤੌਰ ਤੇ ਭਰਤੀ ਨਹੀਂ ਕੀਤੀ ਜਾਂਦੀ ਅਤੇ ਉਥੇ ਟੀਚਰਜ਼ ਤਾਇਨਾਤ ਨਹੀਂ ਕੀਤੇ ਜਾਂਦੇ ਤਦ ਤੱਕ ਉਥੇ ਐਜੂਕੇਸ਼ਨ ਦਾ ਸੁਧਾਰ ਨਹੀਂ ਹੋ ਸਕਦਾ । ਕੰਡੀ ਏਰੀਏ ਵਿਚ ਜਿਹੜੇ ਟੀਚਰਜ਼ ਜਾਂਦੇ ਹਨ; ਧਾਰ ਬਲਾਕ ਵਿਚ ਜਿਹੜੇ ਟੀਚਰਜ਼ ਜਾਂਦੇ ਹਨ, ਉਹ ਸਜ਼ਾ ਦੇ ਤੌਰ ਤੇ ਜਾਂਦੇ ਹਨ । ਉਹ ਇਸ ਸਜ਼ਾ ਤੋਂ ਬਚਣ ਵਾਸਤੇ ਵਾਪਸ ਆ ਜਾਂਦੇ ਹਨ ਅਤੇ ਆਪਣੀ ਬਦਲੀ ਕਰਵਾਉਣ ਵਾਸਤੇ ਕੋਈ ਨਾ ਕੋਈ ਹੀਲਾ ਵਰਤ ਲੈਂਦੇ ਹਨ । ਉਥੇ ਟੀਚਰਜ਼ ਅਪੁਆਇੰਟ ਕਰਨ ਵਾਸਤੇ ਕੋਈ ਸਥਾਈ ਤੌਰ ਤੇ ਅਤੇ ਵੱਖਰੇ ਤੌਰ ਤੇ ਵਿਵਸਥਾ ਕਰਨੀ ਚਾਹੀਦੀ ਹੈ ਜਿਹੜੀ ਕਿ ਕਾਂਗਰਸੀ ਵੀਰ ਨਹੀਂ ਕਰ ਸਕੇ । ਇਹ ਭਰਤੀ ਉਸੇ ਇਲਾਕੇ ਵਿਚੋਂ ਹੀ ਕੀਤੀ ਜਾਵੇ । ਜਿਹੜੇ ਲੋਕ ਪਹਾੜੀ ਇਲਾਕੇ ਦੇ ਰਹਿਣ ਵਾਲੇ ਹਨ ਅਤੇ ਉਸ ਧਰਤੀ ਨਾਲ ਜੁੜੇ ਹੋਏ ਹਨ, ਉਨ੍ਹਾਂ ਵਿਚੋਂ ਹੀ ਇਨ੍ਹਾਂ ਟੀਚਰਾਂ ਦੀ ਭਰਤੀ ਕੀਤੀ ਜਾਵੇ । ਉਨ੍ਹਾਂ ਨੂੰ ਆਪਣੇ ਇਲਾਕੇ ਨਾਲ ਪਿਆਰ ਹੁੰਦਾ ਹੈ . . .

ਸ੍ਰੀ ਡਿਪਟੀ ਸਪੀਕਰ: ਤੁਹਾਡਾ ਇਕ ਮਿੰਟ ਰਹਿ ਗਿਆ ਹੈ ।

ਸ੍ਰੀ ਸੱਤਿਆ ਪਾਲ ਸੈਣੀ. ਡਿਪਟੀ ਸਪੀਕਰ ਸਾਹਿਬ, ਇਕ ਮਿੰਟ ਹੋਰ ਲੈ ਕੇ ਮੈਂ ਸਮਾਪਤ ਕਰ ਦੇਵਾਂਗਾ । ਸਕੂਲਾਂ ਦੀ ਦਸ਼ਾ ਬਾਰੇ ਅਤੇ ਉਸ ਖੇਤਰ ਦੇ ਅਭਾਵ ਬਾਰੇ ਮੈਂ ਦੱਸ ਚੁੱਕਾ ਹਾਂ । ਪਾਣੀ ਦੇ ਬਾਰੇ ਵੀ ਮੈਂ ਪਹਿਲਾਂ ਗੱਲ ਕਰ ਲਈ ਹੈ । ਅਖੀਰ ਵਿਚ ਇਹ ਹੀ ਗੱਲ ਕਹਾਂਗਾ ਕਿ ਇਹ ਪਹਿਲੀ ਸਰਕਾਰ ਹੈ ਜਿਸ ਨੇ ਇਹ ਸਵੀਕਾਰ ਕੀਤਾ ਹੈ ਕਿ ਧਾਰ ਦਾ ਬਲਾਕ ਪੰਜਾਬ ਵਿਚ ਹੀ ਪੈਂਦਾ ਹੈ । ਪਿਛਲੀ ਸਰਕਾਰ ਧਾਰ ਨੂੰ ਪੰਜਾਬ ਦੇ ਨਕਸ਼ੇ ਵਿਚ ਸ਼ਾਮਲ ਨਹੀਂ ਸੀ ਕਰਦੀ । ਜਿੰਨੀਆਂ ਵੀ ਵਿਕਾਸ ਦੀਆਂ ਗਤੀ ਵਿਧੀਆਂ ਹੁੰਦੀਆਂ ਸਨ, ਉਹ ਜਮਾਲਪੁਰ/ਗੁਰਦਾਸਪੁਰ ਜਾ ਕੇ ਰੁਕ ਜਾਂਦੀਆਂ ਸਨ ਅਤੇ ਗੁਰਦਾਸਪੁਰ ਤੋਂ ਅੱਗੇ ਨਹੀਂ ਸੀ ਪਹੁੰਚਦੀਆਂ । ਇਹ ਪਹਿਲੀ ਸਰਕਾਰ ਹੈ ਜਿਸ ਨੇ ਮਹਿਸੂਸ ਕੀਤਾ ਹੈ ਕਿ ਧਾਰ ਦਾ ਅਭਾਵ ਗ੍ਰਸਤ ਜਿਹੜਾ ਕੋਈ ਵੀ ਏਰੀਆ ਹੋਵੇ, ਉਸ ਦਾ ਵੀ ਉਸੇ ਤਰੀਕੇ ਦੇ ਨਾਲ ਬੈਲੈਂਸਡ ਵਿਕਾਸ ਕੀਤਾ ਜਾਵੇਗਾ ਜਿਸ ਤਰ੍ਹਾਂ ਕਿ ਬਾਕੀ ਪੰਜਾਬ ਦਾ ਕਰਨਾ ਹੈ । ਮੈਂ ਆਪਣੀ ਇਹੀ ਗੱਲ ਦੁਹਰਾਉਂਦਾ ਹਾਂ ਕਿ ਸਿੱਖਿਆ ਦੇ ਖੇਤਰ ਵਿਚ ਬੁਲੰਦੀਆਂ ਨੂੰ ਪ੍ਰਾਪਤ ਕਰਨ ਵਾਸਤੇ ਜਿਹੜੇ ਕਦਮ ਇਸ ਸਰਕਾਰ ਵੱਲੋਂ ਚੁੱਕੇ ਗਏ ਹਨ, ਉਹ ਸਰਾਹਣਯੋਗ ਹਨ । ਮੈਂ ਉਨ੍ਹਾਂ ਦੀ ਸਰਾਹਣਾ ਕਰਦਾ ਹਾਂ ਅਤੇ ਆਪਣਾ ਸਥਾਨ ਲੈਂਦਾ ਹਾਂ । ਜੈ ਭਾਰਤ ।

ਸਰਦਾਰ ਨੱਥਾ ਸਿੰਘ ਦਾਲਮ (ਕਾਦੀਆਂ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਨ੍ਹਾਂ ਮੰਗਾਂ ਤੇ ਬੋਲਣ ਲਈ ਮੈਨੂੰ ਸਮਾਂ ਦਿੱਤਾ ਹੈ । ਮੈਂ ਸੱਭ ਤੋਂ ਪਹਿਲਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਕੰਵਲਜੀਤ ਸਿੰਘ ਜੀ

ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਪੰਜਾਬ ਵਿੱਚ ਬੜੀਆਂ ਭਾਰੀ ਮੁਸ਼ਕਲਾਂ ਹੋਣ ਦੇ ਬਾਵਜੂਦ, ਬੜੇ ਭਾਰੀ ਮਾਲੀ ਸੰਕਟ ਹੋਣ ਦੇ ਬਾਵਜੂਦ ਇਕ ਐਸਾ ਬਜਟ ਪੰਜਾਬ ਦੇ ਲੋਕਾਂ ਨੂੰ ਦਿੱਤਾ ਹੈ ਜਿਸ ਦਾ ਪੰਜਾਬ ਦੇ ਸਾਰੇ ਹੀ ਲੋਕਾਂ ਨੇ ਚਾਹੇ ਉਹ ਕਿਸਾਨ ਹਨ, ਚਾਹੇ ਉਹ ਮਜ਼ਦੂਰ ਹਨ, ਚਾਹੇ ਉਹ ਵਪਾਰੀ ਹਨ ਅਤੇ ਚਾਹੇ ਉਹ ਸਨਅੱਤਕਾਰ ਹਨ, ਸਵਾਗਤ ਕੀਤਾ ਹੈ । ਸਹੀ ਮਾਅਨਿਆਂ ਦੇ ਵਿੱਚ ਇਸ ਬਜਟ ਨੂੰ ਬੈਲੈਂਸਡ ਬਜਟ ਕਿਹਾ ਜਾ ਸਕਦਾ ਹੈ ਅਤੇ ਡੀਵੈਲਪਮੈਂਟ ਓਰੀਐਂਟਿਡ ਬਜਟ ਵੀ ਕਿਹਾ ਜਾ ਸਕਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਲਈ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਦੇ ਵਿਚ ਕਾਨੂੰਨ ਦੀ ਸਰਕਾਰ ਸਥਾਪਿਤ ਕੀਤੀ ਹੈ । ਪੰਜਾਬ ਵਿੱਚ ਅਮਨ, ਏਕਤਾ ਅਤੇ ਸ਼ਾਂਤੀ ਦਾ ਮਾਹੌਲ ਕਾਇਮ ਕੀਤਾ ਹੈ । ਮੇਰੇ ਮਿੱਤਰ ਸਰਦਾਰ ਅਵਤਾਰ ਸਿੰਘ ਜੀ ਬਰਾੜ ਹਾਊਸ ਵਿਚੋਂ ਇਸ ਵੇਲੇ ਉਠ ਕੇ ਚਲੇ ਗਏ ਹਨ । ਉਨ੍ਹਾਂ ਨੇ ਕੁਝ ਗੱਲਾਂ ਕੀਤੀਆਂ ਪੰਜਾਬ ਦੇ ਅਮਨ ਏਕਤਾ ਅਤੇ ਸ਼ਾਂਤੀ ਦੇ ਸਬੰਧ ਵਿੱਚ ਪੰਜਾਬ ਵਿਚ ਜੋ ਅੱਤਵਾਦ ਪੈਦਾ ਕੀਤਾ ਗਿਆ, ਪਿਛਲੇ 15 ਸਾਲਾਂ ਦੇ ਸਮੇਂ ਦੇ ਦੌਰਾਨ ਕਾਂਗਰਸ ਨੇ ਆਪਣੇ ਸਿਆਸੀ ਮਕਸਦਾਂ ਦੀ ਪ੍ਰਾਪਤੀ ਵਾਸਤੇ ਉਸ ਅੱਤਵਾਦ ਨੂੰ ਜਨਮ ਦਿੱਤਾ ਸੀ, ਉਸ ਅੱਤਵਾਦ ਨੂੰ ਪੈਦਾ ਕੀਤਾ ਸੀ । ਇਹ ਇਕ ਹਕੀਕਤ ਹੈ ਕਿ ਜਦੋਂ ਸੰਨ 1980 ਵਿੱਚ ਮਰਹੂਮ ਸਰਦਾਰ ਦਰਬਾਰਾ ਸਿੰਘ ਜੀ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ ਤਾਂ ਉਹਨਾਂ ਨੇ ਮੁੱਖ ਮੰਤਰੀ ਬਣਦੇ ਸਾਰ ਹੀ ਪੰਜਾਬ ਵਿੱਚ ਹਿੰਦੂਆਂ ਅਤੇ ਸਿੱਖਾਂ ਦੇ ਦਰਮਿਆਨ ਫੁੱਟ ਪਾਉਣੀ ਸ਼ੁਰੂ ਕਰ ਦਿੱਤੀ ਸੀ, ਪਾੜਾ ਪਾਉਣਾ ਸ਼ੁਰੂ ਕਰ ਦਿੱਤਾ ਸੀ । ਉਸ ਸਮੇਂ ਐਸੀਆਂ ਕਾਰਵਾਈਆਂ ਸਰਕਾਰੀ ਪੱਧਰ ਤੇ ਕੀਤੀਆਂ ਗਈਆਂ ਜਿਨ੍ਹਾਂ ਦੇ ਨਾਲ ਪੰਜਾਬ ਦਾ ਅਮਨ ਭੰਗ ਹੁੰਦਾ ਸੀ । ਹਿੰਦੂ ਅਤੇ ਸਿੱਖਾਂ ਦੇ ਵਿਚਕਾਰ ਨਫਰਤ ਦੇ ਬੀਜ ਉਸ ਸਮੇਂ ਦੀ ਸਰਕਾਰ ਵੱਲੋਂ ਬੀਜਣ ਦੀ ਬੇਹੱਦ ਕੋਸ਼ਿਸ਼ ਕੀਤੀ ਗਈ । ਮੈਂ ਕਹਿ ਸਕਦਾ ਹਾਂ ਕਿ ਬਾਅਦ ਵਿਚ ਪੰਜਾਬ ਵਿਚ ਜੋ ਹਾਲਾਤ ਪੈਦਾ ਹੋਏ ਉਹ ਉਸ ਸਮੇਂ ਜੋ ਉਸ ਸਰਕਾਰ ਨੇ ਨੀਤੀਆਂ ਅਪਣਾਈਆਂ ਸਨ, ਉਨ੍ਹਾਂ ਦਾ ਹੀ ਸਿੱਟਾ ਸੀ । ਪੰਜਾਬ ਵਿੱਚ ਪਿਛਲੇ 15 ਸਾਲ ਜੋ ਅੱਤਵਾਦ ਦਾ ਸਮਾਂ ਰਿਹਾ ਹੈ, ਜੋ ਗੈਰ ਕਾਨੂੰਨੀ ਸਰਕਾਰ ਪੰਜਾਬ ਦੇ ਵਿੱਚ ਚਲਦੀ ਰਹੀ ਹੈ ਅਤੇ ਜੋ ਪੰਜਾਬ ਦੇ ਵਿੱਚ ਪੁਲਿਸ ਰਾਜ ਕਾਇਮ ਹੋਇਆ, ਮੈਂ ਕਹਿ ਸਕਦਾ ਹਾਂ ਕਿ ਉਸ ਦੀ ਸਮੁੱਚੀ ਜ਼ਿੰਮੇਵਾਰੀ ਸਾਡੇ ਸਾਹਮਣੇ ਬੈਠੇ ਵੀਰਾਂ ਦੀ ਹੈ ।

ਸ੍ਰੀ ਰਮੇਸ਼ ਚੰਦਰ ਡੋਗਰਾ. ਗਲਤ ਬਿਆਨੀ ਨਾ ਕਰੋ ।

ਸਰਦਾਰ ਨੱਥਾ ਸਿੰਘ ਦਾਲਮ: ਇਨ੍ਹਾਂ ਦੀ ਸਰਕਾਰ ਦਿੱਲੀ ਦੇ ਵਿੱਚ ਵੀ ਕਾਇਮ ਸੀ ਔਰ ਪੰਜਾਬ ਵਿੱਚ ਵੀ ਕਾਇਮ ਸੀ । ਇਨ੍ਹਾਂ ਨੇ ਪੰਜਾਬ ਦੇ ਆਰਥਕ ਢਾਂਚੇ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ । ਹਿੰਦੂਆਂ ਅਤੇ ਸਿੱਖਾਂ ਦੇ ਭਾਈਚਾਰੇ ਨੂੰ ਆਪਣੀਆਂ ਗਲਤ ਨੀਤੀਆਂ ਕਾਰਨ ਤਬਾਹ ਕਰਨ ਦੀ ਕੋਸ਼ਿਸ਼ ਕੀਤੀ । ਅੱਜ ਇਹ ਕਹਿੰਦੇ ਹਨ ਕਿ ਅਜੀਤ ਸਿੰਘ ਸੰਧੂ ਨੇ ਖੁਦਕਸ਼ੀ ਕੀਤੀ ਹੈ । ਬਾਰ ਬਾਰ ਉਸ ਦਾ ਮਸਲਾ ਸਾਹਮਣੇ ਬੈਠੇ ਹੋਏ ਦੋਸਤਾਂ ਵੱਲੋਂ ਉਠਾਇਆ ਜਾਂਦਾ ਰਿਹਾ ਹੈ । ਪਰ ਉਹ ਇਸ ਗੱਲ ਨੂੰ ਭੁੱਲ ਜਾਂਦੇ ਹਨ ਕਿ

[ਸਰਦਾਰ ਨੱਥਾ ਸਿੰਘ ਦਾਲਮ]
ਉਸ ਸਮੇਂ ਅਜੀਤ ਸਿੰਘ ਸੰਧੂ ਵਰਗੇ ਪੁਲਿਸ ਅਫਸਰਾਂ ਨੇ ਪੰਜਾਬ ਦੇ ਨੌਜਵਾਨਾਂ ਉਤੇ ਕਿੰਨਾ ਤਸ਼ੱਦਦ ਕੀਤਾ, ਕਿੰਨਾ ਜ਼ੁਲਮ ਕੀਤਾ । ਉਸ ਸਮੇਂ ਪੰਜਾਬ ਵਿਚ ਜੋ ਦੌਰ ਚੱਲ ਰਿਹਾ ਸੀ, ਉਸ ਦੀ ਸਿੱਧੀ ਜ਼ਿੰਮੇਵਾਰੀ ਉਨ੍ਹਾਂ ਲੋਕਾਂ ਅਤੇ ਅਫਸਰਾਂ ਉਤੇ ਆਉਂਦੀ ਹੈ ਜਿਹੜੇ ਗੈਰ-ਕਾਨੂੰਨੀ ਕੰਮ ਕਰਦੇ ਰਹੇ ਹਨ ਅਤੇ ਜਿਨ੍ਹਾਂ ਨੇ ਕਾਨੂੰਨ ਨੂੰ ਛਿੱਕੇ ਤੇ ਟੰਗ ਕੇ ਨੌਜਵਾਨਾਂ ਉਤੇ ਤਸ਼ੱਦਦ ਕੀਤਾ ਅਤੇ ਹਜ਼ਾਰਾਂ ਨੌਜਵਾਨਾ ਨੂੰ ਮਾਰਿਆ ।

श्रीमती लक्ष्मी कांता चावला : उपाध्यक्ष महोदय, मेरी सभी सदस्यों से प्रार्थना है कि अगर हम इसी विषय पर चल पड़े तो एक कहेगा कि अजीत सिंह संधु को क्यों मरना पड़ा और दूसरा कहेगा कि वो कौन लोग थे जो बसों में से निकाल निकाल कर लोगों को मारते थे । मेरी यही प्रार्थना है कि इस विषय को न ही छेड़ा जाये तो अच्छा है । किसी को किसी का दुख है तो किसी को किसी का । पुलिस अफसरों को और उनके बच्चों को भी गोलियों से मारा गया है । मौत का दु:ख सभी के लिये एक सा होता है । मौतों का हम सभी को दु:ख है । जब कर्ण और अर्जुन लड़े थे तो कुंती ने कहा था कि सर दोनों में से जिसका भी कटे, उसके पुत्र का ही कटेगा ......

ਸ੍ਰੀ ਡਿਪਟੀ ਸਪੀਕਰ : ਤੁਹਾਡਾ ਪੁਆਇੰਟ ਆਫ ਆਰਡਰ ਆ ਗਿਆ ਹੈ । ਤੁਸੀਂ ਬੈਠ ਜਾਓ । ਸਰਦਾਰ ਨੱਥਾ ਸਿੰਘ ਦਾਲਮ ਜੀ, ਕੰਟੀਨਿਊ ਰਖੋ ।

ਸਰਦਾਰ ਨੱਥਾ ਸਿੰਘ ਦਾਲਮ. ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਮੇਰੇ ਸਤਿਕਾਰਯੋਗ ਬਰਾੜ ਸਾਹਿਬ ਨੇ ਆਪਣੀ ਤਕਰੀਰ ਵਿਚ ਬਹੁਤ ਸਾਰੇ ਇਲਜ਼ਾਮ ਸ਼੍ਰੋਮਣੀ ਅਕਾਲੀ ਦਲ ਅਤੇ ਸਾਡੇ ਤੇ ਐਸੇ ਲਗਾਏ ਹਨ ਜਿਨ੍ਹਾਂ ਦਾ ਜਵਾਬ ਦੇਣਾ ਮੇਰਾ ਫਰਜ਼ ਬਣਦਾ ਹੈ ਕਿ ਉਨ੍ਹਾਂ ਇਲਜ਼ਾਮਾਂ ਦਾ ਜਵਾਬ ਇਸ ਹਾਊਸ ਵਿਚ ਦਿੱਤਾ ਜਾਵੇ । ਮੇਰੀ ਬੇਨਤੀ ਹੈ ਕਿ ਉਸ ਸਮੇਂ ਪੰਜਾਬ ਵਿਚ ਜਿਹੜੇ ਮੁੱਖ ਮੰਤਰੀ ਸਨ ਅਤੇ ਦਿੱਲੀ ਵਿਚ ਜੋ ਹੋਮ ਮਨਿਸਟਰ ਸੀ, ਉਨ੍ਹਾਂ ਦੀ ਆਪਸ ਵਿਚ ਬਣਦੀ ਨਹੀਂ ਸੀ ਅਤੇ ਉਹ ਇਕ ਦੂਜੇ ਨੂੰ ਨੀਵਾਂ ਵਿਖਾਉਣ ਵਾਸਤੇ ਪੰਜਾਬ ਵਿਚ ਐਸੇ ਕੰਮ ਕਰਨਾ ਚਾਹੁੰਦੇ ਸਨ ਜਿਸ ਦੇ ਨਾਲ ਪੰਜਾਬ ਦੀ ਆਰਥਿਕਤਾ ਤਬਾਹ ਹੋਵੇ ਅਤੇ ਪੰਜਾਬ ਦੇ ਅੰਦਰ ਹਿੰਦੂ-ਸਿੱਖ ਦਾ ਪਾੜਾ ਵਧੇ .....

Shri Ramesh Chander Dogra : You are making wrong allegations.

ਸਰਦਾਰ ਨੱਥਾ ਸਿੰਘ ਦਾਲਮ. ਪੰਜਾਬ ਵਿਚ ਜਿਹੜਾ ਪਿਛਲੇ 15 ਸਾਲਾਂ ਦਾ ਦੌਰ ਗੁਜ਼ਰਿਆ ਹੈ, ਉਸ ਵਿਚ ਬਹੁਤ ਸਾਰੇ ਬੇ-ਗੁਨਾਹ ਲੋਕ ਮਾਰੇ ਗਏ ਹਨ । ਉਨ੍ਹਾਂ ਉਤੇ ਇਤਨਾ ਜ਼ੁਲਮ ਕੀਤਾ ਗਿਆ ਹੈ ਕਿ ਉਸ ਨੂੰ ਵੇਖ ਕੇ ਸ਼ੈਤਾਨ ਦੀ ਰੂਹ ਵੀ ਕੰਬ ਉਠਦੀ ਹੈ । ਮੈਂ ਹੈਰਾਨ ਹਾਂ ਕਿ ਅੱਜ ਇਹ ਲੋਕ ਇਸ ਗੱਲ ਦੀ ਚਰਚਾ ਕਰਦੇ ਹਨ ਕਿ ਪੰਜਾਬ ਵਿਚ ਅਮਨ, ਏਕਤਾ ਦਾ ਮਾਹੌਲ ਵਿਗਾੜ

ਜਾਵੇਗਾ । ਇਹ ਲੋਕ ਦੁਬਾਰਾ ਚਾਹੁੰਦੇ ਹਨ ਕਿ ਪੰਜਾਬ ਦੇ ਅਮਨ ਨੂੰ ਤਬਾਹ ਕੀਤਾ ਜਾਵੇ, ਪੰਜਾਬ ਦੀ ਏਕਤਾ ਨੂੰ ਤਬਾਹ ਕੀਤਾ ਜਾਵੇ । ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਹੁਣ ਤਾਂ ਇਨ੍ਹਾਂ ਲੋਕਾਂ ਨੂੰ ਪੰਜਾਬ ਦੇ ਉਤੇ ਤਰਸ ਕਰਨਾ ਚਾਹੀਦਾ ਹੈ । ਇਨ੍ਹਾਂ ਨੇ ਪਿਛਲੇ 15 ਸਾਲਾਂ ਵਿਚ ਪੰਜਾਬ ਦਾ ਬਹੁਤ ਸਤਿਆਨਾਸ ਕੀਤਾ ਹੈ । ਅੱਜ ਇਨ੍ਹਾਂ ਨੂੰ ਪੰਜਾਬ ਦੇ ਮਾਹੌਲ ਉਤੇ ਤਰਸ ਕਰਨਾ ਚਾਹੀਦਾ ਹੈ ਔਰ ਕੋਈ ਵੀ ਐਸੀ ਗੱਲ ਨਹੀਂ ਕਰਨੀ ਚਾਹੀਦੀ ਜਿਸ ਨਾਲ ਕਿ ਪਹਿਲਾਂ ਦੀ ਤਰ੍ਹਾਂ ਪੰਜਾਬ ਵਿਚ ਮੁੜ ਬਰਬਾਦੀ ਹੋਵੇ ਅਤੇ ਪੰਜਾਬ ਦਾ ਮਾਹੌਲ ਮੁੜ ਕੇ ਖਰਾਬ ਹੋਵੇ ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਭਾਵੇਂ ਕਿਸੇ ਵੀ ਸਿਆਸੀ ਪਾਰਟੀ ਦਾ ਕੋਈ ਵੀ ਵਿਅਕਤੀ ਕਿੰਨਾ ਹੀ ਵੱਡਾ ਕਿਉਂ ਨਾ ਹੋਵੇ, ਉਸ ਨੂੰ ਇਹ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ ਕਿ ਉਹ ਕੋਈ ਇਸ ਤਰ੍ਹਾਂ ਦੇ ਭੜਕਾਹਟ ਵਾਲੇ ਬਿਆਨ ਦੇ ਕੇ ਐਸੇ ਹਾਲਾਤ ਪੈਦਾ ਕਰਨ ਦੀ ਕੋਸ਼ਿਸ਼ ਕਰੇ ਜੋ ਸਮੁੱਚੇ ਪੰਜਾਬ ਅਤੇ ਪੰਜਾਬ ਦੇ ਲੋਕਾਂ ਦੇ ਹਿੱਤ ਵਿਚ ਨਾ ਹੋਣ । ਇਨ੍ਹਾਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਨੂੰ ਚਾਹੀਦਾ ਹੈ ਕਿ ਪੰਜਾਬ ਦੀ ਹਾਲਤ ਤੇ ਤਰਸ ਕਰਦੇ ਹੋਏ ਆਪਣੇ ਸਿਆਸੀ ਮਨੋਰਥਾਂ ਦੀ ਪੂਰਤੀ ਵਾਸਤੇ, ਸੌੜੇ ਸਿਆਸੀ ਹਿੱਤਾਂ ਦੀ ਪੂਰਤੀ ਵਾਸਤੇ, ਐਸੇ ਹੱਥ ਕੰਡੇ ਦੋਬਾਰਾ ਵਰਤਣ ਤੋਂ ਗੁਰੇਜ਼ ਕਰਨ, ਜਿਨ੍ਹਾਂ ਨਾਲ ਪੰਜਾਬ ਦੇ ਅਮਨ, ਸ਼ਾਂਤੀ ਅਤੇ ਏਕਤਾ ਦਾ ਮਾਹੌਲ ਖਰਾਬ ਹੁੰਦਾ ਹੋਵੇ ।

ਸ੍ਰੀ ਡਿਪਟੀ ਸਪੀਕਰ : ਦਾਲਮ ਸਾਹਿਬ, ਤੁਹਾਡਾ ਟਾਈਮ ਤਾਂ ਖਤਮ ਹੋ ਗਿਆ ਹੈ, ਚਲੋ ਇਕ ਮਿੰਟ ਹੋਰ ਬੋਲ ਲਓ ।

ਸਰਦਾਰ ਨੱਥਾ ਸਿੰਘ ਦਾਲਮ : ਸਰ, ਮੈਨੂੰ ਹੋਰ ਟਾਇਮ ਦਿੱਤਾ ਜਾਵੇ, ਅਜੇ ਤਾਂ ਮੈਂ ਐਜੂਕੇਸ਼ਨ ਬਾਰੇ ਵੀ ਬੋਲਣਾ ਹੈ । ਮੈਂ ਸਾਰੇ ਹਾਊਸ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਦੇ ਅੰਦਰ ਜੋ ਏਕਤਾ ਅਤੇ ਸ਼ਾਂਤੀ ਦਾ ਮਾਹੌਲ ਪੈਦਾ ਹੋਇਆ ਹੈ, ਉਸ ਨੂੰ ਕਾਇਮ ਰੱਖਣ ਵਾਸਤੇ ਉਹ ਆਪਣਾ ਆਪਣਾ ਜਰੂਰ ਯੋਗਦਾਨ ਪਾਉਣ । ਕੋਈ ਗੱਲ ਨਹੀਂ, ਤੁਸੀਂ (ਕਾਂਗਰਸ ਪਾਰਟੀ ਦੇ ਮੈਂਬਰ ਸਾਹਿਬਾਨ ਵੱਲ ਇਸ਼ਾਰਾ) ਪੰਜਾਬ ਵਿੱਚ ਕਾਫੀ ਸਮਾਂ ਹਕੂਮਤ ਕੀਤੀ ਹੈ ਅਤੇ ਸਾਰੇ ਹਿੰਦੁਸਤਾਨ ਵਿੱਚ ਵੀ ਤੁਹਾਡੀ ਹਕੂਮਤ ਰਹੀ ਹੈ । ਲੇਕਿਨ ਮੈਂ ਕਹਿੰਦਾ ਹਾਂ ਕਿ ਇੰਨਾਂ ਸਮਾਂ ਹਕੂਮਤ ਕਰਨ ਦੇ ਬਾਵਜੂਦ ਵੀ ਤੁਸੀਂ ਕੋਈ ਮਸਲਾ ਹੱਲ ਨਹੀਂ ਕਰਵਾ ਸਕੇ । ਡਿਪਟੀ ਸਪੀਕਰ ਸਾਹਿਬ, 45 ਸਾਲ ਕਾਂਗਰਸ ਦੀ ਸਰਕਾਰ ਰਹੀ ਹੈ ਪਰ ਇਹ 45 ਸਾਲਾਂ ਵਿੱਚ ਵੀ ਲੋਕਾਂ ਨੂੰ ਰੋਟੀ, ਕੱਪੜਾ ਔਰ ਮਕਾਨ ਦੀਆਂ ਮੁਢਲੀਆਂ ਸਹੂਲਤਾਂ ਮੁਹੱਈਆ ਨਹੀਂ ਕਰ ਸਕੇ । ਸੋ ਮੈਂ ਇਹ ਬੇਨਤੀ ਕਰਾਂਗਾ ਕਿ ਪੰਜਾਬ ਵਿੱਚ ਪਿਛਲੇ ਸਮੇਂ ਵਿੱਚ ਜਦੋਂ ਬਰਾੜ ਸਾਹਿਬ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਬੜੀ ਭਾਰੀ ਗਿਣਤੀ ਵਿੱਚ ਸਕੂਲ ਅੱਪ-ਗਰੇਡ ਕੀਤੇ । ਅੱਪ-ਗਰੇਡ ਤਾਂ ਹੋਏ, ਲੇਕਿਨ ਕਿਸੇ ਸਕੂਲ ਵਿੱਚ ਕੋਈ ਅਧਿਆਪਕ ਨਹੀਂ ਭੇਜਿਆ ਗਿਆ । ਬਹੁਤ ਸਾਰੇ ਸਕੂਲ ਟੀਚਰਾਂ ਤੋਂ ਖਾਲੀ ਪਏ ਹਨ । ਜਦੋਂ ਬਾਦਲ ਸਾਹਿਬ ਮੁੱਖ ਮੰਤਰੀ ਬਣੇ ਸਨ, ਕਿਸੇ ਸਕੂਲ ਦੀ ਇਮਾਰਤ ਨਹੀਂ ਸੀ, ਕਿਸੇ ਸਕੂਲ ਵਿੱਚ ਸਟਾਫ ਦੇ ਬੈਠਣ ਵਾਸਤੇ ਕੋਈ ਕਮਰਾ ਨਹੀਂ ਸੀ ਅਤੇ...... (ਇਕ ਆਵਾਜ਼ : ਤੁਸੀਂ ਚਾਰ ਮਹੀਨੇ ਵਿੱਚ

ਸਰਦਾਰ ਨੱਥਾ ਸਿੰਘ ਦਾਲਮ]

ਬਣਾ ਦਿਤੇ।) ਚੋਣਾਂ ਨੂੰ ਮੁੱਖ ਰੱਖਦੇ ਹੋਏ ਅਤੇ ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਆਪਣੀ ਥਾਂ ਬਣਾਉਣ ਵਾਸਤੇ ਇਹ ਸਕੂਲ ਅੱਪ ਗਰੇਡ ਕੀਤੇ ਗਏ ਸਨ ਪਰ ਇਨ੍ਹਾਂ ਸਕੂਲਾਂ ਵਿੱਚ ਨਾ ਹੀ ਸਟਾਫ ਭੇਜਣ ਦਾ ਪ੍ਰਬੰਧ ਕੀਤਾ ਗਿਆ ਅਤੇ ਨਾ ਹੀ ਉਨ੍ਹਾਂ ਸਕੂਲਾਂ ਦੀਆਂ ਬਿਲਡਿੰਗਾਂ ਬਣਾਈਆਂ ਗਈਆਂ। ਡਿਪਟੀ ਸਪੀਕਰ ਸਾਹਿਬ, ਪਿਛਲੇ 5 ਸਾਲਾਂ ਵਿੱਚ ਇਨ੍ਹਾਂ ਨੇ ਪੇਂਡੂ ਵਿਕਾਸ ਤੇ 650 ਕਰੋੜ ਰੁਪਏ ਪੰਜਾਬ ਦੇ ਖਜ਼ਾਨੇ ਵਿਚੋਂ ਖਰਚ ਕੀਤੇ ਲੇਕਿਨ ਇਹ ਬੜੇ ਦੁੱਖ ਦੀ ਗੱਲ ਹੈ ਅਤੇ ਮੈਂ ਇਹ ਕਹਿਣ ਦੀ ਜੁਅਰੱਤ ਰੱਖਦਾ ਹਾਂ ਕਿ 650 ਕਰੋੜ ਰੁਪਏ ਵਿਚੋਂ ਕੇਵਲ 100 ਕਰੋੜ ਰੁਪਏ ਵੀ ਪੇਂਡੂ ਲੋਕਾਂ ਦੇ ਭਲੇ ਵਾਸਤੇ ਖਰਚ ਨਹੀਂ ਹੋਏ। ਮੇਰੇ ਦੋਸਤ ਸਾਹਨੀ ਸਾਹਿਬ ਨੇ ਦੋਸ਼ ਲਗਾਇਆ ਸੀ ਕਿ ਇਕ ਮਨਿਸਟਰ ਨੂੰ ਬਟਾਲੇ ਦੇ ਇਕ ਸਰਪੰਚ ਨੇ 16 ਲੱਖ ਰੁਪਏ ਦਿੱਤੇ। ਇਹ ਕਿਸ ਕਾਰਨ ਕਰਕੇ ਦਿੱਤੇ, ਇਸ ਦਾ ਅੰਦਾਜ਼ਾ ਤੁਸੀਂ ਖੁਦ ਲਗਾ ਸਕਦੇ ਹੋ। ਗਰਾਂਟ ਦਾ 25% ਪੈਸਾ ਸਰਪੰਚਾਂ ਤੋਂ ਲਿਆ ਜਾਂਦਾ ਸੀ ਅਤੇ ਕਿਹਾ ਜਾਂਦਾ ਸੀ ਕਿ ਜਿੰਨੀ ਮਰਜ਼ੀ ਤੁਸੀਂ ਗਰਾਂਟ ਲਈ ਜਾਓ। ਡਿਪਟੀ ਸਪੀਕਰ ਸਾਹਿਬ, ਅੱਜ ਪਿੰਡਾਂ ਵਿੱਚ ਅਸੀਂ ਜਾਂਦੇ ਹਾਂ ਤਾਂ ਪਿੰਡਾਂ ਦੀ ਹਾਲਤ ਦੇਖ ਕੇ ਤਰਸ ਆਉਂਦਾ ਹੈ। ਗਲੀਆਂ, ਨਾਲੀਆਂ ਉਸੇ ਤਰ੍ਹਾਂ ਹੀ ਕੱਚੀਆਂ ਹਨ, ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਹਨ ਸਕੂਲਾਂ ਵਿੱਚ ਸਟਾਫ ਨਹੀਂ ਹੈ ਅਤੇ 650 ਕਰੋੜ ਰੁਪਏ ਜੋ ਪਿਛਲੀ ਸਰਕਾਰ ਨੇ ਖਰਚ ਕੀਤੇ ਹਨ, ਪੰਜਾਬ ਦੇ ਸਰਕਾਰੀ ਖਜ਼ਾਨੇ ਵਿਚੋਂ, ਮੈਂ ਇਹ ਕਹਿ ਸਕਦਾ ਹਾਂ ਅਤੇ ਕਹਿਣ ਵਿੱਚ ਝਿਜਕ ਮਹਿਸੂਸ ਨਹੀਂ ਕਰਦਾ ਕਿ ਉਸ ਰੁਪਏ ਵਿਚੋਂ ਬਹੁਤਾ ਰੁਪਿਆ ਇਨ੍ਹਾਂ ਭਰਾਵਾਂ ਦੀ ਜੇਬ ਵਿੱਚ ਗਿਆ ਹੈ ਅਤੇ ਉਨ੍ਹਾਂ ਸਰਪੰਚਾਂ ਦੀਆਂ ਜੇਬਾਂ ਵਿੱਚ ਗਿਆ ਹੈ। ਜੋ ਇਨ੍ਹਾਂ ਦੇ ਜੀ-ਹਜ਼ੂਰੀਏ ਸਨ।

(One voice : Stop wrong allegation)

ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਅੱਜ ਲੋੜ ਹੈ ਪਿੰਡਾਂ ਦੇ ਸਕੂਲਾਂ ਵੱਲ ਤਵੱਜੋ ਦੇਣ ਦੀ। ਬਾਦਲ ਸਾਹਿਬ ਨੇ ਆਦਰਸ਼ ਸਕੂਲ ਬਨਾਉਣ ਦਾ ਪ੍ਰੋਗਰਾਮ ਬਣਾਇਆ ਹੈ ਤਾਂ ਕਿ ਪੰਜਾਬ ਵਿੱਚ ਵਿਦਿਆ ਦਾ ਉਹ ਮਿਆਰ ਉਚਾ ਕੀਤਾ ਜਾ ਸਕੇ ਜੋ ਪਿਛਲੀ ਸਰਕਾਰ ਸਮੇਂ ਥੱਲੇ ਗਿਆ ਹੈ, ਬੜਾ ਗਿਰਿਆ ਹੈ। ਮੈਂ ਸੁਝਾਓ ਦੇਵਾਂਗਾ ਕਿ ਪਿੰਡਾਂ ਵਿੱਚ ਉਹ ਟੀਚਰ ਜਾਂਦੇ ਹਨ ਜੋ ਟੀਚਰ ਕੰਮ ਕਰਦੇ ਹਨ, ਉਨ੍ਹਾਂ ਨੂੰ ਹਾਊਸ ਰੈਂਟ ਦਿੱਤਾ ਜਾਵੇ ਤਾਂ ਕਿ ਉਹ ਪਿੰਡਾਂ ਵਿੱਚ ਰਹਿਣਾ ਪਸੰਦ ਕਰ ਸਕਣ। ਅੱਜ ਸ਼ਹਿਰਾਂ ਵਿੱਚ ਕਈ ਸਕੂਲ ਐਸੇ ਹਨ ਜਿੱਥੇ ਟੀਚਰਾਂ ਦੀ ਗਿਣਤੀ ਵੱਧ ਹੈ ਅਤੇ ਸਟੂਡੈਂਟਸ ਦੀ ਗਿਣਤੀ ਘੱਟ ਹੈ। ਇਹ ਟੀਚਰ 20-20 ਸਾਲ ਤੋਂ ਇੱਕੋ ਜਗ੍ਹਾ ਬੈਠੇ ਹੋਏ ਹਨ। ਪਿੱਛੇ ਜਿਹੇ ਜਦੋਂ ਉਨ੍ਹਾਂ ਦੇ ਤਬਾਦਲੇ ਹੋਏ ਤਾਂ ਉਨ੍ਹਾਂ ਨੇ ਇਸ ਗੱਲ ਤੇ ਰੋਸ ਪ੍ਰਗਟ ਕੀਤਾ ਪਰ ਉਨ੍ਹਾਂ ਨੂੰ ਇਹ ਯਾਦ ਨਹੀਂ ਸੀ ਕਿ ਉਹ 20-20 ਸਾਲ ਤੋਂ ਸ਼ਹਿਰਾਂ ਵਿੱਚ ਬੈਠੇ ਹੋਏ ਹਨ ? ਪਿੰਡਾਂ ਵਿੱਚ ਜਾ ਕੇ ਉਨ੍ਹਾਂ ਨੂੰ ਪੇਂਡੂ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ। ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਪਿੰਡਾਂ ਵਿੱਚ ਕੰਮ ਕਰਨ ਵਾਲੇ ਟੀਚਰਾਂ ਨੂੰ ਹਾਊਸ ਰੈਂਟ ਦਿੱਤਾ ਜਾਣਾ ਚਾਹੀਦਾ ਹੈ। ਹੋਰ ਵੀ ਬਹੁਤ ਸਾਰੀਆਂ ਤਰੁੱਟੀਆਂ ਹਨ। ਪਿੰਡਾਂ ਦੇ ਸਕੂਲਾਂ ਬਾਰੇ ਮੇਰੀ ਭੈਣ ਕਾਂਤਾ ਜੀ ਵਾਰ ਵਾਰ ਸਵਾਲ ਉਠਾਉਂਦੇ ਰਹੇ ਹਨ। ਇਸ ਤੋਂ ਇਲਾਵਾ ਜਿਹੜੇ ਪ੍ਰਾਈਵੇਟ ਪਬਲਿਕ ਸਕੂਲ ਖੁੱਲ੍ਹੇ ਹੋਏ ਹਨ, ਉਨ੍ਹਾਂ ਵਿੱਚ ਫੀਸਾਂ

ਬਹੁਤ ਵੱਧ ਲਈਆਂ ਜਾਂਦੀਆਂ ਹਨ । ਇਹ ਇੱਕ ਹਕੀਕਤ ਹੈ । ਪਿਛਲੇ ਸਾਲਾਂ ਵਿੱਚ ਸਰਕਾਰੀ ਸਕੂਲਾਂ ਵਿੱਚ ਐਜੂਕੇਸ਼ਨ ਦਾ ਸਟੈਂਡਰਡ ਬਹੁਤ ਗਿਰਿਆ ਹੈ ਅੌਰ ਸਟੈਂਡਰਡ ਨੂੰ ਗਿਰਾਉਣ ਵਿੱਚ ਮੇਰੇ ਸਾਹਮਣੇ ਬੈਠੇ ਲੋਕਾਂ ਦਾ ਕਾਫੀ ਹੱਥ ਹੈ, ਇਨ੍ਹਾਂ ਦੀ ਕਾਫੀ ਜ਼ਿੰਮੇਵਾਰੀ ਹੈ ।

ਟੀਚਰ ਭਰਤੀ ਕਰਦੇ ਸਮੇਂ ਇਨ੍ਹਾਂ ਨੇ ਯੋਗਤਾ ਨੂੰ ਮੁੱਖ ਨਹੀਂ ਰੱਖਿਆ ਬਲਕਿ ਇਨ੍ਹਾਂ ਨੇ ਹੋਰ ਬਹੁਤ ਸਾਰੀਆਂ ਕੰਡੀਸ਼ਨਜ਼ ਨੂੰ ਸਾਹਮਣੇ ਰੱਖਿਆ ਹੈ ਅੌਰ ਟੀਚਰ ਭਰਤੀ ਕੀਤੇ ਹਨ । ਇਸ ਕਰਕੇ ਉਹ ਟੀਚਰ ਆਪਣੀ ਡਿਊਟੀ ਠੀਕ ਢੰਗ ਨਾਲ ਨਹੀਂ ਨਿਭਾ ਸਕਦੇ ।

ਸ਼੍ਰੀ ਡਿਪਟੀ ਸਪੀਕਰ : ਦਾਲਮ ਸਾਹਿਬ, ਟਾਈਮ ਦਾ ਧਿਆਨ ਰੱਖਿਆ ਜਾਵੇ ।

ਸਰਦਾਰ ਠੱਥਾ ਸਿੰਘ ਦਾਲਮ : ਡਿਪਟੀ ਸਪੀਕਰ ਸਾਹਿਬ, ਮੈਂ ਪੰਜ ਮਿੰਟ ਹੋਰ ਲਵਾਂਗਾ ਬਰਾੜ ਸਾਹਿਬ ਨੇ ਗੁੱਸਾ ਮਨਾਇਆ ਹੈ ਪਰ ਮੇਰੇ ਹਲਕੇ ਵਿੱਚ ਮੇਰੇ ਪਾਸ ਲੋਕ ਆਉਂਦੇ ਹਨ ਅਤੇ ਮੈਨੂੰ ਕਹਿੰਦੇ ਹਨ ਕਿ ਅਸੀਂ ਆਪਣੇ ਬੱਚੇ ਨੂੰ ਨੌਕਰੀ ਦਿਵਾਉਣ ਵਾਸਤੇ ਪਿਛਲੀ ਸਰਕਾਰ ਦੇ ਮੰਤਰੀ ਨੂੰ ਰੁਪਏ ਦਿੱਤੇ ਸਨ, ਲੇਕਿਨ ਫਿਰ ਵੀ ਸਾਡਾ ਮੁੰਡਾ ਨੌਕਰੀ ਹਾਸਲ ਨਹੀਂ ਕਰ ਸਕਿਆ । ਮੈਂ ਇਸ ਗੱਲ ਤੋਂ ਵੀ ਜਾਣੂੰ ਹਾਂ ਕਿ ਬਹੁਤ ਸਾਰੇ ਕਿਸਾਨਾਂ ਨੇ ਆਪਣੇ ਬੱਚਿਆਂ ਨੂੰ ਨੌਕਰੀ ਦਿਵਾਉਣ ਵਾਸਤੇ ਆਪਣੀਆਂ ਜ਼ਮੀਨਾਂ ਗਹਿਣੇ ਰੱਖੀਆਂ ਅੌਰ ਇਸ ਕਰਕੇ ਇਨ੍ਹਾਂ ਸਾਹਮਣੇ ਬੈਠੇ ਲੋਕਾਂ ਨੂੰ ਸ਼ਰਮ ਕਰਨੀ ਚਾਹੀਦੀ ਹੈ । ਮੈਂ ਇੱਕ ਮਿਸਾਲ ਦੇਣੀ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਇਹ ਗੱਲ ਸ਼ਾਇਦ 1993-94 ਦੀ ਹੈ । ਉਸ ਸਮੇਂ ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਸਨ । ਉਦੋਂ ਸਰਦਾਰ ਬੂਟਾ ਸਿੰਘ ਫਗਵਾੜੇ ਆਏ । ਪ੍ਰੈਸ ਵਾਲਿਆਂ ਨੇ ਉਨ੍ਹਾਂ ਨੂੰ ਉਥੇ ਪੁੱਛਿਆ ਜੋ ਰਿਕਾਰਡ ਤੇ ਹੈ ਕਿ ਇਥੇ ਭ੍ਰਿਸ਼ਟਾਚਾਰ ਦੀਆਂ ਗੱਲਾਂ ਆਮ ਚਲਦੀਆਂ ਹਨ ਤਾਂ ਉਸ ਸਮੇਂ ਸਰਦਾਰ ਬੂਟਾ ਸਿੰਘ ਜੀ ਨੇ ਕਿਹਾ ਸੀ ਕਿ ਜੋ ਮੇਰੀ ਜਾਣਕਾਰੀ ਹੈ, ਉਸ ਮੁਤਾਬਿਕ ਪੰਜਾਬ ਵਿੱਚ ਪੰਜ ਹਜ਼ਾਰ ਟੀਚਰ ਰੱਖੇ ਗਏ ਹਨ ਅੌਰ ਇਕ ਟੀਚਰ ਦੇ ਬਦਲੇ ਸੱਠ ਹਜ਼ਾਰ ਰੁਪਏ ਤੋਂ ਇਕ ਲੱਖ ਰੁਪਏ ਤੱਕ ਰਿਸ਼ਵਤ ਲਈ ਗਈ ਹੈ । ਇਹ ਗੱਲ ਰਿਕਾਰਡ ਤੇ ਹੈ । ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ । ਫਿਰ ਸਰਦਾਰ ਬੂਟਾ ਸਿੰਘ ਮੰਤਰੀ ਬਣ ਗਏ ਅਤੇ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਭਾਣਜੇ ਨੂੰ ਵੀ ਮੰਤਰੀ ਬਣਾ ਦਿੱਤਾ । ਸਰਦਾਰ ਬੂਟਾ ਸਿੰਘ ਫਿਰ ਉਥੇ ਆਏ ਤਾਂ ਪ੍ਰੈਸ ਵਾਲਿਆਂ ਨੇ ਪੁੱਛਿਆ ਕਿ ਸਰਦਾਰ ਜੀ, ਹੁਣ ਤੁਹਾਡੀ ਕੀ ਰਾਏ ਹੈ ? ਉਨ੍ਹਾਂ ਦੀ ਰਾਏ ਫਿਰ ਬਦਲ ਗਈ ਕਿਉਂਕਿ ਉਹ ਮੰਤਰੀ ਬਣ ਗਏ ਸਨ । ਉਨ੍ਹਾਂ ਨੇ ਕਿਹਾ ਕਿ ਮੈਂ ਹੁਣ ਇਸ ਮਸਲੇ ਤੇ ਕੁਝ ਵੀ ਨਹੀਂ ਕਹਿਣਾ ਚਾਹੁੰਦਾ । ਇਹ ਹਕੀਕਤ ਹੈ ਕਿ ਪੰਜਾਬ ਅੰਦਰ ਹੀ ਨਹੀਂ ਬਲਕਿ ਦੇਸ਼ ਭਰ ਵਿੱਚ ਰਿਸ਼ਵਤ ਦਾ ਬਾਜ਼ਾਰ ਗਰਮ ਰਿਹਾ । ਮੈਂ ਕਹਿ ਸਕਦਾ ਹਾਂ ਕਿ ਸਾਡੇ ਦੇਸ਼ ਵਿੱਚ ਕਿਤਨੇ ਵੱਡੇ ਪੈਮਾਨੇ ਤੇ ਰਿਸ਼ਵਤਖੋਰੀ ਹੈ । ਇਸ ਨਾਲ ਸਾਰੀ ਦੁਨਿਆਂ ਦੇ ਦੇਸ਼ਾਂ ਵਿੱਚ ਸਾਡੇ ਦੇਸ਼ ਦਾ ਸਿਰ ਨੀਵਾਂ ਹੋਇਆ ਹੈ । (ਸ਼ੇਮ, ਸ਼ੇਮ ਦੀਆਂ ਅਵਾਜ਼ਾਂ) ਅੱਜ ਦੁਨੀਆਂ ਦੇ ਲੋਕ.... ।

ਸ੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਖ਼ਤਮ ਹੋ ਗਿਆ ਹੈ । ਹੁਣ ਤੁਸੀਂ ਬੈਠ ਜਾਓ ।

ਸਰਦਾਰ ਨੱਥਾ ਸਿੰਘ ਦਾਲਮ : ਅੱਜ ਦੁਨੀਆਂ ਭਰ ਦੇ ਲੋਕ ਸਾਡੇ ਦੇਸ਼ ਨੂੰ ਤਾਅਨੇ ਦਿੰਦੇ ਹਨ, ਸਾਡੇ ਦੇਸ਼ ਦੇ ਜਿਹੜੇ ਲੋਕ ਬਾਹਰ ਜਾ ਕੇ ਵੱਸੇ ਹੋਏ ਹਨ, ਜਦੋਂ ਉਹ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਵਾਸਤੇ ਆਉਂਦੇ ਹਨ ਤਾਂ ਉਹ ਦੱਸਦੇ ਹਨ ਕਿ ਉਥੋਂ ਦੇ ਲੋਕ ਹਿੰਦੁਸਤਾਨ ਦੀ ਪਿਛਲੀ ਸਰਕਾਰ, ਜਿਸ ਨੇ ਰਿਸ਼ਵਤ ਦਾ ਬਜ਼ਾਰ ਗਰਮ ਕੀਤਾ ਸੀ, ਦੀਆਂ ਗੱਲਾਂ ਆਮ ਕਰਦੇ ਹਨ । ਮੈਂ ਕਹਿਣਾ ਨਹੀਂ ਚਾਹੁੰਦਾ ਇਹ ਇਤਰਾਜ਼ ਕਰਨਗੇ ਪਰ ਜੇ ਸਾਡੇ ਪੁਰਾਣੇ ਪ੍ਰਧਾਨ ਮੰਤਰੀ ਉਤੇ ਰਿਸ਼ਵਤ ਦੇ ਏਨੇ ਕੇਸ ਚਲਦੇ ਹੋਣ ਤਾਂ ਫਿਰ ਉਸ ਹਿਸਾਬ ਨਾਲ ਸਾਡੇ ਦੇਸ਼ ਦਾ ਤਾਂ ਰੱਬ ਹੀ ਰਾਖਾ ਹੈ । ਇਨ੍ਹਾਂ ਲੋਕਾਂ ਨੇ ਦੇਸ਼ ਨੂੰ ਬਦਨਾਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ । ਸੋ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਵਾਰੀ ਫਿਰ ਤੁਹਾਡੇ ਰਾਹੀਂ ਇਨ੍ਹਾਂ ਦੋਸਤਾਂ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਹਾਲਾਤ ਤੇ ਤਰਸ ਕਰਦੇ ਹੋਏ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਪੂਰਤੀ ਵਾਸਤੇ ਇਨ੍ਹਾਂ ਨੂੰ ਕੋਈ ਗੱਲ ਐਸੀ ਨਹੀਂ ਕਰਨੀ ਚਾਹੀਦੀ ਜਿਸ ਨਾਲ ਪੰਜਾਬ ਦਾ ਅਮਨ ਦੁਬਾਰਾ ਭੰਗ ਹੁੰਦਾ ਹੋਵੇ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਰਾਜਾ ਨਰਿੰਦਰ ਸਿੰਘ (ਨਾਭਾ) : ਡਿਪਟੀ ਸਪੀਕਰ ਸਾਹਿਬ, ਬਹੁਤ ਮਿਹਰਬਾਨੀ । ਮੈਂ ਡਿਮਾਂਡ ਨੰਬਰ 12 ਤੇ ਕੁਝ ਲਫ਼ਜ਼ ਕਹਿਣਾ ਚਾਹੁੰਦਾ ਹਾਂ ਜਿਹੜੀ ਕਿ ਹੋਮ ਅਫੇਅਰਜ਼ ਅਤੇ ਜਸਟਿਸ ਨਾਲ ਸਬੰਧਿਤ ਹੈ । ਇਹ ਅੰਗਰੇਜ਼ੀ ਦੀ ਕਹਾਵਤ ਹੈ ਔਰ ਅਟੱਲ ਸੱਚਾਈ ਹੈ. . .।

(ਇਸ ਸਮੇਂ ਹਾਊਸ ਵਿੱਚ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਸ ਵਿੱਚ ਗੱਲਾਂ ਕਰ ਰਹੇ ਸਨ ।)

Mr. Deputy Speaker. No noise please.

ਰਾਜਾ ਨਰਿੰਦਰ ਸਿੰਘ : ਇਹ ਅਟੱਲ ਸੱਚਾਈ ਹੈ ਕਿ Justice delayed is justice denied. ਇੱਕ ਬਾਬਾ ਅਦਾਲਤ ਵਿੱਚ ਜਾ ਕੇ ਅਪੀਲ ਦਰਜ ਕਰਦਾ ਹੈ ਲੇਕਿਨ ਉਹ ਗੁਜ਼ਰ ਜਾਂਦਾ ਹੈ, ਉਸ ਦਾ ਪੁੱਤਰ ਗੁਜ਼ਰ ਜਾਂਦਾ ਹੈ ਔਰ ਉਸ ਦੇ ਪੋਤਰੇ ਨੂੰ ਜਾ ਕੇ ਇਨਸਾਫ਼ ਮਿਲਦਾ ਹੈ । ਅੱਜ ਜੁਡੀਸ਼ਰੀ ਜਿਸ ਦਾ ਨਾਮ ਬਜਟ ਦੇ ਵਿੱਚ ਆਇਆ ਹੈ, ਵਿੱਚ ਕੁਵਿਕ ਜਸਟਿਸ ਵਾਸਤੇ ਸਾਨੂੰ ਜ਼ਰੂਰ ਲਾਜ਼ਮੀ ਕਦਮ ਚੁੱਕਣੇ ਚਾਹੀਦੇ ਹਨ । ਸੈਸ਼ਨ ਜੱਜਿਜ਼ ਕੋਲ, ਹਾਈ ਕੋਰਟ ਦੇ ਜੱਜਿਜ਼ ਕੋਲ ਵੱਡੀਆਂ ਵੱਡੀਆਂ ਫ਼ਾਈਲਾਂ ਹਨ ਜਿਹੜੀਆਂ ਕਿ ਸਾਲਾਂ ਬੱਧੀ ਉਥੋਂ ਨਿਕਲਦੀਆਂ ਨਹੀਂ ਹਨ । ਉਸ ਦੇ ਵਾਸਤੇ ਹੋਰ ਜੱਜਿਜ਼ ਵੀ ਅਪੁਆਇੰਟ ਹੋਣੇ ਚਾਹੀਦੇ ਹਨ ਔਰ ਇਸ ਦੇ ਵਾਸਤੇ ਕੋਈ ਪ੍ਰੋਸੀਜਰ ਵੀ ਬਣਾਉਣਾ ਚਾਹੀਦਾ ਹੈ, ਲੇਅ ਡਾਊਨ ਕਰਨਾ ਚਾਹੀਦਾ ਹੈ ਕਿ ਛੇ ਮਹੀਨੇ ਵਿੱਚ, ਇੱਕ ਸਾਲ ਵਿੱਚ ਜਾਂ ਦੋ ਸਾਲ ਵਿੱਚ ਇੱਕ ਕੇਸ ਦਾ ਨਿਪਟਾਰਾ ਕਰਨਾ ਹੈ । ਇਸ ਦੇ ਵਾਸਤੇ ਜੱਜਿਜ਼ ਦੀ ਇੱਕ ਕਮੇਟੀ ਬਣਾਉਣੀ ਚਾਹੀਦੀ ਹੈ, ਜਿਹੜੀ ਇਸ ਬਾਰੇ ਬੈਠ ਕੇ ਡਿਸਾਈਡ ਕਰੇ ਕਿ ਜਦੋਂ ਕੋਈ ਬੰਦਾ ਕੇਸ ਕਰਦਾ ਹੈ ਤਾਂ ਉਸ ਨੂੰ ਕਿੰਨੇ ਚਿਰ ਵਿੱਚ ਇਨਸਾਫ਼ ਮਿਲਣਾ ਚਾਹੀਦਾ ਹੈ । ਦੂਜਾ, ਜੱਜਿਜ਼ ਤੇ ਇਹ ਵੀ ਅੱਖੋਂ ਓਹਲੇ ਨਹੀਂ ਹੈ ਕਿ

ਜਦੋਂ ਕਿਸੇ ਕੇਸ ਦੀ ਅਪੀਲ ਪੂਰੀ ਹੁੰਦੀ ਹੈ ਔਰ ਉਸ ਤੇ ਫੈਸਲਾ ਹੁੰਦਾ ਹੈ ਤਾਂ ਉਹ ਉਸ ਦੇ ਉਤੇ ਖਰਚਾ ਪਾਉਂਦੇ ਹਨ। ਲਿਟੀਗੇਸ਼ਨ ਦੀ ਫ਼ੀਸ ਦਾ ਖਰਚਾ ਪਾਉਂਦੇ ਹਨ। ਐਕਚੂਅਲੀ ਵਕੀਲ ਸਾਹਿਬ ਕੇਸ ਲੜਨ ਵਾਸਤੇ 30-30, 40-40 ਹਜ਼ਾਰ ਰੁਪਿਆ ਲੈਂਦੇ ਹਨ ਜਦੋਂ ਕਿ ਉਸ ਨੂੰ ਖਰਚ ਮਿਲਦਾ ਹੈ ਸਿਰਫ 12 ਸੌ ਰੁਪਿਆ। ਹਾਲਾਂ ਕਿ ਜੱਜਿਜ਼ ਨੂੰ ਵੀ ਪਤਾ ਹੁੰਦਾ ਹੈ ਕਿ ਵਕੀਲ ਕਿੰਨੀ ਫੀਸ ਲੈਂਦੇ ਹਨ। ਇਸ ਵਾਸਤੇ ਉਨ੍ਹਾਂ ਲੋਕਾਂ ਦੀ ਹੀ ਕਮੇਟੀ ਬਣਾਈ ਜਾਵੇ। ਚੀਫ ਮਨਿਸਟਰ ਸਾਹਿਬ ਇਥੇ ਬੈਠੇ ਨਹੀਂ ਹਨ। ਡਿਪਟੀ ਚੀਫ ਮਨਿਸਟਰ ਟੰਡਨ ਸਾਹਿਬ ਬੈਠੇ ਹਨ....।

ਚੌਧਰੀ ਜਗਜੀਤ ਸਿੰਘ : (ਬੈਠੇ ਬੈਠੇ) ਅਸੀਂ ਤਾਂ ਰੋਜ਼ ਕਹਿੰਦੇ ਹਾਂ ਕਿ ਬਣਾ ਦਿਓ ...।

ਰਾਜਾ ਨਰਿੰਦਰ ਸਿੰਘ : ਅਸੀਂ ਤਾਂ ਇਨ੍ਹਾਂ ਨੂੰ ਦੂਜੇ ਦਰਜੇ ਦਾ ਚੀਫ ਮਨਿਸਟਰ ਹੀ ਸਮਝਦੇ ਹਾਂ। ਦੇਖੋ, ਇਹ ਸਾਡੇ ਘਰ ਦੀ ਗੱਲ ਹੈ। ਅਸੀਂ ਕੁਝ ਵੀ ਕਹੀਏ, ਤੁਹਾਨੂੰ ਇਸ ਦਾ ਕੀ ਇਤਰਾਜ਼ ਹੈ। ਇਹ ਸਾਡੇ ਘਰ ਦੀ ਗੱਲ ਹੈ। ਇਹ ਚੀਫ ਮਨਿਸਟਰ ਸਾਹਿਬ ਤੱਕ ਗੱਲ ਪਹੁੰਚਾਉਣਗੇ। ਇਸ ਦੇ ਬਾਰੇ ਆਪਾਂ ਨੂੰ ਹਾਈ ਕੋਰਟ ਦੇ ਜੱਜਜ ਦੀ ਜਾਂ ਸੁਪਰੀਮ ਕੋਰਟ ਦੇ ਜੱਜਿਜ਼ ਦੀ ਕਮੇਟੀ ਜ਼ਰੂਰ ਬਿਠਾਉਣੀ ਚਾਹੀਦੀ ਹੈ ਤਾਂ ਕਿ ਲੋਕਾਂ ਨੂੰ ਇਨਸਾਫ ਜਲਦੀ ਮਿਲੇ। ਦੂਸਰਾ, ਹੋਮ ਅਫੇਅਰਜ਼ ਦੇ ਬਾਰੇ ਭੈਣ ਚਾਵਲਾ ਨੇ ਵੀ ਕਿਹਾ ਹੈ। ਮੈਂ ਹੋਰ ਕੋਈ ਗੱਲ ਨਹੀਂ ਕਹਿਣੀ। ਡਿਪਟੀ ਸਪੀਕਰ ਸਾਹਿਬ, ਲੋਕਾਂ ਦੇ ਵਿੱਚ ਉਸ ਗੱਲ ਦੀ ਬੜੀ ਚਰਚਾ ਹੈ। ਮੈਂ ਉਸ ਗੱਲ ਨੂੰ ਜ਼ੀਰੋ ਆਵਰ ਵਿੱਚ ਕਹਿਣਾ ਚਾਹੁੰਦਾ ਸੀ ਲੇਕਿਨ ਉਦੋਂ ਮੈਂ ਮੁਨਾਸਿਬ ਨਹੀਂ ਸਮਝਿਆ। ਹੁਣ ਮੈਂ ਤੁਹਾਡੇ ਕੋਲ ਬੇਨਤੀ ਕਰਦਾ ਹਾਂ ਕਿ ਲੋਕਾਂ ਵਿੱਚ ਇਸ ਗੱਲ ਦੀ ਬੜੀ ਚਰਚਾ ਹੈ ਕਿ ਮਿਸਟਰ ਸੰਧੂ ਨੇ ਖੁਦਕਸ਼ੀ ਨਹੀਂ ਕੀਤੀ ਬਲਕਿ ਉਨ੍ਹਾਂ ਦੀ ਸ਼ਕਲ ਦਾ ਕੋਈ ਹੋਰ ਬੰਦਾ ਉਥੇ ਲਿਆ ਕੇ ਮਾਰ ਦਿੱਤਾ ਔਰ ਸੰਧੂ ਸਾਹਿਬ ਮੁਲਕ ਨੂੰ ਛੱਡ ਗਏ ਹਨ, ਬਾਹਰਲੇ ਮੁਲਕ ਵਿੱਚ ਚਲੇ ਗਏ ਹਨ। ਲੋਕਾਂ ਵਿੱਚ ਇਸ ਗੱਲ ਦੀ ਚਰਚਾ ਹੈ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਅਸੀਂ ਉਸ ਤੇ ਇੱਕ ਕਮੇਟੀ ਬਿਠਾ ਦੇਈਏ। ਉਹ ਕਮੇਟੀ ਫੈਸਲਾ ਕਰੇ ਕਿ ਉਹ ਖੁਦਕੁਸ਼ੀ ਹੋਈ, ਕਿਉਂ ਹੋਈ, ਕਿਸ ਦੀ ਹੋਈ, ਕੌਣ ਮਰਿਆ ਅਤੇ ਕਿਸ ਨੇ ਮਾਰਿਆ। ਇਹ ਸਾਰੀ ਗੱਲ ਉਸ ਕਮੇਟੀ ਦੇ ਸਾਹਮਣੇ ਆ ਜਾਵੇਗੀ। ਇਸ ਬਾਰੇ ਮੈਂ ਤੁਹਾਡੇ ਸਾਹਮਣੇ ਬੇਨਤੀ ਕਰਨੀ ਚਾਹੁੰਦਾ ਹਾਂ। ਦੂਸਰਾ, ਜਿਹੜੇ ਕਈ ਪੁਰਾਣੇ ਕੇਸਿਜ਼ ਹਾਈ ਹੈਂਡਿਡਨੈੱਸ ਦੇ ਹੋਏ ਹਨ, ਉਨ੍ਹਾਂ ਤੇ ਕਿਸੇ ਨੂੰ ਕੋਈ ਇਤਰਾਜ਼ ਕਿਉਂ ਹੋਣਾ ਚਾਹੀਦਾ ਹੈ—

ਚੋਟ ਲਗੇ ਕਿਸੀ ਕੇ ਸੀਨੇ ਪੇ, ਦਰਦ ਹਮੇਂ ਹੋਤਾ ਹੈ।

ਭਾਵੇਂ ਇਧਰਲੇ ਪਾਸੇ ਦਾ ਚਹੇਤਾ ਮਰ ਜਾਏ ਜਾਂ ਸਾਡੇ ਵਾਲੇ ਪਾਸੇ ਦਾ ਮਰ ਜਾਏ, ਦੋਨੋਂ ਪਾਸੇ ਮੌਤ ਤਾਂ ਇਕੋ ਜਿਹੀ ਹੁੰਦੀ ਹੈ ਔਰ ਦੁੱਖ ਬੜਾ ਹੁੰਦਾ ਹੈ। ਇਸ ਕਰਕੇ ਵਾਜਬ

[ਰਾਜਾ ਨਰਿੰਦਰ ਸਿੰਘ]

ਸਜ਼ਾ ਤਾਂ ਕਸੂਰਵਾਰ ਆਦਮੀ ਨੂੰ ਮਿਲਣੀ ਹੀ ਚਾਹੀਦੀ ਹੈ । ਇਸ ਹਾਊਸ ਦਾ ਕੋਈ ਵੀ ਮੈਂਬਰ ਇਸ ਗੱਲ ਤੋਂ ਮੁੱਕਰ ਨਹੀਂ ਸਕਦਾ ਕਿ ਪਿਛਲੇ 5 ਸਾਲਾਂ ਦੇ ਵਿੱਚ ਜਾਂ ਇਸ ਤੋਂ ਪਹਿਲਾਂ ਜਦੋਂ ਸੈਂਟਰ ਦਾ ਰੂਲ ਸੀ, ਕਿੰਨੀ ਬੇਇਨਸਾਫੀ ਹੋਈ ਹੈ । ਅਸੀਂ ਇਕ ਦੂਜੇ ਨੂੰ ਕੋਸੀ ਜਾਂਦੇ ਹਾਂ, ਲੇਕਿਨ ਸਾਡੇ ਵਿਚੋਂ ਦੋਨਾਂ ਪਾਸਿਉਂ ਕੋਈ ਵੀ ਸਾਧੂ ਨਹੀਂ ਹੈ । ਸਾਧੂ ਤਾਂ ਗੁਰਦੁਆਰਿਆਂ ਦੇ ਵਿਚ ਬੈਠੇ ਹਨ.... ।

ਕੁਝ ਅਵਾਜ਼ਾਂ : ਅੱਜ ਕੱਲ੍ਹ ਤਾਂ ਗੁਰਦੁਆਰਿਆਂ, ਮੰਦਰਾਂ ਵਿਚ ਵੀ ਸਾਧੂ ਨਹੀਂ ਹਨ ।

ਰਾਜਾ ਨਰਿੰਦਰ ਸਿੰਘ : ਸਾਧੂ ਮੰਦਰਾਂ, ਗੁਰਦੁਆਰਿਆਂ, ਮਸੀਤਾਂ ਵਿਚ ਬੈਠੇ ਹਨ । ਏਥੇ ਤਾਂ ਦੋਵੇਂ ਪਾਸੇ ਪੋਲੀਟੀਸ਼ਨ ਬੈਠੇ ਹਨ ਅਤੇ ਇਸ ਨੂੰ ਪਵਿੱਤਰ ਸਦਨ ਕਹਿੰਦੇ ਹਨ ਪਰ ਇੱਥੇ ਵੀ ਇਹ ਥੋਕ ਦੇ ਵਿਚ ਝੂਠ ਬੋਲੀ ਜਾਂਦੇ ਹਨ ।

ਸ੍ਰੀ ਡਿਪਟੀ ਸਪੀਕਰ : ਰਾਜਾ ਸਾਹਿਬ, ਤੁਹਾਨੂੰ ਸਿਰਫ 5 ਮਿੰਟ ਮਿਲੇ ਸਨ ।

ਰਾਜਾ ਨਰਿੰਦਰ ਸਿੰਘ : ਮੇਰੀ ਬੇਨਤੀ ਇਹ ਹੈ ਕਿ 50 ਸਾਲ ਕਾਂਗਰਸ ਨੇ ਰਾਜ ਕੀਤਾ ਹੈ ਅਤੇ ਉਸ ਦੀ ਜ਼ਿੰਮੇਵਾਰੀ ਨੂੰ ਤਾਂ ਇਹ ਕਹਿੰਦੇ ਹਨ ਕਿ ਹਵਾ ਵਿਚ ਸਿੱਟ ਦਿਓ । ਉਹ ਰਾਜ ਕਿਸ ਦਾ ਸੀ, ਸਾਡਾ ਤਾਂ ਨਹੀਂ ਸੀ । ਅਸੀਂ ਆਪਣੇ ਦੇਸ਼ ਦੇ ਝੰਡੇ ਦੇ ਅੱਗੇ ਸਿਰ ਝੁਕਾਉਂਦੇ ਹਾਂ ਜਿਹੜਾ ਸਾਡੇ ਖੂਨ ਨਾਲ ਲਿਬੜਿਆ ਹੋਇਆ ਹੈ ਅਤੇ ਆਜ਼ਾਦੀ ਲੈ ਕੇ ਫਿਰ, ਉਹ ਝੰਡਾ ਅਸੀਂ ਚੜ੍ਹਾਇਆ ਹੈ : ਅਸੀਂ ਸਾਰੇ ਉਸ ਕਾਂਸਟੀਚਿਊਸ਼ਨ ਤੇ ਕਮਿੱਟਡ ਹਾਂ ਜਿਹੜਾ ਡਾਕਟਰ ਬੀ.ਆਰ. ਅੰਬੇਦਕਰ ਨੇ ਬਣਾਇਆ। ਉਸ ਕਾਂਸਟੀਚਿਊਸ਼ਨ ਦੇ ਮੁਤਾਬਿਕ ਇਹ ਸਰਕਾਰ ਬਹੁਤ ਦਿਰ ਰਾਜ ਕਰ ਗਈ । ਸਾਡੇ ਤਾਂ ਜਿਵੇਂ ਮੈਂ ਪਹਿਲਾਂ ਵੀ ਕਿਹਾ ਹੈ ਕਿ ... ।

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਦੱਸ ਦੇਣ ਕਿ ਚੰਡੀਗੜ੍ਹ ਦੇ ਵਿਚ ਕਿਹੜੀ ਪਾਰਟੀ ਨੇ ਡਾ. ਅੰਬੇਦਕਰ ਦਾ ਬਣਾਇਆ ਹੋਇਆ ਕਾਂਸਟੀਚਿਊਸ਼ਨ ਸਾੜਿਆ ਸੀ ?

ਰਾਜਾ ਨਰਿੰਦਰ ਸਿੰਘ : ਇਹ ਇਸ ਗੱਲ ਨੂੰ ਭੁੱਲ ਜਾਂਦੇ ਹਨ । ਅਸੀਂ ਤਾਂ ਬਹੁਤ ਸਤਿਕਾਰ ਨਾਲ ਉਸ ਦੇ ਅੱਗੇ ਸਿਰ ਝੁਕਾਉਂਦੇ ਹਾਂ ਔਰ ਮੈਨੂੰ ਬੜੀ ਚੰਗੀ ਤਰ੍ਹਾਂ ਯਾਦ ਹੈ, ਉਸ ਵਕਤ ਤਾਂ ਮੇਰੇ ਫਾਜ਼ਲ ਦੋਸਤ ਸ਼ਾਇਦ ਪ੍ਰਾਇਮਰੀ ਵਿਚ ਪੜ੍ਹਦੇ ਹੋਣਗੇ ਕਿ ਪੈਪਸੂ ਦੇ ਵਿਚ ਸਰਦਾਰ ਗਿਆਨ ਸਿੰਘ ਰਾੜੇਵਾਲਾ ਚੀਫ ਮਨਿਸਟਰ ਸਨ ਅਤੇ ਸਰਦਾਰ ਨਿਹਾਲ ਸਿੰਘ ਤਕਸ਼ਕ ਕਾਂਗਰਸ ਵਾਲੇ ਪਾਸੇ ਤੋਂ ਸਾਡੇ ਵੱਲ ਆ ਗਏ ਸਨ । ਫਿਰ ਪੈਪਸੂ ਦਾ ਰਾਜ ਤੋੜ ਦਿੱਤਾ ਗਿਆ । ਫਿਰ ਡਾਕਟਰ ਬੀ. ਆਰ. ਅੰਬੇਦਕਰ ਕੋਲ ਭੁਪਿੰਦਰ ਸਿੰਘ ਮਾਨ, ਮੀਆਂ ਸਿੰਘ ਔਰ ਸਰਦਾਰ ਗਿਆਨ ਸਿੰਘ ਰਾੜੇਵਾਲਾ ਗਏ ਅਤੇ ਜਾ ਕੇ ਬੇਨਤੀ ਕੀਤੀ ਕਿ ਸਾਡੇ ਨਾਲ ਕਿੰਨੀ ਬੇਇਨਸਾਫੀ ਹੋਈ ਹੈ ਕਿ ਸਾਡੀ ਸਰਕਾਰ ਹੀ ਤੋੜ ਦਿੱਤੀ ਗਈ ਹੈ ਕਿਉਂਕਿ ਇਕ ਮੈਂਬਰ ਇਧਰੋਂ ਸਾਡੇ ਵੱਲ ਆ ਗਿਆ

ਸੀ । ਉਦੋਂ ਵਜ਼ੀਰਾਂ ਦੀ ਸਟਰੈਂਥ ਪੂਰੀ ਹੁੰਦੀ ਸੀ । ਭੁਪਿੰਦਰ ਸਿੰਘ ਮਾਨ ਨੇ ਰਿਜ਼ਾਈਨ ਦਿੱਤਾ ਸੀ ਅਤੇ ਉਸ ਦੀ ਜਗ੍ਹਾ ਤੇ ਨਿਹਾਲ ਸਿੰਘ ਤਕਸ਼ਕ ਨੂੰ ਲਿਆ ਗਿਆ ਸੀ । ਮੈਨੂੰ ਯਾਦ ਹੈ, ਮੈਂ ਭਾਵੇਂ ਨਾਲ ਡੈਪੂਟੇਸ਼ਨ ਤੇ ਨਹੀਂ ਗਿਆ ਸੀ ਲੇਕਿਨ ਗਿਆਨ ਸਿੰਘ ਰਾੜੇਵਾਲਾ ਤੇ ਹੋਰ ਕਹਿ ਰਹੇ ਸਨ ਕਿ ਡਾਕਟਰ ਸਾਹਿਬ ਕਹਿ ਰਹੇ ਸਨ ਕਿ ਜੇ ਮੈਨੂੰ ਪਤਾ ਹੁੰਦਾ ਕਿ ਇਹ ਕਾਂਸਟੀਚਿਊਸ਼ਨ ਇਸ ਤਰ੍ਹਾਂ ਦੇ ਜੈਂਟਲਮੈਨਾਂ ਵਾਸਤੇ ਨਹੀਂ ਰਹਿਣਾ ਤਾਂ ਮੈਂ ਇਕ ਹੀ ਨਾਗਾ ਡੰਡਾ ਕਾਂਸਟੀਚਿਊਸ਼ਨ ਬਣਾਉਂਦਾ । ਇਹ ਕਾਂਸਟੀਚਿਊਸ਼ਨ ਜੈਂਟਲਮੈਨਾਂ ਲਈ ਬਣਾਇਆ ਗਿਆ ਸੀ ਅਤੇ ਕੀ ਅਸੀਂ ਇਸ ਨੂੰ ਜੈਂਟਲਮੈਨਾਂ ਦੀ ਤਰ੍ਹਾਂ ਵਰਤਦੇ ਹਾਂ, ਨਹੀਂ । ਇਸ ਲਈ ਮੈਂ ਉਸ ਕਾਂਸਟੀਚਿਊਸ਼ਨ ਅੱਗੇ ਜਿਸਦੀ ਸਹੁੰ ਖਾ ਕੇ ਅਸੀਂ ਵਜ਼ੀਰ ਬਣੇ ਹਾਂ, ਸਿਰ ਝੁਕਾਉਂਦਾ ਹਾਂ । ਇਸ ਤੇ ਸਾਨੂੰ ਕੋਈ ਟੀਕਾ ਟਿੱਪਣੀ ਨਹੀਂ ਕਰਨੀ ਚਾਹੀਦੀ ਤੇ ਨਾ ਹੀ ਕੋਈ ਕਰ ਸਕਦਾ ਹੈ ।

ਇਸੇ ਤਰ੍ਹਾਂ ਚੀਫ ਮਨਿਸਟਰ ਨੂੰ ਹਾਈ ਕੋਰਟ ਦੇ ਜੱਜਾਂ ਦੀ ਕੋਈ ਕਮੇਟੀ ਬਣਾਉਣੀ ਚਾਹੀਦੀ ਹੈ । ਇਸ ਦੇ ਨਾਲ ਹਿਊਮਨ ਰਾਈਟਸ ਵਾਲਿਆਂ ਦੀ ਗੱਲ ਵੀ ਸੁਣੀ ਜਾਵੇਗੀ ਜੋ ਇਹ ਫੈਸਲਾ ਕਰੇ ਕਿ ਗਰੈਵਟੀ ਆਫ ਆਫੈਂਸ ਕਿਸੇ ਦੀ ਕਿੰਨੀ ਹੈ । ਡੀ. ਜੀ. ਪੀ. ਸਾਹਿਬ ਨੇ ਉਸ ਸਪਿਰਿਟ ਦੇ ਮੁਤਾਬਿਕ ਕਿਹਾ ਹੈ ਕਿ ਅਸੀਂ ਪੁਲਿਸ ਅਫਸਰਾਂ ਦੀ ਮਦਦ ਕਰਾਂਗੇ ਅਤੇ ਜਿਨ੍ਹਾਂ ਨੇ ਆਨੇਸਟੀ ਨਾਲ ਕੰਮ ਕੀਤਾ ਹੈ ਉਨ੍ਹਾਂ ਨੂੰ ਅਸੀਂ ਡਿਫੈਂਡ ਕਰਾਂਗੇ । ਵਕੀਲ ਦੀ ਫੀਸ ਵੀ ਦਿਆਂਗੇ ਅਤੇ ਹੋਰ ਮਦਦ ਵੀ ਕਰਾਂਗੇ ਲੇਕਿਨ ਬਹੁਤ ਸਾਰੇ ਪੁਲਿਸ ਅਫਸਰਾਂ ਨੇ ਦੁਸ਼ਮਣੀ ਕੱਢਣ ਵਾਸਤੇ ਧੱਕਾ ਜ਼ੋਰੀ ਕੀਤੀ ਹੈ ਤੇ ਲਾਅ ਨੂੰ ਹੱਥ ਵਿਚ ਲਿਆ ਹੈ । ਬਾਰਡਰ ਏਰੀਆ ਜਿਵੇਂ ਅੰਮ੍ਰਿਤਸਰ ਅਤੇ ਫਿਰੋਜ਼ਪੁਰ, ਵਿਚ ਜ਼ਿਆਦਾ ਵਾਰਦਾਤਾਂ ਹੋਈਆਂ ਹਨ, ਤੇ ਜਾਇਦਾਦਾਂ ਤੇ ਨਾਜਾਇਜ਼ ਕਬਜ਼ੇ ਕੀਤੇ ਗਏ ਹਨ, ਇਕੱਲੇ ਪੁੱਤਰ ਨੂੰ ਮਾਰ ਕੇ ਸਾਰੀ ਜਾਇਦਾਦ ਨਾਨਕਿਆਂ ਨੂੰ ਦਿਵਾਈ ਅਤੇ ਉਸ ਵਿਚ ਆਪ ਹਿੱਸਾ ਲਿਆ ਹੈ । ਸਾਡੇ ਸੀ. ਐਮ. ਸਾਹਿਬ ਦਾ ਹਿਰਦਾ ਕਿੰਨਾ ਨਰਮ ਹੈ । ਕੱਲ੍ਹ ਹੀ ਸਾਡੇ ਟਰੇਜ਼ਰੀ ਵਾਲੇ ਪਾਸੇ ਤੋਂ ਇਕ ਸਵਾਲ ਦੇ ਜਵਾਬ ਵਿਚ ਉਹ ਕਹਿ ਰਹੇ ਸਨ ਕਿ ਅੱਤ-ਵਾਦੀਆਂ ਤੋਂ ਗੌਰਮਿੰਟ ਜ਼ਮੀਨ ਖੋਹ ਕੇ ਆਪਣੇ ਕੋਲ ਨਹੀਂ ਰੱਖੇਗੀ ਕਿਉਂਕਿ ਉਨ੍ਹਾਂ ਦੇ ਬੱਚਿਆਂ ਦਾ ਕੀ ਕਸੂਰ ਹੈ । ਇਸ ਲਈ ਇਹ ਜ਼ਮੀਨ ਉਨ੍ਹਾਂ ਨੂੰ ਹੀ ਮਿਲੇਗੀ । ਉਨ੍ਹਾਂ ਕਿਹਾ ਸੀ ਕਿ ਇਸ ਵਿੱਚ ਬੱਚਿਆਂ ਦਾ ਕੋਈ ਕਸੂਰ ਨਹੀਂ, ਜਾਇਦਾਦਾਂ ਉਨ੍ਹਾਂ ਨੂੰ ਹੀ ਮਿਲਣਗੀਆਂ । We hate the sin not the sinner. ਇਹ ਕਮੇਟੀ ਫੈਕਟ ਫਾਈਂਡਿੰਗ ਹੋਵੇਗੀ । ਇਥੇ ਐਜੂਕੇਸ਼ਨ ਬਾਰੇ ਵੀ ਕਿਹਾ ਗਿਆ ਹੈ । ਇਹ ਪਹਿਲਾਂ ਐਜੂਕੇਸ਼ਨ ਵਜ਼ੀਰ ਸਨ । ਪਰ ਤੁਹਾਡੇ ਖਿਲਾਫ ਮੈਂ ਕੁਝ ਨਹੀਂ ਕਹਿੰਦਾ । ਇਸ ਬਾਰੇ ਇਨ੍ਹਾਂ ਨੂੰ ਸ਼ੰਕਾ ਹੈ । ਲੇਕਿਨ ਸੱਚਾਈ ਇਹ ਹੈ ਕਿ ਇਕ ਵਾਰ ਮੈਂ ਨਾਭੇ ਸ਼ਹਿਰ ਵਿੱਚ ਇਕ ਡੀ. ਓ. ਨਾਲ ਬੈਠਾ ਸੀ, ਇਹ ਬਰਾੜ ਸਾਹਿਬ ਦੇ ਟਾਈਮ ਦੀ ਗੱਲ ਨਹੀਂ, ਉਸ ਨੇ ਕਿਹਾ ਕਿ ਸਾਨੂੰ ਮੁੱਖ ਮੰਤਰੀ ਵਲੋਂ ਹਦਾਇਤ ਇਹ ਆਈ ਹੈ ਕਿ ਨੰਬਰ ਜੇ ਲਗਾਉਣੇ ਹਨ ਤਾਂ ਰੈਡ ਪੈਂਨਸਿਲ ਨਾਲ ਲਗਾਉਣੇ ਹਨ । ਮੈਂ ਕਿਹਾ ਕਿ ਇਸ ਦਾ ਮਤਲਬ ਤੈਨੂੰ ਸਮਝ ਆਇਆ ? ਉਸ ਨੇ ਅੱਗੋਂ ਕਿਹਾ ਕਿ ਮੈਂ ਤਾਂ ਸਮਝ ਗਿਆ ਹਾਂ । ਹੁਣ ਤੁਸੀਂ ਸਾਡੇ ਕੋਲੋਂ ਸਿੱਖ ਲਓ ।

ਸ਼੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਮੈਂ ਰਾਜਾ ਸਾਹਿਬ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਉਸ ਡੀ. ਓ. ਕੋਲ ਕੀ ਲੈਣ ਗਏ ਸੀ ਜਦੋਂ ਉਹ ਪੈਂਨਸਿਲ ਲਈ ਬੈਠਾ ਸੀ ?

ਰਾਜਾ ਨਰਿੰਦਰ ਸਿੰਘ : ਯੇ ਕਿਆ ਦਸਤੂਰ ਹੈ

ਜਬ ਜ਼ੁਬਾਂ ਭੀ ਤਰਸਤੀ ਹੈ ਬੋਲਨੇ ਕੇ ਲੀਏ ।

ਹਰ ਕੋਈ ਡੀ. ਓ. ਨੂੰ ਮਿਲਣ ਜਾ ਸਕਦਾ ਹੈ । ਅਸੀਂ ਤਾਂ ਹਰ ਕਿਸੇ ਕੋਲ ਜਾਂਦੇ ਸੀ । ਤੁਹਾਨੂੰ ਵੀ ਛੁੱਟੀ ਹੈ, ਤੁਸੀਂ ਵੀ ਕਿਸੇ ਮਰਜ਼ੀ ਕੋਲ ਜਾ ਸਕਦੇ ਹੋ ।

ਸ਼੍ਰੀ ਡਿਪਟੀ ਸਪੀਕਰ : ਰਾਜਾ ਸਾਹਿਬ, ਟਾਈਮ ਦਾ ਧਿਆਨ ਰਖੋ ।

ਰਾਜਾ ਨਰਿੰਦਰ ਸਿੰਘ : ਮੈਂ ਬਿਆਨ ਕਰ ਰਿਹਾ ਸੀ ਕਿ ਉਸ ਡੀ. ਓ. ਨੇ ਕਿਹਾ ਕਿ ਸਾਨੂੰ ਰੈਡ ਪੈਂਨਸਿਲ ਨਾਲ ਨੰਬਰ ਲਗਾਉਣ ਵਾਸਤੇ ਕਿਹਾ ਗਿਆ ਹੈ। ਇਹ ਸ਼ਿਕਾਇਤ ਇਨ੍ਹਾਂ ਦੇ ਚੀਫ਼ ਮਨਿਸਟਰ ਕੋਲ ਗਈ ਔਰ ਉਨ੍ਹਾਂ ਨੇ ਐਜੂਕੇਸ਼ਨ ਮਨਿਸਟਰ ਨੂੰ ਤਾੜਨਾ ਕੀਤੀ । ਅੱਜ ਐਜੂਕੇਸ਼ਨ ਡਿਪਾਰਟਮੈਂਟ ਵਿੱਚ ਕੁਰੱਪਸ਼ਨ ਆ ਗਈ ਹੈ ਤੇ ਹੁਣ ਜਦੋਂ ਸਟੈੱਪ ਰਾਈਟ ਡਾਇਰੇਕਸ਼ਨ ਵੱਲ ਚੁੱਕੇ ਜਾ ਰਹੇ ਹਨ ਤਾਂ ਇਹ ਗਿਣਤੀਆਂ ਕਰਦੇ ਹਨ ਕਿ ਜੇ 8 ਆਦਰਸ਼ ਸਕੂਲ ਇਕ ਸਾਲ ਵਿਚ ਬਣਨਗੇ ਤਾਂ 5 ਸਾਲਾਂ ਵਿੱਚ 40 ਸਕੂਲ ਬਣਨਗੇ । ਸਗੋਂ ਇਨ੍ਹਾਂ ਨੂੰ ਸੱਚਾਈ ਵੱਲ ਜਾਣਾ ਚਾਹੀਦਾ ਹੈ ਕਿ ਹੁਣ ਸੂਬਾ ਰਾਈਟ ਡਾਇਰੈਕਸ਼ਨ ਵੱਲ ਜਾ ਰਿਹਾ ਹੈ । ਇਸ ਗੱਲ ਤੋਂ ਤੁਸੀਂ ਮੁਨਕਰ ਨਾ ਹੋਵੋ । ਇਸ ਹਾਊਸ ਵਿੱਚ ਮੇਰੇ ਵੀਰਾਂ ਨੂੰ ਮੁਨਕਰ ਨਹੀਂ ਹੋਣਾ ਚਾਹੀਦਾ । ਸਾਡੇ ਪੰਜਾਬ ਦਾ, ਬਲਕਿ ਪੂਰੇ ਦੇਸ਼ ਦਾ ਐਜੂਕੇਸ਼ਨ ਸਿਸਟਮ ਫੇਲ੍ਹ ਹੈ । ਛੋਟੇ ਬੱਚੇ ਗਧਿਆਂ ਵਾਂਗ ਕਿਤਾਬਾਂ ਪਿੱਠਾਂ ਤੇ ਚੁੱਕ ਕੇ ਜਾਂਦੇ ਹਨ । ਇਥੇ ਇਤਰਾਜ਼ ਕੀਤਾ ਜਾਂਦਾ ਹੈ ਕਿ ਤੁਸੀਂ ਇਸ ਭਾਸ਼ਾ ਵਿੱਚ ਕਿਉਂ ਬੋਲਦੇ ਹੋ, ਇਸ ਭਾਸ਼ਾ ਵਿੱਚ ਨਾ ਬੋਲਿਆ ਕਰੋ ।ਲੇਕਿਨ ਪ੍ਰਾਇਮਰੀ ਸਕੂਲ ਵਿੱਚ ਬਚਿਆਂ ਨੂੰ ਤਿੰਨ ਜ਼ੁਬਾਨਾਂ ਪੜ੍ਹਾਉਣੀਆਂ ਉਸ ਦੇ ਦਿਮਾਗ ਨੂੰ ਖ਼ਾਰਪਨ ਕਰਨਾ ਹੈ ? ਐਜੂਕੇਸ਼ਨਿਸਟ ਕਹਿੰਦੇ ਹਨ ਕਿ ਉਸ ਦੇ ਦਿਮਾਗ ਤੇ ਬਰਡਨ ਪੈਂਦਾ ਹੈ, ਬੱਚੇ ਦਾ ਬਰੇਨ ਡੱਲ ਬਣ ਜਾਂਦਾ ਹੈ । ਇੰਨੀ ਪੜ੍ਹਾਈ ਉਹ ਬੱਚਾ ਘੋਟਾ ਲਾ ਕੇ ਸਿੱਖਦਾ ਹੈ, ਅਦਰਵਾਈਜ਼ ਐਜੂਕੇਸ਼ਨ ਸਿਸਟਮ ਬਿਲਕੁਲ ਗਲਤ ਹੈ । ਇਸ ਵਿੱਚ ਤਬਦੀਲੀ ਲਿਆਉਣ ਦੀ ਜ਼ਰੂਰਤ ਹੈ । ਸਾਨੂੰ ਸਿਸਟਮ ਅਜਿਹਾ ਬਣਾਉਣਾ ਚਾਹੀਦਾ ਹੈ ਕਿ ਕੋਈ ਦੱਸੇ ਕਿ ਇਨ੍ਹਾਂ ਪ੍ਰਾਈਵੇਟ ਸਕੂਲਾਂ ਵਿਚੋਂ ਕੋਈ ਆਈ. ਏ. ਐਸ. ਬਣ ਕੇ ਆਇਆ ਹੈ । ਮੈਨੂੰ ਤਾਂ ਚਿੰਤਾ ਹੈ ਕਿ ਅੱਗੋਂ ਜਿੰਨੇ ਵੀ ਆਈ. ਏ. ਐਸ. ਆਇਆ ਕਰਨਗੇ, ਉਹ ਬਿਹਾਰ ਜਾਂ ਯੂ. ਪੀ. ਕਾਡਰ ਤੋਂ ਆਇਆ ਕਰਨਗੇ । ਪੰਜਾਬ ਕਾਡਰ ਦਾ ਕੋਈ ਮੁੰਡਾ ਆਈ. ਏ. ਐਸ. ਨਹੀਂ ਹੋਵੇਗਾ, ਕੋਈ ਪੀ. ਸੀ. ਐਸ. ਨਹੀਂ ਬਣ ਸਕੇਗਾ । ਸਾਨੂੰ ਬੈਟਰ ਐਜੂਕੇਸ਼ਨ ਦੇਣੀ ਚਾਹੀਦੀ ਹੈ । ਅੱਜ ਮੇਰੀ ਡੀਜ਼ਾਇਰ ਇਹ ਹੈ ਕਿ ਅਸੀਂ ਬਾਹਰਲੇ ਸੂਬਿਆਂ ਵਿੱਚੋਂ ਆਈ. ਏ. ਐਸ. ਅਤੇ ਆਈ. ਪੀ. ਐਸ. ਨਾ ਲਈਏ ! ਇਸ ਵਾਸਤੇ ਸਾਨੂੰ ਐਜੂਕੇਸ਼ਨ ਵਿੱਚ ਡਰਾਸਟਿਕ ਚੇਂਜ ਲਿਆਉਣ ਦੀ ਲੋੜ ਹੈ । ਇਸ ਵਿਦਿਆ ਦੇ ਪ੍ਰਸਾਰ ਵਿਚ ਕਿੰਨਾ ਵਾਧਾ

ਹੋਇਆ ਹੈ, ਇਸ ਨੂੰ ਘੋਖਣ ਦੀ ਲੋੜ ਹੈ ਅਤੇ ਇਸ ਵੱਲ ਤਵੱਜੋ ਦੇਣ ਦੀ ਲੋੜ ਹੈ। ਇਹ ਜਿਹੜਾ ਐਜੂਕੇਸ਼ਨ ਸਿਸਟਮ ਹੈ, ਇਸ ਵਿਚ ਟੀਚਰ ਅਤੇ ਟਾਟ ਵਿਚ ਜਿਹੜਾ ਫਾਸਲਾ ਆ ਗਿਆ ਹੈ, ਇਸ ਨੂੰ ਦੂਰ ਕਰਨ ਦੀ ਲੋੜ ਹੈ। ਇਸ ਸਬੰਧ ਨੂੰ ਨੇੜੇ ਲਿਆਉਣ ਦੀ ਲੋੜ ਹੈ ਅਤੇ ਇਹ ਵੇਖਣ ਦੀ ਲੋੜ ਹੈ ਕਿ ਕਿਸ ਤਰ੍ਹਾਂ ਟੀਚਰਜ਼ ਨੇ ਬਚਿਆਂ ਨੂੰ ਤਾਲੀਮ ਦੇਣੀ ਹੈ। ਇਸ ਗੱਲ ਦਾ ਫੈਸਲਾ ਨੇੜੇ ਭਵਿੱਖ ਵਿਚ ਸਾਡੇ ਮੁੱਖ ਮੰਤਰੀ ਸਾਹਿਬ ਕਰਨਗੇ ਜਿਸ ਤਰ੍ਹਾਂ ਕਿ ਇਹ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਬੁਲਾ ਕੇ ਸਲਾਹ ਮਸ਼ਵਰਾ ਕਰਦੇ ਹਨ ਅਤੇ ਰਾਏ ਲੈ ਕੇ ਕੋਈ ਫੈਸਲਾ ਕਰਦੇ ਹਨ। ਸਾਡਾ ਜਿਹੜਾ ਐਜੂਕੇਸ਼ਨ ਦਾ ਸਿਸਟਮ ਹੈ, ਉਹ ਫੇਲ੍ਹ ਹੋ ਚੁੱਕਾ ਹੈ। ਇਸ ਨੂੰ ਰਾਈਟ ਡਾਇਰੈਕਸ਼ਨ ਦੇਣ ਅਤੇ ਰਾਈਟ ਸਟੈਪੱਸ ਲੈਣ ਦੀ ਲੋੜ ਹੈ। ਧੰਨਵਾਦ।

ਸ਼੍ਰੀ ਚਰੰਜੀ ਲਾਲ ਗਰਗ (ਬਠਿੰਡਾ) : ਡਿਪਟੀ ਸਪੀਕਰ ਸਾਹਿਬ, ਅੱਜ ਇਸ ਪਵਿੱਤਰ ਸਦਨ ਦੇ ਵਿਚ ਸਿੱਖਿਆ ਪ੍ਰਣਾਲੀ ਅਤੇ ਲਾਅ ਐਂਡ ਆਰਡਰ ਚਰਚਾ ਦੇ ਵਿਸ਼ੇ ਬਣੇ ਹੋਏ ਹਨ। ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਨ੍ਹਾਂ ਵਿਸ਼ਿਆਂ ਉਤੇ ਬੋਲਣ ਲਈ ਸਮਾਂ ਦਿੱਤਾ ਹੈ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ 1997-98 ਦਾ ਬੜਾ ਬੈਲੈਂਸਡ ਬਜਟ ਇਸ ਹਾਊਸ ਦੇ ਵਿਚ ਬਾਦਲ ਸਾਹਿਬ ਦੀ ਅਗਵਾਈ ਵਿਚ ਕੈਪਟਨ ਸਾਹਿਬ ਨੇ ਪੇਸ਼ ਕੀਤਾ ਹੈ। ਬਜਟ ਵਿਚ ਵਿਦਿਆ ਦੇ ਸੁਧਾਰ ਲਈ, ਸੂਬੇ ਦੀ ਤਰੱਕੀ ਲਈ ਅਤੇ ਲਾਅ ਐਂਡ ਆਰਡਰ ਨੂੰ ਬਣਾਉਣ ਲਈ ਇਸ ਸਰਕਾਰ ਨੇ ਬੜਾ ਕੁਝ ਰੱਖਿਆ ਹੈ। ਸਿੱਖਿਆ ਪ੍ਰਣਾਲੀ ਲਈ ਜੋ ਸਰਕਾਰ ਵੱਲੋਂ ਸਟੈਪੱਸ ਲਏ ਜਾ ਰਹੇ ਹਨ ਉਸ ਨਾਲ ਸੂਬਾ ਤਰੱਕੀ ਕਰੇਗਾ। ਸਿੱਖਿਆ ਦੇ ਨਾਲ ਹੀ ਦੇਸ਼ ਵਿਚ ਵੱਖ ਵੱਖ ਯੋਜਨਾਵਾਂ ਦੇਸ਼ ਦੀ ਤਰੱਕੀ ਲਈ ਬਣਦੀਆਂ ਹਨ ਅਤੇ ਉਨ੍ਹਾਂ ਯੋਜਨਾਵਾਂ ਦੇ ਸਫਲ ਹੋਣ ਨਾਲ ਦੇਸ਼ ਆਰਥਿਕ ਤੌਰ ਤੇ ਤਰੱਕੀ ਕਰਦਾ ਹੈ। ਇਥੇ ਹੀ ਬੱਸ ਨਹੀਂ ਜਦੋਂ ਸਿੱਖਿਆ ਪ੍ਰਣਾਲੀ ਅੱਛੀ ਹੁੰਦੀ ਹੈ ਤਾਂ ਦੇਸ਼ ਵਿੱਚੋਂ ਬੇਰੁਜ਼ਗਾਰੀ ਦੂਰ ਹੁੰਦੀ ਹੈ। ਬੇਰੁਜ਼ਗਾਰੀ ਖਤਮ ਹੋਵੇਗੀ ਤਾਂ ਦੇਸ਼ ਖੁਸ਼ਹਾਲ ਹੋਵੇਗਾ ਅਤੇ ਨੌਜਵਾਨਾਂ ਦੇ ਵਿਚ ਬੇਚੈਨੀ ਨਹੀਂ ਹੋਵੇਗੀ। ਅਗਰ ਦੇਸ਼ ਵਿਚ ਨੌਜਵਾਨਾਂ ਵਿਚ ਬੇਚੈਨੀ ਖਤਮ ਹੋਵੇਗੀ ਤਾਂ ਉਹ ਦੇਸ਼ ਹਰ ਪੱਖੋਂ ਤਰੱਕੀ ਕਰੇਗਾ। ਜਿਹੜਾ ਦੇਸ਼ ਸਿੱਖਿਆ ਦੇ ਖੇਤਰ ਵਿਚ ਪਿੱਛੇ ਹੋਵੇਗਾ, ਫੇਰ ਉਸ ਦੇਸ਼ ਦੀ ਆਰਥਿਕ ਦਸ਼ਾ ਵੀ ਪਿਛੜੀ ਹੋਵੇਗੀ ਅਤੇ ਵਿਕਾਸਹੀਣ ਹੋਵੇਗੀ। ਦੇਸ਼ ਖੁਸ਼ਹਾਲ ਨਹੀਂ ਹੋਵੇਗਾ ਬਲਕਿ ਤਰੱਕੀ ਦੇ ਰਾਹ ਵਿਚ ਦੇਸ਼ ਪਿੱਛੇ ਰਹਿ ਜਾਂਦਾ ਹੈ।

ਇਤਿਹਾਸ ਇਸ ਗੱਲ ਦਾ ਸਾਖਸ਼ੀ ਹੈ। ਸਾਡੇ ਦੇਸ਼ ਨੂੰ ਆਜ਼ਾਦ ਹੋਏ ਤਕਰੀਬਨ 50 ਸਾਲ ਹੋ ਗਏ ਹਨ ਔਰ ਜੇਕਰ ਅਸੀਂ ਆਪਣੇ ਪਿਛਕੋੜ ਵਿਚ ਝਾਤੀ ਮਾਰੀਏ ਤਾਂ ਪਤਾ ਲੱਗੇਗਾ ਕਿ ਸਿੱਖਿਆ ਦੇ ਪੱਧਰ ਵਿਚ ਹਾਲੇ ਤੱਕ ਅੰਧਕਾਰ ਹੀ ਦਿੱਖ ਰਿਹਾ ਹੈ ਅਤੇ ਇਸ 50 ਸਾਲ ਦੇ ਪੀਰੀਅਡ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਨੇ ਨਾ ਕੇਂਦਰ ਵਿਚ ਅਤੇ ਨਾ ਹੀ ਪੰਜਾਬ ਦੇ ਸੂਬੇ ਵਿਚ ਸਿਖਿਆ ਦੇ ਖੇਤਰ ਵਿਚ ਕੋਈ ਧਿਆਨ ਦਿਤਾ ਹੈ ਅਤੇ ਲਾਅ ਐਂਡ ਆਰਡਰ ਨੂੰ ਵੀ ਖਰਾਬ ਕੀਤਾ ਹੈ। ਪਿਛਲੇ 50 ਸਾਲਾਂ ਤੋਂ ਇਹ ਪਾਵਰ ਵਿੱਚ ਰਹੇ ਪਰ ਇਹ ਲੋਕਾਂ ਨੂੰ ਸਹੀ ਅਰਥਾਂ ਦੇ ਵਿਚ ਵਧੀਆ ਐਜੂਕੇਸ਼ਨ ਨਹੀਂ ਦੇ ਸਕੇ। ਲਾਅ ਐਂਡ ਆਰਡਰ

[ਸ਼੍ਰੀ ਚਰੰਜੀ ਲਾਲ ਗਰਗ]

ਦੀ ਹਾਲਤ ਵੀ ਬੜੀ ਤਰਸਯੋਗ ਹੈ ਅਤੇ ਇਨ੍ਹਾ ਨੇ ਪਿਛਲੇ 5 ਸਾਲਾਂ ਦੇ ਵਿਚ ਪੰਜਾਬ ਦਾ ਸਤਿਆਨਾਸ ਕਰ ਦਿੱਤਾ ਹੈ । ਜੇਕਰ ਪਿਛਲੇ 5 ਸਾਲਾਂ ਦਾ ਇਤਿਹਾਸ ਵੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਿੱਖਿਆ ਦੇ ਖੇਤਰ ਵਿਚ ਬੁਰਾ ਹਾਲ ਹੈ । ਡਿਪਟੀ ਸਪੀਕਰ ਸਾਹਿਬ, ਬਹੁਤ ਸਾਰੇ ਸਕੂਲਾਂ ਵਿਚ ਟੀਚਰ ਨਹੀਂ ਹਨ । ਟੀਚਰਾਂ ਦੀ ਕੋਈ ਭਰਤੀ ਨਹੀਂ ਕੀਤੀ ਗਈ । ਸਕੂਲਾਂ ਵਿਚ ਕਮਰੇ ਨਹੀਂ, ਕਿਤੇ ਸਕੂਲਾਂ ਵਿਚ ਬੈਠਣ ਵਾਸਤੇ ਥਾਂ ਨਹੀਂ । ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋਇਆ ਕਿਉਂਕਿ ਟੀਚਰ ਭਰਤੀ ਨਹੀਂ ਕੀਤੇ ਗਏ । ਮੈਂ ਇਸ ਦੇ ਬਾਰੇ ਵਿਚ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ ਲੇਕਿਨ ਡਿਪਟੀ ਸਪੀਕਰ ਸਾਹਿਬ, ਇਕ ਗੱਲ ਜ਼ਰੂਰ ਕਹਾਂਗਾ ਕਿ ਜੇਕਰ ਕਿਤੇ ਟੀਚਰਾਂ ਦੀ ਭਰਤੀ ਹੋਈ ਵੀ ਹੈ ਤਾਂ ਉਹ ਠੀਕ ਤਰ੍ਹਾਂ ਨਾਲ ਨਹੀਂ ਹੋਈ ਜਿਸ ਤਰ੍ਹਾਂ ਕਿ ਮਾਨਯੋਗ ਮੈਂਬਰ ਰਾਜਾ ਨਰਿੰਦਰ ਸਿੰਘ ਜੀ ਨੇ ਟੀਚਰਾਂ ਦੀ ਭਰਤੀ ਬਾਰੇ ਦੱਸਿਆ ਵੀ ਹੈ ਕਿ ਟੀਚਰ ਕਿਸ ਤਰ੍ਹਾਂ ਰੱਖੇ ਗਏ ਸਨ । ਇਕ ਟੀਚਰ ਦੀ ਭਰਤੀ ਵਾਸਤੇ 70,000 ਰੁਪਏ ਦੀ ਕੀਮਤ ਰੱਖੀ ਗਈ ਸੀ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਟੀਚਰ ਸਾਡੇ ਦੇਸ਼ ਦੇ ਨਿਰਮਾਤਾ ਹਨ ਪਰ ਜੇਕਰ ਜਿਨ੍ਹਾਂ ਨੂੰ ਅਸੀਂ ਦੇਸ਼ ਦੇ ਨਿਰਮਾਤਾ ਕਹਿੰਦੇ ਹਾਂ, ਉਨ੍ਹਾਂ ਨੂੰ 70,000 ਰੁਪਏ ਖਰਚ ਕਰਕੇ ਜਾਬ ਮਿਲੇ ਅਤੇ ਇਕ ਟੀਚਰ ਨੂੰ 70,000 ਰੁਪਏ ਦੇਣੇ ਪੈਣ ਤਾਂ ਉਹ ਟੀਚਰ ਕਿਵੇਂ ਕੰਮ ਕਰੇਗਾ ।

(**ਕਈ ਆਵਾਜ਼ਾਂ** : ਹੁਣ ਇਕ ਲੱਖ ਰੁਪਿਆ ਕੀਤਾ ਗਿਆ ਹੈ । . . .) (ਵਿਘਨ)

ਪਹਿਲਾਂ ਡਿਪਟੀ ਸਪੀਕਰ ਸਾਹਿਬ, 70,000 ਰੁਪਿਆ ਨਿਰਧਾਰਤ ਹੁੰਦਾ ਸੀ । ਹੁਣ ਪੰਜਾਬ ਦੇ ਬੱਚਿਆਂ ਵਾਸਤੇ ਸਾਡੀ ਸਰਕਾਰ ਨੂੰ ਦਰਦ ਹੈ ਕਿ ਬੱਚਿਆਂ ਦੀ ਪੜ੍ਹਾਈ ਠੀਕ ਤਰੀਕੇ ਦੇ ਨਾਲ ਹੋਵੇ । ਪਿਛਲੇ ਪੰਜ ਸਾਲ ਸਾਹਮਣੇ ਬੈਠੇ ਭਰਾਵਾਂ ਦੇ ਰਾਜ ਵਿਚ ਕੀ ਹੁੰਦਾ ਰਿਹਾ ਹੈ ? ਜਿਹੜੇ ਬੱਚੇ ਰਾਤਾਂ ਕਾਲੀਆਂ ਕਰਦੇ ਸਨ ਅਤੇ ਉਨ੍ਹਾਂ ਦੇ ਚਸ਼ਮੇ ਲੱਗ ਗਏ, ਉਨ੍ਹਾਂ ਬੱਚਿਆਂ ਦੀ ਮੈਰਿਟ ਨੂੰ ਇਕ ਪਾਸੇ ਰੱਖ ਦਿੱਤਾ ਗਿਆ । ਮੈਰਿਟ ਵਾਲੇ ਬੱਚਿਆਂ ਦੀ ਕੀ ਹਾਲਤ ਕੀਤੀ ਸੀ ? ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਿੱਖਿਆ ਪ੍ਰਣਾਲੀ ਦਾ ਜੋ ਸਿਸਟਮ ਚਲਦਾ ਆ ਰਿਹਾ ਸੀ, ਉਸ ਨੂੰ ਪਰ੍ਹੇ ਸੁੱਟ ਦਿੱਤਾ ਗਿਆ । ਐਮ. ਐਸ. ਅਤੇ ਐਮ. ਡੀ. ਵਿਚ ਦਾਖਲੇ ਲਈ ਐਂਟਰੈਂਸ ਟੈਸਟ ਹੋਇਆ ਪਰ ਐਂਟਰੈਂਸ ਟੈਸਟ ਦਾ ਰਿਜ਼ਲਟ ਨਹੀਂ ਕੱਢਿਆ ਗਿਆ । ਉਸ ਵੇਲੇ ਦੇ ਸਿੱਖਿਆ ਮੰਤਰੀ ਦੀ ਲੜਕੀ ਡਾਕਟਰ ਪਰਮਜੀਤ ਕੌਰ ਨੂੰ ਨਾਮੀਨੇਟ ਕਰ ਦਿੱਤਾ ਗਿਆ । ਉਸ ਤੋਂ ਬਾਅਦ ਨੀਰਜ ਰਾਜਨ ਨੂੰ ਨਾਮੀਨੇਟ ਕਰ ਦਿੱਤਾ ਗਿਆ । ਡੀ. ਆਈ. ਜੀ. ਦੇ ਲੜਕੇ ਨੂੰ ਨਾਮੀਨੇਟ ਕਰ ਦਿੱਤਾ ਗਿਆ । ਨੀਰਜ ਗੁਪਤਾ ਨੂੰ ਨਾਮੀਨੇਟ ਕਰ ਦਿੱਤਾ ਗਿਆ । ਸਾਡੇ ਸਾਬਕਾ ਚੀਫ ਸੈਕਟਰੀ ਸ਼੍ਰੀ ਚੱਠਾ ਸਾਹਿਬ ਦੇ ਮੁੰਡੇ ਨੂੰ ਨਾਮੀਨੇਟ ਕਰ ਦਿੱਤਾ ਗਿਆ । ਪੰਜਾਬ ਦੇ 5 ਇੰਜੀਨੀਰਿੰਗ ਕਾਲਜ ਹਨ । ਇਕ ਬਠਿੰਡਾ ਇੰਜੀਨੀਰਿੰਗ ਕਾਲਜ ਹੈ ਜਿਥੋਂ ਦਾ ਮੈਂ ਰਹਿਣ ਵਾਲਾ ਹਾਂ ਅਤੇ ਬਾਕੀ ਕਾਲਜ ਜਲੰਧਰ, ਪਟਿਆਲਾ, ਲੁਧਿਆਣਾ ਅਤੇ ਫਤਿਹਗੜ੍ਹ ਸਾਹਿਬ ਵਿਚ ਹਨ । ਇਨ੍ਹਾਂ ਸਾਰੇ ਕਾਲਜਾਂ ਦਾ ਐਂਟਰੈਂਸ ਟੈਸਟ ਇਕ ਪਾਸੇ ਰੱਖ ਦਿੱਤਾ ਗਿਆ ਅਤੇ ਉਸ ਵੇਲੇ ਦੇ ਟੈਕਨੀਕਲ ਐਜੂਕੇਸ਼ਨ ਮੰਤਰੀ ਜਿਸ ਦਾ ਮੈਂ ਨਾਮ ਨਹੀਂ ਲੈਣਾ ਚਾਹੁੰਦਾ ਵੱਲੋਂ 20-20 ਅਤੇ 25-25 ਬੱਚਿਆਂ ਦੀਆਂ ਨਾਮੀਨੇਸ਼ਨਾਂ ਕਰ ਦਿੱਤੀਆਂ ਗਈਆਂ । ਆਖਰ ਬੱਚਿਆਂ ਨੂੰ ਹਾਈ ਕੋਰਟ ਜਾਣਾ ਪਿਆ । ਹਾਈ ਕੋਰਟ ਵਿਚ ਸਾਰੀਆਂ

ਦੀਆਂ ਸਾਰੀਆਂ ਨਾਮੀਨੇਸ਼ਨਾਂ ਜਿਹੜੀਆਂ ਸਨ, ਉਹ ਸੈੱਟਅਸਾਈਡ ਹੋਈਆਂ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਡਿਪਟੀ ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ......

ਚੌਧਰੀ ਜਗਜੀਤ ਸਿੰਘ (ਬੈਠੇ ਬੈਠੇ) : ਜਿਹੜਾ ਫਤਿਹਗੜ੍ਹ ਸਾਹਿਬ, ਸ਼੍ਰੋਮਣੀ ਕਮੇਟੀ ਦਾ ਕਾਲਜ ਹੈ, ਉਸ ਦੇ ਵਿਚ ਤੁਸੀਂ ਵੀ ਇਸੇ ਤਰ੍ਹਾਂ ਕੀਤਾ ਹੈ ।

ਸ਼੍ਰੀ ਚਰੰਜੀ ਲਾਲ ਗਰਗ : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜੋ ਫਤਿਹਗੜ੍ਹ ਸਾਹਿਬ, ਸ਼੍ਰੋਮਣੀ ਕਮੇਟੀ ਦਾ ਕਾਲਜ ਹੈ, ਉਸ ਵਿਚ ਨਾਮੀਨੇਸ਼ਨ ਦਾ ਕੋਈ ਅਧਿਕਾਰ ਸ਼੍ਰੋਮਣੀ ਕਮੇਟੀ ਦਾ ਨਹੀਂ ਸੀ । ਨਾਮੀਨੇਸ਼ਨਾਂ ਉਸ ਵੇਲੇ ਦੇ ਤਕਨੀਕੀ ਸਿੱਖਿਆ ਮੰਤਰੀ ਕਰਦੇ ਸਨ । ਅਸੀਂ ਕੋਈ ਨਾਮੀਨੇਸ਼ਨ ਨਹੀਂ ਕੀਤੀ, ਸਭ ਇਨ੍ਹਾਂ ਨੇ ਹੀ ਕੀਤੀਆਂ ਹਨ । ਇਹ ਸਭ ਬੇਅਸੂਲੀਆਂ ਗੱਲਾਂ ਕੀਤੀਆਂ ਗਈਆਂ ਸਨ ਅਤੇ ਇਨ੍ਹਾਂ ਬੇਅਸੂਲੀਆਂ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ । ਡਿਪਟੀ ਸਪੀਕਰ ਸਾਹਿਬ, ਮੈਂ ਹਾਊਸ ਵਿੱਚ ਦੱਸਦਾ ਹਾਂ ਕਿ ਇਸ ਕੰਮ ਲਈ 3-3 ਲੱਖ ਰੁਪਿਆ ਇਨ੍ਹਾਂ ਨੇ ਬੱਚਿਆਂ ਤੋਂ ਲਿਆ ਹੈ (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) । ਬਠਿੰਡਾ ਦੇ ਕਾਲਜ ਵਿਚ ਸਿਰਫ 2 ਨਾਮੀਨੇਸ਼ਨਾਂ ਸਨ । ਉਥੇ ਉਸ ਵੇਲੇ ਸਾਡੇ ਮੰਤਰੀ ਸਾਹਿਬ ਜਿਹੜੇ ਸਾਡੇ ਜ਼ਿਲ੍ਹੇ ਨਾਲ ਤਾਅਲੁੱਕ ਵੀ ਰੱਖਦੇ ਸਨ, ਉਨ੍ਹਾਂ ਨੇ 23 ਨਾਮੀਨੇਸ਼ਨਾਂ ਕੀਤੀਆਂ । ਪੈਸੇ ਦੇਣ ਲਈ ਕਿਸੇ ਨੇ ਆਪਣਾ ਘਰ ਵੇਚਿਆ ਕਿਸੇ ਨੇ ਕਰਜ਼ਾ ਲਿਆ ਪਰ ਅੱਜ ਵੀ ਉਹ ਬੱਚੇ ਸੜਕਾਂ ਤੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਉਸ ਸਰਕਾਰ ਦੀ ਕਾਰਗੁਜ਼ਾਰੀ ਹੈ । ਚੌਧਰੀ ਸਾਹਿਬ ਕਹਿੰਦੇ ਹਨ ਕਿ ਸ਼੍ਰੋਮਣੀ ਕਮੇਟੀ ਨੇ ਨਾਮੀਨੇਸ਼ਨਾਂ ਕੀਤੀਆਂ । ਉਹ ਤੁਹਾਡੇ ਵਾਂਗ ਨਹੀਂ । ਤੁਸੀਂ ਤਾਂ ਬੱਚਿਆਂ ਦੇ ਗਲ ਕੱਟ ਕੱਟ ਕੇ ਸੁੱਟ ਦਿੱਤੇ । ਨਾ ਉਨ੍ਹਾਂ ਨੂੰ ਰੋਣ ਜੋਗੇ ਛੱਡਿਆ, ਨਾ ਸਾਹ ਲੈਣ ਜੋਗੇ ਛੱਡਿਆ ਅਤੇ ਨਾ ਹੀ ਕਿਸੇ ਦੀ ਸੜਕ ਤੋਂ ਲਾਸ਼ ਚੁੱਕੀ । ਜਿਹੜੇ ਬੱਚਿਆਂ ਨੂੰ ਨਾਮੀਨੇਟ ਕੀਤਾ ਅਤੇ ਹਾਈ ਕੋਰਟ ਨੇ ਜਿਨ੍ਹਾਂ ਦੀ ਨਾਮੀਨੇਸ਼ਨ ਸੈੱਟ-ਅਸਾਈਡ ਕਰ ਦਿੱਤੀ, ਉਦੋਂ ਕਮ-ਅਜ਼-ਕਮ ਉਨ੍ਹਾਂ ਕੋਲ ਜਾ ਕੇ ਚੌਧਰੀ ਸਾਹਿਬ ਹਾਅ ਦਾ ਨਾਹਰਾ ਤਾਂ ਮਾਰ ਦੇਂਦੇ । ਇਹੀ ਕਰ ਲੈਂਦੇ ਕਿ ਉਨ੍ਹਾਂ ਦੇ ਪੈਸੇ ਤਾਂ ਮੋੜ ਦੇਂਦੇ, ਵਿਆਜ ਬੇਸ਼ੱਕ ਰਹਿਣ ਦੇਂਦੇ, ਇਹੀ ਗੱਲ ਕਹਿ ਦੇਂਦੇ । ਡਿਪਟੀ ਸਪੀਕਰ, ਜਿਹੜੇ ਦੇਸ਼ ਵਿੱਚ ਜਾਂ ਸੂਬੇ ਵਿਚ ਕਾਨੂੰਨ ਨਾ ਹੋਵੇ, ਲੋਕਾਂ ਦੇ ਹੱਕ ਮਾਰੇ ਜਾਣ ਅਤੇ ਲੋਕਾਂ ਦੇ ਹੱਕਾਂ ਦੀ ਰਾਖੀ ਨਾ ਹੋਵੇ, ਉਸ ਦੇਸ਼ ਵਿਚ ਬੇਚੈਨੀ ਫੈਲੇਗੀ ਅਤੇ ਸੂਬੇ ਦਾ ਕਾਨੂੰਨ ਠੀਕ ਨਹੀਂ ਰਹਿ ਸਕੇਗਾ । ਅੱਜ ਗੱਲ ਕੀਤੀ ਮੇਰੇ ਦੋਸਤ ਬਰਾੜ ਸਾਹਿਬ ਨੇ....

ਸ਼੍ਰੀ ਡਿਪਟੀ ਸਪੀਕਰ : ਤੁਸੀਂ ਆਪਣੀ ਸਪੀਚ ਕਨਕਲੂਡ ਕਰੋ ।

ਸ਼੍ਰੀ ਚਰੰਜੀ ਲਾਲ ਗਰਗ : ਸਰ, ਸਿਰਫ ਪੰਜ ਮਿੰਟ ਹੋਰ ਦੇ ਦਿਓ । ਥੋੜ੍ਹਾ ਜਿਹਾ ਬਲਵਾ ਚੜ੍ਹਿਆ ਹੋਇਆ ਹੈ । ਕੋਈ ਸਮਾਂ ਸੀ, ਮੈਂ ਬਰਾੜ ਸਾਹਿਬ ਦੀ ਕਦਰ ਕਰਦਾ ਹਾਂ । ਜਦੋਂ ਪੜ੍ਹ ਕੇ ਬੱਚੇ ਆਈ. ਏ. ਐਸ. ਅਤੇ ਆਈ. ਪੀ. ਐਸ. ਬਣ ਕੇ ਜਾਂਦੇ ਸੀ, ਉਹ ਬਹੁਤ ਵਧੀਆ ਗੱਲ ਸੀ । ਹੁਣ ਉਹ ਗੱਲ ਖਤਮ ਹੋ ਗਈ ਹੈ । ਉਨ੍ਹਾਂ ਲਈ ਕੋਈ ਟੈਂਮਣ ਨਹੀਂ । ਕਦੋਂ ਜਾਣਗੇ ਬੱਚੇ ਆਈ. ਏ. ਐਸ., ਆਈ. ਪੀ. ਐਸ. ਬਣ ਕੇ, ਕਦੋਂ ਡੀ. ਟੀ.

[ਸ੍ਰੀ ਚਰੰਜੀ ਲਾਲ ਗਰਗ]

ੳ., ਈ. ਟੀ. ੳ., ਬੀ. ਡੀ. ੳ. ਬਣ ਕੇ ਜਾਣਗੇ, ਉਹ ਕਦੋਂ ਈ. ੳ. ਬਣਕੇ ਜਾਣਗੇ, ਉਹ ਮੈਂ ਤੁਹਾਨੂੰ ਦੱਸਦਾ ਹਾਂ । ਡਿਪਟੀ ਸਪੀਕਰ ਸਾਹਿਬ, ਦੋ ਕੁ ਮਿੰਟ ਮੈਨੂੰ ਹੋਰ ਦੇ ਦਿਓ, ਮੈਂ ਹਾਈ ਕੋਰਟ ਜਾ ਕੇ ਬੜੀ ਮਿਹਨਤ ਕੀਤੀ ਹੈ । ਪਹਿਲਾਂ ਇਨ੍ਹਾਂ ਨੇ ਗੁਰਕਿਰਪਾਲ ਕੌਰ, ਬੇਅੰਤ ਸਿੰਘ ਦੇ ਭਰਾ ਦੀ ਪੋਤੀ ਐਕਸਾਈਜ਼ ਐਂਡ ਟੈਕਸੇਸ਼ਨ ਅਫਸਰ ਲਾਈ । ਫਿਰ ਇਨ੍ਹਾਂ ਨੇ ਅਮਨਦੀਪ ਸਿੰਘ, ਗੁਰਮੇਲ ਸਿੰਘ ਐਕਸਾਈਜ਼ ਇੰਸਪੈਕਟਰ ਲਾਏ ਅਤੇ ਉਨ੍ਹਾਂ ਨੂੰ ਫਿਰ ਮਗਰੋਂ ਬੀ. ਡੀ. ੳ. ਲਾ ਦਿੱਤਾ । ਅਮਨਦੀਪ ਸਿੰਘ ਸੰਗਰੂਰ ਦੇ ਇਕ ਐਮ. ਐਲ. ਏ. ਦਾ ਮੁੰਡਾ ਸੀ, ਤਰਲੋਚਨ ਕੌਰ ਉਸ ਵੇਲੇ ਦੇ ਇੰਡਸਟਰੀ ਮਨਿਸਟਰ ਦੀ ਕੋਈ ਰਿਸ਼ਤੇਦਾਰ ਸੀ, ਲਖਵਿੰਦਰ ਸਿੰਘ ਮਾਸਟਰ ਜਗੀਰ ਸਿੰਘ, ਰੂਰਲ ਡਿਵੈਲਪਮੈਂਟ ਮਨਿਸਟਰ ਦਾ ਲੜਕਾ ਸੀ ਅਤੇ ਖੁਸ਼ਵਿੰਦਰ ਸਿੰਘ ਦੋਰਾਹੇ ਦੇ ਕਾਂਗਰਸੀ ਲੀਡਰ ਚਾ ਰਿਸ਼ਤੇਦਾਰ ਸੀ । (ਸ਼ੋਰ) . ਡਿਪਟੀ ਸਪੀਕਰ ਸਾਹਿਬ, ਹੁਣ ਜ਼ਰਾ ਇਹ ਮੇਰੇ ਤੋਂ ਆਰਾਮ ਨਾਲ ਸੁਣ ਲੈਣ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਹ ਤਾਂ ਦੁੱਧ ਦੀ ਰਾਖੀ ਬਿੱਲੀ ਬਿਠਾ ਦੇਣ ਵਾਲੀ ਗੱਲ ਹੈ । ਜੇ ਖੇਤ ਨੂੰ ਵਾੜ ਹੀ ਖਾਣ ਲੱਗ ਜਾਵੇ ਤਾਂ ਖੇਤ ਦਾ ਕੀ ਬਣੇਗਾ । ਚਮਨ ਲਾਲ ਸ੍ਰੀ ਮਹਿੰਦਰ ਸਿੰਘ ਕੇ. ਪੀ. ਦਾ ਰਿਸ਼ਤੇਦਾਰ ਸੀ । ਹਰਦੇਵ ਵੈਲਫੇਅਰ ਮਨਿਸਟਰ ਦਾ ਰਿਸ਼ਤੇਦਾਰ ਸੀ । ਹੰਸ ਰਾਜ ਵੀ ਮਹਿੰਦਰ ਸਿੰਘ ਕੇ. ਪੀ. ਦਾ ਰਿਸ਼ਤੇਦਾਰ ਸੀ । ਅਮਨਦੀਪ ਜਸਬੀਰ ਸਿੰਘ ਐਮ. ਐਲ. ਏ. ਸੰਗਰੂਰ ਦਾ ਰਿਸ਼ਤੇਦਾਰ ਸੀ । ਫਿਰ ਇਨ੍ਹਾਂ ਨੇ 400 ਪਟਵਾਰੀ ਲਾਏ । ਜਦੋਂ ਹਾਈ ਕੋਰਟ ਵਿਚ ਉਹ ਚੈਲਿੰਜ ਹੋ ਗਏ. . . . .(ਵਿਘਨ)

ਸ੍ਰੀ ਡਿਪਟੀ ਸਪੀਕਰ : ਮੈਂਬਰ ਸਾਹਿਬਾਨ ਜ਼ਰਾ ਧਿਆਨ ਨਾਲ ਸੁਣਨ । ਇਹ ਬੜੀਆਂ ਇੰਟਰੈਸਟਿੰਗ ਗੱਲਾਂ ਕਰ ਰਹੇ ਹਨ ।

ਸ੍ਰੀ ਚਰੰਜੀ ਲਾਲ ਗਰਗ ਫਿਰ, ਡਿਪਟੀ ਸਪੀਕਰ ਸਾਹਿਬ, 400 ਪਟਵਾਰੀ ਲਾਏ । ਉਹ ਨਿਯੁਕਤੀਆਂ ਚੈਲਿੰਜ ਹੋ ਗਈਆਂ । ਜਦੋਂ ਹਾਈ ਕੋਰਟ ਨੇ ਇਨ੍ਹਾਂ ਨੂੰ ਪੁੱਛਿਆ ਤਾਂ ਇਹ ਕਹਿਣ ਲੱਗੇ ਕਿ ਅਸੀਂ ਇਹ ਨਿਯੁਕਤੀਆਂ ਵਾਪਸ ਲੈ ਲੈਂਦੇ ਹਾਂ । ਇਹ ਹਾਈ ਕੋਰਟ ਵਿਚੋਂ ਭੱਜ ਗਏ ਅਤੇ ਇਨ੍ਹਾਂ ਨੇ ਨਿਯੁਕਤੀਆਂ ਵਾਪਸ ਲੈ ਲਈਆਂ । ਫਿਰ, 8 ਈ.ਓ. ਲਾਏ ਗਏ । ਈ. ੳ. ਦੀ ਗਜ਼ਟਿਡ ਪੋਸਟ ਹੈ, ਕਲਾਸ ਟੂ ਪੋਸਟ ਹੈ ਪਰ ਇਨ੍ਹਾਂ ਨੇ ਉਸ ਪੋਸਟ ਨੂੰ ਕਲਾਸ ਤਿੰਨ ਬਣਾ ਦਿੱਤਾ ਅਤੇ ਕਲਰਕ ਦੀ ਪੋਸਟ ਦੇ ਬਰਾਬਰ ਲੈ ਆਂਦਾ ਤਾਂ ਕਿ ਐਡਹਾਕ ਨਿਯੁਕਤੀਆਂ ਕਰ ਸਕੀਏ । ਡਿਪਟੀ ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਜਿਹੜੀਆਂ ਨਿਯੁਕਤੀਆਂ ਹੋਈਆਂ, ਇਨ੍ਹਾਂ ਦੀ ਸ਼ਰੇਆਮ ਨਿਲਾਮੀ ਹੋਈ, ਓਪਨ ਨਿਲਾਮੀ ਹੋਈ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਨ੍ਹਾਂ ਕਿਹਾ ਕਿ ਆ ਜਾਓ, ਦੁਕਾਨ ਖੁਲ੍ਹੀ ਹੈ, ਜੋ ਮਰਜ਼ੀ ਖਰੀਦ ਲਓ । ਇਕ ਕੁੜੀ ਜਸਵਿੰਦਰ ਕੌਰ ਸੀ ਲੁਧਿਆਣੇ ਦੀ । ਉਸ ਕੁੜੀ ਨੇ ਇਹ ਸਾਰੀਆਂ ਨਿਯੁਕਤੀਆਂ ਚੈਲਿੰਜ ਕੀਤੀਆਂ । ਜਦੋਂ ਉਹ ਕੁੜੀ ਹਾਈ ਕੋਰਟ ਵਿਚ ਚਲੀ ਗਈ ਤਾਂ ਉਸ ਜਸਵਿੰਦਰ ਕੌਰ ਨੂੰ ਇਕ ਮੰਤਰੀ ਜੀ ਜਾ ਕੇ ਮਿਲੇ । ਕਹਿਣ ਲੱਗੇ ਕਿ ਇਹ ਕੇਸ ਵਾਪਸ ਲੈ ਲਓ । ਉਹ ਕਹਿੰਦੀ, ਮੈਂ ਪੰਜਾਬ ਦੀ ਧੀ ਹਾਂ ਅਤੇ ਇਨ੍ਹਾਂ ਚੋਰਾਂ ਨੇ ਮੇਰਾ ਹੱਕ ਮਾਰਿਆ ਹੈ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਮੈਂ ਨਹੀਂ ਇਹ ਕੇਸ ਵਾਪਸ ਲੈਂਦੀ । ਫਿਰ ਇਨ੍ਹਾਂ ਨੇ ਕੀ ਕੀਤਾ । ਪੁਲਿਸ ਨੇ ਉਸ ਨੂੰ ਅਤੇ

ਉਸ ਦੇ ਚਾਚੇ ਨੂੰ ਚੁੱਕ ਕੇ ਇੰਟੈਰੋਗੇਸ਼ਨ ਸੈਂਟਰ ਵਿਚ ਲੈ ਆਂਦਾ । ਜਿਥੇ ਬਦਮਾਸ਼ਾਂ ਅਤੇ ਸਮਗਲਰਾਂ ਨੂੰ ਲਿਜਾਇਆ ਜਾਂਦਾ ਹੈ, ਉਸ ਇੰਟੈਰੋਗੇਸ਼ਨ ਸੈਂਟਰ ਵਿਚ ਉਸ ਕੁੜੀ ਨੂੰ ਲਿਜਾਇਆ ਗਿਆ ਅਤੇ ਕਿਹਾ ਗਿਆ ਕਿ ਲਿਖ ਕੇ ਦੇ ਕਿ ਮੈਂ ਇਹ ਕੇਸ ਵਾਪਸ ਲੈਂਦੀ ਹਾਂ । ਮਗਰੋਂ ਉਸ ਕੁੜੀ ਤੋਂ ਐਫੀਡੇਵਿਟ ਦਿਵਾਇਆ ਗਿਆ ਕਿ ਮੈਂ ਇਹ ਕੇਸ ਵਾਪਸ ਲੈਂਦੀ ਹਾਂ । ਡਿਪਟੀ ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਹਾਈ ਕੋਰਟ ਦਾ, ਮੈਂ ਧੰਨਵਾਦੀ ਹਾਂ ਜੁਡੀਸ਼ੀਅਰੀ ਦਾ ਜਿਸ ਨੇ ਉਹ ਕੇਸ ਵਾਪਸ ਨਹੀਂ ਲੈਣ ਦਿੱਤਾ ਅਤੇ ਉਹ ਕੇਸ ਚਲਦਾ ਰਿਹਾ । ਅੱਜ ਵੀ ਉਹ ਕੁੜੀ ਦਿਮਾਗੀ ਬਿਮਾਰੀ ਦਾ ਸ਼ਿਕਾਰ ਹੈ । (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਤੁਸੀਂ ਲੁਧਿਆਣੇ ਜਾ ਕੇ ਵੇਖ ਲਓ । ਮਿਊਂਸਿਪਲ ਕਾਰਪੋਰੇਸ਼ਨ ਦੀਆਂ ਚੋਣਾਂ ਸਮੇਂ ਮੈਂ ਉਨ੍ਹਾਂ ਦੇ ਘਰ ਗਿਆ । ਉਨ੍ਹਾਂ ਦੇ ਘਰ ਵਾਲੇ ਕਹਿਣ ਲੱਗੇ ਕਿ ਉਹ ਤਾਂ ਪੰਜਾਬ ਹੀ ਛੱਡ ਗਈ ਹੈ ।

ਸ੍ਰੀ ਡਿਪਟੀ ਸਪੀਕਰ : ਤੁਸੀਂ ਜਲਦੀ ਖਤਮ ਕਰੋ ।

ਸ੍ਰੀ ਚਰੰਜੀ ਲਾਲ ਗਰਗ : ਸਿਰਫ ਇਕ ਮਿੰਟ, ਡਿਪਟੀ ਸਪੀਕਰ ਸਾਹਿਬ, ਹਾਈ ਕੋਰਟ ਦੇ ਆਨਰੇਬਲ ਜਸਟਿਸ ਆਰ. ਪੀ. ਸੇਠੀ ਨੇ ਡਿਪਟੀ ਐਡਵੋਕੇਟ ਜਨਰਲ ਨੂੰ ਕਿਹਾ Is there any rule of law in the State of Punjab, to which the Deputy Advocate General did not give any reply and left the Court ਕਿਉਂਕਿ ਉਹ ਇਨ੍ਹਾਂ ਦਾ ਨੁਮਾਇੰਦਾ ਸੀ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਕੁਰਪਸ਼ਨ, ਨੈਪੋਟਿਜ਼ਮ ਅਤੇ ਫੇਵਰਿਟਿਜ਼ਮ ਇਹ ਹੀ ਪੰਜਾਬ ਦੇ ਅੰਦਰ ਰੂਲ ਐਂਡ ਲਾਅ ਸੀ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਗੱਲਾਂ ਦੇ ਨਾਲ ਦਿਲ ਭਰਿਆ ਪਿਆ ਹੈ । ਇਨ੍ਹਾਂ ਸਾਰੇ ਪੰਜਾਬ ਦੇ ਵਿਚ ਜੰਗਲ ਦਾ ਰਾਜ ਕਰ ਦਿੱਤਾ । ਸਾਰਾ ਪੰਜਾਬ ਬਦਅਮਨੀ ਵਿੱਚ ਝੋਕ ਦਿੱਤਾ, ਸਾਰਾ ਪੰਜਾਬ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ । ਅੱਜ ਇਹ ਗੱਲ ਕਰਦੇ ਹਨ ਰੂਲ ਆਫ ਲਾਅ ਦੀ, ਇਹ ਅੱਜ ਗੱਲਾਂ ਕਰਦੇ ਹਨ ਲਾਅ ਐਂਡ ਆਰਡਰ ਦੀਆਂ । ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਆਉਣ ਸਾਰ ਪੰਜਾਬ ਵਿਚੋਂ ਡਿਸਕ੍ਰਿਸ਼ਨਰੀ ਕੋਟਾ ਖਤਮ ਕੀਤਾ, ਨਾਮੀਨੇਸ਼ਨਾਂ ਖਤਮ ਕੀਤੀਆਂ ਔਰ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਸਿਰੇ ਚੜ੍ਹਾਇਆ । ਡਿਪਟੀ ਸਪੀਕਰ ਸਾਹਿਬ, ਤੁਸੀਂ ਦੇਖੋ ਕਿ ਕਿਵੇਂ ਪੀ. ਐਸ. ਈ. ਬੀ. ਦੇ ਵਿੱਚ ਹੁਣੇ ਜਿਹੇ ਸਿਲੈਕਸ਼ਨਾਂ ਹੋਈਆਂ । ਸਵੇਰ ਨੂੰ ਟੈਸਟ ਹੋਇਆ, ਸ਼ਾਮ ਨੂੰ ਉਸ ਦਾ ਰਿਜ਼ਲਟ ਕੱਢ ਦਿੱਤਾ ਗਿਆ ਔਰ ਮੈਰਿਟ ਦੇ ਅਨੁਸਾਰ ਜਿਹੜੇ ਉਪਰ ਆਉਂਦੇ ਸਨ, ਉਨ੍ਹਾਂ ਨੂੰ ਐਪੁਆਇੰਟਮੈਂਟ ਲੈਟਰ ਜਾਰੀ ਕੀਤੇ ਗਏ । ਇਨ੍ਹਾਂ ਨੇ ਇਹ ਖਿਆਲ ਨਹੀਂ ਕੀਤਾ ਕਿ ਕੋਈ ਸਾਡੇ ਕੋਲ ਆਵੇ ਔਰ ਪਹਿਲਾਂ ਵਾਂਗੂ ਪੈਸਿਆਂ ਦੀ ਥੈਲੀ ਦੇਵੇ, ਫਿਰ ਉਨ੍ਹਾਂ ਨੂੰ ਐਪੁਆਇੰਟਮੈਂਟ ਲੈਟਰ ਦਿੱਤੇ ਜਾਣਗੇ । ਮੈਂ ਵਧਾਈ ਦਿੰਦਾ ਹਾਂ ਇਨ੍ਹਾਂ ਨੂੰ......

Mr. Deputy Speaker: Your time is over, please sit down.

ਸ੍ਰੀ ਚਰੰਜੀ ਲਾਲ ਗਰਗ : ਡਿਪਟੀ ਸਪੀਕਰ ਸਾਹਿਬ, ਜੀ, ਬੱਸ ਇਕ ਮਿੰਟ ।

Mr. Deputy Speaker: No, No, please sit down.

ਸ੍ਰੀ ਚਰੰਜੀ ਲਾਲ ਗਰਗ : ਮੈਂ ਸਾਰਿਆਂ ਨੂੰ ਅੰਤ ਵਿਚ ਵਧਾਈ ਦਿੰਦਾ ਹਾਂ ਕਿ ਅੱਜ ਸਰਕਾਰ ਨੇ ਪੰਜਾਬ ਦੇ ਵਿੱਚ ਰਲ ਆਫ ਲਾਅ ਕਾਇਮ ਕੀਤਾ ਹੈ ਅਤੇ ਕੁਰੱਪਸ਼ਨ ਨੂੰ ਖਤਮ ਕੀਤਾ ਹੈ । ਧੰਨਵਾਦ, ਡਿਪਟੀ ਸਪੀਕਰ ਸਾਹਿਬ । (ਟਰੈਜ਼ਰੀ ਬੈਂਚਿਜ਼ ਵੱਲੋਂ (ਥੰਪਿੰਗ)

ਸਰਦਾਰ ਮਹੇਸ਼ਇੰਦਰ ਸਿੰਘ (ਲੁਧਿਆਣਾ ਪੱਛਮੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸਾਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ । ਅੱਜ ਹਾਊਸ ਦੇ ਅੰਦਰ ਐਜੂਕੇਸ਼ਨ, ਹੋਮ ਅਤੇ ਲਾਅ ਐਂਡ ਜਸਟਿਸ ਦੀਆਂ ਡੀਮਾਂਡਜ਼ ਡਿਸਕਸ ਹੋ ਰਹੀਆਂ ਹਨ । ਮੈਂ ਐਜੂਕੇਸ਼ਨ ਤੋਂ ਸਟਾਰਟ ਕਰਾਂਗਾ । ਸਭ ਤੋਂ ਪਹਿਲਾਂ ਮੈਂ ਆਪਣੀ ਸਿੰਪਥੀ ਪ੍ਰਗਟ ਕਰਦਾ ਹਾਂ ਆਪਣੇ ਵੀਰ ਸਰਦਾਰ ਅਵਤਾਰ ਸਿੰਘ ਬਰਾੜ ਹੋਰਾਂ ਨਾਲ ਕਿ ਉਨ੍ਹਾਂ ਨੇ ਆਪਣੀ 90 ਦਿਨਾਂ ਦੀ ਕਾਰਗੁਜ਼ਾਰੀ ਦੱਸੀ । ਕਿਸ ਤਰ੍ਹਾਂ ਉਨ੍ਹਾਂ ਨੇ 120 ਦਿਨਾਂ ਦੀ ਕਾਰਗੁਜ਼ਾਰੀ ਦੇ ਨਾਲ ਜੋ ਕਿ ਬਾਦਲ ਸਾਹਿਬ ਦਾ ਸਮਾਂ ਹੈ, ਕੰਪੇਰੀਜ਼ਨ ਕੀਤਾ ਹੈ । ਇਨ੍ਹਾਂ ਦੀ ਗੱਲ ਤੋਂ ਮਨ ਨੂੰ ਕਈ ਸ਼ੰਕੇ ਲੱਗੇ ਹਨ । ਇਕ ਤਾਂ ਇਹ ਕਿ ਇਹ ਐਜੂਕੇਸ਼ਨ ਮਨਿਸਟਰ ਹੀ ਚਾਹੀਦੇ ਸਨ ਪਰ ਮੈਂ ਸਿੰਪਥੀ ਪ੍ਰਗਟ ਕਰਦਾ ਹਾਂ ਕਿ ਉਸ ਵੇਲੇ ਦੇ ਮੁੱਖ ਮੰਤਰੀ ਨੇ ਇਨ੍ਹਾਂ ਕੋਲੋਂ ਇਹ ਮਹਿਕਮਾ ਖੋਹ ਕੇ ਬਾਅਦ ਵਿਚ ਇਨ੍ਹਾਂ ਨੂੰ ਖੇਡ ਮੰਤਰੀ ਬਣਾ ਦਿੱਤਾ ਔਰ ਇਨ੍ਹਾਂ ਨੂੰ ਏਧਰੋਂ ਵਿਹਲਾ ਕਰ ਦਿੱਤਾ । ਜੋ ਇਨ੍ਹਾਂ ਦੀ ਸਪੀਚ ਸੀ....

ਸਰਦਾਰ ਅਵਤਾਰ ਸਿੰਘ ਬਰਾੜ (ਬੈਠੇ-ਬੈਠੇ) : ਉਹ ਬੀਬੀ ਜੀ ਹੋਰਾਂ ਨੇ ਕੀਤਾ ਸੀ ।

ਸਰਦਾਰ ਮਹੇਸ਼ਇੰਦਰ ਸਿੰਘ : ਉਹ ਬਾਅਦ ਵਿਚ ਪੁੱਛ ਲਵਾਂਗੇ ਕਿ ਕਿਸ ਨੇ ਕੀਤਾ । ਜੋ ਬਰਾੜ ਸਾਹਿਬ ਦੀ ਸਪੀਚ ਸੀ, ਉਹ 43 ਸਾਲ ਦੇ ਕਾਂਗਰਸ ਦੇ ਰਾਜ ਦੇ ਪੱਖ ਨੂੰ ਪੇਸ਼ ਕਰਨ ਵਾਲੀ ਸਪੀਚ ਨਾ ਹੋ ਕੇ ਇਨ੍ਹਾਂ ਦੀ ਜ਼ਾਤੀ ਐਕਸਪਲੇਨੇਸ਼ਨ ਸੀ । ਜਿੰਨੀ ਵੀ ਉਨ੍ਹਾਂ ਨੇ ਆਪਣੀ ਸਪੀਚ ਦੇ ਵਿਚ ਭਾਵੁਕ ਹੋ ਕੇ ਗੱਲ ਕੀਤੀ, ਉਹ ਸਿਰਫ 90 ਦਿਨਾਂ ਦੀ ਤਸਵੀਰ ਹੀ ਪੇਸ਼ ਕਰਦੀ ਸੀ । ਇਹ ਇਕ ਨੇਕ ਇਨਸਾਨ ਹਨ, ਇਸ ਕਰਕੇ ਇਹ ਦੂਜਿਆਂ ਦੀ ਸਫਾਈ ਪੇਸ਼ ਨਹੀਂ ਕਰ ਸਕਦੇ ਸੀ ਜਿਸ ਕਾਰਨ ਇਨ੍ਹਾਂ ਨੇ ਉਹ ਸਮਾਂ ਟੱਚ ਹੀ ਨਹੀਂ ਕੀਤਾ । ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਨੋਟਿਸ ਵਿਚ ਏਥੇ ਲਿਆਉਣਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਇਕ ਐਸਾ ਅਹਿਮ ਮੁੱਦਾ ਹੈ ਜਿਸ ਨੂੰ ਸਿਆਸੀ ਰੰਗਤ ਦੇ ਕੇ ਅਤੇ ਪਾਰਟੀਬਾਜ਼ੀ ਵਿਚ ਲਿਆ ਕੇ ਅੱਜ ਰੋਲਿਆ ਜਾ ਰਿਹਾ ਹੈ । ਅੱਜ ਲੋੜ ਇਕੱਲੀ ਕੁਆਂਟਿਟੀ ਐਜੂਕੇਸ਼ਨ ਦੀ ਨਹੀਂ ਕਿ ਕਿੰਨੇ ਪੜ੍ਹੇ ਲਿਖੇ ਹਨ, ਅੱਜ ਲੋੜ ਹੈ ਅੱਜ ਦੇ ਕੰਪੀਟੀਟਿਵ ਯੁੱਗ ਵਿਚ ਕੁਆਲਿਟੀ ਐਜੂਕੇਸ਼ਨ ਦੀ । ਇਸ ਗੱਲ ਲਈ ਕੋਈ ਹੋਰ ਜ਼ਿੰਮੇਵਾਰ ਨਹੀਂ, ਮੇਰੇ ਵੀਰ ਸਰਦਾਰ ਅਵਤਾਰ ਸਿੰਘ ਬਰਾੜ ਅਤੇ ਉਨ੍ਹਾਂ ਦੀ ਪਾਰਟੀ ਜੋ ਕਿ ਏਥੇ ਪਿਛਲੇ 43 ਸਾਲ ਦੇ ਲੰਮੇ ਅਰਸੇ ਤੱਕ ਰਾਜ ਕਰਦੀ ਰਹੀ ਹੈ, ਉਹ ਜ਼ਿੰਮੇਵਾਰ ਹਨ । ਇਸ ਸਮੇਂ ਦੌਰਾਨ ਪਬਲਿਕ ਸਕੂਲ ਹੋਂਦ ਵਿਚ ਆਏ, ਪ੍ਰਾਈਵੇਟ ਸਕੂਲ ਹੋਂਦ ਵਿਚ ਅਏ । ਸਟੇਟ ਦੇ ਲੋਕਾਂ ਨੂੰ ਐਜੂਕੇਸ਼ਨ ਪਰੋਵਾਈਡ ਕਰਨਾ ਸਟੇਟ ਦੀ ਰਿਸਪਾਂਸੇਬਿਲਟੀ

ਹੈ । ਸਾਡੇ ਐਜੂਕੇਸ਼ਨ ਸਿਸਟਮ ਦੇ ਵਿਚ ਬਹੁਤ ਕਮੀਆਂ ਸਨ ਜਿਨ੍ਹਾਂ ਨੂੰ ਦੂਰ ਕਰਨ ਦੇ ਵਾਸਤੇ ਸੋਚ ਕੇ, ਵਿਚਾਰ ਕੇ ਇਹ ਪ੍ਰਾਈਵੇਟ ਅਦਾਰੇ ਹੋਂਦ ਵਿਚ ਆਏ । ਠੀਕ ਹੈ, ਅੱਜ ਕੁਝ ਅਦਾਰੇ ਉਹ ਵੀ ਹੋਣਗੇ ਜਿਨ੍ਹਾਂ ਨੇ ਕਿ ਅੱਜ ਸਕੂਲ ਦੁਕਾਨਾਂ ਬਣਾਈਆਂ ਹੋਈਆਂ ਹਨ ਲੇਕਿਨ ਇਸ ਸਟੇਟ ਨੂੰ ਇਨ੍ਹਾਂ ਪ੍ਰਾਈਵੇਟ ਇੰਸਟੀਚਿਊਸ਼ਨਜ਼ ਦੀ—ਖਾਲਸਾ ਇੰਸਟੀ-ਚਿਊਸਟਸ ਦੀ, ਡੀ. ਏ. ਵੀ. ਇੰਸਟੀਚਿਊਟਸ ਦੀ ਬਹੁਤ ਵੱਡੀ ਦੇਣ ਵੀ ਹੈ ਜਿਨ੍ਹਾਂ ਨੇ ਕਿ ਐਮੀਨੈਂਟ ਬੱਚੇ ਪੜ੍ਹਾ ਕੇ ਦੇਸ ਨੂੰ ਦਿੱਤੇ ਜਿਹੜੇ ਕਿ ਕੰਟਰੀ ਦੇ ਵਿਚ ਲੀਡ ਕਰ ਰਹੇ ਹਨ । ਐਜੂਕੇਸ਼ਨ ਦੇ ਮੁਤੱਲਿਕ ਬੋਲਦੇ ਹੋਏ ਜਦੋਂ ਵੀ ਕੋਈ ਉਠਦਾ ਹੈ, ਉਹ ਇਹ ਕਹਿ ਦਿੰਦਾ ਹੈ ਕਿ ਏਨੇ ਸਾਲਾਂ ਦੀਆਂ ਖਾਲੀ ਪਈਆਂ ਪੋਸਟਾਂ ਮੈਂ ਭਰ ਦਿੱਤੀਆਂ । ਮੈਨੂੰ ਇਹ ਗੱਲ ਸੁਣ ਕੇ ਬੜਾ ਅਫਸੋਸ ਹੁੰਦਾ ਹੈ । ਐਜੂਕੇਸ਼ਨ ਇਕ ਉਹ ਡਿਪਾਰਟਮੈਂਟ ਹੈ ਜਿਸ ਦੇ ਵਿਚ ਕਿ ਹਰ ਸਾਲ 8,000 ਤੋਂ ਲੈ ਕੇ 12,000 ਤੱਕ ਟੀਚਰ ਰਿਟਾਇਰ ਹੁੰਦੇ ਹਨ ਅਤੇ ਵੈਕੈਂਸੀਆਂ ਖਾਲੀ ਹੋ ਜਾਂਦੀਆਂ ਹਨ । ਮੈਂ ਇਸ ਸਬੰਧ ਵਿਚ ਸਰਕਾਰ ਨੂੰ ਇਹ ਸੁਝਾਅ ਦੇਵਾਂਗਾ ਕਿ ਇਨ੍ਹਾਂ ਟੀਚਰਾਂ ਦੀਆਂ ਖਾਲੀ ਹੋਈਆਂ ਆਸਾਮੀਆਂ ਨੂੰ ਭਰਨ ਵਾਸਤੇ ਇਕ ਰੈਗੂਲਰ ਡਿਪਾਰਟਮੈਂਟਲ ਕਮੇਟੀ ਬਣਾ ਦੇਣੀ ਚਾਹੀਦੀ ਹੈ ਤਾਂ ਕਿ ਜਿਹੜੀਆਂ ਵੈਕੈਂਸੀਆਂ ਹੋਣ, ਉਨ੍ਹਾਂ ਨੂੰ ਉਹ ਕਮੇਟੀ ਫਿਲ ਕਰੇ । ਇਹ ਕੀ ਹੋਇਆ ਕਿ 20 ਸਾਲਾਂ ਬਾਅਦ ਇਕੋ ਵਾਰ 15 ਹਜ਼ਾਰ ਵੈਕੈਂਸੀਆਂ ਭਰ ਦਿੱਤੀਆਂ ਔਰ ਕੋਈ ਇਕ ਇੰਡੀਵਿਜੂਅਲ ਇਸ ਗੱਲ ਦਾ ਕਰੈਡਿਟ ਲੈਣ ਦੀ ਕੋਸ਼ਿਸ਼ ਕਰੇ । It is a continuous process. ਇਸ ਤਰ੍ਹਾਂ ਖਾਲੀ ਹੋਈਆਂ ਪੋਸਟਾਂ ਨੂੰ ਭਰਨ ਲਈ ਕੋਈ ਪਰਮਾਨੈਂਟ ਇੰਤਜ਼ਾਮ ਹੋਣਾ ਚਾਹੀਦਾ ਹੈ ।

ਅੱਜ ਲੋੜ ਹੈ ਐਜੂਕੇਸ਼ਨ ਤੇ ਸੁਪਰਵੀਜ਼ਨ ਦੀ । ਜਿਹੜੇ ਸਕੂਲ ਸ਼ਹਿਰਾਂ ਵਿਚ ਹਨ, ਮੈਂ ਸੁਜੈਸਟ ਕਰਾਂਗਾ ਕਿ ਉਨ੍ਹਾਂ ਦਾ ਇੰਤਜ਼ਾਮ ਲੋਕਲ ਬਾਡੀਜ਼ ਨੂੰ ਦੇ ਦੇਣਾ ਚਾਹੀਦਾ ਹੈ ਅਤੇ ਜਿਹੜੇ ਸਕੂਲ ਪਿੰਡਾਂ ਵਿਚ ਹਨ, ਉਨ੍ਹਾਂ ਦਾ ਇੰਤਜ਼ਾਮ ਪੰਚਾਇਤਾਂ ਨੂੰ ਦੇ ਦੇਣਾ ਚਾਹੀਦਾ ਹੈ ਤਾਂ ਕਿ ਲੋਕਲ ਸੁਪਰਵੀਜ਼ਨ ਹੋਣ ਕਰਕੇ ਵਧੀਆ ਐਜੂਕੇਸ਼ਨ ਪ੍ਰਦਾਨ ਕੀਤੀ ਜਾ ਸਕੇ । ਸਰਕਾਰ ਦੇ ਜਿਹੜੇ ਲੰਗੜੇ-ਲੂਲੇ ਸਕੂਲ ਹਨ, ਉਨ੍ਹਾਂ ਵਿਚਲੇ ਸਿਸਟਮ ਨੂੰ ਕੁਰੈਕਟ ਕਰਕੇ ਪਰਾਪਰ ਟੀਚਰ ਦਿੱਤੇ ਜਾਣੇ ਚਾਹੀਦੇ ਹਨ, ਲੈਬਜ਼ ਬਣਾਈਆਂ ਜਾਣੀਆਂ ਚਾਹੀਦੀਆਂ ਹਨ ਅਤੇ ਟੀਚਿੰਗ ਮਾਹੌਲ ਬਣਾਇਆ ਜਾਣਾ ਚਾਹੀਦਾ ਹੈ । ਵਧੀਆ ਐਜੂਕੇਸ਼ਨ ਦੇਣ ਲਈ ਆਦਰਸ਼ ਸਕੂਲ ਵੀ ਖੋਲ੍ਹੇ ਜਾਣੇ ਚਾਹੀਦੇ ਹਨ । ਤੁਸੀਂ ਦੇਖਿਆ ਹੋਵੇਗਾ ਕਿ ਹਰ ਸਕੂਲ ਵਿਚ ਸੈਕਸ਼ਨ ਬਣਾਏ ਜਾਂਦੇ ਹਨ ਅਤੇ ਜਿਹੜੇ ਬ੍ਰਿਲੀਐਂਟ ਬੱਚੇ ਹਨ, ਉਨ੍ਹਾਂ ਦਾ ਅਲਹਿਦਾ ਸੈਕਸ਼ਨ ਬਣਾਇਆ ਜਾਂਦਾ ਹੈ ਤਾਂ ਜੋ ਐਕਸਟਰਾ ਕੋਚਿੰਗ ਦੇ ਕੇ ਉਨ੍ਹਾਂ ਨੂੰ ਆਊਟਸਟੈਂਡਿੰਗ ਬਣਾਇਆ ਜਾਵੇ । ਜਿਥੇ ਇਨ੍ਹਾਂ ਸਕੂਲਾਂ ਵਿਚ ਸੁਧਾਰ ਕਰਨ ਦੀ ਲੋੜ ਹੈ, ਉਥੇ ਕੁਆਲਿਟੀ ਦੀ ਐਜੂਕੇਸ਼ਨ ਪੈਦਾ ਕਰਨ ਲਈ ਆਦਰਸ਼ ਸਕੂਲ ਖੋਲ੍ਹੇ ਜਾਣੇ ਚਾਹੀਦੇ ਹਨ । ਇਸ ਦੇ ਲਈ ਇਹ ਸਰਕਾਰ ਵਧਾਈ ਦੀ ਪਾਤਰ ਹੈ ਜਿਸ ਨੇ ਇਸ ਪਾਸੇ ਵੱਲ ਆਪਣੀ ਸੋਚ ਬਣਾਈ ਹੈ । ਸਾਲ 1967 ਵਿਚ ਦਿੱਲੀ ਦੇ ਪੈਟਰਨ ਨੂੰ ਅਡਾਪਟ ਕੀਤਾ ਗਿਆ ਸੀ ਪਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਸ ਤੋਂ ਬਾਅਦ ਕਿਸੇ ਵੀ ਸਰਕਾਰ ਨੇ ਇਸ ਬਾਰੇ ਨਹੀਂ ਸੋਚਿਆ ਕਿ ਜੋ ਪੋਸਟਾਂ 1967 ਵਿਚ ਐਜੂਕੇਸ਼ਨ ਸਿਸਟਮ ਦੇ ਤਹਿਤ ਸਕੂਲਾਂ ਵਿਚ ਦਿੱਤੀਆਂ ਗਈਆਂ ਸਨ, ਉਨ੍ਹਾਂ ਨੂੰ ਰਿਵਾਈਜ਼ ਕੀਤਾ ਜਾਵੇ । ਅੱਜ ਉਨ੍ਹਾਂ ਸਕੂਲਾਂ ਵਿਚ

[ਸਰਦਾਰ ਮਹੇਸ਼ਇੰਦਰ ਸਿੰਘ]
ਵਿਦਿਆਰਥੀਆਂ ਦੀ ਗਿਣਤੀ ਕਿਤਨੀ ਵਧ ਗਈ ਹੈ, ਨਵੇਂ ਨਵੇਂ ਕੋਰਸ ਸ਼ੁਰੂ ਹੋ ਗਏ ਹਨ । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ 1967 ਵਿਚ ਅਪਣਾਈ ਦਿੱਲੀ ਪ੍ਰਣਾਲੀ ਤੇ ਜੋ ਸਕੂਲ ਰਿਕੋਗਨਾਈਜ਼ ਕੀਤੇ ਗਏ ਸਨ, ਉਨ੍ਹਾਂ ਵਿਚ ਪੋਸਟਾਂ ਦੀ ਰਿਵੀਜ਼ਨ ਕੀਤੀ ਜਾਵੇ । ਲੋੜ ਦੇ ਮੁਤਾਬਿਕ ਨਵੀਆਂ ਪੋਸਟਾਂ ਉਨ੍ਹਾਂ ਵਿਦਿਅਕ ਅਦਾਰਿਆਂ ਵਿਚ ਦਿੱਤੀਆਂ ਜਾਣ । ਸਾਲ 1981 ਵਿਚ ਕਾਲਜਾਂ ਵਿਚ ਲਾਸਟ ਵਿਚ ਪੋਸਟਾਂ ਸੈਂਕਸ਼ਨ ਕਰਕੇ ਦਿੱਤੀਆਂ ਗਈਆਂ ਸਨ । ਇਹ ਸਿਰਫ ਪ੍ਰਾਈਵੇਟ ਮੈਨੇਜਮੈਂਟ ਦੇ ਏਡਿਡ ਸਕੂਲਾਂ ਦੀ ਗੱਲ ਹੀ ਨਹੀਂ ਸਗੋਂ ਸਰਕਾਰੀ ਕਾਲਜਾਂ ਵਿਚ ਵੀ ਹੈ । ਲੁਧਿਆਣੇ ਦੇ ਇਕ ਸਰਕਾਰੀ ਕਾਲਜ ਵਿਚ ਅੱਜ ਵੀ ਪੰਜਾਬੀ ਲੈਕਚਰਾਰਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ । ਉਥੇ ਅਕਾਮੋਡੇਸ਼ਨ ਦੀ ਘਾਟ ਹੈ, ਲੈਬਜ਼ ਦੀ ਸ਼ਾਰਟੇਜ ਹੈ । ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਜਦੋਂ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ, ਮੁੱਖ ਮੰਤਰੀ, ਇਨਾਮ ਵੰਡ ਸਮਾਰੋਹ ਵਿਚ ਉਥੇ ਗਏ ਤਾਂ ਉਨ੍ਹਾਂ ਦੇ ਮਨ ਨੂੰ ਵੀ ਬੜਾ ਦੁੱਖ ਹੋਇਆ, ਅਫਸੋਸ ਹੋਇਆ ਕਿ ਉਹ ਜਿਹੜੀ ਕਿ ਗੌਰਮਿੰਟ ਦੀ ਇਕ ਪ੍ਰੀਮੀਅਰ ਇੰਸਟੀਚਿਊਸ਼ਨ ਹੈ, ਉਸ ਨੂੰ ਵੀ ਸਰਕਾਰ ਵੱਲੋਂ ਇਗਨੋਰ ਕੀਤਾ ਗਿਆ ਹੈ । ਉਥੇ ਕਈ ਸਾਲਾਂ ਤੋਂ ਪੋਸਟਾਂ ਖਾਲੀ ਪਈਆਂ ਹਨ । ਬਰਾੜ ਸਾਹਿਬ ਨੇ ਗੱਲ ਕੀਤੀ ਕਿ ਉਹ ਵੀ ਅਧਿਆਪਕ ਹਨ, ਮੈਨੂੰ ਬੜੀ ਖੁਸ਼ੀ ਹੋਈ ਇਹ ਜਾਣ ਕੇ । ਉਨ੍ਹਾਂ ਨੇ ਮੇਰੀ ਜਾਣਕਾਰੀ ਵਿਚ ਵਾਧਾ ਕੀਤਾ ਹੈ, ਮੈਨੂੰ ਪਹਿਲਾਂ ਪਤਾ ਨਹੀਂ ਸੀ ।

ਸ਼੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਸਿਰਫ ਦੋ ਮਿੰਟ ਹੀ ਰਹਿੰਦਾ ਹੈ ।

ਸਰਦਾਰ ਮਹੇਸ਼ਇੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਕੇਵਲ ਤਿੰਨ ਮਿੰਟ ਹੋਰ ਦੇ ਦਿਓ । ਮੈਂ ਪੰਜ ਮਿੰਟਾਂ ਵਿਚ ਹੀ ਆਪਣੀ ਗੱਲ ਖਤਮ ਕਰ ਦਿਆਂਗਾ ।

ਸ਼੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਕੇਵਲ ਦੋ ਮਿੰਟ ਹੀ ਰਹਿੰਦਾ ਹੈ ।

ਸਰਦਾਰ ਮਹੇਸ਼ਇੰਦਰ ਸਿੰਘ : ਮੈਂ ਸ਼ਾਰਟ-ਕੱਟ ਕਰ ਦਿੰਦਾ ਹਾਂ । ਪ੍ਰਾਈਵੇਟ ਮੈਨੇਜਮੈਂਟ ਦੇ ਸਕੂਲਾਂ ਵਿਚ ਜਿਥੇ ਕਿ ਸਰਕਾਰੀ ਸਕੂਲਾਂ ਦੇ ਟੀਚਰਾਂ ਵਾਂਗ ਪੈਨਸ਼ਨ ਕੀਤੀ ਹੋਈ ਹੈ, ਉਨ੍ਹਾਂ ਦਾ ਡੀ. ਏ. 97% ਤੇ ਰੁਕਿਆ ਹੋਇਆ ਹੈ, ਉਸ ਨੂੰ ਗੌਰਮਿੰਟ ਸਕੂਲਾਂ ਦੇ ਡੀ.ਏ. ਦੇ ਬਰਾਬਰ ਕੀਤਾ ਜਾਵੇ ।

ਹੁਣ ਮੈਂ ਡਿਪਟੀ ਸਪੀਕਰ ਸਾਹਿਬ, ਹੋਮ ਤੇ ਜਸਟਿਸ ਡਿਪਾਰਟਮੈਂਟ ਤੇ ਆਉਂਦਾ ਹਾਂ । ਬਰਾੜ ਸਾਹਿਬ ਨੇ ਇਸ ਮਹਿਕਮੇ ਦੀਆਂ ਡਿਮਾਂਡਾਂ ਡਿਸਕਸ ਕਰਨ ਦੀ ਥਾਂ ਭਾਸ਼ਣ ਨੂੰ ਬੜੀ ਪੁਲੀਟੀਕਲ ਰੰਗਤ ਦਿੱਤੀ ਹੈ । ਜੇਕਰ ਇਨ੍ਹਾਂ ਗੱਲਾਂ ਵਿਚ ਜਾਈਏ ਤਾਂ ਇਹ ਇਕ ਬੜਾ ਲੰਮਾ-ਚੌੜਾ ਇਤਿਹਾਸ ਬਣ ਜਾਵੇਗਾ ਅਤੇ ਇਧਰ ਨਾਲੋਂ ਤੁਸੀਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਜ਼ਿਆਦਾ ਨੰਗੇ ਹੋਵੋਗੇ । ਮੈਂ ਸਿਰਫ ਇਕ ਅਖਬਾਰ ਦੀ ਕਟਿੰਗ ਪੜ੍ਹ ਕੇ ਸੁਣਾਉਂਦਾ ਹਾਂ, ਇਸ ਹਾਊਸ ਦੇ ਅੰਦਰ । 18 ਮਈ, 1984 ਦੀ 'ਦੀ ਟ੍ਰਿਬਿਊਨ' ਚੰਡੀਗੜ੍ਹ ਵਿਚ ਇਹ ਖਬਰ ਛਪੀ ਹੈ । ਉਸ ਵੇਲੇ ਦੇ ਕਾਂਗਰਸ ਦੇ ਜਨਰਲ ਸਕੱਤਰ ਜਦੋਂ ਦਿੱਲੀ ਤੋਂ ਸ਼ਿਮਲਾ ਜਾ ਰਹੇ ਸਨ ਤਾਂ ਚੰਡੀਗੜ੍ਹ ਵਿਚ ਉਨ੍ਹਾਂ ਹਾਲਟ ਕੀਤਾ । ਬਾਅਦ ਵਿਚ ਉਨ੍ਹਾਂ ਨੂੰ ਪ੍ਰਾਈਮ ਮਨਿਸਟਰ ਬਣਨ ਦਾ ਮੌਕਾ ਵੀ ਮਿਲਿਆ । ਜਦੋਂ ਜਰਨਲਿਸਟਾਂ

ਨੇ ਉਨ੍ਹਾਂ ਨੂੰ ਪੁੱਛਿਆ, "What are your views about Sant Jarnail Singh Bhindrawale ?" The reply came : "He is a Saint and I respect him being a Saint." ਪਰ ਪੰਦਰਾਂ ਦਿਨਾਂ ਬਾਅਦ ਉਸ ਸੰਤ ਨਾਲ ਜੋ ਕੀਤਾ ਗਿਆ, ਉਹ ਸਾਰਿਆਂ ਦੇ ਸਾਹਮਣੇ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਬਤੌਰ ਵਕੀਲ ਇਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਗੱਲ ਪੁਲਿਸ ਤੇ ਆ ਜਾਂਦੀ ਹੈ । ਪੁਲਿਸ ਦੀ ਗੱਲ ਕਰਨ ਲੱਗਿਆਂ ਇਹ ਇਕ ਗੱਲ ਭੁੱਲ ਜਾਂਦੇ ਹਨ ਕਿ 90% guilty can go scot-free but one innocent should not be hanged. ਪੁਲਿਸ ਵਾਲਿਆਂ ਨੇ ਹਜ਼ਾਰਾਂ ਬੇਗੁਨਾਹ ਨੌਜਵਾਨ ਮਾਰੇ, ਕਤਲ ਕੀਤੇ ਅਤੇ ਉਨ੍ਹਾਂ ਨੇ ਸੋਰਸ ਤੋਂ ਬਹੁਤ ਵੱਧ ਇਨਕਮ ਬਣਾਈ । ਮੈਂ ਇਹ ਗੱਲ ਜ਼ਰੂਰ ਕਹਾਂਗਾ ਕਿ ਜਿਨ੍ਹਾਂ ਲੋਕਾਂ ਨੇ ਲੜਾਈ ਲੜੀ, ਅੱਤਵਾਦ ਦੇ ਖਿਲਾਫ, ਚਾਹੇ ਉਹ ਪੁਲਿਸ ਵਾਲੇ ਹਨ, ਚਾਹੇ ਬਿਉਰੋਕਰੇਸੀ ਹੈ ਅਤੇ ਚਾਹੇ ਪਾਲੇਟੀਸ਼ੀਅਨ ਹਨ, ਉਨ੍ਹਾਂ ਦਾ ਸਤਿਕਾਰ ਹੈ, ਕਿਉਂਕਿ ਸ਼ਾਂਤੀ ਦਾ ਮਾਹੌਲ ਪ੍ਰੋਗਰੈੱਸ ਵਾਸਤੇ ਬਹੁਤ ਹੀ ਵਧੀਆ ਮਾਹੌਲ ਹੁੰਦਾ ਹੈ ਪਰ ਜਿਨ੍ਹਾਂ ਨੇ ਹਿਊਮਨ ਰਾਈਟਸ ਦਾ ਘਾਣ ਕੀਤਾ, ਉਨ੍ਹਾਂ ਨੂੰ ਕਦੇ ਬਖਸ਼ਿਆ ਨਹੀਂ ਜਾਣਾ ਚਾਹੀਦਾ ਕਿਉਂਕਿ ਇਤਿਹਾਸ ਆਪਾਂ ਨੂੰ ਕਦੇ ਨਹੀਂ ਬਖਸ਼ੇਗਾ । ਇਸ ਲਈ ਲਾਅ ਹਰ ਇਕ ਲਈ ਹੈ, ਭਾਵੇਂ ਉਹ ਵਰਦੀ ਵਾਲਾ ਹੋਵੇ ਭਾਵੇਂ ਬਿਨਾਂ ਵਰਦੀ ਵਾਲਾ ਹੋਵੇ । ਜੇ ਗੋਲੀ ਇਕ ਵਰਦੀ ਵਾਲੇ ਨੂੰ ਲੱਗਦੀ ਹੈ ਤਾਂ ਉਸ ਨੂੰ ਵੀ ਜਸਟੀਫਾਈ ਨਹੀਂ ਕੀਤਾ ਜਾ ਸਕਦਾ ਅਤੇ ਜੇ ਬਿਨਾਂ ਵਰਦੀ ਵਾਲੇ ਨੂੰ ਲੱਗਦੀ ਹੈ ਤਾਂ ਉਸ ਨੂੰ ਤਾਂ ਅਸੀਂ ਬਿਲਕੁਲ ਹੀ ਜਸਟੀਫਾਈ ਨਹੀਂ ਕਰ ਸਕਦੇ । ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਇਹੀ ਕਹਾਂਗਾ ਕਿ ਅੱਤਵਾਦ ਦੇ ਨਾਮ ਥੱਲੇ ਪੁਲਿਸ ਵਿਚ ਬੜੀ ਟੌਪ ਹੈਵੀ ਐਡਮਨਿਸਟਰੇਸ਼ਨ ਹੋਈ ਹੈ । ਅੱਜ ਲੋੜ ਹੈ ਉਸ ਨੂੰ ਰੀਆਰਗੇਨਾਈਜ਼ ਕਰਨ ਦੀ ਅਤੇ ਰੂਟ ਲੈਵਲ ਤੇ ਸਟਰੈਂਗਥਨ ਕਰਨ ਦੀ । ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਕੋਰਟਾਂ ਵਿਚ ਪੰਜ-ਪੰਜ, ਛੇ-ਛੇ ਸਾਲ ਕੇਸ ਚਲਦੇ ਰਹਿੰਦੇ ਹਨ ਅਤੇ ਤਦ ਜਾ ਕੇ ਕੋਰਟ ਵੱਲੋਂ ਫਾਈਨਲ ਆਰਡਰ ਹੁੰਦੇ ਹਨ । ਮੈਂ ਸਮਝਦਾ ਹਾਂ ਕਿ ਸਾਨੂੰ ਪ੍ਰਾਸੀਕਿਊਸ਼ਨ ਸਿਸਟਮ ਨੂੰ ਵੀ ਸਟਰੈਂਗਥਨ ਕਰਨ ਦੀ ਲੋੜ ਹੈ । ਜੋ ਪਟਿਆਲਾ, ਲੁਧਿਆਣਾ, ਜਲੰਧਰ, ਰੋਪੜ ਅਤੇ ਅੰਮ੍ਰਿਤਸਰ ਵਿਖੇ ਜ਼ਿਲ੍ਹਾ ਅਟਾਰਨੀ ਦੀਆਂ ਪੋਸਟਾਂ ਹਨ, ਉਨ੍ਹਾਂ ਨੂੰ ਜੁਆਇੰਟ ਡਾਇਰੈਕਟਰ ਦੀਆਂ ਪੋਸਟਾਂ ਵਿਚ ਤਬਦੀਲ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ ਐਸ਼ਿਉਰ ਕਰਨਾ ਚਾਹੀਦਾ ਹੈ ਕਿ ਪ੍ਰਾਸੀਕਿਊਸ਼ਨ ਏਜੰਸੀ ਵਿੱਚ ਕੋਈ ਵੀ ਅਜਿਹੀ ਮਹੱਤਵਪੂਰਨ ਪੋਸਟ ਖਾਲੀ ਨਾ ਰਹੇ ਤਾਂ ਕਿ ਖ਼ਾਲੀ ਪੋਸਟਾਂ ਰਹਿਣ ਕਾਰਨ ਪ੍ਰਾਸੀਕਿਊਸ਼ਨ ਦਾ ਕੰਮ ਸਫਰ ਨਾ ਕਰੇ । ਅੰਤ ਵਿਚ ਮੈਂ ਬੇਨਤੀ ਕਰਾਂਗਾ ਕਿ ਜੁਡੀਸ਼ਰੀ ਦਾ ਇਕ ਬਹੁਤ ਹੀ ਨੇੜੇ ਦਾ ਅੰਗ ਹੈ । ਬਾਰ ਜਿਸ ਨੂੰ ਅਸੀਂ ਵਕੀਲ ਕਹਿੰਦੇ ਹਾਂ, ਇਸ ਜਮਾਤ ਨਾਲ ਵੀ ਮਖੌਲ ਕੀਤਾ ਗਿਆ ਹੈ । ਸਰਦਾਰ ਬੇਅੰਤ ਸਿੰਘ ਜੀ ਜਦੋਂ ਮੁੱਖ ਮੰਤਰੀ ਬਣੇ ਤਾਂ ਉਹ ਲੁਧਿਆਣੇ ਆਏ ਅਤੇ ਲੁਧਿਆਣੇ ਵਿਖੇ ਬਾਰ ਐਸੋਸੀਏਸ਼ਨ ਵਿਚ ਵੀ ਆਏ । ਉਨ੍ਹਾਂ ਤੋਂ ਮੰਗ ਕੀਤੀ ਗਈ, ਇਹ ਦਸੰਬਰ, 1992 ਦੀ ਗੱਲ ਹੈ, ਕਿ ਬਾਰ ਐਸੋਸੀਏਸ਼ਨ ਦਾ ਕੰਪਲੈਕਸ ਬਣਾਇਆ ਜਾਵੇ । ਉਨ੍ਹਾਂ ਨੇ ਬੜੀ ਫਰਾਖਦਿਲੀ ਨਾਲ 2 ਕਰੋੜ ਰੁਪਏ ਬਾਰ ਐਸੋਸੀਏਸ਼ਨ ਦਾ ਕੰਪਲੈਕਸ ਬਣਾਉਣ ਲਈ ਖਰਚਣ ਦਾ ਐਲਾਨ

[ਸਰਦਾਰ ਮਹੇਸ਼ਇੰਦਰ ਸਿੰਘ]

ਕਰ ਦਿੱਤਾ, ਪਰ ਬੜੇ ਅਫਸੋਸ ਦੀ ਗੱਲ ਹੈ ਕਿ 3½ ਸਾਲ ਉਨ੍ਹਾਂ ਨੂੰ ਵੀ ਸੇਵਾ ਕਰਨ ਦਾ ਮੌਕਾ ਮਿਲਿਆ ਅਤੇ 1½ ਸਾਲ ਇਨ੍ਹਾਂ ਨੂੰ ਵੀ ਸੇਵਾ ਕਰਨ ਦਾ ਮੌਕਾ ਮਿਲਿਆ ਪਰ ਉਥੇ ਇਕ ਪੈਸਾ ਵੀ ਖਰਚ ਨਹੀਂ ਹੋਇਆ। ਵਕੀਲਾਂ ਦੀਆਂ ਜਾਇਜ਼ ਮੰਗਾਂ ਜੋ ਹਨ, ਜੁਡੀਸ਼ੀਅਲ ਕੰਪਲੈਕਸ ਦੇ ਨਾਲ ਵਕੀਲਾਂ ਲਈ ਵੀ ਕੰਪਲੈਕਸ ਬਣਾਏ ਜਾਣੇ ਚਾਹੀਦੇ ਹਨ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) : ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਜਿੰਨਾ ਸਮਾਂ ਦਿੱਤਾ ਹੈ ਉਸ ਦਾ ਮੈਂ ਧਿਆਨ ਰੱਖਦੇ ਹੋਏ ਡੀਮਾਂਡ ਨੰਬਰ 12 ਅਤੇ ਡੀਮਾਂਡ ਨੰਬਰ 5 ਤੇ ਸੰਖੇਪ ਰੂਪ ਵਿਚ ਆਪਣੇ ਵਿਚਾਰ ਰੱਖਾਂਗਾ। ਹੋਮ ਅਤੇ ਜਸਟਿਸ ਲਈ ਜੋ ਫੰਡਜ਼ ਰੱਖੇ ਗਏ ਹਨ, ਇਨ੍ਹਾਂ ਤੇ ਮੈਂ ਬਹੁਤਾ ਕਿੰਤੂ ਪਰੰਤੂ ਨਹੀਂ ਕਰਨਾ ਚਾਹੁੰਦਾ। ਕੇਵਲ ਇੰਨੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਮੱਦ ਹੇਠ ਜੇ ਕਿਤੇ ਹੋਰ ਪੈਸੇ ਰੱਖਣ ਦੀ ਲੋੜ ਹੈ ਤਾਂ ਉਹ ਵੀ ਰੱਖੇ ਜਾ ਸਕਦੇ ਹਨ ਪਰ ਜੇ ਕਿਸੇ ਮੱਦ ਤੇ ਕੋਈ ਕੱਟ ਲੱਗ ਸਕਦੀ ਹੈ ਤਾਂ ਸਾਨੂੰ ਉਥੇ ਕੱਟ ਵੀ ਜ਼ਰੂਰ ਲਗਾ ਦੇਣੀ ਚਾਹੀਦੀ ਹੈ। ਸਾਨੂੰ ਰਿਵਿਊ ਕਰਨਾ ਚਾਹੀਦਾ ਹੈ ਅਤੇ ਜਿੱਥੇ ਵੀ ਕੱਟ ਲੱਗ ਸਕਦੀ ਹੋਵੇ, ਜ਼ਰੂਰ ਕੱਟ ਲਗਾਉਣੀ ਚਾਹੀਦੀ ਹੈ। ਮੈਂ ਇਹ ਇਸ ਲਈ ਬੇਨਤੀ ਕਰ ਰਿਹਾ ਹਾਂ ਕਿਉਂਕਿ ਸਾਡੇ ਕੁਝ ਨਵੇਂ ਜ਼ਿਲ੍ਹੇ ਬਣੇ ਹਨ ਅਤੇ ਉਥੇ ਅਦਾਲਤਾਂ ਦਾ ਹੋਣਾ ਬਹੁਤ ਜ਼ਰੂਰੀ ਹੈ ਤਾਂ ਕਿ ਉਥੋਂ ਦੇ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ। ਮੇਰੇ ਆਪਣੇ ਇਲਾਕੇ ਜ਼ਿਲ੍ਹੇ ਮਾਨਸਾ ਵਿਚ ਬਿਲਡਿੰਗ ਬਣੀ ਹੋਈ ਹੈ ਪਰ ਹੋ ਸਕਦਾ ਹੈ ਕਿ ਕੋਈ ਫਾਈਨਾਂਸ਼ੀਅਲ ਪ੍ਰਾਬਲਮ ਹੋਵੇ ਜਾਂ ਕੋਈ ਹੋਰ ਮੁਸ਼ਕਲ ਹੋਵੇ, ਹੁਣ ਤੱਕ ਵੀ ਉਥੇ ਅਦਾਲਤ ਲੱਗਣੀ ਸ਼ੁਰੂ ਨਹੀਂ ਹੋਈ। ਹੁਣ ਤਾਂ ਅੱਤਵਾਦ ਦੇ ਮੁਕਾਬਲੇ ਸਿਚੂਏਸ਼ਨ ਚੇਂਜ ਹੋ ਗਈ ਹੈ, ਇਸ ਕਰਕੇ ਸਰਕਾਰ ਨੂੰ ਪੁਲਿਸ ਵਿਭਾਗ ਦੀਆਂ ਉਪਰਲੀਆਂ ਪੋਸਟਾਂ ਬਾਰੇ ਰਿਵਿਊ ਕਰਨਾ ਚਾਹੀਦਾ ਹੈ। ਮੈਂ ਨਹੀਂ ਕਹਿੰਦਾ ਕਿ ਜ਼ਰੂਰ ਕੱਟ ਲਗਾਈ ਜਾਵੇ ਪਰ ਜੇ ਸੰਭਵ ਹੋ ਸਕੇ ਤਾਂ ਕੁਝ ਕੱਟ ਲਗਾ ਕੇ ਖਰਚੇ ਨੂੰ ਜ਼ਰੂਰ ਘਟਾਇਆ ਜਾ ਸਕਦਾ ਹੈ। ਇਕ ਹੋਰ ਬੇਨਤੀ ਮੈਂ ਕਰਨੀ ਚਾਹੁੰਦਾ ਹਾਂ ਕਿ ਸਾਡੇ ਹੇਠਲੇ ਪੱਧਰ ਤੇ ਬਹੁਤ ਸਾਰੀਆਂ ਜੱਜ ਸਾਹਿਬਾਨ ਦੀਆਂ ਪੋਸਟਾਂ ਖਾਲੀ ਪਈਆਂ ਹਨ ਜਿਹੜੀਆਂ ਕਿ ਪੰਜਾਬ ਸਰਕਾਰ ਨੇ ਭਰਨੀਆਂ ਹਨ। ਇਹ ਪੋਸਟਾਂ ਖਾਲੀ ਹੋਣ ਦੇ ਨਾਲ ਵੀ ਲੋਕਾਂ ਨੂੰ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਪੋਸਟਾਂ ਨੂੰ ਤੁਰੰਤ ਭਰਿਆ ਜਾਣਾ ਚਾਹੀਦਾ ਹੈ। ਇਹ ਵੀ ਦੇਖਿਆ ਜਾਣਾ ਚਾਹੀਦਾ ਹੈ ਕਿ ਜੋ ਮੌਜੂਦਾ ਸੈਂਕਸ਼ਨਡ ਪੋਸਟਾਂ ਹਨ, ਨਵੀਆਂ ਸਬ-ਡਵੀਜ਼ਨ ਬਣਨ ਕਾਰਨ ਅਗਰ ਉਨ੍ਹਾਂ ਵਿਚ ਵਾਧਾ ਕਰਨਾ ਹੈ, ਉਨ੍ਹਾਂ ਨੂੰ ਇਨਕਰੀਜ਼ ਕਰਨ ਦੀ ਲੋੜ ਹੈ ਤਾਂ ਇਸ ਦੇ ਵਾਸਤੇ ਜੋ ਹੋਰ ਵੀ ਫੰਡਜ਼ ਦੇਣ ਦੀ ਜ਼ਰੂਰਤ ਹੈ, ਉਹ ਦੇਣੇ ਚਾਹੀਦੇ ਹਨ। ਮੈਂ ਇਸ ਨਾਲ ਸਹਿਮਤ ਹਾਂ।

ਇਸ ਦੇ ਨਾਲ ਹੀ ਮੈਂ ਇਕ ਗੱਲ ਤੇ ਜ਼ਿਆਦਾ ਜ਼ੋਰ ਦੇਣਾ ਚਾਹੁੰਦਾ ਹਾਂ। ਮੇਰੀ ਬੇਨਤੀ ਹੈ ਕਿ ਬਹੁਤ ਸਾਰੇ ਕੇਸ ਇਸ ਵੇਲੇ ਅਦਾਲਤਾਂ ਵਿਚ ਪੈਂਡਿੰਗ ਹਨ ਜਿਨ੍ਹਾਂ ਦਾ ਕਾਫੀ ਵੱਡਾ ਨੰਬਰ ਹੈ। ਉਨ੍ਹਾਂ ਵਿਚੋਂ ਕਈ ਕੇਸ ਐਸੇ ਹਨ ਜਿਹੜੇ ਮੈਂ ਜਾਂ ਮੇਰੇ ਕੁਲੀਗ ਵੱਲੋਂ ਆਪਸ ਵਿਚ ਕੀਤੇ ਹਨ। ਉਨ੍ਹਾਂ ਵਿਚ ਗੌਰਮਿੰਟ ਦੀ ਇੰਟਰਫੀਅਰੈਂਸ ਨਹੀਂ ਹੋ

ਸਕਦੀ । ਇਨ੍ਹਾਂ ਵਿਚੋਂ ਕਈ ਗੌਰਮਿੰਟ ਵਰਸਿਜ਼ ਅਦਰਜ਼ ਹਨ ਅਤੇ ਇਨ੍ਹਾਂ ਦਾ ਕਾਫੀ ਵੱਡਾ ਨੰਬਰ ਹੈ । ਇਹ ਕੇਸ ਪਿਛਲੇ ਬਾਰਾਂ ਸਾਲਾਂ ਤੋਂ ਜਾਂ ਪੰਜ ਸਾਲਾਂ ਤੋਂ ਪੈਂਡਿੰਗ ਹਨ । ਇਸ ਵਿਚ ਕੋਈ ਲਾਜਿਕ ਨਹੀਂ । ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ ਕਿ 80-90 ਬੰਦੇ ਇਹੋ ਜਿਹੇ ਹਨ ਜਿਨ੍ਹਾਂ ਵਿਚੋਂ ਕੁਝ ਅੰਨ੍ਹੇ ਹੋ ਚੁੱਕੇ ਹਨ । 3-4 ਮਰ ਗਏ ਹਨ । ਡਿਸਟ੍ਰਿਕਟ ਐਡਮਿਨਿਸਟਰੇਸ਼ਨ ਨੇ ਤਿੰਨ ਵਾਰੀ ਰੀਕੁਮੈਂਡ ਕੀਤਾ ਹੈ ਕਿ ਇਹ ਕੇਸ ਵਾਪਸ ਲੈ ਲਏ ਜਾਣ । ਇਸ ਕਰਕੇ ਮੇਰੀ ਬੇਨਤੀ ਹੈ ਕਿ ਟੈਕਨੀਕਲ ਫਾਰਮੈਲਟੀਜ਼ ਕਰਕੇ ਅਮੈਂਡ-ਮੈਂਟ ਕਰ ਲੈਣੀ ਚਾਹੀਦੀ ਹੈ । ਇਸ ਕਰਕੇ ਇਹੋ ਜਿਹੇ ਕੇਸ ਜਿਹੜੇ ਗੌਰਮਿੰਟ ਵਰਸਿਜ਼ ਅਦਰਜ਼ ਹਨ, ਉਹ ਵਾਪਸ ਲੈ ਕੇ ਕੋਰਟਾਂ ਦਾ ਭਾਰ ਘਟਾਉਣਾ ਚਾਹੀਦਾ ਹੈ ਤਾਂ ਕਿ ਜਿਹੜੇ ਜ਼ਰੂਰੀ ਕੇਸ ਹਨ, ਉਨ੍ਹਾਂ ਦਾ ਨਿਪਟਾਰਾ ਹੋ ਸਕੇ ਤੇ ਕੋਰਟਾਂ ਨੂੰ ਵੀ ਉਨ੍ਹਾਂ ਤੇ ਵਿਚਾਰ ਕਰਨ ਤੇ ਹੀਅਰਿੰਗ ਕਰਨ ਦਾ ਸਮਾਂ ਮਿਲ ਸਕੇ ।

ਮੈਂ ਕੋਈ ਗੱਲ ਦੁਹਰਾਉਣੀ ਨਹੀਂ ਚਾਹੁੰਦਾ । ਡਿਪਟੀ ਸਪੀਕਰ ਸਾਹਬ, ਸੈਸ਼ਨ ਵਿਚ, ਬਾਹਰ ਵੀ ਅਤੇ ਅਖਬਾਰਾਂ ਵਿਚ ਵੀ ਪੁਲੀਟੀਕਲ ਤੌਰ ਤੇ ਚਾਂਦਮਾਰੀ ਹੁੰਦੀ ਰਹੀ ਹੈ । ਅਸੀਂ ਪਤਾ ਨਹੀਂ ਕਿ ਕਿਉਂ ਇਸ ਤਰ੍ਹਾਂ ਚਾਂਦਮਾਰੀ ਕਰਦੇ ਹਾਂ । ਪੰਜਾਬ ਦੇ ਲੋਕਾਂ ਨੇ ਹਾਲੇ ਹੁਣੇ ਹੀ ਸੰਤਾਪ ਹੰਢਾਇਆ ਹੈ । ਇਸ ਕਰਕੇ ਉਨ੍ਹਾਂ ਨੂੰ ਹਰ ਪੁਲੀਟੀਕਲ ਪਾਰਟੀ ਔਰ ਹਰ ਪੁਲੀਟੀਕਲ ਲੀਡਰ ਦਾ ਪਤਾ ਹੈ ਕਿ ਉਨ੍ਹਾਂ ਦੀਆਂ ਪੁਜ਼ੀਸ਼ਨਾਂ ਉਸ ਸਮੇਂ ਕੀ ਸੀ । ਬਾਹਰ ਦੀਆਂ ਤਾਕਤਾਂ ਦਾ ਵੀ ਉਨ੍ਹਾਂ ਨੂੰ ਪਤਾ ਹੈ । ਫਿਰ ਵੀ ਇਥੇ ਹਾਊਸ ਵਿਚ ਖਾਹਮਖਾਹ ਚਾਂਦਮਾਰੀ ਹੁੰਦੀ ਰਹੀ ਹੈ । ਇਸ ਕਰਕੇ ਸਾਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਔਰ ਸਾਨੂੰ ਸਾਂਝੇ ਤੌਰ ਤੇ ਐਫਰਟਸ ਕਰਨੇ ਚਾਹੀਦੇ ਹਨ । ਇਹ ਠੀਕ ਹੈ ਕਿ ਪੰਜਾਬ ਵਿਚ ਪੀਸ ਹੋ ਗਈ ਹੈ ਪਰ ਅਸੀਂ ਇਹ ਕਦੇ ਵੀ ਸਵੀਕਾਰ ਨਹੀਂ ਕੀਤਾ ਕਿ ਪੰਜਾਬ ਵਿਚ ਖਤਰਾ ਨਹੀਂ ਹੈ । ਪੰਜਾਬ ਦੇ ਬਾਹਰ ਜਿਹੜੀਆਂ ਫੋਰਸਿਜ਼ ਹਨ, ਉਹ ਹੁਣ ਵੀ ਲਗਾਤਾਰ ਸਾਜ਼ਸ਼ਾਂ ਕਰ ਰਹੀਆਂ ਹਨ । ਕੁਝ ਠੋਸ ਰੀਜ਼ਨ ਪੰਜਾਬ ਵਿਚ ਵੀ ਹਨ ਜਿਨ੍ਹਾਂ ਦਾ ਮੈਂ ਪਹਿਲਾਂ ਜ਼ਿਕਰ ਕੀਤਾ ਹੈ । ਮੈਂ ਕੋਈ ਗੱਲ ਦੁਹਰਾਉਣੀ ਨਹੀਂ ਚਾਹੁੰਦਾ । ਇਨ੍ਹਾਂ ਕਾਰਨ ਬਾਰੂਦ ਭੜਕ ਸਕਦਾ ਹੈ । ਇਸ ਕਰਕੇ ਪੁਲੀਟੀਕਲ ਅਪਰੋਚ ਦੀ ਜਗ੍ਹਾ ਚੰਗੀ ਅਪਰੋਚ ਅਪਣਾਉਣੀ ਚਾਹੀਦੀ ਹੈ ; ਸਾਰੀਆਂ ਪੁਲੀਟੀਕਲ ਪਾਰਟੀਆਂ ਦਾ ਇਹ ਫਰਜ਼ ਹੈ ਕਿ ਪੰਜਾਬ ਵਿਚ ਜੋ ਸ਼ਾਂਤੀ ਸਥਾਪਿਤ ਹੋਈ ਹੈ, ਉਸ ਨੂੰ ਹਰ ਹਾਲਤ ਵਿਚ ਕਾਇਮ ਰੱਖਿਆ ਜਾਵੇ । ਇਹ ਸਾਰਿਆਂ ਦਾ ਪਵਿੱਤਰ ਫਰਜ਼ ਹੈ । ਇਸ ਕਰਕੇ ਸਾਨੂੰ ਚਾਹੀਦਾ ਹੈ ਕਿ ਇਸ ਸ਼ਾਂਤੀ ਨੂੰ ਕਾਇਮ ਰੱਖਣ ਵਾਸਤੇ ਪਾਰਟੀਆਂ ਤੋਂ ਉਪਰ ਉਠ ਕੇ ਅਸੀਂ ਜਿੰਨਾ ਵੀ ਯੋਗਦਾਨ ਪਾ ਸਕਦੇ ਹਾਂ, ਉਹ ਪਾਈਏ । ਡਿਪਟੀ ਸਪੀਕਰ ਸਾਹਿਬ, ਜਿਹੜੀ ਇਥੇ ਇਧਰੋਂ ਉਧਰ ਚਾਂਦਮਾਰੀ ਹੁੰਦੀ ਰਹੀ ਹੈ, ਉਸ ਬਾਰੇ ਸੀ. ਐਮ. ਸਾਹਿਬ ਨੂੰ ਜਵਾਬ ਦੇਣਾ ਚਾਹੀਦਾ ਹੈ । ਇਸ ਦੇ ਨਾਲ ਹੀ ਮੇਰੀ ਬੇਨਤੀ ਹੈ ਕਿ ਜੁਡੀਸ਼ੀਅਲ ਪਾਵਰਾਂ ਦਾ ਇਕ ਕਮਿਸ਼ਨ ਬਣਾਇਆ ਜਾਵੇ ਜਿਹੜਾ ਇਸ ਚੀਜ਼ ਦੀ ਘੋਖ ਕਰੇ ਕਿ ਇਸ ਪੰਜਾਬ ਵਿਚ ਪਿਛਲੇ ਦਸ ਸਾਲ ਅੱਤਵਾਦ ਕਾਰਨ ਜੋ ਤਰਾਸਦੀ ਹੋਈ ਹੈ, ਉਸ ਦੇ ਕੀ ਕਾਰਣ ਸਨ । ਇਸ ਦੀ ਨਿਰਪੱਖ ਜਾਂਚ ਹੋਵੇ ਤਾਂ ਕਿ ਸਹੀ ਤੱਥ ਸਾਹਮਣੇ ਆ ਸਕਣ । ਤੁਸੀਂ (ਰੂਲਿੰਗ ਪਾਰਟੀਜ਼ ਵੱਲ ਇਸ਼ਾਰਾ) ਇਸ ਬਾਰੇ ਪਬਲੀਕਲੀ ਵੀ ਕਮਿਟਮੈਂਟ ਕੀਤੀ ਸੀ

[ਕਾਮਰੇਡ ਹਰਦੇਵ ਅਰਸ਼ੀ]

ਔਰ ਆਪਣੇ ਚੋਣ ਮੈਨੀਫੈਸਟੋ ਵਿਚ ਵੀ ਇਸ ਚੀਜ਼ ਨੂੰ ਰੱਖਿਆ ਸੀ । ਇਸ ਵਿਚ ਡਿਲੇਅ ਕਿਉਂ ਕੀਤੀ ਜਾ ਰਹੀ ਹੈ ? ਇਸ ਦਾ ਕੀ ਕਾਰਨ ਹੈ ? ਇਥੇ ਤਾਂ ਚਾਂਦਮਾਰੀ ਹਟਣੀ ਚਾਹੀਦੀ ਹੈ ਔਰ ਜਿੰਨੇ ਵੀ ਫੈਕਟਸ, ਤੱਥ ਹਨ, ਉਹ ਕਮਿਸ਼ਨ ਨੂੰ ਰੈਫਰ ਹੋਣ ਤਾਂ ਕਿ ਸਾਰੀ ਸਥਿਤੀ ਦਾ ਸਹੀ ਪਤਾ ਲੱਗ ਸਕੇ । ਮੇਰੀ ਇਕ ਹੋਰ ਬੇਨਤੀ ਹੈ ਕਿ ਜੋ ਵਾਦ-ਵਿਵਾਦ ਸ੍ਰੀ ਸੰਧੂ ਦੀ ਡੈਥ ਤੋਂ ਬਾਅਦ ਸ਼ੁਰੂ ਹੋਇਆ ਹੈ, ਉਸ ਮਾਮਲੇ ਨੂੰ ਪਾਰਟੀ ਪੱਧਰ ਤੋਂ ਉਪਰ ਉਠ ਕੇ ਠੀਕ ਢੰਗ ਨਾਲ ਠੀਕ ਅਪਰੋਚ ਅਪਣਾਉਣੀ ਚਾਹੀਦੀ ਹੈ । ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਕਿ ਉਹ ਫੋਰਸਿਜ਼ ਦੁਬਾਰਾ ਪੰਜਾਬ ਵਿਚ ਨਾ ਆਉਣ । ਸਿਆਸੀ ਚਾਂਦਮਾਰੀ ਮੈਨੂੰ ਪਸੰਦ ਨਹੀਂ ਜਿਹੜੀ ਇਥੇ ਇੱਧਰੋਂ ਉਧਰ ਅਤੇ ਉਧਰੋਂ ਇੱਧਰ ਹੁੰਦੀ ਰਹੀ ਹੈ । ਇਹ ਇੰਸੀਡੈਂਟ ਬੜਾ ਮਾੜਾ ਹੋਇਆ ਹੈ । ਇਨ ਫਿਊਚਰ ਅਜਿਹੀ ਘਟਨਾ ਨਾ ਵਾਪਰੇ, ਇਸ ਬਾਰੇ ਧਿਆਨ ਦੇਣਾ ਚਾਹੀਦਾ ਹੈ । ਸਾਡੇ ਕਮਿਊਨਿਸਟਾਂ ਦੀ ਗੱਲ ਨੂੰ ਹੋਰ ਪਾਸੇ ਲਿਆ ਜਾਂਦਾ ਹੈ ਅਤੇ ਹੋਰ ਰੂਪ ਵਿਚ ਲਿਆ ਜਾਂਦਾ ਹੈ । ਅਗਰ ਕਿਸੀ ਹੋਰ ਪਾਰਟੀ ਦਾ ਆਦਮੀ ਹੈ ਤਾਂ ਉਸ ਦੀ ਗੱਲ ਨੂੰ ਹੋਰ ਰੂਪ ਵਿਚ ਲਿਆ ਜਾਂਦਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸ੍ਰੀ ਮਦਨ ਲਾਲ ਖੁਰਾਣਾ ਜੀ ਦੀ ਇਕ ਸਟੇਟਮੈਂਟ ਹੈ । ਉਨ੍ਹਾਂ ਨੇ ਕਿਹਾ ਕਿ ਪੰਜਾਬ ਨੂੰ ਨਵੀਂ ਜ਼ਿੰਦਗੀ ਦੇਣ ਵਾਲੇ ਦੀ ਮੌਤ ਤੇ ਪੰਜਾਬ ਸਰਕਾਰ ਦਾ ਕੋਈ ਅਫਸਰ, ਮੰਤਰੀ ਜਾਂ ਲੀਡਰ ਦੁੱਖ ਪ੍ਰਗਟ ਨਹੀਂ ਕਰਨ ਗਿਆ । ਇਹ ਵੀ ਚੰਗੀ ਗੱਲ ਨਹੀਂ ਹੈ । ਉਨ੍ਹਾਂ ਕਿਹਾ ਕਿ ਇਸ ਮੌਤ ਤੋਂ ਬਾਅਦ ਪੁਲਿਸ ਅਫਸਰਾਂ ਵਿਚ ਰੋਸ ਪਾਇਆ ਜਾ ਰਿਹਾ ਹੈ । ਜਿਨ੍ਹਾਂ ਨੇ ਪੰਜਾਬ ਨੂੰ ਬਚਾਉਣ ਲਈ ਲੜਾਈ ਲੜੀ, ਉਨ੍ਹਾਂ ਵਿਚ ਡਰ ਅਤੇ ਸਹਿਮ ਪੈਦਾ ਹੋ ਗਿਆ ਹੈ । ਜੇ ਪੰਜਾਬ ਸਰਕਾਰ ਨੇ ਪੁਲਿਸ ਅਫਸਰਾਂ ਦਾ ਮਨੋਬਲ ਉਚਾ ਨਾ ਕੀਤਾ ਤਾਂ ਪੰਜਾਬ ਵਿਚ ਆਉਣ ਵਾਲਾ ਸਮਾਂ ਮਾੜਾ ਹੋ ਸਕਦਾ ਹੈ । ਇਹ ਸਟੇਟਮੈਂਟ ਸ੍ਰੀ ਮਦਨ ਲਾਲ ਖੁਰਾਣਾ ਜੋ ਬੀ. ਜੇ ਪੀ. ਦੇ ਲੀਡਰ ਹਨ, ਨੇ ਦਿੱਤੀ ਹੈ । ਅਡਵਾਨੀ ਜੀ ਨੇ ਕਿਹਾ ਹੈ. . . . ।

ਸ੍ਰੀ ਡਿਪਟੀ ਸਪੀਕਰ : ਤੁਸੀਂ ਹੁਣ ਵਾਈਂਡ ਅੱਪ ਕਰੋ ।

ਕਾਮਰੇਡ ਹਰਦੇਵ ਅਰਸ਼ੀ : ਅਡਵਾਨੀ ਜੀ ਨੇ ਕਿਹਾ ਕਿ ਸ੍ਰੀ ਸੰਧੂ ਪੰਜਾਬ ਦੀ ਅੱਤਵਾਦ ਵਿਰੋਧੀ ਜੰਗ ਦਾ ਹੀਰੋ ਸੀ ਜਿਸ ਨੇ ਪੰਜਾਬ ਵਿਚ ਸ਼ਾਂਤੀ ਲਿਆਉਣ ਲਈ ਆਪਣਾ ਵਡਮੁੱਲਾ ਯੋਗਦਾਨ ਪਾਇਆ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚ ਦੋ ਰਾਵਾਂ ਨਹੀਂ ਹਨ । ਇਹ ਗਲਤ ਨਹੀਂ ਹੋ ਸਕਦਾ ਲੇਕਿਨ ਉਸ ਨੂੰ ਸਿਆਸੀ ਤੌਰ ਤੇ ਨਹੀਂ ਲੈਣਾ ਚਾਹੀਦਾ । ਮੈਂ ਕਹਿਣਾ ਚਾਹੁੰਦਾ ਹਾਂ ਔਰ ਮੇਰੀ ਬੇਨਤੀ ਹੈ ਕਿ ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਕੇਸ ਹੋ ਸਕਦੇ ਹਨ । ਤੁਸੀਂ ਕੁਝ ਬੰਦੇ ਜੁਡੀਸ਼ਰੀ ਦੇ ਲੈ ਕੇ, ਆਈ. ਪੀ. ਐਸ. ਅਫਸਰ ਲੈ ਕੇ ਅਤੇ ਕੁਝ ਪੁਲੀਟੀਕਲ ਬੰਦੇ ਲੈ ਕੇ ਇਕ ਕਮਿਸ਼ਨ ਬਣਾ ਦਿਓ । ਜਿਹੜੇ ਕੇਸ ਪੁਲਿਸ ਵਾਲਿਆਂ ਦੇ ਖਿਲਾਫ ਚੱਲ ਰਹੇ ਹਨ, ਉਨ੍ਹਾਂ ਨੂੰ ਉਹ ਕਮਿਸ਼ਨ ਦੇਖੇ ਕਿ ਕਿਹੜੇ ਕਿਹੜੇ ਕੇਸ ਟੈਰੋਰਿਜ਼ਮ ਦੇ ਖਿਲਾਫ ਲੜਨ ਦੇ ਹਨ ਔਰ ਕਿਹੜੇ ਕੇਸ ਐਕਸੇਸਿਜ਼ ਦੇ ਹਨ । ਉਨ੍ਹਾਂ ਬਾਰੇ ਅਸੀਂ ਵੱਖਰਾ ਵੱਖਰਾ ਐਟੀਚਿਊਡ ਅਡਾਪਟ ਕਰ ਸਕਦੇ ਹਾਂ ਔਰ ਇਸ ਦੇ ਨਾਲ ਸਾਡਾ ਮਾਮਲਾ ਹੱਲ ਹੋ ਸਕਦਾ ਹੈ । ਡਿਪਟੀ ਸਪੀਕਰ

ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਕਹਿਣਾ ਚਾਹੁੰਦਾ ਹਾਂ ਕਿ ਜੋ 85 ਸੌ ਕਰੋੜ ਰੁਪਿਆ ਪਰਾਕਸੀ ਵਾਰ ਤੇ ਪੰਜਾਬ ਨੇ ਲਾਇਆ ਅਤੇ ਜਿਸ ਬਾਰੇ ਇਥੋਂ ਰੈਜ਼ੋਲਿ-ਊਸ਼ਨ ਪਾਸ ਕਰਕੇ ਹਿੰਦੁਸਤਾਨ ਦੀ ਸਰਕਾਰ ਨੂੰ ਭੇਜਿਆ ਗਿਆ ਹੈ, ਉਸ ਦੇ ਉਤੇ ਸਾਡੀ ਪੂਰੀ ਸਹਿਮਤੀ ਹੈ । ਉਸ ਦੇ ਉਤੇ ਸਾਨੂੰ ਸਾਂਝੇ ਤੌਰ ਤੇ ਯਤਨ ਕਰਨਾ ਚਾਹੀਦਾ ਹੈ । ਮੈਂ ਬਹੁਤ ਸਾਰੇ ਨੁਕਤੇ ਛੱਡ ਰਿਹਾ ਹਾਂ ਕਿਉਂਕਿ ਮੈਂ ਐਜੂਕੇਸ਼ਨ ਤੇ ਵੀ ਦੋ ਸ਼ਬਦ ਜ਼ਰੂਰ ਕਹਿਣੇ ਹਨ . . .

ਸ੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਹੋ ਗਿਆ ਹੈ ।

ਕਾਮਰੇਡ ਹਰਦੇਵ ਅਰਸ਼ੀ : ਡਿਪਟੀ ਸਪੀਕਰ ਸਾਹਿਬ, ਥੋੜ੍ਹਾ ਜਿਹਾ ਟਾਈਮ ਹੋਰ ਦੇ ਦਿਓ ਮੈਂ ਥੋੜ੍ਹੇ ਜਿਹੇ ਸ਼ਬਦ ਹੀ ਐਜੂਕੇਸ਼ਨ ਤੇ ਕਹਾਂਗਾ । ਵਾਰ ਵਾਰ ਇਥੇ ਆਇਆ ਔਰ ਇਹ ਮੇਰੇ ਸਾਹਮਣੇ ਬੈਠੇ ਵੀਰਾਂ ਦੀਆਂ ਵੀ ਭਾਵਨਾਵਾਂ ਹਨ, ਸਾਡੀਆਂ ਵੀ ਭਾਵਨਾਵਾਂ ਹਨ ਕਿ ਜੋ ਬਹੁਤ ਸਾਰੇ ਸਕਿਓਰਿਟੀ ਗਾਰਡ ਸਾਡੇ ਨਾਲ ਲੱਗੇ ਹੋਏ ਹਨ, ਉਨ੍ਹਾਂ ਐਸ. ਪੀ. ਓਜ਼. ਔਰ ਹੋਮ ਗਾਰਡਜ਼ ਬਾਰੇ ਵੀ ਇਸ ਬਜਟ ਵਿਚ ਪੈਸਾ ਰੱਖ ਦੇਣਾ ਚਾਹੀਦਾ ਸੀ । ਇਥੇ ਮੇਰੇ ਕੋਲ ਸਮਾਂ ਨਹੀਂ ਲੇਕਿਨ ਗੱਲ ਛੱਡਣ ਵਾਲੀ ਵੀ ਨਹੀਂ । ਕਿਸੇ ਹੋਮ ਗਾਰਡ ਵਾਲੇ ਵੱਲੋਂ ਇਕ ਕਵਿਤਾ ਬਾਦਲ ਸਾਹਿਬ ਦੇ ਨਾਮ ਤੇ ਲਿਖੀ ਹੈ ਜਿਸ ਵਿਚ ਬਾਦਲ ਸਾਹਿਬ ਨੂੰ ਸੰਬੋਧਨ ਕੀਤਾ ਗਿਆ ਹੈ :

ਚੋਣਾਂ ਵੇਲੇ ਕਹਿੰਦਾ ਸੀ, ਛੱਡੂੰ ਪੱਗਾਂ ਲਾਲ ਧਰਾ ਕੇ ।
ਹੁਣ ਬਹੁੜ ਬਾਦਲਾ ਵੇ, ਸੁਣ ਲੈ ਹੋਮਗਾਰਡ ਦੀ ਆ ਕੇ ।
ਕਿਤੋਂ ਬਹੁੜ ਬਾਦਲਾ ਵੇ. . . . ।
ਪਿਛਲੇ ਬਾਰਾਂ ਸਾਲਾਂ ਤੋਂ, ਅਸੀਂ ਝੱਲਿਆ ਦੁੱਖ ਬਥੇਰਾ ।
ਇਕ ਦਿਨ ਬਾਦਲ ਆਊਗਾ, ਰੱਖਿਆ ਕਰਕੇ ਲੰਮਾ ਜੇਰਾ ।
ਬਾਦਲ ਪੱਕਾ ਵਾਅਦੇ ਦਾ ਹੁਣ ਅਸੀਂ ਵੇਖਾਂਗੇ ਅਜ਼ਮਾ ਕੇ ।
ਕਿਤੋਂ ਬਹੁੜ ਬਾਦਲਾ ਵੇ. . . . ।
ਸਾਡੀ ਘੋਰ ਤਪੱਸਿਆਂ ਨੂੰ, ਬਾਦਲ ਜਾਣੇ ਕੁੱਲ ਜ਼ਮਾਨਾ ।
ਰਾਖੀ ਖਾਤਰ ਭਾਰਤ ਦੀ, ਅੱਠ ਸੌ ਚੌਹਠ ਵਾਰ ਗਏ ਜਾਨਾਂ ।
ਅਸੀਂ ਫਰਜ਼ ਨਿਭਾਇਆ ਹੈ, ਬਾਦਲਾ ਸੀਨੇ ਗੋਲੀਆਂ ਖਾ ਕੇ ।
ਹੁਣ ਬਹੁੜ ਬਾਦਲਾ ਵੇ. . . . ।
ਅਸੀਂ ਖੇਡੇ ਜਾਨਾਂ ਤੇ, ਸਾਡੀਆਂ ਹੋਣ ਨੌਕਰੀਆਂ ਪੱਕੀਆਂ ।
ਸਾਡੇ ਕੀਤੇ ਕੰਮਾਂ ਤੇ, ਬਾਦਲਾ ਲੈ ਗਈ ਪੁਲਿਸ ਤਰੱਕੀਆਂ ।
ਸਾਨੂੰ ਵਿਚ ਮੁਕਾਬਲਿਆਂ, ਰੱਖਦੀ ਪੁਲਿਸ ਸੀ ਮੂਹਰੇ ਲਾ ਕੇ ।
ਕਿਤੋਂ ਬਹੁੜ ਬਾਦਲਾ ਵੇ. . . . ।

[ਕਾਮਰੇਡ ਹਰਦੇਵ ਅਰਸ਼ੀ]

ਹੁਣ ਬਰਸ ਬਾਦਲਾ ਵੇ.... ।
ਡਿਊਟੀ ਪੁਲਿਸ ਬਰਾਬਰ ਹੈ, ਮਿਲਦੇ ਬੂਟ ਨਾ ਮਿਲਦੀ ਵਰਦੀ ।
ਅਸੀਂ ਪੁੱਤ ਮਤਰੇਈ ਦੇ, ਸਾਡਾ ਕੌਣ ਬਣੇ ਹਮਦਰਦੀ ।
ਸਾਨੂੰ ਰੋਡਵੇਜ਼ ਛੱਡ ਜੇ, ਲੈ ਜੇ ਪੁਲਿਸ ਨੂੰ ਨਾਲ ਚੜ੍ਹਾ ਕੇ ।
ਕਿਤੋਂ ਬਹੁੜ ਬਾਦਲਾ ਵੇ.... ।
ਚੋਣਾਂ ਵੇਲੇ ਕਹਿੰਦਾ ਸੀ, ਛੱਡੂ ਪੱਗਾਂ ਲਾਲ ਧਰਾ ਕੇ ।
ਹੁਣ ਬਹੁੜ ਬਾਦਲਾ ਵੇ....

ਜੇਕਰ ਤੁਸੀਂ ਕਹੋ ਤਾਂ ਮੈਂ ਇਥੇ ਭੇਜ ਦਿੰਦਾ ਹਾਂ....

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਜਿਸ ਨੇ ਇਸ ਨੂੰ ਲਿਖਿਆ ਹੈ, ਉਸ ਨੂੰ ਵੀ ਇਨਾਮ ਮਿਲਣਾ ਚਾਹੀਦਾ ਹੈ ।

*12.38 ਬਾਅਦ ਦੁਪਹਿਰ

(*ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਕਾਮਰੇਡ ਹਰਦੇਵ ਅਰਸ਼ੀ : ਇਹ ਤਾਂ ਕਿਸੇ ਹੋਮ ਗਾਰਡ ਵਾਲੇ ਨੇ ਲਿਖੀ ਹੋਵੇਗੀ । ਹੁਣ ਮੈਂ ਐਜੂਕੇਸ਼ਨ ਵੱਲ ਜਾਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪੁਲਿਸ ਐਕਸੈਸਿਜ਼ ਭਾਵੇਂ ਉਹ ਕਾਂਗਰਸ ਦੇ ਸਮੇਂ ਵਿਚ ਹੋਈਆਂ ਹੋਣ ਪਰ ਮੈਂ ਨਾਰਮਲੀ ਗੱਲ ਕਰਦਾ ਹਾਂ ਕਿ ਹੁਣ ਵੀ ਪੁਲੀਟੀਕਲ ਸਿਚੂਏਸ਼ਨ ਬਦਲੀ ਨਹੀਂ ਹੁਣ ਵੀ ਪੁਲਿਸ ਐਕਸੈਸਿਜ਼ ਜਾਰੀ ਹਨ । ਸਾਨੂੰ ਇਸ ਦੇ ਵਿਚੋਂ ਲੈਸਨ ਡਰਾਅ ਕਰਨਾ ਚਾਹੀਦਾ ਹੈ ਔਰ ਇਸ ਵਿਚ ਬੁਨਿਆਦੀ ਸੁਧਾਰ ਕਰਨ ਦੀ ਜ਼ਰੂਰਤ ਹੈ । ਜਿਹੜੇ ਬੱਚੇ ਰਾਏਕੋਟ ਪੜ੍ਹਦੇ ਹਨ, ਉਨ੍ਹਾਂ ਵਿਚੋਂ ਇਕ ਫ਼ੇਰੂਰਾਏ ਪਿੰਡ ਦੇ ਵਿਦਿਆਰਥੀ ਤੇ ਅਫੀਮ ਪਾ ਕੇ ਅੰਦਰ ਕਰ ਦਿੱਤਾ ਗਿਆ ਔਰ ਇਕ ਐਸ. ਐਸ. ਪੀ. ਨੇ ਉਸ ਤੇ ਨਜਾਇਜ਼ ਕੇਸ ਪਾ ਕੇ ਉਸ ਨੂੰ ਅੰਦਰ ਕਰ ਦਿੱਤਾ ਇਸ ਤਰ੍ਹਾਂ ਦੇ ਬਹੁਤ ਕੇਸਾਂ ਦੀਆਂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ । ਇਨ੍ਹਾਂ ਕੇਸਾਂ ਨੂੰ ਬੜੀ ਗੰਭੀਰਤਾ ਦੇ ਨਾਲ ਲਿਆ ਜਾਵੇ । ਮੈਂ ਦੋ ਸ਼ਬਦ ਐਜੂਕੇਸ਼ਨ ਦੇ ਬਾਰੇ ਕਹਿਣੇ ਹਨ ....

ਸ੍ਰੀ ਸਪੀਕਰ : ਟਾਈਮ ਬਹੁਤ ਹੋ ਚੁੱਕਾ ਹੈ ।

ਕਾਮਰੇਡ ਹਰਦੇਵ ਅਰਸ਼ੀ : ਬੱਸ ਜੀ ਦੋ ਸ਼ਬਦ ਕਹਿਣੇ ਹਨ । ਮੈਂ ਇਕ ਚੀਜ਼ ਤੇ ਜ਼ਰੂਰ ਇਤਰਾਜ਼ ਕਰਾਂਗਾ ਅਤੇ ਉਹ ਇਹ ਹੈ ਕਿ ਜੇਕਰ ਇਸ ਨੂੰ ਪਿਛਲੇ ਸਾਲ ਨਾਲ ਕੰਪੇਅਰ ਕਰ ਲਿਆ ਜਾਵੇ ਤਾਂ ਠੀਕ ਹੈ ਕਿ ਇਸ ਨੂੰ ਐਪਰੀਸ਼ੀਏਟ ਕਰਨਾ ਚਾਹੀਦਾ ਹੈ ਕਿ ਤੁਸੀਂ 64 ਦੇ ਮੁਕਾਬਲੇ 84 ਕਰੋੜ ਰੁਪਿਆ ਐਜੂਕੇਸ਼ਨ ਤੇ ਰੱਖਿਆ ਹੈ । ਇਕ ਤਰ੍ਹਾਂ ਨਾਲ ਇਹ 20 ਕਰੋੜ ਦਾ ਵਾਧਾ ਹੈ ਪਰ ਇਸ ਦੇ ਵਿਚ ਇਕ ਹੋਰ ਵੀ ਪਿਕਚਰ ਹੈ । ਇਸ ਦੇ ਵਿਚੋਂ 25 ਕਰੋੜ ਰੁਪਿਆ ਤੁਸੀਂ ਕੇਵਲ ਆਦਰਸ਼ ਸਕੂਲਾਂ ਨੂੰ ਬਣਾਉਣ

ਵਾਸਤੇ ਰੱਖ ਦਿੱਤਾ । ਮੈਨੂੰ ਆਦਰਸ਼ ਸਕੂਲ ਬਣਾਉਣ ਤੇ ਕੋਈ ਇਤਰਾਜ਼ ਨਹੀਂ । ਠੀਕ ਹੈ ਕਿ ਕਿਸੇ ਸਰਕਾਰ ਦਾ ਸੁਪਨਾ ਹੈ ਔਰ ਉਹ ਜ਼ਰੂਰ ਪੂਰਾ ਹੋਣਾ ਚਾਹੀਦਾ ਹੈ ਪਰ ਜਿਹੜੀ ਬਾਕੀ ਸਮਾਜ ਦੀ ਗੱਲ ਹੈ, ਫਿਰ ਤਾਂ ਉਸ ਵਾਸਤੇ ਪੰਜ ਕਰੋੜ ਰੁਪਿਆ ਘੱਟ ਗਿਆ । ਜੋ 95% ਆਬਾਦੀ ਵਿੱਦਿਆ ਪ੍ਰਾਪਤ ਕਰਦੀ ਹੈ, ਉਸ ਵਾਸਤੇ ਪੰਜ ਕਰੋੜ ਰੁਪਿਆ ਘੱਟ ਗਿਆ । ਇਸ ਗੱਲ ਨੂੰ ਗੰਭੀਰਤਾ ਦੇ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ ਅਰ ਜਿਹੜੀ ਰੇਸ਼ੋ ਹੈ 1 : 42 ਦੀ, ਉਸ ਨੂੰ ਘਟਾਉਣ ਵਾਸਤੇ ਗੰਭੀਰਤਾ ਨਾਲ ਯਤਨ ਕਰਨੇ ਚਾਹੀਦੇ ਹਨ । ਜੋ ਸਾਡਾ ਐਜੂਕੇਸ਼ਨ ਡਿਪਾਰਟਮੈਂਟ ਹੈ, ਉਸ ਵਾਸਤੇ ਵੀ ਬੜੀ ਗੰਭੀਰਤਾ ਦੇ ਨਾਲ ਯਤਨ ਕਰਨੇ ਚਾਹੀਦੇ ਹਨ । ਜਿਹੜੇ ਕੋਰਟਾਂ ਦੇ ਵਿਚ ਕੇਸ ਚਲਦੇ ਹਨ, ਉਨ੍ਹਾਂ ਵੱਲ ਧਿਆਨ ਦੇਣਾ ਚਾਹੀਦਾ ਹੈ । ਐਜੂਕੇਸ਼ਨ ਡਿਪਾਰਟਮੈਂਟ ਦੇ ਅੱਧੇ ਤੋਂ ਵੱਧ ਮਾਮਲੇ ਕੋਰਟਾਂ ਵਿਚ ਹਨ । ਮੈਂ ਸਮਝਦਾ ਹਾਂ ਕਿ ਇਸ ਤੇ ਵੀ ਜ਼ਰੂਰ ਠੋਸ ਉਪਾਅ ਕਰਨਾ ਚਾਹੀਦਾ ਹੈ । ਜਿੰਨੇ ਵੀ ਕੇਸ ਕੋਰਟਾਂ ਵਿਚ ਹਨ, ਉਨ੍ਹਾਂ ਦੇ ਉਪਰ ਡਿਪਾਰਟਮੈਂਟ ਦੇ ਅਫਸਰਾਂ ਦੀ ਜ਼ਿੰਮੇਵਾਰੀ ਕਿਉਂ ਨਹੀਂ ਫਿਕਸ ਕਰਦੇ ? ਇਨ੍ਹਾਂ ਕੋਰਟ ਕੇਸਾਂ ਬਾਰੇ ਡਿਪਾਰਟਮੈਂਟ ਦੇ ਅਫਸਰਾਂ ਦੀ ਜਵਾਬਦੇਹੀ ਤਹਿ ਕੀਤੀ ਜਾਵੇ ਤਾਂ ਕਿ ਕੋਰਟਾਂ ਵਿਚ ਜਾਣ ਦਾ ਕੰਮ ਘੱਟ ਸਕੇ । ਜੇ ਇਸ ਤਰ੍ਹਾਂ ਹੋ ਜਾਵੇ ਤਾਂ ਮੇਰਾ ਖਿਆਲ ਹੈ ਕਿ ਸ਼ਾਇਦ ਕੋਰਟਾਂ ਵਿਚ ਜਾਣ ਦਾ ਕੰਮ ਘੱਟ ਸਕਦਾ ਹੈ । ਜੋ ਕੋਰਟ ਦੇ ਡਿਸੀਜ਼ਨ ਹਨ, ਉਨ੍ਹਾਂ ਨੂੰ ਵੀ ਜੈਨਰੇਲਾਈਜ਼ ਕਰੋ । ਇਕ ਕੈਟਾਗਰੀ ਦੇ ਟੀਚਰਾਂ ਵਿਚੋਂ ਦੋ ਕੋਰਟ ਵਿਚ ਚਲੇ ਗਏ, ਉਨ੍ਹਾਂ ਨੂੰ ਬੈਨੀਫਿਟ ਮਿਲ ਗਿਆ ਪਰ ਬਾਕੀਆਂ ਨੂੰ ਨਹੀਂ । ਜੇ ਇਕੋ ਨੇਚਰ ਦਾ ਕੋਈ ਡਿਸੀਜ਼ਨ ਹੈ ਤਾਂ ਉਹ ਆਟੋਮੈਟੀਕਲੀ ਇਕੱਲੇ ਤੇ ਨਹੀਂ, ਸਾਰਿਆਂ ਤੇ ਲਾਗੂ ਕਰ ਦਿੱਤਾ ਜਾਵੇ ਤਾਂ ਕਿ ਉਹ ਵੀ ਕੋਰਟਾਂ ਵਿਚ ਨਾ ਜਾਣ । ਸੋ ਮੇਰੀਆਂ ਇਹ ਬੇਨਤੀਆਂ ਹਨ । ਮੈਂ ਬਹੁਤ ਸਾਰੀਆਂ ਗੱਲਾਂ ਵਿਚੋਂ ਛੱਡ ਦਿੱਤੀਆ ਹਨ । ਸੋ ਜਿੰਨੀਆਂ ਬੇਨਤੀਆਂ ਮੈਂ ਹੋਮ, ਜਸਟਿਸ ਅਤੇ ਐਜੂਕੇਸ਼ਨ ਤੇ ਕੀਤੀਆਂ ਹਨ, ਆਸ ਹੈ ਕਿ ਜਦੋਂ ਸੀ. ਐਮ. ਸਾਹਿਬ ਜਵਾਬ ਦੇਣਗੇ ਤਾਂ ਉਨ੍ਹਾਂ ਦਾ ਹੁੰਗਾਰਾ ਇਨ੍ਹਾਂ ਪ੍ਰਤੀ ਪਾਜ਼ੇਟਿਵ ਹੋਵੇਗਾ । ਧੰਨਵਾਦ ।

ਸਰਦਾਰ ਅਜੀਤ ਇੰਦਰ ਸਿੰਘ (ਮਰਦੂਲਗੜ੍ਹ) **:** ਸਪੀਕਰ ਸਾਹਿਬ, ਥੈਂਕ ਯੂ ਵੇਰੀ ਮੱਚ । ਮੈਂ ਬੜੇ ਹੀ ਬਰੀਫ ਸ਼ਬਦਾਂ ਦੇ ਵਿਚ ਕੁਝ ਪੁਆਇੰਟਸ ਕਹਿਣਾ ਚਾਹੁੰਦਾ ਹਾਂ ।

ਸ੍ਰੀ ਸਪੀਕਰ : ਤੁਹਾਨੂੰ ਸਿਰਫ ਪੰਜ ਮਿੰਟ ਮਿਲਣਗੇ ।

ਸਰਦਾਰ ਅਜੀਤ ਇੰਦਰ ਸਿੰਘ : ਠੀਕ ਹੈ, ਸਰ, ਪੰਜ ਮਿੰਟਾਂ ਵਿਚ ਹੀ ਖਤਮ ਕਰ ਦਿਆਂਗਾ । ਮੈਂ ਲਾਅ ਐਂਡ ਆਰਡਰ, ਹੋਮ ਅਤੇ ਐਜੂਕੇਸ਼ਨ ਤੇ ਕੁਝ ਪੁਆਇੰਟ ਦੱਸਣਾ ਚਾਹੁੰਦਾ ਹਾਂ । ਲਾਅ ਐਂਡ ਆਰਡਰ ਦੇ ਸਬੰਧ ਵਿਚ ਦੇਖਣ ਵਾਲੀ ਗੱਲ ਇਹ ਹੈ ਕਿ ਬੜਾ ਰੌਲਾ ਪੈ ਰਿਹਾ ਹੈ ਕਿ ਇਸ ਦਾ ਸਿਸਟਮ ਬਦਲ ਗਿਆ ਹੈ, ਲਾਅ ਐਂਡ ਆਰਡਰ ਖਰਾਬ ਹੋ ਗਿਆ ਹੈ ਅਤੇ ਅੱਤਵਾਦ ਆ ਗਿਆ ਹੈ । ਲੇਕਿਨ ਇਹ ਜੋ ਸਾਡਾ ਇੰਡੀਆ ਦਾ ਪੁਲੀਟੀਕਲ ਸਿਸਟਮ ਹੈ, ਇਸ ਦਾ ਥਾਇਆਂ ਤੋਂ ਹੀ ਸਾਰਾ ਕੰਮ ਸ਼ੁਰੂ ਹੁੰਦਾ ਹੈ । ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਅੱਜ ਕਲ੍ਹ ਪੁਲਿਸ ਦੇ ਵਿਚ ਪੁਲੀਟੀਕਲ ਲੋਕਾਂ ਦੀ ਜੋ ਇੰਟਰਫੀਅਰੈਂਸ ਵੱਧ ਗਈ ਹੈ, ਉਹ ਬੰਦ ਹੋਣੀ

[ਸਰਦਾਰ ਅਜੀਤ ਇੰਦਰ ਸਿੰਘ]

ਚਾਹੀਦੀ ਹੈ । ਕਿਵੇਂ ਹਰਲ ਹਰਲ ਕਰਦੇ ਫਿਰਦੇ ਹਨ ਅਤੇ ਵੱਡੀਆਂ ਵੱਡੀਆਂ ਸਿਫਾਰਸ਼ਾਂ ਚੱਕੀ ਫਿਰਦੇ ਹਨ । ਮੈਂ ਇਸੇ ਸਬੰਧੀ ਸੀ. ਐਮ. ਸਾਹਿਬ ਨੂੰ ਪਰਸਨਲੀ ਵੀ ਦੱਸਾਂਗਾ । ਜੋ ਮਿਸਯੂਜ਼ ਪੁਲਿਸ ਪਾਵਰ ਦੀ ਹੇਠਲੇ ਲੈਵਲ ਤੇ ਹੋ ਰਹੀ ਹੈ ਉਹ ਬੰਦ ਹੋਣੀ ਚਾਹੀਦੀ ਹੈ । ਇਸੇ ਤਰ੍ਹਾਂ ਜਿਹੜੇ ਲੋਕੀਂ ਵੋਟਾਂ ਵਿਚ ਹਾਰੇ ਹੋਏ ਹਨ, ਉਹ ਵੀ ਥਾਣੇਦਾਰ ਨੂੰ ਡਰਾ ਰਹੇ ਹਨ ਕਿ ਤੇਰਾ ਹੁਣ ਥੋੜ੍ਹਾ ਚਿਰ ਰਹਿ ਗਿਆ, ਹੁਣ ਦੇਖੀਂ । Then they will turn to S. P. It should be stopped. ਇਹ ਬਹੁਤ ਜ਼ਰੂਰੀ ਹੈ । ਪੁਲਿਸ ਫੋਰਸ ਦੇ ਵਿਚ ਇੰਪਰੂਵਮੈਂਟ ਹੋਣੀ ਚਾਹੀਦੀ ਹੈ । ਪੁਲਿਸ ਸਟੇਸ਼ਨ ਵਧੀਆ ਹੋਣੇ ਚਾਹੀਦੇ ਹਨ ਅਤੇ ਹਰ ਇਕ ਕੰਪਲੇਂਟ ਕਰਨ ਵਾਲੇ ਨੂੰ ਕੋਈ ਰਿਪਲਾਈ ਮਿਲਣਾ ਚਾਹੀਦਾ ਹੈ । ਇਹ ਇਨਸ਼ਿਉਅਰ ਕੀਤਾ ਜਾਵੇ ਕਿ ਦੋ ਘੰਟੇ ਦੇ ਅੰਦਰ ਅੰਦਰ ਕੰਪਲੇਂਟ ਹੋ ਕੇ ਹਾਂ ਜਾਂ ਨਾਂਹ ਦਾ ਫੈਸਲਾ ਹੋਣਾ ਚਾਹੀਦਾ ਹੈ ਤਾਂਕਿ ਜਿਹੜਾ ਵੀ ਕੋਈ ਆਪਣੀ ਐਪਲੀਕੇਸ਼ਨ ਲੈ ਕੇ ਜਾਂਦਾ ਹੈ, ਉਹ ਉਸ ਤੋਂ ਬਾਅਦ ਦੂਸਰੇ ਅਫਸਰ ਕੋਲ ਜਾ ਸਕੇ । ਅੱਜ ਪੁਲਿਸ ਦੀ ਹਾਲਤ ਬਹੁਤ ਖਰਾਬ ਹੋ ਗਈ ਹੈ । ਸਾਡੇ ਰਿਸਪੈਕਟਿਡ ਮੈਂਬਰ ਸਰਦਾਰ ਨੱਥਾ ਸਿੰਘ ਦਾਲਮ ਦੇ 40 ਸਾਲਾਂ ਦੇ ਭਾਣਜੇ ਨੂੰ ਚੁੱਕ ਕੇ ਪੁਲਿਸ ਵਲੋਂ ਮਾਰਿਆ ਗਿਆ ਜਿਸ ਦਾ ਨਾਮ ਰਣਜੀਤ ਸਿੰਘ ਹੈ । ਪੁਲਿਸ ਵਲੋਂ ਕਿਸੇ ਰੀਜ਼ਨ ਦੇ ਬਗੈਰ ਹੀ ਉਸ ਨੂੰ ਚੁੱਕ ਲਿਆ ਗਿਆ ਅਤੇ ਪੁਲਿਸ ਥਾਣੇ ਵਿਚ ਲਿਜਾ ਕੇ ਮਾਰਿਆ ਕੁੱਟਿਆ ਗਿਆ । ਉਸ ਤੋਂ ਫੇਵਰ ਲੈਣ ਦੀ ਗੱਲ ਕੀਤੀ ਗਈ ਕਿ ਤੂੰ ਟਰੈਕਟਰ ਲੈ ਕੇ ਆ, ਜ਼ਮੀਨ ਪੱਧਰ ਕਰਨੀ ਹੈ । ਫਿਰ ਉਸ ਨੂੰ ਕੁੱਟਿਆ ਗਿਆ ਜਿਸ ਦੀ ਬਦੌਲਤ ਉਸ ਦੀ ਮੌਤ ਹੋ ਗਈ । ਬੇਸ਼ਕ ਇਸ ਬਾਰੇ ਕੇਸ ਰਜਿਸਟਰਡ ਹੋ ਗਿਆ ਪਰ ਇਹ ਕਿਉਂ ਹੋਣਾ ਚਾਹੀਦਾ ਹੈ । ਇਸ ਮਾਮਲੇ ਦੇ ਸਬੰਧ ਵਿਚ ਮੈਂ ਵੀ ਇਨ੍ਹਾਂ ਨਾਲ ਸਹਿਮਤ ਹਾਂ । ਇਸ ਤਰ੍ਹਾਂ ਦੇ ਐਕਸੈਸਿਜ਼ ਨਹੀਂ ਹੋਣੇ ਚਾਹੀਦੇ ਅਤੇ ਇਨ੍ਹਾਂ ਤੇ ਸੀਰੀਅਸਲੀ ਐਕਸ਼ਨ ਲਿਆ ਜਾਣਾ ਚਾਹੀਦਾ ਹੈ । ਪੁਲਿਸ ਅਫਸਰਾਂ ਨੂੰ ਉਸੇ ਤਰ੍ਹਾਂ ਹੀ ਹੁਣ ਵੀ ਜਿਪਸੀਆਂ ਮਿਲੀਆਂ ਹੋਈਆਂ ਹਨ ਅਤੇ ਉਨ੍ਹਾਂ ਦਾ ਆਲਾ-ਦੁਆਲਾ ਹੁਣ ਵੀ ਉਸੇ ਤਰ੍ਹਾਂ ਦਾ ਹੀ ਹੈ । ਇਸ ਤਰ੍ਹਾਂ ਪੁਲਿਸ ਫੋਰਸ ਤੇ ਖਰਚਾ ਘਟਾਇਆ ਜਾਣਾ ਚਾਹੀਦਾ ਹੈ ਕਿਉਂਕਿ ਹੁਣ ਇਸ ਦੀ ਲੋੜ ਨਹੀਂ ਹੈ, ਹੁਣ ਅੱਤਵਾਦ ਨਹੀਂ । ਸਾਨੂੰ ਇਸ ਦੇ ਜ਼ਰੀਏ ਐਵੇਂ ਬਹੁਤ ਗੱਲ ਨਹੀਂ ਵਧਾਉਣੀ ਚਾਹੀਦੀ । ਇਥੇ ਵਿਵਾਦ ਛਿੜਿਆ ਹੈ ਕਿ ਜਦੋਂ ਲਾਅ ਐਂਡ ਆਰਡਰ ਖਰਾਬ ਹੁੰਦਾ ਹੈ ਤਾਂ ਜਦੋਂ ਤੱਕ ਤਰਨੈਲ ਠੀਕ ਨਾ ਹੋਵੇ, ਸਭ ਕੁਝ ਠੀਕ ਨਹੀਂ ਹੁੰਦਾ । ਇਥੇ ਸੰਧੂ ਸਾਹਿਬ ਦੀ ਗੱਲ ਦਾ ਕਿੰਨਾ ਰੌਲਾ ਪਿਆ । It is ** ** who was responsible for whole of the show. ਇਸ ਦੀ ਇਨਕੁਆਰੀ ਕਰਾਉ ।

श्रीमती लक्ष्मी कांता चावला : स्पीकर साहिब, मेरा निवेदन है कि यह नियम है कि जो व्यक्ति इस हाऊस में बैठा न हो, उसका नाम नहीं लेना चाहिए । ** ** इस लिए यह शब्द एक्सपंज होने चाहिए । तुम भी तो ** ** को मत्था टेकते थे ।

**Expunged as ordered by the Chair

ਸ੍ਰੀ ਸਪੀਕਰ : ਇਹ ਸ਼ਬਦ ਐਕਸਪੰਜ ਕੀਤਾ ਜਾਵੇ ।

ਸਰਦਾਰ ਅਜੀਤ ਇੰਦਰ ਸਿੰਘ : ਅਸਾਂ ਕੋਈ ਮੱਥਾ ਨਹੀਂ ਟੇਕਿਆ । ਮੈਂ ਕੋਈ ਗਲਤ ਨਾਂ ਨਹੀਂ ਲੈ ਰਿਹਾ, ਮੈਂ ਤਾਂ ਸਿਰਫ ਇਨਕੁਆਰੀ ਕਰਵਾਉਣ ਦੀ ਗੱਲ ਕਰ ਰਿਹਾ ਹਾਂ ਕਿ ਜੁਡੀਸ਼ਲ ਪਰੋਬ ਕਰਵਾਈ ਜਾਵੇ । ਜਿਹੜਾ ਇਕ ਥਾਣੇਦਾਰ ਨਹੀਂ ਸੀ ਲੱਗ ਰਿਹਾ, ਉਸ ਨੂੰ ਐਸ.ਐਸ.ਪੀ. ਬਣਾ ਦਿਤਾ । ਜਦੋਂ ਸੈਕੰਡ ਵਰਲਡ ਵਾਰ ਹੋਈ ਸੀ ਤਾਂ ਉਦੋਂ ਵੀ ਬਹੁਤ ਜਰਨੈਲਾਂ ਤੋਂ ਗਲਤੀਆਂ ਹੋਈਆਂ ਸਨ । ਉਦੋਂ ਸਪੈਸ਼ਲ ਇਨਕੁਆਰੀ ਬੈਠੀ ਤਾਂ ਉਨ੍ਹਾਂ ਨੇ ਵੀ ਰੌਲਾ ਪਾਇਆ ਸੀ ਕਿ ਇਹ ਇਨਕੁਆਰੀ ਬੰਦ ਹੋਣੀ ਚਾਹੀਦੀ ਹੈ । ਇਸ ਕਰਕੇ ਮੈਂ ਪਰਸਨਲੀ ਕਿਸੇ ਦੇ ਅਗੇਂਸਟ ਨਹੀਂ ਹਾਂ ਔਰ ਮੈਂ ਰਿਸਪੈਕਟਿਡ ਭੈਣ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਲੜਾਈ ਇਕੱਲੀ ਪੁਲਿਸ ਨੇ ਨਹੀਂ ਲੜੀ, ਸਗੋਂ ਪੰਜਾਬ ਦੀ ਸਾਰੀ ਜਨਤਾ ਨੇ ਲੜੀ ਹੈ । ਇਸ ਪੀਸ ਨੂੰ ਲਿਆਉਣ ਵਾਸਤੇ ਹਰ ਇਕ ਬੰਦੇ ਨੇ ਉਸ ਲੜਾਈ ਵਿਚ ਆਪਣਾ ਹਿੱਸਾ ਪਾਉਣ ਦੀ ਕੋਸ਼ਿਸ਼ ਕੀਤੀ । ਆਪਾਂ ਨੂੰ ਇਹ ਨਹੀਂ ਕਰਨਾ ਚਾਹੀਦਾ ਕਿ ਬਹੁਤਿਆਂ ਨੂੰ ਅੱਗੇ ਨਹੀਂ ਲਿਆਉਣਾ ਤੇ ਇਕੋ ਨੂੰ ਹੀ ਮੈਰਿਟ ਤੇ ਲਿਆਉਣਾ ਹੈ । ਇਹ ਬਹੁਤ ਸੀਰੀਅਸ ਗੱਲ ਹੈ । ਜਦੋਂ ਪਾਕਿਸਤਾਨ ਨਾਲ 1971 ਦੀ ਲੜਾਈ ਹੋਈ ਸੀ ਤਾਂ ਪ੍ਰੈਸ ਵਿਚ ਇਹੀ ਆਉਂਦਾ ਸੀ ਕਿ ਪੰਜਾਬ ਦੇ ਲੋਕਾਂ ਨੇ ਹਿੱਕ ਡਾਹ ਕੇ ਫੋਰਸ ਦਾ ਸਾਥ ਦਿੱਤਾ, ਤਾਂ ਹੀ ਪਾਕਿਸਤਾਨ ਨੂੰ ਉਹ ਰੋਕ ਸਕੇ ਸਨ । ਫਿਰ ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਸਿਰਫ ਪੁਲਿਸ ਹੀ ਲੜੀ ਹੈ । ਬੀ. ਐਸ. ਐਫ. ਨੇ ਸਾਥ ਦਿਤਾ ਸੀ, ਲੋਕਾਂ ਨੇ ਸਾਥ ਦਿੱਤਾ ਸੀ ਅਤੇ ਲੀਡਰਾਂ ਨੇ ਸਾਥ ਦਿੱਤਾ ਸੀ । ਇਹ ਤੁਹਾਨੂੰ ਹੀ ਪਤਾ ਹੋਵੇਗਾ ਕਿ ਕੌਣ ਕਿਸ ਦੇ ਪੈਰੀਂ ਹੱਥ ਲਾਉਂਦਾ ਸੀ । ਤੁਹਾਨੂੰ ਕੀ ਪਤਾ ਕਿ ਪੁਲਿਸ ਕੀ ਕਰਦੀ ਸੀ । ਜਿਸ ਦਾ ਬੰਦਾ ਮਰਦਾ ਹੈ, ਉਸ ਨੂੰ ਹੀ ਪਤਾ ਹੁੰਦਾ ਹੈ । ਜੇ ਪੁਲਿਸ ਚੰਗੇ ਕੰਮ ਕਰਦੀ ਹੈ ਤਾਂ ਚੰਗੀ ਹੈ ਪਰ ਜੋ ਗਲਤ ਹੈ, ਉਸ ਨੂੰ ਟੌਲਰੇਟ ਨਹੀਂ ਕੀਤਾ ਜਾਵੇਗਾ । It will never be tolerated and I will say this in the House.ਅਖੀਰ ਵਿਚ ਮੈਂ ਲਾਅ ਐਂਡ ਆਰਡਰ ਬਾਰੇ ਇਹ ਕਹਾਂਗਾ ਕਿ ਇਸ ਬਾਰੇ ਪ੍ਰੈਸ ਨੇ ਬਹੁਤ ਵਧੀਆ ਕੰਮ ਕੀਤੇ ਹਨ ।

ਸ੍ਰੀ ਸਪੀਕਰ : ਤੁਹਾਡਾ ਟਾਈਮ ਖ਼ਤਮ ਹੋ ਰਿਹਾ ਹੈ ।

ਸਰਦਾਰ ਅਜੀਤ ਇੰਦਰ ਸਿੰਘ : ਮੈਂ ਸਿਰਫ਼ ਦੋ ਮਿੰਟ ਹੋਰ ਲਵਾਂਗਾ । ਪ੍ਰੈਸ ਅੱਤਵਾਦ ਨੋਟ ਕਰਦੀ ਸੀ । ਉਨ੍ਹਾਂ ਨੇ ਲੋਕਾਂ ਨੂੰ ਘੱਟ ਉਤਸ਼ਾਹਿਤ ਨਹੀਂ ਕੀਤਾ । ਮੈਂ ਇਕ ਐਗਜ਼ਾਂਪਲ ਦਿੰਦਾ ਹਾਂ । ਮੇਰੇ ਬਹੁਤ ਰਿਸਪੈਕਟਿਡ ਦੋਸਤ ਜਰਨਲਿਸਟ ਹਨ । ਉਨ੍ਹਾਂ ਨੂੰ ਕੇ. ਪੀ. ਐਸ. ਗਿੱਲ ਨੇ ਘਰ ਸੱਦਿਆ ਅਤੇ ਕਿਹਾ ਕਿ ਤੂੰ ਇਸ ਤਰ੍ਹਾਂ ਦਾ ਇਕ ਕਾਊਂਟਰ ਸ਼ੋਅ ਕਰ ।

ਸ੍ਰੀ ਸਪੀਕਰ : ਤੁਸੀਂ ਨਾਂ ਨਾ ਲਉ।

ਸਰਦਾਰ ਅਜੀਤ ਇੰਦਰ ਸਿੰਘ : ਮੇਰੇ ਮਿੱਤਰ ਨੇ ਅੱਗੋਂ ਜਵਾਬ ਦਿੱਤਾ Don't try to buy me Mr. K.P.S. Gill. I will say truth. ਇਹ ਗੱਲ ਉਸ ਸ਼ੇਰ ਨੇ

[ਸਰਦਾਰ ਅਜੀਤ ਇੰਦਰ ਸਿੰਘ]

ਕਹੀ ਸੀ । ਮੈਂ ਉਨ੍ਹਾਂ ਦੀ ਪ੍ਰਸ਼ੰਸਾ ਕੀਤੇ ਬਗ਼ੈਰ ਨਹੀਂ ਰਹਿ ਸਕਦਾ । ਬਜਟ ਵਿੱਚ ਲਾਅ ਐਂਡ ਆਰਡਰ ਬਾਰੇ ਪੈਸਾ ਰੱਖਿਆ ਹੈ । ਹੋਰ ਦੇ ਦਿਓ, ਕੋਈ ਗੱਲ ਨਹੀਂ ।

ਆਖਿਰ ਵਿੱਚ ਮੈਂ ਐਜੂਕੇਸ਼ਨ ਬਾਰੇ ਹਾਊਸ ਵਿੱਚ ਇੱਕ ਮਿੰਟ ਹੋਰ ਕਹਿਣਾ ਚਾਹੁੰਦਾ ਹਾਂ । ਵਿਦਿਆ ਵਿਚਾਰੀ ਤਾਂ ਪਰਉਪਕਾਰੀ । ਬਾਦਲ ਸਾਹਿਬ ਬੜੇ ਪਰਉਪਕਾਰੀ ਹਨ । ਇਸ ਸਮੇਂ ਐਜੂਕੇਸ਼ਨ ਦਾ ਬੁਰਾ ਹਾਲ ਹੈ । ਸਾਡੇ ਸਮੇਂ ਵਿੱਚ 20 ਸਾਲ ਪਹਿਲਾਂ ਪਿੰਡਾਂ ਵਿੱਚੋਂ ਪੜ੍ਹੇ ਮੁੰਡੇ ਆਈ.ਏ.ਐਸ. ਜਾਂ ਆਈ.ਪੀ.ਐਸ. ਬਣਦੇ ਰਹੇ । ਅੱਜ ਦੇਖ ਲਓ ਕੌਣ ਬਣਦਾ ਹੈ । ਹਰ ਹਾਲਤ ਵਿੱਚ ਅੱਜ ਅੰਗਰੇਜ਼ੀ ਪਹਿਲੀ ਜਮਾਤ ਤੋਂ ਲਾਗੂ ਕਰ ਦੇਣੀ ਚਾਹੀਦੀ ਹੈ । ਹਰ ਸਕੂਲ ਵਿੱਚ ਹਰ ਪਿੰਡ ਵਿੱਚ ਲਾਗੂ ਕਰ ਦਿਓ । ਇਸ ਤੋਂ ਬਿਨਾਂ ਕੋਈ ਬੱਚਾ ਹਿਸਾਬ ਨਹੀਂ ਪੜ੍ਹ ਸਕਦਾ, ਸਾਇੰਸ ਨਹੀਂ ਪੜ੍ਹ ਸਕਦਾ, ਕੋਈ ਅਫ਼ਸਰ ਨਹੀਂ ਬਣ ਸਕਦਾ । ਕਾਈਂਡਲੀ ਇਸ ਨੂੰ ਜ਼ਰੂਰ ਲਾਜ਼ਮੀ ਕੀਤਾ ਜਾਵੇ । ਐਜੂਕੇਸ਼ਨ ਵਾਸਤੇ ਬਜਟ ਵਿੱਚ ਜੋ ਪੈਸਾ ਰੱਖਿਆ ਗਿਆ ਹੈ, ਉਸ ਨੂੰ ਹੋਰ ਵਧਾ ਦਿਓ । ਚਾਹੇ ਹੋਰ ਖਰਚ ਘਟਾ ਲਓ । ਸਤਿਕਾਰਯੋਗ ਮਿੱਤਲ ਸਾਹਿਬ ਅਤੇ ਟੰਡਨ ਸਾਹਿਬ ਬੈਠੇ ਹਨ, ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ।

ਐ ਮੇਰੇ ਪੰਜਾਬ ਹਮ ਕੋ ਤੇਰੀ ਕਸਮ, ਪਰ ਆਪਨੀ ਜਾਂ ਲੁਟਾ ਜਾਏਂਗੇ ।

I will be the first person to sacrifice. Thank you.

ਸ੍ਰੀ ਸਪੀਕਰ : ਮੈਡਮ ਚਾਵਲਾ ਜੀ, ਹੁਣ ਤੁਸੀਂ ਬੋਲੋ ਪਰ ਜਲਦੀ ਖਤਮ ਕਰ ਦੇਣਾ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ (ਅੰਮ੍ਰਿਤਸਰ ਕੇਂਦਰੀ) : ਸਪੀਕਰ ਸਾਹਿਬ, ਔਰਤਾਂ ਵਾਸਤੇ 33 % ਦੀ ਰਿਜ਼ਰਵੇਸ਼ਨ ਰੱਖੀ ਹੋਈ ਹੈ । ਤੁਹਾਨੂੰ ਸਾਡੇ ਵਾਸਤੇ 5 ਮਿੰਟ ਤੋਂ ਜ਼ਿਆਦਾ ਸਮਾਂ ਰੱਖਣਾ ਚਾਹੀਦਾ ਹੈ । 10 ਮਿੰਟ ਤਾਂ ਚੇਰੇ ਹੀ ਚਾਹੀਦੇ ਹਨ ।

ਸ੍ਰੀ ਸਪੀਕਰ : 5 ਮਿੰਟ ਤੋਂ ਵੱਧ ਨਹੀਂ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਉਂਗਲੀ ਫੜੀ ਹੈ ਤਾਂ ਪੌਂਚਾ ਵੀ ਫੜ ਲਵਾਂਗੇ । (ਹਾਸਾ) ਮੈਂ ਪੰਜਾਬੀ ਦੀ ਗਿਆਨੀ ਪਾਸ ਹਾਂ । ਮੈਂ ਤੁਹਾਡੇ ਅੰਗਰੇਜ਼ੀ ਬੋਲਣ ਦੇ ਪ੍ਰੇਮ ਦੇ ਵਿਰੋਧ ਵਿਚ ਰਾਸ਼ਟਰ ਭਾਸ਼ਾ ਹਿੰਦੀ ਬੋਲਦੀ ਹਾਂ । ਤੁਸੀਂ ਅੰਗਰੇਜ਼ੀ ਦਾ ਪਿਆਰ ਛੱਡ ਦਿਓ, ਮੈਂ ਹਿੰਦੀ ਛੱਡ ਦੇਵਾਂਗੀ ਪਰ ਸ਼ਰਤ ਇਹੀ ਹੈ ਕਿ ਤੁਸੀਂ ਅੰਗਰੇਜ਼ੀ ਨਾ ਬੋਲੋ ।

स्पीकर साहिब, मैं भाषा की खिचड़ी बना दूंगी । मेरा समय कम है । मैं अब ला एंड आर्डर पर बात करूंगी । एक बात सुन कर खुशी हुई कि पंजाब में अब आतंकवाद नहीं है और इस बात की भी खुशी हुई है कि यह आतंकवाद सिर्फ पंजाब की लड़ाई नहीं, पूरे राष्ट्र की लड़ाई थी । यू.एन.ओ. में एक चार्टर है कि युद्ध किसे कहते हैं युद्ध उसे कहते हैं जिस में एक साल में एक हज़ार से

ज्यादा लोग मारे जाएं । लेकिन यहां पंजाब में तो एक रात में ही दो सौ से ज्यादा लोग मारे जाते थे । लालडू कांड और जगराओं कांड में ऐसा हुआ था । उन काले दिनों की मैं चर्चा नहीं करना चाहती । बड़ी अच्छी बात है ये कहते हैं कि पंजाब में अब आतंकवाद नहीं है । पर पुलिस को सुरक्षा के लिए पूरा पैसा दीजिए । उन्हें अच्छी गाड़ियां दी जाएं धक्का स्टार्ट नहीं । कहीं रास्ते में उनकी गाड़ी खराब हो जाए तो जिन्हें वे पकड़ने के लिए जाते हैं, उन के ही शिकार ना हो जाएं । तुलसी दास ने कहा है ਕਿ ਜੇ ਮੰਤਰੀ ਜਾਂ ਟੀਚਰ ਜਾਂ ਡਾਕਟਰ ਮੂੰਹ ਦੇਖੀ ਬੋਲਣ ਲੱਗ ਜਾਣ ਤਾਂ ਮਰੀਜ਼ ਦਾ ਨੁਕਸਾਨ ਹੋ ਜਾਂਦਾ ਹੈ ਅਤੇ ਦੇਸ਼ ਦਾ ਨੁਕਸਾਨ ਹੁੰਦਾ ਹੈ । ਇਸੇ ਕਰ ਕੇ ਪੁਲਿਸ ਨੂੰ ਮਜ਼ਬੂਤ ਬਣਾਉਣਾ ਚਾਹੀਦਾ ਹੈ ਅਤੇ ਉਸ ਨੂੰ ਵਧੀਆ ਗੱਡੀਆਂ ਦੇਣੀਆਂ ਚਾਹੀਦੀਆਂ ਹਨ ।

ਸਪੀਕਰ ਸਾਹਿਬ, ਅੱਤਵਾਦ ਦੇ ਸਮੇਂ ਹਰ ਐਮ.ਐਲ.ਏ ਨੂੰ ਜਿਪਸੀਆਂ ਦੇ ਨਾਲ 10-10 ਗੰਨਮੈਨ ਦਿੱਤੇ ਹੋਏ ਸਨ । ਹੁਣ ਤਾਂ ਅੱਤਵਾਦ ਖਤਮ ਹੋ ਗਿਆ ਹੈ ਹੁਣ ਇਹ ਵਾਪਸ ਲੈ ਲੈਣੀਆਂ ਚਾਹੀਦੀਆਂ ਹਨ । ਜਿਪਸੀਆਂ ਵਾਪਸ ਲੈ ਲਓ, ਪੁਲਿਸ ਦੇ ਗੰਨਮੈਨ ਵਾਪਸ ਲੈ ਲਓ ਅਤੇ ਜਿਹੜੇ ਹਿੱਟ ਲਿਸਟ ਵਿਚ ਹਨ, ਉਨ੍ਹਾਂ ਨੂੰ ਇਹ ਸਿਕਿਉਰਿਟੀ ਦੇ ਦਿਓ । ਇਹ ਸਿਕਿਉਰਿਟੀ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ । ਇਹ ਵਾਪਸ ਲੈ ਕੇ ਸਰਕਾਰ ਆਪਣੇ ਖਰਚੇ ਵਿਚ ਕਮੀ ਕਰ ਸਕਦੀ ਹੈ । ਰੋਡਵੇਜ਼ ਦੀਆਂ ਬੱਸਾਂ ਵਿਚ ਸਰਵਿਸ ਅੱਛੀ ਕਰ ਦਿਓ । ਜਿਹੜੇ ਮੇਰੇ ਵਰਗੇ ਗਰੀਬ ਐਮ.ਐਲ.ਏ. ਹਨ, ਉਨ੍ਹਾਂ ਲਈ ਬੱਸਾਂ ਵਿਚ ਪਹਿਲੀਆਂ ਤਿੰਨ ਸੀਟਾਂ ਖਾਲੀ ਹੁੰਦੀਆਂ ਹਨ । ਉਹ ਉਸ ਵਿਚ ਸਫ਼ਰ ਕਰਕੇ ਆ ਜਾਣਗੇ ਅਤੇ ਜਿਹੜੇ ਅਮੀਰ ਐਮ.ਐਲ.ਏਜ਼ ਹਨ, ਉਹ ਕਾਰਾਂ ਦੇ ਵਿਚ ਆ ਜਾਣਗੇ । ਇਸ ਤਰੀਕੇ ਨਾਲ ਪੁਲਿਸ ਉਤੇ ਖਰਚਾ ਘੱਟ ਸਕਦਾ ਹੈ । ਇਸੇ ਤਰ੍ਹਾਂ ਚੰਡੀਗੜ੍ਹ ਪੁਲਿਸ ਦੇ ਵਿਚ ਪਗੜੀਆਂ ਲਾਜ਼ਮੀ ਨਹੀਂ ਹਨ, ਹਿਮਾਚਲ ਪੁਲਿਸ ਅਤੇ ਯੂ.ਪੀ. ਪੁਲਿਸ ਦੇ ਵਿਚ ਵੀ ਪਗੜੀਆਂ ਲਾਜ਼ਮੀ ਨਹੀਂ ਹਨ । ਇਸ ਨੂੰ ਖਤਮ ਕਰ ਦਿਓ । ਜਿਹੜਾ ਕੈਪ ਪਾਉਣਾ ਚਾਹੁੰਦਾ ਹੈ, ਉਹ ਪਾ ਸਕਦਾ ਹੈ । ਇਸੇ ਤਰੀਕੇ ਨਾਲ ਸਰਕਾਰ ਦਾ ਕੱਪੜਾ ਵੀ ਬਚ ਜਾਵੇਗਾ ਅਤੇ ਯੂਨੀਫਾਰਮ ਦੇ ਵਿਚ ਖਰਚਾ ਵੀ ਘੱਟ ਜਾਵੇਗਾ । ਇਹ ਉਨ੍ਹਾਂ ਤੇ ਲਾਗੂ ਹੋ ਸਕਦਾ ਹੈ ਜਿਹੜੇ ਕੇਸ ਦਾੜ੍ਹੀ ਨਹੀਂ ਰੱਖਦੇ ਹਨ ।

ਅਗਲੀ ਗੱਲ ਮੁੱਖ ਮੰਤਰੀ ਸਾਹਿਬ ਨੂੰ ਮੈਂ ਪਹਿਲੇ ਵੀ ਬੇਨਤੀ ਕੀਤੀ ਸੀ ਕਿ ਜਿਹੜੇ ਬੱਚੇ ਖੋ ਗਏ ਹਨ ਅਤੇ ਗਾਇਬ ਹੋ ਗਏ ਹਨ, ਉਨ੍ਹਾਂ ਨੂੰ ਲੱਭਣ ਲਈ ਇਕ ਵੱਖਰਾ ਸੈੱਲ ਕਾਇਮ ਕੀਤਾ ਜਾਵੇ । ਜਿਸ ਤਰ੍ਹਾਂ ਅੰਮ੍ਰਿਤਸਰ ਦੇ ਵਿਚ ਇਕ ਬੱਚਾ ਗਲੀ ਦੇ ਵਿਚੋਂ ਉਠਾ ਕੇ ਅਗਸਤ ਮਹੀਨੇ ਦੇ ਵਿਚ ਲੈ ਗਏ ਅਤੇ ਹਾਲੇ ਤੱਕ ਉਹ ਬੱਚਾ ਨਹੀਂ ਮਿਲਿਆ ਹੈ । ਉਸ ਬੱਚੇ ਨੂੰ ਗੰਨ ਪੁਆਇੰਟ ਉਤੇ ਖੋਹ ਕੇ ਲੈ ਗਏ ਸਨ । ਇਸ ਤਰ੍ਹਾਂ ਦੇ ਕੇਸਿਜ਼ ਲਈ ਇਕ ਵੱਖਰਾ ਸੈੱਲ ਕਾਇਮ ਕਰ ਦਿਓ । ਇਸੇ ਤਰ੍ਹਾਂ ਫੈਮਿਲੀ ਡਿਸ-ਪਿਊਟਸ ਦੇ ਲਈ ਪੰਜਾਬ ਵਿਚ ਫੈਮਿਲੀ ਕੋਰਟ ਬਣਾ ਦਿਓ ਤਾਂਕਿ ਲੋਕਾਂ ਦੇ ਜਿਹੜੇ ਫੈਮਿਲੀ ਡਿਸਪਿਊਟਸ ਹਨ, ਉਨ੍ਹਾਂ ਦਾ ਜਲਦੀ ਨਿਪਟਾਰਾ ਹੋ ਸਕੇ । ਨਹੀਂ ਤਾਂ ਦਾਦਾ ਕੇਸ

[ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

ਕਰੇ, ਉਸ ਦਾ ਫੈਸਲਾ ਪੋਤਾ ਸੁਣੇ । ਇਸ ਲਈ ਫੈਮਿਲੀ ਕੋਰਟਸ ਦਾ ਹੋਣਾ ਬੜਾ ਲਾਜ਼ਮੀ ਹੈ । ਇਸੇ ਤਰ੍ਹਾਂ ਜਿਸ ਤਰ੍ਹਾਂ ਦਿੱਲੀ ਦੇ ਵਿਚ ਦੰਗੇ ਹੋਏ ਸਨ, ਉਨ੍ਹਾਂ ਦੇ ਸ਼ਿਕਾਰ ਲੋਕਾਂ ਨੂੰ ਗ੍ਰਾਂਟਾਂ ਦਿੱਤੀਆਂ ਗਈਆਂ ਸਨ, ਉਸੇ ਤਰ੍ਹਾਂ ਪੰਜਾਬ ਵਿਚ ਵੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ । ਜਿਹੜੇ ਸ਼ਰਾਬ ਦੇ ਠੇਕੇ ਹਨ, ਉਹ ਥਾਣਿਆਂ ਤੋਂ ਇਕ ਕਿਲੋਮੀਟਰ ਦੀ ਦੂਰੀ ਤੇ ਹੋਣੇ ਚਾਹੀਦੇ ਹਨ, ਨਹੀਂ ਤਾਂ ਹਰ ਕੇਸ ਵਿਚ ਪੁਲਿਸ ਵਾਲੇ 2 ਬੋਤਲਾਂ ਸ਼ਰਾਬ ਲੈ ਕੇ ਫੈਸਲੇ ਕਰ ਦੇਣਗੇ । ਸਪੀਕਰ ਸਾਹਿਬ, ਜਿਸ ਤਰ੍ਹਾਂ ਇਥੇ ਕਿਹਾ ਗਿਆ ਸੀ ਕਿ ਜਿਹੜੀ ਪ੍ਰਾਪਰਟੀ ਅੱਤਵਾਦੀਆਂ ਦੀ ਹੈ, ਉਹ ਉਨ੍ਹਾਂ ਨੂੰ ਵਾਪਸ ਕਰ ਦਿੱਤੀ ਜਾਵੇਗੀ ਕਿਉਂਕਿ ਉਸ ਦੇ ਵਿਚ ਉਨ੍ਹਾਂ ਅੱਤਵਾਦੀਆਂ ਦੇ ਪਰਿਵਾਰ ਵਾਲਿਆਂ ਦਾ ਕੋਈ ਦੋਸ਼ ਨਹੀਂ ਹੈ ਪਰ ਜਿਨ੍ਹਾਂ ਅੱਤਵਾਦੀਆਂ ਨੇ ਅੱਤਵਾਦ ਦੇ ਸਮੇਂ ਲੋਕਾਂ ਤੋਂ ਪਰਾਪਰਟੀਆਂ ਖੋਹ ਕੇ ਬਣਾਈਆਂ ਸਨ ਅਤੇ ਪੁਲਿਸ ਨੇ ਆਪਣੇ ਕਬਜ਼ੇ ਵਿਚ ਕਰ ਲਈਆਂ ਸਨ, ਉਨ੍ਹਾਂ ਨੂੰ ਵਾਪਸ ਨਹੀਂ ਕਰਨਾ ਚਾਹੀਦਾ ਅਤੇ ਇਸ ਦੀ ਇਨਕੁਆਰੀ ਕਰਵਾਉਣੀ ਚਾਹੀਦੀ ਹੈ । ਜਿਸ ਤਰ੍ਹਾਂ ਪਟਿਆਲਾ ਦੇ ਵਿਚ ਵਾਈਟ ਹਾਊਸ ਹੈ, ਰਾਜਪੁਰੇ ਦੇ ਵਿਚ ਪਿੰਕ ਹਾਊਸ ਹੈ ਅਤੇ ਮੋਹਾਲੀ ਵਿਚ ਮਾਰਬਲ ਹਾਊਸ ਹੈ । ਉਹ ਕਿਸ ਅੱਤਵਾਦੀ ਦੇ ਹਨ, ਸਰਕਾਰ ਨੂੰ ਇਸ ਦਾ ਪਤਾ ਲਗਾਉਣਾ ਚਾਹੀਦਾ ਹੈ । ਇਹ ਜਾਇਦਾਦਾਂ ਉਨ੍ਹਾਂ ਅੱਤਵਾਦੀਆਂ ਨੇ ਕਿਥੋਂ ਬਣਵਾਈਆਂ ਅਤੇ ਕਿੰਨ੍ਹਾਂ ਲੋਕਾਂ ਤੋਂ ਖੋਹੀਆਂ ਸਨ । ਇਹ ਜਾਇਦਾਦਾਂ ਉਨ੍ਹਾਂ ਨੇ ਲੋਕਾਂ ਨੂੰ ਡਰਾ ਧਮਕਾ ਕੇ ਲਈਆਂ ਸਨ ਅਤੇ ਹੁਣ ਸਰਕਾਰ ਕਹਿੰਦੀ ਹੈ ਕਿ ਇਹ ਜਾਇਦਾਦਾਂ ਵਾਪਸ ਉਨ੍ਹਾਂ ਦੇ ਪਰਿਵਾਰਾਂ ਨੂੰ ਕਰ ਦਿੱਤੀਆਂ ਜਾਣਗੀਆਂ । ਇਹ ਕੋਈ ਅੱਛੀ ਗੱਲ ਨਹੀਂ ਹੋਵੇਗੀ । ਇਸ ਦੇ ਨਾਲ ਜਿਹੜੀਆਂ ਜਾਇਦਾਦਾਂ ਪੁਲਿਸ ਦੇ ਅਫਸਰਾਂ ਨੇ ਅੱਤਵਾਦ ਦੇ ਸਮੇਂ ਬਣਾਈਆਂ ਸਨ ਉਸ ਦੀ ਵੀ ਇਨਕੁਆਇਰੀ ਕਰਵਾਈ ਜਾਵੇ ਅਤੇ ਜਿਹੜੇ ਅਪਰਾਧੀ ਹਨ, ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ । ਜਿਹੜਾ ਸਾਡਾ ਇੰਟੈਰੋਗੇਸ਼ਨ ਸੈਂਟਰ ਹੈ, ਉਹ ਬਹੁਤ ਪੁਰਾਣਾ ਹੈ । ਉਥੇ ਇਕ ਨੰਬਰ ਤੋਂ ਲੈ ਕੇ 13 ਨੰਬਰ ਤੱਕ ਦੇ ਜੁੱਤੇ ਪਏ ਹੋਏ ਹਨ ਜਿਹੜੇ 1857 ਦੇ ਵਿਚ ਸਨ, 1947 ਵਿਚ ਵੀ ਸਨ ਅਤੇ ਹੁਣ 1997 ਵਿਚ ਵੀ ਪਏ ਹੋਏ ਹਨ । ਜਦ ਤੱਕ ਅਪਰਾਧੀ ਰਮੇਸ਼ ਕੁਮਾਰ ਨੂੰ ਰੀਕੇਮ ਕੁਮਾਰ ਨਹੀਂ ਬਣਾ ਲੈਂਦੇ, ਉਤਨੀ ਦੇਰ ਤੱਕ ਪੁਲਿਸ ਵਾਲੇ ਉਸ ਨੂੰ ਛੱਡਦੇ ਨਹੀਂ ਅਤੇ ਭੈੜਾ ਸਲੂਕ ਕਰਦੇ ਹਨ । ਦੂਜਾ ਜਿਹੜਾ ਪੁਲਿਸ ਨੂੰ ਬੈਰਕਾਂ ਦੇ ਵਿਚ ਟੈਂਟ ਲਗਾ ਕੇ ਰਹਿਣਾ ਪੈਂਦਾ ਹੈ, ਇਹ ਬੈਰਕਾਂ ਪੱਕੀਆਂ ਅਤੇ ਪੱਖੇ ਲਗਾ ਕੇ ਦਿਓ । ਇਹ ਸਸਤੀਆਂ ਪੈਣਗੀਆਂ ਜਦਕਿ ਟੈਂਟਾਂ ਦੇ ਵਿਚ ਖਰਚਾ ਜ਼ਿਆਦਾ ਆਵੇਗਾ । ਇਸ ਨੂੰ ਬਦਲਣ ਦੀ ਲੋੜ ਹੈ । ਇਸ ਤਰਫ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਜਿਸ ਤਰ੍ਹਾਂ ਦਿੱਲੀ ਦੇ ਵਿਚ ਦੰਗੇ ਹੋਏ ਸਨ, ਉਥੇ ਪੀੜ੍ਹਤਾਂ ਨੂੰ ਸਾਢੇ ਤਿੰਨ ਲੱਖ ਰੁਪਿਆ ਦਿੱਤਾ ਗਿਆ ਅਤੇ ਇਹ ਮਿਲਣਾ ਸ਼ੁਰੂ ਹੋ ਗਿਆ ਹੈ, ਇਸੇ ਤਰ੍ਹਾਂ ਦੇ ਕੇਸਿਜ਼ ਜਿਹੜੇ ਪੰਜਾਬ ਵਿਚ ਹਨ, ਉਨ੍ਹਾਂ ਨੂੰ ਵੀ ਇਹ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ ।

ਸ੍ਰੀ ਸਪੀਕਰ : ਚਾਵਲਾ ਜੀ, ਤੁਹਾਡਾ ਟਾਈਮ 5 ਮਿੰਟ ਤੋਂ ਜ਼ਿਆਦਾ ਹੋ ਗਿਆ ਹੈ । ਹੁਣ ਤੁਹਾਨੂੰ ਇਕ ਮਿੰਟ ਹੋਰ ਦਿੱਤਾ ਜਾਂਦਾ ਹੈ । ਇਸ ਵਿਚ ਸਪੀਚ ਖਤਮ ਕਰੋ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਤੁਹਾਡੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਕ ਮਿੰਟ ਹੋਰ ਦਿੱਤਾ ਹੈ । ਇਥੇ ਹਾਊਸ ਦੇ ਵਿਚ ਆਦਰਸ਼ ਸਕੂਲਾਂ ਦੀ ਗੱਲ ਚੱਲੀ ਹੈ । ਇਨ੍ਹਾਂ ਆਦਰਸ਼ ਸਕੂਲਾਂ ਦੀ ਬਜਾਏ ਸਰਕਾਰੀ ਸਕੂਲਾਂ ਦੇ ਵਿਚ ਤੁਸੀਂ ਟੀਚਰਜ਼ ਦਿਓ । ਸਰਕਾਰੀ ਸਕੂਲਾਂ ਦੇ ਵਿਚ ਵੀ ਕੁਆਲੀਫਾਈਡ ਟੀਚਰ ਹੁੰਦਾ ਹੈ ਅਤੇ ਕਾਫ਼ੀ ਸਹੂਲਤਾਂ ਹੁੰਦੀਆਂ ਹਨ ਪਰ ਦੂਜੇ ਪਾਸੇ ਪ੍ਰਾਈਵੇਟ ਸਕੂਲ ਦੇ ਵਿਚ ਟੀਚਰ ਬੀ. ਏ. ਪਾਸ ਹੁੰਦੀ ਹੈ ਅਤੇ ਉਹ 400/- ਰੁਪਿਆ ਤਨਖਾਹ ਲੈਂਦੀ ਹੈ । ਉਥੇ ਡੀਮਾਂਡ ਐਂਡ ਸਪਲਾਈ ਦੀ ਗੱਲ ਹੈ । ਸਰਕਾਰੀ ਸਕੂਲਾਂ ਅਤੇ ਕਾਲਜ ਦੇ ਟੀਚਰਾਂ ਨੂੰ ਤਨਖਾਹਾਂ ਜ਼ਿਆਦਾ ਮਿਲਦੀਆਂ ਹਨ ਪਰ ਪ੍ਰਾਈਵੇਟ ਸਕੂਲਾਂ ਦੇ ਟੀਚਰਾਂ ਨੂੰ ਜੋ ਬੀ.ਏ. ਪਾਸ ਹੁੰਦੇ ਹਨ, ਸਿਰਫ 400/- ਰੁਪਿਆ ਮਹੀਨਾ ਦਿੱਤਾ ਜਾਂਦਾ ਹੈ ਅਤੇ ਫਿਰ ਵੀ ਉਹ ਰਿਜ਼ਲਟ ਅੱਛਾ ਲੈਂਦੇ ਹਨ । ਸਕੂਲਾਂ ਵਿਚ ਬੱਚਿਆਂ ਨੂੰ ਪਾਸ ਕਰਨ ਦੀ ਬਜਾਏ ਪੜ੍ਹਾਉਣ ਤੇ ਜ਼ੋਰ ਦੇਣਾ ਚਾਹੀਦਾ ਹੈ । ਮੈਨੂੰ ਯਾਦ ਹੈ ਕਿ ਕੈਰੋਂ ਸਾਹਿਬ ਵੇਲੇ ਇਹ ਕੀਤਾ ਗਿਆ ਸੀ ਕਿ ਜਿਸ ਟੀਚਰ ਦੇ ਬੱਚੇ ਜ਼ਿਆਦਾ ਪਾਸ ਹੋਣਗੇ, ਉਸ ਨੂੰ ਪਰਮੋਸ਼ਨ ਮਿਲੇਗੀ । ਬੱਚਿਆਂ ਨੂੰ ਪਾਸ ਕਰਾਉਣ ਲਈ ਤਾਂ ਪਰਚੀਆਂ ਦਾ ਸਹਾਰਾ ਲਿਆ ਜਾਂਦਾ ਹੈ ਅਤੇ ਐਗਜ਼ਾਮੀਨਰਾਂ ਨੂੰ ਰਿਸ਼ਵਤ ਦਿੱਤੀ ਜਾਂਦੀ ਹੈ । ਮੇਰਾ ਕਹਿਣ ਦਾ ਮਤਲਬ ਹੈ ਕਿ ਬਾਦਲ ਸਾਹਿਬ, ਰਿਜ਼ਲਟ ਨਾ ਵੇਖੋ ਬਲਕਿ ਪੜ੍ਹਾਈ ਵੇਖੋ । ਮੈਂ ਬਾਦਲ ਸਾਹਿਬ ਨੂੰ ਕਹਾਂਗੀ ਕਿ ਜਿਥੇ ਤੁਸੀਂ ਆਦਰਸ਼ ਸਕੂਲਾਂ ਵਾਸਤੇ 25 ਕਰੋੜ ਰੁਪਿਆ ਰੱਖਿਆ ਹੈ, ਉਥੇ ਅੰਮ੍ਰਿਤਸਰ ਵਿਚ ਲੜਕੀਆਂ ਦੇ ਕਾਲਜ ਵਾਸਤੇ 5 ਕਰੋੜ ਰੁਪਿਆ ਜ਼ਰੂਰ ਦਿਉ । ਅਸੀਂ ਜਨਤਾ ਦੇ ਨਾਲ ਕਮਿਟਮੈਂਟ ਕਰਕੇ ਆਏ ਹਾਂ ਕਿ ਬਾਦਲ ਸਾਹਿਬ ਦੀ ਸਰਕਾਰ ਜ਼ਰੂਰ ਪੈਸਾ ਦੇਵੇਗੀ । ਇਸ ਤਰ੍ਹਾਂ ਨਾ ਹੋਵੇ ਕਿ ਸਾਨੂੰ ਬੱਚਿਆਂ ਦੇ ਨਾਲ ਦਰੀਆਂ ਵਿਛਾ ਕੇ ਧਰਨੇ ਤੇ ਬੈਠਣਾ ਪਵੇ । ਜੋ ਹੋਮ ਗਾਰਡਜ਼ ਦੇ ਨੌਜਵਾਨਾਂ ਦੀਆਂ ਮੰਗਾਂ ਹਨ, ਉਨ੍ਹਾਂ ਨੂੰ ਵੀ ਪੂਰਾ ਕਰਨਾ ਚਾਹੀਦਾ ਹੈ । ਜੋ ਕਵਿਤਾ ਲਿਖੀ ਗਈ ਹੈ, ਉਹ ਬਹੁਤ ਵਧੀਆ ਹੈ ਅਤੇ ਉਸ ਦੇ ਲਈ ਮੈਂ 251/- ਰੁਪਏ ਦਾ ਇਨਾਮ ਡਿਕਲੇਅਰ ਕਰਦੀ ਹਾਂ । ਮੈਨੂੰ ਪੂਰਾ ਵਿਸ਼ਵਾਸ ਹੈ ਕਿ ਪੰਜਾਬ ਸਰਕਾਰ, ਸਰਕਾਰੀ ਕਾਲਜਾਂ ਵਾਂਗ ਪ੍ਰਾਈਵੇਟ ਕਾਲਜ ਟੀਚਰਾਂ ਨੂੰ ਪੈਨਸ਼ਨ ਦੇਵੇਗੀ । ਮੈਂ ਵੀ ਕਾਲਜ ਟੀਚਰ ਹਾਂ । ਕਾਲਜਾਂ ਦੇ ਕਲਰਕ, ਚਪੜਾਸੀ ਵਗੈਰਾ ਜੋ ਹਨ, ਉਨ੍ਹਾਂ ਨੂੰ ਵੀ ਪੈਨਸ਼ਨ ਦਿੱਤੀ ਜਾਵੇ ਤਾਂਕਿ ਉਹ ਲੋਕ ਰਿਟਾਇਰਮੈਂਟ ਤੋਂ ਬਾਅਦ ਬੇਸਹਾਰਾ ਮਹਿਸੂਸ ਨਾ ਕਰਨ ਅਤੇ ਬੁਢਾਪੇ ਵਿਚ ਉਨ੍ਹਾਂ ਨੂੰ ਰੁਲਣਾ ਨਾ ਪਵੇ । ਸਪੀਕਰ ਸਾਹਿਬ, ਅੱਜ ਕੱਲ੍ਹ ਦੇ ਬੱਚਿਆਂ ਬਾਰੇ ਤੁਹਾਨੂੰ ਪਤਾ ਹੀ ਹੈ । ਜਿਨ੍ਹਾਂ ਨੂੰ ਅਸੀਂ ਸੀਨੀਅਰ ਸਿਟੀਜ਼ਨ ਕਹਿੰਦੇ ਹਾਂ, ਉਨ੍ਹਾਂ ਨੂੰ ਰੁਲਣਾ ਨਾ ਪਵੇ । ਧੰਨਵਾਦ ।

ਸ਼੍ਰੀ ਸਪੀਕਰ : ਤੁਹਾਡਾ ਟਾਈਮ ਖਤਮ ਹੋ ਗਿਆ ਹੈ, ਤੁਸੀਂ ਬੈਠੋ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ (ਲਹਿਰਾ) : ਸਪੀਕਰ ਸਾਹਿਬ, ਮੈਨੂੰ ਇਕ ਗੱਲ ਕਹਿ ਲੈਣ ਦਿਉ । ਮੇਰੀ ਗੈਰ ਸਰਕਾਰੀ ਬਿਲ ਤੇ ਗੱਲ ਨਹੀਂ ਹੋ ਸਕੀ । ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੈ ਕਿ ਸਰਕਾਰ 1999 ਵਿਚ ਖਾਲਸਾ ਪੰਥ ਦਾ 300 ਸਾਲਾ ਜਨਮ ਦਿਨ ਮਨਾ ਰਹੀ ਹੈ ਪਰ ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਹੇਮਕੁੰਟ ਸਾਹਿਬ ਦਾ

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਰਸਤਾ ਬਣਾਉਣ ਲਈ ਮੈਂ ਪਬਲਿਕ ਵਿਚ ਐਲਾਨ ਕਰਕੇ ਆਈ ਸੀ ਅਤੇ ਕੈਬਨਿਟ ਵਿਚ ਇਹ ਪਾਸ ਵੀ ਕਰਨਾ ਚਾਹੁੰਦੀ ਸੀ ਪਰ ਉਹ ਪਾਸ ਨਹੀਂ ਹੋ ਸਕਿਆ । ਇਹ ਵੀ ਗੁਰੂ ਗੋਬਿੰਦ ਸਿੰਘ ਜੀ ਨਾਲ ਤਾਅਲੁੱਕ ਰੱਖਦਾ ਹੈ । ਹਣ ਸੀ. ਐਮ. ਸਾਹਿਬ ਹਾਊਸ ਵਿਚ ਇਸ ਬਾਰੇ ਐਲਾਨ ਕਰਨ !

ਸ੍ਰੀ ਸਪੀਕਰ : ਹੇਮ ਕੁੰਟ ਸਾਹਿਬ ਦਾ ਰਸਤਾ ਬਣਾਉਣ ਵਾਸਤੇ ?

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਮੈਂ ਪਬਲਿਕ ਵਿਚ ਐਲਾਨ ਕੀਤਾ ਸੀ ਕਿ ਅਸੀਂ ਇਹ ਰਸਤਾ ਬਣਾਵਾਂਗੇ ਔਰ ਕੈਬਨਿਟ ਵਿਚੋਂ ਵੀ ਮੈਂ ਇਹ ਮਾਮਲਾ ਲਿਆਉਣਾ ਚਾਹੁੰਦੀ ਸੀ ਪਰ ਲਿਆ ਨਹੀਂ ਸਕੀ । ਇਹ ਇਨ੍ਹਾਂ (ਰੂਲਿੰਗ ਪਾਰਟੀਜ਼ ਵੱਲ ਇਸ਼ਾਰਾ) ਦੀ ਮਿਹਰਬਾਨੀ ਕਰਕੇ ਬੰਦ ਹੋ ਗਿਆ । ਹੁਣ ਬਾਦਲ ਸਾਹਿਬ, ਇਥੇ ਹਾਊਸ ਵਿਚ ਐਲਾਨ ਕਰਨ । (ਕਾਂਗਰਸ ਪਾਰਟੀ ਵੱਲੋਂ ਥੰਪਿੰਗ)

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਪਿਛਲੇ ਕੁਝ ਦਿਨਾਂ ਤੋਂ ਇਸ ਸਾਲ ਦੇ ਬਜਟ ਬਾਰੇ ਬੜੀ ਹੀ ਕੰਸਟਰੱਕਟਿਵ ਬਹਿਸ ਹੋਈ ਹੈ । ਦੋਵੇਂ ਪਾਸਿਓਂ ਮੈਂਬਰ ਸਾਹਿਬਾਨ ਨੇ ਬੜੇ ਹੀ ਉਸਾਰੂ ਸੁਝਾਓ ਦਿੱਤੇ ਅਤੇ ਮੈਂ ਉਨ੍ਹਾਂ ਸਾਰੇ ਮੈਂਬਰਾਂ ਦਾ ਬਹੁਤ ਧੰਨਵਾਦੀ ਹਾਂ । ਸਪੀਕਰ ਸਾਹਿਬ, ਜਿਥੇ ਮੈਂਬਰਾਂ ਨੇ ਉਸਾਰੂ ਸੁਝਾਓ ਦਿੱਤੇ, ਉਥੇ ਕੁਝ ਵੀਰਾਂ ਨੇ ਕ੍ਰਿਟੀਸਿਜ਼ਮ ਸਿਰਫ ਫਾਰ ਦੀ ਸੇਕ ਆਫ ਕ੍ਰਿਟੀਸਿਜ਼ਮ ਹੀ ਕੀਤੀ । ਅਸੀਂ ਹਰ ਇਕ ਮੈਂਬਰ ਦਾ ਬਹੁਤ ਸਤਿਕਾਰ ਕਰਦੇ ਹਾਂ, ਆਪੋਜ਼ੀਸ਼ਨ ਮੈਂਬਰਾਂ ਦਾ ਖਾਸ ਕਰਕੇ ਸਤਿਕਾਰ ਕਰਦੇ ਹਾਂ ਔਰ ਉਨ੍ਹਾਂ ਵੱਲੋਂ ਜੋ ਸੁਝਾਓ ਆਉਂਦੇ ਹਨ, ਉਹ ਨੋਟ ਵੀ ਕਰਦੇ ਹਾਂ ਅਤੇ ਉਨ੍ਹਾਂ ਤੇ ਐਕਸ਼ਨ ਵੀ ਲੈਂਦੇ ਹਾਂ । ਬਜਟ ਦੇ ਵਿਸਥਾਰ ਵਿਚ ਮੈਂ ਨਹੀਂ ਜਾਣਾ ਚਾਹੁੰਦਾ ਕਿਉਂਕਿ ਸਮਾਂ ਬੜਾ ਲਿਮਿਟਿਡ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ, ਮਾਣ ਹੈ, ਕਿ ਜੋ ਬਜਟ ਇਸ ਹਾਊਸ ਦੇ ਸਾਹਮਣੇ ਪੇਸ਼ ਹੋਇਆ, ਉਸ ਤੇ ਭਾਵੇਂ ਆਪੋਜ਼ੀਸ਼ਨ ਵੱਲੋਂ ਕੁਝ ਨੁਕਤਾਚੀਨੀ ਵੀ ਹੋਈ ਲੇਕਿਨ ਸਮੁੱਚੇ ਪੰਜਾਬੀਆਂ ਅਤੇ ਸਮੁੱਚੀ ਪ੍ਰੈਸ ਨੇ ਉਸਦੀ ਬਹੁਤ ਵੱਡੀ ਸ਼ਲਾਘਾ ਕੀਤੀ ਹੈ । (ਥੰਪਿੰਗ) ਮੈਂ, ਸਪੀਕਰ ਸਾਹਿਬ, ਜੇ ਸਾਰੇ ਅਖਬਾਰਾਂ ਦੀਆਂ ਕਟਿੰਗਜ਼ ਪੇਸ਼ ਕਰਾਂ ਤਾਂ ਬਹੁਤ ਲੰਬਾ ਸਮਾਂ ਲੱਗ ਜਾਵੇਗਾ, ਥੋੜ੍ਹਾ ਸਮਾਂ ਟੱਪ ਵੀ ਗਿਆ ਹੈ ਪਰ ਤੁਸੀਂ ਅੱਜ ਦੀ 'ਟ੍ਰਿਬਿਊਨ' ਅਖਬਾਰ ਜਿਹੜੀ ਕਿ ਪੰਜਾਬ ਦੀ ਲੀਡਿੰਗ ਅਖਬਾਰ ਹੈ, ਉਸਦਾ ਜਿਹੜਾ ਮੇਨ ਆਰਟੀਕਲ ਹੈ, ਉਹ ਤੁਸੀਂ ਜ਼ਰੂਰ ਪੜ੍ਹਿਓ । ਪੜ੍ਹ ਤਾਂ ਤੁਸੀਂ ਲਿਆ ਹੋਣਾ ਹੈ । ਜੇ ਸਾਡੇ ਆਪੋਜ਼ੀਸ਼ਨ ਦੇ ਵੀਰਾਂ ਵਿਚੋਂ ਕਿਸੇ ਨੇ ਨਾ ਪੜ੍ਹਿਆ ਹੋਵੇ ਤਾਂ ਮੈਂ ਉਸ ਨੂੰ ਵੀ ਜ਼ਰੂਰ ਕਹਾਂਗਾ ਕਿ ਉਹ ਇਸ ਨੂੰ ਜ਼ਰੂਰ ਪੜ੍ਹ ਲੈਣ । ਉਸਦੇ ਵਿਚ ਪੰਜਾਬ ਦੇ ਬਜਟ ਦੇ ਬਾਰੇ ਵਿਚ ਕੀ ਲਿਖਿਆ ਹੈ, ਇਹ ਅੱਜ ਦੇ 'ਟ੍ਰਿਬਿਊਨ' ਦੇ ਆਰਟੀਕਲ ਵਿਚ ਹੈ whose title is "A Look at Punjab Budget". ਉਸਦੇ ਵਿਚ ਆਖਿਰ ਵਿਚ ਜਿਸਟ ਵਿਚ ਲਿਖਿਆ ਹੈ :

"The Punjab budget displays the "inner strength" of the social orientation of the state government. It is the economic demonstration of its political promise to wipe tears from every eye, to dispel darkness from every house, to bring cheer to every heart and to apply balm on every wound."

ਇਹ, ਸਪੀਕਰ ਸਾਹਿਬ, ਜੋ ਮੈਂ ਆਖਾਂ, ਜੇ ਇਨ੍ਹਾਂ ਬੈਂਚਾਂ ਤੋਂ ਕੋਈ ਸੱਜਣ ਆਖੇ ਤਾਂ ਹੋ ਸਕਦਾ ਹੈ ਕਿ ਸਾਹਮਣੇ ਬੈਠੇ ਵੀਰ ਉਸਨੂੰ ਨਾ ਮੰਨਣ ਪਰ ਇਹ 'ਟ੍ਰਿਬਿਊਨ' ਵਿਚ ਲੀਡ੍ਹਿੰਗ ਆਰਟੀਕਲ ਹੈ । ਉਸ ਤੋਂ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਇਹ ਬਜਟ ਕਿਹੋ ਜਿਹਾ ਸੀ । ਮੈਂ ਵਧਾਈ ਦਿੱਤੇ ਬਿਨਾਂ ਨਹੀਂ ਰਹਿ ਸਕਦਾ । ਸਾਡੇ ਫਾਈਨਾਂਸ ਮਨਿਸਟਰ ਸਾਹਿਬ ਕੈਪਟਨ ਕੰਵਲਜੀਤ ਸਿੰਘ ਹੋਰਾਂ ਨੂੰ ਕਿ ਉਨ੍ਹਾਂ ਨੇ ਜੋ ਬਜਟ ਪੇਸ਼ ਕੀਤਾ, ਬਹੁਤ ਵਧੀਆ ਕੀਤਾ । ਬਜਟ ਸਪੀਚ ਵੀ ਵਧੀਆ ਕੀਤੀ ਔਰ ਕਨਕਲੂਡਿੰਗ ਸਪੀਚ ਵੀ ਜਿਹੜੀ ਸੀ, ਉਸ ਤੇ ਵੀ ਜਿੰਨੀ ਵਧਾਈ ਦੇ ਸਕਦਾ ਹਾਂ, ਉਹ ਥੋੜ੍ਹੀ ਹੈ । (ਥੰਪਿੰਗ)

ਸਪੀਕਰ ਸਾਹਿਬ, ਮੈਂ ਸਾਰੇ ਬਜਟ ਵਿਚ ਨਾ ਜਾਂਦਾ ਹੋਇਆ ਅੱਜ ਦੀਆਂ ਜੋ ਡਿਮਾਂਡਜ਼ ਹਨ ਅਤੇ ਜਿਨ੍ਹਾਂ ਤੇ ਬਹਿਸ ਹੋਈ ਹੈ, ਉਨ੍ਹਾਂ ਦਾ ਹੀ ਜ਼ਿਕਰ ਕਰਾਂਗਾ । ਉਨ੍ਹਾਂ ਵਿਚੋਂ ਇਕ ਡਿਮਾਂਡ ਜਿਹੜੀ ਹੈ, ਉਹ ਹੋਮ, ਜਸਟਿਸ ਅਤੇ ਜੇਲ੍ਹਾਂ ਬਾਰੇ ਹੈ ਅਤੇ ਦੂਜੀ ਐਜੂਕੇਸ਼ਨ ਦੇ ਬਾਰੇ ਹੈ । ਇਹ ਭਾਵੇਂ ਦੋ ਹੀ ਡਿਮਾਂਡਾਂ ਹਨ, ਪਰ ਵਿਸ਼ੇ 3-4 ਕਵਰ ਕਰਦੀਆਂ ਹਨ । ਹੋਮ ਵਿਚ ਇਹ ਗੱਲਾਂ ਆ ਜਾਂਦੀਆਂ ਹਨ ਜਿਨ੍ਹਾਂ ਤੇ ਅੱਜ ਬਹਿਸ ਹੋਈ ਹੈ । ਇਹ ਜਿਹੜੀਆਂ ਡਿਮਾਂਡਜ਼ ਹਨ, ਇਹ ਬਹੁਤ ਹੀ ਮਹੱਤਵਪੂਰਨ ਡਿਮਾਂਡਜ਼ ਹਨ ਕਿਉਂਕਿ ਕਿਸੇ ਸੂਬੇ ਦੀ, ਕਿਸੇ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਜੋ ਨਿਰਭਰ ਕਰਦੀ ਹੈ, ਉਹ ਹੋਮ ਡਿਪਾਰਟਮੈਂਟ ਤੇ ਕਰਦੀ ਹੈ, ਜਿਹੜੀ ਕਿ ਇਕ ਵਾਈਡ ਟਰਮ ਹੈ ਜਿਸ ਵਿਚ ਪੁਲਿਸ ਵੀ ਆ ਜਾਂਦੀ ਹੈ, ਲਾਅ ਐਂਡ ਆਰਡਰ ਵੀ ਆ ਜਾਂਦਾ ਹੈ, ਜਸਟਿਸ ਵੀ ਆ ਜਾਂਦੀ ਹੈ ਔਰ ਉਸ ਡਿਪਾਰਟਮੈਂਟ ਵਿਚ ਅਮਨ ਸ਼ਾਂਤੀ ਦੀਆਂ ਜਿਹੜੀਆਂ ਅਸੀਂ ਗੱਲਾਂ ਕਰਦੇ ਹਾਂ, ਉਹ ਵੀ ਆ ਜਾਂਦੀਆਂ ਹਨ । ਇਸ ਲਈ ਇਹ ਜਿਹੜੀ ਡਿਮਾਂਡ ਹੈ, ਇਹ ਬਹੁਤ ਅਹਿਮ ਹੈ ਅਤੇ ਦੂਸਰੀ ਐਜੂਕੇਸ਼ਨ ਦੀ ਜਿਹੜੀ ਡਿਮਾਂਡ ਹੈ, ਉਸ ਤੇ ਵੀ ਸਾਰੀ ਖੁਸ਼ਹਾਲੀ ਅਤੇ ਤਰੱਕੀ ਨਿਰਭਰ ਕਰਦੀ ਹੈ । ਮੈਂ ਸਮਝਦਾ ਹਾਂ ਕਿ ਅੱਜ ਜਿਹੜੀ ਬਹਿਸ ਹੋਈ ਹੈ ਦੇ ਮੱਦਾਂ ਤੇ, ਉਸਦੀ ਬਹੁਤ ਵੱਡੀ ਅਹਿਮੀਅਤ ਸਾਨੂੰ ਸਮਝਣੀ ਚਾਹੀਦੀ ਹੈ । ਇਸ ਬਹਿਸ ਦਾ ਆਗਾਜ਼ ਕਾਂਗਰਸ ਦੇ ਸਾਡੇ ਆਗੂ ਬਰਾੜ ਸਾਹਿਬ ਨੇ ਕੀਤਾ ਜਿਹੜੇ ਕਿ ਮੇਰੇ ਹੀ ਜ਼ਿਲ੍ਹੇ ਦੇ ਹਨ ਅਤੇ ਉਸਦੇ ਵਿਚੋਂ ਹੀ ਇਹ ਮੈਂਬਰ ਬਣੇ ਹਨ ਭਾਵੇਂ ਕਿ ਹੁਣ ਇਸ ਦੇ ਜ਼ਿਲ੍ਹੇ ਕਈ ਬਣ ਗਏ ਹਨ, ਪਰ ਮੈਂ ਇਕ ਗੱਲ ਜ਼ਰੂਰ ਕਹਾਂਗਾ ਤੇ ਮੈਂ ਇਹ ਗੱਲਾਂ ਨਹੀਂ ਛੇੜਨੀਆਂ ਚਾਹੁੰਦਾ ਸੀ ਅਤੇ ਮੈਂ ਪਿਛਲੀ ਵਾਰੀ ਵੀ ਕਿਹਾ ਸੀ ਕਿ Let's Forget and Forgive ਲੇਕਿਨ ਪਤਾ ਨਹੀਂ ਕੀ ਗੱਲ ਹੈ ਕਿ ਸਾਡੇ ਸਾਹਮਣੇ ਜਿਹੜੇ ਭਰਾ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਬੈਠੇ ਹਨ, ਇਹ ਫੇਰ ਪੁਰਾਣੀਆਂ ਗੱਲਾਂ ਛੇੜ ਦਿੰਦੇ ਹਨ । ਮੈਂ ਕਾਮਰੇਡ ਅਰਸ਼ੀ ਜੀ ਦਾ ਧੰਨਵਾਦ ਕਰਦਾ ਹਾਂ ਅਤੇ ਮੈਂ ਇਨ੍ਹਾਂ ਦੀ ਸਹੀ ਮਾਅਨਿਆਂ ਵਿਚ ਤਾਰੀਫ ਵੀ ਕਰਦਾ ਹਾਂ ਕਿ ਉਹ ਜਿਥੇ ਤਾਰੀਫ ਕਰਨੀ ਹੁੰਦੀ ਹੈ, ਉਥੇ ਤਾਰੀਫ ਕਰਦੇ ਹਨ ਅਤੇ ਜਿਥੇ ਕੋਈ ਕ੍ਰਿਟੀਸਿਜ਼ਮ ਕਰਨਾ ਹੁੰਦਾ ਹੈ, ਉਥੇ ਕ੍ਰਿਟੀਸਿਜ਼ਮ ਵੀ ਕਰਦੇ ਹਨ ਪਰ ਸਾਡੇ ਸਾਹਮਣੇ

[ਮੁੱਖ ਮੰਤਰੀ]

ਬੈਠੇ ਵੀਰ ਤਾਂ ਕ੍ਰਿਟੀਸਿਜ਼ਮ ਹੀ ਕ੍ਰਿਟੀਸਿਜ਼ਮ ਕਰਦੇ ਹਨ, ਇਹ ਅਸਲੀਅਤ ਨਹੀਂ ਦੇਖਦੇ। ਇਸ ਲਈ ਅੱਜ ਜਿਹੜਾ ਮਸਲਾ ਹੈ, ਸਭ ਤੋਂ ਭਖਵਾਂ ਮਸਲਾ ਜੋ ਹੈ ਜਿਸ ਦੀ ਚਰਚਾ ਸਦਨ ਵਿਚ ਹੁੰਦੀ ਹੈ ਅਤੇ ਜਿਸ ਦਾ ਤਾਅਲੁੱਕ ਅੱਜ ਦੀ ਡਿਮਾਂਡ ਨਾਲ ਹੈ ਉਹ ਅਮਨ ਅਤੇ ਸ਼ਾਂਤੀ ਦੀ ਗੱਲ ਹੈ। ਮੈਂ ਇਨਸਾਫ਼ ਨਹੀਂ ਕਰਾਂਗਾ ਜੇਕਰ ਇਹ ਗੱਲ ਨਾ ਕਹਾਂ ਕਿ ਜੇ ਆਪਾਂ ਅਮਨ ਤੇ ਸ਼ਾਂਤੀ ਚਾਹੁੰਦੇ ਹਾਂ ਜੋ ਕਿ ਹਰ ਸ਼ਹਿਰੀ ਚਾਹੁੰਦਾ ਹੈ, ਹਰ ਦੇਸ਼ ਵਾਸੀ ਚਾਹੁੰਦਾ ਹੈ, ਅਤੇ ਹਰ ਪੰਜਾਬੀ ਚਾਹੁੰਦਾ ਹੈ; ਤਾਂ ਫਿਰ ਇਸ ਨੂੰ ਭੰਗ ਕਰਨ ਵਾਲੀ ਤਕਲੀਫ ਨੂੰ ਦੂਰ ਕਰਨ ਵਾਸਤੇ, ਇਸ ਦਾ ਪੱਕੇ ਪੈਰੀਂ ਇਲਾਜ ਕਰਨ ਵਾਸਤੇ ਸਾਨੂੰ ਇਸ ਦੇ ਪਿਛੋਕੜ ਵਿਚ ਜਾਣਾ ਪਵੇਗਾ। ਸਾਨੂੰ ਇਹ ਸਮਝਣਾ ਤੇ ਸੋਚਣਾ ਪਵੇਗਾ ਕਿ ਪੰਜਾਬ ਵਿਚ ਜੋ ਅਮਨ ਤੇ ਸ਼ਾਂਤੀ ਭੰਗ ਹੋਈ, ਉਸ ਦੇ ਲਈ ਕੌਣ ਜ਼ਿੰਮੇਵਾਰ ਹੈ। ਕਿਸ ਨੇ ਇਹ ਗਲਤੀਆਂ ਕੀਤੀਆਂ ਹਨ। ਜਿਨ੍ਹਾਂ ਨੇ ਅੱਗੇ ਇਹ ਗਲਤੀਆਂ ਕੀਤੀਆਂ ਹਨ, ਉਨ੍ਹਾਂ ਨੇ ਕਿਤੇ ਫੇਰ ਤਾਂ ਨਹੀਂ ਇਹ ਗਲਤੀਆਂ ਕਰਨੀਆਂ ਆਰੰਭ ਕਰ ਦਿੱਤੀਆਂ। ਜਦੋਂ ਤੱਕ ਅਸੀਂ ਇਹ ਗੱਲਾਂ ਨਹੀਂ ਸੋਚਾਂਗੇ, ਉਦੋਂ ਤੱਕ ਅਸੀਂ ਕਿਸੇ ਸਿੱਟੇ ਤੇ ਨਹੀਂ ਪਹੁੰਚ ਸਕਾਂਗੇ। ਪਤਾ ਨਹੀਂ ਸਾਡੀ ਕੀ ਬਦਕਿਸਮਤੀ ਹੈ, ਮੈਂ ਸਮਝ ਨਹੀਂ ਸਕਦਾ ਕਿ ਸਾਥੋਂ ਕਿਥੇ ਗਲਤੀ ਹੋਈ ਹੈ ਜਿਸ ਕਰਕੇ ਕਾਂਗਰਸੀ ਵੀਰ ਹਮੇਸ਼ਾਂ ਹੀ ਸ਼੍ਰੋਮਣੀ ਅਕਾਲੀ ਦਲ ਦੀ ਨੁਕਤਾਚੀਨੀ ਕਰਦੇ ਹਨ ਜਦ ਕਿ ਹੈਰਾਨੀ ਦੀ ਗੱਲ ਇਹ ਹੈ ਕਿ ਸਭ ਕੁਝ ਉਲਟ ਪੁਲਟ ਇਨ੍ਹਾਂ ਨੇ ਹੀ ਕੀਤਾ ਹੈ। ਪੰਜਾਬ ਦੇ ਹੱਕਾਂ ਦੇ ਖਿਲਾਫ ਜੋ ਕੁਝ ਇਨ੍ਹਾਂ ਨੇ ਕੀਤਾ ਹੈ, ਉਹ ਇਕ ਖੁਲ੍ਹੀ ਕਿਤਾਬ ਹੈ। ਪੰਜਾਬ ਦੇ ਹੱਕ ਦੇ ਵਾਸਤੇ ਜੋ ਕੁਝ ਅਕਾਲੀ ਦਲ ਨੇ ਕੀਤਾ ਹੈ, ਉਹ ਵੀ ਖੁੱਲ੍ਹੀ ਕਿਤਾਬ ਹੈ। ਮੈਂ ਕਹਿ ਸਕਦਾ ਹਾਂ ਕਿ ਅੱਜ ਇਹ ਸਦਨ ਜਿਥੇ ਅਸੀਂ ਬੈਠੇ ਹਾਂ, ਆਜ਼ਾਦੀ ਵੇਲੇ ਜੇ ਸ਼੍ਰੋਮਣੀ ਅਕਾਲੀ ਦਲ ਦਾ ਰੋਲ ਨਾ ਹੁੰਦਾ ਤਾਂ ਇਹ ਸਦਨ ਅੱਜ ਇਥੇ ਨਾ ਹੁੰਦਾ ਅਤੇ ਪਾਕਿਸਤਾਨ ਦੀ ਹੱਦ ਅੰਬਾਲੇ ਤੱਕ ਪਹੁੰਚ ਜਾਂਦੀ। ਉਦੋਂ ਦੇ ਮਹਾਨ ਨੇਤਾ ਮਾਸਟਰ ਤਾਰਾ ਸਿੰਘ ਜੀ ਨੇ ਲਾਹੌਰ ਖੜ੍ਹੇ ਹੋ ਕੇ ਲਲਕਾਰ ਦਿੱਤੀ ਸੀ ਅਤੇ ਲਲਕਾਰ ਦੀ ਵਜ੍ਹਾ ਕਰਕੇ ਪੰਜਾਬ ਦੀਆਂ ਇਹ ਆਬਾਦੀਆਂ ਬਚ ਗਈਆਂ ਹਨ, ਨਹੀਂ ਤਾਂ ਪਤਾ ਨਹੀਂ ਪਾਕਿਸਤਾਨ ਕਿਥੋਂ ਤੱਕ ਪਹੁੰਚ ਜਾਂਦਾ। ਸ਼੍ਰੋਮਣੀ ਅਕਾਲੀ ਦਲ ਨੇ ਇਤਿਹਾਸ ਵਿਚ ਜੋ ਆਪਣਾ ਰੋਲ ਅਦਾ ਕੀਤਾ ਹੈ, ਉਹ ਇਕ ਇਤਿਹਾਸਕ ਰੋਲ ਹੈ। ਜੰਗੇ-ਆਜ਼ਾਦੀ ਵਿਚ ਇਸ ਦਾ ਕਿੱਡਾ ਵੱਡਾ ਯੋਗਦਾਨ ਹੈ ਅਤੇ ਫਿਰ ਜਦੋਂ ਐਮਰਜੈਂਸੀ ਹਿੰਦੁਸਤਾਨ ਵਿਚ ਲੱਗੀ ਤਾਂ ਇਹ ਜੋ ਭਰਾ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਸਾਹਮਣੇ ਬੈਠੇ ਹਨ.... ਮੈਂ ਅਰਜ਼ੀ ਨੂੰ ਕਹਾਂਗਾ ਕਿ ਤੁਸੀਂ ਇਨ੍ਹਾਂ ਦਾ ਸਾਥ ਕਿਉਂ ਦਿੰਦੇ ਹੋ ਜਿਨ੍ਹਾਂ ਨੇ ਐਮਰਜੰਸੀ ਲਾ ਕੇ ਸਾਰੇ ਮੁਲਕ ਨੂੰ ਜੇਲ੍ਹਖਾਨਾ ਬਣਾ ਦਿੱਤਾ। ਜਦੋਂ ਐਮਰਜੈਂਸੀ ਲਾਈ ਗਈ ਸੀ, ਉਦੋਂ ਹਿੰਦੋਸਤਾਨ ਵਿਚ ਕਾਲਾ ਕਾਨੂੰਨ ਸੀ। ਉਸ ਵੇਲੇ ਐਮਰਜੈਂਸੀ ਦੇ ਖਿਲਾਫ ਕੌਣ ਨਿੱਤਰਿਆ। ਹੋਰ ਕੋਈ ਨਹੀਂ ਨਿਤਰਿਆ। ਉਦੋਂ ਨਿਤਰਿਆ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਜਿਨ੍ਹਾਂ ਨੇ ਜੇਲ੍ਹਾਂ ਵਿਚ ਰਹਿ ਕੇ ਉਸ ਜ਼ੁਲਮ ਤੇ ਜਬਰ ਦੇ ਖਿਲਾਫ ਲੜਾਈ ਲੜੀ। ਸਾਨੂੰ ਇਹ ਸਾਰਾ ਸੋਚਣਾ ਪਵੇਗਾ। ਪੰਜਾਬ ਰਿਸ਼ੀਆਂ ਮੁਨੀਆਂ ਅਤੇ ਗੁਰੂਆਂ ਦੀ ਧਰਤੀ ਹੈ। ਇਥੇ ਤਾਂ ਸੰਦੇਸ਼ ਹੀ ਅਮਨ ਤੇ ਪਿਆਰ ਦਾ ਹੈ ਅਤੇ ਸੰਦੇਸ਼ ਹੀ ਭਾਈਚਾਰਕ ਸਾਂਝ ਦਾ ਹੈ। ਇਸ ਧਰਤੀ ਦੇ ਚੱਪੇ ਚੱਪੇ ਨੂੰ ਗੁਰੂਆਂ

ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ ਹੈ । ਪੰਜਾਬ ਜਿੰਨ੍ਹਾਂ ਸੈਕੂਲਰ, ਪੰਜਾਬ ਜਿੰਨ੍ਹਾਂ ਭਾਈਚਾਰਕ ਸਾਂਝ ਵਾਲਾ, ਪੰਜਾਬ ਜਿੰਨਾ ਜ਼ੁਲਮ ਤੇ ਜਬਰ ਦੇ ਖਿਲਾਫ ਉਠਣ ਵਾਲਾ ਸੂਬਾ ਦੇਸ਼ ਵਿਚ ਹੋਰ ਕੋਈ ਹੈ ? ਦੇਸ਼ ਵਿਚ ਤਾਂ ਕੀ, ਦੁਨੀਆਂ ਵਿਚ ਵੀ ਨਹੀਂ ਹੋਣਾ । ਕਿੱਡਾ ਵੱਡਾ ਸੈਕੂਲਰ ਇਹ ਸੂਬਾ ਹੈ । ਇਥੇ ਸੰਸਾਰ ਦਾ ਸਭ ਤੋਂ ਵੱਡਾ ਪਵਿੱਤਰ ਅਤੇ ਸੈਕੂਲਰ ਅਸਥਾਨ ਹੈ, ਹਰਿਮੰਦਰ ਸਾਹਿਬ । ਅਤੇ ਉਸ ਦੀ ਨੀਂਹ ਪਤਾ ਹੈ ਕਿਸ ਨੇ ਰੱਖੀ ? ਸਾਈਂ ਮੀਆਂ ਮੀਰ ਨੇ । ਧਰਮ ਦੀ ਆਜ਼ਾਦੀ ਲਈ ਦੁਨੀਆਂ ਵਿਚ ਸਭ ਤੋਂ ਵੱਡੀ ਆਵਾਜ਼ ਇਥੋਂ ਉਠੀ, ਪੰਜਾਬ ਵਿਚੋਂ । ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਦੇ ਕੇ ਹਿੰਦੂ ਧਰਮ ਬਚਾਇਆ । (ਥੰਪਿੰਗ) ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਫਤਹਿਗੜ੍ਹ ਸਾਹਿਬ... ਉਥੋਂ ਦੇ ਐਮ.ਐੱਲ.ਏ. ਗੈਰਹਾਜ਼ਰ ਹਨ, ਉਹ ਇਨ੍ਹਾਂ ਦੇ ਦਾਇਰੇ ਵਿਚੋਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਬਾਹਰ ਨਹੀਂ ਨਿਕਲ ਰਹੇ, ਫਤਹਿਗੜ੍ਹ ਸਾਹਿਬ ਦੀ ਉਸ ਧਰਤੀ ਦੀ ਖਰੀਦ ਕੀਤੀ ਸੀ । ਜਿਥੇ ਸਾਹਿਬਜ਼ਾਦਿਆਂ ਦਾ ਸਸਕਾਰ ਹੋਇਆ ਸੀ । ਉਹ ਧਰਤੀ ਕਿਸ ਨੇ ਖਰੀਦ ਕੇ ਦਿੱਤੀ ਸੀ । ਉਹ ਖਰੀਦ ਕੇ ਦਿੱਤੀ ਸੀ, ਇਕ ਹਿੰਦੂ ਪਰਿਵਾਰ ਦੇ ਟੋਡਰ ਮੱਲ ਨੇ । ਸੋਚੋ ਕਿ ਇਹੋ ਜਿਹਾ ਸੂਬਾ, ਇਹੋ ਜਿਹੀ ਧਰਤੀ ਆਖਰ ਲਹੂ-ਲੁਹਾਨ ਕਿਉਂ ਹੋਈ । ਇਹਦੇ ਵਿੱਚ ਖੂਨ ਕਿਉਂ ਡੁੱਲਿਆ, ਏਡਾ ਵੱਡਾ ਨੁਕਸਾਨ ਕਿਉਂ ਹੋਇਆ । ਮੈਂ ਕਹਿ ਸਕਦਾ ਹਾਂ ਬਈ ਵੀਰੋ, ਭਾਵੇਂ ਤੁਸੀਂ ਇਸ ਗੱਲ ਨੂੰ ਕੁਝ ਕਹੋ, ਇਹ ਸਾਰਾ ਨੁਕਸਾਨ ਜੋ ਹੋਇਆ ਇਹ ਇਨ੍ਹਾਂ ਵੀਰਾਂ ਦੀ ਪਾਰਟੀ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਨੇ ਕੀਤਾ । ਇਹ ਜੋ ਸਾਡੇ ਸਾਹਮਣੇ ਬੈਠੇ ਹਨ, ਇਹਨਾਂ ਨੇ ਕੀਤਾ । ਵਿਤਕਰਿਆਂ ਦਾ ਏਡਾ ਇਤਿਹਾਸ ਬਣਿਆ ਹੋਇਆ ਹੈ । ਇਹ ਪੰਜਾਬ ਨਾਲ ਵਿਤਕਰਾ ਕੀਹਨੇ ਕੀਤਾ, ਇਹਨਾਂ ਨੇ ਕੀਤਾ । ਸਾਡੇ ਨਾਲ ਏਨੀ ਵੱਡੀ ਬੇਇਨਸਾਫੀ ਹੋਈ । ਕੋਈ ਦੱਸ ਦਿਓ ਕਦੇ ਸਾਨੂੰ ਇਨਸਾਫ ਮਿਲਿਆ ਹੋਵੇ । ਅਸੀਂ ਕਦੀ ਵੀ ਅਜਿਹੀ ਕੋਈ ਗੱਲ ਨਹੀਂ ਮੰਗੀ ਜਿਸ ਵਿੱਚ ਸਾਡਾ ਹੱਕ ਨਾ ਹੋਵੇ । ਸਾਡੀ ਤਾਂ ਇਸ ਤਰ੍ਹਾਂ ਦੀ ਆਦਤ ਹੀ ਨਹੀਂ । ਅਸੀਂ ਮੰਗਤੇ ਨਹੀਂ ਲੇਕਿਨ ਇਸ ਦੇ ਨਾਲ ਨਾਲ ਅਸੀਂ ਆਪਣੇ ਹੱਕ ਛੱਡਣੇ ਵੀ ਨਹੀਂ । ਮੈਂ ਇਨ੍ਹਾਂ ਵੀਰਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਤੋਂ ਚੰਡੀਗੜ੍ਹ ਕਿਸ ਨੇ ਖੋਹਿਆ, ਪੰਜਾਬ ਦੇ ਪਾਣੀ ਕਿਸ ਨੇ ਖੋਹੇ, ਪੰਜਾਬੀ ਬੋਲਦੇ ਇਲਾਕੇ ਸਾਨੂੰ ਕਿਸ ਨੇ ਨਹੀਂ ਦਿੱਤੇ ? ਪੰਜਾਬ ਦੇ ਨਾਲ ਹਮੇਸ਼ਾ ਮਤ੍ਰੇਈ ਮਾਂ ਵਾਲਾ ਵਿਤਕਰਾ ਕਿਸ ਨੇ ਕੀਤਾ ? ਇਹ ਕੋਈ ਅਕਾਲੀ ਦਲ ਨੇ ਕੀਤਾ ਜਾਂ ਕਿਸੇ ਹੋਰ ਨੇ ਕੀਤਾ ? ਇਹ ਸਾਰਾ ਕੁਝ ਇਨ੍ਹਾਂ ਨੇ ਕੀਤਾ ਔਰ ਸ਼ਰੋਮਣੀ ਅਕਾਲੀ ਦਲ ਨੇ ਸੰਘਰਸ਼ ਲੜਿਆ, ਬੇਇਨਸਾਫੀ ਦੇ ਖਿਲਾਫ ਅਤੇ ਜ਼ਬਰ ਦੇ ਖਿਲਾਫ ਭਾਵੇਂ ਉਹ ਦੇਸ਼ ਨਾਲ ਜਬਰ ਹੋਇਆ ਅਤੇ ਭਾਵੇਂ ਉਹ ਪੰਜਾਬ ਦੇ ਨਾਲ ਜਬਰ ਹੋਇਆ । ਅਸੀਂ ਤਾਂ ਲੜਦੇ ਸੀ ਪੰਜਾਬ ਦੇ ਵਾਸਤੇ ਪਰ ਸਾਨੂੰ ਕੀ ਕਿਹਾ ਜਾਂਦਾ ਸੀ, ਕਿ ਅਸੀਂ ਵਿਦੇਸ਼ੀ ਏਜੰਟ ਹਾਂ, ਇਹ ਗੱਦਾਰ ਹਨ, ਇਹ ਖਾਲਿਸਤਾਨੀ ਹਨ । ਪੰਜਾਬ ਦਾ ਪਾਣੀ ਮੰਗਣਾ, ਪੰਜਾਬ ਦੀ ਬਿਜਲੀ ਮੰਗਣੀ, ਪੰਜਾਬੀ ਬੋਲਦੇ ਇਲਾਕੇ ਮੰਗਣੇ ਔਰ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਬੇਨਤੀ ਕਰਨੀ, ਕੀ ਇਹ ਕੋਈ ਇਹੋ ਜਿਹਾ ਕੰਮ ਅਸੀਂ ਕੀਤਾ ਹੈ ਜੋ ਕਿ ਨੈਸ਼ਨਲ ਇੰਟਰੈਸਟ ਦੇ ਖਿਲਾਫ ਹੋਵੇ ? ਅੱਜ ਵੀ ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਦੇਸ਼ ਨੂੰ ਵਖਤ ਪਿਆ, ਦੇਸ਼ ਨੂੰ ਮੁਸੀਬਤ ਪਈ ਤਾਂ ਪੰਜਾਬੀ ਅੱਗੇ ਹੋ ਕੇ ਲੜੇ ਤੇ ਜੇ ਅਗਾਂਹ ਨੂੰ ਵੀ ਕੋਈ ਲੜਾਈ ਲੜਨੀ ਹੈ ਤਾਂ ਇਨ੍ਹਾਂ ਨੇ ਹੀ (ਪੰਜਾਬੀਆਂ ਨੇ) ਲੜਨੀ ਹੈ । ਅਸੀਂ

[ਮੁੱਖ ਮੰਤਰੀ]

ਬੜਾ ਸਪਸ਼ਟ ਕਰਨਾ ਚਾਹੁੰਦੇ ਹਾਂ ਕਿ ਇਹ ਦੇਸ਼ ਸਾਡਾ ਹੈ । ਦੇਸ਼ ਦੀ ਏਕਤਾ, ਅਖੰਡਤਾ ਵਾਸਤੇ ਅਸੀਂ ਅੱਗੇ ਵੀ ਯੋਗਦਾਨ ਪਾਇਆ ਹੈ ਔਰ ਹੁਣ ਵੀ ਅਸੀਂ ਯੋਗਦਾਨ ਪਾਉਣਾ ਹੈ। ਇਸ ਲਈ ਜਿਹੜੀ ਮੈਂ ਇਹ ਗੱਲ ਕਹਿਣਾ ਚਾਹੁੰਦਾ ਸੀ, ਉਹ ਇਹ ਹੈ ਕਿ ਜਦੋਂ ਅਕਾਲੀ ਦਲ ਨੇ ਪੰਜਾਬ ਦੇ ਸਹੀ ਹੱਕਾਂ ਲਈ ਸੰਘਰਸ਼ ਕੀਤਾ ਤਾਂ ਸੈਂਟਰ ਵਾਲਿਆਂ ਨੇ ਉਸ ਨੂੰ ਇਹੋ ਜਿਹਾ ਮੋੜ ਦਿੱਤਾ ਕਿ ਉਹਦੇ ਨਾਲ ਪੰਜਾਬ ਦਾ ਬਹੁਤ ਨੁਕਸਾਨ ਹੋਇਆ । ਉਸ ਤੋਂ ਬਾਦ ਜੋ ਘਟਨਾਵਾਂ ਹੋਈਆਂ, ਜੋ ਪੰਜਾਬ ਨੂੰ ਦਰਦ ਦੇਖਣਾ ਪਿਆ, ਉਸ ਦੀ ਜ਼ਿੰਮੇਵਾਰੀ ਇਨ੍ਹਾਂ ਕਾਂਗਰਸੀਆਂ ਦੇ ਸਿਰ ਤੇ ਹੈ । ਮੈਂ ਅੱਜ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਕੁਝ ਵੀ ਪਿੱਛੇ ਹੋਇਆ ਹੈ, ਉਹ ਤੁਸੀਂ ਕੀਤਾ ਹੈ । ਬਹੁਤ ਕੁਝ ਹੋਇਆ ਲੇਕਿਨ ਤੁਹਾਡੇ ਸਾਡੇ ਦਰਮਿਆਨ ਕੋਈ ਡਿਫਰੈਂਸਜ਼ ਨਹੀਂ ਹੋਣੇ ਚਾਹੀਦੇ । ਸਾਡੀ ਕਾਂਗਰਸ ਦੇ ਨਾਲ ਕੋਈ ਜ਼ਾਤੀ ਲੜਾਈ ਨਹੀਂ । ਸਾਡੀ ਲੜਾਈ ਇਕੋ ਗੱਲ ਦੀ ਹੈ । ਤੁਸੀਂ ਆਪ ਸੋਚੋ ਕਿ ਅਸੀਂ ਕਾਂਗਰਸ ਦੀ ਹਕੂਮਤ ਦੇ ਨਾਲ ਕਿਉਂ ਲੜਦੇ ਹਾਂ । ਹਕੂਮਤ ਦੇ ਨਾਲ ਲੜਨਾ, ਏਨਾ ਲੰਮਾ ਸਮਾਂ ਲੜਨਾ ਕਿਸੇ ਪਾਰਟੀ ਵਾਸਤੇ ਕੋਈ ਸੌਖੀ ਗੱਲ ਨਹੀਂ ਹੁੰਦੀ । ਆਜ਼ਾਦੀ ਤੋਂ ਲੈ ਕੇ ਅੱਜ ਤੱਕ ਅਸੀਂ ਆਪਣੇ ਹੱਕਾਂ ਦੀ ਖਾਤਰ ਸੰਘਰਸ਼ ਕੀਤਾ, ਲੜਾਈ ਲੜੀ ਹੈ । ਅਸੀਂ ਬਹੁਤ ਮੁਸੀਬਤਾਂ ਝੱਲੀਆਂ ਹਨ, ਜੇਲ੍ਹਾਂ ਵਿੱਚ ਰਹੇ ਹਾਂ, ਹਜ਼ਾਰਾਂ ਮੀਲਾਂ ਦੀ ਦੂਰੀ ਤੱਕ ਜੇਲ੍ਹਾਂ ਕੱਟੀਆਂ ਹਨ । ਕਾਹਦੇ ਵਾਸਤੇ ਕੱਟੀਆਂ । ਕੋਈ ਰਾਜ ਭਾਗ ਵਾਸਤੇ ਨਹੀਂ ਕੱਟੀਆਂ । ਅਸੀਂ ਇਹ ਜੇਲ੍ਹਾਂ ਲੋਕਾਂ ਦੇ ਹਿੱਤਾਂ ਵਾਸਤੇ ਕੱਟੀਆਂ । ਜ਼ੁਲਮ ਅਤੇ ਜਬਰ ਦੇ ਖਿਲਾਫ ਕੱਟੀਆਂ । ਅਸੀਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਰਸਤੇ ਤੇ ਚੱਲਣ ਵਾਲੇ ਹਾਂ ਔਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਕੋ ਹੀ ਸਾਨੂੰ ਰਸਤਾ ਦੱਸਿਆ ਕਿ ਜ਼ੁਲਮ ਅਤੇ ਜਬਰ ਦੇ ਖਿਲਾਫ਼ ਲੜਨਾ ਹੈ । ਸਾਡਾ ਤੇ ਤੁਹਾਡਾ ਫਰਕ ਏਨਾ ਹੀ ਹੈ ਕਿ ਤੁਸੀਂ ਜ਼ਾਲਮ ਹੋ ਅਤੇ ਅਸੀਂ ਮਜ਼ਲੂਮ ਹਾਂ । ਤੁਸੀਂ ਡਿਕਟੇਟਰ ਹੋ ਅਤੇ ਅਸੀਂ ਡੈਮੋਕਰੈਟਿਕ ਹਾਂ, ਤੁਸੀਂ ਬੇਸ਼ਕ ਸਾਰਾ ਇਤਿਹਾਸ ਪੜ੍ਹ ਲਓ 40 ਸਾਲ ਦਾ ਔਰ ਮੈਨੂੰ ਦੁੱਖ ਹੈ ਕਿ ਉਤਲਿਆਂ ਦੀ ਤਾਂ ਪਤਾ ਨਹੀਂ ਕੀ ਨੀਤੀ ਸੀ ਪਰ ਤੁਸੀਂ ਤਾਂ ਸਾਡੇ ਭਰਾ ਹੋ, ਤੁਹਾਨੂੰ ਤਾਂ ਸਬਕ ਸਿੱਖਣਾ ਚਾਹੀਦਾ ਸੀ । ਪਤਾ ਨਹੀਂ ਸਾਥੋਂ ਕੀ ਗਲਤੀ ਹੋ ਗਈ ਜੋ ਅਸੀਂ ਐਮਰਜੈਂਸੀ ਦੇ ਖਿਲਾਫ ਲੜੇ । ਸੈਂਟਰ ਵਾਲਿਆਂ ਨੇ ਤਾਂ ਕਹਿਣਾ ਹੀ ਸੀ ਪਰ ਤੁਸੀਂ ਕਾਂਗਰਸੀ ਭਰਾਵਾਂ ਨੇ ਤਾਂ ਕਦੇ ਹਾਅ ਦਾ ਨਾਹਰਾ ਵੀ ਨਹੀਂ ਮਾਰਿਆ । ਕਦੇ ਨਹੀਂ ਤੁਸੀਂ ਕਿਹਾ ਸੈਂਟਰ ਵਾਲਿਆਂ ਨੂੰ ਜਾ ਕੇ ਕਿ ਪੰਜਾਬ ਦੇ ਨਾਲ ਜ਼ੁਲਮ ਹੋ ਰਿਹਾ ਹੈ, ਜਬਰ ਹੋ ਰਿਹਾ ਹੈ, ਬੇਇਨਸਾਫੀ ਹੋ ਰਹੀ ਹੈ । ਕਦੇ ਤਾਂ ਤੁਹਾਨੂੰ ਹਾਅ ਦਾ ਨਾਹਰਾ ਮਾਰਨਾ ਚਾਹੀਦਾ ਸੀ ਪਰ ਕਦੇ ਨਹੀਂ ਮਾਰਿਆ । ਤੁਸੀਂ ਸਾਰਾ ਰਿਕਾਰਡ ਕਢਵਾ ਕੇ ਦੇਖ ਲਓ ਪਿਛਲੇ 40 ਸਾਲਾਂ ਦਾ, ਕਦੇ ਕਿਸੇ ਕਾਂਗਰਸੀ ਵੀਰ ਨੇ ਕਿਹਾ ਹੋਵੇ ਸੈਂਟਰ ਨੂੰ ਕਿ ਤੁਸੀਂ ਪੰਜਾਬ ਨਾਲ ਗਲਤ ਕਰ ਰਹੇ ਹੋ, ਧੱਕਾ ਕਰ ਰਹੇ ਹੋ, ਪੰਜਾਬ ਨੂੰ ਇਨਸਾਫ ਨਹੀਂ ਮਿਲ ਰਿਹਾ । ਪਰ ਕਿਉਂਕਿ ਤੁਹਾਨੂੰ ਟਿਕਟਾਂ ਵੀ ਉਥੋਂ ਮਿਲਣੀਆਂ ਸਨ, ਵਜ਼ੀਰੀਆਂ ਵੀ ਉਥੋਂ ਮਿਲਣੀਆਂ ਸਨ, ਇਸ ਲਈ ਤੁਸੀਂ ਸੋਚਿਆ ਕਿ ਕਾਹਨੂੰ ਮੂੰਹ ਖੋਲ੍ਹਣਾ ਹੈ, ਮਾਲਕਾਂ ਨੂੰ ਨਾਰਾਜ਼ ਕਰਨਾ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਜੋ ਕੁਝ ਵੀ ਪੰਜਾਬ ਦੇ ਵਾਤਾਵਰਣ ਵਿਚ ਹੋਇਆ ਹੈ, ਉਸ ਦੀ ਸਾਰੇ ਦੀ ਸਾਰੀ ਜ਼ਿੰਮੇਵਾਰੀ ਸਾਡੇ ਸਾਹਮਣੇ ਬੈਠੇ

ਵੀਰਾਂ ਦੇ ਸਿਰ ਤੇ ਆਉਂਦੀ ਹੈ । ਚਲੋ, ਪਿਛਲਾ ਜੋ ਹੋਇਆ ਸੋ ਹੋਇਆ, ਉਸ ਨੂੰ ਇਕ ਪਾਸੇ ਛੱਡ ਦੇਈਏ । ਜੋ ਕੁਝ ਬੀਤਿਆ, ਸੋ ਬੀਤਿਆ ਪਰ ਹੁਣ ਤਾਂ ਸਮਝ ਜਾਓ । ਹੁਣ ਤਾਂ ਤੁਹਾਨੂੰ ਪੁਰਾਣੇ ਤਜ਼ਰਬੇ ਤੋਂ ਕੋਈ ਸਬਕ ਲੈਣਾ ਚਾਹੀਦਾ ਹੈ ਪਰ ਅੱਜ ਫਿਰ ਤੁਸੀਂ ਮਾੜੇ ਰਾਹਾਂ ਤੇ ਤੁਰ ਪਏ ਹੋ ਅਤੇ ਐਸਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ ਜਿਸ ਦੇ ਨਾਲ ਪੰਜਾਬ ਦੇ ਹਾਲਾਤ ਫਿਰ ਵਿਗੜ ਜਾਣ । ਅਸੀਂ ਇਹ ਵਿਗੜਣ ਨਹੀਂ ਦੇਣੇ, ਪਰ ਤੁਸਾਂ ਨੇ ਕੋਈ ਕਸਰ ਨਹੀ ਛੱਡਣੀ । ਇਕ ਪਾਸੇ ਤੁਸੀਂ ਕਹਿੰਦੇ ਹੋ, ਸਾਡਾ ਸਹਿਯੋਗ ਲੈਣਾ ਚਾਹੀਦਾ ਹੈ । ਠੀਕ ਹੈ, ਅਸੀਂ ਵੀ ਤੁਹਾਡਾ ਸਹਿਯੋਗ ਲੈਣਾ ਚਾਹੁੰਦੇ ਹਾਂ ਪਰ ਤੁਹਾਡੀ ਮਨਸ਼ਾ ਮਦਦ ਦੇਣ ਦੀ ਨਹੀਂ । ਮੈਂ ਅੱਜ ਵੀ ਕਹਿੰਦਾ ਹਾਂ ਕਿ ਅਸੀਂ ਮਦਦ ਲੈਣਾ ਚਾਹੁੰਦੇ ਹਾਂ । ਪਰ ਮਦਦ ਤਾਂ, ਤਾਂ ਸੀ ਜੇ ਤੁਸੀਂ ਕਿਸੇ ਮੌਕੇ ਨੂੰ ਐਕਸਪਲਾਇਟ ਨਾ ਕਰਦੇ । ਜੇਕਰ ਕੋਈ ਅਜਿਹਾ ਸਮਾਂ ਆ ਜਾਵੇ ਤਾਂ ਉਸ ਵੇਲੇ ਗੰਭੀਰਤਾ ਨਾਲ ਸੋਚਦੇ । ਇਹ ਕਿੱਡੀ ਵੱਡੀ ਗੱਲ ਕੀਤੀ ਹੈ, ਇਕ ਪੁਲੀਸ ਅਫਸਰ ਦਾ ਨਾਂ ਲੈ ਕੇ ਗਲਤ ਗੱਲ ਨਹੀਂ ਕਰਨੀ ਚਾਹੀਦੀ ਕਿ ਉਸ ਨੇ ਆਤਮ-ਹੱਤਿਆ ਕਰ ਲਈ । ਤੁਸੀਂ ਸਮਝਿਆ ਕਿ ਹੁਣ ਮੌਕਾ ਮਿਲਿਆ ਹੈ, ਵਾਵੇਲਾ ਕਰੋ । ਕੇਂਦਰ ਵਿਚ ਹੋਮ ਮਨਿਸਟਰ ਨੂੰ ਜਾ ਮਿਲੋ ਕਿ ਸਾਡੀ ਸਰਕਾਰ ਬਦਲ ਗਈ ਹੈ, ਇਸ ਲਈ ਪੁਲਿਸ ਦਾ ਮਨੋਬਲ ਕਮਜ਼ੋਰ ਪੈ ਜਾਵੇਗਾ । ਮੈਨੂੰ ਦੁੱਖ ਨਾਲ ਇਸ ਸਦਨ ਵਿਚ ਕਹਿਣਾ ਪੈਂਦਾ ਹੈ ਕਿ ਹੋਮ ਮਨਿਸਟਰੀ ਨੇ ਵੀ ਇਹੋ ਜਿਹੀ ਗੱਲ ਕੀਤੀ ਜਿਹੜੀ ਨਹੀਂ ਕਹਿਣੀ ਚਾਹੀਦੀ ਸੀ । ਕੀ ਇਸ ਇਕੋ ਚੀਜ਼ ਨੇ ਹੀ ਪੁਲਿਸ ਦਾ ਮਨੋਬਲ ਕਮਜ਼ੋਰ ਕਰ ਦਿੱਤਾ ਹੈ, ਕਿ ਪੁਲਿਸ ਦੇ ਇਕ ਐਸ.ਐਸ.ਪੀ. ਨੇ ਖੁਦਕਸ਼ੀ ਕਰ ਲਈ ਹੈ ? ਮੈਂ ਕਹਿਣਾ ਚਾਹਾਂਗਾ ਕਿ ਇਸ ਇਸ਼ੂ ਨੂੰ ਐਕਸਪਲਾਇਟ ਕੀਤਾ ਗਿਆ ਹੈ ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਅਫਸਰ ਦੇ ਖੁਦਕਸ਼ੀ ਕਰਨ ਦੇ ਕਾਰਨ ਕੀ ਸਨ ? ਉਸ ਦੇ ਵਿੱਚ ਅਕਾਲੀ ਦਲ ਦਾ ਕੀ ਰੋਲ ਹੈ ? ਅਕਾਲੀ ਦਲ ਨੇ ਕਿਹੜੀ ਗੱਲ ਕੀਤੀ ਹੈ ਜਿਸ ਕਾਰਨ ਉਸ ਨੂੰ ਖੁਦਕਸ਼ੀ ਕਰਨੇ ਵਾਸਤੇ ਮਜ਼ਬੂਰ ਹੋਣਾ ਪਿਆ ? ਜੇਕਰ ਉਸ ਦੇ ਖਿਲਾਫ ਕੇਸਾਂ ਦਾ ਫੈਸਲਾ ਹੋਇਆ ਹੈ ਤਾਂ ਉਹ ਹਾਈ ਕੋਰਟ ਨੇ ਅਤੇ ਸੁਪਰੀਮ ਕੋਰਟ ਨੇ ਕੀਤਾ ਹੈ । ਉਸ ਤੋਂ ਬਾਅਦ ਜੇਕਰ ਪ੍ਰਾਸੀਕਿਊਸ਼ਨ ਦੀ ਇਜਾਜ਼ਤ ਦਿੱਤੀ ਤਾਂ ਕਾਂਗਰਸ ਦੀ ਸਰਕਾਰ ਨੇ ਦਿੱਤੀ । ਇਹ ਹਾਈ ਕੋਰਟ ਦੇ ਅਤੇ ਸੁਪਰੀਮ ਕੋਰਟ ਦੇ ਆਰਡਰ ਸਨ ਅਤੇ ਤੁਸੀਂ ਉਸ ਦੇ ਖਿਲਾਫ ਐਕਸ਼ਨ ਲੈਣ ਲਈ ਉਸ ਨੂੰ ਜੇਲ੍ਹ ਭੇਜ ਦਿੱਤਾ । ਮੈਂ ਪੁੱਛਦਾ ਹਾਂ ਕਿ ਅਕਾਲੀ ਦਲ ਦਾ ਇਸ ਵਿਚ ਕੀ ਰੋਲ ਹੈ ਜਿਸ ਦੇ ਨਾਲ ਕਿ ਪੁਲਿਸ ਦਾ ਮਨੋਬਲ ਡਿੱਗ ਗਿਆ ? ਤੁਹਾਡੇ ਕੋਲ ਇਸ ਦਾ ਕੀ ਆਰਗੂਮੈਂਟ ਹੈ ਕਿ ਅਕਾਲੀ ਦਲ ਦੇ ਆਉਣ ਨਾਲ ਪੁਲਿਸ ਦਾ ਮਨੋਬਲ ਡਿੱਗ ਪਿਆ ਹੈ ? ਸਪੀਕਰ ਸਾਹਿਬ, ਮੈਂ ਅੱਜ ਇਸ ਹਾਊਸ ਦੇ ਵਿਚ ਖੜ੍ਹਾ ਹੋ ਕੇ ਕਹਿਣਾ ਚਾਹਾਂਗਾ ਕਿ ਸਾਡੇ ਪੰਜਾਬ ਦੀ ਪੁਲਿਸ ਬੜੀ ਡੈਡੀਕੇਟਿਡ ਹੈ ਅਤੇ ਬੜੀ ਡਿਸਿਪਲਿਨ ਵਾਲੀ ਹੈ । ਉਹ ਫੋਰਸ ਆਪਣੀ ਡਿਊਟੀ ਦੇਣ ਵਾਲੀ ਹੈ । ਇਸ ਦੀ ਉਸ ਨੂੰ ਚੰਗੀ ਤਰ੍ਹਾਂ ਸਮਝ ਹੈ । ਇਹ ਸਮਝਦੇ ਹਨ ਕਿ ਉਹ ਇਨ੍ਹਾਂ ਦੀ ਵਰਗਲਾਹਟ ਵਿਚ ਆ ਜਾਣਗੇ, ਪਰ ਉਹ ਬਿਲਕੁਲ ਨਹੀਂ ਆਉਂਦੇ । ਉਨ੍ਹਾਂ ਸਾਰਿਆਂ ਨੂੰ ਪਤਾ ਹੈ ਕਿ ਇਸ ਸਾਰੇ ਦੀ ਜ਼ਿੰਮੇਵਾਰੀ ਕਿਨ੍ਹਾਂ ਸਿਰ ਆਉਂਦੀ ਹੈ । ਮੈਂ ਅੱਜ ਹਾਊਸ ਵਿਚ ਇਹ ਕਹਿਣਾ ਹੈ ਕਿ ਜਿਹੜੇ

[ਮੁੱਖ ਮੰਤਰੀ]

ਡੈਡੀਕੇਟਿਡ ਪੁਲਿਸ ਅਫਸਰ ਹਨ, ਡਿਊਟੀ ਕਰਦੇ ਹਨ, ਭਾਵੇਂ ਉਹ ਸਿਪਾਹੀ ਹਨ ਅਤੇ ਭਾਵੇਂ ਉਹ ਡੀ.ਜੀ.ਪੀ. ਹੈ, ਅਸੀਂ ਉਨ੍ਹਾਂ ਦੀ ਕਦਰ ਕਰਦੇ ਹਾਂ ਅਤੇ ਉਨ੍ਹਾਂ ਦੀ ਪਿੱਠ ਤੇ ਖੜ੍ਹੇ ਹੁੰਦੇ ਹਾਂ ਲੇਕਿਨ ਜੇਕਰ ਕੋਈ ਅਫਸਰ ਆਪਣੀ ਡਿਊਟੀ ਤੋਂ ਕੁਤਾਹੀ ਕਰਦਾ ਹੈ, ਗਲਤ ਕੰਮ ਕਰਦਾ ਹੈ ਜਾਂ ਜਿਹੜੇ ਅਫਸਰ ਤਸ਼ੱਦਦ ਕਰਦੇ ਹਨ, ਜਬਰ ਤੇ ਜ਼ੁਲਮ ਕਰਦੇ ਹਨ, ਉਨ੍ਹਾਂ ਵਾਸਤੇ ਲਾਅ ਆਫ ਦੀ ਲੈਂਡ ਹੈ ਅਤੇ ਉਹ ਉਨ੍ਹਾਂ ਤੇ ਵਰਤਿਆ ਜਾਵੇਗਾ। (ਥੰਪਿੰਗ)

ਸਪੀਕਰ ਸਾਹਿਬ, ਸਾਡੇ ਵਿਚ ਤੇ ਇਨ੍ਹਾਂ ਵਿਚ ਸੋਚ ਦਾ ਬੜਾ ਫਰਕ ਹੈ। ਇਹ ਸਮਝਦੇ ਹਨ ਕਿ ਲਾਅ ਐਂਡ ਆਰਡਰ ਦੇ ਮਸਲੇ ਨੂੰ ਡਾਂਗ ਨਾਲ ਲੋਕਾਂ ਨੂੰ ਦਬਾ ਕੇ ਪੀਸ ਲਿਆਂਦੀ ਜਾਵੇ ਪਰ ਜਿਹੜੀ ਸਾਡੀ ਸੋਚ ਹੈ ਉਹ ਹੈ ਮਨ ਦੀ ਪੀਸ ਲਿਆਉਣਾ ਅਤੇ ਭਾਈਚਾਰਕ ਸਾਂਝ ਦੀ ਪੀਸ ਲਿਆਉਣਾ। ਔਰ ਮੈਂ ਬੜੇ ਫਖਰ ਨਾਲ ਕਹਿ ਸਕਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਇਨ੍ਹਾਂ ਸਬੰਧਾਂ ਨੂੰ ਭਾਈਚਾਰਕ ਸਾਂਝ ਨੂੰ ਪੰਜਾਬ ਵਿਚ ਬਹੁਤ ਜ਼ਿਆਦਾ ਮਜ਼ਬੂਤ ਕੀਤਾ ਹੈ। (ਥੰਪਿੰਗ) ਅੱਜ ਸਾਡੀ ਸੋਚ ਅਤੇ ਇਨ੍ਹਾਂ ਦੀ ਸੋਚ ਵਿਚ ਇਤਨਾ ਹੀ ਫਰਕ ਹੈ ਕਿ ਅਸੀਂ ਤਾਂ ਪੰਜਾਬ ਦੀ ਏਕਤਾ ਚਾਹੁੰਦੇ ਹਾਂ ਪਰ ਇਹ ਆਪਣੇ ਪੁਲੀਟੀਕਲ ਮੁਫਾਦ ਲਈ ਪੰਜਾਬ ਦੇ ਦੋ ਭਰਾਵਾਂ ਜਿਨ੍ਹਾਂ ਦਾ ਕਿ ਨਹੁੰ-ਮਾਸ ਦਾ ਰਿਸ਼ਤਾ ਹੈ ਨੂੰ ਦੋ ਫਾੜ ਕਰਨਾ ਚਾਹੁੰਦੇ ਹਨ। ਮੈਂ 40-50 ਸਾਲ ਤੋਂ ਸਿਆਸਤ ਵਿੱਚ ਹਾਂ ਅਤੇ ਮੈਨੂੰ ਪਤਾ ਹੈ ਕਿ ਇਨ੍ਹਾਂ ਦੀ ਸਦਾ ਇੱਕੋ ਹੀ ਨੀਤੀ ਸੀ ਕਿ ਤਾਕਤ ਵਿੱਚ ਅਸੀਂ ਤਾਂ ਹੀ ਆ ਸਕਦੇ ਹਾਂ ਜੇ ਹਿੰਦੂਆਂ ਅਤੇ ਸਿੱਖਾਂ ਦੋਵਾਂ ਭਰਾਵਾਂ ਵਿੱਚ ਪਾੜਾ ਪਾਇਆ ਜਾਵੇ, ਲੇਕਿਨ ਇਹ ਹੁਣ ਪਾੜਾ ਪਾ ਨਹੀਂ ਸਕਦੇ। ਕਾਂਗਰਸ ਦੀ ਜਿਹੜੀ ਅਸਲੀਅਤ ਹੈ, ਉਹ ਲੋਕਾਂ ਦੇ ਸਾਹਮਣੇ ਆ ਚੁੱਕੀ ਹੈ ਅਤੇ ਪਿਛਲੀਆਂ ਸਾਰੀਆਂ ਗੱਲਾਂ ਉਨ੍ਹਾਂ ਨੇ ਸਮਝ ਲਈਆਂ ਹਨ। ਸਾਡੇ ਤਿੰਨ ਕਾਰਪੋਰੇਸ਼ਨਾਂ ਦੇ ਇਲੈਕਸ਼ਨ ਹੋਏ ਹਨ ਅਤੇ ਇਕ ਵਿਧਾਨ ਸਭਾ ਦਾ ਬਾਈ ਇਲੈਕਸ਼ਨ ਵੀ ਹੋਇਆ ਹੈ। ਵਾ-ਵੇਲਾ ਉਥੇ ਵੀ ਤੁਸੀਂ ਕਾਫੀ ਕੀਤਾ ਪਰ ਜਿਥੇ ਹਮੇਸ਼ਾਂ ਤੁਹਾਡੇ ਹੀ ਮੇਅਰ ਹੁੰਦੇ ਸਨ, ਅੱਜ ਇਹ ਪਹਿਲੀ ਵਾਰ ਹੋਇਆ ਹੈ ਕਿ ਉਨ੍ਹਾਂ ਤਿੰਨਾਂ ਕਾਰਪੋਰੇਸ਼ਨਾਂ ਵਿਚ ਜਿਹੜੇ ਮੇਅਰ ਬਣੇ ਹਨ, ਉਹ ਬੀ. ਜੇ. ਪੀ. ਅਤੇ ਅਕਾਲੀ ਦਲ ਦੇ ਬਣੇ ਹਨ ਅਤੇ ਇਸੇ ਤਰ੍ਹਾਂ ਜਿਹੜਾ ਪੰਜਾਬ ਵਿਧਾਨ ਸਭਾ ਦਾ ਬਾਈ-ਇਲੈਕਸ਼ਨ ਹੋਇਆ ਸੀ ਕਿਲਾ ਰਾਏਪੁਰ ਦਾ, ਉਸ ਵਿੱਚ ਵੀ ਲੋਕਾਂ ਨੇ ਤੁਹਾਨੂੰ ਰੀਜੈਕਟ ਕਰ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਅਤੇ ਦੇਸ਼ ਦੀ ਸਹੀ ਸੋਚ ਰੱਖਣ ਵਾਲੇ ਲੋਕਾਂ ਨੂੰ ਮੈਂ ਅੱਜ ਇਸ ਸਦਨ ਵਿਚੋਂ ਅਪੀਲ ਕਰਦਾ ਹਾਂ ਕਿ ਹੁਣ ਕੁਝ ਐਸੀਆਂ ਤਾਕਤਾਂ ਉਠ ਰਹੀਆਂ ਹਨ ਜਿਹੜੀਆਂ ਕਿ ਪੰਜਾਬ ਦੇ ਅਮਨ ਨੂੰ, ਪੰਜਾਬ ਦੀ ਸ਼ਾਂਤੀ ਨੂੰ ਅਤੇ ਅਖੰਡਤਾ ਨੂੰ ਫਿਰ ਵਿਗਾੜਨਾ ਚਾਹੁੰਦੀਆਂ ਹਨ। ਇਸ ਲਈ ਸਹੀ ਸੋਚ ਵਾਲੇ ਜਿਹੜੇ ਸਾਡੇ ਦੇਸ਼ ਵਿੱਚ ਵਾਸੀ ਹਨ, ਉਨ੍ਹਾਂ ਨੂੰ ਮੈਂ ਕਹਾਂਗਾ ਕਿ ਐਸੀਆਂ ਸ਼ਕਤੀਆਂ ਨੂੰ ਦਬਾਉਣ ਲਈ ਸਾਡੀ ਉਹ ਡੱਟ ਕੇ ਮੱਦਦ ਕਰਨ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਅਤੇ ਸਮੁੱਚੇ ਸਦਨ ਰਾਹੀਂ ਸਮੂਹ ਪੰਜਾਬੀਆਂ ਨੂੰ ਅਤੇ ਦੇਸ਼ ਵਾਸੀਆਂ ਨੂੰ ਇਹ ਅਪੀਲ ਕਰਦਾ ਹਾਂ ਅਤੇ ਵਾਰਨ ਵੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਕੁਝ ਸਿਆਸੀ ਅਨਸਰਾਂ ਵੱਲੋਂ

ਪੰਜਾਬ ਨੂੰ ਮੁੜ ਅੱਗ ਲਾਉਣ ਦੀ ਸਾਜ਼ਿਸ਼ ਰਚੀ ਗਈ ਹੈ, ਸੱਚੀ ਸੋਚ ਰੱਖਣ ਵਾਲੇ ਲੋਕ ਕਿਉਂ ਨਾ ਉਨ੍ਹਾਂ ਦਾ ਦੇਸ਼ ਦੇ ਅੰਦਰ ਪਰਦਾ-ਫਾਸ਼ ਕਰਨ ਅਤੇ ਇਸ ਨੂੰ ਫੇਲ੍ਹ ਕਰਨ ਲਈ ਸਾਡਾ ਸਾਥ ਦੇਣ। ਮੈਂ ਸਮੁੱਚੇ ਦੇਸ ਨੂੰ ਪੰਜਾਬ ਵਿੱਚ ਅਮਨ, ਸ਼ਾਂਤੀ ਅਤੇ ਏਕਤਾ ਨੂੰ ਅੱਗ ਲਾਉਣ ਵਾਲਿਆਂ ਵੱਲੋਂ ਰਚੀ ਗਈ ਸਾਜ਼ਿਸ਼ ਵਿਰੁੱਧ ਵਾਰਨ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਹ ਗੱਲ ਮੈਂ ਇਸ ਕਰਕੇ ਕਹੀ ਹੈ ਕਿ ਇਹ ਅਮਨ ਜੋ ਇਥੇ ਵਿਗੜਿਆ ਹੈ, ਇਸਦੇ ਕਾਰਨ ਹਨ ਬੇ-ਇਨਸਾਫੀਆਂ ਅਤੇ ਮਤਰੇਈ ਮਾਂ ਵਾਲਾ ਸਲੂਕ ਜੋ ਇਨ੍ਹਾਂ ਦੀ ਪਾਰਟੀ ਦਾ ਰੋਲ ਹੈ, ਉਹ ਚਲੋ ਹੁਣ ਹੀ ਇਹ ਸਮਝ ਲੈਣ। ਮੈਂ ਤਾਂ ਕਹਿਣਾ ਚਾਹੁੰਦਾ ਹਾਂ ਕਿ ਸਾਡੀਆਂ ਦੋ ਡਿਸਿਪਲਿਨਡ ਫੋਰਸਿਜ਼ ਹਨ ਇਕ ਹੈ ਫੌਜ ਦੀ ਅਤੇ ਇਕ ਪੁਲਿਸ। ਅਸੀਂ ਕਿਉਂ ਇਨ੍ਹਾਂ ਨੂੰ ਹਾਊਸ ਵਿੱਚ ਡਿਸਕਸ ਕਰਦੇ ਹਾਂ? ਕੀ ਅਸੀਂ ਇਹ ਨਹੀਂ ਸਮਝਦੇ ਕਿ ਅਸੀਂ ਇਸ ਤਰੀਕੇ ਨਾਲ ਭੜਕਾਹਟ ਪੈਦਾ ਕਰਦੇ ਹਾਂ? ਅੱਜ ਪੁਲਿਸ ਦੀ ਗੱਲ ਹੈ, ਕੱਲ੍ਹ ਨੂੰ ਕੋਈ ਫੌਜ ਦੀ ਗੱਲ ਲੈ ਆਵੇਗਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਹ ਭੜਕਾਊ ਗੱਲਾਂ ਨਾ ਤਾਂ ਸਾਨੂੰ ਹਾਊਸ ਦੇ ਅੰਦਰ ਕਰਨੀਆਂ ਚਾਹੀਦੀਆਂ ਹਨ ਅਤੇ ਨਾ ਹੀ ਬਾਹਰ ਕਰਨੀਆਂ ਚਾਹੀਦੀਆਂ ਹਨ, ਤਾਂ ਹੀ ਅਸੀਂ ਪੰਜਾਬ ਅੰਦਰ ਅਤੇ ਦੇਸ਼ ਅੰਦਰ ਅਮਨ ਲਿਆ ਸਕਦੇ ਹਾਂ। ਦੂਸਰੀ ਮੈਂ ਬੇਨਤੀ ਕਰਦਾ ਹਾਂ ਕਿ ਹੁਣੇ ਇਥੇ ਕਿਹਾ ਗਿਆ ਕਿ ਅਸੀਂ ਪੁਲਿਸ ਨੂੰ ਡੀ-ਮੋਰੇਲਾਈਜ਼ ਕਰਦੇ ਹਾਂ, ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਰਾਜ ਵਿੱਚ ਕੀ ਕੁੱਝ ਕੀਤਾ। ਲਓ, ਅੱਜ ਮੈਂ ਤੁਹਾਨੂੰ ਪਹਿਲੀ ਖੁਸ਼-ਖਬਰੀ ਦੇਣ ਲੱਗਿਆ ਹਾਂ। ਜੋ ਪੰਜਾਬ ਪੁਲਿਸ ਸਰਵਿਸ ਹੈ, ਉਨ੍ਹਾਂ ਦੀ ਬੜੀ ਪੁਰਾਣੀ ਮੰਗ ਚਲੀ ਆ ਰਹੀ ਸੀ ਜਿਹੜੀ ਕਿ ਕਦੇ ਵੀ ਇਨ੍ਹਾਂ ਨੇ ਮਨਜ਼ੂਰ ਨਹੀਂ ਕੀਤੀ। ਉਹ ਸੀ ਕਿ ਸਾਡੇ ਡੀ. ਐਸ.ਪੀ. ਤਾਂ ਐਸ.ਪੀ. ਪ੍ਰੋਮੋਟ ਹੋ ਜਾਂਦੇ ਸਨ ਪਰ ਉਨ੍ਹਾਂ ਨੂੰ ਐਸ. ਪੀ. ਦਾ ਰੈਂਕ ਨਹੀਂ ਸੀ ਮਿਲਦਾ। ਅੱਜ ਮੈਂ ਇਸ ਸਦਨ ਵਿੱਚ ਐਲਾਨ ਕਰਦਾ ਹਾਂ ਕਿ ਉਨ੍ਹਾਂ ਨੂੰ ਪਹਿਲੀ ਵਾਰ ਉਹ ਰੈਂਕ ਮਿਲ ਗਏ ਹਨ। ਦੂਸਰਾ, ਅਰਸ਼ੀ ਜੀ ਨੇ ਕਵਿਤਾ ਤਾਂ ਪੜ੍ਹੀ ਹੋਮ-ਗਾਰਡ ਦੀ ਪਰ ਐਸ. ਪੀ. ਓਜ਼ ਦਾ ਵੀ ਜ਼ਿਕਰ ਇਥੇ ਆਇਆ ਹੈ। ਐਸ. ਪੀ. ਓਜ਼ ਇਨ੍ਹਾਂ ਨੇ ਭਰਤੀ ਕੀਤੇ। ਉਨ੍ਹਾਂ ਨੇ ਬੜਾ ਕੰਮ ਕੀਤਾ, ਮੈਂ ਇਨਕਾਰ ਨਹੀਂ ਕਰਦਾ ਅਤੇ ਹੋਮ ਗਾਰਡ ਵਾਲਿਆਂ ਨੇ ਵੀ ਬੜਾ ਕੰਮ ਕੀਤਾ। ਲੇਕਿਨ 16 ਹਜ਼ਾਰ ਦੇ ਕਰੀਬ ਐਸ. ਪੀ. ਓਜ਼ ਹਨ, ਇਹ ਉਦੋਂ ਹੀ ਦਲੇਰੀ ਕਰਦੇ ਐਸ. ਪੀ. ਓਜ਼ ਰੱਖਣ ਵੇਲੇ ਅਤੇ ਉਨ੍ਹਾਂ ਦੀ ਪੁਲਿਸ ਵਿੱਚ ਰੈਗੂਲਰ ਭਰਤੀ ਕਰਦੇ ਪਰ ਇਨ੍ਹਾਂ ਨੇ ਇਹ ਸਭ ਕੁਝ ਸਾਡੇ ਤੇ ਛੱਡ ਦਿੱਤਾ ਕਿ ਅਸੀਂ ਤਾਂ ਜੋ ਕਰਨਾ ਸੀ, ਕਰ ਦਿੱਤਾ ਅਤੇ ਹੁਣ ਨਿਬੇੜਾ ਤੁਸੀਂ ਕਰੋ। ਅਸੀਂ ਨਿਬੇੜਾ ਜ਼ਰੂਰ ਕਰਾਂਗੇ, ਅਸੀਂ ਭੱਜਦੇ ਨਹੀਂ। ਅੱਜ ਦੋ ਦਿਨਾਂ ਤੋਂ ਇੰਟਰਵਿਊ ਚੱਲ ਰਹੀ ਹੈ ਜਿਸ ਨਾਲ ਐਸ. ਪੀ. ਓਜ਼ ਰੈਗੂਲਰ ਕੀਤੇ ਜਾਣਗੇ। ਦੋ ਹਜ਼ਾਰ ਦੇ ਕਰੀਬ ਐਸ. ਪੀ. ਓਜ਼ ਰੈਗੂਲਰ ਪੁਲਿਸ ਵਿੱਚ ਭਰਤੀ ਕੀਤੇ ਜਾਣਗੇ। (ਥੰਪਿੰਗ) ਅਰਸ਼ੀ ਜੀ, ਹੋਮ ਗਾਰਡਜ਼ ਵੱਲ ਵੀ ਧਿਆਨ ਦਿੱਤਾ ਜਾਵੇਗਾ। ਦੂਸਰਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਇਸ ਤਰ੍ਹਾਂ ਦੀ ਆਦਤ ਸੀ ਜਿਹੜੀ ਕਿ ਸਾਨੂੰ ਨਿਬੇੜਨੀ ਪੈਣੀ ਹੈ। ਇਨ੍ਹਾਂ ਨੇ ਉਸ ਵਕਤ ਵਿਚਾਰੇ ਪੁਲਿਸ ਵਾਲਿਆਂ ਨੂੰ ਪੈਸੇ ਨਹੀਂ ਦਿੱਤੇ। ਸਪੀਕਰ ਸਾਹਿਬ, 27 ਕਰੋੜ ਦੇ ਪੈਂਡਿੰਗ ਬਿੱਲ ਜੋ

[ਮੁੱਖ ਮੰਤਰੀ]

ਪੈਟਰੋਲ ਅਤੇ ਗੱਡੀਆਂ ਦੀ ਮਰੰਮਤ ਦੇ ਸਨ, ਉਹ ਸਾਨੂੰ ਵਿਰਾਸਤ ਵਿੱਚ ਮਿਲੇ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਮੈਂ ਵਿੱਤ ਮੰਤਰੀ ਜੀ ਦਾ ਧੰਨਵਾਦੀ ਹਾਂ ਕਿ ਇਹ ਪਤਾ ਨਹੀਂ ਕਿਥੋਂ ਪੈਸਾ ਕੱਢਦੇ ਹਨ। 27.70 ਕਰੋੜ ਰੁਪਿਆ ਅਸੀਂ ਇਸ ਬਜਟ ਵਿੱਚ ਪੁਲਿਸ ਵਾਸਤੇ ਰੱਖਿਆ ਹੈ ਤਾਂ ਕਿ ਪੈਂਡਿੰਗ ਬਿੱਲਾਂ ਦਾ ਨਿਪਟਾਰਾ ਹੋ ਸਕੇ। (ਥੰਪਿੰਗ) ਸਪੀਕਰ ਸਾਹਿਬ, ਇਹ ਮਗਰਮੱਛ ਦੇ ਆਂਸੂ ਬਹਾਉਂਦੇ ਹਨ। ਇਸ ਦੇ ਬਾਰੇ ਵੀ ਮੈਂ ਦਸਦਾ ਹਾਂ ਕਿ ਪੁਲਿਸ ਦੇ ਹਾਊਸਿਜ਼ ਜਾਂ ਘਰ ਬਣਨੇ ਹਨ। ਹਰ ਮੁਲਾਜ਼ਮ ਚਾਹੁੰਦਾ ਹੈ ਕਿ ਉਸ ਦਾ ਆਪਣਾ ਘਰ ਹੋਵੇ। ਬੀਬੀ ਜੀ ਚੀਫ ਮਨਿਸਟਰ ਰਹੇ ਹਨ। ਮੈਂ ਦੱਸਦਾ ਹਾਂ ਕਿ ਇਨ੍ਹਾਂ ਨੇ ਪੰਜ ਸਾਲਾਂ ਵਿੱਚ ਉਨ੍ਹਾਂ ਦੇ ਘਰਾਂ ਵਾਸਤੇ ਕਿੰਨਾ ਪੈਸਾ ਰੱਖਿਆ ਹੈ। ਸਾਲ 1992-93 ਵਿੱਚ 9 ਕਰੋੜ ਰੁਪਿਆ ਖਰਚਿਆ, 1993-94 ਵਿੱਚ 9 ਕਰੋੜ ਰੁਪਿਆ ਖਰਚਿਆ, 1994-95 ਵਿੱਚ 11 ਕਰੋੜ ਰੁਪਿਆ ਖਰਚਿਆ, 1995-96 ਵਿਚ 14 ਕਰੋੜ ਰੁਪਿਆ ਖਰਚਿਆ ਅਤੇ 1996-97 ਵਿੱਚ 4 ਕਰੋੜ ਰੁਪਿਆ ਖਰਚਿਆ। ਇਸ ਤਰ੍ਹਾਂ ਸਾਰਾ 47.50 ਕਰੋੜ ਰੁਪਿਆ ਬਣਦਾ ਹੈ। ਇਹ ਇਨ੍ਹਾਂ ਨੇ ਪੰਜ ਸਾਲਾਂ ਵਿੱਚ ਉਨ੍ਹਾਂ ਪੁਲਿਸ ਵਾਲਿਆਂ ਵਾਸਤੇ ਖਰਚਿਆ ਜਿਨ੍ਹਾਂ ਬਾਰੇ ਇਹ ਕਹਿੰਦੇ ਹਨ ਕਿ ਅਸੀਂ ਉਨ੍ਹਾਂ ਦਾ ਮਨੋਬਲ ਉਚਾ ਚੁੱਕਣਾ ਹੈ ਔਰ ਉਚਾ ਉਠਾਉਣਾ ਚਾਹੁੰਦੇ ਹਾਂ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ (ਬੈਠੇ-ਬੈਠੇ) : ਅਸੀਂ ਲੜਾਈ ਵੀ ਲੜੀ ਹੈ।

ਮੁੱਖ ਮੰਤਰੀ: ਬੀਬੀ ਜੀ, ਤੁਸੀਂ ਇਕੱਲਿਆ ਲੜਾਈ ਨਹੀਂ ਲੜੀ। ਸਾਡੇ ਬੰਦੇ ਤੁਹਾਡੇ ਨਾਲੋਂ ਵੱਧ ਮਾਰੇ ਗਏ ਹਨ। ਅੱਜ ਤੁਸੀਂ ਮੱਗਰਮੱਛ ਦੇ ਆਂਸੂ ਬਹਾਉਂਦੇ ਹੋ। ਸਾਡੇ ਸਰਦਾਰ ਹਰਚੰਦ ਸਿੰਘ ਜੀ ਲੌਂਗੋਵਾਲ ਸ਼ਹੀਦ ਹੋਏ, ਟੌਹੜਾ ਸਾਹਿਬ ਤੇ ਹਮਲਾ ਹੋਇਆ, ਸਰਦਾਰ ਜਗਦੇਵ ਸਿੰਘ ਤਲਵੰਡੀ ਤੇ ਹਮਲਾ ਹੋਇਆ, ਸਾਡੇ ਸਤਾਈ ਐਮ. ਐਲ. ਏਜ਼. ਸ਼ਹੀਦ ਹੋਏ। ਤੁਹਾਨੂੰ ਤਾਂ ਝਰੀਟ ਤੱਕ ਵੀ ਨਹੀਂ ਆਈ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਮੈਂ ਇਹ ਕਹਿਣਾ ਨਹੀਂ ਚਾਹੁੰਦਾ ਸੀ, ਮੈਂ ਇਹ ਗੱਲਾਂ ਛੇੜਨੀਆਂ ਨਹੀਂ ਚਾਹੁੰਦਾ ਸੀ। ਤੁਹਾਡੇ ਬੰਦੇ ਹੀ ਛੇੜਦੇ ਹਨ। ਮੇਰੇ ਕੋਲ ਟੇਪ ਰਿਕਾਰਡਾਂ ਹਨ। ਮੇਰੇ ਕੋਲ ਰਿਕਾਰਡ ਹੈ ਕਿ ਸਹੀ ਮਾਅਨਿਆਂ ਵਿਚ ਅੱਤਵਾਦੀਆਂ ਦਾ ਸਬੰਧ ਜੋ ਰਿਹਾ ਹੈ ਤਾਂ ਉਹ ਤੁਹਾਡੇ ਨਾਲ ਰਿਹਾ ਹੈ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)

EXTENSION OF TIME OF THE SITTING

ਸ੍ਰੀ ਸਪੀਕਰ : ਜੇ ਹਾਊਸ ਦੀ ਸਹਿਮਤੀ ਹੋਵੇ ਤਾਂ ਕੀ ਸਦਨ ਦੀ ਬੈਠਕ ਦਾ ਸਮਾਂ ਡਿਮਾਂਡਾਂ ਦੇ ਪਾਸ ਹੋਣ ਤੱਕ ਵਧਾ ਦਿੱਤਾ ਜਾਵੇ।

(ਆਵਾਜ਼ਾਂ : ਹਾਂ ਜੀ, ਹਾਂ ਜੀ।)

ਸਦਨ ਦੀ ਬੈਠਕ ਦਾ ਸਮਾਂ ਡਿਮਾਂਡਾਂ ਦੇ ਪਾਸ ਹੋਣ ਤੱਕ ਵਧਾਇਆ ਜਾਂਦਾ ਹੈ।

DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 1997-98 (*Resumption*)

ਮੁੱਖ ਮੰਤਰੀ: ਸਪੀਕਰ ਸਾਹਿਬ, ਅਸੀਂ 100 ਪੁਲਿਸ ਸਟੇਸ਼ਨਾਂ ਵਿੱਚ ਵੇਟਿੰਗ ਰੂਮ ਵੀ ਬਣਾਉਣੇ ਹਨ। (ਥੰਪਿੰਗ) ਉਥੇ ਕਮਰੇ ਹੋਣਗੇ, ਪੱਖੇ ਹੋਣਗੇ, ਕੁਰਸੀਆਂ ਪਈਆਂ ਹੋਣਗੀਆਂ ਅਤੇ ਜਿਸ ਤਰ੍ਹਾਂ ਕਿਸੇ ਥਾਂ ਤੇ ਰਿਸੈਪਸ਼ਨ ਰੂਮ ਹੁੰਦਾ ਹੈ, ਉਸੇ ਤਰ੍ਹਾਂ ਉਥੇ ਵੀ ਰਿਸੈਪਸ਼ਨ ਰੂਮ ਹੋਣਗੇ। ਪੁਲਿਸ ਦਾ ਸਿਸਟਮ ਬਦਲਿਆ ਜਾਵੇਗਾ ਔਰ ਉਥੇ ਅਸੀਂ ਰਿਸੈਪਸ਼ਨ ਰੂਮ ਬਣਾਵਾਂਗੇ। ਬਹੁਤ ਸਾਰੇ ਥਾਣੇ ਅਨਸੇਫ ਹਨ। ਉਨ੍ਹਾਂ ਨੂੰ ਵੀ ਬਣਾਇਆ ਜਾਵੇਗਾ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੇਗੇ ਅਤੇ ਕਈ ਵਾਰ ਮੈਂ ਵੀ ਹੈਰਾਨ ਹੁੰਦਾ ਹਾਂ ਜਦੋਂ ਕਿਸੇ ਮਹਿਕਮੇ ਦੀ ਗੱਲ ਮੇਰੇ ਕੋਲ ਆਉਂਦੀ ਹੈ, ਉਸ ਸਮੇਂ ਮੈਂ ਜਾਨਣ ਦੀ ਕੋਸ਼ਿਸ਼ ਕਰਦਾ ਹਾਂ ਕਿ ਕੀ ਇਨ੍ਹਾਂ ਨੇ ਵੀ ਕੁਝ ਕੀਤਾ ਹੈ ? ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਕਝ ਨਹੀਂ ਕੀਤਾ। ਮੈਚਿੰਗ ਗਰਾਂਟ ਛੋਟੀ ਜਿਹੀ ਗੱਲ ਹੈ ਪਰ ਉਸ ਦਾ ਮੁੱਦਾ ਬੜਾ ਵੱਡਾ ਹੈ। ਪੁਲਿਸ ਵਾਸਤੇ ਇੱਕ ਵੈਲਫੇਅਰ ਫੰਡ ਹੈ। ਇਹ ਕੋਈ ਜਿਆਦਾ ਨਹੀਂ ਹੁੰਦਾ। ਇਨ੍ਹਾਂ ਨੇ ਉਸ ਫੰਡ ਵਾਸਤੇ ਨਾ ਤਾਂ 1994-95 ਅਤੇ ਨਾ ਹੀ 1995-96 ਵਿੱਚ ਕੁੱਝ ਦਿੱਤਾ ਅਤੇ ਐਤਕੀਂ ਅਸੀਂ 72 ਕਰੋੜ ਰੁਪਿਆ ਰੱਖਿਆ ਹੈ। (ਥੰਪਿੰਗ) ਸਪੀਕਰ ਸਾਹਿਬ, ਮੈਂ ਫਿਲੌਰ ਗਿਆ ਸੀ। ਉਥੇ ਮੇਰੇ ਕੋਲ ਮੰਗ ਆਈ। ਮੰਗਾਂ ਤਾਂ ਇਨ੍ਹਾਂ ਕੋਲ ਵੀ ਆਉਂਦੀਆਂ ਰਹੀਆਂ ਹਨ। ਐਲਾਨ ਤਾਂ ਇਹ ਬਹੁਤ ਕਰਦੇ ਹਨ ਪਰ ਇਹ ਐਲਾਨ ਸਿਰਫ ਐਲਾਨ ਹੀ ਰਹਿ ਜਾਂਦੇ ਹਨ। ਬੀਬੀ ਜੀ ਨੇ ਕਿਹਾ, ਕਹਿਣਾ ਤਾਂ ਬਹੁਤ ਸੌਖਾ ਹੈ ਅਤੇ ਮੈਂ ਵੀ ਕਹਿ ਦਿੰਦਾ ਹਾਂ ਅਸੀਂ ਪੰਜਾਬਾਂ ਨੂੰ ਸੋਨੇ ਦਾ ਬਣਾਵਾਂਗੇ। ਕਹਿਣਾ ਬਹੁਤ ਸੌਖਾ ਹੈ, ਜੋ ਮਰਜ਼ੀ ਕਹਿ ਦਿਓ। ਇਨ੍ਹਾਂ ਨੇ ਕਿਹਾ ਕਿ ਅਸੀਂ ਗੁਰੂ ਤੇਗ ਬਹਾਦਰ ਸਾਹਿਬ ਮਾਰਗ, ਗੁਰੂ ਗੋਬਿੰਦ ਸਿੰਘ ਮਾਰਗ ਅਤੇ ਹੇਮਕੁੰਟ ਸਾਹਿਬ ਵਾਸਤੇ ਕਾਫੀ ਕੁਝ ਕੀਤਾ। ਇਸੇ ਤਰ੍ਹਾਂ ਹੋਰ ਵੀ ਇਹੋ ਜਿਹੇ ਐਲਾਨ ਇਨ੍ਹਾਂ ਨੇ ਬਹੁਤ ਕੀਤੇ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਫਿਲੌਰ ਪਰੇਡ ਤੇ ਗਿਆ ਔਰ ਮੈਨੂੰ ਉਥੇ ਬੀਬੀਆਂ ਮਿਲੀਆਂ। ਉਹ ਕਹਿੰਦੀਆਂ ਕਿ ਸਾਡੇ ਬੱਚੇ ਬਾਹਰ ਤਾਂ ਪੜ੍ਹਦੇ ਨਹੀਂ, ਅਸੀਂ ਇਥੇ ਹੀ ਰਹਿੰਦੇ ਹਾਂ ਅਤੇ ਸਾਡਾ ਪਰਿਵਾਰ ਵੀ ਇਥੇ ਹੀ ਹੈ। ਉਸੇ ਦਿਨ ਮਹਾਰਾਜਾ ਰਣਜੀਤ ਸਿੰਘ ਪੁਲਿਸ ਸਕੂਲ, ਫਿਲੌਰ, ਬਣਾਉਣ ਦਾ ਨੀਂਹ ਪੱਥਰ ਰੱਖਿਆ ਅਤੇ 50 ਲੱਖ ਰੁਪਿਆ ਉਸੇ ਦਿਨ ਦਿੱਤਾ। (ਥੰਪਿੰਗ)

ਇਸੇ ਤਰ੍ਹਾਂ, ਸਪੀਕਰ ਸਾਹਿਬ, ਕੁਝ ਹੋਰ ਵੀ ਗੱਲਾਂ ਹਨ ਮੈਂ ਕੋਈ ਇਹੋ ਜਿਹੀ ਗੱਲ ਨਹੀਂ ਕਰਨੀ ਚਾਹੁੰਦਾ ਜਿਸ ਤੋਂ ਸਾਡੇ ਤੇ ਦੂਸ਼ਣ ਲੱਗੇ। ਇਥੇ ਬਹੁਤ ਸਾਰੇ ਆਰਮਜ਼ ਦਿੱਤੇ ਜਾਂਦੇ ਰਹੇ ਹਨ ਇਹ ਜਿਹੜੇ ਕਨਫਿਸਕੇਟਿਡ ਆਰਮਜ਼ ਸਨ,ਉਹ ਬਹੁਤ ਵਧੀਆ ਵੀ ਸਨ ਜਿਨ੍ਹਾਂ ਦੀ ਕੀਮਤ ਲੱਖਾਂ ਰੁਪਿਆ ਹੁੰਦੀ ਸੀ। ਉਹ ਸਾਰੇ ਆਰਮਜ਼ ਫਿਲੌਰ ਚਲੇ ਜਾਂਦੇ ਸਨ ਔਰ ਫਿਰ ਉਥੋਂ ਆਪਣੇ ਚਹੇਤਿਆਂ ਨੂੰ ਅਲਾਟਮੈਂਟ ਕਰ ਦਿੱਤੀ ਜਾਂਦੀ ਸੀ। ਇਹ ਜਿਹੜੀ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ

[ਮੁੱਖ ਮੰਤਰੀ]
ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ, ਮੈਂ ਇਸ ਦਾ ਨੁਮਾਇੰਦਾ ਹੋਣ ਦੇ ਨਾਤੇ ਉਥੇ ਹੀ ਬਹਿ ਕੇ ਇਹ ਹੁਕਮ ਕੀਤਾ ਕਿ ਅੱਗੇ ਤੋਂ ਕੋਈ ਅਲਾਟਮੈਂਟ ਨਹੀਂ ਹੋਣੀ, ਇਸ ਦੀ ਆਕਸ਼ਨ ਕਰੋ। ਓਪਨ ਆਕਸ਼ਨ ਕਰੋ ਔਰ ਉਸ ਦੇ ਵਿੱਚੋਂ ਜਿਹੜੇ ਪੈਸੇ ਆਉਣ, ਉਹ ਤੁਸੀਂ ਪੁਲਿਸ ਦੇ ਐਜੂਕੇਸ਼ਨ ਫੰਡ ਵਿੱਚ ਪਾ ਲਉ (ਥੰਪਿੰਗ) ਤਾਂ ਕਿ ਅਸੀਂ ਪੁਲਿਸ ਦੇ ਬੱਚਿਆਂ ਵਾਸਤੇ ਕੁਝ ਚੰਗਾ ਕਰ ਸਕੀਏ।

ਸਪੀਕਰ ਸਾਹਿਬ, ਕਿਉਂਕਿ ਬੀਬੀਆਂ ਦੀ ਗੱਲ ਹੈ, ਇਸ ਲਈ ਬੀਬੀ ਜੀ (ਸ਼੍ਰੀਮਤੀ ਰਾਜਿੰਦਰ ਕੌਰ ਭੱਠਲ) ਵੀ ਖੁਸ਼ ਹੋਣਗੇ ਔਰ ਸਾਡੀ ਬੀਬੀ ਵੀ ਖੁਸ਼ ਹੋਵੇਗੀ ਕਿ ਅਸੀਂ ਹਰ ਡਿਸਟ੍ਰਿਕਟ ਵਿੱਚ ਇੱਕ ਪੁਲਿਸ ਸਟੇਸ਼ਨ ਫਾਰ ਵੂਮੈਨ ਬਣਾਉਣਾ ਹੈ। (ਥੰਪਿੰਗ) ਜਿੰਨੇ ਵੀ ਜ਼ਿਲ੍ਹੇ ਹਨ, ਉਨ੍ਹਾਂ ਵਿੱਚ ਇੱਕ ਇੱਕ ਪੁਲਿਸ ਸਟੇਸ਼ਨ ਬੀਬੀਆਂ ਵਾਸਤੇ ਹੋਣਾ ਹੈ ਤਾਂ ਕਿ ਕਰਾਈਮ ਅਗੇਂਸਟ ਵੂਮੈਨ ਜਿਹੜਾ ਹੁੰਦਾ ਹੈ, ਉਸ ਨੂੰ ਉਹ ਪਲਿਸ ਸਟੇਸ਼ਨ ਚੰਗੀ ਤਰ੍ਹਾਂ ਹੈਂਡਲ ਕਰ ਸਕਣ। ਔਰ ਇਹ ਪਹਿਲੀ ਦਫ਼ਾ ਹੋਇਆ ਹੈ ਕਿ ਜਿੰਨੀ ਸਾਰੇ ਪੰਜਾਬ ਦੀ ਪੁਲਿਸ ਫੋਰਸ ਹੈ, ਉਸ ਨੂੰ ਲੰਬੇ ਅਰਸੇ ਵਿੱਚ ਨਹੀਂ, ਇੱਕ ਥੋੜ੍ਹੇ ਜਿਹੇ ਅਰਸੇ ਵਿੱਚ ਹੀ ਰੀ-ਓਰੀਐਂਟ ਕਰਨਾ ਹੈ ਔਰ ਸਾਰੀ ਪੁਲਿਸ ਫੋਰਸ ਨੂੰ ਛੇ ਮਹੀਨੇ ਜਾਂ ਸਾਲ ਦੇ ਅੰਦਰ ਮੌਰਲ ਟਰੇਨਿੰਗ ਦੇਣੀ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਟਾਡਾ ਕੇਸਿਜ਼ ਸਨ। ਬੜੇ ਦੁੱਖ ਦੀ ਗੱਲ ਹੈ, ਇਹ ਸਾਹਮਣੇ ਬੈਠੇ ਭਰਾ ਗੱਲਾਂ ਕਰਦੇ ਹਨ, ਕਿ ਇਨ੍ਹਾਂ ਨੇ ਕਿੰਨੇ ਜ਼ੁਲਮ ਕੀਤੇ। ਲਉ ਮੇਰੇ ਵਰਗੇ ਤੇ ਵੀ ਟਾਡਾ ਦਾ ਕੇਸ ਲਾਇਆ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਅਸੀਂ ਪੰਜਾਬ ਦੇ ਖਿਲਾਫ ਕਿਹੜਾ ਟਾਡਾ ਕਰਦੇ ਰਹੇ ਹਾਂ। ਸਰਦਾਰ ਗੁਰਚਰਨ ਸਿੰਘ ਟੌਹੜਾ ਤੇ ਵੀ ਟਾਡਾ ਲਾਇਆ, ਸੇਖਵਾਂ ਤੇ ਲਾਇਆ। ਇਹ ਸਾਰੇ ਜਿਹੜੇ ਬੈਠੇਹਨ, ਇਹ ਟਾਡਾ ਵਾਲੇ ਹੀ ਹਨ। ਇਹ (ਰੂਲਿੰਗ ਪਾਰਟੀ ਵੱਲ ਇਸ਼ਾਰਾ) ਇਨ੍ਹਾਂ ਦੇ ਹਿਸਾਬ ਨਾਲ ਸਾਰੇ ਇੰਨੇ ਮਾੜੇ ਹਨ ਕਿ ਸਾਰਿਆਂ ਤੇ ਹੀ ਟਾਡਾ ਲੱਗਿਆ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਹ ਵਿਤਕਰਾ ਨਹੀਂ ਕਰਦੇ। ਆਪਣੇ ਜਿਹੜੇ ਮਾਨਯੋਗ ਮੈਂਬਰ ਸਰਦੂਲਗੜ੍ਹ ਵਾਲੇ ਹਨ, ਇਨ੍ਹਾਂ ਨੂੰ ਮੈਂ ਖੁਸ਼ਖਬਰੀ ਦੇਣੀ ਚਾਹੁੰਦਾ ਹਾਂ ਕਿ ਸਰਦਾਰ ਸਿਮਰਨਜੀਤ ਸਿੰਘ ਮਾਨ ਦਾ ਟਾਡਾ ਕੇਸ ਵੀ ਅਸੀਂ ਵਾਪਸ ਕਰ ਲਿਆ ਹੈ। (ਥੰਪਿੰਗ) ਇਹੋ ਹੀ ਨਹੀਂ ਮੇਰੇ ਕੋਲ ਬੜੀ ਲੰਬੀ ਲਿਸਟ ਹੈ। ਮੈਂ ਹੈਰਾਨ ਹੁੰਦਾ ਹਾਂ ਕਿ ਟਾਡਾ ਕਿਹੜੀ ਗੱਲ ਤੋਂ ਲਾਇਆ? ਉਨ੍ਹਾਂ ਵਿੱਚ ਚੰਦੂ ਮਾਜਰਾ ਹੈ, ਢੀਂਡਸਾ ਸਾਹਿਬ ਹਨ। ਤੁਸੀਂ ਅੱਜ ਦੱਸੋ ਕਿ ਤੁਸੀਂ ਇਹੋ ਜਿਹੀ ਹਕੂਮਤ ਦਿੱਤੀ? ਇਨਸਾਫ ਦੀ ਕੋਈ ਥੋੜ੍ਹੀ ਬਹੁਤ ਕਣੀ ਤਾਂ ਤੁਹਾਡੇ ਵਿੱਚ ਹੋਣੀ ਹੈ। ਮੈਂ ਤਾਂ ਕਹਿੰਦਾ ਹਾਂ ਕਿ ਇਨਸਾਫ ਦਾ ਕੋਈ ਕਣ ਨਹੀਂ ਹੈ। ਹੁਣ ਅਸੀਂ ਤਾਂ ਕਦੇ ਵੀ ਟਾਡਾ ਨਹੀਂ ਲਾਉਣੀ। ਤੁਹਾਨੂੰ ਫੜਨਾ ਵੀ ਨਹੀਂ। (ਹਾਸਾ) ਪਰ ਮੈਂ ਇੱਕ ਗੱਲ ਕਹਿਣੀ ਹੈ ਕਿ ਜੇ ਕੋਈ ਰਿਸ਼ਵਤ ਵਾਲਾ ਅੜ ਗਿਆ ਤਾਂ ਛੱਡਣਾ ਵੀ ਨਹੀਂ।

ਸਪੀਕਰ ਸਾਹਿਬ, ਇੱਕ ਗੱਲ ਹੋਰ ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਪਹਿਲਾਂ ਵੀ ਸੈਸ਼ਨ ਹੁੰਦੇ ਸੀ ਤੇ ਹੁਣ ਵੀ ਹੁੰਦਾ ਹੈ ਪਰ ਉਸ ਵਿੱਚ ਤੇ ਇਸ ਵਿੱਚ

ਇੱਕ ਫਰਕ ਹੈ । ਉਹ ਫਰਕ ਇਹ ਹੈ ਕਿ ਉਦੋਂ ਸੈਸ਼ਨ ਦੇ ਸ਼ੁਰੂ ਹੁੰਦੇ ਹੀ ਕੁਰੱਪਸ਼ਨ ਦੇ ਕੇਸ ਸ਼ੁਰੂ ਹੋ ਜਾਂਦੇ ਸੀ । ਹੁਣ ਮੈਂ ਦੱਸਦਾ ਹਾਂ ਕਿ ਸਾਡੇ ਕਿਸੇ ਵਜ਼ੀਰ ਦੇ ਖਿਲਾਫ਼ ਕੁਰੱਪਸ਼ਨ ਦਾ ਚਾਰਜ ਨਹੀਂ ਹੈ । ਪਹਿਲਾਂ ਜਿਹੜੇ ਵਜ਼ੀਰ ਸਨ, ਗੁੱਸਾ ਨਾ ਕਰਿਉ, ਬੱਚਿਆਂ ਕੋਈ ਨਹੀਂ ਸੀ । ਅੱਗੇ ਇੱਕ ਖਾਸ ਸ਼ਹਿਰ ਕੁਰੱਪਸ਼ਨ ਦਾ ਕੇਂਦਰ ਹੁੰਦਾ ਸੀ, ਜਦੋਂ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਹੁੰਦੀ ਸੀ । ਤੁਹਾਡੇ ਦੋ ਠੇਕੇਦਾਰ ਹਾਊਸ ਵਿੱਚ ਬੈਠੇ ਨਹੀਂ, ਉਹ ਬਹੁਤ ਵੱਡੇ ਸ਼ਰਾਬ ਦੇ ਠੇਕੇਦਾਰ ਹਨ । ਉਨ੍ਹਾਂ ਨੂੰ ਇਕੱਲੇ ਇੱਕਲੇ ਨੂੰ ਤੁਸੀਂ, ਬੀਬੀ ਜੀ, ਪੁੱਛ ਲਉ ਕਿ ਕਿੰਨੇ ਕਿੰਨੇ ਦਿੰਦੇ ਰਹੇ ਸੀ । ਚਲੋ, ਤੁਹਾਡੇ ਤੇ ਛੱਡ ਦਿੱਤਾ, ਤੁਸੀਂ ਮੈਨੂੰ ਇਕੱਲੇ ਨੂੰ ਦੱਸ ਦੇਣਾ ਕਿ ਤੁਹਾਨੂੰ ਕਿੰਨੇ ਕਿੰਨੇ ਪੈਸੇ ਦਿੰਦੇ ਰਹੇ ਹਨ । (ਥੰਪਿੰਗ) ਜਾਂ ਤੁਸੀਂ ਉਨ੍ਹਾਂ ਨੂੰ ਪੁੱਛ ਲੈਣਾ, ਜੇ ਉਹ ਕਹਿ ਦੇਣ ਕਿ ਬਾਦਲ ਜਾਂ ਹੋਰ ਕਿਸੇ ਨੇ ਇੱਕ ਰੁਪਿਆ ਵੀ ਲਿਆ ਹੈ ਤਾਂ ਮੈਂ ਅਗਲੇ ਦਿਨ ਜੇਕਰ ਅਸਤੀਫਾ ਨਾ ਦੇਵਾਂ ਤਾਂ ਤੁਸੀਂ ਜੋ ਮਰਜ਼ੀ, ਸਜ਼ਾ ਦੇ ਦਿਓ ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ: (ਬੈਠੇ-ਬੈਠੇ) ਤੁਸੀਂ ਵੀ ਲੈ ਰਹੇ ਹੋ ।

ਮੁੱਖ ਮੰਤਰੀ: ਕੁੱਝ ਨਹੀਂ ਲੈ ਰਹੇ । ਤੁਸੀਂ ਸਾਬਤ ਕਰ ਦਿਓ । ਮੈਂ ਕਹਿ ਸਕਦਾ ਹਾਂ, ਮਾਣ ਨਾਲ ਕਹਿ ਸਕਦਾ ਹਾਂ । ਕੁਝ ਢਿੱਲਾਂ ਰਹਿ ਗਈਆਂ ਹੋਣਗੀਆਂ । ਕਾਰਨ ਇਹ ਹੈ ਕਿ ਪਹਿਲਾਂ ਸਾਡਾ ਬਜਟ ਹੀ ਪਾਸ ਨਹੀਂ ਹੋਇਆ ਸੀ । ਜਿਹੜੀਆਂ ਨਵੀਆਂ ਸਕੀਮਾਂ ਅਸੀਂ ਚਾਲੂ ਕਰਨੀਆਂ ਸਨ, ਉਹ ਬਜਟ ਪਾਸ ਹੋਣ ਨਾਲ ਹੀ ਚਾਲੂ ਹੋਣੀਆਂ ਸਨ । ਇਸ ਲਈ ਜਿਹੜੀਆਂ ਪੁਰਾਣੀਆਂ ਸਕੀਮਾਂ ਚਲਦੀਆਂ ਰਹੀਆਂ, ਉਨ੍ਹਾਂ ਵਿਚ ਕੁਝ ਦੇਰੀ ਹੋਈ । ਮੈਂ ਤੁਹਾਨੂੰ ਇੱਕ ਹੋਰ ਵੀ ਖੁਸ਼ਖਬਰੀ ਦੇਣੀ ਚਾਹੁੰਦਾ ਹਾਂ । ਬੀਬੀ ਜੀ ਨੂੰ ਇਸ ਚੀਜ਼ ਦਾ ਸੁਨੇਹਾ ਮਿਲਿਆ ਹੈ ਕਿ ਅਸੀਂ ਹਿਊਮਨ ਰਾਈਟਸ ਕਮਿਸ਼ਨ ਬਣਾਉਣ ਦਾ ਫੈਸਲਾ ਕੀਤਾ ਹੈ । ਫੈਸਲਾ ਤਾਂ ਪਹਿਲਾਂ ਹੀ ਸੀ ਪਰ ਕਿਉਂਕਿ ਕੋਈ ਚੀਫ ਜਸਟਿਸ ਦੀ ਲੋੜ ਪੈਂਦੀ ਹੈ ਅਤੇ ਉਹ ਮਿਲਦਾ ਨਹੀਂ ਸੀ । ਮੈਂ ਬੜੀ ਕੋਸ਼ਿਸ਼ ਕੀਤੀ ਪਰ ਮੈਨੂੰ ਕਿਤੇ ਤੋਂ ਚੀਫ ਜਸਟਿਸ ਨਹੀਂ ਮਿਲਿਆ । ਇਸ ਲਈ ਬੜੇ ਬੜੇ ਲੋਕਾਂ ਦੀ ਡਿਊਟੀ ਲਾਈ ਤਾਂ ਕਿ ਕੋਈ ਚੀਫ ਜਸਟਿਸ ਮਿਲ ਜਾਵੇ । ਆਖਿਰ ਕਿਸੇ ਨੇ ਹਾਂ ਭਰੀ ਹੈ ਲੇਕਿਨ ਜਿਹੜਾ ਅਸੀਂ ਹਿਊਮਨ ਰਾਈਟਸ ਕਮਿਸ਼ਨ ਮੁਕੱਰਰ ਕਰਨਾ ਹੈ, ਉਸ ਲਈ ਜ਼ਰੂਰੀ ਹੈ ਕਿ ਲੀਡਰ ਆਫ ਦੀ ਆਪੋਜ਼ੀਸ਼ਨ, ਸਪੀਕਰ ਸਾਹਿਬ, ਤੁਸੀਂ ਅਤੇ ਦਾਸ ਨੇ, ਤਿੰਨਾਂ ਨੇ ਬੈਠ ਕੇ ਰਾਏ ਕਰਨੀ ਹੈ । ਉਸ ਦੇ ਲਈ ਮੈਂ ਇਨ੍ਹਾਂ ਨੂੰ ਕੱਲ੍ਹ ਸੁਨੇਹਾ ਘੱਲਿਆ ਹੈ । ਇਸ ਲਈ ਜੇਕਰ ਤੁਸੀਂ ਅੱਜ ਫਰੀ ਹੋ, ਤਾਂ ਅੱਜ ਫੈਸਲਾ ਕਰ ਲੈਂਦੇ ਹਾਂ ਅਤੇ ਜੇਕਰ ਕੱਲ੍ਹ ਨੂੰ ਮੀਟਿੰਗ ਰੱਖਣੀ ਹੈ ਤਾਂ ਕੱਲ੍ਹ ਤੇ ਰੱਖ ਲੈਂਦੇ ਹਾਂ । ਅਸੀਂ ਇੱਥੇ ਹਿਊਮਨ ਰਾਈਟਸ ਕਮਿਸ਼ਨ ਛੇਤੀ ਤੋਂ ਛੇਤੀ ਬਣਾ ਦੇਣਾ ਹੈ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਲੋਕਪਾਲ ਦੀ ਬੜੀ ਜ਼ਰੂਰਤ ਹੈ । ਮੇਰਾ ਖਿਆਲ ਹੈ ਕਿ ਜਿਨ੍ਹਾਂ 12 ਮੰਤਰੀਆਂ ਦੇ ਖਿਲਾਫ਼ ਲੋਕਪਾਲ ਕੋਲ ਸ਼ਿਕਾਇਤ ਹੋਈ ਹੈ, ਉਨ੍ਹਾਂ ਨੂੰ ਤਾਂ ਨੀਂਦ ਵੀ ਆਉਣੀ ਬੰਦ ਹੋ ਗਈ ਹੋਵੇਗੀ । ਲੋਕਪਾਲ ਅਸੀਂ ਛੇਤੀ ਬਣਾ ਦਿਆਂਗੇ,

[ਮੁੱਖ ਮੰਤਰੀ]

ਅਸੀਂ ਇਸ ਬਾਰੇ ਐਨਸ਼ਿਓਅਰ ਕਰਦੇ ਹਾਂ ਲੇਕਿਨ ਇਸ ਦੇ ਵਿੱਚ ਕੁਝ ਤਬਦੀਲੀਆਂ ਕਰਨੀਆਂ ਪੈਣੀਆਂ ਹਨ। ਇਹ ਇਹੋ ਜਿਹਾ ਲੋਕਪਾਲ ਬਣਾ ਕੇ ਗਏ ਸਨ ਜਿਸ ਨਾਲ ਕਿ ਆਪਣੇ ਬੰਦਿਆਂ ਨੂੰ ਬਚਾ ਸਕੀਏ। ਸਾਨੂੰ ਇਸ ਦੇ ਵਿੱਚ ਤਬਦੀਲੀਆਂ ਕਰਨੀਆਂ ਪੈਣੀਆਂ ਹਨ। ਅਸੀਂ ਜਿਹੜੀ ਪਹਿਲਾਂ ਗਵਰਨਰ ਤੋਂ ਮਨਜ਼ੂਰੀ ਲੈਣੀ ਪੈਂਦੀ ਸੀ, ਉਹ ਬੰਦ ਕਰਾਂਗੇ ਚਾਹੇ ਮੇਰੇ ਖਿਲਾਫ ਹੀ ਕੋਈ ਸ਼ਿਕਾਇਤ ਹੋਵੇ ਤਾਂ ਹੋ ਸਕਦੀ ਹੈ। ਅਸੀਂ ਲੋਕਪਾਲ ਕਿਸੇ ਮੰਦਭਾਗੀ ਭਾਵਨਾ ਨਾਲ ਨਿਯੁਕਤ ਨਹੀਂ ਕਰਾਂਗੇ ਸਗੋਂ ਇਨਸਾਫ ਲੈਣ ਖਾਤਰ ਕਰਾਂਗੇ।

ਸਪੀਕਰ ਸਾਹਿਬ, ਅੱਜ ਇੱਕ ਛੋਟੇ ਜਿਹੇ ਮਹਿਕਮੇ ਦਾ ਇਸ ਵਿਚ ਜ਼ਿਕਰ ਹੀ ਨਹੀਂ ਕੀਤਾ ਗਿਆ ਅਤੇ ਉਹ ਹੈ ਜੇਲ੍ਹਾਂ। ਮੇਰੇ ਸਾਥੀ (ਆਪੋਜ਼ੀਸ਼ਨ ਵੱਲ ਇਸ਼ਾਰਾ) ਕਿਹੜਾ ਕਦੇ ਜੇਲ੍ਹਾਂ ਵਿਚ ਗਏ ਹਨ, ਇਸ ਕਰਕੇ ਇਨ੍ਹਾਂ ਨੇ ਇਸ ਨੂੰ ਟੇਕ-ਅੱਪ ਨਹੀਂ ਕੀਤਾ ਪਰ ਕਾਮਰੇਡ ਸਾਹਿਬ ਨੂੰ ਤਾਂ ਜ਼ਿਕਰ ਕਰਨਾ ਚਾਹੀਦਾ ਸੀ ਕਿਉਂਕਿ ਉਹ ਤਾਂ ਜੇਲ੍ਹਾਂ ਵਿਚ ਰਹੇ ਹਨ। ਇਸ ਦੇ ਵਿਚ ਤਿੰਨ ਚਾਰ ਗੱਲਾਂ ਹਨ ਜੋ ਕਿ ਬਹੁਤ ਅਹਿਮ ਹਨ ਅਤੇ ਹੋਰ ਵੀ ਕਰਨੀਆਂ ਹਨ। ਇਕ ਤਾਂ ਇਹ ਹੈ ਕਿ ਜਦੋਂ ਕੋਈ ਕੈਦੀ ਛੁੱਟੀ ਜਾਂਦਾ ਸੀ ਤਾਂ ਉਸ ਨੂੰ ਇੱਕ ਸਿਉਰਿਟੀ ਬਾਂਡ ਭਰਨਾ ਪੈਂਦਾ ਸੀ। ਜਦੋਂ ਉਸ ਨੂੰ ਦੋਬਾਰਾ ਛੁੱਟੀ ਜਾਣਾ ਪੈਂਦਾ ਸੀ ਤਾਂ ਉਸ ਨੂੰ ਫਿਰ ਸ਼ਿਓਰਿਟੀ ਬਾਂਡ ਭਰਨਾ ਪੈਂਦਾ ਸੀ ਅਤੇ ਜਦੋਂ ਤੀਜੀ ਵਾਰ ਛੁੱਟੀ ਜਾਣਾ ਹੁੰਦਾ ਸੀ ਤਾਂ ਫਿਰ ਉਸ ਨੂੰ ਤੀਜੀ ਵਾਰ ਸ਼ਿਓਰਿਟੀ ਬਾਂਡ ਭਰਨਾ ਪੈਂਦਾ ਸੀ। ਹੁਣ ਅਸੀਂ ਇਹ ਫੈਸਲਾ ਕਰ ਦਿੱਤਾ ਹੈ ਕਿ ਜ਼ਿੰਦਗੀ ਦੇ ਵਿੱਚ ਇਕ ਵਾਰ ਹੀ ਸ਼ਿਓਰਿਟੀ ਬਾਂਡ ਭਰਨਾ ਪਵੇਗਾ। (ਥੰਪਿੰਗ) ਇਸੇ ਤਰ੍ਹਾਂ ਜੇਕਰ ਕਿਸੇ ਕੈਦੀ ਨੂੰ ਐਮਰਜੈਂਸੀ ਪੈਰੋਲ ਤੇ ਜਾਣਾ ਪਵੇ ਤਾਂ ਉਥੋਂ ਦਾ ਸੁਪਰਡੰਟ ਜੇਲ੍ਹ ਉਸ ਨੂੰ ਕਿਸੇ ਜ਼ਮਾਨਤ ਦੇ ਬਗੈਰ ਛੱਡ ਸਕਦਾ ਹੈ। ਸਪੀਕਰ ਸਾਹਿਬ, ਦੂਸਰੀ ਗੱਲ ਇਹ ਹੈ ਕਿ ਮੈਂ ਵੀ ਜੇਲ੍ਹਾਂ ਦੇ ਵਿੱਚ ਗਿਆ ਹੋਇਆਂ ਹਾਂ। ਇਕ ਵਾਰੀ ਮੈਂ ਵੇਖਿਆ ਕਿ ਇੱਕ 70 ਸਾਲਾਂ ਬਜ਼ੁਰਗ ਸਟਰੇਚਰ ਤੇ ਹੀ ਪਿਆ ਸੀ। ਮੇਰਾ ਮਨ ਬੜਾ ਦੁੱਖੀ ਹੋਇਆ, ਆਖਰ ਉਹ ਵੀ ਇਨਸਾਨ ਹਨ। ਉਨ੍ਹਾਂ ਨੇ ਜੋ ਕੋਈ ਜੁਰਮ ਕੀਤਾ ਹੈ, ਇਹ ਵੱਖਰੀ ਗੱਲ ਹੈ, ਲੇਕਿਨ ਸਾਨੂੰ ਇਨ੍ਹਾਂ ਨਾਲ ਇਨਸਾਨੀ ਸਲੂਕ ਕਰਨਾ ਚਾਹੀਦਾ ਹੈ। ਇਸ ਲਈ 70 ਸਾਲ ਤੋਂ ਉਤੇ ਜਿਹੜਾ ਕੋਈ ਬਜ਼ੁਰਗ ਹੈ ਅਤੇ ਜਿਸ ਨੇ ਪੰਜ ਸਾਲ ਦੀ ਕੈਦ ਕੱਟ ਲਈ ਹੈ, ਉਸ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਸਪੀਕਰ ਸਾਹਿਬ, ਅਸੀਂ ਇਸ ਸਬੰਧ ਵਿਚ ਇਨਕਲਾਬ ਲਿਆਉਣਾ ਹੈ। ਜੇਲ੍ਹਾਂ ਦੇ ਵਿੱਚ ਜਿਹੜੇ ਲੋਕ ਕੈਦ ਕੱਟਦੇ ਸਨ, ਉਨ੍ਹਾਂ ਤੋਂ ਕੰਮ ਲਿਆ ਜਾਂਦਾ ਸੀ ਪਰ ਇਕ ਕੈਦੀ ਸਿਰਫ 5-7 ਰੁਪਏ ਦਾ ਹੀ ਕੰਮ ਕਰਦਾ ਸੀ ਅਤੇ ਉਹ ਵੀ ਦਿਲ ਲਾ ਕੇ ਕੰਮ ਨਹੀਂ ਸੀ ਕਰਦਾ। ਇਸ ਦਾ ਨਾ ਤਾਂ ਉਸ ਵਿਅਕਤੀ ਨੂੰ ਫਾਇਦਾ ਹੁੰਦਾ ਸੀ ਅਤੇ ਨਾ ਹੀ ਸਰਕਾਰ ਨੂੰ ਕੋਈ ਫਾਇਦਾ ਹੁੰਦਾ ਸੀ। ਚੌਧਰੀ ਜਗਜੀਤ ਸਿੰਘ ਜੀ, ਤੁਸੀਂ ਵੀ ਜਲੰਧਰ ਸ਼ਹਿਰ ਵਿੱਚ ਰਹਿੰਦੇ ਹੋ। ਤੁਸੀਂ ਜੇਲ੍ਹ ਵਿੱਚ ਜਾ ਕੇ ਦੇਖਣਾ ਅਤੇ ਜੇਲ੍ਹ ਦੀ ਵਿਜ਼ਿਟ ਕਰਨੀ ਕਿ ਉਥੇ ਹੁਣ ਕੀ ਹੋ ਰਿਹਾ ਹੈ। ਉਥੇ ਜਾ ਕੇ ਦੇਖਿਓ ਕਿ ਉਥੇ ਕੀ ਹੋ ਰਿਹਾ ਹੈ। ਸਪੋਰਟਸ ਗੁੱਡਜ਼

ਇੰਡਸਟਰੀ ਵਿੱਚ ਸਪੋਰਟਸ ਦੀਆ ਚੀਜਾਂ ਬਣਦੀਆਂ ਹਨ । ਫਰਜ਼ ਕਰੋ 70/-ਰੁਪਏ ਦਾ ਕੰਮ ਇੱਕ ਕੈਦੀ ਕਰਦਾ ਹੈ ਤਾਂ ਹੁਣ 35/- ਰੁਪਏ ਉਸ ਕੈਦੀ ਨੂੰ ਮਿਲਣਗੇ ਅਤੇ 35/- ਰੁਪਏ ਸਰਕਾਰ ਨੂੰ ਮਿਲਣਗੇ । (ਥੰਪਿੰਗ) ਉਸ ਦੇ ਨਾਲ ਕੀ ਹੋਵੇਗਾ, ਕਈ ਗਰੀਬ ਕੈਦੀ ਮਹੀਨੇ ਦੇ ਮਹੀਨੇ ਹਜ਼ਾਰ ਰੁਪਿਆ ਆਪਣੇ ਪਰਿਵਾਰ ਨੂੰ ਭੇਜ ਸਕੇਗਾ । ਜੇ ਕੋਈ ਕੈਦੀ ਪਰਿਵਾਰ ਨੂੰ ਪੈਸੇ ਨਾ ਭੇਜਣਾ ਚਾਹੇ ਤਾਂ ਜਦੋਂ ਉਹ ਜੇਲ੍ਹ ਤੋਂ ਕੈਦ ਕੱਟ ਕੇ ਜਾਏਗਾ, ਉਸ ਕੋਲ ਲੱਖ, ਦੋ ਲੱਖ ਰੁਪਿਆ ਹੋਵੇਗਾ ਤਾਂ ਕਿ ਉਹ ਜੇਲ੍ਹ ਤੋਂ ਬਾਹਰ ਜਾ ਕੇ ਆਪਣਾ ਕੋਈ ਕੰਮ ਚਲਾ ਸਕੇ । ਇਹ ਬਹੁਤ ਹੀ ਅਹਿਮ ਗੱਲ ਹੈ । ਇਹ ਇਕੱਲੇ ਜਲੰਧਰ ਜ਼ਿਲ੍ਹੇ ਦੀ ਹੀ ਗੱਲ ਨਹੀਂ, ਸਾਰਿਆਂ ਜ਼ਿਲ੍ਹਿਆਂ ਵਿੱਚ ਇਸ ਗੇਨਫੁੱਲ ਇੰਮਪਲਾਇਮੈਂਟ ਨੂੰ ਲਾਗੂ ਕੀਤਾ ਜਾ ਰਿਹਾ ਹੈ । ਇਸ ਨਾਲ ਕੈਦੀਆਂ ਨੂੰ ਇੰਨੀ ਵੱਡੀ ਇੰਮਪਲਾਇਮੈਂਟ ਹੋਵੇਗੀ ਕਿ ਸਰਕਾਰ ਨੂੰ ਜੇਲ੍ਹਾਂ ਤੇ ਕੋਈ ਪੈਸਾ ਖਰਚਣਾ ਨਹੀਂ ਪਵੇਗਾ ਅਤੇ ਇਸ ਤਰ੍ਹਾਂ ਕੈਦੀਆਂ ਦਾ ਖਰਚਾ ਵੀ ਨਿਕਲ ਆਵੇਗਾ ।

ਇਨ੍ਹਾਂ ਨੇ ਗੱਲ ਕੀਤੀ ਹੈ ਜੇਲ੍ਹਾਂ ਵਿੱਚ ਮੁਲਾਕਾਤਾਂ ਬਾਰੇ । ਜਦੋਂ ਕੋਈ ਆਪਣੇ ਸਬੰਧੀ ਨੂੰ ਜੇਲ੍ਹ ਵਿੱਚ ਮਿਲਣ ਜਾਂਦਾ ਹੈ ਤਾਂ ਉਥੇ ਮੁਲਾਕਾਤੀਆਂ ਅਤੇ ਕੈਦੀਆਂ ਦੇ ਮਿਲਣ ਵਾਸਤੇ ਜਾਲੀਆਂ ਵਾਲੇ ਦਰਵਾਜ਼ੇ ਹਨ ਜਿਸ ਨਾਲ ਇੱਕ ਜਾਲੀ ਦੇ ਇਸ ਪਾਸੇ ਖੜ੍ਹਾ ਹੁੰਦਾ ਹੈ ਅਤੇ ਦੂਜਾ ਜਾਲੀ ਦੇ ਦੂਜੇ ਪਾਸੇ ਖੜ੍ਹਾ ਹੁੰਦਾ ਹੈ । ਇਸ ਨਾਲ ਮੁਲਾਕਾਤ ਕਰਨ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ । ਹੁਣ ਇਹ ਕੀਤਾ ਗਿਆ ਹੈ ਕਿ ਇਹ ਜਾਲੀਆਂ ਹਟਾ ਦਿੱਤੀਆਂ ਗਈਆਂ ਹਨ (ਥੰਪਿੰਗ) ਤਾਂ ਕਿ ਉਹ ਪਰਿਵਾਰ ਦੇ ਲੋਕਾਂ ਨਾਲ ਚੰਗੀ ਤਰ੍ਹਾਂ ਗੱਲਬਾਤ ਕਰ ਸਕਣ ।

ਦੂਸਰੀ, ਸਪੀਕਰ ਸਾਹਿਬ, ਜਿਹੜੀ ਡਿਮਾਂਡ ਹੈ, ਉਹ ਵੀ ਬਹੁਤ ਅਹਿਮ ਹੈ ਐਜੂਕੇਸ਼ਨ ਪਰਪਜ਼ਫੁੱਲ ਹੋਵੇ, ਗੇਨਫੁੱਲ ਹੋਵੇ, ਵੈਲਯੂ ਬੇਸਡ ਹੋਵੇ, ਡਿਸਿਪਲਿਨ ਓਰੀਐਂਟਡ ਹੋਵੇ ਜਿਸ ਵਿਚ ਦੇਸ਼ ਭਗਤੀ ਸਿਖਾਈ ਜਾਵੇ । ਇਸ ਤਰ੍ਹਾਂ ਦੀ ਐਜੂਕੇਸ਼ਨ ਹੋ... ਚਾਹੀਦੀ ਹੈ । ਬਰਾੜ ਸਾਹਿਬ ਐਜੂਕੇਸ਼ਨ ਮੰਤਰੀ ਰਹੇ ਹਨ, ਇਹ ਇਸ ਤਰ੍ਹਾਂ ਕਹਿੰਦੇ ਹ... ਜਿਵੇਂ ਸਾਰੀਆਂ ਕਮੀਆਂ ਦੇ ਜ਼ਿੰਮੇਵਾਰ ਅਸੀਂ ਹਾਂ । 50 ਸਾਲ ਤਾਂ ਤੁਸੀਂ ਹੀ ਰਾਜ ਕੀ... ਹੈ । ਸਾਨੂੰ ਤਾਂ ਤੁਸੀਂ ਥੋੜ੍ਹਾ ਜਿਹਾ ਸਵਾਦ ਦਿਖਾਦੇ ਰਹੇ ਹੋ । (ਹਾਸਾ) (ਥੰਪਿੰਗ)

ਸਰਦਾਰ ਅਵਤਾਰ ਸਿੰਘ ਬਰਾੜ : ਤੁਸੀਂ ਤਾਂ ਆਪ ਹੀ ਛੱਡ ਜਾਂਦੇ ਸੀ ।

ਮੁੱਖ ਮੰਤਰੀ : ਤੁਸੀਂ ਤੋੜਦੇ ਰਹੇ ਹੋ ।

ਸਰਦਾਰ ਅਵਤਾਰ ਸਿੰਘ ਬਰਾੜ : ਤੁਸੀਂ ਆਪ ਹੀ ਤੋੜਦੇ ਰਹੇ ਹੋ । ਤੁਹਾਡੇ ਬੰਦੇ ਤੋੜਦੇ ਰਹੇ ਹਨ ।

ਮੁੱਖ ਮੰਤਰੀ : ਤੁਸੀਂ ਜਿਹੜੀਆਂ ਫਿਗਰਜ਼ ਲਿਆਂਦੇ ਹੋ, ਬਰਾੜ ਸਾਹਿਬ, ਸੱਚ ਸੱਚ ਦੱਸਣਾ ਕਿਸੇ ਵੀ ਪੇਂਡੂ ਸਕੂਲ ਵਿਚ 50% ਟੀਚਰਜ਼ ਨਹੀਂ ਸਨ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਜੇ ਇਹ ਗਲਤ ਹੋਵੇ ਤਾਂ ਦੱਸੋ । ਕਈ ਥਾਵਾਂ ਤੇ ਪਿੰਡਾਂ ਵਿਚ ਲੋਕਾਂ ਨੇ ਤਾਲੇ

[ਮੁੱਖ ਮੰਤਰੀ]

ਲਗਾ ਦਿੱਤੇ ਸਨ ਕਿ ਮਾਸਟਰ ਤਾਂ ਹੈ ਨਹੀਂ । ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ 16 ਹਜ਼ਾਰ ਟੀਚਰ ਅਸੀਂ ਸਿਲੈਕਟ ਕਰਕੇ ਪਿੰਡਾਂ ਵਿਚ ਭੇਜ ਦਿੱਤੇ ਹਨ (ਥੰਪਿੰਗ) ਤੇ 8 ਹਜ਼ਾਰ ਦੀ ਲਿਸਟ ਹੋਰ ਹੈ । ਛੁੱਟੀਆਂ ਤੋਂ ਬਾਅਦ ਸਾਰੇ ਪਿੰਡਾਂ ਦੇ ਸਕੂਲਾਂ ਵਿਚ ਸ਼ਹਿਰੀ ਟੀਚਰ ਭੇਜ ਦਿੱਤੇ ਜਾਣਗੇ । ਇਹ ਇੱਕ ਵਧੀਆ ਸੁਝਾਅ ਆਇਆ ਹੈ ਕਿ ਭਾਵੇਂ ਹੋਰ ਕਿਸੇ ਮਹਿਕਮੇ ਦੀ ਸਿਲੈਕਸ਼ਨ ਕਿਵੇਂ ਵੀ ਹੋਵੇ ਪਰ ਟੀਚਰਜ਼ ਦੀ ਸਿਲੈਕਸ਼ਨ ਕਮੇਟੀ ਵੱਖਰੀ ਹੋਣੀ ਚਾਹੀਦੀ ਹੈ । ਕਿਉਂਕਿ ਹਰ ਸਾਲ ਬਹੁਤ ਟੀਚਰ ਰਿਟਾਇਰ ਹੁੰਦੇ ਹਨ, ਇਸ ਲਈ ਟੀਚਰਾਂ ਦੀ ਕਮੀ ਪੂਰੀ ਕਰਨ ਲਈ ਐਜੂਕੇਸ਼ਨ ਡਿਪਾਰਟਮੈਂਟ ਦੀ ਆਪਣੀ ਵੱਖਰੀ ਸਿਲੈਕਸ਼ਨ ਕਮੇਟੀ ਬਣਾਈ ਜਾਵੇਗੀ । (ਥੰਪਿੰਗ) ਇਹ ਬਹੁਤ ਵੱਡਾ ਸੁਝਾਅ ਹੈ । ਇਸ ਨੂੰ ਅਸੀਂ ਸਿਰੇ ਚਾੜ੍ਹਾਂਗੇ । ਸਪੀਕਰ ਸਾਹਿਬ, ਕੁਝ ਅਜਿਹੀ ਆਦਤ ਹੋ ਗਈ ਹੈ ਕਿ ਨੁਕਤਾਚੀਨੀ ਕਰਨੀ ਅਤੇ ਨੁਕਸ ਲੱਭਣੇ ਹੀ ਸਾਰਾ ਕੁਝ ਰਹਿ ਗਏ ਹਨ । ਕਹਿੰਦੇ ਹਨ ਕਿ ਆਦਰਸ਼ ਸਕੂਲ ਬਣਾਈ ਜਾਂਦੇ ਹਨ, ਜਦਕਿ ਪਹਿਲੇ ਸਕੂਲਾਂ ਵਿਚ ਤੱਪੜ ਨਹੀਂ ਹਨ, ਕੁਰਸੀਆਂ ਨਹੀਂ ਹਨ ਅਤੇ ਮਕਾਨ ਨਹੀਂ ਹਨ । ਭਲਾ ਤੁਸੀਂ ਕਿੰਨੇ ਤੱਪੜ ਵਿਛਾ ਦਿੱਤੇ ਜੋ ਅਸੀਂ ਥੱਲਿਉਂ ਕੱਢ ਲਏ । ਜਾਂ ਤੁਸੀਂ ਕਿਹੜੇ ਗਲੀਚੇ ਵਿਛਾ ਦਿੱਤੇ ਜੋ ਅਸੀਂ ਚੁੱਕ ਕੇ ਲੈ ਗਏ । ਲਿਸਟ ਕੱਢ ਦਿੱਤੀ ਕਿ ਅਸੀਂ 400 ਸਕੂਲ ਅਪਗਰੇਡ ਕਰ ਦਿੱਤੇ । ਇਕੱਲੇ ਕਾਗਜ਼ਾਂ ਵਿਚ ਅਪਗਰੇਡ ਕਰਨ ਦਾ ਕੋਈ ਲਾਭ ਨਹੀਂ । ਅਪਗਰੇਡ ਦਾ ਲਾਭ ਤਾਂ ਹੈ ਜੇ ਸਟਾਫ ਹੋਵੇ । ਕਿੰਨੇ ਹੀ ਸਕੂਲ ਹਨ, ਜਿਨ੍ਹਾਂ ਦੀ ਕੋਈ ਬਿਲਡਿੰਗ ਨਹੀਂ । ਕਈ ਬਿਲਡਿੰਗਾਂ ਅਨਸੇਫ ਹਨ ਅਤੇ ਕਈ ਪੂਰੀਆਂ ਨਹੀਂ ਬਣੀਆਂ ਹੋਈਆਂ । ਸਪੀਕਰ ਸਾਹਿਬ, ਹੁਣ ਤੁਹਾਨੂੰ ਮੈਂ ਫਿਗਰਜ਼ ਦੱਸਦਾ ਹਾਂ, ਬਰਾੜ ਸਾਹਿਬ ਤਸਦੀਕ ਕਰ ਲਓ । ਪਿਛਲੇ ਸਾਲ ਇਨ੍ਹਾਂ ਨੇ ਸਕੂਲਾਂ ਦੇ ਲਈ 10 ਕਰੋੜ ਰੁਪਿਆ ਇਨਫਰਾਸਟਰੱਕਚਰ ਲਈ ਰੱਖਿਆ ਸੀ ਪਰ ਇਹ ਮੈਨੂੰ ਦੱਸ ਦੇਣ ਜੇ ਇਨ੍ਹਾਂ ਨੇ 10 ਪੈਸੇ ਵੀ ਇਸ ਉਤੇ ਖਰਚੇ ਹੋਣ । ਰੁਪਿਆ ਤਾਂ ਬਹੁਤ ਜ਼ਿਆਦਾ ਹੁੰਦਾ ਹੈ, ਇਨ੍ਹਾਂ ਨੇ ਤਾਂ ਬਜਟ ਵਿਚ 10 ਪੈਸੇ ਵੀ ਖਰਚ ਨਹੀਂ ਕੀਤੇ । ਮੈਂ ਝੂਠਾ ਹੋਵਾਂਗਾ ਜੇ ਇਨ੍ਹਾਂ ਨੇ ਇਸ ਤੋਂ ਵੱਧ ਖਰਚ ਕੀਤਾ ਹੋਵੇ ਜਦ [illegible] ਅਸੀਂ ਇਸ ਕੰਮ ਲਈ 50 ਕਰੋੜ ਰੁਪਿਆ ਰੱਖਿਆ ਹੈ ਜਿਹੜਾ ਇਸ ਕੰਮ ਲਈ ਖਰਚ ਕੀਤਾ ਜਾਵੇਗਾ ਤਾਂਕਿ ਸਕੂਲਾਂ ਦੇ ਵਿਚ ਜਿਹੜੀਆਂ ਬੇਸਿਕ ਅਮੈਨਿਟੀਜ਼ ਹਨ ਉਹ ਸਕੂਲਾਂ ਦੇ ਵਿਚ ਮਿਲ ਸਕਣ ਜਿਸ ਤਰ੍ਹਾਂ ਕਿ ਸਕੂਲਾਂ ਦੇ ਵਿਚ ਲੈਟਰੀਨ ਦਾ ਪ੍ਰਬੰਧ ਕਰਨਾ ਹੈ । ਅਸੀਂ ਇਸ ਵੱਲ ਧਿਆਨ ਦੇ ਰਹੇ ਹਾਂ । ਇਸੇ ਤਰ੍ਹਾਂ ਟੀਚਰਜ਼ ਟਰੇਨਿੰਗ ਸਕੂਲ ਪੰਜਾਬ ਦੇ 10 ਜ਼ਿਲ੍ਹਿਆਂ ਵਿਚ ਹਨ ਜਿਥੇ ਟੀਚਰਜ਼ ਨੂੰ ਟਰੇਨਿੰਗ ਦਿੱਤੀ ਜਾਂਦੀ ਹੈ । ਬਾਕੀ ਦੇ 7 ਜ਼ਿਲ੍ਹਿਆਂ ਦੇ ਵਿਚ ਵੀ ਇਹ ਟੀਚਰਜ਼ ਟਰੇਨਿੰਗ ਸਕੂਲ ਖੋਲ੍ਹੇ ਜਾਣਗੇ ਤਾਕਿ ਜਿਹੜੇ ਅਨਟਰੇਂਡ ਟੀਚਰਜ਼ ਹਨ, ਉਨ੍ਹਾਂ ਨੂੰ ਟਰੇਨਿੰਗ ਦਿੱਤੀ ਜਾ ਸਕੇ । ਇਸ ਕੰਮ ਦੇ ਲਈ ਅਸੀਂ 20 ਕਰੋੜ ਰੁਪਿਆ ਰੱਖਿਆ ਹੈ । ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਜਿੰਨੀ ਮਰਜ਼ੀ ਚੰਗੀ ਤੋਂ ਚੰਗੀ ਸਕੀਮ ਅਸੀਂ ਲੈ ਆਈਏ, ਉਸ ਨੂੰ ਠੀਕ ਕਹਿਣ ਦੀ ਬਜਾਏ ਇਹ ਗਲਤ ਕਹਿਣਗੇ । ਅਸੀਂ ਪੰਜਾਬ ਵਿਚ ਪਿਛੇ ਫੋਕਲ ਪੁਆਇੰਟ ਦੀ ਸਕੀਮ ਲਿਆਂਦੀ ਸੀ ਜਿਸ ਨੂੰ ਇਹ ਲੋਕ ਫੋਕੇ ਪੁਆਇੰਟ ਕਹਿੰਦੇ ਰਹੇ । ਬਰਾੜ ਸਾਹਿਬ, ਤੁਸੀਂ ਪਿੰਡਾਂ ਦੇ ਵਿਚ ਜਾਂਦੇ ਰਹਿੰਦੇ ਹੋ ਅਤੇ ਤੁਹਾਨੂੰ ਤਾਂ ਪਤਾ ਹੈ ਕਿ ਅਗਰ ਇਹ ਫੋਕਲ ਪੁਆਇੰਟ

ਚਲਦੇ ਰਹਿੰਦੇ ਤਾਂ ਪੰਜਾਬ ਦੀ ਸ਼ਕਲ ਕੁਝ ਹੋਰ ਹੀ ਹੋਣੀ ਸੀ ਅਤੇ ਪਿੰਡਾਂ ਦੇ ਵਿਚ ਕਾਫੀ ਵਿਕਾਸ ਹੋਇਆ ਹੋਣਾ ਸੀ। ਇਸ ਫ਼ੋਕਲ ਪੁਆਇੰਟ ਦੀ ਸਕੀਮ ਨੂੰ ਦੇਖਣ ਲਈ ਸਾਡੇ ਕੋਲ ਦੁਨੀਆਂ ਤੋਂ ਲੋਕ ਪੁੱਛਣ ਲਈ ਆਏ ਸਨ ਅਤੇ ਦੁਨੀਆਂ ਦੇ ਵਿਚ ਇਸ਼ ਦੀ ਤਾਰੀਫ ਹੋਈ ਸੀ। ਹੁਣ ਅਸੀਂ ਆਦਰਸ਼ ਸਕੂਲਾਂ ਦੇ ਰਾਹੀਂ ਕੁਆਲਟੀ ਐਜੂਕੇਸ਼ਨ ਦੇਣੀ ਚਾਹੁੰਦੇ ਹਾਂ। ਨੁਕਤਾਚੀਨੀ ਕਰਨ ਤੋਂ ਪਹਿਲਾਂ ਸਕੀਮ ਨੂੰ ਸਮਝ ਲਿਆ ਕਰੋ। ਕੁਆਲਿਟੀ ਸਕੂਲਾਂ ਦੇ ਵਿਚ ਅਮੀਰਾਂ ਦੇ ਬੱਚੇ ਨਹੀਂ ਪੜ੍ਹਨਗੇ ਬਲਕਿ ਗਰੀਬ ਅਤੇ ਦਲਿਤ ਕਿਸਾਨ ਦੇ ਬੱਚੇ ਪੜ੍ਹਨਗੇ। ਇਹ ਸਕੂਲ ਹਰ ਬਲਾਕ ਦੇ ਵਿਚ ਇਕ ਹੋਵੇਗਾ ਅਤੇ ਬਲਾਕ ਦੇ ਸਾਰੇ ਪਿੰਡਾਂ ਨੂੰ ਇਸ ਦਾ ਫਾਇਦਾ ਹੋਵੇਗਾ ਅਤੇ ਬੱਚੇ ਉਥੇ ਦਾਖਲਾ ਲੈ ਸਕਣਗੇ। ਹਰ ਪਿੰਡ ਦੇ 5 ਬੱਚੇ ਉਸ ਸਕੂਲ ਵਿਚ ਦਾਖਲਾ ਲੈ ਸਕਣਗੇ ਅਤੇ ਹਰ ਪਿੰਡ ਦੇ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਦੇ ਵਿਚ ਦਾਖਲਾ ਦਿੱਤਾ ਜਾਵੇਗਾ। ਜਿਹੜਾ ਪਿੰਡ ਇਸ ਸਕੂਲ ਦੇ ਲਈ ਜ਼ਮੀਨ ਦੇਵੇਗਾ, ਉਸ ਪਿੰਡ ਦੇ ਤਿੰਨ ਗੁਣਾਂ ਬੱਚੇ ਇਸ ਵਿਚ ਦਾਖਲ ਹੋ ਸਕਣਗੇ। ਇਸ ਦੀ ਇਜਾਜ਼ਤ ਦਿੱਤੀ ਗਈ ਹੈ। ਇਸ ਸਕੂਲ ਦੇ ਰਾਹੀਂ ਅਸੀਂ ਕੁਆਲਟੀ ਐਜੂਕੇਸ਼ਨ ਅਤੇ ਮਾਰਲ ਐਜੂਕੇਸ਼ਨ ਦੇਵਾਂਗੇ। ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਦੁਨੀਆਂ ਦੇ ਬੱਚਿਆਂ ਦੇ ਨਾਲ ਮੁਕਾਬਲਾ ਕਰ ਸਕਣ ਅਤੇ ਐਜੂਕੇਸ਼ਨ ਦੇ ਖੇਤਰ ਵਿਚ ਅੱਗੇ ਆ ਸਕਣ। ਸਾਡੀ ਤਾਲੀਮ ਦੇ ਖੇਤਰ ਵਿਚ ਸਟੈਂਡਰਡ ਵੱਧਣਾ ਚਾਹੀਦਾ ਹੈ। ਪਹਿਲੇ ਪਿੰਡਾਂ ਦੇ ਵਿਚ ਸੜਕਾਂ ਨਹੀਂ ਹੁੰਦੀਆਂ ਸਨ ਨਾ ਹੀ ਕੋਈ ਇਸ ਦਾ ਪੰਗਾ ਲੈਂਦਾ ਸੀ। ਕਿਸੇ ਪਿੰਡ ਨੂੰ ਸੜਕ ਨਹੀਂ ਹੁੰਦੀ ਸੀ। ਸਭ ਤੋਂ ਪਹਿਲਾਂ ਅਸੀਂ ਬਾਦਲ ਪਿੰਡ ਦੇ ਵਿਚ ਸੜਕ ਬਣਵਾਈ ਸੀ। ਅੱਜ ਹਰ ਪਿੰਡ ਦੇ ਵਿਚ 2-3 ਸੜਕਾਂ ਜਾਂਦੀਆਂ ਹਨ ਪਰ ਪਤਾ ਨਹੀਂ ਕਿਸ ਤਰ੍ਹਾਂ ਜ਼ੀਰਾ ਸਾਹਿਬ ਦੇ ਹਲਕੇ ਵਿਚ 20-30 ਸੜਕਾਂ ਰਹਿ ਗਈਆਂ ਹਨ। ਇਥੇ ਵੀ ਸੜਕਾਂ ਬਣਾ ਦੇਵਾਂਗੇ ਅਤੇ ਇਸ ਦਾ ਇੰਤਜ਼ਾਮ ਕਰਾਂਗੇ। ਪਿੰਡਾਂ ਦੇ ਵਿਚ ਕੁਆਲਟੀ ਸਕੂਲ ਬਣਾ ਕੇ ਦੇਵਾਂਗੇ। ਪਿੰਡਾਂ ਦੇ ਗਰੀਬ ਬੱਚਿਆਂ ਨੂੰ, ਦਲਿਤ ਵਰਗ ਦੇ ਬੱਚਿਆਂ ਨੂੰ ਅਤੇ ਕਿਸਾਨਾਂ ਦੇ ਬੱਚਿਆਂ ਨੂੰ ਇਨ੍ਹਾਂ ਆਦਰਸ਼ ਸਕੂਲਾਂ ਦੇ ਵਿਚ ਤਾਲੀਮ ਮਿਲੇਗੀ ਅਤੇ ਉਹ ਅੱਗੇ ਵੱਧ ਸਕਣਗੇ। ਇਨ੍ਹਾਂ ਗਰੀਬ ਪਰਿਵਾਰਾਂ ਦੇ ਬੱਚੇ ਵੀ ਮੁਕਾਬਲਾ ਕਰਕੇ ਆਈ.ਏ.ਐਸ./ਆਈ.ਪੀ.ਐਸ./ਆਈ.ਐਫ.ਐਸ. ਬਣ ਸਕਣਗੇ ਅਤੇ ਇੰਜੀਨੀਅਰਿੰਗ ਅਤੇ ਮੈਡੀਕਲ ਦੇ ਵਿਚ ਦਾਖਲਾ ਲੈ ਸਕਣਗੇ। ਜਿਹੜੇ ਸਰਕਾਰੀ ਸਕੂਲਜ਼ ਹਨ, ਉਨ੍ਹਾਂ ਵਿਚ ਅੱਛੀ ਵਿਦਿਆ ਦਿੱਤੀ ਜਾ ਸਕੇ ਉਸ ਦੇ ਵਾਸਤੇ ਪ੍ਰਬੰਧ ਕੀਤਾ ਜਾ ਰਿਹਾ ਹੈ ਤਾਕਿ ਬੱਚੇ ਵਧੀਆ ਐਜੂਕੇਸ਼ਨ ਪ੍ਰਾਪਤ ਕਰ ਸਕਣ ਅਤੇ ਪੜ੍ਹਾਈ ਦੇ ਵਿਚ ਵਧੀਆ ਪੁਜ਼ੀਸ਼ਨ ਪ੍ਰਾਪਤ ਕਰ ਸਕਣ। ਇਸ ਤਰੀਕੇ ਨਾਲ ਉਹ ਗਰੀਬ ਪਰਿਵਾਰਾਂ ਦੇ ਲੋਕ ਅੱਗੇ ਵੱਧ ਸਕਣਗੇ। ਇਸੇ ਤਰ੍ਹਾਂ, ਸਪੀਕਰ ਸਾਹਿਬ, ਅਸੀਂ ਇਥੇ ਸਿੱਖਿਆ ਭਵਨ ਵੀ ਬਣਾ ਰਹੇ ਹਾਂ ਤਾਂਕਿ ਐਜੂਕੇਸ਼ਨ ਦੇ ਸਾਰੇ ਦਫਤਰ ਇਕੱਠੇ ਹੋ ਸਕਣ ਅਤੇ ਸਕੂਲਾਂ ਅਤੇ ਕਾਲਜ਼ਾਂ ਦੇ ਵਿਚ ਜਿਹੜਾ ਇਨਫਰਾਸਟਰੱਕਚਰ ਹੈ, ਉਹ ਪੂਰਾ ਮਿਲ ਸਕੇ। 40 ਕਰੋੜ ਰੁਪਏ ਇਸ ਸਾਲ ਲਾਏ ਜਾਣਗੇ ਜਿਸ ਨਾਲ ਵੋਕੇਸ਼ਨਲ ਕੋਰਸਿਜ਼ ਚੱਲਣਗੇ। ਸਾਡੀਆਂ ਜਿਹੜੀਆਂ ਯੂਨੀਵਰਸਿਟੀਆਂ ਹਨ, ਉਨ੍ਹਾਂ ਵਿਚ ਵੀ ਪ੍ਰੋਫੈਸ਼ਨਲ ਕੋਰਸਿਜ਼ ਚਾਲੂ ਕੀਤੇ ਜਾਣਗੇ। ਅਸੀਂ ਐਜੂਕੇਸ਼ਨ ਦੇ ਸਿਸਟਮ ਨੂੰ ਬਦਲਣਾ ਚਾਹੁੰਦੇ ਹਾਂ ਤਾਂਕਿ ਸੂਬੇ ਵਿਚ ਖੁਸ਼ਹਾਲੀ ਹੋਵੇ, ਸੂਬੇ ਦੀ ਤਰੱਕੀ ਹੋਵੇ।

[ਮੁੱਖ ਮੰਤਰੀ]

ਮੈਂ ਸਪੀਕਰ ਸਾਹਿਬ, ਇਕ ਗੱਲ ਜ਼ਰੂਰ ਸਾਹਮਣੇ ਬੈਠੇ ਵੀਰਾਂ ਨੂੰ ਕਹਾਂਗਾ ਕਿ ਉਹ ਸਾਡੇ ਨਾਲ ਦਿਲੋਂ ਕੋਆਪਰੇਸ਼ਨ ਦੇਣ, ਖਾਲੀ ਸਿੰਪਥੀ ਹੀ ਨਾ ਕਰਨ। ਜਦੋਂ ਕਿਤੇ ਪੰਜਾਬ ਵਿਚ ਗੜਬੜ ਹੁੰਦੀ ਹੈ, ਬੰਬ ਧਮਾਕਾ ਹੁੰਦਾ ਹੈ ਤਾਂ ਇਹ ਵਿਚੋਂ ਖੁਸ਼ ਹੁੰਦੇ ਹਨ ਕਿ ਇਸ ਨਾਲ ਅਕਾਲੀ ਬਦਨਾਮ ਹੋਣਗੇ। ਮੈਂ ਇਹ ਸਹੀ ਦੱਸਦਾ ਹਾਂ। ਇਹ ਇਹੋ ਜਿਹੀਆਂ ਗੱਲਾਂ ਨਾ ਕਰਨ। ਉਪਰੋਂ ਉਪਰੋਂ ਕਹਿਣ ਦਾ ਕੋਈ ਫਾਇਦਾ ਨਹੀਂ। ਜੇ ਤੁਸੀਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਚਾਹੁੰਦੇ ਹੋ ਕਿ ਪੰਜਾਬ ਵਿਚ ਹਮੇਸ਼ਾਂ ਲਈ ਅਮਨ ਰਹੇ ਤਾਂ ਜੋ ਲੋਕ ਅਮਨ ਸ਼ਾਂਤੀ ਭੰਗ ਕਰ ਰਹੇ ਹਨ, ਉਨ੍ਹਾਂ ਦੀ ਮੱਦਦ ਨਾ ਕਰੋ। ਪੁਲਿਸ ਨੂੰ ਡੀਮਾਰੇਲਾਈਜ਼ ਕਰਨ ਵਾਲੀਆਂ ਗੱਲਾਂ ਨਾ ਕਰੋ। ਇਸ ਤਰ੍ਹਾਂ ਕਰਕੇ ਤੁਸੀਂ ਆਪਣੇ ਸੂਬੇ ਦਾ ਨੁਕਸਾਨ ਕਰ ਰਹੇ ਹੋ। ਮੇਰੀ ਬੇਨਤੀ ਹੈ ਕਿ ਆਪਾਂ ਰਲ ਮਿਲਕੇ ਪੰਜ ਸਾਲ ਸੂਬੇ ਦੀ ਸੇਵਾ ਕਰੀਏ। ਸਭ ਤੋਂ ਵੱਡਾ ਮੁੱਦਾ ਹੈ ਕਿ ਅਮਨ ਸ਼ਾਂਤੀ ਨੂੰ ਮਜ਼ਬੂਤ ਕਰੀਏ। ਜੋ ਲੋਕ ਅਮਨ ਅਤੇ ਸ਼ਾਂਤੀ ਨੂੰ ਭੰਗ ਕਰਦੇ ਹਨ, ਉਨ੍ਹਾਂ ਨੂੰ ਅਸੀਂ ਨੰਗਾ ਕਰੀਏ। ਅਸੀਂ ਆਪਸ ਵਿਚ ਉਲਝੇ ਨਾ ਰਹੀਏ। ਅਸੀਂ ਆਪਸ ਵਿਚ ਇਕ ਦੂਜੇ ਉਤੇ ਇਲਜ਼ਾਮ ਨਾ ਲਗਾਈਏ। ਤੁਸੀਂ ਸੂਬੇ ਵਿਚ ਅਮਨ ਅਤੇ ਸ਼ਾਂਤੀ ਨੂੰ ਕਾਇਮ ਰੱਖਣ ਲਈ ਜੋ ਸੁਝਾਓ ਦਿਉਗੇ, ਅਸੀਂ ਉਸ ਨੂੰ ਵੈਲਕਮ ਕਰਾਂਗੇ। ਕਾਮਰੇਡ ਸਾਹਿਬ, ਸਾਡੇ ਵੱਲੋਂ ਇਹ ਤੁਸੀਂ ਇਨ੍ਹਾਂ ਨੂੰ ਕਹਿ ਦਿਓ। ਇਹ ਤੁਹਾਡੀ ਗੱਲ ਮੰਨ ਲੈਂਦੇ ਹਨ ਕਿਉਂਕਿ ਤੁਸੀਂ ਇਨ੍ਹਾਂ ਦੀ ਮੱਦਦ ਕੀਤੀ ਹੈ। (ਹਾਸਾ) ਇਨ੍ਹਾਂ ਨੂੰ ਕਹੋ ਕਿ ਇਹ ਇਨ੍ਹਾਂ ਗੱਲਾਂ ਤੋਂ ਬਾਜ਼ ਆਉਣ। ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਸਪੀਕਰ ਸਾਹਿਬ, ਜੇਕਰ ਤਲਖੀ ਵਿਚ ਮੇਰੇ ਮੂੰਹੋਂ ਕੋਈ ਗੱਲ ਕਹੀ ਗਈ ਹੋਵੇ ਤਾਂ ਉਸ ਦੀ ਮੈਂ ਮਾਫੀ ਮੰਗਦਾ ਹਾਂ। ਬਹੁਤ ਬਹੁਤ ਧੰਨਵਾਦ।

Mr. Speaker : If the House agrees, these Demands for Grants be put to the vote of the House together?

(*Voices* : Yes, yes)

Mr. Speaker : Question is :—

emand No. 12

That a sum not exceeding Rs. 5,71,07,19,000 on Revenue Account and Rs. 47,28,34,000 on Capital Account be granted to the Governor to defray the charges that will come in course of payment for the year 1997-98, in respect of Home Affairs and Justice, and

Demand NO. 5

That a sum not exceeding Rs. 10,32,00,70,000 on Revenue Account and Rs. 1,40,00,000 on Capital Account be granted to the Governor to defray the charges that will come in course of payment for the year 1997-98, in respect of Education.

The motion was carried.

Mr. Speaker : The House stands adjourned till 2 P.M. on Monday, the 23rd June, 1997.

(*The Sabha then* adjourned till 2 P.M. on Monday, the 23rd June, 1997.*)

*1.54 P. M.

APPENDIX

TO

PUNJAB VIDHAN SABHA DEBATES

Dated the 20th June, 1997

Vol. II No. IX

STARRED QUESTIONS AND ANSWERS

ਤਹਿਸੀਲ ਸ਼ਾਹਕੋਟ ਵਿਚ ਜ਼ਮੀਨ ਦੇ ਇੰਤਕਾਲ

*547. **ਸਰਦਾਰ ਸਾਧੂ ਸਿੰਘ ਪਾਇਲ** : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਵਿਚ ਇਸ ਸਮੇਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਜ਼ਮੀਨ ਦੇ ਇੰਤਕਾਲ ਸਬੰਧੀ ਪਰਵਾਨਗੀ ਲਈ ਪੈਂਡਿੰਗ ਪਏ ਕੇਸਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਮਾਲਕਾਂ ਦੇ ਨਾਂ, ਜ਼ਮੀਨ ਦੇ ਖਸਰਾ ਨੰ: ਕੀ-ਕੀ ਹਨ ਅਤੇ ਹਰ ਇਕ ਕੇਸ ਕਿਸ ਮਿਤੀ ਤੋਂ ਪੈਂਡਿੰਗ ਪਿਆ ਹੈ ਅਤੇ ਉਕਤ ਕੇਸਾਂ ਦਾ ਕਦੋਂ ਤੱਕ ਨਿਪਟਾਰਾ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਤਹਿਸੀਲ ਸ਼ਾਹਕੋਟ ਜ਼ਿਲ੍ਹਾ ਜਲੰਧਰ ਵਿਚ ਇਸ ਵੇਲੇ ਕੇਵਲ ਇੱਕ ਇੰਤਕਾਲ ਨੰ: 2255 ਹਰੀਜਨਾਂ ਦੀ ਭੋਂ ਨਾਲ ਸਬੰਧਿਤ ਬਕਾਇਆ ਹੈ । ਮਾਲਕ ਦਾ ਨਾਂ ਸ਼੍ਰੀਮਤੀ ਦੀਪ ਕੌਰ ਪਤਨੀ ਸ੍ਰੀ ਬੂਟਾ ਸਿੰਘ ਪੁੱਤਰ ਸ਼ਾਦੀ ਰਾਮ, ਵਾਸੀ ਪਰਜੀਆਂ ਹੈ । ਇਸ ਇੰਤਕਾਲ ਅਧੀਨ ਪਿੰਡ ਪਰਜੀਆਂ ਖੁਰਦ ਦਾ 48 ਕਨਾਲ ਰਕਬਾ ਹੈ, ਜਿਸ ਦੇ ਨੰ: ਖਸਰਾ 99/18(8-0), 19(8-0), 20(8-0), 21(8-0), 22(8-0) 23(8-0) ਹਨ । ਇਹ ਇੰਤਕਾਲ ਮਿਤੀ 16 ਅਪਰੈਲ, 1997 ਤੋਂ ਲੰਬਿਤ ਹੈ । ਇਹ ਇੰਤਕਾਲ ਕਾਰਵਾਈ ਅਧੀਨ ਹੈ । ਇਸ ਦਾ ਫੈਸਲਾ ਜਲਦੀ ਕਰ ਦਿੱਤਾ ਜਾਵੇਗਾ ।

ਭ੍ਰਿਸ਼ਟ ਪਟਵਾਰੀਆਂ ਦੀ ਮੁਅੱਤਲੀ

*548. **ਸਰਦਾਰ ਸਾਧੂ ਸਿੰਘ ਪਾਇਲ** : ਕੀ ਮਾਲ ਅਤੇ ਪੁਨਰਵਾਸ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਵਿਚ ਨਿਯੁਕਤ ਕਿਸੇ ਮਾਲ ਪਟਵਾਰੀਆਂ ਨੂੰ ਉਨ੍ਹਾਂ ਦੁਆਰਾ ਜਨਵਰੀ, 1996 ਦੇ ਮਹੀਨੇ ਵਿਚ ਕਿਸਾਨਾਂ ਕੋਲੋਂ ਰਿਸ਼ਵਤ ਲੈਂਦੇ ਹੋਇਆਂ ਚੌਕਸੀ ਵਿਭਾਗ ਦੁਆਰਾ ਰੰਗੇ ਹੱਥੀਂ ਫੜੇ ਜਾਣ ਦੇ ਕਾਰਣ ਮੁਅੱਤਲ ਕੀਤਾ ਹੈ; ਜੇਕਰ ਅਜਿਹਾ ਹੋਵੇ, ਤਾਂ ਮੁਅੱਤਲ ਕੀਤੇ ਗਏ ਪਟਵਾਰੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ ;

(ਅ) ਕੀ ਉਪਰੋਕਤ ਵਿਭਾਗ (ੳ) ਵਿਚ ਵਰਣਿਤ ਪਟਵਾਰੀਆਂ ਵਿਚੋਂ ਕਿੰਨੇ ਪਟਵਾਰੀਆਂ ਨੂੰ ਬਹਾਲ ਕਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਸਬੰਧ ਵਿਚ ਸਰਕਾਰ ਦੁਆਰਾ ਕੀ ਕਸੌਟੀ ਅਪਣਾਈ ਗਈ ਹੈ ?

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : (ੳ) ਜ਼ਿਲ੍ਹਾ ਜਲੰਧਰ, ਤਹਿਸੀਲ ਸ਼ਾਹਕੋਟ ਦੇ ਪਰਜੀਆਂ ਕਲਾਂ ਪਟਵਾਰ ਸਰਕਲ ਦੇ ਸ਼੍ਰੀ ਪਿਆਰਾ ਲਾਲ ਨਾਮੀ ਕੇਵਲ ਇੱਕ ਪਟਵਾਰੀ ਨੂੰ ਇੱਕ ਕਿਸਾਨ ਨੂੰ ਜਮ੍ਹਾਂਬੰਦੀ ਫਰਦ ਦੀ ਨਕਲ ਦੇਣ ਲਈ 500/- ਰੁਪਏ ਰਿਸ਼ਵਤ ਲੈਂਦੇ ਚੌਕਸੀ ਅਮਲੇ ਵਲੋਂ ਰੰਗੇ ਹੱਥੀਂ ਫੜੇ ਜਾਣ ਕਾਰਣ ਮਿਤੀ 5 ਜਨਵਰੀ, 1996 ਤੋਂ ਮੁਅੱਤਲ ਕੀਤਾ ਗਿਆ ਸੀ ।

(ਅ) ਪੰਜਾਬ ਸਿਵਲ ਸੇਵਾਵਾਂ, ਜਿਲਦ-1 ਦੇ ਭਾਗ-1 ਦੇ ਨਿਯਮ 7.5 ਅਨੁਸਾਰ, ਛੇ ਮਹੀਨਿਆਂ ਬਾਅਦ ਉਸਦੇ ਕੇਸ ਤੇ ਨਜ਼ਰਸਾਨੀ ਕਰਕੇ ਉਸ ਨੂੰ 20 ਸਤੰਬਰ, 1996 ਨੂੰ ਲੋਕ ਹਿੱਤ ਵਿਚ ਬਹਾਲ ਕਰ ਦਿੱਤਾ ਗਿਆ ਸੀ ਕਿਉਂਕਿ ਇਕ ਪਾਸੇ ਤਾਂ ਲੱਗਭਗ 100 ਪਟਵਾਰ ਸਰਕਲ ਖਾਲੀ ਪਏ ਸਨ ਅਤੇ ਦੂਜੇ ਪਾਸੇ ਉਸਨੂੰ ਬਿਨਾਂ ਕੋਈ ਕੰਮ ਕੀਤੇ ਗੁਜ਼ਾਰਾ ਭੱਤਾ ਦਿੱਤਾ ਜਾ ਰਿਹਾ ਸੀ । ਉਸਦੇ ਵਿਰੁੱਧ ਪੈਂਡਿੰਗ ਪਏ ਕੇਸ ਵਿਚ ਅਦਾਲਤ ਵਲੋਂ ਕੀਤੇ ਫੈਸਲੇ ਅਨੁਸਾਰ ਉਸਦੇ ਵਿਰੁੱਧ ਕਾਰਵਾਈ ਕੀਤੀ ਜਾਵੇਗੀ ।

———

APPENDIX—II
TO
PUNJAB VIDHAN SABHA DEBATES

Dated the 20th June, 1997

Vol. II. No. IX

UNSTARRED QUESTIONS AND ANSWER

ਤਹਿਸੀਲ ਸ਼ਾਹਕੋਟ ਵਿਚ ਵਾਧੂ ਨਿਕਾਸੀ ਜ਼ਮੀਨ ਦੀ ਨਿਲਾਮੀ

156. **ਸਰਦਾਰ ਸਾਧੂ ਸਿੰਘ**: ਕੀ ਮਾਲ ਅਤੇ ਪਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ: —

(ੳ) ਸਰਕਾਰੀ ਜ਼ਮੀਨ ਨੂੰ ਹੱਥ ਬਦਲ ਕਰਨ ਸਬੰਧੀ ਸਾਲ 1979 ਵਿਚ ਬਣਾਈ ਗਈ ਨੀਤੀ ਅਧੀਨ ਸਾਲ 1976 ਤੋਂ ਕਬਜ਼ੇ ਅਤੇ ਗਿਰਦਾਵਰੀ ਦੇ ਅਧਾਰ ਤੇ ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਵਿਚ ਹੱਥ ਬਦਲ ਕੀਤੀ ਗਈ ਵਾਧੂ ਨਿਕਾਸੀ ਜ਼ਮੀਨ ਵਿਚ ਅਜਿਹੀ ਕੁੱਲ ਕਿੰਨੇ ਏਕੜ ਵਾਧੂ ਨਿਕਾਸੀ ਜ਼ਮੀਨ ਹੈ ਜਿਸਦੇ ਇੰਤਕਾਲਨਾਮੇ ਇੰਤਕਾਲਪਾਤਰਾਂ ਦੁਆਰਾ ਇੰਤਕਾਲ ਖਰਚਿਆਂ ਦੀ ਅਦਾਇਗੀ ਨਾ ਕਰਨ ਦੇ ਕਾਰਣ ਰੱਦ ਕਰ ਦਿੱਤੇ ਗਏ ਹਨ ਅਤੇ ਅਜਿਹੇ ਇੰਤਕਾਲਪਾਤਰਾਂ ਦੇ ਪਿੰਡਵਾਰ ਨਾਂ ਕੀ-ਕੀ ਹਨ ਅਤੇ ਉਕਤ ਜ਼ਮੀਨ ਦੇ ਖਸਰਾ ਨੰਬਰ ਅਤੇ ਵੇਰਵੇ ਕੀ ਹਨ;

(ਅ) ਕੀ ਉਕਤ ਵਰਣਿਤ ਜ਼ਮੀਨ ਵਿਚ ਕੋਈ ਅਜਿਹੀ ਵਾਧੂ ਨਿਕਾਸੀ ਜ਼ਮੀਨ ਹੈ ਜਿਸਦੀ ਅਗਸਤ, 1992 ਦੇ ਮਹੀਨੇ ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਤਹਿਸੀਲ ਵਿਚ ਸੀਮਿਤ ਬੋਲੀ ਰਾਹੀਂ ਵਿਕਰੀ ਕੀਤੀ ਗਈ ਸੀ ਅਤੇ ਬੋਲੀ ਦੇ ਦੌਰਾਨ ਕੀਤੀਆਂ ਬੇਕਾਇਦਗੀਆਂ ਅਤੇ ਗੈਰ ਕਾਨੂੰਨੀ ਕਾਰਵਾਈਆਂ ਦੇ ਸਬੰਧ ਵਿਚ ਕੁਝ ਲੋਕਾਂ ਤੋਂ ਸ਼ਿਕਾਇਤਾਂ ਪ੍ਰਾਪਤ ਹੋਣ ਤੇ ਬਾਅਦ ਵਿਚ ਉਕਤ ਵਿਕਰੀਆਂ ਰੱਦ ਕਰ ਦਿੱਤੀਆਂ ਗਈਆਂ ਸਨ, ਜੇਕਰ ਅਜਿਹਾ ਹੋਵੇ ਤਾਂ ਅਜਿਹੀ ਜ਼ਮੀਨ ਦਾ ਕੁੱਲ ਰਕਬਾ ਕਿੰਨਾ ਹੈ ਅਤੇ ਉਕਤ ਜ਼ਮੀਨ ਦਾ ਪਿੰਡ-ਵਾਰ ਖਸਰਾ ਨੰ: ਕੀ-ਕੀ ਹੈ ਅਤੇ ਉਨ੍ਹਾਂ ਵਿਅਕਤੀਆਂ ਦੇ ਨਾਂ ਅਤੇ ਪਤੇ ਕੀ-ਕੀ ਹਨ ਜਿਨ੍ਹਾਂ ਨੇ ਉਕਤ ਜ਼ਮੀਨ ਖਰੀਦੀ ਸੀ;

(ੲ) ਕੀ ਸਰਕਾਰ ਦਾ ਉਪਰੋਕਤ ਭਾਗ (ੳ) ਵਿਚ ਵਰਣਿਤ ਤਹਿਸੀਲ ਵਿਚ ਵਾਧੂ ਨਿਕਾਸੀ ਜ਼ਮੀਨ ਨੂੰ ਦੁਬਾਰਾ ਵੇਚਣ ਦਾ ਵਿਚਾਰ ਹੈ, ਜੇਕਰ ਅਜਿਹਾ ਹੋਵੇ ਤਾਂ ਜ਼ਮੀਨ ਦਾ ਪਿੰਡ-ਵਾਰ ਖਸਰਾ ਨੰ: ਕੀ-ਕੀ ਹੈ ਅਤੇ ਇਸ ਸਮੇਂ ਉਕਤ ਜ਼ਮੀਨ ਦੇ ਵੇਰਵੇ ਕੀ-ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : (ੳ) ਸਾਲ 1979 ਵਿੱਚ ਜਿਸ ਸਮੇਂ ਪਾਲਿਸੀ ਘੋਸ਼ਿਤ ਕੀਤੀ ਗਈ ਸੀ, ਉਸ ਸਮੇਂ 2,544 ਏਕੜ ਭੋਂ ਤਹਿਸੀਲ ਸ਼ਾਹਕੋਟ ਵਿੱਚ ਅਜੇ ਬਕਾਇਆ ਪਈ ਸੀ। ਇਸ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ 19 ਕੇਸ ਰੱਬੀ, 1976 ਦੇ ਕਬਜ਼ੇ ਦੇ ਆਧਾਰ ਤੇ ਸਰਕਾਰ ਦੀ ਪਾਲਿਸੀ ਅਧੀਨ ਪੈਂਡਿੰਗ ਪਏ ਹਨ, ਜਿਹਨਾਂ ਵਿੱਚ ਅਜੇ ਤੱਕ ਲਾਭਪਾਤਰਾਂ ਵਲੋਂ ਪੂਰੀ ਰਕਮ ਜਮ੍ਹਾਂ ਨਹੀਂ ਕਰਵਾਈ ਗਈ। ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਨਾ ਕਰਨ ਕਰਕੇ ਲਾਭਪਾਤਰਾਂ ਦੇ ਰਕਬੇ ਨੂੰ ਕੈਂਸਲ ਕਰਨ ਲਈ ਕੇਸ ਵਿਚਾਰ ਅਧੀਨ ਹਨ ਖਸਰਾ ਨੰਬਰਾਂ ਦੀ ਲਿਸਟ ਅਤੇ ਹੋਰ ਵੇਰਵਾ ਉਪਰੋਕਤ ਦੱਸੇ 19 ਕੇਸਾਂ ਵਿੱਚ ਇੰਡੀ 'ਡੀ'* ਤੇ ਰੱਖਿਆ ਜਾਂਦਾ ਹੈ। ਅਨੁਲਗ 'ਡੀ' ਪੰਨਾ 5-8

(ਅ) 2,506 ਏਕੜ ਰਕਬਾ ਜੋ ਇਹਨਾਂ 19 ਕੇਸਾਂ ਦਾ ਰਕਬਾ ਕੱਢਣ ਉਪਰੰਤ ਬਚਦਾ ਹੈ, ਇਹਨਾਂ ਵਿਚੋਂ 2 ਕੇਸਾਂ ਵਿੱਚ ਸਾਲ 1992 ਦੌਰਾਨ ਸੀਮਤ ਬੋਲੀ ਰਾਹੀਂ ਰੁਕਬਾ ਟਰਾਂਸਫਰ ਕੀਤਾ ਗਿਆ ਹੈ। ਇੱਕ ਕੇਸ ਵਿੱਚ 27 ਕਨਾਲ 2 ਮਰਲੇ ਭੋਂ ਸ਼੍ਰੀ ਦੇਸ ਰਾਜ ਪੁੱਤਰ ਸ਼੍ਰੀ ਸੋਹਣ ਲਾਲ ਵਾਸੀ ਪਰਜੀਆਂ ਕਲਾਂ ਨੂੰ 70,000/-ਰੁ. ਵਿੱਚ ਮਿਤੀ 27 ਅਗਸਤ, 1992 ਨੂੰ ਵੇਚਿਆ ਗਿਆ ਸੀ ਅਤੇ ਇਸ ਕੇਸ ਵਿੱਚ ਰੂਲਾਂ ਦੀ ਉਲੰਘਣਾ ਕੀਤੀ ਗਈ ਸੀ ਅਤੇ ਹੋਰ ਤਰੁੱਟੀਆਂ ਸਨ। ਇਸ ਭੋਂ ਨੂੰ ਕੈਂਸਲ ਕਰਨ ਲਈ ਇਸ ਕੇਸ ਵਿੱਚ ਪ੍ਰੋਸੀਡਿੰਗਜ਼ ਵਿਚਾਰ ਅਧੀਨ ਹਨ। ਲਾਭਪਾਤਰ ਦਾ ਪੂਰਾ ਵੇਰਵਾ ਅਤੇ ਇਸ ਦਾ ਪਿੰਡਵਾਰ ਖਸਰਾ ਨੰਬਰ ਹੇਠ ਲਿਖੇ ਅਨੁਸਾਰ ਹੈ। —

ਲੜੀ ਨੰ.	ਖਰੀਦ-ਦਾਰ ਦਾ ਨਾਂ ਤੇ ਪਤਾ	ਨੰਬਰ ਖਸਰਾ	ਰਕਬਾ ਕ. ਮ.
1.	ਸ਼੍ਰੀ ਦੇਸ ਰਾਜ ਪੁੱਤਰ ਸੋਹਣ ਲਾਲ ਪਿੰਡ ਪਰਜੀਆਂ ਕਲਾਂ	6/21/2	2-10
		7/15	0-12
		17 ਮਿਨ	2-0
		18	8-0
		19/1	4-0
		23 ਮਿਨ	2-0
		24	8-0
		ਕਿੱਤੇ 7	27-2

*Placed in the Library.

(ੲ) 'ੳ' ਭਾਗ ਵਿੱਚ ਵਰਣਿਤ ਭੋਂ ਦੇ ਵੇਰਵੇ ਤੋਂ ਇਲਾਵਾ ਬਾਕੀ ਬਚਦੀ ਭੋਂ ਨੂੰ ਟਰਾਂਸਫਰ ਕਰਨ ਲਈ ਸਰਕਾਰ ਵਿਚਾਰ ਕਰ ਰਹੀ ਹੈ। ਸਰਕਾਰ ਨੇ ਪੇਂਡੂ ਨਿਕਾਸੀ ਭੋਂ ਨੂੰ ਟਰਾਂਸਫਰ ਕਰਨ ਲਈ ਮਿਤੀ 17 ਅਪ੍ਰੈਲ, 1997 ਨੂੰ ਖਰੀਫ, 1994 ਤੋਂ ਕਬਜ਼ੇ ਦੇ ਆਧਾਰ ਤੇ ਨਵੀਂ ਪਾਲਿਸੀ ਘੋਸ਼ਿਤ ਕੀਤੀ ਹੈ। ਤਹਿਸੀਲ ਸ਼ਾਹਕੋਟ ਵਿੱਚ ਮਿਤੀ 1 ਅਪ੍ਰੈਲ, 1997 ਨੂੰ 1479 ਏਕੜ ਭੋਂ ਟਰਾਂਸਫਰ ਕਰਨ ਲਈ ਅਜੇ ਵੀ ਉਪਲਬਧ ਹੈ ਅਤੇ ਇਹ ਭੋਂ ਸਰਕਾਰ ਦੀ ਉਪਰੋਕਤ ਦੱਸੀ ਪਾਲਿਸੀ ਅਧੀਨ ਟਰਾਂਸਫਰ ਕੀਤੀ ਜਾਵੇਗੀ। ਜਿਹੜੀ ਭੋਂ ਇਸ ਵੇਲੇ ਟਰਾਂਸਫਰ ਲਈ ਬਕਾਇਆ ਹੈ, ਉਸ ਭੋਂ ਦੇ ਖਸਰਾ ਨੰਬਰ ਆਦਿ ਦਾ ਵੇਰਵਾ ਅਨੁਲੱਗ 'ੲ' ਤੇ ਹੈ। (ਅਨੁਲੱਗ 'ੲ' ਪੰਨਾ 9-98)

297—15-11-97—305 ਪੰਜਾਬ ਸਰਕਾਰ ਪ੍ਰੈਸ ਪਟਿਆਲਾ।
51X66/10.1 kg; ਆਫਸੈਟ ਪੇਪਰ

Published under the authority of the Punjab Vidhan Sabha and printed by the Controller, Printing and Stationery, Punjab at Government Press, Patiala.

PUNJAB VIDHAN SABHA

DEBATES

23rd June, 1997

Vol. II-No. 10

OFFICIAL REPORT

CONTENTS

Monday, the 23rd June, 1997

Punjab Vidhan Sabha Secretariat, Chandigarh.

Price: Rs: . ...

PUNJAB VIDHAN SABHA

Monday, the 23rd June, 1997

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 P.M. Mr. Speaker (Sardar Charnjit Singh Atwal) in the Chair.

STARRED QUESTIONS AND ANSWERS

ਸਹਾਇਕ ਗੰਨਾ ਵਿਕਾਸ ਅਫਸਰ ਦੇ ਦਫ਼ਤਰ ਨੂੰ ਬਟਾਲੇ ਤੋਂ ਬਦਲਣਾ

*536. (1) **ਸ੍ਰੀ ਜਗਦੀਸ਼ ਸਾਹਨੀ**
(2) **ਕੈਪਟਨ ਬਲਬੀਰ ਸਿੰਘ ਬਾਠ** : ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਹਾਇਕ ਗੰਨਾ ਵਿਕਾਸ ਅਫਸਰ ਦੇ ਦਫਤਰ ਨੂੰ ਬਟਾਲੇ ਤੋਂ ਕਿਸੇ ਹੋਰ ਥਾਂ ਤੇ ਬਦਲ ਦਿੱਤਾ ਗਿਆ ਹੈ ? ਜੇਕਰ ਅਜਿਹਾ ਹੋਵੇ, ਤਾਂ ਇਸਨੂੰ ਕਿਸ ਥਾਂ ਤੇ ਬਦਲਿਆ ਗਿਆ ਹੈ ਅਤੇ ਇਸ ਨੂੰ ਬਦਲਣ ਦੇ ਕਾਰਣ ਕੀ ਹਨ ?

ਸਰਦਾਰ ਗੁਰਦੇਵ ਸਿੰਘ ਬਾਦਲ : (1) ਜੀ ਹਾਂ ।

(2) ਸਹਾਇਕ ਗੰਨਾ ਵਿਕਾਸ ਅਫਸਰ ਦਾ ਦਫਤਰ ਬਟਾਲਾ ਤੋਂ ਬਦਲ ਕੇ ਅੰਮ੍ਰਿਤਸਰ ਵਿਖੇ ਲਿਜਾਇਆ ਗਿਆ ਹੈ । ਇਸ ਦਫਤਰ ਦੀ ਬਦਲੀ ਦੂਜੇ ਅਜਿਹੇ ਦਫਤਰਾਂ ਦੇ ਨਾਲ ਖੰਡ ਮਿੱਲਾਂ ਦੇ ਪ੍ਰਬੰਧ ਨੂੰ ਠੀਕ ਢੰਗ ਨਾਲ ਚਲਾਉਣ ਲਈ ਕੀਤੀ ਗਈ ਹੈ ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਟਾਲੇ ਦੀ ਸ਼ੂਗਰ ਮਿੱਲ ਜਿਹੜੀ ਹੈ, ਉਹ ਭੋਗਪੁਰ ਤੋਂ ਬਾਅਦ ਲਗੀ ਹੈ ਉਥੇ ਗੰਨੇ ਦੀ ਪ੍ਰੋਡਕਸ਼ਨ ਸੱਭ ਤੋਂ ਜ਼ਿਆਦਾ ਹੈ, ਗੰਨੇ ਦੀ ਕਲਟੀਵੇਸ਼ਨ ਸੱਭ ਤੋਂ ਜ਼ਿਆਦਾ ਬਟਾਲੇ ਵਿਚ ਹੈ । ਹੁਣ ਇਸ ਤੋਂ ਬਾਅਦ ਖੰਡ ਮਿੱਲਾਂ ਸਾਡੇ ਦੀਨਾਨਗਰ ਅਤੇ ਬੁੱਟਰ ਵਿਚ ਵੀ ਲਗ ਗਈਆਂ ਹਨ ਪਰ ਇਸ ਦਫਤਰ ਦੇ ਜਾਣ ਨਾਲ ਬਟਾਲਾ ਪਰਾਪਰ ਦੇ ਏਰੀਏ ਨੂੰ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ । ਬੁੱਟਰ ਮਿੱਲ ਲਗਣ ਕਰਕੇ ਵੀ ਇਸ ਦੀ ਹੋਂਦ ਜ਼ਰੂਰੀ ਹੈ । ਕੀ ਇਸ ਦਫਤਰ ਨੂੰ ਦੁਬਾਰਾ ਬਟਾਲੇ ਵਿਚ ਤਬਦੀਲ ਕੀਤਾ ਜਾਵੇਗਾ ਜਾਂ ਕੋਈ ਅੜਚਨ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਜਦੋਂ ਗੰਨਾ ਅਫਸਰ ਲੱਗੇ ਸਨ, ਉਦੋਂ ਪੰਜਾਬ ਵਿਚ 8 ਖੰਡ ਮਿੱਲਾਂ ਸਨ ਅਤੇ 8 ਹੀ ਗੰਨਾ ਅਫਸਰ ਸਨ । ਹੁਣ 22 ਖੰਡ ਮਿੱਲਾਂ

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

ਲਗ ਗਈਆਂ ਹਨ । ਇਥੇ 3 ਖੰਡ ਮਿੱਲਾਂ ਹਨ ਜਿਨ੍ਹਾਂ ਉੱਤੇ 2 ਖੰਡ ਅਫਸਰ ਸੀ । ਅੰਮ੍ਰਿਤਸਰ ਵਿਚ 3 ਖੰਡ ਮਿੱਲਾਂ ਸੀ ਉਨ੍ਹਾਂ ਦੀ ਦੇਖਭਾਲ ਇਥੋਂ ਜਾ ਕੇ ਉਥੇ ਕਰਨੀ ਪੈਂਦੀ ਸੀ । ਇਸ ਦੀ ਇਕੱਲੇ ਦੀ ਬਦਲੀ ਨਹੀਂ ਹੋਈ ਬਲਕਿ ਸਾਰਿਆਂ ਨੂੰ ਹੀ ਐਡਜਸਟ ਕੀਤਾ ਗਿਆ ਹੈ ਕਿਉਂਕਿ ਉਹੀ 8 ਅਫਸਰ ਇਨ੍ਹਾਂ ਸਾਰੀਆਂ ਮਿੱਲਾਂ ਦੀ ਦੇਖਭਾਲ ਕਰ ਸਕਣ. ਇਸ ਲਈ ਇਹ ਜ਼ਰੂਰੀ ਹੈ ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਇਨ੍ਹਾਂ ਨੇ ਦੱਸਿਆ ਹੈ ਕਿ 8 ਹੀ ਅਧਿਕਾਰੀ ਰੱਖੇ ਗਏ ਹਨ ਜਦ ਕਿ ਗੰਨੇ ਦੀ ਪ੍ਰੋਡਕਸ਼ਨ ਸਾਡੇ ਉਸ ਟਾਈਮ ਤੋਂ ਦੁਗਣੀ ਹੋ ਗਈ ਹੈ । ਪਰਟੀਕੁਲਰਲੀ ਬਟਾਲਾ ਦਾ ਗੰਨਾ 4 ਖੰਡ ਮਿੱਲਾਂ ਨੂੰ ਜਾਂਦਾ ਹੈ । ਉਥੋਂ ਦੇ ਜ਼ਿਮੀਂਦਾਰਾਂ ਦਾ ਗੰਨਾ ਅਜਨਾਲਾ ਸ਼ੂਗਰ ਮਿੱਲ ਨੂੰ ਵੀ ਜਾਂਦਾ ਹੈ । ਕੀ ਮੰਤਰੀ ਜੀ ਦੁਬਾਰਾ ਬਟਾਲਾ ਵਿਖੇ ਇਹ ਦਫਤਰ ਖੋਲ੍ਹਣ ਦਾ ਵਿਚਾਰ ਕਰਨਗੇ ਜਾਂ ਉਥੇ ਨਵਾਂ ਦਫਤਰ ਬਨਾਉਣ ਦੀ ਕਿਰਪਾ ਕਰਨਗੇ ?

ਸ੍ਰੀ ਸਪੀਕਰ : ਮੰਤਰੀ ਜੀ, ਇਨ੍ਹਾਂ ਦਾ ਮਸਲਾ ਹੈ ਕਿ ਕੀ ਤੁਸੀਂ ਬਟਾਲਾ ਦਫਤਰ ਖੋਲ੍ਹਣ ਦੀ ਖੇਚਲ ਕਰੋਗੇ ?

ਮੰਤਰੀ . ਨਹੀਂ ਜੀ ।

ਸ੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਜਨਾਲਾ ਮਿੱਲ ਦੀ ਟੋਟਲ 45 ਰੁਪਿਆ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਪੇਮੈਂਟ ਕੀਤੀ ਹੈ ਅਤੇ 32 ਰੁਪਿਆ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਪੇਮੈਂਟ ਰਹਿੰਦੀ ਹੈ । ਇਹ ਪੇਮੈਂਟ 1995-96 ਦੀ ਹੈ । ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੇਮੈਂਟ ਕਦੋਂ ਤੱਕ ਹੋ ਜਾਵੇਗੀ ?

ਸ੍ਰੀ ਸਪੀਕਰ ਇਹ ਕੁਐਸ਼ਚਨ ਪੇਮੈਂਟ ਨਾਲ ਸਬੰਧਤ ਨਹੀਂ ਜੀ ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਇਨ੍ਹਾਂ ਨੇ ਕਹਿ ਦਿਤਾ ਹੈ ਕਿ ਕੋਈ ਵਿਚਾਰ ਨਹੀਂ ਪਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਟਾਲੇ ਤੋਂ ਸਾਨੂੰ ਜਾਂ ਤਾਂ ਗੁਰਦਾਸਪੁਰ ਜਾਣਾ ਪੈਂਦਾ ਹੈ ਅਤੇ ਜਾਂ ਅੰਮ੍ਰਿਤਸਰ ਜਾਣਾ ਪੈਂਦਾ ਹੈ । ਬਟਾਲੇ ਤੋਂ ਗੰਨਾ ਅਜਨਾਲਾ ਏਰੀਆ ਵਿਚ ਵੀ ਫੀਡ ਹੁੰਦਾ ਹੈ । ਹੁਣ ਗੰਨਾ 30-35 % ਤੱਕ ਅਜਨਾਲੇ ਗੁਰਦਾਸਪੁਰ ਏਰੀਏ ਵਿਚੋਂ ਗਿਆ ਹੈ । ਇਸ ਤਰ੍ਹਾਂ ਤਾਂ ਕੰਮ ਨਹੀਂ ਚਲਣਾ । ਲੋਕਾਂ ਨੂੰ ਇਸ ਤਰ੍ਹਾਂ ਬਹੁਤ ਮੁਸ਼ਕਲ ਪੇਸ਼ ਆ ਰਹੀ ਹੈ । ਕੀ ਮੰਤਰੀ ਜੀ ਇਸ ਗੱਲ ਤੇ ਵਿਚਾਰ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਬਟਾਲੇ ਗੰਨਾ ਅਫਸਰ ਜੋ ਹੈ, ਉਸ ਦੀ ਰਿਹਾਇਸ਼ ਅਤੇ ਜਿਹੜਾ ਦਫਤਰ ਹੈ, ਉਹ ਗੁਰਦਾਸਪੁਰ ਵਿਚ ਹੈ । ਉਸ ਨੂੰ 3 ਮਿੱਲਾਂ ਦਾ ਇੰਚਾਰਜ ਬਣਾਇਆ ਗਿਆ ਹੈ ਬਟਾਲ, ਪਨਿਆਰ ਅਤੇ ਮੁਕੇਰੀਆਂ । ਇਹ 3 ਖੰਡ ਮਿੱਲਾਂ ਦੀ ਦੇਖਭਾਲ ਇਕ ਬੰਦਾ ਸੌਖੇ ਢੰਗ ਨਾਲ ਕਰ ਸਕਦਾ ਹੈ, ਇਹ ਕੋਈ ਔਖੀ ਗੱਲ ਨਹੀਂ ਹੈ।

ਮੈਂ ਬੇਨਤੀ ਕੀਤੀ ਸੀ ਕਿ 8 ਗੰਨਾ ਅਫਸਰ ਸਨ ਜਦੋਂ ਪੰਜਾਬ ਵਿਚ 8 ਖੰਡ ਮਿੱਲਾਂ ਸਨ। ਇਕੱਲੀ ਇਕੱਲੀ ਮਿੱਲ ਨੂੰ ਇਕ ਇਕ ਅਫਸਰ ਦਿਤਾ ਹੋਇਆ ਸੀ। ਹੁਣ 22 ਖੰਡ ਮਿੱਲਾਂ ਲਗ ਗਈਆਂ ਹਨ ਜਾਂ ਤਾਂ ਭਰਤੀ ਹੋਰ ਕੀਤੀ ਜਾਵੇ ਤਾਂ ਉਥੇ ਦਫਤਰ ਖੁਲ੍ਹ ਸਕਦੇ ਹਨ। ਨਹੀਂ ਤਾਂ 3-3 ਮਿੱਲਾਂ ਇਕ ਇਕ ਅਫਸਰ ਨੂੰ ਦਿਤੀਆਂ ਗਈਆਂ ਹਨ। ਇਸ ਕਰਕੇ ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਤੁਹਾਡੇ ਰਾਹੀਂ ਕਿ ਗੁਰਦਾਸਪੁਰ ਵਾਲੇ ਨਾਲ ਹੀ ਸਾਹ ਲੈਣ, ਇਨ੍ਹਾਂ ਦੀ ਬੜੀ ਮਿਹਰਬਾਨੀ ਹੋਵੇਗੀ।

ਸ੍ਰੀ ਸਪੀਕਰ : ਨਹੀਂ ਤਾਂ ਐਪਲੀਕੇਸ਼ਨ ਦੇ ਦੇਣ। ਇਹ ਵਿਚਾਰ ਲੈਣਗੇ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਜੋ ਅਸੀਂ ਜ਼ਿਮੀਂਦਾਰਾਂ ਬਾਰੇ, ਉਨ੍ਹਾਂ ਦੀ ਫਸਲ ਬਾਰੇ ਸੋਚਣਾ ਹੈ ਤਾਂ ਇਕ ਦੋ ਬਾਊ ਲਗਾਉਂਦਿਆਂ ਕੀ ਕੋਈ ਤਕਲੀਫ ਹੁੰਦੀ ਹੈ ਸਰਕਾਰ ਨੂੰ ? ਇਸ ਬਾਰੇ ਇਨ੍ਹਾਂ ਨੂੰ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ।

ਸ੍ਰੀ ਸਪੀਕਰ : ਇਨ੍ਹਾਂ ਨੇ ਗੰਭੀਰਤਾ ਨਾਲ ਹੀ ਜਵਾਬ ਦਿਤਾ ਹੈ। ਅਗਲਾ ਸਵਾਲ।

ਅਨੁਸੂਚਿਤ ਜਾਤੀਆਂ ਲਈ ਹਾਊਸਿੰਗ ਕਾਲੋਨੀਆਂ ਬਣਾਉਣਾ

*508. (1) **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
(2) **ਸਰਦਾਰ ਬਿਕਰਮਜੀਤ ਸਿੰਘ** } : ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਲਈ ਪੱਕੇ ਮਕਾਨ ਬਣਾਉਣ, ਕਾਲੋਨੀਆਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ?

ਸਰਦਾਰ ਗੁਰਦੇਵ ਸਿੰਘ ਬਾਦਲ : ਹਾਂ ਜੀ, ਰਾਜ ਸਰਕਾਰ ਦੀ ਪੇਂਡੂ ਖੇਤਰਾਂ ਦੇ ਬੇਘਰੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ 50,000/- ਰੁਪਏ ਪ੍ਰਤੀ ਮਕਾਨ ਦੀ ਲਾਗਤ ਨਾਲ ਸਾਲ 1997-98 ਦੌਰਾਨ 12,000 ਪੱਕੇ ਮਕਾਨ ਬਣਾ ਕੇ ਦੇਣ ਦੀ ਤਜਵੀਜ਼ ਹੈ। ਖੇਤੀਬਾੜੀ ਅਤੇ ਭਲਾਈ ਮੰਤਰੀ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ ਗਈ ਹੈ ਜੋ ਇਸ ਸਕੀਮ ਦੇ ਵੇਰਵੇ ਤਹਿ ਕਰੇਗੀ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਕਮੇਟੀ ਬਣਾਈ ਗਈ ਹੈ। ਮੈਂ ਜਾਨਣਾ ਚਾਹੁੰਦਾ ਹਾਂ ਕਿ ਉਸ ਕਮੇਟੀ ਦੇ ਕਿਹੜੇ ਕਿਹੜੇ ਮੈਂਬਰ ਹਨ ?

ਮੰਤਰੀ : ਇਸ ਕਮੇਟੀ ਦੇ ਮੈਂਬਰ ਇਹ ਹਨ । ਮਕਾਨ ਉਸਾਰੀ ਮੰਤਰੀ, ਮੁੱਖ ਸਕੱਤਰ, ਪ੍ਰਮੁੱਖ ਸਕੱਤਰ (ਵਿੱਤ), ਸਕੱਤਰ, ਅਨੁਸੂਚਿਤ ਜਾਤੀਆਂ, ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਡਾਇਰੈਕਟਰ-ਕਮ-ਜਾਇੰਟ ਸਕੱਤਰ । ਇਹ 6 ਮੈਂਬਰ ਮੇਰੇ ਨਾਲ ਨਿਯੁਕਤ ਕੀਤੇ ਗਏ ਹਨ ਸਮੇਂ ਸਮੇਂ ਤੇ ਸਲਾਹ ਕਰਨ ਵਾਸਤੇ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਮਕਾਨ ਬਣਾਉਣ ਲਈ ਕਿੰਨੀ ਰਾਸ਼ੀ ਰੱਖੀ ਗਈ ਹੈ ਅਤੇ ਇਹ ਕਦੋਂ ਤੱਕ ਬਣਾਉਣੇ ਸ਼ੁਰੂ ਕਰ ਦਿੱਤੇ ਜਾਣਗੇ ?

ਮੰਤਰੀ : ਵੈਸੇ ਤਾਂ ਇਹ ਸਵਾਲ 6 ਵਾਰੀ ਪਹਿਲਾਂ ਵੀ ਆ ਚੁੱਕਿਆ ਹੈ ਜਦ ਕਿ ਇਹ ਇਕ ਵਾਰੀ ਹੀ ਆਉਣਾ ਚਾਹੀਦਾ ਸੀ ਅਤੇ ਮੁੜ ਕੇ ਨਹੀਂ ਆਉਣਾ ਚਾਹੀਦਾ ਸੀ, ਫਿਰ ਵੀ ਚੰਗੇ ਕੰਮ ਦੀ ਪੁੱਛਗਿਛ ਕਰ ਲੈਣੀ ਮਾੜੀ ਗੱਲ ਨਹੀਂ । ਇਸ ਕੰਮ ਵਾਸਤੇ 60 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ ਅਤੇ ਜਿਥੋਂ ਤੱਕ ਮਕਾਨ ਬਣਾਉਣੇ ਸ਼ੁਰੂ ਕਰਨ ਦੀ ਗੱਲ ਹੈ, ਉਹ ਹੁਣ ਜਿਹੜਾ ਇਹ ਬਜਟ ਪਾਸ ਹੋ ਰਿਹਾ ਹੈ ਅਤੇ ਜਿਹੜਾ ਬਜਟ ਤੁਸੀਂ ਕਲ੍ਹ ਨੂੰ ਪਾਸ ਕਰਨਾ ਹੈ, ਉਹ ਪਾਸ ਹੁੰਦੇ ਸਾਰ ਹੀ ਨਾਲ ਦੀ ਨਾਲ ਸ਼ੁਰੂ ਕਰ ਦੇਵਾਂਗੇ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਇਸ ਸਕੀਮ ਅਧੀਨ ਪਹਿਲਾਂ ਵੀ ਪਿੰਡ ਦੇ ਖੇਤ ਮਜ਼ਦੂਰਾਂ ਵਾਸਤੇ ਕਾਲੋਨੀਆਂ ਬਣਾਈਆਂ ਗਈਆਂ ਸਨ ਪਰ ਉਹ ਪਿੰਡਾਂ ਤੋਂ ਬਹੁਤ ਜ਼ਿਆਦਾ ਦੂਰ ਬਾਹਰਵਾਰ ਬਣਾਈਆਂ ਗਈਆਂ ਸਨ ਅਤੇ ਉਥੇ ਕੋਈ ਵੀ ਰਹਿਣ ਨੂੰ ਤਿਆਰ ਨਹੀਂ ਸੀ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਇਹ ਜਿਹੜੀ ਪਾਲਿਸੀ ਬਣਾਈ ਗਈ ਹੈ, ਇਸ ਦੇ ਅਧੀਨ ਵੀ ਕਿਤੇ ਉਹ ਕਾਲੋਨੀਆਂ ਇੰਨੀ ਜ਼ਿਆਦਾ ਦੂਰ ਤਾਂ ਨਹੀਂ ਬਣਾਈਆਂ ਜਾਣਗੀਆਂ ਕਿ ਉਥੇ ਕੋਈ ਰਹਿ ਹੀ ਨਾ ਸਕੇ ।

ਸ੍ਰੀ ਸਪੀਕਰ : ਇਸ ਦਾ ਜਵਾਬ ਆਲਰੈਡੀ ਹਾਊਸ ਵਿਚ ਆ ਚੁੱਕਾ ਹੈ ਕਿ ਉਹ ਪਿੰਡਾਂ ਤੋਂ ਬਾਹਰ ਨਹੀਂ ਹੋਣਗੀਆਂ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਪਿੰਡਾਂ ਵਿਚ ਹੁਣ ਜਗ੍ਹਾ ਤਾਂ ਕਿਤੇ ਰਹਿ ਹੀ ਨਹੀਂ ਗਈ । ਮੈਨੂੰ ਸਵਾਲ ਪੁੱਛ ਲੈਣ ਦਿਓ ਕਿ ਕੀ ਉਹ ਜਗ੍ਹਾ ਪਿੰਡਾਂ ਦੇ ਨੇੜੇ ਹੀ ਤਹਿ ਕੀਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦਾ ਬਹੁਤ ਸਤਿਕਾਰ ਕਰਦਾ ਹਾਂ ਕਿਉਂਕਿ ਇਹ ਮੇਰੇ ਯਾਰ ਦਾ ਬੇਟਾ ਹੈ । ਮੈਂ ਇਨ੍ਹਾਂ ਨੂੰ ਦੱਸ ਹੀ ਦਿੰਦਾ ਹਾਂ ਕਿ ਇਹ ਕਾਲੋਨੀਆਂ ਦੂਰ ਨਹੀਂ ਬਣਾਈਆਂ ਜਾਣਗੀਆਂ ਅਤੇ ਪਿੰਡਾਂ ਦੇ ਵਿਚ ਹੀ ਜਾਂ ਪਿੰਡਾਂ ਦੇ ਨਜ਼ਦੀਕ ਹੀ ਬਣਾਈਆਂ ਜਾਣਗੀਆਂ-ਪਿੰਡ ਦੀ ਫਿਰਨੀ ਦੇ ਨਾਲ ਅਤੇ ਪੱਕੀ ਸੜਕ ਤੇ ਹੋਣਗੀਆਂ ।

ਸਰਦਾਰ ਸਹਨ ਸਿੰਘ ਮਾਹਿਲਪੁਰ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਪਿੰਡਾਂ ਵਿਚ ਗਰੀਬ ਲੋਕਾਂ ਨੂੰ ਮਕਾਨ ਬਣਾ ਕੇ ਦੇਣ ਦੀ ਲੋੜ ਹੈ ਪਰ ਜਿਸ ਤਰ੍ਹਾਂ ਮੇਰੇ ਪਿੰਡ ਵਿਚ ਹੈ, ਇਸੇ ਤਰ੍ਹਾਂ ਹੋਰ ਵੀ ਕਈ ਪਿੰਡਾਂ ਵਿਚ ਕੋਈ ਸਾਮਲਾਟ ਦੀ ਜ਼ਮੀਨ ਨਹੀਂ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਨੂੰ ਜ਼ਮੀਨ ਦੇਣ ਵਾਸਤੇ ਇਹ ਕੀ ਤਰੀਕਾ ਅਪਣਾਉਣਗੇ ਅਤੇ ਕਿਸ ਤਰ੍ਹਾਂ ਨਾਲ ਜ਼ਮੀਨ ਦਿੱਤੀ ਜਾਵੇਗੀ ਕਿਉਂਕਿ ਪਿੰਡਾਂ ਕੋਲ ਤਾਂ ਜ਼ਮੀਨ ਹੈ ਹੀ ਨਹੀਂ ?

ਮੰਤਰੀ : ਸਪੀਕਰ ਸਾਹਿਬ, ਜਿਹੜੇ ਪਿੰਡਾਂ ਵਿਚ ਜ਼ਮੀਨ ਨਹੀਂ ਹੈ ਅਤੇ ਉਥੇ ਲੋਕ ਬੇਘਰੇ ਹਨ ਜਾਂ ਉਨ੍ਹਾਂ ਕੋਲ ਕੱਚੇ ਮਕਾਨ ਹਨ, ਉਨ੍ਹਾਂ ਨੂੰ 5–5 ਮਰਲੇ ਜਗ੍ਹਾ ਸਰਕਾਰ ਆਪ ਮੁੱਲ ਖਰੀਦ ਕੇ ਦੇਵੇਗੀ ਅਤੇ ਪੱਕੇ ਘਰ ਬਣਾ ਕੇ ਦੇਣ ਦਾ ਜੋ ਵਾਅਦਾ ਸਰਕਾਰ ਨੇ ਕੀਤਾ ਹੈ, ਉਸ ਨੂੰ ਉਹ ਪੂਰਾ ਕਰੇਗੀ।

ਅੰਮ੍ਰਿਤਸਰ ਵਿਚ ਇੰਜੀਨੀਅਰਿੰਗ ਕਾਲਜ ਖੋਲ੍ਹਣਾ

*521. **ਡਾਕਟਰ ਬਲਦੇਵ ਰਾਜ ਚਾਵਲਾ** : ਕੀ ਤਕਨੀਕੀ ਸਿਖਿਆ ਅਤੇ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਵਿਦਿਅਕ ਸਾਲ 1997 ਦੇ ਦੌਰਾਨ ਅੰਮ੍ਰਿਤਸਰ ਵਿਚ ਕੋਈ ਇੰਜੀਨੀਅਰਿੰਗ ਕਾਲਜ ਖੋਲਣ ਦੀ ਤਜਵੀਜ਼ ਹੈ। ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਦੋਂ ਤੱਕ ਚਾਲੂ ਹੋ ਜਾਣ ਦੀ ਸੰਭਾਵਨਾ ਹੈ ?

ਡਾਕਟਰ ਉਪਿੰਦਰਜੀਤ ਕੌਰ : ਨਹੀਂ ਜੀ, ਅੰਮ੍ਰਿਤਸਰ ਵਿਖੇ ਵਿਦਿਅਕ ਸਾਲ 1997–98 ਵਿੱਚ ਇੰਜੀਨੀਅਰਿੰਗ ਕਾਲਜ ਖੋਲ੍ਹਣ ਦੀ ਸਰਕਾਰ ਦੀ ਕੋਈ ਤਜਵੀਜ਼ ਨਹੀਂ ਹੈ।

ਡਾਕਟਰ ਬਲਦੇਵ ਰਾਜ ਚਾਵਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਲੁਧਿਆਣਾ, ਜਲੰਧਰ ਵਰਗੇ ਸ਼ਹਿਰਾਂ ਵਿੱਚ ਇੰਜੀਨੀਅਰਿੰਗ ਕਾਲਜ ਖੋਲ੍ਹਿਆ ਜਾ ਸਕਦਾ ਹੈ ਤਾਂ ਅੰਮ੍ਰਿਤਸਰ ਜਿਹੜੀ ਕਿ ਗੁਰੂ ਰਾਮ ਦਾਸ ਸਾਹਿਬ ਦੀ ਨਗਰੀ ਹੈ, ਜਿਸ ਨੂੰ ਕਿ ਆਦਰਸ਼ ਨਗਰ ਬਣਾਉਣ ਜਾ ਰਹੇ ਹਾਂ ਪੰਜਾਬ ਵਿੱਚ ਨੰਬਰ-ਇਕ ਤੇ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਰਨ ਹਨ ਕਿ ਇਸ ਜਗ੍ਹਾ ਤੇ ਇੰਜੀਨੀਅਰਿੰਗ ਕਾਲਜ ਕਿਉਂ ਨਹੀਂ ਸ਼ੁਰੂ ਹੋ ਸਕਦਾ ? ਇਸ ਬਾਰੇ ਕ੍ਰਿਪਾ ਕਰਕੇ ਮੰਤਰੀ ਸਾਹਿਬ ਕਾਰਨ ਦੱਸਣ ਦੀ ਖੇਚਲ ਕਰਨ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਸਰਕਾਰ ਦੀ ਤੀਬਰ ਇੱਛਾ ਹੈ ਕਿ ਇਸ ਪਾਸੇ ਪਸਾਰਾ ਕੀਤਾ ਜਾਵੇ ਪਰ ਮਾਲੀ ਸਾਧਨਾ ਦੀ ਕਮੀ ਕਾਰਨ ਅਜਿਹੇ ਕਦਮ ਇਸ ਸਮੇਂ ਉਠਾਏ ਨਹੀਂ ਜਾ ਰਹੇ। ਪਰ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਹੀ 7 ਇੰਜੀਨੀਅਰਿੰਗ

[ਤਕਨੀਕੀ ਸਿੱਖਿਆ ਅਤੇ ਸਭਿਆਚਾਰਕ ਮਾਮਲੇ ਮੰਤਰੀ]

ਕੋਰਸਿਜ਼ ਚਲਾਏ ਜਾ ਰਹੇ ਹਨ, ਇਸੇ ਤਰ੍ਹਾਂ 6 ਪਾਲੀਟੈਕਨਿਕ ਅਤੇ 12 ਆਈ. ਟੀ. ਆਈ. ਇਸ ਲੋੜ ਦੀ ਪੂਰਤੀ ਲਈ ਆਪਣਾ ਕਾਰਜ ਕਰ ਰਹੇ ਹਨ।

ਸਰਦਾਰ ਸਿਕੰਦਰ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਰਾਮਪੁਰਾ ਫੂਲ ਕਾਫੀ ਵੱਡੀ ਸਬ-ਡਵੀਜ਼ਨ ਹੈ। ਉਥੇ ਕੋਈ ਵੀ ਆਈ. ਟੀ. ਆਈ. ਨਹੀਂ ਚੱਲ ਰਹੀ....

ਸ਼੍ਰੀ ਸਪੀਕਰ : ਸਿਕੰਦਰ ਸਿੰਘ ਜੀ, ਇਹ ਗੱਲ ਬਣਨੀ ਨਹੀਂ ਤੁਹਾਡੀ।

ਸਰਦਾਰ ਸਿਕੰਦਰ ਸਿੰਘ : ਸਪੀਕਰ ਸਾਹਿਬ, ਬੱਸ ਇਕੋ ਮਿੰਟ ਜੀ। ਮੈਂ ਇਕ ਗੱਲ ਪੁੱਛਣੀ ਚਾਹੁੰਦਾ ਹਾਂ।

ਸ਼੍ਰੀ ਸਪੀਕਰ : ਗੱਲ ਬਣਨੀ ਨਹੀਂ ਜੀ ਤੁਹਾਡੀ।

ਸਰਦਾਰ ਸਿਕੰਦਰ ਸਿੰਘ : ਪਿਛਲੀ ਸਰਕਾਰ ਵੇਲੇ 7-8 ਬੰਦੇ ਮਾਰੇ ਗਏ ਸੀ ਜੋ ਕਿ ਨਿਰਦੋਸ਼ ਸਨ। ਉਥੇ ਨੀਂਹ ਪੱਥਰ ਵੀ ਲਾਇਆ ਗਿਆ ਕਿ ਇਥੇ ਆਈ. ਟੀ. ਆਈ. ਬਣਾ ਦਿੱਤੀ ਜਾਵੇਗੀ ਪਰ ਕੋਈ ਹਾਲੇ ਤੱਕ ਕਾਰਵਾਈ ਨਹੀਂ ਹੋਈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਵੀ ਕੋਈ ਸਰਕਾਰ ਦੇ ਵਿਚਾਰ ਅਧੀਨ ਹੈ ?

ਸ਼੍ਰੀ ਸਪੀਕਰ : ਸਿਕੰਦਰ ਸਿੰਘ ਜੀ, ਇਹਦਾ ਜਵਾਬ ਨਹੀਂ ਆ ਸਕਦਾ ਇਸ ਸਵਾਲ ਦੇ ਨਾਲ।

ਮੁੱਖ ਮੰਤਰੀ, ਕੈਬਨਿਟ ਮੰਤਰੀਆਂ ਅਤੇ ਰਾਜ ਮੰਤਰੀਆਂ ਦੇ ਨਿਜੀ ਅਮਲੇ ਦੀ ਗਿਣਤੀ

*472. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਮੁੱਖ ਮੰਤਰੀ ਅਤੇ ਹਰ ਇਕ ਕੈਬਨਿਟ ਮੰਤਰੀਆਂ ਨੂੰ ਉਨ੍ਹਾਂ ਦੇ ਅਹੁਦੇ ਦੀ ਮਿਆਦ ਤੱਕ ਮੁਹੱਈਆ ਕੀਤੇ ਗਏ ਨਿੱਜੀ ਅਮਲੇ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਤਨਖਾਹਾਂ/ਭੱਤਿਆਂ ਦੇ ਵੇਰਵੇ ਕੀ-ਕੀ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਲਈ ਪਦਧਾਰੀਆਂ ਦੀ ਨਿਯੁਕਤੀ ਲਈ ਕੋਈ ਵਿਦਿਅਕ ਯੋਗਤਾਵਾਂ ਅਤੇ ਉਮਰ ਦੀ ਹੱਦ ਨਿਸ਼ਚਿਤ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ, ਆਸਾਮੀ-ਵਾਰ ਉਨ੍ਹਾਂ ਦੇ ਵੇਰਵੇ ਕੀ ਹਨ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਮੰਤਰੀ) : (ੳ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਨਹੀਂ ਜੀ।

ਅਨੁਲੱਗ 'ਅ'

ਲੜੀ ਨੰ:	ਆਸਾਮੀ ਦਾ ਨਾਂ/ ਤਨਖਾਹ ਸਕੇਲ	ਮੰਨਜ਼ੂਰ-ਸ਼ੁਦਾ ਆਸਾਮੀਆਂ ਦੀ ਗਿਣਤੀ	ਕੰਮ ਕਰ ਰਹੇ ਪਦਾਧਾਰੀਆਂ ਦੀ ਗਿਣਤੀ	ਵਿਸ਼ੇਸ਼ ਕਥਨ ਮਾਸਕ ਤਨਖਾਹ/ ਭੱਤੇ
1	2	3	4	5
(1)	**ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ**			
1.	ਵਿਸ਼ੇਸ਼ ਕਾਰਜ਼ ਅਫ਼ਸਰ (1640—2925)	1	1	ਰੁ: 9,333
2.	ਨਿੱਜੀ ਸਕੱਤਰ (ਰਾਜਸੀ) (1640—2925)	2	2	ਰੁ. 9,333 (ਇੱਕ ਨਿੱਜੀ ਸਕੱਤਰ (ਰਾਜਸੀ) ਆਨਰੇਰੀ ਕੰਮ ਕਰ ਰਿਹਾ ਹੈ)
3.	ਵਧੀਕ ਨਿੱਜੀ ਸਕੱਤਰ (ਰਾਜਸੀ) (1640—2925)	1	...	
4.	ਟੈਲੀਫੂਨ ਅਟੈਂਡੈਂਟ (950-1800+100 ਰੁ. ਵਿਸ਼ੇਸ਼ ਤਨਖਾਹ)	2	....	
5.	ਕੁੱਕ (950-1800)	1	—	
(2)	**ਸ਼੍ਰੀ ਬਲਰਾਮ ਜੀ ਦਾਸ ਟੰਡਨ ਸ. ਸ. ਸ. ਮੰ.**			
1	ਵਿਸ਼ੇਸ਼ ਸਹਾਇਕ (1365—2410)	1	1	ਰੁ. 6974
2.	ਟੈਲੀਫੋਨ ਅਟੈਂਡੈਂਟ (950-1800+100 ਰੁ. ਵਿਸ਼ੇਸ਼ ਤਨਖਾਹ)	1	1	ਰੁ. 3305

1	2	3	4	5
3.	ਕੁੱਕ (950—1800)	1	1	ਰੁ. 3205
(3)	ਸ੍ਰੀ ਰਣਜੀਤ ਸਿੰਘ ਬ੍ਰਹਮਪੁਰਾ, ਸਹਿਕਾਰਤਾ ਮੰਤਰੀ			
1.	ਵਿਸ਼ੇਸ਼ ਸਹਾਇਕ (1365—2410)	1	1	ਰੁ. 6974
2.	ਟੈਲੀਫੋਨ ਅਟੈਂਡੈਂਟ (950-1800 100 ਰੁ. ਵਿਸ਼ੇਸ਼ ਤਨਖਾਹ)	1	1	ਰੁ. 3305
3.	ਕੁੱਕ (950—1800)	1	1	ਰੁ. 3205
(4)	ਸ. ਪ੍ਰਕਾਸ਼ ਸਿੰਘ ਮਜੀਠਾ, ਮ: ਪੁ: ਮੰ:			
1.	ਵਿਸ਼ੇਸ਼ ਸਹਾਇਕ (1365—2410)	1	1	ਰੁ. 6974
2.	ਟੈਲੀਫੋਨ ਅਟੈਂਡੈਂਟ (950—1800+100 ਰੁ. ਵਿਸ਼ੇਸ਼ ਤਨਖਾਹ)	1	1	ਰੁ. 3305
3.	ਕੁੱਕ (950—1800)	1	1	ਰੁ. 3205
(5)	ਸ. ਗੁਰਦੇਵ ਸਿੰਘ ਬਾਦਲ, ਖੇ: ਭ: ਮੰ:			
1.	ਵਿਸ਼ੇਸ਼ ਸਹਾਇਕ (1365—2410)	1	1	ਰੁ. 6974
2.	ਟੈਲੀਫੋਨ ਅਟੈਂਡੈਂਟ (950-1800+100 ਰੁ. (ਵਿਸ਼ੇਸ਼ ਤਨਖਾਹ)	1	1	ਰੁ. 3305
3.	ਕੁੱਕ (950—1800)	1	—	

1	2	3	4	5
(6)	ਸ੍ਰੀ ਮਦਨ ਮੋਹਨ ਮਿੱਤਲ, ਖੁ: ਸ: ਜ: ਸਿ: ਮੰ:			
1.	ਵਿਸ਼ੇਸ਼ ਸਹਾਇਕ (1365—2410)	1	1	ਰੁ. 6974
2.	ਟੈਲੀਫੋਨ ਅਟੈਂਡੈਂਟ (950—1800 100 ਰੁ: ਵਿਸ਼ੇਸ਼ ਤਨਖਾਹ)	1	1	ਰੁ. 3305
3.	ਕੁੱਕ (950—1800)	1	1	ਰੁ: 3205
(7)	ਕੈਪਟਨ ਕੰਵਲਜੀਤ ਸਿੰਘ, ਵਿੱ: ਮੰ:			
1.	ਵਿਸ਼ੇਸ਼ ਸਹਾਇਕ (1365—2410)	1	1	ਰੁ. 6974
2.	ਟੈਲੀਫੋਨ ਅਟੈਂਡੈਂਟ (950—1800 +100 ਰੁ: ਵਿਸ਼ੇਸ਼ ਤਨਖਾਹ)	1	1	ਰੁ. 3305
3.	ਕੁੱਕ (950—1800)	1	—	
(8)	ਸ. ਸਰੂਪ ਸਿੰਘ, ਮ: ਉ: ਵਿ: ਕਿ: ਮੰ:			
1.	ਵਿਸ਼ੇਸ਼ ਸਹਾਇਕ (1365—2410)	1	—	
2.	ਟੈਲੀਫੋਨ ਅਟੈਂਡੈਂਟ (950—1800 +100 ਰੁ. ਵਿਸ਼ੇਸ਼ ਤਨਖਾਹ)	1	1	ਰੁ. 3305
3.	ਕੁੱਕ (950—1800)	1	1	ਰੁ. 3205
(9)	ਡਾ: ਉਪਿੰਦਰਜੀਤ ਕੌਰ, ਤ: ਸਿੱ: ਸ: ਮ: ਮੰ:			
1.	ਵਿਸ਼ੇਸ਼ ਸਹਾਇਕ (1365—2410)	1	1	ਰੁ. 6974

1	2	3	4	5
2.	ਟੈਲੀਫੋਨ ਅਟੈਂਡੈਂਟ (950—1800+100 ਰੁ. ਵਿਸ਼ੇਸ਼ ਤਨਖਾਹ)	1	1	ਰੁ. 3305
3.	ਕੁੱਕ (950—1800)	1	1	ਰੁ. 3205
(10)	ਸ. ਨਿਰਮਲ ਸਿੰਘ ਕਾਹਲੋਂ, ਪੇ: ਵਿ: ਪੰ: ਮੰ:			
1.	ਵਿਸ਼ੇਸ਼ ਸਹਾਇਕ (1365—2410)	1	—	
2.	ਟੈਲੀਫੋਨ ਅਟੈਂਡੈਂਟ (950—1800+100 ਰੁ. ਵਿਸ਼ੇਸ਼ ਤਨਖਾਹ)	1	—	
3.	ਕੁੱਕ (950—1800)	1	—	

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਜਾਨਣਾ ਚਾਹੁੰਦਾ ਹਾਂ ਕਿ ਮੇਰੇ ਪ੍ਰਸ਼ਨ ਦਾ ਜਿਹੜਾ 'ਅ' ਪਾਰਟ ਸੀ ਉਸ ਵਿੱਚ ਮੈਂ ਪੁੱਛਿਆ ਸੀ ਕਿ ਜਿਹੜੇ ਇਹ ਆਦਮੀ ਮੰਤਰੀ ਸਾਹਿਬਾਨ ਦੇ ਨਿੱਜੀ ਅਮਲੇ ਦੇ ਵਿੱਚ ਰੱਖੇ ਜਾਂਦੇ ਹਨ ਕੀ ਉਨ੍ਹਾਂ ਵਾਸਤੇ ਘੱਟੋ ਘੱਟ ਕੋਈ ਮੈਰਿਟ, ਕੋਈ ਵਿਦਿਅਕ ਯੋਗਤਾ ਤਹਿ ਕੀਤੀ ਗਈ ਹੈ ਜਾਂ ਕੋਈ ਕਸੌਟੀ ਅਪਣਾਈ ਗਈ ਹੈ ? ਇਸ ਦੇ ਉੱਤਰ ਵਿੱਚ ਇਨ੍ਹਾਂ ਨੇ ਦੱਸਿਆ ਹੈ ਕਿ ਨਹੀਂ । ਕੀ ਮੰਤਰੀ ਜੀ ਇਥੇ ਇਹ ਸਪਸ਼ਟ ਕਰਨਗੇ ਕਿ ਜਿਵੇਂ ਕੋਈ ਟੈਲੀਫੋਨ ਅਟੈਂਡੈਂਟ ਹੈ ਜਾਂ ਵੈਸੇ ਕੋਈ ਸਹਾਇਕ ਹੈ, ਸਪੈਸ਼ਲ ਅਸਿਸਟੈਂਟ ਹੈ ਕੀ ਉਸ ਵਾਸਤੇ ਕੋਈ ਕੁਆਲੀਫਿਕੇਸ਼ਨ ਜਾਂ ਉਮਰ ਦੀ ਕੋਈ ਸੀਮਾ ਹੈ ? ਤੇ 80 ਸਾਲਾਂ ਦਾ ਆਦਮੀ ਵੀ ਲੱਗ ਸਕਦਾ ਹੈ ? ਇਸ ਵਾਸਤੇ ਕੋਈ ਕਰਾਇਟੀਰੀਆ ਕਿਉਂ ਨਹੀਂ ਬਣਾਇਆ ਗਿਆ ਜਾਂ ਹੁਣ ਕੀ ਕੋਈ ਕਸੌਟੀ ਬਣਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀਆਂ ਆਸਾਮੀਆਂ ਹਨ ਇਹ ਐਕਸ ਕਾਡਰ ਪੋਸਟਾਂ ਹਨ । ਇਹ ਕੱਚੀਆਂ ਆਸਾਮੀਆਂ ਹਨ ਔਰ ਮੰਤਰੀ ਸਾਹਿਬ ਦੇ ਆਪਣੇ ਪੱਦ ਤੋਂ ਹਟਣ ਦੇ ਨਾਲ ਹੀ ਇਨ੍ਹਾਂ ਆਸਾਮੀਆਂ ਦੀ ਮਿਆਦ ਵੀ ਖਤਮ ਹੋ ਜਾਂਦੀ ਹੈ । ਇਹ ਆਸਾਮੀਆਂ ਰੱਖਣ ਦਾ ਮਕਸਦ ਵੀ ਇਹੀ ਹੈ ਕਿ ਮੰਤਰੀ ਸਾਹਿਬਾਨ ਆਪਣੇ ਕੌਨਫੀਡੈਂਸ ਦੇ ਸੱਜਣ ਲਗਾ ਸਕਣ । ਉਨ੍ਹਾਂ ਵਾਸਤੇ ਜੇਕਰ ਕੋਈ ਸ਼ਰਤ ਜਾਂ ਐਡਮਨਿਸਟਰੇਟਿਵ ਨਾਰਮ ਬਣਾਏ ਜਾਂਦੇ ਹਨ ਤਾਂ ਉਸ ਨਾਲ ਬਾਅਦ ਵਿੱਚ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਵੈਸੇ ਤੇ ਮੈਂ ਇਸ ਦੇ ਨਾਲ ਸੰਤੁਸ਼ਟ ਨਹੀਂ । ਲੇਕਿਨ ਮੈਂ ਤੁਹਾਡੇ ਰਾਹੀਂ ਦੂਸਰਾ ਸਪਲੀਮੈਂਟਰੀ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੋਸਟਾਂ ਜਿਵੇਂ ਕੁੱਕ ਦੀ ਪੋਸਟ ਹੈ ਖਾਣਾ ਬਣਾਉਣ ਵਾਸਤੇ ਮੰਤਰੀ ਜੀ ਦੇ ਰੈਂਜ਼ੀਡੈਂਸ ਤੇ ਜਿਵੇਂ ਕਿ ਉੱਤਰ ਦੇ ਵਿੱਚ ਮੰਤਰੀ ਸਾਹਿਬ ਨੇ ਦੱਸਿਆ ਹੈ, ਇਸ ਸਬੰਧੀ ਮੈਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਪਹਿਲਾਂ ਹੀ ਹਾਸਪੀਟੈਲਟੀ ਡਿਪਾਰਟਮੈਂਟ ਹੈ ਉਨ੍ਹਾਂ ਤੋਂ ਕੁੱਕ ਲਏ ਜਾ ਸਕਦੇ ਹਨ ਔਰ ਜੇਕਰ ਉਨ੍ਹਾਂ ਕੋਲ ਗਿਣਤੀ ਘੱਟ ਹੈ ਤਾਂ ਪੋਸਟਾਂ ਵਧਾਈਆਂ ਜਾ ਸਕਦੀਆਂ ਹਨ ਤਾਂ ਕਿ ਖਾਣਾ ਬਨਾਉਣ ਵਾਸਤੇ ਟਰੇਂਡ ਕੁੱਕ ਅਵੇਲੇਬਲ ਹੋ ਸਕਣ । ਇਸ ਦੇ ਬਾਰੇ ਸਰਕਾਰ ਦਾ ਕੀ ਵਿਚਾਰ ਹੈ ?

ਮੰਤਰੀ : ਸਪੀਕਰ ਸਾਹਿਬ, ਜਿਵੇਂ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਪਹਿਲਾਂ ਦੱਸਿਆ ਹੈ ਕਿ ਇਹ ਬਿਲਕੁਲ ਹੀ ਪਰਸਨਲ ਸਟਾਫ ਹੈ ਮੰਤਰੀ ਜੀ ਦਾ, ਇਸੇ ਕਰਕੇ ਇਹ ਉਨ੍ਹਾਂ ਦੀ ਡਿਸਕਰੀਸ਼ਨ ਦੇ ਉਤੇ ਹੈ । ਜਿਵੇਂ ਕਿ ਮੈਂ ਅੱਗੇ ਵੀ ਜ਼ਿਕਰ ਕੀਤਾ ਹੈ ਹਰ ਮੰਤਰੀ ਸਾਹਿਬ ਦੀ ਖਾਣੇ ਦੀ ਆਪਣੀ ਆਪਣੀ ਪਸੰਦ ਹੁੰਦੀ ਹੈ, ਇਸ ਲਈ ਉਨ੍ਹਾਂ ਨੂੰ ਆਪਣਾ ਸਟਾਫ ਰੱਖਣ ਦੀ ਛੋਟ ਦਿੱਤੀ ਜਾਂਦੀ ਹੈ ।

ਰਾਜ ਵਿਚ ਟਿਊਬਵੈਲ ਕੁਨੈਕਸ਼ਨਜ਼

*529. **ਚੌਧਰੀ ਮੋਹਨ ਲਾਲ ਬਹਿਰਾਮ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1992 ਤੋਂ ਹੁਣ ਤੱਕ ਸਮੇਂ ਦੇ ਦੌਰਾਨ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਟਿਊਬਵੈੱਲਾਂ ਦੇ ਕੁਨੈਕਸ਼ਨਜ਼ ਦੇਣ ਸਬੰਧੀ ਕੁੱਲ ਕਿੰਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਅਰਜ਼ੀਆਂ ਵਿਚੋਂ ਉਨ੍ਹਾਂ ਅਰਜ਼ੀਆਂ ਦੀ ਜ਼ਿਲ੍ਹਾਵਾਰ ਗਿਣਤੀ ਅਤੇ ਵੇਰਵੇ ਕੀ ਹਨ ਜਿਨ੍ਹਾਂ ਨੂੰ ਕੁਨੈਕਸ਼ਨਜ਼ ਦਿੱਤੇ ਗਏ ਹਨ ਅਤੇ ਬਾਕੀ ਰਹਿੰਦੇ ਬਿਨੈਕਾਰਾਂ ਨੂੰ ਟਿਊਬਵੈੱਲਾਂ ਦੇ ਕੁਨੈਕਸ਼ਨਜ਼ ਕਦੋਂ ਤੱਕ ਦਿੱਤੇ ਜਾਣ ਦੀ ਸੰਭਾਵਨਾ ਹੈ ?

Shri Madan Mohan Mittal : (Minister for Food and Supplies, Public Health and Parliamentary Affairs) :

(a) The districtwise statement of applications received during 1.1.1992 to 31.5.1997 is placed on the Table of the House.

(b) The districtwise statement of the connections released during this period is placed on the Table of the House. On the basis of power generation capacity approximately 25,000 tubewell connections are released per year.

[Minister for Food & Supplies, Public Health & Parliamentary Affairs]

ਸਟੇਟਮੈਂਟ

ਲੜੀ ਨੰ:	ਜ਼ਿਲ੍ਹੇ ਦਾ ਨਾਂ	1-1-92 ਤੋਂ 31-5-97 ਤੱਕ ਪ੍ਰਾਪਤ ਕੀਤੇ ਗਏ ਟਿਊਬਵੈਲ ਬਿਨੈ ਪੱਤਰ	1-1-92 ਤੋਂ 31-5-97 ਤੱਕ ਜਾਰੀ ਕੀਤੇ ਗਏ ਕੁਨੈਕਸ਼ਨ
1	2	3	4
1.	ਪਟਿਆਲਾ	5416	1024
2.	ਸੰਗਰੂਰ	748	138
3.	ਰੋਪੜ	21	4
4.	ਨਵਾਂ ਸ਼ਹਿਰ	586	134
5.	ਫਤਿਹਗੜ੍ਹ ਸਾਹਿਬ	63	12
6.	ਬਠਿੰਡਾ	4572	412
7.	ਅੰਮ੍ਰਿਤਸਰ	19227	10294
8.	ਗੁਰਦਾਸਪੁਰ	11952	3988
9.	ਮਾਨਸਾ	1783	58
10.	ਫਿਰੋਜ਼ਪੁਰ	4855	1194
11.	ਫਰੀਦਕੋਟ	2025	657
12.	ਮੋਗਾ	2146	775
13.	ਮੁਕਤਸਰ	4366	731
14.	ਜਲੰਧਰ	6497	957
15.	ਕਪੂਰਥਲਾ	4351	576
16.	ਲੁਧਿਆਣਾ	9923	2005
17.	ਹੁਸ਼ਿਆਰਪੁਰ	5581	818
	ਜੋੜ	94112	23777

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਵਿੱਚ ਕਿਹਾ ਹੈ ਕਿ ਹਰ ਸਾਲ 25,000 ਨਵੇਂ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਦਾ ਟੀਚਾ ਰੱਖਿਆ ਹੈ। ਪਿਛਲੇ ਪੰਜ ਸਾਲਾਂ ਵਿੱਚ 23777 ਕੁਨੈਕਸ਼ਨ ਹੀ ਜਾਰੀ ਕੀਤੇ ਗਏ ਹਨ। ਇਹ ਬੜੀ ਹਾਸੋਹੀਣੀ ਗੱਲ ਹੈ। 70335 ਕੁਨੈਕਸ਼ਨ ਪੈਂਡਿੰਗ ਪਏ ਹਨ। ਮੇਰੇ ਸਾਹਮਣੇ ਬੈਠੇ ਵੀਰ ਜਿਹੜੇ ਕਿ ਕਿਸਾਨਾਂ ਦੀ ਗੱਲ ਕਹਿੰਦੇ ਹਨ ਅਤੇ ਆਪਣੇ ਆਪ ਨੂੰ ਹਮਦਰਦ ਸਮਝਦੇ ਹਨ, ਉਨ੍ਹਾਂ ਦੇ ਸਮੇਂ ਵਿੱਚ ਕਿੰਨੇ ਕੁਨੈਕਸ਼ਨ ਪਿਛਲੇ ਪੰਜ ਸਾਲਾਂ ਵਿੱਚ ਜਾਰੀ ਕੀਤੇ ਗਏ, ਕੇਵਲ 23777। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਰਹਿੰਦੇ ਕੁਨੈਕਸ਼ਨ ਕਦੋਂ ਤੱਕ ਰਿਲੀਜ਼ ਕਰ ਦਿੱਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਅਸੀਂ ਕੱਟ-ਆਫ-ਡੇਟ ਰੱਖੀ ਹੋਈ ਹੈ। ਜਿਹੜੀ ਜਨਰਲ ਕੈਟਾਗਰੀ ਹੈ, ਉਸ ਵਿੱਚ ਮਿਤੀ 31 ਮਾਰਚ, 1990 ਤੱਕ ਜਿੰਨੀਆਂ ਵੀ ਐਪਲੀਕੇਸ਼ਨਾਂ ਪੈਂਡਿੰਗ ਪਈਆਂ ਹਨ, ਉਨ੍ਹਾਂ ਸਾਰੀਆਂ ਨੂੰ ਟਰਨ-ਬਾਈ-ਟਰਨ ਕੁਨੈਕਸ਼ਨ ਦੇਵਾਂਗੇ। ਜਿਹੜੀ ਪਰੀਓਰਟੀ ਕੈਟਾਗਰੀ ਹੈ, ਉਸ ਵਿੱਚ ਮਿਤੀ 31 ਮਾਰਚ, 1995 ਤੱਕ ਜਿੰਨੀਆਂ ਐਪਲੀਕੇਸ਼ਨਾਂ ਆ ਚੁੱਕੀਆਂ ਹਨ, ਪਹਿਲਾਂ ਉਨ੍ਹਾਂ ਨੂੰ ਐਗਜ਼ਾਸਟ ਕਰਾਂਗੇ। ਬਾਕੀ ਦੇ ਕੁਨੈਕਸ਼ਨ ਉਸ ਤੋਂ ਬਾਅਦ ਲਵਾਂਗੇ। ਉਸ ਤੋਂ ਬਾਅਦ ਜਿੰਨੀ ਵੀ ਪਾਵਰ ਅਵੇਲਏਬਲ ਹੋਵੇਗੀ, ਉਸ ਦੇ ਹਿਸਾਬ ਨਾਲ ਦਿੱਤੇ ਜਾਣਗੇ। ਪਾਵਰ ਸੈਕਟਰ ਵਿੱਚ ਦੋ ਹੋਰ ਪਲਾਂਟ ਚਾਲੂ ਹੋਣ ਨਾਲ ਇਹ ਸਕੇਅਰਸਿਟੀ ਨਹੀਂ ਰਹੇਗੀ

ਚੌਧਰੀ ਮੋਹਨ ਲਾਲ ਬਹਿਰਾਮ. ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ 25,000 ਕੁਨੈਕਸ਼ਨ ਸਾਲ ਵਿਚ ਦੇਣ ਦਾ ਟੀਚਾ ਮਿਥਿਆ ਹੈ। ਇਹ ਵੀ ਕਿਹਾ ਹੈ ਕਿ ਜਿਤਨੀ ਸਾਡੇ ਪਾਸੇ ਪਾਵਰ ਅਵੇਲਏਬਲ ਹੋਵੇਗੀ, ਉਸ ਦੇ ਹਿਸਾਬ ਨਾਲ ਕੁਨੈਕਸ਼ਨ ਦਿੱਤੇ ਜਾਣਗੇ। ਸਪੀਕਰ ਸਾਹਿਬ, ਜਿਹੜੀ ਸਦਨ ਵਿਚ ਸੂਚੀ ਰੱਖੀ ਗਈ ਹੈ, ਉਸ ਵਿਚੋਂ ਰੋਪੜ ਜ਼ਿਲ੍ਹੇ ਵਿਚ 21 ਕੁਨੈਕਸ਼ਨਾਂ ਵਿਚੋਂ ਕੇਵਲ 4 ਹੀ ਜਾਰੀ ਕੀਤੇ ਗਏ ਹਨ। ਪਰ ਸਪੀਕਰ ਸਾਹਿਬ, ਇਕ ਕੇਸ ਵਿੱਚ 1992 ਤੋਂ ਵੀ ਪਹਿਲਾਂ ਦੀ ਐਪਲੀਕੇਸ਼ਨ ਦਿੱਤੀ ਹੋਈ ਹੈ। ਉਸ ਦਾ ਨਾਂ ਹੈ ਦਰਬਾਰਾ ਸਿੰਘ, ਪਿੰਡ ਪੱਤੋ ਜ਼ਿਲ੍ਹਾ ਰੋਪੜ। (ਵਿਘਨ)

ਸ੍ਰੀ ਸਪੀਕਰ: ਚੌਧਰੀ ਮੋਹਨ ਲਾਲ ਜੀ, ਜੇਕਰ ਕੋਈ ਪਾਰਟੀਕੂਲਰ ਕੇਸ ਹੈ ਤਾਂ ਉਹ ਤੁਸੀਂ ਵੱਖਰੇ ਤੌਰ ਤੇ ਮੰਤਰੀ ਜੀ ਦੇ ਨੋਟਿਸ ਵਿਚ ਲਿਆ ਦਿਓ।

ਸਰਦਾਰ ਅਵਤਾਰ ਸਿੰਘ ਬਰਾੜ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਪਾਸੋਂ ਪੁੱਛਣਾ ਚਾਹੁੰਦਾ ਹਾਂ ਕਿ ਪੈਡੀ ਦੀ ਬਿਜਾਈ ਦੇ ਮੌਸਮ ਵਿਚ ਕਿਸਾਨਾਂ ਦੀ ਪਾਣੀ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਟੈਂਪਰੇਰੀ ਕੁਨੈਕਸ਼ਨ ਦਿੱਤੇ ਜਾਂਦੇ ਸਨ। ਪਰ ਕੀ ਕਾਰਨ ਹੈ ਕਿ ਇਸ ਵਾਰੀ ਪੰਜਾਬ ਰਾਜ ਬਿਜਲੀ ਬੋਰਡ ਵੱਲੋਂ ਅਜਿਹੇ ਕੁਨੈਕਸ਼ਨ ਦੇਣ ਦੀ ਅਜੇ ਤੱਕ ਕੋਈ ਚਿੱਠੀ-ਪੱਤਰੀ ਜਾਰੀ ਨਹੀਂ ਕੀਤੀ ਗਈ।

ਮੰਤਰੀ, ਸਪੀਕਰ ਸਾਹਿਬ, ਇਸ ਦੇ ਵਿਚੋਂ ਤਾਂ ਇਹ ਸਵਾਲ ਅਰਾਈਜ਼ ਨਹੀਂ ਹੁੰਦਾ ਸੈਪਰੇਟ ਨੋਟਿਸ ਦੇ ਦੇਣ। ਜਵਾਬ ਦੇ ਦਿੱਤਾ ਜਾਵੇਗਾ।

ਸਰਦਾਰ ਤੋਤਾ ਸਿੰਘ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਹੈ ਕਿ ਜਨਰਲ ਕੈਟਾਗਰੀ ਦੀਆਂ ਮਿਤੀ 31 ਮਾਰਚ, 1990 ਤੱਕ ਦੀਆਂ ਐਪਲੀਕੇਸ਼ਨਾਂ ਨੂੰ ਕੁਨੈਕਸ਼ਨ ਦਿੱਤੇ ਜਾ ਰਹੇ ਹਨ। ਪਰ ਬਹੁਤ ਸਾਰੀਆਂ ਸਬ-ਡਵੀਜ਼ਨਾਂ ਐਸੀਆਂ ਹਨ ਜਿਵੇਂ ਬਧਨੀ-ਕਲਾਂ ਵਿਚ 1884-85 ਦੇ ਕੁਨੈਕਸ਼ਨ ਦਿੱਤੇ ਜਾ ਰਹੇ ਹਨ ਅਤੇ ਚੜ੍ਹਿਕ ਵਗੈਰਾ ਵਿਚ 31 ਮਾਰਚ, 1990 ਤੱਕ ਦੇ ਕੁਨੈਕਸ਼ਨ ਦਿੱਤੇ ਜਾ ਰਹੇ ਹਨ। ਕੀ ਮੰਤਰੀ ਜੀ ਸਾਰੀਆਂ ਸਬ-ਡਵੀਜ਼ਨਾਂ ਵਿਚ 31 ਮਾਰਚ, 1990 ਤੱਕ ਦੇ ਕੁਨੈਕਸ਼ਨ ਦਿਵਾਉਣ ਨੂੰ ਯਕੀਨੀ ਬਣਾਉਣਗੇ? ਜਿਥੇ ਸਬ-ਡਵੀਜ਼ਨ ਵਿਚ ਅਰਜ਼ੀਆਂ ਬਹੁਤ ਜ਼ਿਆਦਾ ਹਨ, ਉਥੋਂ ਕੁਝ ਦੂਸਰੀਆਂ ਸਬ-ਡਵੀਜ਼ਨਾਂ ਵਿਚ ਟਰਾਂਸਫਰ ਕਰ ਦਿੱਤੀਆਂ ਜਾਣਗੀਆਂ?

ਸ੍ਰੀ ਸਪੀਕਰ. ਸਰਦਾਰ ਤੋਤਾ ਸਿੰਘ ਜੀ, ਜੇ ਤਾਂ ਸਪੈਸ਼ਲ ਮੋਗੇ ਬਾਰੇ ਹੀ ਪੁੱਛਣਾ ਹੈ ਤਾਂ ਵੱਖਰਾ ਲਿਖ ਕੇ ਦੇ ਦਿਓ।

ਸਰਦਾਰ ਤੋਤਾ ਸਿੰਘ. ਨਹੀਂ ਜੀ, ਇਹ ਤਾਂ ਜਨਰਲ ਸਵਾਲ ਹੈ, ਸਾਰੇ ਪੰਜਾਬ ਦਾ। ਬਹੁਤ ਸਾਰੀਆਂ ਥਾਵਾਂ ਤੇ ਇਸ ਤਰ੍ਹਾਂ ਹੈ।

ਮੰਤਰੀ: ਜਿਵੇਂ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਅਸੀਂ ਪਾਵਰ ਸੈਕਟਰ ਵਾਸਤੇ ਬੜੇ ਸੀਰੀਅਸ ਹਾਂ। ਲਹਿਰਾ-ਮੁਹੱਬਤ ਪਲਾਂਟ ਸ਼ਾਇਦ ਅਗਲੇ ਸਾਲ 1998 ਵਿਚ ਚਲ ਪਏਗਾ ਅਤੇ ਪਾਵਰ ਕਰਾਈਸਿਜ਼ ਰਿਜ਼ੌਲਵ ਹੋ ਜਾਵੇਗਾ। ਜਨਰਲ ਕੈਟਾਗਰੀ ਅਤੇ ਪਰੀਓਰਟੀ ਕੈਟਾਗਰੀ ਵਿਚ ਅਸੀਂ ਕੱਟ-ਆਫ-ਡੇਟ ਰੱਖੀ ਹੋਈ ਹੈ। ਪਹਿਲਾਂ ਉਸ ਨੂੰ ਅਸੀਂ ਐਗਜ਼ਾਸਟ ਕਰਾਂਗੇ। ਅਸੀਂ ਉਸ ਵਿਚੋਂ ਸਿਨਓਰਟੀ-ਵਾਈਜ਼ ਕੁਨੈਕਸ਼ਨ ਦੇ ਰਹੇ ਹਾਂ। ਕਿਸੇ ਦੀ ਵਾਰੀ ਤੋੜੀ ਨਹੀਂ ਜਾਵੇਗੀ ਜਾਂ ਬਰੇਕ ਨਹੀਂ ਹੋਵੇਗੀ। ਜਿਸ ਦੀ ਵੀ ਵਾਰੀ ਆਵੇਗੀ, ਉਸ ਦੀ ਵਾਰੀ ਨੂੰ ਛੱਡ ਕੇ ਕਿਸੇ ਹੋਰ ਨੂੰ ਉਸ ਦੀ ਥਾਂ ਤੇ ਕੁਨੈਕਸ਼ਨ ਨਹੀਂ ਦਿੱਤਾ ਜਾਵੇਗਾ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ. ਸਪੀਕਰ ਸਾਹਿਬ, ਮੰਤਰੀ ਜੀ ਨੇ ਦੋ ਕੈਟਾਗਰੀਆਂ ਦੱਸੀਆਂ ਹਨ। ਇਕ ਜਨਰਲ ਕੈਟਾਗਰੀ ਅਤੇ ਦੂਸਰੀ ਪਰੀਓਰਟੀ ਕੈਟਾਗਰੀ। ਇਹ ਪਰੀਓਰਟੀ ਕੈਟਾਗਰੀ ਦੀ ਕੀ ਕਸੌਟੀ ਹੈ ਅਤੇ ਇਸ ਦੇ ਲਈ ਕੀ ਮਾਪ-ਦੰਡ ਅਪਨਾਏ ਗਏ ਹਨ? ਜੇਕਰ ਪਿਛਲੇ ਸਾਰੇ ਕੁਨੈਕਸ਼ਨ ਦੇ ਦਿੱਤੇ ਜਾਂਦੇ ਹਨ ਤਾਂ ਰਾਜ ਉਤੇ ਕਿੰਨਾ ਬੋਝ ਪਵੇਗਾ?

ਮੰਤਰੀ: ਸਪੀਕਰ ਸਾਹਿਬ, ਇਹ ਸੈਪਰੇਟ ਨੋਟਿਸ ਦੇ ਦੇਣ। ਇਸ ਦੇ ਵਿਚੋਂ ਇਹ ਕੁਐਸਚਨ ਅਰਾਈਜ਼ ਨਹੀਂ ਹੁੰਦਾ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਇਹ ਰੈਲੇਵੈਂਟ ਸਪਲੀਮੈਂਟਰੀ ਬਣਦੀ ਹੈ।.....

ਸ੍ਰੀ ਸਪੀਕਰ. ਬੀਬੀ ਜੀ ਬੈਠ ਜਾਓ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਅਗਰ ਮੰਤਰੀ ਜੀ, ਨੇ ਜਵਾਬ ਨਹੀਂ ਦੇਣਾ ਤਾਂ ਸਵਾਲ ਅਪਰੂਵ ਹੀ ਕਿਉਂ ਕੀਤਾ ਹੈ?

ਸ੍ਰੀ ਸਪੀਕਰ: ਬੀਬੀ ਜੀ ਬੈਠ ਵੀ ਜਾਇਆ ਕਰੋ । ਕਾਮਰੇਡ ਅਜੈਬ ਸਿੰਘ ਰੌਂਤਾ ।

ਕਾਮਰੇਡ ਅਜੈਬ ਸਿੰਘ ਰੌਂਤਾ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਤਿਕਾਰ ਯੋਗ ਮੰਤਰੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਹੈ ਕਿ ਇਕ ਤਾਂ ਜਨਰਲ ਕੇਟੇਗਰੀ ਹੈ ਅਤੇ ਦੂਸਰਾ ਪ੍ਰਾਇਅਰਟੀ ਕੇਟਾਗਰੀ ਹੈ ਲੇਕਿਨ ਸਪੀਕਰ ਸਾਹਿਬ, ਬਹੁਤ ਸਾਰੇ ਪੰਜਾਬ ਦੇ ਲੋਕਾਂ ਨੇ ਫੋਰਨ ਕਰੰਸੀ ਰਾਹੀਂ ਕੁਨੈਕਸ਼ਨਾਂ ਲਈ ਅਪਲਾਈ ਕੀਤਾ ਸੀ, ਇਨ੍ਹਾਂ ਦੀ ਸਕੀਮ ਸੀ ਸਰਕਾਰ ਦੀ । ਸਭ ਤੋਂ ਪਹਿਲਾਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਫੌਰਨ ਕਰੰਸੀ ਵਾਲਿਆਂ ਨੂੰ ਪਹਿਲ ਦਿਤੀ ਜਾਵੇਗੀ ਅਤੇ ਪੰਜਾਬ ਸਰਕਾਰ ਇਸ ਨੂੰ ਯਕੀਨੀ ਬਣਾਵੇਗੀ ਕਿਉਂਕਿ ਫੌਰਨ ਕਰੰਸੀ ਦੇ ਲੱਖਾਂ ਰੁਪਏ, ਲੱਖਾਂ ਨਹੀਂ ਕਰੋੜਾਂ ਰੁਪਏ ਇਥੇ ਜਮ੍ਹਾਂ ਹਨ, ਇਸ ਲਈ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ ?

ਮੰਤਰੀ: ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਦੱਸਿਆ ਹੈ ਕਿ ਪ੍ਰਾਇਅਰਟੀ ਕੇਸਿਜ਼ ਦੀ ਅਸੀਂ 'ਕੱਟ-ਆਫ' ਡੇਟ ਦੱਸ ਦਿਤੀ ਹੈ । ਇਸਦੇ ਵਿੱਚ ਹੀ ਇਹ ਕੈਟੇਗਰੀ ਆ ਜਾਂਦੀ ਹੈ । ਪ੍ਰਾਇਅਰਟੀ ਕੇਸਿਜ਼ ਵਿੱਚ ਐਕਸਟਰਾ ਚਾਰਜਿਜ਼ ਵਾਲੇ ਅਤੇ ਫੌਰਨ-ਕਰੰਸੀ ਵਾਲੇ ਕੇਸ ਵੀ ਆ ਜਾਂਦੇ ਹਨ ।

ਸਰਦਾਰ ਬਲਦੇਵ ਸਿੰਘ ਖਿਆਲਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਪੰਜਾਬ ਰਾਜ ਬਿਜਲੀ ਬੋਰਡ ਸਾਰੇ ਪੰਜਾਬ ਦਾ ਇਕ ਹੈ । ਜਿਹੜੀ ਲਿਸਟ ਬਣੀ ਹੈ, ਉਹ ਪੰਜਾਬ ਦੀ ਇਕ ਹੋਣੀ ਚਾਹੀਦੀ ਹੈ, ਬਠਿੰਡਾ ਅਤੇ ਮਾਨਸਾ ਵਿੱਚ ਸਾਲ 1985 ਵਾਲਿਆਂ ਨੂੰ ਕਨੈਕਸ਼ਨ ਨਹੀਂ ਮਿਲੇ ਜਦ ਕਿ ਦੂਜੇ ਕਈ ਜ਼ਿਲ੍ਹਿਆਂ ਵਿੱਚ ਸਾਲ 1992 ਵਾਲਿਆਂ ਨੂੰ ਮਿਲਣੇ ਸ਼ੁਰੂ ਹੋ ਗਏ ਹਨ । ਇਹ ਬਹੁਤ ਵੱਡਾ ਅੰਤਰ ਹੈ । ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਇਨ੍ਹਾਂ ਵਿੱਚ ਬਰਾਬਰਤਾ ਲਿਆਉਣ ਲਈ ਕਾਰਵਾਈ ਕੀਤੀ ਜਾਵੇਗੀ ?

ਸ੍ਰੀ ਸਪੀਕਰ. ਬਠਿੰਡੇ ਦਾ ਪਹਿਲਾਂ ਹੋ ਗਿਆ । ਖਿਆਲਾ ਜੀ ਤੁਸੀਂ ਬੈਠੋ ।

ਅਗਲਾ ਸਵਾਲ ਅਰਸ਼ੀ ਜੀ ।

ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਦੇ ਦਫਤਰ ਤੇ ਛਾਪਾ

*383. **ਕਾਮਰੇਡ ਹਰਦੇਵ ਅਰਸ਼ੀ**: ਕੀ ਸਥਾਨਕ ਸਰਕਾਰ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਚੌਕਸੀ ਵਿਭਾਗ ਨੇ ਫਰਵਰੀ, 1997 ਦੇ ਮਹੀਨੇ ਦੌਰਾਨ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਦੇ ਦਫਤਰ ਵਿਚ ਕੋਈ ਅਚਨਚੇਤ ਛਾਪਾ ਮਾਰਿਆ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਉਕਤ ਛਾਪੇ ਦੌਰਾਨ ਫੰਡਾਂ ਦੀ ਧਾਂਦਲੀ/ਕੁਵਰਤੋਂ ਦੇ ਕਿਸੇ ਕੇਸਿਜ਼ ਦਾ ਪਤਾ ਲਗਿਆ । ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ ?

[ਕਾਮਰੇਡ ਹਰਦੇਵ ਅਰਸ਼ੀ]

(ੲ) ਕੀ ਉਪਰੋਕਤ ਭਾਗ (ਅ) ਵਿਚ ਵਰਣਿਤ ਧਾਂਧਲੀਆਂ ਸਬੰਧੀ ਕਿਸੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਕੋਈ ਕੇਸ ਦਰਜ ਕੀਤੇ ਗਏ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ ?

ਸ਼੍ਰੀ ਬਲਰਾਮਜੀ ਦਾਸ ਟੰਡਨ: (ੳ) ਹਾਂ ਜੀ ।

(ਅ) ਛਾਪੇ ਦੌਰਾਨ ਕੋਈ ਵੀ ਹੇਰਾ ਫੇਰੀ ਅਤੇ ਫੰਡਾਂ ਦੀ ਮਿਸ ਐਪਰੋਪਰੀਏਸ਼ਨ ਦਾ ਕੇਸ ਨਹੀਂ ਮਿਲਿਆ ਹੈ ।

(ੲ) ਕਿਸੇ ਵੀ ਅਧਿਕਾਰੀ/ਕਰਮਚਾਰੀ ਵਿਰੁੱਧ ਅਜੇ ਕੋਈ ਕੇਸ ਰਜਿਸਟਰ ਨਹੀਂ ਕੀਤਾ ਗਿਆ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੰਤਰੀ ਜੀ ਦਾ ਭਾਗ 'ੳ' ਦਾ ਉੱਤਰ ਹਾਂ ਜੀ ਵਿੱਚ ਹੈ ਅਤੇ 'ਅ' ਭਾਗ ਦੇ ਉੱਤਰ ਵਿੱਚ ਦੱਸਿਆ ਹੈ ਕਿ ਛਾਪੇ ਦੌਰਾਨ ਕੋਈ ਵੀ ਹੇਰਾ ਫੇਰੀ ਅਤੇ ਫੰਡਾਂ ਦੀ ਮਿਸ਼-ਐਪਰੋਪਰੀਏਸ਼ਨ ਦਾ ਕੇਸ ਨਹੀਂ ਮਿਲਿਆ ਹੈ । ਸਪੀਕਰ ਸਾਹਿਬ, ਜੇ ਚੌਕਸੀ ਵਿਭਾਗ ਕੋਲ ਕੋਈ ਠੋਸ ਸਬੂਤ ਨਹੀਂ ਸੀ ਤਾਂ ਫੇਰ ਉਨ੍ਹਾਂ ਨੇ ਛਾਪਾ ਹੀ ਕਿਉਂ ਮਾਰਿਆ ' ਜਿਸ ਦੇ ਨਾਲ ਕਿ ਸਾਰੇ ਪੰਜਾਬ ਵਿੱਚ ਅਤੇ ਪ੍ਰੈਸ ਰਾਹੀਂ ਸਾਰੇ ਦੇਸ਼ ਵਿੱਚ ਵਿਭਾਗ ਦਾ ਇਮੇਜ ਖਰਾਬ ਹੋਇਆ ਹੈ । ਕੀ ਮੰਤਰੀ ਜੀ ਨੇ ਚੀਫ ਮਨਿਸਟਰ ਸਾਹਿਬ ਦੇ ਰਾਹੀਂ ਇਸ ਸਬੰਧ ਵਿੱਚ ਕੋਈ ਇਤਰਾਜ ਕੀਤਾ ਕਿ ਜਦੋਂ ਚੋਕਸੀ ਵਿਭਾਗ ਦੇ ਕੋਲ ਕੋਈ ਫੰਡਾਂ ਦੀ ਦੁਰਵਰਤੋਂ ਸਬੰਧੀ ਠੋਸ ਸਬੂਤ ਨਹੀਂ ਸੀ ਤਾਂ ਉਨ੍ਹਾਂ ਨੇ ਕਿਉਂ ਛਾਪਾ ਮਾਰਿਆ ਅਤੇ ਇਸ ਤਰ੍ਹਾਂ ਚੋਕਸੀ ਵਿਭਾਗ ਅੱਗੋਂ ਲਈ ਦੂਜੇ ਵਿਭਾਗਾਂ ਵਿੱਚ ਵੀ ਚੈਕਿੰਗ ਨਾ ਕਰੇ, ਕੀ ਇਸ ਸਬੰਧ ਵਿੱਚ ਇਹ ਸਦਨ ਵਿੱਚ ਭਰੋਸਾ ਦੇਣਗੇ ?

ਮੰਤਰੀ: ਸਪੀਕਰ ਸਾਹਿਬ ਇਹ ਬੜੀ ਅੱਛੀ ਸੁਜੈਸ਼ਨ ਹੈ, ਅਸੀਂ ਵਿਚਾਰ ਕਰਾਂਗੇ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਦੂਸਰੀ ਮੇਰੀ ਸਪਲੀਮੈਂਟਰੀ ਇਹ ਹੈ ਕਿ ਮੰਤਰੀ ਜੀ ਨੇ ਭਾਗ 'ੲ' ਵਿੱਚ ਕਿਹਾ ਹੈ ਕਿ ਕਿਸੇ ਵੀ ਅਧਿਕਾਰੀ/ਕਰਮਚਾਰੀ ਵਿਰੁੱਧ ਅਜੇ ਕੋਈ ਕੇਸ ਰਜਿਸਟਰ ਨਹੀਂ ਕੀਤਾ ਗਿਆ । 'ਅਜੇ' ਵਾਲੀ ਗੱਲ ਸਪੀਕਰ ਸਾਹਿਬ ਮੈਨੂੰ ਸਮਝ ਨਹੀਂ ਆਈ । 'ਅਜੇ' ਦਾ ਮਤਲਬ ਕੀ ਹੈ ਜਦ ਸਪੀਕਰ ਸਾਹਿਬ ਛਾਪਾ ਮਾਰਿਆ ਗਿਆ ਅਤੇ ਕੋਈ ਇਤਰਾਜ ਯੋਗ ਚੀਜ਼ ਨਹੀਂ ਮਿਲੀ ਤਾਂ ਇਸ ਦਾ ਕਲੀਅਰ ਜਵਾਬ ਹੋਣਾ ਚਾਹੀਦਾ ਸੀ । ਜਦ ਭਾਗ 'ਅ' ਵਿੱਚ ਲਿਖਿਆ ਗਿਆ ਹੈ ਕਿ ਕੋਈ ਚੀਜ਼ ਨਹੀਂ ਮਿਲੀ ਤਾਂ 'ਅਜੇ' ਦਾ ਮਤਲਬ ਹੈ ਕਿ ਅਜੇ ਸ਼ੰਕਾ ਹੈ ਅਤੇ ਇਨਵੈਸਟੀਗੇਸ਼ਨ ਹੋ ਰਹੀ ਹੈ । ਅਜੇ ਦਾ ਮਤਲਬ ਮੈਨੂੰ ਸਮਝ ਨਹੀਂ ਆਇਆ, ਇਸਦੇ ਬਾਰੇ ਮੰਤਰੀ ਜੀ ਦੱਸਣ ਦੀ ਖੇਚਲ ਕਰਨ ।

ਮੰਤਰੀ: ਸਪੀਕਰ ਸਾਹਿਬ ਇਹ ਗੱਲ ਬੜੀ ਕਲੀਅਰ ਹੈ ਕਿ ਇਨ੍ਹਾਂ ਨੇ ਜੋ ਮੰਗਿਆ ਉਹ ਦੱਸ ਦਿਤਾ ਗਿਆ ਹੈ ਕਿ ਕੋਈ ਵੀ ਇਤਰਾਜ਼ ਯੋਗ ਚੀਜ਼ ਨਹੀਂ ਮਿਲੀ । ਪਰ ਸਪੀਕਰ ਸਾਹਿਬ ਛਾਪੇ ਦੌਰਾਨ ਉਹ ਬਹੁਤ ਸਾਰੀਆਂ ਫਾਈਲਾਂ ਇਨਵੈਸਟੀਗੇਸ਼ਨ ਲਈ ਲੈ ਗਏ ਸਨ ਜਿਨ੍ਹਾਂ ਵਿਚੋਂ ਕੁਝ ਤਾ ਰਿਲੀਜ਼ ਕਰ ਦਿਤੀਆਂ ਗਈਆਂ ਹਨ ਅਤੇ ਕੁਝ ਰਿਲੀਜ਼ ਕਰਨੀਆਂ ਬਾਕੀ ਰਹਿੰਦੀਆਂ ਹਨ । ਉਨ੍ਹਾਂ ਨੇ ਸਾਨੂੰ ਉਨ੍ਹਾਂ ਬਾਰੇ ਇੰਨਟੀਮੇਟ ਨਹੀਂ ਕੀਤਾ ।

ਪਟਿਆਲਾ ਸ਼ਹਿਰ ਵਿਚ ਫਿਊਨਰਲ ਵੈਨਜ਼ ਦਾ ਉਪਬੰਧ ਕਰਨਾ

*498. **ਸਰਦਾਰ ਸੁਰਜੀਤ ਸਿੰਘ ਕੋਹਲੀ**: ਕੀ ਸਥਾਨਕ ਸਰਕਾਰ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪਟਿਆਲਾ ਸ਼ਹਿਰ ਵਿਚ ਮ੍ਰਿਤਕ ਦੇਹਾਂ ਨੂੰ ਸ਼ਮਸ਼ਾਨ ਘਾਟ ਤਕ ਲਿਜਾਣ ਲਈ ਫਿਊਨਰਲ ਵੈਨਜ਼ ਮੁਹੱਈਆ ਕਰਨ ਦੀ ਤਜਵੀਜ਼ ਹੈ । ਜੇਕਰ ਅਜਿਹਾ ਹੋਵੇ ਤਾਂ ਇਹ ਵੈਨਜ਼ ਕਦੋਂ ਤੱਕ ਮੁਹੱਈਆ ਕੀਤੇ ਜਾਣ ਦੀ ਸੰਭਾਵਨਾ ਹੈ ?

Shri. Balramji Dass Tandon: No, Sir.

ਸਰਦਾਰ ਸੁਰਜੀਤ ਸਿੰਘ ਕੋਹਲੀ: ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਹਰ ਸਵਾਲ ਦਾ ਜਵਾਬ 'ਨਾਂਹ ਜੀ' ਵਿੱਚ ਹੀ ਦਿੰਦੇ ਹਨ । ਕਦੇ 'ਹਾਂ ਜੀ' ਵਿੱਚ ਵੀ ਦੇ ਦਿਆ ਕਰਨ । ਸਪੀਕਰ ਸਾਹਿਬ, ਪਟਿਆਲੇ ਦਾ ਰਿਹਾਇਸ਼ੀ ਏਰੀਆ ਬਹੁਤ ਵੱਧ ਗਿਆ ਹੈ । ਪੁੱਡਾ ਅਤੇ ਇੰਪਰੂਵਮੈਂਟ ਟਰੱਸਟ ਦੀਆਂ ਕਲੋਨੀਆਂ ਵੀ ਸ਼ਹਿਰ ਤੋਂ ਦੋ-ਦੋ, ਤਿੰਨ-ਤਿੰਨ ਕਿਲੋਮੀਟਰ ਦੂਰ ਤੱਕ ਆਬਾਦ ਹੋ ਚੁੱਕੀਆਂ ਹਨ । ਪਰ ਇਸ ਵੇਲੇ ਪਟਿਆਲਾ ਵਿਖੇ ਕੇਵਲ ਤਿੰਨ ਹੀ ਸ਼ਮਸ਼ਾਨ-ਘਾਟ ਹਨ ਅਤੇ ਡੈੱਡ-ਬਾਡੀ ਨੂੰ ਦੋ-ਦੋ, ਤਿੰਨ-ਤਿੰਨ ਕਿਲੋਮੀਟਰ ਦੂਰ ਲੈ ਕੇ ਜਾਣਾ ਬਹੁਤ ਮੁਸ਼ਕਲ ਹੈ । ਉਨ੍ਹਾਂ ਲੋਕਾਂ ਦੀ ਮੁਸ਼ਕਲ ਨੂੰ ਮੁੱਖ ਰੱਖਦੇ ਹੋਏ ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਫਿਊਨਰਲ-ਵੈਨਜ਼ ਮੁਹੱਈਆ ਕਰਵਾਈਆਂ ਜਾਣਗੀਆਂ ?

ਮੰਤਰੀ: ਰੈਡ-ਕਰਾਸ ਕੋਲ ਪਹਿਲਾਂ ਹੀ ਫਿਊਨਰਲ ਵੈਨਜ਼ ਹਨ । ਇਸ ਵੇਲੇ ਹੈਲਥ ਵਿਭਾਗ ਦੀ ਕੋਈ ਸਕੀਮ ਜ਼ੇਰੇ ਗੌਰ ਨਹੀਂ ਹੈ ।

ਗੜਿਆਂ ਦੁਆਰਾ ਫਸਲਾਂ ਨੂੰ ਹੋਏ ਨੁਕਸਾਨ ਦੇ ਬਦਲੇ ਕਿਸਾਨਾਂ ਨੂੰ ਮੁਆਵਜ਼ੇ ਦੀ ਅਦਾਇਗੀ

*481. **ਚੌਧਰੀ ਜਗਜੀਤ ਸਿੰਘ**: ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਹਾਲ ਹੀ ਵਿਚ ਗੜਿਆਂ ਦੁਆਰਾ ਹਾੜੀ ਦੀਆਂ ਫਸਲਾਂ (ਕਣਕ) ਨੂੰ ਨੁਕਸਾਨ ਹੋਇਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਤਰ੍ਹਾਂ ਹੋਏ ਨੁਕਸਾਨ ਦੇ ਜ਼ਿਲ੍ਹਾ-ਵਾਰ ਵੇਰਵੇ ਕੀ ਹਨ;

(ਅ) ਕੀ ਸਰਕਾਰ ਨੇ ਅਜਿਹੇ ਕਿਸਾਨਾਂ ਨੂੰ ਕੋਈ ਮੁਆਵਜ਼ੇ ਦੀ ਅਦਾਇਗੀ ਕੀਤੀ ਹੈ ਜਿਨ੍ਹਾਂ ਦੀਆਂ ਫਸਲਾਂ ਨੂੰ ਨੁਕਸਾਨ ਹੋਇਆ ਸੀ; ਜੇਕਰ ਅਜਿਹਾ ਹੋਵੇ ਤਾਂ ਪ੍ਰਤੀ-ਏਕੜ ਮੁਆਵਜ਼ਾ ਕਿਸ ਦਰ ਤੇ ਅਦਾ ਕੀਤਾ ਹੈ ?

Shri Madan Mohan Mittal (Minister for Food And Supplies Public Health And Parlimentary Affairs: (a) Yes Sir, Damage has been caused to Rabi Crops (wheat) due to hailstorms in some districts of the State, District-wise details are enclosed at Annexue-I.

(Minister for Food & Supplies Public Health and Parliamentary Affairs)

(b) Yes sir, the relief on account of damage to crops is being disbursed by the concerned Deputy Commissioners to the affected persons. For this purpose the funds have been released by the State Government to the concerned Deputy Commissioners as per Annexure-I. Norms at which relief is to be disbursed are at Annexure-II.

ANNEXURE-I

DETAILS OF DAMAGE TO KHARIF CROPS DURING THE YEAR 1997 DUE TO UNSEASONAL RAINS/HAIL-STORMS AND THE DETAILS OF FUNDS RELEASED TO DEPUTY COMMISSIONERS

Sr. No.	District	Affected Area in acres	The amount released to the district in rupees
1.	Amritsar	14,834	75,62,500/-
2.	Bathinda	5,570	9,00,000/-
3.	Ferozepur	4,951	40,39,300/
4.	Gurdaspur	2,908	28,75,400/-
5.	Nawan Shehar	2,989	15,58,400/-
6.	Moga	15	22,806/-
7.	Roopnagar	5,023	No funds have been allotted to Ropar District as the loss to crops was less than 25% and no relief was admissible.

ANNEXURE-II

DETAILS OF RATES OF RELIEF ON ACCOUNT OF DAMAGE OF MATURE STANDING CROPS

Damage to Crops	Rate of Relief Per Acre (in Rupees)
76% to 100%	2,000/-
51% to 75%	1,000/-
26% to 50%	700/-
1% to 25%	Nil

The relief is admissible upto maximum of 10 acres per khatauni or the actual area affected whichever is less depending on the damage.

ਚੌਧਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿਚ ਦੱਸਿਆ ਹੈ ਕਿ 76% ਤੋਂ 100% ਤੱਕ ਖਰਾਬ ਹੋਣ ਤੇ 2,000/- ਰੁ. ਪ੍ਰਤੀ ਏਕੜ, 51% ਤੋਂ 75% ਤੱਕ ਖਰਾਬ ਹੋਣ ਤੇ 1,000/-ਰੁ. ਪ੍ਰਤੀ ਏਕੜ ਅਤੇ 26% ਤੋਂ 50% ਤੱਕ ਖਰਾਬ ਹੋਣ ਤੇ 700/- ਪ੍ਰਤੀ ਏਕੜ ਤੱਕ ਰਲੀਫ ਦਿੱਤੀ ਜਾਂਦੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ 2,000/- ਰੁ. ਅਤੇ 700/- ਤੋਂ ਖਰਾਬੇ ਦੀ ਹੱਦ ਵਧਾਉਣ ਦੀ ਤਜਵੀਜ਼ ਰੱਖਦੀ ਹੈ?

ਮੰਤਰੀ: ਸਪੀਕਰ ਸਾਹਿਬ, ਐਟ ਪਰੈਜ਼ੈਂਟ ਤਾਂ ਕੋਈ ਨਹੀਂ ਹੈ।

ਮਾਨਤਾ ਪ੍ਰਾਪਤ ਡ੍ਰਾਈਵਿੰਗ ਸਕੂਲ ਖੋਲ੍ਹਣਾ

*497. **ਸਰਦਾਰ ਸੁਰਜੀਤ ਸਿੰਘ ਕੋਹਲੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਯਥਾਯੋਗ ਮਾਨਤਾ ਪ੍ਰਾਪਤ ਡ੍ਰਾਈਵਿੰਗ ਸਕੂਲ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦੇਣ ਦੀ ਸੰਭਾਵਨਾ ਹੈ?

ਕੈਪਟਨ ਕੰਵਲਜੀਤ ਸਿੰਘ (ਵਿੱਤ ਮੰਤਰੀ): ਸੈਂਟਰਲ ਮੋਟਰ ਵਹੀਕਲ ਨਿਯਮਾਵਲੀ 1989 ਦੀ ਧਾਰਾ 24 ਅਧੀਨ ਡਰਾਈਵਿੰਗ ਟਰੇਨਿੰਗ ਸਕੂਲ ਖੋਲ੍ਹਣ ਦੀ ਪਹਿਲਾਂ ਹੀ ਵਿਵਸਥਾ ਹੈ। ਇਸ ਲਈ ਇਸ ਸਬੰਧ ਵਿੱਚ ਵੱਖਰੀ ਤਜਵੀਜ਼ ਤਿਆਰ ਕਰਨ ਦੀ ਜ਼ਰੂਰਤ ਨਹੀਂ ਹੈ।

ANNEXURE

Sr. No.	Name of District	No. of driving training Schools.
1	2	3
1.	Amritsar	4
2.	Bathinda	3
3.	Faridkot	4
4.	Fatehgarh Sahib	[illegible]
5.	Ferozepur	2
6.	Gurdaspur	6
7.	Hoshiarpur	5
8.	Jalandhar	5
9.	Kapurthala	2
10.	Ludhiana	2
11.	Mansa	1
12.	Moga	1
13.	Muktsar	Nil
14.	Nawanshahar	Nil
15.	Patiala	3
16.	Ropar	7
17.	Sangrur	3

ਸਰਦਾਰ ਸੁਰਜੀਤ ਸਿੰਘ ਕੋਹਲੀ: ਸਪੀਕਰ ਸਾਹਿਬ, ਮੰਤਰੀ ਜੀ ਨੇ ਜਿਹੜੀ ਲਿਸਟ ਭੇਜੀ ਹੈ ਉਸ ਵਿਚ ਦੱਸਿਆ ਗਿਆ ਹੈ ਕਿ ਪਟਿਆਲਾ ਵਿੱਚ ਤਿੰਨ ਡਰਾਈਵਿੰਗ ਸਕੂਲ ਹਨ। ਕੀ ਮੰਤਰੀ ਜੀ ਉਨ੍ਹਾਂ ਸਕੂਲਾਂ ਦੇ ਨਾਂ ਅਤੇ ਸਥਾਨ ਦੱਸਣਗੇ ?

ਮੰਤਰੀ: ਸਪੀਕਰ ਸਾਹਿਬ, ਬਠਿੰਡੇ ਵਿੱਚ ਤਿੰਨ, ਅੰਮ੍ਰਿਤਸਰ ਵਿਚ ਚਾਰ....।

ਸਰਦਾਰ ਸੁਰਜੀਤ ਸਿੰਘ ਕੋਹਲੀ: ਸਪੀਕਰ ਸਾਹਿਬ, ਮੈਂ ਤਾਂ ਸਿਰਫ ਪਟਿਆਲੇ ਦੇ ਤਿੰਨ ਸਕੂਲਾਂ ਦੇ ਨਾਂ ਅਤੇ ਸਥਾਨ ਪੁੱਛੇ ਹਨ ?

ਮੰਤਰੀ: ਸਪੀਕਰ ਸਾਹਿਬ, ਜੇ ਸਿਰਫ ਨਾਂ ਪੁੱਛਣੇ ਹਨ ਤਾਂ ਇਸ ਵਾਸਤੇ ਸੈਪਰੇਟ ਨੋਟਿਸ ਦੇਣ ਦੀ ਲੋੜ ਹੈ।

ਸਰਦਾਰ ਸੁਰਜੀਤ ਸਿੰਘ ਕੋਹਲੀ: ਸਪੀਕਰ ਸਾਹਿਬ, ਮੇਰੇ ਖਿਆਲ ਵਿਚ ਤਾਂ ਪਟਿਆਲੇ ਵਿੱਚ ਕੋਈ ਸਰਕਾਰੀ ਡਰਾਈਵਿੰਗ ਸਕੂਲ ਨਹੀਂ ਹੈ। ਮਾਨਤਾ ਪ੍ਰਾਪਤ ਸਕੂਲਾਂ ਨੂੰ ਸਰਟੀਫਿਕੇਟ ਇਸ਼ੂ ਕਰਨ ਦੇ ਅਧਿਕਾਰ ਦਿੱਤੇ ਹੋਏ ਹਨ ਅੌਰ ਹੈਵੀ ਲਾਇਸੰਸ ਵੇਲੇ ਸਰਟੀਫਿਕੇਟ ਲੈਣਾ ਬਹੁਤ ਜ਼ਰੂਰੀ ਹੁੰਦਾ ਹੈ ਜੋ ਕਿ ਉਹ ਸਕੂਲ ਮੋਟੀਆਂ ਰਕਮਾਂ ਲੈ ਕੇ ਬਿਨਾਂ ਟ੍ਰੇਨਿੰਗ ਦਿਤਿਆਂ ਸਰਟੀਫਿਕੇਟ ਇਸ਼ੂ ਕਰਦੇ ਹਨ। ਕੀ ਸਰਕਾਰ ਇਸ ਬਾਰੇ ਸੋਚੇਗੀ ?

ਸ਼੍ਰੀ ਸਪੀਕਰ: ਤੁਸੀਂ ਕੋਈ ਇਨਸਟਾਂਸ ਲੈ ਆਓ ਤਾਂ ਹੀ ਸੰਭਵ ਹੋ ਸਕਦਾ ਹੈ।

ਮੰਤਰੀ: ਸਪੀਕਰ ਸਾਹਿਬ, ਪਟਿਆਲੇ ਵਿੱਚ ਤਿੰਨ ਸਕੂਲ ਹਨ: ਪਹਿਲਾ ਪਟਿਆਲਾ ਮੋਟਰ ਡਰਾਈਵਿੰਗ ਸਕੂਲ, ਦੂਜਾ ਭੋਗਲ ਮੋਟਰ ਡਰਾਈਵਿੰਗ ਸਕੂਲ ਅਤੇ ਤੀਜਾ ਭਸੀਨ ਮੋਟਰ ਡਰਾਈਵਿੰਗ ਸਕੂਲ। ਮਾਨਯੋਗ ਮੈਂਬਰ ਸਾਹਿਬ ਨੇ ਜਿਹੜਾ ਸੁਝਾਅ ਦਿੱਤਾ ਹੈ, ਉਸ ਤੇ ਜ਼ਰੂਰ ਗੌਰ ਕੀਤਾ ਜਾਵੇਗਾ।

ਪੁਲਿਸ ਅਕਾਦਮੀ, ਫਿਲੌਰ ਵਿਖੇ ਇਕ ਮਾਡਲ ਸਕੂਲ ਖੋਲ੍ਹਣਾ

*432. **ਕਾਮਰੇਡ ਅਜੈਬ ਸਿੰਘ ਰੌਂਤ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੁਲਿਸ ਸਿਪਾਹੀਆਂ ਦੇ ਬੱਚਿਆਂ ਲਈ ਪੁਲਿਸ ਅਕਾਦਮੀ, ਫਿਲੌਰ ਵਿਚ ਇਕ ਮਾਡਲ ਸਕੂਲ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤੱਕ ਖੋਲ੍ਹੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਵਿਚ ਸਿੱਖਿਆ ਦਾ ਕਿਹੜਾ ਮਾਧਿਅਮ ਚਾਲੂ ਕੀਤੇ ਜਾਣ ਦੀ ਤਜਵੀਜ਼ ਹੈ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਮੰਤਰੀ): ਹਾਂ ਜੀ, ਇਸ ਸਕੂਲ ਦੀ ਬਿਲਡਿੰਗ ਇਸ ਵਿੱਤੀ ਸਾਲ ਵਿੱਚ ਬਣਾਉਣੀ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਇਹ ਸਕੂਲ ਅਕੈਡਮਿਕ ਸਾਲ 1998-99 ਤੋਂ ਚਾਲੂ ਹੋ ਜਾਣ ਦੀ ਸੰਭਾਵਨਾ ਹੈ।

ਕਾਮਰੇਡ ਅਜੈਬ ਸਿੰਘ ਰੌਂਤਾ: ਸਪੀਕਰ ਸਾਹਿਬ, ਮੈਂ ਇਸ ਗੱਲ ਦਾ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਮੇਰੇ ਪ੍ਰਸ਼ਨ ਦਾ ਜਵਾਬ ਠੀਕ ਦਿੱਤਾ ਹੈ ਕਿ ਇਸ ਸਕੂਲ ਦੀ ਬਿਲਡਿੰਗ ਇਸ ਸਾਲ ਵਿੱਚ ਬਣਾਉਣੀ ਸ਼ੁਰੂ ਕਰ ਦਿੱਤੀ ਜਾਵੇਗੀ ।....

ਇਕ ਅਵਾਜ਼. ਜਵਾਬ ਤਾਂ ਹਮੇਸ਼ਾ ਹੀ ਠੀਕ ਦਿੰਦੇ ਹਾਂ ।

ਕਾਮਰੇਡ ਅਜੈਬ ਸਿੰਘ ਰੌਂਤਾ: ਵੈਸੇ ਕੈਪਟਨ ਸਾਹਿਬ ਨਾਲ ਸਾਡੀ ਸਾਂਝ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ (ਬੈਠੇ ਬੈਠੇ): ** ਕਰਦੇ ਹੋ ।

ਕਾਮਰੇਡ ਅਜੈਬ ਸਿੰਘ ਰੌਂਤਾ: **ਤਾਂ ਤੁਸੀਂ ਕਰੋਗੇ ਜਿਨ੍ਹਾਂ ਨੇ ਵਜ਼ੀਰ ਬਣਨਾ ਹੈ । ਸਾਨੂੰ ** ਕਰਨ ਦੀ ਲੋੜ ਨਹੀਂ ।

ਸ੍ਰੀ ਸਪੀਕਰ: **ਦਾ ਲਫਜ਼ ਪ੍ਰੋਸੀਡਿੰਗ ਵਿੱਚੋਂ ਕੱਢ ਦਿਉ, ਇਸ ਨੂੰ ਐਕਸਪੰਜ ਕਰ ਦਿਉ ।

ਕਾਮਰੇਡ ਅਜੈਬ ਸਿੰਘ ਰੌਂਤਾ: ਸਪੀਕਰ ਸਾਹਿਬ, ਸਿਰਫ ਇੱਕ ਹੀ ਮਸਲਾ ਹੈ । ਜਿਹੜੀ ਬਿਲਡਿੰਗ ਹੈ, ਉਹ ਜੰਗੀ ਪੱਧਰ ਤੇ ਸ਼ੁਰੂ ਕੀਤੀ ਜਾਵੇ ਅਤੇ ਇਸੇ ਸਾਲ ਹੀ ਸ਼ੁਰੂ ਕੀਤੀ ਜਾਵੇ । ਉਸ ਦੇ ਲਈ ਕੋਈ ਫੰਡਾਂ ਦੀ ਘਾਟ ਤਾਂ ਨਹੀਂ ਆਉਣ ਦਿੱਤੀ ਜਾਵੇਗੀ ?

ਮੰਤਰੀ: ਸਪੀਕਰ ਸਾਹਿਬ, ਇਸ ਸਾਲ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ, ਉਸ ਦੇ ਵਿੱਚ ਆਦਰਸ਼ ਸਕੂਲਾਂ ਵਾਸਤੇ 25 ਕਰੋੜ ਰੁਪਏ ਦੀ ਸਕੀਮ ਰੱਖੀ ਗਈ ਹੈ । (ਥੰਪਿੰਗ) ਔਰ ਹਰ ਸਕੂਲ ਵਾਸਤੇ 4 ਤੋਂ 5 ਕਰੋੜ ਰੁਪਏ ਦੀ ਵਿਵਸਥਾ ਹੈ । ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਤੁਹਾਡੇ ਰਾਹੀਂ ਭਰੋਸਾ ਦਿਵਾਉਂਦਾ ਹਾਂ ਕਿ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ । (ਥੰਪਿੰਗ)

ਕਾਮਰੇਡ ਅਜੈਬ ਸਿੰਘ ਰੌਂਤਾ: ਸਰ, ਮੇਰਾ ਸਵਾਲ ਤਾਂ ਪੁਲਿਸ ਅਕੈਡਮੀ, ਫਿਲੌਰ ਵਿਖੇ ਸਕੂਲ ਬਣਾਉਣ ਬਾਰੇ ਹੈ, ਆਦਰਸ਼ ਸਕੂਲਾਂ ਦਾ ਨਹੀਂ ।

ਮੰਤਰੀ. ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹਾਂਗਾ ਕਿ ਜਿਹੜਾ ਇਹ ਸਕੂਲ ਪੁਲਿਸ ਅਕੈਡਮੀ ਦੇ ਵਿੱਚ ਬਣਾਉਣਾ ਹੈ, ਉਹ ਵੀ ਆਦਰਸ਼ ਸਕੂਲਾਂ ਦੀ ਸਕੀਮ ਦੇ ਅਧੀਨ ਹੀ ਬਣਾਇਆ ਜਾਵੇਗਾ ।

ਸ੍ਰੀ ਸਪੀਕਰ: ਉਨ੍ਹਾਂ ਦੇ ਵਿੱਚ ਹੀ ਇਹ ਸਕੂਲ ਹੈ । ਅਗਲਾ ਪ੍ਰਸ਼ਨ ।

ਪੰਜਾਬ ਰੋਡਵੇਜ਼, ਨਵਾਂ ਸ਼ਹਿਰ ਨੂੰ ਲਾਭ/ਘਾਟਾ

*467. **ਸ੍ਰੀ ਚਰਨਜੀਤ ਸਿੰਘ** ਨਵਾਂ ਸ਼ਹਿਰ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

**Expunged as ordered by the Chair.

[ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ]

(ੲ) ਪੰਜਾਬ ਰੋਡਵੇਜ਼ ਦੇ ਨਵਾਂ ਸ਼ਹਿਰ ਡੀਪੂ ਦੀ ਸਲਾਨਾ ਆਮਦਨ ਅਤੇ ਖ਼ਰਚ ਕਿੰਨਾ-ਕਿੰਨਾ ਹੈ ਅਤੇ ਵੱਖ ਵੱਖ, ਸਾਲਾਂ 1995-96 ਅਤੇ 1996-97 ਦੇ ਦੌਰਾਨ ਪ੍ਰਤੀ ਕਿਲੋਮੀਟਰ ਕਿੰਨਾ ਮੁਨਾਫਾ ਕਮਾਇਆ ਜਾਂ ਪ੍ਰਤੀ ਕਿਲੋਮੀਟਰ ਕਿੰਨਾ ਘਾਟਾ ਪਿਆ ?

(ਅ) ਉਪਰੋਕਤ ਭਾਗ (ੲ) ਵਿਚ ਵਰਣਿਤ ਡਿਪੂ ਦੀ ਆਮਦਨ ਵਧਾਉਣ ਲਈ ਸਰਕਾਰ ਦੁਆਰਾ ਕੀਤੀ ਜਾਣ ਵਾਲੀ ਕਾਰਵਾਈ ਦੇ ਵੇਰਵੇ ਕੀ ਹਨ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਮੰਤਰੀ) (ੲ) ਪੰਜਾਬ ਰੋਡਵੇਜ਼, ਨਵਾਂ ਸ਼ਹਿਰ ਡਿਪੂ ਵਿੱਚ ਸਾਲ 1995-96 ਅਤੇ ਸਾਲ 1996-97 ਦੇ ਦੌਰਾਨ ਆਮਦਨ ਖਰਚਾ ਅਤੇ ਘਾਟੇ ਦਾ ਵੇਰਵਾ ਅਨੁਲੱਗ 'ੳ' ਦੇ ਅਨੁਸਾਰ ਹੈ।

(ਅ) ਨਵਾਂ ਸ਼ਹਿਰ ਡਿਪੂ ਦੀ ਆਮਦਨ ਵਧਾਉਣ ਲਈ ਸਰਕਾਰ ਵਲੋਂ ਚੁੱਕੇ ਜਾ ਰਹੇ ਕਦਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

(1) ਉਮਰ ਪੂਰੀ ਕਰ ਚੁੱਕੀਆਂ ਬੱਸਾਂ ਨੂੰ ਬਦਲ ਕੇ ਬੱਸ ਉਪਯੋਗਤਾ ਵਿੱਚ ਵਾਧਾ ਕਰਨਾ।

(2) ਓਪਰੇਸ਼ਨ ਦੀ ਕਾਰਜਕੁਸ਼ਲਤਾ ਵਿੱਚ ਅਸਰਦਾਰ ਵਾਧਾ ਕਰਨਾ।

(3) ਪੰਜਾਬ ਰੋਡਵੇਜ਼, ਨਵਾਂ ਸ਼ਹਿਰ ਡਿਪੂ ਵਲੋਂ ਮੁਫਤ/ਰਿਆਇਤੀ ਦਰਾਂ ਉਤੇ ਦਿੱਤੀਆਂ ਸਫਰ ਸਹੂਲਤਾਂ ਦੀ ਰਕਮ 2.06 ਕਰੋੜ ਰੁਪਏ ਸਾਲ 1995-96 ਅਤੇ 2.01 ਕਰੋੜ ਰੁਪਏ ਸਾਲ 1996-97 ਦੀ ਸਬੰਧਤ ਵਿਭਾਗਾਂ ਤੋਂ ਪ੍ਰਤੀ ਪੂਰਤੀ ਕਰਵਾਉਣੀ।

(4) ਓਪਰੇਸ਼ਨ ਸਟਾਫ ਦੀਆਂ ਸਾਰੀਆਂ ਖਾਲੀ ਅਸਾਮੀਆਂ ਭਰਕੇ ਬੱਸਾਂ ਰਾਹੀਂ ਜ਼ਿਆਦਾ ਕਿਲੋਮੀਟਰ ਤਹਿ ਕਰਨੇ।

ਅਨੁਲੱਗ-ੳ

ਲੜੀ ਨੰ:		ਵੇਰਵਾ	1995-96	1996-97
1.	(ੲ)	ਕੁੱਲ ਆਮਦਨ (ਰੁਪਏ ਲੱਖਾਂ ਵਿੱਚ)	1292.06	1256.60
	(ਅ)	ਕੁੱਲ ਆਮਦਨ ਪ੍ਰਤੀ ਕਿ.ਮੀ. (ਪੈਸੇ)	845	892
2.	(ੲ)	ਖਰਚਾ (ਰੁਪਏ ਲੱਖਾਂ ਵਿੱਚ)	1339.39	1,462.47
	(ਅ)	ਖਰਚਾ ਪ੍ਰਤੀ ਕਿ. ਮੀ. (ਪੈਸਾ)	876	1,038
3.	(ੲ)	ਘਾਟਾ (ਰੁਪਏ ਲੱਖਾਂ ਵਿੱਚ)	47.33	205.87
	(ਅ)	ਘਾਟਾ ਪ੍ਰਤੀ ਕਿ.ਮੀ. (ਪੈਸਾ)	31	146

ਸ੍ਰੀ ਚਰਨਜੀਤ ਸਿੰਘ ਨਰੂੰਗਹਿਰ: ਸਪੀਕਰ ਸਾਹਿਬ, ਜਵਾਬ ਤਾਂ ਬੜੇ ਵਿਸਥਾਰ ਨਾਲ ਆਇਆ ਹੈ ਪਰ 1995-96 ਵਿੱਚ 47 ਲੱਖ ਰੁਪਏ ਦਾ ਘਾਟਾ ਦੱਸਿਆ ਹੈ, 1996-97 ਦੇ ਵਿੱਚ ਇਹ ਵਧ ਕੇ 2 ਕਰੋੜ 85 ਲੱਖ ਰੁਪਏ ਹੋ ਗਿਆ ਅੌਰ 1997-98 ਵਿੱਚ ਇਹ ਹੋਰ ਵੀ ਵਧਣਾ ਹੈ। ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾ ਨੇ ਜੋ ਉਪਰਾਲੇ ਕੀਤੇ ਹਨ, ਜਿਨ੍ਹਾਂ ਦਾ ਵੇਰਵਾ ਦਿੱਤਾ ਹੈ, ਕੀ ਆਸ਼ਵਾਸਨ ਦੇਣਗੇ ਕਿ ਉਹ ਕਦੋਂ ਤੱਕ ਪੂਰੇ ਹੋ ਜਾਣਗੇ ਜਾਂ ਕੀ ਇਸੇ ਤਰ੍ਹਾਂ ਕਾਗਜ਼ਾਂ ਵਿੱਚ ਹੀ ਰਹਿ ਜਾਣਗੇ ?

ਮੰਤਰੀ: ਸਪੀਕਰ ਸਾਹਿਬ, ਇਸ ਸਰਕਾਰ ਵੱਲੋਂ ਇਸ ਘਾਟੇ ਨੂੰ ਪੂਰਾ ਕਰਨ ਲਈ ਜਿਹੜੇ ਕਦਮ ਚੁੱਕੇ ਜਾ ਰਹੇ ਹਨ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਇਸੇ ਵਿੱਤੀ ਸਾਲ ਦੇ ਵਿੱਚ ਉਨ੍ਹਾਂ ਨੂੰ ਲਾਗੂ ਕਰਵਾ ਕੇ ਇਸ ਘਾਟੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸ੍ਰੀ ਜਗਦੀਸ਼ ਸਾਹਨੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਘਾਟੇ ਨੂੰ ਪੂਰਾ ਕਰਨ ਵਾਸਤੇ ਜੋ ਪ੍ਰਪੋਜ਼ਲਾਂ ਦੱਸੀਆਂ ਹਨ, ਉਨ੍ਹਾਂ ਵਿੱਚ ਇਕ ਹੈ ਖਾਲੀ ਅਸਾਮੀਆਂ ਨੂੰ ਭਰਨਾ। ਦੂਸਰੀ ਪ੍ਰਪੋਜ਼ਲ ਹੈ ਰਿਪਲੇਸਮੈਂਟ ਆਫ ਬਸਿਜ਼। ਇਸ ਤਰ੍ਹਾਂ ਕਰਕੇ ਜ਼ਿਆਦਾ ਮਾਈਲੇਜ ਤਾਂ ਇਹ ਕਵਰ ਕਰ ਨਹੀਂ ਸਕਦੇ। ਜਿਹੜੀ ਬੱਸਾਂ ਦੀ ਮਾਈਲੇਜ ਹੈ, ਉਹ ਤਾਂ ਚਾਰ ਲੱਖ ਕਿਲੋਮੀਟਰ ਹੈ। ਇਹ ਸਾਨੂੰ ਦੱਸਣਗੇ ਕਿ ਕਿਹੜੇ ਉਪਰਾਲਿਆਂ ਨਾਲ ਇਸ ਘਾਟੇ ਨੂੰ ਪੂਰਾ ਕਰਨਗੇ ਕਿਉਂਕਿ ਬੱਸਾਂ ਤੋਂ ਜੋ ਦੋ ਕਰੋੜ ਦਾ ਘਾਟਾ ਹੈ that cannot be covered in any way. ਜਦੋਂ ਇਹ ਬੱਸਾਂ ਨੂੰ ਬੰਦ ਕਰ ਦੇਣਗੇ ਤਾਂ ਫਿਰ ਜਿਹੜਾ ਦੋ ਕਰੋੜ ਰੁਪਏ ਤੋਂ ਵੱਧ ਦਾ ਘਾਟਾ ਹੈ, ਉਹ ਘਾਟਾ ਤਾਂ ਪੂਰਾ ਨਹੀਂ ਹੋ ਸਕਦਾ। ਕੀ ਇਹ ਹਾਊਸ ਨੂੰ ਦੱਸਣਗੇ ਕਿ ਕਿਸ ਤਰ੍ਹਾਂ ਘਾਟਾ ਪੂਰਾ ਹੋ ਸਕੇਗਾ ?

ਮੰਤਰੀ: ਬੰਦ ਕਰਨ ਬਾਰੇ ਤਾਂ ਇਹ ਚਰਨਜੀਤ ਸਿੰਘ ਹੁਰਾਂ ਨਾਲ ਗੱਲ ਕਰ ਲੈਣ, ਜੇ ਉਹ ਆਗਿਆ ਦੇ ਦੇਣ ਤਾਂ ਅਸੀਂ ਇਸ ਬਾਰੇ ਵਿਚਾਰ ਕਰ ਲਵਾਂਗੇ। ਮੈਂ ਵਿਸਥਾਰ ਦੇ ਵਿੱਚ ਚਾਰ-ਪੰਜ ਕੰਮ ਦੱਸੇ ਹਨ, ਜਿਨ੍ਹਾਂ ਦੇ ਨਾਲ ਇਹ ਘਾਟਾ ਪੂਰਾ ਕਰਾਂਗੇ ਅੌਰ ਲਗਭਗ ਦੋ ਕਰੋੜ ਰੁਪਏ ਦੀ ਰਕਮ ਅਸੀਂ ਬਾਕੀ ਵਿਭਾਗਾਂ ਤੋਂ ਹਾਲੇ ਤੱਕ ਲੈਣੀ ਹੈ। ਉਸ ਨਾਲ ਬਹੁਤ ਹੱਦ ਤੱਕ ਇਹ ਘਾਟਾ ਪੂਰਾ ਹੋ ਜਾਵੇਗਾ।

ਨਿਸ਼ਾਨਵਾਲਾ ਪ੍ਰਸ਼ਨ ਨੰਬਰ 531 ਅਤੇ 532

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

ਰਾਜ ਵਿਚ ਨਵੇਂ ਆਦਰਸ਼ ਸਕੂਲ ਖੋਲ੍ਹਣਾ

*509. (1) ਸਰਦਾਰ ਇੰਦਰਜੀਤ ਸਿੰਘ ਜ਼ੀਰਾ
(2) ਸਰਦਾਰ ਬਿਕਰਮਜੀਤ ਸਿੰਘ, } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਨਵੇਂ ਆਦਰਸ਼ ਸਕੂਲ ਖੋਲ੍ਹਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ;

(ਅ) ਇਸ ਸਮੇਂ ਰਾਜ ਵਿਚ ਆਦਰਸ਼ ਸਕੂਲਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਸਕੂਲਾਂ ਦੇ ਕੰਮ-ਕਾਰ ਵਿਚ ਸੁਧਾਰ ਲਿਆਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਮੰਤਰੀ) : (ੳ) ਹਾਂ ਜੀ।

(ਅ) ਆਦਰਸ਼ ਸਕੂਲ ਖੋਲ੍ਹਣ ਲਈ ਵੱਖੋ-ਵੱਖ ਪਹਿਲੂਆਂ ਤੋਂ ਵਿਚਾਰ ਕੀਤਾ ਜਾ ਰਿਹਾ ਹੈ, ਜਿਸ ਨੂੰ ਜਲਦੀ ਹੀ ਅੰਤਮ ਰੂਪ ਦਿੱਤਾ ਜਾਵੇਗਾ .

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮਾਨਯੋਗ ਵਿੱਤ ਮੰਤਰੀ ਸਾਹਿਬ ਨੇ ਭਾਗ (ੳ) ਦਾ ਜਵਾਬ 'ਹਾਂ' ਵਿਚ ਦਿੱਤਾ ਹੈ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਨਵੇਂ ਸਕੂਲ ਖੋਲ੍ਹਣ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਆਦਰਸ਼ ਸਕੂਲਾਂ ਨੂੰ ਖੋਲਣ ਵਾਸਤੇ ਕਿੰਨਾ ਪੈਸਾ ਰੱਖਿਆ ਗਿਆ ਹੈ ਅਤੇ ਇਹ ਕਦੋਂ ਤੱਕ ਚਾਲੂ ਕਰ ਦਿੱਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ,ਇਨ੍ਹਾਂ ਆਦਰਸ਼ ਸਕੂਲਾਂ ਦੇ ਸਬੰਧ ਵਿਚ ਮੈਂ ਬੜੇ ਵਿਸਥਾਰ ਵਿਚ ਬਜਟ ਸਪੀਚ ਵਿਚ ਵੀ ਦੱਸਿਆ ਹੈ ਕਿ ਨਵੀਂ ਸਕੀਮ ਚਲਾਈ ਗਈ ਹੈ ਅਤੇ ਉਸਦੇ ਵਾਸਤੇ 25 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ ਲੇਕਿਨ ਸਾਡੀ ਕੋਸ਼ਿਸ਼ ਇਹ ਹੈ ਕਿ ਇਸ ਦੇ ਨਾਲ ਨਾਲ ਉਦਯੋਗਿਕ ਅਦਾਰੇ, ਐਜੂਕੇਸ਼ਨਲ ਇੰਸਟੀਚਿਊਸ਼ਨ ਨੂੰ ਵੀ ਇਨਵਾਲਵ ਕਰੀਏ ਅਤੇ ਜਿਹੜੇ ਪਿੰਡਾਂ ਵਿਚ ਖੁਲ੍ਹਣੇ ਹਨ ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਵੀ ਇਨਵਾਲਵ ਕਰੀਏ । ਇਸ ਨੂੰ ਵਿਸਥਾਰ ਰੂਪ ਵਿਚ ਖੋਲ੍ਹਣ ਲਈ ਅਸੀਂ ਚਾਹੁੰਦੇ ਹਾਂ ਕਿ ਹਰ ਬਲਾਕ ਦੇ ਵਿੱਚ ਪੜਾਅਵਾਰ 1-1 ਆਦਰਸ਼ ਸਕੂਲ ਹੋਵੇ ਅਤੇ ਸ਼ੁਰੂਆਤ ਵਿਚ ਹਰ ਜ਼ਿਲ੍ਹੇ ਵਿਚ ਲਗਭਗ 17 ਸਕੂਲ ਖੋਲ੍ਹਣ ਦੀ ਤਜਵੀਜ਼ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਧੰਨਵਾਦ ਜੀ ।

ਸਰਦਾਰ ਸੀਤਲ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਆਦਰਸ਼ ਸਕੂਲ ਖੋਲ੍ਹੇ ਜਾਣ ਦੀ ਸਕੀਮ ਇਹ ਸ਼ੁਰੂ ਕਰ ਰਹੇ ਹਨ, ਕੀ ਉਨ੍ਹਾਂ ਵਿਚ ਧਰਮਕੋਟ ਦੇ ਪਿੰਡ ਖੰਭੇ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜਾਂ ਨਹੀਂ ?

ਸ਼੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਬਣਦੀ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਸਕੂਲ ਦਾ ਐਸਟੀਮੇਟ ਕਿੰਨਾ ਹੈ ਅਤੇ 25 ਕਰੋੜ ਰੁਪਏ ਦੇ ਵਿੱਚ ਕੁੱਲ ਕਿੰਨੇ ਸਕੂਲ ਖੋਲ੍ਹੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਦੇ ਸਬੰਧ ਵਿਚ ਮੈਂ ਮਾਨਯੋਗ ਮੈਂਬਰ ਨੂੰ ਪਹਿਲਾਂ ਵੀ ਦੱਸ ਦਿੱਤਾ ਹੈ ਕਿ 25 ਕਰੋੜ ਰੁਪਏ ਦੀ ਵਿਵਸਥਾ ਹੈ । ਸਰਕਾਰ ਦੀ ਤਜਵੀਜ਼ ਹੈ ਕਿ ਇੰਡਸਟਰੀਅਲ ਹਾਊਸਿਜ਼, ਹੋਰ ਐਜੂਕੇਸ਼ਨਲ ਇੰਸਟੀਚਿਊਸ਼ਨਜ਼, ਪਿੰਡ ਦੀਆਂ ਪੰਚਾਇਤਾਂ ਨੂੰ ਇਨਵਾਲਵ ਕਰਕੇ ਉਨ੍ਹਾਂ ਦੀ ਮੋਨੀਟਰਿੰਗ ਪਾਰਟੀਸੀਪੇਸ਼ਨ ਕਰਵਾ ਕੇ ਇਸ ਸਕੀਮ ਨੂੰ ਵਿਆਪਕ ਰੂਪ ਦੇਣਾ ਸਰਕਾਰ ਦਾ ਵਿਚਾਰ ਹੈ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਸਾਡੇ ਸਵਾਲ ਦਾ ਜਵਾਬ ਨਹੀਂ ਆਇਆ । ਅਸੀਂ ਤਾਂ ਸਿਰਫ ਇਹ ਪੁੱਛਿਆ ਹੈ ਕਿ ਇਕ ਆਦਰਸ਼ ਸਕੂਲ ਖੋਲਣ ਲਈ ਕਿੰਨਾ ਐਸਟੀਮੇਟ ਰੱਖਿਆ ਹੈ ਅਤੇ 25 ਕਰੋੜ ਰੁਪਏ ਵਿਚ ਕਿੰਨੇ ਸਕੂਲ ਖੋਲ੍ਹੇ ਜਾਣਗੇ । ਅਸੀਂ ਤਾਂ ਸਿਰਫ ਇਹੀ ਪੁੱਛਿਆ ਹੈ ।

ਸ਼੍ਰੀ ਸਪੀਕਰ : ਉਨ੍ਹਾਂ ਨੇ ਸ਼ੁਰੂ ਕਰਨ ਲਈ 25 ਕਰੋੜ ਰੁਪਏ ਰੱਖੇ ਹਨ ।

ਮੰਤਰੀ : ਸਪੀਕਰ ਸਾਹਿਬ, ਜਦੋਂ ਪਹਿਲਾਂ ਪੁਲਿਸ ਅਕੈਡਮੀ ਦੇ ਸਵਾਲ ਦੇ ਉੱਤਰ ਵਿੱਚ ਮੈਂ ਦਸਿਆ ਸੀ ਕਿ ਹਰ ਸਕੂਲ ਲਈ 4-5 ਕਰੋੜ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ ਅੌਰ ਜਿਹੜੀ 25 ਕਰੋੜ ਰੁਪਏ ਦੀ ਗੱਲ ਕੀਤੀ ਹੈ, ਇਹ ਗੌਰਮਿੰਟ ਦੀ ਪਾਰਟੀਸੀਪੇਸ਼ਨ ਹੈ । ਬਾਕੀ ਹੋਰ ਅਦਾਰਿਆਂ ਤੋਂ ਪਾਰਟੀਸੀਪੇਟ ਕਰਵਾ ਕੇ ਜਿਹੜੀ ਪੈਸੇ ਦੀ ਵਿੱਤੀ ਵਿਵਸਥਾ ਹੈ, ਉਹ ਪੂਰੀ ਕਰਨ ਦੀ ਤਜਵੀਜ਼ ਹੈ ।

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਮੈਂ ਆਪ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਆਦਰਸ਼ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਕਿਹੜੀਆਂ ਕਿਹੜੀਆਂ ਸਹੂਲਤਾਂ ਅਸੀਂ ਪ੍ਰੋਵਾਈਡ ਕਰਾਂਗੇ । ਇਸ ਬਾਰੇ ਇਹ ਕਿਰਪਾ ਕਰਕੇ ਦੱਸਣ ।

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਆਦਰਸ਼ ਸਕੂਲਾਂ ਵਿਚ ਇਕ ਤਾਂ ਕੁਆਲਿਟੀ ਐਜੂਕੇਸ਼ਨ ਦਿੱਤੀ ਜਾਵੇਗੀ । ਦੂਸਰਾ ਮੋਰਲ ਐਜੂਕੇਸ਼ਨ ਦਿੱਤੀ ਜਾਵੇਗੀ । ਤੀਸਰਾ, ਟੈਕਨੀਕਲ ਫੰਕਸ਼ਨਲ ਟ੍ਰੇਨਿੰਗ ਦਿੱਤੀ ਜਾਵੇਗੀ । ਚੌਥਾ, ਖਾਸ ਕਰਕੇ ਕੰਪਿਊਟਰ ਟ੍ਰੇਨਿੰਗ ਦੀ ਵਿਵਸਥਾ ਕੀਤੀ ਗਈ ਹੈ ।

—0—

ਨਿਸ਼ਾਨਵਾਲਾ ਪ੍ਰਸ਼ਨ ਨੰਬਰ *433

ਸ੍ਰੀ ਸਪੀਕਰ : ਇਸ ਸਵਾਲ ਬਾਰੇ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ । ਅਗਲਾ ਸਵਾਲ ।

ਪ੍ਰਕਾਸ਼ ਸਿੰਘ ਬਾਦਲ,

ਅ.ਸ. ਪੱਤਰ ਨੰ: 8/32/97-2 ਪ.ਸ.
ਮੁੱਖ ਮੰਤਰੀ, ਪੰਜਾਬ,
ਚੰਡੀਗੜ੍ਹ ।
ਮਿਤੀ 19-6-97

ਮਾਨਯੋਗ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਤਾਰਾ ਅੰਕਤ ਪ੍ਰਸ਼ਨ ਨੰ: 433, ਜੋ ਕਿ ਕਾਮਰੇਡ ਅਜੈਬ ਸਿੰਘ ਰੌਂਤਾ, ਐਮ. ਐਲ. ਏ. ਵਲੋਂ ਪੁਛਿਆ ਗਿਆ ਹੈ, ਮਿਤੀ 23-6-97 ਨੂੰ ਜਵਾਬ ਦੇਣ ਲਈ ਨਿਸ਼ਚਿਤ ਹੋਇਆ ਹੈ । ਲੋੜੀਂਦੀ ਸੂਚਨਾ ਉਪਲਬੱਧ ਨਾ ਹੋਣ ਕਾਰਨ ਜਵਾਬ ਤਿਆਰ ਨਹੀਂ ਹੋ ਸਕਿਆ ਹੈ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਉਕਤ ਪ੍ਰਸ਼ਨ ਦਾ ਜਵਾਬ ਦੇਣ ਹਿੱਤ 15 ਦਿਨ ਦੇ ਸਮੇਂ ਦਾ ਵਾਧਾ ਕਰਨ ਦੀ ਖੇਚਲ ਕੀਤੀ ਜਾਵੇ ।

ਹਿਤੂ
ਸਹੀ/-
(ਪਰਕਾਸ਼ ਸਿੰਘ ਬਾਦਲ)

ਸਰਦਾਰ ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ ।

ਪਿੰਡ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸਮਾਰਕ ਨਾਲ ਲਗਦੀ ਨਰਸਰੀ ਨੂੰ ਬਦਲਣਾ

*530. **ਚੌਧਰੀ ਮੋਹਨ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਜੰਗਲਾਤ ਵਿਭਾਗ ਨੇ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸਮਾਰਕ ਨਾਲ ਲਗਦੀ ਜ਼ਮੀਨ ਤੇ ਇਕ ਨਰਸਰੀ ਬਣਾਈ ਹੈ ਜਿਸ ਨੇ ਸਮਾਰਕ ਦੀ ਸੁੰਦਰਤਾ ਨੂੰ ਖਰਾਬ ਕਰ ਦਿੱਤਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਸਰਕਾਰ

---

*For Starred Question No. 433 and reply there to please see Appendex to this Debate

ਸਮਾਰਕ ਦੀ ਮੌਲਿਕ ਸੁੰਦਰਤਾ ਨੂੰ ਕਾਇਮ ਰੱਖਣ ਲਈ ਉਕਤ ਨਰਸਰੀ ਨੂੰ ਕਿਸੇ ਹੋਰ ਥਾਂ ਤੇ ਬਦਲਣ ਦੀ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਦੋਂ ਤੱਕ ਬਦਲੇ ਜਾਣ ਦੀ ਸੰਭਾਵਨਾ ਹੈ?

Shri Madan Mohan Mittal (Minister for Food & Supplies, Public Health & Parliamentary Affairs): (a) It is a fact that the Forest Department has set up a nursery on the land adjoining to the memorial of Shaheed-e-Azam S. Bhagat Singh, Rajguru and Sukhdev at Khatkar Kalan in Nawanshahar District. However, it is incorrect that the nursery has spoiled the beauty of the memorial. Rather, the nursery is enhancing the beauty and improving the environment around this memorial.

(b) In view of reply to part (a), there is no proposal to shift the said nursery to some other place.

ਚੌਧਰੀ ਮਹਨ ਲਾਲ : ਸਪਲੀਮੈਂਟਰੀ ਸਪੀਕਰ ਸਾਹਿਬ। ਜਿਹੜੀ ਨਰਸਰੀ ਖਟਕੜ ਕਲਾਂ ਵਿੱਚ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੇ ਸਮਾਰਕ ਨਾਲ ਬਣਾਈ ਗਈ ਹੈ ਉਸ ਬਾਰੇ ਕਿਹਾ ਗਿਆ ਹੈ ਕਿ ਉਹ ਸੁੰਦਰਤਾ ਵਧਾ ਰਹੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਇਹ ਸਮਾਰਕ ਬਣਾਇਆ ਗਿਆ ਸੀ ਉਦੋਂ ਇਥੇ ਕੋਈ ਨਰਸਰੀ ਨਹੀਂ ਸੀ ਲੇਕਿਨ ਪਿਛਲੀ ਸਰਕਾਰ ਦੇ ਖੇਤੀਬਾੜੀ ਮੰਤਰੀ ਨੇ ਉਸ ਸਮਾਰਕ ਦੀ ਮਹਾਨਤਾ ਘੱਟ ਕਰਨ ਲਈ ਇਥੇ ਨਰਸਰੀ ਬਣਾ ਦਿੱਤੀ ਸੀ। ਹੁਣ ਹਰ ਸਾਲ ਸ਼ਰਦਾਰ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਂਟ ਕਰਨ ਵਾਸਤੇ ਇਥੇ ਸਟੇਜ ਲਗਾਈ ਜਾਂਦੀ ਹੈ ਜਿਸ ਕਾਰਨ ਨਾਲ ਲੱਗਦੇ ਖੇਤਾਂ ਦੀਆਂ ਫਸਲਾਂ ਉਜਾੜ ਦਿੱਤੀਆਂ ਜਾਂਦੀਆਂ ਹਨ। ਇਸ ਨਾਲ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ। ਇਸ ਲਈ ਮੈਂ ਮੰਤਰੀ ਜੀ.........

ਸ੍ਰੀ ਸਪੀਕਰ : ਤੁਸੀਂ ਕੁਐਚਸਨ ਪੁੱਛੋ।

ਚੌਧਰੀ ਮੋਹਨ ਲਾਲ : ਇਸ ਲਈ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸ਼ਹੀਦਾਂ ਦੇ ਸਮਾਰਕ ਤੋਂ ਉਸ ਨਰਸਰੀ ਨੂੰ ਚੁਕਵਾਉਣ ਲਈ ਆਸ਼ਵਾਸਨ ਦਿਵਾਓਗੇ ?

ਸ੍ਰੀ ਸਪੀਕਰ : ਕੋਈ ਗੱਲ ਨਹੀਂ ਬਣੀ।

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾ ਹੀ ਕਿਹਾ ਹੈ ਕਿ ਇਸ ਨਰਸਰੀ ਨਾਲ ਸੁੰਦਰਤਾ ਵਧਾਈ ਗਈ ਹੈ। ਇਸ ਬਾਰੇ ਕੋਈ ਸ਼ਿਕਾਇਤ ਵੀ ਨਹੀਂ ਆਈ। ਟੈਸਟ ਕਰਵਾਏ ਗਏ ਹਨ ਤਾਂ ਕਿ ਜੋ ਫਰਟੀਲਾਈਜ਼ਰ ਪੈਂਦੇ ਹਨ ਉਨ੍ਹਾਂ ਨਾਲ ਵਿਜ਼ਟਰਜ਼ ਨੂੰ ਕੋਈ ਸਮੈੱਲ ਨਾ ਆਵੇ। ਇਸ ਬਾਰੇ ਵੀ ਕੋਈ ਸ਼ਿਕਾਇਤ ਨਹੀਂ ਆਈ। ਸਰਦਾਰ ਦਿਲਬਾਗ ਸਿੰਘ ਹੋਰਾਂ ਨੇ ਰਿਕਵੈਸਟ ਕਰਕੇ ਇਹ ਨਰਸਰੀ ਬਣਵਾਈ ਸੀ ਅਤੇ ਇਸ ਦਾ ਨਾਂ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਦੇ ਨਾਂ ਤੇ ਰੱਖਿਆ ਗਿਆ ਹੈ। ਜੇ ਕਿਸੇ ਐਸੀ ਗੱਲ ਲਈ ਉਸ ਮੈਮੋਰੀਅਲ ਦੀ ਸੁੰਦਰਤਾ ਵਿਚ ਫਰਕ ਪੈਂਦਾ ਹੈ ਤਾਂ ਸਰਕਾਰ ਉਸ ਤੇ ਜ਼ਰੂਰ ਵਿਚਾਰ ਕਰੇਗੀ।

——

ਪੰਜਾਬ ਦੇ ਨੌਜਵਾਨਾਂ ਨੂੰ ਸਿਖਲਾਈ ਅਤੇ ਰੁਜ਼ਗਾਰ ਦੇਣ ਲਈ ਕੇਂਦਰ (ਸੀ-ਪਾਈਟ) ਤੇ ਖ਼ਰਚ ਕੀਤੀ ਗਈ ਰਕਮ

*538. (1) ਕੈਪਟਨ ਬਲਬੀਰ ਸਿੰਘ ਬਾਠ
(2) ਸ੍ਰੀ ਜਗਦੀਸ਼ ਸਾਹਨੀ : } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲਾਂ 1994-95, 1995-96 ਅਤੇ 1996-97 ਦੇ ਦੌਰਾਨ ਪੰਜਾਬ ਦੇ ਨੌਜਵਾਨਾਂ ਨੂੰ ਸਿਖਲਾਈ ਅਤੇ ਰੁਜ਼ਗਾਰ ਦੇਣ ਲਈ ਕੇਂਦਰ (ਸੀ-ਪਾਈਟ) ਤੇ ਸਾਲ-ਵਾਰ ਕਿੰਨੀ-ਕਿੰਨੀ ਰਕਮ ਖਰਚ ਕੀਤੀ ਗਈ;

(ਅ) ਕੀ ਸਰਕਾਰ ਨੇ ਉਪਰੋਕਤ ਭਾਗ (ੳ) ਵਿਚ ਵਰਣਿਤ ਸਿਖਲਾਈ ਕੇਂਦਰ ਦੇ ਸਿੱਟਿਆਂ ਦਾ ਕੋਈ ਮੁੱਲਾਂਕਣ ਕੀਤਾ ਸੀ; ਜੇਕਰ ਅਜਿਹਾ ਹੋਵੇ ਤਾਂ ਵਿੱਤੀ ਸਾਲ 1997-98 ਲਈ ਉਕਤ ਸਿਖਲਾਈ ਕੇਂਦਰ ਲਈ ਕਿੰਨੀ ਰਕਮ ਰੱਖੀ ਗਈ ਹੈ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਮੰਤਰੀ) : (ੳ) ਪੰਜਾਬ ਦੇ ਯੁਵਕਾਂ ਦਾ ਸਿਖਲਾਈ ਤੇ ਰੁਜ਼ਗਾਰ ਕੇਂਦਰ ਦਾ ਸਾਲ-ਵਾਰ ਖਰਚਾ ਹੇਠ ਲਿਖੇ ਅਨੁਸਾਰ ਹੈ :—

1994-95	..	3,16,96,392.00
1995-96	..	2,96,73,967.00
1996-97	..	2,52,14,584.00

(ਅ) ਹਾਂ ਜੀ । ਸੀ-ਪਾਈਟ ਸਕੀਮ ਲਈ ਵਿੱਤੀ ਸਾਲ 1997-98 ਦੇ ਬੱਜਟ ਵਿੱਚ ਕੁੱਲ 3.00 ਕਰੋੜ ਰੁਪਏ ਦੀ ਰਾਸ਼ੀ ਦੀ ਵਿਵਸਥਾ ਕੀਤੀ ਗਈ ਹੈ ।

ਕੈਪਟਨ ਬਲਬੀਰ ਸਿੰਘ ਬਾਠ : ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਾਰਟ 'ਏ' ਵਿਚ ਜਵਾਬ 'ਹਾਂ' ਵਿਚ ਆਇਆ ਹੈ । ਮੈਂ ਇਸ ਸਕੀਮ ਦੀਆਂ ਪ੍ਰਾਪਤੀਆਂ ਬਾਰੇ ਜਾਨਣਾ ਚਾਹੁੰਦਾ ਹਾਂ।

ਮੰਤਰੀ : ਸਪੀਕਰ ਸਾਹਿਬ, ਇਹ ਸਕੀਮ 17 ਅਕਤੂਬਰ, 1989 ਨੂੰ ਗਵਰਨਰ-ਇਨ-ਕੌਂਸਲ ਵਿਚ ਫੈਸਲਾ ਕਰਕੇ ਬਣਾਈ ਗਈ ਸੀ । ਇਸ ਦੇ ਜੋ ਓਬਜੈਕਟਿਵਜ਼ ਸਨ ਉਨ੍ਹਾਂ ਅਨੁਸਾਰ ਬੇ-ਰੁਜ਼ਗਾਰ ਨੌਜਵਾਨਾਂ ਨੂੰ ਸਿਲੈਕਟ ਕਰਕੇ ਅਤੇ ਉਨ੍ਹਾਂ ਨੂੰ ਟਰੇਨਿੰਗ

ਦੇ ਕੇ ਰੋਜ਼ਗਾਰ ਪ੍ਰੋਵਾਈਡ ਕਰਨਾ ਸੀ । ਦੂਸਰਾ ਜਿਹੜੇ ਨੌਜਵਾਨ ਗੁੰਮਰਾਹ ਹੋ ਗਏ ਸਨ, ਉਨ੍ਹਾਂ ਨੂੰ ਸ਼ਾਮਲ ਕਰਕੇ ਠੀਕ ਰਸਤੇ ਤੇ ਲਿਆਉਣ ਲਈ ਅਤੇ ਇਕ ਅੱਛੀ ਚੇਤਨਾ ਨੌਜਵਾਨਾਂ ਵਿਚ ਪੈਦਾ ਕਰਨੀ ਸੀ ਅਤੇ ਦੇਸ਼ ਭਗਤੀ ਦੀ ਜਾਗ੍ਰਿਤੀ ਉਨ੍ਹਾਂ ਦੇ ਮਨਾਂ ਵਿਚ ਪੈਦਾ ਕਰਨੀ ਸੀ । ਇਸ ਤਰ੍ਹਾਂ ਦੀ ਟਰੇਨਿੰਗ ਦਿੱਤੀ ਗਈ ਹੈ ਤਾਂ ਕਿ ਇਹ ਨੌਜਵਾਨ ਨੌਕਰੀਆਂ ਪ੍ਰਾਪਤ ਕਰ ਸਕਣ ਅਤੇ ਅੱਛੇ ਨਾਗਰਿਕ ਬਣ ਸਕਣ । ਇਸ ਸਕੀਮ ਦੇ ਚਾਲੂ ਹੋਣ ਨਾਲ ਬਹੁਤ ਅੱਛੇ ਕੰਮ ਹੋਏ ਹਨ । ਇਸ ਸਕੀਮ ਅਧੀਨ ਲਗਭਗ 42,057 ਨੌਜਵਾਨਾਂ ਨੇ ਟਰੇਨਿੰਗ ਲਈ ਹੈ ਅਤੇ ਇਨ੍ਹਾਂ ਵਿਚੋਂ ਫੌਜ ਦੇ ਵਿਚ 5,299 ਨੂੰ ਭਰਤੀ ਕੀਤਾ ਗਿਆ । ਬਾਕੀ ਪੈਰਾ ਮਿਲਟਰੀ ਦੇ ਵਿਚ 6197 ਨੂੰ ਭਰਤੀ ਕੀਤਾ ਗਿਆ ਅਤੇ 386 ਨੂੰ ਸਰਕਾਰੀ ਨੌਕਰੀਆਂ ਵਿਚ ਭਰਤੀ ਕੀਤਾ ਗਿਆ ਅਤੇ ਪ੍ਰਾਈਵੇਟ ਅਤੇ ਪਬਲਿਕ ਸੈਕਟਰ ਦੇ ਵਿਚ 1033 ਨੂੰ ਰੋਜ਼ਗਾਰ ਦਿੱਤਾ ਗਿਆ । ਰੋਜ਼ਗਾਰ ਯੋਜਨਾ ਅਧੀਨ 5505 ਨੂੰ ਕੰਮ ਦਿਤਾ ਗਿਆ ਅਤੇ ਸਨਅੱਤੀ ਅਦਾਰਿਆਂ ਦੇ ਵਿੱਚ 6726 ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ ।

ਕੈਪਟਨ ਬਲਬੀਰ ਸਿੰਘ ਬਾਠ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਤਨੀ ਵਧੀਆ ਸਕੀਮ ਸਰਕਾਰ ਦੀ ਹੈ ਅਤੇ ਓਬਜੈਕਟਿਵਜ਼ ਵੀ ਬਹੁਤ ਅੱਛੇ ਹਨ ਅਤੇ ਪ੍ਰਾਪਤੀਆਂ ਵੀ ਅੱਛੀਆਂ ਹਨ ਫੇਰ ਇਨ੍ਹਾਂ ਨੌਜਵਾਨਾਂ ਨੂੰ ਇਕ ਸਾਲ ਤੇ ਕਿਉਂ ਰੱਖਿਆ ਜਾਂਦਾ ਹੈ ਔਰ ਇਨ੍ਹਾਂ ਨੂੰ ਇਕ ਸਾਲ ਦੇ ਬਜਾਏ ਕੀ ਸਰਕਾਰ 3 ਸਾਲ ਲਈ ਨੌਕਰੀਆਂ ਤੇ ਰੱਖੇਗੀ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀ ਸਕੀਮ ਦੀ ਫਾਰਮੇਸ਼ਨ ਹੈ ਅਤੇ ਓਰੀਜਨਲ ਸਕੀਮ ਜਿਹੜੀ ਬਣੀ ਹੋਈ ਹੈ ਉਸ ਦੇ ਮੁਤਾਬਕ ਸਟਾਫ ਕੰਟਰੈਕਚੂਅਲ ਬੇਸਿਜ਼ ਤੇ ਇਕ ਸਾਲ ਲਈ ਰੱਖਿਆ ਜਾਵੇਗਾ ਅਤੇ ਇਸ ਸਕੀਮ ਦਾ ਖਰਚਾ ਸਟਾਫ ਤੇ ਘਟ ਔਰ ਓਪਰੇਸ਼ਨ ਤੇ ਜ਼ਿਆਦਾ ਖਰਚ ਕਰਨ ਦਾ ਓਬਜੈਕਟਿਵ ਹੈ ਤਾਂ ਕਿ ਸਟਾਫ ਤੇ ਘੱਟ ਤੋਂ ਘੱਟ ਖਰਚਾ ਹੋ ਸਕੇ ਅਤੇ ਟਰੇਨਿੰਗ ਉਤੇ ਜ਼ਿਆਦਾ ਖਰਚ ਕੀਤਾ ਜਾ ਸਕੇ । ਜਿੰਨ੍ਹਾ ਸਟਾਫ ਲੋੜੀਂਦਾ ਹੁੰਦਾ ਹੈ ਉਤਨਾ ਹੀ ਰੱਖਿਆ ਜਾਂਦਾ ਹੈ ਅਤੇ ਸਾਰੇ ਕੰਟਰੈਕਚੂਅਲ ਬੇਸਿਜ਼ ਤੇ ਰੱਖੇ ਜਾਂਦੇ ਹਨ ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਇਸ ਸਕੀਮ ਉਤੇ ਸਰਕਾਰ ਵਲੋਂ 3 ਕਰੋੜ ਰੁਪਿਆ ਇਸ ਬੱਜਟ ਦੇ ਵਿਚ ਰੱਖਿਆ ਗਿਆ ਹੈ ਜਦ ਕਿ ਇਸ ਸਕੀਮ ਦੀ ਡੀਮਾਂਡ ਬਹੁਤ ਜ਼ਿਆਦਾ ਹੈ ਅਤੇ ਬੜੀ ਲਾਹੇਵੰਦ ਸਕੀਮ ਹੈ । ਇਸ ਦੇ ਬਾਵਜੂਦ ਫੇਰ ਸਰਕਾਰ ਵਲੋਂ ਇਤਨਾ ਘੱਟ ਪੈਸਾ ਕਿਉਂ ਰੱਖਿਆ ਗਿਆ ਹੈ ? ਕੀ ਸਰਕਾਰ ਇਸ ਵਿਚ ਹੋਰ ਵਾਧਾ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਸਾਹਨੀ ਸਾਹਿਬ ਦਾਨ ਦੇਣਗੇ, ਅਸੀਂ ਜ਼ਰੂਰ ਇਸ ਸਕੀਮ ਲਈ ਲਵਾਂਗੇ । ਸਰਕਾਰ ਦੇ ਕੋਲ ਸਕੀਮਾਂ ਬਹੁਤ ਅੱਛੀਆਂ ਹੁੰਦੀਆਂ ਹਨ ਪਰ ਪੈਸਾ ਸਰਕਾਰ ਨੇ ਆਪਣੇ ਫਾਈਨੈਂਸ਼ਲ ਰੀਸੋਰਸਿਜ਼ ਦੇ ਮੁਤਾਬਿਕ ਰੱਖਣਾ ਹੁੰਦਾ ਹੈ ਅਤੇ ਸਾਰੇ ਡਿਪਾਰਟਮੈਂਟ ਦੇ ਵਿਚ ਫੰਡਜ਼ ਦੀ ਐਲੋਕੇਸ਼ਨ ਕਰਨੀ ਹੁੰਦੀ ਹੈ ਪਰ ਅਸੀਂ ਪਿਛਲੇ ਸਾਲ ਨਾਲੋਂ ਇਸ ਸਾਲ ਪੈਸਾ ਜ਼ਿਆਦਾ ਰੱਖਿਆ ਹੈ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਕੀ ਇਸ ਸਕੀਮ ਨੂੰ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਵਿਚ ਲਾਗੂ ਕਰੋਗੇ ਅਤੇ ਜਿਹੜੇ ਜ਼ਿਲ੍ਹੇ ਰਹਿ ਗਏ ਹਨ ਉਥੇ ਕਦੋਂ ਤੱਕ ਇਸ ਸਕੀਮ ਨੂੰ ਚਾਲੂ ਕਰਵਾ ਦੇਵੋਗੇ ? ਕੀ ਜਿਹੜੀ ਟਰੇਡ ਤੁਹਾਡੇ ਕੋਲ ਅਵੇਲੇਬਲ ਹੁੰਦੀ ਹੈ ਤੁਸੀਂ ਉਸੇ ਟਰੇਡ ਦੇ ਵਿਚ ਨੌਜਵਾਨਾਂ ਨੂੰ ਉਨ੍ਹਾਂ ਦੀ ਕੁਆਲੀਫਿਕੇਸ਼ਨ ਦੇ ਮੁਤਾਬਿਕ ਟਰੇਨਿੰਗ ਦਿੰਦੇ ਹੋ ਜਾਂ ਫੇਰ ਨੌਜਵਾਨਾਂ ਦੀ ਰੁਚੀ ਦੇ ਮੁਤਾਬਿਕ ਟਰੇਡ ਦੇ ਵਿਚ ਟਰੇਨਿੰਗ ਦਿੰਦੇ ਹੋ ?

ਮੰਤਰੀ : ਸਪੀਕਰ ਸਾਹਿਬ, ਇਹ ਸਕੀਮ ਜਿਹੜੀ ਹੈ ਇਹ ਲਾਗੂ ਤਾਂ ਸਾਰੇ ਪੰਜਾਬ ਵਿਚ ਹੀ ਹੈ ਅਤੇ ਸਾਰੇ ਪੰਜਾਬ ਵਿਚੋਂ ਹੀ ਬੱਚੇ ਭਰਤੀ ਹੋਏ ਹਨ ਲੇਕਿਨ ਕਈ ਵਾਰ ਕਿਉਂਕਿ ਖਾਸ ਜ਼ਿਲ੍ਹਿਆਂ ਵਿਚ ਇਨ੍ਹਾਂ ਦੀ ਲੋੜ ਹੈ ਤਾਂ ਭਰਤੀ ਵਿਸ਼ੇਸ਼ ਕਰਕੇ ਕੀਤੀ ਜਾਂਦੀ ਹੈ। ਦੂਸਰਾ ਕੁਆਲੀਫਿਕੇਸ਼ਨ ਦੇ ਮੁਤਾਬਿਕ ਹੀ ਉਨ੍ਹਾਂ ਨੌਜਵਾਨਾਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

———

ਚੰਡੀਗੜ੍ਹ—ਨਵਾਂ ਸ਼ਹਿਰ ਸੜਕ ਨੂੰ ਨਵਾਂ ਸ਼ਹਿਰ - ਜਲੰਧਰ ਸੜਕ ਨਾਲ ਜੋੜਨ ਲਈ ਬਾਈ-ਪਾਸ ਦੀ ਉਸਾਰੀ

*466. **ਸ੍ਰੀ ਚਰਨਜੀਤ ਸਿੰਘ** ਨਵਾਂ ਸ਼ਹਿਰ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਚੰਡੀਗੜ੍ਹ—ਨਵਾਂ ਸ਼ਹਿਰ ਸੜਕ ਨੂੰ ਨਵਾਂ ਸ਼ਹਿਰ—ਜਲੰਧਰ ਸੜਕ ਨਾਲ ਜੋੜਨ ਲਈ ਬਾਈ ਪਾਸ ਦੀ ਉਸਾਰੀ ਕਰਨ ਲਈ ਸਾਲ 1995-96 ਅਤੇ 1996-97 ਦੇ ਦੌਰਾਨ ਕਿਸੇ ਸਮੇਂ ਕੋਈ ਨੀਂਹ ਪੱਥਰ ਰੱਖਿਆ ਗਿਆ ਸੀ, ਜੇਕਰ ਅਜਿਹਾ ਹੋਵੇ, ਤਾਂ ਕਦੋਂ ਤੱਕ ਇਸ ਦੀ ਉਸਾਰੀ ਆਰੰਭ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਉਕਤ ਮੰਤਵ ਲਈ ਕਿੰਨੀ ਰਕਮ ਮਨਜ਼ੂਰ ਕੀਤੀ ਗਈ ?

Shri Madan Mohan Mittal (Minister for Food and Supplies, Public Health and Parliamentary Affairs) : The foundation stone was laid in November, 1996. Rs. 3.79 crores have been allocated. Work will start after acquisition of land, proceedings for which have been initiated.

ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਇਸ ਲਈ 3.79 ਕਰੋੜ ਰੁਪਏ ਦਿਤੇ ਗਏ ਹਨ ਤਾਂ ਕੀ ਮੰਤਰੀ ਜੀ ਦੱਸਣਗੇ ਕਿ ਇਹ ਕਦੋਂ ਤੋਂ ਪੈਸਾ ਦਿਤਾ ਗਿਆ ਹੈ ?

ਮੰਤਰੀ : ਸਪੀਕਰ ਸਾਹਿਬ, ਮਈ, 1996 ਵਿਚ ਰੂਰਲ ਡਿਵੈਲਪਮੈਂਟ ਬੋਰਡ ਨੇ ਪੈਸਾ ਰਿਲੀਜ਼ ਕਰ ਦਿਤਾ ਸੀ। ਕਿਉਂਕਿ ਜ਼ਮੀਨ ਐਕੁਆਇਰ ਨਹੀਂ ਹੋ ਸਕੀ, ਪ੍ਰੋਸੈਸ ਸ਼ੁਰੂ ਹੋ ਗਿਆ ਹੈ ਪਰ ਕੰਮ ਸ਼ੁਰੂ ਨਹੀਂ ਹੋਇਆ।

ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਸਾਲ ਇੱਕ ਮਹੀਨਾ ਹੋ ਗਿਆ ਹੈ ਪਰ

ਸਰਕਾਰ ਵਲੋਂ ਇਸ ਸਬੰਧ ਵਿਚ ਕੋਈ ਦਿਲਚਸਪੀ ਨਹੀਂ ਵਿਖਾਈ ਗਈ । ਪੈਸਾ ਬੈਂਕਾਂ ਵਿਚ ਰੱਖਿਆ ਹੋਇਆ ਹੈ । ਜ਼ਮੀਨ ਡਿਪਾਰਟਮੈਂਟ ਨੂੰ ਕੋਈ ਲੱਭੀ ਨਹੀਂ । ਹੁਣ ਕੀ ਮੰਤਰੀ ਜੀ ਦੱਸਣਗੇ ਕਿ ਜ਼ਮੀਨ ਕਦੋਂ ਲੱਭੇਗੀ ਅਤੇ ਹੁਣ ਵੀ ਕਹਿੰਦੇ ਹਨ ਕਿ ਅਸੀਂ ਉਪਰਾਲਾ ਕਰ ਰਹੇ ਹਾਂ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਗੱਲ ਤਾਂ ਬਿਲਕੁਲ ਠੀਕ ਹੈ ਕਿ ਇਕ ਸਾਲ ਤੋਂ ਵੱਧ ਸਮਾਂ ਹੋ ਗਿਆ ਪਰ ਕੰਮ ਸ਼ੁਰੂ ਨਹੀਂ ਹੋਇਆ । ਸਾਨੂੰ ਆਏ ਨੂੰ 3-4 ਮਹੀਨੇ ਹੋਏ ਹਨ, ਅਸੀਂ ਐਕੂਜ਼ੀਸ਼ਨ ਵੀ ਸਟਾਰਟ ਕਰ ਦਿਤੀ ਹੈ । (ਥੰਪਿੰਗ) ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਇਕ ਸੜਕ 7.20 ਕਿਲੋਮੀਟਰ ਸੀ ਪਰ ਹੁਣ ਨਵਾਂ ਐਸਟੀਮੇਟ ਬਣਿਆ ਤਾਂ 9.20 ਕਿਲੋਮੀਟਰ ਹੈ । ਹੁਣ ਪ੍ਰੋਸੈਸ ਸ਼ੁਰੂ ਹੋ ਗਿਆ ਹੈ । ਪਹਿਲਾ ਐਸਟੀਮੇਟ 7.5 ਕਰੋੜ ਰੁਪਏ ਸੀ ਪਰ ਹੁਣ 11 ਕਰੋੜ ਰੁਪਏ ਹੈ । ਪ੍ਰੋਸੈਸ ਪੂਰਾ ਕਰਨ ਤੋਂ ਬਾਅਦ ਕੰਮ ਤੁਰੰਤ ਸ਼ੁਰੂ ਕਰ ਦਿਤਾ ਜਾਵੇਗਾ ।

ਬੁਢਾਪਾ ਅਤੇ ਵਿਧਵਾ ਪੈਨਸ਼ਨ ਦੇਣਾ

*482. **ਚੌਧਰੀ ਜਗਜੀਤ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਬੁਢਾਪਾ ਅਤੇ ਵਿਧਵਾ ਪੈਨਸ਼ਨ ਲੈਣ ਸਬੰਧੀ ਨਵੀਆਂ ਅਰਜ਼ੀਆਂ ਲੈਣ ਤੇ ਕੋਈ ਪਾਬੰਦੀ ਲਗਾ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਣ ਹਨ;

(ਅ) ਉਨ੍ਹਾਂ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਵੱਖ ਵੱਖ ਮਾਰਚ, ਅਪ੍ਰੈਲ ਅਤੇ ਮਈ, 1997 ਦੇ ਮਹੀਨਿਆਂ ਦੇ ਦੌਰਾਨ ਬੁਢਾਪਾ ਅਤੇ ਵਿਧਵਾ ਪੈਨਸ਼ਨਾਂ ਮਨਜ਼ੂਰ ਕੀਤੀਆਂ ਗਈਆਂ ਹਨ ?

Shri Madan Mohan Mittal (Minister for Food & Supplies, Public Health and Parliamentary Affairs) : (a) No please. Sanction has been stopped in new old age pension cases w.e.f. 20-3-97 pending the policy decision.

(b) Information is as per Annexure 'A'.

Annexure 'A'

Monthwise list of sanctioned cases of Old age and Widow Pension.

Sr. No.	Month of sanction	Number of total sanctioned cases.	
		Old age Pension	Widow Pension
1.	March, 1997	7,358	1,571
2.	April, 1997	—	486
3.	May, 1997	—	1,043
	Total	7,358	3,100

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਇਨਫਰਮੇਸ਼ਨ ਦਿੱਤੀ ਹੈ ਕਿ ਪੰਜਾਬ ਵਿਚ ਬੁਢਾਪਾ ਪੈਨਸ਼ਨ ਹਰ ਪਿੰਡ ਵਿਚ ਲਗਾਉਣੀ ਹੈ ਅਤੇ ਜਵਾਬ ਲਿਖਿਆ ਗਿਆ ਹੈ ਕਿ ਮਾਰਚ, 1997 ਵਿਚ ਕੁਝ ਬੰਦਿਆਂ ਨੂੰ ਬੁਢਾਪਾ ਪੈਨਸ਼ਨ ਲਗਾਈਆਂ ਗਈਆਂ ਹਨ ਪਰ ਅਪ੍ਰੈਲ ਅਤੇ ਮਈ ਦੇ ਮਹੀਨੇ ਕੋਈ ਬੁਢਾਪਾ ਪੈਨਸ਼ਨ ਨਹੀਂ ਲਗਾਈ ਗਈ । ਦਫਤਰਾਂ ਵਿਚ ਲਿਖਕੇ ਲਾਇਆ ਹੋਇਆ ਹੈ ਕਿ ਕੋਈ ਦਰਖਾਸਤਾਂ ਪੈਨਸ਼ਨਾਂ ਵਾਸਤੇ ਨਹੀਂ ਲੈਣੀਆਂ ਕਿਉਂਕਿ ਨਵੀਂ ਪਾਲਿਸੀ ਬਣਾ ਰਹੇ ਹਾਂ । ਸਪੀਕਰ ਸਾਹਿਬ, ਇਹ ਨਵੀਂ ਪਾਲਿਸੀ ਕਦੋਂ ਤੱਕ ਬਣੇਗੀ ਕਿਉਂਕਿ ਹਜ਼ਾਰਾਂ ਲੋਕ ਪੈਨਸ਼ਨ ਦੀਆਂ ਦਰਖਾਸਤਾਂ ਲੈ ਕੇ ਮਾਰੇ ਮਾਰੇ ਫਿਰਦੇ ਹਨ ?

ਮੰਤਰੀ : ਸਪੀਕਰ ਸਾਹਿਬ, ਅਸੀਂ ਉਨ੍ਹਾਂ ਲੋਕਾਂ ਨੂੰ ਮਾਰੇ ਮਾਰੇ ਨਹੀਂ ਫਿਰਨ ਦਿੰਦੇ। ਮਿਤੀ 14-2-97 ਨੂੰ ਕੈਬਨਿਟ ਦੀ ਪਹਿਲੀ ਮੀਟਿੰਗ ਹੋਈ ਸੀ ਕਿ ਓਲਡ ਏਜ਼ ਪੈਨਸ਼ਨ ਵਾਸਤੇ ਉਮਰ ਦੀ ਹੱਦ 60 ਸਾਲ ਔਰਤਾਂ ਵਾਸਤੇ ਅਤੇ 65 ਸਾਲ ਮਰਦਾਂ ਵਾਸਤੇ ਆਈਡੈਂਟੀਫਾਈ ਕਰਨ ਲਈ ਬੜਾ ਝਮੇਲਾ ਸੀ । ਸਰਕਾਰ ਵਲੋਂ 20-3-97 ਨੂੰ ਹਦਾਇਤ ਜਾਰੀ ਕਰ ਦਿਤੀ ਗਈ ਕਿ ਨਵੀਆਂ ਅਰਜ਼ੀਆਂ ਐਂਟਰਟੇਨ ਨਾ ਕੀਤੀਆਂ ਜਾਣ । ਆਈਡੈਂਟੀਫਿਕੇਸ਼ਨ ਕਰਨ ਵਾਸਤੇ 5-5-97 ਨੂੰ ਨੀਤੀ ਬਣਾ ਕੇ ਇੰਸਟ੍ਰਕਸ਼ਨਾਂ ਜਾਰੀ ਕਰ ਦਿਤੀਆਂ ਗਈਆਂ ਹਨ । ਇਕੱਲੇ ਲੁਧਿਆਣਾ ਜ਼ਿਲ੍ਹੇ ਵਿਚ ਇਹ ਲਾਗੂ ਨਹੀਂ ਸੀ ਹੋਈਆਂ ਕਿਉਂਕਿ ਉਦੋਂ ਉਥੇ ਕਿਲਾ ਰਾਏਪੁਰ ਦੀ ਚੋਣ ਹੋ ਰਹੀ ਸੀ । ਇਹ ਫੈਸਲਾ ਕੀਤਾ ਗਿਆ ਹੈ ਅਤੇ ਕਮੇਟੀ ਬਣਾ ਦਿਤੀ ਗਈ ਹੈ ਕਿ ਹਰ ਪਿੰਡ ਵਿਚ ਬੀ.ਡੀ. ਓ., ਨਾਇਬ ਤਹਿਸੀਲਦਾਰ, ਤਹਿਸੀਲਦਾਰ, ਸੀ. ਡੀ. ਪੀ. ਓ., ਡਾਕਟਰ ਜਾਣਗੇ ਅਤੇ ਨਾਲ ਹੀ ਫਾਰਮ ਭਰ ਕੇ ਉਮਰ ਕਿਸੇ ਦੀ 60 ਸਾਲ ਹੈ ਜਾਂ 65 ਸਾਲ ਹੈ ਉਹ ਰਜਿਸਟਰ ਕਰਕੇ ਬਕਾਇਦਾ ਜਿਹੜੇ ਕੇਸ ਰਜਿਸਟਰ ਹੋਣਗੇ, ਉਨ੍ਹਾਂ ਨੂੰ ਪੈਨਸ਼ਨ ਦਿਤੀ ਜਾਵੇਗੀ । ਇਹ ਸਰਕਾਰ ਨੇ ਪਾਲਿਸੀ ਤਹਿ ਕੀਤੀ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਜੋ ਪੁੱਛਣਾ ਚਾਹੁੰਦਾ ਸੀ, ਉਸ ਦਾ ਜਵਾਬ ਨਹੀਂ ਆਇਆ । ਇਨ੍ਹਾਂ ਨੇ ਦਸਿਆ ਹੈ ਕਿ ਕਮੇਟੀ ਬਣਾ ਦਿਤੀ ਹੈ ਅਤੇ ਜਿਹੜੇ ਨਾਰਮਜ਼ ਦੱਸੇ ਹਨ, ਇਹ ਨਾਰਮਜ਼ ਤਾਂ ਕਾਂਗਰਸ ਸਰਕਾਰ ਵੇਲੇ ਦੇ ਹੀ ਹਨ, ਇਹ ਕੋਈ ਨਵੇਂ ਨਹੀਂ। ਕਿਲਾ ਰਾਏਪੁਰ ਦੀ ਇਲੈਕਸ਼ਨ ਵਿਚ ਤਾਂ ਹੋਰ ਬਹੁਤ ਸਾਰੀਆਂ ਚੀਜ਼ਾਂ ਸਨ ਜਿਸ ਤਰ੍ਹਾਂ ਆਪਣੇ ਜਿਹੜੇ ਗਰੀਬ ਹਰੀਜਨ ਬੱਚੀਆਂ ਨੂੰ, ਸ਼ਡਿਊਲਡ ਕਾਸਟ ਬੱਚੀਆਂ ਨੂੰ ਪੈਸੇ ਦੇਣੇ ਸਨ ਸ਼ਗਨ ਵਾਸਤੇ, ਉਹ ਵੀ ਕੰਟੀਨਜੈਂਸੀ ਵਿਚੋਂ ਦੇਣੇ ਸ਼ੁਰੂ ਕਰ ਦਿਤੇ । ਜਿਥੇ ਕਿਲਾ ਰਾਏਪੁਰ ਦੀ ਲੋੜ ਹੁੰਦੀ ਹੈ, ਉਥੇ ਗੱਲ ਕਰ ਲੈਂਦੇ ਹਨ. . . .

ਸ੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਕੁਐਸਚਨ ਪੁੱਛੋ, ਲੈਕਚਰ ਨਾ ਕਰੋ, ਕੁਐਸਚਨ ਪੁੱਛੋ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਪੁੱਛ ਰਿਹਾ ਹਾਂ ਕਿ ਜਿਹੜੀ ਕਮੇਟੀ

ਬਣਾਈ ਹੈ, ਪਿੰਡਾਂ ਵਿਚ ਜਾ ਕੇ ਦੇਖੋ, ਹਾਹਾਕਾਰ ਮਚੀ ਹੋਈ ਹੈ । ਮੈਂ ਆਪਣੇ ਪਾਸੇ ਦੀ ਗੱਲ ਹੀ ਨਹੀਂ ਕਰ ਰਿਹਾ, ਤੁਸੀਂ ਵੀ ਸਾਰੇ ਆਪਣੇ ਆਪਣੇ ਹਲਕੇ ਵਿਚ ਜਾ ਕੇ ਦੇਖ ਲਓ । ਬਾਕੀ ਕਮੇਟੀ ਦਾ ਮਤਲਬ ਤਾਂ ਇਹ ਹੈ ਕਿ ਜਿਥੇ ਜਿਥੇ ਇਨ੍ਹਾਂ ਦੇ ਵਰਕਰ ਚਾਹੁਣ, ਜਿਸ ਨੂੰ ਕਹਿਣ, ਉਸ ਨੂੰ ਪੈਨਸ਼ਨ ਲਗੇ....

ਸ੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਸਵਾਲ ਪੁੱਛੋ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਇਹ ਦੱਸਣ ਕਿ ਕਦੋਂ ਤੱਕ ਪੈਨਸ਼ਨਾਂ ਦੀਆਂ ਦਰਖਾਸਤਾਂ ਲੈਣੀਆਂ ਸ਼ੁਰੂ ਹੋਣਗੀਆਂ ? ਕੀ ਇਹ ਪੈਨਸ਼ਨਾ ਦੀ ਦਰ ਵਿਚ ਇਸ ਸੈਸ਼ਨ ਵਿਚ ਵਾਧਾ ਕਰਨਗੇ ? ਕੀ ਇਹ 200/- ਰੁਪਏ ਪੈਨਸ਼ਨ ਵਾਲੀ ਦਰ ਵਿਚ ਵਾਧਾ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਵਿਸਥਾਰ ਵਿਚ ਦੱਸ ਦਿਤਾ ਹੈ ਕਿ ਨਿਰਣਾ ਕਰਕੇ ਕਮੇਟੀ ਬਣਾ ਦਿਤੀ ਗਈ ਹੈ, Now the work has started but ਲੁਧਿਆਣਾ ਵਿਚ ਇਹ ਹਾਲੇ ਲਾਗੂ ਨਹੀਂ ਸੀ ਕੀਤੀ because of Kila Raipur elections. ਬਾਕੀ ਜ਼ਿਲ੍ਹਿਆਂ ਦੇ ਵਿਚ ਲਾਗੂ ਹੋ ਗਈ ਹੈ । 3-3 ਟੀਮਾਂ, ਇਕ ਬੀ.ਡੀ.ਓ. ਦੀ, ਇਕ ਨਾਇਬ ਤਹਿਸੀਲਦਾਰ ਅਤੇ ਇਕ ਸੀ.ਡੀ.ਪੀ.ਓ. ਦੀ ਹਰ ਜ਼ਿਲ੍ਹੇ ਵਿਚ ਜਾ ਰਹੀਆਂ ਹਨ, ਹਰ ਹਲਕੇ ਵਿਚ ਜਾ ਰਹੀਆਂ ਹਨ । ਇਹ ਬੇਸ਼ਕ ਸਕਰੂਟਨੀ ਕਰ ਲੈਣ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਜਿਹੜਾ ਉਤਰ ਮੰਤਰੀ ਜੀ ਵਲੋਂ ਦਿਤਾ ਗਿਆ ਹੈ, ਉਸ ਦੁਆਰਾ ਹਾਉਸ ਨੂੰ ਗੁੰਮਰਾਹ ਕੀਤਾ ਗਿਆ ਹੈ ਅਤੇ ਇਹ ਆਪਾ ਵਿਰੋਧੀ ਹੈ । ਇਨ੍ਹਾਂ ਨੇ ਕਿਹਾ ਹੈ ਕਿ ਨਵੀਂ ਪਾਲਿਸੀ ਫਰੇਮ ਕਰਨੀ ਸੀ ਇਸ ਲਈ ਮਿਤੀ 20-3-97 ਤੋਂ ਰੋਕ ਲਾਈ ਸੀ । ਕੁਐਸਚਨ ਵਿਚ ਬੁਢਾਪਾ ਪੈਨਸ਼ਨ ਅਤੇ ਨਾਲ ਦੀ ਵਿਡੋ ਪੈਨਸ਼ਨ ਬਾਰੇ ਵੀ ਪੁੱਛਿਆ ਗਿਆ ਹੈ । ਇਨ੍ਹਾਂ ਨੇ ਲਗਾਤਾਰ ਬੁਢਾਪਾ ਪੈਨਸ਼ਨ ਬਾਰੇ ਹੀ ਮੈਨਸ਼ਨ ਕੀਤਾ ਹੈ ਅਤੇ ਵਿਧਵਾ ਪੈਨਸ਼ਨ ਬਾਰੇ ਨਹੀਂ ਦਸਿਆ ਕਿ ਇਹ ਮਨਜ਼ੂਰ ਹੋ ਰਹੀ ਹੈ ਜਾਂ ਨਹੀਂ । ਕੀ ਇਹ ਨਵੀਂ ਨੀਤੀ ਬੁਢਾਪਾ ਪੈਨਸ਼ਨ ਤੇ ਹੀ ਲਾਗੂ ਹੁੰਦੀ ਹੈ ਜਾਂ ਵਿਧਵਾ ਪੈਨਸ਼ਨ ਤੇ ਵੀ ਲਾਗੂ ਹੁੰਦੀ ਹੈ ? ਜੇ ਇਕੱਲੀ ਬੁਢਾਪਾ ਪੈਨਸ਼ਨ ਤੇ ਹੀ ਲਾਗੂ ਹੁੰਦੀ ਹੈ ਤਾਂ ਦੂਜੀ ਤੇ ਲਾਗੂ ਕਿਉਂ ਨਹੀਂ ਕੀਤੀ ? ਇਕ ਪਾਸੇ ਤਾਂ ਇਹ ਕਹਿ ਰਹੇ ਹਨ ਕਿ 20-3-97 ਤੋਂ ਬੁਢਾਪਾ ਪੈਨਸ਼ਨ ਤੇ ਰੋਕ ਲਾਈ ਗਈ ਤਾਂ ਫਿਰ ਜਿਹੜੀ ਅਨੈਕਸਚਰ ਤੇ ਲਿਸਟ ਦਿਤੀ ਗਈ ਹੈ, ਉਹ ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਦੋਹਾਂ ਬਾਰੇ ਕਿਸ ਤਰ੍ਹਾਂ ਦੱਸ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮੇਰੇ ਫਾਜ਼ਲ ਦੋਸਤ ਨੇ ਸਵਾਲ ਨਹੀਂ ਪੜ੍ਹਿਆ । ਮੈਂ ਪੈਂਕਚੂਏਸ਼ਨ ਕਰ ਦੇਂਦਾ ਹਾਂ । The question was: "Will the Chief Miuister like state :—'Have the Govt, imposed any ban

[Minister for Food and Supplies, Public Health and Parliamentary Affairs]

on receiving fresh applications for grant of old age pension and widow pension. If so, the reasons therefor ?" ਮੈਂ ਬੜਾ ਸ਼ੁੱਧ ਜਵਾਬ ਦਿੱਤਾ ਹੈ ਜਿਹੜਾ ਕਿ ਪੜ੍ਹ ਦਿੰਦੇ ਹਾਂ "No please. Sanction has been stopped in new old age pension cases w.e.f. 20-3-97 pending the policy decision."

We have only stopped cases with regard to old age pension cases, not widow cases. ਕੁਐਸਚਨ ਜਿਨ੍ਹਾਂ ਬਾਰੇ ਸੀ, ਓਲਡ ਏਜ ਪੈਨਸ਼ਨ ਬਾਰੇ 20-3-97 ਤੋਂ ਜਦੋਂ ਤੱਕ ਨਵੀਂ ਪਾਲਿਸੀ ਨਹੀਂ ਸੀ ਲਾਗੂ ਹੋਈ, 20-3-97 ਤੋਂ ਬੰਦ ਕਰ ਦਿਤੀ। ਫਿਰ ਜਿਹੜੀ ਇਨ੍ਹਾਂ ਨੇ ਇਨਫਰਮੇਸ਼ਨ ਮੰਗੀ, ਉਹ ਅਨੈਕਸਚਰ 'ਏ' ਤੇ ਲਾ ਦਿਤੀ। ਮਾਰਚ ਵਿਚ ਜਿਨ੍ਹਾਂ ਨੂੰ ਪੈਨਸ਼ਨ ਮਿਲੀ, ਲਿਸਟ ਲਾ ਦਿਤੀ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਬੁਢਾਪਾ ਪੈਨਸ਼ਨ ਹੈ, ਜਿਸਦਾ ਬਹੁਤ ਸਾਰਾ ਪ੍ਰਚਾਰ ਇਲੈਕਸ਼ਨਾਂ ਵਿਚ ਵੀ ਹੋਇਆ, ਉਸ ਵਿਚ ਦੇਰੀ ਹੋ ਗਈ ਹੈ। ਕੀ ਮੰਤਰੀ ਜੀ ਕਮੇਟੀ ਨੂੰ ਜਲਦੀ ਹੁਕਮ ਕਰਨਗੇ ਕਿ ਛੇਤੀ ਜਾ ਕੇ ਪਿੰਡਾਂ ਵਿਚ ਪੈਨਸ਼ਨਾਂ ਦਾ ਇਤਰਾਜ਼ ਦੂਰ ਕਰਨ ਤਾਂ ਕਿ ਲੋਕਾਂ ਨੂੰ ਛੇਤੀ ਪੈਨਸ਼ਨ ਮਿਲ ਸਕੇ ?

ਮੰਤਰੀ : ਖਿਆਲਾ ਸਾਹਿਬ ਦੀ ਗੱਲ ਤੇ ਪੂਰਾ ਅਮਲ ਕੀਤਾ ਜਾਵੇਗਾ। ਇਹ ਸਾਡੀ ਕਮਿਟਮੈਂਟ ਹੈ। ਅਸੀਂ 60 ਤੇ 65 ਸਾਲ ਦੀ ਕਮਿਟਮੈਂਟ ਨੂੰ ਪੂਰਾ ਕਰਾਂਗੇ ਔਰ ਸਾਰੇ ਕੇਸ ਆਈਡੈਂਟੀਫਾਈ ਕਰਕੇ ਸਭ ਨੂੰ ਪੈਨਸ਼ਨ ਦਿਤੀ ਜਾਵੇਗੀ।

Mr. Speaker : Question Hour is over.

UNSTARRED QUESTIONS AND ANSWERS

ਉਦਯੋਗਾਂ ਲਈ ਜ਼ਮੀਨ ਪ੍ਰਾਪਤ ਕਰਨਾ

119. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਿ ਸਾਲ 1992 ਤੋਂ ਮਿਤੀ ਅੰਤ ਤਕ ਰਾਜ ਵਿਚ ਉਦਯੋਗ ਸਥਾਪਤ ਕਰਨ ਲਈ ਜ਼ਿਲ੍ਹਾ-ਵਾਰ ਵੱਖ-ਵੱਖ ਕਿੰਨੇ ਏਕੜ ਵਾਹੀਯੋਗ ਅਤੇ ਬੰਜਰ ਜ਼ਮੀਨ ਪ੍ਰਾਪਤ ਕੀਤੀ ਗਈ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸੂਚੀ ਸਦਨ ਦੀ ਟੇਬਲ ਤੇ ਰੱਖੀ ਜਾਂਦੀ ਹੈ।

STATEMENT

Statement showing districtwise acreage of land cultivable or barren separately acquired during the period from year 1992 to date

S. No.	Name of the Distt.	Total area of land acquired (in acres)	Cultivable land (in acres)	Barren Land			Remarks
				(a) G—Mumkin	(b) Banjar	(c) Total (a) & (b)	
1.	Ropar ..	756.37	695.84	56.38	4.15	60.53	
2.	Amritsar ..	80.06	80.06	—	—	—	
3.	Patiala ..	1821.89	1746.22	71.45	4.22	75.77	
4.	Ludhiana ..	1001.35	941.70	56.27	3.38	59.65	
5.	Gurdaspur ..	405.48	379.18	18.00	8.32	26.32	
6.	Bhatinda ..	389.80	369.95	19.85	—	19.85	
7.	Fatehgarh Sahib ..	204.55	199.78	4.77	—	4.77	
8.	Hoshiarpur ..	57.43	57.06	0.37	—	0,37	
9.	Ferozepur ..	102.32	99.85	2.47	—	2.47	
10.	Jallandhar ..	1.55	1.55	—	—	—	
	Total	4820.80	4571.17	229.56	20.07	249.63	

Collector Land Acquisition
Deptt. of Industries, Punjab.

ਮੰਤਰੀਆਂ ਦੇ ਪ੍ਰਾਹੁਣਾਚਾਰੀ, ਸਫਰ ਭੱਤੇ ਅਤੇ ਟੈਲੀਫੋਨ ਚਾਰਜਿਜ਼ ਤੇ ਹੋਇਆ ਖਰਚਾ

120. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 15 ਫਰਵਰੀ, 1997 ਤੋਂ ਹੁਣ ਤੱਕ ਮੁੱਖ ਮੰਤਰੀ/ਮੰਤਰੀਆਂ ਦੇ ਪ੍ਰਾਹੁਣਾਚਾਰੀ, ਸਫਰ ਭੱਤੇ ਅਤੇ ਟੈਲੀਫੋਨ ਚਾਰਜਿਜ਼ ਸਬੰਧੀ ਕੀਤੇ ਗਏ ਖਰਚੇ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਲੋੜੀਂਦੀ ਸੂਚਨਾ ਅਨੁਲੱਗ 1,2 ਅਤੇ 3 ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲੱਗ-1

ਮੰਤਰੀਆਂ ਦੇ ਪ੍ਰਾਹੁਣਾਚਾਰੀ ਖਰਚੇ ਮਿਤੀ 15-2-97 ਤੋਂ ਹੁਣ ਤੱਕ

ਲੜੀ ਨੰ:	ਮੰਤਰੀਆਂ ਦੇ ਨਾਂ		ਖਰਚ (ਰੁਪਏ)
	(ਸਰਵ ਸ਼੍ਰੀ/ਸ਼੍ਰੀਮਤੀ)		
1.	ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ	..	5,26,322-45
2.	ਬਲਰਾਮ ਜੀ ਦਾਸ ਟੰਡਨ, ਕੈਬਨਿਟ ਮੰਤਰੀ	..	13,007-60
3.	ਰਣਜੀਤ ਸਿੰਘ ਬ੍ਰਹਮਪੁਰਾ, ਕੈਬਨਿਟ ਮੰਤਰੀ	..	14,397-25
4.	ਪ੍ਰਕਾਸ਼ ਸਿੰਘ ਮਜੀਠਾ, ਕੈਬਨਿਟ ਮੰਤਰੀ	..	28,828-00
5.	ਗੁਰਦੇਵ ਸਿੰਘ ਬਾਦਲ, ਕੈਬਨਿਟ ਮੰਤਰੀ	..	20,069-50
6.	ਮਦਨ ਮੋਹਨ ਮਿੱਤਲ, ਕੈਬਨਿਟ ਮੰਤਰੀ	..	21,269-25
7.	ਕੈਪਟਨ ਕੰਵਲਜੀਤ ਸਿੰਘ, ਕੈਬਨਿਟ ਮੰਤਰੀ	..	28,806-45
8.	ਸਰੂਪ ਸਿੰਘ, ਕੈਬਨਿਟ ਮੰਤਰੀ	..	11,594-50
9.	ਉਪਿੰਦਰਜੀਤ ਕੌਰ, ਕੈਬਨਿਟ ਮੰਤਰੀ	..	14,637-50
10.	ਨਿਰਮਲ ਸਿੰਘ ਕਾਹਲੋਂ, ਕੈਬਨਿਟ ਮੰਤਰੀ	..	16,405-75
	ਕੁੱਲ ਜੋੜ	..	6,75,338.25

ਅਨੁਲੱਗ-2

ਮੰਤਰੀ ਸਾਹਿਬਾਨਾਂ ਵਲੋਂ ਮਿਤੀ 15-2-97 ਤੋਂ ਹੁਣ ਤੱਕ ਦਾ ਲਿਆ ਗਿਆ ਸਫਰ ਭੱਤਾ

ਲੜੀ ਨੰ:	ਮੰਤਰੀਆਂ ਦੇ ਨਾਂ		ਖਰਚ (ਰੁਪਏ)
	(ਸਰਵਸ਼੍ਰੀ/ਸ਼੍ਰੀਮਤੀ)		
1.	ਬਲਰਾਮ ਜੀ ਦਾਸ ਟੰਡਨ, ਕੈਬਨਿਟ ਮੰਤਰੀ	..	5,400-00
2.	ਪ੍ਰਕਾਸ਼ ਸਿੰਘ ਮਜੀਠਾ, ਕੈਬਨਿਟ ਮੰਤਰੀ	..	6,000-00
3.	ਕੈਪਟਨ ਕੰਵਲਜੀਤ ਸਿੰਘ, ਕੈਬਨਿਟ ਮੰਤਰੀ	..	3,800-00
4.	ਸਰੂਪ ਸਿੰਘ, ਕੈਬਨਿਟ ਮੰਤਰੀ	..	7,600-00
5.	ਉਪਿੰਦਰਜੀਤ ਕੌਰ, ਕੈਬਨਿਟ ਮੰਤਰੀ	..	6,800-00
6.	ਨਿਰਮਲ ਸਿੰਘ ਕਾਹਲੋਂ, ਕੈਬਨਿਟ ਮੰਤਰੀ	..	7,400-00
	ਕੁੱਲ ਜੋੜ	.	37,400-00

ਅਨੁਲੱਗ-3

ਮੰਤਰੀਆਂ ਦੇ ਟੈਲੀਫੂਨਾਂ ਦੇ ਖਰਚ ਮਿਤੀ 15-2-97 ਤੋਂ ਹੁਣ ਤੱਕ

ਲੜੀ ਨੰ:	ਮੰਤਰੀਆਂ ਦੇ ਨਾਂ		ਖਰਚ (ਰੁਪਏ)
	(ਸਰਵਸ਼੍ਰੀ/ਸ਼੍ਰੀਮਤੀ)		
1.	ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ	..	1,90,844-00
2.	ਬਲਰਾਮ ਜੀ ਦਾਸ ਟੰਡਨ, ਕੈਬਨਿਟ ਮੰਤਰੀ	..	35,619-00
3.	ਰਣਜੀਤ ਸਿੰਘ ਬ੍ਰਹਮਪੁਰਾ, ਕੈਬਨਿਟ ਮੰਤਰੀ	..	26,712-00
4.	ਪ੍ਰਕਾਸ਼ ਸਿੰਘ ਮਜੀਠਾ, ਕੈਬਨਿਟ ਮੰਤਰੀ	..	59,778-00
5.	ਗੁਰਦੇਵ ਸਿੰਘ ਬਾਦਲ, ਕੈਬਨਿਟ ਮੰਤਰੀ	..	54,132 00
6.	ਮਦਨ ਮੋਹਨ ਮਿੱਤਲ, ਕੈਬਨਿਟ ਮੰਤਰੀ	..	23,562-00
7.	ਕੈਪਟਨ ਕੰਵਲਜੀਤ ਸਿੰਘ, ਕੈਬਨਿਟ ਮੰਤਰੀ	..	83,439-00
8.	ਸਰੂਪ ਸਿੰਘ, ਕੈਬਨਿਟ ਮੰਤਰੀ	..	34,455-00
9.	ਉਪਿੰਦਰਜੀਤ ਕੌਰ, ਕੈਬਨਿਟ ਮੰਤਰੀ	..	15,556-00
10.	ਨਿਰਮਲ ਸਿੰਘ ਕਾਹਲੋਂ, ਕੈਬਨਿਟ ਮੰਤਰੀ	..	54,609-00
	ਕੁੱਲ ਜੋੜ	..	5,78,706-00

60 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਲਈ ਮੁਫਤ ਸਫਰ ਕਰਨ ਦੀ ਸਹੂਲਤ

121. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ 60 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਲਈ ਬੱਸਾਂ ਵਿਚ ਮੁਫਤ ਸਫ਼ਰ ਸਬੰਧੀ ਕੋਈ ਅਧਿਸੂਚਨਾ ਜਾਰੀ ਕੀਤੀ ਹੈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਇਸ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ ਜਾ ਰਿਹਾ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ (ੳ) ਹਾਂ ਜੀ ।

(ਅ) ਹਾਂ ਜੀ । ਮਿਤੀ 1.1.1997 ਤੋਂ ਲਾਗੂ ਹੋ ਚੁੱਕਾ ਹੈ

ਪੋਲਿੰਗ ਏਜੰਟਾਂ ਵਜੋਂ ਕੰਮ ਕਰਨ ਵਾਲੇ ਸਰਕਾਰੀ ਕਰਮਚਾਰੀਆਂ ਦੇ ਵਿਰੁਧ ਕਾਰਵਾਈ

122. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਦੱਸਣਗੇ ਕਿ ਕੀ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਅੰਮ੍ਰਿਤਸਰ ਪੱਛਮੀ ਚੋਣ ਹਲਕੇ ਵਿਚ ਰਿਟਰਨਿੰਗ ਅਫ਼ਸਰਾਂ ਜਾਂ ਕਿਸੇ ਹੋਰ ਉਚਿਤ ਅਧਿਕਾਰੀ ਨੂੰ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਕਿ ਕੁਝ ਸਰਕਾਰੀ ਕਰਮਚਾਰੀ ਉਮੀਦਵਾਰਾਂ ਦੇ ਪੋਲਿੰਗ ਏਜੰਟਾਂ ਵਜੋਂ ਕੰਮ ਕਰ ਰਹੇ ਸਨ ਜਾਂ ਉਨ੍ਹਾਂ ਨੇ ਪੋਲਿੰਗ ਏਜੰਟਾਂ ਵਜੋਂ ਕੰਮ ਕੀਤਾ ਸੀ, ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਸ਼ਿਕਾਇਤਾਂ ਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਤੇ ਹੁਣ ਤਕ ਕੀ ਕਾਰਵਾਈ ਕੀਤੀ ਗਈ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਜੀ ਹਾਂ । 17-ਅੰਮ੍ਰਿਤਸਰ ਪੱਛਮੀ ਵਿਧਾਨ ਸਭਾ ਚੋਣ ਹਲਕੇ ਦੇ ਰਿਟਰਨਿੰਗ ਅਫਸਰ ਦੇ ਪਾਸ ਟੈਲੀਫੂਨ ਤੇ ਮਿਤੀ 7-2-1997 ਨੂੰ ਸ਼ਾਮ 3-00 (ਬ : ਦ) ਸ਼ਿਕਾਇਤ ਪੁੱਜੀ ਸੀ ਕਿ ਪੋਲਿੰਗ ਬੂਥ ਨੰ: 173 ਅਤੇ 124-ਏ ਤੇ ਕੁਝ ਸਰਕਾਰੀ ਕਰਮਚਾਰੀ ਸ੍ਰੀ ਓ.ਪੀ. ਸੋਨੀ ਆਜ਼ਾਦ ਉਮੀਦਵਾਰ ਦੇ ਪੋਲਿੰਗ ਏਜੰਟ ਦੇ ਤੌਰ ਤੇ ਕੰਮ ਕਰ ਰਹੇ ਹਨ । ਰਿਟਰਨਿੰਗ ਅਫਸਰ ਵਲੋਂ ਉਸ ਸਮੇਂ ਜ਼ਿਲ੍ਹੇ ਦੇ 2 ਸੀਨੀਅਰ ਅਫਸਰਾਂ ਨੂੰ ਮੌਕੇ ਤੇ ਭੇਜ ਕੇ ਪੜਤਾਲ ਕਰਵਾਈ ਗਈ । ਉਨ੍ਹਾਂ ਅਫਸਰਾਂ ਦੀ ਰਿਪੋਰਟ ਅਨੁਸਾਰ ਕੋਈ ਵੀ ਸਰਕਾਰੀ ਕਰਮਚਾਰੀ ਬਤੌਰ ਪੋਲਿੰਗ ਏਜੰਟ ਉਕਤ ਪੋਲਿੰਗ ਬੂਥਾਂ ਤੇ ਹਾਜ਼ਰ ਨਹੀਂ ਸੀ । ਮੁੜ ਮਿਤੀ 9.2.1997 ਨੂੰ ਇਸੀ ਮਾਮਲੇ ਸਬੰਧੀ ਸ੍ਰੀ ਸੱਤਪਾਲ ਡਾਂਗ ਜੋ ਕਿ ਸ੍ਰੀ ਜੇ ਕਰਨ ਸਿੰਘ ਪਠਾਨੀਆਂ ਦੇ ਚੋਣ ਏਜੰਟ ਸਨ, ਵਲੋਂ ਲਿਖਤੀ ਸ਼ਿਕਾਇਤ ਰਿਟਰਨਿੰਗ ਅਫ਼ਸਰ ਪਾਸ ਕੀਤੀ ਗਈ ਅਤੇ ਉਹ ਸ਼ਿਕਾਇਤ ਉਕਤ ਦੋਨਾਂ ਅਫਸਰਾਂ ਦੀ ਰਿਪੋਰਟ ਨੂੰ ਮੁੱਖ ਰੱਖਦੇ ਹੋਏ ਰਿਟਰਨਿੰਗ ਅਫ਼ਸਰ ਵਲੋਂ ਫਾਈਲ ਕਰ ਦਿੱਤੀ ਗਈ ਸੀ । ਇਸ ਤੋਂ ਇਲਾਵਾ ਇਸ ਹਲਕੇ ਸਬੰਧੀ ਹੋਰ ਕੋਈ ਵੀ ਸ਼ਿਕਾਇਤ ਇਸ ਵਿਭਾਗ ਵਿੱਚ ਪ੍ਰਾਪਤ ਨਹੀਂ ਹੋਈ ਹੈ ।

WALK-OUT

ਚੌਧਰੀ ਜਗਜੀਤ ਸਿੰਘ . ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ । ਇਹ ਪੂਰਾ ਜਵਾਬ ਨਹੀਂ ਆਇਆ ਜੀ......

ਸ੍ਰੀ ਸਪੀਕਰ : ਜ਼ੀਰੋ ਆਵਰ ਸ਼ੁਰੂ ਹੋ ਗਿਆ ਹੈ । ਸਵਾਲਾਂ ਤੋਂ ਬਿਨਾਂ ਜੋ ਮਰਜ਼ੀ ਕਹਿ ਲਓ । ਦੱਸੋ, ਕੀ ਕਹਿਣਾ ਹੈ । (ਸ਼ੋਰ, ਵਿਘਨ)

ਸਰਦਾਰ ਅਵਤਾਰ ਸਿੰਘ ਬਰਾੜ : ** ** **

ਚੌਧਰੀ ਜਗਜੀਤ ਸਿੰਘ : ** ** ** ਅਸੀਂ ਪ੍ਰੋਟੈਸਟ ਦੇ ਤੌਰ ਤੇ ਵਾਕ-ਆਊਟ ਕਰਦੇ ਹਾਂ ।

(ਇਸ ਵਕਤ ਇੰਡੀਅਨ ਨੈਸ਼ਨਲ ਕਾਂਗਰਸ, ਕਮਿਊਨਿਸਟ ਪਾਰਟੀ ਆਫ ਇੰਡੀਆ ਅਤੇ ਸ਼ਰੋਮਣੀ ਅਕਾਲੀ ਦਲ (ਮਾਨ) ਦੇ ਸਮੂਹ ਹਾਜ਼ਰ ਮੈਂਬਰ ਸਾਹਿਬਾਨ ਅਤੇ ਸਰਦਾਰ ਮਲਕੀਅਤ ਸਿੰਘ (ਆਜ਼ਾਦ) ਸਦਨ ਵਿਚੋਂ ਵਾਕ-ਆਊਟ ਕਰ ਗਏ । ਜਾਂਦੇ ਹੋਏ ਉਹ ਨਾਹਰੇ ਮਾਰ ਰਹੇ ਸਨ । ** ** **

ਸ੍ਰੀ ਸਪੀਕਰ : ਜੋ ਕੁਝ ਇਹ ਬਗੈਰ ਪਰਮਿਸ਼ਨ ਬੋਲ ਰਹੇ ਹਨ, ਇਹ ਐਕਸਪੰਜ ਕੀਤਾ ਜਾਂਦਾ ਹੈ । ਇਹ ਸਲੋਗਨ ਵੀ ਐਕਸਪੰਜ ਕੀਤੇ ਜਾਣ ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਹਾਲੇ ਤੱਕ ਇਹ ਸਮਝ ਨਹੀਂ ਸਕਿਆ ਕਿ ਵਿਰੋਧੀ ਧਿਰ ਦੇ ਇਹ ਜਿਹੜੇ ਸਾਡੇ ਵੀਰ ਹਨ, ਇਹ ਅੱਜ ਕਿਸ ਗੱਲ ਲਈ ਵਾਕ-ਆਊਟ ਕਰਕੇ ਗਏ ਹਨ । ਮੇਰੀ ਇਹ ਸਮਝ ਤੋਂ ਬਾਹਰ ਹੈ । ਇਹ ਸਾਡਾ ਵਾਅਦਾ ਹੈ ਅਤੇ ਸਾਰੇ ਬਜ਼ੁਰਗਾਂ ਨੂੰ ਪੈਨਸ਼ਨ ਦੇਣ ਦਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਗਠਜੋੜ ਦਾ ਇਹ ਵਾਅਦਾ ਹੈ । ਅਸੀਂ ਇਸ ਦੇ ਵਾਸਤੇ ਪ੍ਰੋਵੀਜ਼ਨ ਕੀਤੀ ਹੈ । ਸਪੀਕਰ ਸਾਹਿਬ, ਮੈਂ ਇਸ ਪਵਿੱਤਰ ਸਦਨ ਦੇ ਵਿਚ ਇਸ ਗੱਲ ਦਾ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਇਹ ਸਕੀਮ ਹਰ ਕੀਮਤ ਤੇ ਲਾਗੂ ਕੀਤੀ ਜਾਵੇਗੀ । (ਥੰਪਿੰਗ) ਅਸੀਂ ਆਪਣੇ ਬਜ਼ੁਰਗਾਂ ਨੂੰ ਪੈਨਸ਼ਨ ਮੁਹੱਈਆ ਕਰਵਾਵਾਂਗੇ । ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਨਹੀਂ ਸੀ ਚਾਹੁੰਦੇ ਕਿ ਸਾਡੇ ਬਜ਼ੁਰਗ ਦਫਤਰਾਂ ਦੇ ਚੱਕਰ ਮਾਰਦੇ ਰਹਿਣ ਜਿਸ ਤਰ੍ਹਾਂ ਕਿ ਪਿਛਲੀ ਕਾਂਗਰਸ ਸਰਕਾਰ ਦੇ ਸਮੇਂ ਹੁੰਦਾ ਰਿਹਾ ਹੈ । ਅਸੀਂ ਇਹ ਵੀ ਨਹੀਂ ਸੀ ਚਾਹੁੰਦੇ ਕਿ ਕਦੇ ਅਰਜ਼ੀਆਂ ਸੋਸ਼ਲ ਵੈਲਫੇਅਰ ਅਫਸਰ ਦੇ ਕੋਲ ਜਾਣ ਅਤੇ ਕਦੇ ਡਾਕਟਰਾਂ ਦੇ ਕੋਲ ਜਾਣ । ਇਸ ਕਰਕੇ, ਸਪੀਕਰ ਸਾਹਿਬ, ਅਸੀਂ ਸਕੀਮ ਬਣਾਈ ਹੈ ਕਿ ਹਰ ਬਲਾਕ ਵਿਚ 3-3 ਟੀਮਾਂ ਜਾਣਗੀਆਂ । ਇਕ ਟੀਮ ਬੀ.ਡੀ.ਓ. ਦੀ, ਇਕ ਟੀਮ ਨਾਇਬ ਤਹਿਸੀਲਦਾਰ ਦੀ ਅਤੇ ਇਕ ਟੀਮ ਸੀ.ਡੀ.ਪੀ.ਓ. ਦੀ ਡਾਕਟਰ ਸਾਹਿਬਾਨ ਦੇ ਨਾਲ ਹਰ ਪਿੰਡ ਵਿਚ ਜਾਵੇਗੀ । ਮੌਕੇ ਤੇ ਲੋੜਵੰਦਾਂ ਦੀਆਂ ਅਰਜ਼ੀਆਂ ਪ੍ਰਾਪਤ ਕਰੇਗੀ ਅਤੇ ਉਨ੍ਹਾਂ ਦੀ ਸ਼ਨਾਖਤ ਕਰਕੇ/ਵੈਰੀਫਾਇ

**Expunged as ordered by the Chair.

[ਵਿੱਤ ਮੰਤਰੀ]

ਕਰਕੇ ਪੈਨਸ਼ਨਾਂ ਦੀ ਮਨਜ਼ੂਰੀ ਦੇਵੇਗੀ। ਇਸ ਦੇ ਨਾਲ, ਸਪੀਕਰ ਸਾਹਿਬ, ਇਨ੍ਹਾਂ ਦੀ ਸਰਕਾਰ ਵੇਲੇ ਜਿਹੜੀ ਵਿਚੋਲਗਿਰੀ ਚੱਲਦੀ ਸੀ, ਉਹ ਵੀ ਅਸੀਂ ਬੰਦ ਕਰ ਦੇਵਾਂਗੇ। (ਥੰਪਿੰਗ) ਇਸ ਕਰਕੇ ਜਿਥੋਂ ਤੱਕ ਸਾਡੀ ਸਰਕਾਰ ਦੀ ਵਚਨਬੱਧਤਾ ਅਤੇ ਜ਼ਿੰਮੇਂਵਾਰੀ ਹੈ ਉਹਦੇ ਬਾਰੇ ਸਾਨੂੰ ਵਿਰੋਧੀ ਧਿਰ ਤੋਂ ਕੋਈ ਸਿੱਖਿਆ ਲੈਣ ਦੀ ਲੋੜ ਨਹੀਂ। ਸਪੀਕਰ ਸਾਹਿਬ, ਮੈਂ ਇਸ ਪਵਿੱਤਰ ਸਦਨ ਦੇ ਵਿੱਚ ਇਹ ਪੇਸ਼ਕਸ਼ ਵੀ ਰੱਖਾਂਗਾ ਕਿ ਕਿਉਂਕਿ ਗੱਲ ਕੋਈ ਰਹੀ ਨਹੀਂ ਹੈ, ਕੋਈ ਏਜੰਡਾ ਨਹੀਂ ਹੈ। ਕੋਈ ਵਿਸ਼ੇਸ਼ ਗੱਲ ਨਹੀਂ ਹੈ। ਸਿਰਫ ਬਹਾਨਾ ਬਣਾ ਕੇ ਇਸ ਸਦਨ ਦੇ ਵਿਚੋਂ ਵਾਕ-ਆਊਟ ਕੀਤਾ ਜਾਂਦਾ ਹੈ ਤਾਂ ਕਿ ਅਖ਼ਬਾਰਾਂ ਦੇ ਵਿੱਚ ਕੋਈ ਇਕ ਅੱਧ ਖਬਰ ਤਾਂ ਲੱਗ ਸਕੇ। ਮੈਂ ਇਸ ਗੱਲ ਨੂੰ, ਸਪੀਕਰ ਸਾਹਿਬ, ਆਪ ਦੇ ਵਿਚਾਰ ਗੋਚਰੇ ਰੱਖਾਂਗਾ ਕਿ ..... (ਵਿਘਨ)

(ਇਸ ਵਕਤ ਡਾਕਟਰ ਹਰਬੰਸ ਲਾਲ ਬਾਰ ਬਾਰ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।

Mr. Speaker : Sit down. (Interruption and Noise) ਤੁਸੀਂ ਕ੍ਰਿਪਾ ਕਰਕੇ ਬੈਠ ਜਾਓ।....(Interruption) I say sit down.

ਵਿੱਤ ਮੰਤਰੀ, : ਸਪੀਕਰ ਸਾਹਿਬ, ਮੈਂ ਆਪ ਦੇ ਵਿਚਾਰ ਗੋਚਰੇ ਰੱਖਣਾ ਚਾਹੁੰਦਾ ਹਾਂ ਕਿ...

(ਇਸ ਵਕਤ ਵਿਰੋਧੀ ਧਿਰਾਂ ਵਲੋਂ ਪੁਆਇੰਟ ਆਫ ਆਰਡਰ ਦੀ ਮੰਗ ਕੀਤੀ ਜਾ ਰਹੀ ਸੀ)

ਵਿੱਤ ਮੰਤਰੀ: ਇਹ ਜਿਹੜੀਆਂ ਗੱਲਾਂ ਹਨ, ਇਨ੍ਹਾਂ ਬਾਰੇ ..... (ਵਿਘਨ).... (ਸ਼ੋਰ)....

Mr. Speaker : Call Attention Notices please. Sardar Sital Singh.

CALL ATTENTION NOTICES UNDER RULE 66

ਸਰਦਾਰ ਸੀਤਲ ਸਿੰਘ. ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਰਕਾਰ ਦਾ ਧਿਆਨ ਇਕ ਬਹੁਤ ਹੀ ਜ਼ਰੂਰੀ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿਉਂਕਿ ਹੁਣੇ ਹੀ ਬਰਸਾਤਾਂ ਦਾ ਮੌਸਮ ਆ ਰਿਹਾ ਹੈ। ਮੇਰਾ ਹਲਕਾ ਧਰਮ ਕੋਟ ਅਤੇ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਦੇ ਹਲਕੇ ਦੇ ਤਕਰੀਬਨ 90% ਜਿਹੜੇ ਪਿੰਡ ਹਨ, ਉਹ ਦਰਿਆ ਸਤਲੁਜ ਵਿੱਚ ਹੜ੍ਹਾਂ ਦੀ ਮਾਰ ਦੇ ਹੇਠਾਂ ਆ ਜਾਂਦੇ ਹਨ। ਜਦੋਂ ਵੀ ਬਰਸਾਤਾਂ ਆਉਂਦੀਆਂ ਹਨ ਦਰਿਆ ਸਤਲੁਜ ਦੇ ਫਲੱਡ ਦੇ ਨਾਲ ਇਨ੍ਹਾਂ ਪਿੰਡਾਂ ਦੇ ਵਿੱਚ ਜੋ ਮਾਲੀ ਨੁਕਸਾਨ ਹੁੰਦਾ ਹੈ, ਉਹ ਬਹੁਤ ਜ਼ਿਆਦਾ ਹੁੰਦਾ ਹੈ ਪਰ ਮੈਂ ਫਿਰ ਵੀ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਂਦਾ ਹਾਂ ਕਿ ਜਿਨ੍ਹਾਂ ਨੇ ਪਿਛਲੇ ਸੈਸ਼ਨ ਦੇ ਵਿਚ ਜਦੋਂ ਉਹ ਬੋਲਦੇ ਸੀ ਤਾਂ ਉਸੇ ਵੇਲੇ ਉਨ੍ਹਾਂ ਨੇ ਅਫਸਰ ਸਾਹਿਬਾਨ ਦੀ ਮੀਟਿੰਗ ਬੁਲਾ ਕੇ ਡਿਊਟੀ ਲਗਾਈ ਸੀ ਕਿ ਇਹ ਕੰਮ 30 ਜੂਨ ਤੱਕ ਹਰ ਹਾਲਤ ਵਿਚ ਮੁਕੰਮਲ ਹੋ ਜਾਣਾ ਚਾਹੀਦਾ ਹੈ....

ਸ੍ਰੀ ਸਪੀਕਰ : ਸਰਦਾਰ ਸੀਤਲ ਸਿੰਘ ਜੀ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ ਜੀ ।

(ਕ੍ਰਮ ਨੰ: 31)

ਸਰਦਾਰ ਸੀਤਲ ਸਿੰਘ ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਮਿਤੀ 3-3-1997 ਨੂੰ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਹੜ੍ਹਾਂ ਦੀ ਰੋਕਥਾਮ ਲਈ ਮਿਤੀ 30-6-97 ਤੱਕ ਸਤਲੁਜ ਦਰਿਆ ਦੇ ਧਰਮਕੋਟ ਤੋਂ ਜ਼ੀਰਾ ਤੱਕ ਦੇ ਦੋਵੇਂ ਪਾਸੇ ਬੰਨ੍ਹ ਬਨਾਉਣ ਦਾ ਕੰਮ ਮੁਕੰਮਲ ਕਰ ਲੈਣ ਦਾ ਫੈਸਲਾ ਹੋਇਆ ਸੀ । ਹੁਣ ਬਰਸਾਤ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ, ਜਿਸ ਕਰਕੇ ਹੜ੍ਹਾਂ ਦੇ ਭਾਰੀ ਖਦਸ਼ੇ ਤੋਂ ਬਚਣ ਦੀ ਜ਼ਰੂਰਤ ਹੈ ਪਰੰਤੂ ਅਜੇ ਤੱਕ ਇਸ ਦਰਿਆ ਤੇ ਬੰਨ੍ਹ ਲਾਉਣ ਦਾ ਕੰਮ ਸ਼ੁਰੂ ਹੀ ਨਹੀਂ ਕੀਤਾ ਜਾ ਸਕਿਆ । ਸਰਕਾਰ ਇਸ ਸਬੰਧੀ ਆਪਣੀ ਪੁਜ਼ੀਸ਼ਨ ਸਪਸ਼ਟ ਕਰੇ ਅਤੇ ਸਦਨ ਵਿੱਚ ਬਿਆਨ ਦੇਵੇ ।

Minister for Food & Supply, Public Health and Parliamentary Affairs (Shri Madan Mohan Mittal): In this context it is stated that no meeting regarding Flood Control was held on 3-3-1997 under the Chairmanship of Chief Minister, Punjab. A meeting of Flood Control Board Punjab was held on 3-4-97 under the Chairmanship of Chief Minister, Punjab but there was no specific decision regarding construction of bunds on both Sides of River Sutlej from Kanwanwala Pattan to Harike Pattan. However it was emphasised that all the vulnerable sites should be strengthened before the flood season.

Besides, it is also made clear that Flood Protection embankment on both sides of the river have already been constructed from Dharamkot to Zira (Kanwanwala Pattan to Harike Pattan). District Flood Control Committee inspects the Dhusis falling in its jurisdiction every year and after identifying the vulnerable sites along the Dhusis recommendation for constructing particular River Training Works to strengthen it, are made. Then priority for constructing the works commensurate with the availabilty of funds and the works are completed at site before the rainy season sets in.

The list of River Training Works to be executed on River Satluj under Sub head NABARD Phase-II and Rural Development Funds (RDF) before the Monsoon 1997, is attached herewith. Most of these works are benig executed at site while the remaining are likely to be taken up in hand and would be completed before July, 1997.

[Minister for Food and Supplies, Public Health and Parliamantary Affairs]

List of Works Under head Nabard (From Kawanwala Pattan to Lidderpindi (Right Side of River Sutlej)

Sr. No.	Name of works	Estimated Cost (Rs. in lacs.)
1.	Constg.A/Spur opp. RD. 120200 of 3—R bundh along River Sutlej (Rame Chak Rame Complex) ..	18-00
2.	Constg. A/spur at RD. 120630 of 3—R bundh along River Sutlej (Rame Chak Reme Complex) ..	16-00
3.	Constg. studs between RD. 128000-132200 of 3—R bundh along River Sutlej (Piplimiani Complex). ..	10-00
4.	Constg. serier of stud between RD. 162000-165050 of 3—R bundh along river Sutlej (Chak Wadala Bhanawal Complex). ..	10.00
5.	Raising and Stg. of 3—R bundh between RD. 178000-181625 of 3 R bundh along River Sutlej (Chak Wadala Bhanawal Complex).	6.50
6.	Constg. Restoring 3—R bundh from RD. 115300-118300 of 3—R bundh along River Sutlej. ...	3.00
7.	Constg. revetment between RD. 119900-120160 of 3—R bundh along River Sutlej (Rejewal Complex). ..	4.00
8.	Constg. stud. opp. RD. 146000 of 3—R bundh along River Sutlej (Ismailpur Fatehpur Complex). ..	3.50
9.	Constg. A/spur (Bringing to designed sections) opp. RD. 162400 of 3—R bundh along River Sutlej Bhanewal Complex). ..	10.00
10.	Constg. A/spur (Armouring lose of shank)opp. RD. 132200 of 3-R bundh along River Sutlej (Piplimiani Complex). ..	10-00
	Total ..	91.00

List of Works proposed to be Completed upto 30-6-97 Between Dharmkot and Harike Pattan (Left Side)

S.No.	Name of work	Estimated cost ((Rs. in lacs)
1	2	3
	RIDI-II	
1	A/spur at RD 117000 of 5 L bundh Bamniwala Complex.	5·94
2.	Constg. 4 no stone crated studsin between RD 115000 117000 of 5 L. bundh. ..	5.40

1	2	3
3.	Constg. a/spur at RD 1100 of Advance bundh RD 0-16800 U/S Harike Head works. ..	26.52
4.	Constg. 2 no stone crated studs D/S A/spur spur RD 11000 of Advance Bundh RD 0-16800 U/S Harike Head Works. ..	5.92
5.	Constg. A/spur RD 22000 of Advance bundh RD 0-23260 U/s Harike Head Works, ..	22.71
	RDF	
6.	Providing Revetment of EC bags filled earth/ sand opp. RD 21700-22500 of Advance bundh RD 0-23260 Ruknewnla Complex at RD 300-1100 of Advance Bundh RD 0-16800 Mano Machhi Compiex. ..	15.00
7.	Providing protection of EC bags filled with earth/ sand in crates to damage A/spur RD 2200 of Advance bundh RD 0-16800 of Mano Complex.	6.50
8.	Bringing to design. section A/spur at RD 123300 of 5-L Bundh. ..	6.00

Mr. Speaker: Next Call Attention Notice please.

ਸ਼੍ਰੀਮਤੀ ਸਤਵੰਤ ਕੌਰ ਸੰਧੂ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਿਰਫ ਇਤਨੀ ਬੇਨਤੀ ਕਰਾਂਗੀ ਕਿ ਸ਼੍ਰੀ ਅਟੱਲ ਬਿਹਾਰੀ ਵਾਜਪਾਈ ਜਦੋਂ ਵੀ ਬਾਹਰਲੇ ਦੇਸ਼ਾਂ ਵਿਚ ਜਾਂਦੇ ਹਨ ਤਾਂ ਉਹ ਵੀ ਉਥੇ ਹਿੰਦੀ ਦੀ ਵਰਤੋਂ ਕਰਦੇ ਹਨ । ਆਪਾਂ ਇਥੇ ਪੰਜਾਬ ਵਿਧਾਨ ਸਭਾ ਵਿਚ ਬੈਠੇ ਹਾਂ । ਇਥੇ ਪੰਜਾਬੀ ਨੰਬਰ ਇਕ ਤੇ ਹੋਵੇ ਹਿੰਦੀ ਨੰਬਰ ਦੋ ਹੋਵੇ ਅਤੇ ਉਸ ਤੋਂ ਬਾਅਦ ਅੰਗਰੇਜ਼ੀ ਨੰਬਰ ਤਿੰਨ ਤੇ ਹੋਣੀ ਚਾਹੀਦੀ ਹੈ । ਬੱਸ ਇੰਨੀ ਗੱਲ ਹੀ ਮੈਂ ਕਹਾਂਗੀ .(ਵਿਘਨ)

ਸ਼੍ਰੀ ਸਪੀਕਰ: ਬੀਬੀ ਜੀ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ ।

ਕ੍ਰਮ ਨੰ: 32

ਸ਼੍ਰੀਮਤੀ ਸਤਵੰਤ ਕੌਰ ਸੰਧੂ. ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦੀ ਹਾਂ, ਅਰਥਾਤ ਕਿ ਬੇਲਾ ਰੋਪੜ ਸੜਕ ਦੇ ਉਤੇ ਸੀਸਵਾਂ ਨਦੀ ਤੇ ਪੁਲ ਬਣ ਚੁੱਕਿਆ ਹੈ ਪ੍ਰੰਤੂ ਉਸ ਤੇ ਦੋਹੀਂ ਪਾਸੀਂ ਮਿੱਟੀ ਪਾਉਣ ਦਾ ਕੰਮ ਅਧੂਰਾ ਪਿਆ ਹੈ ਅਤੇ ਪੁੱਲ ਲੰਘਣ ਲਈ ਚਾਲੂ ਨਹੀਂ ਕੀਤਾ ਗਿਆ ਹੈ । ਕਿਉਂਕਿ ਹੁਣ ਬਰਸਾਤ ਆ ਗਈ ਹੈ, ਇਸ ਲਈ ਲੋਕਾਂ ਦੇ ਲੰਘਣ ਵਾਸਤੇ ਕੋਈ ਰਸਤਾ ਨਹੀਂ ਹੈ । ਲੋਕਾਂ ਨੂੰ ਕਈ ਕਈ ਘੰਟੇ ਨਦੀ ਦੇ ਦੋਵੇਂ ਕੰਢਿਆਂ ਤੇ ਰੁਕਣਾ ਪੈਂਦਾ ਹੈ ! ਜੇਕਰ ਕੋਈ ਮੁਸਾਫਿਰ ਪਾਣੀ ਚੋਂ ਲੰਘਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਡੁਬਣ ਦਾ ਵੀ ਖਤਰਾ ਹੈ । ਇਸ ਪੁਲ ਨੂੰ ਚਾਲੂ ਕਰਨ ਲਈ ਸਰਕਾਰ ਕੀ ਕਦਮ ਪੁੱਟ ਰਹੀ ਹੈ । ਸਬੰਧਿਤ ਮੰਤਰੀ ਜੀ ਹਾਊਸ ਵਿਚ ਇਸ ਸਬੰਧੀ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ ।

ਖੁਰਾਕ ਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ (ਸ੍ਰੀ ਮਦਨ ਮੋਹਨ ਮਿੱਤਲ): ਪੰਜਾਬ ਪੇਂਡੂ ਵਿਕਾਸ ਬੋਰਡ ਵਲੋਂ ਸੀਸਵਾਂ ਨਦੀ ਉਤੇ ਰੋਪੜ-ਬੇਲਾ ਸੜਕ ਤੇ ਅਤੇ ਰੋਪੜ ਰਿੰਗ ਰੋਡ ਬਣਾਉਣ ਲਈ 200.00 ਲੱਖ ਰੁਪਏ ਦੀ ਮਨਜ਼ੂਰੀ ਦਿੱਤੀ ਹੈ। 100.00 ਲੱਖ ਰੁਪਿਆ ਹਰ ਇਕ ਤੇ ਖਰਚਿਆ ਜਾਣਾ ਹੈ । ਪੰਜਾਬ ਪੇਂਡੂ ਵਿਕਾਸ ਬੋਰਡ ਨੇ 100.00 ਲੱਖ ਰੁਪਏ ਦੀਆਂ ਦੋ ਕਿਸ਼ਤਾਂ ਜਮ੍ਹਾਂ ਕਰਵਾ ਦਿੱਤੀਆਂ ਹਨ ।


ਜਿਥੋਂ ਤੱਕ ਪੁਲ ਦੀ ਉਸਾਰੀ ਦਾ ਸਬੰਧ ਹੈ ਜਿਸ ਦਾ ਟੈਂਡਰ 1.27 ਕਰੋੜ ਰੁਪਏ ਦਾ ਮਨਜ਼ੂਰ ਕੀਤਾ ਗਿਆ ਸੀ, ਦੇ ਵਿਰੁੱਧ ਪੇਂਡੂ ਵਿਕਾਸ ਫੰਡ ਵਿਚੋਂ 100.00 ਲੱਖ ਰੁਪਏ ਪ੍ਰਾਪਤ ਹੋ ਗਏ ਹਨ। ਪੁਲ ਦੀ ਉਸਾਰੀ ਦਾ ਕੰਮ 27.00 ਲੱਖ ਰੁਪਏ ਦੀ ਹੋਰ ਲੋੜੀਂਦੀ ਰਕਮ ਪ੍ਰਾਪਤ ਨਾ ਹੋਣ ਬਦਲੇ ਰੋਕਿਆ ਨਹੀਂ ਜਾ ਸਕਦਾ ਸੀ । ਇਸ ਲਈ 30 ਲੱਖ ਰੁਪਏ ਜੋ 100.00 ਲੱਖ ਰੁਪਏ ਬਾਈਪਾਸ/ਰਿੰਗ ਰੋਡ ਦੀ ਉਸਾਰੀ ਲਈ ਜਮ੍ਹਾਂ ਕਰਵਾਏ ਗਏ ਸਨ, ਵਿਚੋਂ ਪੁਲਾ ਦੀ ਉਸਾਰੀ ਲਈ ਤਬਦੀਲ ਕਰਨੇ ਠੀਕ ਸਮਝੇ ਸਨ । ਪੁਲ ਦੀ ਉਸਾਰੀ ਲਈ 1.25 ਕਰੋੜ ਰੁਪਏ ਖਰਚ ਹੋਏ ਅਤੇ ਪੁਲ ਨੂੰ ਪਹੁੰਚ ਮਾਰਗ ਦਾ ਕੰਮ ਕਾਰਵਾਈ ਅਧੀਨ ਹੈ ।


ਹੁਣ ਪੁਲ ਦੀ ਉਸਾਰੀ ਮੁਕੰਮਲ ਹੋ ਚੁਕੀ ਹੈ ਅਤੇ ਪੁਲ ਦੇ ਦੋਵੀਂ ਪਾਸੀਂ ਪਹੁੰਚ ਮਾਰਗ ਤੇ ਮਿੱਟੀ ਪਾਉਣ ਦਾ ਕੰਮ ਅਤੇ ਸੁਰੱਖਿਆ ਦਾ ਕੰਮ ਕਰਨਾ ਬਾਕੀ ਹੈ । ਪਹੁੰਚ ਮਾਰਗ ਬਣਾਉਣ ਲਈ ਟੈਂਡਰ ਪ੍ਰਾਪਤ ਹੋ ਚੁੱਕੇ ਹਨ ਅਤੇ ਇਹ ਮਨਜ਼ੂਰ ਕਰਨ ਦੀ ਆਖਰੀ ਸਥਿਤੀ ਤੇ ਹਨ । ਇਹ ਕੇਸ ਪਹਿਲਾਂ ਹੀ ਮੁੱਖ ਮੰਤਰੀ ਜੀ ਦੇ ਧਿਆਨ ਵਿਚ ਹੈ । ਜਨਤਕ ਵਾਦਵਿਵਾਦ ਅਤੇ ਸਰਕਾਰ ਦੇ ਵਕਾਰ ਨੂੰ ਦੇਖਦੇ ਹੋਏ ਇਸ ਪੁਲ ਦੀ ਉਸਾਰੀ ਦਾ ਕੰਮ ਮੁਕੰਮਲ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਜੇਕਰ ਪੁਲ ਦੇ ਪਹੁੰਚ ਮਾਰਗ ਦਾ ਕੰਮ ਅਧੂਰਾ ਛੱਡ ਦਿੱਤਾ ਜਾਂਦਾ ਹੈ ਤਾਂ ਇਹ ਜਨਤਕ ਵਾਦ-ਵਿਵਾਦ ਨੂੰ ਸੱਦੇ ਦਾ ਕਾਰਨ ਬਣੇਗਾ । ਪੇਂਡੂ ਵਿਕਾਸ ਫੰਡ ਵਿਚੋਂ ਬਕਾਇਆ ਰਹਿੰਦੇ 1.56 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕਰਾਉਣ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ । ਫਿਰ ਵੀ ਪ੍ਰਾਜੈਕਟ ਦੀ ਨਾਜ਼ੁਕਤਾ ਨੂੰ ਵੇਖਦੇ ਹੋਏ, ਡਿਪਟੀ ਕਮਿਸ਼ਨਰ ਰੋਪੜ ਦੀ ਸਲਾਹ ਨਾਲ ਸਕੱਤਰ, ਲੋਕ ਨਿਰਮਾਣ ਵਿਭਾਗ (ਭ ਤੇ ਮ) ਨੇ ਪਹਿਲਾਂ ਫੀਲਡ ਸਟਾਫ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਮਿੱਟੀ ਪਾਉਣ ਦਾ ਕੰਮ ਸਮਾਂ ਬੱਧ ਇਕਹਿਰੇ ਟੈਂਡਰ ਅਨੁਸਾਰ ਮੁਕੰਮਲ ਕੀਤਾ ਜਾਵੇ । ਜੇਕਰ ਪੇਂਡੂ ਵਿਕਾਸ ਫੰਡਜ਼ ਤੋਂ ਫੰਡਜ਼ ਮੁਹੱਈਆ ਕਰਵਾਏ ਜਾਂਦੇ ਹਨ ਤਾਂ ਪੁਲ ਮਿਤੀ 31-7-1997 ਤੱਕ ਆਵਾਜਾਈ ਲਈ ਚਾਲੂ ਕੀਤਾ ਜਾ ਸਕਦਾ ਹੈ । ਫਿਰ ਵੀ ਸੁਰੱਖਿਆ ਦਾ ਕੰਮ, ਜਿਵੇਂ ਕਿ ਪੱਥਰ ਦੇ ਪੰਚ ਲਗਾਉਣਾ ਅਤੇ ਤਾਰ ਦੇ ਕਰੇਟ ਬਣਾਉਣ, ਤਕਨੀਕੀ ਕਾਰਨਾਂ ਕਰਕੇ ਬਾਰਸ਼ਾਂ ਤੋਂ ਬਾਅਦ ਕੀਤਾ ਜਾਵੇਗਾ । ਪੁਲ ਦੀ ਸਥਿਤੀ ਅਤੇ ਸਪੈਸੀਫਿਕੇਸ਼ਨ ਨਾਲ ਨੱਥੀ ਨਕਸ਼ੇ ਤੇ ਦਰਸਾਈ ਗਈ ਹੈ ।

(ਨਕਸ਼ਾ ਨਾਲ ਨੱਥੀ ਕੀਤਾ ਜਾਂਦਾ ਹੈ ।)

LINEAR PLAN OF KOPAR BELA ROAD SHOWING COMPLETED

H.L. BRIDGE 5 SPAN 24.75 M EACH IN KM NO -8. IN DISTT ROPAR.





ਸ੍ਰੀਮਤੀ ਸਤਵੰਤ ਕੌਰ ਸੰਧੂ: ਸਪੀਕਰ ਸਾਹਿਬ, ਮੈਂ ਤਾਂ ਸਿਰਫ ਇਹ ਹੀ ਕਲੈਰੀਫਿਕੇਸ਼ਨ ਲੈਣੀ ਚਾਹੁੰਦੀ ਹਾਂ ਕਿ ਪੁਲ ਤਾਂ ਬਣ ਚੁੱਕਾ ਹੈ ਅਤੇ ਕੇਵਲ ਮਿੱਟੀ ਦਾ ਕੰਮ ਅਧੂਰਾ ਪਿਆ ਹੈ। ਇਸ ਸਬੰਧ ਵਿੱਚ ਮੰਤਰੀ ਜੀ ਦੱਸਣ ਦੀ ਖੇਚਲ ਕਰਨ ਕਿ ਫੰਡਜ਼ ਕਦੋਂ ਤੱਕ ਇਸ ਕੰਮ ਨੂੰ ਨੇਪਰੇ ਚਾੜਨ ਲਈ ਉਪਲਬਧ ਹੋ ਜਾਣਗੇ ਅਤੇ ਕੀ ਇਸ ਪੁਲ ਦੇ ਉਦਘਾਟਨ ਲਈ ਕੋਈ ਡੇਟ ਨਿਸ਼ਚਿਤ ਕੀਤੀ ਜਾਵੇਗੀ ?

ਮੰਤਰੀ: ਸਪੀਕਰ ਸਾਹਿਬ, ਮੈਂ ਤਾਂ 31-7-1997 ਦੀ ਡੇਟ ਦਿਤੀ ਹੈ ਕਿ ਉਦੋਂ ਪੁਲ ਚਾਲੂ ਕਰ ਦਿਆਂਗੇ। ਫੰਡਜ਼ ਦੀ ਘਾਟ ਕਾਰਨ ਜਿਹੜਾ ਕੰਮ ਰਹਿ ਗਿਆ ਹੈ, ਉਹ ਮੌਨਸੂਨ ਤੋਂ ਬਾਅਦ ਕਰਵਾ ਦਿਆਂਗੇ।

(Serial No. 33)

Raja Narinder Singh: Sir, I beg to draw the attention of the Government towards a matter of urgent public importance namely, that one Sarpanch of village Bhadson alongwith his entire Panchayat was arrested by Bhadson Police Station, District Patiala and he was kept under illegal custody for three days alongwith his Panchayat Members inspite of the fact that there was a decision of the Punjab and Haryana High Court in favour of the Panchayat. He was taken around all the villages to insult him saying that the S.D.M. is on tour, your bail would be taken by him. This is a case of great high handedness in the regime of the democratic party like Akali Dal headed by Sardar Parkash Singh Badal There is a great resentment among the local Panchs and Sarpanchs of the area. The Chief Minister may kindly make a statement in the House and fix responsibility on the erring officer.

Minister for Food and Supplies, Public Health and Parliamentary Affairs (Shri Madan Mohan Mittal) : As per report received.. (Interruption)

(Voice: Speak in Punjabi)

Mr. Speaker: It is a matter of communication. If an Hon'ble Member can understand English what is the harm.

Minister for Food & Supplies, Public Health and Parliamentary Affairs(Shri Madan Mohan Mittal):As per report received from Deputy Commissioner, Patiala and Senior Superintendent of Police, Patiala, there is a dispute over the auction for tilling of Shamlat Land in village Bhadson between Sarpanch Shri Rameshwar Dass Puri and others on one side and Shri Gurcharan Singh, Hans Raj (Nambardar) etc. on the other. The land is under the possession of Gurcharan Singh and others. Both the parties have obtained stay orders from court over bid and possession of the land. Gurcharan Singh was allotted this land by Director Consolidation. He wants that this land should not be auctioned. The Panchayat also has a stay order regarding ownership.

[Minister for Food and Supplies, Public Health and Parliamentary Affairs]

Apprehending breach of peace, the police arrested Shri Chand Singh Rajesh Kurmar, Nirmal Singh, Rameshwar Dass Puri (Sarpanch) on one side & S/Shri Gurcharan Singh, Harpal Dass, Di. gambar Dass, Hans Raj (Nambardar) on the other side on 8-6-1997. On that day Sh. Jatinder Singh, Tehsildar-Cum-Executive magistrate, Nabha was present at Bhadson itself, but, since the parties were not in a position to produce their personal/ surety bonds at the time, he came back to Nabha leaving behind the message that arrested persons be produced before him at Nabha. However, before reaching he reportedly visited some villages on-route regarding restoration of kerbs on some link roads. In the meanwhile, the police brought the arrested persons to Nabha and not finding Sh. Jatinder Singh, Tehsildar present, took back the arrested persons to Bhadson. The next morning, which was otherwise a gazetted holiday Sh. Jatinder Singh, Tehsildar reportedly waited till 9.00 A.M. where-after, he left the station, as he had taken station leave to go and wind-up his affairs at Sultanpur Lodhi from where he had been transferred. He left behind Mr. P.S. Bains, Naib-Tehsildar, Nabha as Duty Magistrate. Then the arrested persons were brought before Sh. P.S. Bains who, seeing that they were from Bhadson Sub-Tehsil, which was beyond his jurisdiction, declined to release them on bail. This resulted in the arrested persons being brought to Patiala, from where eventually the District Magistrate gave orders for the persons to be produced before Naib -Tehsildar, Bhadson, who eventually released them on bail, when they were produced before him in his village. Subsequently, after giving notice U/S 111 they were released on surety U/S 116(3) Cr. P.C. on 12-6-1997, the date on which they were produced before the Sub-Divisional Magistrate, Nabha in his court. The next date of hearing in the case is 3-7-1997.

Here, it would be pertinent to mention that Sub-Divisonal Magistrate, Nabha, who was also holding the charge of G.A. to Deputy Commissioner, Patila, was out in the field that day with the permission of the Deputy Commissioner visiting the proposed sites for focal points and Adarsh Schools to be set-up in Nabha Sub-Division.

Regarding the allegation that the Tehsildar deliberately evaded entertaining the case of the arrested persons even though they were brought while he was still present in Nabha, the explanation of

the Tehsildar is being called alongwith that of the Naib-Tehsildar.

Suitable instructions have been issued by D.C. Patiala to ensure that the Duty Magistrate remains available at the Sub-Divisional Town and District Headquaters and that there is no recurrence of such type of incidence in future.

Raja Narinder Singh: I do not want to embarass my government. This is a very stereo type reply that the Minister has given. Had the Chief Minister been in the House I would have put another question to him. This is hard fact that that Sarpanch was taken to the D.C., then to the Tehsildar and then to the S.D.M., was chase in the villages where he could not be contacted. The idea behind was to insult the Sarpanch and nothing else.

ਮੰਤਰੀ. ਸਪੀਕਰ ਸਾਹਿਬ, ਜੋ ਆਨਰੇਬਲ ਮੈਂਬਰ ਨੇ ਕਿਹਾ, ਉਸ ਬਾਰੇ ਸਾਡੀ ਸਰਕਾਰ ਬਿਲਕੁਲ ਓਪਨ ਹੈ ਔਰ ਸਾਡਾ ਉਸ ਨੂੰ ਬਚਾਉਣ ਦਾ ਕੋਈ ਇਰਾਦਾ ਨਹੀਂ ਹੈ।

ਸ਼੍ਰੀ ਸਪੀਕਰ: ਤੁਸੀਂ ਵੀ ਐਡਵੋਕੇਟ ਹੋ।

ਮੰਤਰੀ. ਸਪੀਕਰ ਸਾਹਿਬ, ਜੋ ਰਾਜਾ ਨਰਿੰਦਰ ਸਿੰਘ ਜੀ ਨੇ ਕਿਹਾ ਹੈ, ਉਸ ਵਿੱਚ ਕੁਝ ਵੀ ਹੇਂਕੀ-ਪੇਂਕੀ ਨਹੀਂ ਕਿ ਇੰਟੈਨਸ਼ਨਲੀ ਇੱਕ ਥਾਂ ਤੋਂ ਦੂਸਰੀ ਥਾਂ ਤੇ ਲਿਜਾਇਆ ਗਿਆ ਹੋਵੇ। ਜੇ ਕੋਈ ਗੱਲ ਹੋਵੇਗੀ ਤਾਂ ਅਫਸਰ ਦੇ ਖਿਲਾਫ ਜ਼ਰੂਰ ਐਕਸ਼ਨ ਲਵਾਂਗੇ। ਮੈਂ ਇਸ ਬਾਰੇ ਮੈਂਬਰ ਸਾਹਿਬ ਨੂੰ ਐਸ਼ਿਓਰੈਂਸ਼ ਦਿੰਦਾ ਹਾਂ।

PAPER LAID ON THE TABLE

Minister for Parliamentary Affairs (Shri Madan Mohan Mittal). Sir, I beg to lay on the Table the Statement showing the Reasons for delay in laying the Annual Accounts/Reports of the Punjab Land Development and Reclamation Corporation Ltd. for the years 1989-90 to 1995-96.

DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 1997-98

Mr. Speaker: There are 28 Demands for Grants on today's agenda. Out of these, two Demands i.e. Demand No. 1 and Demand No. 25 relating to Agriculture and Forests and Social and Women's Welfare and Welfare of Scheduled Castes and Backward Classes respectively will be discussed specifically and for the remaining 26 Demands, quillotine, will be applied under Rule 169

[Mr. Speaker]

Sub-rule (4) of the Rules of Procedure and Conduct of Business in the Punjab Vidhan Sabha at 5.00 P.M. If the Hon'ble Members agree, all these Demands may be deemed to have been read and moved.

(Voices : Yes, Yes)

Demand No. 1

That a sum not exceeding Rs. 1,71,60,55,000 on Revenue Account and Rs. 15,68,03,000 on Capital Account be granted to the Governor to defray the charges that will come in course of payment for the year 1997-98, in respect of Agriculture and Forests.

Demand No. 25

That a sum not exceeding Rs. 1,18,63,00,000 on Revenue Account and Rs. 11,60,00,000 on Capital Account be granted to the Governor to defray the charges that will come in course of payment for the year 1997-98, in respect of Social and Women's Welfare and Welfare of Scheduled Castes and Backward Classes.

(Demands No. 1 and 25 to be discussed specifically)

Demand No. 2

That a sum not exceeding Rs. 82,86,56,000 on Revenue Account and Rs. 1,65,00,000 on Capital Account be granted to the Governor to defray the charges that will come in course of payment for the year 1997-98, in respect of Animal Husbandry and Fisheries.

Demand No. 3

That a sum not exceeding Rs. 32,84,22,000 on Revenue Account and Rs. 65,93,49,000 on Capital Account be granted to the Governor to defray the charges that will come in course of payment for the year 1997-98, in respect of Cooperation.

Demand No. 4

That a Sum not exceeding Rs. 9,73,51,000 on Revenue Account and Rs. 14,02,000 on Capital Account be granted to the Governor to defray the charges that will come in course of payment for the year 1997-98, in respect of Defence Services Welfare.

Demand No. 6

That a sum not exceeding Rs. 20,13,91,000 on Revenue Account be granted to the Govenror to defray the charges that will come in course of payment for the year 1997-98, in respect of Elections.

Demand No. 7

That a sum not exceeding Rs. 26, 90,08,000 on Revenue Account be granted to the Governor to defray the charges that will come in course of payment for the year 1997-98, in respect of Excise and Taxation.

DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 1997-98

Demand No. 8

That a sum not exceeding Rs. 8,19,62,24,000 on Revenue Account and Rs. 58,10,00,000 on Capital Account be granted to the Governor to defray the charges that will come in course of payment for the year 1997-98, in respect of Finance.

Demand No. 9

That a sum not exceeding Rs. 12,63,02,000 on Revenue Account and Rs. 11,96,38,00,000 on Capital Account be granted to the Governor to defray the charges that will come in course of Payment for the year 1997-98, in respect of Food and Supplies.

Demand No. 10

That a sum not exceeding Rs. 47,58,84,000 on Revenue Account be granted to the Governor to defray the charges that will come in course of payment for the year 1997-98, in respect of General Administration.

Demand No. 11

That a sum not exceeding Rs. 3,46,63,84,000 on Revenue Account be granted to the Governor to defray the charges that will come in course of payment for the year 1997-98, in respect of Health and Family Welfare.

Demand No. 13

That a sum not exceeding Rs. 64,83,86,000 on Revenue Account and Rs. 10,11,98,000 on Capital Account be granted to the Governor to defray the charges that will come in course of payment for the year 1997-98, in respect of Industries.

Demand No. 14

That a sum not exceeding Rs. 12,30,11,000 on Revenue Account be granted to the Governor to defray the charges that will come in course of payment for the year 1997-98, in respect of Information and Public Relations.

Demand No. 15

That a Sum not exceeding Rs.2,62,03,23,000 on Revenue Account and Rs. 13,68,96,55,000 on Capital Account be granted to the Governor to defray the charges that will come in course of payment for the year 1997-98, in respect of Irrigation and Power.

Demand No. 16

That a Sum not exceeding Rs. 10,78, 16,000 on Revenue Account be granted to the Governor to defray the charges that will come in course of payment for the year 1997-98, in respect of Labour and Emyloyment.

[Mr. Speaker]

Demand No. 17

That a sum not exceeding Rs. 48,80,45,000 on Revenue Account and Rs. 67,39,77,000 on Capital Account be granted to the Governor to defray the charges that will come in course of payment for the year 1997-98, in respect of Local Government, Housing and Urban Development.

Demand No. 18

That a sum not exceeding Rs. 2,57,37,000 on Revenue Account and Rs. 3,00,00,000 on Capital Account be granted to the Governor to defray the charges that will come in course of payment for the year 1997-98, in respect of Personnel and Administrative Reforms.

Demand No. 19.

That a sum not exceeding Rs. 2,16,17,32,000 on Revenue Account and Rs. 2,65,29,15,000 on Capital Account be granted to the Governor to defray the charges that will come in course of payment for the year 1997-98, in respect of Planning.

Demand No. 20

That a sum not exceeding Rs, 5,00,000 on Revenue Account be granted to the Governor to defray the charges that will come in course of payment for the year 1997-98, in respect of Programme Implementation.

Demand No. 21

That a sum not exceeding Rs. 3,61,09,01,000 on Revenue Account and Rs. 2,29,09,90,000 on Capital Account be granted to the Governor to defray the charges that will come in course of payment for the year 1997-98, in respect of Public Works.

Demand No. 22

That a sum not exceeding Rs. 1,79,05,13,000 on Revenue Account and Rs. 8,02,96,000 on Capital Account be granted to the Governor to defray the charges that will come in course of payment for the year 1997-98, in respect of Revenue and Rehablitation.

Demand No. 23

That a sum not exceeding Rs. 99,55,39,000 on Revenue Account be granted to the Governor to defray the charges that will come in course of payment for the year 1997-98, in respect of Rural Development and Panchayats.

Demand No. 24

That a sum not exceeding Rs. 2,16,20,000 on Revenue Account and Rs. 12,47,30,000 on Capital Account be granted to the Governor to defray the charges that will come in course of payment for the year 1997-98, in respect of Science, Technology and Environment.

Demand No. 26

That a sum not exceeding Rs. 4,79,96,000 on Revenue Account be granted to the Governor to defray the charges that will come in course of payment for the year 1997-98, in respect of State Legislature.

Demand No. 27

That a sum not exceeding Rs, 96,53,09,000 on Revenue Account and Rs. 40,86,000 on Capital Account be granted to the Governor to defray the charges that will come in course of payment for the year 1997-98, in respect of Technical Education and Industrial Training.

Demand No. 28

That a sum not exceeding Rs. 6,35,52,000 on Revenue Account and Rs. 65,00,000 on Capital Account be granted to the Governor to defray the charges that will come in course of payment for the year 1997-98, in respect of Tourism and Cultural Affairs.

Demand No. 29

That a sum not exceeding Rs. 2,92,62,89,000 on Revenue Account and Rs. 11,20,00,000 on Capital Account be granted to the Governor to defray the charges that will come in course of payment for the year 1997-98, in respect of Transport.

Demand No. 30

That a sum not exceeding Rs. 6,04,70,000 on Revenue Account be granted to the Governor to defray the charges that will come in course of payment for the year 1997-98, in respect of Vigilance

Mr. Speaker: The Hon'ble members may indicate the Demand Number on which they would like to raise discussion.

(ਇਸ ਸਮੇਂ ਮਾਨਯੋਗ ਮੈਂਬਰ ਡਾਕਟਰ ਹਰਬੰਸ ਲਾਲ ਜੀ ਕੁਝ ਬੋਲਣ ਲਈ ਖੜ੍ਹੇ ਸਨ ।)

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਬੈਠ ਜਾਵੋ । ਪਹਿਲਾਂ ਇਨ੍ਹਾਂ ਨੂੰ ਪੁੱਛ ਲੈਣ ਦਿਉ ।

ਸਰਦਾਰ ਮਨਜੀਤ ਸਿੰਘ ਕਲਕੱਤਾ : ** ** **

ਸ਼੍ਰੀ ਸਪੀਕਰ : ਕਲਕੱਤਾ ਜੀ, ਜ਼ੀਰੋ ਆਵਰ ਲੰਘ ਗਿਆ ਹੈ । ਇਹ ਐਕਸਪੰਜ ਕੀਤਾ ਜਾਵੇ । ਫਾਈਨੈਂਸ਼ਲ ਬਿਜ਼ਨਸ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਜ਼ੀਰੋ ਆਵਰ ਤਾਂ ਹੈ ਨਹੀਂ ।

ਸ਼੍ਰੀ ਸਪੀਕਰ : ਮੈਂ ਕਹਿ ਦਿੱਤਾ ਹੈ ।

---

* *Expunged as order by the Chair.

QUESTION OF PRIVILEGE

ਸਰਦਾਰ ਮਹੇਸ਼ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੇ ਇੱਕ ਹੋਰ ਮੈਂਬਰ ਨੇ 18.6.1997 ਨੂੰ ਤੁਹਾਨੂੰ ਇੱਕ ਪ੍ਰਿਵਿਲੇਜ ਮੋਸ਼ਨ ਪੇਸ਼ ਕੀਤਾ ਸੀ। ਮੈਨੂੰ ਉਸ ਬਾਰੇ ਕੁਝ ਨਹੀਂ ਦੱਸਿਆ ਗਿਆ। ਉਹ ਪ੍ਰਿਵਿਲੇਜ ਮੋਸ਼ਨ 17.6.1997 ਨੂੰ ਲੀਡਰ ਆਫ ਦੀ ਆਪੋਜ਼ੀਸ਼ਨ, ਸਾਬਕਾ ਮੁੱਖ ਮੰਤਰੀ ਅਤੇ ਇੱਕ ਇੰਪਾਰਟੈਂਟ ਪਾਰਟੀ ਦੇ ਪ੍ਰਧਾਨ ਨੇ ਇਸ ਹਾਊਸ ਵਿੱਚ ਕਿਹਾ ਸੀ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਵਿੱਚ ਤਿੰਨ ਕਰੋੜ ਰੁਪਏ ਹੇਮਕੁੰਟ ਸਾਹਿਬ ਦੀ ਸੜਕ ਬਣਾਉਣ ਵਾਸਤੇ ਰੱਖੇ ਹਨ ਅਤੇ 1360 ਕਿਲੋਮੀਟਰ ਸੜਕ ਗੁਰੂ ਤੇਗ ਬਹਾਦਰ ਦੇ ਨਾਮ ਤੇ ਬਣਾਉਣੀ ਸੀ। ਇਹ ਸਟੇਟਮੈਂਟ ਮਿਸ-ਲੀਡਿੰਗ ਸੀ ਅਤੇ ਉਹ ਪ੍ਰਿਵਿਲੇਜ ਮੋਸ਼ਨ ਵਿੱਚ ਆਉਂਦੀ ਹੈ ਅਤੇ ਮੈਂ 18.6.1997 ਨੂੰ ਪ੍ਰਿਵਿਲੇਜ ਮੋਸ਼ਨ ਦਿੱਤੀ ਸੀ। ਮੇਰੀ ਪ੍ਰਿਵਿਲੇਜ ਮੋਸ਼ਨ ਕਿੱਥੇ ਸਟੈਂਡ ਕਰਦੀ ਹੈ, ਮੈਂ ਤਾਂ ਕਿਰਪਾ ਕਰਕੇ ਇਸ ਬਾਰੇ ਜਾਣਨਾ ਚਾਹੁੰਦਾ ਹਾਂ ਕਿ ਮੇਰੀ ਮੋਸ਼ਨ ਦੀ ਪੁਜ਼ੀਸ਼ਨ ਕੀ ਹੈ?

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਇਹ ਸਮਝਣ ਦੀ ਬਜਾਏ ਉਲਝ ਗਏ। ਮੈਂ ਤਾਂ ਕਲੀਅਰਲੀ ਕਿਹਾ ਸੀ ਕਿ ਹੇਮਕੁੰਟ ਸਾਹਿਬ ਸਾਡਾ ਪਵਿੱਤਰ ਧਾਮ ਹੈ। ਇਸ ਵਾਸਤੇ ਸਾਡੀ ਸਾਰਿਆਂ ਦੀ ਕੰਟ੍ਰੀਬਿਊਸ਼ਨ ਹੈ। ਸਾਡੀ ਪਾਰਟੀ ਵੱਲੋਂ ਫੈਸਲਾ ਹੋਇਆ ਅਤੇ ਮੈਂ ਆਪ ਪਬਲਿਕ ਸਮਾਗਮ ਵਿੱਚ ਜਾ ਕੇ, ਧਾਰਮਿਕ ਸਮਾਗਮ ਵਿੱਚ ਜਾ ਕੇ ਗੁਰਦੁਆਰਾ ਸਾਗਰ ਸਾਹਿਬ ਵਿਖੇ ਐਲਾਨ ਕੀਤਾ ਅਤੇ ਉਸ ਨੂੰ ਆਪਣੀ ਮੀਟਿੰਗ ਵਿੱਚ ਪਾਸ ਕਰਨਾ ਸੀ ਲੇਕਿਨ ਫਿਰ ਇਲੈਕਸ਼ਨ ਕੋਡ ਲਾਗੂ ਹੋ ਗਿਆ, ਇਸ ਕਰਕੇ ਪਾਸ ਨਹੀਂ ਹੋ ਸਕਿਆ। ਮੈਂ ਦੁਬਾਰਾ ਫਿਰ ਮਨਿਸਟਰ ਸਾਹਿਬ ਨੂੰ ਬੇਨਤੀ ਕੀਤੀ ਕਿ ਇਸ ਵਾਸਤੇ ਪੈਸਾ ਰੱਖਿਆ ਜਾਵੇ ....(ਵਿਘਨ)... ਮੈਨੂੰ ਇਸ ਗੱਲ ਦਾ ਅਫਸੋਸ ਹੈ। ਸਪੀਕਰ ਸਾਹਿਬ, ਜੇਕਰ ਅਸੀਂ ਹੋਮ ਮਨਿਸਟਰ ਕੋਲ ਚਲੇ ਗਏ ਅਤੇ ਪੰਜਾਬ ਦੇ ਅਮਨ ਦੀ ਗੱਲ ਕਰਨੀ ਚਾਹੀ ਤਾਂ ਸਾਨੂੰ ਦੇਸ਼ ਧਰੋਹੀ ਕਹਿ ਦਿੰਦੇ ਹਨ ਅਤੇ ਜੇਕਰ ਪਵਿੱਤਰ ਸਥਾਨ ਦੀ ਮੰਗ ਰੱਖੀ ਤਾਂ ਦੇਸ਼ ਧਰੋਹੀ ਕਹਿ ਦਿੰਦੇ ਹਨ.....(ਵਿਘਨ)... ਪਹਿਲਾਂ ਮੈਂ ਗੱਲ ਪੂਰੀ ਕਰ ਲਵਾਂ.....

ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ (ਸ੍ਰੀ ਬਲਰਾਮਜੀ ਦਾਸ ਟੰਡਨ) : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਇਹ ਹੋਮ ਮਨਿਸਟਰ ਕੋਲ ਚਲੇ ਗਏ, ਇਸ ਤਰ੍ਹਾਂ ਨਾ ਕਹਿਣ। ਸਿਰਫ ਤਿੰਨ ਕਰੋੜ ਰੁਪਏ ਦੀ ਜੋ ਗੱਲ ਇਨ੍ਹਾਂ ਨੇ ਕੀਤੀ ਅਤੇ ਜੋ ਫਾਈਨੈਂਸ ਮਨਿਸਟਰ ਸਾਹਿਬ ਨੇ ਕਿਹਾ, ਉਨ੍ਹਾਂ ਸਾਰੀਆਂ ਗੱਲਾਂ ਦਾ ਜਵਾਬ ਦੇਣ। ਜੋ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਸਾਰੇ ਕਾਗਜ਼ ਫਰੋਲਣ ਦੇ ਬਾਵਜੂਦ ਮੈਨੂੰ ਕੋਈ ਚੀਜ਼ ਨਹੀਂ ਮਿਲੀ। ਇਹ ਉਸ ਤਿੰਨ ਕਰੋੜ ਰੁਪਏ ਬਾਰੇ ਜਵਾਬ ਦੇਣ। ਇਸ ਤਰ੍ਹਾਂ ਤਾਂ ਸਾਰੇ ਹਾਊਸ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਉਸ ਦਾ ਜਵਾਬ ਦੇਣ। ਇਹ ਕਹਿੰਦੇ ਹਨ ਕਿ ਹੋਮ ਮਨਿਸਟਰ ਕੋਲ ਚਲੇ ਗਏ ਜੋ ਲਾਅ ਐਂਡ ਆਰਡਰ ਬਾਰੇ ਗੱਲਾਂ ਕਰਦੇ ਹਨ। ਇਹ ਸਿਰਫ ਉਸ ਗੱਲ ਤੱਕ ਹੀ ਮਹਿਦੂਦ ਰਹਿਣ, ਤਾਂ ਤੇ ਸਮਝ ਆ ਸਕਦੀ ਹੈ ਪਰ ਬਾਕੀ ਦੀਆਂ ਗੱਲਾਂ ਨਾ ਕਰਨ।

ਸ੍ਰੀ ਸਪੀਕਰ : ਮੇਰੀ ਇੱਕ ਰਿਕੁਐਸਟ ਹੈ ਕਿ ਤੁਸੀਂ ਤਿੰਨ ਕਰੋੜ ਰੁਪਏ ਵਾਲੀ ਜਿਹੜੀ ਮੋਸ਼ਨ ਹੈ, ਉਸ ਸਬੰਧ ਵਿੱਚ ਜਿਹੜੀ ਗੱਲ ਕਹਿਣੀ ਹੈ, ਕਹਿ ਲਉ।

(ਇਸ ਸਮੇਂ ਮਾਨਯੋਗ ਮੈਂਬਰ, ਡਾਕਟਰ ਹਰਬੰਸ ਲਾਲ ਜੀ ਆਪਣੀ ਸੀਟ ਤੇ ਖੜ੍ਹੇ ਸਨ।)

ਸ੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਬੈਠ ਜਾਉ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਇਨ੍ਹਾਂ ਨੇ ਮਿਸਅੰਡਰਸਟੈਂਡ ਕੀਤਾ ਹੈ। ਮੈਨੂੰ ਬੜਾ ਅਫ਼ਸੋਸ ਹੈ। ਇਨ੍ਹਾਂ ਨੂੰ ਮਿਸ-ਅੰਡਰਸਟੈਂਡਿੰਗ ਹੋਈ ਹੈ। ਮੈਂ ਨਹੀਂ ਕਿਹਾ ਕਿ ਉਹ ਕੇਬਨਿਟ ਮੀਟਿੰਗ ਵਿੱਚ ਪਾਸ ਹੋਇਆ ਹੈ, ਉਹ ਤਾਂ ਸਾਡੀ ਮੰਗ ਹੈ ਕਿ ਕੇਬਨਿਟ ਮੀਟਿੰਗ ਵਿੱਚ ਇਸ ਨੂੰ ਪਾਸ ਕਰੋ। ਮੈਂ ਇਸ ਚੀਜ਼ ਦੀ ਬੇਨਤੀ ਕਰਦੀ ਹਾਂ। ਜੇਕਰ ਤੁਸੀਂ ਗਲਤ ਸਮਝੋ ਤਾਂ ਮੈਨੂੰ ਇਸ ਗੱਲ ਉੱਤੇ ਬੜਾ ਅਫ਼ਸੋਸ ਹੈ।

ਸਥਾਨਕ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ (ਸ੍ਰੀ ਬਲਰਾਮਜੀ ਦਾਸ ਟੰਡਨ) : ਮੈਂ ਕਹਿਣਾ ਚਾਹੁੰਦਾ ਹਾਂ ਕਿ ਕੀ ਸਾਰੇ ਹਾਊਸ ਨੇ ਗਲਤ ਸਮਝਿਆ ਹੈ, ਜਿਸ ਵਿੱਚ ਇਨ੍ਹਾਂ ਨੇ ਲੀਡਰ ਆਫ ਦੀ ਆਪੋਜ਼ੀਸ਼ਨ ਬੜੇ ਆਦਰਯੋਗ ਹਨ, ਇਨ੍ਹਾਂ ਨੇ ਬੜਾ ਕਲੀਅਰਲੀ ਕਿਹਾ ਹੈ ਕਿ ਅਸੀਂ ਇਸ ਦੇ ਲਈ ਤਿੰਨ ਕਰੋੜ ਰੁਪਿਆ ਰੱਖਿਆ ਹੈ ਔਰ ਇਸ ਦੇ ਉੱਤੇ ਸਾਰੇ ਡਿਪਾਰਟਮੈਂਟ ਨੂੰ ਲਗਾਇਆ ਅਤੇ ਸਾਰੀ ਰਾਤ ਬੈਠ ਕੇ ਇਹ ਕੰਮ ਕੀਤਾ। ਇਸ ਹਾਊਸ ਦੇ ਵਿੱਚ ਇਨ੍ਹਾਂ ਨੇ ਇਹ ਗੱਲ ਕਹੀ ਹੈ which is a matter of privilege. That has to be decided.

ਸ੍ਰੀ ਸਪੀਕਰ : ਮੈਂ ਤੁਹਾਨੂੰ ਦੱਸਦਾ ਹਾਂ ਕਿ ਇਨ੍ਹਾਂ ਨੇ ਇੰਟੈਨਸ਼ਨਲੀ ਹਾਊਸ ਨੂੰ ਕੋਈ ਮਿਸਲੀਡ ਨਹੀਂ ਕੀਤਾ ਹੈ। ਇਸ ਕਰਕੇ ਇਨ੍ਹਾਂ ਦੀ ਕੋਈ ਇੰਟੈਨਸ਼ਨ ਨਹੀਂ ਹੈ।

ਸਰਦਾਰ ਮਹੇਸ਼ ਇੰਦਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਜਿਸ ਦਿਨ ਐਫ. ਐਮ. ਸਾਹਿਬ ਨੇ ਰਿਪਲਾਈ ਦਿੱਤਾ ਹੈ, ਉਸ ਦਿਨ ਇਹ ਗੱਲ ਕਹੀ ਹੈ। ਇਸ ਕਰਕੇ ਇਹ ਮੈਂ ਪ੍ਰਿਵਿਲੇਜ ਮੋਸ਼ਨ ਮੂਵ ਕੀਤਾ ਹੈ। ਇਹ 17-6-1997 ਨੂੰ ਕਹੀ ਗਈ ਹੈ ਅਤੇ ਬੜੀ ਸਪੈਸੀਫਿਕ ਔਰ ਐਗਜ਼ੈਕਟ ਚੀਜ਼ ਤੇ ਸਾਡੀ ਸਰਕਾਰ ਨੇ ਤਿੰਨ ਕਰੋੜ ਰੁਪਿਆ ਦਿੱਤਾ ਹੈ ਤੇ, 1360 ਕਿਲੋਮੀਟਰ ਲੰਬਾ ਗੁਰੂ ਤੇਗ ਬਹਾਦਰ ਮਾਰਗ ਸ਼ੁਰੂ ਕਰਵਾਵਾਂਗੇ। ਇਸ ਸਬੰਧ ਵਿੱਚ ਪਿਛਲੇ ਸੀ. ਐਮ. ਸਾਹਿਬ ਦੇ ਪ੍ਰਿੰਸੀਪਲ ਸੈਕ੍ਰੇਟਰੀ ਨੇ ਕਿਹਾ ਸੀ ਕਿ ਅਸੀਂ ਫਾਈਨਾਂਸ ਮਨਿਸਟਰ, ਡਾਕਟਰ ਕੇਵਲ ਕ੍ਰਿਸ਼ਨ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ ਗਈ ਹੈ। ਇਸ ਕਰਕੇ ਮੈਂ ਇਹ ਪ੍ਰਿਵਿਲੇਜ ਮੋਸ਼ਨ ਦਿੱਤਾ ਹੈ। ਇਸ ਬਾਰੇ ਮੈਨੂੰ ਹਾਲੇ ਤੱਕ ਕੁਝ ਵੀ ਪਤਾ ਨਹੀਂ ਲੱਗਿਆ ਹੈ। ਇਸ ਲਈ ਕਿਰਪਾ ਕਰਕੇ ਇਸ ਬਾਰੇ ਸਾਨੂੰ ਕਲੈਰੀਫਿਕੇਸ਼ਨ ਦਿਤਾ ਦਿੱਤੀ ਜਾਵੇ।

ਸ੍ਰੀ ਸਪੀਕਰ : ਇਹ ਜਿਹੜੀ ਸਟੇਟਮੈਂਟ ਮੇਰੇ ਕੋਲ ਹੈ ਕਿ ਗੁਰੂ ਗੋਬਿੰਦ ਸਿੰਘ ਮਾਰਗ ਸਾਡੇ ਸਮੇਂ ਬਣਾਇਆ ਹੈ ਤੇ ਗੁਰੂ ਤੇਗ ਬਹਾਦਰ ਮਾਰਗ ਸਾਡੀ ਸਰਕਾਰ ਦੇ ਸਮੇਂ ਵਿੱਚ ਸ਼ੁਰੂ ਹੋਇਆ ਹੈ । ਫਿਰ ਜੋ ਸਾਡੇ ਸਭ ਤੋਂ ਉੱਚੇ ਧਾਰਮਕ ਅਸਥਾਨ ਸ੍ਰੀ ਹੇਮ ਕੁੰਟ ਸਾਹਿਬ ਹੈ ਜਿਸ ਦੇ ਅਸੀਂ ਸਾਰੇ ਦਰਸ਼ਨ ਕਰਨ ਲਈ ਜਾਂਦੇ ਹਾਂ, ਉਸ ਤੇ ਜਾਣ ਵਾਲੀ ਸੜਕ ਬੜੀ ਮਾੜੀ ਹੈ । ਉਥੇ ਇਸ ਕਾਰਨ ਕਈ ਹਾਦਸੇ ਵੀ ਹੁੰਦੇ ਹਨ । ਇਸ ਤੋਂ ਪਹਿਲਾਂ ਅਸੀਂ ਆਪਣੇ ਮੰਦਰਾਂ ਵਿੱਚ ਬਦਰੀ ਨਾਥ, ਕੇਦਾਰ ਨਾਥ ਜਾਂਦੇ ਹਾਂ ਤਾਂ ਉਥੇ ਤੱਕ ਤਾਂ ਬੱਸ ਚਲੀ ਜਾਂਦੀ ਹੈ ਜੋ ਇਕੋ ਇਕ ਧਾਮ ਹੈ ਜਿਥੇ ਪੈਦਲ ਜਾਣ ਵਿੱਚ ਬੜੀ ਮੁਸ਼ਕਲ ਪੇਸ਼ ਆਉਂਦੀ ਹੈ । ਜਦੋਂ ਅਸੀਂ ਇਹ ਦੇਖਿਆ ਤਾਂ ਉਸ ਵੇਲੇ ਸ਼ਰਧਾਂਜਲੀ ਦੇ ਤੌਰ ਤੇ, ਸ਼ਰਧਾ ਦੇ ਤੌਰ ਤੇ ਇਹ ਫੈਸਲਾ ਲਿਆ ਕਿ ਪੰਜਾਬ ਦੀ ਸਰਕਾਰ ਵੀ 3 ਕਰੋੜ ਰੁਪਿਆ ਇਸ ਵਿੱਚ ਬਤੌਰ ਆਪਣੀ ਸ਼ਰਧਾ ਦੇ ਇਸ ਧਾਰਮਿਕ ਅਸਥਾਨ ਲਈ ਜੋ ਸੜਕ ਹੈ, ਨੂੰ ਬਿਹਤਰ ਬਣਾਉਣ ਦੇ ਕੰਮ ਲਈ, ਦੇ ਕੇ ਕੰਮ ਸ਼ੁਰੂ ਕਰਾਏਗੀ । ਕਰਾਏਗੀ ਲਫ਼ਜ਼ ਹੈ । ਇਸ ਬਜਟ ਦੇ ਵਿੱਚ ਤਿੰਨ ਕਰੋੜ ਦਾ ਕੋਈ ਮੈਨਸ਼ਨ ਨਹੀਂ ਹੈ । ਮੈਂ ਸਾਰੀ ਕਾਪੀ ਦੇਖ ਲਈ ਹੈ ਅਤੇ ਪੜ੍ਹ ਲਈ ਹੈ, ਇਨ੍ਹਾਂ ਨੇ ਮੇਰੇ ਨਾਲ ਸੇਪਰੇਟ ਤੌਰ ਤੇ ਗੱਲ ਵੀ ਕੀਤੀ ਹੈ ਤੇ ਮੈਂ ਹੁਣ ਹਾਊਸ ਵਿੱਚ ਵੀ ਦੱਸਿਆ ਹੈ । ਇਸ ਕਰਕੇ ਇਨ੍ਹਾਂ ਦੀ ਇੰਟੈਂਨਸ਼ਨ ਇਸ ਹਾਊਸ ਨੂੰ ਮਿਸਲੀਡ ਕਰਨ ਦੀ ਨਹੀਂ ਸੀ । ਇਸ ਕਰਕੇ ਇਸ ਮਾਮਲੇ ਨੂੰ ਇੱਥੇ ਹੀ ਖਤਮ ਕੀਤਾ ਜਾਵੇ ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਗੁਰਦੁਆਰੇ ਸਾਨੂੰ ਵੀ ਪਿਆਰੇ ਹਨ,. ਇਨ੍ਹਾਂ ਨੇ ਦਸਮ ਪਾਤਸ਼ਾਹ ਦਾ ** ਲਿਆ ਹੈ ?....(ਵਿਘਨ)......

ਸ੍ਰੀ ਸਪੀਕਰ : ** ਸ਼ਬਦ ਐਕਸਪੰਜ ਕੀਤਾ ਜਾਵੇ ।

DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 1997-98—(*Resumption*)

ਕਾਮਰੇਡ ਅਜੈਬ ਸਿੰਘ ਰੌਂਤਾ (ਨਿਹਾਲ ਸਿੰਘ ਵਾਲਾ, ਐਸ. ਸੀ.) : ਮਾਨਯੋਗ ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਤੁਸੀਂ ਅੱਜ ਇਸ ਪਵਿੱਤਰ ਸਦਨ ਵਿੱਚ ਜੰਗਲਾਤ ਡਿਪਾਰਟਮੈਂਟ, ਸ਼ਡਿਊਲਡ ਕਾਸਟ ਤੇ ਬੈਕਵਰਡ ਕਲਾਸਿਜ਼ ਦੇ ਡਿਮਾਂਡਜ਼ ਤੇ ਬੋਲਣ ਲਈ ਸਮਾਂ ਦਿੱਤਾ ਹੈ । ਸਪੀਕਰ ਸਾਹਿਬ, ਮੈਂ ਸੋਸ਼ਲ ਵੈਲਫੇਅਰ ਅਤੇ ਬੈਕਵਰਡ ਕਲਾਸਿਜ਼ ਬਾਰੇ ਗੱਲ ਕਰ ਰਿਹਾ ਹਾਂ । ਸਪੀਕਰ ਸਾਹਿਬ, ਮੈਂ ਸਦਨ ਵਿੱਚ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੇਕਰ ਪੰਜਾਬ ਦੀ ਸਰਕਾਰ ਖੇਤੀ ਮਜ਼ਦੂਰਾਂ ਅਤੇ ਛੋਟੇ ਕਿਸਾਨਾਂ ਬਾਰੇ ਗੱਲਾਂ ਸੋਚਦੀ ਹੈ ਤਾਂ ਜਿਨ੍ਹਾਂ ਥਾਵਾਂ ਤੇ ਅਸੀਂ ਇਲੈਕਸ਼ਨ ਜਿੱਤੇ ਹਾਂ, ਅਸੀਂ ਆਪੋਜ਼ੀਸ਼ਨ ਵਾਲੇ ਜਿੱਤ ਕੇ ਆਏ ਹਾਂ ਉਨ੍ਹਾਂ ਦੇ ਵੋਟਰਾਂ ਅਤੇ ਸਪੋਰਟਰਾਂ ਨਾਲ ਇਸ ਤਰ੍ਹਾਂ ਦਾ ਬਿਹੇਵ ਕਿਉਂ ਕੀਤਾ ਜਾਂਦਾ ਹੈ ਕਿ ਜਦੋਂ ਸਾਡੀਆਂ ਧੀਆਂ ਭੈਣਾਂ ਬਾਹਰ ਅੰਦਰ ਜਾਂਦੀਆਂ ਹਨ ਜਾਂ ਪੱਠੇ ਲੈਣ ਜਾਂਦੀਆਂ ਹਨ ਤਾਂ......

** Expunged as ordered by the Chair.

ਇੱਕ ਆਵਾਜ਼ : ਸਪੀਕਰ ਸਾਹਿਬ, ਇਹ ਡਿਮਾਂਡ ਤੇ ਗੱਲ ਹੋ ਰਹੀ ਹੈ ? ਇਹ ਕੀ ਡਿਸਕਸ ਹੋ ਰਿਹਾ ਹੈ ?

ਕਾਮਰੇਡ ਅਜੈਬ ਸਿੰਘ ਰੌਂਤਾ : ਮੈਂ ਸਮਾਜ ਭਲਾਈ ਤੇ ਗੱਲ ਕਰ ਰਿਹਾ ਹਾਂ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਕਿਧਰੇ ਬਾਈਕਾਟ ਹੋ ਰਿਹਾ ਹੈ ਜਾਂ ਜਦੋਂ ਉਹ ਬਾਹਰ ਅੰਦਰ ਜਾਂਦੀਆਂ ਹਨ ਜਾਂ ਪੱਠੇ ਲੈਣ ਜਾਂਦੀਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਫਤਿਹਗੜ੍ਹ ਸਾਹਿਬ ਅਤੇ ਫਿਰੋਜ਼ਪੁਰ ਦੇ ਜ਼ਿਲ੍ਹਿਆਂ ਵਿੱਚ ਲੋਕਾਂ ਨੇ ਨਾਕੇਬੰਦੀਆਂ ਲਗਾਈਆਂ। 2231 ਏਕੜ ਜ਼ਮੀਨ ਲੋਕਾਂ ਤੋਂ ਜ਼ਬਰਦਸਤੀ ਲਈ ਜਾ ਰਹੀ ਹੈ। ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਇਸ ਪਾਸੇ ਵੱਲ ਧਿਆਨ ਦੇਵੇ।

ਸਪੀਕਰ ਸਾਹਿਬ, ਮੈਂ ਹੁਣ ਪੈਨਸ਼ਨਾਂ ਬਾਰੇ ਗੱਲ ਕਰਨਾ ਚਾਹੁੰਦਾ ਹਾਂ। ਇਸ ਮਸਲੇ ਤੇ ਪੰਜਾਬ ਸਰਕਾਰ ਨੇ ਬੜਾ ਵਾਵੇਲਾ ਕੀਤਾ ਕਿ ਪੰਜਾਬ ਸਰਕਾਰ ਜੋ 65 ਸਾਲ ਜਾਂ 60 ਸਾਲ ਦੇ ਬਿਰਧ ਹਨ, ਉਨ੍ਹਾਂ ਨੂੰ ਪੈਨਸ਼ਨ ਦੇਵੇਗੀ। ਹੁਣ ਗੱਲ ਹੋ ਰਹੀ ਹੈ ਕਿ ਇਸ ਵਾਸਤੇ ਸਿਰਫ 4 ਕਰੋੜ ਰੁਪਿਆ ਰੱਖਿਆ ਗਿਆ ਹੈ। ਸਪੀਕਰ ਸਾਹਿਬ, ਟੋਟਲ 1 ਲੱਖ 80 ਹਜ਼ਾਰ ਪੈਨਸ਼ਨਰ ਬਣਦੇ ਹਨ। ਜੇਕਰ ਅਸੀਂ ਗੌਰ ਕਰੀਏ ਤਾਂ ਜਿਹੜੇ ਪੁਰਾਣੀਆਂ ਪੈਨਸ਼ਨਾਂ ਪਾਉਂਦੇ ਹਨ, ਜੇਕਰ ਉਨ੍ਹਾਂ ਨੂੰ ਦੁਬਾਰਾ ਸੋਧ ਕੇ ਪੈਨਸ਼ਨਾਂ ਦੇਵਾਂਗੇ ਤਾਂ ਵੀ ਇਹ ਪੈਸਾ ਪੂਰਾ ਨਹੀਂ ਆਉਣਾ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜੋ ਕਮੇਟੀਆਂ ਬਣਾਈਆਂ ਗਈਆਂ ਹਨ, ਉਹ ਕਮੇਟੀਆਂ ਜਲਦੀ ਤੋਂ ਜਲਦੀ ਫੈਸਲਾ ਲੈਣ ਤਾਂ ਕਿ ਸਾਡੇ ਪੰਜਾਬ ਦੇ ਜੋ ਲੋਕ ਪੈਨਸ਼ਨ ਨਹੀਂ ਪਾਉਂਦੇ ਹਨ, ਉਨ੍ਹਾਂ ਨੂੰ ਪੈਨਸ਼ਨਾਂ ਜਾਰੀ ਕੀਤੀਆਂ ਜਾ ਸਕਣ ਅਤੇ ਉਹ ਰਾਹਤ ਪਾ ਸਕਣ। ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਰਨੀ ਚਾਹੁੰਦਾ ਹਾਂ। ਇਹ ਜੋ ਮਕਾਨਾਂ ਵਾਸਤੇ 50 ਹਜ਼ਾਰ ਰੁਪਏ ਦੀ ਗੱਲ ਚੱਲੀ ਹੈ। ਅੱਜ ਹਾਲਤ ਇਹ ਬਣ ਗਈ ਹੈ ਕਿ ਜੋ ਖੇਤ ਮਜ਼ਦੂਰ ਹਨ ਜਾਂ ਗਰੀਬ ਲੋਕ ਹਨ, ਜਿਨ੍ਹਾਂ ਦੇ ਆਪਣੇ ਪਹਿਲਾਂ ਛੋਟੇ ਛੋਟੇ ਘਰ ਸਨ ਅਤੇ ਜਿਨ੍ਹਾਂ ਦੇ 3-3, 4-4 ਬੱਚੇ ਹਨ, ਉਨ੍ਹਾਂ ਦੀ ਸਹਾਇਤਾ ਕਿਵੇਂ ਹੋ ਸਕੇਗੀ। ਕੀ ਇਹ ਉਨ੍ਹਾਂ ਨੂੰ ਵੀ 50-50 ਹਜ਼ਾਰ ਦੇ ਮਕਾਨ ਬਣਾ ਕੇ ਦੇਣ ਦੀ ਸਕੀਮ ਨੇਪਰੇ ਚਾੜ੍ਹਨਗੇ ? ਮੈਂ ਬੇਨਤੀ ਕਰਾਂਗਾ ਕਿ ਪੰਜਾਬ ਵਿੱਚ ਲਗਾਤਾਰ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਹੋ ਰਹੇ ਹਨ। ਇਹ ਉਨ੍ਹਾਂ ਨੂੰ ਮਕਾਨ ਕਿੱਥੇ ਬਣਾ ਕੇ ਦੇਣਗੇ। ਹਵਾ ਵਿੱਚ ਤਾਂ ਕੋਈ ਅਜਿਹੀ ਜਗ੍ਹਾ ਨਜ਼ਰ ਨਹੀਂ ਆਉਂਦੀ ਜਿੱਥੇ ਉਹ ਮਕਾਨ ਬਣਾ ਕੇ ਦੇ ਸਕਣ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਸਰਕਾਰ ਵਿਵਸਥਾ ਕਰੇ ਅਤੇ ਉਨ੍ਹਾਂ ਗਰੀਬ ਲੋਕਾਂ ਨੂੰ ਪਿੰਡਾਂ ਤੋਂ ਬਾਹਰ ਜਾਂ ਪਿੰਡਾਂ ਵਿੱਚ ਮਕਾਨ ਬਣਾ ਕੇ ਦੇਵੇ ਤਾਂ ਕਿ ਉਹ ਲੋਕ ਵੀ ਪੱਕੇ ਮਕਾਨਾਂ ਵਿੱਚ ਰਹਿ ਸਕਣ। ਫਿਰ ਮੈਂ ਗੱਲ ਕਰਨੀ ਚਾਹਾਂਗਾ ਸਮੂਹਿਕ ਲੈਟਰੀਨਾਂ ਦੀ। ਸਾਡੇ ਪਿੰਡਾਂ ਵਿੱਚ ਜੋ ਗਰੀਬ ਲੋਕ ਹਨ ਉਨ੍ਹਾਂ ਨੂੰ ਬੜੀ ਮਾੜੀ ਹਾਲਤ ਵਿੱਚੋਂ ਲੰਘਣਾ ਪੈ ਰਿਹਾ ਹੈ। ਸਾਡੀਆਂ ਧੀਆਂ-ਭੈਣਾਂ ਨੂੰ ਸਵੇਰ ਦੇ ਸਮੇਂ ਜਦੋਂ ਅੰਦਰ-ਬਾਹਰ ਜਾਣਾ ਪੈਂਦਾ ਹੈ ਤਾਂ ਉਨ੍ਹਾਂ ਦੀ ਹਾਲਤ ਦੇਖਣ ਵਾਲੀ ਹੁੰਦੀ ਹੈ। ਉਨ੍ਹਾਂ ਨੂੰ ਕਿਸਾਨਾਂ ਦੀਆਂ ਪੱਕੀਆਂ ਫਸਲਾਂ ਦਾ

[ਕਾਮਰੇਡ ਅਜੈਬ ਸਿੰਘ ਰੌਂਤਾ]

ਵੀ ਧਿਆਨ ਰੱਖਣਾ ਪੈਂਦਾ ਹੈ। ਕਿਸਾਨ ਉਨ੍ਹਾਂ ਨੂੰ ਆਪਣੇ ਖੇਤਾਂ ਵਿੱਚ ਜਾਣ ਤੋਂ ਰੋਕਦੇ ਹਨ। ਲੇਕਿਨ ਜਦੋਂ ਸਮੂਹਿਕ ਲੈਟਰੀਨਾਂ ਦੀ ਗੱਲ ਕੀਤੀ ਗਈ ਤਾਂ ਪਹਿਲਾਂ ਤਾਂ ਮਹਿਕਮੇ ਵਾਲੇ ਇਸ ਨੂੰ ਢਿੱਲ ਦਿੰਦੇ ਰਹੇ। ਫਿਰ ਕਿਹਾ ਗਿਆ ਕਿ ਇਨ੍ਹਾਂ ਦੀ ਸਫ਼ਾਈ ਦਾ ਪ੍ਰਬੰਧ ਨਹੀਂ ਹੋਣਾ। ਪਿੰਡਾਂ ਵਿੱਚ ਧੀਆਂ-ਭੈਣਾਂ ਵਾਸਤੇ ਇਨ੍ਹਾਂ ਲੈਟਰੀਨਾਂ ਦਾ ਪ੍ਰਬੰਧ ਕੀਤਾ ਜਾਵੇ, ਅਤੇ ਪਿੰਡਾਂ ਦੇ ਵਿੱਚ ਸਮੂਹਿਕ ਲੈਟਰੀਨ ਬਣਾਉਣ ਦਾ ਪਬਧ ਕੀਤਾ ਜਾਵੇ ਅਤੇ ਉਥੇ ਹੀ ਨਲਕੇ ਲਗਾ ਕੇ ਸਫਾਈ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਸਾਡੀਆਂ ਗਰੀਬ ਭੈਣਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਸਪੀਕਰ ਸਾਹਿਬ, ਇਸੇ ਤਰ੍ਹਾਂ ਆਂਗਨਵਾੜੀ ਭੈਣਾਂ ਦੀਆਂ ਤਕਲੀਫਾਂ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਇੰਟਰਵਿਊ ਦੇ ਟਾਈਮ ਕਿਸ ਤਰ੍ਹਾਂ ਆਪਣੀਆਂ ਨੌਕਰੀਆਂ ਲਈ ਪੈਸੇ ਦੇਣੇ ਪਏ। ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ....

*3-40 ਬਾਅਦ ਦੁਪਹਿਰ

(*ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਫਰੀਦਕੋਟ ਦੇ ਡੀ. ਡੀ. ਪੀ. ਓ. ਨੇ ਪੁਰਾਣੀ ਧਰਮਸ਼ਾਲਾ ਦੇ ਵਿੱਚ ਇਨ੍ਹਾਂ ਆਂਗਨਵਾੜੀ ਲੜਕੀਆਂ ਦੀ ਇੰਟਰਵਿਊ ਲਈ ਅਤੇ ਇਸ ਇੰਟਰਵਿਊ ਦੇ ਬਾਹਰ ਇਕ ਬੀਬੀ ਮੂਰਤੀ ਦੇਵੀ ਬੈਠੀ ਹੋਈ ਸੀ ਜਿਸ ਨੇ ਹੁਣ ਬਾਦਲ ਸਾਹਿਬ ਦੀ ਸਰਕਾਰ ਵੇਲੇ ਜਿਹੜੀ ਇੰਟਰਵਿਊ ਹੋਈ, ਉਸ ਵਿਚ 10-10 ਹਜ਼ਾਰ ਰੁਪਿਆ ਲਿਆ ਅਤੇ ਇਹ ਸਰਦਾਰ ਤੋਤਾ ਸਿੰਘ ਦੇ ਹਲਕੇ ਦੀ ਗੱਲ ਹੈ। ਇਨ੍ਹਾਂ ਨੂੰ ਵੀ ਪਤਾ ਹੋਵੇਗਾ।

ਸਰਦਾਰ ਤੋਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਚੂੰਕਿ ਇਨ੍ਹਾਂ ਨੇ ਮੇਰਾ ਨਾਂ ਲਿਆ ਹੈ। ਇਹ ਦੱਸਣ ਕਿ ਪੈਸੇ ਪਿਛਲੀ ਸਰਕਾਰ ਦੇ ਵੇਲੇ ਲਏ ਗਏ ਸਨ ਜਾਂ ਸਾਡੀ ਸਰਕਾਰ ਦੇ ਵੇਲੇ ਲਏ ਗਏ ਹਨ। ਇਸ ਬਾਰੇ ਤੁਸੀਂ ਹਾਊਸ ਦੀ ਕਮੇਟੀ ਬਣਾ ਦਿਓ, ਜਿਹੜੀ ਇਸ ਗੱਲ ਦੀ ਜਾਂਚ ਕਰੇ।

ਕਾਮਰੇਡ ਅਜੈਬ ਸਿੰਘ ਰੌਂਤਾ : ਡਿਪਟੀ ਸਪੀਕਰ ਸਾਹਿਬ, ਸਰਦਾਰ ਤੋਤਾ ਸਿੰਘ ਮੇਰੇ ਫੁੱਫੜ ਲਗਦੇ ਹਨ ਅਤੇ ਇਹ ਮੇਰੇ ਪਿੰਡ ਵਿਆਹੇ ਹੋਏ ਹਨ ਅਤੇ ਅਸੀਂ ਇਨ੍ਹਾਂ ਨੂੰ ਆਪਣੀ ਭੂਆ ਦਿੱਤੀ ਹੋਈ ਹੈ ਇਸ ਲਈ ਮੈਨੂੰ ਹੱਕ ਹੈ ਇਨ੍ਹਾਂ ਦਾ ਨਾਂ ਲੈਣ ਦਾ (ਹਾਸਾ)। ਡਿਪਟੀ ਸਪੀਕਰ ਸਾਹਿਬ, ਜਿਹੜੇ ਪਿਛਲੀ ਸਰਕਾਰ ਦੇ ਵੇਲੇ ਪੀਲੇ ਕਾਰਡ ਬਣਾਏ ਗਏ ਸਨ, ਉਹ ਗਰੀਬ ਲੋਕਾਂ ਦੇ ਨਹੀਂ ਬਣਾਏ ਗਏ ਬਲਕਿ ਜਿਹੜੇ ਖਾਂਦੇ ਪੀਂਦੇ ਬੰਦੇ ਸਨ ਉਨ੍ਹਾਂ ਨੇ ਬਣਵਾ ਲਏ ਅਤੇ ਅਸਲ ਬੈਨੀਫਿਸ਼ਰੀਜ਼ ਰਹਿ ਗਏ। ਇਸ ਦੀ ਇਨਕੁਆਇਰੀ ਕੀਤੀ ਜਾਵੇ ਪਰ ਇਨਕੁਆਇਰੀ ਕਰਕੇ ਕੁਝ ਲੱਭਦਾ ਨਹੀਂ। ਜਿਨ੍ਹਾਂ ਗਰੀਬ ਲੋਕਾਂ ਦੇ ਪੀਲੇ ਕਾਰਡ ਬਣੇ ਹੋਏ ਹਨ, ਉਨ੍ਹਾਂ ਨੂੰ ਕਰਜ਼ਾ ਲੈਣ ਲਈ ਫਾਰਮ ਲੈ ਕੇ ਥੱਲੇ ਤੋਂ ਉਪਰ ਤੱਕ ਭੱਜਣਾ ਪੈਂਦਾ ਹੈ ਅਤੇ ਫੇਰ ਕਰਜ਼ਾ ਮਨਜ਼ੂਰ ਹੁੰਦਾ ਹੈ ਅਤੇ ਸੈਂਕੜੇ ਰੁਪਏ ਖਰਚ ਕਰਨ ਤੋਂ ਬਾਅਦ ਲੋਨ ਸੈਂਕਸ਼ਨ ਹੁੰਦਾ ਹੈ। ਫੇਰ ਜਦ ਉਸ ਦਾ

ਕੇਸ ਬੈਂਕ ਮੈਨੇਜਰ ਕੋਲ ਲੋਨ ਲਈ ਜਾਂਦਾ ਹੈ, ਉਹ ਕਹਿੰਦਾ ਹੈ ਕਿ ਤੂੰ ਕੀ ਪੀਲਾ ਕਾਰਡ ਚੁੱਕੀ ਫਿਰਦਾ ਹੈਂ, ਕਿਸੇ ਧਨੀ ਕਿਸਾਨ ਨੂੰ ਨਾਲ ਲੈ ਕੇ ਆ ਜਿਹੜਾ ਤੇਰੀ ਗਰੰਟੀ ਪਾ ਸਕੇ । ਫੇਰ ਉਹ ਗਰੀਬ ਕਿਸਾਨ ਕਿਸੇ ਧਨਾਢ ਨੂੰ ਲੱਭਦਾ ਹੈ ਅਤੇ ਬੈਂਕ ਦਾ ਮੈਨੇਜਰ ਕਹਿੰਦਾ ਹੈ ਕਿ ਜਿਹੜੀ ਇਸ ਲੋਨ ਉਤੇ ਸਬਸਿਡੀ ਹੈ, ਉਸ ਉਤੇ ਤੇਰਾ ਕੋਈ ਹੱਕ ਨਹੀਂ ਹੈ । ਇਸ ਲਈ ਸਬਸਿਡੀ ਨੂੰ ਛੱਡੋ ਅਤੇ ਬਾਕੀ ਜਿਹੜਾ ਲੋਨ ਹੈ ਉਸ ਉਤੇ ਗਰੰਟੀ ਪਾਓ ਤੇ ਧਨਾਢ ਕਿਸਾਨ ਨਾਲ ਗੱਲ ਕਰ ਲੋ । ਸਬਸਿਡੀ ਤਾਂ ਤੇਰੀ ਮੁਆਫ ਹੈ, ਬਾਕੀ ਲੋਨ ਤੂੰ ਸਰਕਾਰ ਨੂੰ ਵਾਪਸ ਕਰਨਾ ਹੈ । ਇਹੀ ਕਾਰਨ ਹੈ ਕਿ ਅਸਲ ਰਕਮ ਗਰੀਬ ਕਿਸਾਨ ਨੂੰ ਮਿਲਦੀ ਨਹੀਂ ਹੈ ਜਿਸ ਕਰਕੇ ਉਸ ਲੋਨ ਦੇ ਨਾਲ ਉਸ ਦਾ ਕੰਮਕਾਰ ਹੁੰਦਾ ਨਹੀਂ ਹੈ ਅਤੇ ਅਸਲ ਰਕਮ ਉਸ ਤੱਕ ਪਹੁੰਚਦੀ ਹੀ ਨਹੀਂ ਹੈ । ਲੋਨ ਦਾ ਕਾਫੀ ਹਿੱਸਾ ਵਿਚੇ ਹੀ ਰਹਿ ਜਾਂਦਾ ਹੈ । ਇਸੇ ਕਾਰਨ ਹੀ ਲੋਨ ਦੀ ਰਕਮ ਵਾਪਸ ਨਹੀਂ ਹੁੰਦੀ ਅਤੇ ਨਾ ਹੀ ਕੋਈ ਇਸ ਲੋਨ ਦਾ ਅਸਲੀ ਫਾਇਦਾ ਹੁੰਦਾ ਹੈ ਅਤੇ ਅਸਲੀ ਰਕਮ ਸਰਕਾਰ ਦੀ ਡੁੱਬ ਜਾਂਦੀ ਹੈ ।ਇਨ੍ਹਾਂ ਗਰੀਬ ਪੀਲੇ ਕਾਰਡ ਵਾਲਿਆਂ ਬਾਰੇ ਸਰਕਾਰ ਨੂੰ ਕੁਝ ਧਿਆਨ ਦੇਣਾ ਚਾਹੀਦਾ ਹੈ । ਜਿਹੜੀ ਸਰਕਾਰ ਨੇ 16 ਹਜ਼ਾਰ ਰੁਪਿਆ ਸਲਾਨਾ ਆਮਦਨ ਦੀ ਹੱਦ ਰੱਖੀ ਹੈ, ਇਸ ਨੂੰ ਵਧਾਉਣ ਦੀ ਲੋੜ ਹੈ ।

ਸ੍ਰੀ ਡਿਪਟੀ ਸਪੀਕਰ : ਰੌਂਤਾ ਸਾਹਿਬ, ਜਿਹੜਾ ਤੁਹਾਡੀ ਪਾਰਟੀ ਨੂੰ ਟਾਈਮ ਅਲਾਟ ਹੋਇਆ ਸੀ, ਉਹ ਖਤਮ ਹੋ ਗਿਆ ਹੈ । ਇਸ ਲਈ ਟਾਈਮ ਦਾ ਖਿਆਲ ਰੱਖਦੇ ਹੋਏ ਤੁਸੀਂ ਹੁਣ ਵਾਈਂਡ ਅੱਪ ਕਰ ਦਿਓ ।

ਕਾਮਰੇਡ ਅਜੈਬ ਸਿੰਘ ਰੌਂਤਾ : ਬਸ, ਡਿਪਟੀ ਸਪੀਕਰ ਸਾਹਿਬ, ਤੁਸੀਂ ਮੇਰਾ ਧਿਆਨ ਟਾਈਮ ਵੱਲ ਦਿਵਾ ਦਿੱਤਾ ਹੈ । ਇਸ ਲਈ ਹੁਣ ਮੈਂ ਖੇਤੀਬਾੜੀ ਬਾਰੇ ਗੱਲ ਕਰਦਾ ਹਾਂ । ਸਾਡੇ ਪੰਜਾਬ ਦੇ ਪਿੰਡਾਂ ਵਿਚ ਲੋਕਾਂ ਦੀ ਮੁੱਖ ਟਰੇਡ ਖੇਤੀਬਾੜੀ ਹੈ ਅਤੇ ਇਸ ਟਰੇਡ ਦੇ ਵਿੱਚ ਸਾਡੇ ਪੰਜਾਬ ਦੇ ਮਿਹਨਤਕਸ਼ ਕਿਸਾਨਾਂ ਨੇ ਬੜੀ ਮਿਹਨਤ ਕਰਕੇ ਸੈਂਟਰਲ ਪੂਲ ਦੇ ਵਿੱਚ 60% ਅੰਨ ਭੰਡਾਰ ਦਾ ਹਿੱਸਾ ਦਿੱਤਾ ਹੈ ਅਤੇ ਇਤਨਾ ਅੰਨ ਭੰਡਾਰ ਦੇ ਕੇ ਪੰਜਾਬ ਦੇ ਕਿਸਾਨ ਨੇ ਪੰਜਾਬ ਦਾ ਸਿਰ ਉੱਚਾ ਕੀਤਾ ਹੈ ।

ਡਿਪਟੀ ਸਪੀਕਰ ਸਾਹਿਬ, ਆਲੂਆਂ ਦੀ, ਅੰਗੂਰਾਂ ਦੀ ਅਤੇ ਗੰਨੇ ਦੀ ਪੰਜਾਬ ਵਿਚ ਬਹੁਤ ਮਾੜੀ ਹਾਲਤ ਰਹੀ ਹੈ । ਗੰਨੇ ਵਾਸਤੇ ਜੋ ਪਰਚੀਆਂ ਕੱਟੀਆਂ ਜਾਂਦੀਆਂ ਸਨ ਪਰ ਉਨ੍ਹਾਂ ਪਰਚੀਆਂ ਵਾਲਿਆਂ ਦਾ ਮਿੱਲ ਵਾਲੇ ਗੰਨਾ ਨਹੀਂ ਲੈਂਦੇ ਸਨ ਅਤੇ ਗੰਨਾ ਕਿਸਾਨਾਂ ਦੀਆਂ ਟਰਾਲੀਆਂ ਵਿਚ ਹੀ ਸੁੱਕ ਜਾਂਦਾ ਸੀ । ਇਸਦਾ ਕਿਸਾਨ ਨੂੰ ਕੋਈ ਫਾਇਦਾ ਨਹੀਂ ਸੀ ਹੁੰਦਾ ਅਤੇ ਨਾ ਹੀ ਸਰਕਾਰ ਨੂੰ ਇਸਦਾ ਕੋਈ ਫਾਇਦਾ ਸੀ । 150 ਕਰੋੜ ਰੁਪਿਆ ਕਿਸਾਨਾਂ ਦਾ ਮਿੱਲਾਂ ਵੱਲ ਬਕਾਇਆ ਪਿਆ ਹੈ । ਸਰਕਾਰ ਨੂੰ ਇਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ । ਮੈਂ ਬੇਨਤੀ ਕਰਾਂਗਾ ਕਿ 1986 ਵਿਚ ਜਦੋਂ ਅਕਾਲੀ ਪਾਰਟੀ ਦੀ ਪੰਜਾਬ ਵਿਚ ਸਰਕਾਰ ਸੀ ਤਾਂ ਇਕ ਸਕੀਮ ਸਹਿਕਾਰੀ ਸਭਾਵਾਂ ਵਲੋਂ ਖਾਦ ਵੇਚਣ ਦੀ ਨਵੀਂ ਸਕੀਮ ਬਣਾਈ ਸੀ ਜੋ ਕਿ ਅੱਜ ਤਕ ਲਾਗੂ ਨਹੀਂ ਹੋਈ । ਖਾਦ ਖਰੀਦਣ ਵਾਸਤੇ ਇਹ

[ਕਾਮਰੇਡ ਅਜੈਬ ਸਿੰਘ ਰੋਂਤਾ]

ਕਿਸਾਨਾਂ ਲਈ ਲਾਹੇਵੰਦ ਸਕੀਮ ਸੀ ਪਰ 11 ਸਾਲ ਹੋ ਗਏ ਹਨ, ਇਹ ਅੱਜ ਤਕ ਸ਼ੁਰੂ ਨਹੀਂ ਹੋ ਸਕੀ । ਇਹ ਪੰਜਾਬ ਸਰਕਾਰ ਵਾਸਤੇ ਕਿਤਨੇ ਸ਼ਰਮ ਵਾਲੀ ਗੱਲ ਹੈ ।

Mr. Deputy Speaker: Your time is over, Please take your seat.

ਕਾਮਰੇਡ ਅਜੈਬ ਸਿੰਘ ਰੋਂਤਾ : ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਦੋ ਮਿੰਟ ਹੋਰ ਬੋਲਣ ਲਈ ਲੈਣੇ ਹਨ * * *

Mr. Deputy Speaker : No, your time is over. (Interruption) I say, Your time is over.

ਇਹ ਜੋ ਬਿਨਾਂ ਆਗਿਆ ਤੋਂ ਬੋਲ ਰਹੇ ਹਨ, ਉਹ ਐਕਸਪੰਜ ਕਰ ਦਿੱਤਾ ਜਾਵੇ ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ (ਲਹਿਰਾ) : ਡਿਪਟੀ ਸਪੀਕਰ ਸਾਹਿਬ, ਮੈਂ ਬਹੁਤ ਹੀ ਮਹੱਤਵਪੂਰਨ ਡਿਮਾਂਡ ਉਪਰ ਕੁੱਝ ਬੋਲਣ ਲਈ ਖੜ੍ਹੀ ਹੋਈ ਹਾਂ । ਸਾਰੀ ਦੁਨੀਆਂ ਜਾਣਦੀ ਹੈ ਕਿ ਕਿਸਾਨ ਬੜੀ ਹੀ ਮਿਹਨਤ, ਉੱਦਮ, ਹਿੰਮਤ ਨਾਲ ਅਤੇ ਨੰਗੇ ਪੈਰੀਂ ਸੱਪਾਂ ਦੀਆਂ ਸਿਰੀਆਂ ਮਿੱਧ ਕੇ, ਦਿਨ ਰਾਤ ਇਕ ਕਰਕੇ ਸਾਰੇ ਦੇਸ਼ ਦਾ ਪੇਟ ਭਰਨ ਵਾਸਤੇ ਅਨਾਜ ਪੈਦਾ ਕਰਦਾ ਹੈ । ਡਿਪਟੀ ਸਪੀਕਰ ਸਾਹਿਬ, ਅੱਜ ਬੜਾ ਅਫਸੋਸ ਹੈ, ਦੁੱਖ ਹੈ ਕਿ ਕਿਸਾਨਾਂ ਦੀ ਸਰਕਾਰ ਨੇ ਕੋਈ ਸਾਰ ਨਹੀਂ ਲਈ । ਮੈਂ ਇਸ ਬਾਰੇ ਕੁੱਝ ਗੱਲਾਂ ਕਰਨੀਆਂ ਚਾਹੁੰਦੀ ਹਾਂ । ਜੇਕਰ ਕਿਸਾਨਾਂ ਨੂੰ ਤਕੜੇ ਕਰਨਾ ਹੋਵੇ, ਕਿਸਾਨੀ ਤਕੜੀ ਕਰਨੀ ਹੋਵੇ ਅਤੇ ਕਿਸਾਨਾਂ ਨੂੰ ਪ੍ਰਫੁਲਿਤ ਕਰਨਾ ਹੋਵੇ ਤਾਂ ਚਾਰ ਪੰਜ ਗੱਲਾਂ ਦੀ ਜ਼ਰੂਰਤ ਹੁੰਦੀ ਹੈ । ਇਨ੍ਹਾਂ ਵਿਚੋਂ ਪਹਿਲੀ ਗੱਲ ਇਹ ਹੈ ਕਿ ਜ਼ਮੀਨ ਦਾ ਰਕਬਾ ਹੋਵੇ, ਦੂਜੀ ਗੱਲ ਇਹ ਹੈ ਕਿ ਬਿਜਲੀ ਅਤੇ ਪਾਣੀ ਪੂਰਾ ਮਿਲਦਾ ਹੋਵੇ । ਤੀਸਰੀ ਗੱਲ ਇਹ ਹੈ ਕਿ ਟੈਕਨੀਕਲੀ ਕਿਸੇ ਨਾ ਕਿਸੇ ਤਰੀਕੇ ਦੇ ਨਾਲ ਜਾਣਕਾਰੀ ਹੋਵੇ, ਉਨ੍ਹਾਂ ਨੂੰ ਮਦਦ ਹੁੰਦੀ ਹੋਵੇ ਅਤੇ ਚੌਥੀ ਗੱਲ ਇਹ ਹੈ ਕਿ ਟੈਕਸ ਦਾ ਭਾਰ ਨਾ ਪਾਇਆ ਜਾਵੇ । ਇਹ ਚਾਰ ਪੰਜ ਗੱਲਾਂ ਹੋਣ ਤਾਂ ਕਿਸਾਨ ਪ੍ਰਫੁਲਤ ਹੁੰਦਾ ਹੈ । ਸਾਹਮਣੇ ਬੈਠੇ ਭਰਾ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਸ਼ੁਰੂ ਤੋਂ ਲੈ ਕੇ ਅੱਜ ਤੱਕ ਕਿਸਾਨਾਂ ਦੇ ਠੇਕੇਦਾਰ ਬਣਦੇ ਹਨ ਅਤੇ ਇਨ੍ਹਾਂ ਨੂੰ ਕਈ ਵਾਰ ਮੌਕਾ ਵੀ ਮਿਲਿਆ ਹੈ । ਡਿਪਟੀ ਸਪੀਕਰ ਸਾਹਿਬ, ਪੰਜਾਬੀ ਸੂਬੇ ਲਈ ਸਾਹਮਣੇ ਬੈਠੇ ਭਰਾਵਾਂ ਨੇ ਮੋਰਚਾ ਲਗਾਇਆ ਅਤੇ ਬਹੁਤ ਗਿਣਤੀ ਵਿਚ ਇਹ ਭਰਾ ਇਕੱਠੇ ਹੋਏ । ਅਕਾਲੀ ਦਲ ਨੇ ਮੋਰਚਾ ਲਾਇਆ ਪਰ ਇਹ ਕਿਸਾਨਾਂ ਲਈ ਸੀਰੀਅਸ ਨਹੀਂ ਹਨ । ਜਦੋਂ ਕਮਿਸ਼ਨ ਆਇਆਂ ਤਾਂ ਇਹ ਪੇਸ਼ ਨਹੀਂ ਹੋਏ ਬਲਕਿ ਇਹ ਲੰਡਨ ਦੀਆਂ ਠੰਡੀਆਂ ਸੜਕਾਂ ਤੇ ਘੁੰਮਦੇ ਸਨ । ਸਾਡੇ ਕਿਸਾਨਾਂ ਦੀ ਜ਼ਮੀਨ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਚਲੀ ਗਈ ਅਤੇ ਇਕ ਛੋਟਾ ਜਿਹਾ ਪੰਜਾਬੀ ਸੂਬਾ ਬਣ ਗਿਆ । ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਦੇ ਨਾਲ ਧੱਕਾ ਹੋਇਆ । ਡਿਪਟੀ ਸਪੀਕਰ ਸਾਹਿਬ, ਮੈਨੂੰ

**Expunged as ordered by the Chair.

ਬਹੁਤ ਅਫਸੋਸ ਹੈ ਕਿ ਇਹ ਕਿਸਾਨਾਂ ਦੀ ਮਦਦ ਕਰਨ ਦਾ ਨਾਅਰਾ ਮਾਰਦੇ ਹਨ ਕਿ ਅਸੀਂ ਮਦਦ ਕਰਦੇ ਹਾਂ । ਉਸ ਜ਼ਮੀਨ ਦੇ ਰਕਬੇ ਬਾਰੇ ਪੰਜਾਬ ਸਰਕਾਰ ਵੱਲੋਂ ਕੋਈ ਕਦਮ ਨਹੀਂ ਚੁੱਕਿਆ ਗਿਆ ਔਰ ਜਿਹੜੀ ਇਹ ਮਾੜੀ ਮੋਟੀ ਜ਼ਮੀਨ ਰਹਿੰਦੀ ਹੈ ਉਸਦੀ ਨਿਲਾਮੀ ਕਰਨ ਵਾਸਤੇ ਕਿਹਾ ਗਿਆ ਹੈ । ਚੰਗਾ ਹੁੰਦਾ ਜੇ ਇਹ ਜ਼ਮੀਨ ਛੋਟੇ ਕਿਸਾਨਾਂ ਨੂੰ, ਬੇਜ਼ਮੀਨੇ ਕਿਸਾਨ ਨੂੰ, ਗਰੀਬ ਮਜ਼ਦੂਰ ਨੂੰ ਵਾਹੀ ਹਿਤ ਬਣਾ ਕੇ ਦਿੱਤੀ ਜਾਂਦੀ । ਅੱਗੇ ਮੇਰੇ ਭਰਾ ਗੱਲ ਕਰਦੇ ਹਨ ਕਿ ਕਾਂਗਰਸ ਨੇ ਕੁੱਝ ਨਹੀਂ ਕੀਤਾ । ਕਾਂਗਰਸ ਪਾਰਟੀ ਦੇ ਸਮੇਂ ਵਿਚ ਜਦੋਂ ਸਾਡੀ ਸਰਕਾਰ ਸੀ, ਡਿਪਟੀ ਸਪੀਕਰ ਸਾਹਿਬ, ਮੈਂ ਪੂਰਾ ਡੈਲੀਗੇਸ਼ਨ ਲੈ ਕੇ ਦਿੱਲੀ ਗਈ ਅਤੇ ਭਾਰਤ ਦੇ ਖੇਤੀਬਾੜੀ ਮੰਤਰੀ ਨੂੰ ਮਿਲੀ । ਇਸ ਗੱਲੋਂ ਇਹ ਸਾਡੇ ਨਾਲ ਨਾਰਾਜ਼ ਹੋ ਜਾਂਦੇ ਹਨ ਜੇ ਅਸੀਂ ਖੇਤੀਬਾੜੀ ਮੰਤਰੀ ਅਤੇ ਭਾਰਤ ਸਰਕਾਰ ਦੇ ਹੋਮ ਮਨਿਸਟਰ ਨੂੰ ਮਿਲ ਲਈਏ, ਇਹ ਇਸ ਗੱਲ ਨੂੰ ਬੁਰਾ ਸਮਝਦੇ ਹਨ । ਜੇ ਅਸੀਂ ਮਿਲ ਲਈਏ ਤਾਂ ਮਾੜਾ ਅਤੇ ਜੇ ਇਹ ਮਿਲ ਲੈਣ ਤਾਂ ਕੋਈ ਗੱਲ ਨਹੀਂ । ਇਹ ਇਸ ਗੱਲ ਨੂੰ ਸਮਝਦੇ ਨਹੀਂ ਕਿ ਅਸੀਂ ਐਗਰੀਕਲਚਰਲ ਮਨਿਸਟਰ ਕੋਲ ਕਿਉਂ ਗਏ ਸੀ, ਕਿਉਂਕਿ ਸਾਨੂੰ ਲੋੜ ਸੀ, ਪੰਜਾਬ ਨੂੰ ਲੋੜ ਸੀ । ਮੈਂ ਤਾਂ ਇਨ੍ਹਾਂ ਨੂੰ ਵੀ ਕਹਿੰਦੀ ਹਾਂ ਕਿ ਤੁਸੀਂ ਵੀ ਜਾਓ, ਉਥੇ ਸੰਵਿਧਾਨ ਪਾੜਨ ਵਾਲਿਆਂ ਦੀ ਗੌਰਮਿੰਟ ਨਹੀਂ ਹੈ, ਸੰਵਿਧਾਨ ਨੂੰ ਮੰਨਣ ਵਾਲਿਆਂ ਦੀ ਸਰਕਾਰ ਹੈ, ਉਹ ਤੁਹਾਡੀ ਗੱਲ ਸੁਣਨ ਵਾਲੀ ਸਰਕਾਰ ਹੈ । ਤੁਹਾਡੀਆਂ ਮੰਗਾਂ ਮੰਨਣ ਵਾਲੀ ਸਰਕਾਰ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਮੰਗ ਪੱਤਰ ਲੈ ਕੇ ਗਈ ਸੀ ਕਿ ਜਿੰਨੀ ਵੀ ਸਾਡੇ ਪੰਜਾਬ ਦੀ ਬੰਜਰ ਜ਼ਮੀਨ ਪਈ ਹੈ, ਉਹ ਸਾਰੀ ਅਸੀਂ ਖੇਤੀ ਯੋਗ ਬਣਾ ਸਕੀਏ । ਅਸੀਂ ਪੂਰੇ ਦੇਸ਼ ਨੂੰ ਅਨਾਜ ਦਿੰਦੇ ਹਾਂ । ਮਾੜੀ ਮੋਟੀ ਕਣਕ ਯੂ.ਪੀ., ਹਰਿਆਣਾ ਵਿਚੋਂ ਆਉਂਦੀ ਹੈ । ਉਹ ਸਾਰੀ ਡਿਮਾਂਡ ਇਕੱਲਾ ਪੰਜਾਬ ਹੀ ਪੂਰੀ ਕਰੇਗਾ ਜੇ ਅਸੀਂ ਪੰਜਾਬ ਦੇ ਕਿਸਾਨ ਨੂੰ ਪੂਰੀ ਬਿਜਲੀ, ਪੂਰਾ ਮੁੱਲ ਅਤੇ ਪੂਰੀ ਜ਼ਮੀਨ ਵਾਹੀ ਯੋਗ ਬਣਾਕੇ ਦੇਈਏ । ਮੈਂ ਕੋਈ ਗੁਨਾਹ ਕੀਤਾ ਹੈ, ਕਹਿੰਦੇ ਹਨ ਕਿ ਦਿੱਲੀ ਕਿਉਂ ਗਏ । ਮੈਂ ਪੁੱਛਣਾ ਚਾਹੁੰਦੀ ਹਾਂ ਕਿ ਤੁਸੀਂ ਤਾਂ ਭਾਰਤ ਦੇ ਸੰਵਿਧਾਨ ਦੇ ਪੰਨੇ ਪਾੜ ਕੇ ਕਲਿੰਟਨ ਨੂੰ ਮਿਲੋ, ਅਮਰੀਕਾ ਦੀ ਅੰਬੈਸੀ ਨੂੰ ਮਿਲੋ ਅਤੇ ਕਿਸਾਨਾਂ ਨੂੰ ਨਾਫੁਰਮਾਨੀ ਜਾਰੀ ਕਰਨ ਵਾਸਤੇ ਕਹੋ ਕਿ ਬਿਲ ਨਾ ਦਿਉ (ਵਿਘਨ) ਇਹ ਕਿਸਾਨਾਂ ਦੀ ਗੱਲ ਕਰਦੇ ਹਨ ਪਰ ਉਨ੍ਹਾਂ ਦੇ ਭਲੇ ਵਾਸਤੇ ਕੁੱਝ ਕਰਨ ਦੀ ਗੱਲ ਨਹੀਂ ਕਰਦੇ . . (ਵਿਘਨ)

ਸ੍ਰੀ ਡਿਪਟੀ ਸਪੀਕਰ : ਭੈਣ ਜੀ, ਤੁਸੀਂ ਐਗਰੀਕਲਚਰ ਤੇ ਬੋਲੋ ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਦੂਜੀ ਗੱਲ ਆ ਜਾਂਦੀ ਹੈ ਬਿਜਲੀ ਦੀ ਅਤੇ ਪਾਣੀ ਦੀ . (ਵਿਘਨ) (ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ)

ਹੁਣ ਤੁਸੀਂ ਸੁਣ ਲਓ, ਜ਼ਰਾ ਜੁਰੱਅਤ ਰੱਖਿਆ ਕਰੋ, ਸੁਣਨ ਵਾਸਤੇ . (ਵਿਘਨ)

ਸੰਸਦੀ ਮਾਮਲਿਆਂ ਦੇ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਮੰਗਾਂ ਬਾਰੇ ਬੋਲਣਾ ਚਾਹੀਦਾ ਹੈ ।

ਸ਼੍ਰੀ ਡਿਪਟੀ ਸਪੀਕਰ : ਮੈਂ ਆਲਰੇਡੀ ਕਹਿ ਦਿੱਤਾ ਹੈ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਾਡੀ ਗੱਲ ਵੀ ਸੁਣਨ ਵਾਸਤੇ ਤਿਆਰ ਰਿਹਾ ਕਰਨ . . (ਵਿਘਨ)

ਸੰਸਦੀ ਮਾਮਲਿਆਂ ਦੇ ਮੰਤਰੀ : ਸੁਣਨ ਵਾਸਤੇ ਬੈਠੇ ਹਾਂ, ਮੈਡਮ । ਡਿਪਟੀ ਸਪੀਕਰ ਸਾਹਿਬ, ਅਸੀਂ ਸਮਾਜ ਭਲਾਈ, ਅਨੁਸੂਚਿਤ ਜਾਤੀਆਂ ਦੀ ਭਲਾਈ, ਖੇਤੀਬਾੜੀ ਅਤੇ ਫਾਰੇਸਟ, ਇਨ੍ਹਾਂ ਚਾਰ ਮੰਗਾਂ ਤੇ ਬਹਿਸ ਕਰ ਰਹੇ ਹਾਂ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਮੈਂ ਖੇਤੀਬਾੜੀ ਦੀ ਹੀ ਗੱਲ ਕਰ ਰਹੀ ਹਾਂ . . (ਵਿਘਨ)

ਸ਼੍ਰੀ ਡਿਪਟੀ ਸਪੀਕਰ : ਚੰਗਾ ਹੋਵੇ ਜੇ ਅਸੀਂ ਸਾਰੇ ਸੁਣਨ ਦੀ ਰੇਚਲ ਕਰੀਏ ।

ਸੰਸਦੀ ਮਾਮਲਿਆਂ ਦੇ ਮੰਤਰੀ : ਡਿਪਟੀ ਸਪੀਕਰ ਸਾਹਿਬ, ਅਸੀਂ ਹਮੇਸ਼ਾਂ ਆਪੋਜ਼ੀਸ਼ਨ ਦੇ ਲੀਡਰ ਦਾ ਸਤਿਕਾਰ ਕਰਦੇ ਹਾਂ ਅਤੇ ਪਹਿਲਾਂ ਵੀ ਕਰਦੇ ਸੀ, ਹੁਣ ਵੀ ਕਰਦੇ ਹਾਂ ਪਰ ਇਹ ਪਤਾ ਨਹੀਂ ਖੇਤੀਬਾੜੀ ਤੋਂ ਚਲਦੇ ਚਲਦੇ ਆਫ ਦਿ ਟਰੈਕ ਚਲ ਪਏ । ਮੈਂ ਬੇਨਤੀ ਕਰਾਂਗਾ ਕਿ ਅਸੀਂ ਮੰਗਾਂ ਤੇ ਬਹਿਸ ਕਰਨ ਬੈਠੇ ਹਾਂ ਅਤੇ ਆਪਾਂ ਮੰਗਾਂ ਤੇ ਹੀ ਬਹਿਸ ਕਰੀਏ, ਖੇਤੀਬਾੜੀ ਨੂੰ ਉੱਨਤ ਕਿਸ ਤਰ੍ਹਾਂ ਕਰਨਾ ਹੈ, ਉਸ ਬਾਰੇ ਬਹਿਸ ਕਰੀਏ ਨਾ ਕਿ ਹੋਮ ਅਤੇ ਲਾਅ ਐਂਡ ਆਰਡਰ ਦੀ ਗੱਲ ਕਰਨ ਲੱਗ ਜਾਈਏ । ਉਨ੍ਹਾਂ ਤੇ ਡਿਸਕਸ਼ਨ ਹੋ ਚੁੱਕੀ ਹੈ । ਪੰਜਾਬੀ ਸੂਬਾ ਕਿਸਨੇ ਬਣਾਇਆ, ਕਿਉਂ ਬਣਾਇਆ, ਜੋ ਹੋ ਚੁੱਕਾ ਹੈ, ਉਸ ਨੂੰ ਕਿਉਂ ਦੁਹਰਾਈਏ । ਹੁਣ ਜੋ ਬਣ ਗਿਆ, ਉਸ ਦੇ ਵਿਕਾਸ ਦੀ ਗੱਲ ਕਰੀਏ । ਜਿਸ ਨੇ ਵੀ ਬਣਾਇਆ, ਬਣ ਗਿਆ । ਇਹ ਕਿਉਂ ਬਣਿਆ, ਇਸ ਬਹਿਸ ਵਿਚ ਕਿਉਂ ਜਾਈਏ । ਬਾਕੀ ਗੱਲਾਂ ਕਰਨ ਦੀ ਕੀ ਲੋੜ ਹੈ, ਇਹ ਫਿਰ ਦੋਨੋਂ ਪਾਸੇ ਛਿੜ ਜਾਣਗੀਆਂ ਅਤੇ ਹੈਲਦੀ ਡਿਸਕਸ਼ਨ ਨਹੀਂ ਹੋ ਸਕੇਗੀ । I request the Hon'ble Deputy Speaker to draw the attention of Opposition Leader that she should confine her speech to these subjects.

ਸ਼੍ਰੀ ਡਿਪਟੀ ਸਪੀਕਰ : ਹਾਂ ਜੀ, ਭੱਠਲ ਜੀ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਡਿਪਟੀ ਸਪੀਕਰ ਸਾਹਿਬ, ਇਹ ਟਾਈਮ ਇਨ੍ਹਾਂ ਦਾ ਹੀ ਕੱਟਿਆ ਜਾਵੇ, । ਮੈਂ ਤਾਂ 5-00 ਵਜੇ ਤੋਂ ਬਾਅਦ ਤੱਕ ਵੀ ਬੋਲੀ ਜਾਵਾਂਗੀ । ਮੈਂ ਜੋ ਦਸਿਆ ਹੈ ਉਸਦਾ ਖੇਤੀ ਨਾਲ ਹੀ ਤਾਅਲੁੱਕ ਹੈ ਪਰ ਗੱਲ ਇਨ੍ਹਾਂ ਨੂੰ ਸਮਝ ਨਹੀਂ ਆਈ । ਜਿਹੜੀ ਜ਼ਮੀਨ ਉਨ੍ਹਾਂ ਦੋਹਾਂ ਸੂਬਿਆਂ ਵਿਚ ਚਲੀ ਗਈ, ਉਹ ਕਿਸ ਦੇ ਨਾਲ ਤਾਅਲੁੱਕ ਰਖਦੀ ਹੈ, ਉਹ ਕਿਸਾਨਾਂ ਨਾਲ ਹੀ ਤਾਅਲੁੱਕ ਰਖਦੀ ਹੈ । ਅੱਗੇ ਇਨ੍ਹਾਂ ਨੇ ਪਾਣੀ ਦੀ, ਬਿਜਲੀ ਦੀ ਗੱਲ ਕੀਤੀ ਅਤੇ ਕਿਹਾ ਕਿ ਕਾਂਗਰਸ ਨੇ ਕੁੱਛ ਨਹੀਂ ਕੀਤਾ । 40 ਸਾਲ ਤੋਂ ਕਾਂਗਰਸ ਪਾਰਟੀ ਰਾਜ ਕਰਦੀ ਆ ਰਹੀ ਹੈ । ਪਹਿਲਾਂ ਮੁਲਕ ਵਿਚ ਜਿੱਥੇ ਸੂਈ ਨਹੀਂ ਸੀ ਬਣਦੀ ਉਥੇ ਅੱਜ ਰੇਲਾਂ ਅਤੇ ਜਹਾਜ਼ ਤੱਕ ਬਣ ਰਹੇ ਹਨ । ਇਹ 50 ਸਾਲ ਦੀ ਗੱਲ ਹੈ । ਇਹ ਭੁੱਲ ਰਹੇ ਹਨ ਕਿ 20-12-56 ਨੂੰ ਸਰਦਾਰ ਪ੍ਰਤਾਪ ਸਿੰਘ ਕੈਰੋਂ ਜਦੋਂ

ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਪੰਜਾਬ ਦੀ ਖੇਤੀਬਾੜੀ ਯੂਨੀਵਰਸਿਟੀ ਬਣਵਾਈ ਜਿਹੜੀ ਕਿ ਅੱਜ ਪੰਜਾਬ ਦੇ ਕਿਸਾਨ ਲਈ ਆਈਨਾ ਹੈ । ਇਹ ਕਾਂਗਰਸ ਦੇ ਰਾਜ ਵਿਚ ਹੋਇਆ, ਇਹ ਇਨ੍ਹਾਂ ਦੇ ਰਾਜ ਵਿਚ ਨਹੀਂ ਹੋਇਆ । ਅੱਗੇ ਭਾਖੜਾ ਡੈਮ 1963 ਵਿਚ ਕਿਸ ਨੇ ਬਣਾਇਆ ? ਇਹ ਇਨ੍ਹਾਂ ਨੂੰ ਨਜ਼ਰ ਨਹੀਂ ਆਇਆ ਅਤੇ ਕਹਿੰਦੇ ਹਨ ਕਿ ਕਾਂਗਰਸ ਨੇ ਕੁਝ ਨਹੀਂ ਕੀਤਾ । ਇਡੀਆਂ ਵੱਡੀਆਂ ਵੱਡੀਆਂ ਗੱਲਾਂ ਪੰਜਾਬ ਵਿਚ ਹੋਈਆਂ ਜਿਹੜੀਆਂ ਮੇਰੇ ਭਰਾਵਾਂ ਨੂੰ ਨਜ਼ਰ ਹੀ ਨਹੀਂ ਆਈਆਂ । ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਸਾਹਮਣੇ ਪਈ ਗੱਲ ਨੂੰ ਇਹ ਅਣਸੁਣਿਆ ਅਤੇ ਅਣਦੇਖਿਆ ਕਿਉਂ ਕਰਦੇ ਹਨ । ਭਾਖੜਾ ਡੈਮ ਨਾ ਬਣਿਆ ਹੁੰਦਾ ਤਾਂ ਅੱਜ ਬਿਜਲੀ ਦੀਆਂ ਗੱਲਾਂ ਵੀ ਨਾ ਹੁੰਦੀਆਂ । ਥੀਨ ਡੈਮ ਹੋਵੇ ਜਾਂ ਥਰਮਲ ਪਲਾਂਟ ਹੋਣ, ਅੱਜ ਕਿੰਨੇ ਇਹ ਬਣੇ ਹੋਏ ਹਨ, ਵੇਖ ਲਓ । ਜੇਕਰ ਮੈਂ ਸਾਰਿਆਂ ਦੇ ਬਾਰੇ ਦੱਸਣ ਲੱਗ ਜਾਵਾਂ ਤਾਂ ਮੇਰਾ ਕਾਫੀ ਸਮਾਂ ਲੱਗ ਜਾਵੇਗਾ । ਇਨ੍ਹਾਂ ਭਰਾਵਾਂ ਨੇ ਬੜੀ ਅੱਛੀ ਗੱਲ ਕੀਤੀ ਕਿ ਨਹਿਰ ਦਾ ਪਾਣੀ ਜਿਸ ਦੀ ਬੂੰਦ-ਬੂੰਦ ਨੂੰ ਕਿਸਾਨ ਤਰਸਦਾ ਹੈ, ਵੇਚ ਦਿੱਤਾ । ਕਾਂਗਰਸ ਨੇ ਹਰੇਕ ਪਲੇਟਫਾਰਮ ਤੋਂ ਪਾਣੀ ਦੀ ਰਾਖੀ ਕੀਤੀ । ਕਾਂਗਰਸ ਨੇ ਸਰਕਾਰ ਦੇ ਪਲੇਟਫਾਰਮ ਤੋਂ ਵੀ ਬਾਰ ਬਾਰ ਮੀਟਿੰਗਾਂ ਕੀਤੀਆਂ ਅਤੇ ਪਾਣੀ ਦੇਣਾ ਮੰਨਿਆ ਨਹੀਂ । ਸਾਨੂੰ ਤਾਂ ਦਿੱਲੀ ਵਾਲਿਆਂ ਤੋਂ ਡਰ ਹੋ ਸਕਦਾ ਹੈ ਲੇਕਿਨ ਤੁਹਾਨੂੰ ਕਿਸ ਦਾ ਡਰ ਸੀ । ਚਿਹਰੇ ਰੂਹਾਨੀ ਮੀਟਿੰਗਾਂ ਤੂਫਾਨੀ ਅਤੇ ਅੰਮ੍ਰਿਤਸਰ ਰਾਜਧਾਨੀ, ਇਹ ਤੁਹਾਡਾ ਹਾਲ ਸੀ । ਅੱਜ ਉਹ ਰੂਹਾਨੀ ਚਿਹਰੇ ਕਿਥੇ ਗਏ । ਤੂਫਾਨੀ ਦੌਰੇ ਕਿਥੇ ਗਏ । ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੀ ਰਾਜਧਾਨੀ ਨੂੰ ਅੰਮ੍ਰਿਤਸਰ ਤੋਂ ਇਥੋਂ ਲੈ ਆਏ । (ਵਿਘਨ)

ਸਰਦਾਰ ਮਨਜੀਤ ਸਿੰਘ ਕਲਕੱਤਾ : ਡਿਪਟੀ ਸਪੀਕਰ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਫਤਰ ਉਥੇ ਹੀ ਹੈ । ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ, ਇਹ ਦੋ ਅਲੱਗ ਅਲੱਗ ਚੀਜ਼ਾਂ ਹਨ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਉਦੋਂ ਮੱਥਾ ਟਿਕਦਾ ਸੀ ਕੁੱਲ 12 ਰੁਪਏ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਹੁਣ ਸੁਣਨ ਵਿਚ ਤਕਲੀਫ ਕਿਉਂ ਹੁੰਦੀ ਹੈ । ਇਹ ਸੱਚੀਆਂ ਗੱਲਾਂ ਹਨ ਅਤੇ ਸਾਰਾ ਪੰਜਾਬ ਇਹ ਗੱਲ ਜਾਣਦਾ ਹੈ । ਮੇਰੀ ਬੇਨਤੀ ਹੈ ਕਿ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਤਾਂ ਕੋਈ ਡਰ ਨਹੀਂ ਸੀ । ਸਾਨੂੰ ਉਪਰ ਵਾਲਿਆਂ ਦਾ ਡਰ ਹੋਵੇਗਾ ਪਰ ਇਨ੍ਹਾਂ ਨੂੰ ਕਿਸ ਦਾ ਡਰ ਸੀ । ਇਨ੍ਹਾਂ ਨੇ ਖੁਸ਼ੀ ਦੇ ਨਾਲ ਪੈਸਾ ਲੈ ਕੇ ਹਰਿਆਣੇ ਨੂੰ ਪਾਣੀ ਵੇਚਿਆ ਅਤੇ ਐਸ.ਵਾਈ.ਐਲ. ਬਣਾਉਣ ਦਾ ਰਸਤਾ ਖੋਲਿਆ । ਅੱਜ ਇਹ ਕਿਸਾਨੀ ਦੀਆਂ ਗੱਲਾਂ ਕਰਦੇ ਹਨ । ਇਹ ਸਾਰੀਆਂ ਚੀਜ਼ਾਂ ਕਿਨ੍ਹਾਂ ਦੇ ਸਮੇਂ ਵਿਚ ਹੋਈਆਂ । ਇਹ ਕਪੂਰੀ ਦਾ ਮੋਰਚਾ ਲੱਗਿਆ । (ਸ਼ੋਰ)

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਐਸ.ਵਾਈ.ਐਲ. ਦਾ ਉਦੋਂ ਨੀਂਹ-ਪੱਥਰ ਰੱਖਿਆ ਗਿਆ ਸੀ, ਇਹ ਕਿਸ ਨੇ ਰੱਖਿਆ ਸੀ । ਬੀਬੀ ਜੀ ਆਪ ਵੀ ਅਤੇ ਜਗਮੀਤ ਬਰਾੜ ਵੀ ਉਦੋਂ ਹਾਜ਼ਰ ਸਨ ਜਦੋਂ ਨੀਂਹ-ਪੱਥਰ ਰੱਖਿਆ ਗਿਆ ਸੀ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਜਦ ਤੁਸੀਂ ਪੈਸੇ ਲੈਕੇ ਜੇਬ ਵਿਚ ਪਾਏ ਸੀ ਤਾਂ ਫਿਰ ਨੀਂਹ-ਪੱਥਰ ਤਾਂ ਰੱਖਣਾ ਹੀ ਪੈਣਾ ਸੀ । ਗਲਤੀ ਇਹ ਕਰਨ ਅਤੇ ਲੜੀਏ ਅਸੀਂ, ਕਿੰਨੀ ਅਜੀਬ ਗੱਲ ਹੈ। ਕਿਸਾਨ ਦਾ ਪਾਣੀ ਵੇਚ ਕੇ ਫੇਰ ਇਨ੍ਹਾਂ ਨੇ ਕਪੂਰੀ ਦਾ ਮੋਰਚਾ ਲਾਇਆ ਪਰ ਉਹ ਮੋਰਚਾ ਫੇਲ੍ਹ ਹੋ ਗਿਆ । ਕਿਉਂ ਫੇਲ੍ਹ ਹੋ ਗਿਆ, ਕਿਉਂਕਿ ਪੰਜਾਬ ਦਾ ਕਿਸਾਨ ਸਮਝਦਾ ਸੀ ਕਿ ਇਨ੍ਹਾਂ ਨੇ ਸਾਡੇ ਨਾਲ ਫੇਰ ਪੰਜਾਬੀ ਸੂਬੇ ਦੇ ਮੋਰਚੇ ਵਾਲੀ ਗੱਲ ਕਰਨੀ ਹੈ । ਉਹ ਮੋਰਚਾ ਫੇਲ੍ਹ ਹੋ ਗਿਆ । ਮੈਨੂੰ ਇਸ ਗੱਲ ਦਾ ਬੜਾ ਅਫਸੋਸ ਹੈ ਕਿ ਇਹ ਗੱਲਾਂ ਤਾਂ ਬੜੀਆਂ ਕਰਦੇ ਹਨ . (ਵਿਘਨ)

ਮਾਸਟਰ ਮੋਹਨ ਲਾਲ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਮੋਹਤਰਿਮਾ ਲੀਡਰ ਆਫ ਦੀ ਆਪੋਜ਼ੀਸ਼ਨ ਫਰਮਾ ਰਹੇ ਹਨ ਕਿ ਅਸੀਂ ਪਾਣੀ ਵੇਚ ਦਿੱਤਾ । ਮੈਂ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਮਾਣਕ ਤੁਲੀ ਨੇ ਇਕ ਕਿਤਾਬ ਲਿਖੀ ਸੀ, ਉਹ ਕਿਤਾਬ ਇਨ੍ਹਾਂ ਨੂੰ ਪੜ੍ਹਨੀ ਚਾਹੀਦੀ ਹੈ । ਉਸ ਵਿਚ ਉਸ ਨੇ ਲਿਖਿਆ ਹੈ ਕਿ ਜਦੋਂ ਦਰਬਾਰਾ ਸਿੰਘ ਮੁੱਖ ਮੰਤਰੀ ਸਨ ਤਾਂ ਉਦੋਂ ਸਰਦਾਰ ਪ੍ਰਕਾਸ਼ ਬਾਦਲ ਨੇ ਸੁਪਰੀਮ ਕੋਰਟ ਵਿਚ ਕੇਸ ਕੀਤਾ ਹੋਇਆ ਸੀ ਕਿ ਪਾਣੀ ਦੇ ਉਪਰ ਹੱਕ ਸਾਡਾ ਪੰਜਾਬ ਦਾ ਹੈ। ਉਹ ਕਿਤਾਬ ਪੜ੍ਹਨੀ ਚਾਹੀਦੀ ਹੈ । ਉਸ ਵਿਚ ਉਸ ਨੇ "ਰੈਕਲੈਸ" ਲਫਜ਼ ਲਿਖੇ ਹਨ । ਦਰਬਾਰਾ ਸਿੰਘ ਨੂੰ ਜਦੋਂ ਇੰਦਰਾ ਗਾਂਧੀ ਨੇ ਇਕੋ ਹੀ ਭਬਕੀ ਮਾਰੀ ਤਾਂ ਉਸ ਨੇ ਸੁਪਰੀਮ ਕੋਰਟ ਵਿਚੋਂ ਕੇਸ ਵਾਪਿਸ ਲੈ ਲਿਆ । ਇਹ ਸਾਰਾ ਕੁਝ ਰਿਕਾਰਡ ਤੇ ਹੈ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਡਬਲ ਚਿਹਰੇ ਲਾ ਲਏ ਸਨ । ਇਹ ਅੱਖਾਂ ਨੂੰ ਥੁੱਕ ਲਾ ਕੇ ਰੋਣਾ ਚਾਹੁੰਦੇ ਸਨ । ਇਕ ਪਾਸੇ ਇਹ ਸੁਪਰੀਮ ਕੋਰਟ ਵਿਚ ਜਾਂਦੇ ਹਨ ਅਤੇ ਦੂਜੇ ਪਾਸੇ ਪਾਣੀ ਵੇਚ ਕੇ ਪੈਸਿਆਂ ਨਾਲ ਜੇਬਾਂ ਭਰਦੇ ਹਨ । ਅਸੀਂ ਤਾਂ ਕੋਈ ਪੈਸਾ ਨਹੀਂ ਲਿਆ । ਇਸ ਕਰਕੇ ਇਨ੍ਹਾਂ ਦੇ ਇਹ ਜਿਹੜੇ ਡਬਲ ਚਿਹਰੇ ਹਨ. ਉਨ੍ਹਾਂ ਬਾਰੇ ਲੋਕਾਂ ਨੂੰ ਪਤਾ ਲੱਗ ਗਿਆ ਹੈ । ਪੰਜਾਬ ਦੀ ਕਿਸਾਨੀ ਨੂੰ ਪਤਾ ਲੱਗ ਗਿਆ । ਕਦੀ ਉਨ੍ਹਾਂ ਨੇ ਨਰਮਾ ਫੂਕਿਆ ਅਤੇ ਕਦੀ ਗੰਨਾ ਫੂਕਿਆ । ਇਹ ਸਾਰਾ ਕੁਝ ਇਨ੍ਹਾਂ ਦੇ ਸਮੇਂ ਵਿਚ ਹੋਇਆ । ਇਕ ਹੋਰ ਗੱਲ ਯਾਦ ਕਰਾਉਣਾ ਚਾਹੁੰਦੀ ਹਾਂ। ਇਹ ਮੈਨੂੰ ਡਿਸਟਰਬ ਕਰਦੇ ਹਨ, ਮੈਂ ਤਾਂ ਜਲਦੀ ਗੱਲ ਮੁਕਾਉਣਾ ਚਾਹੁੰਦੀ ਹਾਂ ।

ਸੰਸਦੀ ਮਾਮਲਿਆਂ ਦੇ ਮੰਤਰੀ: ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਬੋਲਣਾ ਨਹੀਂ ਚਾਹੁੰਦਾ ਪਰ ਜਦੋਂ ਗਲਤ ਗੱਲ ਕਹੀ ਜਾਂਦੀ ਹੋਵੇ ਤਾਂ ਖੜ੍ਹਾ ਹੋਣਾ ਪੈਂਦਾ ਹੈ । ਡਿਫਰੈਂਸ ਆਫ ਓਪੀਨੀਅਨ ਵਿਚਾਰਾਂ ਤੇ ਹੋ ਸਕਦਾ ਹੈ ਪਰ ਜਿਹੜੇ ਫੈਕਟਸ ਕਿਤਾਬਾਂ ਤੇ ਹਨ, ਉਨ੍ਹਾਂ ਤੇ ਤਾਂ ਕੁਝ ਡਿਫਰੈਂਸ ਆਫ ਓਪੀਨੀਅਨ ਨਹੀਂ ਹੋ ਸਕਦਾ । Men may belie but documents never belie. ਇਹ ਗੱਲ ਹਿਸਟੋਰੀਕਲ ਫੈਕਟ ਹੈ ਕਿ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਦੇ ਵਿੱਚ ਕੇਸ ਫਾਈਲ ਕੀਤਾ ਤਾਂ ਕਿ ਪਾਣੀ ਦਾ ਡਿਸਪਿਊਟ, ਡਿਪਟੀ ਸਪੀਕਰ ਸਾਹਿਬ, ਹਮੇਸ਼ਾ ਹਮੇਸ਼ਾ ਵਾਸਤੇ ਖਤਮ ਹੋ ਜਾਵੇ । ਸੁਪਰੀਮ ਕੋਰਟ ਦੇ ਵਿੱਚ ਕੇਸ ਚਲਦਾ ਰਿਹਾ । ਬੀਬੀ ਜੀ ਨੇ ਇਥੇ ਜੋ ਗੱਲ ਕਹੀ ਹੈ ਉਹ ਠੀਕ ਨਹੀਂ ਹੈ । ਚਾਹੀਦਾ

ਸੀ ਕਿ ਉਹ ਇਥੇ ਠੀਕ ਜਵਾਬ ਦਿੰਦੇ ਔਰ ਜੇ ਇਹ ਉਸ ਗੱਲ ਦਾ ਠੀਕ ਜਵਾਬ ਦਿੰਦੇ ਤਾਂ ਮੈਂ ਖੜ੍ਹਾ ਵੀ ਨਹੀਂ ਸੀ ਹੋਣਾ । ਮੈਨੂੰ ਇਹ ਯਾਦ ਨਹੀਂ ਕਿ ਬੀਬੀ ਜੀ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਵੇਲੇ ਇਥੇ ਮੰਤਰੀ ਸਨ ਜਾਂ ਨਹੀਂ ਸਨ ਪਰ ਇਹ ਮੈਂਬਰ ਜ਼ਰੂਰ ਸਨ । ਜਦੋਂ ਇਥੇ ਪੰਜਾਬ ਦੇ ਅੰਦਰ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਬਣ ਗਏ ਤਾਂ ਉਸ ਵਕਤ ਜਦੋਂ ਹਰਿਆਣੇ ਦੇ ਵਿੱਚ ਇਲੈਕਸ਼ਨ ਹੋਈ, ਉਸ ਵੇਲੇ ਇਕੱਲੀ ਹਰਿਆਣੇ ਦੀ ਇਲੈਕਸ਼ਨ ਨੂੰ ਵੇਖਿਆ ਗਿਆ । ਕੇਵਲ ਹਰਿਆਣੇ ਦੇ ਇਲੈਕਸ਼ਨ ਜਿੱਤਣ ਵਾਸਤੇ ਇਹ ਕੇਸ ਸੁਪਰੀਮ ਕੋਰਟ ਦੇ ਵਿੱਚੋਂ ਵਿਦਡਰਾਅ ਕੀਤਾ ਗਿਆ । ਮੈਂ ਇਹ ਗੱਲ ਕਲੈਰੀਫਾਈ ਕਰਾਉਣਾ ਚਾਹੁੰਦਾ ਹਾਂ । Let us settle for all times to come. ਮੈਡਮ ਇਹ ਦੱਸ ਦੇਣ । ਗਲਤੀਆਂ ਸਭ ਨੇ ਕੀਤੀਆਂ ਹੋਣਗੀਆਂ, ਭਾਵੇਂ ਇਸ ਗੱਲ ਦੀ ਗਲਤੀ ਸਾਡੇ ਵੱਡਿਆਂ ਨੇ ਕਰ ਦਿੱਤੀ ਹੋਵੇ ਕੋਈ ਗੱਲ ਨਹੀਂ ਲੇਕਿਨ ਇਹ ਸਪਸ਼ਟ ਦੱਸ ਦੇਣਾ ਚਾਹੀਦਾ ਹੈ ਕਿ ਐਕਚੂਅਲੀ ਗਲਤੀ ਕਿਸ ਕੋਲੋਂ ਹੋਈ । ਜੇਕਰ ਰਸ਼ੀਆ ਦਾ ਪ੍ਰੈਜ਼ੀਡੈਂਟ ਜਾਪਾਨ ਦੇ ਵਿੱਚ ਕਹੇ ਕਿ ਰੂਸ ਉਤੇ ਜਾਪਾਨ ਨੇ ਹਮਲਾ ਕਰਕੇ ਰੂਸ ਖਤਮ ਕਰ ਦਿੱਤਾ ਜਿਸ ਕਾਰਨ ਰੂਸ ਦੀ ਫਾਇਨੈਂਸ਼ੀਅਲ ਹਾਲਤ ਅੱਜ ਮਾੜੀ ਹੈ ਇਸ ਲਈ ਸਾਨੂੰ ਮਾਲੀ ਮਦਦ ਕਰੋ । ਅਗਰ ਕਿਸੇ ਨੇ ਪਹਿਲਾਂ ਗਲਤੀ ਕੀਤੀ ਹੈ ਕੇਸ ਵਿਦਡਰਾਅ ਕਰਕੇ ਤਾਂ ਤੁਹਾਨੂੰ ਉਹ ਮੰਨ ਲੈਣੀ ਚਾਹੀਦੀ ਹੈ । ਇਸੇ ਕਰਕੇ ਇੰਨੀ ਵੱਡੀ ਲੜਾਈ ਹੋਈ ਔਰ ਹਾਲਾਤ ਖਰਾਬ ਹੋਏ । ਗਲਤੀ ਮੰਨਣ ਦੇ ਵਿੱਚ ਕਿਹੜੀ ਮਾੜੀ ਗੱਲ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਕੇਵਲ ਇਸੇ ਗੱਲ ਦੀ ਹੀ ਮੈਡਮ ਕੋਲੋਂ ਕਲੈਰੀਫਿਕੇਸ਼ਨ ਚਾਹੁੰਦਾ ਹਾਂ । ਇਹ ਕਲੈਰੀਫਿਕੇਸ਼ਨ ਕਰ ਦੇਣ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ: ਡਿਪਟੀ ਸਪੀਕਰ ਸਾਹਿਬ, ਮਿੱਤਲ ਸਾਹਿਬ ਤਾਂ ਸਵਾਲ ਜਵਾਬ ਬਣਾਉਣ ਲੱਗ ਗਏ ਹਨ । ਮੈਂ ਤਾਂ ਸਮਝਦੀ ਸੀ ਕਿ ਸ਼ਾਇਦ ਇਹ ਕੋਈ ਹੋਰ ਗੱਲ ਕਰਨਗੇ ਲੇਕਿਨ ਇਹ ਤਾਂ ਇਸ ਨੂੰ ਕੁਐਸਚਨ ਅਵਰ ਬਣਾਉਣਾ ਚਾਹੁੰਦੇ ਹਨ । ਜੇ ਇਹ ਇਸੇ ਤਰ੍ਹਾਂ ਚਾਹੁੰਦੇ ਹਨ ਤਾਂ ਫਿਰ ਨੋ ਪਰਾਬਲਮ । ਪਰ ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਚੀਜ਼ ਦਾ ਬੜਾ ਅਫਸੋਸ ਹੈ । ਮੈਂ ਇਹੀ ਗੱਲਾਂ ਕੀਤੀਆਂ ਹਨ ਕਿ ਸਾਡੇ ਭਰਾ ਡਬਲ ਗੱਲਾਂ ਕਰਦੇ ਹਨ ਲੇਕਿਨ ਪੰਜਾਬ ਦੇ ਲੋਕ ਪੂਰੀ ਤਰ੍ਹਾਂ ਜਾਣੂ ਸਨ, ਇਸੇ ਕਰਕੇ ਇਨ੍ਹਾਂ ਦੇ ਮੋਰਚੇ ਵਿੱਚ ਕੋਈ ਵੀ ਨਹੀਂ ਗਿਆ ਔਰ ਇਹ ਮੋਰਚਾ ਫੇਲ੍ਹ ਹੋਇਆ । ਇਸ ਤੋਂ ਇਲਾਵਾ ਇਹ ਕਹਿੰਦੇ ਹਨ ਕਿ ਇਹ ਜਿਹੜੇ ਪਬਲਿਕ ਦੇ ਨਾਲ ਵਾਅਦੇ ਕਰਦੇ ਹਨ ਉਹ ਪੂਰੇ ਕਰਦੇ ਹਨ । ਡਿਪਟੀ ਸਪੀਕਰ ਸਾਹਿਬ, ਗਿਆਨੀ ਜ਼ੈਲ ਸਿੰਘ ਜੀ ਦੇ ਸਮੇਂ ਵਿੱਚ ਇਕ ਖਾਲੇ ਪੱਕੇ ਕਰਨ ਦੀ ਸਕੀਮ ਸੀ । ਬਾਅਦ ਵਿੱਚ ਬਾਦਲ ਸਾਹਿਬ ਨੇ ਕਿਹਾ ਕਿ ਤੁਸੀਂ ਸਾਡੀ ਸਰਕਾਰ ਬਣਾਓ ਅਸੀਂ ਖਾਲੇ ਪੱਕੇ ਕਰਨ ਵਾਸਤੇ ਜਿਹੜੇ ਪੈਸੇ ਹਨ, ਜਿਹੜਾ ਕਰਜ਼ਾ ਹੈ, ਉਹ ਮੁਆਫ ਕਰਾਂਗੇ । ਲੋਕਾਂ ਨੇ ਸਮਝਿਆ ਕਿ ਇਹ ਸਾਡੀ ਕਿਸਾਨੀ ਦੀ ਗੱਲ ਕਰਦੇ ਹਨ ਇਸ ਕਰਕੇ ਇਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ । ਇਨ੍ਹਾਂ ਦੀ ਸਰਕਾਰ ਵੀ ਬਣ ਗਈ ਪਰ ਉਸ ਵੇਲੇ ਵੀ ਇਹ ਉਹ ਪੈਸੇ ਮਾਫ ਨਹੀਂ ਕਰ ਸਕੇ । ਡਿਪਟੀ ਸਪੀਕਰ ਸਾਹਿਬ, ਖੁਸ਼ੀ ਦੀ ਗੱਲ ਹੈ ਕਿ ਉਹ ਪੈਸੇ ਜਦੋਂ ਇਥੇ ਪੰਜਾਬ ਦੇ ਵਿੱਚ ਸਰਦਾਰ ਸਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਸਨ ਅਤੇ ਜਦੋਂ ਹਿੰਦੁਸਤਾਨ ਦੇ ਪ੍ਰਾਈਮ ਮਨਿਸਟਰ ਸ਼੍ਰੀ ਰਾਜੀਵ ਗਾਂਧੀ ਜੀ ਸਨ ਤਾਂ ਉਨ੍ਹਾਂ ਨੇ ਵਰਲਡ ਬੈਂਕ ਨੂੰ ਕਿਹਾ ਜੋ ਪੰਜਾਬ ਦੇ

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਕਿਸਾਨਾਂ ਦਾ ਖਾਲੇ ਪੱਕੇ ਕਰਨ ਦਾ ਕਰਜ਼ਾ ਹੈ, ਉਹ ਹਿੰਦੁਸਤਾਨ ਦੀ ਸਰਕਾਰ ਆਪ ਬਰਦਾਸ਼ਤ ਕਰੇਗੀ । ਉਨ੍ਹਾਂ ਦੇ ਇਸ ਤਰ੍ਹਾਂ ਕਹਿਣ ਤੇ ਉਹ ਪੈਸਾ ਮੁਆਫ ਕਰਵਾਇਆ ਗਿਆ ਜਿਸ ਵਕਤ ਇਥੇ ਬਰਨਾਲਾ ਸਾਹਿਬ ਮੁੱਖ ਮੰਤਰੀ ਸਨ । (ਵਿਰੋਧੀ ਧਿਰਾਂ ਵੱਲੋਂ ਥੰਪਿੰਗ) ਡਿਪਟੀ ਸਪੀਕਰ ਸਾਹਿਬ, ਅੱਗੇ ਗੱਲ ਆਉਂਦੀ ਹੈ ਟੈਕਸਾਂ ਦੀ ।

ਸਰਦਾਰ ਗੋਬਿੰਦ ਸਿੰਘ ਕਾਂਝਲਾ: ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ । ਡਿਪਟੀ ਸਪੀਕਰ ਸਾਹਿਬ, ਇਹ ਹਾਊਸ ਨੂੰ ਗੁੰਮਰਾਹ ਕਰ ਰਹੇ ਹਨ । ਉਸ ਸਮੇਂ ਇਥੇ ਬਰਨਾਲਾ ਜੀ ਦੀ ਸਰਕਾਰ ਸੀ, ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ । ਇਹ ਕਹਿ ਰਹੇ ਹਨ ਕਿ ਕਾਂਗਰਸ ਨੇ ਮੁਆਫ ਕਰ ਦਿੱਤੇ । ਇਹ 300 ਕਰੋੜ ਰੁਪਏ ਕਾਂਗਰਸ ਨੇ ਮੁਆਫ ਨਹੀਂ ਕੀਤੇ, ਇਹ ਕੇਵਲ ਤਾਂ ਕੇਵਲ ਕਿਸਾਨਾਂ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਸੈਂਟਰ ਦੀ ਸਰਕਾਰ ਵੱਲੋਂ 300 ਕਰੋੜ ਰੁਪਏ ਮੁਆਫ ਕੀਤੇ ਗਏ ਸੀ । ਇਸ ਲਈ ਜਿਹੜਾ ਇਹ ਹਾਊਸ ਨੂੰ ਗੁੰਮਰਾਹਕੁਨ ਭਾਸ਼ਨ ਹੈ ਇਹ ਗਲਤ ਗੱਲਾਂ ਕਰ ਰਹੇ ਹਨ । ਹਾਊਸ ਨੂੰ ਗੁੰਮਰਾਹ ਕਰ ਰਹੇ ਹਨ । ਇਹ ਲਫਜ਼ ਕਾਰਵਾਈ ਵਿਚੋਂ ਕੱਟੇ ਜਾਣ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ: ਜੇ ਅਸੀਂ ਬੋਲੀਏ ਤਾਂ ਗੁੰਮਰਾਹ, ਜੋ ਇਹ ਕਹਿਣ ਉਹ ਬਿਲਕੁਲ ਠੀਕ ।,ਡਿਪਟੀ ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਇਹ ਸੁਣਨ ਦੀ ਕੋਸ਼ਿਸ਼ ਨਹੀਂ ਕਰਦੇ ।

ਸ਼੍ਰੀ ਡਿਪਟੀ ਸਪੀਕਰ: ਸਾਰੇ ਆਨਰੇਬਲ ਮੈਂਬਰ ਸਾਹਿਬਾਨ ਬੈਠਣ ਦੀ ਕੋਸ਼ਿਸ਼ ਕਰਨ । ਤੁਸੀਂ ਵੀ ਬੈਠੋ । ਜਦੋਂ ਬੀਬੀ ਜੀ ਆਪਣਾ ਭਾਸ਼ਣ ਪੂਰਾ ਕਰ ਲੈਣਗੇ ਤਾਂ ਤੁਹਾਨੂੰ ਸਭ ਨੂੰ ਮੌਕਾ ਮਿਲੇਗਾ । ਤੁਸੀਂ ਜੇ ਲੋੜ ਮਹਿਸੂਸ ਕਰਦੇ ਹੋਵੋਂ ਤਾਂ ਇਨ੍ਹਾਂ ਦਾ ਜਵਾਬ ਰੀਬੱਟ ਕਰ ਲੈਣਾ । ਸਦਨ ਦਾ ਸਮਾਂ ਬਹੁਤ ਹੋ ਗਿਆ ਹੈ ਔਰ ਸਮਾਂ ਬਚਾਇਆ ਜਾਵੇ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ: ਮੈਨੂੰ ਬੜਾ ਦੁੱਖ ਹੈ ਕਿ ਇਨ੍ਹਾਂ ਵਿੱਚ ਸਹਿਨਸ਼ੀਲਤਾ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਉਸ ਵੇਲੇ ਬਰਨਾਲਾ ਸਾਹਿਬ ਮੁੱਖ ਮੰਤਰੀ ਸਨ । ਮੈਂ ਵੀ ਤਾਂ ਇਹੀ ਕਿਹਾ ਹੈ । ਇਹ ਪੈਸਾ ਮੁਆਫ ਕਰਵਾਉਣ ਲਈ ਸਾਨੂੰ ਵਰਲਡ ਬੈਂਕ ਦੇ ਨਾਲ ਗੱਲ ਕਰਨੀ ਪਈ ਸੀ, ਤਾਂ ਜਾ ਕੇ ਉਹ ਪੈਸਾ ਮੁਆਫ ਹੋਇਆ ਸੀ । ਹਮੇਸ਼ਾ ਆਪਣੇ ਕਿਸਾਨ ਭਰਾਵਾਂ ਵਾਸਤੇ ਕਾਂਗਰਸ ਸਰਕਾਰ ਕੰਮ ਕਰਦੀ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਦੇਖੋ ਜਦੋਂ ਇਨ੍ਹਾਂ ਦੀ ਸਰਕਾਰ ਹੁੰਦੀ ਸੀ ਤਾਂ ਕਣਕ ਦਾ ਭਾਅ ਕਦੇ ਇਕ ਰੁਪਿਆ ਵਧਿਆ, ਕਦੇ ਪੰਜ ਰੁਪਏ ਵਧਿਆ । ਇਹ ਪਹਿਲੀ ਦਫਾ ਹੈ ਕਿ ਇਨ੍ਹਾਂ ਨੇ ਮਾੜੀ ਮੋਟੀ ਸਾਡੀ ਮਦਦ ਕੀਤੀ ਹੈ । ਮੈਂ ਮੁਬਾਰਿਕਬਾਦ ਦਿੰਦੀ ਹਾਂ ਸਰਕਾਰ ਨੂੰ, ਖੁਸ਼ੀ ਦੀ ਗੱਲ ਹੈ ਕਿ ਕਾਂਗਰਸ ਦੇ ਮਗਰ ਲੱਗ ਕੇ ਇਨ੍ਹਾਂ ਨੇ ਸਾਡੀ ਗੱਲ ਸੁਣੀ । ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦੀ ਹਾਂ ਕਿ ਬੰਬਈ ਵਿਖੇ ਬੰਦਰਗਾਹ ਕਿਸਨੇ ਬਣਾਈ, ਕੀ ਉਹ ਤੁਸੀਂ ਬਣਾਈ ? ਉਹ ਕਾਂਗਰਸ ਦੇ ਸਮੇਂ ਵਿੱਚ ਬਣੀ । ਤੁਸੀਂ ਕੋਈ ਇਕ ਵੀ ਚੰਗਾ ਕੰਮ ਕੀਤਾ ਹੋਵੇ ਕਿਸਾਨਾਂ ਵਾਸਤੇ ਤਾਂ ਦੱਸੋ ਕਿ ਫਲਾਣਾ ਕੰਮ ਅਸੀਂ ਕੀਤਾ ਹੈ । ਬੰਬਈ ਦੀ ਬੰਦਰਗਾਹ ਸਰਦਾਰ ਬੇਅੰਤ ਸਿੰਘ ਜੀ ਵੇਲੇ ਸ਼ੁਰੂ ਹੋਈ ਸੀ । ਉਸ ਵਾਸਤੇ 66 ਕਰੋੜ

ਰੁਪਏ ਰੱਖਣ ਦਾ ਫੈਸਲਾ ਕੀਤਾ ਸੀ । ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਕਿਸਾਨ ਨੂੰ ਤੁਕੜਾ ਭਾਅ ਮਿਲ ਸਕੇ । ਪਰ ਜੇਕਰ ਸਾਡੇ ਹਿੰਦੁਸਤਾਨ ਵਿਚ ਉਸ ਨੂੰ ਪੂਰਾ ਮੁੱਲ ਨਾ ਮਿਲ ਸਕੇ ਤਾਂ ਉਹ ਸਾਰਾ ਆਪਣਾ ਅਨਾਜ ਮਹਿੰਗੇ ਤੋਂ ਮਹਿੰਗੇ ਭਾਅ ਉਸ ਬੰਦਰਗਾਹ ਤੋਂ ਬਾਹਰ ਵਿਦੇਸ਼ਾਂ ਵਿਚ ਭੇਜ ਕੇ, ਬਾਹਰ ਭੇਜ ਕੇ ਧਨ ਕਮਾ ਸਕੇਗਾ । ਇਹ ਕਹਿੰਦੇ ਨੇ ਕਿ ਅਸੀਂ ਕਿਸਾਨਾਂ ਵਾਸਤੇ ਕੁਝ ਨਹੀਂ ਕੀਤਾ । ਕਿਸਾਨਾਂ ਵਾਸਤੇ ਅਸੀਂ ਹੀ ਕੀਤਾ ਹੈ, ਤੁਸੀਂ ਤਾਂ ਰਾਜ ਕਰਦੇ ਹੋ ਪਰ ਤੁਸੀਂ ਕਿਸਾਨਾਂ ਵਾਸਤੇ ਕੁਝ ਨਹੀਂ ਕਰਦੇ । ਮੈਂ ਕਹਿੰਦੀ ਹਾਂ ਕਿ ਮਿੱਤਲ ਸਾਹਿਬ, ਜੇ ਤੁਸੀਂ ਆਪਣੀ ਗਲਤੀ ਮੰਨ ਜਾਓ ਤਾਂ ਕਿੰਨਾ ਚੰਗਾ ਹੋਵੇ । ਇਹ ਕਹਿੰਦੇ ਹਨ ਕਿ ਹਿੰਦੂ-ਸਿੱਖ ਦੀ ਏਕਤਾ ਹੈ । ਮੈਂ ਕਹਿੰਦੀ ਹਾਂ ਕਿ ਇਹ ਬੀ.ਜੇ.ਪੀ. ਦੀ ਏਕਤਾ ਕੁਰਸੀਆਂ ਦੀ ਏਕਤਾ ਤਾਂ ਹੋ ਸਕਦੀ ਹੈ, ਪਰ ਹਿੰਦੂ-ਸਿੱਖ ਦੀ ਏਕਤਾ ਨਹੀਂ । ਹਿੰਦੂ ਸਿੱਖ ਦੀ ਏਕਤਾ ਤਾਂ ਮੈਂ ਉਸ ਦਿਨ ਮੰਨਦੀ ਜਿਸ ਦਿਨ ਹਿੱਤ ਅਭਿਲਾਸ਼ੀ ਮਾਰੇ ਗਏ ਸਨ, ਉਸ ਵੇਲੇ ਇਨ੍ਹਾਂ ਦੇ ਨੇਤਾ ਕੁਝ ਸ਼ਬਦ ਜਾ ਕੇ ਬੋਲਦੇ । ਮੈਂ ਕਹਿੰਦੀ ਹਾਂ ਕਿ ਤੁਸੀਂ ਗੁੰਮਰਾਹ ਕਰਦੇ ਹੋ । ਅੱਜ ਕਿਸਾਨ ਦੀ ਹਾਲਤ ਬੜੀ ਮਾੜੀ ਹੈ । ਨਵੀਂ ਤਕਨਾਲੋਜੀ ਵਾਲੇ ਪਾਸੇ ਅਸੀਂ ਕੋਈ ਤਜਵੀਜ਼ ਨਹੀਂ ਰੱਖੀ । ਜੋ ਵੀ ਤਜਵੀਜ਼ਾਂ ਰੱਖੀਆਂ, ਉਹ ਸਭ ਕਾਂਗਰਸ ਦੇ ਸਮੇਂ ਵਿਚ ਰੱਖੀਆਂ ਗਈਆਂ ਸਨ । ਇਨ੍ਹਾਂ ਨੇ ਜਿਹੜੀ ਇਕ ਨਵੀਂ ਚੀਜ਼ ਕਿਸਾਨਾਂ ਵਾਸਤੇ ਕੀਤੀ ਹੈ, ਉਹ ਇਹ ਹੈ ਕਿ ਇਨ੍ਹਾਂ ਕਿਸਾਨਾਂ ਨੂੰ ਟੈਕਸ ਦਿੱਤੇ ਹਨ । ਡਿਪਟੀ ਸਪੀਕਰ ਸਾਹਿਬ, ਸਾਨੂੰ ਵਾਕਿਆ ਹੀ ਖੁਸ਼ੀ ਹੁੰਦੀ ਜੇਕਰ ਇਹ ਜਿਹੜੀਆਂ ਕਾਂਗਰਸ ਪਾਰਟੀ ਨੇ ਆਪਣੇ ਸਮੇਂ ਵਿੱਚ ਕਿਸਾਨਾਂ ਵਾਸਤੇ ਅੱਠ ਗੱਲਾਂ ਦਾ ਫੈਸਲਾ ਲਿਆ ਸੀ, ਉਨ੍ਹਾਂ ਨੂੰ ਹੀ ਲਾਗੂ ਕਰ ਦਿੰਦੇ । ਅਸੀਂ ਇਕ ਇਹ ਕੀਤਾ ਕਿ 7 ਏਕੜ ਵਾਲਿਆਂ ਨੂੰ ਬਿਜਲੀ ਸਪਲਾਈ ਮੁਫ਼ਤ ਦੇਵਾਂਗੇ ਕਿਉਂਕਿ ਉਨ੍ਹਾਂ ਨੂੰ ਮਦਦ ਦੀ ਜ਼ਰੂਰਤ ਹੈ । ਇਨ੍ਹਾਂ ਨੇ ਕਿਹਾ ਕਿ ਸਾਰਿਆਂ ਨੂੰ ਫਰੀ ਦੇਵਾਂਗੇ ਪਰ ਨਾ ਬਿਜਲੀ, ਨਾ ਪਾਣੀ ਤੇ ਨਾ ਹਾ ਬਿੱਲ ਦੂਜੀ ਗੱਲ ਇਹ ਕੀਤੀ ਸੀ ਕਿ ਅਸੀਂ ਮਾਲੀਆ ਮੁਆਫ ਕਰਾਂਗੇ । ਚਲੋ ਉਹ ਇਨ੍ਹਾਂ ਨੇ ਕਰਕੇ ਚੰਗੀ ਗੱਲ ਕੀਤੀ ਹੈ । ਤੀਸਰਾ ਅਸੀਂ ਕਿਹਾ ਸੀ ਕਿ ਫਸਲਾਂ ਵਾਸਤੇ ਇੰਸ਼ੋਰੈਂਸ ਪਾਲਿਸੀ ਲਿਆਵਾਂਗੇ ਕਿਉਂਕਿ ਹਰ ਸਾਲ ਹੜ੍ਹਾਂ ਅਤੇ ਕੁਦਰਤੀ ਆਫਤਾਂ ਨਾਲ ਫਸਲਾਂ ਤਬਾਹ ਹੋ ਜਾਂਦੀਆਂ ਹਨ ਅਤੇ ਸਰਕਾਰ ਵੱਲੋਂ ਮੁਆਵਜ਼ੇ ਤੇ ਜ਼ਿਆਦਾ ਪੈਸਾ ਖਰਚ ਕਰਨਾ ਔਖਾ ਹੁੰਦਾ ਹੈ । ਇਸ ਲਈ ਇੰਸ਼ੋਰੈਂਸ ਪਾਲਿਸੀ ਲਿਆਵਾਂਗੇ ਪਰ ਲਗਦਾ ਹੈ, ਉਸ ਨੂੰ ਵੀ ਵਿਚ-ਵਿਚਾਲੇ ਹੀ ਰੱਖ ਦਿੱਤਾ ਗਿਆ ਹੈ । ਤੀਸਰਾ ਕਾਂਗਰਸ ਨੇ ਇਮੀਜੇਟਲੀ ਮਿਊਟੇਸ਼ਨ ਕਲੀਅਰ ਕਰਨ ਵਾਸਤੇ ਕਿਹਾ ਸੀ ਜਿਹੜੇ ਕਿ ਪੈਂਡਿੰਗ ਪਈ ਸੀ (ਵਿਘਨ)

ਸ਼੍ਰੀ ਡਿਪਟੀ ਸਪੀਕਰ : ਕਨਕਲੂਡ ਕਰੋ ਜੀ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਡਿਪਟੀ ਸਪੀਕਰ ਸਾਹਿਬ, ਮੈਂ ਕਨਕਲੂਡ ਕਰਦੀ ਹਾਂ ਪਰ ਸਾਡੀ ਪਾਰਟੀ ਦਾ ਅਜੇ 15-20 ਮਿੰਟ ਟਾਈਮ ਰਹਿੰਦਾ ਹੈ । ਲੇਕਿਨ ਸਰਕਾਰ ਉਸ ਬਾਰੇ ਵੀ ਚੁੱਪ ਰਹੀ । ਅਸੀਂ ਸੋਚਿਆ ਚਲੋ ਜਮ੍ਹਾਂਬੰਦੀ ਅਤੇ ਇਸ ਤਰ੍ਹਾਂ ਦੀਆਂ ਸਾਰੀਆਂ ਚੀਜ਼ਾਂ ਫਰੀ ਦਿੱਤੀਆਂ ਜਾਣਗੀਆਂ । ਇਹ ਵੀ ਫੈਸਲਾ ਲਿਆ ਕਿ ਖਸਰੇ, ਗਿਰਦਾਵਰੀਆਂ ਦੀਆਂ ਕਾਪੀਆਂ ਕਿਸਾਨਾਂ ਨੂੰ ਇਕ ਹਫਤੇ ਵਿਚ ਦੇ ਦਿੱਤੀਆਂ ਜਾਇਆ

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਕਰਨਗੀਆਂ ਤਾਂ ਜੋ ਉਨ੍ਹਾਂ ਨੂੰ ਮਗਰ ਮਗਰ ਨਾ ਫਿਰਨਾ ਪਵੇ । ਅਸੀਂ ਇਹ ਵੀ ਕਿਹਾ ਸੀ ਕਿ ਇਕ ਬੋਰਡ ਬਣਾਵਾਂਗੇ ਜਿਹੜਾ ਲੈਂਡ ਯੂਟੇਲਾਈਜ਼ੇਸ਼ਨ ਦਾ ਕੰਮ ਕਰੇਗਾ ਤਾਂ ਜੋ ਕਿਸਾਨਾਂ ਨੂੰ ਫਾਇਦਾ ਪਹੁੰਚ ਸਕੇ । ਅਸੀਂ ਐਕਸਪੋਰਟ ਨੂੰ ਪਰਮੋਟ ਕਰਨ ਵਾਸਤੇ ਵੀ ਬੋਰਡ ਬਣਾਉਣ ਦਾ ਫੈਸਲਾ ਕੀਤਾ ਸੀ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸਾਰੀਆਂ ਗੱਲਾਂ ਵਿਚੋਂ 2-4 ਤਾਂ ਇਨ੍ਹਾਂ ਨੇ ਲਾਗੂ ਕਰ ਦਿੱਤੀਆਂ ਹਨ । ਬਾਕੀਆਂ ਵਾਸਤੇ ਵੀ ਮੈਂ ਬੇਨਤੀ ਕਰਾਂਗੀ ਕਿ ਉਨ੍ਹਾਂ ਨੂੰ ਲਾਗੂ ਕਰਨ ਤਾਂ ਜੋ ਉਸ ਕਿਸਾਨ ਦਾ, ਜਿਸ ਨੇ ਆਪਣੇ ਨੂੰ ਅਤੇ ਦੇਸ਼ ਨੂੰ ਅਨਾਜ ਦੇਣਾ ਹੈ, ਕੁਝ ਫਾਇਦਾ ਹੋ ਸਕੇ । ਇਹ ਕਿਸਾਨ ਦੇ ਭਲੇ ਦੀਆਂ ਗੱਲਾਂ ਕਰਦੇ ਹਨ ਪਰ ਉਨ੍ਹਾਂ ਵਾਸਤੇ ਟੈਕਸ ਲਗਾਉਂਦੇ ਹਨ । ਇੰਤਕਾਲ ਫੀਸ 5 ਰੁਪਏ ਤੋਂ ਵਧਾ ਕੇ 100 ਰੁਪਏ ਕਰ ਦਿੱਤੀ ਹੈ, ਇੰਤਕਾਲ ਤੇ ਇਤਰਾਜ਼ ਉਠਾਉਣ ਦੀ ਫੀਸ 200 ਰੁਪਏ ਕਰ ਦਿੱਤੀ ਹੈ । ਮੁਖਤਾਰਨਾਮੇ ਵਿਚ ਫੀਸ 75 ਤੋਂ ਵਧਾ 1500 ਰੁਪਏ ਕਰ ਦਿੱਤੀ ਹੈ । ਜੇਕਰ ਪੰਜ ਤੋਂ ਵੱਧ ਜਾਂ ਦਸ ਤੋਂ ਘੱਟ ਵਿਅਕਤੀ ਰਲ ਕੇ ਮੁਖਤਾਰਨਾਮਾ ਕਰਦੇ ਹਨ ਤਾਂ ਫੀਸ 150 ਰੁ. ਤੋਂ ਵਧਾ ਕੇ 3000 ਰੁਪਏ ਕਰ ਦਿੱਤੀ ਗਈ ਹੈ । ਇਹ ਬਿਲਕੁਲ ਕਿਸਾਨਾਂ ਉਤੇ ਭਾਰ ਪਾਇਆ ਗਿਆ ਹੈ । ਇਹ ਸਰਾਸਰ ਕਿਸਾਨਾਂ ਦੇ ਨਾਲ ਧੱਕਾ ਹੈ, ਕਿਸਾਨਾਂ ਦੇ ਨਾਲ ਜ਼ਿਆਦਤੀ ਹੈ, ਕਿਸਾਨਾਂ ਦੇ ਉਤੇ ਬੋਝ ਪਾਇਆ ਗਿਆ ਹੈ । ਇਹ ਸਾਰੇ ਦੇ ਸਾਰੇ ਟੈਕਸ ਵਾਪਸ ਲਏ ਜਾਣੇ ਚਾਹੀਦੇ ਹਨ । ਉਨ੍ਹਾਂ ਨੂੰ ਰਾਹਤ ਦਿੱਤੀ ਜਾਣੀ ਚਾਹੀਦੀ ਹੈ । ਉਨ੍ਹਾਂ ਨੂੰ ਆਪਣੇ ਪੈਰਾਂ ਤੇ ਖੜੇ ਹੋਣ ਦਾ ਮੌਕਾ ਦਿੱਤਾ ਜਾਵੇ । ਤੁਹਾਡਾ ਬਹੁਤ ਬਹੁਤ ਧੰਨਵਾਦ ।

ਰਾਜਾ ਨਰਿੰਦਰ ਸਿੰਘ (ਨਾਭਾ) : ਡਿਪਟੀ ਸਪੀਕਰ ਸਾਹਿਬ, ਮੈਂ ਡੀਮਾਂਡ ਨੰਬਰ 1 ਜਿਹੜੀ ਕਿ ਫਾਰੈਸਟ ਅਤੇ ਐਗਰੀਕਲਚਰ ਬਾਰੇ ਹੈ, ਬਾਰੇ ਕੁਝ ਸ਼ਬਦ ਕਹਿਣਾ ਚਾਹੁੰਦਾ ਹਾਂ । ਜਦੋਂ ਦੇਸ਼ ਆਜ਼ਾਦ ਹੋਇਆ ਇਕ ਨੈਸ਼ਨਲ ਫਾਰੈਸਟ ਪਾਲਿਸੀ ਬਣੀ ਸੀ । ਉਸਦੇ ਵਿੱਚ ਕਿਹਾ ਗਿਆ ਸੀ ਕਿ one-third of the total land of the country would be under forest cover ਲੇਕਿਨ ਪੰਜਾਬ ਦੇ ਵਿੱਚ ਉਹ ਲਾਗੂ ਨਾ ਹੋ ਸਕੀ ਕਿਉਂਕਿ 84ਫੀ ਸਦੀ ਜ਼ਮੀਨ ਤੇ ਅਸੀਂ ਐਗਰੀਕਲਚਰ ਦਾ ਕੰਮ ਕਰਦੇ ਹਾਂ । ਇਸ ਕਰਕੇ 33 ਫੀ ਸਦੀ ਜਿਹੜੀ ਜ਼ਮੀਨ ਅਸੀਂ ਫਾਰੈਸਟ ਦੇ ਅਧੀਨ ਕਵਰ ਕਰਨੀ ਸੀ, ਉਹ ਨਾ ਹੋ ਸਕੀ । ਫਾਰੈਸਟ ਦੀ ਜਿਹੜੀ ਟੋਟਲ ਲੈਂਡ ਹੈ ਉਹ 2 ਲੱਖ 90 ਹਜ਼ਾਰ 307 ਹੈਕਟਰ ਹੈ । ਇਸ ਦਾ ਮਤਲਬ 5.76 ਫੀ ਸਦੀ ਟੋਟਲ ਲੈਂਡ ਦਾ ਰਕਬਾ ਇਸ ਹੇਠ ਲਿਆਂਦਾ ਗਿਆ ਹੈ । ਜਿਹੜਾ ਸਰਕਾਰ ਦਾ ਆਪਣਾ ਫਾਰੈਸਟ ਹੈ ਉਹ 1 ਲੱਖ 36 ਹਜ਼ਾਰ 897 ਹੈਕਟਰ ਜ਼ਮੀਨ ਤੇ ਹੈ ਇਸ ਦਾ ਮਤਲਬ ਹੈ, ਕਿ 2.77 ਫੀਸਦੀ ਲੈਂਡ ਇਸਦੇ ਥੱਲੇ ਆਈ ਬੈਲੇਂਸ ਲੈਂਡ 1,53,417 ਹੈਕਟਰ ਸਰਕਾਰ ਦੀ ਨਹੀਂ ਹੈ, ਇਹ ਜਾਂ ਤਾਂ ਪ੍ਰਾਈਵੇਟ ਲੋਕਾਂ ਦੀ ਹੈ ਜਾਂ ਪੰਚਾਇਤਾਂ ਦੀ ਹੈ । ਇਸਦੇ ਵਾਸਤੇ ਸੰਨ 1900 ਦੇ ਵਿੱਚ ਇਕ ਐਕਟ ਬਣਾਇਆ ਗਿਆ ਸੀ ਕਿ ਪਹਾੜਾਂ ਦੇ ਵਿੱਚ ਜੋ ਲੋਕਾਂ ਦੀਆਂ ਜ਼ਮੀਨਾਂ ਸਨ, ਸਰਕਾਰ ਉਥੇ ਜੰਗਲ ਲਗਾਉਂਦੀ ਸੀ ਅਤੇ ਉਥੇ ਜ਼ਿਆਦਾਤਰ ਪਹਾੜੀਏ ਲੋਕ ਰਹਿੰਦੇ ਸਨ ਜੋ ਉਨ੍ਹਾਂ ਦੀ ਦੇਖਭਾਲ ਕਰਦੇ ਸਨ । ਇਹ ਡਿੱਗਰ ਐਕਸਟਰੀਮਲੀ ਬੜੀ ਲੋਅ ਹੈ ਫਾਰੈਸਟ ਦੇ ਖਿਆਲ ਦੇ ਨਾਲ । ਇਹ ਬੜੀ ਧਿਆਨ ਵਿੱਚ ਰੱਖਣ ਵਾਲੀ ਗੱਲ ਹੈ । ਕੰਡੀ ਏਰੀਏ ਦੇ ਵਿੱਚ ਫਾਰੈਸਟਸ ਦਾ ਜਿਹੜਾ ਹਿੱਸਾ ਸਾਡੇ ਪੰਜਾਬ ਦੇ ਹਿੱਸੇ ਵਿੱਚ ਆਇਆ ਹੈ ਉਸਦੇ ਵਿੱਚ ਅਗਰ ਅਸੀਂ ਫਾਰੈਸਟ ਲਗਾਈਏ, ਤਾਂ ਉਸਦੇ ਸਾਨੂੰ ਕਿੰਨੇ ਹੀ ਬੈਨੀਫਿਟਸ ਹਨ, ਉਹ ਮੈਂ ਪੁਆਇੰਟ ਕਰਨਾ ਚਾਹੁੰਦਾ ਹਾਂ । ਇੱਕ ਤਾਂ ਇਸਦਾ ਫਾਇਦਾ ਇਹ ਹੈ ਕਿ ਸਾਨੂੰ ਟਿੰਬਰ

ਮਿਲਦਾ ਹੈ । ਦੂਜਾ ਜੋ ਅਸੀਂ ਛੋਟੀਆਂ ਸ਼ਰੱਬਜ਼ ਲਗਾਉਂਦੇ ਹਾਂ ਉਸਦੇ ਨਾਲ ਜੋ ਪਾਣੀ ਭਾਰੀ ਬਾਰਸ਼ਾਂ ਕਾਰਨ ਪ੍ਰਭੂ ਦੀ ਕਿਰਪਾ ਨਾਲ ਆਉਂਦਾ ਹੈ । ਉਹ ਅਸੀਂ ਸਾਰਾ ਧਰਤੀ ਵਿੱਚ ਅਬਜ਼ਾਰਬ ਕਰਕੇ ਜ਼ਮੀਨ ਨੂੰ ਰੀਚਾਰਜ ਕਰ ਲੈਂਦੇ ਹਾਂ ਤਾਂ ਕਿ ਜ਼ਮੀਨ ਦਾ ਪਾਣੀ ਅਸੀਂ ਸ਼ੈਲੋ ਟਿਊਬਵੈੱਲਜ਼ ਰਾਹੀਂ ਲਿਫਟ ਕਰਕੇ ਜ਼ੀਰੀ ਵਗੈਰਾ ਨੂੰ ਦੇਈ ਜਾਈਏ । ਜੇ ਅਸੀਂ ਧਰਤੀ ਨੂੰ ਦੁਬਾਰਾ ਰੀਚਾਰਜ ਕਰਨਾ ਚਾਹੁੰਦੇ ਹਾਂ, ਜੇ ਫਾਰੇਸਟੇਸ਼ਨ ਪ੍ਰਾਪਤ ਹੋਵੇਗੀ ਤਾਂ ਇਸਦਾ ਦੂਸਰਾ ਲਾਭ ਇਹ ਹੋਵੇਗਾ ਕਿ ਗਰੀਬ ਆਦਮੀਆਂ ਨੂੰ ਬੱਕਰੀਆਂ ਆਦਿ ਚਾਰਨ ਲਈ ਚਾਰਾ ਮਿਲੇਗਾ ਅਤੇ ਇਸ ਤੋਂ ਇਲਾਵਾ ਉਥੇ ਬੱਬੜ ਵਗੈਰਾ ਮਿਲਦੀ ਹੈ ਅਤੇ ਉਹ ਵੀ ਕੰਮ ਆਉਂਦੀ ਹੈ । ਇਸ ਤੋਂ ਇਲਾਵਾ ਮੈਡੀਕਲ ਪਲਾਂਟਸ ਵੀ ਗਰੋਅ (ਉਗਾਏ) ਕੀਤੇ ਜਾਂਦੇ ਹਨ ਉਹ ਵੀ ਬੜੇ ਲਾਭਦਾਇਕ ਹੁੰਦੇ ਹਨ । ਇਸ ਵੱਲ ਜੇ ਅਸੀਂ ਧਿਆਨ ਦੇਈਏ ਤਾਂ ਜੋ ਬਾਰਸ਼ਾਂ ਦਾ ਪਾਣੀ ਇੰਨੀ ਤੇਜ਼ੀ ਨਾਲ ਬਰਸਦਾ ਹੈ ਅਤੇ ਉਸਨੂੰ ਰੋਕਣ ਵਾਸਤੇ ਜੇ ਸ਼ਰੱਬਜ਼ ਅਤੇ ਜੰਗਲ ਵਗੈਰਾ ਨਾ ਹੋਣ ਤਾਂ ਉਹ ਸਿਧਾ ਨਦੀਆਂ ਨਾਲਿਆਂ ਵਿਚੋਂ ਦੀ ਹੁੰਦਾ ਹੋਇਆ ਕੱਲਰ ਪੈਦਾ ਕਰ ਦਿੰਦਾ ਹੈ । ਉਹ ਪਹਾੜਾਂ ਵਿਚੋਂ ਦੀ ਅਤੇ ਨਦੀਆਂ ਨਾਲਿਆਂ ਵਿਚੋਂ ਦੀ ਲੰਘਕੇ ਫਲੱਡ ਕਰੀਏਟ ਵੀ ਕਰਦਾ ਹੈ ਅਤੇ ਇਸ ਤਰ੍ਹਾਂ ਪਾਣੀ ਵੇਸਟ ਵੀ ਜਾਂਦਾ ਹੈ । ਡਿਪਟੀ ਸਪੀਕਰ ਸਾਹਿਬ, ਜਿਹੜੀ ਫਾਰੈਸਟ ਡਿਪਾਰਟਮੈਂਟ ਦੇ ਕੋਲ paucity ਆਫ ਫੰਡਜ਼ ਹੈ, ਉਸਦੇ ਨਾਲ ਤੁਸੀਂ ਦੇਖੋ the average increment being put on the State by the Forest Department is one to two cubic meter per hectare per year whereas a farmer 25 ਤੋਂ 30 ਕਿਊਬਿਕ ਮੀਟਰ ਇਨਪੁੱਟਸ ਕਰਦਾ ਹੈ । ਹਾਲਾਂਕਿ ਫਾਰੈਸਟ ਵਿਭਾਗ ਵਾਲੇ ਸਪੈਸ਼ਲਿਸਟ ਹੁੰਦੇ ਹਨ ਪਰ ਫਿਰ ਵੀ ਉਹ 1 ਤੋਂ 2 ਕਿਊਬਿਕ ਮੀਟਰ ਕਰਦੇ ਹਨ ਅਤੇ ਜਿਮੀਂਦਾਰ 25 ਤੋਂ 30 ਕਰਦਾ ਹੈ । ਮੈਂ ਨਿੱਜੀ ਤੌਰ ਤੇ ਦੇਖਿਆ ਹੈ । ਡਿਪਟੀ ਸਪੀਕਰ ਸਾਹਿਬ, ਇਕ ਜੌਹਲ ਕਮਿਸ਼ਨ ਬਣਿਆ ਸੀ । ਉਸ ਨੇ ਐਗਰੋਫਾਰੈਸਟਰੀ ਤੇ ਲਿਖਿਆ ਸੀ ਕਿ ਡਾਇਵਰਸੀਫੀਕੇਸ਼ਨ ਪ੍ਰੋਗਰਾਮ ਜਿਹੜਾ ਹੈ ਉਸਨੂੰ ਵੀ ਬੜਾ ਬੜ੍ਹਾਵਾ ਮਿਲਿਆ ਹੈ ਅਤੇ ਸਾਨੂੰ ਐਗਰੀਕਲਚਰ ਦੇ ਨਾਲ ਨਾਲ ਫਾਰੈਸਟ ਵੀ ਉਗਾਉਣੇ ਚਾਹੀਦੇ ਹਨ । ਵੈਸੇ ਤਾਂ ਐਕਲਿਪਟਿਸ (ਸਫੈਦੇ) ਦੀਆਂ 400 ਕਿਸਮਾਂ ਹਨ ਲੇਕਿਨ ਪੰਜਾਬ ਵਿਚ ਕੈਰੋਂ ਸਾਹਿਬ ਦੇ ਸਮੇਂ ਵਿੱਚ ਸਬ-ਸਾਇਲ ਵਾਟਰ ਉਪਰ ਆ ਗਿਆ ਸੀ ਅਤੇ ਸਾਲਟਸ ਸਾਰੇ ਵੀ ਉਪਰ ਆ ਗਏ ਸਨ ਅਤੇ ਲੈਂਡ ਐਲਕਲਾਈਨ ਹੋ ਗਈ ਸੀ ਉਦੋਂ ਐਕਲਿਪਟਿਸ ਨੂੰ ਉਗਾਇਆ ਗਿਆ । ਇਕ ਫੁੱਲ ਐਕਲਿਪਟਿਸ ਦਾ ਪੌਦਾ 200 ਗੈਲਨ ਪਾਣੀ ਪਰ ਡੇਅ ਆਬਜ਼ਾਰਬ ਕਰ ਲੈਂਦਾ ਹੈ । ਉਸਦੇ ਨਾਲ ਪਾਣੀ ਕਾਫੀ ਥੱਲੇ ਚਲਾ ਗਿਆ ਸੀ । ਵੈਸੇ ਤਾਂ ਐਕਲਿਪਟਿਸ ਦੀਆਂ ਕਾਫੀ ਕਿਸਮਾਂ ਹਨ ਪਰ ਇਨ੍ਹਾਂ ਵਿਚੋਂ ਤਿੰਨ ਨੂੰ ਜ਼ਿਆਦਾ ਗਰੋਅ ਕਰਦੇ ਹਾਂ, ਜਿਵੇਂ ਪਾਪੂਲਰ ਵਗੈਰਾ ਹੈ । ਮੈਂ ਪ੍ਰੈਕਟੀਕਲ ਕਰਕੇ ਵੇਖਿਆ ਹੈ ਉਸਦੇ ਨਾਲ 7 ਸਾਲਾਂ ਵਿੱਚ ਹੀ ਜ਼ਿਮੀਂਦਾਰ ਨੂੰ ਇੰਨੀ ਆਮਦਨ ਹੋ ਜਾਂਦੀ ਹੈ ਜਿੰਨੀ ਜ਼ਮੀਨ ਤੋਂ ਨਹੀਂ ਹੁੰਦੀ । ਸਾਡੀ ਸਟੇਟ ਦਾ ਇੱਕ ਪਲਾਨ ਹੈ ਅਤੇ ਡਿਪਾਰਟਮੈਂਟ ਨੇ ਬਹੁਤ ਚੰਗਾ ਪਲਾਨ ਬਣਾਇਆ ਹੈ । ਨੌਵੀਂ ਪਲਾਨ ਵਿੱਚ ਜਿਹੜੀ ਪਰਪੋਜ਼ਲ ਰੱਖੀ ਹੈ, ਉਸ ਵਿਚ 42114 ਲੱਖ ਰੁਪਏ ਰੱਖੇ ਹਨ ਜਿਸ ਨਾਲ ਆਊਟ-ਲੇ, 1997-98 ਲਈ 4,666 ਲੱਖ ਰੁਪਏ ਰੱਖੀ ਹੈ । ਫਿਰ ਪਲਾਨ ਪਰਪੋਜ਼ਲ

[ਰਾਜਾ ਨਰਿੰਦਰ ਸਿੰਘ]

1997-98 ਲਈ 1,291 ਲੱਖ ਰੁਪਏ ਅਪਰੂਵ ਕੀਤੇ ਹਨ। ਇੱਕ ਜਪਾਨ ਦਾ ਪ੍ਰਾਜੈਕਟ ਹੈ ਓਵਰਸੀਜ਼ ਇਕਨਾਮਿਕ ਕੋਆਪ੍ਰੇਟਿਵ ਫੰਡਜ਼। ਜਪਾਨ ਦਾ ਇਹ ਪ੍ਰਾਜੈਕਟ ਜਿਸ ਵਿਚ ਉਨ੍ਹਾਂ ਨੇ ਸਾਨੂੰ 408 ਕਰੋੜ ਰੁਪਏ ਦਾ ਫਾਇਦਾ ਕੀਤਾ ਹੈ, ਪ੍ਰੋਵਾਈਡਡ ਅਸੀਂ ਆਪਣੇ ਬਜਟ ਵਿੱਚ 15.77 ਕਰੋੜ 1997-98 ਲਈ ਰਖੀਏ। ਪਰ ਆਪਣੇ ਬਜਟ ਵਿੱਚ ਕੁੱਲ ਦੋ ਕਰੋੜ ਰੁਪਿਆ ਹੀ ਰਖਿਆ ਹੈ।

ਸ੍ਰੀ ਡਿਪਟੀ ਸਪੀਕਰ : ਰਾਜਾ ਜੀ, ਤੁਸੀਂ ਟਾਈਮ ਦਾ ਵੀ ਧਿਆਨ ਰੱਖੋ।

ਰਾਜਾ ਨਰਿੰਦਰ ਸਿੰਘ : ਜੇ ਅਸੀਂ ਇਸ ਗੱਲ ਵੱਲ ਧਿਆਨ ਨਾ ਦਿੱਤਾ ਅਤੇ ਦੋ ਕਰੋੜ ਦੀ ਅਮਾਊਂਟ ਰੇਜ਼ ਕਰਕੇ 15 ਕਰੋੜ ਤੱਕ ਨਾ ਲੈ ਕੇ ਗਏ ਤਾਂ ਜੋ ਜਪਾਨ ਨਾਲ ਸਾਡੀ ਸ਼ਰਤ ਹੈ, ਇਹ ਸਾਰਾ ਪ੍ਰਾਜੈਕਟ ਔਰ ਇਹ ਸਾਰੀ ਚੰਗੀ ਸਕੀਮ ਬਿਲਕੁਲ ਖਤਮ ਹੋ ਜਾਵੇਗੀ। ਡਿਪਟੀ ਸਪੀਕਰ ਸਾਹਿਬ, ਫਾਰੈਸਟ ਡਿਪਾਰਟਮੈਂਟ ਦੇ ਮੰਤਰੀ ਔਰ ਫਾਇਨਾਂਸ ਮਨਿਸਟਰ ਸਾਹਿਬ ਨਹੀਂ ਬੈਠੇ। ਦੂਜੇ ਮਨਿਸਟਰ ਵੀ ਨਹੀਂ ਬੈਠੇ। ਮੈਂ ਤਾਂ ਐਮਫੇਸਿਜ਼ ਲੇ ਕਰਨਾ ਚਾਹੁੰਦਾ ਸੀ। ਇਹ ਸਕੀਮ ਜੋ ਜਪਾਨ ਦੀ ਹੈ, ਇਸ ਵਿਚ ਲੋਨ ਅੱਧੇ ਪਰਸੈਂਟ ਇੰਟਰਸਟ ਤੇ ਮਿਲਿਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਹ ਖਰਚ ਕਰ ਲਓ ਤੇ ਫਿਰ ਸਾਡੇ ਤੋਂ ਲਈ ਜਾਓ। ਇੰਸਟਾਲਮੈਂਟ ਵੀ ਬਹੁਤ ਵੱਡੀ ਨਹੀਂ ਹੈ ਅਤੇ 30 ਸਾਲਾਂ ਵਿਚ ਰਿਕਵਰੀ ਹੋਣੀ ਹੈ। ਇਹ ਬਹੁਤ ਇੰਪਾਰਟੈਂਟ ਹੈ ਜਿਸ ਕਰਕੇ ਮੈਂ ਪਰਟੀਕੂਲਰਲੀ ਇਸ ਮੱਦ ਉਤੇ ਕਹਿਣਾ ਚਾਹੁੰਦਾ ਹਾਂ। ਦੂਜੀ ਗੱਲ ਜਿਹੜੀ ਮੇਰੇ ਸਤਿਕਾਰਯੋਗ ਭੈਣ ਜੀ ਕਹਿੰਦੇ ਹਨ। ਮੈਂ ਇਨ੍ਹਾਂ ਦੀ ਗੱਲ ਨੂੰ ਰਿਬੱਟ ਨਹੀਂ ਕਰਦਾ। ਇਨ੍ਹਾਂ ਦੇ ਸਤਿਕਾਰਯੋਗ ਬਜ਼ੁਰਗ ਪਿਤਾ, ਇਨ੍ਹਾਂ ਲਈ ਤਾਂ ਉਹ ਪਿਤਾ ਸਨ ਪਰ ਮੇਰੇ ਲਈ ਤਾਂ ਉਹ ਪਿਤਾ ਤੋਂ ਵੀ ਵੱਧ ਕੇ ਸਨ। ਉਹ ਸਾਡੇ ਘਰ ਆਉਂਦੇ ਰਹੇ ਸਨ। ਸਾਡੇ ਦੋਸਤਾਂ ਦੇ ਘਰ ਆਉਂਦੇ ਰਹੇ ਸਨ। ਅੰਗਰੇਜ਼ੀ ਸਰਕਾਰ ਉਨ੍ਹਾਂ ਤੇ ਬੜੀ ਸਖਤੀ ਕਰਦੀ ਸੀ ਪਰ ਉਹ ਉਨ੍ਹਾਂ ਨੂੰ ਝੁਕਾ ਨਹੀਂ ਸਕੀ। ਉਹ ਜੰਗੇ ਅਜ਼ਾਦੀ ਜਿਹੜੀ ਇਹ ਤੇ ਅਸੀਂ ਦੋਵੇਂ ਮਾਣ ਰਹੇ ਹਾਂ ਇਹ ਉਨ੍ਹਾਂ ਦੀ ਬੀਜੀ ਹੋਈ ਪੌਦ ਹੈ ਜਿਸ ਦਾ ਸਾਨੂੰ ਲਾਭ ਹੋਇਆ ਹੈ। ਇਨ੍ਹਾਂ ਨੇ ਕਿਹਾ ਸੀ ਕਿ ਇਹ ਫੈਕਟਸ ਦੇ ਖ਼ਿਲਾਫ਼ ਬੋਲਦੇ ਹਨ। ਇਨ੍ਹਾਂ ਨੇ ਕਿਹਾ ਸੀ ਕਿ ਪੰਜਾਬੀ ਸੂਬਾ ਇਨ੍ਹਾਂ ਨੇ ਬਹੁਤ ਛੋਟਾ ਕਰ ਲਿਆ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਡੀ ਉਮਰ ਵੀ ਖਾਸੀ ਹੈ। ਤੁਹਾਡੇ ਸਮੇਂ ਵੀ ਇਹ ਗੱਲ ਹੋਈ ਹੋਵੇਗੀ। ਤੁਹਾਨੂੰ ਯਾਦ ਹੋਵੇਗਾ ਕਿ ਗੁਲਜ਼ਾਰੀ ਲਾਲ ਨੰਦਾ ਨੇ ਸ਼ਰਾਰਤ ਕੀਤੀ ਸੀ। ਹੋਇਆ ਇਸ ਤਰ੍ਹਾਂ ਸੀ। ਮੇਰੇ ਕੋਲ ਅਗਜ਼ੈਕਟ ਵਰਡਿੰਗ ਹੈ: Punjabi Suba will be carved out of the existing Punjab. ਉਸ ਵਿਚ ਨਾ ਤਾਂ ਹਿਮਾਚਲ ਦਾ ਨਾਂ ਹੈ ਔਰ ਨਾ ਹੀ ਹਰਿਆਣੇ ਦਾ ਨਾਂ ਹੈ। ਇਹ ਤਾਕਤ ਵਿੱਚ ਬੈਠ ਕੇ, ਦਿੱਲੀ ਵਿਚ ਬੈਠ ਕੇ ਧੱਕਾ ਕਰਦੇ ਹਨ। ਕਿਸੀ ਨੇ ਕਿਹਾ ਹੈ:

"ਹਮ ਆਹ ਭਰਤੇ ਹੈਂ ਤੋ ਹੋ ਜਾਤੀ ਹੈ ਚਰਚਾ,
ਯੇ ਕਤਲ ਕਰਤੇ ਹੈਂ ਤੋ ਜ਼ਿਕਰ ਤੱਕ ਨਹੀਂ ਹੋਤਾ।"

ਇਨ੍ਹਾਂ ਨੇ ਬਹੁਤ ਕੁਝ ਕੀਤਾ ਹੈ। ਇਹ ਜੋ ਮਰਜ਼ੀ ਕਹੀ ਜਾਣ ਪਰ ਇਨ੍ਹਾਂ ਨੇ ਲੋਕਾਂ ਲਈ ਕੁਝ ਨਹੀਂ ਕੀਤਾ। ਇਨ੍ਹਾਂ ਨੇ 30-35 ਸਾਲ ਰਾਜ ਕੀਤਾ। ਅਕਾਲੀ ਪਾਰਟੀ ਦੀ ਸਰਕਾਰ

ਇੱਕ ਵਾਰ 9 ਮਹੀਨੇ ਚੱਲੀ, ਇੱਕ ਵਾਰ ਡੇਢ ਸਾਲ ਚੱਲੀ ਸੀ । ਪਰ ਇਹ ਮੁਕਾਬਲਾ 50 ਸਾਲ ਨਾਲ ਕਰਦੇ ਹਨ । ਇਨ੍ਹਾਂ ਨੇ ਲੈਂਡ ਦੀ ਸੀਲਿੰਗ ਕੀਤੀ । ਇਹ ਬਾਹਰਲੇ ਮੁਲਕ ਦੀ ਨਕਲ ਕਰਦੇ ਹਨ ਪਰੰਤੂ ਇਨ੍ਹਾਂ ਦੀ ਦੇਣ ਇਨੀ ਕੁ ਹੈ ਕਿ ਜੇ ਪੰਜਾਬ ਵਿਚ ਕੋਈ ਨਵੀਂ ਮੋਟਰ ਵੀ ਚਲਦੀ ਸੀ ਤਾਂ ਉਹ ਵੀ ਅੰਬਾਲੇ ਜਾ ਕੇ ਖੜ੍ਹ ਜਾਂਦੀ ਸੀ ।

ਸ੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਹੋ ਗਿਆ ਹੈ ।

ਰਾਜਾ ਨਰਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਦੋ ਮਿੰਟ ਹੋਰ ਲਵਾਂਗਾ। ਇੱਕ ਕਪੂਰੀ ਦਾ ਮੋਰਚਾ ਚਲਿਆ । ਡਿਪਟੀ ਸਪੀਕਰ ਸਾਹਿਬ, ਮੈਂ ਉਥੇ ਮਾਰ ਖਾਧੀ ਸੀ । ਘੋੜਿਆਂ ਤੇ ਪੁਲਿਸ ਮਾਊਂਟ ਹੋ ਕੇ ਸਾਡੇ ਤੇ ਚੜੀ । ਫਿਰ ਕਹਿੰਦੇ ਹਨ ਕਿ ਇਹ ਫੇਲ੍ਹ ਹੋ ਗਿਆ । ਸਾਡੀ ਪੂਰੀ ਕੁਟਾਈ ਕੀਤੀ ਲੇਕਿਨ ਅਸੀਂ ਇਸ ਗੱਲ ਤੇ ਬਜ਼ਿੱਦ ਰਹੇ ਕਿ ਹਰਿਆਣੇ ਨੂੰ ਪਾਣੀ ਦਾ ਤੁਪਕਾ ਨਹੀਂ ਦੇਣਾ । ਇਨ੍ਹਾਂ ਵਿੱਚੋਂ ਇੱਕ ਜਵਾਨ ਮਰਦ ਹਰਚਰਨ ਸਿੰਘ ਬਰਾੜ ਸੀ । ਜਦ ਉਹ ਮਨਿਸਟਰ ਸੀ ਤਾ ਉਸ ਨੇ ਕਿਹਾ ਕਿ ਹਰਿਆਣੇ ਨੂੰ ਪਾਣੀ ਨਹੀਂ ਜਾਣ ਦੇਣਾ । ਜੋ ਵਾਧੂ ਹੋਵੇਗਾ ਤਾਂ ਉਹ ਦੇਵਾਂਗੇ । ਇਹ ਨੇਕੀ ਇਨ੍ਹਾਂ ਨੇ ਪੰਜਾਬ ਨਾਲ ਕੀਤੀ ਹੈ । ਇਨ੍ਹਾਂ ਨੇ ਭਾਖੜਾ ਡੈਮ ਬਣਾਇਆ ਔਰ ਇਨ੍ਹਾਂ ਨੇ ਹੋਰ ਡੈਮ ਬਣਾ ਕੇ ਬੜੀ ਨੇਕੀ ਕੀਤੀ । ਲੇਕਿਨ ਇਨਸਾਨ ਨੂੰ ਇਨਸਾਨੀਅਤ ਤੋਂ ਗੇਰਨ ਵਾਸਤੇ ਇਸ ਪਾਰਟੀ ਨੇ ਕੰਮ ਕੀਤਾ । ਪੂਰੇ 50 ਸਾਲ ਦੇ ਰਾਜ ਵਿੱਚ ਇਨਸਾਨੀਅਤ ਤੋਂ ਇਨਸਾਨ ਨੂੰ ਨੀਚੇ ਗੇਰ ਦਿੱਤਾ । ਹੁਣ ਇਹ ਪੰਡਿਤ ਜਵਾਹਰ ਲਾਲ ਨਹਿਰੂ ਦਾ ਸਮਾਂ ਨਹੀਂ ਹੈ । ਅੱਜ ਲੋਕਾਂ ਨੂੰ ਸਮਝ ਆ ਗਈ ਹੈ ਇਨ੍ਹਾਂ ਬਾਰੇ, ਜੋ ਦੇਸ਼ ਦੀ ਸੇਵਾ ਦੀ ਬਜਾਏ ਆਪਣੇ ਪੇਟ ਦੀ ਸੇਵਾ ਕਰਦੇ ਆ ਰਹੇ ਹਨ । ਮੈਨੂੰ ਉਹ ਸਮਾਂ ਯਾਦ ਹੈ, ਮੈਂ ਵੀ ਉਦੋਂ ਪ੍ਰਦੇਸ਼ ਕਾਂਗਰਸ ਕਮੇਟੀ ਦਾ ਮੈਂਬਰ ਸੀ ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਹਿੰਦੁਸਤਾਨ ਦੇ ਪ੍ਰਾਈਮ ਮਨਿਸਟਰ ਸਨ ਔਰ ਉਦੋਂ ਕਲੀਨ ਐਡਮਨਿਸਟ੍ਰੇਸ਼ਨ ਸੀ, ਕਿੰਨੀ ਕਲੀਨ ਪਾਲੇਟਿਕਸ ਸੀ ਲੇਕਿਨ ਅੱਜ ਜੋ ਡੀਗਰੇਡੇਸ਼ਨ ਆਈ ਹੈ, ਉਸ ਦੇ ਜਿੰਮੇਵਾਰ ਇਹ ਹਨ, ਇਹ ਮੇਰੇ ਵੀਰ ਜਿਨ੍ਹਾਂ ਨੇ 50 ਸਾਲ ਰਾਜ ਕੀਤਾ old grows and the young birds learn.. .. (ਵਿਘਨ)

ਸਰਦਾਰ ਅਵਤਾਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਇਕ ਪਾਸੇ ਆਨਰੇਬਲ ਮੈਂਬਰ ਇਹ ਕਹਿ ਰਹੇ ਹਨ ਕਿ ਇਨ੍ਹਾਂ ਨੇ 50 ਸਾਲ ਰਾਜ ਕੀਤਾ ਔਰ ਹਿੰਦੁਸਤਾਨ ਨੂੰ ਬਰਬਾਦ ਕੀਤਾ । ਇੱਕ ਪਾਸੇ ਕਹਿੰਦੇ ਹਨ ਕਿ ਪੰਡਿਤ ਜਵਾਹਰ ਲਾਲ ਨਹਿਰੂ ਨੇ ਜਿਹੜਾ ਸਮਾਂ ਰਾਜ ਕੀਤਾ, ਉਸ ਨੂੰ ਇਹ ਸੁਨਹਿਰੀ ਕਹਿੰਦੇ ਹਨ । ਇਸ ਵਿੱਚੋਂ ਕਿਹੜੀ ਗੱਲ ਦਰੁਸਤ ਹੈ । 50 ਸਾਲ ਦੇ ਰਾਜ ਵਾਲੀ ਦਰੁਸਤ ਹੈ ਜਾਂ ਪੰਡਿਤ ਜਵਾਹਰ ਲਾਲ ਨਹਿਰੂ ਵਾਲੀ ਦਰੁਸਤ ਹੈ ।

ਰਾਜਾ ਨਰਿੰਦਰ ਸਿੰਘ : ਜੋ ਮੈਂ ਇਥੇ ਬੋਲਦਾ ਹਾਂ, ਇਸ ਦਾ ਮਤਲਬ ਹੈ ਕਿ ਇਹ ਮੰਨਦੇ ਹਨ ਅਸੀਂ ਜੋ ਬੋਲਦੇ ਹਾਂ, ਉਹ ਠੀਕ ਹੈ । ਅਸੀਂ ਪੂਰਾ ਠੀਕ ਕਹਿੰਦੇ ਹਾਂ, ਦੁੱਧ ਨੂੰ ਦੁੱਧ ਅਤੇ ਪਾਣੀ ਨੂੰ ਪਾਣੀ ਕਹਿੰਦੇ ਹਾਂ । ਇਸ ਵਾਸਤੇ ਹੀ ਜੋ ਪੰਡਿਤ ਜੀ ਨੇ

[ਰਾਜਾ ਨਰਿੰਦਰ ਸਿੰਘ]

ਕੀਤਾ ਹੈ, ਉਸ ਨੂੰ ਦਰੁਸਤ ਕਹਿੰਦੇ ਹਾਂ ਔਰ ਸਰਦਾਰ ਅਵਤਾਰ ਸਿੰਘ ਬਰਾੜ ਨੇ ਵੀ ਬੜੇ ਚੰਗੇ ਕੰਮ ਕੀਤੇ ਹਨ, ਮੈਂ ਉਨ੍ਹਾਂ ਦੀ ਵੀ ਸ਼ਲਾਘਾ ਕਰਦਾ ਹਾਂ । ਮੈਂ ਉਦੋਂ ਪ੍ਰਦੇਸ਼ ਕਾਂਗਰਸ ਦਾ ਮੈਂਬਰ ਸੀ ਔਰ ਮੈਂ ਸਮਝਦਾ ਹਾਂ ਕਿ ਪੰਡਿਤ ਜਵਾਹਰ ਲਾਲ ਨਹਿਰੂ ਤੋਂ ਬਾਅਦ ਵਾਲੀ ਕਾਂਗਰਸ ਖੁਦਗਰਜ਼ ਹੋ ਗਈ ਸੀ, ਇਸ ਕਰਕੇ ਹੀ ਮੈਂ ਬਾਹਰ ਆਇਆ ਸੀ ।

ਡਿਪਟੀ ਸਪੀਕਰ ਸਾਹਿਬ, ਕਹਿਣ ਨੂੰ ਤਾਂ ਬਹੁਤ ਕੁਛ ਤਾਅਨੇ-ਮਿਹਣੇ ਦੇ ਸਕਦੇ ਹਾਂ । ਅੱਜ ਇਥੇ ਇਕ ਸਵਾਲ ਆਇਆ ਕਿ ਭਗਤ ਸਿੰਘ ਦੀ ਸਮਾਧੀ ਉਤੇ ਨਰਸਰੀ ਲਾ ਦਿੱਤੀ । ਇਨ੍ਹਾਂ ਨੂੰ ਯਾਦ ਹੈ ਕਿ ਭਗਤ ਸਿੰਘ ਦੀ ਸਮਾਧੀ ਕਿਸ ਨੇ ਬਣਾਈ । 1947 ਵਿਚ ਦੇਸ਼ ਨੂੰ ਆਜ਼ਾਦੀ ਮਿਲੀ ਔਰ ਮੈਂ 1968 ਦੇ ਵਿੱਚ ਫਿਰੋਜ਼ਪੁਰ ਜਾ ਕੇ ਉਹ ਜਗ੍ਹਾ ਭਾਲੀ । ਪੁਰਾਣੇ ਬਜ਼ੁਰਗਾਂ ਨੂੰ ਨਾਲ ਲੈ ਕੇ ਰਾਜਗੁਰੂ, ਸੁਖਦੇਵ ਅਤੇ ਭਗਤ ਸਿੰਘ ਦੀ ਸਮਾਧੀ ਬਣਾਈ ਸੀ । (ਥੰਪਿੰਗ) ਇਹ ਉਨ੍ਹਾਂ ਦਾ ਨਾਮ ਲੈ ਕੇ ਜਿਉਂਦੇ ਹਨ । ਮੈਂ, ਡਿਪਟੀ ਸਪੀਕਰ ਸਾਹਿਬ, ਬੇਨਤੀ ਕਰਦਾ ਹਾਂ . . . . (ਵਿਘਨ) ।

ਸਰਦਾਰ ਅਵਤਾਰ ਸਿੰਘ ਬਰਾੜ : ਇਹ ਸਮਾਧੀ ਉਸ ਸਮੇਂ ਦੇ ਮੁੱਖ ਮੰਤਰੀ ਸਰਦਾਰ ਲਛਮਣ ਸਿੰਘ ਗਿੱਲ ਨੇ ਬਣਾਈ ਸੀ ਔਰ ਜੋ ਹਾਲਤ ਅਕਾਲੀ ਦਲ ਨੇ ਉਨ੍ਹਾਂ ਦੀ ਕੀਤੀ, ਉਸ ਬਾਰੇ ਪਤਾ ਹੀ ਹੈ ।

ਰਾਜਾ ਨਰਿੰਦਰ ਸਿੰਘ: ਡਿਪਟੀ ਸਪੀਕਰ ਸਾਹਿਬ, ਇਹ ਸਾਡਾ ਘਰ ਦਾ ਮਾਮਲਾ ਹੈ ।

ਡਾਕਟਰ ਹਰਬੰਸ ਲਾਲ: ਡਿਪਟੀ ਸਪੀਕਰ ਸਾਹਿਬ, ਰਾਜਾ ਸਾਹਿਬ ਕਾਂਗਰਸ ਪਾਰਟੀ ਛੱਡ ਕੇ ਅਕਾਲੀਆਂ ਵਿੱਚ ਆ ਗਏ ਸੀ ਜਿਸ ਵਿੱਚ ਲਛਮਣ ਸਿੰਘ ਗਿੱਲ ਨੇ ਅਕਾਲੀ ਸਰਕਾਰ ਤੇ ਦੂਸ਼ਣ ਲਾ ਕੇ ਅਤੇ ਅਕਾਲੀ ਸਰਕਾਰ ਤੋੜ ਕੇ ਆਪਣੀ ਸਰਕਾਰ ਬਣਾਈ ਸੀ ।

ਰਾਜਾ ਨਰਿੰਦਰ ਸਿੰਘ: ਮੈਂ ਤਾਂ ਪਹਿਲਾਂ ਹੀ ਸ਼ੇਅਰ ਦਰਗੁਜ਼ਰ ਕਰ ਦਿੱਤਾ ਸੀ ਕਿ ਸਾਡੀ ਤਾਂ ਮਾੜੀ ਜਿਹੀ ਗੱਲ ਤੇ ਰੌਲਾ ਹੋ ਜਾਂਦਾ ਹੈ । ਡਿਪਟੀ ਸਪੀਕਰ ਸਾਹਿਬ, ਇਥੇ ਆ ਕੇ ਸਾਨੂੰ ਦੂਸ਼ਣ ਬਾਜ਼ੀਆਂ ਨੂੰ ਮੁਕਾ ਲੈਣਾ ਚਾਹੀਦਾ ਹੈ । ਆਪਾਂ ਕਹਿੰਦੇ ਹਾਂ ਕਿ ਹਾਊਸ, ਸਦਨ ਪਵਿੱਤਰ ਹੈ ਪਰ ਇਥੇ ਅਸੀਂ ਗੈਲਰੀਜ਼ ਨੂੰ ਪਲੇਅ ਕਰਦੇ ਹਾਂ । ਦੇਸ਼ ਦੇ ਭਲੇ ਵਾਸਤੇ ਗੱਲ ਨਹੀਂ ਕਰਦੇ । ਇੱਕ ਪਾਸੇ ਅੱਜ ਹਾਲਾਤ ਇਹ ਹਨ ਕਿ ਫਰੈਗਮੈਂਟੇਸ਼ਨ ਆਫ਼ ਹੋਲਡਿੰਗ ਹੋ ਰਿਹਾ ਹੈ ਔਰ ਇੰਨੇ ਛੋਟੇ ਛੋਟੇ ਹੋਲਡਿੰਗਜ਼ ਹਨ ਕਿ ਦੋ ਏਕੜ ਤੋਂ ਇੱਕ ਏਕੜ ਰਹਿ ਗਏ ਹਨ ਔਰ ਉਹ ਲੋਕ ਸਾਂਝੇ ਪੂਲ ਵਿੱਚ, ਦੇਸ਼ ਦੇ ਸਾਂਝੇ ਭੰਡਾਰ ਵਿੱਚ ਅਨਾਜ ਕਿੱਥੋਂ ਪਾ ਦੇਣਗੇ ? ਇਹ ਜਿਤਨੀਆਂ ਪਾਲਿਸੀਜ਼ ਹਨ, ਇਹ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰਨ ਵਾਸਤੇ ਬਣਾਈਆਂ ਹਨ । ਇਥੇ ਸਟ੍ਰਕਚਰ ਵੀ ਰੌਂਗ ਹੈ । ਛੜਿਆਂ ਤੇ ਵੱਧ ਟੈਕਸ ਲਗਾਇਆ ਜਾਂਦਾ ਹੈ । ਅੰਗਰੇਜ਼ਾਂ ਦੇ ਰਾਜ ਵਿੱਚ ਇਹ ਸੀ ਕਿ ਜਦੋਂ ਮੈਰਿਜ ਹੋ ਜਾਵੇ, ਬੱਚਾ ਹੋ ਜਾਵੇ ਤਾਂ ਉਸ ਨੂੰ ਟੈਕਸ ਤੋਂ ਛੋਟ ਮਿਲ ਜਾਂਦੀ ਸੀ । ਇਥੇ ਤਾਂ ਹਰ. . . . (ਵਿਘਨ)

ਸ੍ਰੀ ਡਿਪਟੀ ਸਪੀਕਰ: ਤੁਹਾਨੂੰ ਜਿੰਨਾ ਟਾਈਮ ਵਾਧੂ ਦਿੱਤਾ ਸੀ, ਉਹ ਖਤਮ ਹੋ ਗਿਆ ਹੈ । ਇਸ ਲਈ ਕਿਰਪਾ ਕਰਕੇ ਬੈਠ ਜਾਉ ।

Raja Narinder Singh: Thank you.

ਡਾਕਟਰ ਬਲਦੇਵ ਰਾਜ ਚਾਵਲਾ (ਅੰਮ੍ਰਿਤਸਰ ਉਤਰੀ): ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਇਸ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਜਿਥੇ ਅਨੁਸੂਚਿਤ ਜਾਤੀਆ ਤੇ ਪਛੜੀਆਂ ਜਾਤੀਆਂ ਦੀ ਗੱਲ ਹੈ, ਸਾਡੀ ਸਰਕਾਰ ਸ਼ਡਿਊਲਡ ਕਾਸਟਸ ਤੇ ਬੈਕਵਰਡ ਕਲਾਸਾਂ ਨੂੰ ਸਭ ਤੋਂ ਜਿਆਦਾ ਪ੍ਰਾਇਅਰਟੀ ਦੇ ਰਹੀ ਹੈ । ਪਿਛਲੀ ਸਰਕਾਰ ਨੇ ਸ਼ਡਿਊਲਡ ਕਾਸਟਾਂ ਅਤੇ ਬੈਕਵਰਡ ਕਲਾਸਿਜ਼ ਵਾਸਤੇ 1996-97 ਦੇ ਅੰਦਰ 39.70 ਕਰੋੜ ਰੁਪਏ ਖਰਚੇ ਜਾਣ ਵਾਸਤੇ ਲਿਖਿਆ ਸੀ । ਸਾਡੀ ਸਰਕਾਰ ਨੇ ਇਸ ਰਕਮ ਨੂੰ ਵਧਾ ਕੇ ਤਿੰਨ ਗੁਣਾਂ ਕਰ ਦਿੱਤਾ ਹੈ ਔਰ 1997-98 ਦੇ ਅੰਦਰ 111.09 ਕਰੋੜ ਰੁਪਏ ਕੀਤਾ ਹੈ । ਮੈਂ ਸਮਝਦਾ ਹਾਂ ਕਿ ਇਹ ਵਾਧਾ ਬੇਮਿਸਾਲ ਹੈ ਔਰ ਪਿਛਲੀ ਸਰਕਾਰ ਨੇ ਜਿਹੜਾ ਪੈਸਾ ਰਖਿਆ ਸੀ ਉਸਤੋਂ ਤਿੰਨ ਗੁਣਾ ਜ਼ਿਆਦਾ ਹੈ । ਇਸ ਤੋਂ ਪਹਿਲਾ ਪਿਛਲੀ ਕਾਂਗਰਸ ਦੀ ਸਰਕਾਰ ਮਕਾਨ ਬਣਾਉਣ ਵਾਸਤੇ ਸਬਸਿਡੀ ਤੇ 15 ਹਜ਼ਾਰ ਰੁਪਏ ਦਿੰਦੀ ਸੀ । ਮੇਰਾ ਸ਼ਡਿਊਲਡ ਕਾਸਟ ਭਾਈ ਜਦੋਂ 15 ਹਜ਼ਾਰ ਲੈਣ ਵਾਸਤੇ ਦਫਤਰ ਜਾਂਦਾ ਸੀ ਤਾਂ ਉਸ ਨੂੰ ਦੋ ਤਿੰਨ ਹਜ਼ਾਰ ਰੁਪਏ ਉਥੋਂ ਦੇ ਅਫਸਰਾਂ ਨੂੰ ਦੇਣੇ ਪੈਂਦੇ ਸਨ ਅਤੇ ਜੋ ਵਿਚੋਲਾ ਉਸ ਨੂੰ ਲੈ ਕੇ ਜਾਂਦਾ ਸੀ, ਉਸ ਨੂੰ ਵੀ ਹਜ਼ਾਰ ਦੋ ਹਜ਼ਾਰ ਰੁਪਿਆ ਦੇਣਾ ਪੈਂਦਾ ਸੀ । ਇਸ ਤਰ੍ਹਾਂ ਕਰਕੇ ਉਸ ਕੋਲ ਮਕਾਨ ਬਣਾਉਣ ਵਾਸਤੇ ਸਿਰਫ ਸੱਤ, ਅੱਠ ਜਾਂ ਨੌਂ ਹਜ਼ਾਰ ਰੁਪਿਆ ਹੀ ਪਹੁੰਚਦਾ ਸੀ ਅਤੇ ਜਦੋਂ ਉਹ ਪੈਸੇ ਲੈਣ ਲਈ ਬੈਂਕ ਜਾਂਦਾ ਸੀ ਤਾਂ ਉਥੇ ਵੀ ਚਾਹ ਪਾਣੀ ਲਈ ਪੈਸੇ ਦੇਣੇ ਪੈਂਦੇ ਸਨ। ਹੁਣ ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ 9-10 ਹਜ਼ਾਰ ਰੁਪਏ ਦੇ ਵਿੱਚ ਪੱਕਾ ਮਕਾਨ ਕਿਵੇਂ ਬਣਾਇਆ ਜਾ ਸਕਦਾ ਹੈ । ਸਾਡੀ ਸਰਕਾਰ ਨੇ ਇਸ ਨੂੰ ਵਧਾ ਕੇ 50 ਹਜ਼ਾਰ ਰੁਪਿਆ ਕੀਤਾ ਹੈ । ਇਸ 50 ਹਜ਼ਾਰ ਰੁਪਏ ਵਿਚ ਜਿਹੜੇ ਮਕਾਨ ਬਣਾ ਕੇ ਦਿੱਤੇ ਜਾਣਗੇ ਉਸ ਦੇ ਵਿਚ ਦੋ ਕਮਰੇ ਹੋਣਗੇ ਔਰ ਇਸ ਤੋਂ ਇਲਾਵਾ ਟਾਇਲਟ ਅਤੇ ਬਾਥਰੂਮ ਵੀ ਹੋਣਗੇ । ਜਦੋਂ ਸ਼ਡਿਊਲਡ ਕਾਸਟ ਦਾ ਭਰਾ ਉਸ ਕਮਰੇ ਦੇ ਵਿੱਚ ਜਾ ਕੇ ਐਂਟਰ ਕਰੇਗਾ ਤਾਂ ਉਸ ਨੂੰ ਬਿਜਲੀ ਦਾ ਕੁਨੈਕਸ਼ਨ ਨਹੀਂ ਲੈਣਾ ਪਵੇਗਾ ਪਾਣੀ ਦਾ ਕੁਨੈਕਸ਼ਨ ਨਹੀਂ ਲੈਣਾ ਲੈਣਾ ਪਵੇਗਾ । ਜਿਸ ਵੇਲੇ ਉਹ ਐਂਟਰ ਕਰੇਗਾ ਤਾਂ ਉਥੇ ਉਸਨੂੰ ਬਟਨ ਦਬਾਉਣ ਦੀ ਜ਼ਰੂਰਤ ਪਵੇਗੀ ਅਤੇ ਪੱਖਾ ਚਲਦਾ ਮਿਲੇਗਾ । ਜਿਸ ਵਕਤ ਟੂਟੀ ਨੂੰ ਹੱਥ ਲਾਇਆ ਜਾਵੇਗਾ ਤਾਂ ਉਸ ਨੂੰ ਪਾਣੀ ਮਿਲੇਗਾ । ਇਹ ਸਾਰਾ ਕੁਝ ਸਾਡੀ ਸਰਕਾਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਤਹਿ ਕੀਤਾ ਹੈ ਅਤੇ ਇਸ ਦਾ ਸਿਹਰਾ ਸਾਡੀ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਜਾਂਦਾ ਹੈ। ਸਾਡੀ ਸਰਕਾਰ ਨੇ 1997-98 ਦੇ ਵਿੱਚ ਸ਼ਡਿਊਲਡ ਕਾਸਟਸ ਦੇ ਲੋਕਾਂ ਲਈ 12 ਹਜ਼ਾਰ ਮਕਾਨ ਬਣਾਉਣੇ ਹਨ ।

ਇੱਕ ਆਵਾਜ਼ : ਪੰਜਾਬ ਦੇ ਵਿੱਚ ਕੁਲ ਪਿੰਡ 12 ਹਜ਼ਾਰ ਤੋਂ ਵੱਧ ਹਨ ।

ਡਾਕਟਰ ਬਲਦੇਵ ਰਾਜ ਚਾਵਲਾ : ਜਿਥੋਂ ਤੱਕ ਸ਼ਗਨ ਸਕੀਮ ਦੀ ਗੱਲ ਸਾਡੀ ਸਰਕਾਰ ਨੇ ਸ਼ੁਰੂ ਕੀਤੀ ਹੈ, ਬਹੁਤ ਵਧੀਆ ਹੈ । ਸਾਡੀਆਂ ਬੱਚੀਆਂ, ਭੈਣਾ ਜਦੋਂ ਜੌਵਨ ਹੰਦੀਆਂ ਸਨ ਅਤੇ ਉਨ੍ਹਾਂ ਦੀ ਸ਼ਾਦੀ ਲਈ ਉਸ ਦੇ ਮਾਤਾ ਪਿਤਾ ਨੂੰ ਕਿਸੇ ਲੈਂਡਲਾਰਡ

[ਡਾਕਟਰ ਬਲਦੇਵ ਰਾਜ ਚਾਵਲਾ]

ਕੋਲ ਜਾਣਾ ਪੈਂਦਾ ਸੀ ਅਤੇ ਪੈਸਾ ਉਧਾਰ ਲੈਣਾ ਪੈਂਦਾ ਸੀ। ਇਸ ਬਾਰ ਸਾਨੂੰ ਗੱਲ ਸੁਣਨ ਨੂੰ ਮਿਲਦੀ ਹੈ ਕਿ ਉਸ ਤੇ ਸੂਦ ਦਰ ਸੂਦ ਚੜਦਾ ਜਾਂਦਾ ਸੀ ਅਤੇ ਉਸਦੀ ਅਗਲੀ ਪੀੜ੍ਹੀ ਵੀ ਉਸ ਕਰਜ਼ੇ ਦੇ ਹੇਠਾਂ ਦਬੀ ਜਾਂਦੀ ਸੀ। ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਨ੍ਹਾਂ ਨੌਜਵਾਨ ਬੱਚੀਆਂ ਲਈ 5100 ਰੁਪਏ ਸ਼ਗਨ ਦੇ ਰੂਪ ਵਿੱਚ ਦੇਣੇ ਹਨ ਜੋ ਕਿ ਪਿਛਲੀ ਸਰਕਾਰ ਨੇ ਕਦੇ ਵੀ ਨਹੀਂ ਕੀਤੇ ਹਨ। ਇਸ ਦੇ ਵਾਸਤੇ 20 ਕਰੋੜ ਰੁਪਿਆ ਈਅਰਮਾਰਕ ਕਰਵਾਇਆ ਹੈ। ਇਸ ਦੇ ਨਾਲ ਸਾਡੀਆਂ 40 ਹਜ਼ਾਰ ਭੈਣਾਂ ਨੂੰ ਫਾਇਦਾ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਵੀ ਕਹਿਣਾ ਚਾਹਾਂਗਾ ਕਿ ਥੋੜ੍ਹਾ ਜਿਹਾ ਵੀ ਕਰ ਸੈਕਸ਼ਨ ਦੀ ਤਰਫ ਵੀ ਧਿਆਨ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਅੰਕੜੇ ਸਦਨ ਦੇ ਵਿਚ ਪੇਸ਼ ਕਰਨਾ ਚਾਹੁੰਦਾ ਹਾਂ ਜੋ ਕਿ ਸਾਡੀ ਸਰਕਾਰ ਭਾਰਤੀ ਜਨਤਾ ਪਾਰਟੀ/ਅਕਾਲੀ ਦਲ ਅਤੇ ਕਾਂਗਰਸ ਦੇ ਕੀਤੇ ਕੰਮਾਂ ਸਬੰਧੀ ਹਨ। ਸ਼ਡਿਊਲਡ ਕਾਸਟ ਅਤੇ ਸ਼ਡਿਊਲਡ ਟਰਾਈਬ ਅਤੇ ਦੂਜੀਆਂ ਬੈਕਵਰਡ ਕਲਾਸਿਜ਼ ਦੀ ਵੈਲਫੇਅਰ ਵਾਸਤੇ ਪਿਛਲੀ ਸਰਕਾਰ ਨੇ 1996-97 ਦੇ ਵਿਚ 47 ਕਰੋੜ, 32 ਲੱਖ ਅਤੇ 69 ਹਜ਼ਾਰ ਰੁਪਏ ਰਖੇ ਸੀ ਜਦਕਿ ਸਾਡੀ ਸਰਕਾਰ ਨੇ 1997-98 ਦੇ ਅੰਦਰ 65 ਕਰੋੜ, 22 ਲੱਖ ਅਤੇ 26 ਹਜ਼ਾਰ ਰੁਪਏ ਰਖੇ ਹਨ। ਇਸੇ ਤਰ੍ਹਾਂ ਪਿਛਲੀ ਸਰਕਾਰ ਨੇ ਸੋਸ਼ਲ ਵੈਲਫੇਅਰ ਲਈ 1996-97 ਦੇ ਵਿੱਚ 29 ਕਰੋੜ 26 ਲੱਖ 65 ਹਜ਼ਾਰ ਰੁਪਏ ਰੱਖੇ ਸਨ ਜਦਕਿ ਸਾਡੀ ਸਰਕਾਰ ਨੇ 53 ਕਰੋੜ 40 ਲੱਖ ਅਤੇ 69 ਰੁਪਏ ਰੱਖੇ ਹਨ। ਇਸੇ ਤਰ੍ਹਾਂ ਕੈਪੀਟਲ ਅਮਾਊਂਟ ਲਈ 1996-97 ਵਿਚ 2 ਕਰੋੜ 85 ਲੱਖ ਰੁਪਏ ਰੱਖੇ ਗਏ ਸਨ ਅਤੇ ਸਾਡੀ ਸਰਕਾਰ ਨੇ 1997-98 ਦੇ ਵਿੱਚ 11 ਕਰੋੜ 6 ਲੱਖ ਰੁਪਏ ਰੱਖੇ ਹਨ। 1996-97 ਵਿੱਚ ਟੋਟਲ ਡਿਮਾਂਡ 79 ਕਰੜ 45 ਲੱਖ ਰੁਪਏ ਦੀ ਰੱਖੀ ਗਈ ਸੀ। ਪਰ ਸਾਡੀ ਸਰਕਾਰ ਨੇ 1997-98 ਵਿੱਚ ਇੱਕ ਅਰਬ 30 ਕਰੋੜ 24 ਲੱਖ ਇੱਕ ਹਜ਼ਾਰ ਰੁਪਿਆ ਰੱਖਿਆ ਹੈ। ਇਸ ਤੋਂ ਪਤਾ ਲਗਦਾ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਸਰਕਾਰ ਕਿੰਨਾ ਰੁਪਿਆ ਰੱਖ ਰਹੀ ਹੈ ਜਦਕਿ ਕਾਂਗਰਸ ਸਰਕਾਰ ਨੇ ਅਜਿਹਾ ਨਹੀਂ ਕੀਤਾ।

ਸ੍ਰੀ ਡਿਪਟੀ ਸਪੀਕਰ: ਚਾਵਲਾ ਜੀ, ਕਨਕਲੂਡ ਕਰੋ।

ਡਾਕਟਰ ਬਲਦੇਵ ਰਾਜ ਚਾਵਲਾ: ਡਿਪਟੀ ਸਪੀਕਰ ਸਾਹਿਬ, ਕੁਝ ਅੰਕੜੇ ਦੱਸਣੇ ਜ਼ਰੂਰੀ ਹਨ। ਮੈਂ ਸਮਝਦਾ ਹਾਂ ਕਿ ਤੁਸੀਂ ਜ਼ਰੂਰ ਟਾਈਮ ਦੇਵੋਂਗੇ। ਡਾਇਰੈਕਸ਼ਨ ਆਫ ਐਡਮਨਿਸਟ੍ਰੇਸ਼ਨ ਵਾਸਤੇ ਜਿਹੜੇ ਅੰਕੜੇ ਮੇਰੇ ਧਿਆਨ ਵਿੱਚ ਆਏ ਹਨ ਕਿ 1996-97 ਵਿੱਚ 3 ਕਰੋੜ 31 ਲੱਖ 6 ਹਜ਼ਾਰ ਰੁਪਏ ਰੱਖੇ ਗਏ ਸਨ ਪਰ 1997-98 ਵਿੱਚ ਇਸ ਵਾਸਤੇ 3 ਕਰੋੜ 81 ਲੱਖ 48 ਹਜ਼ਾਰ ਰੁਪਏ ਰਖੇ ਗਏ ਹਨ। ਮੈਂ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪੇ ਕਮਿਸ਼ਨ ਦੀ ਰਿਪੋਰਟ ਆਏਗੀ ਇਸ ਬਾਰੇ ਜ਼ਰੂਰ ਵਿਚਾਰ ਕੀਤੀ ਜਾਣੀ ਚਾਹੀਦੀ ਹੈ। ਇੱਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਐਡਮਨਿਸਟ੍ਰੇਸ਼ਨ ਤੇ 75% ਖਰਚ ਕੀਤਾ ਜਾਂਦਾ ਹੈ, ਬਾਕੀ 25% ਰੁਪਿਆ ਸੁਧਾਰ ਕੰਮਾਂ ਵਾਸਤੇ ਖਰਚ ਕੀਤਾ ਜਾਂਦਾ ਹੈ। ਮੌਜੂਦਾ ਸਰਕਾਰ ਨੂੰ ਇਸ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ।

ਐਜੂਕੇਸ਼ਨ ਦੇ ਮਾਮਲੇ ਵਿੱਚ 1996-97 ਵਿੱਚ 3 ਕਰੋੜ 4 ਲੱਖ 11 ਹਜ਼ਾਰ ਰੁਪਿਆ ਰੱਖਿਆ ਗਿਆ ਸੀ ਪਰ ਐਤਕੀਂ ਬਾਦਲ ਸਰਕਾਰ ਨੇ 1997-98 ਵਿੱਚ 13 ਕਰੋੜ 18 ਲੱਖ 21 ਹਜ਼ਾਰ ਰੁਪਿਆ ਰੱਖਿਆ ਹੈ । ਇਸ ਬਾਰੇ ਅਖਬਾਰਾਂ ਵਿਚ ਆਇਆ ਹੈ ਕਿ ਖਰਚਾ ਤਾਂ ਰੱਖ ਦਿੰਦੇ ਹਨ ਪਰ ਉਸ ਨੂੰ ਯੂਟੇਲਾਈਜ਼ ਨਹੀਂ ਕੀਤਾ ਜਾਂਦਾ । ਪਿਛਲੀ ਸਰਕਾਰ ਨੇ ਜੋ ਰੁਪਿਆ ਰੱਖਿਆ ਸੀ ਜਿਸ ਨਾਲ ਕਿ ਕਿਤਾਬਾਂ ਕਾਪੀਆਂ ਖਰੀਦੀਆਂ ਜਾਣੀਆਂ ਚਾਹੀਦੀਆਂ ਸਨ, ਉਹ ਉਨ੍ਹਾਂ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਦੇ ਲੋਕਾਂ ਨੂੰ ਨਹੀਂ ਮਿਲਿਆ, ਉਹ ਕਿਸੇ ਹੋਰ ਸੰਸਥਾ ਨੂੰ ਹੀ ਦੇ ਦਿੱਤਾ ਗਿਆ । ਮੈਂ ਬਾਦਲ ਸਰਕਾਰ ਤੋਂ ਇਹ ਆਸ ਰੱਖਦਾ ਹਾਂ ਕਿ ਇਹ 13 ਕਰੋੜ 18 ਲੱਖ 21 ਹਜ਼ਾਰ ਰੁਪਿਆ ਜੋ ਬਜਟ ਵਿੱਚ ਰੱਖਿਆ ਗਿਆ ਹੈ, ਇਸ ਦੀ ਪਰਾਪਰ ਯੂਟੀਲਾਈਜੇਸ਼ਨ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਵਾਸਤੇ ਕੀਤੀ ਜਾਵੇਗੀ । ਅੰਕੜਿਆਂ ਵਿੱਚ ਪਲੈਨਡ ਅਤੇ ਨਾਨ ਪਲੈਨਡ ਬਾਰੇ ਵੀ ਆਇਆ ਹੈ । ਸਟੇਟ ਪਲੈਨ ਸਕੀਮ ਬਾਰੇ 1996-97 ਵਿੱਚ 12 ਕਰੋੜ 84 ਲੱਖ 31 ਹਜ਼ਾਰ ਰੁਪਿਆ ਰੱਖਿਆ ਗਿਆ ਸੀ । ਇਸ ਵਾਰ 1997-98 ਵਿੱਚ 2 ਕਰੋੜ 38 ਲੱਖ ਰੁਪਿਆ ਰੱਖਿਆ ਗਿਆ ਹੈ। ਇਹ ਬਹੁਤ ਵੱਡੀ ਵੇਰੀਏਸ਼ਨ ਹੈ, ਸਰਕਾਰ ਨੂੰ ਇਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ । ਨਾਨ-ਪਲੈਨਡ ਵਾਸਤੇ ਸਾਲ 1996-67 ਵਿੱਚ 47 ਕਰੋੜ 32 ਲੱਖ 85 ਹਜ਼ਾਰ ਰੁਪਿਆ ਰੱਖਿਆ ਗਿਆ ਸੀ ਜਦ ਕਿ 1997-98 ਵਿੱਚ 65 ਕਰੋੜ 23 ਲੱਖ 7 ਹਜ਼ਾਰ ਰੁਪਿਆ ਰੱਖਿਆ ਗਿਆ ਹੈ । ਇਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਸਾਡੀ ਸਰਕਾਰ ਸ਼ਡਿਊਲਡ ਕਾਸਟਾਂ ਵਾਸਤੇ ਕਿੰਨਾ ਕੁਝ ਕਰ ਰਹੀ ਹੈ । ਦੋ ਤਿੰਨ ਗੱਲਾਂ ਵਿਮੈਨ ਵੈਲਫੇਅਰ ਵਾਸਤੇ ਕਹਾਂਗਾ । ਪਿਛਲੇ 50 ਸਾਲਾਂ ਵਿੱਚ ਕੋਈ ਵਿਮੈਨ ਦੀ ਵੈਲਫੇਅਰ ਨਹੀਂ ਹੋਈ । ਮੈਂ ਇਕ ਦੋ ਗੱਲਾਂ ਕਹਿ ਕੇ ਹੀ ਸਮਾਪਤ ਕਰਾਂਗਾ । ਸਾਡੀ ਸਰਕਾਰ ਨੂੰ ਪ੍ਰਦੇਸ਼ ਅੰਦਰ ਵਿਮੈਨ ਵੈਲਫੇਅਰ ਸੈਂਟਰ ਖੋਲ੍ਹਣੇ ਚਾਹੀਦੇ ਹਨ । ਇੰਨਾ ਕਹਿ ਕੇ ਮੈਂ ਸਮਾਪਤ ਕਰਦਾ ਹਾਂ । ਜੈ ਹਿੰਦ । ਧੰਨਵਾਦ ।

ਸ੍ਰੀਮਤੀ ਰੂਪ ਰਾਣੀ (ਦੀਨਾ ਨਗਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਪੱਛੜੀਆਂ ਸ਼੍ਰੇਣੀਆਂ ਤੇ ਬੋਲਣ ਦਾ ਮੌਕਾ ਦਿੱਤਾ ਹੈ । ਕੋਈ ਸਰਕਾਰ ਕੁਝ ਕਹੇ, ਕਾਂਗਰਸ ਵਾਲਿਆਂ ਨੇ ਵੀ ਦਲੀਲਾਂ ਦਿੱਤੀਆਂ, ਬੀ.ਜੇ.ਪੀ. ਵਾਲਿਆਂ ਨੇ ਵੀ ਦਲੀਲਾਂ ਦਿੱਤੀਆਂ ਕਿ ਸਰਕਾਰ ਨੇ ਪੱਛੜੀਆਂ ਸ਼੍ਰੇਣੀਆਂ ਵਾਸਤੇ ਬਹੁਤ ਕੰਮ ਕੀਤੇ ਹਨ । ਪਰ ਜੋ ਮੈਂ ਦੇਖਿਆ ਹੈ ਉਹ ਇਹ ਕਿ ਕਾਂਗਰਸ ਨੇ ਕੋਈ ਕੰਮ ਨਹੀਂ ਕੀਤੇ । ਬੀ.ਜੇ.ਪੀ. ਅਤੇ ਅਕਾਲੀ ਦਲ ਦੀ ਸਾਂਝੀ ਸਰਕਾਰ ਨ ਇੰਪਲੀਮੈਂਟ ਕੀਤਾ ਹੈ । ਮੈਂ ਖੁਦ ਦੇਖਿਆ ਹੈ । ਮੇਰੇ ਪਿਤਾ ਇਸ ਸਰਕਾਰ ਵਿੱਚ 2 ਵਾਰੀ ਐਮ.ਐਲ.ਏ. ਰਹੇ ਹਨ ਅਤੇ ਇੱਕ ਵਾਰੀ ਮਨਿਸਟਰ ਰਹੇ ਹਨ । ਸਾਂਝੀ ਸਰਕਾਰ ਨੇ ਹਰੀਜਨਾਂ ਵਾਸਤੇ ਬਹੁਤ ਕੁਝ ਕੀਤਾ ਹੈ । ਜਦੋਂ ਮੈਂ ਇਲੈਕਸ਼ਨ ਲੜ ਰਹੀ ਸੀ ਤਾਂ ਕਾਂਗਰਸ ਦੇ ਸ੍ਰੀ ਕ੍ਰਿਸ਼ਨ ਕੁਮਾਰ ਨੇ ਗਰੀਬਾਂ ਨੂੰ ਵੋਟਾਂ ਲੈਣ ਵਾਸਤੇ ਸ਼ਰਾਬ ਪਿਲਾਈ ਅਤੇ 100-100 ਰੁਪਏ ਦਿੱਤੇ ।....(ਵਿਘਨ)

ਚੌਧਰੀ ਜਗਜੀਤ ਸਿੰਘ : ਉਹ ਇਸ ਹਾਊਸ ਵਿੱਚ ਹਾਜ਼ਰ ਨਹੀਂ ਹਨ ।

ਸ੍ਰੀਮਤੀ ਰੂਪ ਰਾਣੀ : ਇਹ ਕਾਂਗਰਸੀ ਭਰਾ ਬੈਠੇ ਹਨ । ਇਨ੍ਹਾਂ ਨੇ ਸ਼ਡਿਊਲਡ ਕਾਸਟ ਲੋਕਾਂ ਵਾਸਤੇ ਕੁਝ ਨਹੀਂ ਕੀਤਾ । ਸਾਡੀ ਸਾਂਝੀ ਸਰਕਾਰ ਨੇ ਇਸ ਵਾਸਤੇ ਬਹੁਤ ਕੁਝ ਕੀਤਾ ਹੈ । ਇਹ ਜੋ 5100 ਰੁਪਏ ਸ਼ਗਨ ਦੀ ਗੱਲ ਕੀਤੀ ਹੈ । ਇਸ ਨੂੰ ਇੰਪਲੀਮੈਂਟ ਕੀਤਾ ਹੈ । ਗਰੀਬ ਲੋਕਾਂ ਨੂੰ ਮਕਾਨ ਬਨਾਉਣ ਵਾਸਤੇ 50 ਹਜ਼ਾਰ ਰੁਪਿਆ ਦੇਣ ਦੀ ਗੱਲ ਹੈ, ਇਹ ਬਹੁਤ ਅੱਛੀ ਗੱਲ ਹੈ । ਕਾਂਗਰਸ ਸਰਕਾਰ ਨੇ ਕਦੀ ਕੁਝ ਨਹੀਂ ਕੀਤਾ । ਕਾਂਗਰਸ ਸਰਕਾਰ ਨੇ ਇੰਨਾ, ਘਟੀਆ ਤਾਂ ਮੈਂ ਨਹੀਂ ਕਹਿ ਸਕਦੀ, ਇੰਨਾ ਗਲਤ ਕੰਮ ਕੀਤਾ ਹੈ । ਮੈਂ ਪਹਿਲੀ ਵਾਰ ਬਾਹਰ ਨਿਕਲ ਕੇ ਦੇਖਿਆ ਹੈ ਕਿ ਜੋ ਕੁਝ ਇਨ੍ਹਾਂ ਨੇ ਕੀਤਾ ਹੈ ਮੈਂ ਉਸ ਨੂੰ ਬਿਆਨ ਨਹੀਂ ਕਰ ਸਕਦੀ । ਬਾਕੀ ਮੈਂ ਟੰਡਨ ਸਾਹਿਬ ਦੀ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਵੂਮੈਨ ਨੂੰ ਸੀਟਾਂ ਦੇ ਵਿਚ 33% ਕੋਟੇ ਨੂੰ ਧਿਆਨ ਵਿਚ ਰੱਖਦੇ ਹੋਏ ਮੈਨੂੰ ਐਮ. ਐਲ. ਏ. ਲਈ ਖੜਾ ਕੀਤਾ । ਮੈਂ ਕਹਾਂਗੀ ਕਿ ਜਿੰਨੀ ਕਾਂਗਰਸ ਪਾਰਟੀ ਦੀ ਸਰਕਾਰ ਘਟੀਆ ਸੀ ਉਤਨੀ ਘਟੀਆ ਕੋਈ ਸਰਕਾਰ ਨਹੀਂ ਹੋਵੇਗੀ । ਇਹ ਹਰੀਜਨਾਂ ਦਾ ਨਾਂ ਲੈ ਕੇ ਵੋਟਾਂ ਲੈਂਦੇ ਰਹੇ ਪਰ ਉਨ੍ਹਾਂ ਲਈ ਇਨ੍ਹਾਂ ਨੇ ਕੀਤਾ ਕੁਝ ਨਹੀਂ । ਨਾ ਹੀ ਇਨ੍ਹਾਂ ਨੇ ਪਛੜੀਆਂ ਸ਼੍ਰੇਣੀਆਂ ਦੇ ਲਈ ਕੁਝ ਕੀਤਾ ਹੈ । ਮੈਂ ਇਥੇ ਖੜੀ ਹਾਂ ਸਾਨੂੰ ਇਹ ਦੱਸ ਦੇਣ । ਹੁਣ ਇਹ ਮੈਨੂੰ ਇਹ ਜਵਾਬ ਦੇਣ, ਇਨ੍ਹਾਂ ਨੇ ਲੋਕਾਂ ਲਈ ਕੀ ਕੀਤਾ ਹੈ ?

ਸਰਦਾਰ ਅਵਤਾਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਘਟੀਆ ਲਫਜ਼ ਐਕਸਪੰਜ ਹੋਣਾ ਚਾਹੀਦਾ ਹੈ ।

ਸ੍ਰੀਮਤੀ ਰੂਪ ਰਾਣੀ : ਡਿਪਟੀ ਸਪੀਕਰ ਸਾਹਿਬ, ਮੇਰੇ ਕੰਨ ਸੁਣ ਸੁਣ ਕੇ ਪੱਕ ਗਏ ਹਨ । ਇਹ ਮੈਨੂੰ ਇਥੇ ਹਾਊਸ ਦੇ ਵਿਚ ਦੱਸਣ ਕਿ ਪਛੜੀਆਂ ਸ਼੍ਰੇਣੀਆਂ ਅਤੇ ਸ਼ਡਿਊਲਡ ਕਾਸਟਾਂ ਦੇ ਲਈ ਪਿਛਲੀ ਕਾਂਗਰਸ ਦੀ ਸਰਕਾਰ ਨੇ ਕੀ ਕੀਤਾ ਹੈ । ਇਨ੍ਹਾਂ ਦੇ ਕੋਲ ਕੋਈ ਜਵਾਬ ਨਹੀਂ ਹੈ । ਮੈਂ ਇਥੇ ਖੜੀ ਹਾਂ, ਇਹ ਮੈਨੂੰ ਜਵਾਬ ਦੇਣ । ਕੁਝ ਨਹੀਂ ਕੀਤਾ ।

ਸ੍ਰੀ ਡਿਪਟੀ ਸਪੀਕਰ : ਭੈਣ ਜੀ ਦਾ ਹੌਸਲਾ ਹਫਜਾਈ ਕਰੋ, ਉਨ੍ਹਾਂ ਨੇ ਬੋਲਣ ਲਈ ਹੌਸਲਾ ਕੀਤਾ ਹੈ ।

ਸ੍ਰੀਮਤੀ ਰੂਪ ਰਾਣੀ : ਡਿਪਟੀ ਸਪੀਕਰ ਸਾਹਿਬ, ਜੋ ਕੁਝ ਔਰਤਾਂ ਲਈ ਅਤੇ ਪਛੜੀਆਂ ਸ਼੍ਰੇਣੀਆਂ ਦੇ ਲਈ ਕੀਤਾ ਹੈ ਉਹ ਬਾਦਲ ਸਾਹਿਬ ਦੀ ਸਰਕਾਰ ਨੇ ਕੀਤਾ ਹੈ ਹੋਰ ਕਿਸੇ ਨੇ ਕੁਝ ਨਹੀਂ ਕੀਤਾ ਹੈ । ਇਸ ਗੱਲ ਲਈ ਮੈਂ ਬਾਦਲ ਸਾਹਿਬ ਨੂੰ ਐਪਰੀਸ਼ੇਟ ਕਰਦੀ ਹਾਂ । ਧੰਨਵਾਦ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ (ਖਡੂਰ ਸਾਹਿਬ, ਐਸ. ਸੀ) : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀ ਮੈਨੂੰ ਇਸ ਪਵਿਤਰ ਸਦਨ ਦੇ ਵਿਚ ਬੋਲਣ ਲਈ ਸਮਾਂ ਦਿੱਤਾ ਹੈ । ਹਿੰਦੁਸਤਾਨ ਦੇ ਵਿਚ ਅਤੇ ਪੰਜਾਬ ਦੇ ਵਿਚ ਪਛੜੀਆਂ ਸ਼੍ਰੇਣੀਆਂ ਦੇ ਲਈ 28% ਤੋਂ ਜ਼ਿਆਦਾ ਗਿਣਤੀ ਹੈ । 50 ਸਾਲ ਤੋਂ ਵੱਧ ਇਸ ਦੇਸ਼ ਨੂੰ ਅਜ਼ਾਦ ਹੋਏ ਨੂੰ ਹੋ ਗਏ ਹਨ ਅਤੇ ਇਸ ਕਾਫੀ ਲੰਬੇ ਅਰਸੇ ਵਿਚ ਕਾਂਗਰਸ ਪਾਰਟ

ਦਾ ਰਾਜ ਰਿਹਾ ਹੈ ਅਤੇ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਨੇ ਸਾਡੇ ਪੱਛੜੀਆਂ ਸ਼੍ਰੇਣੀਆਂ ਅਤੇ ਸ਼ਡਿਊਲਡ ਕਾਸਟ ਭਰਾਵਾਂ ਨੂੰ ਸਿਵਾਏ ਲਾਰੇ ਲੱਪੇ ਤੋਂ ਹੋਰ ਕੁਝ ਨਹੀਂ ਦਿੱਤਾ। ਹਰ ਇਲੈਕਸ਼ਨ ਦੇ ਵਿਚ ਚੋਣ ਮੈਨੀਫੈਸਟੋ ਦੇ ਵਿਚ ਲਿਖ ਦਿੱਤਾ ਜਾਂਦਾ ਸੀ, ਪਹਿਲੇ ਕਹਿੰਦੇ ਰਹੇ ਕਿ ਅਸੀਂ ਤੁਹਾਨੂੰ ਜਮੀਨਾਂ ਦੇਵਾਂਗੇ, ਫੇਰ ਜਮੀਨਾਂ ਤੋਂ ਮੁਕਰ ਕੇ ਮਕਾਨਾਂ ਉਤੇ ਆ ਗਏ, ਫੇਰ ਕਹਿਣ ਲਗੇ ਤੁਹਾਨੂੰ ਇਕ ਗਊ ਦੇਵਾਂਗੇ, ਇਕ ਬੱਕਰੀ ਦੇਵਾਂਗੇ, ਮਕਾਨ ਬਣਾਉਣ ਵਾਸਤੇ ਕਰਜ਼ਾ ਦੇਵਾਂਗੇ ਤਾਂ ਕਿ ਤੁਸੀਂ ਆਪਣੀ ਛੱਤ ਪਾ ਲਓ ਪਰ ਸਾਰਾ ਕੁਝ ਲਾਰਾ-ਲੱਪਾ ਲਗਾਉਂਦੇ ਰਹੇ। ਇਹ ਜਿਹੜੇ ਇਲੈਕਸ਼ਨਾਂ ਦੇ ਦੌਰਾਨ ਚੋਣ ਮੈਨੀਫੈਸਟੋ ਹੁੰਦੇ ਸਨ ਉਨ੍ਹਾਂ ਨੂੰ ਕੋਲਡ ਸਟੋਰਜ ਵਿਚ ਰੱਖ ਦਿੰਦੇ ਸਨ। ਜੇਕਰ ਕੋਈ ਸਾਡਾ ਪਛੜੀਆਂ ਸ਼੍ਰੇਣੀਆਂ ਦਾ ਭਰਾ ਪੜ੍ਹ ਲਿਖ ਕੇ ਕੋਈ ਬਿਹਾਰ ਦੇ ਵਿਚ ਟਾਟਾ ਬਿਰਲੇ ਵਰਗੇ ਕੋਲ ਫੈਕਟਰੀ ਦੇ ਵਿਚ ਨੌਕਰੀ ਕਰਨ ਲਗ ਗਿਆ ਅਤੇ ਸਾਡੇ ਮਾਪਿਆ ਨੇ ਆਪਣੇ ਪੈਰਾਂ ਤੇ ਆਪ ਖੜੇ ਹੋ ਕੇ ਕੋਈ ਕੰਮ-ਕਾਰ ਕਰ ਲਿਆ ਅਤੇ ਮਿਹਨਤ ਕਰਕੇ ਕੋਈ ਤਰੱਕੀ ਕਰ ਲਈ ਹੈ ਤਾਂ ਉਹ ਅਸੀਂ ਖੁਦ ਆਪ ਮਿਹਨਤ ਕਰਕੇ ਕੀਤੀ ਹੈ ਪਰ ਸਰਕਾਰ ਨੇ ਸਾਡੀ ਕੋਈ ਮੱਦਦ ਨਹੀਂ ਕੀਤੀ। ਅਸੀਂ ਬੀ. ਐਸ. ਪੀ. ਵਾਲਿਆਂ ਨੂੰ ਕਾਂਗਰਸ ਪਾਰਟੀ ਦੇ ਚੁੰਗਲ ਵਿਚੋਂ ਕੱਢਿਆ ਹੈ। ਇਸ ਤੋਂ ਇਨ੍ਹਾਂ ਨੂੰ ਕੋਈ ਸਬਕ ਸਿੱਖਣਾ ਚਾਹੀਦਾ ਹੈ। ਕਾਂਗਰਸ ਪਾਰਟੀ ਵਾਲੇ ਤਾਂ ਨਾਅਰੇ ਲਗਾ ਕੇ ਸਾਨੂੰ ਗੁੰਮਰਾਹ ਕਰਦੇ ਰਹੇ ਕਿ ਅਸੀਂ ਸ਼ਡਿਊਲਡ ਕਾਸਟ/ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਕਦੇ ਕਹਿੰਦੇ ਸਨ ਬਕਰੀ ਦੇ ਦੇਵਾਂਗੇ ਤਾਂ ਕਿ ਉਹ ਦੁੱਧ ਪੀ ਸਕਣ ਅਤੇ ਇਕ ਗਾਂ ਦੇ ਦੇਵਾਂਗੇ ਤਾਂ ਕਿ ਇਹ ਦੁੱਧ ਵੇਚ ਸਕਣ ਅਤੇ ਆਪਣਾ ਗੁਜ਼ਾਰਾ ਕਰ ਸਕਣ। ਇਹ ਸਾਡੇ ਲੋਕਾਂ ਵਿਚ ਜਾਗ੍ਰਿਤੀ ਆਈ ਅਤੇ ਪਿੰਡ ਦੇ ਵਿਚ ਅਗਰ ਇਕ ਬੰਦਾ ਪੜ੍ਹ ਲਿਖ ਗਿਆ ਤਾਂ ਉਸ ਨੇ ਸਾਰੇ ਪਿੰਡ ਦੀ ਕਾਇਆ ਪਲਟ ਦਿੱਤੀ ਅਤੇ ਇਸੇ ਤਰ੍ਹਾਂ ਸਟੇਟ ਦੇ ਵਿਚ ਅਗਰ ਕੋਈ ਸਿਆਣਾ ਬੰਦਾ ਪਛੜੀਆਂ ਸ਼੍ਰੇਣੀਆਂ ਦਾ ਆਪ ਖੁਦ ਪੜ੍ਹ ਲਿਖ ਗਿਆ ਅਤੇ ਖੁਦ ਤਰੱਕੀ ਕਰਕੇ ਆ ਗਿਆ ਤਾਂ ਉਸ ਨੇ ਆਪਣੇ ਇਲਾਕੇ ਦੀ ਕਾਇਆ ਪਲਟ ਦਿੱਤੀ। ਇਸ ਕਰਕੇ ਪਛੜੀਆਂ ਸ਼੍ਰੇਣੀਆਂ ਦੇ ਵਰਗਾਂ ਨੂੰ ਐਜੂਕੇਟ ਕੀਤਾ ਤਾਂ ਕਿ ਉਹ ਪੜ੍ਹ ਲਿਖ ਕੇ ਇਨ੍ਹਾਂ ਦੀਆਂ ** ਤੋਂ ਜਾਣੂ ਹੋ ਜਾਣ।

ਡਾਕਟਰ ਹਰਬੰਸ ਲਾਲ : ਡਿਪਟੀ ਸਪੀਕਰ ਸਾਹਿਬ ** ਦਾ ਲਫਜ਼ ਐਕਸਪੰਜ ਕਰਾਓ।

ਸ੍ਰੀ ਡਿਪਟੀ ਸਪੀਕਰ : ਇਹ ਲਫਜ਼ ਐਕਸਪੰਜ ਕੀਤਾ ਜਾਵੇ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਡਿਪਟੀ ਸਪੀਕਰ ਸਾਹਿਬ, 1969 ਵਿਚ ਦੂਜੀ ਵਾਰ ਬਾਦਲ ਸਾਹਿਬ ਦੀ ਸਰਕਾਰ ਬਣੀ। ਬਾਦਲ ਸਾਹਿਬ ਨੇ ਪਛੜੀਆਂ ਸ਼੍ਰੇਣੀਆਂ ਵਾਸਤੇ ਧਰਮਸ਼ਾਲਾਵਾਂ ਦੀ ਸਕੀਮ ਚਾਲੂ ਕੀਤੀ ਤਾਂ ਕਿ ਪਛੜੀਆਂ ਸ਼੍ਰੇਣੀਆਂ ਦੇ ਲੋਕ

**Expunged as ordered by the Chair.

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਦੁੱਖ ਸੁੱਖ ਵੇਲੇ ਇਕੱਠੇ ਹੋਕੇ ਇਕ ਛੱਤ ਹੇਠਾਂ ਬੈਠ ਸਕਣ । ਜਦੋਂ ਇਲੈਕਸ਼ਨਾਂ ਆਈਆਂ ਤਾਂ ਕਾਂਗਰਸ ਦਾ ਰਾਜ ਆਇਆ ਤਾਂ ਇਹ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਕੋਲੋਂ 50/- ਰੁਪਏ, 100/- ਰੁਪਏ ਅਤੇ 200/- ਰੁਪਏ ਮੰਗਦੇ ਸਨ ਕਿ ਤੁਹਾਡੇ ਵਾਸਤੇ ਧਰਮਸ਼ਾਲਾਵਾਂ ਬਣਾਉਣੀਆਂ ਹਨ ਪਰ ਕੋਈ ਧਰਮਸ਼ਾਲਾ ਨਹੀਂ ਬਣਾਈ । ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਸਰਕਾਰ ਨੇ ਆਉਂਦਿਆਂ ਹੀ ਇਹ ਕਲੰਕ ਦੂਰ ਕਰ ਦਿੱਤਾ ਅਤੇ ਧਰਮਸ਼ਾਲਾਵਾਂ ਦਾ ਕੰਮ ਸ਼ੁਰੂ ਕਰ ਦਿਤਾ । ਧਰਮਸ਼ਾਲਾਵਾਂ ਦਾ ਕੰਮ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਪਛੜੇ ਵਰਗਾਂ ਵਾਸਤੇ ਸ਼ੁਰੂ ਕੀਤਾ ਤਾਂ ਕਿ ਗਰੀਬ ਲੋਕ ਦੁੱਖ ਸੁੱਖ ਵੇਲੇ ਇਕ ਛੱਤ ਹੇਠਾਂ ਬੈਠ ਸਕਣ । 1969 ਵਿਚ ਸਭ ਤੋਂ ਪਹਿਲਾਂ ਅਕਾਲੀ ਸਰਕਾਰ ਨੇ ਪੰਜਾਬ ਵਿਚ ਬੈਕਵਰਡ ਕਲਾਸਿਜ਼ ਵਾਸਤੇ ਇਕ ਕਾਰ-ਪੋਰੇਸ਼ਨ ਬਣਾਈ ਜਿਸ ਕਾਰਪੋਰੇਸ਼ਨ ਵਿਚੋਂ ਪਛੜੇ ਵਰਗਾਂ ਦੇ ਲੋਕ ਪੈਸੇ ਲੈ ਕੇ ਆਪਣਾ ਕਾਰੋਬਾਰ ਚਲਾ ਸਕਦੇ ਹਨ । ਇਹ ਹਿੰਦੋਸਤਾਨ ਵਿਚ ਪਹਿਲੀ ਅਕਾਲੀ ਸਰਕਾਰ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਸਨ ਜਿਨ੍ਹਾਂ ਨੇ ਕਹਿ ਦਿੱਤਾ ਕਿ ਜੇਕਰ ਆਪਣਾ ਘਰ ਹੋਵੇ ਤਾਂ ਕੋਈ ਲਾਲਿਆਂ ਤੋਂ ਜਾਂ ਕਿਸੇ ਧਨਾਢ ਤੋਂ ਗਰੰਟੀ ਲੈਣ ਦੀ ਲੋੜ ਨਹੀਂ ।

1970 ਵਿਚ ਬਾਦਲ ਸਾਹਿਬ ਦੀ ਸਰਕਾਰ ਨੇ ਜੋ 1947 ਤੋਂ 6/- ਰੁਪਏ ਮਹੀਨਾ ਵਜੀਫਾ ਹੁੰਦਾ ਸੀ ਉਹ ਵਜ਼ੀਫਾ 20/- ਰੁਪਏ ਪ੍ਰਤੀ ਮਹੀਨਾ ਕੀਤਾ ।

ਸ੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਖਤਮ ਹੁੰਦਾ ਜਾ ਰਿਹਾ ਹੈ ਇਸ ਲਈ ਮੋਟੀਆਂ ਮੋਟੀਆਂ ਗੱਲਾਂ ਕਹਿ ਦਿਉ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਡਿਪਟੀ ਸਪੀਕਰ ਸਾਹਿਬ, 1985 ਵਿਚ ਅਕਾਲੀ ਸਰਕਾਰ ਦੁਬਾਰਾ ਆਈ ਤਾਂ ਸਾਡੀ ਸਰਕਾਰ ਨੇ ਪਹਿਲੀ ਜਮਾਤ ਤੋਂ ਲੈ ਕੇ 10ਵੀਂ ਜਮਾਤ ਤਕ ਪਛੜੀਆਂ ਸ਼੍ਰੇਣੀਆਂ ਦੇ ਗਰੀਬ ਬੱਚਿਆਂ ਨੂੰ ਮੁਫਤ ਕਿਤਾਬਾਂ ਸਪਲਾਈ ਕੀਤੀਆਂ । 1985 ਵਿਚ ਹੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਪੱਛੜੀਆਂ ਸ਼੍ਰੇਣੀਆਂ ਵਾਸਤੇ ਭਾਂਡੇ ਦੇਣ ਦੀ ਸਕੀਮ ਸ਼ੁਰੂ ਕੀਤੀ ਪਰ ਕਾਂਗਰਸ ਸਰਕਾਰ ਨੇ ਆਉਂਦਿਆਂ ਹੀ ਭਾਂਡੇ ਦੇਣ ਵਾਲੀ ਸਕੀਮ ਨੂੰ ਬੰਦ ਕਰ ਦਿਤਾ ਤਾਂ ਕਿ ਇਹ ਗਰੀਬ ਲੋਕ ਅਗੇ ਨਾ ਵੱਧ ਸਕਣ । ਇਹ ਪਿਛਲੇ ਸਾਲ ਦੀ ਮੇਰੇ ਕੋਲ 1994-95 ਦੀ ਬਜਟ ਸਪੀਚ ਹੈ ਜਿਸ ਵਿਚ ਕਿਹਾ ਗਿਆ ਹੈ ਕਿ 100 ਹਰੀਜਨ ਮਕਾਨ ਬਣਾਕੇ ਦੇਵਾਂਗੇ ਪਰ ਇਨ੍ਹਾਂ ਕਾਂਗਰਸੀਆਂ ਨੇ ਸਿਰਫ 10-15 ਮਕਾਨ ਹੀ ਬਣਾਕੇ ਦਿਤੇ । ਇਸ ਤੋਂ ਵੱਧ ਮਕਾਨ ਬਣਾਕੇ ਨਹੀਂ ਦਿੱਤੇ । ਪੰਜਾਬ ਵਿਧਾਨ ਸਭਾ ਵਿਚ ਬੈਠਕੇ ਖਿਹ ਗੱਲ ਕਹਿਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕੀਤਾ ਹੈ । ਮੈਂ ਬਾਦਲ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਸਪੈਸ਼ਲ ਕੰਪੋਨੈਂਟ ਸਕੀਮ ਬਣਾਈ ਅਤੇ ਇਸ ਮਕਸਦ ਵਾਸਤੇ 210 ਕਰੋੜ ਰੁਪਏ ਦਿੱਤੇ ਹਨ । (ਥੰਪਿੰਗ) ਮਕਾਨ ਬਣਾਉਣ ਲਈ 15,000/- ਰੁਪਏ ਤੋਂ ਵਧਾ ਕੇ 50,000/- ਰੁਪਏ ਸਬਸਿਡੀ ਕੀਤੀ ਹੈ । ਸਰਦਾਰ ਗੁਰਦੇਵ ਸਿੰਘ ਬਾਦਲ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਕੇਬਨਿਟ ਮੰਤਰੀ ਹਨ ਜੋ ਬੜੇ ਹੀ ਸੁਚੱਜੇ ਮੰਤਰੀ ਹਨ । ਉਹ ਹਮੇਸ਼ਾ ਗ਼ਰੀਬਾਂ ਦੇ ਭਲੇ ਲਈ ਹੀ ਸੋਚਦੇ ਹਨ ।

ਸ੍ਰੀ ਡਿਪਟੀ ਸਪੀਕਰ : ਤੁਹਾਨੂੰ ਬੋਲਣ ਲਈ ਅੱਧਾ ਮਿੰਟ ਹੋਰ ਦਿੱਤਾ ਜਾਂਦਾ ਹੈ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਡਿਪਟੀ ਸਪੀਕਰ ਸਾਹਿਬ, ਸਰਦਾਰ ਗੁਰਦੇਵ ਸਿੰਘ ਬਾਦਲ ਜੀ ਨੇ ਪੱਛੜੀਆਂ ਸ਼੍ਰੇਣੀਆਂ ਦੇ ਗਰੀਬ ਲੋਕਾਂ ਵਾਸਤੇ ਸਕੂਲਾਂ ਦੇ ਹੋਸਟਲਾਂ ਲਈ 23 ਲੱਖ ਰੁਪਿਆ ਰਖਿਆ ਹੈ । ਮੈਂ ਧੰਨਵਾਦੀ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਹ 23 ਲੱਖ ਨਹੀਂ, ਅਗਲੇ ਬਜਟ ਵਿਚ ਇਸਨੂੰ 23 ਕਰੋੜ ਕਰ ਦੇਣ ਤਾਂ ਕਿ ਅਸੀਂ ਵੀ ਕਹਿ ਸਕੀਏ ਕਿ ਕਾਂਗਰਸ ਵਾਲਿਆਂ ਨੇ ਜਿਨ੍ਹਾਂ ਨੇ ਆਪਣੇ ਸਮੇਂ ਵਿਚ ਪਛੜੀਆਂ ਸ਼੍ਰੇਣੀਆਂ ਲਈ ਕੋਈ ਵਿਸ਼ੇਸ਼ ਕੰਪੋਨੈਂਟ ਨਹੀਂ ਸਨ ਬਣਾਏ, ਉਹ ਸਾਡੀ ਸਰਕਾਰ ਨੇ ਬਣਾਉਣੇ ਸ਼ੁਰੂ ਕੀਤੇ ਹਨ । ਮੈਂ ਧੰਨਵਾਦੀ ਹਾਂ ਅਤੇ ਆਸ ਕਰਦਾ ਹਾਂ ਕਿ ਅਸੀਂ ਆਉਣ ਵਾਲੇ ਸਮੇਂ ਵਿਚ ਵਿਸ਼ੇਸ਼ ਧਿਆਨ ਰਖਾਂਗੇ । ਮੈਂ ਤੁਹਾਡਾ ਡਿਪਟੀ ਸਪੀਕਰ ਸਾਹਿਬ, ਧੰਨਵਾਦ ਕਰਦਾ ਹਾਂ ।

ਸ੍ਰੀ ਡਿਪਟੀ ਸਪੀਕਰ : ਸਰਦਾਰ ਧਨਵੰਤ ਸਿੰਘ ਜੀ ਬੈਠੇ ਨਹੀਂ ਹਨ । ਸਰਦਾਰ ਅਜੀਤ ਇੰਦਰ ਸਿੰਘ ਮੋਫਰ ।

ਸਰਦਾਰ ਅਜੀਤ ਇੰਦਰ ਸਿੰਘ (ਸਰਦੂਲਗੜ੍ਹ) : ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਹੈ ਕਿ ਤੁਸੀਂ ਮੈਨੂੰ ਐਗਰੀਕਲਚਰ, ਫਾਰੈਸਟ, ਐਸ. ਸੀ. ਬੀ. ਸੀ. ਰਿਲੀਫ ਬਾਰੇ ਬੋਲਣ ਦਾ ਸਮਾਂ ਦਿਤਾ ਹੈ । ਸਭ ਤੋਂ ਪਹਿਲਾਂ ਜੋ ਵੀ ਇਸ ਬੱਜਟ ਵਿਚ ਪੈਸਾ ਰਖਿਆ ਗਿਆ ਹੈ, ਉਸਦੇ ਲਈ ਹੋਰ ਵੀ ਜ਼ਿਆਦਾ ਪੈਸੇ ਦੀ ਲੋੜ ਹੈ । ਲੇਕਿਨ ਐਗਰੀਕਲਚਰ ਦੇ ਵਿਚ ਮਾਰਕ੍ਰੀਟਿੰਗ ਬੋਰਡ ਇਸਦੇ ਨਾਲ ਸਬੰਧਤ ਹੈ ਜਿਸ ਵਿਚ ਕਿ ਕਾਫੀ ਪੈਸਾ ਜ਼ਿਮੀਦਾਰ ਹੀ ਦੇ ਰਿਹਾ ਹੈ, ਉਸ ਪੈਸੇ ਨੂੰ ਡਾਇਵਰਟ ਕੀਤਾ ਜਾ ਸਕਦਾ ਹੈ ਔਰ ਐਗਰੀਕਲਚਰ ਦੇ ਵਿਚ ਜਿਹੜਾ ਕਿ ਸਾਡਾ ਸੂਬਾ ਪੂਰੀ ਤਰ੍ਹਾਂ ਉਸਤੇ ਬੇਸ ਕਰਦਾ ਹੈ, ਐਗਰੀਕਲਚਰ ਦੀ ਪ੍ਰੋਡਿਊਸ ਦੇ ਉਤੇ ਜੋ ਉਸਦੀ ਕੀਮਤ ਹੈ, ਉਹ ਜ਼ਿਮੀਦਾਰ ਲੈ ਨਹੀਂ ਸਕਦਾ । ਕੋਈ ਵੀ ਫੈਕਟਰੀ ਦਾ ਮਾਲਕ ਹੈ, ਕਿਸੇ ਕਿੱਤੇ ਨਾਲ ਵੀ ਕੋਈ ਸਬੰਧਤ ਹੈ, ਉਹ ਆਪਣੀ ਚੀਜ਼ ਦੀ ਆਪ ਕੀਮਤ ਨਿਸ਼ਚਿਤ ਕਰਦਾ ਹੈ ਪਰ ਜ਼ਿਮੀਂਦਾਰ ਹੀ ਵਿਚਾਰਾ ਇਕ ਐਸਾ ਹੈ ਜਿਸਨੂੰ ਆਪਣੀ ਫਸਲ ਢੇਰੀ ਕਰਨੀ ਪੈਂਦੀ ਹੈ ਅਤੇ ਜੋ ਵੀ ਕੀਮਤ ਸਰਕਾਰ ਮੁੱਕਰਰ ਕਰੇ, ਮੰਡੀ ਵਾਲੇ ਕਹਿਣ, ਉਹ ਲੈਣੀ ਪੈਂਦੀ ਹੈ । ਇਸ ਦੇ ਮੁਤੱਲਕ ਮੇਰੀ ਬੇਨਤੀ ਹੈ ਕਿ ਜ਼ਿਮੀਂਦਾਰ ਦੀ ਫਸਲ ਦੇ ਭਾਅ ਵਾਸਤੇ ਜ਼ਰੂਰ ਕੋਈ ਨਾ ਕੋਈ ਠੋਸ ਕਦਮ ਪੰਜਾਬ ਗੌਰਮਿੰਟ ਨੂੰ ਦਿੱਲੀ ਨਾਲ ਟੇਕਅਪ ਕਰਕੇ ਉਠਾਉਣੇ ਚਾਹੀਦੇ ਹਨ । ਐਤਕੀਂ ਵੀ ਚਾਹੀਦਾ ਸੀ ਕਿ ਪੰਜਾਬ ਸਰਕਾਰ ਕਣਕ ਤੇ ਕਿਸਾਨਾਂ ਨੂੰ ਕੋਈ ਬੋਨਸ ਦੇ ਦਿੰਦੀ ਤਾਂ ਕਿ ਦਿੱਲੀ ਨੂੰ ਵੀ ਸੂਰਤ ਆਉਂਦੀ ਕਿ ਇਸ ਵੇਲੇ ਪੰਜਾਬ ਵਿਚ ਲੋਕਾਂ ਦੀ ਆਵਾਜ਼ ਵਾਲੀ ਸਰਕਾਰ ਬਣੀ ਹੋਈ ਹੈ ਅਤੇ ਜਿਸਨੇ ਲੋਕਾਂ ਵਾਸਤੇ ਕੁਝ ਕੀਤਾ ਹੈ । ਬੋਨਸ ਪੰਜਾਬ ਸਰਕਾਰ ਨੂੰ ਇਸ ਵਾਰ ਜ਼ਰੂਰ ਦੇਣਾ ਚਾਹੀਦਾ ਸੀ ।

ਅੱਗੇ, ਡਿਪਟੀ ਸਪੀਕਰ ਸਾਹਿਬ, ਜੋ ਫੰਡ ਮਾਰਕੀਟਿੰਗ ਕਮੇਟੀ ਵਲੋਂ ਦਿੱਤੇ ਜਾਂਦੇ ਹਨ ਪੇਂਡੂ ਇਲਾਕਿਆਂ ਵਿਚ ਸੜਕਾਂ ਵਾਸਤੇ, ਮੇਰੀ ਤਜਵੀਜ਼ ਹੈ ਕਿ ਉਸਦੇ ਵਿਚੋਂ ਉਥੇ

[ਸਰਦਾਰ ਅਜੀਤ ਇੰਦਰ ਸਿੰਘ]

ਫਲੱਡ ਕੰਟਰੋਲ ਵਾਸਤੇ ਵੀ ਪੈਸਾ ਦੇਣਾ ਚਾਹੀਦਾ ਹੈ ਕਿ ਇਸ ਵੇਲੇ ਰੇਨੀ ਸੀਜ਼ਨ ਸਿਰ ਤੇ ਆ ਗਿਆ ਹੈ । ਖਾਸ ਕਰਕੇ ਸਾਡੇ ਇਲਾਕੇ ਵਿਚ ਇਸ ਵਾਸਤੇ ਪੈਸਾ ਚਾਹੀਦਾ ਹੈ ਕਿਉਂਕਿ ਫਲੱਡਜ਼ ਨਾਲ ਸਾਡੇ ਇਲਾਕੇ ਵਿਚ ਕਾਫੀ ਨੁਕਸਾਨ ਹੁੰਦਾ ਹੈ ਜੋ ਕਿ ਘੱਗਰ ਦਰਿਆ ਕਰਦਾ ਹੈ ਜਿਵੇਂ ਹੋਰ ਪਾਸੇ ਬਿਆਸ ਅਤੇ ਸਤਲੁਜ ਦਰਿਆ ਨੁਕਸਾਨ ਕਰਦੇ ਹਨ । ਡਿਪਟੀ ਸਪੀਕਰ ਸਾਹਿਬ, ਸਰਦੂਲਗੜ੍ਹ ਹਲਕੇ ਵਿਚ ਬ੍ਰਿਜ ਨੀਵਾਂ ਹੈ ਜੋ ਕਿ ਫਲੱਡਜ਼ ਨਾਲ ਟੁੱਟ ਜਾਂਦਾ ਹੈ ਅਤੇ ਕਰੋੜਾਂ ਦੀ ਫਸਲ ਜ਼ਿਮੀਂਦਾਰਾਂ ਦੀ ਬਰਬਾਦ ਹੋ ਜਾਂਦੀ ਹੈ । ਇਹ ਤਾਂ ਜ਼ਿਮੀਂਦਾਰ ਦਾ ਜਾਤੀ ਨੁਕਸਾਨ ਹੁੰਦਾ ਹੈ ਪਰ ਇਸਦੇ ਨਾਲ ਹੀ ਬੜਾ ਭਾਰੀ ਨੁਕਸਾਨ ਪੰਜਾਬ ਸਰਕਾਰ ਦਾ ਵੀ ਹੁੰਦਾ ਹੈ । ਜੇ ਸਰਕਾਰ ਇਸਦੇ ਵਾਸਤੇ ਫੰਡ ਐਲੋਕੇਟ ਕਰ ਦੇਵੇ ਤਾਂ ਬੜਾ ਵੱਡਾ ਮਸਲਾ ਹੱਲ ਹੁੰਦਾ ਹੈ । ਮੈਂ ਇਸ ਬਾਰੇ ਇਕ ਸਟਾਰਡ ਕੁਐਸਚਨ ਵੀ ਦਿਤਾ ਸੀ ਪਰ ਉਹ ਸਟਾਰਡ ਕੁਐਸਚਨ ਇਥੇ ਹੀ ਖਤਮ ਕਰ ਦਿਤਾ ਗਿਆ । ਡਿਪਟੀ ਸਪੀਕਰ ਸਾਹਿਬ, ਸਰਦੂਲਗੜ੍ਹ ਨਵੀਂ ਸਬ-ਡਵੀਜ਼ਨ ਬਣੀ ਹੈ । ਜੇ ਫਲੱਡਜ਼ ਨੂੰ ਨਾ ਕੰਟਰੋਲ ਕੀਤਾ ਗਿਆ, ਜੇ 1993 ਵਿਚ ਫਲੱਡਜ਼ ਦੀ ਸਿਚੂਏਸ਼ਨ ਠੀਕ ਨਾ ਹੁੰਦੀ, ਪਰਲੇ ਪਾਸੇ ਪਾਣੀ ਨਾ ਟੁੱਟਦਾ ਤਾਂ ਇਹ ਸਬ-ਡਿਵੀਜ਼ਨ ਹੀ ਖਤਮ ਹੋ ਜਾਣੀ ਸੀ । ਉਥੇ ਇਕ ਛੋਟਾ ਜਿਹਾ ਪਿੰਡ ਭੂੰਦੜ ਹੈ ਉਥੇ ਲੱਖਾਂ ਰੁਪਿਆ ਲਾ ਕੇ ਸੱਜੇ ਪਾਸੇ ਪਿਚਿੰਗ ਕਰਕੇ ਦਿੱਤੀ ਪਰ ਖੱਬੇ ਪਾਸੇ ਵੱਲ ਕੁਝ ਨਹੀਂ ਕੀਤਾ । ਜੇ ਐਤਕੀਂ ਫਲੱਡਜ਼ ਸਬੰਧੀ ਸਰਕਾਰ ਨੇ ਇਸ ਵੱਲ ਧਿਆਨ ਨਾ ਦਿਤਾ ਤਾਂ ਇਹ ਸਬ-ਡਵੀਜ਼ਨ ਵੀ ਡੁੱਬ ਜਾਵੇਗੀ, ਖੇਤੀ-ਬਾੜੀ ਦੇ ਨੁਕਸਾਨ ਦਾ ਤਾਂ ਕੋਈ ਅੰਦਾਜ਼ਾ ਹੀ ਨਹੀਂ ਹੋਣਾ । ਇਸ ਲਈ ਇਸ ਵੱਲ ਖਿਆਲ ਕਰਨਾ ਜ਼ਰੂਰੀ ਹੈ । ਦੂਸਰੀ ਗੱਲ ਇਹ ਹੈ ਕਿ ਜੋ ਇਸ ਵੇਲੇ ਹਰ ਜ਼ਿਲ੍ਹੇ ਵਿਚ....(ਵਿਘਨ)

ਸ੍ਰੀ ਡਿਪਟੀ ਸਪੀਕਰ : ਮੈਂਬਰ ਸਾਹਿਬ, ਇਕ ਮਿੰਟ ਬਾਕੀ ਰਹਿ ਗਿਆ ਹੈ ।

ਸਰਦਾਰ ਅਜੀਤ ਇੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, 2 ਮਿੰਟ ਹੋਰ ਦੇ ਦਿਉ । ਦੂਸਰੇ ਜ਼ਿਲ੍ਹਿਆਂ ਦੇ ਵਿਚ ਪਾਣੀ ਦੀ ਘਾਟ ਦੇ ਸਬੰਧ ਵਿਚ ਗੱਲਬਾਤ ਚਲਦੀ ਹੈ । ਪਾਣੀ ਦੀ ਡਿਸਟ੍ਰੀਬਿਊਸ਼ਨ ਜਿਹੜੀ ਹੁੰਦੀ ਹੈ ਉਹ ਪਤਾ ਨਹੀਂ ਕਿਸ ਢੰਗ ਨਾਲ ਹੁੰਦੀ ਹੈ ਕਿ ਸਾਡੇ ਜ਼ਿਲ੍ਹੇ ਨੂੰ 3 ਕਸਰ 5 ਪਾਣੀ ਮਿਲਦਾ ਹੈ ਜਦ ਕਿ ਦੂਜੇ ਜ਼ਿਲ੍ਹਿਆਂ ਨੂੰ 4 ਕਸਰ 5 ਪਾਣੀ ਮਿਲਦਾ ਹੈ । ਇਹ ਇਕ ਪੁਆਇੰਟ ਸਾਡੇ ਜ਼ਿਲ੍ਹੇ ਨੂੰ ਕਿਉਂ ਘੱਟ ਮਿਲਦਾ ਹੈ, ਸਾਨੂੰ ਇਸ ਗੱਲ ਦਾ ਹਾਲੇ ਤੱਕ ਪਤਾ ਨਹੀਂ ਲਗਾ । ਇਸ ਗੱਲ ਵੱਲ ਵੀ ਗੌਰਮਿੰਟ ਨੂੰ ਗੌਰ ਕਰਨੀ ਚਾਹੀਦੀ ਹੈ । ਅੱਗੇ ਖੇਤੀਬਾੜੀ ਦੇ ਸਬੰਧ ਵਿਚ ਮਸਲਾ ਹੈ ਪੈਸਟੀਸਾਈਡਜ਼ ਸਪਰੇ ਕਰਨ ਬਾਰੇ ਜੋ ਜ਼ਿਮੀਂਦਾਰਾਂ ਦੀਆਂ ਸਬਜ਼ੀਆਂ ਅਤੇ ਹੋਰ ਫਸਲਾਂ ਤੇ ਸਪਰੇਅ ਹੁੰਦੀ ਹੈ । ਇਕ ਆਈ. ਪੀ. ਐਮ. ਦੀ ਸਕੀਮ ਦੇ ਤਹਿਤ ਪੈਸਟ ਕੰਟਰੋਲ ਬੋਰਡ ਦੀ ਮੈਨੇਜਮੈਂਟ ਵਲੋਂ ਕਰੋੜਾਂ ਰੁਪਏ ਦੇ ਫੰਡ ਆਉਂਦੇ ਹਨ । ਕਰੋੜਾਂ ਰੁਪਿਆ ਆਉਂਦਾ ਹੈ ਕਿਸਾਨਾਂ ਦੀ ਸਹੂਲਤ ਵਾਸਤੇ ਪਰ ਉਹ ਉਥੇ ਤੱਕ ਪਹੁੰਚਦਾ ਹੀ ਨਹੀਂ ਵਿਚੇ ਹੀ ਖਤਮ ਹੋ ਜਾਂਦਾ ਹੈ । Nobody know, where it goes. ਇਸ ਦਾ ਪਤਾ ਕਰਨਾ ਵੀ ਬੜਾ ਜ਼ਰੂਰੀ ਹੈ ।

ਫਾਰੈਸਟ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਜੰਗਲਾਂ ਦੀ ਬਹੁਤ ਜ਼ਿਆਦਾ ਕਟਾਈ ਹੋ ਚੁੱਕੀ ਹੈ । ਜੇ ਅਸੀਂ ਹੁਣ ਵੇਲੇ ਸਿਰ ਖਿਆਲ ਨਾ

ਕੀਤਾ ਤਾਂ ਬਹੁਤ ਦੇਰ ਹੋ ਜਾਵੇਗੀ । ਇਸ ਬਾਰੇ ਮੇਰਾ ਸਵਾਲ ਵੀ ਆਇਆ ਸੀ । ਜੰਗਲਾਂ ਦੀ ਕਟਾਈ ਤੇ ਕੰਟਰੋਲ ਕਰੋ । ਜੰਗਲਾਂ ਦੀ ਕਟਾਈ ਕਰਕੇ ਸਾਡੇ ਵਾਤਾਵਰਣ ਤੇ ਬੜਾ ਮਾੜਾ ਅਸਰ ਪੈਂਦਾ ਹੈ । ਜੰਗਲਾਂ ਦੀ ਘਾਟ ਕਰਕੇ ਗਰਮੀ ਵਧਣ ਨਾਲ ਅੱਜ ਓਜੋਨ ਵਿਚ ਪੰਕਚਰ ਹੋ ਚੁੱਕਾ ਹੈ । ਵਾਟਰ ਲੈਵਲ ਚੇਂਜ ਹੋ ਰਿਹਾ ਹੈ ਅਤੇ ਵੈਦਰ ਕੰਡੀਸ਼ਨਜ਼ ਵੀ ਚੇਂਜ਼ ਹੋ ਰਹੀਆਂ ਹਨ । ਇਹ ਜੋ ਡੈਸਟਰੱਕਸ਼ਨ ਹੋ ਰਹੀ ਹੈ, ਇਹ ਸਾਰੀ ਡੀ-ਫਾਰੈਸਟਿੰਗ ਕਰਕੇ ਹੀ ਹੋ ਰਹੀ ਹੈ । ਇਸ ਕਰਕੇ ਸਰਕਾਰ ਨੂੰ ਇਸ ਵੱਲ ਗੌਰ ਕਰਨਾ ਚਾਹੀਦਾ ਹੈ । ਅਗਰ ਇਸ ਵੱਲ ਫੌਰੀ ਤੌਰ ਤੇ ਧਿਆਨ ਨਾ ਦਿੱਤਾ ਤਾਂ ਫਿਰ ਸਾਰੇ ਵਰਲਡ ਵਿਚ ਮੌਜੂਦਾ ਸਿਸਟਮ ਚੇਂਜ਼ ਹੋ ਜਾਣਾ ਹੈ । ਦੁਨੀਆਂ ਦੇ ਕਲਿਆਣ ਵਾਸਤੇ ਫਾਰੈਸਟਰੀ ਬਹੁਤ ਜ਼ਰੂਰੀ ਹੈ ।

ਸ਼ਡਿਊਲਡ ਕਾਸਟਾਂ ਵਾਸਤੇ ਅਤੇ ਬੈਕਵਰਡ ਕਲਾਸਿਜ਼ ਵਾਸਤੇ ਬਹੁਤ ਜ਼ਰੂਰੀ ਹੈ ਕਿ ਉਨ੍ਹਾਂ ਦੇ ਭਲੇ ਲਈ ਵਧ ਤੋਂ ਵਧ ਕੰਮ ਕੀਤਾ ਜਾਵੇ । ਸਰਕਾਰ ਦੀਆਂ ਕੁਝ ਤਜਵੀਜ਼ਾਂ ਬਹੁਤ ਵਧੀਆ ਹਨ । ਮੈਂ ਸਰਕਾਰ ਦੇ ਚੰਗੇ ਕੰਮਾਂ ਦੀ ਤਾਰੀਫ ਕਰਦਾ ਹਾਂ 5100/- ਰੁਪਿਆ ਸ਼ਗਨ ਦੇਣ ਵਾਲੀ ਸਕੀਮ ਵੀ ਬਹੁਤ ਵਧੀਆ ਹੈ ਪਰ ਇਨ੍ਹਾਂ ਗਰੀਬ ਲੋਕਾਂ ਦੀ ਭਲਾਈ ਦੇ ਕੰਮਾਂ ਨੂੰ ਸਪੀਡ-ਅੱਪ ਕਰਨ ਦੀ ਲੋੜ ਹੈ । ਉਨ੍ਹਾਂ ਦੀ ਐਜੂਕੇਸ਼ਨ ਵੀ ਬਹੁਤ ਜਰੂਰੀ ਹੈ । ਲੈਟਰੀਨਜ਼ ਦੇ ਬਾਰੇ ਮੈਂ ਸਵਾਲ ਪੁੱਛਿਆ ਸੀ । ਕਹਿੰਦੇ ਸੀ ਕਿ ਸਾਰਿਆਂ ਦੇ ਮਨਾਂ ਤੇ ਇਸ ਦਾ ਬਹੁਤ ਬੁਰਾ ਅਸਰ ਪੈਂਦਾ ਹੈ ਪਰ ਜਗ੍ਹਾ ਹੀ ਬਹੁਤ ਥੋੜ੍ਹੀ ਹੈ ਜਿਸ ਕਰਕੇ ਐਨੀਆਂ ਲੈਟਰੀਨਜ਼ ਬਣ ਨਹੀਂ ਸਕਦੀਆਂ । ਪਰ ਬਾਹਰ ਐਨੀ ਜਗ੍ਹਾ ਪਈ ਹੈ, ਕਿਉਂ ਨਹੀਂ ਉਥੇ ਓਪਨ ਲੈਟਰੀਨਜ਼ ਬਣਾਉਂਦੇ । ਤੁਹਾਡੇ ਕੋਲ ਬੜੇ ਬੜੇ ਇੰਜੀਨੀ-ਅਰਜ਼ ਪਏ ਹਨ । ਬਾਹਰ ਦੁਨੀਆਂ ਵੱਲ ਵੇਖੋ, ਕਿਥੇ ਦੀ ਕਿਥੇ ਪਹੁੰਚ ਗਈ ਹੈ । ਤੁਹਾਡੇ ਇੰਜੀਨੀਅਰਜ ਵੀ ਤੁਹਾਨੂੰ ਇਹ ਸਾਰਾ ਕੁਝ ਬਣਾ ਕੇ ਦੇ ਸਕਦੇ ਹਨ ।

ਇਥੇ ਪੈਨਸ਼ਨ ਦੇ ਮੁੱਦੇ ਤੇ ਵਾਕ-ਆਊਟ ਹੋਇਆ ਹੈ । ਵਾਕਈ ਇਹ ਬਹੁਤ ਸੀਰੀਅਸ ਮਾਮਲਾ ਹੈ । ਮੈਂ ਗੌਰਮਿੰਟ ਨੂੰ ਇਸ਼ੂ-ਬੇਸਡ ਸਪੋਰਟ ਦਿੰਦਾ ਹਾਂ । 4 ਕਰੋੜ ਰੁਪਿਆ ਰੱਖਿਆ ਹੈ ਲੇਕਿਨ ਪਤਾ ਨਹੀਂ ਕਿ ਇਸ ਦਾ ਕੀ ਬਣੇਗਾ । ਇਸ ਦੇ ਵਾਸਤੇ ਵਧ ਪੈਸਾ ਐਲੋਕੇਟ ਕਰ ਲਓ । ਇਹ ਕਾਂਗਰਸ ਵਾਲੇ ਤਾਂ ਐਵੇਂ ਰੌਲਾ ਪਾਉਂਦੇ ਹਨ, ਕਿਸੇ ਤੋਂ ਡਰਨ ਦੀ ਲੋੜ ਨਹੀਂ ਹੈ । ਡਰਿੰਕਿੰਗ ਵਾਟਰ ਦੀ ਸਪਲਾਈ ਵੱਲ ਵੀ ਧਿਆਨ ਦੇਣ ਦੀ ਲੋੜ ਹੈ । ਇਸੇ ਤਰ੍ਹਾਂ ਯੈਲੋ ਕਾਰਡ ਵਾਲਿਆਂ ਵੱਲ ਵੀ ਜ਼ਰੂਰ ਖਿਆਲ ਕਰੋ । Thank you very much.

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ (ਸਰਦਾਰ ਗੁਰਦੇਵ ਸਿੰਘ ਬਾਦਲ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ । ਅੱਜ ਸਾਰੇ ਹੀ ਸੱਜਣਾਂ ਨੇ ਅਨੁਸੂਚਿਤ ਜਾਤੀਆਂ ਦੀ ਭਲਾਈ ਦੇ ਵਿਸ਼ੇ ਤੇ ਬਹੁਤ ਰੌਸ਼ਨੀ ਪਾਈ ਹੈ । ਮੈਨੂੰ ਇਸ

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

ਗੱਲ ਦੀ ਬੜੀ ਭਾਰੀ ਖੁਸ਼ੀ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਜੋ ਖਜ਼ਾਨਾ ਮੰਤਰੀ ਬਣਾਇਆ ਹੈ, ਉਹ ਕੈਪਟਨ ਕੰਵਲਜੀਤ ਸਿੰਘ ਇਕ ਬਹੁਤ ਹੀ ਸੂਝਵਾਨ, ਬਹੁਤ ਹੀ ਸਿਆਣਾ ਅਤੇ ਬਹੁਤ ਹੀ ਅਕਲਮੰਦ ਮਨੁੱਖ ਹੈ ਜਿਸ ਨੇ ਇਸ ਬਜਟ ਨੂੰ ਪੂਰਾ ਘੋਖ ਕੇ, ਪੂਰੀ ਸਮਝਦਾਰੀ ਨਾਲ ਅਤੇ ਅਕਲਮੰਦੀ ਨਾਲ ਇਕ ਇਕ ਅੱਖਰ ਨੂੰ ਵਾਚ ਕੇ ਬਣਾਇਆ ਹੈ। ਮੈਂ ਇਨ੍ਹਾਂ ਦਾ ਖਾਸ ਤੌਰ ਤੇ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਗਰੀਬ ਲੋਕਾਂ ਵਾਸਤੇ ਆਪਣੇ ਬਜਟ ਵਿਚ ਜੋ ਸਕੀਮਾਂ ਰੱਖੀਆਂ ਹਨ, ਉਹ ਮੇਰਾ ਖਿਆਲ ਹੈ ਕਿ ਅੱਜ ਤੋਂ ਪਹਿਲਾਂ 40 ਸਾਲ ਮੈਨੂੰ ਵੀ ਹਾਊਸ ਵਿਚ ਆਉਂਦਿਆਂ ਨੂੰ ਹੋ ਗਏ ਹਨ, ਕਿਸੇ ਵੀ ਸਰਕਾਰ ਨੇ ਨਹੀਂ ਰੱਖੀਆਂ। ਡਿਪਟੀ ਸਪੀਕਰ ਸਾਹਿਬ, ਸਾਡੇ ਗਰੀਬ ਭਰਾਵਾਂ ਦੀ ਗੱਲ ਹਾਊਸ ਵਿਚ ਚੱਲੀ ਹੈ। ਮੇਰੀ ਸਤਿਕਾਰ ਯੋਗ ਭੈਣ ਬੀਬੀ ਭੱਠਲ ਜੀ ਅਤੇ ਮੈਂ ਜਦੋਂ ਪਹਿਲੀ ਵਾਰ ਇਕੱਠੇ ਹੀ ਜਿੱਤ ਕੇ ਆਏ ਸੀ ਤਾਂ ਮੈਂ ਇਨ੍ਹਾਂ ਨੂੰ ਇਕ ਗੱਲ ਕਹੀ ਸੀ ਜਿਸ ਤੇ ਇਨ੍ਹਾਂ ਨੇ ਉਦੋਂ ਤੋਂ ਲੈ ਕੇ ਅੱਜ ਤੱਕ ਅਮਲ ਕੀਤਾ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਮੇਰੀ ਛੋਟੀ ਭੈਣ ਨੇ ਆਪਣੇ ਵੱਡੇ ਵੀਰ ਦਾ ਕਹਿਣਾ ਮੰਨ ਕੇ ਹੁਣ ਤੱਕ ਇੰਨੇ ਲੰਮੇ ਸਮੇਂ ਤੱਕ ਅਮਲ ਕੀਤਾ ਹੈ ਜਦੋਂ ਵੀ ਇਨ੍ਹਾਂ ਦੀ ਫੋਟੋ ਟੀ. ਵੀ. ਵਗੈਰਾ ਤੇ ਵੇਖਦੇ ਹਾਂ ਤਾਂ ਉਸ ਕੀਤੇ ਹੋਏ ਅਮਲ ਨੂੰ ਵੇਖ ਕੇ ਬੜੀ ਖੁਸ਼ੀ ਹੁੰਦੀ ਹੈ। ਉਸ ਗੱਲ ਦਾ ਇਨ੍ਹਾਂ ਨੂੰ ਵੀ ਅਤੇ ਮੈਨੂੰ ਵੀ ਪਤਾ ਹੈ। ਪਹਿਲਾਂ ਜਦੋਂ ਬੀਬੀਆਂ ਇਥੇ ਆਉਂਦੀਆਂ ਹੁੰਦੀਆਂ ਸਨ ਤਾਂ ਸਿਰੋਂ ਨੰਗੀਆਂ ਆਉਂਦੀਆਂ ਸਨ। ਮੈਂ ਇਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਬੀਬੀ, ਤੂੰ ਇਕ ਮਹਾਨ ਮਨੁੱਖ ਦੀ ਬੇਟੀ ਹੈਂ, ਇਕ ਮਹਾਨ ਸ਼ਖਸੀਅਤ ਦੀ ਬੇਟੀ ਹੈਂ। ਇਸ ਕਰਕੇ ਤੂੰ ਸਿਰ ਤੋਂ ਕਪੜਾ ਲਾਹ ਕੇ ਕਦੇ ਹਾਊਸ ਵਿੱਚ ਨਹੀਂ ਆਉਣਾ। ਮੈਨੂੰ ਖੁਸ਼ੀ ਹੈ ਕਿ ਇਹ ਹਮੇਸ਼ਾ ਹੀ ਆਪਣੇ ਸਿਰ ਤੇ ਚੁੰਨੀ ਲੈ ਕੇ ਹਾਊਸ ਵਿੱਚ ਆਉਂਦੇ ਹਨ ਤੇ ਹਮੇਸ਼ਾ ਹੀ ਸਿਰ ਤੇ ਚੁੰਨੀ ਰੱਖਦੇ ਹਨ। ਇਸ ਗੱਲ ਲਈ ਮੈਂ ਇਨ੍ਹਾਂ ਦਾ ਧੰਨਵਾਦੀ ਵੀ ਹਾਂ।

ਡਿਪਟੀ ਸਪੀਕਰ ਸਾਹਿਬ, ਬੀਬੀ ਜੀ ਨੇ ਸਾਡੇ ਭਾਈਚਾਰ ਦੇ ਬਾਰੇ ਗੱਲਾਂ ਕੀਤੀਆਂ ਹਨ। ਇਹ ਗੁੱਸਾ ਨਾ ਕਰਨ, ਇਹ ਮੇਰੀ ਛੋਟੀ ਭੈਣ ਹੈ ਇਸ ਕਰਕੇ ਜੇ ਕਿਤੇ ਸਾਡੇ ਗਰੀਬ ਭਰਾਵਾਂ ਨਾਲ ਹਿਤ ਹੁੰਦਾ, ਜੇ ਕਿਤੇ ਸਾਡੇ ਨਾਲ ਤਿਓ ਹੁੰਦਾ ਤਾਂ ਤੁਸੀਂ ਇਮਾਨਦਾਰੀ ਨਾਲ ਮੇਰੇ ਸਾਹਮਣੇ ਬੈਠਦੇ। ਮੇਰੇ ਵੀਰ ਆਪਣੇ ਦਿਲ ਤੇ, ਆਪਣੇ ਮਨ ਤੇ ਹੱਥ ਧਰ ਕੇ ਦੱਸਣਗੇ ਕਿ ਜਦੋਂ ਇਥੇ ਪੰਜਾਬ ਦ ਹਾਊਸ ਦੇ ਲੀਡਰ ਆਫ ਦੀ ਆਪੋਜ਼ੀਸ਼ਨ ਦੀ ਚੋਣ ਹੋਣੀ ਸੀ ਤਾਂ ਉਸ ਵੇਲੇ ਚੋਣ ਵੇਲੇ ਸਾਰੇ ਐਮ. ਐਲ. ਏ. ਚੌਧਰੀ ਜਗਜੀਤ ਸਿੰਘ ਜੀ ਨਾਲ ਸੀ ਉਦੋਂ ਸਾਡੀ ਭੈਣ ਦੇ ਨਾਲ ਕੋਈ ਐਮ.ਐਲ. ਏ. ਵੀ ਨਹੀਂ ਸੀ। ਜੇ ਕਿਤੇ ਸਾਡੇ ਗਰੀਬਾਂ ਨਾਲ ਉਸ ਵੇਲੇ ਹਿਤ ਹੁੰਦਾ ਤਾਂ ਅੱਜ ਉਸ ਕੁਰਸੀ ਤੇ ਚੌਧਰੀ ਜਗਜੀਤ ਸਿੰਘ ਜੀ ਬੈਠੇ ਹੁੰਦੇ। ਮੈਂ ਸਮਝਦਾ ਹਾਂ ਕਿ ਇਸ ਵਾਸਤੇ ਸਾਡੀ ਭੈਣ ਨੂੰ ਅੜੀ ਵੀ ਨਹੀਂ ਸੀ ਕਰਨੀ ਚਾਹੀਦੀ।

ਚੌਧਰੀ ਜਗਜੀਤ ਸਿੰਘ ਜੀ ਜਿਨ੍ਹਾਂ ਦੇ ਬਾਪ ਤੋਂ ਲੈ ਕੇ ਅੱਜ ਤੱਕ ਮੇਰਾ ਇਨ੍ਹਾਂ ਨਾਲ ਬੜਾ ਚੰਗਾ ਰਿਸ਼ਤਾ ਹੈ। ਇਨ੍ਹਾਂ ਦਾ ਬਾਪ ਵੀ ਮਨਿਸਟਰ ਹੁੰਦਾ ਸੀ ਇਸ ਕਰਕੇ ਮੈਨੂੰ ਖੁਸ਼ੀ ਹੁੰਦੀ ਜੇ ਅੱਜ ਉਸ ਸੀਟ ਤੇ ਚੌਧਰੀ ਜਗਜੀਤ ਸਿੰਘ ਬੈਠੇ ਹੁੰਦੇ। ਇਹ

ਗੱਲ ਅਕਾਲੀਆਂ ਦੀ ਕਰਦੇ ਹਨ ਤੇ ਕਹਿੰਦੇ ਹਨ ਕਿ ਅਕਾਲੀ ਕੁਝ ਵੀ ਨਹੀਂ ਕਰਦੇ ਗਰੀਬ ਲੋਕਾਂ ਵਾਸਤੇ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਕੁਰਸੀ ਨਹੀਂ ਛੱਡੀ। ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਜਿਨ੍ਹਾਂ ਨੇ ਸਾਡੀ ਗਰੀਬ ਜਨਤਾ ਨੂੰ ਸਾਡੇ ਗਰੀਬ ਭਰਾਵਾਂ ਨੂੰ ਮਜ਼ਬੀ ਸਿੱਖਾਂ ਦੇ ਵਿਚੋਂ ਉਹ ਕੁਰਸੀ ਦਿੱਤੀ ਜਿਸ ਤੇ ਤੁਸੀਂ ਬੈਠੇ ਹੋ ਜਿਸ ਨੂੰ ਚੀਫ ਮਨਿਸਟਰ ਵੀ ਸਿਰ ਨਿਵਾ ਕੇ ਫਿਰ ਆਪਣੀ ਸੀਟ ਤੇ ਬੈਠਦਾ ਹੈ। ਇੰਨੀ ਵੱਡੀ ਕੁਰਸੀ ਆਪਾਂ ਨੂੰ ਇਨ੍ਹਾਂ ਨੇ ਦਿੱਤੀ ਹੈ ਮੈਨੂੰ ਖੁਸ਼ੀ ਹੈ ਔਰ ਮੈਂ ਭਾਰਤੀ ਜਨਤਾ ਪਾਰਟੀ ਦਾ ਵੀ ਧੰਨਵਾਦੀ ਹਾਂ ਕਿ ਇਨ੍ਹਾਂ ਨੇ . . . (ਵਿਘਨ)

ਸਰਦਾਰ ਅਵਤਾਰ ਸਿੰਘ ਬਰਾੜ :** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਦੇ ਭਲਾਈ ਮੰਤਰੀ : ਹੁਣ ਠੀਕ ਹੈ, ਹੋ ਗਈ ਤਸੱਲੀ। ਆਪਾਂ ਤਾਂ ਯਾਰਾ ਦੋਵੇਂ ਗੁਆਂਢੀ ਹਾਂ ਆਪਾਂ ਕਿਉਂ ਐਵੇਂ ਸਿੰਗ ਫਸਾਉਂਦੇ ਹਾਂ।

ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਮੈਂ ਭਾਰਤੀ ਜਨਤਾ ਪਾਰਟੀ ਦਾ ਧੰਨਵਾਦੀ ਹਾਂ। ਤੁਸੀਂ ਵੀ ਇਨ੍ਹਾਂ ਦੇ ਨਾਲ ਹੀ ਜਿੱਤ ਕੇ ਆਏ ਹੋ। ਤੁਹਾਡਾ ਨਾਂ ਵੀ ਪੰਜਾਬ ਦੇ ਮੁੱਖ ਮੰਤਰੀ ਸ੍ਰੋਮਣੀ ਅਕਾਲੀ ਦੇ ਪ੍ਰਧਾਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਪੇਸ਼ ਕੀਤਾ ਹੈ ਤੇ ਤੁਸੀਂ ਅੱਜ ਇਸ ਉਚੀ ਕੁਰਸੀ ਤੇ ਬੈਠੇ ਹੋ। ਜਦੋਂ ਤੁਸੀਂ ਬੈਠੇ ਹੁੰਦੇ ਹੋ ਤਾਂ ਮੈਂ ਵੀ ਆਪਣੀ ਸੀਟ ਤੇ ਬੈਠਣ ਲੱਗਾ ਡਿਪਟੀ ਸਪੀਕਰ ਸਾਹਿਬ, ਆਪਣਾ ਸਿਰ ਨਿਵਾ ਕੇ ਬੈਠਦਾ ਹਾਂ। (ਵਿਘਨ)

Mr. Deputy Speaker: The guillotine was to be applied at 5.00 P.M. As the Minister for Agriculture is still on his legs, if the Hon'ble Members agree, the guillotine will be applied immediately after he concludes his speech.

(Voices: yes, yes.)

Mr. Deputy Speaker: The guillotine will be applied immediately after the conclusion of the speech of Minister for Agriculture.

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਮੰਤਰੀ:- ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਤੁਹਾਡਾ ਨਾਂ ਵੀ ਇਸ ਕੁਰਸੀ ਵਾਸਤੇ ਸਰਦਾਰ ਬਾਦਲ ਨੇ ਪੇਸ਼ ਕੀਤਾ ਸੀ। ਸਾਡੇ ਗੁਰੂ ਨੇ ਸਿੱਖਿਆ ਦਿੱਤੀ ਹੈ। ਗੁਰੂ ਸਾਹਿਬਾਨ ਨੇ ਕਿਹਾ ਸੀ ਕਿ :

** Expunged as ordered by the Chair.

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

ਇਨਹੀ ਕੋ ਸਰਦਾਰ ਸਜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ ।

ਇਨ ਗਰੀਬ ਸਿੱਖਨ ਕੋ ਦੂੰ ਪਾਤਸ਼ਾਹੀ ਯਾਦ ਕਰੇਂ ਯੇਹ ਗੁਰਿਆਈ ॥

ਅਸੀਂ ਤਾਂ ਅਮਲ ਕਰਦੇ ਹਾਂ ਗੁਰਿਆਈ ਉੱਤੇ । ਜੇ ਇਹ ਵੀ ਕਰਦੇ ਹੁੰਦੇ ਤਾਂ ਅੱਜ ਉਸ ਸੀਟ ਤੇ ਚੌਧਰੀ ਜਗਜੀਤ ਸਿੰਘ ਜੀ ਬੈਠੇ ਹੁੰਦੇ । ਇਹ ਚੌਧਰੀ ਜਗਜੀਤ ਸਿੰਘ ਬੜਾ ਤਕੜਾ ਬੰਦਾ ਸੀ, ਪਰ ਪਤਾ ਨਹੀਂ ਕਿਉਂ ਇਥੇ ਕਮਜ਼ੋਰੀ ਵਿਖਾ ਗਿਆ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਦੋਂ ਸ਼ਰੋਮਣੀ ਅਕਾਲੀ ਦਲ ਦੀ ਪਹਿਲੀ ਵਾਰ ਸਰਕਾਰ ਬਣੀ ਤਾਂ ਉਸ ਵੇਲੇ ਗਰੀਬ ਲੋਕਾਂ ਵਾਸਤੇ ਧਰਮਸ਼ਾਲਾ ਦਾ ਪ੍ਰੋਗਰਾਮ ਸ਼ੁਰੂ ਕੀਤਾ ਸੀ । ਤੁਹਾਨੂੰ ਪਤਾ ਹੀ ਹੈ ਕਿ ਜਦੋਂ ਉਸ ਵੇਲੇ 1967 ਤੇ 1969 ਵਿਚ ਬਰਾਤਾਂ ਆਉਂਦੀਆਂ ਸਨ ਤਾਂ ਆਪਾਂ ਉਸ ਨੂੰ ਸਰਦਾਰਾਂ ਦੇ ਵਾੜਿਆਂ ਵਿਚ ਬਿਠਾਉਂਦੇ ਸਾਂ, ਭੇਡਾਂ ਦੇ ਵਾੜਿਆਂ ਵਿਚ ਜਾਂ ਪਸ਼ੂਆਂ ਦੇ ਵਾੜਿਆਂ ਵਿਚ ਬਿਠਾਉਂਦੇ ਸਾਂ ਜਦੋਂ ਅਸੀਂ ਵੋਟਾਂ ਮੰਗਣ ਜਾਂਦੇ ਸਾਂ, ਬਰਾਤਾਂ ਉਦੋਂ 2-3 ਦਿਨ ਠਹਿਰਦੀਆਂ ਸਨ, ਤਾਂ ਲੋਕ ਕਹਿੰਦੇ ਸਨ ਸਾਨੂੰ ਧਰਮਸ਼ਾਲਾਵਾਂ ਬਣਾ ਕੇ ਦਿਉ । ਉਸ ਵੇਲੇ ਪਹਿਲੀ ਵਾਰ ਅਸੀਂ ਕਿਹਾ ਸੀ ਕਿ ਅਸੀਂ ਤੁਹਾਡੀਆਂ ਧਰਮਸ਼ਾਲਾਵਾਂ ਬਣਾਵਾਂਗੇ । ਅੱਜ ਵੀ ਤੁਸੀਂ ਪਿੰਡਾਂ ਵਿਚ ਵੇਖਦੇ ਹੋ ਜਿੰਨੀਆਂ ਵੀ ਪਿੰਡ-ਪਿੰਡ ਧਰਮਸ਼ਾਲਾਵਾਂ ਬਣੀਆਂ ਹੋਈਆਂ ਹਨ, ਉਹ ਸਭ ਸ਼ਰੋਮਣੀ ਅਕਾਲੀ ਦਲ ਦੀ ਦੇਣ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਬਾਰੇ ਗੱਲ ਕਰ ਰਿਹਾ ਸੀ, ਅੱਗੇ ਲੰਘ ਗਿਆ, ਕਿ ਜਿਵੇਂ ਸ਼ਰੋਮਣੀ ਅਕਾਲੀ ਦਲ ਨੇ ਸਪੀਕਰ ਸਾਹਿਬ ਨੂੰ ਨਿਵਾਜਿਆ, ਉਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਨੇ ਤੁਹਾਨੂੰ ਨਿਵਾਜਿਆ ਹੈ । ਮੈਨੂੰ ਇਹ ਦੱਸ ਕੇ ਵੀ ਖੁਸ਼ੀ ਹੋਵੇਗੀ ਕਿ ਜਦੋਂ ਭਾਰਤੀ ਜਨਤਾ ਪਾਰਟੀ ਦੀ ਹਿੰਦੁਸਤਾਨ ਦੇ ਸਭ ਤੋਂ ਵੱਡੇ ਕੇਂਦਰ ਬੰਬਈ ਵਿਚ ਸਰਕਾਰ ਬਣੀ, ਬੰਬਈ ਜਿਹੜਾ ਕਿ ਹਿੰਦੁਸਤਾਨ ਦੇ ਵਪਾਰ ਦਾ ਸਭ ਤੋਂ ਵੱਡਾ ਕੇਂਦਰ ਹੈ, ਉਥੇ ਆਪਣੇ ਬਾਲਮੀਕੀਆਂ ਦੇ ਭਾਈਚਾਰੇ ਵਿਚੋਂ ਹੋਮ ਸਕੱਤਰ ਬਣਾ- ਇਆ । ਭਾਰਤੀ ਜਨਤਾ ਪਾਰਟੀ ਨੇ ਹੀ ਜਦੋਂ ਦਿੱਲੀ ਵਿਚ ਆਪਣੀ ਸਰਕਾਰ ਬਣਾਈ ਤਾਂ ਆਪਣੇ ਗਰੀਬਾਂ ਵਿਚੋਂ ਉਥੋਂ ਦੀ ਕਾਰਪੋਰੇਸ਼ਨ ਦਾ ਕਮਿਸ਼ਨਰ ਬਣਾਇਆ । ਇਸ ਲਈ ਆਪਣੀ ਸਾਂਝ ਤਾਂ ਹੀ ਖੁਸ਼ੀ ਨਾਲ ਨਿਭ ਰਹੀ ਹੈ ਕਿਉਂਕਿ ਭਾਰਤੀ ਜਨਤਾ ਪਾਰਟੀ ਵੀ ਗਰੀਬਾਂ ਵਾਸਤੇ ਜੂਝਦੀ ਹੈ ਅਤੇ ਸ਼ਰੋਮਣੀ ਅਕਾਲੀ ਦਲ ਗਰੀਬਾਂ ਵਾਸਤੇ ਜੂਝਦਾ ਹੈ । ਇਸ ਤਰ੍ਹਾਂ ਜਿਥੇ ਅਸੀਂ ਧਰਮਸ਼ਾਲਾਵਾਂ ਬਣਾਈਆਂ ਉਥੇ ਪਹਿਲੀ ਵਾਰ ਗਰੀਬਾਂ ਵਾਸਤੇ ਕਾਰਪੋਰੇਸ਼ਨ ਬਣਾਈ ਤਾਂ ਜੋ ਲੋਕ ਆਪਣਾ ਕਾਰੋਬਾਰ ਕਰਕੇ ਰੋਟੀ ਖਾ ਸਕਣ । ਸਾਡੇ ਨੌਜਵਾਨ ਬੱਚੇ ਆਪਣਾ ਕੰਮ ਕਰ ਸਕਣ । ਜਿਸ ਨੂੰ ਨੌਕਰੀ ਨਾ ਮਿਲ ਸਕਦੀ ਹੋਵੇ ਉਹ ਸੌਖੇ ਢੰਗ ਨਾਲ ਪੈਸਾ ਲੈ ਸਕੇ । ਤੁਸੀਂ ਅੱਜ ਸਾਰੇ ਹੀ ਹਾਊਸ ਵਿਚ ਸੁਣਦੇ ਹੋ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਉਸ ਵੇਲੇ ਕਾਰਪੋਰੇਸ਼ਨ ਵਿਚੋਂ ਪੈਸਾ ਲੈਣ ਲਈ ਪਿਓ ਪੁੱਤਾਂ ਦਾ ਜ਼ਾਮਨ ਬਣ ਜਾਂਦਾ ਸੀ, ਪੁੱਤ ਪਿਓ ਦਾ ਜ਼ਾਮਨ ਬਣ ਜਾਂਦਾ ਸੀ, ਭਰਾ ਭਰਾ ਦਾ ਜ਼ਾਮਨ ਚਾਚਾ ਭਤੀਜੇ ਦਾ ਜ਼ਾਮਨ ਅਤੇ ਭਤੀਜਾ ਚਾਚੇ ਦਾ ਜ਼ਾਮਨ ਬਣ ਜਾਂਦਾ ਸੀ ਅਤੇ ਆਪਣਾ ਕਾਰੋਬਾਰ ਕਰਨ ਵਾਸਤੇ ਉਸ ਕਾਰਪੋਰੇਸ਼ਨ ਵਿਚੋਂ ਕਰਜ਼ਾ ਲੈ ਲੈਂਦੇ ਸੀ । ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਸ਼ਰੋਮਣੀ ਅਕਾਲੀ ਦਲ ਨੇ ਬੜੀਆਂ ਵੱਡੀਆਂ ਮੱਲਾਂ ਮਾਰੀਆਂ ਹਨ ।

ਭਾਂਡਿਆਂ ਦੀ ਸਕੀਮ ਵੀ ਸ਼ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਸ਼ੁਰੂ ਕੀਤੀ ਸੀ। ਜਦੋਂ ਬਰਾਤ ਆਉਂਦੀ ਸੀ ਤਾਂ ਬੜੇ ਤੰਗ ਹੁੰਦੇ ਸੀ ਤਾਂ ਸਰਦਾਰ ਬਾਦਲ ਨੇ ਫੈਸਲਾ ਕੀਤਾ ਸੀ ਕਿ ਦੋ ਛਾਇਆਵਾਨ, ਕਨਾਤਾਂ ਅਤੇ 100 ਬਰਤਨ, ਜਦੋਂ 100 ਬੰਦੇ ਬਰਾਤ ਵਿਚ ਆਉਣ ਤਾਂ ਤੁਹਾਨੂੰ ਕਿਤੋਂ ਭਾਂਡੇ ਮੰਗਣੇ ਨਾ ਪੈਣ, ਦਿੱਤੇ। ਪਰ ਉਹ ਭਾਂਡਿਆਂ ਦੀ ਸਕੀਮ ਸਾਡੇ ਤੋਂ ਬਾਅਦ ਖ਼ਤਮ ਕੀਤੀ ਗਈ। ਇਸ ਲਈ ਮੈਨੂੰ ਅਫਸੋਸ ਹੈ ਕਿ ਅਸੀਂ ਜੋ ਵੀ ਚੰਗੇ ਕੰਮ ਗਰੀਬ ਭਰਾਵਾਂ ਵਾਸਤੇ ਕਰਦੇ ਹਾਂ, ਸਾਡੇ ਸਾਹਮਣੇ ਬੈਠੇ ਵੀਰ ਉਸ ਵਿਚ ਅੜਿਕਾ ਤਾਂ ਬਣ ਜਾਂਦੇ ਹਨ ਪਰ ਕੋਈ ਭਰਾ ਉਸ ਨੂੰ ਸਿਰੇ ਲਾਉਣ ਵਾਸਤੇ ਬੋਲਣ ਲਈ ਤਿਆਰ ਨਹੀਂ ਹੁੰਦਾ। ਇਸ ਲਈ ਡਿਪਟੀ ਸਪੀਕਰ ਸਾਹਿਬ, ਅੱਜ ਵੀ ਸ਼ਰੋਮਣੀ ਅਕਾਲੀ ਦਲ ਗਰੀਬਾਂ ਵਾਸਤੇ, ਸਾਡੇ ਵਾਸਤੇ ਬਹੁਤ ਵੱਡੇ ਕਦਮ ਚੁੱਕ ਰਿਹਾ ਹੈ। ਇਹ ਠੀਕ ਹੈ ਕਿ ਮੂੰਹ ਵਿਚੋਂ ਕਹਿ ਦੇਣਾ, ਬੋਲ ਦੇਣਾ ਬੜਾ ਸੌਖਾ ਹੈ। ਸਾਡੇ ਤੋਂ ਪਹਿਲਾਂ ਤਾਂ ਲਾਰੇ ਲਗਦੇ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਉਸ ਮੀਟਿੰਗ ਵਿਚ ਸ਼ਾਮਲ ਸੀ ਜਦੋਂ ਬਾਦਲ ਸਾਹਿਬ ਨੇ ਫੈਸਲਾ ਕੀਤਾ ਸੀ, ਸ਼ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਨੇ ਰਲ ਕੇ ਫੈਸਲਾ ਕੀਤਾ ਸੀ ਕਿ ਦਰਿਆਵਾਂ ਦੇ ਕੰਢਿਆਂ ਤੇ ਕਾਛੜਾਂ ਵਿਚ ਜਿਹੜੇ ਗਰੀਬ ਲੋਕ ਵਸਦੇ ਹਨ, ਉਨ੍ਹਾਂ ਨੂੰ ਅਸੀਂ ਜ਼ਮੀਨ ਦੇਵਾਂਗੇ। ਜ਼ਮੀਨ ਦੇਣ ਦਾ ਲਾਰਾ ਕਾਂਗਰਸ ਵੀ ਲਾਉਂਦੀ ਰਹੀ ਹੈ। ਪਹਿਲਾਂ ਇਹ ਕਹਿੰਦੇ ਸਨ ਕਿ 25 ਕਿੱਲੇ ਦਿਆਂਗੇ, ਵੋਟਾਂ ਸਾਨੂੰ ਪਾਓ। ਫਿਰ ਕਹਿੰਦੇ ਰਹੇ ਕਿ 10 ਕਿੱਲੇ ਦਿਆਂਗੇ, ਵੋਟਾਂ ਸਾਨੂੰ ਪਾਓ। ਫਿਰ ਕਹਿੰਦੇ ਸਨ ਕਿ 5 ਕਿੱਲੇ ਦਿਆਂਗੇ ਵੋਟਾਂ ਸਾਨੂੰ ਪਾਓ। ਫਿਰ ਕਹਿੰਦੇ ਰਹੇ ਕਿ 5 ਮਰਲੇ ਦਿਆਂਗੇ ਵੋਟਾਂ ਸਾਨੂੰ ਪਾਓ। ਫਿਰ ਆਖਣ ਲਗ ਪਏ ਕਿ 5000 ਦੇ ਕਰਜ਼ੇ ਮੁਆਫ ਕਰਾਂਗੇ, ਵੋਟਾਂ ਸਾਨੂੰ ਪਾਓ ਪਰ ਦਿੱਤਾ ਕੁਝ ਵੀ ਨਹੀਂ। ਡਿਪਟੀ ਸਪੀਕਰ ਸਾਹਿਬ, ਨਾ ਇਨ੍ਹਾਂ ਨੇ 25 ਕਿੱਲੇ ਦਿੱਤੇ, ਨਾ 10 ਕਿੱਲੇ ਦਿੱਤੇ, ਨਾ 5 ਕਿੱਲੇ ਦਿਤੇ ਅਤੇ ਨਾ ਹੀ 5 ਮਰਲੇ ਦਿੱਤੇ। ਮੈਂ ਕਹਿੰਦਾ ਹਾਂ ਕਿ ਇਹ ਲੱਕੜ ਦੇ ਹੀ ਕਿੱਲੇ ਬਣਵਾ ਕੇ ਦੇ ਦਿੰਦੇ ਚਲੋ ਸਾਡੇ ਬੱਕਰੀਆਂ ਬੰਨਣ ਦੇ ਕੰਮ ਆ ਜਾਂਦੇ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕੁਝ ਨਹੀਂ ਦਿੱਤਾ। ਹੁਣ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਆਈ ਹੈ ... . (ਵਿਘਨ)

ਚੌਧਰੀ ਜਗਜੀਤ ਸਿੰਘ : ਬਾਦਲ ਸਾਹਿਬ, ਮੈਂ ਤੁਹਾਡੀ ਮੱਦਦ ਕਰ ਰਿਹਾ ਹਾਂ, ਤੁਸੀਂ ਸਾਹ ਲੈ ਲਓ। ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਵਜ਼ੀਰ ਸਾਹਿਬ ਨੇ ਕਿਹਾ ਕਿ ਅਸੀਂ 5 ਕਿੱਲੇ ਜ਼ਮੀਨ ਨਹੀਂ ਦਿਤੀ ਅਤੇ ਨਾ ਹੀ 5 ਹਜ਼ਾਰ ਰੁਪਏ ਦੇ ਕਰਜ਼ੇ ਮੁਆਫ ਕੀਤੇ ਹਨ। ਡਿਪਟੀ ਸਪੀਕਰ ਸਾਹਿਬ ਸਾਲ 1996-97 ਵਿੱਚ ਕਾਂਗਰਸ ਦੀ ਸਰਕਾਰ ਨੇ ਸ਼ਡਿਊਲਡ ਕਾਸਟਸ ਦੇ 5,000/- ਰੁਪਏ ਬੈਂਕਾਂ ਦੇ ਕਰਜ਼ੇ ਮੁਆਫ ਕੀਤੇ ਹਨ ਅਤੇ ਇਸਦੇ ਲਈ 70 ਕਰੋੜ ਰੁਪਏ ਅਸੀਂ ਸ਼ਡਿਊਲਡ ਕਾਸਟਸ ਭਰਾਵਾਂ ਦੇ ਕਰਜ਼ੇ ਦੀ ਮੁਆਫੀ ਲਈ ਬੈਂਕਾਂ ਕੋਲ ਜਮ੍ਹਾ ਕਰਵਾਇਆ ਹੈ। ਇਸੇ ਤਰ੍ਹਾਂ ਇਥੇ ਧਰਮਸ਼ਾਲਾ ਦੀ ਉਸਾਰੀ 5,000/- ਰੁਪਏ ਦੀ ਗਰਾਂਟ ਦੀ ਗੱਲ ਕੀਤੀ ਹੈ ਅਸੀਂ 5,000/- ਤੋਂ ਵਧਾ ਕੇ ਇਹ ਗਰਾਂਟ 50,000/- ਰੁਪਏ ਕੀਤੀ ਹੈ।

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ ਤੁਸੀਂ ਬੈਠ ਜਾਓ ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ: ਡਿਪਟੀ ਸਪੀਕਰ ਸਾਹਿਬ, ਕਿਸੇ ਦਾ 5000/- ਰੁਪਏ ਦਾ ਕਰਜ਼ਾ ਮੁਆਫ ਨਹੀਂ ਹੋਇਆ । 70 ਕਰੋੜ ਰੁਪਏ ਇਨ੍ਹਾਂ ਦੀ ਜੇਬ ਵਿੱਚ ਚਲੇ ਗਏ ਹੋਣਗੇ । ਕਿਸੇ ਦੇ 5,000/- ਰੁਪਏ ਮੁਆਫ ਨਹੀਂ ਹੋਏ. 5,000/- ਤਾਂ ਕੀ ਕਿਸੇ ਦੇ ਪੰਜ ਪੈਸੇ ਮੁਆਫ ਨਹੀਂ ਹੋਏ । ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਗਰੀਬ ਲੋਕਾਂ ਨੂੰ 5,000/- ਰੁਪਏ ਦੇ ਕਰਜ਼ੇ ਦੀ ਮੁਆਫੀ ਦਾ ਲਾਰਾ ਲਗਾਇਆ ਗਿਆ ਕਿ ਮੁਆਫ ਹੋ ਗਏ, ਉਹ ਭਰਾ ਖੁਸ਼ੀ ਵਿਚ ਕਿਸ਼ਤ ਦੇ ਪੈਸੇ ਜਮ੍ਹਾਂ ਨਾ ਕਰਵਾ ਸਕੇ ਅਤੇ ਕਿਸੇ ਨੇ ਨਾ ਮੋੜੇ । ਅੱਜ ਉਹ 5,000/- ਰੁਪਏ ਦੀ ਥਾਂ 15000/- ਰੁਪਏ ਹੋ ਗਏ । ਇਨ੍ਹਾਂ ਦਾ ਵਤੀਰਾ ਹਮੇਸ਼ਾ ਗੱਲਾਂ ਵਾਲਾ, ਲਾਰਿਆਂ ਵਾਲਾ ਰਿਹਾ ਹੈ । ਇਨ੍ਹਾਂ ਨੇ ਕਿਹਾ ਕਿ ਪੰਜ-ਪੰਜ ਹਜਾਰ ਰੁਪਏ ਦੇ ਕਰਜ਼ੇ ਮੁਆਫ ਕੀਤੇ ਹਨ, ਇਹ ਡਿਪਟੀ ਸਪੀਕਰ ਸਾਹਿਬ, ਕਿਸੇ ਦੇ 5 ਪੈਸੇ ਮੁਆਫ ਕੀਤੇ ਗਏ ਹੋਣ, ਸਾਬਤ ਕਰ ਦੇਣ, ਮੈਂ ਇਨ੍ਹਾਂ ਦਾ ਸਦਾ ਲਈ ਪਾਣੀ ਭਰਾਂਗਾ ।

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਅਸੀਂ 70 ਕਰੋੜ ਰੁਪਏ ਬੈਂਕਾਂ ਵਿੱਚ ਕਰਜ਼ੇ ਦੀ ਮੁਆਫੀ ਦੇ ਜਮ੍ਹਾਂ ਕਰਵਾਏ ਹਨ ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ: ਇਹ ਘਰ ਲੈ ਗਿਆ ਹੋਵੇਗਾ, ਕਿਸੇ ਦਾ ਕੋਈ ਕਰਜਾ ਮੁਆਫ ਨਹੀਂ ਹੋਇਆ । ਡਿਪਟੀ ਸਪੀਕਰ ਸਾਹਿਬ, ਮੈਂ ਚੌਧਰੀ ਸਾਹਿਬ ਨਾਲ ਬਹੁਤ ਪਿਆਰ ਕਰਦਾ ਹਾਂ ਪਰ ਪਤਾ ਨਹੀਂ ਇਸ ਨੂੰ ਕੀ ਹੈ, ਇਸਦਾ ਇਕ ਸਵਾਲ ਪੰਜ ਵਾਰ ਆਇਆ (ਇਕ ਆਵਾਜ਼: ਇਕ ਸਵਾਲ ਛੇਵੀਂ ਵਾਰ ਕੱਲ੍ਹ ਨੂੰ ਫੇਰ ਆ ਰਿਹਾ ਹੈ) ਹਾਊਸ ਵਿੱਚ ਪਰ ਪਤਾ ਨਹੀਂ ਇਸ ਨੂੰ ਕੀ ਹੋ ਗਿਆ ਹੈ । ਮੈਂ ਇਸ ਨੂੰ ਬੜਾ ਪਿਆਰ ਕਰਦਾ ਹਾਂ ਬਜ਼ੁਰਗ ਹੋਣਦੇ ਨਾਤੇ ਪਰ ਇਹ ਨੌਜਵਾਨ ਹੋਣ ਦੇ ਨਾਤੇ ਬਜ਼ੁਰਗ ਦੇ ਗਲ ਪੈਂਦਾ ਹੈ, ਕੋਈ ਗੱਲ ਨਹੀਂ । ਮੈਨੂੰ ਅਫਸੋਸ ਨਹੀਂ ਭਾਵੇਂ 50 ਵਾਰ ਇਹ ਸਵਾਲ ਕਰ ਲੈਣ । ਇਸ ਕਰਕੇ ਸਮਝਦਾ ਹਾਂ ਕਿ ਡਿਪਟੀ ਸਪੀਕਰ ਸਾਹਿਬ, ਕਿ ਜੋ ਇਹ ਹਾਊਸ ਵਿੱਚ ਸਾਡੇ ਸਾਹਮਣੇ ਬੈਠੇ ਹਨ, ਸਰਦਾਰ ਹਰਚਰਨ ਸਿੰਘ ਬਰਾੜ ਨੇ ਕਿਹਾ ਸੀ ਕਿ ਮੈਂ ਪੰਜ ਰੁਪਏ ਝੋਨੇ ਤੇ ਬੋਨਸ ਦਿਆਂਗਾ ਉਹ ਆਪ ਤਾਂ ਤੁਰ ਗਿਆ ਪਰ ਬੋਨਸ ਅਜੇ ਤੱਕ ਵੀ ਕਿਸੇ ਕੋਲ ਨਹੀਂ ਆਇਆ, ਕਿਸੇ ਜ਼ਿਮੀਦਾਰ ਨੂੰ ਨਹੀਂ ਮਿਲਿਆ । ਝੂਠ ਬੋਲਣ ਦਾ ਤਾਂ ਇਨਾਂ ਦਾ ਸੁਭਾਅ ਹੀ ਹੈ, ਕੁਝ ਨਹੀਂ ਕੀਤਾ ਜਾ ਸਕਦਾ । ਵਾਇਦੇ ਕਰਕੇ ਮੁਕਰਦੇ ਆਪ ਹਨ ਅਤੇ ਸਾਨੂੰ ਕਹਿੰਦੇ ਹਨ ਕਿ ਜੋ ਇਨ੍ਹਾਂ ਨੇ ਮੈਨੀਫੈਸਟੋ ਵਿੱਚ ਵਾਇਦੇ ਕੀਤੇ ਉਨ੍ਹਾਂ ਨੂੰ ਪੂਰਾ ਨਹੀਂ ਕੀਤਾ ਗਿਆ । ਕਮਾਲ ਦੀ ਗੱਲ ਹੈ । ਇਸ ਕਰਕੇ ਡਿਪਟੀ ਸਪੀਕਰ ਸਾਹਿਬ, ਜੇ ਮੈਂ ਠੀਕ ਕਹਿੰਦਾ ਹਾਂ ਤਾਂ ਜਿੰਨੇ ਵੀ ਵਾਇਦੇ ਸ਼੍ਰੋਮਣੀ ਅਕਾਲੀ ਦਲ ਨੇ ਕੀਤੇ ਹਨ, ਉਨ੍ਹਾਂ ਨੂੰ ਪੂਰਾ ਕੀਤਾ ਹੈ ।

(**ਇਕ ਆਵਾਜ਼** : ਤੁਸੀਂ ਚੁੰਗੀ ਮੁਆਫ ਕਰਨ ਦਾ ਵਾਇਦਾ ਪੂਰਾ ਨਹੀਂ ਕੀਤਾ ।)

ਸ੍ਰੀ ਡਿਪਟੀ ਸਪੀਕਰ : ਇਸ ਦੇ ਨਾਲ ਇਸ ਦਾ ਕੋਈ ਤਾਅਲੁੱਕ ਨਹੀਂ ਹੈ ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਹਾਂ ਕਿ. . .

*5.10 P.M. (*ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪਣੀ ਭੈਣ ਭੱਠਲ ਜੀ ਨੂੰ ਬੇਨਤੀ ਕਰਾਂਗਾ ਕਿ ਤੁਹਾਡਾ ਜਿਹੜਾ ਡਾਕਟਰ ਹਰਬੰਸ ਲਾਲ ਹੈ । ਇਹ ਡਾਕਟਰ ਤਾਂ ਨਹੀਂ ਹੈ ਪਰ ਮੈਨੂੰ ਲੱਗਦਾ ਹੈ ਕਿ ਇਸ ਨੂੰ ਅੰਮ੍ਰਿਤਸਰ ਜ਼ਰੂਰ ਲਿਜਾਣਾ ਪਵੇਗਾ । ਚਾਰ ਦਿਨ ਵਾਸਤੇ ਇਸ ਨੂੰ ਉਥੇ ਲੈ ਜਾਓ । ਬਿਜਲੀਆਂ ਵਗੈਰਾ ਲਗਾ ਦਿਓ । ਇਸ ਕੋਲ ਕੋਈ ਪੁਆਇੰਟ ਆਫ ਆਰਡਰ ਤਾਂ ਹੁੰਦਾ ਨਹੀਂ । ਸਿਰਫ ਖੜ੍ਹਾ ਹੋ ਜਾਂਦਾ ਹੈ । ਤੁਹਾਨੂੰ ਵੀ ਤੰਗ ਕਰਦਾ ਹੈ ।

ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਨੇ ਲੋਕਾਂ ਨਾਲ ਵਾਇਦਾ ਕੀਤਾ ਕਿ ਉਨ੍ਹਾਂ ਨੂੰ ਘਰ ਬਣਾ ਕੇ ਦੇਣੇ ਹਨ । ਸਪੀਕਰ ਸਾਹਿਬ, ਇਸ ਘਰ ਦਾ ਮੈਂ ਨਕਸ਼ਾ ਦੱਸ ਦਿੰਦਾ ਹਾਂ ਕਿਉਂਕਿ ਉਹ ਮਹਿਕਮਾ ਵੀ ਮੇਰੇ ਕੋਲ ਹੈ । 10'X12' ਦੇ ਦੋ ਕਮਰੇ ਹੋਣਗੇ । ਇੱਕ ਬਰਾਂਡਾ, ਰਸੋਈ ਅਤੇ ਗੁਸਲਖਾਨਾ ਹੋਵੇਗਾ । ਅਗਲੇ ਪਾਸੇ ਇੱਕ ਨਲਕਾ ਹੋਵੇਗਾ । ਉਸ ਦੇ ਪਿਛਲੇ ਪਾਸੇ ਪਸ਼ੂ ਵਾਸਤੇ ਸ਼ੈਡ ਬਣਿਆ ਹੋਵੇਗਾ । ਇਨ੍ਹਾਂ ਦੇ ਬਾਹਰ ਫਿਰਨੀ ਹੋਵੇਗੀ । ਮੱਝ ਥੱਲੇ ਵੀ ਫਰਸ਼ ਹੋਵੇਗਾ । (ਥੰਪਿੰਗ) ਅਸੀਂ ਲੋਕਾਂ ਨਾਲ ਜਿਹੜੇ ਵਾਇਦੇ ਕਰਦੇ ਹਾਂ, ਉਹ ਪੂਰੇ ਕਰਦੇ ਹਾਂ । ਇਹ ਸਾਨੂੰ ਕਹਿੰਦੇ ਹਨ ਕਿ ਤੁਸੀਂ ਇਹ ਮਕਾਨ ਕਦੋਂ ਸ਼ੁਰੂ ਕਰੋਗੇ ? ਸਪੀਕਰ ਸਾਹਿਬ, ਕੱਲ੍ਹ ਦਾ ਦਿਨ ਰਹਿ ਗਿਆ ਹੈ । ਕੱਲ੍ਹ ਨੂੰ ਬਜਟ ਪਾਸ ਕਰ ਦੇਣਾ ਹੈ ਅਤੇ ਬਜਟ ਸਰਬਸੰਮਤੀ ਨਾਲ, ਤੁਹਾਡੇ ਭਰਾਵਾਂ ਨੇ ਪਾਸ ਕਰ ਦੇਣਾ ਹੈ । ਕੱਲ੍ਹ ਤੋਂ ਬਾਅਦ ਫਿਰ ਤੁਸੀਂ ਵੇਖਣਾ ਕਿ ਹਨੇਰੀ ਕਿਸ ਤਰ੍ਹਾਂ ਚਲਦੀ ਹੈ ਅਤੇ ਗਰੀਬਾਂ ਦੇ ਘਰ ਕਿਵੇਂ ਬਣਦੇ ਹਨ--ਕੱਚੇ ਤੋਂ ਪੱਕੇ । ਸਪੀਕਰ ਸਾਹਿਬ, ਅਸੀਂ ਘਰ ਬਣਾ ਕੇ ਦੇਣੇ ਹਨ ਔਰ ਇਹ ਪੰਜ ਮਰਲੇ ਵਿੱਚ ਹੋਣਗੇ । ਇਸ ਤੇ ਅਸੀਂ ਇੱਕ ਘਰ ਤੇ ਪੰਜਾਹ ਹਜ਼ਾਰ ਰੁਪਿਆ ਖਰਚ ਕਰਨਾ ਹੈ । ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਮਕਾਨ ਬਣਾਉਣ ਵਾਸਤੇ 60 ਕਰੋੜ ਰੁਪਿਆ ਰੱਖਿਆ ਹੈ । (ਥੰਪਿੰਗ) ਇਸ ਨਾਲ ਉਨ੍ਹਾਂ ਗਰੀਬ ਲੋਕਾਂ ਨੂੰ ਪਤਾ ਲੱਗ ਸਕੇਗਾ ਕਿ ਅਸੀਂ ਵੀ ਅਜ਼ਾਦ ਦੇਸ਼ ਦੇ ਵਾਸੀ ਹਾਂ । ਸਪੀਕਰ ਸਾਹਿਬ, ਪੰਜਾਹ ਸਾਲ ਹੋ ਗਏ ਹਨ ਪਰ ਉਹ ਗਰੀਬ ਲੋਕ ਹਾਲੇ ਥੰਮੀਆਂ ਵਿੱਚ ਹੀ ਬੈਠੇ ਹਨ । ਅਜੇ ਤੱਕ ਉਨ੍ਹਾਂ ਵਿਚਾਰਿਆਂ ਨੂੰ ਪੱਕੇ ਘਰਾਂ ਵਿਚ ਰਹਿਣ ਦਾ ਮੌਕਾ ਨਹੀਂ ਮਿਲਿਆ । ਪਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਅਸੀਂ ਉਨ੍ਹਾਂ ਦੀਆਂ ਕੱਖਾਂ ਦੀਆਂ ਕੁੱਲੀਆਂ, ਮੁਹੱਲਿਆਂ ਵਿੱਚ ਬਦਲ ਦੇਣੀਆਂ ਹਨ । ਸਪੀਕਰ ਸਾਹਿਬ, ਜਿਸ ਘਰ ਦਾ ਨਕਸ਼ਾ ਅਸੀਂ ਤਿਆਰ ਕੀਤਾ ਹੈ, ਜਦੋਂ ਉਹ ਬਣ ਜਾਵੇਗਾ ਤਾਂ ਫਿਰ ਜਦੋਂ ਕੋਈ ਦੋ ਸਾਲ ਤੋਂ ਗਿਆ ਦੋਸਤ ਜਾਂ

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

ਰਿਸ਼ਤੇਦਾਰ ਵਾਪਸ ਆਵੇਗਾ ਤਾਂ ਉਹ ਆਪਣੇ ਭਰਾ ਨੂੰ ਪੁੱਛੇਗਾ, ਆਪਣੇ ਤਾਏ-ਚਾਚੇ ਨੂੰ ਪੁੱਛੇਗਾ ਕਿ ਇਸ ਤਰ੍ਹਾਂ ਕਿਸ ਨੇ ਕੀਤਾ ਤਾਂ ਉਹ ਉਸ ਵਕਤ ਕਹੇਗਾ ਕਿ ਇਹ ਮਕਾਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਬਣਾ ਕੇ ਦਿੱਤੇ ਹਨ। (ਥੰਪਿੰਗ) ਸਪੀਕਰ ਸਾਹਿਬ, ਇਸ ਕਰਕੇ ਇਨ੍ਹਾਂ ਗਰੀਬ ਭਰਾਵਾਂ ਵਾਸਤੇ ਅਸੀਂ ਇਸ ਪ੍ਰਕਾਰ ਦਾ ਨਕਸ਼ਾ ਬਣਾਇਆ ਹੈ। ਸਾਡੇ ਭਰਾ ਸਵਾਲ ਕਰਦੇ ਹਨ। ਮੈਂ ਬੇਨਤੀ ਕਰਾਂਗਾ ਕਿ ਕਲ ਦਾ ਦਿਨ ਹੈ। ਜਿੰਨੇ ਮਰਜ਼ੀ ਸਵਾਲ ਕਰ ਲਓ। ਮੈਂ ਦੱਸ ਦਿੰਦਾ ਹਾਂ ਕਿ ਇਹ ਜ਼ਮੀਨ ਕਿੱਥੇ ਹੋਵੇਗੀ, ਉਹ ਥਾਂ ਕਿੱਥੇ ਹੋਵਗੀ। ਸਪੀਕਰ ਸਾਹਿਬ, ਇਹ ਜਿਹੜੀ ਜਗ੍ਹਾ ਹੈ, ਜਿੱਥੇ ਤਾਂ ਪੰਚਾਇਤ ਦੀ ਜਗ੍ਹਾ ਹੋਵੇਗੀ। ਅਸੀਂ ਪੰਚਾਇਤਾਂ ਨਾਲ ਕੋਸ਼ਿਸ਼ ਕਰਾਂਗੇ ਅਤੇ ਭਾਵੇਂ ਪੰਚਾਇਤ ਨੂੰ ਡੇਢ ਕਿੱਲਾ ਦੇਣਾ ਪਵੇ। ਭਾਵੇਂ ਇੱਕ ਕਿੱਲਾ ਹੋਵੇ ਪਰ ਅਸੀਂ ਵੱਟ-ਸਵੱਟਾ ਕਰਾਂਗੇ ਪਰ ਉਨ੍ਹਾਂ ਭਰਾਵਾਂ ਨੂੰ ਘਰ ਬਣਾ ਕੇ ਦੇਵਾਂਗੇ। ਜਿੱਥੇ ਜ਼ਮੀਨ ਪੰਚਾਇਤ ਦੀ ਨਹੀਂ ਹੋਵੇਗੀ, ਉਥੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਉਥੇ ਉਸ ਗਰੀਬ ਨੂੰ ਪੰਜ ਮਰਲੇ ਜਗ੍ਹਾ ਚਾਹੇ ਉਹ ਕਿਸੇ ਕੀਮਤ ਤੇ ਮਿਲੇ, ਸੜਕ ਦੇ ਉਤੇ ਹੀ 10-15 ਘਰਾਂ ਵਾਸਤੇ ਜਗ੍ਹਾ ਲਵਾਂਗੇ ਔਰ ਕਲੋਨੀ ਬਣਾਵਾਂਗੇ। (ਥੰਪਿੰਗ) ਕਲੋਨੀ ਮੈਂ ਨਹੀਂ ਕਹਾਂਗਾ ਕਿਉਂਕਿ ਕਾਮਰੇਡ ਰੌਂਤਾ ਜੀ ਕਾਫੀ ਬੋਲ ਚੁੱਕੇ ਹਨ। ਕਲੋਨੀਆਂ ਪਹਿਲਾਂ ਵੀ ਬਣੀਆਂ ਸਨ ਪਰ ਉਨ੍ਹਾਂ ਵਿੱਚ ਕੁੱਕੜ ਨਹੀਂ ਵੜਦੇ। ਇਸ ਤਰ੍ਹਾਂ ਦੇ ਘਰ ਨਹੀਂ ਬਣਨਗੇ। ਪਰ ਜਿਹੜੇ ਘਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਬਣਾ ਕੇ ਦੇਣੇ ਹਨ, ਉਹ ਰੈਸਟ ਹਾਊਸ ਵਾਂਗ ਹੋਣਗੇ। ਜਦੋਂ ਗਰੀਬ ਘਰ ਦਾ ਕੁੰਡਾ ਖੋਲ੍ਹੇਗਾ ਤਾਂ ਉਹ ਸਰਦਾਰ ਬਾਦਲ ਨੂੰ ਚੇਤੇ ਕਰੇਗਾ। ਥੰਮੀਆਂ ਕਢਵਾ ਕੇ ਉਨ੍ਹਾਂ ਦਾ ਨਕਸ਼ਾ ਬਦਲ ਦਿੱਤਾ ਜਾਵੇਗਾ। ਇਸੇ ਤਰ੍ਹਾਂ ਸਪੀਕਰ ਸਾਹਿਬ, ਤੁਸੀਂ ਸੁਣਿਆ ਤਾਂ ਜ਼ਰੂਰ ਹੈ, ਲੋਕ ਕਹਿੰਦੇ ਸੁਣੇ ਹਨ। ਤੁਸੀਂ ਹਿਸਟਰੀ ਵੀ ਪੜ੍ਹੀ ਹੋਣੀ ਹੈ। ਲੋਕ ਕਹਿੰਦੇ ਸਨ: 'ਅਸ਼ਵਮੇਧ' ਜੱਗ ਕੋਈ ਕਰੇ ਰਹੇ।'

ਲੋਕਾਂ ਨੇ ਆਪਣੇ ਭਲੇ ਲਈ ਅਸ਼ਵਮੇਧ ਜੱਗ ਕਰਨਾ ਔਰ ਉਹੀ ਅਸ਼ਵਮੇਧ ਜੱਗ ਅੱਜ ਅਸੀਂ ਕਰਿਆ ਹੈ। ਕਿਸੇ ਗਰੀਬ ਦੀ ਬੇਟੀ ਨੂੰ ਉਸ ਦੇ ਘਰੋਂ ਵਿਆਹ ਕਰਕੇ ਤੋਰ ਦੇਣਾ, ਇਸ ਤੋਂ ਵੱਡਾ ਅਸ਼ਵਮੇਧ ਜੱਗ ਕੋਈ ਦੁਨੀਆਂ ਉਤੇ ਨਹੀਂ ਹੈ। ਜੋ ਗਰੀਬਾਂ ਦੀਆਂ ਬੇਟੀਆਂ ਨੂੰ ਸ਼ਗਨ ਵਜੋਂ 51 ਸੌ ਰੁਪਿਆ ਦੇਣਾ ਹੈ, ਉਹ ਬਹੁਤ ਹੈ। ਅਗਰ ਕੋਈ ਪੰਜ ਰੁਪਏ ਵੀ ਦੇਵੇ ਤਾਂ ਉਹ ਗਰੀਬ ਕਿੰਨਾ ਖੁਸ਼ ਹੁੰਦਾ ਹੈ ਅਗਰ ਕੋਈ 100 ਰੁਪਿਆ ਦੇ ਦੇਵੇ ਤਾਂ ਉਸ ਦੀ ਖੁਸ਼ੀ ਝੱਲੀ ਨਹੀਂ ਜਾਂਦੀ ਕਿ ਮੇਰੇ ਦੋਸਤ ਨੇ 100 ਰੁਪਿਆ ਮੇਰੀ ਬੇਟੀ ਨੂੰ ਦਿੱਤਾ ਹੈ। ਜਿਹੜਾ 51 ਸੌ ਰੁਪਿਆ ਗਰੀਬ ਦੀ ਬੇਟੀ ਨੂੰ ਸ਼ਗਨ ਵਜੋਂ ਦੇਣਾ ਹੈ, ਉਸ ਵਾਸਤੇ ਐਸ. ਡੀ. ਐਮ. ਦੀ ਡਿਊਟੀ ਲਾਈ ਹੈ ਪਰ ਅਗਰ ਜਿਹੜਾ ਹਲਕੇ ਦਾ ਐਮ. ਐਲ. ਏ. ਹੋਵੇਗਾ, ਉਸ ਹਲਕੇ ਦਾ ਐਮ. ਐਲ. ਏ. ਜਾਵੇਗਾ ਔਰ ਗਰੀਬ ਦੀ ਬੇਟੀ ਨੂੰ ਆਪ 51 ਸੌ ਰੁਪਿਆ ਦੇਵੇਗਾ। ਸਾਡਾ ਐਮ. ਐਲ. ਏ ਜਾਂ ਜੋ ਮਨਿਸਟਰ ਹੋਵੇਗਾ ਉਹ ਆਪ ਘਰ ਜਾ ਕੇ ਸਿਰ ਪਲੋਸੇਗਾ ਔਰ ਸ਼ਗਨ ਦੇਵੇਗਾ। (ਥੰਪਿੰਗ) ਸਪੀਕਰ ਸਾਹਿਬ, ਠੀਕ ਹੈ ਸਾਡੇ ਸਾਹਮਣੇ ਬੈਠੇ ਭਰਾ ਜਾਂ ਦੂਜੇ ਭਰਾ ਕਹਿ ਦਿੰਦੇ ਹਨ ਕਿ 51 ਸੌ ਰੁਪਏ ਕੀ ਹੈ ਜੀ। ਪਰ ਮੈਂ ਆਪਣੇ ਵੀਰਾਂ ਤੋਂ ਪੁੱਛਦਾ ਹਾਂ ਕਿ 51 ਸੌ ਰੁਪਏ ਜੇਕਰ ਵਿਆਜੂ ਲੈ ਲਈਏ, ਆੜ੍ਹਤੀਏ ਤੋਂ ਲੈ ਕੇ ਵੇਖ ਲਉ ਜਾਂ ਪਿੰਡ

ਦੇ ਵਿੱਚੋਂ ਲੈ ਕੇ ਵੇਖ ਲਉ ਜਕਰ ਉਹ ਵਿਆਜ ਤੇ ਹੀ ਗਰੀਬਾਂ ਤੋਂ ਗੋਹਾ-ਕੂੜਾ ਨਾ ਕਰਵਾਈ ਜਾਵੇ । ਇਸ ਕਰਕੇ 51 ਸੋ ਰੁਪਿਆ ਵਿਚਾਰੇ ਗਰੀਬਾਂ ਵਾਸਤੇ ਬਹੁਤ ਸਹੂਲਤ ਵਾਲੀ ਗੱਲ ਹੈ । ਇਸ ਲਈ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਨੇ ਇਸ ਅਸ਼ਵਮੇਧ ਜੱਗ ਵਿੱਚ ਹਿੱਸਾ ਪਾਉਣ ਦਾ ਨਿੱਗਰ ਫੈਸਲਾ ਲਿਆ ਹੈ, ਜਿਸ ਵਿੱਚ 40 ਹਜ਼ਾਰ ਬੇਟੀਆਂ ਦੇ ਸ਼ਗਨ ਦਿੱਤੇ ਜਾਣਗੇ । 40 ਹਜ਼ਾਰ ਬੱਚੀਆਂ ਵਾਸਤੇ 20 ਕਰੋੜ ਰੁਪਿਆ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਾਨਤਾ ਪਾਰਟੀ ਦੀ ਸਰਕਾਰ ਨੇ ਖਜ਼ਾਨੇ ਵਿੱਚ ਰੱਖ ਦਿੱਤਾ ਹੈ । (ਥੰਪਿੰਗ) ਇਸ ਲਈ ਮੈਂ ਸਰਦਾਰ ਕੰਵਲਜੀਤ ਸਿੰਘ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਜੋ ਕਿਹਾ ਸੀ, ਉਹ ਕੀਤਾ ਹੈ । ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਲੋਕਾਂ ਨਾਲ ਜੋ ਸੱਥਾਂ ਵਿੱਚ ਖੜ੍ਹ ਕੇ, ਧਰਮਸ਼ਾਲਾਵਾਂ ਵਿੱਚ ਖੜ੍ਹ ਕੇ ਅਤੇ ਸਾਂਝੀ ਜਗ੍ਹਾ ਤੇ ਖੜ੍ਹ ਕੇ ਜੋ ਵਾਇਦਾ ਕੀਤਾ ਸੀ, ਉਹ ਪੂਰਾ ਕਰਨਾ ਸ਼ੁਰੂ ਕਰ ਦਿੱਤਾ ਹੈ । ਚੌਧਰੀ ਸਾਹਿਬ ਦੇ ਹਲਕੇ ਵਿੱਚ ਹੀ, ਫਗਵਾੜੇ ਦੇ ਵਿੱਚ ਇੱਕ ਥਾਂ ਉਤੇ 60 ਕੁੜੀਆਂ ਨੂੰ ਸ਼ਗਨ ਦਿੱਤਾ ਗਿਆ ਹੈ । ਮੈਂ ਆਪ ਦੇ ਕੇ ਆਇਆ ਹਾਂ । ਇਸ ਕਰਕੇ, ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ ਕਿ ਜਿਹੜੇ ਗਰੀਬ ਲੋਕਾਂ ਦੇ ਬੱਚੇ ਹਨ, ਉਨ੍ਹਾਂ ਨੂੰ ਵਸੇਬੇ ਦੇਣੇ ਹਨ । ਮੈਂ ਪਹਿਲਾਂ ਦੱਸ ਰਿਹਾ ਸੀ ਕਿ 77 ਹਜ਼ਾਰ ਏਕੜ ਜ਼ਮੀਨ, ਮੈਂ ਚਲਿਆ ਗਿਆ ਸੀ ਕਿੱਲਿਆਂ ਤੋਂ । ਇਨ੍ਹਾਂ ਤੋਂ ਤਾਂ ਕਿੱਕਰ ਦੇ ਕਿੱਲੇ ਵੀ ਘੜ ਕੇ ਨਹੀਂ ਦਿੱਤੇ ਗਏ ਪਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ 77 ਹਜ਼ਾਰ ਏਕੜ ਜ਼ਮੀਨ ਵਿੱਚ ਲੋਕਾਂ ਨੂੰ ਅੱਜ ਸਿਰਫ 6 ਹਜ਼ਾਰ ਰੁਪਏ ਵਿੱਚ ਮਾਲਕ ਬਣਾਉਂਦੀ ਹੈ । ਇਹ ਮਲਕੀਅਤ ਵੀ ਕਿਸ਼ਤਾਂ ਵਿੱਚ ਦੇਵੇਗੀ । ਸਾਰਾ ਪੈਸਾ ਇੱਕ ਵਾਰੀ ਨਹੀਂ ਲਿਆ ਜਾ ਰਿਹਾ, ਕਿਸ਼ਤਾਂ ਨਾਲ ਭਰਨਗੇ । ਜੇਕਰ ਉਸ ਜ਼ਮੀਨ ਦਾ ਠੇਕਾ ਵੇਖੀਏ ਤਾਂ ਅੱਠ ਹਜ਼ਾਰ ਰੁਪਏ ਪ੍ਰਤੀ ਏਕੜ ਤੋਂ ਘੱਟ ਸਾਰੇ ਪੰਜਾਬ ਵਿੱਚ ਕਿਤੇ ਵੀ ਠੇਕਾ ਨਹੀਂ ਔਰ ਜਿਹੜੀ ਜ਼ਮੀਨ ਦਾ ਗਰੀਬਾਂ ਨੂੰ ਮਾਲਕ ਬਣਾਉਣਾ ਹੈ, ਉਹ ਸਿਰਫ 6 ਹਜ਼ਾਰ ਵਿੱਚ ਬਣਾਉਣਾ ਹੈ । ਇਸ ਲਈ, ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਨੇ ਜਿਹੜੇ ਵਾਇਦੇ ਕੀਤੇ ਹਨ, ਉਹ ਲੋਕਾਂ ਨਾਲ ਪੂਰੇ ਕੀਤੇ ਹਨ । ਇਸ ਕਰਕੇ ਕਿ ਅਸੀਂ ਸੱਥਾਂ ਵਿੱਚ ਖੜ੍ਹ ਕੇ ਗੱਲ ਕੀਤੀ ਹੈ ਔਰ ਜਿਹੜੇ ਸਾਡੇ ਗਰੀਬ ਵੀਰ ਹਨ, ਉਨ੍ਹਾਂ ਨੂੰ ਇਸ ਗੱਲ ਦਾ ਮਾਣ ਹੈ । ਅੱਜ ਜਿਹੜੇ ਇਲੈਕਸ਼ਨ ਹੋ ਕੇ ਹਟੇ ਹਨ, ਜਿਹੜੇ ਤੁਹਾਡੇ ਜ਼ਿਲ੍ਹੇ ਵਿੱਚ ਹੋਏ ਹਨ । ਕਿਲਾ ਰਾਏਪੁਰ ਵਿੱਚ । ਕਿਲਾ ਰਾਏਪੁਰ ਵਿੱਚ ਇਨ੍ਹਾਂ ਨੇ ਬੜੀਆਂ ਡੀਂਗਾਂ ਮਾਰੀਆਂ । ਲੋਕਾਂ ਨੂੰ ਵੀ ਦੱਸਿਆ । ਉਥੇ ਦਿੱਲੀ ਤੋਂ ਚੱਲ ਕੇ ਇਕ ਤੂੰਬੀ ਵਾਲਾ ਵੀ ਆਇਆ । ਇਨ੍ਹਾਂ ਨੇ ਵੀ ਬੜਾ ਜ਼ੋਰ ਲਾਇਆ ਕਿ ਅਕਾਲੀ ਦਲ ਦੀ ਕਾਂਗਰਸ ਜਮਾਨਤ ਜਬਤ ਕਰਾਵੇਗੀ । ਉਥੇ ਗਾਉਣ ਵਾਲੀ ਆਵਾਜ਼-ਏ-ਪੰਜਾਬ ਵੀ ਆਈ ਲੇਕਿਨ ਕਿਸੇ ਨੇ ਸੁਣੀ ਨਹੀਂ । ਨਾ ਕਿਸੇ ਨੇ ਤੂੰਬੀ ਵਾਲੇ ਦੀ ਸੁਣੀ । ਉਹ ਵੀ ਵਿਚਾਰਾ ਚਲਾ ਗਿਆ । ਮੇਰੇ ਛੋਟੇ ਭੈਣ ਜੀ ਭੱਠਲ ਸਾਹਿਬ ਵੀ ਗਏ । ਬਾਹਰੋਂ ਐਵੇਂ ਖਿੱਚੀ-ਧੂਈ ਦੇ ਗਏ ਮਨੋਂ ਵਿਰੋਧਤਾ ਕਰਦੇ ਸਨ, ਰਾਜੀ ਨਹੀਂ ਸੀ ਕਿਉਂਕਿ ਇਹ ਸਿਆਣੀ ਬੜੀ ਹੈ । ਇਹ ਕੁੜੀ ਤਾਂ ਹੀ ਇਸ ਕੁਰਸੀ ਤੇ ਬੈਠੀ, ਤਾਂ ਹੀ ਚੀਫ ਮਨਿਸਟਰ ਬਣੀ । ਜੇਕਰ

[ਖੇਤੀਬਾੜੀ ਅਤੇ ਅਨਸਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

ਇਨੀ ਸਿਆਣੀ ਨਾ ਹੁੰਦੀ ਤਾਂ ਸ਼ਾਇਦ ਨਾ ਬਣਦੀ। ਮੇਰੀ ਭੈਣ ਤਾਂ ਹੀ ਚੀਫ਼ ਮਨਿਸਟਰ ਬਣੀ ਸੀ ਇਹ ਬਹੁਤ ਸਿਆਣੀ ਸੀ। ਜੇਕਰ ਇਹ ਇਤਨੀ ਸਿਆਣੀ ਨਾ ਹੁੰਦੀ ਤਾ ਸਾਇਦ ਇਹ ਚੀਫ਼ ਮਨਿਸਟਰ ਨਾ ਬਣਦੀ। ਪਰ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਕੈਂਡੀਡੇਟ ਨੂੰ 10 ਹਜ਼ਾਰ ਤੋਂ ਵੀ ਵੱਧ ਵੋਟਾਂ ਦੇ ਫਰਕ ਨਾਲ ਜਿਤਾਇਆ। ਉਨ੍ਹਾਂ ਵਿੱਚ ਇਨ੍ਹਾਂ ਗ਼ਰੀਬ ਲੋਕਾਂ ਦਾ ਬਹੁਤ ਵੱਡਾ ਯੋਗਦਾਨ ਸੀ। ਅੱਜ ਗਰੀਬ ਲੋਕ ਕਾਂਗਰਸ ਨੂੰ ਛੱਡ ਗਏ ਹਨ, ਕਾਂਗਰਸ ਨੂੰ ਉਹ ਪਿੱਠ ਦਿਖਾ ਗਏ ਹਨ ਅਤੇ ਹੁਣ ਉਹ ਇਨ੍ਹਾਂ ਦੇ ਆਖੇ ਨਹੀਂ ਲੱਗਦੇ। ਉਹ ਆਖੇ ਤਾਂ ਨਹੀਂ ਲੱਗਦੇ ਕਿਉਂਕਿ ਪਿਛਲੇ 50 ਸਾਲ ਤੋਂ ਲੈ ਕੇ ਹੀ ਇਨ੍ਹਾਂ ਨੇ ਗਰੀਬ ਲੋਕਾਂ ਨੂੰ ਲਾਰਿਆਂ ਵਿੱਚ ਰੱਖਿਆ ਹੈ। ਇਸ ਕਰਕੇ ਉਥੇ ਗਰੀਬ ਲੋਕਾਂ ਨੇ ਇਨ੍ਹਾਂ ਨੂੰ ਵੋਟਾਂ ਨਹੀਂ ਪਾਈਆਂ। ਸਪੀਕਰ ਸਾਹਿਬ, ਤੁਸੀਂ ਤਾਂ ਪਤਾ ਨਹੀਂ ਕੀ ਪੜ੍ਹੀ ਜਾਂਦੇ ਹੋ, ਥੋੜ੍ਹਾ ਜਿਹਾ ਧਿਆਨ ਮੇਰੇ ਵੱਲ ਵੀ ਦਿਉ।

ਸ੍ਰੀ ਸਪੀਕਰ : ਮੇਰਾ ਧਿਆਨ ਤੁਹਾਡੇ ਵੱਲ ਹੀ ਹੈ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਮੰਤਰੀ : ਸਪੀਕਰ ਸਾਹਿਬ, ਬਰਾੜ ਸਾਹਿਬ ਦੀਆਂ ਤਾਂ ਸਿਰਫ ਦੋ ਹੀ ਵੋਟਾਂ ਹਨ, ਇਨ੍ਹਾਂ ਦੇ ਬੱਚੇ ਵੀ ਬਾਹਰ ਸਕੂਲਾਂ ਦੇ ਵਿੱਚ ਪੜ੍ਹਦੇ ਹਨ। ਇਹ ਤਾਂ ਸਿਰਫ ਦੋ ਦੋ ਨੌਹਰੇ ਹਨ। ਇਸ ਤਰ੍ਹਾਂ ਇਨ੍ਹਾਂ ਦੀਆਂ ਸਿਰਫ਼ ਦੋ ਵੋਟਾਂ ਹੀ ਹੁੰਦੀਆਂ ਹਨ। ਇਸ ਤਰ੍ਹਾਂ ਜਦੋਂ ਪ੍ਰਮਾਤਮਾ ਚਾਹੇ ਤਾਂ ਉਹ ਭਿਖਾਰੀ ਤੋਂ ਵੀ ਰਾਜ ਕਰਵਾ ਦਿੰਦਾ ਹੈ ਅਤੇ ਸਾਨੂੰ ਰਾਜ ਦਿਵਾਇਆ ਹੈ। ਇਸ ਤਰ੍ਹਾਂ ਸਾਡੇ ਪੰਜ-ਪੰਜ ਮਰਲੇ ਦੇ ਵਿੱਚ 25-25 ਵੋਟਾਂ ਹੁੰਦੀਆਂ ਹਨ ਅਤੇ ਉਹ ਇੱਕ ਤਰ੍ਹਾਂ ਜਿਥੇ ਵੋਟਾਂ ਪਾਉਣ ਤਾਂ ਨਦਰਿ ਨਿਹਾਲ ਕਰ ਦਿੰਦੇ ਹਨ ਅਤੇ ਸਾਨੂੰ ਇਨ੍ਹਾਂ ਨੇ ਨਦਿਰ ਨਿਹਾਲ ਕੀਤਾ ਹੈ। ਸਾਡਾ ਤਾਂ ਝਾੜ ਹੀ ਬਹੁਤ ਹੈ।

ਇੱਕ ਆਵਾਜ਼ : ਬਰਾੜ ਸਾਹਿਬ, ਤੁਹਾਡੇ ਝਾੜ ਨੂੰ ਐਪਰੀਸ਼ੀਏਟ ਕਰਦੇ ਹਨ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਮੰਤਰੀ : ਧੰਨਵਾਦ, ਸਪੀਕਰ ਸਾਹਿਬ ਹੁਣ ਮੈਂ ਕੁਝ ਖੇਤੀਬਾੜੀ ਬਾਰੇ ਵੀ ਕਹਿਣਾ ਚਾਹੁੰਦਾ ਹਾਂ। ਪੰਜਾਬ ਇਕ ਖੇਤੀਬਾੜੀ ਪ੍ਰਧਾਨ ਸੂਬਾ ਹੈ। ਮੈਨੂੰ ਖੁਸ਼ੀ ਹੁੰਦੀ ਹੈ ਕਿ ਮੇਰੇ ਸਾਹਮਣੇ ਬੈਠੇ ਚੌਧਰੀ ਸਾਹਿਬ ਆਖਣਗੇ ਕਿ ਪਤਾ ਨਹੀਂ ਸਾਡੀ ਵਡਿਆਈ ਜਾਣ ਕੇ ਹੀ ਕਰੀ ਜਾਂਦੇ ਹਨ, ਵਡਿਆਈ ਜਾਣ ਕੇ ਨਹੀਂ ਅਸਲੀਅਤ ਕਰਕੇ ਕਰਦਾ ਹਾਂ। ਮੈਂ ਕਹਿੰਦਾ ਹਾਂ ਕਿ ਸਪੀਕਰ ਸਾਹਿਬ, ਤੁਸੀਂ ਵੀ ਖੁਸ਼ ਹੋਵੋਗੇ ਕਿ ਕੋਈ ਸਮਾਂ ਸੀ ਜਦੋਂ ਆਵਾਜ਼ ਆਈ ਸੀ ਰੇਡੀਓ ਰਾਹੀਂ, ਆਵਾਜ਼ ਆਈ ਸੀ ਟੀ. ਵੀ. ਰਾਹੀਂ, ਆਵਾਜ਼ ਆਈ ਸੀ ਅਖਬਾਰਾਂ ਦੇ ਵਿੱਚ ਕਿ ਇੱਕ ਡੰਗ ਰੋਟੀ ਛੱਡ ਦਿਉ, ਸਾਰੇ ਹਿੰਦੁਸਤਾਨ ਦੇ ਲੋਕਾਂ ਨੂੰ ਇੱਕ ਡੰਗ ਰੋਟੀ ਨਹੀਂ ਖਾਣੀ ਚਾਹੀਦੀ। ਫਿਰ ਆਵਾਜ਼ ਆਈ ਕਿ ਇਕ ਹਫ਼ਤੇ ਦੇ ਵਿੱਚ ਇੱਕ ਵਾਰੀ ਵਰਤ ਰੱਖਿਆ ਜਾਣਾ ਚਾਹੀਦਾ ਹੈ ਤਾਂ ਕਿ ਭੁੱਖੇ ਲੋਕ ਰੋਟੀ ਰੱਜ ਕੇ ਖਾ ਸਕਣ। ਉਦੋਂ ਮੈਨੂੰ ਖੁਸ਼ੀ ਹੋਈ ਜਦੋਂ ਬਾਬੂ ਜਗਜੀਵਨ ਰਾਮ ਨੂੰ ਖੇਤੀਬਾੜੀ

ਦਾ ਮਹਿਕਮਾ ਦੇ ਦਿੱਤਾ, ਪ੍ਰਧਾਨ ਮੰਤਰੀ ਨੇ। ਉਸ ਮਨੁੱਖ ਨੇ ਮਿਹਨਤ ਕੀਤੀ, ਹਿੰਮਤ ਕੀਤੀ ਅਤੇ ਦਲੇਰੀ ਕੀਤੀ। ਉਨ੍ਹਾਂ ਨੇ ਕਿਹਾ ਕਿ ਅਸੀਂ ਅਮਰੀਕਾ ਤੋਂ ਅਨਾਜ ਝੋਲੀ ਅੱਡ ਕੇ ਨਹੀਂ ਮੰਗਾਂਗੇ। ਉਨ੍ਹਾਂ ਨੇ ਪੈਦਾਵਾਰ ਦਾ ਰਿਕਾਰਡ ਤੋੜ ਦਿੱਤਾ। ਜਿਹੜਾ ਲੋਕਾਂ ਨੂੰ ਪਹਿਲਾਂ ਕਿਹਾ ਜਾਂਦਾ ਸੀ ਕਿ ਇੱਕ ਡੰਗ ਦੀ ਰੋਟੀ ਖਾਣੀ ਛੱਡ ਦਿਉ ਜਾਂ ਹਫਤੇ ਵਿੱਚ ਇੱਕ ਦਿਨ ਵਰਤ ਰੱਖਣਾ ਚਾਹੀਦਾ ਹੈ। ਬਾਬੂ ਜਗਜੀਵਨ ਰਾਮ ਜੀ ਨੇ ਮਿਹਨਤ ਕਰਕੇ ਖੇਤੀਬਾੜੀ ਦੇ ਵਿੱਚ ਰਿਕਾਰਡ ਪੈਦਾ ਕਰ ਦਿੱਤਾ ਤੇ ਫਿਰ ਇਹ ਨਾਅਰਾ ਖਤਮ ਹੋ ਗਿਆ ਅਤੇ ਲੋਕੀਂ ਉਸ ਤੋਂ ਬਾਅਦ ਤਿੰਨ ਵਕਤ ਰੋਟੀ ਖਾਣ ਲੱਗ ਪਏ। ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਉਸ ਤੋਂ ਬਾਅਦ ਮਾਸਟਰ ਗੁਰਬੰਤਾ ਸਿੰਘ ਜੀ ਨੂੰ ਖੇਤੀਬਾੜੀ ਦਾ ਮਹਿਕਮਾ ਮਿਲਿਆ। ਉਹ ਮੇਰੇ ਵੱਡੇ ਭਾਈ ਸਨ ਤੇ ਮੈਂ ਉਨ੍ਹਾਂ ਨਾਲ ਦੋ ਤਿੰਨ ਵਾਰ ਇਸ ਸਦਨ ਵਿੱਚ ਰਿਹਾ ਹਾਂ। ਜਿਹੜਾ ਰਿਕਾਰਡ ਬਾਬੂ ਜਗਜੀਵਨ ਰਾਮ ਨੇ ਪੈਦਾ ਕੀਤਾ ਸੀ ਉਸ ਨੂੰ ਪੰਜਾਬ ਦੇ ਵਿੱਚ ਮਾਸਟਰ ਗੁਰਬੰਤਾ ਸਿੰਘ ਨੇ ਤੋੜਿਆ ਅਤੇ ਵੱਧ ਪੈਦਾਵਾਰ ਕਰਕੇ ਦਿਖਾਈ। ਮੈਨੂੰ ਖੁਸ਼ੀ ਹੈ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਮੈਨੂੰ ਮਜ਼ਬੀ ਸਿੱਖ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਦੁਨੀਆਂ ਦੇ ਵਿੱਚ ਇਹ ਸੁਣਿਆ ਗਿਆ ਹੈ ਕਿ ਫਲਾਣਾ ਵੱਡਾ ਭਗਤ ਸੀ, ਢਿਮਕਾ ਦੇਸ਼ ਭਗਤ ਹੈ। ਸਪੀਕਰ ਸਾਹਿਬ, ਜਿਨ੍ਹਾਂ ਨੇ ਅੰਗਰੇਜ਼ਾਂ ਦੇ ਰਾਜ ਵੇਲੇ ਕੁਰਬਾਨੀਆਂ ਦਿੱਤੀਆਂ ਅਸੀਂ ਉਨ੍ਹਾਂ ਅੱਗੇ ਸਿਰ ਝੁਕਾਉਂਦੇ ਹਾਂ। ਪਰ ਸਪੀਕਰ ਸਾਹਿਬ, ਪੰਜਾਬ ਦਾ ਨਹੀਂ ਸਾਰੇ ਹਿੰਦੁਸਤਾਨ ਦਾ ਸਭ ਤੋਂ ਵੱਡਾ ਦੇਸ਼ ਭਗਤ ਕਿਸਾਨ ਹੈ, ਖੇਤੀ ਕਰਨ ਵਾਲਾ ਹੈ। ਇਕ ਕਿਸਾਨ ਹੀ ਘਾਟੇ ਵਾਲਾ ਸੌਦਾ ਕਰਦਾ ਹੈ ਜਦ ਕਿ ਸਾਰੀ ਦੁਨੀਆਂ ਮੁਨਾਫੇ ਦਾ ਸੌਦਾ ਕਰਦੀ ਹੈ। ਇਸ ਕਰਕੇ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਆਪਾਂ ਨੂੰ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਕਿਸਾਨ ਨੂੰ ਪਤਾ ਹੁੰਦਾ ਹੈ ਕਿ ਉਸ ਦੇ ਨਾਲ ਦਾ ਜੋ ਸਾਥੀ ਹੈ, ਸਾਂਝੀ ਕਹਿ ਲਓ ਕੋਈ ਡਰ ਵਾਲੀ ਗੱਲ ਨਹੀਂ, ਉਹ ਕਟਾਈ ਦਾ ਜ਼ਿੰਮੇਵਾਰ ਹੈ। ਸਿਆਣਾ ਜ਼ਿਮੀਂਦਾਰ ਆਪਣੇ ਨਾਲ ਦਾ ਸਾਥੀ ਸਿਆਣਾ ਸਮਝ ਕੇ ਚੁਣਦਾ ਹੈ। ਜੇਕਰ ਉਹ ਸਿਆਣਾ ਨਾ ਹੋਵੇ ਤਾਂ ਫਿਰ ਕੋਈ ਹੋਰ ਸਿਆਣਾ ਸਾਥੀ ਚੁਣ ਲੈਂਦਾ ਹੈ ਆਪਣਾ ਕਾਰੋਬਾਰ ਕਰਨ ਲਈ ਅਤੇ ਆਪਣੀ ਖੇਤੀ ਦਾ ਕੰਮ ਕਰਨ ਵਾਸਤੇ। ਜੇਕਰ ਉਹ ਮਾੜਾ ਸਾਥੀ ਚੁਣ ਲਵੇ ਤਾਂ ਉਹ ਗਵਾਂਢੀਆਂ ਨੂੰ ਖਾਦ ਵੇਚ ਦੇਵੇਗਾ, ਡੀਜ਼ਲ ਵੇਚ ਦੇਵੇਗਾ, ਕੀੜੇਮਾਰ ਦਵਾਈਆਂ ਵੇਚ ਦੇਵੇਗਾ, ਸਾਰਾ ਕੁਝ ਵੇਚ ਦੇਵੇਗਾ। ਇਸ ਕਰਕੇ ਮਾਸਟਰ ਗੁਰਬੰਤਾ ਸਿੰਘ, ਜਿਨ੍ਹਾਂ ਨੇ ਹਿੰਦੁਸਤਾਨ ਦਾ ਰਿਕਾਰਡ ਤੋੜਿਆ। ਇਸ ਤੋਂ ਬਾਅਦ ਆਪਾਂ ਨੂੰ ਮੌਕਾ ਮਿਲਿਆ ਹੈ, ਸੇਵਾ ਕਰਨ ਦਾ, ਦੇਸ਼ ਭਗਤੀ ਦਾ। ਸਾਰੇ ਹਿੰਦੁਸਤਾਨ ਦਾ ਰਿਕਾਰਡ ਟੁੱਟ ਗਿਆ ਹੈ ਕਿ ਕਣਕ ਜਿੰਨੀ ਐਤਕੀਂ ਪੈਦਾ ਹੋਈ ਹੈ, ਹਿਸਟਰੀ ਵਿੱਚ ਕਦੇ ਪੈਦਾ ਨਹੀਂ ਹੋ ਸਕੀ। (ਥੰਪਿੰਗ) 47 ਕੁਇੰਟਲ ਕਣਕ ਪੈਦਾ ਹੋਈ ਹੈ। ਇਹ ਆਪਣੇ ਹਿੱਸੇ ਸੇਵਾ ਆਈ ਹੈ। ਅਸੀਂ ਜਿਸ ਨਾਲ ਤੁਰੇ ਹਾਂ, ਉਸ ਨਾਲ ਵਫਾਦਾਰ ਬਣ ਕੇ ਤੁਰੇ ਹਾਂ। (ਥੰਪਿੰਗ) ਅਸੀਂ ਤਾਂ....

ਸ਼੍ਰੀ ਹਰਮਿੰਦਰ ਸਿੰਘ ਜੱਸੀ : 47 ਕੁਇੰਟਲ ਵਾਲੀ ਗੱਲ ਕਲੀਅਰ ਕਰੋ ਜੀ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ : ਪ੍ਰਤੀ ਹੈਕਟੇਅਰ ਹੈ ਜੀ ।

ਸ਼੍ਰੀ ਸਪੀਕਰ : ਜੋਸ਼ੀ ਜੀ, ਜੋ ਕੁਝ ਕਹਿਣਾ ਹੈ ਚੇਅਰ ਨੂੰ ਐਡਰੈਸ ਕਰਕੇ ਕਰੋ । ਆਪਸ ਵਿੱਚ ਨਾ ਕਰੋ ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਹੁਕਮ ਤਾਂ ਚਾੜ੍ਹ ਦਿਓ । ਇਹ ਸਾਡੇ ਭਰਾ ਆਪ ਹੀ ਗੱਲਾਂ ਕਰੀ ਜਾਂਦੇ ਹਨ । ਇਨ੍ਹਾਂ ਨੂੰ ਤੁਹਾਡੀ ਚੇਅਰ ਨੂੰ ਸੰਬੋਧਿਤ ਕਰਕੇ ਗੱਲ ਕਰਨੀ ਚਾਹੀਦੀ ਹੈ ।

ਸ਼੍ਰੀ ਸਪੀਕਰ : ਮੈਂ ਕਹਿ ਦਿੱਤਾ ਹੈ ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ : ਧੰਨਵਾਦ । ਮੈਂ ਕਹਿ ਰਿਹਾ ਸੀ ਕਿ ਇਹ ਜਿਹੜਾ ਸਖ਼ਤ ਰਿਕਾਰਡ ਟੁੱਟਿਆ ਹੈ ਇਹ ਪਹਿਲੀ ਵਾਰੀ ਟੁੱਟਿਆ ਹੈ । ਸਪੀਕਰ ਸਾਹਿਬ, ਖੰਨਾ ਮੰਡੀ ਵਿੱਚ ਇੱਕ ਸਕੈਂਡਲ ਫੜ੍ਹਿਆ ਸੀ ਖਾਦ ਦਾ । ਖਾਦ ਵਿਕੀ ਸੀ ਦਿੱਲੀ ਵਿੱਚ ਅਤੇ ਸਬਸਿਡੀ ਖਾ ਗਏ ਖੰਨੇ ਵਾਲੇ । ਉਨ੍ਹਾਂ ਲੋਕਾਂ ਤੇ ਕੇਸ ਰਜਿਸਟਰ ਕੀਤਾ ਗਿਆ । ਜਿਹੜੇ ਲੋਕਾਂ ਨੇ ਕਿਸਾਨਾਂ ਨੂੰ, ਦੇਸ਼ ਭਗਤਾਂ ਨੂੰ ਧੋਖਾ ਦਿੱਤਾ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾ ਸਕਦਾ । ਅੰਮ੍ਰਿਤਸਰ ਵਿੱਚ ਇੱਕ ਜਾਅਲੀ ਫੈਕਟਰੀ ਖਾਦ ਬਣਾਉਣ ਵਾਲੀ ਫੜ੍ਹੀ ਗਈ । ਉਨ੍ਹਾਂ ਤੇ ਵੀ ਕੇਸ ਰਜਿਸਟਰ ਕੀਤਾ ਗਿਆ । ਮੁਕਤਸਰ ਵਿੱਚ ਕੀੜੇਮਾਰ ਦਵਾਈਆਂ ਦੀ ਫੈਕਟਰੀ ਫੜੀ ਗਈ । ਫੈਕਟਰੀ ਵਾਲਿਆਂ ਨੇ ਆਪਣੇ ਲੇਬਲ ਬਣਾਏ ਹੋਏ ਸਨ । ਉਹ 100 ਰੁਪਏ ਦੀ ਦਵਾਈ ਕਿਸਾਨ ਨੂੰ 700 ਰੁਪਏ ਵਿੱਚ ਵੇਚ ਰਹੇ ਸਨ । ਅੱਜ ਉਹ ਲੋਕ ਕਾਲ ਕੋਠੜੀ ਵਿੱਚ ਬੈਠੇ ਹਨ । ਉਨ੍ਹਾਂ ਉਪਰ ਕੇਸ ਚੱਲ ਰਿਹਾ ਹੈ । ਜਿਹੜੇ ਲੋਕ ਕਿਸਾਨ ਨਾਲ ਧੋਖਾ ਕਰਦੇ ਹਨ, ਉਹ ਦੇਸ਼ ਨਾਲ ਧੋਖਾ ਕਰਦੇ ਹਨ । ਜਿਹੜੇ ਕਿਸਾਨ ਨਾਲ ਧੋਖਾ ਕਰਦੇ ਹਨ, ਉਨ੍ਹਾਂ ਨੂੰ ਹਿੰਦੁਸਤਾਨ ਦਾ ਗਦਾਰ ਸਮਝਿਆ ਜਾ ਸਕਦਾ ਹੈ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਮੰਡੀਕਰਨ ਬੋਰਡ ਇੱਕ ਬਹੁਤ ਵੱਡਾ ਅਦਾਰਾ ਹੈ। ਇਸ ਨਾਲੋਂ ਵੱਡਾ ਪੰਜਾਬ ਵਿੱਚ ਹੋਰ ਕੋਈ ਅਦਾਰਾ ਨਹੀਂ । ਆਪਾਂ ਨੂੰ 100 ਦਿਨ ਹੋ ਗਏ ਹਨ । ਇਨ੍ਹਾਂ 100 ਦਿਨ੍ਹਾਂ ਵਿੱਚ 47% ਦੀ ਫੀਸ ਵਧੀ ਹੈ । ਅੱਜ ਤੱਕ ਹਿਸਟਰੀ ਵਿੱਚ ਕੋਈ ਇਸ ਦੀ ਫੀਸ ਨਹੀਂ ਵਧਾ ਸਕਿਆ । (ਥੰਪਿੰਗ) ਇਸ ਲਈ ਮੈਂ ਕਹਿੰਦਾ ਹਾਂ ਕਿ ਜਾਅਲੀ ਖਾਦ ਸਰਕਾਰ ਦੀ ਮਰਜ਼ੀ ਬਿਨਾਂ ਨਹੀਂ ਵਿਕ ਸਕਦੀ । ਇਹ ਮੇਰਾ ਇਸ ਹਾਊਸ ਵਿੱਚ ਦਾਅਵਾ ਹੈ । ਜੇਕਰ ਕੋਈ ਸਰਕਾਰ ਨਾ ਚਾਹੇ ਉਨ੍ਹਾਂ ਚਿਰ ਜਾਅਲੀ ਦਵਾਈਆਂ ਨਹੀਂ ਵਿਕ ਸਕਦੀਆਂ । ਜਿੰਨਾਂ ਚਿਰ ਸਰਕਾਰ ਦੀ ਮਰਜ਼ੀ ਨਾ ਹੋਵੇ ਕਿਸਾਨ ਲੁੱਟਿਆ ਨਹੀਂ ਜਾ ਸਕਦਾ । ਜਾਅਲੀ ਦਵਾਈਆਂ ਦੀ ਫੈਕਟਰੀ ਬਾਰੇ ਇਨ੍ਹਾਂ ਭਰਾਵਾਂ ਨੂੰ ਵੀ ਪਤਾ ਸੀ । ਪਰ ਇਨ੍ਹਾਂ ਦੀ ਹਿੱਸਾਪਤੀ ਸੀ । (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਹਿੱਸਾ ਪੱਤੀ ਬੜੀ ਵੱਡੀ ਸੀ । ਸਾਡੇ ਬੰਦੇ ਜਦੋਂ ਛਾਪਾ

ਮਾਰਨ ਗਏ ਤਾਂ ਉਨ੍ਹਾਂ ਨੂੰ ਵੀ ਕਰੋੜਾਂ ਰੁਪਿਆ ਦੀਆਂ ਆਫਰਾਂ ਕੀਤੀਆਂ, ਮਿੰਨਤਾਂ ਕੀਤੀਆਂ ਕਿ ਕੇਸ ਰਜਿਸਟਰ ਨਾ ਕਰੋ ਜਿੰਨੇ ਮਰਜ਼ੀ ਚਾਹੇ ਪੈਸੇ ਲੈ ਲਓ । ਪਰ ਸਾਡੇ ਉਨ੍ਹਾਂ ਨੌਜਵਾਨਾਂ ਦੇ ਸ਼ਾਬਾਸ਼ ਜਿਨ੍ਹਾਂ ਨੇ ਮਰਦਾਊਪੁਣਾ ਦਿਖਾਇਆ, ਪੈਸਿਆਂ ਨੂੰ ਢੁੱਡ ਮਾਰ ਦਿੱਤਾ, ਉਨ੍ਹਾਂ ਨੇ ਨੋਟਾਂ ਤੇ ਥੁੱਕ ਦਿੱਤਾ । ਉਨ੍ਹਾਂ ਲੋਕਾਂ ਤੇ ਕੇਸ ਬਣਿਆ ਅਤੇ ਚੱਲ ਰਿਹਾ ਹੈ, ਜਿਹੜੇ ਜਾਅਲੀ ਕੀੜੇ ਮਾਰ ਦਵਾਈਆਂ ਵੇਚਦੇ ਸਨ ਅਤੇ ਜਾਅਲੀ ਖਾਦ ਕਿਸਾਨਾਂ ਨੂੰ ਵੇਚਦੇ ਸਨ । ਇਹ ਸਾਰਾ ਕੁਝ ਕਾਂਗਰਸ ਪਾਰਟੀ ਦੀ ਸਰਕਾਰ ਨਾਲ ਮਿਲਕੇ ਵੇਚਦੇ ਸਨ । ਪਰ ਅਸੀਂ ਲੋਕਾਂ ਦੀ ਸੇਵਾ ਵਾਸਤੇ ਇਥੇ ਬੈਠੇ ਹੋਏ ਹਾਂ ਅਤੇ ਬਾਦਲ ਸਾਹਿਬ ਨੇ ਸਹੁੰ ਚੁਕਣ ਤੋਂ ਪਹਿਲਾਂ ਇਕ ਗੱਲ ਸਾਰਿਆਂ ਨੂੰ ਕਹੀ ਸੀ ਕਿ ਕੋਈ ਤਨਖਾਹ ਨਹੀਂ ਲਵੇਗਾ ਅਤੇ ਤੁਸੀਂ ਇਥੇ ਲੋਕਾਂ ਦੇ ਮਨਿਸਟਰ ਬਣ ਕੇ ਨਹੀਂ ਆਏ ਬਲਕਿ ਤੁਸੀਂ ਲੋਕਾਂ ਦੀ ਸੇਵਾ ਕਰਨ ਵਾਸਤੇ ਆਏ ਹੋ । ਬਾਦਲ ਸਾਹਿਬ ਦੇ ਸਾਥੀ ਕੇਵਲ ਇਕ ਰੁਪਿਆ ਤਨਖਾਹ ਲੈਂਦੇ ਹਨ । ਅਸੀਂ ਹੁਣ ਇਕ ਰੁਪਿਆ ਲੈ ਕੇ ਲੋਕਾਂ ਦੀ ਸੇਵਾ ਕਰ ਰਹੇ ਹਾਂ । ਉਨ੍ਹਾਂ ਨੇ ਇਹ ਵੀ ਕਿਹਾ ਕਿ ਮੇਰੇ ਸਾਥੀ ਜਦੋਂ ਮੀਟਿੰਗ ਕਰਨ ਲਈ ਜ਼ਿਲਿਆਂ ਦੇ ਵਿਚ ਜਾਣਗੇ ਉਥੇ ਖਾਣੇ ਦਾ ਇੰਤਜ਼ਾਮ ਅਫਸਰ ਸਾਹਿਬਾਨ ਨਹੀਂ ਕਰਨਗੇ । ਜਦੋਂ ਅਸੀਂ ਸਰਕਟ ਹਾਊਸ/ਰੈਸਟ ਹਾਊਸ ਦੇ ਵਿਚ ਜਾਵਾਂਗੇ ਤਾਂ ਉਥੇ ਸਾਡੇ ਖਾਣੇ ਦਾ ਇੰਤਜ਼ਾਮ ਸਰਕਾਰੀ ਅਫਸਰ ਨਹੀਂ ਕਰਨਗੇ । (ਵਿਘਨ)

———

ANNOUNCEMENT BY THE SPEAKER

Re. presence of Study Group of Standing Committee of Parliament on Urban Development and Prof. Ganeshi Lal, Minister for Food and Supplies, Haryana.

Mr. Speaker: I am to inform the House that 15 Members of Parliament of Study Group of Standing Committee of Parliament on Urban Development, who are in Chandigarh, are in the Governor's Gallery to watch the proceedings of the House. I may also inform the Hon'ble House that Prof. Ganeshi Lal ji, Minister for Food & Supplies, Haryana, is also in the Governor's Gallery.

———

DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 1997-98 (*Resumption*)

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ : ਸਪੀਕਰ ਸਾਹਿਬ, ਸਾਰੇ ਮਨਿਸਟਰਾਂ ਨੂੰ ਬਾਦਲ ਸਾਹਿਬ ਦੇ ਹੁਕਮ ਹਨ ਕਿ ਟੂਰ ਦੇ ਸਮੇਂ ਕੋਈ ਮਨਿਸਟਰ ਸਰਕਾਰੀ ਖਾਣਾ ਨਹੀਂ ਖਾਣਗੇ ਨਾ ਹੀ ਚਾਹ ਪੀਣਗੇ । ਰੋਟੀ ਅਸੀਂ ਵੀ ਖਾਂਦੇ ਹਾਂ, ਚਾਹ ਅਸੀਂ ਵੀ ਪੀਂਦੇ ਹਾਂ ਬਲਕਿ ਅਸੀਂ ਰੋਟੀ ਅਤੇ ਚਾਹ ਕਿਥੋਂ ਖਾਂਦੇ ਹਾਂ

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

ਇਹ ਪਿਛੇ ਬੈਠੇ ਸਾਡੇ ਛੋਟੇ ਛੋਟੇ ਵਰਕਰਜ਼ ਹਨ ਜਿੰਨਾਂ ਦੀਆਂ ਮੰਜੀਆਂ ਉਤੇ ਬੈਠ ਕੇ ਅਸੀਂ ਲੋਕਾਂ ਦੀ ਸੇਵਾ ਵੀ ਕਰਦੇ ਹਾਂ ਅਤੇ ਉਥੇ ਰੋਟੀ ਵੀ ਖਾਂਦੇ ਹਾਂ ਅਤੇ ਚਾਹ ਵੀ ਪੀਂਦੇ ਹਾਂ। ਜਦੋਂ ਸਾਹਮਣੇ ਬੈਠੇ ਭਰਾ ਜ਼ਿਲ੍ਹਿਆਂ ਦੇ ਵਿਚ ਟੂਰ ਤੇ ਜਾਂਦੇ ਸਨ ਅਤੇ ਗੱਡੀ ਦਾ ਹੂਟਰ ਵੱਜਦਾ ਸੀ ਤਾਂ ਪੋਲਟਰੀ ਫਾਰਮ ਤੇ ਮੁਰਗੇ ਵੀ ਸਮਝ ਜਾਂਦੇ ਸਨ ਕਿ ਸਾਡੀ ਸ਼ਾਮਤ ਆ ਗਈ ਹੈ ਅਤੇ ਮੌਤ ਉਨ੍ਹਾਂ ਨੂੰ ਨਜ਼ਰ ਆਉਣੀ ਸ਼ੁਰੂ ਹੋ ਜਾਂਦੀ ਸੀ ਅਤੇ ਖੁੱਡੇ ਦੇ ਖੁੱਡੇ ਮੁਰਗਿਆਂ ਦੇ ਖਾਲੀ ਹੋ ਜਾਂਦੇ ਸਨ। ਇਨ੍ਹਾਂ ਦੇ ਸਰਕਾਰੀ ਖਾਣਿਆਂ ਉਤੇ 40-50 ਹਜ਼ਾਰ ਰੁਪਿਆ ਖਰਚ ਆ ਜਾਂਦਾ ਸੀ ਅਤੇ 30-35 ਹਜ਼ਾਰ ਦੇ ਮੁਰਗੇ ਖਾ ਜਾਂਦੇ ਸਨ। ਪੋਲਟਰੀ ਫਾਰਮ ਦੇ ਮੁਰਗੇ ਖਤਮ ਹੋ ਜਾਂਦੇ ਸਨ। ਟੰਡਨ ਸਾਹਿਬ ਵੀ ਜਾਂਦੇ ਹਨ ਅਤੇ ਅਸੀਂ ਵੀ ਟੂਰ ਤੇ ਜਾਂਦੇ ਹਾਂ ਅਤੇ ਗੱਡੀਆਂ ਦੇ ਹੂਟਰ ਵੀ ਵੱਜਦੇ ਹਨ ਪਰ ਹੁਣ ਕੁੱਕੜ ਸਮਝਦੇ ਹਨ ਕਿ ਉਨ੍ਹਾਂ ਨੂੰ ਕੋਈ ਮੌਤ ਨਹੀਂ ਦੇਵੇਗਾ ਅਤੇ ਕੁੱਕੜ ਧੌਣ ਅਕੜਾ ਕੇ ਬਾਂਗਾਂ ਦਿੰਦਾ ਹੈ। ਇਸ ਤਰ੍ਹਾਂ ਦੇ ਫੈਸਲੇ ਸਾਡੀ ਬਾਦਲ ਸਾਹਿਬ ਦੀ ਸਰਕਾਰ ਨੇ ਕੀਤੇ ਹਨ। ਲੋਕਾਂ ਨੇ ਸਾਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਅਤੇ ਸਾਨੂੰ ਮਨਿਸਟਰ ਬਣਕੇ ਨਹੀਂ ਬਲਕਿ ਲੋਕਾਂ ਦੇ ਸੇਵਾਦਾਰ ਬਣ ਕੇ ਸੇਵਾ ਕਰਨੀ ਚਾਹੀਦੀ ਹੈ। ਸਾਡੇ ਬਾਦਲ ਸਾਹਿਬ ਕਣਕ ਦਾ ਰੇਟ ਫਿਕਸ ਕਰਵਾਉਣ ਲਈ ਦਿੱਲੀ ਗਏ ਤੇ ਆਪਣੇ ਨਾਲ ਹਰਿਆਣੇ ਦਾ ਚੀਫ ਮਨਿਸਟਰ ਅਤੇ ਰਾਜਸਥਾਨ ਦਾ ਚੀਫ ਮਨਿਸਟਰ ਲੈ ਕੇ ਗਏ। ਉਹ ਪ੍ਰਧਾਨ ਮੰਤਰੀ ਸਾਹਿਬ ਨੂੰ ਮਿਲੇ ਅਤੇ ਕਿਹਾ ਕਿ ਜਿਹੜਾ ਤੁਸੀਂ ਕਣਕ ਦਾ ਰੇਟ ਫਿਕਸ ਕੀਤਾ ਹੈ ਉਹ ਥੋੜ੍ਹਾ ਹੈ ਇਸ ਵਿਚ ਵਾਧਾ ਹੋਣਾ ਚਾਹੀਦਾ ਹੈ ਕਿਉਂਕਿ ਕੀੜੇ ਮਾਰ ਦਵਾਈਆਂ ਮਹਿੰਗੀਆਂ ਹਨ ਅਤੇ ਖਾਦਾਂ ਦੇ ਰੇਟ ਮਹਿੰਗੇ ਹਨ। ਤੁਸੀਂ ਕੀੜੇ ਮਾਰ ਦਵਾਈਆਂ ਦੇ ਰੇਟ ਘੱਟ ਕਰ ਦਿਓ ਅਤੇ ਖਾਦਾਂ ਦੇ ਰੇਟ ਘੱਟ ਕਰ ਦਿਓ ਫੇਰ ਸਾਨੂੰ ਕੋਈ ਇਤਰਾਜ਼ ਨਹੀਂ ਹੈ ਪਰ ਕੇਂਦਰ ਦੀ ਸਰਕਾਰ ਕਿਸਾਨਾਂ ਨੂੰ ਜਿਹੜਾ ਰੇਟ ਦੇ ਰਹੀ ਹੈ, ਉਹ ਬਹੁਤ ਥੋੜ੍ਹਾ ਹੈ। ਸਪੀਕਰ ਸਾਹਿਬ, ਤੁਹਾਨੂੰ ਖੁਸ਼ੀ ਹੋਵੇਗੀ ਕਿ ਦਿੱਲੀ ਤੋਂ ਚੰਡੀਗੜ੍ਹ ਹਾਲੇ ਬਾਦਲ ਸਾਹਿਬ ਪੁੱਜੇ ਨਹੀਂ ਸਨ ਕਿ ਕਣਕ ਦੇ ਰੇਟ ਵਿਚ ਵਾਧਾ ਅਤੇ ਕਣਕ ਉਤੇ 60 ਰੁਪਏ ਕੁਇੰਟਲ ਪਿਛੇ ਬੋਨਸ ਦਾ ਐਲਾਨ ਪ੍ਰਧਾਨ ਮੰਤਰੀ ਨੇ ਕਰ ਦਿੱਤਾ। ਇਸ ਲਈ ਇਹ ਪਹਿਲੀ ਵਾਰ ਪੰਜਾਬ ਦੀ ਹਿਸਟਰੀ ਦੇ ਵਿਚ ਹੋਇਆ ਕਿ ਇਤਨੀ ਜਲਦੀ ਕੇਂਦਰ ਦੀ ਸਰਕਾਰ ਨੇ ਵਾਧਾ ਕੀਤਾ। ਪਹਿਲੇ ਵਾਧਾ ਕਦੇ 5 ਰੁਪਏ ਕਦੇ 7 ਰੁਪਏ ਤੇ ਕਦੇ 8-9 ਰੁਪਏ ਵਾਧਾ ਹੁੰਦਾ ਸੀ।

ਸਪੀਕਰ ਸਾਹਿਬ, ਇਹ ਪਹਿਲੀ ਵਾਰ ਹੋਇਆ ਹੈ ਕਿ ਕਣਕ ਦਾ ਰੇਟ 35/-ਰੁ: ਵੱਧ ਮਿਲਿਆ ਅਤੇ ਇਕ ਕੁਇੰਟਲ ਮਗਰ 60/- ਰੁਪਏ ਬੋਨਸ ਦਾ ਕਿਸਾਨਾਂ ਨੂੰ ਮਿਲਿਆ। ਇਸ ਨਾਲ ਕਿਸਾਨ ਨੂੰ ਕਰੋੜਾਂ ਰੁਪਏ ਦਾ ਫਾਇਦਾ ਹੋਇਆ ਹੈ। ਅਸੀਂ ਜੋ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਪਾਣੀ ਮੁਫਤ ਦੇਣਾ ਹੈ ਉਹ ਦਿਤਾ ਅਤੇ 22 ਕਰੋੜ ਰੁਪਏ ਦਾ ਮਾਮਲਾ ਮਾਫ ਕਰ ਦਿਤਾ। ਅਸੀਂ ਕਿਸਾਨਾਂ ਨੂੰ ਬਿਜਲੀ ਮੁਫਤ ਦੇਣ ਦਾ ਵਾਅਦਾ ਕੀਤਾ ਸੀ, ਉਹ ਬਿਜਲੀ ਕਿਸਾਨਾਂ ਨੂੰ ਮੁਫਤ ਦਿਤੀ ਜਿਸ ਨਾਲ ਕਿਸਾਨਾਂ ਨੂੰ 600 ਕਰੋੜ ਰੁਪਏ ਤੋਂ ਉਪਰ ਫਾਇਦਾ ਹੋਇਆ। ਪੰਜਾਬ ਵਿਚ 9 ਲੱਖ ਟਿਊਬਵੈਲ ਹਨ। ਇਨ੍ਹਾਂ ਭਰਾਵਾਂ ਨੇ ਕਿਹਾ ਕਿ 13/- ਰੁਪਏ ਤੋਂ (ਵਿਘਨ)

ਸ਼੍ਰੀ ਹਰਮਿੰਦਰ ਸਿੰਘ ਜੱਸੀ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੰਤਰੀ ਜੀ 9 ਲੱਖ ਟਿਊਬਵੈਲ ਦੱਸਦੇ ਹਨ ਪਰ ਐਕਚੁਅਲੀ 7 ਲੱਖ 48 ਹਜ਼ਾਰ ਟਿਊਬਵੈਲ ਹਨ। ਇਹ ਹਾਊਸ ਨੂੰ ਗੁਮਰਾਹ ਕਰ ਰਹੇ ਹਨ।

ਸ਼੍ਰੀ ਸਪੀਕਰ : ਤੁਸੀਂ ਇਹ ਲਿਖਕੇ ਦੇ ਦੇਣਾ ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਮੰਤਰੀ : ਸਪੀਕਰ ਸਾਹਿਬ, ਇਹ ਕਿਸਾਨਾਂ ਦੇ ਟਿਊਬਵੈਲ ਵੱਧ ਨਹੀਂ ਜਰ ਸਕਦੇ ਹੋਰ ਇਨ੍ਹਾਂ ਨੇ ਕਿਸਾਨਾਂ ਵਾਸਤੇ ਕੀ ਕਰਨਾ ਸੀ ? (ਹਾਸਾ) ਦੋ ਘੱਟ ਵੱਧ ਹੋ ਸਕਦੇ ਹਨ । ਸਪੀਕਰ ਸਾਹਿਬ, ਗਾਂ ਕਿਹੜੀ ਕੋਠੇ ਤੇ ਚੜ੍ਹ ਗਈ ਜਿਹੜੀ ਥੱਲੇ ਨਹੀਂ ਉਤਰੇਗੀ । ਟਿਊਬਵੈਲ ਲਗਭਗ ਇਤਨੇ ਹੀ ਹੋਣਗੇ । ਮੈਂ ਦਸਿਆ ਸੀ ਕਿ 9 ਲੱਖ ਟਿਊਬਵੈਲ ਹਨ ਪਰ ਇਹ ਕੁਝ ਘੱਟ ਵੱਧ ਵੀ ਹੋ ਸਕਦੇ ਹਨ । ਮੈਂ ਕਿਹੜਾ ਫਰਿਸ਼ਤਾ ਹਾਂ । ਜਿਤਨੇ ਇਹ ਕਹਿੰਦੇ ਹਨ ਉਤਨੇ ਹੋਣਗੇ ।

ਸਰਦਾਰ ਅਵਤਾਰ ਸਿੰਘ ਬਰਾੜ : ਮੇਰਾ ਪੁਆਇੰਟ ਆਫ ਆਰਡਰ ਹੈ । ਸਪੀਕਰ ਸਾਹਿਬ, ਮੰਤਰੀ ਜੀ ਨੂੰ ਇਹ ਗੱਲ ਲਾਈਟਲੀ ਨਹੀਂ ਲੈਣੀ ਚਾਹੀਦੀ । ਇਹ ਹਾਊਸ ਦੀ ਮਾਣ ਮਰਿਆਦਾ ਦਾ ਖਿਆਲ ਨਹੀਂ ਰਖਦੇ । ਇਹ ਇਕ ਪਵਿੱਤਰ ਹਾਊਸ ਹੈ । ਸਪੀਕਰ ਸਾਹਿਬ, ਮੰਤਰੀ ਜੀ ਇਸ ਗੱਲ ਨੂੰ ਲਾਈਟਲੀ ਲੈ ਰਹੇ ਹਨ । ਇਹ ਕੋਈ ਪਬਲਿਕ ਮੀਟਿੰਗ ਨਹੀਂ ਹੈ । ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਾਂ । ਇਨ੍ਹਾਂ ਨੂੰ ਹਾਊਸ ਵਿਚ ਠੀਕ ਗੱਲ ਕਰਨੀ ਚਾਹੀਦੀ ਹੈ । (ਵਿਘਨ)

ਸ਼੍ਰੀ ਸਪੀਕਰ : ਬਰਾੜ ਸਾਹਿਬ, ਤੁਸੀਂ ਬੈਠਣ ਦੀ ਖੇਚਲ ਕਰੋ । Please sit down.

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਮੰਤਰੀ : ਸਪੀਕਰ ਸਾਹਿਬ, ਮੈਨੂੰ ਇਹ ਛੇੜਦੇ ਹਨ । ਜੇਕਰ ਇਸ ਤਰ੍ਹਾਂ ਛੇੜਨਗੇ ਤਾਂ ਮੇਰਾ ਬੋਲਣ ਦਾ ਟਾਈਮ ਵਧਾਉਣਾ ਪਵੇਗਾ । ਇਸ ਕਰਕੇ ਮੈਂ ਪਿਆਰ ਦੇ ਨਾਲ ਬੋਲ ਰਿਹਾ ਹਾਂ । ਜੇਕਰ ਕੁਝ ਘੱਟ ਵੱਧ ਹੋ ਗਏ ਤਾਂ ਕੀ ਹੋ ਗਿਆ ? ਕੋਈ ਐਸੀ ਗੱਲ ਨਹੀਂ । ਮੇਰੀ ਸੋਚ ਅਨੁਸਾਰ 9 ਲੱਖ ਟਿਊਬਵੈਲ ਹਨ । ਇਨ੍ਹਾਂ ਨੇ 5 ਹਾਰਸ ਪਾਵਰ ਦੀ ਮੋਟਰ ਦੇ 13/- ਰੁਪਏ ਤੋਂ 65/- ਰੁਪਏ ਕਰ ਦਿਤੇ ਸੀ । ਹੁਣ ਇਹ ਇਥੇ ਬਿੱਲਾਂ ਦੀਆਂ ਗੱਲਾਂ ਕਰੀ ਜਾਂਦੇ ਹਨ । ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਨੇ ਅਤੇ ਟੰਡਨ ਸਾਹਿਬ ਦੀ ਸਰਕਾਰ ਨੇ ਇਹ ਜਿਹੜਾ ਬਿੱਲ ਮਾਫ ਕੀਤਾ ਹੈ, ਇਸ ਨਾਲ 9 ਲੱਖ ਘਰਾਂ ਨੂੰ 250/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲਗ ਗਈ । (ਥੰਪਿੰਗ) ਅਸੀਂ ਕਿਸਾਨਾਂ ਦੇ ਹਿਤੈਸ਼ੀ ਹਾਂ, ਹਮਦਰਦ ਹਾਂ । ਅਸੀਂ ਕਿਸਾਨਾਂ ਦਾ 5 ਹਾਰਸ ਪਾਵਰ ਦਾ ਬਿੱਲ ਮਾਫ ਕੀਤਾ ਹੈ । ਸਪੀਕਰ ਸਾਹਿਬ, ਜੋ ਅਸੀਂ ਲੋਕਾਂ ਦੇ ਨਾਲ ਵਾਅਦੇ ਕੀਤੇ ਸਨ ਉਹ ਪੂਰੇ ਕੀਤੇ ਹਨ । (ਵਿਘਨ) ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਨੇ ਪਾਣੀ ਦਾ ਬਿੱਲ ਮਾਫ ਕੀਤਾ ਹੈ ਜੋ ਕਿ ਕਿਸਾਨਾਂ ਲਈ ਜਿੰਦ ਜਾਨ ਹੁੰਦਾ ਹੈ । ਉਨ੍ਹਾਂ ਕਿਸਾਨਾਂ ਲਈ ਖੂਨ ਨਾਲੋਂ ਜ਼ਿਆਦਾ ਪਿਆਰਾ ਪਾਣੀ ਹੁੰਦਾ ਹੈ । ਬਾਦਲ ਸਾਹਿਬ ਦੀ ਸਰਕਾਰ ਨੇ ਕਿਸਾਨਾਂ ਨੂੰ ਪਾਣੀ ਦੇਣਾ ਹੈ । ਸਪੀਕਰ ਸਾਹਿਬ । ਜਦੋਂ ਗਿਦੜਬਾਹਾ ਵਿਚ ਇਲੈਕਸ਼ਨ ਹੋਏ ਤਾਂ ਅਸੀਂ ਉਥੇ ਗਏ ਸੀ । ਜਿਵੇਂ ਇਹ ਸਾਹਮਣੇ ਬੈਠੇ ਵੀਰ ਹੁਣ ਗੁਸੇ ਵਿਚ ਆ ਗਏ ਅਤੇ ਇਥੇ ਗੁਸਾ ਕਰੀ ਜਾਂਦੇ ਹਨ । ਤੇ ਫਿਰ ਮੂੰਹ ਤੇ ਹੱਥ ਫੇਰ ਕੇ ਕਹਿੰਦੇ ਹਨ, ਨੱਥਾ ਸਿਆਂ, ਪਾਣੀ ਪੂਲਾਂ ਦੇ

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

ਹੇਠੋਂ ਵਗਣਾ ਹੈ, ਝੰਡਾ ਸਿਆਂ ਪਾਣੀ ਪੁਲਾਂ ਦੇ ਹੇਠੋਂ ਵਗਣਾ ਹੈ ਪਰ ਸਪੀਕਰ ਸਾਹਿਬ, ਸਰਦਾਰ ਬਾਦਲ ਨੇ ਪਾਣੀ ਪੁਲਾਂ ਦੇ ਉਤੋਂ ਦੀ ਵਗਾ ਕੇ ਦਿਖਾ ਦਿਤਾ ਹੈ। (ਥੰਪਿੰਗ) ਜਿਹੜੇ ਖੇਤਾਂ ਵਿਚ ਬੂਈਆਂ, ਅੱਕ, ਕਰੀਲ, ਵੱਡੇ ਵੱਡੇ ਦਰਖਤ, ਭੱਖੜ ਖੜੇ ਸੀ, ਉਥੇ ਹਰੇ ਭਰੇ ਖੇਤ ਬਣਾ ਕੇ ਰੱਖ ਦਿਤੇ। ਉਚੇ ਉਚੇ ਟਿੱਬਿਆਂ ਦੇ ਉਤੇ ਲਿਫਟ ਰਾਹੀਂ ਪਾਣੀ ਚੁਕ ਕੇ, ਪੁਲਾਂ ਦੇ ਉਤੋਂ ਪਾਣੀ ਚੁਕ ਕੇ ਜਿਹੜਾ ਅਸੀਂ ਕਦੇ ਸੋਚ ਨਹੀਂ ਸੀ ਸਕਦੇ, ਉਹ ਕੰਮ ਕਰ ਦਿਤਾ। ਇਸੇ ਲਈ ਮੈਂ ਇਨ੍ਹਾਂ ਭਰਾਵਾਂ ਨੂੰ ਬੇਨਤੀ ਕਰਾਂਗਾ ਕਿ ਇਹ ਕਿਰਪਾ ਕਰਕੇ ਸੁਨਣ ਦੀ ਖੇਚਲ ਕਰਨ ਜੇ ਹੋਰ ਨਹੀਂ ਕੁਝ ਹੋ ਸਕਦਾ। ਇਸ ਲਈ ਸਪੀਕਰ ਸਾਹਿਬ, ਇਨ੍ਹਾਂ ਵਿਚ ਸੁਨਣ ਦੀ ਹਿੰਮਤ ਨਹੀਂ। ** ਵਿਚ ਹਿੰਮਤ ਨਹੀਂ ਹੁੰਦੀ** ਕੋਈ ਵੀ ਹੋਵੇ (ਥੰਪਿੰਗ) ਉਸਨੂੰ ਲਗਦਾ ਹੈ, ਮੈਨੂੰ ਆਖੀ ਜਾਂਦੇ ਹਨ।

ਸ੍ਰੀ ਸਪੀਕਰ : ** ਸ਼ਬਦ ਐਕਸਪੰਜ ਕਰ ਦਿਉ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਮੰਤਰੀ : ਕੁਝ ਕਹਿ ਦਿਉ, ਹੈ ਤਾਂ **ਹੀ।

ਸ੍ਰੀ ਸਪੀਕਰ : ਇਹ ਸ਼ਬਦ ਐਕਸਪੰਜ ਕਰ ਦਿਤਾ ਜਾਵੇ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਮੰਤਰੀ : ਇਹ ਨਕਲੀ ਕੀੜੇਮਾਰ ਦਵਾਈ ਦੇਣ ਵਾਲੇ ਕੌਣ ਸਨ। ਉਹ ਇਨ੍ਹਾਂ ਦੀ ਕਿਰਪਾ ਨਾਲ ਜਾਅਲੀ ਵਿਕੀਆਂ। ਇਨ੍ਹਾਂ ਦੀ ਹਿੱਸਾ ਪੱਤੀ ਵਿਚ ਰਹੀ। ਹੋਰ* ਕਿਸ ਨੂੰ ਕਹਿੰਦੇ ਹਨ।

ਸ੍ਰੀ ਸਪੀਕਰ : ** ਸ਼ਬਦ ਕਿਧਰੇ ਵੀ ਆਵੇ, ਐਕਸਪੰਜ ਕਰ ਦਿਤਾ ਜਾਵੇ।

ਖੇਤੀਬਾੜੀ ਅਤੇ **ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਮੰਤਰੀ** : ਸਪੀਕਰ ਸਾਹਿਬ, ਸਰਦਾਰ ਬਾਦਲ ਨੇ ਜੋ ਅੱਜ ਤੱਕ ਮੂੰਹੋ ਕਿਹਾ, ਉਹ ਮੰਨਿਆ ਹੈ। ਜੇ ਉਹ ਮੇਰੀ ਇਕ ਗੱਲ ਮੰਨ ਜਾਣ ਤਾਂ ਦਿੱਲੀ ਜਾਣ ਦੀ ਲੋੜ ਨਹੀਂ ਫਿਰ ਤਾਂ ਖਜ਼ਾਨਾ ਪੂਰਾ ਕਰਨਾ ਬਹੁਤ ਸੌਖਾ ਹੋ ਜਾਵੇਗਾ। ਟੰਡਨ ਸਾਹਿਬ ਵੀ ਸੁਣ ਰਹੇ ਹਨ ਅਤੇ ਸਰਦਾਰ ਕੰਵਲਜੀਤ ਸਿੰਘ ਜੀ ਵੀ ਸੁਣਦੇ ਪਏ ਹਨ। ਇਨ੍ਹਾਂ ਦੇ ਵਿਚ ਦੋ ਕੁ ਚੂਹੇ ਛੱਡ ਦਿਉ, ਆਪੇ ਪਤਾ ਲਗ ਜਾਵੇਗਾ ਕਿ ਫਲਾਣੇ ਦੀ ਹਿੱਸਾ-ਪੱਤੀ ਸੀ, ਫਲਾਣੇ ਦੀ ਸੀ... (ਵਿਘਨ)

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ...

ਸ੍ਰੀ ਸਪੀਕਰ : ਹਾਂ ਜੀ, ਬੀਬੀ ਜੀ।

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਮੈਨੂੰ ਬੜਾ ਅਫਸੋਸ ਹੈ ਕਿ ਸਾਡੇ ਬੜੇ ਮਾਣਯੋਗ ਵੱਡੇ ਭਰਾ ਜਿਹੜੇ ਬਹੁਤ ਅੱਛੀ ਤਰ੍ਹਾਂ ਬੋਲ ਰਹੇ ਹਨ, ਅਸੀਂ ਇਨ੍ਹਾਂ

**Expunged as ordered by the Chair.

ਨੂੰ ਵੱਡਾ ਭਰਾ ਕਰਕੇ ਸੁਣਦੇ ਹਾਂ ਪਰ ਲਿਮਿਟ ਵਿਚ ਹਰ ਗੱਲ ਕਹਿਣੀ ਠੀਕ ਹੁੰਦੀ ਹੈ !** ਇਧਰ ਨਾ ਕਹੋ, ਤੁਹਾਡੀ ਅਕਾਲੀ ਦਲ ਪਾਰਟੀ ਦੇ ਪ੍ਰਧਾਨ ਨੇ ਕਿਸ ਨੂੰ ਕਿਹਾ ਸੀ, ਆਪ ਸਾਬਤ ਕਰ ਦਿਉ ।

ਸਰਦਾਰ ਅਵਤਾਰ ਸਿੰਘ ਬਰਾੜ : (ਬੈਠੇ, ਬੈਠੇ) ਨਹੀਂ ਤਾਂ ਇਨ੍ਹਾਂ ਦੋਹਾਂ ਤੇ ਛੱਡ ਦਿਉ ਚੂਹੇ ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ : ਮੈਨੂੰ ਬੜਾ ਅਫਸੋਸ ਹੈ, ਮੈ ਕਹਿਣਾ ਨਹੀਂ ਸੀ ਚਾਹੁੰਦਾ...(ਵਿਘਨ)

ਸ਼੍ਰੀ ਸਪੀਕਰ : ਜਿਸ ਨੇ ਵੀ ** ਲਫਜ਼ ਯੂਜ਼ ਕੀਤਾ ਹੈ, ਐਕਸਪੰਜ ਕਰ ਦਿਤਾ ਜਾਵੇ ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ : ਜਿਹੜੇ 27 ਮਨਿਸਟਰ ਹਾਈ ਕੋਰਟ ਵਿਚ, ਸੁਪਰੀਮ ਕੋਰਟ ਵਿਚ ਪੇਸ਼ੀਆਂ ਭੁਗਤਦੇ ਪਏ ਹਨ, ਪ੍ਰਧਾਨ ਮੰਤਰੀ ਸੁਪਰੀਮ ਕੋਰਟ ਵਿਚ ਪੇਸ਼ੀਆਂ ਭੁਗਤਦਾ ਪਿਆ ਹੈ ਉਹ ਅਸੀਂ ਤਾਂ ਨਹੀਂ, ਟੰਡਨ ਸਾਹਿਬ ਤਾਂ ਨਹੀਂ ਜਾਂ ਕੈਪਟਨ ਕੰਵਲਜੀਤ ਸਿੰਘ ਹੋਰੀਂ ਤਾਂ ਨਹੀਂ ਭੁਗਤਦੇ ਪਏ । ਫਿਰ ਕਹਿੰਦੇ ਹਨ ਕਿ ਛੇੜਦੇ ਕਿਉਂ ਹਨ । ਜ਼ਰਾ ਸਾਨੂੰ ਵੀ ਸੁਣ ਲੈਣ ਬੈਠ ਕੇ ਆਰਾਮ ਨਾਲ । ਮੈਂ ਕਿਸਾਨਾਂ ਦੇ ਹਿੱਤ ਦੀ ਗੱਲ ਕਰ ਰਿਹਾ ਹਾਂ, ਐਗਰੀਕਲਚਰ ਦੀ ਗੱਲ ਕਰ ਰਿਹਾ ਹਾਂ, ਕੋਈ ਚਿੜਨ ਵਾਲੀ ਗੱਲ ਨਹੀਂ ਕਰ ਰਿਹਾ । ਇਨ੍ਹਾਂ ਵਿਚ ਸੁਣਨ ਦੀ ਖੂਬੀ ਨਹੀਂ ਹੈ । ਮੈਂ, ਸਪੀਕਰ ਸਾਹਿਬ, ਕਦੇ ਵੀ ਕਿਸੇ ਨੂੰ ਟੋਕਿਆ ਤੱਕ ਨਹੀਂ । ਕਿਉਂਕਿ ਮੈਨੂੰ ਪਤਾ ਹੈ ਕਿ ਜੇ ਕੋਈ ਕਿਸੇ ਦੇ ਖਿਲਾਫ ਬੋਲੇਗਾ ਤਾਂ ਉਹ ਮਗਰੋਂ ਜਵਾਬ ਦੇ ਲਵੇਗਾ । ਇਸ ਸਦਨ ਦੀ ਰਵਾਇਤ ਹੈ, ਮੈਨੂੰ ਚੰਗੀ ਤਰ੍ਹਾਂ ਪਤਾ ਹੈ । ਸਪੀਕਰ ਸਾਹਿਬ, ਆਖਿਰ ਵਿਚ ਮੈਂ ਕਹਿੰਦਾ ਹਾਂ ਕਿ ਜੇ ਕਿਸਾਨ ਤਕੜਾ ਹੈ ਤਾਂ ਜੁੱਤੀਆਂ ਗੰਢਣ ਵਾਲਾ ਤਕੜਾ ਹੈ, ਜੇ ਕਿਸਾਨ ਤਕੜਾ ਹੈ ਤਾਂ ਰਿਕਸ਼ਾ ਰੇੜ੍ਹੀ ਵਾਲਾ ਤਕੜਾ ਹੈ, ਜੇ ਕਿਸਾਨ ਤਕੜਾ ਹੈ ਤਾਂ ਦੁਕਾਨਦਾਰ ਤਕੜਾ ਹੈ, ਜੇ ਸਪੀਕਰ ਸਾਹਿਬ, ਕਿਸਾਨ ਤਕੜਾ ਹੈ ਤਾਂ ਆੜ੍ਹਤੀ ਤਕੜਾ ਹੈ, ਜੇ ਕਿਸਾਨ ਤਕੜਾ ਹੈ ਤਾਂ ਕਾਰਖਾਨੇਦਾਰ ਤਕੜਾ ਹੈ ਅਤੇ ਜੇ ਕਿਸਾਨ ਕਮਜ਼ੋਰ ਹੋ ਜਾਵੇ ਤਾਂ ਸਾਰਾ ਹੀ ਸਾਡਾ ਸੂਬਾ ਕਮਜ਼ੋਰ ਹੋ ਜਾਵੇਗਾ, ਸਾਰੀ ਸਟੇਟ ਹੀ ਕਮਜ਼ੋਰ ਹੋ ਜਾਵੇਗੀ । ਇਸ ਲਈ ਕਿਸਾਨ ਨੂੰ ਸ਼ਕਤੀਸ਼ਾਲੀ ਕਰਨਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ । ਸਾਡਾ ਸਾਰਿਆਂ ਦਾ ਇਹ ਫਰਜ਼ ਵੀ ਬਣਦਾ ਹੈ ਕਿ ਕਿਸਾਨ ਦੀ ਖਾਤਰ ਰਲ ਕੇ ਸੋਚੀਏ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਭਰਾਵਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਵੀਰੋ, ਆਪਾਂ ਤਕੜੇ ਹੋ ਕੇ ਕਿਸਾਨ ਨੂੰ ਲੁੱਟਾਂ ਤੋਂ ਬਚਾਈਏ । ਇਹ ਚਿੜਨ ਦੀਆਂ ਗੱਲਾਂ ਨਾ ਕਰੋ । ਇਸ ਲਈ ਮੈਂ ਸਰਦਾਰ ਬਾਦਲ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਗਰੀਬ ਲੋਕਾਂ ਵੱਲ, ਕਿਸਾਨਾਂ ਵੱਲ ਵੇਖ ਕੇ ਵੱਡੇ ਵੱਡੇ ਵਾਇਦੇ ਕੀਤੇ ਅਤੇ ਸਾਰੇ ਦੇ ਸਾਰੇ ਪੂਰੇ ਵੀ ਕੀਤੇ । ਇਸ ਕਰਕੇ ਮੈਂ ਆਪਣੀ ਤਰਫੋਂ ਅਤੇ ਤੁਹਾਡੀ ਤਰਫੋਂ ਸ਼੍ਰੋਮਣੀ ਅਕਾਲੀ

** Expunged as orderd by the Chair.

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

ਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਧੰਨਵਾਦੀ ਹਾਂ । ਮੈਂ ਤੁਹਾਡੇ ਤੋਂ ਪਹਿਲਾਂ ਦੱਸ ਕੇ ਹਟਿਆ ਹਾਂ, ਉਸ ਵੇਲੇ ਤੁਸੀਂ ਗੈਰ ਹਾਜ਼ਰ ਸੀ ਕਿ ਇਸ ਕੁਰਸੀ ਤੇ ਤੁਹਾਨੂੰ ਬੀ.ਜੇ.ਪੀ. ਅਤੇ ਸ਼੍ਰੋਮਣੀ ਅਕਾਲੀ ਦਲ ਨੇ ਬਿਠਾਇਆ ਹੈ ਜਦ ਕਿ ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਚੌਧਰੀ ਜਗਜੀਤ ਸਿੰਘ ਨੂੰ ਲੀਡਰ ਆਫ ਦੀ ਆਪੋਜ਼ੀਸ਼ਨ ਦੀ ਕੁਰਸੀ ਛੱਡ ਕੇ ਦੂਜੀ ਕੁਰਸੀ ਤੇ ਬਿਠਾਇਆ ਹੈ । ਸੋ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਰੇ ਮੈਂਬਰ ਸਾਹਿਬਾਨ ਨੂੰ ਪ੍ਰਾਰਥਨਾ ਕਰਾਂਗਾ, ਬੇਨਤੀ ਕਰਾਂਗਾ ਅਤੇ ਅਪੀਲ ਕਰਾਂਗਾ ਕਿ ਆਓ, ਹੁਣ ਆਪਾਂ ਵੀ ਦੇਸ਼ ਭਗਤੀ ਦਾ ਸਬੂਤ ਦੇਈਏ । ਜੋ ਤੁਸੀਂ ਅੱਤਵਾਦ ਬਾਰੇ ਗੱਲਾਂ ਕਰਦੇ ਹੋ, ਉਸ ਦੇ ਬਾਰੇ ਸਭ ਨੂੰ ਪਤਾ ਹੈ ਕਿ ਉਹ ਅੱਤਵਾਦ ਕਿਸ ਨੇ ਪੈਦਾ ਕੀਤਾ, ਕਿਸ ਨੇ ਲੋਕੀਂ ਵੈਣ ਪਾਉਣ ਲਾਏ ਅਤੇ ਘਰਾਂ ਦੇ ਘਰ ਤਬਾਹ ਕਰਾਏ । ਮੈਂ ਇਸ ਪਾਸੇ ਵੱਲ ਜਾਣਾ ਨਹੀਂ ਚਾਹੁੰਦਾ ਕਿਉਂਕਿ ਇਸ ਵੇਲੇ ਇਹ ਮੇਰਾ ਵਿਸ਼ਾ ਨਹੀਂ ਹੈ । ਮੇਰਾ ਵਿਸ਼ਾ ਹੈ, ਗਰੀਬ ਜਨਤਾ । ਅਸੀਂ ਗਰੀਬ ਜਨਤਾ ਵਾਸਤੇ ਇਸ ਬਜਟ ਵਿਚ ਵਧ ਤੋਂ ਵਧ ਯਤਨ ਕੀਤੇ ਹਨ । ਉਨ੍ਹਾਂ ਦੀ ਭਲਾਈ ਵਾਸਤੇ ਜਿੰਨੀਆਂ ਵੀ ਸਹੂਲਤਾਂ ਅਸੀਂ ਉਨ੍ਹਾਂ ਨੂੰ ਦੇ ਸਕੀਏ, ਥੋੜ੍ਹੀਆਂ ਹਨ । ਗਰੀਬਾਂ ਨੂੰ ਬਾਹੋਂ ਫੜ ਕੇ ਉਠਾਉਣਾ ਮਰਦਾਂ ਦਾ ਕੰਮ ਵੀ ਹੈ ਅਤੇ ਫਰਜ਼ ਵੀ ਹੈ । ਇਸ ਕਰਕੇ ਮੈਂ ਤੁਹਾਡਾ ਵੀ ਧੰਨਵਾਦੀ ਹਾਂ ਅਤੇ ਉਨ੍ਹਾਂ ਲੋਕਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਰੌਲਾ ਪਾਇਆ ਅਤੇ ਉਠ ਉਠ ਕੇ ਮੇਰੀਆਂ ਚੰਗੀਆਂ ਗੱਲਾਂ ਵੀ ਸੁਣਨ ਦਾ ਹੌਂਸਲਾ ਨਾ ਕੀਤਾ । ਮੈਂ ਤੁਹਾਡਾ ਲੱਖ ਲੱਖ ਧੰਨਵਾਦ ਕਰਦਾ ਹੋਇਆ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ, ਖਾਸ ਕਰਕੇ ਆਪਣੀ ਛੋਟੀ ਭੈਣ ਭੱਠਲ ਨੂੰ, ਉਨ੍ਹਾਂ ਦੀ ਪਾਰਟੀ ਨੂੰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਬੇਨਤੀ ਕਰਾਂਗਾ ਕਿ ਇਹ ਜੋ ਡਿਮਾਂਡਜ਼ ਹਨ, ਇਨ੍ਹਾਂ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਮੈਂ ਇਕ ਕਲੈਰੀਫਿਕੇਸ਼ਨ ਲੈਣੀ ਚਾਹੁੰਦੀ ਹਾਂ । ਤੁਹਾਡੇ ਆਉਣ ਤੋਂ ਪਹਿਲਾਂ ਵੀ ਅਤੇ ਬਾਅਦ ਵੀ ਮੇਰੇ ਮਾਨਯੋਗ ਭਰਾ ਨੇ ਗੱਲ ਕੀਤੀ ਹੈ ਕਿ ਤੁਹਾਨੂੰ ਇਸ ਕੁਰਸੀ ਤੇ ਬਿਠਾਇਆ ਗਿਆ । ਇਹ ਤਾਂ ਤੁਹਾਡੀ ਕਾਬਲੀਅਤ ਹੀ ਸੀ ਅਤੇ ਤੁਸੀਂ ਇਸ ਕੁਰਸੀ ਦੇ ਹੱਕਦਾਰ ਵੀ ਸੀ । ਲੇਕਿਨ ਮੈਂ ਇਹ ਗੱਲ ਕਹਿਣੀ ਚਾਹੁੰਦੀ ਹਾਂ ਕਿ ਸ਼ੈਸ਼ਨ ਤਾਂ ਸਾਲ ਵਿਚ ਸਿਰਫ 2 ਵਾਰ ਹੀ ਆਉਂਦਾ ਹੈ, ਇਸ ਕਰਕੇ ਤੁਹਾਨੂੰ ਤਾਂ ਸਾਲ ਵਿਚ ਸਿਰਫ 2 ਵਾਰ ਹੀ ਕੁਰਸੀ ਦਿੱਤੀ ਗਈ ਹੈ । ਮੈਂ ਕਹਿਣਾ ਚਾਹੁੰਦੀ ਹਾਂ ਕਿ ਆਓ, ਆਪਾਂ ਇਕ ਇਤਿਹਾਸਿਕ ਫੈਸਲਾ ਕਰੀਏ । ਜੇਕਰ ਸੀ.ਐਮ. ਸਾਹਿਬ ਸਰਦਾਰ ਗੁਰਦੇਵ ਸਿੰਘ ਬਾਦਲ ਨੂੰ ਇਥੇ (ਮੁੱਖ ਮੰਤਰੀ ਦੀ ਕੁਰਸੀ ਵੱਲ ਇਸ਼ਾਰਾ) ਬਿਠਾ ਦੇਣ ਤਾਂ ਮੈਂ ਵੀ ਆਪਣੀ ਕੁਰਸੀ ਤੇ ਚੌਧਰੀ ਜਗਜੀਤ ਸਿੰਘ ਨੂੰ ਬਿਠਾ ਦੇਵਾਂਗੀ ।

Mr. Speaker : If the Hon'ble Members agree, Demand No. 1 and Demand No. 25 be put to the vote of the House together.

(*Voices*: Yes, yes)

Demand No. 1

Mr. Speaker : Question is—

That a sum not exceeding Rs. 1,71,60,55,000 on Revenue Account and Rs. 15,68,03,000 on Capital Account be granted to the Governor to defray the charges that will come in course of payment for the year 1997-98, in respect of Agriculture and Forests., and

Demand No. 25

That a sum not exceeding Rs. 1,18,63,00,000 on Revenue Account and Rs. 11,60,00,000 on Capital Account be granted to the Governor to defray the charges that will come in course of payment for the year 1997-98, in respect of Social and Women's Welfare and Welfare of Scheduled Castes and Backward Classes.

The motion was carried unanimously.

Mr. Speaker : Now the Guillotine will be applied to the remaning Demands for Grants and these will be put to the vote of the House together.

Demand No. 2

Mr. Speaker : Question is—

That a sum not exceeding Rs. 82,86,56,000 on Revenue Account and Rs. 1,65,00,000 on Capital Account be granted to the Governor to defray the charges that will come in course of payment for the year 1997-98, in respect of Animal Husbandry and Fisheries.

Demand No. 3

That a sum not exceeding Rs. 32,84,22,000 on Revenue Account and Rs. 65,93,49,000 on Capital Account be granted to the Governor to defray the charges that will come in course of payment for the year 1997-98, in respect of Cooperation.

Demand No. 4

That a sum not exceeding Rs. 9,73,51,000 on Revenue Account and Rs. 14,02,000 on Capital Account be granted to the Governor to defray the charges that will come in course of payment for the year 1997-98 in respect of Defence Services Welfare.

Demand No. 6

That a sum not exceeding Rs. 20,13,91,000 on Revenue Account be granted to the Governor to defray the charges that will come in course of payment for the year 1997-98, in respect of Elections.

[Mr. Speaker]

Demand No. 7

That a sum not exceeding Rs. 26,90,08,000 on Revenue Account be granted to the Governor to defray the charges that will come in course of payment for the year 1997-98, in respect of Excise and Taxation.

Demand No. 8

That a sum not exceeding Rs. 8,19,62,24,000 on Revenue Account and Rs. 58,10,00,000 on Capital Account be granted to the Governor to defray the charges that will come in course of payment for the year 1997-98, in respect of Finance.

Demand No. 9

That a sum not exceeding Rs. 12,63,02,000 on Revenue Account and Rs. 11,96,38,00,000 on Capital Account be granted to the Governor to defray the charges that will come in course of payment for the year 1997-98, in respect of Food and Supplies.

Demand No. 10

That a sum not exceeding Rs. 47,58,84,000 on Revenue Account be granted to the Governor to defray the charges that will come in course of payment for the year 1997-98, in respect of General Administration.

Demand No. 11

That a sum not exceeding Rs. 3,46,03,84,000 on Revenue Account be granted to the Governor to defray the charges that will come in course of payment for the year 1997-98, in respect of Health and Family Welfare.

Demand No. 13

That a sum not exceeding Rs. 64,83,86,000 on Revenue Account and Rs. 10,11,98,000 on Capital Account be granted to the Governor to defray the charges that will come in course of payment for the year 1997-98, in respect of Industries.

Demand No. 14

That a sum not exceeding Rs. 12,30,11,000 on Revenue Account be granted to the Governor to defray the charges that will come in course of payment for the year 1997-98 in respect of Information and Public Relations.

Demand No. 15

That a sum not exceeding Rs. 2,62,03,23,000 on Revenue Account and Rs. 13,68,96,55,000 on Capital Account be granted to the Governor to defray the charges that will come in course of payment for the year 1997-98, in respect of Irrigation and Power.

Demand No. 16

That a sum not exceeding Rs. 10,78,16,000 on Revenue Account be granted to the Governor to defray the charges that will come in course of payment for the year 1997-98, in respect of Labour and Employment.

Demand No. 17

That a sum not exceeding Rs. 48,80,45,000 on Revenue Account and Rs. 67,39,77,000 on Capital Account be granted to the Governor to defray the charges that will come in course of payment for the year 1997-98, in respect of Local Government, Housing and Urban Development.

Demand No. 18

That a sum not exceeding Rs. 2,57,37,000 on Revenue Account and Rs. 3,00,00,000 on Capital Account be granted to the Governor to defray the charges that will come in course of payment for the year 1997-98, in respect of Personnel and Administrative Reforms.

Demand No. 19

That a sum not exceeding Rs. 2,16,17,32,000 on Revenue Account and Rs. 2,65,29,15,000 on Capital Account be granted to the Governor to defray the charges that will come in course of payment for the year 1997-98, in respect of Planning.

Demand No. 20

That a sum not exceeding Rs. 5,00,000 on Revenue Account be granted to the Governor to defray the Charges that will come in course of payment for the year 1997-98, in respect of Programe Implementation.

Demand No. 21

That a sum not exceeding Rs. 3,61,09,01,000 on Revenue Account and Rs. 2,29,09,90,000 on Capital Account

[Mr. Speaker]

be granted to the Governor to defray the charges that will come in course of payment for the year 1997-98, in respect of Public Works.

Demand No. 22

That a sum not exceeding Rs. 1,79,05,13,000 on Revenue Account and Rs. 8,02,96,000 on Capital Account be granted to the Governor to defray the charges that will come in course of payment for the year 1997-98, in respect of Revenue and Rehabilitation.

Demand No. 23

That a sum not exceeding Rs. 99,55,39,000 on Revenue Account be granted to the Governor to defray the charges that will come in course of payment for the year 1997-98, in respect of Rural Development and Panchayats.

Demand No. 24

That a sum not exceeding Rs. 2,16,20,000 on Revenue Account and Rs. 12,47,30,000 on Capital Account be granted to the Governor to defray the charges that will come in course of payment for the year 1997-98, in respect of Science, Technology and Environment.

Demand No. 26

That a sum not exceeding Rs. 4,79,96,000 on Revenue Account be granted to the Governor to defray the charges that will come in course of payment for the year 1997-98, in respect of State Legislature.

Demand No. 27

That a sum not exceeding Rs. 96,53,09,000 on Revenue Account and Rs. 40,86,000 on Capital Account be granted to the Governor to defray the charges that will come in course of payment for the year 1997-98 in respect of Technical Education and Industrial Training.

Demand No. 28

That a sum not exceeding Rs. 6,35,52,000 on Revenue Account and Rs. 65,00,000 on Capital Account be granted to the Governor to defray the charges that will come in course of payment for the year 1997-98, in respect of Tourism and Cultural Affairs.

Demand No. 29

That a sum not exceeding Rs. 2,92,62,89,000 on Revenue Account and Rs. 11,20,00,000 on Capital

Account be granted to the Governor to defray the charges that will come in course of payment for the year 1997-98, in respect of Transport.

Demand No. 30

That a sum not exceeding Rs. 6,04,70,000 on Revenue Account be granted to the Governor to defray the charges that will come in course of payment for the year 1997-98, in respect of vigilance.

The motion was carried unanimously.

Mr. Speaker : The House stands adjourned till 9.00 A.M. on Tuesday, the 24th June, 1997.

*5.55 P. M. | (*The Sabha then adjourned* till 9.00 A.M. on Tuesday, the 24th June, 1997*)

———

APPENDIX

to

Punjab Vidhan Sabha Debate

23rd JUNE, 1998

Vol. II No. 10

Starred Question and Answer

ਪ੍ਰਾਈਵੇਟ ਪ੍ਰਿੰਟਿੰਗ ਪਰੈਸਾਂ ਤੋਂ ਕਰਵਾਏ ਗਏ ਛਪਾਈ ਕੰਮਾਂ ਤੇ ਖਰਚਾ

*433. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ: —

(ੳ) ਵਿੱਤੀ ਸਾਲਾਂ 1992 ਤੋਂ 1997 (ਹੁਣ ਤੱਕ) ਦੇ ਦੌਰਾਨ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਪੰਜਾਬ ਦੁਆਰਾ ਲੋਕਲ ਮਾਰਕਿਟ/ਪ੍ਰਾਈਵੇਟ ਪ੍ਰਿੰਟਿੰਗ ਪ੍ਰੈਸਾਂ ਤੋਂ ਕਰਵਾਏ ਗਏ ਛਪਾਈ ਦੇ ਕੰਮਾਂ ਦੇ ਸਾਲ ਵਾਰ ਵੇਰਵੇ ਕੀ ਹਨ ਅਤੇ ਇਹ ਕੰਮ ਕਿਸ ਕਿਸ ਕਿਸਮ ਦੇ ਸਨ ਅਤੇ ਹਰ ਇਕ ਕੰਮ ਦੀ ਛਪਾਈ ਤੇ ਕੀਤੇ ਗਏ ਖਰਚ ਦੇ ਵੇਰਵੇ ਕੀ ਹਨ ?

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੰਮਾਂ ਦੀ ਛਪਾਈ ਪ੍ਰਾਈਵੇਟ ਪ੍ਰੈਸਾ ਤੋਂ ਕਰਵਾਉਣ ਦੇ ਕਾਰਣ ਕੀ ਹਨ ?

ਸਰਦਾਰ ਸੁਰਜੀਤ ਸਿੰਘ ਕੋਹਲੀ (ਰਾਜ ਮੰਤਰੀ, ਛਪਾਈ ਤੇ ਸਟੇਸ਼ਨਰੀ) : (ੳ) ਵਿੱਤੀ ਸਾਲ 1992-93 ਤੋਂ 1996-1997 (31-3-97 ਤੱਕ) ਦੇ ਦੌਰਾਨ ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਪੰਜਾਬ ਵਲੋਂ ਲੋਕਲ ਮਾਰਕਿਟ/ਪ੍ਰਾਈਵੇਟ ਪਰੈਸਿਜ਼ ਤੋਂ ਕਰਵਾਏ ਗਏ ਛਪਾਈ ਦੇ ਕੰਮਾਂ ਦੇ ਸਾਲ ਵਾਰ ਵੇਰਵੇ, ਹਰ ਕੰਮ ਦੀ ਕਿਸਮ ਦੇ ਸਾਲ ਵਾਰ ਵੇਰਵੇ ਅਤੇ ਇਨ੍ਹਾਂ ਤੇ ਸਾਲ ਵਾਰ ਕੀਤੇ ਗਏ ਖਰਚੇ ਦੇ ਵੇਰਵੇ ਕਰਮਵਾਰ *ਅਨੁਲੱਗ-1, ਅਨੁਲੱਗ-2, ਅਨੁਲੱਗ-3, ਅਨੁਲੱਗ-4 ਤੇ ਅਨੁਲੱਗ-5 ਵਿਚ ਉਪਲਬਧ ਹਨ। ਕੁੱਝ ਪ੍ਰਾਈਵੇਟ ਪਰੈਸਾਂ ਤੋਂ ਛਪਾਈ ਦੇ ਬਿਲ ਅਜੇ ਪ੍ਰਾਪਤ ਨਹੀਂ ਹੋਏ ਜਿਸ ਕਰਕੇ ਛਪਾਈ ਦੇ ਖਰਚੇ ਦਾ ਪੂਰਾ ਪੂਰਾ ਵੇਰਵਾ ਦਸਣਾ ਸੰਭਵ ਨਹੀਂ ਹੈ। ਅਜਿਹੇ ਕੰਮਾਂ ਦੇ ਵੇਰਵੇ ਕਰਮਵਾਰ ਉਪਰੋਕਤ ਅਨੁਲੱਗ-4 ਤੇ ਅਨੁਲੱਗ-5 ਵਿਚ ਅੰਕਿਤ ਹਨ।

(ਅ) ਪ੍ਰਾਈਵੇਟ ਪ੍ਰੈਸਾਂ ਤੋਂ ਕਰਵਾਏ ਗਏ ਕੰਮਾਂ ਦੇ ਕਾਰਨ ਉਪਰੋਕਤ 'ੳ' ਵਿੱਚ ਦਰਜ ਸਬੰਧਤ ਅਨੁਲਗਾਂ ਵਿੱਚ ਦਸੇ ਗਏ ਹਨ।

---

*Placed in the Library.

296/15-11-97—305 —ਕਾਪੀਆਂ—ਪੰਜਾਬ ਪ੍ਰੈਸ, ਪਟਿਆਲਾ।
51X66/10.1 Kg. ਆਫਸੈਟ ਪੇਪਰ

ERRATA

To

Punjab Vidhan Sabha Debate,

Dated 23rd June, 1997

Vol. II—No. 10

Read	For	Page	Line
ਸਰਦਾਰ ਸੋਹਨ ਸਿੰਘ ਮਾਹਿਲਪੁਰ	ਸਰਦਾਰ ਸਹਨ ਸਿੰਘ ਮਾਹਿਲਪੁਰ	(10)5	1
ਸਭਿਆਚਾਰਕ ਮਾਮਲੇ ਮੰਤਰੀ	ਸਭਿਆਕਾਰਕ ਮਾਮਲੇ ਮੰਤਰੀ	(10)6	1
ਮੰਤਰੀ	ਮਤਰੀ	(10)13	17
ਕਾਮਰੇਡ ਹਰਦੇਵ ਅਰਸ਼ੀ	ਕਾਮਰੇ ਹਰਦੇਵ ਅਰਸ਼ੀ	(10)16	1
Parliamentary	Parlimentary	(10)17	3rd from below
ਰੌਂਤਾ	ਰੌਂਤ	(10)20	8th from below
Appendix	Appendex	(10)26	Last
ਮੋਹਨ	ਮਹਨ	(10)27	14
Minister	Mivister	(10)33	Last line
ਵੈਰੀਫਾਈ	ਵੇਰੀਫਾਇ	(10)39	Last line
ਅਨੁਸਾਰ	ਅਨੁਮਾਰ	(10)44	6th from below
Panches	Panchs	(10)45	21
Sarpanches	Sarpanchs	(10)45	21st from below

Chased	Chase	(10)47	25th from below
Members	mbers	(10)48	2
Employment	Emylayment	(10)49	last
ਮੰਤਰੀ	ਮਤਰੀ	(10)62	8th from below
ਸੁਰਜੀਤ	ਸਰਜੀਤ	(10)63	2nd from below
ਸ੍ਰੀਮਤੀ ਰਾਜਿੰਦਰ ਕੌਰ ਭੱਠਲ	ਸ੍ਰੀਮਤੀ ਰਾਂਜਿੰਦਰ ਕੌਰ ਭੱਠਲ	(10)64	13
ਪਛੜੀਆਂ ਸ਼੍ਰੇਣੀਆਂ ਦੀ ਡਿਮਾਂਡਜ	ਪਛੜੀਆਂ ਸ਼੍ਰੇਣੀਆ	(10)73	11th from below
ਪਾਰਟੀ	ਪਾਰਟ	(10)74	Ist from below
ਭਾਈਚਾਰੇ	ਭਾਈਚਾਰ	(10)80	14th from below
ਜਗਜੀਤ	ਜਗੀਜਤ	(10)80	5th from below
ਖੇਤੀਬਾੜੀ	ਖੋਤੀਬਾੜੀ	(10)88	1
ਅਨੁਸੂਚਿਤ	ਅਨਸਚਿਤ	(10)88	1
ordered	orderd	(10)95	Footnote.
1997	1998	Appendix 4	

Published under the authority of the Punjab Vidhan Sabha and printed by the Controller, Printing & Stationery, Punjab at the Govt. Press, Patiala.

PUNJAB VIDHAN SABHA

DEBATES

24th June, 1997

Vol. II—No. 11

OFFICIAL REPORT

CONTENTS

Tuesday, the 24th June, 1997

Punjab Vidhan Sabha Secretariat, Chandigarh.

Price : Rs. . . . .

—0—

PUNJAB VIDHAN SABHA

Tuesday, the 24th June, 1997

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 9.00 A.M. Mr. Speaker (Sardar Charnjit Singh Atwal) in the Chair.

POSTPONED STARRED QUESTIONS AND ANSWERS

Mr. Speaker: First we will take up the list of Postponed Starred Questions and thereafter the regular list of Starred Questions for the day will be taken up.

ਕਾਰਪੋਰੇਸ਼ਨਾਂ/ਬੋਰਡਾਂ ਦੇ ਅਫਸਰਾਂ ਦੇ ਵਿਦੇਸ਼ੀ ਦੌਰੇ

* 443. **ਸਰਦਾਰ ਅਮਰਜੀਤ ਸਿੰਘ ਸਮਰਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ 1991 ਤੋਂ 1996 ਦੇ ਸਮੇਂ ਦੌਰਾਨ ਕਿਨ੍ਹਾਂ ਕਾਰਪੋਰੇਸ਼ਨਾਂ/ਬੋਰਡਾਂ ਦੇ ਅਹੁਦੇਦਾਰ ਅਤੇ ਅਫ਼ਸਰ ਸਰਕਾਰੀ ਦੌਰਿਆਂ ਤੇ ਵਿਦੇਸ਼ ਗਏ ਅਤੇ ਅਜਿਹੇ ਅਫ਼ਸਰਾਂ ਅਤੇ ਅਹੁਦੇਦਾਰਾਂ ਦੇ ਨਾਂ ਅਤੇ ਅਹੁਦੇ ਕੀ-ਕੀ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਅਫਸਰਾਂ ਦੇ ਵਿਦੇਸ਼ੀ ਦੌਰਿਆਂ ਤੇ ਕਾਰਪੋਰੇਸ਼ਨਾਂ ਅਤੇ ਬੋਰਡਾਂ ਨੂੰ ਹੋਏ ਫਾਇਦਿਆਂ ਦੇ ਵੇਰਵੇ ਕੀ ਹਨ ?

ਕੈਪਟਨ ਕੰਵਲਜੀਤ ਸਿੰਘ: (ਵਿੱਤ, ਯੋਜਨਾ, ਸੂਚਨਾ ਅਤੇ ਲੋਕ ਸੰਪਰਕ ਮੰਤਰੀ):

(ੳ) 15 ਨਿਗਮਾਂ/ਬੋਰਡਾਂ ਦੇ 66 ਅਹੁਦੇਦਾਰ ਅਤੇ ਅਫ਼ਸਰ ਸਾਲ 1991 ਤੋਂ 1996 ਦੌਰਾਨ ਸਰਕਾਰੀ ਦੌਰਿਆਂ ਤੇ ਵਿਦੇਸ਼ ਗਏ । (ਵੇਰਵਾ ਅਨੁਲੱਗ 'ੳ' ਤੇ)

(ਅ) ਸਬੰਧਤ ਨਿਗਮਾਂ/ਬੋਰਡਾਂ ਨੂੰ ਵਿਦੇਸ਼ੀ ਦੌਰਿਆਂ ਤੇ ਹੋਏ ਫਾਇਦਿਆ ਦਾ ਵੇਰਵਾ ਅਨੁਲੱਗ 'ਅ' ਤੇ ਹੈ ।

[ਵਿੱਤ, ਯੋਜਨਾ, ਸੂਚਨਾ ਅਤੇ ਲੋਕ ਸੰਪਰਕ ਮੰਤਰੀ]

ਅਨੁਲੱਗ 'ੳ'

ਲੜੀ ਨੰ.	ਕਾਰਪੋਰੇਸ਼ਨ/ਬੋਰਡ ਦਾ ਨਾਮ	ਅਫ਼ਸਰ ਦਾ ਨਾਮ ਸਰਵਸ਼੍ਰੀ/ਸ੍ਰੀਮਤੀ	ਅਹੁਦਾ
1	2	3	4
1.	ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ	1. ਸ੍ਰੀ ਐਸ. ਐਸ. ਰੰਧਾਵਾ	ਚੇਅਰਮੈਨ
		2. ਸ੍ਰੀ ਏ. ਐਸ. ਧਾਮੀ	ਮੈਨੇਜਿੰਗ ਡਾਇਰੈਕਟਰ
2.	ਪੰਜਾਬ ਐਕਸ-ਸਰਵਿਸ-ਮੈਨ ਕਾਰਪੋਰੇਸ਼ਨ	1. ਸ੍ਰੀ ਵੀ. ਪੀ. ਸਿੰਘ	ਡਾਇਰੈਕਟਰ (ਸੁਰੱਖਿਆ)
3.	ਪੰਜਾਬ ਰਾਜ ਬੀਜ ਨਿਗਮ	1. ਸ੍ਰੀ ਐਮ. ਐਸ. ਰਾਥੀ	ਸੀਡ ਪ੍ਰੋਡਕਸ਼ਨ ਅਫ਼ਸਰ
4.	ਪੰਜਾਬ ਅਰਬਨ ਪਲਾਨਿੰਗ ਅਤੇ ਡਿਵੈਲਪਮੈਂਟ ਅਥਾਰਟੀ	1. ਸ੍ਰੀ ਐਮ. ਐਨ. ਰਿਸ਼ੀ, ਪੀ. ਸੀ. ਐਸ.	ਸਾਬਕਾ ਸਕੱਤਰ
		2. ਸ੍ਰੀ ਮਨਮੋਹਨ ਜੀਤ ਸਿੰਘ	ਸਾਬਕਾ ਨਿਗਰਾਨ ਇੰਜਨੀਅਰ
		3. ਸ੍ਰੀ ਜੀ. ਐਸ. ਧਾਲੀਵਾਲ	ਸਾਬਕਾ ਸਕੱਤਰ
		4. ਸ੍ਰੀ ਬਾਲ ਮੁਕੰਦ ਸ਼ਰਮਾ	ਸਾਬਕਾ-ਚੇਅਰਮੈਨ
		5. ਸ੍ਰੀ ਜੇ. ਐਸ. ਸੇਖੋਂ	ਜਨਰਲ-ਮੈਨੇਜਰ (ਪ੍ਰੋਜੈਕਟਸ)
		6. ਸ੍ਰੀ ਗੁਲਸ਼ਨ ਕੁਮਾਰ	ਸਾਬਕਾ ਸੀਨੀਅਰ ਡੀ. ਏ. ਜੀ. ਪੰਜਾਬ
5.	ਪੰਜਾਬ, ਪੁਲਿਸ ਹਾਊਸਿੰਗ ਕਾਰਪੋਰੇਸ਼ਨ	1. ਸ੍ਰੀ ਸਰੂਪ ਸਿੰਘ (ਪੀ. ਐਸ. ਈ-I)	ਨਿਗਰਾਨ ਇੰਜਨੀਅਰ

1	2	3	4
6.	ਪੰਜਾਬ ਮਹਿਲਾ ਤੇ ਬਾਲ ਵਿਕਾਸ ਅਤੇ ਭਲਾਈ ਨਿਗਮ	1. ਸ਼੍ਰੀਮਤੀ ਰਤਨਾ	ਚੇਅਰਪਰਸਨ
7.	ਪੰਜਾਬ ਖੇਤੀ ਉਦਯੋਗ ਨਿਗਮ	1. ਸ਼੍ਰੀ ਪੀ. ਐਸ. ਬਰਾੜ	ਸੀਨੀਅਰ ਮੈਨੇਜਰ
		2. ਸ਼੍ਰੀ ਐਨ. ਐਸ. ਬਰਾੜ	ਕਾਰਜਕਾਰੀ ਨਿਰਦੇਸ਼ਕ
		3. ਸ਼੍ਰੀ ਆਰ. ਐਨ. ਗੁਪਤਾ	ਚੇਅਰਮੈਨ (ਐਫ. ਸੀ. ਡੀ.)
		4. ਸ਼੍ਰੀ ਬੀ ਆਰ. ਬਜਾਜ	ਮੈਨੇਜਿੰਗ ਡਾਇਰੈਕਟਰ
		5. ਸ਼੍ਰੀ ਪ੍ਰਦੀਪ ਸ਼ਰਮਾ	ਸੀਨੀਅਰ ਮੈਨੇਜਰ
		6. ਸ਼੍ਰੀ ਆਈ. ਐਸ. ਸੇਖੋਂ	ਮੈਨੇਜਰ
		7. ਸ਼੍ਰੀ ਓਮ ਸਹਾਏ	ਕਾਰਜਕਾਰੀ ਨਿਰਦੇਸ਼ਕ
		8. ਸ਼੍ਰੀ ਐਸ. ਐਸ. ਬਰਾੜ	ਮੈਨੇਜਿੰਗ ਡਾਇਰੈਕਟਰ
		9. ਸ਼੍ਰੀ ਐਸ. ਐਸ. ਬੱਸੀ	ਸੀਨੀਅਰ ਮੈਨੇਜਰ
8.	ਪੰਜਾਬ ਰਾਜ ਸਿਵਲ ਸਪਲਾਈਜ਼ ਨਿਗਮ	1. ਕੈਪਟਨ ਅਜੀਤ ਸਿੰਘ	ਐਡੀਸ਼ਨਲ ਮੈਨੇਜਿੰਗ ਡਾਇਰੈਕਟਰ
		2. ਸ਼੍ਰੀ ਆਈ. ਪੀ. ਐਸ. ਮਲਹੋਤਰਾ	ਡੀ. ਐਮ. (ਈ.ਐਸ.)
		3. ਸ਼੍ਰੀ ਓ. ਪੀ. ਸ਼ਰਮਾ	ਐਫ. ਓ.
		4. ਸ਼੍ਰੀਮਤੀ ਗੀਤਿਕਾ ਕਲ੍ਹਾ, ਆਈ. ਏ. ਐਸ.	ਮੈਨੇਜਿੰਗ ਡਾਇ-ਰੈਕਟਰ
		5. ਸ਼੍ਰੀ ਫੌਜਾ ਸਿੰਘ	ਐਡੀਸ਼ਨਲ ਮੈਨੇਜਿੰਗ ਡਾਇਰੈਕਟਰ

[ਵਿੱਤ, ਯੋਜਨਾ, ਸੂਚਨਾ ਅਤੇ ਲੋਕ ਸੰਪਰਕ ਮੰਤਰੀ]

1	2	3	4
9.	ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ	1. ਸ੍ਰੀ ਅਸ਼ਵਨੀ ਸ਼ੇਖਰੀ	ਚੇਅਰਮੈਨ
		2. ਸ੍ਰੀ ਬੀ. ਸੀ. ਗੁਪਤਾ, ਆਈ. ਏ. ਐਸ.	ਮੈਨੇਜਿੰਗ ਡਾਇਰੈਕਟਰ
		3. ਸ੍ਰੀ ਸੰਜੀਵ ਬਾਵਾ	ਜਨਰਲ ਮੈਨੇਜਰ
		4. ਸ੍ਰੀ ਜੀ. ਆਰ ਰਾਜੋਰਾ	ਡਿਪਟੀ ਜਨਰਲ ਮੈਨੇਜਰ
		5. ਸ੍ਰੀ ਬੀ. ਕੇ. ਬੱਸੀ	ਚੀਫ ਇੰਜਨੀਅਰ
		6. ਸ੍ਰੀ ਜੇ. ਐਸ. ਭਾਟੀਆ	ਨਿਗਰਾਨ ਇੰਜਨੀਅਰ
10.	ਪੰਜਾਬ ਰਾਜ ਬਿਜਲੀ ਬੋਰਡ	1. ਸ੍ਰੀ ਜੀ. ਐਸ. ਵਿਰਕ	ਚੀਫ ਇੰਜਨੀਅਰ
		2. ਸ੍ਰੀ ਏ. ਐਸ. ਪਾਬਲਾ	ਓ.ਐਮ.ਡੀ./ਪਾਵਰ
		3. ਸ੍ਰੀ ਆਰ. ਐਨ. ਗੁਪਤਾ, ਆਈ.ਏ.ਐਸ.	ਚੇਅਰਮੈਨ
		4. ਸ੍ਰੀ ਟੀ. ਐਸ. ਗੁਜਰਾਲ	ਮੈਂਬਰ
		5. ਸ੍ਰੀ ਐਸ. ਪੀ. ਗੋਇਲ	ਓ. ਐਸ. ਡੀ. (ਸੀ. ਐਮ.)
		6. ਸ੍ਰੀ ਆਰ. ਪੀ. ਸ਼ਰਮਾ	ਚੀਫ ਇੰਜਨੀਅਰ
		7. ਸ੍ਰੀ ਐਸ. ਕੇ. ਆਨੰਦ	ਡਾਇਰੈਕਟਰ
		8. ਸ੍ਰੀ ਸੁਰੇਸ਼ ਗੁਪਤਾ	ਨਿਗਰਾਨ ਇੰਜਨੀਅਰ
		9. ਸ੍ਰੀ ਕੇ. ਐਸ. ਗਿੱਲ	ਚੀਫ ਇੰਜਨੀਅਰ
		10. ਸ੍ਰੀ ਪੀ. ਐਸ. ਕੰਗ	ਡਾਇਰੈਕਟਰ
		11. ਸ੍ਰੀ ਸੀ. ਐਲ. ਅਗਰਵਾਲ	ਜਨਰਲ ਮੈਨੇਜਰ
		12. ਸ੍ਰੀ ਐਚ. ਆਰ. ਸਿੰਗਲਾ	ਚੀਫ ਇੰਜਨੀਅਰ
		13. ਸ੍ਰੀ ਕਿਰਨ ਮੰਡਲ	ਡਿਪਟੀ ਡਾਇਰੈਕਟਰ
		14. ਸ੍ਰੀ ਵੀ.ਕੇ. ਸ਼ਾਹਾਨ	ਏ. ਈ. ਈ,
		15. ਸ੍ਰੀ ਐਸ. ਐਸ. ਸੰਧੂ	ਨਿਗਰਾਨ ਇੰਜਨੀਅਰ
		16. ਸ੍ਰੀ ਅਵਤਾਰ ਸਿੰਘ	ਮੈਡੀਕਲ ਅਫਸਰ

1	2	3	4
11.	ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ	1. ਸ੍ਰੀ ਐਸ. ਕੇ. ਟੁਟੇਜਾ, ਆਈ. ਏ. ਐਸ.	ਮੈਨੇਜਿੰਗ ਡਾਇਰੈਕਟਰ
		2. ਸ੍ਰੀ ਆਰ. ਆਈ. ਸਿੰਘ	ਡਿਪਟੀ ਚੇਅਰਮੈਨ ਅਤੇ ਐਮ. ਡੀ.
		3. ਸ੍ਰੀ ਡੀ. ਐਸ. ਕਲ੍ਹਾ, ਆਈ. ਏ. ਐਸ.	ਡਾਇਰੈਕਟਰ
		4. ਸ੍ਰੀ ਪੀ. ਐਸ. ਬਾਜਵਾ	ਮੈਨੇਜਿੰਗ ਡਾਇਰੈਕਟਰ
		5. ਸ੍ਰੀ ਗੁਰਚਰਨ ਸਿੰਘ	ਕਾਰਜ਼ਕਾਰੀ ਡਾਇਰੈਕਟਰ
		6. ਸ੍ਰੀ ਐਸ. ਕੇ. ਦੁੱਗਲ	ਕਾਰਜਕਾਰੀ ਡਾਇਰੈਕਟਰ
		7. ਸ੍ਰੀ ਮਲਕੀਅਤ ਸਿੰਘ	ਜਨਰਲ ਮੈਨੇਜਰ
		8. ਸ੍ਰੀ ਆਰ. ਕੇ. ਭੰਡਾਰੀ	ਜਨਰਲ ਮੈਨੇਜਰ
		9. ਸ੍ਰੀ ਏ. ਕੇ. ਮਹਾਜਨ	ਡਿਪਟੀ ਜਨਰਲ ਮੈਨੇਜਰ
12.	ਪੰਜਾਬ ਰਾਜ ਮਾਲ ਗੁਦਾਮ ਨਿਗਮ	1. ਸ੍ਰੀ ਹਰਨੇਕ ਸਿੰਘ ਮਾਂਗੇਵਾਲ	ਚੇਅਰਮੈਨ
		2. ਸ੍ਰੀ ਡੀ. ਐਸ. ਜਸਪਾਲ, ਆਈ. ਏ. ਐਸ.	ਮੈਨੇਜਿੰਗ ਡਾਇਰੈਕਟਰ
13.	ਪੰਜਾਬ ਰਾਜ ਇਲੈਕਟ੍ਰਾਨਿਕਸ ਵਿਕਾਸ ਅਤੇ ਉਤਪਾਦਨ ਨਿਗਮ	1. ਸ੍ਰੀ ਜੀ. ਐਸ. ਸੰਧੂ, ਆਈ. ਏ. ਐਸ.	ਮੈਨੇਜਿੰਗ-ਡਾਇਰੈਕਟਰ
		2. ਸ੍ਰੀ ਵੀ. ਐਨ. ਓਝਾ, ਆਈ. ਏ. ਐਸ.	ਮੈਨੇਜਿੰਗ ਡਾਇ-ਰੈਕਟਰ
14.	ਪੰਜਾਬ ਵਿੱਤ ਨਿਗਮ	1. ਸ੍ਰੀ ਡੀ. ਸੀ. ਅਗਰਵਾਲ	ਜਨਰਲ ਮੈਨੇਜਰ
		2. ਸ੍ਰੀ ਆਰ. ਕੇ ਟਿਕੂ	ਏ. ਜੀ. ਐਮ.
		3. ਸ੍ਰੀ ਅਮਿਤ ਧਾਮਿਆ	ਮੈਨੇਜਰ
		4. ਸ੍ਰੀ ਅਭੇ ਮਹਿਤਾ	ਏ. ਜੀ. ਐਮ.
15.	ਪੰਜਾਬ ਰਾਜ ਚਮੜਾ ਵਿਕਾਸ ਨਿਗਮ	1. ਸ੍ਰੀ ਐਸ. ਕੇ. ਕੱਕੜ	ਮੈਨੇਜਿੰਗ ਡਾਇ-ਰੈਕਟਰ

[ਵਿੱਤ, ਯੋਜਨਾ, ਸੂਚਨਾ ਅਤੇ ਲੋਕ ਸੰਪਰਕ ਮੰਤਰੀ]

ਅਨੁਲੱਗ 'ਅ'

1	2	3
1.	ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ	ਸੀਵਰੇਜ਼ ਟਰੀਟਮੈਂਟ ਪਲਾਂਟਸ ਸਬੰਧੀ ਤਾਜਾ ਤਕਨੀਕੀ ਅਤੇ ਪਾਣੀ ਦੀ ਵੰਡ ਅਤੇ ਸੀਵਰੇਜ ਕੰਮਾਂ ਸਬੰਧੀ ਵਰਤੀਆਂ ਜਾਣ ਵਾਲੀਆਂ ਭਿੰਨ-ਭਿੰਨ ਪਾਈਪਾਂ ਦਾ ਅਧਿਐਨ ਕਰਨ ਸਬੰਧੀ ।
2.	ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ	ਇਸ ਯਾਤਰਾ ਨਾਲ ਦੁਨੀਆਂ ਦੇ ਬਾਕੀ ਹਿੱਸਿਆਂ ਵਿੱਚ ਸਕਿਉਰਟੀ ਵਾਸਤੇ ਅਪਣਾਏ ਜਾਣ ਵਾਲੇ ਤਰੀਕਿਆਂ ਬਾਰੇ ਜਾਣਕਾਰੀ ਹਾਸਲ ਕੀਤੀ । ਮਾਰਚ, 1994 ਵਿਚ ਪੈਸਕੋ ਰਾਹੀਂ 17 ਵੱਖ-ਵੱਖ ਪ੍ਰਾਜੈਕਟਾਂ ਤੇ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਸੀ ਜਦ ਕਿ ਇਸ ਯਾਤਰਾ ਉਪਰੰਤ 35 ਪ੍ਰਾਜੈਕਟਾਂ ਨੂੰ ਪੈਸਕੋ ਸੁਰੱਖਿਆ ਅਦਾਰੇ ਵਲੋਂ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ ਜਿਸ ਨਾਲ ਨਿਗਮ ਨੂੰ ਇਸ ਇਕੱਲੇ ਪ੍ਰਾਜੈਕਟ ਤੋਂ 26.30 ਲੱਖ ਰੁਪਏ ਦਾ ਮੁਨਾਫ਼ਾ ਹੋ ਰਿਹਾ ਹੈ।
3.	ਪੰਜਾਬ ਰਾਜ ਬੀਜ ਨਿਗਮ	ਇਸ ਨਿਗਮ ਦਾ ਕੋਈ ਅਫ਼ਸਰ ਵਿਦੇਸ਼ੀ ਯਾਤਰਾ ਤੇ ਨਹੀਂ ਗਿਆ ਪਰੰਤੂ ਸ਼੍ਰੀ ਐਮ. ਐਸ. ਰਾਣੀ ਸੀਡ ਪ੍ਰੋਡਕਟਸ ਅਫ਼ਸਰ ਤਿੰਨ ਮਹੀਨਿਆਂ ਦੀ ਟ੍ਰੇਨਿੰਗ ਤੇ ਚੀਨ ਗਏ ਸਨ ਅਤੇ ਇਸ ਦਾ ਖਰਚਾ ਐਫ. ਏ. ਓ/ਯੂ. ਐਨ.ਡੀ.ਪੀ.ਵੱਲੋਂ ਕੀਤਾ ਗਿਆ ।
4.	ਪੰਜਾਬ ਸ਼ਹਿਰੀ ਯੋਜਨਾ ਅਤੇ ਵਿਕਾਸ ਅਥਾਰਟੀ (ਪੁੱਡਾ)	ਪੁੱਡਾ ਦੇ ਅਧਿਕਾਰੀਆਂ ਵਲੋਂ ਆਰਗੇਨਾਈਜੇਸ਼ਨਜ਼ ਦੇ ਕੰਮ-ਕਾਜ ਸਬੰਧੀ ਕਾਫੀ ਗਿਆਨ ਪ੍ਰਾਪਤ ਕੀਤਾ ਗਿਆ । ਮਕਾਨ ਉਸਾਰੀ ਅਤੇ ਦੂਜੇ ਤਕਨੀਕੀ ਪ੍ਰਾਜੈਕਟਾਂ ਬਾਰੇ ਆਦਾਨ ਪ੍ਰਦਾਨ ਬਾਰੇ ਵਿਸਥਾਰ ਪੂਰਵਕ ਅਧਿਐਨ ਕਰਨ ਅਤੇ ਨਾਨ ਰੈਜ਼ੀਡੈਂਟ ਭਾਰਤੀਆਂ ਨੂੰ ਸ਼ਹਿਰੀ ਪ੍ਰਾਜੈਕਟਾਂ ਦੇ ਮੁੱਢਲੇ ਵਿਕਾਸ ਲਈ ਸਦਾ ਦੇਣ ਲਈ ।

1	2	3
5.	ਪੰਜਾਬ ਪੁਲਿਸ ਮਕਾਨ ਉਸਾਰੀ ਨਿਗਮ	ਸਬੰਧਤ ਅਧਿਕਾਰੀ ਇਸ ਨਿਗਮ ਵਿੱਚ ਡੈਪੂਟੇਸ਼ਨ ਤੇ ਸੀ ਅਤੇ ਉਸ ਦੇ ਮੂਲ ਵਿਭਾਗ ਵੱਲੋਂ ਉਸ ਨੂੰ ਟ੍ਰੇਨਿੰਗ ਕੋਰਸ ਲਈ ਭੇਜਿਆ ਗਿਆ ਸੀ ।
6.	ਪੰਜਾਬ ਮਹਿਲਾ ਤੇ ਬਾਲ ਵਿਕਾਸ ਅਤੇ ਭਲਾਈ ਨਿਗਮ	ਮਹਿਲਾਵਾਂ ਦੀ ਭਲਾਈ ਸਬੰਧੀ ਗਿਆਨ ਪ੍ਰਾਪਤ ਕੀਤਾ ਗਿਆ ਪਰ ਇਸ ਦਾ ਖਾਸ ਲਾਭ ਨਹੀਂ ਉਠਾਇਆ ਜਾ ਸਕਿਆ ਕਿਉਂਕਿ ਨਿਗਮ ਦਾ ਸਟਾਫ ਬਹੁਤ ਘਟ ਗਿਆ ਸੀ ।
7.	ਪੰਜਾਬ ਖੇਤੀ ਉਦਯੋਗ ਨਿਗਮ	ਫਲਾਂ, ਸਬਜ਼ੀਆਂ ਅਤੇ ਫੁੱਲਾਂ ਆਦਿ ਦੇ ਉਤ-ਪਾਦਨ ਸਬੰਧੀ ਦੂਜੇ ਦੇਸ਼ਾਂ ਵਿੱਚ ਅਪਣਾਈ ਗਈ ਖੇਤੀਬਾੜੀ ਦੀ ਤਾਜ਼ਾ ਤਕਨੀਕ ਬਾਰੇ ਅਧਿਕਾਰੀਆਂ ਵਾਲੋਂ ਜਾਣਕਾਰੀ ਪ੍ਰਾਪਤ ਕੀਤੀ ਗਈ ਅਤੇ ਪੰਜਾਬ ਵਿੱਚ ਐਗਰੋ ਪ੍ਰੋਡਕਟਸ ਦੇ ਨਿਰਯਾਤ ਬਾਰੇ ਵੱਖ ਵੱਖ ਦੇਸ਼ਾਂ ਦੇ ਖਰੀਦਦਾਰ ਅਤੇ ਵੇਚਣ ਵਾਲਿਆਂ ਨਾਲ ਗੱਲ ਬਾਤ ਕੀਤੀ ਗਈ ।
8.	ਪੰਜਾਬ ਰਾਜ ਸਿਵਲ ਸਪਲਾਈਜ਼ ਨਿਗਮ	ਨਿਗਮ ਵਲੋਂ ਡੁਬਈ ਵਿਖੇ ਬਾਸਮਤੀ ਚਾਵਲਾਂ ਦੀ ਵੇਚ ਅਤੇ ਆਰਡਰਾਂ ਦੀ ਬੁਕਿੰਗ ਲਈ ਸਟਾਲ ਲਗਾਇਆ ਗਿਆ । ਕਮਰਸ਼ੀਅਲ ਗੈਸ ਦੇ ਆਯਾਤ ਅਤੇ ਵੇਚ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਇਆ ਗਿਆ । ਘਾਟੇ ਨੂੰ ਘਟਾਉਣ ਦੇ ਮੰਤਵ ਨਾਲ ਪੈਡੀ ਫਸਲ 1994-95 ਦੇ ਚਾਵਲਾਂ ਦਾ ਨਿਰਯਾਤ ਕਰਨ ਲਈ ਬੰਗਲਾ ਦੇਸ਼ ਦਾ ਦੌਰਾ ਕੀਤਾ ਗਿਆ ।
9.	ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ	ਪੰਜਾਬ ਤੋਂ ਨਿਰਯਾਤ ਵਧਾਉਣ ਲਈ ਇਹ ਨਿਗਮ ਨੋਡਲ ਏਜੰਸੀ ਹੈ ਅਤੇ ਅੰਤਰ ਰਾਸ਼ਟਰੀ ਟਰੇਡ ਫੇਅਰਜ਼ ਅਤੇ ਪ੍ਰਦਰਸ਼ਨੀਆਂ ਵਿੱਚ ਛੋਟੇ ਯੂਨਿਟਾਂ ਵਲੋਂ ਭਾਗ ਲੈਣ ਲਈ ਇਸ ਦਾ ਕਾਫੀ ਰੋਲ ਹੈ । ਤਕਨੀਕੀ ਅਧਿਕਾਰੀਆਂ ਵਲੋਂ ਵਿਦੇਸ਼ ਵਿੱਚ ਸੜਕਾਂ, ਮਕਾਨ ਉਸਾਰੀ ਅਤੇ ਉਦਯੋਗਿਕ ਪਾਰਕਾਂ ਦੀ ਪਲੈਨਿੰਗ ਅਤੇ ਉਸਾਰੀ ਦਾ ਅਧਿਐਨ ਕੀਤਾ ਗਿਆ ।

[ਵਿੱਤ, ਯੋਜਨਾ, ਸੂਚਨਾ ਅਤੇ ਲੋਕ ਸੰਪਰਕ ਮੰਤਰੀ]

1	2	3
10.	ਪੰਜਾਬ ਰਾਜ ਬਿਜਲੀ ਬੋਰਡ	ਜ਼ਿਆਦਾ ਤਰ ਵਿਦੇਸ਼ ਯਾਤਰਾ ਬੋਰਡ ਦੀ ਪਾਵਰ ਜਨਰੇਸ਼ਨ ਅਤੇ ਟਰਾਂਸਮਿਸ਼ਨ ਦੀ ਤਾਜ਼ਾ ਵਿਕਾਸ ਸਬੰਧੀ ਤਕਨੀਕੀ ਜਾਣਕਾਰੀ ਦੇ ਮੰਤਵ ਨੂੰ ਮੁੱਖ ਰੱਖਦੇ ਹੋਏ ਕੀਤੀ ਗਈ। ਆਧੁਨਿਕ ਤਕਨੀਕ ਦੀ ਸਹਾਇਤਾ ਨਾਲ ਤਕਨੀਕੀ ਨਿਪੁੰਨਤਾ ਅਤੇ ਵਪਾਰਿਕ ਨਤੀਜੇ ਪ੍ਰਾਪਤ ਹੋਏ।
11.	ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ	ਅੰਤਰ-ਰਾਸ਼ਟਰੀ ਪੱਧਰ ਦੀਆਂ ਕਾਨਫਰੰਸਾਂ ਵਿੱਚ ਜਾਣ ਨਾਲ ਅਫਸਰਾਂ ਨੂੰ ਪੰਜਾਬ ਦੀਆਂ ਬਹੁਤ ਸਾਰੀਆਂ ਯੂਨਿਟਾਂ ਦੇ ਉਤਪਾਦਨਾਂ ਨੂੰ ਨਿਰਯਾਤ ਕਰਨ ਵਿਚ ਮੌਕੇ ਪ੍ਰਾਪਤ ਹੋਏ ਅਤੇ ਉਦਯੋਗ ਦੀ ਉਨਤੀ ਲਈ ਅਲੱਗ-ਅਲੱਗ ਖੇਤਰਾਂ ਦੇ ਮਾਹਿਰਾਂ ਨਾਲ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲਿਆ।
12.	ਪੰਜਾਬ ਰਾਜ ਮਾਲ ਗੁਦਾਮ ਨਿਗਮ	ਨਿਗਮ ਵਲੋਂ ਬਾਹਰਲੇ ਦੌਰਿਆਂ ਤੋਂ ਉਠਾਏ ਗਏ ਲਾਭਾਂ ਨੂੰ ਭਾਵੇਂ ਥੋੜੇ ਸਮੇਂ ਦੇ ਆਰਥਕ ਲਾਭਾਂ ਵਜੋਂ ਨਹੀਂ ਮਿਣਿਆ ਜਾ ਸਕਦਾ ਪਰ ਟੂਰ ਸਮੇਂ ਜਿਹੜੀਆਂ ਸੰਸਾਰ ਦੀਆਂ ਬਹੁਤ ਹੀ ਅਗਾਂਹਵਧੂ ਬੰਦਰਗਾਹਾਂ ਵੇਖੀਆਂ ਗਈਆਂ, ਵਿੱਚ ਲਾਗੂ ਪਾਲਸੀਆਂ/ਤਰੀਕਿਆਂ ਨੂੰ ਭਾਰਤੀ ਆਰਥਿਕਤਾ ਵਿੱਚ ਲਾਗੂ ਕਰਨ ਨਾਲ ਹੋਣ ਵਾਲੇ ਲਾਭਾਂ ਦੇ ਸੰਧਰਭ ਵਿੱਚ ਅੰਕਿਤ ਕੀਤਾ ਜਾ ਸਕਦਾ ਹੈ।
13.	ਪੰਜਾਬ ਇਲੈਕਟ੍ਰੋਨਿਕਸ ਵਿਕਾਸ ਅਤੇ ਪ੍ਰੋਡਕਸ਼ਨ ਨਿਗਮ	ਐਨ. ਕੇ.ਡੀ. ਡੈਨਮਾਰਕ, ਅਲਕਾਟਲ ਫਰਾਂਸ ਅਤੇ ਡੀ.ਐਸ.ਸੀ.ਯੂ. ਕੇ. ਵਿਖੇ ਐਗਰੀਮੈਂਟ ਅਤੇ ਵਿਚਾਰ ਵਟਾਂਦਰਾ ਕਰਨ ਹਿਤ ਅਤੇ ਫੁਜਿਤਸੂ ਨਾਲ ਤਕਨੀਕੀ ਸਮਝੌਤਾ ਅਤੇ ਬੀ. ਓ. ਡੀ. ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ।

1	2	3
14.	ਪੰਜਾਬ ਵਿੱਤੀ ਨਿਗਮ	ਵੱਖ-ਵੱਖ ਖੇਤਰਾਂ ਵਿੱਚ ਸਿਖਲਾਈ ਲੈਣ ਲਈ ਭੇਜਿਆ ਜਾਂਦਾ ਹੈ ਜਿਸ ਨਾਲ ਉਨ੍ਹਾਂ ਵੱਖ-ਵਖ ਪ੍ਰਾਜੈਕਟਾਂ ਦੇ ਖੇਤਰ ਵਿੱਚ ਵਰਤਮਾਨ ਤਕਨੀਕੀ ਜਾਣਕਾਰੀ ਹੁੰਦੀ ਹੈ ਜੋ ਕਿ ਅਧਿਕਾਰੀਆਂ ਦੇ ਫਰਜ਼ਾਂ ਅਤੇ ਮੁਲਾਂਕਣ ਦੇ ਪੱਧਰ ਨੂੰ ਬੇਹਤਰ ਬਣਾਉਂਦੀ ਹੈ ।
15.	ਪੰਜਾਬ ਰਾਜ ਚਮੜਾ ਵਿਕਾਸ ਨਿਗਮ	ਨਿਗਮ ਨੂੰ ਹੋਏ ਲਾਭਾਂ ਨੂੰ ਗਿਣਤੀ ਅਨੁਸਾਰ ਨਹੀਂ ਮਾਪਿਆ ਜਾ ਸਕਦਾ ਪਰੰਤੂ ਵਿਦੇਸ਼ੀ ਦੌਰਿਆਂ ਤੋਂ ਨਿਗਮ ਨੂੰ ਬਹੁਤ ਹੀ ਲਾਭ ਹੋਏ ।

ਸਰਦਾਰ ਅਮਰਜੀਤ ਸਿੰਘ ਸਮਰਾ: ਮਾਨਯੋਗ ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਅਧੂਰਾ ਪ੍ਰਾਪਤ ਹੋਇਆ ਹੈ । ਵੈਸੇ 20-3-1997 ਨੂੰ ਜਿਹੜਾ ਸਵਾਲ ਨੰਬਰ 130 ਦਾ ਮੈਨੂੰ ਜਵਾਬ ਪ੍ਰਾਪਤ ਹੋਇਆ ਸੀ ਉਹ ਪੂਰਾ ਸੀ । ਪਤਾ ਨਹੀਂ ਕਿਉਂ ਇਸ ਵਿੱਚ ਜਵਾਬ ਅਧੂਰਾ ਰੱਖਿਆ ਗਿਆ ਹੈ ।

ਸ਼੍ਰੀ ਸਪੀਕਰ: ਤੁਸੀਂ ਸਪਲੀਮੈਂਟਰੀ ਪੁੱਛ ਲਓ ।

ਸਰਦਾਰ ਅਮਰਜੀਤ ਸਿੰਘ ਸਮਰਾ: ਇਸਦੇ ਵਿੱਚ ਸਰਕਾਰ ਨੇ ਦੱਸਿਆ ਹੈ ਕਿ ਸਟੇਟ ਗੌਰਮਿੰਟ ਦੇ 8,40,000/- ਰੁਪਏ ਅਤੇ ਬੋਰਡ/ਕਾਰਪੋਰੇਸ਼ਨਾਂ ਦੇ 76,89,349/- ਰੁਪਏ ਖਰਚ ਹੋਏ ਹਨ । ਇਸ ਦੇ ਵਿੱਚ ਇਕੱਲੇ ਮਾਰਕਫੈੱਡ ਦੇ 25 ਲੱਖ ਰੁਪਏ ਖਰਚ ਹੋਏ ਹਨ ਅਤੇ ਇਕੱਲੇ ਐਡਮਿਨਸਟਰੇਟਰ ਨੇ ਬਾਹਰ ਦੇ ਦੌਰਿਆਂ ਤੇ 20 ਲੱਖ ਰੁਪਏ ਖਰਚ ਕੀਤੇ ਹਨ ਪਰ ਇਸਦਾ ਲਾਭ ਕੋਈ ਨਹੀਂ ਹੋਇਆ । ਉਸ ਸਾਲ ਮਾਰਕਫੈਡ ਘਾਟੇ ਵਿੱਚ ਗਿਆ ਹੈ ਅਤੇ ਕੋਈ ਪ੍ਰਾਫਿਟ ਨਹੀਂ ਹੋਇਆ । 125 ਕਰੋੜ ਰੁਪਏ ਦਾ ਝੋਨਾ ਮੰਡੀਆਂ ਵਿੱਚ ਰੁਲ ਰਿਹਾ ਸੀ ਜਦੋਂ ਉਹ ਦੌਰੇ ਤੇ ਗਏ ਹੋਏ ਸਨ ।

ਸ਼੍ਰੀ ਸਪੀਕਰ: ਕੀ ਇਸ ਦੇ ਵਿੱਚ ਮਾਰਕਫੈਡ ਦੇ ਬਾਰੇ ਜਵਾਬ ਨਹੀਂ ਦਿੱਤਾ ਗਿਆ?

ਸਰਦਾਰ ਅਮਰਜੀਤ ਸਿੰਘ ਸਮਰਾ: ਇਸੇ ਕਰਕੇ, ਸਪੀਕਰ ਸਾਹਿਬ ਮੈਂ ਕਿਹਾ ਹੈ ਕਿ ਸਵਾਲ ਦਾ ਜਵਾਬ ਅਧੂਰਾ ਹੈ । ਜਾਣ ਬੁੱਝ ਕੇ ਇਸ ਨੂੰ ਇਗਨੌਰ ਕੀਤਾ ਗਿਆ ਹੈ, ਉੱਤਰ ਨਹੀਂ ਦਿਤਾ ਗਿਆ ।

ਮੰਤਰੀ : ਸਪੀਕਰ ਸਾਹਿਬ, ਮੈਂ ਜਵਾਬ ਦੇ ਦਿੰਦਾ ਹਾਂ ਜੀ । ਮਾਨਯੋਗ ਮੈਂਬਰ ਸਾਹਿਬ ਨੇ ਬੜਾ ਹੀ ਸਪੈਸਿਫਿਕ ਸਵਾਲ ਪੁੱਛਿਆ ਹੈ । ਉਨ੍ਹਾਂ ਨੇ ਪੁਛਿਆ ਸੀ ਕਿ ਕਾਰ-ਪੋਰੇਸ਼ਨਾਂ ਅਤੇ ਬੋਰਡਾਂ ਵਲੋਂ ਫਾਰੇਨ ਦੇ ਦੌਰਿਆਂ ਤੇ ਕਿੰਨਾ ਖਰਚਾ ਕੀਤਾ ਗਿਆ ਹੈ ? ਇੰਨ੍ਹਾਂ ਨੇ ਜਿਹੜੇ ਕੋਅਪਰੇਟਿਵ ਅਦਾਰੇ ਹਨ, ਉਨ੍ਹਾਂ ਦੇ ਬਾਰੇ ਆਪਣੇ ਸਵਾਲ ਵਿੱਚ ਪੁਛਿਆ ਹੀ ਨਹੀਂ ।

ਸਰਦਾਰ ਅਮਰਜੀਤ ਸਿੰਘ ਸਮਰਾ : ਸਪੀਕਰ ਸਾਹਿਬ, ਮੈਂ ਬੋਰਡਾਂ/ਕਾਰਪੋਰੇਸ਼ਨਾਂ ਬਾਰੇ ਹੀ ਪੁਛਿਆ ਹੈ ਜਿਨ੍ਹਾਂ ਨੇ ਫਾਰੇਨ ਦੇ ਦੌਰਿਆਂ ਤੇ 76,89,349/- ਲੱਖ ਰੁਪਏ ਦਾ ਖਰਚਾ ਕੀਤਾ ਹੈ । ਮੇਰੇ ਸਵਾਲ ਦਾ ਜਵਾਬ ਅਧੂਰਾ ਪ੍ਰਾਪਤ ਹੋਇਆ ਹੈ । ਮੇਰੀ ਤਾਂ ਸਿਰਫ ਇਹ ਬੇਨਤੀ ਹੈ ਕਿ ਇਹ ਜਿਹੜਾ ਜ਼ਿਮੀਂਦਾਰਾਂ ਦਾ ਅਦਾਰਾ ਹੈ, ਇਸਨੂੰ ਬੇ-ਰਹਿਮੀ ਨਾਲ ਲੁਟਿਆ ਜਾ ਰਿਹਾ ਹੈ ਅਤੇ ਇਸਦੇ ਵੱਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ । ਮੈਂ ਮੁੱਖ ਮੰਤਰੀ ਸਾਹਿਬ ਅਤੇ ਸਹਿਕਾਰਤਾ ਮੰਤਰੀ ਜੀ ਨੂੰ ਵੀ ਲਿੱਖ ਕੇ ਦਿਤਾ ਹੈ ਕਿ ਸੀ. ਬੀ. ਆਈ. ਦੀ ਇਨਕੁਆਇਰੀ ਕਰਵਾਈ ਜਾਵੇ ਪਰ ਇਸ ਪਾਸੇ ਵੱਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ । ਜਦ ਮਾਰਕਫੈਡ ਦਾ ਐਡਮਨਿਸਟਰੇਟਰ ਦੌਰੇ ਤੇ ਸੀ ਤਾਂ ਉਦੋਂ ਇਥੇ 150 ਕਰੋੜ ਰੁਪਏ ਦਾ ਝੋਨਾ ਮੰਡੀਆਂ ਵਿੱਚ ਰੁਲ ਰਿਹਾ ਸੀ ਅਤੇ ਉਦੋਂ 150 ਕਰੋੜ ਰੁਪਏ ਦਾ ਨੁਕਸਾਨ ਹੋਇਆ । ਉਸ ਸਾਲ ਕਾਟਨ ਦੀ ਵੀ ਕੋਈ ਐਕਸਪੋਰਟ ਨਹੀਂ ਹੋਈ ਜਦ ਕਿ ਪਹਿਲੇ ਸਾਲਾਂ ਵਿੱਚ ਕਾਟਨ ਦੀ ਐਕਸਪੋਰਟ ਵੀ ਕੀਤੀ ਗਈ ਸੀ । ਮੈਂ ਤਾਂ ਪੁੱਛਣਾ ਚਾਹੁੰਦਾ ਹਾਂ ਕਿ ਸਬੰਧਤ ਅਫਸਰਾਂ ਦੇ ਖਿਲਾਫ ਕਿਉਂ ਨਾ ਇਨਕੁਆਇਰੀ ਕਰਵਾਈ ਜਾਵੇ ? ਇਸ ਬਾਰੇ ਸੀ. ਬੀ. ਆਈ. ਦੀ ਇਨਕੁਆਇਰੀ ਹੋਣੀ ਜ਼ਰੂਰੀ ਹੈ । ਇਸ ਸਬੰਧੀ ਉੱਤਰ ਜਾਣ-ਬੁਝ ਕੇ ਨਹੀਂ ਦਿੱਤਾ ਗਿਆ ।

ਮੰਤਰੀ : ਸਪੀਕਰ ਸਾਹਿਬ, ਵੈਸੇ ਤਾਂ ਮਾਨਯੋਗ ਮੈਂਬਰ ਸਾਹਿਬ, ਨੂੰ ਮਾਰਕਫੈਡ ਦੀ ਸਥਿਤੀ ਦੇ ਬਾਰੇ ਸਵਾਲ ਪੁੱਛਣ ਦੀ ਲੋੜ ਨਹੀਂ ਕਿਉਂਕਿ ਇਹ ਖੁਦ ਉਸਦੇ ਚੇਅਰਮੈਨ ਰਹੇ ਹਨ ।

ਸਰਦਾਰ ਅਮਰਜੀਤ ਸਿੰਘ ਸਮਰਾ : ਸਪੀਕਰ ਸਾਹਿਬ, ਇਹ ਜ਼ਿਮੀਂਦਾਰਾਂ ਦਾ ਅਦਾਰਾ ਹੈ ਅਤੇ ਇਸ ਨੂੰ ਬੜੀ ਬੇਰਹਿਮੀ ਨਾਲ ਲੁਟਿਆ ਜਾ ਰਿਹਾ ਹੈ ।

ਮੰਤਰੀ. ਸਮਰਾ ਸਾਹਿਬ, ਮੈਨੂੰ ਜਵਾਬ ਦੇ ਲੈਣ ਦਿਓ । ਜੇ ਮਾਰਕਫੈਡ ਦੇ ਅੰਦਰ ਸਪੀਕਰ ਸਾਹਿਬ, ਕੋਈ ਕਮੀਆਂ ਪੇਸ਼ੀਆਂ ਆਈਆਂ ਹਨ ਤਾਂ ਉਸਦੀ ਜ਼ਿੰਮੇਵਾਰੀ ਤਾਂ ਸਮਰਾ ਸਾਹਿਬ ਖੁਦ ਲੈਣਗੇ । ਇਨ੍ਹਾਂ ਨੇ ਵੈਸੇ ਸਹਿਕਾਰੀ ਅਦਾਰਿਆਂ ਬਾਰੇ ਕੋਈ ਜਾਣਕਾਰੀ ਨਹੀਂ ਮੰਗੀ । ਅਸੀਂ ਤਾਂ ਦੇਖੋ ਫਿਰ ਵੀ ਇੰਨਾ ਮੋਟਾ ਜਵਾਬ ਬਣਾ ਕੇ ਭੇਜਿਆ ਹੈ ।

ਸਰਦਾਰ ਅਮਰਜੀਤ ਸਿੰਘ ਸਮਰਾ. ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰ-ਯੋਗ ਕੈਪਟਨ ਕੰਵਲਜੀਤ ਸਿੰਘ ਤੋਂ......

ਸ੍ਰੀ ਸਪੀਕਰ: ਜੇ ਕੋਈ ਹੋਰ ਗੱਲ ਹੈ ਤਾਂ ਮੇਰੇ ਚੈਂਬਰ ਵਿੱਚ ਆ ਜਾਣਾ । ਕੋਆ-ਪ੍ਰੇਟਿਵ ਮਨਿਸਟਰ ਨਾਲ ਵੀ ਸਲਾਹ ਕਰ ਲਵਾਂਗੇ ਕਿਉਂਕਿ ਇਹ ਸਵਾਲ ਜ਼ਿਆਦਾ ਉਨ੍ਹਾਂ ਨਾਲ ਸਬੰਧਤ ਹੈ ।

ਸਰਦਾਰ ਅਮਰਜੀਤ ਸਿੰਘ ਸਮਰਾ : ਸਪੀਕਰ ਸਾਹਿਬ, ਪਹਿਲਾਂ 75 ਕਰੋੜ 15 ਲੱਖ ਦਾ ਪ੍ਰਾਫਿਟ ਸੀ ਪਰ ਹੁਣ ਘਾਟਾ ਪੈ ਗਿਆ ਹੈ । (ਵਿਘਨ) ਮੈਂ ਕਾਫੀ ਦਿਨ ਤੋਂ ਪਿੱਟ ਰਿਹਾ ਹਾਂ । ਮੈਂ ਪੁੱਛਣਾ ਚਾਹੁੰਦਾ ਹਾਂ ....

ਸ੍ਰੀ ਸਪੀਕਰ: ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ । ਇਹ ਜ਼ਿੰਮੇਵਾਰੀ ਤਾਂ ਤੁਹਾਡੇ ਤੇ ਹੀ ਆ ਜਾਵੇਗੀ । ਇਨ੍ਹਾਂ ਨੇ ਤਾਂ ਹੁਣ ਜ਼ਿੰਮੇਵਾਰੀ ਸੰਭਾਲੀ ਹੈ ।

ਸਰਦਾਰ ਅਮਰਜੀਤ ਸਿੰਘ ਸਮਰਾ: ਤੁਸੀਂ ਇਨਕੁਆਰੀ ਕਰਵਾਓ । ਮੇਰਾ ਤਾਂ ਇਹੀ ਪ੍ਰਸ਼ਨ ਹੈ ਕਿ ਕੀ ਮੰਤਰੀ ਜੀ ਇਹ ਯਕੀਨ ਦਿਵਾਉਣਗੇ ਕਿ ਇਸ ਦੀ ਇਨਕੁਆਇਰੀ ਸੀ. ਬੀ. ਆਈ. ਤੋਂ ਕਰਵਾਈ ਜਾਵੇਗੀ ਅਤੇ ਕਸੂਰਵਾਰਾਂ ਨੂੰ ਸਜ਼ਾ ਦਿੱਤੀ ਜਾਵੇਗੀ ?

ਮੰਤਰੀ. ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਮਾਰਕਫੈਡ ਦੇ ਬਤੌਰ ਚੇਅਰਮੈਨ ਰਹੇ ਹਨ ਅਤੇ ਇਹ ਆਪਣੇ ਕੰਮ-ਕਾਰ ਜਾਂ ਕਾਰਗੁਜ਼ਾਰੀ ਦੀ ਇਨਕੁਆਇਰੀ ਕਰਵਾਉਣੀ ਚਾਹੁੰਦੇ ਹਨ ਤਾਂ ਇਹ ਕਹਿ ਦੇਣ, ਅਸੀਂ ਇਨਕੁਆਇਰੀ ਕਰਵਾ ਦੇਵਾਂਗੇ ।

ਡਾਕਟਰ ਅੰਬੇਦਕਰ ਭਵਨਾਂ ਦੀ ਉਸਾਰੀ

*473. **ਚੌਧਰੀ ਜਗਜੀਤ ਸਿੰਘ:** ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ: —

(ੳ) ਕੀ ਸਰਕਾਰ ਦੀ ਰਾਜ ਦੇ ਸਾਰੇ ਜ਼ਿਲ੍ਹਿਆਂ ਵਿਚ ਡਾਕਟਰ ਅੰਬੇਦਕਰ ਭਵਨ ਬਣਾਉਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਰਾਜ ਵਿਚ ਅਜਿਹੇ ਜ਼ਿਲ੍ਹਿਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਅਜਿਹੇ ਭਵਨਾਂ ਦੀ ਉਸਾਰੀ ਮੁਕੰਮਲ ਕਰ ਲਈ ਗਈ ਹੈ ਅਤੇ ਉਨ੍ਹਾਂ ਭਵਨਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਇਸ ਸਮੇਂ ਉਸਾਰੀ ਅਧੀਨ ਹਨ;

(ਅ) ਅਜਿਹੇ ਜ਼ਿਲ੍ਹਿਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਵਿਚ ਡਾਕਟਰ ਅੰਬੇਦਕਰ ਭਵਨਾਂ ਦੀ ਉਸਾਰੀ ਅਜੇ ਤੱਕ ਸ਼ੁਰੂ ਨਹੀਂ ਕੀਤੀ ਗਈ ਹੈ ;

(ੲ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਜ਼ਿਲ੍ਹਿਆਂ ਵਿਚ ਉਕਤ ਭਵਨਾਂ ਦੀ ਉਸਾਰੀ ਲਈ ਕੋਈ ਫੰਡਜ਼ ਜਾਰੀ ਕੀਤੇ ਗਏ ਹਨ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੇ ਜ਼ਿਲ੍ਹਾਵਾਰ ਵੇਰਵੇ ਕੀ ਹਨ ?

ਸਰਦਾਰ ਗੁਰਦੇਵ ਸਿੰਘ ਬਾਦਲ: ਹਾਂ ਜੀ । ਰਾਜ ਸਰਕਾਰ ਵਲੋਂ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਡਾ. ਅੰਬੇਡਕਰ ਭਵਨ ਦੀ ਉਸਾਰੀ ਕਰਨ ਦੀ ਤਜਵੀਜ਼ ਹੈ । ਪੰਜ ਜ਼ਿਲ੍ਹਿਆਂ ਜ਼ਿਲ੍ਹਾ ਰੋਪੜ, ਗੁਰਦਾਸਪੁਰ, ਬਠਿੰਡਾ, ਫਰੀਦਕੋਟ ਅਤੇ ਪਟਿਆਲਾ ਵਿੱਚ ਭਵਨ ਮੁਕੰਮਲ ਹੋ ਗਏ ਹਨ ਅਤੇ ਇਸ ਸਮੇਂ ਤਿੰਨ ਜ਼ਿਲ੍ਹਿਆਂ ਜ਼ਿਲ੍ਹਾ ਫਿਰੋਜ਼ਪੁਰ, ਸੰਗਰੂਰ ਅਤੇ ਕਪੂਰਥਲਾ ਵਿਖੇ ਭਵਨ ਉਸਾਰੀ ਅਧੀਨ ਹਨ ।

(ਅ) ਜ਼ਿਲ੍ਹਾ ਅੰਮ੍ਰਿਤਸਰ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮਾਨਸਾ, ਮੋਗਾ, ਮੁਕਤਸਰ ਅਤੇ ਨਵਾਂਸ਼ਹਿਰ ਵਿਖੇ ਭਵਨ ਦੀ ਉਸਾਰੀ ਅਜੇ ਸ਼ੁਰੂ ਨਹੀਂ ਕੀਤੀ ਗਈ ।

(ੲ) ਜ਼ਿਲ੍ਹਾਵਾਰ ਡਾ. ਅੰਬੇਦਕਰ ਭਵਨ ਬਣਾਉਣ ਲਈ ਹੁਣ ਤੱਕ ਅਲਾਟ ਕੀਤੀ ਰਾਸ਼ੀ, ਜਾਰੀ ਕੀਤੀ ਹੋਈ ਰਾਸ਼ੀ ਅਤੇ ਕੁੱਲ ਕੀਤੇ ਗਏ ਖਰਚੇ ਦਾ ਵੇਰਵਾ ਅਨੁਲੱਗ 'ੳ' ਹੈ ਜੋ ਕਿ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ]

ਅਨੁਲੱਗ 'ੳ'

ਅੰਬੇਦਕਰ ਭਵਨ ਦੀ ਉਸਾਰੀ ਸਕੀਮ ਅਧੀਨ ਸਾਲ 1991-92 ਤੋਂ 1996-97 ਤੱਕ ਜ਼ਿਲ੍ਹਾਵਾਰ ਪ੍ਰਵਾਨਿਤ, ਰਲੀਜ਼ ਅਤੇ ਖਰਚ ਕੀਤੀ ਗਈ ਰਾਸ਼ੀ ਦਾ ਵੇਰਵਾ ।

(ਰਾਸ਼ੀ ਲੱਖਾਂ ਵਿਚ)

ਲੜੀ ਨੰ:	ਜ਼ਿਲ੍ਹਾ	ਕੁੱਲ ਪ੍ਰਵਾਨਿਤ ਉਪਬੰਧ	ਕੁੱਲ ਜਾਰੀ ਕੀਤੀ ਰਾਸ਼ੀ	ਕੁੱਲ ਖਰਚ ਕੀਤੀ ਰਾਸ਼ੀ
1	2	3	4	5
1.	ਬਠਿੰਡਾ	57.06	48.57	48.57
2.	ਫਰੀਦਕੋਟ	57.06	47.47	47.47
3.	ਗੁਰਦਾਸਪੁਰ	72.37	50.05	50.05
4.	ਪਟਿਆਲਾ	143.06	96.76	96.76
5.	ਰੋਪੜ	121.00	96.20	84.20
6.	ਸੰਗਰੂਰ	57.26	48.55	48.55
7.	ਫਿਰੋਜ਼ਪੁਰ	110.86	54.11	54.11
8.	ਕਪੂਰਥਲਾ	57.06	45.77	45.77
9.	ਅੰਮ੍ਰਿਤਸਰ	50.31	27.00	—
10.	ਫਤਿਹਗੜ੍ਹ ਸਾਹਿਬ	50.31	50.31	—
11.	ਹੁਸ਼ਿਆਰਪੁਰ	50.31	47.49	—
12.	ਜਲੰਧਰ	100.31	39.70	—
13.	ਲੁਧਿਆਣਾ	50.31	50.31	—
14.	ਮਾਨਸਾ	50.31	50.31	—
15.	ਨਵਾਂ ਸ਼ਹਿਰ	16.20	—	—
16.	ਮੋਗਾ	27.21	24.10	—
17.	ਮੁਕਤਸਰ	35.31	26.48	—
	ਕੁੱਲ ਜੋੜ	1,106.51	803.18	475.48

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਭਵਨਾਂ ਦੀ ਉਸਾਰੀ ਸ਼ੁਰੂ ਨਹੀਂ ਹੋਈ, ਕੀ ਉਹ ਇਸ ਸਾਲ ਸ਼ੁਰੂ ਹੋ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਜਿਹੜੇ ਭਵਨਾਂ ਦੀ ਉਸਾਰੀ ਸ਼ੁਰੂ ਨਹੀਂ ਹੋਈ, ਉਹ ਉਸਾਰੀ ਬਹੁਤ ਜਲਦੀ ਸ਼ੁਰੂ ਕੀਤੀ ਜਾਵੇਗੀ ਔਰ ਇਸੇ ਸਾਲ ਵਿੱਚ ਕੀਤੀ ਜਾਵੇਗੀ ।

श्रीमती लक्ष्मी कांता चावला : स्पीकर साहिब, मेरा आप से और मुख्य मन्त्री जी से यह निवेदन है कि जो अनुलग होता है, वह संबंधित मैंबर के पास तो चला जाता है पर इस की जानकारी सारे हाऊस को नहीं मिलती । मेरा प्रश्न है कि जो अंबेदकर भवन बनने हैं उन पर करीब एक अरब रूपए की राशी खर्च की जाएगी । क्या गरीब जनता को वह भवन सस्ते रेट पर मिल सकेंगे क्योंकि पंचायत भवन के रेट एम. एल. ए. और अफसरों के लिये 50 रूपए हैं और गरीब जनता के लिये 450 रूपए हैं ? क्या इस में ऐसी कोई कंडीशन तो नहीं लगाई जाएगी और किराया देने की क्या व्यवस्था होगी ?

ਮੰਤਰੀ : ਸਪੀਕਰ ਸਾਹਿਬ, ਇਸ ਭਵਨ ਨੂੰ ਸਾਂਝੇ ਤੌਰ ਤੇ ਹਰ ਗਰੀਬ ਔਰ ਹਰ ਬੰਦਾ ਵਰਤ ਸਕਦਾ ਹੈ ਅਤੇ ਰਹਿ ਸਕਦਾ ਹੈ । ਇਹ ਸਹੂਲਤ ਸਸਤੇ ਰੇਟ ਤੇ ਮੁਹੱਈਆ ਕੀਤੀ ਜਾਵੇਗੀ ।

श्रीमती लक्ष्मी कांता चावला : सस्ते की परिभाषा बता दें ।

ਮੰਤਰੀ : ਸਸਤੇ ਦੀ ਪਰਿਭਾਸ਼ਾ ਹੈ ਥੋੜ੍ਹੀ ਕੀਮਤ ਵਿੱਚ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪਲੀਮੈਂਟਰੀ, ਸਪੀਕਰ ਸਾਹਿਬ ।

ਸ੍ਰੀ ਸਪੀਕਰ : ਭੈਣ ਜੀ, ਤੁਸੀਂ ਹੁਣ ਬੈਠ ਜਾਉ ।

श्रीमती लक्ष्मी कांता चावला : अगर आप कहते हैं तो बैठ जाती हूं लेकिन सस्ते की परिभाषा क्या है ? अमीर और गरीब के सस्ते में अंतर है ।

ਸ੍ਰੀ ਸਪੀਕਰ : ਅਸੀਂ ਤਾਂ ਉਥੇ ਘੱਟ ਹੀ ਠਹਿਰਦੇ ਹਾਂ ।

श्रीमती लक्ष्मी कांता चावला : पंचायत भवनों में 450 रुपये लिये जाते हैं ।

ਸ੍ਰੀ ਸਪੀਕਰ : ਅੰਬੇਦਕਰ ਭਵਨ ਇਸ ਤਰ੍ਹਾਂ ਦੇ ਨਹੀਂ ਹਨ ।

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਹੀ ਵੱਖਰਾ ਬਣਦਾ ਹੈ ਅਤੇ ਢੁੱਕਵਾਂ ਵੀ ਨਹੀਂ ਹੈ ।

———

STARRED QUESTIONS AND ANSWERS

ਤਹਿਸੀਲ ਗੜ੍ਹਸ਼ੰਕਰ ਦੇ ਦਿਹਾਤੀ ਇਲਾਕਿਆਂ ਵਿਚ ਜਲ ਘਰਾਂ ਦੀ ਗਿਣਤੀ

*565. **ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ** : ਕੀ ਖੁਰਾਕ ਅਤੇ ਸਪਲਾਈਜ਼ ਅਤੇ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਦੇ ਦਿਹਾਤੀ ਇਲਾਕਿਆਂ ਵਿਚ ਪੀਣ ਵਾਲਾ ਪਾਣੀ ਸਪਲਾਈ ਕਰਨ ਲਈ ਲਗਾਏ ਜਲ ਘਰਾਂ (ਪਾਣੀ ਦੀਆਂ ਟੈਂਕੀਆਂ) ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਅਜਿਹੇ ਹਰ ਇਕ ਜਲ ਘਰ ਦੁਆਰਾ ਪੀਣ ਵਾਲਾ ਪਾਣੀ ਕੁੱਲ ਕਿੰਨੇ ਪਿੰਡਾਂ ਨੂੰ ਸਪਲਾਈ ਕੀਤਾ ਜਾ ਰਿਹਾ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਉਨ੍ਹਾਂ ਜਲ ਘਰਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਬੀਟ ਇਲਾਕੇ ਵਿਚ ਸਥਿਤ ਹਨ;

(ੲ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਤਹਿਸੀਲ ਵਿਚ ਸਾਲ 1997-98 ਦੇ ਦੌਰਾਨ ਹੋਰ ਜਲ ਘਰ ਬਣਾਉਣ ਦੀ ਸਰਕਾਰ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ ?

Shri Madan Mohan Mittal: (a) 51 number water-works have been installed from where potable drinking water is being supplied to 270 villages. The details as at annexure-A are placed on the table of the House.

(b) 3 number water-works are situated in the Beet area.

(c) No, sir.

ANNEXURE 'A'

1.	Beet Ilaqua	=	3 No. Water-works	=	23 No. Villages
2.	Kandi Area	=	19 No. Water-works	=	99 No. Villages
3.	Plain Area	=	29 No. Water-works	=	148 No. Villages
	Total	=	51 No. Water-works	=	270 No. Villages

ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਤਿੰਨ ਵਾਟਰ ਵਰਕਸ ਬੀਟ ਏਰੀਏ ਵਿੱਚ ਕੰਮ ਕਰ ਰਹੇ ਹਨ । ਇਨ੍ਹਾਂ ਵਿਚੋਂ ਇਕ ਵਾਟਰ ਵਰਕਸ ਬੀਟ ਦੇ ਲਗਭਗ 25 ਪਿੰਡਾਂ ਨੂੰ ਪਾਣੀ ਦੇ ਰਿਹਾ ਹੈ ਜਿਥੇ ਕਿ ਪਾਣੀ ਕਿਸੇ ਤਰ੍ਹਾਂ ਵੀ ਉਪਲੱਬਧ ਨਹੀਂ ਹੈ । ਇਹ ਹੈ ਹਰੀਪੁਰ ਪਲਾਟਾਂ, ਜਿਸ ਨੂੰ ਮਹਿਲਪੁਰ ਤੋਂ ਪਾਣੀ ਆਉਂਦਾ ਹੈ । ਦੂਸਰਾ ਹੈ ਰਾਮਪੁਰ ਬਿਲੜਾ, ਜਿਸ ਨੂੰ ਬਾਰਪੁਰ ਤੋਂ ਪਾਣੀ ਆਉਂਦਾ ਹੈ ਔਰ ਇਹ ਵਾਟਰ ਵਰਕਸ ਖੂਹ ਵਿੱਚ ਲੱਗਿਆ ਹੈ । ਪਿਛਲੇ ਦਿਨੀਂ

ਵਾਟਰ ਵਰਕਸ ਤੋਂ ਲੋਕਾਂ ਨੂੰ 6-6 ਦਿਨ ਪੀਣ ਲਈ ਪਾਣੀ ਨਹੀਂ ਮਿਲਿਆ। ਜਿਸ ਤਰ੍ਹਾਂ ਬਾਰਾਪੁਰ ਵਾਟਰ ਵਰਕਸ ਹੈ, ਉਥੇ ਜਿਹੜਾ ਜੈਨਰੇਟਰ ਸੀ ਮਹਿਕਮਾ ਉਸ ਨੂੰ ਚੁੱਕ ਕੇ ਕਿਤੇ ਹੋਰ ਪਾਸੇ ਲੈ ਗਿਆ ਹੈ। ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਜੈਨਰੇਟਰ ਉਥੇ ਕੰਮ ਕਰ ਰਿਹਾ ਸੀ, ਕੀ ਦੁਬਾਰਾ ਫਿਰ ਉਥੇ ਰਖਵਾਇਆ ਜਾਵੇਗਾ ਤਾਂ ਕਿ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਅਸੁਵਿਧਾ ਨਾ ਰਹੇ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਦੱਸਿਆ ਹੈ ਕਿ ਜੈਨਰੇਟਰ ਉਥੇ ਇਨਸਟਾਲਡ ਸੀ ਔਰ ਚੁੱਕ ਲਿਆ ਗਿਆ ਹੈ। It must be restored back at the same position. ਔਰ ਅੱਗੇ ਵਾਸਤੇ ਵੀ ਵਾਟਰ ਸਪਲਾਈ ਰੈਗੂਲਰ ਚਲਦੀ ਰਹੇਗੀ। ਡਿਪਾਰਟਮੈਂਟ ਜ਼ਰੂਰ ਇਸ ਵੱਲ ਧਿਆਨ ਦੇਵੇਗਾ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਸਪੀਕਰ ਸਾਹਿਬ, ਇਸ ਦੇ ਲਈ ਧੰਨਵਾਦ ਜੀ। ਲੇਕਿਨ ਮੈਂ ਇਸ ਦੇ ਵਿੱਚ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਡੱਲੇਵਾਲ ਪਿੰਡ ਦੇ ਵਿੱਚ ਇਕ ਨਵੇਂ ਟਿਊਬਵੈੱਲ ਦੀ ਵਿਵਸਥਾ ਦੇ ਲਈ ਐਸਟੀਮੇਟ ਲਗਾਇਆ ਗਿਆ ਹੈ ਜਿਹੜਾ ਕਿ ਲਗਭਗ ਇੱਕ ਕਰੋੜ ਤੋਂ ਉਤੇ ਬਣਦਾ ਹੈ। ਉਸ ਟਿਊਬਵੈੱਲ ਦੇ ਲੱਗਣ ਨਾਲ ਬੀਤ ਏਰੀਏ ਦੀ ਪੀਣ ਵਾਲੇ ਪੀਣ ਦੀ ਸਮੱਸਿਆ ਬਹੁਤ ਵੱਡੀ ਪੱਧਰ ਤੇ ਹੱਲ ਹੋ ਸਕਦੀ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਚਾਲੂ ਸਾਲ ਦੇ ਦੌਰਾਨ ਇਸ ਟਿਊਬਵੈੱਲ ਦੀ ਕੋਈ ਵਿਵਸਥਾ ਹੋ ਸਕਦੀ ਹੈ ?

ਮੰਤਰੀ : ਸਪੀਕਰ ਸਾਹਿਬ, 19 ਮਈ, 1997 ਨੂੰ ਕੇਸ ਫੰਡ ਉਪਲਬੱਧ ਕਰਨ ਵਾਸਤੇ ਭੇਜਿਆ ਹੈ। ਇਹ 120 ਲੱਖ ਰੁਪਏ ਦੀ ਸਕੀਮ ਹੈ ਔਰ ਡਿਸਟ੍ਰਿਕਟ ਪਲੈਨਿੰਗ ਬੋਰਡ ਨੂੰ ਭੇਜੀ ਗਈ ਹੈ ਜਦੋਂ ਉਥੋਂ ਮਨਜ਼ੂਰੀ ਆਵੇਗੀ ਔਰ ਜਦੋਂ ਪੈਸੇ ਆਉਣਗੇ ਤਾਂ ਇਹ ਕੰਮ ਜ਼ਰੂਰ ਕਰ ਦਿੱਤਾ ਜਾਵੇਗਾ। Hon'ble Member is Member of that Planning Board,——ਇਹ ਉਥੋਂ ਪਾਸ ਕਰਵਾ ਲੈਣ, I assure that it will be done.

ਸ੍ਰੀ ਸਪੀਕਰ : ਪਾਣੀ ਪੀਣ ਦਾ ਮਸਲਾ ਹੈ, ਇਸ ਲਈ ਸਾਰੇ ਹੀ ਜਲਦੀ ਕਰਨਗੇ।

ਜ਼ਿਲ੍ਹਾ ਪ੍ਰੀਸ਼ਦ, ਨਵਾਂ ਸ਼ਹਿਰ ਲਈ ਆਸਾਮੀਆਂ ਦੀ ਮਨਜ਼ੂਰੀ

*468 **ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲਾ ਨਵਾਂ ਸ਼ਹਿਰ ਵਿਚ ਜ਼ਿਲ੍ਹਾ ਪ੍ਰੀਸ਼ਦ ਦੇ ਦਫ਼ਤਰ ਵਿਚ ਕੋਈ ਅਜਿਹੀਆਂ ਆਸਾਮੀਆਂ ਹਨ ਜਿਹੜੀਆਂ ਅਜੇ ਮਨਜ਼ੂਰ ਕੀਤੀਆਂ ਜਾਣੀਆਂ ਹਨ ਜੇਕਰ ਅਜਿਹਾ ਹੋਵੇ, ਤਾਂ ਉਕਤ ਆਸਾਮੀਆਂ ਦੇ ਕਦੋਂ ਤਕ ਮਨਜ਼ੂਰ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਨਿਰਮਲ ਸਿੰਘ ਕਾਹਲੋਂ : ਨਹੀਂ ਜੀ।

ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਜ਼ਿਲ੍ਹਾ ਪ੍ਰੀਸ਼ਦ, ਨਵਾਂ ਸ਼ਹਿਰ ਵਿੱਚ ਇਸ ਵਕਤ ਕਿੰਨੇ ਆਦਮੀ ਕੰਮ ਕਰ ਰਹੇ ਹਨ ?

ਸ਼੍ਰੀ ਸਪੀਕਰ : ਸਵਾਲ ਦੁਬਾਰਾ ਰਿਪੀਟ ਕਰੋ ।

ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਮੈਂ ਪੁੱਛ ਰਿਹਾ ਸੀ ਕਿ ਜ਼ਿਲ੍ਹਾ ਪ੍ਰੀਸ਼ਦ, ਨਵਾਂ ਸ਼ਹਿਰ ਵਿੱਚ ਇਸ ਵਕਤ ਕਿੰਨੇ ਆਦਮੀ ਕੰਮ ਕਰ ਰਹੇ ਹਨ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ,, ਨਵਾਂ ਸ਼ਹਿਰ ਦੇ ਜ਼ਿਲ੍ਹਾ ਬਣਨ ਤੋਂ ਬਾਅਦ ਜਿਹੜਾ ਕਿ 10 ਮਾਰਚ, 1997 ਨੂੰ ਬਣਿਆ ਹੈ, ਉਸ ਦੇ ਵਿੱਚ 10 ਮਾਰਚ, 1997 ਨੂੰ ਇੱਕ ਐਡਮਨਿਸਟ੍ਰੇਟਰ ਲਾਇਆ ਗਿਆ ਜਿਹੜੇ ਕਿ ਡੀ. ਸੀ. ਸਾਹਿਬ ਸਨ । ਚੀਫ਼ ਐਗਜ਼ੈਕਟਿਵ ਅਫਸਰ, ਏ. ਡੀ. ਸੀ. ਉਥੇ ਆਲਰੈਡੀ ਵਰਕ ਕਰ ਰਿਹਾ ਸੀ । ਇੱਕ ਡਿਪਟੀ ਈ. ਓ. ਲਾਇਆ ਹੈ ਅਤੇ ਇਕ ਸੁਪਰਡੰਟ ਗ੍ਰੇਡ-2 ਲਾਇਆ ਹੈ ।

ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਬ, ਕੋਈ ਹਫਤਾ ਕੁ ਪਹਿਲਾਂ ਮੰਤਰੀ ਜੀ ਦਾ ਜਵਾਬ ਮੈਨੂੰ ਆਇਆ ਸੀ ਕਿ ਨਵਾਂ ਸ਼ਹਿਰ ਜ਼ਿਲ੍ਹਾ ਪ੍ਰੀਸ਼ਦ 20 ਜੂਨ, 1996 ਨੂੰ ਕਾਂਸਟੀਚਿਊਟ ਕੀਤਾ ਗਿਆ । ਇੱਕ ਸਾਲ ਕਾਂਸਟੀਚਿਊਟ ਹੋਏ ਨੂੰ ਹੋ ਗਿਆ ਹੈ । ਮੰਤਰੀ ਜੀ ਨੇ ਦੱਸਿਆ ਹੈ ਕਿ 20 ਜੂਨ, 1996 ਨੂੰ ਕਾਂਸਟੀਚਿਊਟ ਕੀਤਾ ਹੈ ਪਰ ਉਥੇ ਕੋਈ ਵੀ ਆਦਮੀ ਕੰਮ ਨਹੀਂ ਕਰ ਰਿਹਾ । ਕੀ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਸ ਦੇ ਵਿਚ ਸਚਾਈ ਕੀ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, 20 ਜੂਨ, 1996 ਨੂੰ ਇਹ ਜ਼ਿਲ੍ਹਾ ਪ੍ਰੀਸ਼ਦ ਕਾਂਸਟੀਚਿਊਟ ਕੀਤਾ ਗਿਆ । ਇਸ ਦੇ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਹੈ । ਐਡਮਨਿਸਟਰੇਟਰ ਜੋ ਡੀ. ਸੀ. ਲਾਏ ਹਨ, ਉਹ 10 ਮਾਰਚ, 1997 ਨੂੰ ਔਰ ਬਾਕੀ ਮੈਂ ਦੱਸਿਆ ਹੈ ਕਿ ਅਫਸਰ ਸਾਹਿਬਾਨ ਬਾਅਦ ਵਿਚ ਲਾਏ ਹਨ ।

ਕੈਦੀਆਂ ਦੀ ਰਿਹਾਈ

*539. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਕੈਦੀਆਂ ਨੂੰ ਦਿੱਤੀ ਗਈ ਸਜ਼ਾ ਮੁਆਫ ਕਰਨ ਸਬੰਧੀ ਫ਼ਰਵਰੀ, 1997 ਦੇ ਮਹੀਨੇ ਦੇ ਦੌਰਾਨ ਸਰਕਾਰ ਨੇ ਕੋਈ ਐਲਾਨ ਕੀਤਾ ਸੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਉਨ੍ਹਾਂ ਜੇਲ੍ਹਾਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਤੋਂ ਉਕਤ ਐਲਾਨ ਦੇ ਆਧਾਰ ਤੇ ਕੈਦੀਆਂ ਨੂੰ ਰਿਹਾਅ ਕੀਤਾ ਗਿਆ ਹੈ ਅਤੇ ਹਰ ਇਕ ਕੈਦੀ, ਜਿਨ੍ਹਾਂ ਦੀ ਸਜ਼ਾ ਮੁਆਫ ਕੀਤੀ ਗਈ ਹੈ, ਦਾ ਜੇਲ੍ਹ-ਵਾਰ ਨਾਂ, ਉਮਰ ਅਤੇ ਉਸ ਦੁਆਰਾ ਕੀਤੇ ਗਏ ਅਪਰਾਧ ਦੀ ਕਿਸਮ ਕੀ-ਕੀ ਹੈ ?

ਸ੍ਰੀ ਮਦਨ ਮੋਹਨ ਮਿੱਤਲ (ਖੁਰਾਕ ਅਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ) . (ੳ) ਹਾਂ ਜੀ, ਸਰਕਾਰ ਵੱਲੋਂ ਮਿਤੀ 13 ਫਰਵਰੀ, 1997 ਨੂੰ ਕੇਂਦਰੀ ਜੇਲ੍ਹ, ਅੰਮ੍ਰਿਤਸਰ ਵਿਖੇ ਇਹ ਐਲਾਨ ਕੀਤਾ ਗਿਆ ਹੈ ।

(ਅ) ਜੇਲ੍ਹ ਦਾ ਨਾਂ ਅਤੇ ਕੈਦੀਆਂ ਦੀ ਗਿਣਤੀ ਜੋ ਇਸ ਮੁਆਫੀ ਅਧੀਨ ਰਿਹਾਅ ਕੀਤੇ ਗਏ, ਦਾ ਵੇਰਵਾ ਅਨੁਲੱਗ 'ੳ' ਤੇ ਨੱਥੀ ਕੀਤਾ ਜਾਂਦਾ ਹੈ ।

ਮਿਤੀ 13 ਫਰਵਰੀ, 1997 ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀ ਵਿਸ਼ੇਸ਼ ਮੁਆਫੀ ਅਧੀਨ ਰਿਹਾਅ ਕੀਤੇ ਕੈਦੀਆਂ ਦੇ ਜੇਲ੍ਹਵਾਰ ਨਾਂ, ਉਮਰ ਅਤੇ ਹਰ ਕੈਦੀ ਵੱਲੋਂ ਕੀਤੇ ਅਪਰਾਧ ਸਬੰਧੀ ਸੂਚੀ ਅਨੁਲੱਗ 'ਅ' ਤੇ ਨੱਥੀ ਕੀਤੀ ਜਾਂਦੀ ਹੈ ।

ਅਨੁਲੱਗ 'ੳ'

ਲੜੀ ਨੰ:	ਜੇਲ੍ਹਾਂ ਦਾ ਨਾਂ	ਕੈਦੀਆਂ ਦੀ ਗਿਣਤੀ
1	2	3
1.	ਕੇਂਦਰੀ ਜੇਲ੍ਹ, ਫਿਰੋਜ਼ਪੁਰ	25
2.	ਕੇਂਦਰੀ ਜੇਲ੍ਹ, ਪਟਿਆਲਾ	13
3.	ਕੇਂਦਰੀ ਜੇਲ੍ਹ, ਅੰਮ੍ਰਿਤਸਰ	09
4.	ਕੇਂਦਰੀ ਜੇਲ੍ਹ, ਬਠਿੰਡਾ	08
5.	ਕੇਂਦਰੀ ਜੇਲ੍ਹ, ਗੁਰਦਾਸਪੁਰ	06
6.	ਕੇਂਦਰੀ ਜੇਲ੍ਹ, ਜਲੰਧਰ	08
7.	ਕੇਂਦਰੀ ਜੇਲ੍ਹ, ਲੁਧਿਆਣਾ	14
8.	ਬੋਰਸਟਲ ਜੇਲ੍ਹ, ਲੁਧਿਆਣਾ	01
9.	ਜ਼ਨਾਨਾ ਜੇਲ੍ਹ, ਪਟਿਆਲਾ	03
10.	ਜ਼ਿਲ੍ਹਾ ਜੇਲ੍ਹ, ਕਪੂਰਥਲਾ	04
11.	ਜ਼ਿਲ੍ਹਾ ਜੇਲ, ਫਰੀਦਕੋਟ	08
12.	ਜ਼ਿਲ੍ਹਾ ਜੇਲ੍ਹ, ਹੁਸ਼ਿਆਰਪੁਰ	17
13.	ਜ਼ਿਲ੍ਹਾ ਜੇਲ੍ਹ, ਸੰਗਰੂਰ	09
14.	ਜ਼ਿਲ੍ਹਾ ਜੇਲ੍ਹ, ਨਾਭਾ	09
15.	ਸਬ-ਜੇਲ੍ਹ, ਫਾਜ਼ਿਲਕਾ	01
16.	ਸਬ-ਜੇਲ੍ਹ, ਫਗਵਾੜਾ	01
	ਕੁਲ ਜੋੜ :	136

ਅਨੁਲੱਗ ਅ

ਮਿਤੀ 13 ਫਰਵਰੀ, 1997 ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀ ਮੁਆਫੀ ਅਧੀਨ ਰਿਹਾਅ ਕੀਤੇ ਕੈਦੀਆਂ ਦੇ ਜ਼ੇਲ੍ਹਵਾਰ ਨਾਂ, ਉਮਰ ਅਤੇ ਹਰ ਕੈਦੀ ਵੱਲੋਂ ਕੀਤੇ ਅਪਰਾਧ ਸਬੰਧੀ ਸੂਚੀ ।

ਲੜੀ ਨੰ :	ਜ਼ੇਲ੍ਹ ਦਾ ਨਾਂ	ਕੈਦੀ ਦਾ ਨਾਂ	ਉਮਰ	ਅਪਰਾਧ
1	2	3	4	5
1.	ਕੇਂਦਰੀ ਜੇਲ੍ਹ, ਫਿਰੋਜ਼ਪੁਰ	1. ਬੂਟਾ ਸਿੰਘ	26 ਸਾਲ	25 ਏ. ਐਕਟ
		2. ਕ੍ਰਿਸ਼ਨ ਕੁਮਾਰ	22 ਸਾਲ	411 ਆਈ. ਪੀ. ਸੀ.
		3. ਨਾਨਕ ਸਿੰਘ	31 ਸਾਲ	61 ਐਕਸ ਐਕਟ
		4. ਪੰਨੂ	35 ਸਾਲ	61 ਐਕਸ ਐਕਟ
		5. ਮੱਖਣ ਸਿੰਘ	50 ਸਾਲ	61 ਐਕਸ ਐਕਟ
		6. ਗੁਰਦੀਪ ਸਿੰਘ	28 ਸਾਲ	61 ਐਕਸ ਐਕਟ
		7. ਰਾਜ	21 ਸਾਲ	33 ਏ. ਐਕਟ
		8. ਬਲਵਿੰਦਰ ਸਿੰਘ	39 ਸਾਲ	304-ਏ. ਆਈ. ਪੀ. ਸੀ.
		9. ਬਲਦੇਵ ਸਿੰਘ	35 ਸਾਲ	307/34 ਆਈ. ਪੀ. ਸੀ.

10.	ਕੁਲਬੀਰ ਸਿੰਘ	38 ਸਾਲ	9 ਔਪਿਅਮ ਐਕਟ
11.	ਤਾਰਾ ਸਿੰਘ	27 ਸਾਲ	61 ਈ. ਐਕਸ. ਐਕਟ
12.	ਹਰਭਜਨ ਸਿੰਘ	40 ਸਾਲ	61 ਈ. ਐਕਸ. ਐਕਟ
13.	ਪਾਲਾ ਸਿੰਘ	30 ਸਾਲ	61 ਈ. ਐਕਸ. ਐਕਟ
14.	ਬੱਗੂ	25 ਸਾਲ	61 ਈ. ਐਕਸ. ਐਕਟ
15.	ਉਜਾਗਰ ਸਿੰਘ	51 ਸਾਲ	279, 304-ਏ. ਆਈ. ਪੀ. ਸੀ.
16.	ਸੋਹਣ ਸਿੰਘ	60 ਸਾਲ	61 ਐਕਸ ਐਕਟ
17.	ਸੁਰਿੰਦਰ ਕੁਮਾਰ	31 ਸਾਲ	411/31 ਆਈ. ਪੀ. ਸੀ.
18.	ਬਲਬੀਰ ਸਿੰਘ	35 ਸਾਲ	61 ਈ. ਐਕਸ/ਐਕਟ/ਏ. ਸੀ. ਟੀ.
19.	ਰੰਗੀ ਰਾਮ	22 ਸਾਲ	25 ਏ. ਐਕਟ
20.	ਸੁਖਦੇਵ ਸਿੰਘ	35 ਸਾਲ	61 ਐਕਸ-ਐਕਟ
21.	ਬੱਗਾ ਸਿੰਘ	65 ਸਾਲ	—ਉਹੀ—
22.	ਸੁਰਜੀਤ ਸਿੰਘ	28 ਸਾਲ	—ਉਹੀ—
23.	ਬਲਵਿੰਦਰ ਸਿੰਘ	21 ਸਾਲ	—ਉਹੀ—
24.	ਰਾਮ ਸਿੰਘ	35 ਸਾਲ	—ਉਹੀ—
25.	ਕੌਰ ਸਿੰਘ	30 ਸਾਲ	23 ਏ. ਐਕਟ

1	2	3		4	5
2.	ਕੇਂਦਰੀ ਜੇਲ੍ਹ, ਪਟਿਆਲਾ	26.	ਪਵਿੱਤਰ ਸਿੰਘ	25 ਸਾਲ	304/34 ਆਈ. ਪੀ. ਸੀ.
		27.	ਮੋਹਨ ਸਿੰਘ	22 ਸਾਲ	—ਉਹੀ—
		28.	ਸੁਖਦੇਵ ਸਿੰਘ	35 ਸਾਲ	325/324/ਆਈ.ਪੀ.ਸੀ.
		29.	ਮਹਿੰਦਰ ਸਿੰਘ	30 ਸਾਲ	411 ਆਈ. ਪੀ. ਸੀ.
		30.	ਸਰਬਨ ਸਿੰਘ	40 ਸਾਲ	279/337/338 ਆਈ. ਪੀ. ਸੀ.
		31.	ਮਹਿੰਦਰ ਸਿੰਘ	58 ਸਾਲ	—ਉਹੀ—
		32.	ਰਾਮ ਦੇਵ	67 ਸਾਲ	276 ਇਨਕਮ ਟੈਕਸ ਅਕਟ
		33.	ਜਗਦੇਵ ਸਿੰਘ	27 ਸਾਲ	325/324/34 ਆਈ. ਪੀ. ਸੀ.
		34.	ਨਾਹਰ ਸਿੰਘ	70 ਸਾਲ	307/326/34 ਆਈ. ਪੀ. ਸੀ.
		35.	ਹਰਬੰਸ ਸਿੰਘ	33 ਸਾਲ	304 ਆਈ. ਪੀ. ਸੀ.
		36.	ਰਾਜਿੰਦਰ ਸਿੰਘ	20 ਸਾਲ	25/54/50 ਏ. ਐਕਟ
		37.	ਜੁਗਰਾਜ ਸਿੰਘ	51 ਸਾਲ	279/304 ਏ. ਆਈ. ਪੀ. ਸੀ.
		38.	ਸੰਜੇ ਕੁਮਾਰ	20 ਸਾਲ	61 ਐਕਸ. ਐਕਟ

3. ਕੇਂਦਰੀ ਜੇਲ੍ਹ, ਅੰਮ੍ਰਿਤਸਰ	39.	ਸੋਹਣ ਸਿੰਘ	35 ਸਾਲ	304 ਆਈ. ਪੀ. ਸੀ.
	40.	ਅਜੀਤ ਸਿੰਘ	50 ਸਾਲ	—ਉਹੀ—
	41.	ਜਗੀਰ ਸਿੰਘ	38 ਸਾਲ	304 ਆਈ.ਪੀ.ਸੀ
	42.	ਗੁਰਮੇਜ ਸਿੰਘ	48 ਸਾਲ	338/279 ਆਈ.ਪੀ.ਸੀ
	43.	ਪ੍ਰਕਾਸ਼ ਸਿੰਘ	25 ਸਾਲ	304 ਆਈ.ਪੀ.ਸੀ. ਪਾਰਟ-2
	44.	ਪਰਗਟ ਸਿੰਘ	38 ਸਾਲ	307 ਆਈ.ਪੀ.ਸੀ.
	45.	ਜੋਗਾ ਸਿੰਘ	30 ਸਾਲ	306/304 ਆਈ.ਪੀ.ਸੀ.
	46.	ਰੇਸ਼ਮ ਸਿੰਘ	36 ਸਾਲ	304 ਆਈ.ਪੀ.ਸੀ.
	47.	ਤਰਲੋਕ ਸਿੰਘ	38 ਸਾਲ	326 ਆਈ.ਪੀ.ਸੀ.
4. ਕੇਂਦਰੀ ਜੇਲ੍ਹ, ਬਠਿੰਡਾ	48.	ਬੂਰਾ ਸਿੰਘ	50 ਸਾਲ	307/326/324 ਆਈ. ਪੀ. ਸੀ.
	49.	ਧਿਆਨ ਸਿੰਘ	55 ਸਾਲ	90 ਪੀ.ਐਕਟ
	50.	ਕਰਨੈਲ ਸਿੰਘ	45 ਸਾਲ	307/326/324 ਆਈ.ਪੀ.ਸੀ.
	51.	ਬਲਰਾਮ ਸਿੰਘ	25 ਸਾਲ	—ਉਹੀ—
	52.	ਪ੍ਰਿਤਪਾਲ ਸਿੰਘ	30 ਸਾਲ	326/324/323 ਆਈ.ਪੀ.ਸੀ
	53.	ਹਰਦਿਆਲ ਸਿੰਘ	27 ਸਾਲ	304 ਏ./337/338 ਆਈ.ਪੀ.ਸੀ.
	54.	ਲਲਿਤਾ ਪ੍ਰਸ਼ਾਦ	23 ਸਾਲ	411 ਆਈ.ਪੀ.ਸੀ.
	55.	ਸੁਰਿੰਦਰ ਕੁਮਾਰ	44 ਸਾਲ	5(1) (ਡੀ.) ਆਰ : 5(2) ਐਕਟ 161 ਆਈ.ਪੀ.ਸੀ.

[ਖੁਰਾਕ ਅਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ]

1	2	3		4	5
5.	ਕੇਂਦਰੀ ਜੇਲ੍ਹ, ਗੁਰਦਾਸਪੁਰ	56.	ਰਾਜਕੁਮਾਰ	42 ਸਾਲ	$61\frac{1}{14}$ ਪੀ.ਬੀ.ਈ. ਐਕਸ. ਐਕਟ
		57.	ਕਰਤਾਰ ਸਿੰਘ	40 ਸਾਲ	23 ਏ ਐਕਟ
		58.	ਜੋਗਿੰਦਰ ਪਾਲ	70 ਸਾਲ	16(ਏ.)(1) ਸੈਕਸ਼ਨ 7(2)
		59.	ਸ਼ਕਤੀ ਕੁਮਾਰ	21 ਸਾਲ	377 ਆਈ.ਪੀ.ਸੀ.
		60.	ਪਵਨ ਸਿੰਘ	30 ਸਾਲ	457/380/ਆਈ.ਪੀ.ਸੀ.
		61.	ਜੈ ਪ੍ਰਕਾਸ਼ ਉਰਫ ਬੰਟੀ	20 ਸਾਲ	304/ਪਾਰਟ-1 ਆਈ.ਪੀ.ਸੀ.
5.	ਕੇਂਦਰੀ ਜੇਲ੍ਹ, ਜਲੰਧਰ	62.	ਨਰੇਸ਼ ਕੁਮਾਰ	26 ਸਾਲ	376, 34 ਆਈ.ਪੀ.ਸੀ
		63.	ਮੱਖਣ ਸਿੰਘ	23 ਸਾਲ	304 ਏ.ਆਈ.ਪੀ.ਸੀ
		64.	ਜਰਨੈਲ ਸਿੰਘ	23 ਸਾਲ	279, 304 ਏ.ਆਈ.ਪੀ.ਸੀ
		65.	ਹਰਜਿੰਦਰ ਸਿੰਘ	30 ਸਾਲ	302, 148, ਆਈ.ਪੀ.ਸੀ.
		66.	ਸਤਨਾਮ ਸਿੰਘ	37 ਸਾਲ	306 ਆਈ.ਪੀ.ਸੀ.
		67.	ਦਿਨੇਸ਼ ਕੁਮਾਰ	24 ਸਾਲ	457, 380, 411 ਆਈ.ਪੀ.ਸੀ.
		68.	ਲਖਬੀਰ ਸਿੰਘ	23 ਸਾਲ	392, 394, ਆਈ.ਪੀ.ਸੀ.
		69.	ਭੁਪਿੰਦਰ ਸਿੰਘ	26 ਸਾਲ	279, 337, 304 ਏ,ਆਈ.ਪੀ. ਸੀ.

6. ਕੇਂਦਰੀ ਜੇਲ੍ਹ ਲੁਧਿਆਣਾ	70.	ਬੱਤੇ ਸਿੰਘ	35 ਸਾਲ	458, 380, ਆਈ.ਪੀ.ਸੀ.
	71.	ਜਗਤੂ ਸਿੰਘ	22 ਸਾਲ	25 ਏ. ਐਕਟ
	72.	ਜਗਤਾਰ ਸਿੰਘ	40 ਸਾਲ	304 ਏ./338/279/427 ਆਈ.ਪੀ.ਸੀ.
	73.	ਨਛੱਤਰ ਸਿੰਘ	40 ਸਾਲ	304/ਏ./338/279/427 ਆਈ.ਪੀ.ਸੀ
	74.	ਅਮਰੀਕ ਸਿੰਘ	28 ਸਾਲ	279/304/ਏ.ਆਈ.ਪੀ.ਸੀ.
	75.	ਹਰਬੰਸ ਸਿੰਘ	37 ਸਾਲ	304/ਏ. 279. ਆਈ.ਪੀ.ਸੀ.
	76.	ਗੁਰਦੀਪ ਸਿਘ	26 ਸਾਲ	408 ਆਈ.ਪੀ.ਸੀ./409
	77.	ਦਰਸ਼ਨ ਸਿੰਘ	26 ਸਾਲ	323 ਆਈ.ਪੀ.ਸੀ.
	78.	ਕਾਬਲ ਸਿੰਘ	28 ਸਾਲ	279, 304-ਏ.ਆਈ.ਪੀ.ਸੀ.
	79.	ਕਰਤਾਰ ਸਿੰਘ	70 ਸਾਲ	323/34 ਆਈ.ਪੀ.ਸੀ.
	80.	ਜਗਜੀਤ ਸਿੰਘ	32 ਸਾਲ	323-34 ਆਈ.ਪੀ.ਸੀ.
	81.	ਵਿਜੈ ਕੁਮਾਰ	32 ਸਾਲ	25 $\frac{54}{58}$ ਏ.ਐਕਟ
	82.	ਬਖਤਾਰ ਸਿੰਘ	40 ਸਾਲ	$61\frac{1}{14}$ ਐਕਸ, ਐਕਟ
	83.	ਦੀਪ ਸਿੰਘ	32 ਸਾਲ	—ਉਹੀ—

1	2	3	4	5
7.	ਬੋਰਸਟਲ ਜੇਲ੍ਹ, ਲੁਧਿਆਣਾ	84. ਦਿਲਬਾਗ ਸਿੰਘ	20 ਸਾਲ	307/ਆਈ.ਪੀ.ਸੀ.
8.	ਜਨਾਨਾ ਜੇਲ੍ਹ, ਲੁਧਿਆਣਾ	85. ਮਹਿੰਦਰ ਕੌਰ	61 ਸਾਲ	302/34 304 ਬੀ/ਆਈ.ਪੀ.ਸੀ
		86. ਮੂਰਤੀ ਦੇਵੀ	100 ਸਾਲ	304 ਬੀ.ਆਈ.ਪੀ.ਸੀ
		87. ਬਖਤਾਬਰੀ	40 ਸਾਲ	$61\frac{1}{14}$ ਐਕਸ ਐਕਟ
9.	ਜ਼ਿਲ੍ਹਾ ਜੇਲ੍ਹ, ਫਰੀਦਕੋਟ	88. ਮਲਕੀਤ ਸਿੰਘ	48 ਸਾਲ	
		89. ਹਰਜਿੰਦਰ ਸਿੰਘ	32 ਸਾਲ	326 ਆਈ.ਪੀ.ਸੀ.
		90. ਨਰੰਜਨ ਸਿੰਘ	35 ਸਾਲ	307 ਆਈ.ਪੀ.ਸੀ.
		91. ਗੁਰਨਾਮ ਸਿੰਘ	25 ਸਾਲ	306/34 ਆਈ.ਪੀ.ਸੀ.
		92. ਨਾਵਲ ਕਿਸ਼ੋਰ	26 ਸਾਲ	364/384 ਆਈ.ਪੀ.ਸੀ.
		93. ਪਵਨ ਕੁਮਾਰ	36 ਸਾਲ	$61\frac{1}{14}$ ਐਕਸ ਐਕਟ
		94. ਕਸ਼ਮੀਰ ਸਿੰਘ	30 ਸਾਲ	—ਉਹੀ —
		95. ਸੁਰਜੀਤ ਸਿੰਘ	50 ਸਾਲ	304 ਆਈ.ਪੀ.ਸੀ.

10.	ਜ਼ਿਲ੍ਹਾ ਜੇਲ੍ਹ, ਕਪੂਰਥਲਾ	96.	ਗੁਲਜ਼ਾਰ ਸਿੰਘ	46 ਸਾਲ	379/411 ਆਈ.ਪੀ.ਸੀ.
		97.	ਮੋਤਾ ਸਿੰਘ	60 ਸਾਲ	304-ਏ/ਆਈ.ਪੀ.ਸੀ.
		98.	ਵਿਜੇ ਕੁਮਾਰ ਉਰਫ ਰਮੇਸ਼ ਕੁਮਾਰ	48 ਸਾਲ	ਕੰਪਲੇਂਟ ਕੇਸ
		99.	ਦਲੀਪ ਸਿੰਘ	55 ਸਾਲ	304/ਏ/ਆਈ.ਪੀ.ਸੀ.
11.	ਜ਼ਿਲਾ ਜੇਲ੍ਹ, ਹੁਸ਼ਿਆਰਪੁਰ	100.	ਹਰਮੇਸ਼ ਲਾਲ	35 ਸਾਲ	326 ਆਈ.ਪੀ.ਸੀ.
		101.	ਰਾਜ	22 ਸਾਲ	7 ਐਲੋਂਗਵਿਦ 160 ਆਈ.ਪੀ.ਸੀ.
		102.	ਸੰਤੋਖ ਸਿੰਘ	27 ਸਾਲ	279/304-ਏ/ਆਈ.ਪੀ.ਸੀ.
		103.	ਫੁਮਨ ਸਿੰਘ	27 ਸਾਲ	201/ਆਈ.ਪੀ.ਸੀ.
		104.	ਹਰਜਾਪ ਸਿੰਘ	53 ਸਾਲ	201 ਆਈ.ਪੀ.ਸੀ.
		105.	ਜੋਗਾ ਸਿੰਘ	52 ਸਾਲ	—ਉਹੀ—
		106.	ਦਲੀਪ ਸਿੰਘ	49 ਸਾਲ	—ਉਹੀ—
		107.	ਜਸਵੰਤ ਕੌਰ	51 ਸਾਲ	—ਉਹੀ—
		108.	ਪ੍ਰੀਤਮ ਸਿੰਘ	60 ਸਾਲ	—ਉਹੀ—
		109.	ਅਮਰਜੀਤ ਕੌਰ	45 ਸਾਲ	—ਉਹੀ—

1	2	3	4	5
		110. ਪਿਸ਼ੌਰੀ ਲਾਲ	65 ਸਾਲ	5(1)5(2)
		111. ਰੂਪਨ ਮੰਡਲ	25 ਸਾਲ	458/120 ਬੀ. ਆਈ.ਪੀ.ਸੀ.
		112. ਨਰੇਸ਼ ਮੰਡਲ	18 ਸਾਲ	—ਉਹੀ —
		113. ਕੁਲਵੰਤ ਸਿੰਘ	25 ਸਾਲ	304/ਏ 337 ਆਈ.ਪੀ.ਸੀ.
		114. ਭਾਗ ਸਿੰਘ	30 ਸਾਲ	323/324/326 ਆਈ.ਪੀ.ਸੀ.
		115. ਅਜੀਤ ਸਿੰਘ	70 ਸਾਲ	—ਉਹੀ—
12.	ਜ਼ਿਲ੍ਹਾ ਜੇਲ੍ਹ, ਸੰਗਰੂਰ	116. ਰਾਮ ਦੇਵ	18 ਸਾਲ	25 ਆਰਮਜ਼ ਐਕਟ
		117. ਗੁਰਜੰਟ ਸਿੰਘ	25 ਸਾਲ	304 ਆਈ.ਪੀ.ਸੀ.
		118. ਕਰਨੈਲ ਸਿੰਘ	32 ਸਾਲ	61 ਐਕਸ ਐਕਟ
		119. ਮਨੋਜ ਕੁਮਾਰ	22 ਸਾਲ	25/54/59-ਏ. ਐਕਟ
		120. ਨਿਸ਼ਾਨ ਸਿੰਘ	30 ਸਾਲ	61 ਐਕਸ ਐਕਟ 25/54/59 ਏ. ਐਕਟ
		121 ਬੇਅੰਤ ਸਿੰਘ	26 ਸਾਲ	392 ਆਈ.ਪੀ.ਸੀ.
		122. ਬਲਵਿੰਦਰ ਸਿੰਘ		

		123. ਗੁਰਚਰਨ ਸਿੰਘ	32 ਸਾਲ	304 ਆਈ.ਪੀ.ਸੀ.
		124. ਰਾਜ ਕੁਮਾਰ	27 ਸਾਲ	—ਉਹੀ—
		125. ਸਤਪਾਲ ਸਿੰਘ	40 ਸਾਲ	61 ਐਕਸ, ਐਕਟ
14.	ਜ਼ਿਲ੍ਹਾ ਜੇਲ੍ਹ ਨਾਭਾ	126. ਸਾਧੂ ਸਿੰਘ	35 ਸਾਲ	5 ਟੀ.ਡੀ.ਐਕਟ
		127. ਮੇਹਰ ਸਿੰਘ	40 ਸਾਲ	304/506/450/34/25-ਏ. ਏ.3/4 ਟੀ. ਡੀ.ਏ.
		128. ਬਲਵਿੰਦਰ ਸਿੰਘ	25 ਸਾਲ	452/392/ਆਈ.ਪੀ.ਸੀ.
		129: ਭਾਵੇਰ ਸਿੰਘ	35 ਸਾਲ	307/148/149 ਆਈ.ਪੀ.ਸੀ.
		130. ਗੋਪਾਲ	28 ਸਾਲ	—ਉਹੀ—
		131. ਬਿਕਰਮ ਸਿੰਘ	29 ਸਾਲ	387/393 ਆਈ.ਪੀ.ਸੀ. 5 ਟੀ.ਡੀ.ਏ.
		132. ਬੰਟੀ	27 ਸਾਲ	—ਉਹੀ—
		133. ਮੇਜਰ ਸਿੰਘ	36 ਸਾਲ	3 ਟੀ.ਡੀ.ਏ.
		134. ਹਰਦੇਵ ਸਿੰਘ	42 ਸਾਲ	5 ਟੀ.ਡੀ.ਏ. 25 ਏ. ਐਕਟ
15.	ਸਬ ਜੇਲ੍ਹ, ਫਾਜ਼ਿਲਕਾ	135. ਹਰਮੇਸ਼ ਸਿੰਘ ਉਰਫ ਰਮੇਸ਼ ਸਿੰਘ	40 ਸਾਲ	379/411 ਆਈ.ਪੀ.ਸੀ.
16.	ਸਬ ਜੇਲ੍ਹ, ਫਗਵਾੜਾ	136. ਕੁਲਵੰਤ ਸਿੰਘ ਉਰਫ ਪੱਪੂ	33 ਸਾਲ	—ਉਹੀ—

श्रीमती लक्ष्मी कांता चावला : अध्यक्ष जी, मेरा प्रश्न यह है कि 13 फरवरी को जेल में घोषणा हुई थी कि कैदियों को छः महीने के लिए भेज दिया जायेगा लेकिन जून के पहले हफ्ते में भी वही कैदी जिन को इस छूट का लाभ मिलना था, वह अमृतसर सैंट्रल जेल में अभी भी बंद है। मुझे लगता है कि ऐसा करते करते, और कागज-पत्र पूरे करते करते ही उनका छूट का समय निकल जायेगा। मेरा प्रश्न है कि मुख्य मंत्री जी ने कैदियों को 13 फरवरी को छूट देने की आज्ञा दी थी, क्या वह सारे कैदी छोड़े गये हैं या छोड़े नहीं गये ? यदि छोड़े नहीं गये तो उनको कब तक छोड़ा जायेगा और उनको ना छोड़ने के क्या कारण हैं ?

ਮੰਤਰੀ : ਸਪੀਕਰ ਸਾਹਿਬ, ਜਿਨ੍ਹਾਂ ਕੈਦੀਆਂ ਨੂੰ ਇਸ ਐਲਾਨ ਦਾ ਲਾਭ ਮਿਲਣਾ ਸੀ, ਉਨਾਂ ਸਾਰਿਆਂ ਨੂੰ ਛੱਡ ਦਿੱਤਾ ਗਿਆ ਹੈ and as per the record, 136 prisoners have been released who were undergoing conviction, ਲੇਕਿਨ ਅਗਰ ਕੋਈ ਇਹ ਵਿਸ਼ੇਸ਼ ਕਹਿੰਦੇ ਹਨ ਜਿਸ ਨੂੰ ਇਸ ਦਾ ਲਾਭ ਨਹੀਂ ਮਿਲਿਆ, ਉਹ ਅਸੀਂ ਐਗਜ਼ਾਮਿਨ ਕਰਵਾ ਲਵਾਂਗੇ ਜਾਂ ਇਹ ਸੇਪਰੇਟ ਲਿਖ ਕੇ ਦੇ ਦੇਣ। I will see that the prisoner, who is entitled to the benefit of this declaration is released.

श्रीमती लक्ष्मी कांता चावला : स्पीकर साहिब, यह वैसे ही हास्यप्रद बात है कि अभी उनको लाभ दिया जायेगा पर उनके पिछले चार महीने का समय कैसे वापस आयेगा ? मेरा निवेदन है कि जून के पहले हफ्ते तक भी छूट का बैनीफिट अमृतसर जेल में जिन कैदीयों को नहीं मिला, क्या मंत्री जी बतायेंगे कि उनको किस तारीख को छोड़ दिया जायेगा ? ऐसे ही नाभा जेल में भी टाडा के अधीन कैदी बंद हैं। जब उनको छोड़ा जायेगा तो क्या उनसे यह भरोसा लिया जायेगा कि वह आगे से अपराध नहीं करेंगे ? इस में आप्रेशनल बात यह हुई है कि लुधियाना जेल में एक 100 साल की महिला मूर्ति देवी जेल में बंद है। उसको क्यों रखा गया और एक 90 साल के बुजुर्ग की एप्लीकेशन मैंने सी.एम. साहिब को दी है। वह महिला 304 आई.पी.सी. के अधीन जेल के अन्दर है। मेरा निवेदन यह है कि उस महिला को क्यों नहीं छोड़ा गया और क्या टाडा के अधीन जो कैदी बंद हैं, उनसे कोई अंडरटेकिंग ली गई है ?

ਸ੍ਰੀ ਸਪੀਕਰ : ਇਹ ਜੋ ਤੁਸੀਂ ਸਵਾਲ ਕਰ ਰਹੇ ਹੋ ਕੀ ਇਹ ਇਸ ਨਾਲ ਤੁਅੱਲਕ ਰੱਖਦਾ ਹੈ

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਹਾਂ ਜੀ, ਉਥੇ ਮੂਰਤੀ ਦੇਵੀ 100 ਸਾਲ ਦੀ ਹਾਲੇ ਵੀ ਬੰਦ ਹੈ।

ਸ੍ਰੀ ਸਪੀਕਰ : ਵੈਸੇ ਹੋ ਨਹੀਂ ਸਕਦਾ, ਕੋਈ ਕਲੈਰੀਕਲ ਮਿਸਟੇਕ ਹੋ ਸਕਦੀ ਹੈ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਰ, ਇਸ ਦੇ ਵਿਚ ਲਿਖਿਆ ਹੋਇਆ ਹੈ ਅਤੇ ਇਹ ਇਨਫਰਮੇਸ਼ਨ ਤੁਹਾਡੇ ਸਿਗਨੇਚਰਾਂ ਦੇ ਹੇਠਾਂ ਹੀ ਮਿਲੀ ਹੈ।

ਸ੍ਰੀ ਸਪੀਕਰ : ਇਹ ਜੇਲ੍ਹ ਕਿਥੇ ਦੀ ਹੈ ?

श्रीमती लक्ष्मी कांता चावला : यह महिला लुधियाना की जेल में 304 आई, पी.सी. के तहित जेल में बंद है ।

ਸ੍ਰੀ ਸਪੀਕਰ : ਇਹ ਕਲੈਰੀਕਲ ਮਿਸਟੇਕ ਹੈ । ਇਸ ਨੂੰ ਚੈਕ ਕਰਾ ਦਿਆਂਗੇ । ਚੈਕ ਕਰਕੇ ਤੁਹਾਨੂੰ ਦੱਸ ਦਿਆਂਗੇ । ਇੰਨੀ ਉਮਰ ਨਹੀਂ ਹੋ ਸਕਦੀ ਅਗਲਾ ਸਵਾਲ, ਸਹੂੰਗੜਾ ਜੀ

श्रीमती लक्ष्मी कांता चावला : मेरा निवेदन है कि इस कागजी कार्यवाई को जल्दी से जल्दी करवाया जाए क्योंकि जो व्यक्ति अंदर होता है उसे ही पता होता है कि समय कैसे निकलता है ।

ਸਰਦਾਰ ਬਲਦੇਵ ਸਿੰਘ ਖਿਆਲਾ : ਜਿਹੜੇ ਜੇਲ੍ਹਾਂ ਵਿਚ ਬੰਦ ਹਨ ਉਨ੍ਹਾਂ ਦੀ ਜਨਮ ਮਿਤੀ ਦੇਖਣੀ ਚਾਹੀਦੀ ਹੈ । ਉਸ ਤੋਂ ਉਮਰ ਦਾ ਪਤਾ ਲਗਾਇਆ ਜਾ ਸਕਦਾ ਹੈ । ਇਹ ਬਹੁਤ ਜ਼ਰੂਰੀ ਹੈ । ਇਹ ਜ਼ਰੂਰੀ ਕਲੈਰੀਕਲ ਮਿਸਟੇਕ ਹੈ ।

ਸ੍ਰੀ ਸਪੀਕਰ : ਖਿਆਲਾ ਜੀ ਬੈਠ ਜਾਉ । ਹੁਣ ਅਗਲਾ ਸੁਆਲ ।

ਤਹਿਸੀਲ ਗੜ੍ਹਸ਼ੰਕਰ ਵਿਚ ਡੂੰਘੇ ਟਿਊਬਵੈੱਲ ਲਗਾਉਣਾ

*564. **ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸਿੰਜਾਈ ਮੰਤਵਾਂ ਲਈ ਇਸ ਸਮੇਂ ਲਗਾਏ ਗਏ ਡੂੰਘੇ ਟਿਊਬਵੈੱਲਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਟਿਊਬਵੈੱਲਾਂ ਦੀ ਕੁੱਲ ਗਿਣਤੀ ਅਤੇ ਵੇਰਵੇ ਕੀ-ਕੀ ਹਨ ਜਿਹੜੇ ਚਾਲੂ ਹਾਲਤ ਵਿਚ ਹਨ ਅਤੇ ਜਿਹੜੇ ਖ਼ਰਾਬ ਪਏ ਹਨ;

(ਅ) ਹਰ ਇਕ ਅਜਿਹੇ ਟਿਊਬਵੈੱਲ ਦੁਆਰਾ ਸਿੰਜਾਈ ਮੰਤਵਾਂ ਲਈ ਕਿੰਨਾ-ਕਿੰਨਾ ਰਕਬਾ ਕਵਰ ਕੀਤਾ ਜਾ ਰਿਹਾ ਹੈ;

(ੲ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਤਹਿਸੀਲ ਵਿਚ ਸਾਲ 1997-98 ਦੌਰਾਨ ਹੋਰ ਡੂੰਘੇ ਟਿਊਬਵੈੱਲ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਸ ਮੰਤਵ ਲਈ ਕਿੰਨੇ ਫੰਡ ਮਖਸੂਸ ਕੀਤੇ ਗਏ ਹਨ

Shri Madan Mohan Mittal (Minister for Food & Supplies, Public Health and Parliamentary Affairs) : (a) 164 Nos. tubewells were installed in various blocks of Garhshankar Tehsil out of which 124 Nos. tubewells are in working order at present and 131 Nos. tubewells have failed at operation stage due to various reasons and stand abandoned. 9 Nos. tubewells are sick/problematic tubewells and need major repairs. Details as per Annexure 'A'

(b) During the year 1996-97, 16254 acres have been irrigated by these PSTC tube wells in various blocks of Garhshankar Tehsil for which the detail is attached as Annexure—'A'

(c) There is proposal to install 5 No. tubewells in Mahilpur Block and 4 No. tubewells in Garhshankar block of Garhshankar Tehsil during the year 1997-98 for which the provision of funds has been made in the State Plan Budget for the year 1997-98.

[Minister for Food & Supplies, Public Health and Parliamentary Affairs]

ANNEXURE-A

List of Tubewells in working order in Garhshankar Tehsil and Tubewell-wise Area Irrigated during the year 1996-97.

Sr. No.	Name of Tubewell	Name of Block	Area irrigated 1996-97 (in Acres)	Remarks
1	2	3	4	5
1.	Dhada Kalan ..	Garhshankar	79	
2.	Pansara ..	—do—	103	
3.	Majari Dhingrian-I ..	—do—	184	
4.	—do— II ..	—do—	91	
5.	Saila Kalan ..	—do—	186	
6.	Chandsujattan ..	—do—	120	
7.	Bariana ..	—do—	62	
8.	Jiwanpur ..	—do—	101	
9.	Bharowal-I ..	—do—	43	
10.	—do— ..	—do—	185	
11.	Hyadpur ..	—do—	131	
12.	Jasowal ..	—do—	170	
13.	Kukaran ..	—do—	141	
14.	Mojipur ..	—do—	181	
15.	Dadyal ..	—do—	186	
16.	Bhathlan ..	—do—	132	
17.	Roar Majara-III ..	—do—	79	Under temporary break down.
18.	Kulewal ..	—do—	81	
19.	Chak Gujran ..	do—	150	
20.	Paddi Sura Singh ..	-do	62	Under temporary break down.
21.	Sadarpur ..	do—	254	
22.	Bilroan ..	—do—	99	

1	2		3	4	5
23.	Helran	..	Garhshankar	295	
24.	Berampur	..	—do—	193	
25.	Khanpur	..	—do—	75	
26.	Dhada Kalan	..	—do—	245	
27.	Saila Khurd	..	—do—	150	
28.	Bharatpur	..	—do—	149	
29.	—do— II	..	—do—	109	
30.	Jiwanpur	..	—do—	148	
31.	Dadyal	..	—do—	148	
32.	Kukaran	..	—do—	129	
33.	Pakhowal-I	..	—do—	22.50	
34.	Salimpur	..	—do—	182	
35.	Bilroan	..	—do—	133	
36.	Purkhowal	..	—do—	115	Under temporary break down.
37.	Lehra	..	—do—	68	
38.	Khanpur	..	—do—	123	
39.	Ghago Roaranwali	..	—do—	154	
40.	Nangalan	..	—do—	85	Under temporary break down.
41.	Kunail	..	—do—	157	
42.	Rear Majara	..	—do—	135	
43.	—do— II	..	—do—	149	
44.	Kukar Majara	..	—do—	47	
45.	Pansra	..	—do—	159	
46.	Saila Kalan	..	—do—	153	
47.	Nangal Ralan	..	Mahilpur	76	
48.	Jandiala	..	—do—	83	
49.	Badowal Sardulapur	..	—do—	89	
50.	Charanpur	..	—do—	180	

[Minister for Food & Supplies, Public Health and Parliamentary Affairs]

1	2		3	4	5
51.	Chak Narial	..	Mahilpur	8	
52.	Nangal Khurd	..	—do—	153	
53.	Mugowal	..	—do—	176	
54.	Gondpur	..	—do—	137	
55.	Sakruli	..	—do—	115	
56.	Sariala Khurd	..	—do—	65	
57.	—do— II	..	—do—	26	
58.	Sariala Kalan	..	—do—	44	Under temporary break down.
59.	Rasulpur	..	—do—	74	
60.	Nangal Kalan	..	—do—	99	
61.	Nangal Khurd	..	—do—	352	
62.	Chak Masula	..	—do—	85	
63.	Pathrala	..	—do—	66	
64.	Bham	..	—do—	66	
65.	—do— II	..	—do—	48	
66.	Rampur	..	—do—	62	
67.	Bahowal	..	—do—	30	
68.	Surapur	..	—do—	48	
69.	Bambali	..	—do—	22	
70.	Megowal	..	—do—	268	
71.	Subhanpur	..	—do—	78	
72.	Suna	..	—do—	86	
73.	Phagon	..	—do—	158	
74.	Chak Kataru	..	—do—	14	
75.	Gumiala	..	—do—	83	
76.	Sherpur	..	—do—	55	
77.	Jandiala	..	—do—	17	

1	2		3	4	5
78.	Rali	..	Mahilpur	36	
79.	Chambal Kalan	..	—do—	133	
80.	Dandewal	..	—do—	230	
81.	Baddon	..	—do—	141	
82.	Dihana	..	—do—	158	
83.	Mugowal	..	—do—	193	
84.	Kalewal Bhagtan	..	—do—	244	
85.	Dihana-II	..	—do—	144	
86.	Thakarwal	..	—do—	98	
87.	Ladhewal	..	—do—	120	
88.	Kalewal Bhagatan	..	—do—	173	
89.	Barian Khurd	..	—do—	65	
90.	Chandsu Barahmana	..	—do—	98	
91.	Mojo Majara	..	—do—	63	
92.	Chak Mulan	..	—do—	314	
93.	Kaharpur	..	—do—	83	
94.	Chak Nathan	..	—do—	113	
95.	Mehmdowal	..	—do—	261	
96.	Dihana-III	..	—do—	135	
97.	Jandoli	..	—do—	177	
98.	Gogroan	..	—do—	106	
99.	—do— II	..	—do—	234	
100.	Jhangowal	..	—do—	113	
101.	Jandoli-II	..	—do—	365	
102.	Tajewal	..	—do—	227	
103.	Benewal	..	—do—	24	

[Minister for Food & Supplies, Public Health and Parliamentary Affairs]

1	2	3	4	5
104.	Memdowal ..	Mahilpur	172	
105.	Bishoi ..	—do—	25	
106.	Memdowal-II ..	—do—	158	
107.	Bishoi-II ..	—do—	118	
108.	Rampur ..	—do—	118	Under temporary break down.
109.	Kangar ..	—do—	35	
110.	Gangowal ..	—do—	Recently rectified on 7th June, 1997.	
111.	Bishoi ..	—do—	121	
112.	Suna-II ..	—do—	320	
113.	Kangar-II ..	—do—	91	
114.	Sarangwal ..	—do—	200	
115.	Kukarcanwal ..	—do—	256	
116.	Nasran ..	—do—	170	
117.	Lalwan ..	—do—	45	Under temporary break down.
118.	Nariala ..	—do—	259	
119.	Paldi-I ..	—do—	308	
120.	Paldi-II ..	—do—	228	
121.	Gujarpur ..	—do—	126	
122.	Kharedi ..	—do—	175	
123.	Nagari ..	—do—	66	
124.	Haluwal ..	—do—	55	
	Total ..		16,254	

List of Abandoned/Failed Tubewells in Garhshankar Tehsil.

Sr. No.	Name of the Villages
1	2
1.	Bahowal-26
2.	Bahowal-75
3.	Baddon-55
4.	Namolian-57
5.	Molewal-104
6.	Chandoli-78
7.	Dandewal-18
8.	Scruli-23
9.	Dolron-4
10.	Gopalian-20
11.	Mahilpur-10
12.	Mahilpur-69
13.	Bham-31
14.	Subhanpur-42
15.	Modian-43
16.	Phagon-45
17.	Barian Kalan-51
18.	Tuto majara-61
19.	Jandoli-81
20.	Bham-29
21.	Langeri-20
22.	Baleem-32
23.	Atwal-33
24.	Makhangarh-34
25.	Saidpur-35
26.	Marule-39
27.	Ladhewal-48
28.	Maili-75
29.	Harjiana-80
30.	Badowal-94
31.	Pakhowal.

[Minister for Food & Supplies, Public Health and Parliamentary Affairs]

List of Sick/Problematic Tubewells

1	2	3	4
1.	Pakhowal-II	Saroya Bl.	T/well filled with sand upto reducer.
2.	Mangrowal	Mahilpur Bl.	Discharge reduced and tubewell giving sand and muddy water.
3.	Tuto Majara	—do—	—do—
4.	Mahilpur-37	—do—	T/well filled with sand.
5.	Nurpur Barahmana-47	—do—	Tubewell expelling sand.
6.	Budowari-50	—do—	Discharge reduced. T/well giving sand and gravel.
7.	Dihana-59	—do—	Pump house and assembly sunk.
8.	Nurpur Barahmana-91	—do—	Discharge reduced T/well giving sand and mud.
9.	Maili-101	—do—	Water level gone down.

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਸਪਲੀਮੈਂਟਰੀ, ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਦੱਸਿਆ ਹੈ ਕਿ ਤਹਿਸੀਲ ਗੜ੍ਹਸ਼ੰਕਰ ਵਿੱਚ 164 ਟਿਊਬਵੈੱਲ ਲਗਾਏ ਸਨ ਜਿਨ੍ਹਾਂ ਵਿਚੋਂ 124 ਇਸ ਵੇਲੇ ਕੰਮ ਕਰ ਰਹੇ ਹਨ ਅਤੇ 40 ਟਿਊਬਵੈੱਲ ਇਸ ਵੇਲੇ ਆਪਰੇਸ਼ਨਲ ਸਟੇਜ ਤੇ ਫੇਲ੍ਹ ਚਲ ਰਹੇ ਹਨ ਜਾਂ ਖਰਾਬ ਹੋ ਗਏ ਹਨ । ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਸੇ ਪਿੰਡ ਵਿੱਚ ਇੱਕ ਟਿਊਬਵੈੱਲ ਹੈ ਅਤੇ ਕਿਸੇ ਵਿੱਚ ਦੋ ਟਿਊਬਵੈੱਲ ਹਨ । ਮੰਤਰੀ ਜੀ ਨੂੰ ਇਸ ਵੇਲੇ ਜਾਣਕਾਰੀ ਨਹੀਂ ਕਿ 40 ਤੋਂ ਵੱਧ ਤਾਂ ਟਿਊਬਵੈੱਲ ਖਰਾਬ ਪਏ ਹਨ ਜਦ ਕਿ ਪਹਿਲਾਂ ਹੀ ਕਿਸਾਨ ਸੋਕੇ ਦੀ ਮਾਰ ਕਾਰਣ ਪਰੇਸ਼ਾਨ ਸਨ ਅਤੇ ਇਸ ਵਾਰੀ ਗੜ੍ਹੇ ਪੈ ਗਏ .....

ਸ੍ਰੀ ਸਪੀਕਰ : ਤੁਸੀਂ ਸਵਾਲ ਕਰੋ ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ. ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ 40 ਟਿਊਬਵੈੱਲ ਹਨ, ਕੀ ਇਨ੍ਹਾਂ ਦੀ ਜਲਦੀ ਰਿਪੇਅਰ ਕਰਾਉਣ ਲਈ ਸਰਕਾਰ ਧਿਆਨ ਦੇਵੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸਿਆ ਹੈ ਕਿ 31 ਟਿਊਬਵੈੱਲ ਆਪਰੇਸ਼ਨਲ ਸਟੇਜ ਤੇ ਫੇਲ੍ਹ ਹੋ ਗਏ ਸਨ, ਉਹ ਕੰਪਲੀਟ ਨਹੀਂ ਸਨ ਹੋ ਸਕੇ। ਇਹ ਟਿਊਬਵੈੱਲ ਜੋ ਇਨਸਟਾਲ ਹੋ ਗਏ ਸਨ They could not come upto the mark for operational purposes. ਬਾਕੀ 9 ਟਿਊਬਵੈੱਲ ਬਾਅਦ ਵਿੱਚ ਖਰਾਬ ਹੋ ਗਏ। ਉਨ੍ਹਾਂ ਦੀ ਖਰਾਬੀ ਬਾਰੇ ਬਕਾਇਦਾ ਤੌਰ ਤੇ ਡਿਟੇਲ ਦਿੱਤੀ ਗਈ ਹੈ ਕਿ ਉਹ ਕਿਸ ਕਾਰਨ ਕਰਕੇ ਖਰਾਬ ਹੋਏ ਹਨ। ਜੇ ਕਹੋ ਤਾਂ ਦੁਬਾਰਾ ਦੱਸ ਦਿੰਦਾ ਹਾਂ। ਪੱਖੋਵਾਲ ਤਹਿਸੀਲ ਸਰੋਆ ਬਲਾਕ ਦਾ ਟਿਊਬਵੈੱਲ ਰੇਤੇ ਨਾਲ ਭਰ ਗਿਆ ਹੈ। ਇਸੇ ਤਰ੍ਹਾਂ ਹੀ ਮਨਗਰੋਵਾਲ ਤਹਿਸੀਲ ਵਿੱਚ ਮਾਹਿਲਪੁਰ ਬਲਾਕ ਹੈ। This tubewell's discharge reduced due to giving sand and muddy water. ਕਾਰਨ ਇਹ ਹੈ ਕਿ ਡੀਪ ਟਿਊਬਵੈੱਲ ਲਗਾਏ ਗਏ ਸਨ। ਵਾਟਰ ਲੈਵਲ ਬਹੁਤ ਨੀਚੇ ਹੋਣ ਕਾਰਨ ਕੁਝ ਸਮੇਂ ਬਾਅਦ ਇਹ ਟਿਊਬਵੈੱਲ ਨਾਨ ਸਰਵਿਸਏਬਲ ਹੋ ਗਏ। 31 ਟਿਊਬਵੈੱਲਾਂ ਬਾਰੇ ਪਹਿਲਾਂ ਦੱਸਿਆ ਹੈ ਕਿ ਉਹ ਸ਼ੁਰੂ ਵਿੱਚ ਹੀ ਸਰਵਿਸ ਵਿੱਚ ਨਹੀਂ ਸਨ ਆਏ। ਜੇ ਕੋਈ ਮਾਈਨਰ ਰਿਪੇਅਰ ਹੋ ਸਕੀ ਤਾਂ ਜ਼ਰੂਰ ਕਰਾਂਗੇ। ਬਾਕੀ ਦੇ ਜਿਹੜੇ 9 ਟਿਊਬਵੈੱਲ ਹਨ ਉਨ੍ਹਾਂ ਵਿੱਚ ਜੋ ਮਾਈਨਰ ਰਿਪੇਅਰ ਦੀ ਲੋੜ ਹੈ ਤਾਂ ਕਰ ਦਿੱਤੀ ਜਾਵੇਗੀ। ਅਗਰ ਮੇਜਰ ਨਾਲ ਠੀਕ ਹੁੰਦਾ ਹੈ ਤਾਂ We will get it repaired.

ਸ੍ਰੀ ਸ਼ਿੰਗਾਰਾ ਰਾਮ ਸਹੁੰਗੜਾ : ਸਪਲੀਮੈਂਟਰੀ, ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ 31 ਟਿਊਬਵੈੱਲ ਇਨੀਸ਼ੀਅਲ ਸਟੇਜ ਤੋਂ ਹੀ ਖਰਾਬ ਹੋ ਗਏ ਸਨ, ਉਹ ਠੀਕ ਨਹੀਂ ਹੋ ਸਕਦੇ। 9 ਟਿਊਬਵੈੱਲਾਂ ਬਾਰੇ ਦੱਸਿਆ ਹੈ ਕਿ ਉਨ੍ਹਾਂ ਦੀ ਰਿਪੇਅਰ ਕੀਤੀ ਜਾਵੇਗੀ। ਇੱਕ ਨਵੀਂ ਪਰੋਪੋਜ਼ਲ ਵਿੱਚ ਕਿਹਾ ਹੈ ਕਿ 4 ਨਵੇਂ ਟਿਊਬਵੈੱਲ ਗੜ੍ਹਸ਼ੰਕਰ ਤਹਿਸੀਲ ਵਿੱਚ ਲਗਾਏ ਜਾਣਗੇ। ਸਪੀਕਰ ਸਾਹਿਬ, ਜਿਹੜੇ 31 ਟਿਊਬਵੈੱਲ ਇਨੀਸ਼ੀਅਲ ਸਟੇਜ ਤੇ ਫੇਲ੍ਹ ਹੋਏ ਹਨ, ਇਨ੍ਹਾਂ ਨੂੰ ਮੁੱਖ ਰੱਖ ਕੇ ਹੀ ਨਵੀਂ ਪ੍ਰੋਪੋਜ਼ਲ ਬਣੀ ਹੀ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ 4 ਟਿਊਬਵੈੱਲ ਤਾਂ ਗੜ੍ਹਸ਼ੰਕਰ ਵਰਗੇ ਕੰਡੀ ਏਰੀਏ ਵਾਸਤੇ ਬਹੁਤ ਘੱਟ ਹਨ। ਕੀ ਇਸ ਨੂੰ ਐਕਸਪੈਂਡ ਕਰਨ ਵਾਸਤੇ ਸਰਕਾਰ ਪ੍ਰੋਪੋਜ਼ਲ ਬਣਾਏਗੀ ਤਾਂ ਕਿ ਲੋਕਾਂ ਨੂੰ ਵੱਧ ਤੋਂ ਵੱਧ ਸਹਾਇਤਾ ਮਿਲ ਸਕੇ ਅਤੇ ਕੀ ਸਾਡੇ ਏਰੀਏ ਵਿੱਚ ਸਰਕਾਰ ਹੋਰ ਨਵੇਂ ਟਿਊਬਵੈੱਲਜ਼ ਲਗਾਏਗੀ ?

Minister : Speaker Sahib, his area or my area is not the problem. The only problem is the paucity of funds. ਇਨ੍ਹਾਂ ਦੇ ਕੋਟੇ ਵਿੱਚ 9 ਆਏ ਹਨ। ਅਗਰ ਇਨ੍ਹਾਂ ਲਈ ਪੈਸੇ ਮਿਲਣਗੇ ਤਾਂ ਮੈਨੂੰ ਵੀ ਮਿਲ ਜਾਣਗੇ।

ਸਰਦਾਰ ਸੋਹਨ ਸਿੰਘ ਮਾਹਿਲਪੁਰ : ਸਪੀਕਰ ਸਾਹਿਬ, ਜਿਹੜੇ ਟਿਊਬਵੈੱਲਜ਼ ਖਰਾਬ ਹੋਣ ਕਰਕੇ ਪੁੱਟੇ ਜਾਂਦੇ ਹਨ, ਉਨ੍ਹਾਂ ਨੂੰ ਮੁਰੰਮਤ ਲਈ ਵਰਕਸ਼ਾਪ ਦੇ ਵਿਚ ਭੇਜਿਆ ਜਾਂਦਾ ਹੈ। ਉਥੇ ਫੇਰ ਪਹਿਲਾਂ ਮੁਰੰਮਤ ਦਾ ਬਿਲ ਬਣਦਾ ਹੈ, ਫੇਰ ਪਾਰਟਸ ਖਰੀਦੇ ਜਾਂਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੇ ਟਿਊਬਵੈੱਲਜ਼ ਦੇ ਜ਼ਰੂਰੀ ਪਾਰਟਸ

[ਸਰਦਾਰ ਸੋਹਨ ਸਿੰਘ ਮਾਹਿਲਪੁਰ]
ਖਰਾਬ ਹੁੰਦੇ ਹਨ ਉਨ੍ਹਾਂ ਨੂੰ ਉਥੇ ਹੀ ਬਦਲਣ ਦਾ ਕੋਈ ਇੰਤਜ਼ਾਮ ਕਰੇ । ਕੀ ਇਹ ਇਸ ਗੱਲ ਵੱਲ ਧਿਆਨ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਜਿਸ ਨੂੰ ਡਿਪਾਰਟਮੈਂਟ ਰੀਪੇਅਰ ਕਰ ਸਕਦਾ ਹੈ ਉਸ ਦੀ ਉਥੇ ਹੀ ਰੀਪੇਅਰ ਹੋ ਜਾਂਦੀ ਹੈ ਅਤੇ ਜਿਸ ਨੂੰ ਵਰਕਸ਼ਾਪ ਵਿਚ ਰੀਪੇਅਰ ਕਰਨ ਦੀ ਲੋੜ ਹੁੰਦੀ ਹੈ ਉਸ ਨੂੰ ਹੀ ਵਰਕਸ਼ਾਪ ਵਿਚ ਭੇਜਿਆ ਜਾਂਦਾ ਹੈ । The repair which is not possible at the spot, those parts would have to be removed to the workshop.

ਸ਼੍ਰੀ ਤਿਕਸ਼ਨ ਸੂਦ: ਸਪੀਕਰ ਸਾਹਿਬ, ਇਹ ਜਿਹੜੇ 9 ਟਿਊਬਵੈੱਲਜ਼ ਲੱਗੇ ਹੋਏ ਹਨ 4 ਗੜ੍ਹਸ਼ੰਕਰ ਵਿਚ ਅਤੇ 5 ਮਾਹਿਲਪੁਰ ਦੇ ਵਿਚ, ਇਹ ਮੈਨੂੰ 9 ਪਿੰਡ ਦੱਸ ਦੇਣ ਜਿਥੇ ਜਿਥੇ ਇਹ ਲੱਗੇ ਹੋਏ ਹਨ ।

ਮੰਤਰੀ : ਸਪੀਕਰ ਸਾਹਿਬ, ਇਹ 9 ਪਿੰਡਾਂ ਦੇ ਨਾਂ ਜਾਨਣਾ ਚਾਹੁੰਦੇ ਹਨ ਪਰ ਸਵਾਲ ਦੇ ਵਿਚ ਇਹ ਨਹੀਂ ਪੁੱਛਿਆ ਗਿਆਂ ਸੀ । ਇਸ ਲਈ ਇਹ ਵੱਖਰਾ ਨੋਟਿਸ ਦੇ ਦੇਣ, ਮੈਂ ਇਨ੍ਹਾਂ ਨੂੰ ਦੱਸ ਦੇਵਾਂਗਾ ।

ਰਾਜ ਵਿਚ ਸਿਵਲ ਸਰਜਨਾਂ ਨੂੰ ਫੰਡ ਜਾਰੀ ਕਰਨਾ

*434. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਮਾਰਚ, 1997 ਦੇ ਮਹੀਨੇ ਦੇ ਦੌਰਾਨ ਰਾਜ ਵਿਚ ਸਾਰੇ ਸਿਵਲ ਸਰਜਨਾਂ ਨੂੰ ਕੋਈ ਫੰਡ ਜਾਰੀ ਕੀਤੇ ਸਨ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੀ ਜ਼ਿਲ੍ਹਾ-ਵਾਰ ਵੰਡ ਕਿੰਨੀ-ਕਿੰਨੀ ਹੈ ਅਤੇ ਇਹ ਫੰਡ ਕਿਸ ਮੰਤਵ ਲਈ ਜਾਰੀ ਕੀਤੇ ਗਏ ਸਨ ਅਤੇ ਕੀ ਉਕਤ ਮੰਤਵ ਪੂਰਾ ਕਰ ਲਿਆ ਗਿਆ ਹੈ ?

Shri Balramji Dass Tandon : Yes, sir. A sum of Rs. 3,24,54,000/- was released to the Civil Surgeons during the month of March, 1997. The district-wise break up of the funds released to the Civil Surgeons in the State is laid on the Table of the House as Annexure 'A'. These funds were released for the purpose of Medical Re-imbursement, Travel Expenses, Office Expenses, Material & Supply, Telephone, Rent Rate & Taxes, Cost of Ration, Clothing & Tentage and other charges.

The purpose for which the funds were released during March, 1997 was partly fulfilled. Only Rs. 1,01,46,000/- could be utilised in view of the cut imposed by the State Govt. However, the material against the above stated allocation was received by 31st March, 1997.

ANNEXURE 'A'

Details of funds released during March, 1997-Districtwise break up

Sr. No.	Name of District		Major Head 2210-Medical & Public Health	2211-Family Welfare
1	2		3	4
1.	Civil Surgeon, Amritsar	..	9,26,000	23,79,000
2.	,, ,, Bathinda	..	15,69,000	5,80,000
3.	,, ,, Faridkot	..	7,71,000	4,82,000
4.	,, ,, Fatehgarh Sahib	..	7,59,000	2,88,000
5.	,, ,, Ferozepur	..	8,24,000	13,38,000
6.	,, ,, Gurdaspur	..	7,39,000	6,30,000
7.	,, ,, Hoshiarpur	..	10,18,000	10,29,000
8.	,, ,, Jalandhar	..	14,53,000	15,62,000
9.	,, ,, Kapurthala	..	6,06,000	8,57,000
10.	,, ,, Ludhiana	..	10,02,000	17,42,000
11.	,, ,, Mansa	..	5,31,000	5,71,000
12.	,, ,, Patiala	..	10,37,000	22,52,000
13.	,, ,, Ropar	..	8,62,000	7,08,000
14.	,, ,, Sangrur	..	11,32,000	10,33,000
15.	,, ,, Moga	..	7,92,000	6,22,000
16.	,, ,, Muktsar	..	6,69,000	4,11,000
17.	,, ,, Nawanshanar	..	7,48,000	5,58,000
	Total	..	1,54,12,000	1,70,42,000

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਵਿਚ ਦੱਸਿਆ ਹੈ ਕਿ ਮਾਰਚ ਵਿਚ 3,24,54,000/- ਰੁਪਏ ਜਾਰੀ ਕੀਤੇ ਗਏ ਸਨ ਪਰ ਇਨ੍ਹਾਂ ਵਿਚੋਂ 1,01,46,000/- ਰੁਪਏ ਹੀ ਖਰਚ ਕੀਤੇ ਗਏ ਹਨ ਅਤੇ ਇਹ ਫੰਡਜ਼ ਦੇ ਵਿਚ ਕਟੌਤੀ ਲੱਗਣ ਦੇ ਕਾਰਣ ਘੱਟ ਖਰਚੇ ਦੱਸੇ ਗਏ ਹਨ। ਸਰਕਾਰ ਕੇਵਲ ਮਾਰਚ ਦੇ ਮਹੀਨੇ ਵਿਚ ਹੀ ਇਤਨੇ ਫੰਡਜ਼ ਕਿਉਂ ਰਿਲੀਜ਼ ਕਰਦੀ ਹੈ ? ਸਾਰੇ ਸਾਲ ਵਿਚ ਕਿਉਂ ਨਹੀਂ ਰਿਲੀਜ਼ ਕਰਦੀ ਜਦ ਕਿ ਖਰਚਾ ਸਾਰਾ ਸਾਲ ਹੁੰਦਾ ਰਹਿੰਦਾ ਹੈ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਸਵਾਲ ਹੀ ਮਾਰਚ ਮਹੀਨੇ ਦਾ ਕੀਤਾ ਸੀ ਅਤੇ ਇਸੇ ਮਹੀਨੇ ਦਾ ਇਨ੍ਹਾਂ ਨੂੰ ਜਵਾਬ ਦੇਣਾ ਸੀ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਜਿਹੜਾ ਖਰਚਾ ਇਸ ਮਦ ਹੇਠ ਦੱਸਿਆ ਗਿਆ ਹੈ ਇਸ ਦੇ ਵਿਚ ਮੈਡੀਕਲ ਪ੍ਰਤੀ ਪੂਰਤੀ, ਸਫਰੀ ਖਰਚੇ, ਦਫਤਰੀ ਖਰਚੇ, ਮੈਟੀਰੀਅਲ ਅਤੇ ਸਪਲਾਈ, ਟੈਲੀਫੂਨ, ਕਿਰਾਇਆ ਦਰ ਅਤੇ ਟੈਕਸ, ਖਾਦ ਖੁਰਾਕ, ਬਿਸਤਰੇ ਤੇ ਕੱਪੜੇ ਅਤੇ ਦੂਜੇ ਖਰਚੇ ਦੱਸੇ ਗਏ ਹਨ । ਫੇਰ ਇਨ੍ਹਾਂ ਉੱਤੇ ਸਾਰਾ ਖਰਚਾ ਕੇਵਲ ਮਾਰਚ ਮਹੀਨੇ ਦੇ ਵਿਚ ਹੀ ਕਿਉਂ ਕੀਤਾ ਜਾਂਦਾ ਹੈ ਜਦ ਕਿ ਇਸ ਦੀ ਜ਼ਰੂਰਤ ਸਾਰੇ ਸਾਲ ਵਿਚ ਪੈਂਦੀ ਰਹਿੰਦੀ ਹੈ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਮਾਰਚ ਮਹੀਨੇ ਦੇ ਖਰਚੇ ਬਾਰੇ ਪੁੱਛਿਆ ਸੀ ਉਸ ਦਾ ਹੀ ਮੈਂ ਜਵਾਬ ਦਿੱਤਾ ਹੈ ਅਤੇ ਅਲੱਗ ਅਲੱਗ ਖਰਚੇ ਵੀ ਦੱਸ ਦਿੱਤੇ ਹਨ ਇਹ ਹੋਰ ਸਵਾਲ ਦਾ ਨੋਟਸ ਦੇ ਦੇਣ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਇਹ ਜਿਹੜੇ ਫੰਡਜ਼ ਸੀ. ਐਮ. ਓਜ਼ ਵਾਸਤੇ ਰੱਖੇ ਜਾਂਦੇ ਹਨ, ਕੀ ਐਸ. ਐਮ. ਓਜ਼ ਦੇ ਲਈ ਵੀ ਕੋਈ ਸਪੈਸ਼ਲ ਫੰਡਜ਼ ਐਲੋਕੇਟ ਕੀਤੇ ਜਾਂਦੇ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਮਾਰਚ 1997 ਦੇ ਬਾਰੇ ਵਿਚ ਹੈ । ਅਗਲੇ ਸਾਲ ਦੇ ਫੰਡਜ਼ ਲਈ ਅੱਜ ਬਜਟ ਪਾਸ ਕਰ ਰਹੇ ਹਾਂ । ਉਸ ਵਿਚ ਪੈਸਿਆਂ ਦੀ ਐਲੋਕੇਸ਼ਨ ਹੋਵੇਗੀ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਪਿੱਛੇ ਸਿਵਲ ਸਰਜਨਾਂ ਨੂੰ ਖਰਚ ਦੀਆਂ ਪਾਵਰਾਂ ਦਿੱਤੀਆਂ ਗਈਆਂ ਸਨ ਪਰ ਪਿਛਲੀ ਸਰਕਾਰ ਨੇ ਕੋਈ ਪੈਸਾ ਖਰਚ ਨਹੀਂ ਕੀਤਾ ।

ਸ੍ਰੀ ਸਪੀਕਰ : ਤੁਸੀਂ ਮਾਰਚ ਮਹੀਨੇ ਦੇ ਬਾਰੇ ਗੱਲ ਕਰੋ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਫੰਡਜ਼ ਦੀ ਜੋ ਠੀਕ ਵਰਤੋਂ ਨਹੀਂ ਹੋਈ ਉਸ ਦੀ ਘੋਖ ਲਈ ਕੋਈ ਕਮੇਟੀ ਬਣਾਈ ਜਾਵੇਗੀ ?

ਸ੍ਰੀ ਸਪੀਕਰ : ਇਸ ਬਾਰੇ ਤੁਸੀਂ ਸੈਪਰੇਟ ਸਵਾਲ ਦੇ ਦਿਓ ਅਤੇ ਮਾਰਚ 1997 ਦੇ ਬਾਰੇ ਸਵਾਲ ਪੁੱਛਣਾ ਹੈ ਤਾਂ ਪੁੱਛੋ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਪਿਛਲੇ ਸਮੇਂ ਫੰਡਜ਼ ਦੀ ਠੀਕ ਵਰਤੋਂ ਨਹੀਂ ਹੁੰਦੀ ਰਹੀ ਤਾਂ ਕੀ ਅਗੋਂ ਤੋਂ ਫੰਡਜ਼ ਦੀ ਠੀਕ ਵਰਤੋਂ ਹੋਵੇਗੀ ?

ਮੰਤਰੀ : ਸਪੀਕਰ ਸਾਹਿਬ, ਸਾਡੀ ਸਰਕਾਰ ਵਲੋਂ ਵਕਤ ਸਿਰ ਪੈਸਾ ਰਿਲੀਜ਼ ਕੀਤਾ ਜਾਵੇਗਾ। We will see that even a single penny to the last amount is spent properly.

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਕੁਐਸਚਨ ਦਾ ਰਿਪਲਾਈ ਠੀਕ ਦਿੱਤਾ ਹੈ ਪਰ ਮੈਂ ਜਾਨਣਾ ਚਾਹੁੰਦਾ ਹਾਂ ਕਿ ਮਾਰਚ ਦੇ ਮਹੀਨੇ ਤੋਂ ਪਹਿਲਾਂ ਜੋ ਫੰਡਜ਼ ਐਲੋਕੇਟ ਕੀਤੇ ਗਏ ਸਨ, ਉਨ੍ਹਾਂ ਦੀ ਡੀਟੇਲ ਕੀ ਹੈ ? ਇਹ ਸਪਲੀਮੈਂਟਰੀ ਇਸ ਸਵਾਲ ਵਿਚੋਂ ਪੈਦਾ ਹੁੰਦਾ ਹੈ ਕਿ ਮਾਰਚ ਤੋਂ ਪਹਿਲਾਂ ਵੀ ਸਿਵਲ ਸਰਜਨ ਦੀ ਜੁਰਿਸਡਿਕਸ਼ਨ ਵਿਚ ਫੰਡਜ਼ ਰੱਖੇ ਹੋਣਗੇ।

ਸ੍ਰੀ ਸਪੀਕਰ : ਤੁਸੀਂ ਮਾਰਚ ਵਾਲੇ ਫੰਡਜ਼ ਦੀ ਗੱਲ ਕਰੋ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮਾਰਚ ਤੋਂ ਪਹਿਲਾਂ ਜਿਹੜੇ ਫੰਡਜ਼ ਰੱਖੇ ਸੀ, ਉਹ ਕਿਤਨੀ ਮਾਤਰਾ ਵਿਚ ਸੀ ਅਤੇ ਟੋਟਲ ਅਮਾਊਂਟ ਕਿਤਨਾ ਸੀ ਜੋ ਮਾਰਚ ਤੋਂ ਪਹਿਲਾਂ ਰਿਲੀਜ਼ ਕੀਤਾ ਗਿਆ ਸੀ ?

ਮੰਤਰੀ : ਇਸ ਬਾਰੇ ਇਹ ਸੈਪਰੇਟ ਕੁਐਸਚਨ ਦੇ ਦੇਣ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 540

ਸ੍ਰੀ ਸਪੀਕਰ : ਅਗਲਾ ਸਵਾਲ ਨੰਬਰ 540। ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਆਪ ਜੀ ਦਾ ਸ਼ੁਕਰੀਆ। ਸਪੀਕਰ ਸਾਹਿਬ, ਮੈਨੂੰ ਆਪਣੇ ਪ੍ਰਸ਼ਨ ਦਾ ਉੱਤਰ ਨਹੀਂ ਚਾਹੀਦਾ ਕਿਉਂਕਿ ਮੇਰੇ ਪਹਿਲੇ ਪ੍ਰਸ਼ਨ ਦਾ ਉੱਤਰ ਵੀ ਨਹੀਂ ਦਿੱਤਾ ਗਿਆ।

(ਇਹ ਪ੍ਰਸ਼ਨ ਸਬੰਧਤ ਮਾਨਯੋਗ ਮੈਂਬਰ ਵੱਲੋਂ ਪੇਸ਼ ਨਹੀਂ ਕੀਤਾ ਗਿਆ।)

ਸ੍ਰੀ ਸਪੀਕਰ : ਅਗਲਾ ਸਵਾਲ।

ਵਿਮੁਕਤ ਜਾਤੀਆਂ ਨੂੰ ਅਨੁਸੂਚਿਤ ਕਬੀਲਿਆਂ ਵਜੋਂ ਐਲਾਨ ਕਰਨਾ

*435. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪੰਜਾਬ ਵਿਚ ਵਿਮੁਕਤ ਜਾਤੀਆਂ ਦੇ 44 ਕਬੀਲਿਆਂ ਨੂੰ ਅਨੁਸੂਚਿਤ ਕਬੀਲਿਆਂ ਵਜੋਂ ਐਲਾਨ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : ਹਾਂ ਜੀ । ਰਾਜ ਸਰਕਾਰ ਵੱਲੋਂ ਭਾਰਤ ਸਰਕਾਰ ਨੂੰ ਵਿਮੁਕਤ ਜਾਤੀਆਂ ਨੂੰ ਅਨੁਸੂਚਿਤ ਕਬੀਲੇ ਵਜੋਂ ਐਲਾਨਣ ਬਾਰੇ ਸਿਫਾਰਸ਼ ਕੀਤੀ ਗਈ ਹੈ ਕਿਉਂਕਿ ਇਸ ਬਾਰੇ ਫੈਸਲਾ ਭਾਰਤ ਸਰਕਾਰ ਵਲੋਂ ਕੀਤਾ ਜਾਣਾ ਹੈ, ' ਇਸ ਲਈ ਰਾਜ ਸਰਕਾਰ ਇਸ ਮਾਮਲੇ ਸਬੰਧੀ ਕੋਈ ਸਮਾਂ ਹੱਦ ਨਿਸ਼ਚਿਤ ਨਹੀਂ ਕਰ ਸਕਦੀ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਰਾਜ ਸਰਕਾਰ ਨੇ ਹਿੰਦੁਸਤਾਨ ਦੀ ਸਰਕਾਰ ਨਾਲ ਵਿਮੁਕਤ ਜਾਤੀਆਂ ਨੂੰ ਅਨੁਸੂਚਿਤ ਕਬੀਲੇ ਵਜੋਂ ਐਲਾਨਣ ਬਾਰੇ 44 ਵਿਮੁਕਤ ਜਾਤੀਆਂ ਬਾਰੇ ਸਿਫਾਰਿਸ਼ ਕੀਤੀ ਹੈ । ਇਹ ਸਿਫਾਰਿਸ਼ ਕਦੋਂ ਕੀਤੀ ਗਈ ਹੈ ? ਕੀ ਭਾਰਤ ਸਰਕਾਰ ਵਲੋਂ ਕੋਈ ਜਵਾਬ ਪੰਜਾਬ ਸਰਕਾਰ ਨੂੰ ਰਿਸਪਾਂਸ ਵਜੋਂ ਦਿੱਤਾ ਗਿਆ ਹੈ ਅਤੇ ਕੀ ਪੰਜਾਬ ਸਰਕਾਰ ਵਲੋਂ ਭਾਰਤ ਸਰਕਾਰ ਨੂੰ ਕੋਈ ਰਿਮਾਈਂਡਰ ਲਿਖਿਆ ਗਿਆ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਸਵਾਲ ਸੀ ਕਿ "ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪੰਜਾਬ ਵਿਚ ਵਿਮੁਕਤ ਜਾਤੀਆਂ ਦੇ 44 ਕਬੀਲਿਆਂ ਨੂੰ ਅਨੁਸੂਚਿਤ ਕਬੀਲਿਆਂ ਵਜੋਂ ਐਲਾਨ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?" ਸਪੀਕਰ ਸਾਹਿਬ, ਇਹ ਸਵਾਲ ਸੀ ਪਰ ਜੋ ਹੁਣ ਸਵਾਲ ਪੁੱਛ ਰਹੇ ਹਨ, ਉਸ ਦਾ ਸੈਪਰੇਟ ਸਵਾਲ ਦੇ ਦੇਣ, ਜਵਾਬ ਦੇ ਦਿੱਤਾ ਜਾਵੇਗਾ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਜੋ ਮੈਂ ਸਵਾਲ ਪੁੱਛਿਆ ਹੈ ਅਤੇ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਹਿੰਦੁਸਤਾਨ ਦੀ ਸਰਕਾਰ ਨੂੰ 44 ਵਿਮੁਕਤ ਜਾਤੀਆਂ ਦੇ ਕਬੀਲਿਆਂ ਨੂੰ ਅਨੁਸੂਚਿਤ ਕਬੀਲਿਆਂ ਵਜੋਂ ਐਲਾਨਣ ਬਾਰੇ ਲਿਖਕੇ ਭੇਜਿਆ ਹੈ, ਇਹ ਕਦੋਂ ਭੇਜਿਆ ਹੈ ? ਕੀ ਉਸ ਦਾ ਜਵਾਬ ਆ ਗਿਆ ਹੈ ਜਾਂ ਨਹੀਂ ?

ਸ਼੍ਰੀ ਸਪੀਕਰ : ਇਹ ਚਿੱਠੀ ਭਾਰਤ ਸਰਕਾਰ ਨੂੰ ਕਦੋਂ ਲਿਖੀ ਗਈ ਹੈ ਅਤੇ ਕੀ ਇਸ ਚਿੱਠੀ ਦਾ ਜਵਾਬ ਦਿੱਤਾ ਗਿਆ ਹੈ ਜਾਂ ਨਹੀਂ, ਮੰਤਰੀ ਜੀ ਦੱਸੋ ।

ਮੰਤਰੀ : ਸਪੀਕਰ ਸਾਹਿਬ, ਇਹ ਮਾਮਲਾ ਭਾਰਤ ਸਰਕਾਰ ਨਾਲ ਸਬੰਧਤ ਹੈ ।

ਸ਼੍ਰੀ ਸਪੀਕਰ : ਤੁਸੀਂ ਕਦੋਂ ਚਿੱਠੀ ਭੇਜੀ ਹੈ ਅਤੇ ਉਸ ਚਿੱਠੀ ਦਾ ਜਵਾਬ ਜੇ ਉਨ੍ਹਾਂ ਨੇ ਦਿੱਤਾ ਹੈ ਤਾਂ ਬਾਅਦ ਵਿਚ ਤੁਸੀਂ ਕੀ ਕੀਤਾ ਹੈ ?

ਮੰਤਰੀ : ਸਪੀਕਰ ਸਾਹਿਬ, ਇਸ ਵਕਤ ਮੇਰੇ ਕੋਲ ਅੰਕੜੇ ਨਹੀਂ ਹਨ, ਬਾਅਦ ਵਿਚ ਦੱਸ ਦੇਵਾਂਗਾ । ਮੈਂਬਰ ਸਾਹਿਬ ਮੇਰੇ ਚੈਂਬਰ ਵਿਚ ਆ ਜਾਣ, ਦੱਸ ਦੇਵਾਂਗਾ ਜਾਂ ਜਿਵੇਂ ਇਹ ਕਹਿਣਗੇ ਦੱਸ ਦੇਵਾਂਗਾ ।

ਸ਼੍ਰੀ ਸਪੀਕਰ : ਇਨ੍ਹਾਂ ਨੂੰ ਲਿਖਤੀ ਭੇਜ ਦੇਣਾ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਜਾਣਕਾਰੀ ਲੈਣੀ ਚਾਹਵਾਂਗਾ ਸਤਿਕਾਰਯੋਗ, ਪੂਜਣਯੋਗ, ਬਜ਼ੁਰਗ ਜਿਹੜੇ ਸਾਡੇ ਪਿਤਾ ਸਮਾਨ ਹਨ, ਬਾਦਲ ਸਾਹਿਬ ਤੋਂ ਅਤੇ ਮੈਂ ਬੇਨਤੀ ਕਰਨੀ ਚਾਹਵਾਂਗਾ ਕਿ ਮੈਂ ਇਨ੍ਹਾਂ ਦੇ ਜਵਾਬ ਤੇ ਸਵਾਲ ਕੀਤਾ ਸੀ । ਮੈਂ ਜਾਣਕਾਰੀ ਚਾਹੁੰਗਾ ਕਿ 44 ਵਿਮੁਕਤ ਜਾਤੀਆਂ ਕਿਹੜੀਆਂ ਹਨ, ਇਹ ਤਾਂ ਇਨ੍ਹਾਂ ਨੂੰ ਪਤਾ ਹੀ ਹੈ । ਉਨਾਂ ਦੇ ਨਾਂ ਕੀ ਹਨ, ਕੀ ਇਹ ਦੱਸ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਸਾਂਸੀ, ਬੰਗਾਲੀ, ਬਰਾੜ, ਬੌਰੀਆ, ਘਨਟੀਲ, ਨੱਟ ਅਤੇ ਬਾਜ਼ੀਗਰ ਆਦਿ ਜਾਤੀਆਂ ਹਨ, ਇਹ ਵਿਮੁਕਤ ਜਾਤੀਆਂ ਹਨ । ਇਨ੍ਹਾਂ ਦੇ ਨਾਵਾਂ ਦੀ ਲਿਸਟ ਮੇਰੇ ਕੋਲ ਹੈ । ਜੇ ਇਹ ਚਾਹੁਣਗੇ ਤਾਂ ਦੇ ਦੇਵਾਂਗੇ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਇਹ ਜਾਤੀਆਂ ਦੇ ਨਾਂ ਦੱਸ ਦੇਣ . . .

ਸ੍ਰੀ ਸਪੀਕਰ : ਲਿਸਟ ਮਿਲ ਜਾਵੇਗੀ 44 ਜਾਤੀਆਂ ਦੀ, ਐਸੀ ਕੋਈ ਗੱਲ ਨਹੀਂ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਇੱਥੇ ਨਾਂ ਦੱਸ ਦੇਣ ਮੰਤਰੀ ਜੀ. . .

ਸ੍ਰੀ ਸਪੀਕਰ : ਰੌਂਤਾ ਜੀ, ਲਿਸਟ ਮਿਲ ਜਾਵੇਗੀ, ਐਸੀ ਕੋਈ ਗੱਲ ਨਹੀਂ ।

ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਵਿਸ਼ੇਸ਼ ਕੰਪੋਨੈਂਟ ਯੋਜਨਾ ਅਧੀਨ ਫੰਡਾਂ ਦੀ ਐਲੋਕੇਸ਼ਨ

*535. **ਚੌਧਰੀ ਜਗਜੀਤ ਸਿੰਘ** : ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਸਾਲ 1996-97 ਲਈ ਸਾਲਾਨਾ ਯੋਜਨਾ ਵਿਚੋਂ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਵਿਸ਼ੇਸ਼ ਕੰਪੋਨੈਂਟ ਯੋਜਨਾ ਅਧੀਨ ਐਲੋਕੇਟ ਕੀਤੇ ਗਏ ਫੰਡਾਂ ਦੇ ਵੇਰਵੇ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਉਨ੍ਹਾਂ ਫੰਡਾਂ ਦੇ ਵੇਰਵੇ ਕੀ ਹਨ ਜਿਹੜੇ 31 ਮਾਰਚ, 1997 ਤਕ ਉਪਰੋਕਤ ਵਿਸ਼ੇਸ਼ ਕੰਪੋਨੈਂਟ ਯੋਜਨਾ ਲਈ ਜਾਰੀ ਕਰ ਦਿੱਤੇ ਗਏ ਹਨ ਅਤੇ ਕਿੰਨੀ ਰਕਮ ਵਰਤ ਲਈ ਗਈ ਅਤੇ ਕਿੰਨੀ ਰਕਮ ਜਾਰੀ ਨਹੀਂ ਕੀਤੀ ਜਾ ਸਕੀ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਅਤੇ (ਅ) ਸਟੇਟਮੈਂਟ ਅਨੁਲੱਗ-1 ਵਿਚ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲੱਗ-1

ਸਪੈਸ਼ਲ ਕੰਪੋਨੈਂਟ ਪਲਾਨ 1996-97 ਖਰਚੇ ਸਬੰਧੀ ਵੇਰਵਾ

(ਲੱਖਾਂ ਵਿਚ)

ਲੜੀ ਨੰ:	ਸਬਹੈੱਡ ਦਾ ਨਾਂ	ਰਾਜ ਦੀ ਸਾਲਾਨਾ ਯੋਜਨਾ 1996-97	ਸਪੈਸ਼ਲ ਕੰਪੋਨੈਂਟ ਪਲਾਨ 1996-97			
		ਪ੍ਰਵਾਨਤ ਉਪਬੰਧ	ਪ੍ਰਵਾਨਤ ਉਪਬੰਧ	ਖਜ਼ਾਨੇ ਵਿਚੋਂ ਜਾਰੀ ਹੋਈ ਰਾਸ਼ੀ	ਖਰਚਾ	ਨਾ ਜਾਰੀ ਹੋਈ ਰਾਸ਼ੀ
1	2	3	4	5	6	7
1.	ਖੇਤੀਬਾੜੀ ਅਤੇ ਬਾਗਵਾਨੀ ..	3,644.75	95.50	7.40	7.40	88.19
2.	ਭੋਂ ਸੁਰੱਖਿਆ ਅਤੇ ਜਲ ਪ੍ਰਬੰਧ ..	1,143.00	71.50	53.90	51.41	17.60
3.	ਪਸ਼ੂ ਪਾਲਣ ..	1,763.35	504.50	—	—	504.50
4.	ਡੇਅਰੀ ਵਿਕਾਸ ..	390.97	137.79	9.33	8.38	128.46
5.	ਮੱਛੀ ਪਾਲਣ ..	315.00	10.00	—	—	10.00
6.	ਦਿਹਾਤੀ ਵਿਕਾਸ ਅਤੇ ਪੰਚਾਇਤ ..	10,011.97	1,908.36	1,235.12	1,235.12	673.24

7.	ਸਹਿਕਾਰਤਾ	..	793.32	71.00	—	—	71.00
8.	ਊਰਜਾ	..	68,421.00	400.00	112.31	112.32	287.69
9.	ਸਿੱਖਿਆ	..	6,151.02	842.26	41.63	41.63	800.63
10.	ਖੇਡਾਂ ਅਤੇ ਯੁਵਕ ਸੇਵਾਵਾਂ	..	1,371.22	172 00	98.57	98.57	73.52
11.	ਕਿਰਤ ਅਤੇ ਕਿਰਤ ਭਲਾਈ	..	2,259.24	50.41	6.12	3.70	44.29
12.	ਸਿਹਤ ਅਤੇ ਪ੍ਰੀਵਾਰ ਭਲਾਈ	..	9,535.41	279.74	136.07	136.07	143.67
13.	ਪਾਣੀ ਸਪਲਾਈ ਅਤੇ ਸੀਵਰੇਜ	..	7,961.25	1,490.00	591.06	591.06	898.94
14.	ਸ਼ਹਿਰੀ ਵਿਕਾਸ	..	3,949.39	957.00	64.05	64.05	892.95
15.	ਮਕਾਨ ਉਸਾਰੀ	..	7,863.51	25.00	—	—	25.00
16.	ਸੂਚਨਾ ਅਤੇ ਪ੍ਰਚਾਰ	..	500.00	5.75	5.75	5.75	—
17.	ਸਮਾਜ ਭਲਾਈ	..	4,649.50	3,891.60	2,301.60	2,301.60	1,590.00
18.	ਪੌਸ਼ਟਿਕ ਆਹਾਰ	..	250.00	945.00	189.09	189.09	755.91
19.	ਅਨੁਸੂਚਿਤ ਜਾਤੀਆਂ ਦੀ ਭਲਾਈ	..	3,970.00	8,642.50	2,713.70	2,713.70	5,928.80
20.	ਖੇਤੀਬਾੜੀ ਅਤੇ ਸਬੰਧਤ	..	2,428.30	—	—	—	—
21.	ਖੇਤਰ ਵਿਸ਼ੇਸ਼ ਪ੍ਰੋਗਰਾਮ	..	1,153.22	—	—	—	—

1	2		3	4	5	6	7
22.	ਸਿੰਚਾਈ ਅਤੇ ਹੜ੍ਹ ਕੰਟਰੋਲ	..	17,112.44	—	—	—	—
23.	ਉਦਯੋਗ ਅਤੇ ਖਣਿੱਜ	..	6,573.00	—	—	—	—
24.	ਆਵਾਜਾਈ	..	6,128.00	—	—	—	—
25.	ਸਾਇੰਸ ਅਤੇ ਤਕਨਾਲੋਜੀ	..	350.00	—	—	—	—
26.	ਜਨਰਲ ਇਕਨਾਮਿਕ ਸਰਵਿਸਿਜ਼	..	6,040.00	—	—	—	—
27.	ਤਕਨੀਕੀ ਸਿੱਖਿਆ	..	4,826.00	—	—	—	—
28.	ਕਲਾ ਅਤੇ ਸੱਭਿਆਚਾਰ	..	592.50	—	—	—	—
29.	ਸੈਨਿਕ ਭਲਾਈ	..	215.00	—	—	—	—
30.	ਹੋਰ ਆਮ ਸੇਵਾਵਾਂ	..	4,337.64	—	—	—	—
	ਕੁੱਲ ਜੋੜ	..	1,85,000.00	20,500.00	7,565.70	7,559.84	12,934.30

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਜਿਹੜੀ ਇਨਫਰਮੇਸ਼ਨ ਵਜ਼ੀਰ ਸਾਹਿਬ ਨੇ ਮੇਰੇ ਸਵਾਲ ਦੇ ਜਵਾਬ ਵਿਚ ਮੁਹੱਈਆ ਕੀਤੀ ਹੈ, ਉਸਦੇ ਵਿਚ 19 ਡਿਪਾਰਟਮੈਂਟਾਂ ਬਾਰੇ ਲਿਸਟ ਇਥੇ ਆਈ ਹੈ। ਪਹਿਲਾਂ ਸਪੀਕਰ ਸਾਹਿਬ, ਮੈਂ 4-5 ਡਿਪਾਰਟਮੈਂਟਾਂ ਦੀ ਕਾਰਗੁਜ਼ਾਰੀ ਦੱਸਾਂਗਾ, ਫਿਰ ਸਵਾਲ ਪੁੱਛਾਂਗਾ ...

ਸ੍ਰੀ ਸਪੀਕਰ : ਤੁਸੀਂ ਕਾਰਗੁਜ਼ਾਰੀ ਨਾ ਦੱਸੋ, ਸਵਾਲ ਪੁੱਛੋ।

ਚੌਧਰੀ ਜਗਜੀਤ ਸਿੰਘ : ਮੈਨੂੰ ਜਵਾਬ ਇਹ ਮਿਲਿਆ ਹੈ ਸਪੀਕਰ ਸਾਹਿਬ, ਕਿ ਐਗਰੀਕਲਚਰਲ ਐਂਡ ਹਾਰਟੀਕਲਚਰਲ ਡਿਪਾਰਟਮੈਂਟ ਵਿਚ 95.50 ਲੱਖ ਰੁਪਿਆ ਸਪੈਸ਼ਲ ਕੰਪੋਨੈਂਟ ਪਲਾਨ ਦੇ ਤਹਿਤ ਰੱਖਿਆ ਸੀ ਜਿਸਦੇ ਵਿਚੋਂ 7.40 ਲੱਖ ਰੁਪਿਆ ਖਰਚ ਹੋਇਆ ਹੈ, ਜੋ ਇਥੇ ਦਿਖਾਇਆ ਗਿਆ ਹੈ ਅਤੇ 88.10 ਲੱਖ ਰੁਪਿਆ ਰਿਲੀਜ਼ ਹੀ ਨਹੀਂ ਹੋਇਆ। ਇਸੇ ਤਰ੍ਹਾਂ ਐਨੀਮਲ ਹਸਬੈਂਡਰੀ ਡਿਪਾਰਟਮੈਂਟ ਵਿਚ 504.50 ਲੱਖ ਰੁਪਿਆ ਇਸ ਪਲਾਨ ਦੇ ਤਹਿਤ ਰੱਖਿਆ ਗਿਆ ਸੀ ਜਿਸ ਵਿਚੋਂ ਕਿ 504.50 ਲੱਖ ਰੁਪਿਆ ਸਾਰੇ ਦਾ ਸਾਰਾ ਹੀ ਰਿਲੀਜ਼ ਨਹੀਂ ਹੋਇਆ। ਅੱਗੇ ਡੇਅਰੀ ਡਿਵੈਲਪਮੈਂਟ ਦੇ ਲਈ 137.79 ਲੱਖ ਰੁਪਿਆ ਸਪੈਸ਼ਲ ਕੰਪੋਨੈਂਟ ਪਲਾਨ ਦੇ ਤਹਿਤ ਰਖਿਆ ਸੀ ਜਿਸ ਵਿਚੋਂ 9.33 ਲੱਖ ਰੁਪਿਆ ਰਿਲੀਜ਼ ਹੋਇਆ ਹੈ ਅਤੇ 128.46 ਲੱਖ ਰੁਪਿਆ ਰਿਲੀਜ਼ ਹੀ ਨਹੀਂ ਹੋਇਆ। ਐਜੂਕੇਸ਼ਨ ਡਿਪਾਰਟਮੈਂਟ ਵਿਚ 800.63 ਲੱਖ ਰੁਪਿਆ....

ਸ੍ਰੀ ਸਪੀਕਰ : ਤੁਸੀਂ ਚੌਧਰੀ ਸਾਹਿਬ, ਸਪਲੀਮੈਂਟਰੀ ਕਰੋ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਇਹ ਸਾਰੀ ਗੱਲ ਮੇਰੇ ਸਵਾਲ ਦੇ ਨਾਲ ਢੁਕਦੀ ਹੈ। ਐਜੂਕੇਸ਼ਨ ਡਿਪਾਰਟਮੈਂਟ ਦਾ 800.63 ਲੱਖ ਰੁਪਿਆ ਰਿਲੀਜ਼ ਨਹੀਂ ਹੋਇਆਂ ਹੈ। ਇਸ ਕਾਰਨ ਬੱਚਿਆਂ ਨੂੰ ਵਜ਼ੀਫੇ ਨਹੀਂ ਮਿਲੇ। ਮੈਂ ਹੁਣ ਸਪੀਕਰ ਸਾਹਿਬ, ਤੁਹਾਡੀ ਮਾਰਫਤ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹਵਾਂਗਾ, ਕਿਉਂਕਿ ਇਸੇ ਤਰ੍ਹਾਂ ਹੈਲਥ ਐਂਡ ਫੈਮਿਲੀ ਵੈਲਫੇਅਰ ਡਿਪਾਰਟਮੈਂਟ ਦੇ ਬਾਰੇ ਹੈ, ਇਨ੍ਹਾਂ ਸਾਰੇ ਡਿਪਾਰਟਮੈਂਟਾਂ ਦੀ ਪਰਫਾਰਮੈਂਸ ਸਪੈਸ਼ਲ ਕੰਪੋਨੈਂਟ ਪਲਾਨ ਦੇ ਤਹਿਤ ਬੜੀ ਪੂਅਰ ਹੈ, ਮੈਂ ਤੁਹਾਡੀ ਮਾਰਫਤ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਆਉਣ ਵਾਲੇ ਸਾਲ 1997-98 ਵਿਚ ਸਪੈਸ਼ਲ ਕੰਪੋਨੈਂਟ ਪਲਾਨ ਦੇ ਤਹਿਤ ਪੈਸਾ ਰਖਿਆ ਹੈ, ਕੀ ਵਜ਼ੀਰ ਸਾਹਿਬ ਕੋਈ ਐਸਾ ਪ੍ਰਬੰਧ ਕਰਨਗੇ ਕਿ ਜਿੰਨਾ ਵੀ ਪੈਸਾ ਰਖਿਆ ਹੈ, ਉਹ ਗਰੀਬ ਲੋਕਾਂ ਤੇ ਪੂਰੀ ਤਰ੍ਹਾਂ ਖਰਚ ਹੋਵੇਗਾ ?

ਮੰਤਰੀ : ਸਪੀਕਰ ਸਾਹਿਬ, ਇਹ ਜੋ ਚੌਧਰੀ ਸਾਹਿਬ ਨੇ ਬੋਲਿਆ ਹੈ, ਇਹ ਆਪ ਉਦੋਂ ਮਨਿਸਟਰ ਸੀ, ਜ਼ਿੰਮੇਵਾਰੀ ਤਾਂ ਇਨ੍ਹਾਂ ਦੀ ਬਣਦੀ ਹੈ। (ਥੰਪਿੰਗ) ਪਰ ਅਸੀਂ ਜੋ ਇਨ੍ਹਾਂ ਨੇ ਕਿਹਾ ਹੈ ਕਿ ਅੱਗੋਂ ਲਈ ਕੁਝ ਪ੍ਰਬੰਧ ਕਰਨਗੇ, ਅਸੀਂ ਵਿਸ਼ਵਾਸ ਦਿਵਾਉਂਦੇ ਹਾਂ ਕਿ ਅਸੀਂ ਜ਼ਰੂਰ ਉਸ ਤੇ ਅਮਲ ਕਰਾਂਗੇ।

ਚੌਧਰੀ ਜਗਜੀਤ ਸਿੰਘ : ਧੰਨਵਾਦ ਜੀ। ਪਰ ਇਹ ਪੈਸੇ ਪਿਛਲੇ ਕੁਆਟਰ ਦੇ ਰਿਲੀਜ਼ ਨਹੀਂ ਸੀ ਹੋਏ, ਮੈਂ ਤਾਂ ਉਸ ਬਾਰੇ ਕੁਐਸਚਨ ਕੀਤਾ ਸੀ। ਪਰ ਫਿਰ ਵੀ ਧੰਨਵਾਦ ਹੈ ਕਿ ਇਨ੍ਹਾਂ ਨੇ ਅੱਗੋਂ ਲਈ ਵਿਸ਼ਵਾਸ ਦਿਵਾਇਆ ਹੈ।

ਖੇਡਾਂ ਦੇ ਸਾਮਾਨ ਤੇ ਵਿਕਰੀ ਕਰ ਘੱਟ ਕਰਨਾ

*387. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਬਣਾਏ ਜਾ ਰਹੇ ਖੇਡਾਂ ਦੇ ਸਾਮਾਨ ਤੇ ਵਿਕਰੀ ਕਰ ਦੀ ਦਰ ਕੀ ਹੈ;

(ਅ) ਕੀ ਇਹ ਠੀਕ ਹੈ ਕਿ ਹੋਰ ਰਾਜਾਂ ਵਿਚ ਬਣਾਏ ਜਾ ਰਹੇ ਖੇਡਾਂ ਦੇ ਸਾਮਾਨ ਤੇ ਵਿਕਰੀ ਕਰ ਦੀ ਦਰ ਬਹੁਤ ਘੱਟ ਹੈ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਸਰਕਾਰ ਦੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਮਾਨ ਤੇ ਵਿਕਰੀ ਕਰ ਘੱਟ ਕਰਨ ਦੀ ਤਜਵੀਜ਼ ਹੈ ?

ਕੈਪਟਨ ਕੰਵਲਜੀਤ ਸਿੰਘ (ਵਿੱਤ, ਯੋਜਨਾ, ਸੂਚਨਾ ਅਤੇ ਲੋਕ ਸੰਪਰਕ ਮੰਤਰੀ) :

(ੳ) ਮਿਤੀ 31 ਮਾਰਚ, 1992 ਤੋਂ 31 ਮਾਰਚ, 1998 ਤਕ ਖੇਡਾਂ ਦੇ ਸਾਮਾਨ ਤੇ ਪੰਜਾਬ ਆਮ ਵਿਕਰੀ ਕਰ ਐਕਟ, 1948 ਤਹਿਤ ਰਿਆਇਤੀ ਦਰ ਕਰ 4% ਹੈ ।

(ਅ) ਨਹੀਂ ਜੀ ।

ਇਸ ਵਿਭਾਗ ਕੋਲ ਉਪਲਬਧ ਸੂਚਨਾ ਅਨੁਸਾਰ ਦੂਜੇ ਰਾਜਾਂ ਵਿਚ ਵਿਕਰੀ ਕਰ ਦੀ ਦਰ ਹੇਠ ਅਨੁਸਾਰ ਹੈ :—

ਜੰਮੂ ਕਸ਼ਮੀਰ	..	4%
ਰਾਜਸਥਾਨ	..	6%
ਹਿਮਾਚਲ ਪ੍ਰਦੇਸ਼	..	8%
ਹਰਿਆਣਾ	..	7%
ਚੰਡੀਗੜ੍ਹ	..	8%

(ੲ) ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਸਪੋਰਟਸ ਵਸਤਾਂ ਤੇ ਰਿਆਇਤੀ ਕਰ ਦਰ 4% (ਸਿਵਾਏ ਸਪੋਰਟਸ ਸ਼ੂਜ਼ ਦੇ) ਮਿਤੀ 1 ਅਪ੍ਰੈਲ, 1997 ਤੋਂ 31 ਮਾਰਚ, 1998 ਤਕ ਲਾਗੂ ਰਹੇਗੀ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਆਮ ਤੌਰ ਤੇ ਸਾਰੇ ਗਵਾਂਢੀ ਰਾਜਾਂ ਦੀਆਂ ਦਰਾਂ ਨੂੰ ਮਿਲਾ ਕੇ ਸਟੇਟ ਵਿਕਰੀ ਕਰ ਦੀ ਦਰ ਤਹਿ ਕਰਦੀ ਹੈ ਤਾਂ ਜੋ ਸਾਡੀ ਸਟੇਟ ਵਿਚ ਜਿਹੜਾ ਮਾਲ ਮੈਨੂਫੈਕਚਰ ਹੋ ਰਿਹਾ ਹੈ, ਗਵਾਂਢੀ ਰਾਜਾਂ ਵਿਚ ਵਿਕਰੀ ਕਰ ਦੀਆਂ ਦਰਾਂ ਘੱਟ ਹੋਣ ਕਾਰਣ ਉਸ ਮਾਲ ਦੀ ਸੇਲ ਪਰਚੇਜ਼ ਤੇ ਕੋਈ ਮਾੜਾ ਇਫੈਕਟ ਨਾ ਪਵੇ । ਮੰਤਰੀ ਜੀ ਨੇ ਜੋ ਗਵਾਂਢੀ ਰਾਜ਼ਾਂ ਦੀਆਂ ਦਰਾਂ ਬਾਰੇ ਉੱਤਰ ਦਿੱਤਾ ਹੈ, ਉਸ ਦੇ ਵਿਚ ਮੈਨੂੰ ਇਹ ਜਾਣਕਾਰੀ ਨਹੀਂ ਮਿਲ ਸਕੀ ਕਿ ਦਿੱਲੀ ਵਿਚ ਵਿਕਰੀ ਕਰ ਦੀ

ਦਰ ਕੀ ਹੈ । ਜਿਨ੍ਹਾਂ ਗਵਾਂਢੀ ਰਾਜਾਂ ਬਾਰੇ ਮਾਨਯੋਗ ਮੰਤਰੀ ਜੀ ਨੇ ਦੱਸਿਆ ਹੈ, ਇਹ ਤਾਂ ਸਪੋਰਟਸ ਗੁਡਜ਼ ਬਣਾਉਂਦੇ ਹੀ ਨਹੀਂ, ਇਕ ਅੱਧੇ ਪਰਸੈਂਟ ਨੂੰ ਛੱਡ ਕੇ । ਮੁਕਾਬਲਾ ਤਾਂ ਮੇਨਲੀ ਜਲੰਧਰ ਅਤੇ ਦਿੱਲੀ ਵਿਚਕਾਰ ਹੈ । ਦਿੱਲੀ ਵਿਚ ਵਿਕਰੀ ਕਰ ਦੀਆਂ ਦਰਾਂ ਬਹੁਤ ਘੱਟ ਹਨ ਅਤੇ ਇਹ ਦਰਾਂ ਘੱਟ ਹੋਣ ਕਾਰਣ ਜਲੰਧਰ ਦੀ ਸਪੋਰਟਸ ਇੰਡਸਟਰੀ ਤੇ ਬੜਾ ਮਾੜਾ ਪ੍ਰਭਾਵ ਪੈਂਦਾ ਹੈ । ਦਿੱਲੀ ਵਿਚ ਵਿਕਰੀ ਕਰ ਦੀਆਂ ਦਰਾਂ ਪੰਜਾਬ ਨਾਲੋਂ ਘੱਟ ਹਨ । ਕੀ ਮੰਤਰੀ ਜੀ ਦੱਸਣਗੇ ਕਿ ਪੰਜਾਬ ਦੀਆਂ ਵਿਕਰੀ ਕਰ ਦੀਆਂ ਦਰਾਂ ਵੀ ਦਿੱਲੀ ਦੇ ਬਰਾਬਰ ਕਰਨ ਦਾ ਇਨ੍ਹਾਂ ਦਾ ਕੋਈ ਵਿਚਾਰ ਹੈ ਤਾਂ ਜੋ ਸਾਡੀ ਸਪੋਰਟਸ ਇੰਡਸਟਰੀ ਤੇ ਕੋਈ ਮਾੜਾ ਪ੍ਰਭਾਵ ਨਾ ਪਵੇ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਸਵਾਲ ਬੜਾ ਸਪੈਸਿਫਿਕ ਸੀ ਅਤੇ ਮੈਂ ਉਸ ਦਾ ਜਵਾਬ ਦੇ ਦਿੱਤਾ ਹੈ । ਜਿਹੜਾ ਇਨ੍ਹਾਂ ਨੇ ਅੱਗੇ ਸਵਾਲ ਕੀਤਾ ਹੈ, ਉਸ ਦੇ ਬਾਰੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਕ ਪ੍ਰਸਤਾਵ ਵਿਚਾਰ ਅਧੀਨ ਹੈ ਕਿ ਨਾਰਦਨ ਰੀਜਨ ਦੀਆਂ ਜੋ ਸਟੇਟਸ ਹਨ, ਉਨ੍ਹਾਂ ਸਾਰਿਆਂ ਦੇ ਟੈਕਸ ਸਟਰੱਕਚਰ ਵਿਚ ਸਿਮੀਲੈਰਿਟੀ ਲਿਆਂਦੀ ਜਾਵੇ । ਇਸ ਸਬੰਧ ਵਿਚ ਕਈ ਮੀਟਿੰਗਾਂ ਪਹਿਲਾਂ ਵੀ ਹੋਈਆਂ ਹਨ ਅਤੇ ਅਗਲੇ ਮਹੀਨੇ 3 ਤਰੀਕ ਨੂੰ ਦਿੱਲੀ ਵਿਚ ਫੇਰ ਇਕ ਮੀਟਿੰਗ ਫਿਕਸ ਕੀਤੀ ਹੈ, ਜਿਥੇ ਮੈਂ ਜਾਣਾ ਹੈ । ਉਸ ਮੀਟਿੰਗ ਵਿਚ ਸਾਰੇ ਸਵਾਲਾਂ ਦੇ ਉਪਰ ਗੌਰ ਹੋ ਜਾਵੇਗਾ ।

ਕਾਮਰੇਡ ਹਰਦੇਵ ਅਰਸ਼ੀ : ਠੀਕ ਹੈ ਜੀ । ਧੰਨਵਾਦ ।

ਅੰਮ੍ਰਿਤਸਰ ਤਕ ਜੀ. ਟੀ. ਰੋਡ ਨੂੰ ਚਾਰ ਲੇਨਜ਼ ਵਾਲੀ ਸੜਕ ਬਣਾਉਣਾ

*537. **ਸ਼੍ਰੀ ਓਮ ਪ੍ਰਕਾਸ਼ ਸੋਨੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਲੰਧਰ ਤੋਂ ਅੰਮ੍ਰਿਤਸਰ ਤਕ ਜੀ. ਟੀ. ਰੋਡ ਨੂੰ ਚਾਰ ਲੇਨਜ਼ ਵਾਲੀ ਸੜਕ ਬਣਾਉਣ ਦਾ ਪ੍ਰਾਜੈਕਟ ਕਦੋਂ ਤਕ ਸ਼ੁਰੂ ਅਤੇ ਮੁਕੰਮਲ ਕੀਤਾ ਜਾਵੇਗਾ ?

Sari Madan Mohan Mittal (Minister for Food & Supplies, Public Health and Parliamentary Affairs): At present, there is no proposal to four lane the G. T. road from Jalandhar to Amritsar.

ਸ਼੍ਰੀ ਓਮ ਪ੍ਰਕਾਸ਼ ਸੋਨੀ : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਦੱਸਿਆ ਹੈ ਕਿ ਅਜੇ ਤੱਕ ਕੋਈ ਪ੍ਰੋਪੋਜ਼ਲ ਵਿਚਾਰ ਅਧੀਨ ਨਹੀਂ ਹੈ । ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਕੰਮ ਨੂੰ ਜ਼ਰੂਰੀ ਨਹੀਂ ਸਮਝਦੀ ਜਾਂ ਕੋਈ ਹੋਰ ਮੁਸ਼ਕਲ ਹੈ ?

ਮੰਤਰੀ : ਸਪੀਕਰ ਸਾਹਿਬ, ਦਰਅਸਲ ਪੰਜਾਬ ਸਰਕਾਰ ਤਾਂ ਚਾਹੁੰਦੀ ਹੈ ਕਿ ਇਹ ਸੜਕ ਚਾਰ ਲੇਨਜ਼ ਵਾਲੀ ਹੋਵੇ ਲੇਕਿਨ ਕਿਉਂਕਿ ਇਹ ਨੈਸ਼ਨਲ ਹਾਈਵੇ ਹੈ, ਇਸ ਕਰਕੇ ਇਸ ਬਾਰੇ ਨਿਰਣਾ ਕੇਂਦਰੀ ਸਰਕਾਰ ਨੇ ਲੈਣਾ ਹੈ । ਮਨਿਸਟਰੀ ਆਫ ਸਰਫੇਸ ਟ੍ਰਾਂਸਪੋਰਟ ਨੇ ਇਸ ਬਾਰੇ ਫੈਸਲਾ ਲੈਣਾ ਹੈ ਲੇਕਿਨ ਇਸ ਦਾ ਕੁਝ ਪੋਰਸ਼ਨ ਤਾਂ ਆਲਰੇਡੀ ਚਾਰ ਲੇਨਜ਼ ਵਿਚ ਕਵਰ ਹੋਇਆ ਹੋਇਆ ਹੈ ਜੋ ਕਿ ਤਕਰੀਬਨ 50 ਕਿਲੋਮੀਟਰ ਬਣਦਾ ਹੈ । ਇਹ

[ਖੁਰਾਕ ਅਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ]
ਪੋਰਸ਼ਨ ਸਰਕਾਰ ਨੇ ਪਹਿਲਾਂ ਹੀ ਕਵਰ ਕੀਤਾ ਹੋਇਆ ਹੈ। ਜਦੋਂ ਕੇਂਦਰ ਸਰਕਾਰ ਦੀ ਮਨਜ਼ੂਰੀ ਇਸ ਨੈਸ਼ਨਲ ਹਾਈਵੇ ਨੂੰ ਚਾਰ ਲੇਨਜ਼ ਕਰਨ ਵਾਸਤੇ ਆਏਗੀ ਤਾਂ ....।

ਇਕ ਆਵਾਜ਼ : ਕਿਹੜਾ ਪੋਰਸ਼ਨ ਕਵਰ ਕੀਤਾ ਹੋਇਆ ਹੈ ?

ਮੰਤਰੀ : ਕੁਝ ਪੋਰਸ਼ਨ ਜਿਹੜਾ ਸ਼ਹਿਰਾਂ ਵਿਚ ਪੈਂਦਾ ਹੈ, ਉਹ ਕਵਰ ਕੀਤਾ ਹੋਇਆ ਹੈ ਅਤੇ ਉਹ ਤਕਰੀਬਨ 50 ਕਿਲੋਮੀਟਰ ਬਣਦਾ ਹੈ ਜਿਵੇਂ ਕਿ ਕਰਤਾਰਪੁਰ ਟਾਊਨ ਹੈ, ਬਿਆਸ ਟਾਊਨ ਹੈ, ਰਈਆ ਹੈ, ਜੰਡਿਆਲਾ ਗੁਰੂ ਹੈ ਅਤੇ ਵਾਘਾ ਬਾਰਡਰ ਹੈ। ਜਦੋਂ ਕੇਂਦਰ ਸਰਕਾਰ ਦੀ ਮਨਜ਼ੂਰੀ ਆਵੇਗੀ ਤਾਂ ਬਾਕੀ ਦਾ ਪੋਰਸ਼ਨ ਵੀ ਕਵਰ ਹੋ ਜਾਵੇਗਾ। ਇਹ ਕੰਮ ਤਾਂ ਉਨ੍ਹਾਂ ਨੇ ਹੀ ਕਰਵਾਉਣਾ ਹੈ।

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇੰਨੀ ਜਾਣਕਾਰੀ ਲੈਣੀ ਚਾਹੁੰਦਾ ਹਾਂ ਕਿ ਜਦੋਂ ਅਸੀਂ ਕੋਈ ਸੜਕ ਚਾਰ ਲੇਨਿੰਗ ਕਰਦੇ ਹਾਂ ਤਾਂ ਕੀ ਇਹ ਇਨਟੈਨਸਿਟੀ ਆਫ ਟ੍ਰੈਫਿਕ ਨੂੰ ਵੇਖ ਕੇ ਕਰਦੇ ਹਾਂ ਜਾਂ ਕੋਈ ਹੋਰ ਸਿਫਾਰਿਸ਼ ਹੁੰਦੀ ਹੈ ?

ਮੰਤਰੀ : ਸਪੀਕਰ ਸਾਹਿਬ, ਦੋਨੋਂ ਗੱਲਾਂ ਹਨ। Intensity of traffic is also one of the grounds which requires four-laning. That is the major ground because the traffic is to be maintained.

ਸ੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸੜਕ ਫੋਰ ਲੇਨਿੰਗ ਕਰਨ ਲਈ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨਾਲ ਕੋਈ ਖਤੋ-ਕਿਤਾਬਤ ਕੀਤੀ ਹੈ ਜਾਂ ਕੋਈ ਮੰਗ ਕੀਤੀ ਹੈ ਕਿ ਅਸੀਂ ਇਸ ਸੜਕ ਨੂੰ ਫੋਰ ਲੇਨਿੰਗ ਕਰਨਾ ਚਾਹੁੰਦੇ ਹਾਂ ?

ਸ੍ਰੀ ਸਪੀਕਰ : ਹਾਂ ਜੀ, ਮੰਤਰੀ ਜੀ, ਇਹ ਪੁੱਛਣਾ ਚਾਹੁੰਦੇ ਹਨ ਕਿ ਕੀ ਪੰਜਾਬ ਸਰਕਾਰ ਵੱਲੋਂ ਕੋਈ ਪੇਸ਼ਕਸ਼ ਕੀਤੀ ਗਈ ਹੈ ?

ਮੰਤਰੀ : ਸਪੀਕਰ ਸਾਹਿਬ, ਇਸ ਦੇ ਵਾਸਤੇ ਇਹ ਸੈਪਰੇਟ ਨੋਟਿਸ ਦੇ ਦੇਣ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਮੰਤਰੀ ਜੀ ਨੇ ਦੱਸਿਆ ਹੈ ਕਿ ਜਲੰਧਰ ਤੋਂ ਅੰਮ੍ਰਿਤਸਰ ਤੱਕ ਜਿਹੜੀ ਸੜਕ ਹੈ ਉਹ ਕੋਈ 85 ਕਿਲੋਮੀਟਰ ਹੈ। ਅੰਮ੍ਰਿਤਸਰ ਤੋਂ ਜਲੰਧਰ ਤੱਕ ਜਿਹੜੀ ਜੀ. ਟੀ. ਰੋਡ ਹੈ ਉਹ ਵੱਧ ਤੋਂ ਵੱਧ 85 ਜਾਂ 87 ਕਿਲੋਮੀਟਰ ਹੋ ਸਕਦੀ ਹੈ। ਇਸ ਦੇ ਵਾਸਤੇ ਇਨ੍ਹਾਂ ਨੇ ਦੱਸਿਆ ਹੈ ਕਿ ਇਸ ਵਿਚੋਂ 50 ਕਿਲੋਮੀਟਰ ਦੇ ਲਗਭੱਗ ਸੜਕ ਫੋਰ ਲੇਨਿੰਗ ਕਰ ਦਿੱਤੀ ਗਈ ਹੈ। ਇਹ ਤੱਥ ਗਲਤ ਹਨ। ਇਹ ਬਿਲਕੁਲ ਗਲਤ ਤੱਥ ਹਨ। ਜੇ ਇਹ ਕਹਿੰਦੇ ਕਿ ਸੜਕ ਪੰਜ ਸੱਤ ਕਿਲੋਮੀਟਰ ਫੋਰ ਲੇਨਿੰਗ ਕਰ ਦਿੱਤੀ ਗਈ ਹੈ ਤਾਂ ਅਸੀਂ ਮੰਨ ਸਕਦੇ ਸੀ। ਕੋਈ ਵੀ ਬੰਦਾ ਚਲਾ ਜਾਵੇ ਅਤੇ ਜਾ ਕੇ ਦੇਖੇ ਕਿ ਉਹ ਜਿਹੜੀ ਸੜਕ ਹੈ, ਉਹ ਚਾਰ

ਪੰਜ ਕਿਲੋਮੀਟਰ ਤੋਂ ਵੱਧ ਫੋਰ ਲੇਨਿੰਗ ਨਹੀਂ ਹੋਈ । ਉਥੇ ਚਾਰ ਪੰਜ ਸਪਾਟ ਰਸਤੇ ਵਿੱਚ ਆਉਂਦੇ ਹਨ । ਉਸ ਹਿਸਾਬ ਨਾਲ ਇਹ ਚਾਰ ਪੰਜ ਕਿਲੋਮੀਟਰ ਤੋਂ ਵੱਧ ਫੋਰ ਲੇਨਿੰਗ ਨਹੀਂ ਹੋ ਸਕਦੀ । 50 ਕਿਲੋਮੀਟਰ ਕਹਿਣ ਨੂੰ ਤਾਂ ਬੜੀ ਸੌਖੀ ਗੱਲ ਹੈ ਪਰ ਕਰਨ ਵਾਸਤੇ ਬੜੀ ਔਖੀ ਗੱਲ ਹੈ । ਜੇਕਰ ਕੁੱਲ 87 ਕਿਲੋਮੀਟਰ ਦੇ ਵਿੱਚੋਂ 50 ਕਿਲੋਮੀਟਰ ਸੜਕ ਫੋਰ ਲੇਨ ਬਣ ਗਈ ਹੁੰਦੀ ਫਿਰ ਤਾਂ ਸਾਨੂੰ ਇਥੇ ਸੱਪ ਪਾਉਣ ਦੀ ਕੋਈ ਜ਼ਰੂਰਤ ਹੀ ਨਹੀਂ ਸੀ । ਇਸ ਕੁਐਸਚਨ ਦਾ ਜ਼ਿਕਰ ਪਿਛਲੇ ਪੰਜ ਸਾਲ ਵਿਚ ਹੀ ਹੁੰਦਾ ਰਿਹਾ ਹੈ । ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਨੇ ਵੀ ਇਹ ਸਵਾਲ ਉਠਾਇਆ ਸੀ ਪਰ ਸਰਕਾਰ ਵਾਰ ਵਾਰ ਇਸ ਨੂੰ ਨਕਾਰਦੀ ਰਹੀ । ਅੱਜ ਪੁਜ਼ੀਸ਼ਨ ਇਹ ਹੈ ਕਿ ਅੰਮ੍ਰਿਤਸਰ ਤੋਂ ਜਲੰਧਰ ਤੱਕ ਸੜਕ ਫੋਰ ਲੇਨਿੰਗ ਨਾ ਹੋਣ ਕਰਕੇ ਉਸ ਸੜਕ ਤੇ ਬਹੁਤ ਐਕਸੀਡੈਂਟ ਹੁੰਦੇ ਹਨ । ਇਹ ਐਕਸੀਡੈਂਟ ਸ਼ੂਗਰ ਮਿੱਲ ਹੋਣ ਕਰਕੇ ਵੀ ਹੁੰਦੇ ਹਨ । ਕੀ ਪੰਜਾਬ ਸਰਕਾਰ ਨੇ ਸੈਂਟਰਲ ਗੌਰਮਿੰਟ ਕੋਲ ਇਸ ਸਬੰਧੀ ਕੋਈ ਪਰਪੋਜ਼ਲ ਭੇਜੀ ਹੈ ? ਜੇ ਨਹੀਂ ਭੇਜੀ ਤਾਂ ਕੀ ਇਹ ਹੁਣ ਭੇਜਣਗੇ ? ਲੇਕਿਨ ਜਿਹੜੀ 50 ਕਿਲੋਮੀਟਰ ਵਾਲੀ ਗੱਲ ਇਨ੍ਹਾਂ ਨੇ ਕਹੀ ਹੈ, ਇਹ ਤੱਥ ਗ਼ਲਤ ਹਨ ।

ਮੰਤਰੀ : ਸਪੀਕਰ ਸਾਹਿਬ, ਮੈਂ ਇਹ ਕੈਲਕੂਲੇਟ ਕੀਤਾ ਹੈ । ਅਪਰੋਕਸੀਮੇਟਲੀ ਇਹ ਪੰਜ ਕਿਲੋਮੀਟਰ ਪੋਰਸ਼ਨ ਹੀ ਬਣਦਾ ਹੈ । ਐਕਚੂਅਲੀ ਹੁਣ ਅਰਥ-ਮੈਟਿਕ ਪੜ੍ਹਨ ਦਾ ਅਭਿਆਸ ਨਹੀਂ ਰਿਹਾ ਇਸ ਕਰਕੇ ਇਹ ਮੇਰੇ ਕੋਲੋਂ ਗਲਤ ਕੈਲਕੂਲੇਟ ਹੋ ਗਿਆ ਹੈ। I stand corrected by Mr. Sawhney. I thank him.

ਸ੍ਰੀ ਸਪੀਕਰ : ਇਨ੍ਹਾਂ ਨੇ ਦੱਸਿਆ ਹੈ ਇਹ ਸੜਕ ਪੰਜ ਕਿਲੋਮੀਟਰ ਬਣੀ ਹੈ । ਇਹ ਪਹਿਲਾਂ ਉਨ੍ਹਾਂ ਕੋਲੋਂ ਕਲੈਰੀਕਲ ਮਿਸਟੇਕ ਹੋ ਗਈ ਸੀ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਉਂਕਿ ਇਸ ਸੜਕ ਨੂੰ ਫੋਰ ਲੇਨਿੰਗ ਕਰਨ ਦੀ ਬਹੁਤ ਜ਼ਰੂਰਤ ਹੈ, ਕੀ ਇਨ੍ਹਾਂ ਨੇ ਸੈਂਟਰਲ ਗੌਰਮਿੰਟ ਪਾਸ ਇਸ ਸਬੰਧੀ ਕੋਈ ਪਰਪੋਜ਼ਲ ਭੇਜੀ ਹੈ ? ਕੀ ਇਹ ਇਸ ਬਾਰੇ ਦੱਸਣ ਦੀ ਖੇਚਲ ਕਰਨਗੇ ?

ਸ੍ਰੀ ਸਪੀਕਰ : ਤੁਸੀਂ ਕੋਈ ਕੋਸ਼ਿਸ਼ ਕਰ ਰਹੇ ਹੋ ਜਾਂ ਨਹੀਂ, ਇਹ ਪੁੱਛਦੇ ਹਨ ।

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਅੰਮ੍ਰਿਤਸਰ ਨੂੰ ਜਾਣ ਵਾਲੀ ਸੜਕ ਸਾਡੇ ਵਾਸਤੇ ਪ੍ਰਾਇਰਟੀ ਰੋਡ ਹੈ but the funds are to be allocated by the Government of India. ਇਸਨੂੰ ਬਨਾਉਣ ਵਾਸਤੇ ਅਪਰੂਵਲ ਉਨ੍ਹਾਂ ਨੇ ਦੇਣੀ ਹੈ । ਬਾਕੀ ਮੈਂ ਧੰਨਵਾਦੀ ਹਾਂ ਮਿਸਟਰ ਸਾਹਨੀ ਦਾ, ਉਨ੍ਹਾਂ ਨੇ ਮੈਨੂੰ ਹਿਸਾਬ ਦੁਬਾਰਾ ਪੜ੍ਹਾ ਦਿੱਤਾ ਹੈ ।

———

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 533**

ਸ਼੍ਰੀ ਸਪੀਕਰ : ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 533 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ । ਅਗਲਾ ਸਵਾਲ ।

ਰਾਜ ਵਿਚ ਲਿੰਕ ਸੜਕਾਂ ਦੀ ਮੁਰੰਮਤ

*511. 1. **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
2. **ਸਰਦਾਰ ਬਿਕਰਮਜੀਤ ਸਿੰਘ ਖਾਲਸਾ** } : ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਲਿੰਕ ਸੜਕਾਂ ਦੀ ਮੁਰੰਮਤ ਤੇ ਸਾਲ 1995-96 ਅਤੇ 1996-97 ਦੇ ਦੌਰਾਨ ਕੁਲ ਕਿੰਨਾ ਖਰਚਾ ਕੀਤਾ ਗਿਆ;

(ਅ) ਉਕਤ ਸਮੇਂ ਦੇ ਦੌਰਾਨ ਕੁੱਲ ਕਿੰਨੇ ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਗਈ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਲਿੰਕ ਸੜਕਾਂ ਦੀ ਰੀਪੇਅਰ ਤੇ ਸਾਲ 1995-96 ਅਤੇ 1996-97 ਦੌਰਾਨ ਕੁੱਲ ਆਇਆ ਖਰਚਾ :—

ਰੁ: 6,189.19 ਲੱਖ ਅਤੇ ਰੁ: 9,956.80 ਲੱਖ ਕ੍ਰਮਵਾਰ ਹੈ ।

(ਅ) ਕੁਲ ਸੜਕਾਂ ਦੀ ਕੀਤੀ ਗਈ ਮੁਰੰਮਤ :—

ਸਾਲ 1995-96 ਦੌਰਾਨ	=	3,661.89 ਕਿ. ਮੀ. ਅਤੇ
ਸਾਲ 1996-97 ਦੌਰਾਨ	=	4,906.66 ਕਿ. ਮੀ.

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਰਕਮ ਤਾਂ ਮੰਤਰੀ ਜੀ ਨੇ ਦੱਸ ਹੀ ਦਿੱਤੀ ਹੈ । ਮੈਂ ਮਾਨਯੋਗ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਸੜਕਾਂ ਦੀ ਰਿਪੇਅਰ ਕੀਤੀ ਜਾਂਦੀ ਹੈ, ਉਹ ਛੇਤੀ ਖਰਾਬ ਹੋ ਜਾਂਦੀਆਂ ਹਨ । ਇਸ ਦਾ ਕਾਰਨ ਹੈ ਕਿ ਪਿਛਲੇ ਸਮੇਂ ਵਿਚ ਜਦੋਂ ਟਰੈਫਿਕ ਘੱਟ ਹੁੰਦੀ ਸੀ, ਉਸ ਸਮੇਂ ਜਿਹੜੀ ਪ੍ਰੀ-ਮਿਕਸ ਦੀ ਲੇਅਰ ਪਾਈ ਜਾਂਦੀ ਸੀ ਉਹ 3/4" ਹੁੰਦੀ ਸੀ । ਪਰ ਹੁਣ ਟਰੈਫਿਕ ਬਹੁਤ ਵਧ ਗਿਆ ਹੈ ਬੜੀਆਂ ਭਾਰੀਆਂ ਗੱਡੀਆਂ ਅਤੇ 6-6 ਟਾਇਰਾਂ ਵਾਲੇ ਟਰੱਕ ਸੜਕਾਂ ਉਪਰੋਂ ਲੰਘਦੇ ਹਨ । ਕੀ ਮੰਤਰੀ ਜੀ ਇਸ ਲੇਅਰ ਦੀ ਮੋਟਾਈ ਨੂੰ ਵਧਾਉਣ ਬਾਰੇ ਕੋਈ ਵਿਚਾਰ ਕਰਨਗੇ ?

**For Starred Question No. 533 and reply thereto, please see Appendix to this Debate.

ਮੰਤਰੀ : ਸਪੀਕਰ ਸਾਹਿਬ, ਸੜਕਾਂ ਦੀ ਮੁਰੰਮਤ ਦਾ ਕੰਮ 6 ਸਾਲ ਬਾਅਦ ਕੀਤਾ ਜਾਂਦਾ ਹੈ । ਇਨ੍ਹਾਂ ਦੀ ਗੱਲ ਬਿਲਕੁਲ ਠੀਕ ਹੈ ਕਿ ਸੜਕਾਂ 6 ਸਾਲਾਂ ਵਿਚ ਟੁੱਟ ਜਾਂਦੀਆਂ ਹਨ । ਉਹ ਇਸ ਲਈ ਕਿ ਆਵਾਜਾਈ ਬਹੁਤ ਜ਼ਿਆਦਾ ਹੋ ਗਈ ਹੈ । ਅਸੀਂ ਕੋਸ਼ਿਸ਼ ਕਰਾਂਗੇ ਕਿ ਜਿਹੜੀਆਂ ਮਾੜੀਆਂ ਸੜਕਾਂ ਹਨ, ਉਨ੍ਹਾਂ ਤੇ ਪ੍ਰੀ-ਮਿਕਸ ਇਸ ਤਰ੍ਹਾਂ ਨਾਲ ਪਾਇਆ ਜਾਵੇ ਅਤੇ ਉਹ 6 ਸਾਲ ਕੱਢਣ ਵਾਲੀਆਂ ਬਣ ਸਕਣ ਤੇ ਇਹੋ ਜਿਹੀਆਂ ਬਣਨ ਕਿ ਮੁੜ ਕੇ ਨਾ ਟੁੱਟਣ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਸਾਲ 1995-96 ਅਤੇ 1996-97 ਦੇ ਖਰਚੇ ਦੱਸੇ ਹਨ । ਪਰ ਸਾਹਮਣੇ ਬੈਠੇ ਵੀਰ, ਜਿਨ੍ਹਾਂ ਦੀ ਪਹਿਲਾਂ ਸਰਕਾਰ ਸੀ, ਉਹ ਸੀਮਿੰਟ ਵੀ ਛਕ ਗਏ, ਲੁੱਕ ਵੀ ਛਕ ਗਏ, ਬਜਰੀ ਵੀ ਛਕ ਗਏ । ਜਿਹੜੀਆਂ ਸੜਕਾਂ ਬਣਾਈਆਂ ਉਹ 6 ਮਹੀਨਿਆਂ ਬਾਅਦ ਹੀ ਟੁੱਟ ਗਈਆਂ, ਉਨ੍ਹਾਂ ਦੇ ਟੁੱਟਣ ਦੇ ਕੀ ਕਾਰਣ ਹਨ ਅਤੇ ਕੀ ਇਹ ਕੋਈ ਇਨਕੁਆਇਰੀ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਮੇਰਾ ਵੀਰ ਇਸ ਬਾਰੇ ਵੱਖਰਾ ਸਵਾਲ ਕਰ ਦੇਵੇ । ਉਸ ਦੀ ਇਨਕੁਆਰੀ ਕਰਵਾ ਲਵਾਂਗੇ ।

ਸਰਦਾਰ ਹੀਰਾ ਸਿੰਘ ਗਾਬੜੀਆ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸੜਕਾਂ ਦੀ ਰਿਪੇਅਰ ਕਰਨ ਦਾ ਟੀਚਾ ਮਿਥਿਆ ਗਿਆ ਹੈ ਉਸ ਦੇ ਵਿਚ ਜਿਹੜੇ ਇਤਿਹਾਸਕ ਸ਼ਹਿਰ ਜਾਂ ਨਗਰ ਹਨ ਜਾਂ ਹੋਰ ਇਤਿਹਾਸਕ ਥਾਵਾਂ ਹਨ ਜਿਵੇਂ ਗੁਰੂ ਗੋਬਿੰਦ ਸਿੰਘ ਮਾਰਗ ਹੈ, ਅਨੰਦਪੁਰ ਸਾਹਿਬ ਸ਼ਹਿਰ ਹੈ ਜਾਂ ਹੋਰ ਇਤਿਹਾਸਕ ਜਗ੍ਹਾ ਹਨ, ਕੀ ਉਨ੍ਹਾਂ ਨੂੰ ਸਪੈਸ਼ਲ ਤੌਰ ਤੇ ਇਸ ਵਿਚ ਸ਼ਾਮਲ ਕੀਤਾ ਜਾਵੇਗਾ ?

ਸ੍ਰੀ ਸਪੀਕਰ : ਇਸ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ । ਵੱਖਰਾ ਸਵਾਲ ਕਰ ਦਿਉ ।

ਸ੍ਰੀ ਜਗਦੀਸ਼ ਸਾਹਨੀ : ਮਾਨਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਮੰਤਰੀ ਜੀ ਨੇ ਦੱਸਿਆ ਹੈ ਕਿ ਸੜਕਾਂ ਰਿਪੇਅਰ ਕਰਨ ਦਾ ਸਮਾਂ 6 ਸਾਲ ਦਾ ਹੈ ਪਰ ਪਿਛਲੀ ਵਾਰ ਵਿਧਾਨ ਸਭਾ ਵਿਚ ਇਹ ਸਮਾਂ 6 ਸਾਲ ਤੋਂ ਘਟਾ ਕੇ ਪੰਜ ਸਾਲ ਕੀਤਾ ਗਿਆ ਸੀ । ਸਪਲੀਮੈਂਟਰੀ ਮੇਰੀ ਇਹ ਹੈ ਕਿ ਲਾਸਟ ਟਾਈਮ ਜਦੋਂ ਸੜਕਾਂ ਬਣਾਈਆਂ ਸਨ ਤਾਂ ਸਰਕਾਰ ਦਾ ਬਹੁਤ ਸਾਰਾ ਪੈਸਾ ਖਰਚ ਹੋਇਆ ਸੀ ਪਰ ਉਹ ਸੜਕਾਂ ਜਲਦੀ ਹੀ ਟੁੱਟ ਗਈਆਂ । ਜਿਹੜੀਆਂ ਲਿੰਕ ਸੜਕਾਂ ਮੁਰੰਮਤ ਤੋਂ ਬਾਅਦ ਝੱਟ ਹੀ ਟੁੱਟ ਗਈਆਂ, ਕੀ ਉਨ੍ਹਾਂ ਦੀ ਇਨਕੁਆਇਰੀ ਕਰਾਉਣ ਬਾਰੇ ਇਹ ਸਦਨ ਵਿਚ ਆਸ਼ਵਾਸਨ ਦੇਣਗੇ ? ਪਹਿਲਾਂ ਇੱਕ ਵਾਰ ਇਨਕੁਆਇਰੀ ਹੋ ਚੁੱਕੀ ਹੈ ਪਰ ਉਹ ਇਨਕੁਆਇਰੀ ਕੰਪਲੀਟ ਨਹੀਂ ਹੋਈ । ਜਿਨ੍ਹਾਂ ਨੇ ਸੜਕਾਂ ਬਣਾਈਆਂ ਹਨ, ਉਨ੍ਹਾਂ ਨੇ ਹੀ ਇਨਕੁਆਇਰੀ ਦੀ ਰਿਪੋਰਟ ਦਿੱਤੀ ਹੈ । ਸਪੀਕਰ ਸਾਹਿਬ, ਕੀ ਸਦਨ ਵਿਚ ਵਿਸ਼ਵਾਸ ਦਿਵਾਇਆ ਜਾਵੇਗਾ ਕਿ ਉਨ੍ਹਾਂ ਸੜਕਾਂ ਬਾਰੇ ਦੁਬਾਰਾ ਇਨਕੁਆਇਰੀ ਕਰਵਾਈ ਜਾਵੇਗੀ ਅਤੇ ਜਿਹੜੇ ਵੀ ਕਸੂਰਵਾਰ ਹੋਣਗੇ ਉਨ੍ਹਾਂ ਦੇ ਖਿਲਾਫ ਕੋਗਨੇਬਲ ਕਾਨੂੰਨ ਦੇ ਮੁਤਾਬਿਕ ਕੋਈ ਐਕਸ਼ਨ ਲਿਆ ਜਾਵੇਗਾ ?

ਮੰਤਰੀ : ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਤੇ ਜ਼ਰੂਰ ਵਿਚਾਰ ਕਰ ਲਿਆ ਜਾਵੇਗਾ ।

ਸ਼੍ਰੀ ਸਪੀਕਰ : ਇਨ੍ਹਾਂ ਕੋਲੋਂ ਐਪਲੀਕੇਸ਼ਨ ਲੈ ਲਵੋ ।

ਸਰਦਾਰ ਤੋਤਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਕ ਰੋਡ ਦੀ ਰਿਪੇਅਰ ਦੀ ਮਿਆਦ 6 ਸਾਲ ਬਾਅਦ ਦੀ ਰੱਖੀ ਹੋਈ ਹੈ । ਪੰਜਾਬ ਵਿਚ 27,000 ਕਿਲੋਮੀਟਰ ਲਿੰਕ ਸੜਕਾਂ ਹਨ । ਅਗਰ ਇਨ੍ਹਾਂ ਤੇ ਪ੍ਰੀ-ਮਿਕਸ ਪਾਉਣ ਦੀ ਮਿਆਦ 3 ਸਾਲ ਮਗਰੋਂ ਕਰ ਦਿੱਤੀ ਜਾਵੇ ਤਾਂ ਪਹਿਲੇ ਸਾਲ 9,000 ਕਿਲੋਮੀਟਰ ਸੜਕਾਂ ਦੀ ਰਿਪੇਅਰ ਹੋ ਜਾਵੇ । ਅਗਲੇ ਸਾਲ ਫਿਰ 9,000 ਕਿਲੋਮੀਟਰ ਸੜਕਾਂ ਦੀ ਰਿਪੇਅਰ ਹੋ ਜਾਵੇ ਅਤੇ ਉਸ ਤੋਂ ਬਾਅਦ ਤੀਜੇ ਸਾਲ ਫਿਰ 9,000 ਕਿਲੋ ਮੀਟਰ ਸੜਕਾਂ ਦੀ ਰਿਪੇਅਰ ਹੋ ਜਾਵੇ । ਜਦੋਂ ਦਾਸ ਮੰਡੀ ਬੋਰਡ ਦਾ ਚੇਅਰਮੈਨ ਸੀ ਤਾਂ ਮੈਂ ਪਹਿਲੀ ਵਾਰ ਪ੍ਰੀ-ਮਿਕਸ ਪਾਉਣ ਦਾ ਤਜਰਬਾ ਬੜੀ ਸਖਤੀ ਨਾਲ ਲਾਗੂ ਕੀਤਾ ਸੀ। ਪੰਜ ਸਾਲਾਂ ਵਿਚ ਤਾਂ ਸੜਕਾਂ ਬਿਲਕੁਲ ਹੀ ਟੁੱਟ ਜਾਂਦੀਆਂ ਹਨ । ਜੇਕਰ ਤਿੰਨ ਸਾਲਾਂ ਫਿਰ ਮਗਰੋਂ ਪ੍ਰੀ-ਮਿਕਸ ਪਾਈ ਜਾਵੇ ਤਾਂ ਇਕ ਲੱਖ 20 ਹਜ਼ਾਰ ਰੁਪਏ ਇਕ ਕਿਲੋਮੀਟਰ ਤੇ ਖਰਚਾ ਆਉਂਦਾ ਹੈ ਅਤੇ ਪੰਜ ਸਾਲ ਬਾਅਦ 3 ਲੱਖ ਰੁਪਏ ਦਾ ਖਰਚਾ ਆਉਂਦਾ ਹੈ । ਇਸ ਵਿਚ ਨਾਲ ਹੀ ਅਸੀਂ 2 ਸਾਲ ਟੋਇਆਂ ਨੂੰ ਝੱਲਦੇ ਹਾਂ । ਕੀ ਮੰਤਰੀ ਜੀ ਇਨ੍ਹਾਂ ਸੜਕਾਂ ਤੇ 3 ਸਾਲ ਬਾਅਦ ਪ੍ਰੀ-ਮਿਕਸ ਪਾਉਣ ਦਾ ਭਰੋਸਾ ਦੇਣਗੇ, ਸਟਰੈਂਥਨਿੰਗ ਭਾਵੇਂ ਨਾ ਹੋਵੇ ?

ਮੰਤਰੀ : ਮੈਂਬਰ ਸਾਹਿਬ ਦਾ ਬੜਾ ਅੱਛਾ ਸੁਝਾਓ ਹੈ ਅਤੇ ਲੋਕ ਭਲਾਈ ਵਾਲਾ ਹੈ । ਇਸ ਤੇ ਵਿਚਾਰ ਕੀਤਾ ਜਾਵੇਗਾ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਲਿੰਕ ਰੋਡਾਂ ਦੀ ਹੁਣ ਜਿਹੜੀ ਰਿਪੇਅਰ ਕੀਤੀ ਜਾ ਰਹੀ ਹੈ, ਉਸ ਪ੍ਰੀ-ਮਿਕਸ ਵਿਚ ਮੈਟੀਰੀਅਲ ਕਿਤਨੀ ਮੋਟਾਈ ਦਾ ਪਾਇਆ ਜਾ ਰਿਹਾ ਹੈ ? ਭਾਵ ਮੈਟੀਰੀਅਲ ਦੀ ਮਿਕਦਾਰ ਕਿਤਨੀ ਮੋਟਾਈ ਵਿਚ ਹੁੰਦੀ ਹੈ ।

ਮੰਤਰੀ : ਇਸ ਬਾਰੇ ਇਕ ਕਮੇਟੀ ਬਣਾ ਦਿੰਦੇ ਹਾਂ ਜਿਸ ਦਾ ਚੇਅਰਮੈਨ ਖਿਆਲਾ ਸਾਹਿਬ ਨੂੰ ਬਣਾ ਦੇਵਾਂਗੇ, ਫਿਰ ਉਹ ਆਪ ਹੀ ਵੇਖ ਲੈਣਗੇ । (ਹਾਸਾ)

ਸਰਦਾਰ ਗੋਬਿੰਦ ਸਿੰਘ ਕਾਂਝਲਾ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੰਤਰੀ ਜੀ ਨੇ ਜੋ ਜਵਾਬ ਦਿਤਾ ਹੈ, ਉਸ ਤੇ ਮੇਰੀ ਸਪਲੀਮੈਂਟਰੀ ਹੈ ਕਿ ਸੜਕਾਂ ਤੇ ਬਹੁਤ ਥੋੜੀ ਅਮਾਉਂਟ ਲਗਦੀ ਹੈ । ਕਈ ਥਾਵਾਂ ਤੇ ਤਾਂ ਸੜਕਾਂ ਦੀਆਂ ਸਾਈਡਾਂ ਉਚੀਆਂ ਚੁਕੀਆਂ ਹੋਈਆਂ ਹਨ ਅਤੇ ਕਈ ਥਾਵਾਂ ਤੇ ਬਹੁਤ ਨੀਵੀਆਂ ਹਨ । ਕੀ ਉਨ੍ਹਾਂ ਸੜਕਾਂ ਦੀ ਸੰਭਾਲ ਲਈ ਹੋਰ ਕਰਮਚਾਰੀ ਰਖੇ ਜਾਣਗੇ ?

ਸ਼੍ਰੀ ਸਪੀਕਰ : ਇਹ ਕੋਈ ਸਵਾਲ ਨਹੀਂ ਬਣਦਾ । ਕਾਂਝਲਾ ਜੀ ਬੈਠ ਜਾਉ । ਅਗਲਾ ਸਵਾਲ ਸਰਦਾਰ ਰਣਜੀਤ ਸਿੰਘ ਬਾਲੀਆਂ ।

ਚੰਡੀਗੜ੍ਹ-ਅਬੋਹਰ ਰੂਟ ਤੇ ਚਲਾਈਆਂ ਜਾ ਰਹੀਆਂ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਦੀਆਂ ਬੱਸਾਂ ਦੀ ਗਿਣਤੀ

*534. **ਸਰਦਾਰ ਰਣਜੀਤ ਸਿੰਘ ਬਾਲੀਆਂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਚੰਡੀਗੜ੍ਹ-ਅਬੋਹਰ ਰੂਟ ਤੇ ਰੋਜ਼ਾਨਾ ਚਲਾਈਆਂ ਜਾ ਰਹੀਆਂ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਦੀਆਂ ਬੱਸਾਂ ਦੀ ਵੱਖ-ਵੱਖ ਕੁੱਲ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਦੇ ਸਮੇਂ ਕੀ-ਕੀ ਹਨ ;

(ਅ) ਕੀ ਕਿਸੇ ਪ੍ਰਾਈਵੇਟ ਅਪਰੇਟਰਾਂ ਨੂੰ ਵੀ ਉਪਰੋਕਤ ਭਾਗ (ੳ) ਵਿਚ ਵਰਣਿਤ ਰੂਟ ਤੇ ਆਪਣੀਆਂ ਬੱਸਾਂ ਚਲਾਉਣ ਲਈ ਰੂਟ ਪਰਮਿਟ ਅਲਾਟ ਕੀਤੇ ਗਏ ਹਨ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਅਤੇ ਵੇਰਵੇ ਕੀ ਹਨ ?

ਕੈਪਟਨ ਕੰਵਲਜੀਤ ਸਿੰਘ (ਵਿੱਤ, ਯੋਜਨਾ, ਸੂਚਨਾ ਅਤੇ ਲੋਕ ਸੰਪਰਕ ਮੰਤਰੀ): (ੳ) ਪੰਜਾਬ ਰੋਡਵੇਜ਼ ਦੀਆਂ 2 ਅਤੇ ਪੀ. ਆਰ. ਟੀ. ਸੀ. ਦੀਆਂ 3 ਬੱਸਾਂ ਚੰਡੀਗੜ੍ਹ-ਅਬੋਹਰ ਰੂਟ ਤੇ ਚਲਦੀਆਂ ਹਨ ਜਿਨ੍ਹਾਂ ਰੂਟਾਂ ਤੇ ਟਾਈਮਾਂ ਦਾ ਵੇਰਵਾ ਨਾਲ ਨੱਥੀ ਕੀਤਾ ਜਾਂਦਾ ਹੈ ।

(ਅ) ਨਹੀਂ ਜੀ ।

ਚੰਡੀਗੜ੍ਹ-ਅਬੋਹਰ ਰੂਟ ਤੇ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਦੀਆਂ ਬੱਸਾਂ ਅਤੇ ਉਨ੍ਹਾਂ ਦੇ ਟਾਈਮਾਂ ਦਾ ਵੇਰਵਾ ਹੇਠ ਅਨੁਸਾਰ ਹੈ :—

ਲੜੀ ਨੰ:	ਰੂਟ ਦਾ ਨਾਂ	ਚੰਡੀਗੜ੍ਹ ਤੋਂ ਚਲਣ ਦਾ ਸਮਾਂ	ਅਬੋਹਰ ਤੋਂ ਚੰਡੀਗੜ੍ਹ ਵਾਪਸ ਆਉਣ ਦਾ ਸਮਾਂ	ਸਬੰਧਤ ਅਦਾਰੇ ਦਾ ਨਾਂ
1	2	3	4	5
1.	ਚੰਡੀਗੜ੍ਹ-ਅਬੋਹਰ ਵਾਇਆ ਲੁਧਿਆਣਾ, ਮੋਗਾ, ਮੁਕਤਸਰ	7.34 ਸਵੇਰੇ	7.23 ਸਵੇਰੇ	ਪੰਜਾਬ ਰੋਡਵੇਜ਼
2.	—ਉਹੀ—	1.44 ਬਾ:ਦੁ:	4.10 ਸਵੇਰੇ	—ਉਹੀ—
3.	ਚੰਡੀਗੜ੍ਹ-ਅਬੋਹਰ ਵਾਇਆ ਪਟਿਆਲਾ, ਸੁਨਾਮ, ਮਾਨਸਾ, ਬਠਿੰਡਾ	5.20 ਸਵੇਰੇ	9.45 ਸਵੇਰੇ	ਪੀ.ਆਰ.ਟੀ.ਸੀ.
4.	—ਉਹੀ—	6.20 ਸਵੇਰੇ	10.15 ਸਵੇਰੇ	—ਉਹੀ—
5.	ਚੰਡੀਗੜ੍ਹ-ਅਬੋਹਰ ਵਾਇਆ ਪਟਿਆਲਾ, ਸੰਗਰੂਰ, ਬਰਨਾਲਾ, ਬਠਿੰਡਾ	9.51 ਸਵੇਰੇ	4.50 ਸਵੇਰੇ	—ਉਹੀ—

ਸਰਦਾਰ ਰਣਜੀਤ ਸਿੰਘ ਬਾਲੀਆਂ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਬੋਹਰ ਦਾ ਹਲਕਾ ਜਿਹੜਾ ਹੈ ਉਹ ਚੰਡੀਗੜ੍ਹ ਤੋਂ ਬਹੁਤ ਦੂਰ ਪੈਂਦਾ ਹੈ ਅਤੇ ਚੰਡੀਗੜ੍ਹ ਤੋਂ 1.44 ਵਜੇ ਬਾਅਦ ਦੁਪਹਿਰ ਲਾਸਟ ਬੱਸ ਜਾਂਦੀ ਹੈ ਅਤੇ ਬਾਕੀ ਜਿਹੜੇ 5 ਰੂਟ ਹੋਰ ਚਲਦੇ ਹਨ ਉਹ ਸਵੇਰ ਵੇਲੇ ਚਲਦੇ ਹਨ। ਸਵੇਰੇ 7.04 ਤੇ ਚੰਡੀਗੜ੍ਹ ਤੋਂ ਅਬੋਹਰ ਵਾਇਆ ਲੁਧਿਆਣਾ, ਮੋਗਾ, ਮੁਕਤਸਰ ਬੱਸ ਜਾਂਦੀ ਹੈ ਅਤੇ ਦੂਜਾ ਟਾਈਮ ਜੋ 5.20 ਤੇ ਸਵੇਰੇ ਬੱਸ ਜਾਂਦੀ ਹੈ ਉਹ ਵਾਇਆ ਪਟਿਆਲਾ, ਸੁਨਾਮ ਮਾਨਸਾ, ਬਠਿੰਡਾ ਜਾਂਦੀ ਹੈ। 6.20 ਤੇ ਸਵੇਰੇ ਵੀ ਇਸੇ ਰੂਟ ਤੇ ਬੱਸ ਚਲਦੀ ਹੈ ਅਤੇ 9.15 ਤੇ ਸਵੇਰੇ ਵੀ ਵਾਇਆ ਪਟਿਆਲਾ ,ਸੰਗਰੂਰ ਅਤੇ ਬਰਨਾਲਾ, ਬਠਿੰਡਾ ਬੱਸ ਚਲਦੀ ਹੈ। ਕੋਈ ਵੀ ਬੱਸ 1.44 ਬਾਅਦ ਦੁਪਹਿਰ ਤੋਂ ਬਾਅਦ ਅਬੋਹਰ ਨੂੰ ਇੱਥੋਂ ਨਹੀਂ ਜਾਂਦੀ ਜਿਹੜੇ ਲੋਕ ਅਬੋਹਰ ਤੋਂ ਚੰਡੀਗੜ੍ਹ ਆਉਂਦੇ ਹਨ ਜਾਂ ਤਾਂ ਉਨ੍ਹਾਂ ਨੂੰ ਇਕ ਰਾਤ ਇਥੇ ਰੁਕਣਾ ਪੈਂਦਾ ਹੈ ਜਾਂ ਟੁੱਟਵੀਆਂ ਬੱਸਾਂ ਤੇ ਜਾਣਾ ਪੈਂਦਾ ਹੈ ਅਤੇ ਰਸਤੇ ਵਿੱਚ ਕਾਫ਼ੀ ਔਖਾ ਹੋਣਾ ਪੈਂਦਾ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹਾਂਗਾ ਕਿ ਕੀ ਉਹ ਹੋਰ ਰੂਟ ਵਧਾਉਣਗੇ ਅਤੇ 1.44 ਬਾਅਦ ਦੁਪਹਿਰ ਤੋਂ ਪਿੱਛੋਂ ਹੋਰ ਬੱਸਾਂ ਅਬੋਹਰ ਲਈ ਚਾਲੂ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਦਾ ਸੁਝਾਉ ਜ਼ਰੂਰ ਵਿਚਾਰ ਲਿਆ ਜਾਵੇਗਾ।

ਸਰਦਾਰ ਰਣਜੀਤ ਸਿੰਘ ਬਾਲੀਆਂ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਅਜਿਹੀ ਪ੍ਰੋਪੋਜ਼ਲ ਵੀ ਹੈ ਜਿਵੇਂ ਅੰਮ੍ਰਿਤਸਰ, ਲੁਧਿਆਣਾ, ਜਲੰਧਰ ਨੂੰ ਨਾਈਟ ਸਰਵਿਸ ਚਲਦੀ ਹੈ, ਇਸੇ ਤਰ੍ਹਾਂ ਹੀ ਕੋਈ ਨਾਈਟ ਬੱਸ ਸਰਵਿਸ ਵਾਇਆ ਪਟਿਆਲਾ, ਸੁਨਾਮ, ਮਾਨਸਾ, ਬਠਿੰਡਾ, ਅਬੋਹਰ ਨੂੰ ਵੀ ਚਾਲੂ ਕੀਤੀ ਜਾਵੇਗੀ ?

ਸ੍ਰੀ ਸਪੀਕਰ : ਵਿੱਤ ਮੰਤਰੀ ਜੀ, ਮੈਂਬਰ ਸਾਹਿਬ ਨਾਈਟ ਸਰਵਿਸ ਬਾਰੇ ਪੁੱਛ ਰਹੇ ਹਨ।

ਮੰਤਰੀ: ਹਾਲੇ ਕੋਈ ਐਸਾ ਵਿਚਾਰ ਨਹੀਂ ਹੈ ਜੀ, ਲੇਕਿਨ ਲੋਕਾਂ ਦੀ ਲੋੜ ਮੁਤਾਬਿਕ ਵਿਚਾਰਿਆ ਵੀ ਜਾ ਸਕਦਾ ਹੈ।

———

ਸਕੂਲ ਇਮਾਰਤਾਂ ਦੀ ਮੁਰੰਮਤ

* 499. **ਸਰਦਾਰ ਸੁਰਜੀਤ ਸਿੰਘ ਕੋਹਲੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਜਿਹੇ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਦੀ ਜ਼ਿਲ੍ਹਾਵਾਰ ਗਿਣਤੀ ਅਤੇ ਵੇਰਵੇ ਕੀ ਹਨ ਜਿਨ੍ਹਾਂ ਦੀਆਂ ਇਮਾਰਤਾਂ ਖਸਤਾ ਹਾਲਤ ਵਿਚ ਹਨ ;

(ਅ) ਕੀ ਸਾਲ 1997-98 ਦੌਰਾਨ ਉਪਰੋਕਤ ਭਾਗ (ੳ) ਵਿਚ ਦਰਸਾਈਆਂ ਇਮਾਰਤਾਂ ਦੀ ਮੁਰੰਮਤ ਕਰਵਾਉਣ ਦੀ ਸਰਕਾਰ ਦੀ ਤਜਵੀਜ਼ ਹੈ ?

ਕੈਪਟਨ ਕੰਵਲਜੀਤ ਸਿੰਘ (ਵਿੱਤ, ਯੋਜਨਾ, ਸੂਚਨਾ ਅਤੇ ਲੋਕ ਸੰਪਰਕ ਮੰਤਰੀ): (ੳ) 659 ਸਰਕਾਰੀ ਪ੍ਰਾਇਮਰੀ ਸਕੂਲਾਂ ਅਤੇ 122 ਸਰਕਾਰੀ ਮਿਡਲ ਸਕੂਲਾਂ ਦੀਆਂ ਇਮਾਰਤਾਂ ਖਸਤਾ ਹਾਲਤ ਵਿੱਚ ਹਨ। ਸਕੂਲਾਂ ਦੀ ਜ਼ਿਲ੍ਹਾਵਾਰ ਗਿਣਤੀ ਅਤੇ ਵੇਰਵੇ ਸਟੇਟਮੈਂਟਾਂ 'ੳ' ਅਨੁਸਾਰ ਸਦਨ ਦੀ ਮੇਜ਼ ਤੇ ਰੱਖੇ ਜਾਂਦੇ ਹਨ।

(ਅ) ਹਾਂ ਜੀ।

ਸਰਦਾਰ ਸੁਰਜੀਤ ਸਿੰਘ ਕੋਹਲੀ : ਸਪੀਕਰ ਸਾਹਿਬ, ਮੈਂ ਤਾਂ ਕੇਵਲ ਖਸਤਾ ਬਿਲਡਿੰਗਾਂ ਵਾਲੇ ਸਕੂਲਾਂ ਦੀ ਸੂਚੀ ਮੰਗੀ ਸੀ, ਇਨ੍ਹਾਂ ਨੇ ਬੜੀ ਲੰਮੀ-ਚੌੜੀ ਸੂਚੀ ਬਣਾ ਦਿੱਤੀ ਹੈ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 122 ਸਕੂਲਾਂ ਦੀਆਂ ਬਿਲਡਿੰਗਾਂ ਦੀ ਖਸਤਾ ਹਾਲਤ ਹੈ, ਇਨ੍ਹਾਂ ਵਿਚੋਂ 6 ਸਕੂਲ ਪਟਿਆਲੇ ਜ਼ਿਲ੍ਹੇ ਦੇ ਵੀ ਹਨ। ਕੀ ਉਨ੍ਹਾਂ ਦੀਆਂ ਬਿਲਡਿੰਗਾਂ ਦੀ ਮੁਰੰਮਤ ਲਈ ਸਾਲ 1997-98 ਵਿਚ ਕੋਈ ਸਪੈਸ਼ਲ ਫੰਡਜ਼ ਰਖੇ ਗਏ ਹਨ ?

ਮੰਤਰੀ : ਸਪੀਕਰ ਸਾਹਿਬ, ਪੂਰੀ ਲਿਸਟ ਇਸ ਕਰਕੇ ਦਿੱਤੀ ਹੈ ਕਿਉਂਕਿ ਇਨ੍ਹਾਂ ਸਾਰੇ ਸਕੂਲਾਂ ਦੀਆਂ ਬਿਲਡਿੰਗਾਂ ਦੀ ਮੁਰੰਮਤ ਲਈ 50 ਕਰੋੜ ਰੁਪਏ ਦੀ ਰਕਮ ਵੱਖ ਵੱਖ ਸਕੀਮਾਂ ਅਧੀਨ ਸਾਲ 1997-98 ਵਿੱਚ ਰੱਖੀ ਗਈ ਹੈ।

ਸਰਦਾਰ ਸੁਰਜੀਤ ਸਿੰਘ ਕੋਹਲੀ : ਸਪੀਕਰ ਸਾਹਿਬ, ਇਨ੍ਹਾਂ 122 ਸਕੂਲਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਕੂਲ ਹਨ . . .

Mr. Speaker: Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਸਰਹੱਦੀ ਇਲਾਕਿਆਂ ਵਿਚ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਅਧਿਆਪਕ ਮੁਹੱਈਆ ਕਰਨਾ

*510. (1) **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
(2) **ਸਰਦਾਰ ਬਿਕਰਮਜੀਤ ਸਿੰਘ ਖਾਲਸਾ** : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ--

(ੳ) ਫਿਰੋਜ਼ਪੁਰ, ਅੰਮ੍ਰਿਤਸਰ, ਗੁਰਦਾਸਪੁਰ ਦੇ ਤਿੰਨ ਸਰਹੱਦੀ ਜ਼ਿਲ੍ਹਿਆਂ ਵਿਚ ਸਥਿਤ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਗਿਣਤੀ ਕਿੰਨੀ ਕਿੰਨੀ ਹੈ ਜਿਹੜੇ ਅਧਿਆਪਕਾਂ ਦੇ ਨਾ ਹੋਣ ਦੇ ਕਾਰਣ ਬੰਦ ਪਏ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿਚ ਪ੍ਰਾਇਮਰੀ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਨੂੰ ਭਰਨ ਦੀ ਕੋਈ ਸਪੈਸ਼ਲ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ?

* Placed in the Library.

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਸਰਹੱਦੀ ਜ਼ਿਲ੍ਹੇ ਫਿਰੋਜ਼ਪੁਰ, ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿੱਚ ਸਥਿਤ ਕੋਈ ਵੀ ਪ੍ਰਾਇਮਰੀ ਸਕੂਲ ਅਧਿਆਪਕਾਂ ਦੀ ਘਾਟ ਕਾਰਨ ਬੰਦ ਨਹੀਂ ਹੈ। ਜਿਥੇ ਕਿਤੇ ਅਧਿਆਪਕਾਂ ਦੀ ਘਾਟ ਹੈ ਅਜਿਹੇ ਸਕੂਲਾਂ ਵਿੱਚ ਨੇੜੇ ਦੇ ਸਕੂਲਾਂ ਤੋਂ ਅਧਿਆਪਕ ਬੱਚਿਆਂ ਨੂੰ ਪੜ੍ਹਾਉਣ ਲਈ ਭੇਜੇ ਜਾਂਦੇ ਹਨ।

(ਅ) ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਭਰਨ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਗਈ ਸੀ। ਜਿਸਦੇ ਸਿੱਟੇ ਵਜੋਂ ਪ੍ਰਾਇਮਰੀ ਸਕੂਲਾਂ ਵਿੱਚ ਖਾਲੀ ਆਸਾਮੀਆਂ ਨੂੰ ਭਰਨ ਲਈ ਵੱਖ ਵੱਖ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ 4,379 ਉਮੀਦਵਾਰਾਂ ਦੇ ਨਾਵਾਂ ਦੀ ਸਿਫਾਰਸ਼ ਕੀਤੀ ਗਈ ਹੈ। ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਨਵੇਂ ਨਿਯੁਕਤ ਅਧਿਆਪਕ ਆਪਣੀ ਹਾਜ਼ਰੀ ਦੇਣਗੇ, ਇਸ ਤੋਂ ਬਾਅਦ ਇਹਨਾਂ ਸਕੂਲਾਂ ਵਿੱਚ ਖਾਲੀ ਆਸਾਮੀਆਂ ਪੂਰੀ ਤਰ੍ਹਾਂ ਭਰ ਜਾਣਗੀਆਂ।

ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਸਥਾਪਨਾ

*388. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰਾਜ ਮਹਿਲਾ ਕਮਿਸ਼ਨ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਦੋਂ ਤਕ ਸਥਾਪਿਤ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਹਾਂ।

ਇਹ ਮਾਮਲਾ ਸਰਕਾਰ ਵੱਲੋਂ ਸਰਗਰਮੀ ਨਾਲ ਵਿਚਾਰਿਆ ਜਾ ਰਿਹਾ ਹੈ ਜੀ।

ਹੁਸ਼ਿਆਰਪੁਰ ਅਤੇ ਨਵਾਂ ਸ਼ਹਿਰ ਜ਼ਿਲ੍ਹਿਆਂ ਵਿਚ ਬੁਢਾਪਾ ਅਤੇ ਵਿਧਵਾ ਪੈਨਸ਼ਨ ਦੇਣਾ

* 469. **ਸ੍ਰੀ ਚਰਨਜੀਤ ਸਿੰਘ** ਨਵਾਂ ਸ਼ਹਿਰ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 1995 ਤੋਂ 31 ਦਸੰਬਰ, 1996 ਤਕ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਲੈਣ ਲਈ ਕਿੰਨੀਆਂ ਦਰਖਾਸਤਾਂ ਪ੍ਰਾਪਤ ਹੋਈਆਂ ;

(ਅ) ਉਪਰੋਕਤ ਭਾਗ (ੳ) ਵਿਚ ਦਰਸਾਏ ਵਿਅਕਤੀਆਂ ਵਿਚੋਂ ਉਨ੍ਹਾਂ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਪੈਨਸ਼ਨਾਂ ਮਨਜ਼ੂਰ ਕਰ ਦਿੱਤੀਆਂ ਗਈਆਂ ਹਨ ਅਤੇ ਵੰਡ ਦਿੱਤੀਆਂ ਗਈਆਂ ਹਨ ਅਤੇ ਇਸ ਸਮੇਂ ਕਿੰਨੀਆਂ ਦਰਖਾਸਤਾਂ ਪੈਂਡਿੰਗ ਪਈਆਂ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਸੂਚਨਾ ਅਨੁਲੱਗ "ੳ" ਅਨੁਸਾਰ ਹੈ ਜੀ।

(ਅ) ਸੂਚਨਾ ਅਨੁਲੱਗ "ਅ" ਅਨੁਸਾਰ ਹੈ ਜੀ।

ਅਨੁਲੱਗ 'ੳ'

ਪ੍ਰਾਪਤ ਦਰਖਾਸਤਾਂ ਦਾ ਵੇਰਵਾ :—

ਜ਼ਿਲ੍ਹਾ		ਬੁਢਾਪਾ ਪੈਨਸ਼ਨ	ਵਿਧਵਾ ਪੈਨਸ਼ਨ
1. ਹੁਸ਼ਿਆਰਪੁਰ	..	44,351	3,746
2. ਨਵਾਂ ਸ਼ਹਿਰ	..	5,585	855

ਅਨੁਲੱਗ 'ਅ'

ਮਨਜ਼ੂਰ ਕੇਸ, ਅਦਾਇਗੀ ਕੀਤੇ ਕੇਸ ਅਤੇ ਪੈਂਡਿੰਗ ਦਰਖ਼ਾਸਤਾਂ ਦਾ ਵੇਰਵਾ

ਜਿਲ੍ਹਾ		ਬੁਢਾਪਾ ਪੈਨਸ਼ਨ	ਵਿਧਵਾ ਪੈਨਸ਼ਨ
1. ਹੁਸ਼ਿਆਰਪੁਰ			
I. ਮਨਜ਼ੂਰ ਕੇਸ	..	2,677	943
II. ਅਦਾਇਗੀ ਕੀਤੇ ਕੇਸ	..	2,546	905
III. ਪੈਂਡਿੰਗ ਕੇਸ	..	2,1944	561
2. ਨਵਾਂ ਸ਼ਹਿਰ			
I. ਮਨਜ਼ੂਰ ਕੇਸ	..	2,233	337
II. ਅਦਾਇਗੀ ਕੀਤੇ ਕੇਸ	..	1,687	297
III. ਪੈਂਡਿੰਗ ਕੇਸ	..	3,303	409

ਨੋਟ : ਦੋਹਾਂ ਜ਼ਿਲ੍ਹਿਆਂ ਵਿੱਚ ਇਨ੍ਹਾਂ ਸਕੀਮਾਂ ਅਧੀਨ ਮਨਜ਼ੂਰ ਕੇਸਾਂ ਅਤੇ ਅਦਾ ਕੀਤੇ ਕੇਸਾਂ ਵਿੱਚ ਫਰਕ ਸਾਂਝੇ ਖਾਤੇ ਨਾ ਖੁੱਲ੍ਹਣ ਕਰਕੇ ਜਾਂ ਬਜਟ ਦੀ ਘਾਟ ਕਰਕੇ ਹੈ ।

— — —

ਸਕੂਲਾਂ ਵਿਚ ਪੇਸ਼ਾਵਰਾਨਾ ਸਿਖਲਾਈ ਸ਼ੁਰੂ ਕਰਨਾ

*500. **ਸਰਦਾਰ ਸੁਰਜੀਤ ਸਿੰਘ ਕੋਹਲੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਉਨ੍ਹਾਂ ਸਰਕਾਰੀ ਸਕੂਲਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਕਿੰਨੀ ਹੈ ਜਿਨ੍ਹਾਂ ਵਿਚ ਹੁਣ ਤਕ ਪੇਸ਼ਾਵਰਾਨਾ ਸਿਖਲਾਈ ਸ਼ੁਰੂ ਕਰ ਦਿੱਤੀ ਗਈ ;

(ਅ) ਅਜਿਹੇ ਸਰਕਾਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਸਰਕਾਰ ਦੀ ਚਾਲੂ ਵਿਦਿਅਕ ਸਾਲ ਵਿਚ ਪੇਸ਼ਾਵਰਾਨਾ ਸਿਖਲਾਈ ਸ਼ੁਰੂ ਕਰਨ ਦੀ ਤਜਵੀਜ਼ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਜ਼ਿਲ੍ਹੇ-ਵਾਰ ਸਕੂਲਾਂ ਦੀ ਗਿਣਤੀ ਜਿਥੇ ਕਿ ਹੁਣ ਤੱਕ ਵੋਕੇਸ਼ਨਲ ਸਿੱਖਿਆ ਸ਼ੁਰੂ ਕੀਤੀ ਜਾ ਚੁੱਕੀ ਹੈ, ਕ੍ਰਿਪਾ ਕਰਕੇ ਅਨੁਲੱਗ 'ੳ' ਤੇ ਵੇਖੀ ਜਾਵੇ ।

(ਅ) ਸਰਕਾਰ ਦੁਆਰਾ ਸਾਲ 1997-98 ਦੌਰਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਵੋਕੇਸ਼ਨਲ ਸਿੱਖਿਆ ਸ਼ੁਰੂ ਕਰਨ ਦੀ ਕੋਈ ਤਜਵੀਜ਼ ਨਹੀਂ ਹੈ ਜੀ ।

———

ਅਨੁਲੱਗ 'ੳ'

ਰਾਜ ਵਿਚ ਸਰਕਾਰੀ ਸਕੂਲਾਂ ਜਿਨ੍ਹਾਂ ਵਿਚ ਵੋਕੇਸ਼ਨਲ ਸਿੱਖਿਆ ਸ਼ੁਰੂ ਕੀਤੀ ਜਾ ਚੁੱਕੀ ਹੈ, ਦੀ ਜ਼ਿਲ੍ਹਾਵਾਰ ਗਿਣਤੀ।

ਲੜੀ ਨੰ:	ਜ਼ਿਲ੍ਹੇ ਦਾ ਨਾਂ		ਸਕੂਲ ਜਿਥੇ ਵੋਕੇਸ਼ਨਲ ਸਿੱਖਿਆ ਸ਼ੁਰੂ ਕੀਤੀ ਜਾ ਚੁੱਕੀ ਹੈ, ਦੀ ਗਿਣਤੀ
1.	ਅੰਮ੍ਰਿਤਸਰ	..	36
2.	ਬਠਿੰਡਾ	..	19
3.	ਫਰੀਦਕੋਟ	..	09
4.	ਫਿਰੋਜ਼ਪੁਰ	..	29
5.	ਫਤਿਹਗੜ੍ਹ ਸਾਹਿਬ	..	10
6.	ਗੁਰਦਾਸਪੁਰ	..	30
7.	ਹੁਸ਼ਿਆਰਪੁਰ	..	25
8.	ਜਲੰਧਰ	..	28
9.	ਕਪੂਰਥਲਾ	..	16
10.	ਲੁਧਿਆਣਾ	..	33
11.	ਮਾਨਸਾ	..	10
12.	ਮੋਗਾ	..	10
13.	ਮੁਕਤਸਰ	..	10
14.	ਨਵਾਂ ਸ਼ਹਿਰ	..	09
15.	ਪਟਿਆਲਾ	..	24
16.	ਰੋਪੜ	..	19
17.	ਸੰਗਰੂਰ	..	28
	ਕੁੱਲ	..	345

UNSTARRED QUESTIONS AND ANSWERS

ਮਜ਼ਦੂਰ ਕਲੋਨੀਆਂ ਵਿਚ ਨਾਗਰਿਕ ਸਹੂਲਤਾਂ ਦਾ ਉਪਬੰਧ

123. **ਕਾਮਰੇਡ ਹਰਦੇਵ ਅਰਸ਼ੀ :** ਕੀ ਕਿਰਤ ਅਤੇ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਰਾਜ ਵਿਚ ਕਿਰਤ ਵਿਭਾਗ ਦੁਆਰਾ ਸਥਾਪਿਤ ਕੀਤੀਆਂ ਗਈਆਂ ਮਜ਼ਦੂਰ ਕਲੋਨੀਆਂ ਦੀ ਕਸਬਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਹਰ ਇਕ ਕਲੋਨੀ ਵਿਚ ਕਵਾਟਰਾਂ ਦੀ ਗਿਣਤੀ ਕਿੰਨੀ-ਕਿੰਨੀ ਹੈ ;

(ਅ) ਉਕਤ ਭਾਗ (ੳ) ਵਿਚ ਵਰਣਿਤ ਕਲੋਨੀਆਂ ਵਿਚੋਂ ਅਜਿਹੀਆਂ ਕਲੋਨੀਆਂ ਦੇ ਵੇਰਵੇ ਕੀ ਹਨ ਜਿਨ੍ਹਾਂ ਵਿਚ ਗਲੀਆਂ ਦਾ ਪ੍ਰਬੰਧ ਸਥਾਨਕ ਨਗਰਪਾਲਿਕਾ/ਕਾਰਪੋਰੇਸ਼ਨ ਨੇ ਆਪਣੇ ਅਧਿਕਾਰ ਹੇਠ ਲੈ ਲਿਆ ਹੈ ;

(ੲ) ਅਜਿਹੀਆਂ ਕਲੋਨੀਆਂ ਦੇ ਵੇਰਵੇ ਕੀ ਹਨ ਜਿਨ੍ਹਾਂ ਵਿਚ ਗਲੀਆਂ ਦਾ ਪ੍ਰਬੰਧ ਅਜੇ ਤਕ ਕਿਰਤ ਵਿਭਾਗ ਪਾਸ ਹੈ ;

(ਸ) ਕੀ ਉਕਤ ਭਾਗ (ੲ) ਵਿਚ ਵਰਣਿਤ ਕਲੋਨੀਆਂ ਵਿਚ ਗਲੀਆਂ ਪੱਕੀਆਂ ਕਰ ਦਿੱਤੀਆਂ ਗਈਆਂ ਹਨ ਅਤੇ ਗਲੀਆਂ ਵਿਚ ਰੋਸ਼ਨੀ-ਪਾਣੀ ਦੀ ਸਪਲਾਈ ਅਤੇ ਸੀਵਰੇਜ ਵਰਗੀਆਂ ਸਹੂਲਤਾਂ ਮੁਹੱਈਆ ਕਰ ਦਿੱਤੀਆਂ ਗਈਆਂ ਹਨ ?

ਸਰਦਾਰ ਸਰੂਪ ਸਿੰਘ : (ੳ) ਰਾਜ ਵਿਚ ਸਥਾਪਿਤ ਕਿਰਤ ਕਲੋਨੀਆਂ ਦੀ ਕਸਬਾ-ਵਾਰ ਗਿਣਤੀ ਅਤੇ ਕਵਾਟਰਾਂ ਦੀ ਗਿਣਤੀ ਹੇਠ ਅਨੁਸਾਰ ਹੈ :-

ਲੜੀ ਨੰ:	ਕਲੋਨੀਆਂ ਦਾ ਨਾਂ		ਕਵਾਟਰਾਂ ਦੀ ਗਿਣਤੀ
1.	ਰਾਜਪੁਰਾ	..	40
2.	ਗੋਬਿੰਦਗੜ੍ਹ	.	100
3.	ਗਿੱਲ ਰੋਡ, ਲੁਧਿਆਣਾ	..	250
4.	ਢੰਡਾਰੀ ਕਲਾਂ, ਲੁਧਿਆਣਾ	..	264
5.	ਢੰਡਾਰੀ ਕਲਾਂ, ਲੁਧਿਆਣਾ	..	264
6.	ਢੰਡਾਰੀ ਰੋਡ, ਲੁਧਿਆਣਾ	..	210
7.	ਇਸਲਾਮਾਬਾਦ, ਅੰਮ੍ਰਿਤਸਰ	..	300
8.	ਛੇਹਰਟਾ	..	108
9.	ਛੇਹਰਟਾ	..	120
10.	ਅਲੀਵਾਲ ਰੋਡ, ਬਟਾਲਾ	..	58
11.	ਕਾਦੀਆਂ ਰੋਡ, ਬਟਾਲਾ	..	72
12.	ਕਾਦੀਆਂ ਰੋਡ, ਬਟਾਲਾ	..	192
13.	ਛੇਹਰਟਾ	..	402
14.	ਭੋਗਪੁਰ, ਜਲੰਧਰ	..	200
15.	ਗੜ੍ਹਾ ਰੋਡ, ਜਲੰਧਰ	..	108
16.	ਗੜ੍ਹਾ ਰੋਡ, ਜਲੰਧਰ	..	72
17	ਫਗਵਾੜਾ	..	100
18.	ਫੇਜ਼-6, ਮੋਹਾਲੀ	..	114
19.	ਫੇਜ਼-9, ਮੋਹਾਲੀ	..	132
20.	ਮਾਡਲ ਟਾਊਨ, ਧਾਰੀਵਾਲ	..	60
	ਕੁੱਲ	..	3,166

[ਕਿਰਤ ਅਤੇ ਰੋਜ਼ਗਾਰ ਮੰਤਰੀ]

(ਅ) ਉਕਤ ਭਾਗ 'ੳ' ਵਿਚ ਵਰਣਿਤ ਸਾਰੀਆਂ ਕਲੋਨੀਆਂ ਵਿਚੋਂ ਗਲੀਆਂ ਦਾ ਪ੍ਰਬੰਧ ਸਬੰਧਤ ਮਿਊਂਸਪਲ ਕਾਰਪੋਰੇਸ਼ਨ/ਕਮੇਟੀ ਵਲੋਂ ਕੀਤਾ ਗਿਆ ਹੈ, ਸਿਵਾਏ ਹੇਠ ਲਿਖੀਆਂ ਕਲੋਨੀਆਂ ਦੇ :-

1.	ਛੇਹਰਟਾ ਦੀਆਂ ਦੋ ਕਲੋਨੀਆਂ (402 ਅਤੇ 120 ਕਵਾਟਰਾਂ ਦੀਆਂ ਕਲੋਨੀਆਂ)	..	ਇਹ ਕਲੋਨੀਆਂ ਭਾਵੇਂ ਮਿਊਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ ਅਧੀਨ ਆਉਂਦੀਆਂ ਹਨ ਪਰ ਇਨ੍ਹ ਕਲੋਨੀਆਂ ਵਿਚ ਗਲੀਆਂ ਦਾ ਪ੍ਰਬੰਧ ਕਾਰਪੋਰੇਸ਼ਨਾਂ ਨੇ ਆਪਣੇ ਅਧਿਕਾਰ ਵਿਚ ਨਹੀਂ ਲਿਆ ਹੈ ।
2.	ਕਾਦੀਆਂ ਰੋਡ, ਬਟਾਲਾ (ਦੋ ਕਲੋਨੀਆਂ)	..	ਇਹ ਕਲੋਨੀਆਂ ਮਿਊਂਸਪਲ ਕਮੇਟੀ ਦੇ ਅਧਿਕਾਰ ਖੇਤਰ ਤੋਂ ਬਾਹਰ ਪੈਂਦੀਆਂ ਹਨ ।
	ਅਲੀਵਾਲ ਰੋਡ, ਬਟਾਲਾ		ਇਹ ਕਲੋਨੀ ਭਾਵੇਂ ਮਿਊਂਸਪਲ ਕਮੇਟੀ, ਬਟਾਲਾ ਅਧੀਨ ਆਉਂਦੀ ਹੈ ਪਰ ਇਸ ਕਲੋਨੀ ਦਾ ਪ੍ਰਬੰਧ ਮਿਊਂਸਪਲ ਕਮੇਟੀ ਬਟਾਲਾ ਨੇ ਆਪਣੇ ਅਧਿਕਾਰ ਵਿਚ ਨਹੀਂ ਲਿਆ ।
3.	ਭੋਗਪੁਰ	..	ਇਹ ਕਲੋਨੀ ਭੋਗਪੁਰ ਕੋਆਪਰੇਟਿਵ ਸ਼ੂਗਰ ਮਿਲ ਦੀ ਹਦੂਦ ਵਿਚ ਬਣੀ ਹੋਈ ਹੈ ।
4.	ਧਾਰੀਵਾਲ	..	ਇਸ ਕਲੋਨੀ ਨੂੰ ਮਿਊਂਸਪਲ ਕਮੇਟੀ ਨੇ ਆਪਣੇ ਅਧਿਕਾਰ ਵਿਚ ਨਹੀਂ ਲਿਆ ਹੈ ।
5.	ਗੜ੍ਹਾ ਰੋਡ, ਜਲੰਧਰ (ਦੋ ਕਲੋਨੀਆਂ)	..	ਇਹਨਾਂ ਕਲੋਨੀਆਂ ਵਿਚ ਗਲੀਆਂ ਦਾ ਪ੍ਰਬੰਧ ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ (ਪੁੱਡਾ) ਨੇ ਆਪਣੇ ਅਧਿਕਾਰ ਵਿਚ ਲਿਆ ਹੈ ।

(ਟ) ਉਕਤ ਭਾਗ 'ੳ' ਵਿਚ ਵਰਣਿਤ ਕਲੋਨੀਆਂ ਵਿਚੋਂ ਕਿਸੇ ਵੀ ਕਲੋਨੀ ਵਿਚ ਗਲੀਆਂ ਦਾ ਪ੍ਰਬੰਧ ਕਿਰਤ ਵਿਭਾਗ ਪਾਸ ਨਹੀਂ ਹੈ ।

(ਸ) ਉਪਰੋਕਤ ਭਾਗ 'ੲ' ਅਨੁਸਾਰ ਨਿਲ, ਇਥੇ ਇਹ ਦੱਸਿਆ ਜਾਂਦਾ ਹੈ ਕਿ ਇਹ ਸਹੂਲਤਾਂ ਲੋਕਲ ਅਥਾਰਟੀ ਜਿਵੇਂ ਮਿਊਂਸਪਲ ਕਾਰਪੋਰੇਸ਼ਨ/ਕਮੇਟੀ/ ਪੁੱਡਾ, ਪਬਲਿਕ ਹੈਲਥ ਪੀ.ਡਬਲਿਊ.ਡੀ. (ਬੀ. ਐਂਡ ਆਰ.) ਅਤੇ ਪੰਜਾਬ ਸੀਵਰੇਜ ਬੋਰਡ ਵਲੋਂ ਇਨ੍ਹਾਂ ਕਲੋਨੀਆਂ ਵਿਚ ਮੁਹੱਈਆ ਕਰਾਈਆਂ ਗਈਆਂ ਹਨ । ਹੇਠ ਲਿਖੀਆਂ ਸਹੂਲਤਾਂ ਨੂੰ ਛੱਡ ਕੇ ਉਕਤ ਭਾਗ 'ੳ' ਵਿਚ ਵਰਣਿਤ ਕਿਰਤ ਕਲੋਨੀਆਂ ਵਿਚ ਬਾਕੀ ਸਾਰੀਆਂ ਸਹੂਲਤਾਂ ਮੁਹਈਆ ਕਰਾਈਆਂ ਗਈਆਂ ਹਨ :—

1.	ਜਿਨ੍ਹਾਂ ਕਲੋਨੀਆਂ ਦੀਆਂ ਗਲੀਆਂ ਵਿਚ ਰੋਸ਼ਨੀ ਨਹੀਂ ਹੈ	.. ਬਟਾਲਾ ਦੀਆਂ ਤਿੰਨੋਂ ਕਲੋਨੀਆਂ
2.	ਜਿਨ੍ਹਾਂ ਕਲੋਨੀਆਂ ਵਿਚ ਸਿਵਰੇਜ਼ ਨਹੀਂ ਹੈ	.. ਧਾਰੀਵਾਲ ਅਤੇ ਭੋਗਪੁਰ
3.	ਜਿਨ੍ਹਾਂ ਕਲੋਨੀਆਂ ਵਿਚ ਪਾਣੀ ਦੀ ਸਪਲਾਈ ਨਹੀਂ ਹੈ	.. ਅਲੀਵਾਲ ਰੋਡ, ਬਟਾਲਾ ਦੀ ਕਲੋਨੀ ਵਿਚ ਪਾਣੀ ਦੀ ਸੁਵਿਧਾ ਹੈ, ਪਰ ਇਹ ਚਾਲੂ ਅਵੱਸਥਾ ਵਿਚ ਨਹੀਂ ਹੈ
4.	ਜਿਨ੍ਹਾਂ ਕਲੋਨੀਆਂ ਦੀਆਂ ਸੜਕਾਂ ਪੱਕੀਆਂ ਨਹੀਂ ਹਨ	.. ਛੇਹਰਟਾ, ਅੰਮ੍ਰਿਤਸਰ ਦੀਆਂ ਦੋ ਕਲੋਨੀਆਂ (402 ਅਤੇ 120 ਕਵਾਟਰ ਕਲੋਨੀਆਂ)

ਐਸ.ਪੀ.ਓਜ਼. ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨਾ

124. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਾਲ 1996-97 (ਮਿਤੀ ਅੰਤ ਤਕ) ਵਿਚ ਦਿੱਤੇ ਗਏ ਆਪਣੇ ਫੈਸਲੇ ਵਿਚ ਅਜਿਹੇ ਸਾਰੇ ਐਸ.ਪੀ.ਓਜ਼. ਜਿਨ੍ਹਾਂ ਨੇ 6 ਸਾਲਾਂ ਦੀ ਸੇਵਾ ਪੂਰੀ ਕਰ ਲਈ ਹੈ, ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ ਲਈ ਰਾਜ ਸਰਕਾਰ ਨੂੰ ਹਦਾਇਤ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਫੈਸਲੇ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਫੈਸਲੇ ਨੂੰ ਲਾਗੂ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਸਾਲ 1996-97 ਦੌਰਾਨ ਕੋਈ ਅਜਿਹਾ ਫੈਸਲਾ ਨਹੀਂ ਦਿੱਤਾ ਗਿਆ ਜਿਸ ਮੁਤਾਬਿਕ ਰਾਜ ਸਰਕਾਰ ਨੂੰ ਉਹਨਾਂ ਸਾਰੇ ਸਪੈਸ਼ਲ ਪੁਲਿਸ ਅਫਸਰਾਂ ਨੂੰ, ਜਿਹਨਾਂ ਦੀ ਛੇ ਸਾਲ ਦੀ ਸੇਵਾ ਪੂਰੀ ਹੋ ਚੁੱਕੀ ਹੋਵੇ, ਨਿਯਮਤ ਕਰਨ ਲਈ ਨਿਰਦੇਸ਼ ਜਾਰੀ ਕੀਤੇ ਹੋਣ।

(ਅ) ਸਵਾਲ ਪੈਦਾ ਨਹੀਂ ਹੁੰਦਾ ।

———

ਲੇਬਰ ਕਾਲੋਨੀ ਘਣੁਪੁਰ, ਜ਼ਿਲ੍ਹਾ ਅੰਮ੍ਰਿਤਸਰ ਵਿਚ ਪਾਣੀ ਸਪਲਾਈ ਦੀ ਦਰ ਨੂੰ ਵਧਾਉਣਾ

125. **ਕਾਮਰੇਡ ਹਰਦੇਵ ਅਰਸ਼ੀ** : ਕੀ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਲੇਬਰ ਕਾਲੋਨੀ ਘਣੁਪੁਰ., ਜ਼ਿਲ੍ਹਾ ਅੰਮ੍ਰਿਤਸਰ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਖਰਚਾ 12 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 42 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਦਰਾਂ ਨੂੰ ਘਟਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

ਸ੍ਰੀ ਮਦਨ ਮੋਹਨ ਮਿੱਤਲ : ਹਾਂ, ਜੀ । ਕੀਮਤਾਂ ਵਿਚ ਵਾਧਾ ਹੋਣ ਕਰਕੇ ਪੁਰਾਣੇ ਰੇਟ ਜੋ ਕਿ ਸਾਲ 1983 ਵਿਚ ਨਿਯਤ ਕੀਤੇ ਗਏ ਸਨ, ਨੂੰ ਮਿਤੀ 4 ਜਨਵਰੀ, 1995 ਤੋਂ ਸੋਧ ਕੇ ਪ੍ਰਤੀ ਘਰ ਰੁਪਏ 31.50 ਪੈਸੇ ਜਮ੍ਹਾਂ ਫਲੱਸ਼ ਸੀਟ 10/- ਰੁਪਏ ਕਰ ਦਿੱਤੇ ਗਏ ਸਨ । ਇਹ ਰੇਟ ਸਥਾਨਕ ਸਰਕਾਰ ਵਿਭਾਗ ਵਲੋਂ ਮਿਤੀ 18 ਜੁਲਾਈ, 1994 ਨੂੰ ਵਧਾਏ ਗਏ ਰੇਟਾਂ ਦੇ ਅਧਾਰ ਤੇ ਵਧਾਏ ਗਏ ਸਨ ।

(ਅ) ਨਹੀਂ ਜੀ ।

ਹਸਪਤਾਲਾਂ ਦੀ ਅਚਨਚੇਤ ਚੈਕਿੰਗ

126. **ਕਾਮਰੇਡ ਹਰਦੇਵ ਅਰਸ਼ੀ** : (ੳ) ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸਰਕਾਰੀ ਮੈਡੀਕਲ ਕਾਲਜਾਂ ਨਾਲ ਸਬੰਧਿਤ ਅਜਿਹੇ ਹਸਪਤਾਲਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦਾ ਉਨ੍ਹਾਂ ਨੇ 15 ਫਰਵਰੀ, 1997 ਤੋਂ ਹੁਣ ਤਕ ਦੇ ਸਮੇਂ ਦੇ ਦੌਰਾਨ ਅਚਨਚੇਤ ਮੁਆਇਨਾ ਕੀਤਾ ਅਤੇ ਉਨ੍ਹਾਂ ਨੇ ਅਜਿਹੇ ਮੁਆਇਨੇ ਕਿਸ ਕਿਸ ਮਿਤੀ ਨੂੰ ਕੀਤੇ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਹਰ ਇਕ ਮੁਆਇਨੇ/ਛਾਪੇ ਦੇ ਦੌਰਾਨ ਕਿਸੇ ਬੇਕਾਇਦਗੀਆਂ/ਕੁਵਰਤੋਂ ਦਾ ਪਤਾ ਲੱਗਾ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸ੍ਰੀ ਬਲਰਾਮਜੀ ਦਾਸ ਟੰਡਨ : (ੳ) ਮੇਰੇ ਵਲੋਂ ਮਿਤੀ 22 ਫਰਵਰੀ, 1997 ਨੂੰ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਨਾਲ ਸਬੰਧਤ ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਦਾ ਅਚਾਨਕ ਮੁਆਇਨਾ ਕੀਤਾ ਗਿਆ ।

(ਅ) ਇਸ ਅਚਾਨਕ ਮੁਆਇਨੇ ਅਤੇ ਛਾਪੇ ਦੌਰਾਨ ਜੋ ਕਮੀਆਂ/ਖਾਮੀਆਂ ਪਾਈਆਂ ਗਈਆਂ ਸਨ, ਉਹਨਾਂ ਦਾ ਵੇਰਵਾ ਅਤੇ ਹਰੇਕ ਦਾ ਉੱਤਰ (ਅਨੁਲੱਗ 'ਰ') ਤੇ ਨੱਥੀ ਕੀਤਾ ਜਾਂਦਾ ਹੈ ।

ਅਨੁਲੱਗ 'ਰ'

ਮੇਰੇ ਵਲੋਂ ਮਿਤੀ 22 ਫਰਵਰੀ, 1997 ਨੂੰ ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਵਿਖੇ ਅਚਾਨਕ ਦੌਰੇ ਸਮੇਂ ਪਾਈਆਂ ਗਈਆਂ ਖਾਮੀਆਂ ਅਤੇ ਉਹਨਾਂ ਨੂੰ ਦੂਰ ਕਰਨ ਲਈ ਕੀਤੀ ਕਾਰਵਾਈ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :—

1. ਸਫ਼ਾਈ ਦਾ ਵਿਸ਼ੇਸ਼ ਪ੍ਰਬੰਧ ਹਸਪਤਾਲ ਵਿਚ ਨਹੀਂ ਸੀ ਅਤੇ ਟੁਆਇਲੈਟਸ ਠੀਕ ਢੰਗ ਨਾਲ ਸਾਫ਼ ਨਹੀਂ ਪਾਈਆਂ ਗਈਆਂ ।

2. ਹਸਪਤਾਲ ਦੇ ਫਰਸ਼ ਠੀਕ ਢੰਗ ਨਾਲ ਸਾਫ਼ ਨਹੀਂ ਸਨ ਅਤੇ ਉਹ ਵੇਖਣ ਵਾਲੇ ਨੂੰ ਬੁਰੇ ਲੱਗਦੇ ਸਨ ।

ਉੱਤਰ :— (1 ਅਤੇ 2) ਹਸਪਤਾਲ ਨੂੰ ਸਾਫ਼ ਸੁਥਰਾ ਅਤੇ ਸਵੱਛ ਰੱਖਣ ਲਈ ਹਸਪਤਾਲ ਦੇ ਵੱਖ-ਵੱਖ ਹਿੱਸਿਆਂ ਵਿਚ ਲੋੜੀਂਦੇ ਪ੍ਰਬੰਧ ਕਰਕੇ ਇਸ ਸੰਸਥਾ ਦੇ ਸਬੰਧਤ ਅਧਿਕਾਰੀਆਂ ਨੂੰ ਇਸ ਵੱਲ ਖਾਸ ਧਿਆਨ ਦੇਣ ਲਈ ਆਦੇਸ਼ ਦਿੱਤੇ ਗਏ ਹਨ ਅਤੇ ਇਸ ਸੰਸਥਾ ਦੇ ਡਿਪਟੀ ਮੈਡੀਕਲ ਸੁਪਰਡੰਟ ਇਸ ਸਬੰਧੀ ਰੋਜ਼ਾਨਾ ਵਾਚ ਕਰਨਗੇ । ਇਸ ਦੇ ਨਾਲ ਹੀ ਪੀ.ਡਬਲਿਊ.ਡੀ. (ਬੀ. ਐਂਡ ਆਰ.) ਅਤੇ ਪਬਲਿਕ ਹੈਲਥ ਵਿਭਾਗ ਨਾਲ ਤਾਲਮੇਲ ਕਰਕੇ ਲੋੜੀਂਦੀ ਮੁਰੰਮਤ ਲਈ ਬੇਨਤੀ ਕੀਤੀ ਗਈ ਹੈ ।

3. ਹਸਪਤਾਲ ਦਾ ਇਨਟੈਨਸਿਵ ਕੇਅਰ ਯੂਨਿਟ ਪਿਛਲੇ 9 ਸਾਲ ਤੋਂ ਕੰਮ ਨਹੀਂ ਕਰ ਰਿਹਾ ਹੈ ।

ਉੱਤਰ :— ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਵਿਖੇ 9 ਬਿਸਤਰਿਆਂ ਦੇ ਆਈ.ਸੀ. ਯੂਨਿਟ ਲਈ ਇਮਾਰਤ ਬਣੀ ਹੋਈ ਹੈ । ਲੋੜੀਂਦੇ ਫੰਡਜ਼ ਦੀ ਘਾਟ ਕਰਕੇ ਆਈ.ਸੀ. ਯੂਨਿਟ ਦੇ 8 ਬਿਸਤਰਿਆਂ ਨੂੰ ਚਾਲੂ ਹਾਲਤ ਵਿਚ ਨਹੀਂ ਕੀਤਾ ਜਾ ਸਕਦਾ ਫਿਰ ਵੀ ਆਈ.ਸੀ. ਯੂਨਿਟ ਦਾ ਇਕ ਬਿਸਤਰਾ ਗੰਭੀਰ ਮਰੀਜ਼ਾਂ ਲਈ ਚਾਲੂ ਹਾਲਤ ਵਿਚ ਹੈ ਅਤੇ ਇਕ ਹੋਰ ਬਿਸਤਰਾ ਚਾਲੂ ਕਰਨ ਦੇ ਯਤਨ ਕੀਤੇ ਜਾ ਰਹੇ ਹਨ । ਇਸ ਤੋਂ ਇਲਾਵਾ ਇਸ ਹਸਪਤਾਲ ਵਿਚ ਇਕ ਵਿਸ਼ੇਸ਼ ਸੰਭਾਲ ਯੂਨਿਟ ਪਿਛਲੇ ਤਿੰਨ ਸਾਲਾਂ ਤੋਂ ਗੰਭੀਰ ਮਰੀਜ਼ਾਂ ਲਈ ਚਾਲੂ ਹੈ ।

4. ਹਸਪਤਾਲ ਦੀ ਅੰਡੋਸਕੋਪੀ ਯੂਨਿਟ ਪਿਛਲੇ ਤਿੰਨ ਸਾਲ ਤੋਂ ਕੰਮ ਨਹੀਂ ਕਰ ਰਹੀ ਸੀ ।

ਉੱਤਰ :- ਹਸਪਤਾਲ ਦੀ ਅੰਡੋਸਕੋਪੀ ਯੂਨਿਟ ਵਿਚ 8/92 ਤੱਕ ਤਕਰੀਬਨ 1,000 ਤੋਂ ਵੱਧ ਕੇਸ ਕੀਤੇ ਜਾ ਚੁਕੇ ਹਨ । ਇਸ ਉਪਰੰਤ ਮਸ਼ੀਨ ਖਰਾਬ ਹੋ ਗਈ ਸੀ ਜੋ ਕਿ ਠੀਕ ਕਰਵਾਈ ਗਈ ਅਤੇ ਹੁਣ ਇਹ ਜਨਵਰੀ, 1997 ਤੋਂ ਕੰਮ ਕਰ ਰਹੀ ਹੈ ਅਤੇ ਠੀਕ ਹੋਣ ਤੋਂ ਬਾਅਦ ਇਸ ਨਾਲ 60 ਤੋਂ ਵੱਧ ਕੇਸ ਕੀਤ ਗਏ ਹਨ ।

5. ਹਸਪਤਾਲ ਦੀ ਲਿਫਟ ਚਲ ਰਹੀ ਸੀ ਲੇਕਿਨ ਇਹ ਦਿਨ ਵਿਚ ਪੰਜ ਘੰਟੇ ਚਲਦੀ ਸੀ ।

[ਸਥਾਨਕ ਸਰਕਾਰ ਅਤੇ ਸਿਹਤ ਮੰਤਰੀ]

ਉੱਤਰ :- ਗੁਰੂ ਨਾਨਕ ਹਸਪਤਾਲ ਕੰਪਲੈਕਸ ਵਿਚ ਤਿੰਨ ਲਿਫਟਾਂ ਹਨ। ਇਸ ਹਸਪਤਾਲ ਵਿਚ 2 ਲਿਫਟਾਂ ਓਪਰੇਸ਼ਨ ਥੀਏਟਰ ਵਿਚ ਹਨ ਅਤੇ ਇਕ ਲਿਫਟ ਗੁਰੂ ਨਾਨਕ ਦੇਵ ਹਸਪਤਾਲ, ਦੇ ਰੈਂਪਾਂ ਵਿਚ ਆਮ ਮਰੀਜ਼/ਜਨਤਾ ਵਾਸਤੇ ਵਰਤੀ ਜਾ ਰਹੀ ਹੈ ਪਰ ਲਿਫਟਮੈਨਾਂ ਦੀ ਘਾਟ ਕਰਕੇ ਰੈਂਪਾਂ ਵਿਚ ਲੱਗੀ ਲਿਫਟ ਕੇਵਲ ਸਵੇਰ ਦੇ ਸਮੇਂ ਲਈ ਹੀ ਵਰਤੀ ਜਾ ਰਹੀ ਹੈ। ਇਸ ਲਿਫਟ ਨੂੰ 24 ਘੰਟੇ ਵਰਤੋਂ ਵਿਚ ਲਿਆਉਣ ਲਈ 3 ਹੋਰ ਲਿਫਟਮੈਨਾਂ ਦੀ ਲੋੜ ਹੈ ਅਤੇ ਲਿਫਟਮੈਨਾਂ ਦੀਆਂ ਤਿੰਨ ਆਸਾਮੀਆਂ ਭਰਨ ਦਾ ਕੇਸ ਵਿਚਾਰ ਅਧੀਨ ਹੈ।

6. ਹਸਪਤਾਲ ਦੀ ਐਮਰਜੈਂਸੀ ਦੀਆਂ ਪੌੜੀਆਂ ਨਕਾਰਾ ਕੁਰਸੀਆਂ/ਮੇਜ਼ਾਂ ਨਾਲ ਬੰਦ ਸਨ ਜਿਸ ਨਾਲ ਮਰੀਜ਼ ਨੂੰ ਐਮਰਜੈਂਸੀ ਤੱਕ ਪਹੁੰਚਾਣ ਲਈ ਕਾਫੀ ਸਮਾਂ ਲੱਗਦਾ ਸੀ।

ਉੱਤਰ :- ਸਟੇਅਰ ਕੇਸਿਜ਼ ਸਾਫ ਕਰ ਦਿੱਤੇ ਗਏ ਹਨ। ਦੂਸਰੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

7. ਹਸਪਤਾਲ ਦਾ ਮਹੱਤਵਪੂਰਨ ਹਿੱਸਾ ਬਿਨਾਂ ਰੋਸ਼ਨੀ ਤੋਂ ਸੀ।

ਉੱਤਰ :- ਹਸਪਤਾਲ ਦੀ ਬਿਜਲੀ ਸਬੰਧੀ ਲੋੜੀਂਦਾ ਸਮਾਨ ਕਾਰਜਕਾਰੀ ਇੰਜੀਨੀਅਰ, ਬਿਜਲੀ ਵਿਭਾਗ ਪਾਸੋਂ ਲੈ ਕੇ ਲਗਾ ਦਿਤਾ ਗਿਆ ਹੈ। ਪਰ ਫਿਰ ਵੀ ਸਬੰਧਤ ਵਿਭਾਗ ਨੂੰ ਸੂਚਿਤ ਕੀਤਾ ਗਿਆ ਹੈ ਕਿ ਕੁਝ ਲੋੜੀਂਦਾ ਸਮਾਨ ਇਸ ਸੰਸਥਾ ਨੂੰ ਦਿੱਤਾ ਜਾਵੇ ਤਾਂ ਜੋ ਲੋੜ ਪੈਣ ਤੇ ਵਰਤਿਆ ਜਾ ਸਕੇ।

8. ਡਾਕਟਰ ਆਦਰਸ਼ ਕੁਮਾਰ, ਪ੍ਰੋਫੈਸਰ ਅਤੇ ਡਾ: ਸ਼ਾਲੂ ਹਸਪਤਾਲ ਵਿਚ ਗੈਰ-ਹਾਜ਼ਰ ਸਨ।

ਉੱਤਰ :- ਡਾਕਟਰ ਆਦਰਸ਼ ਕੁਮਾਰ, ਪ੍ਰੋਫੈਸਰ ਦੀ ਮਿਤੀ 22 ਫਰਵਰੀ, 1997 ਸਵੇਰੇ 10.00 ਵਜੇ ਤੋਂ 23 ਫਰਵਰੀ, 1997 ਸ਼ਾਮ 5.00 ਵਜੇ ਤੱਕ ਸਟੇਸ਼ਨ ਛੱਡਣ ਦੀ ਅਰਜ਼ੀ ਮਿਤੀ 21 ਫਰਵਰੀ, 1997 ਨੂੰ ਪ੍ਰਿੰਸੀਪਲ, ਮੈਡੀਕਲ ਕਾਲਜ, ਅੰਮ੍ਰਿਤਸਰ ਦੇ ਦਫਤਰ ਵਿਚ ਪ੍ਰਾਪਤ ਹੋਈ ਸੀ। ਇਸ ਲਈ ਇਹ ਡਾਕਟਰ ਡਿਊਟੀ ਤੋਂ ਗੈਰਹਾਜ਼ਰ ਨਹੀਂ ਸੀ। ਜਿੱਥੋਂ ਤੱਕ ਡਾਕਟਰ ਸ਼ਾਲੂ ਦਾ ਸਬੰਧ ਹੈ, ਇਸ ਡਾਕਟਰ ਨੇ ਦੱਸਿਆ ਹੈ ਕਿ ਉਸਦੇ ਬੱਚੇ ਵੱਲੋਂ ਗਲਤ ਦਵਾਈ ਖਾਣ ਦੇ ਕਾਰਨ ਉਸਨੂੰ ਅਚਾਨਕ ਘਰ ਜਾਣਾ ਪੈ ਗਿਆ ਅਤੇ ਜਾਣ ਤੋਂ ਪਹਿਲਾਂ ਉਸਨੇ ਆਪਣਾ ਟੈਲੀਫੋਨ ਨੰਬਰ ਸਬੰਧਤ ਨਰਸਿੰਗ ਸਿਸਟਰ ਨੂੰ ਦੱਸ ਦਿੱਤਾ ਸੀ। ਫਿਰ ਵੀ ਡਾਕਟਰ ਨੂੰ ਭਵਿੱਖ ਵਿਚ ਇਸ ਤਰ੍ਹਾਂ ਦੀ ਅਣਗਹਿਲੀ ਨਾ ਕਰਨ ਲਈ ਤਾੜਨਾਂ ਕਰ ਦਿਤੀ ਗਈ ਸੀ।

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 157

(ਬਿਨਾਂ-ਨਿਸ਼ਾਨ ਵਾਲਾ ਪ੍ਰਸ਼ਨ ਨੰਬਰ *157 ਦੀ ਐਕਸਟੈਨਸ਼ਨ ਮੰਗੀ ਗਈ ਹੈ ।)

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਰਾਜਨੀਤੀ-1 ਸ਼ਾਖਾ)

ਵਿਸ਼ਾ: ਵਿਧਾਨ ਸਭਾ ਬਿਨਾਂ ਤਾਰਾ-ਚਿੰਨ੍ਹ ਅੰਕਿਤ ਪ੍ਰਸ਼ਨ ਨੰ: 157 ਦਾ ਅੰਤਰਿਮ ਉੱਤਰ ਭੇਜਣ ਬਾਰੇ ।

ਬਿਨਾਂ ਤਾਰਾ ਚਿੰਨ੍ਹਾਂ ਅੰਕਿਤ ਪ੍ਰਸ਼ਨਾਂ ਦੀ ਸੂਚੀ ਮਿਤੀ 24 ਜੂਨ, 1997 ਵਿਚ ਦਰਜ ਵਿਧਾਨ ਸਭਾ ਪ੍ਰਸ਼ਨ ਨੰ: 157 ਜੋ ਸ: ਇੰਦਰਜੀਤ ਸਿੰਘ ਜ਼ੀਰਾ ਵਿਧਾਨਕਾਰ ਅਤੇ ਸ: ਬਿਕਰਮਜੀਤ ਸਿੰਘ, ਵਿਧਾਨਕਾਰ, ਦੇ ਨਾਂ ਹੈ, ਦਾ ਉਤਰ ਤਿਆਰ ਨਹੀਂ ਹੈ ।

ਇਸ ਨਾਲ ਸਬੰਧਤ ਸੂਚਨਾ ਇਕੱਤਰ ਕਰ ਲੈਣ ਉਪਰੰਤ ਤੁਰੰਤ ਉਤਰ ਭੇਜ ਦਿੱਤਾ ਜਾਵੇਗਾ ।

ਸਹੀ/-
ਮੁੱਖ ਮੰਤਰੀ ਪੰਜਾਬ

ਸੇਵਾ ਵਿਖੇ

ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ

ਅੰ: ਵਿ: ਪ: ਨੰ: 26/67/97-ਆਰ. ਵੀ. ਏ. ਰਾਜ 1 ਮਿਤੀ, ਚੰਡੀਗੜ੍ਹ 30 ਜੂਨ 1997

POINTS OF ORDER

ਸਰਦਾਰ ਅਮਰਜੀਤ ਸਿੰਘ ਸਮਰਾ : ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਸਦਨ ਵਿੱਚ ਕਿਹਾ ਸੀ । ਇਹ ਸਰਕਾਰ ਆਪਣੇ ਆਪ ਨੂੰ ਕਿਸਾਨਾਂ ਦੀ ਸਰਕਾਰ ਕਹਿੰਦੀ ਹੈ ਪਰ ਅੱਜ ਕਿਸਾਨਾਂ ਦਾ 200 ਕਰੋੜ ਰੁਪਿਆ ਜੋ ਗੰਨੇ ਦਾ ਬਣਦਾ ਹੈ, ਮਿੱਲਾਂ ਵੱਲ ਬਕਾਇਆ ਪਿਆ ਹੈ । ਬਾਦਲ ਸਾਹਿਬ ਨੇ ਇਸ ਪਵਿੱਤਰ ਸਦਨ ਵਿਚ ਇਹ ਯਕੀਨ ਦਿਵਾਇਆ ਸੀ ਕਿ ਇਹ ਸਰਕਾਰ ਕਿਸਾਨਾਂ ਦੀ ਹੈ ਅਤੇ ਇਸ ਕਰਕੇ ਜਲਦੀ ਤੋਂ ਜਲਦੀ ਬਿੱਲ ਇਸ ਸੈਸ਼ਨ ਵਿਚ ਲਿਆ ਕੇ ਇਸ ਸਬੰਧੀ ਜ਼ਰੂਰ ਉਪਰਾਲੇ ਕੀਤੇ ਜਾਣਗੇ ।

ਸ੍ਰੀ ਸਪੀਕਰ : ਉਨ੍ਹਾਂ ਨੇ ਆਰਡੀਨੈਂਸ ਜਾਰੀ ਕਰਨਾ ਹੈ ।

ਸਰਦਾਰ ਅਮਰਜੀਤ ਸਿੰਘ ਸਮਰਾ : ਪਰ ਕੋਈ ਬਿੱਲ ਨਹੀਂ ਆਇਆ । ਇਸ ਵਾਸਤੇ ਡੇਟ ਨਿਸ਼ਚਿਤ ਕੀਤੀ ਜਾਵੇ ਕਿ ਕਦੋਂ ਤੱਕ ਕਿਸਾਨਾਂ ਦਾ ਪੈਸਾ ਵਾਪਸ ਦਿਵਾਇਆ

---

*For Unstarred Question No. 157 and reply thereto, please see Appendix-II to this Debate.

[ਸਰਦਾਰ ਅਮਰਜੀਤ ਸਿੰਘ ਸਮਰਾ]

ਜਾਵੇਗਾ । ਕਿਸਾਨਾਂ ਦਾ 42 ਕਰੋੜ ਰੁਪਿਆ ਫਗਵਾੜਾ ਮਿੱਲ ਵੱਲ ਬਕਾਇਆ ਹੈ । (ਸ਼ੋਰ) (ਵਿਘਨ) 50 ਲੱਖ ਰੁਪਿਆ ਓਸਵਾਲ ਮਿੱਲ ਵੱਲ ਬਕਾਇਆ ਹੈ । ਇਸ ਵਾਸਤੇ ਡੇਟ ਬਾਊਂਡ ਕੀਤੀ ਜਾਵੇ ਕਿ ਇਹ ਪੈਸੇ ਕਦੋਂ ਵਾਪਸ ਦਿਵਾਏ ਜਾਣਗੇ ।

ਸ੍ਰੀ ਸਪੀਕਰ : ਇਸ ਬਾਰੇ ਬਾਦਲ ਸਾਹਿਬ ਪਹਿਲਾਂ ਕਹਿ ਚੁੱਕੇ ਹਨ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾ । ਮੈਂ ਇਸ ਬਾਰੇ ਐਡਜਰਨਮੈਂਟ ਮੋਸ਼ਨ ਵੀ ਦਿੱਤੀ ਸੀ ਜਿਸਤੇ ਤੁਹਾਡੀ ਰੂਲਿੰਗ ਆ ਗਈ ਹੈ ਅਤੇ ਉਸ ਤੇ ਮੈਨੂੰ ਕੋਈ ਇਤਰਾਜ਼ ਨਹੀਂ । ਮੇਰਾ ਰੂਲਿੰਗ ਨਾਲ ਕੋਈ ਮਤਭੇਦ ਨਹੀਂ। ਕਿਸਾਨਾਂ ਦਾ 75% ਝੋਨਾ ਲੱਗ ਗਿਆ ਹੈ ਔਰ 25% ਹਾਲੇ ਬਾਕੀ ਪਿਆ ਹੈ । ਝੋਨਾ ਇਕ ਐਸੀ ਫਸਲ ਹੈ ਜਿਸ ਨੂੰ ਪਾਣੀ ਦੀ ਬਹੁਤ ਲੋੜ ਹੈ । ਪੰਜਾਬ ਵਿਚ ਨਹਿਰੀ ਪਾਣੀ ਬਹੁਤ ਸਾਰੇ ਇਲਾਕਿਆਂ ਵਿਚ ਲੋੜੀਂਦੀ ਮਾਤਰਾ ਵਿੱਚ ਮਿਲਦਾ ਨਹੀਂ ਹੈ । ਇਸ ਕਰਕੇ ਝੋਨਾ ਉਤਪਾਦਕਾਂ ਨੂੰ ਜ਼ਿਆਦਾ ਪ੍ਰਾਈਵੇਟ ਟਿਊਬਵੈੱਲਾਂ ਤੇ ਨਿਰਭਰ ਰਹਿਣਾ ਪੈਂਦਾ ਹੈ । ਕਾਗਜ਼ਾਂ ਵਿੱਚ ਦੱਸਿਆ ਗਿਆ ਹੈ ਕਿ 10 ਘੰਟੇ ਬਿਜਲੀ ਦੀ ਸਪਲਾਈ ਹੈ ਪਰ ਇਹ ਕਾਗਜ਼ੀ ਕਾਰਵਾਈ ਹੈ । ਕਿਧਰੇ ਤਾਂ ਇਹ 10 ਘੰਟੇ ਤੋਂ ਘੱਟ ਕੇ 3 ਘੰਟੇ ਵੀ ਹੈ । ਇਸ ਕਰਕੇ ਝੋਨੇ ਦਾ ਨੁਕਸਾਨ ਹੋ ਰਿਹਾ ਹੈ, ਝੋਨਾ ਸੁੱਕ ਰਿਹਾ ਹੈ । ਕੀ ਮੰਤਰੀ ਜੀ ਇਸ ਪਾਸੇ ਪ੍ਰਾਇਰਟੀ ਦੇਣਗੇ ਕਿ ਝੋਨਾ ਉਤਪਾਦਕਾਂ ਨੂੰ ਬਿਜਲੀ ਦੀ ਪੂਰੀ ਸਪਲਾਈ ਮਿਲ ਸਕੇ ?

ਸ੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਮੈਂ ਹਾਊਸ ਦਾ ਧਿਆਨ ਇਕ ਜ਼ਰੂਰੀ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪਿਛਲੇ ਦਿਨੀਂ ਤਿੰਨ ਕਾਰਪੋਰੇਸ਼ਨਾਂ ਦੇ ਇਲੈਕਸ਼ਨ ਹੋਏ । ਕਾਰਪੋਰੇਸ਼ਨਾਂ ਬਣ ਗਈਆਂ ਪਰ ਇਨ੍ਹਾਂ ਕਾਰਪੋਰੇਸ਼ਨਾਂ ਨੂੰ ਬਿਨਾਂ ਕਨਫੀਡੈਂਸ ਵਿਚ ਲਏ ਇਕ ਨਿਰਣਾ ਪੰਜਾਬ ਸਰਕਾਰ ਨੇ ਕੀਤਾ ਕਿ ਜਿਹੜਾ ਵਾਟਰ ਐਂਡ ਸੀਵਰੇਜ ਦਾ ਪ੍ਰਬੰਧ ਮਿਊਂਸਪਲ ਕਾਰਪੋਰੇਸ਼ਨਾਂ ਕਰਦੀਆਂ ਸਨ, ਉਹ ਹੁਣ ਸੀਵਰੇਜ ਬੋਰਡ ਕਰੇਗਾ ਅਤੇ 12-14 ਪਰਸੈਂਟ ਸਰਵਿਸ ਚਾਰਜ ਵੀ ਲਏਗਾ ਜਿਸ ਨਾਲ ਲੋਕਾਂ ਤੇ ਐਕਸਟਰਾ ਬੋਝ ਪਵੇਗਾ । ਇਸ ਕਰਕੇ ਸਰਕਾਰ ਨੂੰ ਇਹ ਨਿਰਣਾ ਵਾਪਸ ਲੈਣਾ ਚਾਹੀਦਾ ਹੈ । ਅੱਜ ਲੋੜ ਡਿਵੈਲਪਮੈਂਟ ਦੀ ਹੈ ਇਸ ਨਿਰਣੇ ਨਾਲ ਕਾਰਪੋਰੇਸ਼ਨਾਂ ਤੇ ਵੀ ਬੋਝ ਪਵੇਗਾ । ਇਸ ਕਰਕੇ ਵਾਟਰ ਅਤੇ ਸੀਵਰੇਜ ਦੇ ਪ੍ਰਬੰਧ ਦਾ ਕੰਮ ਮਿਊਂਸਿਪਲ ਕਾਰਪੋਰੇਸ਼ਨਾਂ ਕੋਲ ਹੀ ਹੋਣਾ ਚਾਹੀਦਾ ਹੈ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਦਾ ਧਿਆਨ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਕੱਲ੍ਹ ਵੀ ਇਹ ਮਸਲਾ ਉਠਾਇਆ ਗਿਆ ਸੀ ਕਿ ਪੁਲੀਟੀਕਲ ਲੋਕਾਂ ਦੀ ਕਰੈਡੀਬਿਲਟੀ, ਪੁਲੀਟੀਕਲ ਪਾਰਟੀਆਂ ਦੀ ਕਰੈਡੀਬਿਲਟੀ ਐਟ ਸਟੇਕ ਹੈ ਔਰ ਅਖਬਾਰਾਂ ਵਿਚ ਆਇਆ ਹੈ ਕਿ ਕਾਂਗਰਸ ਦਾ ਯੂਥ ਵਰਕਰ ਐਕਸਟੋਰਸ਼ਨ, ਲੂਟਿੰਗ ਖਾਲਿਸਤਾਨ ਕਮਾਂਡੋ ਫੋਰਸ ਦੇ ਨਾਂ

ਤੇ ਕਰ ਰਿਹਾ ਹੈ। ਮੈਂ ਚਾਹੁੰਦਾ ਹਾਂ ਕਿ ਇਸ ਬਾਰੇ ਬਿਆਨ ਦਿੱਤਾ ਜਾਵੇ ਕਿਉਂਕਿ ਪੁਲੀਟੀਕਲ ਪਾਰਟੀਆਂ ਦੀ ਕਰੈਡੀਬਿਲਟੀ ਦਾਅ ਤੇ ਲੱਗੀ ਹੋਈ ਹੈ। ਮੈਂ ਚਾਹੁੰਦਾ ਹਾਂ ਕਿ ਸਦਨ ਵਿਚ ਬਿਆਨ ਦਿੱਤਾ ਜਾਵੇ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ)

ਡਾਕਟਰ ਬਲਦੇਵ ਰਾਜ ਚਾਵਲਾ : ਸਪੀਕਰ ਸਾਹਿਬ, ਮੈਂ 21 ਤਾਰੀਖ ਨੂੰ ਇਕ ਨੋਟਿਸ ਦਿੱਤਾ ਸੀ। ਅਖਬਾਰ ਵਿੱਚ ਆਇਆ ਸੀ . .

ਸ਼੍ਰੀ ਸਪੀਕਰ : ਉਹ ਮੈਂ ਡਿਸ ਅਲਾਊ ਕਰ ਦਿੱਤਾ ਸੀ।

ਡਾਕਟਰ ਬਲਦੇਵ ਰਾਜ ਚਾਵਲਾ : ਖਾੜਕੂਵਾਦ ਪੰਜਾਬ ਵਿੱਚ ਦੁਬਾਰਾ ਖੜ੍ਹਾ ਕਰਨ ਲਈ ਕਾਂਗਰਸ ਦਾ ਯੂਥ ਟੋਲਾ ਆ ਰਿਹਾ ਹੈ। (ਵਿਘਨ) (ਸ਼ੋਰ) ਸਦਨ ਨੂੰ ਇਹ ਮਾਮਲਾ ਬੜੀ ਸੀਰੀਅਸਲੀ ਲੈਣਾ ਚਾਹੀਦਾ ਹੈ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) (ਸ਼ੋਰ) ਪੰਜਾਬ ਵਿਚ ਇਨ੍ਹਾਂ ਲੋਕਾਂ ਨੂੰ ਕੰਟਰੋਲ ਕਰਨ ਵਾਸਤੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਹਿਬ, ਮੈਂ ਤੁਹਾਡੇ ਰਾਹੀਂ ਸਦਨ ਦਾ ਧਿਆਨ ਦੋ ਬਹੁਤ ਹੀ ਅਹਿਮ ਅਤੇ ਭਖਦੇ ਮਸਲਿਆਂ ਵੱਲ ਦਿਵਾਉਣਾ ਚਾਹੁੰਦਾ ਹਾਂ। ਮੇਰੇ ਤੋਂ ਪਹਿਲਾਂ ਅਰਸ਼ੀ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ ਕਿ ਝੋਨੇ ਦੀ ਬਿਜਾਈ ਬਹੁਤ ਜ਼ੋਰ ਤੇ ਹੈ। ਜਿਸ ਤਰ੍ਹਾਂ ਬਾਕੀ ਪੰਜਾਬ ਦੀ ਗੱਲ ਹੈ . . .(ਵਿਘਨ) (ਸ਼ੋਰ) ਸਪੀਕਰ ਸਾਹਿਬ, ਇਨ੍ਹਾਂ ਨੂੰ ਥੋੜ੍ਹਾ ਬਹੁਤ ਸਮਝਾਉ। ਇਹ ਕਹਿੰਦੇ ਹਨ ਕਿ ਇਹ ਕਿਸਾਨਾਂ ਦੇ ਹਮਦਰਦ ਹਨ, ਲੇਕਿਨ ਕਿਸਾਨਾਂ ਦੇ ਹਿਤਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ। ਹਾਥੀ ਕੇ ਦਾਂਤ ਦਿਖਾਨੇ ਕੇ ਔਰ ਖਾਨੇ ਕੇ ਔਰ। ਇਨ੍ਹਾਂ ਨੂੰ ਕਹਿੰਦੇ ਹਨ . . .(ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਪਹਿਲਾਂ ਬਰਾੜ ਸਾਹਿਬ ਨੂੰ ਸੁਣੋ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ ਮੈਂ ਬੇਨਤੀ ਕਰ ਰਿਹਾ ਹਾਂ (ਵਿਘਨ)

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ. . . .

ਸ਼੍ਰੀ ਸਪੀਕਰ : ਜ਼ੀਰਾ ਸਾਹਿਬ, ਗੱਲ ਤਾਂ ਸੁਣ ਲਉ ਕਿ ਇਹ ਕੀ ਕਹਿਣਾ ਚਾਹੁੰਦੇ ਹਨ। ਮੈਂ ਕਹਿੰਦਾ ਹਾਂ ਕਿ ਬਰਾੜ ਸਾਹਿਬ ਨੂੰ ਸੁਣੋ ਕਿ ਉਹ ਕੀ ਕਹਿੰਦੇ ਹਨ . . .ਸੁਣ ਲਉ ਉਹ ਕੀ ਕਹਿੰਦੇ ਹਨ . . .(ਵਿਘਨ) ਉਨ੍ਹਾਂ ਨੂੰ ਸੁਣੋ।

ਸਰਦਾਰ ਅਵਤਾਰ ਸਿੰਘ ਬਰਾੜ : ਬਾਦਲ ਸਾਹਿਬ ਨੇ ਇਥੇ ਬੋਲਦੇ ਹੋਏ ਕਿਹਾ ਸੀ ਕਿ ਕਿਸਾਨਾਂ ਦਾ ਅਤੇ ਖੇਤ ਮਜ਼ਦੂਰਾਂ ਦਾ ਕਰੀਬੀ ਰਿਸ਼ਤਾ ਹੈ. . . .

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ. . . .

ਸਰਦਾਰ ਅਵਤਾਰ ਸਿੰਘ ਬਰਾੜ: ਸਿੱਧੂ ਸਾਹਿਬ, ਮੈਂ ਬੇਨਤੀ ਕਰਦਾ ਹਾਂ. . . .

ਸ਼੍ਰੀ ਸਪੀਕਰ : ਬਰਾੜ ਸਾਹਿਬ, ਮੇਰੇ ਨਾਲ ਗੱਲ ਕਰੋ।

ਸਰਦਾਰ ਅਵਤਾਰ ਸਿੰਘ ਬਰਾੜ : ਬੜੇ ਜ਼ੋਰਾਂ ਤੇ ਝੋਨੇ ਦੀ ਬਿਜਾਈ ਹੋ ਰਹੀ ਹੈ। ਮੇਰੇ ਤੋਂ ਪਹਿਲਾਂ ਅਰਸ਼ੀ ਸਾਹਿਬ ਨੇ ਬਿਜਲੀ ਦਾ ਜ਼ਿਕਰ ਕੀਤਾ ਹੈ। ਬਦਕਿਸਮਤੀ ਨਾਲ ਮੇਰੇ ਹਲਕੇ ਫਰੀਦਕੋਟ ਦੀ ਜ਼ਮੀਨ ਸਪੀਕਰ ਸਾਹਿਬ, ਰੇਤਲੀ ਹੈ। ਉਥੇ ਝੋਨਾ.... (ਵਿਘਨ) (ਸ਼ੋਰ)

ਸ੍ਰੀ ਸਪੀਕਰ : ਪਹਿਲਾਂ ਗੱਲ ਸੁਣ ਲੈਣ ਦਿਉ। ਬਰਾੜ ਸਾਹਿਬ, ਤੁਸੀਂ ਕਹਿਣਾ ਕੀ ਹੈ ?

ਸਰਦਾਰ ਅਵਤਾਰ ਸਿੰਘ ਬਰਾੜ : ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰ ਸਾਲ ਪਾਣੀ ਦੀ ਥੁੜ੍ਹ ਨੂੰ ਪੂਰਾ ਕਰਨ ਵਾਸਤੇ ਪੰਜਾਬ ਰਾਜ ਬਿਜਲੀ ਬੋਰਡ ਟੈਂਪਰੇਰੀ ਕੁਨੈਕਸ਼ਨ ਦਿੰਦਾ ਸੀ ਔਰ ਸਿੰਜਾਈ ਮਹਿਕਮਾ ਸਪੈਸ਼ਲ ਸੂਟਸ ਦਿੰਦਾ ਸੀ। ਇਸ ਵਾਰੀ ਇਸ ਕਿਸਾਨਾਂ ਦੀ ਹਮਦਰਦ ਸਰਕਾਰ ਨੇ ਨਾ ਤਾਂ ਉਹ ਟੈਂਪਰੇਰੀ ਕੁਨੈਕਸ਼ਨ ਜਾਰੀ ਕੀਤੇ ਹਨ ਔਰ ਨਾ ਹੀ ਸਪੈਸ਼ਲ ਸੂਟਸ ਦਿੱਤੇ ਹਨ। ਮੈਂ ਤੁਹਾਡੇ ਰਾਹੀਂ ਕਿਸਾਨਾਂ ਦੀ ਇਸ ਮਹੱਤਵ-ਪੂਰਨ ਲੋੜ ਨੂੰ ਮੁੱਖ ਰੱਖਦੇ ਹੋਏ ਹਾਊਸ ਦਾ ਧਿਆਨ ਇਸ ਵੱਲ ਦਿਵਾਉਣਾ ਚਾਹੁੰਦਾ ਹਾਂ।

ਸ੍ਰੀ ਸਪੀਕਰ : ਤਹਾਡੀ ਗੱਲ ਸੁਣ ਲਈ ਹੈ।

ਸੰਸਦੀ ਮਾਮਲਿਆਂ ਦੇ ਮੰਤਰੀ (ਸ੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ....

ਸ੍ਰੀ ਸਪੀਕਰ : ਹੁਣ ਮਿੱਤਲ ਸਾਹਿਬ। ਬਰਾੜ ਸਾਹਿਬ, ਤੁਸੀਂ ਜੋ ਕਿਹਾ ਹੈ ਉਸ ਬਾਰੇ ਬਾਦਲ ਸਾਹਿਬ ਨੇ ਕਹਿ ਦਿੱਤਾ ਹੈ। ਹੁਣ ਮਿੱਤਲ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ....

ਸ੍ਰੀ ਸਪੀਕਰ : ਮਾਸਟਰ ਮੋਹਨ ਲਾਲ ਜੀ, ਤੁਸੀਂ ਬੈਠ ਜਾਉ।

ਵਿੱਤ ਮੰਤਰੀ (ਕੈਪਟਨ ਕੰਵਲਜੀਤ ਸਿੰਘ) : ਸਪੀਕਰ ਸਾਹਿਬ, ਜੋ ਮੁੱਦਾ ਬਰਾੜ ਸਾਹਿਬ ਨੇ ਉਠਾਇਆ ਹੈ, ਮੈਂ ਉਸ ਬਾਰੇ ਇਕ ਗੱਲ ਕਹਿਣੀ ਚਾਹਾਂਗਾ ਕਿ ਜਿਹੜੀ ਸਥਿਤੀ ਸਾਡੀ ਸਰਕਾਰ ਨੂੰ ਵਿਰਸੇ ਵਿੱਚ ਮਿਲੀ ਹੈ, ਉਸ ਦੇ ਮੁਤਾਬਿਕ ਅੱਜ ਡਿਮਾਂਡ ਨਾਲੋਂ ਸਪਲਾਈ ਦੀ 10% ਘਾਟ ਹੈ ਔਰ ਇਸ ਜੀਰੀ ਦੀ ਫਸਲ ਦੇ ਵਿੱਚ ਵੱਧ ਬਿਜਲੀ ਸਪਲਾਈ ਕਰਨ ਲਈ, ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਐਨ. ਟੀ. ਪੀ. ਸੀ. ਕੋਲੋਂ 70 ਲੱਖ ਯੂਨਿਟ ਖਾਸ ਇਸੇ ਕਰਕੇ ਖਰੀਦੇ ਹਨ (ਬੈਂਕਿੰਗ) ਤਾਂ ਕਿ ਅਸੀਂ ਆਪਣੇ ਕਿਸਾਨਾਂ ਨੂੰ ਵੱਧ ਬਿਜਲੀ ਉਪਲਬਧ ਕਰਾ ਸਕੀਏ। ਲੇਕਿਨ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਘੱਟ ਬਿਜਲੀ ਦੀ ਹਾਲਤ ਵੀ ਹੈ, ਜਿਹੜੀ ਸਾਨੂੰ ਪਿਛਲੀ ਸਰਕਾਰ ਨੇ ਵਿਰਸੇ ਵਿੱਚ ਦਿੱਤੀ ਹੈ। ਇਸੇ ਕਰਕੇ, ਸਪੀਕਰ ਸਾਹਿਬ, ਮੈਂ ਆਪਣੇ ਬਜਟ ਵਿੱਚ 46 ਫੀਸਦੀ ਜੋ ਰਾਸ਼ੀ ਹੈ, ਉਹ ਬਿਜਲੀ ਦੇ ਪ੍ਰੋਜੈਕਟਾਂ ਨੂੰ ਪੂਰਾ ਕਰਨ ਵਾਸਤੇ ਰੱਖੀ ਹੈ। ਅਸੀਂ ਲਹਿਰਾਂ ਮੁਹੱਬਤ ਪ੍ਰੋਜੈਕਟ ਇਸ ਸਾਲ ਵਿੱਚ ਖਤਮ ਕਰ

ਦੇਣਾ ਹੈ ਔਰ ਜਿਹੜਾ ਥੀਨ ਡੈਮ ਦਾ ਪ੍ਰੋਜੈਕਟ ਹੈ, ਉਹ ਜੂਨ, 1998 ਵਿੱਚ ਪੂਰਾ ਹੋ ਜਾਣਾ ਹੈ । (ਥੰਪਿੰਗ) ਸਾਨੂੰ ਪੂਰੀ ਉਮੀਦ ਹੈ ਕਿ ਇਸ ਤੋਂ ਬਾਅਦ ਅਸੀਂ ਕੁਨੈਕਸ਼ਨ ਵੀ ਖੋਲ੍ਹਾਂਗੇ ਔਰ ਬਿਜਲੀ ਪੂਰਨ ਤੌਰ ਤੇ ਸਪਲਾਈ ਕਰਾਂਗੇ । ਲੇਕਿਨ, ਸਪੀਕਰ ਸਾਹਿਬ, ਜਿਹੜੀਆਂ ਘਾਟਾਂ ਇਨ੍ਹਾਂ ਨੇ ਦੱਸੀਆਂ ਹਨ, ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਸਾਨੂੰ ਸਾਥ ਤਾਂ ਦਿਉ ।

ਸੰਸਦੀ ਮਾਮਲਿਆਂ ਦੇ ਮੰਤਰੀ (ਸ੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ...

ਸ੍ਰੀ ਸਪੀਕਰ : ਮਿੱਤਲ ਜੀ, ਤੁਸੀਂ ਬੈਠੋ । ਪਹਿਲਾਂ ਗਰਗ ਸਾਹਿਬ ਨੂੰ ਸੁਣ ਲਈਏ । ਤੁਹਾਨੂੰ ਟਾਈਮ ਦੇ ਦੇਵਾਂਗਾ । ਪਹਿਲਾਂ ਗਰਗ ਸਾਹਿਬ ਨੂੰ ਸੁਣ ਲੈਣ ਦਿਉ ।

ਡਾਕਟਰ ਬਲਦੇਵ ਰਾਜ ਚਾਵਲਾ : ਸਪੀਕਰ ਸਾਹਿਬ....

ਸ੍ਰੀ ਸਪੀਕਰ : ਤੁਹਾਨੂੰ ਟਾਈਮ ਦੇਵਾਂਗਾ । ਜੋ ਤੁਸੀਂ ਕਹਿਣਾ ਹੈ, ਉਹ ਸੁਣ ਲਵਾਂਗੇ ਪਰ ਪਹਿਲਾਂ ਗਰਗ ਸਾਹਿਬ ਨੂੰ ਸੁਣ ਲੈਣ ਦਿਉ ।

ਸ੍ਰੀ ਚਰੰਜੀ ਲਾਲ ਗਰਗ : ਸਪੀਕਰ ਸਾਹਿਬ, ਅੱਜ ਪੰਜਾਬ ਦੇ ਵਿੱਚ ਲਾਅ ਐਂਡ ਆਰਡਰ ਇਕ ਚਿੰਤਾ ਦਾ ਵਿਸ਼ਾ ਬਣਿਆ ਹੈ ਅਤੇ ਇਹ ਲੋਕ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਜਿਨ੍ਹਾਂ ਨੇ ਪਿਛਲੇ 5 ਸਾਲਾਂ ਦੇ ਵਿਚ ਪੰਜਾਬ ਦੇ ਵਿਚ ਬਹੁਤ ਲੁੱਟਾਂ ਖੋਹਾਂ ਕੀਤੀਆਂ ਹਨ ਅਤੇ ਪੰਜਾਬ ਦੇ ਹਾਲਾਤ ਨੂੰ ਵਿਗਾੜਿਆ ਹੈ ।....

ਸ੍ਰੀ ਸਪੀਕਰ : ਬਰੀਫ ਕਰੋ ।

ਸ੍ਰੀ ਚਰੰਜੀ ਲਾਲ ਗਰਗ : ਸਪੀਕਰ ਸਾਹਿਬ, ਇਕ ਬੜਾ ਵੱਡਾ ਸਕੈਂਡਲ ਫੜਿਆ ਗਿਆ ਹੈ । ਇਕ ਉਦਯੋਗਪਤੀ ਦੇ ਕੋਲੋਂ ਖਾਲਿਸਤਾਨ ਕਮਾਂਡੋ ਫੋਰਸ ਦੇ ਲੈਟਰ ਪੈਡ ਦੇ ਹੇਠਾਂ 11 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ....

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ....(ਵਿਘਨ)

ਸ੍ਰੀ ਚਰੰਜੀ ਲਾਲ ਗਰਗ : ਸਪੀਕਰ ਸਾਹਿਬ, ਉਹ ਫਿਰੌਤੀ ਮੰਗਣ ਵਾਲਾ ਕੌਣ ਸੀ ? ਆਲ ਇੰਡੀਆ ਯੂਥ ਕਾਂਗਰਸ ਦਾ ਪ੍ਰਧਾਨ । ਸਪੀਕਰ ਸਾਹਿਬ, ਉਹ ਆਲ ਇੰਡੀਆ ਯੂਥ ਕਾਂਗਰਸ ਦਾ ਪ੍ਰਧਾਨ ** ** ਸੀ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ)

ਸ੍ਰੀ ਸਪੀਕਰ : ** ** ** ਸ਼ਬਦ ਐਕਸਪੰਜ ਕੀਤਾ ਜਾਵੇ ।

ਸ੍ਰੀ ਚਰੰਜੀ ਲਾਲ ਗਰਗ : ਸਪੀਕਰ ਸਾਹਿਬ, ਜੋ ਉਨ੍ਹਾਂ ਨੇ ਫਿਰੌਤੀ ਮੰਗੀ ਹੈ ਉਸ

**Expunged as ordered by the Chair.

[ਸ਼੍ਰੀ ਚਰੰਜੀ ਲਾਲ ਗਰਗ]

ਬਾਰੇ ਮੈਂ ਸਰਕਾਰ ਤੋਂ ਇਸ ਗੱਲ ਦਾ ਜਵਾਬ ਚਾਹੁੰਦਾ ਹਾਂ ਕਿ ਉਸਦੇ ਖਿਲਾਫ ਕੀ ਕਾਰਵਾਈ ਕੀਤੀ ਗਈ ਹੈ ? ਅਤੇ ਜੇਕਰ ਨਹੀਂ ਕੀਤੀ ਗਈ ਤਾਂ ਕੀ ਸਰਕਾਰ ਉਸ ਦੇ ਖਿਲਾਫ ਐਕਸ਼ਨ ਲਵੇਗੀ ? (ਵਿਘਨ) (ਸ਼ੋਰ)

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਇਕ ਸੀਰੀਅਸ ਮਾਮਲੇ ਵੱਲ ਸਰਕਾਰ. . . . (ਵਿਘਨ)

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ. . . .

ਸ਼੍ਰੀ ਸਪੀਕਰ : ਹਰਬੰਸ ਲਾਲ ਜੀ, ਕਿਰਪਾ ਕਰਕੇ ਬੈਠ ਜਾਉ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਇਕ ਬੜਾ ਸੀਰੀਅਸ ਮਾਮਲਾ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸੰਗਰੂਰ ਤੇ ਪਟਿਆਲੇ ਦੇ ਵਿਚ ਐਸ. ਐਸ. ਪੀ. ** ** ** ਦੇ ਖਿਲਾਫ 302 ਦਾ ਪਰਚਾ ਦਰਜ ਹੋਇਆ ਹੈ । ਜਿਸ ਨੂੰ ਦਰਜ ਹੋਏ ਨੂੰ 5 ਦਿਨ ਹੋ ਗਏ ਹਨ । ਸਪੀਕਰ ਸਾਹਿਬ, ਜਿਸ ਤਰ੍ਹਾਂ ਸੰਧੂ ਸਾਹਿਬ ਦਾ ਰੌਲਾਪਿਆ ਸੀ ਉਸੇ ਤਰ੍ਹਾਂ ਨਾ ਹੋਵੇ । ਇਸ ਲਈ ਉਸ ਨੂੰ ਵੀ ਅਰੈਸਟ ਕਰ ਲਿਆ ਜਾਵੇ ਤਾਂ ਕਿ ਕਿਤੇ ਉਹ ਵੀ ਖੁਦਕਸ਼ੀ ਨਾ ਕਰ ਲਵੇ । ਸਪੀਕਰ ਸਾਹਿਬ, ਜਿਨ੍ਹਾਂ ਪੁਲਿਸ ਅਫਸਰਾਂ ਦੇ ਖਿਲਾਫ ਇਨਕੁਆਇਰੀਆਂ ਹੁੰਦੀਆਂ ਹਨ, and cases are registered, enquiry invariably should go to the CBI.

ਸ਼੍ਰੀ ਸੰਪੀਕਰ : ** ** ** ਸ਼ਬਦ ਐਕਸਪੰਜ ਕੀਤਾ ਜਾਵੇ ।

ਡਾਕਟਰ ਬਲਦੇਵ ਰਾਜ ਚਾਵਲਾ : ਸਪੀਕਰ ਸਾਹਿਬ, ਇਹ ਜਿਹੜੀ ਘਟਨਾ ਦਾ ਜ਼ਿਕਰ ਇਸ ਪਵਿੱਤਰ ਸਦਨ ਵਿਚ ਹੋ ਰਿਹਾ ਹੈ, ਉਹ ਅੰਮ੍ਰਿਤਸਰ ਨੂੰ ਬਿਲਾਂਗ ਕਰਦੀ ਹੈ । ਮੈਂ ਕਹਿੰਦਾ ਹਾਂ ਕਿ ਇਹ ਘਟਨਾ ਕੋਈ ਛੋਟੀ ਮੋਟੀ ਘਟਨਾ ਨਹੀਂ ਹੈ । ਜੇਕਰ ਇਸ ਘਟਨਾ ਨੂੰ ਛੋਟੀ ਮੋਟੀ ਕਹਿ ਕੇ ਛੱਡ ਦਿੱਤਾ ਗਿਆ ਤਾਂ ਇਹ ਕਿਸੇ ਵਕਤ ਵੱਡੀ ਘਟਨਾ ਦਾ ਰੂਪ ਅਖਤਿਆਰ ਕਰ ਸਕਦੀ ਹੈ । ਮੈਨੂੰ ਯਾਦ ਹੈ ਕਿ ਲਾਲਾ ਜਗਤ ਨਰਾਇਣ ਨੇ ਆਪਣੇ ਸੰਪਾਦਕੀ ਦੇ ਵਿਚ ਲਿਖਿਆ ਸੀ ਕਿ ਛੋਟੀਆਂ ਮੋਟੀਆਂ ਘਟਨਾਵਾਂ ਪੰਜਾਬ ਦੇ ਵਿਚ ਹੋ ਰਹੀਆਂ ਹਨ । ਅਗਰ ਸਰਕਾਰ ਨੇ ਇਸ ਤਰਫ ਧਿਆਨ ਨਾ ਦਿੱਤਾ ਤਾਂ ਇਹ ਘਟਨਾ ਵੱਡੀ ਹੋ ਸਕਦੀ ਹੈ । ਛੋਟਾ ਬ੍ਰਿਛ ਵੱਡਾ ਹੋ ਸਕਦਾ ਹੈ । ਇਸ ਕਰਕੇ ਮੈਂ ਸਰਕਾਰ ਦਾ ਇਸ ਪਾਸੇ ਧਿਆਨ ਦਿਵਾਉਂਦਾ ਹਾਂ ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਬਰੀਫ ਗੱਲ ਕਰੋ ।

ਡਾਕਟਰ ਬਲਦੇਵ ਰਾਜ ਚਾਵਲਾ : ਸਪੀਕਰ ਸਾਹਿਬ, ਇਨ੍ਹਾਂ ਛੋਟੀਆਂ ਮੋਟੀਆਂ ਘਟਨਾਵਾਂ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਇਹ 11 ਲੱਖ ਰੁਪਏ ਦੀ ਫਿਰੌਤੀ ਦੀ ਘਟਨਾ ਕੋਈ ਛੋਟੀ ਮੋਟੀ ਗੱਲ ਨਹੀਂ । ਜਿਹੜੇ ਕਲਪਰਿਟ ਹਨ, ਉਨ੍ਹਾਂ ਦੇ ਖਿਲਾਫ ਸਰਕਾਰ ਨੂੰ ਤੁਰੰਤ ਐਕਸ਼ਨ ਲੈਣਾ ਚਾਹੀਦਾ ਹੈ Action should be taken against them.

**Expunged as ordered by the Chair.

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਇਹ ਬੜਾ ਹੀ ਅਹਿਮ ਮਸਲਾ ਮੈਂ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਪੰਜਾਬ ਵਿੱਚ ਅਖਾਣ ਆਉਂਦੀ ਹੈ, ਸ਼ਕਲ ਮੋਮਨਾਂ ** ** ਕਾਫਰਾਂ (ਥੰਪਿੰਗ) ਇਹ ਜਿਹੜੇ ਕਾਂਗਰਸੀ ਹਨ ਇਨ੍ਹਾਂ ਦੀਆਂ ਸ਼ਕਲਾਂ ਮੋਮਨਾਂ ਵਰਗੀਆਂ ਹਨ ਤੇ ਇਹ ** ** ** ਕਾਫਰਾਂ ਵਾਲੀਆਂ ਕਰਦੇ ਹਨ। (ਥੰਪਿੰਗ) ਜਦੋਂ ਸੱਚ ਸਾਹਮਣੇ ਆਉਂਦਾ ਹੈ ਤਾਂ ਉਹ ਬਰਦਾਸ਼ਤ ਨਹੀਂ ਹੁੰਦਾ। ਸੱਚ ਸੁਣਨਾ ਬਹੁਤ ਔਖਾ ਹੈ। ਸੱਚ ਸੁਣਨ ਨੂੰ ਕੋਈ ਤਿਆਰ ਨਹੀਂ ਪਰ ਸੱਚ ਸਾਰੇ ਲੋਕਾਂ ਦੇ ਸਾਹਮਣੇ ਹੈ। ਮੈਂ ਦੱਸਾਂਗਾ ਕਿ ਇਸ ਦੇ ਜ਼ਿੰਮੇਵਾਰ ਇਹ ਸਾਰੇ ਹਨ....(ਵਿਘਨ)

ਸ੍ਰੀ ਸਪੀਕਰ ** ਸ਼ਬਦ ਐਕਸਪੰਜ ਕੀਤਾ ਜਾਵੇ।

STATEMENT BY MINISTER ON THE ISSUE RAISED RE. EXTORTION OF MONEY FROM RICH RESIDENTS OF AMRITSAR.

ਖੁਰਾਕ ਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ I think the Members are very much agitated over the news paper at Amritsar ਇਸ ਕਰਕੇ ਕੱਲ ਵੀ ਇਹ ਮੁੱਦਾ ਉਠਿਆ ਸੀ। ਮੈਂ ਚਾਹੁੰਦਾ ਹਾਂ ਕਿ ਸਦਨ ਦੇ ਧਿਆਨ ਵਿਚ ਸਾਰੀ ਗੱਲ ਲਿਆਂਦੀ ਜਾਵੇ। (ਥੰਪਿੰਗ) ਇਸ ਗੱਲ ਦੀ ਜਾਣਕਾਰੀ ਵਾਸਤੇ ਇਕ ਗੱਲ . . .

ਸ੍ਰੀ ਸਪੀਕਰ : ਇਕ ਗੱਲ ਨਾਲ ਜੇਕਰ ਪਤਾ ਲੱਗਦਾ ਹੋਵੇ ਤਾਂ ਦੱਸੋ।

ਖੁਰਾਕ ਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਇਸ ਤਰ੍ਹਾਂ ਦੀ ਸੀਕਰੇਟ ਇਨਫਰਮੇਸ਼ਨ ਆਈ ਸੀ, ਮੈਂ ਉਸਦੇ ਬਾਰੇ ਦੱਸਦਾ ਹਾਂ ਕਿ On a secret information regarding a group of persons indulging in extortion of money from rich residents of Amritsar in the name of 'Khalistan Commando Force', case FIR No. 103/97 u/s 386/387, I.P.C. 25 Arms was registered in P.S. Civil Lines, Amritsar on 17th June, 1997. Through a special operation, police arrested Nirvail Singh @ Naval on 19th June, 1997 and recovered from him:

(i) A letter pad of 'Khalistan Commando force'.

(ii) Block of Stamp of 'Khalistan Commando Force'

(iii) Threatening letter in Punjabi language addressed to Sh. B.L. Khurana, a rich resident of Amritsar City (photocopy of the letter attached).

(iv) One identity Card indicating Nirvail Singh alias Naval as President, Golden Temple block, youth Congress (I) and duly signed by Sh. Harjinder Singh Thekedar, District Youth Congress (I), Amritsar District (photocopy attached).

2. Other accused arrested in the case are:

(i) Jasbir Singh alias Kaka.

(ii) Sh. Arun Kumar alias Ravi Kumar from whom blank letter pads bearing stamp of 'Khalistan Commando Force' were recovered.

**Expunged as ordered by the Chair.

[Minister for Food and Supplies, Public Health and Parliamentary Affairs].

3. During the course of interrogation Shri Nirvail Singh@ Naval gave following details of his association with youth Congress (I) party:

(1) In the year 1992. he was appointed president of the Golden Temple Block of Congress (I) by Sh. Harjinder Singh Thekedar on the recommendation of Sh. Maninderjit Singh Bitta.

(2) Participated in a rally organised by Sh. Maninderjit Singh Bitta near Sangam Cinema, Amritsar in which around 150 persons belonging to his block took part and there he met senior Congress (I) leaders including ministers of the then Congress Government.

(3) On 5/2/94, he alongwith 200 supporters, participated in a rally organised by Sh. Maninderjit Singh Bitta near Wagha Border, Amritsar

(4) On 7/5/94, in another Congress (I) rally, he, alongwith 50 party workers from his block participated in the rally on motor cycles/scooters.

(5) On 13/7/94, he participated in Congress rally organised for the then Prime Minister Sh. Narsimha Rao at Red Fort, New Delhi. There he met senior Congress leaders in Delhi and his relations with Sh. Maninderjit Singh Bitta became more intimate.

(6) On 18/5/95, he, alongwith Sh. Harjinder Singh Thekedar and Sh. Gulzar Singh Khalsa, President of City and Rural Youth Congress (I), Amritsar respectively, participated in another Congress party rally in Delhi.

(7) On 1/2/96, he took active part in a rally organised by Sh. Maninderjit Singh Bitta, near Wagha Border.

(8) Sh. Maninderjit Singh Bitta attended bhog ceremony on the death of his father alongwith other youth Congress (I) Workers, of the City.

Sh. Nirvail Singh alias Naval during interrogation confessed that since Congress (I) political activity was at a low key now, he, alongwith his few friends, had formed a group and were indulging in extortion of money by sending threatening letters to well-to-do residents of Amritsar City on "Khalistan Commando Force'.letterpad.

ਸਪੀਕਰ ਸਾਹਿਬ, ਜਿਹੜਾ ਉਸ ਦਾ ਆਈਡੈਂਟਿਟੀ ਕਾਰਡ ਇਸ਼ੂ ਕੀਤਾ ਗਿਆ ਹੈ ਉਸ ਵਿੱਚ ਸਰਦਾਰ ਹਰਜਿੰਦਰ ਸਿੰਘ ਠੇਕੇਦਾਰ ਨੇ ਨਿਰਵੈਲ ਸਿੰਘ ਨਵਾਂ ਸਪੁੱਤਰ ਗੁਰਚਰਨ ਸਿੰਘ ਰੈਜ਼ੀਡੈਂਟ ਆਫ ਗੋਲਡਨ ਟੈਂਪਲ ਬਲਾਕ ਨੂੰ ਯੂਥ ਕਾਂਗਰਸ ਪਾਰਟੀ ਦਾ ਪ੍ਰੈਜ਼ੀਡੈਂਟ ਅਪੁਆਇੰਟ ਕੀਤਾ ਹੋਇਆ ਹੈ । ਆਈਡੈਂਟਿਟੀ ਕਾਰਡ ਇਸ਼ੂਇੰਗ ਅਥਾਰਿਟੀ ਸਰਦਾਰ ਹਰਜਿੰਦਰ ਸਿੰਘ ਠੇਕੇਦਾਰ ਹਨ । ਹੋਰ ਉਸ ਦੇ ਕੋਲੋਂ ਖਾਲਿਸਤਾਨ ਕਮਾਂਡੋ ਫੋਰਸ ਦਾ ਲੈਟਰ ਪੈਡ ਬਰਾਮਦ ਕੀਤਾ ਗਿਆ ਹੈ । ਇਸ ਉਤੇ ਸਾਡਾ ਚੌਕਸੀ ਵਿਭਾਗ ਅਤੇ ਪੁਲਿਸ ਡਿਪਾਰਟਮੈਂਟ ਬੜੀ ਚੌਕਸੀ ਦੇ ਨਾਲ ਤਫਤੀਸ਼ ਕਰ ਰਿਹਾ ਹੈ । ਸਪੀਕਰ ਸਾਹਿਬ, ਇਸ ਸਟੇਜ ਤੇ ਕਈ ਗੱਲਾਂ ਹਾਊਸ ਦੇ ਵਿਚ ਡਿਸਕਲੋਜ਼ ਨਹੀਂ ਕੀਤੀਆਂ ਜਾ ਸਕਦੀਆਂ ਕਿਉਂਕਿ ਉਹ ਇਨਵੈਸਟੀਗੇਸ਼ਨ ਦੇ ਹੱਕ ਵਿਚ ਨਹੀਂ ਹਨ । ਪੁਲੀਟੀਕਲ ਪਾਰਟੀ ਦੇ ਵਰਕਰਜ਼ ਇਸ ਤਰ੍ਹਾਂ ਦੀ ਐਕਸਟੋਰਸ਼ਨ ਆਫ ਮਨੀ ਕਰਦੇ ਹਨ ਅਤੇ ਉਨ੍ਹਾਂ ਕੋਲੋਂ ਖਾਲਿਸਤਾਨ ਕਮਾਂਡੋ ਫੋਰਸ ਦਾ ਪੈਡ ਬਰਾਮਦ ਕੀਤਾ ਗਿਆ ਹੈ ਜਿਹੜਾ ਇਨ੍ਹਾਂ ਨੇ ਪੰਜਾਬ ਵਿਚ ਪੀਸ ਰਿਸਟੋਰ ਕੀਤਾ ਸੀ ਉਹ ਵੀ ਡੰਡੇ ਦੇ ਜ਼ੋਰ ਨਾਲ ਕੀਤਾ ਸੀ ਔਰ ਜਿਹੜਾ ਅਸੀਂ ਪੀਸ ਰਿਸਟੋਰ ਕੀਤਾ ਹੈ, ਉਹ ਲੋਕਾਂ ਦੇ ਆਪਸੀ ਮਿਲਾਪ ਨਾਲ ਦਿਲਾਂ ਦੇ ਮੇਲ ਜੋਲ ਨਾਲ ਕੀਤਾ ਹੈ । ਇਹ ਪਰਮਾਨੈਂਟ ਪੀਸ ਹੈ ਅਤੇ ਪਹਿਲੇ ਜਿਹੜਾ ਡੰਡੇ ਨਾਲ ਪੀਸ ਰਿਸਟੋਰ ਕੀਤਾ ਗਿਆ ਸੀ, ਉਹ ਟੈਂਪਰੇਰੀ ਪੀਸ ਸੀ । ਆਪੋਜ਼ੀਸ਼ਨ ਨੂੰ ਇਸ ਪੀਸ ਨੂੰ ਡਾਈਜੈਸਟ ਕਰਨ ਦੀ ਲੋੜ ਹੈ ਅਤੇ ਬਾਦਲ ਸਾਹਿਬ ਦੀ ਅਗਵਾਈ ਵਿਚ ਸਾਨੂੰ ਸਾਰਿਆਂ ਨੂੰ ਮਿਲ ਕੇ ਵਾਤਾਵਰਣ ਨੂੰ ਠੀਕ ਰਖਣ ਲਈ ਸਹਿਯੋਗ ਦੇਣਾ ਚਾਹੀਦਾ ਹੈ ਅਤੇ ਜਿਹੜਾ ਵੀ ਐਲੀਮੈਂਟ ਗੜਬੜ ਕਰਦਾ ਹੈ, ਉਸ ਨੂੰ ਡਿਸਐਸੋਸੀਏਟ ਕਰਨਾ ਚਾਹੀਦਾ ਹੈ । We are all interested in peace and development in this border State. ਇਸ ਤਰ੍ਹਾਂ ਦੀਆਂ ਐਕਟੀਵਿਟੀਜ਼ ਨੂੰ ਕੰਡੈਮ ਕਰਨਾ ਚਾਹੀਦਾ ਹੈ । They should welcome and support us if we take action against them. ਮੈਨੂੰ ਉਮੀਦ ਹੈ ਕਿ ਇਹ ਸਾਨੂੰ ਸਪੋਰਟ ਕਰਨਗੇ । Thank you very much.

ਸ੍ਰੀ ਬ੍ਰਿਗਾਰਾ ਰਾਮ ਜਹੂਗੜਾ : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇਕ ਜ਼ਰੂਰੀ ਅਤੇ ਮਹੱਤਤਾ ਵਾਲੇ ਵਿਸ਼ੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ......

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਮਿੱਤਲ ਸਾਹਿਬ ਦੀ ਗੱਲ ਦਾ ਜਵਾਬ ਦੇਣਾ ਚਾਹੁੰਦਾ ਹਾਂ, ਇਸ ਲਈ ਮੈਨੂੰ ਟਾਈਮ ਦਿੱਤਾ ਜਾਵੇ ।

ਖੁਰਾਕ ਅਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਇਹ ਕੋਈ ਕੁਐਸਚਨ ਆਵਰ ਨਹੀਂ ਹੈ । ਇਸ ਉਤੇ ਡੀਬੇਟ ਨਹੀਂ ਹੋ ਸਕਦੀ । ਇਸ ਬਾਰੇ ਰੂਲਜ਼ ਬੜੇ ਕਲੀਅਰ ਹਨ ।

ਸ੍ਰੀ ਸਪੀਕਰ : ਬਰਾੜ ਸਾਹਿਬ, ਤੁਸੀਂ ਸ੍ਰੀ ਬ੍ਰਿੰਗਰਾ ਰਾਮ ਤੋਂ ਬਾਅਦ ਬੋਲ ਲੈਣਾ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਕਾਂਗਰਸ ਪਾਰਟੀ ਦੇ 14 ਐਮ.ਐਲ.ਏਜ਼. ਬੜੇ ਵਧੀਆ ਐਮ.ਐਲ.ਏਜ਼ ਹਨ ਅਤੇ ਇਸ ਗੱਲ ਦਾ ਸਰਟੀਫਿਕੇਟ ਇਨ੍ਹਾਂ

[ਸਰਦਾਰ ਗੁਰਦੇਵ ਸਿੰਘ ਸਿੱਧੂ]

ਨੂੰ ਹਾਊਸ ਵਿਚ ਖ਼ਿਸ਼ੂ ਹੋਣਾ ਚਾਹੀਦਾ ਹੈ । ਇਹ ਅੱਤਵਾਦ ਦਾ ਰੌਲਾ ਪਾਉਂਦੇ ਹਨ ਕਿ ਪੰਜਾਬ ਵਿਚ ਫੇਰ ਅੱਤਵਾਦ ਆ ਰਿਹਾ ਹੈ ਜਦ ਕਿ ਲੁਟੇਰੇ ਇਨ੍ਹਾਂ ਦੀ ਪਾਰਟੀ ਦੇ ਪੈਦਾ ਕੀਤੇ ਹੋਏ ਹਨ । ਅਗਰ ਸਪੀਕਰ ਸਾਹਿਬ, ਤੁਹਾਡੀ ਚੇਅਰ ਉਤੇ ਡਾਕਟਰ ਕੇਵਲ ਕ੍ਰਿਸ਼ਨ ਬੈਠਾ ਹੁੰਦਾ ਤਾਂ ਉਸ ਨੇ ਸਾਨੂੰ ਸਾਰਿਆਂ ਨੂੰ ਬਾਹਰ ਕੱਢ ਦੇਣਾ ਸੀ ਅਤੇ ਸਸਪੈਂਡ ਕਰ ਦੇਣਾ ਸੀ ਪਰ ਇਹ ਤੁਹਾਡੇ ਕਰਕੇ ਇਥੇ ਬੈਠੇ ਹੋਏ ਹਨ ਅਤੇ ਗੱਲਾਂ ਕਰਦੇ ਪਏ ਹਨ ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਸਪੀਕਰ ਸਾਹਿਬ, ਮੈਂ ਇਕ ਜ਼ਰੂਰੀ ਮਸਲੇ ਵੱਲ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪਟਿਆਲਾ ਜ਼ਿਲ੍ਹੇ ਦੀ ਨਾਭਾ ਤਹਿਸੀਲ ਵਿਚ ਪਿੰਡ ਭਟੂੜੀ ਵਿਖੇ 300 ਬੀਘਾ ਜ਼ਮੀਨ ਦੀ ਬੋਲੀ 26 ਤਾਰੀਖ ਨੂੰ ਹੋਣੀ ਸੀ ਅਤੇ ਇਹ ਬੋਲੀ ਬੀ.ਡੀ.ਪੀ.ਓ. ਦੀ ਹਾਜ਼ਰੀ ਵਿਚ ਹੋਣੀ ਸੀ ਪਰ ਉਥੇ ਪਿੰਡ ਦੇ ਲੋਕਾਂ ਨੇ ਦਲਿਤ ਲੋਕਾਂ ਉਤੇ ਹਮਲਾ ਕਰਕੇ ਬੋਲੀ ਨਹੀਂ ਹੋਣ ਦਿੱਤੀ ਅਤੇ ਇਕ ਬੰਦੇ ਦਾ ਜਬਾੜਾ ਹੀ ਹਿਲਾ ਦਿੱਤਾ ਹੈ । ਉਸਨੂੰ ਜ਼ਖਮੀ ਹਾਲਤ ਵਿਚ ਲੁਧਿਆਣਾ ਮੈਡੀਕਲ ਕਾਲਜ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਅਤੇ ਕਈ ਜ਼ਖਮੀਆਂ ਨੂੰ ਚੰਡੀਗੜ੍ਹ ਦੇ ਪੀ.ਜੀ.ਆਈ. ਦੇ ਵਿਚ ਦਾਖਲ ਕਰਵਾਇਆ ਗਿਆ ਹੈ । ਇਸ ਮਹੀਨੇ ਦੀ 16 ਤਾਰੀਖ ਤੋਂ ਪਿੰਡ ਦੇ ਲੋਕਾਂ ਨੇ ਦਲਿਤ ਲੋਕਾਂ ਦਾ ਬਾਈਕਾਟ ਕੀਤਾ ਹੋਇਆ ਹੈ ਅਤੇ ਧਾਰਾ 300 ਅਧੀਨ ਕੇਸ ਵੀ ਦਰਜ ਹੋਇਆ ਹੈ । ਇਹ ਸਾਰਾ ਕੁਝ ਬੀ.ਡੀ.ਪੀ.ਓ. ਦੇ ਸਾਹਮਣੇ ਪਿੰਡ ਦੇ ਵੱਡੇ ਲੋਕਾਂ ਨੇ ਦਲਿਤਾਂ ਦੇ ਨਾਲ ਕੀਤਾ ਹੈ। ਸਪੀਕਰ ਸਾਹਿਬ, ਇਸ ਦੇ ਬਾਰੇ ਸੋਸ਼ਲ ਬਾਈਕਾਟ ਚਲ ਰਿਹਾ ਹੈ ਪਰ ਅਜੇ ਤਕ ਕੋਈ ਕਾਰਵਾਈ ਨਹੀਂ ਹੋਈ ।

ਇਸੇ ਤਰ੍ਹਾਂ ਸਪੀਕਰ ਸਾਹਿਬ, ਰਾਜਪੁਰਾ ਵਿਚ ਬਧੀਵਾਲ ਪਿੰਡ ਹੈ। ਉਥੇ 14 ਏਕੜ ਜ਼ਮੀਨ ਵਿਚ ਕਣਕ ਖੜੀ ਹੈ ਅਤੇ ਇਸ ਪਾਸੇ ਸਰਕਾਰ ਕੋਈ ਧਿਆਨ ਨਹੀਂ ਦਿੰਦੀ । (ਵਿਘਨ) ਅਕਾਲੀ ਸਰਕਾਰ ਕਹਿੰਦੀ ਹੈ ਕਿ ਅਸੀਂ ਕਿਸਾਨਾਂ ਦੇ ਹਿਤੂ ਹਾਂ, ਹਮਦਰਦ ਹਾਂ । ਪੰਜਾਬ ਸਰਕਾਰ ਨੂੰ ਇਸ ਪਾਸੇ ਫੌਰਨ ਧਿਆਨ ਦੇਣਾ ਚਾਹੀਦਾ ਹੈ । (ਵਿਘਨ)

श्रीमती लक्ष्मी कांता चावला : प्वायंट आफ आर्डर, सर । अध्यक्ष महोदय, मैं आप जी का ध्यान और सदन का ध्यान एक जरुरी मामले की तरफ दिलाना चाहती हूं मैंने इसके लिए काल अटैंनशन मोशन भी दिया था पर आपने मन्जूर नहीं किया क्योंकि अध्यक्ष महोदय, यह आपको अधिकार है । एक महीने से ऊपर समय हो गया है कि पंजाब में से गाएं और पशुओं को ट्रकों में भर भर कर दूसरी स्टेटों के बूचड़खानों में लिजाया जा रहा है उनको बेचा जा रहा है । मैं इस बारे में हाऊस में कई दफा कह चुकी हूं । लोगों ने ट्रकों को रोका भी है पर एडमनिस्ट्रेशन ने कोई कार्यवाई नहीं की । पंजाब का कानून यह इजाजत नहीं देता कि गऊओं को और दूसरे पशुओं को काटने के लिए दूसरे

सूबों में ले जाया जाए। यह पंजाब के लोगों के साथ खिलवाड़ किया जा रहा है। अध्यक्ष महोदय, डेराबसी बूचड़खानों को भी बन्द किया जाए और मैंने इसके बारे में भी कई दफा हाऊस में कहा है।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਜੋ ਮਿੱਤਲ ਸਾਹਿਬ ਨੇ ਸਟੇਟਮੈਂਟ ਦਿੱਤੀ ਹੈ ਉਸ ਦਾ ਸਾਡੀ ਪਾਰਟੀ ਨਾਲ ਕੋਈ ਤਾਅਲੁੱਕ ਨਹੀਂ ਹੈ। ਇਸ ਬਾਰੇ ਆਪੋਜ਼ੀਸ਼ਨ ਦੀ ਸਾਡੀ ਲੀਡਰ ਸ੍ਰੀਮਤੀ ਰਾਜਿੰਦਰ ਕੌਰ ਭੱਠਲ ਜੀ ਨੇ ਅੰਮ੍ਰਿਤਸਰ ਵਿਚ ਸਟੇਟਮੈਂਟ ਵੀ ਦਿੱਤੀ ਹੈ। ਜੋ ਵੀ ਕਾਨੂੰਨੀ ਕਾਰਵਾਈ ਹੈ ਉਹ ਕਰੋ। ਸਾਡਾ ਇਸ ਨਾਲ ਕੋਈ ਤਾਅਲੁੱਕ ਨਹੀਂ ਹੈ। ਦੂਸਰੀ ਗੱਲ ਸਪੀਕਰ ਸਾਹਿਬ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਵਿਚੋਂ ਸ਼ਡਿਊਲਡ ਕਾਸਟ ਇੰਪਲਾਈਜ਼ ਬੜੇ ਔਖੇ ਹਨ। ਸੁਪਰੀਮ ਕੋਰਟ ਦੀ ਜੰਜੂਆ ਕੇਸ ਵਿਚ ਜਜਮੈਂਟ ਆਈ ਸੀ ਪਰ ਡਿਪਾਰਟਮੈਂਟ ਨੇ ਉਸ ਨੂੰ ਗਲਤ ਇੰਟਰਪਰੇਟ ਕਰ ਲਿਆ ਹੈ ਅਤੇ ਸ਼ਡਿਊਲਡ ਕਾਸਟਾਂ ਦੀ ਸੀਨੀਆਰਟੀ ਕਮ ਮੈਰਿਟ ਤੇ ਤਰੱਕੀ ਬੰਦ ਕਰ ਦਿੱਤੀ ਹੈ। ਉਹ ਜਜਮੈਂਟ 1974 ਤੋਂ ਲਾਗੂ ਕਰ ਦਿੱਤੀ ਗਈ ਹੈ ਜਿਸ ਨਾਲ ਬਹੁਤ ਸਾਰੇ ਸ਼ਡਿਊਲਡ ਕਾਸਟ ਇੰਪਲਾਈਜ਼ ਰਿਵਰਟ ਹੋ ਗਏ ਹਨ। ਸਪੀਕਰ ਸਾਹਿਬ, ਕੇ. ਰਾਮਾ ਸਵਾਮੀ ਦੀ ਕੋਰਟ ਵਿਚ ਤਿੰਨ ਜੱਜਾਂ ਵੱਲੋਂ ਫੈਸਲਾ ਹੋਇਆ ਹੈ ਅਤੇ ਜੰਜੂਆ ਕੇਸ ਬਾਰੇ ਕਲੈਰੀਫਿਕੇਸ਼ਨ ਦਿੱਤੀ ਗਈ ਹੈ ਕਿ ਡਿਪਾਰਟਮੈਂਟ ਦੇ ਜੋ ਆਪਣੇ ਸਰਵਿਸ ਰੂਲਜ਼ ਹਨ ਉਨ੍ਹਾਂ ਤੇ ਜਜਮੈਂਟ ਲਾਗੂ ਕਰਕੇ ਤਰੱਕੀ ਉਸ ਦੇ ਮੁਤਾਬਿਕ ਹੋਣੀ ਚਾਹੀਦੀ ਹੈ। ਹਾਈ ਕੋਰਟ ਵਿਚ ਇਸ ਬਾਰੇ ਕਰਨੈਲ ਕੌਰ ਨੇ ਅਪੀਲ ਕੀਤੀ ਸੀ ਅਤੇ ਉਸ ਕੇਸ ਵਿਚ ਹਾਈ ਕੋਰਟ ਨੇ ਫੈਸਲਾ ਕੀਤਾ ਹੈ। ਉਹ ਜਜਮੈਂਟ ਜਿਹੜੀ ਹੈ, ਉਹ ਲਾਗੂ ਕੀਤੀ ਜਾਏ ਅਤੇ ਜਿਹੜੀਆਂ ਰਿਵਰਸ਼ਨਾਂ ਹੋ ਰਹੀਆਂ ਹਨ, ਉਹ ਵਿਦਡਰਾਅ ਕੀਤੀਆਂ ਜਾਣ ਅਤੇ ਉਨ੍ਹਾਂ ਇੰਪਲਾਈਜ਼ ਨੂੰ ਪਰਮੋਸ਼ਨਾਂ ਦਿੱਤੀਆਂ ਜਾਣ।

ਸ੍ਰੀ ਸਪੀਕਰ : ਉਹ ਕਰ ਰਹੇ ਹਨ। ਕਾਲ ਅਟੈਨਸ਼ਨ ਨੋਟਿਸ ਨੰਬਰ 39, ਸਰਦਾਰ ਧਨਵੰਤ ਸਿੰਘ।

CALL ATTENTION NOTICE UNDER RULE 66

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਮੇਰੇ ਧਿਆਨ ਦਿਵਾਊ ਨੋਟਿਸ ਨੰ: 39 ਵਿਚ ਟਾਈਪਿੰਗ ਮਿਸਟੇਕ ਹੈ, ਉਸਨੂੰ ਠੀਕ ਕੀਤਾ ਜਾਏ। ਕੁਝ ਵਿਅਕਤੀਆਂ ਵਲੋਂ ਜ਼ਮੀਨ ਉਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਕਾਲ ਅਟੈਨਸ਼ਨ ਕਬਜ਼ਾ ਕਰਨ ਬਾਰੇ ਨਹੀਂ ਹੈ। ਸਪੀਕਰ ਸਾਹਿਬ, ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਕਬਜ਼ਾ ਨਹੀਂ ਕੀਤਾ ਗਿਆ।

ਸ੍ਰੀ ਸਪੀਕਰ : ਤੁਹਾਡੇ ਕੋਲ ਕਾਲ ਅਟੈਨਸ਼ਨ ਹੈ, ਪੜ੍ਹ ਦਿਉ

(Serial No. 39)

Sardar Dhanwant Singh : Sir, I beg to draw the attention of the Government towards a matter of urgent public importance namely, in the village Bakshiwala in district Patiala some influential persons are trying to have unauthorised possession on some agriculture land with the help of local Police. Since 10th of June, 1997, local Police is sitting there without any authority, There is very apprehension of the breach of peace in the village. There is also a great resentment amongst the villagers on this issue. Hence, I request the Government to make a statement on the Floor of the House in this regard.

Minister for Food and Supplies, Public Health and Parliamentary Affairs(Shri Madan Mohan Mittal) : Sir. in village Bakshiwala, Police Station, Sadar, Patiala, Shri Gursharan Singh owned 105 acres of land. In 1972, when the Land Ceiling Act came into being Shri Gursharan Singh transferred 20 Killas of land in the name of his nephew (Sister son) and the remaining land in the name of his relatives.

There is a litigation regarding correction of Khasra Girdawari instituted at the instance of Shri Raminder Singh s/o Daljit Singh against Gurcharan Singh S/o Gurdit Singh in the Court of Assistant Collector IInd Grade, Patiala regarding 160 Kanal 1 Marla of land in village Bakshiwala. Whereas Gursharan Singh is the maternal uncle of Shri Raminder Singh, the dispute has arisen from the sale deed of the aforementioned property in favour of Raminder Singh by Shri Gursharan Singh and Shri Gurdhian Singh brother of Shri Gursharan Singh. While the mutations No. 507 and 508 were sanctioned in favour of Shri Raminder Singh by A.C. Ist Grade in 1974, as a land saving measure the afore mentioned parties subsequently came to contest the title in Civil Court at Patiala. Shri Gursharan Singh had filed an appeal in the Court of Additional District and Sessions Judge which too was dismissed on 14-10-1996. The Court of A.C. IInd Grade is still to take a final decision with regard to the litigation for correction of Khasra girdawari. The police is not camping in the village or on the spot and unduly assisting any party. However, the police in a routine manner regularly visits the disputed property to obviate any kind of untoward incident between the two parties as per the report of S.S.P., Patiala.

It is entirely a family dispute and no public interest is involved. There is no apprehension of breach of peace.

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਸੈਸ਼ਨ ਕੋਰਟ ਵਿਚੋਂ ਗੁਰਸ਼ਰਨ ਸਿੰਘ ਦੇ ਖਿਲਾਫ ਡਿਕਰੀ ਹੋ ਚੁਕੀ ਹੈ । ਤੁਸੀਂ ਵੀ ਐਡਵੋਕੇਟ ਹੋ ਅਤੇ ਜਾਣਦੇ ਹੋ ਕਿ ਜਿਥੇ ਵੀ ਕਿਸੇ ਦੇ ਖਿਲਾਫ ਡਿਕਰੀ ਹੁੰਦੀ ਹੈ ਤਾਂ ਐਗਜ਼ੀਕਿਊਸ਼ਨ ਫਾਈਲ ਹੁੰਦੀ ਹੈ । ਕਿਸੇ ਐਗਜ਼ੈਕਟਿਵ ਮੈਜਿਸਟਰੇਟ ਦੇ ਵਰੰਟ ਕਬਜ਼ਾ ਲੈ ਕੇ, ਫਿਰ ਹੀ ਪੁਜ਼ੈਸ਼ਨ ਕਰਨ ਜਾਇਆ ਜਾਂਦਾ ਹੈ । ਕੀ ਵਜ਼ੀਰ ਸਾਹਿਬ ਇਥੇ ਵਿਸ਼ਵਾਸ ਦਿਵਾਉਣਗੇ ਕਿ ਇਸ ਸਬੰਧ ਵਿਚ ਜੋ ਵੀ ਕਾਰਵਾਈ ਕੀਤੀ ਜਾਵੇਗੀ, ਉਹ ਕਾਨੂੰਨ ਅਨੁਸਾਰ ਹੀ ਕੀਤੀ ਜਾਵੇਗੀ ਅਤੇ ਵਾਰੰਟ ਕਬਜ਼ਾ ਲੈ ਕੇ ਹੀ ਜਾਇਆ ਜਾਵੇਗਾ ?

Minister : It is a family dispute. As far as our Government is concerned, we have nothing to do. Any how ਇਹ ਸਬਜੁਡਿਸ ਮੈਟਰ ਹੈ ਅਤੇ ਇਸ ਦੀ ਕੋਰਟ ਵਿਚ ਡਿਕਰੀ ਹੈ । ਇਹ ਨਹੀਂ ਪਤਾ ਕਿ ਇਹ ਕਿਸ ਸ਼ਕਲ ਦੀ ਡਿਕਰੀ ਹੈ, because it is not pointed out anywhere. ਇਨ੍ਹਾਂ ਦੀ ਐਪਰੀਹੈਂਸ਼ਨ ਸੀ ਕਿ ਪੁਲਿਸ ਇਸ ਮਾਮਲੇ ਵਿਚ ਇੰਟਰਵੀਨ ਨਾ ਕਰੇ, police is not interfering

---

MOTION UNDER RULE 16

Minister for Parliamentary Affairs (Shri Madan Mohan Mittal) : Sir, I beg to move—

> That the Vidhan Sabha (Assembly) at its rising this day shall stand adjourned *sine die.*

Mr. Speaker : Motion moved

> That the Vidhan Sabha (Assembly at its rising this day shall stand adjourned *sine die.*

Mr. Speaker : Question is—

> That the Vidhan Sabha (Assembly) at its rising this day shall stand adjourned *sine die.*

The motion was carried unanimously.

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ । We seek your protection regarding this thing that ਮੇਰਾ ਪੁਆਇੰਟ ਆਫ਼ ਆਰਡਰ ਹੈ ਕਿ ਖੱਬੇ ਪਾਸੇ ਵਾਲੇ ਅਤੇ ਸਰਕਾਰ ਵਾਲੇ ਪਾਸੇ ਵੱਲੋਂ ਇਕੱਲਾ ਇਕੱਲਾ

[ਰਾਜਾ ਨਰਿੰਦਰ ਸਿੰਘ]

ਮੈਂਬਰ ਚਿੰਤਾਜਨਕ ਹੈ ਇਸ ਵਾਸਤੇ, ਤੁਸੀਂ ਵੀ ਸਾਨੂੰ ਪ੍ਰੋਟੈਕਸ਼ਨ ਦਿਉ ਅਤੇ ਇਸ ਮਸਲੇ ਤੇ ਐਸ਼ਿਓਰ ਕਰੋ ਕਿ ਜਦੋਂ ਵੀ ਅਖਬਾਰ ਵਿਚ ਕੋਈ ਖਬਰ ਛਪਦੀ ਹੈ ਤਾਂ ਇਹੀ ਛਪਦਾ ਹੈ ਕਿ 'Sikh riots in Delhi'. ਤੁਸੀਂ ਵਕੀਲ ਹੋ ਅਤੇ ਜਾਣਦੇ ਹੋ ਕਿ ਜਦੋਂ ਦੋ ਪਾਸੇ ਤੋਂ ਲੋਕ ਇਕ ਦੂਜੇ ਤੇ ਹਮਲਾ ਕਰਨ, ਲੁੱਟ ਖਸੁੱਟ ਕਰਨ ਤਾਂ ਹੀ ਰਾਇਟਸ ਕਿਹਾ ਜਾਂਦਾ ਹੈ। ਦਿੱਲੀ ਵਿਚ ਤਾਂ ਸਿੱਖ ਬੇਦਰਦੀ ਨਾਲ ਲੁੱਟੇ ਗਏ ਕਿਸੇ ਇਕ ਤਬਕੇ ਵਲੋਂ, ਬੇਦਰਦੀ ਨਾਲ ਮਾਰੇ ਗਏ ਅਤੇ ਫਿਰ ਸਿੱਖ ਰਾਇਟਸ ਕਹਿਣਾ ਕਿਥੋਂ ਤੱਕ ਠੀਕ ਹੈ? ਇਸ ਤਰ੍ਹਾਂ ਜਦੋਂ ਵੀ ਛਪਦਾ ਹੈ ਇਹ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ ਕਿਉਂਕਿ ਸਾਡਾ ਸਾਰੇ ਮੈਂਬਰਜ਼ ਦਾ ਕੋਈ ਨਾ ਕੋਈ ਰਿਸ਼ਤੇਦਾਰ ਕਿਸੇ ਨਾ ਕਿਸੇ ਤਰ੍ਹਾਂ ਇਨਵਾਲਵਡ ਸੀ। ਹੁਣ ਵੀ ਇਹ ਚਿੰਤਾ ਪ੍ਰਗਟ ਕੀਤੀ ਜਾ ਰਹੀ ਹੈ। ਨਾਲੇ ਤਾਂ ਸਾਨੂੰ ਮਾਰਿਆ ਗਿਆ, ਕੁਟਿਆ ਗਿਆ ਅਤੇ ਨਾਲੇ ਇਸ ਨੂੰ ਸਿਖ ਰਾਇਟਸ ਦਾ ਖਿਤਾਬ ਦਿੱਤਾ ਗਿਆ ਸਪੀਕਰ ਸਾਹਿਬ, ਅਖਬਾਰਾਂ ਵਿਚ ਸਿੱਖ ਰਾਇਟਸ ਕਦੇ ਨਹੀਂ ਛਪਣਾ ਚਾਹੀਦਾ, ਅਸੀਂ ਤੁਹਾਡੀ ਪ੍ਰੋਟੈਕਸ਼ਨ ਸੀਕ ਕਰਦੇ ਹਾਂ, ਤੁਸੀਂ ਸਾਡੀ ਮੱਦਦ ਕਰੋ।

FINANCIAL BUSINESS

THE PUNJAB Appropriation (No. 2) Bill 1997

Mr. Speaker : Finance Minister to introduce and move the Punjab Appropriation (No. 2) Bill, 1997.

Finance Minister (Captain Kanwaljit Singh) : Sir, I beg to introduce the Punjab Appropriation (No. 2) Bill.

Sir, I also beg to move—

> That the Punjab Appropriation (No. 2) Bill be taken into consideration at once.

Mr. Speaker : Motion moved—

> That the Punjab Appropriation (No. 2) Bill be taken into consideration at once.

Mr. Speaker : Discussion, if any.

ਸ੍ਰੀ ਹਰਮਿੰਦਰ ਸਿੰਘ ਜੱਸੀ (ਤਲਵੰਡੀ ਸਾਬੋ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਨਮਿੱਤਣ ਬਿੱਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜਿਹੜਾ ਪੰਜਾਬ ਸਰਕਾਰ ਦਾ ਬਜਟ ਕੈਪਟਨ ਕੰਵਲਜੀਤ ਸਿੰਘ ਨੇ ਪੇਸ਼ ਕੀਤਾ ਸੀ, ਉਹ ਅੱਜ ਪਾਸ ਹੋਣ ਜਾ ਰਿਹਾ ਹੈ। ਸਪੀਕਰ ਸਾਹਿਬ, ਮੈਂ ਬਜਟ ਨੂੰ ਬੜੇ ਗੌਰ ਨਾਲ ਪੜ੍ਹਿਆ ਹੈ ਅਤੇ ਬੜੇ ਗੌਰ ਨਾਲ ਸੁਣਿਆ ਹੈ। ਪਿਛਲੇ 4 ਦਿਨ ਤੋਂ ਇਸ ਬਜਟ ਉਪਰ ਜਿਹੜਾ ਵਿਚਾਰ ਵਟਾਂਦਰਾ ਹੋਇਆ, ਉਹ ਵੀ ਸੁਣਿਆ ਹੈ ਪਰ ਜਿਹੜਾ ਬਜਟ ਕੈਪਟਨ ਕੰਵਲਜੀਤ ਸਿਘ

ਨੇ ਪੇਸ਼ ਕੀਤਾ ਹੈ, ਮੈਨੂੰ ਉਸ ਵਿਚ ਕੋਈ ਅਜਿਹੀ ਗੱਲ ਨਜ਼ਰ ਨਹੀਂ ਆਈ ਜਿਹੜੀ ਸਾਡੀ ਪੰਜਾਬ ਸਟੇਟ ਨੂੰ, ਜਿਹੜੀ ਕਿ ਹਿੰਦੁਸਤਾਨ ਦੀ ਸਿਰਮੌਰ ਸਟੇਟ ਹੈ, ਅੱਗੇ ਲਿਜਾ ਸਕੇ । ਇਸ ਬਜਟ ਵਿਚ ਜੋ ਪੈਸਾ ਰੱਖਿਆ ਗਿਆ ਹੈ, ਉਹ ਬਹੁਤ ** ਹੈ ਅਤੇ ਲੋਕਾਂ ਦੀ ਸਹੂਲਤ ਵਾਸਤੇ ਇਹ ਪੈਸਾ ਨਹੀਂ ਰੱਖਿਆ ਗਿਆ ਹੈ ।

ਸ਼੍ਰੀ ਸਪੀਕਰ : ਇਹ ** ਸ਼ਬਦ ਐਕਸਪੰਜ ਕੀਤਾ ਜਾਂਦਾ ਹੈ ।

ਸ਼੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਬਜਟ ਦੇ ਅੰਦਰ ਜੋ 602 ਕਰੋੜ ਰੁਪਏ ਦਾ ਪਹਿਲਾ ਘਾਟਾ ਦਿਖਾਇਆ ਗਿਆ ਸੀ, ਉਸ ਵਿਚੋਂ 250 ਕਰੋੜ ਰੁਪਏ ਦਾ ਲੋਕਾਂ ਤੇ ਬੋਝ ਪਾ ਕੇ ਬਾਕੀ 352 ਕਰੋੜ ਰੁਪਏ ਦੇ ਘਾਟੇ ਦਾ ਬਜਟ ਰੱਖਿਆ ਗਿਆ ਹੈ । ਮੈਨੂੰ ਤਾਂ ਖਦਸ਼ਾ ਹੈ ਕਿ ਬਾਦ ਵਿਚ ਲੋਕਾਂ ਤੇ ਟੈਕਸ ਲਾਏ ਜਾਣਗੇ ਨਹੀਂ ਤਾਂ ਫਿਰ ਕੈਪਟਨ ਸਾਹਿਬ ਪਰਮਾਤਮਾ ਅੱਗੇ ਅਰਦਾਸ ਕਰਨ ਕਿ ਉਪਰੋਂ ਰੁਪਏ ਦੀ ਬਰਸਾਤ ਹੋਵੇ ਜਿਸ ਨਾਲ ਇਹ ਜੋ 352 ਕਰੋੜ ਰੁਪਏ ਦਾ ਘਾਟਾ ਹੈ, ਉਸ ਨੂੰ ਇਹ ਪੂਰਾ ਕਰ ਸਕਣ ।

ਸਰਦਾਰ ਗੁਰਦੇਵ ਸਿੰਘ ਸਿੱਧੂ (ਬੈਠੇ, ਬੈਠੇ) : ਜਿਸ ਤਰ੍ਹਾਂ ਕਿ ਸੁਖ ਰਾਮ ਦੇ ਘਰ ਰੁਪਈਆਂ ਦੀ ਬਰਸਾਤ ਹੋਈ ਸੀ । (ਹਾਸਾ)

ਸ਼੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਮੈਂ ਬੈਠ ਜਾਂਦਾ ਹਾਂ, ਪਹਿਲਾਂ ਸਿੱਧੂ ਸਾਹਿਬ ਬੋਲ ਲੈਣ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ । ਉਹ ਬੰਦਾ ਵਲੈਤ ਗਿਆ ਹੋਇਆ ਸੀ ਅਤੇ ਮਗਰੋਂ ਉਸ ਦੇ ਘਰ ਛਾਪਾ ਮਾਰ ਕੇ 3.56 ਕਰੋੜ ਰੁਪਿਆ ਫੜਿਆ ਗਿਆ । ਜਦੋਂ ਉਸ ਨੂੰ ਪੁੱਛਿਆ ਗਿਆ ਕਿ ਇਹ ਪੈਸੇ ਕਿਥੋਂ ਆਏ ਤਾਂ ਉਹ ਕਹਿਣ ਲੱਗਿਆ ਕਿ ਮੈਨੂੰ ਤਾਂ ਪਤਾ ਨਹੀਂ ਘਰ ਦਾ ਤਾਲਾ ਤਾਂ ਬੰਦ ਸੀ, ਪਤਾ ਨਹੀਂ ਪੈਸੇ ਕਿਥੋਂ ਆ ਗਏ । ਸੋ, ਸਪੀਕਰ ਸਾਹਿਬ, ਕਈ ਵਾਰ ਪੈਸੇ ਛੱਤ ਪਾੜ ਕੇ ਵੀ ਆ ਜਾਂਦੇ ਹਨ ।

ਸ਼੍ਰੀ ਹਰਮਿੰਦਰ ਸਿੰਘ ਜੱਸੀ : ਮੈਂ ਸਿੱਧੂ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਤਾਲਾ ਲਾ ਕੇ ਰੱਖਿਆ ਕਰਨ, ਕਿਤੇ ਇਨ੍ਹਾਂ ਦੇ ਘਰ ਵੀ ਕੋਈ ਪੈਸੇ ਨਾ ਸੁੱਟ ਜਾਵੇ । ਸੋ, ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਮੇਰੇ ਕਿਸਾਨ ਭਰਾਵਾਂ ਤੇ ਬੋਝ ਪਾ ਕੇ, ਇੰਤਕਾਲ ਦੀਆਂ ਫੀਸਾਂ ਵਧਾ ਕੇ, ਇਕਰਾਰਨਾਮੇ ਲਿਖਣ ਵਾਲੇ ਅਸ਼ਟਾਮਾਂ ਦੇ ਪੈਸੇ ਵਧਾ ਕੇ ਅਤੇ ਜਿਹੜੇ ਮੇਰੇ ਟ੍ਰਾਂਸਪੋਰਟਰ ਭਰਾ ਹਨ, ਉਨ੍ਹਾਂ ਤੇ ਬੋਝ ਪਾ ਕੇ ਇਸ 250 ਕਰੋੜ ਰੁਪਏ ਦਾ ਜੁਗਾੜ ਕੀਤਾ ਗਿਆ ਹੈ । ਇਥੋਂ ਤੱਕ ਜਿਹੜਾ ਕੋਈ ਗੱਡਾ ਚਲਾਉਣ ਵਾਲਾ ਸੀ, ਉਸ ਨੇ ਪਿਛਲੇ ਦਿਨਾਂ ਵਿਚ ਅਤੇ ਸ਼ਾਂਤੀ ਦੇ ਰਾਜ ਵਿਚ ਆਇਸ਼ਰ ਟਰੈਕਟਰ ਖਰੀਦ

** Expunged as ordered by the Chair.

[ਸ੍ਰੀ ਹਰਮਿੰਦਰ ਸਿੰਘ ਜੱਸੀ]

ਲਿਆ । ਕਿਸੇ ਨੇ ਥੋੜ੍ਹੀ ਕੀਮਤ ਵਾਲਾ ਟਰੈਕਟਰ ਖਰੀਦ ਲਿਆ । ਗੱਡਾ ਵੇਚ ਕੇ ਉਸਨੇ ਕਿਰਾਏ ਭਾੜੇ ਵਾਸਤੇ ਟਰੈਕਟਰ ਆਪਣੀ ਰੋਜ਼ੀ ਰੋਟੀ ਵਾਸਤੇ ਲਾਇਆ ਸੀ ਪਰ ਉਸ ਤੇ ਵੀ ਇਸ ਸਰਕਾਰ ਨੇ 10,000/- ਰੁਪਿਆ ਪ੍ਰਤੀ ਸਾਲ ਟੈਕਸ ਲਾ ਦਿੱਤਾ । ਮੈਨੂੰ ਤਾਂ ਇੰਝ ਲਗਦਾ ਹੈ ਸਪੀਕਰ ਸਾਹਿਬ ਕਿ ਜਿਹੜੀ ਇਹ ਸਰਕਾਰ ਹੈ ਮੇਰੇ ਭਰਾ ਸਾਹਮਣੇ ਬੈਠੇ ਹਨ, ਇਹ ਗਰੀਬਾਂ ਦੇ ਵਾਸਤੇ, ਕਿਸਾਨਾਂ ਦੇ ਵਾਸਤੇ ਨਹੀਂ ਇਹ ਤਾਂ ਸਿਰਫ ਉਨ੍ਹਾਂ ਲੋਕਾਂ ਦੇ ਵਾਸਤੇ ਹੈ ਜਿਹੜੇ ਕਿ ਪੂੰਜੀਪਤੀ ਹਨ, ਜਿਹੜੇ ਪੰਜਾਬ ਦੇ ਅੰਦਰ ਅਮੀਰ ਲੋਕ ਹਨ । ਇਹ ਸਰਕਾਰ ਉਨ੍ਹਾਂ ਵਾਸਤੇ ਹੈ ।

ਸ੍ਰੀ ਸਪੀਕਰ : ਜੱਸੀ ਜੀ, ਤੁਹਾਨੂੰ 10 ਮਿੰਟ ਮਿਲੇ ਹਨ । ਤੁਸੀਂ ਆਪਣੀ ਸਪੀਡ ਬਹੁਤ ਸਲੋਅ ਨਾ ਰੱਖੋ ।

ਸ੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਤੁਸੀਂ ਮੇਰੇ ਨਾਲ ਦੋ ਚਾਰ ਮਿੰਟਾਂ ਦੀ ਰਿਆਇਤ ਕਰ ਲਉ ਜੀ । ਮੈਂ ਤਾਂ ਪਹਿਲੇ ਦਿਨ ਹੀ ਬੋਲਣ ਲੱਗਾ ਹਾਂ । ਸਪੀਕਰ ਸਾਹਿਬ, ਪਿਛਲੇ ਚਾਰ ਦਿਨਾਂ ਦੀ ਬਹਿਸ ਦੇ ਅੰਦਰ ਮੇਰੇ ਸਾਹਮਣੇ ਬੈਠੇ ਭਰਾਵਾਂ ਨੇ ਬੜਾ ਸ਼ੋਰ ਪਾਇਆ । ਇਨ੍ਹਾਂ ਨੇ ਆਪਣੇ ਬਜਟ ਦੀ ਬੜੀ ਤਾਰੀਫ ਕੀਤੀ, ਬਜਟ ਨੂੰ ਬੜਾ ਹੀ ਤਾਰੀਫ ਭਰਿਆ ਦੱਸਿਆ । ਇਨ੍ਹਾਂ ਨੇ ਬਜਟ ਦੇ ਅੰਦਰ ਕਿਹਾ ਹੈ ਕਿ ਅਸੀਂ ਸ਼ਗਨ ਦੀ ਸਕੀਮ ਲੈ ਕੇ ਆਏ ਹਾਂ । ਸਪੀਕਰ ਸਾਹਿਬ, ਇਸ ਸਕੀਮ ਦੇ ਤਹਿਤ ਬਜਟ ਦੇ ਅੰਦਰ 20 ਕਰੋੜ ਰੁਪਿਆ ਰੱਖਿਆ ਗਿਆ ਹੈ । ਜੇ ਅਸੀਂ 5,100/- ਰੁਪਏ ਦੇ ਨਾਲ ਇਸ ਟੋਟਲ ਪੈਸੇ ਨੂੰ ਵੰਡ ਲਈਏ ਤਾਂ 39051 ਦਲਿਤ ਲੜਕੀਆਂ ਦੀ ਸ਼ਾਦੀ ਵਾਸਤੇ ਇਹ ਪੈਸਾ ਸ਼ਗਨ ਵਜੋਂ ਵਰਤਿਆ ਜਾ ਸਕਦਾ ਹੈ । ਸਪੀਕਰ ਸਾਹਿਬ, ਪੰਜਾਬ ਦੇ ਅੰਦਰ 12,000 ਪਿੰਡ ਹਨ ਜੇ ਅਸੀਂ ਦੋ ਦਲਿਤ ਭਾਈਆਂ ਦੀ ਲੜਕੀ ਦੀ ਸ਼ਾਦੀ ਵੀ ਲਾ ਲਈਏ ਤਾਂ 24,000 ਲੜਕੀਆਂ ਦੀ ਗਿਣਤੀ ਬਣਦੀ ਹੈ । ਜਿਹੜੀ ਸਰਕਾਰ ਇਹ ਫੱਟਾ ਲਾ ਕੇ ਲੋਕਾਂ ਨੂੰ ਗੁੰਮਰਾਹ ਕਰਨਾ ਚਾਹੁੰਦੀ ਹੈ ਕਿ ਅਸੀਂ ਸ਼ਗਨ ਦੀ ਸਕੀਮ ਦੇ ਕੇ ਦਲਿਤ ਭਾਈਆਂ ਦੀ ਭਲਾਈ ਕਰ ਰਹੇ ਹਾਂ, ਮੈਂ ਤਾਂ ਕਹਾਂਗਾ ਕਿ ਇਹ ਮੇਰੇ ਦਲਿਤ ਭਾਈਆਂ ਦੇ ਨਾਲ ਮਜ਼ਾਕ ਕਰ ਰਹੇ ਹਨ . . . (ਵਿਘਨ) ਇਹ ਮੇਰੇ ਵੀਰ ਜੋ ਬੋਲ ਰਹੇ ਹਨ । ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹਾਂਗਾ ਕਿ ਇਹ ਜਿਹੜੇ ਪੈਸੇ ਸ਼ਗਨ ਸਕੀਮ ਦੇ ਅਧੀਨ ਰੱਖੇ ਗਏ ਹਨ ਇਹ ਤਾਂ ਸਿਰਫ ਇਕ ਮਹੀਨਾ ਹੀ ਚਲਣਗੇ । ਉਸ ਤੋਂ ਬਾਅਦ ਇਹ ਪੈਸੇ ਵੀ ਮੁੱਕ ਜਾਣਗੇ ।

ਦੂਸਰਾ ਪੈਨਸ਼ਨ ਦੀ ਸਕੀਮ ਦੇ ਬਾਰੇ ਸਰਦਾਰ ਗੁਰਦੇਵ ਸਿੰਘ ਬਾਦਲ ਪਿੰਡਾਂ ਵਿਚ ਜਾ ਕੇ ਬੋਲਦੇ ਹਨ ਕਿ 7 ਤਰੀਕ ਨੂੰ ਤੁਹਾਡੇ ਦਰਵਾਜ਼ੇ ਤੇ ਘੰਟੀ ਖੜਕਿਆ ਕਰੇਗੀ ਅਤੇ ਜਦੋਂ ਤੁਸੀਂ ਆਪਣੇ ਘਰ ਦਾ ਗੇਟ ਖੋਲ੍ਹੋਗੇ ਤਾਂ ਤੁਹਾਡੇ ਹੱਥ ਵਿਚ ਡਾਕੀਆ ਮਨੀ ਆਰਡਰ ਫੜਾ ਕੇ ਚਲਿਆ ਜਾਇਆ ਕਰੇਗਾ । ਸਪੀਕਰ ਸਾਹਿਬ, ਮੈਨੂੰ ਤਾਂ ਹੈਰਾਨੀ ਹੁੰਦੀ ਹੈ ਕਿ 1996-97 ਵਿਚ ਅਸੀਂ 39 ਕਰੋੜ ਰੁਪਿਆ ਰੱਖਿਆ ਸੀ, ਇਨ੍ਹਾਂ ਨੇ ਤਾਂ ਉਹ ਵੀ ਨਹੀਂ ਰੱਖਿਆ । ਇਨ੍ਹਾਂ ਨੇ ਬਜਟ ਵਿਚ ਇਸ ਵਾਸਤੇ 32 ਕਰੋੜ ਰੁਪਏ ਰੱਖੇ ਹਨ ਅਤੇ

ਇਹ ਲੋਕ ਨੂੰ ਇਸ ਤਰ੍ਹਾਂ ਗੁਮਰਾਹ ਕਰ ਰਹੇ ਹਨ ਕਿ ਅਸੀਂ ਤੁਹਾਨੂੰ ਪੈਨਸ਼ਨ ਲਾ ਕੇ ਦੇਵਾਂਗੇ । ਅੱਜ ਤੱਕ ਇਨ੍ਹਾਂ ਨੇ ਕੋਈ ਪਲਾਨ ਨਹੀਂ ਬਣਾਈ । ਸਰਦਾਰ ਗੁਰਦੇਵ ਸਿੰਘ ਬਾਦਲ ਜਵਾਬ ਦੇ ਰਹੇ ਹਨ ਕਿ ਸਾਡਾ ਬੀ.ਡੀ.ਓ. ਜਾਇਆ ਕਰੇਗਾ, ਤਹਿਸੀਲਦਾਰ ਜਾਇਆ ਕਰੇਗਾ । ਪਰ ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਦਾਰ ਗੁਰਦੇਵ ਸਿੰਘ ਬਾਦਲ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਜ ਤੱਕ ਤੁਸੀਂ ਫਾਰਮ ਤਾਂ ਛਪਵਾ ਨਹੀਂ ਸਕੇ, ਤੁਸੀਂ ਪੈਨਸ਼ਨਾਂ ਕਦੋਂ ਦਿਉਗੇ ਗਰੀਬ ਲੋਕਾਂ ਨੂੰ ? ਏਨਾ ਜ਼ਰੂਰ ਹੈ ਕਿ ਬਾਦਲ ਸਾਹਿਬ ਬੈਠੇ ਹਨ । ਸਰਦਾਰ ਗੁਰਦੇਵ ਸਿੰਘ ਜੀ ਬਾਦਲ, ਸਰਦਾਰ ਪ੍ਰਕਾਸ਼ ਸਿੰਘ ਬਦਲ ਜੀ ਨੂੰ ਕਹਿ ਰਹੇ ਹਨ ਕਿ ਸਿਰ ਨਾਲ ਸਿਰ ਜੋੜ ਕੇ ਹੀ ਵਾਹੀ ਕਿਰਸਾਨੀ ਚਲਦੀ ਹੈ । ਇਹ ਕਹਿੰਦੇ ਹਨ ਕਿ ਖੇਤੀਬਾੜੀ ਮੇਰਾ ਮਹਿਕਮਾ ਹੈ, ਇਹ ਮੇਰੇ ਕੋਲ ਹੀ ਰਹਿਣ ਦਿਉ, ਨਹੀਂ ਤਾਂ ਕਿਰਸਾਨੀ ਨਹੀਂ ਚੱਲੇਗੀ । ਅਸੀਂ, ਸਪੀਕਰ ਸਾਹਿਬ, ਖੁਸ਼ ਹਾਂ ਕਿ ਬਾਦਲ ਸਾਹਿਬ ਨੂੰ ਇਹ ਮਹਿਕਮਾ ਮੁੱਖ ਮੰਤਰੀ ਸਾਹਿਬ ਨੇ ਦਿੱਤਾ ਹੈ । ਅਸੀਂ ਇਸ ਤੇ ਕੋਈ ਕਿੰਤੂ ਪਰੰਤੂ ਵੀ ਨਹੀਂ ਕਰਦੇ ।

ਸਪੀਕਰ ਸਾਹਿਬ, ਇਨ੍ਹਾਂ ਨੇ ਬੜਾ ਸ਼ੋਰ ਪਾਇਆ ਹੈ ਕਿ ਪੰਜਾਬ ਦੇ ਅੰਦਰ ਅਸੀਂ ਨਵੇਂ ਰੰਗ ਦੀ ਵਿਦਿਆ ਲੈ ਕੇ ਆਵਾਂਗੇ, ਆਦਰਸ਼ ਸਕੂਲ ਖੋਲ੍ਹਾਂਗੇ । ਉਨ੍ਹਾਂ ਸਕੂਲਾਂ ਦੇ ਵਿਚ ਇੰਗਲਿਸ਼ ਸਿਖਾਈ ਜਾਵੇਗੀ । ਇੰਗਲਿਸ਼ ਪੜ੍ਹ ਕੇ ਬੱਚੇ ਆਈ.ਏ.ਐਸ. ਅਤੇ ਆਈ.ਪੀ.ਐਸ. ਦੇ ਪੇਪਰ ਪਾਸ ਕਰਨਗੇ । ਪਰ ਮੈਨੂੰ ਅਫਸੋਸ ਹੈ ਕਿ 25 ਕਰੋੜ ਰੁਪਿਆ ਇਸ ਵਾਸਤੇ ਰੱਖਿਆ ਗਿਆ ਹੈ । ਸਪੀਕਰ ਸਾਹਿਬ, ਇਸ ਪੈਸੇ ਦੇ ਨਾਲ ਤਾਂ ਇਕ ਸਾਲ ਦੇ ਵਿਚ ਕੇਵਲ 5 ਸਕੂਲ ਹੀ ਖੁਲ੍ਹਣਗੇ ਔਰ ਜੇਕਰ 5 ਸਕੂਲ ਹੀ ਹਰ ਸਾਲ ਖੁਲ੍ਹਣਗੇ ਤਾਂ ਜਿਹੜੇ 135 ਬਲਾਕ ਹਨ ਇਹ ਤਾਂ ਸਾਰੇ 20 ਸਾਲ ਤੋਂ ਉਪਰ ਜਾ ਕੇ ਪੂਰੇ ਹੋ ਸਕਣਗੇ । ਸਪੀਕਰ ਸਾਹਿਬ, ਬੜੀ ਹੈਰਾਨੀ ਦੀ ਗੱਲ ਹੈ ਕਿ ਜੇਕਰ ਸਕੂਲ ਹੀ ਨਹੀਂ ਖੁਲ੍ਹ ਸਕਣਗੇ ਤਾਂ ਸਾਧਾਰਨ ਲੋਕਾਂ ਦੇ ਸਾਧਾਰਨ ਬੱਚੇ ਕਿਥੋਂ ਪੜ੍ਹ ਲੈਣਗੇ ? ਉਨ੍ਹਾਂ ਦੇ ਪੈਸੇ ਵਿਚ 5 ਕਰੋੜ ਰੁਪਏ ਦੀ ਕਟੌਤੀ ਕੀਤੀ ਗਈ ਹੈ । ਬਾਦਲ ਸਾਹਿਬ, ਸਦਨ ਦੇ ਨੇਤਾ, ਇਥੇ ਬੋਲ ਰਹੇ ਸਨ ਜਦੋਂ ਸਰਦਾਰ ਅਵਤਾਰ ਸਿੰਘ ਬਰਾੜ ਨੇ ਕਿਹਾ ਕਿ ਅਸੀਂ ਕਿਹੜਾ ਉਨ੍ਹਾਂ ਗਰੀਬ ਬੱਚਿਆਂ ਦੇ ਤੱਪੜ ਘਰ ਚੁੱਕ ਕੇ ਲੈ ਗਏ ਹਾਂ । ਸਪੀਕਰ ਸਾਹਿਬ, ਇਹ ਜਿਹੜੀ ਕਟੌਤੀ 5 ਕਰੋੜ ਰੁਪਏ ਦੀ ਕੀਤੀ ਗਈ ਹੈ, ਇਹ ਉਨ੍ਹਾਂ ਦੇ ਤੱਪੜਾਂ ਵਾਲਾ ਪੈਸਾ ਹੀ ਸੀ । ਸਪੀਕਰ ਸਾਹਿਬ, ਆਦਰਸ਼ ਸਕੂਲਾਂ ਵਾਲੀ ਸਕੀਮ ਬਾਰੇ ਗੱਲ ਕਰਨਾ ਲੋਕਾਂ ਨੂੰ ਗੁਮਰਾਹ ਕਰਨਾ ਹੈ । ਇਹ ਸਕੀਮ ਆਉਣ ਵਾਲੇ ਸਮੇਂ ਵਿਚ ਹਾਨੀਕਾਰਕ ਸਿੱਧ ਹੋਵੇਗੀ ਕਿਉਂਕਿ ਸਾਧਾਰਨ ਬੱਚੇ ਤਾਂ ਇਨ੍ਹਾਂ ਸਕੂਲਾਂ ਵਿਚ ਪੜ੍ਹ ਹੀ ਨਹੀਂ ਸਕਣਗੇ ।

ਦੂਸਰਾ ਬਾਦਲ ਸਾਹਿਬ ਨੇ ਕਿਹਾ ਹੈ ਕਿ ਅਸੀਂ 12,000 ਮਕਾਨ ਬਣਾ ਕੇ ਦੇਵਾਂਗੇ । ਬੜੀ ਅੱਛੀ ਗੱਲ ਹੈ, ਦਲਿਤ ਵੀਰਾਂ ਨੂੰ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ । ਬਾਦਲ ਸਾਹਿਬ ਕਹਿੰਦੇ ਹਨ ਕਿ 50,000/- ਰੁਪਏ ਦੇ ਨਾਲ ਇਕ ਬੈਡ ਰੂਮ ਹੋਵੇਗਾ, ਇਕ ਡਰਾਇੰਗ ਰੂਮ ਹੋਵੇਗਾ, ਇਕ ਰਸੋਈ ਹੋਵੇਗੀ । ਜਦੋਂ ਲੋਕ ਚਲ ਕੇ ਬਾਦਲ ਸਾਹਿਬ ਕੋਲ ਲੁਧਿਆਣੇ ਜਾਂ ਫਰੀਦਕੋਟ ਵਗੈਰਾ ਕਿਤੇ ਜਾਂਦੇ ਹਨ ਤਾਂ ਸੋਚਦੇ ਹਨ ਕਿ ਸ਼ਾਇਦ ਇਹੋ ਜਿਹੀ ਹੀ ਬਾਦਲ ਸਾਹਿਬ ਸਾਨੂੰ ਬਣਵਾ ਕੇ ਦੇਣਗੇ । ਜਦੋਂ ਕਿਹਾ ਜਾਂਦਾ ਹੈ ਕਿ ਬਾਦਲ ਸਾਹਿਬ, ਜਗ੍ਹਾ

[ਸ੍ਰੀ ਹਰਮਿੰਦਰ ਸਿੰਘ ਜੱਸੀ]
ਕਿਥੋਂ ਲਉਗੇ ਤਾਂ ਉਹ ਕਹਿੰਦੇ ਹਨ ਕਿ ਇਸ ਪੈਸੇ ਵਿਚੋਂ ਹੀ ਲੈ ਲਵਾਂਗੇ । ਬਾਦਲ ਸਾਹਿਬ ਆਂਧਰਾ ਪ੍ਰਦੇਸ਼ ਤੋਂ ਜਿਥੋਂ ਇਹ ਸਕੀਮ ਲਿਆਏ ਹਨ, ਉਥੇ 25,000/- ਰੁਪਏ ਖਰਚਾ ਆਉਂਦਾ ਹੈ ਅਤੇ ਬਾਦਲ ਸਾਹਿਬ ਨੇ 25,000/- ਰੁਪਏ ਇਸ ਤਰੀਕੇ ਨਾਲ ਹੋਰ ਰੱਖ ਲਏ ਹਨ ਤੇ ਕਹਿੰਦੇ ਹਨ ਕਿ ਅਸੀਂ ਕੁਰੱਪਸ਼ਨ ਫੜਾਉਣ ਵਾਲੇ ਨੂੰ ਇਨਾਮ ਦੇ 25,000/- ਰੁਪਏ ਦੇਵਾਂਗੇ ਪਰ ਉਨ੍ਹਾਂ ਨੇ ਇਸ ਸਕੀਮ ਵਿਚ 25,000 ਰੁਪਏ ਕੁਰੱਪਸ਼ਨ ਵਾਸਤੇ ਪਹਿਲਾਂ ਹੀ ਰੱਖ ਲਏ ਹਨ । ਇਹ ਕਹਿੰਦੇ ਹਨ ਕਿ 12,000 ਮਕਾਨ ਬਣਾ ਕੇ ਦੇਣੇ ਹਨ ਪਰ ਪੰਜਾਬ ਵਿਚ 12,428 ਤਾਂ ਪਿੰਡ ਹਨ । ਧਰਮਸ਼ਾਲਾ ਬਣਾਉਣੀਆਂ ਤਾਂ ਇਨ੍ਹਾਂ ਨੇ ਬੰਦ ਕਰ ਦਿੱਤੀਆਂ ਹਨ । ਹੁਣ ਕਹਿੰਦੇ ਹਨ ਕਿ ਇਕ ਪਿੰਡ ਵਿਚ ਇਕ-ਇਕ ਮਕਾਨ ਬਣਾ ਕੇ ਦੇਵਾਂਗੇ । ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਘਰ ਬਣਾ ਕੇ ਦੇਣਾ ਹੈ, ਉਸ ਦਾ ਨਾਂ ਧਰਮਸ਼ਾਲਾ ਹੀ ਰੱਖ ਦੇਣ..... (ਵਿਘਨ)

ਖੇਤੀਬਾੜੀ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਮੈਂ ਤਾਂ ਮੈਂਬਰ ਸਾਹਿਬ ਨੂੰ ਪਹਿਲਾਂ ਚੰਗਾ ਕਹਿ ਬੈਠਾ ਪਰ ਉਨ੍ਹਾਂ ਨੇ ਮੇਰੇ ਵੱਲ ਹੀ ਮੂੰਹ ਕਰ ਲਿਆ । ਹੁਣ ਉਨ੍ਹਾਂ ਧਰਮਸ਼ਾਲਾ ਦੀ ਗੱਲ ਕੀਤੀ ਹੈ ਕਿ ਧਰਮਸ਼ਾਲਾ ਬਣਾਉਣੀਆਂ ਬੰਦ ਕਰ ਦਿੱਤੀਆਂ ਹਨ । ਮੈਂਬਰ ਸਾਹਿਬ ਨੂੰ ਗਲਤਫਹਿਮੀ ਹੈ, ਧਰਮਸ਼ਾਲਾ ਬੰਦ ਨਹੀਂ ਕੀਤੀਆਂ । ਜਿਹੜੇ ਇਨ੍ਹਾਂ ਨੇ ਧਰਮਸ਼ਾਲਾ ਵਾਸਤੇ 15,000/- ਰੁਪਏ ਰੱਖੇ ਸਨ ਉਹ ਅਸੀਂ ਵਧਾ ਕੇ 50,000/- ਰੁਪਏ ਕੀਤੇ ਹਨ ।

ਸ੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਕਿਹਾ ਹੈ .... (ਵਿਘਨ)

ਸ੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਹੈ ਕਿ ਇਹ ਸਕੀਮ ਬੰਦ ਨਹੀਂ ਕੀਤੀ ।

ਸ੍ਰੀ ਹਰਮਿੰਦਰ ਸਿੰਘ ਜੱਸੀ : ਜਦੋਂ ਇਹ ਇਕ ਪਿੰਡ ਵਿਚ ਇਕ ਘਰ ਬਣਾ ਕੇ ਦੇਣਗੇ ਦਲਿਤ ਭਾਈਆਂ ਦੇ ਵਾਸਤੇ, ਮੈਂ ਆਪਣੇ ਕੰਨੀਂ ਸੁਣਿਆ ਹੈ ਕਿ ਉਨ੍ਹਾਂ ਨੂੰ ਰੈਸਟ ਹਾਊਸ ਬਣਾਇਆ ਜਾਵੇਗਾ । ਮੈਂ ਆਖਿਆ ਕਿ ਹੋ ਸਕਦਾ ਹੈ ਕਿ ਧਰਮਸ਼ਾਲਾਵਾਂ ਦਾ ਨਾਂ ਬਦਲ ਕੇ ਰੈਸਟ-ਹਾਊਸ ਰੱਖ ਦਿੱਤਾ ਜਾਵੇਗਾ । ਸੋ, ਇਹ ਜਿਹੜੀ ਸਕੀਮ ਹੈ ਇਹ ਵੀ ਗਰੀਬ ਭਰਾਵਾਂ ਨਾਲ, ਦਲਿਤ ਭਾਈਆਂ ਦੇ ਨਾਲ ਮਜ਼ਾਕ ਹੈ ਅਤੇ ਇਹ ਪੰਜਾਬ ਦੇ ਅੰਦਰ ਵੋਟਾਂ ਮੰਗਣ ਦੀ ਹੀ ਖਾਤਰ ਕੀਤਾ ਗਿਆ ਹੈ ।

ਸਰਦਾਰ ਹੀਰਾ ਸਿੰਘ ਗਾਬੜੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਸੱਜਣਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਆਪ ਤਾਂ ਪਹਿਲਾਂ ਕੋਈ ਸਕੀਮ ਸ਼ੁਰੂ ਕਰ ਹੀ ਨਹੀਂ ਸਕੇ 45 ਸਾਲਾਂ ਦੇ ਰਾਜ ਵਿਚ । ਜੇਕਰ ਹੁਣ ਕੋਈ ਆਦਰਸ਼ ਸਕੂਲ ਖੋਲ੍ਹਣ ਦੀ ਸਕੀਮ ਚਲਾਈ ਹੈ ਤਾਂ ਇਨ੍ਹਾਂ ਨੂੰ ਉਹ ਬੁਰੀ ਲਗਦੀ ਹੈ । ਪਹਿਲਾਂ ਤਾਂ ਇਨ੍ਹਾਂ ਨੇ ਖਜ਼ਾਨਾ ਹੀ ਖਾਲੀ ਕਰ ਕੇ ਦੇ ਦਿੱਤਾ । ਹੁਣ ਗਰੀਬਾਂ ਅਤੇ ਦਲਿਤਾਂ ਵਾਸਤੇ ਸਕੀਮਾਂ ਸ਼ੁਰੂ ਤਾਂ ਹੋਈਆਂ ਹਨ । ਜੇਕਰ ਮਕਾਨ ਬਣਾਉਣ ਦੀ ਸਕੀਮ ਲਿਆਂਦੀ ਹੈ ਤਾਂ ਵੀ ਇਨ੍ਹਾਂ ਨੂੰ ਦੁੱਖ ਹੁੰਦਾ ਹੈ । ਆਪ ਤਾਂ ਇਹ ਕੋਈ ਸਕੀਮ ਸ਼ੁਰੂ ਕਰਵਾ ਨਹੀਂ ਸਕੇ ।

ਸ੍ਰੀ ਸਪੀਕਰ : ਬੈਠ ਜਾਉ । ਹਾਂ ਜੀ, ਹਰਮਿੰਦਰ ਸਿੰਘ ਜੀ, ਤੁਸੀਂ ਕੰਟੀਨਿਊ ਰੱਖੋ ।

ਸ੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਮੈਨੂੰ ਤਾਂ ਇਸ ਬਜਟ ਵਿਚ ਕੋਈ ਖਾਸ ਗੱਲ ਨਜ਼ਰ ਨਹੀਂ ਆਉਂਦੀ ।

ਸ੍ਰੀ ਸਪੀਕਰ : ਤੁਹਾਡਾ ਟਾਈਮ 10 ਮਿੰਟ ਦਾ ਪੂਰਾ ਹੋ ਗਿਆ ਹੈ ।

ਸਰਦਾਰ ਅਵਤਾਰ ਸਿੰਘ ਬਰਾੜ (ਬੈਠੇ ਬੈਠੇ) : ਇਹ ਪਹਿਲੀ ਵਾਰੀ ਬੋਲਣ ਲੱਗਿਆ ਹੈ, ਵਕਤ ਹੋਰ ਦੇ ਦਿਉ ਜੀ ।

ਸ੍ਰੀ ਹਰਮਿੰਦਰ ਸਿੰਘ ਜੱਸੀ : ਮੈਨੂੰ ਖੁਸ਼ੀ ਹੈ ਕਿ ਇਸ ਸਦਨ ਦੇ ਨੇਤਾ ਜਦੋਂ ਭਾਸ਼ਣ ਦੇ ਰਹੇ ਸੀ ਤਾਂ ਉਹ ਲਾਈਨਾਂ ਬੋਲ ਰਹੇ ਸੀ ਜਿਨ੍ਹਾਂ ਨੂੰ ਮੈਂ ਪਿਛਲੇ 12-13 ਸਾਲ ਤੋਂ ਸੁਣਨ ਲਈ ਤਰਸ ਰਿਹਾ ਸੀ । ਬਾਦਲ ਸਾਹਿਬ ਨੇ ਕਿਹਾ ਕਿ ਮੈਂ ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ ਹਰ ਵਕਤ ਤਿਆਰ ਹਾਂ । ਮੈਂ ਇਸ ਗੱਲ ਲਈ ਉਨ੍ਹਾਂ ਦਾ ਬਹੁਤ ਧੰਨਵਾਦ ਕਰਦਾ ਹਾਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਅਤੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਇਹ ਜਿਹੜੀ ਪੁਲਿਸ ਹੈ ਇਹ ਬੜੀ ਪ੍ਰਤੀ-ਬੱਧ ਹੈ । ਮੈਂ ਇਸ ਗੱਲ ਦਾ ਵੀ ਧੰਨਵਾਦ ਕਰਦਾ ਹਾਂ, ਪਰ ਮੈਨੂੰ ਸ਼ੱਕ ਹੋ ਰਿਹਾ ਹੈ ਜਿਹੜਾ ਪਿਛਲੇ 15 ਸਾਲਾਂ ਵਿਚ ਮੈਂ ਦੇਖਦਾ ਰਿਹਾ ਹਾਂ, ਮੇਰੇ ਕੋਲ ਅਖਬਾਰ ਹਨ ਜਿਨ੍ਹਾਂ ਵਿਚ ਬਾਦਲ ਸਾਹਿਬ ਦੇ ਬਿਆਨ ਆਉਂਦੇ ਰਹੇ ਹਨ ਕਿ * * * * *

ਸਰਦਾਰ ਸਿਕੰਦਰ ਸਿੰਘ ਮਲੂਕਾ : ਸਪੀਕਰ ਸਾਹਿਬ, ਮੈਂ ਸਦਨ ਵਿਚ ਕਹਿਣਾ ਚਾਹੁੰਦਾ ਹਾਂ ਕਿ ਸ੍ਰੀ ਜੱਸੀ ਵਲੋਂ ਸਦਨ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ । ਕਦੇ ਵੀ ਬਾਦਲ ਸਾਹਿਬ ਨੇ ਐਸੀ ਅਪੀਲ ਨਹੀਂ ਕੀਤੀ ਅਤੇ ਨਾ ਹੀ ਕਦੇ ਭੋਗਾਂ ਤੇ ਗਏ ਹਨ । ਇਹ ਸਦਨ ਨੂੰ ਗੁਮਰਾਹ ਕਰ ਰਹੇ ਹਨ ।

ਸ੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਮੇਰੇ ਪਾਸ ਅਖਬਾਰਾਂ ਦੀਆਂ ਕਟਿੰਗਜ਼ ਹਨ । ਬੀ.ਜੇ.ਪੀ. ਵਾਲੇ ਪੜ੍ਹ ਲੈਣ । ਇਹ ਸਿਆਣੇ ਹਨ । ਇਨ੍ਹਾਂ ਤੋਂ ਤਾਂ ਪੜ੍ਹੀਆਂ ਨਹੀਂ ਜਾਣੀਆਂ ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਜੱਸੀ ਜੀ ਨੇ ਬੜੇ ਭਾਵੁਕ ਹੋ ਕੇ ਸਪੀਚ ਕੀਤੀ ਹੈ । ਸਪੀਚ ਦੇ ਵਿਚ ਕੋਈ ਵੀ ਕੰਸਟਰੱਕਟਿਵ ਚੀਜ਼ ਨਹੀਂ ਹੈ । ਇਨ੍ਹਾਂ ਨੇ ਬਾਦਲ ਸਾਹਿਬ ਬਾਰੇ ਦੁਹਰਾਇਆ ਹੈ ਪਰ ਇਹ ਆਪ ਭੁੱਲ ਗਏ ਹਨ ਕਿ ਜੋ ਇਨ੍ਹਾਂ ਦੇ ਰਹਿਨੁਮਾ ਸਰਦਾਰ ਜਗਮੀਤ ਸਿੰਘ ਬਰਾੜ ਹਨ, ਕੀ ਉਨ੍ਹਾਂ ਨੇ ਨੈਸ਼ਨਲ ਫਲੈਗ ਨਹੀਂ ਫਾੜਿਆ ? ਇਹ ਆਪਣੀ ਗੱਲ ਭੁੱਲ ਜਾਂਦੇ ਹਨ ਅਤੇ ਦੂਜਿਆਂ ਤੇ ਐਵੇਂ ਅੱਲੀਗੇਸ਼ਨ ਲਗਾਉਂਦੇ ਹਨ ਜਦ ਕਿ ਬਾਦਲ ਸਾਹਿਬ ਕਦੇ ਕਿਸੇ ਦੇ ਭੋਗ ਤੇ ਨਹੀਂ ਗਏ ਅਤੇ ਨਾ ਹੀ ਲੋਕਾਂ ਨੂੰ ਕਦੇ ਕੋਈ ਅਪੀਲ ਕੀਤੀ ਗਈ ਹੈ ।

**Expunged as ordered by the Chair.

ਸ੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਜਿਸ ਪਾਰਟੀ ਦੇ ਇਹ ਉਮੀਦਵਾਰ ਹਨ ਇਨ੍ਹਾਂ ਦੀ ਪਾਰਟੀ ਦੇ, ਵਾਈਸ ਪ੍ਰੈਜ਼ੀਡੈਂਟ, ਸ੍ਰੀ ਕੇ.ਐਲ. ਸ਼ਰਮਾ, ਮਿਤੀ 13 ਫਰਵਰੀ, 1992, ਨੂੰ ਆਏ ਸੀ ਅਤੇ ਮਿੱਤਲ ਸਾਹਿਬ ਵੀ ਇੱਥੇ ਬੈਠੇ ਹਨ, ਇਹ ਵੀ ਉਸ ਸਮੇਂ ਹਾਜ਼ਰ ਸੀ । ਅਖਬਾਰਾਂ ਦੇ ਵਿਚ ਖਬਰ ਆਈ ਹੈ, ਟ੍ਰਿਬਿਊਨ ਦੇ ਅੰਦਰ ਖਬਰ ਹੈ ਕਿ ਜਿਹੜੇ ਅਕਾਲੀ ਦਲ ਦੇ ਲੋਕ ਹਨ, ਉਨ੍ਹਾਂ ਨੇ ਪਾਕਿਸਤਾਨ ਦੇ ਪਿੱਛੇ ਲੱਗ ਕੇ ਚੋਣਾਂ ਦਾ ਬਾਈਕਾਟ ਕੀਤਾ ਹੈ । ਇਹ ਅਸੀਂ ਨਹੀਂ ਕਹਿੰਦੇ, ਇਹ ਜਿਹੜੀ ਸਰਕਾਰ ਵਿਚ ਸਾਂਝੀਵਾਲ ਪਾਰਟੀ ਹੈ ਉਸ ਨੇ ਕਿਹਾ ਹੈ । ਜੇ ਮਿੱਤਲ ਸਾਹਿਬ ਨੂੰ ਕੋਈ ਇਤਰਾਜ਼ ਹੋਵੇ ਤਾਂ ਮਿੱਤਲ ਸਾਹਿਬ ਦੱਸ ਦੇਣ ।

ਖੁਰਾਕ ਅਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਐਪਰੋਪਰੀਏਸ਼ਨ ਬਿਲ ਤੇ ਬਹਿਸ ਹੋ ਰਹੀ ਹੈ । ਇਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਜੇ ਅਸੀਂ ਕੋਈ ਗਲਤ ਪੈਸਾ ਰੱਖਿਆ ਹੈ ਅਤੇ ਇਨ੍ਹਾਂ ਨੂੰ ਚਾਹੀਦਾ ਹੈ ਕਿ ਸਾਡੇ ਤੋਂ ਵੱਧ ਤੋਂ ਵੱਧ ਐਸ਼ੋਰੈਂਸਿਜ਼ ਲੈਣ ਕਿ ਪੈਸਾ ਠੀਕ ਵਰਤਿਆ ਜਾਵੇਗਾ । ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ** ** ** ਇਹ ਫੈਕਟਸ ਦੇ ਅਧਾਰਤ ਗੱਲ ਨਹੀਂ ਹੈ । ਇਸ ਲਈ ਮੇਰੀ ਬੇਨਤੀ ਹੈ ਕਿ It should be expunged from the record.

ਸ੍ਰੀ ਸਪੀਕਰ : ਇਹ ਐਕਸਪੰਜ ਕਰ ਦਿੱਤਾ ਜਾਵੇ । ਜੱਸੀ ਜੀ, ਦੋ ਮਿੰਟ ਵਿਚ ਤੁਸੀਂ ਕਲੋਜ਼ ਕਰੋ, ਮੇਰੀ ਲਿਨੀਐਂਸੀ ਦਾ ਨਜਾਇਜ਼ ਫਾਇਦਾ ਨਾ ਉਠਾਓ । ਤੁਸੀਂ ਆਪਣੀ ਸਪੀਚ ਦੋ ਮਿੰਟ ਵਿਚ ਕਲੋਜ਼ ਕਰੋ ।

ਸ੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਮੈਂ ਕਲੋਜ਼ ਕਰ ਰਿਹਾ ਹਾਂ ਜੀ । ਮੁਆਫ ਕਰਨਾ, ਤੁਸੀਂ ਵੀ ਉਧਰ ਦਾ ਹੀ ਧਿਆਨ ਕਰ ਰਹੇ ਹੋ, ਮੇਰੇ ਤੇ ਵੀ ਥੋੜ੍ਹੀ ਬਹੁਤ ਮਿਹਰਬਾਨੀ ਕਰੋ । ਸਪੀਕਰ ਸਾਹਿਬ, ਮੇਰੇ ਜ਼ਿਲ੍ਹੇ ਦੇ ਬਹੁਤ ਕੰਮ ਹਨ, ਜਿਨ੍ਹਾਂ ਬਾਰੇ ਮੈਂ ਕੁਝ ਗੱਲਾਂ ਕਹਾਂਗਾ । ਮੈਂ ਹੁਣ ਸਿਰਫ ਆਪਣੇ ਹਲਕੇ ਦੀ ਹੀ ਗੱਲ ਕਰਦਾ ਹਾਂ । ਸਪੀਕਰ ਸਾਹਿਬ, ਜਿਸ ਧਰਤੀ ਦਾ ਮੈਂ ਐਮ.ਐਲ.ਏ. ਹਾਂ ਤਲਵੰਡੀ ਸਾਬੋ ਦਾ, ਉਥੇ ਸਾਡੇ ਉਸ ਸਮੇਂ ਦੇ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਜੀ ਭੱਠਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਜੋ ਕਾਲਜ ਪਹਿਲਾਂ ਉਥੇ ਚਲ ਰਿਹਾ ਹੈ, ਉਥੇ ਐਲਾਨ ਕਰਕੇ ਆਏ ਸੀ ਕਿ ਉਥੇ ਯੂਨੀਵਰਸਿਟੀ ਬਣਾਈ ਜਾਵੇਗੀ । ਮੈਨੂੰ ਅਫਸੋਸ ਹੈ ਕਿ ਇਹ ਜਿਹੜਾ ਬਜਟ ਰੱਖਿਆ ਗਿਆ ਹੈ, ਉਸ ਵਿਚ ਇਸ ਗੁਰੂਆਂ ਦੀ ਧਰਤੀ ਦੀ ਖਾਤਰ ਜਿੱਥੇ ਗੁਰੂ ਸਾਹਿਬ ਨੇ 9 ਮਹੀਨੇ ਦਮ ਲਿਆ, ਇਨ੍ਹਾਂ ਨੇ ਸੋਚਿਆ ਕਿ ਉਥੋਂ ਜੱਸੀ ਜਿੱਤ ਕੇ ਆਇਆ ਹੈ, ਇਸ ਕਰਕੇ ਇਨ੍ਹਾਂ ਨੇ ਬਜਟ ਵਿਚ ਯੂਨੀਵਰਸਿਟੀ ਵਾਸਤੇ ਕੋਈ ਪੈਸਾ ਨਹੀਂ ਰਖਿਆ । ਪੈਸਾ ਉਸ ਜਗ੍ਹਾ ਰੱਖਿਆ ਜਿੱਥੇ ਸਾਡੇ ਸਦਨ ਦੇ ਨੇਤਾ ਦੇ ਲੜਕੇ ਨੇ ਇਲੈਕਸ਼ਨ ਲੜਨੀ ਹੈ । ਉਥੇ ਤਿਆਰੀਆਂ

**Expunged as ordered by the Chair.

ਕੀਤੀਆਂ ਜਾ ਰਹੀਆਂ ਹਨ । ਫਰੀਦਕੋਟ ਯੂਨੀਵਰਸਿਟੀ ਖੋਲ੍ਹੀ ਜਾਵੇਗੀ । ਮੇਰੇ ਦੋਸਤ ਫਰੀਦਕੋਟ ਦੇ ਰਹਿਣ ਵਾਲੇ ਹਨ ਅਤੇ ਕਹਿੰਦੇ ਹਨ ਕਿ ਇਹ ਸਾਡੇ ਉਲਟ ਬੋਲਦਾ ਹੈ । ਇਨ੍ਹਾਂ ਦੇ ਜ਼ਿਲ੍ਹੇ ਦੇ ਚੀਫ ਮਨਿਸਟਰ ਬਣੇ ਤਾਂ ਫਰੀਦਕੋਟ ਨੂੰ ਡਵੀਜ਼ਨ ਬਣਾ ਦਿੱਤਾ । ਬਾਦਲ ਸਾਹਿਬ, ਯੂਨੀਵਰਸਿਟੀ ਤੋਂ ਪਾਸੇ ਚਲੇ ਗਏ ਹਨ । ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਮੈਂ ਤਾਂ ਬਹੁਤ ਗੱਲਾਂ ਰੱਖਣੀਆਂ ਸਨ ਪਰੰਤੂ ਸਪੀਕਰ ਸਾਹਿਬ, ਮੈਂ ਤੁਹਾਡੇ ਹੁਕਮ ਦਾ ਪਾਬੰਦ ਹਾਂ । ਇਸ ਕਰਕੇ ਮੈਂ ਆਪਣਾ ਸਥਾਨ ਲੈਂਦਾ ਹਾਂ ਅਤੇ ਇਹ ਜਿਹੜਾ ਬਜਟ ਰੱਖਿਆ ਗਿਆ ਹੈ, ਇਸ ਬਾਰੇ ਮੈਂ ਕਪਤਾਨ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿੱਥੇ ਤਿੰਨ ਮਹੀਨੇ ਬਜਟ ਲੇਟ ਲਿਆਂਦਾ ਹੈ, ਇੱਕ ਮਹੀਨਾ ਹੋਰ ਲੇਟ ਕਰ ਲਓ । ਕੋਈ ਖਾਸ ਗੱਲ ਨਹੀਂ । ਤੁਸੀਂ ਸਲਾਹ ਕਰ ਲਓ । ਅਸੀਂ ਤੁਹਾਡੇ ਨਾਲ ਹਾਂ । ਅੰਤ ਵਿਚ ਮੈਂ ਇਸ ਬਜਟ ਦੀ ਵਿਰੋਧਤਾ ਕਰਦਾ ਹਾਂ ।

ਸ਼੍ਰੀ ਸਪੀਕਰ : ਕਾਮਰੇਡ ਅਜੈਬ ਸਿੰਘ ਰੌਂਤਾ । ਤੁਸੀਂ ਪੰਜ ਮਿੰਟ ਲੈਣੇ ਹਨ । ਘੜੀ ਦਾ ਖਿਆਲ ਰੱਖਣਾ ।

ਕਾਮਰੇਡ ਅਜੈਬ ਸਿੰਘ ਰੌਂਤਾ (ਨਿਹਾਲ ਸਿੰਘ ਵਾਲਾ, ਐਸ.ਸੀ.) : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿਉਂਕਿ ਤੁਸੀਂ ਮੈਨੂੰ ਐਪਰੋਪਰੀਏਸ਼ਨ ਬਿੱਲ ਤੇ ਬੋਲਣ ਦਾ ਸਮਾਂ ਦਿੱਤਾ ਹੈ । ਸਭ ਤੋਂ ਪਹਿਲਾਂ ਮੈਂ ਪੰਜਾਬ ਦੇ ਦਲਿਤ ਲੋਕਾਂ ਔਰ ਖੇਤ ਮਜ਼ਦੂਰਾਂ ਵਾਸਤੇ ਜੋ ਬਜਟ ਵਿਚ ਸੁਵਿਧਾਵਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਦਾ ਜ਼ਿਕਰ ਕਰਦਾ ਹਾਂ । ਆਜ਼ਾਦੀ ਦੇ ਪੰਜਾਹ ਸਾਲ ਬੀਤਣ ਤੱਕ ਕਈ ਸਰਕਾਰਾਂ ਆਈਆਂ । ਆਜ਼ਾਦੀ ਦੇ ਦਿਨ ਹਿੰਦੁਸਤਾਨ ਅਤੇ ਪੰਜਾਬ ਵਿਚ ਫੰਕਸ਼ਨ ਹੋਏ । ਹੋਰ ਸਟੇਟਾਂ ਵਿਚ ਵੀ ਆਜ਼ਾਦੀ ਦਾ ਦਿਵਸ ਮਨਾਇਆ ਗਿਆ । ਇਸ ਦੌਰਾਨ ਚਾਹੇ ਕਿਸੇ ਵੀ ਪਾਰਟੀ ਦਾ ਰਾਜ ਰਿਹਾ ਹੋਵੇ ਇੱਥੇ ਕਿਹਾ ਗਿਆ ਕਿ ਪੰਜਾਹ ਸਾਲ ਇਸ ਪਾਰਟੀ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਰਾਜ ਕੀਤਾ । ਮੇਰੇ ਸਾਹਮਣੇ ਬੈਠੇ ਵੀਰ 4-5 ਸਾਲ ਹੀ ਰਾਜ ਕਰ ਸਕੇ । ਇਨ੍ਹਾਂ ਨੇ ਇਸ ਦੌਰਾਨ ਜੋ ਰਾਜ ਕੀਤਾ, ਜੇ ਉਸ ਨੂੰ ਅੱਜ ਦੇ ਸਮੇਂ ਦੇ ਨਾਲ ਮਿਲਾ ਕੇ ਦੇਖਿਆ ਜਾਵੇ ਤਾਂ ਕੋਈ ਬਹੁਤੀ ਵੱਡੀ ਗੱਲ ਉਭਰ ਕੇ ਸਾਹਮਣੇ ਨਹੀਂ ਆਉਂਦੀ । ਸਮੇਂ ਸਮੇਂ ਦੀਆਂ ਸਰਕਾਰਾਂ ਪੰਜਾਬ ਦੇ ਖੇਤ ਮਜ਼ਦੂਰਾਂ ਦੇ ਸਰਬਪੱਖੀ ਵਿਕਾਸ ਦੀਆਂ ਗੱਲਾਂ ਕਰਦੀਆਂ ਰਹੀਆਂ ਕਿ ਉਨ੍ਹਾਂ ਲਈ ਕਾਫੀ ਕੁਝ ਕੀਤਾ ਜਾਵੇਗਾ ਪਰ ਕੁਝ ਨਹੀਂ ਕੀਤਾ ਗਿਆ । ਹੁਣ ਵੀ ਇੱਕ ਸੁਵਿਧਾ ਬਣਾਈ ਹੈ ਕਿ ਪੰਜਾਬ ਵਿਚ 51,00/- ਰੁਪਏ ਸ਼ਗਨ ਵਜੋਂ ਗਰੀਬ ਲੜਕੀਆਂ ਨੂੰ ਦਿੱਤੇ ਜਾਣਗੇ ਪਰ ਇਸ ਵਿਚ ਕਾਫੀ ਸ਼ਰਤਾਂ ਲਗਾ ਦਿੱਤੀਆਂ ਗਈਆਂ ਹਨ । ਪ੍ਰੋਫਾਰਮਾ ਵੀ ਭਰ ਕੇ ਦੇਣਾ ਪਵੇਗਾ । ਪੇਂਡੂ ਲੋਕਾਂ ਔਰ ਖੇਤ ਮਜ਼ਦੂਰਾਂ ਨੂੰ ਇਨ੍ਹਾਂ ਸਾਰੀਆਂ ਗਤੀਵਿਧੀਆਂ ਵਿਚੋਂ ਲੰਘਣ ਲਈ ਕਿੰਨੀ ਕਿੰਨੀ ਵਾਰੀ ਤਰੱਦਦਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਔਰ ਦਫਤਰਾਂ ਦੇ ਗੇੜੇ ਮਾਰਨੇ ਪੈਂਦੇ ਹਨ । ਇਸ ਦੇ ਨਾਲ ਹੀ ਬਾਦਲ ਸਾਹਿਬ ਨੇ ਕਿਹਾ ਹੈ ਕਿ ਖੇਤ ਮਜ਼ਦਰਾਂ ਵਾਸਤੇ ਪੰਜ-ਪੰਜ ਮਰਲੇ ਦੇ ਪਲਾਟ ਦੇਵਾਂਗੇ ਔਰ ਉਸਤੇ ਘਰ ਬਣਾਵਾਂਗੇ ਜਿਸ ਵਿਚ ਮੱਝ ਦੀ ਖੁਰਲੀ ਹੋਵੇਗੀ, ਬਾਹਰ ਵੀ ਇਕ ਖੁਰਲੀ ਹੋਵੇਗੀ, ਬੈਡ ਰੂਮ ਹੋਵੇਗਾ, ਹੋਰ ਵੀ 2-2 ਕਮਰੇ ਹੋਣਗੇ, ਕਿਚਨ ਹੋਵੇਗੀ, ਨਹਾਉਣ ਵਾਸਤੇ ਜਗ੍ਹਾ ਹੋਵੇਗੀ । ਜਦੋਂ ਕੋ ਟੂਟੀ ਖੋਲ੍ਹੇਗਾ ਤਾਂ ਫੁਹਾਰਾ ਚਲੇਗਾ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੰਜਾਹ

[ਕਾਮਰੇਡ ਅਜੈਬ ਸਿੰਘ ਰੌਂਤਾ]

ਹਜ਼ਾਰ ਰੁਪਿਆ ਕਿਸ ਤਰ੍ਹਾਂ ਨੇਪਰੇ ਚੜ੍ਹੇਗਾ ? ਜ਼ਮੀਨ ਖਰੀਦਣ ਦਾ ਕੀ ਕਰਾਈਟੇਰੀਆ ਹੋਵੇਗਾ ਔਰ ਕਿਸ ਤਰ੍ਹਾਂ ਫੰਕਸ਼ਨਿੰਗ ਕੀਤੀ ਜਾਵੇਗੀ ? ਸਪੀਕਰ ਸਾਹਿਬ, ਇਸ ਦੇ ਨਾਲ ਹੀ ਇਹ ਐਲਾਨ ਕੀਤਾ ਗਿਆ ਕਿ ਪੰਜਾਬ ਦੇ ਖੇਤ ਮਜ਼ਦੂਰਾਂ ਵਾਸਤੇ ਪੈਨਸ਼ਨਾਂ ਦਿੱਤੀਆਂ ਜਾਣਗੀਆਂ । ਸਾਡੀ 65 ਸਾਲ ਦੀ ਮਾਤਾ ਨੂੰ ਪੈਨਸ਼ਨ ਦੇਵਾਂਗੇ ਲੇਕਿਨ ਉਸ ਵਾਸਤੇ ਬਜਟ ਕਾਫੀ ਘੱਟ ਰੱਖਿਆ ਗਿਆ ਹੈ । ਸਪੀਕਰ ਸਾਹਿਬ, ਜੇ ਪਿਛਲੀ ਪੈਨਸ਼ਨ ਦੇਖ ਲਈ ਜਾਵੇ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਦੇ ਪੁੱਤ ਪੋਤਿਆਂ ਦੀਆਂ ਸ਼ਰਤਾਂ ਲਗਦੀਆਂ ਹਨ । ਜਦੋਂ ਕਿ ਸਾਡੇ ਪੰਜਾਬ ਦੇ ਵਿਚ ਸਾਡੇ ਖੇਤ ਮਜ਼ਦੂਰਾਂ ਨੇ ਅਤੇ ਪਿੰਡ ਦੇ ਕਿਸਾਨਾਂ ਨੇ ਰਲ ਕੇ, ਮਿੱਟੀ ਨਾਲ ਮਿੱਟੀ ਹੋ ਕੇ, ਖੇਤਾਂ ਦੇ ਵਿਚ ਕਮਾਈ ਕਰਕੇ ਸਾਡੇ ਹਿੰਦੁਸਤਾਨ ਨੂੰ ਪੱਕੇ ਪੈਰੀਂ ਖੜ੍ਹੇ ਕੀਤਾ । ਅਸੀਂ ਕੇਂਦਰੀ ਅਨਾਜ ਭੰਡਾਰ ਵਿਚ 60% ਅਨਾਜ ਜਮ੍ਹਾਂ ਕੀਤਾ ਅਤੇ ਆਪਣੇ ਪੰਜਾਬ ਦਾ ਸਿਰ ਉੱਚਾ ਕੀਤਾ । ਉਸ ਦੇ ਬਾਵਜੂਦ ਇਥੇ ਬਾਰ ਬਾਰ ਸ਼ਰਤਾਂ ਲਗਦੀਆਂ ਰਹੀਆਂ ਹਨ ਕਿ ਤੇਰੇ ਪੁੱਤ ਕਿੰਨੇ ਹਨ, ਤੇਰੇ ਪੋਤਰੇ ਕਿੰਨੇ ਹਨ ? ਉਨ੍ਹਾਂ ਦੀ ਆਮਦਨ ਕਿੰਨੀ ਹੈ ? ਇਹ ਸਾਰੀਆਂ ਸ਼ਰਤਾਂ ਲੱਗਦੀਆਂ ਹਨ । ਉਸ ਤੋਂ ਬਾਅਦ ਆ ਕੇ ਪੰਜਾਬ ਸਰਕਾਰ ਨੇ ਇਨ੍ਹਾਂ ਗੱਲਾਂ ਦਾ ਐਲਾਨ ਕੀਤਾ ਕਿ ਅਸੀਂ ਹਰ ਪੰਜਾਬੀ ਨੂੰ ਚਾਹੇ ਉਹ ਕਿਸਾਨੀ ਵਿਚੋਂ ਹੋਵੇ, ਚਾਹੇ ਖੇਤ ਮਜ਼ਦੂਰਾਂ ਵਿਚੋਂ ਹੋਵੇ, ਉਨ੍ਹਾਂ ਸਾਰਿਆਂ ਨੂੰ ਪੈਨਸ਼ਨ ਦੇਵਾਂਗੇ । ਪੈਨਸ਼ਨਾਂ ਦੇ ਸਬੰਧੀ ਜਿਹੜੇ ਜ਼ਿਲ੍ਹੇ ਦੇ ਦਫਤਰ ਹਨ, ਉਨ੍ਹਾਂ ਦੇ ਵਿਚ ਵਾਰ ਵਾਰ ਉਹ ਵਿਅਕਤੀ ਗਏ ਪਰ ਉਥੇ ਕਹਿੰਦੇ ਹਨ ਕਿ ਅਜੇ ਕੋਈ ਨਵਾਂ ਫਾਰਮ ਨਹੀਂ ਆਇਆ । ਜਦੋਂ ਸਰਕਾਰ ਇਸ ਬਾਰੇ ਕੁਝ ਕਰੇਗੀ, ਦੇਖੀ ਜਾਵੇਗੀ । ਸਪੀਕਰ ਸਾਹਿਬ, ਮੈਂ ਇੱਕ ਗੱਲ ਦਾ ਜ਼ਿਕਰ ਜ਼ਰੂਰ ਕਰਨਾ ਚਾਹਾਂਗਾ ਕਿ ਪੇਂਡੂ ਜਲ ਸਪਲਾਈ ਦੀ ਬੜੀ ਮਾੜੀ ਹਾਲਤ ਹੈ . . . . .

ਖੇਤੀਬਾੜੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਪੀਕਰ ਸਾਹਿਬ, ਮੈਂਬਰ ਸਾਹਿਬ ਪੈਨਸ਼ਨਾਂ ਬਾਬਤ ਕਹਿ ਰਹੇ ਹਨ । ਪੈਨਸ਼ਨਾਂ ਦੇ ਬਾਰੇ ਏਨੀ ਸੌਖੀ ਸਕੀਮ ਬਾਦਲ ਸਰਕਾਰ ਨੇ ਬਣਾਈ ਹੈ ਕਿ ਪਿੰਡਾਂ ਦੇ ਵਿਚ ਤਹਿਸੀਲਦਾਰ ਜਾਵੇਗਾ. . . . . .

ਸ੍ਰੀ ਸਪੀਕਰ : ਬਣਾਉਣੀ ਹੈ ।

ਮੰਤਰੀ : ਬੀ.ਡੀ.ਓ. ਜਾਵੇਗਾ ਅਤੇ ਤਹਿਸੀਲ ਭਲਾਈ ਅਫਸਰ ਜਾਵੇਗਾ । ਇਹ ਤਿੰਨ ਗਰੁੱਪ ਬਣਾਏ ਹਨ । ਉਹ ਪਿੰਡਾਂ ਦੀਆਂ ਸੱਥਾਂ ਵਿਚ ਬੈਠ ਕੇ, ਪਿੰਡਾਂ ਦੀਆਂ ਧਰਮਸ਼ਾਲਾਵਾਂ ਦੇ ਵਿਚ ਬੈਠ ਕੇ ਆਪਣੇ ਕੋਲੋਂ ਫਾਰਮ ਲਿਆ ਕੇ, ਪਿੰਡਾਂ ਦੇ ਸਰਪੰਚਾਂ ਤੋਂ ਤਸਦੀਕ ਕਰਵਾ ਕੇ, ਮੌਕੇ ਦੇ ਉਤੇ ਪੈਨਸ਼ਨਾਂ ਲਾ ਕੇ ਆਉਣਗੇ । ਇਨ੍ਹਾਂ ਵਾਂਗੂੰ ਨਹੀਂ ਕਿ 30 ਸਾਲ ਦੀ ਉਮਰ ਦੀ ਜਗ੍ਹਾ 75 ਸਾਲ ਲਿਖ ਕੇ ਪੈਨਸ਼ਨ ਲੈ ਜਾਂਦੇ ਹਨ, ਉਹ ਬੰਦ ਕੀਤੀ ਜਾਵੇਗੀ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਬਾਦਲ ਸਾਹਿਬ ਨੇ ਕਲੈਰੀਫਿਕੇਸ਼ਨ ਦਿੱਤੀ ਹੈ ਲੇਕਿਨ ਜਿਨ੍ਹਾਂ ਗੱਲਾਂ ਦਾ ਮੈਂ ਪਹਿਲਾਂ ਜ਼ਿਕਰ ਕੀਤਾ

ਹੈ ਪੰਜਾਬ ਦੇ ਉਨ੍ਹਾਂ ਗਰੀਬ ਲੋਕਾਂ ਬਾਰੇ, ਉਨ੍ਹਾਂ ਬਾਰੇ ਕਿਸੇ ਕਵੀ ਨੇ ਕਿਹਾ ਹੈ :

''ਪੁਰਸ਼ ਜਾਬਰਾ ਮਾਰ ਗਰੀਬ ਨੂੰ ਨਾ
ਧਾਹਾਂ ਮਾਰ ਗਰੀਬ ਰੋ ਪਊਗਾ।
ਨਿਕਲੂ ਹਾਅ ਗਰੀਬ ਦੇ ਹਿਜਰ ਵਿਚੋਂ
ਨੀਰ ਨੇਤਰਾਂ ਵਿਚੋਂ ਵੀ ਚੋਅ ਪਊਗਾ।

ਬੁਰੀ ਹਾਅ ਗਰੀਬ ਦੀ ਦਇਆ ਸਿੰਘਾ
ਪੁੱਠਾ ਜਮੀਂ ਅਸਮਾਨ ਵੀ ਹੋ ਪਊਗਾ।''

ਉਨ੍ਹਾਂ ਪੰਜਾਬ ਦੇ ਖੇਤ ਮਜ਼ਦੂਰਾਂ ਨੇ, ਉਨ੍ਹਾਂ ਪੰਜਾਬ ਦੇ ਕਿਰਤੀ ਲੋਕਾਂ ਨੇ ਬੜਾ ਲੰਬਾ ਸਮਾਂ ਜਬਰ ਹੰਢਾਇਆ ਹੈ, ਉਨ੍ਹਾਂ ਨੇ ਬੜਾ ਕੰਮ ਕੀਤਾ ਹੈ ਅਤੇ ਸਾਡੇ ਪੰਜਾਬ ਦਾ ਹਿੰਦੁਸਤਾਨ ਵਿਚ ਨਾਮ ਉੱਚਾ ਕੀਤਾ ਹੈ। ਲੇਕਿਨ ਮੈਂ ਜ਼ਿਕਰ ਕਰ ਰਿਹਾ ਸੀ ਕਿ ਸਾਡੇ ਪਿੰਡਾਂ ਦੇ ਉਨ੍ਹਾਂ ਲੋਕਾਂ ਲਈ ਜੋ ਜਲ ਸਪਲਾਈ ਹੈ, ਉਸ ਦੀ ਬੜੀ ਮਾੜੀ ਹਾਲਤ ਹੈ। ਸਪੀਕਰ ਸਾਹਿਬ, ਪਿੰਡਾਂ ਦੇ ਵਿਚ ਬਿਜਲੀ ਦਾ ਬੜਾ ਮਾੜਾ ਸਿਸਟਮ ਹੈ। ਅਸੀਂ ਪਿੰਡਾਂ ਦੇ ਰਹਿਣ ਵਾਲੇ ਹਾਂ। ਤੁਸੀਂ ਵੀ ਪੇਂਡੂ ਏਰੀਏ ਦੇ ਨੇੜੇ ਤੇੜੇ ਦੇ ਲੋਕਾਂ ਨੂੰ ਬਿਲਾਂਗ ਕਰਦੇ ਹੋ ਅਤੇ ਤੁਸੀਂ ਵੀ ਜਾਣਦੇ ਹੋ ਕਿ ਪਿੰਡਾਂ ਵਿਚ ਕਿੰਨੇ ਘੰਟੇ ਬਿਜਲੀ ਆਉਂਦੀ ਹੈ। ਉਥੇ ਕਈ ਜਗ੍ਹਾ ਇੰਜਣ ਰੱਖੇ ਹੋਏ ਹਨ ਔਰ ਜਿਹੜੇ ਉਥੇ ਪੰਪ ਉਪਰੇਟਰ ਹਨ, ਉਹ ਉਸ ਟਿਊਬਵੈਲ ਨੂੰ ਕਿੰਨੇ ਘੰਟੇ ਬਾਅਦ ਚਲਾਉਂਦੇ ਹਨ ? ਇਸ ਕੰਮ ਨੂੰ ਨੇਪਰੇ ਚੜ੍ਹਾਉਣ ਲਈ 817 ਕਰੋੜ ਰੁਪਏ ਦਾ ਵਰਲਡ ਬੈਂਕ ਨਾਲ ਐਗਰੀਮੈਂਟ ਹੋਇਆ ਸੀ ਲੇਕਿਨ ਮੈਂ ਸਮਝਦਾ ਹਾਂ ਕਿ ਸਾਨੂੰ ਹਨੇਰੇ ਵਿਚ ਰੱਖਿਆ ਗਿਆ ਹੈ। ਅੱਜ ਤਾਂ ਵਰਲਡ ਬੈਂਕ ਵਾਲੇ ਇਹ ਗੱਲਾਂ ਕਹਿਣ ਲੱਗੇ ਹਨ, ਇਸ ਬਾਰੇ ਢੀਂਡਸਾ ਸਾਹਿਬ, ਡਿਪਟੀ ਚੇਅਰਮੈਨ ਪਲੈਨਿੰਗ ਬੋਰਡ, ਨੇ ਬਠਿੰਡੇ ਵਿਚ ਜਾ ਕੇ ਗੱਲ ਕਹੀ ਸੀ ਕਿ ਵਰਲਡ ਬੈਂਕ ਵਾਲੇ ਕਹਿੰਦੇ ਹਨ ਕਿ ਪੰਜਾਬ ਸਰਕਾਰ ਖੇਤੀਬਾੜੀ ਅਤੇ ਪੰਜਾਬ ਦੇ ਹੋਰ ਕੰਮ ਕਰਨ ਲੱਗੀ ਹੋਈ ਹੈ, ਸਾਡਾ ਪੈਸਾ ਕਿਸ ਵੇਲੇ ਵਾਪਸ ਹੋਵੇਗਾ। ਮੈਂ, ਸਪੀਕਰ ਸਾਹਿਬ, ਬੇਨਤੀ ਕਰਨੀ ਚਾਹਾਂਗਾ ਕਿ....

ਸ੍ਰੀ ਸਪੀਕਰ : ਤੁਸੀਂ ਕਲੋਜ਼ ਕਰੋ।

ਕਾਮਰੇਡ ਅਜੈਬ ਸਿੰਘ ਰੌਂਤਾ : ਮੈਂ ਕਲੋਜ਼ ਕਰ ਰਿਹਾ ਹਾਂ ਜੀ। ਸਪੀਕਰ ਸਾਹਿਬ, ਮੈਂ ਬਿਜਲੀ ਦੀ ਗੱਲ ਕਰ ਰਿਹਾ ਸੀ ਕਿ ਬਠਿੰਡੇ ਦੀ ਇੱਕ ਮੂਨਕ ਕੈਮੀਕਲ ਕੰਪਨੀ ਹੈ। ਉਥੇ ਲੱਖਾਂ ਦਾ ਘਪਲਾ ਹੁੰਦਾ ਰਿਹਾ। ਸਪੀਕਰ ਸਾਹਿਬ, ਕੋਈ ਹਿਸਾਬ ਕਿਤਾਬ ਨਹੀਂ। ਜਿਹੜੀ ਇੰਜੀਨੀਅਰਿੰਗ ਐਸੋਸੀਏਸ਼ਨ ਹੈ, ਉਸ ਦਾ ਬਿਆਨ ਹੈ ਕਿ ਪੰਜ ਛੇ ਸੌ ਕਰੋੜ ਰੁਪਏ ਦੀ ਬਿਜਲੀ ਚੋਰੀ ਹੋਈ ਹੈ ਇਸ ਕਰਕੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਸਾਰੀਆਂ ਗੱਲਾਂ ਧਿਆਨ ਗੋਚਰਾ ਹਨ। ਚਾਹੇ ਪਹਿਲੀ ਸਰਕਾਰ ਵੇਲੇ ਦੀ ਹੈ ਜਾਂ ਦੂਸਰੀ ਵੇਲੇ ਦੀ, ਸਰਕਾਰ ਬਣ ਜਾਂਦੀ ਹੈ ਲੇਕਿਨ ਅਫਸਰ ਉਹੀ ਹਨ ਅਤੇ ਸੌਦੇ ਬਾਜ਼ੀਆਂ ਹੋ ਰਹੀਆਂ ਹਨ। ਪਹਿਲਾਂ ਪਹਿਲੀ ਸਰਕਾਰ ਨਾਲ ਸੌਦੇਬਾਜ਼ੀ ਕਰ ਲਈ, ਮੁੜ ਕੇ ਨਵੀਂ ਨਾਲ ਸੌਦੇਬਾਜ਼ੀਆਂ ਹੋ ਰਹੀਆਂ ਹਨ ਹਨ ਔਰ ਸੌਦੇ ਬਾਜ਼ੀਆਂ ਕਰਕੇ ਘਪਲਾ ਚੱਲ ਰਿਹਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਸੀ. ਪੀ. ਆਈ. ਵਾਲਿਓ,

[ਕਾਮਰੇਡ ਅਜੈਬ ਸਿੰਘ ਰੌਂਤਾ]

ਤਦੀਂ ਕਾਂਗਰਸ ਪਾਰਟੀ ਦਾ ਖਹਿੜਾ ਛੱਡ ਦਿਉ । ਮੈਂ ਕਹਿਣਾ ਚਾਹੁੰਦਾ ਹਾਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਿ ਜੇਕਰ ਅੱਜ ਵਰਗੇ ਬਿਆਨ ਚੀਫ ਮਨਿਸਟਰ ਸਾਹਿਬ ਅੱਜ ਤੋਂ 10-12 ਸਾਲ ਪਹਿਲਾਂ ਦਿੰਦੇ ਤਾਂ ਸ਼ਾਇਦ ਅਸੀਂ ਇਸ ਰਸਤੇ ਤੇ ਨਾ ਤੁਰਦੇ । ਲੇਕਿਨ ਚਿੱਕੜ ਨੂੰ ਚਿੱਕੜ ਨਾਲ ਨਹੀਂ ਧੋਤਾ ਜਾ ਸਕਦਾ, ਚਿੱਕੜ ਨੂੰ ਤਾਂ ਪਾਣੀ ਨਾਲ ਹੀ ਧੋਤਾ ਜਾ ਸਕਦਾ ਹੈ । ਜਦੋਂ ਕ੍ਰਿਮੀਨਲ ਅਤੇ ਜਿਹੜੇ ਗੱਲਾਂ ਕਰਨ ਵਾਲੇ ਲੋਕ ਹੋਣ ਇਕ ਦੂਜੇ ਦੇ ਸਾਥੀ ਬਣ ਜਾਣ ਅਤੇ ਉਹ ਕਹਿਣ ਕਿ ਪੰਜਾਬ ਦੇ ਹਾਲਾਤ ਉਸ ਸਮੇਂ ਦੇ ਇਸ ਤਰ੍ਹਾਂ ਦੇ ਸਨ ਔਰ ਅੱਜ ਇਹ ਕਹਿਣ ਕਿ ਹਾਲਾਤ ਨੂੰ ਮੋੜਵਾਂ ਰੂਪ ਦੇਣ ਦੇ ਲਈ ਜਿਹੜੀਆਂ ਅਸਲੀ ਫੋਰਸਿਜ਼ ਹਨ ਉਹ ਫੁੱਟ ਕੇ ਸਾਹਮਣੇ ਆ ਸਕਦੀਆਂ ਹਨ ਤਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਇਸ ਤਰ੍ਹਾਂ ਦੇ ਬਿਆਨ ਅੱਜ ਤੋਂ ਪਹਿਲਾਂ ਦਿੰਦੇ ਹੁੰਦੇ ਤਾਂ ਸ਼ਾਇਦ ਪੰਜਾਬ ਦੀ ਜੋ ਸਿਚੂਏਸ਼ਨ ਹੈ, ਪੰਜਾਬ ਦੀ ਜੋ ਸਥਿਤੀ ਹੈ ਇਹ ਅੱਜ ਬਦਲੀ ਹੋਈ ਦਿਖਾਈ ਦਿੰਦੀ ਅਤੇ ਸਾਨੂੰ ਇਨ੍ਹਾਂ ਪ੍ਰਸਥਿਤੀਆਂ ਦਾ ਸਾਹਮਣਾ ਨਾ ਕਰਨਾ ਪੈਂਦਾ । ਮੈਂ ਕਹਿਣਾ ਚਾਹੁੰਦਾ ਹਾਂ. . .

ਸ੍ਰੀ ਸਪੀਕਰ. ਰੌਂਤਾ ਜੀ, ਟਾਈਮ ਬਹੁਤ ਹੋ ਗਿਆ ਹੈ ।

ਕਾਮਰੇਡ ਅਜੈਬ ਸਿੰਘ ਰੌਂਤਾ. ਇਥੇ ਇਸ ਸਰਕਾਰ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਰਾਜ ਦੇਣ ਦੀ ਗੱਲ ਕੀਤੀ ਗਈ ਹੈ । ਉਸ ਵਕਤ ਧਿਆਨ ਸਿੰਘ ਡੋਗਰੇ ਵਰਗੇ ਬੜੇ ਵਧੀਆ ਅਹਿਲਕਾਰ ਵਜ਼ੀਰ ਸਨ । ਅੱਜ ਵੀ ਵਧੀਆ ਤੇ ਅਹਿਲਕਾਰ ਵਜ਼ੀਰ ਭਰਤੀ ਕੀਤੇ ਗਏ ਹਨ ਅਤੇ ਡੋਗਰੇ ਵਰਗੇ 5-4 ਹੋਰ ਭਰਤੀ ਕਰ ਲਵੋ ਤਾਂ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਆਪਣੇ ਆਪ ਤੁਰਿਆ ਚਲਾ ਜਾਵੇਗਾ । ਮੈਂ ਬੇਨਤੀ ਕਰਦਾ ਹਾਂ ਕਿ ਲੋਹੀਆਂ ਜ਼ਿਲ੍ਹਾ ਜਲੰਧਰ ਵਿਚ ਹੈ । ਮੇਰੇ ਸਾਥੀ ਉਥੋਂ ਵੀ ਜਿੱਤ ਕੇ ਆਏ ਹੋਣਗੇ । ਉਥੇ ਕਿਸ ਤਰ੍ਹਾਂ ਦਾ ਕਾਂਡ 80 ਲੱਖ ਰੁਪਏ ਦਾ ਫਰਾਡ ਕਣਕ ਸਬੰਧੀ ਹੋਇਆ ਔਰ ਮਹਿੰਦਰਪਾਲ ਏ. ਐਫ. ਐਸ. ਓ. ਜਦੋਂ ਚਾਰਜ ਲੈਣ ਗਿਆ ਤਾਂ ਉਸ ਨੂੰ ਇਸ ਕਾਂਡ ਬਾਰੇ ਪਤਾ ਲਗਾ ਕਿ ਇਥੇ ਇਤਨਾ ਵੱਡਾ ਕਾਂਡ ਵਾਪਰਿਆ ਹੋਇਆ ਹੈ ਅਤੇ ਇੱਥੇ ਕਣਕ ਦੇ ਵਿੱਚ ਬੜੀ ਵੱਡੀ ਪੱਧਰ ਤੇ ਹੇਰਾਫੇਰੀ ਹੋਈ ਹੈ । ਚਾਰਜ ਤਾਂ ਉਸ ਨੇ ਲੈ ਲਿਆ ਪਰ ਬਾਅਦ ਵਿਚ ਕੁਝ ਬੰਦੇ ਟਰੱਕ ਵਿਚ ਉਸ ਨੂੰ ਚੁੱਕ ਕੇ ਲੈ ਗਏ । ਉਸਦੀ ਵਿਧਵਾ ਨੇ ਬੜੀ ਵਾਰ ਸਰਕਾਰ ਕੋਲ ਅਪੀਲਾਂ ਕੀਤੀਆਂ ਅਤੇ ਅੱਜ ਵੀ ਉਹ ਦਰ ਦਰ ਭਟਕਦੀ ਫਿਰ ਰਹੀ ਹੈ । ਕਿਰਪਾ ਕਰਕੇ ਉਸਨੂੰ ਇਨਸਾਫ਼ ਦਿਵਾਇਆ ਜਾਵੇ । ਜਿਥੇ ਬਜਟ ਲਿਆਂਦਾ ਗਿਆ ਹੈ ਕਿਸਾਨਾਂ ਲਈ, ਉਥੇ ਖੇਤ ਮਜ਼ਦੂਰਾਂ ਲਈ ਵੀ ਉਸ ਵਿਚ ਅਜਿਹੀਆਂ ਰਿਆਇਤਾਂ ਹੋਣੀਆਂ ਚਾਹੀਦੀਆਂ ਸਨ ਜਿਸ ਨਾਲ ਦੱਬੇ ਕੁੱਚਲੇ ਕਿਸਾਨਾਂ ਨੂੰ, ਦੱਬੇ ਕੁਚਲੇ ਮਜ਼ਦੂਰਾਂ ਨੂੰ ਰਾਹਤ ਮਿਲਦੀ । ਸਪੀਕਰ ਸਾਹਿਬ, ਅੱਜ ਇਸ ਤਰ੍ਹਾਂ ਦੀ ਹਾਲਤ ਹੈ ਕਿ ਸ਼ਾਮਲਾਤਾਂ ਉਤੇ ਲਗਾਤਾਰ ਕਬਜ਼ਿਆਂ ਦੀ ਗੱਲ ਹੋ ਰਹੀ ਹੈ । ਅੱਜ ਵੀ ਪੰਜਾਬ ਦੇ ਖੇਤ ਮਜ਼ਦੂਰ ਸਾਡੇ ਦਰਵਾਜ਼ੇ ਦੇ ਉਤੇ, ਪੰਜਾਬ ਦੀ ਅਸੈਂਬਲੀ ਦੇ ਸਾਹਮਣੇ ਦਰਖਾਸਤ ਦੇਣ ਲਈ ਆਏ ਹੋਏ ਹਨ । ਕਿਸ ਤਰ੍ਹਾਂ ਸਾਡੇ ਫਤਿਹਗੜ੍ਹ ਸਾਹਿਬ ਵਿਚ ਉਥੋਂ ਦੇ ਧਨੀ ਕਿਸਾਨਾ ਨੇ ਉਨ੍ਹਾਂ ਨੂੰ ਉਜਾੜ ਕੇ ਰੱਖ ਦਿੱਤਾ ਹੈ ਔਰ ਕਿਸ ਤਰ੍ਹਾਂ ਬਾਈਕਾਟ

ਹੋ ਰਹੇ ਹਨ । ਸਰਕਾਰ ਕਹਿੰਦੀ ਹੈ ਕਿ ਜੇਕਰ ਜੱਟ ਦਾ ਸੀਰੀ ਦੇ ਸਿਰ ਨਾਲ ਸਿਰ ਮਿਲ ਜਾਵੇ ਤਾਂ ਪੰਡ ਬਣ ਜਾਂਦੀ ਹੈ । ਕੀ ਕਾਰਣ ਹੈ, ਕੀ ਕਾਰਣ ਹੈ ਸਪੀਕਰ ਸਾਹਿਬ, ਕਿ ਉਥੋਂ ਦੇ ਲੋਕ ਸਾਡੇ ਕੋਲ ਆਉਣ ਲਈ ਮਜਬੂਰ ਹੋਏ ਹਨ । ਕਿਰਪਾ ਕਰਕੇ ਸਰਕਾਰ ਨੂੰ ਇਨ੍ਹਾਂ ਸਾਰੀਆਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ । ਧੰਨਵਾਦ ।

ਸ੍ਰੀ ਸਪੀਕਰ : ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ, ਬੀਬੀ ਜੀ, ਪੰਜ ਮਿੰਟ ਤੋਂ ਵੱਧ ਨਾ ਲੈਣਾ ।

श्रीमती लक्ष्मी कांता चावला (अमृतसरकेंद्रीय,) : अध्यक्ष महोदय जी, तमित्तण बिल पर जब हम सारा अपना खर्च करने की तैयारी कर रहे हैं, उस पर स्वीकृति दे रहे हैं, कुछ बातें जो पंजाब की और मेरे शहर की बजट में नहीं आई, उनकी तरफ मैं विशेष कर मुख्य मंत्री जी का ध्यान दिलाना चाहती हूं । पहली बात तो कुछ आमदन हो सकती है हमें, अमृतसर शहर का मुझे पता है कि पिछले समय में सत्ता के बल से वहां करोड़ों रुपये की जमीन पर नाजायज कब्जे किये गये हैं । अगर वह कब्जे छुड़वा दिये जाये तो राज्य कोष में और नगर निगम कोष में इतना पैसा आ सकता है कि अमृतसर के विकास के लिए यह नहीं हो सकता कि अगर जैनरेटर लगाने हैं तो छ: करोड़ रुपये नहीं हैं । नाजायज कब्जे अगर हमारी सरकार छुड़वा ले तो काफी फायदा हो सकता है । अमृतसर के बस स्टैंड से लगभग 1800 बसें हर रोज निकलती और आती हैं । उसकी स्थिति इतनी खस्ता है और पिछली सरकार यही कहती थी कि पैसा नहीं है । वहां लिखकर लगाया हुआ है कि यह खतरे वाली जगह है, यहां मत आईए । लेकिन मजबूरी के मारे लोग जाते हैं ।

शिक्षा के क्षेत्र में जहां 64 से 84 करोड़ रुपये का प्रावधान किया गया है वहां मेरे शहर के लिए कुछ नहीं रखा गया । सरकारी लड़कों का कालेज अमृतसर को चाहिए । कृप्या मुख्य मंत्री जी इसकी स्वीकृति दे दें और अभी जो सड़क की बात हो रही थी अमृतसर जालंधर सड़क पर अगर आप आंकड़े ले लें तो जितनी जालंधर से चण्डीगढ़ तक घटनायें होती हैं, और आदमियों की मौतें होती है, कोन इतनी अमृतसर और जालन्धर के मार्ग पर होती हैं । सरदार बेअंत सिंह के टाईम पर भी यह कहा गया था कि यह सड़क चार लेनज अभी नहीं बनानी हैं, पांच साल बाद बनायेंगे ।

मेरा निवेदन है अपने मुख्य मंत्री जी से कि इसका ध्यान रखें जो हमारे पैंशनर कर्मचारी हैं, उनकी डी. ऐ. की बहुत सी किशतें बाकी हैं । सबसे ज्यादा मार तो स्कूल अध्यापकों पर है । उनको केवल 97% महंगाई भत्ता मिला है और 73% महंगाई भत्ता उनका बाकी है । अंधे युवक जो हड़ताल पर हैं, अंध महा विद्यालय, अमृतसर पंजाब में अपने ढंग की एक संस्था है ।

[श्रीमती लक्ष्मी कांता चावला]

इसे 1995 की योजना के अंतर्गत ले लिया जाए जिस से अध्यापक और विद्यार्थी सुखी हो सकते हैं ।

पंजाब एक कृषि प्रधान प्रांत है । हमारा देश तो कृषि प्रधान है ही लेकिन पंजाब सब से ज्यादा कृषि प्रधान है । यहां से अगर हम अपने पशु बूचड़खानों में भेजेंगे तो हमें विदेशों से गोबर की खाद मंगवानी पड़ेगी जो कि समझदारी की बात नहीं होगी । पंजाब से गऊ धन धड़ा-धड़ बाहर जा रहा है । उन की चर्बी बाहर बहुत मंहगी बिकती है । जब बाहर से गोबर की खाद देश में आएगी तब वह वो वाली बात हो जाएगी कि उल्टे बांस बरेली को । उल्टी गंगा बहने लगेगी । सो मैं निवेदन करुंगी कि अपने पशु बूचड़खानों में भेजने बंद कर दें । इन पशुओं का मांस ईरान आदि अरब देशों में भेजा जाता है ।

आगे मैं बुढ़ापा पैंशन के बारे में बताना चाहती हूं कि यह स्कीम अभी तक शहरों में नहीं आई है । मैं निवेदन करुंगी कि 24 जून को विधान सभा जब यहां से उठ जाएगी तो शहरों के बुजुर्गों के लिए भी बुढ़ापा पैंशन लागू की जाए ।

अध्यक्ष महोदय, आगे मैं प्रदूषण के बारे में बात करना चाहती हूं । मुझे अभी तक यह पता नहीं चला कि पंजाब का प्रदूषण कंट्रोल बोर्ड पहले क्या करता था और अब क्या करता है । शोर प्रदूषण बहुत ज्यादा है, धुएं का प्रदूषण बहुत ज्यादा है, गंदगी का प्रदूषण बहुत ज्यादा है । इस के लिए अलग से फंड रखे जाने चाहिए । जिसे देखो, वह 24 घंटे लाऊड स्पीकर चला कर बैठा रहता है । हां, बैंकों और दुकान वालों की तो मजबूरी है कि उन्हें जैनरेटर चलाना पड़ता है । और खासतौर पर मैं बताना चाहती हूं कि अमृतसर का गंदा नाला जो कि पूरे शहर को घेरे बैठा है, उस से बीमारियां फैलती हैं जिस से कि लोग बहुत तंग हैं । मैं निवेदन करती हूं कि इस की तरफ ध्यान दिया जाए और जो जानवर बूचड़खानों में भेजे जाते हैं उन को बंद किया जाए । धन्यवाद ।

ਸ੍ਰੀ ਸਪੀਕਰ: ਗਰਚਾ ਸਾਹਿਬ, ਪੰਜ ਮਿੰਟ ਵਿੱਚ ਹੀ ਖ਼ਤਮ ਕਰਨਾ ਹੈ ।

ਸਰਦਾਰ ਜਗਦੀਸ਼ ਸਿੰਘ ਗਰਚਾ (ਕਿਲਾ ਰਾਏਪੁਰ): ਸਪੀਕਰ ਸਾਹਿਬ, ਮੈਂ ਆਪ ਦਾ ਬੜਾ ਧੰਨਵਾਦੀ ਹਾਂ । ਇਸ ਹਾਊਸ ਵਿੱਚ ਮੇਰੀ ਇਹ ਪਹਿਲੀ ਐਂਟਰੀ ਹੈ ਅਤੇ ਪਹਿਲੀ ਵਾਰ ਮੈਂ ਇਸ ਹਾਊਸ ਵਿਚ ਬੋਲਣ ਲਈ ਖੜ੍ਹਾ ਹੋਇਆ ਹਾਂ । ਸਭ ਤੋਂ ਪਹਿਲਾਂ ਮੈਂ ਧੰਨਵਾਦੀ ਹਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਅਤੇ ਭਾਰਤੀ ਜਨਤਾ ਅਤੇ ਉਨ੍ਹਾਂ ਦੀ ਸਮੁੱਚੀ ਇਕਾਈ ਦਾ, ਜਿਨ੍ਹਾਂ ਨੇ ਮੇਰੇ ਲਈ ਕਿਲਾ ਰਾਏਪੁਰ ਵਿੱਚ ਜਾ ਕੇ ਲੋਕਾਂ ਤੱਕ ਸਾਂਝਾ ਪ੍ਰੋਗਰਾਮ ਪਹੁੰਚਾਇਆ ਅਤੇ

ਲੋਕਾਂ ਨੂੰ ਦੱਸਿਆ । ਉਸ ਵੇਲੇ ਦੇ ਵੱਖ ਵੱਖ ਵਿਚਾਰਧਾਰਾ ਵਾਲੇ ਲੋਕ ਇਕੱਠੇ ਹੋ ਗਏ ਸਨ, ਇੱਕ ਜੁੱਟ ਹੋ ਗਏ ਸਨ, ਆਸਤਕ ਅਤੇ ਨਾਸਤਕ ਇਕੱਠੇ ਹੋ ਗਏ ਸਨ । ਜਿਨ੍ਹਾਂ ਪਾਰਟੀਆਂ ਨੇ ਸਾਡੇ ਖਿਲਾਫ ਮੁਹਾਜ ਖੜ੍ਹਾ ਕੀਤਾ ਸੀ ਉਨ੍ਹਾਂ ਦੇ ਵਿਰੋਧ ਵਿੱਚ ਇਨ੍ਹਾਂ ਦੋਨਾਂ ਪਾਰਟੀਆਂ ਦੇ ਲੀਡਰ ਸਾਹਿਬਾਨ ਦਾ ਮੈਂ ਬਹੁਤ ਧੰਨਵਾਦ ਕਰਦਾ ਹਾਂ । (ਥੰਪਿੰਗ) ਦੂਜਾ, ਮੈਂ ਧੰਨਵਾਦ ਕਰਦਾ ਹਾਂ ਕਿਲਾ ਰਾਏਪੁਰ ਦੇ ਸੈਂਕੜੇ ਸੁਘੜ ਵੋਟਰਾਂ ਦਾ, ਜਿਨ੍ਹਾਂ ਨੇ ਮੇਰੇ ਖਿਲਾਫ ਪ੍ਰਚਾਰ ਕਰਨ ਵਾਲਿਆਂ ਦੇ ਵਿਰੋਧ ਵਿੱਚ ਸਿਆਣਪ ਨਾਲ, ਉਤਸ਼ਾਹ ਨਾਲ ਬਹੁਤ ਵੱਡੇ ਫਰਕ ਨਾਲ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੀ ਸਾਂਝੀ ਸਰਕਾਰ ਦੀਆਂ ਪਾਲਿਸੀਆਂ ਤੇ ਇੱਕ ਬਹੁਤ ਵੱਡੀ ਮੁਹਰ ਲਗਾਈ ਅਤੇ ਉਸ ਦੀ ਪ੍ਰੋੜਤਾ ਕੀਤੀ । ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਦੇ 100 ਦਿਨ ਦੇ ਕੰਮ ਕਾਰ ਨੂੰ ਦੇਖ ਕੇ ਲੋਕਾਂ ਨੇ ਬਹੁਤ ਵੱਡਾ ਹੁੰਗਾਰਾ ਦਿੱਤਾ ।

ਇਸ ਹਾਊਸ ਦੇ ਵਿਚ ਜਿਹੜਾ ਬਜਟ ਕੈਪਟਨ ਸਾਹਿਬ ਨੇ ਪੇਸ਼ ਕੀਤਾ ਹੈ ਉਸ ਵਿਚ ਪਾਰਟੀ ਦੇ ਖਿਆਲਾਤ ਦੀ ਤਰਜਮਾਨੀ ਕੀਤੀ ਹੈ ਅਤੇ ਜਿਹੜੇ ਐਲਾਨ ਅਤੇ ਵਾਇਦੇ ਬਾਦਲ ਸਾਹਿਬ ਨੇ ਫਰਵਰੀ ਮਹੀਨੇ ਦੇ ਵਿਚ ਇਲੈਕਸ਼ਨਾਂ ਦੇ ਵਿਚ ਕੀਤੇ ਸਨ ਅਤੇ ਲੋਕਾਂ ਨੂੰ ਕਿਹਾ ਸੀ ਕਿ ਜਿਹੜਾ ਤੁਸੀਂ ਪਿਛਲੇ 14 ਸਾਲ, ਸੰਤਾਪ ਪੰਜਾਬ ਦੇ ਵਿਚ ਕੱਟਿਆ ਹੈ ਅਤੇ ਜਿਹੜੇ ਲੋਕ ਇਸ ਸੰਤਾਪ ਦੇ ਵਿਚ ਪ੍ਰਭਾਵਿਤ ਹੋਏ ਹਨ ਉਨ੍ਹਾਂ ਦੀ ਸਾਰ ਲੈਣ ਲਈ ਮੈਂ ਤੁਹਾਡੇ ਕੋਲ ਆਇਆ ਹਾਂ ਅਸੀਂ ਲੋਕਾਂ ਨੂੰ ਕਿਹਾ ਹਾਂ ਕਿ ਜਿਹੜੇ ਤੁਸੀਂ ਪਿਛਲੇ 14 ਸਾਲਾਂ ਤੋਂ ਦੁੱਖ ਅਤੇ ਤਕਲੀਫਾਂ ਦਾ ਸਾਹਮਣਾ ਕੀਤਾ ਹੈ, ਜ਼ੁਲਮ ਦਾ ਸਾਹਮਣਾ ਕੀਤਾ ਹੈ, ਉਹਨਾਂ ਜ਼ਖਮਾਂ ਉਤੇ ਮਲਹਮ ਲਗਾਉਣ ਲਈ ਤੁਸੀਂ ਸਾਨੂੰ ਤਾਕਤ ਦਿਓ ਤਾਕਿ ਅਸੀਂ ਤੁਹਾਡੀ ਮਦਦ ਕਰ ਸਕੀਏ ਅਤੇ ਜ਼ਖਮਾਂ ਉਤੇ ਮਲਹਮ ਲਗਾ ਸਕੀਏ । ਉਨ੍ਹਾਂ ਵਿਚਾਰਾਂ ਨੂੰ ਹੀ ਮੱਦੇ ਨਜ਼ਰ ਰਖਦੇ ਹੋਏ ਕੈਪਟਨ ਸਾਹਿਬ ਨੇ ਬੜੀ ਸੂਝ ਬੂਝ ਨਾਲ ਇਹ ਬਜਟ ਇਥੇ ਪੇਸ਼ ਕੀਤਾ ਹੈ ਇਸ ਬਜਟ ਦੇ ਵਿਚ ਬਿਜਲੀ ਅਤੇ ਖੇਤੀਬਾੜੀ ਉੱਤੇ ਬੜਾ ਧਿਆਨ ਦਿੱਤਾ ਗਿਆ ਹੈ ਅਤੇ ਬਾਕੀ ਦੇ ਮਹਿਕਮਿਆਂ ਵਿਚ ਵੀ ਪੈਸੇ ਦੀ ਕਾਫੀ ਪ੍ਰੋਵੀਜ਼ਨ ਕੀਤੀ ਗਈ ਹੈ ਤਾਂਕਿ ਪੰਜਾਬ ਦਾ ਹਰ ਵਰਗ ਤਰੱਕੀ ਕਰ ਸਕੇ । ਪਾਵਰ ਸੈਕਟਰ ਦੇ ਵੱਲ ਖਾਸ ਕਰਕੇ ਧਿਆਨ ਦਿੱਤਾ ਗਿਆ ਹੈ । ਪਿਛਲੇ 5 ਸਾਲਾਂ ਦੇ ਵਿਚ ਪਿਛਲੀ ਸਰਕਾਰ ਨੇ ਇਸ ਤਰਫ ਕੋਈ ਧਿਆਨ ਨਹੀਂ ਦਿੱਤਾ ਸੀ । ਪਿਛਲੀ ਸਰਕਾਰ ਨੂੰ 10% ਵੋਟਾਂ ਮਿਲੀਆਂ ਸਨ ਅਤੇ 10% ਵੋਟਾਂ ਦੇ ਸਿਰ ਤੇ ਇਨ੍ਹਾਂ ਨੇ ਸਾਰੇ ਪੰਜਾਬ ਵਿਚ ਰਾਜ ਕੀਤਾ । ਇਨ੍ਹਾਂ ਨੇ ਪਿਛਲੇ ਪੰਜ ਸਾਲਾਂ ਦੇ ਵਿਚ ਆਪਣੇ ਹੀ ਪੇਟ ਭਰੇ ਹਨ, ਪੰਜਾਬ ਨੂੰ ਲੁੱਟਿਆ ਹੈ ਪਰ ਪੰਜਾਬ ਦੀ ਕੋਈ ਤਰੱਕੀ ਨਹੀਂ ਕੀਤੀ । ਇਹ ਜਿਹੜਾ ਬੈਲੰਸਡ ਬਜਟ ਇਥੇ ਪੇਸ਼ ਕੀਤਾ ਗਿਆ ਹੈ ਇਸ ਨਾਲ ਪੰਜਾਬ ਦੇ ਹਰ ਖੇਤਰ ਵਿਚ ਤਰੱਕੀ ਹੋਵੇਗੀ । ਹਰ ਛੋਟੇ ਦੁਕਾਨਦਾਰ ਦੀ, ਛੋਟੇ ਕਿਸਾਨ ਦੀ, ਜ਼ਿਮੀਂਦਾਰ ਦੀ, ਕਾਰਖਾਨੇਦਾਰ ਦੀ, ਮਜ਼ਦੂਰ ਦੀ ਤਰੱਕੀ ਹੋਵੇਗੀ । ਦਲਿਤ ਵਰਗ ਦੀ, ਵਿਦਿਆਰਥੀ ਦੀ ਤਰੱਕੀ ਹੋਵੇਗੀ ਅਤੇ ਹਰ ਇਕ ਨੂੰ ਤਰੱਕੀ ਕਰਨ ਦਾ ਮੌਕਾ ਮਿਲੇਗਾ । ਮੈਂ ਇਸ ਬਜਟ ਦੀ ਪੁਰਜ਼ੋਰ ਸ਼ਬਦਾਂ ਦੇ ਨਾਲ ਪ੍ਰੋੜ੍ਹਤਾ ਕਰਦਾ ਹਾਂ ਅਤੇ ਇਸ ਬਜਟ ਉਤੇ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ । ਧੰਨਵਾਦ ।

Mr. Speaker: For approving the names of the Chairman and Members for the State Human Rights Commission, it is proposed

[Mr. Speaker]
to hold a meeting of the Committee comprising of C. M., Speaker of Legislative Assembly and Leader of the Opposition. After ascertaining the convenience of all the three Hon'ble Members of the Committee, the meeting has been fixed at 11.30 A. M. today i. e. 24th June, 1997 in the Chamber of Hon'ble Speaker in the Vidhan Sabha. The Hon'ble Members of the Committee are requested to attend the meeting.

ਸਰਦਾਰ ਗੁਲਜ਼ਾਰ ਸਿੰਘ ਰਣੀਕੇ (ਅਟਾਰੀ, ਐਸ. ਸੀ.). ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਦੇ ਵਿਚ ਇਸ ਬਜਟ ਉਤੇ ਬੋਲਣ ਲਈ ਸਮਾਂ ਦਿੱਤਾ ਹੈ । ਇਹ ਬਜਟ ਜੋ ਕੈਪਟਨ ਸਾਹਿਬ ਨੇ ਪੇਸ਼ ਕੀਤਾ ਹੈ, ਇਸ ਉਤੇ ਕਾਫੀ ਵਾਵੇਲਾ ਆਪੋਜੀਸ਼ਨ ਵਲੋਂ ਉਠਾਇਆ ਗਿਆ ਹੈ । ਕੇਂਦਰ ਅਤੇ ਪੰਜਾਬ ਦੇ ਵਿਚ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਰਹੀਆਂ ਹਨ ਅਤੇ ਇਨ੍ਹਾਂ ਨੇ 40-45 ਸਾਲ ਇਥੇ ਰਾਜ ਕੀਤਾ ਹੈ । ਸਪੀਕਰ ਸਾਹਿਬ, ਫਰਵਰੀ ਦੀਆਂ ਇਲੈਕਸ਼ਨਾਂ ਦੇ ਵਿਚ ਵੋਟਾਂ ਲੈਣ ਦੀ ਖਾਤਿਰ ਸਾਨੂੰ ਲੋਕਾਂ ਦੇ ਕੋਲ ਜਾਣ ਦਾ ਮੌਕਾ ਮਿਲਿਆ ਅਤੇ ਮੈਂ ਆਪਣੇ ਹਲਕੇ ਦੇ ਵਿਚ ਪਿੰਡਾਂ ਦੇ ਵਿਚ ਜਾ ਕੇ ਲੋਕਾਂ ਨੂੰ ਪੁੱਛਿਆ ਕਿ ਪਿਛਲੇ 40-45 ਸਾਲ ਇਥੇ ਕਾਂਗਰਸ ਪਾਰਟੀ ਦਾ ਰਾਜ ਰਿਹਾ ਹੈ, ਉਨ੍ਹਾਂ ਨੇ ਵੋਟਾਂ ਲੈਣ ਦੀ ਖਾਤਿਰ ਤੁਹਾਡੇ ਨਾਲ ਕਾਫੀ ਵਾਅਦੇ ਕੀਤੇ ਸਨ, ਉਨ੍ਹਾਂ ਨੇ ਤੁਹਾਨੂੰ ਕੀ ਕੀ ਦਿੱਤਾ ਹੈ ? ਸਪੀਕਰ ਸਾਹਿਬ, ਮੈਂ ਉਥੇ ਉਨ੍ਹਾਂ ਦੇ ਵਿਹੜਿਆਂ ਵਿਚ ਗਿਆ ਅਤੇ ਉਨ੍ਹਾਂ ਨੂੰ ਪੁਛਿਆ ਕਿ ਕਾਂਗਰਸ ਦਾ 40 ਸਾਲ ਰਾਜ ਰਿਹਾ ਹੈ, ਉਸਨੇ ਤੁਹਾਨੂੰ 40 ਸਾਲਾਂ ਵਿਚ ਕਿਹੜੀ ਚੀਜ਼ ਦਿੱਤੀ ਹੈ, ਉਹ ਵਿਖਾਓ । ਉਨ੍ਹਾਂ ਨੇ ਗਰੀਬ ਲੋਕਾਂ ਲਈ ਜਿਹੜੀ ਸਕੀਮ ਬਣਾਕੇ ਦਿੱਤੀ ਹੈ, ਉਹ ਦੱਸੋ । ਉਦੋਂ ਇਕ ਮਾਤਾ ਜੀ ਕਹਿਣ ਲਗੇ ਕਿ ਰਾਣੀਕੇ ਸਾਹਿਬ ਕਾਂਗਰਸ ਨੇ ਸਾਨੂੰ 4 ਥੰਮੀਆਂ ਦਿੱਤੀਆਂ ਹਨ । 40 ਸਾਲਾਂ ਵਿਚ ਕਾਂਗਰਸ ਸਰਕਾਰ ਨੇ ਗਰੀਬਾਂ ਵਾਸਤੇ ਕੁਝ ਨਹੀਂ ਕੀਤਾ । ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ 1977 ਵਿਚ ਢਾਈ ਸਾਲਾਂ ਵਾਸਤੇ ਆਈ ਸੀ ਤਾਂ ਉਸ ਵੇਲੇ ਖੰਡ ਪੰਜਾਬ ਵਿਚ ਢਾਈ ਰੁਪਏ ਕਿਲੋ ਵਿਕਦੀ ਸੀ । ਅੱਜ ਸਾਹਮਣੇ ਬੈਠੇ ਭਰਾ ਬੜਾ ਰੌਲਾ ਪਾ ਰਹੇ ਹਨ ਕਿ ਅਸੀਂ ਦਲਿਤ ਵਰਗਾਂ ਵਾਸਤੇ ਇਹ ਕੀਤਾ ਹੈ, ਉਹ ਕੀਤਾ ਹੈ । ਹੁਣ ਅਕਾਲੀ ਸਰਕਾਰ ਨੇ ਬਜਟ ਵਿਚ 5100/-ਰੁਪਏ ਪਛੜੇ ਵਰਗਾਂ ਦੀਆਂ ਲੜਕੀਆਂ ਦੀ ਸ਼ਾਦੀ ਵਾਸਤੇ ਸ਼ਗਨ ਦੇਣ ਦੀ ਸਕੀਮ ਸ਼ੁਰੂ ਕੀਤੀ ਹੈ ਅਤੇ 20 ਕਰੋੜ ਦਲਿਤ ਵਰਗਾਂ ਦੀ ਭਲਾਈ ਵਾਸਤੇ ਰਖਿਆ ਹੈ । ਚੌਧਰੀ ਜਗਜੀਤ ਸਿੰਘ ਜੀ ਬੋਲ ਰਹੇ ਸਨ ਕਿ ਕਰਜ਼ੇ ਦੀ ਰਕਮ ਵੱਧ ਨਹੀਂ ਰੱਖੀ ਪਰ ਅਕਾਲੀ ਸਰਕਾਰ ਨੇ ਮਕਾਨ ਬਣਾਉਣ ਲਈ ਦਲਿਤ ਵਰਗਾਂ ਵਾਸਤੇ 50,000/- ਰੁਪਏ ਦੀ ਸਬਸਿਡੀ ਦਿੱਤੀ ਹੈ । ਕਾਂਗਰਸ ਸਰਕਾਰ ਨੇ ਐਲਾਨ ਕੀਤਾ ਸੀ ਕਿ ਗਰੀਬ ਲੋਕਾਂ ਦੇ 5,000/-ਰੁਪਏ ਤਕ ਦੇ ਕਰਜ਼ੇ ਮਾਫ ਕਰ ਦੇਵਾਂਗੇ ਪਰ ਉਹ ਕਰਜ਼ੇ ਮਾਫ ਨਹੀਂ ਕੀਤੇ ਗਏ ਅਤੇ ਉਹ ਅੱਜ ਵਿਆਜ ਸਮੇਤ 40-40 ਹਜ਼ਾਰ ਰੁਪਏ

ਬਣ ਗਏ ਹਨ । ਇਸੇ ਤਰ੍ਹਾਂ ਪੰਜਾਬ ਦੀ ਕੋਈ ਡਿਵੈਲਪਮੈਂਟ ਨਹੀਂ ਹੋਈ ਅਤੇ ਸਾਰੀ ਡੀਵੈਲਪਮੈਂਟ ਬੰਦ ਹੋ ਗਈ । ਸਪੀਕਰ ਸਾਹਿਬ, 211 ਕਰੋੜ ਰੁਪਏ ਦਲਿਤ ਵਰਗਾਂ ਦੀ ਭਲਾਈ ਵਾਸਤੇ ਇਨ੍ਹਾਂ ਨੇ ਰੱਖੇ । ਇਕ ਦਲਿਤ ਵੀਰ ਸੰਤੋਖ ਸਿੰਘ ਸੀ । ਉਸ ਨੂੰ ਜਲੰਧਰ ਦੇ ਐਸ. ਐਸ. ਪੀ. ਨੇ ਕਿਹਾ ਕਿ ਲਿਖਕੇ ਦਿਓ ਕਿ ਉਸ ਦੀ ਜ਼ਮੀਨ ਹੜੱਪੀ ਗਈ ਸੀ । ਉਸ ਨੂੰ ਕੀ ਦਿੱਤਾ ?ਉਲਟਾ ਮਹਿਕਮੇ ਨੇ ਉਸ ਨੂੰ ਸਸਪੈਂਡ ਕਰ ਦਿੱਤਾ ਅਤੇ ਰਿਵਰਟ ਕਰਕੇ ਵਾਪਸ ਭੇਜ ਦਿੱਤਾ ।

ਇਸ ਤੋਂ ਬਾਦ ਜਦੋਂ ਸਰਕਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਸਰਕਾਰ ਆਈ ਤਾਂ ਬਾਦਲ ਸਾਹਿਬ ਨੇ ਕਿਹਾ ਕਿ ਅਗਰ ਕੋਈ ਦਲਿਤ ਵੀਰ ਕੋਈ ਵੀ ਕਰਜ਼ਾ ਲੈਣਾ ਚਾਹੁੰਦਾ ਹੈ ਤਾਂ ਉਹ ਸਿਰਫ ਤਿੰਨ ਰੁਪਏ ਦੇ ਐਫੀਡੇਵਿਟ ਦੇ ਦੇਵੇ ਕਿ ਮੇਰਾ ਕੱਚਾ ਮਕਾਨ ਹੈ ਅਤੇ ਮੈਂ ਕਰਜ਼ਾ ਲੈਣਾ ਹੈ । ਉਹ ਹੁਣ ਕਰਜ਼ਾ ਲੈ ਸਕਦਾ ਹੈ । ਇਹ ਜੋ ਨਵਾਂ ਬਜਟ ਆਇਆ ਹੈ ਉਸ ਵਿਚ ਪ੍ਰੋਵੀਜ਼ਨ ਹੈ ਕਿ 50,000/-ਰੁਪਿਆ ਕਰਜ਼ਾ ਦਲਿਤ ਵਰਗ ਦਾ ਗਰੀਬ ਆਦਮੀ ਲੈ ਸਕਦਾ ਹੈ । ਇਸ ਸਕੀਮ ਵਾਸਤੇ 60 ਕਰੋੜ ਰੁਪਿਆ ਇਸ ਬਜਟ ਵਿਚ ਦਲਿਤ ਵਰਗਾਂ ਦੇ ਲਈ ਰਖਿਆ ਗਿਆ ਹੈ । ਇਸ ਤਰ੍ਹਾਂ ਕਰਕੇ ਹੁਣ ਗਰੀਬ ਲੋਕਾਂ ਦੇ ਮਕਾਨ ਬਣ ਸਕਣਗੇ । ਕਾਂਗਰਸ ਵਾਲੇ 60 ਕਰੋੜ ਰੁਪਏ ਦੀ ਸ਼ਲਾਘਾ ਨਹੀਂ ਕਰਦੇ ਜੋ ਕਿ ਬਜਟ ਵਿਚ ਰੱਖਿਆ ਗਿਆ ਹੈ । ਤੁਸੀਂ ਪਿਛਲੇ 40-45 ਸਾਲਾਂ ਵਿਚ ਦਲਿਤ ਵਰਗਾਂ ਵਾਸਤੇ ਕੁਝ ਨਹੀਂ ਕੀਤਾ ਪਰ ਹੁਣ ਸ਼ਲਾਘਾ ਨਹੀਂ ਕਰਨੀ ਤਾਂ ਸਹਿਮਤੀ ਹੀ ਦੇ ਦਿਓ । (ਵਿਘਨ)

ਸ਼੍ਰੀ ਸਪੀਕਰ : ਤੁਹਾਡਾ ਇਕ ਮਿੰਟ ਰਹਿ ਗਿਆ ਹੈ ।

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ਸਪੀਕਰ ਸਾਹਿਬ, ਸਾਹਮਣੇ ਬੈਠੇ ਭਰਾ ਅਤੇ ਬੀਬੀ ਭੱਠਲ ਜੀ ਨੇ ਆਪਣੀ ਸਪੀਚ ਵਿਚ ਦੱਸਿਆ ਸੀ ਕਿ ਪਜਾਬ ਦੇ ਹਾਲਾਤ ਖਰਾਬ ਹੋ ਰਹੇ ਹਨ । ਪੰਜਾਬ ਦੇ ਹਾਲਾਤ ਕਿਸ ਨੇ ਖਰਾਬ ਕੀਤੇ ? ਹੁਣ ਬਿੱਲੀ ਥੈਲੇ ਵਿਚੋਂ ਬਾਹਰ ਆ ਰਹੀ ਹੈ । ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਬੜਾ ਵਾਵੇਲਾ ਚਲਿਆ ਹੈ । ਧਾਰਮਿਕ ਸਥਾਨ ਦੇ ਅੰਦਰ ਕੋਈ ਪਾਣੀ ਨਹੀਂ ਪੀ ਸਕਦਾ ਅਤੇ ਇਹ ਹਾਊਸ ਪਵਿੱਤਰ ਹੈ, ਇਥੇ ਵੀ ਕੋਈ ਹਾਊਸ ਵਿਚ ਪਾਣੀ ਨਹੀਂ ਪੀ ਸਕਦਾ । ਗੁਰਦੁਆਰਾ ਸਾਹਿਬ ਵੀ ਕੋਈ ਪਾਣੀ ਨਹੀਂ ਪੀ ਸਕਦਾ । ਅੰਮ੍ਰਿਤਸਰ ਵਿਚ ਕਾਂਗਰਸ ਵੀਰ ਫੜੇ ਗਏ ਹਨ ਅਤੇ ਇਥੇ ਇਨ੍ਹਾਂ ਨੂੰ ਹਾਊਸ ਵਿਚ ਸੱਚ ਬੋਲਣਾ ਚਾਹੀਦਾ ਹੈ । ਕਾਂਗਰਸ ਵੀਰਾਂ ਨੇ ਹੁਣ ਹਾਊਸ ਵਿਚ ਬਿਆਨ ਦੇ ਦਿੱਤਾ ਹੈ ਕਿ ਇਨਕੁਆਇਰੀ ਕਰਾਓ, ਕੋਈ ਗੱਲ ਨਹੀਂ ਹੈ । 1991 ਦੀਆਂ ਇਲੈਕਸ਼ਨਾਂ ਵਿਚ ਕਾਂਗਰਸ ਨੇ ਬਾਈਕਾਟ ਕੀਤਾ ਪਰ ਸ਼੍ਰੋਮਣੀ ਅਕਾਲੀ ਦਲ ਦੇ 29 ਉਮੀਦਵਾਰ ਸ਼ਹੀਦ ਹੋਏ ਸਨ । ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਇਲੈਕਸ਼ਨਾਂ ਦਾ ਬਾਈਕਾਟ ਕੀਤਾ ਤਾਂ ਇਨ੍ਹਾਂ ਦੇ ਕਿਸੇ ਕੁੱਤੇ ਨੂੰ ਵੀ ਝਰੀਟ ਤਕ ਨਹੀਂ ਆਈ । ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਦੇ ਸਰਦਾਰ ਬਲਵੀਰ ਸਿੰਘ, ਮਨਿਸਟਰ ਸੰਧੂ ਸਾਹਿਬ ਅਤੇ ਸਕੱਤਰ ਜੀ ਵੀ ਸ਼ਹੀਦ ਹੋਏ ਸਨ । ਇਨ੍ਹਾਂ ਇਲੈਕਸ਼ਨਾਂ ਵਿਚ ਖਲੀ ਦੇ ਬੱਕਰੇ ਜਿਹੜੇ

[ਸਰਦਾਰ ਗੁਲਜ਼ਾਰ ਸਿੰਘ ਰਣੀਕੇ]

ਬਣੇ ਉਹ ਅਕਾਲੀ ਦਲ ਦੇ ਮੈਂਬਰ ਹੀ ਬਣੇ। ਇਨ੍ਹਾਂ ਦਾ ਉਸ ਬਾਈਕਾਟ ਵਿਚ ਕੋਈ ਨੁਕਸਾਨ ਨਹੀਂ ਹੋਇਆ ਕਿਉਂ ਨਹੀਂ ਹੋਇਆ ਕਿਉਂਕਿ ਸਾਰੇ ਉਹ ਲੋਕ ਇਨ੍ਹਾਂ ਦੇ ਮੰਤਰੀਆਂ ਦੇ ਘਰਾਂ ਵਿਚ ਹੀ ਸਨ ਜਿਨ੍ਹਾਂ ਨੂੰ ਇਹ ਖਾੜਕੂ ਕਹਿੰਦੇ ਸਨ .....

ਸ਼੍ਰੀ ਸਪੀਕਰ ਰਣੀਕੇ ਜੀ, ਹੁਣ ਤੁਸੀਂ ਕਲੋਜ਼ ਕਰੋ।

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ਉਹ ਇਨ੍ਹਾਂ ਦੇ ਘਰਾਂ ਵਿਚੋਂ ਫੜੇ ਗਏ। ਸਪੀਕਰ ਸਾਹਿਬ, ਇਸ ਵੇਲੇ ਪੰਜਾਬ ਦੇ ਅੰਦਰ ਪੰਜਾਬ ਦੀ ਕੁੱਲ ਵਸੋਂ 2.3 ਕਰੋੜ ਹੈ ਜਿਸ ਵਿਚੋਂ ਅਨੁਸੂਚਿਤ ਜਾਤੀਆਂ ਦੀ ਵਸੋਂ 57 ਲੱਖ ਬਣਦੀ ਹੈ ਜੋ ਕਿ ਕੁਲ ਵਸੋਂ ਦਾ 28% ਬਣਦਾ ਹੈ। ਇਨ੍ਹਾਂ ਨੇ ਗਰੀਬਾਂ ਦੇ ਵਾਸਤੇ ਕੀ ਕੀਤਾ ? ਇਹ ਪਿਛਲੇ 50 ਸਾਲਾਂ ਤੋਂ ਨਾਹਰੇ ਮਾਰਦੇ ਆ ਰਹੇ ਹਨ। ਅੱਜ ਪੰਜਾਬ ਅੰਦਰ ਔਰਤਾਂ ਦੀ ਪੜ੍ਹਾਈ 33 ਕੁ ਪ੍ਰਤੀਸ਼ਤ ਅਤੇ ਦੂਜਿਆਂ ਦੀ 60 ਕੁ ਪ੍ਰਤੀਸ਼ਤ ਹੈ ਜਿਹੜੀ ਇਨ੍ਹਾਂ ਵੀਰਾਂ ਨੇ ਵਿੱਦਿਆ ਦੀ ਗੱਲ ਕੀਤੀ, ਇਨ੍ਹਾਂ ਵੀਰਾਂ ਨੂੰ ਪੁੱਛਿਆ ਜਾਵੇ ਕਿ ਜਿਹੜੇ ਪਹਿਲਾਂ ਬਾਦਲ ਸਰਕਾਰ ਨੇ ਆਦਰਸ਼ ਸਕੂਲ ਖੋਲ੍ਹੇ ਸਨ, ਉਹ ਕਿਉਂ ਬੰਦ ਕਰ ਦਿਤੇ ? ਹੁਣ ਫਿਰ ਬਾਦਲ ਸਰਕਾਰ ਨੇ ਆਦਰਸ਼ ਸਕੂਲਾਂ ਦੀ ਬਹੁਤ ਵਧੀਆ ਸਕੀਮ ਬਣਾ ਕੇ ਵਿਦਿਆ ਦਾ ਕਿੰਨਾ ਖਿਆਲ ਰੱਖਿਆ ਹੈ ਅਤੇ ਗਰੀਬਾਂ ਵਾਸਤੇ ਕਿੰਨਾਂ ਸੋਚਿਆ ਹੈ ਜੇ ਇਨ੍ਹਾਂ ਦੀ ਪਿਛਲੇ 40 ਸਾਲ ਦੀ ਰੇਸ਼ੋ ਦੇਖੀ ਜਾਵੇ ਤਾਂ 50% ਤੋਂ ਘੱਟ 33 ਕੁ ਪ੍ਰਤੀਸ਼ਤ ਰਹਿ ਗਈ ਹੈ। ਸਪੀਕਰ ਸਾਹਿਬ, ਕੈਪਟਨ ਕੰਵਲਜੀਤ ਸਿੰਘ ਜੀ ਨੇ ਜੋ ਬਜਟ ਪੇਸ਼ ਕੀਤਾ ਹੈ, ਉਸ ਵਿਚ ਫੋਕਲ ਪੁਆਇੰਟਾਂ ਦੀ ਵੀ ਵਿਵਸਥਾ ਹੈ ਜਿਹੜੇ ਕਿ ਇਹ ਪਹਿਲਾਂ ਖਾ ਗਏ ਸੀ, ਉਸ ਸਕੀਮ ਨੂੰ ਮੁੜ ਚਾਲੂ ਕੀਤਾ ਹੈ। ਪਹਿਲਾਂ ਬਾਦਲ ਸਰਕਾਰ ਨੇ ਗਰੀਬਾਂ ਨੂੰ ਭਾਂਡੇ ਦਿੱਤੇ, ਇਹ ਉਹ ਭਾਂਡੇ ਵੀ ਖਾ ਗਏ, ਧਰਮਸ਼ਾਲਾਵਾਂ ਦੀਆਂ ਦਰੀਆਂ ਲੈ ਗਏ। ਹੁਣ ਉਹ ਸਮਾਂ ਨਹੀਂ ਹੈ ....

ਸ਼੍ਰੀ ਸਪੀਕਰ : ਰਣੀਕੇ ਜੀ, ਹੁਣ ਤੁਸੀਂ ਬੈਠ ਜਾਓ।

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ਹੁਣ ਉਹ ਸਮਾਂ ਨਹੀਂ ਕਿ ਅਸੀਂ ਗਰੀਬ ਲੋਕਾਂ ਨੂੰ ਗੁਮਰਾਹ ਕਰ ਸਕੀਏ। ਸੋ, ਮੈਂ ਅੰਤ ਵਿਚ ਕੈਪਟਨ ਸਾਹਿਬ ਦਾ ਧੰਨਵਾਦ ਕਰਦਾ ਹਾਂ ਅਤੇ ਵਧਾਈ ਦੇਂਦਾ ਹਾਂ ਕਿ ਜਿਨ੍ਹਾਂ ਨੇ ਏਨਾ ਵਧੀਆ ਬਜਟ ਰਖਿਆ ਹੈ ਅਤੇ ਆਸ ਕਰਦਾ ਹਾਂ ਕਿ ਇਸ ਵਿਚ ਮੁਲਾਜ਼ਮਾਂ ਦਾ ਵੀ ਖਿਆਲ ਰੱਖਿਆ ਜਾਵੇਗਾ। ਮੈਂ ਫਿਰ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਬਜਟ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ। ਧੰਨਵਾਦ।

ਵਿੱਤ ਮੰਤਰੀ (ਕੈਪਟਨ ਕੰਵਲਜੀਤ ਸਿੰਘ) : ਸਪੀਕਰ ਸਾਹਿਬ, ਐਪਰੋਪਰੀਏਸ਼ਨ ਬਿੱਲ ਦੇ ਉਪਰ ਤੁਹਾਡੇ ਆਦੇਸ਼ ਮੁਤਾਬਿਕ ਬਹਿਸ ਹੋਈ। ਮੈਨੂੰ ਅੱਜ ਇਸ ਗੱਲ ਦਾ ਦੁੱਖ ਹੋਇਆ ਕਿ ਸ਼ੁਰੂਆਤ ਦੇ ਵਿਚ ਹੀ ਸਾਡੇ ਵਿਰੋਧੀ ਮੈਂਬਰ ਸਾਹਿਬਾਨ ਨੇ ਇਸ ਬਜਟ ਬਾਰੇ ਐਸੇ ਸ਼ਬਦ ਵਰਤੇ ਕਿ ਇਹ ** ਹੈ

---

* Expunged, as ordered by the Chair.

ਸ਼੍ਰੀ ਸਪੀਕਰ : ਉਹ ਸ਼ਬਦ ਐਕਸਪੰਜ ਕਰਾ ਦਿੱਤੇ ਸੀ ।

ਵਿੱਤ ਮੰਤਰੀ : ਦਿਸ਼ਾਹੀਨ ਹੈ । ਇਨ੍ਹਾਂ ਦੀ ਇਸ ਟਿੱਪਣੀ ਦਾ ਮੈਂ ਜਵਾਬ ਨਹੀਂ ਦੇਂਦਾ ।ਇਹ ਜਵਾਬ ਸਪੀਕਰ ਸਾਹਿਬ, ਅੱਜ ਪੰਜਾਬੀ ਦੇ ਮਸ਼ਹੂਰ ਅਖ਼ਬਾਰ 'ਪੰਜਾਬੀ ਟ੍ਰਿਬਿਊਨ' ਦੇ ਵਿਚ ਪੰਜਾਬ ਦੇ ਪ੍ਰਸਿੱਧ ਅਰਥ ਸ਼ਾਸਤਰੀ ਪ੍ਰੋਫੈਸਰ ਨਿਰਮਲ ਸਿੰਘ ਆਜ਼ਾਦ ਦੇ ਰਹੇ ਹਨ । ਉਹ ਪੰਜਾਬ ਬਜਟ ਬਾਰੇ ਲਿਖਦੇ ਹਨ "ਪੰਜਾਬ ਬਜਟ · ਵਿਕਾਸ ਦੀ ਪਲੇਠੀ ਪਹੁੰਚ" । ਮੈਂ ਸਿਰਫ ਉਸਦੇ ਵਿਚੋਂ ਇਕ ਸੈਨਟੈਂਸ ਪੜ੍ਹ ਕੇ ਸੁਣਾਵਾਂਗਾ ਕਿ "ਅਸਲ ਵਿਚ ਇਹ ਬਜਟ ਪੰਜਾਬ ਸਰਕਾਰ ਦੀ ਸਮਾਜੀ-ਤਰਜੀਹੀ ਦੀ ਪਹਿਲ-ਕਦਮੀ ਦੀ ਅੰਦਰੂਨੀ ਤਵੱਜੋ ਨੂੰ ਦਰਸਾਉਂਦਾ ਹੈ । ਇਸ ਤੋਂ ਇਲਾਵਾ ਇਹ ਦੱਸਦਾ ਹੈ ਕਿ ਇਹ ਅਕਾਲੀ-ਭਾਜਪਾ ਸਰਕਾਰ ਹੈ ਕੀ, ਤੇ ਕਿਉਂ । ਇਹ ਇਸ ਤੱਥ ਨੂੰ ਵੀ ਲਕੀਰਦਾ ਹੈ ਕਿ ਪੰਜਾਬ ਨੂੰ ਇਕ ਦ੍ਰਿਸ਼ਟੀਵਾਨ ਪਹੁੰਚ ਦੀ ਜ਼ਰੂਰਤ ਹੈ । ਇਹ ਮੰਨਣਾ ਬਣਦਾ ਹੈ ਕਿ ਵਿੱਤ ਮੰਤਰੀ ਦੀ ਤਾਕੀਦ ਆਰਥਿਕ ਵਿਕਾਸ ਲਈ ਹਾਸਲ ਸਮੇਂ ਤੇ ਸਾਧਨਾ ਸਬੰਧੀ ਸੰਭਾਵਨਾ ਵਿਚ ਵਿਚਰਦਿਆਂ ਤਾਂ ਦਰੁਸਤ ਦਿਸ਼ਾ ਵੱਲ ਹੈ ।"

ਸਪੀਕਰ ਸਾਹਿਬ, ਕਈ ਸਵਾਲ ਆਏ ਹਨ । ਇਕ ਸਵਾਲ ਇਹ ਵੀ ਆਇਆ ਹੈ ਕਿ 352 ਕਰੋੜ ਰੁਪਏ ਦਾ ਘਾਟਾ ਅਨਕਵਰਡ ਰੱਖਿਆ ਗਿਆ ਹੈ । ਉਸਦੇ ਬਾਰੇ ਮੈਂ ਦੱਸਣਾ ਚਾਹਵਾਂਗਾ ਕਿ ਪਿਛਲੇ ਸਾਲਾਂ ਵਿਚ ਸੇਲਜ਼ ਟੈਕਸ ਦੀ ਕੁਲੈਕਸ਼ਨ ਬਾਰੇ ਇਨ੍ਹਾਂ ਵੀਰਾਂ ਦੀ ਸਰਕਾਰ ਦੀ ਜੋ ਕਾਰਗੁਜ਼ਾਰੀ ਰਹੀ ਹੈ ਉਸ ਮੁਤਾਬਿਕ ਸਾਲ 1995-96 ਦੇ ਵਿਚ ਸੇਲਜ਼ ਟੈਕਸ ਦੀ ਕੁਲੈਕਸ਼ਨ ਵਿਚ ਵਾਧਾ ਮਾਈਨਸ 3% ਹੋਇਆ ਔਰ 1996-97 ਵਿਚ ਇਹ ਵਾਧਾ ਸਿਰਫ 7% ਹੋਇਆ ਜਦੋਂ ਕਿ ਸਾਡੇ ਨਾਲ ਦੇ ਸੂਬਿਆਂ ਵਿਚ ਹਰ ਸਾਲ ਸੇਲਜ਼ ਟੈਕਸ ਦੀ ਕੁਲੈਕਸ਼ਨ ਵਿਚ ਇਹ ਵਾਧਾ 16-17% ਹੁੰਦਾ ਹੈ । ਮਹਾਰਾਸ਼ਟਰ ਦੇ ਸੂਬੇ ਵਿਚ ਤਾਂ ਇਹ ਵਾਧਾ 24% ਤੱਕ ਵੀ ਹੁੰਦਾ ਹੈ । ਇਹ ਜਿਹੜਾ ਘਾਟਾ ਹੈ, ਇਸ ਨੂੰ ਇਨ੍ਹਾਂ ਟੈਕਸਾਂ ਦੀ ਕੁਲੈਕਸ਼ਨ ਵਧਾ ਕੇ ਪੂਰਾ ਕੀਤਾ ਜਾਵੇਗਾ ।

ਸਪੀਕਰ ਸਾਹਿਬ, ਜਿਹੜੀਆਂ ਤਜਵੀਜ਼ਾਂ ਮੈਂ ਪੇਸ਼ ਕੀਤੀਆਂ ਹਨ, ਮੈਨੂੰ ਸੰਤੁਸ਼ਟੀ ਹੈ ਕਿ ਉਨ੍ਹਾਂ ਦੇ ਨਾਲ ਪੰਜਾਬ ਦੀ ਇਕਨਾਮਿਕ ਐਕਟਿਵਿਟੀ ਦੇ ਵਿੱਚ ਵਾਧਾ ਹੋਵੇਗਾ ਅਤੇ ਉਸ ਵਾਧੇ ਦੇ ਸਿੱਟੇ ਵਜੋਂ ਸਰਕਾਰ ਦੀ ਆਮਦਨ ਦੇ ਵਿਚ ਵੀ ਵਾਧਾ ਹੋਵੇਗਾ । ਇਥੇ ਇਹ ਵੀ ਜ਼ਿਕਰ ਆਇਆ ਹੈ ਕਿ ਪੈਨਸ਼ਨਾਂ ਲਾਗੂ ਨਹੀਂ ਕੀਤੀਆਂ ਜਾਣਗੀਆਂ । ਮੈਂ ਕਲ੍ਹ ਵੀ ਇਸ ਦਾ ਜਵਾਬ ਦੇ ਚੁੱਕਾ ਹਾਂ ਕਿ ਪੈਨਸ਼ਨ ਦੇਣ ਦੀ ਜਿਹੜੀ ਸਕੀਮ ਸਾਡੀ ਸਰਕਾਰ ਨੇ ਬਣਾਈ ਹੈ, ਉਹ ਹਰ ਕੀਮਤ ਤੇ ਲਾਗੂ ਕੀਤੀ ਜਾਵੇਗੀ ਔਰ ਜਿੰਨੇ ਵੀ ਬਜ਼ੁਰਗ ਇਸ ਸਕੀਮ ਅਧੀਨ ਆਉਣਗੇ, ਉਨ੍ਹਾਂ ਨੂੰ ਘਰ ਬੈਠਿਆਂ ਪੈਨਸ਼ਨ ਦਿੱਤੀ ਜਾਵੇਗੀ । ਇਥੇ ਆਦਰਸ਼ ਸਕੂਲਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਅਤੇ 25 ਕਰੋੜ ਰੁਪਏ ਦਾ ਵੇਰਵਾ ਦਿੱਤਾ ਗਿਆ ਹੈ । ਇਥੇ ਇਸ ਸਬੰਧੀ ਕਲ੍ਹ ਇਕ ਪ੍ਰਸ਼ਨ ਉਠਿਆ ਸੀ ਅਤੇ ਮੈਂ ਉਦੋਂ ਵੀ ਜਵਾਬ ਦਿੱਤਾ ਸੀ ਕਿ 25 ਕਰੋੜ ਰੁਪਏ ਦੇ ਨਾਲ ਨਾਲ ਅਸੀਂ ਇਸ ਸਕੀਮ ਦੇ ਵਿਚ ਬਹੁਤ ਸਾਰੇ ਵਿਦਿਅਕ ਅਦਾਰੇ, ਬਹੁਤ ਸਾਰੇ ਇੰਡਸਟਰੀਅਲ ਹਾਊਸਿਜ਼ ਅਤੇ ਬਹੁਤ ਸਾਰੀਆਂ ਹੋਰ ਸੰਸਥਾਵਾਂ ਨੂੰ ਵੀ ਜੋੜਨਾ ਚਾਹੁੰਦੇ

[ਵਿੱਤ ਮੰਤਰੀ]

ਹਾਂ ਜਿਨ੍ਹਾਂ ਦੀ ਸਪੂਲੀਅਤ ਦੇ ਸਦਕਾ ਇਸ ਸਾਲ ਅਸੀਂ ਇਸ ਤਰ੍ਹਾਂ ਦੇ 17 ਸਕੂਲ ਪੰਜਾਬ ਵਿਚ ਖੋਲ੍ਹਾਂਗੇ। ਬਾਕੀ, ਸਾਡੇ ਮਾਨਯੋਗ ਮੈਂਬਰ ਸਾਹਿਬਾਨ ਨੇ ਅਨਾਊਂਸਮੈਂਟਸ ਦਾ ਜ਼ਿਕਰ ਕੀਤਾ ਹੈ। ਸਪੀਕਰ ਸਾਹਿਬ, ਦੁਨੀਆਂ ਦੇ ਵਿਚ ਇਕ ਪ੍ਰਸਿਧ ਕਿਤਾਬ ਛਪਦੀ ਹੈ –ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼' ਜਿਸ ਦੇ ਵਿੱਚ ਉਹ ਕੰਮ ਛਪਦੇ ਹਨ ਜਿਨ੍ਹਾਂ ਦੇ ਵਿਚ ਕਿਸੇ ਨੇ ਕੋਈ ਮਾਅਰਕਾ ਮਾਰਿਆ ਹੋਵੇ ਜਾਂ ਜਿਸ ਨੇ ਕੋਈ ਸਭ ਤੋਂ ਜ਼ਿਆਦਾ ਜਾਂ ਸਭ ਤੋਂ ਵੱਡੇ ਕੰਮ ਕੀਤੇ ਹੋਣ। ਜਿਹੜੀਆਂ ਪਿਛਲੀ ਸਰਕਾਰ ਨੇ ਅਨਾਊਂਸਮੈਂਟਾਂ ਕੀਤੀਆਂ ਸਨ, ਮੇਰਾ ਖਿਆਲ ਹੈ ਕਿ ਉਹ ਇਸ ਕਿਤਾਬ ਦੇ ਵਿਚ ਛਪਣ ਦੇ ਕਾਬਲ ਹਨ ਅਤੇ ਮੈਂ ਪੇਸ਼ਕਸ਼ ਕਰਾਂਗਾ ਕਿ ਉਹ ਇਸ ਕਿਤਾਬ ਦੇ ਵਿਚ ਦਰਜ ਕਰ ਲਈਆਂ ਜਾਣ। ਉਹ ਸਾਰੀਆਂ ਅਨਾਊਂਸਮੈਂਟਾਂ, ਅਨਾਊਂਸਮੈਂਟਾਂ ਹੀ ਰਹਿ ਗਈਆਂ। ਉਨ੍ਹਾਂ ਤੇ ਕੁਝ ਵੀ ਕੰਮ ਨਹੀਂ ਕੀਤਾ ਗਿਆ। ਸਪੀਕਰ ਸਾਹਿਬ, ਤੁਸੀਂ ਸਮੇਂ ਦੀ ਪਾਬੰਦੀ ਲਾਈ ਹੈ, ਇਸ ਕਰਕੇ ਮੈਂ ਵੀ ਸਮੇਂ ਦਾ ਖਿਆਲ ਰੱਖਾਂਗਾ। ਇਥੇ ਰੰਧਾਵਾ ਸਾਹਿਬ ਨੇ ਖੇਤ ਮਜ਼ਦੂਰਾਂ ਅਤੇ ਮੁਜ਼ਾਰਿਆਂ ਲਈ ਹਮਦਰਦੀ ਵਿਖਾਈ ਹੈ। ਮੈਂ ਇਨ੍ਹਾਂ ਦੀ ਯਾਦਦਹਾਨੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਇਹ ਅਕਾਲੀ ਦਲ ਹੀ ਹੈ ਜਿਸ ਨੇ ਇਨ੍ਹਾਂ ਲੋਕਾਂ ਦੀ ਭਲਾਈ ਵੱਲ ਤਵੱਜੋ ਦਿੱਤੀ ਹੈ। ਪੈਪਸੂ ਜਿਹੜਾ ਕਿ 1956 ਦੇ ਵਿਚ ਪੰਜਾਬ ਵਿਚ ਮਰਜ ਹੋ ਗਿਆ ਸੀ, ਵਿਚ 1952 ਵਿਚ ਪਹਿਲੀ ਸਰਕਾਰ ਅਕਾਲੀ ਦਲ ਦੀ ਬਣੀ ਸੀ ਔਰ ਉਸ ਸਰਕਾਰ ਦੇ ਵੇਲੇ ਹਿੰਦੁਸਤਾਨ ਦੇ ਵਿਚ ਇਹ ਪਹਿਲੀ ਗੱਲ ਹੋਈ ਸੀ ਕਿ ਟੈਨੈਂਸੀ ਐਕਟ ਬਣਾਇਆ ਗਿਆ ਸੀ ਅਤੇ ਪੈਪਸੂ ਦੇ ਵਿਚ ਮੁਜ਼ਾਰਿਆਂ ਤੇ ਖੇਤ ਮਜ਼ਦੂਰਾਂ ਨੂੰ ਆਪਣੀਆਂ ਜ਼ਮੀਨਾਂ ਦਾ ਮਾਲਕ ਬਣਾਇਆ ਗਿਆ ਸੀ। ਇਹ ਅਕਾਲੀ ਦਲ ਦੀ ਸਰਕਾਰ ਦੀ ਹੀ ਦੇਣ ਸੀ ਕਿ ਉਸ ਨੇ ਸਿਰਫ ਛੇ ਗੁਣਾਂ ਮਾਮਲਾ ਭਰਵਾ ਕੇ ਉਨ੍ਹਾ ਖੇਤ ਮਜ਼ਦੂਰਾਂ ਨੂੰ ਆਪਣੀਆਂ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ ਸੀ। (ਥੰਪਿੰਗ) ਇੰਨਾ ਹੀ ਨਹੀਂ, ਜਿਨ੍ਹਾਂ ਨੇ ਇਸ ਗੱਲ ਵਿਚ ਵੀ ਆਪਣੀ ਮੁਸ਼ਕਲ ਜ਼ਾਹਿਰ ਕੀਤੀ ਕਿ ਸਾਡੇ ਕੋਲ ਛੇ ਗੁਣਾਂ ਪੈਸੇ ਵੀ ਨਹੀਂ ਹਨ ਉਨ੍ਹਾਂ ਨੂੰ ਵੀ ਅਕਾਲੀ ਦਲ ਦੀ ਸਰਕਾਰ ਨੇ ਬਹੁਤ ਹੱਦ ਤੱਕ ਇਹ ਪੈਸੇ ਮੁਆਫ ਕਰਕੇ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ। ਅੱਜ ਮੈਂ ਇਹ ਗੱਲ ਕਹਾਂਗਾ ਕਿ ਜੇ ਅਮਲੀ ਰੂਪ ਦੇ ਵਿੱਚ ਕਿਸੇ ਨੇ ਪੰਜਾਬ ਦੇ ਅੰਦਰ ਖੇਤ ਮਜ਼ਦੂਰਾਂ ਨੂੰ ਮਾਲਕ ਬਣਾਇਆ ਹੈ, ਉਨ੍ਹਾਂ ਨੂੰ ਇਨਸਾਫ ਦਿੱਤਾ ਹੈ, ਉਨ੍ਹਾਂ ਦੇ ਹਕੂਕ ਉਨ੍ਹਾਂ ਨੂੰ ਦਿੱਤੇ ਹਨ ਤਾਂ ਸਪੀਕਰ ਸਾਹਿਬ, ਅਕਾਲੀ ਦਲ ਨੂੰ ਹੀ ਇਸ ਗੱਲ ਦਾ ਮਾਣ ਜਾਂਦਾ ਹੈ। ਇਨ੍ਹਾਂ ਦੇ ਪਿਤਾ ਔਰ ਇਨ੍ਹਾਂ ਦੀ ਪਾਰਟੀ ਉਸ ਵੇਲੇ ਸਾਡੇ ਨਾਲ ਸੀ। ਅਸੀਂ ਇਕੱਠੇ ਰਲ ਕੇ ਚਲਦੇ ਸੀ ਔਰ ਅੱਜ ਤੀਕਰ ਸਾਰੇ ਸੂਬਿਆਂ ਨੇ ਉਸ ਐਕਟ ਨੂੰ ਮੰਗਵਾ ਕੇ ਇਕ ਐਗਜ਼ਾਂਪਲ ਵਜੋਂ ਵਰਤਿਆ ਹੈ। ਮੈਂ ਇਹ ਕਹਾਂਗਾ, ਸਪੀਕਰ ਸਾਹਿਬ, ਕਿ ਸ਼੍ਰੋਮਣੀ ਅਕਾਲੀ ਦਲ ਚਾਹੇ ਦਲਿਤ ਹੋਵੇ, ਚਾਹੇ ਕਿਸਾਨ ਹੋਵੇ, ਚਾਹੇ ਵਪਾਰੀ ਹੋਵੇ ਚਾਹੇ ਮੁਲਾਜ਼ਮ ਹੋਵੇ ਹਰ ਇਕ ਦੇ ਹੱਕਾਂ ਦੀ ਰਾਖੀ ਕਰਨ ਵਾਸਤੇ ਹੈ ਔਰ ਹਰ ਵਿਅਕਤੀ ਨੂੰ ਅਸੀਂ ਵਧਣ ਫੁੱਲਣ ਲਈ, ਤਰੱਕੀ ਕਰਨ ਲਈ ਪੂਰਾ ਪੂਰਾ ਮੌਕਾ ਦਿਆਂਗੇ ਔਰ ਹਮੇਸ਼ਾਂ ਹੀ ਇਨਸਾਫ ਦੇਣ ਦਾ ਮੌਕਾ ਪ੍ਰਦਾਨ ਕਰਾਂਗੇ। ਇਨ੍ਹਾਂ ਸ਼ਬਦਾਂ ਦੇ ਨਾਲ ਸਪੀਕਰ ਸਾਹਿਬ, ਜਿਹੜੀਆਂ ਚੋ ਚਾਰ ਗੱਲਾਂ ਬਹਿਸ ਦੇ ਦੌਰਾਨ ਹਾਊਸ ਦੇ ਸਾਹਮਣੇ ਆਈਆਂ ਹਨ ਉਨ੍ਹਾਂ ਦਾ ਜਵਾਬ ਦਿੰਦੇ ਹੋਏ ਅਤੇ ਆਪਣਾ ਪੱਖ ਪੇਸ਼ ਕਰਦੇ ਹੋਏ ਮੈਂ ਸਮਾਪਤ ਕਰਦਾ ਹਾਂ।

Mr. Speaker : Question is—

That the Punjab Appropriation (No. 2) Bill be taken into consideration at once.

The motion was carried

Mr. Speaker: Now the House will proceed to consider the Bill clause by clause.

Clause 2

Mr. Speaker : Question is—

That Clause 2 stand part of the Bill.

The motion was carried.

Clause 3

Mr. Speaker: Question is—

That Clause 3 stand part of the Bill.

The motion was carried.

The Schedule

Mr. Speaker: Question is—

That the Schedule stand part of the Bill.

The motion was carried.

Clause 1

Mr Speaker. Question is—

That Clause I stand part of the Bill.

The motion was carried.

TITLE

Mr. Speaker: Question is—

That Title be the title of the Bill.

The motion was carried.

Mr. Speaker: Finance Minister Sahib to move that the Bill be passed.

Finance Minister (Captain Kanwaljit Singh): Sir, I beg to move—

That the Punjab Appropriation (No. 2) Bill be passed.

Mr. Speaker: Motion moved—

That the Punjab Appropriation (No. 2) Bill be passed.

Mr. Speaker: Question is—

That the Punjab Appropriation (No. 2) Bill be passed.

The motion was carried.

(Thumping)

LEGISLATIVE BUSINESS

(1) THE PUNJAB GENERAL SALES TAX (AMENDMENT) BILL, 1997

Mr. Speaker : Minister to introduce and move that the Punjab General Sales Tax (Amendment) Bill, 1997 be taken into consideration at once.

Finance Minister (Captain Kanwaljit Singh): Sir, I beg to introduce the Punjab General Sales Tax (Amendment) Bill.

Sir, I also beg to move—

> That the Punjab General Sales Tax (Amendment) Bill be taken into consideration at once.

Mr. Speaker: Motion moved—

> That the Punjab General Sales Tax (Amendment) Bill be taken into consideration at once.

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਦੂਸਰਾ ਬਿੱਲ ਵੀ ਮੂਵ ਕਰਾ ਲਵੋ। ਦੋਨਾਂ ਤੇ ਇਕੱਠੇ ਹੀ ਬਹਿਸ ਹੋ ਜਾਵੇਗੀ।

ਕਈ ਆਵਾਜ਼ਾਂ : ਠੀਕ ਹੈ ਜੀ।

(2) THE PUNJAB LAND REVENUE (ABOLITION) BILL, 1997.

Mr. Speaker: Minister to introduce and move the second Bill.

Minister for Food & Supplies & Parliamentary Affairs (Shri Madan Mohan Mittal) : Sir, I beg to introduce the Punjab Land Revenue (Abolition) Bill.

Sir, I also beg to move—

> That the Punjab Land Revenue (Abolition) Bill be taken into consideration at once.

Mr. Speaker: Motion moved—

> That the Punjab Land Revenue (Abolition) Bill be taken into consideration at once.

ਵਿੱਤ ਮੰਤਰੀ (ਕੈਪਟਨ ਕੰਵਲਜੀਤ ਸਿੰਘ): ਸਪੀਕਰ ਸਾਹਿਬ, ਜਿਹੜੀ ਇਕ ਅਮੈਂਡਮੈਂਟ ਮੈਂ ਪੇਸ਼ ਕੀਤੀ ਹੈ, ਉਸ ਦੇ ਵਿਚ ਪ੍ਰਿੰਟਿੰਗ ਮਿਸਟੇਕ ਹੈ। ਮੈਂ ਉਹ ਕੁਰੈਕਟ ਕਰਾਉਣਾ ਚਾਹੁੰਦਾ ਹਾਂ।

Finance Minister (Captain Kanwaljit Singh): I beg to move

(i) That in the proposed sub-section (1) of section 10 C, in line 12, for the words "one per centum", the words "two per centum" shall be substituted.

(ii) That in the proposed sub-section (2) of Section 10—C, in line 9, for the words "one per centum", the words "two per centum", shall be substituted.

ਸ੍ਰੀ ਸਪੀਕਰ : ਹੁਣ ਬੋਲ ਲਵੋ ਜੀ ਜੀ, ਅਰਸ਼ੀ ਸਾਹਿਬ । ਤੁਹਾਡਾ ਸਮਾਂ ਪੰਜ ਮਿੰਟ ਦਾ ਹੈ ।

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) : ਸਪੀਕਰ ਸਾਹਿਬ, ਜਦੋਂ ਕਿਸੇ ਬਿੱਲ ਤੇ ਬਹਿਸ ਹੁੰਦੀ ਹੈ ਤਾਂ ਮੈਂਬਰ ਲਈ ਟਾਈਮ ਲਿਮਟ ਨਹੀਂ ਹੁੰਦੀ । ਪਰ ਇਸ ਵਿਚ ਕੋਈ ਜ਼ਿਆਦਾ ਬੋਲਣ ਵਾਲੀ ਗੱਲ ਹੈ ਨਹੀਂ......

ਸ੍ਰੀ ਸਪੀਕਰ : ਇਸੇ ਕਰਕੇ ਹੀ ਮੈਂ ਪੰਜ ਮਿੰਟ ਕਿਹਾ ਹੈ ।

ਕਾਮਰੇਡ ਹਰਦੇਵ ਅਰਸ਼ੀ : ਇਸ ਲਈ ਮੈਂ ਕੇਵਲ 5-7 ਮਿੰਟ ਹੀ ਬੋਲਾਂਗਾ । ਸਪੀਕਰ ਸਾਹਿਬ, ਜਿਹੜੀ ਅਮੈਂਡਮੈਂਟ ਪੇਸ਼ ਕੀਤੀ ਗਈ ਹੈ, ਉਸ ਦੇ ਨਾਲ ਸਾਡਾ ਕੋਈ ਬੁਨਿਆਦੀ ਮੱਤਭੇਦ ਨਹੀਂ ਹੈ । ਇਸ ਨਾਲ ਤਾਂ ਪੂਰੀ ਤਰ੍ਹਾਂ ਸਹਿਮਤੀ ਹੈ । ਜਿਹੜਾ 'ਦਿ ਪੰਜਾਬ ਲੈਂਡ ਰੈਵੇਨਿਊ (ਐਬੋਲੀਸ਼ਨ) ਬਿੱਲ 1997' ਹੈ ਇਸ ਦੇ ਨਾਲ ਸਾਡੀ ਪੂਰੀ ਤਰ੍ਹਾਂ ਸਹਿਮਤੀ ਹੈ । ਇਹ ਮੰਗ ਬੜੇ ਚਿਰਾਂ ਤੋਂ ਸੀ । ਇਸ ਦੇ ਵਾਸਤੇ ਮੈਂ ਸਿਰਫ ਕੁਝ ਸ਼ਬਦ ਹੀ ਕਹਿਣਾ ਚਾਹਾਂਗਾ ਕਿ ਇਸ ਦੇ ਨਾਲ ਘੱਟੋ ਘੱਟ ਜਿਹੜੇ ਕਰਮਚਾਰੀ ਜਾਂ ਹੋਰ ਕੈਟਾਗਰੀ ਜਾਂ ਵਰਗ ਦੇ ਅਫਸਰ ਜਾਂ ਨੰਬਰਦਾਰ ਵਗੈਰਾ ਦੇ ਹਿੱਤ ਪ੍ਰਭਾਵਿਤ ਹੁੰਦੇ ਹਨ ਤਾਂ ਉਨ੍ਹਾਂ ਨੂੰ ਜ਼ਰੂਰ ਹਮਦਰਦੀ ਨਾਲ ਵੇਖ ਲਿਆ ਜਾਵੇ ।

ਦੂਸਰਾ, ਜਿਹੜੀ, 'ਦੀ ਪੰਜਾਬ ਜਨਰਲ ਸੇਲਜ਼ ਟੈਕਸ (ਅਮੈਂਡਮੈਂਟ)' ਲਿਆਂਦੀ ਗਈ ਹੈ, ਉਸ ਦੀ ਭਾਵਨਾ ਦੇ ਤਾਂ ਅਸੀਂ ਵਿਰੁੱਧ ਨਹੀਂ ਜਾਂ ਲੇਕਿਨ ਇਸ ਦੇ ਵਿਚ ਕੁਝ ਗੱਲਾਂ ਜਾਂ ਸੁਝਾਓ ਬਾਰੇ ਮੈਂ ਕਹਿਣਾ ਚਾਹਾਂਗਾ ਕਿ ਉਨ੍ਹਾਂ ਬਾਰੇ ਵੀ ਹਮਦਰਦੀ ਨਾਲ ਵਿਚਾਰ ਕੀਤਾ ਜਾਵੇ, ਉਨ੍ਹਾਂਨੂੰ ਕਨਸਿਡਰ ਕੀਤਾ ਜਾਵੇ । ਸਾਡਾ ਵਪਾਰੀ ਵਰਗ ਖਾਸ ਕਰਕੇ ਸੇਲਜ਼ ਟੈਕਸ ਦੇ ਮਾਮਲੇ ਵਿਚ ਬੜੀ ਦੇਰ ਤੋਂ ਇੰਤਜ਼ਾਰ ਕਰ ਰਿਹਾ ਸੀ ਕਿ ਇਸ ਸਿਸਟਮ ਨੂੰ ਸਟਰੀਮ ਲਾਈਨ ਤੇ ਲਿਆਂਦਾ ਜਾਵੇ । ਜੋ ਇਸ ਵਿਚ ਉਹ ਮੁਸ਼ਕਲਾਂ ਫੱਸ ਕਰ ਰਹੇ ਸਨ, ਪ੍ਰਾਬਲਮੰਜ਼ ਦਾ ਸਾਹਮਣਾ ਕਰ ਰਹੇ ਸਨ, ਉਨ੍ਹਾਂ ਦਾ ਸਹੀ ਰਿਫਲੈਕਸ਼ਨ ਇਸ ਅਮੈਂਡ-ਮੈਂਟ ਵਿਚ ਦੇਖਣ ਨੂੰ ਨਹੀਂ ਮਿਲਦਾ । ਇਸ ਵਿਚ ਤਾਂ ਸੀਮਤ ਜਿਹੀਆਂ ਤਜਵੀਜ਼ਾਂ ਰੱਖੀਆਂ ਗਈਆਂ ਹਨ । ਇਹ ਠੀਕ ਹੈ ਕਿ ਜਦੋਂ ਇਹ ਅਮੈਂਡਮੈਂਟ ਪਾਸ ਹੋ ਕੇ ਐਕਟ ਬਣ ਜਾਵੇਗੀ ਅਤੇ ਬਿੱਲ ਦਾ ਪਾਰਟ ਬਣ ਜਾਵੇਗੀ ਤਾਂ ਇਸ ਵਿਚ ਜਿਹੜਾ ਰੈਵੇਨਿਊ ਪਹਿਲਾਂ ਆਉਂਦਾ ਸੀ, ਉਸ ਵਿਚ ਕੁਝ ਵਾਧਾ ਹੋਵੇਗਾ । ਪਰ ਇਸ ਵਿਚ ਉਹ ਸਾਰਾ ਰਿਫਲੈਕਸ਼ਨ ਵੇਖਣ ਨੂੰ ਨਹੀਂ ਮਿਲਦਾ । ਠੇਕੇਦਾਰ ਉਤੇ ਟੈਕਸ ਤਾਂ ਪਹਿਲਾਂ ਹੀ ਲਗਦਾ ਹੈ । 1987 ਤੋਂ ਲੈ ਕੇ 1997 ਤੱਕ ਦੀ ਜੇ ਕਾਰਗੁਜ਼ਾਰੀ ਵੇਖੀਏ ਤਾਂ ਉਹ ਨਥਿੰਗ ਹੈ । ਇਸ ਵਿਚ ਜਿਹੜਾ ਰੈਵੇਨਿਊ ਲੈਣ ਦਾ ਤਰੀਕਾ ਪਹਿਲਾਂ ਸੀ ਉਹ ਡਿਫੈਕਟਿਵ ਸੀ । ਜਿੰਨੀ ਰਿਸੀਟ ਆਉਣੀ ਚਾਹੀਦੀ ਸੀ ਉਹ ਨਹੀਂ ਸੀ ਆਉਂਦੀ । ਇਹ ਜਿਹੜੀ ਅਮੈਂਡਮੈਂਟ ਹੈ ਇਹ ਪ੍ਰਾਗਰੈਸਿਵ ਹੈ । ਇਸ ਨਾਲ ਰੈਵੇਨਿਊ ਜ਼ਿਆਦਾ ਆਵੇਗਾ । ਲੇਕਿਨ ਇਸ ਦੇ ਵਿਚ ਵੀ ਮੈਂ ਸਮਝਦਾ ਹਾਂ ਕਿ 2-4 ਤਰੁੱਟੀਆਂ ਹਨ ਜਿਨ੍ਹਾਂ ਨੂੰ ਜਿਵੇਂ ਤੁਸੀਂ ਮੁਨਾਸਿਬ ਸਮਝ, ਉਨ੍ਹਾਂ ਦਾ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਅਤੇ ਉਹ ਗੱਲਾਂ ਵੀ ਇਸ ਵਿਚ ਪਾ ਲੈਣੀਆਂ

[ਕਾਮਰੇਡ ਹਰਦੇਵ ਅਰਸ਼ੀ]

ਚਾਹੀਦੀਆਂ ਹਨ । ਇਹ ਤਾਂ ਠੀਕ ਹੈ ਕਿ ਇਸ ਵਿਚ ਹੁਣ ਪ੍ਰੋਵੀਜ਼ਨ ਕਰ ਦਿਤੀ ਗਈ ਹੈ ਕਿ ਜਿਸ ਵੇਲੇ ਠੇਕੇਦਾਰ ਕੋਲੋਂ ਕਿਸੇ ਵੀ ਰੂਪ ਵਿਚ ਪੇਮੈਂਟ ਆਵੇਗੀ, ਲੈਣ ਦੀ ਜਾਂ ਦੇਣ ਦੀ ਅਤੇ ਚਾਹੇ ਉਹ ਕੋਈ ਵੀ ਪਾਰਟੀ ਹੋਵੇ ਏ ਜਾਂ ਬੀ, ਉਸ ਸਮੇਂ ਘੱਟੋ ਘੱਟ ਇਕ ਪ੍ਰਤੀਸ਼ਤ ਪਹਿਲਾਂ ਹੀ ਕੱਟ ਲਿਆ ਜਾਵੇਗਾ । ਪਿਛਲੇ ਸਮੇਂ ਵਿਚ ਇਹ ਪ੍ਰੋਵੀਜ਼ਨ ਨਹੀਂ ਸੀ । ਮਗਰੋਂ ਜਿੰਨੀਆਂ ਮਰਜ਼ੀ ਅਸੀਂ ਚਿੱਠੀਆਂ ਪਾਈ ਜਾਂਦੇ ਸੀ ਜਾਂ ਜੋ ਮਰਜ਼ੀ ਕਰਦੇ ਸੀ ਪਰ ਉਹ ਰਕਮ ਨਹੀਂ ਸੀ ਆਉਂਦੀ । ਪਰ ਇਸ ਦੇ ਵਿਚ ਇਕ ਦਿੱਕਤ ਹੈ ਜਿਹੜੀ ਕਿ ਜ਼ਰੂਰ ਵਿਚਾਰੀ ਜਾਣੀ ਚਾਹੀਦੀ ਹੈ, ਉਹ ਇਹ ਹੈ ਕਿ ਠੇਕੇਦਾਰਾਂ ਤੋਂ ਜੋ ਸੇਲਜ਼ ਟੈਕਸ ਹੈ, ਇਸ ਦੀ ਪ੍ਰਾਪਰ ਅਸੈਸਮੈਂਟ ਕਰਨੀ ਅਤੇ ਪ੍ਰਾਪਰ ਕੈਲਕੁਲੇਟ ਕਰਨਾ ਕਿ ਐਕਚੂਅਲ ਬਣਦਾ ਕਿਤਨਾ ਹੈ, ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਉਹ ਪਰਪਜ਼ ਹੱਲ ਨਹੀਂ ਹੁੰਦਾ । ਇਹ ਠੀਕ ਹੈ ਕਿ ਠੇਕੇਦਾਰਾਂ ਤੇ ਅਗਰ ਸੇਲਜ਼ ਟੈਕਸ ਲਗਾਉਣਾ ਹੈ ਤਾਂ ਮੈਂ ਸਮਝਦਾ ਹਾਂ ਉਸ ਦੇ ਵਿਚ ਕੋਰਟਾਂ ਦੀਆਂ ਵੀ ਕਈ ਜਜਮੈਂਟਸ ਹਨ । ਉਸ ਦੀ ਟੋਟਲ ਕਾਸਟ ਵਿਚ ਲੇਬਰ ਖਰਚ ਤਾਂ ਹੋਵੇਗਾ, ਲੇਬਰ ਦੇ ਵਿਚ ਅਸੀਂ ਸੇਲਜ਼ ਟੈਕਸ ਵੱਖਰਾ ਨਹੀਂ ਲਗਾ ਸਕਦੇ । ਫੇਰ ਇਕੱਲਾ ਜਿਹੜਾ ਮਾਲ ਹੈ, ਉਸਾਰੀ ਜਿਹੜੀ ਵੀ ਹੋਵੇਗੀ ਉਸ ਦੇ ਵਿਚ ਵੀ ਡਿਫਰੈਂਟ ਕਿਸਮ ਦੇ ਰੇਟ ਹਨ, ਸੀਮਿੰਟ ਤੇ ਹੋਰ ਹੈ, ਲੋਹੇ ਤੇ ਹੋਰ ਹੈ, ਫੇਰ ਉਨ੍ਹਾਂ ਤੇ ਕੈਲਕੁਲੇਟ ਕਰਨ ਵਿਚ ਵੀ ਮੁਸ਼ਕਲ ਪੇਸ਼ ਆਵੇਗੀ । ਸਾਡੀ ਗੁਆਂਢੀ ਸਟੇਟ ਦਾ ਇਕ ਐਕਸਪੀਰੀਐਂਸ ਹੈ ਕਿ ਟੋਟਲ ਜਿੰਨੇ ਦਾ ਠੇਕਾ ਦਿੱਤਾ ਗਿਆ ਹੈ, ਮੰਨ ਲਵੋ ਕਿ 10 ਲੱਖ ਦਾ ਹੈ ਤਾਂ ਟੈਕਸ ਉਸਦਾ 2% ਹੈ ਅਤੇ ਉਨ੍ਹਾਂ ਦੀ ਇਸ ਅਮੈਂਡਮੈਂਟ ਔਰ ਪ੍ਰੋਵੀਜ਼ਨ ਤੋਂ ਬਾਅਦ ਰੈਵੇਨਿਊ ਰਿਸੀਟ ਕਾਫੀ ਵੱਧ ਗਈ ਹੈ । ਜਿਵੇਂ ਤੁਸੀਂ ਸੋਧ ਕਰਨ ਲੱਗੇ ਸੀ, ਜੇ ਥੋੜ੍ਹੀ ਹੋਰ ਸਰਲ ਕਰ ਦਿੰਦੇ ਤਾਂ ਸਾਨੂੰ ਵੀ ਬਹੁਤੀਆਂ ਬਰੀਕੀਆਂ ਵਿਚ ਨਾ ਜਾਣਾ ਪੈਂਦਾ ਅਤੇ ਦੇਣ ਵਾਲੇ ਵੀ ਜ਼ਿਆਦਾ ਮਹਿਸੂਸ ਨਾ ਕਰਦੇ ਅਤੇ ਇਸਦੇ ਨਾਲ ਸਰਕਾਰ ਨੂੰ ਵੀ ਫਾਇਦਾ ਹੋ ਸਕਦਾ ਸੀ । ਮੈਂ ਸਮਝਦਾ ਹਾਂ ਕਿ ਸੇਲਜ਼-ਟੈਕਸ ਜਿਹੜੇ ਦੇਣ ਵਾਲੇ ਹਨ ਉਨ੍ਹਾਂ ਨੂੰ ਵੀ ਇਸ ਦਾ ਕਾਫੀ ਲਾਭ ਹੋ ਸਕਦਾ ਸੀ । ਮੈਂ ਸਮਝਦਾ ਹਾਂ ਕਿ ਇਸ ਗੱਲ ਨੂੰ ਵੀ ਜ਼ਰੂਰ ਵਿਚਾਰ ਲੈਣਾ ਚਾਹੀਦਾ ਹੈ । ਚਲੋ, ਰਿਕਵਰੀ ਦਾ ਤਾਂ ਪਾਰਟ ਨਹੀਂ, ਬਹੁਤ ਸਾਰਾ ਏਰੀਅਰ ਤਾਂ ਸ਼ੂਗਰ ਮਿਲਜ਼ ਦੇ ਮਾਮਲੇ ਵਿਚ ਪਿਆ ਹੈ, ਉਨ੍ਹਾਂ ਤੋਂ ਵੀ ਲੈਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਇਸ ਦਾ ਸੈਕਿੰਡ ਪਾਰਟ ਜਿਹੜਾ ਹੈ ਅਮੈਂਡਮੈਂਟ ਦਾ, ਜਿਸ ਰਾਹੀਂ ਇਹ ਪ੍ਰਬੰਧ ਕੀਤਾ ਗਿਆ ਹੈ ਕਿ ਪੰਜਾਬ ਦੇ ਜਿਹੜੇ ਵਪਾਰੀ ਹਨ, ਪਿਛਲੇ ਸਮੇਂ ਦੇ ਮੁਕਾਬਲੇ ਵਿਚ ਕੁਝ ਬੈਟਰ ਹੋਣ ਪਰ ਇਹ ਸੋਧ ਵੀ ਪੂਰੀ ਤਰ੍ਹਾਂ ਠੀਕ ਨਹੀਂ ਹੈ । ਇਸਦੇ ਵਿਚ ਠੀਕ ਹੈ ਕਿ ਜਿਹੜਾ ਜ਼ਮਾਨਤੀ ਬਾਂਡ ਤੁਸੀਂ ਰੱਖਿਆ ਹੈ ਕਿ 15/- ਰੁਪਏ ਦੇ ਅਸ਼ਟਾਮ ਤੇ ਕੋਈ ਵੀ ਜ਼ਮਾਨਤ ਦੇ ਸਕਦਾ ਹੈ । ਪਹਿਲਾਂ ਸਿਰਫ ਕੈਸ਼ ਦੇ ਰੂਪ ਵਿਚ ਜਾਂ ਬੈਂਕ ਗਰੰਟੀ ਦੇ ਰੂਪ ਵਿਚ ਦਿੱਤੀ ਜਾ ਸਕਦੀ ਸੀ । ਹੁਣ ਤੁਸੀਂ ਉਸ ਸਬੰਧੀ ਤੀਸਰੀ ਐਡੀਸ਼ਨ ਕਰ ਦਿਤੀ ਹੈ । ਪਹਿਲਾਂ ਕੈਸ਼ ਦੇ ਮਾਮਲੇ ਵਿਚ ਬੜੀ ਬਾਰਗੇਨਿੰਗ ਹੋਇਆ ਕਰਦੀ ਸੀ, ਇਥੇ ਬੜੇ ਵਪਾਰੀ ਭਰਾ ਬੈਠੇ ਹਨ, ਇਨ੍ਹਾਂ ਕੋਲ ਵੀ ਲੋਕ ਆ ਕੇ

ਦੱਸਦੇ ਹੋਣਗੇ ਅਤੇ ਗੌਰਮਿੰਟ ਨੂੰ ਜੋ ਰਿਸੀਟ ਮਿਲਦੀ ਸੀ ਉਹ ਬਹੁਤ ਘੱਟ ਮਿਲਦੀ ਸੀ। ਹੁਣ ਮੈਂ ਜਿੰਨਾ ਪੜ੍ਹਿਆ ਕਿ ਇਸ ਸੋਧ ਲਿਆਉਣ ਦੇ ਘੱਟੋ ਘੱਟ ਉਦੇਸ਼ ਕੀ ਹਨ, ਉਸਦੇ ਮੁਤਾਬਿਕ ਇਹ ਸਰਲ ਤਾਂ ਜ਼ਰੂਰ ਹੈ, ਪਰ ਫਿਰ ਵੀ ਇਸ ਗੱਲ ਨੂੰ ਵਿਚਾਰ ਲੈਣਾ ਚਾਹੀਦਾ ਹੈ ਕਿ ਇਕੱਲਾ ਜੋ ਜ਼ਮਾਨਤੀ ਬਾਂਡ ਹੈ, ਉਸੇ ਨੂੰ ਹੀ ਆਧਾਰ ਬਣਾ ਲਿਆ ਜਾਵੇ ਤਾਂ ਚੰਗਾ ਹੈ। ਥੱਲੇ ਪ੍ਰੈਕਟੀਕਲ ਇਹ ਹੈ ਕਿ ਜੇ ਕਿਸੇ ਟਰੇਡਰ ਦਾ ਮਾਲ ਪਕੜਿਆ ਗਿਆ ਅਤੇ ਉਹ ਸ਼ੋਰਟੀ ਬਾਂਡ ਦੇਣ ਲਈ ਤਿਆਰ ਹੈ ਲੇਕਿਨ ਜਿਹੜੇ ਸਬੰਧਤ ਅਫਸਰ ਹਨ, ਉਹ ਕਈ ਵਾਰੀ ਇੰਨੀ ਜ਼ਿਆਦਾ ਹਰਾਸਮੈਂਟ ਕਰਦੇ ਹਨ, ਕਿਉਂਕਿ ਟਰੇਡਰ ਤਾਂ ਵਿਚਾਰਾ ਫਸਿਆ ਹੋਇਆ ਹੁੰਦਾ ਹੈ ਅਤੇ ਉਹ ਲਿਖ ਕੇ ਲੈ ਲੈਂਦੇ ਹਨ ਕਿ ਇਸ ਦੀ ਕੋਈ ਸ਼ੋਰਟੀ ਜਾਂ ਜ਼ਮਾਨਤ ਨਹੀਂ ਦੇਣੀ ਚਾਹੁੰਦਾ। ਇਸ ਕਰਕੇ ਉਸਦਾ ਮਾਲ ਕਈ ਵਾਰ ਤਾਂ ਚਾਰ-ਚਾਰ, ਪੰਜ-ਪੰਜ ਦਿਨ ਉਥੇ ਹੀ ਪਿਆ ਰਹਿੰਦਾ ਹੈ ਅਤੇ ਉਸਤੇ ਕਈ ਗੁਣਾ ਖਰਚੇ ਵੀ ਵਧਦੇ ਹਨ। ਜੇ ਇਸ ਦੇ ਵਿਚ ਇਕੋ ਹੀ ਪ੍ਰੋਵੀਜ਼ਨ ਹੋਵੇ ਤਾਂ ਚੰਗਾ ਹੈ। ਮੈਂ ਸਪੀਕਰ ਸਾਹਿਬ, ਦੋ ਅਮੈਂਡਮੈਂਟਸ ਦਿੱਤੀਆਂ ਸਨ, ਉਨ੍ਹਾਂ ਦਾ ਮੈਨੂੰ ਅਜੇ ਤੱਕ ਰਿਪਲਾਈ ਨਹੀਂ ਮਿਲਿਆ ਅਤੇ ਨਾ ਹੀ ਉਹ ਸਰਕੂਲੇਟ ਹੋਈਆਂ ਹਨ। ਇਸ ਗੱਲ ਨੂੰ ਮੈਂ ਸਮਝਦਾ ਹਾਂ ਕਿ ਜ਼ਰੂਰ ਧਿਆਨ ਵਿਚ ਰਖਿਆ ਜਾਵੇ। ਮੇਰੇ ਕਹਿਣ ਦਾ ਭਾਵ ਹੈ ਕਿ ਤੁਸੀਂ ਸ਼ੋਰਟੀ ਬਾਂਡ ਵਾਲੀ ਗੱਲ ਇਸ ਵਿਚ ਤਾਂ ਦਿੱਤੀ ਹੈ। ਸਿਰਫ ਇਸ ਨੂੰ ਹੀ ਗਰੰਟੀ ਮੰਨਿਆ ਜਾਵੇ ਅਤੇ ਇਸ ਤੇ ਹੀ ਮਾਲ ਛੱਡਿਆ ਜਾਇਆ ਕਰੇ। ਇਸ ਵਿਚ ਕਿਸੇ ਕਿਸਮ ਦਾ ਕੋਈ ਹੋਰ ਕਿੰਤੂ ਪਰੰਤੂ ਨਾ ਹੋਵੇ। ਇਸੇ ਸਬੰਧ ਵਿਚ ਮੈਂ ਇਕ ਹੋਰ ਸੁਝਾਓ ਦੇਣਾ ਚਾਹੁੰਦਾ ਹਾਂ ਜੋ ਕਿ ਬਹੁਤ ਜ਼ਰੂਰੀ ਹੈ। ਪ੍ਰੈਕਟੀਕਲੀ ਵੇਖਿਆ ਜਾਵੇ ਤਾਂ ਸਾਡੀ ਰੈਵੇਨਿਊ ਰਿਸੀਟ ਇਸ ਮਾਮਲੇ ਵਿਚ ਜ਼ਿਆਦਾ ਵਧੇਗੀ। ਹੁਣ ਦੀ ਜੋ ਪ੍ਰੋਵੀਜ਼ਨ ਹੈ ਉਸ ਦੇ ਵਿਚ ਇਹ ਹੈ ਕਿ ਅਸੀਂ ਆ ਕੇ ਦੱਸ ਦਿੱਤਾ ਕਿ 15 ਤੋਂ 20 ਪ੍ਰਤੀਸ਼ਤ ਤੱਕ ਜੋ ਟੋਟਲ ਮਾਲ ਦੀ ਕਾਸਟ ਹੈ ਕਿਸੇ ਟਰੇਡਰ ਦੀ, ਉਹ ਸਾਰੇ ਮਾਲ ਦੀ ਕਾਸਟ ਕੱਢ ਕੇ, ਇਹ ਉਸਦੀ ਮਰਜ਼ੀ ਹੈ ਕਿ ਉਹ 30 ਲਗਾ ਸਕਦਾ ਹੈ, ਫਿਰ 15 ਤੋਂ ਲੈ ਕੇ 30 ਤੱਕ ਵੀ ਲਗਾ ਸਕਦਾ ਹੈ, ਜੇ 5 ਲੱਖ ਦਾ ਕਿਸੇ ਦਾ ਮਾਲ ਹੈ, ਫਿਰ 30% ਨਾਲ ਤੁਸੀਂ ਕੈਲਕੂਲੇਟ ਕਰ ਲਓ ਕਿ ਕਿੰਨਾ ਵਿਕਰੀ ਟੈਕਸ ਲਗਦਾ ਹੈ, ਇਹ ਸੰਭਵ ਹੀ ਨਹੀਂ ਕਿ ਕਿਸੇ ਵਲੋਂ ਦਿੱਤਾ ਜਾ ਸਕਦਾ ਹੋਵੇ ਇਸ ਦੇ ਨਾਲੋਂ ਜ਼ਿਆਦਾ ਬਿਹਤਰ ਹੈ ਅਤੇ ਮੈਂ ਡੈਫੀਨੇਟਲੀ ਕਹਿ ਸਕਦਾ ਹਾਂ ਕਿ ਗੌਰਮਿੰਟ ਨੂੰ ਜ਼ਿਆਦਾ ਆਮਦਨ ਹੋਵੇਗੀ ਕਿ ਜੋ ਸੇਲ-ਟੈਕਸ ਦੀਆਂ ਦਰਾਂ ਹਨ ਜਾਂ 5 ਲੱਖ ਦੇ ਮਾਲ ਤੇ ਜੋ ਦੇਣਾ ਬਣਦਾ ਸੀ, ਉਹ ਟੋਟਲ ਅਮਾਊਂਟ ਜਿਹੜੀ ਹੈ, ਉਹ ਤੇ ਕੈਲਕੂਲੇਟ ਕਰਕੇ ਭਾਵੇਂ ਤੁਸੀਂ 20 ਗੁਣਾ ਲਗਾ ਦਿਓ, ਮੈਂ ਗਰੰਟੀ ਕਰਦਾ ਹਾਂ ਕਿ ਇਸ ਦੇ ਨਾਲ ਤੁਹਾਨੂੰ ਆਮਦਨ ਜ਼ਿਆਦਾ ਹੋਵੇਗੀ। ਉਸ ਮਾਮਲੇ ਵਿਚ ਪਿਛਲਾ ਤਜ਼ਰਬਾ ਹੈ ਕਿ ਆਮਦਨ ਬੜੀ ਘੱਟ ਹੁੰਦੀ ਸੀ। ਸੋ ਤੁਸੀਂ ਮਾਲ ਨੂੰ ਆਧਾਰ ਬਣਾਉਣ ਦੀ ਬਜਾਇ, ਸੇਲ-ਟੈਕਸ ਜੋ ਉਸਦਾ ਟੋਟਲ ਬਣਦਾ ਹੈ, ਉਸਦੇ ਨਾਲ ਜਿਹੜੀ ਪਰਸੈਂਟ ਜਾਂ ਪੈਨਲਟੀ ਜੋ ਵੀ ਸ਼ਬਦ ਤੁਸੀਂ ਕਹਿ ਲਓ, ਮੈਂ ਇਸ ਗੱਲ ਨੂੰ ਜ਼ਰੂਰ ਕਹਿੰਦਾ ਹਾਂ ਕਿ ਇਸ ਨੂੰ ਸਿੰਪੈਥੈਟੀਕਲੀ ਕੰਸੀਡਰ ਕਰਨਾ ਚਾਹੀਦਾ ਹੈ।

ਦੋ ਤਿੰਨ ਗੱਲਾਂ ਮੈਂ ਆਖਰ ਵਿਚ ਕਹਿਣੀਆਂ ਚਾਹੁੰਦਾ ਹਾਂ ਕਿ ਜਿਥੇ ਸਰਕਾਰ ਨੇ

[ਕਾਮਰੇਡ ਹਰਦੇਵ ਅਰਸ਼ੀ]

ਇਸਦਾ ਸਰਲੀਕਰਨ ਕਰਕੇ ਔਛਾ ਕੰਮ ਕਰਨ ਦੀ ਐਫਰਟ ਕੀਤੀ ਹੈ, ਅਗਰ ਹੋਰ ਕਰ ਲਿਆ ਜਾਂਦਾ ਤਾਂ ਜ਼ਿਆਦਾ ਚੰਗਾ ਸੀ । ਪਰ ਇਸ ਗੱਲ ਦੀ ਵੀ ਆਸ ਸੀ ਕਿ ਜਿਹੜਾ ਸਾਡਾ ਵਪਾਰੀ ਵਰਗ ਹੈ ਉਹ ਇਸ ਸਰਕਾਰ ਤੋਂ ਕਾਫੀ ਕੁਝ ਐਕਸਪੈਕਟ ਕਰਦਾ ਸੀ ਕਿ ਸ਼ਾਇਦ ਇਹ ਇਜਲਾਸ ਕਾਫੀ ਕੁਝ ਲੈ ਕੇ ਆਵੇਗਾ ਔਰ ਕੁਝ ਗੱਲਾਂ ਤੇ ਸਾਡੀ ਕਮਿਟਮੈਂਟ ਵੀ ਹੈ । ਮੈਂ ਉਨ੍ਹਾਂ ਦਾ ਜ਼ਿਕਰ ਵੀ ਕਰਨਾ ਚਾਹੁੰਦਾ ਹਾਂ ਕਿ ਇਕ ਤਾਂ ਜਿਹੜੀ ਸਾਡੀ ਸਾਰੀ ਅਸੈਸਮੈਂਟ ਹੈ ਇਹ ਤੁਸੀਂ ਆਪ ਪ੍ਰੋਮਿਸ ਕੀਤਾ ਹੋਇਆ ਹੈ ਕਿ ਅਸੀਂ 10 ਲੱਖ ਤੋਂ 20 ਲੱਖ ਰੁਪਏ ਕਰ ਦਿਆਂਗੇ । ਉਸਦੇ ਵਿਚ ਮੈਂ ਸਮਝਦਾ ਹਾਂ ਕਿ ਗੌਰਮਿੰਟ ਨੂੰ ਬਹੁਤੀ ਦਿੱਕਤ ਨਹੀਂ, ਉਸਨੂੰ ਥੋੜ੍ਹਾ ਐਗਜ਼ਾਮਿਨ ਕਰਵਾ ਲਓ । ਜਿਹੜੇ ਇਸ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਉਨ੍ਹਾਂ ਤੋਂ ਤੁਸੀਂ ਅਸੈਸਮੈਂਟ ਕਰਵਾ ਲਓ ਕਿ 10 ਤੋਂ 20 ਕਰਨ ਦੇ ਨਾਲ ਜੇ ਛੋਟਾ ਟਰੇਡਰ ਵੀ ਖੁਸ਼ ਹੈ ਅਤੇ ਗੌਰਮਿੰਟ ਦੀ ਰਿਸੀਟ ਵੀ ਜ਼ਿਆਦਾ ਵਧਦੀ ਹੈ ਤਾਂ ਇਸਦੇ ਨਾਲ ਮੈਨੂੰ ਸਮਝ ਨਹੀਂ ਆਉਂਦੀ ਕਿ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ । ਇਕ ਪਿਛਲੀ ਸਰਕਾਰ ਨੇ ਐਸ. ਟੀ. ਫਾਰਮ ਸਮਾਪਤ ਕਰ ਦਿੱਤਾ ਸੀ । ਇਹ ਡਾਇਰੈਕਟਲੀ ਠੀਕ ਹੈ ਕਿ ਇਸ ਨੂੰ ਖਤਮ ਕਰ ਦਿੱਤਾ ਸੀ ਪਰ ਇਸ ਨੂੰ ਬਿਲ ਦੀ ਬੈਕ ਸਾਈਡ ਤੇ ਲਗਾ ਦਿੱਤਾ ਗਿਆ ਹੈ ਜਿਸ ਕਾਰਣ ਪਰਾਬਲਮ ਉਥੇ ਦੀ ਉਥੇ ਹੀ ਖੜ੍ਹੀ ਹੈ । ਇਸ ਕਰਕੇ ਇਸ ਗੱਲ ਨੂੰ ਹਮਦਰਦੀ ਨਾਲ ਵਿਚਾਰਨ ਦੀ ਜ਼ਰੂਰਤ ਹੈ ਕਿਉਂਕਿ ਇਸ ਕਰਕੇ ਜਿਹੜਾ ਛੋਟਾ ਦੁਕਾਨਦਾਰ ਹੈ, ਉਸ ਨੂੰ ਦਿੱਕਤ ਆਉਂਦੀ ਹੈ ਜਿਸਨੂੰ ਦੂਰ ਕਰਨ ਲਈ ਇਸ ਫਾਰਮ ਨੂੰ ਕੱਢਿਆ ਜਾਵੇ ।

ਜਿਸ ਤਰ੍ਹਾਂ ਪੁਲਿਸ ਵਾਲਿਆਂ ਲਈ ਕੋਟਾ ਫਿਕਸ ਕੀਤਾ ਜਾਂਦਾ ਹੈ ਕਿ ਪੁਲਿਸ ਸਟੇਸ਼ਨ ਵਿਚ ਇੰਨੇ ਕਰਾਈਮ ਰਜਿਸਟਰਡ ਹੋਣੇ ਜ਼ਰੂਰੀ ਹਨ ਜੋ ਕਿ ਬੜੀ ਮਾੜੀ ਚੀਜ਼ ਹੈ, ਉਸੇ ਤਰ੍ਹਾਂ ਈ. ਟੀ. ਓਜ਼ ਨੂੰ ਵੀ ਕਿਹਾ ਜਾਂਦਾ ਹੈ ਕਿ ਤੁਸੀਂ ਪੰਜਾਹ ਲੱਖ ਰੁਪਏ ਜਾਂ ਤੀਹ ਲੱਖ ਰੁਪਏ ਇਕੱਠੇ ਕਰਨੇ ਹਨ, ਇਹ ਤੁਹਾਡਾ ਕੋਟਾ ਹੈ, ਇੰਨੀ ਅਮਾਊਂਟ ਤੁਸੀਂ ਗੌਰਮਿੰਟ ਦੇ ਖਜ਼ਾਨੇ ਵਿਚ ਪਾਉਣੀ ਹੈ । ਇਸ ਗੱਲ ਦੇ ਸਿੱਟੇ ਮਾੜੇ ਨਿਕਲਦੇ ਹਨ । ਇਸ ਕਰਕੇ ਇਸ ਦੀ ਦੁਰਵਰਤੋਂ ਰੋਕਣੀ ਚਾਹੀਦੀ ਹੈ ।

ਸਪੀਕਰ ਸਾਹਿਬ, ਇਕ ਦੋ ਸੁਝਾਓ ਮੈਂ ਹੋਰ ਦੇਣੇ ਚਾਹੁੰਦਾ ਹਾਂ । ਇਕ ਚੀਜ਼ ਦੀ ਬੜੀ ਮੰਗ ਹੈ ਕਿ ਸੇਲਜ਼ ਟੈਕਸ ਵਿਚ ਲਾਇਸੰਸ ਵਾਸਤੇ ਲਿਮਟ ਪੰਜ ਲੱਖ ਰੁਪਏ ਹੈ । ਇਹ ਲਿਮਟ ਪੰਜ ਲੱਖ ਰੁਪਏ ਤੋਂ ਵੀਹ ਲੱਖ ਰੁਪਏ ਕਰ ਦੇਣੀ ਚਾਹੀਦੀ ਹੈ । ਇਸ ਨਾਲ ਛੋਟਾ ਦੁਕਾਨਦਾਰ ਦਫਤਰੀ ਝਟੀਗ ਤੋਂ ਬਚ ਸਕਦਾ ਹੈ । ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਸੇਲਜ਼ ਟੈਕਸ ਇਕੋ ਵਾਰੀ ਲੱਗੇ । ਮੈਨੂੰਫੈਕਚਰਿੰਗ ਵੇਲੇ ਹੀ ਸੇਲਜ਼ ਟੈਕਸ ਏ. ਸਾਈਡ ਤੋਂ ਚਾਰਜ ਹੋਵੇ ਅਤੇ ਇਸਨੂੰ ਬੀ., ਸੀ. ਔਰ ਡੀ. ਸਾਈਡ ਤੋਂ ਬਚਾਇਆ ਜਾਵੇ । ਇਸ ਚੀਜ਼ ਨੂੰ ਐਗਜ਼ਾਮਿਨ ਕਰ ਲਿਆ ਜਾਵੇ ਅਤੇ ਅਗਰ ਲਿਮਟ ਪੰਜ ਲੱਖ ਤੋਂ ਵੀਹ ਲੱਖ ਰੁਪਏ ਨਹੀਂ ਹੋ ਸਕਦੀ ਤਾਂ ਘੱਟੋ-ਘੱਟ 10 ਜਾਂ 15 ਲੱਖ ਰੁਪਏ ਜ਼ਰੂਰ ਕਰ ਦਿੱਤੀ ਜਾਵੇ । ਇਸ ਨਾਲ ਹੇਠਲੇ ਪੱਧਰ ਦੇ ਦੁਕਾਨਦਾਰਾਂ ਨੂੰ ਕਾਫੀ ਰਾਹਤ ਮਿਲੇਗੀ ਔਰ ਗੌਰਮਿੰਟ ਦੀ ਆਮਦਨ ਵੀ ਵਧ ਜਾਵੇਗੀ ।

ਇਸ ਤੋਂ ਅੱਗੇ ਮੈਂ ਸੇਲਜ਼ ਟੈਕਸ ਟ੍ਰਿਬਿਊਨਲ ਦੀ ਗੱਲ ਕਰਨੀ ਚਾਹੁੰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਚੇਅਰਮੈਨ ਅੌਰ ਪ੍ਰੀਜ਼ਾਈਡਿੰਗ ਅਫਸਰ ਮੇਰੀ ਗੱਲ ਨੂੰ ਗਲਤ ਪਾਸੇ ਨਾ ਲੈਣ। ਪੰਜਾਬ ਵਿਚ ਜਿਹੜੇ ਆਈ. ਏ. ਐਸ. ਅਫਸਰ ਨੂੰ ਖੁੱਡੇ ਲਾਈਨ ਲਾਉਣਾ ਹੁੰਦਾ ਹੈ, ਉਸ ਨੂੰ ਇਸ ਪਾਸੇ ਲਗਾ ਦਿੱਤਾ ਜਾਂਦਾ ਹੈ। ਤਿੰਨ-ਚਾਰ ਮਹੀਨੇ ਬਾਅਦ ਜਦ ਐਟਮਾਸਫੀਅਰ, ਵਾਤਾਵਰਣ ਠੀਕ ਹੋ ਜਾਂਦਾ ਹੈ ਤਾਂ ਉਸ ਨੂੰ ਵਾਪਸ ਭੇਜ ਦਿੱਤਾ ਜਾਂਦਾ ਹੈ। ਇਸ ਨਾਲ ਕਾਫੀ ਕੇਸ ਪੈਂਡਿੰਗ ਰਹਿ ਜਾਂਦੇ ਹਨ। ਇਸ ਲਈ ਮੈਂ ਸੁਝਾਓ ਦੇਣਾ ਚਾਹੁੰਦਾ ਹਾਂ, ਤੁਸੀਂ ਐਗਜ਼ਾਮਿਨ ਕਰ ਲਓ ਕਿ ਇਥੇ ਹਾਈ ਕੋਰਟ ਦਾ ਪਰੈਜ਼ੈਂਟ ਜਾਂ ਰਿਟਾਇਰਡ ਜੱਜ ਲਗਾਇਆ ਜਾਵੇ। ਇਸ ਨਾਲ ਇਹ ਕੰਮ ਬਹੁਤ ਵਧੀਆ ਹੋ ਸਕਦਾ ਹੈ। ਅਫਸਰਾਂ ਕੋਲ ਬਹੁਤ ਕੇਸ ਪੈਂਡਿੰਗ ਪਏ ਹਨ ਅਤੇ ਕਈ ਵਾਰ ਪਿੱਕ ਐਂਡ ਚੂਜ਼ ਵੀ ਹੁੰਦੀ ਹੈ। ਇਸ ਕਰਕੇ ਇਨ੍ਹਾਂ ਕੇਸਾਂ ਦੀ ਸੀਨੀਆਰਟੀ ਬਣਨੀ ਚਾਹੀਦੀ ਹੈ ਅੌਰ ਫਿਰ ਕੇਸ ਐਗਜ਼ਾਮਿਨ ਕੀਤੇ ਜਾਣੇ ਚਾਹੀਦੇ ਹਨ। ਵੈਸਟ ਬੰਗਾਲ ਨੇ ਇਸ ਸਬੰਧੀ ਬਹੁਤ ਵਧੀਆ ਕੰਮ ਕੀਤਾ ਹੈ ਜਿਸ ਨੂੰ ਸਾਰੇ ਹਿੰਦੁਸਤਾਨ ਨੇ ਐਪਰੀਸ਼ੀਏਟ ਕੀਤਾ ਹੈ। ਉਥੇ ਪੰਜ ਮੈਂਬਰੀ ਟ੍ਰਿਬਿਊਨਲ ਬਣਾਇਆ ਗਿਆ ਹੈ ਜਿਸ ਵਿਚ ਹਾਈ ਕੋਰਟ ਦਾ ਜੱਜ, ਇਕ ਆਈ. ਏ. ਐਸ. ਅਫਸਰ, ਸੀ. ਏ., ਸੇਲਜ਼ ਟੈਕਸ ਦਾ ਇਕ ਐਕਸਪਰਟ ਅੌਰ ਇਕ ਵਿਭਾਗ ਦਾ ਬੰਦਾ ਹੁੰਦਾ ਹੈ। ਇਸ ਨਾਲ ਹਰਾਸਮੈਂਟ ਘਟਦੀ ਹੈ ਅਤੇ ਪ੍ਰੈਸ਼ਰ ਵੀ ਨਹੀਂ ਵਧਦਾ। ਅਗਰ ਇਹ ਐਕਸਪੀਰੀਐਂਸ ਇਸ ਜਗ੍ਹਾ ਤੇ ਲਾਗੂ ਕੀਤਾ ਜਾਵੇ ਤਾਂ ਸਿੱਟੇ ਚੰਗੇ ਨਿਕਲ ਸਕਦੇ ਹਨ। ਇਸ ਤਰ੍ਹਾਂ ਇਹ ਮੇਰੇ 5-7 ਸੁਝਾਓ ਹਨ। ਇਕ ਮੈਂ, ਸਪੀਕਰ ਸਾਹਿਬ, ਅਮੈਂਡਮੈਂਟ ਦੇਣੀ ਚਾਹੁੰਦਾ ਸੀ, ਜੇ ਉਹ ਪਾ ਲਈ ਜਾਂਦੀ ਤਾਂ ਚੰਗਾ ਸੀ। ਹੁਣ ਤਾਂ ਸੰਭਵ ਨਹੀਂ। ਮੈਂ ਦੋ ਚੀਜ਼ਾਂ ਦੀ ਅਮੈਂਡਮੈਂਟ ਦਿੱਤੀ ਸੀ। ਪਹਿਲੀ ਇਹ ਕਿ ਟੈਕਸ ਦੀ ਰੇਸ਼ੋ ਨੂੰ ਆਧਾਰ ਬਣਾਇਆ ਜਾਵੇ। ਦੂਜਾ ਜ਼ਾਮਨੀ ਬਾਂਡ ਦੀ ਗਾਰੰਟੀ ਕੀਤੀ ਜਾਵੇ। ਇਸ ਨਾਲ ਅਨ-ਨਸੈਸਰਿਲੀ ਹਰਾਸਮੈਂਟ ਨਹੀਂ ਹਵੇਗੀ। ਰੂਲਜ਼ ਵਿਚ ਅਮੈਂਡਮੈਂਟਸ ਹੁੰਦੀਆਂ ਹਨ ਅਤੇ ਫਿਰ ਹੋਰ ਚੀਜ਼ਾਂ ਸ਼ਾਮਲ ਹੋ ਜਾਂਦੀਆਂ ਹਨ। ਇਸ ਕਰਕੇ ਇਨ੍ਹਾਂ ਸੁਝਾਵਾਂ ਨੂੰ ਹਮਦਰਦੀ ਨਾਲ ਵਿਚਾਰਿਆ ਜਾਵੇ। ਧੰਨਵਾਦ।

ਡਾਕਟਰ ਹਰਬੰਸ ਲਾਲ (ਸਰਹਿੰਦ) : ਸਤਿਕਾਰਯੋਗ ਸਪੀਕਰ ਸਾਹਿਬ, ਸੇਲਜ਼ ਟੈਕਸ ਵਿਚ ਸੋਧਾਂ ਕਰਨ ਵਾਸਤੇ ਬਿਲ ਲਿਆਂਦਾ ਗਿਆ ਹੈ। ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਤੇ ਬੋਲਣ ਦਾ ਸਮਾਂ ਦਿੱਤਾ ਹੈ। ਇਸ ਵਾਸਤੇ ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ। ਅਰਸ਼ੀ ਸਾਹਿਬ ਨੇ ਇਸ ਸਬੰਧ ਵਿਚ ਕਾਫੀ ਕੁਝ ਬੋਲਿਆ ਹੈ। ਜਿਹੜਾ ਵਿਕਰੀ ਕਰ ਦਾ ਮੁੱਦਾ ਹੈ ਪੰਜਾਬ ਵਿਚ, ਮੈਂ ਕਹਾਂਗਾ ਕਿ ਪਿਛਲੇ ਦਸ ਸਾਲਾਂ ਵਿਚ ਹਰੇਕ ਵਰਗ ਦੇ ਅੰਦਰ, ਚਾਹੇ ਵਪਾਰੀ ਸੀ, ਚਾਹੇ ਇੰਡਸਟਰੀਲਿਸਟ ਸੀ, ਚਾਹੇ ਖੇਤੀਬਾੜੀ ਸੀ, ਚਾਹੇ ਕੋਈ ਹੋਰ ਪੱਧਰ ਸੀ, ਸਰਕਾਰ ਦੀ ਇਹ ਆਮਦਨ ਬਿਲਕੁਲ ਘਟੀ ਹੈ। ਜਿਸ ਤਰ੍ਹਾਂ ਅਸੀਂ ਕਹਿੰਦੇ ਹਾਂ ਕਿ ਖੇਤੀਬਾੜੀ ਦੇ ਉੱਤੇ ਕਿਸਾਨ ਨਿਰਭਰ ਹੈ, ਮਜ਼ਦੂਰ ਵੀ ਨਿਰਭਰ ਹੈ, ਵਪਾਰੀ ਵੀ ਨਿਰਭਰ ਹੈ, ਇੰਡਸਟਰੀਲਿਸਟ ਵੀ ਨਿਰਭਰ ਹੈ, ਇਸੇ ਤਰ੍ਹਾਂ ਸੂਬੇ ਦੀ ਹਰ ਪੱਧਰ ਦੀ ਤਰੱਕੀ ਵਾਸਤੇ, ਸੂਬੇ ਵਿਚ ਵੱਧ ਤੋਂ ਵੱਧ ਵਿਕਰੀ ਤਾਂ ਹੀ ਹੋ ਸਕਦੀ ਹੈ ਜੇ ਉਥੇ ਅਮਨ ਸ਼ਾਂਤੀ ਕਾਇਮ ਹੈ। ਸੋ, ਇਸ ਕਰਕੇ ਪਿੱਛੇ ਜਿਹੇ ਕਾਂਗਰਸ

[ਡਾਕਟਰ ਹਰਬੰਸ ਲਾਲ]

ਪਾਰਟੀ ਨੇ ਲੜਾਈ ਲੜੀ ਅਤੇ ਅਮਨ ਸ਼ਾਂਤੀ ਲਿਆਂਦੀ । ਪਿੱਛੇ ਜਿਹੇ ਦੇਖਿਆ ਗਿਆ ਹੈ ਕਿ ਪਹਿਲਾਂ ਜਦੋਂ ਹੋਰ ਸੂਬੇ ਵਿਚੋਂ ਮਾਲ ਲਿਆਉਂਦੇ ਹੁੰਦੇ ਸੀ, ਤਾਂ ਉਸ ਸਮੇਂ ਉਹ ਸਾਡੇ ਤੇ ਵਿਸ਼ਵਾਸ ਨਹੀਂ ਕਰਦੇ ਸੀ ਕਿਉਂਕਿ ਜਦੋਂ ਪਹਿਲਾਂ ਹਰ ਸੂਬੇ ਤੋਂ ਮਾਲ ਲਿਆਉਣਾ ਹੁੰਦਾ ਸੀ ਤਾਂ ਉਹ ਸਮਝਦੇ ਸੀ ਕਿ ਹਾਲਾਤ ਖਰਾਬ ਹਨ, ਪਤਾ ਨਹੀਂ ਸਾਡੇ ਪੈਸੇ ਵਾਪਸ ਮਿਲਣਗੇ ਜਾਂ ਨਹੀਂ । ਹੁਣ ਸਾਡੀ ਸਰਕਾਰ ਦੇ ਫਾਈਨਾਂਸ ਮਨਿਸਟਰ ਸਾਹਿਬ ਨੇ ਕੁਝ ਗੱਲਾਂ ਕੀਤੀਆਂ ਹਨ ਕਿ ਪਿਛਲੀ ਸਰਕਾਰ ਦੇ ਵੇਲੇ ਵਿਕਰੀ ਕਰ ਵਿਚੋਂ 3% ਪ੍ਰਾਫਿਟ ਹੋਇਆ ਸੀ, ਫਿਰ 7% ਹੋਇਆ ਸੀ । ਕੁਝ ਦੂਸਰੇ ਸੂਬਿਆਂ ਬਾਰੇ ਵੀ ਦੱਸਿਆ ਹੈ ਕਿ ਗੁਜਰਾਤ ਦਾ ਵਿਕਰੀ ਕਰ ਪ੍ਰਾਫਿਟ 16% ਹੈ ਅਤੇ ਇਕ ਹੋਰ ਸੂਬੇ ਦਾ 17% ਦੱਸਿਆ ਹੈ । ਪਰ ਇਸ ਸਰਕਾਰ ਦੇ ਲੋਕ ਇਹ ਵਿਚਾਰਦੇ ਨਹੀਂ ਹਨ ਕਿ ਸਾਡੇ ਸੂਬੇ ਦੇ ਲੋਕ ਬਾਹਰਲੇ ਸੂਬਿਆਂ ਵਿਚੋਂ ਸਮਾਨ ਲੈਣ ਜਾਂਦੇ ਹਨ । ਸਾਨੂੰ ਸਾਡੇ ਆਪਣੇ ਪੈਸੇ ਬਾਹਰਲੇ ਸੂਬਿਆਂ ਨੂੰ ਦੇਣੇ ਪੈਂਦੇ ਹਨ । ਸਾਨੂੰ ਇਨ੍ਹਾਂ ਚੀਜ਼ਾਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ । ਹਿਮਾਚਲ ਤੋਂ ਜਾਂ ਸਾਡਾ ਗਵਾਂਢੀ ਸੂਬਾ ਹਰਿਆਣਾ ਹੈ ਅਤੇ ਚੰਡੀਗੜ੍ਹ ਤੋਂ ਲੋਕ ਮਾਲ ਪਰਚੇਜ਼ ਕਰਦੇ ਹਨ । ਮੈਂ ਪੁੱਛਦਾ ਹਾਂ ਕਿ ਉਹ ਲੋਕ ਆਪਣੇ ਸੂਬੇ ਤੋਂ ਮਾਲ ਪਰਚੇਜ਼ ਕਿਉਂ ਨਹੀਂ ਕਰਦੇ ? ਮੈਂ ਸਮਝਦਾ ਹਾਂ ਕਿ ਰੂਲਜ਼ ਦੇ ਵਿਚ ਕੋਈ ਸਹੀ ਅਮੈਂਡਮੈਂਟ ਕਰ ਲਈ ਜਾਵੇ ਤਾਂ ਕਿ ਇਹ ਆਮਦਨੀ ਸਾਡੇ ਸੂਬੇ ਵਿਚ ਰਹਿ ਸਕੇ । ਸਾਡੇ ਸੂਬੇ ਦੀ ਜਿਹੜੀ ਵਿਕਰੀ ਹੈ, ਉਸ ਵਿਚੋਂ ਸੂਬੇ ਨੂੰ ਆਮਦਨੀ ਵੱਧ ਹੋ ਸਕੇ ।

ਔਰ ਸਪੀਕਰ ਸਾਹਿਬ, ਜੋ ਅਮੈਂਡਮੈਂਟ ਲਿਆਂਦੀ ਗਈ ਹੈ ਕਿ ਜ਼ਾਤੀ ਮੁਚੱਲਕੇ ਦੇ ਆਧਾਰ ਤੇ ਫੜਿਆ ਮਾਲ ਵਾਪਸ ਦੇਣਾ ਹੈ, ਮੈਂ ਕਹਾਂਗਾ ਕਿ ਇਹ ਅੱਛੀ ਗੱਲ ਹੈ । ਇਹ ਸਾਡੀ ਸਰਕਾਰ ਵੇਲੇ ਬੀਬੀ ਰਾਜਿੰਦਰ ਕੌਰ ਭੱਠਲ ਨੇ ਜਿਹੜੇ 52 ਪ੍ਰੋਗਰਾਮ ਐਲਾਨ ਕੀਤੇ ਸਨ, ਉਸ ਦੇ ਵਿਚ ਖਾਸ ਕਰਕੇ ਸੇਲ ਟੈਕਸ ਦੇ ਸਬੰਧ ਵਿਚ ਕੁਝ ਐਸੇ ਪ੍ਰੋਗਰਾਮ ਸਨ ਜਿਹੜੇ ਵਪਾਰੀਆਂ ਦੇ ਹਿੱਤ ਵਿਚ ਸਨ । ਇਹ ਤੁਸੀਂ ਜੋ ਪ੍ਰੋਗਰਾਮ ਲਿਆਂਦਾ ਹੈ, ਮੈਂ ਇਸ ਗੱਲ ਦੇ ਲਈ ਸ਼ੁਕਰੀਆ ਅਦਾ ਕਰਦਾ ਹਾਂ । ਇਹ ਪ੍ਰੋਗਰਾਮ ਬੜਾ ਜ਼ਰੂਰੀ ਹੈ ਕਿਉਂਕਿ ਜਦੋਂ ਕਿਸੇ ਵਪਾਰੀ ਦਾ ਮਾਲ ਫੜਿਆ ਜਾਂਦਾ ਹੈ, ਤਾਂ ਉਸ ਨੂੰ ਏਨਾ ਕੈਸ਼ ਦੇਣ ਵੇਲੇ ਜਾਂ ਬੈਂਕ ਡਰਾਫਟ ਦੇਣ ਵੇਲੇ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ । ਇਸ ਕਰਕੇ ਜੋ ਜ਼ਾਤੀ ਮੁਚੱਲਕੇ ਅਧੀਨ ਫੜਿਆ ਗਿਆ ਮਾਲ ਵਾਪਸ ਦੇਣ ਦੀ ਗੱਲ ਕਹੀ ਗਈ ਹੈ, ਇਹ ਕਾਫੀ ਠੀਕ ਗੱਲ ਹੈ । ਇਸ ਦੇ ਨਾਲ ਮੈਂ ਦੋ-ਤਿੰਨ ਹੋਰ ਐਸੀਆਂ ਗੱਲਾਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਜਿਨ੍ਹਾਂ ਤੇ ਸਪੈਸ਼ਲ ਗੌਰ ਕੀਤੀ ਜਾਵੇ । ਜਿਸ ਤਰ੍ਹਾਂ ਅਸੀਂ ਸੈਲਫ ਅਸੈਸਮੈਂਟ ਦੀ ਹੱਦ 10 ਲੱਖ ਰੁਪਏ ਤਾਂ 20 ਲੱਖ ਰੁਪਏ ਕਰਨ ਦੀ ਗੱਲ ਕਰਦੇ ਹਾਂ । ਇਹ ਅਸੈਸਮੈਂਟ ਸਾਲ ਦੀ ਸਾਲ ਹੋਣੀ ਹੈ । ਜਿਹੜੇ ਛੋਟੇ ਦੁਕਾਨ-ਦਾਰ ਹਨ, ਉਹ ਦੁਕਾਨਦਾਰ ਜਿਹੜੇ 10 ਹਜ਼ਾਰ ਦੇ ਕਰਿਆਨੇ ਵਾਸਤੇ ਕਰਜ਼ਾ ਲੈਣ ਲਈ 6-6 ਮਹੀਨੇ ਬੈਂਕਾਂ ਵਿਚ ਫਿਰਦੇ ਰਹਿੰਦੇ ਹਨ, ਉਹ ਸ਼ਡਿਊਲਡ ਕਾਸਟ ਭਰਾ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਤੋਂ ਕਰਿਆਨੇ ਦੀ ਦੁਕਾਨ ਵਾਸਤੇ ਕਰਜ਼ਾ ਲੈਂਦੇ ਹਨ ਅਤੇ ਆਪਣੀ ਦੁਕਾਨ ਖੋਲ੍ਹਦੇ ਹਨ, ਉਨ੍ਹਾਂ ਨੂੰ ਤਾਂ ਕਿਸ਼ਤਾਂ ਤੋਂ ਹੀ ਡਰ ਲੱਗਿਆ ਰਹਿੰਦਾ ਹੈ । ਫਿਰ ਸੇਲ ਟੈਕਸ ਦਾ ਇਨਸਪੈਕਟਰ ਆਉਂਦਾ ਹੈ, ਹੋਰ ਅਫਸਰ ਆਉਂਦਾ ਹੈ, ਉਸ ਲਈ ਤਾਂ

ਹਿਸਾਬ ਰੱਖਣਾ ਔਖਾ ਹੋ ਜਾਂਦਾ ਹੈ ਕਿਉਂਕਿ ਉਹ ਅਨਪੜ੍ਹ ਹੁੰਦਾ ਹੈ, ਉਹ ਤਾਂ ਅੰਗੂਠਾ ਛਾਪ ਹੁੰਦਾ ਹੈ । ਇਸ ਲਈ ਹਿਸਾਬ ਕਿਤਾਬ ਰੱਖਿਆ ਨਹੀਂ ਜਾਂਦਾ । ਜੋ ਮੁੱਦੇ ਲੈ ਕੇ ਅਸੀਂ ਆਏ ਹਾਂ, ਜੋ ਗੱਲਾਂ ਲੈ ਕੇ ਆਏ ਹਾਂ ਕਿ ਅਸੀਂ ਉਨ੍ਹਾਂ ਨੂੰ ਪੈਰਾਂ ਤੇ ਖੜ੍ਹਾ ਕਰਨਾ ਚਾਹੁੰਦੇ ਹਾਂ, ਇਸ ਢੰਗ ਨਾਲ ਉਹ ਆਪਣੇ ਪੈਰਾਂ ਤੇ ਖੜ੍ਹੇ ਨਹੀਂ ਹੋ ਸਕਦੇ । ਇਸ ਵਿਚ ਸਾਡੇ ਸ਼ਡਿਊਲਡ ਕਾਸਟ ਭਰਾ ਵੀ ਆਉਂਦੇ ਹਨ, ਇਸ ਵਿਚ ਮੀਡੀਅਮ ਵਰਗ ਦੇ ਲੋਕ ਵੀ ਆਉਂਦੇ ਹਨ, ਉਹ ਵਰਗ ਜਿਹੜਾ ਆਪਣੇ ਸਮਾਜ ਵਿਚ ਰਹਿੰਦਾ ਤਾਂ ਹੈ ਪਰ ਉਹ ਉੱਪਰ ਵੀ ਦੇਖਦਾ ਹੈ ਤੇ ਥੱਲੇ ਵੀ ਦੇਖਦਾ ਹੈ ਅੌਰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਦਾ ਹੋਇਆ ਸਮਾਜ ਦੇ ਵਿਚ ਰਹਿੰਦਾ ਹੈ । ਇਥੇ ਮੈਂ ਕਹਾਂਗਾ ਕਿ ਇਹ ਹੱਦ ਹੋਰ ਵੀ ਵਧਾ ਦਿੱਤੀ ਜਾਵੇ । ਇਸ ਵਿਚ ਮੈਂ ਨਹੀਂ ਕਹਾਂਗਾ ਕਿ ਮਾੜੀ ਗੱਲ ਹੋਵੇਗੀ ਬਲਕਿ ਉਹ ਚੰਗੀ ਗੱਲ ਹੋਵੇਗੀ । ਦੂਸਰੀ ਗੱਲ ਇੰਸਪੈਕਟਰੀ ਰਾਜ ਦੇ ਉਤੇ ਹੈ ਕਿ ਸਾਨੂੰ ਸੇਲ ਟੈਕਸ ਇਨਸਪੈਕਟਰਾਂ ਤੋਂ ਬਿਲਕੁਲ ਛੁਟਕਾਰਾ ਦਿਵਾਉਣਾ ਚਾਹੀਦਾ ਹੈ । ਮੈਂ ਇਹ ਨਹੀਂ ਕਹਿੰਦਾ ਕਿ ਉਨ੍ਹਾਂ ਇੰਸਪੈਕਟਰਾਂ ਨੂੰ ਕੱਢ ਦਿਉ ਬਲਕਿ ਉਨ੍ਹਾਂ ਦੀ ਜੋ ਹੋਰ ਅਹਿਮੀਅਤ ਹੈ, ਉਸ ਹਿਸਾਬ ਨਾਲ ਉਨ੍ਹਾਂ ਨੂੰ ਹੋਰ ਕਿਤੇ ਲਾਇਆ ਜਾਵੇ । ਪਰ ਲੋਕਾਂ ਨੂੰ ਜਿਹੜਾ ਇੰਸਪੈਕਟਰੀ ਰਾਜ ਦਾ ਡਰ ਹੈ, ਉਸ ਡਰ ਤੋਂ ਬਚਾਇਆ ਜਾਵੇ ਤਾਂ ਕਿ ਉਹ ਆਪਣਾ ਜੋ ਕੰਮ ਹੈ, ਉਸ ਨੂੰ ਚੰਗੇ ਢੰਗ ਨਾਲ ਕਰ ਸਕਣ ਅਤੇ ਸੂਬੇ ਦੀ ਖੁਸ਼ਹਾਲੀ ਅਤੇ ਬਿਹਤਰੀ ਵਿਚ ਹਿੱਸਾ ਪਾ ਸਕਣ । ਜਿਸ ਤਰ੍ਹਾਂ ਪਿੱਛੇ ਸਾਡੀ ਸਰਕਾਰ ਨੇ ਬੈਰੀਅਰ ਖਤਮ ਕੀਤੇ ਸੀ ਕਿਉਂਕਿ ਪਹਿਲਾਂ ਥਾਂ ਥਾਂ ਚੈਕ ਕੀਤਾ ਜਾਂਦਾ ਸੀ, ਬਸਤੇ ਫਰੋਲੇ ਜਾਂਦੇ ਸੀ, ਬੜਾ ਕੁਝ ਹੁੰਦਾ ਸੀ ਅਤੇ ਉਹ ਬੈਰੀਅਰ ਸਾਡੀ ਸਰਕਾਰ ਨੇ ਖਤਮ ਕੀਤੇ ਸੀ । ਇਸ ਗੱਲ ਨੂੰ ਦੇਖਦਾ ਹੋਇਆ ਮੈਂ ਕਹਿੰਦਾ ਹਾਂ ਕਿ ਹੁਣ ਜਿਹੜਾ ਸਿਸਟਮ ਹੈ, ਉਹ ਫੇਰ ਬੜਾ ਵਧੀਆ ਹੈ । ਜਦੋਂ ਅਸੀਂ ਸਰਹਿੰਦ ਤੋਂ ਬਾਹਰ ਜਾ ਕੇ ਖੜ੍ਹਦੇ ਹਾਂ ਤਾਂ ਉਥੇ ਵੀ ਬੈਰੀਅਰ ਲਾਇਆ ਹੋਇਆ ਹੈ । ਰਾਜਪੁਰੇ ਕੋਲ ਜਾਂਦੇ ਹਾਂ ਤਾਂ ਉਥੇ ਵੀ ਬੈਰੀਅਰ ਲੱਗਾ ਹੈ । ਮੈਂ ਕਹਾਂਗਾ ਕਿ ਸੂਬੇ ਵਿਚ ਇੰਨੇ ਬੈਰੀਅਰ ਲੱਗ ਰਹੇ ਹਨ ਜਿਸ ਕਾਰਣ ਸਾਨੂੰ ਟਰਾਂਸਪੋਰਟਰਾਂ ਨੂੰ ਬਹੁਤ ਮੁਸ਼ਕਲ ਆਉਂਦੀ ਹੈ ਕਿਉਂਕਿ ਸਾਨੂੰ ਤਾਂ ਹਰਿਆਣਾ ਸੂਬਾ ਹੀ ਰਾਹ ਨਹੀਂ ਦਿੰਦਾ । ਸਾਨੂੰ ਤਾਂ ਚਾਹੀਦਾ ਹੈ ਕਿ ਜਿਹੜਾ ਸਾਡੇ ਤੇ ਹਰਿਆਣੇ ਨੇ ਜਜ਼ੀਆ ਲਾਇਆ ਹੋਇਆ ਹੈ, ਉਹ ਵੀ ਖਤਮ ਕਰਾਉਣਾ ਚਾਹੀਦਾ ਹੈ । ਆਪਣੇ ਸੂਬੇ ਵਾਲਾ ਤਾਂ ਕਰਨਾ ਹੀ ਕਰਨਾ ਹੈ । ਦੂਸਰੀ ਗੱਲ ਮੈਂ ਪੰਚਾਇਤੀ ਰਾਜ ਅੌਰ ਬੈਰੀਅਰ ਜਿਹੜੇ ਹਨ. . . .

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮੇਰੇ ਮਾਨਯੋਗ ਭਰਾ ਹਰਬੰਸ ਲਾਲ ਜੋ ਬਹੁਤ ਹੀ ਉਚੇ ਵਿਚਾਰ ਦੇ ਹਨ, ਕਹਿ ਰਹੇ ਹਨ ਕਿ ਇੰਸਪੈਕਟਰੀ ਰਾਜ ਖਤਮ ਹੋਣਾ ਚਾਹੀਦਾ ਹੈ । ਇੰਸਪੈਕਟਰੀ ਰਾਜ ਦੀ ਸ਼ੁਰੂਆਤ ਤਾਂ ਇਨ੍ਹਾਂ ਦੀ ਸਰਕਾਰ ਵੇਲੇ ਹੀ ਹੋਈ ਸੀ । ਜੋ ਇਨ੍ਹਾਂ ਨੇ 20 ਦਸੰਬਰ ਨੂੰ ਰੈਲੀ ਕੀਤੀ ਸੀ, ਉਸ ਤੋਂ ਬਾਅਦ ਅੱਜ ਵੀ ਲੋਕ ਲੀੜੇ ਪਾੜਦੇ ਪਏ ਹਨ ਕਿ ਤੇਲ ਦੇ ਪੈਸੇ ਕਿਥੋਂ ਲਵਾਂਗੇ । ਇੰਸਪੈਕਟਰੀ ਰਾਜ ਤਾਂ ਅਸੀਂ ਖਤਮ ਕਰਨ ਲੱਗੇ ਹਾਂ । ਇਨ੍ਹਾਂ ਨੇ ਤਾਂ ਸ਼ੁਰੂ ਕੀਤਾ ਸੀ । ਇਨ੍ਹਾਂ ਨੂੰ ਕੀ ਪਤਾ ਹੈ ਕਿ ਟਰੱਕ ਕਿਥੇ ਰੁਕਦਾ ਹੈ ਜਾਂ ਕਿਥੇ ਨਹੀਂ ਰੁਕਦਾ ।

ਡਾਕਟਰ ਹਰਬੰਸ ਲਾਲ : ਦੂਸਰੀ ਵੱਡੀ ਗੱਲ ਮੈਂ ਕਹਿੰਦਾ ਹਾਂ, ਸਪੀਕਰ ਸਾਹਿਬ, ਮੈਂ ਥੋੜ੍ਹਾ ਹੀ ਸਮਾਂ ਲੈਂਦਾ ਹਾਂ ਕਿਉਂਕਿ ਤੁਸੀਂ ਸਾਨੂੰ ਸਮਾਂ ਥੋੜ੍ਹਾ ਹੀ ਦੇਣਾ ਹੈ ।

ਸ਼੍ਰੀ ਸਪੀਕਰ : ਤੁਸੀਂ ਨਾਰਾਜ਼ ਨਾ ਹੋਣਾ, ਸਮਾਂ ਵੱਧ ਲੈ ਲੈਣਾ ।

ਡਾਕਟਰ ਹਰਬੰਸ ਲਾਲ : ਸ਼ੁਕਰੀਆ ਜੀ । ਦੂਜੀ ਵੱਡੀ ਗੱਲ ਇਹ ਹੈ ਅਤੇ ਜਿਸ ਬਾਰੇ ਸਾਡੇ ਸ਼ਹਿਰੀ ਵਰਗ ਦੇ ਵਿਚ ਬੜਾ ਰੋਸ ਹੈ ਕਿ ਜਦੋਂ ਸਾਡੇ ਬੀਬੀ ਰਾਜਿੰਦਰ ਕੌਰ ਭੱਠਲ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਐਲਾਨ ਕੀਤਾ ਸੀ ਅਤੇ ਉਹ ਲਾਗੂ ਕਰ ਦੇਣਾ ਸੀ ਕਿ ਜਿੰਨੀਆਂ ਪੰਜਾਬ ਦੀਆਂ ਚੁੰਗੀਆਂ ਹਨ, ਉਹ ਸਾਰੀਆਂ ਖਤਮ ਕਰ ਦਿੱਤੀਆਂ ਜਾਣਗੀਆਂ । ਬਾਦਲ ਸਾਹਿਬ ਦੇ ਚੋਣ ਮੈਨੀਫੈਸਟੋ ਵਿਚ ਵੀ ਚੁੰਗੀਆਂ ਖਤਮ ਕਰਨ ਬਾਰੇ ਕਿਹਾ ਗਿਆ ਸੀ । ਬੀਬੀ ਜੀ ਵਾਲਾ ਪ੍ਰੋਗਰਾਮ ਇਸ ਕਰਕੇ ਲਾਗੂ ਨਹੀਂ ਹੋ ਸਕਿਆ ਕਿਉਂਕਿ ਬਾਦਲ ਸਾਹਿਬ ਨੂੰ ਇਹ ਡਰ ਪੈਦਾ ਹੋ ਗਿਆ ਸੀ ਕਿ ਪਤਾ ਨਹੀਂ ਇਹ ਪ੍ਰੋਗਰਾਮ ਫਟਾਫਟ ਲਾਗੂ ਕਰਨ ਲੱਗੇ ਹਨ ** ** ਅਤੇ ਜੋ ਕੁਝ ਹੋਇਆ ਉਹ ਸਾਰਾ ਕੁਝ ਸਭ ਦੇ ਸਾਹਮਣੇ ਹੈ । ਅੱਜ ਤੁਹਾਡੀ ਸਰਕਾਰ ਬਣੀ ਹੈ ।

ਸ਼੍ਰੀ ਸਪੀਕਰ : ਤੁਸੀਂ ਅਮੈਂਡਮੈਂਟ ਤੇ ਆਉ ।

ਡਾਕਟਰ ਹਰਬੰਸ ਲਾਲ : ਅੱਜ ਚੁੰਗੀ ਦਾ ਮਸਲਾ ਬੜਾ ਭਾਰੀ ਮਸਲਾ ਹੈ ਔਰ ਪੰਜਾਬੀ ਆਸਾਂ ਤੇ ਉਮੀਦਾਂ ਰੱਖੀ ਬੈਠੇ ਹਨ ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਜੋ ਬੋਲ ਰਹੇ ਹਨ, ਇਹ ਬਿਲਕੁਲ ਗਲਤ ਬੋਲ ਰਹੇ ਹਨ । ** ** ਇਹ ਉਨ੍ਹਾਂ ਦਾ ਆਪਣਾ ਫੈਸਲਾ ਹੈ ।

ਖੁਰਾਕ ਅਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਇੱਕ ਸਟੈਚੂਟਰੀ ਬਾਡੀ ਹੈ, ਇੰਡੀਪੈਂਡੈਂਟ ਬਾਡੀ ਹੈ । ਉਨ੍ਹਾਂ ਦਾ ਕੰਡਕਟ ਇਥੇ ਹਾਊਸ ਵਿੱਚ ਡਿਸਕਸ ਨਹੀਂ ਹੋਣਾ ਚਾਹੀਦਾ ਹੈ । ਜੋ ਕੁਝ ਉਨ੍ਹਾਂ ਬਾਰੇ ਇੱਥੇ ਕਿਹਾ ਗਿਆ ਹੈ, ਉਹ ਐਕਸਪੰਜ ਕੀਤਾ ਜਾਣਾ ਚਾਹੀਦਾ ਹੈ ।

ਸ਼੍ਰੀ ਸਪੀਕਰ. ** ** ਸ਼ਬਦ ਐਕਸਪੰਜ ਕੀਤੇ ਜਾਣ ।

ਡਾਕਟਰ ਹਰਬੰਸ ਲਾਲ. ਇਸ ਕਰਕੇ ਵਿਕਰੀ ਕਰ ਵਿਚ ਹੋਰ ਵਾਧਾ ਹੋ ਸਕਦਾ ਹੈ ਜੇਕਰ ਅਸੀਂ ਚੁੰਗੀਆਂ ਮਾਫ ਕਰ ਦੇਈਏ ਔਰ ਸੇਲ ਟੈਕਸ ਨੂੰ ਫਸਟ ਸਟੇਜ ਤੇ ਲਾ ਦੇਈਏ । ਜਿਥੇ ਮਾਲ ਪ੍ਰੋਡਿਊਸ ਹੁੰਦਾ ਹੈ ਵਿਕਰੀ ਕਰ ਉਥੇ ਲਾ ਦੇਈਏ । ਜਿਹੜੇ ਸਾਡੇ ਛੋਟੇ ਵਪਾਰੀ ਹਨ, ਜੋ ਦਸ ਦਸ, ਵੀਹ ਵੀਹ ਹਜ਼ਾਰ ਰੁਪਏ ਲੈ ਕੇ ਦੁਕਾਨ ਕਰਦੇ ਹਨ । ਅਸਲ ਵਿਚ ਉਨ੍ਹਾਂ ਨੂੰ ਇਸ ਦਾ ਹਰਜਾਨਾ ਭੁਗਤਣਾ ਪੈ ਰਿਹਾ ਹੈ । ਮੈਂ ਬੀ. ਜੇ. ਪੀ. ਵਾਲਿਆਂ ਨੂੰ ਕਹਾਂਗਾ ਕਿ ਤੁਸੀਂ ਦਬਾਓ ਪਾ ਕੇ ਚੁੰਗੀਆਂ ਖਤਮ ਕਰਵਾਓ ਔਰ ਜਿਸ ਤਰ੍ਹਾਂ ਤੁਸੀਂ ਕਿਸਾਨਾਂ ਨੂੰ ਬਿਜਲੀ ਦਿੱਤੀ ਹੈ, ਸਾਨੂੰ ਬੜੀ ਖੁਸ਼ੀ ਹੈ ਪਰ ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਾਂਗਾ ਜਿਨ੍ਹਾਂ ਨੇ ਕਿਹਾ ਹੈ ਕਿ ਅਸੀਂ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦਿਆਂਗੇ, ਇਹ ਗੱਲ ਮੈਂ ਮੰਨ ਜਾਂਦਾ ਜੇਕਰ ਇਹ ਪੰਜਾਬ ਦੇ ਸਾਰੇ ਵਰਗਾਂ ਦੇ ਲੋਕਾਂ ਨੂੰ ਬਿਜਲੀ ਮੁਫਤ ਦੇ

**Expunged as ordered by the Chair.

ਦਿੱਤੀ । ਮੋਟਰਾਂ ਵਾਲਿਆਂ ਨੂੰ ਛੱਡ ਕੇ ਦੁਕਾਨ ਵਾਲੇ ਨੂੰ ਵੀ ਬਿਜਲੀ ਮਿਲਦੀ, ਵਪਾਰੀ ਨੂੰ ਵੀ ਮਿਲਦੀ ਝੁੱਗੀ ਝੌਂਪੜੀ ਵਾਲੇ ਨੂੰ ਵੀ ਬਿਜਲੀ ਮਿਲਦੀ ਅਤੇ ਹਰ ਵਰਗ ਦੇ ਲੋਕਾਂ ਨੂੰ ਬਿਜਲੀ ਮਿਲਦੀ ਤਾਂ ਲੋਕ ਕਹਿੰਦੇ ਕਿ ਵਾਕਿਆ ਹੀ ਇਨ੍ਹਾਂ ਨੇ ਸਾਨੂੰ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦਿੱਤਾ ਹੈ । ਸੋ ਇਸ ਤਰ੍ਹਾਂ ਦੀ ਪੱਖਪਾਤ ਵਾਲੀ ਸੋਚ ਰੱਖ ਕੇ ਨਾ ਚੱਲਿਆ ਜਾਵੇ । ਪੰਜਾਬ ਬੜਾ ਭਾਰੀ ਸੂਬਾ ਹੈ ਜਿਸ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਬਹੁਤ ਕੁਰਬਾਨੀਆਂ ਕੀਤੀਆਂ ਹਨ, ਖੂਨ ਡੋਲ੍ਹਿਆ ਹੈ ਅਤੇ ਜਦੋਂ ਵੀ ਕਦੇ ਪਾਕਿਸਤਾਨ ਤੇ ਭਾਰਤ ਦੀਆਂ ਲੜਾਈਆਂ ਹੋਈਆਂ ਹਨ ਤਾਂ ਉਨ੍ਹਾਂ ਵਿਚ ਵਧ ਚੜ੍ਹ ਕੇ ਹਿੱਸਾ ਪੰਜਾਬ ਦੇ ਲੋਕਾਂ ਨੇ ਪਾਇਆ ਹੈ । ਸਪੀਕਰ ਸਾਹਿਬ, ਮੈਂ ਇਸ ਮਹਿਕਮੇ ਦੇ ਮਾਨਯੋਗ ਵਜ਼ੀਰ ਸਾਹਿਬ ਨੂੰ ਕੁਝ ਬੇਨਤੀਆਂ ਕਰਾਂਗਾ ਕਿ ਮੈਂ ਕੁਝ ਗੱਲਾਂ ਇਨ੍ਹਾਂ ਦੇ ਸਾਹਮਣੇ ਰੱਖੀਆਂ ਹਨ । ਉਹ ਇਨ੍ਹਾਂ ਨੂੰ ਵਿਚਾਰਦਿਆਂ ਹੋਇਆਂ ਜੋ ਸੇਲ ਟੈਕਸ ਦੇ ਉਤੇ ਲੱਗਿਆ ਸਰਚਾਰਜ ਹੈ, ਉਹ ਉਦੋਂ ਲੱਗਿਆ ਸੀ ਜਦੋਂ ਬੰਗਲਾ ਦੇਸ਼ ਦੀ ਲੜਾਈ ਛਿੜੀ ਸੀ ਔਰ ਜਜ਼ੀਆ ਲੱਗਿਆ ਸੀ । ਉਹ ਵੀ ਬੀਬੀ ਰਾਜਿੰਦਰ ਕੌਰ ਭੱਠਲ ਦੇ ਪ੍ਰੋਗਰਾਮ ਵਿਚ ਰੱਖਿਆ ਗਿਆ ਸੀ । ਇਸ ਕਰਕੇ ਮੈਂ ਇਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਬੰਗਲਾ ਦੇਸ਼ ਦੀ ਲੜਾਈ ਵੇਲੇ ਦਾ ਜਜ਼ੀਆ, ਸਰਚਾਰਜ ਹੈ ਉਸ ਨੂੰ ਖਤਮ ਕਰਨ ਦੀ ਖੇਚਲ ਕੀਤੀ ਜਾਵੇ । ਮੈਂ ਕਹਾਂਗਾ ਕਿ ਬਿੱਲ ਕੱਟਣ ਵੇਲੇ ਤਾਂ ਉਨ੍ਹਾਂ ਨੂੰ ਮੁਸ਼ਕਲ ਆਉਂਦੀ ਹੀ ਹੈ ਸੇਲ ਟੈਕਸ ਲਾਉਣ ਦੀ ਕਿਉਂਕਿ ਪਹਿਲਾਂ ਤਾਂ ਦੁਕਾਨ ਤੇ ਗਾਹਕਾਂ ਦਾ ਰਸ਼ ਹੁੰਦਾ ਹੈ ਔਰ ਫਿਰ ਉਹ ਦੁਕਾਨ-ਦਾਰ ਰਕਮਾਂ ਗਿਣੀ ਜਾਂਦੇ ਹਨ । ਸੋ ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਮੈਂ 2-3 ਗੱਲਾਂ ਕਹਿਣੀਆਂ ਹਨ । ਤੁਸੀਂ ਕਿਹਾ ਸੀ ਕਿ ਖੁੱਲ੍ਹਾ ਟਾਈਮ ਦਿਉਗੇ । ਮੈਂ ਸਮਝਦਾ ਹਾਂ ਕਿ ਤੁਸੀਂ ਹੋਰ ਵੀ ਪ੍ਰੋਗਰਾਮ ਕਰਨੇ ਹਨ । ਮੈਂ ਕਹਿ ਰਿਹਾ ਸੀ ਕਿ ਗਰੀਬਾਂ ਦੀਆਂ ਸਾਰੀਆਂ ਮੰਗਾਂ ਨੂੰ ਪਛਾਣ ਲਿਆ ਜਾਵੇ । ਹੇਠਲੇ ਪੱਧਰ ਦੇ ਲੋਕ ਜੋ ਕਿ ਝੁੱਗੀਆਂ ਝੌਂਪੜੀਆਂ ਵਿੱਚ ਰਹਿੰਦੇ ਹਨ ਉਨ੍ਹਾਂ ਨੂੰ ਜ਼ਰੂਰ ਨੇੜੇ ਲਿਆਂਦਾ ਜਾਵੇ ਤਾਂ ਕਿ ਸਾਰੀਆਂ ਆਈਟਮਾਂ ਉਨ੍ਹਾਂ ਤੱਕ ਪਹੁੰਚਣ । ਉਨ੍ਹਾਂ ਵਾਸਤੇ ਵਿਕਰੀ ਕਰ ਖਤਮ ਕਰਨਾ ਚਾਹੀਦਾ ਹੈ ਜਿਵੇਂ ਕਿ ਜੋ ਗਰੀਬ ਆਦਮੀ ਚੱਪਲ ਪਹਿਨਦਾ ਹੈ, ਉਸ ਉਪਰ ਵੀ ਉਸ ਨੂੰ ਟੈਕਸ ਦੇਣਾ ਪੈਂਦਾ ਹੈ । ਸਾਡੇ ਨੇੜਲੇ ਰਾਜ ਰਾਜਸਥਾਨ ਵਿੱਚ ਇਹ ਟੈਕਸ ਨਹੀਂ ਹੈ । ਅੱਜ ਕੱਲ੍ਹ ਘਟੀਆ ਤੋਂ ਘਟੀਆ ਚੱਪਲ ਵੀ 15-20 ਰੁਪਏ ਦੀ ਆਉਂਦੀ ਹੈ । ਇਹੋ ਜਿਹੀਆਂ ਬਰੀਕੀ ਵਾਲੀਆਂ ਚੀਜ਼ਾਂ ਜੋ ਕਿ ਗਰੀਬਾਂ ਦੇ ਘਰਾਂ ਵਿੱਚ ਜਾਂਦੀਆਂ ਹਨ, ਇਨ੍ਹਾਂ ਨੂੰ ਟੈਕਸ ਤੋਂ ਮੁਕਤ ਕਰਨਾ ਚਾਹੀਦਾ ਹੈ । ਦੂਸਰਾ, ਸੂਬੇ ਦੇ ਟੈਕਸਾਂ ਨੂੰ ਮੁੱਖ ਰੱਖ ਕੇ ਸਾਨੂੰ ਆਪਣਾ ਅਗਲਾ ਪ੍ਰੋਗਰਾਮ ਬਣਾਉਣਾ ਚਾਹੀਦਾ ਹੈ ਕਿਉਂਕਿ ਸਾਨੂੰ ਪੈਸੇ ਦੀ ਘਾਟ ਹੈ । ਜਿਵੇਂ ਤੁਸੀਂ ਕਹਿ ਰਹੇ ਹੋ ਕਿ ਖਜ਼ਾਨਾ ਖਾਲੀ ਹੈ ।

ਸ੍ਰੀ ਸਪੀਕਰ : ਡਾਕਟਰ ਸਾਹਿਬ, ਤੁਹਾਡਾ ਸਮਾਂ ਪੂਰਾ ਹੋ ਗਿਆ ਹੈ । ਹੁਣ ਤੁਸੀਂ ਬੈਠ ਜਾਓ ।

ਡਾਕਟਰ ਹਰਬੰਸ ਲਾਲ : ਇੰਡਸਟਰੀ ਨੂੰ ਪ੍ਰਫੁੱਲਤ ਕਰਨਾ ਚਾਹੀਦਾ ਹੈ । ਕੱਚੇ ਲੋਹੇ ਦੀ ਇੰਡਸਟਰੀ ਨੂੰ ਬਹੁਤ ਲੋੜ ਹੈ । ਫਰਨੇਸ ਵਾਸਤੇ 66 ਕੇ. ਵੀ. ਦਾ ਗਰਿੱਡ ਲਗਦਾ ਹੈ ਜਿਸ ਕਾਰਨ ਇੰਡਸਟਰੀਲਿਸਟਾਂ ਤੇ ਇਕ ਤੋਂ ਡੇਢ ਕਰੋੜ ਦਾ ਬੋਝ ਪੈਂਦਾ ਹੈ । ਇੰਡਸਟਰੀ-

[ਡਾਕਟਰ ਹਰਬੰਸ ਲਾਲ]

ਲਿਸਟ ਕਰਜ਼ਾ ਲੈਂਦਾ ਹੈ ਇੰਡਸਟਰੀ ਲਗਾਉਣ ਲਈ । ਮਾਲ ਮਿੱਲਾਂ ਨੂੰ ਜਾਏਗਾ, ਤਾਂ ਹੀ ਜਾਏਗਾ ਜੇ ਫਰਨੇਸ ਲੱਗਣਗੀਆਂ । ਇਹ ਜੋ 66 ਕੇ. ਵੀ. ਦਾ ਬੋਝ ਹੈ ਇਹ ਇੰਡਸਟਰੀ-ਲਿਸਟਾਂ ਤੋਂ ਚੁੱਕ ਦੇਣਾ ਚਾਹੀਦਾ ਹੈ ਅਤੇ ਇੰਡਸਟਰੀ ਨੂੰ ਪ੍ਰਫੁੱਲਤ ਕਰਨ ਵੱਲ ਗੌਰ ਕਰਨੀ ਚਾਹੀਦੀ ਹੈ ।

ਸ਼੍ਰੀ ਸਪੀਕਰ: ਡਾਕਟਰ ਸਾਹਿਬ, ਬੈਠ ਜਾਉ ।

ਡਾਕਟਰ ਹਰਬੰਸ ਲਾਲ ਜਿਸ ਤਰ੍ਹਾਂ ਵਹੀਕਲਜ਼ ਤੇ ਟੈਕਸ ਲਗਦਾ ਹੈ, ਉਸ ਤਰ੍ਹਾਂ ਆਟੋ ਪਾਰਟਸ ਤੇ ਵੀ ਟੈਕਸ ਲੱਗਣਾ ਚਾਹੀਦਾ ਹੈ । ਜਿਹੜੀ ਖੋਏ ਦੀ ਮਿਠਾਈ ਬਣਦੀ ਹੈ ਇਸ ਤੇ ਟੈਕਸ ਨਹੀਂ ਲਗਦੇ ਪਰ ਨਿੱਕੇ ਨਿੱਕੇ ਬੱਚੇ ਜਿਹੜੀਆਂ ਟਾਫੀਆਂ ਖਾਂਦੇ ਹਨ ਉਨ੍ਹਾਂ ਤੇ ਵੀ ਟੈਕਸ ਲਗਾਇਆ ਜਾਂਦਾ ਹੈ, ਜੋ ਕਿ ਨਹੀਂ ਲੱਗਣਾ ਚਾਹੀਦਾ । ਤੁਸੀਂ ਇਸ ਤੇ ਜ਼ਰੂਰ ਵਿਚਾਰ ਕਰੋਗੇ ।

ਸ਼੍ਰੀ ਸਪੀਕਰ: ਡਾਕਟਰ ਸਾਹਿਬ, ਖਤਮ ਕਰਨ ਦੀ ਕੋਸ਼ਿਸ਼ ਕਰੋ ।

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਅੱਗੇ ਕਹਾਂਗਾ ਕਿ ਪੰਜਾਬ ਜ਼ਮੀਨ ਮਾਲੀਆ ਸਥਾਪਤ ਕਰਨ ਬਾਰੇ ਜੋ ਬਿੱਲ ਲਿਆਂਦਾ ਗਿਆ ਇਸ ਵਿੱਚ ਰਾਜ ਵਿੱਚ ਜ਼ਮੀਨ ਮਾਲੀਆ ਰਾਹਤ ਲਈ ਪੰਜਾਬ ਸਰਕਾਰ ਨੇ ਨਵਾਂ ਕਾਨੂੰਨ ਬਣਾ ਕੇ ਮਾਲੀਏ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਹੈ । ਇਹ ਬੜੀ ਖੁਸ਼ੀ ਦੀ ਗੱਲ ਹੈ । ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਵੀ ਇਹ ਲਾਗੂ ਕਰ ਦਿੱਤਾ ਸੀ । ਤੁਸੀਂ ਉਸੇ ਗੱਲ ਨੂੰ ਲਿਆਂਦਾ ਹੈ, ਇਸ ਬਾਰੇ ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ । ਸਪੀਕਰ ਸਾਹਿਬ, ਇਹ ਜੋ ਗੱਲਾਂ ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਕਹੀਆਂ ਹਨ, ਮੈਂ ਆਸ ਕਰਦਾ ਹਾਂ ਕਿ ਉਹ ਇਸ ਤੇ ਜ਼ਰੂਰ ਗੌਰ ਕਰਨਗੇ । ਇਨ੍ਹਾਂ ਦਾ ਇਲਾਕਾ ਮੇਰੇ ਇਲਾਕੇ ਦੇ ਨਾਲ ਪੈਂਦਾ ਹੈ । ਮੈਂ ਇਨ੍ਹਾਂ ਦੇ ਇਲਾਕੇ ਦਾ ਗੇੜਾ ਮਾਰਦਾ ਰਹਿੰਦਾ ਹਾਂ ।

ਸ਼੍ਰੀ ਸਪੀਕਰ ਤੁਹਾਡਾ ਬਹੁਤ ਧੰਨਵਾਦ, ਡਾਕਟਰ ਸਾਹਿਬ, ਹੁਣ ਤੁਸੀਂ ਖਤਮ ਕਰੋ ।

ਡਾਕਟਰ ਹਰਬੰਸ ਲਾਲ: ਪਿਛੇ ਡਿਸਟ੍ਰਿਕਟ ਬੋਰਡ ਦੀਆਂ ਮੀਟਿੰਗਾਂ ਹੋਈਆਂ ਹਨ । ਸਾਡਾ ਬਹੁਤ ਪੈਸਾ ਲੈਪਸ ਹੋਇਆ ਹੈ । ਫਤਿਹਗੜ੍ਹ ਸਾਹਿਬ ਦੇ ਇਲਾਕੇ ਲਈ ਵੱਧ ਤੋਂ ਵੱਧ ਫੰਡ ਰੱਖਣੇ ਚਾਹੀਦੇ ਹਨ । ਵੱਧ ਤੋਂ ਵੱਧ ਪ੍ਰੋਗਰਾਮ ਰੱਖਣੇ ਚਾਹੀਦੇ ਹਨ । ਇਸ ਨੂੰ ਜ਼ਿਲ੍ਹਾ ਬਣਾਇਆ ਗਿਆ ਹੈ । ਇਸ ਇਲਾਕੇ ਨੂੰ ਤਰੱਕੀ ਅਤੇ ਉੱਨਤੀ ਵੱਲ ਤੋਰਿਆ ਹੈ । ਸ਼ਹੀਦਾਂ ਦੇ ਸ਼ਹਿਰ ਨੂੰ ਸ਼ਹੀਦੇ-ਆਜ਼ਮ ਸਰਦਾਰ ਬੇਅੰਤ ਸਿੰਘ ਨੇ ਜ਼ਿਲ੍ਹਾ ਬਣਾ ਕੇ ਇਥੇ 4 ਮੰਜ਼ਲਾ ਮਿਨੀ ਸੈਕਟ੍ਰੀਏਟ ਬਣਾਇਆ ਹੈ । ਇਸ ਇਲਾਕੇ ਵਾਸਤੇ ਨਵੇਂ ਪ੍ਰੋਗਰਾਮ ਉਲੀਕਣੇ ਚਾਹੀਦੇ ਹਨ । ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਅਤੇ ਆਪਣਾ ਸਥਾਨ ਲੈਂਦਾ ਹਾਂ । ਜੈ ਹਿੰਦ । ਧੰਨਵਾਦ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ: ਸਪੀਕਰ ਸਾਹਿਬ, ਮੈਨੂੰ ਵੀ ਬੋਲਣ ਲਈ ਟਾਈਮ ਦਿੱਤਾ ਜਾਵੇ ।

ਸ਼੍ਰੀ ਸਪੀਕਰ: ਹੁਣ ਐਫ. ਐਮ. ਸਾਹਿਬ ਨੂੰ ਬੋਲਣ ਦਿਉ । (ਵਿਘਨ) ਠੀਕ ਹੈ ਇਕ ਮਿੰਟ ਬੋਲਣਾ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ (ਖਡੂਰ ਸਾਹਿਬ, ਐਸ. ਸੀ.) ਸਪੀਕਰ ਸਾਹਿਬ, ਮੈਂ ਸਿਰਫ 2 ਮਿੰਟ ਲਵਾਂਗਾ। ਸਪੀਕਰ ਸਾਹਿਬ, ਧੰਨਵਾਦ ਕਿ ਤੁਸੀਂ ਮੈਨੂੰ ਸੇਲਜ਼ ਟੈਕਸ ਅਮੈਂਡਮੈਂਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਪੰਜਾਬ ਦੇ ਭਲੇ ਵਾਸਤੇ, ਸੂਬੇ ਦੇ ਭਲੇ ਵਾਸਤੇ ਸਾਡੇ ਮਾਨਯੋਗ ਫਾਈਨਾਂਸ ਮਨਿਸਟਰ ਕੈਪਟਨ ਕੰਵਲਜੀਤ ਸਿੰਘ ਨੇ ਅਮੈਂਡਮੈਂਟ ਲਿਆਂਦੀ ਹੈ। ਸੂਬੇ ਦੀ ਤਰੱਕੀ, ਦੇਸ਼ ਦੀ ਤਰੱਕੀ ਵਾਸਤੇ ਅਸੀਂ ਟੈਕਸ ਦਿੰਦੇ ਹਾਂ। ਜਿਹੜੇ ਚੋਰ ਟੈਕਸ ਨਹੀਂ ਦਿੰਦੇ ਉਨ੍ਹਾਂ ਵਾਸਤੇ ਸਖਤ ਤੋਂ ਸਖਤ ਸਜ਼ਾ ਹੋਣੀ ਚਾਹੀਦੀ ਹੈ। ਤੁਸੀਂ ਦੇਖ ਲਓ, ਟਰੱਕਾਂ ਵਾਲੇ ਜਦੋਂ ਮਾਲ ਲਿਜਾਂਦੇ ਹਨ ਤਾਂ ਜੇਕਰ ਰਸਤੇ ਵਿੱਚ ਉਨ੍ਹਾਂ ਨੂੰ ਕਿਸੇ ਨੇ ਰੋਕ ਲਿਆ ਤਾਂ ਟੈਕਸ ਦੇ ਦਿੱਤਾ ਅਤੇ ਵਾਪਸੀ ਤੇ ਉਸ ਟਿਕਟ ਨੂੰ ਫਿਰ ਦਿਖਾ ਦਿੰਦੇ ਹਨ ਕਿ ਟੈਕਸ ਦੇ ਦਿੱਤਾ ਹੈ। ਇਹ ਜੋ ਬਿਲ ਹਨ, ਇਨ੍ਹਾਂ ਤੇ ਨੰਬਰਿੰਗ ਹੋਣੀ ਚਾਹੀਦੀ ਹੈ। ਹੁਣ ਨਵਾਂ ਸਿਸਟਮ ਕੰਪਿਊਟਰ ਵਾਲਾ ਚੱਲਿਆ ਹੈ। ਇਸ ਵਿੱਚ ਬਿਲ ਰਿਕਾਰਡ ਤੇ ਨਹੀਂ ਰੱਖਿਆ ਜਾਂਦਾ, ਉਹ ਕੰਪਿਊਟਰ ਵਿੱਚ ਚਲਾ ਜਾਂਦਾ ਹੈ। ਜੋ ਕਿ ਮਗਰੋਂ ਚੈਕ ਨਹੀਂ ਹੋ ਸਕਦਾ। ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ 50% ਵਪਾਰੀ ਪੰਜਾਬ ਵਿਚ 2 ਨੰਬਰ ਦੇ ਬਿਲ ਕੱਟਦੇ ਹਨ। ਇਹ ਜਿਹੜੀ ਸ਼ਿਓਰਟੀ ਬਾਡੀ ਦੀ ਸਕੀਮ ਲਾਗੂ ਕਰ ਰਹੇ ਹਨ ਇਹ ਬੜੀ ਅੱਛੀ ਗੱਲ ਕੀਤੀ ਗਈ ਹੈ। ਪਰ ਅਗਰ ਐਕਸਾਈਜ਼ ਇੰਸਪੈਕ-ਟਰ ਹਰ ਬਿਲ ਬੁੱਕ ਉਤੇ ਲਗਾ ਦੇਵੇ ਤਾਂ 2 ਨੰਬਰ ਦੇ ਬਿੱਲ ਘੱਟ ਹੋ ਸਕਦੇ ਹਨ। ਹਰ ਬਿਲ ਬੁੱਕ ਨੂੰ ਪਹਿਲੇ ਇੰਸਪੈਕਟਰ ਵਲੋਂ ਸਟੈਂਪ ਕੀਤਾ ਜਾਵੇ ਫਿਰ ਉਸ ਨੂੰ ਬਿਲ ਕੱਟਣ ਲਈ ਚਾਲੂ ਕੀਤਾ ਜਾਵੇ ਇਸ ਨਾਲ 2 ਨੰਬਰ ਦੇ ਬਿਲ ਕੱਟਣ ਦਾ ਕੰਮ ਖਤਮ ਹੋ ਸਕਦਾ ਹੈ ਅਤੇ ਸੇਲਜ਼ ਟੈਕਸ ਦੀ ਚੋਰੀ ਜਿਹੜੀ ਮੇਰੇ ਹਿਸਾਬ ਨਾਲ ਡੇਢ ਕਰੋੜ ਰੁਪਏ ਦੀ ਰੋਜ਼ਾਨਾ ਪੰਜਾਬ ਦੇ ਵਿਚ ਹੁੰਦੀ ਹੈ ਉਹ ਰੁਕ ਸਕਦੀ ਹੈ। ਫਾਈਨੈਂਸ ਮਨਿਸਟਰ ਸਾਹਿਬ ਇਸ ਬਿੱਲ ਉਤੇ ਜਵਾਬ ਦਿੰਦੇ ਹੋਏ ਮੇਰੀ ਗੱਲ ਵੱਲ ਗੌਰ ਕਰਨ ਅਤੇ ਹਾਊਸ ਵਿਚ ਇਸ ਨੂੰ ਕਲੀਅਰ ਕਰਨ ਦੀ ਖੇਚਲ ਕਰਨ। ਇਸ ਤੋਂ ਇਲਾਵਾ, ਮੇਰੇ ਹਲਕੇ ਵਿਚ ਗੋਇੰਦਵਾਲ ਇੰਡਸਟਰੀਅਲ ਟਾਊਨ ਬਨਾਉਣ ਦਾ ਫੈਸਲਾ ਬਾਦਲ ਸਾਹਿਬ ਨੇ 1977 ਦੇ ਵਿਚ ਕੀਤਾ ਸੀ ਅਤੇ ਜਿਹੜੀ ਬਾਅਦ ਵਿਚ ਕੁਝ ਕਾਰਣਾਂ ਕਰਕੇ ਸਕੀਮ ਰਹਿ ਗਈ ਸੀ। ਇਸ ਦੇ ਲਈ ਸਪੈਸ਼ਲ ਕੰਪੋਨੈਂਟ ਪ੍ਰੋਗਰਾਮ ਬਣਾਇਆ ਜਾਵੇ। ਗੋਇੰਦਵਾਲ ਸਿੱਖੀ ਦਾ ਧੁਰਾ ਰਿਹਾ ਹੈ ਅਤੇ ਇਸ ਖੇਤਰ ਦੇ ਸਨਅੱਤੀ ਵਿਕਾਸ ਲਈ ਇਸ ਨੂੰ ਇੰਡਸਟਰੀ-ਅਲ ਟਾਊਨ ਬਣਾਇਆ ਗਿਆ ਸੀ ਤਾਂ ਕਿ ਇਥੇ ਵਪਾਰ ਦੀ ਤਰੱਕੀ ਹੋ ਸਕੇ।

ਵਿੱਤ ਮੰਤਰੀ (ਕੈਪਟਨ ਕੰਵਲਜੀਤ ਸਿੰਘ): ਸਪੀਕਰ ਸਾਹਿਬ, ਸ਼ਰੋਮਣੀ ਅਕਾਲੀ ਪਾਰਟੀ ਅਤੇ ਬੀ. ਜੇ. ਪੀ. ਦੀ ਸਾਂਝੀ ਸਰਕਾਰ ਨੇ ਵਪਾਰੀ ਵਰਗ ਦੇ ਨਾਲ ਇਕ ਮੀਟਿੰਗ ਕੀਤੀ ਅਤੇ ਸਰਕਾਰ ਨੇ ਇੱਛਾ ਜ਼ਾਹਿਰ ਕੀਤੀ ਕਿ ਵਪਾਰੀ ਵਰਗ ਦਾ ਸਨਮਾਨ ਅਤੇ ਸਤਿਕਾਰ ਕੀਤਾ ਜਾਵੇ ਅਤੇ ਇਸ ਵਰਗ ਦੀ ਸੈਲਫ ਰਿਸਪੈਕਟ ਨੂੰ ਅਤੇ ਡਿਗਨਿਟੀ ਨੂੰ ਰਿਸਟੋਰ ਕੀਤਾ ਜਾਵੇ। ਜਿਸ ਵਪਾਰੀ ਵਰਗ ਨੂੰ ਪਿਛਲੀ ਸਰਕਾਰ ਨੇ ਹਰਾਸਮੈਂਟ ਦਿੱਤੀ ਹੈ ਅਤੇ ਇੰਸਪੈਕਟਰ ਆਪਣੇ ਕਾਨੂੰਨਾਂ ਰਾਹੀਂ ਨਜਾਇਜ਼ ਵਪਾਰੀ ਵਰਗ ਨੂੰ ਤੰਗ ਕਰਦੇ ਹਨ ਜਿਸ ਨੂੰ ਰੋਕਣ ਲਈ ਅਤੇ ਘੱਟ ਕਰਨ ਲਈ ਅਤੇ ਇਨ੍ਹਾਂ ਪਰੇਸ਼ਾਨੀਆਂ ਨੂੰ ਮੁੱਖ ਰਖਦੇ ਹੋਏ ਸਾਡੇ ਚੀਫ ਮਨਿਸਟਰ ਸਾਹਿਬ ਨੇ ਵਪਾਰੀ ਮੰਡਲਾਂ ਦੇ ਨਾਲ ਅਨੇਕਾਂ ਮੀਟਿੰਗਜ਼ ਕੀਤੀਆਂ

[ਵਿੱਤ ਮੰਤਰੀ]

ਉਨ੍ਹਾਂ ਤੋਂ ਤਜਵੀਜ਼ਾਂ ਲਈਆਂ, ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੀਆਂ। ਇਹ ਮੀਟਿੰਗਾਂ ਸਾਰਾ ਸਾਰਾ ਦਿਨ ਚਲਦੀਆਂ ਰਹੀਆਂ ਅਤੇ ਉਨ੍ਹਾਂ ਨਾਲ ਵਿਚਾਰ ਵਟਾਂਦਰੇ ਹੁੰਦੇ ਰਹੇ ਤਾਂ ਕਿ ਜਿਹੜੀਆਂ ਵਪਾਰੀ ਵਰਗ ਦੀਆਂ ਮੁਸ਼ਕਲਾਂ ਹਨ, ਉਨ੍ਹਾਂ ਨੂੰ ਦੂਰ ਕੀਤਾ ਜਾ ਸਕੇ। ਅਸੀਂ ਹਰ ਵਰਗ ਦੀਆਂ ਮੁਸ਼ਕਲਾਂ ਦਾ ਹੱਲ ਲੱਭਣਾ ਚਾਹੁੰਦੇ ਹਾਂ। ਇਸ ਮੰਤਵ ਨੂੰ ਮੁੱਖ ਰਖਦੇ ਹੋਏ ਅਸੀਂ ਕਈ ਮੀਟਿੰਗਾਂ ਕੀਤੀਆਂ ਜਿਸ ਦੇ ਨਤੀਜੇ ਵਜੋਂ ਇਸ ਹਾਊਸ ਦੇ ਵਿਚ ਬਿਲ ਵਿਚ ਤਰਮੀਮਾਂ ਪੇਸ਼ ਕੀਤੀਆਂ ਗਈਆਂ ਹਨ, ਇਹ ਸਾਰੀਆਂ ਤਰਮੀਮਾਂ ਉਨ੍ਹਾਂ ਮੀਟਿੰਗਾਂ ਦੇ ਵਿਚੋਂ ਹੀ ਆਈਆਂ ਹਨ ਅਤੇ ਇਹ ਤਜਵੀਜ਼ਾਂ ਵਪਾਰੀ ਵਰਗ ਵਲੋਂ ਹੀ ਸਰਕਾਰ ਨੂੰ ਦਿੱਤੀਆਂ ਗਈਆਂ ਹਨ, ਜਿਸ ਨੂੰ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ ਸਵੀਕਾਰ ਕੀਤਾ ਅਤੇ ਸਵੀਕਾਰ ਕਰਕੇ ਅੱਜ ਉਸ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ ਅਤੇ ਇਹ ਅਮੈਂਡਮੈਂਟਾਂ ਪੇਸ਼ ਕੀਤੀਆਂ ਗਈਆਂ ਹਨ। ਇਥੇ ਅਰਜ਼ੀ ਸਾਹਿਬ ਨੇ 2-3 ਖਦਸ਼ੇ ਜ਼ਾਹਿਰ ਕੀਤੇ ਹਨ। ਇਕ ਇਨ੍ਹਾਂ ਨੇ ਸਿਓਰਟੀ ਬਾਂਡ ਵਾਲੀ ਗੱਲ ਕੀਤੀ ਹੈ ਜਿਸ ਦਾ ਅਮੈਂਡਮੈਂਟ ਵਿਚ ਜ਼ਿਕਰ ਕੀਤਾ ਗਿਆ ਹੈ। ਸਭ ਤੋਂ ਵੱਡੀ ਮੁਸ਼ਕਲ ਵਪਾਰੀ ਵਰਗ ਨੂੰ ਹਰਾਸਮੈਂਟ ਦੀ ਹੁੰਦੀ ਸੀ। ਜਿਸ ਵਪਾਰੀ ਦਾ ਮਾਲ ਪਕੜਿਆ ਜਾਂਦਾ ਸੀ ਉਹ ਕਈ ਦਿਨ ਬੰਦ ਪਿਆ ਰਹਿੰਦਾ ਸੀ। ਇਸ ਮੁਸ਼ਕਲ ਦਾ ਹੱਲ ਲੱਭਣ ਲਈ ਅਸੀਂ ਉਨ੍ਹਾਂ ਦੀ ਤਜਵੀਜ਼ ਮੰਨ ਲਈ ਹੈ ਅਤੇ ਉਸ ਨੂੰ ਹੀ ਇੰਪਲੀਮੈਂਟ ਕਰ ਰਹੇ ਹਾਂ ਜਿਸ ਨੂੰ ਇਸ ਅਮੈਂਡਮੈਂਟ ਦੇ ਰਾਹੀਂ ਪੂਰਣ ਤੌਰ ਤੇ ਲਾਗੂ ਕੀਤਾ ਜਾਵੇਗਾ। ਬਾਕੀ ਇਨ੍ਹਾਂ ਨੇ 10 ਲੱਖ ਤੋਂ 20 ਲੱਖ ਤੱਕ ਦੀ ਗੱਲ ਕੀਤੀ ਹੈ ਅਤੇ ਹੋਰ ਵੀ ਕਈ ਤਜਵੀਜ਼ਾਂ ਦਿੱਤੀਆਂ ਹਨ। ਸਪੀਕਰ ਸਾਹਿਬ, ਵਪਾਰੀ ਵਰਗ ਦੇ ਸੁਝਾਓ ਮੰਨਦੇ ਹੋਏ ਇਹ ਤਜਵੀਜ਼ਾਂ ਲਾਗੂ ਕੀਤੀਆਂ ਹਨ। ਮੈਂ ਬਜਟ ਸਪੀਚ ਵਿਚ ਵੀ ਦੱਸਿਆ ਸੀ, ਉਨ੍ਹਾਂ ਤਜਵੀਜ਼ਾਂ ਬਾਰੇ ਅਮੈਂਡਮੈਂਟ ਕਰਨ ਦੀ ਲੋੜ ਨਹੀਂ ਸੀ, ਡਿਸੀਜ਼ਨ ਦੇ ਨਾਲ ਹੀ ਲਾਗੂ ਕੀਤੀਆਂ ਜਾ ਸਕਦੀਆਂ ਸਨ ਅਤੇ ਉਹ ਕੀਤੀਆਂ ਗਈਆਂ ਹਨ। ਇਸ ਕਰਕੇ ਉਹ ਅਮੈਂਡਮੈਂਟ ਮੈਂ, ਸਪੀਕਰ ਸਾਹਿਬ, ਇਸ ਹਾਊਸ ਦੇ ਸਾਹਮਣੇ ਨਹੀਂ ਲੈ ਕੇ ਆਇਆ। ਦੂਸਰਾ, ਇਥੇ ਹਾਊਸ ਵਿਚ ਕੇਸਿਜ਼ ਦੀ ਡਿਸਪੋਜ਼ਲ ਬਾਰੇ ਗੱਲਾਂ ਹੋਈਆਂ ਹਨ। ਜਿਹੜੇ ਸੇਲਜ਼ ਟੈਕਸ ਅਮੈਂਡਮੈਂਟਾਂ ਦੇ ਕੇਸਿਜ਼ ਪੈਂਡਿੰਗ ਹਨ, ਉਹ ਲੱਖਾਂ ਦੀ ਤਾਦਾਦ ਵਿਚ ਪੈਂਡਿੰਗ ਪਏ ਹਨ। ਅਸੀਂ ਉਨ੍ਹਾਂ ਕੇਸਾਂ ਬਾਰੇ ਹਦਾਇਤ ਕੀਤੀ ਹੈ ਕਿ 6 ਮਹੀਨਿਆਂ ਦੇ ਅੰਦਰ ਅੰਦਰ ਸਾਰੇ ਕੇਸਾਂ ਦਾ ਨਿਪਟਾਰਾ ਕਰ ਦਿਤਾ ਜਾਵੇਗਾ। ਇਹ ਸਾਰੇ ਕੇਸ ਨਿਪਟਾ ਦਿਤੇ ਜਾਣਗੇ। (ਥੰਪਿੰਗ) ਸਪੀਕਰ ਸਾਹਿਬ, ਸਾਡੀ ਸਰਕਾਰ ਚਾਹੁੰਦੀ ਹੈ ਕਿ ਪੰਜਾਬ ਦੇ ਵਿਚ ਵਪਾਰ ਵਧੇ, ਪੰਜਾਬ ਖੁਸ਼ਹਾਲ ਹੋਵੇ, ਪੰਜਾਬ ਪਰਫੁੱਲਤ ਹੋਵੇ। ਜੇ ਵਪਾਰ ਵਧੇਗਾ, ਪੰਜਾਬ ਦੀ ਜਨਤਾ ਖੁਸ਼ਹਾਲ ਹੋਵੇਗੀ ਤਾਂ ਪੰਜਾਬ ਸਰਕਾਰ ਕੋਲ ਵੱਧ ਧਨ ਆਏਗਾ। ਸਪੀਕਰ ਸਾਹਿਬ, ਇਸ ਮੰਤਵ ਨੂੰ ਮੁੱਖ ਰਖਦੇ ਹੋਏ ਇਹ ਬਿਲ ਸਦਨ ਵਿਚ ਪੇਸ਼ ਕੀਤਾ ਹੈ, ਜਿਸ ਤੇ ਕਿ ਡਿਸਕਸ਼ਨ ਕੀਤੀ ਗਈ ਹੈ।

The Punjab General Sales Tax (*Amendment*) Bill, 1997

Mr. Speaker: Question is: —

That the Punjab General Sales Tax (Amendment) Bill be taken into consideration at once.

The motion was carried unanimously.

Mr. Speaker: Now, the House will proceed to consider the Bill clause by clause.

Sub Clause (2) of Clause 1

Mr. Speaker: Question is: —

That Sub Clause (2) of Clause 1 stand part of the Bill.

The motion was carried unanimously.

Clause 2

Mr. Speaker: There is a notice of amendment to this Clause by the Finance Minister. He may please move his amendment.

Finance Minister (Captain Kanwaljit Singh): Sir, I beg to move that: —

(i) In the proposed Sub-Section (1) of Section 10-C, in line 12, for the words " One per Centum", the words, two per centum shall be substituted.

(ii) In the proposed sub-section (2) of Section 10-C, in line 9, for the words "one per centum", the words " "two per centum" shall be substituted.

ਸਪੀਕਰ ਸਾਹਿਬ, ਇਹ ਕਲੈਰੀਕਲ ਐਰਰ ਕਰਕੇ ਹੋਇਆ ਹੈ। ਇਸ ਕਰਕੇ ਅਮੈਂਡ-ਮੈਂਟ ਪੇਸ਼ ਕਰਨੀ ਪਈ।

Mr. Speaker: Motion moved—

That—

(i) In the proposed sub-section (1) of Section 10-C, in line 12, for the words " one per centum", the words "two per centum" shall be substtuted.

(ii) In the proposed sub-section 10-C; in line 9, for the words "one per centum", the words "two per centum", shall be substituted.

Mr. Speaker: Question is—

That—

(i) In the proposed sub-section (1) of Section 10-C, in line 12, for the words " one per centum", the words " two per centum', shall be substituted.

(ii) In the proposed sub-section (2) of Section 10-C, in line 9, for the words " one per centum", the words " two per centum", shall be substituted.

The motion was carried unanimously.

Mr. Speaker: Question is—

That Clause 2, as amended, stand part of the Bill.

The motion was carried unanimously.

Clause 3

Mr. Speaker: Question is—

That Clause 3 stand part of the Bill.

The motion was carried unanimously

Clause 4

Mr. Speaker: Question is—

That Clause 4 stand part of the Bill.

The motion was carried unanimously.

Sub Clause (1) of Clause 1

Mr. Speaker. Question is—

That Sub Clause (1) of Clause 1 stand part of the Bill.

The motion was carried unanimously.

Title

Mr Speaker Question is—

That Title be the Title of the Bill.

The motion was carried unanimously.

Mr. Speaker: Minister to move that the Bill be passed.

Finance Minister (Captain Kanwaljit Singh): Sir I beg to move—

That the Punjab General Sales Tax (Amendment) Bill, as amended, be passed.

Mr. Speaker: Motion moved—

That the Punjab General Sales Tax (Amendment) Bill, as amended, be passed.

Mr. Speaker: Question is—

That the Punjab General Sales Tax (Amendment) Bill, as amended, be passed.

The motion was carried unanimously.

Mr. Speaker: Now, the next Bill.

The Punjab Land Revenue (*Abolition*) Bill, 1997

Mr. Speaker: Question is -

That the Punjab Land Revenue (*Abolition*) Bill be taken into Consideration at once.

The motion was carried unanimously.

Mr. Speaker: Now the House will proceed to consider the Bill clause by clause.

Clause 2

Mr. Speaker: Question is—

That Clause 2 stand part of the Bill.

The motion was carried unanimously.

Clause 1

Mr. Speaker: Question is—

That Clause 1 stand part of the Bill.

The motion was carried unanimously.

Title

Mr. Speaker: Question is—

That title be the title of the Bill.

The motion was carried unanimously.

Mr. Speaker: Minister to move that the Bill be passed.

Minister For Food and Supplies and Parliamentary Affairs (Shri Madan Mohan Mittal):
Sir, I beg to move—

That the Punjab Land Revenue (*Abolition*) Bill be passed.

Mr. Speaker: Motion moved—

That the Punjab Land Revenue (*Abolition*) Bill be passed.

Mr. Speaker: Question is—

That the Punjab Land Revenue (*Abolition*) Bill be passed.

The motion was carried unanimously.

Mr. Speaker: The House stands adjourned *sine-die*.

12.23 P.M. (The Sabha then adjourned *sine-die*)

APPENDIX

TO

PUNJAB VIDHAN SABHA DEBATES

24th June, 1997

Vol II—NO. 11

STARRED QUESTION AND ANSWER

ਰਾਜ ਵਿਚ ਸਮੂਹਕ ਸਿਹਤ ਕੇਂਦਰਾਂ ਦੀ ਗਿਣਤੀ

* 533. **ਸਰਦਾਰ ਰਣਜੀਤ ਸਿੰਘ ਬਾਲੀਆਂ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸਿਹਤ ਸੇਵਾਵਾਂ ਵਿਚ ਸੁਧਾਰ ਲਿਆਉਣ ਲਈ ਰਾਜ ਵਿਚ ਇਸ ਸਮੇਂ ਸਥਾਪਤ ਕੀਤੇ ਗਏ ਸਮੂਹਕ ਸਿਹਤ ਕੇਂਦਰਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਹਰ ਇਕ ਸਮੂਹਿਕ ਸਿਹਤ ਕੇਂਦਰ ਵਿਚ ਡਾਕਟਰਾਂ, ਨਰਸਾਂ ਅਤੇ ਹੋਰ ਅਮਲੇ ਦੀਆਂ ਲੋੜੀਂਦੀਆਂ ਆਸਾਮੀਆਂ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ ; ਜੇਕਰ ਨਹੀਂ ਤਾਂ ਅਜਿਹੇ ਸਮੂਹਕ ਸਿਹਤ ਕੇਂਦਰਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਅਜੇ ਤੱਕ ਲੋੜੀਂਦਾ ਅਮਲਾ ਮੁਹੱਈਆ ਨਹੀਂ ਕੀਤਾ ਗਿਆ ਹੈ ਅਤੇ ਇਸਦੇ ਕਾਰਣ ਕੀ ਹਨ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਸਮੂਹਿਕ ਸਿਹਤ ਕੇਂਦਰਾਂ ਵਿਚ ਲੋੜੀਦਾਂ ਅਮਲਾ ਮੁਹੱਈਆ ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸ਼੍ਰੀ ਬਲਰਾਮਜੀ ਦਾਸ ਟੰਡਨ (ੳ) ਪੰਜਾਬ ਰਾਜ ਵਿਚ ਇਸ ਸਮੇਂ 105 ਕਮਿਊ-ਨਿਟੀ ਹੈਲਥ ਸੈਂਟਰ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ, ਜਿਨ੍ਹਾਂ ਦਾ ਜ਼ਿਲ੍ਹਾਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਜ਼ਿਲ੍ਹਾ		ਗਿਣਤੀ
1	2		3
1.	ਅੰਮ੍ਰਿਤਸਰ	..	11
2.	ਬਠਿੰਡਾ	..	6
3.	ਫਰੀਦਕੋਟ	..	1
4.	ਫਤਿਹਗੜ੍ਹ ਸਾਹਿਬ	..	3
5.	ਫਿਰੋਜ਼ਪੁਰ	..	10

1	2		3
6.	ਗੁਰਦਾਸਪੁਰ	..	10
7.	ਹੁਸਿਆਰਪੁਰ	..	7
8.	ਜਲੰਧਰ	..	6
9.	ਕਪੂਰਥਲਾ	..	5
10.	ਲੁਧਿਆਣਾ	..	9
11.	ਮਾਨਸਾ	..	3
12.	ਮੁਕਤਸਰ	..	4
13.	ਮੋਗਾ	..	4
14.	ਨਵਾਂ ਸ਼ਹਿਰ	..	3
15.	ਪਟਿਆਲਾ	..	8
16.	ਰੂਪ ਨਗਰ	..	5
17.	ਸੰਗਰੂਰ	..	10
	ਕੁੱਲ ਗਿਣਤੀ	..	105

(ਅ) ਜਿਨ੍ਹਾਂ ਕਮਿਊਨਿਟੀ ਹੈਲਥ ਸੈਂਟਰਾਂ ਵਿਚ ਨਾਰਮ ਅਨੁਸਾਰ ਡਾਕਟਰ, ਨਰਸ ਤੇ ਹੋਰ ਸਟਾਫ ਦੀਆਂ ਆਸਾਮੀਆਂ ਮੰਨਜ਼ੂਰ ਹਨ। ਜਿਨ੍ਹਾਂ ਕਮਿਊਨਿਟੀ ਹੈਲਥ ਸੈਂਟਰਾਂ ਵਿਚ ਨਾਰਮ ਅਨੁਸਾਰ ਆਸਾਮੀਆਂ ਮੰਨਜ਼ੂਰ ਨਹੀਂ ਹਨ, ਉਨ੍ਹਾਂ ਦਾ ਜ਼ਿਲਾਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ. —

1. ਕਮਿਊਨਿਟੀ ਹੈਲਥ ਸੈਂਟਰ, ਨਥਾਨਾ (ਬਠਿੰਡਾ)
2. ,, ,, ,, ਘਰੋਟਾ (ਗੁਰਦਾਸਪੁਰ)
3. ,, ,, ,, ਭਵਾਨੀਗੜ੍ਹ (ਸੰਗਰੂਰ)
4. ,, ,, ,, ਸ਼ਾਹਕੋਟ (ਜਲੰਧਰ)
5. ,, ,, ,, ਰਾਮਗੜ੍ਹ (ਕਪੂਰਥਲਾ)
6. ,, ,, ,, ਭੂੰਗਾ (ਹੁਸ਼ਿਆਰਪੁਰ)

ਉਪਰੋਕਤ ਦਰਸਾਏ ਕਮਿਊਨਿਟੀ ਹੈਲਥ ਸੈਂਟਰਾਂ ਵਿਚ ਨਵੀਆਂ ਆਸਾਮੀਆਂ ਦੀ ਰਚਨਾ ਪੈਸਿਆਂ ਦੀ ਘਾਟ ਕਾਰਨ ਨਹੀਂ ਕੀਤੀ ਜਾ ਸਕੀ।

(ੲ) ਸਾਲ 1997-98 ਦੌਰਾਨ ਇਨ੍ਹਾਂ ਕਮਿਊਨਿਟੀ ਹੈਲਥ ਸੈਂਟਰਾਂ ਵਿਚ ਨਵੀਆਂ ਆਸਾਮੀਆਂ ਦੀ ਰਚਨਾ ਦੇ ਨਾਰਮ ਅਨੁਸਾਰ ਰਚਣ ਲਈ ਪਲਾਨ ਸਕੀਮ 3.7 ਅਧੀਨ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ।

APPENDIX—II

TO

PUNJAB VIDHAN SABHA DEBATES

24th June, 1997

Vol. II—No. 11

UNSTARRED QUESTION AND ANSWER

ਪੰਜਾਬ ਭਵਨ, ਨਵੀਂ ਦਿੱਲੀ ਵਿਚ ਕਮਰਿਆਂ/ਸੂਟਸ ਦੀ ਰਿਜ਼ਰਵੇਸ਼ਨ

157. (1) **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
(2) **ਸਰਦਾਰ ਬਿਕਰਮਜੀਤ ਸਿੰਘ** } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ —

(ੳ) ਪੰਜਾਬ ਭਵਨ, ਨਵੀਂ ਦਿੱਲੀ ਵਿਚ ਕਮਰਿਆ ਦੀ ਅਲਾਟਮੈਂਟ ਕਰਨ ਲਈ ਕਿਹੜੇ ਵਿਭਾਗਾਂ/ਅਧਿਕਾਰੀਆਂ ਨੂੰ ਅਧਿਕਾਰ ਦਿੱਤਾ ਗਿਆ ਹੈ ਅਤੇ ਅਜਿਹੇ ਵਿਅਕਤੀਆਂ/ ਅਫ਼ਸਰਾਂ ਦੇ ਵੇਰਵੇ ਕੀ ਹਨ ਜੋ ਉਕਤ ਭਵਨ ਵਿਚ ਕਮਰੇ/ਸੂਟਸ ਰਿਜ਼ਰਵ ਕਰਵਾਉਣ ਲਈ ਹੱਕਦਾਰ ਹਨ ।

(ਅ) ਅਜਿਹੇ ਵਿਅਕਤੀਆਂ ਦੇ ਮਿਤੀ-ਵਾਰ ਵੇਰਵੇ ਕੀ ਹਨ ਜਿਨ੍ਹਾਂ ਨੂੰ 1 ਜਨਵਰੀ, 1997 ਤੋਂ ਮਿਤੀ ਅੰਤ ਤਕ ਦੇ ਸਮੇਂ ਦੇ ਦੌਰਾਨ ਪੰਜਾਬ ਭਵਨ, ਨਵੀਂ ਦਿੱਲੀ ਵਿਚ ਕਮਰੇ/ਸੂਟਸ ਅਲਾਟ ਕੀਤੇ ਗਏ ਸਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ.

(ੳ) ਲੋੜੀਂਦੀ ਸੂਚਨਾ ਹੇਠ ਲਿਖੇ ਅਨੁਸਾਰ ਹੈ: —

(1) ਆਮ ਰਾਜ ਪ੍ਰਬੰਧ ਵਿਭਾਗ,

(2) ਮੁੱਖ ਸਕੱਤਰ, ਪੰਜਾਬ ਸਰਕਾਰ, ਸੰਯੁਕਤ ਸਕੱਤਰ/ਉਪ-ਸਕੱਤਰ ਰਾਜਨੀਤੀ ਅਤੇ ਜਨਰਲ ਮੈਨੇਜਰ, ਪੰਜਾਬ ਭਵਨ, ਨਵੀਂ ਦਿੱਲੀ ।

(3) ਉਨ੍ਹਾਂ ਵਿਅਕਤੀਆਂ ਅਤੇ ਅਧਿਕਾਰੀਆਂ ਜਿਨ੍ਹਾਂ ਨੂੰ ਪੰਜਾਬ ਭਵਨ, ਨਵੀਂ ਦਿੱਲੀ ਵਿਖੇ ਠਹਿਰਨ ਲਈ ਕਮਰਾ ਅਲਾਟ ਕੀਤਾ ਜਾ ਸਕਦਾ ਹੈ, ਦੀ ਸੂਚਨਾ *ਅਨੁਲੱਗ-I ਤੇ ਰੱਖੀ ਹੋਈ ਹੈ ।

(ਅ) ਉਨ੍ਹਾਂ ਵਿਅਕਤੀਆਂ/ਅਧਿਕਾਰੀਆਂ ਦਾ ਮਿਤੀ-ਵਾਈਜ਼ ਵੇਰਵਾ ਜਿਨ੍ਹਾ ਨੂੰ ਪੰਜਾਬ ਭਵਨ, ਨਵੀਂ ਦਿੱਲੀ ਵਿਖੇ 1 ਜਨਵਰੀ, 1997 ਤੋਂ 16 ਜੂਨ, 1997 ਤੱਕ ਕਮਰੇ ਅਲਾਟ ਕੀਤੇ ਗਏ ਸਨ, ਦੀ ਸੂਚਨਾ *ਅਨੁਲੱਗ-II ਤੇ ਹੈ ।

*Placed in the Library.

298 15-11-97—305 ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।
51X66/10.1 kg. ਆਫਸੈਟ ਪੇਪਰ

1997

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

PUNJAB VIDHAN SABHA

DEBATES

14th July, 1997

Vol. II-No. 12

OFFICIAL REPORT

CONTENTS

Monday, the 14th July, 1997

Punjab Vidhan Sabha Secretariat, Chandigarh.

Price: Rs: : ....

PUNJAB VIDHAN SABHA

Monday, the 14th July, 1997

The Vidhan Sabha met in the Punjab Vidhan Sabha Hall, Vidhan Bhawan, Sector-1, Chandigarh, at 11-00 A.M. Mr. Speaker (Sardar Charnjit Singh Atwal) in the Chair.

———

OBITUARY REFERENCES

Mr. Speaker : Obituary references.

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਪਿਛਲੇ ਸੈਸ਼ਨ ਦੇ ਸਮੇਂ ਤੋਂ ਬਾਅਦ ਦੋ ਬਹੁਤ ਹੀ ਦੁਖਦਾਈ ਘਟਨਾਵਾਂ ਹੋਈਆਂ ਹਨ। ਇਕ, ਬਠਿੰਡਾ ਜ਼ਿਲ੍ਹੇ ਵਿਚ ਬੰਬ ਧਮਾਕਾ ਹੋਇਆ ਹੈ ਜਿਸ ਦੇ ਨਾਲ ਬਹੁਤ ਹੀ ਮਾਸੂਮ ਅਤੇ ਕੀਮਤੀ ਜਾਨਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਦੂਸਰਾ, ਬਾਘਾ ਪੁਰਾਣਾ ਵਿਖੇ ਮੰਦਰ ਵਿਚ ਬੰਬ ਰਖਿਆ ਗਿਆ ਅਤੇ ਉਥੇ ਵੀ ਕੀਮਤੀ ਜਾਨਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ। ਸਪੀਕਰ ਸਾਹਿਬ, ਇਨ੍ਹਾਂ ਘਟਨਾਵਾਂ ਦਾ ਹਰ ਪੰਜਾਬੀ ਅਤੇ ਹਰ ਹਿੰਦੁਸਤਾਨੀ ਨੂੰ ਬਹੁਤ ਹੀ ਗਹਿਰਾ ਦੁਖ ਹੈ ਔਰ ਅੱਜ ਮੈਂ ਤੁਹਾਡੇ ਰਾਹੀਂ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਜਿਥੇ ਅੱਜ ਆਪਾਂ ਉਨ੍ਹਾਂ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁਲ ਭੇਟ ਕਰਨੇ ਹਨ, ਉਥੇ ਬੜੀ ਸੰਜੀਦਗੀ ਦੇ ਨਾਲ ਸਾਨੂੰ ਇਨ੍ਹਾਂ ਘਟਨਾਵਾਂ ਤੇ ਵਿਚਾਰ ਵੀ ਕਰਨੀ ਚਾਹੀਦੀ ਹੈ। ਇਸ ਗੱਲ ਨੂੰ ਡੂੰਘਾਈ ਦੇ ਨਾਲ ਸੋਚਣਾ ਚਾਹੀਦਾ ਹੈ ਕਿ ਜਿਹੜੇ ਲੋਕ ਇਹ ਅਫਸੋਸਨਾਕ ਘਟਨਾਵਾਂ ਕਰ ਰਹੇ ਹਨ ਜਾਂ ਕਰਵਾ ਰਹੇ ਹਨ, ਉਨ੍ਹਾਂ ਦਾ ਮੁੱਦਾ ਕੀ ਹੈ ਅਤੇ ਉਨ੍ਹਾਂ ਦਾ ਨਿਸ਼ਾਨਾ ਕੀ ਹੈ ? ਜੇ ਆਪਾਂ ਉਨ੍ਹਾਂ ਦੇ ਮੁੱਦੇ ਜਾਂ ਨਿਸ਼ਾਨੇ ਨੂੰ ਸਹੀ ਮਾਅਨਿਆਂ ਦੇ ਵਿਚ ਨਹੀਂ ਸਮਝਾਂਗੇ ਤਾਂ ਫਿਰ ਇਕੱਲੀ ਨੁਕਤਾਚੀਨੀ ਕਰਨ ਨਾਲ ਹੀ ਇਸ ਮਸਲੇ ਦਾ ਹੱਲ ਨਹੀਂ ਹੋਣਾ। ਮੈਂ ਜਿਹੜੀ ਇਸ ਦੀ ਗਹਿਰਾਈ ਨਾਲ ਤਫਤੀਸ਼ ਕੀਤੀ ਹੈ, ਜਾਂਚ ਕੀਤੀ ਹੈ ਕਿ ਇਸ ਦੇ ਪਿੱਛੇ ਮੁੱਦਾ ਕੀ ਹੈ, ਉਹ ਇਹ ਹੈ ਕਿ ਜੋ ਪੰਜਾਬ ਵਿਚ ਹਿੰਦੂ-ਸਿੱਖਾਂ ਦੀ ਜਾਂ ਸਾਰੇ ਧਰਮਾਂ ਦੀ ਏਕਤਾ ਹੋਈ ਹੈ, ਕੁਝ ਤਾਕਤਾਂ ਨੂੰ ਉਹ ਏਕਤਾ ਚੰਗੀ ਨਹੀਂ ਲੱਗਦੀ ਔਰ ਜੋ ਪੰਜਾਬੀ ਪਿਆਰ ਹੈ, ਪੰਜਾਬੀ ਏਕਤਾ ਹੈ, ਅਤੇ ਪੰਜਾਬੀ ਭਾਈਚਾਰਾ ਹੈ ਅਤੇ ਉਸਨੂੰ ਉਹ ਕਮਜ਼ੋਰ ਕਰਨ ਦਾ ਯਤਨ ਕਰ ਰਹੀਆਂ ਹਨ। ਤੁਸੀਂ ਇਕ ਇਕ ਗੱਲ ਵੇਖ ਲਵੋ। ਮੈਂ ਬਾਘਾ ਪੁਰਾਣਾ ਵਿਖੇ ਜਾਕੇ ਵੀ ਆਇਆ ਹਾਂ, ਮੰਦਰ ਦੇ ਵੀ ਦਰਸ਼ਨ ਕੀਤੇ ਹਨ ਅਤੇ ਜਿਸ ਪੁਜਾਰੀ ਦਾ ਸਾਹਿਬ-ਜ਼ਾਦਾ ਸ਼ਹੀਦ ਹੋਇਆ ਹੈ, ਉਸ ਦੇ ਕੋਲ ਵੀ ਘੰਟਾ ਬੈਠਾ ਰਿਹਾ ਹਾਂ। ਉਥੇ ਬਹੁਤ ਸਾਰੀ ਪਬਲਿਕ ਵੀ ਆ ਗਈ। ਫਿਰ ਬਾਘਾ ਪੁਰਾਣਾ ਦੇ ਸਾਰੇ ਸ਼ਹਿਰੀਆਂ ਨਾਲ ਮੀਟਿੰਗਾਂ ਵੀ ਕੀਤੀਆਂ। ਮੈਂ ਤੁਹਾਡੇ ਰਾਹੀਂ ਸਦਨ ਨੂੰ ਦੱਸਦਾ ਹਾਂ ਕਿ ਜਿਸ ਨੇ ਉਥੇ ਬੰਬ ਰੱਖਿਆ, ਉਸ ਦਾ

[ਮੁੱਖ ਮੰਤਰੀ]

ਮਤਲਬ ਕੀ ਸੀ । ਉਸ ਦਾ ਮਤਲਬ ਕੋਈ ਜਾਨੀ ਨੁਕਸਾਨ ਕਰਨਾ ਨਹੀਂ ਸੀ, ਬਲਕਿ ਉਸ ਦਾ ਮਤਲਬ ਇਹ ਸੀ ਕਿ ਬੰਬ ਦੇ ਨਾਲ ਮੰਦਰ ਉਡ ਜਾਵੇ ਔਰ ਇਸ ਤਰ੍ਹਾਂ ਕਰਕੇ ਪੰਜਾਬ ਵਿਚ ਹਿੰਦੂ-ਸਿੱਖ ਭਰਾਵਾਂ ਦਾ ਜੋ ਪਿਆਰ ਹੈ, ਉਸਦੇ ਵਿਚ ਫਰਕ ਪਾਇਆ ਜਾ ਸਕੇ । ਜੇ ਇਕੱਲਾ ਜਾਨੀ ਨੁਕਸਾਨ ਕਰਨਾ ਹੁੰਦਾ ਤਾਂ ਉਥੇ ਹੋਰ ਵੀ ਕਈ ਘਣੀਆਂ ਆਬਾਦੀਆਂ ਹਨ, ਬਾਜ਼ਾਰ ਹਨ ਅਤੇ ਮੰਡੀਆਂ ਹਨ ਜਿਥੇ ਬੰਬ ਰੱਖਿਆ ਜਾ ਸਕਦਾ ਸੀ ਲੇਕਿਨ ਇਸ ਦੀ ਬਜਾਏ ਬਿਲਕੁਲ ਮੂਰਤੀ ਦੇ ਕੋਲ ਜਾ ਕੇ ਬੰਬ ਰੱਖਿਆ ਗਿਆ ਤਾਂ ਕਿ ਜਿਹੜਾ ਮੰਦਰ ਹੈ, ਉਹ ਉਡ ਜਾਵੇ ਔਰ ਇਸ ਦੇ ਨਾਲ ਪੰਜਾਬ ਵਿਚ ਤਨਾਅ ਪੈਦਾ ਹੋ ਜਾਵੇ । ਮੈਂ ਉਸ ਪੁਜਾਰੀ ਦੀ ਬੜੀ ਤਾਰੀਫ ਕਰਦਾ ਹਾਂ ਅਤੇ ਸਦਨ ਨੂੰ ਵੀ ਉਸ ਦੀ ਤਾਰੀਫ ਕਰਨੀ ਚਾਹੀਦੀ ਹੈ ਜਿਸ ਨੇ ਬੜੀ ਹੀ ਠੰਠਬਰਤਾ ਨਾਲ ਉਦੋਂ ਸਾਰੇ ਮੌਕੇ ਨੂੰ ਸੰਭਾਲਿਆ । ਪਹਿਲਾਂ ਵੀ ਜਦੋਂ ਪੰਜਾਬ ਵਿਚ ਇਸ ਤਰ੍ਹਾਂ ਦੇ ਹਾਲਾਤ ਸ਼ੁਰੂ ਹੋਏ ਸਨ, ਉਦੋਂ ਵੀ ਉਸ ਮੰਦਰ ਵਿਚ ਇਹੋ ਜਿਹੇ ਸ਼ਰਾਰਤੀ ਲੋਕਾਂ ਨੇ ਜਿਹੜੇ ਹਿੰਦੂ ਸਿੱਖ ਦਾ ਪਿਆਰ ਤੋੜਨਾ ਚਾਹੁੰਦੇ ਸਨ, ਉਨ੍ਹਾਂ ਨੇ ਉਥੇ ਗਾਵਾਂ ਦੀਆਂ ਹੱਡੀਆਂ ਸੁਟੀਆਂ ਲੇਕਿਨ ਉਦੋਂ ਵੀ ਉਸ ਪੁਜਾਰੀ ਨੇ ਲੋਕਾਂ ਨੂੰ ਸਮਝਾਇਆ ਕਿ ਇਸਦੇ ਪਿੱਛੇ ਬਹੁਤ ਵੱਡੀ ਚਾਲ ਹੈ । ਕੁਝ ਲੋਕ ਪੰਜਾਬੀ ਏਕਤਾ ਦੇ ਦੁਸ਼ਮਣ ਹਨ, ਉਹ ਇਹੋ ਜਿਹੇ ਕੰਮ ਕਰਨਾ ਚਾਹੁੰਦੇ ਹਨ । ਪਵਿੱਤਰ ਤਾਂ ਕਦੇ ਅਪਵਿੱਤਰ ਨਹੀਂ ਹੁੰਦਾ । ਉਨ੍ਹਾਂ ਨੇ ਉਸ ਸਾਰੇ ਸਥਾਨ ਨੂੰ, ਮੰਦਰ ਨੂੰ ਦੁੱਧ ਦੇ ਨਾਲ ਸਾਫ ਕੀਤਾ ਅਤੇ ਲੋਕਾਂ ਨੂੰ ਸ਼ਾਂਤ ਕੀਤਾ । ਹੁਣ ਵੀ ਕਿੰਨੀ ਬਹਾਦਰੀ ਦੀ ਗੱਲ ਹੈ ਕਿ ਇਕ ਪਾਸੇ ਤਾਂ ਉਸਦਾ ਬੱਚਾ ਸ਼ਹੀਦ ਹੋਇਆ ਪਿਆ ਹੋਵੇ ਪਰ ਦੂਜੇ ਪਾਸੇ ਉਸ ਨੇ ਲੋਕਾਂ ਨੂੰ ਬੜਾ ਸਮਝਾਇਆ । ਖੈਰ ! ਬਾਕੀ ਗੱਲ ਤਾਂ ਮੈਂ ਬਾਅਦ ਵਿਚ ਕਰਾਂਗਾ । ਜਿਹੜਾ ਪੁਆਇੰਟ ਮੈਂ ਸਟਰੈਸ ਕਰਨਾ ਚਾਹੁੰਦਾ ਹਾਂ ਉਹ ਹੈ ਕਿ ਦੇਸ਼ ਵਿਚ ਅਤੇ ਬਿਦੇਸ਼ਾਂ ਵਿਚ ਉਨ੍ਹਾਂ ਲੋਕਾਂ ਨੂੰ ਇਹ ਪਸੰਦ ਨਹੀਂ ਕਿ ਇਸ ਤਰ੍ਹਾਂ ਦੀ ਹਿੰਦੂ-ਸਿੱਖਾਂ ਵਿਚਕਾਰ ਏਕਤਾ ਪੰਜਾਬ ਦੇ ਅੰਦਰ ਹੋਵੇ । ਇਸੇ ਤਰ੍ਹਾਂ ਹੀ ਬਠਿੰਡਾ ਵਿਖੇ ਦੇਖ ਲਓ । ਉਥੇ ਜਿਹੜਾ ਡੱਬਾ ਚੁਣਿਆ ਗਿਆ ਜਿਸ ਵਿਚ ਬੰਬ ਰੱਖਿਆ ਗਿਆ, ਉਹ ਬੰਬ ਕਿਸੇ ਹੋਰ ਥਾਂ ਤੇ ਵੀ ਰੱਖਿਆ ਜਾ ਸਕਦਾ ਸੀ ਲੇਕਿਨ ਉਹੀ ਡੱਬਾ ਕਿਉਂ ਚੁਣਿਆ ? ਉਹ ਡੱਬਾ ਜਿਹੜਾ ਸੀ ਉਹ ਗੰਗਾ ਨਗਰ ਤੋਂ ਹਰਿਦੁਆਰ ਨੂੰ ਜਾਣਾ ਸੀ ਔਰ ਆਮ ਤੌਰ ਤੇ ਅਸੀਂ ਸਾਰੇ ਆਪਣੇ ਬਜ਼ੁਰਗਾਂ ਦੇ ਫੁੱਲ ਪਾਉਣ ਵਾਸਤੇ ਹਰਿਦੁਆਰ ਜਾਂਦੇ ਹਾਂ । ਉਸ ਡੱਬੇ ਦੇ ਵਿਚ ਹਰਿਦੁਆਰ ਵਾਲੀਆਂ ਸਵਾਰੀਆਂ ਬੈਠਦੀਆਂ ਸਨ ਔਰ ਉਹਦੇ ਵਿਚ ਜ਼ਿਆਦਾ ਸਾਡੇ ਹਿੰਦੂ ਭਰਾ ਸਨ । ਬੰਬ ਰਖਣ ਵਾਲਿਆਂ ਨੇ ਖਾਸ ਤੌਰ ਤੇ ਉਹੀ ਡੱਬਾ ਬੰਬ ਰੱਖਣ ਲਈ ਚੁਣਿਆ । ਉਸਦਾ ਭਾਵ ਹੀ ਇਹੀ ਸੀ ਕਿ ਕਿਸੇ ਤਰੀਕੇ ਨਾਲ ਜਿਹੜੀ ਪੰਜਾਬ ਦੇ ਵਿਚ ਸ਼ਾਂਤੀ ਹੈ, ਜਿਹੜਾ ਸਦਭਾਵਨਾ ਅਤੇ ਭਾਈਚਾਰੇ ਵਾਲਾ ਮਾਹੌਲ ਬਣਿਆ ਹੈ, ਉਸਨੂੰ ਸੱਟ ਮਾਰੀ ਜਾਵੇ । ਇਸ ਤੋਂ ਪਹਿਲਾਂ ਵੀ ਦੋ ਬੰਬ ਧਮਾਕੇ ਹੋਏ ਹਨ । ਪਠਾਨਕੋਟ ਉਨ੍ਹਾਂ ਨੇ ਚੁਣਿਆ, ਉਹ ਕਿਉਂ ਚੁਣਿਆ ? ਉਹ ਵੀ ਇਸੇ ਕਰਕੇ ਚੁਣਿਆ ਕਿਉਂਕਿ ਉਥੋਂ ਬੱਸਾਂ ਚਿੰਤਪੁਰਨੀ ਨੂੰ ਜਾਂਦੀਆਂ ਹਨ, ਉਨ੍ਹਾਂ ਦੇ ਵਿਚ ਬੰਬ ਰਖਿਆ । ਮੇਰੇ ਕਹਿਣ ਤੋਂ ਭਾਵ ਇਹ ਹੈ ਕਿ ਇਹ ਇਕ ਬਹੁਤ ਵੱਡਾ ਚੈਲੰਜ ਹੈ ਔਰ ਉਹ ਸ਼ਕਤੀਆਂ ਜਿਹੜੀਆਂ ਪੰਜਾਬ ਦੀ ਏਕਤਾ ਨਹੀਂ ਚਾਹੁੰਦੀਆਂ, ਪੰਜਾਬ ਵਿਚ ਸ਼ਾਂਤੀ ਨਹੀਂ ਚਾਹੁੰਦੀਆਂ, ਉਹ ਸ਼ਕਤੀਆਂ ਜਿਹੜੀਆਂ ਹਨ ਉਨ੍ਹਾਂ ਨੇ ਇਹ ਕੰਮ ਸ਼ੁਰੂ ਕੀਤਾ ਹੈ ਤੁਹਾਡੇ ਰਾਹੀਂ ਮੇਰੀ ਸਾਰੀਆਂ ਪਾਰਟੀਆਂ ਦੇ ਮੈਂਬਰ ਸਾਹਿਬ ਨੂੰ

ਅਪੀਲ ਹੈ ਕਿ ਇਹ ਸਾਰਾ ਮਸਲਾ ਗੰਭੀਰਤਾ ਦੇ ਨਾਲ ਸੋਚਣ ਵਾਲਾ ਹੈ । ਇਹਦੇ ਵਿਚ ਕੋਈ ਪੁਲੀਟੀਕਲ ਮਾਈਲੇਜ ਲੈਣਾ ਜਾਂ ਕਿਸੇ ਪਾਰਟੀ ਤੇ ਅਟੈਕ ਕਰਨਾ ਜਾਂ ਕੋਈ ਹੋਰ ਗੱਲ ਕਰਨਾ, ਉਹਦਾ ਕਿਸੇ ਨੂੰ ਫਾਇਦਾ ਨਹੀਂ ਹੋਵੇਗਾ । ਕੁਝ ਪੁਲੀਟੀਕਲ ਪਾਰਟੀਆਂ ਨੇ ਪਹਿਲਾਂ ਵੀ ਇਹੋ ਜਿਹਾ ਤਜਰਬਾ ਕੀਤਾ ਔਰ ਆਖਿਰ ਵਿਚ ਪੰਜਾਬ ਅੰਦਰ ਜੋ ਲਹੂ-ਲੁਹਾਨ ਹੋਇਆ, ਜੋ ਮਾਸੂਮਾਂ ਦਾ ਲਹੂ ਡੁੱਲ੍ਹਿਆ, ਉਹ ਤੁਹਾਡੇ ਸਾਹਮਣੇ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਜਿੱਥੇ ਆਪਾਂ ਸ਼ਰਧਾ ਦੇ ਫੁੱਲ ਭੇਂਟ ਕਰਨੇ ਹਨ ਉਥੇ ਗੰਭੀਰਤਾ ਨਾਲ ਸਾਨੂੰ ਸਾਰਿਆਂ ਨੂੰ ਸੋਚਣਾ ਪਏਗਾ ਔਰ ਸਾਰੇ ਹੀ ਪੰਜਾਬੀਆਂ ਨੂੰ ਸਾਰੇ ਦੇਸ਼ ਵਾਸੀਆਂ ਨੂੰ ਇਸ ਸਾਜਿਸ਼ ਨੂੰ ਸਮਝਣਾ ਪਏਗਾ । ਵਿਦੇਸ਼ੀ ਤਾਕਤਾਂ ਵੀ ਕੰਮ ਕਰ ਰਹੀਆਂ ਹਨ । ਇਨ੍ਹਾਂ ਦਿਨਾਂ ਵਿਚ ਹਿੰਦੁਸਤਾਨ ਦੇ ਦੋ ਲੀਡਰਾਂ ਨੇ ਟੂਰ ਕੀਤਾ । ਗੁਜਰਾਲ ਜੀ ਏਥੇ ਆਏ, ਅਡਵਾਨੀ ਜੀ ਵੀ ਆਏ । ਉਨ੍ਹਾਂ ਨੇ ਵੀ ਪਬਲਿਕ ਨੂੰ ਮਿਲ ਕੇ ਜਾਣਕਾਰੀ ਪ੍ਰਾਪਤ ਕੀਤੀ ਹੈ ਔਰ ਉਨ੍ਹਾਂ ਨੇ ਵੀ ਇਹੋ ਲਾਈਨ ਅਖਤਿਆਰ ਕੀਤੀ ਹੈ ਕਿ ਇਹ ਜੋ ਐਂਟੀ ਨੈਸ਼ਨਲ ਲੋਕ ਹਨ, ਜਿਹੜੇ ਇਹ ਕੰਮ ਕਰ ਰਹੇ ਹਨ ਅਤੇ ਬਾਹਰਲੀਆਂ ਤਾਕਤਾਂ ਹਨ ਅੰਦਰ ਵੀ ਹਨ ਉਹ ਤਾਕਤਾਂ ਜਿਹੜੀਆਂ ਅਮਨ ਸ਼ਾਂਤੀ ਨਹੀਂ ਚਾਹੁੰਦੀਆਂ, ਹਿੰਦੂ ਸਿੱਖ ਏਕਤਾ, ਭਾਈਚਾਰਾ ਨਹੀਂ ਚਾਹੁੰਦੀਆਂ ਇਹ ਕੰਮ ਵਿਚ ਉਹੀ ਤਾਕਤਾਂ ਕਰ ਰਹੀਆਂ ਹਨ । ਇਸ ਲਈ ਮੇਰੀ ਬੇਨਤੀ ਹੈ ਮੈਂ ਉਨ੍ਹਾਂ ਸਾਰੀਆਂ ਮਾਸੂਮ ਜਾਨਾਂ, ਜਿਨ੍ਹਾਂ ਦਾ ਜਾਨੀ ਨੁਕਸਾਨ ਹੋਇਆ ਹੈ,ਪ੍ਰਤੀ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ । ਸਪੀਕਰ ਸਾਹਿਬ, ਇਨ੍ਹਾਂ ਜਾਨਾਂ ਦੀ ਕੋਈ ਕੀਮਤ ਤਾਂ ਨਹੀਂ ਹੁੰਦੀ ਲੇਕਿਨ ਜੋ ਸਰਕਾਰ ਦਾ ਇਕ ਫਰਜ਼ ਹੈ ਕਿ ਥੋੜ੍ਹਾ ਜਿਹਾ ਤਿਲ-ਫੁੱਲ ਜਿੰਨਾਂ ਵੀ ਅਸੀਂ ਕਰ ਸਕਦੇ ਸਾਂ, ਉਹ ਵੀ ਉਥੇ ਜਾਕੇ ਪਾਲਿਸੀ ਦੇ ਮੁਤਾਬਿਕ ਕੀਤਾ ਹੈ । ਜਿਨ੍ਹਾਂ ਦੀ ਡੈਥ ਹੋਈ ਹੈ ਉਨ੍ਹਾਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ, ਜਿਹੜੇ ਬਿਲਕੁਲ ਨਕਾਰਾ ਤੇ ਅਪਾਹਜ ਹੋ ਗਏ ਹਨ, ਉਨ੍ਹਾਂ ਨੂੰ 50-50 ਹਜ਼ਾਰ ਰੁਪਏ ਅਸੀਂ ਸਰਕਾਰ ਵੱਲੋਂ ਦਿੱਤੇ ਹਨ ਅਤੇ ਹੋਰ ਵੀ ਉਨ੍ਹਾਂ ਦੀ ਮੱਦਦ ਕੀਤੀ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਅਤੇ ਇਸ ਗੱਲ ਦਾ ਸਦਨ ਵਲੋਂ ਵੀ ਧੰਨਵਾਦ ਕਰਨਾ ਚਾਹੀਦਾ ਹੈ ਕਿ ਇਲਾਕੇ ਦੇ ਲੋਕਾਂ ਨੇ ਉਥੇ ਬਹੁਤ ਸਾਥ ਦਿੱਤਾ, ਬਠਿੰਡਾ ਦੀ ਅਤੇ ਰਾਮਪੁਰਾ ਫੂਲ ਅਤੇ ਹੋਰ ਨੇੜੇ-ਨੇੜੇ ਦੇ ਪਿੰਡਾਂ ਦੀ ਪਬਲਿਕ ਨੇ ਬਹੁਤ ਸਾਥ ਦਿੱਤਾ । ਇਹ ਵੱਡੀਆਂ ਵੱਡੀਆਂ ਅਖਬਾਰਾਂ ਦੇ ਵਿਚ ਵੀ ਆਰਟੀਕਲ ਦੇ ਰੂਪ ਵਿਚ ਆਇਆ ਹੈ ਕਿ ਜਿਸ ਤਰ੍ਹਾਂ ਲੋਕਾਂ ਨੇ ਉਥੇ ਹਮਦਰਦੀ ਵਿਖਾਈ, ਲੋਕਾਂ ਨੇ ਇਕੱਠੇ ਹੋ ਕੇ ਦੁਖ ਪ੍ਰਗਟਾਇਆ, ਸ਼ਾਇਦ ਇਸ ਦੀ ਪਹਿਲਾਂ ਕੋਈ ਮਿਸਾਲ ਨਹੀਂ ਮਿਲਦੀ । ਅੱਗੇ ਵੀ ਇੰਸੀਡੈਂਟ ਹੁੰਦੇ ਸਨ ਤਾਂ ਕੋਈ ਨੇੜੇ ਵਾਲੇ ਰਿਸ਼ਤੇਦਾਰ ਵੀ ਨਹੀਂ ਸਨ ਪਹੁੰਚਦੇ ਪਰ ਮੈਂ ਇਹ ਦੱਸਦਾ ਹਾਂ ਕਿ ਪੰਜਾਬ ਦੀ ਪਬਲਿਕ ਬੜੀ ਚੇਤੰਨ ਹੈ ਅਤੇ ਉਹ ਸਮਝਦੇ ਹਨ ਕਿ ਸਹੀ ਲੋਕ ਕੌਣ ਹਨ ਅਤੇ ਦੁਸ਼ਮਣ ਕੌਣ ਹਨ ਅਤੇ ਕਿਹੜੇ ਲੋਕ ਹਨ ਜਿਹੜੇ ਪੰਜਾਬ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨਾ ਚਾਹੁੰਦੇ ਹਨ ਅਤੇ ਉਨ੍ਹਾਂ ਦਾ ਮੰਤਵ ਕੀ ਹੈ ।

ਬਾਘਾ ਪੁਰਾਣਾ ਦੇ ਉਸ ਪਰਿਵਾਰ ਨੂੰ ਦੇਸ਼ ਪੱਧਰ ਤੇ, ਪੰਜਾਬ ਪੱਧਰ ਤੇ ਸਨਮਾਨਿਤ ਪਰਿਵਾਰ ਸਮਝਿਆ ਜਾਣਾ ਚਾਹੀਦਾ ਹੈ । ਇਹ ਗੱਲ ਮੈਂ ਉਥੇ ਬਾਘਾਪੁਰਾਣਾ ਜਾਕੇ ਵੀ

[ਮੁੱਖ ਮੰਤਰੀ]

ਕਹੀ ਸੀ ਕਿ ਇਹ ਉਸ ਭਰਾ ਦੀ ਬੜੀ ਵੱਡੀ ਦਲੇਰ। ਸੀ ਕਿ ਭਰਾ ਮਰਿਆ ਪਿਆ ਹੋਵੇ, ਖੂਨ ਵਿਚ ਲੱਥ-ਪੱਥ ਹੋਵੇ ਪਰ ਫਿਰ ਵੀ ਉਹ ਉਸ ਬੰਦੇ ਨੂੰ ਫੜਨ ਵਾਸਤੇ ਉਸ ਦੇ ਪਿਛੇ ਕਾਫੀ ਦੂਰ ਤੱਕ ਭੱਜਿਆ ਹੋਵੇ। ਇਹ ਉਸ ਦੀ ਬੜੀ ਬਹਾਦਰੀ ਸੀ। ਉਸ ਸ਼ਹੀਦ ਦੀ ਯਾਦਗਾਰ ਵੀ ਉਥੇ ਬਾਘਾ ਪੁਰਾਣਾ ਵਿਖੇ ਬਣਾਈ ਜਾਣੀ ਹੈ, ਸੜਕ ਦਾ ਨਾਂ ਵੀ ਉਸ ਦੇ ਨਾਂ ਤੇ ਰੱਖਿਆ ਹੈ ਪਰ ਇਹ ਬੜੀਆਂ ਛੋਟੀਆਂ ਚੀਜ਼ਾਂ ਹਨ। ਜਿਹੜੀ ਇਕ ਬੱਚੀ ਸੀ, ਮੈਂ ਸਮਝਦਾ ਹਾਂ ਕਿ ਉਸ ਦੀ ਵੀ ਬੜੀ ਬਹਾਦਰੀ ਸੀ, ਉਹ ਕੇਵਲ 4-5 ਸਾਲ ਦੀ ਸੀ, ਉਸ ਨੇ ਰੌਲਾ ਪਾਇਆ ਅਤੇ ਉਹ ਵੀ ਜ਼ਖਮੀ ਹੋਈ। ਉਸ ਨੂੰ ਐਮ.ਏ. ਤੱਕ ਸਰਕਾਰ ਵੱਲੋਂ ਮੁਫਤ ਪੜ੍ਹਾਈ ਕਰਵਾਈ ਜਾਵੇਗੀ। ਐਮ. ਏ. ਤਾਂ ਕੀ, ਜਿਨਾ ਵੀ ਉਹ ਪੜ੍ਹਨਾ ਚਾਹਵੇ, ਉਸ ਦਾ ਖਰਚਾ ਸਰਕਾਰ ਵਲੋਂ ਦਿੱਤਾ ਜਾਵੇਗਾ। ਉਸ ਪੰਡਤ ਜੀ ਦੇ ਦੋ ਲੜਕੇ ਹੀ ਸਨ। ਦੂਸਰੇ ਨੂੰ ਤੁਰੰਤ ਨੌਕਰੀ ਦਿੱਤੀ ਜਾਵੇਗੀ। ਦੂਸਰੇ ਪਰਿਵਾਰਾਂ ਨੂੰ ਵੀ ਜਿਹੜੇ ਬਠਿੰਡੇ ਵਿਖੇ ਸ਼ਹੀਦ ਹੋਏ ਜਾਂ ਰਾਮਾਂ ਮੰਡੀ ਦੇ ਸ਼ਹੀਦ ਹੋਏ, ਉਨ੍ਹਾਂ ਪਰਿਵਾਰਾਂ ਦੇ ਦੁਖ ਵਿਚ ਸ਼ਰੀਕ ਹੁੰਦੇ ਹੋਏ, ਗਹਿਰੇ ਦੁਖ ਦਾ ਪ੍ਰਗਟਾਵਾ ਕਰਦੇ ਹੋਏ, ਜੋ ਅਸੂਲ ਪਰੀ-ਓਰਟੀ ਤੇ ਨੌਕਰੀ ਦੇਣ ਦਾ ਹੈ, ਉਹ ਦਿੱਤੀ ਜਾਵੇਗੀ। ਇਹ ਪਰਿਓਰਟੀ ਇਹ ਨਹੀਂ ਕਿ ਜਦੋਂ ਨੌਕਰੀ ਨਿਕਲੇਗੀ, ਭਾਵੇਂ ਸਾਨੂੰ ਇਸ ਵਾਸਤੇ ਰੂਲ ਵੀ ਚੇਂਜ ਕਿਉਂ ਨਾ ਕਰਨੇ ਪੈਣ। ਉਨ੍ਹਾਂ ਪਰਿਵਾਰਾਂ ਨੂੰ ਦੇਸ਼ ਦੇ ਸਨਮਾਨਿਤ ਪਰਿਵਾਰ ਸਮਝਦੇ ਹੋਏ, ਜਿਹੜੀ ਸਹਾਇਤਾ ਸਰਕਾਰ ਨੇ ਕਰਨੀ ਹੈ, ਉਹ ਸਾਡਾ ਮੁਢਲਾ ਫਰਜ਼ ਹੈ। ਜਿਹੜੀਆਂ ਇਹ ਦੋ ਘਟਨਾਵਾਂ ਹੋਈਆਂ ਹਨ ਇਹ ਬੜੀਆਂ ਹੀ ਦੁਖਦਾਈ ਘਟਨਾਵਾਂ ਹਨ। ਮੈਂ ਸਾਰੀਆਂ ਪਾਰਟੀਆਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਵਿਚ ਸਰਕਾਰ ਨੂੰ ਪੂਰਾ ਸਹਿਯੋਗ ਦਿਓ, ਮਦਦ ਕਰੋ ਤਾਂਕਿ ਆਪਾਂ ਰਲ ਕੇ ਇਸ ਦਾ ਮੁਕਾਬਲਾ ਕਰ ਸਕੀਏ। ਨੁਕਤਾਚੀਨੀ ਕਰਨ ਨਾਲ ਕੁਝ ਨਹੀਂ ਬਣਨਾ। ਨੁਕਤਾਚੀਨੀ ਕਰਕੇ ਆਪਾਂ ਤਜਰਬੇ ਕਰ ਲਏ ਹਨ ਅਤੇ ਇਸ ਦਾ ਨਤੀਜਾ ਵੀ ਭੁਗਤਿਆ ਹੈ। ਇਸ ਦਾ ਨਤੀਜਾ ਸਾਰਿਆਂ ਨੇ ਭੁਗਤਿਆ ਹੈ, ਸਾਰੀਆਂ ਪਾਰਟੀਆਂ ਅਤੇ ਸਾਰੇ ਪੰਜਾਬ ਦੀ ਜਨਤਾ ਨੇ ਭੁਗਤਿਆ ਹੈ। ਕੋਈ ਘਰ ਐਸਾ ਨਹੀਂ ਜਿਸ ਨੇ ਨਹੀਂ ਭੁਗਤਿਆ। ਆਪਾਂ ਨੂੰ ਹੁਣ ਇਕ ਪਲੇਟਫਾਰਮ ਤੇ ਇਕੱਠੇ ਹੋ ਕੇ ਇਕ ਆਵਾਜ਼ ਨਾਲ, ਜੇਕਰ ਦੋ ਅਵਾਜ਼ਾਂ ਨਿਕਲਣਗੀਆਂ ਤਾਂ ਉਸ ਦਾ ਕੋਈ ਲਾਭ ਨਹੀਂ ਹੋਣਾ, ਆਪਾਂ ਇਕ ਆਵਾਜ਼ ਨਾਲ ਇਕੱਠੇ ਹੋ ਕੇ ਤੁਰੀਏ, ਮੈਂ ਧੰਨਵਾਦੀ ਹਾਂ ਪ੍ਰਧਾਨ ਮੰਤਰੀ ਜੀ ਦਾ, ਜਿਨ੍ਹਾਂ ਨੇ ਪੂਰਾ ਸਹਿਯੋਗ ਦੇਣ ਦਾ ਐਲਾਨ ਕੀਤਾ ਹੈ। ਅਡਵਾਨੀ ਜੀ ਨੇ ਵੀ ਪੂਰਾ ਸਹਿਯੋਗ ਦੇਣ ਦਾ ਐਲਾਨ ਕੀਤਾ ਹੈ। ਸਹੀ ਸੋਚ ਵਾਲੇ ਜੋ ਦੇਸ਼ ਵਿਚ ਲੋਕ ਹਨ, ਉਹ ਸਾਰੇ ਦੇ ਸਾਰੇ ਹੀ ਆਪਣੇ ਨਾਲ ਖੜ੍ਹੇ ਹਨ ਅਤੇ ਖੜ੍ਹੇ ਵੀ ਹੋਣਾ ਚਾਹੀਦਾ ਹੈ। ਲੇਕਿਨ ਸਭ ਤੋਂ ਪਹਿਲਾਂ ਆਪਾਂ ਪੰਜਾਬੀ, ਬਾਹਰਲਿਆਂ ਦੀ ਮਦਦ ਨਾਲੋਂ, ਇਕੱਠੇ ਹੋ ਕੇ ਇਕਸੁਰਤਾ ਬਣਾਈਏ। ਜੇਕਰ ਆਪਣੀ ਇਕਸੁਰਤਾ ਹੋਵੇਗੀ ਤਾਂ ਫਿਰ ਕਿਸੇ ਦੀ ਵੀ ਜ਼ੁਰਅਤ ਨਹੀਂ ਹੋਵੇਗੀ ਪੰਜਾਬ ਦਾ ਅਮਨ ਭੰਗ ਕਰਨ ਦੀ। ਮੈਂ ਹੋਰ ਵੀ ਬੇਨਤੀ ਕਰਾਂਗਾ ਕਿ ਪਹਿਲਾਂ ਪ੍ਰਚਾਰ ਕੀਤਾ ਜਾਂਦਾ ਸੀ, ਚਲੋ, ਜਿਸ ਵੇਲੇ ਲੋੜ ਸੀ, ਪ੍ਰਚਾਰ ਬੇਸ਼ਕ ਕਰ ਲਵੋ ਲੇਕਿਨ ਹੁਣ ਇਹੋ ਜਿਹਾ ਪ੍ਰਚਾਰ ਨਹੀਂ ਹੋਣਾ ਚਾਹੀਦਾ। ਇਸ ਮਾਮਲੇ ਬਾਰੇ, ਮੇਰੇ, ਸਾਡੇ ਮੂੰਹੋਂ ਉਹ ਆਵਾਜ਼ ਨਿਕਲਣੀ ਚਾਹੀਦੀ ਹੈ ਜਿਸਦੇ ਨਾਲ ਇਹ ਵੱਡੀ ਜੋ ਦੁਖਦਾਈ ਘਟਨਾ ਹੋਈ ਹੈ ਉਹ ਰੁੱਕੇ। ਮੈਂ ਤੁਹਾਡੇ ਰਾਹੀਂ ਇਹ ਵੀ ਸਦਨ ਨੂੰ ਦੱਸਣਾ

ਚਾਹੁੰਦਾ ਹਾਂ ਕਿ ਇਨ੍ਹਾਂ ਘਟਨਾਵਾਂ ਦੇ ਪਿੱਛੇ ਜੋ ਗੱਲਬਾਤ ਹੈ, ਉਸ ਦੇ ਅਸੀਂ ਨੇੜੇ ਪੁਜ ਗਏ ਹਾਂ ਅਤੇ ਅੱਜ ਦੱਸਣਾ ਯੋਗ ਨਹੀਂ ਕਿ ਇਸਦੇ ਪਿੱਛੇ ਕਿਸ ਕਿਸ ਦਾ ਹੱਥ ਹੈ ਅਤੇ ਉਹ ਕੌਣ ਕੌਣ ਲੋਕ ਹਨ, ਕੌਣ ਕਰਨ ਵਾਲਾ ਹੈ, ਪਰ ਅਸੀਂ ਇਸ ਦੀ ਤਫਤੀਸ਼ ਦੇ ਨੇੜੇ ਪੁੱਜ ਚੁੱਕੇ ਹਾਂ ਅਤੇ ਛੇਤੀ ਹੀ ਉਨ੍ਹਾਂ ਕਾਤਲਾਂ ਨੂੰ ਫੜਿਆ ਜਾਵੇਗਾ। ਮੈਂ ਪੰਜਾਬ ਦੇ ਲੋਕਾਂ ਨੂੰ ਵਿਸ਼ਵਾਸ਼ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਪੁਲਿਸ ਨੂੰ ਬਹੁਤ ਵੱਡੀਆਂ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ ਅਤੇ ਮੈਂ ਪੁਲਿਸ ਆਫੀਸਰਜ਼ ਨਾਲ ਐਸ. ਐਸ. ਪੀ. ਲੈਵਲ ਦੀਆਂ ਮੀਟਿੰਗਾਂ ਵੀ ਕੀਤੀਆਂ ਹਨ ਅਤੇ ਜ਼ਿਲ੍ਹਿਆਂ ਵਿਚ ਜਾਕੇ ਵੀ ਜ਼ਾਤੀ ਤੌਰ ਤੇ ਵੀ ਹਦਾਇਤਾਂ ਕੀਤੀਆਂ ਹਨ ਅਤੇ ਡੀ. ਜੀ. ਪੀ. ਸਾਹਿਬ ਨੇ ਵੀ ਹਦਾਇਤਾਂ ਕੀਤੀਆਂ ਹਨ ਅਤੇ ਸਾਡੀ ਪੁਲਿਸ ਬੜੀ ਤਕੜੀ ਹੋਕੇ ਲੱਗੀ ਹੋਈ ਹੈ ਔਰ ਇਹ ਕਹਿ ਦੇਣਾ ਕਿ ਪੁਲਿਸ ਡੀ-ਮੋਰੇਲਾਈਜ਼ ਹੋ ਗਈ ਹੈ, ਇਹ ਗੱਲ ਵੀ ਅਜਿਹੀਆਂ ਘਟਨਾਵਾਂ ਵਿੱਚ ਮੱਦਦ ਕਰਦੀ ਹੈ, ਇਸਦਾ ਫਾਇਦਾ ਨਹੀਂ ਹੁੰਦਾ। ਇਸ ਲਈ ਸਾਨੂੰ ਤਕੜੇ ਹੋਕੇ ਕਹਿਣਾ ਚਾਹੀਦਾ ਹੈ ਕਿ ਸਾਡੀ ਡਸਿਪਲਨਡ ਪੁਲਿਸ ਹੈ, ਫੋਰਸ ਹੈ ਅਤੇ ਉਹ ਤਕੜੇ ਹੋਕੇ ਲੱਗੀ ਹੋਈ ਹੈ ਅਤੇ ਕੋਈ ਕਿਵੇਂ ਕਹਿ ਸਕਦਾ ਹੈ ਕਿ ਉਹ ਡੀਮੋਰੇਲਾਈਜ਼ ਹੋ ਗਈ ਹੈ। ਅਗਰ ਕੋਈ ਸ਼ਰਾਰਤੀ ਅਨਸਰ ਹੈ ਜਿਹੜਾ ਪੰਜਾਬ ਦੇ ਅਮਨ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨੂੰ ਤਕੜੇ ਹੱਥਾਂ ਨਾਲ ਲਿਆ ਜਾਵੇਗਾ ਅਤੇ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ ਭਾਵੇਂ ਕੋਈ ਵੱਡਾ ਹੈ ਭਾਵੇਂ ਛੋਟਾ ਹੈ। ਸਪੀਕਰ ਸਾਹਿਬ, ਅੱਜ ਇਹ ਬੇਨਤੀ ਹੈ ਕਿ ਸਭ ਦੇ ਦਿਲਾਂ ਵਿਚ ਦੁੱਖ ਹੈ ਅਤੇ ਆਪਾਂ ਸਾਰੇ ਸੰਜੀਦਗੀ ਨਾਲ ਵਿਚਾਰਾਂ ਕਰਾਂਗੇ। ਇਸ ਲਈ ਸਦਨ ਵਲੋਂ ਅੱਜ ਸਪੈਸ਼ਲੀ ਮਤਾ ਪਾਸ ਕਰਕੇ ਉਹ ਜਿਹੜੀਆਂ ਰੂਹਾਂ ਹਨ, ਜੋ ਇਸ ਦੁਰਘਟਨਾ ਵਿਚ ਸਾਡੇ ਨਾਲੋਂ ਵਿਛੜ ਗਈਆਂ ਹਨ, ਉਨ੍ਹਾਂ ਦੀ ਸ਼ਾਂਤੀ ਵਾਸਤੇ ਆਪਾਂ ਨੇ ਵੀ ਅਰਦਾਸ ਕਰਨੀ ਹੈ, ਦਿਲਾਂ ਵਿਚ ਆਪਾਂ ਕਰਨੀ ਹੈ, ਪਹਿਲਾਂ ਵੀ ਅਰਦਾਸ ਕਰਦੇ ਹਾਂ ਅਤੇ ਹੁਣ ਫਿਰ ਵਾਹਿਗੁਰੂ ਅੱਗੇ ਇਹ ਅਰਦਾਸ ਕਰਦੇ ਹਾਂ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਜੋ ਕਾਇਰ ਲੋਕ ਹਨ ਅਤੇ ਸਮਾਜ ਦੇ ਦੁਸ਼ਮਣ ਹਨ ਉਨ੍ਹਾਂ ਨੂੰ ਸੁਮੱਤ ਆਵੇ ਪਤਾ ਨਹੀਂ ਉਨ੍ਹਾਂ ਨੂੰ ਸੁਮੱਤ ਕਿਉਂ ਨਹੀਂ ਆਉਂਦੀ। ਸਪੀਕਰ ਸਾਹਿਬ, ਅਸੀਂ ਜਦੋਂ ਉਥੇ ਜਾਕੇ ਮਰੀਜ਼ਾਂ ਕੋਲ ਖੜ੍ਹਦੇ ਹਾਂ ਅਤੇ ਪਰਿਵਾਰਾਂ ਕੋਲ ਖੜ੍ਹਦੇ ਹਾਂ ਤਾਂ ਜਿਹੜਾ ਉਹ ਮਹਿਸੂਸ ਕਰਦੇ ਹਨ, ਜਿਹੜਾ ਦੁੱਖ ਉਨ੍ਹਾਂ ਨੂੰ ਹੈ, ਉਹ ਦੁੱਖੀ ਪਰਿਵਾਰ ਜੋ ਹਨ, ਉਨ੍ਹਾਂ ਦਾ ਜੋ ਅਹਿਸਾਸ ਹੈ, ਉਹੀ ਸਾਰੇ ਪੰਜਾਬ ਦਾ ਅਹਿਸਾਸ ਹੈ।

ਇਸ ਲਈ ਮੈਂ ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਸਾਰੇ ਇਸ ਦੀ ਨਿੰਦਿਆ ਕਰੀਏ। ਪੁਲਿਸ ਦੀ ਨਿੰਦਿਆ ਕਰਨ ਦਾ ਕੋਈ ਫਾਇਦਾ ਨਹੀਂ, ਜੇ ਕਿਸੇ ਚੀਜ਼ ਦਾ ਫਾਇਦਾ ਹੋਵੇ ਤਾਂ ਬੇਸ਼ੱਕ ਕਹਿ ਲਵੋ, ਹਰ ਇਕ ਦਾ ਹੱਕ ਹੈ। ਪਰ ਜਿਹੜੀ ਚੀਜ਼ ਵਾਸਤੇ ਆਪਾਂ ਖੜ੍ਹੇ ਹਾਂ ਅਗਰ ਉਸਦਾ ਨੁਕਸਾਨ ਹੋਵੇ ਤਾਂ ਉਹ ਨਹੀਂ ਕਹਿਣੀ ਚਾਹੀਦੀ। ਇਸ ਲਈ ਮੈਂ ਜਿਥੇ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਉਥੇ ਸਾਰੀਆਂ ਪਾਰਟੀਆਂ ਨੂੰ ਅਪੀਲ ਕਰਦਾ ਹਾਂ ਅਤੇ ਸਭ ਦਾ ਸਹਿਯੋਗ ਮੰਗਦਾ ਹਾਂ।

[ਮੁੱਖ ਮੰਤਰੀ]

ਇਸ ਤੋਂ ਇਲਾਵਾ ਸਪੀਕਰ ਸਾਹਿਬ, ਹੋਰ ਵੀ ਕੁਝ ਵਿਅਕਤੀ ਇਸੇ ਸਮੇਂ ਦੌਰਾਨ ਅਕਾਲ ਚਲਾਣਾ ਗਏ ਹਨ ਅਤੇ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਬੀਬੀ ਜਸਵੰਤ ਕੌਰ ਵੀ ਇਸ ਸਦਨ ਦੇ ਐਮ. ਐਲ. ਏ. ਰਹੇ ।ਉਨ੍ਹਾਂ ਦੇ ਨਾਲ ਮੈਨੂੰ ਵੀ ਕੰਮ ਕਰਨ ਦਾ ਮੌਕਾ ਮਿਲਿਆ । ਉਹ ਬਹੁਤ ਸਮਾਜ ਸੇਵਕ ਸਨ ਅਤੇ ਬਹੁਤ ਹੀ ਕੰਮ ਕਰਦੇ ਸਨ ਅਤੇ ਬੜੇ ਹਿੰਮਤੀ ਸਨ । ਉਨ੍ਹਾਂ ਦੇ ਅਕਾਲੇ ਚਲਾਣੇ ਨਾਲ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ ।

ਇਸੇ ਤਰ੍ਹਾਂ ਬਹੁਤ ਵੱਡੇ ਫਿਲਮ ਨਿਰਮਾਤਾ ਅਤੇ ਨਿਰਦੇਸ਼ਕ ਸ੍ਰੀ ਚੇਤਨ ਆਨੰਦ ਜੀ ਵੀ ਸਾਡੇ ਕੋਲੋਂ ਵਿਛੜ ਗਏ ਹਨ । ਉਨ੍ਹਾਂ ਨੇ ਸਾਰੇ ਹਿੰਦੁਸਤਾਨ ਦਾ ਨਾਉਂ ਉੱਚਾ ਕੀਤਾ ਅਤੇ ਜਿਹੜੀਆਂ ਉਨ੍ਹਾਂ ਨੇ ਫ਼ਿਲਮਾਂ ਬਣਾਈਆਂ, ਉਹ ਬੜੀਆਂ ਪਾਪੂਲਰ ਫਿਲਮਾਂ ਸਨ ਅਤੇ ਸਮਾਜ ਦੇ ਫ਼ਾਇਦੇ ਲਈ ਉਹ ਫਿਲਮਾਂ ਬਣਾਉਣ ਦੇ ਮਾਹਿਰ ਸਨ । ਇਸ ਲਈ ਉਨ੍ਹਾਂ ਦੇ ਚਲੇ ਜਾਣ ਨਾਲ ਵੀ ਹਿੰਦੁਸਤਾਨ ਦੀ ਫਿਲਮ ਇੰਡਸਟਰੀ ਨੂੰ ਬਹੁਤ ਵੱਡਾ ਘਾਟਾ ਪੈ ਗਿਆ ਹੈ ਅਤੇ ਹਿੰਦੁਸਤਾਨ ਇੱਕ ਚੰਗੇ ਫਿਲਮ ਨਿਰਮਾਤਾ ਅਤੇ ਨਿਰਦੇਸ਼ਕ ਤੋਂ ਵਾਂਝਾ ਹੋ ਗਿਆ ਹੈ ।ਇਸ ਤਰ੍ਹਾਂ ਇਕ ਬਹੁਤ ਵੱਡਾ ਪ੍ਰੋਡਿਊਸਰ, ਡਾਇਰੈਕਟਰ ਅਤੇ ਐਕਟਰ ਸਾਡੇ ਵਿਚ ਨਹੀਂ ਰਿਹਾ । ਉਨ੍ਹਾਂ ਦੇ ਵਿਛੜ ਜਾਣ ਦਾ ਵੀ ਸਾਨੂੰ ਬਹੁਤ ਵੱਡਾ ਦੁੱਖ ਹੈ ।

ਸਪੀਕਰ ਸਾਹਿਬ, ਇਸੇ ਤਰ੍ਹਾਂ, ਤੁਸੀਂ ਭਾਵੇਂ ਲਿਸਟ ਵਿਚ ਐਡ ਨਹੀਂ ਕੀਤਾ, ਟਿੱਕਾ ਜਗਜੀਤ ਸਿੰਘ ਬੇਦੀ, ਸਾਬਕਾ ਜਸਟਿਸ, ਪੰਜਾਬ, ਉਹ ਵੀ ਅਕਾਲ ਚਲਾਣਾ ਕਰ ਗਏ ਹਨ । ਉਹ ਪੰਜਾਬ ਦੇ ਇੱਕ ਪ੍ਰਸਿੱਧ ਬੇਦੀ ਪਰਿਵਾਰ ਵਿਚੋਂ ਸਨ ਅਤੇ ਬਹੁਤ ਹੀ ਹੋਣਹਾਰ ਸਨ ਜਿਨ੍ਹਾਂ ਨੇ ਜੁਡੀਸ਼ਰੀ ਵਿੱਚ ਕਾਫੀ ਨਾਂ ਪੈਦਾ ਕੀਤਾ । ਪਾਕਿਸਤਾਨ ਵਿੱਚ ਵੀ ਉਨ੍ਹਾਂ ਦੇ ਪਰਿਵਾਰ ਦਾ ਬੜਾ ਸਥਾਨ ਸੀ ਔਰ ਇੱਥੇ ਆਕੇ ਵੀ ਇਨ੍ਹਾਂ ਦੇ ਪਰਿਵਾਰ ਦਾ ਕਾਫ਼ੀ ਵੱਡਾ ਸਥਾਨ ਰਿਹਾ ਹੈ । ਇਸ ਤਰ੍ਹਾਂ ਉਨ੍ਹਾਂ ਦੇ ਚਲੇ ਜਾਣ ਨਾਲ ਵੀ ਪੰਜਾਬ ਦਾ ਕਾਫੀ ਜ਼ਿਆਦਾ ਨੁਕਸਾਨ ਹੋਇਆ ਹੈ।

ਇਸੇ ਤਰ੍ਹਾਂ, ਸੁਰਿੰਦਰ ਪ੍ਰਤਾਪ ਸਿੰਘ ਅਤੇ ਸ੍ਰੀ ਡੀ. ਐਨ. ਸਿੰਘ ਦੋ ਪੱਤਰਕਾਰ ਜਿਨ੍ਹਾਂ ਦਾ ਅਕਾਲ ਚਲਾਣਾ ਹੋ ਗਿਆ ਹੈ, ਇਹ ਵੀ ਬਹੁਤ ਦੁਖਦਾਈ ਘਟਨਾਵਾਂ ਹਨ ।

ਸਪੀਕਰ ਸਾਹਿਬ, ਇਕ ਆਰਟਿਸਟ ਨਰਿੰਦਰ ਬੀਬਾ ਜੋ ਕਿ ਪੰਜਾਬ ਦੀ ਉਘੀ ਗਾਇਕਾ ਸੀ । ਜਦੋਂ ਉਹ ਗਾਉਂਦੀ ਸੀ ਤਾਂ ਲੋਕ ਦੂਰ ਦੂਰ ਤੋਂ ਉਸ ਨੂੰ ਸੁਣਨ ਵਾਸਤੇ ਆਉਂਦੇ ਸਨ । ਉਹ ਵੀ ਸਾਡੇ ਤੋਂ ਵਿਛੜ ਗਏ ਹਨ । ਉਨ੍ਹਾਂ ਦੇ ਚਲੇ ਜਾਣ ਨਾਲ ਵੀ ਸਾਨੂੰ ਕਾਫੀ ਦੁੱਖ ਹੋਇਆ ਹੈ ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਇੱਕ ਬਹੁਤ ਬਹੁਤ ਹੀ ਜ਼ਿਆਦਾ ਦੁੱਖ-ਦਾਈ ਮੌਤ ਹੋਈ ਹੈ । ਸਾਡੇ ਇਸ ਹਾਊਸ ਦੇ ਮੈਂਬਰ ਸਰਦਾਰ ਗੁਰਦੇਵ ਸਿੰਘ ਸਿੱਧੂ

ਜੀ ਦੀ ਧਰਮ ਸੁਪਤਨੀ ਸ੍ਰੀਮਤੀ ਬਖਸ਼ੀਸ਼ ਕੌਰ ਜੀ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਗਹਿਰਾ ਦੁੱਖ ਹੋਇਆ ਹੈ। ਸਿੱਧੂ ਸਾਹਿਬ ਨਾਲ ਅਸੀਂ ਸਾਰੇ ਹਾਊਸ ਵੱਲੋਂ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ। ਜਦੋਂ ਉਹ ਪੀ. ਜੀ. ਆਈ. ਵਿੱਚ ਸਨ ਤਾਂ ਉਸ ਵਕਤ ਮੈਨੂੰ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ। ਉਸ ਸਮੇਂ ਉਹ ਬੜੀ ਦਲੇਰੀ ਨਾਲ ਮੌਤ ਨਾਲ ਲੜਾਈ ਲੜ ਰਹੇ ਸਨ। ਉਸ ਵਕਤ ਸਿੱਧੂ ਸਾਹਿਬ ਨੇ ਕਿਹਾ ਸੀ ਕਿ ਅੱਜ ਮੈਂ ਜਿਸ ਸਥਾਨ ਤੇ ਹਾਂ, ਜਿਸ ਪੁਜ਼ੀਸ਼ਨ ਵਿੱਚ ਹਾਂ, ਉਸ ਵਾਸਤੇ ਇਸ ਮਹਾਨ ਬੀਬੀ ਦਾ ਹੱਥ ਹੈ। ਇਸ ਕਰਕੇ ਉਸ ਮਹਾਨ ਬੀਬੀ ਦਾ ਚਲੇ ਜਾਣਾ ਵੀ ਇਕ ਦੁੱਖਦਾਈ ਘਟਨਾ ਹੈ।

ਇਸ ਤਰ੍ਹਾਂ ਮੈਂ ਇਨ੍ਹਾਂ ਸਾਰੀਆਂ ਦੁਖਦਾਈ ਘਟਨਾਵਾਂ ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਔਰ ਬੇਨਤੀ ਕਰਦਾ ਹਾਂ ਕਿ ਆਪਾਂ ਸਾਰੇ ਇਸ ਹਾਊਸ ਵਿੱਚ ਮਤਾ ਪਾਸ ਕਰਕੇ ਇਨ੍ਹਾਂ ਸਾਰੇ ਦੁਖਿਤ ਪਰਿਵਾਰਾਂ ਨੂੰ ਭੇਜੀਏ ਔਰ ਬੇਨਤੀ ਕਰਦਾ ਹਾਂ ਕਿ ਅਸੀਂ ਸਾਰੇ ਸੱਚੇ ਪਾਤਸ਼ਾਹ ਵਾਹਿਗੁਰੂ ਅੱਗੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਵਾਸਤੇ ਅਰਦਾਸ ਕਰੀਏ

ਸ੍ਰੀਮਤੀ ਰਾਜਿੰਦਰ ਕੌਰ ਭੱਠਲ (ਲਹਿਰਾ) : ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਪਿਛਲੇ ਸਮੇਂ ਵਿੱਚ ਕੁਝ ਦਿਨ ਪਹਿਲਾਂ ਇਕ ਬੰਬ ਧਮਾਕਾ ਬਠਿੰਡੇ ਵਿਖੇ ਹੋਇਆ। ਇਹ ਇੱਕ ਬਹੁਤ ਵੱਡੀ ਘਟਨਾ ਹੋਈ ਹੈ ਜਿਸ ਦਾ ਚਿੱਤ-ਚੇਤਾ ਵੀ ਨਹੀਂ ਸੀ। ਉਸ ਧਮਾਕੇ ਵਿੱਚ ਲਗਭਗ ਅੱਧੇ ਸੈਂਕੜੇ ਦੇ ਕਰੀਬ ਲੋਕ ਮਾਰੇ ਗਏ ਔਰ 100 ਦੇ ਕਰੀਬ ਜ਼ਖਮੀ ਹੋ ਗਏ। ਇਸ ਦੇ ਨਾਲ ਹੀ ਬਾਘਾ ਪੁਰਾਣਾ ਵਿਖੇ ਮੈਂ ਆਪਣੀ ਪਾਰਟੀ ਦੇ ਸਾਥੀਆਂ ਸਮੇਤ ਦੁੱਖ ਦਾ ਪ੍ਰਗਟਾਵਾ ਕਰਨ ਵਾਸਤੇ ਸ਼ਾਮਲ ਹੋਈ ਸੀ। ਇਹ ਵੀ ਬੜੀ ਅਤਿਅੰਤ ਮਾੜੀ ਘਟਨਾ ਵਾਪਰੀ ਹੈ। ਸਪੀਕਰ ਸਾਹਿਬ, ਅਸੀਂ ਜਦੋਂ ਬਠਿੰਡੇ ਹਸਪਤਾਲ ਵਿੱਚ ਗਏ ਔਰ ਉਨ੍ਹਾਂ ਪਰਿਵਾਰਾਂ ਨੂੰ ਮਿਲੇ ਤਾਂ ਦਿਲ ਕੰਬ ਉਠਦਾ ਸੀ।

ਉਹ ਪਰਿਵਾਰ ਰੋਂਦੇ-ਵਿਲਕਦੇ ਸਨ। ਕਈ ਪਰਿਵਾਰਾਂ ਦੇ ਤਾਂ ਇੱਕ ਤੋਂ ਵੱਧ ਮੈਂਬਰ ਮਾਰੇ ਗਏ। ਮੈਂ ਸਮਝਦੀ ਹਾਂ ਕਿ ਇਹੋ ਜਿਹੇ ਕਾਤਲ, ਇਹੋ ਜਿਹੀਆਂ ਤਾਕਤਾਂ, ਜੋ ਕਿ ਮਾੜੀ ਸੋਚ ਰੱਖਦੀਆਂ ਹਨ, ਅੱਜ ਫਿਰ ਪੰਜਾਬ ਦੀ ਧਰਤੀ ਤੇ, ਪੰਜਾਬ ਦੇ ਵਿਹੜੇ ਵਿੱਚ ਆ ਕੇ ਨੱਚਣ ਲੱਗੀਆਂ ਹਨ। ਬਾਘਾ ਪੁਰਾਣਾ ਵਿਖੇ ਜਿਸ ਤਰ੍ਹਾਂ ਦੱਸਿਆ ਔਰ ਮੈਂ ਵੀ ਜਾਕੇ ਵੇਖਿਆ ਕਿ ਪੀਪੀ ਵਿੱਚ ਮੈਟੀਰੀਅਲ ਪਾ ਕੇ ਮੂਰਤੀ ਕੋਲ ਰੱਖਿਆ ਗਿਆ ਸੀ। ਮੈਂ ਸਮਝਦੀ ਹਾਂ ਕਿ ਪਰਮਾਤਮਾ ਦੀ ਕਿਰਪਾ ਨਾਲ ਸੁੱਖ ਰਹੀ। ਅਗਰ ਪ੍ਰਮਾਤਮਾ ਨਾ ਕਰੇ, ਨਾ ਵੇਲੇ ਸਿਰ ਵੇਖਿਆ ਜਾਂਦਾ, ਨਾ ਚੁੱਕਿਆ ਜਾਂਦਾ ਤਾਂ ਪਤਾ ਨਹੀਂ ਕਿੱਡਾ ਵੱਡਾ ਹੋਰ ਹਾਦਸਾ ਵਾਪਰਨਾ ਸੀ। ਇਸ ਤਰ੍ਹਾਂ ਦੇ ਹਾਦਸਿਆਂ ਦਾ ਪੰਜਾਬ ਦੇ ਵਿੱਚ ਵਾਪਰਨਾ ਜਿੱਥੇ ਸਾਡੇ ਸਾਰਿਆਂ ਲਈ ਚਿੰਤਾ ਦਾ ਕਾਰਨ ਹੈ, ਉਥੇ ਇਨ੍ਹਾਂ ਨੂੰ ਰੋਕਣਾ ਸਾਡੇ ਸਾਰਿਆਂ ਦੀ ਬਹੁਤ ਵੱਡੀ ਜ਼ਿੰਮੇਵਾਰੀ ਵੀ ਹੈ। ਮੈਂ ਇਸ ਗੱਲ ਦੇ ਲਈ ਤਾਂ ਜ਼ਰੂਰ ਕਹਾਂਗੀ ਕਿ ਸੱਚਮੁੱਚ ਪੰਜਾਬ ਦੇ ਲੋਕ, ਸਾਰੀਆਂ ਸਮਾਜਿਕ ਜਥੇਬੰਦੀਆਂ ਦੇ ਲੋਕ ਔਰ

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਖਾਸ ਤੌਰ ਤੇ ਕਾਂਗਰਸ ਪਾਰਟੀ ਦੇ ਲੋਕ ਵੀ, ਜਿਸ ਵੇਲੇ ਮੈਂ ਉਥੇ ਗਈ ਸੀ ਤਾਂ ਬਹੁਤ ਵੱਡੀ ਗਿਣਤੀ ਵਿੱਚ ਚਾਹੇ ਖੂਨ ਦੇਣ ਦੀ ਜ਼ਰੂਰਤ ਹੋਵੇ, ਚਾਹੇ ਬਚਾਉਣ ਦੀ ਗੱਲ ਹੋਵੇ, ਸਾਧਨ ਮੁਹੱਈਆ ਕਰਨ ਦੀ ਗੱਲ ਹੋਵੇ ਇਹ ਉਹ ਸਾਰੇ ਲੋਕਾਂ ਨੇ ਜੁੜ ਕੇ, ਇਕ ਹੋ ਕੇ ਉਥੇ ਬਚਾਉਣ ਲਈ ਭੱਜ-ਚੋੜ ਕਰਕੇ, ਜਿਸ ਤਰ੍ਹਾਂ ਮੱਦਦ ਕੀਤੀ, ਮੈਂ ਸਮਝਦੀ ਹਾਂ ਕਿ ਇਹ ਵੀ ਸਾਡੇ ਭਾਈਚਾਰੇ ਦੀ ਇਕ ਮਿਸਾਲ ਹੈ। ਇਸ ਨਾਲ ਹੀ, ਸਪੀਕਰ ਸਾਹਿਬ, ਇਹ ਜਿਹੜਾ ਗਮ ਤੇ ਦੁੱਖ ਹੈ, ਜਿਹੜੀਆਂ ਮੁਸ਼ਕਲਾਤਾ ਅੱਜ ਆਈਆਂ ਹਨ ਜਿਸ ਦਾ ਜ਼ਿਕਰ ਸਰਕਾਰ ਵਲੋਂ ਮੁੱਖ ਮੰਤਰੀ ਜੀ ਨੇ ਕੀਤਾ ਹੈ, ਕਿਉਂਕਿ ਬਤੌਰ ਮੁਖੀ ਇਨ੍ਹਾਂ ਨੂੰ ਉਥੇ ਜਾਣ ਦਾ ਮੌਕਾ ਮਿਲਿਆ ਔਰ ਵੇਖ ਕੇ ਦੁੱਖ ਪ੍ਰਗਟਾਇਆ ਹੈ, ਅਸੀਂ ਇਹ ਦੁੱਖ 15 ਸਾਲ ਆਪਣੇ ਸੀਨੇ ਵਿੱਚ ਹੰਢਾਇਆ ਹੈ ਕਿ ਕਿਸ ਤਰ੍ਹਾਂ ਲੋਕ ਤੜਫਦੇ ਤੇ ਵਿਲਕਦੇ ਸਨ। ਸਪੀਕਰ ਸਾਹਿਬ, ਜਿਹੜੇ ਇੰਸੀਡੈਂਟ ਪਹਿਲਾਂ ਹੋਏ ਉਹ ਇਸ ਤੋਂ ਵੱਖਰੇ ਨਹੀਂ ਸਨ, ਉਹ ਵੀ ਇਸੇ ਤਰ੍ਹਾਂ ਦੇ ਸਨ। ਇਸੇ ਤਰ੍ਹਾਂ ਸਾਡਾ ਭਾਈਚਾਰਾ ਭੜਕਾਉਣ ਲਈ, ਇਸੇ ਤਰ੍ਹਾਂ ਸਾਡੇ ਰੱਜੇ-ਪੁੱਜੇ ਪੰਜਾਬ ਨੂੰ ਤੋੜਨ ਲਈ, ਸਪੀਕਰ ਸਾਹਿਬ, ਇੱਕ ਸਾਲ ਨਹੀਂ ਦੋ ਸਾਲ ਨਹੀਂ, ਦਸ ਤੋਂ ਬਾਰਾਂ ਸਾਲ ਅਸੀਂ ਬਤੌਰ ਪਾਰਟੀ ਵੀ ਔਰ ਬਤੌਰ ਸਰਕਾਰ ਵੀ, ਅਸੀਂ ਇਹ ਦੁੱਖ ਆਪਣੇ ਨਾਲ ਹੰਢਾ ਕੇ ਦੇਖੇ ਹਨ। ਜਿਨ੍ਹਾਂ ਲੋਕਾਂ ਦੇ ਪਰਿਵਾਰ, ਜਿਨ੍ਹਾਂ ਪਰਿਵਾਰਾਂ ਦੇ ਬੇਕਸੂਰ ਲੋਕ ਇਨ੍ਹਾਂ ਹਮਲਿਆਂ ਦੇ ਵਿਚ ਮਾਰੇ ਜਾਂਦੇ ਹਨ, ਸਪੀਕਰ ਸਾਹਿਬ, ਉਨ੍ਹਾਂ ਦੇ ਵਿੱਚ ਰਹਿੰਦਾ ਕੱਖ ਨਹੀਂ। ਜੇਕਰ ਜ਼ਿੰਦਗੀ ਉਹ ਲੋਕ ਜਿਉਂਦੇ ਵੀ ਹਨ, ਉਹ ਮੋਈ ਹੋਈ ਜ਼ਿੰਦਗੀ ਜਿਉਂਦੇ ਹਨ। ਸਪੀਕਰ ਸਾਹਿਬ, ਮੈਂ ਜਿਸ ਤਰ੍ਹਾਂ ਪਹਿਲਾਂ ਵੀ ਦੱਸਿਆ ਹੈ ਕਿ ਹੋਰ ਵੀ ਬਹੁਤ ਸਾਰੀਆਂ ਪਾਰਟੀਆਂ ਇਸ ਪਾਸੇ ਸਾਡੇ ਨਾਲ ਰਲ ਕੇ 12 ਸਾਲ ਤੁਰੀਆਂ ਔਰ ਅੱਜ ਵੀ ਤਕਰੀਬਨ ਕੋਈ ਪਾਰਟੀ ਬਾਹਰ ਨਹੀਂ। ਅੱਜ ਸਾਰੀਆਂ ਪਾਰਟੀਆਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਲਈ ਤਿਆਰ ਹੀ ਨਹੀਂ ਬਲਕਿ ਅੱਗੇ ਹਨ। ਮੈਂ ਸਰਕਾਰ ਨੂੰ, ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਇਨ੍ਹਾਂ ਨੇ ਗੱਲ ਕਹੀ, ਮੈਂ ਆਪਣੇ ਬਿਆਨਾਂ ਵਿੱਚ ਵੀ ਇਹ ਗੱਲ ਕਹੀ ਸੀ ਕਿ ਸਿਰਫ ਬਿਆਨ ਦੇਣ ਨਾਲ ਇਹ ਗੱਲ ਦੂਰ ਨਹੀਂ ਹੋਣੀ। ਅਸੀਂ ਪ੍ਰਾਇਓਰਟੀ, ਗੰਭੀਰਤਾ, ਸਿਦਕਦਿਲੀ ਤੇ ਕਲੈਰਟੀ, ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਆਲ-ਪਾਰਟੀ ਮੀਟਿੰਗ ਦੀ ਬੜੀ ਵਾਰ ਡਿਮਾਂਡ ਕੀਤੀ ਹੈ। ਮੈਨੂੰ ਨਹੀਂ ਪਤਾ ਕਿ ਉਸ ਵਿਚ ਪ੍ਰੇਸ਼ਾਨੀ ਕੀ ਹੈ, ਉਸ ਵਿੱਚ ਨੁਕਸਾਨ ਕੀ ਹੈ? ਜਦੋਂ ਸਾਰੀਆਂ ਪਾਰਟੀਆਂ ਇਹ ਮੰਗ ਕਰ ਰਹੀਆਂ ਹਨ ਔਰ ਜਦੋਂ ਮੁੱਖ ਮੰਤਰੀ ਜੀ ਸਹਿਯੋਗ ਦੀ ਮੰਗ ਕਰਦੇ ਹਨ, ਔਰ ਸਾਰੀਆ ਪਾਰਟੀਆਂ ਸਹਿਯੋਗ ਦੇਣ ਲਈ ਤਿਆਰ ਹਨ ਤਾਂ ਮੀਟਿੰਗ ਕਿਉਂ ਨਹੀਂ ਕੀਤੀ ਜਾ ਰਹੀ? ਕਿਉਂ ਨਹੀਂ ਬੈਠ ਕੇ ਸਾਰਿਆਂ ਦਾ ਸਮਰਥਨ ਲੈ ਕੇ ਅਸੀਂ ਆਪਣੇ ਹੱਸਦੇ ਵੱਸਦੇ ਪੰਜਾਬ ਨੂੰ, ਜਿਸ ਨੂੰ 12 ਸਾਲਾ ਦੇ ਰੋਣੇ ਤੋਂ ਬਾਅਦ ਹੱਸਣ ਵੱਲ ਤਬਦੀਲ ਕੀਤਾ ਹੈ, ਡਿਵੈਲਪਮੈਂਟ ਵਿਚ ਤਬਦੀਲ ਕੀਤਾ ਹੈ, ਡੈਮੋਕ੍ਰੇਸੀ ਵਿੱਚ ਤਬਦੀਲ ਕੀਤਾ ਹੈ, ਅੱਜ ਉਸ ਪੰਜਾਬ ਲਈ ਜਦ ਕਿ ਅਸੀਂ ਸਾਰੇ ਇਕੱਠੇ ਹਾਂ ਤਾਂ ਕਿਉਂ ਨਹੀਂ ਇਕ ਨੁਕਾਤੀ ਪ੍ਰੋਗਰਾਮ ਬਣਾਕੇ, ਪੰਜਾਬ ਦੇ ਵਿਹੜਿਆਂ ਵਿਚ ਜੋ ਇਸ ਤਰ੍ਹਾਂ ਦੇ ਹਾਲਾਤ, ਇਸ ਤਰ੍ਹਾਂ ਦੀਆਂ ਘਟਨਾਵਾਂ ਕਰਨ ਵਾਲੇ ਲੋਕ ਹਨ। ਉਨ੍ਹਾਂ ਦੇਸ਼ ਵਿਰੋਧੀ

ਸ਼ਕਤੀਆਂ ਨੂੰ ਆਈਡੈਂਟੀਫਾਈ ਕਰਦੇ ਅਸੀਂ ਉਨ੍ਹਾਂ ਲੋਕਾਂ ਵਿਰੁੱਧ ਇਕ ਜੁੱਟ ਹੋ ਕੇ ਲੜਾਈ ਲੜਨ ਲਈ ਤਿਆਰ ਹਾਂ, ਅਸੀਂ ਅੱਗੇ ਹੋਕੇ ਲੜਨ ਲਈ ਤਿਆਰ ਹਾਂ ਮੈਂ ਇਹ ਮੰਗ ਕਰਦੀ ਹਾਂ ਔਰ ਸਾਨੂੰ ਇਸ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ। ਸਮੱਸਿਆ ਬਾਰੇ ਜਿੰਨੀ ਗੰਭੀਰਤਾ ਦੱਸੀ ਜਾ ਰਹੀ ਹੈ, ਜਾਂ ਸੱਚਮੁੱਚ ਹੈ, ਅਸੀਂ ਉਸ ਗੰਭੀਰਤਾ ਨੂੰ ਉਨੇ ਹੀ ਗੰਭੀਰ ਤਰੀਕਿਆਂ ਦੇ ਨਾਲ ਮਿਲ ਬੈਠ ਕੇ ਚਾਹੇ ਪਿੰਡ ਪੱਧਰ ਤਕ ਜਾਣਾ ਪਵੇ, ਸਾਨੂੰ ਸਾਰਿਆਂ ਸਮਾਜਿਕ ਜਥੇਬੰਦੀਆਂ, ਸਿਆਸੀ ਪਾਰਟੀਆਂ ਨੂੰ ਇਕ ਜੁੱਟ ਹੋਕੇ ਪੰਜਾਬ ਦੀ ਰਾਖੀ ਲਈ, ਬੇਕਸੂਰ ਲੋਕਾਂ ਦੀ ਰਾਖੀ ਲਈ ਇਕੱਠੇ ਹੋਣਾ ਪਵੇ ਔਰ ਇਸ ਵਿਚ ਦੇਰੀ ਹੋਣੀ, ਜਦੋਂ ਨੁਕਸਾਨ ਹੀ ਹੋ ਗਿਆ, ਅਗਰ ਅਸੀਂ ਉਸ ਤੋਂ ਬਾਅਦ ਗੱਲ ਕਰੀਏ, ਉਸ ਦਾ ਕੋਈ ਫਾਇਦਾ ਨਹੀਂ ਹੋਣਾ। ਸੋ, ਸਪੀਕਰ ਸਾਹਿਬ, ਸਾਨੂੰ ਇਨ੍ਹਾਂ ਗੱਲਾਂ ਵੱਲ ਧਿਆਨ ਕਰਨਾ ਚਾਹੀਦਾ ਹੈ।

ਔਰ ਮੈਂ ਸਰਕਾਰ ਵਾਲੇ ਪਾਸੇ ਵੀ ਬੇਨਤੀ ਕਰਾਂਗੀ ਕਿ ਪੰਜਾਬ ਦੀ ਪੁਲਿਸ ਅਤੇ ਹੋਰ ਫੋਰਸਿਜ਼ ਨੇ ਜਿਸ ਤਰੀਕੇ ਨਾਲ 10-12 ਸਾਲ ਲੜਾਈ ਲੜੀ, ਉਨ੍ਹਾਂ ਵਿਚ ਚੰਗੇ ਅਫਸਰ ਸਾਹਿਬਾਨ ਜਿਨ੍ਹਾਂ ਨੇ ਪੂਰੀ ਦਿਆਨਤਦਾਰੀ ਨਾਲ ਇਨਸਾਫ ਦੇ ਨਾਲ ਪੂਰੀ ਜ਼ਿੰਮੇਵਾਰੀ ਨਿਭਾਈ ਔਰ ਆਪਣੇ ਪੂਰੇ ਦੇ ਪੂਰੇ ਪਰਿਵਾਰ ਇਸ ਪੰਜਾਬ ਲਈ ਵਾਰ ਦਿੱਤੇ, ਨੁਕਸਾਨ ਕਰਵਾਏ, ਸੀਨੇ ਦੇ ਵਿਚ ਗੋਲੀਆਂ ਖਾਕੇ ਜਿਨ੍ਹਾਂ ਨੇ ਇਹ ਰਾਜ ਭਾਗ, ਆਹ ਅਮਨ ਸ਼ਾਂਤੀ, ਲੋਕਾਂ ਦੇ ਸਹਿਯੋਗ ਦੇ ਨਾਲ, ਕਾਂਗਰਸ ਪਾਰਟੀ ਦੀ ਸਰਕਾਰ ਅਤੇ ਕਾਂਗਰਸ ਪਾਰਟੀ ਦੀ ਅਗਵਾਈ ਦੇ ਨਾਲ ਅਤੇ ਹੋਰ ਪਾਰਟੀਆਂ ਦੇ ਸਹਿਯੋਗ ਦੇ ਨਾਲ ਲਿਆਂਦੀ ਹੈ, ਇਹ ਕਿਤੇ ਅੱਜ ਖੋਹਿਆ ਨਾ ਜਾਵੇ। ਸਪੀਕਰ ਸਾਹਿਬ, ਮੈਨੂੰ ਉਹ ਵਕਤ ਯਾਦ ਹੈ ਜਦੋਂ ਸਰਦਾਰ ਦਰਬਾਰਾ ਸਿੰਘ ਜੀ ਮੁੱਖ ਮੰਤਰੀ ਸਨ ਤਾਂ 8 ਬੇਕਸੂਰ ਵਿਅਕਤੀਆਂ ਨੂੰ ਬੱਸ ਦੇ ਵਿਚੋਂ ਲਾਹ ਕੇ ਮਾਰਿਆ ਗਿਆ ਸੀ। ਸਾਡੀ ਪਾਰਟੀ ਹਮੇਸ਼ਾ ਕਾਂਗਰਸ ਨਾਲ ਨਹੀਂ ਜੁੜੀ ਹੋਈ ਸਗੋਂ ਲੋਕਾਂ ਦੇ ਨਾਲ ਜੁੜੀ ਰਹੀ ਹੈ ਔਰ ਲੋਕਾਂ ਦੀ ਸੀਰੀਅਸਲੀ ਮੱਦਦ ਕਰਨ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਨਾਲ ਜੁੜੀ ਰਹੀ ਹੈ। ਮੈਂ ਅੱਜ ਵੀ ਮੰਗ ਕਰਦੀ ਹਾਂ ਕਿ ਇਸ ਤਰ੍ਹਾਂ ਦੇ ਬਿਆਨ ਦਿੱਤੇ ਜਾਣ, ਉਹ ਵੀ ਸਾਡੇ ਜ਼ਿਮੇਂਵਾਰ ਲੀਡਰਾਂ ਵਲੋਂ ਕਿ ਪੁਲਿਸ ਦਾ ਇਸ ਦੇ ਵਿਚ ਹੱਥ ਹੈ ਅਤੇ ਇਹ ਕਾਰਵਾਈ ਪੁਲਿਸ ਨੇ ਕਰਵਾਈ ਹੈ। ਮੈਂ ਇਸ ਗੱਲ ਨੂੰ ਬੜੀ ਸੀਰੀਅਸਲੀ ਲੈਂਦੀ ਹਾਂ, ਪਰ ਜੋ ਤਾਕਤਾਂ/ਸਾਜ਼ਸ਼ਾਂ ਇਸ ਤਰ੍ਹਾਂ ਦੇ ਇੰਸੀਡੈਂਟ ਕਰਨ ਨਾਲ ਜੁੜੀਆਂ ਹੋਈਆਂ ਹਨ ਅਤੇ ਜੋ ਸਾਡੇ ਦੇਸ਼ ਨੂੰ ਤੋੜਨਾ ਚਾਹੁੰਦੀਆਂ ਹਨ, ਉਨ੍ਹਾਂ ਦੇ ਖਿਲਾਫ਼ ਡਟ ਕੇ ਲੜਾਈ ਲੜਨ ਨੂੰ ਤਿਆਰ ਹਾਂ। ਪੁਲਿਸ ਦੇ ਬਾਰੇ ਇਸ ਤਰ੍ਹਾਂ ਦੇ ਐਲੀਗੇਸ਼ਨ ਜਾਂ ਕੋਈ ਇਨਕੁਆਇਰੀ ਕੀਤੀ ਹੋਵੇ ਤਾਂ ਸਾਡੇ ਮੁੱਖ ਮੰਤਰੀ ਸਾਹਿਬ ਨੂੰ ਇਸ ਬਾਰੇ ਪਤਾ ਹੋਵੇਗਾ ਲੇਕਿਨ ਇਸ ਤਰ੍ਹਾਂ ਦੀ ਸਟੇਟਮੈਂਟ ਜਾਂ ਬਿਆਨ ਕਿਸੇ ਵੀ ਲੀਡਰ ਨੂੰ ਨਹੀਂ ਦੇਣੇ ਚਾਹੀਦੇ। ਮੈਂ ਆਪਣੀ ਪਾਰਟੀ ਵਲੋਂ ਬਕਾਇਦਾ ਤੌਰ ਤੇ ਜ਼ਿੰਮੇਵਾਰੀ ਦੇ ਨਾਲ ਅੱਜ ਪ੍ਰਮਾਤਮਾ ਨੂੰ ਹਾਜ਼ਰ-ਨਾਜ਼ਰ ਸਮਝ ਕੇ ਕਹਿੰਦੀ ਹਾਂ ਕਿ ਜੋ ਜ਼ਖਮ ਅਸੀਂ ਹੰਢਾਏ ਹਨ ਔਰ ਪੰਜਾਬ ਦੇ ਵਿਚ ਅੱਜ ਵੀ ਕੁਝ ਬੈਡ ਐਲੀਮੈਂਟਸ ਜੋ ਹਨ, ਉਨ੍ਹਾਂ ਦੇ ਖਿਲਾਫ਼ ਅਸੀਂ ਬਿਲਕੁਲ ਲੜਨ ਲਈ ਤਿਆਰ ਹਾਂ

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਅਤੇ ਉਨ੍ਹਾਂ ਦੇ ਨਾਲ ਕਿਸੇ ਵੀ ਤਰ੍ਹਾਂ ਦੀ ਹਮਦਰਦੀ ਜਾਂ ਢਿੱਲ ਮੱਠ ਨਹੀਂ ਕਰਨੀ ਚਾਹੀਦੀ। ਇਨ੍ਹਾਂ ਅਨਸਰਾਂ ਦੇ ਨਾਲ ਹਮਦਰਦੀ ਪ੍ਰਗਟਾਉਣੀ ਜਾਂ ਕੋਈ ਢਿੱਲ ਮੱਠ ਕਰਨੀ, ਮੈਂ ਇਸ ਦੇ ਨਾਲ ਬਿਲਕੁਲ ਸਹਿਮਤ ਨਹੀਂ ਹਾਂ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ ਕਿ ਜਿਸ ਤਰ੍ਹਾਂ ਬਠਿੰਡੇ ਦੇ ਵਿਚ ਹੋਇਆ, ਉਹ ਅਸੀਂ ਸਾਰਿਆਂ ਨੇ ਦੇਖਿਆ ਅਤੇ ਹੋਰ ਵੀ ਸਾਰੀਆਂ ਪਾਰਟੀਆਂ ਨੇ ਜਾ ਕੇ ਉਹ ਦਰਦਨਾਕ ਮੌਕਾ ਦੇਖਿਆ। ਸਾਡੀ ਪਾਰਟੀ ਵਲੋਂ ਇਸ ਸਬੰਧ ਵਿਚ ਪ੍ਰਾਈਮ-ਮਨਿਸਟਰ ਸਾਹਿਬ ਨੂੰ ਇਕ ਵਫਦ ਮਿਲਿਆ। ਸਾਨੂੰ ਜਿਸ ਵਕਤ ਪਤਾ ਲੱਗਿਆ ਕਿ ਇਹ ਇੰਸੀਡੈਂਟ ਵਾਪਰਿਆ ਹੈ ਤਾਂ ਅਸੀਂ ਤੁਰੰਤ ਜੋ ਸਾਡੀ ਲੁਧਿਆਣੇ ਵਿਖੇ ਰਿਸੈਪਸ਼ਨ ਸੀ, ਉਸ ਨੂੰ ਕੈਂਸਲ ਕਰਕੇ ਬਠਿੰਡੇ ਵਿਖੇ ਪਹੁੰਚੇ ਤੇ ਉਥੇ ਜਾ ਕੇ ਹਾਲਤ ਨੂੰ ਦੇਖਿਆ। ਅਸੀਂ ਪੰਜਾਬੀ ਹਾਂ, ਪੰਜਾਬ ਦੇ ਵਿਚੋਂ ਆਏ ਹਾਂ ਅਤੇ ਪੰਜਾਬ ਦੇ ਲੋਕਾਂ ਨਾਲ ਸਾਡੀ ਪੂਰੀ ਹਮਦਰਦੀ ਹੈ। ਅਸੀਂ ਪ੍ਰਾਈਮ-ਮਨਿਸਟਰ ਸਾਹਿਬ ਨੂੰ ਰਿਕੁਐਸਟ ਕੀਤੀ ਕਿ ਤੁਸੀਂ ਵੀ ਸਮਾਂ ਕੱਢ ਕੇ ਬਠਿੰਡਾ ਵਿਖੇ ਜ਼ਰੂਰ ਪਹੁੰਚੋ। ਇੱਥੇ ਅੱਜ ਮੈਂ ਇਹ ਕਹਿਣਾ ਚਾਹੁੰਦੀ ਹਾਂ ਜੋ ਸੈਸ਼ਨ ਜੁੜਿਆ ਹੈ, ਜਦੋਂ ਸੈਸ਼ਨ ਰੱਖਿਆ ਗਿਆ ਸੀ ਤਾਂ ਸਾਨੂੰ ਇਸ ਗੱਲ ਦਾ ਪਤਾ ਵੀ ਨਹੀਂ ਸੀ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਜਾਣਗੀਆਂ। ਸੋ ਸਾਡੇ ਕੋਲ ਅਜ ਇਸ ਤੋਂ ਜ਼ਿਆਦਾ ਕੋਈ ਪ੍ਰਾਇਰਿਟੀ ਵਾਲੀ ਗੱਲ ਨਹੀਂ ਹੈ। ਅੱਜ ਸਾਨੂੰ ਇਸ ਮਾਮਲੇ ਦੀ ਪੂਰੀ ਡਿਟੇਲ ਦੇ ਵਿਚ ਔਰ ਇਸ ਦੇ ਹਰ ਪਹਿਲੂ ਦੇ ਉਪਰ ਵਿਚਾਰ ਕਰਨਾ ਚਾਹੀਦਾ ਹੈ ਅਤੇ ਇਹ ਸੈਸ਼ਨ ਉਠਾਇਆ ਨਹੀਂ ਜਾਣਾ ਚਾਹੀਦਾ ਔਰ ਜੇ ਸਾਨੂੰ ਲੋੜ ਪਈ ਤਾਂ ਦੋ ਤਿੰਨ ਦਿਨ ਇਹ ਸੈਸ਼ਨ ਚਾਲੂ ਰਖਿਆ ਜਾਣਾ ਚਾਹੀਦਾ ਹੈ ਤਾਂ ਕਿ ਇਸ ਦੇ ਉਤੇ ਬਹਿਸ ਹੋ ਸਕੇ। ਮੈਂ, ਸਪੀਕਰ ਸਾਹਿਬ, ਤੁਹਾਡੀ ਮਾਰਫਤ ਯਕੀਨ ਦਿਵਾਉਂਦੀ ਹਾਂ ਕਿ ਸਾਡੀ ਸਾਰੀ ਪਾਰਟੀ ਹਰ ਹਾਲਤ ਵਿਚ ਪੂਰੀ ਜ਼ਿੰਮੇਵਾਰੀ ਦੇ ਨਾਲ ਸਹਿਯੋਗ ਦੇਣ ਲਈ ਤਿਆਰ ਹੈ। ਸਾਨੂੰ ਪੰਜਾਬ ਦਾ ਅਮਨ ਸਭ ਤੋਂ ਜ਼ਿਆਦਾ ਪਿਆਰਾ ਹੈ ਅਤੇ ਸਾਨੂੰ ਆਪਣੇ ਪੰਜਾਬ ਦੇ ਬਾਰੇ ਕਈ ਗੱਲਾਂ ਕਰਨੀਆਂ ਪੈਣੀਆਂ ਹਨ ਕਿਉਂਕਿ ਪੰਜਾਬ ਦੀ ਜਨਤਾ ਦਾ ਦੁੱਖ ਸਾਡਾ ਆਪਣਾ ਦੁੱਖ ਹੈ। ਸਾਨੂੰ ਇਹੋ ਜਿਹੀਆਂ ਘਟਨਾਵਾਂ ਨੂੰ ਰੋਕਣ ਵੱਲ ਕਦਮ ਚੁੱਕਣੇ ਚਾਹੀਦੇ ਹਨ। ਜੇਕਰ ਅਸੀਂ ਅੱਜ ਸਚਮੁੱਚ ਪੰਜਾਬ ਦੇ ਅਮਨ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਅਲਰਟ ਹੋ ਕੇ ਇਸ ਪ੍ਰਤੀ ਗੰਭੀਰ ਰਹਿਣਾ ਚਾਹੀਦਾ ਹੈ। ਸਪੀਕਰ ਸਾਹਿਬ, ਪਹਿਲਾਂ ਵੀ ਇਸੇ ਤਰ੍ਹਾਂ ਹੀ ਮੰਦਿਰਾਂ ਦੇ ਵਿਚ ਪਸ਼ੂਆਂ ਦੀਆਂ ਪੂਛਾਂ ਕੱਟ ਕੇ ਸੁੱਟੀਆਂ ਜਾਂਦੀਆਂ ਸਨ ਔਰ ਸਾਡੇ ਕਈ ਗੁਰਦੁਆਰਿਆਂ ਦੇ ਵਿੱਚ ਵੀ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਪਾੜ ਦਿੱਤੇ ਜਾਂਦੇ ਸਨ। ਇਹ ਉਹੀ ਤਾਕਤਾਂ ਹਨ ਜੋ ਪਿਛੇ ਕਾਰਵਾਈਆਂ ਕਰਦੀਆਂ ਸਨ ਔਰ ਹੁਣ ਫਿਰ ਪੰਜਾਬ ਦੇ ਮਾਹੌਲ ਨੂੰ, ਅਮਨ ਨੂੰ, ਖਰਾਬ ਕਰਨਾ ਚਾਹੁੰਦੀਆਂ ਹਨ ਔਰ ਪੰਜਾਬ ਦੇ ਹੱਸਦੇ ਵੱਸਦੇ ਵਿਹੜਿਆਂ ਨੂੰ ਮੁੜ ਬਰਬਾਦ ਕਰਨ ਵੱਲ ਲੈ ਕੇ ਜਾਣਾ ਚਾਹੁੰਦੀਆਂ ਹਨ। ਮੈਂ ਪੁਰਜ਼ੋਰ ਸ਼ਬਦਾਂ ਦੇ ਨਾਲ ਜਿਥੇ ਇਸ ਦੀ ਨਿਖੇਧੀ ਕਰਦੀ ਹਾਂ ਉਥੇ ਮੈਂ ਇਹ ਵੀ ਕਹਿਣਾ ਚਾਹੁੰਦੀ ਹਾਂ ਕਿ ਇਸ ਮਾਮਲੇ ਵਿਚ ਕੋਈ ਵੀ ਢਿੱਲ ਨਹੀਂ ਵਰਤੀ ਜਾਣੀ ਚਾਹੀਦੀ, ਸਾਨੂੰ ਪੂਰਨ ਤੌਰ ਤੇ ਟਾਪ ਪ੍ਰਾਇਰਿਟੀ ਦੇ ਕੇ ਪੂਰੀ ਸੰਜੀਦਗੀ ਦੇ ਨਾਲ, ਸਾਨੂੰ ਸਾਰਿਆਂ ਨੂੰ ਇਕੱਠੇ ਬੈਠ ਕੇ, ਸਾਰੀਆਂ ਪਾਰਟੀਆਂ ਦੇ ਲੀਡਰ ਇਸ ਵਿਚ ਸ਼ਾਮਲ ਹੋ ਕੇ ਇੱਕ ਸਟਰੈਟੇਜੀ ਤਹਿ ਕਰਨੀ ਚਾਹੀਦੀ ਹੈ ਤਾਂ ਕਿ ਇਸ ਤਰ੍ਹਾਂ ਦੀ ਕੋਈ ਮਾੜੀ ਘਟਨਾ

ਅੱਗੇ ਨੂੰ ਨਾ ਵਾਪਰੇ । ਇਸ ਤੋਂ ਅੱਗੇ, ਸਪੀਕਰ ਸਾਹਿਬ, ਬੀਬੀ ਜਸਵੰਤ ਕੌਰ, ਸਾਬਕਾ ਵਿਧਾਇਕ ਜੋ ਕਿ ਕਾਂਗਰਸ ਪਾਰਟੀ ਨਾਲ ਤਾਅਲੁੱਕ ਰੱਖਦੇ ਸਨ । ਉਹ ਵੀ ਸਾਡੇ ਵਿਚੋਂ ਵਿੱਛੜ ਗਏ ਹਨ । ਉਨ੍ਹਾਂ ਦਾ ਜਨਮ 4 ਦਸੰਬਰ, 1930 ਵਿਚ ਅੰਮ੍ਰਿਤਸਰ ਵਿਚ ਹੋਇਆ । ਉਹ ਬੜੇ ਵੱਡੇ ਦੇਸ਼ ਭਗਤ ਪਰਿਵਾਰ ਨਾਲ ਤਾਅਲੁੱਕ ਰੱਖਦੇ ਸਨ । ਉਨ੍ਹਾਂ ਦੇ ਪਿਤਾ ਨੇ ਦੇਸ਼ ਦੀ ਆਜ਼ਾਦੀ ਲਈ ਹਰ ਮੂਵਮੈਂਟ ਵਿਚ ਹਰ ਮੋਰਚੇ ਵਿਚ ਭਾਗ ਲਿਆ । ਐਸੇ ਦੇਸ਼ ਭਗਤ ਪਰਿਵਾਰ ਤੋਂ ਉਨ੍ਹਾਂ ਨੂੰ ਇਹ ਸਭ ਗੁੜ੍ਹਤੀ ਵਿਚ ਮਿਲਿਆ । ਦੇਸ਼ ਦੀ ਆਜ਼ਾਦੀ ਵਾਸਤੇ, ਇਸ ਨੂੰ ਲਿਆਉਣ ਵਾਸਤੇ, ਸਾਰੇ ਭਾਈਚਾਰੇ ਨੇ, ਸਾਰੇ ਸੂਬਿਆਂ ਦੇ ਲੋਕਾਂ ਨੇ ਇਕੱਠੇ ਮਿਲ ਕੇ ਯੁੱਧ ਕੀਤੇ ਅਤੇ ਹਰ ਮੁਸ਼ਕਿਲ ਦਾ ਇਕੱਠੇ ਹੋ ਕੇ ਟਾਕਰਾ ਕੀਤਾ । ਮੈਨੂੰ ਵੀ ਉਨ੍ਹਾਂ ਨਾਲ ਰਹਿਣ ਦਾ ਮੌਕਾ ਮਿਲਿਆ ਹੈ । ਉਨ੍ਹਾਂ ਨੇ ਬੜੀ ਨਿਮਰਤਾ ਨਾਲ, ਸੋਸ਼ਲ, ਪੁਲੀਟੀਕਲ ਅਤੇ ਹਰ ਪੱਖ ਤੋਂ ਸੰਜੀਦਗੀ ਨਾਲ ਆਪਣੇ ਸਮੇਂ ਵਿਚ ਰੋਲ ਨਿਭਾਇਆ । ਸਾਨੂੰ ਅੱਜ ਉਨ੍ਹਾਂ ਦੀ ਬੜੀ ਘਾਟ ਮਹਿਸੂਸ ਹੁੰਦੀ ਹੈ । ਉਨ੍ਹਾਂ ਦੇ ਵਿਛੋੜੇ ਤੇ, ਮੈਂ ਬੜੇ ਦੁੱਖ ਨਾਲ ਅਤੇ ਪਿਛਲੇ ਸਮੇਂ ਨੂੰ ਯਾਦ ਕਰਦੇ ਹੋਏ, ਆਪਣੀ ਪਾਰਟੀ ਵੱਲੋਂ ਗਹਿਰਾ ਦੁੱਖ ਪ੍ਰਗਟ ਕਰਦੀ ਹਾਂ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਬੜੇ ਉਘੇ ਨਿਰਮਾਤਾ ਨਿਰਦੇਸ਼ਕ ਚੇਤਨ ਆਨੰਦ ਜੀ ਜਿਨ੍ਹਾਂ ਨੇ ਫਿਲਮਾਂ ਰਾਹੀਂ ਸਮਾਜਿਕ ਖੇਤਰ ਵਿੱਚ ਆਪਣਾ ਰੋਲ ਨਿਭਾਇਆ ਉਹ ਵੀ ਸਾਡੇ ਵਿਚੋਂ ਵਿੱਛੜ ਗਏ ਹਨ । ਸਮਾਜਿਕ ਰੀਤਾਂ ਨੂੰ ਬਦਲਣ ਲਈ ਉਨ੍ਹਾਂ ਨੇ ਕਈ ਫਿਲਮਾਂ ਤਿਆਰ ਕੀਤੀਆਂ । ਉਨ੍ਹਾਂ ਦੀਆਂ ਫਿਲਮਾਂ ਵਿੱਚ ਦੇਸ਼ ਭਗਤੀ ਵਾਲੀ ਸੋਚ ਹੁੰਦੀ ਸੀ । ਦੇਸ਼ ਦੀ ਆਜ਼ਾਦੀ ਲਈ, ਸਾਂਝੀਵਾਲਤਾ ਲਈ, ਉਹ ਆਮ ਵਰਗ ਨੂੰ ਜਗਾਉਣਾ ਚਾਹੁੰਦੇ ਸਨ ਅਤੇ ਇਨਸਾਨੀਅਤ ਵਾਲੀ ਸੋਚ ਨੂੰ ਦਰਸਾਉਣਾ ਚਾਹੁੰਦੇ ਸਨ । ਉਨ੍ਹਾਂ ਦੇ ਚਲੇ ਜਾਣ ਦੇ ਨਾਲ ਦੇਸ਼ ਨੂੰ, ਸਮਾਜ ਨੂੰ, ਸੂਬੇ ਨੂੰ ਬਹੁਤ ਘਾਟਾ ਪਿਆ ਹੈ ।

ਇਸੇ ਤਰ੍ਹਾਂ ਲੀਡਰ ਆਫ ਦਿ ਹਾਊਸ ਵੱਲੋਂ ਜਸਟਿਸ ਬੇਦੀ ਦੇ ਵਿਛੋੜੇ ਦਾ ਜਿਕਰ ਕੀਤਾ ਗਿਆ ਹੈ । ਇਸੇ ਤਰ੍ਹਾਂ ਸਾਡੇ ਵਿਧਾਇਕ ਸਿੱਧੂ ਜੀ ਦੇ ਬਾਰੇ ਗੱਲ ਕੀਤੀ ਹੈ । ਕੁਝ ਹੋਰ ਵੀ ਵਿਛੋੜਿਆਂ ਦੇ ਜ਼ਿਕਰ ਕੀਤੇ ਗਏ ਹਨ । ਇਨ੍ਹਾਂ ਸਾਰਿਆਂ ਨਾਲ ਸਪੀਕਰ ਸਾਹਿਬ, ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਗਹਿਰਾ ਦੁੱਖ ਪ੍ਰਗਟ ਕਰਦੀ ਹਾਂ । ਜਿਹੜਾ ਰੈਜ਼ੋਲਿਊਸ਼ਨ ਸਾਡੀ ਵਿਧਾਨ ਸਭਾ ਵੱਲੋਂ ਪੇਸ਼ ਕੀਤਾ ਗਿਆ ਹੈ ਮੇਰੀ ਬੇਨਤੀ ਹੈ ਕਿ ਪਾਸ ਕਰਨ ਉਪਰੰਤ ਸਬੰਧਤ ਪਰਿਵਾਰਾਂ ਨੂੰ ਭੇਜਿਆ ਜਾਵੇ । ਪੰਜਾਬ ਦੀ ਸ਼ਾਂਤੀ ਨੂੰ ਕਾਇਮ ਰੱਖਣ ਵਾਸਤੇ ਮੇਰੀ ਅਪੀਲ ਹੈ ਕਿ ਜੋ ਲੋਕ ਇਸ ਨੂੰ ਭੰਗ ਕਰਨ ਲਈ ਜ਼ਿੰਮੇਵਾਰ ਹਨ, ਉਨ੍ਹਾਂ ਨੂੰ ਸਾਰਿਆਂ ਦੇ ਸਾਹਮਣੇ ਨੰਗਾ ਕੀਤਾ ਜਾਵੇ ਤਾਂ ਕਿ ਲੋਕਾਂ ਨੂੰ ਉਨ੍ਹਾਂ ਦੇ ਚਿਹਰੇ ਦਿਖਾ ਸਕੀਏ ਅਤੇ ਉਨ੍ਹਾਂ ਲੋਕਾਂ ਨਾਲ ਸਖ਼ਤੀ ਵਾਲਾ ਵਰਤਾਓ ਕੀਤਾ ਜਾਵੇ । ਪੰਜਾਬ ਦਾ ਪਹਿਲਾਂ ਵਾਲਾ ਇਤਿਹਾਸ ਵੇਖਣ ਤੋਂ ਪਤਾ ਲੱਗਦਾ ਹੈ ਕਿ ਪੰਜਾਬੀਆਂ ਨੇ ਦੇਸ਼ ਦੀ ਅਜ਼ਾਦੀ ਲਈ ਬਹੁਤ ਜ਼ਿਆਦਾ ਕੁਰਬਾਨੀਆਂ ਦਿੱਤੀਆਂ । ਮੈਨੂੰ ਯਾਦ ਹੈ ਕਿ ਕੂਕਿਆਂ ਵੱਲੋਂ ਦੇਸ਼ ਲਈ ਕਿੰਨਾ ਖੂਨ ਡੋਲ੍ਹਿਆ ਗਿਆ ਅਤੇ ਦੇਸ਼ ਵਾਸਤੇ ਹਿੰਮਤ ਅਤੇ ਦਲੇਰੀ ਨਾਲ ਜਾਨਾਂ ਦਿੱਤੀਆਂ । ਦੇਸ਼ ਅਤੇ

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਕੌਮ ਦੀ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ । ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਅਸੀਂ ਅਮਨ ਨੂੰ ਖਤਮ ਕਰਨ ਵਾਲੀਆਂ ਘਟਨਾਵਾਂ ਤੇ ਕਾਬੂ ਪਾਈਏ ਤਾਂ ਕਿ ਪੰਜਾਬ ਦੇ ਲੋਕ ਆਪਣੇ ਇਤਿਹਾਸ ਉਪਰ ਪਹਿਰਾ ਦੇ ਸਕਣ । ਇਨ੍ਹਾਂ ਲਫ਼ਜ਼ਾਂ ਨਾਲ ਮੈਂ ਆਪਣੀ ਪਾਰਟੀ ਵੱਲੋਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਆਪਣੀ ਥਾਂ ਲੈਂਦੀ ਹਾਂ । ਜੈ ਹਿੰਦ ।

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) : ਸਪੀਕਰ ਸਾਹਿਬ, ਇਹ ਬਹੁਤ ਹੀ ਦੁਖਦਾਈ ਘਟਨਾਵਾਂ ਜੋ ਪਿਛਲੇ ਹਫ਼ਤੇ ਵਾਪਰੀਆਂ, ਸਾਡੇ ਹੱਸਦੇ ਵੱਸਦੇ ਪੰਜਾਬ ਦੇ ਵਿੱਚ ਉਨ੍ਹਾਂ ਵਿਚ ਬਹੁਤ ਹੀ ਕੀਮਤੀ ਅਤੇ ਬੇਗੁਨਾਹ ਜਾਨਾਂ ਸਾਡੇ ਵਿੱਚੋਂ ਸਦਾ ਵਾਸਤੇ ਵਿੱਛੜ ਗਈਆਂ ਹਨ, ਅਸੀਂ ਉਨ੍ਹਾਂ ਦੀ ਯਾਦ ਦੇ ਵਿੱਚ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਸਿਰ ਝੁਕਾਉਣ ਵਾਸਤੇ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਹਮਦਰਦੀ ਪ੍ਰਗਟ ਕਰਨ ਵਾਸਤੇ ਇਥੇ ਜੁੜੇ ਹਾਂ । ਸਾਰਿਆਂ ਤੋਂ ਪਹਿਲਾਂ ਮੈਂ ਤੁਹਾਡੇ ਰਾਹੀਂ ਇਕ ਬੇਨਤੀ ਜ਼ਰੂਰ ਕਰਨੀ ਚਾਹੁੰਦਾ ਹਾਂ, ਨਿੱਜੀ ਤੌਰ ਤੇ ਮੈਂ ਸਵੇਰੇ ਵੀ ਤੁਹਾਡੇ ਨਾਲ ਗੱਲ ਕੀਤੀ ਸੀ । ਜਿਸ ਤਰ੍ਹਾਂ ਸੀ. ਐਮ. ਸਾਹਿਬ ਨੇ ਚਿੰਤਾ ਪਰਗਟ ਕੀਤੀ ਹੈ ਇਸ ਦੇ ਨਾਲ ਅਸੀਂ ਵੀ ਆਪਣੀਆਂ ਭਾਵਨਾਵਾਂ ਸ਼ਾਮਿਲ ਕਰਦੇ ਹਾਂ ਕਿਉਂਕਿ ਪੰਜਾਬ ਦੇ ਵਿਚ ਅਮਨ ਕਾਨੂੰਨ ਦਾ ਜਿਹੜਾ ਸਵਾਲ ਹੈ ਇਹ ਮੁੜ ਕੇ ਫਿਰ ਇਕ ਗੰਭੀਰ ਰੂਪ ਧਾਰਨ ਕਰ ਗਿਆ ਹੈ, ਜਿਸ ਤੇ ਸਾਰੀਆਂ ਧਿਰਾਂ ਨੂੰ ਕੋਈ ਆਮ ਸਹਿਮਤੀ ਬਣਾਉਣ ਦੀ ਜ਼ਰੂਰਤ ਪੈਦਾ ਹੋ ਗਈ ਹੈ । ਜਿਹੜੀਆਂ ਤਾਕਤਾਂ ਇਸ ਪੰਜਾਬ ਦੇ ਵਿਚ ਅਮਨ ਦੇ ਪ੍ਰਤੀ ਪੂਰੀ ਤਰ੍ਹਾਂ ਪ੍ਰਤੀਬੱਧ ਹਨ, ਵਫ਼ਾਦਾਰ ਹਨ, ਉਨ੍ਹਾਂ ਸਾਰੀਆਂ ਤਾਕਤਾਂ ਦੇ ਫਿਰ ਮੁੜ ਕੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਦਾ ਵਕਤ ਆ ਗਿਆ ਹੈ ਤਾਂ ਕਿ ਦੇਸ਼ ਦੀਆਂ ਜਿਹੜੀਆਂ ਦੋਖੀ ਤਾਕਤਾਂ ਹਨ, ਚਾਹੇ ਅੰਦਰੂਨੀ ਹੋਣ ਚਾਹੇ ਉਹ ਦੇਸ਼ ਤੋਂ ਬਾਹਰੋਂ ਓਪਰੇਟ ਕਰਦੀਆਂ ਹੋਣ, ਉਨ੍ਹਾਂ ਸਾਰੀਆਂ ਦੇ ਖਿਲਾਫ਼ ਇਕ ਵਿਸ਼ਾਲ ਮੋਰਚਾ ਉਸਾਰਨ ਦੀ ਜ਼ਰੂਰਤ ਪੈਦਾ ਹੋ ਗਈ ਹੈ ਔਰ ਜਿਸ ਵੇਲੇ ਅਸੀਂ ਉਨ੍ਹਾਂ ਸਵਾਲਾਂ ਦੇ ਵਾਸਤੇ ਜੁੜਾਂਗੇ ਤਾਂ ਕੁਦਰਤੀ ਤੌਰ ਤੇ ਉਨ੍ਹਾਂ ਸਾਰੀਆਂ ਘਟਨਾਵਾਂ ਦੇ ਜੋ ਕਾਰਨ ਹਨ ਔਰ ਉਨ੍ਹਾਂ ਘਟਨਾਵਾਂ ਦੇ ਕਰਨ ਵਾਲਿਆਂ ਦੇ ਜੋ ਗੁੱਝੇ ਮੰਤਵ ਹਨ, ਕੁਦਰਤੀ ਤੌਰ ਤੇ ਉਨ੍ਹਾਂ ਦੀ ਵੀ ਨਿਸ਼ਾਨਦੇਹੀ ਕਰਨੀ ਹੋਵੇਗੀ । ਅਗਰ ਉਨ੍ਹਾਂ ਦੀ ਨਿਸ਼ਾਨਦੇਹੀ ਕਰਨੀ ਹੈ ਤਾਂ ਇਹਦੇ ਵਾਸਤੇ ਬੜਾ ਜ਼ਰੂਰੀ ਹੈ ਕਿ ਅੱਜ ਦੇ ਇਸ ਸ਼ਰਧਾਂਜਲੀ ਸਮਾਗਮ ਨੂੰ ਔਰ ਪੰਜਾਬ ਦੇ ਵਿੱਚ ਜੋ ਮੁੜ ਕੇ ਫਿਰ ਦਹਿਸ਼ਤ ਦਾ ਵਾਤਾਵਰਣ ਪੈਦਾ ਹੋਇਆ ਜਾਂ ਮੁੜ ਕੇ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਗਰ ਇਨ੍ਹਾਂ ਦੋਨਾਂ ਚੀਜ਼ਾਂ ਨੂੰ ਵੱਖਰੇ ਵੱਖਰੇ ਤੌਰ ਤੇ ਲਿਆ ਜਾਵੇ ਤਾਂ ਜ਼ਿਆਦਾ ਬਿਹਤਰ ਹੋ ਸਕਦਾ ਹੈ । ਮੇਰੀ ਤਾਂ ਬੇਨਤੀ ਹੈ ਮੈਂ, ਸਪੀਕਰ ਸਾਹਿਬ, ਇਹ ਤੁਹਾਨੂੰ ਵੀ ਕੀਤੀ ਸੀ ਔਰ ਤੁਹਾਡੇ ਰਾਹੀਂ ਹਾਊਸ ਦੇ ਨੇਤਾ ਨੂੰ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਔਰ ਇਸ ਨਾਲ ਪੰਜਾਬ ਦੇ ਲੋਕਾਂ ਦੇ ਵਿਚ ਇਕ ਚੰਗਾ ਸਿਗਨਲ ਵੀ ਜਾਏਗਾ ਕਿ ਸਰਕਾਰ ਵਾਕਿਆ ਹੀ ਗੰਭੀਰ ਹੈ । ਅਜ ਦੇ ਹਾਊਸ ਦੇ ਵਿਚ ਕੇਵਲ ਜੋ ਸ਼ਰਧਾਂਜਲੀਆਂ ਅਸੀਂ ਵਿਛੜੀਆਂ ਰੂਹਾਂ ਨੂੰ ਦੇ ਰਹੇ ਹਾਂ ਅੱਜ ਦੀ ਗੱਲ ਅਸੀਂ ਉਨ੍ਹਾਂ ਤੱਕ ਹੀ ਸੀਮਤ ਰੱਖੀਏ ਔਰ ਉਨ੍ਹਾਂ ਨੂੰ ਹੀ ਸ਼ਰਧਾ ਦੇ ਫੁੱਲ ਹੀ ਭੇਟ ਕਰੀਏ । ਸਮੁੱਚੇ ਪੰਜਾਬ ਦੀ ਜੋ ਅਮਨ ਕਾਨੂੰਨ ਦੀ ਹਾਲਤ ਹੈ, ਉਹਦੇ

ਵਾਸਤੇ ਚਾਹੇ ਅੱਜ ਬਾਅਦ ਦੁਪਹਿਰ ਦਾ ਕੋਈ ਦੋ ਘੰਟੇ ਦਾ ਸਮਾਂ ਰੱਖ ਲਿਆ ਜਾਵੇ ਔਰ ਮੈਂ ਇਸ ਮਾਮਲੇ ਬਾਰੇ ਰੂਲ 77 ਦਾ ਨੋਟਿਸ ਵੀ ਪਹਿਲਾਂ ਦੇ ਚੁੱਕਾ ਹਾਂ ਔਰ ਚਾਹੇ ਕੱਲ੍ਹ ਨੂੰ ਅਸੀਂ ਇਸ ਤੇ ਦੋ ਘੰਟੇ ਵਿਚਾਰ ਕਰ ਲਈਏ ਤਾਂ ਕਿ ਇਹਦੇ ਬਾਰੇ ਆਮ ਸਹਿਮਤੀ ਵੀ ਬਣੇ ਔਰ ਪੰਜਾਬ ਦੇ ਲੋਕ ਜਿਹੜੇ ਇਸ ਵੇਲੇ ਬਹੁਤ ਹੀ ਚਿੰਤਾ ਦੇ ਵਿਚ ਡੁੱਬੇ ਹੋਏ ਹਨ, ਉਨ੍ਹਾਂ ਵਿਚ ਵੀ ਸਾਡੇ ਸਾਰਿਆਂ ਦੇ ਬਾਰੇ, ਸਮੇਤ ਸਰਕਾਰ ਦੇ ਇਕ ਚੰਗੀ ਇੰਡੀਕੇਸ਼ਨ ਜਾਵੇ ਕਿ ਸਰਕਾਰ ਇਨ੍ਹਾਂ ਸਾਰੀਆਂ ਘਟਨਾਵਾਂ ਉਪਰ, ਸਮੇਤ ਦੂਸਰੀਆਂ ਰਾਜਨੀਤਿਕ ਪਾਰਟੀਆਂ ਦੇ ਬਹੁਤ ਹੀ ਚਿੰਤਤ ਹੈ, ਗੰਭੀਰ ਹੈ ਔਰ ਸਾਰੀਆਂ ਰਾਜਨੀਤਿਕ ਪਾਰਟੀਆਂ ਸੱਚੇ ਦਿਲੋਂ ਇਸ ਗੱਲ ਵਾਸਤੇ ਐਫਰੈਟਸ ਕਰ ਰਹੀਆਂ ਹਨ, ਯਤਨ ਕਰ ਰਹੀਆਂ ਹਨ ਕਿ ਪੰਜਾਬ ਦੇ ਵਿੱਚ ਮੁੜ ਕੇ ਇਹ ਘਟਨਾਵਾਂ ਨਾ ਵਾਪਰਨ, ਇਹ ਜ਼ਿਆਦਾ ਬਿਹਤਰ ਹੋਵੇਗਾ । ਆਸ ਹੈ ਕਿ ਜੋ ਮੈਂ ਤੁਹਾਡੇ ਸਾਹਮਣੇ ਬੇਨਤੀ ਕੀਤੀ ਹੈ ਅਤੇ ਉਹ ਸਾਰੀਆਂ ਗੱਲਾਂ ਜੋ ਸਾਡੇ ਮਨ ਦੇ ਵਿੱਚ ਹਨ, ਅਗਰ ਉਹ ਅਸੀਂ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਨਾ ਕਹੀਏ ਤਾਂ ਸ਼ਾਇਦ ਅਸੀਂ ਜੋ ਵਿਛੜੀਆਂ ਹੋਈਆਂ ਰੂਹਾਂ ਹਨ ਉਨ੍ਹਾਂ ਨਾਲ ਇਕ ਤਰ੍ਹਾਂ ਦੀ ਬੇਇਨਸਾਫੀ ਹੋਵੇਗੀ ਅਤੇ ਉਹਦੇ ਵਿਚ ਕੁਝ ਭਾਵਨਾਵਾਂ ਠੀਕ ਨਜ਼ਰ ਨਹੀਂ ਆਉਣਗੀਆਂ । ਮੇਰੀ ਤਾਂ ਇਹੋ ਬੇਨਤੀ ਹੈ, ਲੇਕਿਨ ਫਿਰ ਵੀ ਸੀ. ਐਮ. ਸਾਹਿਬ ਨੇ ਜੋ ਦੋ ਚਾਰ ਬੇਨਤੀਆਂ ਦਾ ਕੁਝ ਇਸ਼ਾਰਾ ਦਿੱਤਾ ਹੈ, ਉਨ੍ਹਾਂ ਦੇ ਬਾਰੇ ਮੈਂ ਬਹੁਤ ਹੀ ਸੰਖੇਪ ਸ਼ਬਦਾਂ ਦੇ ਵਿਚ ਜੋ ਮੇਰੀ ਆਪਣੀ ਪਾਰਟੀ ਦੇ ਵਿਚਾਰ ਹਨ, ਔਰ ਜਿਹੜੀ ਪੰਜਾਬ ਦੀ ਇਸ ਤ੍ਰਾਸਦੀ ਦੇ ਵਿਚ ਕਹਿਣੇ ਬੜੇ ਜ਼ਰੂਰੀ ਵੀ ਹਨ ਔਰ ਮੇਰਾ ਫਰਜ਼ ਵੀ ਹੈ ਔਰ ਉਨ੍ਹਾਂ ਦਾ ਮੈਂ ਜ਼ਿਕਰ ਜ਼ਰੂਰ ਕਰਾਂਗਾ । ਪੰਜਾਬ ਦੇ ਵਿਚ ਬਹੁਤ ਹੀ ਦੁੱਖਦਾਈ ਘਟਨਾਵਾਂ ਵਾਪਰੀਆਂ ਹਨ, ਪਤਾ ਨਹੀਂ ਇਹ ਕਿਉਂ ਦੁਬਾਰਾ ਫਿਰ ਮਾੜੀ ਹਵਾ ਚੱਲਣੀ ਸ਼ੁਰੂ ਹੋਈ ਹੈ । ਪਿਛਲੇ ਚਾਰ ਮਹੀਨਿਆਂ ਦੇ ਵਿਚ ਹੀ ਚਾਰ ਇਸ ਤਰ੍ਹਾਂ ਦੀਆਂ ਬੰਬ ਘਟਨਾਵਾਂ ਵਾਪਰ ਜਾਣ ਔਰ ਜਿਨ੍ਹਾਂ ਦੇ ਵਿਚ ਬਹੁਤ ਸਾਰੀਆਂ ਕੀਮਤੀ ਮਨੁੱਖੀ ਜਾਨਾਂ ਹਮੇਸ਼ਾ ਵਾਸਤੇ ਵਿੱਛੜ ਜਾਣ ਔਰ ਹਾਲੇ ਤੱਕ ਉਨ੍ਹਾਂ ਸਾਰੀਆਂ ਘਟਨਾਵਾਂ ਦੇ ਜੋ ਦੋਸ਼ੀ ਹਨ ਉਨ੍ਹਾਂ ਨੂੰ ਫੜਣਾ ਤਾਂ ਦੂਰ ਰਿਹਾ, ਉਨ੍ਹਾਂ ਦੇ ਵਿਚੋਂ ਹਾਲੇ ਤੱਕ ਕਿਸੇ ਦੀ ਨਿਸ਼ਾਨਦੇਹੀ ਵੀ ਨਾ ਹੋ ਸਕੇ, ਇਹ ਬੜਾ ਚਿੰਤਾ ਦੀ ਗੱਲ ਹੈ । ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਇਹ ਸਮਾਂ ਨੁਕਤਾਚੀਨੀ ਕਰਨ ਦਾ ਨਹੀਂ, ਮੈਂ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿਉਂਕਿ ਪੰਜਾਬ ਦਾ ਅਮਨ ਇਕੱਲੀ ਕਿਸੇ ਇਕ ਵਿਸ਼ੇਸ਼ ਪਾਰਟੀ ਦੀ ਜ਼ਿੰਮੇਵਾਰੀ ਨਹੀਂ । ਇਹ ਠੀਕ ਹੈ ਕਿ ਇਕੱਲੀ ਸਰਕਾਰ ਦੀ ਜ਼ਿੰਮੇਵਾਰੀ ਹੈ ਕਿਉਂਕਿ ਉਸ ਕੋਲ ਐਡਮਨਿਸਟਰੇਸ਼ਨ ਹੈ, ਉਹਦੇ ਕੋਲ ਇਕ ਰਾਜ ਦੀ ਤਾਕਤ ਹੈ । ਇਹ ਮਸ਼ੀਨਰੀ ਉਹਦੇ ਹੁਕਮਾਂ ਨਾਲ ਓਪਰੇਟ ਕਰੇਗੀ ਨਾ ਕਿ ਸਾਡੇ ਹੁਕਮਾਂ ਨਾਲ । ਇਸ ਕਰਕੇ ਉਹਦੀ ਜ਼ਿੰਮੇਵਾਰੀ ਜ਼ਰੂਰ ਕੁਝ ਵੱਧ ਬਣ ਜਾਂਦੀ ਹੈ । ਜਿਹੜੀਆਂ ਦੂਜੀਆਂ ਰਾਜਨੀਤਿਕ ਪਾਰਟੀਆਂ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਵੀ ਕਿਸੇ ਤਰ੍ਹਾਂ ਘੱਟ ਨਹੀਂ । ਉਨ੍ਹਾਂ ਦੀ ਜ਼ਿੰਮੇਵਾਰੀ ਵੀ ਉਨੀ ਹੈ, ਇਸ ਲਈ ਪੰਜਾਬ ਦੀ ਜ਼ਮਹੂਰੀਅਤ ਜਿਹੜੀ ਹੈ, ਉਹ ਗੰਭੀਰਤਾ ਦੇ ਨਾਲ ਯਤਨ ਕਰੇ । ਜਿਸ ਵੇਲੇ ਸਪੀਕਰ ਸਾਹਿਬ, ਪੰਜਾਬ ਦਾ ਅਮਨ ਭੰਗ ਹੋਏਗਾ ਜਾਂ ਜਿਸਨੇ ਪਿਛਲੇ 15 ਸਾਲਾਂ ਦੀ ਤ੍ਰਾਸਦੀ ਵੇਖੀ ਹੈ, ਉਸ ਤ੍ਰਾਸਦੀ ਦਾ ਹਰ ਰਾਜਨੀਤਿਕ ਪਾਰਟੀ ਨੇ,

[ਕਾਮਰੇਡ ਹਰਦੇਵ ਅਰਸ਼ੀ]

ਪੰਜਾਬ ਦੇ ਹਰ ਇਕ ਸ਼ਹਿਰੀ ਨੇ, ਕਿਸੇ ਨਾ ਕਿਸੇ ਤਰ੍ਹਾਂ, ਕਿਸੇ ਨੇ ਲੜ ਕੇ, ਕਿਸੇ ਨੇ ਕਿਵੇਂ, ਇਸ ਵਰ੍ਹਦੀ ਅੱਗ ਦੇ ਵਿਚ ਹਰ ਇਕ ਨੂੰ ਸੇਕ ਪਹੁੰਚਿਆ। ਉਸ ਦੀ ਡਿਗਰੀ ਘੱਟ ਵੱਧ ਹੋ ਸਕਦੀ ਹੈ। ਇਸ ਕਰਕੇ ਜਦੋਂ ਅਸੀਂ ਪਿਛਲੇ ਸਾਰੇ ਸਮੇਂ ਦੇ ਵਿਚ ਸਾਰਿਆਂ ਨੇ ਕਿਸੇ ਨਾ ਕਿਸੇ ਰੂਪ ਦੇ ਵਿਚ ਸੰਤਾਪ ਹੰਢਾਇਆ ਤਾਂ ਕੋਈ ਵੀ ਰਾਜਨੀਤਿਕ ਪਾਰਟੀ, ਸੱਚਾ ਪੰਜਾਬੀ, ਸੱਚਾ ਸ਼ਹਿਰੀ ਨਹੀਂ ਚਾਹੇਗਾ ਕਿ ਪੰਜਾਬ ਦੇ ਵਿਚ ਫਿਰ ਉਹ ਕਾਲੇ ਦਿਨ, ਮਾੜੇ ਦਿਨ ਆਉਣ। ਸੋ, ਇਸ ਕਰਕੇ ਇਹ ਸਾਡੇ ਸਾਰਿਆਂ ਲਈ ਪਵਿੱਤਰ ਕਾਜ਼ ਹੈ, ਸਾਡੀ ਜ਼ਿੰਮੇਵਾਰੀ ਹੈ, ਸਾਡਾ ਫਰਜ਼ ਹੈ ਕਿ ਅਸੀਂ ਸਾਰੇ ਮਿਲ ਕੇ ਯਤਨ ਕਰੀਏ। ਜਿਸ ਵੇਲੇ ਅਸੀਂ ਯਤਨ ਕਰਾਂਗੇ ਕੋਈ ਸੁਝਾਅ ਮੰਗਾਂਗੇ, ਉਹਦੇ ਵਿਚ ਕੁਝ ਗੱਲਾਂ ਦਾ ਮੱਤਭੇਦ ਜ਼ਰੂਰੀ ਹੈ। ਮੱਤਭੇਦ ਪਹੁੰਚ ਬਾਰੇ ਹੋ ਸਕਦਾ ਹੈ, ਮੱਤਭੇਦ ਇਕ ਅਪਰੋਚ ਬਾਰੇ ਹੋ ਸਕਦਾ ਹੈ ਪਰ ਮੱਤਭੇਦ ਜਾਂ ਨੁਕਤਾਚੀਨੀ ਵੀ ਦੋ ਤਰ੍ਹਾਂ ਦੀ ਹੈ। ਇਕ ਨੁਕਤਾਚੀਨੀ ਬਹੁਤ ਘੱਟ ਹੁੰਦੀ ਹੈ। ਇਕ ਨੁਕਤਾਚੀਨੀ ਉਹ ਹੈ ਜਿਹੜੀ ਉਸਾਰੂ ਹੁੰਦੀ ਹੈ। ਜਿਹੜੀ ਘੱਟ ਨੁਕਤਾਚੀਨੀ ਹੈ, ਨਾ ਤੇ ਉਹ ਨੁਕਤਾਚੀਨੀ ਕਰਨ ਵਾਲਿਆਂ ਨੂੰ ਕੋਈ ਲਾਭ ਹੋ ਸਕਦਾ ਹੈ ਨਾ ਜਿਨ੍ਹਾਂ ਤੇ ਉਹ ਕਰ ਰਹੇ ਹਨ ਉਨ੍ਹਾਂ ਨੂੰ ਕੋਈ ਲਾਭ ਹੋ ਸਕਦਾ ਹੈ ਔਰ ਨਾ ਹੀ ਘੱਟ ਨੁਕਤਾਚੀਨੀ ਦਾ ਸਮੁੱਚੇ ਪੰਜਾਬ ਨੂੰ ਕੋਈ ਫਾਇਦਾ ਹੋ ਸਕਦਾ ਹੈ। ਜਿਹੜੀ ਉਸਾਰੂ ਨੁਕਤਾਚੀਨੀ ਹੈ ਉਹ ਜਿਨ੍ਹਾਂ ਤੇ ਕੀਤੀ ਜਾ ਰਹੀ ਹੈ ਉਨ੍ਹਾਂ ਨੂੰ ਵੀ ਵੈੱਲਕਮ ਕਰਨੀ ਚਾਹੀਦੀ ਹੈ, ਉਨ੍ਹਾਂ ਨੂੰ ਵੀ ਪੂਰੀ ਗੰਭੀਰਤਾ ਨਾਲ ਉਹ ਨੁਕਤਾਚੀਨੀ ਵਿਚਾਰਨੀ ਚਾਹੀਦੀ ਹੈ। ਉਸਾਰੂ ਨੁਕਤਾਚੀਨੀ ਦੇ ਵਿਚੋਂ ਹੀ ਅਸੀਂ ਉਸਾਰੂ ਪਹੁੰਚ ਅਪਣਾ ਸਕਦੇ ਹਾਂ। ਇਸ ਕਰਕੇ ਮੇਰੀ ਸਾਰਿਆਂ ਤੋਂ ਪਹਿਲਾਂ ਇਹ ਬੇਨਤੀ ਹੈ ਕਿ ਜੋ ਬੇਨਤੀਆਂ ਅਸੀਂ ਕਰਨੀਆਂ ਚਾਹੁੰਦੇ ਹਾਂ ਕਿਉਂਕਿ ਜੇ ਅਸੀਂ ਇਥੇ ਬਠਿੰਡਾ ਘਟਨਾ ਦਾ ਵਰਨਣ ਕਰਨ ਲਗੀਏ ਤੇ ਉਹ ਬੜਾ ਦੁੱਖਦਾਈ ਹੈ ਅਤੇ ਮੈਂ ਇਕ ਤਰ੍ਹਾਂ ਨਾਲ ਉਸ ਇਲਾਕੇ ਦਾ ਰਹਿਣ ਵਾਲਾ ਹਾਂ। ਪਿਛਲੇ 15 ਸਾਲਾਂ ਵਿਚ ਇਸ ਤਰ੍ਹਾਂ ਦੇ ਬਹੁਤ ਸਾਰੇ ਦੁੱਖਦਾਈ ਸੀਨ ਦੇਖਣ ਦਾ ਮੌਕਾ ਮਿਲਿਆ ਹੈ। ਪਿਛਲੇ ਸਮੇਂ ਵਿਚ ਇਹ ਸਮਝਦੇ ਸੀ ਕਿ ਸ਼ਾਇਦ ਇਸ ਤਰ੍ਹਾਂ ਦੇ ਸੀਨ ਜਿਹੜੇ ਦੁੱਖਦਾਈ ਅਤੇ ਗੈਰ ਮਨੁੱਖੀ ਹਨ ਸ਼ਾਇਦ ਇਹ ਪੰਜਾਬ ਵਿਚ ਨਾ ਹੋਣਗੇ। ਸਪੀਕਰ ਸਾਹਿਬ, ਨਾ ਚਾਹੁੰਦੇ ਹੋਏ ਵੀ ਉਸ ਤਰ੍ਹਾਂ ਦੇ ਸੀਨ ਵੇਖਣ ਦਾ ਦੁਰਭਾਗ ਜਾਂ ਸਾਡੀ ਬਦਕਿਸਮਤੀ ਹੈ ਕਿ ਉਹ ਵੇਖਣੇ ਪੈ ਰਹੇ ਹਨ। ਜਿਸ ਵੇਲੇ ਲਹਿਰਾਖਾਨਾ ਵਿਖੇ ਵੇਖਿਆ ਬਹੁਤ ਸਾਰੀਆਂ ਲਾਸ਼ਾਂ ਪਈਆਂ ਸਨ, ਕਿਸੇ ਦੇ ਪੂਰੇ ਅੰਗ ਨਜ਼ਰ ਨਹੀਂ ਆ ਰਹੇ ਸਨ। ਜੇ ਕਿਧੇ ਦਾ ਹੇਠਲਾ ਹਿੱਸਾ ਹੈ ਤਾਂ ਉਸ ਦਾ ਉਪਰਲਾ ਧੜ ਦਾ ਹਿੱਸਾ ਨਹੀਂ, ਜੇ ਧੜ ਤੋਂ ਉਪਰਲਾ ਹਿੱਸਾ ਹੈ ਤਾਂ ਹੇਠਲਾ ਹਿੱਸਾ ਨਹੀਂ ਹੈ, ਜੇ ਕਿਸੇ ਦਾ ਸ਼ਰੀਰ ਭਾਵੇਂ ਪੂਰੀ ਤਰ੍ਹਾਂ ਵਜੂਦ ਰੱਖਦਾ ਹੈ, ਸਾਰੇ ਅੰਗ ਹਨ, ਲੇਕਿਨ ਉਸ ਦਾ ਚਿਹਰਾ ਬੰਬ ਦੇ ਧਮਾਕੇ ਨਾਲ ਬੇ-ਪਛਾਣ ਹੋਇਆ ਹੋਇਆ ਸੀ, ਉਹ ਤਕਰੀਬਨ ਪਰਿਵਾਰ ਦੇ ਮੈਂਬਰ ਵੀ ਨਹੀਂ ਪਛਾਣ ਸਕਦੇ ਸੀ। ਇਸੇ ਤਰ੍ਹਾਂ ਬਹੁਤ ਸਾਰੇ ਛੋਟੇ ਛੋਟੇ ਬੱਚੇ ਵੀ ਸਨ, ਸਾਡੀਆਂ ਭੈਣਾਂ ਵੀ ਸਨ, ਔਰਤਾਂ ਵੀ ਸਨ, ਬਜ਼ੁਰਗ ਵੀ ਸਨ। ਮੇਰੀ ਇਕ ਆਪਣੀ ਪਾਰਟੀ ਦਾ ਵਰਕਰ ਸੀ ਜਿਸ ਦਾ ਸਵਾ ਸਾਲ ਪਹਿਲਾਂ ਵਿਆਹ ਹੋਇਆ ਸੀ ਅਤੇ ਉਸ ਦਾ ਚਾਰ

ਮਹੱਲ ਦਾ ਖੱਚਾ ਵੀ ਸੀ ਅਤੇ ਜਵਾਨੀ ਦੀ ਉਮਰ ਵਿਚ ਹੀ ਆਪਣੀ ਜੀਵਨ ਸਾਥਣ ਨੂੰ ਛੱਡਕੇ ਉਹ ਵੀ ਇਸ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸੇ ਤਰ੍ਹਾਂ ਪਤਾ ਨਹੀਂ ਹੋਰ ਕਿਤਨੇ ਪਰਿਵਾਰ ਹੋਣਗੇ ਜਿਨ੍ਹਾਂ ਦੇ ਸਾਰੇ ਮੈਂਬਰ ਜਾਂ ਕੋਈ ਕਮਾਊ ਜਾਂ ਘਰ ਦਾ ਕੋਈ ਕੀਮਤੀ ਮੈਂਬਰ ਇਸ ਹਾਦਸੇ ਵਿਚ ਵਿੱਛੜ ਗਿਆ ਹੈ। ਲੇਕਿਨ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ, ਇਨ੍ਹਾਂ ਘਟਨਾਵਾਂ ਤੋਂ ਬਚਣ ਵਾਸਤੇ ਅੱਜ ਅਸੀਂ ਜਿਥੇ ਸ਼ਰਧਾ ਦੇ ਫੁੱਲ ਭੇਂਟ ਕਰ ਰਹੇ ਹਾਂ, ਇਹ ਠੀਕ ਹੈ ਕਿ ਇਸ ਨਾਜ਼ਕ ਸਮੇਂ ਵਿਚ ਕਿਸੇ ਪਾਰਟੀ ਜਾਂ ਸਰਕਾਰ ਤੇ ਨੁਕਤਾਚੀਨੀ ਸ਼ਾਇਦ ਨਹੀਂ ਕੀਤੀ ਜਾ ਸਕਦੀ, ਇਸ ਦੇ ਵਿਚ ਸਹਿਮਤੀ ਹੋ ਸਕਦੀ ਹੈ, ਲੇਕਿਨ ਮੈਂ ਦੂਸਰੇ ਪਾਸੇ ਕਹਿਣਾ ਚਾਹੁੰਦਾ ਹਾਂ ਕਿ ਚਲੋ ਪਾਰਟੀਆਂ ਤਾਂ ਆਪਣੀ ਜ਼ਿੰਮੇਵਾਰੀ ਪਛਾਨਣਗੀਆਂ ਅਤੇ ਨੁਕਤਾਚੀਨੀ ਨਹੀਂ ਕਰਨਗੀਆਂ ਭਾਵੇਂ ਨੁਕਤਾਚੀਨੀ ਉਨ੍ਹਾਂ ਤੇ ਪਿਛਲੇ ਸਮੇਂ ਵਿਚ ਹੋਈ ਹੈ, ਜਿਹੜੀ ਠੀਕ ਨਹੀਂ ਪਰ ਜੋ ਸਾਰੇ ਦੇਸ਼ ਦੀ ਪ੍ਰੈਸ ਕਹਿ ਰਹੀ ਹੈ, ਪੰਜਾਬ ਦੀ ਪ੍ਰੈਸ ਕਹਿ ਰਹੀ ਹੈ, ਆਖਿਰ ਉਨ੍ਹਾਂ ਦੇ ਪ੍ਰਤੀ ਅਸੀਂ ਕੀ ਜਵਾਬ ਦੇਹ ਹੋਵਾਂਗੇ। ਮੈਂ ਇਕ ਸ਼ਬਦ ਵਿਚ ਕਹਿ ਸਕਦਾ ਹਾਂ, ਮੈਂ ਕੋਈ ਸਿਆਸੀ ਈਮਾਨਦਾਰੀ ਤੇ ਨੁਕਤਾਚੀਨੀ ਨਹੀਂ ਕਰਦਾ, ਜੋ ਦੇਸ਼ ਦੇ ਪ੍ਰਤੀ ਪ੍ਰਤੀਬੱਧਤਾ ਹੈ, ਉਸ ਦੇ ਬਾਰੇ ਕੋਈ ਕਿੰਤੂ ਪ੍ਰੰਤੂ ਨਹੀਂ ਕਰਨਾ ਚਾਹੁੰਦਾ। ਮੈਨੂੰ ਕਿਸੇ ਤਰ੍ਹਾਂ ਦਾ ਕੋਈ ਸ਼ੱਕ ਵੀ ਨਹੀਂ, ਲੇਕਿਨ ਇਹ ਤਾਂ ਹੋ ਸਕਦਾ ਹੈ ਜੋ ਸਾਰੀ ਪ੍ਰੈਸ ਕਹਿ ਰਹੀ ਹੈ, ਜੋ ਪੁਲਿਟੀਕਲ ਵਿੱਲ ਹੈ, ਜੋ ਰਾਜਨੀਤਿਕ ਇੱਛਾ ਸ਼ਕਤੀ ਹੈ, ਇਨ੍ਹਾਂ ਘਟਨਾਵਾਂ ਦੇ ਪ੍ਰਤੀ ਉਹਦੀ ਘਾਟ ਹੈ। ਉਹ ਘਾਟ ਸਾਰੀ ਪ੍ਰੈਸ ਨੇ ਦੇਸ਼ ਦੀ ਪ੍ਰੈਸ ਨੇ, ਪੰਜਾਬ ਦੀ ਪ੍ਰੈਸ ਨੇ ਕਹੀ ਹੈ। ਆਖਿਰ ਉਸ ਦੇ ਬਾਰੇ ਵੀ ਸਾਨੂੰ ਰੀਵਿਊ ਕਰ ਲੈਣਾ ਚਾਹੀਦਾ ਹੈ। ਜੇ ਪ੍ਰੈਸ ਦਾ ਬਹੁਤ ਵੱਡਾ ਹਿੱਸਾ ਸ਼ਰਾਰਤੀ ਸ਼ਕਤੀਆਂ ਨੂੰ ਲੱਭ ਰਿਹਾ ਹੈ ਕਿ ਉਹ ਕਿਥੇ ਨੇ ਤਾਂ ਇਨ੍ਹਾਂ ਗੱਲਾਂ ਤੇ ਵੀ ਕਦੀ ਗੰਭੀਰਤਾ ਦੇ ਨਾਲ ਯਤਨ ਕਰਨੇ ਚਾਹੀਦੇ ਹਨ। ਮੈਂ ਬਾਰ ਬਾਰ ਕਹਿਣਾ ਚਾਹੁੰਦਾ ਹਾਂ ਅਤੇ ਮੈਡਮ ਨੇ ਵੀ ਕਿਹਾ ਹੈ, ਜੇ ਅਸੀਂ ਸਹਿਯੋਗ ਲੈਣਾ ਹੈ ਜਾਂ ਦੇਣਾ ਹੈ, ਇਹ ਦੋਨਾਂ ਪਾਸੇ ਹੀ ਬਰਾਬਰ ਦੀ ਜ਼ਿੰਮੇਵਾਰੀ ਹੈ ਤਾਂ ਇਸ ਦੇ ਵਾਸਤੇ ਅਸੀਂ ਸਾਰੀਆਂ ਧਿਰਾਂ ਸਿਰ ਜੋੜ ਕੇ ਕਿਉਂ ਨਹੀਂ ਬੈਠਦੀਆਂ ? ਇਸ ਤੇ ਕਿਉਂ ਪਹਿਲ ਕਦਮੀ ਨਹੀਂ ਹੁੰਦੀ ? ਸਾਰੀਆਂ ਧਿਰਾਂ ਆਪਸ ਵਿਚ ਬੈਠ ਜਾਣ ਔਰ ਉਸ ਦੇ ਵਿਚ ਫਿਰ ਪ੍ਰੈਕਟੀਕਲ ਨਿਖੇੜਾ ਵੀ ਹੋ ਜਾਵੇਗਾ ਕਿ ਕਿਹੜੀ ਤਾਕਤ ਹੈ ਜੋ ਅਮਨ ਵੱਲ ਖੜ੍ਹਦੀ ਹੈ ਅਤੇ ਕਿਹੜੀ ਨਹੀਂ ਖੜ੍ਹਦੀ। ਜਿਹੜੀ ਨਹੀਂ ਖੜ੍ਹਦੀ ਉਨ੍ਹਾਂ ਤਾਕਤਾਂ ਦੇ ਖਿਲਾਫ ਤੁਸੀਂ ਕੋਈ ਮਾਸ ਕੰਪੇਨ ਚਲਾਓ। ਉਸ ਕਪੇਨ ਵਿਚ ਸਾਰੀਆਂ ਪੁਲਿਟੀਕਲ ਪਾਰਟੀਆਂ ਨੂੰ ਇਨਵਾਲਵ ਕਰੋ। ਉਨ੍ਹਾਂ ਵਿਚ ਜਿਹੜੀਆਂ ਆਉਣਗੀਆਂ ਉਹ ਆਪਣੇ ਆਪ ਹੀ ਸੱਚ ਦੀ ਕੱਸਵਟੀ ਉਤੇ ਪਰਖੀਆਂ ਜਾਣਗੀਆਂ ਜਿਹੜੀਆਂ ਉਸ ਕੰਪੇਨ ਵਿਚ ਸ਼ਾਮਲ ਨਹੀਂ ਹੋਣਗੀਆਂ, ਉਨ੍ਹਾਂ ਦਾ ਚਿਹਰਾ ਲੋਕਾਂ ਦੇ ਕਟਹਿਰੇ ਵਿਚ ਆਪਣੇ ਆਪ ਹੀ ਸਪਸ਼ਟ ਹੋ ਜਾਵੇਗਾ ਪਰ ਕੋਈ ਪਹਿਲ ਕਦਮੀ ਤਾਂ ਜ਼ਰੂਰ ਹੋਣੀ ਚਾਹੀਦੀ ਹੈ। ਇਹ ਠੀਕ ਹੈ ਕਿ ਜੋ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ, ਮੈਂ ਸ਼ਾਇਦ ਥੋੜ੍ਹਾ ਜਿਹਾ ਹੋਰ ਅਗੇ ਕਹਿਣਾ ਚਾਹੁੰਦਾ ਹਾਂ ਕਿ ਉਹ ਤਾਕਤਾਂ ਜਿਹੜੀਆਂ ਇਸ ਕਿਸਮ ਦੇ ਘਿਣਾਉਣੇ ਕੰਮ ਕਰ ਰਹੀਆਂ ਹਨ ਉਨ੍ਹਾਂ ਦਾ ਇੱਕਲਾ ਉਦੇਸ਼ ਪੰਜਾਬ ਵਿਚ ਹਿੰਦੂਆਂ ਅਤੇ ਸਿੱਖਾਂ ਦੀ ਜਿਹੜੀ ਭਾਈਚਾਰਕ ਸਾਂਝ ਹੈ, ਇਹ ਸਾਂਝ ਕੋਈ ਅੱਜ ਦੀ ਨਹੀਂ ਸਦੀਆਂ ਪੁਰਾਣੀ ਹੈ। ਇਹ ਉਹ ਭਾਈਚਾਰਕ ਸਾਂਝ ਹੈ ਜੋ ਕਿ ਪਿਛਲੇ 15 ਸਾਲਾਂ ਦੀ ਤਰਾਸਦੀ ਵਿਚ ਇਸ

[ਕਾਮਰੇਡ ਹਰਦੇਵ ਅਰਸ਼ੀ]

ਨੂੰ ਤੋੜਨ ਵਾਸਤੇ ਕਿਹੜਾ ਕੁਕਰਮ ਨਹੀਂ ਕੀਤਾ ਗਿਆ ਜਾਂ ਕੋਸਿਸ਼ ਨਹੀਂ ਕੀਤੀ ਗਈ। ਮੈਂ ਪੰਜਾਬ ਦੇ ਦੋਨਾਂ ਫਿਰਕਿਆਂ ਦੇ ਲੋਕਾਂ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੀਆਂ ਸਾਂਝ ਦੀਆਂ ਪੱਕੀਆਂ ਤੰਦਾਂ ਨੂੰ ਟੁੱਟਣ ਨਹੀਂ ਦਿਤਾ। ਮੁਖ ਮੰਤਰੀ ਸਾਹਿਬ ਨੇ ਠੀਕ ਜ਼ਿਕਰ ਕੀਤਾ ਹੈ ਕਿ ਉਹ ਸਾਂਝ ਕਿਤਨੀ ਪੁਰਾਣੀ ਹੈ। ਸਾਨੂੰ ਇਹ ਦੇਖਣਾ ਹੈ ਕਿ ਸਾਡੀ ਸਾਂਝ ਕਿੰਨੀ ਪੀਡੀ ਹੈ, ਕਿੰਨੀ ਤਕੜੀ ਹੈ ਅਤੇ ਸਾਡੀ ਸਾਂਝ ਕਿੰਨੀ ਮਜ਼ਬੂਤ ਹੈ। ਸਪੀਕਰ ਸਾਹਿਬ, ਇਹ ਉਨ੍ਹਾਂ ਘਟਨਾਵਾਂ ਤੋਂ ਬਾਅਦ ਪਤਾ ਲਗਦਾ ਹੈ ਜਿਥੇ ਐਡਮਨਿਸਟ੍ਰੇਸ਼ਨ ਵੀ ਮਗਰੋਂ ਗਈ, ਔਰ ਕੋਈ ਰਾਹਤ ਦਾ ਕੰਮ ਕਰਨ ਵਾਲੀਆਂ ਸੰਸਥਾਵਾਂ ਵੀ ਸ਼ਾਇਦ ਕਿਸੇ ਕਾਰਨ ਬਾਅਦ ਵਿਚ ਪਹੁੰਚੀਆਂ, ਸ਼ਾਇਦ ਕਮਿਊਨੀਕੇਸ਼ਨ ਗੈਪ ਵੀ ਹੋ ਸਕਦਾ ਹੈ, ਸਮਾਂ ਵੀ ਲਗ ਸਕਦਾ ਹੈ ਪਰ ਜਿਥੇ ਇਹ ਘਟਨਾ ਵਾਪਰੀ, ਉਸ ਪਿੰਡ ਦੀ 95% ਵੱਸੋਂ ਸਿੱਖਾਂ ਦੀ ਹੈ, ਇਤਿਹਾਸ ਵਿਚ ਲਿਖਿਆ ਜਾਵੇਗਾ, ਉਨ੍ਹਾਂ ਨੇ ਬਿਨਾਂ ਇਕ ਮਿੰਟ ਗੁਆਇਆਂ ਪੂਰੀ ਖੁਲ੍ਹਦਿਲੀ ਨਾਲ ਆਪਣੇ ਆਪਣੇ ਘਰੋਂ ਜੋ ਵੀ ਕਿਸੇ ਨੂੰ ਮਿਲਿਆ, ਉਨ੍ਹਾਂ ਨੇ ਉਸ ਨਾਲ ਹੀ ਮੱਦਦ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਲੋਕਾਂ ਨੇ ਆਪਣੇ ਟਰੰਕਾਂ ਵਿਚੋਂ ਨਵੇਂ ਕੱਪੜੇ, ਖੇਸ, ਕੰਬਲ ਲਿਆਂਦੇ ਜਿਨ੍ਹਾਂ ਨਾਲ ਉਨ੍ਹਾਂ ਨੇ ਲਾਸ਼ਾਂ ਨੂੰ ਢਕਿਆ ਅਤੇ ਜ਼ਖਮੀਆਂ ਨੂੰ ਗੱਡੀ ਵਿਚੋਂ ਕੱਢਿਆ। ਸਪੀਕਰ ਸਾਹਿਬ, ਮੈਨੂੰ ਕਹਿਣ ਵਿਚ ਦੁੱਖ ਹੋ ਰਿਹਾ ਹੈ ਕਿ ਇਸ ਘਟਨਾ ਸਮੇਂ ਜਿਹੜੀਆਂ ਗੱਡੀ ਵਿਚ ਵਸੀਆਂ ਔਰਤਾਂ ਇਸ ਹਾਦਸੇ ਦਾ ਸ਼ਿਕਾਰ ਹੋ ਗਈਆਂ, ਉਨ੍ਹਾਂ ਦੇ ਸ਼ਰੀਰ ਵੀ ਨਗਨ ਹੋ ਗਏ ਸਨ, ਪਰ ਪਿੰਡ ਦੀਆਂ ਔਰਤਾਂ ਨੇ ਉਨ੍ਹਾਂ ਦੇ ਸਰੀਰ ਆਪਣੀਆਂ ਚੁੰਨੀਆਂ ਦੇ ਦੇ ਕੇ ਕੱਜੇ। ਇਸ ਤਰ੍ਹਾਂ ਦੀ ਜਿਥੇ ਤਕੜੀ ਭਾਈਚਾਰਕ ਸਾਂਝ ਹੋਵੇ ਔਰ ਸੁਪੀਕਰ ਸਾਹਿਬ, ਬਠਿੰਡਾ ਹਸਪਤਾਲ ਵਿਚ, ਮੈਨੂੰ ਇਹ ਕਹਿਣ ਵਿਚ ਮਾਣ ਹੈ ਅਤੇ ਸਾਨੂੰ ਸਾਰਿਆਂ ਨੂੰ ਆਪਣੀ ਸਾਂਝ ਤੇ ਮਾਣ ਹੋਣਾ ਚਾਹੀਦਾ ਹੈ ਕਿ ਬਠਿੰਡਾ ਹਸਪਤਾਲ ਵਿਚ ਕਿਸੇ ਰੰਗ ਭੇਦ ਤੋਂ ਬਿਨਾਂ, ਫਿਰਕੇ ਦੇ ਭੇਦ ਤੋਂ ਬਿਨਾਂ ਏਨੀਆਂ ਲੰਬੀਆਂ ਲਾਈਨਾਂ ਖ਼ੂਨ ਦਾਨੀਆਂ ਦੀਆਂ ਲੱਗੀਆਂ ਹੋਈਆਂ ਸਨ ਕਿ ਡਾਕਟਰ ਵੀ ਕਹਿ ਰਹੇ ਸਨ ਕਿ ਸਾਨੂੰ ਖ਼ੂਨ ਨਹੀਂ ਚਾਹੀਦਾ, ਜਿੰਨਾ ਚਾਹੀਦਾ ਸੀ ਅਸੀਂ ਲੈ ਲਿਆ ਹੈ, ਸਾਨੂੰ ਖ਼ੂਨ ਦੀ ਲੋੜ ਨਹੀਂ ਪਰ ਉਹ ਲੋਕ ਜੋ ਲਾਈਨਾਂ ਵਿਚ ਖੜ੍ਹੇ ਸਨ, ਉਹ ਨੌਜਵਾਨ ਨਿਰਾਸ਼ ਸਨ ਅਤੇ ਕਹਿ ਰਹੇ ਸਨ ਕਿ ਤੁਸੀਂ ਸਾਡਾ ਖ਼ੂਨ ਲੈਂਦੇ ਕਿਉਂ ਨਹੀਂ। ਇਹ ਪੰਜਾਬ ਦੀਆਂ ਰਵਾਇਤਾਂ ਏਨੀਆਂ ਵੱਡੀਆਂ ਅਤੇ ਤਕੜੀਆਂ ਹੋਣ, ਸਪੀਕਰ ਸਾਹਿਬ, ਉਥੇ ਇਹ ਸਦੀਆਂ ਦੀ ਸਾਂਝ ਟੁੱਟ ਨਹੀਂ ਸਕਦੀ। ਪਰ ਉਹ ਤਾਕਤਾਂ ਜੋ ਇਸ ਤਰ੍ਹਾਂ ਦੇ ਘਿਨਾਉਣੇ ਕੰਮ ਕਰ ਰਹੀਆਂ ਹਨ, ਉਹ ਹਿੰਦੁਸਤਾਨ ਦੇ ਵਿਚ ਵੀ ਹਨ ਅਤੇ ਹਿੰਦੁਸਤਾਨ ਤੋਂ ਬਾਹਰ ਵੀ ਹਨ ਜਿਨ੍ਹਾਂ ਦਾ ਮੁੱਖ ਮੰਤਵ ਹਿੰਦੁਸਤਾਨ ਨੂੰ ਅਸਥਿਰ ਕਰਨਾ ਹੈ ਚਾਹੇ ਉਹ ਮੰਤਵ ਪੰਜਾਬ ਰਾਹੀਂ ਹੱਲ ਹੋਵੇ, ਚਾਹੇ ਜੰਮੂ-ਕਸ਼ਮੀਰ ਰਾਹੀਂ ਅਤੇ ਚਾਹੇ ਆਸਾਮ ਰਾਹੀਂ ਹੱਲ ਹੋਵੇ। ਸਪੀਕਰ ਸਾਹਿਬ, ਇਹ ਸਾਰੀ ਕੜੀ ਕਿਤੇ ਨਾ ਕਿਤੇ ਜ਼ਰੂਰ ਜੁੜਦੀ ਹੈ। ਗੱਲ ਤਾਂ ਇਸਨੂੰ ਪਕੜਨ ਦੀ ਹੈ ਕਿ ਇਹ ਤੂਲ ਉਨ੍ਹਾਂ ਨੂੰ ਕਿਥੋਂ ਮਿਲ ਸਕਦਾ ਹੈ, ਉਸਨੂੰ ਨਿਸ਼ਾਨਦੇਹੀ ਕਰਨ ਦੀ ਹੈ। ਜਿੰਨਾਂ ਚਿਰ ਤੱਕ ਅਸੀਂ ਧਿਆਨ ਨਾ ਦੇਵਾਂਗੇ ਤਾਂ ਜਿਵੇਂ ਮੈਂ ਨਹੀਂ ਕਹਿੰਦਾ, ਕਿਸੇ ਅਖ਼ਬਾਰ ਨੇ ਕਿਹਾ ਹੈ, ਕਿ ਅਗਰ ਗਵਾਂਢੀ ਤੁਹਾਡਾ ਦੁਸ਼ਮਣ ਹੈ ਤਾਂ ਤੁਹਾਨੂੰ ਜ਼ਰੂਰ ਉਲਝਾਉਣ ਦੀ ਕੋਸਿਸ਼ ਕਰੇਗਾ। ਅਗਰ ਘਰ ਦੇ ਪਹਿਰੇਦਾਰ ਜਾਗਦੇ ਰਹਿਣਗੇ ਤਾਂ ਦੁਸ਼ਮਣ ਦੀ ਬਿੱਲੀ ਘਰ ਦੇ ਭਾਂਡੇ ਨਹੀਂ ਚੱਟੇਗੀ ਪਰ ਜੇ ਘਰ ਦੇ ਪਹਿਰੇਦਾਰ ਸੁੱਤੇ ਰਹਿਣਗੇ ਤਾਂ ਉਹ ਦੁਸ਼ਮਨ ਦੇ ਆਦਮੀ ਤਾਂ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ

ਕਰਕੇ ਨੁਕਸਾਨ ਕਰਨਗੇ ਹੀ ਕਰਨਗੇ । ਸਾਨੂੰ ਇਹ ਦੇਖਣਾ ਪਵੇਗਾ ਕਿ ਕਿਤੇ ਆਪਣੇ ਵੱਲੋਂ ਹੀ ਤਾਂ ਕੋਈ ਘਾਟ ਨਹੀਂ । ਪਿਛੇ ਇਹ ਲੜਾਈ ਪੰਜਾਬ ਦੀ ਪੁਲਿਸ ਨੇ ਲੜੀ । ਮੈਨੂੰ ਪੰਜਾਬ ਦੀ ਪੁਲਿਸ ਦੀ ਪ੍ਰਤੀਬੱਧਤਾ ਤੇ ਵਫਾਦਾਰੀ ਤੇ, ਸ਼ੱਕ ਨਹੀਂ ਪਰ ਇਹ ਦੇਖ ਲੈਣਾ ਚਾਹੀਦਾ ਹੈ ਕਿ ਕੀ ਲੜਾਈ ਲੜਨ ਵਾਲੇ ਹੀ ਫੌਰਫਰੰਟ ਤੇ ਹਨ, ਕਿਤੇ ਲੜਾਈ ਨਾ ਲੜਨ ਵਾਲੇ ਤਾਂ ਫੌਰਫਰੰਟ ਤੇ ਨਹੀਂ ? ਸਪੀਕਰ ਸਾਹਿਬ, ਅੱਜ ਇਥੇ ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ 4 ਘਟਨਾਵਾਂ ਦੇ ਬਾਅਦ ਵੀ ਹਾਲੇ ਤੱਕ ਕਿਸੇ ਦੀ ਨਿਸ਼ਾਨਦੇਹੀ ਨਹੀਂ ਕੀਤੀ ਗਈ, ਕੋਈ ਕਸੂਰਵਾਰ ਫੜਿਆ ਨਹੀਂ ਗਿਆ ਕਿ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰ ਕੌਣ ਹੈ । ਇਹ ਕਹਿ ਦੇਣਾ ਕਿ ਬਾਹਰ ਦੀਆਂ ਤਾਕਤਾਂ ਦਾ ਹੱਥ ਹੈ, ਪੰਜਾਬ ਦੇ ਅੱਤਵਾਦੀਆਂ ਦਾ ਤਾਂ ਕੋਈ ਹੱਥ ਨਹੀਂ, ਇਹ ਜੀ ਤੁਸੀਂ ਕਿਵੇਂ ਕਹਿ ਲਿਆ ? ਇਹ ਬਿਨਾਂ ਕਿਸੇ ਨਿਸ਼ਾਨਦੇਹੀ ਤੋਂ ਤੁਸੀਂ ਕਿਵੇਂ ਕਹਿ ਲਿਆ ਜਦ ਕਿ ਤੁਸੀਂ ਹਾਲੇ ਤੱਕ ਫੜਿਆ ਵੀ ਕਿਸੇ ਨੂੰ ਨਹੀਂ, ਕੋਈ ਨਿਸ਼ਾਨਦੇਹੀ ਵੀ ਕੀਤੀ ਨਹੀਂ, ਐਵੇਂ ਹੀ ਫਤਵਾ ਦੇ ਦੇਣਾ ਕਿ ਇਸ ਵਿਚ ਪੰਜਾਬ ਦੇ ਅੱਤਵਾਦੀਆਂ ਦਾ ਹੱਥ ਨਹੀਂ, ਗਲਤ ਗੱਲ ਹੈ ਅਤੇ ਇਸ ਨਾਲ ਗਲਤ ਇੰਡੀਕੇਸ਼ਨ ਜਾਂਦੀ ਹੈ । ਚਾਹੀਦਾ ਤਾਂ ਇਹ ਹੈ ਕਿ ਜਦ ਤੱਕ ਹੱਥ ਪੱਲੇ ਕੁਝ ਨਹੀਂ ਲਗਦਾ, ਕੁਝ ਨਾ ਕਿਹਾ ਜਾਵੇ । ਇੰਨਾ ਹੀ ਕਹਿ ਦੇਣਾ ਮਸਲੇ ਨੂੰ ਹੋਰ ਉਲਝਾਉਣ ਵਾਲੀ ਗੱਲ ਹੋ ਜਾਂਦੀ ਹੈ ਜੋ ਕਿ ਠੀਕ ਨਹੀਂ । ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕਿਉਂਕਿ ਇਥੇ ਹੁਣ ਅਸੀਂ ਸ਼ਰਧਾਂਜਲੀ ਭੇਟ ਕਰ ਰਹੇ ਹਾਂ, ਬਜਾਏ ਇਸ ਦੇ ਕਿ ਜ਼ਿਆਦਾ ਕੁਝ ਇਸ ਬਾਰੇ ਕਿਹਾ ਜਾਵੇ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਵਿਛੜੀਆਂ ਰੂਹਾਂ ਨਾਲ ਜਸਟਿਸ ਨਹੀਂ ਹੋਵੇਗਾ । ਅਸੀਂ ਬੜਾ ਕੁਝ ਕਹਿਣਾ ਵੀ ਹੈ ਅਤੇ ਸੁਣਨਾ ਵੀ ਹੈ ਅਤੇ ਸਾਡੀ ਸਾਰਿਆਂ ਦੀ ਫਿਰ ਹੀ ਇਕ ਸਾਂਝੀ ਸੋਚ ਨਿਕਲੇਗੀ । ਮੈਂ ਆਪਣੀ ਪਾਰਟੀ ਵਲੋਂ, ਸਪੀਕਰ ਸਾਹਿਬ, ਸਪਸ਼ਟ ਸ਼ਬਦਾਂ ਵਿਚ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਇਸ ਭਾਈਚਾਰਕ ਸਾਂਝ ਵਾਸਤੇ, ਪੰਜਾਬ ਦੇ ਅਮਨ ਵਾਸਤੇ, ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ ਜਦ ਵੀ ਸਾਨੂੰ ਜੇ ਅੱਧੀ ਰਾਤ ਨੂੰ ਵੀ ਕੋਈ ਆਵਾਜ਼ ਆਵੇਗੀ, ਅਸੀਂ ਮੂਹਰੇ ਆ ਕੇ ਖੜ੍ਹਾਂਗੇ । ਇਹ ਸਾਡਾ ਪਿਛਲੇ 15 ਸਾਲਾਂ ਦਾ ਪਿਛੋਕੜ ਵੀ ਹੈ ਔਰ ਇਸ ਬਾਰੇ ਤਾਂ ਅਖਬਾਰਾਂ ਨੇ ਵੀ ਕਿਹਾ ਹੈ ਕਿ ਖੱਬੀਆਂ ਤਾਕਤਾਂ ਨੇ ਹੱਕ ਅਤੇ ਸੱਚ ਦੇ ਮਸਲੇ ਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਤਾਕਤਾਂ ਪ੍ਰਤੀ ਕਦੇ ਵੀ ਸਾਫਟ ਕਾਰਨਰ ਨਹੀਂ ਰਖਿਆ । ਬੇਸ਼ਕ ਇਸ ਨਾਲ ਸਾਡਾ ਨੁਕਸਾਨ ਵੀ ਕਾਫੀ ਹੋਇਆ ਹੈ । ਸਾਨੂੰ ਇਸ ਨੁਕਸਾਨ ਦਾ ਦੁੱਖ ਵੀ ਹੈ ਅਤੇ ਫਖਰ ਵੀ ਹੈ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ ਅਗਰ ਉਸਦੀ ਰਾਖੀ ਕਰਦੇ ਹੋਏ, ਅਗਰ ਸਾਡੇ ਕਿਸੇ ਵਰਕਰ ਦੀ ਜਾਨ ਵੀ ਚਲੀ ਜਾਵੇ ਤਾਂ ਉਸ ਤੋਂ ਵੱਡੀ ਜੀਵਨ ਵਿਚ ਹੋਰ ਕੋਈ ਸੰਤੁਸ਼ਟੀ ਨਹੀਂ ਹੋ ਸਕਦੀ । ਇਹ ਬੜੇ ਫਖਰ ਵਾਲੀ ਗੱਲ ਹੁੰਦੀ ਹੈ । ਸਪੀਕਰ ਸਾਹਿਬ, ਮੇਰੀ ਸਰਕਾਰ ਨੂੰ ਇਹੀ ਬੇਨਤੀ ਹੈ ਕਿ ਤੁਸੀਂ ਪਹਿਲਕਦਮੀ ਕਰੋ, ਇਮੀਜੀਏਟਲੀ ਪੁਲੀਟੀਕਲ ਪਾਰਟੀਆਂ ਦੀ ਮੀਟਿੰਗ ਬੁਲਾਉ । ਪਰਸੋਂ ਵੀ ਮੁੱਖ ਮੰਤਰੀ ਸਾਹਿਬ ਨੂੰ ਕਿਹਾ ਹੈ ਅਤੇ ਮੈਂ ਹੁਣ ਫਿਰ ਕਹਾਂਗਾ ਕਿ ਕੱਲ੍ਹ, ਇਸ ਮਸਲੇ ਤੇ ਥਾਰੋਲੀ ਡਿਸਕਸ਼ਨ ਹੋਵੇ, ਮੈਂ ਇਹ ਮੰਗ ਕਰਾਂਗਾ ।

ਸਪੀਕਰ ਸਾਹਿਬ, ਹੋਰ ਜਿਹੜੀਆਂ ਦੋ ਸ਼ਖਸੀਅਤਾਂ ਵਿਛੜੀਆਂ ਹਨ, ਉਨ੍ਹਾਂ ਵਿਚੋਂ

[ਕਾਮਰੇਡ ਹਰਦੇਵ ਅਰਸ਼ੀ]

ਸਰਦਾਰਨੀ ਜਸਵੰਤ ਕੌਰ ਜੀ ਨੂੰ ਮੈਂ ਨਿੱਜੀ ਤੌਰ ਤੇ ਤਾਂ ਨਹੀਂ ਜਾਣਦਾ ਪਰ ਇਹ ਜਾਣਦਾ ਹਾਂ ਕਿ ਉਨ੍ਹਾਂ ਦੀ ਗਰੀਬਾਂ ਦੇ ਪ੍ਰਤੀ ਬੜੀ ਹਮਦਰਦੀ ਸੀ । ਉਨ੍ਹਾਂ ਦਾ ਜਨਮ 1930 ਵਿਚ ਹੋਇਆ ਅਤੇ ਉਹ ਖਡੂਰ ਸਾਹਿਬ ਤੋਂ ਇਕ ਵਾਰੀ ਵਿਧਾਨ ਸਭਾ ਦੇ ਮੈਂਬਰ ਵੀ ਰਹੇ । ਉਨ੍ਹਾਂ ਦੀਆਂ ਵਿਸ਼ੇਸ਼ ਤੌਰ ਤੇ ਸਮਾਜ ਦੇ ਦਲਿਤ ਵਰਗ, ਕਮਜ਼ੋਰ ਵਰਗ ਦੇ ਲੋਕਾਂ ਵਾਸਤੇ ਸੇਵਾਵਾਂ ਉਘੀਆਂ ਸਨ । ਉਹ ਸਾਡੇ ਕੋਲੋਂ ਵਿਛੜ ਗਏ ਹਨ । ਖਾਸ ਕਰਕੇ ਔਰਤਾਂ ਦੇ ਵਿਚੋਂ ਜਦੋਂ ਇਸ ਤਰ੍ਹਾਂ ਦੀ ਕੋਈ ਜਾਗਰੂਕ ਸੁਚੇਤ ਅਤੇ ਲੋਕਾਂ ਬਾਰੇ ਚੰਗੀ ਭਾਵਨਾ, ਸੇਵਾ ਭਾਵਨਾ ਰੱਖਣ ਵਾਲੀ ਬੀਬੀ ਵਿਛੜ ਜਾਵੇ ਤਾਂ ਕੁਦਰਤੀ ਤੌਰ ਤੇ ਉਸ ਦਾ ਹੋਰ ਵੀ ਜ਼ਿਆਦਾ ਦੁੱਖ ਹੁੰਦਾ ਹੈ ।

ਸ੍ਰੀ ਚੇਤਨ ਆਨੰਦ ਜੀ ਨੂੰ ਅਸੀਂ ਸਾਰੇ ਜਾਣਦੇ ਹਾਂ ਕਿ ਉਹ ਬੜੀ ਦੇਸ਼ ਭਗਤੀ ਦੀ ਭਾਵਨਾ ਰੱਖਣ ਵਾਲੇ ਸਨ ਅਤੇ ਬਹੁਤ ਵਧੀਆ ਡਾਇਰੈਕਟਰ ਸਨ । ਉਨ੍ਹਾਂ ਦੇ ਨਿਰਦੇਸ਼ਨ ਥੱਲੇ ਜਿਹੜੀਆਂ ਫ਼ਿਲਮਾਂ ਬਣੀਆਂ ਹਨ, ਉਨ੍ਹਾਂ ਵਿਚੋਂ ਦੇਸ਼ ਭਗਤੀ ਦੀ ਝਲਕ ਬੜੀ ਸਪੱਸ਼ਟ ਨਜ਼ਰ ਆਉਂਦੀ ਹੈ, ਚਾਹੇ ਉਹ "ਹਕੀਕਤ" ਹੋਵੇ ਅਤੇ ਚਾਹੇ ਟੀ.ਵੀ. ਸੀਰੀਅਲ "ਵੀਰ ਚੱਕਰ" ਹੋਵੇ । ਸਾਨੂੰ ਮਾਣ ਹੈ ਕਿ ਉਹ ਇਕ ਪੰਜਾਬੀ ਸਨ । ਅਸਲ ਵਿਚ ਸਾਨੂੰ ਇਨ੍ਹਾਂ ਤੇਨਾਂ ਭਰਾਵਾਂ ਤੇ ਹੀ ਮਾਣ ਹੈ । ਉਨ੍ਹਾਂ ਦੇ ਛੋਟੇ ਭਰਾ ਦੇਵ ਆਨੰਦ ਦਾ ਵੀ ਫਿਲਮਾਂ ਦੇ ਖੇਤਰ ਵਿਚ ਸਭਿਆਚਾਰਕ ਖੇਤਰ ਵਿਚ ਬੜਾ ਉਘਾ ਯੋਗਦਾਨ ਹੈ । ਸਾਨੂੰ ਦੁੱਖ ਹੈ ਕਿ ਸਾਡੇ ਕੋਲੋਂ ਇਸ ਤਰ੍ਹਾਂ ਦੇ ਉਘੇ ਨਿਰਦੇਸ਼ਕ ਵਿਛੜ ਗਏ ਹਨ । ਮੈਂ ਉਨ੍ਹਾਂ ਦੇ ਇਸ ਵਿਛੋੜੇ ਤੇ ਦੁੱਖ ਪ੍ਰਗਟ ਕਰਦਾ ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ ।

ਜਸਟਿਸ ਬੇਦੀ ਬਾਰੇ ਮੁੱਖ ਮੰਤਰੀ ਸਾਹਿਬ ਨੇ ਜੋ ਭਾਵਨਾਵਾਂ ਕਹੀਆਂ ਹਨ, ਮੈਂ ਉਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ । ਬੇਦੀ ਸਾਹਿਬ ਬੜੇ ਹੋਣਹਾਰ ਕਾਨੂੰਨਦਾਨ ਸਨ । ਇਸੇ ਤਰ੍ਹਾਂ ਸਾਡੇ ਕੁਝ ਪੱਤਰਕਾਰ ਸਾਹਿਬਾਨ ਅਤੇ "ਪੰਜਾਬ ਦੀ ਕੋਇਲ" ਦੇ ਨਾਂ ਨਾਲ ਜਾਣੀ ਜਾਂਦੀ ਨਰਿੰਦਰ ਬੀਬਾ ਵੀ ਸਾਡੇ ਕੋਲੋਂ ਵਿਛੜ ਗਏ ਹਨ । ਬੀਬਾ ਜੀ ਦੇ ਵਿਛੋੜੇ ਦਾ ਸਾਨੂੰ ਬਹੁਤ ਹੀ ਦੁੱਖ ਹੈ । ਇਕ ਉਘੀ ਗਾਇਕ ਦਾ ਵਿਛੋੜਾ ਸਾਡੇ ਲਈ ਬੜਾ ਦੁਖਦਾਈ ਹੈ ।

ਇਸੇ ਤਰ੍ਹਾਂ ਹੀ ਸਾਡੇ ਸਾਥੀ, ਸਾਡੇ ਸਹਿਯੋਗੀ, ਸਾਡੇ ਕੁਲੀਗ ਸਰਦਾਰ ਗੁਰਦੇਵ ਸਿੰਘ ਸਿੱਧੂ ਦੀ ਧਰਮ ਪਤਨੀ ਦਾ ਵੀ ਪਿਛਲੇ ਸਮੇਂ ਵਿਚ ਵਿਛੋੜਾ ਹੋਇਆ ਹੈ । ਇਕ ਸਾਥੀ ਤੋਂ ਉਸ ਦੀ ਜੀਵਨ ਸਾਥਣ ਦਾ ਵਿਛੜ ਜਾਣਾ ਬੜਾ ਦੁਖਦਾਈ ਹੁੰਦਾ ਹੈ ਕਿਉਂਕਿ ਮੈਂ ਸਮਝਦਾ ਹਾਂ ਕਿ ਇਹ ਦੋਵੇਂ ਇਕ ਗੱਡੀ ਦੇ ਦੋ ਪਹੀਏ ਹੁੰਦੇ ਹਨ ਜਿਨ੍ਹਾਂ ਤੋਂ ਬਿਨਾ ਆਪਣੀ ਸੰਸਾਰਿਕ ਜਾਂ ਪਰਿਵਾਰਕ ਗ੍ਰਹਿਸਥੀ ਚੱਲ ਨਹੀਂ ਸਕਦੀ । ਮੈਂ ਵੇਖਿਆ ਹੈ ਕਿ ਮਨੁਖ ਨੂੰ ਅੱਗੇ ਲਿਜਾਣ ਵਿਚ, ਉਸ ਦੀ ਜੀਵਨ ਸਾਥਣ ਦਾ ਬੜਾ ਵੱਡਾ ਰੋਲ ਹੁੰਦਾ ਹੈ । ਜਿੰਨੇ ਵੀ ਮਨੁੱਖ ਜਾਂ ਸ਼ਖਸੀਅਤਾਂ ਅੱਗੇ ਪਹੁੰਚੀਆਂ ਹਨ, ਉਨ੍ਹਾਂ ਦੇ ਪਿੱਛੇ ਹਮੇਸ਼ਾ ਹੀ ਉਨ੍ਹਾਂ ਦੀਆਂ ਜੀਵਨ ਸਾਥਣਾਂ ਦਾ ਬੜਾ ਵੱਡਾ ਯੋਗਦਾਨ ਰਿਹਾ ਹੈ. ਹਾਲਾਂ ਇਹ ਵੀ ਠੀਕ ਹੈ ਕਿ ਉਨ੍ਹਾਂ ਵਿਚਾਰੀਆਂ ਦਾ ਯੋਗਦਾਨ ਕਦੀ ਪੱਤਰਿਆਂ ਵਿਚ ਲਿਖਿਆ ਨਹੀਂ ਜਾਂਦੀ ਅਤੇ ਇਹ ਨਹੀਂ ਹੁੰਦਾ ਕਿ ਉਨ੍ਹਾਂ ਦਾ ਯੋਗਦਾਨ ਪੰਨਿਆਂ ਦਾ ਸ਼ਿੰਗਾਰ ਬਣੇ ।

ਭਾਵੇਂ ਉਹ ਸਾਹਮਣੇ ਨਹੀਂ ਆਉਂਦੀ, ਪਿੱਛੇ ਰਹਿੰਦੀ ਹੈ, ਫਿਰ ਵੀ ਉਸ ਦੀ ਕੁਰਬਾਨੀ ਬਹੁਤ ਵੱਡੀ ਹੁੰਦੀ ਹੈ। ਆਦਮੀ ਦੇ ਪਿੱਛੇ ਪ੍ਰੇਰਨਾ ਉਸ ਔਰਤ ਦੀ ਹੀ ਹੁੰਦੀ ਹੈ। ਘਰ ਦੇ ਸਾਰੇ ਸੁੱਖ ਦੁੱਖ ਉਹ ਹੰਢਾਉਂਦੀ ਹੈ। ਉਹ ਕਦੇ ਵੀ ਘਰ ਦੇ ਬੋਝ ਜਾਂ ਮੁਸ਼ਕਲਾਂ ਦਾ ਅਹਿਸਾਸ ਆਪਣੇ ਸਾਥੀ ਨੂੰ ਨਹੀਂ ਹੋਣ ਦਿੰਦੀ, ਤਾਂ ਕਿ ਉਹ ਆਪਣੇ ਖੇਤਰ ਵਿਚ ਨਿਰਵਿਘਨ ਆਪਣੀਆਂ ਸਰਗਰਮੀਆਂ ਜਾਰੀ ਰੱਖ ਸਕੇ। ਇਹ ਦੁਖਦਾਈ ਘਟਨਾ ਮੇਰੇ ਸਾਥੀ ਨਾਲ ਵਾਪਰੀ ਹੈ। ਮੈਂ ਇਨ੍ਹਾਂ ਨਾਲ ਵੀ ਆਪਣੀ ਡੂੰਘੀ ਦਿਲੀ ਹਮਦਰਦੀ ਪ੍ਰਗਟ ਕਰਦਾ ਹੋਇਆ ਇਕ ਵਾਰ ਫਿਰ ਆਪਣੀ ਪਾਰਟੀ ਵੱਲੋਂ ਬਾਘਾ ਪੁਰਾਣਾ ਅਤੇ ਬਠਿੰਡਾ ਦੇ ਰੇਲ ਹਾਦਸੇ ਕਰਵਾਉਣ ਵਾਲੇ ਕਾਤਲਾਂ ਦੀ ਸਖਤ ਨਿਖੇਧੀ ਕਰਦਾ ਹਾਂ ਅਤੇ ਇਨ੍ਹਾਂ ਹਾਦਸਿਆਂ ਵਿਚ ਜਿਹੜੀਆਂ ਮਨੁੱਖੀ ਜਾਨਾਂ ਗਈਆਂ ਹਨ, ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਉਨ੍ਹਾਂ ਦੇ ਜੋ ਪੀੜਤ ਪਰਿਵਾਰ ਹਨ, ਉਨ੍ਹਾਂ ਨਾਲ ਵੀ ਮੈਂ ਡੂੰਘੀ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ ਅਤੇ ਸੱਚੇ ਦਿਲੋਂ ਪਰਮਾਤਮਾ ਪਾਸੋਂ ਇਹ ਵੀ ਕਾਮਨਾ ਕਰਦਾ ਹਾਂ ਕਿ ਜਿਹੜੇ ਜ਼ੇਰੇ-ਇਲਾਜ ਹਨ ਅਤੇ ਜਿਹੜੇ ਜ਼ਿੰਦਗੀ ਮੌਤ ਦੀ ਲੜਾਈ ਵਿਚ ਜੂਝ ਰਹੇ ਹਨ, ਉਹ ਵੀ ਛੇਤੀ ਤੋਂ ਛੇਤੀ ਸਿਹਤਯਾਬ ਹੋਕੇ, ਤੰਦਰੁਸਤ ਹੋ ਕੇ ਆਪਣੇ ਪਰਿਵਾਰਾਂ ਵਿਚ ਜਾਣ। ਇੰਨੇ ਸ਼ਬਦ ਕਹਿੰਦਾ ਹੋਇਆ ਮੈਂ ਆਪਣਾ ਸਥਾਨ ਗ੍ਰਹਿਣ ਕਰਦਾ ਹਾਂ।

ਸ੍ਰੀ ਸਿੰਗਾਰਾ ਰਾਮ ਸਹੁੰਗੜਾ (ਗੜ੍ਹਸ਼ੰਕਰ): ਮਾਨਯੋਗ ਸਪੀਕਰ, ਸਾਹਿਬ ਪਿਛਲੇ ਦਿਨਾਂ ਵਿਚ ਪੰਜਾਬ ਵਿਚ ਬਹੁਤ ਦੁਖਦਾਈ ਘਟਨਾਵਾਂ ਵਾਪਰੀਆਂ, ਜਿਵੇਂ ਕਿ ਬਠਿੰਡੇ ਵਿਚ ਰੇਲ ਦੀ ਦੁਰਘਟਨਾ ਹੋਈ, ਰੇਲ ਦੇ ਅੰਦਰ ਬੰਬ ਬਲਾਸਟ ਹੋਇਆ ਅਤੇ ਬੜੀਆਂ ਕੀਮਤੀ ਜਾਨਾਂ ਇਸ ਬੰਬ ਬਲਾਸਟ ਵਿਚ ਸਾਡੇ ਕੋਲੋਂ ਵਿਛੜ ਗਈਆਂ। ਜਿਥੇ ਅੱਜ ਅਸੀਂ ਉਨ੍ਹਾਂ ਕੀਮਤੀ ਜਾਨਾਂ ਨੂੰ ਇਸ ਪਵਿੱਤਰ ਹਾਊਸ ਦੇ ਵਿਚ ਸ਼ਰਧਾ ਦੇ ਫੁੱਲ ਭੇਂਟ ਕਰ ਰਹੇ ਹਾਂ, ਉਥੇ ਇਸ ਘਟਨਾ ਦੇ ਨਾਲ ਜਿਹੜਾ ਪੰਜਾਬ ਦੇ ਅਮਨ ਨੂੰ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ, ਉਸ ਨੂੰ ਵੀ ਗੰਭੀਰਤਾ ਦੇ ਨਾਲ ਵਿਚਾਰਨਾ ਅੱਜ ਦੀ ਮੁੱਖ ਲੋੜ ਹੈ। ਵੈਸੇ ਤਾਂ ਇਹ ਬਹੁਤ ਵੱਡਾ ਸਬਜੈਕਟ ਹੈ ਅਤੇ ਇਸ ਦੀ ਬਹੁਤ ਵੱਡੀ ਬੈਕਗਰਾਊਂਡ ਹੈ। ਪੰਜਾਬ ਦੇ ਅਮਨ ਨੂੰ ਭੰਗ ਕਰਨ ਵਾਸਤੇ ਅੱਜ ਫਿਰ ਕੁਝ ਤਾਕਤਾਂ ਸਿਰ ਚੁੱਕ ਰਹੀਆਂ ਹਨ। ਜਿਹੜੀਆਂ ਵੀ ਘਟਨਾਵਾਂ ਵਾਪਰਦੀਆਂ ਹਨ, ਅਸੀਂ ਉਨ੍ਹਾਂ ਨੂੰ ਵਿਦੇਸ਼ੀ ਜਾਂ ਬਾਹਰਲੀਆਂ ਤਾਕਤਾਂ ਦੇ ਨਾਲ ਜੋੜ ਕੇ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਂਦੇ ਹਾਂ ਪਰ ਮੈਂ ਸਮਝਦਾ ਹਾਂ ਕਿ ਵਿਦੇਸ਼ੀ ਤਾਕਤਾਂ ਦਾ ਇਸ ਵਿਚ ਐਨਾ ਹੱਥ ਨਹੀਂ ਜਿੰਨਾ ਕਿ ਸਾਡੇ ਅੰਦਰਲੇ ਸਿਸਟਮ ਵਿਚ ਖਰਾਬੀ ਦਾ ਹੱਥ ਹੈ। ਅਗਰ ਅਸੀਂ ਅੰਦਰਲੀਆਂ ਤਾਕਤਾਂ ਨੂੰ ਨਹੀਂ ਪਛਾਣਾਂਗੇ ਤਾਂ ਅਸੀਂ ਇਸ ਅਮਨ ਨੂੰ ਬਰਕਰਾਰ ਨਹੀਂ ਰੱਖ ਸਕਾਂਗੇ। ਕਹਾਵਤ ਹੈ ਕਿ ਕਬੂਤਰ ਅੱਖਾਂ ਬੇਸ਼ੱਕ ਮੀਟ ਲਵੇ ਕਿ ਹੁਣ ਮੈਨੂੰ ਬਿੱਲੀ ਨਹੀਂ ਦੇਖਦੀ ਲੇਕਿਨ ਬਿੱਲੀ ਨੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੀ ਹੈ। ਅਸੀਂ ਜਿੰਨਾ ਮਰਜ਼ੀ ਇਸ ਗੱਲ ਨੂੰ ਅੱਖਾਂ ਤੋਂ ਪਰਖੇ ਕਰ ਲਈਏ ਕਿ ਇਹ ਵਿਦੇਸ਼ੀ ਤਾਕਤਾਂ ਹਨ ਅਤੇ ਇਸ ਵਿੱਚ ਵਿਦੇਸ਼ੀ ਤਾਕਤਾਂ ਦਾ ਹੱਥ ਹੈ। ਪਰੰਤੂ ਜਿਹੜੀਆਂ ਤਾਕਤਾਂ ਸਾਡੇ ਦੇਸ਼ ਦੇ ਅਦਰ ਇਸ ਅਮਨ ਨੂੰ ਖਰਾਬ ਕਰਨ

[ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ]

ਦੇ ਵਿੱਚ ਲੱਗੀਆਂ ਹੋਈਆਂ ਹਨ ਔਰ ਪੰਜਾਬ ਦੀ ਧਰਤੀ ਦੇ ਉਤੇ ਅਮਨ ਨੂੰ ਜਿਹੜੀਆਂ ਤਾਕਤਾਂ ਖਰਾਬ ਕਰਨਾ ਚਾਹੁੰਦੀਆਂ ਹਨ, ਮੈਂ ਵੀ ਇਸ ਪਵਿੱਤਰ ਸਦਨ ਦੇ ਅੰਦਰ ਤੁਹਾਡੇ ਰਾਹੀਂ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਸਾਡੇ ਦੂਸਰੇ ਸਾਥੀਆਂ ਨੇ ਸਵਾਲ ਰੱਖਿਆ ਹੈ ਕਿ ਇਹਦੇ ਉਤੇ ਖੁਲ੍ਹਾ ਵਿਚਾਰ ਵਟਾਂਦਰਾ ਕਰਾਇਆ ਜਾਏ, ਖੁਲ੍ਹੀ ਬਹਿਸ, ਆਲ ਪਾਰਟੀਜ਼ ਦੀ ਮੀਟਿੰਗ ਕਰਵਾ ਕੇ ਹੋਣੀ ਚਾਹੀਦੀ ਹੈ, ਮੈਂ ਵੀ ਇਸ ਗੱਲ ਦਾ ਸਮਰਥਨ ਕਰਦਾ ਹੋਇਆ ਆਪਣੇ ਵੱਲੋਂ ਔਰ ਆਪਣੀ ਪਾਰਟੀ ਵੱਲੋਂ ਮੁੱਖ ਮੰਤਰੀ ਸਾਹਿਬ ਨੂੰ ਇਹ ਭਰੋਸਾ ਦਿਵਾਉਂਦਾ ਹਾਂ ਕਿ ਉਹ ਜਿਸ ਤਰ੍ਹਾਂ ਵੀ ਇਸ ਅਮਨ ਕਾਨੂੰਨ ਨੂੰ ਬਣਾਏ ਰੱਖਣ ਲਈ ਜੋ ਵੀ ਪਹਿਲ ਕਦਮੀ ਕਰਨਗੇ ਅਸੀਂ ਤਨ-ਦੇਹੀ ਨਾਲ ਉਨ੍ਹਾਂ ਦਾ ਸਮਰਥਨ ਕਰਾਂਗੇ ਲੇਕਿਨ ਪੰਜਾਬ ਦਾ ਜਿਹੜਾ ਅਮਨ ਅਤੇ ਕਾਨੂੰਨ ਹੈ ਉਹ ਹਰ ਹੀਲੇ ਕਾਇਮ ਰਹਿਣਾ ਚਾਹੀਦਾ ਹੈ ।

ਦੂਸਰਾ, ਬੀਬੀ ਜਸਵੰਤ ਕੌਰ ਜੀ, ਜਿਹੜੇ ਕਿ ਇਸ ਪਵਿੱਤਰ ਹਾਊਸ ਦੇ ਮੈਂਬਰ ਰਹੇ, ਅੱਜ ਉਹ ਸਾਡੇ ਵਿੱਚ ਨਹੀਂ ਹਨ । ਉਨ੍ਹਾਂ ਦੇ ਬਾਰੇ ਕਿਹਾ ਗਿਆ ਹੈ ਕਿ ਉਹ ਬੜੇ ਉਦਾਰਨੀਤੀ ਵਾਲੇ ਸਨ ਅਤੇ ਦਬੇ-ਕੁਚਲੇ ਲੋਕਾਂ ਦੇ ਹਿੱਤਾਂ ਦੇ ਲਈ ਉਨ੍ਹਾਂ ਨੇ ਬੜਾ ਅੱਛਾ ਕੰਮ ਕੀਤਾ । ਉਨ੍ਹਾਂ ਦੇ ਚਲੇ ਜਾਣ ਨਾਲ ਵੀ ਸਾਨੂੰ ਬਹੁਤ ਘਾਟਾ ਪਿਆ ਹੈ ।

ਇਸੇ ਤਰ੍ਹਾਂ ਮਾਨਯੋਗ ਸਪੀਕਰ ਸਾਹਿਬ, ਸ੍ਰੀ ਚੇਤੰਨ ਆਨੰਦ ਜੀ ਜਿਨ੍ਹਾਂ ਨੇ ਬਹੁਤ ਸਾਰੀਆਂ ਫਿਲਮਾਂ ਦਾ ਨਿਰਮਾਣ ਕੀਤਾ, ਉਨ੍ਹਾਂ ਦਾ ਸਾਡੇ ਵਿਚੋਂ ਚਲੇ ਜਾਣਾ ਇੰਡੀਅਨ ਸਭਿਅਤਾ ਲਈ ਇਕ ਬਹੁਤ ਵੱਡਾ ਖਲਾਅ ਜਾਂ ਜਿਸ ਨੂੰ ਆਪਾਂ ਘਾਟਾ ਪਿਆ ਕਹਿ ਲਓ, ਪਿਆ ਹੈ ।

ਇਸੇ ਤਰ੍ਹਾਂ ਹੀ ਬੀਬੀ ਨਰਿੰਦਰ ਬੀਬਾ ਜੀ ਜਿਨ੍ਹਾਂ ਨੂੰ ਪੰਜਾਬ ਦੀ ਕੋਇਲ ਵੀ ਕਿਹਾ ਜਾਂਦਾ ਸੀ ਉਨ੍ਹਾਂ ਨੇ ਪੰਜਾਬੀ ਕਲਚਰ ਦੇ ਵਿੱਚ ਆਪਣੀ ਗਾਇਕੀ ਦੇ ਨਾਲ ਪੰਜਾਬ ਦੀ ਸਭਿਅਤਾ ਦੇ ਅੰਦਰ ਸਥਾਨ ਪ੍ਰਾਪਤ ਕੀਤਾ ਅਤੇ ਪੰਜਾਬੀ ਕਲਚਰ ਨੂੰ ਨਰੋਆ ਕੀਤਾ, ਤਕੜਾ ਕੀਤਾ । ਉਨ੍ਹਾਂ ਦੇ ਚਲੇ ਜਾਣ ਨਾਲ ਵੀ ਪੰਜਾਬੀ ਕਲਚਰ ਔਰ ਇਕ ਅੱਛੀ ਗਾਇਕੀ ਦੇ ਕਲਚਰ ਵਿੱਚ ਇਕ ਬਹੁਤ ਵੱਡੀ ਘਾਟ ਪੈ ਗਈ ਹੈ । ਸਾਨੂੰ ਇਕ ਅੱਛੀ ਲੇਡੀ ਗਾਇਕਾ ਤੋਂ ਵਾਂਝਾ ਹੋਣਾ ਪਿਆ ਹੈ ।

ਸਪੀਕਰ ਸਾਹਿਬ, ਸਾਡੇ ਮੈਂਬਰ ਸਾਹਿਬ ਸਰਦਾਰ ਗੁਰਦੇਵ ਸਿੰਘ ਸਿੱਧੂ ਜੀ ਦੀ ਧਰਮ ਪਤਨੀ ਸ੍ਰੀਮਤੀ ਬਖਸ਼ੀਸ਼ ਕੌਰ ਜੀ ਵੀ ਪਿਛਲੇ ਦਿਨਾਂ ਦੇ ਵਿੱਚ ਅਕਾਲ ਚਲਾਣਾ ਕਰ ਗਏ ਹਨ । ਇਹ ਵੀ ਸਾਡੇ ਸਾਰਿਆਂ ਵਾਸਤੇ ਬੜੀ ਦੁਖਦਾਇਕ ਗੱਲ ਹੈ । ਕਿਸੇ ਦੀ ਜੀਵਨ ਸਾਥਣ ਦਾ ਵਿਚਕਾਰੋਂ ਸਾਥ ਛੱਡ ਜਾਣਾ ਇਹ ਵੀ ਬਹੁਤ ਵੱਡੇ ਦੁੱਖ ਦੀ ਗੱਲ ਹੁੰਦੀ ਹੈ ।

ਸੋ, ਮੈਂ, ਸਪੀਕਰ ਸਾਹਿਬ, ਇਕ ਹੋਰ ਵਿਸ਼ੇਸ਼ ਘਟਨਾ ਵੱਲ ਇਸ ਪਵਿੱਤਰ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਜਿਸ ਤਰ੍ਹਾਂ ਬੰਬੇ ਦੇ ਅੰਦਰ ਸਾਡੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਬੀ.ਆਰ.ਅੰਬੇਦਕਰ ਜੀ ਦੇ ਬੁੱਤ ਦਾ ਲੋਕਾਂ ਨੇ ਅਪਮਾਨ ਕੀਤਾ ਔਰ ਰੋਸ ਵਿੱਚ ਆਏ ਲੋਕਾਂ ਨੇ ਇਕੱਠੇ ਹੋ ਕੇ ਰੋਸ ਪ੍ਰਗਟਾਇਆ ਅਤੇ ਪੁਲਿਸ ਦੀ ਗੋਲੀ ਦੇ ਨਾਲ 10 ਜਾਨਾਂ ਦਾ ਨੁਕਸਾਨ ਹੋਇਆ । ਦੂਸਰੇ ਦਿਨ ਫਿਰ ਬੰਬੇ ਦੇ

ਅੰਦਰ ਦੋ ਚਾਰ ਮੌਤਾਂ ਹੋਈਆਂ, ਮੈਂ ਸਮਝਦਾ ਹਾਂ ਕਿ ਇਸ ਨਾਲ ਸਮੁੱਚੇ ਭਾਈਚਾਰੇ ਦੀਆਂ ਭਾਵਨਾਵਾਂ ਵਲੂੰਧਰੀਆਂ ਗਈਆਂ ਹਨ । ਸਮੁੱਚੇ ਰਾਸ਼ਟਰ ਨੂੰ ਇਸ ਘਟਨਾ ਦੀ ਨਿਖੇਧੀ ਕਰਨੀ ਚਾਹੀਦੀ ਹੈ । ਸਪੀਕਰ ਸਾਹਿਬ, ਮੈਂ ਉਦਾਹਰਣਾਂ ਦੇਣਾ ਚਾਹੁੰਦਾ ਹਾਂ ਕਿ ਜਿਹੜੀਆਂ ਅੰਦਰੂਨੀ ਤਾਕਤਾਂ ਹਨ ਜਿਸ ਤਰ੍ਹਾਂ ਬਾਘਾ ਪੁਰਾਣਾ ਦੇ ਅੰਦਰ ਮੰਦਰ ਦੇ ਵਿੱਚ ਬੰਬ ਰੱਖਿਆ ਗਿਆ, ਇਸ ਤੋਂ ਪਤਾ ਲੱਗਦਾ ਹੈ ਕਿ ਸ਼ਰਾਰਤੀ ਅਨਸਰਾਂ ਦੀ ਇਹ ਸੋਚ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਲੋਕਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਭੜਕਾਇਆ ਜਾਵੇ, ਜਿਸ ਨਾਲ ਲੋਕ ਭੈ-ਭੀਤ ਹੋ ਜਾਣਗੇ, ਮਾਰਧਾੜ ਹੋਏਗੀ ਅੰਰ ਅਮਨ ਕਾਨੂੰਨ ਤੇ ਪ੍ਰਸ਼ਨ ਚਿੰਨ੍ਹ ਲੱਗੇਗਾ । ਇਸੇ ਤਰ੍ਹਾਂ ਹੀ ਇਕ ਬਹੁਤ ਵੱਡੀ ਸ਼ਰਾਰਤ ਦੇ ਤਹਿਤ ਡਾਕਟਰ ਅੰਬੇਦਕਰ ਸਾਹਿਬ ਦੇ ਬੁੱਤ ਦੇ ਗਲ ਵਿੱਚ ਚੱਪਲਾਂ ਦਾ ਹਾਰ ਪਾਇਆ ਗਿਆ ਅੰਰ ਦਬੇ-ਕੁਚਲੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ ਗਿਆ, ਜਿਸ ਨਾਲ ਕਈ ਆਦਮੀ ਸ਼ਹੀਦ ਹੋਏ । ਜੇਕਰ ਆਪਾਂ ਸਾਰੇ ਸਮੁੱਚੇ ਤੌਰ ਤੇ ਇਹੋ ਜਿਹੀਆਂ ਘਿਨੌਣੀਆਂ ਘਟਨਾਵਾਂ ਦੀ ਨਿਖੇਧੀ ਨਹੀਂ ਕਰਾਂਗੇ ਤਾਂ ਇਸ ਦੇਸ਼ ਦੇ ਅੰਦਰ ਜਿਹੜੀਆਂ ਫਿਰਕਾਪ੍ਰਸਤ ਤਾਕਤਾਂ ਹਨ ਅਤੇ ਜਿਹੜੇ ਸ਼ਰਾਰਤੀ ਅਨਸਰ ਹਨ, ਦੁਨੀਆਂ ਦੇ ਅੰਦਰ ਕੋਈ ਤਾਕਤ ਉਨ੍ਹਾਂ ਨੂੰ ਹਟਾ ਨਹੀਂ ਸਕੇਗੀ । ਇਸ ਲਈ ਮੈਂ ਆਪਣੇ ਵੱਲੋਂ, ਆਪਣੀ ਪਾਰਟੀ ਵੱਲੋਂ ਇਨ੍ਹਾਂ ਸ਼ਰਾਰਤੀ ਅਨਸਰਾਂ ਦੀ, ਇਨ੍ਹਾਂ ਤਾਕਤਾਂ ਦੀ ਜ਼ੋਰਦਾਰ ਨਿਖੇਧੀ ਕਰਦਾ ਹੋਇਆ, ਜਿਨ੍ਹਾਂ ਨੇ ਬੰਬੇ ਦੇ ਵਿੱਚ ਡਾਕਟਰ ਅੰਬੇਦਕਰ ਸਾਹਿਬ ਦੇ ਬੁੱਤ ਦੇ ਗਲ ਵਿੱਚ ਚੱਪਲਾਂ ਦਾ ਹਾਰ ਪਾਇਆ, ਉਨ੍ਹਾਂ ਦੀ ਨਿਖੇਧੀ ਕਰਦਾ ਹੋਇਆ ਉਨ੍ਹਾਂ ਕੀਮਤੀ ਜਾਨਾਂ ਜਿਹੜੀਆਂ ਬੰਬਈ ਵਿਚ ਗਈਆਂ, ਬਠਿੰਡੇ ਰੇਲ ਬੰਬ ਬਲਾਸਟ ਵਿਚ ਗਈਆਂ, ਉਨ੍ਹਾਂ ਨੂੰ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੋਇਆ, ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ । ਧੰਨਵਾਦ ।

ਸਰਦਾਰ ਅਜੀਤ ਇੰਦਰ ਸਿੰਘ (ਸਰਦੂਲਗੜ੍ਹ): ਸਪੀਕਰ ਸਾਹਿਬ, ਇਕ ਤੋਂ ਬਾਅਦ ਇਕ ਇਹ ਚੌਥੀ ਵਾਰਦਾਤ ਹੈ ਜਿਸ ਦੇ ਵਿਚ ਬਹੁਤ ਹੀ ਕੀਮਤੀ ਜਾਨਾਂ ਗਈਆਂ ਹਨ । ਬਠਿੰਡਾ ਵਿਚ ਬੰਬ ਬਲਾਸਟ ਹੋਇਆ ਹੈ । ਮੈਂ ਆਪਣੇ ਵੱਲੋਂ, ਆਪਣੀ ਪਾਰਟੀ ਵੱਲੋਂ ਅਤੇ ਪਾਰਟੀ ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਵੱਲੋਂ ਪੁਰਜ਼ੋਰ ਸ਼ਬਦਾਂ ਵਿਚ ਇਸ ਦੀ ਨਿਖੇਧੀ ਕਰਦਾ ਹਾਂ । ਇਹ ਜਿਹੜੀਆਂ ਘਟਨਾਵਾਂ ਵਾਪਰੀਆਂ ਹਨ, ਬੜੀ ਮੁਸ਼ਕਲ ਨਾਲ ਪੰਜਾਬ ਦੇ ਲੋਕ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੀ ਕੋਸ਼ਿਸ਼ ਕਰਦੇ ਹਨ ਲੇਕਿਨ ਪਤਾ ਨਹੀਂ ਕਿਉਂ, ਕਿਸ ਜਗ੍ਹਾ ਤੇ ਕੋਈ ਕਮੀ ਹੈ, ਕਿਸ ਜਗ੍ਹਾ ਤੇ ਕੋਈ ਨੁਕਸ ਹੈ, ਪੰਜਾਬ ਦੇ ਲੋਕਾਂ ਨੇ, ਸਿੱਖਾਂ ਨੇ ਆਪਣਾ ਰਾਜ ਸਥਾਪਤ ਕੀਤਾ ਹੈ, ਪਰ ਪਤਾ ਨਹੀਂ ਸਿੱਖਾਂ ਦੇ ਰਾਜ ਨੂੰ ਇਥੇ ਕਿਉਂ ਚੰਗਾ ਨਹੀਂ ਸਮਝਿਆ ਜਾ ਰਿਹਾ । ਇਸ ਵੇਲੇ ਜੋ ਵੀ ਤਾਕਤਾਂ ਹਨ, ਜਿਹੜੇ ਵੀ ਲੋਕਾਂ ਦੀਆਂ ਜਾਨਾਂ ਲੈਂਦੇ ਹਨ, ਜਨੇਵਾ ਕਨਵੈਨਸ਼ਨ ਵਿਚ ਵੀ ਸਾਰੇ ਮੁਲਕਾਂ ਨੇ ਇਸ ਨੂੰ ਪੁਰਜ਼ੋਰ ਸ਼ਬਦਾਂ ਵਿਚ ਕੰਡੇਮ ਕੀਤਾ ਸੀ ਅਤੇ ਟੈਰੋਰਿਜਮ ਨੂੰ ਬਿਲਕੁਲ ਬਰਦਾਸ਼ਤ ਨਾ ਕਰਨ ਵਾਸਤੇ ਕਿਹਾ ਸੀ । ਮੈਂ ਵੀ ਲੀਡਰ ਆਫ ਦੀ ਹਾਊਸ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਸਾਡੀ ਪਾਰਟੀ ਵੱਲੋਂ ਜਾਂ ਸਾਡੀ ਪਾਰਟੀ ਦੇ ਪ੍ਰਧਾਨ ਵੱਲੋਂ, ਕੋਈ ਵੀ ਸਹਿਯੋਗ ਦੀ ਲੋੜ ਹੋਵੇ, ਅਸੀਂ ਉਹ ਸਹਿਯੋਗ ਦਿਆਂਗੇ । ਜਿਸ ਤਰ੍ਹਾਂ ਆਪੋਜ਼ੀਸ਼ਨ ਦੇ ਸਾਰੇ ਲੀਡਰਾਂ ਨੇ ਕਿਹਾ ਹੈ, ਮੈਂ ਵੀ

[ਸਰਦਾਰ ਅਜੀਤ ਇੰਦਰ ਸਿੰਘ]

ਕਹਿੰਦਾ ਹਾਂ ਕਿ ਇਸ ਵੇਲੇ ਜੋ ਵੀ ਹਾਲਾਤ ਹਨ, ਉਸ ਤੇ ਜ਼ਰੂਰ ਬਹਿਸ ਹੋਣੀ ਚਾਹੀਦੀ ਹੈ। ਸਮਾਂ ਭਾਵੇਂ ਕੋਈ ਵੀ ਰੱਖ ਲਿਆ ਜਾਵੇ ਪਰ ਬਹਿਸ ਜ਼ਰੂਰ ਹੋਣੀ ਚਾਹੀਦੀ ਹੈ ਅਤੇ ਚੰਗੇ ਪੁਆਇੰਟਸ ਨੋਟ ਹੋਣ ਤਾਂ ਕਿ ਅਸੀਂ ਹਾਲਾਤ ਨੂੰ ਕਾਰਗਰ ਕਰ ਸਕੀਏ। ਸਮਾਂ ਬੜੀ ਤੇਜ਼ੀ ਨਾਲ ਗੁਜ਼ਰ ਰਿਹਾ ਹੈ ਅਤੇ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਬੜਾ ਦੁੱਖ ਪੈਦਾ ਹੋ ਰਿਹਾ ਹੈ। ਇਸ ਲਈ ਜੇਕਰ ਸਮੇਂ ਸਿਰ ਕਦਮ ਨਾ ਚੁੱਕੇ ਗਏ ਤਾਂ ਅਸੀਂ ਬਹੁਤ ਲੇਟ ਹੋ ਜਾਵਾਂਗੇ। ਇਸ ਤੇ ਜ਼ਰੂਰ ਗੌਰ ਕਰਨਾ ਚਾਹੀਦਾ ਹੈ। ਮੈਂ ਪਹਿਲਾਂ ਵੀ ਕਿਹਾ ਸੀ ਅਤੇ ਅੱਜ ਫਿਰ ਕਹਿੰਦਾ ਹਾਂ ਕਿ ਇਹ ਕੋਈ ਲਾਅ-ਐਂਡ ਆਰਡਰ ਦਾ ਮਸਲਾ ਨਹੀਂ ਹੈ, ਇਹ ਪੁਲੀਟੀਕਲ ਮਸਲਾ ਹੈ। ਇਸ ਮਸਲੇ ਬਾਰੇ ਅਸੀਂ ਪਿਛਲੇ 50 ਸਾਲਾਂ ਤੋਂ ਦਿੱਲੀ ਦੀ ਸਰਕਾਰ ਨੂੰ ਕਹਿੰਦੇ ਆ ਰਹੇ ਹਾਂ ਪਰ ਦੁੱਖ ਹੈ ਕਿ ਇਹ ਮਸਲੇ ਹੱਲ ਨਹੀਂ ਕੀਤੇ ਜਾ ਰਹੇ। 8000 ਕਰੋੜ ਰੁਪਏ ਦਾ ਜਿਹੜਾ ਕਰਜ਼ਾ ਹੈ ਇਹ ਵੀ ਸਭ ਤੋਂ ਵੱਡਾ ਮਸਲਾ ਬਣਿਆ ਹੋਇਆ ਹੈ। ਹੁਣ ਪਹਿਲੀ ਵਾਰ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਨਾਲ ਗੱਲ ਕਰਨ ਲਈ ਤਿਆਰ ਹਨ। ਇਹ ਇਕ ਬੜੀ ਵੱਡੀ ਮੰਗ ਹੈ, ਜਿਸ ਤੇ ਜੇ ਗੌਰ ਨਾ ਕੀਤਾ ਗਿਆ ਤਾਂ ਇਹ ਹਾਲਾਤ ਕਦੇ ਵੀ ਠੀਕ ਨਹੀਂ ਹੋਣੇ। ਮੈਂ ਪਹਿਲਾਂ ਵੀ ਕਿਹਾ ਸੀ ਅਤੇ ਫਿਰ ਹਾਊਸ ਦੇ ਵਿਚ ਕਹਿੰਦਾ ਹਾਂ ਕਿ ਇਹ ਲੋਕ ਸਾਡੇ ਵਿਚੋਂ ਹੀ ਹਨ ਅਤੇ ਇਸ ਬਾਰੇ ਬੜੇ ਵੱਡੇ ਲੀਡਰ ਸਾਹਿਬਾਨਾਂ ਦੇ ਬਿਆਨ ਵੀ ਆ ਚੁੱਕੇ ਹਨ। ਇਸ ਬਾਰੇ ਜ਼ਰੂਰ ਗੱਲ ਹੋਣੀ ਚਾਹੀਦੀ ਹੈ ਅਤੇ ਗੌਰ ਹੋਣੀ ਚਾਹੀਦੀ ਹੈ। ਜਿਹੜੀਆਂ ਵੀ ਬੰਬ ਬਲਾਸਟ ਵਿਚ ਜਾਨਾਂ ਗਈਆਂ ਹਨ, ਮੈਂ ਆਪਣੇ ਵੱਲੋਂ ਬੜੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹਾਂ। ਗੁਰੂ ਨਾਨਕ ਪਾਤਸ਼ਾਹ ਨੇ ਵੀ ਕਿਹਾ ਹੈ, 'ਜੇ ਸਕਤਾ ਸਕਤੇ ਕੋ ਮਾਰੇ ਤਾਂ ਮਨ ਰੋਸੁ ਨਾ ਹੋਈ'। ਜਦੋਂ ਕੋਈ ਤਕੜਾ ਆਦਮੀ ਤਕੜੇ ਨੂੰ ਮਾਰਦਾ ਹੈ, ਮੁਲਕ ਲੜਦੇ ਹਨ, ਲੋਕਾਂ ਦੀਆਂ ਜਾਨਾਂ ਜਾਂਦੀਆਂ ਹਨ ਤਾਂ ਅਫਸੋਸ ਨਹੀਂ ਹੁੰਦਾ ਪਰ ਜਦੋਂ ਨਿਹੱਥੇ ਲੋਕਾਂ ਨੂੰ ਮਾਰਿਆ ਜਾਂਦਾ ਹੈ ਤਾਂ ਬੜਾ ਹੀ ਦੁੱਖ ਹੁੰਦਾ ਹੈ। ਪਤਾ ਨਹੀਂ ਉਹ ਕਿਸ ਕੰਮ ਜਾ ਰਹੇ ਸਨ, ਉਨ੍ਹਾਂ ਦੇ ਮਨ ਵਿਚ ਕੀ ਸੀ, ਕੀ ਜ਼ਿੰਮੇਵਾਰੀਆਂ ਲੈ ਕੇ ਚੱਲੇ ਸਨ ਪਰ ਉਨ੍ਹਾਂ ਨਾਲ ਕੀ ਵਾਪਰ ਗਿਆ। ਸਪੀਕਰ ਸਾਹਿਬ, ਜਿਵੇਂ ਕਿ ਲੀਡਰ ਆਫ ਦੀ ਹਾਊਸ ਨੇ ਕਿਹਾ ਹੈ ਕਿ ਉਹ ਹਰਿਦੁਆਰ ਆਪਣੇ ਬਜ਼ੁਰਗਾਂ ਦੀਆਂ, ਬੱਚਿਆਂ ਦੀਆਂ ਜਾਂ ਰਿਸ਼ਤੇਦਾਰਾਂ ਦੀਆਂ ਅਸਥੀਆਂ ਜਲ-ਪ੍ਰਵਾਹ ਕਰਨ ਜਾ ਰਹੇ ਸਨ ਲੇਕਿਨ ਰਸਤੇ ਵਿਚ ਹੀ ਇਹ ਕਾਰਾ ਵਾਪਰ ਗਿਆ। ਸਰਕਾਰ ਵੱਲੋਂ ਉਨ੍ਹਾਂ ਦੇ ਪਰਿਵਾਰਾਂ ਨੂੰ ਬੜੇ ਖੁਲ੍ਹੇ ਦਿਲ ਨਾਲ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਹੈ, ਨੌਕਰੀਆਂ ਵੀ ਦੇਣ ਬਾਰੇ ਕਿਹਾ ਹੈ ਪਰ ਇਸ ਨਾਲ ਉਹ ਕੀਮਤੀ ਜਾਨਾਂ ਵਾਪਸ ਨਹੀਂ ਆਉਣ ਲੱਗੀਆਂ। ਸਾਨੂੰ ਅੱਗੋਂ ਤੋਂ ਅਜਿਹੇ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਅਜਿਹੀਆ ਭੈੜੀਆਂ ਘਟਨਾਵਾਂ ਨਾ ਵਾਪਰਨ। ਜਿੰਨੇ ਵੀ ਮੈਂਬਰ ਸਾਹਿਬਾਨ ਨੇ ਆਪਣੇ ਕੀਮਤੀ ਲਫ਼ਜ਼ ਕਹੇ ਹਨ ਉਹ ਇਹ ਹਨ ਕਿ the matter should be thoroughly checked ਤਾਂ ਕਿ ਕੋਈ ਅਜਿਹੇ ਲੈਪਸ ਨਾ ਰਹਿ ਜਾਣ ਜਿਸ ਕਾਰਨ ਕਿ ਦੁਬਾਰਾ ਅਜਿਹੀਆਂ ਘਟਨਾਵਾਂ ਵਾਪਰਨ। 'ਅੌਰ ਹਾਲਾਤ ਖਰਾਬ ਹੋ ਜਾਣ ਫਿਰ ਇਕ ਦੂਜੇ ਤੇ ਉਂਗਲਾਂ ਕਰਾਂਗੇ।

ਕਰਕੇ ਸਿਆਸੀ ਮਾਈਲੇਜ ਲੈਣ ਦਾ ਮੌਕਾ ਹੈ' ਮੌਕੇ ਤੇ ਹੀ ਗੱਲ ਹੋ ਜਾਵੇ ਤਾਂ ਠੀਕ ਹੈ । ਆਪਾਂ ਦੇਖਦੇ ਹਾਂ ਜਦੋਂ ਕਿਸੇ ਪਰਿਵਾਰ ਵਿੱਚ ਕੋਈ ਮੌਤ ਹੋ ਜਾਂਦੀ ਹੈ ਤਾਂ ਪਹਿਲਾਂ ਬਹੁਤ ਦੁੱਖ ਹੁੰਦਾ ਹੈ ਪਰ ਹੌਲੀ ਹੌਲੀ ਉਹ ਦੁੱਖ ਘਟਦਾ ਜਾਂਦਾ ਹੈ ਅਤੇ ਇਸੇ ਤਰ੍ਹਾਂ ਹੀ ਜਦੋਂ ਕੋਈ ਖੁਸ਼ੀ ਹੁੰਦੀ ਹੈ ਤਾਂ ਉਹ ਵੀ ਮੌਕੇ ਤੇ ਹੀ ਵੰਡੀ ਜਾਂਦੀ ਹੈ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਚੀਜ ਨੂੰ ਅਣਗੌਲਿਆ ਨਾ ਜਾਵੇ । ਮੈਂ ਇਸ ਸਦਨ ਵਿੱਚ ਜਿੰਨੀਆਂ ਵੀ ਆਤਮਾਂਵਾਂ ਵਿੱਛੜੀਆਂ ਹਨ, ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ ।

ਸਪੀਕਰ ਸਾਹਿਬ, ਬਾਘਾ ਪੁਰਾਣਾ ਵਿਖੇ ਜੋ ਮਾੜਾ ਕੰਮ ਹੋਇਆ ਹੈ, ਧਾਰਮਿਕ ਸਥਾਨ ਸਭ ਦੇ ਸਾਂਝੇ ਹਨ ਜਿਥੇ ਗੁਰ ਸਾਹਿਬਾਨ ਦਾ, ਅੱਲਾ ਦਾ, ਰਾਮ ਦਾ ਨਾਮ ਲਿਆ ਜਾਂਦਾ ਹੈ ਅਤੇ ਜਿੱਥੇ ਕਰਾਈਸਟ ਨੂੰ ਯਾਦ ਕੀਤਾ ਜਾਂਦਾ ਹੈ, ਜੇ ਉਥੇ ਹੀ ਇਹੋ ਜਿਹੇ ਕੰਮ ਹੋਣ ਲੱਗ ਜਾਣ ਤਾਂ ਫਿਰ ਮਨੁੱਖਤਾ ਦੀਆਂ ਜੋ ਕਦਰਾਂ ਕੀਮਤਾਂ ਹਨ, ਉਹ ਨਹੀਂ ਰਹਿੰਦੀਆਂ । ਅਜਿਹੇ ਗਲਤ ਅਨਸਰਾਂ ਨੂੰ ਸਾਹਮਣੇ ਲਿਆਂਦਾ ਜਾਵੇ । ਮੈਂ ਇਸ ਸਬੰਧ ਵਿੱਚ ਮੰਨਦਾ ਹਾਂ ਕਿ ਸਾਡੇ ਲੀਡਰ ਆਫ ਦੀ ਹਾਊਸ ਨੇ ਦੱਸਿਆ ਹੈ ਕਿ ਪੁਲਿਸ ਵਲੋਂ ਤਫਤੀਸ਼ ਚਲ ਰਹੀ ਹੈ ਅਤੇ ਇਨ੍ਹਾਂ ਕੇਸਾਂ ਵਿੱਚ ਸ਼ਾਮਿਲ ਕਾਤਲਾਂ ਨੂੰ ਛੇਤੀ ਹੀ ਫੜਿਆ ਜਾਵੇਗਾ । ਮੈਂ ਇਸ ਵਿੱਚ ਇੰਟਰਫੀਅਰ ਨਹੀਂ ਕਰਦਾ । ਲੇਕਿਨ ਮੈਂ ਬੇਨਤੀ ਕਰਦਾ ਹਾਂ ਕਿ ਸਾਨੂੰ ਆਲ-ਪਾਰਟੀਜ਼ ਦੇ ਸੁਝਾਓ ਜ਼ਰੂਰ ਲੈ ਲੈਣੇ ਚਾਹੀਦੇ ਹਨ । ਲੀਡਰ ਆਫ ਦੀ ਹਾਊਸ ਨੂੰ ਬਿਲਕੁਲ ਸਾਫ ਕਹਿ ਦੇਣਾ ਚਾਹੁੰਦਾ ਹਾਂ ਕਿ ਭਾਵੇਂ ਅੱਜ ਜਾਂ ਕੱਲ੍ਹ ਨੂੰ, ਆਲ ਪਾਰਟੀ ਮੀਟਿੰਗ ਕਰ ਲਵੋ ਤਾਂ ਕਿ ਕਿਸੇ ਨੂੰ ਇਹ ਨਾ ਹੋਵੇ ਕਿ ਇਹ ਗੱਲ ਕਹੀ ਸੀ, ਸਾਨੂੰ ਸੁਣਿਆ ਨਹੀਂ ਗਿਆ : It is very high time for the Leader of the House to immediately take the suggestion of the opposition leaders. ਬਾਕੀ, ਸਪੀਕਰ ਸਾਹਿਬ, ਬੀਬੀ ਜਸਵੰਤ ਕੌਰ ਜੀ ਇਸ ਪਵਿੱਤਰ ਸਦਨ ਦੇ ਮੈਂਬਰ ਰਹੇ । ਉਹ ਬਹੁਤ ਵੱਡੇ ਸਮਾਜ ਸੇਵਕ ਸਨ, ਉਹ ਵੀ ਚਲੇ ਗਏ ਹਨ, ਉਨ੍ਹਾਂ ਦਾ ਵੀ ਸਾਨੂੰ ਬਹੁਤ ਵੱਡਾ ਦੁੱਖ ਹੈ । ਇਸੇ ਤਰ੍ਹਾਂ ਟਿੱਕਾ ਜਗਜੀਤ ਸਿੰਘ ਜੀ ਜਸਟਿਸ ਰਹੇ, ਉਨ੍ਹਾਂ ਦੇ ਅਕਾਲ ਚਲਾਣੇ ਤੇ ਵੀ ਬਹੁਤ ਦੁੱਖ ਹੈ । ਇਸੇ ਤਰ੍ਹਾਂ ਦੋ ਜਰਨਲਿਸਟ ਦੀ ਵੀ ਅਨ-ਟਾਈਮਲੀ ਡੈਥ ਹੋਈ ਹੈ, ਉਨ੍ਹਾਂ ਦੇ ਪ੍ਰਤੀ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਪੰਜਾਬ ਦੀ ਆਵਾਜ਼ ਬੀਬੀ ਨਰਿੰਦਰ ਬੀਬਾ ਦੀ ਵੀ ਬੇ-ਵਕਤੀ ਮੌਤ ਤੇ ਮੈਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ । ਉਨ੍ਹਾਂ ਦੀਆਂ ਆਵਾਜ਼ਾਂ ਸਾਡੇ ਕੋਲ ਰਹਿਣਗੀਆਂ ਪਰ ਉਹ ਸਾਡੇ ਵਿਚੋਂ ਚਲੇ ਗਏ ਹਨ, ਉਨ੍ਹਾਂ ਪ੍ਰਤੀ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਰਦਾਰ ਗੁਰਦੇਵ ਸਿੰਘ ਸਿੱਧੂ ਜੀ ਦੀ ਧਰਮ ਪਤਨੀ ਦੇ ਅਕਾਲ ਚਲਾਣੇ ਤੇ ਵੀ ਮੈਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ । ਆਦਮੀ ਅਤੇ ਜਨਾਨੀ ਦਾ ਬੜਾ ਪਵਿੱਤਰ ਰਿਸ਼ਤਾ ਹੈ, ਇਹ ਉਹੀ ਜਾਣਦਾ ਹੈ ਜਿਸਦੇ ਨਾਲ ਬੀਤਦੀ ਹੈ । ਉਨ੍ਹਾਂ ਦੇ ਦੁੱਖ ਵਿੱਚ ਵੀ ਮੈਂ ਸ਼ਰੀਕ ਹੁੰਦਾ ਹਾਂ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ।

[ਸਰਦਾਰ ਅਜੀਤ ਇੰਦਰ ਸਿੰਘ]

ਪੰਜਾਬ ਦੇ ਲੋਕਾਂ ਵਿਚ, ਹਿੰਦੂ ਮੁਸਲਮਾਨਾਂ ਅਤੇ ਸਿੱਖਾਂ ਵਿੱਚ ਆਪਸੀ ਭਾਈਚਾਰਾ ਬਣਾਏ ਰੱਖਣ ਦੀ ਸਪਿਰਟ ਹੋਵੇ ਅਤੇ ਮਨੁੱਖਤਾ ਵਾਸਤੇ ਲੜਨ ਦੀ ਸਪਿਰਟ ਹੋਵੇ, ਇਸ ਤੋਂ ਵੱਡੀ ਹੋਰ ਕੋਈ ਸ਼ਰਧਾਂਜਲੀ ਨਹੀਂ ਹੋ ਸਕਦੀ । ਜੋ ਬੰਬਈ ਵਿੱਚ ਹੋਇਆ, ਉਹ ਵੀ ਬੜਾ ਦੁਖਦਾਈ ਹੈ ਜਿੱਥੇ ਬਾਬਾ ਅੰਬੇਦਕਰ ਜੀ ਦੇ ਬੁੱਤ ਤੇ ਗਲਤ ਕੰਮ ਕੀਤਾ ਗਿਆ ਹੈ, ਉਸਨੂੰ ਮੈਂ ਜ਼ੋਰਦਾਰ ਕੰਡੈਮ ਕਰਦਾ ਹਾਂ । ਬਾਬਾ ਅੰਬੇਦਕਰ ਜੀ ਨੇ ਸਾਡੇ ਵਾਸਤੇ ਸੰਵਿਧਾਨ ਬਣਾਇਆ, ਇਹ ਉਨ੍ਹਾਂ ਦੀ ਬਹੁਤ ਵੱਡੀ ਦੇਣ ਹੈ । ਉਨ੍ਹਾਂ ਪ੍ਰਤੀ ਸਾਡੇ ਮਨਾਂ ਵਿੱਚ ਜ਼ਰੂਰ ਸਤਿਕਾਰ ਹੋਣਾ ਚਾਹੀਦਾ ਹੈ । ਬੰਬਈ ਵਿੱਚ 13 ਬੰਦੇ ਪੁਲਿਸ ਫਾਇਰਿੰਗ ਵਿੱਚ ਮਾਰੇ ਗਏ, ਪੁਲਿਸ ਫਾਇਰਿੰਗ ਨੂੰ ਮੈਂ ਕੰਡੈਮ ਕਰਦਾ ਹਾਂ ਅਤੇ ਉਨ੍ਹਾਂ ਵਿਛੜੀਆਂ ਰੂਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ । ਅਖੀਰ ਵਿੱਚ ਮੈਂ ਅੰਮ੍ਰਿਤਸਰ ਤੋਂ ਸਰਦਾਰ ਅਜੈਬ ਸਿੰਘ ਜੋ ਆਪਣੇ ਲੜਕੇ ਦੀ ਤਲਾਸ਼ ਵਿੱਚ ਜਿਸ ਨੂੰ ਕਿ 1991 ਵਿੱਚ ਪਤਾ ਨਹੀਂ ਕੌਣ ਚੁੱਕ ਕੇ ਲੈ ਗਿਆ ਸੀ ਅਤੇ ਉਸ ਨੇ ਕੋਈ ਪੁਲਿਸ ਦਾ ਕਪਤਾਨ ਨਹੀਂ ਛੱਡਿਆ ਅਤੇ ਇਸ ਸਮੇਂ ਦੇ ਦੌਰਾਨ ਜਿਹੜਾ ਵੀ ਮੁੱਖ ਮੰਤਰੀ ਰਿਹਾ, ਉਸਨੂੰ ਵੀ ਆਪਣੀਆਂ ਲਹੂ ਭਿੱਜੀਆਂ ਅੱਖਾਂ ਨਾਲ ਬੇਨਤੀ ਕੀਤੀ ਕਿ ਮੇਰਾ ਕੁਝ ਕਰੋ ਅਤੇ ਅਖੀਰ ਵਿੱਚ ਸਾਡੇ ਮੌਕੇ ਦੇ ਲੀਡਰ ਆਫ ਦੀ ਹਾਊਸ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਕੋਲ ਵੀ ਆਕੇ ਉਸਨੇ ਆਪਣੀ ਦੁੱਖ-ਭਰੀ ਕਹਾਣੀ ਸੁਣਾਈ ਅਤੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ ਹੈ, ਮੈਨੂੰ ਇਨਸਾਫ ਮਿਲਣਾ ਚਾਹੀਦਾ ਹੈ । ਪਰ ਪਤਾ ਨਹੀਂ ਉਸ ਵਿਚਾਰੇ ਨਾਲ ਕੀ ਵਾਪਰਿਆ ਅਤੇ ਉਸਨੇ ਖੁਦਕਸ਼ੀ ਕਰ ਲਈ । ਉਨ੍ਹਾਂ ਦੇ ਪ੍ਰਵਾਰ ਦੇ ਨਾਲ ਵੀ ਮੈਂ ਦੁੱਖ ਪ੍ਰਗਟ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਉਹ ਆਤਮਾ ਬੜੇ ਦੁਖੀ ਮਨ ਨਾਲ ਵਿਛੜੀ ਹੈ ਅਤੇ ਕਦੇ ਪੰਜਾਬ ਨੂੰ ਨਜ਼ਰ ਨਾ ਲਗ ਜਾਵੇ, ਇਸ ਲਈ ਸਾਨੂੰ ਉਨ੍ਹਾਂ ਦੇ ਪਰਿਵਾਰ ਲਈ ਵੀ ਕੁਝ ਕਰਨਾ ਚਾਹੀਦਾ ਹੈ । ਮੈਂ ਸਾਰੇ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਵਿਛੜੀਆਂ ਰੂਹਾ ਲਈ ਹਮਦਰਦੀ ਪ੍ਰਗਟ ਕੀਤੀ ਹੈ ਔਰ ਜਿਹੜੇ ਮੈਂਬਰ ਸਾਹਿਬਾਨ ਬੋਲ ਵੀ ਨਹੀਂ ਸਕੇ, ਆਪਣੇ ਵਿਚਾਰ ਪ੍ਰਗਟ ਵੀ ਨਹੀਂ ਕਰ ਸਕੇ, ਲੇਕਿਨ ਉਨ੍ਹਾਂ ਦੇ ਮਨਾਂ ਵਿੱਚ ਵੀ ਬੜਾ ਦੁੱਖ ਹੈ । ਇਹ ਬਹੁਤ ਹੀ ਜ਼ਿਆਦਾ ਦੁਖਦਾਈ ਘਟਨਾਵਾਂ ਹੋਈਆਂ ਹਨ । ਮੈਂ ਇਨ੍ਹਾਂ ਨੂੰ ਪੁਰਜ਼ੋਰ ਸ਼ਬਦਾਂ ਨਾਲ ਕੰਡੈਮ ਕਰਦਾ ਹਾਂ ਔਰ ਸ਼ਰਧਾਂਜਲੀ ਭੇਟ ਕਰਦਾ ਹਾਂ । ਧੰਨਵਾਦ ।

ਸਰਦਾਰ ਧਨਵੰਤ ਸਿੰਘ (ਧੂਰੀ) : ਮਾਨਯੋਗ ਸਪੀਕਰ ਸਾਹਿਬ, ਜੋ ਘਟਨਾ ਬਠਿੰਡਾ ਜ਼ਿਲ੍ਹੇ ਵਿੱਚ ਵਾਪਰੀ, ਉਸ ਤੋਂ ਪਹਿਲਾਂ ਤਿੰਨ ਘਟਨਾਵਾਂ ਲਗਾਤਾਰ ਪਿਛਲੇ ਤਿੰਨ ਮਹੀਨਿਆਂ ਵਿੱਚ ਵਾਪਰ ਚੁੱਕੀਆਂ ਹਨ । ਇਨ੍ਹਾਂ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ, ਥੋੜ੍ਹੀ ਹੈ । ਮਾਨਯੋਗ ਸਪੀਕਰ ਸਾਹਿਬ, ਜਿੱਥੋਂ ਤੱਕ ਸਾਡੇ ਹਿੰਦੂ, ਸਿੱਖ ਜਾਂ ਮੁਸਲਮਾਨ ਭਾਈਚਾਰੇ ਦੀ ਗੱਲ ਹੈ, ਇਸ ਵਿੱਚ ਕਦੇ ਵੀ ਇਹੋ ਜਿਹੇ ਬੰਬ ਬਲਾਸਟਾਂ ਜਾਂ ਇਹੋ ਜਿਹੀਆਂ ਘਿਨਾਉਣੀਆਂ ਘਟਨਾਵਾਂ ਨਾਲ ਤਰੇੜ ਨਹੀਂ ਪੈ ਸਕਦੀ ਕਿਉਂਕਿ ਅਸੀਂ ਸਾਰੇ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਮੰਨਣ ਵਾਲੇ ਇਨਸਾਨ ਹਾਂ । ਸ੍ਰੀ ਗੁਰੂ ਗਰੰਥ ਸਾਹਿਬ ਵਿੱਚ 37 ਮਹਾਂਪੁਰਸ਼ਾਂ ਦੀ ਬਾਣੀ ਹੈ ਜਿਨ੍ਹਾਂ ਵਿੱਚ 24 ਹਿੰਦੂ ਮਹਾਂਪੁਰਸ਼, 7 ਮੁਸਲਮਾਨ ਪੀਰ-ਫਕੀਰ ਅਤੇ 6 ਸਾਡੇ ਗੁਰੂ ਸਾਹਿਬਾਨ ਹਨ । ਸਾਡਾ ਧਾਰਮਿਕ ਵਿਰਸਾ

ਸਾਨੂੰ ਇਹ ਮਾਰਗ ਦਰਸ਼ਨ ਦਿੰਦਾ ਹੈ ਕਿ ਆਪਸੀ ਭਾਈਚਾਰਾ ਅਤੇ ਹਿੰਦੂ, ਸਿੱਖ ਅਤੇ ਮੁਸਲਮਾਨ ਏਕਤਾ ਬਰਕਰਾਰ ਰੱਖੀ ਜਾਵੇ। ਸਹੀ ਸਿੱਖ ਉਹੀ ਹੈ ਜੋ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਮੰਨਣ ਵਾਲਾ ਹੈ। ਜਿਹੜੀ ਬਾਘਾ ਪੁਰਾਣਾ ਦੀ ਘਟਨਾ ਹੈ, ਜੇ ਪੁਰਾਣਾ ਪਿਛੋਕੜ ਦੇਖਿਆ ਜਾਵੇ ਤਾਂ ਇਹੋ ਜਿਹੀਆਂ ਘਟਨਾਵਾਂ ਪਹਿਲਾਂ ਵੀ ਘਟਦੀਆਂ ਰਹੀਆਂ ਹਨ। ਮੈਨੂੰ ਮੌਕਾ ਮਿਲਿਆ ਕਿ ਮੈਂ 1980 ਤੋਂ ਪਟਿਆਲਾ ਵਿਖੇ ਵਕਾਲਤ ਕੀਤੀ ਸੀ। ਉਥੇ ਸ੍ਰੀ ਕਾਲੀ ਦੇਵੀ ਜੀ ਦਾ ਮੰਦਰ ਸੀ, ਉਥੇ ਗਊਆਂ ਦੀਆਂ ਪੂਛਾਂ ਸੁੱਟੀਆਂ ਗਈਆਂ ਅਤੇ ਇਸੇ ਤਰ੍ਹਾਂ ਸਤਿਕਾਰਯੋਗ ਗੁਰਦੁਆਰਾ ਸਾਹਿਬ ਵਿਖੇ ਸਿਗਰਟਾਂ ਦੀਆਂ ਡੱਬੀਆਂ ਸੁੱਟੀਆਂ ਗਈਆਂ। ਜੋ ਇਹ ਕਾਰਨਾਮੇ ਕਰਦੇ ਸਨ ਉਨ੍ਹਾਂ ਦਾ ਸੰਬੰਧ ਨਾ ਤਾਂ ਕਿਸੇ ਧਰਮ ਨਾਲ ਸੀ, ਨਾ ਕਿਸੇ ਪਾਰਟੀ ਨਾਲ ਔਰ ਨਾ ਹੀ ਕਿਸੇ ਜਾਤੀ ਨਾਲ ਸੀ। ਇਹੋ ਜਿਹੇ ਬੰਦੇ ਉਹ ਇਨਸਾਨ ਸਨ ਜੋ ਇਨਸਾਨੀਅਤ ਤੋਂ ਡਿੱਗ ਚੁੱਕੇ ਹਨ ਉਹ ਲੋਕ ਉਹੀ ਡੱਬਾ ਚੁਣਦੇ ਹਨ ਜਿਸ ਵਿੱਚ ਭੀੜ ਜਿਆਦਾ ਹੋਵੇ, ਉਹੀ ਬੱਸ ਚੁਣਦੇ ਹਨ, ਜਿਸ ਵਿੱਚ ਭੀੜ ਜਿਆਦਾ ਹੋਵੇ। ਮੈਨੂੰ ਇਨ੍ਹਾਂ ਘਟਨਾਵਾਂ ਦਾ ਬੜਾ ਭਾਰੀ ਦੁੱਖ ਹੈ ਕਿਉਂਕਿ ਮੇਰੇ ਹਲਕੇ ਧੂਰੀ ਵਿੱਚ ਇਸ ਘਟਨਾ ਦਾ ਬਹੁਤ ਪ੍ਰਭਾਵ ਪਿਆ ਹੈ। ਬੰਬ ਧਮਾਕੇ ਵਿੱਚ ਸ਼ਹੀਦ ਹੋਣ ਵਾਲਿਆਂ ਵਿੱਚੋਂ ਦੋ ਬੰਦੇ ਧੂਰੀ ਸ਼ਹਿਰ ਦੇ ਸਨ। ਇਨ੍ਹਾਂ ਵਿੱਚੋਂ ਇੱਕ ਗਿਆਰਾਂ ਸਾਲ ਦਾ ਬੱਚਾ ਸੀ ਔਰ ਇੱਕ ਚੌਦਾਂ ਸਾਲ ਦਾ ਬੱਚਾ ਸੀ। ਇਹ ਧੂਰੀ ਦੇ ਰਹਿਣ ਵਾਲੇ ਸਨ। ਇਸ ਦੇ ਨਾਲ ਹੀ ਮੇਰੇ ਗੁਆਂਢੀ ਹਲਕੇ ਸ਼ੇਰਪੁਰ ਦੇ ਪਿੰਡ ਰੱਜੋ ਮਾਜਰਾ ਵਿਖੇ ਇੱਕ ਪਰਿਵਾਰ ਦੇ ਤਿੰਨ ਵਿਅਕਤੀ ਸ਼ਹੀਦ ਹੋਏ। ਜੋ ਵਿਅਕਤੀ ਇਹੋ ਜਿਹੀਆਂ ਹਰਕਤਾਂ ਕਰਦੇ ਹਨ, ਉਹ ਇਨਸਾਨੀਅਤ ਤੋਂ ਡਿੱਗ ਕੇ ਕਰਦੇ ਹਨ ਔਰ ਸਾਨੂੰ ਇਨ੍ਹਾਂ ਨੂੰ ਵੱਧ ਤੋਂ ਵੱਧ ਨਿੰਦਣਾ ਚਾਹੀਦਾ ਹੈ। ਮੈਂ ਆਪਣੇ ਵੱਲੋਂ ਅਤੇ ਆਪਣੇ ਸਤਿਕਾਰਯੋਗ ਸਾਥੀਆਂ ਵੱਲੋਂ ਇਸ ਗੱਲ ਦੀ ਬੜੇ ਜ਼ੋਰਦਾਰ ਸ਼ਬਦਾਂ ਨਾਲ ਨਿੰਦਾ ਕਰਦਾ ਹਾਂ। ਇਸ ਦੇ ਨਾਲ ਹੀ ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ ਭਾਵੇਂ ਬਾਦਲ ਸਾਹਿਬ ਦੀ ਹੋਵੇ ਅਤੇ ਭਾਵੇਂ ਸਤਿਕਾਰਯੋਗ ਸਵਰਗੀ ਸਰਦਾਰ ਬੇਅੰਤ ਸਿੰਘ ਦੀ ਹੋਵੇ, ਲਾਅ ਐਂਡ ਆਰਡਰ ਦੀ ਜ਼ਿੰਮੇਵਾਰੀ ਸਰਕਾਰ ਦੀ ਹੁੰਦੀ ਹੈ। ਇਸ ਕਰਕੇ ਲਾਅ ਐਂਡ ਆਰਡਰ ਨੂੰ ਸਰਕਾਰ ਵੱਲੋਂ ਪ੍ਰਾਇਰਟੀ ਦੇਣੀ ਚਾਹੀਦੀ ਹੈ।

ਸਪੀਕਰ ਸਾਹਿਬ, ਇਸ ਦੇ ਨਾਲ ਹੀ ਸਾਡੇ ਸਤਿਕਾਰਯੋਗ ਬੀਬੀ ਜਸਵੰਤ ਕੌਰ ਜੀ, ਸਾਬਕਾ ਐਮ. ਐਲ. ਏ. ਸਾਹਿਬਾ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਵੀ ਹਿੱਸਾ ਪਾਇਆ।

ਇਸੇ ਤਰ੍ਹਾਂ ਸ੍ਰੀ ਚੇਤਨ ਆਨੰਦ ਬੜੇ ਉਘੇ ਫਿਲਮੀ ਡਾਇਰੈਕਟਰ ਸਨ, ਉਨ੍ਹਾਂ ਨੇ ਬੜੀਆਂ ਫਿਲਮਾਂ ਬਣਾਈਆਂ। ਇਹ ਸਾਰੀਆਂ ਫਿਲਮਾਂ ਉਸਾਰੂ ਫਿਲਮਾਂ ਸਨ ਇਸੇ ਤਰ੍ਹਾਂ ਬੀਬੀ ਨਰਿੰਦਰ ਬੀਬਾ ਜੀ ਜਿਨ੍ਹਾਂ ਨੇ ਪੰਜਾਬੀਅਤ ਦਾ ਨਾਂ ਪੰਜਾਬ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਚਮਕਾਇਆ ਉਹ ਵੀ ਅਕਾਲ ਚਲਾਣਾ ਕਰ ਗਏ ਹਨ। ਇਸੇ ਤਰ੍ਹਾਂ ਇਸ ਵਿਧਾਨ ਸਭਾ ਦੇ ਸਤਿਕਾਰਯੋਗ ਮੈਂਬਰ ਸਿੱਧੂ ਸਾਹਿਬ ਦੀ ਧਰਮ-ਪਤਨੀ ਬੀਬੀ ਬਖਸ਼ੀਸ਼ ਕੌਰ ਜੀ ਅਤੇ ਦੋ ਸਤਿਕਾਰਯੋਗ ਜਰਨਲਿਸਟ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਸਾਰੀਆਂ ਸਖਸ਼ੀਅਤਾਂ ਦੇ ਵਿਛੜਨ ਤੇ ਮੈਂ ਡੂੰਘੇ ਦੁੱਖ ਦਾ ਪ੍ਰਗਟਾਵਾ

[ਸਰਦਾਰ ਧਨਵੰਤ ਸਿੰਘ]

ਕਰਦਾ ਹਾਂ ਅੰਰ ਆਪਣੇ ਇੰਡੀਪੈਂਡੈਂਟਸ ਗਰੁੱਪ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਜੈ ਹਿੰਦ।

ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ (ਸ਼੍ਰੀ ਬਲਰਾਮਜੀ ਦਾਸ ਟੰਡਨ): ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਮਤਾ ਹਾਊਸ ਦੇ ਵਿੱਚ ਚੀਫ ਮਨਿਸਟਰ ਸਾਹਿਬ ਨੇ ਰੱਖਿਆ ਹੈ, ਮੈਂ ਉਸ ਦੀ ਪ੍ਰੋੜਤਾ ਕਰਨ ਵਾਸਤੇ ਖੜਾ ਹੋਇਆ ਹਾਂ। ਇਹ ਵਾਕਿਆ ਹੀ ਬੜੇ ਦੁੱਖ ਦਾ ਵਿਸ਼ਾ ਹੈ ਕਿ ਜਿਹੜੀਆਂ 2-3 ਘਟਨਾਵਾਂ ਹੋਈਆਂ ਹਨ, ਉਸ ਦੇ ਵਿੱਚ ਬੇਕਸੂਰ ਤੇ ਕੀਮਤੀ ਜਾਨਾਂ ਸਾਡੇ ਕੋਲੋਂ ਵਿਛੜ ਗਈਆਂ ਹਨ। ਜਿਸ ਢੰਗ ਦੇ ਨਾਲ ਇਹ ਸਾਰੀ ਗੱਲਬਾਤ ਹੋਈ ਹੈ, ਉਹ ਹਾਊਸ ਦੇ ਵਿੱਚ ਰੱਖੀ ਗਈ ਹੈ ਕਿ ਇੱਕ ਖਾਸ ਮੁੱਦੇ ਨੂੰ ਸਾਹਮਣੇ ਰੱਖਕੇ ਇਹ ਸਾਰਾ ਮਾਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਪੰਜਾਬ ਦਾ ਮਾਹੌਲ ਜਿਹੜਾ ਹੈ, ਉਸ ਨੂੰ ਕਿਸੇ ਤਰ੍ਹਾਂ ਖਰਾਬ ਕੀਤਾ ਜਾਵੇ। ਪੰਜਾਬ ਦੇ ਵਿੱਚ ਮੁੜਕੇ ਇੱਕ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਹੋਈ ਹੈ। ਇੱਕ ਨਵੇਂ ਤੌਰ ਦੇ ਉਤੇ ਜਿਹੜੀਆਂ ਮੇਜਰ ਕਮਿਊਨਟੀਜ਼ ਹਨ, ਉਨ੍ਹਾਂ ਵਿੱਚ ਪਿਆਰ ਨਾ ਸਿਰਫ ਇਸ ਸੂਬੇ ਦੇ ਵਿੱਚ ਬਲਕਿ ਸੂਬੇ ਤੋਂ ਬਾਹਰ ਰਹਿਣ ਵਾਲੇ ਜਿਹੜੇ ਪੰਜਾਬੀ ਹਨ, ਜਿਹੜਾ ਇੱਕ ਤਰ੍ਹਾਂ ਦਾ ਡਿਵਾਈਡ ਬਾਹਰ ਤੱਕ ਵੀ ਚਲਾ ਗਿਆ ਸੀ, ਕੋਈ ਹਿੰਦੁਸਤਾਨ ਦੇ ਕਿਸੇ ਵੀ ਹਿੱਸੇ ਵਿੱਚ ਕਿਤੇ ਵੀ ਬੈਠੇ ਹਿਸਣ, ਉਨ੍ਹਾਂ ਦੇ ਵਿਚ ਵੀ ਪਿਆਰ ਦਾ ਉਜਾਗਰ ਨਵੇਂ ਸਿਰੇ ਤੋਂ ਹੋਣਾ ਸ਼ੁਰੂ ਹੋਇਆ ਹੈ ਔਰ ਹਿੰਦੁਸਤਾਨ ਤੋਂ ਬਾਹਰ ਦੂਸਰੇ ਦੇਸ਼ਾਂ ਦੇ ਵਿੱਚ ਵੀ ਜਿਹੜੇ ਪੰਜਾਬੀ ਸਨ, ਉਨ੍ਹਾਂ ਸਭ ਦੇ ਵਿੱਚ ਵੀ ਖੁਸ਼ਹਾਲ ਅਤੇ ਇਕ ਅੱਛਾ ਮਾਹੌਲ ਪੈਦਾ ਹੋਇਆ ਹੈ। ਉਸ ਅੱਛੇ ਮਾਹੌਲ ਨੂੰ ਇੱਕ ਤਰ੍ਹਾਂ ਦੇ ਨਾਲ ਮੁੜ ਕੇ ਜ਼ਹਿਰ ਆਲੂਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਾਰੀ ਗੱਲ ਬਾਦਲ ਸਾਹਿਬ ਨੇ ਦੱਸੀ ਹੈ। ਮੈਨੂੰ ਵੀ ਉਥੇ ਜਾਣ ਦਾ ਮੌਕਾ ਮਿਲਿਆ ਹੈ ਔਰ ਅਸੀਂ ਉਥੇ ਖਾਸ ਤੌਰ ਤੇ ਉਸ ਮੰਦਰ ਦੇ ਵਿੱਚ ਗਏ। ਮੰਦਰ ਦੇ ਵਿੱਚ ਜਾ ਕੇ ਦੇਖਿਆ ਕਿ ਕਿਸ ਤਰ੍ਹਾਂ ਮੂਰਤੀ ਦੇ ਸਾਹਮਣੇ ਉਨ੍ਹਾਂ ਨੇ ਵਿਸਫੋਟਕ ਪਦਾਰਥ ਰੱਖਿਆ। ਜਿੰਨਾਂ ਵਿਸਫੋਟਕ ਪਦਾਰਥ ਬਠਿੰਡੇ ਦੇ ਵਿੱਚ ਵਰਤਿਆ ਗਿਆ ਸੀ, ਉਸ ਦੇ ਨਾਲੋਂ ਇਹ ਦਸ ਗੁਣਾ ਜ਼ਿਆਦਾ ਤਾਕਤਵਰ ਸੀ ਜਿਸ ਨਾਲ ਸ਼ਹਿਰ ਦੇ ਬਹੁਤ ਵੱਡੇ ਹਿੱਸੇ ਦਾ ਨੁਕਸਾਨ ਹੋ ਸਕਦਾ ਸੀ। ਲੇਕਿਨ ਉਸ ਦਾ ਮਕਸਦ ਕੀ ਸੀ? ਉਨ੍ਹਾਂ ਉਹ ਜਗ੍ਹਾ ਹੀ ਕਿਉਂ ਚੁਣੀ? ਕੋਈ ਮਾਰਕੀਟ ਵੀ ਹੋ ਸਕਦੀ ਸੀ ਕਿਉਂਕਿ ਚੁੱਪ ਕਰਕੇ ਕੋਈ ਵੀ ਵਿਅੱਕਤੀ ਕਿਸੇ ਵੀ ਜਗ੍ਹਾ ਦੇ ਉਤੇ ਰੱਖ ਸਕਦਾ ਸੀ। ਹਰ ਇੱਕ ਦੇ ਮਗਰ ਪੁਲਿਸ ਦਾ ਆਦਮੀ ਤਾਂ ਹੁੰਦਾ ਨਹੀਂ ਲੇਕਿਨ ਉਸ ਨੇ ਜਾਣ ਬੁਝ ਕੇ ਉਹ ਜਗ੍ਹਾ ਚੁਣੀ ਤਾਂ ਕਿ ਲੋਕਾਂ ਵਿੱਚ ਇਹ ਭਾਵਨਾ ਆਵੇ ਕਿ ਉਥੇ ਮੰਦਰ ਸੁਰੱਖਿਅਤ ਨਹੀਂ। ਪੰਜਾਬ ਦੇ ਵਿੱਚ ਜਿਹੜੇ ਕੋਈ ਇੱਕ ਕਮਿਊਨਟੀ ਦੇ ਲੋਕ ਹਨ, ਉਨ੍ਹਾਂ ਨੂੰ ਖਾਸ ਤੌਰ ਤੇ ਨਿਸ਼ਾਨਾ ਬਣਾਉਣ ਵਾਸਤੇ ਚਾਹੇ ਉਹ ਗੱਡੀ ਦਾ ਡੱਬਾ ਸੋਚਿਆ ਗਿਆ, ਬੱਸਾਂ ਵੀ ਜਿਹੜੀਆਂ ਸੋਚੀਆਂ ਗਈਆਂ, ਉਹ ਵੀ ਐਸੀਆਂ ਸੋਚੀਆਂ ਗਈਆਂ ਜਿਨ੍ਹਾਂ ਵਿੱਚ ਇਕ ਕਮਿਊਨਟੀ ਦੇ ਲੋਕ ਜ਼ਿਆਦਾ ਹੋਣ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਹਾਊਸ ਦੇ ਵਿੱਚ ਸਾਰੇ ਪਾਸਿਉਂ ਇਸ ਦੀ ਨਿਖੇਧੀ ਹੋਈ ਹੈ ਔਰ ਇੱਕ ਆਵਾਜ਼ ਦੇ ਨਾਲ ਇਹ ਗੱਲ ਕਹੀ ਗਈ ਹੈ। ਮੈਂ ਉਮੀਦ ਕਰਦਾ ਹਾਂ ਕਿ ਸਭ ਜਣੇ ਪੂਰਾ ਪੂਰਾ ਸਹਿਯੋਗ ਦੇ ਕੇ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਵਾਲੀਆਂ ਜਿਹੜੀਆਂ ਬਾਹਰ ਦੀਆਂ ਤਾਕਤਾਂ ਹਨ ਜਾਂ ਅੰਦਰ

ਦੀਆਂ ਤਾਕਤਾਂ ਹਨ, ਔਰ ਜਿਹੜੇ ਬੰਦੇ ਇਥੇ ਬੈਠੇ ਹਨ ਔਰ ਹਿੰਦੁਸਤਾਨ ਦੇ ਸਮੁੱਚੇ ਮਾਹੌਲ ਨੂੰ ਖਰਾਬ ਕਰਨਾ ਚਾਹੁੰਦੇ ਹਨ ਔਰ ਉਸ ਦੇ ਵਾਸਤੇ ਪੰਜਾਬ, ਜੰਮੂ ਕਸ਼ਮੀਰ ਜਾਂ ਹੋਰ ਜਗ੍ਹਾ ਦੇ ਉਤੇ, ਜ਼ਿਥੇ-ਜਿਥੇ ਮੌਕਾ ਮਿਲ ਸਕਦਾ ਹੈ, ਹਿੰਦੁਸਤਾਨ ਨੂੰ ਨਿਖੇੜਨ ਦੇ ਵਾਸਤੇ ਇਨ੍ਹਾਂ ਸੂਬਿਆਂ ਨੂੰ ਆਪਣਾ ਅੱਡਾ ਬਣਾ ਕੇ ਜਿਸ ਤਰ੍ਹਾਂ ਉਨ੍ਹਾਂ ਨੇ ਅੱਗੇ ਕੰਮ ਕੀਤਾ ਹੈ, ਉਸੇ ਤਰੀਕੇ ਨਾਲ ਕਰ ਸਕਦੀਆਂ ਹਨ। ਪਿਛਲੇ ਦਿਨਾਂ ਦੇ ਵਿਚ ਇਹ ਗੱਲ ਆਈ ਔਰ ਉਸ ਦੇ ਉਤੇ ਕਾਫੀ ਗੱਲਾਂ ਬਾਤਾਂ ਕਹੀਆਂ ਗਈਆਂ ਕਿ ਸਾਡੀ ਪੰਜਾਬ ਦੀ ਪੁਲਿਸ ਜਿਹੜੀ ਹੈ, ਉਹ ਬੜੀ ਡਿਮਾਰੇਲਾਈਜ਼ ਹੈ। ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੀ ਪੁਲਿਸ ਬੜੀ ਦੇਸ਼ ਭਗਤ ਹੈ ਔਰ ਇਨ੍ਹਾਂ ਨੇ ਜਿਸ ਤਰ੍ਹਾਂ ਨਾਲ ਆਪਣੇ ਫਰਜ਼ ਦੀ ਅਦਾਇਗੀ ਕੀਤੀ ਹੈ, ਉਸ ਦੇ ਵਾਸਤੇ ਸਾਡਾ ਉਨ੍ਹਾਂ ਪ੍ਰਤੀ ਦਿਲੀ ਸਤਿਕਾਰ ਹੈ। ਸਾਰੇ ਪੰਜਾਬੀਆਂ ਦਾ ਸਤਿਕਾਰ ਹੈ, ਕਿਉਂਕਿ ਉਨ੍ਹਾਂ ਨੇ ਆਪਣੇ ਤੌਰ ਤੇ ਲੜਾਈ ਲੜੀ। ਠੀਕ ਹੈ ਦੂਸਰੀਆਂ ਫੋਰਸਿਜ਼ ਦੀ ਸਹਾਇਤਾ ਵੀ ਲਿਤੀ, ਕੋਈ ਪੈਰਾ ਮਿਲਟਰੀ ਫੋਰਸਿਜ਼ ਹਨ, ਮਗਰ ਮੇਨ ਫਰੰਟ ਜਿਨ੍ਹਾਂ ਨੇ ਸਹਿਆ ਹੈ, ਜਿਨ੍ਹਾਂ ਦੇ ਪਰਿਵਾਰਾਂ ਦੇ ਪਰਿਵਾਰ ਨਸ਼ਟ ਕਰ ਦਿੱਤੇ ਗਏ, ਜਿਨ੍ਹਾਂ ਦਾ ਇੱਕ ਦੇ ਬਾਅਦ ਦੂਸਰਾ, ਦੂਸਰੇ ਦੇ ਬਾਅਦ ਤੀਸਰਾ ਪਰਿਵਾਰ ਦਾ ਇੱਕ ਇੱਕ ਆਦਮੀ ਖਤਮ ਕਰਕੇ ਡਿਮਾਰੇਲਾਈਜ਼ ਕਰਨ ਦੀ ਕੋਸ਼ਿਸ਼ ਕੀਤੀ ਲੇਕਿਨ ਉਨ੍ਹਾਂ ਨੇ ਹਿੰਮਤ ਦੇ ਨਾਲ ਪੰਜਾਬ ਦੇ ਹਾਲਾਤ ਨੂੰ ਸਮੁੱਚੇ ਤੌਰ ਤੇ ਠੀਕ ਕਰਨ ਦੇ ਵਾਸਤੇ ਸਾਰਾ ਕੁਝ ਕੁਰਬਾਨ ਕਰ ਦਿੱਤਾ। ਅੱਜ ਜੋ ਕੁਝ ਗੱਲਾਂ ਬਾਤਾਂ ਹੋਈਆਂ ਹਨ, ਉਨ੍ਹਾਂ ਸਾਰੀਆਂ ਗੱਲਾਂ ਬਾਤਾਂ ਦੇ ਵਿਚ ਜੁਡੀਸ਼ੀਅਲ ਪਰੋਨਾਊਂਸਮੈਂਟਸ ਜਿਹੜੀਆਂ ਹਨ, ਉਨ੍ਹਾਂ ਕਰਕੇ ਕਿਸੇ ਕਿਸਮ ਦੇ ਐਕਸ਼ਨ ਬੱਧ ਉਹ ਹੋਏ ਹਨ ਔਰ ਉਹ ਜੁਡੀਸ਼ੀਅਲ ਪਰੋਨਾਊਂਸਮੈਂਟ ਜਿਹੜੀ ਹੈ, ਉਹ ਨਾ ਤੇ ਕਿਸੇ ਸਰਕਾਰ ਦੇ ਹੱਥ ਵਿੱਚ ਹੈ ਔਰ ਨਾ ਕਿਸੇ ਹੋਰ ਦੇ ਹੱਥ ਵਿੱਚ ਹੈ। ਲੇਕਿਨ ਕਿਸੇ ਵੀ ਢੰਗ ਦੇ ਨਾਲ ਪੰਜਾਬ ਪੁਲਿਸ ਨੇ ਜਿਸ ਤਰ੍ਹਾਂ ਪਹਿਲਾਂ ਵੀ ਪੰਜਾਬ ਦੇ ਵਿੱਚ ਇਸ ਕਿਸਮ ਦੇ ਹਾਲਾਤ ਨੂੰ ਕਾਬੂ ਕਰਨ ਵਿਚ ਬਹੁਤ ਵੱਡਾ ਹਿੱਸਾ ਅਦਾ ਕੀਤਾ, ਅੱਗੋਂ ਲਈ ਵੀ ਸਾਨੂੰ ਪੁਲਿਸ ਤੇ ਪੂਰਾ ਵਿਸ਼ਵਾਸ ਹੈ ਕਿ ਕਿਸੇ ਸਮੇਂ ਵੀ ਅਗਰ ਕਿਸੇ ਮਾੜੇ ਅਨਸਰ ਨੇ ਪੰਜਾਬ ਦੇ ਹਾਲਾਤ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸਾਡੀ ਫੋਰਸ ਅੱਜ ਵੀ ਹਿੰਮਤ ਦੇ ਨਾਲ ਖੜ੍ਹੇ ਹੋ ਕੇ ਐਜ਼ ਏ ਵੰਨ ਮੈਨ ਜਾਂ ਇੱਕ ਦੇਸ਼ ਭਗਤ ਦੇ ਤੌਰ ਤੇ ਜਿਸ ਤਰ੍ਹਾਂ ਪਹਿਲਾਂ ਆਪਣੇ ਫ਼ਰਜ਼ ਦੀ ਅਦਾਇਗੀ ਕੀਤੀ, ਉਸੇ ਤਰ੍ਹਾਂ ਕਰਨ ਦੇ ਵਿੱਚ ਅੱਜ ਵੀ ਕਿਸੇ ਕਿਸਮ ਦੀ ਕੋਈ ਕੁਤਾਹੀ ਨਹੀਂ ਰਹਿਣ ਦੇਵੇਗੀ। ਇਸ ਦਾ ਸਾਨੂੰ ਪੂਰਾ ਵਿਸ਼ਵਾਸ ਹੈ। ਸਪੀਕਰ ਸਾਹਿਬ, ਸਾਡੇ ਸਭ ਲੋਕਾਂ ਦੀ ਜ਼ਿੰਮੇਵਾਰੀ ਹੈ, ਇਹ ਕੇਵਲ ਇਕੱਲੀ ਪਾਰਟੀ ਦਾ ਮਸਲਾ ਨਹੀਂ ਹੈ, ਇਹ ਪਜਾਬ ਦਾ ਮਸਲਾ ਹੈ ਔਰ ਸਮੁੱਚੇ ਦੇਸ਼ ਦਾ ਮਸਲਾ ਹੈ। ਜਿਸ ਤਰ੍ਹਾਂ ਇੱਕ ਕਹਾਵਤ ਹੈ, ਕਿਸ ਸ਼ਾਇਰ ਨੇ ਲਿਖਿਆ ਹੈ ਕਿ:

"ਜੋ ਡੂਬੇਗੀ ਕਿਸ਼ਤੀ ਤੋਂ ਡੂਬੇਂਗੇ ਸਾਰੇ,
ਨਾ ਤੁਮ ਹੀ ਬਚੋਗੇ, ਨਾ ਸਾਥੀ ਤੁਮਾਰੇ।"

ਔਰ ਅਗਰ ਸੂਬੇ ਦੇ ਵਿੱਚ ਕੁਝ ਹੁੰਦਾ ਵੀ ਹੈ ਤਾਂ ਇਸ ਦੇ ਵਿਚ ਕਿਸੇ ਦਾ

[ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿਖਿਆ ਮੰਤਰੀ]

ਬਚਾਅ ਨਹੀਂ ਹੈ । ਇਸ ਸਰਕਾਰ ਦਾ ਬੜਾ ਕਲੀਅਰ ਮੰਤਵ ਹੈ ਔਰ ਬੜੀ ਕਲੀਅਰ ਸੋਚ ਹੈ ਕਿ ਅਸੀਂ ਕਿਸੇ ਵੀ ਕੀਮਤ ਤੇ ਚਾਹੇ ਸਾਨੂੰ ਕੁਝ ਵੀ ਕਰਨਾ ਪਵੇ, ਅਸੀਂ ਕਰਾਂਗੇ ਲੇਕਿਨ ਪੰਜਾਬ ਦੇ ਹਾਲਾਤ ਨੂੰ ਕਿਸੇ ਵੀ ਕੀਮਤ ਦੇ ਉਤੇ ਖਰਾਬ ਨਹੀਂ ਹੋਣ ਦਿਆਂਗੇ । ਉਸ ਦੇ ਲਈ ਪੂਰੀ ਸਰਗਰਮੀ ਦੇ ਨਾਲ ਇਹ ਜਿਹੜੀਆਂ ਘਟਨਾਵਾਂ ਹਨ ਔਰ ਇਸ ਦੇ ਪਿਛੇ ਜੋ ਤਾਕਤਾਂ ਹਨ, ਚਾਹੇ ਬਿਦੇਸ਼ੀ ਤਾਕਤਾਂ ਹੋਣ, ਅਸੀਂ ਕੇਂਦਰ ਸਰਕਾਰ ਦੀ ਮੱਦਦ ਲੈ ਕੇ ਔਰ ਜੋ ਸਾਡੇ ਨੇੜੇ ਦੇ ਪ੍ਰਦੇਸ਼ ਹਨ, ਉਨ੍ਹਾਂ ਸਰਕਾਰਾਂ ਦੇ ਨਾਲ ਪ੍ਰਾਪਰ ਲਾਈਜ਼ਨ ਕਰਕੇ, ਚਾਹੇ ਉਹ ਇੱਥੇ ਬੈਠੀਆਂ ਤਾਕਤਾਂ ਹਨ, ਨੂੰ ਅਨ-ਅਰਥ ਕਰਾਂਗੇ । ਇਸ ਦੇ ਲਈ ਸਾਨੂੰ ਲੋਕਾਂ ਦਾ ਸਹਿਯੋਗ ਚਾਹੀਦਾ ਹੈ ਜਿਸ ਦੇ ਨਾਲ ਪੰਜਾਬ ਦੇ ਅੰਦਰ ਜੋ ਅੱਜ ਸ਼ਾਨੋ-ਸ਼ੌਕਤ, ਸ਼ਾਂਤੀ, ਅਮਨ ਤੇ ਇੱਜ਼ਤ ਬਖਸ਼ੀ ਹੋਈ ਹੈ, ਉਸ ਬਖਸ਼ੀ ਇੱਜ਼ਤ ਨੂੰ ਚਾਰ ਚੰਨ ਲਗਾਈਏ ਅਤੇ ਇਸ ਨੂੰ ਆਪਣੀਆਂ ਬੋਲੀਆਂ ਦੇ ਨਾਲ, ਗੱਲਾਂ ਦੇ ਨਾਲ ਜਾਂ ਹੋਰ ਜਿਹੜੀਆਂ ਅਸੀਂ ਬਾਹਰ ਮੀਟਿੰਗਾਂ ਕਰਦੇ ਹਾਂ, ਦੇ ਰਾਹੀਂ ਇਸ ਕਿਸਮ ਦਾ ਮਾਹੌਲ ਖੜ੍ਹਾ ਕਰੀਏ ਤਾਂਕਿ ਇਸ ਪੰਜਾਬ ਨੂੰ ਮੁੜ ਕੇ ਭੈੜੀ ਅੱਖ ਤੇ ਕੈਰੀ ਅੱਖ ਕਿਸੇ ਵੀ ਤਰੀਕੇ ਦੇ ਨਾਲ ਕਿਸੇ ਵੀ ਵਿਅਕਤੀ ਵੱਲੋਂ ਲੱਗਣ ਦੀ ਇਜਾਜ਼ਤ ਨਾ ਦੇਈਏ ਅਤੇ ਇਸ ਮਾਹੌਲ ਨੂੰ ਕਾਇਮ ਰੱਖ ਸਕੀਏ । ਮੈਨੂੰ ਇਸ ਬਾਰੇ ਪੂਰੀ ਆਸ ਤੇ ਉਮੀਦ ਹੈ ਕਿ ਇਸ ਸਬੰਧੀ ਸਾਰਿਆਂ ਦਾ ਸਹਿਯੋਗ ਵੀ ਜ਼ਰੂਰ ਮਿਲੇਗਾ ਔਰ ਇਸ ਕਿਸਮ ਦੇ ਜਿਹੜੇ ਹਾਲਾਤ ਹਨ ਉਹ ਪੰਜਾਬ ਦੇ ਵਿਚ ਮੁੜ ਕੇ ਪੈਦਾ ਨਹੀਂ ਹੋਣ ਦਿਆਂਗੇ । ਜੋ ਦੇਸ਼ ਨੂੰ ਡਿਸਟਰਬ ਕਰਨ ਵਾਲੀਆਂ ਤਾਕਤਾਂ ਹਨ ਚਾਹੇ ਉਹ ਅੰਦਰੋਂ ਹੋਣ ਜਾਂ ਬਾਹਰੋਂ ਹੋਣ, ਉਨ੍ਹਾਂ ਨੂੰ ਕਿਸੇ ਕਿਸਮ ਦਾ ਆਸਰਾ ਨਾ ਮਿਲੇ । ਸਪੀਕਰ ਸਾਹਿਬ, ਇਸੇ ਤਰ੍ਹਾਂ ਜਿਹੜੀਆਂ ਬੇਦੋਸ਼ੀਆਂ ਜ਼ਿੰਦੜੀਆਂ ਸਾਡੇ ਕੋਲੋਂ ਵਿਛੜ ਗਈਆਂ ਹਨ, ਉਨ੍ਹਾਂ ਪ੍ਰਤੀ ਸਾਡੇ ਦਿਲ ਦੇ ਵਿਚ ਬੜਾ ਸਤਿਕਾਰ ਹੈ, ਆਦਰ ਹੈ ਔਰ ਮਾਣ ਹੈ । ਉਨ੍ਹਾਂ ਦੇ ਪਿਛਲੇ ਪਰਿਵਾਰਾਂ ਦੇ ਨਾਲ ਅਸੀਂ ਆਪਣੇ ਵਲੋਂ ਹਮਦਰਦੀ ਪ੍ਰਗਟ ਕਰਦੇ ਹਾਂ । ਸਪੀਕਰ ਸਾਹਿਬ, ਕੁਝ ਹੋਰਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ । ਬੀਬੀ ਜਸਵੰਤ ਕੌਰ ਜੀ ਸਾਡੇ ਕੋਲੋਂ ਵਿਛੜ ਗਏ ਹਨ । ਉਹ ਐਮ. ਐਲ. ਏ. ਵੀ ਰਹੇ ਔਰ ਇਸ ਨਾਤੇ ਜੋ ਉਨ੍ਹਾਂ ਨੇ ਕੰਮ ਕਰਦਿਆਂ ਗਰੀਬਾਂ ਦੀ ਮੱਦਦ ਕੀਤੀ ਅਤੇ ਉਸ ਬਾਰੇ ਜੋ ਹਾਊਸ ਵਿਚ ਜ਼ਿਕਰ ਵੀ ਕੀਤਾ ਗਿਆ ਹੈ, ਉਸ ਦੇ ਅੱਗੇ ਅੱਜ ਹਾਊਸ ਦੇ ਵਿਚ ਸਾਡਾ ਸਿਰ ਝੁਕਦਾ ਹੈ । ਇਸੇ ਤਰ੍ਹਾਂ ਸ੍ਰੀ ਚੇਤਨ ਆਨੰਦ ਜੀ ਜੋ ਇਸ ਸੰਸਾਰ ਤੋਂ ਚਲੇ ਗਏ ਹਨ, ਇੱਕ ਪੰਜਾਬੀ ਸਨ । ਉਨ੍ਹਾਂ ਦੀ ਫਿਲਮ ਇੰਡਸਟਰੀ ਵਿੱਚ ਹੀ ਦੇਣ ਨਹੀਂ ਸਗੋਂ ਸਮੁੱਚੇ ਹਿੰਦੁਸਤਾਨ ਦੇ ਲਈ ਉਨ੍ਹਾਂ ਦੀ ਦੇਣ ਮੰਨੀ ਜਾਂਦੀ ਹੈ । ਮੋਟੇ ਤੌਰ ਤੇ ਉਨ੍ਹਾਂ ਵੱਲੋਂ ਜੋ ਸਾਡੇ ਫੌਜ ਦੇ ਬਹਾਦਰ ਸਿਪਾਹੀ ਹਨ, ਦੇ ਬਾਰੇ ਕਈ ਫਿਲਮਾਂ ਤਿਆਰ ਕੀਤੀਆਂ ਗਈਆਂ ਹਨ । ਉਨ੍ਹਾਂ ਦੀ ਦੇਸ਼ ਨੂੰ ਅਤੇ ਫਿਲਮੀ ਸੈਕਟਰ ਨੂੰ ਜੋ ਦੇਣ ਸੀ, ਉਹ ਸਦਾ ਉਨ੍ਹਾਂ ਦੇ ਜਾਣ ਤੇ ਸਾਰੇ ਦੇਸ਼ ਨੂੰ ਮਹਿਸੂਸ ਹੁੰਦੀ ਰਹੇਗੀ । ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਤੇ ਮੈਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ।

ਬੀਬੀ ਨਰਿੰਦਰ ਬੀਬਾ, ਜਿਨ੍ਹਾਂ ਦੀ ਗਾਇਕੀ ਬੜੀ ਪ੍ਰਸਿੱਧ ਸੀ, ਉਹ ਵੀ ਅੱਜ ਸਾਡੇ ਦਰਮਿਆਨ ਨਹੀਂ ਰਹੇ । ਮੈਂ ਉਨ੍ਹਾਂ ਦੇ ਪਰਿਵਾਰ ਨਾਲ ਵੀ ਡੂੰਘੇ ਦਿਲੋਂ ਹਮਦਰਦੀ ਪ੍ਰਗਟ ਕਰਦਾ ਹਾਂ ।

ਇਸ ਤੋਂ ਇਲਾਵਾ ਸਰਦਾਰ ਗੁਰਦੇਵ ਸਿੰਘ ਸਿੱਧੂ ਐਮ. ਐਲ. ਏ. ਜੀ ਦੀ ਧਰਮ ਪਤਨੀ ਬਖਸ਼ੀਸ਼ ਕੌਰ ਵੀ ਅਕਾਲ ਚਲਾਣਾ ਕਰ ਗਏ ਹਨ, ਉਨ੍ਹਾਂ ਦੀ ਮੌਤ ਉਤੇ ਵੀ ਮੈਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਆਪਣੇ ਵੱਲੋਂ ਸਾਰੇ ਸਾਥੀਆਂ ਨੂੰ ਇਸ ਵਿਚ ਸ਼ਾਮਲ ਕਰਦਾ ਹਾਂ ਅੌਰ ਇਨ੍ਹਾਂ ਵਿੱਛੜੀਆਂ ਰੂਹਾਂ ਦੇ ਪ੍ਰਤੀ ਸ਼ਰਧਾਂਜਲੀ ਭੇਂਟ ਕਰਦਾ ਹਾਂ ਅੌਰ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਇਨ੍ਹਾਂ ਵਿੱਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਦੁਖੀ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਅਤੇ ਨਾਲ ਹੀ ਇਹ ਵੀ ਬੇਨਤੀ ਕਰਦਾ ਹਾਂ ਕਿ ਦੁਖੀ ਪਰਿਵਾਰਾਂ ਤੀਕਰ ਇਸ ਪ੍ਰਸਤਾਵ ਦੀ ਕਾਪੀ ਪਹੁੰਚਾ ਦਿੱਤੀ ਜਾਵੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਇਸ ਹਾਊਸ ਵਿੱਚ ਜੋ ਦੁਖਦਾਈ ਮਤਾ ਲਿਆਂਦਾ ਗਿਆ ਹੈ । ਇਸ ਪ੍ਰਤੀ ਮੈਂ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਵੇਲੇ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਮੈਂ ਸਾਰੇ ਪੰਜਾਬੀਆਂ ਦਾ, ਸਾਰੀਆਂ ਪਾਰਟੀਆਂ ਦਾ ਸਹਿਯੋਗ ਹਰ ਕੰਮ ਵਾਸਤੇ ਲੈਣਾ ਚਾਹੁੰਦਾ ਹਾਂ । ਇਹ ਕੋਈ ਲਫਜ਼ੀ ਗੱਲ ਨਹੀਂ ਸੀ । ਇਕੱਲੀ ਇੱਕ ਗੱਲ ਵਾਸਤੇ ਨਹੀਂ, ਹਰ ਗੱਲ ਵਾਸਤੇ ਸਹਿਯੋਗ ਲੈਣਾ ਚਾਹੁੰਦਾ ਹਾਂ । ਇਸ ਲਈ ਇਸ ਤੋਂ ਪਹਿਲਾਂ ਕਿ ਤੁਸੀਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰੋ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇੱਕ ਹਫਤੇ ਦੇ ਅੰਦਰ-ਅੰਦਰ, ਮੈਂ ਹੁਣੇ ਆਪਣਾ ਪ੍ਰੋਗਰਾਮ ਦੇਖ ਰਿਹਾ ਸੀ, ਦਿੱਲੀ ਵਿੱਚ ਕੁਝ ਮੀਟਿੰਗਾਂ ਹਨ, ਪ੍ਰਧਾਨ ਮੰਤਰੀ ਸਾਹਿਬ ਨਾਲ ਅਤੇ ਹੋਰ ਚੀਫ ਮਨਿਸਟਰਜ਼ ਦੀਆਂ, ਜੇ ਠੀਕ ਹੋਵੇ ਤਾਂ 22 ਤਰੀਕ ਨੂੰ ਜੇਕਰ ਸਾਰਿਆਂ ਨੂੰ ਸੂਟ ਕਰਦਾ ਹੋਵੇ, ਲੀਡਰ ਆਫ ਦਿ ਆਪੋਜ਼ੀਸ਼ਨ ਜੇਕਰ ਕੋਈ ਹੋਰ ਤਰੀਕ ਕਹਿਣ ਤਾਂ ਉਸ ਦਿਨ ਮੀਟਿੰਗ ਰੱਖ ਲਵਾਂਗੇ । ਇਹ ਬਹੁਤ ਅਹਿਮ ਮਸਲਾ ਹੈ । ਜੇਕਰ ਕੋਈ ਹੋਰ ਤਰੀਕ ਨਿਸ਼ਚਿਤ ਕਰਨਾ ਚਾਹੁਣ ਤਾਂ ਦੱਸ ਦੇਣ, ਜਿਸ ਦਿਨ ਇਨ੍ਹਾਂ ਦੀ ਮਰਜ਼ੀ ਹੋਵੇਗੀ । ਉਸ ਦਿਨ ਮੀਟਿੰਗ ਰੱਖ ਲਵਾਂਗੇ ।

ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਰਦੇਵ ਸਿੰਘ ਬਾਦਲ) : ਸਪੀਕਰ ਸਾਹਿਬ, ਅੱਜ ਅਸੀਂ ਸਾਰੇ ਜੋ ਇਹ ਦੁੱਖਦਾਈ ਘਟਨਾ ਵਾਪਰੀ ਹੈ, ਇਸ ਉੱਤੇ ਦੁੱਖ ਪ੍ਰਗਟ ਕਰ ਰਹੇ ਹਾਂ ਅਤੇ ਇਨ੍ਹਾਂ ਨੂੰ ਸ਼ਰਧਾਜਲੀ ਦੇ ਫੁੱਲ ਭੇਂਟ ਕਰਨਾ ਮੈਂ ਆਪਣਾ ਫਰਜ਼ ਸਮਝ ਕੇ ਖੜ੍ਹਾ ਹੋਇਆ ਹਾਂ । ਮੈਂ ਧੰਨਵਾਦੀ ਹਾਂ ਸਾਰੀ ਆਪੋਜ਼ੀਸ਼ਨ ਦਾ ਜੋ ਇੱਕ ਸੁਰ ਹੋ ਕੇ ਬੋਲੀ ਹੈ, ਸਾਰਿਆਂ ਦੀ ਇਕੋ ਹੀ ਆਵਾਜ਼ ਹੈ । ਗੁਰੂ ਸਾਹਿਬ ਨੇ ਜੋ ਸੰਦੇਸ਼ ਦਿੱਤਾ ਹੈ, ਅੱਜ ਮੇਰੀਆਂ ਅੱਖਾਂ ਸਾਹਮਣੇ ਵਿੰਹਦਿਆਂ ਸਿੱਧ ਹੋ ਗਿਆ ਹੈ । ਪਿਛਲੇ ਸਮੇਂ ਵਿਚ ਏਮਨਾ ਬਾਦ ਵਿੱਚ ਘਟਨਾ ਵਾਪਰੀ ਸੀ ਜਿਵੇਂ ਬਠਿੰਡਾ ਵਿੱਚ ਵਾਪਰੀ ਹੈ ਤਾਂ ਗੁਰੂ ਨਾਨਕ ਸਾਹਿਬ ਬਿਹਬਲ ਹੋ ਗਏ, ਔਖੇ ਹੋਏ । ਉਨ੍ਹਾਂ ਨੇ ਕੁਦਰਤ ਵਾਲੇ ਨੂੰ ਵੀ ਤਾਅਨਾ ਮਾਰਿਆ । ਉਨ੍ਹਾਂ ਨੇ ਕਿਹਾ:

ਜਿਨ ਸਿਰਿ ਸੋਹਨਿ ਪੱਟੀਆ

ਮਾਂਗੀ ਪਾਇ ਸਧੂਰ

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

ਅਕਾਲ ਪੁਰਖ ਨੂੰ ਕਿਹਾ ਕਿ ਤੈਨੂੰ ਤਰਸ ਨਹੀਂ ਆਇਆ। ਜਿਨ੍ਹਾਂ ਦੀ ਮਾਂਗ ਦਾ ਸਿੰਧੂਰ ਹਾਲੇ ਮੈਲਾ ਨਹੀਂ ਸੀ ਹੋਇਆ, ਅੱਖਾਂ ਸਾਮ੍ਹਣੇ ਤੜਫ-ਤੜਫ ਕੇ ਮਰ ਰਹੇ ਹਨ, ਇਨ੍ਹਾਂ ਲੋਕਾਂ ਤੇ ਤੈਨੂੰ ਕੋਈ ਤਰਸ ਨਹੀਂ ਆਉਂਦਾ। ਛੋਟੇ ਛੋਟੇ ਮਾਸੂਮ ਬੱਚੇ ਹਨ ਜਿਵੇਂ ਬਠਿੰਡੇ ਦੀ ਰੇਲ ਗੱਡੀ ਵਿੱਚ ਬੱਚਿਆਂ ਦਾ ਜ਼ਿਕਰ ਆਇਆ ਕਿ 9 ਬੱਚੇ ਸਨ, ਕਿੰਨੀਆਂ ਬੀਬੀਆਂ ਸਨ ਜਿਹੜੀਆਂ ਵਿਚਾਰੀਆਂ ਪਤਾ ਨਹੀਂ ਕਿਸ ਢੰਗ ਨਾਲ ਡੱਬੇ ਵਿੱਚ ਜਾ ਰਹੀਆਂ ਸਨ। ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਨੂੰ, ਕਿਹਾ ਸੀ ਤੂੰ ਕਾਹਦਾ ਅਕਾਲ ਪੁਰਖ ਹੈਂ, ਕਾਹਦਾ ਰੱਬ ਹੈਂ, ਅੱਖੀਂ ਵੇਖੀ ਜਾਂਦਾ ਹੈਂ, ਤੈਨੂੰ ਕੋਈ ਤਰਸ ਨਹੀਂ ਆਉਂਦਾ। ਉਨ੍ਹਾਂ ਕਿਹਾ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥

ਤੈਨੂੰ ਤਰਸ ਨਹੀਂ ਆ ਰਿਹਾ। ਇਸ ਲਈ ਅੱਜ ਸਾਰੇ ਆਪੋਜ਼ੀਸ਼ਨ ਦੇ ਲੋਕਾਂ ਨੇ ਢਿੱਡੋਂ ਅਤੇ ਦਿਲੋਂ ਹਾਅ ਦਾ ਨਾਅਰਾ ਮਾਰਿਆ, ਉਨ੍ਹਾਂ ਮਾਸੂਮ ਬੇਗੁਨਾਹਾਂ ਲਈ, ਜਿਨ੍ਹਾਂ ਦਾ ਕੋਈ ਕਸੂਰ ਨਹੀਂ ਸਾਂ, ਜਿਹੜੇ ਪਤਾ ਨਹੀਂ ਕਿਸ ਤਰ੍ਹਾਂ ਘਰੋਂ ਨਿਕਲੇ ਸਨ, ਜਿਨ੍ਹਾਂ ਦੀਆਂ ਭੈਣਾਂ ਉਡੀਕ ਰਹੀਆਂ ਹੋਣਗੀਆਂ, ਭੈਣਾਂ ਦੇ ਸੁਹਾਗ ਲੁੱਟੇ ਗਏ, ਮਾਸੂਮ ਬੱਚੇ ਜਿਨ੍ਹਾਂ ਨੇ ਦੇਸ਼ ਵਾਸਤੇ ਸਰਦਾਰ ਭਗਤ ਸਿੰਘ ਬਣਨਾ ਸੀ, ਕਿਸੇ ਨੇ ਰਾਜ ਗੁਰੂ ਬਣਨਾ ਸੀ, ਕਿਸੇ ਨੇ ਸੁਖਦੇਵ ਬਣਨਾ ਸੀ, ਪਤਾ ਨਹੀਂ ਉਨ੍ਹਾਂ ਵਿਚੋਂ ਕਿਹੜਾ ਦੇਸ਼ ਭਗਤ ਬਣਦਾ, ਐਸੀ ਘਟਨਾ ਨਾਲ ਪੰਜਾਬੀਆਂ ਦੇ ਦਿਲ ਹਿਲਾ ਕੇ ਰੱਖ ਦਿੱਤੇ ਹਨ। ਪਰ ਉਸ ਜ਼ਾਲਮ ਨੂੰ ਤਰਸ ਨਹੀਂ ਆਇਆ ਜਿਸ ਨੇ ਐਸੀ ਮਾੜੀ ਘਟਨਾ ਆਪਣੇ ਮਨ ਵਿੱਚ ਸੋਚੀ, ਉਸ ਡੱਬੇ ਨੂੰ ਉਡਾਉਣ ਦੀ ਕੋਸ਼ਿਸ਼ ਕੀਤੀ, ਉਸ ਦੀ ਜਿੰਨੀ ਨਿੰਦਾ ਕੀਤੀ ਜਾਵੇ, ਘੱਟ ਹੈ। ਬਾਘਾ ਪੁਰਾਣਾ ਵਿਖੇ ਇੱਕ ਘਟਨਾ ਵਾਪਰੀ ਉਹ ਸਾਰਿਆਂ ਨੇ ਸੁਣੀ ਹੈ। ਮੈਂ ਮੁੱਖ ਮੰਤਰੀ ਸਾਹਿਬ ਤੋਂ ਪਹਿਲਾਂ ਉਥੇ ਗਿਆ ਸੀ। ਉਨ੍ਹਾਂ ਦੇ ਹੁਕਮਾਂ ਮੁਤਾਬਿਕ ਉਥੇ ਜਾ ਕੇ ਮੈਂ ਦੇਖਿਆ ਤਾਂ ਸਭ ਤੋਂ ਵੱਡੀ ਖੁਸ਼ੀ ਇਸ ਗੱਲ ਦੀ ਹੋਈ ਕਿ ਜਿਹੜਾ ਉਹ ਪੁਜਾਰੀ ਸੀ, ਉਹ ਰੱਬ ਨੂੰ ਮੰਨਣ ਵਾਲਾ ਸੀ। ਪਰ ਉਸ ਜਾਲਿਮ ਨੇ ਉਸ ਦੇ ਬੇਟੇ ਨੂੰ ਤੜਪਾ ਤੜਪਾ ਕੇ ਮਾਰ ਦਿੱਤਾ। ਜਦੋਂ ਅਸੀਂ ਉਸ ਦੀਆਂ ਗੱਲਾਂ ਸੁਣੀਆਂ, ਅਸੀਂ ਉਸ ਨੂੰ ਹੌਸਲਾ ਦੇਣ ਲਈ ਗਏ ਸੀ ਪਰ ਉਹ ਪਰਮਾਤਮਾ ਨੂੰ ਮੰਨਣ ਵਾਲਾ ਮਨੁੱਖ ਵੇਖਿਆ। ਉਸ ਦੇ ਚਿਹਰੇ ਤੇ ਕੋਈ ਉਦਾਸੀ ਨਹੀਂ ਸੀ ਅਤੇ ਕਹਿਣ ਲਗਾ ਸਾਡੇ ਗੁਰੂ ਸਾਹਿਬਾਨ ਨੇ ਵੀ ਬੜੀਆਂ ਕੁਰਬਾਨੀਆਂ ਦਿੱਤੀਆਂ ਸਨ ਅਤੇ ਉਸ ਪਰਮਾਤਮਾ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ "ਤੇਰਾ ਭਾਣਾ ਮੀਠਾ ਲਾਗੇ" ਅਤੇ ਉਹ ਸਾਡੇ ਗੁਰੂ ਸਾਹਿਬਾਨ ਦਾ ਸੰਦੇਸ਼ ਦੇਣ ਲੱਗ ਪਿਆ ਅਤੇ ਕਹਿਣ ਲੱਗਾ ਕਿ ਉਸ ਪ੍ਰਮਾਤਮਾ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ ਅਤੇ ਮੰਨਣਾ ਚਾਹੀਦਾ ਹੈ। ਉਸ ਦੇ ਬੇਟੇ ਨੇ ਕੁਰਬਾਨੀ ਦਿੱਤੀ, ਇਕ ਬਹੁਤ ਵੱਡੀ ਕੁਰਬਾਨੀ ਉਸ ਦੇ ਬੇਟੇ ਨੇ ਦਿੱਤੀ ਹੈ। ਜੇ ਉਸ ਦਾ ਬੇਟਾ ਕੁਰਬਾਨੀ ਨਾ ਦਿੰਦਾ ਤਾਂ ਜਿਹੜੇ ਡੱਬੇ ਵਿਚ ਸਮੱਗਰੀ ਰੱਖੀ ਗਈ ਸੀ ਉਸ ਸਮੱਗਰੀ ਨਾਲ ਉਸ ਮੰਦਰ ਨੇ ਤਾਂ ਉੱਡ ਹੀ ਜਾਣਾ ਸੀ ਪਰ ਉਸ

ਦੇ ਆਲੇ ਦੁਆਲੇ ਦਾ ਵੀ ਬਹੁਤ ਨੁਕਸਾਨ ਹੋਣਾ ਸੀ। ਉਸ ਬੰਬ ਦਾ ਧਮਾਕਾ ਬੜਾ ਜ਼ਬਰਦਸਤ ਹੋਣਾ ਸੀ, ਉਤਨੀ ਸਮੱਗਰੀ ਨੇ ਆਲੇ ਦੁਆਲੇ ਸਾਰਾ ਕੁਝ ਉੜਾ ਦੇਣਾ ਸੀ ਔਰ ਇਤਨਾ ਵੱਡਾ ਕਾਂਡ ਹੋਣਾ ਸੀ ਜਿਹੜਾ ਹਿਸਟਰੀ ਵਿਚ ਬਹੁਤ ਵੱਡੇ ਘੱਲੂ-ਘਾਰੇ ਦੇ ਤੌਰ ਤੇ ਲਿਖਿਆ ਜਾਣਾ ਸੀ। ਉਸ ਨੌਜਵਾਨ, ਜਿਸ ਨੇ ਇਹ ਸਮੱਗਰੀ ਰੱਖੀ ਸੀ, ਉਹ 23-23 ਸਾਲ ਦਾ ਸੀ ਉਸ ਦੇ ਕੱਪੜਿਆਂ ਦਾ ਨਕਸ਼ਾ ਵੀ ਦੱਸਿਆ ਗਿਆ ਹੈ। ਉਸ ਨੇ ਖੁੱਲ੍ਹੇ ਪਹੁੰਚੇ ਵਾਲੀ ਪੈਂਟ ਅਤੇ ਲਕੀਰਾਂ ਵਾਲੀ ਕਮੀਜ਼ ਪਾਈ ਹੋਈ ਸੀ ਅਤੇ ਪਟੇ ਰੱਖੇ ਹੋਏ ਸਨ, ਸਿਰ ਤੋਂ ਨੰਗਾ ਸੀ। ਜਦੋਂ ਇਹ ਸਮੱਗਰੀ ਹਨੂੰਮਾਨ ਦੀ ਮੂਰਤੀ ਦੇ ਥੱਲੇ ਫਿਟ ਕਰਕੇ ਵਾਪਿਸ ਮੁੜ ਰਿਹਾ ਸੀ, ਉਸ ਵਕਤ ਪੁਜਾਰੀ ਦਾ ਬੇਟਾ ਪਾਣੀ ਪੀ ਰਿਹਾ ਸੀ ਤਾਂ ਉਸ ਨੂੰ ਸ਼ੱਕ ਜਿਹਾ ਹੋ ਗਿਆ। ਉਸ ਨੇ ਉਸ ਨੌਜਵਾਨ ਨੂੰ ਕਿਹਾ ਕਿ ਤੂੰ ਉਥੇ ਮੰਦਰ ਵਿਚ ਕੀ ਰੱਖ ਕੇ ਆਇਆ ਹੈਂ ? ਉਸ ਨੇ ਉਸ ਦਾ ਪਿੱਛਾ ਕੀਤਾ ਤਾਂ ਉਸ ਜ਼ਾਲਿਮ ਨੇ ਆਪਣੀ 38 ਬੋਰ ਦੀ ਰਿਵਾਲਵਰ ਦੀ ਗੋਲੀ ਨਾਲ ਉਸ ਬੱਚੇ ਨੂੰ ਸ਼ਹੀਦ ਕਰ ਦਿੱਤਾ। ਉਹ ਜ਼ਾਲਿਮ ਬੜਾ ਨਿਸ਼ਾਨਚੀ ਸੀ ਅਤੇ ਪਤਾ ਨਹੀਂ ਉਸਨੇ ਕਿਥੋਂ ਟਰੇਨਿੰਗ ਲਿਤੀ ਹੋਈ ਸੀ। ਉਸਨੇ ਦਿਲ ਦੇ ਖੱਬੇ ਪਾਸੇ ਗੋਲੀ ਮਾਰ ਦਿੱਤੀ ਫੇਰ ਉਸ ਦੇ ਵੱਡੇ ਭਰਾ ਨੇ ਉਸ ਦਾ ਪਿੱਛਾ ਕੀਤਾ ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਦਸਿਆ ਹੈ, ਉਸ ਜ਼ਾਲਿਮ ਨੇ ਉਸ ਦੇ ਉੱਤੇ ਵੀ ਹੈਂਡ ਗਰੀਨੇਡ ਸੁੱਟ ਦਿਤਾ, ਨਹੀਂ ਤਾਂ ਉਸ ਨੇ, ਉਸ ਨੌਜਵਾਨ ਨੂੰ ਫੜ ਲੈਣਾ ਸੀ। ਉਸ ਦਾ ਇਕ ਭਰਾ ਸ਼ਹੀਦ ਹੋ ਚੁੱਕਾ ਸੀ ਪਰ ਫੇਰ ਵੀ ਉਹ ਉਸ ਦਾ ਪਿੱਛਾ ਕਰਦਾ ਰਿਹਾ ਤਾਂ ਕਿ ਉਸ ਨੂੰ ਪਕੜ ਸਕੇ ਪਰ ਉਸ ਉਤੇ ਉਸ ਜ਼ਾਲਿਮ ਨੌਜਵਾਨ ਨੇ ਆਪਣੀ ਰੀਵਾਲਵਰ ਤੋਂ ਫਾਇਰ ਕੀਤਾ। ਪੁਜਾਰੀ ਦੇ ਵੱਡੇ ਬੇਟੇ ਨੂੰ ਉਸ ਦੇ ਸਾਥੀ ਨੇ ਬਾਂਹ ਤੋਂ ਫੜ ਲਿਆ ਜਿਸ ਕਰਕੇ ਉਹ ਉਸ ਜ਼ਾਲਿਮ ਨੂੰ ਫੜ ਨਹੀਂ ਸਕਿਆ। ਰਸਤੇ ਵਿਚ ਸਾਈਕਲ ਖੜ੍ਹਾ ਸੀ, ਉਸ ਨੂੰ ਉਹ ਜ਼ਾਲਿਮ ਨੌਜਵਾਨ ਲੈ ਕੇ ਭੱਜ ਗਿਆ। ਉਸੇ ਬੇਰਹਿਮ ਨੇ ਲੇਬਰ ਦੇ ਬੰਦਿਆਂ ਉਤੇ ਜੋ ਕਿ ਰੋਟੀਆਂ ਪੱਕਾ ਰਹੇ ਸਨ। ਉਨ੍ਹਾਂ ਉਤੇ ਵੀ ਫਾਇਰਿੰਗ ਕਰ ਦਿੱਤੀ ਜਿਸ ਦੇ ਨਾਲ 2 ਬੰਦਿਆਂ ਦੇ ਬਿਲਕੁਲ ਦਿਲ ਉਤੇ ਗੋਲੀ ਲਗ ਗਈ ਅਤੇ 2 ਬੰਦਿਆਂ ਨੂੰ ਗੋਲੀਆਂ ਮਾਰ ਕੇ ਫੱਟੜ ਕਰ ਦਿੱਤਾ ਅਤੇ ਇਸ ਤਰ੍ਹਾਂ ਲੇਬਰ ਦੇ ਚਾਰ ਬੰਦਿਆਂ ਨੂੰ ਜ਼ਖਮੀ ਕਰ ਦਿੱਤਾ ਜਿਨ੍ਹਾਂ ਵਿਚੋਂ 2 ਬੰਦੇ ਸ਼ਹੀਦ ਹੋ ਗਏ ਅਤੇ 2 ਜ਼ਖਮੀ ਹਾਲਾਤ ਵਿਚ ਬਚ ਗਏ। ਇਸ ਲਈ ਇਹ ਜਿਹੜੀ ਦੁੱਖਦਾਈ ਘਟਨਾ ਵਾਪਰੀ ਹੈ, ਉਸ ਦੇ ਵਾਸਤੇ ਸਾਰਿਆਂ ਨੇ ਆਪਣੀ ਆਪਣੀ ਰਾਏ ਦਿੱਤੀ ਹੈ। ਇਸ ਬਾਰੇ ਹੁਣ ਛੇਤੀ ਹੀ ਕਿਸੇ ਠੋਸ ਸਿੱਟੇ ਤੇ ਪਹੁੰਚਿਆ ਜਾਵੇਗਾ। ਸਪੀਕਰ ਸਾਹਿਬ, ਜੇਕਰ ਕੋਈ ਬੂਟਾ ਜਨਮ ਲੈਂਦਾ ਹੋਵੇ ਤਾਂ ਉਸ ਨੂੰ ਚੂੰਡੀ ਨਾਲ ਹੀ ਪੁਟਿਆ ਜਾਂਦਾ ਹੈ ਪਰ ਜੇਕਰ ਦਰੱਖਤ ਤੇ ਤਣੇ ਲਗ ਜਾਣ ਤਾਂ ਦਰਖਤ ਨੂੰ ਜੜ੍ਹੋਂ ਪੁੱਟਣਾ ਪੈਂਦਾ ਹੈ। ਇਥੇ ਸਾਰਿਆਂ ਨੇ ਵਿਸ਼ਵਾਸ ਦਿਵਾਇਆ ਹੈ ਕਿ ਪੰਜਾਬ ਨੂੰ ਖੁਸ਼ਹਾਲ ਰੱਖਣ ਵਾਸਤੇ ਅਸੀਂ ਤਿਆਰ ਹਾਂ। ਇਸ ਦਾ ਮੁੱਖ ਮੰਤਰੀ ਸਾਹਿਬ ਨੇ ਵੀ ਧੰਨਵਾਦ ਕੀਤਾ ਅਤੇ ਮੈਂ ਵੀ ਇਸ ਦਾ ਧੰਨਵਾਦ ਕਰਦਾ ਹਾਂ। ਜਿਹੜੀਆਂ ਵੀ ਸ਼ਕਤੀਆਂ ਪੰਜਾਬ ਦੇ ਅਮਨ ਨੂੰ ਭੰਗ ਕਰਦੀਆਂ ਹਨ, ਉਨ੍ਹਾਂ ਨੂੰ ਖਤਮ ਕਰਨਾ ਚਾਹੀਦਾ ਹੈ ਅਤੇ ਕਿਸੇ ਕਿਸਮ ਦਾ ਕੋਈ ਲਿਹਾਜ਼ ਉਨ੍ਹਾਂ ਨਾਲ ਨਹੀਂ ਕਰਨਾ ਚਾਹੀਦਾ, ਕੋਈ ਪਿਆਰ ਨਹੀਂ ਕਰਨਾ ਚਾਹੀਦਾ।

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

ਬੀਬੀ ਜਸਵੰਤ ਕੌਰ, ਸਾਬਕਾ ਵਿਧਾਇਕ ਨਾਲ ਮੈਨੂੰ 5 ਸਾਲ ਲਗਾਤਾਰ ਕੰਮ ਕਰਨ ਦਾ ਮੌਕਾ ਮਿਲਿਆ । ਮੇਰੇ ਨਾਲ ਐਸਟੀਮੇਟ ਕਮੇਟੀ ਦੇ ਮੈਂਬਰ ਵੀ ਰਹੇ ਸਨ । ਉਨ੍ਹਾਂ ਦਾ ਸੁਭਾਅ ਲੋਕਾਂ ਪ੍ਰਤੀ ਬੜਾ ਪਿਆਰ ਅਤੇ ਹਮਦਰਦੀ ਭਰਿਆ ਸੀ । ਉਨ੍ਹਾਂ ਦੀ ਸੇਵਾ ਤੋਂ ਪਤਾ ਲਗਦਾ ਸੀ ਕਿ ਉਨ੍ਹਾਂ ਦੇ ਮਨ ਵਿਚ ਗਰੀਬਾਂ ਵਾਸਤੇ ਪਿਆਰ ਅਤੇ ਸਤਿਕਾਰ ਬਹੁਤ ਸੀ । ਉਹ ਜਥੇਦਾਰ ਦੀ ਬੇਟੀ ਸੀ ਅਤੇ ਉਹ ਕੁਰਬਾਨੀਆਂ ਵਾਲੇ ਪਰਿਵਾਰ ਵਿਚੋਂ ਸੀ । ਉਹ ਵੀ ਸਾਥੋਂ ਵਿਛੜ ਗਏ ਹਨ ।

ਇਸੇ ਤਰ੍ਹਾਂ ਸ੍ਰੀ ਚੇਤਨ ਆਨੰਦ, ਫਿਲਮ ਲਾਈਨ ਵਿਚੋਂ ਸਨ ਅਤੇ ਉਹ ਵੀ ਸਾਥੋਂ ਜੁਦਾ ਹੋ ਗਏ ਹਨ । ਚੰਗੇ ਲੋਕਾਂ ਦੇ ਚਲੇ ਜਾਣ ਨਾਲ ਬੜਾ ਦੁੱਖ ਹੁੰਦਾ ਹੈ ।

ਇਸੇ ਤਰ੍ਹਾਂ ਹੀ ਨਰਿੰਦਰ ਬੀਬਾ ਪੰਜਾਬ ਦੀ ਧਰਤੀ ਉਤੇ ਗਾਇਕੀ ਦੇ ਤੌਰ ਤੇ ਪ੍ਰਸਿਧ ਰਹੇ ਹਨ । ਅੱਜ ਤੱਕ ਵੀ ਲੋਕ ਉਨ੍ਹਾਂ ਦੇ ਗਾਣੇ ਸੁਣ ਕੇ ਅਨੰਦ ਲੈਂਦੇ ਹਨ । ਉਨ੍ਹਾਂ ਨੇ ਇਕ ਗਾਣਾ ਗਾਇਆ ਸੀ ਕਿ :–

"ਦੋ ਬੜੀਆਂ ਕੀਮਤੀ ਜ਼ਿੰਦਾਂ ਕੰਧਾਂ ਵਿੱਚ ਆਣ ਖਲੋ ਗਈਆਂ,
ਇਹ ਤੱਕ ਕੇ ਤਸੀਹਾ ਗਮ ਦਾ ਕੰਧਾਂ ਵੀ ਪਾਗਲ ਹੋ ਗਈਆਂ ।"

ਜਦੋਂ ਇਹ ਬੀਬੀ ਗਾਉਂਦੀ ਸੀ ਤਾਂ ਲੋਕਾਂ ਦੀਆਂ ਅੱਖਾਂ ਵਿੱਚੋਂ ਹੰਝੂ ਆ ਜਾਂਦੇ ਸਨ। ਲੋਕ ਇਸ ਦੀ ਅਵਾਜ਼ ਸੁਣਕੇ ਇਸ ਦੁੱਖ ਵਿਚ ਸ਼ਰੀਕ ਹੋ ਜਾਂਦੇ ਸੀ । ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬਹੁਤ ਵੱਡਾ ਸਦਮਾ ਹੋਇਆ ਹੈ ਅਤੇ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਰਬਾਰ ਵਿਚ 52 ਕਵੀ ਰੱਖੇ ਹੋਏ ਸਨ ਜੋ ਗੁਰੂ ਜੀ ਨੇ ਬਹਾਦਰੀ ਦੀਆਂ ਵਾਰਾਂ ਸੁਨਾਉਣ ਵਾਸਤੇ ਰੱਖੇ ਹੋਏ ਸਨ । ਸਪੀਕਰ ਸਾਹਿਬ, ਬੀਬੀ ਨਰਿੰਦਰ ਬੀਬਾ ਲੋਕਾਂ ਦੇ ਸਾਹਮਣੇ ਵਾਰਾਂ ਗਾਉਂਦੀ ਸੀ । ਜਦੋਂ ਉਹ ਬੰਦੇ ਬਹਾਦਰ ਦੀ ਵਾਰ ਗਾਉਂਦੀ ਸੀ ਤਾਂ ਲੋਕ ਉਹ ਸੁਣ ਕੇ ਝੂਮਣ ਲੱਗ ਜਾਂਦੇ ਸਨ । ਲੰਬੀ ਹੇਕ ਲਗਾਉਣ ਵਿਚ ਉਸ ਨੇ ਪੰਜਾਬ ਵਿਚ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਵਿਚ ਰਿਕਾਰਡ ਕਾਇਮ ਕੀਤਾ । ਉਹ ਅੱਜ ਸਾਥੋਂ ਵਿਛੜ ਗਏ ਹਨ ਅਤੇ ਮੈਂ ਆਪਣੇ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਰਦਾਰ ਗੁਰਦੇਵ ਸਿੰਘ ਸਿੱਧੂ ਦੀ ਧਰਮ ਪਤਨੀ ਬੀਬੀ ਦਲਜੀਤ ਕੌਰ ਸਾਥੋਂ ਵਿਛੜ ਗਈ ਅਤੇ ਅਸੀਂ ਕੱਲ੍ਹ ਹੀ ਸਾਰੇ ਉਥੇ ਅਫਸੋਸ ਕਰਨ ਗਏ ਸੀ । ਇਹ ਇਕ ਬਹੁਤ ਵੱਡੀ ਦੁਖਦਾਈ ਘਟਨਾ ਵਾਪਰੀ ਹੈ । ਸਪੀਕਰ ਸਾਹਿਬ, ਕੁਝ ਲੋਕਾਂ ਦੇ ਜਾਣ ਨਾਲ ਪਰਿਵਾਰ ਨੂੰ ਘਾਟਾ ਪੈਂਦਾ ਹੈ ਅਤੇ ਕੁਝ ਲੋਕਾਂ ਦੇ ਜਾਣ ਨਾਲ ਰਿਸ਼ਤੇਦਾਰਾਂ ਨੂੰ ਘਾਟਾ ਪੈਂਦਾ ਹੈ ਪਰ ਕੁਝ ਸ਼ਖਸੀਅਤਾਂ ਐਸੀਆਂ ਹਨ ਜਿਨ੍ਹਾਂ ਦੇ ਚਲੇ ਜਾਣ ਨਾਲ ਪਾਰਟੀ ਨੂੰ ਘਾਟਾ ਪੈਂਦਾ ਹੈ ਅਤੇ ਸਾਰੇ ਪੰਜਾਬ ਨੂੰ ਘਾਟਾ ਪੈਂਦਾ ਹੈ । ਸਰਦਾਰ ਗੁਰਦੇਵ ਸਿੰਘ ਸਿੱਧੂ ਦੇ ਇਥੇ ਆਉਣ ਵਿਚ ਉਨ੍ਹਾਂ ਦੀ ਧਰਮ ਪਤਨੀ ਦਾ ਬਹੁਤ ਵੱਡਾ ਹਿੱਸਾ ਸੀ । ਔਰਤ ਜੇਕਰ ਸਾਥ

ਨਾ ਦੇਵੇ ਤਾਂ ਘਰ ਦੀ ਤਰੱਕੀ ਨਹੀਂ ਹੋ ਸਕਦੀ, ਜਿਤਨਾ ਚਿਰ ਔਰਤਾਂ ਸਾਥ ਨਾ ਦੇਣ ਤਾਂ ਸਟੇਟ ਤਰੱਕੀ ਨਹੀਂ ਕਰ ਸਕਦੀ, ਦੇਸ਼ ਤਰੱਕੀ ਨਹੀਂ ਕਰ ਸਕਦਾ। ਇਸ ਕਰਕੇ ਸਿੱਧੂ ਸਾਹਿਬ ਦੀ ਘਰ ਵਾਲੀ ਦੇ ਅਕਾਲ ਚਲਾਣੇ ਨੇ ਸਾਡੀ ਪਾਰਟੀ ਵਿਚ ਬਹੁਤ ਹੀ ਘਾਟ ਪਾਈ ਹੈ। ਉਨ੍ਹਾਂ ਨਾਲ ਮੈਂ ਵੀ ਹਮਦਰਦੀ ਪ੍ਰਗਟ ਕਰਦਾ ਹਾਂ ਕਿਉਂਕਿ ਉਹ ਬੜੀ ਵੱਡੀ ਘਾਟ ਪਾ ਕੇ ਗਏ ਹਨ। ਇਸੇ ਤਰ੍ਹਾਂ ਜਿਹੜੀਆਂ ਬਾਕੀ ਦੀਆਂ ਸ਼ਖਸੀਅਤਾਂ ਚਲੀਆਂ ਗਈਆਂ ਹਨ, ਉਨ੍ਹਾਂ ਪ੍ਰਤੀ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਸਪੀਕਰ ਸਾਹਿਬ, ਸਭ ਤੋਂ ਵੱਡੀ ਦੁੱਖ ਦੀ ਗੱਲ ਹੈ ਕਿ ਜਿਸ ਗੱਲ ਨੂੰ ਖਤਮ ਕਰਨ ਵਾਸਤੇ ਅਸੀਂ 50 ਸਾਲ ਲਾ ਦਿੱਤੇ, ਘਰ ਘਰ ਵਿਚ ਆਵਾਜ਼ ਪਹੁੰਚਾਈ, ਹਰ ਮਨੁੱਖ ਤੱਕ ਆਵਾਜ਼ ਪਹੁੰਚਾਈ ਉਹ ਅਜੇ ਤੱਕ ਖਤਮ ਨਹੀਂ ਹੋ ਸਕੀ, ਉਹ ਇਹ ਹੈ ਕਿ ਜਿਵੇਂ ਤੁਹਾਨੂੰ ਵੀ ਪਤਾ ਹੈ ਕਿ ਡਾਕਟਰ ਅੰਬੇਦਕਰ ਜਿੱਡਾ ਵਿਦਵਾਨ ਸਾਰੇ ਹਿੰਦੁਸਤਾਨ ਵਿਚ ਪੈਦਾ ਨਹੀਂ ਹੋਇਆ। ਉਨ੍ਹਾਂ ਬਾਰੇ ਤਾਂ ਅੰਗਰੇਜ਼ਾਂ ਨੇ ਵੀ ਕਿਹਾ ਸੀ ਕਿ ਇਹੀ ਇਕ ਬੰਦਾ ਹੈ ਜਿਹੜਾ ਹਿੰਦੁਸਤਾਨ ਦਾ ਸੰਵਿਧਾਨ ਲਿਖ ਸਕਦਾ ਹੈ। ਉਸਦੇ ਗਲ ਵਿਚ ਚੱਪਲਾਂ ਦਾ ਹਾਰ ਪਾਉਣਾ, ਇਸ ਤੋਂ ਵੱਡੀ ਘਟੀਆ ਗੱਲ, ਨਿੰਦਣ ਵਾਲੀ ਗੱਲ ਹੋਰ ਕੋਈ ਹੋ ਹੀ ਨਹੀਂ ਸਕਦੀ। ਉਨ੍ਹਾਂ ਲੋਕਾਂ ਨੇ ਪੁਲੀਟੀਕਲ ਪਾੜਾ ਪਾਉਣ ਵਾਸਤੇ ਏਨੀ ਹਿੰਮਤ ਕੀਤੀ, ਏਨੀ ਦਲੇਰੀ ਕੀਤੀ ਤਾਂਕਿ ਜਿਹੜੇ ਗ਼ਰੀਬ ਦਲਿਤ ਲੋਕ ਹਨ, ਉਨ੍ਹਾਂ ਦੇ ਮਨਾਂ ਵਿਚ ਇਹ ਗੱਲ ਜਾਵੇ ਕਿ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਛਾਤੀ ਨਾਲ ਲਾ ਕੇ ਕਿਹਾ ਸੀ ਕਿ ਇਹ ਤਾਂ ਮੇਰੇ ਬੇਟੇ ਹਨ, ਅੱਜ ਵੀ ਕੁਝ ਐਸੇ ਲੋਕ ਹਨ ਜਿਹੜੇ ਇਹ ਗੱਲਾਂ ਨਹੀਂ ਚਾਹੁੰਦੇ। ਡਾਕਟਰ ਅੰਬੇਦਕਰ ਤੋਂ ਵੱਡਾ ਬੰਦਾ ਹੋਰ ਕੋਈ ਨਹੀਂ ਹੋ ਸਕਦਾ ਪਰ ਉਸਦੇ ਗਲ ਵਿਚ ਚੱਪਲਾਂ ਦਾ ਹਾਰ ਪਾਇਆ ਗਿਆ, ਇਸ ਤੋਂ ਵੱਡੀ ਨਿੰਦਣ ਵਾਲੀ ਗੱਲ, ਘਟੀਆ ਗੱਲ ਹੋਰ ਕੀ ਹੋ ਸਕਦੀ ਹੈ। ਇਸ ਨੂੰ ਜਿੰਨਾਂ ਵੀ ਨਿੰਦਿਆ ਜਾਵੇ ਥੋੜ੍ਹਾ ਹੈ। ਇਸ ਕਰਕੇ, ਸਪੀਕਰ ਸਾਹਿਬ, ਮੈਂ ਆਪਣੀ ਤਰਫੋਂ ਅਤੇ ਆਪਣੀ ਪਾਰਟੀ ਵਲੋਂ ਜਿਹੜੀਆਂ ਸ਼ਖਸੀਅਤਾਂ ਇਹ ਸੰਸਾਰ ਛੱਡ ਕੇ ਚਲੀਆਂ ਗਈਆਂ ਹਨ, ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ਅਤੇ ਗੁਰੂ ਸਾਹਿਬ ਅੱਗੇ ਅਰਦਾਸ ਕਰਦਾ ਹਾਂ ਕਿ ਸੱਚੇ ਪਾਤਸ਼ਾਹ, ਅੱਗੇ ਵਾਸਤੇ ਮਿਹਰ ਦਾ ਹੱਥ ਰੱਖੀਂ। ਜਿਹੜੇ ਬੇਗੁਨਾਹ ਅਤੇ ਬੇਦੋਸ਼ੇ ਮਾਰੇ ਗਏ ਹਨ, ਕੋਈ ਐਸੀ ਘਟਨਾ ਅੱਗੋਂ ਨਾ ਵਾਪਰੇ ਕਿਉਂਕਿ ਇਕ ਪਾਸੇ ਉਨ੍ਹਾਂ ਦੇ ਪਰਿਵਾਰ ਉਡੀਕਦੇ ਪਏ ਹੁੰਦੇ ਹਨ ਪਰ ਦੂਜੇ ਪਾਸੇ, ਜਿਵੇਂ ਅਰਸ਼ੀ ਸਾਹਿਬ ਨੇ ਕਿਹਾ ਹੈ, ਉਨ੍ਹਾਂ ਦੇ ਸਰੀਰ ਦੇ ਚੀਥੜੇ ਲੋਕ ਇਕੱਠੇ ਕਰਕੇ ਜੋੜ ਰਹੇ ਸਨ। ਇਹੋ ਜਿਹੀ ਘਟਨਾ ਵਾਹਿਗੁਰੂ ਕਿਸੇ ਤੇ ਨਾ ਵਰਤਾਵੇ। ਇਸ ਲਈ ਮੈਂ ਉਨ੍ਹਾਂ ਲੋਕਾਂ ਦੇ ਦੁੱਖ ਵਿਚ ਸ਼ਰੀਕ ਹੋ ਕੇ ਜੋ ਮੁੱਖ ਮੰਤਰੀ ਸਾਹਿਬ ਨੇ ਰੈਜ਼ੋਲਿਊਸ਼ਨ ਲਿਆਂਦਾ ਹੈ, ਮੈਂ ਉਸਦੇ ਅੱਖਰ ਅੱਖਰ ਨਾਲ ਸਹਿਮਤ ਹੋ ਕੇ ਸਾਰੀਆਂ ਪਾਰਟੀਆਂ ਦੇ ਵੀਰਾਂ ਨੇ ਜੋ ਸੁਝਾਉ ਦਿੱਤੇ ਹਨ ਜੋ ਕਿ ਬੜੇ ਪਵਿੱਤਰ ਅਤੇ ਸ਼ਲਾਘਾਯੋਗ ਸੁਝਾਉ ਹਨ, ਮੈਂ ਸਪੀਕਰ ਸਾਹਿਬ, ਸਹਿਮਤ ਹੁੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ, ਤੁਹਾਡੀ ਮਿਹਰਬਾਨੀ। ਇਸ ਦੇ ਨਾਲ ਹੀ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਕੇ ਬੈਠਣ ਦੀ ਆਗਿਆ ਲੈਂਦਾ ਹਾਂ। ਧੰਨਵਾਦ।

ਸ਼੍ਰੀ ਸਪੀਕਰ : ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੇ ਉਨ੍ਹਾਂ ਸਾਰੀਆਂ ਵਿਛੜੀਆਂ ਹੋਈਆਂ ਸ਼ਖਸੀਅਤਾਂ ਜੋ ਅੱਜ ਸਾਡੇ ਦਰਮਿਆਨ ਨਹੀਂ ਹਨ, ਪ੍ਰਤੀ ਸ਼ਰਧਾ ਦੇ

[ਸ਼੍ਰੀ ਸਪੀਕਰ]

ਦੇ ਫੁੱਲ ਭੇਂਟ ਕੀਤੇ ਹਨ, ਮੈਂ ਉਨ੍ਹਾਂ ਨਾਲ ਸ਼ਰੀਕ ਹੁੰਦਾ ਹੋਇਆ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ 2 ਮਿੰਟ ਖੜ੍ਹੇ ਹੋ ਕੇ ਮੌਨ ਧਾਰਨ ਕਰਨ ਦੀ ਖੇਚਲ ਕਰਨ। ਇਸ ਤਰ੍ਹਾਂ ਇਹ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

(ਇਸ ਸਮੇਂ ਸਦਨ ਦੇ ਸਾਰੇ ਮਾਨਯੋਗ ਮੈਂਬਰ ਸਾਹਿਬਾਨ 2 ਮਿੰਟ ਲਈ ਮੌਨ ਧਾਰਨ ਕਰਨ ਲਈ ਖੜ੍ਹੇ ਹੋਏ।)

Mr. Speaker: Thank you, ਬੈਠ ਜਾਉ। ਮੋਸ਼ਨ ਅੰਡਰ ਰੂਲ 16 ਮਨਿਸਟਰ ਸਾਹਿਬ ਮੂਵ ਕਰਨਗੇ।

MOTION UNDER RULE 16

Minister for Parliamentary Affairs (Shri Madan Mohan Mittal): Speaker Sahib, there is no business before the House. Sir I beg to move—

> That the Vidhan Sabha (Assembly) at its rising this day shall stand adjourned *sine-die*.

Mr. Speaker: Motion moved—

> That the Vidhan Sabha (Assembly) at its rising this day shall stand adjourned *sine-die*.

Comrade Hardev Arshi: Sir, I want to speak....

Mr. Speaker: Question is—

> That the Vidhan Sabha (Assembly) at its rising this day shall stand adjourned *sine-die*.

The motion was carried.

Mr. Speaker: The House stands adjourned *sine-die*.

*12.51 P.M.	(The Sabha then adjourned* *sine-die*.)

226—5-9-97—305 ਕਾਪੀਆਂ—ਪੰਜਾਬ ਸਰਕਾਰ ਪ੍ਰੈਸ ਪਟਿਆਲਾ।
51x66-10.1 Kg. Offset Paper

Published under the authority of the Punjab Vidhan Sabha and Printed by the Controller, Printing & Stationery, Punjab at the Govt. Press, Patiala.

ANNEXURE

To

PUNJAB VIDHAN SABHA

DEBATES

14th July, 1997

Vol. II—No. 12

OFFICIAL REPORT

CONTENTS

Monday, the 14th July, 1997

Punjab Vidhan Sabha Secretariat, Chandigarh.

Price: Rs......

PUNJAB VIDHAN SABHA

Monday, the 14th July, 1997.

Annexure

This Annexure contains Unstarred Questions (Converted as such from being Starred Questions) and Answers for the meeting dated 14th July, 1997.

UNSTARRED QUESTIONS (CONVERTED AS SUCH FROM BEING STARRED QUESTIONS) AND ANSWERS

ਖੇਡ ਸਰਟੀਫ਼ਿਕੇਟਾਂ ਦੀ ਵੰਡ ਵਿਚ ਨੁਕਸ

*436. (ਸੀ. ਯੂ.). ਕਾਮਰੇਡ ਅਜੈਬ ਸਿੰਘ ਰੌਂਤਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 1996 ਦੇ ਦੌਰਾਨ ਸਰਕਾਰ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਜੇਠੂਕੇ, ਜ਼ਿਲ੍ਹਾ ਬਠਿੰਡਾ ਦੇ ਕੁਝ ਵਿਦਿਆਰਥੀਆਂ ਦੇ ਮਾਪਿਆਂ ਵਲੋਂ ਕੋਈ ਸ਼ਿਕਾਇਤਾਂ ਮਿਲੀਆਂ ਸਨ ਜਿਨ੍ਹਾਂ ਵਿਚ ਇਹ ਦੋਸ਼ ਲਗਾਇਆ ਗਿਆ ਸੀ ਕਿ ਇਸੇ ਸਕੂਲ ਦੇ ਕੁਝ ਅਜਿਹੇ ਵਿਦਿਆਰਥੀਆਂ, ਜਿਨ੍ਹਾਂ ਨੇ ਅਸਲ ਵਿਚ ਖੇਡਾਂ ਵਿਚ ਹਿੱਸਾ ਨਹੀਂ ਸੀ ਲਿਆ, ਨੂੰ ਗਲਤ ਖੇਡ ਸਰਟੀਫ਼ਿਕੇਟ ਪ੍ਰਦਾਨ ਕੀਤੇ ਗਏ ਹਨ; ਜੇਕਰ ਅਜਿਹਾ ਹੈ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਤੇ ਕੀ ਕਾਰਵਾਈ ਕੀਤੀ ਗਈ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ, ਪਿੰਡ ਜੇਠੂਕੇ ਜ਼ਿਲ੍ਹਾ ਬਠਿੰਡਾ ਦੇ ਨਿਵਾਸੀ ਸ. ਦਰਸ਼ਨ ਸਿੰਘ ਅਤੇ ਸ. ਨਾਜ਼ਰ ਸਿੰਘ ਅਤੇ ਇਸ ਪਿੰਡ ਦੇ ਹੋਰ ਨਿਵਾਸੀਆਂ ਵੱਲੋਂ ਸਾਲ 1996 ਵਿੱਚ ਸ਼ਿਕਾਇਤ ਪ੍ਰਾਪਤ ਹੋਈ ਸੀ ਜਿਸ ਵਿੱਚ ਇਹ ਦੋਸ਼ ਲਾਇਆ ਗਿਆ ਸੀ ਕਿ ਜਗਦੇਵ ਸਿੰਘ, ਕਿਰਨਜੀਤ ਕੌਰ ਨਾਮੀ ਬੱਚਿਆਂ ਨੇ ਸੁੰਦਰ ਨਗਰ ਕੈਂਪ ਮਿਤੀ 9-6-96 ਤੋਂ 23-6-96 ਤੱਕ ਅਟੈਂਡ ਕੀਤਾ ਸੀ ਪ੍ਰੰਤੂ ਸ੍ਰੀਮਤੀ ਰਜਿੰਦਰ ਕੌਰ ਅਤੇ ਸ. ਦਰਸ਼ਨ ਸਿੰਘ ਜੇ. ਬੀ. ਟੀ. ਅਧਿਆਪਕ, ਸ. ਪ੍ਰ. ਸ., ਜੇਠੂਕੇ ਦੇ ਬੱਚਿਆਂ ਅਮਨਿੰਦਰ ਸਿੰਘ ਅਤੇ ਰਮਨਦੀਪ ਕੌਰ ਨੂੰ ਸਪੋਰਟਸ ਸਰਟੀਫਿਕੇਟ ਦਿੱਤੇ ਗਏ ਹਨ ਜਿਨ੍ਹਾਂ ਨੇ ਕਿ ਸੁੰਦਰ ਨਗਰ ਕੈਂਪ ਵਿੱਚ ਭਾਗ ਨਹੀਂ ਲਿਆ । ਇਨ੍ਹਾਂ ਦੋਹਾਂ ਅਧਿਆਪਕਾਂ ਦੇ ਵਿਰੁੱਧ ਇਨਕੁਆਰੀ ਕਰਵਾਈ ਗਈ ਹੈ । ਉਨ੍ਹਾਂ ਦੇ ਵਿਰੁੱਧ ਇਹ ਦੋਸ਼ ਸਾਬਤ ਹੋ ਗਿਆ ਹੈ ਜਿਸ ਦੇ ਸਿੱਟੇ ਵੱਜੋਂ ਇਨ੍ਹਾਂ ਦੋਹਾਂ ਅਧਿਆਪਕਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ । ਇਨ੍ਹਾਂ ਦੇ ਵਿਰੁੱਧ ਨਿਯਮਾਂ ਦੇ ਤਹਿਤ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਰਹੀ ਹੈ ।

ਸਹਿਕਾਰੀ ਖੰਡ ਮਿੱਲ ਭੋਗਪੁਰ ਦਾ ਆਧੁਨਿਕੀਕਰਨ

*437 (ਸੀ.ਯੂ.). ਕਾਮਰੇਡ ਅਜੈਬ ਸਿੰਘ ਰੌਂਤਾ : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

[ਕਾਮਰੇਡ ਅਜੈਬ ਸਿੰਘ ਰੌਂਤਾ]

(ੳ) ਸਹਿਕਾਰੀ ਖੰਡ ਮਿੱਲ, ਭੋਗਪੁਰ, ਜ਼ਿਲ੍ਹਾ ਜਲੰਧਰ ਕਿਸ ਮਿਤੀ ਨੂੰ ਸਥਾਪਿਤ ਕੀਤੀ ਗਈ ਸੀ ਅਤੇ ਇਸ ਵੇਲੇ ਇਸ ਦੀ ਪ੍ਰਤੀ ਦਿਨ ਗੰਨਾ ਪੀੜਨ ਦੀ ਸਮਰੱਥਾ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਮਿੱਲ ਦਾ ਆਧੁਨਿਕੀਕਰਨ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ, ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : (ੳ) ਭੋਗਪੁਰ ਸਹਿਕਾਰੀ ਖੰਡ ਮਿੱਲ ਜ਼ਿਲ੍ਹਾ ਜਲੰਧਰ ਮਿਤੀ 17-1-1957 ਨੂੰ ਸਥਾਪਿਤ ਹੋਈ ਸੀ ਅਤੇ ਇਸ ਦੀ ਪ੍ਰਤੀ ਦਿਨ ਗੰਨਾ ਪੀੜਨ ਦੀ ਸਮਰੱਥਾ 1,016 ਟਨ ਸੀ ।

(ਅ) ਨਹੀਂ । ਇਸ ਵੇਲੇ ਭੋਗਪੁਰ ਸਹਿਕਾਰੀ ਖੰਡ ਮਿਲ ਦੇ ਅਧੁਨਿਕੀਕਰਨ ਦੀ ਕੋਈ ਤਜਵੀਜ਼ ਨਹੀਂ ਹੈ ।

ਰਾਹੋਂ ਤੋਂ ਮਾਛੀਵਾੜਾ ਤੱਕ ਦਰਿਆ ਸਤਲੁਜ ਤੇ ਪੁਲ ਬਣਾਉਣਾ

***470** (ਸੀ.ਯੂ.) **ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਰਾਹੋਂ, ਜ਼ਿਲ੍ਹਾ ਨਵਾਂ ਸ਼ਹਿਰ ਤੋਂ ਪਿੰਡ ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ ਤੱਕ ਸਤਲੁਜ ਦਰਿਆ ਤੇ ਪੁਲ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਸਕੀਮ ਨੂੰ ਕਦੋਂ ਤਕ ਅਮਲੀ ਰੂਪ ਦਿਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਹੀਂ ਜੀ ।

ਸ਼ਿਕਾਇਤ ਨਿਵਾਰਨ ਕਮੇਟੀਆਂ ਦੀ ਮੀਟਿੰਗ

***483** (ਸੀ.ਯੂ.). (1) **ਕਾਮਰੇਡ ਅਜੈਬ ਸਿੰਘ ਰੌਂਤਾ**
(2) **ਕਾਮਰੇਡ ਹਰਦੇਵ ਅਰਸ਼ੀ** } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) 1 ਜਨਵਰੀ, 1997 ਤੋਂ ਹੁਣ ਤੱਕ ਦੇ ਸਮੇਂ ਦੇ ਦੌਰਾਨ ਸ਼ਿਕਾਇਤ ਨਿਵਾਰਣ ਕਮੇਟੀਆਂ ਦੀਆਂ ਹੋਈਆਂ ਮੀਟਿੰਗਾਂ ਦੇ ਜ਼ਿਲ੍ਹਾਵਾਰ ਅਤੇ ਮਿਤੀਵਾਰ ਵੇਰਵੇ ਕੀ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮੀਟਿੰਗਾਂ ਲਈ ਏਜੰਡੇ ਵਿਚ ਰੱਖੀਆਂ ਗਈਆਂ ਸ਼ਿਕਾਇਤਾਂ ਦੀ ਜ਼ਿਲ੍ਹੇਵਾਰ-ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਸ਼ਿਕਾਇਤਾਂ ਵਿਚੋਂ ਅਜਿਹੀਆਂ ਸ਼ਿਕਾਇਤਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਤੇ ਵਿਚਾਰ ਕੀਤਾ ਗਿਆ ਹੈ ਅਤੇ ਜਿਨ੍ਹਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਅਤੇ (ਅ) ਮੰਗੀ ਗਈ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਮਿਤੀ 1-1-97 ਤੋਂ ਮਿਤੀ 7-6-97 ਤੱਕ ਹੋਈਆਂ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੀਆਂ ਮੀਟਿੰਗਾਂ ਦੇ ਵੇਰਵੇ

ਲੜੀ ਨੰ.	ਜ਼ਿਲ੍ਹਾ	ਮਿਤੀ	ਮੀਟਿੰਗ ਵਿਚ ਰੱਖੀਆਂ ਗਈਆਂ ਸ਼ਿਕਾਇਤਾਂ ਦੀ ਗਿਣਤੀ	ਵਿਚਾਰੀਆਂ ਗਈਆਂ ਸ਼ਿਕਾਇਤਾਂ	ਨਿਪਟਾਈਆਂ ਗਈਆਂ ਸ਼ਿਕਾਇਤਾਂ
1.	ਅੰਮ੍ਰਿਤਸਰ	ਕੋਈ ਮੀਟਿੰਗ ਨਹੀਂ ਹੋਈ ।			
2.	ਬਠਿੰਡਾ	—ਉਹੀ—			
3.	ਫਤਿਹਗੜ੍ਹ ਸਾਹਿਬ	31-5-97 (ਇਕ ਮੀਟਿੰਗ ਕੀਤੀ ਗਈ)	4	4	2
4.	ਫਰੀਦਕੋਟ	ਕੋਈ ਮੀਟਿੰਗ ਨਹੀਂ ਹੋਈ			
5.	ਫਿਰੋਜ਼ਪੁਰ	—ਉਹੀ—			
6.	ਗੁਰਦਾਸਪੁਰ	—ਉਹੀ—			
7.	ਜਲੰਧਰ	—ਉਹੀ—			
8.	ਲੁਧਿਆਣਾ	—ਉਹੀ—			
9.	ਮਾਨਸਾ	—ਉਹੀ—			
10.	ਮੋਗਾ	—ਉਹੀ—			
11.	ਮੁਕਤਸਰ	—ਉਹੀ—			
12.	ਨਵਾਂ ਸ਼ਹਿਰ	7-6-97 (ਇਕ ਮੀਟਿੰਗ ਕੀਤੀ ਗਈ)	6	6	4
13.	ਪਟਿਆਲਾ	ਕੋਈ ਮੀਟਿੰਗ ਨਹੀਂ ਹੋਈ ।			
14.	ਰੂਪਨਗਰ	—ਉਹੀ—			
15.	ਸੰਗਰੂਰ	—ਉਹੀ—			
16.	ਹੁਸ਼ਿਆਰਪੁਰ	—ਉਹੀ—			
17.	ਕਪੂਰਥਲਾ	—ਉਹੀ—			

ਮੂਣਕ ਕੈਮੀਕਲਜ਼ ਦੁਆਰਾ ਬਿਜਲੀ ਦੀ ਚੋਰੀ

*485 (ਸੀ.ਯੂ.). (1) **ਕਾਮਰੇਡ ਅਜੈਬ ਸਿੰਘ ਰੌਂਤਾ**
(2) **ਕਾਮਰੇਡ ਹਰਦੇਵ ਅਰਸ਼ੀ** } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਸਹੀ ਹੈ ਕਿ ਪੰਜਾਬ ਰਾਜ ਬਿਜਲੀ ਬੋਰਡ ਦੇ ਐਨਫੋਰਸਮੈਂਟ ਵਿੰਗ (ਲੁਧਿਆਣਾ) ਨੇ ਬਠਿੰਡਾ ਵਿਖੇ ਸਥਿਤ 'ਮੂਣਕ ਕੈਮੀਕਲਜ਼' ਨਾਂ ਦੀ ਫੈਕਟਰੀ ਤੇ ਅਪ੍ਰੈਲ, 1997 ਦੇ ਦੌਰਾਨ ਬਿਜਲੀ ਦੀ ਚੋਰੀ ਰੋਕਣ ਲਈ ਕੋਈ ਛਾਪਾ ਮਾਰਿਆ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਉਕਤ ਵਰਣਿਤ ਫਰਮ ਦੇ ਵਿਰੁੱਧ ਬਿਜਲੀ ਦੀ ਚੋਰੀ ਦਾ ਕੋਈ ਕੇਸ ਦਰਜ ਕੀਤਾ ਗਿਆ ਸੀ;

(ੲ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਫੈਕਟਰੀ ਦਾ ਬਿਜਲੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ ਸੀ; ਜੇਕਰ ਅਜਿਹਾ ਹੈ, ਤਾਂ ਬਿਜਲੀ ਦਾ ਕੁਨੈਕਸ਼ਨ ਕਿਸ ਮਿਤੀ ਨੂੰ ਕੱਟਿਆ ਗਿਆ ਸੀ;

(ਸ) ਕੀ ਇਹ ਸਹੀ ਹੈ ਕਿ ਉਕਤ ਬਿਜਲੀ ਦਾ ਕੁਨੈਕਸ਼ਨ ਦੁਬਾਰਾ ਚਾਲੂ ਕਰ ਦਿਤਾ ਗਿਆ ਹੈ; ਜੇਕਰ ਅਜਿਹਾ ਹੈ ਤਾਂ ਇਹ ਕੁਨੈਕਸ਼ਨ ਕਿਸ ਮਿਤੀ ਨੂੰ ਚਾਲੂ ਕੀਤਾ ਗਿਆ ਸੀ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਪੰਜਾਬ ਰਾਜ ਬਿਜਲੀ ਬੋਰਡ ਦੇ ਐਨਫੋਰਸਮੈਂਟ ਵਿੰਗ ਵਲੋਂ ਮੈਸ: ਮੂਣਕ ਕੈਮੀਕਲਜ਼ ਦੇ ਅਹਾਤੇ ਦੀ 21-4-1997 ਨੂੰ ਚੈਕਿੰਗ ਕੀਤ ਗਈ।

(ਅ) ਨਹੀਂ ਜੀ।

(ੲ) ਹਾਂ ਜੀ, 17-5-1997 ਨੂੰ ਕੁਨੈਕਸ਼ਨ ਕੱਟ ਦਿੱਤਾ ਗਿਆ।

(ਸ) ਹਾਂ ਜੀ, 18-5-1997 ਨੂੰ ਕੁਨੈਕਸ਼ਨ ਮੁੜ ਜੋੜ ਦਿੱਤਾ ਗਿਆ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 487 (ਸੀ.ਯੂ.).

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ।)

ਪਟਿਆਲਾ ਸ਼ਹਿਰ ਵਿਚ ਵਿਕਾਸ ਕੰਮਾਂ ਲਈ ਫੰਡਾਂ ਦੀ ਵੰਡ

*501 (ਸੀ.ਯੂ.). **ਸਰਦਾਰ ਸੁਰਜੀਤ ਸਿੰਘ ਕੋਹਲੀ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 1995-96 ਅਤੇ 1996-97 ਦੌਰਾਨ ਪਟਿਆਲਾ ਸ਼ਹਿਰ ਵਿਚ ਵਿਕਾਸ ਕੰਮਾਂ ਲਈ ਜ਼ਿਲ੍ਹਾ ਵਿਕਾਸ ਅਤੇ ਯੋਜਨਾ ਬੋਰਡ ਦੁਆਰਾ ਐਲੋਕੇਟ ਕੀਤੇ ਗਏ ਫੰਡਾਂ ਦੇ ਵੇਰਵੇ ਕੀ ਹਨ ਅਤੇ ਉਕਤ ਫੰਡ ਕਿਸ ਕਿਸਮ ਦੇ ਕੇਸਾਂ ਲਈ ਐਲੋਕੇਟ ਕੀਤੇ ਗਏ ਸਨ ?

-X Placed in the Library

ਕੈਪਟਨ ਕੰਵਲਜੀਤ ਸਿੰਘ : ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲੱਗ-1

ਪਟਿਆਲਾ ਸ਼ਹਿਰ ਵਿੱਚ ਵਿਕਾਸ ਦੇ ਕੰਮਾਂ ਲਈ ਸਾਲ 1995-96 ਦੌਰਾਨ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ, ਪਟਿਆਲਾ ਵੱਲੋਂ ਰਲੀਫ ਕੀਤੇ ਫੰਡਾਂ ਦਾ ਵੇਰਵਾ ਅਤੇ ਕਿਸਮ

(ਰੁਪਏ)

ਕ੍ਰਮ ਨੰ:	ਕੰਮ ਦਾ ਵੇਰਵਾ	ਅਲਾਟ ਕੀਤੀ ਗਈ ਰਾਸ਼ੀ	ਕਾਰਜਕਾਰੀ ਏਜੰਸੀ
1	2	3	4
(ੳ)	ਈਅਰ ਮਾਰਕਡ ਬੁਨਿਆਦੀ ਢਾਂਚਾ ਪ੍ਰੋਗਰਾਮ		
1.	ਡਾ. ਅੰਬੇਦਕਰ ਭਵਨ ਦੀ ਉਸਾਰੀ ਲਈ (ਆਨਗੋਇੰਗ ਕੰਮ)	5,16,000	ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਨੰ: 1 (ਭ ਤੇ ਮ) ਪਟਿਆਲਾ
2.	ਪਟਿਆਲਾ ਵਿਖੇ ਚੱਲ ਰਹੀ ਵੈਟਰਨਰੀ ਪੋਲੀਕਲੀਨਿਕ ਨੂੰ ਮਜ਼ਬੂਤ ਕਰਨ ਲਈ	4,78,000	---ਉਕਤ---
3.	ਉਪ ਅਰਥ ਅਤੇ ਅੰਕੜਾ ਸਲਾਹਕਾਰ, ਪਟਿਆਲਾ ਦੇ ਦਫਤਰ ਦੀ ਬਿਲਡਿੰਗ ਦੀ ਉਸਾਰੀ ਲਈ (ਆਨਗੋਇੰਗ ਕੰਮ)	2,00,000	--- ਉਕਤ ---
	ਜੋੜ (ੳ)	11,94,000	
(ਅ)	ਬੰਧਨ ਮੁਕਤ ਫੰਡ		
1.	ਮਹਿੰਦਰਾ ਕਾਲਜ, ਪਟਿਆਲਾ ਦੇ ਆਡੀਟੋਰੀਅਮ ਦੀ ਉਸਾਰੀ ।	1,00,000	ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਨੰ: 1 ਪਟਿਆਲਾ ।
2.	ਤਹਿਸੀਲ ਕੰਪਲੈਕਸ ਪਟਿਆਲਾ ਦੀ ਅਡੀਸ਼ਨ ਤੇ ਆਲਟਰੇਸ਼ਨ ।	3,00,000	---ਉਕਤ---

1	2	3	4
3.	ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਵਿਖੇ ਆਡੀਟੋਰੀਅਮ ਹਾਲ ਨੂੰ ਏਅਰ ਕੰਡੀਸ਼ਨਡ ਬਣਾਉਣ ਬਾਰੇ (ਸਿਵਲ ਵਰਕਸ)	4,51,000	ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਨੰ 1 ਪਟਿਆਲਾ
4.	ਫਿਜ਼ੀਕਲ ਐਜੂਕੇਸ਼ਨ ਕਾਲਜ, ਪਟਿਆਲਾ ਵਿਖੇ ਐਸ/ਆਰ ਟ੍ਰੇਨਿੰਗ ਹਾਲ ਦੀ ਉਸਾਰੀ ਬਾਰੇ ।	1,22 000	—ਉਕਤ—
5.	ਗੌਰਮਿੰਟ ਵਿਕਟੋਰੀਆ ਸੀ. ਸੈਕੰਡਰੀ ਸਕੂਲ ਪਟਿਆਲਾ (ਲੜਕੀਆਂ) ਦੀ ਬਿਲਡਿੰਗ ਦੀ ਉਸਾਰੀ ਲਈ ਗ੍ਰਾਂਟ ।	1.00,000	—ਉਕਤ—
6.	ਡੀ. ਪੀ. ਆਰ. ਓ. ਦਫ਼ਤਰ ਪਟਿਆਲਾ ਵਿਖੇ 2 ਨੰ: 600-ਸੁਕੇਅਰ ਫੁਟ ਕੁਆ-ਟਰਜ਼ ਦੀ ਉਸਾਰੀ ।	2,58,000	—ਉਕਤ—
7.	ਪੰਚਾਇਤ ਭਵਨ ਵਿਖੇ ਸਕੂਲ ਦੀ ਬਿਲਡਿੰਗ ਦੀ ਉਸਾਰੀ ।	2,00,000	ਸੀ. ਈ. ਓ. ਜ਼ਿਲ੍ਹਾ ਪ੍ਰੀਸ਼ਦ, ਪਟਿਆਲਾ
8.	ਰਵੀਦਾਸ ਭਵਨ ਨੂੰ ਫੈਕਟਰੀ ਏਰੀਆ ਵਿਖੇ ਸ੍ਰੀ ਬਿਲਡਿੰਗ ਨੂੰ ਪੂਰਾ ਕਰਨ ਬਾਰੇ ।	2,00,000	ਈ. ਓ. ਐਮ. ਸੀ. ਪਟਿਆਲਾ
9.	ਸ੍ਰੀ ਕੇਦਾਰ ਨਾਥ ਮੰਦਰ ਤੋਂ ਕੋਠੀ ਨੰ: 46 ਮਥਰਾ ਕਲੋਨੀ, ਪਟਿਆਲਾ ਦੀ ਸੜਕ ਨੂੰ ਸਟਰੈਂਥਨਿੰਗ ਐਂਡ ਪ੍ਰੀਮਿਕਸ ਪਾਉਣ ਬਾਰੇ ।	1,00,000	—ਉਕਤ—
10.	ਐਸ. ਆਰ-2 ਅੰਦਰੂਨੀ ਸੜਕਾਂ ਸਿਵਲ ਲਾਈਨ, ਪਟਿਆਲਾ ਵਿਖੇ ਈ. ਟਾਈਪ ਕੁਆਰਟਰਾਂ ਨੂੰ ਪੂਰਾ ਕਰਨ ਬਾਰੇ ।	11,700	ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਨੰ: 1 ਪਟਿਆਲਾ ।
11.	ਗੌਰਮਿੰਟ ਗਰਲਜ਼ ਵਿਕਟੋਰੀਆ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਦੀਆਂ ਛੱਤਾਂ ਬਦਲਣ ਬਾਰੇ ।	1,50,000	ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਨੰ: 1 ਪਟਿਆਲਾ ।
12.	ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ ਪਟਿਆਲਾ ਦੀ ਬਿਲਡਿੰਗ ਵਿਚ ਵਾਧੇ ਬਾਰੇ ।	2,00,000	—ਉਕਤ—

1	2	3	4
13.	ਪਟਿਆਲਾ ਸਰਹੰਦ ਬਾਈ ਪਾਸ (ਆਨਗੋਇੰਗ) ਤੇ ਕਲਵਰਟ ਦੀ ਉਸਾਰੀ ਬਾਰੇ	2,26,000	ਕਾਰਜਕਾਰੀ ਇੰਜੀਨੀਅਰ ਆਰ. ਐਂਡ ਬੀ.
14.	ਰਾਜਪੁਰਾ ਸਰਹੰਦ ਬਾਈ ਪਾਸ ਨੇੜੇ ਵੱਡੀ ਨਦੀ ਤੇ ਨਵਾਂ ਕਲਵਰਟ ਉਸਾਰਨ ਬਾਰੇ ।	5,00,000	—ਉਕਤ—
15.	ਸਰਹੰਦ ਕਰਾਸਿੰਗ ਨੇੜੇ ਦੁਖ ਨਿਵਾਰਨ ਸਾਹਿਬ ਗੁਰਦੁਆਰਾ ਵਿਖੇ ਏ.ਟੀ.ਸੀ. ਸਿਗਨਲ ਨੂੰ ਲਾਉਣ ਬਾਰੇ ।	4,15,000	ਕਾਰਜਕਾਰੀ ਇੰਜੀਨੀਅਰ ਇਲੈਕਟਰੀਕਲ ਡਵੀਜ਼ਨ ਨੰ: 1 ਪੀ. ਡਬਲਿਓ. ਡੀ. (ਬੀ. ਐਂਡ ਆਰ.,) ਪਟਿਆਲਾ ।
16.	ਪੀ. ਟਾਈਪ ਕੁਆਰਟਰ, ਰਾਜਪੁਰਾ ਕਲੋਨੀ, ਪਟਿਆਲਾ ਵਿਖੇ ਸੀਵਰੇਜ ਦੇ ਕੰਮ ਨੂੰ ਪੂਰਾ ਕਰਨਾ ।	50,000	ਕਾਰਜਕਾਰੀ ਇੰਜੀਨੀਅਰ ਪਬਲਿਕ ਵਰਕਸ (ਸ.ਕ.) ਪਟਿਆਲਾ ।
17.	ਪਟਿਆਲਾ ਰਾਜਪੁਰਾ ਸੜਕ ਤੇ ਸਰਹੰਦੀ ਗੇਟ ਤੇ ਸਿਗਨਲ ਲਾਈਟ ਲਾਉਣ ਬਾਰੇ ।	3,52,700	ਕਾਰਜਕਾਰੀ ਇੰਜੀਨੀਅਰ ਇਲੈਕਟਰੀਕਲ ਡਵੀਜ਼ਨ ਨੰ: 2 ਪਟਿਆਲਾ ।
	ਜੋੜ(ਅ)	37,36,400	
	ਕੁਲ ਜੋੜ(ੳ+ਅ)	49,30,400	

ਅਨੁਲੱਗ–2

ਪਟਿਆਲਾ ਸ਼ਹਿਰ ਵਿੱਚ ਵਿਕਾਸ ਦੇ ਕੰਮਾਂ ਲਈ ਸਾਲ 1996–97 ਦੌਰਾਨ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ, ਪਟਿਆਲਾ ਵਲੋਂ ਐਲੋਕੇਟ/ਰਲੀਜ਼ ਕੀਤੇ ਫੰਡਾਂ ਦਾ ਵੇਰਵਾ ਅਤੇ ਕਿਸਮ ।

(ਰੁਪਏ)

ਕੰਮ ਅੰਕ	ਕੰਮ ਦਾ ਵੇਰਵਾ	ਅਲਾਟ ਕੀਤੀ ਗਈ ਰਾਸ਼ੀ	ਕਾਰਜਕਾਰੀ ਏਜੰਸੀ
1	2	3	4
(ੳ)	**ਈਅਰ ਮਾਰਕਡ ਬੁਨਿਆਦੀ ਢਾਂਚਾ ਪ੍ਰੋਗਰਾਮ**		
1.	ਡਾ: ਅੰਬੇਦਕਰ ਭਵਨ ਦੀ ਉਸਾਰੀ ਲਈ (ਆਨ-ਗੋਇੰਗ ਕੰਮ)	3,47,500	ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ (1) (ਭ ਤੇ ਮ) ਪਟਿਆਲਾ ।

1	2	3	4
2.	ਪਟਿਆਲਾ ਵਿਖੇ ਚਲ ਰਹੀ ਵੈਟਰਨਰੀ ਪੋਲੀਕਲੀਨਿਕ ਨੂੰ ਮਜ਼ਬੂਤ ਕਰਨ ਲਈ।	3.45,000	ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ (1) (ਭ ਤੇ ਮ) ਪਟਿਆਲਾ।
3.	ਉਪ ਅਰਥ ਤੇ ਅੰਕੜਾ ਸਲਾਹਕਾਰ, ਪਟਿਆਲਾ ਦੇ ਦਫ਼ਤਰ ਦੀ ਬਿਲਡਿੰਗ ਦੀ ਉਸਾਰੀ ਲਈ (ਆਨਗੋਇੰਗ ਕੰਮ)	3,51,000	—ਉਕਤ—
4.	ਸਿਵਲ ਡਿਸਪੈਂਸਰੀ, ਤ੍ਰਿਪੜੀ ਟਾਊਨ, ਪਟਿਆਲਾ ਵਿਖੇ ਰੋਗੀਆਂ ਦੇ ਅਟੈਂਡ-ਡੈਂਟਸ ਲਈ ਟਾਇਲੈਟ ਦੀ ਉਸਾਰੀ ਲਈ।	65,000	ਕਾਰਜਕਾਰੀ ਇੰਜੀਨੀਅਰ ਜਨ ਸਿਹਤ (ਸ. ਕ.) ਮੰਡਲ, ਪਟਿਆਲਾ
	ਜੋੜ (ੳ)	11,08,500	

(ਅ) ਬੰਧਨ ਮੁਕਤ ਫੰਡਜ਼

1	2	3	4
1.	ਕਮਿਸ਼ਨਰ, ਪਟਿਆਲਾ ਦੇ ਦਫਤਰ ਵਿਖੇ ਪੇਸ਼ੀ ਭੁਗਤਾਨ ਵਾਲੇ ਲੋਕਾਂ ਦੇ ਬੈਠਣ ਲਈ ਉਡੀਕ ਘਰ ਦੀ ਉਸਾਰੀ।	1,00,000	ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਨੰ: (1) ਲੋਕ ਨਿਰਮਾਣ ਵਿਭਾਗ (ਭ ਤੇ ਮ) ਪਟਿਆਲਾ।
2.	ਪਟਿਆਲਾ ਸ਼ਹਿਰ ਦੇ ਵਿਕਾਸ ਦੇ ਕੰਮਾਂ ਲਈ।	4,00,000	ਕੰਮਾਂ ਦੀ ਲਿਸਟ ਸਮੇਤ ਕਾਸਟ ਐਸਟੀਮੇਟ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਦੀ ਅਗਲੀ ਮੀਟਿੰਗ ਵਿਚ ਪ੍ਰਵਾਨਗੀ ਲਈ ਪੇਸ਼ ਕੀਤੀ ਜਾ ਰਹੀ ਹੈ।
	ਜੋੜ (ਅ)	5,00,000	
	ਜੋੜ (ੳ+ਅ)	16,08,500	

UNSTARRED QUESTIONS (CONVERTED AS SUCH FROM BEING STARRED QUESTIONS) AND ANSWERS

ਜ਼ਿਲ੍ਹਾ ਫਿਰੋਜ਼ਪੁਰ ਵਿਚ ਇਮਾਰਤਾਂ ਤੋਂ ਬਿਨਾਂ ਪ੍ਰਾਇਮਰੀ ਸਕੂਲ

*512 (ਸੀ. ਯੂ.) (1) ਸਰਦਾਰ ਇੰਦਰਜੀਤ ਸਿੰਘ ਜ਼ੀਰਾ
(2) ਸਰਦਾਰ ਬਿਕਰਮਜੀਤ ਸਿੰਘ } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਫਿਰੋਜ਼ਪੁਰ ਵਿੱਚ ਪ੍ਰਾਇਮਰੀ ਸਕੂਲਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਜ਼ਿਲ੍ਹੇ ਵਿਚ ਅਜਿਹੇ ਪ੍ਰਾਇਮਰੀ ਸਕੂਲਾਂ ਦੀ ਕੁੱਲ ਗਿਣਤੀ ਕਿੰਨੀ ਹੈ ਜੋ ਆਪਣੀਆਂ ਇਮਾਰਤਾਂ ਵਿਚ ਨਹੀਂ ਹਨ ;

(ੲ) ਕੀ ਉਪਰੋਕਤ ਭਾਗ (ਅ) ਵਿਚ ਵਰਣਿਤ ਸਕੂਲਾਂ ਦੀਆਂ ਇਮਾਰਤਾਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ (ੳ) ਜ਼ਿਲ੍ਹਾ ਫਿਰੋਜ਼ਪੁਰ ਵਿੱਚ ਕੁੱਲ 1,253 ਸਰਕਾਰੀ ਪ੍ਰਾਇਮਰੀ ਸਕੂਲ ਹਨ ।

(ਅ) ਉਪਰੋਕਤ ਕੁੱਲ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚੋਂ 9 ਸਕੂਲ ਅਜਿਹੇ ਹਨ ਜਿਹੜੇ ਸਰਕਾਰੀ ਇਮਾਰਤਾਂ ਵਿੱਚ ਨਹੀਂ ਹਨ ਜਿਨ੍ਹਾਂ ਦੀ ਸੂਚੀ ਨੱਥੀ ਹੈ ।

(ੲ) ਸਾਲ 1997-98 ਵਿੱਚ ਜ਼ਿਲ੍ਹਾ ਯੋਜਨਾ ਬੋਰਡ ਅਧੀਨ 11 ਕਰੋੜ ਦੀ ਰਾਸ਼ੀ ਰਾਜ ਦੇ ਸਾਰੇ ਜ਼ਿਲ੍ਹਿਆਂ ਲਈ ਤਜਵੀਜ਼ਤ ਹੈ । ਉਪਰ ਦੱਸੇ ਭਾਗ 'ਅ' ਵਿੱਚ ਦਰਸਾਈਆਂ ਇਮਾਰਤਾਂ, ਫੰਡਾਂ ਦੇ ਉਪਲਬਧ ਹੋਣ ਤੇ "ਫੇਜ਼ਡ ਮੈਨਰ" ਵਿੱਚ ਬਣਾਈਆਂ ਜਾਣਗੀਆਂ ।

ਫਿਰੋਜ਼ਪੁਰ ਜ਼ਿਲ੍ਹੇ ਵਿਚ ਪ੍ਰਾਇਮਰੀ ਸਕੂਲ, ਜੋ ਆਪਣੀਆਂ ਇਮਾਰਤਾਂ ਵਿਚ ਸਥਿਤ ਨਹੀਂ ਹਨ, ਦੀ ਸੂਚੀ ।

1. ਸਰਕਾਰੀ ਪ੍ਰਾਇਮਰੀ ਸਕੂਲ, ਨਵਾਂ ਸ਼ਹਿਰ (ਗੁਰੂ ਹਰ ਸਹਾਏ) ।
2. ਬਸਤੀ ਟੈਂਕਾਂਵਾਲੀ ਪੁਰਾਣੀ, ਫਿਰੋਜ਼ਪੁਰ ।
3. ਬਸਤੀ ਭੱਟੀਆਂ (ਲੜਕੇ) ।
4. ਕੂਚਾ ਰਾਮਜੀ ਦਾਸ, ਫਿਰੋਜ਼ਪੁਰ ।
5. ਤੇਲੀ ਮੁਹੱਲਾ, ਫਿਰੋਜ਼ਪੁਰ ।
6. ਤੂੜੀ ਬਜ਼ਾਰ, ਫਿਰੋਜ਼ਪੁਰ ।
7. ਜ਼ੁਬਲੀ, ਫਿਰੋਜ਼ਪੁਰ ।
8. ਸਿਟੀ ਸਕੂਲ, ਜਲਾਲਾਬਾਦ (ਵੈਸਟ) ।
9. ਮਸੀਤੀਵਾਲਾ ਸਰਕਾਰੀ ਗਰਲਜ਼ ਪ੍ਰਾਇਮਰੀ ਸਕੂਲ, ਜ਼ੀਰਾ ।

ਅਨਾਜ ਮੰਡੀਆਂ ਵਿਚ ਪੱਕੇ ਯਾਰਡ ਮੁਹੱਈਆ ਕਰਨਾ

*513.(ਸ਼ੀ.ਯੂ.).(1) ਸਰਦਾਰ ਇੰਦਰਜੀਤ ਸਿੰਘ ਜ਼ੀਰਾ
(2) ਸਰਦਾਰ ਬਿਕਰਮਜੀਤ ਸਿੰਘ } : ਕੀ ਖੇਤੀਬਾੜੀ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਫਿਰੋਜ਼ਪੁਰ ਵਿਚ ਅਜਿਹੀਆਂ ਅਨਾਜ ਮੰਡੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਪੱਕੇ ਯਾਰਡ ਹਨ ਅਤੇ ਅਜਿਹੀਆਂ ਮੰਡੀਆਂ ਦੀ ਗਿਣਤੀ ਕਿੰਨੀ ਹੈ ਜੋ ਇਸ ਸਮੇਂ ਯਾਰਡਜ਼/ਪੱਕੇ ਯਾਰਡਜ਼ ਤੋਂ ਬਿਨਾਂ ਹਨ ;

(ਅ) ਕੀ ਮੌਜੂਦਾ ਯਾਰਡਾਂ ਨੂੰ ਪੱਕਾ ਕਰਨ ਅਤੇ ਅਜਿਹੀਆਂ ਮੰਡੀਆਂ ਜਿਨ੍ਹਾਂ ਵਿਚ ਅਜੇ ਤੱਕ ਪੱਕੇ ਯਾਰਡ ਮੁਹੱਈਆ ਨਹੀਂ ਕੀਤੇ ਗਏ, ਵਿਚ ਨਵੇਂ ਯਾਰਡਜ਼ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਫਿਰੋਜ਼ਪੁਰ ਜ਼ਿਲ੍ਹੇ ਵਿਚ 11 ਅਨਾਜ ਮੰਡੀਆਂ ਵਿਖੇ ਪੱਕੇ ਫੜ੍ਹ ਹਨ ਅਤੇ 2 ਅਨਾਜ ਮੰਡੀਆਂ ਵਿੱਚ ਅਜੇ ਪੱਕੇ ਫੜ੍ਹ ਨਹੀਂ ਹਨ ।

(ਅ) ਜੀ ਹਾਂ ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ-ਚਾਂਸਲਰ ਵਿਰੁੱਧ ਪੜਤਾਲ

*514 (ਸ਼ੀ.ਯੂ.) **ਕਾਮਰੇਡ ਹਰਦੇਵ ਅਰਸ਼ੀ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸ੍ਰੀ ਆਰ. ਐਨ. ਗੁਪਤਾ, ਆਈ. ਏ. ਐਸ. ਜਾਂ ਕਿਸੇ ਹੋਰ ਅਫਸਰ, ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮੈਨੇਜਿੰਗ ਬੋਰਡ ਦੇ ਮੈਂਬਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਧਿਆਪਕ ਸੰਸਥਾ ਦੁਆਰਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਵਿਰੁੱਧ ਲਗਾਏ ਬਹੁਤ ਸਾਰੇ ਦੋਸ਼ਾਂ ਦੀ ਪੜਤਾਲ ਕਰਨ ਲਈ ਕਿਹਾ ਗਿਆ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਸਰਕਾਰ ਦੁਆਰਾ ਪੜਤਾਲੀਆ ਅਫਸਰ ਦੀ ਰਿਪੋਰਟ ਪ੍ਰਾਪਤ ਕਰ ਲਈ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਇਕ ਕਾਪੀ ਅਤੇ ਉਸ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਸਦਨ ਦੀ ਮੇਜ਼ ਤੇ ਰੱਖੇ ਜਾਣ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਹਾਂ ਜੀ । ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਹਿੱਤ ਚਾਂਸਲਰ (ਰਾਜਪਾਲ ਪੰਜਾਬ) ਵਲੋਂ ਉਪ ਕੁਲਪਤੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖਿਲਾਫ

ਲਾਏ ਦੋਸ਼ਾਂ ਦੀ ਪੜਤਾਲ ਕਰਨ ਲਈ ਸ੍ਰੀ ਆਰ. ਐਨ. ਗੁਪਤਾ, ਆਈ. ਏ. ਐਸ. ਵਿੱਤੀ ਕਮਿਸ਼ਨਰ ਵਿਕਾਸ ਜੀ ਨੂੰ ਨਿਯੁਕਤ ਕੀਤਾ ਗਿਆ ।

(ਅ) ਹਾਂ । ਸ੍ਰੀ ਆਰ. ਐਨ. ਗੁਪਤਾ, ਆਈ. ਏ. ਐਸ. ਵਿੱਤੀ ਕਮਿਸ਼ਨਰ ਵਿਕਾਸ ਜੀ ਵਲੋਂ ਕੀਤੀ ਇਨਕੁਆਰੀ ਰਿਪੋਰਟ ਸਰਕਾਰ ਨੂੰ ਪ੍ਰਾਪਤ ਹੋ ਗਈ ਹੈ, ਜਿਹੜੀ ਕਿ ਸਿਵਲ ਰਿੱਟ ਪਟੀਸ਼ਨ ਨੰ: 5650-ਪੇਟਾ ਬਨਾਮ ਪੰਜਾਬ ਸਰਕਾਰ ਵਿਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਆਦੇਸ਼ ਅਨੁਸਾਰ ਕੋਰਟ ਨੂੰ ਭੇਜੀ ਜਾ ਚੁੱਕੀ ਹੈ ।

ਇਨਕੁਆਰੀ ਰਿਪੋਰਟ ਦੀ ਕਾਪੀ* ਸਦਨ ਦੀ ਟੇਬਲ ਤੇ ਰੱਖੀ ਜਾਂਦੀ ਹੈ । ਰਿਪੋਰਟ ਤੇ ਕਾਰਵਾਈ ਕਰਨ ਬਾਰੇ ਮਾਮਲਾ ਵਿਚਾਰ ਅਧੀਨ ਹੈ ।

———

ਮਾਨਸਿਕ ਬੀਮਾਰੀਆਂ ਦੇ ਹਸਪਤਾਲਾਂ ਦੀ ਗਿਣਤੀ

*541. (ਸੀ.ਯੂ.) ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਜਿਹੇ ਕਿੰਨੇ ਹਸਪਤਾਲ ਹਨ ਜਿਨ੍ਹਾਂ ਵਿਚ ਮਾਨਸਿਕ ਰੋਗੀਆਂ ਦਾ ਇਲਾਜ ਕੀਤਾ ਜਾਂਦਾ ਹੈ ਅਤੇ ਇਹ ਕਿਥੇ ਕਿਥੇ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਹਸਪਤਾਲਾਂ ਵਿਚ ਇਸ ਸਮੇਂ ਦਾਖਲ (ਇੰਡੋਰ) ਮਰੀਜ਼ਾਂ ਦੀ ਗਿਣਤੀ ਕਿੰਨੀ ਹੈ ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਹਸਪਤਾਲਾਂ ਵਿਚ ਦਾਖਲ ਮਰੀਜ਼ਾਂ ਦੇ ਖਾਣੇ ਅਤੇ ਦਵਾਈਆਂ ਤੇ ਪ੍ਰਤੀ ਮਰੀਜ਼ ਪ੍ਰਤੀ ਦਿਨ ਕੀਤੇ ਜਾ ਰਹੇ ਖਰਚੇ ਦੇ ਵੇਰਵੇ ਕੀ ਹਨ ?

ਸ੍ਰੀ ਮਨੋਰੰਜਨ ਕਾਲੀਆ (ਸਿਹਤ ਤੇ ਪਰਿਵਾਰ ਭਲਾਈ ਮੰਤਰੀ) : (ੳ) ਪੰਜਾਬ ਰਾਜ ਵਿਚ ਇਕ ਹਸਪਤਾਲ ਹੈ ਜਿਥੇ ਵਿਸ਼ੇਸ਼ ਕਰਕੇ ਮਾਨਸਿਕ ਰੋਗਾਂ ਨਾਲ ਪੀੜਤ ਰੋਗੀਆਂ ਦਾ ਇਲਾਜ ਕੀਤਾ ਜਾਂਦਾ ਹੈ ਅਤੇ ਇਹ ਅੰਮ੍ਰਿਤਸਰ ਵਿਖੇ ਸਥਿਤ ਹੈ ।

(ਅ) ਸਾਲ 1996 (31-12-96) ਅਨੁਸਾਰ ਦਾਖਲ ਹੋਏ ਰੋਗੀਆਂ ਦੀ ਗਿਣਤੀ 649 ਸੀ ।

(ੲ) ਇਨ੍ਹਾਂ ਰੋਗੀਆਂ ਤੇ ਹਰ ਰੋਜ਼ ਪ੍ਰਤੀ ਰੋਗੀ 8 ਰੁਪਏ ਖੁਰਾਕ ਅਤੇ 2.92 ਰੁਪਏ ਦਵਾਈਆਂ ਤੇ ਖਰਚ ਕੀਤੇ ਜਾਂਦੇ ਸਨ ਪਰ ਹੁਣ ਮਿਤੀ 9-9-97 ਤੋਂ ਖੁਰਾਕ ਦੀ ਦਰ 8 ਰੁਪਏ ਤੋਂ ਵਧਾ ਕੇ 25 ਰੁਪਏ ਪ੍ਰਤੀ ਰੋਗੀ ਪ੍ਰਤੀ ਦਿਨ ਕਰ ਦਿੱਤੀ ਗਈ ਹੈ ।

* Placed in the Library.

ਟਿਊਬਵੈੱਲਾਂ ਨੂੰ ਬਿਜਲੀ ਦੇ ਕੁਨੈਕਸ਼ਨ ਦੇਣਾ

*542 (ਸੀ. ਯੂ.) **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 11 ਮਾਰਚ, 1997 ਤੱਕ ਪੰਜਾਬ ਰਾਜ ਬਿਜਲੀ ਬੋਰਡ ਕੋਲ ਟਿਊਬ-ਵੈੱਲਾਂ ਨੂੰ ਬਿਜਲੀ ਦੇ ਕੁਨੈਕਸ਼ਨ ਦੇਣ ਸਬੰਧੀ ਜ਼ਿਲ੍ਹਾਵਾਰ ਕਿੰਨੇ ਬੇਨਤੀ ਪੱਤਰ ਪੈਂਡਿੰਗ ਪਏ ਸਨ ਅਤੇ ਇਨ੍ਹਾਂ ਬਿਨੈਕਾਰਾਂ ਨੂੰ ਕਦੋਂ ਤੱਕ ਬਿਜਲੀ ਦੇ ਕੁਨੈਕਸ਼ਨ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : 11-3-97 ਤੱਕ ਟਿਊਬਵੈੱਲ ਕੁਨੈਕਸ਼ਨਾਂ ਲਈ ਲੰਬਿਤ ਪ੍ਰਤੀ ਬੇਨਤੀਆਂ ਦਾ ਜ਼ਿਲ੍ਹਾਵਾਰ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ। ਬਿਜਲੀ ਦੀ ਉਪਲਬਧ ਪੈਦਾਵਾਰ ਦੇ ਆਧਾਰ ਤੇ ਹਰ ਸਾਲ ਲਗਭਗ 25,000 ਨਵੇਂ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਦਾ ਟੀਚਾ ਮਿਥਿਆ ਜਾਂਦਾ ਹੈ।

'ਵੇਰਵਾ'

ਮਿਤੀ 11-3-97 ਤੱਕ ਟਿਊਬਵੈੱਲ ਕੁਨੈਕਸ਼ਨ ਦੇਣ ਲਈ ਲੰਬਿਤ ਪਏ ਬਿਨੈ-ਪੱਤਰਾਂ ਦਾ ਜ਼ਿਲ੍ਹੇਵਾਰ ਵੇਰਵਾ ਨਿਮਨ ਅਨੁਸਾਰ ਹੈ :—

ਅੰਮ੍ਰਿਤਸਰ	26,734
ਗੁਰਦਾਸਪੁਰ	14,893
ਜਲੰਧਰ	13,677
ਕਪੂਰਥਲਾ	8,996
ਬਠਿੰਡਾ	11,881
ਫਿਰੋਜ਼ਪੁਰ	25,119
ਹੁਸ਼ਿਆਰਪੁਰ	11,527
ਫਰੀਦਕੋਟ	11,727
ਲੁਧਿਆਣਾ	24,641
ਪਟਿਆਲਾ	27,360
ਸੰਗਰੂਰ	43,010
ਰੋਪੜ	6,583
ਫਤਿਹਗੜ੍ਹ ਸਾਹਿਬ	7,444
ਮਾਨਸਾ	8,300
ਮੋਗਾ	13,424
ਮੁਕਤਸਰ	6,663
ਨਵਾਂ ਸ਼ਹਿਰ	6,858
ਕੁੱਲ	2,68,837

ਆਯੁਰਵੈਦਿਕ ਵਿਭਾਗ ਵਿਚ ਸੀਨੀਅਰ ਆਯੁਰਵੈਦਿਕ ਡਾਕਟਰਾਂ ਦੀਆਂ ਖਾਲੀ ਆਸਾਮੀਆਂ

*543 (ਸੀ. ਯੂ.) **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਆਯੁਰਵੈਦ ਡਾਇਰੈਕਟੋਰੇਟ ਵਿਚ ਸੀਨੀਅਰ ਆਯੁਰਵੈਦਿਕ ਡਾਕਟਰਾਂ ਦੀਆਂ ਜ਼ਿਲ੍ਹਾ-ਵਾਰ ਮਨਜ਼ੂਰ-ਸ਼ੁਦਾ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਜ਼ਿਲ੍ਹਿਆਂ ਦੇ ਨਾਂ ਕੀ ਹਨ ਜਿਨ੍ਹਾਂ ਵਿਚ ਸੀਨੀਅਰ ਆਯੁਰ-ਵੈਦਿਕ ਡਾਕਟਰਾਂ ਦੀਆਂ ਆਸਾਮੀਆਂ ਨਹੀਂ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਵਿਚੋਂ ਕੁਝ ਆਸਾਮੀਆਂ ਖਾਲੀ ਪਈਆਂ ਹਨ ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਇਹ ਕਿੰਨੇ ਸਮੇਂ ਤੋਂ ਖਾਲੀ ਪਈਆਂ ਹਨ ?

ਸ੍ਰੀ ਮਨੋਰੰਜਨ ਕਾਲੀਆ (ਸਿਹਤ ਅਤੇ ਪਰਿਵਾਰ ਭਲਾਈ ਮੰਤਰੀ) : (ੳ) ਰਾਜ ਵਿਚ ਸੀਨੀਅਰ ਆਯੁਰਵੈਦਿਕ ਡਾਕਟਰਾਂ ਦੀਆਂ ਕੁੱਲ 17 ਆਸਾਮੀਆਂ ਮਨਜ਼ੂਰ-ਸ਼ੁਦਾ ਹਨ ਜਿਨ੍ਹਾਂ ਦਾ ਜ਼ਿਲ੍ਹਾਵਾਰ ਵੇਰਵਾ ਅਨੁਲੱਗ-ੳ ਵਿਚ ਦਰਜ ਹੈ; ਜ਼ਿਲ੍ਹਾ ਮਾਨਸਾ, ਫਤਿਹਗੜ੍ਹ ਸਾਹਿਬ, ਮੋਗਾ, ਮੁਕਤਸਰ ਅਤੇ ਨਵਾਂ ਸ਼ਹਿਰ ਵਿਚ ਸੀਨੀਅਰ ਆਯੁਰਵੈਦਿਕ ਡਾਕਟਰਾਂ ਦੀ ਕੋਈ ਆਸਾਮੀ ਮਨਜ਼ੂਰ-ਸ਼ੁਦਾ ਨਹੀਂ ਹੈ ।

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸੀਨੀਅਰ ਆਯੁਰਵੈਦਿਕ ਡਾਕਟਰਾਂ ਦੀਆਂ 17 ਆਸਾਮੀਆਂ ਹੀ ਖਾਲੀ ਹਨ । ਇਹ ਆਸਾਮੀਆਂ ਖਾਲੀ ਹੋਣ ਦੇ ਸਮੇਂ ਬਾਰੇ ਵੇਰਵੇ ਅਨੁਲੱਗ 'ਅ' ਵਿਚ ਦਰਜ ਹਨ ।

ਅਨੁਲੱਗ 'ੳ'

ਰਾਜ ਵਿਚ ਸੀਨੀਅਰ ਆਯੁਰਵੈਦਿਕ ਡਾਕਟਰਾਂ ਦੀਆਂ ਜ਼ਿਲ੍ਹਾਵਾਰ ਮਨਜ਼ੂਰ-ਸ਼ੁਦਾ ਆਸਾਮੀਆਂ ਦਾ ਵੇਰਵਾ:

ਲੜੀ ਨੰ:	ਜ਼ਿਲ੍ਹੇ ਦਾ ਨਾਂ	ਮਨਜ਼ੂਰ-ਸ਼ੁਦਾ ਆਸਾਮੀਆਂ ਦੀ ਗਿਣਤੀ
1	2	4
1.	ਅੰਮ੍ਰਿਤਸਰ	1 (ਇੱਕ)
2.	ਬਠਿੰਡਾ	1 (ਇੱਕ)
3.	ਫਿਰੋਜ਼ਪੁਰ	1 (ਇੱਕ)
4.	ਫਰੀਦਕੋਟ	1 (ਇੱਕ)
5.	ਗੁਰਦਾਸਪੁਰ	2 (ਦੋ)

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

1	2	3
6.	ਹੁਸ਼ਿਆਰਪੁਰ	2 (ਦੋ)
7.	ਜਲੰਧਰ	2 (ਦੋ)
8.	ਕਪੂਰਥਲਾ	1 (ਇੱਕ)
9.	ਲੁਧਿਆਣਾ	3 (ਤਿੰਨ)
10.	ਪਟਿਆਲਾ	1 (ਇੱਕ)
11.	ਰੋਪੜ	1 (ਇੱਕ)
12.	ਸੰਗਰੂਰ	1 (ਇੱਕ)
	ਕੁੱਲ	17 (ਸਤਾਰਾਂ)

ਅਨੁਲੱਗ 'ਅ'

ਸੀਨੀਅਰ ਆਯੁਰਵੈਦਿਕ ਡਾਕਟਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦਾ ਵੇਰਵਾ :

ਲੜੀ ਨੰ:	ਸਵਾਸਥ ਕੇਂਦਰ ਦਾ ਨਾਂ	ਜਿਸ ਮਿਤੀ ਤੋਂ ਆਸਾਮੀ ਖਾਲੀ ਪਈ ਹੈ
1.	ਫਗਵਾੜਾ (ਕਪੂਰਥਲਾ)	31-8-92
2.	ਹੀਰਾ ਮਹਿਲ ਨਾਭਾ (ਪਟਿਆਲਾ)	30-11-93
3.	ਤਾਲਬਪੁਰ ਪੰਡੋਰੀ (ਗੁਰਦਾਸਪੁਰ)	31-12-93
4.	ਹੈਬੋਵਾਲ ਕਲਾਂ (ਲੁਧਿਆਣਾ)	1-9-94
5.	ਮੌੜ ਮੰਡੀ (ਬਠਿੰਡਾ)	30-9-94
6.	ਰਣਜੀਤ ਨਗਰ (ਜਲੰਧਰ)	31-12-94
7.	ਬਟਾਲਾ (ਗੁਰਦਾਸਪੁਰ)	24-2-95
8.	ਜਗਰਾਉਂ (ਲੁਧਿਆਣਾ)	24-2-95
9.	ਖੰਨਾ (ਲੁਧਿਆਣਾ)	24-2-95
10.	ਅੰਮ੍ਰਿਤਸਰ (ਪਰਾਪਰ)	24-2-95
11.	ਫਿਲੌਰ (ਜਲੰਧਰ)	24-2-95
12.	ਰੇਲਵੇ ਰੋਡ, ਫਰੀਦਕੋਟ	24-2-95
13.	ਮੁਕੇਰੀਆਂ (ਹੁਸ਼ਿਆਰਪੁਰ)	24-2-95
14.	ਬੰਨ੍ਹ ਮਾਜਰਾ (ਰੋਪੜ)	4-8-95
15.	ਕਾਹਨਗੜ੍ਹ (ਸੰਗਰੂਰ)	1-3-96
16.	ਹੁਸ਼ਿਆਰਪੁਰ (ਪਰਾਪਰ)	1-3-96
17.	ਭਾੜਾਨਾ (ਫਿਰੋਜ਼ਪੁਰ)	30-11-96

ਫੋਰੈਂਸਿਕ ਸਾਇੰਸ ਦੀ ਪੋਸਟ-ਗਰੈਜੂਏਟ ਡਿਗਰੀ ਨੂੰ ਮਾਨਤਾ ਦੇਣਾ

*544 (ਸੀ. ਯੂ.) **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਅਜਿਹੇ ਮੈਡੀਕਲ ਕਾਲਜਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਫੋਰੈਂਸਿਕ ਸਾਇੰਸ ਦੀ ਪੋਸਟ ਗਰੈਜੂਏਟ ਡਿਗਰੀ ਲਈ ਪੜ੍ਹਾਈ ਹੁੰਦੀ ਹੈ;

(ਅ) ਸਾਲਾਂ 1995-96 ਅਤੇ 1996-97 ਦੇ ਦੌਰਾਨ ਉਕਤ ਭਾਗ (ੳ) ਵਿਚ ਵਰਣਿਤ ਪੋਸਟ ਗਰੈਜੂਏਟ ਡਿਗਰੀ ਕਰਨ ਵਾਲੇ ਵਿਦਿਆਰਥੀਆਂ ਦੀ ਕਾਲਜ ਵਾਰ ਵੱਖੋ ਵੱਖ ਗਿਣਤੀ ਕਿੰਨੀ ਹੈ ;

(ੲ) ਕੀ ਉਕਤ ਭਾਗ (ੳ) ਵਿਚ ਵਰਣਿਤ ਪੋਸਟ-ਗਰੈਜੂਏਟ ਡਿਗਰੀ ਨੂੰ ਮੈਡੀਕਲ ਕੌਂਸਲ ਆਫ ਇੰਡੀਆ (ਐਮ. ਸੀ. ਆਈ.) ਦੁਆਰਾ ਮਾਨਤਾ ਦੇ ਦਿੱਤੀ ਗਈ ਹੈ ?

ਸ੍ਰੀ ਬਲਰਾਮ ਜੀ ਦਾਸ ਟੰਡਨ: (ੳ) ਕੋਈ ਨਹੀਂ।

ਪਰ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਫੋਰੈਂਸਿਕ ਮੈਡੀਸਨ ਵਿਚ ਪੋਸਟ ਗਰੈਜੂਏਟਸ ਡਿਗਰੀ ਲਈ ਪੜ੍ਹਾਈ ਹੁੰਦੀ ਹੈ।

(ਅ) ਕੋਈ ਨਹੀਂ,

ਕਿਉਂਕਿ ਸਾਲ 1992-93 ਵਿਚ ਕੋਈ ਪੋਸਟ ਗਰੈਜੂਏਟ ਇਸ ਤਿੰਨ ਸਾਲਾ ਕੋਰਸ ਵਿਚ ਹਾਜ਼ਰ ਨਹੀਂ ਹੋਇਆ। ਇਸ ਕਰਕੇ ਸਾਲ 1995 ਅਤੇ 1996 ਵਿਚ ਪੋਸਟ ਗਰੈਜੂਏਟਸ ਦੀ ਪ੍ਰੀਖਿਆ ਨਹੀਂ ਸੀ ਹੋਈ।

(ੲ) ਮੈਡੀਕਲ ਕਾਲਜ, ਪਟਿਆਲਾ ਵਿਖੇ ਫੋਰੈਂਸਿਕ ਮੈਡੀਸਨ ਵਿਭਾਗ ਪੋਸਟ-ਗਰੈਜੂਏਟ ਡਿਗਰੀ ਦੇਣ ਲਈ ਮੈਡੀਕਲ ਕੌਂਸਲ ਆਫ ਇੰਡੀਆ ਤੋਂ ਪ੍ਰਮਾਣਿਤ ਹੈ। ਮੈਡੀਕਲ ਕਾਲਜ, ਅੰਮ੍ਰਿਤਸਰ ਦੀ ਪ੍ਰਵਾਨਗੀ ਦੀ ਉਡੀਕ ਹੈ।

ਅੰਮ੍ਰਿਤਸਰ ਸੈਂਟਰਲ ਕੋਆਪਰੇਟਿਵ ਬੈਂਕ, ਅੰਮ੍ਰਿਤਸਰ ਦੇ ਬੋਰਡ ਆਫ ਡਾਇਰੈਕਟਰ ਦਾ ਪੁਨਰ-ਗਠਨ

*549 (ਸੀ. ਯੂ.) **ਕਾਮਰੇਡ ਹਰਦੇਵ ਅਰਸ਼ੀ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੌਜੂਦਾ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਅੰਮ੍ਰਿਤਸਰ ਸੈਂਟਰਲ ਕੋਆਪਰੇਟਿਵ ਬੈਂਕ, ਅੰਮ੍ਰਿਤਸਰ ਦੇ ਬੋਰਡ ਆਫ ਡਾਇਰੈਕਟਰ ਦਾ ਪੁਨਠ-ਗਠਨ ਕੀਤਾ ਗਿਆ ਸੀ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਸਭਾਪਤੀ ਅਤੇ ਮੈਨੇਜਿੰਗ ਡਾਇਰੈਕਟਰ ਸਮੇਤ ਸਾਰੇ ਡਾਇਰੈਕਟਰਾਂ ਦੇ ਨਾਂ ਅਤੇ ਯੋਗਤਾਵਾਂ ਕੀ-ਕੀ ਹਨ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ: ਜੀ ਨਹੀਂ।

ਪੰਜਾਬ ਭਵਨ, ਨਵੀਂ ਦਿੱਲੀ ਵਿਚ ਠੇਕੇ ਦੇ ਆਧਾਰ ਤੇ ਰੱਖੇ ਗਏ ਵਿਅਕਤੀਆਂ ਦੀ ਗਿਣਤੀ

*550 (ਸੀ.ਯੂ.) (1) ਸਰਦਾਰ ਇੰਦਰਜੀਤ ਸਿੰਘ ਜ਼ੀਰਾ
(2) ਸਰਦਾਰ ਬਿਕਰਮਜੀਤ ਸਿੰਘ
: ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਪੰਜਾਬ ਭਵਨ, ਨਵੀਂ ਦਿੱਲੀ ਵਿਚ ਠੇਕੇ ਦੇ ਆਧਾਰ ਤੇ ਕੰਮ ਕਰ ਰਹੇ ਅਫ਼ਸਰਾਂ/ਕਰਮਚਾਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਠੇਕੇ ਤੇ ਰੁਜ਼ਗਾਰ ਦੇਣ ਦੀ ਪ੍ਰਣਾਲੀ ਅਧੀਨ ਉਨ੍ਹਾਂ ਨੂੰ ਪ੍ਰਤਿ ਮਹੀਨਾ ਦਿੱਤੀ ਜਾ ਰਹੀ ਤਨਖਾਹ ਦੇ ਵੇਰਵੇ ਕੀ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕਰਮਚਾਰੀਆਂ ਦੀ ਭਰਤੀ ਸਬੰਧੀ ਸਰਕਾਰ ਦੁਆਰਾ ਅਪਣਾਈ ਗਈ ਕਸੌਟੀ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: (ੳ) ਕੇਵਲ ਇੱਕ। ਰੁਪਏ 10,402/- ਰੁਪਏ ਪ੍ਰਤੀ ਮਹੀਨਾ (ਫਿਕਸ)

(ਅ) ਪੰਜਾਬ ਭਵਨ ਦੇ ਰੱਖ-ਰਖਾਵ ਲਈ ਲੰਮਾ ਤਜਰਬਾ ਅਤੇ ਵਿਸ਼ੇਸ਼ਯੋਗਤਾ ਦੀ ਖੂਬੀ।

ਹੋਮਿਓਪੈਥਿਕ ਵਿਭਾਗ ਵਿਚ ਡਿਪਟੀ ਡਾਇਰੈਕਟਰਾਂ ਦੀਆਂ ਆਸਾਮੀਆਂ ਦੀ ਗਿਣਤੀ

*551 (ਸੀ.ਯੂ.) (1) ਸਰਦਾਰ ਇੰਦਰਜੀਤ ਸਿੰਘ ਜ਼ੀਰਾ
(2) ਸਰਦਾਰ ਬਿਕਰਮਜੀਤ ਸਿੰਘ
: ਕੀ ਸਥਾਨਕ

ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਹੋਮਿਓਪੈਥੀ ਵਿਭਾਗ ਵਿਚ ਡਿਪਟੀ ਡਾਇਰੈਕਟਰਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਉਕਤ ਆਸਾਮੀਆਂ ਵਿਚੋਂ ਕਿੰਨੀਆਂ ਆਸਾਮੀਆਂ ਭਰ ਲਈਆਂ ਗਈਆਂ ਹਨ ਅਤੇ ਕਿੰਨੀਆਂ ਖਾਲੀ ਪਈਆਂ ਹਨ ?

ਸ੍ਰੀ ਮਨੋਰੰਜਨ ਕਾਲੀਆ (ਸਿਹਤ ਤੇ ਪਰਿਵਾਰ ਭਲਾਈ ਮੰਤਰੀ): ਹੋਮਿਓਪੈਥਿਕ ਵਿਭਾਗ ਵਿਚ ਕੋਈ ਵੀ ਡਿਪਟੀ ਡਾਇਰੈਕਟਰ ਦੀ ਮਨਜ਼ੂਰ-ਸ਼ੁਦਾ ਆਸਾਮੀ ਨਹੀਂ ਹੈ।

ਡਾਕਟਰਾਂ ਨੂੰ ਗਜ਼ੈਟਿਡ ਦਰਜਾ ਦੇਣਾ

*552. (ਸੀ.ਯੂ). (1) ਸਰਦਾਰ ਇੰਦਰਜੀਤ ਸਿੰਘ ਜ਼ੀਰਾ
(2) ਸਰਦਾਰ ਬਿਕਰਮਜੀਤ ਸਿੰਘ } : ਕੀ ਸਥਾਨਕ

ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਸਰਕਾਰ ਨੇ ਹੋਮਿਓਪੈਥਿਕ ਵਿਭਾਗ ਵਿਚ ਇਸ ਸਮੇਂ ਕੰਮ ਕਰ ਰਹੇ ਡਾਕਟਰਾਂ ਨੂੰ ਗਜ਼ਟਿਡ ਦਰਜਾ ਦੇ ਦਿੱਤਾ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਵੇਰਵੇ ਕੀ ਹਨ;

(ਅ) ਉਪਰੋਕਤ ਵਿਭਾਗ (ੳ) ਵਿਚ ਵਰਣਿਤ ਡਾਕਟਰਾਂ ਨੂੰ ਗਜ਼ਟਿਡ ਦਰਜਾ ਦੇਣ ਸਬੰਧੀ ਅਧਿਸੂਚਨਾ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖਣਗੇ ?

ਸ੍ਰੀ ਮਨੋਰੰਜਨ ਕਾਲੀਆ (ਸਿਹਤ ਅਤੇ ਪਰਿਵਾਰ ਭਲਾਈ ਮੰਤਰੀ):(ੳ) ਨਹੀਂ, ਸ੍ਰੀਮਾਨ ਜੀ ।

(ਅ) ——

ਜ਼ੀਰਾ ਵਿਖੇ ਆਈ.ਟੀ.ਆਈ. ਖੋਲ੍ਹਣਾ

*553. (ਸੀ.ਯੂ.) (1) ਸਰਦਾਰ ਇੰਦਰਜੀਤ ਸਿੰਘ ਜ਼ੀਰਾ
(2) ਸਰਦਾਰ ਬਿਕਰਮਜੀਤ ਸਿੰਘ } : ਕੀ ਤਕਨੀਕੀ

ਸਿੱਖਿਆ ਅਤੇ ਸਭਿਆਚਾਰਕ ਮਾਮਲਿਆਂ ਸਬੰਧੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਵਿੱਤੀ ਸਾਲ 1997-98 ਜਾਂ 1998-99 ਦੇ ਦੌਰਾਨ ਜ਼ੀਰਾ ਵਿਖੇ ਇਕ ਆਈ.ਟੀ.ਆਈ. ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਮੰਤਵ ਲਈ ਕੁੱਲ ਕਿੰਨੇ ਫੰਡ ਮਖਸੂਸ ਕੀਤੇ ਗਏ/ਮਖਸੂਸ ਕੀਤੇ ਜਾਣੇ ਤਜਵੀਜ਼ਤ ਹਨ ?

ਡਾਕਟਰ ਉਪਿੰਦਰਜੀਤ ਕੌਰ : ਜੀ ਹਾਂ । ਜ਼ੀਰਾ ਵਿਖੇ ਸੰਸਥਾ ਖੋਲ੍ਹਣ ਲਈ ਪਹਿਲਾ ਰਟੌਲ ਬੇਲ ਪਿੰਡ ਵਿਖੇ ਜ਼ਿਲ੍ਹਾ ਸਾਈਟ ਸਿਲੈਕਸ਼ਨ ਕਮੇਟੀ ਨੇ ਥਾਂ ਦੀ ਚੋਣ ਕੀਤੀ ਸੀ ਜਿਹੜੀ ਕਿ ਬਾਦ ਵਿੱਚ ਮਾਨਯੋਗ ਐਮ.ਐਲ.ਏ. ਸਾਹਿਬ ਦੇ ਸੁਝਾਓ ਤੇ ਪਿੰਡ ਸ਼ਹਿਕ ਗੁਜਰਾਂ ਵਿਖੇ ਜ਼ਿਲ੍ਹਾ ਸਾਈਟ ਸਿਲੈਕਸ਼ਨ ਕਮੇਟੀ ਵੱਲੋਂ ਤਬਦੀਲ ਕਰ ਦਿੱਤੀ ਗਈ । ਪਰੰਤੂ ਹਾਲੇ ਤੱਕ ਇਹ ਜ਼ਮੀਨ ਵਿਭਾਗ ਦੇ ਨਾਂ ਤਬਦੀਲ ਨਹੀਂ ਹੋਈ । ਉਦਯੋਗਿਕ ਸਿਖਲਾਈ ਸੰਸਥਾ ਦੀ ਉਸਾਰੀ ਲਈ ਫੰਡਾਂ ਦਾ ਉਪਬੰਧ ਜ਼ਮੀਨ ਵਿਭਾਗ ਦੇ ਨਾਂ ਤਬਦੀਲ ਹੋਣ ਤੋਂ ਬਾਅਦ ਵਿਚਾਰਿਆ ਜਾਵੇਗਾ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 554 (ਸੀ.ਯੂ.)

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ।)

ਲਿੰਕ ਸੜਕਾਂ ਦੀ ਮੁਰੰਮਤ

*555 (ਸੀ.ਯੂ.) (1) ਸਰਦਾਰ ਇੰਦਰਜੀਤ ਸਿੰਘ ਜ਼ੀਰਾ
(2) ਸਰਦਾਰ ਬਿਕਰਮਜੀਤ ਸਿੰਘ } ਕੀ ਖੇਤੀਬਾੜੀ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ, 1994 ਤੋਂ ਜਨਵਰੀ, 1997 ਤੱਕ ਦੇ ਸਮੇਂ ਦੌਰਾਨ ਲੁਧਿਆਣਾ-I ਅਤੇ ਲੁਧਿਆਣਾ-II ਸਿਧਵਾਂ ਬੇਟ ਅਤੇ ਜਗਰਾਉਂ ਬਲਾਕਾਂ ਵਿਚ ਲਿੰਕ ਸੜਕਾਂ ਦੀ ਮੁਰੰਮਤ ਤੇ ਖਰਚ ਕੀਤੇ ਗਏ ਫੰਡਾਂ ਦੀ ਸਾਲ-ਵਾਰ ਰਕਮ ਕਿੰਨੀ-ਕਿੰਨੀ ਹੈ;

(ਅ) ਸਾਲ 1997-98 ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਬਲਾਕਾਂ ਵਿਚ ਲਿੰਕ ਸੜਕਾਂ ਦੀ ਮੁਰੰਮਤ ਲਈ ਕਿੰਨੀ ਰਕਮ ਮਖ਼ਸੂਸ ਕੀਤੀ ਗਈ ?

ਸਰਦਾਰ ਗੁਰਦੇਵ ਸਿੰਘ ਬਾਦਲ: (ੳ) ਲਿੰਕ ਸੜਕਾਂ ਦੀ ਮੁਰੰਮਤ ਤੇ ਖਰਚ ਕੀਤੀ ਰਕਮ ਦਾ ਵੇਰਵਾ :-

(ਖਰਚਾ ਲੱਖਾਂ ਵਿੱਚ)

ਬਲਾਕ	4/94 ਤੋਂ 3/95	4/95 ਤੋਂ 3/96	4/96 ਤੋਂ 1/97	ਕੁਲ ਜੋੜ
ਲੁਧਿਆਣਾ-1	26.99	39.64	67.54	134.17
ਲੁਧਿਆਣਾ-2	29.52	53.79	147.20	230.51
ਸਿਧਵਾਂ ਬੇਟ	17.22	19.16	137.12	173.50
ਜਗਰਾਉਂ	5.74	34.30	59.38	99.42

(ਅ) ਸਾਲ 1997-98 ਵਾਸਤੇ ਹੇਠ ਲਿਖੇ ਮੁਤਾਬਿਕ ਧਨਰਾਸ਼ੀ ਨਿਰਧਾਰਤ ਕੀਤੀ ਗਈ ਹੈ :—

ਬਲਾਕ	ਰਿਪੇਅਰ ਵਾਸਤੇ ਨਿਰਧਾਰਤ ਕੀਤੀ ਲੰਬਾਈ ਕਿ.ਮੀ. ਵਿੱਚ	ਅੰਦਾਜ਼ਨ ਲਾਗਤ ਰੁਪਏ (ਲੱਖਾਂ ਵਿੱਚ)
ਲੁਧਿਆਣਾ-1	18.83	114.90
ਲੁਧਿਆਣਾ-2	51.46	365.34
ਸਿਧਵਾਂ ਬੇਟ	31.34	128.93
ਜਗਰਾਉਂ	45.47	159.15

x Placed in the Library

ਡਰੇਨਾਂ ਦੀ ਸਫ਼ਾਈ ਕਰਨਾ

*556 (ਸੀ.ਯੂ.) (1) ਸਰਦਾਰ ਇੰਦਰਜੀਤ ਸਿੰਘ ਜ਼ੀਰਾ
(2) ਸਰਦਾਰ ਬਿਕਰਮਜੀਤ ਸਿੰਘ } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਮਾਰਚ 1994 ਤੋਂ ਜਨਵਰੀ, 1997 ਤੱਕ ਦੇ ਸਮੇਂ ਦੌਰਾਨ ਲੁਧਿਆਣਾ-I ਲੁਧਿਆਣਾ-II, ਸਿਧਵਾਂ ਬੇਟ ਅਤੇ ਜਗਰਾਉਂ ਬਲਾਕਾਂ ਵਿਚ ਡਰੇਨਾਂ ਦੀ ਸਫ਼ਾਈ ਤੇ ਖਰਚ ਕੀਤੀ ਗਈ ਰਕਮ ਦੇ ਸਾਲ-ਵਾਰ ਵੇਰਵੇ ਕੀ ਕੀ ਹਨ;

(ਅ) ਸਾਲ 1997-98 ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਬਲਾਕਾਂ ਵਿਚ ਡਰੇਨਾਂ ਦੀ ਸਫ਼ਾਈ ਲਈ ਕਿੰਨੀ ਰਕਮ ਮਖ਼ਸੂਸ ਕੀਤੀ ਗਈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ. (ੳ) ਸਾਲ 1995-96 ਦੌਰਾਨ ਲੁਧਿਆਣਾ ਬਲਾਕ-1 ਅਤੇ ਲੁਧਿਆਣਾ ਬਲਾਕ-2 ਵਿਚ ਪੈਂਦੀਆਂ ਡਰੇਨਾਂ ਦੀ ਭੱਲ ਸਫਾਈ ਤੇ 1.64 ਲੱਖ ਰੁਪਏ ਖਰਚ ਕੀਤੇ ਗਏ ਸਨ । ਸਾਲ 1994 ਤੋਂ ਜਨਵਰੀ, 1997 ਤੱਕ ਜਗਰਾਉਂ ਅਤੇ ਸਿਧਵਾਂ ਬੇਟ ਬਲਾਕਾਂ ਵਿਚ ਪੈਂਦੀਆਂ ਡਰੇਨਾਂ ਦੀ ਭੱਲ-ਸਫਾਈ ਤੇ ਕੋਈ ਖਰਚ ਨਹੀਂ ਕੀਤਾ ਗਿਆ ।

(ਅ) ਸਾਲ 1997-98 ਦੌਰਾਨ ਇਨ੍ਹਾਂ ਉਪਰ ਲਿਖੇ ਬਲਾਕਾਂ ਵਿਚ ਪੈਂਦੀਆਂ ਡਰੇਨਾਂ ਦੀ ਭੱਲ-ਸਫਾਈ ਲਈ ਕੋਈ ਫੰਡਜ਼ ਨਹੀਂ ਰੱਖੇ ਗਏ ਹਨ ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 557 (ਸੀ.ਯੂ.)

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ।)

ਤਹਿਸੀਲ ਗੜ੍ਹਸ਼ੰਕਰ ਵਿਚ ਲਿੰਕ ਸੜਕਾਂ ਦੀ ਮੁਰੰਮਤ

*566 (ਸੀ.ਯੂ.) ਸ੍ਰੀ ਸਿੰਗਾਰਾ ਰਾਮ ਸਹੂੰਗੜਾ: ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਜਨਵਰੀ, 1994 ਤੋਂ ਫਰਵਰੀ, 1996 ਤੱਕ ਦੇ ਸਮੇਂ ਦੌਰਾਨ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਲਿੰਕ ਸੜਕਾਂ ਦੀ ਮੁਰੰਮਤ ਤੇ ਸਾਲ-ਵਾਰ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਹਰ ਇਕ ਲਿੰਕ ਸੜਕਾਂ ਦੀ ਮੁਰੰਮਤ ਤੇ ਕਿੰਨੀ ਕਿੰਨੀ ਰਕਮ ਖਰਚ ਆਈ;

(ਅ) ਸਾਲ 1997-98 ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਤਹਿਸੀਲ ਵਿਚ ਲਿੰਕ ਸੜਕਾਂ ਦੀ ਮੁਰੰਮਤ ਲਈ ਕਿੰਨੇ ਫੰਡ ਮਖ਼ਸੂਸ ਕੀਤੇ ਗਏ ਹਨ ?

ਸਰਦਾਰ ਗੁਰਦੇਵ ਸਿੰਘ ਬਾਦਲ. (ੳ) ਲਿੰਕ ਸੜਕਾਂ ਦੀ ਰਿਪੇਅਰ ਤੇ ਖਰਚ ਕੀਤੀ ਗਈ ਰਕਮ ਦਾ ਵੇਰਵਾ ਅਤੇ ਸਮਾ :—

1/94 ਤੋਂ 3/94	ਰੁਪਏ 3.33 ਲੱਖ
4/94 ਤੋਂ 3/95	ਰੁਪਏ 32.54 ਲੱਖ
4/95 ਤੋਂ 2/96	ਰੁਪਏ 8.28 ਲੱਖ

ਲਿੰਕ ਸੜਕਾਂ ਦੀ ਕੀਤੀ ਰਿਪੇਅਰ* ਦਾ ਵਿਵਰਣ ਅਤੇ ਉਨ੍ਹਾਂ ਤੇ ਖਰਚ ਕੀਤੀ ਰਕਮ ਦੀ "ਸੂਚੀ" ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਲਿੰਕ ਸੜਕਾਂ ਦੀ ਮੁਰੰਮਤ ਵਾਸਤੇ ਸਾਲ 1997-98 ਲਈ 496.95 ਲੱਖ ਰੁਪਏ ਦੀ ਰਕਮ ਨਿਰਧਾਰਤ ਕੀਤੀ ਗਈ ਹੈ ।

---

*X Placed in the Library

ਅਨੈਕਸਚਰ "ਏ"

ਮੰਡੀ ਬੋਰਡ ਵਲੋਂ ਖਾਸ ਮੁਰੰਮਤ ਲਿੰਕ ਸੜਕਾਂ ਦਾ ਸਾਲ ਵਾਈਜ਼ ਖਰਚਾ ਜਨਵਰੀ, 1994 ਤੋਂ ਫਰਵਰੀ, 1996 ਤੱਕ

ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ।

ਪੰਜਾਬ ਮੰਡੀ ਬੋਰਡ

ਲੜੀ ਨੰ:	ਲਿੰਕ ਸੜਕ ਦਾ ਨਾਂ	ਸਾਲ ਵਾਈਜ਼ ਖਰਚਾ (ਲੱਖਾਂ ਵਿੱਚ)			
		1/94 ਤੋਂ 3/94	4/94 ਤੋਂ 3/95	4/95 ਤੋਂ 2/96	ਵਿਸ਼ੇਸ਼ ਕਥਨ
1	2	3	4	5	6
1.	ਖ/ਮ ਲਿੰਕ ਸੜਕ ਗੁਜਰ ਤੋਂ ਗੁਜਰਾਂ ਬਸਤੀ ..	—	0.35	—	
2.	ਖ/ਮ ਲਿੰਕ ਸੜਕ ਦੌੜਰਪੁਰ ਤੋਂ ਨੰਗਲ ਖੰਦਲ ਨਸੀਰਾਬਾਦ ..	—	31.48	0.68	
3.	ਖ/ਮ ਲਿੰਕ ਸੜਕ ਬੱਸ ਸਟੈਂਡ ਮਹਿਲਪੁਰ ਤੋਂ ਮਹਿਲਪੁਰ ..	1.37	—	—	
4.	ਖ/ਮ ਲਿੰਕ ਸੜਕ ਐਮਾਂ, ਜੱਟਾਂ ਤੋਂ ਅਪਰੋਚ ਰੋਡ ਚੱਕ ਸੂੰਨੀ ..	0.61	0.32	—	
5.	ਖ/ਮ ਲਿੰਕ ਸੜਕ ਨਵਾਂ ਸ਼ਹਿਰ ਗੜ੍ਹਸ਼ੰਕਰ ਤੋਂ ਰਸੂਲਪੁਰ ..	1.35	0.39	—	
	ਜੋੜ ..	3.33	32.54	0.68	

ਲੋਕ ਨਿਰਮਾਣ ਵਿਭਾਗ, ਪੰਜਾਬ

6.	ਲਿੰਕ ਰੋਡ ਗੜ੍ਹਸ਼ੰਕਰ ਤੋਂ ਨਵਾਂ ਸ਼ਹਿਰ ਤੋਂ ਸਮੁੰਦੜਾ	..	—	—	6.07	ਲੜੀ ਨੰ: 6 ਤੋਂ 9 ਤੱਕ ਸੜਕਾਂ ਦੀ ਮੁਰੰਮਤ ਦਾ ਕੰਮ 2/96 ਤੋਂ ਬਾਅਦ ਵੀ ਜਾਰੀ ਸੀ ।
7.	ਐਸ.ਆਰ. ਲਿੰਕ ਰੋਡ ਸੈਲਾਂ ਮੇਰਾਂਵਾਲੀ ਅੱਪ ਟੂ ਮੈਟ ਐੱਮ.ਸੀ. ਲਿਮਟ ।		—	—	0.01	
8.	ਐਸ.ਆਰ. ਗੜ੍ਹਸ਼ੰਕਰ ਕਾਲੇਵਾਲ ਛੱਲੀਆ ਮਿਹਨਵਾਲ ਚਾਹਲਪੁਰ ।	..	—	—	0.50	
9.	ਐਸ.ਆਰ. ਲਿੰਕ ਰੋਡ ਗੜ੍ਹਸ਼ੰਕਰ ਨੰਗਲ ਤੋਂ ਡੱਲੇਵਾਲ, ਮਲਕੇਵਾਲ, ਹੈਬੋਵਾਲ, ਖੁਰਾਲੀ ।	..	—	—	0.05	
10.	ਐਸ.ਆਰ. ਮਹਿਲਪੁਰ ਸਹਰਾਲਾ ਕਲਾਂ, ਅਜਨੋਹਾ ਟੋਡਰਪੁਰ ।	..	—	—	0.98	
	ਜੋੜ				7.60	
		..	3.33	32.54	8.28	

ਨਿਸ਼ਾਨ ਵਾਲਾ ਪ੍ਰਸ਼ਨ ਨੰ. 567* (ਸੀ.ਯੂ.)

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ)

ਹੋਮਿਓਪੈਥਿਕ ਡਿਸਪੈਂਸਰਾਂ ਦੀ ਭਰਤੀ

*568 (ਸੀ.ਯੂ.) **ਸ੍ਰੀ ਸ਼ਿੰਗਾਰਾ ਰਾਮ ਸਹੁੰਗੜਾ:** ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ 1 ਜਨਵਰੀ, 1987 ਤੋਂ 31 ਦਸੰਬਰ, 1987 ਤੱਕ ਦੇ ਸਮੇਂ ਦੌਰਾਨ ਕੁੱਲ ਕਿੰਨੇ ਹੋਮਿਓਪੈਥਿਕ ਡਿਸਪੈਂਸਰ ਭਰਤੀ ਕੀਤੇ ਗਏ ਸਨ ਅਤੇ ਉਕਤ ਆਸਾਮੀਆਂ ਲਈ ਨਿਰਧਾਰਤ ਕੀਤੀਆਂ ਗਈਆਂ ਵਿਦਿਅਕ ਯੋਗਤਾਵਾਂ ਅਤੇ ਤਜਰਬਾ ਕੀ ਸੀ ?

ਸ੍ਰੀ ਮਨੋਰੰਜਨ ਕਾਲੀਆ: (ਸਿਹਤ ਅਤੇ ਪਰਿਵਾਰ ਭਲਾਈ ਮੰਤਰੀ) 20 (ਵੀਹ) ਹੋਮਿਓਪੈਥਿਕ ਡਿਸਪੈਂਸਰਾਂ ਦੀ ਭਰਤੀ ਰਾਜ ਵਿਚ ਮਿਤੀ 11 ਜਨਵਰੀ, 1987 ਤੋਂ 31 ਦਸੰਬਰ, 1987 ਦੇ ਦੌਰਾਨ ਕੀਤੀ ਗਈ ਸੀ ।

ਯੋਗਤਾ:

1. ਦਸਵੀਂ

2. ਦਸਵੀਂ ਪੱਧਰ ਤੱਕ ਪੰਜਾਬੀ ਪਾਸ

ਤਜਰਬਾ

ਸਰਕਾਰੀ ਡਿਸਪੈਂਸਰੀ/ਹਸਪਤਾਲ, ਵਿਚ ਬਤੌਰ ਫਾਰਮਾਸਿਸਟ/ਕੰਪਾਊਂਡਰ ਕੰਮ ਕਰਨ ਦਾ ਦੋ ਸਾਲ ਦਾ ਤਜਰਬਾ ।

ਜਾਂ

ਹੋਮਿਓਪੈਥਿਕ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਦੇ ਅਧੀਨ ਬਤੌਰ ਕੰਪਾਊਂਡਰ ਫਾਰਮਾਸਿਸਟ ਕੰਮ ਕਰਨ ਦਾ ਤਿੰਨ ਸਾਲ ਦਾ ਤਜਰਬਾ ।

ਹੋਮਿਓਪੈਥਿਕ ਵਿਭਾਗ ਦੇ ਕਰਮਚਾਰੀਆਂ ਦੇ ਸੇਵਾ-ਨਿਯਮ

*569. (ਸੀ.ਯੂ.) **ਸ੍ਰੀ ਸ਼ਿੰਗਾਰਾ ਰਾਮ ਸਹੁੰਗੜਾ:** ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹੋਮਿਓਪੈਥੀ ਵਿਭਾਗ ਵਿਚ ਕੰਮ ਕਰ ਰਹੇ ਕਰਮਚਾਰੀਆਂ ਦੀ ਭਰਤੀ ਅਤੇ ਸੇਵਾ ਦੀਆਂ ਸ਼ਰਤਾਂ ਸਬੰਧੀ ਕੋਈ ਨਿਯਮ ਬਣਾਏ ਗਏ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸ੍ਰੀ ਮਨੋਰੰਜਨ ਕਾਲੀਆ: (ਸਿਹਤ ਅਤੇ ਪਰਿਵਾਰ ਭਲਾਈ ਮੰਤਰੀ) ਸਰਵਿਸ ਰੂਲ਼ਜ਼ ਨੂੰ ਬਣਾਉਣ ਸਬੰਧੀ ਮਾਮਲਾ ਸਰਕਾਰ ਦੇ ਮੁੱਖ ਤੌਰ ਤੇ ਵਿਚਾਰ ਅਧੀਨ ਹੈ ।

*For St. Q. No. 567(C.U.) and Reply there to, please see Appendix—II to this Annexture.

ਤਹਿਸੀਲ ਗੜ੍ਹਸ਼ੰਕਰ ਵਿਚ ਪਾਲਟੈਕਨਿਕ/ਆਈ.ਟੀ.ਆਈ. ਖੋਲ੍ਹਣਾ

*570 (ਸੀ.ਯੂ.) ਸ੍ਰੀ ਸ਼ਿੰਗਾਰਾ ਰਾਮ ਸਹੂੰਗੜ੍ਹਾ : ਕੀ ਤਕਨੀਕੀ ਸਿਖਿਆ ਅਤੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿੱਤੀ ਸਾਲ 1997-98 ਦੇ ਦੌਰਾਨ ਤਹਿਸੀਲ ਗੜ੍ਹਸ਼ੰਕਰ ਦੇ ਬੀਟ ਇਲਾਕੇ ਵਿਚ ਕੋਈ ਪਾਲੀਟੈਕਨਿਕ/ਆਈ. ਟੀ. ਆਈ. ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਮੰਤਵ ਲਈ ਕੁੱਲ ਕਿੰਨੀ ਰਕਮ ਮਖਸੂਸ ਕੀਤੀ ਗਈ ਹੈ ?

ਡਾਕਟਰ ਉਪਿੰਦਰਜੀਤ ਕੌਰ : ਨਹੀਂ ਜੀ। ਵਿੱਤੀ ਸਾਲ 1997-98 ਦੌਰਾਨ ਗੜ੍ਹਸ਼ੰਕਰ ਤਹਿਸੀਲ ਦੇ ਬੀਟ ਏਰੀਏ ਵਿੱਚ ਕੋਈ ਬਹੁਤਕਨੀਕੀ ਜਾਂ ਆਈ. ਟੀ. ਆਈ. ਖੋਲ੍ਹਣ ਦੀ ਤਜਵੀਜ਼ ਨਹੀਂ ਹੈ ਜੀ।

ਅਵਾਰਾ ਪਸ਼ੂਆਂ ਤੋਂ ਹੋਣ ਵਾਲੇ ਨੁਕਸਾਨ ਨੂੰ ਰੋਕਣਾ

*571 (ਸੀ.ਯੂ.) ਸ੍ਰੀ ਸ਼ਿੰਗਾਰਾ ਰਾਮ ਸਹੂੰਗੜ੍ਹਾ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਹਿਸੀਲ ਗੜ੍ਹਸ਼ੰਕਰ ਵਿਚ ਅਵਾਰਾ ਪਸ਼ੂਆਂ ਖਾਸ ਤੌਰ ਤੇ ਅਵਾਰਾ ਗਊਆਂ ਅਤੇ ਨੀਲਗਾਈਆਂ ਦੁਆਰਾ ਕਿਸਾਨਾਂ ਦੀਆ ਫਸਲਾਂ ਨੂੰ ਕੀਤੇ ਜਾ ਰਹੇ ਨੁਕ-ਸਾਨ ਨੂੰ ਰੋਕਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਲਈ ਕਿੰਨੀ ਰਕਮ ਮਖਸੂਸ ਕੀਤੀ ਗਈ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਜੀ ਨਹੀਂ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 572 (ਸੀ.ਯੂ.)

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ।)

ਡਵੀਜ਼ਨਾਂ ਦੇ ਕਮਿਸ਼ਨਰਾਂ ਨੂੰ ਉਨ੍ਹਾਂ ਦੇ ਹੈੱਡ-ਕੁਆਰਟਰਜ਼ ਤੋਂ ਇਲਾਵਾ ਰਿਹਾਇਸ਼ੀ ਥਾਵਾਂ ਤੇ ਟੈਲੀਫੋਨ ਦੀ ਸੁਵਿਧਾ

*573(ਸੀ.ਯੂ.)ਸ੍ਰੀ ਸ਼ਿੰਗਾਰਾ ਰਾਮ ਸਹੂੰਗੜ੍ਹਾ, : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਡਵੀਜ਼ਨਾਂ ਦੇ ਕਮਿਸ਼ਨਰਾਂ ਨੂੰ ਉਨ੍ਹਾਂ ਦੇ ਡਵੀਜ਼ਨਲ-ਹੈਡ-ਕੁਆਰਟਰਜ਼ ਤੋਂ ਇਲਾਵਾ ਹੋਰ ਥਾਵਾਂ ਤੇ ਸਥਿਤ ਉਨ੍ਹਾਂ ਦੀਆਂ ਰਿਹਾਇਸ਼ਾਂ ਤੇ ਸਰਕਾਰ ਵਲੋਂ ਕੋਈ ਟੈਲੀਫੋਨ ਕੁਨੈਕਸ਼ਨ ਦਿਤੇ ਜਾਂਦੇ ਹਨ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਟੈਲੀਫੋਨਾਂ ਦੇ ਖਰਚਿਆਂ ਦੀ ਪ੍ਰਤੀ-ਪੂਰਤੀ ਲਈ ਕਿੰਨੀ ਮਾਸਿਕ ਸੀਮਾ ਨਿਰਧਾਰਿਤ ਕੀਤੀ ਗਈ ਹੈ ?

---

*X Placed in the Library

ਸਰਦਾਰ ਪ੍ਰਕਾਸ਼ ਸਿੰਘ ਮਜੀਠਾ (ਮਾਲ ਤੇ ਪੁਨਰਵਾਸ ਮੰਤਰੀ) : ਨਹੀਂ ਜੀ।

ਤਹਿਸੀਲ ਗੜ੍ਹਸ਼ੰਕਰ ਦੇ ਬੀਟ ਇਲਾਕੇ ਵਿਚ ਬੱਸ ਸੇਵਾ

*574(ਸੀ.ਯੂ.) ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਤਹਿਸੀਲ ਗੜ੍ਹਸ਼ੰਕਰ ਦੇ ਬੀਟ ਇਲਾਕੇ ਵਿਚ ਸਰਕਾਰੀ/ਪ੍ਰਾਈਵੇਟ ਓਪਰੇਟਰਾਂ ਦੁਆਰਾ ਚਲਾਈਆ ਜਾ ਰਹੀਆਂ ਬੱਸਾਂ/ਮਿੰਨੀ ਬੱਸਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਦੇ ਵੇਰਵੇ ਕੀ ਹਨ;

(ਅ) ਕੀ ਉਕਤ ਬੀਟ ਇਲਾਕੇ ਵਿਚ ਬੱਸਾਂ ਦੇ ਗੇੜੇ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ ?

ਸਰਦਾਰ ਰਘਬੀਰ ਸਿੰਘ (ਟਰਾਂਸਪੋਰਟ ਮੰਤਰੀ) : (ੳ) ਇਸ ਸਮੇਂ ਗੜ੍ਹਸ਼ੰਕਰ ਤਹਿਸੀਲ ਦੇ ਬੇਟ ਏਰੀਏ ਵਿਚ ਸਰਕਾਰੀ ਅਦਾਰੇ/ਪ੍ਰਾਈਵੇਟ ਓਪਰੇਟਰਾਂ ਵਲੋਂ ਬੱਸਾਂ/ਮਿੰਨੀ ਬੱਸਾਂ ਦੇ 31 ਵਾਪਸੀ ਫੇਰੇ ਚਲਾਏ ਜਾ ਰਹੇ ਹਨ।

(ਵੇਰਵੇ ਨੱਥੀ)

(ਅ) ਨਹੀਂ ਜੀ।

List of routes/services available in Beet area of Tehsil Garhshankar.

S. No.	Name of the Operator	Name of route	No. of return trips.
1	2		3
1.	Punjab Roadways, Nawanshahar.	Nawanshahar-Nangal via Garhshankar, Jhugian Santokhgarh.	4
		Garhshankar-Raipur	2
		Garhshankar-Jhugian	3
		Garhshankar-Nainwan via Jhuggian.	2
		Nawanshahar-Nainwan via Garhshankar Karimpur.	1
		Jhuggian-Chandigarh via Nainwan Karimpur.	1

1	2	3	4
2.	Punjab Roadways, Nangal.	Nangal-Dabwali, via Santokhgarh, Jhuggian Garhshankar.	2
		Jalandhar-Nangal via Jhuggian-Santokhgarh.	1
3.	Hoshiarpur Express Transport, Co. Ltd. Hoshiarpur.	Garhshankar-Jhuggian Nangal via Santokhgarh.	4
4.	Onkar Bus Service Ltd. Jalandhar.	Jalandhar-Garshankar-Nainwan.	1
5.	Pali Transport Co. Sirhind.	Jalandhar-Nangal via Jhuggian, Santokhgarh.	1
	Mini Buses		
1.		Garhshankar-Shekhowal via Jhuggian Bhawanipur, Nainawan.	6
2.		Garhshankar-Khurali via Singhpur.	3
			31

ਤਹਿਸੀਲ ਗੜ੍ਹਸ਼ੰਕਰ ਵਿਚ ਚੋਆਂ ਤੇ ਪੁਲਾਂ ਦਾ ਨਿਰਮਾਣ

*575(ਸੀ.ਯੂ.) ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਅਜਿਹੇ ਚੋਆਂ ਦਾ ਪਿੰਡ-ਵਾਰ ਵੇਰਵਾ ਕੀ ਹੈ ਜਿਹੜੇ ਪੁਲਾਂ ਤੋਂ ਬਗੈਰ ਹਨ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਚੋਆਂ ਉਤੇ ਪੁਲ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

ਸਰਦਾਰ ਹਰਮੇਲ ਸਿੰਘ (ਲੋਕ ਨਿਰਮਾਣ ਮੰਤਰੀ): (ੳ) ਗੜ੍ਹਸ਼ੰਕਰ ਤਹਿਸੀਲ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ 27 ਨੰਬਰ ਪੇਂਡੂ ਚੋਅ ਹਨ, ਜਿਨ੍ਹਾਂ ਉਤੇ ਕੋਈ ਕਾਜ-ਵੇ ਅਤੇ ਪੁਲ ਨਹੀਂ ਬਣਾਇਆ ਹੋਇਆ ਹੈ । (ਸੂਚੀ ਨੱਥੀ ਹੈ)

(ਅ) ਆਜਿਹੀ ਕੋਈ ਤਜਵੀਜ਼ ਨਹੀਂ ਹੈ ।

ANNEXURE-I

I. Choes on villages link roads.

1. 1. Near vill. Chak Gujran.
   2. Choe between vill. Kunail and Ror Mazara.
   3. Vill. Lasara Choe.
   4. Vill. Jiwanpur Choe.
   5. Vill. Jhanjewal Choe.

[P.W.D. & (B.R.) Minister]

6. Vill. Haliuwal Choe.
7. Vill. Paddi Khushi Choe.
8. Vill. Pansara Choe.
9. Vill. Thoana Choe.
10. Vill. Mahilpur Choe.
11. Near Vill. Makhangarh Choe.
12. Near Vill. Fatehgarh Choe.
13. Near Vill. Rampur Choe.
14. Near Vill. Maili Choe.
15. Near Vill. Gogron Choe.
16. Near Vill. Jaijon Choe.
17. Near Vill. Jangiliana Choe.
18. Vill. Fatehpur Kothi Choe.
19. Near Vill. Gagron Choe.

II. **Choes on Plan Road**

GARHSHANKAR SANTOKHGARH ROAD

1. Near Vill. Shahpur Choe.
2. Near Vill. Kot Mera Choe.
3. Near Vill. Pandori Choe.

GARHSHANKAR NURPUR ROAD (SHRI GURU TEG BAHADUR JI ROAD)

4. Near Vill. Sekhowal Choe (Nos. 3 Creaks)

MAHILPUR JAIJON ROAD.

5. Near Vill. Chak Narial Choe.
6. Near Vill. Khanni Choe (3 Nos. Creaks)
7. Near Vill. Harjrano Choe.
8. Near Vill. Jaijon Khad.

ਤਹਿਸੀਲ ਗੜ੍ਹਸ਼ੰਕਰ ਵਿਚ ਬਿਜਲੀ ਦੀ ਅਨਿਯਮਿਤ ਸਪਲਾਈ ਵਿਰੁੱਧ ਸ਼ਿਕਾਇਤਾਂ

*576 (ਸੀ.ਯੂ.) **ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਸਰਕਾਰ ਨੂੰ ਜਨਵਰੀ, 1997 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਤਹਿਸੀਲ ਗੜ੍ਹਸ਼ੰਕਰ ਦੇ ਪਿੰਡਾਂ ਵਿਚ ਬਿਜਲੀ ਦੀ ਅਨਿਯਮਿਤ ਸਪਲਾਈ ਸਬੰਧੀ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧੀ ਹੁਣ ਤੱਕ ਕੀਤੀ ਕਾਰਵਾਈ ਦੇ ਵੇਰਵੇ ਕੀ ਹਨ;

(ਅ) ਉਕਤ ਤਹਿਸੀਲ ਦੇ ਪਿੰਡਾਂ ਨੂੰ ਨਿਯਮਿਤ ਬਿਜਲੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਜਾ ਰਹੇ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਹਾਂ ਜੀ । ਇਹ ਵਿਘਨ ਸਾਰੇ ਰਾਜ ਅੰਦਰ ਬਿਜਲੀ ਦੀ ਸਪਲਾਈ ਨਿਯਮਤ ਕਰਨ ਵਾਸਤੇ ਚੁੱਕੇ ਗਏ ਕਦਮਾਂ ਦੇ ਕਾਰਨ ਸੀ ।

(ਅ) ਗੜ੍ਹਸ਼ੰਕਰ ਤਹਿਸੀਲ ਦੇ ਪਿੰਡਾਂ ਨੂੰ ਨਿਯਮਤ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ 66 ਕੇ. ਵੀ. ਸਬ-ਸਟੇਸ਼ਨ,ਸਰੋਆ ਦਾ ਪਸਾਰ ਕੀਤਾ ਗਿਆ ਅਤੇ ਹੋਰ ਵੱਖ-ਵੱਖ ਪਿੰਡਾਂ ਵਿੱਚ ਅਤਿਰਿਕਤ ਵੰਡ ਟਰਾਂਸਫਾਰਮਰਾਂ ਦੀ ਵਿਵਸਥਾ ਕੀਤੀ ਗਈ ਹੈ । ਬਿਨੇਵਾਲ ਖੇਤਰ ਦੇ ਦੂਰ ਦੇ ਪਿੰਡਾਂ ਲਈ ਇੱਕ ਫੇਜ਼ ਸਪਲਾਈ ਦੀ ਥਾਂ 3 ਫੇਜ਼ ਸਪਲਾਈ ਦੀ ਆਗਿਆ ਦਿੱਤੀ ਗਈ ਹੈ ।

———

ਤਹਿਸੀਲਦਾਰਾਂ ਦੀਆਂ ਤਰੱਕੀਆਂ

*577 (ਸੀ.ਯੂ.) ਡਾਕਟਰ ਹਰਬੰਸ ਲਾਲ ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਸਾਲ 1997 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਤਹਿਸੀਲਦਾਰਾਂ ਦੇ ਕਾਡਰ ਵਿਚ ਕੋਈ ਤਰੱਕੀਆਂ ਕੀਤੀਆਂ ਗਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਤਰੱਕੀ ਲੈਣ ਵਾਲੇ ਵਿਅਕਤੀਆਂ ਦੇ ਨਾਂ ਅਤੇ ਵੇਰਵੇ ਕੀ ਹਨ,

(ਅ) ਕੀ ਉਪਰੋਕਤ ਭਾਗ (ੳ) ਵਿਚ ਦਰਜ਼ਿਤ ਤਰੱਕੀਆਂ ਵਿਭਾਗੀ ਤਰੱਕੀ ਕਮੇਟੀ ਦੀ ਸਿਫਾਰਸ਼ ਤੇ ਕੀਤੀਆਂ ਗਈਆਂ ਸਨ; ਜੇਕਰ ਨਹੀਂ ਤਾਂ ਇਸ ਸਬੰਧੀ ਅਪਣਾਈ ਗਈ ਕਸੌਟੀ ਦੇ ਵੇਰਵੇ ਕੀ ਹਨ ਅਤੇ ਇਸ ਦੇ ਕਾਰਨ ਕੀ ਹਨ ?

Sardar Parkash Singh Majitha : (a) Yes, six Naib-Tehsildars, namely S/Sh/Smt. Nirmal Singh, Amarjit Singh, Kamal Kishore Verma, Gursewak Singh, Subash Padam and Paramjeet Kaur were promoted as Tehsildars during the year 1997.

(b) According to Govt. Instructions issued vide letter No. 4/3/93-3PPI/1150, dated 20-1-94, the cases of candidates are to be considered by the Departmental Promotion Committee and in case there is an enquiry or adverse remarks, pending against the employee, his case is required to be kept in a sealed cover. Whenever, these proceedings are concluded, the sealed covers are to be opened & the matter decided. The Departmental Promotion Committee, failed to follow the procedure laid down in the said instructions and did

not keep their cases in the sealed cover. The irregularity committed by the Departmental Promotion Committee was rectified and the cases of the Naib-Tehsildars were considered for promotions, strictly, in accordance with the Govt. instructions and promotions were made in order to avoid any unwanted litigation.

ਪਠਾਨਕੋਟ ਬਲਾਕ ਸੰਮਤੀ ਦੁਆਰਾ ਦੁਕਾਨਦਾਰਾਂ ਤੋਂ ਕਿਰਾਏ ਦੇ ਬਕਾਇਆਂ ਦੀ ਵਸੂਲੀ

*578 (ਸੀ.ਯੂ.) **ਸ਼੍ਰੀ ਸਤਿਆਪਾਲ ਸੈਣੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਲਾਕ ਸੰਮਤੀ, ਪਠਾਨਕੋਟ ਦੀਆਂ ਦੁਕਾਨਾਂ ਦੇ ਕਿਰਾਏ ਵਜੋਂ ਕੋਈ ਦੁਕਾਨਦਾਰਾਂ ਵੱਲ ਬਕਾਇਆ ਹਨ; ਜੇਕਰ ਅਜਿਹਾ ਹੋਵੇ, ਤਾਂ ਉਸ ਦੀ ਰਾਸ਼ੀ ਕਿੰਨੀ ਹੈ ਅਤੇ ਕਸੂਰਵਾਰਾਂ ਦੇ ਨਾਂ ਕੀ ਕੀ ਹਨ ਅਤੇ ਉਨ੍ਹਾਂ ਪਾਸੋਂ ਬਕਾਇਆਂ ਦੀ ਵਸੂਲੀ ਕਰਨ ਲਈ ਕੀ ਕਾਰਵਾਈ ਕੀਤੀ ਗਈ ਹੈ ?

ਸਰਦਾਰ ਨਿਰਮਲ ਸਿੰਘ ਕਾਹਲੋਂ : ਹਾਂ ਜੀ । ਬਕਾਇਆ ਕਿਰਾਏ ਦੇ ਵੇਰਵੇ ਸਮੇਤ ਬਾਕੀਦਾਰਾਂ ਦੇ ਨਾਂ ਅਤੇ ਉਹਨਾਂ ਪਾਸੋਂ ਬਕਾਇਆ ਰਕਮ ਵਸੂਲ ਕਰਨ ਬਾਰੇ ਕੀਤੀ ਗਈ ਕਾਰਵਾਈ ਦੇ ਵੇਰਵੇ ਅਨੁਲਗ 'ੲ' ਤੇ ਨੱਥੀ ਕੀਤੇ ਜਾਂਦੇ ਹਨ ।

ਅਨੁਲਗ 'ੲ'

ਦੁਕਾਨ ਨੰ:	ਲਾਇਸੰਸੀ ਦੁਕਾਨਦਾਰ ਦਾ ਨਾਂ	31-5-97 ਨੂੰ ਰੇਂਟ ਦੇ ਬਕਾਏ ਦੀ ਰਕਮ	ਵਸੂਲੀ ਲਈ ਕੀਤੀ ਕਾਰਵਾਈ ਦਾ ਵੇਰਵਾ
1	2	3	4
	ਸਰਵਸ਼੍ਰੀ/ਸ਼੍ਰੀਮਤੀ		
1.	ਵਿਜੇ ਕੁਮਾਰ ਪੁੱਤਰ ਐਸ. ਪੀ. ਮਹਾਜਨ ..	8,480.00	ਰਕਮ ਜਮ੍ਹਾਂ ਕਰਵਾਉਣ ਲਈ ਨੋਟਿਸ ਦਿੱਤਾ ਹੈ
2.	ਵਿਦਿਆ ਵੰਤੀ ਵਿਧਵਾ ਹੰਸ ਰਾਜ ..	998.00	,,
3.	ਸਤੀਸ਼ ਚੰਦਰ ਪੁੱਤਰ ਕਿਸ਼ਨ ਚੰਦਰ ..	3,898.00	,,
4.	ਨਰੇਸ਼ ਕੁਮਾਰ ਪੁੱਤਰ ਕ੍ਰਿਸ਼ਨ ਚੰਦ ..	6,164.00	,,
5.	ਸਤੀਸ਼ ਕੁਮਾਰ ਪੁੱਤਰ ਬਾਬੂ ਰਾਮ ..	51,271.00	ਬੇਦਖਲੀ ਦੇ ਹੁਕਮ ਹੋਣ ਤੇ ਵੀ ਨਾ ਤਾਂ ਰਕਮ ਜਮ੍ਹਾਂ ਕਰਵਾਈ ਨਾ ਹੀ ਦੁਕਾਨ ਖਾਲੀ ਕੀਤੀ ।

1	2	3	4
6.	ਅਸ਼ੋਕ ਕੁਮਾਰ ਪੁੱਤਰ ਬਸੰਬਰ ਦਾਸ ..	46,276.00	ਰਕਮ ਜਮ੍ਹਾਂ ਕਰਾਉਣ ਲਈ ਨੋਟਿਸ ਦਿੱਤਾ ਹੈ
7.	ਇੰਦਰਾ ਭੰਡਾਰੀ ਪੁੱਤਰ ਮੰਗਤ ਭੰਡਾਰੀ ..	28,750.00	-ਉਕਤ-
8.	ਬਲਦੇਵ ਰਾਜ ਪੁੱਤਰ ਧਾਰੀ ਰਾਮ ..	14.608.00	-ਉਕਤ-
9.	ਊਸ਼ਾ ਭਾਟੀਆ ਪਤਨੀ ਯੁਗਲ ਕਿਸ਼ੋਰ ..	1,056.00	-ਉਕਤ-
10.	ਪੂਰਨ ਚੰਦ ਅਗਰਵਾਲ ..	3,348.00	-ਉਕਤ-
11.	ਸੁਰਿੰਦਰ ਕੁਮਾਰ ਵਾਲੀਆ ..	4,924.00	-ਉਕਤ-
12.	ਸੁਰਿੰਦਰ ਕੁਮਾਰ ਵਾਲੀਆ ..	4,924.00	-ਉਕਤ-
13.	ਹੰਸ ਰਾਜ ਪੁੱਤਰ ਨੰਦ ਲਾਲ ..	6,174.00	-ਉਕਤ-
14.	ਰਾਜਨ ਚੋਪੜਾ ..	1,946.00	-ਉਕਤ-
15.	ਗੁਰਮਿੰਦਰ ਸਿੰਘ ਪੁੱਤਰ ਚਰਨ ਸਿੰਘ ..	6,194.00	-ਉਕਤ-
16.	ਬਲਵੀਰ ਕੁਮਾਰ—ਜਸਵੀਰ ਸਿੰਘ ..	8,684.00	-ਉਕਤ-
17.	ਬਲਵੀਰ ਕੁਮਾਰ—ਪ੍ਰਕਾਸ਼ ਕੌਰ ..	8,130.00	-ਉਕਤ-
18.	ਮਨਚੰਦਰ ਕੁਮਾਰ—ਤ੍ਰਪ੍ਰੇਮ ਲਾਲ ..	40,891.00	-ਉਕਤ-
19.	ਮਨਚੰਦਰ ਕੁਮਾਰ ਪੁੱਤਰ ਬਲਦੇਵ ਰਾਜ ..	14,581.00	-ਉਕਤ-
20.	ਸ਼ਾਮ ਸੁੰਦਰ ਪੁੱਤਰ ਤਰਲੋਕ ਨਾਥ ..	15,782.00	-ਉਕਤ-
21.	ਓਮ ਪ੍ਰਕਾਸ਼ ਪੁੱਤਰ ਧਨੀ ਰਾਮ ..	17,011.00	-ਉਕਤ-
22.	ਸੁਰਿੰਦਰ ਕੁਮਾਰ ਪੁੱਤਰ ਜਸਵੀਰ ਸਿੰਘ ..	52,700.00	-ਉਕਤ-
23.	ਮੰਗਤ ਰਾਮ ਪੁੱਤਰ ਹਰੀ ਦਾਸ ..	40,162.00	-ਉਕਤ-

1	2	3	4
24.	ਰਮੇਸ਼ ਚੰਦਰ ਪੁੱਤਰ ਦੀਵਾਨ ਚੰਦ ..	29,718.00	ਰਕਮ ਜਮ੍ਹਾਂ ਕਰਾਉਣ ਲਈ ਨੋਟਿਸ ਦਿੱਤਾ ਹੈ
25.	ਸਤੀਸ਼ ਚੰਦਰ ਪੁੱਤਰ ਕਿਸ਼ਨ ਚੰਦ ..	10,228.00	-ਉਕਤ-
26.	ਅਨਿਲ ਕੁਮਾਰ ਪੁੱਤਰ ਦੁਵਾਰਕਾ ਦਾਸ ..	10,420.00	-ਉਕਤ-
27.	ਦੁਵਾਰਕਾ ਦਾਸ ਪੁੱਤਰ ਗਿਆਨ ਚੰਦ ..	12,210.00	-ਉਕਤ-
28.	ਗੋਪਾਲ ਮਹਾਜਨ ਪੁੱਤਰ ਬਿਸ਼ਨ ਦਾਸ ..	26,604.00	-ਉਕਤ-
29.	ਪੰਕਜ ਪੁੱਤਰ ਕਸਤੂਰੀ ਲਾਲ ..	42,795.00	ਦੁਕਾਨ ਅੱਗੇ ਸਬਲੇਟ ਕਰ ਦਿੱਤੀ ਹੈ। ਕੁਲੈਕਟਰ ਦੀ ਅਦਾਲਤ ਵਿੱਚ ਕੇਸ ਪੈਂਡਿੰਗ ਹੈ। ਵਸੂਲੀ ਲਈ ਕਾਰਵਾਈ ਕੀਤੀ ਜਾ ਰਹੀ ਹੈ।
30.	ਸੰਮਤੀ ਸਟੋਰ (ਰੇਜ਼ੂਲੇਸ਼ਨ ਨੰ: 42/24-8-94 ਮੁਤਾਬਕ)—		
31.	ਵਿਵੇਕ ਪੁੱਤਰ ਪ੍ਰੇਮ ਲਾਲ ..	34,816.00	ਰਕਮ ਜਮ੍ਹਾਂ ਕਰਾਉਣ ਲਈ ਨੋਟਿਸ ਦਿੱਤਾ ਹੈ।
32.	ਪ੍ਰੇਮ ਕੁਮਾਰ ਪੁੱਤਰ ਬਰਕਤ ਰਾਮ ..	7,566.00	,,
33.	ਰਾਮ ਨਰਾਇਣ ਅਰੋੜਾ ..	1,101.00	,,
34.	ਦਿਨੇਸ਼ ਕੁਮਾਰ ..	12,578.00	,,
35.	ਵੀਰ ਭਾਨ ਪੁੱਤਰ ਧਿਰਤ ਰਾਮ ..	13,108.00	,,
36.	ਰਛਪਾਲ ਸਿੰਘ ਪੁੱਤਰ ਕਰਤਾਰ ਸਿੰਘ ..	16,188.00	,,
37.	ਸੋਨੂੰ ਪੁੱਤਰ ਸੁਭਾਸ਼ ..	29,453.00	,,
38.	ਸਤੀਸ਼ ਚੰਦਰ ਪੁੱਤਰ ਕਿਸ਼ਨ ਚੰਦ ..	28,174.00	,,
39.	ਕੰਵਲ ਨਰਾਇਣ ਪੁੱਤਰ ਜੇ ਨਰਾਇਣ..	13,182.00	,,
40.	ਰਜੀਵ ਸਾਰਦਾ ਪੁੱਤਰ ਵੀ. ਕੇ. ਸਾਰਦਾ ..	25,448.00	,,

1	2	3	4
41.	ਅਜੇ ਕੁਮਾਰ	.. 1,876.00	ਰਕਮ ਜਮ੍ਹਾਂ ਕਰਾਉਣ ਲਈ ਨੋਟਿਸ ਦਿੱਤਾ ਹੈ
42.	ਦਵਿੰਦਰ ਕੁਮਾਰ ਪੁੱਤਰ ਓਮ ਪ੍ਰਕਾਸ਼	.. 12,118.00	,,
43.	ਰਜੇਸ਼ ਕੁਮਾਰ	.. 7,031.00	,,
44.	ਰਕੇਸ਼ ਕੁਮਾਰ ਪੁੱਤਰ ਕਿਸ਼ਨ ਚੰਦ	.. 7,758.00	,,
45.	ਰਮੇਸ਼ ਕੁਮਾਰ	.. 9,436.00	,,
46.	ਰਿੰਕੂ ਪੁੱਤਰ ਵੀਰ ਭਾਨ	.. 8,178.00	,,
47.	ਸੁਨੀਲ ਸਾਰਦਾ ਪੁੱਤਰ ਵੀ. ਕੇ. ਸਾਰਦਾ	.. 24,558.00	,,
48.	ਸੁਨੀਲ ਕੁਮਾਰ ਪੁੱਤਰ ਕਸਤੂਰੀ ਲਾਲ	.. 30,878.00	,,
49.	ਅਤਲ ਪੁਰੀ ਪੁੱਤਰ ਸਤੀਸ਼ ਪੁਰੀ	.. 1,400.00	,,
50.	ਚੇਤਨ ਪੁਰੀ ਪੁੱਤਰ ਸਤੀਸ਼ ਪੁਰੀ	.. 18,850.00	,,
51.	ਅਕਾਸ਼ ਮਹਾਜਨ ਪੁੱਤਰ ਪਵਨ ਮਹਾਜਨ	.. 19,240.00	,,
52.	ਕਿਸ਼ਨ ਚੰਦ—ਮੁਕੇਸ਼ ਕੁਮਾਰ	.. 18,386.00	,,
53.	ਬਿਰਜ ਮੋਹਨ ਪੁੱਤਰ ਜਗਨ ਨਾਥ	.. 25,944.00	,,
54.	ਪਵਨ ਕੁਮਾਰ ਪੁੱਤਰ ਗਿਆਨ ਚੰਦ	.. 20,247.00	,,
55.	ਰਵਿੰਦਰ ਕੁਮਾਰ	.. 13,924.00	,,
56.	ਸਤੀਸ਼ ਕੁਮਾਰ ਪੁੱਤਰ ਕਿਸ਼ਨ ਚੰਦ	.. 6,224.00	,,
57.	ਅਰੁਣ ਕੁਮਾਰ	. 7,024.00	,,
58.	ਚਰਾਗ ਦੀਪ ਪੁੱਤਰ ਵਿਨੋਦ ਕੁਮਾਰ	.. 20,974.00	,,

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

1	2	3	4
59.	ਚੰਦਰ ਪ੍ਰਕਾਸ਼ ਪੁੱਤਰ ਕ੍ਰਿਸ਼ਨ ਚੰਦ ..	8,350.00	ਰਕਮ ਜਮ੍ਹਾਂ ਕਰਾਉਣ ਨੋਟਿਸ ਦਿੱਤਾ ਹੈ
60.	ਅਸ਼ੋਕ ਕੁਮਾਰ ਪੁੱਤਰ ਸ਼ੋਰੀ ਲਾਲ ਐਂਡ ਸੰਨਜ਼ ..	5,600.00	,,
61.	ਰਾਮ ਸਰੂਪ ਸਿੰਘ ਪੁੱਤਰ ਹਰਦੇਵ ਸਿੰਘ ..	15,600.00	,,
62.	ਅਸ਼ੋਕ ਕੁਮਾਰ ਪੁੱਤਰ ਸ਼ੋਰੀ ਲਾਲ ਐਂਡ ਸੰਨਜ਼ ..	46,200.00	,,
63.	ਬਾਬੂ ਰਾਮ ਪੁੱਤਰ ਖੇਲੀ ਰਾਮ ..	22,112.00	ਤਹਿਸੀਲਦਾਰ ਸੇਲ ਪਾਸੋਂ ਰਜਿਸਟਰੀ ਕਰਵਾ ਲਈ ਹੈ । ਕੇਸ ਕੁਲੈਕਟਰ ਦੀ ਅਦਾਲਤ ਵਿੱਚ ਪੈਂਡਿੰਗ ਹੈ ।
64.	ਦਵਾਰਕਾ ਦਾਸ ਪੁੱਤਰ ਗਿਆਨ ਚੰਦ ..	5,430.00	ਰਕਮ ਜਮ੍ਹਾਂ ਕਰਾਉਣ ਲਈ ਨੋਟਿਸ ਦਿਤਾ ਹੈ ।
65.	ਮਦਨ ਗੋਪਾਲ ਪੁੱਤਰ ਬਾਵਾ ਦਿੱਤਾ ..	18,596.00	ਦੁਕਾਨ 29 ਵਲ ਦਰਵਾਜ਼ਾ ਕੱਢ ਕੇ ਦੋਹਾਂ ਦੁਕਾਨਾਂ ਦੀ ਇੱਕੋ ਹੀ ਬਣਾ ਲਈ ਹੈ । ਕੇਸ ਕੁਲੈਕਟਰ ਦੀ ਅਦਾਲਤ ਵਿੱਚ ਪੈਂਡਿੰਗ ਹੈ ।
66.	ਪਰੇਮ ਕੁਮਾਰ ਪੁੱਤਰ ਅਨਿਲ ਕੁਮਾਰ ..	8,648.00	ਨੋਟਿਸ ਦਿੱਤਾ ਹੈ ।
67.	ਮੋਹਨ ਲਾਲ ਪੁੱਤਰ ਸਾਧੂ ਰਾਮ ..	—	ਦੁਕਾਨ ਵਿਕ ਚੁੱਕੀ ਹੈ।
68.	ਸੁਦਰਸ਼ਨ ਕੁਮਾਰ ਪੁੱਤਰ ਬਾਬੂ ਰਾਮ ..	11,430.00	ਨੋਟਿਸ ਦਿੱਤਾ ਹੈ ।
69.	ਸੁਭਾਸ਼ ਪੁੱਤਰ ਚੂੰਨੀ ਲਾਲ ..	3,367,00	,,
70.	ਵੀਰ ਭਾਨ ਪੁੱਤਰ ਧੀਰਤਰਸ ..	2,574.00	,,
71.	ਓਮ ਪ੍ਰਕਾਸ਼ ਪੱਤਰ ਨਾਨਕ ਚੰਦ ..	268.00	,,

1	2	3	4
72.	ਜਨਕ ਰਾਜ ਪੁੱਤਰ ਹੰਸ ਰਾਜ ..	268.00	ਨੋਟਿਸ ਦਿੱਤਾ ਹੈ
73.	ਹਰੀਸ਼ ਕੁਮਾਰ ਪੁੱਤਰ ਪਸ਼ੌਰੀ ਲਾਲ ..	3,691.00	,,
74.	ਵਿਨੋਦ ਕੁਮਾਰ ਪੁੱਤਰ ਪਿਸ਼ੌਰੀ ਲਾਲ ..	7,505.00	,,
75.	ਖੁਰਾਣਾ ਐਂਡ ਸੰਨਜ਼ ..	15,855,00	ਰਕਮ ਜਮ੍ਹਾਂ ਕਰਾਉਣ ਲਈ ਨੋਟਿਸ ਦਿੱਤਾ ਹੈ।
76.	ਮੋਹਨ ਲਾਲ—ਖੁਸ਼ੀ ਰਾਮ ..	13,716.00	,,
77.	ਰਾਜ ਕੁਮਾਰ ਪੁੱਤਰ ਗਿਆਨ ਚੰਦ ..	16,972.00	ਬੇਦਖਲੀ ਦੇ ਹੁਕਮ ਹੋਣ ਤੇ ਵੀ ਨਾ ਤਾਂ ਰਕਮ ਜਮ੍ਹਾਂ ਕਰਾਈ ਹੈ ਅਤੇ ਨਾ ਹੀ ਸ਼ੈਡ ਖਾਲੀ ਕੀਤਾ ਹੈ।
78.	ਨਾਗਰ ਮੱਲ ਐਂਡ ਸੰਨਜ਼ ..	94,752.00	-ਉਪਰੋਕਤ-

ਜੇਲ ਘਰ ਦੀਆਂ ਦੁਕਾਨਾਂ

1	2	3	4
1.	ਗੁਰਦਿਆਲ ਚੰਦ—ਵਿਜੇ ਕੁਮਾਰ ..	1,550.00	ਰਕਮ ਜਮ੍ਹਾਂ ਕਰਾਉਣ ਲਈ ਨੋਟਿਸ ਦਿੱਤਾ ਹੈ।
2.	ਤਿਲਕ ਰਾਜ ਪੁੱਤਰ ਦਾਸ ਮੱਲ ..	1,360.00	,,
3.	ਹੰਸ ਰਾਜ ਐਂਡ ਸੰਨਜ਼ ..	4,564.00	,,
4.	ਰਵੀ ਕੁਮਾਰ—ਵਿਜੇ ਕੁਮਾਰ ..	322.00	,,
5.	ਦਿਆ ਰਾਮ ਪੁੱਤਰ ਮੱਲੋ ਰਾਮ ..	220.00	,,
6.	ਸੁਰਿੰਦਰ ਕੁਮਾਰ ਪੁੱਤਰ ਮਦਨ ਲਾਲ ..	1,860.00	,,
7.	ਓਮ ਪ੍ਰਕਾਸ਼ ਪੁੱਤਰ ਪਿਰਥੀ ਚੰਦ ..	228.00	,,
8.	ਰਾਮ ਪ੍ਰਸਾਦ ਪੁੱਤਰ ਨੰਦ ਲਾਲ ..	220.00	,,
9.	ਵਿਜੇ ਕੁਮਾਰ ਪੁੱਤਰ ਰਾਮ ਪ੍ਰਸਾਦ ..	220.00	,,

1	2	3	4
10.	ਵਿਜੇ ਕੁਮਾਰ ਪੁੱਤਰ ਰਾਮ ਪ੍ਰਸਾਦ ..	322.00	ਰਕਮ ਜਮ੍ਹਾਂ ਕਰਾਉਣ ਲਈ ਨੋਟਿਸ ਦਿੱਤਾ ਹੈ
11.	ਸੰਸਾਰੀ ਲਾਲ ਪੁੱਤਰ ਰਾਮ ਰੱਖਾ ..	188.00	,,
12.	ਕਰਮ ਚੰਦ ਕਲੋਤਰਾ ..	322.00	,,
13.	ਰਤਨ ਚੰਦ ਐਂਡ ਸੰਨਜ਼ ..	5,540.00	,,
14.	ਲਲਿਤ ਮਹਾਜਨ ਐਡਵੋਕੇਟ ..	1,853.00	,,
15.	ਰਮਾਂ ਕਾਂਤ ਦੁੱਬੇ ..	282.00	,,
	ਖੋਖੇ ਸਮੇਤੀ ਸਰਾਏ		
1.	ਤਿਲਕ ਰਾਜ ਪੁੱਤਰ ਸਾਂਝੀ ਰਾਮ ..	1,198.00	,,
2.	ਖਰੈਤੀ ਲਾਲ ਪੁੱਤਰ ਸੰਤ ਰਾਮ ..	2,768.00	,,
3.	ਤਰਸੇਮ ਲਾਲ ਪੁੱਤਰ ਬਾਬੂ ਰਾਮ ..	2,287.00	,,
4.	ਸੁਭਾਸ਼ ਚੰਦਰ ਪੁੱਤਰ ਕਰਮ ਚੰਦ ..	6,588.00	,,
5.	ਸੁਭਾਸ਼ ਪੁੱਤਰ ਮੇਲਾ ਰਾਮ ..	3,054.00	,,
6.	ਊਦੇ ਰਾਜ ਪੁੱਤਰ ਪੂਰਨ ਚੰਦ ..	268.00	,,
7.	ਰੋਹਿਤ ਕੁਮਾਰ ਪੁੱਤਰ ਬਲਦੇਵ ਰਾਜ ..	7,992.00	ਬੇਦਖਲੀ ਦੇ ਹੁਕਮ ਹੋਣ ਤੇ ਵੀ ਨਾ ਤਾਂ ਦੁਕਾਨ/ਖੋਖਾ ਖਾਲੀ ਕੀਤਾ ਹੈ ਅਤੇ ਨਾ ਹੀ ਬਕਾਏ ਦੀ ਅਦਾਇਗੀ ਕੀਤੀ ਹੈ ।
8.	ਤੀਰਥ ਰਾਮ ਪੁੱਤਰ ਸਦਰ ਦਾਸ ..	268.00	ਨੋਟਿਸ ਦਿੱਤਾ ਹੈ ।
9.	ਜੋਗਿੰਦਰ ਪਾਲ ਪੁੱਤਰ ਰਾਮ ਚੰਦ ..	5,148.00	ਬੇਦਖਲੀ ਦੇ ਹੁਕਮ ਹੋਣ ਤੇ ਵੀ ਨਾ ਤਾਂ ਖੋਖਾ ਖ਼ਾਲੀ ਕੀਤਾ ਹੈ ਅਤੇ ਨਾ ਹੀ ਬਕਾਇਆ ਜਮ੍ਹਾਂ ਕਰਵਾਇਆ ਹੈ ।
10.	ਖੁਸ਼ੀ ਰਾਮ ਪੁੱਤਰ ਬਾਬੂ ਰਾਮ ..	7,992.00	,,

1	2	3	4
11.	ਬੰਸੀ ਲਾਲ ਐਂਡ ਸੰਨਜ਼ ..	1,464.00	ਨੋਟਿਸ ਦਿੱਤਾ ਹੈ ।
12.	ਮਦਨ ਮਸੀਹ ..	7,992.00	ਬੇਦਖਲੀ ਦੇ ਹੁਕਮ ਹੋਣ ਤੇ ਵੀ ਨਾ ਤਾਂ ਖੋਖਾ ਖਾਲੀ ਕੀਤਾ ਹੈ ਅਤੇ ਨਾ ਹੀ ਰਕਮ ਜਮ੍ਹਾਂ ਕਰਵਾਈ ਹੈ ।
13.	ਵੇਸ਼ਨੂੰ ਦਾਸ ..	13,099.00	,,
14.	ਦੀਵਾਨ ਚੰਦ ਪੁੱਤਰ ਰਾਮ ਚੰਦ ..	7,992.00	,,
15.	ਸੀ. ਐਲ. ਗੁਪਤਾ ..	8,442.00	,,
16.	ਪੁਸ਼ਪਾ ਰਾਣੀ ਪਤਨੀ ਸਿਤ ਰਾਮ ..	776.00	ਨੋਟਿਸ ਦਿੱਤਾ ਹੈ ।
17.	ਅਸ਼ੋਕ ਕੁਮਾਰ ਪੁੱਤਰ ਜਗਨ ਨਾਥ ..	6,168.00	,,
18.	ਕਸਤੂਰੀ ਲਾਲ ਪੁੱਤਰ ਬਿਸੰਭਰ ਦਾਸ..	5,536.00	,,
19.	ਦੀਵਾਨ ਚੰਦ ..	13,099.00	ਬੇਦਖਲੀ ਹੋਣ ਤੇ ਵੀ ਖੋਖਾ ਨਹੀਂ ਚੁੱਕਿਆ ਅਤੇ ਨਾ ਹੀ ਬਕਾਏ ਦੀ ਅਦਾਇਗੀ ਕੀਤੀ ਹੈ ।
20.	ਅਮਰ ਨਾਥ ਪੁੱਤਰ ਵੀਰ ਭਾਨ ..	4,388.00	ਨੋਟਿਸ ਦਿੱਤਾ ਹੈ ।
21.	ਨਰਿੰਦਰ ਕੁਮਾਰ ਪੁੱਤਰ ਕਿਸ਼ਨ ਚੰਦ ..	7,992.00	ਬੇਦਖਲੀ ਦੇ ਹੁਕਮ ਹੋਣ ਤੇ ਵੀ ਨਾ ਤਾਂ ਜਗ੍ਹਾ ਖਾਲੀ ਕੀਤੀ ਹੈ ਅਤੇ ਨਾ ਹੀ ਬਕਾਏ ਦੀ ਅਦਾਇਗੀ ਕੀਤੀ ਹੈ ।
22.	ਮੁਨੀ ਲਾਲ ਪੁੱਤਰ ਕਿਸ਼ਨ ਚੰਦ ..	7,992.00	,,

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

1	2	3	4
23.	ਤਰਸੇਮ ਲਾਲ ਭੰਡਾਰੀ	.. 5,254.00	ਨੋਟਿਸ ਦਿੱਤਾ ਹੈ ।
24.	ਪਵਨ ਕੁਮਾਰ ਪੁੱਤਰ ਪੂਰਨ ਚੰਦ	.. 2,492.00	ਬੇਦਖਲੀ ਦੇ ਹੁਕਮ ਹੋਣ ਤੇ ਵੀ ਨਾ ਤਾਂ ਜਗ੍ਹਾ ਖਾਲੀ ਕੀਤੀ ਹੈ ਅਤੇ ਨਾ ਹੀ ਰਕਮ ਅਦਾ ਕੀਤੀ ਹੈ ।
25.	ਸ਼ਕੁੰਤਲਾ ਦੇਵੀ	.. 4,591.00	ਨੋਟਿਸ ਦਿੱਤਾ ਹੈ ।
26.	ਬਨਾਰਸੀ ਦਾਸ	.. 5,888.00	,,
	ਜੋੜ	.. 14,18,372.00	

ਨਿਸ਼ਾਨ ਵਾਲੇ ਪ੍ਰਸ਼ਨ ਨੰਬਰ x.x. 579 (ਸੀ. ਯੂ.) ਅਤੇ 580* (ਸੀ. ਯੂ.)
(ਇਨ੍ਹਾਂ ਸਵਾਲਾਂ ਦੇ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਏ)

ਜਲੰਧਰ ਵਿੱਚ ਰਿਹਾਇਸ਼ੀ ਮਕਾਨਾਂ ਦੇ ਉਪਰੋਂ ਦੀ ਲੰਘਦੀਆਂ ਹਾਈ ਟੈਨਸ਼ਨ ਵਾਇਰਜ਼ ਨੂੰ ਹਟਾਉਣਾ

*581 (ਸੀ. ਯੂ.) ਸ਼੍ਰੀ ਮਨੋਰੰਜਨ ਕਾਲੀਆ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰਾਜ ਬਿਜਲੀ ਬੋਰਡ ਨੇ ਗੁਰੂ ਨਾਨਕਪੁਰਾ ਵੈਸਟ, ਜਲੰਧਰ ਵਿਚ ਰਿਹਾਇਸ਼ੀ ਮਕਾਨਾਂ ਦੇ ਉਪਰੋਂ ਦੀ ਲੰਘਦੀਆਂ ਓਵਰ ਹੈਡ ਹਾਈ ਟੈਨਸ਼ਨ ਵਾਇਰਜ਼ ਨੂੰ ਹਟਾਉਣ ਲਈ ਕੋਈ ਸਕੀਮ ਬਣਾਈ ਹੈ, ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੇ ਕਦੋਂ ਤੱਕ ਹਟਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਹੀਂ ਜੀ ।

ਗੁਰੂ ਨਾਨਕ ਪੁਰਾ, ਜਲੰਧਰ ਵਿਚ ਸੀਵਰੇਜ ਵਿਛਾਉਣਾ

*582 (ਸੀ.ਯੂ.) ਸ਼੍ਰੀ ਮਨੋਰੰਜਨ ਕਾਲੀਆ : ਕੀ ਸਥਾਨਕ ਸਰਕਾਰ ਅਤੇ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੁਰੂ ਨਾਨਕ ਪੁਰਾ, ਜਲੰਧਰ ਵਿਚ ਸੀਵਰੇਜ ਵਿਛਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਕੰਮ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਬਲਰਾਮ ਜੀ ਦਾਸ ਟੰਡਨ : ਜੀ ਹਾਂ, ਇਹ ਕੰਮ 31.3.98 ਤੱਕ ਖਤਮ ਹੋ ਜਾਣ ਦੀ ਸੰਭਾਵਨਾ ਹੈ ਜੀ ।

*For Starred Q. No. 580 (C.U.) and Reply thereto please see Appendix II to this Appendix.

x.x. Reply to C.U.x. 579 placed in the Library on 8-2-2000.

ਬਸਤੀ ਸ਼ੇਖ, ਜਲੰਧਰ ਵਿਚ ਬਾਈ-ਪਾਸ ਸੜਕ ਦੀ ਉਸਾਰੀ

*583 (ਸੀ.ਯੂ.) ਸ੍ਰੀ ਮਨੋਰੰਜਨ ਕਾਲੀਆ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਸਤੀ ਸ਼ੇਖ, ਜਲੰਧਰ ਤੋਂ ਬਾਈ-ਪਾਸ ਸੜਕ ਉਸਾਰੀ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਉਸਾਰੀ ਦਾ ਕੰਮ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਹਰਮੇਲ ਸਿੰਘ (ਲੋਕ ਨਿਰਮਾਣ ਮੰਤਰੀ) : ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ ਕੋਲ ਕੋਈ ਤਜਵੀਜ਼ ਨਹੀਂ ਹੈ ।

ਜਲੰਧਰ ਸ਼ਹਿਰ ਵਿਚ ਜਨਤਕ ਵੰਡ ਪ੍ਰਣਾਲੀ ਅਧੀਨ ਰਾਸ਼ਨ ਡਿਪੂਆਂ ਦੀ ਗਿਣਤੀ

*584 (ਸੀ.ਯੂ.) ਸ੍ਰੀ ਮਨੋਰੰਜਨ ਕਾਲੀਆ : ਕੀ ਖੁਰਾਕ ਅਤੇ ਸਪਲਾਈਜ਼, ਅਤੇ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਜਲੰਧਰ ਸ਼ਹਿਰ ਵਿਚ 31 ਮਾਰਚ, 1997 ਤੱਕ ਜਨਤਕ ਵੰਡ ਪ੍ਰਣਾਲੀ ਅਧੀਨ ਰਾਸ਼ਨ ਡਿਪੂਆਂ ਦੀ ਕੁੱਲ ਗਿਣਤੀ ਕਿੰਨੀ ਸੀ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਡਿਪੂਆਂ ਵਿਚੋਂ ਅਜਿਹੇ ਡਿਪੂਆਂ ਦੀ ਗਿਣਤੀ ਕਿੰਨੀ ਹੈ ਜਿਹੜੇ 1992 ਤੋਂ 1996 ਤੱਕ ਦੇ ਸਮੇਂ ਦੌਰਾਨ ਮਨਜ਼ੂਰ/ਅਲਾਟ ਕੀਤੇ ਗਏ ਸਨ ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਡਿਪੂਆਂ ਵਿਚੋਂ ਅਜਿਹੇ ਡਿਪੂਆਂ ਦੀ ਗਿਣਤੀ ਕਿੰਨੀ ਹੈ ਜਿਹੜੇ ਮਿੱਟੀ ਦਾ ਤੇਲ ਵੀ ਸਪਲਾਈ ਕਰ ਰਹੇ ਹਨ ਅਤੇ ਉਨ੍ਹਾਂ ਡਿਪੂਆਂ ਤੇ ਮਿੱਟੀ ਦਾ ਤੇਲ ਸਪਲਾਈ ਕਰਨ ਦਾ ਸਮਾਂ ਕੀ ਹੈ ;

(ਸ) ਕੀ ਰਾਜ ਵਿਚ ਜਨਤਕ ਵੰਡ ਪ੍ਰਣਾਲੀ ਅਧੀਨ ਕਾਇਮ ਕੀਤੇ ਗਏ ਡਿਪੂਆਂ ਦੇ ਕੰਮ-ਕਾਰ ਦੀ ਨਿਗਰਾਨੀ ਲਈ ਕੋਈ ਵਿਜੀਲੈਂਸ ਕਮੇਟੀਆਂ ਗਠਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

ਸ੍ਰੀ ਮਦਨ ਮੋਹਨ ਮਿੱਤਲ : (ੳ) ਜਲੰਧਰ ਸ਼ਹਿਰ ਵਿੱਚ ਮਿਤੀ 31.3.97 ਤੱਕ ਜਨਤਕ ਵੰਡ ਪ੍ਰਣਾਲੀ ਅਧੀਨ ਰਾਸ਼ਨ ਡਿਪੂਆਂ ਦੀ ਕੁੱਲ ਗਿਣਤੀ 256 ਸੀ ।

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਡਿਪੂਆਂ ਵਿੱਚੋਂ 1992 ਤੋਂ 1996 ਤੱਕ ਦੇ ਸਮੇਂ ਦੌਰਾਨ ਕੁੱਲ 21 ਡਿਪੂ ਮਨਜ਼ੂਰ/ਅਲਾਟ ਕੀਤੇ ਗਏ ਸਨ ।

(ੲ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸਾਰੇ ਡਿਪੂ ਮਿੱਟੀ ਦੇ ਤੇਲ ਦੀ ਸਪਲਾਈ ਵੀ ਕਰ ਰਹੇ ਹਨ ਅਤੇ ਇਹ ਡਿਪੂ ਸਵੇਰੇ 9.00 ਵਜੇ ਤੋਂ

[ਖੁਰਾਕ ਅਤੇ ਸਪਲਾਈ ਅਤੇ ਜਨ ਸਿਹਤ ਮੰਤਰੀ]

ਦੁਪਹਿਰ 1.00 ਵਜੇ ਤੱਕ ਅਤੇ ਸ਼ਾਮ 3.00 ਵਜੇ ਤੋਂ 7.00 ਵਜੇ ਤੱਕ ਮਿੱਟੀ ਦੇ ਤੇਲ ਦੀ ਸਪਲਾਈ ਕਰਦੇ ਹਨ । ਬੁੱਧਵਾਰ, ਸ਼ੁੱਕਰਵਾਰ ਨੂੰ ਪਹਿਲੇ ਅੱਧਾ ਦਿਨ ਅਤੇ ਸੋਮਵਾਰ ਨੂੰ ਪੂਰਾ ਦਿਨ ਡਿੱਪੂ ਬੰਦ ਰਹਿੰਦੇ ਹਨ ।

(ਸ) ਰਾਜ ਵਿੱਚ ਜਨਤਕ ਵੰਡ ਪ੍ਰਣਾਲੀ ਨੂੰ ਸੁਚੱਜੇ ਢੰਗ ਨਾਲ ਚਲਾਉਣ ਅਤੇ ਖਪਤਕਾਰਾਂ ਦੇ ਹੱਕਾਂ ਦੀ ਰਾਖੀ ਵਾਸਤੇ ਜ਼ਿਲ੍ਹਾ/ਸਬ ਡਵੀਜ਼ਨ/ਬਲਾਕ ਪੱਧਰ ਤੇ ਨਿਗਰਾਨ ਕਮੇਟੀਆਂ ਦੀ ਸਥਾਪਨਾ ਲਈ ਸਮੂਹ ਡਿਪਟੀ ਕਮਿਸ਼ਨਰਜ਼/ਜ਼ਿਲ੍ਹਾ ਖੁਰਾਕ ਅਤੇ ਸਪਲਾਈਜ਼ ਕੰਟਰੋਲਰਾਂ ਨੂੰ ਲੋੜੀਂਦੀਆਂ ਹਦਾਇਤਾਂ ਪਹਿਲਾਂ ਹੀ ਜਾਰੀ ਕੀਤੀਆਂ ਹੋਈਆਂ ਹਨ ।

ਦਰਿਆ ਘੱਗਰ ਤੇ ਡੈਮ ਦੀ ਉਸਾਰੀ

*586 (ਸੀ.ਯੂ.) ਸਰਦਾਰ **ਗੁਰਦੇਵ ਸਿੰਘ ਸਿੱਧੂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਦਰਿਆ ਘੱਗਰ ਤੇ ਇਕ ਰਿਜ਼ਰਵਾਇਰ ਬਣਾ ਕੇ ਇਕ ਡੈਮ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ, ਤਾਂ ਇਸ ਸਬੰਧੀ ਕੋਈ ਸਰਵੇ ਕਰਵਾਇਆ ਗਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

ਸਰਦਾਰ **ਪ੍ਰਕਾਸ਼ ਸਿੰਘ ਬਾਦਲ** : (ੳ) ਨਹੀਂ ਜੀ ।

ਸਹਿਕਾਰੀ ਖੰਡ ਮਿਲਾਂ ਦੀ ਵਿਕਰੀ

*587 (ਸੀ. ਯੂ.) ਸਰਦਾਰ **ਗੁਰਦੇਵ ਸਿੰਘ ਸਿੱਧੂ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਪਟਿਆਲਾ ਵਿਚ ਸਹਿਕਾਰੀ ਅਤੇ ਪ੍ਰਾਈਵੇਟ ਸੈਕਟਰ ਵਿਚ ਖੰਡ ਮਿਲਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਹ ਕਿਥੇ ਕਿਥੇ ਹਨ ।

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਹਿਕਾਰੀ ਖੰਡ ਮਿਲਾਂ ਵਿਚੋਂ ਕੋਈ ਸਹਿਕਾਰੀ ਖੰਡ ਮਿਲਾਂ ਸਾਲ 1993 ਤੋਂ ਹੁਣ ਤੱਕ ਦੇ ਸਮੇਂ ਦੇ ਦੌਰਾਨ ਪ੍ਰਾਈਵੇਟ ਪਾਰਟੀਆਂ ਨੂੰ ਵੇਚੀਆਂ ਗਈਆਂ ਹਨ ਅਤੇ ਹਰ ਇਕ ਕੇਸ ਵਿਚ ਵਿਕਰੀ ਦੀ ਕਿੰਨੀ ਰਕਮ ਪ੍ਰਾਪਤ ਹੋਈ ।

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਖੰਡ ਮਿਲਾਂ ਨੂੰ ਵੇਚਣ ਲਈ ਕੀ ਕਸੌਟੀ ਅਪਣਾਈ ਗਈ ਸੀ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : (ੲ) ਦੋ ।

(1) ਰੱਖੜਾ: ਸਹਿਕਾਰੀ ਖੰਡ ਮਿੱਲ, ਰੱਖੜਾ; ਅਤੇ

(2) ਪਾਤੜਾਂ: ਪਿਕਾਡਲੀ ਸ਼ੂਗਰ ਅਤੇ ਅਲਾਈਡ ਇੰਡਸਟਰੀਜ਼ ਲਿਮਟਿਡ ਪਾਤੜਾਂ ।

(ਅ) ਹਾਂ ਜੀ । ਇਕ ਸਹਿਕਾਰੀ ਖੰਡ ਮਿੱਲ ਲਿਮਿਟਿਡ, ਪਾਤੜਾਂ, 1993 ਵਿੱਚ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਨੂੰ ਤਬਦੀਲ ਕਰ ਦਿੱਤੀ ਗਈ ਸੀ ਜਿਸ ਨੇ ਅੱਗੇ ਨਿੱਜੀ ਸੈਕਟਰ ਨੂੰ ਵੇਚ ਦਿੱਤੀ । ਵਿਕਰੀ ਪ੍ਰਾਪਤੀ ਰਕਮ 11,49,10,150-80 ਰੁਪਏ ਮਿਤੀ 31.10.1996 ਨੂੰ ਪ੍ਰਾਪਤ ਹੋਏ ਸਨ ।

(ੲ) ਪ੍ਰਾਜੈਕਟ ਪ੍ਰਵਾਨਗੀ ਬੋਰਡ ਨੇ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਦੀਆਂ ਸਿਫਾਰਸ਼ਾਂ ਤੇ ਪਾਤੜਾਂ ਖੰਡ ਮਿੱਲ ਨੂੰ ਪਿਕਾਡਲੀ ਹੋਲਡੋ ਰਿਜੋਰਟਸ ਲਿਮਟਿਡ ਨੂੰ ਵੇਚਣ ਦੀ ਇਜਾਜ਼ਤ ਦੇ ਦਿੱਤੀ ।

ਸ਼ੂਗਰ ਮਿਲ ਪਾਤੜਾਂ ਵਿਚ ਪ੍ਰਦੂਸ਼ਣ ਕੰਟਰੋਲ ਯੰਤਰ

*588 (ਸੀ.ਯੂ.) **ਸਰਦਾਰ ਗੁਰਦੇਵ ਸਿੰਘ ਸਿੱਧੂ :** ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼ੂਗਰ ਮਿਲ ਪਾਤੜਾਂ, ਜ਼ਿਲ੍ਹਾ ਪਟਿਆਲਾ ਵਿਖੇ ਪ੍ਰਦੂਸ਼ਣ ਨੂੰ ਰੋਕਣ ਲਈ ਕੋਈ ਯੰਤਰ ਲਗਾਇਆ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਤੇ ਕਿੰਨਾ ਖਰਚ ਕੀਤਾ ਗਿਆ ।

ਸਰਦਾਰ ਗੁਰਦੇਵ ਸਿੰਘ ਬਾਦਲ : ਜੀ ਹਾਂ । ਖੰਡ ਮਿੱਲ ਪਾਤੜਾਂ ਵੱਲੋਂ ਗੰਦੇ ਪਾਣੀ ਨੂੰ ਸੋਧਣ ਲਈ ਜਲ ਸੋਧਕ ਯੰਤਰ ਅਤੇ ਹਵਾ ਦੂਸ਼ਣ ਨੂੰ ਰੋਕਣ ਲਈ ਹਵਾ ਪ੍ਰਦੂਸ਼ਣ ਰੋਕਥਾਮ ਯੰਤਰ ਲਗਾਏ ਹੋਏ ਹਨ । ਉਦਯੋਗ ਵੱਲੋਂ ਦੱਸੇ ਅਨੁਸਾਰ ਜਲ ਸੋਧਕ ਯੰਤਰ ਤੇ 35.00 ਲੱਖ ਰੁਪਏ ਅਤੇ ਹਵਾ ਦੂਸ਼ਣ ਰੋਕਣ ਲਈ ਲਗਾਏ ਯੰਤਰ ਤੇ 45.00 ਲੱਖ ਰੁਪਏ ਖਰਚੇ ਹੋਏ ਹਨ ।

ਸ਼ੂਗਰ ਮਿਲ ਪਾਤੜਾਂ ਵਿਚ ਇਕ ਯਾਰਡ ਦੀ ਉਸਾਰੀ

*589 (ਸੀ.ਯੂ.) **ਸਰਦਾਰ ਗੁਰਦੇਵ ਸਿੰਘ ਸਿੱਧੂ :** ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪਾਤੜਾਂ, ਜ਼ਿਲ੍ਹਾ ਪਟਿਆਲਾ ਵਿਖੇ ਸ਼ੂਗਰ ਮਿਲ ਵਿਚ ਕਿਸਾਨਾਂ ਦੀਆਂ ਟਰਾਲੀਆਂ ਦੀਆਂ ਪਾਰਕਿੰਗ ਲਈ ਕੋਈ ਯਾਰਡ ਬਣਾਇਆ ਗਿਆ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਉੱਤਰ ਨਾਂਹ ਵਿਚ ਹੋਵੇ, ਤਾਂ ਕਿਸਾਨਾਂ ਦੁਆਰਾ ਟਰਾਲੀਆਂ ਦੀ ਪਾਰਕਿੰਗ ਲਈ ਮੌਜੂਦਾ ਪ੍ਰਬੰਧ ਦੇ ਵੇਰਵੇ ਕੀ ਹਨ ਅਤੇ ਉਕਤ ਮਿਲ ਲਈ ਪਾਰਕਿੰਗ ਯਾਰਡ ਬਣਾਉਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਜੀ ਹਾਂ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ *590 (ਸੀ.ਯੂ.)

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ ।)

ਨੌਕਰੀਆਂ ਦੇ ਦੌਰਾਨ ਮਰੇ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਨੌਕਰੀਆਂ ਦੇਣਾ

*591 (ਸੀ.ਯੂ.) ਸਰਦਾਰ ਗੁਰਦੇਵ ਸਿੰਘ ਸਿੱਧੂ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨੌਕਰੀਆਂ ਦੇ ਦੌਰਾਨ ਮਰੇ ਲੋਕ ਕਾਰਜ ਵਿਭਾਗ ਦੇ ਕਰਮਚਾਰੀਆਂ ਦੇ ਆਸਰਿਤਾਂ ਨੂੰ ਪਹਿਲਤਾ ਦੇ ਆਧਾਰ ਤੇ ਨੌਕਰੀਆਂ ਦੇਣ ਲਈ ਪੈਂਡਿੰਗ ਪਏ ਕੇਸਾਂ ਦੀ ਗਿਣਤੀ ਅਤੇ ਵੇਰਵੇ ਕੀ-ਕੀ ਹਨ ਅਤੇ ਇਸ ਸਬੰਧ ਵਿਚ ਅਪਣਾਈ ਗਈ ਕਸੌਟੀ ਦੇ ਵੇਰਵੇ ਕੀ ਹਨ ?

ਸਰਦਾਰ ਹਰਮੇਲ ਸਿੰਘ ਟੌਹੜਾ (ਲੋਕ ਨਿਰਮਾਣ ਮੰਤਰੀ) : ਲੋਕ ਨਿਰਮਾਣ ਵਿਭਾਗ ਦੇ ਕਰਮਚਾਰੀ ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ, ਦੇ ਵਾਰਸਾਂ ਨੂੰ ਪਹਿਲ ਦੇ ਆਧਾਰ ਤੇ ਨੌਕਰੀ ਦੇਣ ਲਈ ਵਿਭਾਗ ਵਿਚ ਕੁਲ 47 ਕੇਸ ਪੈਂਡਿੰਗ ਹਨ ਇਨ੍ਹਾਂ ਵਿਚ 10 ਕੇਸਾਂ ਵਿਚ ਮ੍ਰਿਤਕ ਦੇ ਵਾਰਸਾਂ ਦੀ ਉਮਰ ਸਰਕਾਰ ਦੁਆਰਾ ਭਰਤੀ ਲਈ ਫਿਕਸ ਕੀਤੀ ਉਮਰ ਤੋਂ ਘੱਟ ਹੈ ਅਤੇ ਇਨ੍ਹਾਂ ਕੇਸਾਂ ਦਾ ਫੈਸਲਾ ਉਦੋਂ ਕੀਤਾ ਜਾਵੇਗਾ ਜਦੋਂ ਉਹ 18 ਸਾਲ ਦੀ ਉਮਰ ਪੂਰੀ ਕਰ ਲੈਣਗੇ ।

1. 13 ਕੇਸ ਅਧੂਰੇ ਹਨ, ਜਿਹੜੇ ਕਿ ਫੀਲਡ ਦਫਤਰਾਂ ਵਿਚ ਦਸਤਾਵੇਜ਼ ਮੁਕੰਮਲ ਕਰਨ ਲਈ ਵਿਚਾਰ ਅਧੀਨ ਹਨ, ਜਿਵੇਂ ਹੀ ਦਸਤਾਵੇਜ਼/ਪੱਤਰ ਪੂਰੇ ਹੋਣਗੇ ਤਾਂ ਇਨ੍ਹਾਂ ਕੇਸਾਂ ਵਿਚ ਨੌਕਰੀ ਦਿੱਤੀ ਜਾਵੇਗੀ ।

2. 19 ਕੇਸ ਉਹ ਹਨ, ਜਿਨ੍ਹਾਂ ਵਿਚ ਅਸਾਮੀ ਖਾਲੀ ਨਾ ਹੋਣ ਕਾਰਨ ਨਿਯੁਕਤੀ ਨਹੀਂ ਦਿੱਤੀ ਜਾ ਸਕੀ ਅਤੇ ਇਨ੍ਹਾਂ ਨੂੰ ਵਿਭਾਗ ਵਿਚ ਅਸਾਮੀ ਦੀ ਉਪਲਬਧਤਾ ਹੋਣ ਤੇ ਨੌਕਰੀ ਦਿੱਤੀ ਜਾਵੇਗੀ ।

   ਇਹ ਕਰਮਚਾਰੀ ਵਰਕਚਾਰਜ/ਰੈਗੂਲਰ ਵਰਕਚਾਰਜ ਹਨ ਅਤੇ ਇਨ੍ਹਾਂ ਦੀਆਂ ਅਸਾਮੀਆਂ ਨਿੱਜੀ ਹੁੰਦੀਆਂ ਹਨ ਜਿਹੜੀਆਂ ਕਿ ਰਿਟਾਇਰ ਜਾਂ ਮੌਤ ਹੋਣ ਤੇ ਆਪਣੇ ਆਪ ਖਤਮ ਹੋ ਜਾਂਦੀਆਂ ਹਨ, ਇਨ੍ਹਾਂ ਕੇਸਾਂ ਵਿਚ ਨੌਕਰੀ ਉਦੋਂ ਹੀ ਦਿੱਤੀ ਜਾ ਸਕਦੀ ਹੈ ਜਦੋਂ ਪੱਕੀ ਖਾਲੀ ਅਸਾਮੀ, ਜਿਸ ਲਈ ਕਿ ਉਮੀਦਵਾਰ ਯੋਗ ਹੈ, ਉਪਲਬਧ ਹੋਵੇ ।

   5 ਕੇਸ ਵਿਚਾਰ ਅਧੀਨ ਹਨ ਅਤੇ ਇਨ੍ਹਾਂ ਨੂੰ ਛੇਤੀ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਜਾਣਗੇ ।

ਨਿਯੁਕਤੀਆਂ ਪਹਿਲ ਦੇ ਆਧਾਰ ਤੇ ਪੰਜਾਬ ਸਰਕਾਰ (ਪਰਸੋਨਲ ਵਿਭਾਗ) ਦੀਆਂ ਹਦਾਇਤਾਂ ਅਨੁਸਾਰ ਦਿੱਤੀਆਂ ਜਾਂਦੀਆਂ ਹਨ ਭਾਵ ਕਿ ਆਸ਼ਰਿਤ ਮੈਂਬਰ ਦੀ

---

*For Starred Question No. 590 (C.U.) and reply there to, please see Appendix to this Annexure.

ਵਿਦਿਅਕ ਯੋਗਤਾ ਅਸਾਮੀਆਂ ਦੀ ਉਪਲਬਧਤਾ ਅਤੇ ਪਹਿਲਾਂ ਆਉ ਅਤੇ ਨੌਕਰੀ ਪਾਉ ਹੀ ਆਧਾਰ ਹੈ ।

ਫੰਡਾਂ ਦੀ ਕੁਵਰਤੋਂ ਦੀਆਂ ਸ਼ਿਕਾਇਤਾਂ

*592 (ਸੀ. ਯੂ.) ਸਰਦਾਰ ਗੁਰਦੇਵ ਸਿੰਘ ਸਿੱਧੂ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) 1992 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਪਿੰਡ ਗੁਰਦਿਆਲਪੁਰਾ, ਜ਼ਿਲ੍ਹਾ ਪਟਿਆਲਾ ਵਿਚ ਜੰਗਲੀ ਜਾਨਵਰਾਂ ਲਈ ਰੱਖ ਦੇ ਆਲੇ-ਦੁਆਲੇ ਕੰਡਿਆਲੀ ਤਾਰ ਲਗਾਉਣ ਤੇ ਸਾਲ-ਵਾਰ ਕਿੰਨਾ ਖਰਚਾ ਕੀਤਾ ਗਿਆ;

(ਅ) ਕੀ ਸਰਕਾਰ ਨੂੰ ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੇ ਦੌਰਾਨ ਵਿਭਾਗ ਦੁਆਰਾ ਫੰਡਾਂ ਦੀ ਕਥਿਤ ਕੁਵਰਤੋਂ ਅਤੇ ਘਟੀਆ ਤਾਰ ਦੀ ਖਰੀਦ ਸਬੰਧੀ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਉਸ ਤੇ ਕੀ ਕਾਰਵਾਈ ਕੀਤੀ ਗਈ ਹੈ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਬੀੜ ਗੁਰਦਿਆਲਪੁਰਾ ਵਿਖੇ 1992 ਤੋਂ ਮਿਤੀ ਅੰਤ ਤੱਕ ਕੰਡੇਦਾਰ ਤਾਰ ਦੀ ਬਾੜ ਤੇ ਕੋਈ ਖਰਚ ਨਹੀਂ ਕੀਤਾ ਗਿਆ ਪ੍ਰੰਤੂ 17,40,56 ਰੁਪਏ (144656 ਰੁਪਏ ਸਾਲ 1992-93 ਵਿਚ, 29400 ਰੁਪਏ ਸਾਲ 1993-94 ਵਿਚ) ਬਾੜ ਵਿਚ ਉਪਰੋਕਤ ਦਸੇ ਸਮੇਂ ਦੌਰਾਨ ਚੇਨ ਲਿੰਕ ਦੀ ਬਾੜ ਤੇ ਖਰਚ ਕੀਤੇ ਗਏ ।

(ਅ) ਇਕ ਸ਼ਿਕਾਇਤ ਪ੍ਰਾਪਤ ਹੋਈ ਸੀ, ਜਿਹੜੀ ਕਿ ਬਕਾਇਦਾ ਜਾਂਚ ਉਪਰੰਤ ਦਾਖਲ ਦਫਤਰ ਕਰ ਦਿੱਤੀ ਗਈ ਸੀ ।

ਕਿਸਾਨਾਂ ਨੂੰ ਅਦਾ ਕੀਤਾ ਗਿਆ ਮੁਆਵਜ਼ਾ

*593 (ਸੀ. ਯੂ.) ਸਰਦਾਰ ਗੁਰਦੇਵ ਸਿੰਘ ਸਿੱਧੂ : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1992 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਜ਼ਿਲ੍ਹਾ ਪਟਿਆਲਾ ਵਿਚ ਅਜਿਹੇ ਟਿਊਬਵੈੱਲਾਂ ਦੀ ਸਾਲ-ਵਾਰ ਗਿਣਤੀ ਅਤੇ ਵੇਰਵੇ ਕੀ ਹਨ ਜੋ ਹੜ੍ਹਾਂ ਦੇ ਕਾਰਣ ਧੱਸ ਗਏ ਸਨ ਅਤੇ ਅਜਿਹੇ ਕਿਸਾਨਾਂ ਜਿਨ੍ਹਾਂ ਨੂੰ ਇਸ ਕਾਰਨ ਨੁਕਸਾਨ ਹੋਇਆ, ਨੂੰ ਸਾਲ-ਵਾਰ ਕਿੰਨਾ-ਕਿੰਨਾ ਮੁਆਵਜ਼ਾ ਦਿੱਤਾ ਗਿਆ ?

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਜ਼ਿਲ੍ਹਾ ਪਟਿਆਲਾ ਵਿੱਚ ਸਾਲ 1992 ਤੋਂ ਹੁਣ ਤੱਕ ਹੜ੍ਹਾਂ ਕਾਰਨ ਧੱਸ ਗਏ ਟਿਊਬਵੈੱਲਾਂ ਦੀ ਸਾਲਵਾਰ ਗਿਣਤੀ ਦਾ ਵੇਰਵਾ ਇਸ ਪ੍ਰਕਾਰ ਹੈ:—

[ਮਾਲ ਅਤੇ ਪੁਨਰਵਾਸ ਮੰਤਰੀ]

ਸਾਲ	ਦੱਸ ਗਏ ਟਿਊਬਵੈਲਾਂ ਦੀ ਗਿਣਤੀ	ਵੰਡੀ ਗਈ ਰਾਹਤ ਦੀ ਰਕਮ
1992-93	ਨਿੱਲ	ਕੋਈ ਨਹੀਂ
1993-94	2,228	ਕੋਈ ਨਹੀਂ
1994-95	333	ਕੋਈ ਨਹੀਂ
1995-96	944	ਕੋਈ ਨਹੀਂ
1996-97	ਨਿੱਲ	ਕੋਈ ਨਹੀਂ
1-4-97 ਤੋਂ 15-7-97	ਨਿੱਲ	ਕੋਈ ਨਹੀਂ
ਕੁੱਲ	3,505	

ਸਰਕਾਰ ਦੁਆਰਾ ਝੋਨੇ ਦੀ ਖਰੀਦ

*594 (ਸੀ. ਯੂ.) ਸਰਦਾਰ ਗੁਰਦੇਵ ਸਿੰਘ ਸਿੱਧੂ : ਕੀ ਖੁਰਾਕ ਅਤੇ ਸਪਲਾਈਜ਼ ਅਤੇ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਵੱਖ ਵੱਖ ਸਾਲਾਂ 1994-95, 1995-96 ਅਤੇ 1996-97 ਦੇ ਦੌਰਾਨ ਰਾਜ ਸਰਕਾਰ ਦੁਆਰਾ ਸੁਪਰਫਾਈਨ ਅਤੇ ਫਾਈਨ ਕਿਸਮਾਂ ਦੇ ਝੋਨੇ ਦੀ ਕਿਸ-ਕਿਸ ਦਰ ਤੇ ਖਰੀਦ ਕੀਤੀ ਗਈ ਸੀ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਾਲਾਂ ਦੇ ਦੌਰਾਨ ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ ਵਿਚ ਉਪਰੋਕਤ ਭਾਗ (ੳ) ਵਿਚ ਵਰਣਿਤ ਝੋਨੇ ਦੀਆਂ ਕਿਸਮਾਂ ਦੀ ਮੰਡੀ-ਵਾਰ ਕੁਲ ਕਿੰਨੀ ਮਾਤਰਾ ਦੀ ਖਰੀਦ ਕੀਤੀ ਗਈ ?

ਸ੍ਰੀ ਮਦਨ ਮੋਹਨ ਮਿੱਤਲ : (ੳ) ਸਾਲ 1994-95, 1995-96 ਅਤੇ 1996-97 ਦੌਰਾਨ ਰਾਜ ਸਰਕਾਰ ਵੱਲੋਂ ਫਾਈਨ ਅਤੇ ਸੁਪਰਫਾਈਨ ਪੈਡੀ ਹੇਠ ਲਿਖੇ ਰੇਟਾਂ ਅਨੁਸਾਰ ਖਰੀਦ ਕੀਤੀ ਗਈ :

ਸਾਲ	ਫਾਈਨ ਪੈਡੀ	ਸੁਪਰਫਾਈਨ ਪੈਡੀ
1994-95	ਰੁ: 360/- ਪ੍ਰਤੀ ਕੁਇੰਟਲ	ਰੁ: 380/- ਪ੍ਰਤੀ ਕੁਇੰਟਲ
1995-96	ਰੁ: 375/- +5/-ਰੁ: ਬੋਨਸ	ਰੁ: 395/- +5/-ਰੁ: ਬੋਨਸ
1996-97	ਰੁ: 395/- ਪ੍ਰਤੀ ਕੁਇੰਟਲ	ਰੁ: 415/- ਪ੍ਰਤੀ ਕੁਇੰਟਲ

(ਅ) ਤਹਿਸੀਲ ਸਮਾਣਾ ਜ਼ਿਲ੍ਹਾ ਪਟਿਆਲਾ ਦੀਆਂ ਮੰਡੀਆਂ ਵਿਚ ਸਾਲ 1994-95, 1995-96 ਅਤੇ 1996-97 ਦੌਰਾਨ ਖਰੀਦੀ ਗਈ ਫਾਈਨ ਅਤੇ ਸੁਪਰਫਾਈਨ ਪੈਡੀ ਦੀ ਸਟੇਟਮੈਂਟ ਅਨੁਲਗ ੳ ਤੇ ਰੱਖੀ ਜਾਂਦੀ ਹੈ ।

(ਫਿੱਗਰਾਂ ਟਨਾ ਵਿੱਚ)

ਅਨੁਲਗ 'ੳ'

ਮੰਡੀ ਦਾ ਨਾ	ਫਾਈਨ ਪੈਡੀ			ਸੁਪਰਫਾਈਨ ਪੈਡੀ		
	1994-95	1995-96	1996-97	1994-95	1995-96	1996-97
ਸਮਾਣਾ	31,574	26,435	20,212	—	—	—
ਪਾਤੜਾਂ	82,960	58,449	67,163	2,556	—	—
ਘੱਗਾ	18,119	14,984	18,374	—	—	—
ਬਾਦਸ਼ਾਹਪੁਰ	15,750	4,037	9,579	—	—	—
ਕਾਦਰਬਾਦ	9,340	8,940	13,885	—	—	—
ਬਰਾਸ	4,647	3,664	—	—	—	—
ਲੁਟਕੀਮਾਜਰਾ	5,160	5,574	5,765	—	—	—
ਗੱਜੂ ਮਾਜਰਾ	7,157	7,353	7,169	—	—	—
ਅਸਾਮਨਗਰ	4,339	2,389	7,213	—	—	—
ਕਕਰਾਲਾ	13,421	11,543	11,724	—	—	—
ਕੁਰਾਲਾ	16,390	13,817	15,228	—	—	—
ਅਜਰਪੁਰ	2,504	2,987	3,144	—	—	—
ਰਾਜਲਾ	2,464	2,311	3,470	—	—	—
ਖੁੜੀਕਲਾਂ	6,102	5,942	7,045	—	—	—
ਗੱਜੇਵਾਸ	12,891	9,251	10,931	—	—	—
ਧਨੇਠਾ	2,864	3,204	3,470	—	—	—
ਲਾਲੜੀ	4,036	3,626	4,128	—	—	—
ਮਾਜਰੀਫਤਾਂ	5,338	4,669	5,810	—	—	—
ਛਤਰਾਣਾ	8,893	3,989	8,867	—	—	—
ਨਨਹੇੜਾ	2,298	935	3,732	—	—	—
ਭੈਨਲ	2,978	3,703	5,197	—	—	—
ਟੋਟਲ	2,59,225	1,98,205	2,32,106	2,556	—	—

ਬੰਦ ਪਏ ਬੱਸ ਰੂਟਾਂ ਉਤੇ ਬੱਸ ਸੇਵਾ ਦੁਬਾਰਾ ਚਾਲੂ ਕਰਨਾ

*595 (ਸੀ.ਯੂ.) ਸਰਦਾਰ ਗੁਰਦੇਵ ਸਿੰਘ ਸਿੱਧੂ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਅਜਿਹੇ ਰੂਟਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਤੇ ਇਸ ਸਮੇਂ ਬੱਸਾਂ ਨਹੀਂ ਚਲਾਈਆਂ ਜਾ ਰਹੀਆਂ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਬੱਸ ਰੂਟਾਂ ਉਤੇ ਬੱਸ ਸੇਵਾ ਦੁਬਾਰਾ ਚਾਲੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਤਜਵੀਜ਼ ਤੇ ਕਦੋਂ ਤੱਕ ਅਮਲ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਰਘਬੀਰ ਸਿੰਘ (ਟਰਾਂਸਪੋਰਟ ਮੰਤਰੀ) : (ੳ) 134 ਰੂਟ ਘਾਟੇ ਵਾਲੇ ਹੋਣ ਕਰਕੇ ਪੀ.ਆਰ.ਟੀ.ਸੀ. ਵਲੋਂ ਸਰੰਡਰ ਕੀਤੇ ਗਏ ਹਨ। ਇਨ੍ਹਾਂ ਰੂਟਾਂ ਦੇ ਨੰਬਰ ਅਤੇ ਨਾਂ ਨਾਲ ਨੱਥੀ ਲਿਸਟ ਅਨੁਸਾਰ ਹਨ।

(ਅ) ਨਹੀਂ ਜੀ।

ਪੀ.ਆਰ.ਟੀ.ਸੀ. ਵਲੋਂ ਸਰੰਡਰ ਕੀਤੇ ਗਏ ਉਨ੍ਹਾਂ ਰੂਟਾਂ ਦੀ ਲਿਸਟ ਜੋ ਕਿ ਘਾਟੇ ਵਾਲੇ ਹੋਣ ਕਾਰਣ ਵੱਖ-ਵੱਖ ਸਮਿਆਂ ਤੇ ਬੰਦ ਕਰ ਦਿੱਤੇ ਗਏ (ਹੁਣ ਤੱਕ)

ਲੜੀ ਨੰ:	ਰੂਟ ਦਾ ਨਾਂ	ਵਾਪਸੀ ਫੇਰੇ	ਰੂਟ ਚਲਾਉਣ ਦੀ ਮਿਤੀ	ਰੂਟ ਛੱਡਣ ਦੀ ਮਿਤੀ ਅਤੇ ਪੱਤਰ ਨੰ.	
1	2	3	4	5	6
1.	ਪਟਿਆਲਾ-ਸ਼ੇਖੂਪੁਰਾ ..	8	16.6.72	1.6.93	4,526
2.	ਬੱਸੀ-ਪਠਾਣਾਂ ..	4	28.8.71	-ਉਹੀ-	-ਉਹੀ-
3.	ਰਾਜਪੁਰਾ-ਸ਼ੰਭੂ ਵਾਇਆ ਬੂਹਾ ..	3	12.2.75	-ਉਹੀ-	-ਉਹੀ-
4.	ਪਟਿਆਲਾ- ਛੋਲੀ ਵਾਇਆ ਚੌਣ ..	4	25.3.71	-ਉਹੀ-	-ਉਹੀ-
5.	ਪਟਿਆਲਾ- ਤਰੌਂ ਵਾਇਆ ਡਕਾਲਾ ..	4	3.12.70	-ਉਹੀ-	-ਉਹੀ-

1	2	3	4	5	6
6.	ਪਟਿਆਲਾ-ਨੰਦਪੁਰ ਕੇਸ਼ੋ ਵਾਇਆ ਸੇਹਰਾ .	2	8.4.72	1-6-93	4,526
7.	ਪਟਿਆਲਾ-ਸਮਾਣਾ ਵਾਇਆ ਮੈਨ . .	2	23.4.76	-ਉਹੀ-	-ਉਹੀ-
8.	ਪਾਤੜਾਂ-ਬਹਿਰਜੱਚ . .	2	26.2.79	-ਉਹੀ-	-ਉਹੀ-
9.	ਸਮਾਣਾ-ਪਾਤੜਾਂ ਵਾਇਆ ਬਾਦਸ਼ਾਹਪੁਰ . .	3	27.3.71	-ਉਹੀ-	-ਉਹੀ-
10.	ਪਟਿਆਲਾ-ਬਨੋਈ ਵਾਇਆ ਡਕਾਲਾ . .	4	12.5.70	27.7.93	9,006
11.	ਰਾਜਪੁਰਾ-ਸੇਹਰਾ .	4	7.4.70	-ਉਹੀ-	-ਉਹੀ-
12.	ਪਟਿਆਲਾ-ਬੋਹੜਪੁਰ ਝਨੇੜੀਆਂ . .	6	25.3.71	-ਉਹੀ-	-ਉਹੀ-
13.	ਰਾਜਪੁਰਾ-ਹਰਪਾਲਪੁਰ . .	4	8.1.72	-ਉਹੀ-	-ਉਹੀ-
14.	ਪਟਿਆਲਾ-ਜੋਗੀਪੁਰ . .	4	18.7.70	-ਉਹੀ-	-ਉਹੀ-
15.	ਰਾਜਪੁਰਾ-ਕਬੂਲਪੁਰ . .	3	23.2.79	-ਉਹੀ-	-ਉਹੀ-
16.	ਪਟਿਆਲਾ-ਸਮਾਣਾ ਵਾਇਆ ਡਕਾਲਾ . .	4	3.12.70	-ਉਹੀ-	-ਉਹੀ-
17.	ਪਟਿਆਲਾ-ਮਜੌਲੀ .	4	18.4.73	-ਉਹੀ-	-ਉਹੀ-
13.	ਪਟਿਆਲਾ-ਅਜਰੌਰ . .	4	8.4.72	-ਉਹੀ-	-ਉਹੀ-
19.	ਪਟਿਆਲਾ-ਜੱਲਾਖੇੜਾ ਵਾਇਆ ਦੇਵੀਗੜ੍ਹ . .	3	1.1.62	9.4.96	503
20.	ਪਟਿਆਲਾ-ਪੰਜੋਲੀ ਵਾਇਆ ਨੰਦਪੁਰ ਕੇਸ਼ੋ .	4	25.3.71	27.7.93	9,006
21.	ਸਨੌਰ-ਅਸਰਪੁਰ . .	4	18.4.73	-ਉਹੀ-	-ਉਹੀ-
22.	ਸਨੌਰ-ਬੋਲੜ . .	3	-ਉਹੀ-	-ਉਹੀ-	-ਉਹੀ-
23.	ਅਨਾਰਦਾਨਾ ਚੌਕ ਤੋਂ ਭੀਮਾਖੇੜੀ . .	3	10.10.67	-ਉਹੀ-	-ਉਹੀ-

[ਟਰਾਂਸਪੋਰਟ ਮੰਤਰੀ]

1	2	3	4	5	6
24.	ਅਨਾਰਦਾਨਾ ਚੌਂਕ-ਲਲੌਛੀ ..	3	10.10.67	27-7-93	9,006
25.	ਪਟਿਆਲਾ-ਸਰਾਏਬੰਜਾਰਾ ..	4	5.2.71	-ਉਹੀ-	-ਉਹੀ-
26.	ਪਟਿਆਲਾ-ਚਲੈਲਾ ..	4	7.8.71	-ਉਹੀ-	-ਉਹੀ-
27.	ਪਟਿਆਲਾ-ਰੁੜਕੀ ..	3	7.10.72	-ਉਹੀ-	-ਉਹੀ-
28.	ਪਟਿਆਲਾ-ਸਮਾਣਾ ਵਾਇਆ ਭਵਾਨੀਗੜ੍ਹ ..	3	27.1.71	-ਉਹੀ-	-ਉਹੀ-
29.	ਪਟਿਆਲਾ-ਲੰਗ ਵਾਇਆ ਸਿਉਣਾ ..	3	11.12.71	24.11.93	18,888
30.	ਪਟਿਆਲਾ-ਕਾਠਮੱਠੀ ..	3	18.4.73	-ਉਹੀ-	-ਉਹੀ-
31.	ਪਟਿਆਲਾ-ਭਾਖਰਪੁਰ ਵਾਇਆ ਸਨੌਰ ..	4	27.5.82	-ਉਹੀ-	-ਉਹੀ-
32.	ਖੰਨਾ-ਭਾਦਸੋਂ ਵਾਇਆ ਅਮਲੋਹ ..	2	1.8.73	-ਉਹੀ-	-ਉਹੀ-
33.	ਮਾਡਲ ਟਾਊਨ-ਸਨੌਰ ਵਾਇਆ ਅਨਾਰਦਾਨਾ ਚੌਂਕ ..	13	18.5.62	9.4.96	503
34.	ਮਾਡਲ ਟਾਊਨ-ਸਨੌਰ ਵਾਇਆ ਕਿਲ੍ਹਾ ਚੌਂਕ ..	13	10.10.67	-ਉਹੀ-	-ਉਹੀ-
35.	ਬੱਸੀ-ਭਾਦਸੋਂ ..	4	30.3.70	-ਉਹੀ-	-ਉਹੀ-
36.	ਸਰਹਿੰਦ-ਟੌਹੜਾ ..	6	21.7.80	-ਉਹੀ-	-ਉਹੀ-
37.	ਬੁੱਚੋ ਮੰਡੀ-ਮਾਨਸਾ ਵਾਇਆ ਚੱਡੇ ..	2	10.2.79	1.6.93	4,526
38.	ਮੌੜ-ਰਾਮਾ ..	2	15.4.71	-ਉਹੀ-	-ਉਹੀ-
39.	ਬਠਿੰਡਾ-ਮੌੜ ਵਾਇਆ ਜੀਵਨ ਸਿੰਘ ਵਾਲਾ ..	3	13.12.76	-ਉਹੀ-	-ਉਹੀ-
40.	ਕੋਟਸਮੀਰ-ਰਾਮਾ ਮੰਡੀ ..	2	17.2.82	-ਉਹੀ-	-ਉਹੀ-

1	2		3	4	5	6
41.	ਮਾਨਸਾ-ਤਲਵੰਡੀ ਸਾਬੋ ਵਾਇਆ ਜੋੜਕੀਆਂ	..	3	20.2.80	27.7.93	9,006
42.	ਮਾਨਸਾ-ਤਲਵੰਡੀ ਵਾਇਆ ਰਾਏਪੁਰ	..	3	20.2.80	-ਉਹੀ-	-ਉਹੀ-
43.	ਨਥਾਣਾ-ਗੋਨਿਆਣਾ	..	2	3.5.64	1.6.93	4,526
44.	ਬਠਿੰਡਾ-ਗੋਬਿੰਦਪੁਰਾ	..	8	27.3.71	-ਉਹੀ-	-ਉਹੀ-
45.	ਬਠਿੰਡਾ-ਕੋਠੇ ਅਬਲੂ	..	12	10.4.70	-ਉਹੀ-	-ਉਹੀ-
46.	ਰਾਮਪੁਰਾ-ਨਥਾਣਾ	..	6	2.12.72	-ਉਹੀ-	-ਉਹੀ-
47.	ਨਥਾਣਾ-ਬਠਿੰਡਾ	..	2	25.8.71	-ਉਹੀ-	-ਉਹੀ-
48.	ਰਾਮਪੁਰਾ-ਮੋਗਾ ਵਾਇਆ ਬਰਾਜ	..	1	26.2.74	-ਉਹੀ-	-ਉਹੀ-
49.	ਮਹਿਰਾਜ-ਚਪਾਈ	..	6	21.8.78	-ਉਹੀ-	-ਉਹੀ-
50.	ਬਠਿੰਡਾ-ਬਾਦਲ ਵਾਇਆ ਗਿੱਦੜਬਾਹਾ	..	1	27.1.71	-ਉਹੀ-	-ਉਹੀ-
51.	ਰਾਮਪੁਰਾ-ਭਾਈ ਰੂਪਾ ਵਾਇਆ ਸਲਾਵਤਪੁਰਾ	..	4	2.12.72	-ਉਹੀ-	-ਉਹੀ-
52.	ਬਠਿੰਡਾ-ਮਹਿਰਾਜ ਵਾਇਆ ਰਾਮਪੁਰਾ	..	3	11.5.62	-ਉਹੀ-	-ਉਹੀ-
53.	ਬਠਿੰਡਾ-ਸਰਜ਼ਾ ਮਹਿਮਾ	..	6	27.7.71	-ਉਹੀ-	-ਉਹੀ-
54.	ਭਗਤਾ-ਬਾਘਾ ਪੁਰਾਣਾ ਵਾਇਆ ਬਰਾਜ	..	2	26.2.74	24.11.93	18,888
55.	ਬਠਿੰਡਾ-ਬਲੋ ਵਾਇਆ ਰਾਮਪੁਰਾ	..	2	21.6.62		-ਉਹੀ-
56.	ਬਠਿੰਡਾ-ਵਾਲਿਆਂਵਾਲੀ	..	2	3.5.71	-ਉਹੀ-	-ਉਹੀ-
57.	ਬਠਿੰਡਾ-ਝੁੰਬਾ	..	4	20.11.72	-ਉਹੀ-	-ਉਹੀ-

[ਟਰਾਂਸਪੋਰਟ ਮੰਤਰੀ]

1	2	3	4	5	6
58.	ਰਾਮਪੁਰਾ-ਚੌਕੇ ਵਾਇਆ ਢੱਡੇ ..	6	7.1.71	24-11-93	18,888
59.	ਰਾਮਪੁਰਾ-ਵਾਲਿਆਂਵਾਲੀ ..	6	27.1.71	-ਉਹੀ-	-ਉਹੀ-
60.	ਬਠਿੰਡਾ-ਜੈਤੋਂ ਵਾਇਆ ਗੋਨਿਆਣਾ	4	1.12.73	9.4.96	503
61.	ਬਠਿੰਡਾ-ਗੰਗਾ ਵਾਇਆ ਗੁਨਿਆਣਾ ..	4	17.1.73	-ਉਹੀ-	-ਉਹੀ-
62.	ਭੁੱਚੋ ਮੰਡੀ-ਵਾਲਿਆਂਵਾਲੀ ..	4	20.11.72	-ਉਹੀ-	-ਉਹੀ-
63.	ਸੰਗਰੂਰ-ਧੂਰੀ ਵਾਇਆ ਮਾਂਗੇਵਾਲ	3	8.7.73	1.6.93	4,526
64.	ਸੰਗਰੂਰ-ਅਕਬਰਪੁਰ ...	2	1.10.77	-ਉਹੀ-	-ਉਹੀ-
65.	ਸੁਨਾਮ-ਸਮਾਣਾ ਵਾਇਆ ਸੁਲਰ	2	13.11.71	-ਉਹੀ-	-ਉਹੀ-
66.	ਸੰਗਰੂਰ-ਲਹਿਰਾ ਵਾਇਆ ਕੋਹਰੀਆਂ	4	24.10.69	-ਉਹੀ-	-ਉਹੀ-
67.	ਸੰਗਰੂਰ-ਲਹਿਰਾ ਵਾਇਆ ਉਭੇਵਾਲ ..	2	7.10.77	-ਉਹੀ-	-ਉਹੀ-
68.	ਖੰਨਾ-ਰੋਪੜ ਵਾਇਆ ਉੱਚਾ ਪਿੰਡ ..	1	9.2.71	-ਉਹੀ-	-ਉਹੀ-
69.	ਸੰਗਰੂਰ-ਦਿਆਲਗੜ੍ਹ ਵਾਇਆ ਬਰਬਰ ..	2	5.5.71	-ਉਹੀ-	-ਉਹੀ-
70.	ਸੰਗਰੂਰ-ਜੌੜੇਪੁਲ ਵਾਇਆ ਅਨੰਦਗੜ੍ਹ ..	2	10.5.71	27.7.93	9,006
71.	ਸੰਗਰੂਰ-ਮਨਰਗੜ੍ਹ ਵਾਇਆ ਢੋਡੇਗਲ ..	6	11.4.72	-ਉਹੀ-	-ਉਹੀ-
72.	ਸੁਨਾਮ-ਖਨੌਰੀ ਵਾਇਆ ਖੋਖਰ ..	2	7.8.72	-ਉਹੀ-	-ਉਹੀ-
73.	ਸੁਨਾਮ-ਅਤਨੰ ਵਾਇਆ ਖੋਖਰ ..	2	7.8.72	-ਉਹੀ-	-ਉਹੀ-

1	2	3	4	5	6
74.	ਧੂਰੀ-ਸਮਾਣਾ ਵਾਇਆ ਭਵਾਨੀਗੜ੍ਹ ..	4	8.7.73	27.7.93	9,006
75.	ਸੰਗਰੂਰ-ਮੂਨਕ ਵਾਇਆ ਸੁਨਾਮ-ਲਹਿਰਾ ..	2	14.8.70	-ਉਹੀ-	-ਉਹੀ-
76.	ਜੌੜੇਪੁਲ-ਸਮਰਾਲਾ ਵਾਇਆ ਖੰਨਾ ..	2	25.3.72	9.4.96	503
77.	ਬਰਨਾਲਾ-ਰੌਂਤਾ ਵਾਇਆ ਨਿਹਾਲ ਸਿੰਘ ਵਾਲਾ ..	2	11-9-69	1.6.93	4,526
78.	ਬਰਨਾਲਾ-ਹਿਮਤਪੁਰਾ ਬਰਾਸਤਾ ਪੱਖੋ ਟਲੇਵਾਲ ..	4	8.7.66	-ਉਹੀ-	-ਉਹੀ-
79.	ਮਲੇਰਕੋਟਲਾ-ਬਠਿੰਡਾ ਬਰਾਸਤਾ ਮਹਿਲ .. ਕਲਾਂ, ਭਦੌੜ	2	4.3.83	-ਉਹੀ-	-ਉਹੀ-
80.	ਬਰਨਾਲਾ-ਧੂਰੀ ਵਾਇਆ ਕੁੰਬੜਵਾਲ ..	3	1.12.88	-ਉਹੀ-	-ਉਹੀ-
81.	ਬਰਨਾਲਾ-ਮੌੜ ਮੰਡੀ ਵਾਇਆ ਅਕਲੀਆ ..	4	5.11.85	27.7.93	9,006
82.	ਬਰਨਾਲਾ-ਬਾਘਾ ਪੁਰਾਣਾ ਵਾਇਆ ਨਿਹਾਲ ਸਿੰਘ ਵਾਲਾ	1	20.8.69	-ਉਹੀ-	-ਉਹੀ-
83.	ਚੰਨਣਵਾਲ-ਰਾਏਕੋਟ ਵਾਇਆ ਬੱਸੀਆਂ ..	4	10.10.72	-ਉਹੀ-	-ਉਹੀ-
84.	ਰਾਏਕੋਟ ਜਗਰਾਵਾਂ ਵਾਇਆ ਬੱਸੀਆਂ ..	1	21.6.62	24.11.93	18,888
85.	ਬਰਨਾਲਾ-ਚੰਨਣਵਾਲ ਵਾਇਆ ਠੀਕਰੀਵਾਲਾ ..	4	10.2.72	-ਉਹੀ-	-ਉਹੀ-

[ਟਰਾਂਸਪੋਰਟ ਮੰਤਰੀ]

1	2		3	4	5	6
86.	ਬਰਨਾਲਾ-ਮਲੇਰਕੋਟਲਾ ਵਾਇਆ ਸ਼ੇਰਪੁਰ	..	5	10.10.72	9.4.96	503
87.	ਮਾਨਸਾ-ਬੁਢਲਾਡਾ ਵਾਇਆ ਨੰਗਲ	..	3	11.9.76	1.6.93	4,526
88.	ਬੁਢਲਾਡਾ-ਦਿਆਲਗੜ੍ਹ ਵਾਇਆ ਦੂਰਾ	..	2	1.1.89	-ਉਹੀ-	-ਉਹੀ-
89.	ਉਡਤ-ਝੁਨੀਰ	..	4	13.4.79	-ਉਹੀ-	-ਉਹੀ-
90.	ਫਰੀਦਕੋਟ-ਜੀਵਨ ਸਿੰਘ ਵਾਲਾ	..	1	12.2.70	-ਉਹੀ-	-ਉਹੀ-
91.	ਫਰੀਦਕੋਟ-ਪੰਜਗਰਾਈਆਂ	..	2	13.5.73	-ਉਹੀ-	-ਉਹੀ-
92.	ਫਰੀਦਕੋਟ-ਜੈਤੋ ਵਾਇਆ ਹਰੀਨੌ	..	2	25.8.71	-ਉਹੀ-	-ਉਹੀ-
93.	ਜੈਤੋਂ-ਗਿੱਦੜਬਾਹਾ	..	1	5.10.73	24.11.93	18,888
94.	ਜੈਤੋਂ-ਮੁਕਤਸਰ ਵਾਇਆ ਮੱਲਣ, ਦੋਦਾ	..	2	-ਉਹੀ-	-ਉਹੀ-	-ਉਹੀ-
95.	ਫਰੀਦਕੋਟ-ਮਮਰਾ	..	2	16.2.74	-ਉਹੀ-	-ਉਹੀ-
96.	ਲੁਧਿਆਣਾ-ਹੰਭਲਾ	..	4	1.1.79	1.6.93	4,526
97.	ਅਪਰਾ-ਜਲੰਧਰ	..	2	19.10.81	-ਉਹੀ-	-ਉਹੀ-
98.	ਫਗਵਾੜਾ-ਨਕੋਦਰ ਵਾਇਆ ਜਗਤਪੁਰ ਜੱਟਾਂ	..	3	1.1.79	-ਉਹੀ-	-ਉਹੀ-
99.	ਫਗਵਾੜਾ-ਪਿੰਜੋਰਾ	..	2	6.6.73	27.7.93	9,006
100.	ਫਗਵਾੜਾ-ਪਾਛਟਾ	..	4	6.6.73	-ਉਹੀ-	-ਉਹੀ-
101.	ਫਗਵਾੜਾ-ਮਾਇਓਪੱਟੀ	..	3	27.5.82	-ਉਹੀ-	-ਉਹੀ-
102.	ਫਗਵਾੜਾ-ਰਾਜਪੁਰ ਭਾਈਆਂ	..	4	6.6.73	-ਉਹੀ-	-ਉਹੀ-
103.	ਲੁਧਿਆਣਾ-ਗੜ੍ਹਸ਼ੰਕਰ ਵਾਇਆ ਫਿਲੌਰ, ਅਪਰਾ, ਬੰਗਾ	..	2	19.10.81	-ਉਹੀ-	-ਉਹੀ-
104.	ਲੁਧਿਆਣਾ-ਢੇੜੀ ਨੌਧ ਸਿੰਘ	..	2	5.2.71	9.4.96	503

1	2	3	4	5	6
105.	ਕਪੂਰਥਲਾ-ਸੁਲਤਾਨਪੁਰ ਵਾਇਆ ਫੱਤੂ ਢੀਗਾਂ	6	3.7.70	1.6.93	4,526
106.	ਸੁਲਤਾਨਪੁਰ-ਅੰਮ੍ਰਿਤਸਰ ਵਾਇਆ ਉੱਚਾ, ਭੰਡਾਲ ..	2	25.10.77	-ਉਹੀ-	-ਉਹੀ-
107.	ਸੁਲਤਾਨਪੁਰ-ਬਟਾਲਾ ਵਾਇਆ ਸੈਫਲਾਬਾਦ, ਭੰਡਾਲ ..	2	-ਉਹੀ-	-ਉਹੀ-	-ਉਹੀ-
108.	ਕਪੂਰਥਲਾ-ਖੇਮਕਰਨ ਵਾਇਆ ਗੋਇੰਦਵਾਲ, ਸਰਵਾਲੀ, ਪੱਟੀ .	2	9.5.79	1.6.93	4,526
109.	ਕਪੂਰਥਲਾ-ਸ਼ਾਹਕੋਟ ਵਾਇਆ ਕਾਲਵਾ ..	4	12.8.71	-ਉਹੀ-	-ਉਹੀ-
110.	ਕਪੂਰਥਲਾ-ਢਿਲਵਾਂ ..	3	4.1.77	-ਉਹੀ-	-ਉਹੀ-
111.	ਕਪੂਰਥਲਾ-ਸ਼ਾਹਕੋਟ ਵਾਇਆ ਸਿਧਵਾਂ	3	20.1.70	-ਉਹੀ-	-ਉਹੀ-
112.	ਕਪੂਰਥਲਾ-ਸੈਫਲਾਬਾਦ ਵਾਇਆ ਢਿਲਵਾਂ ..	4	4.1.77	-ਉਹੀ-	-ਉਹੀ-
113.	ਕਪੂਰਥਲਾ-ਸੁਲਤਾਨਪੁਰ ਵਾਇਆ ਹੁਸੈਨਪੁਰ ..	3	20.1.78	-ਉਹੀ-	-ਉਹੀ-
114.	ਕਪੂਰਥਲਾ-ਕਿਸ਼ਨਸਿੰਘ ਵਾਲਾ ਵਾਇਆ ਭੰਡਾਲ ..	6	-ਉਹੀ-	-ਉਹੀ-	-ਉਹੀ-
115.	ਕਪੂਰਥਲਾ-ਬੂਲਪੁਰ ..	3	9.5.73	27.7.93	9,006
116.	ਸੁਲਤਾਨਪੁਰ-ਬੂਲਪੁਰ ..	3	-ਉਹੀ-	-ਉਹੀ-	-ਉਹੀ-
117.	ਕਪੂਰਥਲਾ-ਸ਼ੇਖਮਾਂਗਾ ਵਾਇਆ ਸੁਲਤਾਨਪੁਰ ..	2	26.10.83	-ਉਹੀ-	-ਉਹੀ-
118.	ਕਪੂਰਥਲਾ-ਕਰਤਾਰਪੁਰ ਵਾਇਆ ਪਤਾਰ ..	2	3.7.70	2.11.93	18,888
119.	ਟਾਂਡਾ-ਤਰਨਤਾਰਨ ਵਾਇਆ ਸੈਫਲਾਬਾਦ, ਗੋਇੰਦਵਾਲ ਸਾਹਿਬ ..	2	18.6.79	-ਉਹੀ-	-ਉਹੀ-
120.	ਕਪੂਰਥਲਾ-ਕਰਤਾਰਪੁਰ ਵਾਇਆ ਫਜਲਪੁਰ ..	6	3.7.70	-ਉਹੀ-	-ਉਹੀ-

[ਟਰਾਂਸਪੋਰਟ ਮੰਤਰੀ]

1	2	3	4	5	6
121.	ਕਪੂਰਥਲਾ-ਭੰਡਾਲ ਵਾਇਆ ਸੁਰਖਪੁਰ	6	-ਉਹੀ-	-ਉਹੀ-	-ਉਹੀ-
122.	ਕਪੂਰਥਲਾ-ਡਿੰਡਵਿੰਡੀ	6	-ਉਹੀ-	-ਉਹੀ-	-ਉਹੀ-
123.	ਕਪੂਰਥਲਾ-ਸੁਲਤਾਨਪੁਰ ਵਾਇਆ ਠੱਠਾ ..	2	18.11.70	-ਉਹੀ-	-ਉਹੀ-
124.	ਕਪੂਰਥਲਾ-ਭੋਗਪੁਰ ਵਾਇਆ ਹਮੀਰਾ	4	14.3.72	-ਉਹੀ-	-ਉਹੀ-
125.	ਡਿੰਡਵਿੰਡੀ-ਚੁਲੱਧਾ	3	14.3.70	-ਉਹੀ-	-ਉਹੀ-
126.	ਡਿੰਡਵਿੰਡੀ-ਸ਼ੇਰਪੁਰ ਸਾਧਾਂ	3	-ਉਹੀ-	-ਉਹੀ-	-ਉਹੀ-
127.	ਲਾਲੜੂ-ਹੰਡੇਸਰਾ	4	30.12.71	1.6.93	4.526
128.	ਰਾਜਪੁਰਾ-ਚੰਡੀਗੜ੍ਹ ਵਾਇਆ ਭਗੜਾਣਾ	2	12.6.74	9.4.96	503
129.	ਚੰਡੀਗੜ੍ਹ-ਸਮਗੋਲੀ	3	25.1.80	-ਉਹੀ-	-ਉਹੀ-
130.	ਚੰਡੀਗੜ੍ਹ-ਹੰਡੇਸਰਾ	2	16-7-86	-ਉਹੀ-	-ਉਹੀ-
131.	ਰਾਜਪੁਰਾ-ਚੰਡੀਗੜ੍ਹ ਵਾਇਆ ਚੁੰਨੀ ..	2	15.6.73	-ਉਹੀ-	-ਉਹੀ-
132.	ਫਤਿਹਗੜ੍ਹ ਸਾਹਿਬ-ਅੰਮ੍ਰਿਤਸਰ ਵਾਇਆ ਅਹਿਮਦਗੜ੍ਹ, ਰਾਏਕੋਟ, ਮੋਗਾ ..	1	24.9.73	-ਉਹੀ-	-ਉਹੀ-
133.	ਡੇਰਾਬੱਸੀ-ਹੰਡੇਸਰਾ ਵਾਇਆ ਰਾਣੀਮਾਜਰਾ ..	2	11.4.75	1.6.93	4,526
134.	ਢਕੋਲੀ-ਹੰਡੇਸਰਾ ਵਾਇਆ ਲਾਲੜੂ .	2	20.11.74	-ਉਹੀ-	-ਉਹੀ-

ਕੁੱਲ ਜੋੜ 457 ਦਾਇਮੀ ਫੇਰੇ

ਮਾਨਸਾ ਵਿਖੇ ਰੇਲਵੇ ਫਾਟਕ ਤੇ ਓਵਰ ਬ੍ਰਿਜ ਦੀ ਉਸਾਰੀ

*596. (ਸੀ.ਯੂ.) **ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਨਸਾ ਵਿਖੇ ਰੇਲਵੇ ਫਾਟਕ ਤੇ ਇਕ ਓਵਰ-ਬ੍ਰਿਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ਅਤੇ ਇਸ ਤਜਵੀਜ਼ ਨੂੰ ਕਦੋਂ ਤੱਕ ਅਮਲ ਵਿਚ ਲਿਆਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਹਰਮੇਲ ਸਿੰਘ (ਲੋਕ ਨਿਰਮਾਣ ਮੰਤਰੀ) : (ੳ) ਤਜਵੀਜ਼ ਬਣਾਈ ਜਾ ਚੁੱਕੀ ਹੈ ।

(ਅ) ਜਿਤਨੀ ਜਲਦੀ ਫੰਡਜ਼ ਉਪਲਬਧ ਹੋਣਗੇ, ਸਰਵੇ ਕਰਵਾਇਆ ਜਾਵੇਗਾ ।

ਜ਼ਿਲ੍ਹਾ ਮਾਨਸਾ ਵਿਚ ਸੈਰ-ਸਪਾਟਾ ਕੰਪਲੈਕਸਿਜ਼ ਦੀ ਉਸਾਰੀ

*597(ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਕੀ ਤਕਨੀਕੀ ਸਿਖਿਆ ਅਤੇ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਮਾਨਸਾ ਵਿਚ ਕੋਈ ਸੈਰ-ਸਪਾਟਾ ਕੰਪਲੈਕਸਿਜ਼ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਦੀ ਕਿਥੇ ਕਿਥੇ ਉਸਾਰੀ ਕੀਤੀ ਜਾਣੀ ਹੈ ।

ਬੀਬੀ ਜਾਗੀਰ ਕੌਰ (ਯਾਤਰਾ, ਸਭਿਆਚਾਰਕ ਮਾਮਲੇ ਅਤੇ ਇਸਤਰੀ ਅਤੇ ਬਾਲ ਵਿਕਾਸ ਭਲਾਈ ਮੰਤਰੀ) : ਹਾਂ ਜੀ, ਮਾਨਸਾ ਵਿਖੇ ਯਾਤਰਾ ਕੰਪਲੈਕਸ ਉਸਾਰਨ ਦੀ ਤਜਵੀਜ਼ ਹੈ । ਇਹ ਪ੍ਰੋਜੈਕਟ ਸਥਾਪਤ ਕਰਨ ਲਈ ਜਗ੍ਹਾ ਦੀ ਚੋਣ ਕਰਨ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

ਮਾਨਸਾ ਵਿਖੇ ਤਹਿਸੀਲ ਕੰਪਲੈਕਸ ਬਣਾਉਣਾ

*598 (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਸਰਕਾਰ ਦਾ ਜ਼ਿਲ੍ਹਾ ਸਦਰ ਮੁਕਾਮ ਮਾਨਸਾ ਵਿਖੇ ਨਵਾਂ ਤਹਿਸੀਲ ਕੰਪਲੈਕਸ ਬਣਾਉਣ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਉਸਾਰੀ ਦਾ ਕੰਮ ਕਦੋਂ ਤੱਕ ਸ਼ੁਰੂ ਅਤੇ ਮੁਕੰਮਲ ਕੀਤੇ ਜਾਣ ਦੀ ਆਸ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਤਹਿਸੀਲ ਕੰਪਲੈਕਸ ਦੀ ਉਸਾਰੀ ਲਈ ਜ਼ਿਲ੍ਹਾ ਪ੍ਰਸ਼ਾਸਨ, ਮਾਨਸਾ ਨੂੰ ਕੋਈ ਫੰਡ ਜਾਰੀ ਕੀਤੇ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : (ੳ) ਨਹੀਂ ਜੀ ।

(ਅ) ਨਹੀਂ ਜੀ ।

ਮਾਨਸਾ ਵਿੱਚ ਜ਼ਿਲ੍ਹਾ ਜੇਲ੍ਹ ਦੀ ਉਸਾਰੀ

*599 (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਦਾ ਜ਼ਿਲ੍ਹਾ ਜੇਲ੍ਹ ਮਾਨਸਾ ਦੀ ਇਮਾਰਤ ਦੀ ਉਸਾਰੀ ਕਰਨ ਦਾ ਵਿਚਾਰ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਇਮਾਰਤ ਦੀ ਉਸਾਰੀ ਲਈ ਸਰਕਾਰ ਦੁਆਰਾ ਕੋਈ ਫੰਡ ਐਲੋਕੇਟ ਕੀਤੇ ਗਏ ਹਨ; ਜੇਕਰ ਅਜਿਹਾ ਹੈ, ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਹਾਂ ਜੀ ।

[ਮੁੱਖ ਮੰਤਰੀ]

(ਅ) ਜ਼ਿਲ੍ਹਾ ਜੇਲ੍ਹ ਮਾਨਸਾ ਦੀ ਉਸਾਰੀ ਲਈ ਸਰਕਾਰ ਦੁਆਰਾ ਅਜੇ ਤੱਕ ਕੋਈ ਫੰਡਜ਼ ਅਲਾਟ ਨਹੀਂ ਕੀਤੇ ਗਏ, ਕੁਝ ਮਾਲਕਾਂ ਵਲੋਂ ਉਨ੍ਹਾਂ ਦੀ ਜ਼ਮੀਨ ਐਕਵਾਇਰ ਕਰਨ ਵਿਰੁੱਧ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਦਾਇਰ ਕੀਤੀ ਹੋਈ ਹੈ ਜੋ ਕਿ ਅਜੇ ਫੈਸਲੇ ਲਈ ਪੈਂਡਿੰਗ ਹੈ ।

ਸਰਦੂਲਗੜ੍ਹ ਵਿਖੇ ਇਕ ਡਿਗਰੀ ਕਾਲਜ ਖੋਲ੍ਹਣਾ

*600 (ਸੀ. ਯੂ.) **ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਦੂਲਗੜ੍ਹ ਵਿਖੇ ਇਕ ਡਿਗਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਮਨਜੀਤ ਸਿੰਘ ਕਲਕੱਤਾ (ਉਚੇਰੀ ਸਿੱਖਿਆ ਮੰਤਰੀ) : ਨਹੀਂ ਜੀ ।

ਨਿਸ਼ਾਨ ਵਾਲੇ ਪ੍ਰਸ਼ਨ ਨੰਬਰ **601 (ਸੀ.ਯੂ.) ਅਤੇ 602 (ਸੀ.ਯੂ.)

(ਇਨ੍ਹਾਂ ਸਵਾਲਾਂ ਦੇ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਏ)

ਪ੍ਰਾਹੁਣਾਚਾਰੀ ਤੇ ਖਰਚਾ

*603 (ਸੀ.ਯੂ.) **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਪ੍ਰਾਹੁਣਾਚਾਰੀ ਵਿਭਾਗ ਦੁਆਰਾ ਪ੍ਰਾਹੁਣਾਚਾਰੀ ਸੇਵਾਵਾਂ ਤੇ 1 ਅਪ੍ਰੈਲ, 1996 ਤੋਂ 18 ਜੂਨ, 1997 ਤੱਕ ਦੇ ਸਮੇਂ ਦੇ ਦੌਰਾਨ ਕੀਤੇ ਗਏ ਖਰਚ ਤੇ ਮਹੀਨਾਵਾਰ ਵੇਰਵੇ ਕੀ ਹਨ ਅਤੇ ਉਕਤ ਖਰਚਾ ਕਿਹੜੇ ਕਿਹੜੇ ਮੌਕਿਆਂ ਤੇ ਕੀਤਾ ਗਿਆ ਅਤੇ ਇਸ ਦੇ ਵੇਰਵੇ ਕੀ ਹਨ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਰਾ ਖਰਚਾ ਚੰਡੀਗੜ੍ਹ ਵਿਚ ਹੀ ਕੀਤਾ ਗਿਆ ਜਾਂ ਰਾਜ ਦੇ ਹੋਰ ਸ਼ਹਿਰਾਂ ਵਿਚ ਵੀ ਕੀਤਾ ਗਿਆ ਸੀ ;

(ੲ) ਕੀ ਹਰ ਇਕ ਮੰਤਰੀ ਨੂੰ ਕੋਈ ਵੱਖਰੇ ਪ੍ਰਾਹੁਣਾਚਾਰੀ ਫੰਡ ਮੁਹੱਈਆ ਕੀਤੇ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਉਸ ਦੀ ਵੱਧ ਤੋਂ ਵੱਧ ਸੀਮਾ ਕਿੰਨੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਮਿਤੀ 1.4.1996 ਤੋਂ 18.6.1997 ਤੱਕ ਪ੍ਰਾਹੁਣਾਚਾਰੀ ਵਿਭਾਗ ਵਲੋਂ ਹੋਸ ਪਿਟੈਲਟੀ ਸੇਵਾਵਾਂ ਤੇ ਮਹੀਨਾਵਾਰ ਵੱਖ-ਵੱਖ ਮੌਕਿਆਂ ਤੇ ਰੁਪਏ 40,81,885-60 ਖਰਚ ਕੀਤੇ ਗਏ । ਮੌਕਿਆਂ ਅਤੇ ਖਰਚੇ ਸਬੰਧੀ ਵਿਸਥਾਰ ਪੂਰਵਕ ***ਰਿਪੋਰਟ ਨਾਲ ਨੱਥੀ ਕੀਤੀ ਜਾਂਦੀ ਹੈ ।

(ਅ) ਉਪਰ ਭਾਗ (ੳ) ਵਿਚ ਦੱਸਿਆ ਗਿਆ ਖਰਚਾ ਚੰਡੀਗੜ੍ਹ ਵਿਚ ਅਤੇ ਪੰਜਾਬ ਸਟੇਟ ਦੇ ਹੋਰ ਸ਼ਹਿਰਾਂ ਵਿਚ ਵੀ ਕੀਤਾ ਗਿਆ ।

(ੲ) ਮੰਤਰੀ ਸਾਹਿਬਾਨਾਂ ਨੂੰ ਕੋਈ ਵੀ ਵੱਖਰੇ ਤੌਰ ਤੇ ਪ੍ਰਾਹੁਣਾਚਾਰੀ ਫੰਡ ਨਹੀਂ ਦਿਤੇ ਜਾਂਦੇ ।

**For Starred Question No. 601 (C.U.) and reply thereto, please see Appendix to this Annexure.

***Placed in the Library

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ **604 (ਸੀ.ਯੂ.)

(ਇਸ ਸਵਾਲ ਦਾ ਜਵਾਬ ਹਾਲ ਤੱਕ ਪ੍ਰਾਪਤ ਨਹੀਂ ਹੋਇਆ)

ਅੰਮ੍ਰਿਤਸਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਅਤੇ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਵਿਚ ਪੈਰਾ-ਮੈਡੀਕਲ ਅਮਲੇ ਦੀ ਗਿਣਤੀ

*605 (ਸੀ.ਯੂ.) ਸ੍ਰੀ ਬਲਦੇਵ ਰਾਜ ਚਾਵਲਾ : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਅੰਮ੍ਰਿਤਸਰ ਵਿਚ ਵੱਖ-ਵੱਖ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਅਤੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਇਸ ਸਮੇਂ ਪੈਰਾ-ਮੈਡੀਕਲ ਅਮਲੇ ਦਾ ਵੇਰਵਾ ਕੀ ਹੈ;

(ਅ) ਵੱਖ-ਵੱਖ ਵਿੱਤੀ ਸਾਲਾਂ 1995-96 ਅਤੇ 1996-97 ਦੇ ਸਮੇਂ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਹਸਪਤਾਲਾਂ ਦੇ ਰੇਡਿਓਲੌਜੀ ਵਿਭਾਗਾਂ ਲਈ ਕਿੰਨੇ ਕਿੰਨੇ ਫੰਡ ਐਲੋਕੇਟ ਕੀਤੇ ਗਏ।

ਸ੍ਰੀ ਮਨੋਰੰਜਨ ਕਾਲੀਆ (ਸਿਹਤ ਅਤੇ ਪਰਿਵਾਰ ਭਲਾਈ ਮੰਤਰੀ) :

(ੳ) ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਅਤੇ ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਵਿਚ ਪੈਰਾ-ਮੈਡੀਕਲ ਅਮਲੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਲੜੀ ਨੰ	ਆਸਾਮੀ ਦਾ ਨਾਂ	ਮਨਜ਼ੂਰ ਸ਼ੁਦਾ ਆਸਾਮੀਆਂ	ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ	ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ
1	2	3	4	5
(1)	ਡਿਸਪੈਂਸਰੀ ਸੁਪਰਡੰਟ ..	1	1	—
(2)	ਚੀਫ ਫਾਰਮਾਸਿਸਟ-1 ..	2	1	1
(3)	ਚੀਫ ਫਾਰਮਾਸਿਸਟ-2 ..	2	1	1
(4)	ਫਾਰਮਾਸਿਸਟ ..	19	12	7
(5)	ਸੀਨੀਅਰ ਲੈਬਾਰਟਰੀ ਟੈਕਨੀਸ਼ੀਅਨ... (ਏਡਜ਼ ਸਕੀਮ)	2	1	—
(6)	ਸੀਨੀਅਰ ਲੈਬਾਰੇਟਰੀ ਟੈਕਨੀਸ਼ੀਅਨ...	4	2	2
(7)	ਲੈਬਾਰਟਰੀ ਟੈਕਨੀਸ਼ੀਅਨ-1 ...	5	2	3
(8)	ਲੈਬਾਰਟਰੀ ਟੈਕਨੀਸ਼ੀਅਨ-2 ...	7	3	4
(9)	ਟੈਕਨੀਸ਼ੀਅਨ ਮਕੈਨਿਕ ...	1	—	1

**For Starred Question No. 604 (C.U.) and reply thereto, please see Appendix to this Annexure.

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

1	2	3	4	5
(10)	ਲੈਬਾਰਟਰੀ ਅਟੈਂਡੈਂਟ ...	9	5	4
(11)	ਓ.ਟੀ. ਸੁਪਰਵਾਈਜ਼ਰ ...	4	2	2
(12)	ਓ.ਟੀ. ਸਹਾਇਕ ...	27	8	8
(13)	ਰੇਡਿਓਗਰਾਫਰ ...	10	5	5
(14)	ਡਾਰਕ ਰੂਮ ਅਟੈਂਡੈਂਟ ...	3	1	1
(15)	ਨਰਸ ਬੁਆਏ ..	9	1	5
(16)	ਡਰਾਈਵਰ ..	7	5	—
(17)	ਈ. ਸੀ. ਜੀ. ਟੈਕਨੀਸ਼ੀਅਨ ..	4	—	2
(18)	ਇਲੈਕਟ੍ਰਿਸ਼ਨ ..	2	1	—
(19)	ਇਸਤਰੀ ਸਿਹਤ ਚਰਸ਼ਕ ..	1	1	—
(20)	ਪੇਂਟਰ ..	1	1	—
(21)	ਕਾਰਪੇਂਟਰ ..	1	1	—
(22)	ਮੈਡੀਕਲ ਸੋਸ਼ਲ ਵਰਕਰ ...	1	1	—
(23)	ਸਹਾਇਕ ਲਾਇਬ੍ਰੇਰੀਅਨ ...	1	—	1
(24)	ਫੋਟੋ ਗਰਾਫਰ ...	1	1	—
(25)	ਫਿਜ਼ੀਓਥੈਰਾਪਿਸਟ ..	1	1	—
(26)	ਜੂਨੀਅਰ ਅੰਕੜਾ ਸਹਾਇਕ ...	1	—	1
(27)	ਟਰੇਂਡ ਦਾਈਆਂ ...	4	2	—
(28)	ਲਿਫਟਮੈਨ ..	4	—	4
(29)	ਨਰਸਿੰਗ ਸੁਪਰਡੰਟ ..	1	1	—
(30)	ਮੈਟਰਨ ..	4	2	2
(31)	ਪ੍ਰਿੰਸੀਪਲ ਟਿਊਟਰ ...	1	1	—
(32)	ਪੀ. ਐਚ. ਐਨ. ..	2	2	—
(33)	ਨਰਸਿੰਗ ਸਿਸਟਰ ..	51	15	36
(34)	ਸਟਾਫ ਨਰਸ ..	354	146	208
(35)	ਦਰਜਾ ਚਾਰ ਕਰਮਚਾਰੀ ..	612	237	321
(36)	ਸਿਸਟਰ ਟਿਊਟਰ ..	9	9	—
(37)	ਨਰਸਿੰਗ ਸੁਪਰਡੰਟ 2 (ਓਪਰੇਸ਼ਨ ਥੀਏਟਰ) ..	2	—	—

(ਅ) ਰੇਡਿਓਡਾਇਗਨੋਜ਼ਿਜ਼ (ਰੇਡਿਆਲੋਜੀ) ਵਿਭਾਗ ਲਈ ਕੋਈ ਵੱਖਰੇ ਫੰਡਜ਼ ਐਲੋਕੇਟ ਨਹੀਂ ਕੀਤੇ ਜਾਂਦੇ ਹਨ ਅਤੇ ਇਸ ਵਿਭਾਗ ਤੇ ਆਉਣ ਵਾਲਾ ਖਰਚਾ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਦੇ ਸਾਲ 1995-96 ਅਤੇ 1996-97 ਦੌਰਾਨ ਕੀਤੇ ਐਲੋਕੇਟ ਬਜਟ ਵਿਚੋਂ ਹੀ ਕੀਤਾ ਗਿਆ ਹੈ ਅਤੇ ਰੇਡਿਓਡਾਇਆਗਨੋਜ਼ਿਜ਼ (ਰੇਡਿਓਲੋਜੀ) ਵਿਭਾਗ ਦੇ ਸਾਲ 1995-96 ਅਤੇ 1996-97 ਦੌਰਾਨ ਖਰਚਾ ਹੇਠ ਲਿਖੇ ਅਨੁਸਾਰ ਹੈ :—

ਮਸ਼ੀਨਰੀ ਇਕਉਪਮੈਂਟ	1995-96	1996-97
ਮੈਟੀਰੀਅਲ ਅਤੇ ਸਪਲਾਈਜ਼	23,88,457.00	4,84,719.00

ਸਰਕਾਰੀ ਡਾਕਟਰਾਂ ਦੁਆਰਾ ਪ੍ਰਾਈਵੇਟ ਪ੍ਰੈਕਟਿਸ ਕਰਨਾ

*606 (ਸੀ.ਯੂ.) **ਸ੍ਰੀ ਬਲਦੇਵ ਰਾਜ ਚਾਵਲਾ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਹਸਪਤਾਲਾਂ ਵਿਚ ਸਰਕਾਰੀ ਡਾਕਟਰਾਂ ਨੂੰ ਪ੍ਰਾਈਵੇਟ ਪ੍ਰੈਕਟਿਸ ਦੁਬਾਰਾ ਸ਼ੁਰੂ ਕਰਨ ਦੀ ਇਜਾਜ਼ਤ ਦੇਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਵਿਚ ਦਿੱਤੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਦੇ ਵੇਰਵੇ ਕੀ ਹਨ ?

ਸ੍ਰੀ ਮਨੋਰੰਜਨ ਕਾਲੀਆ (ਸਿਹਤ ਤੇ ਪਰਿਵਾਰ ਭਲਾਈ ਮੰਤਰੀ) : ਸਰਕਾਰੀ ਹਸਪਤਾਲਾਂ ਵਿਚ ਸਰਕਾਰੀ ਡਾਕਟਰਾਂ ਨੂੰ ਪ੍ਰਾਈਵੇਟ ਪ੍ਰੈਕਟਿਸ ਦੁਬਾਰਾ ਸ਼ੁਰੂ ਕਰਨ ਦੀ ਇਜਾਜ਼ਤ ਦੇਣ ਸਬੰਧੀ ਸਰਕਾਰ ਵਲੋਂ ਇਕ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ । ਕਮੇਟੀ ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖਕੇ ਅੰਤਿਮ ਫੈਸਲਾ ਕੀਤਾ ਜਾਵੇਗਾ ।

ਸੰਤ ਹਰਚੰਦ ਸਿੰਘ ਲੌਂਗੋਵਾਲ ਚੇਅਰ ਸਥਾਪਿਤ ਕਰਨਾ

*607 (ਸੀ.ਯੂ.) **ਸਰਦਾਰ ਗੋਬਿੰਦ ਸਿੰਘ ਲੌਂਗੋਵਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਤੱਥ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਚੇਅਰ ਸਥਾਪਿਤ ਕੀਤੀ ਗਈ ਸੀ ;

(ਅ) ਜੇ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਇਸ ਚੇਅਰ ਦੁਆਰਾ ਹੁਣ ਤੱਕ ਕੰਮ-ਕਾਰ ਸ਼ੁਰੂ ਨਾ ਕੀਤੇ ਜਾਣ ਦੇ ਕੀ ਕਾਰਣ ਹਨ ਅਤੇ ਉਕਤ ਚੇਅਰ ਲਈ ਸਰਕਾਰ ਦੁਆਰਾ ਹੁਣ ਤੱਕ ਮੁਹੱਈਆ ਕੀਤੇ ਗਏ ਫੰਡਾਂ ਦੇ ਵੇਰਵੇ ਕੀ ਹਨ ।

ਸਰਦਾਰ ਮਨਜੀਤ ਸਿੰਘ ਕਲਕੱਤਾ (ਉਚੇਰੀ ਸਿੱਖਿਆ ਮੰਤਰੀ) : (ਉਹ ਨਹੀਂ ਸੀ)

[ਉਚੇਰੀ ਸਿੱਖਿਆ ਮੰਤਰੀ]

(ਅ) ਸਵਾਲ ਹੀ ਨਹੀਂ ਉਠਦਾ ।

ਪ੍ਰਾਇਮਰੀ ਸਿੱਖਿਆ ਦਾ ਮਿਆਰ ਉੱਚਾ ਚੁਕਣਾ

*608 (ਸੀ. ਯੂ.) **ਸਰਦਾਰ ਸੀਤਲ ਸਿੰਘ ਧਰਮਕੋਟ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪ੍ਰਾਇਮਰੀ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਪ੍ਰਾਇਮਰੀ ਅਧਿਆਪਕਾਂ ਲਈ ਇਨ ਸਰਵਿਸ ਟਰੇਨਿੰਗ ਕੋਰਸ ਚਾਲੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ, ਇਸ ਦੇ ਵੇਰਵੇ ਕੀ ਹਨ ਅਤੇ ਸਾਲ 1997-98 ਦੇ ਦੌਰਾਨ 'ਇਨ-ਸਰਵਿਸ ਟਰੇਨਿੰਗ ਕੋਰਸ ਲਈ ਕਿੰਨੀ ਰਕਮ ਮਖਸੂਸ ਕੀਤੀ ਗਈ ਹੈ ?

ਸਰਦਾਰ ਤੋਤਾ ਸਿੰਘ (ਹਾਇਰ ਸੈਕੰਡਰੀ ਤੇ ਪ੍ਰਾਇਮਰੀ ਸਿੱਖਿਆ ਮੰਤਰੀ) : (ੳ) ਹਾਂ ਜੀ।

10.00 ਲੱਖ ਰੁਪਏ ਸਾਲ-1997-98 ਲਈ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਨੂੰ ਇਨ-ਸਰਵਿਸ ਟਰੇਨਿੰਗ ਦੇਣ ਲਈ ਮਨਜ਼ੂਰ ਕੀਤੇ ਗਏ ਹਨ ।

ਬੇਟ ਇਲਾਕਿਆਂ ਵਿਚ 'ਕੋਰੋਂ ਸਰਵੇ ਸਕੀਮ" ਮੁੜ ਚਾਲੂ ਕਰਨੀ

*609 (ਸੀ. ਯੂ.) **ਸਰਦਾਰ ਸੀਤਲ ਸਿੰਘ ਧਰਮਕੋਟ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਧਰਮਕੋਟ ਚੋਣ ਹਲਕੇ ਵਿਚ ਦਰਿਆ ਸਤਲੁਜ ਦੇ ਨੇੜੇ ਪੈਂਦੇ ਪਿੰਡਾਂ ਅਰਥਾਤ ਸ਼ੇਰੇਵਾਲਾ, ਮੰਦਰ, ਭੈਣੀ, ਮੇਲਕ, ਕਾਂਗਾ, ਮਡਾਰਪੁਰ, ਸੰਘੇੜਾ ਆਦਿ ਵਿਚ ਭੂਮੀ ਨੂੰ ਦਰਿਆ ਦੇ ਵਹਾਅ ਕਾਰਨ ਖੁਰਨ ਤੋਂ ਬਚਾਉਣ ਲਈ "ਕੋਰੋਂ ਸਰਵੇ ਸਕੀਮ" ਨੂੰ ਮੁੜ ਚਾਲੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ , ਜੇਕਰ ਅਜਿਹਾ ਹੋਵੇ ਤਾਂ ਇਸ ਤਜਵੀਜ਼ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਾਲ 1983-84 ਵਿਚ "ਕੋਰੋਂ ਸਰਵੇ ਸਕੀਮ" ਧਰਮਕੋਟ ਅਸੈਂਬਲੀ ਹਲਕਾ ਵਿਚ ਪੈਂਦੇ ਪਿੰਡ ਸ਼ੇਰੇ ਵਾਲਾ, ਮਦਰ, ਭੈਣੀ, ਮਿਲਕ, ਕਾਂਗਾ ਮਡਾਰਪੁਰ, ਸੰਘੇੜਾ ਆਦਿ ਦੀ ਜ਼ਮੀਨ ਦੇ ਕਟਾਓ ਨੂੰ ਰੋਕਣ ਲਈ ਇਲਾਕੇ ਦਾ ਸਰਵੇ ਕੀਤਾ ਗਿਆ ਸੀ ਪਰ ਇਹ ਮੁਢਲੀ ਪੱਧਰ ਤੇ ਹੀ ਸਿਰੇ ਨਾ ਚੜ੍ਹ ਸਕਿਆ ।

ਹੁਣ ਇਲਾਕੇ ਦੇ ਲੋਕਾਂ ਦੀ ਮੰਗ ਨੂੰ ਧਿਆਨ ਵਿਚ ਰੱਖ ਕੇ ਦਰਿਆ ਦੇ ਰੁਖ ਨੂੰ ਵੇਖਦਿਆਂ ਹੋਇਆਂ ਨਵੇਂ ਸਿਰਿਉਂ ਸਰਵੇ ਕੀਤਾ ਜਾ ਰਿਹਾ ਹੈ ਅਤੇ ਅਗਲੇਰੀ ਕਾਰਵਾਈ ਸਕੀਮ ਮੰਜ਼ੂਰ ਹੋਣ ਤੇ ਫੰਡਜ਼ ਪ੍ਰਾਪਤ ਹੋਣ ਤੇ ਕੀਤੀ ਜਾਵੇਗੀ ।

ਗੰਨਾ ਉਤਪਾਦਕਾਂ ਨੂੰ ਹੋਏ ਨੁਕਸਾਨ ਲਈ ਮੁਆਵਜ਼ਾ

*610 (ਸੀ.ਯੂ.) **ਸ਼੍ਰੀ ਮਨੋਰੰਜਨ ਕਾਲੀਆ** : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਰਾਜ ਵਿਚ ਗੰਨਾ ਉਤਪਾਦਕਾਂ ਦਾ ਸਾਲ 1992 ਤੋਂ 1996 ਤੱਕ ਦੇ ਸਮੇਂ ਦੇ ਦੌਰਾਨ ਕੁਦਰਤੀ ਆਫਤਾਂ ਜਾਂ ਹੋਰ ਕਾਰਣਾਂ ਕਰਕੇ ਕੋਈ ਨੁਕਸਾਨ ਹੋਇਆ ; ਜੇਕਰ ਅਜਿਹਾ ਹੋਵੇ ਤਾਂ ਕਿੰਨਾ ਨੁਕਸਾਨ ਹੋਇਆ ;

(ਅ) ਕੀ ਸਰਕਾਰ ਨੇ ਉਪਰੋਕਤ ਭਾਗ (ੳ) ਵਿਚ ਵਰਣਿਤ ਨੁਕਸਾਨ ਲਈ ਕੋਈ ਮੁਆਵਜ਼ਾ ਦਿੱਤਾ ਸੀ ; ਜੇਕਰ ਅਜਿਹਾ ਹੋਵੇ ਤਾਂ ਇਸ ਤਰ੍ਹਾਂ ਮੁਆਵਜ਼ੇ ਵਜੋਂ ਕਿੰਨੀ ਰਕਮ ਅਦਾ ਕੀਤੀ ਗਈ ?

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : (ੳ) ਸਾਲ 1992 ਤੋਂ ਸਾਲ 1996 ਤੱਕ ਦੇ ਸਮੇਂ ਦੌਰਾਨ ਸਿਵਾਏ ਜ਼ਿਲ੍ਹਾ ਗੁਰਦਾਸਪੁਰ ਵਿਚ 229 ਏਕੜ ਰਕਬੇ ਦੇ ਹੋਰ ਕਿਸੇ ਜ਼ਿਲ੍ਹੇ ਵਿਚ ਕੁਦਰਤੀ ਆਫਤਾਂ ਕਾਰਨ ਗੰਨੇ ਦੀ ਫਸਲ ਨੂੰ ਕੋਈ ਨੁਕਸਾਨ ਨਹੀਂ ਪੁੱਜਾ ।

(ਅ) ਨਹੀਂ ਜੀ, ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਹਤ ਲਈ ਕੋਈ ਮੰਗ ਪ੍ਰਾਪਤ ਨਹੀਂ ਹੋਈ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 611 (ਸੀ. ਯੂ.)

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ)

ਆਯੁਰਵੈਦਿਕ ਡਿਸਪੈਂਸਰੀਆਂ ਵਿਚ ਐਲੋਪੈਥਿਕ ਡਾਕਟਰਾਂ ਦੀ ਨਿਯੁਕਤੀ

*612 (ਸੀ. ਯੂ.) **ਸ਼੍ਰੀ ਮਨੋਰੰਜਨ ਕਾਲੀਆ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਰਾਜ ਵਿਚ ਸਰਕਾਰੀ ਹਸਪਤਾਲਾਂ/ਆਯੁਰਵੈਦਿਕ ਡਿਸਪੈਂਸਰੀਆਂ ਆਦਿ ਵਿਚ ਆਯੁਰਵੈਦਿਕ ਡਾਕਟਰਾਂ ਦੀਆਂ ਆਸਾਮੀਆਂ ਵਿਰੁਧ ਇਸ ਸਮੇਂ ਕੋਈ ਐਲੋਪੈਥਿਕ ਡਾਕਟਰ ਨਿਯੁਕਤ ਹਨ ; ਜੇਕਰ ਅਜਿਹਾ ਹੋਵੇ, ਤਾਂ ਅਜਿਹੀਆਂ ਆਸਾ-ਮੀਆਂ ਦੇ ਵੇਰਵੇ ਕੀ ਹਨ ਅਤੇ ਇਸ ਦੇ ਕਾਰਣ ਕੀ ਹਨ ?

ਸ਼੍ਰੀ ਮਨੋਰੰਜਨ ਕਾਲੀਆ (ਸਿਹਤ ਤੇ ਪਰਿਵਾਰ ਭਲਾਈ ਮੰਤਰੀ) : ਨਹੀਂ ਜੀ ।

ਉਲਕ ਲਿਫਟ ਸਕੀਮ ਮੁਕੰਮਲ ਕਰਨਾ

*613(ਸੀ.ਯੂ.) **ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡ ਉਲਕ, ਜ਼ਿਲ੍ਹਾ ਮਾਨਸਾ ਵਿਚ 'ਉਲਕ ਲਿਫਟ ਸਕੀਮ' ਵਜੋਂ ਜਾਣੀ ਜਾਂਦੀ ਕੋਈ ਲਿਫਟ ਸਿੰਜਾਈ ਸਕੀਮ ਮੁਕੰਮਲ ਹੋ ਚੁਕੀ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ । ਸਕੀਮ ਇਸ ਸਮੇਂ ਚੱਲ ਰਹੀ ਹੈ ਜੀ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 614 (ਸੀ. ਯੂ.)

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ)

X Placed in the Library

APPENDIX TO ANNEXURE
to
PUNJAB VIDHAN SABHA
DEBATES

Dated 14th July, 1997

Vol. II- No. 12

UNSTARRED QUESTIONS (CONVERTED AS SUCH FROM BEING STARRED QUESTIONS) AND ANSWERS

ਜ਼ਿਲ੍ਹਾ ਪਟਿਆਲਾ ਵਿੱਚ ਕਰਜ਼ੇ ਦੇ ਪੈਂਡਿੰਗ ਕੇਸ

*590 (ਸੀ.ਖੁ.) ਸਰਦਾਰ ਗੁਰਦੇਵ ਸਿੰਘ ਸਿੱਧੂ : ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਪੰਜਾਬ ਅਨੁਸੂਚਿਤ ਜਾਤੀਆਂ ਭੂਮੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੁਆਰਾ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਨੂੰ ਦਿੱਤੇ ਜਾਂਦੇ ਕਰਜ਼ਿਆਂ ਦੀਆਂ ਸ਼ਰਤਾਂ, ਕਰਜ਼ਾ ਦੇਣ ਦਾ ਮੰਤਵ ਅਤੇ ਵਿਆਜ ਦੀ ਦਰ ਦਰਸਾਉਂਦੇ ਵੇਰਵੇ ਕੀ ਹਨ;

(ਅ) ਇਸ ਸਮੇਂ ਜ਼ਿਲ੍ਹਾ ਪਟਿਆਲਾ ਵਿਚ ਕਰਜ਼ੇ ਦੇਣ ਲਈ ਕਾਰਪੋਰੇਸ਼ਨ ਪਾਸ ਪੈਂਡਿੰਗ ਪਈਆਂ ਅਰਜ਼ੀਆਂ ਦੀ ਗਿਣਤੀ ਕਿੰਨੀ ਹੈ ?

ਸਰਦਾਰ ਸਰਵਨ ਸਿੰਘ : (ੳ) ਸਟੇਟਮੈਂਟ ਅਨੁੱਲਗ-1 ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) 84 ਪ੍ਰਤੀਬੇਨਤੀਆਂ (ਮਿਤੀ 15-12-1997 ਨੂੰ ਸਥਿਤੀ ਅਨੁਸਾਰ)

ਅਨੁਲੱਗ 'I'

ਲੜੀ ਨ.	ਸ਼ਰਤਾਂ ਅਤੇ ਨਿਯਮ	ਸਕੀਮਾਂ
1	2	3
1.	ਬਿਨੈਕਾਰ ਪੰਜਾਬ ਰਾਜ ਦਾ ਪੱਕਾ ਨਿਵਾਸੀ ਅਤੇ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ।	ਸਾਰੀਆਂ ਸਕੀਮਾਂ ਦੇ ਵਿੱਚ ।
2.	ਆਮਦਨ ਦੀ ਹੱਦ	1. ਇਕਨਾਮਿਕ ਵੈਂਚਰ ਸਕੀਮ ਦੇ ਅਧੀਨ ਗਰੀਬੀ ਰੇਖਾ (11,000/- ਰੁ. ਸਾਲਾਨਾ ਆਮਦਨ) ਤੋਂ ਘੱਟ ।

ਲੜੀ ਨੰ:	ਸ਼ਰਤਾਂ ਅਤੇ ਨਿਯਮ	ਸਕੀਮ
1	2	3
		2. ਰਾਸ਼ਟਰੀ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲੇ ਵਿੱਤ ਤੇ ਵਿਕਾਸ ਨਿਗਮ ਨਵੀਂ ਦਿੱਲੀ ਦੇ ਸਹਿਯੋਗ ਨਾਲ ਚਲਾਈਆਂ ਜਾ ਰਹੀਆਂ ਸਕੀਮਾਂ ਜਿਵੇਂ ਕਿ ਕਮਰਸ਼ੀਅਲ ਡੇਅਰੀ ਫਾਰਮ, ਹਰ ਕਿਸਮ ਦੀ ਢੋਆ-ਢੁਆਈ ਲਈ ਮੋਟਰ ਗੱਡੀਆਂ, ਫੋਟੋ ਸਟੇਟ ਮਸ਼ੀਨ ਆਦਿ ਵਿੱਚ ਆਮਦਨ ਦੀ ਹੱਦ 22,000/- ਰੁ. ਸਲਾਨਾ ਤੋਂ ਘੱਟ ਹੈ ।
		3. ਮਲੀਨ ਧੰਦੇ ਤੋਂ ਮੁਕਤੀ ਦੁਆਉਣ ਅਤੇ ਮੁੜ ਵਸਾਉਣ ਸਬੰਧੀ ਸਕੀਮ ਤਹਿਤ ਅਤੇ ਸਿੱਧਾ ਕਰਜਾ ਸਕੀਮ ਤਹਿਤ ਪ੍ਰੀਵਾਰਕ ਸਲਾਨਾ ਆਮਦਨ ਦੀ ਕੋਈ ਹੱਦ ਨਹੀਂ ਹੈ ।
3.	ਜਮਾਨਤ	1. ਜਿੱਥੇ ਵੈਂਚਰ ਸੈਟਅੱਪ ਕਰਨਾ ਹੈ ਉਥੇ ਕਿਸੇ ਵੀ ਸਾਈਜ਼ ਦਾ ਪਲਾਟ ਜਿਹੜਾ ਕਿ ਬਿਨੈਕਾਰ ਦੇ ਨਾਂ ਤੇ ਹੋਵੇ ਹੀ ਕਾਰਪੋਰੇਸ਼ਨ ਦੇ ਨਾਂ ਬਿਨਾਂ ਕਬਜਾ ਰਹਿਣ ਕੀਤਾ ਜਾਂਦਾ ਹੈ ।
		2. ਕਮਰਸ਼ੀਅਲ ਡੇਅਰੀ ਸਕੀਮ ਅਧੀਨ ਬਿਨੈਕਾਰ ਪਾਸ ਘੱਟੋ ਘੱਟ 10 ਮਰਲੇ ਦਾ ਖਾਲੀ ਪਲਾਟ ਹੋਣਾ ਚਾਹੀਦਾ ਹੈ । ਜਿਹੜੀ ਕਿ ਕਾਰਪੋਰੇਸ਼ਨ ਦੇ ਨਾਂ ਬਿਨਾਂ ਕਬਜਾ ਰਹਿਣ ਕੀਤਾ ਜਾਂਦਾ ਹੈ ।
		3. ਕਮਰਸ਼ੀਅਲ ਡੇਅਰੀ ਫਾਰਮ ਸਕੀਮ ਵਾਂਗ ਹੀ ਬੱਕਰੀਆਂ ਪਾਲਨ ਦੀ ਸਕੀਮ ਵਿੱਚ ਵੀ ਘੱਟੋ ਘੱਟ 8 ਮਰਲੇ ਦਾ ਪਲਾਟ ਬਿਨਾਂ ਕਬਜਾ ਰਹਿਣ ਕੀਤਾ ਜਾਂਦਾ ਹੈ ।

ਲੜੀ ਨੰ	ਸ਼ਰਤਾਂ ਤੇ ਨਿਯਮ	ਸਕੀਮ
1	2	3
		4. ਵਹੀਕਲ ਸਕੀਮ ਅਧੀਨ ਕਰਜ਼ੇ ਦੀ ਕੁੱਲ ਰਾਸ਼ੀ ਦੇ ਅੱਧ ਕੀਮਤ ਦੇ ਬਰਾਬਰ ਦੀ ਜਾਇਦਾਦ ਕਾਰਪੋਰੇਸ਼ਨ ਦੇ ਨਾਂ ਰਹਿਣ ਕੀਤੀ ਜਾਂਦੀ ਹੈ, ਨਾਲ ਹੀ ਕਰਜ਼ੇ ਨਾਲ ਖਰੀਦ ਕੀਤਾ ਜਾਣ ਵਾਲਾ ਵਹੀਕਲ ਵੀ ਕਾਰਪੋਰੇਸ਼ਨ ਦੇ ਨਾਂ ਹਾਈਪੋਥੀਕੇਟ ਕੀਤਾ ਜਾਂਦਾ ਹੈ । ਇਸ ਦੇ ਨਾਲ ਨਾਲ ਬਿਨੈਕਾਰ ਪਾਸ ਕਮਰਸ਼ੀਅਲ ਡਰਾਈਵਿੰਗ ਲਾਈਸੈਂਸ ਹੋਣਾ ਵੀ ਜ਼ਰੂਰੀ ਹੈ ।
		5. ਸਿੱਧਾ ਕਰਜ਼ਾ ਸਕੀਮ ਅਤੇ ਮਲੀਨ ਧੰਦੇ ਤੋਂ ਮੁਕਤੀ ਦਿਵਾਉਣ ਅਤੇ ਮੁੜ ਵਸਾਉਣ ਸਬੰਧੀ ਸਕੀਮ ਤਹਿਤ ਸਰਵਿਸ ਜ਼ਮਾਨਤ ਦੀ ਵੀ ਪ੍ਰੋਵੀਜ਼ਨ ਰੱਖੀ ਗਈ ਹੈ ।

ਮੰਤਵ

ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਆਮਦਨ ਵਧਾਓ ਸਕੀਮਾਂ ਲਈ ਕਰਜ਼ਾ ਮੁਹੱਈਆ ਕਰਦੀ ਹੈ ਜਿਵੇਂ ਕਿ ਕਰਿਆਨਾ ਦੁਕਾਨ, ਕੱਪੜੇ ਦੀ ਦੁਕਾਨ, ਜੁੱਤੀਆਂ ਬਣਾਉਣ ਲਈ, ਢਾਬਾ, ਜਨਰਲ ਸਟੋਰ, ਜ਼ਮੀਨ ਖਰੀਦਣ ਲਈ, ਗੱਡੀਆਂ ਦੀ ਸਕੀਮ, ਕਮਰਸ਼ੀਅਲ ਡੇਅਰੀ ਸਕੀਮ, ਫੋਟੋ ਸਟੇਟ ਮਸ਼ੀਨ ਆਦਿ ।

ਵਿਆਜ਼ ਦਰ

1.	3,000/- ਰੁ. ਦੇ ਕਰਜ਼ੇ ਤੱਕ	ਨਿੱਲ
2.	3,001/- ਰੁ. ਤੋਂ 10,000/- ਰੁ. ਤੱਕ	3%
3.	10.001/- ਰੁ. ਤੋਂ 20,000/- ਰੁ. ਤੱਕ	4.5%
4.	20,001/- ਰੁ. ਤੋਂ 30,000/- ਰੁ. ਤੱਕ	5.5%
5.	30,000/- ਰੁ. ਤੋਂ ਵੱਧ	8%, ਸਕਵੈਂਜਰ ਸਕੀਮ ਅਧੀਨ ਕੇਵਲ 4% ਵਿਆਜ ਦਰ ਤੇ ਹੀ ਕਰਜ਼ਾ ਦਿੱਤਾ ਜਾਂਦਾ ਹੈ ।

ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਲਈ ਨਵੀਂ ਇਮਾਰਤ ਦੀ ਉਸਾਰੀ

*601 (ਸੀ.ਯੂ.) **ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਦੀ ਨਵੀਂ ਇਮਾਰਤ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਵਿੱਤੀ ਸਾਲ 1997-98 ਦੌਰਾਨ ਇਸ ਮੰਤਵ ਲਈ ਕਿੰਨੇ ਫੰਡ ਐਲੋਕੇਟ ਕੀਤੇ ਗਏ ਹਨ ?

ਸਰਦਾਰ ਮਨਜੀਤ ਸਿੰਘ ਕੱਲਕਤਾ, (ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ) : ਹਾਂ ਜੀ । ਸਰਕਾਰੀ ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਦੀ ਨਵੀਂ ਇਮਾਰਤ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਮੰਤਵ ਲਈ ਵਿੱਤੀ ਸਾਲ 1997-88 ਦੌਰਾਨ ਕੋਈ ਫੰਡ ਮਨਜ਼ੂਰ ਨਹੀਂ ਕੀਤੇ ਗਏ ਸੀ ।

ਅੰਮ੍ਰਿਤਸਰ ਸ਼ਹਿਰ ਦਾ ਆਦਰਸ਼ ਨਗਰ ਵਜੋਂ ਵਿਕਾਸ

*604 (ਸੀ.ਯੂ.) **ਸ੍ਰੀ ਬਲਦੇਵ ਰਾਜ ਚਾਵਲਾ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੰਮ੍ਰਿਤਸਰ ਸ਼ਹਿਰ ਵਿਚ ਜ਼ਮੀਨ ਦੋਜ਼ ਸੀਵਰੇਜ਼ ਵਿਛਾ ਕੇ, ਸੁਲਤਾਨ ਵਿੰਡ ਸੜਕ ਦੇ ਮੌਜੂਦਾ ਗੰਦੇ ਨਾਲੇ ਨੂੰ ਜ਼ਮੀਨ ਦੋਜ਼ ਕਰਕੇ ਅਤੇ 24 ਘੰਟੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਕੇ ਇਸ ਸ਼ਹਿਰ ਦਾ ਆਦਰਸ਼ ਨਗਰ ਵਜੋਂ ਵਿਕਾਸ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਤਜਵੀਜ਼ ਨੂੰ ਕਦੋਂ ਤਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ।

ਸ੍ਰੀ ਬਲਰਾਮ ਜੀ ਦਾਸ ਟੰਡਨ : ਜੀ ਹਾਂ, ਸੁਲਤਾਨ ਵਿੰਡ ਰੋਡ ਦੇ ਗੰਦੇ ਨਾਲੇ ਨੂੰ ਜ਼ਮੀਨਦੋਜ਼ ਸੀਵਰ ਵਿਛਾ ਕੇ ਕਵਰ ਕਰਨ ਦੀ 32.60 ਕਰੋੜ ਰੁਪਏ ਦੀ ਸਕੀਮ ਬਣਾਈ ਗਈ ਹੈ ।

ਟਿਊਬਵੈੱਲ ਬੇਸਡ ਵਾਟਰ ਸਪਲਾਈ ਸਕੀਮ ਰਾਹੀਂ ਅੰਮ੍ਰਿਤਸਰ ਸ਼ਹਿਰ ਨੂੰ ਪਹਿਲਾਂ ਹੀ 12.1/2 ਘੰਟੇ ਰੋਜ਼ਾਨਾ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ ਜਦੋਂ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਸ਼ਹਿਰਾਂ ਵਿਚ ਜ਼ਿਆਦਾ ਤੋਂ ਜ਼ਿਆਦਾ 10 ਘੰਟੇ ਪਾਣੀ ਸਪਲਾਈ ਕੀਤਾ ਜਾਣਾ ਚਾਹੀਦਾ ਹੈ ।

ਲੋੜੀਂਦੇ ਫੰਡਜ਼ ਪ੍ਰਾਪਤ ਹੋਣ ਤੇ ਉਪਰੋਕਤ 32.60 ਕਰੋੜ ਰੁਪਏ ਦੀ ਸਕੀਮ ਨੂੰ ਅਮਲੀ ਰੂਪ ਦੇਣ ਵਿਚ ਡੇਢ ਸਾਲ ਦਾ ਸਮਾਂ ਲਗੇਗਾ ।

APPENDIX-II to ANNEXURE
to
PUNJAB VIDHAN SABHA DEBATES
Dated 14th July, 1997
Vol. II No.12

ਤਹਿਸੀਲ ਗੜ੍ਹ ਸ਼ੰਕਰ ਵਿਚ ਪ੍ਰਾਇਮਰੀ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਨੂੰ ਭਰਨਾ

*567 (ਜੀ. ਯੂ.) ਸ੍ਰੀ ਸਿੰਗਾਰਾ ਰਾਮ ਸਹੂੰਗੜਾ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਤਹਿਸੀਲ ਗੜ੍ਹਸ਼ੰਕਰ ਵਿਚ ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਪਿੰਡ-ਵਾਰ ਕੁੱਲ ਗਿਣਤੀ ਕਿੰਨੀ ਹੈ ਅਤੇ ਵੇਰਵੇ ਕੀ ਹਨ ਜਿਨ੍ਹਾਂ ਵਿਚ ਇਸ ਸਮੇਂ ਅਧਿਆਪਕਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਖਾਲੀ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸਰਦਾਰ ਤੋਤਾ ਸਿੰਘ(ੳ): ਤਹਿਸੀਲ ਗੜ੍ਹਸ਼ੰਕਰ ਵਿਖੇ, ਜਿੱਥੇ ਅਧਿਆਪਕਾਂ ਦੀਆਂ ਆਸਾਮੀਆਂ ਖਾਲੀ ਹਨ, ਦਾ ਵੇਰਵਾ (ਅਨੁਲੱਗ) ਹੇਠ ਲਿਖੇ ਅਨੁਸਾਰ ਹੈ: —

(1)	ਜੇ. ਬੀ. ਟੀ. ਟੀਚਰ	..	ਨਿੱਲ
(2)	ਹੈੱਡ ਟੀਚਰ	..	34
(3)	ਸੈਂਟਰ ਹੈੱਡ ਟੀਚਰ	.	17

(ਅ) ਹੈੱਡ ਟੀਚਰ/ਸੈਂਟਰ ਹੈੱਡ ਟੀਚਰ ਦੀਆਂ ਤਰੱਕੀਆਂ ਸਰਕਾਰ ਵਲੋਂ ਪਾਬੰਦੀ ਲਗਾਉਣ ਕਰਕੇ ਰੁਕੀਆਂ ਹੋਈਆਂ ਹਨ, ਕਿਉਂਕਿ ਸਰਕਾਰ ਵਲੋਂ ਸੁਪਰੀਮ ਕੋਰਟ ਆਫ ਇੰਡੀਆ ਕੋਲੋਂ ਕੁਝ ਸਪਸ਼ਟੀਕਰਣ ਮੰਗਿਆ ਹੋਇਆ ਹੈ । ਜਦੋਂ ਵੀ ਇਹ ਪਾਬੰਦੀ ਹਟ ਜਾਵੇਗੀ, ਤਾਂ ਸਾਰੀਆਂ ਖਾਲੀ ਆਸਾਮੀਆਂ ਭਰਨ ਲਈ ਕਦਮ ਉਠਾਏ ਜਾਣਗੇ ।

ਅਨੁਲਗ

ਹੁਸ਼ਿਆਰਪੁਰ ਦੇ ਤਹਿਸੀਲ ਗੜ੍ਹਸ਼ੰਕਰ ਦੇ ਉਨ੍ਹਾਂ ਸਕੂਲਾਂ ਦੀ ਸੂਚੀ ਜਿਥੇ ਟੀਚਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ :—

ਲੜੀ ਨੰ:	ਸਕੂਲ ਦਾ ਨਾਂ ਜਿਥੇ ਆਸਾਮੀ ਖਾਲੀ ਹੈ		ਜਿਹੜੀ ਆਸਾਮੀ ਖਾਲੀ ਹੈ		
	ਸ.ਪ੍ਰ.ਸ.	ਬਲਾਕ	ਹੈਡ ਟੀਚਰ	ਸੈਂਟਰ ਹੈਡ ਟੀਚਰ	ਵਿਸ਼ੇਸ਼ ਕਥਨ
1	2	3	4	5	6
1.	ਐਮ. ਜੱਟਾਂ	(ਗੜ੍ਹ ਸ਼ੰਕਰ-1)	—	1	—
2.	ਬਜਿਆਲਾ	,,	—	1	—
3.	ਕਿਤਨਾਂ	,,	—	1	—
4.	ਸਮੁੰਦੜਾ	,,	—	1	—

1	2	3	4	5	6
5.	ਮਜਾਰਾ ਡਿੰਗਰੀਆਂ	(ਗੜ੍ਹ ਸ਼ੰਕਰ-1)	—	1	—
6.	ਕਾਲੇਵਾਲਬੀ	(ਗੜ੍ਹ ਸ਼ੰਕਰ-2)	—	1	-
7.	ਝੋਨੇਵਾਲ	,,	—	1	—
8.	ਬੀਨੇਵਾਲ	,,	—	1	—
9.	ਬਿਲੱੜੋ	,,	—	1	—
10	ਖਾਨਪੁਰ	,,	—	1	—
11.	ਚੋਨੋਵਾਲ ਕਲਾਂ	,,	—	1	—
12.	ਭਰੋਵਾਲ	,,	—	1	—
13.	ਸਾਰੰਗਵਾਲ	(ਮਾਹਿਲਪੁਰ-1)	—	1	—
14.	ਬਾਹੋਵਾਲ	(ਮਾਹਿਲਪੁਰ-2)	—	1	—
15.	ਦਾਦੋਵਾਲ	,,	—	1	—
16.	ਭਾਮ	,,	—	1	—
17.	ਅਜਨੋਂਹਾ	,,	—	1	—
18.	ਮੋਰਾਂਵਾਲੀ	(ਗੜ੍ਹ-1)	1	1	—
19.	ਚੱਕ ਸਿੰਘਾਂ	,,	1	1	—
20.	ਖਾਬੜਾ	,,	1	1	—
21.	ਜੀਵਨ ਪੁਰ ਜੱਟਾਂ	,,	1	—	—
22.	ਰਾਮਪੁਰ	(ਗੜ੍ਹ ਸ਼ੰਕਰ-2)	1	—	—
23.	ਸੀਹਵਾਂ	,,	1	—	—
24.	ਟੱਬਾ	,,	1	—	—
25.	ਨੈਨਵਾਂ	,,	1	—	—
26.	ਹੈਬੋਵਾਲ	,,	1	—	—
27.	ਬਾਰਾਪੁਰ	,,	1	—	—
28.	ਡੱਲੇਵਾਲ	,,	1	—	—
29.	ਗੜੀਮਾਨਮੋਵਾਲ	,,	1	—	—
30.	ਅਚਲਪੁਰ	,,	1	—	—
31.	ਮਲਕੋਵਾਲ	,,	1	—	—
32.	ਗੱਦੀਵਾਲ	,,	1	—	—
33.	ਹਰੀਜਨ ਬਸਤੀ	,,	1	—	—
34.	ਪਿਪਲੀਵਾਲ	,,	1	—	—
35.	ਕੁੱਕੜਮਜਾਰਾ	,,	1	—	—
36.	ਕੁਕੜਾਂ	,,	1	—	—

1	2	3	4	5	6
37.	ਗੋਂਜਰ	(ਮਾਹਿਲਪੁਰ-1)	1	—	—
38.	ਫਤੇਹਪੁਰ	,,	1	—	—
39.	ਬਛੌਹੀ	,,	1	—	—
40.	ਜੈਜੋ	,,	1	—	—
41.	ਭੈੜੂਆਂ	,,	1	—	—
42.	ਨੰਗਲ ਚੋਰਾਂ	,,	1	—	—
43.	ਮਹਿਮਦਵਾਲ	,,	1	—	—
44.	ਮੇਘੋਵਾਲ	,,	1	—	—
45.	ਮਹਿਦੂਦ	,,	1	—	—
46.	ਖੰਨੀ	,,	1	—	—
47.	ਨਰਿਆਲਾ	,,	1	—	—
48.	ਰੁਪੋਵਾਲ	(ਮਾਹਿਲਪੁਰ-2)	1	—	—
49.	ਮਰੂਲਾਂ	,,	*	—	—
50.	ਟੋਹਲੀਆਂ	,,	1	—	—
51.	ਜੱਲਵੇਹੜਾ	,,	1	—	—
		ਜੋੜ	34	17	51

ਨੋਟ :—ਇਸ ਸਮੇਂ ਇਸ ਇਸ ਤਹਿਸੀਲ ਵਿਚ ਕੋਈ ਵੀ ਜੇ. ਬੀ. ਟੀ. ਟੀਚਰ ਦੀ ਆਸਾਮੀ ਖਾਲੀ ਨਹੀਂ ਹੈ ।

ਅੰਮ੍ਰਿਤਸਰ ਸ਼ਹਿਰ ਵਿਚ ਨਾਜਾਇਜ਼ ਕਬਜ਼ੇ ਹਟਾਉਣਾ

*580 (ਸੀ. ਯੂ.) ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਅੰਮ੍ਰਿਤਸਰ ਨਗਰ ਨਿਗਮ ਦੀਆਂ ਮਿਊਂਸਪਲ ਹੱਦਾਂ ਅੰਦਰ ਆਉਂਦੀ ਰਾਜ ਸਰਕਾਰ ਅਤੇ ਨਗਰ ਨਿਗਮ ਨਾਲ ਸਬੰਧਤ ਜ਼ਮੀਨ ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ; ਜੇਕਰ ਅਜਿਹਾ ਹੈ, ਤਾਂ ਇਸ ਦਾ ਕੁੱਲ ਰਕਬਾ ਕਿੰਨਾ ਹੈ;

(ਅ) ਉਨ੍ਹਾਂ ਵਿਅਕਤੀਆਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਦੇ ਉਪਰੋਕਤ ਭਾਗ (ੳ) ਵਿਚ ਵਰਣਿਤ ਜ਼ਮੀਨਾਂ ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ ਅਤੇ ਉਕਤ ਜ਼ਮੀਨਾਂ ਤੇ ਨਾਜਾਇਜ਼ ਕਬਜ਼ੇ ਕਿਸ ਮਿਤੀ (ਮਤੀਆਂ) ਤੋਂ ਕੀਤੇ ਹੋਏ ਹਨ;

(ੲ) ਕੀ ਸਰਕਾਰ ਅਤੇ ਕਾਰਪੋਰੇਸ਼ਨ ਨੇ ਉਪਰੋਕਤ ਭਾਗ (ੳ) ਵਿਚ ਵਰਣਿਤ ਨਾਜਾਇਜ਼ ਕਬਜ਼ੇ ਹਟਾਉਣ ਲਈ ਕੋਈ ਕਾਰਵਾਈ ਕੀਤੀ ਹੈ ਅਤੇ ਇਸ ਦੇ ਕੀ ਸਿੱਟੇ ਨਿਕਲੇ ?

ਸ਼੍ਰੀ ਬਲਰਾਮ ਜੀ ਦਾਸ ਟੰਡਨ : (ਏ) ਇਹ ਠੀਕ ਹੈ ਕਿ ਨਗਰ ਨਿਗਮ, ਅੰਮ੍ਰਿਤਸਰ ਨਾਲ 351 ਕਨਾਲ 11 ਮਰਲੇ ਭੋਂ ਅਤੇ 176 ਕਨਾਲ 15 ਮਰਲੇ ਪਰੋਵੀਨਸ਼ੀਅਲ ਗੌਰਮਿੰਟ ਨਾਲ ਸਬੰਧਤ ਭੋਂ 412 ਅਤੇ 738 ਆਦਮੀਆਂ ਕੋਲ ਨਾਜਾਇਜ਼ ਕਬਜ਼ੇ ਅਧੀਨ ਹੈ ।

(ਬੀ) ਵਿਅਕਤੀਆਂ ਦੀ *ਲਿਸਟ ਸਮੇਤ ਮਿਤੀਆਂ ਦੇ ਨਾਲ ਨੱਥੀ ਹੈ ।

(ਸੀ) ਸਰਕਾਰ ਅਤੇ ਨਗਰ ਨਿਗਮ ਵਲੋਂ ਨਾਜਾਇਜ਼ ਕਬਜ਼ੇ ਹਟਾਉਣ ਸਬੰਧੀ ਬਹੁਤ ਗੰਭੀਰ ਮੁਹਿੰਮ ਸ਼ੁਰੂ ਕੀਤੀ ਗਈ ਹੈ । ਜਨਵਰੀ 1996 ਤੋਂ ਹੁਣ ਤੱਕ 1187 ਨਾਜਾਇਜ਼ ਕਾਬਜ਼ਾਂ ਤੋਂ ਕਬਜ਼ੇ ਛੁਡਵਾਏ ਜਾ ਚੁੱਕੇ ਹਨ । ਨਗਰ ਨਿਗਮ ਵਲੋਂ 14 ਰਕਬਾ ਜ਼ਮੀਨ ਦਾ ਕਬਜ਼ਾ ਲਿਆ ਜਾ ਚੁੱਕਾ ਹੈ ।

---

*Placed in the Library.

586— 11-6-98 —305 ਕਾਪੀਆਂ— ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।
41X66 -- Offset Paper

Published under the authority of the Punjab Vidhan Sabha and printed by the Controller, Printing & Stationery, Punjab at the Govt. Press, Patiala.

PUNJAB VIDHAN SABHA

DEBATES

22nd December, 1997

Vol. III—No. 1

OFFICIAL REPORT

CONTENTS

Monday, the 22nd December, 1997

Punjab Vidhan Sabha Secretariat, Chandigarh.

Price Rs......

PUNJAB VIDHAN SABHA

Monday, the 22nd December, 1997

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Sardar Charnjit Singh Atwal) in the Chair.

———

OBITUARY REFERENCES

ਸ੍ਰੀ ਸਪੀਕਰ : ਸੱਭ ਤੋਂ ਪਹਿਲਾਂ ਅਕਾਲ ਚਲਾਣਿਆਂ ਦਾ ਰੈਫਰੈਂਸ ਹੋਵੇਗਾ ।

ਮੁੱਖ ਮੰਤਰੀ (**ਸਰਦਾਰ ਪ੍ਰਕਾਸ਼ ਸਿੰਘ ਬਾਦਲ**) : ਮਾਨਯੋਗ ਸਪੀਕਰ ਸਾਹਿਬ, ਇਸ ਹਾਊਸ ਦੇ ਪਿਛਲੇ ਇਜਲਾਸ ਤੋਂ ਬਾਅਦ ਸਾਡੇ ਸੂਬੇ ਦੀਆਂ ਅਤੇ ਦੇਸ਼ ਦੀਆਂ ਕੁਝ ਮਹਾਨ ਸ਼ਖਸੀਅਤਾਂ ਜਿਨ੍ਹਾਂ ਨੇ ਦੇਸ਼ ਦੀ ਅਤੇ ਸੂਬੇ ਦੀ ਬਹੁਤ ਸੇਵਾ ਕੀਤੀ, ਸਦੀਵੀ ਵਿਛੋੜਾ ਦੇ ਗਈਆਂ ਹਨ । ਸਾਡਾ ਸਾਰਿਆਂ ਦਾ ਮਨ ਇਨ੍ਹਾਂ ਮਹਾਨ ਸ਼ਖਸੀਅਤਾਂ ਦੇ ਵਿਛੋੜੇ ਕਰਕੇ ਭਰਿਆ ਹੋਇਆ ਹੈ । ਮੈਂ ਆਪ ਜੀ ਦੇ ਰਾਹੀਂ ਇਨ੍ਹਾਂ ਮਹਾਨ ਵਿਅਕਤੀਆਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਖੜ੍ਹਾ ਹੋਇਆ ਹਾਂ । ਸੱਭ ਤੋਂ ਪਹਿਲਾਂ ਮੈਂ ਸਰਦਾਰ ਜੋਗਿੰਦਰ ਸਿੰਘ ਮਾਨ ਜੀ ਨੂੰ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦਾ ਹਾਂ । ਸਰਦਾਰ ਜੋਗਿੰਦਰ ਸਿੰਘ ਮਾਨ, ਇੱਕ ਇਹੋ ਜਿਹੇ ਪਰਿਵਾਰ ਦੇ ਨਾਲ ਤਾਅਲੁੱਕ ਰੱਖਦੇ ਸਨ ਜਿਨ੍ਹਾਂ ਨੇ ਲੰਬਾ ਸਮਾਂ ਸੂਬੇ ਦੀ ਸੇਵਾ ਕੀਤੀ । ਉਹ ਆਪ ਇਸ ਵਿਧਾਨ ਸਭਾ ਦੇ ਸਪੀਕਰ ਰਹੇ ਅਤੇ ਕਾਫੀ ਲੰਬਾ ਸਮਾਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਵੀ ਰਹੇ ਅਤੇ ਪੰਜਾਬ ਕੇਬਿਨੇਟ ਦੇ ਵਿੱਚ ਮੰਤਰੀ ਵੀ ਰਹੇ । ਧਾਰਮਿਕ ਤੌਰ ਤੇ ਉਹ ਹੇਮਕੁੰਟ ਸਾਹਿਬ ਟਰੱਸਟ ਦੇ ਚੇਅਰਮੈਨ ਵੀ ਰਹੇ । ਸਪੀਕਰ ਸਾਹਿਬ, ਮੈਨੂੰ ਮਾਨ ਸਾਹਿਬ ਨੂੰ ਜ਼ਾਤੀ ਤੌਰ ਤੇ ਬੜੇ ਨੇੜੇ ਤੋਂ ਜਾਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ । ਸਾਡੀ ਆਪਸੀ ਪਰਿਵਾਰਕ ਸਾਂਝ ਸੀ ਜੋ ਕਿ ਸਿਆਸੀ ਸੀਮਾਵਾਂ ਤੋਂ ਉਪਰ ਸੀ । ਅੱਜ ਵੀ ਉਨ੍ਹਾਂ ਦੀ ਸ਼ਖਸੀਅਤ ਦਾ ਨਿੱਘ ਮੈਂ ਉਂਝ ਹੀ ਮਹਿਸੂਸ ਕਰ ਸਕਦਾ ਹਾਂ ਜਿਵੇਂ ਉਹ ਸਾਡੇ ਵਿੱਚ ਹੀ ਮੌਜੂਦ ਹੋਣ । ਉਨ੍ਹਾਂ ਨੇ ਸਮੁੱਚੇ ਪੰਜਾਬ ਨੂੰ ਅਤੇ ਕੌਮ ਨੂੰ ਦੂਰ-ਅੰਦੇਸ਼ੀ ਨਾਲ ਸੇਧ ਦਿੱਤੀ । ਮਨੁੱਖੀ ਸੇਵਾ ਅਤੇ ਸਿੱਖੀ ਦੇ ਇਸ ਸੱਚੇ ਸੇਵਕ ਦੀਆਂ ਸੇਵਾਵਾਂ ਅਤੇ ਉਨ੍ਹਾਂ ਦੇ ਉੱਚੇ ਅਸੂਲਾਂ ਅੱਗੇ ਮੈਂ ਆਪਣਾ ਸਿਰ ਨਿਵਾਉਂਦਾ ਹੋਇਆ ਇਹ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਪੰਜਾਬ ਹੀ ਨਹੀਂ ਬਲਕਿ ਸਮੁੱਚਾ ਦੇਸ਼ ਇੱਕ ਬਹੁਪੱਖੀ ਸ਼ਖਸੀਅਤ, ਇੱਕ ਤਜਰਬੇਕਾਰ ਸਿਆਸਤਦਾਨ, ਇੱਕ ਸੁਲਝੇ ਹੋਏ ਪਾਰਲੀਮੈਂਟੇਰੀਅਨ ਅਤੇ ਇੱਕ ਸਨਿਮਰ ਇਨਸਾਨ ਦੇ ਵਜੂਦ ਤੋਂ ਸਖਣਾ ਹੋ ਗਿਆ ਹੈ ।

ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ, ਜੋ ਸਾਬਕਾ ਮਨਿਸਟਰ ਸਨ, ਉਹ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਹ ਵੀ ਬਹੁਤ ਵੱਡੇ ਸਮਾਜ ਸੇਵਕ ਅਤੇ ਪਾਰਲੀਮੈਂਟੇਰੀਅਨ

[ਮੁੱਖ ਮੰਤਰੀ]

ਸਨ । ਉਨ੍ਹਾਂ ਦੀ ਜੁਦਾਈ ਨਾਲ ਪੰਜਾਬ ਨੂੰ ਬਹੁਤ ਘਾਟਾ ਪਿਆ ਹੈ । ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਦੇਸ਼ ਇੱਕ ਯੋਗ ਵਿਧਾਨਕਾਰ ਅਤੇ ਸਮਾਜ ਸੇਵਕ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ ।

ਸ੍ਰੀ ਕਸਤੂਰੀ ਲਾਲ, ਜੋ ਸਾਬਕਾ ਮੰਤਰੀ ਰਹੇ ਹਨ, ਬਠਿੰਡਾ ਜ਼ਿਲ੍ਹੇ ਨੂੰ ਬੀਲੋਂਗ ਕਰਦੇ ਸਨ । ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਵਪਾਰ ਅਤੇ ਇੰਡਸਟਰੀ ਦੇ ਖੇਤਰ ਵਿੱਚ ਬਹੁਤ ਤਰੱਕੀ ਕੀਤੀ ਅਤੇ ਸਮਾਜ ਦੀ ਸੇਵਾ ਵਿਚ ਬਹੁਤ ਵੱਡਾ ਯੋਗਦਾਨ ਪਾਇਆ । ਉਹ ਆਪਣਾ ਸਾਰਾ ਜੀਵਨ ਸੂਬੇ ਦੇ ਅੰਦਰ ਏਕਤਾ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਿੱਚ ਲੱਗੇ ਰਹੇ ਅਤੇ 1985 ਵਿੱਚ ਅਕਾਲੀ ਪਾਰਟੀ ਵਲੋਂ ਉਹ ਇਸ ਹਾਊਸ ਦੇ ਮੈਂਬਰ ਵੀ ਬਣੇ । ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪੰਜਾਬ ਨੂੰ ਬਹੁਤ ਸੱਟ ਲੱਗੀ ਹੈ ।

ਸਪੀਕਰ ਸਾਹਿਬ, ਇੱਕ ਹੋਰ ਮਹਾਨ ਸ਼ਖਸੀਅਤ ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ ਵੀ ਥੋੜ੍ਹਾ ਸਮਾਂ ਪਹਿਲਾਂ ਸਾਡੇ ਵਿਚੋਂ ਵਿਛੜ ਗਏ ਹਨ । ਉਹ ਪੰਜਾਬ ਦੇ ਇੱਕ ਪ੍ਰਸਿੱਧ ਪਰਿਵਾਰ ਨਾਲ ਸਬੰਧ ਰੱਖਦੇ ਸਨ । ਉਨ੍ਹਾਂ ਦੇ ਪਿਤਾ ਜੀ ਵੀ ਸਿਆਸਤ ਵਿੱਚ ਰਹੇ ਅਤੇ ਉਨ੍ਹਾਂ ਨੇ ਵੀ ਸਮਾਜ ਦੀ ਸੇਵਾ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਸੀ । ਉਹ ਉਸ ਵੇਲੇ ਸਿਆਸਤ ਵਿੱਚ ਸਨ ਜਦੋਂ ਜ਼ਿਲ੍ਹਾ ਫਿਰੋਜ਼ਪੁਰ ਇੱਕ ਬਹੁਤ ਵੱਡਾ ਜ਼ਿਲ੍ਹਾ ਸੀ । ਉਹ ਡਿਸਟ੍ਰਿਕਟ ਬੋਰਡ ਦੇ ਕਾਫੀ ਲੰਬਾ ਸਮਾਂ ਚੇਅਰਮੈਨ ਰਹੇ । ਸਰਦਾਰ ਮਹਿੰਦਰ ਸਿੰਘ ਸਾਈਆਂਵਾਲੇ ਇੱਕ ਉਚੀ ਸ਼ਖਸੀਅਤ ਸਨ ਅਤੇ ਉਹ ਗਰਾਸ ਰੂਟ ਲੇਵਲ ਤੋਂ ਉਪਰ ਉਠੇ ਸਨ । ਉਹ 15 ਸਾਲ ਪੰਚਾਇਤ ਸੰਮਤੀ ਦੇ ਚੇਅਰਮੈਨ ਰਹੇ ਅਤੇ 14 ਸਾਲ ਅਸੈਂਬਲੀ ਦੇ ਮੈਂਬਰ ਰਹੇ । ਪਾਰਲੀਮੈਂਟ ਦੇ ਵੀ ਉਹ ਮੈਂਬਰ ਰਹੇ ਅਤੇ ਪੰਜਾਬ ਦੇ ਵਜ਼ੀਰਾਂ ਵਿਚੋਂ ਇੱਕ ਉੱਘੇ ਵਜ਼ੀਰ ਸਨ । ਉਨ੍ਹਾਂ ਨੇ ਪੰਜਾਬ ਦੀ ਬੜੀ ਸੇਵਾ ਕੀਤੀ । ਉਹ ਮੇਰੇ ਨਜ਼ਦੀਕੀ ਰਿਸ਼ਤੇਦਾਰ ਵੀ ਸਨ ਅਤੇ ਮਿੱਤਰ ਵੀ ਸਨ । ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਲਈ, ਦੇਸ਼ ਲਈ ਜਿਹੜਾ ਸੰਘਰਸ਼ ਕੀਤਾ, ਉਸ ਵਿੱਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ । ਐਮਰਜੈਂਸੀ ਦੀ ਭਿਆਨਕ ਲੜਾਈ ਵਿੱਚ ਉਹ ਲੰਬੇ ਸਮੇਂ ਤੱਕ ਜੇਲ੍ਹ ਵਿਚ ਰਹੇ । ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਅਤੇ ਖਾਸ ਕਰਕੇ ਮਾਲਵੇ ਦਾ ਇਲਾਕਾ ਖਾਲ੍ਹੀ ਖਾਲ੍ਹੀ ਨਜ਼ਰ ਆਉਂਦਾ ਹੈ ।

ਇਸੇ ਤਰ੍ਹਾਂ ਸਰਦਾਰ ਗੁਰਚਰਨ ਸਿੰਘ ਪੰਜਗਰਾਈਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ ਅਤੇ ਫਿਰ ਮੰਤਰੀ ਬਣੇ । ਉਹ ਦਲਿਤਾਂ ਅਤੇ ਗਰੀਬਾਂ ਦੇ ਹਮਦਰਦ ਸਨ । ਉਨ੍ਹਾਂ ਨੇ ਪੰਜਾਬ ਦੀ ਜੋ ਸੇਵਾ ਕੀਤੀ ਉਹ ਅਸੀਂ ਭੁਲਾ ਨਹੀਂ ਸਕਦੇ । ਉਨ੍ਹਾਂ ਦੀ ਯਾਦ ਜਦੋਂ ਆਉਂਦੀ ਹੈ ਤਾਂ ਮਨ ਤੇ ਸੱਟ ਲੱਗਦੀ ਹੈ । ਉਨ੍ਹਾਂ ਨੂੰ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਦਿਲ ਦੀ ਗਹਿਰਾਈ ਤੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸ੍ਰੀ ਮੂਲ ਚੰਦ ਜੈਨ, ਦੋ ਦਫਾ ਪੰਜਾਬ ਅਸੈਂਬਲੀ ਦੇ ਮੈਂਬਰ ਰਹੇ ਅਤੇ ਪੰਜਾਬ ਦੇ ਮੰਤਰੀ ਵੀ ਰਹੇ । ਉਹ ਹਰਿਆਣਾ ਵਿਧਾਨ ਸਭਾ ਦੇ ਵੀ ਮੈਂਬਰ ਰਹੇ ਅਤੇ ਮੰਤਰੀ ਰਹੇ । ਉਨ੍ਹਾਂ ਨੇ ਬਹੁਤ ਲੰਬੇ ਸਮੇਂ ਲਈ ਜਨਤਾ ਦੀ ਸੇਵਾ ਕੀਤੀ । ਜਨਤਾ ਦੀ ਨੁਮਾਇੰਦਗੀ ਕਰਨੀ ਕਿਸੇ ਕਿਸੇ ਦੇ ਭਾਗਾਂ ਵਿੱਚ ਲਿਖੀ ਹੁੰਦੀ ਹੈ । ਉਨ੍ਹਾਂ ਦੇ ਚਲੇ ਜਾਣ ਨਾਲ ਨਾਰਦਰਨ ਇੰਡੀਆ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਹੈ । ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਪੀਕਰ ਸਾਹਿਬ, ਜਥੇਦਾਰ ਤਾਰਾ ਸਿੰਘ ਬਠਿੰਡਾ ਜ਼ਿਲ੍ਹੇ ਦੇ ਰਹਿਣ ਵਾਲੇ ਸਨ । ਉਹ ਪੰਜਾਬ ਅਸੈਂਬਲੀ ਦੇ ਐਮ. ਐਲ. ਏ. ਸਨ । ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੋਗਰਾਮਾਂ ਨੂੰ ਸਿਰੇ ਚਾੜਨ ਦਾ ਯਤਨ ਕੀਤਾ । ਉਨ੍ਹਾਂ ਨੇ ਬਹੁਤ ਲੰਬੇ ਸਮੇਂ ਲਈ ਜੇਲ੍ਹ ਕੱਟੀ । ਉਨ੍ਹਾਂ ਦੇ ਚਲੇ ਜਾਣ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਬਹੁਤ ਹੀ ਜ਼ਿਆਦਾ ਘਾਟਾ ਪਿਆ ਹੈ ।

ਸਪੀਕਰ ਸਾਹਿਬ, ਇੱਕ ਹੋਰ ਮਹਾਨ ਵਿਅਕਤੀ ਚੋਧਰੀ ਹਰਦਵਾਰੀ ਲਾਲ ਹਿੰਦੁਸਤਾਨ ਦੇ ਉੱਚ ਕੋਟੀ ਦੇ ਵਿਦਵਾਨਾਂ ਵਿਚੋਂ ਇੱਕ ਸਨ । ਉਹ ਦੋ ਯੂਨੀਵਰਸਿਟੀਆਂ, ਇੱਕ ਕੁਰੂਕਸ਼ੇਤਰ ਯੂਨੀਵਰਸਿਟੀ ਅਤੇ ਦੂਜੀ ਮਹਾਂਰਿਸ਼ੀ ਦਯਾਨੰਦ ਯੂਨੀਵਰਸਿਟੀ, ਰੋਹਤਕ ਦੇ ਵਾਈਸ ਚਾਂਸਲਰ ਰਹੇ । ਉਹ ਜੁਆਇੰਟ ਪੰਜਾਬ ਅਸੈਂਬਲੀ ਦੇ ਵੀ ਮੈਂਬਰ ਰਹੇ ਅਤੇ ਤਿੰਨ ਦਫਾ ਹਰਿਆਣਾ ਅਸੈਂਬਲੀ ਦੇ ਮੈਂਬਰ ਰਹੇ । ਉਹ ਦੋ ਦਫਾ ਲੋਕ ਸਭਾ ਦੇ ਵੀ ਮੈਂਬਰ ਰਹੇ । ਉਨ੍ਹਾਂ ਦਾ ਨਾਂ ਬੁੱਧੀਜੀਵੀ ਜਗਤ ਵਿਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ । ਉਹ ਬਹੁਤ ਵੱਡੇ ਲਿਖਾਰੀ ਅਤੇ ਐਜੂਕੇਸ਼ਨਿਸਟ ਸਨ । ਸਾਰੀ ਜ਼ਿੰਦਗੀ ਉਨ੍ਹਾਂ ਨੇ ਨਿਧੜਕ ਹੋ ਕੇ ਸਮਾਜ ਦੀ ਸੇਵਾ ਅਤੇ ਸਮੁੱਚੇ ਦੇਸ਼ ਦੀ ਬਹੁਤ ਵੱਡੀ ਸੇਵਾ ਕੀਤੀ ।

ਸਪੀਕਰ ਸਾਹਿਬ, ਸ਼੍ਰੀ ਕਪੂਰ ਚੰਦ ਜੈਨ, ਪੰਜਾਬ ਅਸੈਂਬਲੀ ਦੇ ਐਮ. ਐਲ. ਏ. ਸਨ । ਉਹ ਲੁਧਿਆਣਾ ਨਗਰ ਨਿਗਮ ਦੇ ਮੈਂਬਰ ਵੀ ਰਹੇ । ਮੈਨੂੰ ਉਨ੍ਹਾਂ ਨੂੰ ਬਹੁਤ ਨੇੜਿਉਂ ਮਿਲਣ ਦਾ ਅਤੇ ਉਨ੍ਹਾਂ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ । ਜਿੰਨੀ ਨਿਮਰਤਾ ਜਾਂ ਸਮਾਜ ਸੇਵਾ ਦੀ ਲਗਨ ਉਨ੍ਹਾਂ ਦੇ ਵਿਚ ਸੀ, ਉਹ ਮੈਨੂੰ ਘੱਟ ਹੀ ਇਨਸਾਨਾਂ ਵਿੱਚ ਨਜ਼ਰ ਆਉਂਦੀ ਹੈ । ਦੋ ਦਫ਼ਾ ਉਹ ਇਸ ਹਾਊਸ ਦੇ ਮੈਂਬਰ ਰਹੇ, ਲੁਧਿਆਣਾ ਮਿਊਂਸਪਲ ਕਾਰਪੋਰੇਸ਼ਨ ਦੇ ਮੈਂਬਰ ਰਹੇ ਔਰ ਮੈਨੂੰ ਯਾਦ ਹੈ ਜਦੋਂ ਐਮਰਜੈਂਸੀ ਵਿਚ ਅਸੀਂ ਇਕੱਠੇ ਹੀ ਜੇਲ੍ਹ ਵਿੱਚ ਸੀ, ਜਿਸ ਤਰ੍ਹਾਂ ਨਿਡਰਤਾ ਨਾਲ, ਦਲੇਰੀ ਨਾਲ ਉਹ ਉਥੇ ਰਹਿੰਦੇ ਸਨ, ਕੋਈ ਵਿਰਲਾ ਵਿਰਲਾ ਇਨਸਾਨ ਹੀ ਏਨੀ ਦ੍ਰਿੜ੍ਹਤਾ ਨਾਲ ਰਹਿ ਸਕਦਾ ਹੈ । ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖ ਕੇ ਜਦੋਂ ਮੈਨੂੰ, ਸਪੀਕਰ ਸਾਹਿਬ, ਇਸ ਕੁਰਸੀ ਤੇ ਬੈਠਣ ਦਾ ਮਾਣ ਪ੍ਰਾਪਤ ਹੋਇਆ ਤਾਂ ਮੈਂ ਉਨ੍ਹਾਂ ਨੂੰ ਪੀ. ਐਸ. ਆਈ. ਡੀ. ਸੀ. ਦਾ ਚੇਅਰਮੈਨ ਲਾਇਆ । ਉਨ੍ਹਾਂ ਨੂੰ ਇਸ ਕਰਕੇ ਉਥੇ ਲਾਇਆ ਸੀ ਕਿਉਂਕਿ ਉਨ੍ਹਾਂ ਨੂੰ ਇੰਡਸਟਰੀ ਬਾਰੇ ਬੜਾ ਤਜਰਬਾ ਸੀ ਅਤੇ ਇਸੀ ਕਰਕੇ ਸੋਚਿਆ ਸੀ ਕਿ ਉਹ ਪੰਜਾਬ ਦੀ ਇੰਡਸਟਰੀ ਨੂੰ ਅੱਗੇ ਲੈ ਜਾਣਗੇ ।

[ਮੁੱਖ ਮੰਤਰੀ]

ਪਰ ਇਹ ਗੱਲ ਪਰਮਾਤਮਾ ਨੂੰ ਮੰਨਜ਼ੂਰ ਨਹੀਂ ਸੀ। ਸਪੀਕਰ ਸਾਹਿਬ, ਉਨ੍ਹਾਂ ਦੀ ਜਿਹੜੀ ਜੁਦਾਈ ਹੈ, ਉਹ ਬੜੀ ਦੁਖਦਾਈ ਹੈ ਅਤੇ ਮੈਂ ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਡਾਕਟਰ ਰਘੁਬੀਰ ਪ੍ਰਕਾਸ਼ ਇਸ ਸਦਨ ਦੇ ਐਮ. ਐਲ. ਏ. ਰਹੇ ਅਤੇ ਪੈਪਸੂ ਅਸੈਂਬਲੀ ਦੇ ਮੈਂਬਰ ਰਹੇ। ਉਹ ਪ੍ਰਜਾ ਮੰਡਲ ਲਹਿਰ ਦੇ ਵੱਡੇ ਆਗੂਆਂ ਵਿਚੋਂ ਇੱਕ ਸਨ। ਅੱਜ ਅਸੀਂ ਜੋ ਇਸ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਉਹ ਇਹੋ ਜਿਹੇ ਆਜ਼ਾਦੀ ਘੁਲਾਟੀਆਂ ਦੀਆਂ ਸੇਵਾਵਾਂ ਸਦਕਾ ਹੀ ਮਾਣ ਰਹੇ ਹਾਂ ਜਿਨ੍ਹਾਂ ਨੇ ਸਿਆਸੀ ਮੈਦਾਨ ਵਿਚ ਉਤਰ ਕੇ ਦੇਸ਼ ਦੀ ਸੇਵਾ ਕੀਤੀ ਅਤੇ ਦੇਸ਼ ਨੂੰ ਆਜ਼ਾਦੀ ਦੁਆਈ।

ਸਪੀਕਰ ਸਾਹਿਬ, ਇਸੇ ਤਰ੍ਹਾਂ ਸ਼੍ਰੀ ਕੇਸ਼ੋ ਰਾਮ ਗੋਇਲ ਜੀ ਇਸ ਸਦਨ ਦੇ ਮੈਂਬਰ ਰਹੇ। ਉਹ 12 ਸਾਲਾਂ ਤੱਕ ਫਰੀਦਕੋਟ ਮਿਊਂਸਪਲ ਕਮੇਟੀ ਦੇ ਮੈਂਬਰ ਰਹੇ। ਉਨ੍ਹਾਂ ਨੇ ਸ਼ਹਿਰ ਦੇ ਸੁਧਾਰ ਲਈ ਜੋ ਜੋ ਕੰਮ ਕੀਤੇ, ਉਨ੍ਹਾਂ ਕੰਮਾਂ ਦੀ ਅੱਜ ਵੀ ਫਰੀਦਕੋਟ ਦੇ ਗਲੀ ਗਲੀ ਅਤੇ ਕੂਚੇ ਕੂਚੇ ਵਿਚ ਚਰਚਾ ਕੀਤੀ ਜਾਂਦੀ ਹੈ। ਪ੍ਰਜਾ ਮੰਡਲ ਲਹਿਰ ਵਿਚ ਉਨ੍ਹਾਂ ਨੇ ਬੜੇ ਭਾਰੀ ਕੰਮ ਕੀਤੇ ਅਤੇ ਦੇਸ਼ ਦੀ ਆਜ਼ਾਦੀ ਲਈ ਬਹੁਤ ਵੱਡਾ ਸੰਘਰਸ਼ ਕੀਤਾ। ਉਹ ਕਾਂਗਰਸ ਪਾਰਟੀ ਦੀ ਐਗਜ਼ੈਕਟਿਵ ਦੇ ਮੈਂਬਰ ਵੀ ਬੜੀ ਦੇਰ ਰਹੇ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਪੰਜਾਬ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਸਪੀਕਰ ਸਾਹਿਬ, ਹੁਣ ਮੈਂ ਇਹੋ ਜਿਹੀ ਸ਼ਖਸੀਅਤ ਦੇ ਚਲੇ ਜਾਣ ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ, ਜਿਸ ਦਾ ਦੁੱਖ ਦੁਨੀਆਂ ਦੇ ਕੋਨੇ ਕੋਨੇ ਤੋਂ ਹਰ ਇਨਸਾਨ ਨੇ ਝੱਲਿਆ ਹੈ। ਉਹ ਹੈ ਮਦਰ ਟੈਰੇਸਾ। ਉਹ ਗਰੀਬਾਂ ਦੇ ਮਸੀਹਾ ਸਨ। ਸਪੀਕਰ ਸਾਹਿਬ, ਮੈਂ ਡੂੰਘੇ ਦੁੱਖ ਨਾਲ ਉਨ੍ਹਾਂ ਦੇ ਸਦੀਵੀ ਵਿਛੋੜੇ ਤੇ ਸ਼ਰਧਾਂਜਲੀ ਭੇਂਟ ਕਰਦਾ ਹਾਂ। ਮਦਰ ਟੈਰੇਸਾ ਗਰੀਬਾਂ ਦੇ ਮਸੀਹਾ ਸਨ। ਉਹ 5 ਸਤੰਬਰ, 1997 ਨੂੰ ਅਕਾਲ ਚਲਾਣਾ ਕਰ ਗਏ। ਮਦਰ ਟੈਰੇਸਾ ਦਾ ਜਨਮ ਯੂਗੋਸਲਾਵੀਆ ਦੇ ਅਲਬਾਨੀਅਨ ਪਰਿਵਾਰ ਵਿਚ ਹੋਇਆ। ਉਹ 1928 ਵਿਚ ਭਾਰਤ ਆਏ ਅਤੇ ਕਲਕੱਤਾ ਵਿਚ ਗਰੀਬੀ ਦੇਖ ਕੇ ਉਹ ਉਥੇ ਹੀ ਉਨ੍ਹਾਂ ਦੀ ਸੇਵਾ ਵਿਚ ਜੁੱਟ ਗਏ। ਉਨ੍ਹਾਂ ਨੇ ਇੰਡੀਅਨ ਸਿਟੀਜ਼ਨਸ਼ਿਪ ਹਾਸਲ ਕਰ ਲਈ। ਸਪੀਕਰ ਸਾਹਿਬ, ਉਨ੍ਹਾਂ ਨੂੰ ਸਾਰੀ ਦੁਨੀਆਂ ਵਿਚ ਬੜਾ ਸਨਮਾਨਿਆ ਗਿਆ ਹੈ। ਉਨ੍ਹਾਂ ਨੂੰ ਸਾਲ 1962 ਵਿਚ ਮੈਗਾਸਾਸੇ ਅਵਾਰਡ ਮਿਲਿਆ। ਉਨ੍ਹਾਂ ਨੂੰ ਪਦਮ ਸ਼੍ਰੀ ਵੀ ਮਿਲਿਆ, ਨੋਬਲ ਸ਼ਾਂਤੀ ਪੁਰਸਕਾਰ ਮਿਲਿਆ ਅਤੇ 1979 ਵਿਚ ਉਨ੍ਹਾਂ ਨੂੰ ਕੈਨੇਡੀ ਕੌਮਾਂਤਰੀ ਅਵਾਰਡ ਅਤੇ ਪੋਪ ਜੋਹਨ ਸ਼ਾਂਤੀ ਇਨਾਮ ਵੀ ਮਿਲਿਆ। ਉਨ੍ਹਾਂ ਨੂੰ ਸਾਲ 1980 ਵਿਚ ਭਾਰਤ ਰਤਨ ਅਵਾਰਡ ਅਤੇ ਸਾਲ 1993 ਵਿਚ ਪਹਿਲਾ ਰਾਜੀਵ ਗਾਂਧੀ ਕੌਮੀ ਸਦਭਾਵਨਾ ਅਵਾਰਡ ਅਤੇ ਸਾਲ 1995 ਵਿਚ ਸਭਿਆਚਾਰਕ ਅਤੇ ਸਿੱਖਿਆ ਲਈ ਦਇਆਵੰਤੀ ਮੋਦੀ ਅਵਾਰਡ ਨਾਲ ਸਨਮਾਨਿਆ ਗਿਆ। ਉਨ੍ਹਾਂ ਦਾ ਵਿਛੋੜਾ ਅਕਹਿ ਹੈ,

ਅਸਹਿ ਹੈ ਅਤੇ ਜਿੰਨਾ ਮੈਨੂੰ ਦੁੱਖ ਹੈ, ਉਹ ਮੈਂ ਲਫ਼ਜ਼ਾਂ ਵਿਚ ਬਿਆਨ ਨਹੀਂ ਕਰ ਸਕਦਾ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਪੂਰੇ ਵਿਸ਼ਵ ਨੂੰ ਅਤੇ ਖਾਸ ਕਰਕੇ ਭਾਰਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਰਦਾਰ ਹਰਨਾਮ ਸਿੰਘ ਜੀ ਬਹੁਤ ਵੱਡੇ ਸੁਤੰਤਰਤਾ ਸੰਗਰਾਮੀ ਸਨ, ਮਹਾਨ ਯੋਧੇ ਸਨ ਅਤੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਉਨ੍ਹਾਂ ਨੇ ਮਹਾਨ ਯੋਗਦਾਨ ਪਾਇਆ ਜਿਸ ਦੇ ਬਦਲੇ ਉਨ੍ਹਾਂ ਨੂੰ ਤਾਮਰ ਪੱਤਰ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਅੱਜ ਅਸੀਂ ਇਕ ਮਹਾਨ ਸਪੂਤ ਦੀਆਂ ਸੇਵਾਵਾਂ ਤੋਂ ਵੀ ਵਾਂਝੇ ਹੋ ਗਏ ਹਾਂ।

ਸਰਦਾਰ ਮੁਬਾਰਕ ਸਿੰਘ ਜੀ ਇਕ ਬਹੁਤ ਵੱਡੇ ਸੁਤੰਤਰਤਾ ਸੰਗਰਾਮੀ ਸਨ। ਉਨ੍ਹਾਂ ਨੂੰ ਪੰਜਾਬ ਦਾ ਹੀ ਨਹੀਂ ਬਲਕਿ ਦੇਸ਼ ਦਾ ਵੀ ਬੱਚਾ ਬੱਚਾ ਜਾਣਦਾ ਹੈ। ਜਦੋਂ ਉਹ ਹਾਲੇ ਇਕ ਸਟੂਡੈਂਟ ਹੀ ਸਨ, ਉਦੋਂ ਤੋਂ ਹੀ ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਉਹ ਬਹੁਤ ਵੱਡੇ ਰਾਈਟਰ ਵੀ ਸਨ ਅਤੇ ਉਨ੍ਹਾਂ ਨੇ ਕਈ ਕਿਤਾਬਾਂ ਵੀ ਲਿਖੀਆਂ। ਉਹ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਵੀ ਰਹੇ ਅਤੇ ਇੰਪਰੂਵਮੈਂਟ ਟਰੱਸਟ ਲੁਧਿਆਣਾ ਦੇ ਚੇਅਰਮੈਨ ਵੀ ਰਹੇ। ਪੰਜਾਬ ਉਨ੍ਹਾਂ ਤੇ ਜਿੰਨਾ ਵੀ ਮਾਣ ਕਰ ਸਕੇ, ਥੋੜ੍ਹਾ ਹੈ। ਅੱਜ ਉਹ ਸਾਡੇ ਦਰਮਿਆਨ ਨਹੀਂ ਹਨ, ਇਸ ਗੱਲ ਦਾ ਸਾਨੂੰ ਬਹੁਤ ਦੁੱਖ ਹੈ।

ਸਰਦਾਰ ਗੁਰਦਿਆਲ ਸਿੰਘ ਸੁਤੰਤਰਤਾ ਸੰਗਰਾਮੀ ਇਕ ਮਹਾਨ ਵਿਅਕਤੀ ਹੋਏ ਹਨ। ਉਨ੍ਹਾਂ ਨੇ ਬ੍ਰਿਟਿਸ਼ ਰਾਇਲ ਆਰਮੀ ਵਿਚ 10 ਸਾਲ ਕੰਮ ਕੀਤਾ ਅਤੇ ਫਿਰ ਉਨ੍ਹਾਂ ਨੇ ਆਜ਼ਾਦ ਹਿੰਦ ਫੌਜ ਵਿਚ ਸੇਵਾ ਕੀਤੀ। ਉਹ ਸੁਭਾਸ਼ ਚੰਦਰ ਬੋਸ ਜੀ ਦੇ ਬਹੁਤ ਨੇੜੇ ਦੇ ਸਾਥੀ ਸਨ। ਹਿੰਦੁਸਤਾਨ ਨੇ ਉਨ੍ਹਾਂ ਨੂੰ ਤਾਮਰ ਪੱਤਰ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ। ਇਹੋ ਜਿਹੇ ਯੋਧਿਆਂ ਦੀ ਯਾਦ ਹਮੇਸ਼ਾ ਲੋਕਾਂ ਦੇ ਦਿਲਾਂ ਵਿਚ ਰਹਿੰਦੀ ਹੈ। ਮੈਂ ਆਪਣੇ ਵੱਲੋਂ ਅਤੇ ਸਮੁੱਚੇ ਹਾਊਸ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਸਾਡੀਆਂ ਬਹੁਤ ਸਾਰੀਆਂ ਕਾਨੂੰਨੀ ਸ਼ਖਸੀਅਤਾਂ ਵੀ ਸਾਡੇ ਕੋਲੋਂ ਜੁਦਾ ਹੋ ਗਈਆਂ ਹਨ। ਉਨ੍ਹਾਂ ਵਿਚ ਜਸਟਿਸ ਈ. ਐਸ. ਵੈਂਕਟਰਮੱਈਆ ਅਤੇ ਜਸਟਿਸ ਬਲਰਾਜ ਤੁਲੀ ਸ਼ਾਮਲ ਹਨ। ਜਸਟਿਸ ਬਲਰਾਜ ਤੁਲੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਰਹੇ। ਉਸ ਤੋਂ ਪਹਿਲਾਂ ਉਹ ਪੰਜਾਬ ਦੇ ਚੋਟੀ ਦੇ ਵਕੀਲਾਂ ਵਿਚੋਂ ਸਨ। ਜਸਟਿਸ ਈ. ਐਸ. ਵੈਂਕਟਰਮੱਈਆ ਸੁਪਰੀਮ ਕੋਰਟ ਦੇ ਚੀਫ ਜਸਟਿਸ ਰਹੇ। ਉਹ ਹਿੰਦੁਸਤਾਨ ਦੇ ਜੁਡੀਸ਼ੀਅਲ ਸਿਸਟਮ ਵਿਚ ਇਕ ਨਵਾਂ ਮੋੜ ਲਿਆਉਣ ਵਾਲਿਆਂ ਵਿਚੋਂ ਸਨ। ਇਨ੍ਹਾਂ ਦੇ ਚਲੇ ਜਾਣ ਨਾਲ ਸਮੁੱਚੇ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ।

ਨਕੁਲ ਸੈਨ ਜੀ ਪੰਜਾਬ ਦੇ 3 ਸਾਲ ਮੁੱਖ ਸਕੱਤਰ ਰਹੇ। ਉਨ੍ਹਾਂ ਨੇ ਵੀ ਪੰਜਾਬ ਦੀ ਬਹੁਤ ਸੇਵਾ ਕੀਤੀ। ਉਸ ਤੋਂ ਬਾਦ ਉਹ ਹਿੰਦੁਸਤਾਨ ਦੀ ਸਰਕਾਰ ਵਿਚ ਪੈਟਰੋਲੀਅਮ ਸਕੱਤਰ ਅਤੇ ਫਿਰ ਸਮਾਜ ਭਲਾਈ ਸਕੱਤਰ ਵੀ ਰਹੇ। ਇਸ ਤੋਂ ਇਲਾਵਾ ਉਹ ਗੋਆ,

[ਮੁੱਖ ਮੰਤਰੀ]

ਦਮਨ ਅਤੇ ਦਿਊ ਦੇ ਲੈਫਟੀਨੈਂਟ ਗਵਰਨਰ ਵੀ ਰਹੇ । ਉਨ੍ਹਾਂ ਦੀ ਜੁਦਾਈ ਵੀ ਸਾਡੇ ਲਈ ਬਹੁਤ ਦੁਖਦਾਈ ਹੈ । ਉਨ੍ਹਾਂ ਨੂੰ ਵੀ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਪੀਕਰ ਸਾਹਿਬ, ਹੁਣ ਮੈਂ ਇਕ ਅਜਿਹੀ ਸ਼ਖਸੀਅਤ ਦੇ ਅਕਾਲ ਚਲਾਣੇ ਤੇ ਆਪਣੇ ਦੁੱਖ ਦਾ ਪ੍ਰਗਟਾਵਾ ਕਰਨ ਲੱਗਿਆ ਹਾਂ ਜਿਨ੍ਹਾਂ ਦੇ ਪਰਿਵਾਰ ਦੀ ਪੰਜਾਬ ਪ੍ਰਤੀ ਬਹੁਤ ਵੱਡੀ ਸੇਵਾ ਹੈ । ਉਹ ਹੈ ਸਰਦਾਰ ਬਿਸ਼ਨ ਸਿੰਘ ਸਮੁੰਦਰੀ, ਰਿਟਾਇਰਡ ਵਾਇਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ । ਉਨ੍ਹਾਂ ਦੇ ਪਿਤਾ ਸਰਦਾਰ ਤੇਜਾ ਸਿੰਘ ਸਮੁੰਦਰੀ ਦੇ ਨਾਂ ਤੇ ਅੰਮ੍ਰਿਤਸਰ ਵਿਚ ਇਕ ਹਾਲ ਵੀ ਬਣਿਆ ਹੋਇਆ ਹੈ । ਇਸ ਪਰਿਵਾਰ ਦੀ ਪੰਜਾਬ ਅਤੇ ਦੇਸ਼ ਨੂੰ ਬਹੁਤ ਮਹਾਨ ਦੇਣ ਹੈ । ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫਾਊਂਡਰ ਵਾਈਸ ਚਾਂਸਲਰ ਹੋਏ ਹਨ । ਉਹ ਇਕ ਬਹੁਤ ਵੱਡੇ ਬੁਧੀਜੀਵੀ, ਇੰਟਲੈਕਚੁਅਲ ਅਤੇ ਕਾਬਲ ਇਨਸਾਨ ਹੋਏ ਹਨ । ਉਨ੍ਹਾਂ ਦੀ ਜੁਦਾਈ ਵੀ ਸਾਡੇ ਲਈ ਬਹੁਤ ਦੁਖਦਾਈ ਹੈ । ਉਨ੍ਹਾਂ ਦੇ ਸਸਕਾਰ ਸਮੇਂ ਵੀ ਮੈਂ ਪਹੁੰਚਿਆ ਸੀ । ਉਸ ਸਮੇਂ ਪੰਜਾਬ ਦੀ ਕੋਈ ਵੀ ਉਘੀ ਸ਼ਖਸੀਅਤ ਨਹੀਂ ਸੀ ਜਿਹੜੀ ਉਥੇ ਨਾ ਪਹੁੰਚੀ ਹੋਵੇ । ਸਮੁੱਚੇ ਪੰਜਾਬ ਅਤੇ ਦੇਸ਼ ਵਾਸੀਆਂ ਨੇ ਉਨ੍ਹਾਂ ਦੇ ਵਿਛੋੜੇ ਦਾ ਦੁੱਖ ਮਨਾਇਆ ਹੈ । ਇਸ ਹਾਊਸ ਦੇ ਵਿਚ ਵੀ ਮੈਂ ਬੜੇ ਪਿਆਰ ਅਤੇ ਸਤਿਕਾਰ ਨਾਲ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦਾ ਨਾਂ ਹਿੰਦੁਸਤਾਨ ਦੇ ਇਤਿਹਾਸ ਵਿਚ ਹਮੇਸ਼ਾ ਕਾਇਮ ਰਹੇਗਾ । ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਜਿਹੜਾ ਉਨ੍ਹਾਂ ਦਾ ਰੋਲ ਹੈ, ਉਹ ਕਦੇ ਭੁਲਾਇਆ ਨਹੀਂ ਜਾ ਸਕਦਾ । ਉਹ ਇਕ ਬਹੁਤ ਵੱਡੇ ਐਜੂਕੇਸ਼ਨਿਸਟ ਵੀ ਸਨ । ਉਨ੍ਹਾਂ ਨੂੰ ਬੈਸਟ ਰਾਈਟਰ ਅਵਾਰਡ, ਸਾਹਿਤ ਅਕਾਦਮੀ ਅਵਾਰਡ ਅਤੇ ਪਦਮ ਸ੍ਰੀ ਅਵਾਰਡ ਵੀ ਮਿਲਿਆ । ਸਾਡੇ ਸੂਬੇ ਦੇ ਬੜੇ ਚੰਗੇ ਚੰਗੇ ਕਾਲਜਾਂ ਦੇ ਉਹ ਪ੍ਰਿੰਸੀਪਲ ਰਹੇ । ਖਾਲਸਾ ਕਾਲਜ, ਗੁਰੂਸਰ ਸਧਾਰ, ਜੰਡਿਆਲਾ ਕਾਲਜ, ਪਟਿਆਲਾ ਕਾਲਜ ਅਤੇ ਫਤਿਹਗੜ੍ਹ ਸਾਹਿਬ ਕਾਲਜ ਦੇ ਉਹ ਪ੍ਰਿੰਸੀਪਲ ਰਹੇ । ਉਨ੍ਹਾਂ ਦੀ ਜੁਦਾਈ ਦੇ ਮੌਕੇ ਤੇ ਮੈਂ ਉਨ੍ਹਾਂ ਦੇ ਘਰ ਵੀ ਪਹੁੰਚਿਆ ਸੀ ਅਤੇ ਉਨਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਸੀ । ਉਨ੍ਹਾਂ ਦੀ ਜੁਦਾਈ ਨਾਲ ਪੰਜਾਬ ਇਕ ਬਹੁਤ ਵੱਡੇ ਰਾਈਟਰ ਅਤੇ ਐਜੂਕੇਸ਼ਨਿਸਟ ਤੋਂ ਵਾਂਝਾ ਹੋ ਗਿਆ ਹੈ । ਉਹ ਪੰਜਾਬ ਦੀ ਇਕ ਬਹੁਤ ਵੱਡੀ ਅਤੇ ਮਹਾਨ ਪਰਸਨੈਲਿਟੀ ਸੀ ਜਿਸ ਨੇ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਭਾਈਚਾਰੇ ਦੀ ਮਜ਼ਬੂਤੀ ਵਾਸਤੇ ਬਹੁਤ ਸਾਰੀਆਂ ਕਿਤਾਬਾਂ, ਨਾਟਕ, ਨਾਵਲ ਅਤੇ ਹੋਰ ਬਹੁਤ ਕੁਝ ਲਿਖਿਆ । ਜੇ ਉਨ੍ਹਾਂ ਦੀ ਸਮੁੱਚੀ ਜ਼ਿੰਦਗੀ ਬਾਰੇ ਕਿਹਾ ਜਾਵੇ ਤਾਂ ਇਸ ਵਾਸਤੇ ਬਹੁਤ ਸਮਾਂ ਲੱਗੇਗਾ ।

ਇਸੇ ਤਰ੍ਹਾਂ ਹੀ ਬੀਬੀ ਜਗਮੋਹਨ ਕੌਰ ਜਿਹੜੀ ਕਿ ਇਕ ਬਹੁਤ ਹੀ ਮਸ਼ਹੂਰ ਪੰਜਾਬੀ ਗਾਇਕਾ ਸਨ, ਉਹ ਵੀ ਥੋੜ੍ਹਾ ਸਮਾਂ ਪਹਿਲਾਂ ਹੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦੇ ਗਾਏ ਹੋਏ ਗੀਤਾਂ ਨੇ ਪੰਜਾਬੀ ਕਲਚਰ ਨੂੰ ਅੱਗੇ ਵਧਾਉਣ ਵਾਸਤੇ, ਪੰਜਾਬੀ ਸੰਗੀਤ ਨੂੰ ਅੱਗੇ ਵਧਾਉਣ ਵਾਸਤੇ ਜੋ ਯੋਗਦਾਨ ਪਾਇਆ, ਉਹ ਬਹੁਤ ਮਹਾਨ ਹੈ । ਮੈਂ

ਫੈਮਿਆ ਹੈ ਕਿ ਹਰ ਪਿੰਡ ਵਿਚ, ਹਰ ਸ਼ਹਿਰ ਵਿਚ, ਹਰ ਗਲੀ ਵਿਚ, ਹਰ ਕੂਚੇ ਵਿਚ ਉਨ੍ਹਾਂ ਦੀ ਗਾਇਕੀ ਦਾ ਜਿਕਰ ਹੁੰਦਾ ਹੈ । ਉਹ ਪੰਜਾਬ ਦੀ ਇਕ ਹੋਣਹਾਰ ਗਾਇਕਾ ਸੀ ।

ਸਪੀਕਰ ਸਾਹਿਬ, ਅੱਜ ਹੀ ਖਬਰ ਪੜ੍ਹ ਕੇ ਬੜਾ ਦੁੱਖ ਹੋਇਆ ਹੈ ਕਿ ਮੇਜਰ ਸਰਬਜੀਤ ਸਿੰਘ ਜਿਹੜੇ ਕਿ ਬਾਸਕਟਬਾਲ ਦੇ ਬਹੁਤ ਵੱਡੇ ਪਲੇਅਰ ਸੀ ਸਾਡੇ ਵਿਚੋਂ ਚਲੇ ਗਏ ਹਨ । ਜਦੋਂ ਅਰਜੁਨਾ ਅਵਾਰਡ ਸ਼ੁਰੂ ਹੋਇਆ ਤਾਂ ਹਿੰਦੁਸਤਾਨ ਵਿਚ ਸਭ ਤੋਂ ਪਹਿਲਾਂ ਅਰਜੁਨਾ ਅਵਾਰਡ ਉਨ੍ਹਾ ਨੇ ਪ੍ਰਾਪਤ ਕੀਤਾ ਸੀ । ਉਹ ਬਾਸਕਟਬਾਲ ਦੇ ਬਹੁਤ ਵੱਡੇ ਖਿਲਾੜੀ ਸਨ । ਸਪੋਰਟਸ ਦੀ ਦੁਨੀਆਂ ਦੇ ਵਿਚੋਂ ਸਾਡੇ ਇਹੋ ਜਿਹੇ ਨੌਜਵਾਨ ਦਾ ਚਲੇ ਜਾਣਾ, ਇਕ ਗਾਈਡ ਦਾ ਚਲੇ ਜਾਣਾ, ਇਕ ਟੀਚਰ ਦਾ ਚਲੇ ਜਾਣਾ ਸਾਡੇ ਵਾਸਤੇ ਬਹੁਤ ਦੁੱਖਦਾਇਕ ਹੈ । ਉਨ੍ਹਾਂ ਦੀ ਮੌਤ ਬਾਰੇ ਅੱਜ ਅਖਬਾਰ ਦੇ ਵਿਚ ਪੜ੍ਹ ਕੇ ਮੈਨੂੰ ਬਹੁਤ ਹੀ ਦੁੱਖ ਹੋਇਆ ਅਤੇ ਮੈਂ ਡੀ. ਸੀ. ਸਾਹਿਬ ਨੂੰ ਵੀ ਕਿਹਾ ਹੈ ਕਿ ਇਸ ਬਾਰੇ ਤੁਰੰਤ ਪਤਾ ਲਾਇਆ ਜਾਵੇ ਕਿ ਉਨ੍ਹਾਂ ਦੀ ਮੌਤ ਕਿਸ ਤਰ੍ਹਾਂ ਹੋਈ ਹੈ । ਇਹ ਸਾਡੇ ਸਾਰਿਆਂ ਵਾਸਤੇ ਬਹੁਤ ਹੀ ਦੁੱਖਦਾਇਕ ਖਬਰ ਹੈ । ਸਪੀਕਰ ਸਾਹਿਬ, ਇਨ੍ਹਾਂ ਸਾਰੀਆਂ ਮਹਾਨ ਸ਼ਖਸੀਅਤਾਂ ਦੀ ਕਮੀ ਸਾਨੂੰ ਹਮੇਸ਼ਾ ਮਹਿਸੂਸ ਹੁੰਦੀ ਰਹੇਗੀ । ਮੇਰੀ ਗੁਜ਼ਾਰਿਸ਼ ਹੈ ਕਿ ਇਸ ਹਾਊਸ ਦੇ ਵਿਚ ਇਕ ਸ਼ੋਕ ਮਤੇ ਦੇ ਰਾਹੀਂ ਸ਼ਰਧਾਂਜਲੀ ਭੇਂਟ ਕਰਕੇ ਸਬੰਧਤ ਪਰਿਵਾਰਾਂ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਵਿਛੜੀਆਂ ਰੂਹਾਂ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਦੀ ਆਤਮਾ ਦੀ ਸਦੀਵੀ ਸ਼ਾਂਤੀ ਲਈ ਅਰਦਾਸ ਕੀਤੀ ਜਾਵੇ ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ (ਲਹਿਰਾ) : ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਬਾਅਦ ਅੱਜ ਅਸੀਂ ਦੁਬਾਰਾ ਜੁੜੇ ਹਾਂ ਤਾਂ ਸਮਾਜ ਵਿੱਚੋਂ ਕਈ ਸਾਡੇ ਸਾਇੰਸਦਾਨ, ਰਾਜਨੀਤੀਵਾਨ, ਸਮਾਜ ਸੇਵੀ, ਕਾਨੂੰਨਦਾਨ ਅਤੇ ਹੋਰ ਕਈ ਉਘੀਆਂ ਸ਼ਖਸੀਅਤਾਂ ਬਹੁਤ ਵੱਡੀ ਗਿਣਤੀ ਵਿੱਚ ਜੁਦਾ ਹੋ ਗਈਆਂ ਹਨ । ਮੈਂ ਉਨ੍ਹਾਂ ਸਾਰਿਆਂ ਨੂੰ ਆਪਣੀ ਪਾਰਟੀ ਵੱਲੋਂ ਸ਼ਰਧਾਂਜਲੀ ਦੇਣ ਲਈ ਖੜ੍ਹੀ ਹੋਈ ਹਾਂ । ਸਾਰਿਆਂ ਤੋਂ ਪਹਿਲਾਂ ਸਰਦਾਰ ਜੋਗਿੰਦਰ ਸਿੰਘ ਮਾਨ, ਸਾਬਕਾ ਸਪੀਕਰ ਅਤੇ ਬੜੇ ਹੀ ਉਚੇ ਸੁੱਚੇ ਸਿੱਖ ਸਨ । ਉਨ੍ਹਾਂ ਨੇ ਆਪਣੀ ਕਾਬਲੀਅਤ ਦੇ ਸਦਕਾ ਸਿੱਖ ਭਾਈਚਾਰੇ ਵਿੱਚ, ਸਿੱਖ ਸਮਾਜ ਵਿੱਚ, ਸਿੱਖੀ ਸੇਵਾ ਵਿੱਚ ਅਤੇ ਸਿਆਸਤ ਦੇ ਵਿੱਚ ਬੜਾ ਲੰਬਾ ਸਮਾਂ ਯੋਗਦਾਨ ਪਾਇਆ । ਉਨ੍ਹਾਂ ਦੇ ਬਾਰੇ ਕਹਿੰਦਿਆਂ ਹੋਇਆਂ ਇਹ ਬੜੀ ਮਾਣ ਵਾਲੀ ਗੱਲ ਹੈ ਕਿ ਸਾਡੀ ਇਸ ਵਿਧਾਨ ਸਭਾ ਦੇ ਵਿੱਚ ਉਹ ਸਪੀਕਰ ਦੀ ਕੁਰਸੀ ਤੇ ਵੀ ਬਿਰਾਜਮਾਨ ਹੋਏ ਅਤੇ ਉਨ੍ਹਾਂ ਨੇ ਬਤੌਰ ਸਪੀਕਰ ਕਾਫੀ ਲੰਬਾ ਸਮਾਂ ਪੰਜਾਬ ਦੀ ਸੇਵਾ ਕੀਤੀ । ਉਹ ਰਾਜ ਸਭਾ ਦੇ ਵਿੱਚ ਮੈਂਬਰ ਦੇ ਤੌਰ ਤੇ ਵੀ ਪੰਜਾਬ ਨੂੰ ਰੀਪਰੀਜ਼ੈਂਟ ਕਰਦੇ ਰਹੇ । ਇਹ ਬਹੁਤ ਖੁਸ਼ੀ ਦੀ ਅਤੇ ਮਾਣ ਵਾਲੀ ਗੱਲ ਹੈ ਕਿ ਉਹ ਬੜੀ ਹੀ ਧਾਰਮਿਕ ਵਿਚਾਰਧਾਰਾ ਰੱਖਦੇ ਸਨ ਔਰ ਉਨ੍ਹਾਂ ਨੇ ਹੇਮਕੁੰਟ ਸਾਹਿਬ ਦੇ ਪ੍ਰਧਾਨ ਦੇ ਤੌਰ ਤੇ, ਜੋ ਹੇਮਕੁੰਟ ਸਾਹਿਬ ਟਰੱਸਟ ਬਣਿਆ ਹੋਇਆ ਹੈ, ਉਥੇ ਵੀ ਸੇਵਾ ਕੀਤੀ । ਇਹ ਸਥਾਨ ਦੇਸ਼ ਦੇ ਵਿੱਚ ਹੀ ਨਹੀਂ ਸਗੋਂ ਸਮੁੱਚੀ ਦੁਨੀਆਂ ਦੇ ਵਿੱਚ ਬਹੁਤ ਹੀ ਪਵਿੱਤਰ ਸਥਾਨ ਹੈ । ਅਸੀਂ ਬਾਰ ਬਾਰ ਇਹ ਗੱਲ ਕਰਦੇ ਰਹੇ ਹਾਂ ਅਤੇ ਅੱਜ ਵੀ ਕਿਉਂਕਿ ਇਹ ਗੱਲ ਉਨ੍ਹਾਂ ਦੇ ਨਾਂ ਨਾਲ ਜੁੜੀ ਹੋਈ ਹੈ, ਮੈਂ ਇਹ ਕਹਾਂਗੀ ਕਿ ਪੰਜਾਬ ਸਰਕਾਰ ਵੱਲੋਂ ਇਸ ਸਥਾਨ ਵਾਸਤੇ ਜੋ ਸੜਕ ਬਣਾਈ ਜਾਣੀ ਹੈ. ਉਸ ਸੜਕ ਦਾ ਨਾਂ ਉਨ੍ਹਾਂ ਦੇ ਨਾਂ ਤੇ ਰੱਖਿਆ ਜਾਵੇ ।

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਇਸੇ ਤਰ੍ਹਾਂ ਹੀ ਸਾਡੇ ਕੁਝ ਸਾਬਕਾ ਮੰਤਰੀ ਸਾਹਿਬਾਨ, ਜਿਵੇਂ ਕਿ ਕਾਂਗਰਸ ਪਾਰਟੀ ਦੇ ਸ੍ਰੀ ਕ੍ਰਿਸ਼ਨ ਕੁਮਾਰ ਕੌਸ਼ਲ, ਸ੍ਰੀ ਕਸਤੂਰੀ ਲਾਲ ਸਾਡੇ ਕੋਲੋਂ ਜੁਦਾ ਹੋ ਗਏ ਹਨ । ਇਸੇ ਤਰ੍ਹਾਂ ਹੀ ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ, ਜੋ ਕਿ ਸਾਬਕਾ ਐਮ. ਪੀ. ਸਨ ਅਤੇ ਸਰਦਾਰ ਗੁਰਚਰਨ ਸਿੰਘ ਪੰਜਗਰਾਈਂ, ਇਹ ਵੀ ਸਾਬਕਾ ਮਨਿਸਟਰ ਸਾਡੇ ਪੰਜਾਬ ਦੇ ਵਿੱਚ ਰਹੇ, ਇਹ ਸਾਡੇ ਕੋਲੋਂ ਜੁਦਾ ਹੋ ਗਏ ਹਨ । ਇਹ ਬੜੇ ਭਾਰੇ ਦੁੱਖ ਵਾਲੀ ਗੱਲ ਹੈ । ਸਪੀਕਰ ਸਾਹਿਬ, ਇਹ ਰਾਜਸੀ ਤੌਰ ਤੇ ਲੋਕਾਂ ਦੀ ਸੇਵਾ ਕਰਦੇ ਰਹੇ ਹਨ । ਇਸੇ ਤਰ੍ਹਾਂ ਸਾਡੇ ਭਰਾ ਸ੍ਰੀ ਮੂਲ ਚੰਦ ਜੈਨ ਜੋ ਕਿ ਸਾਬਕਾ ਮੰਤਰੀ ਰਹੇ ਹਨ, ਇਹ ਵੀ ਪਿਛਲੇ ਸਮੇਂ ਵਿੱਚ ਸਾਡੇ ਕੋਲੋਂ ਜੁਦਾ ਹੋਏ ਹਨ ।

ਇਨ੍ਹਾਂ ਸਾਰੀਆਂ ਸ਼ਖਸੀਅਤਾਂ ਚਾਹੇ ਉਹ ਕ੍ਰਿਸ਼ਨ ਕੁਮਾਰ ਜੀ ਕੌਸ਼ਲ ਸਨ, ਚਾਹੇ ਪੰਜਗਰਾਈਂ ਜੀ ਸਨ ਜਾਂ ਦੂਸਰੇ ਹੋਰ ਸਾਥੀ ਸਨ, ਉਹ ਬੜੇ ਗਰੀਬ ਪਰਿਵਾਰਾਂ ਵਿਚੋਂ ਉਠ ਕੇ ਬੜੇ ਲੰਬੇ ਸਮੇਂ ਤੱਕ ਸਿਆਸੀ ਪਾਰਟੀਆਂ ਨਾਲ ਆਪਣਾ ਰੋਲ ਨਿਭਾਉਂਦੇ ਰਹੇ ਹਨ । ਮੈਂ ਮਹਿਸੂਸ ਕਰਦੀ ਹਾਂ ਕਿ ਸਾਡੇ ਰਾਜਸੀ ਪਲੇਟਫਾਰਮ ਤੋਂ ਇਹੋ ਜਿਹੇ ਦਰਵੇਸ਼, ਸਾਡੇ ਭਰਾਵਾਂ ਦਾ ਚਲੇ ਜਾਣਾ ਬਹੁਤ ਘਾਟੇ ਵਾਲੀ ਗੱਲ ਹੈ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਜਥੇਦਾਰ ਤਾਰਾ ਸਿੰਘ ਜੀ ਸਾਡੇ ਸਾਬਕਾ ਵਿਧਾਇਕ ਸਨ, ਸ੍ਰੀ ਹਰਦਵਾਰੀ ਲਾਲ ਜੀ ਸਾਡੇ ਸਾਬਕਾ ਵਿਧਾਇਕ ਸਨ । ਹੋਰ ਵੀ ਜਿਵੇਂ ਸ੍ਰੀ ਕਪੂਰ ਚੰਦ ਜੈਨ, ਉਹ ਵੀ ਸਾਡੇ ਸਾਬਕਾ ਵਿਧਾਇਕ ਸਨ । ਡਾਕਟਰ ਰਘੁਬੀਰ ਪ੍ਰਕਾਸ਼ ਜੀ ਸਾਬਕਾ ਐਮ. ਐਲ. ਏ. ਸਨ । ਮੰਨੇ-ਪ੍ਰਮੰਨੇ ਸ੍ਰੀ ਕੇਸ਼ੋ ਰਾਮ ਗੋਖਲ ਸਾਬਕਾ ਵਿਧਾਇਕ ਸਨ । ਇੰਨੀਆਂ ਵੱਡੀਆਂ ਮਹਾਨ ਸ਼ਖਸੀਅਤਾਂ, ਮੈਂ ਫਿਰ ਉਹੋ ਗੱਲ ਦੁਹਰਾਉਂਦੀ ਹਾਂ ਕਿ ਇਹੋ ਜਿਹੀਆਂ ਸ਼ਖਸੀਅਤਾਂ ਨੇ ਚਾਹੇ ਆਪਣੇ ਵੱਲੋਂ ਸੇਵਾ ਹੋਵੇ, ਬਤੌਰ ਐਮ. ਐਲ. ਏ. ਦੇ ਹੋਵੇ, ਆਪੋ ਆਪਣੀ ਪਾਰਟੀ ਦੇ ਤੌਰ ਤੇ ਹੋਵੇ, ਰਾਜਸੀ ਫਰੰਟ ਦੇ ਤੌਰ ਤੇ ਲੋਕਾਂ ਦੀ ਸੇਵਾ ਹੋਵੇ, ਇਨ੍ਹਾਂ ਸਾਰਿਆਂ ਨੇ ਹੀ ਆਪੋ-ਆਪਣਾ ਯੋਗਦਾਨ ਪਾਇਆ ਹੈ । ਜਦੋਂ ਇਹੋ ਜਿਹੀਆਂ ਸ਼ਖਸੀਅਤਾਂ ਆਪਣੇ ਕੋਲੋਂ ਵਿਛੜ ਜਾਂਦੀਆਂ ਹਨ ਤਾਂ ਕੁਦਰਤੀ ਤੌਰ ਤੇ ਸਾਰੇ ਲੋਕਾਂ ਨੂੰ, ਸਾਰੀਆਂ ਪਾਰਟੀਆਂ ਨੂੰ, ਸਾਰੇ ਸਮਾਜ ਨੂੰ, ਸਾਰੇ ਸੂਬੇ ਨੂੰ ਇਨ੍ਹਾਂ ਐਮ. ਐਲ. ਏ. ਸਾਹਿਬਾਨ ਦੇ ਚਲੇ ਜਾਣ ਦਾ ਬੜਾ ਭਾਰੀ ਘਾਟਾ ਪੈਂਦਾ ਹੈ ਅਤੇ ਬੜਾ ਦੁੱਖ ਹੁੰਦਾ ਹੈ । ਮੈਂ ਇਨ੍ਹਾਂ ਸਾਰਿਆਂ ਦੇ ਚਲੇ ਜਾਣ ਤੇ ਬੜਾ ਦੁੱਖ ਮਹਿਸੂਸ ਕਰਦੀ ਹਾਂ । ਸਾਡੇ ਵਿਚੋਂ ਇਹ ਮਹਾਨ ਸ਼ਖਸੀਅਤਾਂ ਲੋਕਾਂ ਲਈ, ਸਮਾਜ ਲਈ ਜਾਂ ਕਾਨੂੰਨ ਵਾਲੇ ਪੱਖ ਤੋਂ ਜਾਂ ਲਿਖਾਰੀਆਂ ਵਾਲੇ ਪਾਸੇ ਸੇਵਾ ਕਰਕੇ ਤੁਰ ਗਈਆਂ ਹਨ ।

ਸਪੀਕਰ ਸਾਹਿਬ, ਇਕ ਬੜੀ ਮਹਾਨ ਸ਼ਖਸੀਅਤ ਸਾਡੇ ਦੇਸ਼ ਅੰਦਰ ਹੀ ਨਹੀਂ ਸਗੋਂ ਸਾਰੇ ਸੰਸਾਰ ਵਿਚ ਸਾਰੇ ਲੋਕਾਂ ਦੀ ਜ਼ਬਾਨ ਤੇ ਮਦਰ ਟੈਰੇਸਾ ਦਾ ਨਾਮ ਆਉਂਦਾ ਹੈ । ਉਹ ਇਕ ਮਹਾਨ ਸਿਦਕੀ ਅਤੇ ਸੁਦ੍ਰਿੜ ਸ਼ਖਸੀਅਤ ਸਨ । ਉਹ ਆਪਣੇ ਲੋਕਾਂ ਲਈ, ਪੂਰੇ ਦੇਸ਼ ਦੇ ਲਈ ਆਪਣੀ ਸਾਰੀ ਜ਼ਿੰਦਗੀ ਜਿਉਂਏ । ਉਨ੍ਹਾਂ ਦਾ ਜਨਮ ਕਿਸ ਮੁਲਕ ਵਿਚ ਹੋਇਆ ਅਤੇ ਉਨ੍ਹਾਂ ਨੇ ਭਾਰਤ ਵਿਚ ਆ ਕੇ ਇਥੋਂ ਦੀ ਸਿਟੀਜ਼ਨਸ਼ਿਪ ਲੈ ਕੇ ਆਪਣੀ ਪੂਰੀ ਜ਼ਿੰਦਗੀ ਵਿਚ ਜੱਦੋ ਜਹਿਦ ਕੀਤੀ ਅਤੇ ਇਕ ਖੁੱਲ੍ਹੀ ਕਿਤਾਬ ਦੀ ਤਰ੍ਹਾਂ

ਆਪਣੀ ਜ਼ਿੰਦਗੀ ਬਿਤਾਈ । ਸਪੀਕਰ ਸਾਹਿਬ, ਆਪਣੇ ਵਾਸਤੇ ਤਾਂ ਹਰ ਕੋਈ ਜਿਉਂਦਾ ਹੈ ਅਤੇ ਜੀਅ ਸਕਦਾ ਹੈ ਪਰ ਦੂਜਿਆਂ ਵਾਸਤੇ, ਲੋਕਾਂ ਵਾਸਤੇ, ਸਮਾਜ ਵਾਸਤੇ, ਦੇਸ਼ ਵਾਸਤੇ ਕੋਈ ਹੀ ਜੀਅ ਸਕਦਾ ਹੈ । ਉਹ ਇਕ ਇਹੋ ਜਿਹੀ ਖੁੱਲ੍ਹੀ ਕਿਤਾਬ ਸਨ ਜਿਸ ਵਿਚੋਂ ਲੋਕੀਂ ਆਪਣੇ ਦਰਦਾਂ ਨੂੰ ਮਹਿਸੂਸ ਕਰਦੇ ਸਨ । ਅੱਜ ਸਾਡੇ ਸਮਾਜ ਵਿੱਚ ਜਦੋਂ ਬੜੀ ਲੋੜ ਹੈ, ਲੱਖਾਂ ਹੀ ਲੋਕ ਉਸ ਦਾ ਨਾਮ ਲੈਕੇ ਆਪਣੇ ਆਪ ਨੂੰ ਸੰਤੁਸ਼ਟ ਮਹਿਸੂਸ ਕਰਦੇ ਹਨ ਕਿ ਉਹ ਸਾਡੀ ਵਾਰਸ ਤੇ ਵਾਰਸ ਸਨ । ਉਨ੍ਹਾਂ ਨੇ ਸਾਰੇ ਦੇਸ਼ ਵਿਚ ਤੇ ਸੰਸਾਰ ਵਿੱਚ ਵੱਡੇ-ਵੱਡੇ ਅਵਾਰਡ ਹਾਸਲ ਕੀਤੇ । ਮੈਂ ਸਮਝਦੀ ਹਾਂ ਕਿ ਸਚਮੁੱਚ ਹੀ ਉਹ ਇਨ੍ਹਾਂ ਐਵਾਰਡਾਂ ਦੀ ਹੱਕਦਾਰ ਸੀ । ਇਸ ਵੇਲੇ ਜੇਕਰ ਸੰਸਾਰ ਵਿਚ ਕੋਈ ਹੋਰ ਵੀ ਵੱਡੇ ਤੋਂ ਵੱਡਾ ਅਵਾਰਡ ਹੋਵੇ ਤਾਂ ਮਦਰ ਟੇਰੇਸਾ ਉਸ ਦੀ ਵੀ ਹੱਕਦਾਰ ਬਣਦੀ ਸੀ । ਉਨ੍ਹਾਂ ਦੇ ਤੁਰ ਜਾਣ ਨਾਲ ਮੈਂ ਬੜਾ ਭਾਰੀ ਦੁੱਖ ਅਤੇ ਘਾਟਾ ਮਹਿਸੂਸ ਕਰਦੀ ਹਾਂ । ਉਹ ਸਾਡੀ ਸੋਸ਼ਲ ਲਾਈਫ ਵਿਚ ਬਿਨਾਂ ਕਿਸੇ ਗਰਜ਼ ਦੇ ਨਿਮਰਤਾ ਨਾਲ ਸਾਡੇ ਲਈ ਇਕ ਐਗਜ਼ੈਂਪਲ ਬਣੇ ।

ਇਸੇ ਤਰ੍ਹਾਂ ਸਪੀਕਰ ਸਾਹਿਬ, ਹਰ ਫੀਲਡ ਵਿਚ ਜਿਸ ਤਰ੍ਹਾਂ ਮਹਾਨ ਸ਼ਖਸੀਅਤਾਂ ਆਪੋ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੀਆਂ ਰਹੀਆਂ ਹਨ, ਇਕ ਫੀਲਡ ਸਾਡੀ ਦੇਸ਼ ਦੀ ਆਜ਼ਾਦੀ ਦਾ ਹੈ । ਦੇਸ਼ ਦੀ ਆਜ਼ਾਦੀ ਲਈ ਉਸ ਵੇਲੇ ਸਾਡੇ ਸ਼ਹੀਦਾਂ ਨੇ, ਸਾਡੇ ਦੇਸ਼ ਭਗਤਾਂ ਨੇ ਆਪਣੀਆਂ ਪਰਿਵਾਰਕ ਜ਼ਿੰਦਗੀਆਂ ਦੀ ਬਿਲਕੁਲ ਪਰਵਾਹ ਨਹੀਂ ਕੀਤੀ । ਉਨ੍ਹਾਂ ਨੇ ਇਕ ਨਿਸ਼ਾਨਾ ਰੱਖ ਕੇ ਦੇਸ਼ ਦੀ ਵੱਡੀ ਕਹਾਣੀ ਅਤੇ ਵੱਡੀ ਲੜਾਈ ਵਿਚ ਆਪਣੀ ਯੋਗਤਾ ਦੇ ਨਾਲ ਆਪੋ ਆਪਣਾ ਹਿੱਸਾ ਪਾਇਆ । ਅਜਿਹੀਆਂ ਸ਼ਖਸੀਅਤਾਂ ਵਿਚੋਂ ਕੁਝ ਸਾਡੇ ਭਰਾ ਆਉਂਦੇ ਹਨ ਜਿਸ ਤਰ੍ਹਾਂ ਸਰਦਾਰ ਹਰਨਾਮ ਸਿੰਘ ਸੁਤੰਤਰਤਾ ਸੰਗਰਾਮੀ, ਸਰਦਾਰ ਮੁਬਾਰਕ ਸਿੰਘ ਸੁਤੰਤਰਤਾ ਸੰਗਰਾਮੀ, ਸਰਦਾਰ ਗੁਰਦਿਆਲ ਸਿੰਘ ਸੁਤੰਤਰਤਾ ਸੰਗਰਾਮੀ ਸਨ । ਇਹ ਸਾਰੇ ਦੇਸ਼ ਭਗਤ ਸਾਡੇ ਕੋਲੋਂ ਵਿਛੜ ਗਏ ਹਨ । ਇਨ੍ਹਾਂ ਨੇ ਸਾਡੇ ਅੰਦਰ ਦੇਸ਼ ਭਗਤੀ ਦੀ ਭਾਵਨਾ ਨੂੰ ਮਜ਼ਬੂਤ ਕੀਤਾ । ਸਪੀਕਰ ਸਾਹਿਬ, ਮੈਂ ਸਮਝਦੀ ਹਾਂ ਕਿ ਅਸੀਂ ਅੱਜ ਦੀ ਜੈਨਰੇਸ਼ਨ ਨੂੰ ਆਪਣੇ ਨਾਲੋਂ ਵੱਧ ਪਿਆਰ ਦੇਈਏ ਅਤੇ ਵੱਧ ਤੋਂ ਵੱਧ ਦੇਸ਼ ਦਾ ਪਿਆਰ ਉਨ੍ਹਾਂ ਦੇ ਅੰਦਰ ਪੈਦਾ ਕਰੀਏ । ਕਈ ਵਾਰੀ ਸੰਸਾਰ ਵਿਚ ਕੁਝ ਇਹੋ ਜਿਹੀਆਂ ਗੱਲਾਂ ਹੋ ਜਾਂਦੀਆਂ ਹਨ ਜਦੋਂ ਦਿਲਾਂ ਵਿਚ ਦੇਸ਼ ਦੇ ਪਿਆਰ ਦੀ ਘਾਟ ਹੋਵੇ । ਸੋ, ਮੈਂ ਇਹ ਸੱਭ ਤੋਂ ਵੱਡੀ ਸੱਟ ਸਮਝਦੀ ਹਾਂ ਜੋ ਕਿ ਅੱਜ ਵੱਜੀ ਹੈ ਜਦੋਂ ਇੱਕ ਇੱਕ ਕਰਕੇ ਸਾਡੇ ਮਾਨਯੋਗ ਦੇਸ਼-ਭਗਤ, ਬਜ਼ੁਰਗ, ਮਾਤਾਵਾਂ ਸਾਡੇ ਵਿਚੋਂ ਵਿਛੜ ਕੇ ਜਾ ਰਹੀਆਂ ਹਨ । ਮੈਨੂੰ ਇਨ੍ਹਾਂ ਮਹਾਨ ਬਜ਼ੁਰਗ ਦੇਸ਼ ਭਗਤਾਂ ਜਿਨ੍ਹਾਂ ਨੇ ਕਿ ਜੇਲ੍ਹਾਂ ਵਿੱਚ ਰਹਿ ਕੇ ਜਾਂ ਜੇਲ੍ਹਾਂ ਤੋਂ ਬਾਹਰ ਰਹਿ ਕੇ, ਕਈ ਸ਼ਖਸੀਅਤਾਂ ਨੇ ਆਪਣੇ ਪਰਿਵਾਰਾਂ ਤੋਂ ਦੂਰ ਰਹਿ ਕੇ, ਘਰਾਂ ਤੋਂ ਬਾਹਰ ਰਹਿਕੇ ਦੇਸ਼ ਦੀ ਆਜ਼ਾਦੀ ਦੇ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਹੈ, ਪਰ ਹੁਣ ਉਹ ਸਾਡੇ ਵਿੱਚ ਨਹੀਂ ਰਹੇ ਹਨ । ਉਨ੍ਹਾਂ ਦੇ ਸਾਡੇ ਵਿਚੋਂ ਵਿੱਛੜ ਜਾਣ ਤੇ ਮੈਂ ਬਹੁਤ ਭਾਰੀ ਦੁੱਖ ਮਹਿਸੂਸ ਕਰਦੀ ਹਾਂ ।

ਇਸੇ ਤਰ੍ਹਾਂ ਸਪੀਕਰ ਸਾਹਿਬ, ਕਾਨੂੰਨ ਦੇ ਪੱਧਰ ਤੇ ਵੀ ਜਸਟਿਸ ਈ. ਐਸ. ਵੈਂਕਟਰਮਈਆ ਅਤੇ ਮਾਨਯੋਗ ਜਸਟਿਸ ਬਲਰਾਜ ਤੁਲੀ ਵੀ ਸਾਡੇ ਵਿਚੋਂ ਚਲੇ ਗਏ ਹਨ ।

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਉਨ੍ਹਾਂ ਨੇ ਵੀ ਸਪੀਕਰ ਸਾਹਿਬ ਆਪਣੇ ਆਪਣੇ ਸਮੇਂ ਵਿੱਚ ਆਪਣੀਆਂ ਆਪਣੀਆਂ ਜ਼ਿੰਮੇਵਾਰੀਆਂ ਨੂੰ, ਚਾਹੇ ਉਹ ਸੁਪਰੀਮ ਕੋਰਟ ਵਿੱਚ ਚੀਫ ਜਸਟਿਸ ਦੇ ਰੂਪ ਵਿਚ ਅਤੇ ਚਾਹੇ ਜੂਡੀਸ਼ਰੀ ਦੇ ਪਲੇਟ ਫਾਰਮ ਤੇ ਇਕ ਬੋਧਿਕ ਅਤੇ ਇਨਸਾਫ ਦੇ ਭਰੇ ਕਦਮਾਂ ਨਾਲ ਇਨਸਾਫ ਵੰਡਦੇ ਹੋਏ ਨਿਭਾਈਆਂ । ਉਹ ਵੀ ਸਾਡੇ ਵਿਚੋਂ ਚਲੇ ਗਏ ਹਨ । ਮੈਂ ਉਨ੍ਹਾਂ ਨੂੰ ਵੀ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ ।

ਇਸ ਤਰ੍ਹਾਂ ਸਪੀਕਰ ਸਾਹਿਬ, ਸਾਡੇ ਪੰਜਾਬੀਆਂ ਨੇ ਹਰ ਵਰਗ ਦੇ ਵਿੱਚ ਅਤੇ ਹਰ ਖੇਤਰ ਦੇ ਵਿੱਚ ਸੇਵਾ ਕੀਤੀ ਹੈ । ਸਾਡੀ ਐਡਮਨਿਸਟਰੇਸ਼ਨ ਦੇ ਵਿਚੋਂ ਵੀ ਸ੍ਰੀ ਨਕੁਲ ਸੇਨ ਜੀ, ਸਾਬਕਾ ਮੁੱਖ ਸਕੱਤਰ, ਪੰਜਾਬ ਪਿਛਲੇ ਸਮੇਂ ਵਿੱਚ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦੇ ਚਲੇ ਜਾਣ ਦਾ ਵੀ ਸਾਨੂੰ ਬਹੁਤ ਅਫਸੋਸ ਹੈ । ਉਨ੍ਹਾਂ ਨੇ ਲਗਾਤਾਰ ਇਕ ਜਾਂ ਦੋ ਸਾਲ ਨਹੀਂ, ਤਿੰਨ ਸਾਲ ਬਤੌਰ ਮੁੱਖ ਸਕੱਤਰ, ਪੰਜਾਬ ਦੀ ਸੇਵਾ ਕੀਤੀ ਅਤੇ ਬੜੀ ਸੂਝਬੂਝ ਦੇ ਨਾਲ ਪੰਜਾਬ ਦੀ ਸੇਵਾ ਕੀਤੀ । ਉਸ ਤੋਂ ਬਾਅਦ ਉਹ ਸਕੱਤਰ, ਪੈਟਰੋਲੀਅਮ ਅਤੇ ਸਕੱਤਰ, ਸਮਾਜ ਭਲਾਈ ਕੇਂਦਰ ਵਿੱਚ ਵੀ ਰਹੇ । ਉਨ੍ਹਾਂ ਨੇ ਆਪਣੀ ਯੋਗਤਾ ਦਿਖਾਈ ਅਤੇ ਉਹ ਗੋਆ ਵਿੱਚ, ਦਮਨ ਅਤੇ ਦਿਉ ਵਿੱਚ ਲੈਫਟੀਨੈਂਟ ਗਵਰਨਰ ਵੀ ਰਹੇ । ਏਡੀ ਵੱਡੀ ਸ਼ਖਸੀਅਤ ਦਾ ਚਲੇ ਜਾਣਾ, ਜਿਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਨੂੰ ਬੜੇ ਹੀ ਚੈਲੰਜ ਦੇ ਨਾਲ ਅਤੇ ਪ੍ਰਸ਼ੰਸਾ ਦੇ ਨਾਲ ਅਤੇ ਇਨਸਾਫ ਦੇ ਨਾਲ ਉੱਚੇ ਅਹੁਦਿਆਂ ਦੀ ਪਵਿੱਤਰਤਾ ਨੂੰ ਕਾਇਮ ਰੱਖਦੇ ਹੋਏ ਨਿਭਾਇਆ, ਉਨ੍ਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ ।

ਇਸੇ ਤਰ੍ਹਾਂ ਸਰਦਾਰ ਬਿਸ਼ਨ ਸਿੰਘ ਸਮੁੰਦਰੀ, ਰਿਟਾਇਰਡ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੀ 9 ਦਸੰਬਰ, 1997 ਨੂੰ ਅਕਾਲ ਚਲਾਣਾ ਕਰ ਗਏ ਹਨ । ਉਨ੍ਹਾਂ ਦੀ ਜ਼ਿੰਦਗੀ ਵੀ ਜ਼ਿੰਮੇਵਾਰੀਆਂ ਭਰੀ ਰਹੀ । ਉਹ ਸਿੱਖਿਆ ਦੇ ਖੇਤਰ ਵਿਚ ਸ਼ਾਸਤਰੀ ਮੰਨੇ ਜਾਂਦੇ ਸਨ । ਉਹ ਮੰਨੇ-ਪ੍ਰਮੰਨੇ ਐਜੂਕੇਸ਼ਨਿਸਟ ਸਨ । ਉਹ 9 ਸਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ । ਸਮੁੰਦਰੀ ਸਾਹਿਬ ਦੀ ਮੌਤ ਨਾਲ ਅਸੀਂ ਦੇਸ਼ ਦੀ ਅਤੇ ਕੌਮ ਦੀ ਸੇਵਾ ਕਰਨ ਵਾਲੇ ਅਤੇ ਇਕ ਚੰਗੀ ਯੋਗਤਾ ਵਾਲੇ ਭਰਾ ਨੂੰ ਗੁਆ ਬੈਠੇ ਹਾਂ ਅਤੇ ਉਨ੍ਹਾਂ ਤੋਂ ਬਿਨਾਂ ਅਸੀਂ ਆਪਣੇ ਆਪ ਨੂੰ ਵਾਂਝਾ ਮਹਿਸੂਸ ਕਰਦੇ ਹਾਂ ।

ਇਸੇ ਤਰ੍ਹਾਂ ਪ੍ਰਿੰਸੀਪਲ ਸੰਤ ਸਿੰਘ ਜੀ ਸੇਖੋਂ, ਉਘੇ ਪੰਜਾਬੀ ਲਿਖਾਰੀ ਵੀ ਸਾਡੇ ਵਿਚੋਂ ਵਿੱਛੜ ਗਏ ਹਨ । ਪੰਜਾਬ ਦੇ ਰਹਿਣ ਵਾਲੇ, ਪੰਜਾਬੀ ਦੀ ਗੱਲ ਕਰਨ ਵਾਲੇ ਅਤੇ ਪੰਜਾਬੀ ਦਾ ਸਤਿਕਾਰ ਕਰਨ ਵਾਲੇ ਅੱਜ ਇਸ ਤਰ੍ਹਾਂ ਮਹਿਸੂਸ ਕਰਦੇ ਹਨ ਕਿ ਸੰਤ ਸਿੰਘ ਸੇਖੋਂ ਤੋਂ ਬਿਨਾਂ ਅੱਜ ਅਸੀਂ ਵਾਂਝੇ ਹੋ ਗਏ ਹਾਂ । ਉਨ੍ਹਾਂ ਨੇ ਪਤਾ ਨਹੀਂ ਕਿੰਨੀਆਂ ਹੀ ਪੁਸਤਕਾਂ ਪੰਜਾਬੀ ਵਿੱਚ ਲਿਖੀਆਂ । ਪੰਜਾਬੀ ਨੂੰ ਅੱਗੇ ਲਿਜਾਣ ਵਾਸਤੇ, ਨਾਵਲਾਂ ਵਿੱਚ ਅਤੇ ਕਿਤਾਬਾਂ ਵਿੱਚ, ਉਨ੍ਹਾਂ ਨੇ ਦਲੇਰੀ ਦੇ ਨਾਲ, ਵਿਸ਼ਾਲ ਹਿਰਦਿਆਂ ਦੇ ਨਾਲ ਨਰਮ ਅਤੇ ਦੂਰ

ਦ੍ਰਿਸ਼ਟੀ ਦੇ ਨਾਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਸਿਰ ਉੱਚਾ ਕੀਤਾ । ਉਨ੍ਹਾਂ ਦਾ ਵੀ 7 ਅਕਤੂਬਰ, 1997 ਨੂੰ ਅਕਾਲ ਚਲਾਣਾ ਹੋਇਆ । ਉਨ੍ਹਾਂ ਨੂੰ ਵੀ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ਼੍ਰੀਮਤੀ ਜਗਮੋਹਨ ਕੌਰ ਸਾਡੇ ਕੋਲੋਂ ਵਿਛੜ ਗਏ ਹਨ । ਪਿਛਲੇ ਸਮਿਆਂ ਵਿੱਚ, ਮੈਨੂੰ ਯਾਦ ਹੈ ਕਿ ਜਦੋਂ ਪੰਜਾਬੀਅਤ ਅਤੇ ਪੰਜਾਬੀ ਲੋਕ ਗਾਇਕੀ, ਪੰਜਾਬ ਦੇ ਮਾੜੇ ਹਾਲਾਤ ਸਮੇਂ, ਅੱਤਵਾਦ-ਵੱਖਵਾਦ ਸਮੇਂ, ਖ਼ਤਮ ਹੋ ਗਈ ਸੀ ਔਰ ਪੰਜਾਬ ਦੇ ਲੋਕ ਤਰਸਦੇ ਸਨ ਕਿ ਸਾਡੇ ਪੰਜਾਬੀ ਕਲਾਕਾਰ ਕਿੱਥੇ ਚਲੇ ਗਏ ਹਨ ਤਾਂ ਉਸ ਵਕਤ ਬੀਬੀ ਜਗਮੋਹਨ ਕੌਰ ਜੀ ਨੇ ਆਪਣੀ ਚੰਗੀ ਗਾਇਕੀ ਨਾਲ, ਆਪਣੀ ਕਲਾ ਨਾਲ, ਪੰਜਾਬੀ ਕਲਚਰ ਮੁਤਾਬਿਕ ਪੰਜਾਬ ਵਿੱਚ, ਦੇਸ਼ ਵਿੱਚ ਔਰ ਦੇਸ਼ ਤੋਂ ਬਾਹਰ ਜਾ ਕੇ ਪੰਜਾਬ ਦੀ ਗਾਇਕੀ ਨੂੰ ਇੱਕ ਪਲੇਟਫਾਰਮ ਤੇ ਲਿਆ ਕੇ ਬੜੀ ਭਾਰੀ ਸੇਵਾ ਕੀਤੀ । ਉਨ੍ਹਾਂ ਦਾ ਬੜਾ ਵੱਡਾ ਯੋਗਦਾਨ ਹੈ । ਇਸ ਤਰ੍ਹਾਂ ਇੱਕ ਮਸ਼ਹੂਰ ਗਾਇਕਾ ਜਿਨ੍ਹਾਂ ਨੇ ਆਪਣੇ ਗੀਤਾਂ ਨਾਲ ਔਰ ਆਪਣੀਆਂ ਪੂਰੀਆਂ ਜ਼ਿੰਮੇਵਾਰੀਆਂ ਨਾਲ ਪੰਜਾਬੀ ਸੱਭਿਆਚਾਰ ਨੂੰ ਉੱਚਾ ਚੁੱਕਣ ਵਾਸਤੇ ਯੋਗਦਾਨ ਪਾਇਆ, ਉਹ ਪਿਛਲੇ ਸਮੇਂ ਵਿੱਚ ਸਾਡੇ ਕੋਲੋਂ ਚਲ ਗਏ ਹਨ । ਇਸ ਤੇ ਮੈਨੂੰ ਬੜਾ ਭਾਰੀ ਅਫ਼ਸੋਸ ਤੇ ਦੁੱਖ ਹੈ ।

ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਸਰਦਾਰ ਸਰਬਜੀਤ ਸਿਘ ਜੋ ਬਾਸਕਟ ਬਾਲ ਦੇ ਮੰਨੇ-ਪ੍ਰਮੰਨੇ ਖਿਡਾਰੀ ਸਨ, ਦੇ ਪਿਛਲੇ ਸਮੇਂ ਵਿੱਚ ਵਿਛੜ ਜਾਣ ਦਾ ਜ਼ਿਕਰ ਕੀਤਾ ਹੈ । ਸਪੀਕਰ ਸਾਹਿਬ, ਸਾਡਾ ਖ਼ੂਬਸੂਰਤ ਪੰਜਾਬ ਹਰ ਤਰ੍ਹਾਂ ਦੀ ਕਲਾ ਦੇ ਬੰਦਿਆਂ ਨਾਲ ਭਰਿਆ ਪਿਆ ਹੈ । ਸਰਦਾਰ ਸਰਬਜੀਤ ਸਿੰਘ ਖੇਡਾਂ ਦੇ ਪੱਖੋਂ ਬਾਸਕਟ-ਬਾਲ ਦੇ ਇਕ ਬਹੁਤ ਵਧੀਆ ਖਿਡਾਰੀ ਸਨ । ਸਾਰੇ ਪੰਜਾਬ ਨੂੰ ਉਨ੍ਹਾਂ ਤੇ ਖੇਡਾਂ ਦੇ ਪੱਖੋਂ ਮਾਣ ਸੀ ਪਰ ਉਹ ਹੁਣ ਸਾਡੇ ਕੋਲੋਂ ਜੁਦਾ ਹੋ ਕੇ ਸਦੀਵੀ ਵਿਛੋੜਾ ਦੇ ਗਏ ਹਨ । ਮੈਂ ਉਨ੍ਹਾਂ ਦੇ ਚਲੇ ਜਾਣ ਤੇ ਡੂੰਘਾ ਦੁੱਖ ਪ੍ਰਗਟ ਕਰਦੀ ਹਾਂ ।

ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਤੁਹਾਡੀ ਆਗਿਆ ਨਾਲ ਇਸ ਸੂਚੀ ਵਿੱਚ ਦੋ ਹੋਰ ਨਾਂ ਵੀ ਸ਼ਾਮਲ ਕੀਤੇ ਜਾਣ । ਸਾਡੇ ਐਮ. ਐਲ. ਏ. ਸ੍ਰੀ ਭਗਵਾਨ ਦਾਸ, ਜਿਨ੍ਹਾਂ ਦੇ ਮਾਤਾ ਸ੍ਰੀਮਤੀ ਮੋਹਨੀ ਦੇਵੀ ਔਰ ਸਰਦਾਰ ਗੁਰਚਰਨ ਸਿੰਘ ਦਿੜ੍ਹਬਾ ਜੀ ਦੇ ਫਾਦਰ-ਇਨ-ਲਾਅ ਸਾਡੇ ਕੋਲੋਂ ਵਿਛੜ ਗਏ ਹਨ । ਉਹ ਮਹਾਨ ਫਰੀਡਮ ਫਾਈਟਰ ਸਨ । ਉਹ ਪਰਜਾ ਮੰਡਲ ਲਹਿਰ ਦੇ ਮੋਢੀਆਂ ਵਿਚੋਂ ਸਨ । ਮੈਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ ਅਤੇ ਇਹ ਜੋ ਮਤਾ ਲੀਡਰ ਆਫ ਦਿ ਹਾਊਸ ਨੇ ਲਿਆਂਦਾ ਹੈ, ਉਸ ਦਾ ਸਮਰਥਨ ਕਰਦੀ ਹਾਂ ਕਿ ਦੁਖੀ ਪਰਿਵਾਰਾਂ ਨੂੰ ਰੈਜ਼ੋਲਿਊਸ਼ਨ ਪਾਸ ਕਰਕੇ ਹਾਊਸ ਦੀਆਂ ਭਾਵਨਾਵਾਂ ਭੇਜੀਆਂ ਜਾਣ ।

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) : ਸਪੀਕਰ ਸਾਹਿਬ, ਇਹ ਬੜੀ ਦੁੱਖਦਾਈ ਗਲ ਹੈ ਕਿ ਜਦੋਂ ਵੀ ਪੰਜਾਬ ਵਿਧਾਨ ਸਭਾ ਦਾ ਸਮਾਗਮ ਆਰੰਭ ਹੁੰਦਾ ਹੈ ਤਾਂ ਪਹਿਲੇ ਦਿਨ ਬੜੇ ਦੁੱਖੀ ਮਨ ਨਾਲ ਅਕਾਲ ਚਲਾਣਿਆਂ ਦਾ ਵਰਨਣ ਕਰਨਾ ਪੈਂਦਾ ਹੈ ਕਿਉਂਕਿ ਕੁਦਰਤ ਦੇ ਨਿਯਮ ਹੀ ਐਸੇ ਹਨ ਕਿ ਜੋ ਵੀ ਸੰਸਾਰ ਵਿੱਚ ਮਨੁੱਖ ਆਉਂਦਾ ਹੈ, ਉਸ ਨੂੰ

[ਕਾਮਰੇਡ ਹਰਦੇਵ ਅਰਸ਼ੀ]

ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਵਿਛੜਨਾ ਪੈਂਦਾ ਹੈ । ਕਈ ਵਾਰੀ ਬਹੁਤ ਸਾਰੇ ਦੁੱਖਦਾਈ ਵਿਛੋੜੇ ਹੋ ਜਾਂਦੇ ਹਨ ਜਦੋਂ ਕਈ ਵਿਅਕਤੀ ਸਮੇਂ ਤੋਂ ਪਹਿਲਾਂ ਹੀ ਵਿਛੋੜਾ ਦੇ ਜਾਂਦੇ ਹਨ । ਇਨ੍ਹਾਂ ਵਿੱਚ ਰਾਜਨੀਤਿਕ ਸ਼ਖਸੀਅਤਾਂ, ਬਹੁਤ ਸਾਰੇ ਸਮਾਜ ਸੇਵੀ, ਸਿੱਖਿਆ ਸ਼ਾਸਤਰੀ, ਕਾਨੂੰਨਦਾਨ ਅਤੇ ਹੋਰ ਵਿਅਕਤੀ ਜਿਨ੍ਹਾਂ ਦਾ ਵੱਖ-ਵੱਖ ਖੇਤਰਾਂ ਵਿਚ ਅਜਿਹਾ ਕਾਫੀ ਯੋਗਦਾਨ ਰਿਹਾ ਹੁੰਦਾ ਹੈ, ਸ਼ਾਮਲ ਹਨ । ਅੱਜ ਇਥੇ ਜਿਨ੍ਹਾਂ ਸ਼ਖਸੀਅਤਾਂ ਦਾ ਜ਼ਿਕਰ ਮਾਨਯੋਗ ਮੁੱਖ ਮੰਤਰੀ ਜੀ ਨੇ ਕੀਤਾ ਹੈ ਅਤੇ ਵਿਰੋਧੀ ਧਿਰ ਦੀ ਲੀਡਰ ਸਾਡੀ ਭੈਣ ਜੀ ਨੇ ਵੀ ਕੀਤਾ ਹੈ, ਇਨ੍ਹਾਂ ਵਿਛੜ ਚੁੱਕੀਆਂ ਸ਼ਖਸੀਅਤਾਂ ਬਾਰੇ ਉਨ੍ਹਾਂ ਨੇ ਆਪਣੀਆਂ ਜੋ ਭਾਵਨਾਵਾਂ ਪ੍ਰਗਟ ਕੀਤੀਆਂ ਹਨ, ਉਨ੍ਹਾਂ ਵਿਚ ਮੈਂ ਵੀ ਆਪਣੇ ਗਰੁੱਪ ਨੂੰ ਸ਼ਾਮਲ ਕਰਦਾ ਹਾਂ ਅਤੇ ਕੁਝ ਸ਼ਬਦ ਉਨ੍ਹਾਂ ਦੇ ਸਤਿਕਾਰ ਵਜੋਂ ਕਹਿਣਾ ਚਾਹੁੰਦਾ ਹਾਂ ।

ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ, ਉਹ ਹਨ ਸਰਦਾਰ ਜੋਗਿੰਦਰ ਸਿੰਘ ਮਾਨ ਜਿਹੜੇ ਇਕ ਯੋਗ ਰਾਜਨੀਤਿਕ ਸ਼ਖਸੀਅਤ ਸਨ । ਸੰਨ 1967 ਵਿਚ ਜਦੋਂ ਪਹਿਲੀ ਵਾਰ ਪੰਜਾਬ ਵਿੱਚ ਸਾਂਝੇ ਫਰੰਟ ਦੀ ਸਰਕਾਰ ਬਣੀ ਸੀ ਅਤੇ ਜਿਸ ਵਿੱਚ ਸਾਡੀ ਪਾਰਟੀ ਵੀ ਸ਼ਾਮਲ ਸੀ, ਉਸ ਵੇਲੇ ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਦੇ ਸਾਂਝੇ ਫਰੰਟ ਦੇ ਪਹਿਲੇ ਸਪੀਕਰ ਹੋਣ ਦਾ ਮਾਣ ਪ੍ਰਾਪਤ ਹੋਇਆ ਸੀ । ਇਹ ਸਰਕਾਰ ਬਹੁਤ ਸਾਰੀਆਂ ਪਾਰਟੀਆਂ ਤੇ ਆਧਾਰਿਤ ਸੀ । ਇਸ ਤਰ੍ਹਾਂ ਪਹਿਲੇ ਸਪੀਕਰ ਬਣਨ ਦਾ ਮਾਣ ਸਰਦਾਰ ਜੋਗਿੰਦਰ ਸਿੰਘ ਮਾਨ ਨੂੰ ਪ੍ਰਾਪਤ ਹੋਇਆ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਵੀ ਉਨ੍ਹਾਂ ਦਾ ਯੋਗਦਾਨ ਰਿਹਾ । ਉਹ ਰਾਜ ਸਭਾ ਦੇ ਮੈਂਬਰ ਵੀ ਰਹੇ । ਇਸ ਕਰਕੇ ਜਿਸ ਤਰ੍ਹਾਂ ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਦੇ ਚਲੇ ਜਾਣ ਨਾਲ ਬਹੁਤ ਹੀ ਅਸਹਿ ਅਤੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਮੈਂ ਉਨ੍ਹਾਂ ਦੀ ਯਾਦ ਵਿੱਚ ਸਿਰ ਝੁਕਾਉਂਦਾ ਹਾਂ ਅਤੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ।

ਇਸੇ ਤਰਾਂ ਸਾਡੇ ਸਾਬਕਾ ਵਿਧਾਇਕ ਸ੍ਰੀ ਕ੍ਰਿਸ਼ਨ ਕੌਸ਼ਲ ਜੀ ਜਿਹੜੇ ਸਾਬਕਾ ਮੰਤਰੀ ਵੀ ਸਨ, ਉਹ ਸਾਡੇ ਕੋਲੋਂ ਚਲੇ ਗਏ ਹਨ । ਉਹ ਪਿਛਲੇ ਸਮੇਂ ਵਿੱਚ ਇਸ ਹਾਊਸ ਵਿੱਚ ਸਾਡੇ ਸਾਥੀ ਵੀ ਰਹੇ । ਉਹ ਗਰੀਬ ਪਰਿਵਾਰ ਨਾਲ ਸਬੰਧਿਤ ਸਨ । ਮੈਨੂੰ ਉਨ੍ਹਾਂ ਨੂੰ ਨਿੱਜੀ ਤੌਰ ਤੇ ਬਹੁਤ ਸਾਰੀਆਂ ਮੀਟਿੰਗਾਂ ਅਤੇ ਕਮੇਟੀਆਂ ਵਿੱਚ ਮਿਲਣ ਦਾ ਮੌਕਾ ਮਿਲਿਆ ਹੈ । ਉਨ੍ਹਾਂ ਦੇ ਵਿੱਚ ਬੜੀ ਨਿਮਰਤਾ ਸੀ ਅਤੇ ਉਹ ਦਬੇ ਕੁਚਲੇ ਲੋਕਾਂ ਅਤੇ ਦੱਲਿਤ ਵਰਗਾਂ ਵਾਸਤੇ, ਉਨ੍ਹਾਂ ਦੀ ਬਿਹਤਰੀ ਵਾਸਤੇ ਹਮੇਸ਼ਾਂ ਤੱਤਪਰ ਰਹਿੰਦੇ ਸਨ । ਉਹ ਟਰੈਜ਼ਰੀ ਬੈਂਚਾਂ ਵਿੱਚ ਰਹਿੰਦਿਆਂ ਹੋਇਆਂ ਵੀ ਦਲਿਤ ਲੋਕਾਂ ਦੀ ਬਿਹਤਰੀ ਵਾਸਤੇ ਕੋਈ ਮੌਕਾ ਹੱਥੋਂ ਨਹੀਂ ਸਨ ਜਾਣ ਦਿੰਦੇ ਕਿ ਕਿਸੇ ਨਾ ਕਿਸੇ ਤਰੀਕੇ ਆਪਣੀ ਸਰਕਾਰ ਤੇ ਦਬਾਅ ਪਾਇਆ ਜਾਵੇ ਕਿ ਉਹ ਦੱਲਿਤਾਂ ਦੀ ਬਿਹਤਰੀ ਲਈ ਕੁਝ ਕਰੇ । ਉਨ੍ਹਾਂ ਦਾ ਸਾਡੇ ਕੋਲੋਂ ਇਸ ਤਰ੍ਹਾਂ ਵਿਛੜਨਾ ਸਾਡੇ ਸਾਰਿਆਂ ਲਈ ਦੁੱਖਦਾਈ ਹੈ, ਖਾਸ ਕਰਕੇ ਦੱਲਿਤ ਵਰਗ ਲਈ, ਜਿਨ੍ਹਾਂ ਦੀ ਜਿਉਂਦੀ ਜਾਗਦੀ ਆਵਾਜ਼ ਦਾ ਬੰਦ ਹੋਣਾ, ਉਨ੍ਹਾਂ ਦੇ ਵਾਸਤੇ ਬਹੁਤ ਵੱਡੀ ਘਾਟ ਹੈ ।

ਇਸ ਤੋਂ ਬਾਅਦ ਸ੍ਰੀ ਕਸਤੂਰੀ ਲਾਲ ਜੀ ਹਨ । ਮੇਰਾ ਸਬੰਧ ਉਸ ਸ਼ਹਿਰ ਦੇ ਨਾਲ ਆਰਜ਼ੀ ਤੌਰ ਤੇ ਹੈ ਜਿਥੇ ਉਹ ਰਹਿੰਦੇ ਸਨ । ਉਹ ਬਠਿੰਡੇ ਦੇ ਨਜ਼ਦੀਕ ਪਿੰਡ ਦੇ ਜੰਮਪਲ ਸਨ । ਉਹ ਉਘੇ ਵਪਾਰੀ, ਤਕੜੇ ਟਰੇਡਰ ਦੇ ਤੌਰ ਤੇ ਬਹੁਤ ਮਸ਼ਹੂਰ ਸਨ ਅਤੇ ਉਹ ਮਰਹੂਮੀ ਦਲ ਦੀ ਸਿਆਸਤ ਵਿਚ ਪੈਰ ਧਰ ਕੇ ਇਸ ਵਿਧਾਨ ਸਭਾ ਦੇ ਪਵਿੱਤਰ ਸਦਨ ਦੇ ਮੈਂਬਰ ਰਹੇ । ਉਸ ਸਰਕਾਰ ਵਿੱਚ ਉਨ੍ਹਾਂ ਨੂੰ ਬਤੌਰ ਮੰਤਰੀ ਜਨਤਾ ਦੀ ਸੇਵਾ ਕਰਨ ਦਾ ਵੀ ਮੌਕਾ ਮਿਲਿਆ । ਉਹ ਵੀ ਪਿਛਲੇ ਦਿਨਾਂ ਵਿਚ ਸਾਡੇ ਕੋਲੋਂ ਵਿਛੜ ਗਏ ਹਨ । ਮੈਂ ਇਕ ਚੀਜ਼ ਉਨ੍ਹਾਂ ਦੇ ਬਾਰੇ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਪੰਜਾਬ ਵਿੱਚ ਅੱਗ ਲੱਗੀ ਸੀ, ਸਮੁੱਚੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਪੈਦਾ ਹੋ ਗਿਆ ਸੀ, ਉਸ ਸਮੇਂ ਉਨ੍ਹਾਂ ਨੇ ਆਪਣੀ ਆਵਾਜ਼ ਨਾਲ ਸੱਚੇ ਭਾਰਤੀ ਹੋਣ ਦਾ, ਸੱਚੇ ਨਾਗਰਿਕ ਹੋਣ ਦਾ ਸਬੂਤ ਦਿੱਤਾ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ ਬੜਾ ਉਘਾ ਯੋਗਦਾਨ ਪਾਇਆ । ਜਿਹੜੀਆਂ ਵੀ ਉਸ ਸਮੇਂ ਦੇਸ਼ ਭਗਤੀ ਦੀਆਂ ਲਹਿਰਾਂ ਸਨ, ਉਨ੍ਹਾਂ ਦੇ ਵਿੱਚ ਉਨ੍ਹਾਂ ਦਾ ਉਘਾ ਯੋਗਦਾਨ ਰਿਹਾ ਹੈ । ਇਸ ਕਰਕੇ ਇਕ ਚੰਗਾ ਵਪਾਰੀ, ਵਧੀਆ ਦੇਸ਼ ਭਗਤ, ਅੱਛਾ ਵਜ਼ੀਰ ਸਾਡੇ ਤੋਂ ਵਿਛੜ ਗਿਆ ਹੈ, ਜਿਸ ਦਾ ਸਾਨੂੰ ਸਾਰਿਆਂ ਨੂੰ ਬੇਹੱਦ ਦੁੱਖ ਹੈ ।

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ, ਇਨ੍ਹਾਂ ਦੇ ਬਾਰੇ ਵੀ ਇਥੇ ਸੁਣਿਆ ਹੈ । ਨਿੱਜੀ ਤੌਰ ਤੇ, ਸਪੀਕਰ ਸਾਹਿਬ, ਮੈਨੂੰ ਉਨ੍ਹਾਂ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ । ਜਿੰਨੀ ਕੁ ਇਨ੍ਹਾਂ ਦੇ ਬਾਰੇ ਜਾਣਕਾਰੀ ਹੈ ਔਰ ਸੀ. ਐਮ. ਸਾਹਿਬ ਨੇ ਵੀ ਦੱਸਿਆ ਹੈ, ਠੀਕ ਹੈ ਬਹੁਤ ਸਾਰੇ ਨੇਤਾ ਉਪਰੋਂ ਤਿਆਰ ਹੋ ਕੇ ਆਉਂਦੇ ਹਨ ਲੇਕਿਨ ਅਸਲੀ ਲੀਡਰ ਉਹ ਹਨ ਜਿਹੜੇ ਗਰਾਸ ਰੂਟ ਤੋਂ, ਹੇਠੋਂ ਜੜ੍ਹ ਪੱਧਰ ਤੋਂ ਉਠ ਕੇ ਉਪਰਲੀ ਪਦਵੀ ਪ੍ਰਾਪਤ ਕਰਦੇ ਹਨ । ਜਿਸ ਤਰ੍ਹਾਂ ਇਹ ਪਹਿਲਾਂ ਪੰਚਾਇਤ ਮੈਂਬਰ ਰਹੇ, ਫਿਰ ਬਲਾਕ ਸੰਮਤੀ ਦੇ ਮੈਂਬਰ, ਫਿਰ ਪਾਰਲੀਮੈਂਟ ਦੇ ਮੈਂਬਰ ਫਿਰ ਇਸੇ ਵਿਧਾਨ ਸਭਾ ਦੇ ਮੈਂਬਰ ਰਹੇ ਔਰ ਫਿਰ ਬਤੌਰ ਇਕ ਮੰਤਰੀ ਰਹੇ, ਇਨ੍ਹਾਂ ਨੇ ਸੁਚੱਜੇ ਢੰਗ ਨਾਲ ਸਾਡੇ ਸਮਾਜ ਦੀ ਸੇਵਾ ਕੀਤੀ । ਇਸ ਤਰ੍ਹਾਂ ਇਕ ਅੱਛੀ ਰਾਜਨੀਤਕ ਸ਼ਖਸੀਅਤ ਦਾ ਸਾਡੇ ਕੋਲੋਂ ਚਲੇ ਜਾਣਾ, ਸਾਡੇ ਸਾਰਿਆਂ ਲਈ ਦੁੱਖਦਾਈ ਹੈ ।

ਪਿਛਲੀ ਵਿਧਾਨ ਸਭਾ ਦੇ ਕਾਂਗਰਸ ਪਾਰਟੀ ਨਾਲ ਤਾਅਲੁੱਕ ਰੱਖਦੇ ਸਰਦਾਰ ਗੁਰਚਰਨ ਸਿੰਘ ਪੰਜਗਰਾਈਂ ਸਾਡੇ ਕੋਲੋਂ ਵਿਛੜ ਗਏ ਹਨ । ਉਹ ਉਸੇ ਹਲਕੇ ਦੀ ਪ੍ਰਤੀਨਿਧਤਾ ਕਰਦੇ ਸਨ, ਜਿਥੋਂ ਅੱਜ ਮਾਨਯੋਗ ਸਰਦਾਰ ਗੁਰਦੇਵ ਸਿੰਘ ਬਾਦਲ ਪ੍ਰਤੀਨਿਧਤਾ ਕਰਦੇ ਹਨ । ਉਹ ਵੀ ਦਲਿਤ ਵਰਗ ਦੇ ਪ੍ਰਤੀ ਸਮਰਪਿਤ ਸਨ । ਉਨ੍ਹਾਂ ਦਾ ਸਾਡੇ ਕੋਲੋਂ ਪਿਛਲੇ ਸਮੇਂ ਵਿਚ ਵਿਛੜ ਜਾਣਾ ਜਿਥੇ ਉਨ੍ਹਾਂ ਦੀ ਪਾਰਟੀ ਲਈ, ਉਨ੍ਹਾਂ ਦੇ ਪਰਿਵਾਰ ਲਈ ਦੁੱਖਦਾਈ ਹੈ, ਉਥੇ ਸਾਨੂੰ ਸਾਰਿਆਂ ਨੂੰ ਇਸ ਤੇ ਦੁੱਖ ਹੈ ਕਿਉਂਕਿ ਇੱਕ ਯੋਗ, ਖਾਸ ਕਰਕੇ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਦਾ ਵਿਛੋੜਾ ਸਾਡੇ ਸਾਰਿਆਂ ਲਈ ਦੁੱਖਦਾਈ ਹੈ ।

ਸ੍ਰੀ ਮੂਲ ਚੰਦ ਜੈਨ ਜਿਹੜੇ ਕਿ ਸਾਡੇ ਸਾਬਕਾ ਮੰਤਰੀ ਸਨ, ਬਾਰੇ ਮੁੱਖ ਮੰਤਰੀ ਸਾਹਿਬ ਬੋਲੇ ਹਨ । ਮੈਂ ਉਨ੍ਹਾਂ ਦੇ ਨਾਲ ਆਪਣੇ ਆਪ ਨੂੰ ਸ਼ਾਮਿਲ ਕਰਦਾ ਹਾਂ ਉਨ੍ਹਾਂ ਦਾ ਵਿਛੋੜਾ ਸਾਡੇ ਸਾਰਿਆਂ ਲਈ ਦੁੱਖਦਾਈ ਹੈ ।

[ਕਾਮਰੇਡ ਹਰਦੇਵ ਅਰਸ਼ੀ]

ਜਥੇਦਾਰ ਤਾਰਾ ਸਿੰਘ ਜੀ ਨਾਲ, ਸਪੀਕਰ ਸਾਹਿਬ, ਮੇਰੇ ਬੜੇ ਨਿੱਜੀ ਸੰਬੰਧ ਸਨ ਕਿਉਂਕਿ ਉਹ ਉਸ ਕਾਂਸਟੀਚਿਊਐਂਸੀ ਨੂੰ ਬਿਲੌਂਗ ਕਰਦੇ ਸਨ, ਜਿਸ ਨੂੰ ਮੈਂ ਕਰਦਾ ਹਾਂ । 1977 ਵਿਚ ਉਹ ਉਸੇ ਹਲਕੇ ਤੋਂ ਚੁਣੇ ਗਏ ਸਨ, ਜਿਸ ਦੀ ਪ੍ਰਤੀਨਿਧਤਾ ਕਰਨ ਦਾ ਮਾਣ ਲੋਕਾਂ ਨੇ ਮੈਨੂੰ ਦਿੱਤਾ ਹੈ । 1977 ਦੇ ਵਿਚ ਜਿਸ ਵੇਲੇ ਅਕਾਲੀ ਪਾਰਟੀ ਦੀ ਸਰਕਾਰ ਸੀ, ਉਸ ਵੇਲੇ ਬਤੌਰ ਵਿਧਾਇਕ ਉਨ੍ਹਾਂ ਨੇ ਸਮਾਜ ਵਿੱਚ ਬੜੀ ਨਿਮਰਤਾ ਦੇ ਨਾਲ, ਬਿਨਾਂ ਕਿਸੇ ਭੇਦ-ਭਾਵ ਦੇ ਲੋਕਾਂ ਦੀ ਸੇਵਾ ਕੀਤੀ । ਅੱਜ ਵੀ ਲੋਕ ਉਨ੍ਹਾਂ ਨੂੰ ਯਾਦ ਕਰਦੇ ਹਨ । ਬਿਨਾਂ ਭਿੰਨ-ਭੇਦ ਦੇ ਲੋਕਾਂ ਨੂੰ ਪਿਆਰ ਕਰਨ ਵਾਲੇ, ਲੋਕਾਂ ਦੇ ਦਿਲਾਂ ਦੀ ਤਹਿ ਫੜਨ ਵਾਲੇ ਇਸ ਰਾਜਨੀਤਿਕ ਵਿਅਕਤੀ ਨੂੰ ਲੋਕ ਆਗੂ ਦੇ ਤੌਰ ਤੇ ਯਾਦ ਕਰਦੇ ਹਨ । ਉਹ ਬੁਢਲਾਡੇ ਦੇ ਨਾਲ ਹੀ ਦੋਦੜੇ ਪਿੰਡ ਦੇ ਜੰਮਪਲ ਸਨ, ਜਿਹੜਾ ਕਿ ਪਹਿਲਾਂ ਬਠਿੰਡੇ ਜ਼ਿਲ੍ਹੇ ਵਿਚ ਸੀ ਲੇਕਿਨ ਹੁਣ ਨਵਾਂ ਜ਼ਿਲ੍ਹਾ ਮਾਨਸਾ ਦੇ ਹਿੱਸੇ ਵਿਚ ਹੈ । ਉਨ੍ਹਾਂ ਦਾ ਵੀ ਸਾਡੇ ਕੋਲੋਂ ਵਿਛੜਨਾ ਸਾਡੇ ਸਾਰਿਆਂ ਲਈ ਬਹੁਤ ਹੀ ਦੁੱਖਦਾਈ ਹੈ ।

ਸ੍ਰੀ ਹਰਦਵਾਰੀ ਲਾਲ ਜੀ ਇਕ ਉੱਘੇ ਸਿੱਖਿਆ ਸ਼ਾਸਤਰੀ ਸਨ, ਅਤੇ ਉਨ੍ਹਾਂ ਨੇ ਬਾਅਦ ਵਿੱਚ ਉੱਘੇ ਪਾਰਲੀਮੈਂਟੇਰੀਅਨ ਦੇ ਤੌਰ ਤੇ ਬੜਾ ਨਾਮਣਾ ਖੱਟਿਆ । ਉਹ ਦੋ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਵੀ ਰਹੇ । ਉਨ੍ਹਾਂ ਦਾ ਪੰਜਾਬ ਵਿੱਚ ਬੜਾ ਮਾਣ ਸੀ । ਬਤੌਰ ਵਿਧਾਨ ਸਭਾ ਦਾ ਮੈਂਬਰ ਤੇ ਬਤੌਰ ਮੰਤਰੀ ਉਨ੍ਹਾਂ ਨੂੰ ਹਮੇਸ਼ਾ ਹੀ ਯਾਦ ਰੱਖਿਆ ਜਾਵੇਗਾ । ਮੈਂ ਕਹਿ ਸਕਦਾ ਹਾਂ ਕਿ ਜੇ ਕਿਸੇ ਵਿਧਾਇਕ ਨੇ ਕਿਸੇ ਵੇਲੇ ਕਿਸੇ ਸਰਕਾਰ ਨੂੰ ਬਜਟ ਦੇ ਮਾਮਲੇ ਵਿੱਚ ਕਟਹਿਰੇ ਵਿੱਚ ਖੜ੍ਹਾ ਕੀਤਾ ਹੋਵੇ ਔਰ ਜਿਥੇ ਸਰਕਾਰ ਨੂੰ ਕੋਈ ਉੱਤਰ ਨਾ ਆਇਆ ਹੋਵੇ, ਉਹ ਸ੍ਰੀ ਹਰਦਵਾਰੀ ਲਾਲ ਜੀ ਸਨ । ਉਨ੍ਹਾਂ ਨੇ ਇਸ ਤਰ੍ਹਾਂ ਪੂਰੀ ਘੋਖ ਪੜਤਾਲ ਕਰਕੇ ਬਜਟ ਦੀਆਂ ਖਾਮੀਆਂ ਹਾਊਸ ਦੇ ਸਾਹਮਣੇ ਲਿਆਂਦੀਆਂ ਜਿਨ੍ਹਾਂ ਦਾ ਸਬੰਧਤ ਸਰਕਾਰ ਕੋਲ ਕੋਈ ਜਵਾਬ ਨਹੀਂ ਸੀ । ਇਸ ਤਰ੍ਹਾਂ ਇਕ ਮਾਹਿਰ ਵਿਧਾਨਕਾਰ, ਪਾਰਲੀਮਾਨੀ ਮਾਮਲਿਆਂ ਵਿੱਚ ਪੂਰੀ ਤਰ੍ਹਾਂ ਮਾਹਿਰ, ਵਿਧਾਨ ਦਾ ਪੂਰਾ ਮਾਹਿਰ, ਉੱਘੇ ਸਿੱਖਿਆ ਸ਼ਾਸਤਰੀ ਦਾ ਸਾਡੇ ਕੋਲੋਂ ਵਿਛੜਨਾ, ਸਾਡੇ ਸਮੁੱਚੇ ਸਮਾਜ ਲਈ ਬੜਾ ਦੁੱਖਦਾਈ ਹੈ । ਮੈਂ ਤਹਿ ਦਿਲੋਂ ਸ਼ਰਧਾ ਦੇ ਫੁੱਲ ਉਨ੍ਹਾਂ ਦੇ ਵਾਸਤੇ ਭੇਂਟ ਕਰਦਾ ਹਾਂ ।

ਸ੍ਰੀ ਕਪੂਰ ਚੰਦ ਜੈਨ, ਸਾਬਕਾ ਵਿਧਾਇਕ ਦਾ ਸਾਡੇ ਕੋਲੋਂ ਵਿਛੜਨਾ ਸਾਡੇ ਵਾਸਤੇ ਬਹੁਤ ਦੁੱਖਦਾਈ ਹੈ । ਡਾਕਟਰ ਰਘੁਬੀਰ ਪ੍ਰਕਾਸ਼ ਵੀ ਸਾਬਕਾ ਵਿਧਾਇਕ ਸਨ । ਜਿਹੜੀ ਪਰਜਾ ਮੰਡਲ ਦੀ ਲਹਿਰ ਸ਼ੁਰੂ ਹੋਈ ਸੀ ਉਸ ਵਿਚ ਅਤੇ ਆਜ਼ਾਦੀ ਦੇ ਅੰਦੋਲਨ ਵਿਚ ਉਨ੍ਹਾਂ ਦਾ ਜੋ ਮਹਾਨ ਯੋਗਦਾਨ ਹੈ ਉਸ ਤੋਂ ਅਸੀਂ ਵਾਂਝੇ ਹੋ ਗਏ ਹਾਂ । ਅਸੀਂ ਇਸ ਤਰ੍ਹਾਂ ਇਕ ਚੰਗੇ ਵਿਧਾਨਕਾਰ, ਉਸ ਦੀਆਂ ਚੰਗੀਆਂ ਸੇਵਾਵਾਂ, ਜੋ ਉਸ ਦੇ ਚੰਗੇ ਗੁਣ ਸਿੱਖਿਆ ਨਾਲ ਸਬੰਧ ਰੱਖਦੇ ਸਨ ਉਨ੍ਹਾਂ ਤੋਂ ਇਕ ਤਰ੍ਹਾਂ ਨਾਲ ਵਾਂਝੇ ਹੋ ਗਏ ਹਾਂ । ਇਸੇ ਤਰ੍ਹਾਂ ਸ੍ਰੀ ਕੇਸ਼ੋ ਰਾਮ ਗੋਇਲ ਜਿਹੜੇ ਕਿ 1972 ਦੇ ਵਿਚ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ, ਔਰ ਜਿਸ ਤਰ੍ਹਾਂ ਸੀ. ਐਮ. ਸਾਹਿਬ ਨੇ ਵੀ ਕਿਹਾ ਹੈ ਕਿ ਉਹ ਬੜੇ ਹਰਮਨ

ਪਿਆਰੇ ਸਨ । ਉਨ੍ਹਾਂ ਦਾ ਲਗਾਤਾਰ 12 ਸਾਲ ਨਗਰ ਕੌਂਸਿਲ, ਮਿਊਂਸਪੈਲਿਟੀ ਦੇ ਮੈਂਬਰ ਦੇ ਤੌਰ ਤੇ ਰਹਿਣਾ ਅਤੇ ਉਸ ਤੋਂ ਬਾਅਦ ਵਿਧਾਇਕ ਦੇ ਤੌਰ ਤੇ ਜ਼ਿੰਮੇਵਾਰੀਆਂ ਨਿਭਾਉਣਾ ਬਹੁਤ ਵੱਡੀ ਗੱਲ ਹੈ । ਉਨ੍ਹਾਂ ਦਾ ਵਿੱਛੜ ਜਾਣਾ ਸਾਡੇ ਲਈ ਅੌਰ ਮਨੁੱਖਤਾ ਲਈ ਜੋ ਉਨ੍ਹਾਂ ਨੇ ਕੰਮ ਕੀਤੇ, ਉਸ ਲਈ, ਉਨ੍ਹਾਂ ਦੇ ਪਰਿਵਾਰ ਲਈ ਤੇ ਖਾਸ ਕਰਕੇ ਕਾਂਗਰਸ ਪਾਰਟੀ ਲਈ ਬਹੁਤ ਹੀ ਦੁੱਖਦਾਈ ਗੱਲ ਹੈ ।

ਇਸੇ ਤਰ੍ਹਾਂ ਸਰਦਾਰ ਹਰਨਾਮ ਸਿੰਘ, ਉਘੇ ਸੁਤੰਤਰਤਾ ਸੰਗਰਾਮੀ, ਅੌਰ ਸਰਦਾਰ ਮੁਬਾਰਕ ਸਿੰਘ, ਉਘੇ ਸੁਤੰਤਰਤਾ ਸੰਗਰਾਮੀ, ਅੌਰ ਸਰਦਾਰ ਗੁਰਦਿਆਲ ਸਿੰਘ, ਉਘੇ ਸੁਤੰਤਰਤਾ ਸੰਗਰਾਮੀ ਅਤੇ ਇਨ੍ਹਾਂ ਸਾਰੇ ਦੇਸ਼ ਭਗਤਾਂ ਦਾ ਇਸ ਤਰ੍ਹਾਂ ਸਾਡੇ ਕੋਲੋਂ ਵਿਛੜ ਜਾਣਾ ਬਹੁਤ ਹੀ ਚਿੰਤਾ ਵਾਲੀ ਗੱਲ ਹੈ ਅੌਰ ਮੈਂ ਇਸ ਬਾਰੇ ਪਹਿਲੀ ਵਾਰੀ ਵੀ ਬੇਨਤੀ ਕੀਤੀ ਸੀ ਕਿ ਪੰਜਾਬ ਸਰਕਾਰ ਇਹ ਯਤਨ ਕਰੇ ਕਿ ਜਿਹੜੀਆਂ ਇਹੋ ਜਿਹੀਆਂ ਉਘੀਆਂ ਸ਼ਖਸੀਅਤਾਂ ਹਨ, ਖਾਸ ਕਰਕੇ ਦੇਸ਼ ਭਗਤ ਹਨ, ਉਨ੍ਹਾਂ ਦੀਆਂ ਜੋ ਜੀਵਨੀਆਂ ਹਨ ਜਾਂ ਹੋਰ ਕੋਈ ਉਨ੍ਹਾਂ ਵਲੋਂ ਕੀਤੀਆਂ ਗਈਆਂ ਮਹਾਨ ਘਾਲਨਾਵਾਂ ਹਨ, ਉਹ ਸਾਰੀਆਂ ਇਕੱਠੀਆਂ ਕਰਕੇ ਉਨ੍ਹਾਂ ਨੂੰ ਕਿਤਾਬੀ ਰੂਪ ਦਿੱਤਾ ਜਾਵੇ । ਇਸ ਤਰ੍ਹਾਂ ਦਾ ਯਤਨ ਪੰਜਾਬ ਸਰਕਾਰ ਕਰੇ ਤਾਂ ਜੋ ਇਹ ਲਾਇਬ੍ਰੇਰੀਆਂ ਦਾ ਰੂਪ ਬਣ ਸਕਣ ਅੌਰ ਜੋ ਸਾਡੀ ਨਵੀਂ ਨੌਜਵਾਨ ਪੀੜ੍ਹੀ ਹੈ ਅੱਜਕਲ ਦੀ ਨਵੀਂ ਪਨੀਰੀ ਹੈ ਉਹ ਇਨ੍ਹਾਂ ਦੇਸ਼ ਭਗਤਾਂ ਦੀਆਂ ਜੀਵਨੀਆਂ ਤੋਂ ਅਤੇ ਉਨ੍ਹਾਂ ਵਲੋਂ ਕੀਤੀਆਂ ਸ਼ਹਾਦਤਾਂ ਤੋਂ ਜਾਣੂ ਹੋ ਸਕੇ ਅਤੇ ਆਪਣੇ ਲਈ ਇਹੋ ਜਿਹੀਆਂ ਸ਼ਖਸੀਅਤਾਂ ਦੀਆਂ ਜੀਵਨੀਆਂ ਗ੍ਰਹਿਣ ਕਰ ਸਕੇ ਕਿਉਂਕਿ ਇਨ੍ਹਾਂ ਦੇਸ਼ ਭਗਤਾਂ ਦੀਆਂ ਜੀਵਨੀਆਂ ਦੇਸ਼ ਲਈ ਵਧੀਆ ਰੋਲ ਅਦਾ ਕਰ ਸਕਦੀਆਂ ਹਨ ਅੌਰ ਅੱਜ ਮੈਂ ਫਿਰ ਦੋਬਾਰਾ ਬੇਨਤੀ ਕਰਾਂਗਾ ਕਿ ਸਰਕਾਰ ਇਸ ਗੱਲ ਨੂੰ ਜ਼ਰੂਰ ਧਿਆਨ ਵਿਚ ਰੱਖੇ ।

ਇਸੇ ਤਰ੍ਹਾਂ ਸਾਡੇ ਮਾਨਯੋਗ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ, ਈ. ਐਸ. ਵੇਂਕਟਰਮਈਆ ਜੀ ਦਾ ਵਿੱਛੜਨਾ ਇਕ ਉਘੀ ਕਾਨੂੰਨੀ ਸ਼ਖਸੀਅਤ ਤੋਂ ਵੰਚਿਤ ਹੋਣਾ ਵੀ ਬਹੁਤ ਦੁੱਖਦਾਈ ਹੈ । ਇਸੇ ਤਰ੍ਹਾਂ ਜਸਟਿਸ ਬਲਰਾਜ ਤੁਲੀ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਦਾ ਵਿਛੜਨਾ ਵੀ ਬਹੁਤ ਹੀ ਦੁੱਖਦਾਈ ਵਿਸ਼ਾ ਹੈ । ਉਨ੍ਹਾਂ ਦੇ ਕਾਨੂੰਨਦਾਨ ਹੋਣ ਦੇ ਨਾਤੇ ਅਸੀਂ ਕਿਸੇ ਵੇਲੇ ਵੀ ਉਨ੍ਹਾਂ ਤੋਂ ਕਾਨੂੰਨ ਸਬੰਧੀ ਰਾਏ ਲੈ ਸਕਦੇ ਸੀ । ਅੱਜ ਅਸੀਂ ਉਨ੍ਹਾਂ ਤੋਂ ਵਾਂਝੇ ਹੋ ਗਏ ਹਾਂ ਜੋ ਕਿ ਬਹੁਤ ਦੁੱਖਦਾਈ ਗੱਲ ਹੈ ।

ਇਸੇ ਤਰ੍ਹਾਂ, ਸ਼੍ਰੀ ਨਕੁਲ ਸੈਨ, ਸਾਬਕਾ ਮੁੱਖ ਸਕੱਤਰ, ਪੰਜਾਬ ਸਰਕਾਰ ਦੇ ਤੌਰ ਤੇ ਰਹੇ ਹਨ, ਜਿਨ੍ਹਾਂ ਨੇ ਸ਼ਾਇਦ ਕੇਂਦਰ ਦੇ ਵਿਚ ਵੀ ਬਹੁਤ ਜ਼ਿੰਮੇਵਾਰੀਆਂ ਨਿਭਾਈਆਂ ਹਨ ਤੇ ਮੇਰਾ ਖਿਆਲ ਹੈ ਕਿ ਬਹੁਤ ਲੰਬਾ ਸਮਾਂ ਉਨ੍ਹਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ । ਉਨ੍ਹਾਂ ਦਾ ਸਾਡੇ ਕੋਲੋਂ ਵਿਛੜ ਜਾਣਾ ਬਹੁਤ ਹੀ ਦੁੱਖਦਾਇਕ ਹੈ । ਮੈਂ ਉਨ੍ਹਾਂ ਦੇ ਪਰਿਵਾਰ ਨਾਲ ਡੂੰਘੇ ਦਿਲੋਂ ਹਮਦਰਦੀ ਪ੍ਰਗਟ ਕਰਦਾ ਹਾਂ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਰਦਾਰ ਬਿਸ਼ਨ ਸਿੰਘ ਸਮੁੰਦਰੀ ਇਕ ਉਘੇ ਸਿੱਖਿਆ ਸ਼ਾਸਤਰੀ ਵੀ ਸਾਡੇ ਕੋਲੋਂ ਵਿਛੜ ਗਏ ਹਨ । ਜਿਸ ਵੇਲੇ ਪੰਜਾਬ ਦੇ ਵਿਚ ਗੁਰੂ ਨਾਨਕ

[ਕਾਮਰੇਡ ਹਰਦੇਵ ਅਰਸ਼ੀ]

ਦੇਵ ਯੂਨੀਵਰਸਿਟੀ ਦੀ ਸਥਾਪਨਾ ਹੋਈ, ਉਸ ਦੇ ਸੱਭ ਤੋਂ ਪਹਿਲੇ ਵਾਈਸ ਚਾਂਸਲਰ ਦੀਆਂ ਅਹਿਮ ਜ਼ਿੰਮੇਵਾਰੀਆਂ ਨਿਭਾਉਣ ਦਾ ਮਾਣ ਬਿਸ਼ਨ ਸਿੰਘ ਸਮੁੰਦਰੀ ਜੀ ਨੂੰ ਹੀ ਜਾਂਦਾ ਹੈ। ਔਰ ਕਾਫੀ ਲੰਬਾ ਸਮਾਂ, ਦੋ ਟਰਮਾਂ, ਉਨ੍ਹਾਂ ਨੂੰ ਵਾਈਸ ਚਾਂਸਲਰ ਦੇ ਤੌਰ ਤੇ ਇਸ ਅਹੁਦੇ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦਾ ਮੌਕਾ ਮਿਲਿਆ। ਇਸੇ ਤਰ੍ਹਾਂ ਇਕ ਉਘੇ ਸਿੱਖਿਆ ਸ਼ਾਸਤਰੀ ਦਾ ਸਾਡੇ ਕੋਲੋਂ ਵਿਛੜ ਜਾਣਾ, ਸਾਡੇ ਸਮੁੱਚੇ ਪੰਜਾਬ ਵਾਸਤੇ ਬਹੁਤ ਵੱਡੇ ਘਾਟੇ ਵਾਲੀ ਗੱਲ ਹੈ। ਮੈਂ ਉਨ੍ਹਾਂ ਦੇ ਪਰਿਵਾਰ ਨਾਲ ਬਹੁਤ ਹੀ ਡੂੰਘੇ ਦਿਲੋਂ ਹਮਦਰਦੀ ਪ੍ਰਗਟ ਕਰਦਾ ਹਾਂ।

ਇਸੇ ਤਰ੍ਹਾਂ ਸੰਤ ਸਿੰਘ ਸੇਖੋਂ, ਜਿਨ੍ਹਾਂ ਨੂੰ ਬਾਬਾ ਬੋਹੜ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦਾ ਸਾਹਿਤਕ ਖੇਤਰ ਵਿਚ ਬਹੁਤ ਜ਼ਿਆਦਾ ਯੋਗਦਾਨ ਰਿਹਾ ਹੈ। ਉਨ੍ਹਾਂ ਦੀ ਸ਼ਖਸੀਅਤ ਦਾ ਜੇਕਰ ਪ੍ਰਗਟਾਵਾ ਕੀਤਾ ਜਾਵੇ ਤਾਂ ਉਹ ਪ੍ਰਗਤੀਵਾਦੀ ਅਤੇ ਅਗਾਂਹਵਧੂ ਵਿਚਾਰਧਾਰਾ ਦੇ ਧਾਰਨੀ ਸਨ। ਮੈਨੂੰ ਮਾਣ ਹੈ ਕਿ ਉਹ ਸਮਾਜਵਾਦੀ ਵਿਚਾਰਧਾਰਾ ਦੇ ਅਤੇ ਵਿਕਾਸਵਾਦੀ ਵਿਚਾਰਧਾਰਾ ਦੇ ਧਾਰਨੀ ਦੇ ਨਾਂ ਨਾਲ ਜਾਣੇ ਜਾਂਦੇ ਸਨ। ਇਕ ਸਮਾਂ ਉਹ ਮੇਰੀ ਪਾਰਟੀ ਦੀ ਟਿਕਟ ਤੇ ਵੀ ਚੋਣ ਲੜੇ ਯਾਨੀ ਕਿ ਉਹ ਸਿਆਸੀ ਖੇਤਰ ਤੋਂ ਵੀ ਜਾਣੂੰ ਸਨ ਔਰ ਉਹ ਸਿਆਸਤ ਪ੍ਰਤੀ ਵੀ ਪ੍ਰਤੀਬੱਧਤਾ ਰੱਖਦੇ ਸਨ। ਉਹ ਸਾਹਿਤਕ ਖੇਤਰ ਵਿਚ ਪ੍ਰਗਤੀਵਾਦੀ, ਅਗਾਂਹਵਧੂ ਵਿਚਾਰਧਾਰਾ ਦੇ ਧਾਰਨੀ ਸਨ ਅਤੇ ਇਕ ਉਘੀ ਵਿਚਾਰਧਾਰਾ ਦੇ ਧਾਰਨੀ ਦਾ ਸਾਡੇ ਕੋਲੋਂ ਵਿੱਛੜ ਜਾਣਾ ਬਹੁਤ ਹੀ ਦੱਖਦਾਈ ਗੱਲ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਮਨੁੱਖਤਾ ਦੀ ਦੇਵੀ 'ਮਦਰ ਟੇਰੇਸਾ' ਜਿਨ੍ਹਾਂ ਬਾਰੇ ਸੀ. ਐਮ. ਸਾਹਿਬ ਨੇ ਜੋ ਸ਼ਬਦ ਪ੍ਰਗਟ ਕੀਤੇ ਹਨ ਕਿ ਸਤਿਕਾਰ ਉਨ੍ਹਾਂ ਦਾ ਇਕੱਲੇ ਭਾਰਤ ਵਿਚ ਹੀ ਨਹੀਂ ਬਲਕਿ ਪੂਰੀ ਦੁਨੀਆਂ ਵਿਚ ਕੀਤਾ ਜਾਂਦਾ ਸੀ, ਉਨ੍ਹਾਂ ਦਾ ਮੁੱਖ ਸੇਵਾ ਕੇਂਦਰ ਭਾਰਤ ਵਿਚ ਹੀ ਰਿਹਾ ਹੈ। ਉਨ੍ਹਾਂ ਦੇ ਵਿੱਛੜ ਜਾਣ ਤੋਂ ਬਾਅਦ ਉਨ੍ਹਾਂ ਨੂੰ ਇਕੱਲੇ ਭਾਰਤ ਵਿਚ ਹੀ ਨਹੀਂ ਬਲਕਿ ਦੁਨੀਆਂ ਦੇ ਕੋਨੇ ਕੋਨੇ ਤੋਂ ਸਤਿਕਾਰ ਮਿਲਿਆ ਅਤੇ ਉਨ੍ਹਾਂ ਦੇ ਵਿੱਛੜ ਜਾਣ ਤੇ ਦੁੱਖ ਪ੍ਰਗਟ ਕੀਤਾ ਗਿਆ। ਜਿੰਨੀ ਛੋਟੀ ਉਮਰ ਦੇ ਵਿਚ ਉਨ੍ਹਾਂ ਨੇ ਇਸ ਤਰ੍ਹਾਂ ਦੇ ਸਮਾਜਿਕ ਖੇਤਰ ਵਿਚ ਸਮੁੱਚੀ ਦੁਨੀਆਂ ਦੇ ਵਾਸਤੇ ਸੇਵਾ ਸ਼ੁਰੂ ਕੀਤੀ, ਉਹ ਮਿਸਾਲ ਅਦੁੱਤੀ ਹੈ। ਉਨ੍ਹਾਂ ਨੂੰ ਦੁਨੀਆਂ ਦੇ ਕੋਨੇ ਕੋਨੇ ਤੋਂ ਬਹੁਤ ਵੱਡੀਆਂ ਸ਼ਖਸੀਅਤਾਂ ਬਹੁਤ ਸਾਰੇ ਦੇਸ਼ਾਂ ਦੇ ਮੁੱਖੀ, ਸਿਆਸਤਦਾਨ ਭਾਰਤ ਵਿਚ ਅੰਤਮ ਸ਼ਰਧਾਂਜਲੀ ਦੇਣ ਲਈ ਆਏ। ਇਹ ਮਾਣ ਮਦਰ ਟੇਰੇਸਾ ਨੂੰ ਮਿਲਿਆ ਹੈ। ਇਥੋਂ ਸਬਕ ਸਿੱਖਣ ਦੀ ਲੋੜ ਹੈ ਕਿ ਬਹੁਤ ਸਾਰੇ ਲੋਕ ਆਪਣੀਆਂ ਥਾਵਾਂ ਤੇ ਰਹਿ ਕੇ ਜੋ ਮਹਾਨ ਕੰਮ ਕਰਦੇ ਹਨ, ਉਨ੍ਹਾਂ ਦਾ ਸਮਾਜ ਵਿਚ ਕਿੰਨਾ ਮੁੱਲ ਪੈਂਦਾ ਹੈ, ਲੋਕ ਉਨ੍ਹਾਂ ਦੀ ਕਿੰਨੀ ਕਦਰ ਕਰਦੇ ਹਨ। ਮਦਰ ਟੇਰੇਸਾ ਦੀ ਅੰਤਿਮ ਯਾਤਰਾ ਵਿਚ ਲੱਖਾਂ ਲੋਕਾਂ ਨੇ ਭਾਗ ਲਿਆ। ਸਾਰੀ ਦੁਨੀਆਂ ਨੇ ਉਨ੍ਹਾਂ ਦੀ ਮੌਤ ਤੇ ਸ਼ੋਕ ਦਾ ਪ੍ਰਗਟਾਵਾ ਕੀਤਾ। ਭਾਰਤ ਦੇ ਨਾਲ ਦੇਖੋ ਉਨ੍ਹਾਂ ਦੀ ਕਿੰਨੀ ਲਗਨ ਸੀ ਕਿ ਆਪਣੇ ਜਨਮ ਸਥਾਨ ਯੂਗੋਸਲਾਵੀਆ ਨੂੰ ਛੱਡ ਕੇ ਭਾਰਤ ਦੇ ਗਰੀਬ ਸ਼ਹਿਰ ਵਿਚ, ਜਿੱਥੇ ਝੁੱਗੀ ਝੌਂਪੜੀ ਵਾਲੇ ਬਹੁਤਾਤ ਵਿਚ ਰਹਿੰਦੇ ਹਨ, ਉਥੇ

ਉਨ੍ਹਾਂ ਦੀ ਦੇਖਭਾਲ ਦਾ ਬੀੜਾ ਉਨ੍ਹਾਂ ਨੇ ਉਠਾਇਆ । ਉਂਝ ਮੇਰਾ ਖਿਆਲ ਹੈ ਕਿ ਜਦੋਂ ਘਰ ਵਿਚ ਕੋਈ ਬਜ਼ੁਰਗ ਕਰੌਨਿਕ ਬਿਮਾਰੀ ਦਾ ਸ਼ਿਕਾਰ ਹੁੰਦਾ ਹੈ ਤਾਂ ਆਪਣੀ ਕੋਸ਼ਿਸ਼ ਹੁੰਦੀ ਹੈ ਕਿ ਉਸ ਦੀ ਵੱਧ ਤੋਂ ਵੱਧ ਸੇਵਾ ਕਰੀਏ ਪਰ ਮਦਰ ਟੈਰੇਸਾ ਕਿੰਨੀ ਮਹਾਨ ਔਰਤ ਸੀ ਜਿਸ ਨੇ ਕੁਸ਼ਟ ਰੋਗੀਆਂ ਦੀ ਸੇਵਾ ਦਾ ਬੀੜਾ ਆਪਣੇ ਮੋਢੇ ਤੇ ਉਠਾਇਆ, ਯਤੀਮ ਬੱਚਿਆਂ ਨੂੰ ਪਾਲਣ ਪੋਸਣ ਦਾ ਜ਼ਿੰਮਾ ਲਿਆ । ਇਹ ਗੱਲ ਸਾਰਿਆਂ ਲਈ ਪ੍ਰੇਰਣਾਦਾਇਕ ਹੈ ਕਿ ਇਹ ਕੋਈ ਜ਼ਰੂਰੀ ਨਹੀਂ ਕਿ ਲੋਕ ਸੇਵਾ ਲਈ ਰਾਜਨੀਤਿਕ ਖੇਤਰ ਵਿਚ ਰਹਿ ਕੇ ਹੀ ਅਸੀਂ ਕੰਮ ਕਰੀਏ । ਮਨੁੱਖਤਾ ਦੀ ਸੇਵਾ ਕਰਨ ਦੀ ਪੱਥ ਪ੍ਰਦਰਸ਼ਕ ਮਦਰ ਟੈਰੇਸਾ ਹੈ । ਅੱਜ ਉਸ ਮਹਾਨ ਸ਼ਖਸੀਅਤ, ਮਾਨਵਤਾ ਦੀ ਦੇਵੀ ਤੋਂ ਦੇਸ਼ ਵਾਂਝਾ ਹੋ ਗਿਆ ਹੈ । ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੈ ਕਿ ਉਨ੍ਹਾਂ ਦੇ ਦਰਸਾਏ ਰਸਤੇ ਤੇ ਮਨੁੱਖੀ ਕਦਰਾਂ ਕੀਮਤਾਂ ਦੀ ਸੇਵਾ ਰਾਹੀਂ ਅਸੀਂ ਸਮਾਜ ਦੀ ਸੇਵਾ ਕਰੀਏ ।

ਅੰਤ ਵਿਚ ਮੁੱਖ ਮੰਤਰੀ ਸਾਹਿਬ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਮੇਜਰ ਸਰਬਜੀਤ ਸਿੰਘ, ਜਿਨ੍ਹਾਂ ਦੀ ਭੇਦ ਭਰੀ ਹਾਲਤ ਵਿਚ ਮੌਤ ਹੋਈ ਹੈ, ਉਨ੍ਹਾਂ ਦੇ ਕੇਸ ਦੀ ਪੜਤਾਲ ਹੋਣੀ ਚਾਹੀਦੀ ਹੈ । ਉਨ੍ਹਾਂ ਦਾ ਸਾਡੇ ਤੋਂ ਵਿਛੜ ਜਾਣਾ ਇਕ ਬਹੁਤ ਦੁਖਦ ਸਮਾਚਾਰ ਹੈ । ਸ਼੍ਰੀਮਤੀ ਭੱਠਲ ਜੀ ਨੇ ਜ਼ਿਕਰ ਕੀਤਾ, ਇਕ ਸਾਥੀ ਗੁਰਚਰਨ ਸਿੰਘ ਜੀ, ਵਿਧਾਇਕ ਇਥੇ ਬੈਠੇ ਹਨ, ਉਨ੍ਹਾਂ ਦੇ ਸਹੁਰਾ ਸਾਹਿਬ ਸਾਡੇ ਤੋਂ ਵਿਛੜ ਗਏ ਹਨ । ਉਨ੍ਹਾਂ ਨੂੰ ਮੈਂ ਨਿੱਜੀ ਤੌਰ ਤੇ ਵੀ ਜਾਣਦਾ ਸੀ । ਉਹ ਸੁਤੰਤਰਤਾ ਸੰਗਰਾਮੀ ਸਨ, ਦੇਸ਼ ਭਗਤ ਸਨ । ਉਨ੍ਹਾਂ ਦੇ ਅਕਾਲ ਚਲਾਣੇ ਤੇ ਮੈਂ ਆਪਣੇ ਵੱਲੋਂ ਅਤੇ ਆਪਣੇ ਗਰੁੱਪ ਵੱਲੋਂ ਉਨ੍ਹਾਂ ਨੂੰ ਸਰਧਾਂਜਲੀ ਭੇਂਟ ਕਰਦਾ ਹਾਂ ।

ਇਕ ਜ਼ਿਕਰ ਮੈਂ ਪੰਜਾਬ ਦੀ ਉੱਘੀ ਲੋਕ ਗਾਇਕਾ ਸ਼੍ਰੀਮਤੀ ਜਗਮੋਹਨ ਕੌਰ ਬਾਰੇ ਕਰਨਾ ਚਾਹੁੰਦਾ ਹਾਂ । ਉਨ੍ਹਾਂ ਬਾਰੇ ਹਾਊਸ ਵਿਚ ਬਹੁਤ ਕੁਝ ਕਿਹਾ ਗਿਆ ਹੈ । ਉਹ ਪੰਜਾਬ ਦੀ ਹੋਣਹਾਰ ਗਾਇਕਾ ਸਨ । ਅੱਜ ਉਨ੍ਹਾਂ ਦੀ ਸੁਰੀਲੀ ਆਵਾਜ਼ ਤੋਂ ਸਮੁੱਚਾ ਪੰਜਾਬ ਵਾਂਝਾ ਹੋ ਗਿਆ ਹੈ । ਸਪੀਕਰ ਸਾਹਿਬ, ਮੈਂ ਆਪਣੇ ਵੱਲੋਂ ਅਤੇ ਆਪਣੇ ਗਰੁੱਪ ਵੱਲੋਂ ਉਨ੍ਹਾਂ ਦੀ ਯਾਦ ਵਿਚ ਅਤੇ ਹੋਰ ਵਿਛੜੀਆਂ ਸਖਸੀਅਤਾਂ ਦੀ ਯਾਦ ਵਿਚ ਸਿਰ ਝੁਕਾਉਂਦਾ ਹਾਂ । ਉਨ੍ਹਾਂ ਦੇ ਦੁੱਖੀ ਪਰਿਵਾਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਾ ਹੋਇਆ ਮੈਂ ਆਪਣਾ ਸਥਾਨ ਲੈਂਦਾ ਹਾਂ ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ (ਗੜ੍ਹਸ਼ੰਕਰ) : ਮਾਨਯੋਗ ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਬਾਅਦ ਅੱਜ ਤੱਕ ਬੜੇ ਥੋੜ੍ਹੇ ਅਰਸੇ ਵਿਚ ਬਹੁਤ ਹੀ ਮਹਾਨ ਸ਼ਖਸੀਅਤਾਂ ਸਾਡੇ ਤੋਂ ਵਿਛੜੀਆਂ ਹਨ ਅਤੇ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਜਿਨ੍ਹਾਂ ਨੇ ਆਪਣੇ ਜੀਵਨ ਅੰਦਰ ਸਿਆਸੀ ਅਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਮਾਜਿਕ ਪੱਧਰ ਤੇ, ਰਾਜਨੀਤਿਕ ਪੱਧਰ ਤੇ ਆਪਣਾ ਯੋਗਦਾਨ ਪਾਇਆ, ਜਿਨ੍ਹਾਂ ਦੀ ਵਕਤ ਵਕਤ ਉਤੇ ਇਨਸਾਨ ਨੂੰ ਜ਼ਰੂਰਤ ਮਹਿਸੂਸ ਹੁੰਦੀ ਹੈ, ਅੱਜ ਸਾਡੇ ਵਿਚੋਂ ਉਹ ਮਹਾਨ ਸ਼ਖਸੀਅਤਾਂ ਵਿਛੜ ਗਈਆਂ ਹਨ । ਅੱਜ ਅਸੀਂ ਭਾਰੇ ਮਨ ਨਾਲ ਇਸ ਪਵਿੱਤਰ ਸਦਨ ਵਿਚ ਉਨ੍ਹਾਂ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰ ਰਹੇ ਹਾਂ ।

[ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ]

ਸਪੀਕਰ ਸਾਹਿਬ, ਸੱਭ ਤੋਂ ਪਹਿਲਾਂ ਸਰਦਾਰ ਜੋਗਿੰਦਰ ਸਿੰਘ ਮਾਨ, ਜਿਨ੍ਹਾਂ ਨੂੰ ਇਸੇ ਪਵਿੱਤਰ ਹਾਊਸ ਦੇ ਸਨਮਾਨਯੋਗ ਅਹੁਦੇ ਉਤੇ, ਜਿਥੇ ਅੱਜ ਤੁਸੀਂ ਬਿਰਾਜਮਾਨ ਹੋ, ਬੈਠਣ ਦਾ ਮੌਕਾ ਮਿਲਿਆ ਅੱਜ ਸਾਡੇ ਤੋਂ ਵਿਛੜ ਗਏ ਹਨ। ਉਨ੍ਹਾਂ ਨੇ ਆਪਣੇ ਜੀਵਨ ਵਿਚ ਸਿਆਸੀ ਅਤੇ ਸਮਾਜਿਕ ਕਦਰਾਂ ਕੀਮਤਾਂ ਦਾ ਵੱਡਾ ਯੋਗਦਾਨ ਪੰਜਾਬੀ, ਪੰਜਾਬੀਅਤ ਅਤੇ ਪੰਜਾਬੀ ਭਾਸ਼ਾ ਲਈ, ਸਾਡੀ ਮਾਂ ਬੋਲੀ ਲਈ ਪਾਇਆ। ਅੱਜ ਭਲੇ ਹੀ ਉਹ ਸਾਡੇ ਵਿਚ ਨਹੀਂ ਰਹੇ ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਉਨ੍ਹਾਂ ਦਾ ਸਪੁੱਤਰ ਸਰਦਾਰ ਸਿਮਰਨਜੀਤ ਸਿੰਘ ਮਾਨ ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਕਰ ਰਿਹਾ ਹੈ। ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਨੂੰ ਬਹੁਤ ਘਾਟਾ ਪਿਆ ਹੈ।

ਇਸੇ ਤਰ੍ਹਾਂ ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ, ਜੋ ਸਾਬਕਾ ਮੰਤਰੀ ਰਹੇ ਹਨ, ਉਨ੍ਹਾਂ ਦੇ ਨਾਲ ਕਮੇਟੀਆਂ ਵਿਚ ਬੈਠਣ ਦਾ ਸਾਨੂੰ ਮੌਕਾ ਮਿਲਿਆ ਹੈ। ਉਨ੍ਹਾਂ ਦਾ ਬੜਾ ਮਿਲਣ-ਸਾਰ ਸੁਭਾਅ ਸੀ ਅਤੇ ਉਹ ਬੜਾ ਸਲੀਕਾ ਰੱਖਦੇ ਸਨ। ਸਮਾਜ ਦੀ ਸੇਵਾ ਲਈ ਉਨ੍ਹਾਂ ਦੇ ਦਿਲ ਵਿਚ ਬੜੀ ਤੜਪ ਸੀ ਅਤੇ ਉਹ ਪੰਜਾਬ ਵਿਚ ਗਰੀਬੀ ਦੀ ਰੇਖਾ ਤੋਂ ਥੱਲੇ ਰਹਿਣ ਵਾਲੇ ਲੋਕਾਂ ਨੂੰ ਉਪਰ ਚੁੱਕਣ ਦੀ ਬੜੀ ਤੜਪ ਰੱਖਦੇ ਸਨ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਦੇਸ਼ ਇਕ ਯੋਗ ਵਿਧਾਨਕਾਰ ਅਤੇ ਸਮਾਜ ਸੇਵਕ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ।

ਇਸੇ ਤਰ੍ਹਾਂ ਸਰਦਾਰ ਗੁਰਚਰਨ ਸਿੰਘ ਪੰਜਗਰਾਂਈਂ, ਜੋ ਪੰਜਗਰਾਂਈਂ ਹਲਕੇ ਦੀ ਨੁਮਾਇੰਦਗੀ ਕਰਦੇ ਸਨ ਉਹ ਸਾਬਕਾ ਮਨਿਸਟਰ ਰਹੇ ਅਤੇ ਉਨ੍ਹਾਂ ਦੇ ਨਾਲ ਵੀ ਸਾਨੂੰ ਕਮੇਟੀ ਵਿਚ ਬੈਠਣ ਦਾ ਮੌਕਾ ਮਿਲਿਆ ਸੀ। ਉਨ੍ਹਾਂ ਵਿਚ ਗਰੀਬ ਲੋਕਾਂ ਨੂੰ ਉਪਰ ਚੁੱਕਣ ਲਈ ਬੜੀ ਤੜਪ ਸੀ ਅਤੇ ਉਨ੍ਹਾਂ ਨੇ ਇਸ ਖੇਤਰ ਵਿਚ ਬੜਾ ਯੋਗਦਾਨ ਪਾਇਆ। ਉਨ੍ਹਾਂ ਨੂੰ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਇਸੇ ਤਰ੍ਹਾਂ ਸ਼੍ਰੀ ਕਸਤੂਰੀ ਲਾਲ ਅਤੇ ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ ਨੂੰ ਮੈਂ ਨਿੱਜੀ ਤੌਰ ਤੇ ਤਾਂ ਨਹੀਂ ਜਾਣਦਾ ਪਰ ਮੈਂ ਇਨ੍ਹਾਂ ਦੇ ਵਿੱਛੜ ਜਾਣ ਕਰਕੇ ਇਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਕਿਉਂਕਿ ਉਹ ਇਸ ਪਵਿੱਤਰ ਹਾਊਸ ਦੇ ਮੈਂਬਰ ਰਹੇ ਹਨ। ਇਸੇ ਤਰ੍ਹਾਂ ਸ਼੍ਰੀ ਮੂਲ ਚੰਦ ਜੈਨ, ਸਰਦਾਰ ਤਾਰਾ ਸਿੰਘ, ਸ਼੍ਰੀ ਹਰਦਵਾਰੀ ਲਾਲ, ਸ਼੍ਰੀ ਕਪੂਰ ਚੰਦ ਜੈਨ, ਡਾਕਟਰ ਰਘੁਬੀਰ ਪ੍ਰਕਾਸ਼ ਅਤੇ ਸ਼੍ਰੀ ਕੇਸ਼ੋ ਰਾਮ ਗੋਇਲ ਉਹ ਵੀ ਇਸ ਪਵਿੱਤਰ ਹਾਊਸ ਦੇ ਮੈਂਬਰ ਰਹੇ ਹਨ। ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਨੂੰ ਅਤੇ ਸਮਾਜ ਨੂੰ ਵੱਡਾ ਘਾਟਾ ਪਿਆ ਹੈ ਜਿਹੜਾ ਪੂਰਾ ਨਹੀਂ ਹੋ ਸਕਦਾ।

ਇਸੇ ਤਰ੍ਹਾਂ ਮਦਰ ਟੈਰੇਸਾ, ਜਿਸ ਨੂੰ ਨਿਆਸਰਿਆਂ ਦੇ ਮਸੀਹਾ ਕਹਿੰਦੇ ਹਨ, ਜਿਸ ਤਰ੍ਹਾਂ ਨੈਪੋਲੀਅਨ ਨੇ ਕਿਹਾ ਸੀ ਕਿ ਤੁਸੀਂ ਮੈਨੂੰ ਚੰਗੀਆਂ ਮਾਵਾਂ ਦਿਉ, ਮੈਂ ਤੁਹਾਨੂੰ ਆਜ਼ਾਦੀ ਦੇਵਾਂਗਾ ਉਨ੍ਹਾਂ ਤੇ ਇਹ ਗੱਲ ਪੂਰੀ ਢੁੱਕਦੀ ਹੈ। ਜਿਸ ਇਨਸਾਨ ਦੇ ਅੰਦਰ ਦੂਜਿਆਂ ਲਈ ਦੁੱਖ ਦਰਦ ਅਤੇ ਕੁਝ ਕਰਨ ਦੀ ਤੜਪ ਹੁੰਦੀ ਹੈ ਉਹ ਹੀ ਸਮਾਜ ਦੀ ਸੇਵਾ ਕਰ ਸਕਦੇ ਹਨ। ਮਦਰ ਟੈਰੇਸਾ ਨੇ ਦੁਨੀਆਂ ਦੇ ਵਿਚ ਵਿਖਾ ਦਿੱਤਾ ਸੀ

ਕਿ ਸਮਾਜ ਦੀ ਸੇਵਾ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ ਅਤੇ ਦੁਖੀਆਂ ਦੇ ਲਈ ਉਨ੍ਹਾਂ ਦੇ ਮਨ ਵਿਚ ਬੜੀ ਤੜਪ ਸੀ ਜਿਸ ਤਰ੍ਹਾਂ ਗੁਰਬਾਣੀ ਦੇ ਕਥਨ ਅਨੁਸਾਰ "ਸੋ ਕਤੁ ਜਾਣੈ ਪੀਰ ਪਰਾਈ ॥ ਜਾ ਕੈ ਅੰਦਰ ਦਰਦ ਨਾ ਕਾਈ ॥" ਜਦ ਤੱਕ ਤੁਸੀਂ ਕਿਸੇ ਦੇ ਦਰਦ ਵਿਚ ਸ਼ਾਮਲ ਨਹੀਂ ਹੁੰਦੇ ਉਤਨੀ ਦੇਰ ਤਕ ਤੁਸੀਂ ਉਸ ਦੇ ਅੰਦਰ ਨੂੰ ਨਹੀਂ ਸਮਝ ਸਕਦੇ। ਉਹ ਬਹੁਤ ਵੱਡੀ ਸ਼ਖਸੀਅਤ ਦੇ ਮਾਲਿਕ ਸਨ ਅਤੇ ਦੁਨੀਆਂ ਦੇ ਵਿਚ ਉਨ੍ਹਾਂ ਦੀ ਸੇਵਾ ਅੱਗੇ ਹਰ ਕੋਈ ਆਪਣਾ ਸਿਰ ਝੁਕਾਉਂਦਾ ਹੈ। ਇਸੇ ਤਰ੍ਹਾਂ ਗੁਰਬਾਣੀ ਵਿਚ ਹੈ ਕਿ "ਬਿਨੁ ਸੇਵਾ ਧ੍ਰਿਗੁ ਹੱਥ ਪੈਰ ॥" ਇਸੇ ਤਰ੍ਹਾਂ "ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥"

ਇਨ੍ਹਾਂ ਦੀਆਂ ਸੇਵਾਵਾਂ ਅਤੇ ਦਰਦ ਨੂੰ ਵੇਖ ਕੇ ਹਰ ਰਾਜਨੀਤਕ ਅਤੇ ਸਮਾਜਿਕ ਵਿਅਕਤੀ ਪ੍ਰੇਰਣਾ ਲੈਂਦਾ ਹੈ ਅਤੇ ਸਾਨੂੰ ਸਾਰਿਆਂ ਨੂੰ ਪ੍ਰੇਰਣਾ ਮਿਲਦੀ ਰਹੇਗੀ।

ਇਸੇ ਤਰ੍ਹਾਂ ਸਰਦਾਰ ਹਰਨਾਮ ਸਿੰਘ, ਸਰਦਾਰ ਮੁਬਾਰਕ ਸਿੰਘ, ਸਰਦਾਰ ਗੁਰਦਿਆਲ ਸਿੰਘ ਸੁਤੰਤਰਤਾ ਸੰਗਰਾਮੀ ਰਹੇ ਹਨ। ਇਨ੍ਹਾਂ ਨੇ ਸੁਤੰਤਰਤਾ ਸੰਗਰਾਮ ਦੇ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਅਤੇ ਸਾਨੂੰ ਆਜ਼ਾਦੀ ਲੈ ਕੇ ਦਿੱਤੀ। ਇਨ੍ਹਾਂ ਦੇਸ਼ ਭਗਤਾਂ ਦੇ ਸਦਕਾ ਸਾਨੂੰ ਆਜ਼ਾਦੀ ਮਿਲੀ, ਚਾਹੇ ਇਹ ਰਾਜਨੀਤਕ ਤੌਰ ਤੇ ਅਤੇ ਸਮਾਜਿਕ ਤੌਰ ਤੇ ਹੈ, ਇਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਇਆ। ਇਨ੍ਹਾਂ ਮਹਾਨ ਸ਼ਖਸੀਅਤਾਂ ਦੇ ਸਾਡੇ ਵਿਚੋਂ ਵਿਛੜ ਜਾਣ ਦੇ ਨਾਲ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਜਿਹੜਾ ਕਿ ਪੂਰਾ ਨਹੀਂ ਹੋ ਸਕਦਾ।

ਇਸੇ ਤਰ੍ਹਾਂ ਕਾਨੂੰਨ ਦੇ ਖੇਤਰ ਵਿਚ ਜਸਟਿਸ ਟੀ.ਐਸ. ਵੈਂਕਟਰਮਣੀਆ ਅਤੇ ਜਸਟਿਸ ਬਲਰਾਜ ਤੁਲੀ, ਇਹ ਸ਼ਖਸੀਅਤਾਂ ਕਾਨੂੰਨ ਦੇ ਖੇਤਰ ਵਿਚ ਉੱਚਾ ਸਥਾਨ ਰੱਖਦੀਆਂ ਸਨ। ਇਨ੍ਹਾਂ ਦੇ ਸਾਡੇ ਵਿਚੋਂ ਵਿਛੜ ਜਾਣ ਦੇ ਨਾਲ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਇਸੇ ਤਰ੍ਹਾਂ ਸ਼੍ਰੀ ਨਕੁਲ ਸੇਨ ਸਾਡੇ ਸਾਬਕਾ ਮੁੱਖ ਸਕੱਤਰ ਰਹੇ ਹਨ ਅਤੇ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਐਡਮਨਿਸਟ੍ਰੇਸ਼ਨ ਦੇ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਇਨ੍ਹਾਂ ਦੇ ਅਕਾਲ ਚਲਾਣੇ ਨਾਲ ਪੰਜਾਬ ਨੂੰ ਬਹੁਤ ਘਾਟਾ ਪਿਆ ਹੈ। ਇਸੇ ਤਰ੍ਹਾਂ ਸਰਦਾਰ ਬਿਸ਼ਨ ਸਿੰਘ ਸਮੁੰਦਰੀ ਰਿਟਾਇਰਡ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸਨ। ਇਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਇਸੇ ਤਰ੍ਹਾਂ ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਜੋ ਪੰਜਾਬੀ ਲਿਖਾਰੀ ਸਨ ਅਤੇ ਬਾਬਾ ਬੋਹੜ ਦੇ ਨਾਂ ਨਾਲ ਜਾਣੇ ਜਾਂਦੇ ਸਨ, ਸਾਹਿਤ ਦੇ ਖੇਤਰ ਵਿਚ ਇਨ੍ਹਾਂ ਦਾ ਬੜਾ ਯੋਗਦਾਨ ਸੀ। ਕਿਸੇ ਦੇਸ਼ ਵਿਚ ਤਬਦੀਲੀ ਜਦੋਂ ਹੁੰਦੀ ਹੈ ਉਦੋਂ ਸਾਹਿਤਕਾਰ ਆਪਣੀ ਕਲਮ ਦੇ ਬੇਸ ਤੇ ਉਸਨੂੰ ਕ੍ਰੀਏਟ ਕਰਦਾ ਹੈ ਅਤੇ ਇਹ ਚੀਜ਼ ਕਲਮ ਦੇ ਸਦਕਾ ਅਤੇ ਅਸੂਲਾਂ ਤੇ ਨਿਰਭਰ ਕਰਦੀ ਹੈ। ਉਨ੍ਹਾਂ ਦਾ ਲਿਖਾਰੀ ਦੇ ਤੌਰ ਤੇ ਸਮਾਜ ਵਿਚ ਬਹੁਤ ਵੱਡਾ ਯੋਗਦਾਨ ਸੀ। ਉਨ੍ਹਾਂ ਨੇ ਸਾਹਿਤਕ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਉਨ੍ਹਾਂ ਦੇ ਚਲੇ ਜਾਣ ਨਾਲ ਵੀ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ।

ਸ਼੍ਰੀਮਤੀ ਜਗਮੋਹਨ ਕੌਰ, ਪੰਜਾਬੀ ਗਾਇਕਾ ਨੇ ਬਹੁਤ ਜ਼ਿਆਦਾ ਗੀਤ ਗਾਏ। ਉਨ੍ਹਾਂ ਗੀਤਾਂ ਵਿਚੋਂ ਇਕ ਗੀਤ "ਚੰਨਾਂ ਵਿਚੋਂ ਚੰਨ ਗੁਜਰੀ ਦਾ ਚੰਨ" ਉਹ ਗਾਇਆ ਕਰਦੀ

[ਸ਼੍ਰੀ ਸ਼ਿੰਗਾਰਾ ਰਾਮ ਸਹੁੰਗੜਾ]

ਸੀ । ਉਨ੍ਹਾਂ ਨੇ ਸਿੱਖਾਂ ਦੇ ਹਰਮਨ ਪਿਆਰੇ ਗੁਰੂ ਸਾਹਿਬਾਨ ਦੇ ਸਾਹਿਬਜ਼ਾਦਿਆਂ ਬਾਰੇ ਸਟੇਜ ਤੋਂ ਗੀਤ ਗਾ ਕੇ ਕਾਫੀ ਨਾਮਣਾ ਖੱਟਿਆ । ਉਨ੍ਹਾਂ ਦੀ ਆਵਾਜ਼ ਵਿਚ ਜਾਦੂ ਵਰਗੀ ਸ਼ਕਤੀ ਸੀ । ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ ।

ਸਾਡੇ ਪਵਿੱਤਰ ਹਾਊਸ ਦੇ ਮੈਂਬਰ ਸ਼੍ਰੀ ਭਗਵਾਨ ਦਾਸ ਅਰੋੜਾ ਜੀ ਦੀ ਮਾਤਾ ਅਤੇ ਫਿਰੂਕਾ ਸਾਹਿਬ ਦੇ ਸਹੁਰਾ ਸਾਹਿਬ ਜਿਨ੍ਹਾਂ ਨੇ ਸੁਤੰਤਰਤਾ ਸੰਗਰਾਮ ਵਿਚ ਬਹੁਤ ਵੱਡਾ ਹਿੱਸਾ ਪਾਇਆ ਸੀ, ਉਨਾਂ ਦੇ ਚਲੇ ਜਾਣ ਨਾਲ ਵੀ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ ।

ਇਨ੍ਹਾਂ ਸਾਰੀਆਂ ਮਹਾਨ ਸ਼ਖਸੀਅਤਾਂ ਨੂੰ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਸਬੰਧਤ ਪਰਿਵਾਰਾਂ ਨਾਲ ਵੀ ਪੂਰੀ ਹਮਦਰਦੀ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਜੋ ਮੁੱਖ ਮੰਤਰੀ ਜੀ ਨੇ ਸ਼ੋਕ ਮਤਾ ਰਖਿਆ ਹੈ, ਮੈਂ ਉਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ । ਜੈ ਭੀਮ, ਜੈ ਭਾਰਤ ।

ਸਰਦਾਰ ਅਜੀਤ ਇੰਦਰ ਸਿੰਘ (ਸਰਦੂਲਗੜ੍ਹ) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਕੀਮਤੀ ਸਮੇਂ ਵਿਚੋਂ ਵਿਛੜੀਆਂ ਹੋਈਆਂ ਸ਼ਖਸੀਅਤਾਂ ਲਈ ਸ਼ਰਧਾ ਦੇ ਫੁੱਲ ਭੇਂਟ ਕਰਨ ਦਾ ਸਮਾਂ ਦਿੱਤਾ ਹੈ ।

ਸੱਭ ਤੋਂ ਪਹਿਲਾਂ ਸਰਦਾਰ ਜੋਗਿੰਦਰ ਸਿੰਘ ਮਾਨ, ਜੋ ਕਿ ਸਾਡੀ ਪਾਰਟੀ ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਜੀ ਦੇ ਫਾਦਰ ਸਨ, ਉਹ ਸਾਡੇ ਵਿਚ ਨਹੀਂ ਰਹੇ । ਉਹ ਬਹੁਤ ਹੀ ਨੇਕ ਇਨਸਾਨ ਸਨ । ਜਦੋਂ ਦੇਸ਼ ਨੇ ਆਜ਼ਾਦੀ ਹਾਸਲ ਕੀਤੀ ਸੀ ਤਾਂ ਉਹ ਉਸ ਵੇਲੇ ਪਾਕਿਸਤਾਨ ਵਿਚੋਂ ਆਏ ਸਨ । ਉਨ੍ਹਾਂ ਨੇ ਉਸ ਵੇਲੇ ਹਰ ਸ਼ਹਿਰ ਅਤੇ ਕਸਬੇ ਵਿਚ ਲੋਕਾਂ ਨੂੰ ਰੀਸੈਟਲ ਕਰਨ ਲਈ ਬਹੁਤ ਦਿਲ ਲਗਾ ਕੇ ਸੇਵਾ ਕੀਤੀ । ਲੋਕਾਂ ਦੀਆਂ ਜਾਇਦਾਦਾਂ ਦਿਵਾਉਣ ਲਈ ਦਿਨ ਰਾਤ ਕੰਮ ਕੀਤਾ ਜਦ ਕਿ ਉਨ੍ਹਾਂ ਦੀ ਆਪਣੀ ਜਾਇਦਾਦ, ਜੋ ਕਿ ਪਾਕਿਸਤਾਨ ਵਿੱਚ 2,000 ਏਕੜ ਦੀ ਸੀ, ਉਸਦੇ ਬਦਲੇ ਉਨ੍ਹਾਂ ਨੂੰ ਸਿਰਫ 200 ਏਕੜ ਜ਼ਮੀਨ ਮਿਲੀ ਸੀ । ਉਨ੍ਹਾਂ ਨੇ ਲੋਕਾਂ ਦੀ ਹਰ ਤਰ੍ਹਾਂ ਨਾਲ ਸੇਵਾ ਕੀਤੀ । ਉਹ ਸਿਆਸਤ ਵਿਚ ਰਾਜ ਸਭਾ ਦੇ ਮੈਂਬਰ ਵੀ ਰਹੇ । ਉਨ੍ਹਾਂ ਨੇ ਪੰਜਾਬ ਵਾਸਤੇ, ਪੰਜਾਬੀਅਤ ਵਾਸਤੇ ਅੱਗੇ ਹੋ ਕੇ ਕੰਮ ਕੀਤਾ । ਧਾਰਮਿਕ ਤੌਰ ਤੇ ਵੀ ਉਨ੍ਹਾਂ ਨੇ ਸਾਰਿਆਂ ਦਾ ਮਨ ਜਿੱਤ ਲਿਆ । ਉਹ ਹੇਮਕੁੰਟ ਸਾਹਿਬ ਟਰੱਸਟ ਦੇ ਪ੍ਰਧਾਨ ਵੀ ਰਹੇ । ਅੱਜ ਤੱਕ ਜਿਹੜੇ ਸ਼ਰਧਾਲੂ ਉਥੇ ਕੰਮ ਕਰ ਰਹੇ ਹਨ ਉਨ੍ਹਾਂ ਦੇ ਮਨ ਵਿਚ ਉਨ੍ਹਾਂ ਪ੍ਰਤੀ ਬਹੁਤ ਪਿਆਰ ਹੈ, ਉਨ੍ਹਾਂ ਨੇ ਮਨੁੱਖਤਾ ਲਈ ਬਹੁਤ ਵੱਡੀ ਸੇਵਾ ਕੀਤੀ । ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਸਾਰਿਆਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਪੀਕਰ ਸਾਹਿਬ, ਸ਼੍ਰੀ ਕਿਸ਼ਨ ਕੁਮਾਰ ਕੋਮਲ, ਜਿਨ੍ਹਾਂ ਨੇ ਰਾਜਨੀਤਕ ਖੇਤਰ ਵਿਚ ਲੋਕਾਂ ਦੀ ਬੜੀ ਸੇਵਾ ਕੀਤੀ, ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬੜਾ ਘਾਟਾ ਪਿਆ ਹੈ । ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸ਼੍ਰੀ ਕਸਤੂਰੀ ਲਾਲ, ਸਾਬਕਾ ਮੰਤਰੀ ਰਹੇ। ਉਹ ਬਠਿੰਡਾ ਜ਼ਿਲ੍ਹੇ ਦੇ ਸਨ। ਮੈਂ ਉਨ੍ਹਾਂ ਨੂੰ ਜ਼ਾਤੀ ਤੌਰ ਤੇ ਜਾਣਦਾ ਸੀ। ਉਨ੍ਹਾਂ ਨੇ ਆਪਣੇ ਜ਼ਿਲ੍ਹੇ ਵਿਚ ਜੋ ਸਹੂਲਤਾਂ ਚਾਹੀਦੀਆਂ ਸਨ ਅਤੇ ਜੋ ਉਨ੍ਹਾਂ ਦੇ ਹੱਥ ਵਿਚ ਤਾਕਤ ਸੀ ਉਸ ਅਨੁਸਾਰ ਉਹ ਉਨ੍ਹਾਂ ਨੇ ਲੈ ਕੇ ਦਿੱਤੀਆਂ। ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਬੜਾ ਦੁੱਖ ਹੋਇਆ ਹੈ। ਮੈਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ ਜੋ ਕਿ ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧ ਰੱਖਦੇ ਸਨ, ਉਨ੍ਹਾਂ ਨੇ ਵੀ ਪੰਜਾਬ ਦੇ ਲੋਕਾਂ ਦੀ ਬੜੀ ਸੇਵਾ ਕੀਤੀ ਅਤੇ ਆਪਣੇ ਇਲਾਕੇ ਨੂੰ ਉੱਚਾ ਚੁੱਕਣ ਲਈ ਬੜਾ ਯਤਨ ਕੀਤਾ। ਉਹ ਬੜੇ ਸੂਝਵਾਨ ਸਿਆਸਤਦਾਨ ਸਨ। ਉਨ੍ਹਾਂ ਨੇ ਆਪਣੇ ਜ਼ਿਲ੍ਹੇ ਦੇ ਲੋਕਾਂ ਦੀ ਜਾਨ ਲਗਾਕੇ ਸੇਵਾ ਕੀਤੀ। ਉਨ੍ਹਾਂ ਦੇ ਚਲੇ ਜਾਣ ਨਾਲ ਵੀ ਸਾਨੂੰ ਬੜਾ ਦੁੱਖ ਹੋਇਆ ਹੈ। ਮੈਂ ਆਪਣੇ ਵਲੋਂ ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਰਦਾਰ ਗੁਰਚਰਨ ਸਿੰਘ ਪੰਜਗਰਾਈਂ ਜੀ ਨੇ ਵੀ ਜਦੋਂ ਇਸ ਸਦਨ ਵਿਚ ਆਏ, ਬੜਾ ਨਾਮਣਾ ਖੱਟਿਆ ਅਤੇ ਮੰਤਰੀ ਬਣੇ। ਉਨ੍ਹਾਂ ਨੇ ਫਰੀਦਕੋਟ ਜ਼ਿਲ੍ਹੇ ਲਈ ਅਤੇ ਜਿਹੜੇ ਦੱਬੇ ਕੁਚਲੇ ਲੋਕ ਸਨ, ਉਨ੍ਹਾਂ ਪ੍ਰਤੀ ਬਹੁਤ ਵੱਡਾ ਯੋਗਦਾਨ ਪਾਇਆ ਔਰ ਜਿਵੇਂ ਮੁੱਖ ਮੰਤਰੀ ਜੀ ਨੇ ਵੀ ਕਿਹਾ ਹੈ ਕਿ ਉਨ੍ਹਾਂ ਦੀ ਸੇਵਾ ਕਦੇ ਭੁਲਾਈ ਨਹੀਂ ਜਾ ਸਕਦੀ। ਮੈਂ ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਸ਼੍ਰੀ ਮੂਲ ਚੰਦ ਜੈਨ ਜੀ ਸਾਬਕਾ ਮੰਤਰੀ ਰਹੇ ਹਨ। ਉਨ੍ਹਾਂ ਨੇ ਵੀ ਆਪਣੇ ਸਮੇਂ ਵਿਚ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ ਕਿ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਜੋ ਉਨ੍ਹਾਂ ਦੇ ਵਿਚ ਹਿੰਮਤ ਸੀ, ਉਹ ਦਿਵਾ ਸਕਣ। ਉਨ੍ਹਾਂ ਦਾ ਇਸ ਸਮੇਂ ਵਿਚ ਚਲੇ ਜਾਣਾ ਬੜਾ ਦੁੱਖਦਾਈ ਹੈ। ਮੈਂ ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਸਰਦਾਰ ਤਾਰਾ ਸਿੰਘ, ਸਾਬਕਾ ਐਮ. ਐਲ. ਏ. ਸਾਡੇ ਗਵਾਂਢੀ ਹਲਕੇ ਬੁਢਲਾਡਾ ਤੋਂ ਮੈਂਬਰ ਸਨ। ਮੈਂ ਉਨ੍ਹਾਂ ਨੂੰ ਜ਼ਾਤੀ ਤੌਰ ਤੇ ਜਾਣਦਾ ਸੀ। ਉਹ 1977 ਵਿਚ ਐਮ. ਐਲ. ਏ. ਬਣੇ ਅਤੇ ਉਨ੍ਹਾਂ ਨੂੰ ਢਾਈ ਸਾਲ ਦਾ ਸਮਾਂ ਲੋਕਾਂ ਦੀ ਸੇਵਾ ਕਰਨ ਲਈ ਮਿਲਿਆ। ਉਸ ਸਮੇਂ ਉਹ ਬਾਦਲ ਸਾਹਿਬ ਨੂੰ, ਜੋ ਕਿ ਉਦੋਂ ਮੁੱਖ ਮੰਤਰੀ ਸਨ, ਨਾਲ ਲੈ ਕੇ 4-6 ਮਹੀਨੇ ਪਿਛੋਂ ਆਪਣੇ ਹਲਕੇ ਵਿਚ ਜ਼ਰੂਰ ਜਾਂਦੇ ਸਨ ਅਤੇ ਲੋਕਾਂ ਦੀਆਂ ਜਿਹੜੀਆਂ ਮੁਸ਼ਕਲਾਂ ਸਨ, ਜਿਵੇਂ ਉਥੇ ਸੇਮ ਦੀ ਮਾਰ ਤੋਂ ਬਚਾਓ ਕਰਨ ਲਈ ਡਰੇਨ ਕਢਵਾਉਣ ਦਾ ਕੰਮ, ਸੜਕਾਂ ਦਾ ਕੰਮ ਅਤੇ ਲੋਕਾਂ ਨੂੰ ਹੋਰ ਸਹੂਲਤਾਂ ਦਿਵਾਉਣ ਲਈ ਕੋਈ ਕਸਰ ਨਹੀਂ ਛੱਡੀ। ਉਹ ਇਕ ਦਰਵੇਸ਼ ਸਿਆਸਤਦਾਨ ਅਤੇ ਮਨ ਦੇ ਸਾਫ ਇਨਸਾਨ ਸਨ। ਮੈਂ ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਸ਼੍ਰੀ ਹਰਦਵਾਰੀ ਲਾਲ, ਸਾਡੇ ਸਾਬਕਾ ਐਮ.ਐਲ.ਏ. ਬੜੇ ਵਿਦਵਾਨ ਸਨ। ਉਹ ਵਾਈਸ ਚਾਂਸਲਰ ਰਹੇ ਅਤੇ ਬਾਅਦ ਵਿਚ ਸਿਆਸਤ ਦੀ ਪਿੜ ਵਿਚ ਆ ਕੇ ਵੀ ਜੋ ਗੱਲ ਉਨ੍ਹਾਂ ਨੇ ਇਕ ਵਾਰ ਕਹਿ ਦਿੱਤੀ, ਫਿਰ ਉਸ ਤੋਂ ਪਿਛੇ ਨਹੀਂ ਮੁੜੇ। ਉਨ੍ਹਾਂ ਦੀਆਂ ਸੇਵਾਵਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਮੈਂ ਦਿਲ ਦੀਆਂ ਗਹਿਰਾਈਆਂ ਵਿਚੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

[ਸਰਦਾਰ ਅਜੀਤ ਇੰਦਰ ਸਿੰਘ]

ਸ੍ਰੀ ਕਪੂਰ ਚੰਦ ਜੈਨ, ਸਾਬਕਾ ਐਮ.ਐਲ.ਏ. ਲੁਧਿਆਣਾ ਨਾਲ ਸਬੰਧਤ ਸਨ। ਉਨ੍ਹਾਂ ਨੇ ਵੀ ਸਿਆਸੀ ਪਿੜ ਵਿਚ ਬੜਾ ਯੋਗਦਾਨ ਪਾਇਆ। ਅੱਜ ਉਹ ਵੀ ਸਾਡੇ ਵਿਚ ਨਹੀਂ ਰਹੇ। ਮੈਂ ਦਿਲ ਦੀਆਂ ਗਹਿਰਾਈਆਂ ਤੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਡਾਕਟਰ ਰਘੁਬੀਰ ਪ੍ਰਕਾਸ਼, ਸਾਬਕਾ ਐਮ.ਐਲ.ਏ. ਪੈਪਸੂ ਸਮੇਂ ਸਾਡੇ ਬਜ਼ੁਰਗਾਂ ਨਾਲ ਐਮ.ਐਲ.ਏ. ਰਹੇ। ਉਹ ਬਹੁਤ ਨੇਕ ਇਨਸਾਨ ਸਨ। ਉਨ੍ਹਾਂ ਨੇ ਲੋਕਾਂ ਨਾਲ ਪਿਆਰ ਕੀਤਾ ਅਤੇ ਆਪਣੀ ਜ਼ਿੰਮੇਂਵਾਰੀ ਪੂਰਣ ਤੌਰ ਤੇ ਨਿਭਾਈ। ਉਨ੍ਹਾਂ ਦੇ ਚਲੇ ਜਾਣ ਤੇ ਮੈਨੂੰ ਬਹੁਤ ਦੁੱਖ ਹੈ। ਮੈਂ ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ਰਧਾਂ-ਜ਼ਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਸ੍ਰੀ ਕੇਸ਼ੋ ਰਾਮ ਗੋਇਲ, ਸਾਬਕਾ ਐਮ.ਐਲ.ਏ. ਸਨ। ਉਨ੍ਹਾਂ ਨੂੰ ਲੋਕਾਂ ਨਾਲ ਜੋ ਪਿਆਰ ਸੀ ਉਸਦੇ ਹੀ ਸਦਕਾ ਲੋਕਾਂ ਨੇ ਉਨ੍ਹਾਂ ਨੂੰ ਚੁਣ ਕੇ ਇਥੇ ਭੇਜਿਆ। ਉਨ੍ਹਾਂ ਨੇ ਲੋਕਾਂ ਨੂੰ ਕਾਬਲੀਅਤ ਦੇ ਮੁਤਾਬਿਕ ਜੋ ਸਹੂਲਤਾਂ ਬਣਦੀਆਂ ਸਨ, ਉਹ ਦਿਵਾਈਆਂ। ਉਨ੍ਹਾਂ ਦੇ ਚਲੇ ਜਾਣ ਤੇ ਮੈਨੂੰ ਬਹੁਤ ਦੁੱਖ ਹੈ ਅਤੇ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਅੱਗੇ ਸਪੀਕਰ ਸਾਹਿਬ, ਜਿਵੇਂ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਕਿਹਾ ਸੀ :

"ਸਾਚੁ ਕਹਉ ਸੁਨਿ ਲੇਹੁ ਸਭੈ ॥ ਜਿਨਿ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥"

ਮਦਰ ਟੈਰੇਸਾ, ਜਿਨ੍ਹਾਂ ਨੇ ਮਨੁੱਖਤਾ ਨੂੰ ਪਿਆਰ ਕੀਤਾ, ਜਿਨ੍ਹਾਂ ਨੇ ਸਾਰੀ ਜ਼ਿੰਦਗੀ ਲੋਕਾਂ ਦੇ ਦਰਦ ਨੂੰ ਲੈ ਕੇ, ਲੋਕਾਂ ਦੇ ਪਿਆਰ ਨੂੰ ਲੈ ਕੇ ਉਨ੍ਹਾਂ ਦੀ ਸੇਵਾ ਕੀਤੀ, ਉਨ੍ਹਾਂ ਦੇ ਚਲੇ ਜਾਣ ਨਾਲ ਇਕੱਲਾ ਸਾਡਾ ਮਨ ਹੀ ਨਹੀਂ, ਸਾਰੀ ਦੁਨੀਆਂ ਵਿਚ, ਹਰ ਕੋਨੇ ਕੋਨੇ ਵਿਚ, ਉਨ੍ਹਾਂ ਦਾ ਨਾਂ ਲੈਣ ਤੇ ਹੀ ਹਰ ਇਕ ਦਾ ਸਿਰ ਅਦਬ ਅਤੇ ਸਤਿਕਾਰ ਨਾਲ ਝੁੱਕ ਜਾਂਦਾ ਹੈ। ਉਨ੍ਹਾਂ ਨੇ ਦੂਸਰੇ ਮੁਲਕ ਤੋਂ ਆ ਕੇ ਸਾਡੇ ਮੁਲਕ ਨੂੰ ਮਾਣ ਬਖਸ਼ਿਆ ਅਤੇ ਕਲੱਕਤਾ ਵਿਚ ਗਰੀਬ ਲੋਕਾਂ ਦੀ, ਨਿਆਸਰਿਆਂ ਦੀ, ਪੀੜਤਾਂ ਦੀ ਜੋ ਸੇਵਾ ਕੀਤੀ, ਉਹ ਕਦੇ ਭੁਲਾਈ ਨਹੀਂ ਜਾ ਸਕਦੀ। ਉਨ੍ਹਾਂ ਦੀ ਮੌਤ ਦਾ ਜਦੋਂ ਪਤਾ ਲਗਿਆ, ਉਸ ਤੋਂ ਪਹਿਲਾਂ ਉਹ 2-3 ਵਾਰੀ ਕੋਮਾ ਵਿਚ ਚਲੇ ਗਏ ਸਨ, ਤਾਂ ਜਿਨ੍ਹਾਂ ਦੀਨ ਦੁੱਖੀਆਂ ਦੀ ਉਨ੍ਹਾਂ ਨੇ ਸੇਵਾ ਕੀਤੀ ਉਨ੍ਹਾਂ ਦੀ ਗੱਲ ਤਾਂ ਇਕ ਪਾਸੇ, ਸਾਰੇ ਲੋਕਾਂ ਦੇ ਦਿਲਾਂ ਦੀਆਂ ਧੜਕਨਾਂ ਬੰਦ ਹੋ ਜਾਂਦੀਆਂ ਰਹੀਆਂ। ਜਿਨ੍ਹਾਂ ਦੀ ਉਨ੍ਹਾਂ ਨੇ ਸੇਵਾ ਕੀਤੀ, ਉਨ੍ਹਾਂ ਦੇ ਦਿਲ ਰੋਏ, ਮਨ ਰੋਏ। ਸਾਨੂੰ ਇਸ ਸ਼ਖਸੀਅਤ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਇਨਸਾਨ ਨੇ ਇਸ ਸੰਸਾਰ ਵਿਚ ਵਾਰ ਵਾਰ ਨਹੀਂ ਆਉਣਾ। ਅਸੀਂ ਜੋ ਵੀ ਕਰਦੇ ਹਾਂ, ਆਪਣੇ ਨਿੱਜੀ ਸੁਆਰਥ ਵਾਸਤੇ ਕਰਦੇ ਹਾਂ, ਹਾਲਾਂਕਿ ਸਭ ਨੂੰ ਪਤਾ ਵੀ ਹੈ ਕਿ ਕੁਝ ਵੀ ਨਾਲ ਨਹੀਂ ਜਾਣਾ। ਮਦਰ ਟੈਰੇਸਾ ਨੇ, ਜੋ ਗੁਰਬਾਣੀ ਵਿਚ ਲਿਖਿਆ ਹੈ, ਉਸ ਮੁਤਾਬਿਕ ਸਾਨੂੰ ਸਿੱਖਿਆ ਦਿੱਤੀ ਅਤੇ ਆਪਣੀ ਜ਼ਿੰਦਗੀ ਦਾ ਸਾਰਾ ਸਮਾਂ ਮਨੁੱਖਤਾ ਦੀ ਸੇਵਾ ਵਾਸਤੇ ਲਾਇਆ। ਉਨ੍ਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਮੈਂ ਉਨ੍ਹਾਂ ਨੂੰ ਆਪਣੇ

ਵਲੋਂ, ਅਤੇ ਆਪਣੀ ਪਾਰਟੀ ਵਲੋਂ, ਸਦਨ ਵਲੋਂ ਸਤਿਕਾਰ ਨਾਲ ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਸਰਦਾਰ ਹਰਨਾਮ ਸਿੰਘ ਸੁਤੰਤਰਤਾ ਸੰਗਰਾਮੀ, ਸਰਦਾਰ ਮੁਬਾਰਕ ਸਿੰਘ, ਸੁਤੰਤਰਤਾ ਸੰਗਰਾਮੀ, ਸਰਦਾਰ ਗੁਰਦਿਆਲ ਸਿੰਘ, ਸੁਤੰਤਰਤਾ ਸੰਗਰਾਮੀ ਅਤੇ ਜਿੰਨੇ ਵੀ ਰੇਵੋਲਿਊਸ਼ਨਰੀ ਹੋਏ ਹਨ, ਉਨ੍ਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਨੇ ਸਾਨੂੰ ਆਜ਼ਾਦੀ ਲੈ ਕੇ ਦਿੱਤੀ ਵਰਨਾ ਅੱਜ ਅਸੀਂ ਆਜ਼ਾਦੀ ਦਾ ਨਿੱਘ ਨਹੀਂ ਸੀ ਮਾਨਣਾ। ਉਨ੍ਹਾਂ ਦਾ ਪਿਆਰ ਅਤੇ ਸਤਿਕਾਰ ਹਮੇਸ਼ਾਂ ਸਾਡੇ ਮਨਾਂ ਵਿਚ ਵੱਧ ਤੋਂ ਵੱਧ ਰਹੇਗਾ। ਹਿੰਦੁਸਤਾਨ ਦਾ ਕੋਈ ਐਸਾ ਬੱਚਾ ਨਹੀਂ ਜਿਹੜਾ ਆਪਣੇ ਆਜ਼ਾਦੀ ਘੁਲਾਟੀਆਂ ਨੂੰ ਭੁਲਾ ਦੇਵੇ। ਉਨ੍ਹਾਂ ਨੂੰ ਵੀ ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ਰਧਾਂ-ਜਲੀ ਭੇਂਟ ਕਰਦਾ ਹਾਂ। ਜਸਟਿਸ ਈ.ਐਸ. ਵੈਂਕਟਰਮੱਈਆ ਜੋ ਸਰਵਉੱਚ ਅਦਾਲਤ, ਸੁਪਰੀਮ ਕੋਰਟ ਦੇ ਚੀਫ ਜਸਟਿਸ ਰਹੇ, ਉਨ੍ਹਾਂ ਨੂੰ ਵੀ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਉਨ੍ਹਾਂ ਨੇ ਆਪਣੇ ਸਮੇਂ ਵਿਚ ਜੋ ਵੀ ਜਜਮੈਂਟਸ ਦਿੱਤੀਆਂ ਜੋ ਕਿ ਰਿਕਾਰ-ਡਿਡ ਹਨ, ਉਨ੍ਹਾਂ ਦਾ ਹਰੇਕ ਅਦਾਲਤ, ਹਾਈ ਕੋਰਟ ਵਿਚ ਹਵਾਲਾ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਹਮੇਸ਼ਾਂ ਜੋ ਸਚਾਈ ਦੀ ਗੱਲ ਕੀਤੀ, ਉਸ ਦੇ ਵਾਸਤੇ ਉਨ੍ਹਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦੇ ਵਿਛੋੜੇ ਦਾ ਮੈਨੂੰ ਬਹੁਤ ਦੁੱਖ ਹੈ ਅਤੇ ਮੈਂ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਜਸਟਿਸ ਬਲਰਾਜ ਤੁਲੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਰਹੇ। ਉਨ੍ਹਾਂ ਦੀ ਅਨਟਾਈਮਲੀ ਡੈਥ ਦਾ ਮੈਨੂੰ ਬਹੁਤ ਅਫਸੋਸ ਹੈ। ਉਹ ਇਕ ਬਹੁਤ ਹੀ ਨੇਕ ਇਨਸਾਨ ਸਨ। ਉਨ੍ਹਾਂ ਨਾਲ ਮੈਨੂੰ ਮਿਲਣ ਦਾ ਮੌਕਾ ਵੀ ਮਿਲਿਆ ਸੀ। ਉਨ੍ਹਾਂ ਦਾ ਵਿਛੜ ਜਾਣਾ ਸਾਡੇ ਲਈ ਬੜਾ ਦੁੱਖਦਾਈ ਹੈ। ਮੈਂ ਆਪਣੇ ਮਨ ਦੀਆਂ ਗਹਿਰਾਈਆਂ ਵਿਚੋਂ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਨਕੁਲ ਸੇਨ, ਸਾਬਕਾ ਮੁੱਖ ਸਕੱਤਰ, ਪੰਜਾਬ, ਨੇ ਇਕ ਲੰਬੇ ਸਮੇਂ ਲਈ ਪੰਜਾਬ ਦੀ ਬਿਊਰੋਕਰੇਸੀ ਵਿਚ ਆਪਣੀ ਛਾਪ ਛੱਡੀ। ਲੋਕ ਸੇਵਾ ਵਿਚ ਉਨ੍ਹਾਂ ਨੇ ਆਪਣਾ ਨਾਂ ਰੌਸ਼ਨ ਕੀਤਾ। ਉਨ੍ਹਾਂ ਦੇ ਚਲੇ ਜਾਣ ਦਾ ਵੀ ਮੈਨੂੰ ਬਹੁਤ ਦੁੱਖ ਹੈ। ਉਨ੍ਹਾਂ ਨੂੰ ਵੀ ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਬਿਸ਼ਨ ਸਿੰਘ ਸਮੁੰਦਰੀ ਵਿਦਿਆ ਦੇ ਖੇਤਰ ਵਿਚ ਇਕ ਸਮੁੰਦਰ ਦੀ ਤਰ੍ਹਾਂ ਸਨ। ਉਨ੍ਹਾਂ ਨੇ ਹਰੇਕ ਜਗ੍ਹਾ ਆਪਣੀ ਗੱਲ ਦੁਨੀਆਂ ਤੱਕ ਪਹੁੰਚਾਈ ਅਤੇ ਲੋਕਾਂ ਨੂੰ ਵਿਦਿਆ ਬਾਰੇ ਦੱਸਿਆ। ਵਾਈਸ ਚਾਂਸਲਰ ਬਣਨ ਤੋਂ ਬਾਦ ਉਨ੍ਹਾਂ ਦੀ ਸੇਵਾ ਬਾਰੇ ਦੁਨੀਆਂ ਨੂੰ ਪਤਾ ਲੱਗਿਆ। ਉਨ੍ਹਾਂ ਦੇ ਬਜ਼ੁਰਗਾਂ ਦਾ ਵੀ ਬੜਾ ਵੱਡਾ ਨਾਂ ਸੀ। ਇਸੇ ਕਰਕੇ ਤੇਜਾ ਸਿੰਘ ਸਮੁੰਦਰੀ ਹਾਲ ਉਨ੍ਹਾਂ ਦੇ ਨਾਂ ਤੇ ਬਣਿਆ ਹੋਇਆ ਹੈ। ਉਨ੍ਹਾਂ ਦਾ ਵਿਛੜ ਜਾਣਾ ਸਾਡੇ ਲਈ ਬੜੇ ਦੁੱਖ ਦੀ ਗੱਲ ਹੈ ਅਤੇ ਇਸ ਨਾਲ ਸਾਨੂੰ ਬੜਾ ਵੱਡਾ ਘਾਟਾ ਪਿਆ ਹੈ। ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

[ਸਰਦਾਰ ਅਜੀਤ ਇੰਦਰ ਸਿੰਘ]

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੂੰ ਮੈਂ ਜ਼ਾਤੀ ਤੌਰ ਤੇ ਜਾਣਦਾ ਸੀ । ਬਹੁਤ ਲੰਮੇਂ ਸਮੇਂ ਤੱਕ ਉਹ ਵਿਦਿਅਕ ਅਦਾਰਿਆਂ ਨਾਲ ਜੁੜੇ ਰਹੇ । ਉਹ ਬਹੁਤ ਵੱਡੇ ਰਾਈਟਰ ਵੀ ਸਨ । ਉਨ੍ਹਾਂ ਨੇ ਹਮੇਸ਼ਾ ਪੰਜਾਬ ਅਤੇ ਪੰਜਾਬੀਅਤ ਦੀ ਗੱਲ ਕੀਤੀ । ਉਨ੍ਹਾਂ ਦੀਆਂ ਕਿਤਾਬਾਂ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਲੋਕਾਂ ਲਈ ਉਨ੍ਹਾਂ ਦੇ ਦਿਲ ਵਿਚ ਕਿੰਨਾ ਪਿਆਰ ਸੀ, ਉਨ੍ਹਾਂ ਦੇ ਜਾਣ ਦਾ ਵੀ ਮੈਨੂੰ ਬਹੁਤ ਦੁੱਖ ਹੈ ਅਤੇ ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ।

ਸ਼੍ਰੀਮਤੀ ਜਗਮੋਹਨ ਕੌਰ ਇਕ ਉਘੀ ਗਾਇਕਾ ਸੀ ਅਤੇ ਉਨ੍ਹਾਂ ਨੂੰ "ਪੰਜਾਬ ਦੀ ਕੋਇਲ" ਕਿਹਾ ਜਾਂਦਾ ਸੀ । ਉਹ ਅਖੀਰਲੇ ਦਮ ਤੱਕ ਗਾਉਂਦੇ ਰਹੇ । ਲੋਕਾਂ ਦੇ ਪਿਆਰ ਨੂੰ ਉਸ ਨੇ ਗਾ ਕੇ ਦਰਸਾਇਆ ਹੈ । ਉਨ੍ਹਾਂ ਦਾ ਵਿਛੜ ਜਾਣਾ ਵੀ ਬੜੇ ਦੁੱਖ ਦੀ ਗੱਲ ਹੈ । ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਪੀਕਰ ਸਾਹਿਬ, ਕੱਲ ਹੀ ਮੇਜਰ ਸਰਬਜੀਤ ਸਿੰਘ, ਅਰਜੁਨਾ ਅਵਾਰਡੀ ਦੀ ਭੇਦਭਰੀ ਹਾਲ ਵਿਚ ਮੌਤ ਹੋਈ ਹੈ । ਮੁੱਖ ਮੰਤਰੀ ਜੀ ਨੇ ਵੀ ਇਸ ਦਾ ਜ਼ਿਕਰ ਕੀਤਾ ਹੈ । ਇਹ ਉਨ੍ਹਾਂ ਦੀ ਅਨਟਾਈਮਲੀ ਡੈੱਥ ਸੀ । ਉਨ੍ਹਾਂ ਦੀ ਮੌਤ ਬਾਰੇ ਪੜਤਾਲ ਕਰਵਾ ਕੇ ਪਤਾ ਲਗਵਾਉਣਾ ਚਾਹੀਦਾ ਹੈ ਤਾਂ ਜੋ ਸਚਾਈ ਸਾਹਮਣੇ ਆ ਸਕੇ । ਉਨ੍ਹਾਂ ਨੂੰ ਵੀ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਇਸ ਦੇ ਨਾਲ ਹੀ ਇਸ ਸਦਨ ਦੇ ਦੋ ਮੈਂਬਰ ਸਾਹਿਬਾਨ ਦੇ ਪਰਿਵਾਰਾਂ ਦਾ ਜੋ ਵਿਛੋੜਾ ਹੋਇਆ ਹੈ, ਉਸ ਪ੍ਰਤੀ ਵੀ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ । ਇਸ ਤੋਂ ਇਲਾਵਾ ਜਿਨ੍ਹਾਂ ਦੇ ਨਾਂ ਇਸ ਹਾਊਸ ਵਿਚ ਨਹੀਂ ਆਏ ਅਤੇ ਜਿਹੜੇ ਇਸ ਸੰਸਾਰ ਨੂੰ ਛੱਡ ਗਏ ਹਨ, ਉਨ੍ਹਾਂ ਨੂੰ ਵੀ ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ । ਇਨ੍ਹਾਂ ਵਿਛੜੀਆਂ ਸ਼ਖਸੀਅਤਾਂ ਬਾਰੇ ਮੁੱਖ ਮੰਤਰੀ ਜੀ ਨੇ ਜੋ ਮਤਾ ਰੱਖਿਆ ਹੈ, ਉਸ ਦੇ ਨਾਲ ਮੈਂ ਸਹਿਮਤ ਹਾਂ । ਇੰਨਾ ਕਹਿੰਦਾ ਹੋਇਆ ਮੈਂ ਆਪਣਾ ਸਥਾਨ ਲੈਂਦਾ ਹਾਂ । ਧੰਨਵਾਦ ।

ਸ਼੍ਰੀ ਸਪੀਕਰ : ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਵੱਲੋਂ ਉਨ੍ਹਾਂ ਸਾਰੀਆਂ ਵਿਛੜੀਆਂ ਹੋਈਆਂ ਸ਼ਖਸੀਅਤਾਂ ਜੋ ਅੱਜ ਸਾਡੇ ਦਰਮਿਆਨ ਨਹੀਂ ਹਨ, ਬਾਰੇ ਜੋ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਹਨ. ਮੈਂ ਉਨ੍ਹਾਂ ਵਿਚ ਸ਼ਰੀਕ ਹੁੰਦਾ ਹੋਇਆ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਉਹ 2 ਮਿੰਟ ਖੜ੍ਹੇ ਹੋਣ ਦੀ ਖੇਚਲ ਕਰਨ । ਉਨ੍ਹਾਂ ਪ੍ਰਤੀ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ।

श्रीमती लक्ष्मी कांता चावला : ** ** **

**Expunged as ordered by the Hon. Speaker.

ਸ਼੍ਰੀ ਸਪੀਕਰ : ਹੁਣ ਮੌਨ ਧਾਰਨ ਕਰਨ ਲਈ ਕਿਹਾ ਗਿਆ ਹੈ ਜੀ । ਤੁਸੀਂ ਲਿਖ ਕੇ ਦੇ ਦੇਣਾ ਜਿਨ੍ਹਾਂ ਦੇ ਨਾਵਾਂ ਬਾਰੇ ਤੁਸੀਂ ਕਿਹਾ ਹੈ ।

(ਇਸ ਵਕਤ ਹਾਊਸ ਦੇ ਸਮੂਹ ਮੈਂਬਰ ਸਾਹਿਬਾਨ ਨੇ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਦੋ ਮਿੰਟ ਲਈ ਮੌਨ ਧਾਰਨ ਕੀਤਾ ।)

ਬਿਜ਼ਨੇਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਅੱਜ 4.00 ਵਜੇ ਸ਼ਾਮ ਮੇਰੇ ਚੇਂਬਰ ਵਿਚ ਹੋਏਗੀ । ਕਮੇਟੀ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਉਹ ਵੇਲੇ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨ ।

ਹੁਣ ਸਦਨ ਮੰਗਲਵਾਰ, 23 ਦਸੰਬਰ, 1997 ਨੂੰ ਸਵੇਰ 9.00 ਵਜੇ ਤੱਕ ਸਥਗਿਤ ਕੀਤਾ ਜਾਂਦਾ ਹੈ ।

*3.17 ਵਜੇ ਬਾਅਦ ਦੁਪਹਿਰ

(ਇਸ ਉਪਰੰਤ ਸਦਨ ਮੰਗਲਵਾਰ, 23 ਦਸੰਬਰ, 1997 ਦੇ 9.00 ਵਜੇ ਸਵੇਰ ਤੱਕ *ਸਥਗਿਤ ਹੋ ਗਿਆ ।)

— —

531—5-3-98—305 ਕਾਪੀਆਂ ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।
51X66/10.1 Kg. ਆਫਸੈਟ ਪੇਪਰ

Published under the authority of the Punjab Vidhan Sabha and Printed by the Controller, Printing & Stationery, Pb. at the Govt. Press, Patiala.

PUNJAB VIDHAN SABHA

DEBATES

23rd December, 1997

Vol. III-No. 2

OFFICIAL REPORT

CONTENTS

Tuesday, the 23rd December, 1997

Punjab Vidhan Sabha Secretariat, Chandigarh.

Price : Rs. 4.00

LEGISLATIVE BUSINESS

PUNJAB VIDHAN SABHA

Tuesday, the 23rd December, 1997

The Vidhan Sabha met in the Punjab Vidhan Sabha all, Vidhan Bhawan, Sector 1, Chandigarh at 9.00 A.M. r. Speaker (Sardar Charnjit Singh Atwal) in the Chair

---

STARRED QUESTIONS AND ANSWERS

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 644

ਸ਼੍ਰੀ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਲਾਗੂ ਕਰ ਦਿੱਤੀ ਹੈ । (ਵਿਘਨ) I have granted extension for one veek. Next question.

D.O. No.__________

arkash Singh Badal

Chief Minister, Punjab

The 20th December, 1997

ear Shri Charnjit Singh Atwal,

The answer to Punjab Vidhan Sabha Starred uestion No. 644 appearing in the list of Questions for 3rd December, 1997 in the name of Com. Ajaib Singh aunta, M.L.A. is not ready. The requisite information ; being collected from the police field units. I am, ierefore, to request you for some more time for nswering this question.

With regards,

Yours sincerely,

Sd/-

(PARKASH SINGH BADAL),

HRI CHARNJIT SINGH ATWAL,
PEAKER,
'UNJAB VIDHAN SABHA,
:HANDIGARH.

For Starred Question No. 644 and reply thereto please see Appendix-II to this Debate.

ਜਵਾਹਰ ਰੋਜ਼ਗਾਰ ਯੋਜਨਾ ਅਧੀਨ ਫੰਡਾਂ ਦੀ ਕੁਵਰਤੋਂ ਵਿਰੁੱਧ ਚੌਕਸੀ ਪੜਤਾਲ

*646. **ਕਾਮਰੇਡ ਹਰਦੇਵ ਅਰਸ਼ੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਾਲ 1992 ਤੋਂ 1997 ਤਕ ਦੇ ਸਮੇਂ ਦੇ ਦੌਰਾਨ ਭਾਰਤ ਸਰਕਾਰ ਤੋਂ ਜਵਾਹਰ ਰੋਜ਼ਗਾਰ ਯੋਜਨਾ ਅਧੀਨ ਪ੍ਰਾਪਤ ਹੋਏ ਫੰਡਾਂ ਦੀ ਵਰਤੋਂ ਵਿਚ ਨਿਯਮਾਂ ਦੀ ਘੋਰ ਉਲੰਘਣਾ ਅਤੇ ਭਾਰੀ ਗਬਨ ਸਬੰਧੀ ਕੋਈ ਜਾਂਚ-ਪੜਤਾਲ ਚੌਕਸੀ ਵਿਭਾਗ ਦੁਆਰਾ ਕੀਤੀ ਜਾ ਰਹੀ ਹੈ ; ਜੇਕਰ ਅਜਿਹਾ ਹੋਵੇ, ਤਾਂ ਪੜਤਾਲ ਕੀਤੇ ਜਾ ਰਹੇ ਦੋਸ਼ਾਂ ਦੀ ਸਹੀ ਕਿਸਮ ਕੀ ਹੈ ਅਤੇ ਕੇਸ ਦੀ ਵਰਤਮਾਨ ਸਥਿਤੀ ਕੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਜੀ ਹਾਂ । ਅਜਿਹੇ ਦੋ ਮਾਮਲੇ ਹਨ । ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲੱਗ

ਪਹਿਲਾਂ ਕੇਸ ਜ਼ਿਲ੍ਹਾ ਲੁਧਿਆਣਾ ਨਾਲ ਸਬੰਧਤ ਹੈ ਜਿੱਥੇ ਕੁਝ ਕਰਮਚਾਰੀਆਂ ਅਤੇ ਸਰਪੰਚਾਂ ਨੇ ਝੂਠਾ ਰਿਕਾਰਡ ਤਿਆਰ ਕਰਕੇ, ਭਾਰਤ ਸਰਕਾਰ ਵੱਲੋਂ ਸਾਲ 1990-91 ਅਤੇ 1991-92 ਦੌਰਾਨ ਜਵਾਹਰ ਰੋਜ਼ਗਾਰ ਯੋਜਨਾ ਅਧੀਨ ਮਿਲੀ ਧਨਰਾਸ਼ੀ ਵਿੱਚ ਲੱਗਭੱਗ 10.00 ਲੱਖ ਰੁਪਏ ਦੀ ਰਕਮ ਦਾ ਗਬਨ ਕੀਤਾ ਹੈ । ਬਾਕਾਇਦਾ ਪੜਤਾਲ ਤੋਂ ਬਾਅਦ ਕਸੂਰਵਾਰ ਪਾਏ ਗਏ ਵਿਅਕਤੀਆਂ ਵਿਰੁੱਧ ਰਿਸ਼ਵਤ ਰੋਕੂ ਕਾਨੂੰਨ ਦੇ ਤਹਿਤ ਮਿਤੀ 24 ਮਈ, 1996 ਨੂੰ ਫ਼ੌਜਦਾਰੀ ਮੁਕੱਦਮਾ ਚੌਕਸੀ ਵਿਭਾਗ ਵੱਲੋਂ ਦਰਜ ਕੀਤਾ ਗਿਆ ਹੈ । ਮਾਮਲੇ ਦੀ ਅੱਗੇ ਤਫਤੀਸ਼ ਹੋ ਰਹੀ ਹੈ ।

2. ਦੂਸਰੇ ਕੇਸ ਵਿੱਚ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਕੁਝ ਅਧਿਕਾਰੀਆਂ/ਕਰਮਚਾਰੀਆਂ ਵੱਲੋਂ 1994-95 ਦੇ ਦੌਰਾਨ ਭਾਰਤ ਸਰਕਾਰ ਦੁਆਰਾ ਜਵਾਹਰ ਰੋਜ਼ਗਾਰ ਯੋਜਨਾ ਅਧੀਨ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ, ਅਤੇ ਬਠਿੰਡਾ ਦੇ ਸਰਹੱਦੀ ਜ਼ਿਲ੍ਹਿਆਂ ਲਈ ਮੰਨਜ਼ੂਰ ਕੀਤੀ ਧਨਰਾਸ਼ੀ ਦੇ ਭੁਗਤਾਨ ਵਿੱਚ ਨਿਰਧਾਰਿਤ ਲੀਹਾਂ ਦੀ ਘੋਰ ਉਲੰਘਣਾ ਕਰਕੇ ਕਈ ਬੇਕਾਇਦਗੀਆਂ ਕਰਨ ਦਾ ਦੋਸ਼ ਹੈ । ਇਸ ਕੇਸ ਵਿੱਚ 14.89 ਕਰੋੜ ਰੁਪਏ ਦੀ ਕਥਿਤ ਕੁਵਰਤੋਂ ਕਰਨ ਦਾ ਵੀ ਦੋਸ਼ ਹੈ । ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਤਜਵੀਜ਼ ਤੋਂ ਚੌਕਸੀ ਵਿਭਾਗ ਨੇ ਇਸ ਮਾਮਲੇ ਵਿੱਚ ਮਿਤੀ 17 ਸਤੰਬਰ, 1997 ਨੂੰ ਬਾਕਾਇਦਾ ਪੜਤਾਲ ਦਰਜ ਕਰ ਲਈ ਹੈ ਅਤੇ ਮਾਮਲਾ ਪੜਤਾਲ ਅਧੀਨ ਹੈ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੇਰੇ ਪ੍ਰਸ਼ਨ ਦਾ ਜੋ ਉੱਤਰ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਦਿੱਤਾ ਗਿਆ ਹੈ, ਅਤੇ ਜੋ ਜਾਣਕਾਰੀ ਮੈਂ ਇਸ ਹਾਊਸ ਦੇ ਵਿਚ ਲੈਣਾ ਚਾਹੁੰਦਾ ਹਾਂ, ਉਸ ਦਾ ਬਹੁਤਾ ਸਬੰਧ ਇਸ ਪ੍ਰਸ਼ਨ ਦੇ ਉੱਤਰ ਦੇ ਭਾਗ-ਦੋ ਨਾਲ ਤਾਅਲੁੱਕ ਰੱਖਦਾ ਹੈ। ਇਸ ਦਾ ਉੱਤਰ ਦਿੰਦੇ ਹੋਏ ਸੀ.ਐਮ. ਸਾਹਿਬ ਨੇ ਖੁਦ ਕਿਹਾ ਹੈ ਕਿ ਬੜੀਆਂ ਸਾਰੀਅਸ ਕਿਸਮ ਦੀਆਂ ਇਹ ਇਰਰੈਗੂਲੈਰਿਟੀਜ਼ ਹੋਈਆਂ ਹਨ, ਬੇਕਾਇਦਗੀਆਂ ਹੋਈਆਂ ਹਨ ਅਤੇ ਜਿਹੜੇ ਨਾਰਮਜ਼ ਇਸ ਅਮਾਊਂਟ ਨੂੰ ਡਿਸਟਰੀਬਿਊਟ ਕਰਨ ਵਾਸਤੇ ਫਰੇਮ ਕੀਤੇ ਗਏ ਸਨ, ਉਨ੍ਹਾਂ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ ਕੁਝ ਆਫੀਸ਼ੀਅਲਜ਼ ਅਤੇ ਅਧਿਕਾਰੀ ਇਸ ਵਿਚ ਇਨਵਾਲਵਡ ਹਨ। ਮੈਂ ਕੇਵਲ ਫਸਟ ਸਟੇਜ ਤੇ ਇਹ ਜਾਣਕਾਰੀ ਲੈਣੀ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਸਰਕਾਰ ਨੇ ਇਸ ਮਾਮਲੇ ਵਿਚ ਕੁਝ ਕਰਮਚਾਰੀਆਂ, ਕੁਝ ਅਧਿਕਾਰੀਆਂ ਨੂੰ ਸਸਪੈਂਡ ਕੀਤਾ ਹੈ ਅਤੇ ਕੁਝ ਇਕ ਦੇ ਖਿਲਾਫ ਕੇਸ ਚਲ ਰਹੇ ਹਨ ਪਰ ਜਿਹੜਾ ਸਭ ਤੋਂ ਵੱਡਾ ਤੇ ਮੁੱਖ ਦੋਸ਼ੀ ਉਸ ਵੇਲੇ ਦਾ ਮੰਤਰੀ ਮਿਸਟਰ ਕੰਗ ਹੈ, ਜਿਹੜੀ ਇਨਕੁਆਇਰੀ ਵਿਜੀਲੈਂਸ ਵਿਭਾਗ ਕੋਲ ਚਲ ਰਹੀ ਹੈ, ਕੀ ਉਸ ਇਨਕੁਆਇਰੀ ਦੇ ਵਿਚ ਕੰਗ ਦਾ ਨਾਂ ਸ਼ਾਮਲ ਹੈ ਜਾਂ ਨਹੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਬਿਲਕੁਲ ਠੀਕ ਹੈ ਕਿ ਦੇਸ਼ ਨਾਲ ਅਤੇ ਪੰਜਾਬ ਦੇ ਨਾਲ ਇਕ ਬੜਾ ਵੱਡਾ ਫਰਾਡ ਕੀਤਾ ਗਿਆ ਹੈ। ਜਿਹੜੀ ਅਮਾਊਂਟ ਸੈਂਟਰ ਵੱਲੋਂ ਬਾਰਡਰ ਦੇ ਤਿੰਨ ਜ਼ਿਲ੍ਹਿਆਂ ਵਾਸਤੇ ਇਸ ਸਕੀਮ ਦੇ ਅਧੀਨ ਆਈ ਸੀ ਉਸ ਦਾ ਭਾਵ ਇਹ ਸੀ ਕਿ ਇਹ ਰਕਮ ਬਾਰਡਰ ਦੇ ਜ਼ਿਲ੍ਹਿਆਂ ਵਿਚ ਹੀ ਲੱਗੇ। ਇਸ ਦਾ ਸਿਸਟਮ ਵੀ ਸੀ ਕਿ ਇਹ ਰਕਮ ਕਿਸ ਤਰ੍ਹਾਂ ਲੱਗੇਗੀ। ਇਸ ਸਾਰੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਗਈਆਂ ਜਿਸ ਤਰ੍ਹਾਂ ਕਿ ਆਨਰੇਬਲ ਮੈਂਬਰ ਸਾਹਿਬ ਨੇ ਵੀ ਕਿਹਾ ਹੈ ਕਿ ਸੈਂਟਰ ਵੱਲੋਂ ਆਏ ਹੋਏ ਇਸ ਪੈਸੇ ਵਿਚ ਬਹੁਤ ਵੱਡਾ ਘਪਲਾ ਹੋਇਆ ਹੈ। ਇਸ ਦੀ ਵਿਜੀਲੈਂਸ ਇਨਕੁਆਰੀ ਚਲ ਰਹੀ ਹੈ। ਡਾਇਰੈਕਟਰ ਵਿਜੀਲੈਂਸ ਵਿਭਾਗ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਤੁਰੰਤ ਇਸ ਸਾਰੀ ਇਨਕੁਆਇਰੀ ਦੇ ਸਿੱਟੇ ਨਿਕਾਲਣ। ਇਸ ਵਿਚ ਨਾ ਵਜ਼ੀਰ ਬਚੇਗਾ, ਨਾ ਕੋਈ ਐਮ.ਐਲ.ਏ. ਬਚੇਗਾ ਅਤੇ ਨਾ ਹੀ ਕੋਈ ਸਰਪੰਚ ਜਿਹੜੇ ਕਿ ਅਮਾਊਂਟ ਲੈ ਕੇ ਗਏ ਹਨ (ਥੰਪਿੰਗ)

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੇਰੇ ਤੇ ਦੋ ਸਪਲੀਮੈਂਟਰੀ ਪੁੱਛਣ ਵਾਲੀ ਬੰਦਸ਼ ਨਾ ਲਗਾਉਣਾ ਕਿਉਂਕਿ ਇਹ ਬੜਾ ਹੀ ਸੀਰੀਅਸ ਮਾਮਲਾ ਹੈ।

[ਕਾਮਰੇਡ ਹਰਦੇਵ ਅਰਸ਼ੀ]

ਅਸਲ ਵਿਚ ਮੁੱਖ ਮੰਤਰੀ ਸਾਹਿਬ ਨੇ ਜਿਹੜਾ ਜਵਾਬ ਦਿੱਤਾ ਹੈ ਉਹ ਮੇਰੇ ਪ੍ਰਸ਼ਨ ਦਾ ਸਹੀ ਉੱਤਰ ਨਹੀਂ ਹੈ। ਇਸ ਕੇਸ ਦੀ ਇਨਵੈਸਟੀਗੇਸ਼ਨ ਵਿਜੀਲੈਂਸ ਨੂੰ ਦਿੱਤੀ ਹੋਈ ਹੈ। ਰੈਗੂਲਰ ਕੇਸ ਮਿਤੀ 27 ਸਤੰਬਰ, 1997 ਤੋਂ ਸ਼ੁਰੂ ਹੋਇਆ ਹੈ। ਕੀ ਇਸ ਇਨਕੁਆਰੀ ਵਿਚ ਮੰਤਰੀ ਦਾ ਨਾਂ ਸ਼ਾਮਲ ਹੈ ਜਾਂ ਨਹੀਂ ? ਅਗਲੀ ਸਪਲੀਮੈਂਟਰੀ ਮੇਰੀ ਉਸ ਗੱਲ ਦੇ ਜਵਾਬ ਨਾਲ ਜੁੜਦੀ ਹੈ।

ਮੁੱਖ ਮੰਤਰੀ : ਸਾਰੇ ਸ਼ਾਮਲ ਹਨ। ਇਹ ਕੋਈ ਛੋਟਾ ਮਾਮਲਾ ਨਹੀਂ ਹੈ। 14 ਕਰੋੜ ਰੁਪਏ ਦੀ ਰਕਮ ਦਾ ਘਪਲਾ ਹੈ। ਮਾਇਨਿਊਟਲੀ ਇਨਕੁਆਰੀ ਕੀਤੀ ਜਾ ਰਹੀ ਹੈ। ਜੇਕਰ ਮੈਂ ਕੋਈ ਇਹੋ ਜਿਹੀ ਗੱਲ ਕਹਾਂ ਤਾਂ ਯੋਗ ਨਹੀਂ ਹੋਵੇਗਾ ਲੇਕਿਨ ਮੈਂ ਹਾਊਸ ਵਿਚ ਮੈਂਬਰ ਸਾਹਿਬ ਨੂੰ ਤੁਹਾਡੇ ਰਾਹੀਂ ਸਪੀਕਰ ਸਾਹਿਬ, ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸ ਫਰਾਡ ਵਿਚ ਕੋਈ ਵੀ ਦੋਸ਼ੀ ਨਹੀਂ ਬਚੇਗਾ। ਜਿੰਨਾਂ ਵੀ ਕਿਸੇ ਨੇ ਜੁਰਮ ਕੀਤਾ ਹੈ, ਉਸ ਦੀ ਸਜ਼ਾ ਉਸਨੂੰ ਜ਼ਰੂਰ ਭੁਗਤਣੀ ਪਵੇਗੀ। (ਥੰਪਿੰਗ)

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੇਰੀ ਪੂਰੀ ਤਸੱਲੀ ਨਹੀਂ ਹੈ ਪਰ ਮੈਂ ਦੂਸਰੀ ਸਪਲੀਮੈਂਟਰੀ ਪੁੱਛਦਾ ਹਾਂ ਕਿ ਉੱਤਰ ਵਿਚ ਲਿਖਿਆ ਹੈ ਕਿ ਮਿਤੀ 27 ਸਤੰਬਰ, 1997 ਨੂੰ ਰੈਗੂਲਰ ਇਨਕੁਆਇਰੀ ਰਜਿਸਟਰਡ ਕੀਤੀ ਗਈ ਅਤੇ 5 ਸਤੰਬਰ, 1997 ਨੂੰ ਪ੍ਰੈਜ਼ੰਟ ਆਨਰੇਬਲ ਕਨਸਰਨਡ ਮਨਿਸਟਰ ਸਾਹਿਬ ਦੀ ਸਟੇਟਮੈਂਟ ਸੀ ਕਿ ਉਨ੍ਹਾਂ ਨੇ ਤਕਰੀਬਨ 20 ਸਬੂਤ ਇਕੱਠੇ ਕਰ ਲਏ ਹਨ ਅਤੇ ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਉਨ੍ਹਾਂ ਨੇ ਸਬੰਧਤ ਮੰਤਰੀ ਨੂੰ ਰਿਸ਼ਵਤ ਲੈਂਦੇ ਆਪ ਦੇਖਿਆ ਹੈ। 27 ਸਤੰਬਰ ਨੂੰ ਰੈਗੂਲਰ ਇਨਕੁਆਇਰੀ ਸਟਾਰਟ ਕੀਤੀ ਗਈ ਹੈ ਅਤੇ ਇਹ ਕਿਹਾ ਗਿਆ ਹੈ ਕਿ 60 ਦਿਨਾਂ ਦੇ ਅੰਦਰ ਅੰਦਰ ਰਿਪੋਰਟ ਦੇ ਦਿੱਤੀ ਜਾਵੇ ਅਤੇ ਇਸ ਬਾਰੇ ਵਿਜੀਲੈਂਸ ਵਿਭਾਗ ਨੂੰ ਕਹਿ ਦਿੱਤਾ ਗਿਆ ਹੈ ਜਦੋਂ ਕਿ ਮੌਜੂਦਾ ਮੰਤਰੀ ਨੇ ਕਿਹਾ ਹੈ ਕਿ ਉਨ੍ਹਾਂ ਨੇ ਉਨ੍ਹਾਂ ਨੂੰ ਰਿਸ਼ਵਤ ਲੈਂਦੇ ਖੁਦ ਵੇਖਿਆ ਹੈ। ਫਿਰ ਕੀ ਕਾਰਨ ਹੈ ਤੇ ਕੀ ਮਜਬੂਰੀ ਹੈ ਕਿ ਸਾਬਕਾ ਵਜ਼ੀਰ ਸਾਹਿਬ ਦੇ ਖਿਲਾਫ ਸਿੱਧਾ ਕ੍ਰਿਮੀਨਲ ਕੇਸ ਰਜਿਸਟਰਡ ਕਿਉਂ ਨਹੀਂ ਕੀਤਾ ਜਾ ਰਿਹਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਾਡੀ ਕੋਈ ਮਜਬੂਰੀ ਨਹੀਂ ਹੈ, ਸਾਡੀ ਡਿਊਟੀ ਹੈ। ਅਸੀਂ ਤਾਂ ਸਾਰਾ ਕੇਸ ਪਬਲਿਕ ਦੇ ਸਾਹਮਣੇ ਰੱਖਣਾ ਚਾਹੁੰਦੇ ਹਾਂ ਕਿ

ਪਿਛਲੀ ਸਰਕਾਰ ਵੇਲੇ ਕਿਸ ਤਰ੍ਹਾਂ ਕੁਰੱਪਸ਼ਨ ਕੀਤੀ ਗਈ ਹੈ । ਮੈਂ ਇਸੇ ਲਈ ਕੱਲ੍ਹ ਹੀ ਡਾਇਰੈਕਟਰ ਵਿਜੀਲੈਂਸ ਵਿਭਾਗ ਨੂੰ ਕਿਹਾ ਹੈ । ਵੈਸੇ ਤਾਂ ਇਕ ਮਹੀਨੇ ਦੀ ਮਿਆਦ ਹੁੰਦੀ ਹੈ ਕਿਉਂਕਿ ਤੁਸੀਂ ਜਾਣਦੇ ਹੀ ਹੋ ਕਿ ਸਿਸਟਮ ਹੀ ਇਸ ਤਰ੍ਹਾਂ ਦਾ ਹੈ, ਉਨ੍ਹਾਂ ਨੇ ਬਿਆਨ ਆਦਿ ਇੱਕਠੇ ਕਰਨੇ ਹੁੰਦੇ ਹਨ ਤਾਂ ਜਾ ਕੇ ਫੂਲ-ਪਰੂਫ ਕੇਸ ਬਣਦੇ ਹਨ, ਜੇ ਸਬੂਤ ਵਗੈਰਾ ਇੱਕਠੇ ਨਾ ਕੀਤੇ ਜਾਣ ਤਾਂ ਦੋਸ਼ੀ ਬਚ ਜਾਂਦੇ ਹਨ । ਇਸ ਲਈ ਅਸੀਂ ਮਜ਼ਬੂਤ ਹੱਥਾਂ ਨਾਲ ਲੈਣਾ ਚਾਹੁੰਦੇ ਹਾਂ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਵੈਸੇ ਤਾਂ ਮੈਨੂੰ ਮੁਖ ਮੰਤਰੀ ਸਾਹਿਬ ਦੀ ਭਾਵਨਾ ਤੇ ਕੋਈ ਸ਼ੱਕ ਨਹੀਂ ਹੈ, ਉਨ੍ਹਾਂ ਨੇ ਹਾਊਸ ਵਿੱਚ ਜੋ ਬਿਆਨ ਦਿਤਾ ਹੈ ਉਸ ਨੂੰ ਉਹ ਜ਼ਰੂਰ ਪੂਰਾ ਕਰਨਗੇ । ਫਿਰ ਵੀ ਮੈਂ ਮੁੱਖ ਮੰਤਰੀ ਸਾਹਿਬ ਨੂੰ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ 14 ਕਰੋੜ ਰੁਪਏ ਦਾ ਘਪਲਾ ਹੈ ਅਤੇ ਤੁਸੀਂ ਵੀ ਸਮਝਦੇ ਹੋ ਕਿ ਇਹ ਇਕ ਸੀਰੀਅਸ ਕਿਸਮ ਦੀ ਕੁਰੱਪਸ਼ਨ ਹੋਈ ਹੈ। ਮੈਂ ਸਮਝਦਾ ਹਾਂ ਕਿ ਸਾਡੀ ਵਿਜੀਲੈਂਸ ਇੰਡੀਪੈਂਡੈਂਟ ਏਜੰਸੀ ਤਾਂ ਹੈ ਪਰ ਜੇ ਪੰਜਾਬ ਸਰਕਾਰ ਵਾਕਿਆ ਹੀ ਕੁਰੱਪਸ਼ਨ ਨੂੰ ਕਰੜੇ ਹੱਥਾਂ ਨਾਲ ਦੂਰ ਕਰਨਾ ਚਾਹੁੰਦੀ ਹੈ ਅਤੇ ਇਸ ਕੇਸ ਵਿੱਚ ਕੁਰੱਪਸ਼ਨ ਮਹਿਸੂਸ ਕਰਦੀ ਹੈ ਤਾਂ ਕੀ ਇਹ ਕੇਸ ਸੀ.ਬੀ.ਆਈ. ਨੂੰ ਰੈਫਰ ਕਰਨ ਲਈ ਤਿਆਰ ਹੈ ? ਮੁੱਖ ਮੰਤਰੀ ਜੀ ਹਾਊਸ ਵਿੱਚ ਭਰੋਸਾ ਦੇਣ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਆਪਣੀ ਏਜੰਸੀ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ, ਸੀ.ਬੀ.ਆਈ. ਦੀ ਜ਼ਰੂਰਤ ਨਹੀਂ । ਇਸ ਲਈ ਅਸੀਂ ਆਪ ਹੀ ਇਨਕੁਆਇਰੀ ਕਰ ਲਵਾਂਗੇ । ਤੁਸੀਂ ਦੱਸੋ, ਸਾਨੂੰ ਉਨ੍ਹਾਂ ਦੇ ਨਾਲ ਕੀ ਰਹਿਮ ਹੋ ਸਕਦਾ ਹੈ ? ਸਮਾਂ ਜ਼ਰੂਰ ਲਗ ਗਿਆ ਹੈ, ਲੇਕਿਨ ਹੁਣ ਸਮਾਂ ਜ਼ਿਆਦਾ ਨਹੀਂ ਲੱਗੇਗਾ, ਬੜੀ ਜਲਦੀ ਇਸ ਗੱਲ ਨੂੰ ਸਿਰੇ ਲਗਾ ਲਵਾਂਗੇ ।

ਸੁਜਾਨਪੁਰ ਕਸਬੇ ਵਿਚ ਗੰਦੇ ਨਾਲੇ ਦੀ ਸਫਾਈ ਕਰਨਾ

*654. **ਸ਼੍ਰੀ ਸੱਤਿਆ ਪਾਲ ਸੈਣੀ :** ਕੀ ਸਥਾਨਕ ਸਰਕਾਰ, ਕਿਰਤ ਅਤੇ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੁਜਾਨਪੁਰ ਕਸਬੇ (ਜ਼ਿਲ੍ਹਾ ਗੁਰਦਾਸਪੁਰ) ਵਿਚ ਗੰਦੇ ਨਾਲੇ ਦੀ ਸਫਾਈ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਬਲਰਾਮਜੀ ਦਾਸ ਟੰਡਨ : ਅਜਿਹੀ ਕੋਈ ਤਜਵੀਜ਼ ਅਜੇ ਨਹੀਂ ਹੈ । ਪਰੰਤੂ ਸਰਕਾਰ ਇਸ ਮਾਮਲੇ ਤੇ ਹਮਦਰਦੀ ਨਾਲ ਵਿਚਾਰ ਕਰੇਗੀ ।

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਇਹ ਜਿਹੜਾ ਮੁੱਦਾ ਹੈ, ਜਿਹੜਾ ਬਜਟ ਇਜਲਾਸ ਪਹਿਲਾਂ ਹੋਇਆ ਸੀ, ਉਸ ਵਿੱਚ ਵੀ ਉਠਾਇਆ ਗਿਆ ਸੀ । ਹੁਣ ਤਾਂ ਹਾਲਾਤ ਹੋਰ ਹਨ, ਹੁਣ ਤਾਂ ਉਥੇ ਦੀਵਾਰ ਬਣਾ ਦਿੱਤੀ ਗਈ ਹੈ । ਸਿਲਟ ਕੱਢਣ ਦੀ ਪ੍ਰਾਬਲਮ ਨਹੀਂ ਹੈ । ਇਸ ਲਈ ਮੈਂ ਮੰਤਰੀ ਜੀ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਜ਼ਰੂਰ ਵਿਚਾਰ ਕਰਕੇ ਇਸ ਮਸਲੇ ਨੂੰ ਹੱਲ ਕਰ ਦੇਣ । ਸਾਰਾ ਇਲਾਕਾ ਗੰਦਗੀ ਨਾਲ ਪ੍ਰੇਸ਼ਾਨ ਹੈ ।

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਿਹਾ ਹੈ ਕਿ ਇਸਦੀ ਜਲਦੀ ਸਫਾਈ ਕਰਵਾ ਦੇਵਾਂਗੇ । ਇਹ ਮਸਲਾ ਛੇਤੀ ਹੀ ਹੱਲ ਹੋ ਜਾਵੇਗਾ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਗੰਦੇ ਨਾਲੇ ਢਕਣ ਦਾ ਜੋ ਕੰਮ ਅੰਮ੍ਰਿਤਸਰ ਵਿਚ ਸ਼ੁਰੂ ਹੋ ਚੁੱਕਾ ਹੈ, ਉਸਦੇ ਲਈ ਜੋ ਪੈਸਾ ਭੇਜਿਆ ਜਾਣਾ ਹੈ, ਕੀ ਉਹ ਪੈਸੇ ਭੇਜਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਜਾਂ ਨਹੀ ?

ਮੰਤਰੀ : ਸਪੀਕਰ ਸਾਹਿਪ, ਇਸ ਦਾ ਇਸ ਸਵਾਲ ਨਾਲ ਲਿੰਕ ਨਹੀਂ । ਇਹ ਸੈਪਰੇਟ ਕੁਐਸਚਨ ਦੇ ਦੇਣ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਇਨ੍ਹਾਂ ਨੇ ਪੈਸੇ ਭੇਜਣ ਲਈ ਕਮਿਟਮੈਂਟ ਕੀਤੀ ਹੋਈ ਹੈ । ਇਹ ਦੱਸ ਦੇਣ ਕਿ ਕਦੋਂ ਤੱਕ ਪੈਸੇ ਭੇਜ ਦੇਣਗੇ ? (ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ)

ਸ਼੍ਰੀ ਸਪੀਕਰ : ਅਗਲਾ ਸਵਾਲ, ਸ਼੍ਰੀ ਚਰਨਜੀਤ ਸਿੰਘ ।

ਨਵਾਂ ਸ਼ਹਿਰ ਸਬ-ਡਵੀਜ਼ਨ ਵਿਚ ਲਿੰਕ ਸੜਕਾਂ ਦੀ ਮੁਰੰਮਤ

***635 . ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਵਾਂ ਸ਼ਹਿਰ ਸਬ-ਡਵੀਜ਼ਨ ਦੀਆਂ ਅਜਿਹੀਆਂ ਲਿੰਕ ਸੜਕਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦੀ ਮੁਰੰਮਤ ਸਾਲ 1996-97 ਦੌਰਾਨ 'ਡਿਊ' ਬਣਦੀ ਸੀ ਅਤੇ ਅਜਿਹੀਆਂ ਸੜਕਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦੀ ਹੁਣ ਤੱਕ ਮੁਰੰਮਤ ਕਰ ਦਿੱਤੀ ਗਈ ਹੈ ਅਤੇ ਬਾਕੀ ਦੀਆਂ ਲਿੰਕ ਸੜਕਾਂ ਦੀ ਮੁਰੰਮਤ ਕਦੋਂ ਤਕ ਕਰ ਦਿੱਤੇ ਜਾਣ ਦੀ ਆਸ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : ਨਵਾਂ ਸ਼ਹਿਰ ਸਬ ਡਵੀਜ਼ਨ ਦੀਆਂ ਕੁੱਲ 149 ਸੜਕਾਂ (495.77 ਕਿ.ਮੀ.) ਦੀ ਮੁਰੰਮਤ ਸਾਲ 1996-97 ਦੌਰਾਨ ਕੀਤੀ ਜਾਣੀ ਸੀ, ਜਿਨ੍ਹਾਂ ਵਿੱਚੋਂ 62 ਸੜਕਾਂ (236.15 ਕਿ.ਮੀ.) ਦੀ ਮੁਰੰਮਤ 30 ਨਵੰਬਰ, 1997 ਤੱਕ ਕੀਤੀ ਜਾ ਚੁੱਕੀ ਹੈ । ਬਾਕੀ ਦੀਆਂ ਸੜਕਾਂ ਦੀ ਮੁਰੰਮਤ ਜੁਲਾਈ, 1998 ਤੱਕ ਹੋਣ ਦੀ ਸੰਭਾਵਨਾ ਹੈ ।

ਸ਼੍ਰੀ ਚਰਨਜੀਤ ਸਿੰਘ ਨਵਾਂਸ਼ਹਿਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਚਾਰ ਮਹੀਨੇ ਦੇ ਵਕਫੇ ਵਿੱਚ ਹੀ ਬਰਸਾਤ ਅਤੇ ਹੋਰ ਹਾਲਾਤਾਂ ਕਾਰਨ 200 ਕਿਲੋ-ਮੀਟਰ ਦੀਆਂ ਲਿੰਕ ਸੜਕਾਂ ਖੁਰ ਗਈਆਂ ਹਨ ਜਾਂ ਕਈ ਥਾਵਾਂ ਤੋਂ ਟੁੱਟ ਗਇਆਂ ਹਨ। ਕੀ ਮੰਤਰੀ ਜੀ ਇਸ ਗੱਲ ਦੀ ਪੜਤਾਲ ਕਰਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਸੜਕ ਖੁਰੀ ਹੈ, ਇਹ ਇਨ੍ਹਾਂ ਦੇ ਸਮੇਂ (ਕਾਂਗਰਸ ਪਾਰਟੀ ਵੱਲ ਇਸ਼ਾਰਾ ਕਰਕੇ) ਦੀ ਭਾਵੇਂ ਹੋਵੇ, ਸਾਡੇ ਸਮੇਂ ਦੀ ਸੜਕ ਨਹੀਂ ਖੁਰ ਸਕਦੀ । ਬਾਕੀ ਰਹਿੰਦੀਆਂ ਸੜਕਾਂ ਵੀ ਅਗਲੇ ਸਾਲ ਵਿਚ ਬਣਾ ਦਿੱਤੀਆਂ ਜਾਣਗੀਆਂ ।

ਬਲਾਕ ਬੰਗਾ ਵਿਚ ਘੁਮਨਾ-ਮਾਹਲਿਆਨਾ ਸੜਕ ਦੀ ਮੁਰੰਮਤ

*673. **ਚੌਧਰੀ ਮੋਹਨ ਲਾਲ ਬਹਿਰਾਮ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਲਾਕ ਬੰਗਾ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਪੈਂਦੀ ਪਿੰਡ ਘੁਮਨਾ ਤੋਂ ਮਾਹਲਿਆਨਾ ਲਿੰਕ ਸੜਕ ਖਸਤਾ ਹਾਲਤ ਵਿਚ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਸੜਕ ਦੀ ਕਦੋਂ ਤਕ ਮੁਰੰਮਤ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : ਇਹ ਮੰਨਣ ਯੋਗ ਹੈ ਕਿ ਬਲਾਕ ਬੰਗਾ, ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਪੈਂਦੇ ਪਿੰਡ ਘੁਮਨਾਂ ਤੋਂ ਮਾਹਲਿਆਨਾ ਲਿੰਕ ਸੜਕ ਖਸਤਾ ਹਾਲਤ ਵਿੱਚ ਹੈ । ਫਰਵਰੀ, 1998 ਤੋਂ ਜੂਨ, 1998 ਤੱਕ ਸੜਕਾਂ ਦੀ ਮੁਰੰਮਤ ਦਾ ਅਗਲਾ ਪ੍ਰੋਗਰਾਮ ਅਜੇ ਬਣਨਾ ਹੈ । ਉਸ ਵਿੱਚ ਮੁਰੰਮਤ ਪੂਰੀ ਕੀਤੀ ਜਾਵੇਗੀ ।

ਚੌਧਰੀ ਮੋਹਨ ਲਾਲ ਬਹਿਰਾਮ : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਪਿੰਡ ਘੁਮਨਾ ਤੋਂ ਮਾਹਲਿਆਨਾ ਤੱਕ ਦੀ ਸੜਕ ਵਾਕਿਆ ਹੀ ਖਸਤਾ ਹਾਲਤ ਵਿੱਚ ਹੈ । ਜੇ ਸਰਕਾਰ ਮੰਨ ਰਹੀ ਹੈ ਕਿ ਇਹ ਸੜਕ ਖਸਤਾ ਹਾਲਤ ਵਿੱਚ ਹੈ ਅਤੇ ਬੜੀ ਮਹੱਤਵਪੂਰਨ ਸੜਕ ਹੈ ਤਾਂ ਇਸ ਨੂੰ ਜਲਦੀ ਤੋਂ ਜਲਦੀ ਪੱਕਾ ਕਰਨਾ ਚਾਹੀਦਾ ਹੈ । ਕੀ ਮੰਤਰੀ ਜੀ ਇਸ ਵਾਸਤੇ ਸਮਾਂ-ਬੱਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸੜਕ ਜੂਨ, 1998 ਵਿੱਚ ਪੱਕੀ ਕਰ ਦਿੱਤੀ ਜਾਵੇਗੀ।

ਮਿੱਟੀ ਦੇ ਤੇਲ ਦਾ ਕੋਟਾ

*681 . **ਸਰਦਾਰ ਅਜੀਤ ਇੰਦਰ ਸਿੰਘ :** ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਦਿਹਾਤੀ ਇਲਾਕਿਆਂ ਵਿਚ ਪ੍ਰਤੀ ਰਾਸ਼ਨ ਕਾਰਡ ਮਿੱਟੀ ਦੇ ਤੇਲ ਦਾ ਨਿਸ਼ਚਿਤ ਕੀਤਾ ਗਿਆ ਕੋਟਾ ਸ਼ਹਿਰੀ ਇਲਾਕਿਆਂ ਵਿਚ ਨਿਸ਼ਚਿਤ ਕੋਟੇ ਦੇ ਬਰਾਬਰ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

ਸ਼੍ਰੀ ਮਦਨ ਮੋਹਨ ਮਿੱਤਲ : ਨਹੀਂ, ਸ਼੍ਰੀ ਮਾਨ ਜੀ । ਪਿੰਡਾਂ ਲਈ ਘੱਟ ਕੋਟਾ ਨਿਰਧਾਰਿਤ ਕਰਨ ਦਾ ਕਾਰਨ ਹੈ ਕਿ ਪਿੰਡਾਂ ਵਿੱਚ ਤੇਲ ਤੋਂ ਇਲਾਵਾ ਹੋਰ ਬਾਲਣ ਦੇ ਸਾਧਨ ਉਪਲੱਬਧ ਹਨ । ਇਸ ਲਈ ਸ਼ਹਿਰੀ ਅਤੇ ਪੇਂਡੂ ਹਲਕਿਆਂ ਦੇ ਰਾਸ਼ਨ ਕਾਰਡ ਹੋਲਡਰਾਂ ਨੂੰ ਮਿੱਟੀ ਦੇ ਤੇਲ ਦੀ ਵੰਡ 60:40 ਦੇ ਅਨੁਪਾਤ ਵਿਚ ਕੀਤੀ ਜਾਂਦੀ ਹੈ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਿੰਡਾਂ ਦੇ ਲੋਕਾਂ ਨਾਲ ਡਿਸਕਰਿਮੀਨੇਸ਼ਨ ਕਿਉਂ ਕਰਦੇ ਹਨ ? ਜਦੋਂ ਇਹ ਪਲਾਨਿੰਗ ਬੋਰਡ ਦੇ ਚੇਅਰਮੈਨ ਸਨ ਤਾਂ ਵੀ ਇਹੀ ਹਾਲ ਸੀ ਕਿ ਪਿੰਡਾਂ ਦੇ ਲੋਕਾਂ ਨੂੰ ਗਰਾਂਟਾਂ ਘੱਟ ਦਿੱਤੀਆਂ ਜਾਂਦੀਆਂ ਸਨ ਅਤੇ ਹੁਣ ਮਿੱਟੀ ਦਾ ਤੇਲ ਵੀ ਘੱਟ ਦਿੱਤਾ ਜਾ ਰਿਹਾ ਹੈ ।

ਸ਼੍ਰੀ ਸਪੀਕਰ : ਤੁਸੀਂ ਕੁਐਸਚਨ ਕਰੋ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਇਹ ਡਿਸਕਰਿਮੀਨੇਸ਼ਨ ਹੈ । ਪਿੰਡਾਂ ਵਿੱਚ 5 ਲਿਟਰ ਤੇਲ ਦਿੱਤਾ ਜਾਂਦਾ ਹੈ ਜਦ ਕਿ ਸ਼ਹਿਰਾਂ ਵਿੱਚ 10 ਲਿਟਰ ਤੇਲ ਦਿੱਤਾ ਜਾਂਦਾ ਹੈ । ਇਸ ਬਾਰੇ ਮੰਤਰੀ ਜੀ ਨੂੰ ਕਲੈਰੀਫਾਈ ਕਰਨਾ ਚਾਹੀਦਾ ਹੈ ਕਿ ਇਹ ਬਰਾਬਰ ਵੰਡ ਕਿਉਂ ਨਹੀਂ ਕਰਦੇ ? ਪਿੰਡਾਂ ਵਿਚ ਗੈਸ ਦੀ ਸਪਲਾਈ ਵੀ ਨਹੀਂ ਹੁੰਦੀ । ਇਸ ਕਰਕੇ ਇਸ ਵੰਡ ਨੂੰ ਬਰਾਬਰ ਕੀਤਾ ਜਾਵੇ ।

ਸ਼੍ਰੀ ਸਪੀਕਰ : ਤੁਸੀਂ ਸਵਾਲ ਤਾਂ ਪੁੱਛਿਆ ਹੀ ਨਹੀਂ । ਬਾਕੀ ਕਲੈਰੀਫਿਕੇਸ਼ਨ ਉਨ੍ਹਾਂ ਨੇ ਪਹਿਲਾਂ ਹੀ ਦੇ ਦਿੱਤੀ ਹੈ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਜਿਹੜੀ 60:40 ਦੀ ਰੇਸ਼ੋ ਕਹਿ ਰਹੇ ਹਨ, ਇਹ ਅਸਲ ਵਿੱਚ 50:100 ਦੀ ਰੇਸ਼ੋ ਹੈ ... (ਵਿਘਨ)

ਮੰਤਰੀ : ਸਪੀਕਰ ਸਾਹਿਬ, ਇਹ ਪਾਲਿਸੀ ਸਾਡੇ ਤੋਂ ਪਹਿਲਾਂ ਨਿਰਧਾਰਿਤ ਹੈ । ਇਹ ਠੀਕ ਹੈ ਕਿ 60:40 ਦੀ ਰੇਸ਼ੋ ਬਣੀ ਹੋਈ ਹੈ । ਅਸਲ ਵਿੱਚ ਸਾਡੇ ਕੋਲ ਤੇਲ ਘੱਟ ਆਉਂਦਾ ਹੈ । ਜਿੰਨੀ ਲੋੜ ਹੁੰਦੀ ਹੈ, ਉਨਾ ਨਹੀਂ ਆਉਂਦਾ । ਜੇ ਤੇਲ ਵੱਧ ਉਪਲੱਬਧ ਹੋ ਜਾਵੇ ਤਾਂ ਅਸੀਂ ਉਸ ਤੇ ਵਿਚਾਰ ਕਰਾਂਗੇ । ਬਾਕੀ ਡਿਸਕਰਿਮੀਨੇਸ਼ਨ ਕੋਈ ਨਹੀਂ ਹੈ । ਜੇ ਕੋਟਾ ਵੱਧ ਹੋਵੇਗਾ ਤਾਂ ਅਸੀਂ ਵੱਧ ਦੇ ਸਕਦੇ ਹਾਂ ।

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਇਹ ਜਿਹੜਾ ਪਿੰਡਾਂ ਦੇ ਵਿੱਚ ਬਹਾਨਾ ਹੈ ਕਿ ਉਥੇ ਲੱਕੜੀ ਉਪਲੱਬਧ ਹੈ, ਸਾਡੇ ਕੰਢੀ ਏਰੀਏ ਵਿੱਚ ਧਾਰ ਬਲਾਕ ਵਿੱਚ ਲੱਕੜੀ ਵੱਢਣ ਤੇ ਮਨਾਹੀ ਹੈ । ਅਸੀਂ ਆਪਣੇ ਪਰਿਵਾਰ ਦੇ ਪ੍ਰਯੋਗ ਵਾਸਤੇ ਲੱਕੜੀ ਨਹੀਂ ਵੱਢ ਸਕਦੇ । ਫਿਰ ਜਦ ਲੱਕੜੀ ਨਹੀਂ ਵੱਢ ਸਕਦੇ ਤਾਂ ਤੇਲ ਦੀ ਬਰਕਤ ਸਾਡੇ ਤੱਕ ਕਿਉਂ ਨਹੀਂ ਪਹੁੰਚਦੀ ?

ਸ਼੍ਰੀ ਸਪੀਕਰ : ਕੋਈ ਕੁਐਸਚਨ ਵੀ ਕਰੋ ।

ਸ਼੍ਰੀ ਸੱਤਿਆ ਪਾਲ ਸੈਣੀ : ਮੈਂ ਪ੍ਰਾਰਥਨਾ ਕਰਦਾ ਹਾਂ ਔਰ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕੰਢੀ ਦੇ ਏਰੀਏ ਵਿੱਚ ਲੱਕੜੀ ਵੱਢਣ ਤੇ ਪ੍ਰਤੀਬੰਧ ਹੈ ਤਾਂ ਕੀ ਉਸ ਦੇ ਵਿੱਚ ਸ਼ਹਿਰਾਂ ਵਰਗੀ ਵਿਵਸਥਾ ਆ ਜਾਵੇਗੀ ਜਦੋਂ ਕਿ ਅਸੀਂ ਕੰਢੀ ਏਰੀਏ ਦੇ ਧਾਰ ਬਲਾਕ ਵਿੱਚ ਲੱਕੜੀ ਨਹੀਂ ਵੱਢ ਸਕਦੇ ?

ਮੰਤਰੀ : ਜਿਥੋਂ ਤੱਕ ਲੱਕੜੀ ਵੱਢਣ ਦਾ ਸਬੰਧ ਹੈ, ਉਸ ਦੇ ਬਾਰੇ ਜੰਗਲਾਤ ਵਜ਼ੀਰ ਹੀ ਦੱਸ ਸਕਦੇ ਹਨ । ਜਿਥੋਂ ਤੱਕ ਤੇਲ ਦੀ ਸਪਲਾਈ ਦਾ ਸਬੰਧ ਹੈ, ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਭਰੋਸਾ ਦਿੰਦਾ ਹਾਂ ਕਿ ਅਗਰ ਕੰਢੀ ਦੇ ਇਲਾਕੇ ਵਿੱਚ ਤੇਲ ਦੀ ਸਪਲਾਈ ਤੇ ਕੋਈ ਬੰਦਸ਼ ਹੈ, ਕਮੀ ਹੈ, I will look after that and will ensure that the supply is regularised.

ਸ਼੍ਰੀ ਸੱਤਿਆ ਪਾਲ ਸੈਣੀ : ਧੰਨਵਾਦ ਜੀ ।

श्रीमती लक्ष्मी कांता चावला : अध्यक्ष महोदय, मैं आप के माध्यम से मंत्री जी से यह पूछना चाहती हूं कि जब हम केंद्रीय सरकार से और चीजें मांगते हैं और अपने सूबे के लिए मांगनी भी चाहिए, वहां यह क्यों नहीं मांगते ? एक परिवार का 10 लिटर तेल से गुजारा नहीं होता । जिन घरों में कुछ भी नहीं है वहां 10 लिटर तेल में तो पानी भी गर्म नहीं कर

[**श्रीमती लक्ष्मी कांता चावला**]

सकते । यह 10 लिटर तेल से अपने घर में गुजारा करके दिखाएं । मेरा यह प्रश्न है कि क्या पंजाब सरकार केंद्रीय सरकार से तेल का कोटा बढ़ाने के लिए प्रयास करने का कोई निश्चित समय बताएगी कि इतने समय में कोटा बढ़ाया जाएगा ताकि लोग 5—10 लिटर के चक्कर. में तेल ब्लैक में ना खरीदें ।

ਮੰਤਰੀ : ਸਪੀਕਰ ਸਾਹਿਬ, ਇਸ ਦਾ ਜਵਾਬ ਮੈਂ ਦੱਸਦਾ ਹਾਂ ਕਿ 15 ਮਾਰਚ, ਤੱਕ ਵਾਜਪਾਈ ਸਾਹਿਬ ਨੂੰ ਪ੍ਰਧਾਨ ਮੰਤਰੀ ਬਣਾ ਕੇ ਤੇਲ ਦਾ ਕੋਟਾ ਵਧਾ ਦਿਆਂਗੇ ।

श्रीमती लक्ष्मी कांता चावला : बात तो है कि आज क्या होगा । हम सब बिजली से कमरे गर्म करते है........

ਸ੍ਰੀ ਸਪੀਕਰ : ਭੈਣ ਜੀ, ਉਨ੍ਹਾਂ ਨੇ ਦੱਸ ਦਿੱਤਾ ਹੈ । ਚੀਮਾ ਸਾਹਿਬ ।

ਸਰਦਾਰ ਬਚਨ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 1996 ਦੀਆਂ ਚੋਣਾਂ ਤੋਂ ਪਹਿਲਾਂ 60 ਗੱਡੀਆਂ ਦਾ ਖੰਡੇ ਦਾ ਕੋਟਾ ਲੁਧਿਆਣੇ ਚਲਾ ਗਿਆ ਸੀ । ਮੈਂ ਮੰਤਰੀ ਸਾਹਿਬ ਨੂੰ ਕਈ ਦਫਾ ਬੇਨਤੀ ਕੀਤੀ ਹੈ ਕਿ ਸਾਡਾ ਖੰਡੇ ਦਾ 60 ਗੱਡੀਆਂ ਦਾ ਕੋਟਾ ਵਾਪਸ ਕਰਵਾਇਆ ਜਾਵੇ ।

ਸ੍ਰੀ ਸਪੀਕਰ : ਚੀਮਾ ਸਾਹਿਬ, ਇਹ ਗੱਲ ਨਹੀਂ ਬਣੀ ।

ਸਰਦਾਰ ਹੀਰਾ ਸਿੰਘ ਗਾਬੜੀਆ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ.....

ਸ੍ਰੀ ਸਪੀਕਰ : ਸ਼ਹਿਰਾਂ ਵਿੱਚ ਤਾਂ ਅੱਗੇ ਕੋਟਾ ਜ਼ਿਆਦਾ ਹੈ ।

ਸਰਦਾਰ ਹੀਰਾ ਸਿੰਘ ਗਾਬੜੀਆ : ਸ਼ਹਿਰਾਂ ਤੇ ਪਿੰਡਾਂ ਦਾ ਫਰਕ ਤਾਂ ਹੈ ਹੀ ਲੇਕਿਨ ਪਿੰਡਾਂ ਪਿੰਡਾਂ ਵਿੱਚ ਵੀ ਫਰਕ ਹੈ । ਪੁਰਾਣੇ ਮੰਤਰੀ ਸਾਹਿਬ ਜਿੱਤ ਕੇ ਨਹੀਂ ਆਏ, ਨਹੀਂ ਤਾਂ ਉਨ੍ਹਾਂ ਨੂੰ ਪੁੱਛ ਲੈਂਦੇ ਲੇਕਿਨ ਕਿਸੇ ਜਗ੍ਹਾ ਤੇਲ ਦਾ ਕੋਟਾ 12 ਲਿਟਰ ਹੈ, ਕਿਸੇ ਜਗ੍ਹਾ 5 ਲਿਟਰ ਹੈ । ਪਿੰਡਾਂ ਵਿੱਚ ਤਾਂ ਇਹ ਬਰਾਬਰ ਕੀਤਾ ਜਾਵੇ ।

ਸ੍ਰੀ ਸਪੀਕਰ : ਤੁਸੀਂ ਇਹ ਗੱਲ ਲਿਖ ਕੇ ਦੇ ਦਿਉ, ਇਹ ਸਪੈਸ਼ਲ ਕੇਸ ਹੈ ।

ਪੰਜਾਬ ਸਕੂਲ ਸਿਖਿਆ ਬੋਰਡ ਅਤੇ ਪੰਜਾਬ ਮੰਡੀ ਬੋਰਡ ਦੀ ਰੈਜ਼ੀਡੈਂਟ ਆਡਿਟ ਸਕੀਮ ਵਿਚ ਅਮਲੇ ਦੀ ਗਿਣਤੀ

*619. **ਸ਼੍ਰੀ ਹਰਮਿੰਦਰ ਸਿੰਘ ਜੱਸੀ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸਕੂਲ ਸਿਖਿਆ ਬੋਰਡ ਅਤੇ ਪੰਜਾਬ ਮੰਡੀ ਬੋਰਡ ਦੀ 'ਰੈਜ਼ੀਡੈਂਟ' ਆਡਿਟ ਸਕੀਮ' ਵਿਚ ਲੋਕਲ ਆਡਿਟ ਵਿਭਾਗ ਦੀਆਂ ਮਨਜ਼ੂਰ-ਸ਼ੁਦਾ ਆਸਾਮੀਆਂ ਦੀ ਸ਼੍ਰੇਣੀ-ਵਾਰ ਗਿਣਤੀ ਅਤੇ ਵੇਰਵੇ ਕੀ ਹਨ ਅਤੇ ਉਕਤ ਸਕੀਮ ਵਿਚ ਉਕਤ ਅਮਲੇ ਦੀ ਇਸ ਸਮੇਂ ਸ਼੍ਰੇਣੀ-ਵਾਰ ਗਿਣਤੀ ਕਿੰਨੀ-ਕਿੰਨੀ ਹੈ ?

ਕੈਪਟਨ ਕੰਵਲਜੀਤ ਸਿੰਘ : ਲੋੜੀਂਦੀ ਸੂਚਨਾ ਹੇਠ ਲਿਖੇ ਅਨੁਸਾਰ ਹੈ :--

1. ਪੰਜਾਬ ਸਕੂਲ ਸਿਖਿਆ ਬੋਰਡ, ਮੋਹਾਲੀ ਦੀ ਰੈਜ਼ੀਡੈਂਟ ਆਡਿਟ ਸਕੀਮ:-

ਲੜੀ ਨੰ:	ਆਸਾਮੀਆਂ ਦਾ ਵੇਰਵਾ	ਮੰਜ਼ੂਰ ਸ਼ੁਦਾ ਆਸਾਮੀਆਂ	ਮੌਜੂਦਾ ਗਿਣਤੀ
1	ਡਿਪਟੀ ਕੰਟਰੋਲਰ	1	1
2	ਸੈਕਸ਼ਨ ਅਫਸਰ	2	1
3	ਜੂਨੀਅਰ ਆਡੀਟਰ	14	16 ਦੋ ਜੂਨੀਅਰ ਆਡੀਟਰ ਲੀਵ ਰਿਜ਼ਰਵ ਆਸਾਮੀਆਂ ਵਿਰੁੱਧ ਕੰਮ ਕਰ ਰਹੇ ਹਨ ।
4	ਸਟੈਨੋ-ਟਾਈਪਿਸਟ	1	1
5	ਕਲਰਕ	2	1
6	ਸੇਵਾਦਾਰ	3	3
2.	**ਰੈਜ਼ੀਡੈਂਟ ਆਡਿਟ ਸਕੀਮ, ਪੰਜਾਬ ਮੰਡੀ ਬੋਰਡ**		
1	ਡਿਪਟੀ ਕੰਟਰੋਲਰ	1	1
2	ਸਹਾਇਕ ਕੰਟਰੋਲਰ	1	2 ਇੱਕ ਵਾਧੂ ਸਹਾਇਕ ਕੰਟਰੋਲਰ ਬਕਾਏ ਕੰਮ ਨੂੰ ਨਜਿੱਠਣ ਲਈ ਤੈਨਾਤ ਕੀਤਾ ਗਿਆ ਹੈ ।

[ਵਿੱਤ ਮੰਤਰੀ]

ਲੜੀ ਨੰ:	ਆਸਾਮੀਆਂ ਦਾ ਵੇਰਵਾ	ਮੰਜ਼ੂਰ ਸ਼ੁਦਾ ਆਸਾਮੀਆਂ	ਮੌਜੂਦਾ ਗਿਣਤੀ
3	ਸੈਕਸ਼ਨ ਅਫਸਰ	2	2
4	ਜੂਨੀਅਰ ਆਡੀਟਰ	12	12
5	ਸਟੈਨੋ-ਟਾਈਪੀਸਟ	1	1
6	ਕਲਰਕ	1	1
7	ਸੇਵਾਦਾਰ	3	3

ਸ਼੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਬੰਧਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹੈ ਕਿ ਜੂਨੀਅਰ ਆਡੀਟਰਾਂ ਦੀਆਂ ਮਨਜ਼ੂਰਸ਼ੁਦਾ ਪੋਸਟਾਂ 14 ਸਨ ਅਤੇ ਇਨ੍ਹਾਂ ਨੇ 16 ਰੱਖੀਆਂ ਹਨ । ਇਨ੍ਹਾਂ ਦੋਨਾਂ ਨੂੰ ਇਹ ਤਨਖਾਹ ਕਿਥੋਂ ਦਿੰਦੇ ਰਹੇ ? ਇਸੇ ਤਰ੍ਹਾਂ ਸਪੀਕਰ ਸਾਹਿਬ, ਸਹਾਇਕ ਕੰਟਰੋਲਰ ਦੀ ਮਨਜ਼ੂਰਸ਼ੁਦਾ ਆਸਾਮੀ ਇੱਕ ਹੈ ਅਤੇ ਇਨ੍ਹਾਂ ਨੇ ਦੋ ਰੱਖੀਆਂ ਹਨ । ਇਸ ਨੂੰ ਇਹ ਪੇ ਕਿਥੋਂ ਦਿੰਦੇ ਰਹੇ ? ਮੈਂ ਇਸ ਬਾਰੇ ਪੁੱਛਣਾ ਚਾਹੁੰਦਾ ਹਾਂ ।

ਮੰਤਰੀ : ਸਪੀਕਰ ਸਾਹਿਬ, ਸਰਕਾਰ ਆਪਣਾ ਵਾਧੂ ਕੰਮ ਨਜਿੱਠਣ ਲਈ ਕਈ ਵਾਰ ਇੰਟਰਨਲ ਅਰੇਂਜਮੈਂਟ ਕਰ ਲੈਂਦੀ ਹੈ । ਜੋ ਇਨ੍ਹਾਂ ਨੇ ਪੁੱਛਿਆ ਹੈ ਕਿ 1 ਸਹਾਇਕ ਕੰਟਰੋਲਰ ਦੀ ਆਸਾਮੀ ਹੈ ਤੇ ਲਗਾਏ ਦੋ ਹਨ, ਇਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ 15 ਪੋਸਟਾਂ ਮੰਡੀ ਬੋਰਡ ਵਿਚ ਹਨ, 14 ਪੋਸਟਾਂ ਮਾਰਕੀਟ ਕਮੇਟੀ ਵਿੱਚ ਹਨ ਅਤੇ 1 ਪੋਸਟ ਪੰਜਾਬ ਮੰਡੀ ਬੋਰਡ ਚੰਡੀਗੜ੍ਹ ਵਿੱਚ ਹੈ । ਜਿਹੜਾ ਐਡੀਸ਼ਨਲ ਕੰਟਰੋਲਰ ਅਸੀਂ ਨਿਯੁਕਤ ਕੀਤਾ ਹੈ ਉਹ ਮਾਰਕੀਟ ਕਮੇਟੀ ਫਿਰੋਜ਼ਪੁਰ ਦੇ ਅਗੇਂਸਟ ਕੀਤਾ ਹੈ ਤੇ ਉਸ ਮਾਰਕੀਟ ਕਮੇਟੀ ਦਾ ਜੋ ਕੰਮ ਹੈ, ਉਹ ਸਹਾਇਕ ਕੰਟਰੋਲਰ ਫਿਰੋਜ਼ਪੁਰ ਕਰ ਰਿਹਾ ਹੈ ।

ਸ਼੍ਰੀ ਹਰਮਿੰਦਰ ਸਿੰਘ ਜੱਸੀ : ਜਿਹੜਾ ਦੂਜਾ ਸਹਾਇਕ ਕੰਟਰੋਲਰ ਰੱਖਿਆ ਸੀ ਉਹ ਇਸ ਵੇਲੇ ਕੰਮ ਕਰ ਰਿਹਾ ਹੈ ਜਾਂ ਨਹੀਂ ?

ਸ਼੍ਰੀ ਸਪੀਕਰ : ਤੁਸੀਂ ਹੁਣ ਦੀ ਸਥਿਤੀ ਬਾਰੇ ਪੁੱਛਦੇ ਹੋ ?

ਸ਼੍ਰੀ ਹਰਮਿੰਦਰ ਸਿੰਘ ਜੱਸੀ : ਹਾਂ ਜੀ, ਸਪੀਕਰ ਸਾਹਿਬ, ਉਸ ਨੂੰ ਰਿਪਲਾਈ ਆਉਣ ਤੋਂ ਪਹਿਲਾਂ 8 ਤਰੀਕ ਨੂੰ ਹਟਾ ਦਿੱਤਾ ਗਿਆ ਹੈ, ਜਿਸ ਦਾ ਮੰਤਰੀ ਸਾਹਿਬ ਨੂੰ ਪਤਾ ਨਹੀਂ ਹੈ ।

ਸ਼੍ਰੀ ਸਪੀਕਰ : ਤੁਸੀਂ ਇਸ ਬਾਰੇ ਸੈਪਰੇਟ ਲਿਖ ਕੇ ਦੇ ਦਿਉ ।

ਸ਼੍ਰੀ ਹਰਮਿੰਦਰ ਸਿੰਘ ਜੱਸੀ : ਠੀਕ ਹੈ ਜੀ, ਧੰਨਵਾਦ ।

ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 676 ਅਤੇ 665

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ ।)

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 672*

ਸ਼੍ਰੀ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ ।

ਹਰਮੇਲ ਸਿੰਘ ਟੌਹੜਾ

ਅ.ਸ.ਪੱ.ਨੰ: 14/65/97-1ਇਸ3/5827
ਮੰਤਰੀ,
ਲੋਕ ਨਿਰਮਾਣ (ਭ ਤੇ ਸ) ਵਿਭਾਗ, ਪੰਜਾਬ।
ਮਿਤੀ: ਚੰਡੀਗੜ੍ਹ: 22 ਦਸੰਬਰ, 1997

ਵਿਸ਼ਾ : ਤਾਰਾ ਅੰਕਿਤ ਸਵਾਲ ਨੰ: 672, ਬਾਬਤ ਪਿੰਡ ਦੋਸਾਂਝ ਕਲਾਂ ਤੋਂ ਪਿੰਡ ਸਰਹਾਲਾ ਰਾਣਵਾਂ ਸੜਕ ਤੇ ਰੋੜੀ ਪਾਉਣ ਬਾਰੇ ।

ਸਤਿਕਾਰਯੋਗ ਸਪੀਕਰ ਸਾਹਿਬ,

ਕਿਰਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨੀ ।

---

* For Starred Question No. 672 and reply thereto, please see Appendix to this Debate.

2. ਵਿਧਾਨ ਸਭਾ ਦੇ ਉਪਰ ਦਰਜ ਸਵਾਲ ਦਾ ਲੋੜੀਂਦਾ ਉਤਰ ਤਿਆਰ ਕਰਨ ਲਈ ਲੋਕ ਨਿਰਮਾਣ ਵਿਭਾਗ ਨੂੰ ਆਪਣੇ ਖੇਤਰੀ ਦਫਤਰ ਤੋਂ ਸਥਿਤੀ ਕੰਨਫਰਮ ਕਰਨੀ ਹੈ ਜਿਸ ਲਈ ਮਿਲਿਆ ਸਮਾਂ ਕਾਫੀ ਘੱਟ ਹੈ ਕਿਉਂਕਿ ਇਹ ਸਵਾਲ ਮਹਿਕਮਾ ਖੇਤੀਬਾੜੀ ਵਲੋਂ ਸਾਨੂੰ ਮਿਤੀ 20 ਦਸੰਬਰ, 1997 ਨੂੰ ਹੀ ਪ੍ਰਾਪਤ ਹੋਇਆ ਹੈ। ਇਸ ਲਈ ਮੈਂ ਆਪ ਜੀ ਨੂੰ ਇਹ ਬੇਨਤੀ ਕਰਨੀ ਚਾਹਾਂਗਾ ਕਿ ਇਹ ਸਵਾਲ ਵਿਧਾਨ ਸਭਾ ਦੇ ਅਗਲੇ ਸੈਸ਼ਨ ਤੱਕ ਪੋਸਟਪੋਨ ਕਰ ਦਿੱਤਾ ਜਾਵੇ।

ਆਦਰ ਸਹਿਤ,

ਹਿਤੂ,

ਸਹੀ/-

(ਹਰਮੇਲ ਸਿੰਘ ਟੌਹੜਾ)

ਸਰਦਾਰ ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ, ਚੰਡੀਗੜ੍ਹ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਇਹ ਸਵਾਲ ਬੜਾ ਜ਼ਰੂਰੀ ਹੈ ਅਤੇ ਕੀ ਇਸ ਦਾ ਜਵਾਬ ਆ ਜਾਵੇਗਾ ਕਿ ਨਹੀ ?

ਸ਼੍ਰੀ ਸਪੀਕਰ : ਆ ਜਾਵੇਗਾ।

ਬਿਆਸ ਦਰਿਆ ਤੇ ਪੁੱਲ ਬਣਾਉਣਾ

*677. **ਸ਼੍ਰੀ ਅਰੁਨੇਸ਼ ਕੁਮਾਰ :** ਕੀ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਸਾਲ 1997-98 ਦੇ ਦੌਰਾਨ ਮੁਕੇਰੀਆਂ-ਗੁਰਦਾਸਪੁਰ ਸੜਕ ਤੇ ਨੌਸ਼ਹਿਰਾ ਪੱਤਣ ਵਿਖੇ ਬਿਆਸ ਦਰਿਆ ਤੇ ਪੱਕਾ ਪੁਲ ਬਣਾਉਣ ਦਾ ਵਿਚਾਰ ਹੈ ?

ਸਰਦਾਰ ਹਰਮੇਲ ਸਿੰਘ : ਹਾਂ ਜੀ, ਬਸ਼ਰਤੇ ਕਿ ਫੰਡਜ਼ ਉਪਲੱਬਧ ਹੋਣ।

ਸ਼੍ਰੀ ਅਰੁਨੇਸ਼ ਕੁਮਾਰ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਲਈ ਫੰਡਜ਼ ਕਦੋਂ ਤੱਕ ਉਪਲੱਬਧ ਹੋ ਜਾਣਗੇ ?

ਮੰਤਰੀ : ਫੰਡਾਂ ਦੀ ਘਾਟ ਕਰਕੇ ਇਸ ਨੂੰ ਸਟੇਟ ਪਲੈਨ ਵਿਚ ਨਹੀਂ ਪਾ ਸਕਦੇ । ਇਸ ਪੁੱਲ ਦੇ ਲਈ ਕੇਂਦਰ ਦੀ ਸਰਕਾਰ ਤੋਂ ਪੈਸੇ ਮੰਗੇ ਸਨ ਅਤੇ ਇੱਕ ਕਰੋੜ ਰੁਪਿਆ ਮਿਲਿਆ ਸੀ । ਇਹ ਫੰਡ ਸਰਵੇਇੰਗ, ਸੋਇਲ ਇੰਨਵੈਸਟੀਗੇਸ਼ਨ, ਡਿਜ਼ਾਇਨਿੰਗ, ਪਲੈਨਿੰਗ ਅਤੇ ਤਖ਼ਮੀਨੇ ਬਣਾਉਣ ਲਈ ਵਰਤੇ ਜਾ ਰਹੇ ਹਨ । ਇਸ ਪੁੱਲ ਤੇ ਅਨੁਮਾਨਤ ਲਾਗਤ 35 ਕਰੋੜ ਰੁਪਿਆ ਹੈ ਅਤੇ ਮੌਜੂਦਾ ਸੜਕ ਨੂੰ ਸੁਧਾਰਨ ਲਈ ਅਨੁਮਾਨਤ ਲਾਗਤ 10 ਕਰੋੜ ਰੁਪਏ ਹੈ । ਇਸ ਸਬੰਧ ਵਿੱਚ ਆਖਰੀ ਪੱਤਰ ਮਿਤੀ 22 ਅਕਤੂਬਰ, 1997 ਨੂੰ ਮਾਨਯੋਗ ਮੁੱਖ ਮੰਤਰੀ ਜੀ ਵਲੋਂ ਲਿਖਿਆ ਗਿਆ ਹੈ ਜਿਸ ਦਾ ਕਿ ਹਾਲੇ ਤੱਕ ਕੋਈ ਜਵਾਬ ਨਹੀਂ ਆਇਆ । ਅਗਲੇ ਸਾਲ ਤੱਕ ਫੰਡਜ਼ ਮਿਲਣ ਤੇ ਅਸੀਂ ਇਸ ਤੇ ਕੰਮ ਸ਼ੁਰੂ ਕਰਵਾਵਾਂਗੇ ।

ਸ਼੍ਰੀ ਅਰੁਨੇਸ਼ ਕੁਮਾਰ : ਧੰਨਵਾਦ ਜੀ ।

ਜ਼ਿਲ੍ਹਾ ਭਲਾਈ ਅਫ਼ਸਰਾਂ ਦੀ ਖਾਲੀ ਆਸਾਮੀਆਂ

***666. ਸ਼੍ਰੀਮਤੀ ਰੂਪ ਰਾਣੀ** : ਕੀ ਸਮਾਜਕ ਸੁਰੱਖਿਆ ਅਤੇ ਇਸਤਰੀਆਂ ਅਤੇ ਬੱਚਿਆਂ ਦੇ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਇਸ ਵੇਲੇ ਜ਼ਿਲ੍ਹਾ ਭਲਾਈ ਅਫ਼ਸਰਾਂ ਦੀਆਂ ਕੁੱਲ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਦੇ ਕਦੋਂ ਤੱਕ ਪੂਰੇ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸਰਵਣ ਸਿੰਘ ਫਿਲੌਰ : ਰਾਜ ਵਿਚ ਜ਼ਿਲ੍ਹਾ ਭਲਾਈ ਅਫ਼ਸਰਾਂ ਦੀਆਂ ਮਨਜ਼ੂਰ ਸ਼ੁਦਾ 14 ਆਸਾਮੀਆਂ ਹਨ । ਤਿੰਨ ਆਸਾਮੀਆਂ ਖਾਲੀ ਹਨ ਅਤੇ ਦੋ ਜ਼ਿਲ੍ਹਾ ਭਲਾਈ ਅਫ਼ਸਰ ਮੁਅੱਤਲੀ ਅਧੀਨ ਹਨ । ਖਾਲੀ ਆਸਾਮੀਆਂ ਜਲਦੀ ਹੀ ਭਰ ਲਈਆਂ ਜਾਣਗੀਆਂ ।

ਸ਼੍ਰੀਮਤੀ ਰੂਪ ਰਾਣੀ : ਸਪਲੀਮੈਂਟਰੀ ਸਰ । ਇਹ ਆਸਾਮੀਆਂ ਕਦੋਂ ਤੱਕ ਖਾਲੀ ਰਹਿਣਗੀਆਂ ਅਤੇ ਕੀ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਭਰ ਦਿੱਤਾ ਜਾਵੇਗਾ ?

ਮੰਤਰੀ : ਸਰ, ਇਹ ਜਲਦੀ ਤੋਂ ਜਲਦੀ ਭਰ ਦਿੱਤੀਆਂ ਜਾਣਗੀਆਂ ।

श्रीमती लक्ष्मी कांता चावला : मंत्री जी बता रहे हैं कि इन खाली आसामियों को जल्दी से जल्दी भर दिया जाएगा । मगर यह जो सरकारी जल्दी होती है यह कुछ समय की नहीं होती । सरदार गुरदेव सिंह बादल जी अमृतसर गए थे । इन्होंने वहां कहा था कि बस स्टैंड 6 दिन में तैयार

[श्रीमती लक्ष्मी कांता चावला]

हो जाएगा लेकिन 6 महीने बीत गए हैं और वह अभी तक तैयार नहीं हुआ । अब ये बता दें कि इन खाली आसामियों को कितनी जल्दी भरा जाएगा ?

ਮੰਤਰੀ : ਸਪੀਕਰ ਸਾਹਿਬ, 3 ਜ਼ਿਲ੍ਹਾ ਭਲਾਈ ਅਫਸਰ ਜਿਨ੍ਹਾਂ ਦੇ ਨਾਮ ਸਰਦਾਰ ਰਣਧੀਰ ਸਿੰਘ, ਮਿਤੀ 31 ਦਸੰਬਰ, 1996 ਨੂੰ ਸ਼੍ਰੀ ਚਰਨ ਦਾਸ ਮਿਤੀ 31 ਜੁਲਾਈ, 1997 ਨੂੰ ਅਤੇ ਸ਼੍ਰੀ ਹਜ਼ੂਰਾ ਸਿੰਘ, ਮਿਤੀ 30 ਨਵੰਬਰ, 1997 ਨੂੰ ਰਿਟਾਇਰ ਹੋਏ ਸਨ । ਇਸ ਤੋਂ ਇਲਾਵਾ ਜੋ ਸਸਪੈਂਡ ਕੀਤੇ ਗਏ ਹਨ, ਉਨ੍ਹਾਂ ਵਿਚੋਂ ਇਕ ਮਿਤੀ 6 ਜੂਨ, 1997 ਨੂੰ ਅਤੇ ਇੱਕ ਮਿਤੀ 29 ਫਰਵਰੀ, 1997 ਨੂੰ ਸਸਪੈਂਡ ਹੋਇਆ ਸੀ ।

श्रीमती लक्ष्मी कांता चावला : मैंने आसामियां भरने के बारे में पूछा है कि कब तक भरी जाएंगी । मुझे समय के बारे में बताइये । मुख्यमंत्री जी ने कहा था कि 30 दिन में सभी सीटें भर दी जाएंगी मगर वो 30 दिन अभी तक नहीं आए । सरदार गुरदेव सिंह बादल जी के 6 महीने बीत गए मगर 6 दिन नहीं आये ।

ਖੇਤੀਬਾੜੀ ਮੰਤਰੀ (ਬੈਠੇ ਬੈਠੇ) : ਮੈਂ ਖੇਤੀਬਾੜੀ ਕਰਦਾ ਹਾਂ, ਬੱਸ ਨਹੀਂ ਚਲਾਉਂਦਾ । (ਹਾਸਾ)

Mr. Speaker : Next Question.

ਡਾਕਟਰੀ ਸਿੱਖਿਆ ਅਤੇ ਖੋਜ ਵਿਭਾਗ ਦੁਆਰਾ ਇਸ਼ਤਿਹਾਰਾਂ ਤੇ ਖ਼ਰਚ

*648. ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) 13 ਫਰਵਰੀ, 1997 ਤੋਂ ਹੁਣ ਤੱਕ ਦੇ ਸਮੇਂ ਦੌਰਾਨ ਡਾਕਟਰੀ ਸਿੱਖਿਆ ਅਤੇ ਖੋਜ ਵਿਭਾਗ ਨੇ ਵਿਭਾਗੀ ਇਸ਼ਤਿਹਾਰਾਂ ਤੇ ਕੁੱਲ ਕਿੰਨਾ ਖਰਚ ਕੀਤਾ ਅਤੇ ਉਨ੍ਹਾਂ ਅਫ਼ਸਰਾਂ ਅਤੇ ਮੰਤਰੀਆਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਦੀਆਂ ਫੋਟੋਆਂ ਅਜਿਹੇ ਇਸ਼ਤਿਹਾਰਾਂ ਵਿੱਚ ਛਪਵਾਈਆਂ ਗਈਆਂ ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਇਸ਼ਤਿਹਾਰਾਂ ਵਿੱਚ ਕਿਸੇ ਅਜਿਹੇ ਵਿਅਕਤੀਆਂ ਦੀਆਂ ਫੋਟੋਆਂ ਵੀ ਪ੍ਰਕਾਸ਼ਿਤ ਕਰਵਾਈਆਂ ਗਈਆਂ

ਜਿਹੜੇ ਨਾ ਤਾਂ ਮੰਤਰੀ ਸਨ ਨਾ ਵਿਧਾਨਕਾਰ ਅਤੇ ਨਾ ਹੀ ਐਮ.ਪੀਜ਼ ਸਨ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ ਅਤੇ ਅਜਿਹੇ ਵਿਅੱਕਤੀਆਂ ਦੇ ਨਾਂ ਕੀ-ਕੀ ਹਨ ?

ਸ਼੍ਰੀ ਮਦਨ ਮੋਹਨ ਮਿੱਤਲ (ਖੁਰਾਕ ਅਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ) : (ੳ) ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਵੱਲੋਂ ਅਖਬਾਰਾਂ ਵਿੱਚ ਇਸ਼ਤਿਹਾਰਾਂ ਤੇ 13 ਫਰਵਰੀ, 1997 ਤੋਂ ਹੁਣ ਤੱਕ ਹੇਠ ਲਿਖੇ ਅਨੁਸਾਰ ਖਰਚਾ ਕੀਤਾ ਗਿਆ ਹੈ :--

(1)	ਇਸ਼ਤਿਹਾਰਾਂ ਸਬੰਧੀ ਬਿੱਲਾਂ ਦੀ ਰਕਮ ਜਿਹਨਾਂ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਪਰ ਇਨ੍ਹਾਂ ਵਿੱਚ ਪ੍ਰਮੁੱਖ ਵਿਅੱਕਤੀਆਂ ਦੀਆਂ ਫੋਟੋਆਂ ਛੱਪੀਆਂ ਹਨ ।	ਰੁਪਏ 2,46,476.00
(2)	ਇਸ਼ਤਿਹਾਰਾਂ ਸਬੰਧੀ ਬਿੱਲ ਜੋ ਕਾਰਵਾਈ ਅਧੀਨ ਹਨ, ਜਿਹਨਾਂ ਵਿੱਚ ਪ੍ਰਮੁੱਖ ਵਿਅੱਕਤੀਆਂ ਦੀਆਂ ਫੋਟੋਆਂ ਨਹੀਂ ਛੱਪੀਆਂ ਹਨ ।	ਰੁਪਏ 1,91,339.00
(3)	ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫਰੀਦਕੋਟ ਦੀ ਸਥਾਪਨਾ ਸਬੰਧੀ ਇਸ਼ਤਿਹਾਰਾਂ ਦੇ ਬਿੱਲ, ਜੋ ਕਾਰਵਾਈ ਅਧੀਨ ਹਨ, ਜਿਨ੍ਹਾਂ ਵਿਚ ਨਿਮਨ-ਲਿਖਤ ਮੰਤਰੀਆਂ ਅਤੇ ਹੋਰ ਸ਼ਖਸੀਅਤਾਂ ਦੀਆਂ ਫੋਟੋਆਂ ਛਪਵਾਈਆਂ ਗਈਆਂ ਹਨ :--	ਰੁਪਏ 3,51,384.00

1. ਮਾਨਯੋਗ ਮੁੱਖ ਮੰਤਰੀ, ਪੰਜਾਬ	ਸ: ਪ੍ਰਕਾਸ਼ ਸਿੰਘ ਬਾਦਲ
2. ਮੰਤਰੀ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ	ਸ਼੍ਰੀ ਮਹੇਸ਼ ਇੰਦਰ ਸਿੰਘ ਗਰੇਵਾਲ

[ਖੁਰਾਕ ਅਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ]

3. ਖੇਤੀਬਾੜੀ ਮੰਤਰੀ, ਪੰਜਾਬ	ਸ਼੍ਰੀ ਗੁਰਦੇਵ ਸਿੰਘ ਬਾਦਲ
4. ਲੋਕ ਸਭਾ ਮੈਂਬਰ, ਹਲਕਾ ਫਰੀਦਕੋਟ, ਪੰਜਾਬ	ਸ: ਸੁਖਬੀਰ ਸਿੰਘ ਬਾਦਲ
5. ਪ੍ਰਧਾਨ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ	ਸ: ਗੁਰਚਰਨ ਸਿੰਘ ਟੌਹੜਾ

ਬਿਲਾਂ ਦਾ ਕੁੱਲ ਜੋੜ = ਰੁਪਏ 7,89,199.00

(ਅ) ਪੈਰ੍ਹਾ (ੳ) ਦੇ ਭਾਗ (3) ਵਿੱਚ ਦਰਜ ਕੀਤੇ ਇਸ਼ਤਿਹਾਰ ਵਿੱਚ ਸਰਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੀ ਫੋਟੋ ਪ੍ਰਕਾਸ਼ਿਤ ਕਰਵਾਈ ਗਈ ਹੈ । ਜਥੇਦਾਰ ਗੁਰਚਰਨ ਸਿੰਘ ਟੌਹੜਾ ਪੰਜਾਬ ਦੀ ਇਕ ਉਘੀ ਸ਼ਖਸੀਅਤ ਹੈ ਅਤੇ ਉਹ ਤਿੰਨ ਵਾਰ ਸੰਸਦ ਦੇ ਮੈਂਬਰ ਵੀ ਰਹਿ ਚੁੱਕੇ ਹਨ । ਇਸ ਲਈ ਉਹਨਾਂ ਦੀ ਫੋਟੋ ਅਖਬਾਰ ਵਿੱਚ ਛਪਵਾਉਣਾ ਬਿਲਕੁਲ ਉਚਿਤ ਹੈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਲਮੈਂਟਰੀ, ਸਰ ਪਹਿਲਾਂ ਤਾਂ, ਸਪੀਕਰ ਸਾਹਿਬ, ਇਹ ਉੱਤਰ ਹੋਰ ਮੰਤਰੀ ਜੀ ਦਾ ਸੀ ਪਰ ਪੜ੍ਹਿਆ ਦੂਜੇ ਮੰਤਰੀ ਜੀ ਨੇ ਹੈ । ਕੀ ਮੰਤਰੀ ਸਾਹਿਬ ਨੂੰ ਉੱਤਰ ਪੜ੍ਹਨ ਦੀ ਟਰੇਨਿੰਗ ਨਹੀਂ ਦਿੱਤੀ ਗਈ ? ਮੇਰਾ ਪ੍ਰਸ਼ਨ ਸੀ ਕਿ ਵਿਗਿਆਪਨਾਂ ਤੇ ਇੰਨਾ ਖਰਚਾ ਕੀਤਾ ਗਿਆ । ਅਗਰ ਕਿਸੇ ਆਮ ਵਿਅਕਤੀ ਨੇ ਹਸਪਤਾਲ ਵਿੱਚ ਜਾ ਕੇ ਐਕਸਰੇ ਕਰਵਾਉਣਾ ਹੋਵੇ ਤਾਂ ਉਸ ਨੂੰ ਕਿਹਾ ਜਾਂਦਾ ਹੈ ਕਿ ਫਿਲਮ ਨਹੀਂ ਹੈ । ਪਰ ਆਪ ਇਨ੍ਹਾਂ ਨੇ ਫੋਟੋਆਂ ਖਿਚਵਾਉਣ ਉਪਰ, ਆਪਣੀ ਪ੍ਰਸਿੱਧੀ ਵਾਸਤੇ 8 ਲੱਖ ਰੁਪਿਆ ਲਗਾ ਦਿੱਤਾ । ਮੇਰਾ ਪ੍ਰਸ਼ਨ ਇਹ ਹੈ ਕਿ ਹੁਣੇ ਸਰਦਾਰ ਗੁਰਦੇਵ ਸਿੰਘ ਬਾਦਲ ਜੀ ਨੇ ਕਿਹਾ ਹੈ ਕਿ ਮੈਂ ਖੇਤੀਬਾੜੀ ਕਰਦਾ ਹਾਂ, ਬੱਸ ਨਹੀਂ ਚਲਾਉਂਦਾ, ਫਿਰ ਇਥੇ ਟੌਹੜਾ ਸਾਹਿਬ ਦੀ ਫੋਟੋ ਕਿਸ ਤਰ੍ਹਾਂ ਸਰਕਾਰੀ ਵਿਗਿਆਪਨਾਂ ਦੇ ਵਿਚ ਲੱਗੀ ਹੋਈ ਹੈ ?

ਸ਼੍ਰੀ ਸਪੀਕਰ : ਕਾਂਤਾ ਜੀ, ਤੁਸੀਂ ਪ੍ਰਸ਼ਨ ਕਰੋ । ਤੁਸੀਂ ਕੁਐਸਚਨ ਉਤੇ ਸਪਲੀਮੈਂਟਰੀ ਕਰੋ ।

ਮੰਤਰੀ : ਸਪੀਕਰ ਸਾਹਿਬ, ਕੁਐਸਚਨ ਬਿਲਕੁੱਲ ਸਿੱਧਾ ਹੋਣਾ ਚਾਹੀਦਾ ਹੈ ਪਰ ਇਨ੍ਹਾਂ ਦੇ ਸਪਲੀਮੈਂਟਰੀ ਕਰਦੇ ਹੋਏ ਕਿਤੇ ਬੱਸ ਆ ਗਈ ਹੈ ਅਤੇ ਕਿਤੇ ਖੇਤੀਬਾੜੀ ਆ ਗਈ ਹੈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਇਥੇ ਹਾਊਸ ਦੇ ਵਿੱਚ ਸਰਦਾਰ ਗੁਰਦੇਵ ਸਿੰਘ ਬਾਦਲ, ਖੇਤੀਬਾੜੀ ਮੰਤਰੀ ਨੇ ਕਿਹਾ ਕਿ ਮੈਂ ਖੇਤੀਬਾੜੀ ਕਰਦਾ ਹਾਂ ਬੱਸ ਨਹੀਂ ਚਲਾਉਂਦਾ । ਫਿਰ ਸਰਕਾਰੀ ਵਿਗਿਆਪਨਾਂ ਦੇ ਉਤੇ 8-8 ਲੱਖ ਰੁਪਿਆ ਕਿਸ ਤਰ੍ਹਾਂ ਲਗਾਇਆ ਜਾਂਦਾ ਹੈ ? ਇਥੇ ਕਿਹਾ ਗਿਆ ਹੈ ਕਿ ਟੌਹੜਾ ਸਾਹਿਬ ਪੰਜਾਬ ਦੀ ਬਹੁਤ ਮਹਾਨ ਹਸਤੀ ਹਨ ਅਤੇ ਉਹ 3 ਵਾਰ ਪੰਜਾਬ ਦੇ ਐਮ.ਪੀ. ਰਹੇ ਹਨ, ਇਸ ਕਰਕੇ ਉਨ੍ਹਾਂ ਦੀ ਫੋਟੋ ਲਗਾਈ ਗਈ ਹੈ । ਫਿਰ ਜਿਹੜੇ 6 ਵਾਰ ਐਮ.ਪੀ. ਰਹੇ ਹਨ, ਉਨ੍ਹਾਂ ਦੀ ਫੋਟੋ ਕਿਉਂ ਨਹੀਂ ਲਗਾਈ ਗਈ ਅਤੇ ਹੋਰ ਮਨਿਸਟਰਾਂ ਦੀ ਫੋਟੋ ਕਿਉਂ ਨਹੀਂ ਲਗਾਈ ਗਈ ? ਇਥੇ ਕਿਹਾ ਗਿਆ ਹੈ ਕਿ ਟੌਹੜਾ ਸਾਹਿਬ ਇੱਕ ਮਹਾਨ ਹਸਤੀ ਹਨ ।

Mr. Speaker : No need to reply.

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ । ਇਸ ਦਾ ਉੱਤਰ ਦਿੱਤਾ ਜਾਵੇ ।

ਸ਼੍ਰੀ ਸਪੀਕਰ : ਤੁਸੀਂ ਪ੍ਰਸ਼ਨ ਕਰੋ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ** ** **

ਸ਼੍ਰੀ ਸਪੀਕਰ : ਇਹ ਸਾਰਾ ਕੁਝ ਐਕਸਪੰਜ ਕਰ ਦਿੱਤਾ ਜਾਵੇ ।

ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਦੇ ਸਬੰਧ ਵਿਚ ਜੋ ਕੁਝ ਕਿਹਾ ਗਿਆ ਹੈ ਅਤੇ ਜੋ ਇਥੇ ਹਾਊਸ ਅੰਦਰ ਆਪਣੇ ਆਪ ਨੂੰ ਡੀਫੈਂਡ ਨਹੀਂ ਕਰ ਸਕਦਾ, ਉਸ ਦਾ ਨਾਂ ਨਹੀਂ ਲਿਆ ਜਾ ਸਕਦਾ । ਇਸ ਲਈ ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ ।

ਸ਼੍ਰੀ ਸਪੀਕਰ : ਮਿੱਤਲ ਸਾਹਿਬ, ਮੈਂ ਪਹਿਲੇ ਹੀ ਕਹਿ ਦਿੱਤਾ ਹੈ ਕਿ ਸਾਰਾ ਕੁਝ ਐਕਸਪੰਜ ਕਰ ਦਿੱਤਾ ਜਾਵੇ ਜੋ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੀ ਨੇ ਕਿਹਾ ਹੈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ** ** **

ਸ਼੍ਰੀ ਸਪੀਕਰ : ਇਹ ਐਕਸਪੰਜ ਕਰ ਦਿੱਤਾ ਜਾਵੇਗਾ । ਨੈਕਸਟ ਕੁਐਸਚਨ ਤੁਸੀਂ ਪੁੱਟ ਕਰੋ ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਨੂੰ ਇਸ ਸਵਾਲ ਤੇ ਸਪਲੀਮੈਂਟਰੀ ਕਰਨ ਦਿਉ ।

ਸ਼੍ਰੀ ਸਪੀਕਰ : ਮੈਂ ਨੈਕਸਟ ਕੁਐਸਚਨ ਕਾਲ ਅਪੌਨ ਕਰ ਲਿਆ ਹੈ ।

** Expunged as ordered by the Chair.

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਜਿਹੜੀ ਚੀਜ਼ ਅਨਪਾਰਲੀਮੈਂਟਰੀ ਹੋਵੇ ਅਤੇ ਭੱਦੇ ਲਫਜ਼ ਹੋਣ ਅਤੇ ਠੀਕ ਨਾ ਹੋਵੇ, ਉਸ ਨੂੰ ਐਕਸਪੰਜ ਕਰਨਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਮੈਂ ਜਾਣਦਾ ਹਾਂ ਕਿ ਕਿਸ ਨੂੰ ਐਕਸਪੰਜ ਕਰ ਸਕਦਾ ਹਾਂ । ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੀ, ਤੁਸੀਂ ਨੈਕਸਟ ਕੁਐਸਚਨ ਕਰਨਾ ਹੈ ਜਾਂ ਫੇਰ ਅਗੇ ਨੈਕਸਟ ਕੁਐਸਚਨ ਕਰੀਏ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ । ਡੈਮੋਕਰੇਸੀ ਦਾ ਗਲਾ ਘੋਟਿਆ ਜਾ ਰਿਹਾ ਹੈ ।

ਅਸੁਰੱਖਿਅਤ ਬੱਸ ਅੱਡਿਆਂ ਦੀ ਮੁਰੰਮਤ

***647. ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿੱਚ ਉਨ੍ਹਾਂ ਬੱਸ ਅੱਡਿਆਂ ਦੇ ਜ਼ਿਲ੍ਹਾਵਾਰ ਨਾਂ ਕੀ-ਕੀ ਹਨ ਜਿਹੜੇ ਅਸੁਰੱਖਿਅਤ ਐਲਾਨੇ ਗਏ ਹਨ ਅਤੇ ਹਰ ਇਕ ਕੇਸ ਵਿਚ ਕਦੋਂ ਤੋਂ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਬੱਸ ਅੱਡਿਆਂ ਦੀ ਮੁਰੰਮਤ ਲਈ ਸਰਕਾਰ ਦੁਆਰਾ ਕੋਈ ਕਾਰਵਾਈ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ; ਜੇਕਰ ਨਹੀਂ, ਤਾਂ ਉਸਦੇ ਕਾਰਣ ਕੀ ਹਨ ?

ਸਰਦਾਰ ਰਘਬੀਰ ਸਿੰਘ : (ੳ) ਰਾਜ ਵਿਚ ਪੰਜਾਬ ਰੋਡਵੇਜ਼ ਦਾ ਇੱਕ ਹੀ ਬੱਸ ਅੱਡਾ, ਅੰਮ੍ਰਿਤਸਰ ਸਾਲ 1993 ਵਿਚ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ ਵਲੋਂ ਅਸੁਰੱਖਿਅਤ ਐਲਾਨਿਆ ਗਿਆ । ਰਾਜ ਵਿਚ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦਾ ਕੋਈ ਵੀ ਬੱਸ ਅੱਡਾ ਅਸੁਰੱਖਿਅਤ ਨਹੀਂ ਐਲਾਨਿਆ ਗਿਆ ।

(ਅ) ਅਸੁਰੱਖਿਅਤ ਬੱਸ ਅੱਡਾ ਅੰਮ੍ਰਿਤਸਰ ਲਈ ਹੇਠ ਲਿਖੀ ਕਾਰਵਾਈ ਕੀਤੀ ਗਈ :--

(1) 2 ਆਰਜ਼ੀ ਸ਼ੈੱਡ ਸਾਲ 1994-95 ਦੌਰਾਨ ਉਸਾਰੇ ਗਏ । ਅਨੁਮਾਨਤ ਲਾਗਤ 6.75 ਲੱਖ ਹੈ ।

(2) ਬੱਸ ਅੱਡੇ ਦੀ ਅਸੁਰੱਖਿਅਤ ਥਾਂ ਨੂੰ ਕੰਡੇਦਾਰ ਤਾਰਾਂ ਨਾਲ ਬੰਦ ਕਰ ਦਿੱਤਾ ਗਿਆ ਅਤੇ ਇਸ ਵਾਸਤੇ ਇੱਟਾਂ ਦੀ ਦੀਵਾਰ ਦੀ ਚਿਣਾਈ ਵੀ ਕੀਤੀ ਗਈ ।

(3) ਲੋਕ ਨਿਰਮਾਣ ਵਿਭਾਗ ਵਲੋਂ ਸੁਝਾਏ ਗਏ ਅਨੁਸਾਰ ਇੱਟਾਂ ਦੀ ਚਿਣਾਈ ਅਤੇ ਥਮਲੇ-ਪਿੱਲਰ ਲਗਾ ਦਿਤੇ ਗਏ ।

(4) ਨਵੇਂ ਬੱਸ ਅੱਡੇ ਦੀ ਪਰਪੋਜ਼ਲ ਵਿਚਾਰ ਅਧੀਨ ਹੈ । ਜਿਸ ਨੂੰ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਵਲੋਂ ਉਸਾਰਿਆ ਜਾਣਾ ਹੈ ।

श्रीमती लक्ष्मी कांता चावला : स्पीकर साहिब, बहुत अफसोस की बात है कि साल 1993 से बस अड्डा अमृतसर असुरक्षित करार दिया गया है । वहां से 1750 बसें रोज निकलती हैं । 27 मार्च को मुख्य मंत्री जी ने प्रामिस किया था कि इसे ठीक करेंगे । दो टैंपरेरी शैडज़ 1994-95 साल में बने थे । मंत्री जी बताएं कि वह शैडज़ आज वहां हैं या नहीं हैं ? आज की तारीख में वह शैड हैं या नहीं हैं ?

ਮੰਤਰੀ : ਸਪੀਕਰ ਸਾਹਿਬ, ਸਾਡੇ ਮੁਤਾਬਿਕ ਸ਼ੈਡੱ ਹਨ । ਜੇਕਰ ਬੀਬੀ ਜੀ ਕਹਿੰਦੇ ਹਨ ਕਿ ਸ਼ੈਡੱ ਨਹੀਂ ਹਨ ਤਾਂ ਅਸੀਂ ਦੋਬਾਰਾ ਜਾ ਕੇ ਦੇਖ ਲੈਂਦੇ ਹਾਂ ।

श्रीमती लक्ष्मी कांता चावला : अध्यक्ष महोदय, क्या मंत्री जी बताएंगे कि वहां शैडज़ हैं या नहीं । यदिं सचमुच वहां शैडज़ हैं तो आप क्या करेंगे ?

मेरा दूसरा प्रश्न यह है कि क्या मंत्री जी को पता है कि वहां लोगों के ऊपर ईंटे किस तारीख को गिर गईं थी ?

ਸ਼੍ਰੀ ਸਪੀਕਰ : ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਇਨਕੁਆਇਰੀ ਕਰਾ ਲੈਂਦੇ ਹਾਂ ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਉਥੇ ਕੋਈ ਸ਼ੈਡੱ ਨਹੀਂ ਹੈ । 1994-95 ਵਿਚ ਦੋ ਆਰਜ਼ੀ ਸ਼ੈਡਾਂ ਦੀ ਉਸਾਰੀ ਕੀਤੀ ਗਈ ਸੀ ਅਤੇ ਬੱਸ ਅੱਡੇ ਦੀ

[ਸ਼੍ਰੀ ਜਗਦੀਸ਼ ਸਾਹਨੀ]

ਕੋਈ ਕੰਨਸਟਰਕਸ਼ਨ ਨਹੀਂ ਹੋਈ । ਜਿਸ ਤਰ੍ਹਾਂ ਭੈਣ ਚਾਵਲਾ ਜੀ ਨੇ ਕਿਹਾ ਹੈ ਕਿ 1750 ਬੱਸਾਂ ਰੋਜ਼ ਉਥੋਂ ਅਪ ਐਂਡ ਡਾਊਨ ਕਰਦੀਆਂ ਹਨ, ਸਵਾਰੀਆਂ ਦਾ ਉਥੇ ਬੱਸ ਅੱਡੇ ਤੇ ਬੁਰਾ ਹਾਲ ਹੁੰਦਾ ਹੈ । ਕੀ ਬੱਸ ਅੱਡਾ ਸ਼ਿਫਟ ਕਰਨ ਦਾ ਕੋਈ ਆਲਟਰਨੇਟਿਵ ਨਹੀਂ ਹੈ ? ਪੈਸੈਂਜਰਜ਼ ਨੂੰ ਬਹੁਤ ਤਕਲੀਫ ਹੁੰਦੀ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਅੰਮ੍ਰਿਤਸਰ ਦਾ ਬੱਸ ਅੱਡਾ ਠੀਕ ਨਹੀਂ ਹੈ । ਸਰਕਾਰ ਪਹਿਲਾਂ ਹੀ ਇਸ ਬਾਰੇ ਚਿੰਤਤ ਹੈ ਅਤੇ ਇਸ ਬਾਰੇ ਹਾਈ ਲੈਵਲ ਦੀ ਮੀਟਿੰਗ ਕੀਤੀ ਗਈ ਹੈ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਹਾਊਸ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਗਲੇ ਬਜਟ ਵਿਚ ਅੰਮ੍ਰਿਤਸਰ ਬੱਸ ਅੱਡੇ ਨੂੰ ਮੋਸਟ ਮਾਡਰਨ ਬੱਸ ਸਟੈਂਡ ਬਣਾਇਆ ਜਾਵੇਗਾ । ਜਿਹੜੇ ਸ਼ੈੱਡ ਹਨ ਉਹ ਵੀ ਢਾਹ ਦਿੱਤੇ ਜਾਣਗੇ ਅਤੇ ਸਾਰੇ ਨਵੇਂ ਬਣਾ ਦਿਆਂਗੇ ।

श्रीमती लक्ष्मी कांता चावला : अध्यक्ष महोदय, मेरा एक प्रश्न है । मुख्य मंत्री जी का बहुत-बहुत धन्यवाद । इन्होंने पहले भी आश्वासन दिया था । अब तो इन्होंने समय भी काफी लंबा मार्च 1999 तक का ले लिया है । मुख्य मंत्री जी ने आश्वासन दिया है, बहुत अच्छी बात है लेकिन मैं इतना आश्वासन जरूर चाहती हूं कि आज की स्थिति के मुताबिक तो वहां शैड भी है नहीं । मंत्री जी ने देखा नहीं, वहां कोई शैड भी नहीं है । इसलिए आज की स्थिति के मुताबिक वहां यात्रियों को अस्थाई तौर पर राहत दिलाने के लिए, ताकि उनको चीकड़ में न जाना पड़े, जो गिरा हुआ हिस्सा है, वहां उनके खड़ा होने की जगह बना दी जाए ताकि उनको वहां से जाने के लिए बिना कीचड़ के रास्ता बन जाए । सरकार इसके लिए इमीजीएट रिलीफ क्या दे सकती है, यह बात बता दें । बाकी आश्वासन के लिए मुख्य मंत्री जी का धन्यवाद ।

ਸ਼੍ਰੀ ਸਪੀਕਰ : ਕੀ ਆਸੀਂ ਕੋਈ ਇਮੀਜੀਏਟ ਸਟੈਪਸ ਲੈਣੇ ਹਨ ?

श्रीमती लक्ष्मी कांता चावला : मंत्री जी इतना बता दें कि वहां टैंपरेरी रिलीफ क्या देना है ?

ਮੰਤਰੀ : ਸਪੀਕਰ ਸਾਹਿਬ, ਜਿੰਨਾ ਚਿਰ ਉਥੇ ਵਧੀਆ ਬਿਲਡਿੰਗ ਨਹੀਂ ਬਣਦੀ, ਟੈਂਪਰੇਰੀ ਪ੍ਰਬੰਧ ਜ਼ਰੂਰ ਕੀਤੇ ਜਾਣਗੇ, ਛੇਤੀ ਤੋਂ ਛੇਤੀ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਆਉਣ ਵਾਲੇ ਸਮੇਂ ਵਿਚ ਸਰਕਾਰ ਦੀ ਨਮੂਨੇ ਦੇ ਬੱਸ ਸਟੈਂਡ ਸੂਬੇ ਵਿਚ ਬਨਾਉਣ ਦੀ ਕੋਈ ਤਜਵੀਜ਼ ਹੈ ਜਾਂ ਨਹੀਂ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਮੁੱਖ ਮੰਤਰੀ ਜੀ ਨੇ ਕਿਹਾ ਹੈ, ਪਾਰਟੀਕੁਲਰ ਅੰਮ੍ਰਿਤਸਰ ਬੱਸ ਸਟੈਂਡ ਲਈ ਕਿਹਾ ਹੈ ਕਿ ਬਣਾ ਦਿੱਤਾ ਜਾਵੇਗਾ, ਉਸੇ ਤਰ੍ਹਾਂ ਬਟਾਲਾ ਬੱਸ ਅੱਡੇ ਦੀ ਹਾਲਤ ਵੀ ਕਾਫੀ ਮਾੜੀ ਹੈ ।

ਸ਼੍ਰੀ ਸਪੀਕਰ : ਹਾਲਤ ਤਾਂ ਸਾਰੇ ਬੱਸ ਅੱਡਿਆਂ ਦੀ ਮਾੜੀ ਹੈ ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਵੈਸੇ ਤਾਂ ਸੂਬੇ ਵਿਚ 80% ਬੱਸ ਅੱਡਿਆਂ ਦੀ ਹਾਲਤ ਕਾਫੀ ਮਾੜੀ ਹੈ, ਬਾਕੀ ਸ਼ਹਿਰਾਂ ਦੇ ਬੱਸ ਅੱਡਿਆਂ ਦੀ ਵੀ ਹਾਲਤ ਕਾਫੀ ਮਾੜੀ ਹੈ ਪਰ ਬਟਾਲਾ ਬੱਸ ਅੱਡੇ ਦੀ ਹਾਲਤ ਤਾਂ ਵਰਸਟ ਹੈ । ਉਸ ਤੇ ਤਾਂ ਘੱਟੋ-ਘੱਟ 35--40 ਲੱਖ ਰੁਪਿਆ ਲੱਗਣਾ ਹੈ, ਉਸਨੂੰ ਰੈਨੋਵੇਟ ਕਰਨ ਤੇ ......

ਸ਼੍ਰੀ ਸਪੀਕਰ : ਇਸ ਬਾਰੇ ਸਾਹਨੀ ਸਾਹਿਬ ਤੁਸੀਂ ਸੈਪਰੇਟ ਕੁਐਸਚਨ ਦੇ ਦੇਣਾ ।

ਸੁਜਾਨਪੁਰ ਵਿਖੇ ਬੱਸ ਅੱਡੇ ਦੀ ਉਸਾਰੀ

*655. ਸ਼੍ਰੀ ਸੱਤਿਆ ਪਾਲ ਸੈਣੀ : ਕੀ ਟ੍ਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਗੁਰਦਾਸਪੁਰ ਵਿਚ ਸੁਜਾਨਪੁਰ ਵਿਖੇ ਬੱਸ ਅੱਡੇ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਰਘਬੀਰ ਸਿੰਘ : ਨਹੀਂ ਜੀ ।

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਾਨਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਸੁਜਾਨਪੁਰ ਵਿਚ ਫੇਅਰ ਸਟੇਜ ਬਣਾ ਦਿੱਤੀ ਹੈ ਪਰ ਉਸ ਨਾਲ ਸਾਡੇ ਇਲਾਕੇ ਦੀ ਸਮੱਸਿਆ ਹੱਲ ਨਹੀਂ ਹੋ ਰਹੀ । ਉਥੇ 60 ਕਿਲੋਮੀਟਰ ਦੇ ਰੇਡੀਅਸ ਵਿਚ, ਸਾਡੇ ਕੰਢੀ ਏਰੀਏ ਵਿਚ ਕੋਈ ਵੀ ਬੱਸ ਸਟੈਂਡ ਨਹੀਂ ਹੈ । ਕੀ ਮੰਤਰੀ ਜੀ ਸਾਡੇ ਉਸ ਕੰਢੀ ਏਰੀਏ ਵਿਚ ਕੋਈ ਹੋਰ ਸਾਡੇ ਧਾਰ ਬਲਾਕ ਵਿਚ

[ਸ਼੍ਰੀ ਸਤਿਆ ਪਾਲ ਸੈਣੀ]

ਫੇਅਰ ਸਟੇਜ ਜਾਂ ਬੱਸ ਸਟੈਂਡ ਬਨਾਉਣ ਦਾ ਆਸ਼ਵਾਸਨ ਦੇ ਸਕਦੇ ਹਨ ਜਾਂ ਇਸ ਗੱਲ ਨੂੰ ਵਿਚਾਰ ਅਧੀਨ ਰੱਖ ਸਕਦੇ ਹਨ ?

ਮੰਤਰੀ : ਸਪੀਕਰ ਸਾਹਿਬ, ਸਰਕਾਰ ਦੀ ਪਾਲਿਸੀ ਅਨੁਸਾਰ ਟਰਾਂਸਪੋਰਟ ਵਿਭਾਗ ਵਲੋਂ ਉਨ੍ਹਾਂ ਥਾਵਾਂ ਤੇ ਹੀ ਬੱਸ ਸਟੈਂਡ ਉਸਾਰੇ ਜਾਂਦੇ ਹਨ ਜਿਥੇ ਪੰਜਾਬ ਰੋਡਵੇਜ਼ ਦੇ ਡਿਪੂ ਸਥਿਤ ਹੋਣ । ਬਾਕੀ ਥਾਵਾਂ ਤੇ ਬੱਸ ਸਟੈਂਡ ਉਸਾਰਨ ਦੀ ਵਿਵਸਥਾ ਲੋਕਲ ਬਾਡੀਜ਼, ਮਿਊਂਸਪਲ ਕਮੇਟੀਜ਼ ਵਲੋਂ ਕੀਤੀ ਜਾਂਦੀ ਹੈ । ਕਿਉਂਕਿ ਸੁਜਾਨਪੁਰ ਵਿਚ ਪੰਜਾਬ ਰੋਡਵੇਜ਼ ਦਾ ਕੋਈ ਡਿਪੂ ਸਥਿਤ ਨਹੀਂ ਹੈ, ਇਸ ਲਈ ਟਰਾਂਸਪੋਰਟ ਵਿਭਾਗ ਵਲੋਂ ਸੁਜਾਨਪੁਰ ਵਿਚ ਬੱਸ ਸਟੈਂਡ ਉਸਾਰਨ ਦੀ ਕੋਈ ਸਕੀਮ ਵਿਚਾਰ ਅਧੀਨ ਨਹੀਂ ਹੈ ।

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਕੀ ਇਹ ਇਸ ਵਿਸ਼ੇ ਨੂੰ ਕਮ-ਅਜ਼-ਕਮ ਘੋਖਣ ਦਾ ਵਿਸ਼ਵਾਸ ਦੇ ਸਕਦੇ ਹਨ ? ਇਹ ਇਸ ਵਿਸ਼ੇ ਨੂੰ ਵਿਚਾਰਨ ਤਾਂ ਸਹੀ । ਕੀ ਮੰਤਰੀ ਜੀ ਇਸ ਵਿਸ਼ੇ ਨੂੰ ਵਿਚਾਰਨ ਦਾ ਆਸ਼ਵਾਸਨ ਦੇ ਸਕਦੇ ਹਨ ?

ਸ਼੍ਰੀ ਸਪੀਕਰ : ਤੁਸੀਂ ਰਿਪਰਜ਼ੈਂਟੇਸ਼ਨ ਦੇ ਦਿਉ ਤਾਂ ਹੀ ਇਹ ਮਾਮਲਾ ਵਿਚਾਰ ਅਧੀਨ ਹੋ ਸਕਦਾ ਹੈ ।

ਮੰਤਰੀ : ਸਪੀਕਰ ਸਾਹਿਬ, ਪਹਿਲਾਂ ਅਸੀਂ ਉਥੇ ਬੱਸਾਂ ਦਾ ਡਿਪੂ ਬਣਾਵਾਂਗੇ ਅਤੇ ਫਿਰ ਅੱਡਾ ਉਸਾਰਨ ਦੀ ਛੇਤੀ ਕੋਸ਼ਿਸ਼ ਕਰਾਂਗੇ ।

ਸ਼੍ਰੀ ਸੱਤਿਆ ਪਾਲ ਸੈਣੀ : ਧੰਨਵਾਦ ਜੀ ।

ਨਵਾਂ ਸ਼ਹਿਰ ਵਿਖੇ ਸਪੋਰਟਸ ਸਟੇਡੀਅਮ ਦੀ ਉਸਾਰੀ

*634. **ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ :** ਕੀ ਖੇਡਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਹਰ ਇਕ ਬਲਾਕ ਵਿੱਚ ਸਪੋਰਟਸ ਸਟੇਡੀਅਮ ਉਸਾਰਨ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਨਵਾਂ ਸ਼ਹਿਰ ਵਿਖੇ ਸਪੋਰਟਸ ਸਟੇਡੀਅਮ ਦੀ ਉਸਾਰੀ ਕਦੋਂ ਤਕ ਕੀਤੇ ਜਾਣ ਦੀ ਆਸ ਹੈ ?

ਸ਼੍ਰੀ ਨੁਸਰਤ ਅਲੀ ਖਾਂ : ਹਾਂ, ਜੀ । ਕਿਉਂ ਜੋ ਨਵਾਂ ਸ਼ਹਿਰ ਨੂੰ ਜ਼ਿਲ੍ਹਾ ਬਣਾ ਦਿੱਤਾ ਗਿਆ ਹੈ, ਇਸ ਲਈ ਇਸਨੂੰ ਬਲਾਕ ਪੱਧਰ ਤੇ ਸਟੇਡੀਅਮ ਬਨਾਉਣ ਦੀ ਸਕੀਮ ਅਧੀਨ ਕਵਰ ਨਹੀਂ ਕੀਤਾ ਜਾਵੇਗਾ ।

ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਮੇਰਾ ਸਵਾਲ ਤਾਂ ਇਹ ਸੀ ਕਿ ਕੀ ਸਟੇਟ ਦੇ ਹਰ ਬਲਾਕ ਵਿਚ ਇਕ ਸਟੇਡੀਅਮ ਬਣਾਉਣ ਦੀ ਸਰਕਾਰ ਦੀ ਕੋਈ ਪਰੋਪੋਜ਼ਲ ਹੈ ? ਇਹ ਠੀਕ ਹੈ ਕਿ ਨਵਾਂ ਸ਼ਹਿਰ ਹੁਣ ਜ਼ਿਲ੍ਹਾ ਬਣ ਗਿਆ ਹੈ ਪਰ ਇਸ ਦੇ ਨਾਲ ਨਾਲ ਉਹ ਬਲਾਕ ਵੀ ਤਾਂ ਹੈ । ਇਸ ਨਵਾਂ ਸ਼ਹਿਰ ਬਲਾਕ ਵਿਚ ਇਹ ਕੋਈ ਸਟੇਡੀਅਮ ਬਣਾਉਣਗੇ ਜਾਂ ਨਹੀਂ, ਇਹ ਮੈਂ ਪੁੱਛਿਆ ਹੈ ।

ਰਾਜ ਮੰਤਰੀ : ਮੈਂ "ਹਾਂ ਜੀ" ਕਹਿ ਦਿੱਤਾ ਹੈ ਜੀ ।

ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਇਨ੍ਹਾਂ ਨੇ ਕਿਹਾ ਹੈ 'Since Nawan-Shahr has been upgraded as district, it will not be covered under block.....

ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਨਵਾਂ ਸ਼ਹਿਰ ਬਲਾਕ ਵਿਚ ਕੋਈ ਸਟੇਡੀਅਮ ਬਣਾਉਗੇ ?

ਸ਼੍ਰੀ ਸਪੀਕਰ : ਇਹ ਬਲਾਕ ਡਿਸਟ੍ਰਿਕਟ ਵਿਚ ਹੀ ਕਵਰ ਹੋ ਗਿਆ ਹੈ । ਅਗਲਾ ਸਵਾਲ ।

ਜ਼ਿਲ੍ਹਾ ਮਾਨਸਾ ਵਿਚ ਹੜ੍ਹ ਕੰਟਰੋਲ ਉਪਾਵਾਂ ਤੇ ਖਰਚ

*650. **ਕਾਮਰੇਡ ਹਰਦੇਵ ਅਰਸ਼ੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਸਾਲ 1997 ਦੇ ਦੌਰਾਨ ਹੜ੍ਹ ਕੰਟਰੋਲ ਉਪ੍ਰਾਵਾਂ ਲਈ ਜ਼ਿਲ੍ਹਾ ਮਾਨਸਾ ਨੂੰ ਵੱਖ-ਵੱਖ ਸਾਧਨਾਂ ਤੋਂ ਹੁਣ ਤੱਕ ਕੁੱਲ ਕਿੰਨੀ ਰਕਮ ਦੇ ਫੰਡ ਐਲੋਕੇਟ ਕੀਤੇ ਗਏ ;

(ਅ) ਉਨ੍ਹਾਂ ਥਾਵਾਂ ਦੇ ਨਾਂ ਕੀ-ਕੀ ਹਨ ਜਿਥੇ ਉਪਰੋਕਤ ਭਾਗ (ੳ) ਵਿੱਚ ਵਰਣਿਤ ਫੰਡਜ਼ ਨਾਲ ਹੜ੍ਹ ਕੰਟਰੋਲ ਉਪਾਅ ਕੀਤੇ ਗਏ ਹਨ ਅਤੇ ਇਸ ਤਰ੍ਹਾਂ ਕੀਤੇ ਗਏ ਉਪਾਵਾਂ ਦੇ ਵੇਰਵੇ ਕੀ-ਕੀ ਹਨ ;

(ੲ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਐਲੋਕੇਟ ਕੀਤੀ ਗਈ ਰਕਮ ਜ਼ਿਲ੍ਹਾ ਹੜ੍ਹ ਕੰਟਰੋਲ ਕਮੇਟੀ ਦੀ ਪ੍ਰਵਾਨਗੀ ਨਾਲ ਵਰਤ ਲਈ ਗਈ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਜ਼ਿਲ੍ਹਾ ਮਾਨਸਾ ਲਈ ਵਿੱਤੀ ਸਾਲ 1997 ਵਿਚ ਕੁੱਲ 53.42 ਲੱਖ ਰੁਪਏ ਦਿੱਤੇ ਗਏ ਸਨ । ਇਨ੍ਹਾਂ ਵਿਚੋਂ 50.00 ਲੱਖ ਰੁਪਏ ਰੂਰਲ ਡਿਵੈਲਪਮੈਂਟ ਫੰਡ (ਆਰ.ਡੀ.ਐਫ.) ਅਧੀਨ ਅਤੇ 3.42 ਲੱਖ ਰੁਪਏ ਰੂਰਲ ਇਨਫਰਾਸਟਰੱਕਚਰ ਡਿਵੈਲਪਮੈਂਟ ਫੰਡ ਫੇਜ਼- II (ਆਰ.ਆਈ.ਡੀ.ਐਫ.-II ਨਬਾਰਡ) ਅਧੀਨ ਦਿੱਤੇ ਗਏ ਸਨ ।

[ਮੁੱਖ ਮੰਤਰੀ]

(ਅ) ਇਨ੍ਹਾਂ ਫੰਡਾਂ ਨਾਲ ਜ਼ਿਲ੍ਹਾ ਮਾਨਸਾ ਵਿਚ 16 ਕੰਮ ਕਰਵਾਏ ਗਏ ਜਿਨ੍ਹਾਂ ਦਾ ਵੇਰਵਾ ਅਨੁਲੱਗ ਵਿਚ ਦਿੱਤਾ ਗਿਆ ਹੈ ।

(ੲ) ਦਿਹਾਤੀ ਵਿਕਾਸ ਫੰਡਾਂ ਅਧੀਨ ਕਰਵਾਏ ਗਏ ਕੰਮਾਂ ਦੀ ਸ਼ਨਾਖਤ ਜ਼ਿਲ੍ਹਾ ਫਲੱਡ ਕੰਟਰੋਲ ਕਮੇਟੀ ਵੱਲੋਂ ਕੀਤੀ ਗਈ ਸੀ ਅਤੇ ਪ੍ਰਸ਼ਾਸਕੀ ਪ੍ਰਵਾਨਗੀ ਡਿਪਟੀ ਕਮਿਸ਼ਨਰ ਮਾਨਸਾ ਵੱਲੋਂ ਦਿੱਤੀ ਗਈ ਸੀ ।

ਨਬਾਰਡ ਆਰ.ਆਈ.ਡੀ.ਐਫ-2 ਅਧੀਨ ਕਰਵਾਏ ਗਏ ਕੰਮਾਂ ਦੀ ਜ਼ਿਲ੍ਹਾ ਫਲੱਡ ਕੰਟਰੋਲ ਕਮੇਟੀ ਵੱਲੋਂ ਪ੍ਰਵਾਨਗੀ ਦੀ ਜ਼ਰੂਰਤ ਨਹੀਂ ਕਿਉਂਕਿ ਇਹ ਕੰਮ ਪਹਿਲਾਂ ਹੀ ਮੰਜ਼ੂਰਸ਼ੁਦਾ ਹਨ ਜਿਸਦੇ ਆਧਾਰ ਤੇ ਨਬਾਰਡ ਵੱਲੋਂ ਫੰਡ ਮੰਨਜ਼ੂਰ ਅਤੇ ਰਿਲੀਜ਼ ਕੀਤੇ ਗਏ ।

ਅਨੁਲੱਗ

1. ਰੀ-ਸੈਕਸ਼ਨਿੰਗ ਆਫ ਡਸਕਾ ਖਤਰੀ ਵਾਲਾ ਲਿੰਕ ਡਰੇਨ ।
2. ਰੀ-ਸੈਕਸ਼ਨਿੰਗ ਆਫ ਰਘੜਿਆਲ ਖਤਰੀ ਵਾਲਾ ਲਿੰਕ ਡਰੇਨ ।
3. ਘੱਗਰ ਦਰਿਆ ਤੇ ਸੱਜੇ ਪਾਸੇ ਪਿੰਡ ਭੂੰਦੜ ਦੇ ਬਚਾਓ ਲਈ ਤਿੰਨ ਨੰਬਰ ਸਟੱਡ ਲਗਾਉਂਣੇ ।
4. ਘੱਗਰ ਦਰਿਆ ਤੇ ਸੱਜੇ ਪਾਸੇ ਪਿੰਡ ਭੂੰਦੜ ਤੇ ਬਚਾਓ ਲਈ ਸਾਈਡ ਸਲੋਪ ਤੇ ਬਰਿਕ ਪਿਚਿੰਗ ਲਗਵਾਉਂਣ ਬਾਰੇ ।
5. ਘੱਗਰ ਦਰਿਆ ਤੇ ਸੱਜੇ ਪਾਸੇ ਪਿੰਡ ਭੂੰਦੜ ਦੇ ਨੇੜੇ ਬਰਿਕ ਪਿਚਿੰਗ ਉਤੇ 8 ਫੁੱਟ ਚੋੜਾ ਪਟੜਾ ਲਗਵਾਉਣਾ ।
6. ਪਿੰਡ ਜਟਾਨਾ ਕਲ੍ਹਾਂ ਦੀ ਲਿਫਿਟ ਸਕੀਮ ਲਈ ਸੰਪ ਵੈਲ ਦੀ ਉਸਾਰੀ ਕਰਨ ਲਈ ।
7. ਪਿੰਡ ਘੁੱਦੂਵਾਲਾ ਦੀ ਲਿਫਟ ਸਕੀਮ ਲਈ ਸੰਪ ਵੈਲ ਦੀ ਉਸਾਰੀ ਕਰਨ ਲਈ ।
8. ਪਿੰਡ ਬਾਂਦਰਾ ਦੀ ਲਿਫਟ ਸਕੀਮ ਲਈ ਸੰਪ ਵੈਲ ਦੀ ਉਸਾਰੀ ਕਰਨ ਲਈ ।
9. ਪਿੰਡ ਸਰਦੂਲਗੜ੍ਹ ਦੇ ਬਚਾਓ ਲਈ ਘੱਗਰ ਦਰਿਆ ਤੇ ਈ.ਸੀ. ਬੈਰ ਦੀ ਪਿਚਿੰਗ ਸਟੱਡ ਲਵਾਉਣਾ ।
10. ਪਿੰਡ ਚੂੜੀਆਂ ਲਈ ਸੰਪ ਵੈਲ ਦੀ ਉਸਾਰੀ ਕਰਨਾ ।
11. ਪਿੰਡ ਚੂੜੀਆਂ ਦੀ ਲਿਫਟ ਸਕੀਮ ਲਈ ਪੰਪ ਹਾਊਸ ਅਤੇ ਉਪਰੇਟਰ ਰੂਮ ਦੀ ਉਸਾਰੀ ਕਰਨਾ ।

12. ਘੱਗਰ ਦਰਿਆ ਦੇ ਖੱਬੇ ਪਾਸੇ ਪਿੰਡ ਝੰਡਾ ਖੁਰਦ ਤੇ ਬਚਾਓ ਬੰਧ ਦੀ ਬਢਾਉਤਰੀ ਕਰਣਾ ।
13. ਘੱਗਰ ਦਰਿਆ ਤੇ ਖੱਬੇ ਪਾਸੇ ਪਿੰਡ ਆਲੂਪੁਰ ਕੋਲ 2 ਨੰਬਰ ਸਟੱਡ ਲਗਵਾਉਂਣਾ
14. ਘੱਗਰ ਦਰਿਆ ਦੇ ਸੱਜੇ ਪਾਸੇ ਪਿੰਡ ਮੀਰਪੁਰ ਕਲਾਂ ਨੇੜੇ ਬੰਧ ਅਤੇ ਸਟੱਡ ਲਗਾਉਂਣਾ ।
15. ਪਿੰਡ ਮੀਰਪੁਰ ਖੁਰਦ ਦੇ ਆਲੇ-ਦੁਆਲੇ ਰਿੰਟ ਬੰਧ ਦੀ ਤੁਸਾਰੀ ਕਰਣਾ ।
16. ਟੋਡਰਪੁਰ ਲਿੰਕ ਡਰੇਨ ਦੀ ਬੁਰਜੀ 0 ਤੋਂ 44800 ਤੱਕ ਰੀ-ਸੈਕਸਨਿੰਗ ਕਰਨਾ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਨੂੰ ਬੜਾ ਅਫਸੋਸ ਹੈ ਕਿ ਹਰ ਵਾਰੀ ਪੂਰਾ ਜਵਾਬ ਨਹੀਂ ਮਿਲਦਾ, ਅਧੂਰਾ ਮਿਲਦਾ ਹੈ । ਫਸਟ ਪਾਰਟ 'ੳ' ਵਿਚ ਮੈਂ ਪੁੱਛਿਆ ਸੀ ਕਿ ਕੁੱਲ ਕਿੰਨੇ ਫੰਡ ਦਿੱਤੇ ਗਏ । ਉਸ ਤੋਂ ਬਾਦ ਫਿਰ ਖਰਚ ਦਾ ਵੇਰਵਾ ਪੁੱਛਿਆ ਸੀ । ਮੁੱਖ ਮੰਤਰੀ ਜੀ ਨੇ ਉਨ੍ਹਾਂ ਫੰਡਾਂ ਦਾ ਵੇਰਵਾ ਦੱਸਿਆ ਹੈ ਜਿਹੜੇ ਆਲਰੇਡੀ ਖਰਚ ਹੋ ਚੁੱਕੇ ਹਨ । 53 ਲੱਖ ਰੁਪਏ ਤੋਂ ਜ਼ਿਆਦਾ ਫੰਡ ਜ਼ਿਲ੍ਹਾ ਮਾਨਸਾ ਵਿਚ ਦਿੱਤੇ ਗਏ ਹਨ । ਇਸ ਤੋਂ ਬਾਦ ਭਾਗ 'ਦ' ਦਾ ਜੋ ਇਨ੍ਹਾਂ ਨੇ ਉਤਰ ਦਿੱਤਾ ਹੈ, ਇਹ ਵੀ ਅਧੂਰਾ ਹੈ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਫੰਡ ਉਨ੍ਹਾਂ ਕੰਮਾਂ ਤੇ ਹੀ ਖਰਚੇ ਗਏ ਹਨ ਜਿਨ੍ਹਾਂ ਨੂੰ ਫਲੱਡ ਕੰਟਰੋਲ ਕਮੇਟੀ ਦੀ ਮੀਟਿੰਗ ਵਿਚ ਪ੍ਰਵਾਨ ਕੀਤਾ ਗਿਆ ਸੀ ਅਤੇ ਇਹ ਕਿ ਉਹ ਮੀਟਿੰਗ ਕਿਸ ਤਰੀਕ ਨੂੰ ਹੋਈ ਸੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਤਰੀਕ ਤਾਂ ਮੈਂ ਨਹੀਂ ਦੱਸ ਸਕਦਾ ਕਿ ਉਹ ਮੀਟਿੰਗ ਕਿਸ ਤਰੀਕ ਨੂੰ ਹੋਈ ਸੀ । ਇਹ ਸਾਰੀਆਂ ਸਕੀਮਾਂ ਫਲੱਡ ਕੰਟਰੋਲ ਕਮੇਟੀ ਵਿਚ ਤਹਿ ਹੋਈਆਂ ਸਨ । ਇਨ੍ਹਾਂ ਦੀ ਫਿਰ ਚੀਫ ਇੰਜੀਨੀਅਰ, ਡਰੇਨੇਜ ਨੇ ਪ੍ਰਾਇਰਟੀ ਫਿਕਸ ਕਰਨੀ ਸੀ । ਸਭ ਤੋਂ ਪਹਿਲੀ ਪ੍ਰਾਇਰਟੀ ਸੀ ਆਬਾਦੀ ਨੂੰ ਬਚਾਉਣ ਦੀ । ਇਨ੍ਹਾਂ ਸਕੀਮਾਂ ਵਾਸਤੇ ਡੀ.ਸੀ. ਤੋਂ ਐਡਮਨਿਸਟ੍ਰੇਟਿਵ ਅਪਰੂਵਲ ਲਈ ਗਈ । ਇਸ ਸਾਲ ਅਸੀਂ 18 ਕਰੋੜ ਰੁਪਿਆ ਜ਼ਿਲ੍ਹਾ ਮਾਨਸਾ ਵਿਚ ਫਲੱਡ ਕੰਟਰੋਲ ਵਾਸਤੇ ਖਰਚ ਕਰ ਰਹੇ ਹਾਂ । (ਥੰਪਿੰਗ) ਜਿਸ ਵਿਚੋਂ 7.75 ਕਰੋੜ ਰੁਪਿਆ ਬੁਢਲਾਡਾ ਹਲਕੇ ਵਿਚ ਖਰਚ ਕਰ ਰਹੇ ਹਾਂ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਗੌਰਮਿੰਟ ਹਰ ਕੰਮ ਵਾਸਤੇ ਇਕ ਪਾਲਿਸੀ ਡਿਸਾਈਡ ਕਰਦੀ ਹੈ ਅਤੇ ਸਾਰੀ ਐਡਮਨਿਸਟ੍ਰੇਟਿਵ ਮਸ਼ੀਨਰੀ ਉਸ ਪਾਲਿਸੀ ਦੇ ਤਹਿਤ ਹੀ ਕੰਮ ਕਰਦੀ ਹੈ । ਮੇਰਾ ਕੋਈ ਕੰਮ ਕਰਵਾਉਣ ਤੇ ਇਤਰਾਜ਼ ਨਹੀਂ ਅਤੇ ਨਾ ਹੀ ਪੈਸਿਆ ਤੇ ਕੋਈ ਇਤਰਾਜ਼ ਹੈ । ਮੇਰਾ ਇਤਰਾਜ਼ ਇਹ ਹੈ ਕਿ ਡੀ .ਸੀ . ਨੇ ਅੰਡਰ ਪ੍ਰੈਸ਼ਰ, ਸਰਕਾਰੀ ਹਦਾਇਤਾਂ ਨੂੰ ਬਾਈਪਾਸ ਕਰਕੇ ਪੈਸਾ ਆਪਣੇ ਤੌਰ ਤੇ ਖਰਚ ਕੀਤਾ । ਇਹ ਮੇਰੇ ਕੋਲ ਪ੍ਰੋਸੀਡਿੰਗਜ਼ ਦੀ ਕਾਪੀ ਹੈ ਜਿਹੜੀ 5 ਅਪ੍ਰੈਲ ਨੂੰ ਮੀਟਿੰਗ ਹੋਈ । ਜਿੰਨਾ ਕੰਮ ਕੀਤਾ ਗਿਆ, ਉਸ ਦਾ ਇਸ ਵਿਚ ਕੋਈ ਜ਼ਿਕਰ ਨਹੀਂ । 30 ਜੂਨ ਨੂੰ ਮਾਨਸਾ ਨੂੰ ਫੰਡ ਮਿਲਦੇ ਹਨ । ਇਸ ਤੋਂ ਬਾਦ ਮੀਟਿੰਗ ਬੜੀ ਦੇਰ ਬਾਦ ਹੋਈ । ਜੇ ਗੌਰਮਿੰਟ ਦੀਆਂ ਹਦਾਇਤਾਂ ਨੂੰ ਇਸੇ ਤਰ੍ਹਾਂ ਹੀ ਡੀ .ਸੀ . ਜਾਂ ਹੋਰ ਆਫੀਸਰਜ਼ ਨੇ ਬਾਈਪਾਸ ਕਰਨਾ ਹੈ, ਮਨ ਮਰਜ਼ੀ ਕਰਨੀ ਹੈ ਤਾਂ ਫਿਰ ਜਿਸ ਤਰ੍ਹਾਂ ਦੇ ਗੌਰਮਿੰਟ ਰਿਜ਼ਲਟ ਚਾਹੁੰਦੀ ਹੈ, ਉਸ ਤਰ੍ਹਾਂ ਦੇ ਰਿਜ਼ਲਟ ਨਹੀਂ ਨਿਕਲ ਸਕਣਗੇ । ਕੀ ਮੁੱਖ ਮੰਤਰੀ ਜੀ ਇਸ ਦੀ ਪੜਤਾਲ ਕਰਵਾਉਣਗੇ ਅਤੇ ਵਿਸ਼ਵਾਸ ਦਿਵਾਉਣਗੇ ਕਿ ਗੌਰਮਿੰਟ ਦੀਆਂ ਹਦਾਇਤਾਂ ਦੀ ਸਾਰੇ ਅਫ਼ਸਰ ਪੂਰੀ ਤਰ੍ਹਾਂ ਨਾਲ ਪਾਲਣਾ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਵਿੱਚ ਵਿਸ਼ਵਾਸ ਦਿਵਾਉਣ ਵਾਲੀ ਕੋਈ ਗੱਲ ਨਹੀਂ ਹੈ । ਸਰਕਾਰ ਦੀਆਂ ਜਿਹੜੀਆਂ ਹਦਾਇਤਾਂ ਹਨ, ਉਨ੍ਹਾਂ ਬਾਰੇ ਹਰ ਅਫ਼ਸਰ ਨੂੰ ਹਦਾਇਤ ਹੈ ਕਿ ਉਹ ਪੂਰਨ ਤੌਰ ਤੇ ਠੀਕ ਤਰੀਕੇ ਨਾਲ ਉਨ੍ਹਾਂ ਮੁਤਾਬਿਕ ਕੰਮ ਕਰੇ । ਕੋਈ ਨਵੀਆਂ ਹਦਾਇਤਾਂ ਦੇਣ ਦੀ ਲੋੜ ਨਹੀਂ ਹੈ । ਸਰਕਾਰ ਹੀ ਹਦਾਇਤਾਂ ਦਿੰਦੀ ਹੈ ਕਿ ਜੋ ਯੋਗ ਤਰੀਕਾ ਹੈ, ਠੀਕ ਸਿਸਟਮ ਹੈ ਉਸ ਦੇ ਤਹਿਤ ਹੀ ਉਹ ਕੰਮ ਕਰਨ । ਜੋ ਗੱਲ ਅਰਸ਼ੀ ਸਾਹਿਬ ਨੇ ਕਹੀ ਹੈ ਇਸ ਦਾ ਵੀ ਮੈਂ ਪਤਾ ਕਰਾ ਲਵਾਂਗਾ ।

STARRED QUESTION NO. *618

Mr. Speaker : Extension has been asked for in respect of Starred Question No. 618 which has been granted for one week.

---

* For Starred Question No. 618 and Reply thereto, please see Appendix-II to this Debate.

ਪ੍ਰਕਾਸ਼ ਸਿੰਘ ਬਾਦਲ

ਅ.ਸ.ਪ. ਨੰ: 5/2/96-ਕੈਬ/3994 ,

ਮੁੱਖ ਮੰਤਰੀ, ਪੰਜਾਬ
ਆਮ ਰਾਜ ਪ੍ਰਬੰਧ ਵਿਭਾਗ
(ਮੰਤਰੀ ਮੰਡਲ ਮਾਮਲੇ ਸ਼ਾਖਾ)

ਮਿਤੀ : ਚੰਡੀਗੜ੍ਹ 21 ਦਸੰਬਰ, 1997

ਪਿਆਰੇ ਸਪੀਕਰ ਸਾਹਿਬ,

ਮਿਤੀ 23 ਦਸੰਬਰ, 1997 ਲਈ ਪ੍ਰਸ਼ਨਾਂ ਦੀ ਸੂਚੀ ਵਿੱਚ ਦਰਜ ਪੰਜਾਬ ਵਿਧਾਨ ਸਭਾ ਦੇ ਚਿੰਨ੍ਹ ਅੰਕਿਤ ਪ੍ਰਸ਼ਨ ਨੰ: 618 ਜੋ ਸ਼੍ਰੀ ਹਰਮਿੰਦਰ ਸਿੰਘ ਜੱਸੀ, ਐਮ .ਐਲ .ਏ . ਦੇ ਨਾਂ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ । ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ।

ਹਿਤੂ,

ਸਹੀ/-

(ਪ੍ਰਕਾਸ਼ ਸਿੰਘ ਬਾਦਲ)

ਸ਼੍ਰੀ ਚਰਨਜੀਤ ਸਿੰਘ ਅਟਵਾਲ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

Starred Question No. 678*

Mr. Speaker : Extension has been asked for in respect of Starred Question No. 678 which has been granted for one week.

---

*For Starred Question No. 678 and reply thereto, please see Appendix to this Debate.

ਗੁਰਦੇਵ ਸਿੰਘ ਬਾਦਲ

ਅ.ਸ.ਪੱ.ਨੰ: 24/52/97-ਖ-ਬ.4(5)8264
ਖੇਤੀਬਾੜੀ ਮੰਤਰੀ, ਪੰਜਾਬ ।
ਮਿਤੀ: ਚੰਡੀਗੜ੍ਹ: 22 ਦਸੰਬਰ, 1997

ਵਿਸ਼ਾ : ਵਿਧਾਨ ਸਭਾ ਸਟਾਰਡ ਪ੍ਰਸ਼ਨ ਨੰ: 678 ਦਾ ਉਤਰ ਭੇਜਣ ਬਾਰੇ ।

ਪਿਆਰੇ ਸਰਦਾਰ ਅਟਵਾਲ,

ਮਿਤੀ 23 ਦਸੰਬਰ, 1997 ਲਈ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਪੰਜਾਬ ਵਿਧਾਨ ਸਭਾ ਦੇ ਚਿੰਨ ਅੰਕਿਤ ਪ੍ਰਸ਼ਨ ਨੰ: 678 ਜੋ ਕਿ ਸ਼੍ਰੀ ਅਰਨੇਸ਼ ਕੁਮਾਰ, ਐਮ.ਐਲ.ਏ. ਦੇ ਨਾਂ ਤੇ ਹੈ ਦਾ ਉਤਰ ਅਜੇ ਤਿਆਰ ਨਹੀਂ ਹੋਇਆ ਕਿਉਂਕਿ ਮੈਸਰਜ਼ ਓਸਵਾਲ ਸ਼ੂਗਰ ਮਿਲ, ਮੁਕੇਰੀਆਂ ਵਲੋਂ ਹਾਲੇ ਤੱਕ 4,480 ਕਿਸਾਨਾਂ ਦੇ ਬਕਾਏ ਦੀ ਅਦਾਇਗੀ ਕੀਤੀ ਜਾਣੀ ਹੈ ਅਤੇ ਇਨ੍ਹਾਂ 4,480 ਕਿਸਾਨਾਂ ਦੀ ਸੂਚੀ ਵੇਰਵੇ ਸਹਿਤ ਤਿਆਰ ਕਰਨ ਵਿੱਚ ਸਮਾਂ ਲਗੇਗਾ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਕ੍ਰਿਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ 15 ਦਿਨਾਂ ਦਾ ਹੋਰ ਸਮਾਂ ਦਿੱਤਾ ਜਾਵੇ ਜੀ ।

ਆਦਰ ਸਹਿਤ,

ਹਿਤੂ,
ਸਹੀ/-
(ਗੁਰਦੇਵ ਸਿੰਘ ਬਾਦਲ)

ਸਰਦਾਰ ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

Starred Question No. *661

Mr. Speaker : Extension has been asked for in respect of Starred Question No. 661 which has been granted for one week.

ਅ: ਸ: ਪ: ਨੰ: 6/35/97-1ਟੀ(2)/15733

ਰਘਬੀਰ ਸਿੰਘ,

ਮੰਤਰੀ,
ਟਰਾਂਸਪੋਰਟ ਵਿਭਾਗ, ਪੰਜਾਬ,
ਚੰਡੀਗੜ੍ਹ ।

ਮਿਤੀ, ਚੰਡੀਗੜ੍ਹ 19 ਦਸੰਬਰ, 1997

ਵਿਸ਼ਾ: ਤਾਰਾ ਅੰਕਤ ਸਵਾਲ ਨੰ: 661-ਗੱਡੀਆਂ ਨੂੰ ਤਰਜੀਹੀ ਨੰਬਰ ਦੇਣ ਨਾਲ ਸਰਕਾਰ ਨੂੰ ਹੋਈ ਆਮਦਨ ਸਬੰਧੀ ।

*****

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ।

2. ਤਾਰਾ ਅੰਕਤ ਸਵਾਲ ਨੰ: 661-ਗੱਡੀਆਂ ਨੂੰ ਤਰਜੀਹੀ ਨੰਬਰ ਦੇਣ ਨਾਲ ਸਰਕਾਰ ਨੂੰ ਹੋਈ ਆਮਦਨ ਸਬੰਧੀ ਜੋ ਕਿ ਸ੍ਰੀ ਸੋਹਨ ਸਿੰਘ ਬੋਦਲ, ਐਮ.ਐਲ.ਏ. ਦੇ ਨਾਂ ਹੈ, ਦਾ ਉਤਰ ਤਿਆਰ ਨਹੀਂ ਹੈ, ਕਿਉਂਕਿ ਇਹ ਸੂਚਨਾ ਜ਼ਿਲ੍ਹਾ ਟਰਾਂਸਪੋਰਟ ਅਫ਼ਸਰਾਂ ਅਤੇ ਉਪ ਮੰਡਲ ਮੈਜਿਸਟਰੇਟਾਂ ਤੋਂ ਇਕੱਤਰ ਕੀਤੀ ਜਾਣੀ ਹੈ, ਜਿਸ ਨੂੰ ਕੁੱਝ ਸਮਾਂ ਲਗ ਸਕਦਾ ਹੈ । ਸਬੰਧਤ ਜਾਣਕਾਰੀ ਇਕੱਤਰ ਕਰ ਲੈਣ ਉਪਰੰਤ ਤੁਰੰਤ ਉਤਰ ਭੇਜ ਦਿੱਤਾ ਜਾਵੇਗਾ । ਇਹ ਪ੍ਰਸ਼ਨ ਮਿਤੀ 23 ਦਸੰਬਰ, 1997 ਨੂੰ ਡਿਊ ਹੈ ।

ਹਿਤੂ,

ਸਹੀ/-
(ਰਘਬੀਰ ਸਿੰਘ)

ਸ੍ਰੀ ਚਰਨਜੀਤ ਸਿੰਘ ਅਟਵਾਲ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

Mr. Speaker : Questions are over.

* For Starred Question No. 661 and Reply thereto please see Appendix-II to this Debate.

UNSTARRED QUESTIONS AND ANSWERS

ਪੁਲਿਸ (ਸੀ.ਆਈ.ਡੀ.) ਦੇ ਮਿਰਤਕ ਸਹਾਇਕ ਸਬ-ਇੰਸਪੈਕਟਰਾਂ ਦੇ ਆਸ਼ਰਿਤਾਂ ਨੂੰ ਨੌਕਰੀਆਂ

167. **ਕਾਮਰੇਡ ਹਰਦੇਵ ਅਰਸ਼ੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਪੁਲਿਸ (ਸੀ .ਆਈ .ਡੀ . ਭਾਗ) ਦੇ ਉਨ੍ਹਾਂ ਸਹਾਇਕ ਸਬ-ਇੰਸਪੈਕਟਰਾਂ ਦੇ ਨਾਂ ਕੀ-ਕੀ ਹਨ, ਜਿਨ੍ਹਾਂ ਦੀ ਸਾਲਾਂ 1994, 1995 ਅਤੇ 1996 ਦੇ ਦੌਰਾਨ ਸਰਵਿਸ ਦੇ ਦੌਰਾਨ ਮੌਤ ਹੋ ਗਈ ਸੀ ਅਤੇ ਹਰ ਇਕ ਕੇਸ ਵਿਚ ਮੌਤ ਦੀ ਤਰੀਕ ਕੀ-ਕੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਹਰ ਇਕ ਮਿਰਤਕ ਵਿਅਕਤੀ ਦੇ ਇਕ ਆਸ਼ਰਿਤ ਨੂੰ ਵਿਭਾਗ ਦੁਆਰਾ ਨੌਕਰੀ ਦੇ ਦਿੱਤੀ ਗਈ ਹੈ ; ਜੇਕਰ ਅਜਿਹਾ ਹੋਵੇ, ਤਾਂ ਪਦਧਾਰੀ ਦਾ ਨਾਂ ਕੀ ਹੈ ਅਤੇ ਉਸ ਦਾ ਮਿਰਤਕ ਨਾਲ ਰਿਸ਼ਤਾ ਕੀ ਹੈ ਅਤੇ ਹਰ ਇਕ ਕੇਸ ਵਿਚ ਨਿਯੁਕਤੀ ਦੀ ਤਰੀਕ ਕੀ-ਕੀ ਹੈ; ਜੇਕਰ ਨਹੀਂ, ਤਾਂ ਇਸਦੇ ਕਾਰਣ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਅਤੇ (ਅ) ਸਾਲ 1994, 1995 ਅਤੇ 1996 ਦੌਰਾਨ ਪੁਲਿਸ ਵਿਭਾਗ (ਸੀ .ਆਈ .ਡੀ . ਸੈਕਸ਼ਨ) ਦੇ 9 ਸਹਾਇਕ ਸਬ-ਇੰਸਪੈਕਟਰ ਸੇਵਾ ਦੌਰਾਨ ਮਰੇ । ਉਕਤ 'ੳ' ਅਤੇ 'ਅ' ਸਬੰਧੀ ਵੇਰਵਾ ਅਨੁਲੱਗ ਵਿਚ ਦਰਸਾਇਆ ਗਿਆ ਹੈ ।

ਅਨੁਲੱਗ

ਲੜੀ ਨੰ:	ਪੰਜਾਬ ਪੁਲਿਸ ਦੇ ਏ.ਐਸ.ਆਈਜ਼. (ਸੀ.ਆਈ.ਡੀ. ਸੈਕਸ਼ਨ) ਦਾ ਵੇਰਵਾ ਜਿਨ੍ਹਾਂ ਦੀ ਸਾਲ 1994, 1995, 1996 ਦੌਰਾਨ ਮੌਤ ਹੋਈ	ਮੌਤ ਦੀ ਮਿਤੀ	ਪੰਜਾਬ (ਸੀ.ਆਈ.ਡੀ.ਸੈਕਸ਼ਨ) ਪੁਲਿਸ ਦੇ ਮ੍ਰਿਤਕ ਏ.ਐਸ.ਆਈਜ਼. ਜਿਨ੍ਹਾਂ ਦਾ ਵੇਰਵਾ ਭਾਗ(2) ਵਿੱਚ ਹੈ, ਦੇ ਆਸ਼ਰਿਤ ਜਿਨ੍ਹਾਂ ਨੂੰ ਪੰਜਾਬ ਪੁਲਿਸ ਵਿੱਚ ਨੌਕਰੀ ਦਿੱਤੀ ਗਈ
1	ਐਡਹਾਕ ਏ.ਐਸ.ਆਈ. ਭਗਤ ਰਾਮ ਨੰ: 292/ ਅੰਮ੍ਰਿਤਸਰ	14-2-94	ਆਸ਼ਰਿਤ ਨੇ ਅਪਲਾਈ ਨਹੀਂ ਕੀਤਾ ।

ਲੜੀ ਨੰ:	ਪੰਜਾਬ ਪੁਲਿਸ ਦੇ ਏ.ਐਸ.ਆਈਜ਼. (ਸੀ.ਆਈ.ਡੀ.ਸੈਕਸ਼ਨ) ਦਾ ਵੇਰਵਾ ਜਿਨ੍ਹਾਂ ਦੀ ਸਾਲ 1994, 1995, 1996 ਦੌਰਾਨ ਮੌਤ ਹੋਈ	ਮੌਤ ਦੀ ਮਿਤੀ	ਪੰਜਾਬ (ਸੀ.ਆਈ.ਡੀ.ਸੈਕਸ਼ਨ) ਪੁਲਿਸ ਦੇ ਮ੍ਰਿਤਕ ਏ.ਐਸ.ਆਈਜ਼. ਜਿਨ੍ਹਾਂ ਦਾ ਵੇਰਵਾ ਭਾਗ(2) ਵਿੱਚ ਹੈ, ਦੇ ਆਸ਼ਰਿਤ ਜਿਨ੍ਹਾਂ ਨੂੰ ਪੰਜਾਬ ਪੁਲਿਸ ਵਿੱਚ ਨੌਕਰੀ ਦਿੱਤੀ ਗਈ
2	ਏ.ਐਸ.ਆਈ. ਪਿਆਰਾ ਸਿੰਘ ਨੰ: 36/96(1774/ ਪੀ.ਏ.ਪੀ.)	13-8-94	ਆਸ਼ਰਿਤ ਨੇ ਅਪਲਾਈ ਨਹੀਂ ਕੀਤਾ।
3	ਐਡਹਾਕ ਏ.ਐਸ.ਆਈ. ਸੁਰਿੰਦਰ ਸਿੰਘ ਨੰ: 27/161	6-10-94	ਮਿਸ. ਗੁਰਪ੍ਰੀਤ ਕੌਰ ਪੁੱਤਰੀ ਲੇਟ ਸ੍ਰੀ ਸੁਰਿੰਦਰ ਸਿੰਘ, ਏ.ਐਸ.ਆਈ. ਨੂੰ ਪੁਲਿਸ ਵਿਭਾਗ ਦੇ ਪੱਤਰ ਨੰ: 27/ 161, ਮਿਤੀ 14-2-97 ਰਾਹੀਂ ਕਲਰਕ ਨਿਯੁਕਤ ਕੀਤਾ ਗਿਆ ਹੈ।
4	ਪੀ/ਏ.ਐਸ.ਆਈ. ਸਵਿੰਦਰ ਸਿੰਘ, ਨੰ: 8/ ਇਨਟੈਲੀਜੈਂਸ	19-6-95	ਲੇਟ ਏ.ਐਸ.ਆਈ. ਦੇ ਭਰਾ ਨੇ ਪਹਿਲ ਦੇ ਆਧਾਰ ਤੇ ਨੌਕਰੀ ਲਈ ਅਪਲਾਈ ਕੀਤਾ ਸੀ, ਪਰ ਉਸਦਾ ਕੇਸ ਪਹਿਲ ਦੇ ਆਧਾਰ ਦੀਆਂ ਹਦਾਇਤਾਂ ਅਨੁਸਾਰ ਫਿਟ ਨਾ ਹੋਣ ਕਾਰਣ ਰੱਦ ਕਰ ਦਿੱਤਾ ਗਿਆ।
5	ਐਡਹਾਕ ਏ.ਐਸ.ਆਈ. ਨਸੀਬ ਸਿੰਘ, ਨੰ: 1859/ ਪਟਿਆਲਾ।	13-3-96	ਲੇਟ ਏ.ਐਸ.ਆਈ. ਦੇ ਲੜਕੇ ਕੁਲਵਿੰਦਰ ਸਿੰਘ ਨੇ ਸਿਪਾਹੀ ਦੀ ਨੌਕਰੀ ਲਈ ਪਹਿਲ ਦੇ

ਲੜੀ ਨੰ:	ਪੰਜਾਬ ਪੁਲਿਸ ਦੇ ਏ.ਐਸ.ਆਈਜ਼. (ਸੀ.ਆਈ.ਡੀ.ਸੈਕਸ਼ਨ) ਦਾ ਵੇਰਵਾ ਜਿਨ੍ਹਾਂ ਦੀ ਸਾਲ 1994, 1995, 1996 ਦੌਰਾਨ ਮੌਤ ਹੋਈ	ਮੌਤ ਦੀ ਮਿਤੀ	ਪੰਜਾਬ (ਸੀ.ਆਈ.ਡੀ.ਸੈਕਸ਼ਨ) ਪੁਲਿਸ ਦੇ ਮ੍ਰਿਤਕ ਏ.ਐਸ.ਆਈਜ਼. ਜਿਨ੍ਹਾਂ ਦਾ ਵੇਰਵਾ ਭਾਗ(2) ਵਿੱਚ ਹੈ, ਦੇ ਆਸ਼ਰਿਤ ਜਿਨ੍ਹਾਂ ਨੂੰ ਪੰਜਾਬ ਪੁਲਿਸ ਵਿੱਚ ਨੌਕਰੀ ਦਿੱਤੀ ਗਈ
			ਆਧਾਰ ਤੇ ਅਪਲਾਈ ਕੀਤਾ ਹੈ ਅਤੇ ਉਸ ਦਾ ਕੇਸ ਵਿਚਾਰ ਅਧੀਨ ਹੈ ।
6.	ਐਡਹਾਕ ਏ.ਐਸ.ਆਈ. ਸੁਖਦੇਵ ਸਿੰਘ, 381/ਬਠਿੰਡਾ	28-6-96	ਆਸ਼ਰਿਤ ਨੇ ਅਪਲਾਈ ਨਹੀਂ ਕੀਤਾ ।
7	ਪੀ/ਏ.ਐਸ.ਆਈ. ਤਰਲੋਕ ਸਿੰਘ, ਨੰ: 70/ ਇੰਟ:	10-9-96	ਲੇਟ ਪੀ/ਏ.ਐਸ.ਆਈ. ਦੇ ਭਰਾ ਨੇ ਪਹਿਲ ਦੇ ਆਧਾਰ ਤੇ ਅਪਲਾਈ ਕੀਤਾ ਹੈ । ਉਸ ਦਾ ਕੇਸ ਵਿਚਾਰ ਅਧੀਨ ਹੈ ।
8.	ਐਡਹਾਕ ਏ.ਐਸ.ਆਈ. ਰਾਮ ਪਿਆਰਾ 1606/ਜਲੰਧਰ	24-10-96	ਲੇਟ ਏ.ਐਸ.ਆਈ. ਦੇ ਲੜਕੇ ਜਸਵਿੰਦਰ ਕੁਮਾਰ ਨੇ ਸਿਪਾਹੀ ਦੀ ਨੌਕਰੀ ਲਈ ਪਹਿਲ ਦੇ ਆਧਾਰ ਤੇ ਅਪਲਾਈ ਕੀਤਾ ਹੈ, ਜਿਸ ਦਾ ਕੇਸ ਵਿਚਾਰ ਅਧੀਨ ਹੈ ।
9	ਐਡਹਾਕ ਏ.ਐਸ.ਆਈ. ਸਰਬਜੀਤ ਸਿੰਘ, ਨੰ: 2607/ ਅੰਮ੍ਰਿਤਸਰ	15-12-96	ਆਸ਼ਰਿਤ ਨੇ ਅਪਲਾਈ ਨਹੀਂ ਕੀਤਾ ।

ਅੰਮ੍ਰਿਤਸਰ ਵਿਚ ਇਕ ਪ੍ਰਾਈਵੇਟ ਕਲਿਨਿਕ ਵਿਚ ਡਿਲਿਵਰੀ ਦੌਰਾਨ ਇਕ ਬੱਚੇ ਦੀ ਮੌਤ

168. ਕਾਮਰੇਡ ਹਰਦੇਵ ਅਰਸ਼ੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਜੁਲਾਈ, 1997 ਦੇ ਮਹੀਨੇ ਦੌਰਾਨ ਅੰਮ੍ਰਿਤਸਰ ਵਿਚ ਇਕ ਪ੍ਰਾਈਵੇਟ ਕਲਿਨਿਕ ਵਿਚ ਡਾਕਟਰਾਂ ਆਦਿ ਦੀ ਅਣਗਹਿਲੀ ਦੇ ਕਾਰਣ ਡਿਲਿਵਰੀ ਦੇ ਦੌਰਾਨ ਇਕ ਬਾਲਕ ਦੀ ਕਥਿਤ ਮੌਤ ਹੋ ਜਾਣ ਸਬੰਧੀ ਕਿਸੇ ਸਾਬਕਾ ਵਿਧਾਨਕਾਰ ਤੋਂ ਅਗਸਤ, 1997 ਵਿਚ ਕੋਈ ਸ਼ਿਕਾਇਤ ਪ੍ਰਾਪਤ ਹੋਈ; ਜੇਕਰ ਅਜਿਹਾ ਹੋਵੇ, ਤਾਂ ਸ਼ਿਕਾਇਤ ਦੇ ਵੇਰਵੇ ਕੀ ਹਨ ਅਤੇ ਇਸ ਤੇ ਕੀ ਕਾਰਵਾਈ ਕੀਤੀ ਗਈ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਹੀਂ ਜੀ ।

ਏਅਰ ਵੈਂਟੀਲੇਟਰਾਂ ਤੋਂ ਬਿਨਾਂ ਹਸਪਤਾਲ

169. ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿਚ ਉਨ੍ਹਾਂ ਸਰਕਾਰੀ ਹਸਪਤਾਲਾਂ ਦੇ ਜ਼ਿਲ੍ਹਾ-ਵਾਰ ਨਾਂ ਕੀ-ਕੀ ਹਨ ਜਿਨ੍ਹਾਂ ਵਿਚ ਏਅਰ ਵੈਂਟੀਲੇਟਰ ਹਨ;

(ਅ) ਉਨ੍ਹਾਂ ਮਰੀਜ਼ਾਂ ਦੇ ਜ਼ਿਲ੍ਹਾ-ਵਾਰ ਅਤੇ ਹਸਪਤਾਲ-ਵਾਰ ਵੇਰਵੇ ਕੀ ਹਨ ਜਿਨ੍ਹਾਂ ਦਾ 1 ਜਨਵਰੀ, 1996 ਤੋਂ ਮਿਤੀ-ਅੰਤ ਤਕ ਦੇ ਸਮੇਂ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਸਰਕਾਰੀ ਹਸਪਤਾਲਾਂ ਵਿਚ ਇਲਾਜ ਕੀਤਾ ਗਿਆ ਸੀ ?

ਸ੍ਰੀ ਮਨੋਰੰਜਨ ਕਾਲੀਆ : (ੳ) ਹੇਠ ਲਿਖੇ 8 ਸਰਕਾਰੀ ਹਸਪਤਾਲਾਂ ਵਿਚ ਏਅਰ-ਵੈਂਟੀਲੇਟਰਜ਼ ਦਾ ਉਪਬੰਧ ਕੀਤਾ ਗਿਆ ਹੈ :--

ਲੜੀ ਨੰ:	ਜ਼ਿਲ੍ਹੇ ਦਾ ਨਾਂ	ਸਿਵਲ ਹਸਪਤਾਲ
1	ਬਠਿੰਡਾ	ਸਿਵਲ ਹਸਪਤਾਲ, ਬਠਿੰਡਾ
2	ਫਿਰੋਜ਼ਪੁਰ	ਸਿਵਲ ਹਸਪਤਾਲ, ਫਿਰੋਜ਼ਪੁਰ
		ਸਿਵਲ ਹਸਪਤਾਲ, ਫਾਜ਼ਿਲਕਾ
		ਸਿਵਲ ਹਸਪਤਾਲ, ਅਬੋਹਰ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਲੜੀ ਨੰ:	ਜ਼ਿਲ੍ਹੇ ਦਾ ਨਾਂ	ਸਿਵਲ ਹਸਪਤਾਲ .
3	ਗੁਰਦਾਸਪੁਰ	ਸਿਵਲ ਹਸਪਤਾਲ, ਗੁਰਦਾਸਪੁਰ
4	ਜਲੰਧਰ	ਸਿਵਲ ਹਸਪਤਾਲ, ਜਲੰਧਰ
5	ਲੁਧਿਆਣਾ	ਸਿਵਲ ਹਸਪਤਾਲ, ਲੁਧਿਆਣਾ
6	ਸੰਗਰੂਰ	ਸਿਵਲ ਹਸਪਤਾਲ, ਸੰਗਰੂਰ

(ਅ) ਇਕ ਜਨਵਰੀ, 1996 ਤੋਂ ਹੁਣ ਤੀਕ ਇਨ੍ਹਾਂ ਹਸਪਤਾਲਾਂ ਵਿਚ ਜਿਨ੍ਹਾਂ ਮਰੀਜ਼ਾਂ ਦਾ ਇਲਾਜ ਕੀਤਾ ਗਿਆ ਹੈ, ਦੀ ਗਿਣਤੀ ਹਸਪਤਾਲ-ਵਾਈਜ਼ ਹੇਠ ਲਿਖੇ ਅਨੁਸਾਰ ਹੈ :--

ਲੜੀ ਨੰ:	ਜ਼ਿਲ੍ਹੇ ਦਾ ਨਾਂ	ਸਿਵਲ ਹਸਪਤਾਲ	1 ਜਨਵਰੀ, 1996 ਤੋਂ ਅੱਜ ਤੱਕ ਇਲਾਜ ਕੀਤੇ ਗਏ ਮਰੀਜ਼ਾਂ ਦੀ ਗਿਣਤੀ
1	ਬਠਿੰਡਾ	ਸਿਵਲ ਹਸਪਤਾਲ, ਬਠਿੰਡਾ	22
2.	ਫਿਰੋਜ਼ਪੁਰ	ਸਿਵਲ ਹਸਪਤਾਲ, ਫਿਰੋਜ਼ਪੁਰ	9
		ਸਿਵਲ ਹਸਪਤਾਲ, ਫਾਜ਼ਿਲਕਾ	3
		ਸਿਵਲ ਹਸਪਤਾਲ, ਅਬੋਹਰ	4
3	ਗੁਰਦਾਸਪੁਰ	ਸਿਵਲ ਹਸਪਤਾਲ, ਗੁਰਦਾਸਪੁਰ	17
4	ਜਲੰਧਰ	ਸਿਵਲ ਹਸਪਤਾਲ, ਜਲੰਧਰ	--
5	ਲੁਧਿਆਣਾ	ਸਿਵਲ ਹਸਪਤਾਲ, ਲੁਧਿਆਣਾ	26
6	ਸੰਗਰੂਰ	ਸਿਵਲ ਹਸਪਤਾਲ, ਸੰਗਰੂਰ	--
		ਕੁੱਲ	81

ਪ੍ਰਾਈਵੇਟ ਸੰਸਕ੍ਰਿਤ ਕਾਲਜਾਂ ਨੂੰ ਗ੍ਰਾਂਟ/ਵਿੱਤੀ ਸਹਾਇਤਾ

170. ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਕੀ ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਕੋਈ ਅਜਿਹੇ ਪ੍ਰਾਈਵੇਟ ਸੰਸਕ੍ਰਿਤ ਕਾਲਜ ਹਨ ਜੋ ਪੰਜਾਬ ਸਰਕਾਰ ਤੋਂ ਗਰਾਂਟਾਂ ਪ੍ਰਾਪਤ ਕਰਦੇ ਹਨ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਕਾਲਜਾਂ ਦੇ ਨਾਂ ਕੀ-ਕੀ ਹਨ ਅਤੇ ਉਹ ਕਿਥੇ-ਕਿਥੇ ਹਨ;

(ਅ) 1 ਅਪ੍ਰੈਲ, 1991 ਤੋਂ 20 ਸਤੰਬਰ, 1997 ਤਕ ਦੇ ਸਮੇਂ ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਕਾਲਜਾਂ ਨੂੰ ਦਿੱਤੀਆਂ ਗਈਆਂ ਗ੍ਰਾਂਟਾਂ ਦੇ ਸਾਲ-ਵਾਰ ਅਤੇ ਕਾਲਜ-ਵਾਰ ਵੇਰਵੇ ਕੀ ਹਨ;

(ੲ) ਕੀ ਪੰਜਾਬ ਸਰਕਾਰ ਨੇ ਗ੍ਰਾਂਟਾਂ ਦੀ ਵਰਤੋਂ ਲਈ ਕੋਈ ਸ਼ਰਤਾਂ ਰੱਖੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

ਸਰਦਾਰ ਮਨਜੀਤ ਸਿੰਘ ਕਲਕੱਤਾ: (ੳ) ਅਤੇ (ਅ) ਪੰਜਾਬ ਰਾਜ ਵਿਚ ਅਜਿਹੇ 9 ਕਾਲਜ ਹਨ ਜਿਨ੍ਹਾਂ ਨੂੰ ਰਾਜ ਦੁਆਰਾ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਇਨ੍ਹਾਂ ਕਾਲਜਾਂ ਨੂੰ ਸਾਲ-ਵਾਰ 1991-92 ਤੋਂ 1996-97 ਤੱਕ ਦੀ ਗਰਾਂਟ ਸਬੰਧੀ ਸੂਚਨਾ ਅਨੁਲੱਗ 'ਸ' ਉਤੇ ਵੇਖੀ ਜਾਵੇ ।

(ੲ) ਵਿੱਤੀ ਸਹਾਇਤਾ ਕੇਵਲ ਵਿੱਤ ਵਿਭਾਗ ਦੇ ਪੱਤਰ ਨੰ: 9/93-86-2 ਐਫ.ਈ.ਆਰ/20551, ਮਿਤੀ 27 ਅਕਤੂਬਰ, 1986 ਵਿਚ ਦਿੱਤੀਆਂ ਹਦਾਇਤਾਂ ਅਨੁਸਾਰ ਹੀ ਦਿੱਤੀ ਜਾਂਦੀ ਹੈ । ਇਸ ਤੋਂ ਇਲਾਵਾ, ਸਬੰਧਤ ਸੰਸਥਾਵਾਂ ਵਲੋਂ ਅਗੇਤੀ ਟਿਕਟ ਲੱਗੀ ਰਸੀਦ ਅਤੇ ਪਹਿਲਾਂ ਦਿੱਤੀ ਗਈ ਗਰਾਂਟ ਦੀ ਵਰਤੋਂ ਸਰਟੀਫਿਕੇਟ ਦੇਣਾ ਪੈਂਦਾ ਹੈ ।

ਅਨੁਲੱਗ 'ਸ'

ਹਰੇਕ ਕਾਲਜ ਨੂੰ ਸਾਲਵਾਰ ਦਿੱਤੀ ਗਈ ਗ੍ਰਾਂਟ

ਲੜੀ ਨੰ:	ਸੰਸਕ੍ਰਿਤ ਕਾਲਜਾਂ ਦੇ ਨਾਮ	1991-92	1992-93	1993-94	1994-95	1995-96	1996-97	(ਸਤੰਬਰ 97 ਤੱਕ)
1:	ਸ਼੍ਰੀ ਸਰਸਵਤੀ ਸੰਸਕ੍ਰਿਤ ਕਾਲਜ, ਖੰਨਾ	21,620 ਰੁਪਏ	9,100	8,670	6,400	4,500	ਨਿੱਲ	ਸਾਲ 1997-98 ਦੀ ਗ੍ਰਾਂਟ ਦੇਣ ਲਈ ਸਬੰਧਿਤ ਸੰਸਥਾਵਾਂ ਤੋਂ ਕਲੇਮਾਂ ਦੀ ਮੰਗ ਕੀਤੀ ਗਈ ਹੈ ।
2.	ਐਸ.ਡੀ. ਸੰਸਕ੍ਰਿਤ ਕਾਲਜ, ਹੁਸ਼ਿਆਰਪੁਰ	33,200 ਰੁਪਏ	48,700	57,300	10,700	93,900	ਨਿੱਲ	
3:	ਐਸ.ਡੀ. ਸੰਸਕ੍ਰਿਤ ਮਹਾਂ ਵਿਦਿਆਲਾ, ਦਾਤਾਪੁਰ	42,470 ਰੁਪਏ	--	28,200	55,300	74,000	ਨਿੱਲ	
4:	ਹਿੰਦੂ ਸਭਾ ਸੰਸਕ੍ਰਿਤ ਕਾਲਜ, ਅੰਮ੍ਰਿਤਸਰ	16,990 ਰੁਪਏ	22,300	36,000	19,300	26,000	ਨਿੱਲ	
5:	ਸ਼੍ਰੀ ਲਕਸ਼ਮੀ ਨਰਾਇਣ ਸੰਸਕ੍ਰਿਤ ਕਾਲਜ, ਅੰਮ੍ਰਿਤਸਰ	18,920 ਰੁਪਏ	27,500	26,930	25,700	ਨਿੱਲ	ਨਿੱਲ	

ਲੜੀ ਨੰ:	ਸੰਸਕ੍ਰਿਤ ਕਾਲਜਾਂ ਦੇ ਨਾਮ	1991-92	1992-93	1993-94	1994-95	1995-96	1996-97 (ਸਤੰਬਰ 97 ਤੱਕ)
6.	ਆਰ. ਬੀ. ਘਗਰ ਮੱਲ ਸੰਸਕ੍ਰਿਤ ਕਾਲਜ, ਅੰਮ੍ਰਿਤਸਰ	20,460 ਰੁਪਏ	25,000	17,900	26,100	23,900	ਨਿੱਲ
7.	ਐਸ.ਡੀ. ਸੰਸਕ੍ਰਿਤ ਕਾਲਜ, ਫਾਜ਼ਿਲਕਾ	32,050 ਰੁਪਏ	33,900	9,900	40,700	ਨਿੱਲ	ਨਿੱਲ
8.	ਦਇਆਨੰਦ ਵਿਦਿਆਲਾ, ਦੀਨਾ ਨਗਰ	14,290 ਰੁਪਏ	ਨਿੱਲ	2,500	ਨਿੱਲ	14,300	ਨਿੱਲ
9.	ਸ੍ਰੀ ਸਨਾਤਨ ਧਰਮ ਵੈਦਿਕ ਸੰਸਕ੍ਰਿਤ ਵਿਦਿਆਲਾ, ਮਾਈ ਹੀਰਾਂ ਗੇਟ, ਜਲੰਧਰ	ਨਿੱਲ	13,500	12,600	15,800	73,400	ਨਿੱਲ

ਐਮ.ਐਲ.ਏਜ਼. ਵਿਰੁੱਧ ਫੌਜਦਾਰੀ ਮੁਕੱਦਮੇ

171. **ਕਾਮਰੇਡ ਅਜੈਬ ਸਿੰਘ ਰੌਂਤਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਇਸ ਸਮੇਂ ਉਨ੍ਹਾਂ ਐਮ.ਐਲ.ਏਜ਼ ਦੇ ਨਾਂ ਕੀ ਹਨ ਜਿਨ੍ਹਾਂ ਵਿਰੁੱਧ ਇਸ ਸਮੇਂ ਕੋਈ ਫੌਜਦਾਰੀ ਮੁਕੱਦਮੇਂ ਪੈਂਡਿੰਗ ਪਏ ਹਨ ਅਤੇ ਹਰ ਇਕ ਕੇਸ ਕਿਸ ਕਿਸਮ ਦਾ ਹੈ ਅਤੇ ਉਨ੍ਹਾਂ ਅਦਾਲਤਾਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਕੋਲ ਅਜਿਹੇ ਕੇਸ ਪੈਂਡਿੰਗ ਪਏ ਹਨ ਅਤੇ ਹਰ ਇਕ ਕੇਸ ਕਦੋਂ ਤੋਂ ਪੈਂਡਿੰਗ ਪਿਆ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਅਨੁਲੱਗ 1 ਅਤੇ 2 ਅਨੁਸਾਰ ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲੱਗ-I

ਲੜੀ ਨੰ:	ਐਮ.ਐਲ.ਏ. ਦਾ ਨਾਮ	ਕੇਸ ਦੀ ਕਿਸਮ	ਕੋਰਟ ਦਾ ਨਾਮ ਜਿਸ ਵਿਚ ਕੇਸ ਪੈਂਡਿੰਗ ਹੈ ਅਤੇ ਕਿਸ ਮਿਤੀ ਤੋਂ ਲੰਬਿਤ ਹੈ
1.	ਸ਼੍ਰੀ ਜਗਦੀਸ਼ ਰਾਜ ਸਾਹਨੀ	ਧੋਖਾਧੜੀ/ਫਰਾਡ	ਸ੍ਰੀ ਹਰਿੰਦਰਪਾਲ ਸਿੰਘ, ਜੇ.ਐਮ.ਆਈ.ਸੀ., ਬਟਾਲਾ, ਮਿਤੀ 26-4-1995
2.	ਸ਼੍ਰੀ ਗੁਰਦੇਵ ਸਿੰਘ ਸਿੱਧੂ	ਡਰਾਉਣਾ/ ਧਮਕਾਉਣਾ	ਨਿੱਲ (ਕਿਉਂਕਿ ਕੇਸ ਜ਼ੇਰੇ ਤਫਤੀਸ਼ ਹੈ ।)
3.	ਸ਼੍ਰੀ ਗੋਬਿੰਦ ਸਿੰਘ ਕਾਂਝਲਾ	ਸਰਕਾਰੀ ਡਿਊਟੀ ਵਿਚ ਦਖਲ ਅੰਦਾਜ਼ੀ	ਸ਼੍ਰੀਮਤੀ ਅਰਚਨਾ ਪੁਰੀ, ਐਸ.ਡੀ.ਜੇ.ਐਮ., ਧੂਰੀ (ਸੰਗਰੂਰ), ਮਿਤੀ 11-3-95
4.	ਸ਼੍ਰੀ ਹੀਰਾ ਸਿੰਘ ਗਾਬੜੀਆ	ਦੇਸ਼ ਧਰੋਹੀ ਭਾਸ਼ਣ	ਸ਼੍ਰੀਮਤੀ ਦਵਿੰਦਰਪਾਲ ਕੌਰ, ਜੇ.ਐਮ.ਆਈ.ਸੀ., ਲੁਧਿਆਣਾ, ਮਿਤੀ 6-8-1994

ਲੜੀ ਨੰ:	ਐਮ.ਐਲ.ਏ. ਦਾ ਨਾਮ	ਕੇਸ ਦੀ ਕਿਸਮ	ਕੋਰਟ ਦਾ ਨਾਮ ਜਿਸ ਵਿੱਚ ਕੇਸ ਪੈਂਡਿੰਗ ਹੈ ਅਤੇ ਕਿਸ ਮਿਤੀ ਤੋਂ ਲੰਬਿਤ ਹੈ ।
5.	ਸ੍ਰੀ ਮਹੇਸ਼ ਇੰਦਰ ਸਿੰਘ ਗਰੇਵਾਲ	ਧੋਖਾ	ਸ੍ਰੀ ਬੀ.ਕੇ. ਗੌਰ, ਏ.ਸੀ.ਜੇ.ਐਮ., ਲੁਧਿਆਣਾ ਮਿਤੀ 14-10-1996
6.	ਸ੍ਰੀ ਮੱਖਣ ਸਿੰਘ	ਕਤਲ ਕਰਨ ਦੀ ਕੋਸ਼ਿਸ਼	ਸ੍ਰੀ ਕੇ.ਐਸ. ਧਾਲੀਵਾਲ, ਜੇ.ਐਮ.ਆਈ.ਸੀ., ਬਠਿੰਡਾ। ਮਿਤੀ 25-8-1993

ਅਨੁਲੱਗ- II

ਲੜੀ ਨੰ:	ਐਮ.ਐਲ.ਏ. ਦਾ ਨਾਮ	ਐਫ.ਆਈ.ਆਰ.ਨੰ:, ਮਿਤੀ, ਜੁਰਮ ਅਤੇ ਥਾਣਾ	ਮੌਜੂਦਾ ਸਥਿਤੀ
1.	ਸ੍ਰ: ਗੋਬਿੰਦ ਸਿੰਘ ਕਾਂਝਲਾ, ਐਮ.ਐਲ.ਏ	ਐਫ.ਆਈ.ਆਰ.ਨੰ: 36, ਮਿਤੀ 13-3-1994, ਅਧੀਨ ਧਾਰਾ 153/332/ 506 ਆਈ.ਪੀ.ਸੀ., ਥਾਣਾ ਧੂਰੀ, ਜ਼ਿਲ੍ਹਾ ਸੰਗਰੂਰ।	ਜ਼ੇਰੇ ਤਫਤੀਸ਼ ਹੈ । ਫਿਰ ਵੀ ਇਹ ਕੇਸ ਵਾਪਸ ਲੈਣ ਹਿੱਤ ਵਿਚਾਰ ਅਧੀਨ ਹੈ ।
2.	ਸ੍ਰ: ਸਾਧੂ ਸਿੰਘ ਰਾਜੇਆਣਾ	ਐਫ.ਆਈ.ਆਰ.ਨੰ: 178, ਮਿਤੀ 15-12-1991, ਅਧੀਨ ਧਾਰਾ 306/147/ 148/149 ਆਈ.ਪੀ.ਸੀ., ਥਾਣਾ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ।	ਜ਼ੇਰੇ ਤਫਤੀਸ਼ । ਫਿਰ ਵੀ ਜ਼ਿਲ੍ਹਾ ਮੈਜਿਸਟਰੇਟ, ਮੋਗਾ ਦੀ ਟਿੱਪਣੀ ਦੀ ਅਣਹੋਂਦ ਕਾਰਨ ਐਫ.ਆਈ.ਆਰ. ਦੀ ਵਿਦਡਰਾਅਲ ਲਈ ਪੈਂਡਿੰਗ ਹੈ ।

[ਮੁੱਖ ਮੰਤਰੀ]

ਲੜੀ ਨੰ:	ਐਮ.ਐਲ.ਏ. ਦਾ ਨਾਮ	ਐਫ.ਆਈ.ਆਰ.ਨੰ:, ਮਿਤੀ, ਜੁਰਮ ਅਤੇ ਥਾਣਾ	ਮੌਜੂਦਾ ਸਥਿਤੀ
3.	ਮਾਸਟਰ ਮੋਹਨ ਲਾਲ, ਐਮ.ਐਲ.ਏ.	ਐਫ.ਆਈ.ਆਰ. ਅਧੀਨ ਧਾਰਾ 148/149/144 ਆਈ.ਪੀ.ਸੀ. ਥਾਣਾ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰ-ਪੁਰ ।	ਜ਼ੇਰੇ ਤਫਤੀਸ਼ । ਫਿਰ ਵੀ ਐਫ.ਆਈ.ਆਰ.ਦੀ ਵਿਦਡਰਾਅਲ ਦੇ ਸਬੰਧ ਵਿੱਚ ਜ਼ਿਲ੍ਹਾ ਮੈਜਿਸਟਰੇਟ, ਹੁਸ਼ਿਆਰਪੁਰ ਦੀ ਟਿੱਪਣੀ ਦੀ ਉਡੀਕ ਕਾਰਨ ਲੰਬਿਤ ਹੈ ।

ਜ਼ਿਲ੍ਹਾ ਮਾਨਸਾ ਲਈ ਬੰਧਨ-ਮੁਕਤ ਫੰਡਜ਼ ਜਾਰੀ ਕਰਨੇ

172. **ਕਾਮਰੇਡ ਹਰਦੇਵ ਅਰਸ਼ੀ:** ਕੀ ਵਿੱਤ ਅਤੇ ਯੋਜਨਾਬੰਦੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਵਿੱਤੀ ਸਾਲਾਂ 1992-93 ਤੋਂ 1997-98 (ਹੁਣ ਤੱਕ) ਦੇ ਦੌਰਾਨ ਜ਼ਿਲ੍ਹਾ ਮਾਨਸਾ ਲਈ ਸਾਲ-ਵਾਰ ਕੁੱਲ ਕਿੰਨੀ ਰਕਮ ਦੇ ਬੰਧਨ-ਮੁਕਤ ਫੰਡਜ਼ ਜਾਰੀ ਕੀਤੇ ਗਏ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਫੰਡਜ਼ ਵਿਚੋਂ ਬਲਾਕ-ਵਾਰ/ਪਿੰਡ-ਵਾਰ ਕੀਤੇ ਗਏ ਖ਼ਰਚ ਦੇ ਵੇਰਵੇ ਕੀ ਹਨ ?

ਕੈਪਟਨ ਕੰਵਲਜੀਤ ਸਿੰਘ: (ੳ) ਵਿੱਤੀ ਸਾਲਾਂ 1992-93 ਤੋਂ 1997-98 (ਮਿਤੀ 9 ਨਵੰਬਰ, 1997 ਤੱਕ) ਦੇ ਦੌਰਾਨ ਜ਼ਿਲ੍ਹਾ ਮਾਨਸਾ ਨੂੰ ਸਾਲ-ਵਾਰ ਜਾਰੀ ਕੀਤੇ ਗਏ ਕੁੱਲ ਬੰਧਨ-ਮੁਕਤ ਫੰਡਜ਼ ਦਾ ਵੇਰਵਾ ਅਨੁਲੱਗ-I ਤੇ ਨਾਲ ਨੱਥੀ ਹੈ ।

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਫੰਡਜ਼ ਵਿਚੋਂ ਬਲਾਕਵਾਰ/ਪਿੰਡਵਾਰ ਕੀਤੇ ਗਏ ਖਰਚੇ ਦਾ ਵੇਰਵਾ ਅਨੁਲੱਗ*-II ਤੇ ਨੱਥੀ ਹੈ ਜੀ ।

-* Placed in the Library.

ਅਨੁਲੱਗ -I

ਸਾਲ 1992-93 ਤੋਂ 1997-98 (ਮਿਤੀ 9 ਨਵੰਬਰ, 1997 ਤੱਕ) ਦੌਰਾਨ ਬੰਧਨ-ਮੁਕਤ ਫੰਡਾਂ ਅਧੀਨ ਕੁੱਲ ਜਾਰੀ ਕੀਤੀ ਗਈ ਰਾਸ਼ੀ--

ਜ਼ਿਲ੍ਹਾ ਮਾਨਸਾ

ਲੜੀ ਨੰ:	ਸਾਲ	ਬਜਟ	ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਵੱਲੋਂ ਜਾਰੀ ਕੀਤੀ ਰਾਸ਼ੀ (ਲੱਖਾਂ ਵਿੱਚ)	ਖ਼ਜ਼ਾਨੇ ਵਿੱਚੋਂ ਕਢਵਾਈ ਰਾਸ਼ੀ/ਖਰਚਾ (ਲੱਖਾਂ ਵਿਚ)
1	2	3	4	5
1.	1992-93	87.28	87.28	87.28
2.	1993-94	45.00	45.00	45.00
3.	1994-95	56.60	56.60	44.15
4.	1995-96	31.85	31.85	31.85
5.	1996-97	73.18	73.18	45.00
6.	1997-98 (ਮਿਤੀ 9 ਨਵੰਬਰ, 1997 ਤੱਕ)	42.94	8.52	8.52

ਉਨੱਤ ਗ੍ਰਾਮ ਸਕੀਮ ਅਧੀਨ ਫੰਡਾਂ ਦੀ ਐਲੋਕੇਸ਼ਨ

173. **ਕਾਮਰੇਡ ਹਰਦੇਵ ਅਰਸ਼ੀ:** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲਾਂ 1992-93 ਤੋਂ 1997-98 (ਹੁਣ ਤੱਕ) ਦੇ ਦੌਰਾਨ ਜ਼ਿਲ੍ਹਾ ਮਾਨਸਾ ਵਿਚ ਗਲੀਆਂ ਪੱਕੀਆਂ ਕਰਨ, ਨਾਲੀਆਂ ਦੀ ਉਸਾਰੀ ਅਤੇ ਜਲ ਨਿਕਾਸ ਲਈ ਉਨੱਤ ਗ੍ਰਾਮ ਸਕੀਮ ਅਧੀਨ ਬਲਾਕ-ਵਾਰ ਅਤੇ ਪਿੰਡ-ਵਾਰ ਐਲੋਕੇਟ ਕੀਤੇ ਗਏ ਫੰਡਾਂ ਦੇ ਸਾਲ-ਵਾਰ ਵੇਰਵੇ ਕੀ ਹਨ ?

ਸਰਦਾਰ ਨਿਰਮਲ ਸਿੰਘ ਕਾਹਲੋਂ: *ਵਿਵਰਣ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

* Placed in the Library.

ANNOUNCEMENT BY THE SPEAKER
RE. PANEL OF CHAIRMEN

Mr. Speaker : Under Rule 13(1) of the Rules of Procedure and Conduct of Business in the Punjab Vidhan Sabha (Punjab Legislative Assembly), I nominate the following Members to serve on the Panel of Chairmen :--

1. Sardar Manpreet Singh Badal.
2. Sardar Prem Singh Lalpura.
3. Shri Sat Pal Gosain.
4. Chaudhary Jagjit Singh.

Now, the Secretary will make an announcement.

ANNOUNCEMENT BY THE SECRETARY

ਸਕੱਤਰ : ਮੈਂ ਗਿਆਰ੍ਹਵੀਂ ਪੰਜਾਬ ਵਿਧਾਨ ਸਭਾ ਦੁਆਰਾ ਆਪਣੇ ਦੂਜੇ ਸਮਾਗਮ ਦੇ ਦੌਰਾਨ ਪਾਸ ਕੀਤੇ ਗਏ ਬਿੱਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ।

1. ਪੰਜਾਬ ਨਮਿੱਤਣ (ਨੰ: 2) ਬਿੱਲ, 1997.
2. ਪੰਜਾਬ ਆਮ ਵਿਕਰੀ ਕਰ (ਸੋਧਨਾ) ਬਿੱਲ, 1997.
3. ਪੰਜਾਬ ਜ਼ਮੀਨ ਮਾਲੀਆ (ਸਥਾਪਤ ਕਰਨਾ) ਬਿੱਲ, 1997

POINTS OF ORDER

ਸ਼੍ਰੀ ਸਪੀਕਰ : ਹੁਣ ਕਾਲ ਅਟੈਨਸ਼ਨ ਨੋਟਿਸ। ਸ਼੍ਰੀ ਹਰਦੇਵ ਅਰਸ਼ੀ ਜੀ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਜ਼ੀਰੋ ਆਵਰ ਤੇ ਅਸੀਂ ਬੋਲਣਾ ਹੈ ਜੀ।

ਸ਼੍ਰੀ ਸਪੀਕਰ : ਹਾਂ ਜੀ, ਦੱਸੋ ਕੀ ਬੋਲਣਾ ਹੈ ?

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਵਿਚ ਬੜੀ ਨਿਰਾਸਤਾ ਹੈ ਕਿਉਂਕਿ ਜਿਹੜੇ ਪੰਜਾਬ ਦੇ ਪਿੰਡਾਂ ਵਿਚ ਪੰਚਾਇਤਾਂ ਦੇ ਇਲੈਕਸ਼ਨ ਫਿਕਸ ਕੀਤੇ ਗਏ ਸੀ, ਔਰ ਉਨ੍ਹਾਂ ਇਲੈਕਸ਼ਨਾਂ ਨੂੰ.........

ਸ੍ਰੀ ਸਪੀਕਰ : ਇਸ ਤੇ ਬਿੱਲ ਆ ਰਿਹਾ ਹੈ ।

ਚੌਧਰੀ ਜਗਜੀਤ ਸਿੰਘ : ਜਿਹੜੇ ਇਲੈਕਸ਼ਨ ਫਿਕਸ ਕੀਤੇ ਗਏ ਸੀ, ਉਹ ਅੱਗੇ ਪਾ ਦਿੱਤੇ ਗਏ ਹਨ ਜਦੋਂ ਕਿ ਮਿਊਂਸਿਪਲ ਕਮੇਟੀਆਂ ਦੇ ਇਲੈਕਸ਼ਨ ਪੰਜਾਬ ਵਿਚ ਹੋ ਰਹੇ ਹਨ । ਨਾਮੀਨੇਸ਼ਨ ਪੇਪਰਜ਼ ਸਬਮਿਟ ਹੋਏ ਹਨ, ਵਿਦਡਰਾਅ ਹੋ ਰਹੇ ਹਨ ਪਰ ਪੰਚਾਇਤਾਂ ਦੇ ਇਲੈਕਸ਼ਨ ਕਿਉਂ ਪੋਸਟਪੋਨ ਕੀਤੇ ਗਏ ਹਨ ? ਇਨ੍ਹਾਂ ਇਲੈਕਸ਼ਨਾਂ ਵਿਚ ਏਨੀ ਧਾਂਦਲੀ ਹੋਈ ਹੈ ਔਰ ਪੰਜਾਬ ਦਾ ਜਿਹੜਾ ਵੋਟਾਂ ਦਾ ਸਿਸਟਮ ਹੈ...

ਸ੍ਰੀ ਸਪੀਕਰ : ਚੌਧਰੀ ਸਾਹਿਬ, ਇਸ ਤੇ ਬਿੱਲ ਆ ਰਿਹਾ ਹੈ, ਉਦੋਂ ਬੋਲ ਲੈਣਾ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਵੋਟਾਂ ਬਣਾਉਣ ਵਿਚ ਬੀ.ਡੀ.ਓ. ਦੇ ਮਹਿਕਮੇ ਨੂੰ ਅਖਤਿਆਰ ਦਿੱਤੇ ਗਏ ਹਨ ਔਰ ਹੁਣ ਤੱਕ ਵੋਟਾਂ......

ਸ੍ਰੀ ਸਪੀਕਰ : ਚੌਧਰੀ ਸਾਹਿਬ, ਮੈਂ ਕਹਿ ਰਿਹਾ ਹਾਂ ਕਿ ਇਸ ਤੇ ਬਿੱਲ ਆ ਰਿਹਾ ਹੈ, ਤੁਸੀਂ ਆਪਣੀ ਗੱਲ ਉਦੋਂ ਕਹਿ ਲੈਣਾ ।

ਚੌਧਰੀ ਜਗਜੀਤ ਸਿੰਘ : ਮੈਂ ਹੋਰ ਜ਼ਰੂਰੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਹਲਕਾਬੰਦੀ ਹੋਈ ਹੈ । ਉਨ੍ਹਾਂ ਹਲਕਾਬੰਦੀਆਂ ਵਿਚ ਪੰਜਾਬ ਦੇ ਕਾਂਗਰਸ ਦੇ ਬਹੁਤ ਸਾਰੇ ਸਰਪੰਚ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਮੈਂਬਰਾਂ ਦੀਆਂ ਸੀਟਾਂ ਨੂੰ ਰੀਜ਼ਰਵ ਕਰਕੇ ਬਾਹਰ ਕੱਢਣ ਦਾ ਯਤਨ ਕੀਤਾ ਗਿਆ ਹੈ..... (ਵਿਘਨ)..... ਸਪੀਕਰ ਸਾਹਿਬ, ਇਸ ਤੋਂ ਇਲਾਵਾ ਦੂਸਰੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ......

ਸ੍ਰੀ ਸਪੀਕਰ : ਰੌਂਤਾ ਜੀ, ਤੁਸੀਂ ਬੋਲੋ ਜੀ ।..... (ਵਿਘਨ)....

ਚੌਧਰੀ ਜਗਜੀਤ ਸਿੰਘ : ਪੰਜਾਬ ਦੇ ਅੰਦਰ ਅੱਜ ਬੜਾ ਰੌਲਾ ਪੈ ਰਿਹਾ ਹੈ ਕਿ ਜਿਹੜਾ ਪੰਜਾਬ ਦੇ ਸਿਰ 8500 ਕਰੋੜ ਰੁਪਏ ਦਾ ਕਰਜ਼ਾ ਸੀ ਸਾਡੇ ਜ਼ਿੰਮੇ, ਉਹ ਮੁਆਫ਼ ਕਰ ਦਿੱਤਾ ਗਿਆ ਹੈ । ਮੈਂ, ਸਪੀਕਰ ਸਾਹਿਬ, ਤੁਹਾਡੀ ਮਾਰਫ਼ਤ ਪੰਜਾਬ ਦੀ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਸੈਂਟਰ ਦੀ ਸਰਕਾਰ ਪਾਸੋਂ ਚਿੱਠੀ

[ਚੌਧਰੀ ਜਗਜੀਤ ਸਿੰਘ]

ਆਈ ਹੈ ਜਾਂ ਕੋਈ ਆਰਡਰ ਆਇਆ ਹੈ ਕਰਜ਼ਾ ਮੁਆਫੀ ਦਾ, ਉਹ ਸਦਨ ਦੀ ਮੇਜ਼ ਤੇ ਰੱਖਿਆ ਜਾਵੇ ਤਾਂ ਕਿ ਲੋਕਾਂ ਨੂੰ ਔਰ ਸਾਡੇ ਸਦਨ ਦੇ ਸਾਰੇ ਮੈਂਬਰਾਂ ਨੂੰ ਪਤਾ ਲੱਗ ਸਕੇ ਕਿ ਕਿਹੜੀ ਚਿੱਠੀ ਆਈ ਹੈ ਅਤੇ ਜਿਹੜਾ ਕਰਜ਼ਾ ਸੀ, ਉਹ ਕਿੰਨਾ ਮੁਆਫ ਕੀਤਾ ਗਿਆ ਹੈ । ਲੋਕਾਂ ਦੇ ਮਨਾਂ ਦੇ ਵਿੱਚ ਇਸ ਬਾਰੇ ਬੜਾ ਸ਼ੰਕਾ ਹੈ । ਮੈਂ ਤੁਹਾਡੀ ਮਾਰਫ਼ਤ ਚੀਫ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਇਥੇ ਹਾਊਸ ਵਿੱਚ ਉਹ ਚਿੱਠੀ ਰੱਖਣ ਔਰ ਉਸ ਤੇ ਸਟੇਟਮੈਂਟ ਦੇਣ । ਤੀਸਰੀ ਗੱਲ, ਮੈਂ ਇਹ ਕਹਿਣੀ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਪੰਜਾਬ ਦੇ ਵਿੱਚ ਤੁਹਾਨੂੰ ਪਤਾ ਹੈ ਕਿ ਪਿੱਛੇ ਝੋਨੇ ਦੇ ਸਿਲਸਿਲੇ ਦੇ ਵਿੱਚ ਕਿਸ ਤਰ੍ਹਾਂ ਪੰਜਾਬ ਦਾ ਜਿਹੜਾ ਫਾਰਮਰ ਹੈ, ਝੋਨੇ ਦੀ ਫਸਲ ਨੂੰ ਵੇਚਣ ਵਾਸਤੇ ਕਿਸ ਤਰ੍ਹਾਂ ਉਸ ਨੂੰ ਮੰਡੀ ਤੋਂ ਮੰਡੀ ਦੂਰ ਜਾਣਾ ਪਿਆ ਸੀ ਔਰ ਉਸਨੂੰ ਸਪੋਰਟ ਪਰਾਈਸ ਬਹੁਤ ਘੱਟ ਮਿਲੀ ਸੀ ਜਿਸ ਕਾਰਨ ਪੰਜਾਬ ਦਾ ਝੋਨਾ ਮੰਡੀਆਂ ਵਿੱਚ ਰੁਲਦਾ ਰਿਹਾ ਲੇਕਿਨ ਜਿਹੜੀਆਂ ਪੰਜਾਬ ਦੀਆਂ ਖਰੀਦ ਕਰਨ ਵਾਲੀਆਂ ਏਜੰਸੀਆਂ ਹਨ ਉਨ੍ਹਾਂ ਨੇ ਪੰਜਾਬ ਵਿੱਚ ਕੋਈ ਕੰਮ ਨਹੀਂ ਕੀਤਾ.... (ਵਿਘਨ).....

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇਕ ਅਹਿਮ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ । ਅੱਜਕਲ੍ਹ ਸੜਕੀ ਹਾਦਸੇ ਬਹੁਤ ਜ਼ਿਆਦਾ ਵਧ ਗਏ ਹਨ । ਪਿਛਲੇ ਕੁਝ ਦਿਨਾਂ ਵਿਚ ਫਾਜ਼ਿਲਕਾ, ਰੌਈਆ ਅਤੇ ਮੁਕਤਸਰ ਵਿਖੇ ਸਕੂਲੀ ਬੱਚਿਆਂ ਨਾਲ ਇਹ ਹਾਦਸੇ ਵਾਪਰੇ ਹਨ ਅਤੇ ਉਹ ਹਾਦਸਿਆਂ ਦਾ ਸ਼ਿਕਾਰ ਹੋਏ ਹਨ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਦਾ ਮੇਨ ਕਾਰਨ ਸੜਕਾਂ ਦੀ ਖਰਾਬ ਹਾਲਤ ਹੈ, ਟਰੈਫਿਕ ਨਿਯਮਾਂ ਪ੍ਰਤੀ ਲੋਕਾਂ ਦਾ ਜਾਗਰੂਕ ਨਾ ਹੋਣਾ ਹੈ, ਡਰਾਈਵਿੰਗ ਲਾਇਸੰਸ ਬਣਾਉਣ ਸਮੇਂ ਟਰੈਫਿਕ ਨਿਯਮਾਂ ਦੀ ਪੂਰਤੀ ਆਦਿ ਨਾ ਕਰਨਾ ਹੈ । ਕਈ ਜਗ੍ਹਾ ਤੇ ਜਦੋਂ ਹਾਦਸੇ ਹੁੰਦੇ ਹਨ ਤਾਂ 50-50 ਹਜ਼ਾਰ ਰੁਪਏ ਦਿੱਤੇ ਜਾਂਦੇ ਹਨ ਪਰ ਕਈ ਜਗ੍ਹਾ ਤੇ ਇਕ ਪਾਈ ਵੀ ਨਹੀਂ ਦਿੱਤੀ ਜਾਂਦੀ । ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਸ ਮਸਲੇ ਨੂੰ ਫੌਰੀ ਤੌਰ ਤੇ ਵਿਚਾਰਨਾ ਚਾਹੀਦਾ ਹੈ ਤਾਂ ਜੋ ਕੀਮਤੀ ਜਾਨਾਂ ਦਾ ਨੁਕਸਾਨ ਹੋਣ ਤੋਂ ਬਚਾਇਆ ਜਾ ਸਕੇ ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਜਦੋਂ ਵੀ ਕਿਤੇ ਕੋਈ ਇਸ ਤਰ੍ਹਾਂ ਦਾ ਹਾਦਸਾ ਹੁੰਦਾ ਹੈ ਜਾਂ ਟਰੈਜ਼ਡੀ ਵਾਪਰਦੀ ਹੈ ਤਾਂ ਸਰਕਾਰ

ਉਸ ਕੇਸ ਵਿਚ 50 ਹਜ਼ਾਰ ਰੁਪਏ ਜ਼ਰੂਰ ਦਿੰਦੀ ਹੈ । ਜੇਕਰ ਐਮ.ਐਲ.ਏ. ਸਾਹਿਬ ਦੇ ਨੋਟਿਸ ਵਿਚ ਕੋਈ ਇਸ ਤਰ੍ਹਾਂ ਦੀ ਗੱਲ ਹੋਵੇ, ਇਹ ਮੈਨੂੰ ਦੱਸ ਦੇਣ, ਮੈਨੂੰ ਅੱਜ ਹੀ ਚੈਂਬਰ ਵਿਚ ਮਿਲ ਲੈਣ, ਮੈਂ ਅੱਜ ਹੀ ਭਿਜਵਾ ਦੇਵਾਂਗਾ ।

ਕਾਮਰੇਡ ਅਜੈਬ ਸਿੰਘ ਰੌਤਾ : ਧੰਨਵਾਦ ਜੀ ।

(**ਇਕ ਅਵਾਜ਼ :** ਇਸ ਤਰ੍ਹਾਂ ਦੇ ਤਾਂ ਬਹੁਤ ਕੇਸ ਹਨ ।)

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਹਾਊਸ ਦੇ ਪਿਛਲੇ ਇਜਲਾਸ ਵਿਚ ਵੀ ਇਕ ਬੜਾ ਸੀਰੀਅਸ ਮਸਲਾ ਉਠਾਇਆ ਸੀ ਅਤੇ ਮਾਨਯੋਗ ਮੁੱਖ ਮੰਤਰੀ ਜੀ ਦੇ ਧਿਆਨ ਵਿਚ ਵੀ ਲਿਆਂਦਾ ਸੀ ਕਿ ਪੰਜਾਬ ਵਿਚ ਇਕ ਬਹੁਤ ਵੱਡਾ ਸੁਪਰ ਖਾਦ ਸਕੈਂਡਲ ਵਾਪਰਿਆ ਹੈ । ਸੁਪਰ ਖਾਦ ਤੇ ਜਿਹੜੀ 340 ਰੁਪਏ ਪ੍ਰਤੀ ਟਨ ਜ਼ਿਮੀਂਦਾਰਾਂ ਨੂੰ ਸਬਸਿਡੀ ਆਉਂਦੀ ਸੀ, ਉਸ ਦੇ ਵਿਚ ਜਿਹੜੀਆਂ ਫੈਕਟਰੀਆਂ ਇਥੇ ਖਾਦ ਬਣਾਉਂਦੀਆਂ ਹਨ, ਉਨ੍ਹਾਂ ਨੇ ਇਸ ਸਬਸਿਡੀ ਨੂੰ ਪਿਛਲੇ ਸਮੇਂ ਵਿਚ ਆਪਣੇ ਤੌਰ ਤੇ ਹੀ ਹੜੱਪ ਕਰ ਲਿਆ ਹੈ । ਜਿੰਨੀ ਵੀ ਖਾਦ ਬਣਾਈ ਗਈ ਸੀ ਉਹ ਕਿਸੇ ਵੀ ਜ਼ਿਮੀਂਦਾਰ ਨੂੰ ਡਿਸਟਰੀਬਿਊਟ ਨਹੀਂ ਕੀਤੀ ਗਈ । ਸਾਰੀ ਖਾਦ ਨੂੰ ਬੋਗਸ ਤੌਰ ਤੇ ਐਂਟਰੀਆਂ ਕਰਕੇ ਫੈਕਟਰੀਆਂ ਵਾਲੇ ਆਪ ਹੀ ਹੜੱਪ ਕਰ ਗਏ । ਪਟਿਆਲਾ ਜ਼ਿਲ੍ਹੇ ਵਿਚ ਇਕ ਮਾਡਰਨ ਐਗਰੋ ਫੈਕਟਰੀ ਹੈ ਅਤੇ ਤਿੰਨ-ਚਾਰ ਹੋਰ ਵੀ ਫੈਕਟਰੀਆਂ ਹਨ । ਇਸ ਕੇਸ ਦੀ ਇਨਕੁਆਇਰੀ ਹੋਈ ਜਿਹੜੀ ਕਿ ਵਿਜੀਲੈਂਸ ਵਿਭਾਗ ਨੇ ਕੀਤੀ । ਉਸ ਦੇ ਵਿਚ 15 ਦੇ ਕਰੀਬ ਅਫਸਰ ਖੇਤੀਬਾੜੀ ਮਹਿਕਮੇ ਦੇ ਫਸਦੇ ਹਨ । ਇਸ ਬਾਰੇ ਬੜਾ ਭਾਰੀ ਰੌਲਾ ਵੀ ਪਿਆ ਸੀ । ਲੇਕਿਨ ਅਜੇ ਤੱਕ ਇਸ ਕੇਸ ਦਾ ਕੁੱਝ ਨਹੀਂ ਹੋਇਆ । ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਸ ਸਕੈਂਡਲ ਦੀ ਸੀ.ਬੀ.ਆਈ. ਤੋਂ ਇਨਕੁਆਇਰੀ ਕਰਵਾਈ ਜਾਵੇ ਤਾਂ ਜੋ ਜ਼ਿਮੀਂਦਾਰਾਂ ਨੂੰ ਮਿਲਣ ਵਾਲੀ ਸਬਸਿਡੀ ਗਲਤ ਪਾਸੇ ਨਾ ਜਾਵੇ ।

ਸਰਦਾਰ ਹੀਰਾ ਸਿੰਘ ਗਾਬੜੀਆ : ਮਾਨਯੋਗ ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇਸ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪਿਛਲੇ ਦਿਨਾਂ ਵਿਚ ਕਈ ਦਿਨ ਲਗਾਤਾਰ ਬਾਰਸ਼ ਪੈਂਦੀ ਰਹੀ ਅਤੇ ਬਹੁਤ ਸਾਰੀਆਂ ਫਸਲਾਂ ਜਿਵੇਂ ਕਣਕ ਲਗਾਤਾਰ 15-20 ਦਿਨ ਪਾਣੀ ਵਿਚ ਡੁੱਬੀ ਰਹੀ ਅਤੇ ਤਬਾਹ ਹੋ ਗਈ । ਹੋਰ ਫਸਲਾਂ ਵੀ ਖਰਾਬ ਹੋ ਗਈਆਂ । ਕੀ ਸਰਕਾਰ ਇਨ੍ਹਾਂ ਫਸਲਾਂ ਦੀ ਕੋਈ ਸਪੈਸ਼ਲ ਗਿਰਦਾਵਰੀ ਕਰਵਾ ਕੇ ਪੀੜਤ ਲੋਕਾਂ ਨੂੰ ਰਾਹਤ ਦੇ ਰਹੀ ਹੈ ਕਿ ਨਹੀਂ ?

ਸ਼੍ਰੀ ਸਪੀਕਰ : ਇਸ ਬਾਰੇ ਕਾਲ ਅਟੈਨਸ਼ਨ ਆ ਰਹੀ ਹੈ ।

ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ : ਮਾਨਯੋਗ ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਆਪਣੇ ਆਪ ਨੂੰ ਰਣਜੀਤ ਸਿੰਘ ਸਰਕਾਰ ਕਹਾਉਂਦੀ ਹੈ, ਉਹ ਲੋਕਰਾਜ ਦਾ ਗਲਾ ਘੁੱਟ ਰਹੀ ਹੈ । ਮਾਰਕਫੈਡ ਦੇ ਬਾਈ-ਲਾਜ਼ ਦੇ ਅਨੁਸਾਰ.... (ਵਿਘਨ)....(ਸ਼ੋਰ)...

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । (ਵਿਘਨ)

ਸ਼੍ਰੀ ਸਪੀਕਰ : ਪਹਿਲਾਂ ਮਿੱਤਲ ਸਾਹਿਬ ਦੀ ਗੱਲ ਸੁਣ ਲਓ । ਫਿਰ ਤੁਹਾਡੀ ਵੀ ਸੁਣ ਲਵਾਂਗੇ । (ਵਿਘਨ)

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਜ਼ੀਰੋ ਅਵਰ ਦਾ ਮਕਸਦ ਹੁੰਦਾ ਹੈ ਕਿ ਇਕ ਪਾਰਟੀ ਦਾ ਇਕ ਮੈਂਬਰ ਕੇਵਲ ਇਕ ਮੁੱਦਾ ਹੀ ਉਠਾਏ । ਚੌਧਰੀ ਸਾਹਿਬ ਨੇ 4 ਮੁੱਦੇ ਉਠਾਏ । ਕਾਮਰੇਡ ਰੌਂਤਾ ਜੀ ਨੇ ਇਕ ਮੁੱਦਾ ਉਠਾਇਆ ਜਿਹੜਾ ਕਿ ਠੀਕ ਹੈ । (ਵਿਘਨ)

(**ਇਕ ਅਵਾਜ਼ :** ਇਹ ਤਾਂ ਸਪੀਕਰ ਸਾਹਿਬ ਦਾ ਕੰਮ ਹੈ, ਤੁਹਾਡਾ ਨਹੀਂ ।)

ਅਸੀਂ ਤਾਂ ਲੋਕਰਾਜ ਨੂੰ ਕਾਇਮ ਰੱਖ ਰਹੇ ਹਾਂ । ਸਾਨੂੰ ਪਤਾ ਹੈ ਜਿਹੜਾ ਤੁਸੀਂ ਲੋਕਰਾਜ ਰੱਖਿਆ ਹੈ । ਤੁਸੀਂ ਮੈਨੂੰ ਬਾਹਰ ਕਢਵਾ ਦਿੱਤਾ । ਤੁਸੀਂ ਸਾਨੂੰ ਲੋਕਰਾਜ ਪੜ੍ਹਾਉਂਦੇ ਹੋ । ਲੋਕਰਾਜ ਤਾਂ ਅਸੀਂ ਤੁਹਾਨੂੰ ਪੜ੍ਹਾਵਾਂਗੇ । (ਸ਼ੋਰ), (ਵਿਘਨ) ਤੁਸੀਂ ਆਪਣਾ ਲੋਕਰਾਜ ਸੰਭਾਲੋ, ਦਿੱਲੀ ਜਾ ਕੇ ।..... (ਵਿਘਨ)

ਸ਼੍ਰੀ ਸਪੀਕਰ : ਸਰਦਾਰ ਹਰਮਹਿੰਦਰ ਸਿੰਘ ਜੀ, ਤੁਸੀਂ ਦੱਸੋ, ਕੀ ਕਹਿਣਾ ਚਾਹੁੰਦੇ ਹੋ ?

ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ : ਸਪੀਕਰ ਸਾਹਿਬ, ਮਾਰਕਫੈਡ ਦੇ ਬਾਈਲਾਜ਼ ਦੇ ਮੁਤਾਬਿਕ ਚੇਅਰਮੈਨ ਇਲੈਕਟਿਡ ਡਾਇਰੈਕਟਰਜ਼ ਦੇ ਵਿਚੋਂ ਬਣਨਾ ਚਾਹੀਦਾ ਹੈ । ਸਰਦਾਰ ਅਮਰਜੀਤ ਸਿੰਘ ਸਮਰਾ ਨੂੰ ਦੋ ਵਾਰ ਸਰਕਾਰ ਵਲੋਂ ਹਟਾ ਕੇ ਸ਼੍ਰੀ ਟਾਲੀਆ ਨੂੰ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ । ਮੇਰੀ ਬੇਨਤੀ ਹੈ ਕਿ ਸਰਦਾਰ ਅਮਰਜੀਤ ਸਿੰਘ ਸਮਰਾ ਨੂੰ ਬਤੌਰ ਚੇਅਰਮੈਨ ਰਹਿਣ ਦਿੱਤਾ ਜਾਵੇ ।

ਸਹਿਕਾਰਤਾ ਮੰਤਰੀ : ਇਹ ਹਾਈ ਕੋਰਟ ਵਿੱਚ ਕੇਸ ਗਿਆ ਸੀ ਅਤੇ ਉਨ੍ਹਾਂ ਨੇ ਠੀਕ ਕਰਾਰ ਦਿੱਤਾ ਹੈ ।

ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ : ਸਪੀਕਰ ਸਾਹਿਬ, ਕੀ ਇਹ ਵਿਸ਼ਵਾਸ ਦਿਵਾਉਗੇ ਕਿ ਸਰਦਾਰ ਅਮਰਜੀਤ ਸਿੰਘ ਸਮਰਾ ਨੂੰ ਰਹਿਣ ਦਿੱਤਾ ਜਾਵੇਗਾ ।

ਸ੍ਰੀ ਸਪੀਕਰ : ਇਹ ਕੋਰਟ ਦਾ ਮਸਲਾ ਹੈ, ਤੁਸੀਂ ਹਰਮਹਿੰਦਰ ਸਿੰਘ ਜੀ, ਬੈਠ ਜਾਓ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਪਹਿਲਾਂ ਤਾਂ ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ ਕਿ ਸਾਰੇ ਬਿੱਲ ਹੁਣ ਪੰਜਾਬੀ ਵਿੱਚ ਆ ਗਏ ਹਨ ਪਰ ਇਕ ਬੇਨਤੀ ਹੈ ਕਿ ਇਨ੍ਹਾਂ ਬਿੱਲਾਂ ਰਾਹੀਂ ਜਿਹੜੀ ਧਾਰਾ ਬਦਲਣੀ ਹੁੰਦੀ ਹੈ ਉਸ ਬਾਰੇ ਲਿਖ ਦਿੱਤਾ ਜਾਂਦਾ ਹੈ ਕਿ ਫਲਾਣੀ ਦੀ ਥਾਂ ਫਲਾਣੀ ਪੜ੍ਹੀ ਜਾਵੇ । ਜਾਂ ਤਾਂ ਸਾਰੇ ਮੈਂਬਰ ਸਾਹਿਬਾਨ ਕੋਲ ਐਕਟ ਭੇਜਿਆ ਕਰੋ ਜਾਂ ਫਿਰ ਡੀਟੇਲ ਲਿਖ ਕੇ ਭੇਜੀ ਜਾਇਆ ਕਰੇ ਕਿ ਇਹ ਧਾਰਾ ਵਿੱਚ ਇਹ ਲਿਖਿਆ ਸੀ, ਇਹ ਪੜ੍ਹਨਾ ਚਾਹੀਦਾ ਹੈ । ਇਹ ਇਕੱਲੀ ਧਾਰਾ ਲਿਖਣ ਨਾਲ ਸਾਡੇ ਪੱਲੇ ਕੁਝ ਨਹੀਂ ਪੈਂਦਾ । ਇਸ ਦੇ ਬਾਰੇ ਜ਼ਰੂਰ ਪ੍ਰਬੰਧ ਕਰੋ ਕਿ ਡੀਟੇਲ ਦਿੱਤੀ ਜਾਵੇ ਤਾਂ ਕਿ ਮੈਂਬਰ ਸਾਹਿਬਾਨ ਵਿਚਾਰ ਕਰਕੇ ਹੋਰ ਸੁਝਾਓ ਦੇ ਸਕਣ ।

ਸ੍ਰੀ ਸਪੀਕਰ : ਜੋ ਮੇਨ ਬਿੱਲ ਹੈ ਉਹ ਨਾਲ ਲੱਗਿਆ ਹੁੰਦਾ ਹੈ, ਉਹ ਦੇਖ ਲਓ ਖਿਆਲਾ ਜੀ । ਹੁਣ ਬੀਬੀ ਚਾਵਲਾ ਦੀ ਗੱਲ ਸੁਣਦੇ ਹਾਂ ।

श्रीमती लक्ष्मी कांता चावला : स्पीकर साहिब, मैं आप के माध्यम से मुख्य मंत्री जी के ध्यान में जन-हित का यह विषय लाना चाहती हूं कि पिछले दिनों में पंजाब सरकार के बहुत सारे मन्त्री और अधिकारी जालंधर और ब्यास के बीच वाली सड़क से गये हैं । उस पर जो पुल है, उस का 20 फुट का टुकड़ा टूट कर ब्यास दरिया में गिर गया है । वहां ड्रम लगा दिए गये हैं जैसे किसी लिंक सड़क को रिपेयर करते हैं । यह मुख्य सड़क है । मेरी विनती है कि सरकार को इस की तरफ जल्दी ध्यान देकर रिपेयर करवानी चाहिए, नहीं तो वहां कोई न कोई हादसा जरूर हो जाएगा और फिर हम यहां इस सदन में श्रद्धांजली भेंट करते रहेंगे और वहां कुछ नहीं होगा ।

ਸ੍ਰੀ ਜਗਦੀਸ਼ ਸਾਹਨੀ : ਜਿਸ ਤਰ੍ਹਾਂ, ਸਪੀਕਰ ਸਾਹਿਬ, ਅੱਜ ਕਲ੍ਹ ਪਾਲਿਊਸ਼ਨ ਬਾਰੇ ਬੜਾ ਰੌਲਾ ਹੈ ਅਤੇ ਪਾਲਿਊਸ਼ਨ ਕੰਟਰੋਲ ਬੋਰਡ ਵਲੋਂ ਜੋ ਧਾਂਦਲੀਆਂ ਕੀਤੀਆਂ ਜਾ

[ਸ੍ਰੀ ਜਗਦੀਸ਼ ਸਾਹਨੀ]

ਰਹੀਆਂ ਹਨ, ਉਨ੍ਹਾਂ ਵੱਲ ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ । ਜੋ ਫੈਕਟਰੀਆਂ ਨੂੰ ਨੋਟਿਸ ਦਿਤੇ ਜਾਂਦੇ ਹਨ, ਉਨ੍ਹਾਂ ਦੀਆਂ ਭੱਠੀਆਂ ਬੰਦ ਕਰ ਦਿਤੀਆਂ ਜਾਣੀਆਂ ਚਾਹੀਦੀਆਂ ਹਨ ਪਰ ਭੱਠੀਆਂ ਬੰਦ ਕਰਨ ਦੀ ਬਜਾਏ ਫੈਕਟਰੀ ਦੇ ਕੁਨੈਕਸ਼ਨ ਹੀ ਕੱਟ ਦਿੱਤੇ ਜਾਂਦੇ ਹਨ । ਜੋ ਪੈਸੇ ਦੇ ਦਿੰਦੇ ਹਨ, ਉਨ੍ਹਾਂ ਦੇ ਰਹਿਣ ਦਿੱਤੇ ਜਾਂਦੇ ਹਨ । ਸਾਡੇ ਬਟਾਲੇ ਵਿੱਚ ਬਹੁਤ ਸਾਰੀਆਂ ਫੈਕਟਰੀਆਂ ਹਨ । ਫੈਕਟਰੀ ਦਾ ਪੂਰਾ ਕੁਨੈਕਸ਼ਨ ਕੱਟ ਦੇਣ ਨਾਲ ਲੇਬਰ ਨੂੰ ਬੜੀ ਪ੍ਰਾਬਲਮ ਆਉਂਦੀ ਹੈ । They can't stop the labour works. ਮੇਰੀ ਇਹ ਬੇਨਤੀ ਹੈ ਕਿ ਸਰਕਾਰ ਇਸ ਵੱਲ ਧਿਆਨ ਦੇਵੇ ਅਤੇ ਜੋ ਧਾਂਦਲੀਆਂ ਪਾਲਿਊਸ਼ਨ ਕੰਟਰੋਲ ਬੋਰਡ ਵਲੋਂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਵੱਲ ਸਰਕਾਰ ਧਿਆਨ ਦੇਵੇ ।

ਸ੍ਰੀ ਸਪੀਕਰ : ਠੀਕ ਹੈ ਸਾਹਨੀ ਜੀ, ਹੁਣ ਕਾਲ ਅਟੈਨਸ਼ਨ ਨੋਟਿਸਜ਼ । ਕਾਮਰੇਡ ਹਰਦੇਵ ਅਰਸ਼ੀ ਜੀ ।

CALL ATTENTION NOTICES UNDER RULE 66

(ਕ੍ਰਮ ਨੰ: 2)

ਕਾਮਰੇਡ ਹਰਦੇਵ ਅਰਸ਼ੀ : ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਪੰਜਾਬ ਵਿਚ ਪਿਛਲੇ ਦਿਨੀਂ ਉਪਰੋ ਥਲੀ ਹੋਈਆਂ ਬੇਮੌਸਮੀ ਬਾਰਸ਼ਾਂ ਨੇ ਕਣਕ ਅਤੇ ਹਾੜੀ ਦੀਆਂ ਹੋਰ ਫਸਲਾਂ ਦਾ ਭਾਰੀ ਨੁਕਸਾਨ ਕੀਤਾ ਹੈ । ਜਿਸ ਕਰਕੇ ਜਿਥੇ ਕਣਕ ਉਤਪਾਦਨ ਦੇ ਮਿਥੇ ਟੀਚੇ ਡਾਵਾਂਡੋਲ ਹੋ ਗਏ ਹਨ ਉਥੇ ਕਿਸਾਨਾਂ ਨੂੰ ਆਰਥਿਕ ਤੌਰ ਤੇ ਭਾਰੀ ਸੱਟ ਵੱਜੀ ਹੈ । ਕਣਕ ਦੀ ਦੂਹਰੀ ਤੀਹਰੀ ਬਿਜਾਈ ਕਾਰਨ ਹਜ਼ਾਰਾਂ ਕੁਇੰਟਲ ਕਣਕ ਦਾ ਬੀਜ ਤਬਾਹ ਹੋ ਗਿਆ ਹੈ ਅਤੇ ਮਹਿੰਗੇ ਭਾਅ ਦੀਆਂ ਖਾਦਾਂ ਬੇਕਾਰ ਹੋ ਗਈਆਂ ਹਨ । ਉਕਤ ਦੀ ਸਥਿਤੀ ਵਿੱਚ ਪੰਜਾਬ ਸਰਕਾਰ ਕਿਸਾਨਾਂ ਨੂੰ ਤੁਰੰਤ ਰਾਹਤ ਦਿਤੇ ਜਾਣ ਹਿੱਤ ਕੀ ਕਦਮ ਪੁੱਟ ਰਹੀ ਹੈ, ਇਸ ਬਾਰੇ ਸਬੰਧਤ ਮੰਤਰੀ ਜੀ ਹਾਊਸ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

ਖੇਤੀਬਾੜੀ ਮੰਤਰੀ (ਸਰਦਾਰ ਗੁਰਦੇਵ ਸਿੰਘ ਬਾਦਲ) : ਇਸ ਸਾਲ ਹਾੜੀ 1997-98 ਦੌਰਾਨ 33 ਲੱਖ ਹੈਕਟੇਅਰ ਕਣਕ ਬੀਜਣ ਦਾ ਟੀਚਾ ਮਿਥਿਆ ਗਿਆ ਸੀ ਜਿਸ ਵਿਚੋਂ ਹੁਣ ਤੱਕ 31 ਲੱਖ ਹੈਕਟੇਅਰ ਰਕਬਾ ਬੀਜਿਆ ਗਿਆ ਹੈ ਅਤੇ ਇਸ ਤੋਂ ਇਲਾਵਾ 1.50 ਲੱਖ ਹੈਕਟੇਅਰ ਹੋਰ ਬੀਜੇ ਜਾਣ ਦੀ ਸੰਭਾਵਨਾ ਹੈ ਜਿਸ ਨਾਲ ਤਕਰੀਬਨ 32.50 ਲੱਖ ਹੈਕਟੇਅਰ ਰਕਬਾ ਬੀਜਿਆ ਜਾਵੇਗਾ । ਪਿਛਲੇ ਸਾਲ ਕਣਕ ਹੇਠ ਰਕਬਾ 32.30 ਲੱਖ ਹੈਕਟੇਅਰ ਸੀ । ਇਹ ਠੀਕ ਹੈ ਕਿ ਕੁਝ ਰਕਬੇ ਵਿਚ ਉਪਰਥਲੀ ਬਾਰਸ਼ ਕਾਰਨ ਦੁਬਾਰਾ ਕਣਕ ਬੀਜੀ ਗਈ ਹੈ ਜਿਸ ਕਰਕੇ ਕਿਸਾਨਾਂ ਨੂੰ

ਆਪਣੇ ਕੋਲੋਂ ਬੀਜ ਪਾਉਣਾ ਪਿਆ ਹੈ ਪਰੰਤੂ ਸਰਕਾਰ ਕੋਲ ਦੁਬਾਰਾ ਬਿਜਾਈ ਕਰਨ ਦੇ ਨੁਕਸਾਨ ਬਾਰੇ ਮੁਆਵਜ਼ਾ ਦੇਣ ਦਾ ਕੋਈ ਉਪਬੰਧ ਨਹੀਂ ਹੈ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਇਹ ਬਹੁਤ ਹੀ ਚਿੰਤਾ ਵਾਲਾ ਮਾਮਲਾ ਹੈ । ਲੱਗਦਾ ਹੈ ਕਿ ਜਿਵੇਂ ਪਿਛਲੇ ਕੁਝ ਸਮੇਂ ਤੋਂ ਪਰਮਾਤਮਾ ਪੰਜਾਬ ਨਾਲ ਲਗਾਤਾਰ ਗੁੱਸੇ ਹੋ ਰਿਹਾ ਹੈ । ਪਹਿਲਾਂ ਜ਼ੀਰੀ ਦੇ ਸੀਜ਼ਨ ਵਿੱਚ ਲਗਾਤਾਰ ਬੇਮੌਸਮੀ ਬਾਰਸ਼ ਨਾਲ ਕਿਸਾਨਾਂ ਦੀ ਤਬਾਹੀ ਹੋਈ । ਝੋਨੇ ਦਾ ਨੁਕਸਾਨ ਹੋਇਆ । ਫਿਰ ਕਿਸਾਨ ਨੂੰ ਉਦੋਂ ਫਿਰ ਮਾਰ ਖਾਣੀ ਪਈ ਜਦੋਂ ਨਰਮੇ ਤੇ ਅਮਰੀਕਨ ਸੁੰਡੀ ਅਤੇ ਸੇਮ ਕਰਕੇ ਨੁਕਸਾਨ ਹੋਇਆ । ਸਰਕਾਰ ਦੀ ਆਪਣੀ ਰਿਪੋਰਟ ਹੈ ਕਿ 50% ਨਰਮੇ ਦਾ ਉਤਪਾਦਨ ਘੱਟ ਹੋਇਆ ਹੈ ਜਿਸ ਨਾਲ ਕਿਸਾਨਾਂ ਦਾ ਕਾਫੀ ਜ਼ਿਆਦਾ ਨੁਕਸਾਨ ਹੋਇਆ ਹੈ । ਇਸ ਤੋਂ ਬਾਅਦ ਪੰਜਾਬ ਦੇ ਕਿਸਾਨ ਦਾ ਆਲੂ ਵਿੱਚ ਵੀ ਨੁਕਸਾਨ ਹੋਇਆ । ਉਸ ਵਿੱਚ ਵੀ ਉਸ ਨੂੰ ਮਾਰ ਖਾਣੀ ਪਈ । ਅੱਜ ਕੁਝ ਮੈਂਬਰਾਂ ਨੇ ਵੀ ਇਸ ਗੱਲ ਤੇ ਚਿੰਤਾ ਪ੍ਰਗਟ ਕੀਤੀ ਹੈ । ਇਹ ਗੱਲ ਪਾਰਟੀ ਹਿਤਾਂ ਤੋਂ ਉਪਰ ਉਠ ਕੇ ਕਰਨ ਵਾਲੀ ਹੈ ਔਰ ਬੇਮੌਸਮੀ ਬਾਰਸ਼ਾਂ ਕਾਰਨ ਕਿਸਾਨਾਂ ਨੂੰ ਦੋਹਰੀ ਤੀਹਰੀ ਵਾਰ ਬਿਜਾਈ ਕਰਨੀ ਪਈ ਹੈ । ਹੁਣ ਵੀ ਇੱਕ ਮੈਂਬਰ ਨੇ ਕਿਹਾ ਹੈ ਕਿ ਕਈ ਇਲਾਕਿਆਂ ਵਿੱਚ ਹਾਲੇ ਵੀ ਪਾਣੀ ਖੜ੍ਹਾ ਹੈ ਔਰ ਕਿਸਾਨਾਂ ਦੇ ਖੇਤ ਖਰਾਬ ਹੋ ਗਏ ਹਨ । ਖੇਤੀਬਾੜੀ ਵਿਭਾਗ ਨੇ ਪ੍ਰੈਸ ਦੁਆਰਾ ਇਹ ਰਿਪੋਰਟ ਦਿੱਤੀ ਹੈ ਕਿ 10 ਤੋਂ 15 ਪ੍ਰਤੀਸ਼ਤ ਤੱਕ ਦੇ ਹਿੱਸੇ ਵਿੱਚ ਹਾੜ੍ਹੀ ਦੀ ਫਸਲ ਨਹੀਂ ਹੋ ਸਕੇਗੀ । ਇਸ ਕਰਕੇ ਇਹ ਬੜਾ ਹੀ ਚਿੰਤਾ ਦਾ ਸਵਾਲ ਹੈ । ਪੰਜਾਬ ਦਾ ਕਿਸਾਨ ਲਗਾਤਾਰ ਮਾਰਿਆ ਜਾ ਰਿਹਾ ਹੈ । ਕਿਸੇ ਨਾ ਕਿਸੇ ਕੁਦਰਤੀ ਆਫਤ ਕਾਰਨ, ਨੈਚੂਰਲ ਕਲੈਮਿਟੀ ਕਾਰਨ ਉਸ ਦਾ ਨੁਕਸਾਨ ਹੋ ਰਿਹਾ ਹੈ । ਜੇ ਕੋਈ ਲਾਅ ਨਹੀਂ ਹੈ ਤਾਂ ਕਿਸਾਨ ਦੀ ਬਾਂਹ ਫੜਨ ਵਾਸਤੇ ਕਿਸੀ ਪ੍ਰਕਾਰ ਦੀ ਅਮੈਂਡਮੈਂਟ ਕੀਤੀ ਜਾ ਸਕਦੀ ਹੈ । ਕੋਈ ਨਾ ਕੋਈ ਰਾਹਤ ਉਸ ਨੂੰ ਜ਼ਰੂਰ ਮਿਲਣੀ ਚਾਹੀਦੀ ਹੈ ਤਾਂਕਿ ਕਿਸਾਨ ਇਹ ਮਹਿਸੂਸ ਕਰ ਸਕੇ ਕਿ ਇਹ ਵਾਕਿਆ ਹੀ ਕਿਸਾਨਾਂ ਦੀ ਸਰਕਾਰ ਹੈ । ਨਹੀਂ ਤਾਂ ਮੈਂ ਸਮਝਦਾ ਹਾਂ ਕਿ ਇਹ ਸਿਰਫ ਦਾਅਵੇ ਹੀ ਰਹਿ ਜਾਣਗੇ । ਜੇ ਇਸ ਵੇਲੇ ਕਿਸਾਨ ਦੀ ਬਾਂਹ ਨਾ ਫੜੀ ਗਈ ਤਾਂ ਇਹ ਬੜੀ ਨਿਰਾਸਤਾ ਵਾਲੀ ਗੱਲ ਹੋਵੇਗੀ । ਕੀ ਮੰਤਰੀ ਜੀ ਕਿਰਪਾ ਕਰਕੇ ਇਹ ਵਿਸ਼ਵਾਸ ਦਿਵਾਉਣਗੇ ਕਿ ਉਨ੍ਹਾਂ ਕਿਸਾਨਾਂ ਦੀ ਮਾਲੀ ਮਦਦ ਕੀਤੀ ਜਾਵੇਗੀ ਜਿਨ੍ਹਾਂ ਦਾ ਕਾਫੀ ਨੁਕਸਾਨ ਹੋਇਆ ਹੈ ਕਿਉਂਕਿ ਸਾਰਿਆਂ ਦੀ ਹਮਦਰਦੀ ਉਨ੍ਹਾਂ ਨਾਲ ਹੈ ?

ਸ਼੍ਰੀ ਸਪੀਕਰ : ਬਾਦਲ ਸਾਹਿਬ, ਇਨ੍ਹਾਂ ਦਾ ਕਹਿਣਾ ਹੈ ਕਿ ਕਈ ਥਾਵਾਂ ਤੇ ਬਾਰਸ਼ਾਂ ਕਰਕੇ ਪਾਣੀ ਖੜ੍ਹਾ ਹੋ ਜਾਂਦਾ ਹੈ ਜਿਸ ਨਾਲ ਕਾਫੀ ਨੁਕਸਾਨ ਹੋਇਆ ਹੈ ।

[ਸ਼੍ਰੀ ਸਪੀਕਰ]

ਕਿਸਾਨਾਂ ਨੂੰ 3-4 ਵਾਰੀ ਕਣਕ ਬੀਜਣੀ ਪਈ ਹੈ ਔਰ ਸਰਕਾਰ ਉਨ੍ਹਾਂ ਵਾਸਤੇ ਕੀ ਕਰ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਸੇਮ ਦੇ ਬਾਰੇ ਵੀ ਦੱਸਿਆ ਹੈ ਔਰ ਸੁੰਡੀ ਦੇ ਬਾਰੇ ਵੀ ਦੱਸਿਆ ਹੈ । ਸਰਦਾਰ ਬਾਦਲ ਦੀ ਸਰਕਾਰ ਨੇ ਖੁੱਲ੍ਹਾ ਐਲਾਨ ਕੀਤਾ ਹੈ ਕਿ ਸੇਮ ਮਾਰੇ ਇਲਾਕਿਆਂ ਵਿੱਚ ਇੱਕ ਫ਼ਸਲ ਦੇ ਨੁਕਸਾਨ ਤੇ 2,000 ਰੁਪਏ ਦਿੱਤੇ ਜਾਣਗੇ । ਜਿੱਥੇ ਦੋ ਫਸਲਾਂ ਮਾਰੀਆਂ ਗਈਆਂ ਹਨ, ਉਥੇ 4,000 ਰੁਪਏ ਦਿੱਤੇ ਜਾਣਗੇ ਔਰ ਜਿੱਥੇ ਇਸ ਤੋਂ ਵੱਧ ਫਸਲਾਂ ਮਾਰੀਆਂ ਗਈਆਂ ਹਨ ਉਥੇ 8,000 ਰੁਪਏ ਦਿੱਤੇ ਜਾਣਗੇ । ਇਸ ਤਰ੍ਹਾਂ ਸਰਦਾਰ ਬਾਦਲ ਦੀ ਸਰਕਾਰ ਨੇ ਕਿਸਾਨਾਂ ਨੂੰ ਹਰ ਤਰ੍ਹਾਂ ਦੀ ਸੇਧ ਦੇਣ ਵਾਸਤੇ ਉਪਰਾਲੇ ਕੀਤੇ ਹਨ । ਇਹ ਜੋ ਕਣਕ ਉਤੇ ਕੁਦਰਤੀ ਆਫਤ ਆਈ ਹੈ, ਇਸ ਵਾਸਤੇ ਵੀ ਸਰਕਾਰ ਵਿਚਾਰ ਕਰ ਲਵੇਗੀ । ਇਸ ਤੋਂ ਪਹਿਲਾਂ ਇਹ ਗੱਲ ਧਿਆਨ ਵਿੱਚ ਨਹੀਂ ਲਿਆਂਦੀ ਗਈ ਸੀ ਪਰ ਹੁਣ ਸਰਕਾਰ ਇਸ ਤੇ ਵਿਚਾਰ ਕਰਕੇ ਤਸੱਲੀ ਕਰਵਾ ਦੇਵੇਗੀ ।

(ਕ੍ਰਮ ਨੰ: 3)

ਕਾਮਰੇਡ ਹਰਦੇਵ ਅਰਸ਼ੀ : ਸ਼੍ਰੀ ਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਕਿ ਇਸ ਸਮੇਂ ਪੰਜਾਬ ਦੇ ਆਲੂ ਉਤਪਾਦਕ ਗੰਭੀਰ ਆਰਥਿਕ ਸੰਕਟ ਦਾ ਸ਼ਿਕਾਰ ਹਨ । ਆਲੂਆਂ ਦੀ ਬਜਾਰੀ ਕੀਮਤ ਤੇ ਕੋਲਡ ਸਟੋਰਾਂ ਵਿੱਚ ਆਲੂਆਂ ਦੀ ਰੱਖ--ਰਖਾਈ ਪ੍ਰਤੀ ਬੋਰੀ ਖ਼ਰਚਾ ਲਗਭਗ ਬਰਾਬਰ ਵਰਗਾ ਹੈ ਜਿਸ ਕਾਰਨ ਆਲੂ ਉਤਪਾਦਕ ਕੋਲਡ ਸਟੋਰਾਂ ਵਿੱਚੋਂ ਆਪਣੇ ਆਲੂ ਨਹੀਂ ਚੁੱਕ ਰਹੇ । ਕੋਲਡ ਸਟੋਰ ਮਾਲਕ ਵੀ ਮਜਬੂਰੀ ਵੱਸ ਆਲੂ ਬਾਹਰ ਸੁੱਟਣ ਲਈ ਮਜਬੂਰ ਹੋ ਰਹੇ ਹਨ । ਸਥਿਤੀ ਦੀ ਉਕਤ ਗੰਭੀਰਤਾ ਦੀ ਰੋਸ਼ਨੀ ਵਿੱਚ ਪੰਜਾਬ ਸਰਕਾਰ ਆਲੂ ਉਤਪਾਦਕਾਂ ਦੀ ਰਾਹਤ ਲਈ ਕੀ ਕਦਮ ਪੁੱਟ ਰਹੀ ਹੈ, ਇਸ ਬਾਰੇ ਸਬੰਧਤ ਮੰਤਰੀ ਜੀ ਹਾਊਸ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

ਖੇਤੀਬਾੜੀ ਮੰਤਰੀ (ਸਰਦਾਰ ਗੁਰਦੇਵ ਸਿੰਘ ਬਾਦਲ) : ਸਪੀਕਰ ਸਾਹਿਬ, ਇਹ ਬਿਲਕੁਲ ਠੀਕ ਹੈ ਕਿ ਆਲੂ ਉਤਪਾਦਕ ਇਸ ਸਮੇਂ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ ਕਿਉਂਕਿ ਯੂ.ਪੀ. ਤੋਂ ਭਾਰੀ ਮਾਤਰਾ ਵਿੱਚ ਰਾਜ ਦੇ ਕੋਲਡ ਸਟੋਰਾਂ ਵਿੱਚ ਆਲੂ ਸਟੋਰ ਕੀਤੇ ਗਏ ਸੀ ਜੋ ਕਿ ਪਿਛਲੇ ਸੀਜ਼ਨ ਵਿਚ ਰਾਜ ਦੀ ਖਪਤ ਨਾਲੋਂ ਕਿਤੇ ਵੱਧ ਸੀ, ਜਿਸ ਕਾਰਨ ਮੰਡੀਆਂ ਵਿਚ ਰੇਟ ਬਹੁਤ ਹੀ ਘੱਟ ਗਿਆ । ਆਮ ਤੌਰ ਤੇ ਜ਼ਿਮੀਂਦਾਰ ਨੂੰ ਕੋਲਡ ਸਟੋਰ ਤੇ ਹੋਰ ਪੈਂਦੇ ਖ਼ਰਚੇ ਤੋਂ ਵੀ ਰੇਟ ਘੱਟ ਮਿਲ ਰਿਹਾ

ਹੈ ਜਿਸ ਕਰਕੇ ਕੁਝ ਜ਼ਿਮੀਂਦਾਰਾਂ ਨੇ ਆਲੂ ਕੋਲਡ ਸਟੋਰਾਂ ਵਿਚੋਂ ਚੁੱਕਿਆ ਹੀ ਨਹੀਂ ਅਤੇ ਇਹ ਆਲੂ ਕੋਲਡ ਸਟੋਰਾਂ ਦੇ ਮਾਲਕਾਂ ਨੂੰ ਮਜਬੂਰੀ ਵਿਚ ਬਾਹਰ ਸੁੱਟਣਾ ਪੈ ਰਿਹਾ ਹੈ ।

ਪੰਜਾਬ ਸਰਕਾਰ ਨੇ ਭਾਰਤ ਸਰਕਾਰ ਨੂੰ ਤਜਵੀਜ਼ ਕੀਤਾ ਹੈ ਕਿ ਪਾਕਿਸਤਾਨ ਨੂੰ ਆਲੂ ਨਿਰਯਾਤ ਕਰਨ ਵਿਚ ਆ ਰਹੀਆਂ ਮੁਸ਼ਕਲਾਂ ਨੂੰ ਹੱਲ ਕਰਕੇ ਨਿਰਯਾਤ ਸਰਲ ਕੀਤੀ ਜਾਵੇ ਤਾਂ ਜੋ ਆਲੂਆਂ ਦੀ ਜੋ ਇਸ ਵੇਲੇ ਹਾਲਤ ਹੈ, ਉਸ ਨੂੰ ਠੀਕ ਕੀਤਾ ਜਾ ਸਕੇ । ਸਪੀਕਰ ਸਾਹਿਬ, ਮੈਂ ਆਪ ਵੀ 26 ਨਵੰਬਰ ਨੂੰ ਭਾਰਤ ਦੇ ਖੇਤੀਬਾੜੀ ਮੰਤਰੀ ਨੂੰ ਮਿਲਿਆ ਸੀ । ਉਨ੍ਹਾਂ ਨੂੰ ਆਲੂਆਂ ਬਾਰੇ ਪੱਤਰ ਵੀ ਲਿਖਿਆ ਸੀ ਤੇ ਆਪ ਵੀ ਜਾ ਕੇ ਮਿਲਿਆ ਸੀ । ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਸੀ ਔਰ ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਅਸੀਂ ਰੋਡ ਰਾਹੀਂ ਪਾਕਿਸਤਾਨ ਵਿੱਚ ਆਲੂ ਲੈ ਕੇ ਜਾਣਾ ਚਾਹੁੰਦੇ ਹਾਂ ਤਾਂ ਕਿ ਕਿਸਾਨਾਂ ਦੀ ਇਹ ਫਸਲ ਰੁਲੇ ਨਾ । ਉਨ੍ਹਾਂ ਵੱਲੋਂ ਇਸ ਬਾਰੇ ਵਿਸ਼ਵਾਸ ਦਿਵਾਇਆ ਗਿਆ ਸੀ ਜਿਸ ਦੇ ਉੱਤਰ ਦੀ ਅਸੀਂ ਉਡੀਕ ਕਰ ਰਹੇ ਹਾਂ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਇਹ ਠੀਕ ਹੈ ਔਰ ਮੈਂ ਇਨ੍ਹਾਂ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਇਸ ਵਾਰ ਆਲੂਆਂ ਦਾ ਉਤਪਾਦਨ ਬਹੁਤ ਜ਼ਿਆਦਾ ਹੋਇਆ ਹੈ । ਸਾਡੇ ਗਵਾਂਢੀ ਸੂਬੇ ਯੂ.ਪੀ. ਵਿੱਚ ਵੀ ਮੈਕਸੀਮਮ ਆਲੂਆਂ ਦੀ ਫਸਲ ਪੈਦਾ ਹੋਈ ਹੈ ਔਰ ਉਨ੍ਹਾਂ ਦੇ ਆਲੂ ਵੀ ਪੰਜਾਬ ਦੇ ਕੋਲਡ ਸਟੋਰਾਂ ਵਿੱਚ ਪਏ ਹਨ । ਸਾਰੇ ਹਿੰਦੁਸਤਾਨ ਵਿੱਚ ਹੀ ਆਲੂਆਂ ਦੀ ਪ੍ਰੋਡਕਸ਼ਨ ਬਹੁਤ ਜ਼ਿਆਦਾ ਹੋਈ ਹੈ । ਸਾਡੇ ਸਾਹਮਣੇ ਚਿੰਤਾ ਦਾ ਸਵਾਲ ਹੈ ਕਿ ਕਿਸਾਨਾਂ ਦਾ 30 ਅਕਤੂਬਰ ਤੱਕ ਕੋਲਡ ਸਟੋਰਾਂ ਦੇ ਮਾਲਕਾਂ ਨਾਲ ਐਗਰੀਮੈਂਟ ਹੁੰਦਾ ਹੈ ਕਿ 30 ਅਕਤੂਬਰ ਤੋਂ ਬਾਅਦ ਆਲੂ ਚੁੱਕ ਲੈਣੇ ਹਨ । ਐਤਕੀਂ ਕਿਉਂਕਿ ਅੱਗੇ ਮਾਰਕੀਟ ਵਿੱਚ ਜਿਨਸ ਨੂੰ ਪੁੱਛ ਨਹੀਂ ਰਹੇ ਸਨ, ਜਿਸ ਕਰਕੇ ਕੋਲਡ ਸਟੋਰਾਂ ਵਿੱਚੋਂ ਆਲੂ ਚੁੱਕੇ ਨਹੀਂ ਗਏ ਔਰ ਤੁਸੀਂ ਆਪ ਸਾਰਿਆਂ ਨੇ ਦੇਖਿਆ ਹੋਣਾ ਹੈ ਕਿ ਜਦੋਂ ਚੰਡੀਗੜ੍ਹ ਤੋਂ ਰਾਜਪੁਰੇ ਨੂੰ ਜਾਂਦੇ ਹਾਂ ਤਾਂ ਰਾਜਪੁਰੇ ਕੋਲ ਸੜਕਾਂ ਤੇ ਵੱਡੇ ਪੈਮਾਨੇ ਤੇ ਆਲੂ ਸੁੱਟੇ ਪਏ ਹੁੰਦੇ ਹਨ, ਜਿਸ ਨੂੰ ਦੇਖ ਕੇ ਦੁੱਖ ਵੀ ਹੁੰਦਾ ਹੈ ਤੇ ਤਰਸ ਵੀ ਆਉਂਦਾ ਹੈ । ਕਿਥੇ ਤਾਂ ਉਤਪਾਦਕ ਨੂੰ ਇਨਾਮ ਮਿਲਣਾ ਚਾਹੀਦਾ ਹੈ, ਜਿਸ ਨੇ ਭਰਪੂਰ ਫਸਲ ਪੈਦਾ ਕੀਤੀ ਔਰ ਕਿੱਥੇ ਉਸ ਨੂੰ ਨਿਰਾਸ਼ਾ ਦਾ ਮੂੰਹ ਦੇਖਣਾ ਪੈ ਰਿਹਾ ਹੈ । ਠੀਕ ਹੈ, ਤੁਸੀਂ ਕੇਂਦਰ ਸਰਕਾਰ ਨਾਲ ਐਫਰਟਸ ਕਰੋ, ਅਸੀਂ ਤੁਹਾਡੇ ਨਾਲ ਹਾਂ, ਇਸ ਤੇ ਤਾਂ ਕੋਈ ਕਿੰਤੂ ਪਰੰਤੂ ਨਹੀਂ ਲੇਕਿਨ ਪੰਜਾਬ ਸਰਕਾਰ ਦੀ ਆਪਣੀ ਵੀ ਜ਼ਿੰਮੇਵਾਰੀ ਹੈ । ਪੰਜਾਬ ਦਾ ਖੇਤੀਬਾੜੀ ਵਿਭਾਗ ਐਸਟੀਮੇਟ ਲਗਾਉਣ ਵਿੱਚ ਫੇਲ੍ਹ ਰਿਹਾ ਹੈ ਕਿ ਕਿੰਨੇ ਕੋਲਡ ਸਟੋਰ ਚਾਹੀਦੇ ਹਨ ਔਰ ਉਨ੍ਹਾਂ ਦੀ ਕਿੰਨੀ ਕਪੈਸਿਟੀ ਹੋਵੇ । ਕਿੰਨੀ

[ਕਾਮਰੇਡ ਹਰਦੇਵ ਅਰਸ਼ੀ]

ਪ੍ਰੋਡਕਸ਼ਨ ਹੋ ਸਕਦੀ ਹੈ । ਬਹੁਤ ਸਾਰੇ ਲੋਕਾਂ ਨੂੰ ਤਾਂ ਪਹਿਲਾਂ ਕੋਲਡ ਸਟੋਰ ਹੀ ਨਹੀਂ ਮਿਲੇ, ਜੋ ਮਿਲੇ ਤਾਂ ਮਹਿੰਗੇ ਭਾਅ ਤੇ ਮਿਲੇ ਔਰ ਹੁਣ ਸਥਿਤੀ ਉਲਟ ਹੈ । ਸਪੀਕਰ ਸਾਹਿਬ, ਚਿੰਤਾ ਦਾ ਸਵਾਲ ਤਾਂ ਇਹ ਹੈ ਕਿ ਜਦੋਂ ਮਹਿਕਮੇ ਨੂੰ ਪਤਾ ਸੀ ਕਿ ਇਸ ਵੇਲੇ ਆਲੂਆਂ ਦੀ ਭਰਪੂਰ ਫਸਲ ਪੈਦਾ ਹੋ ਰਹੀ ਹੈ, ਫਿਰ ਵੀ ਉਨ੍ਹਾਂ ਨੇ ਪ੍ਰਬੰਧ ਨਹੀਂ ਕੀਤਾ । ਅੱਗੇ ਜਿਹੜਾ ਰਿਟੇਲਰ ਹੈ, ਮੈਂ ਵੀ ਛੋਟਾ ਖਪਤਕਾਰ ਹਾਂ । ਖਪਤਕਾਰ ਦੋ ਰੁਪਏ ਦੇ ਹਿਸਾਬ ਨਾਲ ਆਲੂ ਲੈ ਰਿਹਾ ਹੈ । ਜਿਹੜਾ ਵਿਚਾਰਾ ਕਿੱਲੋ ਆਲੂ ਖਾਣ ਵਾਲਾ ਹੈ, ਉਹ ਦੋ ਰੁਪਏ ਕਿੱਲੋ ਦੇ ਹਿਸਾਬ ਨਾਲ ਖਰੀਦ ਰਿਹਾ ਹੈ, ਜਿਸ ਦਾ ਮਤਲਬ ਹੈ ਦੋ ਸੌ ਰੁਪਏ ਕੁਇੰਟਲ । ਲੇਕਿਨ ਜਿਹੜਾ ਪੈਦਾ ਕਰਨ ਵਾਲਾ ਹੈ, ਉਸ ਨੂੰ 80 ਰੁਪਏ ਕੁਇੰਟਲ ਦੇ ਹਿਸਾਬ ਨਾਲ ਕੋਈ ਪੁੱਛ ਨਹੀਂ ਰਿਹਾ । ਕੀ ਮੰਤਰੀ ਜੀ ਹਾਊਸ ਵਿੱਚ ਵਿਸ਼ਵਾਸ ਦਿਵਾਉਣਗੇ ਕਿ ਜਦੋਂ ਆਲੂਆਂ ਦੀ ਇੰਨੀ ਜ਼ਿਆਦਾ ਫਸਲ ਪੈਦਾ ਹੋ ਰਹੀ ਹੋਵੇ, ਬੰਪਰ ਕਰਾਪ ਹੋਵੇ, ਜ਼ਿਆਦਾ ਉਤਪਾਦਨ ਹੋਵੇ, ਉਸ ਵੇਲੇ ਪਰਾਪਰ ਮਾਰਕੀਟਿੰਗ ਗੌਰਮਿੰਟ ਆਪਣੇ ਲੈਵਲ ਤੇ ਜ਼ਰੂਰ ਕਰੇ । ਜੇਕਰ ਜ਼ਿਆਦਾ ਉਤਪਾਦਨ ਹੋਣ ਕਰਕੇ ਮੰਗ ਘੱਟ ਜਾਵੇ ਤਾਂ ਇਸ ਤਰ੍ਹਾਂ ਦੀ ਬੇਕਦਰੀ ਤੋਂ ਰਾਹਤ ਦੇ ਰੂਪ ਵਿੱਚ ਕੋਲਡ ਸਟੋਰਾਂ ਦਾ ਖ਼ਰਚਾ ਹੀ ਕੁਝ ਪ੍ਰਤੀਸ਼ਤ ਦੇਣਾ ਚਾਹੀਦਾ ਹੈ । 10--15% ਹੀ ਸਹੀ । ਕੀ ਇਸ ਤੇ ਕੋਈ ਹਮਦਰਦੀ ਨਾਲ ਵਿਚਾਰ ਹੋ ਸਕਦਾ ਹੈ ਤਾਂ ਕਿ ਇਹ ਨਾ ਹੋਵੇ ਕਿ ਕਿਸਾਨ ਨਿਰਾਸ਼ ਹੋ ਕੇ ਇਸ ਉਤਪਾਦਨ ਵਿੱਚ ਹੀ ਨਾ ਪਵੇ ਔਰ ਫਿਰ ਦੂਸਰਾ ਕੋਈ ਹੋਰ ਸੰਕਟ ਖੜ੍ਹਾ ਹੋ ਜਾਵੇ ? ਇਸ ਤੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ ?

ਮੰਤਰੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਪੰਜਾਬੀਆਂ ਦਾ ਰਿਵਾਜ ਹੈ ਕਿ ਜੇ ਗੰਨਾ ਬੀਜਣ ਲਗਦੇ ਹਨ ਤਾਂ ਬਿਨਾਂ ਪੁੱਛੇ ਗੰਨਾ ਹੀ ਬੀਜੀ ਜਾਂਦੇ ਹਨ । ਇਸੇ ਤਰ੍ਹਾਂ ਜੇ ਆਲੂ ਬੀਜਣ ਲੱਗ ਪੈਣ ਤਾਂ ਇਧਰ ਹੀ ਤੁਰ ਪੈਂਦੇ ਹਨ । ਜਿਵੇਂ ਅਰਸ਼ੀ ਜੀ ਨੇ ਕਿਹਾ ਕਿ ਆਲੂ ਸੜਕਾਂ ਤੇ ਸੁੱਟੇ ਪਏ ਹਨ ਔਰ ਇਸ ਤਰ੍ਹਾਂ ਕਿਸਾਨਾਂ ਦਾ ਜੋ ਬਿਨਾ ਵਜ੍ਹਾ ਨੁਕਸਾਨ ਹੁੰਦਾ ਹੈ, ਉਸ ਦਾ ਬੜਾ ਭਾਰੀ ਦੁੱਖ ਹੈ । ਅਸੀਂ ਇਸ ਬਾਰੇ ਯਤਨ ਕਰ ਰਹੇ ਹਾਂ ਕਿਉਂਕਿ ਇਹ ਭਾਰਤ ਸਰਕਾਰ ਨਾਲ ਸਬੰਧਤ ਮਾਮਲਾ ਹੈ । ਜਿੰਨਾ ਚਿਰ ਆਲੂ ਬਾਹਰ ਨਹੀਂ ਜਾਂਦੇ, ਉਨ੍ਹਾ ਚਿਰ, ਜੋ ਇਹ ਦੁਖਦਾਈ ਘਟਨਾ ਦੱਸ ਰਹੇ ਹਨ, ਉਹ ਹੱਲ ਨਹੀਂ ਹੋ ਸਕਦੀ । ਇਸ ਲਈ ਅਸੀਂ ਯਤਨ ਕਰ ਰਹੇ ਹਾਂ ਕਿ ਜਿਹੜਾ ਕਿਸਾਨਾਂ ਦਾ ਨੁਕਸਾਨ ਹੈ, ਉਹ ਕਿਸੇ ਕੀਮਤ ਤੇ ਕਦੇ ਵੀ ਨਾ ਹੋਵੇ । ਅਸੀਂ ਵੀ ਕਿਸਾਨਾਂ ਦੇ ਪੂਰੇ ਹਿਤੈਸ਼ੀ ਹਾਂ ਅਤੇ ਸਾਨੂੰ ਇਸ ਦਾ ਬੜਾ ਦੁੱਖ ਹੈ । ਜੋ ਅਰਸ਼ੀ ਜੀ ਨੇ ਕਿਹਾ ਹੈ ਕਿ ਕੋਲਡ ਸਟੋਰ ਬਣਾਉਣੇ ਚਾਹੀਦੇ ਹਨ ਤਾਂ ਅੱਜ ਕੋਲਡ ਸਟੋਰ ਬਹੁਤ ਜ਼ਿਆਦਾ ਬਣ ਰਹੇ

ਹਨ । ਹੁਣ ਆਲੂ ਨਹੀਂ ਲੱਭਣੇ ਤੇ ਕੋਲਡ ਸਟੋਰਾਂ ਵਾਲੇ ਰੋਣਗੇ । ਐਤਕੀਂ ਗੰਨਾ ਘੱਟ ਹੈ ਤੇ ਮਿੱਲਾਂ ਵਾਲੇ ਰੋਣਗੇ । ਸਾਡੇ ਪੰਜਾਬ ਦੇ ਸਟੋਰਾਂ ਵਿੱਚ ਯੂ.ਪੀ. ਵਾਲਿਆਂ ਨੇ 70% ਆਲੂ ਰੱਖਿਆ ਹੋਇਆ ਹੈ ਜਦਕਿ ਪੰਜਾਬ ਦੇ ਲੋਕਾਂ ਦਾ ਸਿਰਫ਼ 30% ਹੀ ਹੈ । ਇਸ ਦੇ ਵਿੱਚ ਕੁਝ ਕੁ ਤਾਂ ਉਨ੍ਹਾਂ ਨੇ ਬੀਜ ਦੇ ਤੌਰ ਤੇ ਲਗਾ ਦਿੱਤਾ ਹੈ ਅਤੇ ਕੁਝ ਮੰਦੇ ਭਾਅ ਦੇ ਉਤੇ ਵੇਚ ਵੀ ਦਿੱਤਾ ਹੈ । ਇਸ ਲਈ ਜਿਨ੍ਹਾਂ ਦੇ ਆਲੂ ਸਟੋਰਾਂ ਵਿਚ ਪਏ ਰਹਿ ਗਏ ਹਨ, ਉਨ੍ਹਾਂ ਵਿਚੋਂ ਜ਼ਿਆਦਾਤਰ ਗਿਣਤੀ ਯੂ.ਪੀ. ਦੇ ਵਪਾਰੀਆਂ ਦੀ ਹੈ । ਅਸੀਂ ਚਾਹੁੰਦੇ ਹਾਂ ਕਿ ਆਲੂਆਂ ਦੀ ਬੇਕਦਰੀ ਨਾ ਹੋਵੇ । ਉਨ੍ਹਾਂ ਦੇ ਵਾਸਤੇ ਸਟੋਰਾਂ ਦਾ ਪੂਰਾ ਪ੍ਰਬੰਧ ਕੀਤਾ ਜਾਵੇਗਾ ।

(क्रम संख्या : 6)

श्रीमती लक्ष्मी कांता चावला : श्रीमान जी, मैं सरकार का ध्यान सार्वजनिक महत्व के अत्यावश्यक मामले की ओर आकर्षित करुंगी अर्थात् :--

कुछ दिन पूर्व पंजाब में हुई भारी वर्षा से बंगा के पूरे क्षेत्र के खेतों में पानी भरा है जिस से गेहूं की बीजाई नहीं हो सकी और अभी भी किसानों को गेहूं की फसल बीजने का कोई लक्षण नहीं दिखाई देता । सरकार ने खेतों से पानी निकालने के लिये कोई कार्यवाही नहीं की ; इस से बंगा क्षेत्र में हाहाकार मचा है । विषय की गम्भीरता को ध्यान में रखते हुए सरकार के सम्बद्ध मन्त्री सदन में वक्तव्य दें ।

महत्व :--पंजाब के किसान बिना फसल बीजे परेशान हैं और खेत पानी से भरे हैं । स्थिति की गम्भीरता को देखते हुए इस प्रस्ताव को सदन के विचारार्थ स्वीकार किया जाये ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਪੰਜਾਬ ਵਿੱਚ ਸਤੰਬਰ, ਅਕਤੂਬਰ, ਨਵੰਬਰ ਅਤੇ ਦਸੰਬਰ ਮਹੀਨਿਆਂ ਵਿੱਚ ਕਾਫ਼ੀ ਮਾਤਰਾ ਵਿਚ ਬੇਮੌਸਮੀ/ਬੇਮਿਸਾਲ ਬਾਰਸ਼ ਹੋਈ ਹੈ । ਆਮ ਤੌਰ ਤੇ ਇਨ੍ਹਾਂ ਮਹੀਨਿਆਂ ਦੌਰਾਨ ਮਾਮੂਲੀ ਬਾਰਸ਼ ਹੁੰਦੀ ਹੈ ਜਦ ਕਿ ਇਸ ਵਾਰ ਬੰਗਾ ਇਲਾਕੇ ਵਿੱਚ 11 ਇੰਚ ਬਾਰਸ਼ ਹੋਈ ਹੈ, ਜਿਸ ਕਾਰਨ ਕੁੱਝ ਪਿੰਡਾਂ ਜਿਵੇਂ ਕਿ ਕਾਮਾ, ਚੈਤਾ, ਗੋਬਿੰਦਪੁਰਾ, ਪੱਟੀ-ਮੱਟਵਾਲ, ਜੇਬੋਵਾਲ

[ਮੁੱਖ ਮੰਤਰੀ]

ਅਤੇ ਗੁਜਰਪੁਰ ਆਦਿ ਦੇ ਖੇਤਾਂ ਵਿੱਚ ਪਾਣੀ ਇਕੱਠਾ ਹੋ ਗਿਆ ਹੈ । ਇਸ ਸਮੱਸਿਆ ਉਤੇ ਕਾਬੂ ਪਾਉਣ ਲਈ ਬੰਗਾ-ਗੋਪਾਲਪੁਰ ਡਰੇਨ ਦੀ ਖੁਦਾਈ ਦਾ ਕੰਮ ਸ਼ੁਰੂ ਕੀਤਾ ਗਿਆ ਸੀ, ਪਰੰਤੂ ਦੋ ਜ਼ਮੀਨ ਮਾਲਕਾਂ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਇਸ ਡਰੇਨ ਦੀ ਖੁਦਾਈ ਵਿਰੁੱਧ ਸਟੇਅ ਆਰਡਰ ਪ੍ਰਾਪਤ ਕਰ ਲਏ ਹਨ । ਇਸ ਸਟੇਅ ਨੂੰ ਮਾਨਯੋਗ ਹਾਈ ਕੋਰਟ ਤੋਂ ਖਤਮ ਕਰਾਉਣ ਲਈ ਉੱਦਮ ਕੀਤੇ ਜਾ ਰਹੇ ਹਨ ਤਾਂ ਜੋ ਡਰੇਨ ਦੀ ਖੁਦਾਈ ਦਾ ਕੰਮ ਦੁਬਾਰਾ ਛੇਤੀ ਸ਼ੁਰੂ ਕੀਤਾ ਜਾ ਸਕੇ । ਬੰਗਾ ਇਲਾਕੇ ਵਿੱਚ ਡਰੇਨਾਂ ਦੀ ਸਫਾਈ ਕਰਨ ਲਈ 50 ਲੱਖ ਰੁਪਏ ਦੀ ਰਾਸ਼ੀ ਰਿਲੀਜ਼ ਕੀਤੀ ਗਈ ਹੈ । ਜਿੱਥੇ ਕਣਕ ਦੀ ਬਿਜਾਈ ਨਹੀਂ ਕੀਤੀ ਜਾ ਸਕਦੀ, ਉਥੇ ਫਸਲ ਦੇ ਖਰਾਬੇ ਦਾ ਮੁਆਵਜ਼ਾ ਨਾਰਮ ਅਨੁਸਾਰ ਦੇਣ ਲਈ ਸਪੈਸ਼ਲ ਗਿਰਦਾਵਰੀ ਕੀਤੀ ਜਾਵੇਗੀ ।

श्रीमती लक्ष्मी कांता चावला : स्पीकर साहिब, इनका जवाब तो संतोषजनक है पर जो उस इलाके की समस्या है वह बारिश के बाद की है । बंगा इलाके में सेम की समस्या बहुत ज्यादा है । वहां की नहर और गंदे नाले की सफाई, खुदाई न होने के कारण पानी खेतों में चला जाता है । यहां पर यह आदत होती है कि जब चिड़िया चुग गई खेत तब पहरेदार खड़े किए जाते हैं । सेम की समस्या कपूरथला में भी है और अमृतसर के निचले इलाकों में भी है । मैं सदन का और खास तौर पर मुख्य मंत्री का ध्यान इस तरफ लाना चाहती हूं कि इस समस्या का हल किया जा सकता है । अगर फसल कुछ देर बाद भी किसान बीजें तो भी उन्हें फायदा होना चाहिए । इस के लिए कुछ करना चाहिए । किसानों को गिरदावरियों के लिए डी.सी. के पास जाना होता है । विशेष ड्यूटी लगा कर किसानों को राहत देनी चाहिए । डी.सी. के पास तो किसानों के कागज़ ही पूरे नहीं होते । इस लिए विशेष ड्यूटियां लगाकर यह काम करना चाहिए धन्यवाद । जै हिन्द ।

FIRST REPORT OF THE BUSINESS ADVISORY COMMITTEE

Mr. Speaker : I have to present to the House the First Report of the Business Advisory Committee. The Report reads :--

After considering the Tentative Date-Wise Programme, the Committee recommended that the following business be transacted at the sittings of the Vidhan Sabha on 23rd and 24th December, 1997 :--

Tuesday, the 23rd December, 1997 (9.00 A.M.)	(i) Election of the Deputy Speaker.
	(ii) Official Resolution under Article 252 of the Constitution--Repealing of the Urban Land (Ceiling and Regulations) Act, 1976 (Central Act No. 33 of 1976).
	(iii) Legislative Business.
Wednesday, the 24th December, 1997 (9.00 A.M.)	(i) Legislative Business.
	(ii) Motion under Rule 16 regarding adjourment of House sine-die.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that/those rule/rules shall stand suspended to that extent.

Minister for Food and Supplies and Parliamentary Affairs (Shri Madan Mohan Mittal) : Sir, I beg to move--

That this House agrees with the recommendations contained in the First Report of the Business Advisory Committee.

Mr. Speaker : Motion moved--

That this House agrees with the recommendations contained in the First Report of the Business Advisory Committee.

Mr. Speaker : Question is--

That this House agrees with the recommendations contained in the First Report of the Business Advisory Committee.

The motion was carried unanimously.

ELECTION OF DEPUTY SPEAKER

Mr. Speaker : C.M. Sahib.

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਡਾਕਟਰ ਬਲਦੇਵ ਰਾਜ ਚਾਵਲਾ, ਵਿਧਾਨ ਸਭਾ ਦੇ ਮੈਂਬਰ ਜੋ ਕਿ ਇਸ ਸਮੇਂ ਸਦਨ ਵਿੱਚ ਹਾਜ਼ਰ ਹਨ, ਨੂੰ ਡਿਪਟੀ ਸਪੀਕਰ ਵਜੋਂ ਚੁਣੇ ਜਾਣ ਦਾ ਪ੍ਰਸਤਾਵ ਕਰਦਾ ਹਾਂ ।

ਸਥਾਨਕ ਸਰਕਾਰ, ਕਿਰਤ ਅਤੇ ਰੁਜ਼ਗਾਰ ਮੰਤਰੀ (ਸ਼੍ਰੀ ਬਲਰਾਮ ਜੀ ਦਾਸ ਟੰਡਨ) : ਜਿਹੜਾ ਪ੍ਰਸਤਾਵ ਸਦਨ ਦੇ ਲੀਡਰ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਡਾਕਟਰ ਬਲਦੇਵ ਰਾਜ ਚਾਵਲਾ ਜੀ ਨੂੰ ਡਿਪਟੀ ਸਪੀਕਰ ਵਜੋਂ ਚੁਣਨ ਦਾ ਲਿਆਂਦਾ ਹੈ, ਮੈਂ ਉਸ ਦਾ ਅਨੁਮੋਦਨ ਕਰਦਾ ਹਾਂ ।

Mr. Speaker : Motion moved--

That Doctor Baldev Raj Chawla, a Member of the Punjab Vidhan Sabha, who is present in the House, be elected as Deputy Speaker of the House.

Mr. Speaker : Is there any other proposal ?

(No other proposal was put forward by any other Hon'ble Member.)

Mr. Speaker : Since there is no other proposal, I declare Doctor Baldev Raj Chawla elected as Deputy Speaker of the House unanimously.

(The Chief Minister, Minister for Local Government, Labour and Employment & Minister for Parliamentary Arrairs conducted Doctor Baldev Raj Chawla to the Chair of the Deputy Speaker.)

CONGRATULATORY SPEECHES

ਸ੍ਰੀ ਸਪੀਕਰ : ਹੁਣ ਵਧਾਈ ਦੀਆਂ ਸਪੀਚਾਂ ਹੋਣਗੀਆਂ । ਪਹਿਲੇ ਸੀ.ਐਮ. ਸਾਹਿਬ ਸ਼ੁਰੂ ਕਰਨਗੇ ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਦਿਲ ਦੀਆਂ ਗਹਿਰਾਈਆਂ ਤੋਂ ਡਾਕਟਰ ਸਾਹਿਬ ਨੂੰ ਸਾਰੇ ਹਾਊਸ ਵਲੋਂ ਯੂਨਾਨੀਮਸਲੀ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ ਅਤੇ ਸਭ ਤੋਂ ਪਹਿਲਾਂ ਮੈਂ ਧੰਨਵਾਦ ਕਰਦਾ ਹਾਂ ਲੀਡਰ ਆਫ ਦਿ ਆਪੋਜ਼ੀਸ਼ਨ ਦਾ ਕਿ ਉਨ੍ਹਾਂ ਨੇ ਮੇਰੀ ਇਸ ਬੇਨਤੀ ਨੂੰ ਪ੍ਰਵਾਨ ਕੀਤਾ । ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਦਾ ਬਹੁਤ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਉੱਚ ਅਹੁਦੇ ਤੇ ਇਕ ਯੋਗ ਲੈਜਿਸਲੇਟਰ ਨੂੰ ਚੁਣਿਆ ਹੈ । ਸਪੀਕਰ ਸਾਹਿਬ, ਡਾਕਟਰ ਸਾਹਿਬ ਸਾਡੇ ਵਾਸਤੇ ਕੋਈ ਨਵੇਂ ਨਹੀਂ ਹਨ । ਤੁਸੀਂ ਸਾਰੇ ਇਨ੍ਹਾਂ ਦੇ ਮੁਤੱਲਿਕ ਚੰਗੀ ਤਰ੍ਹਾਂ ਜਾਣਦੇ ਹੋ । ਡਾਕਟਰ ਸਾਹਿਬ ਐਮ.ਬੀ.ਬੀ.ਐਸ. ਡਾਕਟਰ ਹਨ ਅਤੇ ਹੋਰ ਵੀ ਕਈ ਡਿਗਰੀਆਂ ਇਨ੍ਹਾਂ ਕੋਲ ਹਨ ਜਿਸ ਤਰ੍ਹਾਂ ਕਿ ਡੀ.ਐਲ.ਓ/ਡੀ.ਓ.ਐਮ.ਐਸ. ਇਨ੍ਹਾਂ ਦੋ ਡਿਗਰੀਆਂ ਦੇ ਬਾਰੇ ਮੈਨੂੰ ਵੀ ਸਮਝ ਨਹੀਂ ਆਈ । ਇਹ ਇਨ੍ਹਾਂ ਦੇ ਬਾਇਓ ਡਾਟੇ ਤੋਂ ਪਤਾ ਲਗਾ ਹੈ । ਡਾਕਟਰ ਸਾਹਿਬ ਨੇ ਡਾਕਟਰ ਦੇ ਤੌਰ ਤੇ ਹੀ ਲੋਕਾਂ ਦੀ ਸੇਵਾ ਨਹੀਂ ਕੀਤੀ ਬਲਕਿ ਪੰਜਾਬ ਦੇ ਲੋਕਾਂ ਦੀ ਇਨ੍ਹਾਂ ਨੇ ਹੋਰ ਵੀ ਧਾਰਮਿਕ ਅਤੇ ਸਮਾਜਿਕ ਖੇਤਰ ਵਿਚ ਸੇਵਾ ਕੀਤੀ ਹੈ । ਇਹ ਮੱਧਮ ਸਮਾਜਿਕ ਸਮਿਤੀ ਅਤੇ ਰਾਸ਼ਟਰੀ ਸਹਿਕਾਰੀ ਸਮਿਤੀ ਦੇ ਪ੍ਰਧਾਨ ਹਨ ਜਿਨ੍ਹਾਂ ਨੇ ਪੰਜਾਬ ਵਿਚ, ਪੰਜਾਬੀਅਤ ਅਤੇ ਪੰਜਾਬੀ ਭਾਈਚਾਰੇ ਨੂੰ ਇਕੱਠੇ ਰੱਖਣ ਵਾਸਤੇ ਬੜਾ ਯੋਗਦਾਨ ਅਤੇ ਹਿੱਸਾ ਪਾਇਆ ਹੈ । ਮੈਂ ਡਾਕਟਰ ਸਾਹਿਬ ਤੋਂ ਉਮੀਦ ਹੀ ਨਹੀਂ ਬਲਕਿ ਵਿਸ਼ਵਾਸ ਕਰਦਾ ਹਾਂ ਕਿ ਇਸ ਹਾਊਸ ਵਿਚ ਸਾਰਿਆਂ ਨੂੰ ਚੰਗਾ ਸਹਿਯੋਗ ਦੇਣ ਵਿਚ ਨਾਂ ਪੈਦਾ ਕਰਨਗੇ ਅਤੇ ਬੜੀ ਚੰਗੀ ਤਰ੍ਹਾਂ ਇਸ ਕੁਰਸੀ ਤੇ ਆਪਣਾ ਫਰਜ਼ ਨਿਭਾਉਣਗੇ । ਹੁਣ ਡਾਕਟਰ ਸਾਹਿਬ, ਤੁਸੀਂ ਜਿਸ ਪੁਜ਼ੀਸ਼ਨ ਵਿਚ ਗਏ ਹੋ, ਤੁਸੀਂ ਕਿਸੇ ਪਾਰਟੀ ਦੇ ਮੈਂਬਰ ਰਹਿਣ ਤੋਂ ਇਲਾਵਾ, ਜਿਸ ਤਰ੍ਹਾਂ ਸਪੀਕਰ

[ਮੁੱਖ ਮੰਤਰੀ]

ਸਾਹਿਬ ਨੇ ਇਸ ਕੁਰਸੀ ਤੇ ਬੈਠ ਕੇ ਨਿਰਪੱਖਤਾ ਦਾ ਸਬੂਤ ਦਿੱਤਾ ਹੈ ਅਤੇ ਨਿਰਪੱਖਤਾ ਨਾਲ ਕੰਮ ਚਲਾਉਂਦੇ ਹਨ ਉਸੇ ਤਰ੍ਹਾਂ ਡਾਕਟਰ ਸਾਹਿਬ ਤੁਸੀਂ ਵੀ ਇਸ ਹਾਊਸ ਨੂੰ ਚਲਾਉਣ ਦੇ ਵਕਤ ਪੂਰੀ ਨਿਰਪੱਖਤਾ ਨਾਲ ਕੰਮ ਚਲਾਓਗੇ । ਮੈਂ ਇਹ ਬੇਨਤੀ ਕਰਦਾ ਹਾਂ ਕਿ ਸਾਡੇ ਵੱਲ ਬੇਸ਼ਕ ਘੱਟ ਧਿਆਨ ਦੇਣਾ, ਪਰ ਸਾਡੇ ਸਾਹਮਣੇ ਬੈਠੇ ਵੀਰਾਂ ਦਾ ਧਿਆਨ ਜ਼ਰੂਰ ਕਰਨਾ ਕਿਉਂਕਿ ਇਹ ਜ਼ਰੂਰੀ ਹੈ ਕਿ ਚੰਗੀ ਤਰ੍ਹਾਂ ਸਰਕਾਰ ਚਲਾਉਣ ਲਈ ਆਪੋਜ਼ੀਸ਼ਨ ਨੂੰ ਮੈਕਸੀਮਮ ਮੌਕਾ ਦੇਣਾ ਚਾਹੀਦਾ ਹੈ । ਮੈਂ ਆਪੋਜੀਸ਼ਨ ਦਾ ਹਮੇਸ਼ਾ ਸਤਿਕਾਰ ਕਰਦਾ ਰਿਹਾ ਹਾਂ ਅਤੇ ਕਦੇ ਵੀ ਕਨਫਰੰਟੇਸ਼ਨ ਦੀ ਪਾਲਿਸੀ ਨੂੰ ਅਖਤਿਆਰ ਨਹੀਂ ਕੀਤਾ । ਮੈਂ ਡਾਕਟਰ ਸਾਹਿਬ ਨੂੰ ਇਸ ਹਾਊਸ ਦੇ ਵਿਚ ਡਿਪਟੀ ਸਪੀਕਰ ਚੁਣੇ ਜਾਣ ਤੇ ਦਿਲ ਦੀਆਂ ਗਹਿਰਾਈਆਂ ਤੋਂ ਆਪਣੇ ਵਲੋਂ, ਆਪਣੀ ਪਾਰਟੀ ਵਲੋਂ, ਬਾਕੀ ਸਹਿਯੋਗੀਆਂ ਵਲੋਂ ਅਤੇ ਸਦਨ ਦੇ ਸਮੂਹ ਮੈਂਬਰਾਂ ਵਲੋਂ ਬਹੁਤ ਬਹੁਤ ਵਧਾਈ ਦਿੰਦਾ ਹਾਂ ।

ਚੌਧਰੀ ਜਗਜੀਤ ਸਿੰਘ (ਕਰਤਾਰਪੁਰ ਐਸ.ਸੀ.) : ਸਪੀਕਰ ਸਾਹਿਬ, ਮੈਂ ਡਾਕਟਰ ਬਲਦੇਵ ਰਾਜ ਚਾਵਲਾ ਜੀ ਨੂੰ ਸਰਬਸੰਮਤੀ ਦੇ ਨਾਲ ਡਿਪਟੀ ਸਪੀਕਰ ਚੁਣੇ ਜਾਣ ਤੇ ਹਾਰਦਿਕ ਵਧਾਈ ਦਿੰਦਾ ਹਾਂ । ਮੈਂ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਤੁਸੀਂ, ਸਪੀਕਰ ਸਾਹਿਬ, ਨਿਰਪੱਖਤਾ ਦੇ ਨਾਲ ਹਾਊਸ ਚਲਾਉਂਦੇ ਹੋਏ ਸਾਰੀਆਂ ਪਾਰਟੀਆਂ ਨੂੰ ਪੂਰਾ ਸਤਿਕਾਰ ਦਿੱਤਾ ਜੋ ਪਰੰਪਰਾ ਤੁਸੀਂ ਪਾਈ, ਉਸੇ ਤਰ੍ਹਾਂ ਹੀ ਡਾਕਟਰ ਬਲਦੇਵ ਰਾਜ ਚਾਵਲਾ ਜੀ ਹਾਊਸ ਨੂੰ ਚਲਾਉਣਗੇ । ਚਾਵਲਾ ਜੀ ਬੜੇ ਹੀ ਸੂਝਵਾਨ ਸੱਜਣ ਹਨ ਅਤੇ ਮੈਡੀਕਲ ਪ੍ਰੈਕਟੀਸ਼ਨਰ ਦੇ ਤੌਰ ਤੇ ਅੰਮ੍ਰਿਤਸਰ ਵਿਚ ਬੜੇ ਉਘੇ ਡਾਕਟਰ ਹਨ । ਐਮ.ਬੀ.ਬੀ.ਐਸ. ਅਤੇ ਹੋਰ ਬਹੁਤ ਸਾਰੀਆਂ ਡਿਗਰੀਆਂ ਉਨ੍ਹਾਂ ਨੇ ਹਾਸਲ ਕੀਤੀਆਂ, ਆਪਣੇ ਪਰੋਫੈਸ਼ਨ ਵਿਚ ਉਨ੍ਹਾਂ ਨੇ ਆਪਣਾ ਨਾਂ ਪੈਦਾ ਕੀਤਾ ਅਤੇ ਲੋਕਾਂ ਦੀ ਸੇਵਾ ਕੀਤੀ । ਉਹ ਸਮਾਜਿਕ ਅਤੇ ਧਾਰਮਿਕ ਤੌਰ ਤੇ ਵੀ ਜਥੇਬੰਦੀਆਂ ਨਾਲ ਜੁੜੇ ਹੋਏ ਹਨ । ਉਨ੍ਹਾਂ ਨੇ ਪਾਰਲੀਮੈਂਟ ਦੇ ਇਲੈਕਸ਼ਨ ਵੀ ਲੜੇ ਸੀ । ਉਨ੍ਹਾਂ ਦਾ ਬੀ.ਜੇ.ਪੀ. ਨਾਲ ਅੱਛਾ ਸਬੰਧ ਹੈ । ਮੈਨੂੰ ਪੂਰਾ ਭਰੋਸਾ ਹੈ ਕਿ ਜਿਥੇ ਉਨ੍ਹਾਂ ਦਾ ਸਰਕਾਰੀ ਬੈਂਚਾਂ ਨਾਲ ਤੁਅੱਲਕ ਹੈ, ਉਥੇ ਉਹ ਡਿਪਟੀ ਸਪੀਕਰ ਚੁਣੇ ਜਾਣ ਤੋਂ ਬਾਅਦ ਆਪੋਜ਼ੀਸ਼ਨ ਦੀਆਂ ਪਾਰਟੀਆਂ ਵੱਲ ਵੀ ਪੂਰਾ ਧਿਆਨ ਦੇਣਗੇ ਔਰ ਪੂਰਾ ਸਤਿਕਾਰ ਅਤੇ ਸਨਮਾਨ ਦੇਣਗੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦੇ ਜੋ ਚੰਗੇ ਕੰਮ ਹਨ ਜਾਂ ਸਰਕਾਰ ਦੀਆਂ ਜੋ ਕਮੀਆਂ ਹਨ, ਉਨ੍ਹਾਂ ਨੂੰ ਸਰਕਾਰ ਦੇ ਧਿਆਨ ਵਿਚ ਲਿਆਉਣਾ ਆਪੋਜ਼ੀਸ਼ਨ ਦਾ ਮੇਨ

ਫਰਜ਼ ਹੁੰਦਾ ਹੈ । ਇਸ ਤਰ੍ਹਾਂ ਕਰਨ ਨਾਲ ਸਰਕਾਰ ਨੂੰ ਚੰਗੀ ਸੇਧ ਮਿਲਦੀ ਹੈ । ਮੈਂ ਸਮਝਦਾ ਹਾਂ ਸਪੀਕਰ ਸਾਹਿਬ, ਕਿ ਜੋ ਤੁਸੀਂ ਆਪੋਜ਼ੀਸ਼ਨ ਨੂੰ ਉਚਿਤ ਮਾਣ ਅਤੇ ਸਤਿਕਾਰ ਦਿੰਦੇ ਹੋ, ਉਸੇ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ ਦੇਣਗੇ । ਇਹ ਪੰਜਾਬ ਅਤੇ ਸਰਕਾਰ ਦੇ ਹਿੱਤ ਵਿਚ ਹੋਵੇਗਾ । ਜੋ ਪਰੰਪਰਾ ਤੁਸੀਂ ਪਾਈ ਹੋਈ ਹੈ ਉਸ ਨੂੰ ਡਿਪਟੀ ਸਪੀਕਰ ਸਾਹਿਬ ਕਾਇਮ ਰੱਖਣਗੇ । ਇਸ ਤਰ੍ਹਾਂ ਕਰਨ ਨਾਲ ਹਾਊਸ ਬੜੇ ਅੱਛੇ ਅਤੇ ਸੁਚੱਜੇ ਤਰੀਕੇ ਨਾਲ ਚਲੇਗਾ । ਸਪੀਕਰ ਸਾਹਿਬ, ਇਹ ਪਵਿੱਤਰ ਸਦਨ ਹੈ ਅਤੇ ਇਸ ਦੀਆਂ ਜਿਹੜੀਆਂ ਪਰੰਪਰਾਵਾਂ ਹਨ, ਉਨ੍ਹਾਂ ਨੂੰ ਇਹ ਕਾਇਮ ਰੱਖਣਗੇ । ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਦੂਜੇ ਸੂਬਿਆ ਵਿਚ ਸਦਨ ਕਿਸ ਤਰ੍ਹਾਂ ਚੱਲ ਰਹੇ ਹਨ । ਮੈਨੂੰ ਆਸ ਹੈ ਕਿ ਤੁਹਾਡੀ ਅਗਵਾਈ ਥੱਲੇ ਜੋ ਯੂਨਾਨੀਮਸਲੀ ਡਿਪਟੀ ਸਪੀਕਰ ਚੁਣੇ ਗਏ ਹਨ. ਉਹ ਠੀਕ ਪਰੰਪਰਾਵਾਂ ਨਾਲ ਚਲਣਗੇ ਤਾਂ ਇਸ ਨਾਲ ਪੰਜਾਬ ਦਾ ਨਾਂ ਉੱਚਾ ਹੋਵੇਗਾ ਅਤੇ ਲੋਕਤੰਤਰ ਵਿਚ ਵੀ ਪੰਜਾਬ ਦਾ ਨਾਂ ਸਭ ਤੋਂ ਉੱਚਾ ਹੋਵੇਗਾ । ਜੈ ਹਿੰਦ ।

ਸਥਾਨਕ ਸਰਕਾਰ, ਕਿਰਤ ਤੇ ਰੁਜ਼ਗਾਰ ਮੰਤਰੀ (ਸ਼੍ਰੀ ਬਲਰਾਮ ਜੀ ਦਾਸ ਟੰਡਨ) : ਸਪੀਕਰ ਸਾਹਿਬ, ਡਾਕਟਰ ਬਲਦੇਵ ਰਾਜ ਚਾਵਲਾ ਜੀ ਡਿਪਟੀ ਸਪੀਕਰ ਚੁਣੇ ਗਏ ਹਨ, ਮੈ ਉਨ੍ਹਾਂ ਨੂੰ ਦਿਲੋਂ ਵਧਾਈ ਦਿੰਦਾ ਹਾਂ । ਜਿਸ ਤਰੀਕੇ ਦੇ ਨਾਲ ਡਾਕਟਰ ਸਾਹਿਬ ਨੇ ਲੋਕਾਂ ਦੀ ਸੇਵਾ ਕੀਤੀ, ਉਸ ਨੂੰ ਪੰਜਾਬ ਦੇ ਲੋਕ ਅੱਛੀ ਤਰ੍ਹਾਂ ਜਾਣਦੇ ਹਨ । ਉਹ ਅੰਮ੍ਰਿਤਸਰ ਵਿਚ ਹੈਲਥ ਅਫਸਰ ਵੀ ਰਹੇ ਹਨ ਅਤੇ ਉਥੇ ਉਨ੍ਹਾਂ ਨੇ ਲੋਕਾਂ ਦੀ ਬੜੀ ਭਾਰੀ ਸੇਵਾ ਕੀਤੀ ਹੈ । ਅੱਜ ਵੀ ਉਹ ਡਾਕਟਰ ਦੇ ਤੌਰ ਤੇ ਅੰਮ੍ਰਿਤਸਰ ਵਿਚ ਮਸ਼ਹੂਰ ਹਨ ਅਤੇ ਸਾਰੇ ਲੋਕ ਉਨ੍ਹਾਂ ਨੂੰ ਪਹਿਚਾਣਦੇ ਹਨ । ਉਨ੍ਹਾਂ ਨੇ ਪੰਜਾਬ ਵਿਚ ਸੁਰੱਕਸ਼ਾ ਸਮਿਤੀ ਦੇ ਪ੍ਰਧਾਨ ਦੇ ਤੌਰ ਤੇ ਸੇਵਾ ਕੀਤੀ । ਜਿਸ ਵੇਲੇ ਪੰਜਾਬ ਵਿਚ ਅੱਤਵਾਦ ਦਾ ਬੜਾ ਜ਼ੋਰ ਸੀ ਉਸ ਵੇਲੇ ਇਕ ਨਿਡਰ ਸਾਥੀ ਦੇ ਤੌਰ ਤੇ ਖੜ੍ਹੇ ਹੋ ਕੇ ਜਿਥੇ ਕਿਤੇ ਵੀ ਕਿਸੇ ਕਿਸਮ ਦੀ ਘਟਨਾ ਹੋਈ, ਉਥੇ ਪਹੁੰਚ ਕੇ ਉਨ੍ਹਾਂ ਨੇ ਉਸ ਘਟਨਾ ਵਾਸਤੇ ਲੋਕਾਂ ਦੇ ਦਿਲਾਂ ਵਿਚ ਹਮਦਰਦੀ ਦੀ ਭਾਵਨਾ ਜਗਾਈ । ਇਨ੍ਹਾਂ ਨੇ ਉਸ ਵਕਤ ਲੋਕਾਂ ਦੇ ਦਿਲਾਂ ਵਿਚ ਆਤਮ-ਵਿਸ਼ਵਾਸ ਪੈਦਾ ਕਰਨ ਵਾਸਤੇ ਕਠਿਨ ਤੋਂ ਕਠਿਨ ਜਗ੍ਹਾ ਤੇ ਪਹੁੰਚ ਕੇ ਢਾਰਸ ਦਿੱਤਾ ਅਤੇ ਉਨ੍ਹਾਂ ਪਰਿਵਾਰਾਂ ਵਿਚ ਗਏ ਅਤੇ ਉਨ੍ਹਾਂ ਨੂੰ ਖੜ੍ਹਾ ਕੀਤਾ । ਇਨ੍ਹਾਂ ਨੇ ਉਸ ਨਾਤੇ ਦੇ ਨਾਲ ਨਾ ਸਿਰਫ ਪੰਜਾਬ ਵਿਚ ਲੋਕਾਂ ਦੀ ਸੇਵਾ ਕੀਤੀ ਬਲਕਿ ਇਕ ਸੰਦੇਸ਼ ਸਾਰੇ ਹਿੰਦੁਸਤਾਨ ਦੇ ਲੋਕਾਂ ਨੂੰ ਦਿੱਤਾ ਕਿ ਕਿਸੇ ਕਿਸਮ ਦੀ ਵੀ ਔਕੜ ਕਿਉਂ ਨਾ ਹੋਵੇ, ਅਗਰ ਕੋਈ ਇਸ ਪੰਜਾਬ ਨੂੰ

[ਸਥਾਨਕ ਸਰਕਾਰ, ਕਿਰਤ ਤੇ ਰੁਜ਼ਗਾਰ ਮੰਤਰੀ]

ਕਾਣੀ ਅੱਖ ਨਾਲ ਤੱਕਦਾ ਹੈ ਤਾਂ ਐਸੇ ਲੋਕ ਵੀ ਹਨ ਜਿਨ੍ਹਾਂ ਦੇ ਅੱਗੇ ਪਿੱਛੇ ਬੇਸ਼ੱਕ ਸਰਕਾਰੀ ਤਾਕਤ ਨਾ ਵੀ ਹੋਵੇ, ਉਹ ਵੀ ਹਿੰਮਤ ਦੇ ਨਾਲ ਇਨ੍ਹਾਂ ਸਾਰੀਆਂ ਗੱਲਾਂ ਦਾ ਮੁਕਾਬਲਾ ਕਰ ਸਕਦੇ ਹਨ । ਇਨ੍ਹਾਂ ਨੇ ਇਕ ਧਾਰਮਿਕ ਸ਼ਖਸੀਅਤ ਦੇ ਤੌਰ ਤੇ ਵੀ ਬੜਾ ਭਾਰੀ ਕੰਮ ਕੀਤਾ ਹੈ । ਇਹ ਅੰਮ੍ਰਿਤਸਰ ਵਿਚ ਦੁਰਗਿਆਨਾ ਮੰਦਰ ਕਮੇਟੀ ਦੇ ਵਿਚ ਇਕ ਉਘੇ ਸਾਥੀ ਦੇ ਤੌਰ ਤੇ ਕੰਮ ਕਰਦੇ ਰਹੇ । ਉਸ ਵਿਚ ਵੀ ਉਨ੍ਹਾਂ ਨੇ ਇਨ੍ਹਾਂ ਨੂੰ ਇਕ ਤਰ੍ਹਾਂ ਨਾਲ ਸਮਰਥਕ ਹੀ ਨਹੀਂ ਬਣਾਇਆ ਬਲਕਿ ਸਾਰਾ ਕੰਮ ਕਾਜ ਦੇਖਣ ਵਾਸਤੇ ਪੂਰੀ ਤਰ੍ਹਾਂ ਸਾਧਨ ਸੰਪਨ ਵੀ ਬਣਾਇਆ । ਇਸ ਤਰ੍ਹਾਂ ਨਾਲ ਇਨ੍ਹਾਂ ਨੇ ਧਾਰਮਿਕ ਲਾਈਫ ਵਿਚ ਵੀ ਅਤੇ ਸੋਸ਼ਲ ਲਾਈਫ ਵਿਚ ਵੀ ਕਾਫੀ ਕੰਮ ਕੀਤੇ । ਡਾਕਟਰ ਦੇ ਤੌਰ ਤੇ ਤਾਂ ਇਨ੍ਹਾਂ ਨੂੰ ਸਾਰੇ ਲੋਕ ਜਾਣਦੇ ਹੀ ਹਨ । ਮੈਂ ਅੱਗੋਂ ਲਈ ਵੀ ਵਿਸ਼ਵਾਸ ਕਰਦਾ ਹਾਂ ਕਿ ਇਸ ਸਦਨ ਵਿਚ ਵੀ ਆਪਣਾ ਕਮਾਲ ਇਹ ਸਾਰਿਆਂ ਦੇ ਸਾਹਮਣੇ ਰੱਖਣ ਦੀ ਕੋਸ਼ਿਸ਼ ਕਰਨਗੇ । ਇਹ ਸਦਨ ਪੰਜਾਬ ਦਾ ਸਭ ਤੋਂ ਵੱਡਾ ਡੈਮੋਕਰੇਟਿਕ ਢਾਂਚਾ ਹੈ । ਇਸ ਨੂੰ ਕਿਸ ਢੰਗ ਨਾਲ ਚਲਾਉਣਾ ਹੈ, ਇਸ ਗੱਲ ਦੀ ਇਹ ਤੁਹਾਡੇ ਕੋਲੋਂ ਸਿੱਖਿਆ ਲੈ ਕੇ ਇਸ ਸਦਨ ਨੂੰ ਬਹੁਤ ਹੀ ਸੁਚੱਜੀਆਂ ਲੀਹਾਂ ਤੇ ਚਲਾਉਣਗੇ । ਅੱਜ ਸਾਰੇ ਹਾਊਸ ਨੇ ਇਨ੍ਹਾਂ ਨੂੰ ਯੂਨਾਨੀਮਸਲੀ ਡਿਪਟੀ ਸਪੀਕਰ ਦੇ ਤੌਰ ਤੇ ਚੁਣਿਆ ਹੈ, ਇਹ ਵੀ ਸਾਰੇ ਹਾਊਸ ਦੀਆਂ ਇੱਛਾਵਾਂ ਨੂੰ ਦਿਲ ਅਤੇ ਦਿਮਾਗ ਵਿਚ ਰੱਖਦੇ ਹੋਏ ਇਸ ਸਦਨ ਦਾ ਕਾਰਜ ਸੰਚਾਲਨ ਬਹੁਤ ਹੀ ਸੁਚੱਜੇ ਢੰਗ ਨਾਲ ਕਰਨਗੇ। ਇਸ ਦੇ ਨਾਲ ਹੀ ਮੈਂ ਆਪਣੇ ਵਲੋਂ, ਆਪਣੀ ਪਾਰਟੀ ਵਲੋਂ ਅਤੇ ਇਸ ਹਾਊਸ ਵਲੋਂ ਹਿਰਦੇ ਤੋਂ ਵਧਾਈ ਦੇਂਦਾ ਹਾਂ ਤਾਂਕਿ ਇਹ ਹਾਊਸ ਦਾ ਕੰਮ ਪੂਰਣ ਰੂਪ ਵਿਚ ਸੁਚੱਜੇ ਢੰਗ ਨਾਲ ਅਤੇ ਸੁਚਾਰੂ ਰੂਪ ਵਿਚ ਕਰ ਸਕਣ । ਧੰਨਵਾਦ ।

ਕਾਮਰੇਡ ਹਰਦੇਵ ਅਰਸ਼ੀ (ਬੁੱਢਲਾਡਾ) : ਸਪੀਕਰ ਸਾਹਿਬ, ਮੈਂ ਵੀ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵਲੋਂ ਮਾਨਯੋਗ ਡਾਕਟਰ ਬਲਦੇਵ ਰਾਜ ਚਾਵਲਾ ਜੀ ਨੂੰ, ਜਿਨ੍ਹਾਂ ਨੂੰ ਅੱਜ ਇਸ ਹਾਊਸ ਨੇ ਸਰਬ-ਸੰਮਤੀ ਦੇ ਨਾਲ ਬਹੁਤ ਹੀ ਸਨਮਾਨਯੋਗ ਸਥਾਨ ਡਿਪਟੀ ਸਪੀਕਰ ਦੇ ਅਹੁਦੇ ਵਾਸਤੇ ਚੁਣਿਆ ਹੈ, ਵਧਾਈ ਦੇਂਦਾ ਹਾਂ ਅਤੇ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਅਸੀਂ ਸਾਰੇ ਸਮਝਦੇ ਹਾਂ ਕਿ ਇਸ ਹਾਊਸ ਦੀ ਮਾਣ ਮਰਿਆਦਾ, ਪਵਿੱਤਰਤਾ ਅਤੇ ਗਰਿਮਾ ਬਨਾਉਣ ਵਿਚ ਜਿਥੇ ਮੈਂਬਰ ਸਾਹਿਬਾਨ ਦਾ ਰੋਲ ਹੁੰਦਾ ਹੈ, ਉਥੇ ਮੁੱਖ ਤੌਰ ਤੇ ਇਸ ਨੂੰ ਚਲਾਉਣ ਦੀ ਜ਼ਿੰਮੇਵਾਰੀ ਮਾਨਯੋਗ ਸਪੀਕਰ ਅਤੇ ਡਿਪਟੀ ਸਪੀਕਰ ਦੀ ਹੀ ਹੁੰਦੀ ਹੈ, ਉਸਨੂੰ ਇਹ ਪੂਰੀ ਜ਼ੁੰਮੇਵਾਰੀ ਨਾਲ

ਨਿਭਾਉਣਗੇ । ਅੱਜ ਇਨ੍ਹਾਂ ਨੂੰ ਸਾਰੀਆਂ ਪਾਰਟੀਆਂ ਨੇ ਸਰਬ-ਸੰਮਤੀ ਨਾਲ ਪ੍ਰਵਾਨ ਕੀਤਾ ਹੈ ਜੋ ਕਿ ਬੜੀ ਖੁਸ਼ੀ ਦੀ ਗੱਲ ਹੈ । ਸਪੀਕਰ ਸਾਹਿਬ, ਜਿਵੇਂ ਹੁਣੇ ਹੀ ਤੁਹਾਡੇ ਬਾਰੇ ਮਾਨਯੋਗ ਚੌਧਰੀ ਸਾਹਿਬ ਨੇ ਕਿਹਾ ਹੈ ਅਤੇ ਜੋ ਕਿ ਬਿਲਕੁਲ ਠੀਕ ਗੱਲ ਹੈ ਕਿ ਤੁਸੀਂ ਇਸ ਹਾਊਸ ਨੂੰ ਬੜੀ ਨਿਰਪੱਖਤਾ ਅਤੇ ਉਦਾਰ ਦਿਲੀ ਨਾਲ ਚਲਾ ਰਹੇ ਹੋ ਅਤੇ ਤੁਸੀਂ ਇਸ ਸਦਨ ਦੀਆਂ ਪੁਰਾਣੀਆਂ ਪਰੰਪਰਾਵਾਂ ਨੂੰ ਕਾਇਮ ਰੱਖਿਆ ਹੈ, ਉਸੇ ਤਰ੍ਹਾਂ ਮੈਂ ਆਸ ਕਰਦਾ ਹਾਂ ਕਿ ਡਾਕਟਰ ਬਲਦੇਵ ਰਾਜ ਚਾਵਲਾ ਜੀ, ਮਾਨਯੋਗ ਡਿਪਟੀ ਸਪੀਕਰ ਸਾਹਿਬ ਵੀ ਇਨ੍ਹਾਂ ਪਰੰਪਰਾਵਾਂ, ਉਨ੍ਹਾਂ ਪਾਰਲੀਮੈਂਟਰੀ ਟਰੈਡੀਸ਼ਨਜ਼ ਤੇ ਪਹਿਰਾ ਦੇਣਗੇ । ਮੈਂ ਆਪਣੇ ਵਲੋਂ ਵੀ ਪੂਰਾ ਵਿਸ਼ਵਾਸ ਦੇਦਾ ਹਾਂ ਕਿ ਸੁਚਾਰੂ ਰੂਪ ਵਿਚ ਇਸ ਹਾਊਸ ਨੂੰ ਚਲਾਉਣ ਲਈ ਅਤੇ ਇਸ ਹਾਊਸ ਤੋਂ ਬਾਹਰ ਵੀ ਜਿਵੇਂ ਕਈ ਕਮੇਟੀਆਂ ਵਿਚ ਡਿਪਟੀ ਸਪੀਕਰ ਦਾ ਕਾਫੀ ਯੋਗਦਾਨ ਹੁੰਦਾ ਹੈ, ਉਥੇ ਵੀ ਅਸੀਂ ਇਨ੍ਹਾਂ ਨੂੰ ਆਪਣਾ ਵੱਧ ਤੋਂ ਵੱਧ ਯੋਗਦਾਨ ਦੇਵਾਂਗੇ । ਮੈਂ ਇਨ੍ਹਾਂ ਨੂੰ ਇਕ ਵਾਰੀ ਫਿਰ ਵਧਾਈ ਦੇਂਦਾ ਹਾਂ ਅਤੇ ਆਸ ਵੀ ਕਰਦਾ ਹਾਂ, ਸਪੀਕਰ ਸਾਹਿਬ, ਕਿ ਚਾਵਲਾ ਸਾਹਿਬ ਇਥੇ ਹੀ ਇਸ ਸਨਮਾਨਯੋਗ ਸਥਾਨ ਤੇ ਬੈਠੇ ਰਹਿਣਗੇ, ਕੋਈ ਮਨਿਸਟਰ *** ਨਹੀਂ ਬਣਨਗੇ ਤਾਂਕਿ ਜਿਵੇਂ ਅੱਗੇ ਵੀ ਕਾਫੀ ਚਿਰ ਤੋਂ ਇਹ ਸੀਟ ਖਾਲੀ ਰਹੀ, ਉਹ ਫਿਰ ਨਾ ਰਹੇ । ਇਹ ਵਿਸ਼ਵਾਸ ਇੰਹ ਸਾਨੂੰ ਦਿਵਾਉਣਗੇ । ਸਾਡੀ ਬੇਨਤੀ ਹੈ ਕਿ ਇਹ ਇਸ ਬੜੇ ਸਤਿਕਾਰਯੋਗ ਸਥਾਨ ਨੂੰ ਸਦਨ ਵਿਚ ਗ੍ਰਹਿਣ ਕਰਕੇ ਇਸ ਦੀ ਪੂਰੀ ਜ਼ਿੰਮੇਂਵਾਰੀ ਨਿਭਾਉਣ । ਮੈਂ ਆਪਣੇ ਵਲੋਂ ਅਤੇ ਆਪਣੇ ਗਰੁੱਪ ਵਲੋਂ ਇਨ੍ਹਾਂ ਨੂੰ ਫਿਰ ਵਧਾਈ ਦੇਂਦਾ ਹੈ ।

ਜਨ ਸਿਹਤ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ । ਪੰਜਾਬੀ ਦੀ ਜ਼ੁਬਾਨ ਬੜੀ ਮਿੱਠੀ ਹੈ । ਅਰਸ਼ੀ ਸਾਹਿਬ ਨੇ ਕਿਹਾ ਹੈ ਕਿ ਇਹ ਕਿਤੇ ਮਨਿਸਟਰ *** ਨਾ ਬਣ ਜਾਣ । ਸਪੀਕਰ ਸਾਹਿਬ, ਇਹ *** ਕਿਹੜੇ ਹੁੰਦੇ ਹਨ ..... (ਹਾਸਾ)

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਅਗਰ ਮੇਰੇ ਤੋਂ ਇੰਝ ਕਿਹਾ ਗਿਆ ਹੈ ਤਾਂ ਮੈਂ ਆਪਣੇ ਸ਼ਬਦ ਵਾਪਸ ਲੈਂਦਾ ਹਾਂ । ਅਸੀਂ ਕੁਝ ਸ਼ਬਦ ਰੁਟੀਨ ਵਿਚ ਕਹਿ ਦੇਂਦੇ ਹਾਂ । ਸਪੀਕਰ ਸਾਹਿਬ, ਸਾਡੇ ਮਨ ਵਿਚ ਬੜਾ ਸਤਿਕਾਰ ਹੈ ਮਾਨਯੋਗ ਮੰਤਰੀਆਂ ਦਾ ।

** Expunged as ordered by the Hon'ble Speaker.

ਸਰਦਾਰ ਅਜੀਤ ਇੰਦਰ ਸਿੰਘ (ਸਰਦੂਲਗੜ੍ਹ):—ਸਪੀਕਰ ਸਾਹਿਬ, ਬਹੁਤ ਹੀ ਖੁਸ਼ਗਵਾਰ ਮਾਹੌਲ ਵਿਚ ਯੂਨਾਨੀਮਸਲੀ ਸ਼੍ਰੀ ਬਲਦੇਵ ਰਾਜ ਚਾਵਲਾ ਜੀ ਨੂੰ ਬਹੁਤ ਹੀ ਰਿਸਪੈਕਟਿਡ ਸੀਟ ਮਿਲੀ ਹੈ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ । ਸਾਨੂੰ ਪੂਰੀ ਆਸ ਹੈ ਕਿ ਇਹ ਹਾਊਸ ਨੂੰ ਨਿਰਪੱਖਤਾ ਨਾਲ ਚਲਾਉਣਗੇ ਅਤੇ ਹਰ ਪਾਰਟੀ ਨੂੰ ਇਕ ਅੱਖ ਨਾਲ ਦੇਖਣਗੇ ਜਿਵੇਂ ਕਿ ਗੁਰਬਾਣੀ ਵਿੱਚ ਕਿਹਾ ਗਿਆ ਹੈ -

"ਸਭੇ ਸਾਂਝੀਵਾਲ ਸਦਾਇਨ ਕੋਇ ਨ ਦਿਸੈ ਬਾਹਿਰਾ ਜੀਉ ।"

ਸਪੀਕਰ ਸਾਹਿਬ, ਜਿਸ ਤਰ੍ਹਾਂ ਤੁਸੀਂ ਬੜੀ ਨਿਰਪੱਖਤਾ ਨਾਲ ਇਸ ਸੀਟ ਤੇ ਬੈਠ ਕੇ ਹਰ ਪਾਰਟੀ ਨੂੰ, ਸਾਰੇ ਮੈਂਬਰਾਂ ਨੂੰ ਇਕੋ ਨਜ਼ਰ ਨਾਲ ਦੇਖ ਰਹੇ ਹੋ, ਸਾਨੂੰ ਆਸ ਹੈ ਕਿ ਇਹ ਵੀ ਇਸੇ ਤਰ੍ਹਾਂ ਹੀ ਕਰਨਗੇ । ਜਿਸ ਤਰ੍ਹਾਂ ਅਰਸ਼ੀ ਜੀ ਨੇ ਕਿਹਾ ਹੈ, ਮੇਰੀ ਵੀ ਲੀਡਰ ਆਫ ਦੀ ਹਾਊਸ ਨੂੰ ਬੇਨਤੀ ਹੈ ਕਿ ਘੱਟੋ ਘੱਟ ਆਉਣ ਵਾਲੇ ਸੈਸ਼ਨ ਤੱਕ ਜ਼ਰੂਰ ਇਨ੍ਹਾਂ ਨੂੰ ਇਸੇ ਸੀਟ ਤੇ ਰੱਖੋ । ਕਿਤੇ ਇਹ ਨਾ ਹੋਵੇ ਕਿ ਸਾਡੇ ਵੱਲੋਂ ਦਿੱਤੀ ਇਹ ਵਧਾਈ ਇਥੇ ਹੀ ਰਹਿ ਜਾਵੇ ਅਤੇ ਫਿਰ ਸਾਨੂੰ ਕਿਸੇ ਹੋਰ ਨੂੰ ਵਧਾਈ ਦੇਣੀ ਪਵੇ । ਇੰਨਾ ਕਹਿੰਦਾ ਹੋਇਆ ਮੈਂ ਇਨ੍ਹਾਂ ਨੂੰ ਫਿਰ ਵਧਾਈ ਦਿੰਦਾ ਹਾਂ । Thank you.

ਸ਼੍ਰੀ ਸਪੀਕਰ : ਚਾਵਲਾ ਜੀ, ਤੁਸੀ ਕੁਝ ਕਹਿਣਾ ਚਾਹੋਗੇ ?

ਡਾਕਟਰ ਬਲਦੇਵ ਰਾਜ ਚਾਵਲਾ (ਸ਼੍ਰੀ ਡਿਪਟੀ ਸਪੀਕਰ) : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਅੱਜ ਦੇ ਦਿਹਾੜੇ ਤੇ ਸਭ ਤੋਂ ਪਹਿਲਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਿਹੜੇ ਕਿ ਸਾਡੇ ਮੁੱਖ ਮੰਤਰੀ ਹਨ, ਚੌਧਰੀ ਜਗਜੀਤ ਸਿੰਘ ਜੀ, ਸ਼੍ਰੀਮਾਨ ਟੰਡਨ ਜੀ ਅਤੇ ਬਾਕੀ ਪਾਰਟੀਆਂ ਦੇ ਮੁਖੀ ਸਾਹਿਬਾਨ ਦਾ ਹਿਰਦੇ ਤੋਂ ਧੰਨਵਾਦ ਕਰਦਾ ਹਾਂ ਕਿਉਂਕਿ ਇਨ੍ਹਾਂ ਨੇ ਸਰਵਸੰਮਤੀ ਨਾਲ ਮੈਨੂੰ ਚੁਣਿਆ ਹੈ ਅਤੇ ਬੜਾ ਮਾਣ ਦਿੱਤਾ ਹੈ । ਮੈਂ ਇਸ ਪਵਿੱਤਰ ਸਦਨ ਦੇ ਅੰਦਰ ਸਭ ਲੋਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਇਸ ਪੋਸਟ ਦੀ ਗਰਿਮਾ ਨੂੰ ਹਰ ਕੀਮਤ ਤੇ ਕਾਇਮ ਰੱਖਾਂਗਾ ਅਤੇ ਨਿਰਪੱਖਤਾ ਨਾਲ ਕੰਮ ਕਰਾਂਗਾ । ਇਸ ਦੇ ਨਾਲ ਨਾਲ ਮੈਂ ਇਹ ਕਹਿ ਦੇਣਾ ਵੀ ਆਵੱਸ਼ਕ ਸਮਝਦਾ ਹਾਂ ਕਿ ਮੇਰੇ ਤੋਂ ਪਹਿਲੇ ਅਧਿਕਾਰੀਆਂ ਨੇ, ਪ੍ਰੀਜ਼ਾਈਡਿੰਗ ਆਫੀਸਰਜ਼ ਨੇ ਜਿਹੜੀਆਂ ਸ਼ਾਨਦਾਰ ਰਵਾਇਤਾਂ ਬਣਾਈਆਂ ਹਨ, ਉਨ੍ਹਾਂ ਰਵਾਇਤਾਂ ਨੂੰ ਮੈਂ ਹਰ ਕੀਮਤ ਤੇ ਕਾਇਮ ਰੱਖਾਂਗਾ । ਹੁਣੇ ਚੌਧਰੀ ਸਾਹਿਬ ਮੈਨੂੰ ਦੱਸ ਰਹੇ ਸਨ ਕਿ ਆਪੋਜ਼ੀਸ਼ਨ ਵਾਸਤੇ ਡਿਪਟੀ ਸਪੀਕਰ ਦਾ ਰੋਲ ਬੜਾ ਮਹੱਤਵਪੂਰਣ ਹੈ । ਮੈਂ ਆਪੋਜ਼ੀਸ਼ਨ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ

ਜਿਥੇ ਸਰਕਾਰ ਦਾ ਧਿਆਨ ਰੱਖਾਂਗਾ, ਉਥੇ ਉਸ ਤੋਂ ਜ਼ਿਆਦਾ ਹਰ ਕੀਮਤ ਤੇ ਆਪੋਜ਼ੀਸ਼ਨ ਦਾ ਵੀ ਧਿਆਨ ਰੱਖਾਂਗਾ । ਇਸ ਦੇ ਨਾਲ ਹੀ ਮੈ ਆਪਣੇ ਆਨਰੇਬਲ ਮੈਂਬਰ ਸਾਹਿਬਾਨ ਤੋਂ ਵੀ ਆਸ ਕਰਦਾ ਹਾਂ ਕਿ ਜਿਸ ਪ੍ਰਕਾਰ ਤੁਸੀਂ ਇਹ ਭਾਰ ਮੈਨੂੰ ਸੌਂਪਿਆ ਹੈ, ਉਸੇ ਪ੍ਰਕਾਰ ਤੁਸੀਂ ਵੀ ਮੈਨੂੰ ਆਪਣੇ ਫਰਜ਼ ਨੂੰ ਨਿਭਾਉਣ ਵਾਸਤੇ ਪੂਰਾ ਸਾਥ ਦਿਉਗੇ ਅਤੇ ਹਾਊਸ ਦੀ ਕਾਰਵਾਈ ਨੂੰ ਠੀਕ ਤਰੀਕੇ ਨਾਲ ਚਲਾਉਣ ਵਿਚ ਮਦਦ ਦੇਣ ਦਾ ਵਿਸ਼ਵਾਸ ਦਿਉਗੇ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਫਿਰ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਚੌਧਰੀ ਜਗਜੀਤ ਸਿੰਘ, ਅਰਸ਼ੀ ਸਾਹਿਬ ਅਤੇ ਬਾਕੀ ਪਾਰਟੀਆਂ ਦੇ ਮੁੱਖੀਆਂ ਨੂੰ ਹਿਰਦੇ ਤੋਂ ਵਧਾਈ ਦਿੰਦਾ ਹੋਇਆ ਆਭਾਰ ਪ੍ਰਗਟ ਕਰਦਾ ਹਾਂ । ਜੈ ਭਾਰਤ, ਜੈ ਹਿੰਦ ।

PAPERS LAID ON THE TABLE OF THE HOUSE

MINISTER FOR FOOD AND SUPPLIES AND PARLIAMENTARY AFFAIRS (SHRI MADAN MOHAN MITTAL) :

Sir, I beg to lay on the Table--

(i) The Punjab Lokpal (Amendment) Ordinance, 1997. (Punjab Ordinance No. 1 of 1997) ;

(ii) The Punjab State Election Commission (Amendment) Ordinance, 1997. (Punjab Ordinance No. 2 of 1997) ;

(iii) The Punjab Prevention of Defacement of Property Ordinance, 1997. (Punjab Ordinance No. 3 of 1997) ;

(iv) The Punjab Panchayati Raj (Amendment) Ordinance, 1997. (Punjab Ordinance No. 4 of 1997) ; and

(v) The Punjab Special Recruitment of Teachers Ordinance, 1997. (Punjab Ordinance No. 5 of 1997)

as required under Article 213 (2)(a) of the Constitution of India.

[Minister For Food And Supplies And Parliamentary Affairs]

2. The Bi-ennial Report of the Punjab State Council for Science and Technology for the years 1994-95 and 1995-96;

3. The Administrative Report of the PEPSU Road Transport Corporation, Patiala for the year 1994-95 alongwith Review, as required under section 35(3) of the Road Transport Corporation Act, 1950;

4. The 30th Annual Report and Accounts of the Punjab Agro-Industries Corporation Ltd. for the year 1995-96, as required under section 619-A of the Companies Act, 1956;

5. The 8th, 13th, 14th, 15th and 22nd Annual Reports of the Punjab State Tubewell Corporation Ltd. for the years 1978-79, 1983-84, 1984-85, 1985-86 and 1992-93, alongwith Statement showing the Reasons for delay in laying the Reports for the years 1978-79, 1983-84 and 1992-93, as required under section 619-A of the Companies Act, 1956;

6. The 20th Annual Report of the Punjab State Electronics Development & Production Corporation Ltd. for the year 1995-96, as required under section 619-A of the Companies Act, 1956;

7. The 25th Annual Report of the Punjab Land Development and Reclamation Corporation Ltd. for the year 1989-90, as required under section 619-A of the Companies Act, 1956;

8. The 30th Annual Report of the Punjab State Industrial Development Corporation Ltd. for the year 1995-96, as required under section 619-A of the Companies Act, 1956;

9. The Annual Report of Punjab Agricultural University, Ludhiana for the year 1992-93, alongwith Government's Comments thereon, as required under section 39(3) of the Haryana and Punjab Agricultural Universities Act, 1970;

10. The 12th Annual Report of Punjab State Civil Supplies Corporation Ltd. for the year 1985, as required under section 619-A of the Companies Act, 1956 ; and

11. The 16th Annual Report of the Punjab State Seeds Corporation Ltd. for the year 1991-92, as required under section 619-A of the Companies Act, 1956.

PRESENTATION OF REPORT OF THE COMMITTEE ON PUBLIC ACCOUNTS

Mr. Speaker: The Chairman, Committee on Public Accounts to present the report.

ਸਭਾਪਤੀ, ਲੋਕ ਲੇਖਾ ਕਮੇਟੀ (ਪ੍ਰੋਫੈਸਰ ਜਾਗੀਰ ਸਿੰਘ) : ਸ਼੍ਰੀਮਾਨ ਜੀ, ਮੈਂ ਖੁਰਾਕ ਅਤੇ ਸਪਲਾਈਜ਼ ਵਿਭਾਗ ਨਾਲ ਸਬੰਧਤ ਸਾਲਾਂ 1983-84, 1984-85 ਅਤੇ 1985-86 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲਾਂ 1983-84, 1984-85 ਅਤੇ 1985-86 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 109ਵੀਂ ਰਿਪੋਰਟ ਪੇਸ਼ ਕਰਦਾ ਹਾਂ ।

OFFICIAL RESOLUTION UNDER ARTICLE 252 OF THE CONSTITUTION OF INDIA

MINISTER FOR HOUSING AND URBAN DEVELOPMENT (SARDAR SARUP SINGH) : Sir, I beg to move that---

"WHEREAS the Punjab Legislative Assembly had, in pursuance of clause (1) of Article 252 of the Constitution of India resolved on 30th March, 1972 that the imposition of ceiling on Urban

Immovable property and acquisition of such property in excess of the ceiling and all matters connected therewith or ancillary and incidental thereto should be regulated in the State of Punjab by law ;

AND WHEREAS the Parliament had thereafter enacted the Urban Land (Ceiling and Regulation) Act, 1976 (Central Act 33 of 1976);

AND WHEREAS the said Act came into force in the State of Punjab on and with effect from the 17th February, 1976 ;

AND WHEREAS the primary aim to enact the said Act was to impose ceiling on Urban Land only and to acquire excess vacant urban land but in actual practice it has imposed ceiling on the agricultural land falling within the urban agglomerations on which ceiling had already been imposed under the agrarian laws ;

AND WHEREAS the operation of the provisions of the said Act in the State of Punjab has revealed the need to repeal its provisions as it has failed to achieve its objective ;

NOW, THEREFORE, in exercise of the powers conferred by clause (2) of Article 252 of the Constitution of India, this House resolves that Parliament should repeal the Urban Land (Ceiling and Regulations) Act, 1976 (Central Act 33 of 1976)."

Mr. Speaker : Motion moved--

"WHEREAS the Punjab Legislative Assembly had, in pursuance of clause (1) of Article 252 of the Constitution of India resolved on 30th March, 1972 that the imposition of ceiling on Urban Immovable property and acquisition of such property in excess of the ceiling and all matters connected therewith or ancillary and incidental thereto should be regulated in the State of Punjab by law ;

AND WHEREAS the Parliament had thereafter enacted the Urban Land (Ceiling and Regulation) Act, 1976 (Central Act 33 of 1976) ;

AND WHEREAS the said Act came into force in the State of Punjab on and with effect from the 17th February, 1976 ;

AND WHEREAS the primary aim to enact the said Act was to impose ceiling on Urban Land only and to acquire excess vacant urban land but in actual practice, it has imposed ceiling on the agricultural land falling within the urban agglomerations on which ceiling had already been imposed under the agrarian laws ;

AND WHEREAS the operation of the provisions of the said Act in the State of Punjab has revealed the need to repeal its provisions as it has failed to achieve its objective ;

NOW, THEREFORE, in exercise of the powers conferred by clause (2) of Article 252 of the Constitution of India, this House resolves that Parliament should repeal the Urban Land (Ceiling and Regulations) Act, 1976 (Central Act 33 of 1976)."

Mr. Speaker : There is a notice of amendment to this Resolution by Shri Hardev Arshi. It may be deemed to have been read and moved.

Comrade Hardev Arshi
Comrade Ajaib Singh Raunta } : That for the last 3 paras of the Resolution, substitute the following :--

"WHEREAS the Act because of various loopholes has not served the purpose for which it was enacted ;

NOW, THEREFORE, this House recommends to the Parliament to suitably amend the Act."

ਕਾਮਰੇਡ ਹਰਦੇਵ ਅਰਸ਼ੀ (ਬੁੱਢਲਾਡਾ) : ਸਪੀਕਰ ਸਾਹਿਬ, ਇਸ ਦੇ ਵਿਚ ਕੋਈ ਮਤਭੇਦ ਨਹੀਂ ਹੈ ਕਿ ਜਿਸ ਮਕਸਦ ਲਈ ਇਹ ਐਕਟ ਬਣਾਇਆ ਗਿਆ ਸੀ ਉਸ ਸਬੰਧੀ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਇਹ ਰੈਜ਼ੋਲਿਊਸ਼ਨ ਮੂਵ ਕਰਦੇ ਹੋਏ ਜਿਹੜਾ ਮੈਟਰ ਰਿਟਨ ਦਿੱਤਾ ਹੈ ਉਸ ਦੇ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਜਿਸ ਮਕਸਦ ਲਈ, ਉਦੇਸ਼ ਲਈ ਇਹ ਬਣਾਇਆ ਗਿਆ ਸੀ ਉਹ ਮਕਸਦ ਇਸ ਨੇ ਪੂਰਾ ਨਹੀਂ ਕੀਤਾ । ਪਰ ਦੂਸਰੀ ਗੱਲ ਨਾਲ ਹੀ ਇਹ ਹੈ ਕਿ ਹਾਊਸ ਇਹ ਸਿਫਾਰਸ਼ ਪਾਰਲੀਮੈਂਟ ਦੇ ਥਰੂ ਭਾਰਤ ਸਰਕਾਰ ਨੂੰ ਕਰਦਾ ਹੈ ਕਿ ਇਸ ਨੂੰ ਰੱਦ ਹੀ ਕਰ

[ਕਾਮਰੇਡ ਹਰਦੇਵ ਅਰਸ਼ੀ]

ਦਿੱਤਾ ਜਾਵੇ । ਇਸ ਦੇ ਨਾਲ ਮੇਰੀ ਸਹਿਮਤੀ ਨਹੀਂ ਹੈ । ਇਸ ਨੂੰ ਇਸ ਰੂਪ ਵਿਚ ਹਾਊਸ ਵੱਲੋਂ ਰਿਕੁਮੈਂਡ ਕਰਕੇ ਭੇਜਿਆ ਜਾਵੇ ਕਿ ਜਿਸ ਮਕਸਦ ਅਤੇ ਉਦੇਸ਼ ਵਾਸਤੇ ਇਹ ਐਕਟ ਬਣਾਇਆ ਗਿਆ ਸੀ ਉਹ ਪੂਰਾ ਨਹੀਂ ਹੋਇਆ । ਇਸ ਲਈ ਇਸ ਦੇ ਵਿਚ ਲੋੜੀਂਦੀਆਂ ਹੋਰ ਸੋਧਾਂ, ਕੋਈ ਠੋਿਗਰ ਸੋਧਾਂ, ਸੂਟੇਬਲ ਅਮੈਂਡਮੈਂਟਾਂ ਇਸ ਐਕਟ ਦੇ ਵਿਚ ਕੀਤੀਆਂ ਜਾਣ । ਆਖਰਕਾਰ ਜਿਸ ਵੇਲੇ ਇਹ ਐਕਟ ਬਣਾਇਆ ਗਿਆ ਸੀ, ਉਸ ਦਾ ਕੋਈ ਮਕਸਦ ਤਾਂ ਸੀ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਇਸ ਨੇ ਪਰਪਜ਼ ਸਰਵ ਨਹੀਂ ਕੀਤਾ, ਤਾਂ ਮੈਂ ਦਾਅਵੇ ਨਾਲ ਇਹ ਵੀ ਕਹਿ ਸਕਦਾ ਹਾਂ ਕਿ ਲੈਂਡ ਰੀਫਾਰਮਜ਼ ਉਤੇ ਬਹੁਤ ਸਾਰੇ ਐਕਟ ਪਹਿਲਾਂ ਵੀ ਲਿਆਂਦੇ ਗਏ ਹਨ, ਜਿਨ੍ਹਾਂ ਨੇ ਪਰਪਜ਼ ਸਰਵ ਨਹੀਂ ਕੀਤੇ । ਅਜਿਹਾ ਹੀ ਇਕ ਐਕਟ ਸੀ ਜਿਸ ਵਿਚ ਪਹਿਲਾਂ ਜ਼ਮੀਨ ਦਾ ਸਟੈਂਡਰਡ 30 ਏਕੜ ਦਾ ਸੀ ਪਰ ਫਿਰ ਬਾਅਦ ਵਿਚ ਸਾਢੇ ਸਤਾਰਾਂ ਏਕੜ ਦਾ ਰੱਖਿਆ ਗਿਆ । ਇਸ ਦੇ ਵਿਚ ਵੀ ਕਈ ਤਰ੍ਹਾਂ ਦੇ ਲੂਪ-ਹੋਲ ਸਨ ਤੇ ਪੰਜਾਬ ਵਿਚ ਵੱਡੇ-ਵੱਡੇ ਲੈਂਡ-ਲਾਰਡ ਫਿਰ ਵੀ ਕਾਇਮ ਰਹੇ । ਮੈਂ ਇਥੇ ਅਜਿਹੇ ਲੋਕਾਂ ਦੇ ਨਾਂ ਨਹੀਂ ਲੈਣਾ ਚਾਹੁੰਦਾ । ਕਈ ਵਾਰੀ ਅਜਿਹੇ ਐਕਟਾਂ ਦੀ ਇੰਟਰਪ੍ਰੀਟੇਸ਼ਨ ਵੇਲੇ ਵੀ ਬਹੁਤ ਸਾਰੀਆਂ ਗੜਬੜਾਂ ਹੋ ਜਾਂਦੀਆਂ ਹਨ ਜਿਸ ਦੇ ਕਾਰਨ ਜਿਸ ਮਕਸਦ ਲਈ ਉਹ ਐਕਟ ਬਣਾਇਆ ਗਿਆ ਹੁੰਦਾ ਹੈ, ਉਹ ਮਕਸਦ ਉਹ ਸੌਲਵ ਹੀ ਨਹੀਂ ਕਰਦਾ । ਇਸੇ ਤਰ੍ਹਾਂ ਮੇਰੀ ਜਾਣਕਾਰੀ ਮੁਤਾਬਿਕ ਇਹ ਐਕਟ, ਸਪੀਕਰ ਸਾਹਿਬ, ਸਮੁੱਚੇ ਤੌਰ ਤੇ ਸ਼ਹਿਰੀ ਖੇਤਰਾਂ ਨੂੰ ਵੀ ਪ੍ਰਭਾਵਿਤ ਨਹੀਂ ਕਰਦਾ । ਸ਼ਾਇਦ ਮੇਰੀ ਜਾਣਕਾਰੀ ਘੱਟ ਵੀ ਹੋ ਸਕਦੀ ਹੈ । ਪਰ ਇਹ ਕੇਵਲ ਜਲੰਧਰ ਅਤੇ ਅੰਮ੍ਰਿਤਸਰ ਨੂੰ ਹੀ ਅਫੈਕਟ ਕਰਦਾ ਹੈ ਜਾਂ ਨਾਲ ਲਗਦੇ ਕੁਝ ਕਿਲੋਮੀਟਰ ਦੇ ਘੇਰੇ ਨੂੰ । ਦੂਸਰਾ ਸਪੀਕਰ ਸਾਹਿਬ, ਇਸ ਵੇਲੇ ਬੜੀ ਸਮੱਸਿਆ ਆ ਰਹੀ ਹੈ ਖਾਸ ਕਰਕੇ ਛੋਟੇ-ਛੋਟੇ ਪਲਾਟ ਲੈਣ ਵਾਲੇ ਲੋਕਾਂ ਲਈ । ਉਹ ਲੋਕ ਸ਼ਹਿਰਾਂ ਵਿਚ ਤਾਂ ਪਲਾਟ ਲੈ ਨਹੀਂ ਸਕਦੇ । ਕੀਮਤਾਂ ਅਸਮਾਨ ਨੂੰ ਚੜ੍ਹੀਆਂ ਹੋਈਆਂ ਹਨ । ਜਿਹੜੀ ਜਗ੍ਹਾ ਪਹਿਲਾਂ 10 ਰੁਪਏ ਗਜ਼ ਸੀ, ਉਹ ਹੁਣ 20,000 ਰੁਪਏ ਗਜ਼ ਹੋਈ ਪਈ ਹੈ । ਉਹ ਕਿਸੇ ਵੀ ਤਰ੍ਹਾਂ ਜਗ੍ਹਾ ਨਹੀਂ ਲੈ ਸਕਦੇ । ਇਹ ਠੀਕ ਹੈ ਕਿ ਕਈ ਜਗ੍ਹਾ ਤੇ ਸਰਕਾਰ ਆਪਣੇ ਤੌਰ ਤੇ ਜਗ੍ਹਾ ਲੈ ਕੇ, ਮਕਾਨ ਬਣਾ ਕੇ ਜਿਵੇਂ ਪੁੱਡਾ ਰਾਹੀਂ, ਨਾਰਮਲ ਕੀਮਤਾਂ ਤੇ ਪਬਲਿਕ ਨੂੰ ਦੇਣ ਦਾ ਯਤਨ ਕਰ ਰਹੀ ਹੈ । ਇਸ ਕਰਕੇ ਜੇਕਰ ਇਸ ਨੂੰ ਅਸੀਂ ਰੱਦ ਕਰਨ ਦੀ ਮੰਗ ਕਰੀਏ ਤਾਂ ਇਹ ਠੀਕ ਨਹੀਂ ਹੈ । ਫਿਰ ਤਾਂ ਪਿੰਡਾਂ ਵਿਚ ਲੈਂਡ-ਲਾਰਡਾਂ ਦੀ ਤਰ੍ਹਾਂ ਸ਼ਹਿਰਾਂ ਵਿਚ ਵੀ ਲੈਂਡ-ਲਾਰਡ ਪੈਦਾ ਹੋ ਜਾਣਗੇ । ਇਸ ਲਈ ਅਸੀਂ ਇਸ ਨੂੰ ਰੱਦ ਕਰਨ ਦੀ ਅਪੀਲ ਨਾ ਕਰੀਏ ਬਲਕਿ ਇਸ ਵਿਚ

ਜ਼ਰੂਰੀ ਸੋਧਾਂ ਕਰਨ ਲਈ ਕਰੀਏ ਜਿਸ ਦੇ ਨਾਲ, ਜਿਸ ਮਕਸਦ ਵਾਸਤੇ ਇਹ ਬਣਾਇਆ ਗਿਆ ਸੀ, ਉਹ ਮਕਸਦ ਪੂਰਾ ਹੋਵੇ । ਇਸ ਲਈ ਮੈਂ ਪਾਰਲੀਮੈਂਟ ਨੂੰ ਇਸ ਤਰ੍ਹਾਂ ਦੀ ਰਿਕੁਮੈਂਡੇਸ਼ਨ ਭੇਜਣ ਦਾ ਵਿਰੋਧ ਕਰਦਾ ਹਾਂ ।

Mr. Speaker : Question is--

That for the last three paras of the Resolution, substitute the following :--

"WHEREAS the Act because of various loopholes has not served the purpose for which it was enacted ;

NOW, THEREFORE, this House recommends to the Parliament to suitably amend the Act."

The motion was lost.

Mr. Speaker : Question is--

"WHEREAS the Punjab Legislative Assembly had, in pursuance of clause (1) of Article 252 of the Constitution of India resolved on 30th March, 1972 that the imposition of ceiling on Urban Immovable property and acquisition of such property in excess of the ceiling and all matters connected therewith or ancillary and incidental thereto should be regulated in the State of Punjab by law ;

AND WHEREAS the Parliament had thereafter enacted the Urban Land (Ceiling and Regulation) Act, 1976 (Central Act 33 of 1976) ;

AND WHEREAS the said Act came into force in the State of Punjab on and with effect from the 17th February, 1976 ;

AND WHEREAS the primary aim to enact the said Act was to impose ceiling on Urban Land only and to acqire excess vacant urban land but in actual practice it has imposed ceiling on the

[Mr. Speaker]

agricultural land falling within the urban agglomerations on which ceiling had already been imposed under the agrarian laws ;

AND WHEREAS the operation of the provisions of the said Act in the State of Punjab has revealed the need to repeal its provisions as it has failed to achieve its objective ;

NOW, THEREFORE, in exercise of the powers conferred by clause (2) of Article 252 of the Constitution of India, this House resolves that Parliament should repeal the Urban Land (Ceiling and Regualtions) Act, 1976 (Central Act 33 of 1976)."

The motion was carried.

LEGISLATIVE BUSINESS

THE PUNJAB STATE LEGISLATURE MEMBERS (PENSION AND MEDICAL FACILITIES REGULATION) (AMENDMENT) BILL, 1997.

Minister for Food and Supplies and Parliamentary Affairs (Shri Madan Mohan Mittal) : Sir, I beg to introduce the Punjab State Legislature Members (Pension and Medical Facilities Regulation) (Amendment) Bill.

Sir, I also beg to move--

That the Punjab State Legislature Members (Pension and Medical Facilities Regulation) (Amendment) Bill be taken into consideration at once.

Mr. Speaker : Motion moved--

That the Punjab State Legislature Members (Pension and Medical Facilities Regulation) Amendment) Bill be taken into consideration at once.

Discussion, if any.

(At this stage, no Hon'ble Member rose to speak)

THE PUNJAB STATE LEGISLATURE MEMBERS (PENSION AND MEDICAL FACILITIES REGULATION) (AMENDMENT) BILL, 1997

Mr. Speaker : Question is--

That the Punjab State Legislature Members (Pension and Medical Facilities Regulation) (Amendment) Bill be taken into consideration at once.

The motion was carried.

Mr. Speaker : Now the House will proceed to consider the Bill clause by clause.

Sub-clause (2) of Clause 1

Mr. Speaker : Question is--

That Sub-clause (2) of Clause 1 stand part of the Bill.

The motion was carried.

Clause 2

Mr. Speaker : Question is--

That Clause 2 stand part of the Bill.

The motion was carried.

Sub-Clause (1) of Clause 1

Mr. Speaker : Question is--

That Sub-clause (1) of Clause 1 stand part of the Bill.

The motion was carried.

Title

Mr. Speaker : Question is--

That Title be the Title of the Bill.

The motion was carried.

Minister for Food and Supplies and Parliamentary Affairs (Shri Madan Mohan Mittal) : Sir, I beg to move--

That the Punjab State Legislature Members (Pension and Medical Facilities Regulation) (Amendment) Bill be passed.

Mr. Speaker : Motion moved--

That the Punjab State Legislature Members (Pension and Medical Facilities Regulation) (Amendment) Bill be passed.

Mr. Speaker : Question is--

That the Punjab State Legislature Members (Pension and Medical Facilities Regulation) (Amendment) Bill be passed.

The motion was carried unanimously.

THE PUNJAB STATE ELECTION COMMISSION (AMENDMENT) BILL, 1997 (REPLACING PUNJAB ORDINANCE NO. 2 OF 1997)

Minister for Food and Supplies and Parliamentary Affairs (Shri Madan Mohan Mittal): Sir, I beg to introduce the Punjab State Election Commission (Amendment) Bill.

Sir, I also beg to move--

That the Punjab State Election Commission (Amendment) Bill be taken into consideration at once.

Mr. Speaker : Motion moved--

That the Punjab State Election Commission (Amendment) Bill be taken into consideration at once.

Discussion, if any.

(At this stage, no Hon'ble Member rose to speak)

Mr. Speaker : Question is--

That the Punjab State Election Commission (Amendment) Bill be taken into consideration at once.

The motion was carried.

THE PUNJAB STATE ELECTION COMMISSION (AMENDMENT) BILL, 1997 (REPLACING PUNJAB ORDINANCE NO. 2 OF 1997)

Mr. Speaker : Now the House will proceed to consider the Bill clause by clause.

Sub-clause (2) of Clause 1

Mr. Speaker : Question is--

That Sub-clause (2) of Clause 1 stand part of the Bill.

The motion was carried.

Clause 2

Mr. Speaker : Question is --

That Clause 2 stand part of the Bill.

The motion was carried.

Clause 3

Mr. Speaker : Question is--

That Clause 3 stand part of the Bill.

The motion was carried.

Sub-clause (1) of Clause 1

Mr. Speaker : Question is --

That Sub-clause (1) of Clause 1 stand part of the Bill.

The motion was carried.

Title

Mr. Speaker : Question is--

That Title be the title of the Bill.

The motion was carried.

Minister for Food and Supplies and Parliamentary Affairs (Shri Madan Mohan Mittal): Sir, I beg to move--

That the Punjab State Election Commission (Amendment) Bill be passed.

Mr. Speaker : Motion moved--

That the Punjab State Election Commission (Amendment) Bill be passed.

Mr. Speaker : Question is--

That the Punjab State Election Commission (Amendment) Bill be passed.

The motion was carried unanimously.

THE PUNJAB PANCHAYATI RAJ (AMENDMENT) BILL, 1997 (REPLACING PUNJAB ORDINANCE NO. 4 OF 1997)

Minister for Rural Development and Panchayats (Sardar Nirmal Singh Kahlon) : Sir, I beg to introduce the Punjab Panchayati Raj (Amendment) Bill.

'Sir, I also beg to move--

That the Punjab Panchayati Raj (Amendment) Bill be taken into consideration at once.

Mr. Speaker : Motion moved--

That the Punjab Panchayati Raj (Amendment) Bill be taken into consideration at once.

Discussion, if any.

ਕਾਮਰੇਡ ਅਜੈਬ ਸਿੰਘ ਰੌਂਤਾ (ਨਿਹਾਲਸਿੰਘ ਵਾਲਾ, ਐਸ.ਸੀ.) : ਸਪੀਕਰ ਸਾਹਿਬ, ਹੁਣੇ ਮੰਤਰੀ ਜੀ ਨੇ ਜੋ ਅਮੈਂਡਮੈਂਟ ਬਿੱਲ ਪੇਸ਼ ਕੀਤਾ ਹੈ, ਮੈਂ ਇਸ ਗੱਲ ਨਾਲ ਸਹਿਮਤ ਹਾਂ ਲੇਕਿਨ ਇਸ ਨੂੰ ਪੇਸ਼ ਕਰਨ ਦੇ ਨਾਲ ਜਾਂ ਜੋ ਇਸ ਵਿਚ ਸੋਧਨਾ ਪਾਈ ਹੈ ਕਿ ਇਸ ਧਾਰਾ ਅਧੀਨ ਕਿਸੇ ਜ਼ਿਲ੍ਹੇ ਦੇ ਗਰਾਮ ਪੰਚਾਇਤਾਂ ਦੇ ਸਰਪੰਚਾਂ ਦੇ ਰਾਖਵੇਂ ਪਦਾਂ

ਦੀ ਕੁੱਲ ਗਿਣਤੀ ਦਾ ਘੱਟੋ-ਘੱਟ ਇਕ ਤਿਹਾਈ ਹਿੱਸਾ ਅਨੁਸੂਚਿਤ ਜਾਤੀਆਂ ਦੇ ਨਾਲ ਸਬੰਧਤ ਵਿਅਕਤੀਆਂ ਲਈ ਰਾਖਵਾਂ ਹੋਵੇਗਾ, ਉਸ ਦੇ ਨਾਲ ਹੀ ਸਾਰੀ ਗੱਲ ਨੂੰ ਠੀਕ ਨਹੀਂ ਸਮਝਿਆ ਜਾ ਸਕਦਾ । ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਐਕਟ ਦੇ ਤਹਿਤ ਕਈ ਅਜਿਹੀਆਂ ਗੱਲਾਂ ਹੋਈਆਂ ਹਨ, ਜਿਨ੍ਹਾਂ ਦਾ ਜ਼ਿਕਰ ਕਰਨਾ ਅੱਜ ਦੇ ਇਸ ਹਾਊਸ ਵਿੱਚ ਜ਼ਰੂਰੀ ਹੈ । ਸਪੀਕਰ ਸਾਹਿਬ, ਪੰਚਾਇਤ ਚੋਣਾਂ ਜੋ 1993 ਵਿੱਚ ਹੋਈਆਂ ਸਨ ਅਤੇ ਜਿਨ੍ਹਾਂ ਦੀਆਂ ਅਗਲੀਆਂ ਚੋਣਾਂ ਜਨਵਰੀ, 1998 ਦੇ ਤੀਜੇ ਹਫ਼ਤੇ ਵਿੱਚ ਕਰਾਉਣ ਦਾ ਐਲਾਨ ਕੀਤਾ ਹੋਇਆ ਸੀ, ਉਸ ਐਲਾਨ ਦੇ ਤਹਿਤ ਚੋਣਾਂ ਕਰਵਾਈਆਂ ਜਾਣੀਆਂ ਸਨ ਲੇਕਿਨ ਇਹ ਬਹੁਤ ਮਾੜੀ ਗੱਲ ਹੋਈ ਹੈ । ਇਨ੍ਹਾਂ ਸਾਰੀਆਂ ਗੱਲਾਂ ਦੇ ਮੱਦੇ ਨਜ਼ਰ ਇਸ 1994 ਦੇ ਐਕਟ ਦੀ ਘੋਰ ਉਲੰਘਣਾ ਹੋਈ ਹੈ । ਘੋਰ ਉਲੰਘਣਾ ਹੀ ਨਹੀਂ ਹੋਈ, ਉਨ੍ਹਾਂ ਲੋਕਾਂ ਨੇ ਜਿਨ੍ਹਾਂ ਨੇ ਆਪਣੇ ਉਮੀਦਵਾਰ, ਕੈਂਡੀਡੇਟ ਚੁਣਨੇ ਸਨ, ਉਨ੍ਹਾਂ ਦੀ ਚੋਣ ਸਮੇਂ ਸਿਰ ਨਹੀਂ ਹੋਈ । 1998 ਦੀ ਫਰਵਰੀ ਦੇ ਤੀਜੇ ਹਫ਼ਤੇ ਪੰਚਾਇਤੀ ਚੋਣਾਂ ਦੀ ਮਿਆਦ ਵੀ ਖਤਮ ਹੋ ਰਹੀ ਹੈ ਔਰ ਉਸ ਤੋਂ ਬਾਅਦ ਸਾਡੀ ਸਰਕਾਰ ਉਨ੍ਹਾਂ ਪੰਚਾਇਤਾਂ ਉਤੇ ਫਿਰ ਹੁਣ ਪ੍ਰਸ਼ਾਸਕ ਦੇ ਰੂਪ ਵਿਚ ਜਾਂ ਜਿਹੜੇ ਅਫ਼ਸਰ ਪੰਚਾਇਤਾਂ ਦੇ ਕੰਟਰੋਲਰ ਹੋਣਗੇ, ਉਨ੍ਹਾਂ ਨੂੰ ਲਾ ਕੇ ਉਨ੍ਹਾਂ ਲੋਕਾਂ ਨਾਲ, ਮੈਂ ਸਮਝਦਾ ਹਾਂ ਕਿ ਪੇਂਡੂ ਲੋਕਾਂ ਦੇ ਨਾਲ ਬੇਇਨਸਾਫੀ ਕਰੇਗੀ ਜਿਹੜੀ ਕਿ ਨਹੀ ਹੋਣੀ ਚਾਹੀਦੀ । ਗਰਾਮ ਪੰਚਾਇਤਾਂ ਦੀਆਂ ਚੋਣਾਂ 21 ਦਸੰਬਰ, 1997 ਨੂੰ ਹੋਣੀਆਂ ਤਹਿ ਹੋਈਆਂ ਸਨ ਔਰ 5 ਦਸੰਬਰ, 1997 ਨੂੰ ਇਹ ਮਨਸੂਖ਼ ਕਰ ਦਿੱਤੀਆਂ ਗਈਆਂ, ਇੱਕ ਦਿਨ ਪਹਿਲਾਂ ਔਰ 6 ਦਸੰਬਰ, 1997 ਨੂੰ ਜਦੋਂ ਕਾਗਜ਼ ਭਰੇ ਜਾ ਰਹੇ ਸੀ ਤਾਂ ਮੈਂ ਹੈਰਾਨ ਹੋਇਆ ਕਿ ਬੀ.ਡੀ.ਓ. ਸਾਹਿਬਾਨ ਪਿੰਡਾਂ ਦੇ ਲੋਕਾਂ ਨੂੰ ਹਦਾਇਤਾਂ ਕਰ ਰਹੇ ਸਨ, ਪਿੰਡਾਂ ਦੇ ਗੁਰਦਵਾਰਿਆਂ ਵਿਚ ਅਨਾਊਂਸਮੈਂਟ ਕੀਤੀ ਜਾ ਰਹੀ ਸੀ ਲੇਕਿਨ ਲੋਕਾਂ ਵਿਚਾਰਿਆਂ ਨੂੰ ਕੀ ਪਤਾ ਸੀ ਕਿ ਟੀ.ਵੀ. ਤੇ ਐਲਾਨ ਹੋ ਗਿਆ ਹੈ ਕਿ ਚੋਣਾਂ ਰੱਦ ਹੋ ਗਈਆਂ ਹਨ । ਚੋਣਾਂ ਰੱਦ ਹੋਣ ਦਾ ਕਾਰਨ ਇੱਕ ਹੀ ਲਾਇਆ ਗਿਆ ਕਿ ਗਿਆਰ੍ਹਵੀਂ ਲੋਕ ਸਭਾ ਭੰਗ ਹੋ ਗਈ ਹੈ ਔਰ ਸਰਕਾਰ ਬਾਰ੍ਹਵੀਂ ਲੋਕ ਸਭਾ ਦੀਆਂ ਚੋਣਾਂ ਕਰਾਉਣ ਜਾ ਰਹੀ ਹੈ ਪਰ ਇਸ ਗੱਲ ਨਾਲ ਲੋਕਾਂ ਦੀ ਤਸੱਲੀ ਨਹੀਂ ਹੁੰਦੀ ।

ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਜਦੋਂ 21 ਦਸੰਬਰ, 1997 ਨੂੰ ਸਾਡੀਆਂ ਨਗਰ ਪਾਲਿਕਾਵਾਂ ਦੀਆਂ ਚੋਣਾਂ ਹੋ ਸਕਦੀਆਂ ਸਨ, ਤਾਂ ਪੰਚਾਇਤਾਂ ਦੀਆਂ ਚੋਣਾਂ ਕਿਉਂ ਨਹੀਂ ਹੋ ਸਕਦੀਆਂ ਸਨ ਕਿਉਂਕਿ ਅਜੇ ਸਮਾਂ ਬਹੁਤ ਸੀ ? ਜਿਹੜੀ

[ਕਾਮਰੇਡ ਅਜੈਬ ਸਿੰਘ ਰੌਤਾ]

ਬਾਰ੍ਹਵੀਂ ਲੋਕ ਸਭਾ ਹੈ, ਉਹ ਅਸੀਂ ਉਸ ਤੋਂ ਬਾਅਦ ਚੁਣਨ ਜਾ ਰਹੇ ਹਾਂ । ਉਸ ਤੋਂ ਪਹਿਲਾਂ ਜਦੋਂ ਕਿ ਲੋਕ ਨਾਮਜ਼ਦਗੀ ਪੱਤਰ ਦਾਖਲ ਕਰਨ ਜਾ ਰਹੇ ਸਨ ਔਰ ਇਲੈਕਸ਼ਨ ਮੁਹਿੰਮ ਪੂਰੇ ਸਿਖਰ ਤੇ ਸੀ ਤਾਂ ਪੰਚਾਇਤਾਂ ਦੀਆਂ ਚੋਣਾਂ ਹੋ ਜਾਣੀਆਂ ਚਾਹੀਦੀਆਂ ਸਨ । ਇਸ ਤਰ੍ਹਾਂ ਨਾਲ ਇਹ ਲੋਕਾਂ ਨਾਲ ਬੇਇਨਸਾਫ਼ੀ ਹੋਈ ਹੈ । ਮੈਂ ਦੱਸਣਾ ਚਾਹਾਂਗਾ ਕਿ ਇਹ ਕਿਉਂ ਹੋਇਆ ਹੈ । ਅਕਾਲੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਮਨ ਵਿੱਚ ਇਹ ਗੱਲ ਸੀ ਕਿ ਕੁਝ ਕਿਹਾ ਜਾ ਰਿਹਾ ਹੈ ਲੇਕਿਨ ਲਗਾਤਾਰ ਇੱਕ ਸਾਲ ਬੀਤਣ ਤੋਂ ਬਾਅਦ ਵੀ ਭਾਵੇਂ ਤੁਸੀਂ ਕਹੋ ਕਿ ਲੋਕਾਂ ਨਾਲ ਕੀਤੇ ਵਾਇਦੇ 90% ਪੂਰੇ ਕਰ ਲਏ ਹਨ ਲੇਕਿਨ ਇਨ੍ਹਾਂ ਵਾਇਦਿਆਂ ਵਿੱਚ ਕੋਈ ਗੱਲ ਸਾਫ਼ ਨਜ਼ਰ ਨਹੀਂ ਆਉਂਦੀ (ਰੂਲਿੰਗ ਪਾਰਟੀ ਵੱਲੋਂ ਵਿਘਨ) ਤੁਹਾਨੂੰ ਹਾਰ ਨਜ਼ਰ ਆਉਂਦੀ ਸੀ, ਇਸ ਲਈ ਚੋਣਾਂ ਪਿਛੇ ਪਾਈਆਂ ਹਨ ਜਿਹੜਾ ਪੰਜਾਬ ਪੰਚਾਇਤੀ ਰਾਜ ਐਕਟ ਹੈ, ਉਸ ਦਾ ਨਿਯਮ ਕਹਿੰਦਾ ਹੈ ਕਿ ਪੱਟੀ ਦਰਜ ਔਰਤਾਂ ਵਾਸਤੇ 33% ਰਾਖਵਾਂ ਕਰਨ ਹੋਣਾ ਚਾਹੀਦਾ ਹੈ । ਇਨ੍ਹਾਂ ਨੇ ਕਿਹਾ ਕਿ ਡੀ.ਸੀ. ਨੂੰ ਕਿਹਾ ਗਿਆ ਹੈ, ਅਣਲਿਖਤ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਰੋਸਟਰ ਤਿਆਰ ਕਰੋ ਲੇਕਿਨ ਰੋਸਟਰ ਤਿਆਰ ਨਹੀਂ ਹੋਏ । ਮੈਨੂੰ ਇਸ ਗੱਲ ਦੀ ਹੈਰਾਨੀ ਹੈ ਕਿ ਜਿਸ ਦਿਨ ਚੋਣਾਂ ਰੱਦ ਹੋਣੀਆਂ ਸਨ, ਮੇਰੇ ਨਾਲ ਦੇ ਕਈ ਹੋਰ ਵੋਟਰ ਲਿਸਟਾਂ ਵਿੱਚ ਵੋਟਾਂ ਦਰਜ ਕਰਾਉਣ ਦੇ ਲਈ ਆਪਣੇ ਪੇਪਰ ਭਰ ਕੇ ਦੇ ਰਹੇ ਸਨ । ਮੈਨੂੰ ਡੀ.ਸੀ. ਮੋਗਾ ਵੱਲੋ ਕਿਹਾ ਗਿਆ......

ਸ਼੍ਰੀ ਸਪੀਕਰ : ਰੌਤਾ ਜੀ, ਇਕ ਮਿੰਟ ਬੈਠਣਾ ।

ਗਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ : ਸਪੀਕਰ ਸਾਹਿਬ, ਬੜਾ ਅਫ਼ਸੋਸ ਹੈ ਕਿ ਇਹ ਦੂਸਰੀ ਦਫ਼ਾ ਜਿੱਤ ਕੇ ਆਏ ਬੜੇ ਸਤਿਕਾਰਯੋਗ ਮੈਂਬਰ ਹਨ ਲੇਕਿਨ ਇਸ ਅਮੈਂਡਮੈਂਟ ਨਾਲ ਇਸ ਗੱਲ ਦਾ ਕੀ ਤਾਅਲੁੱਕ ਹੈ ? ਇਸ ਅਮੈਂਡਮੈਂਟ ਦਾ ਇਸ ਨਾਲ ਕੋਈ ਤਾਅਲੁੱਕ ਨਹੀਂ ਹੈ ਅਤੇ ਇਨ੍ਹਾਂ ਵਲੋਂ ਵਾਰ-ਵਾਰ ਕਹੀ ਜਾਣਾ ਕਿ 90% ਵਾਅਦੇ ਪੂਰੇ ਨਹੀਂ ਕੀਤੇ ਗਏ, ਜਦਕਿ ਇਹ ਵਾਅਦੇ ਪੂਰੇ ਕੀਤੇ ਗਏ ਹਨ । ਇਨ੍ਹਾਂ ਦੀ ਤਸੱਲੀ ਕਰਾਉਣੀ ਬੜੀ ਔਖੀ ਹੈ । ਇਹ ਤਾਂ ਪਹਿਲਾਂ ਵੀ ਲੋਕਾਂ ਵਿਚ ਇਸ ਗੱਲ ਦਾ ਪ੍ਰਚਾਰ ਕਰਦੇ ਰਹੇ ਹਨ ਕਿ ਭਾਖੜਾ ਦੇ ਪਾਣੀ ਤੋਂ ਬਿਜਲੀ ਕੱਢ ਲਈ ਗਈ ਹੈ ਅਤੇ ਇਸ ਨਾਲ ਜ਼ਮੀਨ ਕੱਲਰ ਹੋ ਜਾਵੇਗੀ ।

ਕਾਮਰੇਡ ਅਜੈਬ ਸਿੰਘ ਰੌਤਾ : ਹੁਣ ਤਾਂ ਇਹ ਅੰਗਰੇਜ਼ੀ ਪੜ੍ਹਾਉਣ ਲਗ ਪਏ ਹਨ ** **

** Expunged as ordered by the Chair.

THE PUNJAB PANCHAYATI RAJ (AMENDMENT) BILL (2) 1997 (REPLACING PUNJAB ORDINANCE NO. 4 OF 1997)

ਸ੍ਰੀ ਸਪੀਕਰ : ** ** ਜੋ ਸ਼ਬਦ ਵਰਤੇ ਹਨ, ਇਹ ਐਕਸਪੰਜ ਕੀਤੇ ਜਾਣ।

ਕਾਮਰੇਡ ਅਜੈਬ ਸਿੰਘ ਰੌਂਤਾ : ਮੈਂ ਬੇਨਤੀ ਕਰ ਰਿਹਾ ਸੀ ਕਿ ਜਿਸ ਦਿਨ ਦੂਜੇ ਮੈਂਬਰਜ਼, ਦੂਜੀਆਂ ਪਾਰਟੀਆਂ ਅਤੇ ਰਾਜ ਭਾਗਾਂ ਤੇ ਕੰਮ ਕਰ ਰਹੀਆਂ ਪਾਰਟੀਆਂ ਨੂੰ ਇਸ ਗੱਲ ਲਈ ਕਿਹਾ ਗਿਆ ਕਿ ਵੋਟਰ ਲਿਸਟਾਂ ਵਿਚ ਵੋਟਾਂ ਦਰਜ ਕਰਨ ਵਾਸਤੇ ਫਾਰਮ ਦੇ ਸਕਦੇ ਹਨ । ਮੈਂ ਡੀ.ਸੀ. ਮੋਗੇ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਨਾਂਹ ਕਰ ਦਿੱਤੀ ਜੋ ਕਿ ਬਹੁਤ ਮੰਦਭਾਗੀ ਘਟਨਾ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਰੋਸਟਰ ਤਿਆਰ ਕਰਨ ਵਾਸਤੇ ਕਿਹਾ ਗਿਆ ਸੀ ਉਹ ਰੋਸਟਰ ਕਿਉਂ ਨਹੀਂ ਤਿਆਰ ਕੀਤੇ ਗਏ ? ਉਨ੍ਹਾਂ ਨੂੰ ਜਾਰੀ ਕਰਨਾ ਚਾਹੀਦਾ ਸੀ । ਮੈਂ ਬੇਨਤੀ ਕਰਦਾ ਹਾਂ ਕਿ 5 ਦਸੰਬਰ, 1997 ਨੂੰ ਇਸ ਗੱਲ ਲਈ ਵੀ ਭੰਬਲਭੂਸੇ ਵਿਚ ਪਾਈ ਰੱਖਿਆ ਗਿਆ ਕਿ ਲਿਸਟਾਂ ਜਾਰੀ ਕਰਾਂਗੇ । ਪਰ ਫੇਰ ਵੋਟਰ ਲਿਸਟਾਂ ਵਿਚੋਂ ਨਾਵਾਂ ਦਾ ਕੱਟਿਆ ਜਾਣਾ ਔਰ ਇਥੋਂ ਤੱਕ ਕਿ ਬਹੁਤ ਸਾਰੇ ਹਲਕਿਆਂ ਵਿਚ, ਬਲਾਕਾਂ ਵਿੱਚ ਵੋਟਰ ਲਿਸਟਾਂ ਨਹੀਂ ਪਹੁੰਚਾਈਆਂ ਗਈਆਂ ਅਤੇ ਜਦੋਂ ਵੋਟਰ ਲਿਸਟਾਂ ਦੇਖੀਆਂ ਗਈਆਂ ਤਾਂ ਸਾਨੂੰ ਪਤਾ ਲਗਾ ਕਿ ਕਿਨ੍ਹਾਂ ਦੇ ਨਾਂ ਕੱਟੇ ਗਏ ਹਨ । ਕਈ ਪਿੰਡਾਂ ਵਿਚ ਤਾਂ ਸਾਰੀਆਂ ਦੀਆਂ ਸਾਰੀਆਂ ਵੋਟਾਂ ਹੀ ਕੱਟੀਆਂ ਹੋਈਆਂ ਸਨ । ਕਈ ਜਗ੍ਹਾ ਤੇ ਜਿਹੜੇ ਮੈਂਬਰ ਅਤੇ ਸਰਪੰਚ ਨੇ ਖੜ੍ਹਨਾ ਸੀ, ਉਨ੍ਹਾਂ ਦੀ ਕਲੀਅਰੈਂਸ ਕਰਨ ਵਿਚ ਬਹੁਤ ਅੜਚਨਾ ਪਾਈਆਂ ਗਈਆਂ । ਮੇਰੇ ਅਕਾਲੀ ਵੀਰਾਂ ਨੇ ਤਾਂ ਕਾਂਗਰਸ ਵਾਂਗ ਹੀ ਕੀਤਾ ਅਤੇ ਇਸ ਗੱਲ ਨੂੰ ਦੁਹਰਾਇਆ ਕਿ ਜੈਸੇ ਕੋ ਤੈਸਾ ।

ਸ੍ਰੀ ਸਪੀਕਰ : ਰੌਂਤਾ ਜੀ, ਤੁਸੀਂ ਮੇਰੇ ਰਾਹੀਂ ਗੱਲ ਕਰੋ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਇਸ ਐਕਟ ਦੇ ਤਹਿਤ ਹਰੀਜਨ ਬਰਾਦਰੀ ਨੂੰ ਇਸ ਦਾ ਬੇਸ ਨਹੀਂ ਬਣਾਇਆ ਗਿਆ । ਬਾਦਲ ਸਾਹਿਬ ਇਥੇ ਬੈਠੇ ਹਨ । ਇਨ੍ਹਾਂ ਦੇ ਹਲਕੇ ਦੇ ਇਕ ਪਿੰਡ ਮੜ੍ਹੀ ਮੁਸਤਫਾ, ਜਿਸ ਵਿਚ 90 ਪ੍ਰਤੀਸ਼ਤ ਆਬਾਦੀ ਖੇਤ ਮਜ਼ਦੂਰਾਂ ਦੀ ਸੀ ਅਤੇ ਉਸ ਪਿੰਡ ਦੇ ਵਿੱਚ ਸਰਪੰਚ ਲਈ ਖੜ੍ਹਨ ਦੀ ਚਰਚਾ ਖੇਤ ਮਜ਼ਦੂਰਾਂ ਵਿਚੋਂ ਹੀ ਸੀ, ਬਕਾਇਦਾ ਲੋਕਾਂ ਦੇ ਵਿਚ ਇਸ ਗੱਲ ਨੂੰ ਉਭਾਰਿਆ ਗਿਆ, ਪਰੰਤੂ ਫਿਰ ਵੀ ਉਸ ਦਾ ਨਾਂ ਕੱਟ ਕੇ ਜਨਰਲ ਕਰ ਦਿੱਤਾ ਗਿਆ । ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਭਾਰਤ ਸਰਕਾਰ ਅਤੇ ਭਾਰਤ ਦੇ ਚੋਣ

**Expunged as ordered by the Chair.

[ਕਾਮਰੇਡ ਅਜੈਬ ਸਿੰਘ ਰੌਂਤਾ]

ਕਮਿਸ਼ਨਰ ਨੂੰ ਚਾਹੀਦਾ ਹੈ ਕਿ ਇਸ ਸਬੰਧੀ ਜਿੰਨੀ ਛੇਤੀ ਹੋ ਸਕੇ, ਬਹੁਮੰਤਵੀ ਪਹਿਚਾਨ ਪੱਤਰ ਜਾਰੀ ਕੀਤਾ ਜਾਵੇ ਤਾਂਕਿ ਵੋਟਰ ਲਿਸਟਾਂ ਵਿੱਚ ਇਨ੍ਹਾਂ ਝੰਜਟਾਂ ਤੋਂ ਬਚਿਆ ਜਾ ਸਕੇ । ਜਿੰਨੀ ਦੇਰ ਤੱਕ ਸਿਆਸਤ, ਨੌਕਰਸ਼ਾਹੀ ਅਤੇ ਪ੍ਰਸ਼ਾਸਨ ਵਿਚ ਭ੍ਰਿਸ਼ਟਾਚਾਰ ਮੌਜੂਦ ਰਹੇਗਾ ਉਦੋਂ ਤੱਕ ਇਹ ਬੁਰਾਈਆਂ ਦੂਰ ਨਹੀਂ ਹੋ ਸਕਦੀਆਂ । ਸਪੀਕਰ ਸਾਹਿਬ, ਸ਼ਹਿਰਾਂ ਦੀ ਵਾਰਡਬੰਦੀ ਦੇ ਰਾਖਵੇਂਕਰਨ ਦਾ ਕੰਮ ਰਾਜ ਸਰਕਾਰ ਦੀ ਥਾਂ ਜ਼ਿਲ੍ਹਾ ਚੋਣ ਕਮਿਸ਼ਨਰ ਦੇ ਅਧਿਕਾਰ ਹੇਠ ਹੋਣਾ ਚਾਹੀਦਾ ਹੈ ।

ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ .....

ਸ਼੍ਰੀ ਸਪੀਕਰ : ਰੌਂਤਾ ਸਾਹਿਬ, ਬੈਠ ਜਾਓ । ਹੁਣ ਕਾਹਲੋਂ ਸਾਹਿਬ ਦੀ ਗੱਲ ਸੁਣ ਲਈਏ । ਹਾਂ ਜੀ, ਕਾਹਲੋਂ ਜੀ ।

ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਇਹ ਇਤਰਾਜ਼ ਕਰਨਾ ਸੀ ਕਿ ਇਸ ਅਮੈਂਡਮੈਂਟ ਦੇ ਨਾਲ ਇਨ੍ਹਾਂ ਦਾ ਕੋਈ ਤਾਅਲੁੱਕ ਨਹੀਂ ਹੈ ਅਤੇ ਇਨ੍ਹਾਂ ਨੂੰ ਇਸ ਤੇ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ।

ਸ਼੍ਰੀ ਸਪੀਕਰ : ਇਨ੍ਹਾਂ ਵਲੋਂ ਇਸ ਸਬੰਧੀ ਕੋਈ ਅਮੈਂਡਮੈਂਟ ਆਈ ਹੀ ਨਹੀਂ ਹੈ ।

ਚੌਧਰੀ ਜਗਜੀਤ ਸਿੰਘ (ਕਰਤਾਰਪੁਰ, ਐਸ.ਸੀ.) : ਸਪੀਕਰ ਸਾਹਿਬ, ਇਹ ਜੋ ਬਿੱਲ ਲਿਆਂਦਾ ਗਿਆ ਹੈ, ਇਸ ਦਾ ਜੋ ਰਾਖਵੇਂਕਰਨ ਨਾਲ ਸਬੰਧ ਹੈ, ਮੈਂ ਦੋ ਤਿੰਨ ਗੱਲਾਂ ਉਸ ਸਬੰਧ ਵਿਚ ਕਹਿਣਾ ਚਾਹੁੰਦਾ ਹਾਂ । ਪਹਿਲੀ ਗੱਲ ਤਾਂ ਸਪੀਕਰ ਸਾਹਿਬ, ਮੈਂ ਕਹਿਣੀ ਚਾਹੁੰਦਾ ਹਾਂ ਕਿ ਪਿੰਡਾਂ ਦੇ ਵਿੱਚ ਪੰਚਾਇਤਾਂ ਦੀ ਇਲੈਕਸ਼ਨ ਦਾ ਕੰਮ ਸ਼ੁਰੂ ਹੋ ਗਿਆ ਸੀ ਔਰ ਇਲੈਕਸ਼ਨ ਹੋਣ ਵਾਲੇ ਸਨ ਕਿ ਇੱਕ ਦੋ ਦਿਨ ਬਾਅਦ ਸਰਕਾਰ ਨੇ ਇਲੈਕਸ਼ਨ ਕੈਂਸਲ ਕਰ ਦਿੱਤੇ । ਇਲੈਕਸ਼ਨ ਦੇ ਕੈਂਸਲ ਕਰਨ ਦਾ ਪ੍ਰਤੀਕਰਮ ਖਾਸ ਕਰਕੇ ਜੋ ਪੰਚਾਇਤੀ ਰਾਜ ਸਿਸਟਮ ਹੈ, ਥ੍ਰੀ ਟਾਇਰ ਸਿਸਟਮ ਹੈ, ਪੰਚਾਇਤ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਦੇ ਇਸ ਸਿਸਟਮ ਬਾਰੇ ਕਾਫ਼ੀ ਲੋਕਾਂ ਨੂੰ ਨਿਰਾਸ਼ਤਾ ਹੋਈ ਕਿਉਂਕਿ ਲੋਕਾਂ ਨੂੰ ਆਸ ਸੀ ਕਿ ਨਵੀਆਂ ਪੰਚਾਇਤਾਂ ਚੁਣਾਂਗੇ । ਪ੍ਰਾਸੈਸ ਇਥੋਂ ਤੱਕ ਚਲਾ ਗਿਆ ਸੀ ਕਿ ਪਿੰਡਾਂ ਵਿਚ ਪੰਚਾਇਤਾਂ ਦੀਆਂ ਚੋਣਾਂ ਵਿੱਚ ਨਵੇਂ ਪੰਚਾਂ, ਸਰਪੰਚਾਂ ਵਾਸਤੇ ਜਿਨ੍ਹਾਂ ਨੇ ਖੜ੍ਹਨਾ ਸੀ, ਉਨ੍ਹਾਂ ਦੇ ਨਾਂ ਨਿਕਲ ਚੁੱਕੇ ਸਨ । ਪ੍ਰਚਾਰ ਚਲ ਰਿਹਾ ਸੀ ਅਤੇ ਉਸ ਵੇਲੇ ਇਲੈਕਸ਼ਨ ਪੋਸਟਪੋਨ ਕਰਨਾ, ਕੈਂਸਲ ਕਰਨਾ ਚੰਗੀ ਪ੍ਰੰਪਰਾ ਨਹੀਂ ਸੀ । 1977 ਵਿੱਚ

ਵੀ ਜਦੋਂ ਬਾਦਲ ਸਾਹਿਬ ਦੀ ਸਰਕਾਰ ਆਈ ਸੀ, ਸਭ ਤੋਂ ਪਹਿਲਾਂ ਤਾਂ ਪੰਚਾਇਤ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤਾਂ ਨੂੰ ਤੋੜਿਆ ਗਿਆ ਸੀ । ਬੜੀ ਦੇਰ ਬਾਅਦ ਇਲੈਕਸ਼ਨਾਂ ਹੋਈਆਂ । ਅੱਜ ਵੀ ਨਵੇਂ ਲੋਕਾਂ ਨੂੰ ਮੌਕਾ ਮਿਲਣਾ ਸੀ । ਮੈਂ ਸਮਝਦਾ ਹਾਂ ਕਿ ਲੋਕ ਸਭਾ ਦੀਆਂ ਚੋਣਾਂ ਦਾ ਤਾਂ ਸਿਰਫ਼ ਬਹਾਨਾ ਬਣਾਇਆ ਗਿਆ ਹੈ । ਜੇਕਰ ਮਿਊਂਸਪਲ ਕਮੇਟੀ ਦੀਆਂ ਚੋਣਾਂ ਹੋ ਸਕਦੀਆਂ ਸੀ ਤਾਂ ਪੰਚਾਇਤਾਂ ਦੀਆਂ ਚੋਣਾਂ ਕੈਂਸਲ ਕਰਨ ਬਾਰੇ ਕੋਈ ਖਾਸ ਗੱਲ ਨਜ਼ਰ ਨਹੀਂ ਸੀ ਆਉਂਦੀ । ਇਹ ਪੰਚਾਇਤੀ ਰਾਜ ਵਾਸਤੇ ਸਰਕਾਰ ਵੱਲੋਂ ਕੋਈ ਚੰਗਾ ਕਦਮ ਨਹੀਂ ਉਠਾਇਆ ਗਿਆ ।

ਪਿਛਲੇ ਸਮੇਂ ਵਿੱਚ ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਕੰਮ ਹੋਏ ਹਨ । ਹੁਣ ਸਾਡੀ ਨਵੀਂ ਸਰਕਾਰ ਆਈ ਪਰ ਡਿਵੈਲਪਮੈਂਟ ਦੇ ਕੰਮਾਂ ਲਈ ਕੁਝ ਪੈਸੇ ਦੀ ਘਾਟ ਕਾਰਨ ਕਮੀ ਆਈ ਹੈ । ਚੋਣਾਂ ਹੋਣ ਨਾਲ ਨਵੇਂ-ਨਵੇਂ ਲੋਕ ਆਉਂਦੇ ਹਨ ਤਾਂ ਨਵਾਂ ਉਤਸ਼ਾਹ ਪੈਦਾ ਹੁੰਦਾ ਹੈ । ਪਿੰਡਾਂ ਦੀ ਜੋ ਡਿਵੈਲਪਮੈਂਟ ਰੁੱਕੀ ਹੋਈ ਹੈ ਉਸ ਵਿੱਚ ਤੇਜ਼ੀ ਆਉਂਦੀ ਹੈ । ਸਪੀਕਰ ਸਾਹਿਬ, ਮੈ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਅਤੇ ਸਰਕਾਰ ਦਾ ਧਿਆਨ ਇਸ ਗੱਲ ਵੱਲ ਲਿਆਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਇਲੈਕਸ਼ਨਾਂ ਕਾਰਨ ਅਜਿਹੀਆਂ ਗੱਲਾਂ ਹੋਈਆਂ ਹਨ ਜਿਨ੍ਹਾਂ ਨਾਲ ਸਰਕਾਰ ਦੀ ਇਮੇਜ ਥੱਲੇ ਡਿੱਗੀ ਹੈ । ਉਹ ਗੱਲਾਂ ਮੈਂ ਲਾਜ਼ਮੀ ਤੌਰ ਤੇ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ । ਜਦੋਂ 6 ਤਰੀਕ ਨੂੰ ਇਲੈਕਸ਼ਨਾਂ ਦੀ ਨੋਟੀਫਿਕੇਸ਼ਨ ਕਰਨੀ ਸੀ, ਪੇਪਰ ਦਾਖਲ ਹੋਣੇ ਸੀ ਤਾਂ ਕਿਹੜਾ ਪਿੰਡ ਪੰਜਾਬ ਅੰਦਰ ਰਿਜ਼ਰਵ ਕਰਨਾ ਹੈ ਅਤੇ ਕਿਹੜਾ ਨਹੀਂ, ਇਸ ਬਾਰੇ 5 ਤਰੀਕ ਤੱਕ ਕਿਸੇ ਵੀ ਹਲਕੇ ਵਿੱਚ ਨਹੀਂ ਦੱਸਿਆ ਗਿਆ । ਇਸ ਗੱਲ ਦੀ ਕੋਈ ਪਬਲੀਕੇਸ਼ਨ ਨਹੀਂ ਹੋਈ ਜਦ ਕਿ ਇਸ ਬਾਰੇ ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਸੀ ਕਿ ਉਨ੍ਹਾਂ ਦਾ ਪਿੰਡ ਰਿਜ਼ਰਵ ਹੈ ਜਾਂ ਜਨਰਲ ਹੈ, ਉਨ੍ਹਾਂ ਦਾ ਪਿੰਡ ਕਿਸ ਕੈਟਾਗਰੀ ਵਿੱਚ ਆਉਂਦਾ ਹੈ, ਉਨ੍ਹਾਂ ਦੇ ਪਿੰਡ ਵਿੱਚ ਕਿਸ ਕੈਟਾਗਰੀ ਦੇ ਬੰਦੇ ਨੇ ਖੜ੍ਹੇ ਹੋਣਾ ਹੈ । ਇਹ ਦੱਸਣਾ ਕੋਈ ਮਾੜੀ ਗੱਲ ਨਹੀਂ, ਇਸ ਬਾਰੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਇਹ ਜੋ ਗਲਤੀ ਹੋਈ ਹੈ ਇਸ ਨੂੰ ਸਮਝਣਾ ਚਾਹੀਦਾ ਹੈ ।

ਜੰਗਲਾਤ, ਕਾਨੂੰਨੀ ਅਤੇ ਵਿਧਾਨਕ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਚੌਧਰੀ ਜਗਜੀਤ ਸਿੰਘ ਅੱਜ ਸਦਨ ਨੂੰ ** ਕਰ ਰਹੇ ਹਨ । ਜਦੋਂ 1991 ਵਿੱਚ ਅਸੈਂਬਲੀ ਇਲੈਕਸ਼ਨਾਂ ਸਮੇਂ ਵੋਟਾਂ ਪੈਣੀਆਂ ਸਨ ਤਾਂ ਉਨ੍ਹਾਂ ਦੀ ਤਰੀਕ 22

**Expunged as ordered by the Chair.

[ਜੰਗਲਾਤ, ਕਾਨੂੰਨੀ ਅਤੇ ਵਿਧਾਨਕ ਮਾਮਲਿਆਂ ਦੇ ਮੰਤਰੀ]

ਸੀ ਪਰ 21 ਤਰੀਕ ਨੂੰ ਫ਼ੈਮ ਕਰ ਦਿੱਤਾ ਗਿਆ ਕਿ ਇਲੈਕਸ਼ਨਾਂ ਕੈਂਸਲ ਕਰ ਦਿੱਤੀਆਂ ਗਈਆਂ ਹਨ । ਹਿੰਦੁਸਤਾਨ ਦੇ ਇਤਿਹਾਸ ਵਿੱਚ ਉਦੋਂ ਇਹ ਗੱਲ ਹੋਈ ਸੀ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਜਿਹੜੀ ਲਿਸਟ ਦੀ ਪਬਲੀਕੇਸ਼ਨ ਦੀ ਗੱਲ ਇਹ ਕਹਿ ਰਹੇ ਹਨ ਉਹ ਪ੍ਰਾਸੈਸ ਸ਼ੁਰੂ ਹੋਣ ਤੋਂ ਪਹਿਲਾਂ ਹੀ ਛਾਇਆ ਕਰ ਦਿੱਤੀ ਗਈ ਸੀ ਕਿ ਕਿਹੜਾ ਪਿੰਡ ਰਿਜ਼ਰਵ ਕੈਟਾਗਰੀ ਵਿੱਚ ਆਉਂਦਾ ਹੈ ਅਤੇ ਕਿਹੜਾ ਜਨਰਲ ਕੈਟਾਗਰੀ ਵਿੱਚ ਆਉਂਦਾ ਹੈ । ਜੋ ਵੀ ਕੰਮ ਹੋਇਆ ਹੈ ਉਹ ਕਾਂਸਟੀਚਿਊਸ਼ਨ ਦੇ ਤਹਿਤ ਹੋਇਆ ਹੈ । ਚੌਧਰੀ ਸਾਹਿਬ ਗਲਤ ਗੱਲ ਕਹਿ ਕੇ ਹਾਊਸ ਨੂੰ ** ਕਰ ਰਹੇ ਹਨ ।

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਆਪਣੀ ਗੱਲ ਨੂੰ ਬਰੀਫ਼ ਕਰੋ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, 5 ਤਰੀਕ ਤੱਕ ਉਨ੍ਹਾਂ ਪਿੰਡਾਂ ਵਾਲਿਆਂ ਨੂੰ ਪਤਾ ਨਹੀਂ ਲੱਗਾ ਕਿ ਉਨ੍ਹਾਂ ਦੇ ਪਿੰਡ ਵਿੱਚ ਕਿਸ ਕੈਟਾਗਰੀ ਦੇ ਬੰਦੇ ਨੇ ਖੜ੍ਹਨਾ ਹੈ । ਦੂਸਰੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਰਿਜ਼ਰਵੇਸ਼ਨ ਇਨ੍ਹਾਂ ਨੇ ਕੀਤੀ ਹੈ, ਇਨ੍ਹਾਂ ਨੇ ਡਿਸਟ੍ਰਿਕਟ ਨੂੰ ਇਕਾਈ ਮੰਨ ਕੇ ਕੀਤੀ ਹੈ ਜਦ ਕਿ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਬਲਾਕ ਨੂੰ ਇਕਾਈ ਮੰਨਣਾ ਚਾਹੀਦਾ ਸੀ । ਜਿਹੜੇ ਬਲਾਕ ਨੂੰ ਇਹ ਰਿਜ਼ਰਵ ਕਰਨਾ ਚਾਹੁੰਦੇ ਸਨ ਉਸ ਨੂੰ ਰਿਜ਼ਰਵ ਕਰ ਲੈਂਦੇ ਪਰ ਸਰਕਾਰ ਨੇ ਇਸ ਤਰ੍ਹਾਂ ਕਰਨ ਵਿਚ ਕੋਈ ਮਿਆਰ ਕਾਇਮ ਨਹੀਂ ਰਖਿਆ । ਇਨ੍ਹਾਂ ਨੇ ਡਿਸਟ੍ਰਿਕਟ ਨੂੰ ਇਕਾਈ ਮੰਨ ਕੇ ਸਾਰਾ ਖਰਚ ਪਾ ਦਿੱਤਾ ਅਤੇ ਇਸ ਤਰ੍ਹਾਂ ਕਰਨ ਨਾਲ ਇਹ ਹੋਇਆ ਹੈ ਕਿ ਕਿਸੇ ਬਲਾਕ ਵਿਚ ਖਰਚ ਵੱਧ ਹੋ ਗਿਆ ਹੈ ਅਤੇ ਕਿਸੇ ਬਲਾਕ ਵਿਚ ਘੱਟ ਹੋ ਗਿਆ ਹੈ । ਇਹ ਗੱਲ ਠੀਕ ਨਹੀਂ ਹੋਈ ਹੈ । ਇਨ੍ਹਾਂ ਨੇ ਹਿਸਾਬ ਕਿਤਾਬ ਗਲਤ ਲਗਾਇਆ ਹੈ । ਇਸ ਲਈ ਇਸ ਨੂੰ ਠੀਕ ਕਰਨ ਦੀ ਲੋੜ ਹੈ ।

ਸਰਦਾਰ ਹੀਰਾ ਸਿੰਘ ਗਾਬੜੀਆ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਚੌਧਰੀ ਸਾਹਿਬ ਹਾਊਸ ਨੂੰ ** ** ਕਰ ਰਹੇ ਹਨ । ਇਸ ਵਿਚ ਕੋਈ ਸ਼ੱਕ ਨਹੀਂ ਕਿ ਲੋਕ ਇਲੈਕਸ਼ਨਾਂ ਚਾਹੁੰਦੇ ਸਨ । ਜਿਸ ਤਰ੍ਹਾਂ ਇਨ੍ਹਾਂ ਦੀ ਪਿਛਲੀ ਸਰਕਾਰ ਨੇ ਸਰਪੰਚਾਂ ਨੂੰ ਠੋਸਿਆ ਸੀ, ਉਨ੍ਹਾਂ ਸਰਪੰਚਾਂ ਨੂੰ ਲੋਕ ਹਟਾਉਣਾ ਚਾਹੁੰਦੇ ਸੀ ਜਿਹੜੇ 4-4 ਅਤੇ 10-10 ਵੋਟਾਂ ਲੈ ਕੇ ਸਰਪੰਚ ਬਣੇ ਹੋਏ ਸਨ । ਜਿਥੋਂ ਤੱਕ ਰਿਜ਼ਰਵੇਸ਼ਨ ਕਰਨ ਦਾ ਸਬੰਧ ਹੈ, ਉਥੇ ਬਾਦਲ ਸਰਕਾਰ ਨੇ ਲਾਟਰੀ ਸਿਸਟਮ ਰਾਹੀਂ ਕਾਰਵਾਈ ਕੀਤੀ ਹੈ । ਇਹ ਇਲੈਕਸ਼ਨਾਂ ਇਸ ਕਰਕੇ ਪੋਸਟਪੋਨ ਕਰਨੀਆਂ ਪਈਆਂ ਕਿਉਂਕਿ ਸੈਂਟਰ ਦੇ ਵਿਚ

**Expunged as ordered by the Hon'ble Speaker.

ਕਾਂਗਰਸ ਪਾਰਟੀ ਦੀ ਹਮਾਇਤ ਵਾਪਸ ਹੋਣ ਕਰਕੇ ਲੋਕ ਸਭਾ ਦੀਆਂ ਚੋਣਾਂ ਡਿਕਲੇਅਰ ਹੋ ਗਈਆਂ ਅਤੇ ਇਨ੍ਹਾਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਨੂੰ ਅੱਗੇ ਪਾਉਣਾ ਪਿਆ । ਲੋਕ ਸਭਾ ਦੀਆਂ ਇਲੈਕਸ਼ਨਾਂ ਦਾ ਵਾਧੂ ਖਰਚਾ ਇਨ੍ਹਾਂ ਦੀ ਪਾਰਟੀ ਨੇ ਦੇਸ਼ ਉਤੇ ਪਾਇਆ ਹੈ ਅਤੇ ਵਾਧੂ ਬੋਝ ਪਾਇਆ ਹੈ । ਇਨ੍ਹਾਂ ਦੀ ਪਾਰਟੀ ਦੇ ਐਮ.ਐਲ.ਏਜ਼ ਪਿੰਡਾਂ ਦੇ ਸਰਪੰਚਾਂ ਕੋਲੋਂ ਗ੍ਰਾਂਟ ਦੇ ਵਿਚੋਂ 20-30% ਆਪਣਾ ਹਿੱਸਾ ਮੰਗਦੇ ਸਨ ਅਤੇ ਕਹਿੰਦੇ ਸਨ ਕਿ ਇਕ ਲੱਖ ਰੁਪਏ ਦਾ ਚੈਕ ਲੈਣ ਲਈ ਪਹਿਲੇ 20 ਹਜ਼ਾਰ ਰੁਪਿਆ ਲੈ ਕੇ ਆਓ ਅਤੇ 2 ਲੱਖ ਰੁਪਏ ਦੇ ਚੈਕ ਲਈ 40 ਹਜ਼ਾਰ ਰੁਪਿਆ ਕਮਿਸ਼ਨ ਦਾ ਮੰਗਦੇ ਸਨ । ਇਹੀ ਕਾਰਨ ਹੈ ਕਿ ਅਸੀਂ ਇਸ ਸਿਸਟਮ ਦੇ ਵਿਚ ਤਬਦੀਲੀ ਲਿਆਉਣਾ ਚਾਹੁੰਦੇ ਹਾਂ ਤਾਂਕਿ ਕੁਰਪਟ ਸਰਪੰਚਾਂ ਨੂੰ ਪੰਚਾਇਤਾਂ ਦੀਆਂ ਇਲੈਕਸ਼ਨਾਂ ਦੇ ਵਿਚ ਹਾਰ ਦੇ ਸਕੀਏ ਅਤੇ ਜਿਹੜੀ ਇਨ੍ਹਾਂ ਨੇ ਗ੍ਰਾਂਟਾਂ ਦੇ ਵਿਚ ਘਪਲੇਬਾਜ਼ੀ ਕੀਤੀ ਹੈ ਉਸ ਦੀ ਇਨਕੁਆਇਰੀ ਕਰਵਾ ਸਕੀਏ । ਇਸ ਪਾਰਟੀ ਨੇ ਲੋਕਾਂ ਦੇ ਨਾਲ ਧੋਖਾ ਕੀਤਾ ਹੈ ਅਤੇ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਦਾ ਵਾਧੂ ਬੋਝ ਲੋਕਾਂ ਉਤੇ ਪਾਇਆ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਕਿਹਾ ਹੈ ਇਹ ਸਾਰੀ ਗਲਤ ਗੱਲ ਕਹੀ ਗਈ ਹੈ ਔਰ ਬਾਦਲ ਸਾਹਿਬ ਹਰ ਰੋਜ਼ ਸਟੇਟਮੈਂਟ ਦਿੰਦੇ ਹਨ ਕਿ ਅਸੀਂ ਇਨਕੁਆਇਰੀ ਕਰਵਾਵਾਂਗੇ ਔਰ ਅਸੀਂ ਵੀ ਚਾਹੁੰਦੇ ਹਾਂ ਕਿ ਸਰਕਾਰ ਇਨਕੁਆਰੀ ਕਰਵਾਏ ਅਤੇ ਜਿਨ੍ਹਾਂ ਨੇ ਗਲਤ ਕੰਮ ਕੀਤੇ ਹਨ ਉਹ ਫਸਣ ਅਤੇ ਰੋਜ਼ ਰੋਜ਼ ਦੀ ਗਲਤ ਬਿਆਨਬਾਜ਼ੀ ਖਤਮ ਹੋਵੇ । ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਇਹ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਸਰਕਾਰ ਕੋਲੋਂ ਗਲਤੀ ਹੋਈ ਹੈ ਉਥੇ ਸਰਕਾਰ ਆਪਣੀ ਗਲਤੀ ਨੂੰ ਠੀਕ ਕਰ ਲਵੇ ਅਤੇ ਜਿਥੇ ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ ਉਥੇ ਠੀਕ ਤਰ੍ਹਾਂ ਕਰ ਲਵੇ । ਮੈਂ ਇਥੇ ਬਹੁਤ ਸਾਰੇ ਪਿੰਡਾਂ ਦੀ ਮਿਸਾਲ ਹਾਊਸ ਦੇ ਵਿਚ ਦੇ ਸਕਦਾ ਹਾਂ ਖਾਸ ਕਰਕੇ ਮੈਂ ਆਪਣੇ ਹਲਕੇ ਦੇ ਵਿਚ ਪਿੰਡ ਮਾਰੀਨਾ ਬਾਰੇ ਦੱਸਦਾ ਹਾਂ ਕਿ ਇਸ ਪਿੰਡ ਦੀ ਆਬਾਦੀ 1600 ਦੀ ਹੈ । ਇਥੇ ਸਿਰਫ 300 ਬੰਦੇ ਜਨਰਲ ਕੈਟਾਗਰੀ ਦੇ ਰਹਿੰਦੇ ਹਨ ਔਰ ਸਰਕਾਰ ਨੇ ਇਸ ਪਿੰਡ ਨੂੰ ਰਿਜ਼ਰਵ ਡਿਕਲੇਅਰ ਕਰਨ ਦੀ ਬਜਾਏ ਜਨਰਲ ਡਿਕਲੇਅਰ ਕਰ ਦਿੱਤਾ ਅਤੇ ਸਰਕਾਰ ਕਿਸੇ ਆਪਣੇ ਜਨਰਲ ਕੈਟਾਗਰੀ ਦੇ ਬੰਦੇ ਨੂੰ ਅਕਮੋਡੇਟ ਕਰਨਾ ਚਾਹੁੰਦੀ ਸੀ ਜਿਹੜਾ ਇਨ੍ਹਾਂ ਦੀ ਪਾਰਟੀ ਦਾ ਸੀ ਪਰ ਇਹ ਸਾਰਾ ਸਿਸਟਮ ਗਲਤ ਹੈ । ਇਨ੍ਹਾਂ ਨੂੰ ਇਸ ਗੱਲ ਨੂੰ ਮੰਨਣ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਗਲਤੀ ਵਿਚ ਸੁਧਾਰ ਕਰ ਲੈਣਾ ਚਾਹੀਦਾ ਹੈ । ਇਸ ਗੱਲ ਨੂੰ ਠੀਕ ਕਰ ਲੈਣਾ ਚਾਹੀਦਾ ਹੈ ।

[ਚੌਧਰੀ ਜਗਜੀਤ ਸਿੰਘ]

ਇਸ ਤੋਂ ਇਲਾਵਾ ਮੈਂ ਹਾਊਸ ਵਿੱਚ ਦੱਸਣਾ ਚਾਹੁੰਦਾ ਹਾਂ ਅਤੇ ਕਾਹਲੋਂ ਸਾਹਿਬ ਅਗਰ ਚਾਹੁਣ ਤਾਂ ਮੈ ਐਫੀਡੈਵਿਟ ਦੇਣ ਲਈ ਤਿਆਰ ਹਾਂ ਕਿ ਇਨ੍ਹਾਂ ਦੀ ਪਾਰਟੀ ਦੇ ਵੱਡੇ ਵੱਡੇ ਬੰਦੇ ਰਿਜ਼ਰਵ ਕੈਟੇਗਰੀਜ਼ ਨੂੰ ਜਨਰਲ ਬਨਾਉਣ ਲਈ ਪੈਸੇ ਦਿੰਦੇ ਰਹੇ ਹਨ ਅਤੇ ਮੈਂ ਉਨ੍ਹਾਂ ਬੰਦਿਆਂ ਦੇ ਨਾਂ ਵੀ ਦੇ ਸਕਦਾ ਹਾਂ । ਇਸ ਚੀਜ਼ ਦੀ ਇਹ ਇਨਕੁਆਇਰੀ ਵੀ ਕਰਵਾ ਸਕਦੇ ਹਨ । ਇਹ ਜਿਹੜਾ ਇਸ ਤਰ੍ਹਾਂ ਕਰਨ ਦਾ ਸਿਸਟਮ ਹੈ ਇਸ ਨੂੰ ਬਦਲਣ ਦੀ ਲੋੜ ਹੈ ਅਤੇ ਇਸ ਨੂੰ ਠੀਕ ਕਰਨ ਦੀ ਲੋੜ ਹੈ । ਪੰਚਾਇਤਾਂ ਦੀਆਂ ਚੋਣਾਂ ਸਰਕਾਰ ਨੂੰ ਟਾਈਮ ਸਿਰ ਕਰਵਾ ਦੇਣੀਆਂ ਚਾਹੀਦੀਆਂ ਹਨ ਪਰ ਇਨ੍ਹਾਂ ਨੇ ਪੋਸਟਪੋਨ ਕਰ ਦਿੱਤੀਆਂ ਔਰ ਸਾਡੀ ਪਾਰਟੀ ਨੇ ਹਾਈ ਕੋਰਟ ਦਾ ਦਰਵਾਜ਼ਾ ਵੀ ਖਟਖਟਾਇਆ ਤਾਂਕਿ ਪੰਚਾਇਤਾਂ ਦੀਆਂ ਚੋਣਾਂ ਹੋ ਸਕਣ । ਅਸੀਂ ਇਲੈਕਸ਼ਨਾਂ ਕਰਵਾਉਣ ਲਈ ਤਿਆਰ ਹਾਂ ।

ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ : ਸਪੀਕਰ ਸਾਹਿਬ, ਅਗਰ ਮਾਰੀਨਾ ਪਿੰਡ ਦੇ ਵਿਚ 1600 ਵੋਟਰ ਹਨ ਅਤੇ 300 ਬੰਦੇ ਜਨਰਲ ਦੇ ਅਤੇ ਬਾਕੀ ਸ਼ਡਿਊਲਡ ਕਾਸਟ ਦੇ ਹਨ ਤਾਂ ਫੇਰ ਇਨ੍ਹਾਂ ਨੂੰ ਸ਼ਡਿਊਲਡ ਕਾਸਟ ਦਾ ਬੰਦਾ ਖੜ੍ਹਾ ਕਰ ਦੇਣਾ ਚਾਹੀਦਾ ਸੀ। ਇਹ ਤਾਂ ਐਵੇਂ * * ਕਰੀ ਜਾਂਦੇ ਹਨ ਕਿ ਜਨਰਲ ਕਰ ਦਿੱਤੀ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਬਿਲਕੁਲ ਠੀਕ ਕਿਹਾ ਸੀ ਕਿ ਇਕ ਜਗ੍ਹਾ ਨਹੀ ਬਹੁਤ ਸਾਰੇ ਪਿੰਡਾਂ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ । ਕ੍ਰਿਸਚੀਅਨ ਜਨਰਲ ਕੈਟਾਗਰੀ ਵਿਚ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਰਿਜ਼ਰਵ ਕੈਟਾਗਰੀ ਵਿਚ ਕਰ ਦਿਤਾ ਹੈ । ਸਾਡੇ ਕੋਲ ਇਸ ਤਰ੍ਹਾਂ ਦੀਆਂ ਰਿਪੋਰਟਾਂ ਆਈਆਂ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਪੰਚਾਇਤਾਂ ਦੀਆਂ ਚੋਣਾਂ ਜਿਤਨੀ ਜਲਦੀ ਹੋ ਸਕਣ ਕਰਵਾਈਆਂ ਜਾਣ । ਪੰਚਾਇਤੀ ਚੋਣਾਂ ਦਾ ਸਿਸਟਮ ਜਲਦੀ ਪੰਜਾਬ ਵਿਚ ਲਾਗੂ ਕੀਤਾ ਜਾਵੇ । ਸਰਕਾਰ ਚੋਣਾਂ ਤੋਂ ਭੱਜੇ ਨਾ ਬਲਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ ਲਿਆ ਕੇ ਆਉਣ ਵਾਲੇ ਸਮੇਂ ਵਿਚ ਜਲਦੀ ਇਲੈਕਸ਼ਨਾਂ ਕਰਵਾਏ । ਸਾਡੀ ਪਾਰਟੀ ਨੇ ਪਹਿਲਾਂ ਵੀ ਕਿਹਾ ਸੀ ਕਿ ਪੰਚਾਇਤਾਂ ਦੇ ਇਲੈਕਸ਼ਨ ਕਰਵਾਉਣ ਪਰ ਪੰਜਾਬ ਸਰਕਾਰ ਨੇ ਚੋਣਾਂ ਨਹੀਂ ਕਰਵਾਈਆਂ । ਪੰਜਾਬ ਸਰਕਾਰ ਜਲਦੀ ਪੰਚਾਇਤਾਂ ਦੇ ਇਲੈਕਸ਼ਨ ਕਰਵਾਵੇ ਤਾਂਕਿ ਪੰਜਾਬ ਦੇ ਲੋਕ ਇਲੈਕਸ਼ਨਾਂ ਵਿਚ ਹਿੱਸਾ ਲੈ ਸਕਣ ਅਤੇ ਉਨ੍ਹਾਂ ਨੂੰ ਪੂਰਾ ਮੌਕਾ ਮਿਲੇ ।

**Expunged as ordered by the Hon'ble Speaker.

THE PUNJAB PANCHAYATI RAJ (AMENDMENT) BILL 1997 (REPLACING PUNJAB ORDINANCE NO. 4 OF 1997)

ਸ੍ਰੀ ਸਪੀਕਰ : ਮੰਤਰੀ ਜੀ ਨੇ ਕੁਝ ਕਹਿਣਾ ਹੈ ਤਾਂ ਕਹਿ ਲੈਣ ।

ਮੰਤਰੀ : ਨਹੀਂ ਜੀ ।

Mr. Speaker : Question is--

That the Punjab Panchayati Raj (Amendment) Bill be taken into consideration at once.

The motion was carried.

Mr. Speaker : Now, the House will proceed to consider the Bill clause by clause.

Sub-Clause (2) of Clause 1

Mr. Speaker : Question is--

That Sub-Clause (2) of Clause 1 stand part of the Bill.

The motion was carried.

Clause 2

Mr. Speaker : Question is--

That Clause 2 stand part of the Bill.

The motion was carried.

Clause 3

Mr. Speaker : Question is--

That Clause 3 stand part of the Bill.

The motion was carried.

Sub-Clause (1) of Clause 1

Mr. Speaker : Question is--

That Sub-Clause (1) of Clause 1 stand part of the Bill.

The motion was carried.

Title

Mr. Speaker : Question is--

That Title be the Title of the Bill.

The motion was carried.

Mr. Speaker : Now the Minister to move that the Bill be passed.

Minister for Rural Development and Panchayats (Sardar Nirmal Singh Kahlon) : Sir, I beg to move--

That the Punjab Panchayati Raj (Amendment) Bill be passed.

Mr. Speaker : Motion moved--

That the Punjab Panchayati Raj (Amendment) Bill be passed.

Mr. Speaker : Question is--

That the Punjab Panchayati Raj (Amendment) Bill be passed.

The motion was carried unanimously.

THE PUNJAB SECURITY OF LAND TENURES (AMENDMENT) BILL, 1997

Mr. Speaker : Minister to introduce and move the Punjab Security of Land Tenures (Amendment) Bill.

Minister of State for Public Relations, Revenue and Rehabilitation (Sardar Sewa Singh Sekhwan) : Sir, I beg to introduce the Punjab Security of Land Tenures (Amendment) Bill.

Sir, I also beg to move--

That the Punjab Security of Land Tenures (Amendment) Bill be taken into consideration at once.

Mr. Speaker : Motion moved--

That the Punjab Security of Land Tenures (Amendment) Bill be taken into consideration at once.

Mr. Speaker : There is a notice of amendment to Clause 3 of this Bill from Shri Hardev Arshi which may be deemed to have been read and moved.

Shri Hardev Arshi :

"(i) That in line 3, between the words "Union" and "or", insert the words "who has retired or settled".

(ii) That in line 3, after the words "Non-Resident Indian", add the words "who becomes resident himself".

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) : ਸਪੀਕਰ ਸਾਹਿਬ, ਮੈਂ ਇਸ ਵਿਚ ਇਕੋ ਹੀ ਬੇਨਤੀ ਕਰਨੀ ਹੈ, ਉਹ ਇਹ ਹੈ ਕਿ ਇਹ ਬੈਟਰ ਹੁੰਦਾ ਕਿ ਜੇ ਇਹ ਔਰ ਇਹ ਜਿਹੜਾ ਪੈਪਸੂ ਵਾਲਾ ਹੈ, ਇਹ ਦੋਨੋਂ ਹਨ ਤਾਂ ਸੇਮ ਹੀ, ਸਿਰਫ਼ ਦੋਨਾਂ ਦੇ ਨਾਮ ਹੀ ਵਖਰੇ ਹਨ, ਉਹ ਪੈਪਸੂ ਕਰਕੇ ਜਾਣਿਆ ਜਾਂਦਾ ਹੈ ਅਤੇ ਇਹ ਪੰਜਾਬ ਕਰਕੇ ਜਾਣਿਆ ਜਾਂਦਾ ਹੈ, ਇਨ੍ਹਾਂ ਦੇ ਅੰਦਰ ਜਿਹੜੀ ਸਾਰੀ ਵਾਰਤਾ ਹੈ, ਉਹ ਸੇਮ ਹੈ, ਅਮੈਂਡਮੈਂਟ ਦੇ ਵਿਚ ਵੀ ਅਤੇ ਜਿਹੜਾ ਐਕਟ ਹੈ, ਉਨ੍ਹਾਂ ਦੇ ਵਿਚ ਵੀ ਇਨ੍ਹਾਂ ਤੇ ਇਕੱਠੀ ਡਿਸਕਸ਼ਨ ਕਰਾ ਲੈਂਦੇ । ਇਸ ਲਈ ਮੈਂ ਉਸਤੇ ਵੱਖਰਾ ਕੁਝ ਨਹੀ ਕਹਿਣਾ ਚਾਹੁੰਦਾ, ਮੈਂ ਇਕੋ ਹੀ ਕਹਿ ਲੈਂਦਾ ਹਾਂ ਇਕ ਦੋ ਸ਼ਬਦ ਜਿਹੜੇ ਕਹਿਣੇ ਹਨ ।

ਮੇਰੀ ਪਹਿਲੀ ਬੇਨਤੀ ਹੈ ਕਿ ਵਾਕਿਆ ਹੀ ਜਿਹੜੀ ਇਹ ਅਮੈਂਡਮੈਂਟ ਲਿਆਂਦੀ ਗਈ ਹੈ, ਮੈਂ ਉਸਨੂੰ ਵੈਲਕਮ ਕਰਦਾ ਹਾਂ । ਇਸ ਬਾਰੇ ਕਾਫ਼ੀ ਪ੍ਰੈਕਟੀਕਲ ਪ੍ਰਾਬਲਮ ਆ ਰਹੀ ਸੀ । ਐਨ.ਆਰ.ਆਈਜ਼ ਵੀ ਮਿਲਦੇ ਸੀ ਅਤੇ ਜਿਹੜੇ ਮਿਲਟਰੀ ਮੈਨ ਹਨ, ਉਨ੍ਹਾਂ ਨੂੰ ਵੀ ਕਾਫੀ ਪ੍ਰਾਬਲਮ ਪੇਸ਼ ਆ ਰਹੀ ਸੀ । ਇਸ ਨੂੰ ਸੌਲਵ ਕਰਨ ਦੀ ਜੋ ਐਫਰਟ ਗੌਰਮਿੰਟ ਵਲੋਂ ਕੀਤੀ ਗਈ ਹੈ, ਉਹ ਠੀਕ ਹੈ । ਇਸ ਵਿਚ ਸਿਰਫ ਇਕੋ ਹੀ ਚੀਜ਼ ਹੈ ਜਿਸ ਤੇ ਮੇਰਾ ਮੱਤਭੇਦ ਹੈ, ਥੋੜ੍ਹਾ ਜਿਹਾ ਖਦਸ਼ਾ ਹੈ ਕਿ ਇਸ ਗੱਲ ਨੂੰ ਕੇਅਰਫੁਲੀ ਵਾਚ ਨਹੀਂ ਕੀਤਾ ਗਿਆ ਕਿ ਜੋ ਅਧਿਕਾਰ ਮੁਜ਼ਾਰੇ ਨੂੰ ਬੇਦਖਲ ਕਰਨ ਦੇ ਦਿੱਤੇ ਹਨ, ਔਰ ਜੋ ਮੁਜ਼ਾਰੇ ਦੀ ਸੇਫ-ਸਾਈਡ ਕੀਤੀ ਗਈ ਹੈ ਪੁਰਾਣੇ ਐਕਟ ਦੇ ਵਿਚ, ਉਸ ਵਿਚ ਕੁਝ 3-4 ਮੱਦਾਂ ਪਾਈਆਂ ਗਈਆਂ ਹਨ । ਫਰਜ਼ ਕਰੋ ਕਿ ਕੋਈ ਰੈਂਟ ਪੇਅ ਨਹੀ ਕਰਦਾ, ਜਾਂ ਉਸਨੇ ਸਬਲੈਟ ਕਰ ਦਿਤਾ ਹੈ, ਜਾਂ ਪਰਾਪਰਲੀ

[ਕਾਮਰੇਡ ਹਰਦੇਵ ਅਰਸ਼ੀ]

ਕਲਟੀਵੇਟ ਨਹੀਂ ਕਰਦਾ ਜਾਂ ਕੋਈ ਰਿਜ਼ਰਵ ਏਰੀਆ ਹੈ ਅਤੇ ਆਲਰੇਡੀ ਡਿਕਲੇਅਰ ਕੀਤਾ ਹੋਇਆ ਹੈ ਅਤੇ ਉਸ ਵਿਚ ਉਹ ਬੈਠਾ ਹੋਇਆ ਹੈ, ਹੁਣ ਜਿਸ ਵੇਲੇ ਇਹ ਅਮੈਂਡਮੈਟ ਕੀਤੀ ਹੈ, ਐਨ.ਆਰ.ਈਜ਼। ਵਾਸਤੇ ਅਤੇ ਆਰਮਡ ਫੋਰਸਿਜ਼ ਦੇ ਪਰਸੋਨਲ ਵਾਸਤੇ ਤਾਂ ਇਹ ਸਾਰੀਆਂ ਗੱਲਾਂ ਹਟਾ ਦਿੱਤੀਆਂ ਗਈਆਂ ਹਨ । ਮੇਰੀ ਸਿੰਪਲ ਅਤੇ ਛੋਟੀ ਜਿਹੀ ਅਮੈਂਡਮੈਂਟ ਹੈ, ਏਨੀ ਕੁ ਕੰਡੀਸ਼ਨ ਜ਼ਰੂਰ ਲਾਓ ਕਿ ਇਥੇ ਆਰਮਡ ਫੋਰਸਿਜ਼ ਵਾਲੇ ਹਨ, ਜੋ ਉਹ ਆ ਕੇ ਬੇਦਖਲ ਕਰਨਾ ਚਾਹੁੰਦੇ ਹੋਣ, ਤਾਂ ਕਰਨ ਆਫਟਰ ਰਿਟਾਇਰਮੈਂਟ ਜਾਂ ਸੈਟਲਡ ਹੋਣ ਤੇ ਬਾਅਦ । ਇਹ ਥਰਡ ਲਾਈਨ ਵਿਚ ਇਹ ਸ਼ਬਦ ਪਾਇਆ ਹੈ who has retired or settled, ਸਿਰਫ ਏਨਾ ਸ਼ਬਦ ਪਾ ਲਿਆ ਜਾਵੇ। ਸੈਕੰਡ ਪਾਰਟ ਵਿਚ ਉਸੇ ਵਿਚ ਜਿਥੇ ਨਾਨ ਰੈਜ਼ੀਡੈਂਟ ਇੰਡੀਅਨ ਸ਼ਬਦ ਹੈ, ਉਥੇ ਏਨਾ ਸ਼ਬਦ ਪਾ ਲਿਆ ਜਾਵੇ who becomes resident himself ਇਸਦੇ ਨਾਲ ਇਹ ਹੋਵੇਗਾ ਕਿ ਜਿਸ ਆਰਮੀ ਪਰਸਨ ਨੇ ਇਥੇ ਆਉਣਾ ਹੀ ਨਹੀਂ, ਉਸਦੇ ਕਿਸੇ ਹੋਰ ਫੈਮਿਲੀ ਮੈਂਬਰ ਨੇ ਇਥੇ ਆ ਕੇ ਖੇਤੀਬਾੜੀ ਨਹੀ ਕਰਨੀ, ਉੱਥੇ ਆਲਰੇਡੀ ਵਿਚਾਰਾ ਇਕ ਮੁਜ਼ਾਰਾ ਬੈਠਾ ਹੈ ਤਾਂ ਉਸਨੂੰ ਬੈਠਾ ਰਹਿਣ ਦਿਤਾ ਜਾਵੇ, ਉਸਨੂੰ ਕਾਹਦੇ ਵਾਸਤੇ ਹਟਾਇਆ ਜਾਵੇ । ਇਸੇ ਤਰ੍ਹਾਂ ਜੇ ਕੋਈ ਵਿਅਕਤੀ ਬਾਹਰ ਗਿਆ ਹੈ, ਇਥੇ ਕਿਸੇ ਨੂੰ ਥਾਂ ਦੇ ਗਿਆ ਹੈ, ਉਥੇ ਗਰੀਬ ਵਿਚਾਰਾ ਕੋਈ ਖੇਤੀ ਕਰਦਾ ਹੈ, ਉਸਨੂੰ ਬਿਨਾਂ ਕਿਸੇ ਠੋਸ ਰੀਜ਼ਨ ਦੇ ਹਟਾਉਣ ਦੀ ਕੀ ਜ਼ਰੂਰਤ ਹੈ ? ਭਾਵੇਂ ਅਸੀਂ ਇਹ ਮੌਕਾ ਇਕੋ ਵਾਰੀ ਦੇ ਰਹੇ ਹਾਂ, ਵਾਰ ਵਾਰ ਨਹੀਂ ਦੇ ਰਹੇ ਅਮੈਂਡਮੈਟ ਵਿਚ, ਪਰ ਫਿਰ ਵੀ ਮੇਰੀ ਬੇਨਤੀ ਹੈ ਕਿ ਜਿਹੜੀਆਂ ਕੰਡੀਸ਼ਨਜ਼ ਮੁਜਾਰਿਆਂ ਦੀ ਸੇਫ-ਸਾਈਡ ਕਰਦੀਆਂ ਹਨ, ਉਹ ਸਾਰੀਆਂ ਹਟਾ ਦਿੱਤੀਆਂ ਹਨ । ਉਸ ਕਾਰਣ ਜਦੋਂ ਵੀ ਕੋਈ ਚਾਹੇ, ਬਿਨਾਂ ਕਿਸੇ ਕਾਰਨ ਦੇ ਵੀ ਮੁਜ਼ਾਰਿਆਂ ਦੇ ਨਾਲ ਜ਼ਿਆਦਤੀ ਕਰ ਸਕਦਾ ਹੈ । ਇਸ ਲਈ ਮੇਰੇ ਵਲੋਂ ਦਿਤੇ ਗਏ ਏਨੇ ਸ਼ਬਦ ਪਾ ਕੇ ਇਹ ਅਮੈਂਡਮੈਂਟ ਕਰ ਲਈ ਜਾਵੇ । ਬਾਕੀ ਜਿਸ ਭਾਵਨਾ ਨਾਲ ਇਹ ਅਮੈਂਡਮੈਂਟ ਲਿਆਂਦੀ ਗਈ ਹੈ, ਉਸਦਾ ਮੈਂ ਵੈਲਕਮ ਕਰਦਾ ਹਾਂ । ਬਾਕੀ ਸਾਰੀ ਇਸ ਅਮੈਂਡਮੈਂਟ ਨੂੰ ਮੈਂ ਸਪੋਰਟ ਕਰਦਾ ਹਾਂ ।

ਹਾਇਰ ਸੈਕੰਡਰੀ ਤੇ ਪ੍ਰਾਇਮਰੀ ਸਿੱਖਿਆ ਮੰਤਰੀ (ਸਰਦਾਰ ਤੋਤਾ ਸਿੰਘ) : ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਬਿਲ ਮੂਵ ਕੀਤਾ ਹੈ ਪੰਜਾਬ ਸਰਕਾਰ ਨੇ ਇਹ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ । ਇਹ ਜੋ ਅਮੈਂਡਮੈਂਟ ਕੀਤੀ ਹੈ ਇਹ ਐਨ.ਆਰ.ਈਜ਼. ਦੀ ਬੜੇ ਚਿਰ ਦੀ ਮੰਗ ਸੀ । ਹਜ਼ਾਰਾਂ ਦੀ ਗਿਣਤੀ ਵਿਚ ਨਹੀਂ,

ਲੱਖਾਂ ਦੀ ਗਿਣਤੀ ਵਿਚ ਐਨ.ਆਰ.ਈਜ਼. ਹਨ । ਉਹ ਇਥੇ ਆਉਂਦੇ ਸੀ, ਪਲਾਟ ਲੈਂਦੇ ਸੀ, ਕੋਠੀ ਲੈਂਦੇ ਸੀ, ਐਗਰੀਕਲਚਰ ਜ਼ਮੀਨ ਲੈਂਦੇ ਸੀ । ਉਸਤੇ ਜਿਹੜਾ ਇਕ ਵਾਰੀ ਕਬਜ਼ਾ ਕਰ ਲੈਂਦਾ ਸੀ, ਉਹ ਫਿਰ ਜ਼ਮੀਨ ਛੱਡਣ ਨੂੰ ਤਿਆਰ ਨਹੀਂ ਸੀ ਹੁੰਦਾ । ਜਿਹੜਾ ਅਰਸ਼ੀ ਜੀ ਨੇ ਕਿਹਾ ਹੈ ਕਿ ਮੁਜ਼ਾਰਿਆਂ ਨੂੰ ਹਟਾਇਆ ਨਾ ਜਾਵੇ, ਉਸ ਬਾਰੇ ਬੜਾ ਦੁੱਖ ਆਉਂਦਾ ਹੈ । ਕਈ ਥਾਵਾਂ ਤੇ, ਅਸੀਂ ਇਨ੍ਹਾਂ ਨੂੰ ਦੱਸ ਦੇਂਦੇ ਹਾਂ ਕਿ ਉਨ੍ਹਾਂ ਨੂੰ ਕੋਈ ਪੈਲੀ ਦਾ ਠੇਕਾ ਦੇਣ ਨੂੰ ਵੀ ਤਿਆਰ ਨਹੀਂ ਹੁੰਦਾ । ਏਨਾ ਹੀ ਨਹੀਂ, ਆਰਮਡ ਫੋਰਸਿਜ਼ ਵਿਚ ਸਰਵਿਸ ਤੇ ਕੋਈ ਕਸ਼ਮੀਰ ਵਿਚ ਬੈਠਾ ਹੈ, ਕੋਈ ਲੱਦਾਖ ਵਿਚ ਕੋਈ ਲੇਹ ਵਿਚ ਬੈਠਾ ਹੈ । ਉਸਦੀ ਔਰਤ ਇਕੱਲੀ ਵਿਚਾਰੀ ਇਥੇ ਬੈਠੀ ਹੁੰਦੀ ਹੈ । ਉਸਦੀ ਜ਼ਮੀਨ ਛੱਡਣ ਨੂੰ ਵੀ ਕੋਈ ਤਿਆਰ ਨਹੀਂ ਹੁੰਦਾ । ਪੁਰਾਣੇ ਠੇਕੇ ਤੇ ਹੀ ਲਈ ਜਾਂਦੇ ਹਨ । ਇਸ ਲਈ ਅਸੀਂ ਇਹ ਕਰ ਦਿਤਾ ਹੈ ਕਿ ਚਾਹੇ ਕੋਈ ਸਰਵਿਸ ਵਿਚ ਹੈ ਜਾਂ ਐਕਸ-ਸਰਵਿਸਮੈਨ ਹੈ, ਉਸਦੀ ਜ਼ਮੀਨ ਛੱਡਣੀ ਲਾਜ਼ਮੀ ਹੈ । ਐਨ.ਆਰ.ਈਜ਼ ਦੇਖ ਲਓ, ਕੋਈ ਕਿਤੇ ਬੈਠਾ ਹੈ ਕੋਈ ਕਿਤੇ ਬੈਠਾ ਹੈ । ਕਿੰਨੀ ਕਰੰਸੀ ਕਮਾ ਕਮਾ ਕੇ ਉਹ ਲੋਕ ਇਥੇ ਭੇਜਦੇ ਹਨ । ਇਸ ਤਰ੍ਹਾਂ ਤਾਂ ਉਨ੍ਹਾਂ ਦੀ ਵਿਦੇਸ਼ਾਂ ਵਿਚੋਂ ਇਥੇ ਪੈਸੇ ਭੇਜਣ ਦੀ ਭਾਵਨਾ ਹੀ ਖਤਮ ਹੋ ਜਾਣੀ ਹੈ । ਜੋ ਹਾਲਤ ਚਲ ਰਹੀ ਸੀ ਜਿਹੜੇ ਪਲਾਟ, ਕੋਠੀਆਂ ਜਾਂ ਕੋਈ ਜ਼ਮੀਨ ਉਹ ਛੱਡ ਗਏ ਸਨ, ਉਨ੍ਹਾਂ ਦੇ ਬੱਚੇ ਇਹ ਬਰਦਾਸ਼ਤ ਨਹੀਂ ਸੀ ਕਰ ਸਕਦੇ ਕਿ ਕੋਈ ਉਨ੍ਹਾਂ ਤੇ ਨਜਾਇਜ਼ ਕਬਜ਼ਾ ਕਰੀ ਬੈਠੇ । ਜਿਹੜੇ ਲੋਕ ਦੇਸ਼ ਨੂੰ ਕਮਾਈ ਕਰਕੇ ਦਿੰਦੇ ਹਨ ਅਤੇ ਸਾਡੀ ਇਕਾਨਮੀ ਨੂੰ ਤਕੜਾ ਕਰਦੇ ਹਨ, ਉਨ੍ਹਾਂ ਦੇ ਨਾਲ ਇਸ ਤਰ੍ਹਾਂ ਦਾ ਸਲੂਕ ਹੁੰਦਾ ਸੀ ਇਹ ਉਨ੍ਹਾਂ ਦੀ ਚਿਰੋਕਣੀ ਮੰਗ ਸੀ । ਅੱਜ ਲੱਖਾਂ ਦੀ ਗਿਣਤੀ ਵਿਚ ਲੋਕ ਵਿਦੇਸ਼ਾਂ ਵਿਚ ਬੈਠੇ ਹਨ ਜੋ ਆਪਣੀ ਕਮਾਈ ਇਧਰ ਭੇਜ ਕੇ ਪੰਜਾਬ ਨੂੰ ਮਜ਼ਬੂਤ ਕਰਦੇ ਹਨ ਉਨ੍ਹਾਂ ਵਾਸਤੇ ਇਹ ਕਾਨੂੰਨ ਬਣਾਉਣਾ ਬਹੁਤ ਲਾਜ਼ਮੀ ਸੀ ।

ਚੌਧਰੀ ਜਗਜੀਤ ਸਿੰਘ (ਕਰਤਾਰਪੁਰ, ਐਸ.ਸੀ.) : ਸਪੀਕਰ ਸਾਹਿਬ, ਇਹ ਜਿਹੜਾ ਬਿਲ ਇਥੇ ਲਿਆਂਦਾ ਗਿਆ ਹੈ, ਇਸ ਨੂੰ ਮੈਂ ਵੈਲਕਮ ਕਰਦਾ ਹਾਂ ਅਤੇ ਇਸ ਦੇ ਲਈ ਸਰਕਾਰ ਨੂੰ ਮੈਂ ਮੁਬਾਰਕਬਾਦ ਦਿੰਦਾ ਹਾਂ । ਮੈਨੂੰ ਵੀ 5-6 ਵਾਰ ਬਾਹਰਲੇ ਦੇਸ਼ਾਂ ਵਿਚ ਜਾਣ ਦਾ ਮੌਕਾ ਮਿਲਿਆ ਹੈ । ਜਦੋਂ ਵੀ ਉਥੇ ਜਾਈਦਾ ਸੀ ਤਾਂ ਉਥੇ ਜਿੰਨੇ ਵੀ ਵਸਨੀਕ ਮਿਲਦੇ ਸੀ ਜਿਹੜੇ ਪੰਜਾਬ ਵਿਚੋਂ ਗਏ ਹੋਏ ਸਨ, ਉਨ੍ਹਾਂ ਦੀ ਇਹ ਬਹੁਤ ਵੱਡੀ ਸ਼ਿਕਾਇਤ ਹੁੰਦੀ ਸੀ ਕਿ ਜਦੋਂ ਅਸੀਂ ਆਪਣੇ ਭਰਾਵਾਂ ਜਾਂ ਰਿਸ਼ਤੇਦਾਰਾਂ ਕੋਲ

[ਚੌਧਰੀ ਜਗਜੀਤ ਸਿੰਘ]

ਆਪਣੇ ਘਰ ਬਾਰ ਛੱਡ ਕੇ ਆਉਂਦੇ ਹਾਂ, ਆਪਣੇ ਮਕਾਨ ਜਾਂ ਜ਼ਮੀਨਾਂ ਛੱਡ ਕੇ ਆਉਂਦੇ ਹਾਂ ਤਾਂ ਉਸ ਤੋਂ ਬਾਦ ਜਦੋਂ ਮੁੜ ਕੇ ਪੰਜਾਬ ਆਉਂਦੇ ਹਾਂ ਤਾਂ ਸਾਨੂੰ ਇਹ ਵੇਖ ਕੇ ਬੜੀ ਔਖ ਹੁੰਦੀ ਹੈ ਕਿ ਉਹ ਉਨ੍ਹਾਂ ਦਾ ਕਬਜ਼ਾ ਨਹੀਂ ਛੱਡਦੇ । ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਤੁਸੀ ਵੀ ਬਾਹਰ ਗਏ ਹੋਵੋਗੇ ਅਤੇ ਤੁਹਾਨੂੰ ਵੀ ਇਸ ਤਰ੍ਹਾਂ ਦੇ ਬਹੁਤ ਸਾਰੇ ਲੋਕ ਮਿਲੇ ਹੋਣਗੇ । 90% ਲੋਕਾਂ ਦੀ ਇਹੀ ਸ਼ਿਕਾਇਤ ਹੁੰਦੀ ਸੀ ਕਿ ਅਸੀਂ ਜਿਹੜੀਆਂ ਕੋਠੀਆਂ ਬਣਾ ਕੇ ਗਏ ਸੀ, ਉਨ੍ਹਾਂ ਤੇ ਨਜਾਇਜ਼ ਕਬਜ਼ਾ ਹੋ ਗਿਆ ਹੈ । ਜਿਹੜੇ ਕਿਰਾਏਦਾਰ ਅਸੀਂ ਬਿਠਾ ਕੇ ਗਏ ਸੀ, ਉਹ ਹੁਣ ਨਿਕਲਦੇ ਨਹੀਂ ਹਨ । ਸਾਡੀਆਂ ਜ਼ਮੀਨਾਂ ਤੇ, ਸਾਡੇ ਪਲਾਟਾਂ ਤੇ ਨਜਾਇਜ਼ ਕਬਜ਼ਾ ਹੋ ਗਿਆ ਹੈ । ਇਹ ਉਨ੍ਹਾਂ ਦੀ ਇਕ ਬਹੁਤ ਵੱਡੀ ਸਮੱਸਿਆ ਸੀ ਜਿਸ ਨੂੰ ਕਿ ਅੱਜ ਪੰਜਾਬ ਸਰਕਾਰ ਹੱਲ ਕਰ ਰਹੀ ਹੈ । ਇਸ ਗੱਲ ਦੀ ਮੈਨੂੰ ਬੜੀ ਖੁਸ਼ੀ ਹੈ ਕਿ ਇਹ ਜਿਹੜੀ ਉਨ੍ਹਾਂ ਦੀ ਬੜੀ ਪੁਰਾਣੀ ਮੰਗ ਸੀ, ਉਹ ਅੱਜ ਪੂਰੀ ਹੋ ਰਹੀ ਹੈ । ਮੈਂ ਇਸ ਦਾ ਸਮਰਥਨ ਕਰਦਾ ਹਾਂ ।

श्रीमती लक्ष्मी कांता चावला (अमृतसर केन्द्रीय); स्पीकर साहिब, यह जो बिल सदन के सामने आया है, यह बहुत अच्छा बिल है और इस के लिए वर्तमान सरकार बधाई की पात्र है लेकिन इस में शब्द सिर्फ 'लैंड' है । क्या इस में उन लोगों की कोठियां और मकान भी आते हैं जो विदेश में बस गए हैं । सेना के जवान भी इस में आते हैं । इस के बारे अगर मनिस्ट्रर साहिब कलैरीफिकेशन दे दें तो अच्छा है । अगर इन को भी इस में शामिल नहीं किया जाता तो इन को कोई फायदा नहीं होगा । जो लोग विदेशों में बस गये हैं और उन के मकान किरायेदार खाली नहीं करते, उन को भी इस में जोड़ लेना चाहिए ।

ਵਿੱਤ ਅਤੇ ਯੋਜਨਾ ਮੰਤਰੀ : ਸਪੀਕਰ ਸਾਹਿਬ, ਜਿਹੜੀ ਅਰਬਨ ਪ੍ਰਾਪਰਟੀ ਹੈ, ਉਹ ਰੈਂਟ ਕੰਟਰੋਲ ਐਕਟ ਦੇ ਥੱਲੇ ਆਉਂਦੀ ਹੈ । ਇਹ ਸਿਰਫ ਪੰਜਾਬ ਸਿਕਿਉਰਿਟੀ ਆਫ ਲੈਂਡ ਟੈਨਿਓਰਜ਼ ਐਕਟ ਹੈ । ਸ਼ਹਿਰੀ ਮਕਾਨਾਂ ਵਾਸਤੇ ਸੈਪਰੇਟ ਐਕਟ ਹੈ ।

Mr. Speaker : Question is--

That the Punjab Security of Land Tenures (Amendment) Bill be taken into consideration at once.

The motion was carried.

Mr. Speaker : Now the House will proceed to consider the Bill Clause by Clause.

Sub-Clause (2) of Clause 1

Mr. Speaker : Question is--

That Sub-Clause (2) of Clause 1 stand part of the Bill.

The motion was carried.

Clause 2

Mr. Speaker : Question is--

That Sub-Clause (2) of Clause 1 stand part of the Bill.

The motion was carried.

Clause 3

Mr. speaker : There is a notice of amendment to this Clause by Shri Hardev Arshi.

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) : ਮੈਂ, ਸਪੀਕਰ ਸਾਹਿਬ, ਆਲਰੇਡੀ ਵਿਆਖਿਆ ਕਰ ਚੁੱਕਾ ਹਾਂ ਕਿ ਇਸ ਅਮੈਂਡਮੈਂਟ ਨਾਲ ਅਸੀ ਪੂਰੀ ਤਰ੍ਹਾਂ ਸਹਿਮਤ ਹਾਂ। ਸਿਰਫ ਇੱਕ ਸ਼ਬਦ ਦੀ ਵਿਆਖਿਆ ਕਰਨੀ ਹੈ ਕਿ ਜਿਸ ਵੇਲੇ ਕੋਈ ਆਦਮੀ ਪਰਸੋਨਲ ਰਿਟਾਇਰ ਹੋ ਕੇ ਆਵੇ ਜਾਂ ਕੋਈ ਐਨ.ਆਰ.ਆਈ. ਵਿਦੇਸ਼ ਤੋਂ ਵਾਪਸ ਆ ਕੇ ਆਪਣੇ ਮੁਲਕ ਵਿੱਚ ਸੈਟਲ ਹੋਣਾ ਚਾਹੇ ਤਾਂ ਉਹ ਆਪਣੀ ਜ਼ਮੀਨ ਲੈ ਸਕਦਾ ਹੈ। ਜਿਹੜਾ ਆਲਰੇਡੀ ਟੇਨੈਂਟ ਬੈਠਾ ਹੈ ਉਸ ਦਾ ਹੱਕ ਸੁਰੱਖਿਅਤ ਕੀਤਾ ਜਾਵੇ। ਬਾਕੀ ਇਸ ਅਮੈਂਡਮੈਂਟ ਤੇ ਸਾਡੀ ਪੂਰੀ ਤਰ੍ਹਾਂ ਸਹਿਮਤੀ ਹੈ।

Mr. Speaker : Question is--

"(i) That in line 3, between the words "Union" and "or", insert the words "who has retired or settled".

(ii) That in lines 3, after the words "Non-Resident Indian", add the words "who becomes resident himself".

The motion was lost.

Mr. Speaker : Question is--

That Clause 3 stand part of the Bill.

The motion was carried.

Clause 4

Mr. Speaker : Question is--

That Clause 4 stand part of the Bill.

The motion was carried.

Clause 5

Mr. Speaker : Question is--

That Clause 5 stand part of the Bill.

The motion was carried.

Sub-Clause (1) of Clause 1

Mr. Speaker : Question is--

That Sub-Clause (1) of Clause 1 stand part of the Bill.

The motion was carried.

Title

Mr. Speaker : Question is--

That Title be the Title of the Bill.

The motion was carried.

Minister of State for Public Relations, Revenue and Rehabilitation, (Sardar Sewa Singh Sekhwan) : Sir, I beg to move--

That the Punjab Security of Land Tenures (Amendment) Bill be passed.

Mr. Speaker : Motion moved--

That the Punjab Security of Land Tenures (Amendment) Bill be passed.

Mr. Speaker : Question is--

That the Punjab Security of Land Tenures (Amendment) Bill be passed.

The motion was carried unanimously.

THE PEPSU TENANCY AND AGRICULTURAL LANDS (AMENDMENT) BILL, 1997

Minister of State for Public Relations, Revenue and Rehabilitation (Sardar Sewa Singh Sekhwan) : Sir, beg to introduce the Pepsu Tenancy and Agricultural Lands (Amendment) Bill.

Sir, I also beg to move--

That the Pepsu Tenancy and Agriculatural Lands (Amendment) Bill be taken into consideration at once.

Mr. Speaker : Motion moved--

That the Pepsu Tenancy and Agricultural Lands (Amendment) Bill be taken ito consideration at once.

Mr. Speaker : There is a notice of amendment to Clause 3 of this Bill by Shri Hardev Arshi which may be deemed to have been read and moved.

Comrade Hardev Arshi :

(i) That in line 3, between the words "Union" and "or", insert the words "who has retired or settled".

"(ii) That in lines 3 and 4, after the words "Non-Resident Indian" add the words "who becomes resident himself".

Mr. Speaker : Discussion, if any.

(At this stage, no Hon'ble Member rose to speak).

Mr. Speaker : Question is--

That the Pepsu Tenancy and Agricultural Lands (Amendment) Bill be taken into consideration at once.

The motion was carried.

Mr. Speaker : Now the House will proceed to consider the Bill Clause by Clause.

Sub-Clause (2) of Clause 1

Mr. Speaker : Question is--

That Sub-Clause (2) of Clause 1 stand part of the Bill.

The motion was carried.

Clause 2

Mr. Speaker : Question is--

That Clause 2 stand part of the Bill.

The motion was carried.

Clause 3

Mr. Speaker : There is a notice of amendment to this Clause from Shri Hardev Arshi. First I shall put the amendment to the vote of the House.

Mr. Speaker : Question is--

"(i) That in line 3, between the words "Union" and "or", insert the words "who has retired or settled".

(ii) That in line 3 and 4, after the words "Non-Resident Indian" add the words "who becomes resident himself".

The motion was lost.

Mr. Speaker : Question is--

That Clause 3 stand part of the Bill.

The motion was carried.

Clause 4

Mr. Speaker : Question is--

That Clause 4 stand part of the Bill.

The motion was carried.

Clause 5

Mr. Speaker : Question is--

That Clause 5 stand part of the Bill.

The motion was carried.

Clause 6

Mr. Speaker : Question is--

That Clause 6 stand part of the Bill.

The motion was carried.

Sub-Clause (1) of Clause 1

Mr. Speaker : Question is--

That Sub-Clause (1) of Clause 1 stand part of the Bill.

The motion was carried.

Title

Mr. Speaker : Question is--

That Title be the Title of the Bill.

The motion was carried.

Minister of State for Public Relations, Revenue and Rehabilitation (Sardar Sewa Singh Sekhwan) : Sir, I beg to move--

That the Pepsu Tenancy and Agricultural Lands (Amendment) Bill be passed.

Mr. Speaker : Motion moved--

That the Pepsu Tenancy and Agricultural Lands (Amendment) Bill be passed.

Mr. Speaker : Question is--

That the Pepsu Tenancy and Agricultural Lands (Amendment) Bill be passed.

The motion was carried unanimously.

Mr. Speaker : Now the House stands adjourned till 9.00 A.M. on Wednesday, the 24th December, 1997.

*11.47 A.M.

*(The Sabha then *adjoured till 9.00 A.M. on Wednesday the 24th December, 1997)*

APPENDIX

TO

PUNJAB VIDHAN SABHA DEBATES

The 23rd December, 1997.

Vol. III-No. 2

STARRED QUESTIONS AND ANSWERS

ਦੁਸਾਂਝ ਕਲਾਂ--ਸਰਹਾਲਾ ਰਾਨੂਵਾਂ ਸੜਕ ਤੇ ਪ੍ਰੀ-ਮਿਕਸ ਵਿਛਾਉਣਾ

*672. ਚੌਧਰੀ ਮੋਹਨ ਲਾਲ ਬਹਿਰਾਮ : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਬੰਗਾ ਵਿਧਾਨ ਸਭਾ ਚੋਣ ਹਲਕੇ ਵਿਚ ਪੈਂਦੇ ਪਿੰਡ ਦੁਸਾਂਝ ਕਲਾਂ ਤੋਂ ਪਿੰਡ ਸਰਹਾਲਾ ਰਾਨੂਵਾਂ ਸੜਕ ਤੇ ਕਿਹੜੇ ਮਹੀਨੇ ਅਤੇ ਸਾਲ ਵਿਚ ਰੋੜੀ ਪਾਈ ਗਈ ਸੀ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸੜਕ ਤੇ ਕਦੋਂ ਤਕ ਪ੍ਰੀ-ਮਿਕਸ ਪਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਹਰਮੇਲ ਸਿੰਘ (ਲੋਕ ਨਿਰਮਾਣ ਮੰਤਰੀ) : (ੳ) ਇਸ ਸੜਕ ਤੇ ਕੁਟਾਈ ਦਾ ਕੰਮ ਜਨਵਰੀ, 1995 ਅਤੇ ਲਾਈਟ ਕੋਟ ਦਾ ਕੰਮ ਜੂਨ, 1995 ਵਿਚ ਮੁਕੰਮਲ ਹੋ ਚੁੱਕਾ ਸੀ ।

(ਅ) ਇਸ ਸੜਕ ਤੇ ਪ੍ਰੀ-ਮਿਕਸ ਕਾਰਪੇਟ ਦਾ ਕੰਮ 31 ਮਾਰਚ, 1998 ਤੱਕ ਪੂਰਾ ਕਰ ਦਿੱਤਾ ਜਾਵੇਗਾ ।

ਓਸਵਾਲ ਖੰਡ ਮਿਲਜ਼, ਮੁਕੇਰੀਆਂ ਵਿਰੁੱਧ ਕਿਸਾਨਾਂ ਦੀਆਂ ਬਕਾਇਆ ਅਦਾਇਗੀਆਂ

*678. ਸ਼੍ਰੀ ਅਰੁਨੇਸ਼ ਕੁਮਾਰ : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 1996-97 ਦੇ ਦੌਰਾਨ ਕਿਸਾਨਾਂ ਦੁਆਰਾ ਓਸਵਾਲ ਖੰਡ ਮਿਲਜ਼, ਮੁਕੇਰੀਆਂ ਨੂੰ ਸਪਲਾਈ ਕੀਤੇ ਗਏ ਗੰਨੇ ਦੀ ਪੂਰੀ ਅਦਾਇਗੀ ਮਿੱਲ ਮਾਲਕਾਂ ਦੁਆਰਾ ਉਨ੍ਹਾਂ ਨੂੰ ਕਰ ਦਿੱਤੀ ਗਈ ਹੈ, ਜੇਕਰ ਨਹੀਂ ਤਾਂ ਅਜਿਹੇ ਕਿਸਾਨਾਂ ਦੇ ਨਾਂ ਅਤੇ ਪਤੇ ਕੀ-ਕੀ ਹਨ ਜਿਨ੍ਹਾਂ ਨੂੰ ਕੁਝ ਅਦਾਇਗੀਆਂ ਅਜੇ ਕੀਤੀਆਂ ਜਾਣੀਆਂ ਹਨ ਅਤੇ ਹਰ ਇੱਕ ਕੇਸ ਵਿੱਚ ਕਿੰਨੀ ਅਦਾਇਗੀ ਬਕਾਇਆ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : ਓਸਵਾਲ ਖੰਡ ਮਿਲ, ਮੁਕੇਰੀਆਂ ਵਲੋਂ ਸਾਲ 1996-97 ਦੌਰਾਨ ਗੰਨੇ ਦੀ ਭਾਰਤ ਸਰਕਾਰ ਵਲੋਂ ਕਾਨੂੰਨੀ ਘੱਟੋ-ਘੱਟ ਕੀਮਤ (ਸਟੈਚੁਟਰੀ ਮਿਨੀਅਮ ਪਰਾਈਸ) ਜੋ ਕਿ 24.37 ਕਰੋੜ ਰੁਪਏ ਬਣਦੀ ਹੈ ਦੀ ਸਾਰੀ ਅਦਾਇਗੀ ਖੰਡ ਮਿਲ ਵਲੋਂ ਕਰ ਦਿੱਤੀ ਗਈ ਹੈ, ਪਰੰਤੂ ਸਟੇਟ ਅਡਵਾਈਜ਼ਡ ਪਰਾਈਸ ਮੁਤਾਬਿਕ 39.81 ਕਰੋੜ ਰੁਪਏ ਬਣਦੀ ਹੈ ਜਿਸ ਵਿਚੋਂ 35.97 ਕਰੋੜ ਰੁਪਏ ਦੀ ਕੀਮਤ ਦੀ ਅਦਾਇਗੀ ਕਰ ਦਿੱਤੀ ਗਈ ਹੈ ਅਤੇ 4,480 ਕਿਸਾਨਾਂ ਦੀ 3.84 ਕਰੋੜ ਰੁਪਏ ਦੀ ਅਦਾਇਗੀ ਮਿਤੀ 17 ਦਸੰਬਰ, 1997 ਨੂੰ ਬਕਾਇਆ ਸੀ । ਇਨ੍ਹਾਂ 4,480 ਕਿਸਾਨਾਂ ਦੀ ਸੂਚੀ* ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਬਕਾਇਆ ਰਕਮ ਦੇ ਵੇਰਵੇ ਸਹਿਤ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

---

* Placed in the Library.

APPENDIX-II
to
PUNJAB VIDHAN SABHA DEBATES

The 23rd December, 1997

Vol. III No. 2

Starred Question and Answers

ਐਸ.ਪੀ.ਓਜ਼ ਦੀ ਸਿਪਾਹੀਆਂ/ਸ਼੍ਰੇਣੀ IV ਦੇ ਕਰਮਚਾਰੀਆਂ ਵਜੋਂ ਭਰਤੀ

*644. ਕਾਮਰੇਡ ਅਜੈਬ ਸਿੰਘ ਰੌਂਤਾਂ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਉਨ੍ਹਾਂ ਐਸ.ਪੀ.ਓਜ਼ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਜਿਨ੍ਹਾਂ ਨੂੰ 15 ਫਰਵਰੀ, 1997 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਪੁਲਿਸ ਵਿਭਾਗ ਵਿਚ ਸਿਪਾਹੀਆਂ ਅਤੇ ਸ਼੍ਰੇਣੀ IV ਦੇ ਕਰਮਚਾਰੀਆਂ ਵਜੋਂ ਭਰਤੀ ਕੀਤਾ ਗਿਆ ਹੈ ;

(ਅ) ਉਨ੍ਹਾਂ ਐਸ.ਪੀ. ਓਜ਼ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਜੋ ਅਜੇ ਵੀ ਬਤੌਰ ਐਸ.ਪੀ. ਓਜ਼ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਨਿਯਮਿਤ ਨਿਯੁਕਤੀ ਕਦੋਂ ਤੱਕ ਦਿੱਤੇ ਜਾਣ ਦੀ ਸੰਭਾਵਨਾ ਹੈ ;

(ੲ) ਕੀ ਸਰਕਾਰ ਦੀ ਰਾਜ ਵਿਚ ਇਸ ਸਮੇਂ ਕੰਮ ਕਰ ਰਹੇ ਐਸ.ਪੀ. ਓਜ਼ ਦੀ ਮਜ਼ਦੂਰੀ ਵਧਾਉਣ ਦੀ ਤਜਵੀਜ਼ ਹੈ ?

Sardar Parkash Singh Badal: (a) District-wise number of SPOs who have been recruited as constables and Class-IV emloyees in the Police Department during the period from 15th February, 1997 to-date (29th December, 1997) is as under :--

Name of District	Recruited as Constables	Recruited as Class-IV employees
1	2	3
Barnala	63	--
Patiala	124	--

1	2	3
Fatehgarh Sahib	37	--
Sangrur	36	1
Ludhiana	70	--
Ropar	97	--
Jagraon	13	--
Khanna	11	--
Amritsar	38	--
Batala	30	--
Majitha	33	--
Tarn Taran	99	--
Gurdaspur	37	--
Jalandhar	120	--
Kapurthala	31	--
Hoshiarpur	40	--
Faridkot	4	--
Bathinda	19	--
Mansa	10	--
Ferozepur	44	--
Moga	8	--
Mukatsar	2	--
G.R.P.	59	--
Total:	1025	1

(b) District-wise number of SPOs who are working as SPOs are as under :-

Name of District	Number of SPOs.
1	2
Barnala	387
Patiala	813
Fatehgarh Sahib	345
Sangrur	775
Ludhiana	1421
Ropar	533
Jagraon	318
Khanna	332
Amritsar	1205
Batala	899
Majitha	798
Tarn-Taran	1022
Gurdaspur	515
Jalandhar	1832
Kapurthala	335
Hoshiarpur	1280
Faridkot	232
Bathinda	410
Mansa	169
Ferozepur	678
Moga	96

1	2
Mukatsar	88
G.R.P.	995
Total :	15478

No specific time limit can be fixed within which the remaining SPOs are likely to be given regular appointment. This would depend upon the number of vacancies occuring from time to time.

(c) A proposal to increase the wages of SPOs from Rs. 50 per person per day to Rs. 60 per person per day is under consideration of the Government.

ਮੁੱਖ ਮੰਤਰੀ/ਮੰਤਰੀਆਂ ਦੇ ਟੀ.ਏ./ਡੀ.ਏ. ਤੇ ਖਰਚਾ

*618. **ਸਰਦਾਰ ਹਰਮਿੰਦਰ ਸਿੰਘ ਜੱਸੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਮਈ, 1997 ਦੇ ਦੌਰਾਨ ਮੁੱਖ ਮੰਤਰੀ ਅਤੇ ਦੂਜੇ ਮੰਤਰੀਆਂ ਦੁਆਰਾ ਕੀਤੇ ਗਏ ਦੌਰਿਆਂ ਦੇ ਸਥਾਨਾਂ ਦੇ ਵੇਰਵੇ ਕੀ ਹਨ ਅਤੇ ਵੱਖ-ਵੱਖ ਮੁੱਖ ਮੰਤਰੀ ਅਤੇ ਹਰ ਇਕ ਮੰਤਰੀ ਦੁਆਰਾ ਉਕਤ ਦੌਰਿਆਂ ਲਈ ਟੀ.ਏ./ਡੀ.ਏ. ਦੀ ਕਿੰਨੀ ਰਾਸ਼ੀ ਲਈ ਗਈ;

(ਅ) ਮਈ, 1997 ਦੇ ਦੌਰਾਨ ਦੌਰਿਆਂ ਤੇ ਵੱਖ-ਵੱਖ ਮੁੱਖ ਮੰਤਰੀ/ਹਰ ਇਕ ਮੰਤਰੀ ਦੇ ਨਾਲ ਦੌਰੇ ਗਏ ਨਿੱਜੀ ਅਮਲੇ ਦੁਆਰਾ ਟੀ.ਏ./ ਡੀ.ਏ. ਦੀ ਕਿੰਨੀ-ਕਿੰਨੀ ਰਾਸ਼ੀ ਲਈ ਗਈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਲੋੜੀਂਦੀ ਸੂਚਨਾ ਅਨੁਲੱਗ-1 ਅਤੇ 2 ਦੇ ਰੂਪ ਵਿੱਚ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲੱਗ-1

ਮਈ, 1997 ਦੌਰਾਨ ਮੁੱਖ ਮੰਤਰੀ ਅਤੇ ਦੂਜੇ ਮੰਤਰੀਆਂ ਦੁਆਰਾ ਕੀਤੇ ਗਏ ਦੌਰੇ ਅਤੇ ਇਸ ਸਮੇਂ ਦੌਰਾਨ ਲਏ ਗਏ ਟੀ.ਏ./ਡੀ.ਏ. ਦਾ ਵੇਰਵਾ

ਲੜੀ ਨੰ:	ਮੰਤਰੀ ਸਾਹਿਬ ਦਾ ਨਾਂ	ਦੌਰਾ ਕੀਤੇ ਸਥਾਨ ਦਾ ਨਾਂ	ਟੀ.ਏ./ਡੀ.ਏ. ਵਜੋਂ ਪ੍ਰਾਪਤ ਕੀਤੀ ਰਾਸ਼ੀ
1.	ਸ: ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ।	ਬਠਿੰਡਾ, ਅੰਮ੍ਰਿਤਸਰ, ਜਲੰਧਰ, ਮੁਕਤਸਰ, ਮੋਗਾ, ਲੁਧਿਆਣਾ, ਦਿੱਲੀ, ਗੁਰਦਾਸਪੁਰ ।	-ਨਿਲ-
2.	ਸ਼੍ਰੀ ਬਲਰਾਮ ਜੀ ਦਾਸ ਟੰਡਨ, ਸਥਾਨਕ ਸਰਕਾਰ ਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਪੰਜਾਬ ।	ਅੰਮ੍ਰਿਤਸਰ, ਲੁਧਿਆਣਾ, ਦਿੱਲੀ, ਕਲਕੱਤਾ, ਜਲੰਧਰ ।	8786.00 ਰੁਪਏ
3.	ਸ: ਰਣਜੀਤ ਸਿੰਘ ਬ੍ਰਹਮਪੁਰਾ, ਸਹਿਕਾਰਤਾ ਮੰਤਰੀ, ਪੰਜਾਬ ।	ਅੰਮ੍ਰਿਤਸਰ, ਸੁਲਾਮ, ਕਾਹਲਵਾਂ, ਫੱਤੂਵਾਲਾ, ਬ੍ਰਹਮਪੁਰਾ, ਲੁਧਿਆਣਾ, ਤਰਨਤਾਰਨ, ਨਕੋਦਰ, ਬਾਬਾ ਬੁੱਢਾ ਸਾਹਿਬ, ਕਪੂਰਥਲਾ ।	2600.00 ਰੁਪਏ
4.	ਸ: ਪ੍ਰਕਾਸ਼ ਸਿੰਘ ਮਜੀਠਾ, ਮਾਲ ਤੇ ਪੁਨਰਵਾਸ ਮੰਤਰੀ, ਪੰਜਾਬ ।	ਮਜੀਠਾ, ਅੰਮ੍ਰਿਤਸਰ, ਜਲੰਧਰ, ਕਮਾਹੀ ਦੇਵੀ, ਕਪੂਰਥਲਾ ।	2400.00 ਰੁਪਏ

ਲੜੀ ਨੰ:	ਮੰਤਰੀ ਸਾਹਿਬ ਦਾ ਨਾਂ	ਦੌਰਾ ਕੀਤੇ ਸਥਾਨ ਦਾ ਨਾਂ	ਟੀ.ਏ./ਡੀ.ਏ. ਵਜੋਂ ਪ੍ਰਾਪਤ ਕੀਤੀ ਰਾਸ਼ੀ
5.	ਸ: ਗੁਰਦੇਵ ਸਿੰਘ ਬਾਦਲ, ਖੇਤੀਬਾੜੀ ਅਤੇ ਭਲਾਈ ਮੰਤਰੀ, ਪੰਜਾਬ ।	ਲੁਧਿਆਣਾ, ਮੋਗਾ, ਕੋਟਕਪੂਰਾ, ਅੰਮ੍ਰਿਤਸਰ, ਜਲੰਧਰ, ਬੇਰੋਵਾਲ, ਜਗਰਾਉਂ, ਬਾਘਾ ਪੁਰਾਣਾ , ਫਰੀਦਕੋਟ ।	5200.00 ਰੁਪਏ
6.	ਸ਼੍ਰੀ ਮਦਨ ਮੋਹਨ ਮਿੱਤਲ, ਖੁਰਾਕ ਅਤੇ ਸਪਲਾਈ ਮੰਤਰੀ, ਪੰਜਾਬ ।	ਨੰਗਲ, ਲੁਧਿਆਣਾ, ਰੋਪੜ, ਜਲੰਧਰ, ਫਿਲੌਰ, ਨੂਰਪੁਰਬੇਦੀ, ਪਟਿਆਲਾ, ਨਾਭਾ, ਧੂਰੀ, ਡੇਹਲੋਂ, ਦਾਖਾ, ਨਵਾਂ ਸ਼ਹਿਰ, ਅੰਮ੍ਰਿਤਸਰ, ਕਪੂਰਥਲਾ, ਫਗਵਾੜਾ ।	5600.00 ਰੁਪਏ
7.	ਕੈਪਟਨ ਕੰਵਲਜੀਤ ਸਿੰਘ, ਵਿੱਤ ਮੰਤਰੀ, ਪੰਜਾਬ ।	ਪਾਇਲ, ਖੰਨਾ, ਸਮਰਾਲਾ, ਪਟਿਆਲਾ, ਜਲੰਧਰ, ਲੁਧਿਆਣਾ, ਫਗਵਾੜਾ, ਦਿੱਲੀ, ਡੇਰਾਬੱਸੀ, ਅਮਲੋਹ, ਖਜੂਰ ਮੰਡੀ ।	3200.00 ਰੁਪਏ
8.	ਸ: ਸਰੂਪ ਸਿੰਘ, ਮਕਾਨ ਉਸਾਰੀ, ਕਿਰਤ ਅਤੇ ਰੋਜ਼ਗਾਰ ਮੰਤਰੀ, ਪੰਜਾਬ ।	ਜਲੰਧਰ, ਦਿੱਲੀ, ਬੇਰੋਵਾਲ, ਕਪੂਰਥਲਾ, ਲੁਧਿਆਣਾ, ਭੋਗਪੁਰ, ਸਿਕੰਦਰਪੁਰ, ਮੰਡੇਰਾਂ, ਭਗਵਾਨਪੁਰ ।	3600.00 ਰੁਪਏ

9.	ਡਾ: ਉਪਿੰਦਰਜੀਤ ਕੌਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਪੰਜਾਬ।	ਬਠਿੰਡਾ, ਸੁਲਤਾਨਪੁਰ, ਕਪੂਰਥਲਾ, ਅੰਮ੍ਰਿਤਸਰ, ਲੌਂਗੋਵਾਲ, ਕਿਲਾ ਰਾਏਪੁਰ, ਪਟਿਆਲਾ।	2800.00 ਰੁਪਏ
10.	ਸ: ਨਿਰਮਲ ਸਿੰਘ ਕਾਹਲੋਂ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ, ਪੰਜਾਬ।	ਬਠਿੰਡਾ, ਅੰਮ੍ਰਿਤਸਰ, ਫਤਿਹਗੜ੍ਹ ਚੂੜੀਆਂ, ਡੇਰਾ ਬਾਬਾ ਨਾਨਕ, ਧਾਰੀਵਾਲ ਗੁਰਦਾਸਪੁਰ, ਮੁਕੇਰੀਆਂ, ਪਠਾਨਕੋਟ, ਮਾਧੋਪੁਰ, ਲੁਧਿਆਣਾ, ਬਟਾਲਾ, ਫਤਿਹਗੜ੍ਹ ਸਾਹਿਬ।	2400.00 ਰੁਪਏ

ਅਨੁਲੱਗ–II

ਮਈ, 1997 ਦੌਰਾਨ ਮੰਤਰੀ ਸਾਹਿਬਾਨ ਦੇ ਨਿੱਜੀ ਅਮਲੇ ਵਲੋਂ ਪ੍ਰਾਪਤ ਕੀਤੇ ਸਫਰ ਭੱਤੇ ਦਾ ਵੇਰਵਾ ।

ਲੜੀ ਨੰ:	ਕਰਮਚਾਰੀ ਦਾ ਨਾਂ ਅਤੇ ਅਹੁੱਦਾ	ਸਫਰ ਭੱਤੇ ਵਜੋਂ ਪ੍ਰਾਪਤ ਕੀਤੀ ਰਾਸ਼ੀ
1	2	3
1.	ਸ: ਜੋਗਿੰਦਰ ਸਿੰਘ ਢੀਂਡਸਾ, ਪੀ.ਏ./ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਪੰਜਾਬ ।	1203.00 ਰੁਪਏ
2.	ਸ਼੍ਰੀ ਗੁਰਨਾਮ ਚੰਦ, ਪੀ.ਏ./ਵਿੱਤ ਮੰਤਰੀ, ਪੰਜਾਬ ।	830.00 ਰੁਪਏ
3.	ਸ਼੍ਰੀ ਕੇਵਲ ਕੁਮਾਰ, ਪੀ.ਏ./ਸਮਾਜ ਭਲਾਈ ਮੰਤਰੀ, ਪੰਜਾਬ ।	510.00 ਰੁਪਏ
4.	ਸ਼੍ਰੀ ਰਵਿੰਦਰ ਸਿੰਘ, ਸਪੈਸ਼ਲ ਸਹਾਇਕ/ਮਾਲ ਤੇ ਪੁਨਰਵਾਸ ਮੰਤਰੀ, ਪੰਜਾਬ ।	420.00 ਰੁਪਏ
5.	ਸਰਦਾਰ ਭਗਵੰਤ ਸਿੰਘ, ਪੀ.ਏ./ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ, ਪੰਜਾਬ ।	945.00 ਰੁਪਏ
6.	ਸ਼੍ਰੀ ਕਬੀਰ ਚੰਦ ਪੀ.ਏ./ਮੁੱਖ ਮੰਤਰੀ, ਪੰਜਾਬ ।	285.00 ਰੁਪਏ

7.	ਸਰਦਾਰ ਦਲਜੀਤ ਸਿੰਘ ਸੁਖੀਜਾ, ਸੀਨੀਅਰ ਸਕੇਲ ਸਟੈਨੋ/ਮੁੱਖ ਮੰਤਰੀ, ਪੰਜਾਬ ।	595.00 ਰੁਪਏ
8.	ਸਰਦਾਰ ਬਲਦੇਵ ਸਿੰਘ, ਸਪੈਸ਼ਲ ਸਹਾਇਕ/ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਪੰਜਾਬ ।	945.00 ਰੁਪਏ
9.	ਸ਼੍ਰੀ ਚਿਰੰਜੀ ਲਾਲ, ਸੀਨੀਅਰ ਸਕੇਲ ਸਟੈਨੋ/ਸਹਿਕਾਰਤਾ ਮੰਤਰੀ, ਪੰਜਾਬ ।	595.00 ਰੁਪਏ
10.	ਸ਼੍ਰੀ ਅਮਰਜੀਤ ਵਰਮਾ, ਪੀ.ਏ./ਮਾਲ ਅਤੇ ਪੁਨਰਵਾਸ ਮੰਤਰੀ, ਪੰਜਾਬ ।	140.00 ਰੁਪਏ
11.	ਸ਼੍ਰੀ ਚਰਨਜੀਤ ਸਿੰਘ, ਵਿਸ਼ੇਸ਼ ਸਹਾਇਕ/ਸਹਿਕਾਰਤਾ ਮੰਤਰੀ, ਪੰਜਾਬ ।	455.00 ਰੁਪਏ
12.	ਸਰਦਾਰ ਮਲਕੀਤ ਸਿੰਘ ਸਟਨੋ/ਸਹਿਕਾਰਤਾ ਮੰਤਰੀ, ਪੰਜਾਬ ।	420.00 ਰੁਪਏ
13.	ਸਰਦਾਰ ਰਣਜੀਤ ਸਿੰਘ, ਪੀ.ਏ./ਮਕਾਨ ਉਸਾਰੀ,, ਕਿਰਤ ਤੇ ਰੋਜ਼ਗਾਰ ਮੰਤਰੀ, ਪੰਜਾਬ ।	245.00 ਰੁਪਏ
14.	ਸ਼੍ਰੀ ਅਸ਼ੋਕ ਕੁਮਾਰ, ਪੀ.ਏ./ਖੁਰਾਕ ਅਤੇ ਸਪਲਾਈ ਮੰਤਰੀ, ਪੰਜਾਬ ।	980.00 ਰੁਪਏ

ਗੱਡੀਆਂ ਲਈ ਤਰਜੀਹੀ ਨੰਬਰਾਂ ਦੀ ਅਲਾਟਮੈਂਟ ਤੋਂ ਹੋਣ ਵਾਲੀ ਆਮਦਨ

*661. **ਸਰਦਾਰ ਸੋਹਨ ਸਿੰਘ ਬੋਦਲ :** ਕੀ ਟ੍ਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਨੂੰ ਅਦਾਇਗੀ ਦੇ ਅਧਾਰ ਤੇ ਗੱਡੀਆਂ ਨੂੰ ਤਰਜੀਹੀ ਨੰਬਰ ਦੇਣ ਦੀ ਸਕੀਮ ਸ਼ੁਰੂ ਹੋਣ ਤੋਂ ਬਾਅਦ ਆਮ ਜਨਤਾ ਦੀਆਂ ਗੱਡੀਆਂ ਨੂੰ ਅਲਾਟ ਕੀਤੇ ਗਏ ਤਰਜੀਹੀ ਨੰਬਰਾਂ ਤੋਂ ਕੁੱਲ ਕਿੰਨੀ ਆਮਦਨ ਹੋਈ ਹੈ ?

ਸਰਦਾਰ ਰਘੁਬੀਰ ਸਿੰਘ : ਮਿਤੀ 25 ਫਰਵਰੀ, 1998 ਤੱਕ ਤਰਜੀਹੀ ਰਜਿਸ਼ਟਰੇਸ਼ਨ ਨੰਬਰ ਦੇਣ ਦੀ ਸਕੀਮ ਤੋਂ ਰਾਜ ਸਰਕਾਰ ਨੂੰ 15,85,000 ਰੁਪਏ ਦੀ ਆਮਦਨ ਹੋਈ ਹੈ ।

19154/PVS--Govt. Press, U.T., Chd.

Published under the authority of the Punjab Vidhan Sabha and Printed by the Government Press, U.T., Chd.

PUNJAB VIDHAN SABHA

DEBATES

24th December, 1997

Vol. III—No. 3

OFFICIAL REPORT

CONTENTS

Wednesday, the 24th December, 1997

Punjab Vidhan Sabha Secretariat, Chandigarh.

Price: Rs.....

—0—

PUNJAB VIDHAN SABHA

Wednesday, the 24th December, 1997

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9.00 A.M. Mr. Speaker (Sardar Charnjit Singh Atwal) in the Chair.

STARRED QUESTIONS AND ANSWERS

ਸੇਮ ਨਾਲ ਪ੍ਰਭਾਵਤ ਹੋਏ ਪਿੰਡਾਂ ਦੇ ਵਸਨੀਕਾਂ ਨੂੰ ਰਾਹਤ ਦੇਣਾ

*656. **ਸ਼੍ਰੀ ਸੱਤਿਆ ਪਾਲ ਸੈਣੀ** : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਗੁਰਦਾਸਪੁਰ ਦੇ ਪਠਾਨਕੋਟ ਅਤੇ ਧਾਰ ਬਲਾਕਾਂ ਵਿਚ ਸੇਮ ਨਾਲ ਪ੍ਰਭਾਵਤ ਹੋਏ ਪਿੰਡਾਂ ਦੇ ਵਸਨੀਕਾਂ ਨੂੰ ਕੋਈ ਰਾਹਤ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਸੇਵਾ ਸਿੰਘ ਸੇਖਵਾਂ (ਲੋਕ ਸੰਪਰਕ ਅਤੇ ਮਾਲ ਅਤੇ ਮੁੜ ਵਸੇਬਾ ਰਾਜ ਮੰਤਰੀ) : ਨਹੀਂ ਜੀ ।

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਜਿਹੜੇ ਸੂਚਨਾ ਦੇ ਸਰੋਤ ਹਨ, ਉਨ੍ਹਾਂ ਦੀ ਦੁਬਾਰਾ ਜਾਂਚ ਕਰਨ ਦੀ ਅਵੱਸ਼ਕਤਾ ਹੈ । ਮੈਂ ਮੰਤਰੀ ਜੀ ਨੂੰ ਦੁਬਾਰਾ ਨਿਵੇਦਨ ਕਰਦਾ ਹਾਂ ਕਿ ਇਸ ਦੀ ਦੁਬਾਰਾ ਜਾਂਚ ਕੀਤੀ ਜਾਵੇ ਤਾਂ ਕਿ ਮੇਰਾ ਜਿਹੜਾ ਮੂਲ ਪ੍ਰਸ਼ਨ ਹੈ, ਉਸ ਤੇ ਠੀਕ ਤਰ੍ਹਾਂ ਵਿਚਾਰ ਹੋ ਸਕੇ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਡਿਪਟੀ ਕਮਿਸ਼ਨਰ, ਗੁਰਦਾਸਪੁਰ ਦੀ ਰਿਪੋਰਟ ਮੁਤਾਬਿਕ ਪਠਾਨਕੋਟ ਅਤੇ ਧਾਰ ਕਲਾਂ ਦੇ ਜਿਹੜੇ ਬਲਾਕ ਹਨ, ਉਨ੍ਹਾਂ ਵਿਚ ਕਿਤੇ ਵੀ ਸੇਮ ਦਾ ਇਲਾਕਾ ਨਹੀਂ ਹੈ ।

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਨੰਗਲ ਭੂਰਨ ਤੋਂ ਲੇ ਕੇ ਮੀਰਥਲ ਤੱਕ ਦੇ 12 ਪਿੰਡ ਹਨ ਜਿਹੜੇ ਮੈਂ ਐਸ. ਡੀ. ਐਮ. ਸਾਹਿਬ ਨੂੰ ਵਿਖਾਏ ਵੀ ਹਨ ਪਰ ਇਹ ਸੂਚਨਾ ਪਹਿਲਾਂ ਆ ਗਈ ਹੈ । ਮੇਰੀ ਬੇਨਤੀ ਹੈ ਕਿ ਮੰਤਰੀ ਜੀ ਇਨ੍ਹਾਂ ਪਿੰਡਾਂ ਦੀ ਦੁਬਾਰਾ ਜਾਂਚ ਕਰਵਾ ਲੈਣ, ਇਨ੍ਹਾਂ ਪਿੰਡਾਂ ਵਿਚ ਸੇਮ ਦਾ ਪਾਣੀ ਲਗਾਤਾਰ ਰਹਿੰਦਾ ਹੈ ਜਿਸ ਕਾਰਨ ਕਣਕ ਦੀ ਫਸਲ ਦਾ ਕਾਫੀ ਨੁਕਸਾਨ ਹੋਇਆ ਹੈ ।

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਲਿਖ ਕੇ ਦੇ ਦੇਣ, ਦੁਬਾਰਾ ਜਾਂਚ ਕਰਵਾ ਲਵਾਂਗੇ ਜੀ ।

ਸ਼੍ਰੀ ਸਪੀਕਰ : ਸੈਣੀ ਸਾਹਿਬ, ਤੁਸੀਂ ਲਿਖ ਕੇ ਦੇ ਦਿਓ, ਇਹ ਜਾਂਚ ਕਰਵਾ ਲੈਣਗੇ ।

ਰਾਜ ਵਿਚ ਕਣਕ ਅਤੇ ਝੋਨੇ ਦੀ ਖਰੀਦ

*700 (1) ਸਰਦਾਰ ਮੱਖਣ ਸਿੰਘ :
(2) ਸਰਦਾਰ ਸੁਖਵਿੰਦਰ ਸਿੰਘ
: ਕੀ ਖੁਰਾਕ ਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ 1 ਮਾਰਚ, 1995 ਤੋਂ 31 ਮਾਰਚ, 1997 ਤੱਕ ਦੇ ਸਮੇਂ ਦੌਰਾਨ ਵੱਖ-ਵੱਖ ਏਜੰਸੀਆਂ ਦੁਆਰਾ ਕੁੱਲ ਕਿੰਨੀ ਕਣਕ ਅਤੇ ਝੋਨੇ ਦੀ ਖ਼ਰੀਦ ਕੀਤੀ ਗਈ ਅਤੇ ਇਸ ਵੇਲੇ ਰਾਜ ਵਿੱਚ ਵੱਖ-ਵੱਖ ਕਣਕ ਅਤੇ ਝੋਨੇ ਦਾ ਸਟਾਕ ਕਿੰਨਾ ਕਿੰਨਾ ਹੈ।

ਸ੍ਰੀ ਮਦਨ ਮੋਹਨ ਮਿੱਤਲ : ਮਿਤੀ 1 ਮਾਰਚ, 1995 ਤੋਂ 31 ਮਾਰਚ, 1997 ਤੱਕ ਵੱਖ ਵੱਖ ਏਜੰਸੀਆਂ ਵੱਲੋਂ ਕੁੱਲ ਖਰੀਦ ਕੀਤੀ ਗਈ ਕਣਕ ਅਤੇ ਝੋਨਾ ਅਤੇ ਉਸ ਵਿੱਚੋਂ ਇਸ ਸਮੇਂ ਪਏ ਭੰਡਾਰ ਦੀ ਸੂਚਨਾ ਸਦਨ ਦੇ ਪਟਲ ਤੇ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ।

ਅਨੁਲੱਗ 'ੳ'

(1) ਕੀਤੀ ਖਰੀਦ

(ਅੰਕੜੇ ਲੱਖ ਮੀ. ਟਨਾਂ ਵਿੱਚ)

ਏਜੰਸੀ ਦਾ ਨਾਂ	ਕਣਕ			ਝੋਨਾ		
	1995-96	1996-97	ਜੋੜ	1995-96	1996-97	ਜੋੜ
1	2	3	4	5	6	7
ਫੂਡਸਪ ..	8.39	6.25	14.64	6.70	6.34	13.04
ਮਾਰਕਫੈਡ ..	15.07	11.37	26.44	10.26	10.19	20.45
ਪਨਸਪ ..	14.32	12.76	27.08	9.95	11.55	21.50
ਵੇਅਰਹਾਊਸ ..	11.89	9.15	21.04	6.78	6.37	13.15
ਭਾਰਤੀ ਖੁਰਾਕ ਨਿਗਮ ..	22.90	16.70	39.60	17.64	17.18	34.82
ਜੋੜ ..	72.57	56.23	128.80	51.33	51.63	102.96

(2) ਰਾਜ ਵਿੱਚ ਕਣਕ ਅਤੇ ਝੋਨੇ ਦੇ ਪਏ ਭੰਡਾਰ

(ਅੰਕੜੇ ਲੱਖ ਮੀ. ਟਨਾਂ ਵਿੱਚ)

ਏਜੰਸੀ ਦਾ ਨਾਂ	ਕਣਕ			ਝੋਨਾ		
	1995-96	1996-97	ਜੋੜ	1995-96	1996-97	ਜੋੜ
1	2	3	4	5	6	7
ਫੂਡਸਪ ..	0.80	0.49	1.29	—	0.02	0.02
ਮਾਰਕਫੈਡ ..	0.10	0.18	0.28	0.25	0.38	0.63
ਪਨਸਪ ..	0.11	0.13	0.24	0.12	0.17	0.29
ਵੇਅਰਹਾਊਸ ..	0.71	0.92	1.63	0.36	0.17	0.53
ਜੋੜ ..	1.72	1.72	3.44	0.73	0.74	1.47
ਭਾਰਤੀ ਖੁਰਾਕ ਨਿਗਮ ..	—	—	0.84	0.01	0.30	0.31

ਸਰਦਾਰ ਸੁਖਵਿੰਦਰ ਸਿੰਘ: ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜ਼ਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਉਤਰ ਵਿੱਚ ਦੱਸਿਆ ਹੈ ਕਿ ਕਣਕ ਦਾ ਭੰਡਾਰ ਸਾਲ 1995-96 ਵਿੱਚ 1.72 ਲੱਖ ਮੀਟਰਿਕ ਟਨ ਅਤੇ 1996-97 ਵਿੱਚ ਵੀ 1.72 ਲੱਖ ਮੀਟਰਿਕ ਟਨ, ਭਾਵ ਕੁਲ 3.44 ਲੱਖ ਮੀਟਰਿਕ ਟਨ ਹੋ ਗਿਆ ਹੈ। ਸਪੀਕਰ ਸਾਹਿਬ, ਕੀ ਸਰਕਾਰ ਆਉਣ ਵਾਲੇ ਸਮੇਂ ਵਿੱਚ ਅਜਿਹੇ ਪ੍ਰਬੰਧ ਕਰੇਗੀ ਕਿ ਕਿਸਾਨ ਦੀ ਫਸਲ ਮੰਡੀਆਂ ਵਿੱਚ ਨਾ ਰੁਲੇ ਅਤੇ ਇਹ ਸਮੇਂ ਸਿਰ ਖਰੀਦੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਕਿਸਾਨ ਦੀ ਜਿਹੜੀ ਵੀ ਫਸਲ ਮੰਡੀ ਵਿੱਚ ਆਵੇਗੀ, ਸਰਕਾਰ ਉਸਨੂੰ ਹਰ ਹਾਲਤ ਵਿੱਚ ਪ੍ਰੋਕਿਓਰ ਕਰੇਗੀ। ਪਿਛੇ ਵੀ ਜੋ ਫਸਲ ਮੰਡੀਆਂ ਵਿੱਚ ਆਈ ਸੀ, ਸਰਕਾਰ ਨੇ ਉਹ ਸਾਰੀ ਪ੍ਰੋਕਿਓਰ ਕੀਤੀ ਹੈ।

ਸਰਦਾਰ ਸੁਖਵਿੰਦਰ ਸਿੰਘ. ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਸਾਲ ਅਤੇ ਇਸ ਸਾਲ ਵਿੱਚ ਝੋਨੇ ਦੀ ਖਰੀਦ

[ਸਰਦਾਰ ਸੁਖਵਿੰਦਰ ਸਿੰਘ]
ਸਮੇਂ ਬਾਰਦਾਨੇ ਦੀ ਬੜੀ ਘਾਟ ਆਈ ਹੈ। ਮੰਡੀਆਂ ਵਿੱਚ ਹਾਹਾਕਾਰ ਮੱਚੀ ਰਹੀ ਪਰ ਬਾਰਦਾਨਾ ਨਹੀਂ ਆਇਆ। ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਆਉਣ ਵਾਲੇ ਸਾਲਾਂ ਵਿੱਚ ਬਾਰਦਾਨੇ ਦੀ ਘਾਟ ਨਹੀਂ ਆਵੇਗੀ ?

ਮੰਤਰੀ : ਸਪੀਕਰ ਸਾਹਿਬ, ਜਦੋਂ ਝੋਨੇ ਦੀ ਪ੍ਰਚੇਜ਼ ਹੋਣੀ ਸੀ, ਉਸਦੇ ਵਾਸਤੇ ਬਾਰਦਾਨੇ ਦੀ ਖਰੀਦ ਲਈ ਅਸੀਂ ਪਹਿਲਾਂ ਹੀ ਆਰਡਰ ਪਲੇਸ ਕਰ ਦਿੱਤੇ ਸੀ ਅਤੇ ਚੈੱਕ ਵੀ ਪਹਿਲਾਂ ਹੀ ਭੇਜ ਦਿੱਤੇ ਸੀ। ਜਿਹੜੀਆਂ ਸਾਡੀਆਂ ਪੰਜਾਬ ਸਰਕਾਰ ਦੀਆਂ ਖਰੀਦ ਏਜੰਸੀਆਂ ਹਨ, ਉਨ੍ਹਾਂ ਨੂੰ ਕਦੇ ਵੀ ਖਰੀਦ ਵਾਸਤੇ ਬਾਰਦਾਨੇ ਦੀ ਘਾਟ ਨਹੀਂ ਆਈ। ਕੇਵਲ ਐਫ. ਸੀ. ਆਈ. ਨੂੰ ਆਈ ਸੀ। ਹੁਣ ਵੀ ਅਸੀਂ ਰਬੀ ਦੀ ਫਸਲ ਦੀ ਖਰੀਦ ਵਾਸਤੇ ਬਾਰਦਾਨੇ ਦਾ ਪਹਿਲਾਂ ਹੀ ਪ੍ਰਬੰਧ ਕਰ ਲਿਆ ਹੈ। ਅਗੋਂ ਵਾਸਤੇ ਵੀ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਬਾਰਦਾਨੇ ਦੀ ਕੋਈ ਘਾਟ ਨਹੀਂ ਆਵੇਗੀ ਅਤੇ ਕਿਸਾਨਾਂ ਦੀ ਫਸਲ ਦੀ ਪ੍ਰਚੇਜ਼ ਕੀਤੀ ਜਾਵੇਗੀ।

ਸਰਦਾਰ ਸੁਖਵਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਜੀ।

ਸਰਦਾਰ ਮੱਖਣ ਸਿੰਘ : ਸਪੀਕਰ ਸਾਹਿਬ, ਕੋਈ ਸਮਾਂ ਸੀ ਜਦੋਂ ਹਿੰਦੁਸਤਾਨ ਵਿੱਚ ਕਈ ਸੂਬੇ ਅਨਾਜ ਦੇ ਮਾਮਲੇ ਵਿੱਚ ਆਤਮ-ਨਿਰਭਰ ਨਹੀਂ ਸਨ। ਲੇਕਿਨ ਅੱਜ ਬਹੁਤ ਸਾਰੇ ਸੂਬੇ ਸੈਲਫ-ਸਫੀਸ਼ੈਂਟ ਵੀ ਹੋ ਗਏ ਹਨ ਅਤੇ ਕਈ ਵਾਧੂ ਵੀ ਹੋ ਗਏ ਹਨ। ਪੰਜਾਬ ਕੋਲ ਵਾਧੂ ਅਨਾਜ ਹੈ ਅਤੇ ਗੁਦਾਮਾਂ ਵਿੱਚ ਪਿਆ ਹੈ। ਕੀ ਸਰਕਾਰ ਇਸ ਅਨਾਜ ਨੂੰ ਹੋਰਨਾਂ ਦੇਸ਼ਾਂ ਵਿੱਚ ਭੇਜਣ ਵਾਸਤੇ ਬੰਦੋਬਸਤ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਹਾਲੇ ਤਾਂ ਹਿੰਦੁਸਤਾਨ ਵਿੱਚ ਅਨਾਜ ਦੀ ਜਿਤਨੀ ਖਪਤ ਹੈ, ਉਹ ਹੀ ਪੰਜਾਬ ਪੂਰੀ ਕਰ ਰਿਹਾ ਹੈ। ਅਸੀਂ ਸਰਪਲੱਸ ਨਹੀਂ ਹਾਂ। ਸਾਡੇ ਕੋਲ ਅਨਾਜ ਦੀ ਵਾਧੂ ਮਾਤਰਾ ਨਹੀਂ ਹੈ। ਪਿਛਲੀ ਸਰਕਾਰ ਨੇ ਭਾਵੇਂ ਅਨਾਜ ਐਕਸਪੋਰਟ ਕਰ ਦਿੱਤਾ ਸੀ ਪਰ ਇਸ ਨਾਲ ਦੇਸ਼ ਵਿੱਚ ਅਨਾਜ ਘੱਟ ਗਿਆ ਸੀ ਜਿਸ ਕਾਰਨ ਅਨਾਜ ਫਿਰ ਇੰਪੋਰਟ ਕਰਨਾ ਪਿਆ ਸੀ। ਸੈਂਟਰਲ ਪੂਲ ਵਿੱਚ ਪੰਜਾਬ 60% ਕੰਟਰੀਬਿਊਟ ਕਰ ਰਿਹਾ ਹੈ। ਪੰਜਾਬ ਵਿੱਚ ਜਿਹੜਾ ਥੋੜ੍ਹਾ-ਬਹੁਤ ਵਾਧੂ ਅਨਾਜ ਪਿਆ ਹੈ, ਇਹ ਨਹੀਂ ਕਿ ਉਸ ਦੀ ਯੂਟਿਲਟੀ ਨਹੀਂ ਹੋ ਰਹੀ। ਉਸ ਦੀ ਵਰਤੋਂ ਹੋ ਰਹੀ ਹੈ।

ਮੁਕੇਰੀਆਂ ਵਿਖੇ ਇਕ ਆਈ. ਟੀ. ਆਈ. ਖੋਲ੍ਹਣਾ

*679. **ਸ੍ਰੀ ਅਰੁਨੇਸ਼ ਕੁਮਾਰ** : ਕੀ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮੁਕੇਰੀਆਂ ਟਾਊਨ ਵਿਚ ਸਰਕਾਰ ਦੁਆਰਾ ਮਨਜ਼ੂਰ ਕੀਤੇ ਗਏ ਆਈ. ਟੀ. ਆਈ. ਵਿਚ ਕਲਾਸਾਂ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ;

(ਅ) ਉਕਤ ਆਈ. ਟੀ. ਆਈ. ਵਿਚ ਤਜਵੀਜਤ ਟਰੇਡਾਂ/ਕੋਰਸਾਂ ਦੇ ਵੇਰਵੇ ਕੀ ਹਨ ;

(ੲ) ਕੀ ਸਰਕਾਰ ਦੁਆਰਾ ਉਕਤ ਆਈ. ਟੀ. ਆਈ. ਲਈ ਲੋੜੀਂਦਾ ਅਮਲਾ ਨਿਯੁਕਤ ਕਰ ਦਿੱਤਾ ਗਿਆ ਹੈ; ਜੇਕਰ ਨਹੀਂ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਦੇ ਵੇਰਵੇ ਕੀ ਹਨ ?

ਡਾਕਟਰ ਉਪਿੰਦਰਜੀਤ ਕੌਰ : (ੳ) ਦਾਖਲਾ ਸੈਸ਼ਨ ਅਗਸਤ, 1998 ਤੋਂ ਕਲਾਸਾਂ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ਜੀ।

(ਅ) ਹੇਠ ਦਰਸਾਈਆਂ ਟਰੇਡਾਂ/ਕੋਰਸ ਪੇਸ਼ ਕਰਨ ਦੀ ਸੰਭਾਵਨਾ ਹੈ ਜੀ: —

1. ਇਲੈਕਟ੍ਰਾਨਿਕਸ
2. ਕੰਮਪਿਊਟਰ ਸਾਇੰਸ
3. ਪੰਪ ਮਕੈਨਿਕ
4. ਵਾਇਰਮੈਨ
5. ਡਰਾਫਟਸਮੈਨ (ਮਕੈਨਿਕ)
6. ਕਟਾਈ ਅਤੇ ਸਿਲਾਈ
7. ਕਢਾਈ
8. ਟੀਚਰਜ਼ ਟ੍ਰੇਨਿੰਗ

(ੲ) ਨਹੀਂ ਸ੍ਰੀ ਮਾਨ ਜੀ। ਦਾਖਲਾ ਸੈਸ਼ਨ ਅਗਸਤ, 1998 ਤੋਂ ਹੇਠ ਦਰਸਾਏ ਲੋੜੀਂਦੇ ਸਟਾਫ ਦੀ ਨਿਯੁਕਤੀ ਕੀਤੇ ਜਾਣ ਦੀ ਸੰਭਾਵਨਾ ਹੈ ਬਸ਼ਰਤੇ ਕਿ ਇਨ੍ਹਾਂ ਆਸਾਮੀਆਂ ਦੀ ਰਚਨਾ ਕਰਨ ਦੀ ਪ੍ਰਵਾਨਗੀ ਵਿੱਤ ਵਿਭਾਗ ਤੋਂ ਪ੍ਰਾਪਤ ਹੋ ਜਾਵੇ : —

ਲੜੀ ਨੰ:	ਆਸਾਮੀ ਦਾ ਨਾਂ		ਆਸਾਮੀਆਂ ਦੀ ਗਿਣਤੀ
1	2		3
1.	ਪ੍ਰਿੰਸੀਪਲ	..	1
2.	ਗਰੁੱਪ ਇੰਸਟਰਕਟਰ	..	2
3.	ਕਰਾਫਟਸ ਇੰਸਟਰਕਟਰ	..	14
4.	ਅਲਾਈਡ ਟਰੇਡ ਇੰਸਟਰਕਟਰ	..	1
5.	ਵਰਕਸ਼ਾਪ ਕੈਲਕੂਲੇਸ਼ਨ ਸਾਇੰਸ ਇੰਸਟਰਕਟਰ	..	1

[ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ]

1	2		3
6.	ਡਰਾਇੰਗ ਇੰਸਟਰੱਕਟਰ	..	1
7.	ਤਕਨੀਕੀ ਸਹਾਇਕ	..	1
8.	ਆਫਿਸ ਸੁਪਰਡੰਟ	..	1
9.	ਸੀਨੀਅਰ ਸਹਾਇਕ	..	2
10.	ਅਕਾਊਂਟੈਂਟ	..	1
11.	ਮੈਨਟੀਨੈਂਸ ਮਕੈਨਿਕ	..	1
12.	ਕਲਰਕ	..	2
13.	ਵਰਕਸ਼ਾਪ ਅਟੈਂਡੈਂਟ	..	3
14.	ਹੋਸਟਲ ਸੁਪਰਡੰਟ	..	1
15.	ਦਰਜਾ-4 (ਸੰਸਥਾ ਲਈ)	..	8
16.	ਦਰਜਾ-4 (ਹੋਸਟਲ ਲਈ)	...	5
17.	ਮੈਡੀਕਲ ਅਫਸਰ ਪਾਰਟ ਟਾਈਮ	..	1
18.	ਕੰਮਪਾਊਂਡਰ	..	1
19.	ਹੋਸਟਲ ਕਲਰਕ	..	1
20.	ਡਰੈਸਰ	..	1
21.	ਸਟੋਰ ਕੀਪਰ	..	1
22.	ਸਟੋਰ ਅਟੈਂਡੈਂਟ	..	1
23.	ਇਲੈਕਟ੍ਰੀਸ਼ਨ	..	1
	ਜੋੜ	..	52

ਸ੍ਰੀ ਅਰੁਨੇਸ਼ ਕੁਮਾਰ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਫੰਡਜ਼ ਉਪਲਬਧ ਕਰਵਾਉਣੇ ਹਨ, ਕੀ ਸਰਕਾਰ ਉਸ ਕੰਮ ਨੂੰ ਟਾਈਮ ਬਾਊਂਡ ਕਰੇਗੀ ?

ਸ੍ਰੀ ਸਪੀਕਰ: ਉਨ੍ਹਾਂ ਨੇ ਅਗਸਤ ਵਿੱਚ ਕਹਿ ਦਿੱਤਾ ਹੈ।

ਸ੍ਰੀ ਅਰੁਨੇਸ਼ ਕੁਮਾਰ: ਮੈਂ ਟਾਈਮ ਬਾਊਂਡ ਕਰਨ ਵਾਸਤੇ ਕਿਹਾ ਹੈ ਜੀ।

ਮੰਤਰੀ: ਸਪੀਕਰ ਸਾਹਿਬ, ਮੈਂ ਸਤਿਕਾਰਤ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਮੁਕੇਰੀਆਂ ਆਈ. ਟੀ. ਆਈ. ਦਾ ਪ੍ਰਬੰਧਕੀ ਬਲਾਕ ਅਤੇ ਵਰਕਸ਼ਾਪ ਬਲਾਕ ਮੁਕੰਮਲ ਹੋ ਚੁੱਕਾ ਹੈ ਪਰੰਤੂ ਵਾਟਰ ਸਪਲਾਈ, ਬਿਜਲੀ ਸਪਲਾਈ ਅਤੇ ਸੀਵਰੇਜ ਦਾ ਕੰਮ ਅਜੇ ਮੁਕੰਮਲ ਹੋਣ ਵਾਲਾ ਹੈ ਅਤੇ ਯਤਨ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਲਈ ਫੰਡਜ਼ ਉਪਲਬਧ ਹੋਣ। ਉਮੀਦ ਹੈ ਕਿ ਅਗਸਤ, 1998 ਤੱਕ ਜਦੋਂ ਨਵਾਂ ਸੈਸ਼ਨ ਸ਼ੁਰੂ ਹੋਣਾ ਹੈ, ਇਹ ਕਾਰਜ ਮੁਕੰਮਲ ਕਰ ਲਏ ਜਾਣਗੇ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਮਾਨਸਾ ਦੇ ਝੁਨੀਰ ਬਲਾਕ ਵਿੱਚ ਆਈ. ਟੀ. ਆਈ. ਬਣਾਉਣ ਦੀ ਤਜਵੀਜ਼ ....।

ਸ੍ਰੀ ਸਪੀਕਰ: ਤੁਸੀਂ ਇਸ ਸਬੰਧੀ ਸੈਪਰੇਟ ਸਵਾਲ ਦੇ ਦਿਓ।

ਪੰਚਾਇਤਾਂ ਨੂੰ ਵਿਸ਼ੇਸ਼ ਗਰਾਂਟਾਂ

*683. **ਸਰਦਾਰ ਅਜੀਤ ਇੰਦਰ ਸਿੰਘ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਉਨ੍ਹਾਂ ਪਿੰਡ ਪੰਚਾਇਤਾਂ ਜਿਨ੍ਹਾਂ ਦੇ ਆਪਣੇ ਆਮਦਨੀ ਦੇ ਕੋਈ ਸਾਧਨ ਨਹੀਂ ਹਨ, ਨੂੰ ਵਿਸ਼ੇਸ਼ ਗਰਾਂਟਾਂ ਦੇਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਇਸਦੇ ਵੇਰਵੇ ਕੀ ਹਨ ?

ਸਰਦਾਰ ਨਿਰਮਲ ਸਿੰਘ ਕਾਹਲੋਂ : ਨਹੀਂ ਜੀ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਜਦੋਂ ਮੌਜੂਦਾ ਅਸੈਂਬਲੀ ਬਣੀ ਸੀ ਅਤੇ ਮੌਜੂਦਾ ਸਰਕਾਰ ਹੋਂਦ ਵਿੱਚ ਆਈ ਸੀ ਤਾਂ ਉਸ ਤੋਂ ਤੁਰੰਤ ਬਾਅਦ ਕਾਫ਼ੀ ਗਰਾਂਟਾਂ ਪਿੰਡਾਂ ਵਿੱਚ ਭੇਜੀਆਂ ਗਈਆਂ ਸਨ ਪਰ ਹੁਣ ਪਿਛਲੇ ਅੱਠ ਮਹੀਨੇ ਤੋਂ ਗਰਾਂਟਾਂ ਬੰਦ ਪਈਆਂ ਹਨ। ਕੀ ਮੰਤਰੀ ਜੀ ਕਿਸੀ ਹੋਰ ਸਾਧਨ ਰਾਹੀਂ ਪਿੰਡਾਂ ਨੂੰ ਗਰਾਂਟਾਂ ਭੇਜਣਗੇ ?

ਸ੍ਰੀ ਸਪੀਕਰ : ਉਨ੍ਹਾਂ ਨੇ ਤਾਂ ਪਹਿਲਾਂ ਹੀ 'ਨਹੀਂ ਜੀ' ਕਹਿ ਦਿੱਤਾ ਹੈ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਹੜੀਆਂ ਗਰਾਂਟਾਂ ਭੇਜੀਆਂ ਹਨ, ਉਹ ਕੁਝ ਕਾਰਨਾਂ ਕਰਕੇ ਇਸਤੇਮਾਲ ਨਹੀਂ ਹੋ ਸਕੀਆਂ, ਜਿਵੇਂ ਕਿ ਇੱਟਾਂ ਦੇ ਭਾਅ ਚੜ੍ਹ ਗਏ। ਅਸੀਂ ਸੈਂਕਸ਼ਨ 1150/- ਰੁ. ਦੀ ਦਿੱਤੀ ਸੀ ਪਰੰਤੂ ਰੇਟ 2000/- ਰੁ. ਤੱਕ ਚਲਾ ਗਿਆ। ਇਸ ਲਈ ਜਿਹੜੀਆਂ ਗਰਾਂਟਾਂ ਭੇਜੀਆਂ ਵੀ ਹਨ, ਉਹ ਵੀ ਲੱਗ ਨਹੀਂ ਸਕੀਆਂ। ਜਿਹੜੀਆਂ ਗਰਾਂਟਾਂ ਦਿੱਤੀਆਂ ਹਨ ਔਰ ਲੱਗ ਨਹੀਂ ਸਕੀਆਂ, ਇੱਟਾਂ ਦੇ ਭਾਅ ਦਾ ਉਚੇਚੇ ਤੌਰ ਤੇ ਨਿਬੇੜਾ ਕਰਕੇ ਉਹ ਗਰਾਂਟਾਂ ਲਾਉਣ ਵਾਸਤੇ ਪ੍ਰਬੰਧ ਕਰ ਦੇਵਾਂਗੇ। ਜੇਕਰ ਕੋਈ ਹੋਰ ਗਰਾਂਟ ਪਲੈਨਿੰਗ ਬੋਰਡ ਦੇ ਰਾਹੀਂ ਦੱਸੋਗੇ ਤਾਂ ਉਹ ਭੇਜਣ ਦਾ ਵੀ ਯਤਨ ਕਰਾਂਗੇ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਇੱਕ ਵਾਰ ਫਿਰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਗਰਾਂਟਾਂ ਪਹਿਲਾਂ ਭੇਜੀਆਂ ਗਈਆਂ ਸਨ, ਉਨ੍ਹਾਂ ਦੇ ਐਮ. ਐਲ. ਏਜ਼. ਨੂੰ ਚੈੱਕ ਭੇਜੇ ਗਏ ਹਨ ਔਰ ਪੰਚਾਇਤਾਂ ਕੋਲ ਇੰਨਾ ਚਿਰ ਹੋ ਗਿਆ, ਗਰਾਂਟਾਂ ਲੱਗੀਆਂ ਨਹੀਂ, ਇਸ ਦੇ ਕੀ ਕਾਰਨ.......

ਸ੍ਰੀ ਸਪੀਕਰ : ਉਹ ਤਾਂ ਉਨ੍ਹਾਂ ਨੇ ਪਹਿਲਾਂ ਹੀ ਦੱਸ ਦਿੱਤਾ ਹੈ।

ਸਰਦਾਰ ਅਜੀਤ ਇੰਦਰ ਸਿੰਘ : ਨਹੀਂ ਜੀ, ਇਨ੍ਹਾਂ ਨੂੰ ਪਤਾ ਹੈ ਕਿਉਂਕਿ ਇਨ੍ਹਾਂ ਕੋਲ ਪੈਸੇ ਵਾਪਸ ਆਉਂਦੇ ਹਨ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਕਾਰਨ ਤਾਂ ਮੈਂ ਪਹਿਲਾਂ ਹੀ ਦੱਸ ਦਿੱਤੇ ਹਨ। ਬਾਕੀ ਜਿਹੜੀ ਪੈਸੇ ਵਾਪਸੀ ਦੀ ਗੱਲ ਹੈ, ਉਸ ਦਾ ਮੈਂ ਪਤਾ ਕਰ ਲਵਾਂਗਾ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਕੋਲ ਸਾਰੇ ਪੰਜਾਬ ਦਾ ਅਤੇ ਖਾਸ ਤੌਰ ਤੇ ਜਲੰਧਰ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਉਥੇ ਇੱਟਾਂ ਦੀ ਬੜੀ ਪ੍ਰਾਬਲਮ ਹੈ। 1800 ਰੁਪਏ ਦੀ ਇੱਕ ਹਜ਼ਾਰ ਇੱਟ ਆਉਂਦੀ ਹੈ ਜਿਸ ਕਾਰਨ ਜਿਹੜੀਆਂ ਪੰਚਾਇਤਾਂ ਕੋਲ ਗਰਾਂਟਾਂ ਹਨ, ਉਹ ਲੱਗ ਨਹੀਂ ਰਹੀਆਂ। ਜਲੰਧਰ ਦੇ ਡੀ. ਸੀ. ਔਰ ਪਲਨਿੰਗ ਬੋਰਡ ਨੇ ਡਿਪਾਰਟਮੈਂਟ ਨੂੰ ਰਿਕੁਮੈਂਡ ਕੀਤਾ ਸੀ ਅਤੇ ਪੀ. ਡਬਲਿਊ. ਡੀ. ਦਾ ਇੱਟਾਂ ਖਰੀਦਣ ਦਾ ਜੋ ਸ਼ਡਿਊਲ ਹੈ, ਉਸ ਅਨੁਸਾਰ ਉਹ 1300 ਰੁਪਏ ਜਾਂ 1500 ਰੁਪਏ ਦੇ ਹਿਸਾਬ ਨਾਲ ਇੱਟਾਂ ਖਰੀਦਦਾ ਹੈ। ਪੰਚਾਇਤਾਂ ਨੂੰ ਵੀ ਉਸੇ ਸ਼ਡਿਊਲ ਦੇ ਮੁਤਾਬਿਕ ਇੱਟਾਂ ਖਰੀਦਣ ਦਾ ਅਖਤਿਆਰ ਦੇ ਦਿੱਤਾ ਜਾਵੇ ਤਾਂ ਕਿ ਜਿਹੜੀਆਂ ਗਰਾਂਟਾਂ ਪਈਆਂ ਹਨ ਜਾਂ ਆਉਣ ਵਾਲੀਆਂ ਹਨ, ਪੰਚਾਇਤਾਂ ਉਹ ਖਰਚ ਕਰ ਸਕਣ। ਕੀ ਸਰਕਾਰ ਇਸ ਤੇ ਵਿਚਾਰ ਕਰੇਗੀ ਕਿ ਪੀ. ਡਬਲਿਊ. ਡੀ. ਦੇ ਸ਼ਡਿਊਲ ਦੇ ਮੁਤਾਬਿਕ ਪੰਚਾਇਤਾਂ ਨੂੰ ਇੱਟਾਂ ਖਰੀਦਣ ਦਾ ਅਧਿਕਾਰ ਦੇ ਦਿੱਤਾ ਜਾਵੇ ?

ਸ੍ਰੀ ਸਪੀਕਰ : ਮੰਤਰੀ ਸਾਹਿਬ, ਉਹ ਪੁੱਛਦੇ ਹਨ ਕਿ ਪੀ. ਡਬਲਿਊ. ਡੀ. ਦੇ ਸ਼ਡਿਊਲ ਦੇ ਮੁਤਾਬਿਕ ਕੀ ਸਰਕਾਰ ਪੰਚਾਇਤਾਂ ਨੂੰ ਅਖਤਿਆਰ ਦੇਣ ਦਾ ਵਿਚਾਰ ਰੱਖਦੀ ਹੈ ?

ਮੰਤਰੀ : ਛੇਤੀ ਹੀ ਮੀਟਿੰਗ ਕਰਕੇ ਡਿਪਾਰਟਮੈਂਟ ਇਹੀ ਰੇਟ ਕਰ ਦੇਵੇਗਾ, ਮਾਨਯੋਗ ਸਪੀਕਰ ਸਾਹਿਬ, ਮੈਂ ਇਨ੍ਹਾ ਨੂੰ ਐਸ਼ੋਰੈਂਸ ਦਿੰਦਾ ਹਾਂ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੇਂਡੂ ਵਿਕਾਸ ਅਤੇ ਪੰਚਾਇਤਾ ਮੰਤਰੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਪਿਛਲੇ ਸਮੇਂ ਦੇ ਵਿੱਚ ਸਰਪੰਚਾਂ ਨੇ ਘਪਲੇ ਕੀਤੇ ਹਨ, ਗਰਾਂਟਾਂ ਖਾਧੀਆਂ ਹਨ, ਕੀ ਉਨ੍ਹਾਂ ਦੀ ਰੈਗੂਲਰ ਇਨਕੁਆਇਰੀ ਕਰਵਾ ਕੇ ਸਰਕਾਰ ਦਾ ਕੋਈ ਐਕਸ਼ਨ ਲੈਣ ਦਾ ਵਿਚਾਰ ਹੈ ?

ਸ੍ਰੀ ਸਪੀਕਰ : ਕਾਹਲੋਂ ਸਾਹਿਬ, ਦੱਸੋ ਜੀ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਸ ਵਿਸ਼ੇ ਤੇ ਕੱਲ੍ਹ ਲੰਬੀ ਬਹਿਸ ਹੋਈ ਸੀ ਔਰ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਉਤਰ ਵੀ ਦਿੱਤੇ ਸਨ ਕਿ ਉਹ ਜਿਹੜੇ ਘਪਲੇ ਹਨ, ਉਨ੍ਹਾਂ ਦੀ ਇਨਕੁਆਇਰੀ ਚੱਲ ਵੀ ਰਹੀ ਹੈ ਔਰ ਕਈਆਂ ਤੇ ਐਕਸ਼ਨ ਵੀ ਲਏ ਹਨ । ਜੇ ਕੋਈ ਹੋਰ ਉਚੇਚਾ ਕੇਸ ਤੁਸੀਂ ਨੋਟਿਸ ਵਿੱਚ ਲਿਆਵੋਗੇ, ਤਾਂ ਉਨ੍ਹਾਂ ਘਪਲਿਆਂ ਤੇ ਕਾਰਵਾਈ ਕਰਕੇ ਐਕਸ਼ਨ ਬਹੁਤ ਤੇਜ਼ੀ ਨਾਲ ਹੋਵੇਗਾ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਸੀ. ਬੀ. ਆਈ. ਤੇ ਵਿਜੀਲੈਂਸ ਕੋਲ ਹਾਲੇ ਇਨਕੁਆਇਰੀ ਹੀ ਹੋ ਰਹੀ ਹੈ, ਉਸ ਤੇ ਐਕਸ਼ਨ ਨਹੀਂ ਹੋ ਰਿਹਾ । ਪਿਛਲੀ ਸਰਕਾਰ ਨੇ ਉਸ ਤੇ ਐਕਸ਼ਨ ਲਿਆ........

ਸ਼੍ਰੀ ਸਪੀਕਰ : ਇਹ ਸਪੈਸ਼ਲ ਕੇਸ ਹੈ, ਤੁਸੀਂ ਲਿਖ ਕੇ ਦੇ ਦੇਣਾ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਜੇਕਰ ਤੁਸੀਂ ਹੀ ਨਹੀਂ ਗੱਲ ਸੁਣਨੀ ਤਾਂ ਕਿੱਥੇ ਜਾ ਕੇ ਗੱਲ ਕਰਾਂਗਾ ......

ਸ਼੍ਰੀ ਸਪੀਕਰ : ਇਹ ਸਪੈਸ਼ਲ ਕੇਸ ਹੈ, ਲਿਖ ਕੇ ਦੇ ਦੇਵੋ ।

ਸਰਦਾਰ ਹੀਰਾ ਸਿੰਘ ਗਾਬੜੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਇਹ ਜਾਣਕਾਰੀ ਦੇਣੀ ਚਾਹੁੰਦਾ ਹਾਂ........

ਸ਼੍ਰੀ ਸਪੀਕਰ : ਜਾਣਕਾਰੀ ਨਹੀਂ ਤੁਸੀਂ ਕੁਐਸਚਨ ਪੁੱਛੋ ।

ਸਰਦਾਰ ਹੀਰਾ ਸਿੰਘ ਗਾਬੜੀਆਂ : ਜਿਵੇਂ ਇੱਟਾਂ ਦੀ ਗੱਲ ਚੱਲੀ ਹੈ, ਜਿਨ੍ਹਾਂ ਦੀ ਵਜ੍ਹਾ ਕਰਕੇ ਪਿੰਡਾਂ ਦੇ ਵਿੱਚ ਡਿਵੈਲਪਮੈਂਟ ਦੇ ਕੰਮ ਰੁਕੇ ਪਏ ਹਨ, ਉਸ ਦੇ ਨਾਲ ਨਾਲ ਮਜ਼ਦੂਰ ਦਾ ਰੇਟ ਵੀ 35-40 ਰੁਪਏ ਦਿਹਾੜੀ ਦਾ ਔਰ ਜਿਹੜਾ ਰਾਜ ਮਿਸਤਰੀ ਹੈ, ਉਸ ਦਾ ਰੇਟ 50-60 ਰੁਪਏ ਚਾਹੀਦਾ ਹੈ ਜਦ ਕਿ ਰਾਜ ਮਿਸਤਰੀ 100-150 ਰੁਪਏ ਅਤੇ ਮਜ਼ਦੂਰ 60-70 ਰੁਪਏ ਲੈ ਰਿਹਾ ਹੈ । ਜਦੋਂ ਇੱਟਾਂ ਦੇ ਰੇਟ ਮੁਕੱਰਰ ਕਰਨੇ ਹਨ, ਤਾਂ ਉਸ ਦੇ ਨਾਲ ਇਹ ਵੀ ਵਿਚਾਰਿਆ ਜਾਵੇ ।

ਸ਼੍ਰੀ ਸਪੀਕਰ : ਗਾਬੜੀਆ ਸਾਹਿਬ, ਉਨ੍ਹਾਂ ਨੇ ਕਿਹਾ ਹੈ ਕਿ ਉਹੀ ਰੇਟ ਕਰਨਗੇ, ਉਹ ਸਾਰਾ ਵਾਚ ਕਰਨਗੇ, ਸਾਰਾ ਕੁਝ ਦੇਖਣਗੇ ।

ਨਵਾਂ ਸ਼ਹਿਰ ਬਾਈ-ਪਾਸ ਬਣਾਉਣ ਲਈ ਜ਼ਮੀਨ ਦੀ ਪ੍ਰਾਪਤੀ

*637. **ਸ਼੍ਰੀ ਚਰਨਜੀਤ ਸਿੰਘ** ਨਵਾਂ ਸ਼ਹਿਰ : ਕੀ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਵਾਂ ਸ਼ਹਿਰ ਬਾਈਪਾਸ ਬਣਾਉਣ ਲਈ ਕੋਈ ਜ਼ਮੀਨ ਪ੍ਰਾਪਤ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਖਸਰਾ ਨੰਬਰ ਸਮੇਤ ਜ਼ਮੀਨ ਦੇ ਵੇਰਵੇ ਕੀ ਹਨ ?

ਸਰਦਾਰ ਹਰਮੇਲ ਸਿੰਘ : ਨਹੀਂ ਜੀ ।

ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਾਈਪਾਸ ਵਾਸਤੇ ਪੈਸੇ ਪਹੁੰਚ ਚੁਕੇ

ਹਨ ਜਿਨ੍ਹਾਂ ਨੂੰ ਦੋ ਸਾਲ ਹੋ ਚੁੱਕੇ ਹਨ ਅਤੇ ਮਹਿਕਮੇ ਵੱਲੋਂ ਉਥੇ ਉਦਘਾਟਨ ਵੀ ਕੀਤਾ ਗਿਆ ਪਰ ਅਜੇ ਤੱਕ ਨਾ ਜਗ੍ਹਾ ਖਰੀਦੀ ਗਈ ਹੈ ਅਤੇ ਨਾ ਹੀ ਅਜਿਹਾ ਕੋਈ ਇਰਾਦਾ ਹੈ। ਕੀ ਮੰਤਰੀ ਜੀ ਇਹ ਦੱਸਣਗੇ ਕਿ ਇਹ ਕੰਮ ਕਦੋਂ ਤੱਕ ਸ਼ੁਰੂ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, 11 ਜੁਲਾਈ, 1997 ਦੇ ਪੱਤਰ ਰਾਹੀਂ ਸਾਡੇ ਕਾਰਜਕਾਰੀ ਇੰਜੀਨੀਅਰ ਵੱਲੋਂ ਇਸ ਦਾ 11 ਕਰੋੜ ਰੁਪਏ ਦਾ ਐਸਟੀਮੇਟ ਤਿਆਰ ਕੀਤਾ ਗਿਆ ਹੈ ਅਤੇ ਡਿਪਟੀ ਕਮਿਸ਼ਨਰ ਨਵਾਂ ਸ਼ਹਿਰ ਨੂੰ ਭੇਜਿਆ ਜਾ ਚੁੱਕਾ ਹੈ। ਲੈਂਡ ਐਕਿਉਜ਼ੀਸ਼ਨ ਦੇ ਪੱਤਰ ਵੀ ਤਿਆਰ ਹਨ ਪਰੰਤੂ ਡਿਪਟੀ ਕਮਿਸ਼ਨਰ ਨਵਾਂ ਸ਼ਹਿਰ ਵੱਲੋਂ ਐਨ. ਓ. ਸੀ. ਜਾਰੀ ਨਾ ਕਰਨ ਕਰਕੇ ਇਹ ਕੰਮ ਲਮਕ ਅਵਸਥਾ ਵਿੱਚ ਹੈ। ਜਦੋਂ ਐਨ. ਓ. ਸੀ. ਆ ਜਾਵੇਗਾ, ਉਦੋਂ ਹੀ ਕੰਮ ਸਟਾਰਟ ਕਰ ਦਿੱਤਾ ਜਾਵੇਗਾ।

ਸ੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਦੋ ਸਾਲ ਹੋ ਗਏ ਹਨ ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਕੀ ਇਹ ਦੱਸਣਗੇ ਕਿ ਇਹ ਕੰਮ ਕਦੋਂ ਤੱਕ ਸ਼ੁਰੂ ਹੋ ਜਾਵੇਗਾ ?

ਸ੍ਰੀ ਸਪੀਕਰ : ਇਹ ਪੁੱਛ ਰਹੇ ਹਨ ਕੰਮ ਕਰਾਉਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ।

ਮੰਤਰੀ : ਸਪੀਕਰ ਸਾਹਿਬ, ਇਹ ਮੇਰੇ ਨੋਟਿਸ ਵਿੱਚ ਹੁਣ ਆਇਆ ਹੈ ਅਤੇ ਇਸ ਦੇ ਫੰਡ ਉਪਲਬਧ ਹੋਣ ਤੇ ਕੰਮ ਬਹੁਤ ਜਲਦੀ ਸ਼ੁਰੂ ਕਰਵਾ ਦਿੱਤਾ ਜਾਵੇਗਾ।

ਬਲਾਕ ਬੰਗਾ ਵਿਚ ਰੈਸਟ-ਹਾਊਸ ਦੀ ਉਸਾਰੀ

*674. **ਚੌਧਰੀ ਮੋਹਨ ਲਾਲ ਬਹਿਰਾਮ**: ਕੀ ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਲਾਕ ਬੰਗਾ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਇਕ ਰੈਸਟ-ਹਾਊਸ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਤਜਵੀਜ਼ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਹਰਮੇਲ ਸਿੰਘ: ਨਹੀਂ, ਸ੍ਰੀ ਮਾਨ ਜੀ।

ਚੌਧਰੀ ਮੋਹਨ ਲਾਲ ਬਹਿਰਾਮ : ਮਾਨਯੋਗ ਸਪੀਕਰ, ਮੰਤਰੀ ਜੀ ਨੇ ਜਵਾਬ ਦਿੱਤਾ ਹੈ 'ਨਹੀਂ ਜੀ' ਪਰ, ਸਪੀਕਰ ਸਾਹਿਬ, ਬੰਗਾ ਵਿਖੇ ਰੈਸਟ ਹਾਊਸ ਦੀ ਬਹੁਤ ਜ਼ਰੂਰਤ ਹੈ। ਮੈਂ ਸਵਾਲ ਕੀਤਾ ਸੀ ਪੀ. ਡਬਲਯੂ. ਡੀ. ਬਾਰੇ ਲੇਕਿਨ ਬੰਗਾ ਦੇ ਵਿਚ ਪਹਿਲਾਂ ਬਲਾਕ ਸੰਮਤੀ ਦਾ ਰੈਸਟ ਹਾਊਸ ਹੈ ਜਿਹੜਾ ਕਿ ਉਨ੍ਹਾਂ ਦੀ ਅਣਗਹਿਲੀ ਕਾਰਨ ਖਰਾਬ ਹੋ ਗਿਆ ਹੈ ਅਤੇ ਹੁਣ ਉਸ ਦੀ ਹਾਲਤ ਖਸਤਾ ਹੋ ਗਈ ਹੈ। ਇਸ ਵੇਲੇ ਬੰਗਾ

ਇਲਾਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣਨ ਲਈ ਕੋਈ ਸਥਾਨ ਨਹੀਂ ਹੈ। ਜਦੋਂ ਕੋਈ ਮੰਤਰੀ ਸਾਹਿਬਾਨ ਜਾਂ ਕੋਈ ਅਫ਼ਸਰ ਜਾਂਦਾ ਹੈ ਤਾਂ ਲੋਕਾਂ ਦੀ ਸ਼ਿਕਾਇਤ ਸੁਣਨ ਵਾਸਤੇ ਕੋਈ ਜਗ੍ਹਾ ਨਹੀਂ ਹੈ। ਇਸ ਕਰਕੇ ਕੀ ਮੰਤਰੀ ਜੀ ਇਹ ਐਸ਼ੋਰੈਂਸ ਦੇਣਗੇ ਕਿ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਾਹਮਣੇ ਰੱਖਦੇ ਹੋਏ ਆਉਣ ਵਾਲੇ ਵਿੱਤੀ ਸਾਲ ਦੇ ਬਜਟ ਵਿੱਚ ਕੋਈ ਫੰਡਾਂ ਦੀ ਪ੍ਰੋਵੀਜ਼ਨ ਕਰਕੇ ਬੰਗਾ ਵਿਖੇ ਰੈਸਟ ਹਾਊਸ ਬਣਾ ਦਿੱਤਾ ਜਾਵੇਗਾ ?

ਮੰਤਰੀ. ਸਪੀਕਰ ਸਾਹਿਬ, ਹਾਲ ਦੀ ਘੜੀ ਬੰਗਾ ਵਿਖੇ ਰੈਸਟ ਹਾਊਸ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਚਾਲੂ ਵਿੱਤੀ ਸਾਲ 1997-98 ਦੇ ਵਿੱਚ ਇਸ ਕੰਮ ਵਾਸਤੇ ਫੰਡਾਂ ਦਾ ਕੋਈ ਪ੍ਰਬੰਧ ਨਹੀਂ ਹੈ।

ਬੁਢਾਪਾ ਪੈਨਸ਼ਨ ਦੇਣਾ

*662. **ਕਾਮਰੇਡ ਹਰਦੇਵ ਅਰਸ਼ੀ.** ਕੀ ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਅਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ :—

(ੳ) ਕਿ ਕੀ ਇਹ ਠੀਕ ਹੈ ਕਿ ਵਰਤਮਾਨ ਸਰਕਾਰ ਨੇ ਬੁਢਾਪਾ ਪੈਨਸ਼ਨਾਂ ਦੇਣ ਲਈ ਅਰਜ਼ੀਆਂ ਪ੍ਰਾਪਤ ਕਰਨ ਲਈ 1 ਅਪ੍ਰੈਲ, 1997 ਤੋਂ ਮਿਤੀ ਅੰਤ ਦੇ ਸਮੇਂ ਦੇ ਦੌਰਾਨ ਪਿੰਡਾਂ ਵਿਚ ਖਾਸ ਕੈਂਪ ਲਗਾਏ ਹਨ ; ਜੇਕਰ ਅਜਿਹਾ ਹੋਵੇ ਤਾਂ ਇਸ ਤਰ੍ਹਾਂ ਹੁਣ ਤੱਕ ਪ੍ਰਾਪਤ ਹੋਈਆਂ ਅਰਜ਼ੀਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ;

(ਅ) ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਉਨ੍ਹਾਂ ਉਮੀਦਵਾਰਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਦੀ ਬੁਢਾਪਾ ਪੈਨਸ਼ਨ ਮਨਜ਼ੂਰ ਕਰ ਦਿੱਤੀ ਗਈ ਹੈ ;

(ੲ) ਬੁਢਾਪਾ ਪੈਨਸ਼ਨ ਮਨਜ਼ੂਰ ਕਰਨ ਲਈ ਨਿਸ਼ਚਿਤ ਸ਼ਰਤਾਂ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖਣਗੇ ?

ਬੀਬੀ ਜਗੀਰ ਕੌਰ: (ੳ) ਹਾਂ ਜੀ, ਜ਼ਿਲ੍ਹਾਵਾਰ ਪ੍ਰਾਪਤ ਹੋਈਆਂ ਅਰਜ਼ੀਆਂ ਦੀ ਗਿਣਤੀ ਅਨੁਲੱਗ 'ੳ' ਤੇ ਵੇਖਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

(ਅ) ਅਰਜ਼ੀਆਂ ਦੀ ਛਾਣਬੀਣ ਕੀਤੀ ਜਾ ਰਹੀ ਹੈ। ਯੋਗ ਵਿਅਕਤੀਆਂ ਨੂੰ ਬੁਢਾਪਾ ਪੈਨਸ਼ਨ ਛੇਤੀ ਮਨਜ਼ੂਰ ਕੀਤੀ ਜਾਵੇਗੀ।

(ੲ) ਬੁਢਾਪਾ ਪੈਨਸ਼ਨ ਮਨਜ਼ੂਰ ਕਰਨ ਲਈ ਨਿਰਧਾਰਤ ਸ਼ਰਤਾਂ ਦੀ ਕਾਪੀ ਅਨੁਲੱਗ 'ਅ' ਤੇ ਵੇਖਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

[ਸਮਾਜਿਕ ਸੁਰੱਖਿਆ ਅਤੇਇਸਤਰੀਆਂ ਅਤੇ ਬਾਲ ਵਿਕਾਸ ਮੰਤਰੀ]

ਅਨੁਲੱਗ 'ੳ'

ਜ਼ਿਲ੍ਹੇਵਾਰ ਬੁਢਾਪਾ ਪੈਨਸ਼ਨ ਲਈ ਭਰੇ ਗਏ ਅਰਜ਼ੀ ਫਾਰਮਾਂ ਦੀ ਗਿਣਤੀ

ਲੜੀ ਨੰ:	ਜ਼ਿਲ੍ਹੇ ਦਾ ਨਾਂ		ਅਰਜ਼ੀ ਫ਼ਾਰਮਾਂ ਦੀ ਗਿਣਤੀ
1	2		3
1.	ਅੰਮ੍ਰਿਤਸਰ	..	1,72,000
2.	ਬਠਿੰਡਾ	..	50,066
3.	ਫਰੀਦਕੋਟ	..	27,129
4.	ਫਿਰੋਜ਼ਪੁਰ	..	84,957
5.	ਫਤਿਹਗੜ੍ਹ ਸਾਹਿਬ	..	24,786
6.	ਕਪੂਰਥਲਾ	..	37,804
7.	ਪਟਿਆਲਾ	..	1,08,179
8.	ਰੋਪੜ	..	65,215
9.	ਲੁਧਿਆਣਾ	..	64,426
10.	ਹੁਸ਼ਿਆਰਪੁਰ	..	52,211
11.	ਸੰਗਰੂਰ	..	99,707
12.	ਜਲੰਧਰ	..	1,05,038
13.	ਮਾਨਸਾ	..	28,777
14.	ਮੋਗਾ	..	32,245
15.	ਨਵਾਂ ਸ਼ਹਿਰ	..	28,682
16.	ਮੁਕਤਸਰ	..	30,536
17.	ਗੁਰਦਾਸਪੁਰ	..	1,16,438
	ਕੁੱਲ ਜੋੜ	..	11,28,196

ਅਨੁਲੱਗ 'ਅ'

ਬੁਢਾਪਾ ਪੈਨਸ਼ਨ ਮਨਜ਼ੂਰ ਕਰਨ ਲਈ ਸ਼ਰਤਾਂ

1. ਬਿਨੈਕਾਰ ਦੀ ਉਮਰ 60 ਸਾਲ ਜਾਂ ਵੱਧ (ਇਸਤਰੀਆਂ ਦੇ ਕੇਸ ਵਿੱਚ) ਅਤੇ 65 ਸਾਲ ਜਾਂ ਵੱਧ (ਮਰਦਾਂ ਦੇ ਕੇਸ ਵਿੱਚ) ਹੋਣੀ ਚਾਹੀਦੀ ਹੈ ।

2. ਉਸ ਦੀ ਆਮਦਨ ਸਾਰੇ ਸਾਧਨਾਂ ਤੋਂ (ਇਕੱਲੇ ਹੋਣ ਦੇ ਕੇਸ ਵਿੱਚ (1000/-ਰੁ: ਪ੍ਰਤੀ ਮਹੀਨਾ ਤੋਂ ਵੱਧ ਨਾ ਹੋਵੇ ਅਤੇ ਪਤੀ-ਪਤਨੀ ਜਿਉਂਦੇ ਹੋਣ ਤਾਂ ਦੋਹਾਂ ਦੀ ਆਮਦਨ ਸਾਰੇ ਸਾਧਨਾਂ ਤੋਂ 1500/- ਰੁ: ਪ੍ਰਤੀ ਮਹੀਨਾ ਤੋਂ ਵੱਧ ਨਾ ਹੋਵੇ ।

3. ਉਸ ਨੂੰ ਪੰਜਾਬ ਦਾ ਵਸਨੀਕ ਹੋਣਾ ਚਾਹੀਦਾ ਹੈ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਬਣਨ ਤੋਂ ਪਹਿਲਾਂ ਇਨ੍ਹਾਂ ਨੇ ਐਲਾਨ ਕੀਤਾ ਸੀ ਕਿ ਅਸੀਂ ਹਰ ਇੱਕ ਨੂੰ ਬੁਢਾਪਾ ਪੈਨਸ਼ਨ ਦਿਆਂਗੇ ਅਤੇ ਉਸ ਦੀ ਇੱਕ ਹੀ ਸ਼ਰਤ ਹੋਵੇਗੀ, ਉਮਰ ਦੀ । ਸਰਕਾਰ ਬਣਨ ਵੇਲੇ ਇਨ੍ਹਾਂ ਨੇ ਇੱਕ ਹੀ ਉਮਰ ਦੀ ਸ਼ਰਤ ਰੱਖੀ ਸੀ ਜਦੋਂਕਿ ਹੁਣ ਇਨ੍ਹਾਂ ਵੱਲੋਂ ਸ਼ਰਤਾਂ ਚੇਂਜ ਕੀਤੀਆਂ ਜਾ ਰਹੀਆਂ ਹਨ । ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਬੁਢਾਪਾ ਪੈਨਸ਼ਨ ਲੈਣ ਵਾਲਿਆਂ ਲਈ ਕੇਵਲ ਉਮਰ ਦੀ ਹੱਦ ਹੀ ਰੱਖਣਗੇ ਜਾਂ ਇਸ ਵਿੱਚ ਕੋਈ ਤਬਦੀਲੀ ਕਰਨਗੇ ?

ਮੰਤਰੀ : ਇਸ ਤੇ ਵਿਚਾਰ ਚਾਲੂ ਹੈ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਦੂਸਰਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 1997 ਦੇ ਵਿੱਚ ਅਤੇ ਖਾਸ ਕਰਕੇ ਨਵੀਂ ਸਰਕਾਰ ਬਣਨ ਤੋਂ ਬਾਅਦ ਪੰਜਾਬ ਵਿੱਚ ਇੱਕ ਵੀ ਓਲਡ ਏਜ ਪੈਨਸ਼ਨ ਸੈਂਕਸ਼ਨ ਨਹੀਂ ਕੀਤੀ ਗਈ । ਹੁਣ ਇਨ੍ਹਾਂ ਨੇ ਉੱਤਰ ਵਿਚ ਕਿਹਾ ਹੈ ਕਿ ਪੜਤਾਲ, ਇਨਵੈਸਟੀਗੇਸ਼ਨ ਜਾਰੀ ਹੈ ਔਰ ਇਸ ਸਰਕਾਰ ਵੱਲੋਂ ਇਸ ਕੰਮ ਲਈ ਇਕ ਸਕੀਮ ਵੀ ਬਣਾਈ ਗਈ ਹੈ ਜਿਸ ਦੇ ਤਹਿਤ ਹਰੇਕ ਪਿੰਡ ਵਿੱਚ ਡਾਕਟਰ ਅਤੇ ਬੀ. ਡੀ. ਓ. ਦਫਤਰ ਦਾ ਕੋਈ ਕਰਮਚਾਰੀ ਮੌਕੇ ਤੇ ਭੇਜਿਆ ਗਿਆ । ਉਥੇ ਹੀ ਪੜਤਾਲ ਕੀਤੀ ਗਈ ਅਤੇ ਪੜਤਾਲ ਕਰਨ ਤੋਂ ਬਾਅਦ ਉਥੇ ਹੀ ਫਾਰਮ ਭਰੇ ਗਏ । ਜਦੋਂ ਤੁਸੀਂ ਸਟਾਫ ਦੀਆਂ ਟੀਮਾਂ ਨੂੰ ਪੂਰੇ ਅਧਿਕਾਰ ਦੇ ਕੇ ਭੇਜਿਆ ਤਾਂ ਫਿਰ ਪੈਨਸ਼ਨ ਜਾਰੀ ਕਰਨ ਵਿਚ ਡਿਲੇਅ ਦੇ ਕਾਰਨ ਕੀ ਹਨ ਅਤੇ ਇਹ ਪੜਤਾਲ ਕਿਉਂ ਕਰਨੀ ਪੈ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਸਰਟੀਫਿਕੇਟ ਪਰਾਪਰਲੀ ਕਰਾਸ ਚੈੱਕ ਕੀਤੇ ਜਾ ਰਹੇ ਹਨ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਇਹ ਜਵਾਬ ਤਸੱਲੀਬਖਸ਼ ਨਹੀਂ ਹੈ । ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਪੈਨਸ਼ਨ ਸੈਂਕਸ਼ਨ ਕਰਨ ਲਈ

[ਕਾਮਰੇਡ ਹਰਦੇਵ ਅਰਸ਼ੀ]

ਕੰਪੀਟੈਂਟ ਅਥਾਰਟੀ ਡੀ. ਸੀ. ਹੈ ਅੱਗੋਂ ਉਹ ਆਪਣੀਆਂ ਪਾਵਰਜ਼ ਡੈਲੀਗੇਟ ਕਰ ਦੇਵੇ, ਇਹ ਵੱਖਰੀ ਗੱਲ ਹੈ। ਪੰਜਾਬ ਦੇ 17 ਜ਼ਿਲ੍ਹੇ ਹਨ ਪਰ ਕਿਸੇ ਇੱਕ ਵੀ ਜ਼ਿਲ੍ਹੇ ਦਾ ਡੀ. ਸੀ. ਇੱਕ ਵੀ ਕੇਸ ਮਨਜ਼ੂਰ ਨਹੀਂ ਕਰ ਸਕਿਆ, ਇਸ ਦਾ ਕੀ ਕਾਰਨ ਹੈ ? ਦੂਸਰਾ ਇਹ ਕਿ ਇਸ ਵਿੱਚ ਸ਼ਰਤਾਂ ਪੁਰਾਣੀਆਂ ਹਨ। ਸਰਕਾਰ ਵੱਲੋਂ ਕੋਈ ਨਵੀਆਂ ਸ਼ਰਤਾਂ ਲਾਗੂ ਨਹੀਂ ਕੀਤੀਆਂ ਗਈਆਂ ਜਿਨ੍ਹਾਂ ਦਾ ਕਿ ਵਾਅਦਾ ਕੀਤਾ ਗਿਆ ਸੀ। ਪੈਨਸ਼ਨਾਂ ਦੇ ਫਾਰਮ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਭਰ ਕੇ ਭੇਜੇ ਗਏ ਹਨ। ਕੀ ਉਨ੍ਹਾਂ ਨੂੰ ਕੰਸੀਡਰ ਕੀਤਾ ਜਾਵੇਗਾ ?

ਸ਼੍ਰੀ ਸਪੀਕਰ : ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਮੈਡੀਕਲ ਜਾਂ ਹੋਰ ਕਾਗਜ਼ੀ ਕਾਰਵਾਈ ਤੋਂ ਬਾਅਦ ਪੈਨਸ਼ਨਾਂ ਸੈਂਕਸ਼ਨ ਕਰ ਦਿੱਤੀਆਂ ਜਾਣਗੀਆਂ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਅਰਜ਼ੀਆਂ ਮੰਗੀਆਂ ਗਈਆਂ ਸਨ ਤਾਂ ਅਰਜ਼ੀਆਂ ਇੰਨੀ ਜ਼ਿਆਦਾ ਗਿਣਤੀ ਵਿੱਚ ਆ ਗਈਆਂ ਕਿ ਇੰਜ ਲੱਗਦਾ ਸੀ ਜਿਵੇਂ ਸਾਰਾ ਪੰਜਾਬ ਜਵਾਨ ਰਿਹਾ ਹੀ ਨਹੀਂ, ਉਹ ਬੁੱਢਾ ਹੋ ਗਿਆ ਹੈ। ਫਿਰ ਇਨ੍ਹਾਂ ਅਰਜ਼ੀਆਂ ਦੀ ਚੈਕਿੰਗ ਕੀਤੀ ਗਈ। ਇਹ ਚੈਕਿੰਗ 4 ਬਲਾਕਾਂ ਵਿੱਚ ਕੀਤੀ ਗਈ ਜਿਸ ਤੋਂ ਇਹ ਪਾਇਆ ਗਿਆ ਕਿ 50% ਅਰਜ਼ੀਆਂ ਬਿਲਕੁਲ ਬੋਗਸ ਹਨ। ਅਰਸ਼ੀ ਸਾਹਿਬ, ਕਿਤੇ ਤੁਸੀਂ ਵੀ ਤਾਂ ਨਹੀਂ ਅਪਲਾਈ ਕਰ ਦਿੱਤਾ ਸੀ। ਸਪੀਕਰ ਸਾਹਿਬ, ਹੁਣ ਦੁਬਾਰਾ ਘੋਖ ਕੀਤੀ ਜਾ ਰਹੀ ਹੈ। ਵੋਟਰ ਲਿਸਟਾਂ ਨਾਲ ਚੈਕਿੰਗ ਕੀਤੀ ਜਾ ਰਹੀ ਹੈ। ਇਸ ਤੋਂ ਤੁਰੰਤ ਬਾਅਦ ਪੈਨਸ਼ਨਾਂ ਨੂੰ ਲਾਗੂ ਕਰ ਦਿੱਤਾ ਜਾਵੇਗਾ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਜਿਵੇਂ ਇਨ੍ਹਾਂ ਨੇ ਕਿਹਾ ਹੈ ਕਿ ਵੋਟਰ ਸੂਚੀ ਨੂੰ ਆਧਾਰ ਮੰਨ ਕੇ ਚੈਕਿੰਗ ਕੀਤੀ ਜਾ ਰਹੀ ਹੈ, ਮੈਂ ਜਾਨਣਾ ਚਾਹੁੰਦਾ ਹਾਂ ਕਿ ਇਹ ਵੋਟਰ ਸੂਚੀ ਕਿਹੜੇ ਸੰਨ ਦੀ ਹੈ ? ਸਪੀਕਰ ਸਾਹਿਬ, ਇਹ ਵੋਟਰ ਸੂਚੀ 1988 ਦੀ ਮੰਨ ਰਹੇ ਹਨ ਜਦ ਕਿ ਹੁਣ 1997 ਜਾ ਰਿਹਾ ਹੈ। ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਹੈ, ਇਸ ਦਾ ਜਵਾਬ ਆਉਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਬੀਬੀ ਜੀ, ਬਰਾੜ ਸਾਹਿਬ ਦੇ ਪ੍ਰਸ਼ਨ ਦਾ ਜਵਾਬ ਦਿਓ। ਇਹ ਦੱਸੋ ਕਿ ਇਹ ਲਿਸਟ 1988 ਵਾਲੀ ਹੈ ਜਾਂ 1997 ਵਾਲੀ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਲੇਟੈਸਟ ਹੈ। ਕੋਈ ਪ੍ਰਾਰਥੀ 10 ਸਾਲ ਤੋਂ ਪੰਜਾਬ ਦਾ ਵਸਨੀਕ ਹੋਵੇ, ਉਸ ਨੂੰ ਪੈਨਸ਼ਨ ਦਿੱਤੀ ਜਾਵੇਗੀ।

ਸ਼੍ਰੀ ਸਪੀਕਰ : ਪ੍ਰਸ਼ਨ ਹੈ ਕਿ ਉਮਰ ਬਾਰੇ ਜੋ ਚੈਕਿੰਗ ਚੱਲ ਰਹੀ ਹੈ, ਉਸ ਵਾਸਤੇ ਵੋਟਰ ਸੂਚੀ 1988 ਨੂੰ ਆਧਾਰ ਮੰਨਿਆ ਜਾ ਰਿਹਾ ਹੈ ਜਾਂ 1997 ਵਾਲੀ ਲਿਸਟ ਨੂੰ ਮੰਨਿਆ ਜਾ ਰਿਹਾ ਹੈ ?

ਮੰਤਰੀ : 1997 ਵਾਲੀ ਹੈ ਜੀ । ਇਹ ਲੇਟੈਸਟ ਹੈ । 10 ਸਾਲ ਤੋਂ ਜੋ ਪੰਜਾਬ ਦਾ ਵਸਨੀਕ ਹੋਵੇ, ਉਹ ਇਸ ਵਾਸਤੇ ਇਲੀਜੀਬਲ ਹੈ ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਇਹ ਹਾਊਸ ਨੂੰ** ਕਰ ਰਹੇ ਹਨ । ਇਹ 1988 ਵਾਲੀ ਲਿਸਟ ਨੂੰ ਆਧਾਰ ਮੰਨ ਰਹੇ ਹਨ । ਇਸ ਅਨੁਸਾਰ ਹੀ ਪੜਤਾਲ ਕੀਤੀ ਜਾ ਰਹੀ ਹੈ । ਤੁਸੀਂ ਸੀ. ਐਮ. ਦਫਤਰ ਤੋਂ ਪਤਾ ਕਰ ਲਓ ।

ਸ਼੍ਰੀ ਸਪੀਕਰ : **ਸ਼ਬਦ ਐਕਸਪੰਜ ਕੀਤਾ ਜਾਵੇ । ਬੀਬੀ ਜੀ, ਇਹ ਦੱਸੋ ਕਿ ਆਧਾਰ ਕਿਸ ਸੂਚੀ ਨੂੰ ਮੰਨਿਆ ਜਾ ਰਿਹਾ ਹੈ ? 1997 ਵਾਲੀ ਨੂੰ ਜਾਂ 1988 ਵਾਲੀ ਨੂੰ ?

ਮੁੱਖ ਮੰਤਰੀ : ਸਪੀਕਰ ਸਾਹਿਬ, ਲੇਟੈਸਟ ਵੋਟਰ ਸੂਚੀ ਨੂੰ ਆਧਾਰ ਮੰਨਿਆ ਜਾ ਰਿਹਾ ਹੈ । ਪੈਨਸ਼ਨ ਦੇਣ ਵਾਸਤੇ ਉਸ ਦੀ ਉਮਰ ਕਿੰਨੀ ਹੈ, ਇਹ ਤਾਂ ਲੇਟੈਸਟ ਸੂਚੀ ਤੋਂ ਹੀ ਪਤਾ ਲੱਗੇਗਾ । 8 ਸਾਲ ਪਹਿਲਾਂ ਦੀ ਨੂੰ ਕਿਵੇਂ ਆਧਾਰ ਮੰਨਿਆ ਜਾ ਸਕਦਾ ਹੈ । (ਥੰਪਿੰਗ)

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਸਾਰੇ ਲੋਕ ਡੀਜ਼ਰਵ ਨਹੀਂ ਕਰਦੇ । ਘੱਟ ਉਮਰ ਵਾਲੇ ਵੀ ਫ਼ਾਰਮ ਭਰੀ ਜਾ ਰਹੇ ਹਨ । ਇਹ ਠੀਕ ਹੋ ਸਕਦਾ ਹੈ । ਇਸ ਬਾਰੇ ਮੈਂ ਡਿਨਾਈ ਨਹੀਂ ਕਰਦਾ ਪਰ ਚਿੰਤਾ ਦਾ ਮਾਮਲਾ ਤਾਂ ਇਹ ਹੈ ਕਿ ਟੀਮਾਂ ਤਾਂ ਤੁਸੀਂ ਬਣਾ ਕੇ ਭੇਜੀਆਂ ਸਨ । ਕੀ ਤੁਸੀਂ ਉਨ੍ਹਾਂ ਨੂੰ ਗਾਈਡ-ਲਾਈਨਜ਼ ਨਹੀਂ ਸੀ ਦਿੱਤੀਆਂ ? ਕਿਉਂ ਉਨ੍ਹਾਂ ਨੇ ਉਹ ਫ਼ਾਰਮ ਬਾਈਪਾਸ ਕੀਤੇ ? ਸਪੀਕਰ ਸਾਹਿਬ, ਵੋਟਰ ਸੂਚੀਆਂ ਵਿੱਚ ਵੀ ਠੀਕ ਉਮਰ ਨਹੀਂ ਲਿਖੀ ਹੁੰਦੀ । ਕਈ ਥਾਈਂ ਤਾਂ ਵੋਟਰ ਦੀ ਉਮਰ 40 ਸਾਲ ਹੁੰਦੀ ਹੈ ਪਰ 60 ਸਾਲ ਲਿਖੀ ਹੁੰਦੀ ਹੈ । ਕਈ ਵਾਰ 60 ਸਾਲ ਵਾਲੇ ਦੀ ਉਮਰ 50 ਸਾਲ ਲਿਖ ਦਿੱਤੀ ਜਾਂਦੀ ਹੈ । ਜਦੋਂ ਡਾਕਟਰਾਂ ਦੀ ਟੀਮ ਭੇਜੀ ਗਈ ਸੀ ਤਾਂ ਉਸ ਸਮੇਂ ਪੁਰਾਣਾ ਤਰੀਕਾ ਕਿਉਂ ਨਹੀਂ ਵਰਤਿਆ ਗਿਆ ?

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੇਰਾ ਨਿਵੇਦਨ ਮਨਿਸਟਰ ਸਾਹਿਬਾ ਨੂੰ ਇਹ ਹੈ ਕਿ ਇਨ੍ਹਾਂ ਦੀ ਡਾਕਟਰਾਂ ਦੀ ਟੀਮ ਨੇ ਪੈਨਸ਼ਨ ਦੇਣ ਲਈ ਉਮਰ ਨੂੰ ਸਰਟੀਫਾਈ ਕੀਤਾ ਸੀ । ਹੁਣ ਚੀਫ ਮਨਿਸਟਰ ਸਾਹਿਬ ਨੇ ਕਹਿ ਦਿੱਤਾ ਕਿ ਜਿਹੜੀ ਲਿਸਟ ਸਰਕਾਰ ਕੋਲ ਆਈ ਸੀ, ਉਸ ਦੇ ਵਿਚ ਅੱਧੇ ਬੋਗਸ ਪਾਏ ਗਏ ਹਨ ਅਤੇ ਹੁਣ ਸਰਕਾਰ ਵੋਟਰ ਲਿਸਟਾਂ ਨੂੰ ਆਧਾਰ ਮੰਨ ਕੇ ਉਮਰ ਨੂੰ ਸਰਟੀਫਾਈ ਕਰੇਗੀ । ਕੀ ਸਰਕਾਰ ਜਿਨਾਂ ਡਾਕਟਰਾਂ ਨੇ ਉਮਰ ਨੂੰ ਗਲਤ ਸਰਟੀਫਾਈ ਕੀਤਾ ਸੀ, ਉਨ੍ਹਾਂ ਦੇ ਖਿਲਾਫ਼ ਕਾਰਵਾਈ ਕਰੇਗੀ ਅਤੇ ਕੀ ਇਹ ਉਨ੍ਹਾਂ ਨੂੰ ਸਜ਼ਾ ਦੇਣ ਲਈ ਤਿਆਰ ਹੈ ? ਜਿਹੜੀ ਵੋਟਰ ਲਿਸਟ ਨੂੰ ਆਧਾਰ ਬਣਾਇਆ ਜਾ ਰਿਹਾ ਹੈ, ਉਹ ਵੀ ਠੀਕ ਨਹੀਂ ਜਿਸ ਤਰ੍ਹਾਂ 1985 ਵਿਚ

**Expunged as ordered by the Chair.

[ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

ਜਿਹੜੀ ਮੇਰੀ ਉਮਰ ਸੀ, ਉਸ ਉਮਰ ਦਾ 1997 ਵਿਚ ਫਰਕ ਪੈ ਜਾਵੇਗਾ । ਇਸ ਤਰੀਕੇ ਨਾਲ ਤਾਂ ਸਰਕਾਰ ਦਾ ਮੂਡ 30% ਲੋਕਾਂ ਨੂੰ ਵੀ ਪੈਨਸ਼ਨ ਦੇਣ ਦਾ ਨਹੀਂ ਲੱਗਦਾ

ਸ਼੍ਰੀ ਸਪੀਕਰ : ਇਸ ਦਾ ਜਵਾਬ ਆ ਚੁੱਕਾ ਹੈ ।

ਸ਼੍ਰੀ ਰਮੇਸ਼ ਚੰਦਰ ਡੋਗਰਾ: ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਬੁਢਾਪਾ ਪੈਨਸ਼ਨਾਂ ਦੇਣ ਲਈ ਐਪਲੀਕੇਸ਼ਨਾਂ ਲਈਆਂ ਸਨ ਅਤੇ ਸੈਂਪਲ ਦੇ ਤੌਰ ਤੇ 3-4 ਬਲਾਕਾਂ ਦੀ ਚੈਕਿੰਗ ਵੀ ਕਰਵਾਈ ਸੀ ਜਿਸ ਤੋਂ ਪਤਾ ਲੱਗਾ ਕਿ ਇਸ ਵਿਚ ਅੱਧੀਆਂ ਤੋਂ ਜ਼ਿਆਦਾ ਐਪਲੀਕੇਸ਼ਨਾਂ ਬੋਗਸ ਹਨ ਪਰ ਜਿਹੜੇ ਫਾਰਮ ਦਰੁਸਤ ਪਾਏ ਗਏ ਸਨ, ਕੀ ਉਨ੍ਹਾਂ ਨੂੰ ਸਰਕਾਰ ਨੇ ਪੈਨਸ਼ਨਾਂ ਰੀਲੀਜ਼ ਕਰ ਦਿੱਤੀਆ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਐਪਲੀਕੇਸ਼ਨਾਂ ਨੂੰ ਪ੍ਰੋਸੈਸ ਕਰਕੇ ਡਿਸਟ੍ਰਿਕਟ ਐਡਮਿਨਿਸਟ੍ਰੇਸ਼ਨ ਵਿਚ ਪੈਸੇ ਭੇਜ ਦਿੱਤੇ ਹਨ ਅਤੇ ਉਨ੍ਹਾਂ ਨੂੰ ਪੈਨਸ਼ਨਾਂ ਮਿਲ ਜਾਣਗੀਆਂ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਨੂੰ ਕਿੰਨੀ ਦੇਰ ਤੱਕ ਪੈਨਸ਼ਨਾਂ ਮਿਲ ਜਾਣਗੀਆਂ ਅਤੇ ਦੇਣੀਆਂ ਸ਼ੁਰੂ ਕਰ ਦਿੱਤੀਆਂ ਜਾਣਗੀਆਂ ?

(ਇਸ ਦਾ ਕੋਈ ਉੱਤਰ ਨਹੀਂ ਆਇਆ ।)

ਦੀਨਾਨਗਰ ਵਿਚ 25 ਬਿਸਤਰਿਆਂ ਦਾ ਹਸਪਤਾਲ ਖੋਲ੍ਹਣਾ

*667. **ਸ਼੍ਰੀਮਤੀ ਰੂਪ ਰਾਣੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ ਵਿਚ 25-ਬਿਸਤਰਿਆਂ ਦਾ ਹਸਪਤਾਲ ਖੋਲ੍ਹਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੈ ਤਾਂ ਇਸਦੇ ਕਦੋਂ ਤੱਕ ਖੋਲ੍ਹੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਨੋਰੰਜਨ ਕਾਲੀਆ : ਨਹੀਂ ਜੀ ।

ਸ਼੍ਰੀਮਤੀ ਰੂਪ ਰਾਣੀ : ਸਪੀਕਰ ਸਾਹਿਬ, ਦੀਨਾ ਨਗਰ ਦੇ ਵਿਚ 25 ਬੈਡਿਡ ਹਸਪਤਾਲ ਦੀ ਪਰੋਪੋਜ਼ਲ ਪਿਛਲੇ 25 ਸਾਲਾਂ ਤੋਂ ਸਰਕਾਰ ਕੋਲ ਪਈ ਹੈ ਔਰ ਮੇਰੀ ਸ਼ਾਦੀ ਨੂੰ 27 ਸਾਲ ਹੋ ਗਏ ਹਨ, ਹਾਲੇ ਤੱਕ ਇਸ ਪਰੋਪੋਜ਼ਲ ਨੂੰ ਸਿਰੇ ਨਹੀਂ ਚੜ੍ਹਾਇਆ ਗਿਆ । ਮੰਤਰੀ ਜੀ ਇਥੇ 25 ਬੈਡਿਡ ਹਸਪਤਾਲ ਨੂੰ ਕਦੋਂ ਤਕ ਚਾਲੂ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਦੀਨਾ ਨਗਰ ਵਿਚ ਇਕ ਸਿਵਲ ਡਿਸਪੈਂਸਰੀ ਚਲ ਰਹੀ ਹੈ ਅਤੇ ਇਸ ਡਿਸਪੈਂਸਰੀ ਦੇ ਵਿਚ ਮੈਡੀਕਲ ਅਫਸਰ ਅਤੇ ਮਨਜ਼ੂਰ ਸ਼ੁਦਾ ਪੈਰਾ ਮੈਡੀਕਲ ਸਟਾਫ ਲਗਾ ਹੋਇਆ ਹੈ । ਉਥੇ ਦੇ ਇੰਡਸਟਰੀਅਲ ਕਾਮਿਆਂ ਦੇ ਲਈ ਇਕ

ਈ. ਐਸ. ਆਈ. ਡਿਸਪੈਂਸਰੀ ਵੀ ਕੰਮ ਕਰ ਰਹੀ ਹੈ । 1997-98 ਦੇ ਵਿਚ ਦੀਨਾ ਨਗਰ ਸ਼ਹਿਰ ਦੇ ਲਈ 25 ਬੈਡਿਡ ਹਸਪਤਾਲ ਬਣਾਉਣ ਦੀ ਕੋਈ ਪਰੋਪੋਜ਼ਲ ਸਰਕਾਰ ਕੋਲ ਨਹੀਂ ਹੈ ।

ਸ੍ਰੀਮਤੀ ਰੂਪ ਰਾਣੀ : ਸਪੀਕਰ ਸਾਹਿਬ, 25 ਸਾਲ ਪੁਰਾਣੀ ਪਰੋਪੋਜ਼ਲ ਨੂੰ ਅਮਲ ਵਿਚ ਲਿਆ ਕੇ ਦੀਨਾ ਨਗਰ ਵਿਚ 25 ਬੈਡਿਡ ਹਸਪਤਾਲ ਬਣਾ ਦਿੱਤਾ ਜਾਵੇ ।

ਸ੍ਰੀ ਸਪੀਕਰ : ਇਸ ਬਾਰੇ ਮੰਤਰੀ ਸਾਹਿਬ ਨੇ ਪਹਿਲਾਂ ਹੀ ਸਪਸ਼ਟ ਕਹਿ ਦਿੱਤਾ ਹੈ ।

ਜ਼ਿਲ੍ਹਾ ਨਵਾਂ ਸ਼ਹਿਰ ਵਿਚ ਹਸਪਤਾਲਾਂ ਵਿਚ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਨੂੰ ਭਰਨਾ

*675. **ਚੌਧਰੀ ਮੋਹਨ ਲਾਲ ਬਹਿਰਾਮ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਸਰਕਾਰੀ ਹਸਪਤਾਲਾਂ/ਡਿਸਪੈਂਸਰੀਆਂ ਵਿਚ ਇਸ ਸਮੇਂ ਡਾਕਟਰਾਂ ਦੀਆਂ ਖਾਲੀਆਂ ਪਈਆਂ ਆਸਾਮੀਆਂ ਦੀ ਬਲਾਕ-ਵਾਰ ਗਿਣਤੀ ਅਤੇ ਵੇਰਵੇ ਕੀ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰੇ ਜਾਣ ਦੀ ਆਸ ਹੈ ?

ਸ੍ਰੀ ਮਨੋਰੰਜਨ ਕਾਲੀਆ : ਜ਼ਿਲ੍ਹਾ ਨਵਾਂ ਸ਼ਹਿਰ ਵਿਚ ਸਰਕਾਰੀ ਹਸਪਤਾਲਾਂ/ਡਿਸਪੈਂਸਰੀਆਂ ਵਿਚ ਇਸ ਸਮੇਂ 7 ਮੈਡੀਕਲ ਅਫ਼ਸਰਾਂ, ਇਕ ਡੈਂਟਲ ਅਫ਼ਸਰ ਅਤੇ ਇਕ ਸੀਨੀਅਰ ਮੈਡੀਕਲ ਅਫ਼ਸਰ ਦੀਆਂ ਆਸਾਮੀਆਂ ਖਾਲੀ ਪਈਆਂ ਹਨ ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

1. **ਬਲਾਕ ਨਵਾਂ ਸ਼ਹਿਰ**		
ਸਲੱਮ ਏਰੀਆ ਡਿਸਪੈਂਸਰੀ, ਨਵਾਂ ਸ਼ਹਿਰ	..	1 ਐਮ. ਓ.
ਸਬਸਿਡਰੀ ਹੈਲਥ ਸੈਂਟਰ, ਦੌਪਾਲਪੁਰ	..	1 ਐਮ. ਓ.
2. **ਬਲਾਕ ਬਲਾਚੌਰ**		
ਸਬਸਿਡਰੀ ਹੈਲਥ ਸੈਂਟਰ ਮੂਤੋ	..	1 ਐਮ. ਓ.
3. **ਬਲਾਕ ਸੜੋਆ**		
1. ਪੀ. ਐਚ. ਸੀ. ਸੜੋਆ	..	1 ਐਮ. ਓ.
2. ਰੂਰਲ ਹਸਪਤਾਲ ਸੜੋਆ	..	1 ਐਮ. ਓ.
3. ਸੀ. ਐਚ. ਸੀ. ਸੜੋਆ	..	1 ਐਮ. ਓ.
ਬਲਾਕ ਔੜ		
1. ਪੀ. ਐਚ. ਸੀ., ਮੁਕੰਦਪੁਰ	..	1 ਡੈਂਟਲ ਅਫ਼ਸਰ
2. ਰੂਰਲ ਹਸਪਤਾਲ ਕਮਾਮ	..	1 ਐਮ. ਓ.
5. **ਬਲਾਕ ਬੰਗਾ**		
ਪੀ. ਐਚ. ਸੀ. ਸੂਜੋਂ	.	1 ਸੀਨੀਅਰ ਮੈਡੀਕਲ ਅਫ਼ਸਰ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਜਿਥੋਂ ਤਕ ਮੈਡੀਕਲ ਅਫਸਰਾਂ ਦੀਆਂ ਉਪਰੋਕਤ ਆਸਾਮੀਆਂ ਨੂੰ ਭਰਨ ਦਾ ਸਬੰਧ ਹੈ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਵਿਖੇ ਮੈਡੀਕਲ ਅਫਸਰਾਂ ਦੀ ਇੰਟਰਵਿਊ ਚਲ ਰਹੀ ਹੈ । ਜਿਉਂ ਹੀ ਸਿਲੈਕਸ਼ਨ ਲਿਸਟ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਤੋਂ ਪ੍ਰਾਪਤ ਹੋ ਜਾਵੇਗੀ, ਇਹ ਆਸਾਮੀਆਂ ਤੁਰੰਤ ਭਰ ਦਿੱਤੀਆਂ ਜਾਣਗੀਆਂ । ਜਿਥੋਂ ਤੱਕ ਸੀਨੀਅਰ ਮੈਡੀਕਲ ਅਫਸਰ ਦੀ ਇਕ ਆਸਾਮੀ ਨੂੰ ਭਰਨ ਦਾ ਸਬੰਧ ਹੈ, ਇਸ ਬਾਰੇ ਮੈਡੀਕਲ ਅਫਸਰਾਂ ਦੀ ਬਤੌਰ ਤਰੱਕੀ ਸਬੰਧੀ ਕੇਸ ਵਿਚਾਰ ਅਧੀਨ ਹੈ । ਇਹ ਜਲਦੀ ਹੀ ਭਰ ਦਿਤੀ ਜਾਵੇਗੀ ।

ਚੌਧਰੀ ਮੋਹਨ ਲਾਲ ਬਹਿਰਾਮ : ਮੰਤਰੀ ਨੇ ਜਵਾਬ ਦਿੱਤਾ ਹੈ ਕਿ ਬਹੁਤ ਸਾਰੀਆਂ ਮੈਡੀਕਲ ਅਫਸਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ । ਲੋਕਾਂ ਦੀ ਭਾਰੀ ਪ੍ਰੇਸ਼ਾਨੀ ਅਤੇ ਦੁੱਖ ਤਕਲੀਫ਼ਾਂ ਨੂੰ ਮੁੱਖ ਰੱਖਦੇ ਹੋਏ ਕੀ ਮੰਤਰੀ ਜੀ ਆਸਾਮੀਆਂ ਨੂੰ ਭਰਨ ਦੇ ਕੰਮ ਨੂੰ ਟਾਈਮ ਬਾਊਂਡ ਕਰਨਗੇ ?

ਸ੍ਰੀ ਸਪੀਕਰ : ਇਹ ਪਬਲਿਕ ਸਰਵਿਸ ਕਮਿਸ਼ਨ ਨਾਲ ਸਬੰਧਤ ਹੈ ।

ਚੌਧਰੀ ਮੋਹਨ ਲਾਲ ਬਹਿਰਾਮ : ਕੀ ਮੰਤਰੀ ਜੀ ਯਕੀਨ ਦਿਵਾਉਣਗੇ ਕਿ ਸੀਨੀਅਰ ਮੈਡੀਕਲ ਅਫਸਰ ਦੀ ਆਸਾਮੀ ਮੈਰਿਟ ਦੇ ਆਧਾਰ ਤੇ ਭਰੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਇਹ ਆਸਾਮੀ ਮੈਰਿਟ ਦੇ ਆਧਾਰ ਤੇ ਪੁਰ ਕੀਤੀ ਜਾਵੇਗੀ ।

ਸ੍ਰੀ ਰਾਮ ਲਾਲ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਬਹੁਤ ਸਾਰੀਆਂ ਅਸਾਮੀਆਂ ਭਰੀਆਂ ਜਾਣਗੀਆਂ । ਸਾਡੇ ਸਾਹਮਣੇ ਬੈਠੇ ਵੀਰਾਂ ਨੇ 25-25 ਬੈੱਡਜ਼ ਦੇ ਹਸਪਤਾਲਾਂ ਲਈ ਫੀਤੇ ਕੱਟੇ ਸੀ । ਇਕ ਹਸਪਤਾਲ ਨਰੋਟ ਮਹਿਰਾ ਵਿਚ ਅਤੇ ਦੂਸਰਾ ਗੁਰਦਾਸਪੁਰ ਭਾਈਆਂ ਪਿੰਡ ਵਿਚ ਬਣਾਉਣ ਲਈ ਫੀਤੇ ਕੱਟੇ ਸਨ । ਕੀ ਸਾਡੀ ਸਰਕਾਰ ਉਹ ਹਸਪਤਾਲ ਬਣਾਉਣ ਦਾ ਉਪਰਾਲਾ ਕਰੇਗੀ ?

ਸ੍ਰੀ ਸਪੀਕਰ : ਤੁਸੀਂ ਇਸ ਬਾਰੇ ਵੱਖਰਾ ਕੁਐਸਚਨ ਦੇ ਦਿਉ ।

ਖਟਕੜ ਕਲਾਂ ਵਿਖੇ ਪਾਰਕ ਨੂੰ ਸੁੰਦਰ ਬਣਾਉਣਾ

*636. **ਸ੍ਰੀ ਚਰਨਜੀਤ ਸਿੰਘ ਨਵਾਂ ਮਹਿਰ :** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਵਾਂ ਸ਼ਹਿਰ ਬੰਗਾ ਸੜਕ ਤੇ ਖਟਕੜ ਕਲਾਂ ਵਿਖੇ ਪਾਰਕ, ਜਿਥੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਬੁੱਤ ਲਗਾਇਆ ਗਿਆ ਹੈ, ਦੀ ਸੁੰਦਰਤਾ ਵਧਾਉਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ, ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਮਾਸਟਰ ਮੋਹਨ ਲਾਲ : ਨਵਾਂ ਸ਼ਹਿਰ-ਬੰਗਾ ਸੜਕ ਤੇ ਖਟਕੜ ਕਲਾਂ ਵਿਖੇ ਸਥਿਤ ਪਾਰਕ, ਜਿਥੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਬੁੱਤ ਲਗਾ ਹੋਇਆ ਹੈ, ਨੂੰ ਖੂਬਸੂਰਤ ਬਨਾਉਣ ਸਬੰਧੀ ਕੋਈ ਤਜਵੀਜ਼ ਵਣ ਵਿਭਾਗ ਪੰਜਾਬ ਦੇ ਵਿਚਾਰ ਅਧੀਨ ਨਹੀਂ ਹੈ ।

ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਮਾਨਯੋਗ ਸਪੀਕਰ ਸਾਹਿਬ, ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਭਾਰੀ ਦੇਣ ਸੀ । ਸਰਦਾਰ ਭਗਤ ਸਿੰਘ ਜੀ ਦਾ ਬੁੱਤ ਤਾਂ ਲੱਗਾ ਹੋਇਆ ਹੈ ਪਰ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਜਗਾਹ ਨੂੰ ਜਿਤਨੀ ਦੇਰ ਸੁੰਦਰ ਨਹੀਂ ਕਰੋਗੇ ।.........

(ਇਸ ਵਕਤ ਅਚਾਨਕ ਮਾਈਕ ਬੰਦ ਹੋ ਜਾਣ ਕਾਰਣ ਆਵਾਜ਼ ਠੀਕ ਤਰ੍ਹਾਂ ਨਾਲ ਸੁਣਾਈ ਨਹੀਂ ਸੀ ਦੇ ਰਹੀ ।)

ਸ਼੍ਰੀ ਸਪੀਕਰ : ਆਵਾਜ਼ ਠੀਕ ਨਹੀਂ ਹੈ ।

ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਕੀ ਸਰਦਾਰ ਭਗਤ ਸਿੰਘ ਦੇ ਬੁੱਤ ਵਾਲੇ ਪਾਰਕ ਨੂੰ ਬਿਊਟੀਫੁਲ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਕੀ ਮੰਤਰੀ ਜੀ ਹਾਊਸ ਨੂੰ ਵਿਸ਼ਵਾਸ ਦਿਵਾਉਣਗੇ ਕਿ ਉਸ ਜਗ੍ਹਾ ਨੂੰ ਬਿਊਟੀਫੁਲ ਬਣਾਇਆ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬ ਦੀ ਸੇਵਾ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਹ ਜਗਾਹ ਦੀ ਮਲਕੀਅਤ ਵਣ ਵਿਭਾਗ ਦੀ ਨਹੀਂ ਹੈ । ਐਮ. ਐਲ. ਏ. ਸਾਹਿਬ ਕੋਸ਼ਿਸ਼ ਕਰਨ ਅਤੇ ਉਹ ਜਗਾਹ ਵਣ ਵਿਭਾਗ ਨੂੰ ਦਿਵਾਉਣ । ਉਨ੍ਹਾਂ ਦੀ ਇਹ ਕੰਸਟੀਚੂਐਂਸੀ ਵੀ ਹੈ । ਮੈਂ ਐਸ਼ਿਓਰ ਕਰਦਾ ਹਾਂ ਕਿ ਜਦੋਂ ਇਹ ਜਗ੍ਹਾ ਵਣ ਵਿਭਾਗ ਨੂੰ ਦਿਵਾ ਦੇਣਗੇ ਤਾਂ ਉਥੇ ਏਨਾ ਖੂਬਸੂਰਤ ਵਾਤਾਵਰਣ ਬਣਾਇਆ ਜਾਵੇਗਾ ਕਿ ਦੁਨੀਆ ਅਸ਼-ਅਸ਼ ਕਰ ਉਠੇਗੀ ।

ਸ਼੍ਰੀ ਚਰਨਜੀਤ ਸਿੰਘ ਨਵਾਂ ਸ਼ਹਿਰ : ਬਹੁਤ ਬਹੁਤ ਧੰਨਵਾਦ ਜੀ ।

ਅਨੁਸੂਚਿਤ ਜਾਤੀਆਂ ਲਈ ਮਕਾਨਾਂ ਦੀ ਉਸਾਰੀ

***629. ਸ਼੍ਰੀ ਹਰਮਿੰਦਰ ਸਿੰਘ ਜੱਸੀ** : ਕੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1997-98 ਦੇ ਦੌਰਾਨ ਰਾਜ ਵਿਚ ਅਨੁਸੂਚਿਤ ਜਾਤੀਆਂ ਲਈ ਮਕਾਨ ਬਣਾਉਣ ਲਈ ਕੁਲ ਕਿੰਨੇ ਫੰਡ ਮਖਸੂਸ ਕੀਤੇ ਗਏ ਅਤੇ ਅਜਿਹੇ ਕਿੰਨੇ ਮਕਾਨ ਬਣਾਏ ਜਾਣ ਦੀ ਤਜਵੀਜ਼ ਹੈ ਅਤੇ ਹਰ ਇਕ ਮਕਾਨ ਤੇ ਕਿੰਨੀ ਲਾਗਤ ਆਉਣ ਦਾ ਅਨੁਮਾਨ ਹੈ;

[ਸ਼੍ਰੀ ਹਰਮਿੰਦਰ ਸਿੰਘ ਜੱਸੀ]

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਕਿਸੇ ਮਕਾਨ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ, ਜੇਕਰ ਅਜਿਹਾ ਹੈ, ਤਾਂ ਉਸਦੇ ਵੇਰਵੇ ਕੀ ਹਨ ਅਤੇ ਉਕਤ ਮਕਾਨਾਂ ਦੀ ਅਲਾਟਮੈਂਟ ਲਈ ਕੀ ਕਸੌਟੀ ਨਿਸ਼ਚਿਤ ਕੀਤੀ ਗਈ ਹੈ ?

ਸਰਦਾਰ ਸਰਵਣ ਸਿੰਘ ਫਿਲੌਰ : (ੳ) ਮਕਾਨ ਬਣਾਉਣ ਲਈ ਮਖਸੂਸ ਕੀਤੇ ਫੰਡ 60.00 ਕਰੋੜ ਰੁਪਏ, ਉਸਾਰੀ ਕੀਤੇ ਜਾਣ ਵਾਲੇ ਘਰਾਂ ਦੀ ਗਿਣਤੀ 12,000 ਅਤੇ ਕੀਮਤ (ਪ੍ਰਤੀ ਘਰ) 50,000/- ਰੁਪਏ ।

(ਅ) ਹਾਂ ਜੀ, ਉਸਾਰੀ ਅਧੀਨ ਵੱਖ ਵੱਖ ਪੱਧਰ ਤੇ 2,544 ਮਕਾਨਾਂ ਦਾ ਵੇਰਵਾ ਇੰਝ ਹੈ । ਡੀ. ਪੀ. ਸੀ. ਪੱਧਰ 1,744 ਮਕਾਨ, ਦਰਵਾਜ਼ਾ ਪੱਧਰ 320 ਮਕਾਨ, ਛੱਤ ਪੱਧਰ 271 ਮਕਾਨ, ਪੂਰਾ ਕਰਨ ਦੀ ਪੱਧਰ 209 ਮਕਾਨ ।

ਮਕਾਨ ਅਲਾਟਮੈਂਟ ਲਈ ਨਿਸ਼ਚਿਤ ਕਸੌਟੀ

1. ਪ੍ਰੀਵਾਰ ਦੀ ਸਾਲਾਨਾ ਆਮਦਨ 16,000/-ਰੁਪਏ ਤੋਂ ਵੱਧ ਨਾ ਹੋਵੇ ਅਤੇ ਗਰੀਬੀ ਰੇਖਾ ਤੋਂ ਹੇਠ ਰਹਿ ਰਹੇ ਪ੍ਰੀਵਾਰ ਪਹਿਲ ਦੇ ਆਧਾਰ ਤੇ ਕਵਰ ਕੀਤੇ ਜਾਣਗੇ ।
2. ਬੇਘਰੇ ਪ੍ਰੀਵਾਰਾਂ ਨੂੰ ਪਹਿਲ ਦਿੱਤੀ ਜਾਵੇਗੀ ।
3. ਕੱਚੇ ਘਰਾਂ ਜਾਂ ਖਸਤਾ ਹਾਲਤ ਘਰਾਂ ਜੋ ਰਹਿਣ ਲਈ ਸੁਰੱਖਿਅਤ ਨਾ ਹੋਣ ਜਾਂ 5 ਮਰਲੇ ਤੋਂ ਘੱਟ ਰਕਬੇ ਵਾਲੇ ਘਰਾਂ ਵਿੱਚ ਵਸਣ ਵਾਲੇ ਪ੍ਰੀਵਾਰ ।
4. ਉਹ ਪ੍ਰੀਵਾਰ ਜਿਨ੍ਹਾਂ ਨੇ ਪਹਿਲਾਂ ਕਦੀ ਕਿਸੇ ਮਕਾਨ ਉਸਾਰੀ ਸਕੀਮ ਅਧੀਨ ਰਾਹਤ ਪ੍ਰਾਪਤ ਨਾ ਕੀਤੀ ਹੋਵੇ ।

ਸ਼੍ਰੀ ਹਰਮਿੰਦਰ ਸਿੰਘ ਜੱਸੀ : ਸਪਲੀਮੈਂਟਰੀ ਜੀ । ਸਪੀਕਰ ਸਾਹਿਬ, ਸਰਕਾਰ ਬਣੀ ਨੂੰ 9 ਮਹੀਨੇ ਬੀਤ ਚੁੱਕੇ ਹਨ ਪਰ ਹਾਲੇ ਤੱਕ ਇਕ ਵੀ ਮਕਾਨ ਅਨੁਸੂਚਿਤ ਜਾਤੀਆਂ ਵਾਸਤੇ ਸਰਕਾਰ ਨੇ ਪੂਰਾ ਨਹੀਂ ਬਣਾਇਆ ਜਦ ਕਿ 12,000 ਮਕਾਨ ਬਣਾਉਣ ਦਾ ਟੀਚਾ ਰੱਖਿਆ ਹੋਇਆ ਹੈ । ਕੀ ਮੰਤਰੀ ਜੀ ਕ੍ਰਿਪਾ ਕਰਕੇ ਦੱਸਣਗੇ ਕਿ ਇਹ ਹੁਣ ਤੱਕ ਮਕਾਨਾਂ ਦਾ ਕਿੰਨੇ ਪਰਸੈਂਟ ਕੰਮ ਕਰਾ ਚੁੱਕੇ ਹਨ ਅਤੇ ਇਹ ਮਕਾਨ ਕਿੱਥੇ ਬਣ ਰਹੇ ਹਨ ? ਇਹ ਮਕਾਨ ਕਿਧਰੇ ਵੀ ਨਹੀਂ ਬਣ ਰਹੇ । ਇਹ ਕੋਈ ਇਕ ਥਾਂ ਵੀ ਦੱਸ ਦੇਣ ਤਾਂ ਮੈਂ ਇਨ੍ਹਾਂ ਦਾ ਦੇਣਦਾਰ ਹੋਵਾਂਗਾ । (ਵਿਘਨ) ਇਹ ਮਕਾਨ ਕਿਤੇ ਵੀ ਨਹੀਂ ਬਣ ਰਹੇ । ਇਹ ਸਾਡੇ ਬਠਿੰਡੇ ਜ਼ਿਲ੍ਹੇ ਬਾਰੇ ਹੀ ਦੱਸ ਦੇਣ ।

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਸਕੀਮ ਅਪਰੂਵ ਹੋਈ ਨੂੰ ਹਾਲੇ ਬਹੁਤੀ ਦੇਰ ਨਹੀਂ ਹੋਈ । 6 ਅਗਸਤ, 1997 ਨੂੰ ਇਹ ਸਕੀਮ ਅਪਰੂਵ ਹੋਈ ਹੈ ਅਤੇ ਉਸ ਤੋਂ ਬਾਅਦ ਕਾਫੀ ਤਸੱਲੀ-ਬਖਸ਼ ਕੰਮ ਚਲ

ਰਿਹਾ ਹੈ । ਬਹੁਤ ਸਾਰੇ ਜ਼ਿਲ੍ਹਿਆਂ ਵਿਚ ਤਾਂ ਇਹ ਮਕਾਨ ਬਿਲਕੁਲ ਛੱਤ ਪੱਧਰ ਤੱਕ ਪੂਰੇ ਹੋਏ ਪਏ ਹਨ । ਇਸ ਲਈ ਕੋਈ ਐਸੀ ਘਬਰਾਉਣ ਵਾਲੀ ਗੱਲ ਨਹੀਂ । ਅਸੀਂ ਸਮੇਂ ਸਿਰ ਪੂਰੇ ਮਕਾਨ ਬਣਾ ਕੇ ਦੇਵਾਂਗੇ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਕ ਗੱਲ ਦਾ ਸਪਸ਼ਟੀਕਰਣ ਚਾਹੁੰਦਾ ਹਾਂ । ਮੰਤਰੀ ਸਾਹਿਬ ਨੇ ਜਾਂ ਸਰਕਾਰ ਨੇ ਪੰਚਾਇਤੀ ਰਾਜ ਤੋਂ ਮਕਾਨ ਬਣਾਉਣੇ ਸ਼ੁਰੂ ਕੀਤੇ ਹਨ । ਉਨ੍ਹਾਂ ਨੇ ਅੱਗੋਂ ਠੇਕੇਦਾਰਾਂ ਤੋਂ ਬਨਵਾਉਣੇ ਹਨ ਜਿਨ੍ਹਾਂ ਨੇ ਉਸ ਵਿਚੋਂ ਕਮਾਈ ਕਰਨੀ ਹੈ । ਜੇ ਇਹ ਮਕਾਨ ਸਰਕਾਰ ਪੰਚਾਇਤਾਂ ਰਾਹੀਂ ਬਣਵਾ ਲਏ ਤਾਂ ਅੱਛੀ ਗੱਲ ਹੋਵੇਗੀ । ਮੈਂ ਆਪਣੇ ਹਲਕੇ ਵਿਚ ਦੇਖਿਆ ਹੈ ਕਿ ਉਥੇ ਠੇਕੇਦਾਰ ਬੜੀਆਂ ਘਟੀਆ ਪੀਲੀਆਂ ਜਿਹੀਆਂ ਇੱਟਾਂ ਇਨ੍ਹਾਂ ਮਕਾਨਾਂ ਨੂੰ ਲਾ ਰਹੇ ਹਨ । ਇਸ ਤਰ੍ਹਾਂ ਨਾ ਹੋਵੇ ਕਿ ਗਰੀਬ ਪਰਿਵਾਰ ਹੇਠਾਂ ਹੀ ਦੱਬੇ ਜਾਣ । ਸਰਕਾਰ ਇਹ ਮਕਾਨ ਪੰਚਾਇਤਾਂ ਰਾਹੀਂ ਬਣਵਾਏ ।

ਸ਼੍ਰੀ ਸਪੀਕਰ : ਤੁਸੀਂ ਸਪਲੀਮੈਂਟਰੀ ਤਾਂ ਪੁੱਛੋ ।

ਮੰਤਰੀ : ਸਪੀਕਰ ਸਾਹਿਬ, ਜੇ ਮੈਂਬਰ ਸਾਹਿਬ ਨੂੰ ਕੋਈ ਐਸੀ ਸ਼ਿਕਾਇਤ ਹੈ ਕਿ ਸਬ-ਸਟੈਂਡਰਡ ਮੈਟੀਰੀਅਲ ਲੱਗ ਰਿਹਾ ਹੈ ਤਾਂ ਇਹ ਸਾਡੇ ਧਿਆਨ ਵਿਚ ਲਿਆਉਣ । ਅਸੀਂ ਇਸ ਦੀ ਪੜਤਾਲ ਕਰਵਾ ਲਵਾਂਗੇ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 60 ਕਰੋੜ ਰੁਪਿਆ ਮਕਾਨਾਂ ਦੀ ਉਸਾਰੀ ਵਾਸਤੇ ਰੱਖਿਆ ਗਿਆ ਹੈ, ਉਸ ਵਿਚੋਂ ਹੁਣ ਤੱਕ ਕਿੰਨਾਂ ਰੁਪਿਆ ਪੰਜਾਬ ਸਰਕਾਰ ਨੇ ਮਕਾਨਾਂ ਦੀ ਉਸਾਰੀ ਵਾਸਤੇ ਰਿਲੀਜ਼ ਕੀਤਾ ਹੈ ?

ਮੰਤਰੀ : ਸਪੀਕਰ ਸਾਹਿਬ, ਹੁਣ ਤੱਕ ਜੋ ਰੁਪਿਆ ਰਿਲੀਜ਼ ਕੀਤਾ ਗਿਆ ਹੈ, ਉਹ 26.95 ਕਰੋੜ ਰੁਪਿਆ ਹੈ ।

ਸ਼੍ਰੀ ਸਪੀਕਰ : ਹਾਂ ਜੀ, ਅਰਸ਼ੀ ਜੀ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਹਾਲੇ ਪੂਰਾ ਨਹੀਂ ਹੋਇਆ । ਮੈਂ ਕਲੈਰੀਫਿਕੇਸ਼ਨ ਲੈਣੀ ਹੈ । ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਾਰੇ ਪੈਸੇ ਕੁਆਰਟਰਲੀ ਰਿਲੀਜ਼ ਹੁੰਦੇ ਹਨ । 2 ਕੁਆਰਟਰਾਂ ਵਿਚ ਪਹਿਲਾਂ ਰਿਲੀਜ਼ ਹੋਏ ਹਨ । ਤੀਸਰਾ ਕੁਆਰਟਰ ਹੁਣ ਚਲ ਰਿਹਾ ਹੈ । ਇਹ ਅਕਤੂਬਰ ਵਿਚ ਸ਼ੁਰੂ ਹੁੰਦਾ ਹੈ ਅਤੇ 31 ਦਸੰਬਰ ਨੂੰ ਖਤਮ ਹੋ ਜਾਂਦਾ ਹੈ । ਕੀ ਵਜ਼ੀਰ ਸਾਹਿਬ ਦੱਸਣਗੇ ਕਿ ਤੀਸਰੇ ਕੁਆਰਟਰ ਵਿਚ ਮਕਾਨਾਂ ਦੀ ਉਸਾਰੀ ਵਾਸਤੇ ਜਿਹੜੇ ਪੈਸੇ ਸਰਕਾਰ ਨੇ ਦੇਣੇ ਹਨ, ਉਹ ਰਿਲੀਜ਼ ਹੋ ਗਏ ਹਨ ਜਾਂ ਨਹੀਂ ? ਇਸ ਤੋਂ ਇਲਾਵਾ, ਇਕੱਲੇ ਇਕੱਲੇ ਜ਼ਿਲ੍ਹੇ ਦਾ ਮਕਾਨ ਬਣਾਉਣ ਦਾ ਕਿੰਨਾ ਕਿੰਨਾ ਟਾਰਗੈੱਟ ਸੀ ਅਤੇ ਕੀ ਉਹ ਟਾਰਗੈੱਟ ਅਚੀਵ ਕਰ ਲਿਆ ਗਿਆ ਹੈ ਜਾਂ ਨਹੀਂ ?

ਸ਼੍ਰੀ ਸਪੀਕਰ : ਇਸ ਦੇ ਵਾਸਤੇ ਤੁਸੀਂ ਸੇਪਰੇਟ ਕੁਐਸਚਨ ਦੇ ਦਿਓ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਇਹ ਬੜਾ ਜ਼ਰੂਰੀ ਸਵਾਲ ਹੈ ਅਤੇ ਇਸ ਦੇ ਵਾਸਤੇ ਸੈਪਰੇਟ ਕੁਐਸਚਨ ਦੇਣ ਦੀ ਤਾਂ ਲੋੜ ਹੀ ਨਹੀਂ ਹੈ । ਮੰਤਰੀ ਨੂੰ ਇਨ੍ਹਾਂ ਗੱਲਾਂ ਦਾ ਪਤਾ ਹੁੰਦਾ ਹੈ । ਉਨ੍ਹਾਂ ਨੂੰ ਇਸ ਗੱਲ ਦੀ ਜਾਣਕਾਰੀ ਦੇ ਲੈਣ ਦਿਓ । ਜੇ ਇਹ ਸਾਰੇ ਜ਼ਿਲ੍ਹਿਆਂ ਬਾਰੇ ਨਹੀਂ ਦੱਸ ਸਕਦੇ ਤਾਂ ਇਕੱਲੇ ਗੁਰਦਾਸਪੁਰ ਜ਼ਿਲ੍ਹੇ ਦਾ ਟਾਰਗੇਟ ਹੀ ਦੱਸ ਦੇਣ । ਮੰਤਰੀ ਜੀ ਮੈਨੂੰ ਇਕ ਤਾਂ ਇਹ ਦੱਸ ਦੇਣ ਕਿ ਤੀਸਰੇ ਕਵਾਰਟਰ ਦੇ ਪੈਸੇ ਰਿਲੀਜ਼ ਹੋਏ ਹਨ ਜਾਂ ਨਹੀਂ ਅਤੇ ਦੂਸਰਾ, ਗੁਰਦਾਸਪੁਰ ਜ਼ਿਲ੍ਹੇ ਵਿਚ ਮਕਾਨ ਬਣਾਉਣ ਦਾ ਕਿੰਨਾ ਟਾਰਗੇਟ ਸੀ ਅਤੇ ਉਸ ਵਿਚੋਂ ਕਿੰਨੇ ਮਕਾਨ ਬਣੇ ਹਨ ?

ਮੰਤਰੀ : ਸਪੀਕਰ ਸਾਹਿਬ, 2 ਇੰਸਟਾਲਮੈਂਟਸ ਰਿਲੀਜ਼ ਹੋ ਚੁੱਕੀਆ ਹਨ ਅਤੇ ਤੀਸਰੀ ਇੰਸਟਾਲਮੈਂਟ ਵੀ ਅਸੀਂ ਜਲਦੀ ਹੀ ਰਿਲੀਜ਼ ਕਰ ਰਹੇ ਹਾਂ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਡਿਵੈਲਪਮੈਂਟ ਦੇ ਹਰ ਕੰਮ ਬਾਰੇ ਗੌਰਮਿੰਟ ਟਾਈਮ ਟੂ ਟਾਈਮ ਗਾਈਡਲਾਈਨਜ਼ ਡਿਸਾਈਡ ਕਰਦੀ ਰਹਿੰਦੀ ਹੈ । ਜਿਹੜਾ ਲੈਟਰ ਸਾਨੂੰ ਮਿਲਿਆ ਹੈ, ਉਸ ਦੇ ਮੁਤਾਬਿਕ ਲਾਭਪਾਤਰੀਆਂ ਦੀ ਨਿਸ਼ਾਨਦੇਹੀ ਕਰਨ ਵਾਸਤੇ ਸਬ-ਡਿਵੀਜ਼ਨ ਪੱਧਰ ਤੇ ਇਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੋਇਆ ਹੈ ਜਿਸ ਦਾ ਚੇਅਰਮੈਨ ਐਸ.ਡੀ.ਐਮ. ਹੁੰਦਾ ਹੈ । ਲੇਕਿਨ ਜਿਥੇ ਸਬ-ਡਿਵੀਜ਼ਨ ਪੱਧਰ ਦੀ ਕਮੇਟੀ ਨੇ ਇਕ ਵੀ ਮੀਟਿੰਗ ਨਹੀਂ ਕੀਤੀ, ਕਿਸੇ ਵੀ ਲਾਭਪਾਤਰੀ ਦੀ ਨਿਸ਼ਾਨਦੇਹੀ ਨਹੀਂ ਕੀਤੀ ਅਤੇ ਮਕਾਨ ਫਿਰ ਵੀ ਬਣ ਰਹੇ ਹਨ, ਉਨ੍ਹਾਂ ਨੂੰ ਤੁਸੀਂ ਠੀਕ ਮੰਨੋਗੇ, ਕਾਨੂੰਨੀ ਮੰਨੋਗੇ ਜਾਂ ਗਲਤ ਮੰਨੋਗੇ ?

ਮੰਤਰੀ : ਸਪੀਕਰ ਸਾਹਿਬ, ਇਹ ਇਸ ਬਾਰੇ ਵੱਖਰਾ ਸਵਾਲ ਕਰ ਦੇਣ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੇਰਾ ਇਹ ਸਵਾਲ ਤਾਂ ਇਸੇ ਸਵਾਲ ਨਾਲ ਹੀ ਤਾਅਲੁੱਕ ਰੱਖਦਾ ਹੈ । ਇਹ ਪੱਕੇ ਮਕਾਨਾਂ ਦੀ ਸਕੀਮ ਹੈ, ਉਸ ਦੇ ਨਾਲ ਸਬੰਧਤ ਇਹ ਸਵਾਲ ਹੈ ਅਤੇ ਉਸ ਦੇ ਵਿਚੋਂ ਹੀ ਮੇਰਾ ਸਵਾਲ ਨਿਕਲਿਆ ਹੈ । ਸਰਕਾਰ ਦੀਆਂ ਗਾਈਡਲਾਈਨਜ਼ ਦੇ ਮੁਤਾਬਿਕ ਕਮੇਟੀ ਗਠਿਤ ਕੀਤੀ ਗਈ । ਕਮੇਟੀ ਦੀ ਮੀਟਿੰਗ ਕੋਈ ਨਹੀਂ ਹੋਈ ਪਰ ਮਕਾਨ ਫਿਰ ਵੀ ਬਣ ਰਹੇ ਹਨ ਅਤੇ ਨੀਂਹ ਪੱਥਰ ਰੱਖੇ ਜਾ ਰਹੇ ਹਨ । ਗੌਰਮਿੰਟ ਦੀਆਂ ਗਾਈਡਲਾਈਨਜ਼ ਨੂੰ ਬਾਈਪਾਸ ਕੀਤਾ ਜਾ ਰਿਹਾ ਹੈ । ਮੇਰਾ ਤਾਂ ਬੜਾ ਸਾਫ਼ ਸਵਾਲ ਹੈ, ਇਸ ਬਾਰੇ ਵੱਖਰਾ ਸਵਾਲ ਦੇਣ ਦੀ ਤਾਂ ਕੋਈ ਜ਼ਰੂਰਤ ਹੀ ਨਹੀਂ ਹੈ ।

ਸ਼੍ਰੀ ਸਪੀਕਰ : ਅਗਲਾ ਸਵਾਲ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਤਾਂ ਮਿਲਿਆ ਨਹੀਂ ।

ਸ਼੍ਰੀ ਸਪੀਕਰ : ਉਨ੍ਹਾਂ ਦੱਸ ਤਾਂ ਦਿੱਤਾ ਹੈ । ਅਗਲਾ ਸਵਾਲ ।

— — —

ਰਾਜ ਵਿਚ ਖੇਡ ਸਟੇਡੀਅਮਾਂ ਦੀ ਉਸਾਰੀ

*628. ਸ੍ਰੀ ਹਰਮਿੰਦਰ ਸਿੰਘ ਜੱਸੀ : ਕੀ ਖੇਡ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਤਿੰਨ ਵਿੱਤੀ ਸਾਲਾਂ ਦੌਰਾਨ ਰਾਜ ਵਿਚ ਮੰਨਜ਼ੂਰ ਕੀਤੇ ਗਏ ਖੇ ਸਟੇਡੀਅਮਾਂ ਦੀ ਗਿਣਤੀ ਕਿੰਨੀ ਹੈ ਅਤੇ ਸਾਲ-ਵਾਰ ਅਜਿਹੇ ਸਟੇਡੀਅਮਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਤੇ ਉਕਤ ਸਮੇਂ ਦੇ ਦੌਰਾਨ ਉਸਾਰੀ ਦਾ ਕੰਮ ਸ਼ੁਰੂ ਕਰ ਲਿਆ ਗਿਆ ਹੈ ?

ਨੁਸਰਤ ਅਲੀ ਖਾਨ : ਪਿਛਲੇ ਤਿੰਨ ਵਿੱਤੀ ਸਾਲਾਂ ਵਿਚ ਹੇਠ ਲਿਖੇ ਸਟੇਡੀਅਮ ਮਨਜ਼ੂਰ ਕੀਤੇ ਗਏ, ਅਤੇ ਜਿਨ੍ਹਾਂ ਸਟੇਡੀਅਮਾਂ ਦੀ ਉਸਾਰੀ ਦਾ ਕੰਮ ਹੱਥ ਵਿਚ ਲਿਆ ਗਿਆ ਹੈ, ਉਨ੍ਹਾਂ ਦਾ ਵੇਰਵਾ ਨਿਮਨ ਅਨੁਸਾਰ ਹੈ:—

ਸਾਲ	ਪ੍ਰਵਾਨ ਕੀਤੇ ਜ਼ਿਲਾ ਪੱਧਰ ਦੇ ਸਪੋਰਟਸ ਕੰਪਲੈਕਸ	ਬਲਾਕ ਪੱਧਰ ਦੇ ਪ੍ਰਵਾਨ ਸਟੇਡੀਅਮ	ਜ਼ਿਲ੍ਹਾ ਪੱਧਰ ਦੇ ਸਟੇਡੀਅਮ ਉਸਾਰੀ ਅਧੀਨ	ਬਲਾਕ ਪੱਧਰ ਦੇ ਸਟੇਡੀਅਮ ਉਸਾਰੀ ਅਧੀਨ
1994–95 ..	2	10	—	—
1995–96 ..	3	2	1	—
1996–97 ..	1	—	—	—

ਸ੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਬਲਾਕ ਪੱਧਰ ਤੇ ਕੋਈ ਸਟੇਡੀਅਮ ਪ੍ਰਵਾਨ ਨਹੀਂ ਹੋਇਆ ਲੇਕਿਨ ਜਿੰਨਾ ਕੁ ਮੈਨੂੰ ਪਤਾ ਹੈ, ਉਸ ਅਨੁਸਾਰ 10 ਸਟੇਡੀਅਮ ਪਾਸ ਹੋਏ ਸੀ ਅਤੇ ਉਨ੍ਹਾਂ ਦੇ ਪੈਸੇ ਵੀ ਗਏ ਹੋਏ ਹਨ ਜਿਵੇਂ ਜ਼ਿਲ੍ਹਾ ਬਠਿੰਡਾ ਵਿਚ ਸੰਗਤ, ਮੁਕਤਸਰ ਵਿਚ ਲੰਬੀ ਅਤੇ ਇਸੇ ਤਰ੍ਹਾਂ ਤਲਵੰਡੀ ਸਾਬੋ ਵਿਚ ਭਾਗੀ ਬਾਂਦਰ । ਇਨ੍ਹਾਂ ਦੇ ਪੈਸੇ ਵੀ ਜਮ੍ਹਾਂ ਹੋ ਗਏ ਸਨ । ਜਦੋਂ ਇਹ ਸਰਕਾਰ ਆਈ ਤਾਂ ਪਤਾ ਨਹੀਂ ਇਨ੍ਹਾਂ ਨੇ ਪੈਸੇ ਵਾਪਸ ਕਰ ਦਿੱਤੇ ਜਾਂ ਕੀ ਕਰ ਦਿੱਤਾ । ਮਨਿਸਟਰ ਸਾਹਿਬ ਲੱਗਦਾ ਹੈ ਕਿ ਗੁੰਮਰਾਹ ਕਰ ਰਹੇ ਹਨ, ਇਹ ਕਹਿ ਕੇ ਕੋਈ ਸਟੇਡੀਅਮ ਪਾਸ ਨਹੀਂ ਕੀਤਾ । ਇਹ ਤਾਂ ਪਿੰਡਾਂ ਵਿਚ ਜਾ ਕੇ ਇਹ ਸਟੇਟਮੈਂਟਾਂ ਦਿੰਦੇ ਹਨ ਕਿ ਅਸੀਂ ਹਰੇਕ ਬਲਾਕ ਪੱਧਰ ਤੇ ਸਟੇਡੀਅਮ ਬਣਾ ਰਹੇ ਹਾਂ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪੈਸਾ ਪਹਿਲਾਂ ਤੋਂ ਹੀ ਜਮ੍ਹਾਂ ਸੀ, ਉਹ ਕਿੱਥੇ ਗਿਆ ?

ਸ੍ਰੀ ਸਪੀਕਰ : ਮੰਤਰੀ ਜੀ, ਉਹ ਪੁੱਛ ਰਹੇ ਹਨ ਕਿ ਜਿਹੜੇ ਪੈਸੇ ਆਲਰੇਡੀ ਜਮ੍ਹਾਂ ਹੋਏ ਹੋਏ ਸਨ, ਉਨ੍ਹਾਂ ਦਾ ਕੀ ਬਣਿਆ ।

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ ਇਹ ਸਟੇਡੀਅਮ ਬਣਾਵਾਂਗੇ ਅਤੇ ਜਿਨ੍ਹਾਂ ਦੇ ਪੈਸੇ ਪਹਿਲਾਂ ਹੀ ਪਹੁੰਚ ਚੁੱਕੇ ਹਨ, ਉਨ੍ਹਾਂ ਦਾ ਕੰਮ ਜਲਦੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਦੱਸਿਆ ਹੈ ਕਿ 1995-96 ਵਿਚ ਉਸਾਰੀ ਕੀਤੀ ਗਈ । ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਨੇ ਇਹ ਉੱਤਰ ਦਿੱਤਾ ਹੈ । ਬਟਾਲੇ ਬਲਾਕ ਵਿਚ ਕਾਲਾ ਨੰਗਲ ਵਿਚ ਸਟੇਡੀਅਮ ਬਨਾਉਣ ਵਾਸਤੇ ਪੈਸਾ ਸੈਂਕਸ਼ਨ ਹੋਇਆ ਸੀ । ਇਸ ਵਾਸਤੇ 10 ਲੱਖ ਰੁਪਿਆ ਐਲੋਕੇਟ ਹੋ ਕੇ ਵੀ ਚਲਿਆ ਗਿਆ ਸੀ ਪਰ ਅੱਜ ਦੇ ਦਿਨ ਤੱਕ ਉਥੇ ਕੋਈ ਉਸਾਰੀ ਦਾ ਕੰਮ ਸ਼ੁਰੂ ਨਹੀਂ ਹੋਇਆ । ਪਤਾ ਨਹੀਂ ਪੈਸੇ ਵਾਪਸ ਆ ਗਏ ਹਨ । ਡਿਪਾਰਟਮੈਂਟ ਨੇ ਬਿਲਕੁਲ ਗਲਤ ਰਿਪੋਰਟ ਦਿੱਤੀ ਹੈ । 1995-96 ਦੇ ਪੈਸੇ ਉਥੇ ਪਏ ਹਨ ਲੇਕਿਨ ਉਥੇ ਕੋਈ ਪਰੋਸੀਡਿੰਗਜ਼ ਹੀ ਨਹੀਂ ਹੋਈ ਅੱਜ ਤੱਕ । ਬੜੀ ਹੈਰਾਨੀ ਦੀ ਗੱਲ ਹੈ ਕਿ ਇਹ ਕਹਿੰਦੇ ਹਨ ਕਿ ਉਸਾਰੀ ਹੋ ਰਹੀ ਹੈ, ਉਚੇਰੀ ਪੱਧਰ ਤੇ ਉਸਾਰੀ ਹੋ ਰਹੀ ਹੈ । ਇਹ ਗਲਤ ਬਿਆਨੀ ਹੈ ।

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਕੋਈ ਫਿਕਰ ਨਾ ਕਰਨ । ਇਨਸ਼ਾ ਅੱਲਾ ਅਸੀਂ ਜਲਦੀ ਸਟੇਡੀਅਮ ਬਣਾਵਾਂਗੇ ।

ਸ੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਮੰਤਰੀ ਸਾਹਿਬ ਗਲਤ ਬੋਲ ਰਹੇ ਹਨ । ਇਨ੍ਹਾਂ ਨੇ ਆਪਣੇ ਉਤਰ ਵਿਚ ਦੱਸਿਆ ਹੈ ਕਿ ਅਸੀਂ ਕੋਈ ਸਟੇਡੀਅਮ ਪ੍ਰਵਾਨ ਹੀ ਨਹੀਂ ਕੀਤਾ । ਜਦੋਂ, ਸਪੀਕਰ ਸਾਹਿਬ, ਪ੍ਰਵਾਨ ਹੀ ਨਹੀਂ ਕੀਤਾ ਤਾਂ ਇਹ ਬਨਾਉਣਗੇ ਕਿੱਥੇ ? ਬਟਾਲੇ ਵਾਲੇ ਐਮ.ਐਲ.ਏ. ਸਾਹਿਬ ਨੇ ਵੀ ਦੱਸਿਆ ਹੈ ਕਿ ਉਥੇ ਪੈਸੇ ਜਮ੍ਹਾਂ ਹੋ ਗਏ ਹਨ ।

ਸ੍ਰੀ ਸਪੀਕਰ : ਇਹ ਕਾਗਜ਼ਾਂ ਵਿਚ ਦੇਖਣਗੇ ਜੀ ਇਕ ਵਾਰ ਫੇਰ ।

ਸ੍ਰੀ ਹਰਮਿੰਦਰ ਸਿੰਘ ਜੱਸੀ : ਸਪੀਕਰ ਸਾਹਿਬ, ਇਹ ਜਵਾਬ ਠੀਕ ਨਹੀਂ ਦੇ ਰਹੇ । ਇਹ ਹਾਊਸ ਨੂੰ ** ਕਰ ਰਹੇ ਹਨ । ਬਿਲਕੁਲ ਗਲਤ ਜਵਾਬ ਦੇ ਰਹੇ ਹਨ । ਜੋ ਜਵਾਬ ਇਨ੍ਹਾਂ ਨੇ ਦਿੱਤੇ ਹਨ, ਉਹ ਗਲਤ ਦਿੱਤੇ ਹਨ । ਜੇ ਜਵਾਬ ਨਹੀਂ ਆਉਂਦਾ ਤਾਂ ਤੁਸੀਂ ਅੱਗੇ ਪਾ ਦਿੰਦੇ ਹੋ ।

ਸ੍ਰੀ ਸਪੀਕਰ : ਨਹੀਂ ਜੀ, ਜੇ ਅਜਿਹੀ ਕੋਈ ਗੱਲ ਹੈ ਤਾਂ ਤੁਸੀਂ ਲਿਖ ਕੇ ਦੇ ਦੇਣਾ ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, 1996-97 ਵਿਚ ਉਥੇ ਸਟੇਡੀਅਮ ਬਨਾਉਣਾ ਪ੍ਰਵਾਨ ਕੀਤਾ ਗਿਆ ਸੀ । ਲੇਕਿਨ ਕੋਈ ਪੈਸੇ ਨਹੀਂ ਗਏ । 1996-97 ਵਿਚ ਸਪੋਰਟਸ ਮੰਤਰੀ ਦੇ ਤੌਰ ਤੇ ਮੈਨੂੰ ਵੀ ਸੇਵਾ ਕਰਨ ਦਾ ਮੌਕਾ ਮਿਲਿਆ

**Expunged as Ordered by the Chair.

ਹੈ ਔਰ ਇਹ ਸਟੇਡੀਅਮ ਮਨਜ਼ੂਰ ਹੋਏ ਸਨ । ਫਰੀਦਕੋਟ ਜ਼ਿਲ੍ਹੇ ਦੇ ਬਲਾਕ ਕੋਟਕਪੂਰੇ ਦੇ ਇਕ ਪਿੰਡ ਹਰੀਨੌ ਵਿਚ 25 ਲੱਖ ਰੁਪਿਆ ਮਨਜ਼ੂਰ ਹੋ ਕੇ ਚਲਿਆ ਗਿਆ । ਉਥੇ ਜ਼ਮੀਨ, ਜਗ੍ਹਾ ਵੀ ਦੇ ਦਿੱਤੀ ਗਈ ਸੀ ਲੇਕਿਨ ਇਹ ਉਥੋਂ ਸ਼ਿਫਟ ਕਿਉਂ ਕੀਤਾ ਗਿਆ, ਕੀ ਇਹ ਇਸ ਬਾਰੇ ਦੱਸਣਗੇ ?

ਸ਼੍ਰੀ ਸਪੀਕਰ : ਇਹ ਤੁਸੀਂ ਸੈਪਰੇਟ ਸਵਾਲ ਦੇ ਦੇਣਾ । ਬਰਾੜ ਸਾਹਿਬ, ਤੁਸੀਂ ਵੀ ਮਨਿਸਟਰ ਰਹੇ ਹੋ, ਤੁਹਾਨੂੰ ਵੀ ਪਤਾ ਹੈ ।

STARRED QUESTION No. 668

Mr. Speaker . Extension has been granted for one week in respect of Starred Question No. 668.

Parkash Singh Badal

D.O. No. 6/14/97-2H-III/1739
Chief Minister, Punjab
Dated 23-12-97

Dear Sh. Charnjit Singh Atwal,

The answer to Punjab Vidhan Sabha Starred Question No. 668 appearing in the list of Questions for 24th Dec., 1997 in the name of Smt. Roop Rani M.L.A., is not ready. The requisite information is being collected from the police field units. I am, therefore, to request you for some more time for answering this question.

Yours sincerely,

Sd/-

(PARKASH SINGH BADAL)

SH. CHARANJIT SINGH ATWAL,
SPEAKER,
PUNJAB VIDHAN SABHA,
CHANDIGARH.

ਨਿਸ਼ਾਨ ਵਾਲਾ ਪ੍ਰਸ਼ਨ ਨੰ. 699*

Mr. Speaker : Extension has been granted for one week in respect of Starred Question No. 669, too.

---

*For Starred Question No. 668,699 and replies thereto, please see Appendices to this Debate.

ਹੜ੍ਹ ਰੋਕੂ ਕਾਰਜਾਂ ਤੇ ਖਰਚ

*642. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) 1 ਅਪ੍ਰੈਲ, 1997 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਹੜ੍ਹ ਰੋਕੂ ਕਾਰਜਾਂ ਲਈ ਜਾਰੀ ਕੀਤੇ ਗਏ ਕੁੱਲ ਫੰਡਾਂ ਦੇ ਜ਼ਿਲ੍ਹਾ-ਵਾਰ ਅਤੇ ਮਿਤੀ-ਵਾਰ ਵੇਰਵੇ ਕੀ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਫੰਡ ਕਿਹੜੇ ਕਿਹੜੇ ਸੋਮਿਆਂ ਤੋਂ ਪ੍ਰਾਪਤ ਹੋਏ ਸਨ ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਫੰਡਾਂ ਨੂੰ ਵਰਤਣ ਲਈ ਹਰਇਕ ਜ਼ਿਲ੍ਹੇ ਵਿਚ ਕੀ ਕਸੌਟੀ ਅਪਣਾਈ ਗਈ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) 1 ਅਪਰੈਲ, 1997 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਹੜ੍ਹ ਰੋਕੂ ਕਾਰਜਾਂ ਲਈ ਜ਼ਿਲ੍ਹਾ-ਵਾਰ ਜਾਰੀ ਕੀਤੇ ਫੰਡਾਂ ਦਾ ਵੇਰਵਾ ਨਾਲ ਨੱਥੀ ਅਨੈਕਸਚਰ-'ੳ' ਮੁਤਾਬਕ ਹੈ ।

(ਅ) ਹੜ੍ਹ ਰੋਕੂ ਕਾਰਜਾਂ ਲਈ ਜਾਰੀ ਕੀਤੇ ਫੰਡਾਂ ਦੇ ਸੋਮੇਂ ਭਾਰਤ ਸਰਕਾਰ ਦੀ ਕ੍ਰੇਂਦਰੀ ਸਹਾਇਤਾ, ਨਬਾਰਡ ਫੇਜ਼-2 ਅਤੇ ਪੰਜਾਬ ਪ੍ਰਾਂਤ ਦੇ ਰੂਰਲ ਡਿਵੈਲਪਮੈਂਟ ਫੰਡ ਹਨ । ਹੁਣ ਤੱਕ ਕੁਲ 3847.00 ਲੱਖ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

1.	ਭਾਰਤ ਸਰਕਾਰ ਦੀ ਕੇਂਦਰੀ ਸਹਾਇਤਾ	..	1,500.00 ਲੱਖ ਰੁਪਏ
2.	ਨਬਾਰਡ ਫੇਜ਼-2	..	1,347.00 ਲੱਖ ਰੁਪਏ
3.	ਪੰਜਾਬ ਸਰਕਾਰ ਵੱਲੋਂ ਰੂਰਲ ਡਿਵੈਲਪਮੈਂਟ ਫੰਡਜ਼ ।	..	1,000.00 ਲੱਖ ਰੁਪਏ

(ੲ) **ਕਸੌਟੀ**

1. ਭਾਰਤ ਸਰਕਾਰ ਵੱਲੋਂ ਦਿੱਤੀ ਵਿੱਤੀ ਸਹਾਇਤਾ ਨਾਲ ਸਰਹੱਦੀ ਜ਼ਿਲ੍ਹਿਆਂ ਗੁਰਦਾਸਪੁਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਚ ਕੰਮ ਕਮੇਟੀ ਆਨ ਰਿਮੇਡੀਅਲ ਵਰਕਸ ਫਾਰ ਫਲੱਡ ਪ੍ਰੋਟੈਕਸ਼ਨ ਈਬੈਂਕਮੈਂਟ ਆਨ ਰੀਵਰ ਸਤਲੁਜ ਅਤੇ ਰਾਵੀ ਦੀਆਂ ਸਿਫਾਰਸ਼ਾਂ ਅਨੁਸਾਰ ਕਰਵਾਏ ਜਾਂਦੇ ਹਨ ।

2. ਨਬਾਰਡ ਦੁਆਰਾ ਮੁਹੱਈਆ ਫੰਡਾਂ ਨਾਲ ਕੰਮ ਵਾਟਰ ਸ਼ੈਡ ਐਂਡ ਡਰੇਨੇਜ਼ ਕੈਨੇਲਾਈਜੇਸ਼ਨ ਵਰਕਸ ਫੇਜ-2 ਪ੍ਰੋਜੈਕਟ ਅਧੀਨ ਪ੍ਰਵਾਨਤ ਪ੍ਰੋਜੈਕਟ ਵਿਚ ਕੀਤੇ ਪ੍ਰਬੰਧਾਂ ਅਨੁਸਾਰ ਕਰਵਾਏ ਜਾਂਦੇ ਹਨ ।

3. ਦਿਹਾਤੀ ਵਿਕਾਸ ਫੰਡ ਨਾਲ ਕੰਮ ਜ਼ਿਲ੍ਹਾ ਹੜ੍ਹ ਰੋਕੂ ਕਮੇਟੀਆਂ ਦੁਆਰਾ ਮੌਕੇ ਵੇਖਣ ਉਪਰੰਤ ਕੀਤੀਆਂ ਸਿਫਾਰਸ਼ਾਂ ਅਨੁਸਾਰ ਸਬੰਧਤ ਚੇਅਰਮੈਨ ਦੀ ਮਨਜ਼ੂਰੀ ਨਾਲ ਕਰਵਾਏ ਜਾਂਦੇ ਹਨ ।

— ——

ਅਨੈਕਸਚਰ 'ੳ'

ਮਿਤੀ 1 ਅਪ੍ਰੈਲ, 1997 ਤੋਂ ਮਿਤੀ ਅੰਤ ਤੱਕ ਜ਼ਿਲੇਵਾਰ ਰਿਲੀਜ਼ ਕੀਤੇ ਫੰਡਾਂ ਦੀ ਸਟੇਟਮੈਂਟ

ਲੜੀ ਨੰ:	ਜ਼ਿਲ੍ਹਾ	ਰਾਸ਼ੀ ਲੱਖਾਂ ਵਿਚ	ਮਿਤੀ	ਸੋਮਾ
1	2	3	4	5
1.	ਅੰਮ੍ਰਿਤਸਰ ..	853.00	5/97 6/97 7/97 8/97	ਨਬਾਰਡ-II ਭਾਰਤ ਸਰਕਾਰ ਦੇ ਕੇਂਦਰੀ ਸਹਾਇਤਾ ਰੂਰਲ ਡਿਵੈਲਪਮੈਂਟ ਫੰਡ ।
2.	ਗੁਰਦਾਸਪੁਰ ..	785.00	—ਉਹੀ—	—ਉਹੀ—
3.	ਫਿਰੋਜ਼ਪੁਰ ..	339.00	—ਉਹੀ—	—ਉਹੀ—
4.	ਜਲੰਧਰ ..	481.00	6,7,8 ਅਤੇ 11/97	ਨਬਾਰਡ-II ਰੂਰਲ ਡਿਵੈਲਪਮੈਂਟ ਫੰਡ ।
5.	ਕਪੂਰਥਲਾ ..	198.00	—ਉਹੀ—	—ਉਹੀ—
6.	ਨਵਾਂ ਸ਼ਹਿਰ ..	225.00	—ਉਹੀ—	—ਉਹੀ—
7.	ਹੁਸ਼ਿਆਰਪੁਰ ..	122.00	—ਉਹੀ—	—ਉਹੀ—
8.	ਲੁਧਿਆਣਾ ..	202.00	—ਉਹੀ—	—ਉਹੀ—
9.	ਫਰੀਦਕੋਟ ..	166.00	—ਉਹੀ—	—ਉਹੀ—
10.	ਮੋਗਾ ..	10.00	—ਉਹੀ—	—ਉਹੀ—
11.	ਮੁਕਤਸਰ ..	90.00	7/97	—ਉਹੀ—
12.	ਬਠਿੰਡਾ ..	10.00	—ਉਹੀ—	—ਉਹੀ—
13.	ਰੋਪੜ ..	80.00	—ਉਹੀ—	—ਉਹੀ—
14.	ਫਤਿਹਗੜ੍ਹ ਸਾਹਿਬ ..	10.00	—ਉਹੀ—	—ਉਹੀ—
15.	ਪਟਿਆਲਾ ..	185.00	—ਉਹੀ—	—ਉਹੀ—
16.	ਸੰਗਰੂਰ ..	35.00	—ਉਹੀ—	—ਉਹੀ—
17.	ਮਾਨਸਾ ..	53.00	—ਉਹੀ—	—ਉਹੀ—
	ਕੁੱਲ ਜੋੜ ..	3,847.00		

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਹੁਣ ਤੱਕ ਸਾਰੇ ਜ਼ਿਲ੍ਹਿਆਂ ਵਿਚ ਜੋ ਵੱਖ ਵੱਖ ਸੋਮਿਆਂ ਤੋਂ ਰਾਸ਼ੀ ਵੰਡੀ ਗਈ ਹੈ, ਉਹ 38.47 ਕਰੋੜ ਰੁਪਏ ਦੀ ਹੈ। ਇਸ ਬਾਰੇ ਕੀ ਮੁੱਖ ਮੰਤਰੀ ਜੀ ਕਿਰਪਾ ਕਰਕੇ ਇਹ ਦੱਸਣ ਦੀ ਖੇਚਲ ਕਰਨਗੇ ਕਿ ਜ਼ਿਲ੍ਹਿਆਂ ਵਿਚ ਜਿਹੜਾ ਪੈਸਾ ਇਸ ਪਰਪਜ਼ ਵਾਸਤੇ ਐਲੋਕੇਟ ਕੀਤਾ ਗਿਆ ਹੈ, ਉਸ ਵਾਸਤੇ ਕੀ ਕਰਾਈਟੇਰੀਆ ਬਣਾਇਆ ਗਿਆ ਹੈ ? ਕੀ ਡਿਸਟ੍ਰਿਕਟ ਐਡਮਨਿਸਟਰੇਸ਼ਨ ਨੇ ਕੋਈ ਕਮੇਟੀ ਬਣਾਈ ਹੈ ਜਿਸ ਨੇ ਇਸ ਸਕੀਮ ਦੀ ਪੂਰੀ ਨਿਸ਼ਾਨਦੇਹੀ ਕਰਕੇ ਤੁਹਾਨੂੰ ਆਪਣੀ ਰਿਕੁਆਇਰਮੇਂਟ ਭੇਜੀ ਸੀ ? ਇਸ ਤੋਂ ਇਲਾਵਾ, ਇਹ ਪੈਸਾ ਉਨ੍ਹਾਂ ਦੀ ਉਸ ਲੋੜ ਦੇ ਮੁਤਾਬਿਕ ਹੀ ਭੇਜਿਆ ਗਿਆ ਹੈ ਜਾਂ ਕਿ ਘੱਟ ਵੱਧ ਭੇਜਿਆ ਗਿਆ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਵਾਬ ਬੜਾ ਕਲੀਅਰ ਹੈ। ਤਿੰਨ ਸੋਮਿਆਂ ਤੋਂ ਪੈਸਾ ਭੇਜਿਆ ਜਾਂਦਾ ਹੈ। ਪਹਿਲਾ ਸੋਮਾ ਸੈਂਟਰਲ ਅਸਿਸਟੈਂਸ ਹੈ ਜਿਹੜੀ ਕਿ ਸਿਰਫ ਤਿੰਨ ਜ਼ਿਲ੍ਹਿਆਂ-ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਵਾਸਤੇ ਹੀ ਖਰਚ ਕੀਤੀ ਜਾਂਦੀ ਹੈ ਕਿਉਂਕਿ ਉਥੇ ਦਰਿਆ ਸਤਲੁਜ ਅਤੇ ਰਾਵੀ ਹਨ। ਇਸ ਲਈ ਉਥੋਂ ਇਨ੍ਹਾਂ ਤਿੰਨ ਜ਼ਿਲ੍ਹਿਆਂ ਵਾਸਤੇ ਪੈਸਾ ਖਰਚ ਕੀਤਾ ਜਾਂਦਾ ਹੈ। ਦੂਸਰਾ ਸੋਮਾ ਨਾਬਾਰਡ ਹੈ ਜਿਸ ਨੇ ਬਹੁਤ ਸਮਾਂ ਪਹਿਲਾਂ ਸਕੀਮਾਂ ਬਣਾਈਆਂ ਸਨ। ਇਹ ਸਾਡੀ ਸਰਕਾਰ ਵੇਲੇ ਨਹੀਂ, ਉਸ ਤੋਂ ਪਹਿਲਾਂ ਦੀਆਂ ਬਣਾਈਆਂ ਹੋਈਆਂ ਹਨ। ਉਨ੍ਹਾਂ ਵਿਚੋਂ ਜਿਹੜੀਆਂ ਸਕੀਮਾਂ ਸੈਂਕਸ਼ਨ ਹੋਈਆਂ ਸਨ, ਉਨ੍ਹਾਂ ਦੇ ਅਗੇਂਸਟ ਉਥੋਂ ਰੁਪਿਆ ਲਿਆ ਜਾਂਦਾ ਹੈ। ਤੀਸਰਾ ਸੋਮਾ ਆਰ. ਡੀ. ਐਫ. ਹੈ। ਇਸ ਦੇ ਵਿਚੋਂ 10 ਕਰੋੜ ਰੁਪਿਆ ਜ਼ਿਲ੍ਹਿਆਂ ਵਿਚ ਦਿੱਤਾ ਗਿਆ ਹੈ। ਜੇਕਰ ਫਿਗਰਾਂ ਵੇਖੀਏ ਤਾਂ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਕੀਤੀ ਗਈ। ਤਕਰੀਬਨ ਲੋੜ ਅਨੁਸਾਰ ਹੀ ਸਾਰਿਆਂ ਜ਼ਿਲ੍ਹਿਆਂ ਵਿਚ ਪੈਸਾ ਵੰਡ ਕੇ ਦਿੱਤਾ ਜਾਂਦਾ ਹੈ।

ਕਾਮਰੇਡ ਹਰਦੇਵ ਅਰਸ਼ੀ : ਮੁੱਖ ਮੰਤਰੀ ਜੀ ਨੇ ਬੜੀ ਵਧੀਆ ਜਾਣਕਾਰੀ ਦਿੱਤੀ ਹੈ ਪਰ ਮੇਰੇ ਸਵਾਲ ਦਾ ਜਵਾਬ ਪੂਰਾ ਨਹੀਂ ਦਿੱਤਾ ਗਿਆ। ਜਿਹੜੇ ਜ਼ਿਲੇ ਆਪਣੀਆਂ ਪਰੋਪੋਜ਼ਲਾਂ ਬਣਾ ਕੇ ਭੇਜਦੇ ਹਨ, ਕੀ ਉਨ੍ਹਾਂ ਦੀ ਰਿਕੁਆਇਰਮੇਂਟ ਦੇ ਮੁਤਾਬਿਕ ਇਹ ਸਾਰੇ ਫੰਡ ਉਨ੍ਹਾਂ ਦੀ ਲੋੜ ਨੂੰ ਮੁੱਖ ਰੱਖ ਕੇ ਹੀ ਭੇਜੇ ਗਏ ਹਨ ਜਾਂ ਘੱਟ ਹਨ ?

ਮੁੱਖ ਮੰਤਰੀ : ਲੋੜ ਤਾਂ ਜੇਕਰ ਸਾਰੇ ਪੰਜਾਬ ਦਾ ਸਾਰਾ ਪੈਸਾ ਵੀ ਲਾ ਦੇਈਏ ਤਾਂ ਵੀ ਸ਼ਾਇਦ ਪੂਰੀ ਨਾ ਹੋਵੇ ਪਰ, ਸਪੀਕਰ ਸਾਹਿਬ, ਇਕ ਗੱਲ ਮੈਂ ਬੜੇ ਫਖ਼ਰ ਨਾਲ ਕਹਿ ਸਕਦਾ ਹਾਂ ਕਿ ਫਲੱਡ ਕੰਟਰੋਲ ਦਾ ਕੰਮ ਪਿਛਲੇ ਸਾਲ ਸਾਰੇ ਸਾਲਾਂ ਨਾਲੋਂ ਵਧੀਆ ਹੋਇਆ ਹੈ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਬੱਸ ਮੈਂ ਇਨੀ ਕੁ ਜਾਣਕਾਰੀ ਹੋਰ ਲੈਣਾ ਚਾਹੁੰਦਾ ਹਾਂ ਅਤੇ ਉਸ ਬਾਰੇ ਕੀ ਮੁੱਖ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਜਿਹੜਾ 38.47 ਕਰੋੜ ਰੁਪਿਆ ਵੰਡਿਆ ਗਿਆ ਹੈ, ਇਹ ਸਾਰੇ ਦਾ ਸਾਰਾ ਪੈਸਾ ਖਰਚ ਹੋ ਗਿਆ ਹੈ ਜਾਂ ਇਸ ਦਾ ਕੁਝ ਪਰਸੈਂਟੇਜ ਹੀ ਖਰਚ ਕੀਤਾ ਗਿਆ ਹੈ ?

ਮੁੱਖ ਮੰਤਰੀ : ਡਿਟੇਲ ਤਾਂ ਨਹੀਂ ਦਿੱਤੀ ਜਾ ਸਕਦੀ ਕਿ ਕਿੰਨਾ ਖਰਚ ਕੀਤਾ ਗਿਆ ਹੈ । ਲੇਕਿਨ ਇਹ ਜ਼ਰੂਰ ਹੈ ਕਿ ਇਸ ਨੂੰ ਲੈਪਸ ਨਹੀਂ ਹੋਣ ਦੇਵਾਂਗੇ । ਜੇਕਰ ਹੋਰ ਪੈਸੇ ਦੀ ਜ਼ਰੂਰਤ ਵੀ ਪਈ ਤਾਂ ਉਹ ਵੀ ਦਿੱਤਾ ਜਾਵੇਗਾ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਦੋ ਤਿੰਨ ਜ਼ਿਲ੍ਹਿਆਂ ਦਾ ਨਾਂ ਲਿਆ ਹੈ । ਸਾਡੇ ਪਟਿਆਲਾ ਜ਼ਿਲੇ ਵਿਚ ਬਨੂੜ, ਘਨੌਰ, ਰਾਜਪੁਰਾ, ਡਕਾਲਾ, ਸ਼ਤਰਾਣਾ, ਅਤੇ ਹੋਰ ਲਹਿਰਾ ਤੇ ਸਰਦੂਲਗੜ੍ਹ ਦੇ ਇਲਾਕੇ ਵੀ ਪਾਣੀ ਦੀ ਮਾਰ ਹੇਠ ਆਉਂਦੇ ਹਨ । ਇਨ੍ਹਾਂ ਇਲਾਕਿਆਂ ਵਿਚ ਘੱਗਰ ਅਤੇ ਮਾਰਕੰਡਾ ਮਾਰ ਕਰਦਾ ਹੈ । ਅੱਗੇ ਜਾ ਕੇ ਇਹ ਇਕ ਨਾਲਾ ਜਿਹਾ ਬਣ ਜਾਂਦਾ ਹੈ । ਮੈਂ ਪਿਛਲੀ ਵਾਰ ਵੀ ਕੋਈ ਡੈਮ ਆਦਿ ਬਣਾਉਣ ਦੀ ਗੱਲ ਕੀਤੀ ਸੀ ਪਰ ਮੇਰਾ ਕੁਐਸਚਨ ਮੋੜ ਦਿੱਤਾ ਗਿਆ ਕਿ ਇਸ ਤਰ੍ਹਾਂ ਦੀ ਕੋਈ ਸਕੀਮ ਨਹੀਂ ਹੈ । ਇਸ ਲਈ ਕੀ ਕਿਰਪਾ ਕਰਕੇ ਇਸ ਪਾਣੀ ਦੀ ਮਾਰ ਹੇਠ ਆਉਣ ਵਾਲੇ ਇਲਾਕੇ ਵਾਸਤੇ ਵੀ ਕੋਈ ਪੈਸਾ ਰੱਖਣ ਦਾ ਪ੍ਰਬੰਧ ਕੀਤਾ ਜਾਵੇਗਾ ?

ਸ੍ਰੀ ਸਪੀਕਰ : ਸਿੱਧੂ ਸਾਹਿਬ, ਇਸ ਲਈ ਸੈਪਰੇਟ ਕੁਐਸਚਨ ਕਰ ਦਿਓ ।

ਓਸਵਾਲ ਸ਼ੂਗਰ ਮਿਲਜ਼, ਮੁਕੇਰੀਆਂ ਵੱਲ ਕਿਸਾਨਾਂ ਦੇ ਬਕਾਇਆਂ ਦੀ ਅਦਾਇਗੀ

*657. **ਸ੍ਰੀ ਸੱਤਿਆ ਪਾਲ ਸੈਣੀ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੇ ਦੋ ਸਾਲਾਂ ਤੋਂ ਓਸਵਾਲ ਸ਼ੂਗਰ ਮਿਲ ਮੁਕੇਰੀਆਂ ਵੱਲ ਕਿਸਾਨਾਂ ਦੇ ਬਕਾਇਆਂ ਦੀ ਅਦਾਇਗੀ ਕਰਨੀ ਰਹਿੰਦੀ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਬਕਾਇਆਂ ਦੀ ਅਦਾਇਗੀ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : ਸਾਲ 1995-96 ਲਈ ਓਸਵਾਲ ਸ਼ੂਗਰ ਮਿਲਜ਼ ਮੁਕੇਰੀਆਂ ਵੱਲੋਂ ਕਿਸਾਨਾਂ ਦੇ ਗੰਨੇ ਦੀ ਕੀਮਤ ਦੀ ਕੋਈ ਅਦਾਇਗੀ ਬਕਾਇਆ ਨਹੀਂ ਹੈ । ਸਾਲ 1996-97 ਲਈ ਗੰਨੇ ਦੀ ਭਾਰਤ ਸਰਕਾਰ ਵੱਲੋਂ ਫਿਕਸ ਕੀਤੀ ਕਾਨੂੰਨੀ ਘੱਟੋ ਘਟ ਕੀਮਤ (ਸਟੈਚੁਟਰੀ ਮਿਨੀਮਮ ਪਰਾਈਸ) 24.37 ਕਰੋੜ ਰੁਪਏ ਬਣਦੀ ਸੀ ਜਿਸ ਦੀ ਸਾਰੀ ਅਦਾਇਗੀ ਕਰ ਦਿੱਤੀ ਗਈ ਹੈ ਪਰੰਤੂ ਸਟੇਟ ਅਡਵਾਈਜ਼ਡ ਪਰਾਈਸ 39.81 ਕਰੋੜ ਰੁਪਏ ਦੀ ਬਣਦੀ ਹੈ ਜਿਸ ਵਿਚੋਂ 35.52 ਕਰੋੜ ਰੁਪਏ ਦੀ ਅਦਾਇਗੀ ਕਰ ਦਿੱਤੀ ਗਈ ਹੈ ਅਤੇ 4.29 ਕਰੋੜ ਰੁਪਏ ਦੀ ਅਦਾਇਗੀ ਮਿਤੀ 11 ਦਸੰਬਰ, 1997 ਤੱਕ ਬਕਾਇਆ ਹੈ । ਇਸ ਬਾਕੀ ਰਹਿੰਦੀ ਰਕਮ ਦੀ ਅਦਾਇਗੀ ਜਨਵਰੀ, 1998 ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ।

ਸ੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਸ਼ਬਦ ''ਸੰਭਾਵਨਾ' ਹੈ, ਕੀ ਇਸ ਨੂੰ ਬਦਲ ਕੇ ਆਪਾਂ 'ਨਿਸ਼ਚਿਤ' ਨਹੀਂ ਕਰ ਸਕਦੇ ? ਕਿਉਂਕਿ ਗੰਨੇ ਦੇ ਪੈਸੇ ਪਹਿਲਾਂ ਹੀ ਜਿਹੜੇ ਮਿਲੇ ਹਨ, ਉਹ ਚਾਰ ਸਾਲ ਬਾਅਦ ਮਿਲੇ ਹਨ । ਕਿਸਾਨਾਂ ਕੋਲ ਕੋਈ ਪੈਸਾ ਇਨਵੈਸਟ

[ਸ਼੍ਰੀ ਸੱਤਿਆ ਪਾਲ ਸੈਣੀ]

ਕਰਨ ਲਈ ਨਹੀਂ ਹੁੰਦਾ । ਇਸ ਲਈ ਮੈਂ ਤੁਹਾਡੇ ਦੁਆਰਾ ਮੰਤਰੀ ਜੀ ਤੋਂ ਵਿਸ਼ਵਾਸ਼ ਲੈਣਾ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਜਨਵਰੀ, 1998 ਤੱਕ ਨਿਸ਼ਚਿਤ ਰੂਪ ਵਿਚ ਅਦਾਇਗੀ ਕਰ ਦਿਤੀ ਜਾਵੇਗੀ ।

ਮੰਤਰੀ : ਸਪੀਕਰ ਸਾਹਿਬ, ਇਸ ਮਿੱਲ ਵੱਲੋਂ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਲਿਖ ਕੇ ਦਿੱਤਾ ਗਿਆ ਹੈ ਕਿ ਅਸੀਂ 15 ਜਨਵਰੀ, 1998 ਤੱਕ ਇਹ ਸਾਰੀ ਰਕਮ ਜਿਹੜੀ ਹੈ, ਦੇ ਦੇਵਾਂਗੇ ।

ਸ਼੍ਰੀ ਸੱਤਿਆ ਪਾਲ ਸੈਣੀ : ਧੰਨਵਾਦ ਜੀ ।

ਸ਼੍ਰੀ ਅਰੁਨੇਸ਼ ਕੁਮਾਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਓਸਵਾਲ ਸ਼ੂਗਰ ਮਿੱਲ, ਮੇਰੇ ਹਲਕੇ ਮੁਕੇਰੀਆਂ ਵਿੱਚ ਪੈਂਦੀ ਹੈ ਅਤੇ ਇਨ੍ਹਾਂ ਨੇ ਪਹਿਲਾਂ ਵੀ ਕਈ ਵੇਰ ਲਿਖ ਕੇ ਦਿੱਤਾ ਹੈ । ਕਿਸਾਨ ਨੂੰ ਤਿੰਨ ਸਾਲ ਲੱਗਦੇ ਹਨ । ਇਕ ਸਾਲ ਗੰਨਾ ਬੀਜਦਾ ਹੈ, ਦੂਜੇ ਸਾਲ ਮਿੱਲ ਵਿਚ ਜਾਂਦਾ ਹੈ ਅਤੇ ਤੀਜੇ ਸਾਲ ਪੇਮੈਂਟ ਮਿਲਣੀ ਹੁੰਦੀ ਹੈ । ਮਿੱਲ ਵਾਲੇ ਕਈ ਵੇਰ ਡਿਪਟੀ ਕਮਿਸ਼ਨਰ ਨੂੰ ਲਿਖ ਕੇ ਵੀ ਦਿੰਦੇ ਹਨ ਅਤੇ ਸਰਕਾਰ ਨੂੰ ਵੀ ਲਿਖ ਕੇ ਦੇ ਦਿੰਦੇ ਹਨ ਪਰ ਕਿਸਾਨ ਨੂੰ ਪੇਮੈਂਟ ਨਹੀਂ ਹੁੰਦੀ । ਕੀ ਸਰਕਾਰ ਕਿਸਾਨ ਨੂੰ ਸਮੇਂ ਸਿਰ ਪੇਮੈਂਟ ਕਰਾਉਣ ਲਈ ਕੋਈ ਉਪਰਾਲਾ ਕਰੇਗੀ ਅਤੇ ਇਸ ਸਦਨ ਵਿਚ ਮੰਤਰੀ ਜੀ ਇਹ ਵਿਸ਼ਵਾਸ਼ ਦਿਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰ ਦਿੱਤੀ ਹੈ ਕਿ ਮੁਕੇਰੀਆਂ ਮਿੱਲ ਨੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਐਫੀਡੇਵਿਟ ਲਿਖ ਕੇ ਦਿੱਤਾ ਹੈ ਕਿ ਅਸੀਂ 15 ਜਨਵਰੀ, 1998 ਤੱਕ ਸਾਰੀ ਅਦਾਇਗੀ ਕਰ ਦੇਵਾਂਗੇ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਦਸੂਹਾ ਸ਼ੂਗਰ ਮਿੱਲ ਹੈ, ਜਿਸ ਦਾ ਤਕਰੀਬਨ 3 ਸਾਲ ਤੋਂ ਪੈਸਾ ਨਹੀਂ ਮਿਲਿਆ । ਮੁੱਖ ਮੰਤਰੀ ਜੀ ਨੇ ਪਿਛੇ ਜਿਹੇ ਉਥੇ ਜਾ ਕੇ ਅਨਾਊਂਸਮੈਂਟ ਕੀਤੀ ਸੀ ਕਿ ਇਹ ਰੁਪਿਆ ਇਕ ਮਹੀਨੇ ਦੇ ਅੰਦਰ ਅੰਦਰ ਪੇਅ ਕਰ ਦਿੱਤਾ ਜਾਵੇਗਾ । ਪੇਮੈਂਟ ਸ਼ੁਰੂ ਵੀ ਹੋ ਗਈ ਪਰ ਇਹ ਦੇਖਿਆ ਗਿਆ ਹੈ ਕਿ ਪੇਮੈਂਟ ਕੁਝ ਪਿੰਡਾਂ ਵਿਚ ਹੀ ਦਿੱਤੀ ਗਈ ਹੈ ਅਤੇ 90% ਪੇਮੈਂਟ ਅਜੇ ਬਕਾਇਆ ਰਹਿੰਦੀ ਹੈ । ਉਨ੍ਹਾਂ ਪਿੰਡਾਂ ਵਿਚ ਕੋਈ ਆਦਮੀ ਨਹੀਂ ਗਿਆ ਅਤੇ ਨਾ ਹੀ ਕਿਸੇ ਨੂੰ ਪੇਮੈਂਟ ਲਈ ਬੁਲਾਇਆ ਗਿਆ । ਕੀ ਮੁੱਖ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਹੋਰ ਕਿੰਨੇ ਸਮੇਂ ਵਿੱਚ ਸਰਕਾਰ ਵੱਲੋਂ ਇਹ ਪੇਮੈਂਟ ਕਰ ਦਿੱਤੀ ਜਾਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਬੜਾ ਸੋਹਣਾ ਸਵਾਲ ਕੀਤਾ ਹੈ । ਮੈਂ ਇਸ ਦਾ ਜਵਾਬ ਦੇਣਾ ਚਾਹੁੰਦਾ ਹਾਂ । ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 13 ਕਰੋੜ ਰੁਪਏ ਪੈਂਡਿੰਗ ਸਨ ਜਿਹੜੇ ਕਿਸਾਨਾਂ ਨੂੰ ਦੇਣੇ ਸਨ । ਇਹ ਪ੍ਰਾਈਵੇਟ ਮਿੱਲ ਸੀ ਜਿਹੜੀ ਕਿ ਬੰਦ ਹੋ ਗਈ ਸੀ, ਪਰ ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਅਸੀਂ ਇਹ 13 ਕਰੋੜ ਰੁਪਏ ਸੈਂਕਸ਼ਨ ਕਰਕੇ ਭੇਜ ਦਿੱਤੇ ਹਨ ।

ਜ਼ਿਲ੍ਹਾ ਮਾਨਸਾ ਵਿਚ ਪਾਣੀ ਦੇ ਖਾਲਿਆਂ ਦੀ ਉਸਾਰੀ/ਮੁਰੰਮਤ

*682. **ਸਰਦਾਰ ਅਜੀਤ ਇੰਦਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਜ਼ਿਲ੍ਹਾ ਮਾਨਸਾ ਵਿਚ ਪਾਣੀ ਦੇ ਖਾਲਿਆਂ ਦੀ ਉਸਾਰੀ/ਮੁਰੰਮਤ ਅਤੇ ਪੱਕਾ ਕਰਨ ਦਾ ਵਿਚਾਰ ਹੈ । ਜੇਕਰ ਅਜਿਹਾ ਹੋਵੇ, ਤਾਂ ਪਾਣੀ ਦੇ ਅਜਿਹੇ ਖਾਲਿਆਂ ਦੀ ਕੁਲ ਲੰਬਾਈ ਕਿੰਨੀ ਹੈ ਜਿਨ੍ਹਾਂ ਦੀ ਚਾਲੂ ਵਿੱਤੀ ਸਾਲ (1997-98) ਦੇ ਦੌਰਾਨ ਉਸਾਰੀ/ਮੁਰੰਮਤ ਕੀਤੇ ਜਾਣ ਜਾਂ ਜਿਨ੍ਹਾਂ ਨੂੰ ਪੱਕਾ ਕੀਤੇ ਜਾਣ ਦਾ ਵਿਚਾਰ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ । ਜਿਲ੍ਹਾ ਮਾਨਸਾ ਵਿੱਚ ਖਾਲੇ ਪੱਕੇ ਕਰਨ ਦਾ ਕੰਮ ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ ਰਾਹੀਂ ਕੀਤਾ ਜਾ ਰਿਹਾ ਹੈ । ਚਾਲੂ ਵਿੱਤੀ ਸਾਲ 1997-98 ਦੌਰਾਨ ਮਿਤੀ 30 ਨਵੰਬਰ, 1997 ਤੱਕ 33 ਕਿਲੋਮੀਟਰ ਖਾਲਿਆਂ ਨੂੰ ਪੱਕਾ ਕੀਤਾ ਜਾ ਚੁੱਕਾ ਹੈ ਅਤੇ ਮਾਰਚ, 1998 ਤੱਕ ਤਕਰੀਬਨ 33 ਕਿਲੋਮੀਟਰ ਹੋਰ ਖਾਲਿਆਂ ਨੂੰ ਪੱਕਾ ਕਰਨ ਦਾ ਵਿਚਾਰ ਹੈ ।

ਖਾਲਿਆਂ ਦੀ ਮੁਰੰਮਤ ਕਰਨ ਵਾਸਤੇ ਮਾਮਲਾ ਵਿਚਾਰ ਅਧੀਨ ਹੈ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ-ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਾ ਕੀ ਕਰਾਈਟੇਰੀਆ ਬਣਾਇਆ ਗਿਆ ਹੈ ? ਕੀ ਕੋਈ ਕਮੇਟੀਆਂ ਬਣਾਈਆ ਗਈਆਂ ਹਨ ਅਤੇ ਹਲਕੇ ਦੇ ਐਮ. ਐਲ. ਏ. ਨੂੰ ਉਸ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ ਜਾਂ ਨਹੀਂ ? ਇਹ ਏਰੀਆਜ਼ ਕਿਸ ਤਰ੍ਹਾਂ ਆਈਡੈਂਟੀਫਾਈ ਕੀਤੇ ਜਾਂਦੇ ਹਨ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਤਾਂ ਡੀਮਾਂਡ ਹੈ ਅਤੇ ਜਿੱਥੋਂ ਆਉਂਦੀ ਹੈ, ਉਸ ਤੇ ਵਿਚਾਰ ਕੀਤਾ ਜਾਂਦਾ ਹੈ । ਇਹ ਵਰਲਡ ਬੈਂਕ ਦੀ ਸਕੀਮ ਹੈ ਅਤੇ ਇਸ ਸਕੀਮ ਵਿੱਚ ਉਹ ਕੇਸ ਆਉਂਦੇ ਹਨ ਜਿਹੜੇ ਪਹਿਲਾਂ ਦੇ ਸੈਂਕਸ਼ਨਡ ਹਨ । ਫਿਰ ਵੀ ਜਿਥੇ ਕਿਤੇ ਕੋਈ ਨੀਡ ਹੁੰਦੀ ਹੈ, ਲੋਕਲ ਅਧਿਕਾਰੀਆਂ ਦੀ ਡੀਮਾਂਡ ਦੇ ਮੁਤਾਬਿਕ ਉਹ ਵੀ ਲੈ ਲਏ ਜਾਂਦੇ ਹਨ ।

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਆਪਣੇ ਰਿਪਲਾਈ ਵਿੱਚ ਕਿਹਾ ਹੈ ਕਿ 33 ਕਿਲੋਮੀਟਰ ਖਾਲਿਆਂ ਨੂੰ ਮਾਰਚ, 1998 ਤੱਕ ਪੱਕਾ ਕਰਨ ਦਾ ਵਿਚਾਰ ਹੈ । ਕੀ ਮੁੱਖ ਮੰਤਰੀ ਜੀ ਇਸ ਸਬੰਧੀ ਵਿਧਾਇਕਾਂ ਦੀ ਕਮੇਟੀ ਬਣਾਉਣਗੇ ਜਾਂ ਨਹੀਂ ?

ਮੁੱਖ ਮੰਤਰੀ : ਜੇ ਤੁਸੀਂ ਕੋਈ ਖਾਸ ਖਾਲਾ ਬਣਾਉਣ ਹੈ ਤਾਂ ਮੈਨੂੰ ਦੱਸ ਦਿਓ । ਮੈਂ ਜ਼ਰੂਰ ਬਣਾ ਦਿਆਂਗਾ ।

Mr. Speaker : Question Hour is over.

UNSTARRED QUESTIONS AND ANSWERS

ਜ਼ਿਲ੍ਹਾ ਅੰਮ੍ਰਿਤਸਰ ਦੇ ਬਲਾਕ ਵੇਰਕਾ ਦੇ ਸਰਪੰਚਾਂ ਵਿਰੁੱਧ ਪੜਤਾਲ

174. **ਕਾਮਰੇਡ ਹਰਦੇਵ ਅਰਸ਼ੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਜ਼ਿਲ੍ਹਾ ਅੰਮ੍ਰਿਤਸਰ ਦੇ ਬਲਾਕ ਵੇਰਕਾ ਦੇ ਸਰਪੰਚਾਂ ਵਿਰੁੱਧ ਭ੍ਰਿਸ਼ਟਾਚਾਰ, ਗਬਨ, ਜ਼ਮੀਨ ਹਥਿਆਉਣ ਅਤੇ ਹੋਰ ਗੈਰ-ਕਾਨੂੰਨੀ ਕਾਰਵਾਈਆਂ ਅਤੇ ਬੇਕਾਇਦਗੀਆਂ ਸਬੰਧੀ ਸ਼ਿਕਾਇਤਾਂ ਹਾਲੇ ਪੈਂਡਿੰਗ ਪਈਆਂ ਹਨ; ਜੇਕਰ ਅਜਿਹਾ ਹੈ, ਤਾਂ ਉਨ੍ਹਾਂ ਦੇ ਨਾਂ, ਦੂਸ਼ਣਾਂ ਦੇ ਵੇਰਵੇ, ਉਹ ਮਿਤੀ ਜਿਸ ਤੋਂ ਹਰ ਇਕ ਸ਼ਿਕਾਇਤ ਪੈਂਡਿੰਗ ਪਈ ਹੈ; ਅਤੇ ਪੜਤਾਲ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਰਪੰਚਾਂ ਵਿਚੋਂ ਉਨ੍ਹਾਂ ਸਰਪੰਚਾਂ ਦੇ ਨਾਂ ਕੀ-ਕੀ ਹਨ ਜਿਹੜੇ ਮੁਅੱਤਲ ਹਨ ਅਤੇ ਉਨ੍ਹਾਂ ਸਰਪੰਚਾਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਨੂੰ ਪਹਿਲਾਂ ਮੁਅੱਤਲ ਕੀਤਾ ਗਿਆ ਸੀ ਅਤੇ ਫਿਰ ਬਹਾਲ ਕੀਤਾ ਗਿਆ ਸੀ ਅਤੇ ਹਰ ਕੇਸ ਵਿਚ ਬਹਾਲੀ ਦੇ ਕੀ ਕਾਰਣ ਹਨ ?

ਸਰਦਾਰ ਨਿਰਮਲ ਸਿੰਘ ਕਾਹਲੋਂ : 1. ਸਥਿਤੀ ਦਰਸਾਉਂਦੀ ਸੂਚੀ ਨੰ: 1 ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

2. ਵੇਰਵੇ ਸਹਿਤ ਸੂਚੀ ਨੰ: 2 ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸੂਚੀ ਨੰ: 1

ਬਿਨਾਂ ਤਾਰਾ ਅੰਕਿਤ ਸਵਾਲ ਨੰ: 174, ਵੱਲੋਂ ਕਾਮਰੇਡ ਹਰਦੇਵ ਅਰਸ਼ੀ, ਐਮ. ਐਲ. ਏ. ਸਬੰਧੀ ਸੂਚਨਾ ਬਲਾਕ ਵੇਰਕਾ, ਜ਼ਿਲ੍ਹਾ ਅੰਮ੍ਰਿਤਸਰ ।

ਲੜੀ ਨੰ:	ਸਰਪੰਚ ਦਾ ਨਾਂ	ਗਰਾਮ ਪੰਚਾਇਤ ਦਾ ਨਾਂ	ਦੂਸ਼ਣਾਂ ਦਾ ਵੇਰਵਾ	ਉਹ ਮਿਤੀ ਜਿਸ ਤੋਂ ਸ਼ਿਕਾਇਤ ਪੈਂਡਿੰਗ ਪਈ ਹੈ	ਪੜਤਾਲ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ
1	2	3	4	5	6
1.	ਬਲਵਿੰਦਰ ਸਿੰਘ	ਮਾਲਾਵਾਲੀ	ਮੀਟਿੰਗਾਂ ਨਾ ਕਰਨਾ	4-12-1993	3 ਮਹੀਨੇ ਤੱਕ
2.	ਗੁਰਮੇਲ ਸਿੰਘ	ਮੁੱਲਾਂ ਬਹਿਰਾਮ	ਗਬਨ	15-3-1994	3 ਮਹੀਨੇ ਤੱਕ
3.	ਬਲਵੀਰ ਸਿੰਘ	ਸਾਧੂਗੜ੍ਹ	ਗਬਨ ਤੇ ਨਿਯਮਾਂ ਦੀ ਉਲੰਘਣਾ	23-8-1994	3 ਮਹੀਨੇ ਤੱਕ
4.	ਨਿਰਵੈਲ ਸਿੰਘ	ਹੇਰ	ਮੀਟਿੰਗਾਂ ਨਾ ਕਰਨਾ	4-5-1995	2 ਮਹੀਨੇ ਤੱਕ
5.	ਹਰਪਾਲ ਸਿੰਘ	ਬਾਸਰਕੇ ਗਿੱਲਾਂ	ਰਿਕਾਰਡ ਪੇਸ਼ ਨਾ ਕਰਨਾ	31-1-1995	3 ਮਹੀਨੇ ਤੱਕ
6.	ਦਾਰਾ ਸਿੰਘ	ਮੀਰਾਂ ਕੋਟ ਕਲਾਂ	ਗਬਨ ਤੇ ਨਿਯਮਾਂ ਦੀ ਉਲੰਘਣਾ	27-11-1996	3 ਮਹੀਨੇ ਤੱਕ
7.	ਲਾਲ ਸਿੰਘ	ਮੂਲੇ ਚੱਕ	ਦੁਰ-ਵਿਵਹਾਰ	17-9-1994	3 ਮਹੀਨੇ ਤੱਕ
8.	ਭਾਗ ਸਿੰਘ	ਰੱਤੀ ਵਾਲ	ਗਬਨ	11-11-1997	3 ਮਹੀਨੇ ਤੱਕ
9.	ਹਰਬੰਸ ਸਿੰਘ	ਗਿੱਲਵਾਲੀ	ਗਬਨ	22-8-1997	15 ਦਿਨਾਂ ਤੱਕ
10.	ਰਾਜਪਾਲ ਸਿੰਘ	ਬੋਹੜੂ	ਗਬਨ	13-3-1997	1 ਮਹੀਨੇ ਤੱਕ
11.	ਪਰਮਜੀਤ ਸਿੰਘ	ਨਵੀਪੁਰ	ਮੀਟਿੰਗਾਂ ਨਾ ਕਰਨਾ	28-10-1997	1 ਮਹੀਨੇ ਤੱਕ
12.	ਇਕਬਾਲ ਸਿੰਘ	ਪੰਡੋਰੀ ਵੜੈਚ	ਗਬਨ	25-5-1997	2 ਮਹੀਨੇ ਤੱਕ
*13.	ਨਰਿੰਦਰ ਸਿੰਘ	ਇਸ਼ਨ ਕਲਾਂ	ਗਬਨ	24-4-1995	3 ਮਹੀਨੇ ਤੱਕ
14.	ਚਰਨ ਸਿੰਘ	ਮਾਹਲ	ਗਬਨ	20-4-1996	3 ਮਹੀਨੇ ਤੱਕ
15.	ਦਲਬੀਰ ਸਿੰਘ	ਸਾਧਪੁਰ	ਗਬਨ, ਨਜਾਇਜ਼ ਕਬਜ਼ਾ	27-8-1997	2 ਮਹੀਨੇ ਤੱਕ

*ਸਰਪੰਚ ਮਰ ਚੁੱਕਾ ਹੈ ਪਰ ਜਿੱਥੋਂ ਤੱਕ ਪੰਚਾਇਤ ਫੰਡ ਦੀ ਵਸੂਲੀ ਦਾ ਸਵਾਲ ਹੈ, ਉਹ ਉਸਦੇ ਵਾਰਸਾਂ ਪਾਸੋਂ ਕੀਤੀ ਜਾਣੀ ਰਹਿੰਦੀ ਹੈ ।

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

ਸੂਚੀ ਨੰ: 2

ਬਿਨਾ ਤਾਰਾ ਅੰਕਿਤ ਸਵਾਲ ਨੰ: 174 —ਕਾਮਰੇਡ ਹਰਦੇਵ ਅਰਸ਼ੀ ਐਮ.ਐਲ.ਏ.

ਲੜੀ ਨੰ:	ਮੁਅੱਤਲੀ ਅਧੀਨ ਸਰਪੰਚ ਦਾ ਨਾਂ
1	2
1.	ਇਕਬਾਲ ਸਿੰਘ ਸਰਪੰਚ, ਗਰਾਮ ਪੰਚਾਇਤ ਪੰਡੋਰੀ ਵੜੈਚ
2.	ਨਰਿੰਦਰ ਸਿੰਘ ਸਰਪੰਚ, ਗਰਾਮ ਪੰਚਾਇਤ ਇਬਨ ਕਲਾਂ
3.	ਭਾਗ ਸਿੰਘ ਸਰਪੰਚ, ਗਰਾਮ ਪੰਚਾਇਤ ਤੋੜੀਵਾਲ
4.	ਪਰਮਜੀਤ ਸਿੰਘ ਸਰਪੰਚ, ਗਰਾਮ ਪੰਚਾਇਤ ਨਬੀਪੁਰ
5.	ਰਾਜਪਾਲ ਸਿੰਘ ਸਰਪੰਚ, ਗਰਾਮ ਪੰਚਾਇਤ ਬੋਹੜੂ
6.	ਦਲਬੀਰ ਸਿੰਘ ਸਰਪੰਚ, ਗਰਾਮ ਪੰਚਾਇਤ ਸਾਧਪੁਰ

	ਬਹਾਲ ਕੀਤੇ ਸਰਪੰਚ ਦਾ ਨਾਂ	ਬਹਾਲੀ ਦੇ ਕਾਰਨ
1.	ਇਕਬਾਲ ਸਿੰਘ ਸਰਪੰਚ, ਗਰਾਮ ਪੰਚਾਇਤ ਪੰਡੋਰੀ ਵੜੈਚ	ਮੁਅੱਤਲੀ ਵਿਰੁੱਧ ਕੀਤੀ ਅਪੀਲ ਮਿਤੀ 9-7-97 ਰਾਹੀਂ ਸਮਰੱਥ ਅਧਿਕਾਰੀ ਵਲੋਂ ਮਨਜ਼ੂਰ ਕੀਤੀ ਜਾ ਚੁੱਕੀ ਹੈ।

ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦਾ ਗਠਨ

175. **ਕਾਮਰੇਡ ਹਰਦੇਵ ਅਰਸ਼ੀ** : ਕੀ ਸ਼ਿਕਾਇਤ ਨਿਵਾਰਨ ਅਤੇ ਪੈਨਸ਼ਨ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਾਰੇ ਜ਼ਿਲ੍ਹਿਆਂ ਲਈ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀਆਂ ਦਾ ਗਠਨ ਕਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੈ ਤਾਂ ਉਨ੍ਹਾਂ ਦੀ ਬਣਤਰ ਕੀ ਹੈ ਅਤੇ ਹਰ ਇਕ ਕਮੇਟੀ ਦੇ ਗੈਰ-ਸਰਕਾਰੀ ਮੈਂਬਰਾਂ ਦੇ ਨਾਂ ਕੀ-ਕੀ ਹਨ ਅਤੇ ਜਿਸ ਪਾਰਟੀ/ਸੰਸਥਾ ਦੀ ਉਹ ਪ੍ਰਤੀਨਿਧਤਾ ਕਰਦੇ ਹਨ, ਦੇ ਨਾਂ ਕੀ-ਕੀ ਹਨ;

(ਅ) ਹਰ ਇਕ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀ ਦੀਆਂ ਕੀਤੀਆਂ ਗਈਆਂ ਮੀਟਿੰਗਾਂ ਦੀ ਗਿਣਤੀ ਕਿੰਨੀ ਹੈ ਅਤੇ ਅਜਿਹੀ ਹਰ ਇਕ ਮੀਟਿੰਗ ਦੀ ਮਿਤੀ ਕੀ ਹੈ ?

ਸਰਦਾਰ ਗੋਬਿੰਦ ਸਿੰਘ ਕਾਂਝਲਾ : (ੳ) ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੇ ਗਠਨ ਸਬੰਧੀ ਅਧਿਸੂਚਨਾ ਮਿਤੀ 2-5-1997 ਨੂੰ ਜਾਰੀ ਕੀਤੀ ਜਾ ਚੁੱਕੀ ਹੈ। ਇਸ ਅਧਿਸੂਚਨਾ ਦੇ ਪੈਰਾ 1(4)(ੳ) ਵਿਚ ਮਿਤੀ 3-6-1997 ਦੀ ਅਧਿਸੂਚਨਾ ਰਾਹੀਂ ਸੋਧ ਕੀਤੀ ਗਈ ਹੈ। ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੀ ਬਣਤਰ ਬਾਰੇ ਜਾਣਕਾਰੀ ਅਨੁਲੱਗ-1 ਵਿਚ ਦਿੱਤੀ ਗਈ ਹੈ ਜੀ। ਵੱਖ-ਵੱਖ ਜ਼ਿਲ੍ਹਿਆਂ ਵਿਚ ਮਿਤੀ 18-12-1997 ਤੱਕ ਨਾਮਜਦ ਕੀਤੇ ਗਏ ਗੈਰ-ਸਰਕਾਰੀ ਮੈਂਬਰਾਂ ਦੇ ਨਾਂ ਅਤੇ ਵੇਰਵੇ ਅਨੁਲੱਗ-2 ਵਿਚ ਦਿੱਤੇ ਗਏ ਹਨ ਜੀ।

(ਅ) ਵੱਖ-ਵੱਖ ਜ਼ਿਲ੍ਹਿਆਂ ਵਿਚ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੀਆਂ ਹੋਈਆਂ ਮੀਟਿੰਗਾਂ ਅਤੇ ਉਨ੍ਹਾਂ ਦੀਆਂ ਮਿਤੀਆਂ ਬਾਰੇ ਜਾਣਕਾਰੀ ਅਨੁਲੱਗ-3 ਵਿਚ ਦਿੱਤੀ ਗਈ ਹੈ ਜੀ।

ਅਨੁਲੱਗ-1

ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੀ ਬਣਤਰ

(1) **ਚੇਅਰਮੈਨ** .. ਕੈਬਨਿਟ ਮੰਤਰੀ

ਵਾਈਸ ਚੇਅਰਮੈਨ .. ਰਾਜ ਮੰਤਰੀ

(2) **ਸਰਕਾਰੀ ਮੈਂਬਰ** :—

1. ਡਿਪਟੀ ਕਮਿਸ਼ਨਰ
2. ਸੀਨੀਅਰ ਪੁਲਿਸ ਕਪਤਾਨ

[ਸ਼ਿਕਾਇਤ ਨਿਵਾਰਨ ਅਤੇ ਪੈਨਸ਼ਨ ਰਾਜ ਮੰਤਰੀ]

(3) **ਪਦਵੀ ਵਜੋਂ ਮੈਂਬਰ :-**

(ੳ) ਜ਼ਿਲ੍ਹੇ ਤੋਂ ਪਾਰਲੀਮੈਂਟ (ਲੋਕ ਸਭਾ/ਰਾਜ ਸਭਾ) ਦੇ ਸਮੂਹ ਮੌਜੂਦਾ ਮੈਂਬਰ। ਲੋਕ ਸਭਾ ਦੇ ਹਲਕੇ ਕਈ ਵਾਰ ਇਕ ਤੋਂ ਵੱਧ ਜ਼ਿਲ੍ਹਿਆਂ ਵਿਚ ਪੈਂਦੇ ਹਨ। ਉਸ ਸੂਰਤ ਵਿਚ ਸਬੰਧਤ ਹਲਕੇ ਦੇ ਲੋਕ ਸਭਾ ਦੇ ਮੈਂਬਰ ਉਸ ਜ਼ਿਲ੍ਹੇ ਦੀ ਸ਼ਿਕਾਇਤ ਨਿਵਾਰਨ ਕਮੇਟੀ ਦੇ ਮੈਂਬਰ ਹੋਣਗੇ, ਜਿਸ ਜ਼ਿਲ੍ਹੇ ਵਿਚ ਉਨ੍ਹਾਂ ਦੇ ਹਲਕੇ ਦਾ ਵੱਡਾ ਹਿੱਸਾ ਪੈਂਦਾ ਹੈ; ਪ੍ਰੰਤੂ ਜੇਕਰ ਉਹ ਚਾਹੁਣ ਤਾਂ ਦੂਸਰੇ ਜ਼ਿਲ੍ਹੇ ਦੀ ਸ਼ਿਕਾਇਤ ਨਿਵਾਰਨ ਕਮੇਟੀ, ਜਿਸ ਵਿਚ ਉਨ੍ਹਾਂ ਦੇ ਹਲਕੇ ਦਾ ਥੋੜਾ ਹਿੱਸਾ ਪੈਂਦਾ ਹੈ, ਦੀ ਮੀਟਿੰਗ ਵਿਚ ਸ਼ਾਮਲ ਹੋ ਸਕਦੇ ਹਨ।

(ਅ) ਜ਼ਿਲ੍ਹੇ ਤੋਂ ਸਮੂਹ ਮੌਜੂਦਾ ਵਿਧਾਨਕਾਰ।

(ੲ) ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ।

(ਸ) ਉਪ ਪ੍ਰਧਾਨ ਜ਼ਿਲ੍ਹਾ ਸੈਨਿਕ ਬੋਰਡ।

(ਹ) ਜ਼ਿਲ੍ਹਾ ਹੈਡ-ਕੁਆਟਰ ਦੀ ਮਿਊਂਸਪਲ ਕਾਰਪੋਰੇਸ਼ਨ/ਮਿਊਂਸਪਲ ਕਮੇਟੀ ਦਾ ਪ੍ਰਧਾਨ।

(4) **ਗੈਰ-ਸਰਕਾਰੀ ਮੈਂਬਰ :-**

(ੳ) ਰਾਜਸੀ ਪਾਰਟੀਆਂ ਦੇ ਮੈਂਬਰ :-

ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਤੇ ਮਾਨਤਾ ਪ੍ਰਾਪਤ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਦੀ ਗਿਣਤੀ ਸਬੰਧਤ ਜ਼ਿਲ੍ਹੇ ਵਿਚੋਂ ਅਜਿਹੀਆਂ ਪਾਰਟੀਆਂ ਦੇ ਵਿਧਾਨ ਸਭਾ ਲਈ ਚੁਣੇ ਗਏ ਮੈਂਬਰਾਂ ਦੀ ਗਿਣਤੀ ਦੇ ਅਨੁਪਾਤ ਵਿਚ ਹੋਵੇਗੀ, ਪ੍ਰੰਤੂ ਸ਼ਰਤ ਇਹ ਹੈ ਕਿ ਹਰੇਕ ਮਾਨਤਾ ਪ੍ਰਾਪਤ ਰਾਜਸੀ ਪਾਰਟੀ ਦਾ ਘੱਟੋ-ਘੱਟ ਇਕ ਨੁਮਾਇੰਦਾ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦਾ ਮੈਂਬਰ ਹੋਵੇਗਾ, ਭਾਵੇਂ ਉਸ ਪਾਰਟੀ ਦੀ ਵਿਧਾਨ ਸਭਾ ਵਿਚ ਕੋਈ ਨੁਮਾਇੰਦਗੀ ਨਾ ਵੀ ਹੋਵੇ।

(ਅ) ਸਬੰਧਤ ਜ਼ਿਲ੍ਹੇ ਦੇ ਮੰਤਰੀ/ਮੰਤਰੀਆਂ/ਵਿਧਾਨ ਸਭਾ ਸਪੀਕਰ/ ਡਿਪਟੀ ਸਪੀਕਰ ਦਾ ਨੁਮਾਇੰਦਾ।

(ੲ) ਆਜ਼ਾਦੀ ਘੁਲਾਟੀਏ, ਸਾਬਕਾ ਫੌਜੀ, ਪਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ, ਮਹਿਲਾ ਵਰਗ ਅਤੇ ਨੌਜਵਾਨ ਵਰਗ ਦਾ ਇਕ ਇਕ ਨੁਮਾਇੰਦਾ।

(ਸ) ਪਟਿਆਲਾ, ਸੰਗਰੂਰ ਅਤੇ ਗੁਰਦਾਸਪੁਰ ਦੀਆਂ ਕਮੇਟੀਆਂ ਦਾ ਇਕ ਇਕ ਮੁਸਲਿਮ ਪ੍ਰਤੀਨਿੱਧ ਅਤੇ ਗੁਰਦਾਸਪੁਰ ਕਮੇਟੀ ਦਾ ਇਕ ਇਸਾਈ ਪ੍ਰਤੀ-ਨਿੱਧੀ।

(ਹ) 5 ਗੈਰ-ਸਰਕਾਰੀ ਮੈਂਬਰ, ਜਿਨ੍ਹਾਂ ਸਮਾਜ ਦੇ ਭਿੰਨ-ਭਿੰਨ ਖੇਤਰਾਂ, ਜਿਵੇਂ ਸਮਾਜ ਸੇਵਾ, ਵਿਉਪਾਰ, ਉਦਯੋਗ ਅਤੇ ਖੇਤੀਬਾੜੀ ਆਦਿ ਵਿਚ ਯੋਗਦਾਨ ਪਾਇਆ ਹੋਵੇ।

ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਫ਼ਸਰ ਕਮੇਟੀ ਦੇ ਮੈਂਬਰ ਸਕੱਤਰ ਹੋਣਗੇ।

ਅਨੁਲੱਗ-2

ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੇ ਮਿਤੀ 18-12-1997 ਤੱਕ ਨਾਮਜ਼ਦ ਕੀਤੇ ਗੈਰ-ਸਰਕਾਰੀ ਮੈਂਬਰਾਂ ਦੇ ਨਾਮ ਅਤੇ ਵੇਰਵੇ

(1) ਜ਼ਿਲ੍ਹਾ ਕਪੂਰਥਲਾ

ਲੜੀ ਨੰ:	ਨਾਮ ਅਤੇ ਪਤਾ	
1	2	
1.	ਜਥੇਦਾਰ ਜੈਮਲ ਸਿੰਘ, ਸੁਲਤਾਨਪੁਰ । ..	ਸ਼੍ਰੋਮਣੀ ਅਕਾਲੀ ਦਲ ਦਾ ਨੁਮਾਇੰਦਾ
2.	ਡਾ: ਮੇਹਰ ਸਿੰਘ, ਪਿੰਡ ਨਾਡਲਾ, ਕਪੂਰਥਲਾ । ..	—ਉਹੀ—
3.	ਸ: ਦਵਿੰਦਰਬੀਰ ਸਿੰਘ, ਬਲਾਕ ਸੰਮਤੀ ਮੈਂਬਰ, ਸਰਪੰਚ, ਜਵਾਲਪੁਰ ..	—ਉਹੀ—
4.	ਸ਼੍ਰੀ ਰਾਜ ਕੁਮਾਰ ਟਿੱਬਾ, ਸੀ.ਪੀ. ਐਮ. ਦਫਤਰ, ਭਾਈ ਰਤਨ ਸਿੰਘ ਯਾਦਗਾਰ ਟਰੱਸਟ, ਬਦਰੀਦਾਸ ਕਲੋਨੀ, ਜਲੰਧਰ । ..	ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦਾ ਨੁਮਾਇੰਦਾ
5.	ਸ਼੍ਰੀ ਨਰੋਤਮ ਦੇਵ ਰੱਤੀ, ਜ਼ਿਲ੍ਹਾ ਪ੍ਰਧਾਨ ਭਾਜਪਾ, ਸੰਨਬੀਮ ਇੰਡਸਟਰੀਜ਼, ਜਲੰਧਰ ਰੋਡ, ਕਪੂਰਥਲਾ । ..	ਭਾਰਤੀ ਜਨਤਾ ਪਾਰਟੀ ਦਾ ਨੁਮਾਇੰਦਾ
6.	ਕਾਮਰੇਡ ਨਿਰੰਜਨ ਸਿੰਘ ਉੱਚਾ, ਪਿੰਡ ਉੱਚਾ, ਡਾਕ: ਸੈਫਲਾਬਾਦ, ਜ਼ਿਲ੍ਹਾ ਕਪੂਰਥਲਾ । ..	ਭਾਰਤੀ ਕਮਿਊਨਿਸਟ ਪਾਰਟੀ ਦਾ ਨੁਮਾਇੰਦਾ
7.	ਮਿਸਟਰ ਮਹੇਸ਼ ਸੱਚਦੇਵਾ, 6-ਏ, ਨਿਊ ਮਾਡਲ ਟਾਊਨ, ਫਗਵਾੜਾ, ਜ਼ਿਲ੍ਹਾ ਕਪੂਰਥਲਾ । ..	ਜਨਤਾ ਪਾਰਟੀ ਦਾ ਨੁਮਾਇੰਦਾ
8.	ਸ਼੍ਰੀ ਅਸ਼ੋਕ ਸੇਠੀ, 40, ਇੰਡਸਟਰੀਅਲ ਏਰੀਆ, ਫਗਵਾੜਾ, ਜ਼ਿਲ੍ਹਾ ਕਪੂਰਥਲਾ । ..	ਸਮਤਾ ਪਾਰਟੀ ਦਾ ਨੁਮਾਇੰਦਾ

[ਸ਼ਿਕਾਇਤ ਨਿਵਾਰਨ ਅਤੇ ਪੈਨਸ਼ਨ ਰਾਜ ਮੰਤਰੀ]

1		
9.	ਪ੍ਰਿੰਸੀਪਲ ਕੇਵਲ ਸਿੰਘ ਰਿਟਾਇਰਡ, ਪਿੰਡ ਸੈਦਪੁਰ, ਤਹਿ: ਸੁਲਤਾਨਪੁਰ ਲੋਧੀ, ਕਪੂਰਥਲਾ । ..	ਡਾ: ਉਪਿੰਦਰਜੀਤ ਕੌਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਦਾ ਨੁਮਾਇੰਦਾ
10.	ਸ: ਜਗੀਰ ਸਿੰਘ ਪੁੱਤਰ ਸ. ਸ਼ਰਮ ਸਿੰਘ ਪ੍ਰਧਾਨ, ਐਨ. ਏ. ਸੀ. ਬੇਗੋਵਾਲ, ਤਹਿ: ਭੁਲੱਥ । ..	ਬੀਬੀ ਜਗੀਰ ਕੌਰ, ਸੈਰ-ਸਪਾਟਾ ਸਭਿਆਚਾਰਕ ਮਾਮਲੇ ਤੇ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਦਾ ਨੁਮਾਇੰਦਾ
11.	ਸ: ਦਵਿੰਦਰ ਸਿੰਘ, ਸਰਪੰਚ, ਪਿੰਡ ਦਪੱਈ । ..	ਸ: ਰਘਬੀਰ ਸਿੰਘ, ਟਰਾਂਸਪੋਰਟ ਮੰਤਰੀ ਦਾ ਨੁਮਾਇੰਦਾ
12.	ਸ਼੍ਰੀ ਰਾਮ ਸਰੂਪ ਅਰੋੜਾ ਪੁੱਤਰ ਸ਼੍ਰੀ ਕ੍ਰਿਸ਼ਨ ਲਾਲ, ਨਿਵਾਸੀ ਹਰਗੋਬਿੰਦ ਨਗਰ, ਫਗਵਾੜਾ। ..	ਚੌਧਰੀ ਸਵਰਨਾ ਰਾਮ, ਰਾਜ ਮੰਤਰੀ ਹਾਇਰ ਸਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਦਾ ਨੁਮਾਇੰਦਾ
13.	ਸ: ਧੰਨਾ ਸਿੰਘ, ਵਾਸੀ ਪਿੰਡ ਤੇ ਡਾ: ਸ਼ਿਆਨੀ ਭੱਗੂ ਪੁਰੀਆ, ਤਹਿ: ਭੁਲੱਥ, ਕਪੂਰਥਲਾ । ..	ਆਜ਼ਾਦੀ ਘੁਲਾਟੀਏ
14.	ਮੇਜਰ ਜੀਵਨ ਸਿੰਘ ਭੰਡਾਲ, ਮੈਂਬਰ ਐਸ. ਜੀ. ਪੀ. ਸੀ., ਪ੍ਰਧਾਨ ਸਾਬਕਾ ਫੌਜੀ ਲਸੰਗ, ਕਪੂਰਥਲਾ । ..	ਸਾਬਕਾ ਫੌਜੀ
15.	ਸ. ਤਰਸੇਮ ਸਿੰਘ ਦਰੀਏਵਾਲ, ਸਾਬਕਾ ਫੌਜੀ, ਐਮ.ਸੀ., ਸੁਲਤਾਨਪੁਰ ਲੋਧੀ । ..	ਪਛੜੀ ਸ਼੍ਰੇਣੀ
16.	ਸ਼੍ਰੀ ਕਸ਼ਮੀਰ ਸਿੰਘ ਮਾਹੀ, ਪਿੰਡ ਜਗਪਾਲਪੁਰ, ਡਾਕ: ਰਾਣੀਪੁਰ, ਤਹਿ: ਫਗਵਾੜਾ, ਕਪੂਰਥਲਾ । ..	ਅਨੁਸੂਚਿਤ ਜਾਤੀ
17.	ਡਾ: ਵੀਨਾ ਵਰਮਾ ਪਤਨੀ ਡਾ: ਰਵਿੰਦਰ ਵਰਮਾ, ਲਾਹੌਰੀ ਗੇਟ, ਕਪੂਰਥਲਾ । ..	ਮਹਿਲਾ ਵਰਗ

1	2		
18.	ਸ. ਜਰਨੈਲ ਸਿੰਘ ਡੋਗਰਾਂਵਾਲਾ, ਪਿੰਡ ਤੇ ਡਾਕ: ਡੋਗਰਾਂਵਾਲਾ, ਕਪੂਰਥਲਾ ।	..	ਨੌਜਵਾਨ ਵਰਗ
19.	ਸ. ਮਹਿੰਦਰ ਸਿੰਘ, ਪਿੰਡ ਰਾਏਪੁਰ ਪੀਰ ਬਖਸ਼ਵਾਲਾ, ਮੈਂਬਰ ਜਿਲ੍ਹਾ ਪ੍ਰੀਸ਼ਦ, ਕਪੂਰਥਲਾ ।	..	ਸਮਾਜ ਸੇਵਕ
20.	ਸ. ਮਨਮੋਹਨ ਸਿੰਘ ਵਾਲੀਆ, ਮਿਊਂਸਪਲ ਕਮਿਸ਼ਨਰ, ਐਮ.ਸੀ. ਕਪੂਰਥਲਾ ।	..	ਵਿਉਪਾਰ
21.	ਸ਼੍ਰੀ ਮਨੋਹਰ ਲਾਲ ਗੁਪਤਾ, ਕੌਸ਼ੱਲਿਆ ਉਦਯੋਗ, ਪਿੰਡ ਤੇ ਡਾਕ: ਚਾਚੋਕੀ, ਫਗਵਾੜਾ ।	..	ਉਦਯੋਗ
22.	ਸ. ਜਰਨੈਲ ਸਿੰਘ ਐਡਵੋਕੇਟ, ਫਗਵਾੜਾ ।	.	ਖੇਤੀਬਾੜੀ
23.	ਸ. ਰਸਬੇਗ ਸਿੰਘ ਢਿੱਲੋਂ, ਡੇਰਾ ਸੈਦਾ, ਨਜ਼ਦੀਕ ਸੁਲਤਾਨਪੁਰ, ਕਪੂਰਥਲਾ ।	..	ਹੋਰ

(2) ਜ਼ਿਲ੍ਹਾ ਗੁਰਦਾਸਪੁਰ

ਲੜੀ ਨੰ:	ਨਾਮ ਅਤੇ ਪਤਾ		
1	2		
1.	ਸ਼੍ਰੀ ਅਮਰਜੀਤ ਸਿੰਘ ਕੋਠਾਰ, ਸੀ. ਪੀ. ਐਮ. ਦਫ਼ਤਰ, ਰੂਲੀਆ ਰਾਮ ਕਲੋਨੀ, ਜੇਲ੍ਹ ਰੋਡ, ਗੁਰਦਾਸਪੁਰ ।	..	ਭਾਰਤੀਆ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦਾ ਨੁਮਾਇੰਦਾ
2.	ਸ਼੍ਰੀ ਰਵੀ ਗੁਪਤਾ ਐਡਵੋਕੇਟ, ਜ਼ਿਲ੍ਹਾ ਪ੍ਰਧਾਨ, ਭਾਜਪਾ, ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ ।	..	ਭਾਰਤੀਆ ਜਨਤਾ ਪਾਰਟੀ ਦਾ ਨੁਮਾਇੰਦਾ

1	2	
3.	ਸ਼੍ਰੀ ਪੰਡਿਤ ਓਮਾ ਸ਼ੰਕਰ, ਚੱਕਰੀ ਬਾਜ਼ਾਰ, ਬਟਾਲਾ । ..	ਭਾਰਤੀਆ ਜਨਤਾ ਪਾਰਟੀ ਦਾ ਨੁਮਾਇੰਦਾ
4.	ਸ਼੍ਰੀ ਲੱਦਾ ਰਾਮ ਵਾਸੂਦੇਵਾ, ਐਡਵੋਕੇਟ, ਮਿਸ਼ਨ ਰੋਡ, ਪਠਾਨਕੋਟ । ..	—ਉਹੀ—
5.	ਸ਼੍ਰੀ ਬਲਦੇਵ ਰਾਜ ਕਾਂਸਰਾ, ਐਮ. ਸੀ. ਪ੍ਰਦੇਸ਼ ਮੰਤਰੀ, ਚੱਕਰੀ ਬਾਜ਼ਾਰ, ਬਟਾਲਾ, ਗੁਰਦਾਸਪੁਰ । ..	—ਉਹੀ—
6.	ਸ਼੍ਰੀ ਬਾਲ ਕ੍ਰਿਸ਼ਨ ਮਿੱਤਲ, ਜ਼ਿਲ੍ਹਾ ਉਪ-ਪ੍ਰਧਾਨ, ਭਾਜਪਾ, ਗੁਰਦਾਸਪੁਰ । ..	—ਉਹੀ—
7.	ਕਾਮਰੇਡ ਮਹਿੰਦਰ ਸਿੰਘ, ਐਮ.ਏ. ਪਿੰਡ ਸੰਤੂਵਾਲਾ, ਡਾਕ: ਧਿਆਨਪੁਰ, ਜ਼ਿਲ੍ਹਾ ਗੁਰਦਾਸਪੁਰ । ..	ਭਾਰਤੀ ਕਮਿਊਨਿਸਟ ਪਾਰਟੀ ਦਾ ਨੁਮਾਇੰਦਾ
8.	ਸ਼੍ਰੀ ਰਾਜੇਸ਼ ਸ਼ਰਮਾ ਆਰ. ਆਰ. ਇੰਟਰਪ੍ਰਾਈਜ਼ਜ਼, ਮਹਾਦੇਵ ਮਾਰਕੀਟ, ਡਲਹੌਜ਼ੀ ਰੋਡ ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ । ..	ਜਨਤਾ ਪਾਰਟੀ ਦਾ ਨੁਮਾਇੰਦਾ
9.	ਸ਼੍ਰੀ ਦਿਲਬਾਗ ਸਿੰਘ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮਾਡਲ ਟਾਊਨ, ਪਠਾਨਕੋਟ । ..	ਮਾਸਟਰ ਮੋਹਨ ਲਾਲ, ਵਣ, ਵਿਧਾਨਕ ਮਾਮਲੇ ਤੇ ਸੁਤੰਤਰਤਾ ਸੰਗਰਾਮੀ ਮੰਤਰੀ ਦਾ ਨੁਮਾਇੰਦਾ
10.	ਸ਼੍ਰੀ ਅਮਰਜੀਤ ਸਿੰਘ ਚਾਹਲ, ਬਾਬਾ ਬੰਦਾ ਸਿੰਘ ਬਹਾਦੁਰ ਅਕਾਡਮੀ, ਪਿੰਡ ਤੇ ਡਾਕਖਾਨਾ ਧਾਰੀਵਾਲ, ਤਹਿ: ਗੁਰਦਾਸਪੁਰ । ..	ਸ਼੍ਰੀ ਸੁੱਚਾ ਸਿੰਘ ਲੰਗਾਹ, ਉਦਯੋਗ ਅਤੇ ਚੋਣਾਂ ਮੰਤਰੀ ਦਾ ਨੁਮਾਇੰਦਾ
11.	ਜਥੇਦਾਰ ਨਰੈਣ ਸਿੰਘ, ਪਿੰਡ ਰਹੀਮਾਬਾਦ, ਤਹਿ: ਡੇਰਾ ਬਾਬਾ ਨਾਨਕ । ..	ਸ: ਨਿਰਮਲ ਸਿੰਘ ਕਾਹਲੋਂ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਦਾ ਨੁਮਾਇੰਦਾ

1		
12.	ਸ. ਮੋਹਨ ਸਿੰਘ, ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਪਿੰਡ ਕੋਟ ਚੰਡਾਲ, ਗੁਰਦਾਸਪੁਰ । ..	ਸ਼੍ਰੀ ਸੇਵਾ ਸਿੰਘ ਸੇਖਵਾਂ, ਰਾਜ ਮੰਤਰੀ, ਸੂਚਨਾ ਅਤੇ ਲੋਕ-ਸੰਪਰਕ, ਮਾਲ ਤੇ ਪੁਨਰਵਾਸ ਦਾ ਨੁਮਾਇੰਦਾ
13.	ਸ਼੍ਰੀ ਫੌਜਾ ਸਿੰਘ, ਪਿੰਡ ਅਟਵਾਲ, ਡਾਕ: ਧਾਰੀਵਾਲ, ਤਹਿਸੀਲ ਗੁਰਦਾਸਪੁਰ । ..	ਆਜ਼ਾਦੀ ਘੁਲਾਟੀਏ
14.	ਸੂਬੇਦਾਰ ਹਰਜਾਪ ਸਿੰਘ, ਪਿੰਡ ਤੇ ਡਾਕ: ਔਲਖ, ਤਹਿ: ਬਟਾਲਾ । ..	ਸਾਬਕਾ ਫੌਜੀ
15.	ਸ਼੍ਰੀ ਬਲਦੇਵ ਰਾਜ, ਪਿੰਡ ਤੇ ਡਾਕ: ਨੰਗਲ, ਤਹਿ: ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ । ..	ਪਛੜੀ ਸ਼੍ਰੇਣੀ
16.	ਡਾ: ਮੁਲਖਰਾਜ, ਪਿੰਡ ਨਰੋਲੀ ਡਾਕ: ਨਰੋਟ ਜੈਮਲ ਸਿੰਘ, ਤਹਿ: ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ । ..	ਅਨੁਸੂਚਿਤ ਜਾਤੀ
17.	ਸ਼੍ਰੀਮਤੀ ਮੰਜੂ ਮਹਾਜਨ, ਪਤਨੀ ਸ਼੍ਰੀ ਮੁਰਲੀ ਮਹਾਜਨ, ਵਾਸੀ ਦੀਨਾ ਨਗਰ । ..	ਮਹਿਲਾ ਵਰਗ
18.	ਸ਼੍ਰੀ ਅਸ਼ਵਨੀ ਸ਼ਰਮਾ, ਪਿੰਡ ਰਾੜਾ, ਡਾਕ: ਪਠਾਨਕੋਟ, ਤਹਿਸੀਲ ਪਠਾਨਕੋਟ । ..	ਨੌਜਵਾਨ ਵਰਗ
19.	ਸ਼੍ਰੀ ਮਨੀਰ ਐਹਮਦ ਪੁੱਤਰ ਸ਼੍ਰੀ ਬਸ਼ੀਰ ਐਹਮਦ । ..	ਮੁਸਲਿਮ ਪ੍ਰਤੀਨਿੱਧੀ
20.	ਸ਼੍ਰੀ ਬਹਾਦਰ ਮਸੀਹ ਪੁੱਤਰ ਸ਼੍ਰੀ ਪੀਰਾ ਦਿੱਤਾ, ਮਿਸ਼ਨ ਕੰਪਾਊਂਡ, ਗੁਰਦਾਸਪੁਰ । ..	ਇਸਾਈ ਪ੍ਰਤੀਨਿੱਧੀ
21.	ਸ਼੍ਰੀ ਹਰਭਜਨ ਸਿੰਘ ਸਾਬਕਾ ਸਰਪੰਚ, ਪਿੰਡ ਅਰਜਨਪੁਰਾ, ਡਾਕ: ਨੌਸ਼ਹਿਰਾ ਮਾਝਾ ਸਿੰਘ । ..	ਸਮਾਜ ਸੇਵਕ

[ਸ਼ਿਕਾਇਤ ਨਿਵਾਰਨ ਅਤੇ ਪੈਨਸ਼ਨ ਰਾਜ ਮੰਤਰੀ]

1	2	
22.	ਸ਼੍ਰੀ ਬਾਲ ਕ੍ਰਿਸ਼ਨ ਮਿੱਤਲ, ਮੰਡੀ ਗੁਰਦਾਸਪੁਰ । ..	ਵਿਉਪਾਰ
23.	ਸ਼੍ਰੀ ਅਸ਼ੋਕ ਮੈਂਡਗਿੱਲ, ਫਾਈਨ ਇੰਡਸਟਰੀਜ਼, ਜੀ. ਟੀ. ਰੋਡ, ਬਟਾਲਾ । ..	ਉਦਯੋਗ
24.	ਸ਼੍ਰੀ ਹਰਚਰਨ ਸਿੰਘ, ਪਿੰਡ ਕੋਟ ਮਜਲਿਸ, ਡਾਕ: ਮਿਰਜਾਜਨ, ਤਹਿ: ਬਟਾਲਾ । ..	ਖੇਤੀਬਾੜੀ
25.	ਸ਼੍ਰੀ ਬਖਸ਼ੀਸ਼ ਸਿੰਘ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ, ਪਿੰਡ ਧਾਰੋਵਾਲ, ਤਹਿ: ਡੇਰਾ ਬਾਬਾ ਨਾਨਕ । ..	ਹੋਰ

(3) ਜ਼ਿਲ੍ਹਾ ਹੁਸ਼ਿਆਰਪੁਰ

ਲੜੀ ਨੰ:	ਨਾਮ ਅਤੇ ਪਤਾ	
1	2	
1.	ਸ਼੍ਰੀ ਹਰਜਿੰਦਰ ਸਿੰਘ ਧਾਮੀ ..	ਸ਼੍ਰੋਮਣੀ ਅਕਾਲੀ ਦਲ ਦਾ ਨੁਮਾਇੰਦਾ
2.	ਸ਼੍ਰੀ ਜਗਜੀਤ ਸਿੰਘ ਥਿਆਰਾ ..	—ਉਹੀ—
3.	ਸ਼੍ਰੀ ਅਮਰਜੀਤ ਸਿੰਘ ਚੋਹਾਨ । ..	—ਉਹੀ—
4.	ਸ਼੍ਰੀ ਅਵਤਾਰ ਸਿੰਘ ਕਪੂਰ, ਸਰਪੰਚ ਭਾਗੋਵਾਲੀ । ..	—ਉਹੀ—
5.	ਸ਼੍ਰੀ ਹੰਸਰਾਜ ਨਕੜਾ, ਜ਼ਿਲ੍ਹਾ ਪ੍ਰਧਾਨ ਭਾਜਪਾ, 13 ਪਹਿਲਾਦ ਨਗਰ, ਹੁਸ਼ਿਆਰਪੁਰ । ..	ਭਾਰਤੀਆ ਜਨਤਾ ਪਾਰਟੀ ਦਾ ਨੁਮਾਇੰਦਾ
6.	ਕਾਮਰੇਡ ਕਾਬਲ ਸਿੰਘ ਕਲੋਆ, ਸੀ. ਪੀ. ਆਈ. ਦਫਤਰ, ਬੈਂਕ ਕਾਲੋਨੀ, ਹੁਸ਼ਿਆਰਪੁਰ । ..	ਭਾਰਤੀ ਕਮਿਊਨਿਸਟ ਪਾਰਟੀ ਦਾ ਨੁਮਾਇੰਦਾ
7.	ਸ਼੍ਰੀ ਗੁਰਮੇਸ਼ ਸਿੰਘ, ਸੀ.ਪੀ.ਐਮ. ਦਫਤਰ ਰੋਸ਼ਨ ਰੋਡ, ਮਾਡਲ ਟਾਊਨ, ਹੁਸ਼ਿਆਰਪੁਰ । ..	ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦਾ ਨੁਮਾਇੰਦਾ

1	2		
8.	ਸ਼੍ਰੀ ਦਵਿੰਦਰ ਕਪੂਰ, ਦੁਕਾਨ ਨੰ: 1 ਪੁਰਾਣੀ ਤਹਿਸੀਲ, ਰੇਲਵੇ ਰੋਡ, ਹੁਸ਼ਿਆਰਪੁਰ ।	..	ਜਨਤਾ ਪਾਰਟੀ ਦਾ ਨੁਮਾਇੰਦਾ
9.	ਚੌ: ਇੰਦਰਜੀਤ ਸਿੰਘ ਸੈਣੀ, ਜ਼ਿਲਾ ਪ੍ਰਧਾਨ, ਜ਼ਿਲ੍ਹਾ ਸਮਤਾ ਪਾਰਟੀ, ਹੁਸ਼ਿਆਰਪੁਰ, 346, ਗੁਰੂ ਨਾਨਕ ਨਗਰ, ਹੁਸ਼ਿਆਰਪੁਰ-146001 ।	..	ਸਮਤਾ ਪਾਰਟੀ ਦਾ ਨੁਮਾਇੰਦਾ
10.	ਚੌ: ਗੰਧਰਵ ਸਿੰਘ, ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ, ਹੁਸ਼ਿਆਰਪੁਰ	..	ਕਾਂਗਰਸ ਪਾਰਟੀ ਦਾ ਨੁਮਾਇੰਦਾ
11.	ਸ਼੍ਰੀ ਸੰਮਾ ਸਿੰਘ ਲਾਇਲਪੁਰੀ ।	..	ਆਜ਼ਾਦੀ ਘੁਲਾਟੀਆ
12.	ਕਰਨਲ ਅਜੀਤ ਸਿੰਘ, ਪਿੰਡ ਤੇ ਡਾਕ: ਜਹਾਨਖੇਲਾਂ	..	ਸਾਬਕਾ ਫੌਜੀ
13.	ਜਥੇਦਾਰ ਤਾਰਾ ਸਿੰਘ, ਪਿੰਡ ਤਲਵੰਡੀ ਸੱਲਾਂ, ਤਹਿਸੀਲ ਦਸੂਹਾ	..	ਪਛੜੀ ਸ਼੍ਰੇਣੀ
14.	ਸ਼੍ਰੀ ਪ੍ਰਕਾਸ਼ ਸਿੰਘ ਗੜ੍ਹਦੀਵਾਲਾ, ਸਾਬਕਾ ਐਮ. ਐਲ. ਏ.	..	ਅਨੁਸੂਚਿਤ ਜਾਤੀ
15.	ਸ਼੍ਰੀ ਅਵਤਾਰ ਸਿੰਘ ਜੌਹਲ	..	ਨੌਜਵਾਨ ਵਰਗ
16.	ਬੀਬੀ ਵਿਨੋਦ ਚੱਢਾ, ਹੁਸ਼ਿਆਰਪੁਰ	..	ਮਹਿਲਾ ਵਰਗ
17.	ਸ਼੍ਰੀ ਭਗਵੰਤ ਸਿੰਘ, ਮੈਂਬਰ ਐਸ. ਜੀ. ਪੀ. ਸੀ. ।	..	ਸਮਾਜ ਸੇਵਾ
18.	ਲਾਲਾ ਮਹਿੰਦਰ ਚੰਦ, ਹਾਜੀਪੁਰ ।	..	ਵਾਪਾਰ
19.	ਸ਼੍ਰੀ ਮਨੋਹਰ ਲਾਲ ਸੂਦ, ਹੁਸ਼ਿਆਰਪੁਰ ।	..	ਉਦਯੋਗ
26.	ਸ਼੍ਰੀ ਇਕਬਾਲ ਸਿੰਘ, ਪਿੰਡ ਢਡਿਆਲਾ, ਸਾਬਕਾ ਸਰਪੰਚ ।	..	ਖੇਤੀਬਾੜੀ
21.	ਸ਼੍ਰੀ ਹਰਬੰਸ ਸਿੰਘ, ਮੰਜਪੁਰ, ਮੈਂਬਰ, ਐਸ. ਜੀ. ਪੀ. ਸੀ. ।	..	ਹੋਰ

(4) **ਜ਼ਿਲ੍ਹਾ ਨਵਾਂ ਸ਼ਹਿਰ**

ਲੜੀ ਨੰ:	ਨਾਮ ਅਤੇ ਪਤਾ		
1	2		3
1.	ਸ੍ਰੀ ਰਾਮ ਸਿੰਘ, ਸੀ. ਪੀ. ਐਮ. ਦਫਤਰ, ਕੁਲਾਮ ਰੋਡ, ਨਵਾਂ ਸ਼ਹਿਰ ।	..	ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦਾ ਨੁਮਾਇੰਦਾ
2.	ਸ੍ਰੀ ਚਮਕੌਰ ਸਿੰਘ ਕੋਰੀ, ਜ਼ਿਲ੍ਹਾ ਪ੍ਰਧਾਨ, ਭਾਜਪਾ, ਨਵਾਂ ਸ਼ਹਿਰ ।	..	ਭਾਰਤੀ ਜਨਤਾ ਪਾਰਟੀ ਦਾ ਨੁਮਾਇੰਦਾ
3.	ਕਾਮਰੇਡ ਮੋਹਨ ਲਾਲ ਮੋਹਲੀ, ਪਿੰਡ ਤੇ ਡਾਕ: ਮੋਹਲੀ, ਜ਼ਿਲ੍ਹਾ ਨਵਾਂ ਸ਼ਹਿਰ ।	..	ਭਾਰਤੀ ਕਮਿਊਨਿਸਟ ਪਾਰਟੀ ਦਾ ਨੁਮਾਇੰਦਾ
4.	ਸ੍ਰੀ ਵੀ. ਪੀ. ਬੇਦੀ, 419/9, ਕਾਲਜ ਰੋਡ, ਬੰਗਾ, ਜ਼ਿਲ੍ਹਾ ਨਵਾਂ ਸ਼ਹਿਰ ।	..	ਸਮਤਾ ਪਾਰਟੀ ਦਾ ਨੁਮਾਇੰਦਾ
5.	ਸ੍ਰੀ ਜਗਜੀਤ ਸਿੰਘ, ਲਾਲੀ ਬੁਹਾਰਾ ।	..	ਸ੍ਰ. ਸਰਵਣ ਸਿੰਘ ਫਿਲੌਰ, ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਮੰਤਰੀ ਦਾ ਨੁਮਾਇੰਦਾ ।
6.	ਸ੍ਰੀ ਲਖਵੰਤ ਸਿੰਘ, ਨੰਬਰਦਾਰ, ਪਿੰਡ ਲੱਖਪੁਰ, ਥਾਣਾ ਬੰਗਾ ।		ਆਜ਼ਾਦੀ ਘੁਲਾਟੀਏ
7.	ਸ੍ਰੀ ਰਾਮ ਪ੍ਰਤਾਪ ਸਰਪੰਚ, ਪਿੰਡ ਜਲਾਲਪੁਰ, ਬਲਾਚੌਰ ।	..	ਸਾਬਕਾ ਫੌਜੀ
8.	ਸ੍ਰੀ ਹਰਭਜਨ ਸਿੰਘ ਭੰਗਲ, ਨਵਾਂ ਸ਼ਹਿਰ ।	..	ਪਛੜੀ ਸ਼੍ਰੇਣੀ
9.	ਸ੍ਰੀ ਪ੍ਰਕਾਸ਼ ਸਿੰਘ ਭਾਰਟਾ, ਨਵਾਂ ਸ਼ਹਿਰ ।	..	ਅਨੁਸੂਚਿਤ ਜਾਤੀ
10.	ਸ੍ਰੀਮਤੀ ਗੀਤਾ ਕਟਾਰੀਆ, ਐਮ. ਸੀ. ਬਲਾਚੌਰ ।	..	ਮਹਿਲਾ ਵਰਗ
11.	ਸ੍ਰੀ ਮੰਗਲ ਸਿੰਘ ਰਾਹੋਂ, ਨਵਾਂ ਸ਼ਹਿਰ ।	..	ਨੌਜਵਾਨ ਵਰਗ
12.	ਜਥੇਦਾਰ ਸ੍ਰੀ ਚੈਨ ਸਿੰਘ, ਪਿੰਡ ਮਹਿੰਦਪੁਰ, ਬਲਾਚੌਰ ।	..	ਸਮਾਜ ਸੇਵਾ
13.	ਸ੍ਰੀ ਪ੍ਰੇਮ ਕੁਮਾਰ ਚੋਪੜਾ, ਨਵਾਂ ਸ਼ਹਿਰ ।	..	ਵਾਪਾਰ
14.	ਡਾ: ਹਰਮੇਸ਼ਪੁਰੀ, ਨਵਾਂ ਸ਼ਹਿਰ ।	..	ਉਦਯੋਗ
15.	ਸ੍ਰੀ ਮੋਹਨ ਸਿੰਘ ਤਾਜੋਵਾਲ ।	..	ਖੇਤੀ ਬਾੜੀ

(5) ਜ਼ਿਲ੍ਹਾ ਰੋਪੜ

ਲੜੀ ਨੰ:	ਨਾਮ ਅਤੇ ਪਤਾ	
1	2	3
1.	ਸ. ਨਰੰਜਨ ਸਿੰਘ ਰੁੜਕੀ ਖਾਨ । ..	ਸ਼੍ਰੋਮਣੀ ਅਕਾਲੀ ਦਲ ਦਾ ਨੁਮਾਇੰਦਾ
2.	ਸ. ਨਾਗਰ ਸਿੰਘ ਧੜਕ ਕਲਾਂ । ..	—ਉਹੀ—
3.	ਜਥੇਦਾਰ ਮਾਨ ਸਿੰਘ । ..	—ਉਹੀ—
4.	ਸ. ਜਗਜੀਤ ਸਿੰਘ ਰਤਨਗੜ੍ਹ । ..	—ਉਹੀ—
5.	ਸ੍ਰੀ ਸੁਰਿੰਦਰ ਸੂਦ, ਜ਼ਿਲ੍ਹਾ ਪ੍ਰਧਾਨ, ਭਾਜਪਾ, ਮੋਰਿੰਡਾ, ਜ਼ਿਲ੍ਹਾ ਰੂਪਨਗਰ । ..	ਭਾਰਤੀਆ ਜਨਤਾ ਪਾਰਟੀ ਦਾ ਨੁਮਾਇੰਦਾ
6.	ਕਾ. ਲਾਲ ਬਹਾਦਰ, ਸੀ. ਪੀ. ਆਈ. ਦਫਤਰ, ਨੇੜੇ ਪੁਰਾਣਾ ਬੱਸ ਸਟੈਂਡ, ਰੂਪਨਗਰ । ..	ਭਾਰਤੀ ਕਮਿਊਨਿਸਟ ਪਾਰਟੀ ਦਾ ਨੁਮਾਇੰਦਾ
7.	ਕਾ. ਤਰਲੋਚਨ ਸਿੰਘ ਰਾਣਾ, ਬੀ-8/1983, ਰੂਪਨਗਰ । ..	ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦਾ ਨੁਮਾਇੰਦਾ
8.	ਸ੍ਰੀ ਨਰਿੰਦਰ ਸਿੰਘ ਸਿੱਟਾ, ਐਡਵੋਕੇਟ, 1-ਏ, ਬੇਲਾ ਚੌਂਕ, ਰੂਪਨਗਰ । ..	ਜਨਤਾ ਪਾਰਟੀ ਦਾ ਨੁਮਾਇੰਦਾ
9.	ਸ੍ਰੀ ਦਵਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ, 1007, ਫੇਜ਼-3ਬੀ-2, ਮੋਹਾਲੀ, ਜ਼ਿਲ੍ਹਾ ਰੂਪਨਗਰ । ..	ਪੰਜਾਬ ਪ੍ਰਦੇਸ਼ ਸਮਤਾ ਪਾਰਟੀ ਦਾ ਨੁਮਾਇੰਦਾ
10.	ਸ੍ਰੀ ਜੰਗਰੀ ਸਿੰਘ ਗਨੇਸ, ਸਾਹਮਣੇ ਰੇਲਵੇ ਸਟੇਸ਼ਨ ਰੋਪੜ, ਜ਼ਿਲ੍ਹਾ ਰੋਪੜ । ..	ਜਨਤਾ ਦਲ ਦਾ ਨੁਮਾਇੰਦਾ
11.	ਸ. ਹਰਮਿੰਦਰ ਸਿੰਘ ਸੈਣੀ, ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ, ਪੁਲ ਬਜ਼ਾਰ, ਰੂਪਨਗਰ । ..	ਕਾਂਗਰਸ ਪਾਰਟੀ ਦਾ ਨੁਮਾਇੰਦਾ
12.	ਗਿਆਨੀ ਰਜਿੰਦਰ ਸਿੰਘ, ਐਡਵੋਕੇਟ, ਰੂਪਨਗਰ । ..	ਆਜ਼ਾਦੀ ਘੁਲਾਟੀਆ

[ਸ਼ਿਕਾਇਤ ਨਿਵਾਰਨ ਅਤੇ ਪੈਨਸ਼ਨ ਰਾਜ ਮੰਤਰੀ]

1	2		3
13.	ਸ਼੍ਰੀ ਕੇਵਲ ਸਿੰਘ ਬੈਂਸ, ਪਿੰਡ ਬੈਂਸ, ਤਹਿਸੀਲ ਆਨੰਦਪੁਰ ਸਾਹਿਬ, ਜ਼ਿਲ੍ਹਾ ਰੂਪਨਗਰ ।	..	ਸਾਬਕਾ ਫੌਜੀ
14.	ਸ਼੍ਰੀ ਲਛਮਣ ਸਿੰਘ ਪਿੰਡ ਬੜਵਾਲੀ, ਤਹਿਸੀਲ ਤੇ ਜ਼ਿਲ੍ਹਾ ਰੂਪਨਗਰ ।	..	ਪਛੜੀ ਸ਼੍ਰੇਣੀ
15.	ਸ਼੍ਰੀ ਰਾਮ ਰਾਜ ਸਿੰਘ, ਨੇੜੇ ਰੇਲਵੇ ਫਾਟਕ, ਕੁਰਾਲੀ, ਜ਼ਿਲ੍ਹਾ ਰੂਪਨਗਰ ।	..	ਅਨੁਸੂਚਿਤ ਜਾਤੀ
16.	ਜਥੇਦਾਰਨੀ ਰਣਜੀਤ ਕੌਰ, ਅਮਰ ਕਾਲੋਨੀ, ਸਾਹਮਣੇ ਰੇਲਵੇ ਸਟੇਸ਼ਨ, ਨੇੜੇ ਸਦਾਬਰਤ ਗੁਰਦੁਆਰਾ, ਰੂਪਨਗਰ ।	..	ਮਹਿਲਾ ਵਰਗ
17.	ਸ਼੍ਰੀ ਅਰਵਿੰਦ ਮੋਹਨ ਰੂਪਨਗਰ ।	..	ਨੌਜਵਾਨ ਵਰਗ
18.	ਸ਼੍ਰੀ ਗੁਰਦੇਵ ਸਿੰਘ ਕੋਹਲੀ, ਊਚਾ ਖੇੜਾ, ਰੂਪਨਗਰ ।	..	ਸਮਾਜ ਸੇਵਾ
19.	ਸ਼੍ਰੀ ਹਰਦੇਵ ਸਿੰਘ ਸਤਿਆਵਾਲ, ਨੇੜੇ ਰਾਮਾ ਮੰਦਰ, ਰੂਪਨਗਰ ।	..	ਵਿਉਪਾਰ
20.	ਸ਼੍ਰੀ ਰਾਮ ਕੁਮਾਰ, ਪਿੰਡ ਸਹਿਜੋਵਾਲ, ਤਹਿ: ਆਨੰਦਪੁਰ ।	..	ਉਦਯੋਗ
21.	ਮਾਸਟਰ ਰਤਨ ਸਿੰਘ ਖੇੜੀ, ਹਿਰਦਾਪੁਰ, ਤਹਿਸੀਲ ਤੇ ਜ਼ਿਲ੍ਹਾ ਰੂਪਨਗਰ ।	..	ਖੇਤੀਬਾੜੀ
22.	ਸ਼੍ਰੀ ਜੋਗੇਸ਼ ਗੁਪਤਾ, ਪੁੱਤਰ ਸ਼੍ਰੀ ਓਮ ਪ੍ਰਕਾਸ਼, ਮੋਹਾਲੀ ।	..	ਹੋਰ

(6) ਜ਼ਿਲ੍ਹਾ ਅੰਮ੍ਰਿਤਸਰ

ਲੜੀ ਨੰ:	ਨਾਮ ਅਤੇ ਪਤਾ		
1.	ਸ. ਅਰਵਿੰਦਰ ਸਿੰਘ ਪੁੱਤਰ ਸ. ਬਲਬੀਰ ਸਿੰਘ, ਕੋਠੀ ਨੰ: 30 ਸ੍ਰੀ ਗੁਰੂ ਹਰਸਹਾਏ ਐਵਨਿਊ, ਅੰਮ੍ਰਿਤਸਰ ।	..	ਸ. ਰਣਜੀਤ ਸਿੰਘ ਬ੍ਰਹਮਪੁਰਾ, ਸਹਿਕਾਰਤਾ ਮੰਤਰੀ ਜੀ ਦਾ ਨੁਮਾਇੰਦਾ
2.	ਸ. ਸਿਮਰਨਜੀਤ ਸਿੰਘ ਪੁੱਤਰ ਸ. ਪ੍ਰਕਾਸ਼ ਸਿੰਘ ਮਜੀਠਾ, ਪਿੰਡ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ।	..	ਸ. ਪ੍ਰਕਾਸ਼ ਸਿੰਘ ਮਜੀਠਾ, ਮਾਲ ਤੇ ਪੁਨਰਵਾਸ ਮੰਤਰੀ ਦਾ ਨੁਮਾਇੰਦਾ

(7) ਜ਼ਿਲ੍ਹਾ ਮੁਕਤਸਰ

1.	ਸ. ਗੁਰਦਾਸ ਸਿੰਘ ਬਾਦਲ, ਪਿੰਡ ਤੇ ਡਾਕ: ਬਾਦਲ, ਜ਼ਿਲ੍ਹਾ ਮੁਕਤਸਰ ।	..	ਸ. ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਜੀ ਦਾ ਨੁਮਾਇੰਦਾ

(8) ਜ਼ਿਲ੍ਹਾ ਪਟਿਆਲਾ

1.	ਸ. ਕਸ਼ਮੀਰ ਸਿੰਘ ਮਾਵੀ, ਪਿੰਡ ਤੇ ਡਾਕ: ਮਾਵੀ, ਜ਼ਿਲ੍ਹਾ ਪਟਿਆਲਾ ।	..	ਕੈਪਟਨ ਕੰਵਲਜੀਤ ਸਿੰਘ, ਵਿੱਤ ਮੰਤਰੀ ਦਾ ਨੁਮਾਇੰਦਾ
2.	ਸ੍ਰੀ ਪਿਤੰਬਰ ਦੱਤ, ਐਡਵੋਕੇਟ, ਪ੍ਰਧਾਨ, ਮੰਡਲ ਬੀ. ਜੇ. ਪੀ., ਪਟਿਆਲਾ ।	..	ਸ੍ਰੀ ਬਲਰਾਮ ਜੀ ਦਾਸ ਟੰਡਨ, ਸਥਾਨਕ ਸਰਕਾਰ ਤੇ ਸਿਹਤ ਮੰਤਰੀ ਦਾ ਨੁਮਾਇੰਦਾ
3.	ਸ੍ਰੀ ਗੁਰਜੀਤ ਸਿੰਘ ਸਾਹਨੀ ਪੁੱਤਰ ਸ੍ਰ: ਸੁਜਾਨ ਸਿੰਘ ਸਾਹਨੀ, ਸਾਹਨੀ ਬੇਕਰੀ, 22 ਨੰ: ਫਾਟਕ, ਪਟਿਆਲਾ ।	..	ਸ੍ਰੀ ਸੁਰਜੀਤ ਸਿੰਘ ਕੋਹਲੀ, ਰਾਜ ਮੰਤਰੀ ਛਪਾਈ ਤੇ ਲਿਖਣ ਸਮੱਗਰੀ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਦਾ ਨੁਮਾਇੰਦਾ
4.	ਸ੍ਰੀ ਰਾਮ ਸਿੰਘ ਜੋਗੀਪੁਰ, ਪਿੰਡ ਜੋਗੀਪੁਰ, ਜ਼ਿਲ੍ਹਾ ਪਟਿਆਲਾ ।	..	ਸ੍ਰੀ ਹਰਮੇਲ ਸਿੰਘ, ਲੋਕ ਨਿਰਮਾਣ ਮੰਤਰੀ ਦਾ ਨੁਮਾਇੰਦਾ

[ਸ਼ਿਕਾਇਤ ਨਿਵਾਰਨ ਅਤੇ ਪੈਨਸ਼ਨ ਰਾਜ ਮੰਤਰੀ]

(9) **ਜ਼ਿਲ੍ਹਾ ਫਤਹਿਗੜ੍ਹ ਸਾਹਿਬ**

1	2	
1.	ਜਥੇਦਾਰ ਹਰਬੰਸ ਸਿੰਘ, ਪਿੰਡ ਮਹਿਮੂਦਪੁਰ ਸੋਢੀਆਂ, ਡਾਕ. ਘਮੰਡਗੜ੍ਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ । ..	ਕੈਪਟਨ ਕੰਵਲਜੀਤ ਸਿੰਘ, ਵਿੱਤ ਮੰਤਰੀ ਦਾ ਨੁਮਾਇੰਦਾ
	(10) ਜ਼ਿਲ੍ਹਾ ਜਲੰਧਰ	
1.	ਸ. ਆਲਮ ਸਿੰਘ, ਮੈਂਬਰ ਬਲਾਕ ਸੰਮਤੀ-ਆਦਮਪੁਰ, ਜਲੰਧਰ । ..	ਸ. ਸਰੂਪ ਸਿੰਘ, ਮਕਾਨ ਉਸਾਰੀ ਤੇ ਸ਼ਹਿਰੀ, ਵਿਕਾਸ ਮੰਤਰੀ ਦਾ ਨੁਮਾਇੰਦਾ
	(11) ਜ਼ਿਲ੍ਹਾ ਲੁਧਿਆਣਾ	
1:	ਸ. ਇੰਦਰਇਕਬਾਲ ਸਿੰਘ ਅਟਵਾਲ, 484-ਏ, ਮਾਡਲ ਟਾਊਨ, ਐਕਸਟੈਨਸ਼ਨ, ਲੁਧਿਆਣਾ । ..	ਸ. ਚਰਨਜੀਤ ਸਿੰਘ ਅਟਵਾਲ, ਸਪੀਕਰ, ਪੰਜਾਬ ਵਿਧਾਨ ਸਭਾ ਦਾ ਨੁਮਾਇੰਦਾ

ਬਾਕੀ ਜ਼ਿਲ੍ਹਿਆਂ ਦੇ ਗੈਰ-ਸਰਕਾਰੀ ਮੈਂਬਰ ਨਾਮਜ਼ਦ ਕਰਨ ਸਬੰਧੀ ਮਾਮਲਾ ਵਿਚਾਰ ਅਧੀਨ ਹੈ ।

ਅਨੁਲੱਗ-3

ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਵੱਲੋਂ ਕੀਤੀਆਂ ਗਈਆਂ ਮੀਟਿੰਗਾਂ

ਲੜੀ ਨੰ:	ਜ਼ਿਲ੍ਹੇ ਦਾ ਨਾਂ	ਮਿਤੀ	ਗਿਣਤੀ
1	2	3	4
1.	ਅੰਮ੍ਰਿਤਸਰ ..	ਮਿਤੀ 24-7-97, 12-7-97 ਅਤੇ 28-10-97	3
2.	ਬਠਿੰਡਾ ..	ਮਿਤੀ 3-10-97	1
3.	ਫਤਹਿਗੜ੍ਹ ਸਾਹਿਬ ..	ਮਿਤੀ 31-5-97 ਅਤੇ 4-9-97	2
4.	ਫਰੀਦਕੋਟ ..	ਮਿਤੀ 19-8-97	1
5.	ਫਿਰੋਜ਼ਪੁਰ ..	ਮਿਤੀ 8-9-97	1
6.	ਗੁਰਦਾਸਪੁਰ ..	ਮਿਤੀ 8-8-97 ਅਤੇ 18-9-97	2
7.	ਹੁਸ਼ਿਆਰਪੁਰ ..	ਕੋਈ ਮੀਟਿੰਗ ਨਹੀਂ ਹੋਈ	—
8.	ਜਲੰਧਰ ..	ਮਿਤੀ 6-10-97	1
9.	ਕਪੂਰਥਲਾ ..	ਮਿਤੀ 15-10-97	1
10.	ਲੁਧਿਆਣਾ ..	ਮਿਤੀ 27-10-97	1
11.	ਮੋਗਾ ..	ਮਿਤੀ 5-8-97, 29-9-97 ਅਤੇ 12-12-97	3
12.	ਮਾਨਸਾ ..	ਮਿਤੀ 17-9-97	1
13.	ਮੁਕਤਸਰ ..	ਮਿਤੀ 24-10-97	1
14.	ਨਵਾਂ ਸ਼ਹਿਰ ..	ਮਿਤੀ 7-6-97, 9-8-97, 29-9-97 ਅਤੇ ਮਿਤੀ 11-11-97	4
15.	ਪਟਿਆਲਾ ..	ਮਿਤੀ 3-7-97 ਅਤੇ 9-10-97	2
16.	ਰੂਪਨਗਰ ..	ਕੋਈ ਮੀਟਿੰਗ ਨਹੀਂ ਹੋਈ।	—
17.	ਸੰਗਰੂਰ ..	ਮਿਤੀ 26-8-97 ਅਤੇ 5-11-97	2

ਮਨੁੱਖੀ ਅਧਿਕਾਰ ਕਮਿਸ਼ਨ ਦੀ ਸਥਾਪਨਾ

176. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਰਾਜ ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਥਾਪਨਾ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਹ ਕਦੋਂ ਸਥਾਪਤ ਕੀਤਾ ਗਿਆ ਸੀ ਅਤੇ ਇਸ ਦੀ ਤਣਤਰ ਕੀ ਹੈ ਅਤੇ ਇਹ ਕਿੱਥੇ ਸਥਿਤ ਹੈ;

(ਅ) ਉਕਤ ਕਮਿਸ਼ਨ ਨੂੰ ਹੁਣ ਤਕ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਗਿਣਤੀ ਕਿੰਨੀ ਹੈ ਅਤੇ ਅਜਿਹੀਆਂ ਹਰ ਇੱਕ ਸ਼ਿਕਾਇਤਾਂ ਤੇ ਕੀ ਕੀ ਕਾਰਵਾਈ ਕੀਤੀ ਗਈ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਜੀ ਹਾਂ । ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਥਾਪਨਾ ਮਿਤੀ 17 ਮਾਰਚ, 1997 ਨੂੰ ਹੋਈ ਸੀ । ਚੇਅਰਪਰਸਨ ਤੋਂ ਇਲਾਵਾ ਇਸ ਦੇ ਤਿੰਨ ਮੈਂਬਰ ਹਨ । ਕਮਿਸ਼ਨ ਦਾ ਹੈਡਕੁਆਰਟਰ ਚੰਡੀਗੜ੍ਹ ਵਿਖੇ ਸਥਿਤ ਹੈ ।

(ਅ) ਹੁਣ ਤੱਕ ਕਮਿਸ਼ਨ ਨੂੰ 53 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ । ਜਿਵੇਂ ਕਿ ਕਮਿਸ਼ਨ ਦੀ ਕਾਰਵਾਈ ਅਰਧ-ਅਦਾਲਤੀ ਕਿਸਮ ਦੀ ਹੈ, ਇਸ ਲਈ ਹਰ ਸ਼ਿਕਾਇਤ ਦਾ ਨਤੀਜਾ ਸਮੇਂ-ਸਮੇਂ ਕਾਰਵਾਈ ਖਤਮ ਹੋਣ ਉਪਰੰਤ ਹੀ ਜਾਣਿਆ ਜਾ ਸਕਦਾ ਹੈ ।

ਜਲੰਧਰ ਵਿਖੇ ਹੋਈ ਰੈਲੀ ਦੇ ਪ੍ਰਚਾਰ ਤੇ ਖਰਚਾ

177. **ਕਾਮਰੇਡ ਹਰਦੇਵ ਅਰਸ਼ੀ** : ਕੀ ਲੋਕ ਸੰਪਰਕ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਤੱਥ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨੇ 15 ਅਕਤੂਬਰ, 1997 ਨੂੰ ਜਲੰਧਰ ਦਾ ਦੌਰਾ ਕੀਤਾ ਸੀ. ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਦੌਰੇ ਦਾ ਮੰਤਵ ਕੀ ਸੀ ਅਤੇ ਮੀਡਿਆ ਰਾਹੀਂ ਉਨ੍ਹਾਂ ਦੇ ਦੌਰੇ ਸਬੰਧੀ ਪ੍ਰਚਾਰ ਕਰਨ ਤੇ ਕੁੱਲ ਕਿੰਨਾ ਖ਼ਰਚਾ ਕੀਤਾ ਗਿਆ ?

ਸਰਦਾਰ ਸੇਵਾ ਸਿੰਘ ਸੇਖਵਾਂ : ਭਾਰਤ ਦੇ ਪ੍ਰਧਾਨ ਮੰਤਰੀ ਨੇ ਮਿਤੀ 15 ਅਕਤੂਬਰ, 1997 ਨੂੰ ਜਲੰਧਰ ਦਾ ਦੌਰਾ ਨਹੀਂ ਕੀਤਾ । ਇਸ ਲਈ ਇਸ ਦੌਰੇ ਤੇ ਕੋਈ ਖਰਚਾ ਨਹੀਂ ਹੋਇਆ ।

WALK-OUT

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਹਾਊਸ ਦਾ ਧਿਆਨ ਬੜੇ ਹੀ ਦੁਖੀ ਮਨ ਨਾਲ ਇਕ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ । ਤੁਸੀਂ ਵੀ ਅਖਬਾਰਾਂ ਵਿੱਚ ਪੜ੍ਹਿਆ ਹੋਵੇਗਾ ਅੰਤ ਸਾਰੀ ਪ੍ਰੈੱਸ ਵਿੱਚ ਇਹ ਗੱਲ ਆਈ ਹੈ ਕਿ ਪਰਸੋਂ ਗਿੱਦੜਬਾਹਾ ਬੰਦ ਰਿਹਾ । ਮਲੋਟ ਵਿੱਚ ਵੀ ਰੋਸ ਪ੍ਰਗਟ ਕਰਨ ਵਾਸਤੇ ਲੋਕ ਆਏ । ਇਸ ਦਾ ਵੱਡਾ

ਕਾਰਨ ਇਹ ਹੈ ਕਿ ਮੌਜੂਦਾ ਸਰਕਾਰ ਵਿੱਚ ਜਮਹੂਰੀਅਤ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ । ਇਸ ਦਾ ਵਿਰੋਧ ਕਰਨਾ ਚਾਹੀਦਾ ਹੈ । ਕਿਸ ਤਰ੍ਹਾਂ ਧੱਕੇ ਨਾਲ ਗਲਤ ਢੰਗ ਇਸਤੇਮਾਲ ਕਰਕੇ ਨਾਮੀਨੇਸ਼ਨ ਪੇਪਰ ਰੀਜੈਕਟ ਕਰਵਾ ਦਿੱਤੇ ਗਏ । ਇੱਥੇ ਹੀ ਬੱਸ ਨਹੀਂ, ਜਿਸ ਵੇਲੇ ਲੋਕਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਜਿਹੜਾ ਕਿ ਉਨ੍ਹਾਂ ਦਾ ਡੈਮੋਕਰੇਟਿਕ ਹੱਕ ਹੈ ਤਾਂ ਉਨ੍ਹਾਂ ਨੂੰ ਕੁੱਟਿਆ ਗਿਆ । ਮੈਨੂੰ ਅਫ਼ਸੋਸ ਹੈ ਕਿ ਜ਼ਿਲ੍ਹੇ ਦੀ ਸੀ. ਪੀ. ਆਈ. ਦੀ ਸਕੱਤਰ ਅਤੇ ਸ਼ਹਿਰ ਦੀ ਹੈੱਡ ਸੁਦੇਸ਼ ਕੁਮਾਰੀ ਨੂੰ ਡੀ.ਐਸ.ਪੀ. ਨੇ ਥੱਪੜ ਮਾਰੇ ਅਤੇ ਉਥੇ ਹੋਰ ਜਿਹੜੀਆਂ ਔਰਤਾਂ ਸਨ, ਉਨ੍ਹਾਂ ਨੂੰ ਵੀ ਕੁਟਿਆ ਗਿਆ । ਹੋਰ ਵੀ ਜਿਹੜੇ ਰੋਸ ਪ੍ਰਗਟ ਕਰ ਰਹੇ ਸੀ, ਉਨ੍ਹਾਂ ਨੂੰ ਕੁਟਿਆ ਗਿਆ । ਕਿਰਨਜੀਤ ਦੇ ਕਾਂਡ ਤੋਂ ਬਾਅਦ ਇਹ ਇਕ ਹੋਰ ਕਾਂਡ ਹੈ । ਉਸ ਸਮੇਂ ਮੁੱਖ ਮੰਤਰੀ ਜੀ ਨੇ ਇਹ ਵਿਸ਼ਵਾਸ ਦਿੱਤਾ ਸੀ ਔਰ ਬਾਰ ਬਾਰ ਕਿਹਾ ਸੀ ਕਿ ਮਰਦ ਪੁਲਿਸ ਅਫ਼ਸਰ ਕਿਸੇ ਵੀ ਔਰਤ ਨੂੰ ਨਹੀਂ ਬੁਲਾਉਣਗੇ ਔਰ ਨਾ ਹੀ ਇੰਟੈਰੋਗੇਟ ਕਰਨਗੇ । ਕਿਸੀ ਵੀ ਤਰ੍ਹਾਂ ਹਰਾਸ ਨਹੀਂ ਕਰਨਗੇ । ਸਿਰਫ ਲੇਡੀ ਪੁਲਿਸ ਹੀ ਔਰਤਾਂ ਵਾਸਤੇ ਇਸਤੇਮਾਲ ਕੀਤੀ ਜਾਵੇਗੀ ਪਰ ਮਲੋਟ ਵਰਗਾ ਸ਼ਹਿਰ ਜਿਹੜਾ ਕਿ ਪੁਲੀਟੀਕਲ ਤੌਰ ਤੇ ਵੀ ਇੰਪਾਰਟੈਂਟ ਹੈ, ਉਥੇ ਡੀ. ਐਸ. ਪੀ. ਨੇ ਸੀ. ਪੀ. ਆਈ. ਦੀ ਹੈੱਡ ਦੇ ਥੱਪੜ ਮਾਰੇ ਔਰ ਇਸ ਤੋਂ ਇਲਾਵਾ ਹੋਰ ਔਰਤਾਂ ਦੇ ਵੀ ਥੱਪੜ ਮਾਰੇ । ਇਹ ਬੜਾ ਹੀ ਚਿੰਤਾ ਵਾਲਾ ਮਾਮਲਾ ਹੈ । ਕੀ ਸਰਕਾਰ ਆਪਣੇ ਉਸ ਵਿਸ਼ਵਾਸ ਤੇ ਕਾਇਮ ਹੈ ਜਿਹੜਾ ਕਿਰਨਜੀਤ ਕਾਂਡ ਤੋਂ ਬਾਅਦ ਦਿੱਤਾ ਗਿਆ ਸੀ ? ਮੌਜੂਦਾ ਐਸ. ਡੀ. ਐਮ. ਬਾਰੇ ਬੜੀਆਂ ਸ਼ਿਕਾਇਤਾਂ ਆ ਰਹੀਆਂ ਹਨ, ਡੀ. ਐਸ. ਪੀ. ਨੂੰ ਸਸਪੈਂਡ ਕਰਨਾ ਚਾਹੀਦਾ ਹੈ ਔਰ ਰੇਗੂਲਰ ਇਨਕੁਆਰੀ ਹੋਣੀ ਚਾਹੀਦੀ ਹੈ । ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ । ਜੇ ਸਰਕਾਰ ਇਸ ਤਰ੍ਹਾਂ ਨਹੀਂ ਕਰੇਗੀ ਤਾਂ ਲੋਕਾਂ ਦਾ ਮੌਜੂਦਾ ਸਰਕਾਰ ਤੋਂ ਵਿਸ਼ਵਾਸ ਉਠ ਜਾਵੇਗਾ । ਇਸ ਦੇ ਨਾਲ ਹੀ ਸਾਡੀਆਂ ਭਾਵਨਾਵਾਂ ਵੀ ਜੋ ਸਰਕਾਰ ਪ੍ਰਤੀ ਬਣੀਆਂ ਹੋਈਆਂ ਹਨ, ਉਹ ਜ਼ਖਮੀ ਹੋਣਗੀਆਂ ।

श्रीमती लक्ष्मी कांता चावला : ** ** **

ਸ਼੍ਰੀ ਸਪੀਕਰ : ਜਿਹੜੀ ਕਾਲ ਅਟੇਨਸ਼ਨ ਮੈਂ ਰਿਜੈਕਟ ਕੀਤੀ ਹੈ, ਉਸ ਦਾ ਰੇਫਰੈਂਸ ਦੇਣ ਦੀ ਲੋੜ ਨਹੀਂ । ਇਹ ਐਕਸਪੰਜ ਕਰ ਦਿਓ ।

ਕਾਮਰੇਡ ਹਰਦੇਵ ਅਰਸ਼ੀ : ** ** **

(ਇਸ ਸਮੇਂ ਸਦਨ ਵਿਚ ਸੀ. ਪੀ. ਆਈ. ਦੇ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ ।)

ਸ਼੍ਰੀ ਸਪੀਕਰ : ਅਰਸ਼ੀ ਸਾਹਿਬ ਨੇ ਜੋ ਕੁਝ ਬਾਅਦ ਵਿੱਚ ਕਿਹਾ ਹੈ, ਉਹ ਐਕਸਪੰਜ ਕੀਤਾ ਜਾਂਦਾ ਹੈ ।

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਅਸੀ ਪ੍ਰੋਟੈਸਟ ਵਜੋਂ ਵਾਕ-ਆਊਟ ਕਰਦੇ ਹਾਂ ।

(ਇਸ ਸਮੇਂ ਸਦਨ ਵਿੱਚ ਸੀ. ਪੀ. ਆਈ. ਅਤੇ ਕਾਂਗਰਸ ਦੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਵਿਚੋਂ ਵਾਕ-ਆਊਟ ਕਰ ਗਏ ।)

**Expunged as ordered by the Chair.

POINTS OF ORDER

ਸਰਦਾਰ ਅਜੀਤ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਇੱਕ ਬੜੇ ਅਹਿਮ ਮਸਲੇ ਵਲ ਦਿਵਾਉਣਾਂ ਚਾਹੁੰਦਾ ਹੈ। ਜਾਣਾ ਤਾਂ ਮੈਂ ਵੀ ਬਾਹਰ ਸੀ ਪਰ ਮਸਲਾ ਬੜਾ ਗੰਭੀਰ ਹੈ। (ਹਾਸਾ) ਸਪੀਕਰ ਸਾਹਿਬ, ਇਸ ਵੇਲੇ ਪੰਜਾਬ ਦੇ ਵਿੱਚ ਲੋਕਾਂ ਦੀ ਸਿਹਤ ਤੇ ਬੜਾ ਮਾੜਾ ਅਸਰ ਪੈ ਰਿਹਾ ਹੈ। ਪਿੰਡਾਂ ਵਿੱਚ ਜਿੰਨੀ ਵੀ ਖਾਲੀ ਜਗ੍ਹਾ ਹੈ, ਜਿੰਨੀ ਵੀ ਸੜਕਾਂ ਦੇ ਆਲੇ-ਦੁਆਲੇ ਖਾਲੀ ਜਗ੍ਹਾ ਹੈ, ਉਥੇ ਬੜੀ ਭਿਆਨਕ ਗਾਜਰ ਬੂਟੀ, ਜਿਸ ਨੂੰ ਕਾਂਗਰਸ ਗਰਾਸ ਕਹਿੰਦੇ ਹਨ, ਹੋਈ ਹੋਈ ਹੈ। (ਹਾਸਾ) ...ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਲੋਕ ਖੇਤਾਂ ਵਿਚ ਜਾਂਦੇ ਹਨ ਤਾਂ ਬੂਟੀ ਰਸਤੇ ਵਿੱਚ ਆਉਂਦੀ ਹੈ। ਜਿੰਨੇ ਵੀ ਰਸਤਿਆਂ ਵਿੱਚ ਬੂਟੀ ਹੈ, ਉਸ ਨੂੰ ਖਤਮ ਕੀਤਾ ਜਾਵੇ। ਡੀ. ਸੀਜ਼. ਨੂੰ ਕਿਹਾ ਜਾਵੇ ਕਿ ਉਹ ਵਾਲੰਟਰੀ ਆਰਗੇਨਾਈਜ਼ੇਸ਼ਨਜ਼ ਨੂੰ ਲੈ ਕੇ ਇਸ ਨੂੰ ਖਤਮ ਕਰਨ, ਨਹੀਂ ਤਾਂ ਇਸ ਨਾਲ ਚਮੜੀ ਦੇ ਰੋਗ ਲੱਗ ਸਕਦੇ ਹਨ। ਕਈਆਂ ਨੂੰ ਬੁਖਾਰ ਹੋਣ ਤੇ ਜਦ ਉਹ ਡਾਕਟਰ ਕੋਲ ਗਏ ਤਾਂ ਡਾਕਟਰਾਂ ਨੇ ਕਿਹਾ ਹੋ ਸਕਦਾ ਹੈ ਕਿ ਇਸ ਬੂਟੀ ਦੇ ਕੰਟੈਕਟ ਵਿੱਚ ਆਉਣ ਤੇ ਇਹ ਬਿਮਾਰੀ ਹੋਈ ਹੋਵੇ। ਇਸ ਕਰਕੇ ਸਰਕਾਰ ਨੂੰ ਇਸ ਗਾਜਰ ਬੂਟੀ ਨੂੰ ਜਾਂ ਕਾਂਗਰਸ ਗਰਾਸ ਨੂੰ ਜਲਦੀ ਖ਼ਤਮ ਕਰਨਾ ਚਾਹੀਦਾ ਹੈ।

ਸਰਦਾਰ ਧਨਵੰਤ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇੱਕ ਬੜਾ ਹੀ ਗੰਭੀਰ ਮਸਲਾ ਮਾਨਯੋਗ ਮੁੱਖ ਮੰਤਰੀ ਜੀ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਇਨ੍ਹਾਂ ਨੇ ਸਾਡੀ ਫਰਿਆਦ ਸੁਣੀ, ਲੁਧਿਆਣੇ ਵਿਖੇ ਜਸਬੀਰ ਕੌਰ ਦਾ ਮਰਡਰ ਹੋਇਆ ਸੀ। ਉਸ ਦੇ ਵਿੱਚ ਪੁਲਿਸ ਬੰਦੇ ਗ੍ਰਿਫਤਾਰ ਨਹੀਂ ਸੀ ਕਰਦੀ। ਇਨ੍ਹਾਂ ਨੇ ਚਾਰ ਬੰਦਿਆਂ ਨੂੰ ਗ੍ਰਿਫਤਾਰ ਤਾਂ ਕਰਵਾ ਦਿੱਤਾ ਸੀ ਪਰ ਉਸ ਤੋਂ ਬਾਅਦ ਪੁਲਿਸ 90 ਦਿਨ ਪਾਸ ਕਰ ਰਹੀ ਹੈ ਔਰ ਕੋਰਟ ਵਿੱਚ ਚਲਾਣ ਪੇਸ਼ ਨਹੀਂ ਕਰ ਰਹੀ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਚਲਾਣ 90 ਦਿਨਾਂ ਤੋਂ ਪਹਿਲਾਂ ਪਹਿਲਾਂ ਪੇਸ਼ ਕਰਵਾਇਆ ਜਾਵੇ ਤਾਂ ਕਿ ਮੁਲਜ਼ਮਾਂ ਦੀ ਜ਼ਮਾਨਤ ਨਾ ਹੋ ਸਕੇ।

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਇੱਕ ਬੜਾ ਗੰਭੀਰ ਮਸਲਾ ਹੈ। ਬਾਦਲ ਸਾਹਿਬ ਸਾਡੇ ਧਾਰ ਬਲਾਕ ਵਿੱਚ ਗਏ ਸੀ, ਉਨ੍ਹਾਂ ਦੇ ਸਾਹਮਣੇ ਇਹ ਮਸਲਾ ਲਿਆਂਦਾ ਗਿਆ ਸੀ ਕਿ ਜ਼ਮੀਨ ਦਾ ਭਾਅ 25 ਹਜ਼ਾਰ ਰੁਪਏ ਦਿੱਤਾ ਜਾ ਰਿਹਾ ਹੈ ਜਦੋਂ ਕਿ ਦੂਸਰੇ ਪਾਸੇ ਮਾਰਕੀਟ ਵਿੱਚ ਇਸ ਦੀ ਇੱਕ ਲੱਖ ਤੋਂ ਵੀ ਜ਼ਿਆਦਾ ਕੀਮਤ ਹੈ। ਇਨ੍ਹਾਂ ਨੇ ਮਿਹਰਬਾਨੀ ਕੀਤੀ ਸੀ ਔਰ ਕਿਹਾ ਸੀ ਕਿ ਭਾਅ ਵਧਾਇਆ ਜਾਵੇ ਪਰ ਪੇਮੈਂਟ ਕਰਨ ਵਾਲੇ ਫਿਰ ਵੀ 25 ਹਜ਼ਾਰ ਦੇ ਹਿਸਾਬ ਨਾਲ ਹੀ ਦੇ ਰਹੇ ਹਨ। ਔਰ ਇਸ ਦੇ ਨਾਲ ਹੀ ਦੂਸਰਾ ਪਾਰਟ ਹੈ ਕਿ 1,500 ਪਰਿਵਾਰ ਪੇਮੈਂਟ ਕਰਨ ਵਲੋਂ ਰਹਿ ਗਏ ਹਨ ਜਿਨ੍ਹਾਂ ਨੂੰ ਨੌਕਰੀ ਵੀ ਨਹੀਂ ਦਿੱਤੀ ਗਈ ਅਤੇ ਜਿਨ੍ਹਾਂ ਨੂੰ ਹੋਰ ਵੀ ਕਿਸੇ ਤਰ੍ਹਾਂ ਇਹ ਕੰਪਨਸੇਟ ਨਹੀਂ ਕਰ ਸਕੇ। ਉਹ ਵੀ ਅਜੇ ਤੱਕ ਉਡੀਕ ਕਰ ਰਹੇ ਹਨ। ਮੇਰਾ ਮੁੱਖ

ਮੰਤਰੀ ਸਾਹਿਬ ਨੂੰ ਨਿਵੇਦਨ ਹੈ ਕਿ ਇਹ ਜਿਹੜੇ ਦੋ ਮਸਲੇ ਹਨ, ਇਹ ਪੰਜਾਬ ਦੇ ਸਭ ਤੋਂ ਪਛੜੇ ਇਲਾਕੇ ਦੇ ਹਨ, ਇਨ੍ਹਾਂ ਨੂੰ ਹੱਲ ਕੀਤਾ ਜਾਵੇ। ਔਰ ਪੇਮੈਂਟ ਜਿਹੜੀ ਹੋ ਰਹੀ ਹੈ, ਉਹ 25 ਹਜ਼ਾਰ ਔਰ 30 ਹਜ਼ਾਰ ਦੇ ਹਿਸਾਬ ਨਾਲ ਹੋ ਰਹੀ ਹੈ। ਮੇਰਾ ਨਿਵੇਦਨ ਹੈ ਕਿ ਇੱਕ ਲੱਖ ਰੁਪਏ ਜ਼ਮੀਨ ਦੀ ਕੀਮਤ ਹੈ ..

ਸ੍ਰੀ ਸਪੀਕਰ : ਤੁਹਾਡਾ ਮਤਲਬ ਹੈ ਕਿ ਪੇਮੈਂਟ ਵਧਾ ਦਿੱਤੀ ਜਾਵੇ।

ਸ੍ਰੀ ਸੱਤਿਆਪਾਲ ਸੈਣੀ : ਹਾਂ ਜੀ, ਵਧਾ ਦਿਤੀ ਜਾਵੇ।

ਸ੍ਰੀ ਰਮੇਸ਼ ਚੰਦਰ ਡੋਗਰਾ : ** **

Mr. Speaker : I do not allow. ਐਕਸਪੰਜ ਕਰ ਦਿਉ। ਅੱਗੇ ਰਾਮ ਲਾਲ ਜੀ।

ਸ੍ਰੀ ਰਾਮ ਲਾਲ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਹ ਪਠਾਨਕੋਟ ਤਹਿਸੀਲ ਵਿੱਚ ਗਏ....(ਵਿਘਨ).....ਸਪੀਕਰ ਸਾਹਿਬ, ਮਾਣਨੀਏ ਸੱਤਿਆਪਾਲ ਸੈਣੀ ਜੀ ਨੇ ਕਿਹਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਸਰਕਾਰ ਨੇ ਪੈਸੇ ਦੇਣੇ ਸੀ, ਉਹ ਨਹੀਂ ਦਿੱਤੇ। ਮੈਂ ਆਪ ਜੀ ਦੇ ਦੁਆਰਾ ਮੁੱਖ ਮੰਤਰੀ ਜੀ ਨੂੰ ਪ੍ਰਾਰਥਣਾ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਲੋਕ ਪਾਰਟੀਸ਼ਨ ਤੋਂ ਪਹਿਲੇ ਇਥੇ ਆਏ ਅੱਜ 50 ਸਾਲ ਸਾਡੇ ਮੁਲਕ ਨੂੰ ਆਜ਼ਾਦ ਹੋਏ ਨੂੰ ਹੋ ਗਏ ਹਨ ਅਤੇ ਜਿਨ੍ਹਾਂ ਦੀ ਜ਼ਮੀਨ ਡੈਮ ਦੇ ਵਿੱਚ ਆਈ ਹੈ, ਉਨ੍ਹਾਂ ਨੂੰ ਤਾਂ ਪੈਸੇ ਦੇ ਦਿੱਤੇ ਗਏ ਪਰ ਜਿਹੜੇ ਗਰੀਬ ਲੋਕ ਹਨ, ਜਿਨ੍ਹਾਂ ਦੇ ਨਾਮ ਦੋ-ਦੋ, ਢਾਈ-ਢਾਈ ਮਰਲੇ ਜ਼ਮੀਨ ਦੀ ਰਜਿਸਟਰੀ ਸੀ, ਉਨ੍ਹਾਂ ਨੂੰ ਨਾ ਤਾਂ ਨੌਕਰੀ ਦਿੱਤੀ ਗਈ ਹੈ ਔਰ ਨਾ ਹੀ ਪੈਸੇ ਦਿੱਤੇ ਗਏ ਹਨ।. ਜਿਨ੍ਹਾਂ ਲੋਕਾਂ ਦੀ ਜ਼ਮੀਨ ਲਈ ਗਈ ਹੈ, ਉਨ੍ਹਾਂ ਨੂੰ ਪੈਸੇ ਦਿੱਤੇ ਜਾਣਗੇ ਜਾਂ ਫਿਰ ਡੈਮ ਦੇ ਉਤੇ ਉਨ੍ਹਾਂ ਨੂੰ ਨੌਕਰੀ ਦਿੱਤੀ ਜਾਵੇਗੀ. ਇਸ ਬਾਰੇ ਸੀ. ਐਮ. ਸਾਹਿਬ ਹਾਊਸ ਵਿਚ ਵਿਸ਼ਵਾਸ ਦਿਵਾਉਣ।

ਸ੍ਰੀ ਸਪੀਕਰ : ਅਗਲੀ ਆਈਟਮ, ਕਾਲ ਅਟੈਨਸ਼ਨ ਨੋਟਿਸ ਸਰਦਾਰ ਧਨਵੰਤ ਸਿੰਘ ਜੀ।

CALL ATTENTION NOTICE UNDER RULE 66

ਸਰਦਾਰ ਧਨਵੰਤ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਖੇਤੀਬਾੜੀ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਂਦਾ ਹਾਂ ਕਿ "ਦਿ ਭਗਵਾਨ ਪੁਰਾ ਸ਼ੂਗਰ ਮਿੱਲ ਪ੍ਰਾਈਵੇਟ ਲਿਮਟਿਡ" ਧੂਰੀ ਸਬੰਧੀ ਇਨ੍ਹਾਂ ਨੇ ਆਸ਼ਵਾਸਨ ਦਿੱਤਾ ਸੀ ਕਿ ਕਿਸਾਨਾਂ ਦੀ ਦੋ ਕਰੋੜ ਰੁਪਏ ਦੀ ਬਾਕੀ ਰਹਿੰਦੀ ਰਕਮ ਜਾਰੀ ਕੀਤੀ ਜਾਵੇਗੀ ਪਰ ਉਹ ਅਜੇ ਤੱਕ ਖੜ੍ਹੀ ਹੈ। ਇਸ ਲਈ ਮੰਤਰੀ ਜੀ ਦੱਸਣ ਕਿ ਕਿਸਾਨਾਂ ਨੂੰ ਇਹ ਬਕਾਇਆ ਰਕਮ ਅਤੇ ਇੰਟਰੇਸਟ ਕਦੋਂ ਤੱਕ ਦਿਵਾਉਣਗੇ ? ਇਸ ਸਬੰਧੀ ਇਹ ਕੀ ਕਰ ਰਹੇ ਹਨ. ਇਹ ਦੱਸਣ ਦੀ ਖੇਚਲ ਕਰਨ।

**Expunged as ordered by the Chair.

ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਤਾਂ ਪਹਿਲਾਂ ਸਪਲੀਮੈਂਟਰੀ ਕਰ ਦਿੱਤੀ ਹੈ। ਇਨ੍ਹਾਂ ਨੂੰ ਪਹਿਲਾਂ ਆਪਣੀ ਕਾਲ ਅਟੈਨਸ਼ਨ ਪੜ੍ਹਨੀ ਚਾਹੀਦੀ ਸੀ।

ਸ੍ਰੀ ਸਪੀਕਰ : ਹਾਂ ਜੀ, ਧਨਵੰਤ ਸਿੰਘ ਜੀ, ਤੁਸੀਂ ਪਹਿਲਾਂ ਆਪਣੀ ਕਾਲ ਅਟੈਨਸ਼ਨ ਪੜ੍ਹੋ।

ਸਰਦਾਰ ਧਨਵੰਤ ਸਿੰਘ : ਠੀਕ ਹੈ ਜੀ, ਮੈਂ ਪਹਿਲਾਂ ਆਪਣੀ ਕਾਲ ਅਟੈਨਸ਼ਨ ਪੜ੍ਹ ਦਿੰਦਾ ਹਾਂ।

(Serial No. 9)

Sardar Dhanwant Singh : Sir, I beg to draw the attention of the Government towords a matter of urgent public importance namely, the non-payment of arrears by, 'The Bhagwanpura Sugar Mill Pvt. Ltd.' Dhuri. to the farmers in respect of the cost of sugar-cane supplied to the Mill last years 1995-96-97. Lakhs of rupees are still outstanding towords the Mill for making payment and there is a great resentment amongst the farmers on this issue. I, therefore, request the Agriculture Minister to make a statement on the Floor of the House in this regard.

ਖੇਤੀਬਾੜੀ ਮੰਤਰੀ (ਸਰਦਾਰ ਗੁਰਦੇਵ ਸਿੰਘ ਬਾਦਲ): ਸਪੀਕਰ ਸਾਹਿਬ, ਮੈਸਰਜ਼ ਭਗਵਾਨਪੁਰਾ ਖੰਡ ਮਿੱਲ ਲਿਮਟਿਡ, ਧੂਰੀ ਵੱਲੋਂ ਸਾਲ 1995-96 ਦੌਰਾਨ ਪੰਜਾਬ ਸਰਕਾਰ ਵੱਲੋਂ ਮਿੱਥੇ ਭਾਅ ਅਨੁਸਾਰ ਕਿਸਾਨਾਂ ਪਾਸੋਂ 27 ਪੁਆਇੰਟ 61 ਕਰੋੜ ਰੁਪਏ ਦੀ ਕੀਮਤ ਦਾ ਗੰਨਾ ਖਰੀਦਿਆ ਗਿਆ ਸੀ, ਜਿਸ ਦੀ ਸਾਰੀ ਅਦਾਇਗੀ ਕੀਤੀ ਜਾ ਚੁੱਕੀ ਹੈ।

ਸਾਲ 1996-97 ਦੌਰਾਨ ਖੰਡ ਮਿੱਲ ਧੂਰੀ ਵੱਲੋਂ 37 ਪੁਆਇੰਟ 29 ਲੱਖ ਕੁਇੰਟਲ ਗੰਨੇ ਦੀ ਖਰੀਦ ਕੀਤੀ ਗਈ ਸੀ। ਇਸ ਦੀ ਕੀਮਤ ਪੰਜਾਬ ਸਰਕਾਰ ਵੱਲੋਂ ਮਿੱਥੇ ਭਾਅ ਅਨੁਸਾਰ 18 ਪੁਆਇੰਟ 38 ਕਰੋੜ ਰੁਪਏ ਦੇਣ ਯੋਗ ਸੀ, ਜੋ ਕਿ ਕਿਸਾਨਾਂ ਨੂੰ ਦੇ ਦਿੱਤੀ ਗਈ ਹੈ। ਪੰਜਾਬ ਸਰਕਾਰ ਵੱਲੋਂ ਮਿਥੇ ਭਾਅ ਅਨੁਸਾਰ ਗੰਨੇ ਦੀ ਕੀਮਤ 27 ਪੁਆਇੰਟ 84 ਕਰੋੜ ਰੁਪਏ ਬਣਦੀ ਹੈ, ਜਿਸ ਵਿਚੋਂ 24 ਪੁਆਇੰਟ 58 ਕਰੋੜ ਰੁਪਏ ਦੀ ਰਕਮ ਮਿਤੀ 22 ਦਸੰਬਰ, 1997 ਤੱਕ ਕਿਸਾਨਾਂ ਨੂੰ ਦੇ ਦਿੱਤੀ ਗਈ ਹੈ ਅਤੇ ਬਾਕੀ ਦੀ 3 ਪੁਆਇੰਟ 26 ਕਰੋੜ ਰੁਪਏ ਦੀ ਰਕਮ ਹਾਲੇ ਬਕਾਇਆ ਹੈ। ਖੰਡ ਮਿੱਲ, ਧੂਰੀ ਵੱਲੋਂ ਬਾਕੀ ਰਹਿੰਦੀ ਕੀਮਤ ਜਨਵਰੀ, 1998 ਦੌਰਾਨ ਦੇਣ ਦਾ ਭਰੋਸਾ ਦਿੱਤਾ ਗਿਆ ਹੈ।

ਸਰਦਾਰ ਧਨਵੰਤ ਸਿੰਘ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਾਦਲ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਬਜਟ ਸ਼ਸ਼ਨ ਦੇ ਵਿੱਚ ਇਨ੍ਹਾਂ ਨੇ ਵਿਸ਼ਵਾਸ ਦਿਵਾਇਆ ਸੀ ਕਿ ਕਿਸਾਨਾਂ ਦੀ ਜਿੰਨੀ ਰਕਮ ਰਹਿੰਦੀ ਹੈ, ਉਹ 15 ਦਿਨਾਂ ਦੇ ਅੰਦਰ ਅੰਦਰ ਵਿਦ ਇੰਟਰੈਸਟ ਜਾਰੀ ਕੀਤੀ ਜਾਵੇਗੀ ਵੈਸੇ ਇਹ ਕਾਨੂੰਨ ਵੀ ਹੈ ਕਿ ਜੇ ਮਿੱਲ ਮਾਲਕ 15 ਦਿਨਾਂ ਦੇ ਅੰਦਰ ਅੰਦਰ ਪੇਮੈਂਟ ਜਾਰੀ

ਨਹੀਂ ਕਰੇਗਾ ਤਾਂ ਉਸ ਨੂੰ ਸਾਰੀ ਅਦਾਇਗੀ ਵਿਦ ਇੰਟਰੈਸਟ ਕਰਨੀ ਪਵੇਗੀ। ਮੈਂ ਇੱਕ ਗੱਲ ਬਾਦਲ ਸਾਹਿਬ ਨੂੰ ਦੱਸਣੀ ਚਾਹੁੰਦਾ ਹਾਂ ਅਤੇ ਇਹ ਇਨ੍ਹਾਂ ਦੇ ਨੋਟਿਸ ਦੇ ਵਿਚ ਹੀ ਹੈ ਕਿ ਇਕ ਮਿੱਲ ਲਈ ਬਕਾਇਦਾ ਕੇਨ ਕਮਿਸ਼ਨਰ ਵੱਲੋਂ ਰਿਕਵਰੀ ਲਈ ਸਰਟੀਫਿਕੇਟ ਇਸ਼ੂ ਹੋ ਗਿਆ ਪਰ ਉਸ ਮਿੱਲ ਦੀ ਕੁਰਕੀ ਨਹੀਂ ਕੀਤੀ ਗਈ। ਜੇਕਰ ਕੇਨ ਕਮਿਸ਼ਨਰ ਵੱਲੋਂ ਕੁਰਕੀ ਲਈ ਸਰਟੀਫਿਕੇਟ ਇਸ਼ੂ ਹੋ ਗਿਆ ਤਾਂ ਫਿਰ ਮਿੱਲ ਦੀ ਕੁਰਕੀ ਕਿਉਂ ਨਹੀਂ ਕੀਤੀ ਗਈ ? ਇਸ ਸਬੰਧੀ ਬਾਦਲ ਸਾਹਿਬ ਦੱਸਣ ਕਿ ਕਿਸਾਨਾਂ ਨੂੰ ਅਦਾਇਗੀ ਦਿਵਾਉਣ ਲਈ ਕੁਰਕੀ ਕਿਉਂ ਨਹੀਂ ਕੀਤੀ ਗਈ ਅਤੇ ਉਨ੍ਹਾਂ ਦੀ ਪੇਮੈਂਟ ਕਿਉਂ ਨਹੀਂ ਹੋਈ ? ਜੇਕਰ ਬਾਦਲ ਸਾਹਿਬ ਨੂੰ ਇਸ ਸਬੰਧੀ ਕੋਈ ਮਜਬੂਰੀ ਹੈ ਤਾਂ ਇਹ ਕ੍ਰਿਪਾ ਕਰਕੇ ਸਾਨੂੰ ਦੱਸ ਦੇਣ ਕਿ ਕੀ ਮਜਬੂਰੀ ਹੈ ਅਤੇ ਅਸੀਂ ਉਸ ਮਜਬੂਰੀ ਸਬੰਧੀ ਸਬੰਧਤ ਅਧਿਕਾਰੀ ਨੂੰ ਮਿਲ ਕੇ ਬੇਨਤੀ ਕਰ ਲੈਂਦੇ ਹਾਂ ਤਾਂ ਕਿ ਇਨ੍ਹਾਂ ਦੀ ਮਜਬੂਰੀ ਦੂਰ ਹੋ ਸਕੇ।

ਮੰਤਰੀ: ਸਪੀਕਰ ਸਾਹਿਬ, ਜੋ ਇਨ੍ਹਾਂ ਵੱਲੋਂ ਕਿਹਾ ਗਿਆ ਹੈ, ਉਸ ਸਬੰਧੀ ਕਾਨੂੰਨ ਬਣਾਉਣ ਵਾਸਤੇ ਅਸੀਂ ਚਾਰ ਮੈਂਬਰੀ ਕਮੇਟੀ ਬਣਾਈ ਹੈ ਜਿਹੜੀ ਛੇਤੀ ਹੀ ਫੈਸਲਾ ਕਰ ਦੇਵੇਗੀ। ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜਿਹੜੀ ਕਿਸਾਨਾਂ ਦੀ ਰਕਮ ਹੈ, ਅਤੇ ਉਸ ਦੀ ਜਨਵਰੀ 1998 ਤੱਕ ਸਾਰੀ ਅਦਾਇਗੀ ਕਰਵਾ ਦਿੱਤੀ ਜਾਵੇਗੀ। ਇਸ ਸਬੰਧੀ ਮਿੱਲ ਮਾਲਕਾਂ ਨੇ ਸਾਨੂੰ ਬਹੁਤ ਵਿਸ਼ਵਾਸ ਦਿੱਤਾ ਹੈ। ਇਸ ਲਈ ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਤੁਹਾਡੇ ਨਾਲ ਜੋ ਵਾਇਦਾ ਕੀਤਾ ਗਿਆ ਹੈ, ਉਹ ਅਸੀਂ ਪੂਰਾ ਕਰਾਂਗੇ।

ਸਰਦਾਰ ਧਨਵੰਤ ਸਿੰਘ: ਸਪੀਕਰ ਸਾਹਿਬ, ਮੈਂ ਇਕ ਹੋਰ ਸਪਲੀਮੈਂਟਰੀ ਕਰਨੀ..

ਸੰਸਦੀ ਮਾਮਲਿਆ ਦੇ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਪਹਿਲਾਂ ਦੋ ਸਪਲੀ-ਮੈਂਟਰੀਆਂ ਕਰ ਲਈਆਂ ਹਨ, ਇਸ ਲਈ ਇਨ੍ਹਾਂ ਨੂੰ ਹੋਰ ਅਲਾਓ ਨਹੀਂ ਕੀਤੀ ਜਾ ਸਕਦੀ।

ਸਰਦਾਰ ਗੁਰਦੇਵ ਸਿੰਘ ਸਿੱਧੂ: ਸਪੀਕਰ ਸਾਹਿਬ, ਮੈਂ ਕੁਐਸਚਨ ਕਰਨਾ ਚਾਹੁੰਦਾ ਹਾਂ ਕਿ ਪਿਕੇਡਲੀ ਸ਼ੂਗਰ ਮਿੱਲ, ਪਾਤੜਾਂ, ਦੇ ਸਬੰਧ ਵਿੱਚ ਮੰਤਰੀ ਸਾਹਿਬ ਨੇ ਵਿਸ਼ਵਾਸ ਦਿਵਾਇਆ ਸੀ ਕਿ. . .

ਸ਼੍ਰੀ ਸਪੀਕਰ: ਤੁਸੀਂ ਇਸ ਬਾਰੇ ਸੇਪਰੇਟ ਕੁਐਸਚਨ ਕਰ ਲੈਣਾ।

ਸੰਸਦੀ ਮਾਮਲਿਆਂ ਦੇ ਮੰਤਰੀ: ਸਪੀਕਰ ਸਾਹਿਬ, ਕੁਐਸਚਨ ਉਹੀ ਕਰ ਸਕਦਾ ਹੈ ਜਿਸ ਦੀ ਕਾਲ ਅਟੈਨਸ਼ਨ ਹੋਵੇ।

ਸ਼੍ਰੀ ਸਪੀਕਰ: ਸਿੱਧੂ ਸਾਹਿਬ, ਤੁਸੀਂ ਬੈਠ ਜਾਓ। ਤੁਸੀਂ ਵੱਖਰਾ ਪ੍ਰਸ਼ਨ ਕਰ ਲੈਣਾ।

ਸਰਦਾਰ ਗੁਰਦੇਵ ਸਿੰਘ ਸਿੱਧੂ: ਸਪੀਕਰ ਸਾਹਿਬ, ਮੈਂ ਇਸ ਬਾਰੇ ਸਰਟੀਫਿਕੇਟ ਦੇਣਾ ਚਾਹੁੰਦਾ ਹਾਂ। ਤੁਸੀਂ ਇਨਕੁਆਰੀ ਕਰਵਾ ਲਓ।

ਸ਼੍ਰੀ ਸਪੀਕਰ: ਮੈਂ ਕੋਈ ਸਰਟੀਫਿਕੇਟ ਨਹੀਂ ਲੈਣਾ। ਤੁਸੀਂ ਬੈਠ ਜਾਓ।

MOTION UNDER RULE 16

Minister for Parliamentry Affairs (Shri Madan Mohan Mittal): Sir, I beg to move—

> That the Vidhan Sabha (Assembly) at its rising this day shall stand adjourned *sine-die*.

Mr. Speaker : Motion moved—

> That the Vidhan Sabha (Assembly) at its rising this day shall stand adjourned *sine-die*.

Mr. Speaker: Question is—

> That the Vidhan Sabha (Assembly) at its rising this day shall stand adjourned *Sine-die*.

The motion was carried unanimously

LEGISLATIVE BUSINESS

THE PUNJAB LOKPAL (AMENDMENT) BILL, 1997

(Replacing Punjab Ordinance No. 1 of 1997)

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ): ਸਪੀਕਰ ਸਾਹਿਬ, ਮੈਂ ਪੰਜਾਬ ਲੋਕ ਪਾਲ (ਸੋਧਨਾ) ਬਿੱਲ ਪੇਸ਼ ਕਰਦਾ ਹਾਂ ਅਤੇ ਇਹ ਵੀ ਪ੍ਰਸਤਾਵ ਕਰਦਾ ਹਾਂ— ਕਿ ਪੰਜਾਬ ਲੋਕਪਾਲ (ਸੋਧਨਾ) ਬਿੱਲ ਤੇ ਤੁਰੰਤ ਵਿਚਾਰ ਕੀਤਾ ਜਾਵੇ ।

Mr. Speaker : Motion moved—

> That the Punlab Lokpal (Amendment) Bill be taken into consideration at once.

There are some notices of amendment to this Bill. They will be deemed to have been read and moved.

Clause—4

1. **Comrade Hardev Arshi**
   Comrade Ajaib Singh Raunta } That for the proviso

to the proposed sub-section (1) of Section 4, the following provisos shall be substituted.

> "Provided that the appointment of the Lok Pal shall be made by the Governor who shall consult with the Chief Justice of India in case of appointment of a person who is or had been a Judge of the Supreme Court of India and the Chief Justice of Punjab & Haryana High Court in case of appointment of a person who is or had been a Judge of the said High Court:
>
> Provided further that the appointment of the Lok Pal shall be made out of a Panel of three persons prepared by a Committee consisting of the Chief Minister, the Leader of the Opposition and the Speaker."

Clause—6

2. **Comrade Hardev Arshi**
Comrade Ajaib Singh Raunta } That in the proposed sub-section (1) of Section 6, in line 2, for the words "four years", the words "five years" shall be substituted. :—

Clause—10

3. **Comrade Hardev Arshi**
Comrade Ajaib Singh Raunta } (i) That for the proposed sub-section (1) of Section 10, the following shall be substituted : —

> "The Lok Pal shall enquire into an allegation of misconduct against a publicman if the misconduct pertains to the period commeneing from 1st January, 1985.".

(ii) That in the proposed sub-section (4) of Section 10 for the words, "shall not", the word "may" shall be substituted.

Clause—11

4. **Comrade Hardev Arshi**
Comrade Ajaib Singh Raunta } That in part (ii) for the words, "One thousand rupees", the words, "one hundred rupees" shall be substituted.

Clause—13

5. **Comrade Hardev Arshi**
Comrade Ajaib Singh Raunta } that for the proposed sub-Section (2) of section 13, the following shall be substituted :—

> "(2) Every such enquiry shall, unless the Lokpal for reasons to be recorded in writing determines, otherwise be conducted in open court."

Mr. Speaker : Discussion. Arshi Ji.

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ): ਧੰਨਵਾਦ, ਸਪੀਕਰ ਸਾਹਿਬ। ਮੈਂ ਸਭ ਤੋਂ ਪਹਿਲਾਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੁਝ ਪਲ ਪਹਿਲਾਂ ਹੀ ਪਾਰਲੀਮੈਂਟਰੀ ਅਫੇਅਰਜ਼ ਦੇ ਆਨਰੇਬਲ ਮਨਿਸਟਰ ਸਾਹਿਬ ਨੇ ਮਾਈਨੋ-ਡਾਈ ਮੋਸ਼ਨ ਮੂਵ ਕੀਤਾ ਸੀ ਜਿਸ ਨੂੰ ਕਿ ਯੂਨੈਨੀਮਸਲੀ ਐਕਸੈਪਟ ਕੀਤਾ ਗਿਆ ਹੈ। ਬਿਜ਼ਨਿਸ ਐਡਵਾਈਜ਼ਰੀ ਕਮੇਟੀ ਵਿੱਚ ਸਾਰਿਆਂ ਦਾ ਐਗਰੀਮੈਂਟ ਸੀ ਕਿ ਨਗਰ ਪਾਲਿਕਾ ਚੋਣਾਂ ਦੇ ਮੱਦੇ-ਨਜ਼ਰ ਹਾਊਸ ਹੋਰ

[ਕਾਮਰੇਡ ਹਰਦੇਵ ਅਰਸ਼ੀ]
ਅੱਗੇ ਨਾ ਚਲਾਇਆ ਜਾਵੇ । ਇਹ ਵੀ ਸਹਿਮਤੀ ਹੋਈ ਸੀ ਕਿ ਸਾਰਾ ਕੰਮ ਪੰਜਾਬੀ ਭਾਸ਼ਾ ਵਿੱਚ ਹੋਵੇਗਾ ਪਰ ਇਸ ਦੇ ਬਾਵਜੂਦ, ਸਾਰਿਆਂ ਦੀ ਸਹਿਮਤੀ ਦੇ ਬਾਵਜੂਦ ਉਹੀ ਤਰੀਕਾ ਦੁਬਾਰਾ ਦੁਹਰਾਇਆ ਜਾ ਰਿਹਾ ਹੈ ।

ਸ਼੍ਰੀ ਸਪੀਕਰ: ਸਾਈਨੇ-ਡਾਈ ਤਾਂ ਪਾਸ ਹੋ ਚੁੱਕਿਆ ਹੈ, ਤੁਸੀਂ ਬਿੱਲ ਤੇ ਬੋਲੋ ।

ਕਾਮਰੇਡ ਹਰਦੇਵ ਅਰਸ਼ੀ: ਸਪੀਕਰ ਸਾਹਿਬ, ਮੇਰਾ 5 ਸਾਲ ਪੁਰਾਣਾ ਐਕਸ-ਪੀਰੀਐਂਸ ਹੈ । ਅੱਜ ਇਥੇ ਨਵੇਂ ਵਿਧਾਇਕ ਬੈਠੇ ਹਨ, ਪੁਰਾਣੇ ਤਜਰਬੇਕਾਰ ਵਿਧਾਇਕ ਵੀ ਹਨ ਪਰ ਉਨ੍ਹਾਂ ਨੂੰ ਅੰਗਰੇਜ਼ੀ ਵਿੱਚ ਐਕਟਸ ਦੀ ਸਮਝ ਨਹੀਂ ਆਉਂਦੀ। ਉਨ੍ਹਾਂ ਵਾਸਤੇ ਇਹ ਜਾਨਣ ਵਿਚ ਮੁਸ਼ਕਿਲ ਹੋ ਜਾਂਦੀ ਹੈ ਕਿ ਰੂਲਜ਼ ਦੀ ਕੀ ਪ੍ਰੋਵੀਜ਼ਨ ਹੈ । ਕੋਈ ਵੀ ਬਿੱਲ ਇੰਟਰੋਡਿਊਸ ਹੋਣ ਵਾਸਤੇ ਆਵੇ, ਚਾਹੇ ਕੋਈ ਨਵਾਂ ਬਿੱਲ ਹੈ ਜਾਂ ਅਮੈਂਡਡ ਬਿੱਲ ਹੈ, ਬਕਾਇਦਾ ਇਸ ਦੇ ਵਾਸਤੇ ਐਟ ਲੀਸਟ 15 ਦਿਨ ਪਹਿਲਾਂ ਦਾ ਕਲੀਅਰ ਕੱਟ ਨੋਟਿਸ ਸਰਵ ਕਰ ਦਿੱਤਾ ਜਾਵੇ । ਦੂਜੀ ਸਮੱਸਿਆ ਇਹ ਹੈ ਕਿ ਸਾਰੇ ਵਿਧਾਇਕ ਅੰਗਰੇਜ਼ੀ ਨਹੀਂ ਜਾਣਦੇ । ਨਵੀਂ ਸਰਕਾਰ ਬਣਨ ਤੋਂ ਬਾਅਦ ਵੀ ਕੋਈ ਤਬਦੀਲੀ ਨਹੀਂ ਆਈ । ਕੋਈ ਕਾਰਵਾਈ ਵਿੱਚ ਫਰਕ ਨਹੀਂ ਪਿਆ । ਇਸ ਤੋਂ ਬਾਅਦ ਮੈਂ ਇਹ ਦਾਅਵੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਜੋ ਵੀ ਆਰਡੀਨੈਂਸ ਜਾਰੀ ਕਰਨਾ ਹੁੰਦਾ ਹੈ, ਉਸ ਬਾਰੇ ਕੋਈ ਵੀ ਨੋਟੀਫਿਕੇਸ਼ਨ ਦੀ ਕਾਪੀ ਸਮੇਂ ਸਿਰ ਮੈਂਬਰਾਂ ਨੂੰ ਨਹੀਂ ਮਿਲਦੀ । ਮੈਂਬਰਾਂ ਨੂੰ ਉਹ ਇੱਕ ਦਿਨ ਪਹਿਲਾਂ ਸ਼ਾਮ ਨੂੰ ਮਿਲਦੀ ਹੈ । ਤੁਸੀਂ ਹੀ ਦੱਸੋ ਕਿ ਉਹ ਬਿੱਲ ਫਿਰ ਕਿਸ ਤਰ੍ਹਾਂ ਜਸਟੀਫਾਈ ਹੋ ਸਕਦਾ ਹੈ । ਕਿਸ ਤਰ੍ਹਾਂ ਅਸੀਂ ਉਸ ਬਿੱਲ ਨਾਲ ਇਨਸਾਫ ਕਰ ਸਕਦੇ ਹਾਂ । ਵੈਸੇ ਇਹ ਫਸਟ ਟਾਈਮ ਚੰਗੀ ਗੱਲ ਕੀਤੀ ਹੈ ਕਿ ਅਮੈਂਡਡ ਬਿੱਲ ਦੇ ਨਾਲ ਪ੍ਰਿੰਸੀਪਲ ਐਕਟ ਦੀਆਂ ਕਲਾਜ਼ਾਂ, ਸਬ ਕਲਾਜ਼ਾਂ ਜਿਨ੍ਹਾਂ ਨੂੰ ਅਮੈਂਡ ਕਰਨਾ ਹੈ, ਲਗਾ ਦਿੱਤੀਆਂ ਗਈਆਂ ਹਨ ਤਾਂਕਿ ਮੈਂਬਰਾਂ ਨੂੰ ਬਿੱਲ ਪੜ੍ਹਨ ਲਈ ਮਿਲ ਸਕੇ । ਤੁਹਾਡੀ ਪਾਰਟੀ ਇਤਨੀ ਥੰਪਿੰਗ ਮੈਜਾਰਿਟੀ ਨਾਲ ਇਸ ਹਾਊਸ ਵਿਚ ਆਈ ਹੈ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜਿਹੜੀ 15 ਦਿਨ ਪਹਿਲਾਂ ਬਿੱਲ ਦਾ ਨੋਟਿਸ ਦੇਣ ਵਾਲੀ ਗੱਲ ਹੈ, ਉਸ ਨੂੰ ਪੂਰੀ ਤਰ੍ਹਾਂ ਅਮਲ ਵਿਚ ਲਿਆਵੇ ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਸਰਕਾਰ ਹਮੇਸ਼ਾ ਇਹ ਗੱਲ ਕਹਿ ਦਿੰਦੀ ਹੈ ਕਿ ਇਸ ਬਿੱਲ ਨੂੰ ਸਰਕੂਲੇਟ ਕਰ ਦਿੱਤਾ ਗਿਆ ਹੈ । ਮੇਰੇ ਖਿਆਲ ਵਿਚ ਇਹ ਮੁਸ਼ਕਲ ਹੀ ਹੋਵੇਗਾ ਕਿ ਕਿਸੇ ਮੈਂਬਰ ਨੂੰ ਬਿੱਲ ਦੀ ਕਾਪੀ ਟਾਈਮ ਸਿਰ ਮਿਲਦੀ ਹੋਵੇ । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਤੁਹਾਨੂੰ ਆਪਣੀ ਮਸ਼ੀਨਰੀ ਨੂੰ ਗੀਅਰਅੱਪ ਕਰਨ ਦੀ ਲੋੜ ਹੈ । ਅਗਰ ਰੂਲਜ਼ ਦੇ ਵਿਚ ਐਮੈਂਡਮੈਂਟ ਕਰਨ ਦੀ ਲੋੜ ਹੈ ਤਾਂ ਉਸ ਦੀ ਪ੍ਰੋਵੀਜ਼ਨ ਕਰ ਲਓ ਅਤੇ ਇਹ ਕੰਪਲਸਰੀ ਕਰ ਦਿਓ ਕਿ ਜਿਹੜੇ ਬਿੱਲ ਦੀ ਨੋਟੀਫੀਕੇਸ਼ਨ ਕਰਨੀ ਹੈ, ਦੋ ਡੇਲੀ ਨਿਊਜ਼ ਪੇਪਰਾਂ ਦੇ ਵਿਚ ਉਸ ਦੀ ਪਬਲੀ-ਕੇਸ਼ਨ ਹੋ ਜਾਣੀ ਚਾਹੀਦੀ ਹੈ ਤਾਂਕਿ ਉਸ ਦੀਆਂ ਡੇਟਸ ਬਾਰੇ ਪਤਾ ਲੱਗ ਸਕੇ । ਇਸ ਦੇ ਨਾਲ ਸਰਕਾਰ ਡੇਟਸ ਨੂੰ ਅੱਗੇ ਪਿੱਛੇ ਨਹੀਂ ਕਰ ਸਕੇਗੀ ਅਤੇ ਬਿੱਲ ਦੀ ਕਾਪੀ ਵੀ ਟਾਈਮ ਸਿਰ ਮਿਲ ਜਾਵੇਗੀ । ਅਗਰ ਟਾਈਮ ਸਿਰ ਨਹੀਂ ਮਿਲੇਗਾ, ਤਦ ਵੀ ਪਤਾ ਲੱਗ

ਜਾਵੇਗਾ । ਜਿਥੋਂ ਤੱਕ ਬਿੱਲ ਦੀਆਂ ਕਾਪੀਆਂ ਪੰਜਾਬੀ ਵਿਚ ਮਿਲਣ ਦਾ ਸਵਾਲ ਹੈ, ਅਸੀਂ ਸਾਰੇ ਇਸ ਗੱਲ ਦੇ ਮੁਦਈ ਹਾਂ ਕਿ ਲੈਜਿਸਲੇਸ਼ਨ ਦੀਆਂ ਸਾਰੀਆਂ ਕਾਪੀਆਂ ਸਾਨੂੰ ਮਾਂ ਬੋਲੀ ਪੰਜਾਬੀ ਵਿਚ ਮਿਲਣੀਆਂ ਚਾਹੀਦੀਆਂ ਹਨ ਕਿਉਂਕਿ ਮੈਂਬਰ ਸਾਹਿਬਾਨ ਪੰਜਾਬੀ ਭਾਸ਼ਾ ਦੇ ਵਿਚ ਜੋ ਗੱਲ ਕਹਿ ਸਕਦੇ ਹਨ, ਉਹ ਸ਼ਾਇਦ ਦੂਜੀ ਭਾਸ਼ਾ ਵਿਚ ਨਾ ਕਹਿ ਸਕਣ । ਇਸ ਪੰਜਾਬੀ ਦੀ ਕਾਪੀ ਨੂੰ ਇੰਗਲਿਸ਼ ਤੋਂ ਅਨੁਵਾਦ ਕਰਵਾ ਕੇ ਭੇਜਣਾ ਚਾਹੀਦਾ ਹੈ ਤਾਕਿ ਮੈਂਬਰ ਸਾਹਿਬਾਨ ਨੂੰ ਡਿਸਕਸ਼ਨ ਕਰਨ ਦੇ ਵਕਤ ਕੋਈ ਦਿੱਕਤ ਪੇਸ਼ ਨਾ ਆਵੇ ਅਤੇ ਉਹ ਪੰਜਾਬੀ ਭਾਸ਼ਾ ਦੇ ਵਿਚ ਆਪਣੀ ਗੱਲ ਕਹਿ ਸਕਣ । ਜਿਸ ਤਰ੍ਹਾਂ ਵਿਧਾਨ ਸਭਾ ਸਕੱਤਰੇਤ ਦੇ ਵਿਚ ਇਕ ਟਰਾਂਸਲੇਸ਼ਨ ਦਾ ਸੈਲ ਹੈ, ਬਿੱਲ ਦਾ ਅਨੁਵਾਦ ਕਰਕੇ ਖਾਸ ਕਰਕੇ ਟੈਕਨੀਕਲ ਲਫਜ਼ਾਂ ਦਾ ਜਿਨਾਂ ਦਾ ਲੀਗਲੀ ਅਨੁਵਾਦ ਠੀਕ ਹੋਵੇ, ਮੈਂਬਰਾਂ ਨੂੰ ਮਿਲਣਾ ਚਾਹੀਦਾ ਹੈ । ਕਈ ਵਾਰ ਜਿਹੜੀ ਸਾਨੂੰ ਪੰਜਾਬੀ ਵਰਸ਼ਨ ਦੀ ਕਾਪੀ ਸਰਕਾਰ ਵਲੋਂ ਆਉਂਦੀ ਹੈ, ਉਹ ਵੈਲਿਡ ਨਹੀਂ ਹੁੰਦੀ । ਇਸ ਲਈ ਵਿਧਾਨ ਸਭਾ ਸਕੱਤਰੇਤ ਦੇ ਟਰਾਂਸਲੇਸ਼ਨ ਸੈੱਲ ਤੋਂ ਅਨੁਵਾਦ ਕਰਵਾ ਕੇ ਮੈਂਬਰਾਂ ਨੂੰ ਭੇਜਣਾ ਚਾਹੀਦਾ ਹੈ ਤਾਕਿ ਉਸ ਦੀ ਲੀਗਲ ਮਾਣਤਾ ਹੋਵੇ । ਸਰਕਾਰ ਇਸ ਦੇ ਵਿਚ ਜਲਦਬਾਜ਼ੀ ਤੋਂ ਕੰਮ ਨਾ ਲਵੇ । ਸਰਕਾਰ ਚਾਹੁੰਦੀ ਹੈ ਕਿ ਇਸ ਨੂੰ ਲੇਟ ਸਰਕੂਲੇਟ ਕੀਤਾ ਜਾਵੇ ਤਾਕਿ ਮੈਂਬਰ ਸਾਹਿਬਾਨ ਇਸ ਨੂੰ ਪੜ੍ਹ ਨਾ ਸਕਣ ਅਤੇ ਕੋਈ ਰਾਏ ਨਾ ਦੇ ਸਕਣ । ਗੌਰਮਿੰਟ ਦੀ ਇਹ ਮਨਸ਼ਾ ਹੁੰਦੀ ਹੈ ਕਿ ਬਿੱਲ ਨੂੰ ਬਿਨਾਂ ਬਹਿਸ ਕੀਤੇ ਹੀ ਇੰਟਰੋਡਿਊਸ ਕਰਨ ਤੋਂ ਬਾਦ ਮੋਸ਼ਨ ਰਾਹੀਂ ਪਾਸ ਕਰ ਦਿੱਤਾ ਜਾਵੇ ਤਾਕਿ ਅਸੈਂਬਲੀ ਵਿਚ ਬਹੁਤੀ ਡਿਸਕਸ਼ਨ ਨਾ ਹੋਵੇ । ਇਸ ਨੂੰ ਪਾਸ ਕਰਵਾਉਣ ਵਿਚ ਸਰਕਾਰ ਦੀ ਮਜਬੂਰੀ ਹੁੰਦੀ ਹੈ । ਇਹ ਠੀਕ ਹੈ ਕਿ ਹੁਣ ਲੋਕ ਸਭਾ ਦੀਆਂ ਇਲੈੱਕਸ਼ਨਾਂ ਆ ਗਈਆਂ ਹਨ ਅਤੇ ਸਰਕਾਰ ਨੇ ਇਸ ਸੈਸ਼ਨ ਨੂੰ ਸ਼ਾਰਟ ਕਰ ਦਿੱਤਾ ਹੈ ਪਰ ਤੁਹਾਡੇ ਕੋਲ ਬੜੀ ਵਾਸਟ ਮੈਜਾਰਿਟੀ ਹੈ ਔਰ ਅਸੀਂ ਅਪੋਜੀਸ਼ਨ ਦੇ ਵਿਚ ਬੈਠ ਕੇ ਤੁਹਾਨੂੰ ਕੋਈ ਚੰਗੀ ਰਾਏ ਹੀ ਦੇਵਾਂਗੇ ਅਤੇ ਸਰਕਾਰ ਠੀਕ ਢੰਗ ਨਾਲ ਚਲਾਉਣ ਵਿਚ ਤੁਹਾਡੇ ਸਹਾਈ ਹੋਵਾਂਗੇ । ਇਸ ਲਈ ਸਰਕਾਰ ਨੂੰ ਹਰ ਸੈਸ਼ਨ ਵਿਚ ਆਪੋਜੀਸ਼ਨ ਨੂੰ ਆਪਣੀ ਹਰ ਗੱਲ ਕਹਿਣ ਦਾ ਮੌਕਾ ਦੇਣਾ ਚਾਹੀਦਾ ਹੈ । ਅਸੀਂ ਸਰਕਾਰ ਦੀ ਕੇਵਲ ਨੁਕਤਾ ਚੀਨੀ ਹੀ ਨਹੀਂ ਕਰਾਂਗੇ ਬਲਕਿ ਸਰਕਾਰ ਨੂੰ ਚੰਗੀਆਂ ਸੁਜੈਸ਼ਨਾਂ ਵੀ ਦੇਵਾਂਗੇ ਜਿਸ ਦੇ ਨਾਲ ਸਰਕਾਰੀ ਕੰਮ ਕਾਜ ਸਹੀ ਢੰਗ ਨਾਲ ਚਲ ਸਕੇ । ਇਸ ਲਈ ਸਰਕਾਰ ਨੂੰ ਆਪੋਜੀਸ਼ਨ ਦੇ ਰਾਹੀਂ ਫੀਡਬੈਕ ਇਨਫਰਮੇਸ਼ਨ ਲੈਣੀ ਚਾਹੀਦੀ ਹੈ ਅਤ ਰਾਏ ਲੈਣੀ ਚਾਹੀਦੀ ਹੈ । ਆਪੋਜੀਸ਼ਨ ਹਮੇਸ਼ਾ ਸਰਕਾਰ ਨੂੰ ਬਦਨਾਮ ਕਰਨ ਵਾਲਾ ਕੋਈ ਕੰਮ ਨਹੀਂ ਕਰਦੀ । ਰੂਲਿੰਗ ਗਰੁੱਪ ਨੇ ਕਾਫੀ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਹੈ ਕਿ ਸਾਡੀ ਸਰਕਾਰ ਕੁਰੱਪਸ਼ਨ ਨੂੰ ਖਤਮ ਕਰਨ ਵਿਚ ਪੂਰਾ ਜ਼ੋਰ ਲਗਾ ਦੇਵੇਗੀ ਪਰ ਇਹ ਬਿਮਾਰੀ ਵਧਦੀ ਜਾ ਰਹੀ ਹੈ । ਚਾਹੇ ਸਰਕਾਰ ਨੇ ਇਸ ਨੂੰ ਰੋਕਣ ਲਈ ਕਈ ਕਾਨੂੰਨ ਬਣਾਏ ਹਨ । ਪਰ ਇਹ ਕਾਨੂੰਨਾਂ ਦੇ ਰਾਹੀਂ ਰੁਕੀ ਨਹੀਂ ਹੈ । ਜਿੰਨੀ ਦੇਰ ਤੱਕ ਲੋਕਾਂ ਦੇ ਵਿਚ ਇਸ ਬਾਰੇ ਅਵੇਅਰਨੈਸ ਨਹੀਂ ਆਉਂਦੀ ਅਤੇ ਅਫਸਰਾਂ, ਰਾਜਨੀਤਿਕਾਂ ਅਤੇ ਲੋਕਾਂ ਦੇ ਦਿਲਾਂ ਵਿਚ, ਜ਼ਮੀਰ ਵਿਚ ਇਸ ਬਿਮਾਰੀ ਨੂੰ ਦੂਰ ਕਰਨ ਦੀ ਭਾਵਨਾ ਨਹੀਂ ਆ ਜਾਂਦੀ, ਉਤਨੀ ਦੇਰ ਤੱਕ ਅਸੀਂ ਕਾਮਯਾਬ ਨਹੀਂ ਹੋ ਸਕਦੇ । ਇਸ ਲਈ ਜਿਹੜਾ ਬਿੱਲ ਸਰਕਾਰ ਨੇ ਹਾਊਸ ਵਿਚ ਲਿਆਉਣਾ ਹੋਵੇ, ਉਸ ਦੀ ਕਾਪੀ ਪਹਿਲੇ ਠੀਕ ਟਾਈਮ ਤੇ ਮੈਂਬਰ ਸਾਹਿਬਾਨ ਨੂੰ ਮਿਲ ਜਾਣੀ ਚਾਹੀਦੀ ਹੈ ।

[ਕਾਮਰੇਡ ਹਰਦੇਵ ਅਰਸ਼ੀ]

ਜਿਸ ਤਰ੍ਹਾਂ ਲੋਕਪਾਲ ਦਾ ਬਿੱਲ 1995 ਵਿਚ ਲਿਆਂਦਾ ਗਿਆ, ਉਸ ਦੇ ਵਿਚ ਬਹੁਤ ਸਾਰੀਆਂ ਕਮਜ਼ੋਰੀਆਂ ਸਨ ਅਤੇ ਅਸੀਂ ਕਿਹਾ ਸੀ ਕਿ ਜਿੰਨੀ ਦੇਰ ਤੱਕ ਤੁਸੀਂ ਇਨ੍ਹਾਂ ਕਮਜ਼ੋਰੀਆਂ ਨੂੰ ਦੂਰ ਨਹੀਂ ਕਰਦੇ, ਤੁਹਾਡਾ ਮਸਲਾ ਹੱਲ ਨਹੀਂ ਹੋ ਸਕਦਾ। ਫੇਰ ਇਹ ਬਿੱਲ 1996 ਵਿਚ ਵਾਪਸ ਲੈ ਕੇ ਨਵਾਂ ਬਿੱਲ ਲੋਕਪਾਲ ਦਾ ਲਿਆਂਦਾ ਗਿਆ ਪਰ ਇਹ ਬਿੱਲ ਪਹਿਲੇ ਨਾਲੋਂ ਵੀ ਜ਼ਿਆਦਾ ਕਮਜ਼ੋਰ ਸੀ। ਜਿਸ ਕਰਕੇ ਇਸ ਸਰਕਾਰ ਨੇ ਲੋਕ ਪਾਲ ਦਾ ਹੁਣ ਨਵਾਂ ਬਿੱਲ ਲਿਆਂਦਾ ਹੈ। ਇਨ੍ਹਾਂ ਨੇ ਆਪਣੀ ਵਚਨਬੱਧਤਾ ਦੁਹਰਾਈ ਹੈ ਕਿ ਅਸੀਂ ਕੁਰੱਪਸ਼ਨ ਨੂੰ ਖਤਮ ਕਰ ਦੇਵਾਂਗੇ, ਸਾਡੀ ਸਰਕਾਰ ਕੁਰੱਪਸ਼ਨ ਦੇ ਖਿਲਾਫ ਡਟ ਕੇ ਲੜਾਈ ਕਰੇਗੀ ਅਤੇ ਅਸੀਂ ਇਹ ਲੜਾਈ ਕਰਦੇ ਰਹਾਂਗੇ। ਗੌਰਮਿੰਟ ਦਾ ਪਹਿਲਾ ਜਿਹੜਾ ਇਮਤਿਹਾਨ ਸੀ, ਇਸ ਅਮੈਂਡਿਡ ਬਿੱਲ ਦੇ ਰਾਹੀਂ ਉਸ ਤੇ ਪ੍ਰਸ਼ਨ ਚਿੰਨ ਲੱਗਦਾ ਹੈ। ਉਸ ਦਾ ਮੈਂ ਜ਼ਿਕਰ ਕਰਾਂਗਾ ਜੋ ਕੁਝ ਤੁਸੀਂ ਚੇਂਜਿਜ ਕੀਤੀਆਂ ਹਨ ਅਤੇ ਜਿਸ ਕਰਕੇ ਉਸ ਤੇ ਪ੍ਰਸ਼ਨ ਚਿੰਨ ਲੱਗਦਾ ਹੈ। ਸਰਕਾਰ ਨੇ ਇਸ ਵਿਚ ਕੁਝ ਵੈਲਕਮ ਕਰਨ ਵਾਲੀਆਂ ਗੱਲਾਂ ਕੀਤੀਆਂ ਹਨ ਜਿਹੜੀਆਂ ਇਸ ਨੂੰ ਸਟਰੈਂਥਨ ਕਰਦੀਆਂ ਹਨ, ਉਹ ਇਸ ਦੇ ਵਿਚ ਹਨ ਲੇਕਿਨ ਬਹੁਤੀਆਂ ਉਹ ਹਨ ਜਿਹੜੀਆਂ ਇਸ ਨੂੰ ਕਮਜ਼ੋਰ ਕਰਦੀਆਂ ਹਨ। ਮੈਂ ਇਸ ਗੱਲ ਦਾ ਵੈਲਕਮ ਕਰਦਾ ਹਾਂ ਕਿ ਤੁਸੀਂ ਤਿੰਨ ਤੋਂ ਇਕ ਲੋਕਪਾਲ ਕਰ ਦਿੱਤਾ ਹੈ। ਪਹਿਲਾਂ ਇਕ ਪ੍ਰੀਜ਼ਾਈਡਿੰਗ ਲੋਕਪਾਲ ਅਤੇ ਦੋ ਉਪ ਲੋਕ ਪਾਲ ਸਨ, ਉਸ ਪ੍ਰੋਵੀਜ਼ਨ ਨੂੰ ਅਸੀਂ ਉਦੋਂ ਵੀ ਠੀਕ ਨਹੀਂ ਸੀ ਸਮਝਿਆ। ਉਸ ਵੇਲੇ ਵੀ ਅਸੀਂ ਅਮੈਂਡਮੈਂਟ ਦਿੱਤੀ ਸੀ ਕਿ ਇਸ ਨੂੰ ਬਦਲ ਕੇ ਇਕ ਵਾਲਾ ਰੱਖੋ। ਇਹ ਤੁਸੀਂ ਕਰ ਦਿੱਤਾ ਹੈ ਅਤੇ ਇਸ ਨੂੰ ਅਸੀਂ ਵੈਲਕਮ ਕਰਦੇ ਹਾਂ।

ਦੂਜਾ, ਪਿਛਲੇ ਐਕਟ ਵਿਚ ਇਕ ਬਹੁਤ ਵੱਡੀ ਨਾਂਹ ਪੱਖੀ ਮੱਦ ਸੀ ਕਿ ਸਰਕਾਰ ਦੀ ਮਨਜ਼ੂਰੀ ਜਾਂ ਸਮਰਥ ਅਧਿਕਾਰੀ ਦੀ ਮਨਜ਼ੂਰੀ ਜਿਸ ਬਾਰੇ ਤੁਸੀਂ ਆਪ ਡੈਫੀਨੇਸ਼ਨ ਕਢ ਸਕਦੇ ਹੋ ਅਰਥਾਤ ਸਰਕਾਰ ਦੀ ਮਰਜ਼ੀ ਤੋਂ ਬਿਨਾਂ ਕੋਈ ਵੀ ਸ਼ਿਕਾਇਤ ਵਿਚਾਰੀ ਨਹੀਂ ਜਾ ਸਕਦੀ। ਇਹ ਠੀਕ ਹੈ ਕਿ ਤੁਸੀਂ ਇਸ ਵਾਰ ਇਸ ਵਿਚ ਚੰਗੀ ਤਬਦੀਲੀ ਕਰ ਦਿੱਤੀ ਹੈ ਕਿ ਇਸ ਬਾਰੇ ਸਰਕਾਰ ਦੀ ਮਨਜ਼ੂਰੀ ਲੈਣ ਦੀ ਕੋਈ ਜ਼ਰੂਰਤ ਨਹੀਂ। ਕੋਈ ਵੀ ਵਿਅਕਤੀ ਕਿਸੇ ਲੈਜਿਸਲੇਟਰ ਬਾਰੇ, ਪਬਲਿਕ ਮੈਨ ਬਾਰੇ ਜਾਂ ਕਿਸੇ ਹੋਰ ਅਧਿਕਾਰੀ ਬਾਰੇ ਅਗਰ ਸ਼ਿਕਾਇਤ ਕਰਨਾ ਚਾਹੁੰਦਾ ਹੈ ਤਾਂ ਸਿਧੇ ਤੌਰ ਤੇ ਕਰ ਸਕਦਾ ਹੈ। ਇਹ ਵੀ ਵੈਲਕਮ ਕਰਨ ਵਾਲੀ ਗੱਲ ਹੈ। ਸ਼ਿਕਾਇਤ ਕਰਨ ਦੀ ਫੀਸ ਬਾਰੇ ਮੈਨੂੰ ਅਜੇ ਵੀ ਇਤਰਾਜ਼ ਹੈ ਲੇਕਿਨ ਪਿਛਲੇ ਐਕਟ ਦੇ ਮੁਤਾਬਿਕ ਤੁਸੀਂ ਇਹ ਜ਼ਰੂਰ ਬੈਟਰ ਕਰ ਦਿਤੀ ਹੈ। ਪਹਿਲਾਂ 1,000 ਰੁਪਿਆ ਸੀ, ਫਿਰ ਮਾੜਾ ਕਰ ਦਿੱਤਾ ਅਤੇ ਇਹ 5,000 ਰੁਪਿਆ ਕਰ ਦਿੱਤੀ। ਹੁਣ ਤੁਸੀਂ 5,000 ਤੋਂ ਮੁੜ ਕੇ 1,000 ਰੁਪਿਆ ਕਰ ਦਿੱਤਾ ਜਿਸ ਨੂੰ ਪੂਰਾ ਠੀਕ ਨਹੀਂ ਕਿਹਾ ਜਾ ਸਕਦਾ ਹੈ। ਇਸ ਦੇ ਵਿਚ ਜਿਹੜੀ ਵਿਧਾਇਕ ਦੇ ਵਿਰੁੱਧ ਸ਼ਿਕਾਇਤ ਹੈ, ਉਸ ਵਾਸਤੇ ਆਨਰੇਬਲ ਗਵਰਨਰ ਸਾਹਿਬ ਦੀ ਮਨਜ਼ੂਰੀ ਦੀ ਜ਼ਰੂਰਤ ਹੁੰਦੀ ਸੀ ਕਿ ਪਹਿਲਾਂ ਸ਼ਿਕਾਇਤ ਉਨ੍ਹਾਂ ਕੋਲ ਜਾਵੇਗੀ ਅਤੇ ਉਹ ਆਪਣੇ ਲੈਵਲ ਤੇ ਉਸ ਦੀ ਛਾਣ ਬੀਣ ਕਰਨਗੇ। ਅਗਰ ਉਹ ਜ਼ਰੂਰੀ ਸਮਝਣਗੇ ਤਾਂ ਉਹ ਅੱਗੇ ਲੋਕ

ਪਾਲ ਕੋਲ ਭੇਜਣਗੇ, ਨਹੀਂ ਤਾਂ ਉਹ ਆਪਣੇ ਤੌਰ ਤੇ ਹੀ ਕੋਈ ਵਾਇਆ ਮੀਡੀਆਂ ਕੱਢ ਕੇ ਉਸ ਨੂੰ ਹਲ ਕਰ ਸਕਦੇ ਹਨ । ਇਸ ਬਾਰੇ ਜਿਨਾਂ ਕੁ ਮੈਂ ਸਟੱਡੀ ਕੀਤਾ ਹੈ, ਇਸ ਸ਼ਰਤ ਦਾ ਹਟਾਉਣਾ ਵੀ ਕਾਫੀ ਠੀਕ ਹੈ । ਇਸ ਤੇ ਵੀ ਵੈਲਕਮ ਕੀਤਾ ਜਾ ਸਕਦਾ ਹੈ ।

ਸਪੀਕਰ ਸਾਹਿਬ, ਇਸ ਦੇ ਵਿਚ ਸਰਕਾਰ ਜੋ ਆਪਣੇ ਵੱਲੋਂ ਨੈਗੇਟਿਵ ਗੱਲਾਂ ਪਾ ਰਹੀ ਹੈ ਅਤੇ ਜਿਨ੍ਹਾਂ ਤੇ ਮੇਰੀ ਪੂਰੀ ਤਰ੍ਹਾਂ ਸਹਿਮਤੀ ਨਹੀਂ ਉਹ ਇਹ ਹੈ ਕਿ ਜਿਹੜੇ ਸਾਡੇ ਆਨਰੇਬਲ ਲੋਕਪਾਲ ਹਨ, ਉਨ੍ਹਾਂ ਦੀ ਜੋ ਨਿਯੁਕਤੀ ਦਾ ਸਵਾਲ ਹੈ, ਉਹ ਪਹਿਲਾਂ ਨਾਲੋਂ ਵੀ ਜ਼ਿਆਦਾ ਨੈਗੇਟਿਵ ਹੋ ਗਿਆ ਹੈ । ਪਿਛਲੇ ਐਕਟ ਵਿਚ ਇਹ ਪ੍ਰੋਵੀਜ਼ਨ ਸੀ ਕਿ ਮਾਨਯੋਗ ਗਵਰਨਰ ਸਤਿਕਾਰਯੋਗ ਮੁੱਖ ਮੰਤਰੀ ਜੀ ਦੀ ਰਾਏ ਨਾਲ ਲੋਕਪਾਲ ਨਿਯੁਕਤ ਕਰਨਗੇ । ਹੁਣ ਤੁਸੀਂ ਗਵਰਨਰ ਸਾਹਿਬ ਤੋਂ ਵੀ ਇਹ ਅਧਿਕਾਰ ਖੋਹ ਲਿਆ ਹੈ । ਕੇਵਲ ਤਾਂ ਕੇਵਲ ਹੁਣ ਸਾਰੇ ਅਧਿਕਾਰ ਮੁੱਖ ਮੰਤਰੀ ਜੀ ਕੋਲ ਰਹਿ ਗਏ ਹਨ । ਇਸ ਵਿਚ ਲਿਖਿਆ ਹੈ ਕਿ ਸੀ. ਐਮ. ਸਾਹਿਬ ਪੰਜਾਬ ਵਿਧਾਨ ਸਭਾ ਦੇ ਸਪੀਕਰ ਦੀ ਸਲਾਹ ਨਾਲ, ਉਸ ਦੀ ਐਡਵਾਈਸ ਨਾਲ ਇਹ ਨਿਯੁਕਤੀ ਕਰਨਗੇ । ਐਡਵਾਈਸ ਦਾ ਮਤਲਬ ਹੈ ਕਿ ਇਕ ਤਰ੍ਹਾਂ ਨਾਲ ਉਹ ਐਡਵਾਈਸ ਹੀ ਮੰਨੀ ਜਾਣੀ ਹੈ । ਇਸ ਦੇ ਨਾਲ ਮੇਰੀ ਬਿਲਕੁਲ ਸਹਿਮਤੀ ਨਹੀਂ ।ਇਸ ਤੇ ਮੈਂ ਆਪਣੇ ਸੀ.ਪੀ. ਆਈ, ਦੇ ਗਰੁੱਪ ਵੱਲੋਂ ਇਕ ਅਮੈਂਡਮੈਂਟ ਵੀ ਦਿੱਤੀ ਹੈ ਕਿ ਇਸ ਸੈਕਸ਼ਨ ਨੂੰ ਇਸ ਤਰ੍ਹਾਂ ਲਿਖੋ ਕਿ ਸਤਿਕਾਰਯੋਗ ਰਾਜਪਾਲ ਇਸ ਦੀ ਨਿਯੁਕਤੀ ਕਰਨਗੇ । ਨਿਯੁਕਤੀ ਕਰਨ ਦਾ ਜਿਹੜਾ ਤਰੀਕਾ ਹੋਵੇਗਾ, ਉਸ ਵਿਚ ਇਕ ਤਿੰਨ ਮੈਂਬਰੀ ਕਮੇਟੀ ਹੋਵੇਗੀ ਜਿਸ ਵਿਚ ਮੁੱਖ ਮੰਤਰੀ ਜੀ, ਸਪੀਕਰ ਸਾਹਿਬ, ਵਿਰੋਧੀ ਧਿਰ ਦੀ ਨੇਤਾ ਹੋਵੇਗੀ ਅਤੇ ਇਹ ਕਮੇਟੀ ਤਿੰਨ ਲੋਕ ਪਾਲਾਂ ਦਾ ਇਕ ਪੈਨਲ ਭੇਜੇਗੀ । ਜੇਕਰ ਇਸ ਨੂੰ ਨਿਰਪੱਖ ਬਣਾਉਣਾ ਹੈ ਤਾਂ ਫਿਰ ਇਥੇ ਆਉਣਾ ਪਵੇਗਾ । ਫਿਰ ਇਹ ਨਹੀਂ ਕਿ ਪਿਕ-ਐਂਡ ਚੂਜ਼ ਹੋਵੇ । ਤਿੰਨਾਂ ਦੇ ਇਸ ਪੈਨਲ ਵਿਚੋਂ ਮਾਨਯੋਗ ਰਾਜਪਾਲ ਜੀ ਇਕ ਦੀ ਨਿਯੁਕਤੀ ਕਰਨਗੇ । ਪਹਿਲਾਂ ਨਾਲੋਂ ਵੀ ਮਾੜੀ ਕਰਨ ਦੀ ਬਜਾਏ ਤੁਸੀਂ ਇਸ ਵਿਚ ਇਸ ਤਰ੍ਹਾਂ ਦੀ ਤਰਮੀਮ ਕਰੋ । ਫਿਰ ਇਹ ਸਟਰੈਂਥਨ ਹੋਵੇਗਾ ਅਤੇ ਬੜਾ ਤਕੜਾ ਹੋਵੇਗਾ । ਜੇ ਅਸੀਂ ਇਸ ਦੇ ਕੋਲੋਂ ਚਾਹੁੰਦੇ ਹਾਂ ਕਿ ਸਮਾਜ ਨੂੰ ਘੁਣ ਵਾਂਗੂ ਚੁੰਬੜੀ ਹੋਈ ਜਿਹੜੀ ਕੁਰੱਪਸ਼ਨ ਹੈ ਔਰ ਜਿਹੜੇ ਕੁਰੱਪਸ਼ਨ ਵਾਲੇ ਲੋਕ ਹਨ, ਉਨ੍ਹਾਂ ਨੂੰ ਇਹ ਜਨਤਾ ਦੇ ਕਟਿਹਰੇ ਵਿਚ ਜ਼ਿਆਦਾ ਨਿਰਪੱਖਤਾ ਦੇ ਤਰੀਕੇ ਨਾਲ ਖੜ੍ਹਾ ਕਰੇ ਤਾਂ ਫਿਰ ਇਸ ਤਰ੍ਹਾਂ ਦੀਆਂ ਤਬਦੀਲੀਆਂ ਕਰੋ । ਇਸ ਦੇ ਵਿਚ ਦੇ ਉਨ੍ਹਾਂ ਦੀਆਂ ਮਾੜੀਆਂ ਮੱਦਾਂ ਹਟਾ ਕੇ ਚਾਰ ਆਪਣੀਆਂ ਹੋਰ ਮਾੜੀਆਂ ਪਾ ਦਿਉ ਤਾਂ ਫਿਰ ਇਸ ਤਬਦੀਲੀ ਨਾਲ ਮੇਰੀ ਸਹਿਮਤੀ ਨਹੀਂ ਹੈ । ਸਾਡਾ ਜਿਹੜਾ ਪਰਪਜ਼ ਹੈ, ਉਸ ਨੂੰ ਇਹ ਸਾਲਵ ਨਹੀਂ ਕਰਦੀ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਇਕ ਹੋਰ ਮਾੜੀ ਪਿਛਲੇ ਐਕਟ ਦੇ ਵਿਚ ਪ੍ਰੋਵੀਜ਼ਨ ਹੈ ਜਿਸ ਦਾ ਅਸੀਂ ਉਦੋਂ ਵੀ ਡਟ ਕੇ ਵਿਰੋਧ ਕੀਤਾ ਸੀ ਕਿ ਸਾਰੀ ਦੀ ਸਾਰੀ ਕਾਰਵਾਈ ਜੋ ਵੀ ਲੋਕਪਾਲ ਦੀ ਹੋਵੇਗੀ, ਉਹ ਇਨ ਕੈਮਰਾ ਹੋਵੇਗੀ, ਪਰ ਜਿਥੋਂ ਤਕ ਮੇਰੀ ਜਾਣਕਾਰੀ ਹੈ, ਇਹ ਕੇਵਲ ਵਿਧਾਇਕਾਂ ਤੱਕ ਹੀ ਸੀਮਤ ਸੀ । ਇਸ ਸਰਕਾਰ ਨੇ ਤਾਂ ਉਸ ਤੋਂ ਵੀ ਅੱਗੇ ਜਾ ਕੇ ਇਸ ਨੂੰ ਕਮਜ਼ੋਰ ਕਰ ਦਿੱਤਾ ਹੈ । ਵਿਧਾਇਕਾਂ ਦੇ ਨਾਲ ਹੋਰ ਵੀ ਕਿਸੇ ਦੇ

[ਕਾਮਰੇਡ ਹਰਦੇਵ ਅਰਸ਼ੀ]

ਖਿਲਾਫ ਕੋਈ ਜਾਂਚ ਹੈ ਤਾਂ ਉਹ ਵੀ ਬੰਦ ਕਮਰੇ ਵਿਚ, ਇਨ ਕੈਮਰਾ ਹੋਵੇਗੀ । ਇਸ ਬਾਰੇ ਸਰਕਾਰ ਨੂੰ ਕੀ ਤਕਲੀਫ ਹੈ ? ਕਮਿਸ਼ਨ ਆਫ ਇਨਕੁਆਇਰੀ ਐਕਟ ਦੇ ਥੱਲੇ ਜਿੰਨੀਆਂ ਵੀ ਇਨਕੁਆਇਰੀਆਂ ਹੁੰਦੀਆਂ ਹਨ, ਉਹ ਸਾਰੀਆਂ ਓਪਨ ਹਨ, ਪ੍ਰੈਸ ਵਾਲੇ ਉਥੇ ਜਾ ਸਕਦੇ ਹਨ । ਵੱਡੇ ਵੱਡੇ ਜਾਂਚ ਕਮਿਸ਼ਨ ਬਣਦੇ ਹਨ । ਉਹ ਸਾਰੇ ਦੇ ਸਾਰੇ ਜਾਂਚ ਕਮਿਸ਼ਨ ਆਪਣੀ ਕਾਰਵਾਈ ਓਪਨ ਚਲਾਉਂਦੇ ਹਨ । ਉਥੇ ਪ੍ਰੈਸ ਜਾ ਸਕਦੀ ਹੈ, ਕੋਈ ਵੀ ਪਬਲਿਕਸ਼ਨ ਜਾ ਸਕਦਾ ਹੈ । ਸਾਡੇ ਓਨਰੇਬਲ ਸੁਪਰੀਮ ਕੋਰਟ ਵਿਚ ਹੀਅਰਿੰਗ ਓਪਨ ਹੁੰਦੀ ਹੈ, ਕੋਈ ਬੰਦ ਦਰਵਾਜੇ ਕਰਕੇ ਨਹੀਂ ਹੁੰਦੀ । ਉਸ ਨੂੰ ਜਿਹੜਾ ਮਰਜੀ ਸੁਣ ਸਕਦਾ ਹੈ । ਸਾਡੇ ਮਾਨਯੋਗ ਹਾਈ ਕੋਰਟ ਵਿਚ ਵੀ ਖੁੱਲੀ ਕਾਰਵਾਈ ਚਲਦੀ ਹੈ । ਇਥੇ ਪੂਰੀ ਤਰ੍ਹਾਂ ਬੰਦ ਕਮਰਾ ਰੱਖਣਾ, ਸਾਰੀ ਕਾਰਵਾਈ ਇਨ ਕੈਮਰਾ ਕਰਨਾ, ਮੈਂ ਇਕ ਨਾਂਹ-ਪੱਖੀ ਤਬਦੀਲੀ ਸਮਝਦਾ ਹਾਂ ਜਿਸ ਦੇ ਕਿ ਮੈਂ ਵਿਰੋਧਤਾ ਕਰਦਾ ਹਾਂ । ਇਸ ਸਬੰਧੀ ਮੈਂ ਅਮੈਂਡਮੈਂਟ ਵੀ ਆਪਣੇ ਵੱਲੋਂ ਦਿੱਤੀ ਹੈ । ਮੈਂ ਇਹ ਸਮਝਦਾ ਹਾਂ ਕਿ ਸਰਕਾਰ ਇਹ ਫੈਸਲਾ ਨਾ ਦੇਵੇ ਐਕਟ ਰਾਹੀਂ, ਕਿਉਂਕਿ ਹੁਣ ਇਹ ਬਿਲ ਤੋਂ ਬਾਅਦ ਤਾਂ ਐਕਟ ਹੀ ਬਣਦਾ ਹੈ, ਇਸ ਦਾ ਫੈਸਲਾ ਮਾਨਯੋਗ ਲੋਕਪਾਲ ਤੇ ਰਹਿਣ ਦਿੱਤਾ ਜਾਵੇ । ਹਾਂ, ਜੇ ਦੇਸ਼ ਦੇ ਇੰਟਰਸਟ ਵਿਚ, ਪੰਜਾਬ ਦੇ ਇੰਟਰਸਟ ਵਿਚ, ਕਿਸੇ ਸਿਕਿਉਰਿਟੀ ਪੁਆਇੰਟ ਆਫ ਵਿਊ ਤੋਂ ਉਹ ਸਮਝਣ ਕਿ ਖੁੱਲੀ ਕਾਰਵਾਈ ਰੱਖਣਾ ਠੀਕ ਨਹੀਂ ਹੋਵੇਗਾ, ਤਾਂ ਇਸ ਗੱਲ ਦਾ ਫੈਸਲਾ ਉਹ ਆਪ ਕਰਨ । ਤੁਸੀਂ ਇਸ ਗੱਲ ਤੇ ਇਹ ਅਮੈਂਡਮੈਂਟ ਪਾ ਸਕਦੇ ਹੋ ਅਤੇ ਇਸ ਦਾ ਫੈਸਲਾ ਉਨ੍ਹਾਂ ਤੇ ਹੀ ਛੱਡ ਦਿੱਤਾ ਜਾਵੇ । ਨਹੀਂ ਤਾਂ ਇਹ ਇਨਸਾਫ ਵਾਲੀ ਗੱਲ ਨਹੀਂ ਹੋਵੇਗੀ ਜੇ ਇਥੋਂ ਹੀ ਐਕਟ ਵਿਚ ਇਹ ਪ੍ਰੋਵੀਜ਼ਨ ਪਾ ਦਿੱਤੀ ਜਾਵੇ । ਸਾਰੀਆਂ ਕੋਰਟਾਂ ਵਿਚ ਜਾਂਚ ਕਮਿਸ਼ਨਾਂ ਇਹ ਪ੍ਰੋਵੀਜ਼ਨ ਹੈ ਤਾਂ ਇਥੇ ਕਿਉਂ ਨਹੀਂ ਹੋਣ ਦੇਂਦੇ ? ਇਸ ਲਈ ਮੇਰੀ ਬੇਨਤੀ ਹੈ ਅਤੇ ਮੈਨੂੰ ਆਸ ਹੈ ਕਿ ਜੋ ਮੈਂ ਇਸ ਸਬੰਧੀ ਅਮੈਂਡਮੈਂਟ ਦਿੱਤੀ ਹੈ, ਉਸ ਨੂੰ ਸ਼ਾਮਿਲ ਕੀਤਾ ਜਾਵੇਗਾ ।

ਇਸ ਵਿਚ ਇਕ ਚੀਜ਼ ਹੈ ਸਜ਼ਾ ਦੇਣ ਦੀ ਅਥਾਰਿਟੀ ਬਾਰੇ, ਉਸ ਨੂੰ ਵੀ ਮੈਂ ਠੀਕ ਨਹੀਂ ਸਮਝਦਾ । ਲੋਕਪਾਲ ਕੋਲ ਜੁਡੀਸ਼ਅਲ ਅਥਾਰਿਟੀ ਹੈ । ਇਸ ਵਿਚ ਪ੍ਰੋਵੀਜ਼ਨ ਹੈ ਕਿ ਲੋਕਪਾਲ ਹਾਈ ਕੋਰਟ ਦਾ ਰਿਟਾਇਰਡ ਚੀਫ ਜਸਟਿਸ ਹੋਵੇਗਾ ਜਾਂ ਆਨਰੇਬਲ ਸੁਪ੍ਰੀਮ ਕੋਰਟ ਦਾ ਜੱਜ ਹੋਵੇਗਾ । ਫਿਰ ਉਸ ਕੋਲ ਜੁਡੀਸ਼ੀਅਲ ਅਥਾਰਿਟੀ ਤਾਂ ਹੈ ਹੀ । ਅਗਰ ਕੋਈ ਵਿਅਕਤੀ ਦੋਸ਼ੀ ਸਾਬਤ ਹੋ ਗਿਆ ਤਾਂ ਉਸ ਸਬੰਧੀ ਰਿਪੋਰਟ ਲੋਕਪਾਲ ਨੇ ਪੰਜਾਬ ਗੌਰਮਿੰਟ ਨੂੰ ਕਰਨੀ ਹੈ । ਅੱਗੋਂ ਫਿਰ ਸਰਕਾਰ ਦੀ ਮਰਜ਼ੀ ਹੋਵੇਗੀ ਕਿ ਉਹ ਬੇਸ਼ੱਕ ਉਸ ਦੀ ਸਜ਼ਾ ਘਟਾ ਦੇਵੇ, ਵਧਾ ਦੇਵੇ ਤਾਂ ਉਸ ਨੂੰ ਛੱਡ ਦੇਵੇ ਫਿਰ ਸਰਕਾਰ ਉਸ ਨੂੰ ਆਪਣੀ ਰਿਪੋਰਟ ਲਿਖ ਕੇ ਵਾਪਸ ਕਰੇਗੀ ਅਤੇ ਅੱਗੋਂ ਫਿਰ ਅਗਰ ਲੋਕਪਾਲ ਦੀ ਸੰਤੁਸ਼ਟੀ ਹੈ ਤਾਂ ਉਹ ਸਰਕਾਰ ਦੀ ਕਾਰਵਾਈ ਨੂੰ ਮੰਨ ਸਕਦਾ ਹੈ ਅਤੇ ਅਗਰ ਲੋਕਪਾਲ ਦੀ ਉਸ ਰਿਪੋਰਟ ਤੇ ਸੰਤੁਸ਼ਟੀ ਨਹੀਂ ਹੈ ਤਾਂ ਉਹ ਅੱਗੋਂ ਆਨਰੇਬਲ ਗਵਰਨਰ ਸਾਹਿਬ ਨੂੰ ਕਾਰਵਾਈ ਦੀ ਰਿਪੋਰਟ ਅਗਲੇ ਐਕਸ਼ਨ ਵਾਸਤੇ ਭੇਜ ਸਕਦਾ ਹੈ । ਮੇਰੀ ਇਥੇ ਵੀ ਅਮੈਂਡਮੈਂਟ ਹੈ । ਮੈਂ ਇਹ ਸਮਝਦਾ ਹਾਂ ਕਿ ਇਸ ਸਾਰੀ ਕਾਰਵਾਈ ਦੀ ਬਜਾਏ ਇਹ ਸਾਰੀਆਂ ਪਾਵਰਾਂ ਪ੍ਰਾਸੀਕਿਊਸ਼ਨ ਸਮੇਤ ਲੋਕਪਾਲ ਨੂੰ ਕਿਉਂ ਨਹੀਂ ਦਿੱਤੀਆਂ ਜਾਂਦੀਆਂ ? ਜਦ ਲੋਕਪਾਲ ਨੂੰ

ਸਜ਼ਾ ਦੇਣ ਦਾ ਅਧਿਕਾਰ ਦੇ ਦਿੱਤਾ ਤਾਂ ਫਿਰ ਅੱਗੇ ਸਾਰੀ ਕਾਰਵਾਈ ਤੇ ਸਰਕਾਰ ਨੇ ਆਪਣੇ ਕੋਲੋਂ ਆਪਣੀ ਰਿਪੋਟ ਕਿਉਂ ਦੇਣੀ ਹੈ ? ਇਹ ਕੰਮ ਆਪਣੇ ਕੋਲ ਕਿਉਂ ਰੱਖ ਲਿਆ ? ਇਸ ਗੱਲ ਦਾ ਤੁਹਾਨੂੰ ਵੀ ਪਤਾ ਹੈ ਕਿ ਪੁਲੀਟੀਕਲ ਸਰਕਾਰਾਂ ਦੀਆਂ 20 ਮਜ਼ਬੂਰੀਆਂ ਹੁੰਦੀਆਂ ਹਨ, ਕਈ ਲਿਹਾਜ਼ਦਾਰੀਆਂ ਤੇ ਹੋਰ ਦਾਰੀਆਂ ਹੁੰਦੀਆਂ ਹਨ ਅਤੇ ਕਈ ਮੁਸ਼ਕਲਾਂ ਹੁੰਦੀਆਂ ਹਨ । ਇਹ ਇਕ ਇੰਡੀਪੈਂਡੈਂਟ ਬਾਡੀ ਅਸੀਂ ਬਣਾ ਰਹੇ ਹਾਂ । ਫਿਰ ਅਸੀਂ ਇਸ ਵਿਚ ਇਹ ਕਮਜ਼ੋਰ ਧਾਰਾਵਾਂ, ਸਬ ਧਾਰਾਵਾਂ ਕਿਉਂ ਸ਼ਾਮਿਲ ਕਰ ਰਹੇ ਹਾਂ ? ਅਸੀਂ ਇਕ ਸਿਹਤਮੰਦ ਅਤੇ ਮਜ਼ਬੂਤ ਸਮਾਜਿਕ ਆਧਾਰ ਬਨਾਉਣ ਬਾਰੇ ਵਚਨ ਬੱਧਤਾ ਦੁਹਰਾਈ ਹੈ ਤਾਂ ਇਸ ਨੂੰ ਉਨ੍ਹਾਂ ਲੀਹਾਂ ਤੇ ਹੀ ਬਨਾਉਣਾ ਚਾਹੀਦਾ ਹੈ । ਇਸ ਵਿਚ ਇਹ ਤਬਦੀਲੀ ਕਰਨੀ ਚਾਹੀਦੀ ਹੈ ਤਾਂ ਕਿ ਇਹ ਇਕ ਇੰਡੀਪੈਂਡੈਂਟ ਬਾਡੀ ਉਭਰ ਕੇ ਸਾਡੇ ਸਾਹਮਣੇ ਆਵੇ ।

ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਲੋਕ ਪਾਲ ਦੇ ਪੂਰੀ ਤਰ੍ਹਾਂ ਹੱਥ ਬੰਨ੍ਹ ਦਿੱਤੇ ਗਏ ਹਨ । ਇਸ ਵਿਚ ਇਹ ਕਰ ਦਿੱਤਾ ਗਿਆ ਹੈ ਕਿ ਲੋਕਪਾਲ ਜੀ ਆਪਣੇ ਤੌਰ ਤੇ, ਸੂਓ ਮੋਟੋ ਐਕਸ਼ਨ ਨਹੀਂ ਲੈ ਸਕਦੇ । ਇਹ ਗੱਲ ਇਸ ਬਿਲ ਨੂੰ ਕਮਜ਼ੋਰ ਕਰੇਗੀ । ਅਸੀਂ ਉਨ੍ਹਾਂ ਦੇ ਹੱਥ ਕਿਉ ਬੰਨ੍ਹੀਏ ? ਇਸ ਵਿਚ ਤਾਂ ਪ੍ਰੋਸੀਜ਼ਰ ਵੀ ਕਾਫੀ ਲੰਬਾ ਹੈ । ਕਿਸੇ ਦੀ ਸ਼ਿਕਾਇਤ ਦਾਖਲ ਕਰਨ ਲਈ ਇਕ ਨਿਰਧਾਰਤ ਪਰੋਫਾਰਮਾ ਹੈ । ਫੀਸ ਵੀ ਅਦਾ ਕਰਨੀ ਪੈਂਦੀ ਹੈ । ਇਹ ਗੱਲ ਠੀਕ ਹੈ ਕਿ ਅਗਰ ਕਿਸੇ ਦੇ ਖਿਲਾਫ ਗਲਤ ਸ਼ਿਕਾਇਤ ਹੋ ਗਈ ਤਾਂ ਉਸ ਵਿਅਕਤੀ ਦਾ ਸਾਰੇ ਦਾ ਸਾਰਾ ਕੈਰੀਅਰ ਖਤਮ ਹੋ ਸਕਦਾ ਹੈ । ਸ਼ਿਕਾਇਤ ਕਰਤਾ ਦੇ ਖਿਲਾਫ ਸਜ਼ਾ ਦੀ ਵੀ ਪ੍ਰੋਵੀਜ਼ਨ ਹੈ । ਕਾਫੀ ਲੰਬੀ ਪ੍ਰੋਸੀਜ਼ਰ ਹੈ । ਅੱਗੋਂ ਇਹ ਕਹਿਣਾ ਕਿ ਜੇਕਰ ਉਹ ਇਨ-ਟਾਈਮ ਪਹੁੰਚ ਨਹੀਂ ਕਰਦਾ ਤਾਂ ਐਕਸ਼ਨ ਲੈਣਾ ਬਣਦਾ ਹੈ । ਇਹ ਪਾਬੰਦੀ ਅਸੀਂ ਕਿਉਂ ਲਾਈਏ ? ਇਹ ਪਾਬੰਦੀ ਨਹੀਂ ਲਾਉਣੀ ਚਾਹੀਦੀ । ਅੱਗੋਂ ਸ਼ਿਕਾਇਤ ਕਰਤਾ ਲਈ 5,000 ਰੁਪਿਆ ਫੀਸ ਘਟਾ ਕੇ 1,000 ਰੁਪਿਆ ਕਰ ਦਿੱਤੀ ਗਈ ਹੈ । ਪਹਿਲੀ ਗੱਲ ਤਾਂ ਤੁਸੀਂ ਸਰਕਾਰ ਵਾਲਿਆਂ ਚੋਂ ਬਹੁਤ ਸਾਰਿਆਂ ਨੇ ਸ਼ਿਕਾਇਤ ਕਰਨ ਜਾਣਾ ਹੀ ਨਹੀਂ । ਉਸੇ ਆਧਾਰ ਤੇ ਕਿ ਤੂੰ ਮੈਨੂੰ ਨਾ ਛੇੜੀਂ, ਮੈਂ ਤੈਨੂੰ ਨਹੀਂ ਛੇੜਾਂਗਾ, ਕੰਮ ਚੱਲੀ ਜਾਣਾ ਹੈ । ਸਾਡਾ ਇਹੀ ਐਕਸਪੀਰੀਐਂਸ ਰਿਹਾ ਹੈ । ਇਹ ਪ੍ਰਚਾਰ ਤਾਂ ਸਟੇਜਾਂ ਤੇ ਹੀ ਹੁੰਦੇ ਹਨ । ਫਿਰ ਵੀ ਅਗਰ ਕਿਸੇ ਨੇ ਸ਼ਿਕਾਇਤ ਕਰਨ ਜਾਣਾ ਹੈ ਤਾਂ ਉਸ ਵਿਚ ਦੋ ਚੀਜ਼ਾਂ ਕਿਉਂ ਹੋਣ । ਸ਼ਿਕਾਇਤ ਦਾਖਲ ਕਰਨ ਲਈ ਤਾਂ 5,000 ਰੁਪਏ ਤੋਂ ਘਟਾ ਕੇ 1,000 ਕਰ ਦਿੱਤਾ । ਇਹ 1,000 ਰੁਪਿਆ ਵੀ ਗਲਤ ਹੈ । ਦੋ ਚੀਜ਼ਾਂ ਐਟ-ਏ-ਟਾਈਮ ਕਿਸ ਤਰ੍ਹਾਂ ਹੋ ਸਕਦੀਆਂ ਹਨ ? ਸ਼ਿਕਾਇਤ ਕਰਨ ਦਾ 1,000 ਰੁਪਿਆ ਭਰਨਾ ਹੈ ਅਤੇ ਜੇ ਉਹ ਸ਼ਿਕਾਇਤ ਤੱਥਾਂ ਤੇ ਆਧਾਰਤ ਨਹੀਂ, ਉਹ ਬੰਦਾ ਉਸ ਨੂੰ ਪਰੂਵ ਨਹੀਂ ਕਰ ਸਕਦਾ ਉਹ ਸ਼ਿਕਾਇਤ ਗਲਤ ਸਾਬਤ ਹੋ ਗਈ ਤਾਂ ਉਸ ਨੂੰ 5,000 ਰੁਪਿਆ ਜੁਰਮਾਨਾ ਅਤੇ ਇਕ ਸਾਲ ਦੀ ਸਜ਼ਾ ਕਰਨ ਦੀ ਪ੍ਰੋਵੀਜ਼ਨ ਹੈ । ਜਦੋਂ ਆਲਰੇਡੀ ਪ੍ਰੋਵੀਜ਼ਨ ਕੀਤੀ ਹੋਈ ਹੈ ਕਿ ਕੋਈ ਵਿਅਕਤੀ ਖਾਹਮਖਾਹ ਕਿਸੇ ਸ਼ਖਸੀਅਤ, ਕਿਸੇ ਪੁਲੀਟੀਕਲ ਵਿਅਕਤੀ ਦਾ ਚਿਹਰਾ ਮੋਹਰਾ ਖਰਾਬ ਕਰਨ ਦੀ ਭਾਵਨਾ ਨਾਲ ਸ਼ਿਕਾਇਤ ਨਾ ਕਰੇ, ਇਸ ਦੇ ਵਿਚ ਜਦੋਂ ਪਹਿਲਾਂ ਹੀ ਸਜ਼ਾ ਦੀ ਪ੍ਰੋਵੀਜ਼ਨ ਕਰਕੇ ਅਤੇ ਜੁਰਮਾਨੇ ਦੀ ਪ੍ਰੋਵੀਜ਼ਨ ਕਰਕੇ ਉਸ ਦਾ ਰਸਤਾ ਰੋਕਿਆ ਹੋਇਆ ਹੈ

[ਕਾਮਰੇਡ ਹਰਦੇਵ ਅਰਸ਼ੀ]

ਤਾਂ ਫਿਰ ਇਸ ਇਕ ਹਜ਼ਾਰ ਰੁਪਏ ਰੱਖਣ ਦੀ ਕੀ ਜ਼ਰੂਰਤ ਹੈ। ਜੇ ਟੋਕਨ ਦੇ ਤੌਰ ਤੇ ਇਸ ਨੂੰ ਘਟੋ ਘੱਟ ਇਕ ਸੌ ਰੁਪਿਆ ਕਰ ਦਿੱਤਾ ਜਾਵੇ ਤਾਂ ਇਹ ਬਹੁਤ ਵਧੀਆ ਗੱਲ ਹੋ ਸਕਦੀ ਹੈ।

ਇਕ ਜਿਹੜੀ ਸਾਰਿਆਂ ਤੋਂ ਮਾੜੀ ਗੱਲ ਹੈ, ਉਸ ਬਾਰੇ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਪਹਿਲਾਂ ਤੋਂ ਹੀ ਕਿਉਂ ਘਬਰਾ ਕੇ ਚੱਲਦੇ ਹੋ। ਪਹਿਲੇ ਐਕਟ ਦੇ ਵਿਚ ਡੇਟ ਦੀ ਪ੍ਰੋਵੀਜ਼ਨ ਸੀ। ਉਸ ਦੇ ਵਿਚ ਡੇਟ ਫਿਕਸ ਕੀਤੀ ਹੋਈ ਸੀ ਅਤੇ ਇਹ ਡੇਟ 1-1-1985 ਸੀ ਪਰ ਤੁਸੀ ਇਸ ਦੀ ਬਜਾਏ ਇਸ ਐਕਟ ਦੇ ਵਿਚ 'ਪਿਛਲੇ 5 ਸਾਲ ਕਰ ਦਿੱਤਾ। 1992 ਵਿਚ ਜਦੋਂ ਪਿਛਲੀ ਸਰਕਾਰ ਬਣੀ ਸੀ, ਉਸ ਸਮੇ ਤੋਂ ਲੈ ਕੇ ਹੁਣ ਤੱਕ 6 ਸਾਲ ਬਣ ਜਾਂਦੇ ਹਨ। ਇਸ ਦਾ ਮਤਲਬ ਇਹ ਹੋਇਆ ਕਿ ਜੇ 1992 ਵਿਚ ਕਿਸੇ ਨੇ ਕੋਈ ਗੜਬੜ ਕੀਤੀ ਸੀ ਤਾਂ ਇਸ ਨਵੇਂ ਐਕਟ ਦੇ ਮੁਤਾਬਿਕ ਤਾਂ ਉਹ ਸਾਫ ਬਚ ਗਿਆ। ਜੇ ਉਸ ਵੇਲੇ ਦੀ ਸਰਕਾਰ ਠੀਕ ਸੀ, ਮੰਤਰੀ ਠੀਕ ਸਨ ਅਤੇ ਵਿਧਾਇਕ ਠੀਕ ਸਨ ਤਾਂ ਫਿਰ ਮੌਜੂਦਾ ਸਰਕਾਰ ਨੂੰ ਕੀ ਡਰ ਹੈ ਕਿ ਇਸ ਨੇ ਉਹ ਸਮਾਂ ਘਟਾ ਕੇ 5 ਸਾਲ ਕਰ ਦਿੱਤਾ। ਸਪੀਕਰ ਸਾਹਿਬ, ਅਸੀਂ ਸਾਰੇ ਜਾਣਦੇ ਹਾਂ ਕਿ ਦੇਸ਼ ਵਿਚ 15-15 ਸਾਲ ਪੁਰਾਣੇ ਸਕੈਂਡਲ ਵੀ ਇਨਵੈਸਟੀਗੇਟ ਹੋ ਰਹੇ ਹਨ। ਫਿਰ ਤੁਸੀਂ ਇਥੇ ਕਿਉਂ ਇਸ ਐਕਟ ਦੇ ਹੱਥ ਬੰਨ ਦਿੱਤੇ। ਇਸ ਦੇ ਨਾਲ ਰੌਂਗ ਸਿਗਨਲ ਲੋਕਾਂ ਵਿਚ ਜਾਵੇਗਾ ਕਿ ਇਹ ਪਿੱਕ ਐਂਡ ਚੂਜ਼ ਵਾਲੀ ਗੱਲ ਕੀਤੀ ਜਾ ਰਹੀ ਹੈ। ਇਹ ਲਿਹਾਜ ਪਾਲਣ ਵਾਲੀ ਗੱਲ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਦੀ ਤਬਦੀਲੀ ਇਸ ਦੇ ਵਿਚ ਨਹੀਂ ਕਰਨੀ ਚਾਹੀਦੀ। ਮੈਂ ਜ਼ੋਰ ਦੇ ਕੇ ਮੰਗ ਕਰਦਾ ਹਾਂ ਕਿ ਪਿਛਲੇ 5 ਸਾਲ ਦੀ ਵਜਾਏ ਜਾਂਚ ਦਾ ਘੇਰਾ 1-1-85 ਤੋਂ ਕੀਤਾ ਜਾਵੇ।

ਕੁਝ ਹੋਰ ਗੱਲਾਂ ਵੀ ਇਸ ਦੇ ਵਿਚ ਛੱਡ ਦਿੱਤੀਆਂ ਗਈਆਂ ਹਨ। ਇਸ ਦੇ ਬਾਰੇ ਮੈਂ ਇਕ ਬੇਨਤੀ ਬੜੀ ਸੀਰੀਅਸਲੀ ਕਰਨੀ ਚਾਹੁੰਦਾ ਹਾਂ ਇਹ ਠੀਕ ਹੈ ਕਿ ਪਬਲਿਕਮੈਨ ਵਾਸਤੇ ਇਸ ਦੇ ਵਿਚ ਸਜ਼ਾ ਦੀ ਪ੍ਰੋਵੀਜ਼ਨ ਕਰ ਦਿੱਤੀ ਹੈ ਅਤੇ ਇਹ ਵੀ ਠੀਕ ਹੈ ਕਿ ਜੇ ਕੋਈ ਪਬਲਿਕਮੈਨ ਗਲਤ ਕੰਮ ਕਰਦਾ ਹੈ ਤਾਂ ਉਹ ਬਖਸ਼ਿਆਂ ਨਹੀਂ ਜਾਣਾ ਚਾਹੀਦਾ ਲੇਕਿਨ ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਜੇ ਕਿਤੇ ਕੋਈ ਗਲਤ ਕੰਮ ਹੁੰਦਾ ਹੈ ਤਾਂ ਉਸ ਦੇ ਵਾਸਤੇ ਸਿਰਫ ਚੁਣੇ ਹੋਏ, ਪਬਲਿਕਮੈਨ ਹੀ ਤਾਂ ਜ਼ਿੰਮੇਵਾਰ ਨਹੀਂ ਹੁੰਦੇ ਬਿਊਰੋਕਰੇਸੀ ਵੀ ਇਸ ਦੇ ਵਿਚ ਸ਼ਾਮਲ ਹੁੰਦੀ ਹੈ। ਇਸ ਐਕਟ ਦੇ ਵਿਚ ਪਬਲਿਕਮੈਨ ਦੇ ਨਾਲ ਬਿਊਰੋਕਰੇਸੀ ਨੂੰ ਸ਼ਾਮਲ ਨਹੀਂ ਕੀਤਾ ਗਿਆ। ਗਲਤ ਕੰਮਾਂ ਵਾਸਤੇ ਬਿਉਰੋਕਰੇਸੀ ਦਾ ਵੀ ਉਨਾ ਹੀ ਰੋਲ ਹੈ। ਕਹਿਣ ਨੂੰ ਤਾਂ ਸਰਕਾਰ ਇਹ ਵੀ ਕਹਿ ਸਕਦੀ ਹੈ ਕਿ ਬਿਊਰੋਕਰੇਸੀ ਵਾਸਤੇ ਵੱਖਰੇ ਰੂਲ ਹਨ, ਉਨ੍ਹਾਂ ਦੀ ਡਿਪਾਰਟਮੈਂਟ ਆਪ ਇਨਕੁਆਇਰੀ ਕਰਦਾ ਹੈ ਜਾਂ ਉਨ੍ਹਾਂ ਵਾਸਤੇ ਚੌਕਸੀ ਵਿਭਾਗ ਬਣਾਇਆ ਹੋਇਆ ਹੈ। ਫਰਜ਼ ਕਰੋ ਕਿ ਮੇਰੇ ਖਿਲਾਫ ਕੋਈ ਸ਼ਿਕਾਇਤ ਹੈ ਤਾਂ ਇਹ ਜ਼ਰੂਰੀ ਤਾਂ ਨਹੀਂ ਕਿ ਇਹ ਸ਼ਿਕਾਇਤ ਲੋਕ ਪਾਲ ਕੋਲ ਹੀ ਕੀਤੀ ਜਾ ਸਕਦੀ ਹੈ ਅਤੇ ਚੌਕਸੀ ਵਿਭਾਗ ਕੋਲ ਨਹੀਂ ਕੀਤੀ ਜਾ ਸਕਦੀ। ਇਹ ਸ਼ਿਕਾਇਤ ਚੌਕਸੀ ਵਿਭਾਗ ਕੋਲ ਵੀ ਕੀਤੀ ਜਾ

ਸਕਦੀ ਹੈ । ਮੈਂ ਇਹ ਕਦੇ ਵੀ ਮੰਨ ਕੇ ਨਹੀਂ ਚੱਲਿਆ ਕਿ ਸਾਰੇ ਦੇ ਸਾਰੇ ਰਾਜਨੀਤਕ ਲੋਕ ਹੀ ਮਾੜੇ ਹਨ । ਜੇ ਸਾਰੇ ਸਿਆਸੀ ਲੋਕ ਹੀ ਮਾੜੇ ਹੋਣ ਤਾਂ ਸਾਡੀਆਂ ਇਹ ਜਮਹੂਰੀ ਸੰਸਥਾਵਾਂ ਬਿਲਕੁਲ ਨਹੀਂ ਚੱਲ ਸਕਦੀਆਂ । ਇਨ੍ਹਾਂ ਵਿਚ ਕੁਝ ਮਾੜੇ ਵੀ ਹਨ ਅਤੇ ਕੁਝ ਚੰਗੇ ਵੀ ਹਨ । ਇਸੇ ਤਰ੍ਹਾਂ ਸਾਰੀ ਅਫਸਰਸ਼ਾਹੀ ਵੀ ਮਾੜੀ ਨਹੀਂ । ਜੇ ਸਾਰੀ ਹੀ ਅਫਸਰਸ਼ਾਹੀ ਮਾੜੀ ਹੋਵੇ ਤਾਂ ਇਹ ਦੇਸ਼ ਚੱਲ ਹੀ ਨਹੀਂ ਸਕਦਾ । ਪਰ ਇਹ ਵੀ ਸੱਚ ਹੈ ਕਿ ਸਾਰੇ ਅਫਸਰ ਚੰਗੇ ਵੀ ਨਹੀਂ ਹਨ । ਇਨ੍ਹਾਂ ਵਿਚ ਬਹੁਤ ਸਾਰੇ ਮਾੜੇ ਵੀ ਹਨ । ਜਿਹੜੇ ਮਾੜੇ ਹਨ, ਉਨ੍ਹਾਂ ਨੂੰ ਕਿਉਂ ਨਹੀਂ ਇਸ ਦੇ ਵਿਚ ਸ਼ਾਮਲ ਕੀਤਾ ਜਾਂਦਾ ਚਾਹੇ ਉਹ ਆਈ.ਏ.ਐਸ. ਹੈ, ਆਈ. ਪੀ. ਐਸ. ਜਾਂ ਪੀ. ਸੀ. ਐਸ. ਹੈ। ਮੇਰਾ ਆਪਣਾ ਐਕਸਪੀਰੀਐਂਸ ਹੈ ਇਕ ਡਿਵੀਜ਼ਨ ਦੇ ਕਮਿਸ਼ਨਰ ਦਾ ਮੈਂ ਪਿਛਲੀ ਸਰਕਾਰ ਨੂੰ ਵੀ ਅਤੇ ਮੌਜੂਦਾ ਸਰਕਾਰ ਨੂੰ ਵੀ 2 ਵਾਰ ਲਿਖ ਚੁੱਕਿਆ ਹਾਂ ਲੇਕਿਨ ਕੋਈ ਐਕਸ਼ਨ ਨਹੀਂ ਹੋਇਆ । ਮਿਸਾਲ ਲਈ ਐਫ. ਡੀ. ਤੋਂ ਕੋਈ ਮਨਜ਼ੂਰੀ ਲਈ ਕੋਈ ਐਡ ਨਹੀਂ। ਕੋਈ ਐਪਲਾਇਮੈਂਟ ਐਕਸਚੇਂਜ ਤੋਂ ਨਾਮ ਨਹੀਂ ਲਏ ਅਤੇ ਕੋਈ ਕੈਬਨਿਟ ਦੀ ਮਨਜ਼ੂਰੀ ਨਹੀਂ ਲਈ ਪਰ ਫਿਰ ਵੀ ਨਾਇਬ ਤਹਿਸੀਲਦਾਰ ਭਰਤੀ ਉਸ ਨੇ ਕਰ ਲਏ ।

---

*10.39 ਵਜੇ ਪੂਰਵ ਦੁਪਹਿਰ

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

11 ਨਾਇਬ ਤਹਿਸੀਲਦਾਰ ਭਰਤੀ ਕਰ ਲਏ । ਸਭ ਤੋਂ ਲੰਮਾ ਸਮਾਂ ਉਹ ਸਬੰਧਤ ਡਿਵੀਜ਼ਨ ਦਾ ਕਮਿਸ਼ਨਰ ਰਿਹਾ । ਉਨ੍ਹਾਂ ਨਾਇਬ ਤਹਿਸੀਲਦਾਰਾਂ ਨੂੰ ਤਨਖਾਹ ਕਿਥੋਂ ਮਿਲੀ ? ਐਫ. ਡੀ. ਨੇ ਪਿਛਲੀ ਮਨਜ਼ੂਰੀ ਕਿਵੇਂ ਦੇ ਦਿੱਤੀ ? ਮਤਲਬ ਸਾਫ ਹੈ ਕਿ ਇਸ ਦੇ ਵਿਚ ਕਿੱਕ ਬੈਕ ਹੋਈ ਹੈ । ਇਸ ਦੇ ਬਾਰੇ ਮੈਂ ਪਿਛਲੀ ਸਰਕਾਰ ਨਾਲ ਵੀ ਲਿਖ ਲਿਖ ਕੇ ਹਾਰ ਗਿਆ । ਹੁਣ ਨਵੀਂ ਸਰਕਾਰ ਕੋਲ ਵੀ ਬੇਨਤੀ ਕੀਤੀ ਸੀ ਬਿਨਾਂ ਐਫ. ਡੀ. ਦੀ ਮਨਜ਼ੂਰੀ ਦੇ ਬਿਨਾਂ ਰੂਲਾਂ ਦੇ ਅਤੇ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਉਹ ਬੰਦੇ ਰੱਖੇ ਗਏ ਹਨ । ਮੇਰੀ ਬੇਨਤੀ ਸੀ ਕਿ ਉਨ੍ਹਾਂ ਨੂੰ ਕਿਸੇ ਕਟਹਿਰੇ ਵਿਚ ਖੜ੍ਹਾ ਕਰੋ । ਕੋਈ ਐਕਸ਼ਨ ਤਾਂ ਲਵੋਂ ਭਾਵੇਂ ਫਿਰ ਉਨ੍ਹਾਂ ਨੂੰ ਬਰੀ ਹੀ ਕਿਉ ਨਾ ਕਰ ਦਿਓ ਲੇਕਿਨ ਕੋਈ ਐਕਸ਼ਨ ਨਹੀਂ । ਇਥੇ ਸਿਰਫ ਪਬਲਿਕਮੈਨ ਦਾ ਹੀ ਜ਼ਿਕਰ ਹੈ । ਇਸ ਦੇ ਵਿਚ ਜੇਕਰ ਬਿਉਰੋਕਰੇਸੀ ਨੂੰ ਵੀ ਸ਼ਾਮਲ ਕਰ ਲਿਆ ਜਾਵੇ ਤਾਂ ਗੌਰਮਿੰਟ ਨੂੰ ਕੀ ਇਤਰਾਜ ਹੈ । ਪਿੱਛੇ ਜਿਹੇ ਅਖਬਾਰਾਂ ਵਿਚ ਵੀ ਆਇਆ ਸੀ ਕਿ ਜਿਹੜੀਆਂ 3 ਸ਼ੂਗਰ ਮਿੱਲਾਂ ਸਾਡੀ ਸਰਕਾਰ ਨੇ ਵੇਚੀਆਂ ਹਨ, ਉਸ ਦੇ ਵਿਚ ਆਈ. ਏ. ਐਸ. ਅਫਸਰਾਂ ਦੀ ਵੀ ਸ਼ਮੂਲੀਅਤ ਹੈ । ਉਨ੍ਹਾਂ ਆਈ. ਏ. ਐਸ. ਅਫਸਰਾਂ ਦੀ ਪੜਤਾਲ ਕਰਵਾਉਣੀ ਚਾਹੀਦੀ ਹੈ । ਕਈ ਵਿਭਾਗਾਂ ਵਿਚ ਆਈ. ਏ. ਐਸ./ਪੀ. ਸੀ. ਐਸ. ਅਫਸਰ ਵੀ ਉਹੀ ਅਤੇ ਉਸ ਦਾ ਪ੍ਰਾਈਵੇਟ ਸੇਕਟਰੀ ਵੀ ਉਹੀ, 10-10 ਸਾਲ ਲਗਾਤਾਰ ਉਹੀ ਅਫਸਰ ਲੱਗੇ ਹੋਏ ਹਨ । ਇਹ ਕਲਿੱਕ ਕੁਝ ਇਕੱਠਾ ਕਰਨ ਵਾਸਤੇ ਹੀ ਬਣਿਆ ਹੋਵੇਗਾ । ਇਹ ਠੀਕ ਹੈ ਕਿ ਚਲੋ ਕੋਈ ਨਹੀਂ ਇੱਕ ਅੱਧੀ ਅਸੀਂ ਗੱਲ ਸਮਝ ਸਕਦੇ ਹਾਂ ਕਿ ਸਟੈਨੋ ਬੜਾ ਕਨਫੀਡੈਂਸ ਵਾਲਾ ਹੁੰਦਾ ਹੈ ਅਤੇ ਉਸ ਤੇ ਵਿਸ਼ਵਾਸ ਬਣਿਆ ਹੋਇਆ ਹੁੰਦਾ ਹੈ ਲੇਕਿਨ ਇਹ ਲਗਾਤਾਰ ਲੱਗੇ ਰਹਿਣੇ ਠੀਕ ਨਹੀਂ, ਇਹਨਾਂ ਦੀ ਵੀ ਕਦੇ ਪੜਤਾਲ ਕਰ ਲਓ ।

[ਕਾਮਰੇਡ ਹਰਦੇਵ ਅਰਸ਼ੀ]

ਮੈਂ ਇਕ ਹੋਰ ਬੇਨਤੀ ਡਿਪਟੀ ਸਪੀਕਰ ਸਾਹਿਬ, ਆਖਿਰ ਦੇ ਵਿੱਚ ਇਹ ਕਰਨਾ ਚਾਹੁੰਦਾ ਹਾਂ ਕਿ ਇਹ ਪੰਜਾਬ ਦਾ ਅਖਬਾਰ, ਮੇਰਾ ਖਿਆਲ ਹੈ ਕਿ ਸਰਕਾਰ ਹੋਰ ਤਾਂ ਸ਼ਾਇਦ ਘੱਟ ਭਰੋਸਾ ਕਰੇ, 'ਅਜੀਤ' ਅਖਬਾਰ ਤੇ ਤਾਂ ਬੜਾ ਵੱਡਾ ਭਰੋਸਾ ਕਰ ਸਕਦੀ ਹੈ। ਪਰਸੋਂ ਦੇ ਅਖਬਾਰ ਦੇ ਵਿਚ ਇਕ ਬੜਾ ਵੱਡਾ, ਬੜਾ ਸ਼ਾਨਦਾਰ ਐਡੀਟੋਰੀਅਲ ਹੈ ਜਿਸ ਦੇ ਵਿੱਚ ਚੌਕਸੀ ਵਿਭਾਗ ਬਾਰੇ ਲਿਖਿਆ ਗਿਆ ਹੈ। ਮੈਂ ਸਮੇਂ ਦੀ ਬੱਚਤ ਕਰਦਾ ਹੋਇਆ ਸਾਰਾ ਪੜ੍ਹਨਾ ਨਹੀਂ ਚਾਹੁੰਦਾ ਜੋ ਨਾਂਹ-ਪੱਖੀ ਪ੍ਰਭਾਵ ਇਸ ਅਖਬਾਰ ਨੇ ਦਿੱਤਾ ਹੈ ਕਿ ਸਾਲਾਂ ਬੱਧੀ ਇਨਵੈਸਟੀਗੇਸ਼ਨ ਚਲਦੀ ਹੈ ਔਰ ਜੇ ਕਿਸੇ ਵੱਡੇ ਅਧਿਕਾਰੀ ਨੂੰ ਬੁਲਾਇਆ ਜਾਂਦਾ ਹੈ ਤਾਂ ਉਹ ਹਾਜ਼ਰ ਹੋਣਾ ਹੀ ਨਹੀਂ ਜ਼ਰੂਰੀ ਸਮਝਦਾ, ਹਾਜ਼ਰ ਹੋਣ ਜਾਂਦਾ ਹੀ ਨਹੀਂ ਜੇ ਡਾਕੂਮੈਂਟ ਮੰਗਵਾਏ ਜਾਂਦੇ ਹਨ ਤਾਂ ਉਹ ਕਿਸੇ ਕਲਾਸ ਫੋਰ ਦੇ ਹੱਥ ਭੇਜ ਦਿੱਤੇ ਜਾਂਦੇ ਹਨ। ਔਰ ਜਦੋਂ ਤੱਕ ਕਿਸੇ ਕੇਸ ਦੀ ਅਹਿਮੀਅਤ ਹੈ, ਉਸ ਨੂੰ ਡੀਲੇਅ ਕਰ ਦਿਓ, ਹੋਰ ਜ਼ਿਆਦਾ ਡੀਲੇਅ ਕਰ ਦਿਓ ਇਸ ਤਰ੍ਹਾਂ ਨਾਲ ਤਾਂ ਉਸ ਦੇ ਵਿਚ ਰਹਿੰਦਾ ਈ ਕੱਖ ਨਹੀਂ। ਪਹਿਲਾਂ ਸੀ.ਬੀ.ਆਈ. ਵੀ ਅੰਡਰ ਪਰੈਸ਼ਰ ਸੀ, ਹੁਣ ਤਾਂ ਧੰਨਵਾਦ ਕਰਨਾ ਚਾਹੀਦਾ ਹੈ ਸਾਡੀ ਸੁਪਰੀਮ ਕੋਰਟ ਦਾ ਕਿ ਉਸ ਨੇ ਇਸ ਤੋਂ ਘੱਟ ਘੱਟ ਕੁਝ ਬੰਧਸ਼ਾਂ ਤਾਂ ਹਟਾਈਆਂ। ਉਹਦਾ ਕੋਈ ਇੰਡੀਪੈਂਡੈਂਟ ਚਿਹਰਾ ਮੋਹਰਾ ਤਾਂ ਹੁਣ ਕੁਝ ਬਣ ਗਿਆ ਹੈ। ਇਸ ਤਰ੍ਹਾਂ ਇਹ ਜਿਹੜੀ ਵਿਜੀਲੈਂਸ ਹੈ, ਮੈਂ ਇਸ ਨੂੰ ਕਦੇ ਵੀ ਇੰਡੀਪੈਂਡੈਂਟ ਨਹੀਂ ਸਮਝਦਾ। ਜਿਹੜੀ ਮੌਜੂਦਾ ਸਰਕਾਰ ਹੈ ਜਾਂ ਮੌਜੂਦਾ ਸਰਕਾਰ ਦਾ ਜੋ ਹੈਡ ਹੈ, ਉਹਦੇ ਉਹ ਟੋਟਲੀ ਰਹਿਮੋ ਕਰਮ ਤੇ ਹੈ। ਉਹ ਕਿਸੇ ਨੂੰ ਫਸਾਣਾ ਚਾਹੇ ਤਾਂ ਉਸ ਨੂੰ ਫਸਾ ਵੀ ਸਕਦਾ ਹੈ। ਕਿਸੇ ਦਾ ਚਿਹਰਾ ਖ਼ਰਾਬ ਕਰਨਾ ਹੋਵੇ ਤਾਂ ਉਹ ਵੀ ਕਰ ਸਕਦਾ ਹੈ ਅਤੇ ਕਿਸੇ ਨੂੰ ਛੱਡਣਾ ਹੋਵੇ ਤਾਂ ਉਹ ਵੀ ਕਰ ਸਕਦਾ ਹੈ। ਤੁਸੀ ਨਾ ਹੀ ਫੈਸਲਾ ਦਿਓ, ਇਹਨੂੰ ਡੀਲੇਅ ਹੀ ਕਰਾਈ ਚਲੋ। ਅੱਜ ਜਿਹੜਾ ਕੋਈ ਬਰਨਿੰਗ ਇਸ਼ੂ ਹੈ, ਤੁਸੀਂ 7-8 ਸਾਲ ਤੱਕ ਉਹਨੂੰ ਡੀਲੇਅ ਕਰਾ ਦਿਓ, ਉਦੋਂ ਤੱਕ ਵਿਚਾਰੇ ਲੋਕ ਹੀ ਭੁੱਲ ਜਾਂਦੇ ਹਨ। ਲੋਕ ਵਿਚਾਰੇ ਕੀ ਕਰਨ। ਜੇ ਤਾਂ ਕੁਰੱਪਸ਼ਨ ਦਾ ਇਕ ਅੱਧਾ ਕੇਸ ਆਉਂਦਾ ਹੋਵੇ, ਫਿਰ ਤਾਂ ਲੋਕਾਂ ਦੇ ਯਾਦ ਵੀ ਰਹੇ। ਏਥੇ ਤਾਂ ਇਕ ਆਉਂਦਾ ਹੈ, ਅਗਲਾ ਉਸ ਤੋਂ ਵੱਧ ਡਿਗਰੀ ਦਾ ਹੈ ਲੋਕਾਂ ਦੇ ਉਹ ਨਵੀਂ ਡਿਗਰੀ ਯਾਦ ਰਹਿੰਦੀ ਹੈ, ਫਿਰ ਉਸ ਤੋਂ ਬਹੁਤ ਵੱਡੀ ਡਿਗਰੀ ਦਾ ਆ ਜਾਂਦਾ ਹੈ। ਇਸ ਕਰਕੇ ਵਿਚਾਰੇ ਲੋਕ ਹੁਣ ਤੱਕ ਤਾਂ ਐਡਜਸਟ ਕਰਕੇ ਸਮਝ ਹੀ ਗਏ ਹਨ ਕਿ ਸਾਰਾ ਆਵਾ ਹੀ . . . ਮੈਂ ਅੱਗੇ ਕੁਝ ਨਹੀਂ ਕਹਿਣਾ ਚਾਹੁੰਦਾ। ਸੋ ਮੇਰੀ ਇਸ ਦੇ ਵਿੱਚ ਬੜੀ ਨਿਮਰਤਾ ਦੇ ਨਾਲ ਬੇਨਤੀ ਹੈ ਕਿ ਕਲਾਸ ਵਨ ਆਫਿਸਰ ਜਿਹੜੇ ਹਨ, ਉਨ੍ਹਾਂ ਨੂੰ ਵੀ ਇਸ ਦੇ ਵਿੱਚ ਸ਼ਾਮਲ ਕਰੋ ਤਾਂ ਕਿ ਲੋਕਾਂ ਦੇ ਵਿੱਚ ਇਹ ਵਿਸਵਾਸ਼ ਬਣੇ ਕਿ ਮੌਜੂਦਾ ਸਰਕਾਰ ਦੀ ਜਿਹੜੀ ਵਚਨ-ਬੱਧਤਾ ਸੀ ਕਿ ਅਸੀਂ ਹਿੰਦੁਸਤਾਨ ਵਿਚੋਂ ਤਾਂ ਭਾਵੇਂ ਨਹੀਂ ਹਟਾ ਸਕਦੇ ਲੇਕਿਨ ਅਸੀਂ ਪੰਜਾਬ ਦੇ ਵਿੱਚ ਜ਼ਰੂਰ ਕੋਸ਼ਿਸ਼ ਕਰਾਂਗੇ ਕਿ ਰਿਸ਼ਵਤ ਖਤਮ ਹੋ ਜਾਵੇ। ਮੁਆਫ ਕਰਨਾ ਇਸ ਤੇ ਮੈਂ ਕੋਈ ਕੋਲੋਂ ਲਾ ਕੇ ਨਹੀਂ ਕਹਿੰਦਾ, ਥੱਲੇ ਲੋਕਾਂ ਵਿੱਚ ਇਹ ਪ੍ਰਭਾਵ ਹੈ ਕਿ ਤੁਸੀਂ ਆ ਕੇ ਕੁਰੱਪਸ਼ਨ ਨੂੰ ਸਸਪੈਂਡ ਨਹੀਂ ਕੀਤਾ, ਸਿਰਫ ਸ਼ੋਅ-ਕਾਜ਼ ਨੋਟਿਸ ਦਿੱਤਾ ਹੈ।

ਸ੍ਰੀ ਡਿਪਟੀ ਸਪੀਕਰ: ਅਰਸ਼ੀ ਸਾਹਿਬ, ਪਲੀਜ਼ ਵਾਈਂਡ-ਅੱਪ । ਬਹੁਤ ਟਾਈਮ ਹੋ ਗਿਆ ਹੈ ।

ਕਾਮਰੇਡ ਹਰਦੇਵ ਅਰਸ਼ੀ: ਮੈਂ ਇਸ ਗੱਲ ਦਾ ਖਿਆਲ ਰੱਖਾਂਗਾ ਜੀ । ਡਿਪਟੀ ਸਪੀਕਰ ਸਾਹਿਬ, ਜੇ ਬਿਲ ਤੇ ਬੋਲਣਾ ਹੋਵੇ ਤਾਂ ਤੁਸੀਂ ਵੀ ਸਮਝਦੇ ਹੋ ਕਿ ਰੂਲਜ਼ ਦੇ ਵਿੱਚ ਬੰਧਸ਼ ਈ ਨਹੀਂ । ਸਿਰਫ ਇਕ ਹੀ ਬੰਧਸ਼ ਹੈ ਕਿ ਰੈਪੀਟੀਸ਼ਨ ਨਹੀਂ ਹੋ ਸਕਦੀ ।

ਸ੍ਰੀ ਡਿਪਟੀ ਸਪੀਕਰ: ਬਾਕੀ ਮੈਂਬਰ ਸਾਹਿਬ ਨੇ ਵੀ ਬੋਲਣਾ ਹੈ ।

ਕਾਮਰੇਡ ਹਰਦੇਵ ਅਰਸ਼ੀ. ਮੈਂ ਆਖਿਰ ਦੇ ਵਿੱਚ ਦੋ ਗੱਲਾਂ ਈ ਕਹਿਣਾ ਚਾਹੁੰਦਾ ਹਾਂ ਕਿ ਕੁਰੱਪਸ਼ਨ ਨੂੰ ਜਿਹੜਾ ਤੁਸੀਂ ਸ਼ੋਅ ਕਾਜ਼ ਨੋਟਿਸ ਦਿੱਤਾ ਹੈ, ਉਸ ਨੇ ਉਸ ਦਾ ਰਿਪਲਾਈ ਦੇ ਦਿੱਤਾ ਹੈ ਕਿ ਜੀ, ਮੇਰੇ ਤੇ ਜਿਹੜੇ ਦੋਸ਼ ਲਗਾਏ ਗਏ ਹਨ, ਇਹ ਬੇਬੁਨਿਆਦ ਹਨ । ਮੁੜ ਕੇ ਇਹ ਫਿਰ ਪੁਰਾਣੀ ਤੋਰ ਹੀ ਚੱਲ ਰਹੀ ਹੈ । ਇਹ ਉਸੇ ਤੋਰ ਤੇ ਹੀ ਹੈ । ਕੋਈ ਚੇਂਜ ਨਹੀਂ। ਚੇਂਜ ਤੇ ਤਾਂ ਆਉਂਦੀ ਜੇ ਕੋਈ ਬਹੁਤ ਵੱਡੇ ਸਿਰੇ ਦੇ ਝਟਕਾਏ ਹੁੰਦੇ । ਫਿਰ ਤੇ ਨਜ਼ਰ ਆਉਂਦਾ, ਦਸ ਮਹੀਨਿਆਂ ਦੇ ਵਿੱਚ ਤਾਂ ਕੋਈ ਝਟਕਾਇਆ ਗਿਆ ਨਹੀਂ ਇਸ ਕਰਕੇ ਲੋਕਾਂ ਦੇ ਵਿਚ ਹੁਣ ਕਾਨਫੀਡੈਂਸ ਨਹੀਂ ਜਿਹੜਾ ਕਿਸੇ ਵੇਲੇ ਪਹਿਲਾਂ ਬਣਿਆਂ ਸੀ । ਆਖਿਰੀ, ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਲੋਕ ਪਾਲ ਐਕਟ ਬਣ ਹੀ ਜਾਣਾ ਹੈ ਕਿਉਂਕਿ ਅਸੀਂ ਇਹ ਪਾਸ ਹੀ ਕਰਨ ਲੱਗੇ ਹਾਂ ਪਰ ਇਸ ਦਾ ਮਤਲਬ ਇਹ ਨਹੀਂ ਕਿ ਹੁਣ ਗੌਰਮਿੰਟ ਦੀ ਕੋਈ ਜ਼ਿੰਮੇਂਵਾਰੀ ਹੀ ਨਹੀਂ ਰਹੀ । ਮੈਂ ਬਲਖ ਤਜ਼ਰਬੇ ਤੋਂ ਦੇਖਿਆ ਹੈ ਕਿ ਕੁਝ ਕੇਸਾਂ ਵਿਚ ਜਵਾਬ ਇਹ ਭੇਜ ਦਿੱਤਾ ਜਾਂਦਾ ਹੈ ਕਿ ਤੁਸੀਂ ਲੋਕਪਾਲ ਨੂੰ ਕੇਸ ਭੇਜ ਦਿਓ । ਲੋਕਪਾਲ ਦਾ ਆਪਣਾ ਇਕ ਤਰੀਕਾ ਹੈ । ਉਥੇ ਤਾਂ ਫੀਸ ਵੀ ਲੱਗੀ ਹੋਈ ਹੈ । ਬੜਾ ਲੰਬੀ ਪਰੋਸੀਜ਼ਰ ਹੈ । ਉਸਦੇ ਵਿਚ ਸਜ਼ਾ ਦੀ ਵੀ ਪਰੋਵੀਜ਼ਨ ਹੈ । ਜੇ ਕੋਈ ਕੁਰੱਪਸ਼ਨ ਨਾਲ ਸਬੰਧਤ ਸ਼ਿਕਾਇਤ ਸਰਕਾਰ ਕੋਲ ਆ ਜਾਂਦੀ ਹੈ ਤਾਂ ਸਰਕਾਰ ਇਹ ਕਹਿ ਕੇ ਆਪਣੀ ਜ਼ਿੰਮੇਂਵਾਰੀ ਤੋਂ ਮੁਕਤ ਹੋ ਜਾਵੇ ਕਿ ਤੁਸੀਂ ਜੀ ਲੋਕਪਾਲ ਕੋਲ ਜਾਓ ਤਾਂ ਇਹ ਠੀਕ ਨਹੀਂ ਹੈ । ਜੇ ਤੁਹਾਨੂੰ ਵੀ ਕੋਈ ਅਪਰੋਚ ਕਰ ਰਿਹਾ ਹੈ ਤਾਂ ਤੁਸੀਂ ਆਪਣੇ ਤੌਰ ਤੇ ਉਸ ਦੀ ਇਨਕੁਆਰੀ ਕਰੋ ਅਤੇ ਜਿਹੜੀ ਸ਼ਿਕਾਇਤ ਹੈ ਉਸ ਬਾਰੇ ਸ਼ਿਕਾਇਤ ਕਰਤਾ ਦੀ ਤਸੱਲੀ ਕਰਾਓ ।

ਇਕ ਹੋਰ ਮੈਂ ਬੇਨਤੀ ਕਰੂੰਗਾ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਕਿ ਜੇ ਤਾਂ ਅਸੀਂ ਵਾਕਿਆ ਹੀ ਇਸ ਨੂੰ ਕਿਸੇ ਮਕਸਦ ਵਾਸਤੇ, ਕਿਸੇ ਪਰਪਜ਼ ਵਾਸਤੇ ਇਸ ਦੇ ਵਿਚੋਂ ਕੁਝ ਕੱਢਣਾ ਹੈ, ਫਿਰ ਤਾਂ ਇਸ ਦੇ ਵਿਚ ਤੁਸੀਂ ਜਿਹੜੀਆਂ ਕੁਝ ਚੰਗੀਆਂ ਗੱਲ ਕੀਤੀਆਂ ਹਨ ਉਨ੍ਹਾਂ ਦਾ ਮੈਂ ਵੈਲਕਮ ਕਰਦਾ ਹਾਂ । ਮੈਂ ਕੇਵਲ ਵਿਰੋਧ ਵਾਸਤੇ ਵਿਰੋਧ ਨਹੀਂ ਕਰਦਾ ਬਲਕਿ ਜੋ ਕਮਜ਼ੋਰੀਆਂ ਹਨ, ਜੋ ਇਸ ਨੂੰ ਕਮਜ਼ੋਰ ਕਰਦੀਆਂ ਹਨ, ਉਨ੍ਹਾਂ ਬਾਰੇ ਮੈਂ ਤਰਮੀਮਾਂ ਦਿੱਤੀਆਂ ਹਨ । ਸਾਡੇ ਵਿਚ ਇਹ ਬੜੀ ਬਦਕਿਸਮਤੀ ਵਾਲੀ ਗੱਲ ਹੈ ਕਿ ਜੀ ਤਰਮੀਮ ਤਾਂ ਆਪੋਜ਼ੀਸ਼ਨ ਵੱਲੋਂ ਹੈ । ਮੈਂ ਤਾਂ ਪਾਰਲੀਮੈਂਟਰੀ ਡੈਮੋਕਰੇਸੀ ਜੋ ਡਿਪਟੀ ਸਪੀਕਰ ਸਾਹਿਬ, ਕਿਤਾਬਾਂ ਵਿਚ ਪੜ੍ਹੀ ਸੀ, ਪ੍ਰੈਕਟਿਸ ਦੇ ਵਿਚ ਉਸ ਦੇ ਉਲਟ ਹੋ ਰਿਹਾ ਹੈ । ਇਹ ਜ਼ਰੂਰੀ ਤਾਂ ਨਹੀਂ ਕਿ ਆਪੋਜ਼ੀਸ਼ਨ ਕੋਈ ਚੰਗੀ ਚੀਜ਼ ਨਹੀਂ ਦੇ

[ਕਾਮਰੇਡ ਹਰਦੇਵ ਅਰਸ਼ੀ]

ਸਕਦੀ, ਕੋਈ ਚੰਗੀ ਰਾਏ ਨਹੀਂ ਦੇ ਸਕਦੀ। ਦੇ ਸਕਦੀ ਹੈ। ਪਿਛਲੀ ਵਾਰੀ ਵੀ ਅਸੀਂ ਏਥੇ ਵੇਖਿਆ ਸੀ। ਮੈਂ ਕਿਹਾ ਸੀ ਕਿ ਜੇ ਤਰਮੀਮ ਸਾਡੇ ਨਾਂ ਤੇ ਨਹੀਂ ਲਿਆਉਣੀ ਤਾਂ ਤੁਸੀਂ ਆਪਣੇ ਨਾਂ ਤੇ ਲੈ ਆਓ, ਸਾਨੂੰ ਕੋਈ ਇਤਰਾਜ਼ ਨਹੀਂ, ਅਸੀਂ ਵੈਲਕਮ ਕਰਾਂਗੇ। ਗੱਲ ਤਾਂ ਇਹ ਹੈ ਕਿ ਜੋ ਚੀਜ਼ ਅਸੀਂ ਜਨਤਾ ਵਾਸਤੇ ਦੇਣ ਜਾ ਰਹੇ ਹਾਂ, ਉਹ ਸ਼ੁਧ ਰੂਪ ਵਿਚ ਜਾਵੇ। ਮੈਨੂੰ ਨਾਂ ਦਾ ਕੋਈ ਤਾਅਲੁੱਕ ਨਹੀਂ। ਅੱਜ ਕਲ੍ਹ ਪੜ੍ਹਣ ਦੇ ਮਾਮਲੇ ਦੇ ਵਿਚ ਕਿਸੇ ਦਾ ਨਾਂ ਨਹੀਂ ਆਉਂਦਾ ਪਰ ਇਨ੍ਹਾਂ ਸੰਸਥਾਵਾਂ ਦੇ ਵਿਚ ਜਿਹੜੇ ਨਾਂ ਆਉਂਦੇ ਹਨ, ਉਨ੍ਹਾਂ ਦੇ ਤਰੀਕੇ ਈ ਕੁਝ ਹੋਰ ਨੇ। ਉਹ ਇਨ੍ਹਾਂ ਪਾਰਲੀਮਾਨੀ ਕਦਰਾਂ ਕੀਮਤਾਂ ਨੂੰ ਕੰਮਜ਼ੋਰ ਕਰਨ ਵਾਲੇ ਹਨ।

ਸੋ ਆਖਿਰ ਦੇ ਵਿਚ ਬੇਨਤੀ ਹੈ ਕਿ ਇਨ੍ਹਾਂ ਸਾਰੀਆਂ ਬੇਨਤੀਆਂ ਨੂੰ ਸਰਕਾਰ ਅਤੇ ਸਰਕਾਰ ਦੇ ਮੁੱਖ ਮੰਤਰੀ ਪ੍ਰਵਾਨ ਕਰਨ। ਆਖਿਰ ਦੇ ਵਿਚ ਮੈਂ ਆਪਣੇ ਇਕ ਅਧਿਕਾਰ ਨੂੰ ਰੀਜ਼ਰਵ ਰੱਖਣਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਰੂਲਜ਼ ਦੇ ਮੁਤਾਬਿਕ, ਰੂਲਾਂ ਵਿਚ ਇਹ ਪ੍ਰੋਵੀਜ਼ਨ ਹੈ ਕਿ ਜਿਹੜੇ ਮੈਂਬਰ ਦੀ ਅਮੈਂਡਮੈਂਟ ਹੈ, ਜਿਸ ਨੇ ਅਮੈਂਡਮੈਂਟ ਮੂਵ ਕੀਤੀ ਹੈ ਅਤੇ ਜਿਹੜਾ ਉਸ ਨੂੰ ਜਿਹੜਾ ਪ੍ਰੈਸ ਕਰਦਾ ਹੈ, ਉਸ ਨੂੰ ਉਸ ਉਤੇ ਬੋਲਣ ਦਾ ਅਧਿਕਾਰ ਹੈ। ਜਿਸ ਵੇਲੇ ਤੁਸੀਂ ਕਲਾਜ਼-ਬਾਈ-ਕਲਾਜ਼ ਪ੍ਰਵਾਨਗੀ ਲਓਗੇ, ਉਸ ਵੇਲੇ ਮੇਰਾ ਅਧਿਕਾਰ ਰਿਜ਼ਰਵ ਰੱਖ ਲਿਆ ਜਾਵੇ ਜੇ ਮੈਨੂੰ ਬੋਲਣ ਦੀ ਜ਼ਰੂਰਤ ਮਹਿਸੂਸ ਹੋਈ ਤਾਂ ਮੈਂ ਬੋਲਾਂਗਾ। ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਆਸ਼ਾ ਦੇ ਨਾਲ ਕਿ ਜਿਹੜੇ ਨੁਕਤੇ, ਜਿਹੜੇ ਪੁਆਇੰਟਸ ਮੈਂ ਉਠਾਏ ਹਨ, ਜਦੋਂ ਮੁੱਖ ਮੰਤਰੀ ਜੀ ਇਸ ਦਾ ਜਵਾਬ ਦੇਣਗੇ ਤਾਂ ਉਨ੍ਹਾਂ ਦਾ ਜ਼ਰੂਰ 'ਹਾਂ-ਪੱਖੀ' ਹੁੰਗਾਰਾ ਹੋਵੇਗਾ, ਮੈਂ ਆਪਣਾ ਸਥਾਨ ਲੈਂਦਾ ਹਾਂ।

ਸ਼੍ਰੀ ਸੱਤਿਆਪਾਲ ਸੈਣੀ (ਸੁਜਾਨਪੁਰ) : ਉਪ ਸਭਾਪਤੀ ਜੀ, ਮੈਂ ਲੋਕਪਾਲ ਬਿੱਲ ਜਿਹੜਾ ਕਿ 1997 ਦਾ ਸੋਧਨਾ ਬਿੱਲ ਪੇਸ਼ ਹੋਇਆ ਹੈ, ਉਸ ਦੀ ਪੁਸ਼ਟੀ ਕਰਨ ਵਾਸਤੇ, ਪ੍ਰੋੜਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਇਸ ਦੇ ਵਿਚ ਕੁਝ ਬਹੁਤ ਹੀ ਸੁਨਹਿਰੀ ਪੱਖ ਹਨ ਜਿਨ੍ਹਾਂ ਬਾਰੇ ਮੈਂ ਵਧਾਈ ਦਿੱਤੇ ਬਗੈਰ ਨਹੀਂ ਰਹਿ ਸਕਦਾ। ਇਸ ਵਿਚ ਸਭ ਤੋਂ ਚਰਚਾ ਯੋਗ ਗੱਲ ਇਹ ਹੈ ਕਿ ਇਸ ਦੇ ਵਿਚ ਕਿਸੇ ਨੂੰ ਵੀ ਮੁਕਤ ਨਹੀਂ ਕੀਤਾ ਗਿਆ। ਪਿਛਲੀ ਕਾਂਗਰਸ ਸਰਕਾਰ ਨੇ ਇਸ ਵਿਚ ਮੰਤਰੀਆਂ ਨੂੰ ਮੁਕਤ ਕਰ ਦਿੱਤਾ ਸੀ। ਇਸੇ ਤਰ੍ਹਾਂ ਲੈਜਿਸਲੇਟਰਜ਼ ਚਾਹੇ ਉਹ ਗੁਨਾਹਗਾਰ ਹੀ ਹੋਣ, ਉਨ੍ਹਾਂ ਦੇ ਖਿਲਾਫ ਲੋਕ ਲੋਕਪਾਲ ਕੋਲ ਨਹੀਂ ਸੀ ਜਾ ਸਕਦੇ। ਹੁਣ ਇਹ ਲੇਜਿਸਲੇਟਰ ਸ਼ਬਦ ਨੂੰ ਬਦਲ ਕੇ ਆਮ ਪਬਲਿਕਮੈਨ ਪ੍ਰਯੋਗ ਕੀਤਾ ਗਿਆ ਹੈ। ਇਹ ਸਹੀ ਮਾਅਨਿਆਂ ਵਿਚ ਵਧਾਈ ਦੇਣ ਯੋਗ ਗੱਲ ਹੈ। ਇਸ ਦੇ ਨਾਲ ਹੋਰ ਵੀ ਅੱਛੇ ਪਰੀਵਰਤਨ ਕੀਤੇ ਗਏ ਹਨ। ਜਿਹੜੀ ਕਾਰਵਾਈ ਹੋਣੀ ਹੈ, ਉਸ ਦੇ ਵਾਸਤੇ ਪਹਿਲਾਂ ਇਹ ਸੀ ਕਿ ਆਮ ਵਿਅਕਤੀ 5000 ਰੁਪਏ ਜਮ੍ਹਾਂ ਕਰਵਾਵੇ, ਹੁਣ ਇਸ ਰਾਸ਼ੀ ਨੂੰ ਵੀ ਘਟਾ ਕੇ 1000 ਰੁਪਏ ਕਰ ਦਿੱਤਾ ਗਿਆ ਹੈ। ਉਹ ਆਪਣੀ ਗੱਲ ਕਹਿ ਸਕੇ ਅਤੇ ਉਸ ਦੀ ਗੱਲ ਸੁਣੀ ਜਾਵੇ, ਇਸ ਵਾਸਤੇ ਵੀ ਪਰੀਵਰਤਨ ਕਰਕੇ ਇਸ ਨੂੰ ਗੁਪਤ ਰੂਪ ਵਿਚ ਕਾਰਵਾਈ ਯੋਗ ਬਣਾਇਆ ਗਿਆ ਹੈ। ਇਹ ਵੀ ਇਕ ਸਰਾਹਣਾਯੋਗ ਪੱਖ ਹੈ।

ਇਹ ਲੋਕਪਾਲ ਇਕ ਸੰਸਥਾ ਹੈ ਅਤੇ ਇਸ ਨੂੰ ਹੁਣ ਇਕ ਸੰਸਥਾ ਦਾ ਰੂਪ ਦਿੱਤਾ ਗਿਆ ਹੈ ਸਾਡੀ ਸਰਕਾਰ ਵੱਲੋਂ । ਇਸ ਨੂੰ ਅਸੀਂ ਹੁਣ ਭਰਿਸ਼ਟਾਚਾਰ ਵਿਰੋਧੀ ਸੰਸਥਾ ਕਹਿ ਸਕਦੇ ਹਾਂ। ਸਰਕਾਰ ਨੇਕਨੀਤੀ ਨਾਲ ਚਾਹੁੰਦੀ ਹੈ ਕਿ ਇਸ ਭਰਿਸ਼ਟਾਚਾਰ ਉਤੇ ਚੈੱਕ ਹੋਵੇ ਭਾਵੇਂ ਉਹ ਭਰਿਸ਼ਟਾਚਾਰ ਕਿਸੇ ਵੀ ਦੁਆਰਾ ਕਿਉਂ ਨਾ ਕੀਤਾ ਗਿਆ ਹੋਵੇ । ਇਹ ਸਭ ਕੁਝ ਇਸ ਦੇ ਘੇਰੇ ਵਿਚ ਆਵੇਗਾ । ਲੋਕਪਾਲ ਪਹਿਲਾ ਜਿਹੜਾ ਤਿੰਨ ਵਿਅਕਤੀਆਂ ਦਾ ਸਰੂਪ ਸੀ, ਉਸ ਨੂੰ ਬਦਲ ਕੇ ਇਸ ਦੀ ਮਹੱਤਤਾ ਨੂੰ ਦੁਬਾਰਾ ਬਹਾਲ ਕੀਤਾ ਗਿਆ ਹੈ । ਇਸ ਦੀ ਭਾਵਨਾ ਦੀ ਸਾਡੀ ਪਿਛਲੀ ਸਰਕਾਰ ਨੇ ਹੱਤਿਆ ਕਰ ਦਿੱਤੀ ਸੀ । ਭਾਵਨਾ ਇਹ ਹੈ ਕਿ ਲੋਕਪਾਲ ਦੀ ਇਹ ਸੰਸਥਾ ਇਕ ਅਰਥਪੂਰਨ ਸੰਸਥਾ ਹੋਵੇ ਅਤੇ ਇਸ ਦੇ ਦੁਆਰਾ ਦੋਸ਼ੀ ਵਿਅਕਤੀਆਂ ਨੂੰ ਸਜ਼ਾ ਮਿਲੇ । ਇਸ ਦੇ ਵਿਚ ਉਪ ਲੋਕਪਾਲ ਜਿਸ ਦੀ ਪਹਿਲਾਂ ਆਪਾਂ ਕਿਧਰੇ ਵੀ ਜ਼ਿੰਮੇਵਾਰੀ ਠਹਿਰਾਉਣ ਦੀ ਗੱਲ ਨਹੀਂ ਸੀ ਕਰ ਰਹੇ, ਦੀ ਪ੍ਰੋਵੀਜ਼ਨ ਨੂੰ ਖਤਮ ਕਰ ਦਿੱਤਾ ਗਿਆ ਹੈ । ਅੱਜ ਉਹ ਇਕੋ ਵਿਅਕਤੀ ਹੈ ਜਿਸ ਦੇ ਕੋਲ ਪੂਰੇ ਅਧਿਕਾਰ ਹੋਣਗੇ ਅਤੇ ਇਕ ਪੂਰੀ ਅਧਿਕਾਰਤ ਸੰਸਥਾ ਹੋਵੇਗੀ । ਇਸ ਦੇ ਵਿਚ ਇਕ ਹੋਰ ਗੱਲ ਇਹ ਕਹੀ ਗਈ ਹੈ ਕਿ ਲੋਕਪਾਲ ਆਪ ਆਪਣੇ ਤੌਰ ਤੇ ਜਾਂਚ ਕਰ

*10.49 ਵਜੇ
ਪੂਰਵ ਦੁਪਹਿਰ

(ਇਸ *ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਲਵੇ ਜਾਂ ਜਾਂਚ ਕਰਨ ਵਾਸਤੇ ਜੇ ਕੋਈ ਹੋਰ ਵਿਅਕਤੀ ਵੀ ਸ਼ਿਕਾਇਤ ਲੈ ਕੇ ਆਵੇ ਤਾਂ ਉਸ ਦੀ ਜਾਂਚ ਹੋਵੇਗੀ । ਪਿਛਲੀ ਸਰਕਾਰ ਨੇ ਇਹ ਤਹਿ ਕਰ ਦਿੱਤਾ ਸੀ ਕਿ ਜੋ ਵਿਅਕਤੀ ਸ਼ਿਕਾਇਤ ਲੈ ਕੇ ਆ ਰਿਹਾ ਹੈ, ਉਹ ਕਈ ਤਰ੍ਹਾਂ ਦੇ ਚੈਨਲਾਂ ਵਿਚੋਂ ਨਿਕਲ ਕੇ ਆਵੇ ਤੇ ਪਹਿਲਾਂ ਉਹ ਸਰਕਾਰ ਦੀ ਇਛਾ ਅਨੁਸਾਰ ਕੋਈ ਗੱਲ ਰੱਖੇ । ਹੁਣ ਸਰਾਹਣਾ-ਯੋਗ ਗੱਲ ਇਹ ਹੈ ਕਿ ਲੋਕਪਾਲ ਨੂੰ ਕੋਈ ਵੀ ਵਿਅਕਤੀ ਯੋਗ ਫੀਸ ਲਗਾ ਕੇ ਅਤੇ ਨਿਰਧਾਰਤ ਪਰੋਫਾਰਮਾ ਭਰ ਕੇ ਆਪਣੀ ਸ਼ਿਕਾਇਤ ਲੋਕਪਾਲ ਨੂੰ ਦੇ ਸਕਦਾ ਹੈ ਔਰ ਉਸ ਸ਼ਿਕਾਇਤ ਨੂੰ ਗੁਪਤ ਰੂਪ ਵਿਚ ਜਾਂਚ ਕਰਕੇ ਦੋਸ਼ੀ ਨੂੰ ਸਜ਼ਾ ਦਿੱਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਇਸ ਦੀ ਜਿਹੜੀ ਉਮਰ ਪਹਿਲਾਂ ਪੰਜ ਸਾਲ ਦੀ ਸੀ, ਉਸ ਨੂੰ ਵੀ ਘਟਾ ਕੇ ਚਾਰ ਸਾਲ ਕਰ ਦਿੱਤਾ ਗਿਆ ਹੈ । ਇਸ ਦੇ ਨਾਲ ਨਾਲ ਕੁਝ ਹੋਰ ਵੀ ਪ੍ਰੀਵਰਤਨ ਜਿਹੜੇ ਕੀਤੇ ਗਏ ਹਨ, ਉਨ੍ਹਾਂ ਦੀ ਵੀ ਚਰਚਾ ਕੀਤੇ ਬਗੈਰ ਮੈਂ ਨਹੀਂ ਰਹਿ ਸਕਦਾ । ਇਹ ਲੋਕਪਾਲ ਦੀ ਜਿਹੜੀ ਸੰਸਥਾ ਹੈ, ਜਿਸਨੂੰ ਕਿ ਮੈਂ ਅੱਗੇ ਵੀ ਭ੍ਰਿਸ਼ਟਾ-ਚਾਰ ਵਿਰੋਧੀ ਸੰਸਥਾ ਕਿਹਾ ਹੈ, ਇਸ ਦਾ ਜਿਹੜਾ ਗਠਨ ਕੀਤਾ ਗਿਆ ਹੈ ਅਤੇ ਜਿਹੜਾ ਇਹ ਬਿਲ ਹੁਣ ਪਾਸ ਹੋਣ ਵਾਸਤੇ ਜਾ ਰਿਹਾ ਹੈ, ਇਹ ਬਿਨਾਂ ਕਿਸੇ ਕਿੰਤੂ ਪ੍ਰੰਤੂ ਦੇ ਪਾਸ ਹੋਣਾ ਚਾਹੀਦਾ ਹੈ । ਇਸ ਦੇ ਇਕ ਪੱਖ ਦਾ ਸਾਡੇ ਕਾਮਰੇਡ ਵੀਰਾਂ ਜਿਨ੍ਹਾਂ ਨੇ ਕਦੇ ਵੀ ਪ੍ਰਸ਼ੰਸਾ ਕਰਨ ਦੀ ਆਦਤ ਨਹੀਂ ਬਣਾਈ ਅਤੇ ਜਿਨ੍ਹਾਂ ਨੇ ਵਿਰੋਧ ਕਰਨਾ ਹੀ ਹੁੰਦਾ ਹੈ, ਉਨ੍ਹਾਂ ਵੀਰਾਂ ਨੇ ਵੀ ਪ੍ਰਸ਼ੰਸਾ ਕੀਤੀ ਹੈ ।

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਅਜੈਬ ਸਿੰਘ ਰੌਂਤਾ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

[ਸ੍ਰੀ ਸੱਤਿਆ ਪਾਲ ਸੈਣੀ]
ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਪ੍ਰਸੰਸਾ ਕਰ ਰਿਹਾ ਹਾਂ। ਇਨ੍ਹਾਂ ਦੀ ਮੈਂ ਇਸ ਗੱਲ ਲਈ ਪ੍ਰਸੰਸ਼ਾ ਕਰਦਾ ਹਾਂ ਕਿ ਇਨ੍ਹਾਂ ਨੇ ਵੀ ਇਸ ਲੋਕਪਾਲ ਬਿਲ ਦੇ ਮੁੱਖ ਪਹਿਲੂਆਂ ਦੀ ਪ੍ਰਸੰਸ਼ਾ ਕੀਤੀ ਹੈ। ਅੰਤ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਬਿਨਾਂ ਕੋਈ ਪ੍ਰੀਵਰਤਨ ਕੀਤੇ ਪਾਸ ਕਰ ਦੇਣਾ ਚਾਹੀਦਾ ਹੈ, ਧੰਨਵਾਦ।

ਕਾਮਰੇਡ ਅਜੈਬ ਸਿੰਘ ਰੋਂਤਾ : ** ** **

Mr. Speaker : This is No Point of Order.

ਸ੍ਰੀ ਰਮੇਸ਼ ਚੰਦਰ ਡੋਗਰਾ (ਦਸੂਹਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਹੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਲੋਕਪਾਲ ਅਮੈਂਡਮੈਂਟ ਬਿਲ 1997 ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਅਮੈਂਡਮੈਂਟ ਨਾਲ ਪਾਰਟਲੀ ਐਗਰੀ ਕਰਦਾ ਹਾਂ ਅਤੇ ਪਾਰਟਲੀ ਡਿਸ-ਐਗਰੀ ਕਰਦਾ ਹਾਂ। ਇਹ ਬਿੱਲ ਲੋਕਪਾਲ ਦਾ ਸਾਡੇ ਸਵਰਗੀਯ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਵਿਧਾਨ ਸਭਾ ਵਿਚ ਲਿਆਂਦਾ ਸੀ ਅਤੇ ਇਸ ਨੂੰ ਸਦਨ ਨੇ ਪਾਸ ਕੀਤਾ ਸੀ, ਇਸ ਸਾਰੇ ਮੁੱਦੇ ਨੂੰ ਮੱਦੇ-ਨਜ਼ਰ ਰੱਖਦੇ ਹੋਏ ਕਿ ਅਗਰ ਲੋਕਾਂ ਵਲੋਂ ਲੇਜਿਸਲੇਚਰ ਦੇ ਕਿਸੇ ਮੈਂਬਰ ਜਾਂ ਮਨਿਸਟਰ ਦੇ ਖਿਲਾਫ ਕੋਈ ਸਿਕਾਇਤ ਆਉਂਦੀ ਹੈ ਤਾਂ ਲੋਕਪਾਲ ਉਸਦੀ ਇਨਕੁਆਰੀ ਕਰ ਸਕੇ। ਦਸੰਬਰ, 1996 ਵਿਚ ਇਸ ਦੇ ਵਿਚ ਇਕ ਅਮੈਂਡਮੈਂਟ ਕੀਤੀ ਗਈ ਅਤੇ ਇਕ ਲੋਕਪਾਲ ਦੀ ਬਜਾਏ ਤਿੰਨ ਮੈਂਬਰ ਬਣਾ ਦਿੱਤੇ ਗਏ। ਇਕ ਲੋਕਪਾਲ ਅਤੇ 2 ਉਪ-ਲੋਕਪਾਲ ਦਾ ਉਪਬੰਧ ਕੀਤਾ ਗਿਆ। ਅਗਰ ਅਸੀਂ ਡੈਮੋਕਰੇਸੀ ਵਿਚ ਵਿਸ਼ਵਾਸ ਕਰਦੇ ਹਾਂ ਤਾਂ ਤਿੰਨ ਮੈਂਬਰੀ ਬੋਰਡ ਚਾਹੀਦਾ ਹੈ, ਨਾ ਕਿ ਇਕ ਮੈਂਬਰੀ। ਅਗਰ ਇਕ ਮੈਂਬਰ ਦੇ ਅਧੀਨ ਇਨਕੁਆਰੀ ਹੋਵੇਗੀ ਤਾਂ ਉਸ ਦਾ ਐਟੀਚਿਊਡ ਵਿੰਡਿਕਟਿਵ ਵੀ ਹੋ ਸਕਦਾ ਹੈ ਅਤੇ ਡਿਕਟੇ-ਟੋਰੀਅਲ ਐਟੀਚਿਊਡ ਭੀ ਹੋ ਸਕਦਾ ਹੈ। ਥੋੜ੍ਹੇ ਦਿਨ ਪਹਿਲਾਂ ਹੀ ਚੀਫ ਇਲੈਕਸ਼ਨ ਕਮਿਸ਼ਨਰ ਸਬੰਧੀ ਵੀ ਕੁਝ ਇਸੇ ਤਰ੍ਹਾਂ ਦਾ ਹੀ ਮਹਿਸੂਸ ਕੀਤਾ ਗਿਆ ਸੀ। ਉਸ ਵੇਲੇ ਟੀ.ਆਰ. ਸੇਸ਼ਨ ਇਕੱਲੇ ਮੁੱਖ ਚੋਣ ਕਮਿਸ਼ਨਰ ਸਨ। ਇਸ ਲਈ ਤਿੰਨ ਮੈਂਬਰੀ ਬੋਰਡ ਹੋਣਾ ਚਾਹੀਦਾ ਹੈ। ਮੈਂ ਇਸ ਅਮੈਂਡਮੈਂਟ ਦਾ ਕਿ ਤਿੰਨ ਦੀ ਥਾਂ ਇਕ ਮੈਂਬਰ ਰੱਖਿਆ ਜਾਵੇ, ਵਿਰੋਧ ਕਰਦਾ ਹਾਂ। ਦੂਜੀ, ਲੋਕਪਾਲ ਦੀ ਅਪਾਇੰਟਮੈਂਟ ਵਾਸਤੇ ਅਮੈਂਡਮੈਂਟ ਲਿਆਂਦੀ ਗਈ ਹੈ। ਅਰਸ਼ੀ ਸਾਹਿਬ ਨੇ ਕਿਹਾ ਹੈ ਕਿ ਲੀਡਰ ਆਫ ਦੀ ਹਾਊਸ, ਲੀਡਰ ਆਫ ਦੀ ਆਪੋਜ਼ੀਸ਼ਨ ਅਤੇ ਸਪੀਕਰ ਸਾਹਿਬ ਇਕ ਪੈਨਲ ਬਣਾ ਕੇ ਗਵਰਨਰ ਸਾਹਿਬ ਨੂੰ ਪੇਸ਼ ਕਰਨ। ਮੈਂ ਇਸ ਤੋਂ ਵੀ ਅੱਗੇ ਜਾਣਾ ਚਾਹੁੰਦਾ ਹਾਂ ਅਤੇ ਮੇਰੀ ਬੇਨਤੀ ਹੈ ਕਿ ਲੋਕਪਾਲ ਕਿਸ ਨੂੰ ਲਗਾਇਆ ਜਾਵੇ, ਇਹ ਸਾਰੀ ਗੱਲ ਚੀਫ ਜਸਟਿਸ ਆਫ ਇੰਡੀਆ ਤੇ ਛੱਡ ਦਿਤੀ ਜਾਵੇ ਅਤੇ ਉਹ ਜਿਸ ਨੂੰ ਚਾਹੁਣ, ਲੋਕਪਾਲ ਨਿਯੁਕਤ ਕਰ ਦੇਣ ਇਸ ਤਰ੍ਹਾਂ ਨਾਲ ਉਹ ਨਿਯੁਕਤੀ ਬਿਨਾਂ ਪੱਖਪਾਤ ਵਾਲੀ ਗੱਲ ਹੋਵੇਗੀ ਅਤੇ ਇਸ ਦੇ ਵਿਚ ਇਹ ਗੱਲ ਨਹੀਂ ਹੋਵੇਗੀ ਕਿ ਕਿਸੇ ਨਾਲ ਪਾਰਸ਼ੀਐਲਿਟੀ ਕੀਤੀ ਗਈ ਹੈ ਅਤੇ ਕਿਸੇ ਬਾਰੇ ਇਮਪਾਰਸ਼ੀਅਲ ਐਟੀਚਿਊਡ ਵਰਤਿਆ ਗਿਆ ਹੈ। ਬਾਕੀ ਜੋ ਕੁਝ ਹੋਰ ਅਮੈਂਡਮੈਂਟਸ ਹਨ, ਉਨ੍ਹਾਂ ਬਾਰੇ ਵੀ ਮੈਂ ਕੁਝ ਕਹਿਣਾ ਚਾਹੁੰਦਾ ਹਾਂ

**Expunged as Ordered by the Chair.

ਸਪੀਕਰ ਸਾਹਿਬ, ਅਰਸ਼ੀ ਸਾਹਿਬ, ਨੇ ਇਕ ਗੱਲ ਕਹੀ ਹੈ ਔਰ ਮੈਂ ਵੀ ਉਸ ਗੱਲ ਨਾਲ ਐਗਰੀ ਕਰਦਾ ਹਾਂ ਕਿ ਜਿਹੜੀ ਇਹ ਅਮੈਂਡਮੈਂਟ ਹੈ ਕਿ ਸੂਓ ਮੋਟੂ ਕੇਸ ਲੋਕ ਪਾਲ ਨੂੰ ਨਹੀਂ ਲੈਣਾ ਚਾਹੀਦਾ ਇਹ ਠੀਕ ਹੈ। ਇਸ ਨਾਲ ਬਹੁਤ ਸਾਰੀਆਂ ਤਕਲੀਫਾਂ ਪੈਦਾ ਹੋ ਸਕਦੀਆਂ ਹਨ ਔਰ ਜਦੋਂ ਕੋਈ ਵਿਅਕਤੀ ਸ਼ਿਕਾਇਤ ਦਿੰਦਾ ਹੈ ਤਾਂ ਉਸ ਵੇਲੇ ਲੋਕ ਪਾਲ ਨੂੰ ਆਪਣੀ ਇਨਕੁਆਰੀ ਦਾ ਸਮਾਂ ਨਿਰਧਾਰਤ ਕਰਨਾ ਚਾਹੀਦਾ ਹੈ।

ਇਸ ਦੇ ਨਾਲ ਹੀ ਵਰਡ 'ਲੈਜਿਸਲੇਚਰ' ਜੋ ਹੈ, ਉਸ ਦੇ ਨਾਲ ਪਬਲਿਕਮੈਨ ਵਰਡ ਲਗਾਇਆ ਗਿਆ ਹੈ। ਮੇਰੀ ਪ੍ਰਾਰਥਨਾ ਹੈ ਕਿ ਇਸ ਵਿੱਚ ਐਡੀਸ਼ਨ ਕੀਤੀ ਜਾਵੇ। ਇਸ ਵਿੱਚ ਕਲਾਸ-I ਅਫਸਰਾਂ ਨੂੰ ਵੀ ਸ਼ਾਮਲ ਕੀਤਾ ਜਾਵੇ। ਮੈਂ ਸਮਝਦਾ ਹਾਂ ਕਿ ਭਾਵੇਂ ਇਨ੍ਹਾਂ ਅਫਸਰਾਂ ਵਾਸਤੇ ਹੋਰ ਵੀ ਕਾਨੂੰਨ ਹਨ ਜਿਨ੍ਹਾਂ ਅਧੀਨ ਉਨ੍ਹਾਂ ਦੀ ਇਨਕੁਆਰੀ ਕੀਤੀ ਜਾ ਸਕਦੀ ਹੈ ਪਰ ਫਿਰ ਵੀ ਲੋਕ ਪਾਲ ਬਿਲ ਵਿੱਚ ਅਮੈਂਡਮੈਂਟ ਲਿਆ ਕੇ ਆਈ. ਪੀ. ਐਸ. ਆਈ. ਏ. ਐਸ. ਔਰ ਉਚ ਅਹੁਦਿਆਂ ਤੇ ਲੱਗੇ ਵਿਅਕਤੀਆਂ ਨੂ ਵੀ ਇਸ ਵਿੱਚ ਸ਼ਾਮਲ ਕੀਤਾ ਜਾਵੇ। ਉਹ ਵੀ ਇਸ ਘੇਰੇ ਵਿੱਚ ਆਉਣ ਤਾਂ ਜੋ ਉਨ੍ਹਾਂ ਤੇ ਐਕਸ਼ਨ ਹੋ ਸਕੇ। ਜੇ ਕਿਸੇ ਨੇ ਘਪਲਾ ਕੀਤਾ ਹੈ ਤਾਂ ਉਸ ਦੀ ਇਨਕੁਆਰੀ ਦਾ ਅਧਿਕਾਰ ਲੋਕ ਪਾਲ ਨੂੰ ਹੋਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਬਿਲ ਵਿੱਚ ਇਕ ਹੋਰ ਅਮੈਂਡਮੈਂਟ ਕੀਤੀ ਗਈ ਹੈ ਕਿ 1985 ਤੋਂ ਹੁਣ ਤੱਕ ਦੀਆਂ ਇਨਕੁਆਰੀਆਂ ਦੀ ਜਗ੍ਹਾ ਸਿਰਫ ਪਿਛਲੇ ਸਾਲ ਤੱਕ ਦੇ ਪੀਰੀਅਡ ਦੀਆਂ ਇਨਕੁਆਰੀਆਂ ਹੀ ਕੀਤੀਆਂ ਜਾਣਗੀਆਂ। ਮੇਰੀ ਬੇਨਤੀ ਹੈ ਕਿ 1985 ਦੀ ਡੇਟ ਪਹਿਲਾਂ ਹੀ ਨਿਰਧਾਰਿਤ ਕੀਤੀ ਗਈ ਹੈ. ਉਸ ਨੂੰ ਨਾ ਬਦਲਿਆ ਜਾਵੇ ਤਾਂ ਕਿ ਜਿਨ੍ਹਾ ਨੇ 1985 ਤੋਂ ਕੁਰੱਪਸ਼ਨ ਕੀਤੀ ਹੈ ਜਾਂ ਕਿਸੇ ਤੇ ਕੋਈ ਸ਼ੱਕ ਹੈ ਤਾਂ ਉਹ ਵੀ ਇਸ ਦੇ ਘੇਰੇ ਵਿਚ ਆਉਣ।

ਇਸ ਦੇ ਨਾਲ ਹੀ ਮੇਰੀ ਬੇਨਤੀ ਹੈ ਕਿ ਲੋਕ ਪਾਲ ਨੂੰ ਆਪਣੀ ਇਨਕੁਆਰੀ ਦਾ ਸਮਾਂ ਨਿਰਧਾਰਿਤ ਕਰਨਾ ਚਾਹੀਦਾ ਹੈ। ਇਸ ਦਾ ਕਾਰਨ ਇਹ ਹੈ ਕਿ ਲੋਕਾਂ ਨੂੰ ਇਹ ਵਿਸ਼ਵਾਸ ਹੋ ਸਕੇ ਕਿ ਇਨਕੁਆਰੀ ਇਨੀ ਦੇਰ ਵਿੱਚ ਖਤਮ ਹੋ ਜਾਵੇਗੀ। ਹੁਣ ਜਿਵੇਂ ਰਾਜੀਵ ਗਾਂਧੀ ਹੱਤਿਆ ਕਾਂਡ ਦੇ ਸਬੰਧ ਵਿੱਚ ਜੈਨ ਕਮਿਸ਼ਨ ਬਿਠਾਇਆ ਗਿਆ ਸੀ, ਮੁਕੱਰਰ ਕੀਤਾ ਗਿਆ ਸੀ, ਇਸ ਨੂੰ ਛੇ ਸਾਲ ਦਾ ਸਮਾਂ ਹੋ ਗਿਆ ਹੈ ਪਰ ਕਮਿਸ਼ਨ ਨੇ ਹਾਲੇ ਤੱਕ ਪੂਰੀ ਰਿਪੋਰਟ ਨਹੀਂ ਦਿੱਤੀ। ਇਸ ਵਾਸਤੇ ਜਦੋਂ ਵੀ ਇਸ ਤਰ੍ਹਾਂ ਦੀ ਕੋਈ ਇੰਸਟੀਚਿਊਸ਼ਨ ਬਣਾਈ ਜਾਂਦੀ ਹੈ ਤਾਂ ਉਸ ਨੂੰ ਕਿਹਾ ਜਾਣਾ ਚਾਹੀਦਾ ਹੈ ਕਿ ਉਹ ਆਪਣਾ ਸਮਾਂ ਨਿਰਧਾਰਿਤ ਕਰੇ ਕਿ ਇੰਨੇ ਸਮੇਂ ਵਿਚ ਇਨਕੁਆਰੀ ਹੋ ਜਾਵੇਗੀ। ਅਨ-ਲਿਮਟਿਡ ਟਾਈਮ ਨਾਲ ਲੋਕਾਂ ਦੇ ਮਨ ਵਿੱਚ ਵਿਸ਼ਵਾਸ਼ ਨਹੀਂ ਰਹਿੰਦਾ। ਉਹ ਸਮਝਦੇ ਹਨ ਕਿ 5-10 ਸਾਲ ਤਾਂ ਇਨਕੁਆਰੀ ਹੋਣੀ ਨਹੀਂ, ਕਿਸੇ ਨੇ ਪੁੱਛਣਾ ਨਹੀਂ। ਇਸ ਕਰਕੇ ਇਸ ਦਾ ਸਮਾਂ 1-2 ਸਾਲ ਹੀ ਨਿਰਧਾਰਿਤ ਕੀਤਾ ਜਾਵੇ। ਇੰਨੇ ਕੁ ਸਮੇਂ ਵਿਚ ਇਨਕੁਆਰੀ ਕੰਪਲੀਟ ਹੋ ਜਾਣੀ ਚਾਹੀਦੀ ਹੈ ਤਾਂ ਕਿ ਰਿਜ਼ਲਟ ਸਾਹਮਣੇ ਆ ਸਕਣ। ਇਸ ਨਾਲ ਅੱਜ ਦੇ ਜੀਵਨ ਉਤੇ ਫਰਕ ਪੈ ਸਕਦਾ ਹੈ।

[ਸ਼੍ਰੀ ਰਮੇਸ਼ ਚੰਦਰ ਡੋਗਰਾ]

ਇਸ ਤਰ੍ਹਾਂ ਇਸ ਬਿਲ ਸਬੰਧੀ ਸਾਡੀਆਂ ਕੁਝ ਸ਼ੰਕਾਵਾਂ ਵੀ ਹਨ ਅਤੇ ਕੁਝ ਗੱਲਾਂ ਨਾਲ ਅਸੀਂ ਬਿਲਕੁਲ ਸਹਿਮਤ ਵੀ ਹਾਂ ਜਿਨ੍ਹਾਂ ਨੂੰ ਅਸੀਂ ਸੈਕਿੰਡ ਕਰਦੇ ਹਾਂ, ਤਾਈਦ ਕਰਦੇ ਹਾਂ। ਮੇਰਾ ਖਿਆਲ ਹੈ ਕਿ ਜਿਹੜੀਆਂ ਸ਼ੰਕਾਵਾਂ ਹਨ, ਉਨ੍ਹਾਂ ਤੇ ਮੁੱਖ ਮੰਤਰੀ ਜੀ ਗੌਰ ਕਰਨਗੇ ਔਰ ਉਨ੍ਹਾਂ ਅਨੁਸਾਰ ਬਿਲ ਵਿਚ ਅਮੈਂਡਮੈਂਟ ਕਰਨਗੇ। ਜੈ ਹਿੰਦ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਇਸ ਸਦਨ ਵਿੱਚ ਲੋਕਪਾਲ ਤਰਮੀਮ ਬਿਲ 1997 ਪੇਸ਼ ਕਰਨ ਲਈ ਖੜਾ ਹੋਇਆ ਹਾਂ। ਜਿਸ ਮੁੱਦੇ ਤੇ ਮੈਂ ਬੋਲਣ ਲਈ ਖੜ੍ਹਾ ਹੋਇਆ ਹਾਂ ਜਾਂ ਜਿਹੜਾ ਬਿਲ ਮੈਂ ਪੇਸ਼ ਕਰਨ ਲਈ ਖੜ੍ਹਾ ਹੋਇਆ ਹਾਂ, ਉਸ ਵਿੱਚ ਮੈਨੂੰ ਬਹੁਤ ਹੀ ਦੁੱਖਦਾਈ ਪਾਰਟ ਅਦਾ ਕਰਨਾ ਪੈ ਰਿਹਾ ਹੈ। ਮੁੱਦਾ ਇਹ ਹੈ ਕਿ ਅੱਜ ਲੋਕ ਪਾਲ ਬਣਾਉਣ ਦੀ ਲੋੜ ਕਿਉਂ ਪੈ ਗਈ।

ਸਪੀਕਰ ਸਾਹਿਬ, ਸਾਡੇ ਸ਼ਹੀਦਾਂ ਨੇ ਬਹੁਤ ਬਹੁਤ ਕੁਰਬਾਨੀਆਂ ਕਰਕੇ ਇਸ ਦੇਸ਼ ਨੂੰ ਅਜ਼ਾਦ ਕਰਵਾਇਆ। ਸਰਦਾਰ ਕਰਤਾਰ ਸਿੰਘ ਸਰਾਭਾ, ਸਰਦਾਰ ਭਗਤ ਸਿੰਘ, ਸਰਦਾਰ ਊਧਮ ਸਿੰਘ, ਲਾਲਾ ਲਾਜਪਤ ਰਾਏ ਜੀ ਔਰ ਕਈ ਹੋਰ ਮਹਾਨ ਸ਼ਖਸੀਅਤਾਂ ਨੇ ਆਪਣਾ ਯੋਗਦਾਨ ਪਾਇਆ। ਇਹ ਯੋਗਦਾਨ ਇਸ ਲਈ ਪਾਇਆ ਕਿਉਂਕਿ ਉਨ੍ਹਾਂ ਦੇ ਕੁਝ ਸੁਪਨੇ ਸਨ, ਉਨ੍ਹਾਂ ਦੇ ਕੁਝ ਆਦਰਸ਼ ਸਨ ਕਿ ਜਦੋਂ ਸਾਡਾ ਦੇਸ਼ ਆਜ਼ਾਦ ਹੋ ਜਾਵੇਗਾ ਤਾਂ ਸਾਡਾ ਦੇਸ਼ ਇਸ ਤਰ੍ਹਾਂ ਦਾ ਹੋਵੇਗਾ ਅਤੇ ਇਸ ਤਰ੍ਹਾਂ ਦੀ ਸਰਕਾਰ ਹੋਵੇਗੀ। ਸਪੀਕਰ ਸਾਹਿਬ, ਮੈਂ ਜ਼ਿਆਦਾ ਗੱਲਾਂ ਵੱਲ ਨਹੀਂ ਜਾਂਦਾ ਕਿ ਉਨ੍ਹਾਂ ਦੇ ਹੋਰ ਕੀ ਨਿਸ਼ਾਨੇ ਸਨ, ਜਿਵੇਂ ਖੁਸ਼ਹਾਲੀ, ਤਰੱਕੀ ਆਦਿ। ਉਨ੍ਹਾਂ ਦਾ ਜ਼ਿਕਰ ਕਿਸੇ ਹੋਰ ਵੇਲੇ ਕਿਸੇ ਹੋਰ ਟਾਈਮ ਕੀਤਾ ਜਾਵੇਗਾ ਲੇਕਿਨ ਅੱਜ ਦੇ ਵਿਸ਼ੇ ਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਸੁਪਨਾ ਸੀ ਕਿ ਇਸ ਦੇਸ਼ ਦੀ ਵਾਗਡੋਰ ਜੋ ਹੈ, ਉਹ ਪੂਰੇ ਇਮਾਨਦਾਰ ਹੱਥਾਂ ਅਤੇ ਲੋਕ ਸੇਵਾ ਨੂੰ ਕੁਮਿਟਿਡ ਲੋਕਾਂ ਦੇ ਹੱਥਾਂ ਵਿਚ ਹੋਵੇ। ਪਬਲਿਕ ਲਾਈਫ ਵਿੱਚ ਆਗੂਆਂ ਦੇ ਕਿਰਦਾਰ ਸੱਚਾ ਸੁਚਾ ਹੋਵੇ। ਉਹ ਚਾਹੁੰਦੇ ਸਨ ਕਿ ਲੋਕਾਂ ਨੂੰ ਮੁਕੰਮਲ ਤੌਰ ਤੇ ਦਿਆਨਦਾਰ, ਪਾਰਦਰਸ਼ੀ ਅਤੇ ਜਵਾਬਦੇਹ ਪ੍ਰਸ਼ਾਸਨ ਮਿਲੇ ਔਰ ਮੈਂ ਕਹਿ ਸਕਦਾ ਹਾਂ ਕਿ ਅੱਜ ਉਨ੍ਹਾਂ ਦੇ ਇਹ ਸੁਪਨੇ ਚਕਨਾਚੂਰ ਹੋ ਗਏ ਹਨ। ਇਸ ਦੇਸ਼ ਵਿਚ ਕੁਰੱਪਸ਼ਨ ਦਾ ਬੋਲਬਾਲਾ ਹੈ। ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ ਨੂੰ 50 ਸਾਲ ਹੋ ਗਏ ਹਨ। ਅਸੀਂ 50 ਸਾਲਾ ਆਜ਼ਾਦੀ ਦਾ ਦਿਨ ਮਨਾ ਰਹੇ ਹਾਂ ਪਰ 50 ਸਾਲਾਂ ਤੋਂ ਬਾਅਦ ਇਸ ਵਿਸ਼ੇ ਦੀ, ਕੁਰੱਪਸ਼ਨ ਦੇ ਵਿਸ਼ੇ ਦੀ ਜੋ ਹਾਲਤ ਹੈ, ਉਹ ਬਹੁਤ ਗੰਭੀਰਤਾ ਨਾਲ ਸੋਚਣ ਵਾਲੀ ਗੱਲ ਹੈ। ਅੱਜ ਦੇਸ਼ ਦੇ ਲੀਡਰਾਂ ਦੇ ਕਿਰਦਾਰ ਦੇ ਉਤੇ ਉਂਗਲਾਂ ਉਠ ਰਹੀਆਂ ਹਨ। ਔਰ ਇਹੀ ਨਹੀਂ, ਜਿਨ੍ਹਾਂ ਲੀਡਰਾਂ ਨੇ ਦੇਸ਼ ਨੂੰ ਅਗਵਾਈ ਦੇਣੀ ਸੀ, ਜਿਨ੍ਹਾਂ ਦੇ ਹੱਥਾਂ ਵਿੱਚ ਦੇਸ਼ ਦੀ ਵਾਗਡੋਰ ਸੀ ਅਤੇ ਜਿਨ੍ਹਾਂ ਨੂੰ ਤੋਪਾਂ ਦੀਆਂ ਸਲਾਮੀਆਂ ਹੁੰਦੀਆਂ ਸਨ। ਮੈਂ ਉਨ੍ਹਾਂ ਦੇ ਨਾਮ ਨਹੀਂ ਲੈਣਾ ਚਾਹੁੰਦਾ ਅੱਜ ਉਹ ਮੁਲਜ਼ਮਾਂ ਦੀ ਹੈਸੀਅਤ ਵਿੱਚ ਕਚਹਿਰੀ ਦੇ ਕਟਹਿਰੇ ਵਿੱਚ ਖੜ੍ਹੇ ਹਨ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਕਦੇ ਸੋਚ ਨਹੀਂ ਸਕਦੇ ਸਨ ਸਰਦਾਰ ਭਗਤ ਸਿੰਘ ਹੁਰੀਂ ਕਿ ਇਹੋ ਜਿਹਾ

ਸਮਾਂ ਆਏਗਾ ਜਦੋਂ ਸਾਡੇ ਨੇਤਾ ਦਾ ਇਹੋ ਜਿਹਾ ਕਿਰਦਾਰ ਹੋਏਗਾ । ਇਸ ਲਈ, ਸਪੀਕਰ ਸਾਹਿਬ, ਇਹੀ ਹੈਰਾਨੀ ਵਾਲੀ ਗੱਲ ਹੈ ਕਿ ਅੱਜ ਸਾਨੂੰ ਲੋਕਪਾਲ ਬਣਾਉਣਾ ਪਿਆ । ਕਈ ਹੋਰ ਸਟੇਟਾਂ ਵਿੱਚ ਵੀ ਲੋਕਪਾਲ ਬਣਿਆ ਹੈ ਪਰ ਲੋਕਪਾਲ ਬਣਾਉਣ ਦੀ ਲੋੜ ਕਿਉਂ ਪਈ ? ਲੋਕਾਂ ਦੀ ਜਿਹੜੀ ਐਕਸਪੈਕਟੇਸ਼ਨ ਹੁੰਦੀ ਹੈ, ਉਹ ਆਨੇਸਟੀ ਹੁੰਦੀ ਹੈ । ਨੇਤਾਵਾਂ ਦਾ ਕਿਰਦਾਰ ਆਨੇਸਟ ਹੋਵੇ ਅਤੇ ਉਹ ਸੇਵਾ ਕਰਨ ਲੇਕਿਨ, ਸਪੀਕਰ ਸਾਹਿਬ, ਹੌਲੀ ਹੌਲੀ ਇਸ ਦੇਸ਼ ਦਾ ਜੋ ਸਿਆਸੀ ਮਾਹੌਲ ਹੈ, ਉਹ ਇਕ ਤਰ੍ਹਾਂ ਨਾਲ ਬਹੁਤ ਹੀ ਗੰਧਲਾ ਹੋ ਗਿਆ ਹੈ । ਔਰ ਅੱਜ ਆਮ ਲੋਕਾਂ ਨੂੰ ਇਹ ਲੱਗਦਾ ਹੈ ਕਿ ਹਰ ਸਿਆਸੀ ਬੰਦਾ ਜਿਹੜਾ ਹੈ, ਉਹ ਕੁਰੱਪਟ ਹੈ । ਇਸ ਦੇ ਲਈ ਕੌਣ ਜ਼ਿੰਮੇਵਾਰ ਹਨ ? ਇਸ ਤਰ੍ਹਾਂ ਦੀ ਸੇਵਾ ਦੀ ਡਿਊਟੀ ਨਿਭਾਉਣ ਵਾਲਿਆਂ ਨੂੰ, ਇਸ ਤਰ੍ਹਾਂ ਦੇ ਲੋਕਾਂ ਨੂੰ ਲੋਕਾਂ ਨੇ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ । ਸਪੀਕਰ ਸਾਹਿਬ ਲੋਕਪਾਲ ਬਿੱਲ ਸਾਡੇ ਪੰਜਾਬ ਵਿਚ ਪਹਿਲਾਂ ਵੀ ਬਣਿਆ । ਮੈਂ ਦੇਖ ਸਕਦਾ ਹਾਂ ਕਿ ਜਦੋਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਸੀ, ਉਦੋਂ ਵੀ ਪੰਜਾਬ ਦੀ ਹਾਲਤ ਏਸੇ ਤਰ੍ਹਾਂ ਦੀ ਸੀ ਜਿਸ ਤਰ੍ਹਾਂ ਕਿ ਅੱਜ ਸਾਰੇ ਦੇਸ਼ ਦਾ ਵਾਤਾਵਰਣ ਹੈ ਔਰ ਇਹ ਮੈਂ ਨਹੀਂ ਕਹਿੰਦਾ, ਇਹ ਅਖਬਾਰਾਂ ਦੇ ਸਰਵੇ ਕਹਿੰਦੇ ਹਨ । 'ਇੰਡੀਆ ਟੂਡੇ' ਨੇ 1994 ਵਿੱਚ ਇਕ ਸਰਵੇ ਕੀਤਾ ਸੀ ਤੇ ਹੁਣ ਵੀ ਕੀਤਾ ਹੈ । ਉਦੋਂ ਇਹ ਕਿਹਾ ਗਿਆ ਸੀ ਕਿ ਪੰਜਾਬ ਜਿਹੜਾ ਹੈ, ਉਹ ਦੇਸ਼ ਦੇ ਕੁਰੱਪਟ ਸੂਬਿਆਂ ਵਿੱਚੋਂ ਇਕ ਹੈ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਔਰ ਅੱਜ ਮੈਂ ਕਹਿ ਸਕਦਾ ਹਾਂ ਕਿ ਉਸੇ ਹੀ ਅਖਬਾਰੀ ਸਰਵੇ ਨੇ ਕਿਹਾ ਹੈ ਕਿ ਪੰਜਾਬ ਜਿਹੜਾ ਹੈ, ਉਹ ਹਿੰਦੁਸਤਾਨ ਦੇ ਜਿਹੜੇ ਪਹਿਲੇ ਤਿੰਨ ਇਮਾਨਦਾਰੀ ਕਰਨ ਵਾਲੇ ਸੂਬੇ ਹਨ, ਉਨ੍ਹਾਂ ਵਿੱਚੋਂ ਇਕ ਹੈ । (ਥੰਪਿੰਗ) ਇਸ ਲਈ ਅਸੀਂ ਜਦੋਂ ਸਰਕਾਰ ਬਣਾਈ ਸੀ, ਉਦੋਂ ਇਹੀ ਕੁਮਿਟਮੈਂਟ ਦਿੱਤੀ ਸੀ ਕਿ ਪੰਜਾਬ ਨੂੰ ਇਕ ਸਹੀ ਮਾਅਨਿਆਂ ਵਿੱਚ ਇਮਾਨਦਾਰ ਸਰਕਾਰ ਦਿੱਤੀ ਜਾਏਗੀ ਜੋ ਪਬਲਿਕ ਦੇ ਅੱਗੇ ਜਵਾਬਦੇਹ ਹੋਏਗੀ ਔਰ ਕੁਮਿਟਿਡ ਸਰਕਾਰ ਜਿਹੜੀ ਹੈ, ਉਹ ਬਣੇਗੀ । ਇਸ ਲਈ, ਸਪੀਕਰ ਸਾਹਿਬ, ਅਸੀਂ ਜਲਦੀ ਹੀ ਲੋਕਪਾਲ ਜਿਹੜਾ ਹੈ, ਉਸ ਨੂੰ ਬਣਾਉਣ ਵਾਸਤੇ ਕੰਮ ਆਰੰਭ ਕਰ ਦਿੱਤਾ । ਅਸੀਂ ਸੈਸ਼ਨ ਦੀ ਵੇਟ ਕਰ ਸਕਦੇ ਸੀ ਲੇਕਿਨ ਅਸੀਂ ਆਰਡੀਨੈਂਸ ਲਿਆਉਣ ਦਾ ਪ੍ਰਬੰਧ ਬਣਾਇਆ ਔਰ ਆਰਡੀਨੈਂਸ ਤੁਹਾਡੇ ਸਾਹਮਣੇ ਹੈ ।

ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਦੋ ਵਾਰੀ ਇਸ ਨੂੰ ਬਣਾਉਣ ਦੇ ਯਤਨ ਕੀਤੇ ਗਏ ਹਨ । ਇਕ ਤਾਂ ਸਰਦਾਰ ਬੇਅੰਤ ਸਿੰਘ ਅਤੇ ਬਰਾੜ ਸਾਹਿਬ ਵੇਲੇ ਲੋਕਪਾਲ ਬਣਾਇਆ ਗਿਆ । ਮਿਸਟਰ ਐਸ. ਐਸ. ਸੋਢੀ, ਜੋ ਚੀਫ ਜਸਟਿਸ (ਰਿਟਾਇਰਡ) ਹਨ, ਉਨ੍ਹਾਂ ਨੂੰ ਉਨ੍ਹਾਂ ਨੇ ਨਿਯੁਕਤ ਕੀਤਾ । ਮੈਂ ਸਮਝਦਾ ਹਾਂ ਔਰ ਮੈਂ ਸਹੀ ਮਾਅਨਿਆਂ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਬਹੁਤ ਹੀ ਦਿਆਨਤਦਾਰ ਅਤੇ ਨੇਕ ਅਫਸਰ ਸਨ । ਉਨ੍ਹਾਂ ਨੇ ਜਦੋਂ ਆਪਣਾ ਕੰਮ ਆਰੰਭ ਕੀਤਾ ਤਾਂ ਉਨ੍ਹਾਂ ਕੋਲ ਰਿਸ਼ਵਤ ਦੀਆਂ ਕਈ ਅਰਜ਼ੀਆਂ ਆਈਆਂ, ਜੋ ਸੀਕਰਟ ਸਨ, ਪਰ ਅਖਬਾਰਾਂ ਵਾਲੇ ਤਾਂ ਸੀਕਰਟ ਵੀ ਕੱਢ ਲੈਂਦੇ ਹਨ ਔਰ ਅਖਬਾਰਾਂ ਦੀਆਂ ਰਿਪੋਰਟਾਂ ਦੇ ਵਿਚ ਇਹ ਦੱਸਿਆ ਗਿਆ ਕਿ ਪਿਛਲੀ ਸਰਕਾਰ ਦੇ 11 ਮੰਤਰੀਆਂ ਦੇ ਖਿਲਾਫ ਲੋਕਪਾਲ ਕੋਲ ਅਰਜ਼ੀਆਂ ਆਈਆਂ । (ਟਰੇਜ਼ਰੀ ਬੈਂਚਾਂ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਉਨ੍ਹਾਂ ਸ਼ਿਕਾਇਤਾਂ ਦੀ ਜਦ

[ਮੁੱਖ ਮੰਤਰੀ]
ਸੁਣਵਾਈ ਹੋ ਰਹੀ ਸੀ ਤਾਂ ਇਨ੍ਹਾਂ ਨੂੰ ਫਿਕਰ ਪੈ ਗਿਆ ਅਤੇ ਇਹ ਪ੍ਰੈਸ਼ਰ ਪੈ ਗਿਆ ਕਿ ਕੋਈ ਤਰੀਕਾ ਕੱਢਿਆ ਜਾਵੇ ਅਤੇ ਆਪਣੇ ਵਜ਼ੀਰਾਂ ਜਾਂ ਜਿਹੜੀਆਂ ਉਚੀਆਂ ਸ਼ਖਸੀਅਤਾਂ ਹਨ, ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਬਚਾਇਆ ਜਾਵੇ । ਇਸ ਤੋਂ ਬਚਣ ਵਾਸਤੇ ਇਸ ਐਕਟ ਨੂੰ ਰੀਪੀਲ ਕਰ ਦਿੱਤਾ ਗਿਆ । ਅੱਜ ਬੀਬੀ ਜੀ ਬੈਠੇ ਨਹੀਂ, ਜੇਕਰ ਬੈਠੇ ਹੁੰਦੇ ਤਾਂ ਉਹ ਦੱਸਦੇ ਕਿ ਇਸ ਨੂੰ ਰੀਪੀਲ ਕਿਉਂ ਕੀਤਾ ਗਿਆ । ਇਸ ਦਾ ਸਿਰਫ ਇਕੋ ਇਕ ਮੰਤਵ ਇਹ ਸੀ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਉਹ ਜਿਹੜੀਆਂ ਪਹਿਲਾਂ ਅਰਜ਼ੀਆਂ ਆਈਆਂ ਸਨ, ਉਹ ਖਤਮ ਕਰ ਦਿੱਤੀਆਂ ਜਾਣ । (ਰੂਲਿੰਗ ਗਰੁੱਪ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਸੁਪਰੀਮ ਕੋਰਟ ਨੇ ਵੀ ਉਹ ਰਿਕਾਰਡ ਸੀਲ ਕਰਨ ਲਈ ਹੁਕਮ ਕਰ ਦਿੱਤਾ ਹੈ ।

ਇਸ ਲਈ, ਸਪੀਕਰ ਸਾਹਿਬ, ਜਿਹੜਾ ਅਸੀਂ ਹੁਣ ਲੋਕਪਾਲ ਬਿਲ ਲਿਆਂਦਾ ਹੈ ਮੇਰਾ ਖਿਆਲ ਸੀ ਕਿ ਇਹ ਸਾਰੇ ਇਸ ਦੀ ਤਾਰੀਫ ਕਰਨਗੇ ਕਾਮਰੇਡ ਸਾਹਿਬ ਨੇ ਕੁਝ ਗੱਲਾਂ ਦੀ ਤਾਰੀਫ ਕੀਤੀ ਹੈ । ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ਪਰ ਅਸੀਂ ਸਾਰਾ ਹੀ ਜੋ ਕੀਤਾ ਹੈ, ਉਹ ਬਿਲਕੁਲ ਸੋਚ ਸਮਝ ਕੇ ਕੀਤਾ ਹੈ, ਔਰ ਜਿਹੜੀਆਂ ਪਹਿਲਾਂ ਕਮੀਆਂ ਸਨ, ਉਹ ਅਸੀਂ ਦੂਰ ਕੀਤੀਆਂ ਹਨ । ਪਹਿਲਾਂ ਤਿੰਨ ਮੈਂਬਰੀ ਲੋਕਪਾਲ ਬਣਾਇਆ ਗਿਆ ਸੀ । ਕਾਮਰੇਡ ਸਾਹਿਬ ਨੇ ਹੁਣ ਇਸ ਦੀ ਤਾਰੀਫ ਕੀਤੀ ਹੈ ਅਤੇ ਕਰਨੀ ਠੀਕ ਵੀ ਹੈ । ਅਸੀਂ ਹੁਣ ਇੱਕ ਮੈਂਬਰੀ ਕਮਿਸ਼ਨ ਮੁਕੱਰਰ ਕੀਤਾ ਹੈ । ਦੂਜਾ, ਸਪੀਕਰ ਸਾਹਿਬ, ਪਹਿਲਾਂ ਇਹ ਸੀ ਕਿ ਜਦੋਂ ਵੀ ਕਿਸੇ ਨੇ ਸ਼ਿਕਾਇਤ ਕਰਨੀ ਹੁੰਦੀ ਸੀ ਤਾਂ ਉਸ ਨੂੰ ਪਹਿਲਾਂ ਗਵਰਨਰ ਸਾਹਿਬ ਤੋਂ ਮਨਜ਼ੂਰੀ ਲੈਣੀ ਪੈਂਦੀ ਸੀ ਜਿਹੜੀ ਕਿ ਮੇਰੇ ਖਿਆਲ ਵਿੱਚ ਏਡੀ ਔਖੀ ਸੀ ਕਿ ਇਸ ਨਾਲ ਲੋਕਪਾਲ ਦੇ ਅਸਲ ਮੰਤਵ ਪ੍ਰਭਾਵਿਤ ਹੁੰਦੇ ਸਨ । ਹੁਣ ਅਸੀਂ ਇਸ ਨੂੰ ਬਦਲ ਦਿੱਤਾ ਹੈ । ਹੁਣ ਕਿਸੇ ਦੀ ਵੀ ਮੰਨਜ਼ੂਰੀ ਨਹੀਂ ਲੈਣੀ ਪਵੇਗੀ ਬਲਕਿ ਜਿਸ ਵਿਅਕਤੀ ਦੇ ਖਿਲਾਫ ਕਿਸੇ ਨੂੰ ਕੋਈ ਸ਼ਿਕਾਇਤ ਹੈ, ਭਾਵੇਂ ਕੋਈ ਮੰਤਰੀ ਹੈ, ਐਮ.ਐਲ.ਏ. ਹੈ ਜਾਂ ਕਿਸੇ ਕਾਰਪੋਰੇਸ਼ਨ ਦਾ ਚੇਅਰਮੈਨ ਹੈ, ਉਸ ਦੇ ਖਿਲਾਫ ਉਹ ਸ਼ਿਕਾਇਤ ਦੇ ਸਕਦਾ ਹੈ ਅਤੇ ਲੋਕਪਾਲ ਇਸ ਦੀ ਇਨਕੁਆਰੀ ਕਰ ਸਕਦੇ ਹਨ । ਇਸੇ ਤਰ੍ਹਾਂ, ਸਪੀਕਰ ਸਾਹਿਬ ਇਕ ਹੋਰ ਗੱਲ ਦੀ ਵੀ ਕੁਝ ਤਾਰੀਫ ਕੀਤੀ ਗਈ ਹੈ । ਜਿਹੜਾ ਬੀਬੀ ਜੀ ਨੇ ਐਕਟ ਬਣਾਇਆ ਸੀ, ਉਸ ਦੇ ਵਿੱਚ 5 ਹਜ਼ਾਰ ਰੁਪਿਆ ਫੀਸ ਦਾ ਰੱਖਿਆ ਗਿਆ ਸੀ । ਮੇਰੇ ਖਿਆਲ ਵਿਚ 5 ਹਜ਼ਾਰ ਰੁਪਿਆ ਕਾਫੀ ਵੱਡੀ ਰਕਮ ਹੈ, ਇਸ ਲਈ ਹੁਣ ਅਸੀਂ ਇਹ ਰਕਮ ਘਟਾ ਕੇ 1 ਹਜ਼ਾਰ ਰੁਪਿਆ ਕਰ ਦਿੱਤੀ ਹੈ । 1 ਹਜ਼ਾਰ ਰੁਪਿਆ ਵੀ ਇਸ ਕਰਕੇ ਕੀਤਾ ਹੈ ਤਾਂ ਕਿ ਹਰ ਇਕ ਵਿਅਕਤੀ ਐਵੇਂ ਹੀ ਕਿਸੇ ਦੇ ਖਿਲਾਫ ਅਰਜ਼ੀਆਂ ਨਾ ਦੇਈ ਜਾਵੇ ਅਤੇ ਉਹ ਆਪਣੀ ਕੁਝ ਰਿਸਪਾਂਸੇਬਿਲਟੀ ਜ਼ਰੂਰ ਸਮਝੇ । ਮੇਰਾ ਖਿਆਲ ਹੈ ਕਿ 1 ਹਜ਼ਾਰ ਰੁਪਿਆ ਤਾਂ ਘੱਟੋ ਘੱਟ ਫੀਸ ਚਾਹੀਦੀ ਹੀ ਹੈ ਜਿਹੜੀ ਕਿ ਅਸੀਂ ਰੱਖੀ ਹੈ ।

ਦੋ ਤਿੰਨ ਗੱਲਾਂ ਤੇ ਇਤਰਾਜ਼ ਵੀ ਹੋਇਆ ਹੈ । ਪਹਿਲਾਂ ਇਸ ਦੀ ਐਪੁਆਇੰਟਮੈਂਟ ਤੇ ਇਤਰਾਜ਼ ਵੀ ਹੋਇਆ ਹੈ ਕਿ ਇਸ ਦੀ ਐਪੁਆਇੰਟਮੈਂਟ ਇਸ ਤਰ੍ਹਾਂ ਹੋਣੀ ਚਾਹੀਦੀ ਹੈ,

ਉਸ ਤਰ੍ਹਾਂ ਹੋਣੀ ਚਾਹੀਦੀ ਹੈ । ਸਪੀਕਰ ਸਾਹਿਬ, ਇਸ ਦੀ ਅੱਪੁਆਇੰਟਮੈਂਟ ਬੜੇ ਵਾਜਬ ਤੌਰ ਤੇ ਕੀਤੀ ਗਈ ਹੈ ਅਤੇ ਬੜੀ ਸੋਚ ਸਮਝ ਕੇ ਕੀਤੀ ਗਈ ਹੈ । ਮਾਨਯੋਗ ਸਪੀਕਰ ਸਾਹਿਬ ਤੁਸੀਂ, ਚੀਫ ਜਸਟਿਸ ਅਤੇ ਮੈਂ, ਅਸਾਂ ਤਿੰਨਾਂ ਨੇ ਰਲ ਕੇ ਪੂਰੀ ਡਿਸਕਸ਼ਨ ਕਰਨ ਤੋਂ ਬਾਅਦ ਨਿਯੁਕਤੀ ਕੀਤੀ ਹੈ । ਚੀਫ ਜਸਟਿਸ ਦੀ ਪੂਰੀ ਰਾਏ ਲੈ ਕੇ ਲੋਕਪਾਲ ਦੀ ਨਿਯੁਕਤੀ ਕੀਤੀ ਗਈ ਹੈ ਸਪੀਕਰ ਸਾਹਿਬ, ਚੀਫ ਜਸਟਿਸ ਦੇ ਨਾਲ ਪੂਰੀ ਤਰ੍ਹਾਂ ਡਿਸਕਸ ਕਰਕੇ ਅਤੇ ਉਨ੍ਹਾਂ ਦੇ ਘਰ ਜਾ ਕੇ ਇਹ ਫੈਸਲਾ ਅਸੀਂ ਕੀਤਾ ਹੈ । ਇਹ ਫੈਸਲਾ ਲਿਆ ਗਿਆ ਹੈ ਕਿ ਲੋਕ ਪਾਲ ਆਜ਼ਾਦੀ ਨਾਲ ਕੰਮ ਕਰੇ ਅਤੇ ਜਿੰਨਾ ਸਟਾਫ ਉਹ ਚਾਹੁੰਦੇ ਹਨ, ਉਹ ਸਾਰਾ ਸਟਾਫ ਉਨ੍ਹਾਂ ਤੱਕ ਪਹੁੰਚਾਉਣ ਦਾ ਪ੍ਰਬੰਧ ਕੀਤਾ ਗਿਆ ਹੈ । ਲੋਕਪਾਲ ਨੇ ਬਹੁਤ ਚੰਗੇ ਢੰਗ ਨਾਲ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਕੁਰੱਪਸ਼ਨ ਨੂੰ ਇਸ ਨਾਲ ਠੱਲ ਪਵੇਗੀ ।

ਇਥੇ ਕਿਹਾ ਗਿਆ ਹੈ ਕਿ ਕਲਾਸ ਵੰਨ ਅਫਸਰਾਂ ਨੂੰ ਇਸ ਮੱਦ ਵਿੱਚ ਰੱਖਿਆ ਜਾਏ । ਇਹ ਠੀਕ ਨਹੀਂ ਹੈ । ਕੁਰੱਪਸ਼ਨ ਤਾਂ ਉਪਰੋਂ ਹੇਠਾਂ ਨੂੰ ਆਉਂਦੀ ਹੈ । ਸਿਆਸਤਦਾਨ ਇਮਾਨਦਾਰ ਹੋਣ ਤਾਂ ਕੁਰੱਪਸ਼ਨ ਨਹੀਂ ਹੁੰਦੀ । ਲੋਕਪਾਲ ਪਬਲਿਕਮੈਨ ਵਾਸਤੇ ਰੱਖਿਆ ਗਿਆ ਹੈ ਅਫਸਰਾਂ ਵਾਸਤੇ ਨਹੀਂ ਰੱਖਿਆ ਗਿਆ । ਅਫਸਰਾਂ ਨੂੰ ਹੋਰ ਢੰਗ ਨਾਲ ਡੀਲ ਕੀਤਾ ਜਾ ਸਕਦਾ ਹੈ । ਵਿਜੀਲੈਂਸ ਡਿਪਾਰਟਮੈਂਟ ਜਾਂ ਹੋਰ ਡਿਪਾਰਟਮੈਂਟਾਂ ਰਾਹੀਂ ਕਿਸੇ ਦੇ ਵਿਰੁੱਧ ਜੇ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਉਸ ਤਰੀਕੇ ਨਾਲ ਉਸ ਦਾ ਨਿਰਣਾ ਕਰ ਲਿਆ ਜਾਂਦਾ ਹੈ । ਇਥੇ ਬਹਿਸ ਦੌਰਾਨ ਨਾਇਬ ਤਹਿਸੀਲਦਾਰਾਂ ਬਾਰੇ ਗੱਲ ਕੀਤੀ ਗਈ ਸੀ ਕਾਮਰੇਡ ਸਾਹਿਬ ਨੇ ਕਿਹਾ ਹੈ ਕੁਰੱਪਸ਼ਨ ਦੇ ਸਬੰਧ ਵਿੱਚ । ਅਸੀਂ ਹਰ ਤਰੀਕੇ ਨਾਲ ਹਰ ਤਰ੍ਹਾਂ ਦੀ ਕੁਰੱਪਸ਼ਨ ਨੂੰ ਕਾਬੂ ਕਰਨ ਦਾ ਯਤਨ ਕਰਦੇ ਹਾਂ । ਇਹ ਸਾਰੇ ਦੇਸ਼ ਵਿੱਚ ਬਿਮਾਰੀ ਵਾਂਗ ਫੈਲ ਗਈ ਹੈ । ਮਾਹੌਲ ਖਰਾਬ ਹੋ ਰਿਹਾ ਹੈ । ਇਸ ਨੂੰ ਕਾਬੂ ਕਰਨ ਵਾਸਤੇ ਪਬਲਿਕ ਦੀ ਕੋਆਪਰੇਸ਼ਨ ਬਹੁਤ ਜ਼ਰੂਰੀ ਹੈ । ਇਹ ਨਾਇਬ ਤਹਿਸੀਲਦਾਰਾਂ ਬਾਰੇ ਜੋ ਸ਼ਿਕਾਇਤਾਂ ਦੇਣਗੇ, ਮੈਂ ਉਸ ਤੇ ਇਨਕੁਆਰੀ ਕਰਾ ਲਵਾਂਗਾ । ਸਪੀਕਰ ਸਾਹਿਬ, ਸੂਓ ਮੋਟੂ ਬਾਰੇ ਗੱਲ ਆਈ ਹੈ, ਜੇਕਰ ਇਹ ਕੋਈ ਅਰਜ਼ੀ ਦੇਣਗੇ, ਸ਼ਿਕਾਇਤ ਕਰਨਗੇ ਤਾਂ ਉਸ ਬਾਰੇ ਅਸੀਂ ਕੁਝ ਕਰ ਸਕਾਂਗੇ । ਕਾਮਰੇਡ ਮਹਿਸੂਸ ਕਰਨਗੇ ਕਿ ਸੂਓ ਮੋਟੂ ਇਹ ਨਹੀਂ ਹੋ ਸਕਦਾ । ਇਹ ਜ਼ਰੂਰੀ ਤਾਂ ਸੀ, ਹੁਣ ਨਹੀਂ ਹੋ ਸਕਦਾ । ਇਹ ਟਾਈਮ ਬਾਊਂਡ ਹੋਣਾ ਚਾਹੀਦਾ ਹੈ । ਸਾਡੇ ਕੋਲ ਇਸ ਵਕਤ 13 ਕੰਪਲੇਂਟਸ ਹਨ ਜਿਨ੍ਹਾਂ ਉਪਰ ਚਰਚਾ ਹੋ ਰਹੀ ਹੈ । ਇਹ ਸੀਕਰਟ ਕੰਪਲੇਂਟਸ ਹਨ ਦੂਸਰੀ ਚਰਚਾ ਇਨ-ਕੈਮਰਾ ਇਨਕੁਆਇਰੀ ਬਾਰੇ ਹੁੰਦੀ ਹੈ । ਇਹ ਇਸ ਤਰ੍ਹਾਂ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਜੋ ਪਬਲਿਕਮੈਨ ਹੈ, ਹਰ ਕੋਈ ਉਸ ਉਪਰ ਚਿੱਕੜ ਸੁੱਟਦਾ ਹੈ । ਕਈ ਝੂਠ ਉਸ ਬਾਰੇ ਕਹੇ ਜਾਂਦੇ ਹਨ । ਜਿਵੇਂ ਇਹ ਇਲੈਕਸ਼ਨ ਹੋ ਰਹੇ ਹਨ । ਜੇਕਰ ਕੋਈ ਅਰਜ਼ੀ ਦੇ ਦੇਵੇ ਕਿਸੇ ਕੈਂਡੀਡੇਟ ਦੇ ਖਿਲਾਫ ਤਾਂ ਉਹ ਕੈਂਡੀਡੇਟ ਚਰਚਾ ਦਾ ਵਿਸ਼ਾ ਬਣ ਜਾਂਦਾ ਹੈ । ਠੀਕ ਹੈ ਜਦੋਂ ਲੋਕ ਪਾਲ ਆਪਣੇ ਲੈਵਲ ਤੇ ਕਾਰਵਾਈ ਕਰਨਗੇ ਅਤੇ ਕੋਈ ਦੋਸ਼ੀ ਪਾਇਆ ਜਾਵੇਗਾ ਤਾਂ ਉਸ ਦੇ ਖਿਲਾਫ ਸਖਤ ਤੋਂ ਸਖਤ ਐਕਸ਼ਨ ਹੋਵੇਗਾ । ਮੈਂ ਤੁਹਾਡੇ ਰਾਹੀਂ ਸਦਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਬਿਲ ਨੂੰ ਪਾਸ ਕਰਕੇ ਐਕਟ ਬਣਾ ਦਿੱਤਾ ਜਾਵੇ ।

Mr. Speaker : Question is—

That the Punjab Lokpal (Amendment) Bill be taken into consideration at once.

The motion was carried unanimously.

Mr. Speaker : Now the House will consider the Bill Clause-by-Clause.

Sub-Clause (2) of Clause 1

Mr Speaker : Question is—

That Sub-Clause (2) of Clause 1 stand part of the Bill.

The motion was carried.

Clause 2

Mr Speaker : Question is—

That Clause 2 stand part of the Bill.

The motion was carried.

Clause 3

Mr Speaker : Question is—

That Clause 3 stand part of the Bill.

The motion was carried.

Clause 4

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਜਿਹੜਾ ਜਵਾਬ ਦਿੱਤਾ ਹੈ, ਉਸ ਨਾਲ ਮੇਰੀ ਤਸੱਲੀ ਨਹੀਂ ਹੁੰਦੀ ! ਸਰਕਾਰ ਨੂੰ ਇਸ ਅਮੈਂਡਮੈਂਟ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਸੀ । ਇਹ ਜਿਹੜਾ ਲੋਕਪਾਲ ਦੀ ਐਪੁਆਇੰਟਮੈਂਟ ਬਾਰੇ ਸਵਾਲ ਹੈ, ਇਸ ਨੂੰ ਮੈਂ ਪ੍ਰੈੱਸ ਕਰਦਾ ਹਾਂ ਅਤੇ ਆਸ ਹੈ ਕਿ ਟਰੇਜ਼ਰੀ ਬੈਂਚਿਜ਼ ਵਾਲੇ ਵੀ ਮੇਰੀ ਅਮੈਂਡਮੈਂਟ ਨੂੰ ਸਵੀਕਾਰ ਕਰਨਗੇ । ਜੋ ਪੁਰਾਣਾ ਤਰੀਕਾ ਸੀ ਕਿ ਚੀਫ ਮਨਿਸਟਰ ਦੀ ਐਡਵਾਈਸ ਤੇ ਗਵਰਨਰ ਸਾਹਿਬ ਲੋਕਪਾਲ ਨੂੰ ਅਪੁਆਇੰਟ

ਕਰਨਗੇ, ਇਸ ਨੂੰ ਮੈਂ ਠੀਕ ਨਹੀਂ ਸਮਝਦਾ । ਇਸ ਸਾਰੇ ਨੂੰ ਬਦਲ ਕੇ ਇਸ ਤਰ੍ਹਾਂ ਹੋਣਾ ਚਾਹੀਦਾ ਹੈ । ਜਿਸ ਤਰ੍ਹਾਂ ਕਿ ਮੇਰੀ ਅਮੈਂਡਮੈਂਟ ਹੈ—

"That for the proviso to the proposed sub-section (1) of Section 4, the following provisos shall be substituted :—

"Provided that the appointment of the Lok Pal shall be made by the Governor who shall consult with the Chief Justice of India in case of appointment of a person who is or had been a Judge of the Supreme Court of India and the Chief Justice of Punjab & Haryana High Court in case of appointment of a person who is or had been a Judge of the said High Court :

Provided further that the appointment of the Lok Pal shall be made out of a panel of three persons prepared by a Committee consisting of the Chief Minister, the Leader of the Opposition and the Speaker"

Mr. Speaker : First, I shall put the amendment to the vote of the House.

Mr. Speaker : Question is :—

That for the proviso to the proposed sub-section (1) of Section 4, the following provisos shall be substituted :—

"Provided that the appointment of the Lok Pal shall be made by the Governor who shall consult with the Chief Justice of India in case of appointment of a person who is or had been a Judge of the Supreme Court of India and the Chief Justice of Punjab & Haryana High Court in case of appointment of a person who is or had been a Judge of the said High Court :

Provided further that the appointment of the Lok Pal shall be made out of a panel of three persons prepared by a Committee consisting of the Chief Minister the Leader of the Opposition and the Speaker."

The motion was lost.

Mr. Speaker : Question is—

That Clause 4 stand part of the Bill.

The motion was carried.

Clause 5

Mr. Speaker : Question is—

That Clause 5 stand part of the Bill.

The motion was carried.

Clause 6

Mr. Speaker : Amendment to Clause 6. Arshi Ji would you like to speak, please ?

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਇਹ ਬੜੀ ਸਿੰਪਲ ਅਮੈਂਡਮੈਂਟ ਸੀ ਅਤੇ ਇਸ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਸੀ। ਮੇਰੀ ਰਾਏ ਵਿਚ ਸਰਕਾਰ ਨੂੰ ਜੱਜ ਸਾਹਿਬ ਦੀ ਟਰਮ 5 ਸਾਲ ਕਰ ਦੇਣੀ ਚਾਹੀਦੀ ਹੈ। 4 ਸਾਲ ਕਰਨ ਦੀ ਗੱਲ ਮੇਰੀ ਸਮਝ ਤੋਂ ਬਾਹਰ ਹੈ। ਇਸ ਲਈ 5 ਸਾਲ ਕਰਨ ਦੀ ਗੱਲ ਸਰਕਾਰ ਨੂੰ ਪ੍ਰਵਾਨ ਕਰ ਲੈਣੀ ਚਾਹੀਦੀ ਹੈ।

Mr. Speaker : First I shall put the amendment to the vote of the House.

Mr. Speaker : Question is—

> "That in the proposed sub-section (1) of Section 6, in line 2, for the words "four years", the words "five years" shall be substituted."

The motion was lost.

Mr. Speaker : Question is—

That Clause 6 stand part of the Bill.

The motion was carried.

Clause 7 to 9

Mr. Speaker : Since there is no amendment to Clause 7 to 9, if the House agrees, these may be taken up together.

(*Voices* : Yes, Yes)

Mr. Speaker : Question is—

That Clause 7 to 9 stand part of the Bill.

The motion was carried.

Clause 10

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਪਹਿਲਾਂ ਬਿਲ ਵਿਚ 1985 ਤੋਂ ਲੈ ਕੇ ਹੁਣ ਤੱਕ ਦੇ ਸਮੇਂ ਵਿਚ ਆਈਆਂ ਸ਼ਿਕਾਇਤਾਂ ਤੇ ਐਕਸ਼ਨ ਲੈਣ ਦੀ ਪ੍ਰੋਵੀਜ਼ਨ

ਸੀ ਪਰ ਹੁਣ ਸਰਕਾਰ ਨੇ ਅਮੈਂਡਮੈਂਟ ਕਰਕੇ 1 ਜਨਵਰੀ, 1985 ਦੀ ਥਾਂ ਤੇ ਸਿਰਫ ਪਿਛਲੇ 5 ਸਾਲ ਦਾ ਸਮਾਂ ਕਰ ਦਿੱਤਾ ਹੈ । ਮੈਂ ਜ਼ੋਰਦਾਰ ਸ਼ਬਦਾਂ ਵਿਚ ਪ੍ਰੈੱਸ ਕਰਦਾ ਹਾਂ ਕਿ ਡੇਟ 1 ਜਨਵਰੀ, 1985 ਹੀ ਕਾਇਮ ਰਹਿਣੀ ਚਾਹੀਦੀ ਹੈ ।

Mr. Speaker : I shall put the amendment to the vote of the House.

Mr. Speaker : Question is—

(i) That for the proposed sub-section (1) of section 10, the following shall be substituted —

"The Lok Pal shall enquire into an allegation of misconduct against a publicman if the misconduct pertains to the period commencing from 1st January, 1985."

(ii) That in the proposed sub-section (4) of Section 10 for the words, "shall not" the word "may" shall be substituted.

The motion was lost.

Mr. Speaker : Question is—

That Clause 10 stand part of the Bill.

The motion was carried.

Clause 11

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਇਸ ਅਮੈਂਡਮੈਂਟ ਨੂੰ ਮੈਂ ਪ੍ਰੈੱਸ ਕਰਦਾ ਹਾਂ । ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ 1,000/- ਰੁਪਿਆ ਜ਼ਿਆਦਾ ਨਹੀਂ ਬਲਕਿ ਇਹ ਘੱਟੋ-ਘੱਟ ਰਹਿਣੀ ਚਾਹੀਦੀ ਹੈ । ਸਰਦਾਰ ਬੇਅੰਤ ਸਿੰਘ ਵੇਲੇ ਦੇ ਐਕਟ ਵਿਚ 1,000 ਰੁਪਿਆ ਸੀ, ਬਾਅਦ ਵਿਚ 5,000 ਰੁਪਿਆ ਕਰ ਦਿੱਤਾ ਗਿਆ ਸੀ ਪਰ ਹੁਣ ਦੀ ਸਰਕਾਰ ਨੇ ਇਸ ਬਿਲ ਵਿਚ ਅਮੈਂਡਮੈਂਟ ਲਿਆ ਕੇ ਫਿਰ 1,000/- ਰੁਪਿਆ ਕਰ ਦਿੱਤਾ ਹੈ ਅਤੇ ਬਿਲ ਵਿਚ ਸ਼ਿਕਾਇਤਕਰਤਾ ਨੂੰ ਸਜ਼ਾ ਦੇਣ ਦੀ ਵੀ ਪ੍ਰੋਵੀਜ਼ਨ ਹੈ । ਸ਼ਿਕਾਇਤ ਕਰਤਾ ਨੂੰ ਡਬਲ ਸਜ਼ਾ ਕਿਉਂ ਦਿੱਤੀ ਜਾਏ । ਸਪੀਕਰ ਸਾਹਿਬ, 1,000/- ਰੁਪਏ ਦੀ ਥਾਂ 100/- ਰੁਪਿਆ ਕਰ ਦਿੱਤੀ ਜਾਏ ।

Mr. Speaker : First, I shall put the amendment to the vote of the House.

Mr. Speaker : Question is—

That in part (ii) for the words, "One thousand rupees" the the words, "One hundred rupees" shall be substituted.

The motion was lost.

Mr. Speaker : Question is—

The Clause 11 stand part of the Bill.

The motion was carried.

Clause 12

Mr, Speaker : Question is—

That Clause 12 stand part of the Bill.

The motion was carried.

Clause 13

ਕਾਮਰੇਡ ਹਰਦੇਵ ਅਰਸ਼ੀ : ਸਪੀਕਰ ਸਾਹਿਬ, ਮੈਂ ਆਪਣੀ ਅਮੈਂਡਮੈਂਟ ਨੂੰ ਪ੍ਰੈੱਸ ਕਰਨਾ ਚਾਹੁੰਦਾ ਹਾਂ । ਸਾਰੇ ਦੇਸ਼ ਦੀਆਂ ਕਾਨੂੰਨੀ ਸੰਸਥਾਵਾਂ ਓਪਨ ਇਨਕੁਆਇਰੀ ਕਰਦੀਆਂ ਹਨ, ਬਲਕਿ ਸਾਬਕਾ ਪ੍ਰਧਾਨ ਮੰਤਰੀ ਦੇ ਕੇਸ ਵੀ ਓਪਨ ਕੋਰਟਾਂ ਵਿਚ ਹੋ ਰਹੇ ਹਨ ਪਰ ਇਥੇ ਬੰਦਸ਼ ਕਿਉਂ ਲਾਈ ਗਈ ਹੈ । ਇਹ ਮਾਮਲਾ ਲੋਕਪਾਲ ਤੇ ਛੱਡ ਦੇਣਾ ਚਾਹੀਦਾ ਹੈ ਕਿ ਅਗਰ ਉਹ ਮਹਿਸੂਸ ਕਰਨ ਤਾਂ ਇਨਕੁਆਇਰੀ ਬੰਦ ਕਮਰੇ ਵਿਚ ਕਰ ਲੈਣ ਅਤੇ ਜੇਕਰ ਓਪਨ ਕਾਰਵਾਈ ਕਰਨਾ ਚਾਹੁੰਦੇ ਹਨ ਤਾਂ ਓਪਨ ਕਰ ਲੈਣ ।

Mr. Speaker : I shall, first, put the amendment to the vote of the House.

Mr. Speaker : Question is—

That for the proposed sub-section (2) of section 13, the following clause shall be substituted :—

"(2) Every such enquiry shall, unless the Lokpal for reasons to be recorded in writing determines, otherwise be conducted in open court."

The motion was lost.

Mr. Speaker : Question is—

That Clause 13 stand part of the Bill.

The motion was carried.

Clause 14 to 16.

Mr. Speaker : Since no amendment to Clauses 14 to 16 has been received, if the House agrees, these may be put together.

(Voices : Yes, Yes)

Mr. Speaker : Question is—

That Clauses 14 to 16 stand part of the Bill.

The motion was carried.

Sub-Clause (1) of Clause 1

Mr. Speaker : Question is—

That Sub-Clause (1) of Clause 1 stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried.

Mr. Speaker : Chief Minister to move, that the Bill be passed.

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਲੋਕਪਾਲ (ਸੋਧਨਾ) ਬਿਲ ਪਾਸ ਕੀਤਾ ਜਾਵੇ ।

Mr. Speaker : Motion moved—

That the Punjab Lokpal (Amendment) Bill be passed.

Mr. Speaker : Question is—

That the Punjab Lokpal (Amendment) Bill be passed.

The motion was carried unanimously.

THE PUNJAB PREVENTION OF DEFACEMENT OF PROPERTY BILL, 1997 (REPLACING THE PUNJAB ORDINANCE NO. 3 OF 1997)

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸ਼੍ਰੀਮਾਨ ਜੀ, ਮੈਂ ਪੰਜਾਬ ਜਾਇਦਾਦ ਦੇ ਵਿਰੂਪਣ ਤੇ ਰੋਕ ਬਿਲ ਪੇਸ਼ ਕਰਦਾ ਹਾਂ ਅਤੇ ਇਹ ਵੀ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਜਾਇਦਾਦ ਦੇ ਵਿਰੂਪਣ ਤੇ ਰੋਕ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ ।

Mr. Speaker : Motion moved—

That the Punjab Prevention of defacement of property Bill, be taken into consideration at once.

Mr. Speaker : There is a notice of amendment to this Bill, which may be deemed to have been read and moved.

CLAUSE 3

Comrade Hardev Arshi : That in Sub Clause (2), line 3, after the words "or not" the following words shall be added :—

"or any authority of the State or Central Government."

Mr. Speaker : Discussion. Arshi ji.

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) : ਸਪੀਕਰ ਸਾਹਿਬ, ਮੁੱਖ ਤੌਰ ਤੇ ਇਹ ਜੋ ਬਿਲ ਸਰਕਾਰ ਨੇ ਲਿਆਂਦਾ ਹੈ, ਇਸ ਤੇ ਮੇਰੀ ਸਹਿਮਤੀ ਹੈ, ਕੋਈ ਵੱਡਾ ਮੱਤਭੇਦ ਨਹੀਂ । ਇਸ ਵਿਚ ਮੈਂ ਆਪਣੇ ਵੱਲੋਂ ਇਕ ਹੋਰ ਸੁਝਾਓ ਪੇਸ਼ ਕਰਨਾ ਚਾਹੁੰਦਾ ਹਾ । ਅਗਰ ਸਰਕਾਰ ਵੱਲੋਂ ਇਸ ਨੂੰ ਵੀ ਪ੍ਰਵਾਨ ਕਰ ਲਿਆ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਇਹ ਐਕਟ ਬਣ ਕੇ ਪੂਰੀ ਤਰ੍ਹਾਂ ਅਤੇ ਠੀਕ ਲਾਗੂ ਹੋ ਸਕਦਾ ਹੈ । ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਕਿ ਲੋਕਾਂ ਦੀਆਂ ਕੰਧਾਂ ਜੋ ਹਨ, ਉਨ੍ਹਾਂ ਦੀ ਜੋ ਪ੍ਰਾਪਰਟੀ ਹੈ, ਜਿਸ ਨੂੰ ਕਿ ਉਨ੍ਹਾਂ ਨੇ ਵਾਈਟ ਵਾਸ਼ ਵਗੈਰਾ ਵੀ ਕਰਵਾਇਆ ਹੁੰਦਾ ਹੈ ਇਧਰੋਂ ਉਧਰੋਂ ਪੈਸੇ ਲੈ ਕੇ ਖਾਸ ਕਰਕੇ ਗਰੀਬ ਲੋਕਾ ਨੇ, ਉਸ ਨੂੰ ਇਲੈਕਸ਼ਨਾਂ ਵੇਲੇ ਕਰੂਪ ਕਰ ਦਿੱਤਾ ਜਾਂਦਾ ਹੈ ਜਿਸ ਕਾਰਣ ਉਨ੍ਹਾਂ ਲੋਕਾਂ ਦੇ ਮਨਾਂ ਤੇ, ਉਨ੍ਹਾਂ ਦੀਆਂ ਭਾਵਨਾਵਾਂ ਤੇ ਸੱਟ ਵੱਜਦੀ ਹੈ । ਇਸ ਕੰਮ ਤੇ ਰੋਕ ਲਾਉਣੀ ਚਾਹੀਦੀ ਹੈ । ਪਰ ਇਹ ਰੋਕ ਮੈਨੂੰ ਵਨ ਸਾਈਡ ਲਗ ਰਹੀ ਹੈ । ਇਸ ਵਿਚੋਂ ਗੌਰਮਿੰਟ ਨੂੰ ਬਰੀ ਕਰ ਦਿੱਤਾ ਗਿਆ ਹੈ ਅਤੇ ਪ੍ਰਾਈਵੇਟ ਸੰਸਥਾਵਾਂ ਵਾਲਿਆਂ ਨੂੰ ਵੀ ਨਹੀਂ ਰੋਕਿਆ ਗਿਆ । ਪ੍ਰਾਈਵੇਟ ਸੰਸਥਾਵਾਂ ਵਾਲੇ ਆਪਣੀਆ ਮਸ਼ਹੂਰੀਆਂ ਕਰਦੇ ਹਨ । ਹੁਣੇ ਦੇਖ ਲਓ, ਸਾਡੇ ਬਠਿੰਡੇ ਇਕ ਸਰਕਸ ਲੱਗੀ ਹੋਈ ਹੈ । ਸ਼ਹਿਰ ਦਾ ਕੋਈ ਵੀ ਪੋਲ, ਕੋਈ ਵੀ ਕੰਧ ਐਸੀ ਨਹੀਂ ਜਿਸ ਤੇ ਸਰਕਸ ਦਾ ਪੋਸਟਰ ਨਾ ਲੱਗਿਆ ਹੋਵੇ । ਇਹ ਰੋਕ ਮੁੱਖ ਤੌਰ ਤੇ ਪੁਲੀਟੀਕਲ ਪਾਰਟੀਆਂ ਵਾਸਤੇ ਹੋਵੇਗੀ । ਇਸ ਵਿਚ ਥੋੜ੍ਹੀ ਜਿਹੀ ਗੱਲ ਧਿਆਨ ਵਿਚ ਰੱਖ ਲੈਣੀ ਚਾਹੀਦੀ ਹੈ । ਅਗਰ ਕੋਈ ਮਸਹੂਰੀਆਂ ਨੋਟ ਕਰਦਾ ਹੈ ਜਾਂ ਕਿੜੇ ਵਾਈਟ ਵਾਸ਼ ਕਰਦਾ ਹੈ ਤਾਂ ਉਸ ਗੱਲ ਤੇ ਪਾਬੰਦੀ ਲੱਗ

ਜਾਣੀ ਚਾਹੀਦੀ ਹੈ । ਸਾਡੀ ਇਸ ਗੱਲ ਤੇ ਪੂਰੀ ਸਹਿਮਤੀ ਹੈ । ਲੇਕਿਨ ਪੋਲਜ਼ ਤਾਂ ਕਿਸੇ ਟ੍ਰੈਫਿਕ ਵਿਚ ਰੁਕਾਵਟ ਨਹੀਂ ਬਣਦੇ, ਕੋਈ ਨੁਕਸਾਨ ਕਿਸੇ ਨੂੰ ਨਹੀਂ ਪਹੁੰਚਾਉਂਦੇ । ਇਕ ਸਿੰਪਲ ਬੈਨਰ ਲਾਉਣਾ ਹੁੰਦਾ ਹੈ ਕਿਸੇ ਪੁਲੀਟੀਕਲ ਪਾਰਟੀ ਨੇ ਜਿਹੜਾ ਕਿ ਕੋਈ ਪਰਮਾਨੈਂਟ ਨਹੀਂ, ਟੈਂਪਰੇਰੀ ਹੈ । ਕੋਈ ਪੁਲੀਟੀਕਲ ਕਾਨਫਰੰਸ ਹੈ ਤਾਂ ਉਸ ਦੇ ਵਾਸਤੇ ਦੋ ਪੋਲਾਂ ਤੇ ਦੋ ਰੱਸੀਆਂ ਬੰਨ੍ਹ ਕੇ ਅਗਰ ਬੈਨਰ ਲਾ ਦਿੱਤਾ ਜਾਵੇ ਤਾਂ ਕੋਈ ਮਾੜੀ ਗੱਲ ਨਹੀਂ । ਉਸ ਬੈਨਰ ਨੂੰ ਬਾਦ ਵਿਚ ਉਤਾਰਿਆ ਜਾ ਸਕਦਾ ਹੈ ।

ਇਸ ਦੇ ਨਾਲ ਹੀ ਮੇਰੀ ਬੇਨਤੀ ਹੈ ਕਿ ਸਟੇਟ ਅਤੇ ਸੈਂਟਰਲ ਗੌਰਮਿੰਟ ਨੂੰ ਵੀ ਇਸ ਦੇ ਵਿਚ ਸ਼ਾਮਲ ਕਰੋ । ਪਿੱਛੇ ਜਿਹੇ ਜਦੋਂ ਇਕ ਮੁਲਕ ਦੀ ਮਹਾਰਾਣੀ ਅੰਮ੍ਰਿਤਸਰ ਆਈ ਸੀ ਤਾਂ, ਸਪੀਕਰ ਸਾਹਿਬ, ਤੁਹਾਨੂੰ ਤਜਰਬਾ ਹੋਵੇਗਾ ਕਿ ਸਾਰਾ ਅੰਮ੍ਰਿਤਸਰ ਸ਼ਹਿਰ ਹੀ ਵਾਲ ਪੇਂਟਿੰਗਜ਼ ਨਾਲ ਭਰਿਆ ਹੋਇਆ ਸੀ । ਇਸ ਦੇ ਵਿਚ ਬੜੇ ਵੱਡੇ ਪੈਮਾਨੇ ਤੇ ਕੁਰੱਪਸ਼ਨ ਵੀ ਇਨਵਾਲਵ ਹੁੰਦੀ ਹੈ । ਉਨ੍ਹਾਂ ਦੀ ਵਿਜ਼ਿਟ ਆਫੀਸ਼ਲ ਵਿਜ਼ਿਟ ਸੀ । ਉਨ੍ਹਾਂ ਦੀ ਰਿਸੈਪਸ਼ਨ ਵਾਸਤੇ ਜਿੰਨੀ ਐਡ ਦਿੱਤੀ ਗਈ, ਉਹ ਗੌਰਮਿੰਟ ਫੰਡਾਂ ਵਿਚੋਂ ਦਿੱਤੀ ਗਈ ਹੋਵੇਗੀ ਲੇਕਿਨ ਉਸ ਮਹਾਰਾਣੀ ਦੇ ਸਵਾਗਤ ਵਾਸਤੇ ਵੈਲਕਮ ਬੈਨਰਜ਼ ਦੇ ਰੂਪ ਵਿਚ ਜਾਂ ਵਾਲ ਪੇਂਟਿੰਗਜ਼ ਦੇ ਰੂਪ ਵਿਚ ਜੋ ਕੁਝ ਕੀਤਾ ਗਿਆ, ਉਹ ਸਾਰੇ ਦਾ ਸਾਰਾ ਸਪਾਂਸਰਡ ਸੀ —ਪੈਪਸੀ ਕੋਲਾ ਵੱਲੋਂ ਜਾਂ ਫਿਰ ਕੋਕਾ ਕੋਲਾ ਵੱਲੋਂ । ਇਸ ਗੱਲ ਦੀ ਪੜਤਾਲ ਹੋ ਸਕਦੀ ਹੈ ਕਿ ਜਿੰਨਾ ਪੈਸਾ ਸਟੇਟ ਗੌਰਮਿੰਟ ਨੇ ਸਵਾਗਤ ਵਾਸਤੇ ਜਾਂ ਮਸ਼ਹੂਰੀ ਵਾਸਤੇ ਦਿੱਤਾ ਸੀ, ਉਹੀ ਪੈਸਾ ਖਰਚਿਆ ਗਿਆ ਜਾਂ ਫਿਰ ਉਹ ਪੈਸਾ ਹੋਰ ਕਿਤਿਓਂ ਆਇਆ । ਮਸ਼ਹੂਰੀ ਤਾਂ ਹੋਰ ਸੰਸਥਾਵਾਂ ਤੋਂ ਕਰਵਾ ਲਈ । ਪਿੱਛੇ ਜਿਹੇ ਪਲਸ ਪੋਲੀਓ ਦੀ ਮੁਹਿੰਮ ਚੱਲੀ ਸੀ । ਸਾਰੇ ਦੇਸ਼ ਵਿਚ ਇਹ ਮੁਹਿੰਮ ਚੱਲੀ ਸੀ ਅਤੇ ਸਾਡਾ ਰਾਜ ਵੀ ਇਸ ਵਿਚ ਸ਼ਾਮਲ ਹੋਇਆ ਸੀ । ਬਹੁਤ ਵੱਡੇ ਪੈਮਾਨੇ ਤੇ ਪੋਸਟਰਬਾਜ਼ੀ ਅਤੇ ਬੈਨਰ ਲਾਏ ਗਏ । ਲੱਖਾਂ ਰੁਪਿਆ ਸਿਵਲ ਸਰਜਨਾਂ ਨੂੰ ਵੀ ਦਿੱਤਾ ਗਿਆ । ਇਸ ਪੈਸੇ ਦੀ ਵੀ ਪੜਤਾਲ ਕਰਨੀ ਬਣਦੀ ਹੈ ਕਿ ਉਹ ਸਾਰਾ ਪੈਸਾ ਖਰਚ ਕਰਕੇ ਇਸ ਮੁਹਿੰਮ ਨੂੰ ਹਾਈ-ਲਾਈਟ ਕੀਤਾ ਗਿਆ ਜਾਂ ਉਹ ਪੈਸਾ ਇਧਰ ਉਧਰ ਖਰਚ ਕਰ ਲਿਆ ਗਿਆ ਅਤੇ ਹੋਰ ਏਜੰਸੀਆਂ ਤੋਂ ਉਸ ਦੀ ਮਸ਼ਹੂਰੀ ਕਰਵਾ ਲਈ ਗਈ । ਜਿੰਨੀ ਜ਼ਿੰਮੇਵਾਰੀ ਆਮ ਲੋਕਾਂ ਦੀ ਬਣਦੀ ਹੈ, ਉਨੀ ਜ਼ਿੰਮੇਂਵਾਰੀ ਹੀ ਇਸ ਸਬੰਧ ਵਿਚ ਸਰਕਾਰ ਦੀ ਵੀ ਬਣਦੀ ਹੈ । ਜੇ ਪ੍ਰਾਈਵੇਟ ਪਾਰਟੀਆਂ ਤੇ ਇਹ ਪਾਬੰਦੀ ਹੈ ਕਿ ਉਹ ਦੀਵਾਰਾਂ ਨੂੰ ਕਰੂਪ ਨਾ ਕਰਨ ਤਾਂ ਫਿਰ ਸਰਕਾਰ ਨੂੰ ਵੀ ਅਜਿਹਾ ਕਰਨ ਦਾ ਕੋਈ ਅਧਿਕਾਰ ਨਹੀਂ ਹੈ । ਇਹ ਤਾਂ ਕੋਈ ਗੱਲ ਨਹੀਂ ਬਣਦੀ ਕਿ ਪਾਰਟੀਆਂ ਕਰੂਪ ਨਾ ਕਰਨ ਪਰ ਸਰਕਾਰ ਕਰ ਲਵੇ । ਇਹ ਚੀਜ਼ ਸਾਰਿਆਂ ਵਾਸਤੇ ਬਰਾਬਰ ਹੋਣੀ ਚਾਹੀਦੀ ਹੈ ਕਿ ਨਾ ਸਰਕਾਰ, ਨਾ ਪੁਲੀਟੀਕਲ ਪਾਰਟੀਆਂ ਅਤੇ ਨਾ ਹੀ ਪ੍ਰਾਈਵੇਟ ਏਜੰਸੀਆਂ ਆਪਣੀ ਮਸ਼ਹੂਰੀ ਵਾਸਤੇ ਇਹ ਕੰਮ ਕਰਨ । ਇਹ ਜਿਹੜੀ ਛੋਟੀ ਜਿਹੀ ਅਮੈਂਡਮੈਂਟ ਮੈਂ ਦੱਸੀ ਹੈ ਅਤੇ ਜਿਸ ਦੇ ਵਿਚ ਮੈਂ ਸਮਝਦਾ ਹਾਂ ਕਿ ਕੋਈ ਮਤਭੇਦ ਨਹੀਂ ਹੋਣਾ ਚਾਹੀਦਾ, ਇਸ ਨੂੰ ਪ੍ਰਵਾਨ ਕਰਕੇ ਸਰਵਸੰਮਤੀ ਦੇ ਨਾਲ ਇਸ ਬਿਲ ਨੂੰ ਪ੍ਰਵਾਨ ਕਰ ਲਿਆ ਜਾਵੇ । The amendment moved by me is—That in Sub Clause (2), line 3, after the words "or not" the following words shall be added :—

[ਕਾਮਰੇਡ ਹਰਦੇਵ ਅਰਸ਼ੀ]

"or any authority of the State or Central Government". may be accepted. ਸਿਰਫ ਇਹ ਦੋ ਚੀਜ਼ਾਂ ਇਸ ਵਿਚ ਐਡ ਕਰ ਲਈਆਂ ਜਾਣ । ਹਰ ਚੀਜ਼ ਵਿਚ "ਨੋ" ਹੀ ਨਹੀਂ ਕਹਿਣਾ ਚਾਹੀਦਾ । ਜਿਹੜੀ ਚੀਜ਼ ਅੱਛੀ ਹੈ ਜਾਂ ਜਿਹੜੀ ਚੀਜ਼ ਬਿਲ ਨੂੰ ਤਕੜਾ ਕਰਦੀ ਹੈ, ਉਸ ਨੂੰ ਸ਼ਾਮਲ ਕਰ ਲੈਣਾ ਚਾਹੀਦਾ ਹੈ। ਮੇਰੀ ਬੇਨਤੀ ਹੈ ਅਤੇ ਮੈਨੂੰ ਆਸ ਹੈ ਕਿ ਇਹ ਇਸ ਬੇਨਤੀ ਨੂੰ ਪ੍ਰਵਾਨ ਕਰ ਲੈਣਗੇ ਅਤੇ ਅਸੀਂ ਇਸ ਨੂੰ ਸਰਵਸੰਮਤੀ ਦੇ ਨਾਲ ਪਾਸ ਕਰ ਦਿਆਂਗੇ ।

श्रीमती लक्ष्मी कांता चावला (अमृतसर केंद्रीय) :स्पीकर साहिब, बहुत बहुत शुक्रिया । यह जो बिल सदन के सामने है, यह बहुत अच्छा है और जनता के हित में है । एक बात मैं पहले ही बता दूं कि मैं आज सदन में फिर हिंदी बोलने का साहस कर रही हूं । कल इस के लिए आप के एक मंत्री ने मुझे डांटा था, यह मैं आज आप को बता रही हूं । आप के मंत्री ने सदन में मुझे डांटने की जुरअत नहीं की मुझे गेट पर जाकर डांटा ।

चुनाव के दिनों के लिए यह बिल तो ठीक है लेकिन और भी कई प्रकार के विज्ञापन हैं जो जनता को तंग करते हैं जैसे फिल्मों के विज्ञापन हैं जो 12 महीने चलती हैं । यह विज्ञापन स्कूलों, कालेजों की दीवारों पर चिपकाये जाते हैं । इलैक्शन दौरान लोगों की संपति कुरूप होती है और इस से लोग दुखी होते हैं, इस में कोई शक नहीं लेकिन फिल्मों के गंदे पोस्टर हर स्कूल और कालेज की दीवारों पर लगाने से भी लोग बहुत दुखी होते हैं । इस के साथ ही फैमिली प्लैनिंग के और टयूशन सैंटरों के पोस्टर भी हैं । चाहे ये सरकारी विज्ञापन हैं, फैमिली प्लानिंग वालों के हैं या किसी टयूशन सैंटर के हैं, ये ढ़ेर सारे विज्ञापन 12 महीने, 365 दिन चलते हैं । इनको भी रोका जाये । लेकिन जो एक वृक्ष से दूसरे वृक्ष तक रस्सी बांध कर बैनर लगाये जाते हैं, उन से कोई डीफेसमैंट नहीं होती । इस से सरकारी प्रापर्टी का कोई नुकसान नहीं होता । कोका कोला और पैपसी वालों ने पंजाब को लाल कर रखा है । इस ओर सरकार का ध्यान नहीं जाता क्योंकि वो लोगों के फंक्शनज़ पर कोका कोला फ्री भेज देते हैं । इस लिये उन की ओर किसी का ध्यान नहीं गया । अगर कोई संसथा या कोई व्यक्ति ऐसा करता है, अब तो चुनाव भी जल्दी जल्दी होने लगे हैं, तो उस की ओर सभी का ध्यान जाता है । यह जो बैन है, यह सारा साल, 12 महीने 365 दिन के लिये होना चाहिये । धन्यवाद ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) ਸਪੀਕਰ ਸਾਹਿਬ, ਇਹ ਬੜਾ ਸਿੰਪਲ ਜਿਹਾ ਬਿਲ ਹੈ । ਮੈਂ ਸਮਝਦਾ ਸੀ ਕਿ ਇਹ ਬਿਨਾ ਬਹਿਸ ਤੋਂ ਹੀ ਪਾਸ ਹੋ ਜਾਣਾ ਸੀ ਪਰ ਆਨਰੇਬਲ ਮੈਂਬਰ ਸਾਹਿਬਾਨ ਦਾ ਰਾਈਟ ਹੈ । ਏਥੇ

ਕੁਝ ਸੰਕਾ ਹੋ ਗਿਆ ਹੈ ਕਿ ਸਿਰਫ ਪੁਲੀਟੀਕਲ ਪਾਰਟੀਆਂ ਨੂੰ ਹੀ ਬੈਨ ਕੀਤਾ ਗਿਆ ਹੈ ਅਤੇ ਹੋਰ ਹਰ ਕਿਸੇ ਨੂੰ ਖੁਲ੍ਹੀ ਛੁੱਟੀ ਦਿੱਤੀ ਹੋਈ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਜਿਹੀ ਕੋਈ ਗੱਲ ਨਹੀਂ ਹੈ। ਤੁਸੀਂ ਇਸ ਬਾਰੇ ਬਿਲ ਦਾ ਸੈਕਸ਼ਨ ਤਿੰਨ ਪੜ੍ਹ ਕੇ ਦੇਖ ਲਓ। ਉਹ ਹੈ Whoever defaces. ਕੋਈ ਵੀ ਜੋ ਡੀਫੇਸ ਕਰੇਗਾ, ਭਾਵੇਂ ਕੋਈ ਕੋਕਾ ਕੋਲਾ ਜਾਂ ਪੈਪਸੀ ਵਾਲਾ ਜਾਂ ਭਾਵੇਂ ਸਰਕਾਰ ਹੈ, ਇਹ ਸਾਰਿਆਂ ਵਾਸਤੇ ਹੈ। ਪਤਾ ਨਹੀਂ ਇਹ ਸ਼ੱਕ ਕਿਸ ਤਰ੍ਹਾਂ ਹੋ ਗਿਆ ਕਿ ਇਹ ਕੇਵਲ ਪੁਲੀਟੀਕਲ ਪਾਰਟੀਆਂ ਤੇ ਹੀ ਬੈਨ ਹੈ। ਇਹ ਬੈਨ ਸਮੁੱਚੇ ਤੌਰ ਤੇ ਹੈ। ਸਗੋਂ ਸਾਰਿਆਂ ਨੂੰ ਇਸ ਚੀਜ਼ ਵਾਸਤੇ ਵਧਾਈ ਦੇਣੀ ਚਾਹੀਦੀ ਹੈ ਕਿ ਆਪਾਂ ਹੌਲੀ ਹੌਲੀ ਸ਼ਹਿਰਾਂ ਦਾ ਮੂੰਹ ਮੱਥਾ ਬਣਾਵਾਂਗੇ। ਨਹੀਂ ਤਾਂ ਕੋਈ ਕੰਧ ਹੀ ਨਹੀਂ ਸੀ ਦਿਸਣ ਨੂੰ ਮਿਲਣੀ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਬਿਨਾਂ ਹੋਰ ਬਹਿਸ ਤੋਂ ਪਾਸ ਕਰ ਦੇਣਾ ਚਾਹੀਦਾ ਹੈ।

Mr. Speaker : Question is—

That the Punjab Prevention of Defacement of Property Bill, 1997, be taken into consideration at once.

The motion was carried.

Mr. Speaker : Now the House will proceed to consider the Bill Clause by Clause.

Sub Clause (2) of Clause 1

Mr. Speaker: Question is—

That Sub Clause (2) of Clause 1 stand part of the Bill.

The motion was carried.

Sub Clause (3) of a Clause 1

Mr. Speaker: —Question is—

That Sub Clause (3) of Clause 1 stand part of the Bill.

The motion was carried.

Clause 2

Mr. Speaker :Question is—

That Clause 2 stand part of the Bill.

The motion was carried.

Clause 3

Mr. Speaker :There is an amendment to this Clause by Shri Hardev Arshi. First I shall put the amendment to the vote of House.

Mr. Speaker :Question is—

That in Sub Clause (2), line 3, after the words "or not" the following words shall be added :—

"or any authority of the State or Central Government".

The motion was lost.

Mr. Speaker :Question is—

That Clause 3 stand part of the Bill.

The motion was carried.

Clauses 4 to 7

Mr. Speaker :Since there are no notices of amendments to Clause 4 to 7, if the House agrees, Clauses 4 to 7 of the Bill be put to the vote of the House together.

(*Voices*: yes, yes.)

Mr. Speaker : Question is—

That Clauses 4 to 7 stand part of the Bill.

The motion was carried.

Sub-Clause (1) of Clause 1

Mr. Speaker :Question is—

That Sub-Clause (1) of Clause 1 stand part of the Bill.

The motion was carried.

Title

Mr. Speaker :Question is—

That Title be the Title of the Bill.

The motion was carried.

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਜਾਇਦਾਦ ਦੇ ਵਿਰੂਪਣ ਤੇ ਰੋਕ ਬਿਲ ਪਾਸ ਕੀਤਾ ਜਾਵੇ ।

Mr. Speaker: Motion moved—

That the Punjab Prevention of Defacement of Property Bill be passed.

Mr. Speaker :Question is—

That the Punjab Prevention of Defacement of Property Bill be passed.

The motion was carried unanimously.

—·—

THE PUNJAB SPECIAL RECRUITMENT OF TEACHERS BILL, 1997 (REPLACING PUNJAB ORDINANCE NO. 5 OF 1997)

Mr. Speaker : The Minister to move.

ਉਚੇਰੀ ਅਤੇ ਮੁਢਲੀ ਸਿਖਿਆ ਮੰਤਰੀ (ਸਰਦਾਰ ਤੋਤਾ ਸਿੰਘ) ਸ੍ਰੀਮਾਨ ਜੀ, ਮੈਂ ਪੰਜਾਬ ਅਧਿਆਪਕਾਂ ਦੀ ਵਿਸ਼ੇਸ਼ ਭਰਤੀ ਬਿੱਲ ਪੇਸ਼ ਕਰਦਾ ਹਾਂ ਅਤੇ ਇਹ ਵੀ ਪ੍ਰਸਤਾਵ ਕਰਦਾ ਹਾਂ :

ਕਿ ਪੰਜਾਬ ਅਧਿਆਪਕਾਂ ਦੀ ਵਿਸ਼ੇਸ਼ ਭਰਤੀ ਬਿੱਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

Mr. Speaker :Motion moved—

> That the Punjab Special Recruitment of Teachers Bill be taken into consideration at once.

Discussion. Mrs. Laxmi Kanta Chawla.

श्रीमती लक्ष्मी कांता चावला (अमृतसर केंद्रीय) : स्पीकर साहिब, पंजाब सरकार इस बिल को लाने के लिये बधाई की पात्र है। (थंपिंग) हमारे शिक्षित नौजवान अध्यापकों के साथ बहुत बड़ा अन्याय हुआ है। जो अंत में 'हियूमैनी-टेरियन ग्राऊंड' कारण लिया गया है, वह बिलकुल सही है। पढ़े लिखे नौजवान युवक और युवतियां जिनको परेशानी हुई है, उनके लिये सरकार द्वारा उठाया गया वह अत्यंत सराहनीय और उचित कदम है।

इस के पैरा 3 में लिखा है कि एक्ट सैक्शन 2 मुताबिक अगर वह टीचरज कैटेगरी और पोस्ट की कुआलीफीकेशन पूरी करेंगे, तो ही उन्हें रैगूलर नियुक्ति दी जायेगी। मेरा निवेदन है कि अगर वह कुआलीपिकेशन पूरी करते थे, तभी उनको नियुक्त किया गया था। कहीं ऐसा न हो कि इसकी आड़ में उनको रैगूलर नियुक्ति से वंचित कर दिया जाये। मैं शिक्षा मंत्री जी से और मुख्य मंत्री जी से प्रार्थना करती हूं कि पैरा 5 में लिखा है कि उन को सीनीआरटी और सर्विस बैनीफिट नहीं मिलेंगे। सीनीआरटी की तो चार दिन की भी महत्वता होती है, फिर चार वर्ष तो एक बहुत लंबा समय है। अगर इन चार सालों की सर्विस का बैनीफिट उन को दे दिया जाये तो उन को इस का बहुत लाभ पहुंचेगा। उस के बाद उन को नये ग्रेडों का ऐरीयर भी मिल सके और वह इस से वंचित न रह जायें। उनको यह सुविधा जरूर दी जानी चाहिये। मैं बादल साहिब से यह भी प्रार्थना करूंगी कि आप ने आयुर्वैदिक डाक्टरों के डैपूटेशन को भी आश्वासन दिया था कि जैसे अध्यापकों का किया गया है, उसी तरह 89 दिन वाले आयुर्वैदिक डाक्टरों के केस में भी किया जायेगा। कृपा करके उन के लिये भी अगले सत्र में बिल जरूर लेकर आयें। धन्यवाद। जय हिन्द।

ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) : ਸਪੀਕਰ ਸਾਹਿਬ, ਵੈਸੇ ਤਾਂ ਮੈਡਮ ਵਲੋਂ ਜੋ ਕਿਹਾ ਗਿਆ ਹੈ, ਮੈਂ ਵੀ ਉਸ ਦੇ ਨਾਲ ਸਹਿਮਤ ਹਾਂ ਅਤੇ ਸਰਕਾਰ ਵਲੋਂ ਪੁੱਟੇ ਗਏ ਅੱਛੇ ਕਦਮ ਲਈ ਸਰਕਾਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਪਰ ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਸਾਨੂੰ ਇਸ ਤੋਂ ਘੱਟੋ ਘੱਟ ਕੁਝ ਲੈਸਨ ਜ਼ਰੂਰ ਡਰਾਅ ਕਰਨਾ ਚਾਹੀਦਾ ਹੈ । ਅਗੋਂ ਲਈ ਜਦੋਂ ਵੀ ਕੋਈ ਵੀ ਰਿਕਰੂਟਮੈਂਟਸ ਕੀਤੀਆਂ ਜਾਣ ਤਾਂ ਰੂਲਜ਼ ਅਤੇ ਰੇਗੂਲੇਸ਼ਨਜ਼ ਦੇ ਮੁਤਾਬਿਕ ਸਾਰੀਆਂ ਫਾਰਮੈਲਟੀਜ਼ ਜ਼ਰੂਰ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ । ਰੂਲਜ਼ ਐਂਡ ਰੇਗੂਲੇਸ਼ਨਜ਼ ਦਾ ਅਤੇ ਸਾਰੀਆਂ ਫਾਰਮੈਲਟੀਜ਼ ਦਾ ਪੂਰਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ । ਇਸ ਦੇ ਵਿੱਚ ਵਿਚਾਰੇ ਟੀਚਰਜ਼ ਦਾ ਤਾਂ ਕੋਈ ਕਸੂਰ ਨਹੀਂ ਹੈ, ਐਂਡ ਸਰਕਾਰ ਨੇ ਘੱਟਦੀ ਦਿੱਤੀ ਅਤੇ ਰੱਖ ਵੱਧ ਲਏ । ਇਹ ਗੱਲ ਅੱਗੋਂ ਲਈ ਰਿਪੀਟ ਨਾ ਹੋਵੇ, ਇਸ ਲਈ ਇਸ ਦਾ ਪੂਰਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ । ਇਸ ਤੋਂ ਇਲਾਵਾ ਮੇਰੀ ਇਕ ਹੋਰ ਬੇਨਤੀ ਹੈ ਕਿ ਇਹ ਅਕਸਰ ਵੇਖਿਆ ਗਿਆ ਹੈ ਕਿ ਐਡਹਾਕ ਟੀਚਰਜ਼ ਤੋਂ ਇਲਾਵਾ ਹੋਰ ਵੀ ਕਈ ਮਹਿਕਮਿਆਂ ਵਿਚ ਐਡਹਾਕ ਬੇਸਿਜ਼ ਤੇ ਭਰਤੀ ਕੀਤੀ ਜਾਂਦੀ ਹੈ । ਚਲੋ ਇਹ ਤਾਂ ਹੋ ਸਕਦਾ ਹੈ ਕਿ ਕਦੇ ਈਮੀਜੀਏਟ ਕੰਮ ਲਈ ਸਟਾਫ ਦੀ ਲੋੜ ਪੈ ਗਈ ਤਾਂ ਤਿੰਨ ਜਾਂ ਛੇ ਮਹੀਨੇ ਲਈ ਐਡਹਾਕ ਬੇਸਿਜ਼ ਤੇ ਭਰਤੀ ਕਰ ਲਈ ਜਾਵੇ ਲੇਕਿਨ ਅਗਰ ਸਾਲਾਂ ਬੱਧੀ ਨਿਯੁਕਤੀ ਕਰਨੀ ਹੋਵੇ ਤਾਂ ਪੋਸਟਾਂ ਦੀ ਬਕਾਇਦਾ ਸੈਂਕਸ਼ਨ ਲੈ ਕੇ ਨਿਯੁਕਤੀ ਕੀਤੀ ਜਾਣੀ ਚਾਹੀਦੀ ਹੈ । ਸਪੀਕਰ ਸਾਹਿਬ, ਕਈ ਮਹਿਕਮਿਆਂ ਵਿਚ 20-20 ਸਾਲ ਤੋਂ ਐਡਹਾਕ ਬੇਸਿਜ਼ ਤੇ ਸਟਾਫ ਕੰਮ ਕਰ ਰਿਹਾ ਹੈ । ਜਿਸ ਤਰ੍ਹਾਂ ਸਰਕਾਰ ਨੇ ਟੀਚਰਜ਼ ਦੇ ਕੇਸ ਵਿਚ ਅੱਛਾਈ ਦਾ ਸਬੂਤ ਦਿੱਤਾ ਹੈ, ਇਸੇ ਤਰ੍ਹਾਂ ਜੋ ਸਟਾਫ ਐਡਹਾਕ ਬੇਸਿਜ਼ ਤੇ ਕੰਮ ਕਰ ਰਿਹਾ ਹੈ, ਅਗਰ ਉਨ੍ਹਾਂ ਦੀਆਂ ਪੋਸਟਾਂ ਦੀ ਜ਼ਰੂਰਤ ਹੈ, ਉਹ ਸੈਂਕਸ਼ਨ ਕਰਕੇ ਉਨ੍ਹਾਂ ਨੂੰ ਰੈਗੂਲਰ ਕਰਨ ਲਈ ਐਫਰਟਸ ਕਰਨੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਦੇ ਕੇਸ ਤੇ ਹਮਦਰਦੀ ਨਾਲ ਵਿਚਾਰ ਕਰਨਾ ਚਾਹੀਦਾ ਹੈ । ਧੰਨਵਾਦ ।

Mr. Speaker : Question is—

That the Punjab Special Recruitment of Teachers Bill be taken into consideration at once.

The motion was carried.

Mr. Speaker : Now the House will proceed to consider the Bill Clause-by-Clause.

Sub-Clause (2) of Clause 1

Mr. Speaker : Question is—

That the Sub-Clause (2) of Clause 1 stand part of the Bill.

The motion was carried.

Clause 2 to 6

Mr. Speaker : Since there is no amendment to Clause 2 to 6, if the House agrees, these may be taken up together.

(*Voices* : Yes, Yes)

Mr. Speaker : Question is—

That Clause 2 to 6 stand part of the Bill.

The motion was carried.

Sub-Clause (1) of Clause 1

Mr. Speaker : Question is—

That Sub-Clause (1) of Clause 1 stand part of the Bill.

The motion was carried.

Title

Mr. Speaker : Question is—

That Title be the Title of the Bill.

The motion was carried.

Mr. Speaker : Now the Minister to move that the Bill be passed.

ਉਚੇਰੀ ਅਤੇ ਮੁਢਲੀ ਸਿਖਿਆ ਮੰਤਰੀ (ਸਰਦਾਰ ਤੋਤਾ ਸਿੰਘ) : ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ :—

ਕਿ ਪੰਜਾਬ ਅਧਿਆਪਕਾਂ ਦੀ ਵਿਸ਼ੇਸ਼ ਭਰਤੀ ਬਿਲ ਪਾਸ ਕੀਤਾ ਜਾਵੇ ।

Mr. Speaker : Motion moved.

That the Punjab Special Recruitment of Teachers Bill be passed.

Mr. Speaker : Question is—

That the Punjab Special Recruitment of Teachers Bill be passed.

The motion was carried unanimously.

THE PUNJAB RELIGIOUS PREMISES AND LAND (EVICTION AND RENT RECOVERY) BILL, 1997.

ਰਾਜ ਮੰਤਰੀ, ਲੋਕ ਸੰਪਰਕ ਅਤੇ ਮਾਲ ਤੇ ਮੁੜ ਵਸੇਬਾ (ਸਰਦਾਰ ਸੇਵਾ ਸਿੰਘ ਸੇਖਵਾਂ) : ਮਾਨਯੋਗ ਸਪੀਕਰ ਸਾਹਿਬ, ਮੈਂ ਪੰਜਾਬ ਧਾਰਮਿਕ ਅਸਥਾਨ ਅਤੇ ਜ਼ਮੀਨ

[ਰਾਜ ਮੰਤਰੀ ਲੋਕ ਸੰਪਰਕ ਅਤੇ ਮੁੜ ਵਸੇਬਾ]
(ਬੇਦਖਲੀ ਅਤੇ ਕਿਰਾਏ ਦੀ ਵਸੂਲੀ) ਬਿੱਲ, 1997 ਪੇਸ਼ ਕਰਦਾ ਹਾਂ ਅਤੇ ਨਾਲ ਹੀ ਪ੍ਰਸਤਾਵ ਕਰਦਾ ਹਾਂ :—

ਕਿ ਪੰਜਾਬ ਧਾਰਮਿਕ ਅਸਥਾਨ ਅਤੇ ਜ਼ਮੀਨ (ਬੇਦਖਲੀ ਅਤੇ ਕਿਰਾਏ ਦੀ ਵਸੂਲੀ) ਬਿੱਲ 1997 ਤੇ ਤੁਰੰਤ ਵਿਚਾਰ ਕੀਤੀ ਜਾਵੇ ।

Mr. Speaker : Motion moved—

> That the Punjab Religious Premises and Land (Eviction and Rent Recovery) Bill be taken into consideration at once.

Mr. Speaker : There is a notice of Amendment to this Bill. It will be deemed to have been read and moved.

Clause 3

Comrade Hardev Arshi: That for the explanation, below Clause 3, the following shall be substituted :—

> "Explanation.—For the purpose of clause (a), a person shall not be deemed to be in unauthorised occupation even if he has no document as allottee, lesses for grantee provided he has paid some rent and the same has been accepted."

———

Mr. Speaker : Discussion, Mr. Arshi.

ਕਾਮਰੇਡ ਹਰਦੇਵ ਅਰਸ਼ੀ :(ਬੁਢਲਾਡਾ) : ਸਪੀਕਰ ਸਾਹਿਬ, ਇਹ ਬਿਲ ਲੋਕਾਂ ਦੇ ਸੈਂਟੀਮੈਂਟਸ, ਭਾਵਨਾਵਾਂ ਨਾਲ ਜੁੜਿਆ ਹੋਇਆ ਹੈ । ਮੈਂ ਮਜਬੂਰੀ ਵਜੋਂ ਇਸ ਬਿਲ ਨੂੰ ਸਟਰੋਂਗਲੀ ਅਪੋਜ਼ ਕਰਨ ਵਾਸਤੇ ਖੜ੍ਹਾ ਹੋਇਆ ਹਾਂ ਅਤੇ ਮੈਂ ਹਾਊਸ ਕੋਲੋਂ ਇਸ ਗੱਲ ਦੀ ਮਾਫੀ ਮੰਗਦਾ ਹਾਂ । ਮੈਂ ਬੇਨਤੀ ਕਰਦਾ ਹਾਂ ਕਿ ਲੀਗਲੀ ਇਹ ਬਿੱਲ ਡਿਫੈਕਟਿਵ ਲਗਦਾ ਹੈ । ਮੈਨੂੰ ਲਗਦਾ ਹੈ ਕਿ ਐਲ. ਆਰ. ਨੇ ਸਰਕਾਰ ਨੂੰ ਠੀਕ ਗਾਈਡ ਨਹੀਂ ਕੀਤਾ ਹੈ । ਉਸ ਨੇ ਸਰਕਾਰ ਨੂੰ ਪਰਾਪਰਲੀ ਗਾਈਡ ਨਹੀਂ ਕੀਤਾ ਔਰ ਨਾ ਹੀ ਇਸ ਬਿੱਲ ਨੂੰ ਪਰਾਪਰਲੀ ਐਗਜ਼ਾਮਿਨ ਕੀਤਾ ਹੈ । ਮੈਨੂੰ ਲਗਦਾ ਹੈ ਕਿ ਸ਼ਾਇਦ ਹਾਈ ਕੋਰਟ ਵਿੱਚ ਜਾ ਕੇ ਇਹ ਬਿਲ ਟਿਕ ਨਾ ਸਕੇ । ਇਹ ਮੇਰਾ ਖਦਸ਼ਾ ਹੈ । ਇਸ ਦਾ ਵੱਡਾ ਕਾਰਨ ਇਹ ਹੈ ਕਿ ਇਸ ਵਿਚ ਕੁਝ ਐਸੀਆਂ ਚੀਜ਼ਾਂ ਹਨ ਜਿਨ੍ਹਾਂ ਬਾਰੇ ਬਹੁਤ ਸਾਰੀਆਂ ਲੀਗਲ ਪ੍ਰੋਵੀਜ਼ਨਜ਼ ਆਲਰੇਡੀ ਕਾਇਮ ਹਨ । ਜਦੋਂ ਪ੍ਰੋਵੀਜ਼ਨਜ਼ ਆਲਰੇਡੀ ਕਾਇਮ ਹਨ ਤਾਂ ਫਿਰ ਇਸ ਬਿਲ ਨੂੰ ਲਿਆਉਣਾ ਠੀਕ ਨਹੀਂ ਇਸ ਦਾ ਨੈਗੇਟਿਵ ਪ੍ਰਭਾਵ ਪੈ ਸਕਦਾ ਹੈ ਲਗਦਾ ਹੈ ਸਰਕਾਰ ਨੇ ਸ਼ਾਇਦ ਇਸ ਨੂੰ ਗੰਭੀਰਤਾ ਨਾਲ ਨਹੀਂ ਵਿਚਾਰਿਆ । ਇਸ ਲਈ ਸਭ ਤੋਂ ਪਹਿਲਾਂ ਮੈਂ ਇਹ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਇਸ ਨੂੰ ਜਲਦਬਾਜ਼ੀ ਵਿਚ ਨਾ ਲਿਆਓ । ਇਸ

ਨੂੰ ਸਿਲੈਕਟ ਕਮੇਟੀ ਨੂੰ ਰੈਫਰ ਕਰ ਦਿਓ । ਸਿਲੈਕਟ ਕਮੇਟੀ ਲੀਗਲ ਐਕਸਪਰਟਸ ਨਾਲ ਰਾਏ ਕਰਕੇ ਅੰਰ ਪਬਲਿਕ ਉਪੀਨੀਅਨ ਕੁਲੈਕਟ ਕਰਕੇ ਪਰਾਪਰਲੀ ਇਸ ਨੂੰ ਪੇਸ਼ ਕਰੇ । ਉਹ ਇਸ ਦੇ ਬਾਰੇ ਸਟੱਡੀ ਕਰੇ ਅੰਰ ਇਸ ਕਰਕੇ ਇਸ ਨੂੰ ਬੱਜਟ ਸੈਸਨ ਤੱਕ ਰੋਕ ਲਿਆ ਜਾਵੇ । ਮੇਰੀ ਬੇਨਤੀ ਹੈ ਕਿ ਜਿਹੜੇ ਲੋਕ ਕਿਰਾਏ ਤੇ ਬੈਠੇ ਹਨ, ਉਨ੍ਹਾਂ ਦੀਆਂ ਭਾਵਨਾਵਾਂ ਵੀ ਇਸ ਬਿਲ ਨਾਲ ਜੁੜੀਆਂ ਹੋਈਆਂ ਹਨ । ਇਸ ਨਾਲ ਕਾਫੀ ਉਜਾੜਾ ਹੋਵੇਗਾ । ਜੁਡੀਸ਼ਰੀ ਦੀਆਂ ਪਾਵਰਾਂ ਐਗਜੈਕਟਿਵ ਕੋਲ ਆ ਜਾਣਗੀਆਂ । ਇਸ ਨਾਲ ਲੱਖਾਂ ਲੋਕ ਪ੍ਰਭਾਵਿਤ ਹੋਣਗੇ । ਧਰਮ ਤਾਂ ਸਾਰਿਆਂ ਨੂੰ ਇਨਸਾਫ ਦੇਣ ਵਾਲਾ ਹੈ । ਜੇ ਧਰਮ ਦੇ ਨਾਂ ਤੇ ਬੇਇਨਸਾਫੀ ਹੋਵੇਗੀ ਤਾਂ ਸਰਕਾਰ ਆਪ ਇਸ ਦੀ ਜ਼ਿੰਮੇਦਾਰ ਹੋਵੇਗੀ । ਇਸ ਨਾਲ ਮਾੜੇ ਰਿਜ਼ਲਟ ਨਿਕਲ ਸਕਦੇ ਹਨ । ਇਹ ਮੇਰੀ ਪਹਿਲੀ ਬੇਨਤੀ ਹੈ ।

ਦੂਸਰੀ ਬੇਨਤੀ ਇਹ ਹੈ ਕਿ ਹੋ ਸਕਦਾ ਹੈ ਕਿ ਸਰਕਾਰ ਕਲ੍ਹ ਨੂੰ ਸਪਸ਼ਟੀਕਰਨ ਦੇਵੇ ਅਤੇ ਮੰਤਰੀ ਜੀ ਕਹਿਣ ਕਿ ਸਾਡਾ ਇਹ ਮੰਤਵ ਨਹੀਂ ਸੀ । ਇਸ ਵਿੱਚ ਸ਼ਬਦ ਵਰਤਿਆ ਗਿਆ ਹੈ ਕਿ ਅਨ-ਆਥੋਰਾਈਜ਼ਡ ਢੰਗ ਨਾਲ ਕਿਹੜੇ ਅਦਾਰਿਆਂ ਦੀਆਂ ਪ੍ਰਾਪਰਟੀਆਂ ਤੇ ਦੁਕਾਨ ਦੇ ਰੂਪ ਵਿੱਚ, ਕਿਸੇ ਹੋਰ ਰੂਪ ਵਿੱਚ ਜਾਂ ਜ਼ਮੀਨ ਦੇ ਰੂਪ ਵਿੱਚ ਕਬਜ਼ਾ ਕੀਤਾ ਗਿਆ । ਸਪੀਕਰ ਸਾਹਿਬ, ਇਸ ਵਿਚ ਕੁਝ ਡੈਫੀਨੇਸ਼ਨਾਂ ਵੀ ਦਿੱਤੀਆਂ ਹੋਈਆਂ ਹਨ ਕਿ ਅਜਿਹਾ ਅਦਾਰਾ ਕੌਣ ਹੋ ਸਕਦਾ ਹੈ । ਐਕਟ ਬਣਨ ਤੋਂ ਪਹਿਲਾਂ ਜਾਂ ਮਗਰੋਂ ਉਸ ਬੰਦੇ ਨੂੰ ਅਨ-ਆਥੋਰਾਈਜ਼ਡ ਗਿਣਿਆ ਜਾਵੇਗਾ ਜਿਸ ਦੀ ਪਰਾਪਰ ਲੀਜ਼ ਨਾ ਹੋਵੇ, ਜਿਸ ਦਾ ਰਿਟਨ ਐਗਰੀਮੈਂਟ ਨਾ ਹੋਵੇ । ਪਹਿਲਾਂ ਤੈਅ ਕੀਤੀਆਂ ਸ਼ਰਤਾਂ ਦਾ ਸਮਾਂ ਖਤਮ ਹੋ ਗਿਆ ਹੋਵੇ ਜਾਂ ਉਸ ਨੂੰ ਸਬ-ਲੈਟ ਕਰ ਦਿੱਤਾ ਗਿਆ ਹੋਵੇ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਹਾਡਾ ਵੀ ਤਜਰਬਾ ਹੈ ਅਤੇ ਟਰੈਜ਼ਰੀ ਬੈਂਚਾਂ ਵਾਲਿਆਂ ਦਾ ਵੀ ਤਜਰਬਾ ਹੈ । ਪੰਜਾਬ ਦਾ ਜੋ ਰੈਂਟ ਕੰਟਰੋਲ ਐਕਟ ਹੈ, ਉਸ ਆਧਾਰ ਤੇ ਦੇਖ ਲਵੋ ਕਿ ਕਿੰਨੇ ਕਿਰਾਏਦਾਰ ਹਨ ਜਿਨ੍ਹਾਂ ਕੋਲ ਬਕਾਇਦਾ ਰਿਟਨ ਐਗਰੀਮੈਂਟ ਹਨ । ਇੱਕ ਕਿਰਾਏਦਾਰ ਜਿਹੜਾ 2-3 ਸਾਲ ਤੋਂ ਰਹਿ ਰਿਹਾ ਹੈ, ਉਸ ਨੂੰ ਫਿਰ ਉਜਾੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਇਹ ਵੱਖਰੀ ਗੱਲ ਹੈ ਕਿ ਕੋਈ ਵਿਅਕਤੀ ਕਿਰਾਇਆ ਵਧਾਉਣ ਵਾਸਤੇ ਕੋਰਟ ਵਿਚ ਜਾ ਸਕਦਾ ਹੈ । ਤਿੰਨ ਸਾਲ ਦੀਆਂ ਕੀਮਤਾਂ ਪਹਿਲਾਂ ਹੋਰ ਸਨ ਅਤੇ ਹੁਣ ਬਦਲ ਸਕਦੀਆਂ ਹਨ । ਮਿਊਚਲ ਐਗਰੀਮੈਂਟ ਰਾਹੀਂ ਵੀ ਕਿਰਾਇਆ ਵਧਾਇਆ ਜਾ ਸਕਦਾ ਹੈ । ਹੁਣ ਇਹ ਪ੍ਰੋਵੀਜ਼ਨ ਕਰ ਦਿੱਤੀ ਹੈ ਕਿ ਉਹ ਵਿਅਕਤੀ ਅਨ-ਆਥੋਰਾਈਜ਼ਡ ਗਿਣਿਆ ਜਾਵੇਗਾ । ਪੰਜਾਬ ਵਿਚ ਇਸ ਤਰ੍ਹਾਂ ਦੇ 80% ਲੋਕ ਆਉਣਗੇ । ਸਪੀਕਰ ਸਾਹਿਬ, ਇਸ ਸਬੰਧੀ ਸੈਕਿੰਡ ਪੇਜ ਤੇ ਐਕਸਪਲੇਨੇਸ਼ਨ ਦਿੱਤੀ ਹੋਈ ਹੈ । ਇਹ ਬੜੀ ਖਤਰਨਾਕ ਗੱਲ ਹੈ । ਇਸ ਤਰ੍ਹਾਂ ਆਪਾ ਵਿਰੋਧੀ ਬਿਲ ਸਰਕਾਰ ਪਾਸ ਕਰ ਰਹੀ ਹੈ । ਇਸ ਵਿਚ ਸ਼ੁਰੂ ਵਿਚ ਤੁਸੀਂ ਲਿਖ ਦਿੱਤਾ ਕਿ ਜਿਸ ਕੋਲ ਇਹ ਚੀਜ਼ਾਂ ਨਹੀਂ ਹੋਣਗੀਆਂ, ਉਹ ਗੈਰ ਕਾਨੂੰਨੀ ਗਿਣਿਆ ਜਾਵੇਗਾ । ਐਕਸਪਲੇਨੇਸ਼ਨ ਵਿਚ ਬਾਅਦ ਵਿਚ ਕਿਹਾ ਗਿਆ ਹੈ ਕਿ ਕਿਰਾਏਦਾਰ ਕਿਰਾਇਆ ਦਿੰਦਾ ਹੈ ਅਤੇ ਧਰਮ ਅਸਥਾਨ ਕਿਰਾਇਆ ਵਸੂਲ ਕਰਦਾ ਹੈ ਤਾਂ ਕਿਸ

[ਕਾਮਰੇਡ ਹਰਦੇਵ ਅਰਸ਼ੀ]
ਨੂੰ ਲੀਗਲੀ ਨਹੀਂ ਗਿਣਿਆ ਜਾਵੇਗਾ। ਇਸ ਦੀ ਜਸਟੀਫਿਕੇਸ਼ਨ ਨਹੀਂ ਹੋ ਸਕੇਗੀ ਕਿ ਇਹ ਵਾਕਿਆ ਹੀ ਲੀਗਲੀ ਰੈਂਟਿਡ ਹੈ ਅਤੇ ਕਿਰਾਏ ਤੇ ਹੈ। ਕੋਈ ਕਿਰਾਏਦਾਰ ਜਦੋਂ ਤੁਹਾਨੂੰ ਕਿਰਾਇਆ ਦੇ ਰਿਹਾ ਹੈ ਤੇ ਸੰਸਥਾ ਕਿਰਾਇਆ ਲੈ ਰਹੀ ਹੈ, ਤਾਂ ਫਿਰ ਉਹ ਗੈਰ ਕਾਨੂੰਨੀ ਕਿਸ ਤਰ੍ਹਾਂ ਹੋ ਗਿਆ। ਅੱਗੇ ਜਾ ਕੇ ਤੁਸੀਂ ਦੇਖੋ ਜਿਹੜੀ ਛੇਵੀਂ ਕਲਾਜ਼ ਹੈ, ਉਸ ਵਿੱਚ ਇੱਕ ਪੈਰ੍ਹਾ ਹੈ ਕਿ "ਜੇ ਕੋਈ ਪੁਰਾਣੇ ਕਿਰਾਏ ਦੀ ਵਸੂਲੀ ਰਹਿੰਦੀ ਹੋਏਗੀ . . ." ਜਦੋਂ ਕਿਰਾਏ ਦੀ ਰਹਿੰਦੀ ਵਸੂਲੀ ਦਾ ਜ਼ਿਕਰ ਕਰ ਰਹੇ ਹੋ, ਤੇ ਕਿਰਾਇਆ ਦੇਣ ਦਾ ਤੇ ਸੰਸਥਾ ਵੱਲੋਂ ਕਿਰਾਇਆ ਲੈਣ ਦਾ ਜ਼ਿਕਰ ਕਰ ਰਹੇ ਹੋ, ਫਿਰ ਅਨ-ਆਥੋਰਾਈਜ਼ਡ ਡੈਫੀਨੇਸ਼ਨ ਕਿਸ ਤਰ੍ਹਾਂ ਆ ਗਈ। ਇਹ ਚੀਜ਼ ਕੰਟ੍ਰਾਡਿਕਟਰੀ ਹੈ। ਇਸ ਨੂੰ ਪਰਾਪਰਲੀ ਸਟੱਡੀ ਨਹੀਂ ਕੀਤਾ ਗਿਆ ਜਿਹੜੀ ਪੁਰਾਣੀ ਕਿਰਾਏ ਦੀ ਵਸੂਲੀ ਹੈ, ਉਹ ਵੀ ਥਰੂ ਡਿਪਟੀ ਕਮਿਸ਼ਨਰ ਕਰਨੀ ਹੈ। ਡਿਪਟੀ ਕਮਿਸ਼ਨਰ ਇੱਕ ਸਪੈਸੀਫਿਕ ਟਾਈਮ ਦੇਵੇਗਾ ਜਿਸ ਦੌਰਾਨ ਬਾਈ ਇਨਸਟਾਲਮੈਂਟਾਂ ਵਿਚ ਇਹ ਵਸੂਲੀ ਕੀਤੀ ਜਾਵੇਗੀ। ਉਸ ਨੂੰ ਉਠਾਇਆ ਇਸ ਪਲੀਅ ਨਾਲ ਹੈ ਕਿ ਉਹ ਅਣ-ਅਧਿਕਾਰਤ ਰਹਿ ਰਿਹਾ ਹੈ। ਪਰ ਜਦੋਂ ਕਿਰਾਏ ਦੀ ਵਸੂਲੀ ਡਿਪਟੀ ਕਮਿਸ਼ਨਰ ਦੇ ਥਰੂ ਹੋ ਗਈ, ਤਾਂ ਫਿਰ ਉਹ ਅਣ-ਅਧਿਕਾਰਤ ਕਿਥੋਂ ਹੋ ਗਿਆ। ਇਸ ਦਾ ਕੋਈ ਰਿਕਾਰਡ ਤਾਂ ਹੈ ਨਹੀਂ, ਉਹ ਤਾਂ ਧੱਕੇ ਨਾਲ ਬੈਠਾ ਹੈ। ਸੈਕਿੰਡ ਕਲਾਜ਼ ਹੈ, ਉਸ ਵਿੱਚ ਇਹ ਲਿਖਿਆ ਹੈ ਕਿ ਉਹ ਦੁਕਾਨ ਜਾਂ ਮਕਾਨ ਛੱਡਣ ਤੋਂ ਪਹਿਲਾ ਪੇਮੈਂਟ ਕਰੇਗਾ ਔਰ ਜੋ ਮਕਾਨ ਦਾ ਨੁਕਸਾਨ ਹੋ ਗਿਆ ਜਾਂ ਉਸ ਦਾ ਰੂਪ ਵਿਗੜ ਗਿਆ ਤਾਂ ਉਸ ਦੀ ਵਸੂਲੀ. ਉਸ ਦੀ ਪ੍ਰਤੀਪੂਰਤੀ ਸਬੰਧਤ ਵਿਅਕਤੀ ਤੋਂ ਥਰੂ ਡਿਪਟੀ ਕਮਿਸ਼ਨਰ ਕਰਵਾਈ ਜਾ ਸਕਦੀ ਹੈ। ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਬਹੁਤ ਜ਼ਿਆਦਾ ਨੁਕਸਾਨ ਹੋਏਗਾ ਅਤੇ ਖਾਸ ਕਰਕੇ ਜਿਹੜੀ ਸਾਡੀ ਸ਼ਰਧਾ ਹੈ, ਉਨ੍ਹਾਂ ਸੰਸਥਾਵਾਂ ਪ੍ਰਤੀ ਜੋ ਸਤਿਕਾਰ ਹੈ, ਉਸ ਦਾ ਬਹੁਤ ਜ਼ਿਆਦਾ ਨੁਕਸਾਨ ਹੋਏਗਾ। ਜੁਡੀਸ਼ਰੀ ਨੂੰ ਸਾਈਡ ਤੇ ਕਰਨ ਨਾਲ ਅਤੇ ਡਿਪਟੀ ਕਮਿਸ਼ਨਰਜ਼ ਨੂੰ ਪਾਵਰਾਂ ਦੇਣ ਦੇ ਨਾਲ ਜੋ ਇਸ ਦੇ ਰਿਜ਼ਲਟ ਨਿਕਲਣਗੇ, ਉਹ ਬਹੁਤ ਮਾੜੇ ਹੋਣਗੇ। ਇਹ ਗੱਲ ਮੈਂ ਗੌਰਮਿੰਟ ਨੂੰ ਚਿਤਾਵਨੀ ਦੇ ਤੌਰ ਤੇ ਕਹਿਣੀ ਚਾਹੁੰਦਾ ਹਾਂ।

ਦੂਜੀ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਸਪੀਕਰ ਸਾਹਿਬ, ਤੁਸੀਂ ਵੀ ਇਸ ਗੱਲ ਨਾਲ ਅਸਹਿਮਤ ਹੋਵੋਗੇ ਕਿ ਕਿਹੜਾ ਵਿਅਕਤੀ ਹੈ ਜਿਹੜਾ ਅਣ-ਅਧਿਕਾਰਤ ਤੌਰ ਤੇ ਕਿਸੇ ਦੇ ਘਰ ਜਾਂ ਸੰਸਥਾ ਵਿੱਚ ਬੈਠ ਜਾਵੇਗਾ ਉਸ ਦੇ ਵਿਰੁੱਧ ਕ੍ਰਿਮੀਨਲ ਕੇਸ ਰਜਿਸਟਰ ਹੋ ਸਕਦਾ ਹੈ। ਪੁਲਿਸ ਦੀ ਮਦਦ ਲੈ ਕੇ ਬਾਹਰ ਕੱਢਿਆ ਜਾ ਸਕਦਾ ਹੈ। ਕੋਈ ਅਣ-ਅਧਿਕਾਰਤ ਤੌਰ ਤੇ ਕਿਸੇ ਦੀ ਜਗ੍ਹਾ ਵਿੱਚ ਬੈਠ ਜਾਵੇ, ਤਾਂ ਉਸ ਤੇ ਫੌਜਦਾਰੀ ਕੇਸ ਬਣਦਾ ਹੈ, ਕ੍ਰਿਮੀਨਲ ਕੇਸ ਬਣਦਾ ਹੈ। ਜਿਨ੍ਹਾਂ ਸਾਰੀਆਂ ਗੱਲਾਂ ਲਈ ਤਾਂ ਪਹਿਲਾਂ ਹੀ ਪ੍ਰਬੰਧ ਹੈ ਜੋ ਇਸ ਵਿਚ ਸ਼ਾਮਲ ਹਨ ਧਾਰਮਿਕ ਸਥਾਨਾਂ ਦੇ ਪ੍ਰਤੀ ਅਸੀਂ ਬੜੀ ਸ਼ਰਧਾ ਨਾਲ, ਸਤਿਕਾਰ ਨਾਲ ਸਿਰ ਝੁਕਾਉਂਦੇ ਹਾਂ। ਜਿਹੜੇ ਬੰਦੇ ਪਿਛਲੇ 20 ਸਾਲਾਂ ਤੋਂ ਕਿਰਾਏਦਾਰ ਬੈਠੇ ਹਨ ਔਰ ਜਦੋਂ ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਦਾ ਨੋਟਿਸ ਆਏਗਾ, ਤਾਂ ਬੜੇ ਵੱਡੇ ਪੈਮਾਨੇ ਤੇ ਉਸ ਦਾ ਵਿਰੋਧ ਹੋਏਗਾ। ਮੈਨੂੰ ਪ੍ਰਸਨਲੀ ਪਤਾ ਹੈ, ਇਸ

ਤਰ੍ਹਾਂ ਦੇ ਧਾਰਮਿਕ ਸਥਾਨਾਂ ਬਾਰੇ । ਮੇਰੇ ਕੋਲ ਬੰਦੇ ਆਏ ਕਿ ਸਾਡੇ ਪਿਛਲੇ 10 ਸਾਲਾਂ ਤੋਂ ਕਿਰਾਏਦਾਰ ਬੈਠੇ ਹਨ । ਹੁਣ ਮਾਰਕੀਟ ਰੇਟ ਦੇ ਹਿਸਾਬ ਨਾਲ ਕਿਰਾਇਆ ਜ਼ਿਆਦਾ ਬਣਦਾ ਹੈ, ਲੇਕਿਨ ਉਹ ਬੜੇ ਘੱਟ ਰੇਟ ਤੇ ਬੈਠੇ ਹਨ । ਉਨ੍ਹਾਂ ਨੇ ਕਿਹਾ ਕਿ ਕੁਝ ਮਦਦ ਤੁਸੀਂ ਕਰੋ, ਕੁਝ ਅਫਸਰ ਕਰਨਗੇ, ਅਸੀਂ ਰਾਤ ਨੂੰ ਉਨ੍ਹਾਂ ਨੂੰ ਕੱਢ ਦਿੰਦੇ ਹਾਂ । ਮੈਂ ਕਿਹਾ ਕਿ ਇਹ ਬੜਾ ਔਖਾ ਕੰਮ ਹੈ । ਮੈਂ ਤਾਂ ਇਸ ਵਿੱਚ ਸ਼ਾਮਲ ਨਹੀਂ ਹੋ ਸਕਦਾ । ਤੁਸੀਂ ਲਾਅ ਮੁਤਾਬਿਕ ਚੱਲੋ, ਲਾਅ ਦੇ ਅਨੁਸਾਰ ਕਾਰਵਾਈ ਕਰੋ । ਇਸ ਤਰ੍ਹਾਂ ਠੀਕ ਹੋਏਗਾ । ਸੋ, ਮੇਰਾ ਖਿਆਲ ਹੈ ਇਥੇ ਦੋ ਲਾਅ ਨਹੀਂ ਹੋਣੇ ਚਾਹੀਦੇ । ਅਮਲ ਵਿੱਚ ਮੇਰੀ ਬੇਨਤੀ ਇਹੀ ਹੈ ਕਿ ਜੇਕਰ ਸਰਕਾਰ ਇਸ ਨੂੰ ਪਾਸ ਕਰਨ ਲਈ ਬਜ਼ਿੱਦ ਹੈ ਤਾਂ ਘੱਟੋ ਘੱਟ ਆਹ ਅਮੈਂਡਮੈਂਟ ਜ਼ਰੂਰ ਅਸੈਪਟ ਕਰ ਲਈ ਜਾਵੇ ਕਿ ਜੋ ਵਿਅਕਤੀ ਕਿਰਾਇਆ ਦਿੰਦਾ ਰਿਹਾ ਹੈ ਅਤੇ ਸਬੰਧਤ ਸੰਸਥਾ ਕਿਰਾਇਆ ਵਸੂਲ ਕਰਦੀ ਰਹੀ ਹੈ, ਉਸ ਨੂੰ ਲੀਗਲ ਕਿਰਾਏਦਾਰ ਮੰਨ ਲਿਆ ਜਾਵੇ । ਉਸ ਨੂੰ ਲੀਗਲ ਕਿਰਾਏਦਾਰ ਮੰਨਿਆ ਜਾਵੇ । ਜਦੋਂ ਕਿਰਾਇਆ ਵਸੂਲ ਕਰ ਹੀ ਲਿਆ ਤਾਂ ਫਿਰ ਉਹ ਅਨ-ਆਥੋਰਾਈਜ਼ਡ ਨਹੀਂ ਹੋ ਸਕਦਾ । ਧਾਰਮਿਕ ਸਥਾਨਾਂ ਦੀ ਦੁਰਵਰਤੋਂ ਨਾ ਹੋਵੇ ਅਤੇ ਨਾ ਕੋਈ ਵਿਅਕਤੀ ਨਿੱਜੀ ਹਿਤਾਂ ਵਾਸਤੇ ਉਨ੍ਹਾਂ ਦਾ ਇਸਤੇਮਾਲ ਕਰੇ । ਉਨ੍ਹਾਂ ਦੀ ਜੋ ਪਵਿੱਤਰਤਾ ਹੈ, ਉਹ ਕਾਇਮ ਰਹਿਣੀ ਚਾਹੀਦੀ ਹੈ । ਦੂਸਰੇ ਪਾਸੇ ਕਹਿ ਸਕਦੇ ਹਨ ਕਿ ਇਨ੍ਹਾਂ ਅਦਾਰਿਆਂ ਵਾਸਤੇ ਇਹ ਆਮਦਨੀ ਦੇ ਵਸੀਲੇ ਹਨ । ਮੇਰਾ ਖਿਆਲ ਹੈ ਕਿ ਸਾਡੇ ਲੋਕ ਬਹੁਤ ਸ਼ਰਧਾਲੂ ਹਨ । ਸਾਡੇ ਹਿੰਦੁਸਤਾਨ ਵਿੱਚ ਇਸ ਤਰ੍ਹਾਂ ਦੇ ਧਾਰਮਿਕ ਅਦਾਰਿਆਂ ਕੋਲ ਕੋਈ ਕਮੀ ਨਹੀਂ ਹੋਏਗੀ । ਸਾਡੇ ਹਿੰਦੁਸਤਾਨ ਵਿਚ ਵੱਖ ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕ ਹਨ ਅਤੇ ਮੇਰਾ ਖਿਆਲ ਹੈ ਕਿ ਕਿਸੇ ਅਦਾਰੇ ਕੋਲ ਇਸ ਤਰ੍ਹਾਂ ਦੀ ਕੋਈ ਕਮੀ ਨਹੀਂ ਹੋਏਗੀ । ਉਸ ਕਮੀ ਨੂੰ ਇਸ ਤਰ੍ਹਾਂ ਉਜਾੜਾ ਕਰਕੇ ਪੂਰਾ ਕਰਨਾ, ਇਹ ਉਨ੍ਹਾਂ ਅਦਾਰਿਆਂ ਦੇ ਪ੍ਰਤੀ, ਉਨ੍ਹਾਂ ਦੀ ਪਵਿੱਤਰਤਾ ਦੇ ਪ੍ਰਤੀ ਠੀਕ ਨਹੀਂ ਹੋਏਗਾ । ਇਹ ਚੀਜ਼ ਤੁਸੀ ਬਹੁਤ ਜਲਦਬਾਜ਼ੀ ਵਿੱਚ ਕਰ ਰਹੇ ਹੋ । ਬਿਨਾਂ ਐਗਜ਼ਾਮਿਨ ਕੀਤੇ ਤੁਸੀਂ ਇਹ ਚੀਜ਼ ਲਿਆਂਦੀ ਹੈ ਔਰ ਪੂਰਾ ਲਾਅ ਵੀ ਤੁਸੀਂ ਧਿਆਨ ਵਿੱਚ ਨਹੀਂ ਰੱਖਿਆ । ਡਿਫੈਕਟਿਵ ਡਰਾਫਟਿੰਗ ਹੈ ਤੁਹਾਡੀ । ਮੈਂ ਕਹਿੰਦਾ ਹਾਂ ਕਿ ਉਂਜ ਵੀ ਅੱਗੇ ਜਾ ਕੇ ਇਹ ਬਿਲ ਰੁੜ ਜਾਵੇਗਾ ਔਰ ਥੱਲੇ ਸਿਗਨਲ ਵੀ ਬਹੁਤ ਮਾੜਾ ਜਾਏਗਾ । ਤੁਸੀਂ ਦੇਖ ਲਓ ਕਿ ਗੁਰੂ ਘਰਾਂ ਵਿੱਚ ਕੌਣ ਕਿਰਾਏਦਾਰ ਹਨ, ਇਹ ਮੈਨੂੰ ਕਹਿਣ ਦੀ ਜ਼ਰੂਰਤ ਨਹੀਂ । ਸਤਿਕਾਰਯੋਗ ਮੰਦਰਾਂ ਦੇ ਵਿੱਚ ਕੌਣ ਕਿਰਾਏਦਾਰ ਹਨ । ਉਨ੍ਹਾਂ ਦੀ ਆਪਣੀ ਕਿਸੇ ਧਰਮ ਵਿੱਚ ਸ਼ਰਧਾ ਹੈ । ਗਵਰਨਰ ਸਾਹਿਬ ਦੇ ਦਸਤਖਤ ਹੋਣ ਦਿਉ ਔਰ ਐਕਟ ਬਣ ਜਾਣ ਦਿਉ । ਇਹ ਤਾਂ ਪੰਜਾਬ ਵਿੱਚ ਬਹੁਤ ਵੱਡੀ ਸਮੱਸਿਆ ਹੋ ਜਾਣੀ ਹੈ । ਧੜਾ-ਧੜ ਫਿਰ ਉਜਾੜੇ ਹੋਣਗੇ । ਇਸ ਨੂੰ ਇਸ ਤਰ੍ਹਾਂ ਨਾ ਕਰੋ । ਮੈਂ ਕੋਈ ਇਸ ਕਰਕੇ ਨਹੀਂ ਕਹਿੰਦਾ ਕਿ ਮੇਰਾ ਇਨ੍ਹਾਂ ਸੰਸਥਾਵਾਂ ਨਾਲ ਵਿਰੋਧ ਹੈ, ਬਲਕਿ ਮੈਨੂੰ ਦਿਲੋਂ ਹਮਦਰਦੀ ਹੈ ਅਤੇ ਧਾਰਮਿਕ ਸਥਾਨਾਂ ਪ੍ਰਤੀ ਸਤਿਕਾਰ ਹੈ । ਉਸ ਸਤਿਕਾਰ ਨੂੰ ਕਾਇਮ ਰੱਖਣ ਵਾਸਤੇ ਮੈਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਜਲਦਬਾਜ਼ੀ ਵਿੱਚ ਪਾਸ ਨਾ ਕਰੋ । ਕਿਰਪਾ ਕਰਕੇ ਇਸ ਨੂੰ ਸਿਲੈਕਟ ਕਮੇਟੀ ਨੂੰ

[ਕਾਮਰੇਡ ਹਰਦੇਵ ਅਰਸ਼ੀ]
ਦੇ ਦਿਉ । ਉਸ ਨੂੰ ਲੀਗਲ ਤੇ ਪਬਲਿਕ ਉਪੀਨੀਅਨ ਲੈ ਕੇ ਐਗਜ਼ਾਮਿਨ ਕਰ ਲੈਣ ਦਿਉ । ਫਿਰ ਪਰਾਪਰ ਡਰਾਫਟਿੰਗ ਕਰਕੇ ਇਥੇ ਲੈ ਕੇ ਆਉ । ਫਿਰ ਆਪਾਂ ਸਰਬ-ਸੰਮਤੀ ਨਾਲ ਇਸ ਨੂੰ ਪਾਸ ਕਰਾਂਗੇ । ਇਹ ਮੇਰੀ ਬੇਨਤੀ ਹੈ । ਧੰਨਵਾਦ ।

ਖੁਰਾਕ ਅਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ (ਸ੍ਰੀ ਮਦਨ ਮੋਹਨ ਮਿੱਤਲ): ਸਪੀਕਰ ਸਾਹਿਬ, ਇਸ ਬਿੱਲ ਦੇ ਉਤੇ ਆਨਰੇਬਲ ਮੈਂਬਰ ਅਰਸ਼ੀ ਜੀ ਨੇ ਇਤਰਾਜ਼ ਉਠਾਇਆ ਹੈ ਔਰ ਉਨ੍ਹਾਂ ਨੇ ਲੀਗਲੀ ਤੌਰ ਤੇ ਬੜਾ ਚੰਗਾ ਆਬਜੈਕਸ਼ਨ ਉਠਾਇਆ ਹੈ । ਮੈਨੂੰ ਲਗਦਾ ਹੈ ਕਿ ਉਨ੍ਹਾਂ ਨੇ ਜੋ ਕਲਾਜ਼ 3 ਦੀ ਸਬ-ਕਲਾਜ਼ 2 ਹੈ, ਉਹ ਨਹੀਂ ਪੜ੍ਹੀ ਅਤੇ ਐਕਸਪਲੇਨੇਸ਼ਨ ਪੜ੍ਹ ਲਈ । ਅਨਆਥੋਰਾਈਜ਼ਡ ਆਦਮੀ ਉਦੋਂ ਹੋਵੇਗਾ ਜਦੋਂ ਉਸ ਦੀ ਲੀਜ਼ ਟਰਮੀਨੇਟ ਹੋ ਜਾਵੇ ਜਾਂ ਉਸ ਦੀ ਅਲਾਟਮੈਂਟ ਕੈਂਸਲ ਹੋ ਜਾਵੇ । ਉਸ ਦੇ ਬਾਅਦ he will be deemed to be unauthorised occupant. And because of this-simply because the person is paying rent, he canot be termed in the occupation, in the term of legal position ਔਰ ਜਿਸ ਵੇਲੇ ਉਹ ਕਿਰਾਏ ਤੇ ਰਹਿ ਰਿਹਾ ਹੈ ਪਰ ਉਸ ਦੀ ਜਿਹੜੀ ਲੀਜ਼ ਹੈ, ਉਹ ਕੈਂਸਲ ਹੋ ਗਈ ਹੈ ਜਾਂ ਉਸ ਦੀ ਅਲਾਟਮੈਂਟ ਕੈਂਸਲ ਹੋ ਗਈ ਹੈ ਤਾਂ ਫਿਰ ਵੀ ਉਸ ਨੂੰ ਅਨਆਥੋਰਾਈਜ਼ਡ ਆਕੂਪੈਂਟ ਕਿਉਂ ਨਹੀਂ ਕਿਹਾ ਜਾ ਸਕਦਾ । ਔਰ ਇਸ ਦੇ ਵਿਚ ਦੂਸਰੀ ਗੱਲ ਹੈ ਜੋ ਇਨ੍ਹਾਂ ਨੇ ਕਿਹਾ ਹੈ ਕਿ ਹਨੇਰ ਪੈ ਜਾਵੇਗਾ । ਇਕ ਐਕਟ ਆਲਰੇਡੀ ਪਬਲਿਕ ਪ੍ਰੇਮਿਸਜ਼ ਐਕਟ ਫਾਰ ਗੌਰਮਿੰਟ ਪ੍ਰਾਪਰਟੀ ਤੇ ਹੋਰ ਪ੍ਰਾਪਰਟੀਆਂ ਵਾਸਤੇ ਬਣਿਆ ਹੋਇਆ ਹੈ । ਸਪੀਕਰ ਸਾਹਿਬ, ਤੁਸੀਂ ਵੀ ਲਾਅ ਨਾਲ ਸਬੰਧਤ ਹੋ ਅਤੇ ਬਿਨਾਂ ਬੋਲੇ ਜੁਰੀਡਿਕਸ ਪਰਸਨ ਹੋ । ਜਿਸ ਤਰ੍ਹਾਂ ਮਾਈਨਰਜ਼ ਹਨ, ਉਸੇ ਤਰ੍ਹਾਂ ਇਹ ਜੋ ਰੀਲੀਜਸ ਬਾਡੀਜ਼ ਹਨ, ਇਨ੍ਹਾਂ ਦੀ ਪ੍ਰੋਟੈਕਸ਼ਨ ਵਾਸਤੇ ਗੌਰਮਿੰਟ ਦੀ ਜ਼ਿੰਮੇਵਾਰੀ ਹੈ । ਜਿਸ ਤਰ੍ਹਾਂ ਮਾਈਨਰਜ਼ ਦੇ ਰਾਈਟ ਪ੍ਰੋਟੈਕਟ ਕਰਨ ਵਾਸਤੇ ਕੋਈ ਗਾਰਡੀਅਨ ਹੁੰਦਾ ਹੈ, ਔਰ ਕਈ ਵਾਰੀ ਤਾਂ ਗਾਰਡੀਅਨ ਵੀ ਉਸ ਦੇ ਰਾਈਟ ਨੂੰ ਪ੍ਰਾਪਰਲੀ ਪ੍ਰੋਟੈਕਟ ਨਹੀਂ ਕਰ ਸਕਦਾ, then duty is cast upon the court itself to appoint court guardian so that his rights are protected. ਇਸ ਲਈ ਜੋ ਇਹ ਅਥੋਰਿਟੀਜ਼ ਹਨ, ਇੰਸਟੀਚਊਸ਼ਨਜ਼ ਹਨ ਇਹ ਕਾਨੂੰਨ ਦੀ ਭਾਸ਼ਾ ਵਿੱਚ ਜੁਰੀਡਿਕਸ ਪਰਸਨ ਕਹੇ ਜਾਂਦੇ ਹਨ । ਔਰ ਉਹ ਬੋਲਦੀਆਂ ਨਹੀਂ ਹਨ ਔਰ ਉਨ੍ਹਾਂ ਦੀ ਡਿਊਟੀ ਬਣਦੀ ਹੈ, ਸਰਕਾਰ ਦੀ ਜਾਂ ਸਟੇਟ ਦੀ ਕਿ ਉਹ ਕਸਟੋਡੀਅਨ ਬਣ ਕੇ ਉਨ੍ਹਾਂ ਦੇ ਰਾਈਟਸ ਨੂੰ ਪ੍ਰੋਟੈਕਟ ਕਰੇ । ਕੋਈ ਪ੍ਰਬੰਧਕ ਕਮੇਟੀ ਆਉਂਦੀ ਹੈ ਅਤੇ ਉਹ ਕੋਈ ਮਿਸਯੂਜ਼ ਕਰ ਜਾਂਦੀ ਹੈ, ਤਾਂ ਫਿਰ ਦੂਸਰੀ ਕੋਈ ਹੋਰ ਉਸ ਨੂੰ ਪ੍ਰੋਟੈਕਟ ਕਰਨ ਵਾਸਤੇ ਆਉਂਦੀ ਹੈ । ਇਸ ਕਰਕੇ ਇਨ੍ਹਾਂ ਨੇ ਜਿਹੜੇ ਖਦਸ਼ੇ ਜ਼ਾਹਿਰ ਕੀਤੇ ਹਨ, ਉਸ ਸਬੰਧ ਵਿੱਚ ਮੈਂ ਸਰਕਾਰ ਵੱਲੋਂ ਭਰੋਸਾ ਦਿਵਾਉਂਦਾ ਹਾਂ ਕਿ ਇਸ ਦਾ ਮਿਸ-ਯੂਟੇਲਾਈਜ਼ੇਸ਼ਨ ਨਹੀਂ ਹੋਣ ਦਿੱਤਾ ਜਾਵੇਗਾ ਕਿਉਂਕਿ ਜੋ ਅਥਾਰਿਟੀਜ਼ ਅਤੇ ਕੁਲੈਕਟਰ ਐਪੁਆਇੰਟ ਕੀਤੇ ਹਨ, they will be exercising the jurisdictional authority. They will not be deciding the cases as Executive Megistrates or Executive Authorities. All these are judicial functions and there is provision for appeal. Scruting by way of appeal is there. He can recover

because the rent on lease is to be recovered or for damages for unauthorised occupation. ਇਨ੍ਹਾਂ ਨੇ ਏ.ਸੀ. ਵਾਸਤੇ ਪ੍ਰੋਵੀਜ਼ਨ ਪਾ ਦਿੱਤੀ ਹੈ ਕਿ ਉਹ ਰਿਕਵਰ ਕਰ ਸਕਦਾ ਹੈ ਜਦ ਕਿ ਇਹ ਕੰਮ ਕੁਲੈਕਟਰ ਲੈਂਡ ਰੈਵੇਨਿਊ ਰਿਕਵਰ ਕਰ ਸਕਦਾ ਹੈ, ਹੋਰ ਤਾਂ ਪ੍ਰੋਸੀਜ਼ਰ ਹੋ ਨਹੀਂ ਸਕਦਾ। ਇਸ ਕਰਕੇ ਰਿਕਵਰੀ ਦਾ ਪ੍ਰੋਸੀਜਰ ਅਤੇ ਪੋਜ਼ੈਸ਼ਨ ਦਾ ਪ੍ਰੋਸੀਜਰ ਪ੍ਰੈਸਕ੍ਰਾਈਬਡ ਕੀਤਾ ਗਿਆ ਹੈ। ਉਹ ਸਮਰੀ ਡਿਸਪੋਜ਼ਲ ਹੀ ਹੈ। ਵੈਸੇ ਤਾਂ ਜਦ ਟਰਾਂਸਫਰ ਪ੍ਰਾਪਰਟੀ ਐਕਟ ਵੀ ਹੈ, ਤਾਂ ਫਿਰ ਇਸ ਦੇ ਲਿਆਉਣ ਦੀ ਕਿਉਂ ਜ਼ਰੂਰਤ ਪਈ। ਇਹ ਇਸ ਕਰਕੇ ਲਿਆਉਣਾ ਪਿਆ ਤਾਂ ਕਿ ਜੋ ਪ੍ਰਾਪਰਟੀ ਦਾ ਮਿਸਯੂਜ਼ ਕੀਤਾ ਜਾ ਰਿਹਾ ਹੈ, ਉਹ ਨਾ ਹੋ ਸਕੇ ਅਤੇ ਇਹ ਨਾ ਸਮਝਿਆ ਜਾਵੇ ਕਿ ਜਿਸ ਪਰਪਜ਼ ਵਾਸਤੇ ਇੰਸਟੀਚਿਊਸ਼ਨ ਹੈ, ਉਹ ਉਸ ਵਾਸਤੇ ਯੂਜ਼ ਨਹੀਂ ਹੋ ਰਹੀ ਉਨ੍ਹਾਂ ਨੂੰ ਅਰਲੀ ਰਿਲੀਫ ਮਿਲ ਸਕੇ, ਕਿਉਂਕਿ ਲਿਟੀਗੇਸ਼ਨ ਕਾਫੀ ਪੈਂਡਿੰਗ ਹਨ। ਅਰਲੀ ਡਿਸਪੋਜ਼ਲ ਕਰਨ ਵਾਸਤੇ ਇਹ ਕਾਨੂੰਨ ਬਣਾਇਆ ਗਿਆ ਹੈ। ਇਸ ਗੱਲ ਵਾਸਤੇ ਸਰਕਾਰ ਜ਼ਰੂਰ ਵਚਨਬੱਧ ਰਹੇਗੀ ਕਿ ਇਸ ਨੂੰ ਮਿਸਯੂਜ਼ ਨਾ ਕੀਤਾ ਜਾਵੇ। ਸਾਨੂੰ ਆਪਣੀਆਂ ਕੋਰਟਸ ਤੇ ਪੂਰਾ ਭਰੋਸਾ ਹੋਣਾ ਚਾਹੀਦਾ ਹੈ। ਕੁਲੈਕਟਰ ਕੋਲ ਪਾਵਰਾਂ ਪੰਜਾਬ ਟੈਨੈਂਸੀ ਐਕਟ ਵਿੱਚ ਹਨ। ਪੰਜਾਬ ਸਿਕਿਊਰਿਟੀ ਆਫ ਲੈਂਡ ਟੈਨਿਓਰ ਐਕਟ ਵੀ ਹੈ।

These officers are judicial officers. Their decisions are subject to scrutiny. ਇਸ ਤਰੀਕੇ ਨਾਲ ਕੁਲੈਕਟਰਜ਼ ਨੂੰ ਅਥਾਰਿਟੀ ਦਿੱਤੀ ਗਈ ਹੈ ਔਰ ਉਹ ਤਜਰਬੇਕਾਰ ਹਨ। Being experienced officers, I can assure Mr. Arshi that they will decide the cases on merit and no injustice will be done to anybody. ਸੋ, ਇਨ੍ਹਾਂ ਦੀ ਅਮੈਂਡਮੈਂਟ ਦੀ ਕੋਈ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਸਭ ਕੁਝ ਕਲਾਜ਼ 'ਬੀ' ਦੀ ਸਬ ਕਲਾਜ਼ 'ਬੀ' ਵਿੱਚ ਕਵਰ ਕਰਦਾ ਹੈ। ਇਸ ਕਰਕੇ ਐਕਸਪਲੇਨੇਸ਼ਨ ਬਿਲਕੁਲ ਠੀਕ ਹੈ।

Mr. Speaker :Question is—

That the Punjab Religious Premises and land (Eviction and Rent Recovery)Bill be taken into consideration at once.

The motion was carried.

Mr. Speaker :Now the House will proceed to consider the Bill Clause by Clause.

Sub-Clause (2) of Clause 1

Mr. Speaker :Question is—

That Sub-Clause (2) of Clause 1 stand part of the Bill.

The motion was carried.

Clause 2

Mr. Speaker :Question is—

That Clause 2 stand part of the Bill.

The motion was carried.

Clause 3

Mr. Speaker :There is amendment to Clause 3. First, I shall put the amendment to the vote of the House.

Mr. Speaker :Question is—

That for the explanation, below Clause 3, the following shall be substituted :—

"Explanation.—For the purpose of Clause (a) a person shall not be deemed to be in unauthorised occupation even if he has no document as allottee, lessee or grantee provided he has paid some rent and the same has been accepted."

The motion was lost.

Mr Speaker :Question is—

That Clause 3 stand part of the Bill.

The motion w s carried.

Clauses 4 to 13

Mr. Speaker :Since there is no notice of amendment to Clause 4 to Clause 13, if the House agrees these may be taken together.

(*Voices* :Yes, Yes)

Mr. Speaker :Question is—

That Clauses 4 to 13 stand part of the Bill.

The motion was carried.

Sub-Clause (1) of Clause 1

Mr. Speaker :Question is—

That Sub-Clause (1) of Clause 1 stand part of the Bill.

The motion was carried.

Title

Mr. Speaker : Question is—

That Title be the Title of the Bill.

The motion was carried.

Mr. Speaker : Now, the Minister to move that the Bill be passed.

ਰਾਜ ਮੰਤਰੀ, ਲੋਕ ਸੰਪਰਕ ਅਤੇ ਮਾਲ ਤੇ ਮੁੜ ਵਸੇਬਾ (ਸਰਦਾਰ ਸੇਵਾ ਸਿੰਘ ਸੇਖਵਾਂ) : ਆਨਰੇਬਲ ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਧਾਰਮਿਕ ਅਸਥਾਨ ਅਤੇ ਜ਼ਮੀਨ (ਬੇਦਖਲੀ ਅਤੇ ਕਿਰਾਏ ਦੀ ਵਸੂਲੀ) ਬਿਲ ਪਾਸ ਕੀਤਾ ਜਾਵੇ ।

Mr. Speaker : Motion moved—

That the Punjab Religious Premises and Land (Eviction and Rent Recovery) Bill be passed.

Mr. Speaker : Question is—

That the Punjab Religious Premises and Land (Eviction and Rent Recovery) Bill be passed.

The motion was carried.

Mr. Speaker : The House stands adjourned *sine-die.*

*12.09 P.M.	(The Sabha *then adjourned *sine-die.*)

APPENDIX

TO

PUNJAB VIDHAN SABHA DEBATES

Dated 24th December, 1997

VOL. III—No. 3

STARRED QUESTIONS AND ANSWERS

ਸਿੰਜਾਈ (ਡ੍ਰੇਨੇਜ) ਵਿਭਾਗ ਦੇ ਅਫਸਰਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸ

*699. (1) **ਸਰਦਾਰ ਮੱਖਣ ਸਿੰਘ**
(2) **ਸਰਦਾਰ ਸੁਖਵਿੰਦਰ ਸਿੰਘ** } :ਕੀ ਮੁੱਖ ਮੰਤਰੀ ਕਿਰਪਾ ਕਰਕੇ

ਦੱਸਣਗੇ ਕਿ ਮਾਰਚ, 1992 ਤੋਂ ਨਵੰਬਰ, 1997 ਤੱਕ ਦੇ ਸਮੇਂ ਦੌਰਾਨ ਸਿੰਚਾਈ (ਡ੍ਰੇਨੇਜ਼) ਵਿਭਾਗ, ਸੰਗਰੂਰ ਡਿਵੀਜ਼ਨ ਦੇ ਅਫਸਰਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਕੁੱਲ ਕਿੰਨੇ ਕੇਸ ਦਰਜ ਕੀਤੇ ਗਏ ਅਤੇ ਅਜਿਹੇ ਹਰ ਇਕ ਕੇਸ ਦੀ ਵਰਤਮਾਨ ਸਥਿਤੀ ਕੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਿੰਜਾਈ ਵਿਭਾਗ ਦੇ ਡਰੇਨੇਜ ਡਵੀਜ਼ਨ ਸੰਗਰੂਰ ਦੇ ਅਧਿਕਾਰੀਆਂ ਵਿਰੁੱਧ ਮਾਰਚ, 1992 ਤੋਂ ਨਵੰਬਰ 1997 ਦੌਰਾਨ ਇੱਕ ਰਿਸ਼ਵਤ ਦਾ ਕੇਸ ਦਰਜ ਕੀਤਾ ਗਿਆ ਹੈ। ਇਸ ਕੇਸ ਦੀ ਪੜਤਾਲ ਮੁਕੰਮਲ ਹੋ ਚੁਕੀ ਹੈ ਅਤੇ ਚਲਾਨ ਅਦਾਲਤ ਵਿਚ ਪੇਸ਼ ਕੀਤਾ ਜਾਣਾ ਹੈ।

———

APPENDIX-II

TO

PUNJAB VIDHAN SABHA DEBATES

Dated 24th December, 1997

Vol. III No. 3

STARRED QUESTION AND ANSWERS

Death due to Consumption of intoxicants

*668. **Smt. Roop Rani** : Will the Chief Minister Punjab Please to State :—

(a) The district wise number of persons who died due to consumption of drugs and intoxicants in the State during the period from the year 1992 to 1997;

(b) The details of the steps being taken by the Government to check the consumption of drugs and intoxicants in the State.

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) 796 ਸਾਲ ਵਾਰ ਅਤੇ ਜ਼ਿਲ੍ਹਾ ਵਾਰ ਵੇਰਵਾ ਸੂਚੀ 'ੳ' ਤੇ ਰੱਖਿਆ ਗਿਆ ਹੈ ਜੀ ।

(ਅ) ਪੁਲਿਸ ਵਿਭਾਗ ਵਲੋਂ ਡਰੱਗਜ਼ ਇੰਸਪੈਕਟਰਾਂ ਨੂੰ ਨਾਲ ਲੈ ਕੇ ਸਮੇਂ ਸਮੇਂ ਤੇ ਉਹਨਾਂ ਦਵਾਈਆਂ ਦੀਆਂ ਦੁਕਾਨਾਂ ਅਤੇ ਉਨ੍ਹਾਂ ਥਾਵਾਂ ਤੇ ਜਿੱਥੇ ਡਰੱਗਜ਼ ਅਤੇ ਨਸ਼ੀਲੀਆਂ ਦਵਾਈਆਂ ਵੇਚੀਆਂ ਜਾਂਦੀਆਂ ਹਨ. ਉਤੇ ਛਾਪੇ ਮਾਰੇ ਜਾਂਦੇ ਹਨ ਅਤੇ ਅਜਿਹਾ ਧੰਦਾ ਕਰਨ ਵਾਲੇ ਵਿਅਕਤੀਆਂ ਤੇ ਮੁਕੱਦਮਾ ਚਲਾ ਕੇ ਢੁਕਵੀ ਸਜ਼ਾ ਦਿੱਤੀ ਜਾਂਦੀ ਹੈ ।

ਸੂਚੀ 'ੳ'

ਜ਼ਿਲ੍ਹਾ	1992	1993	1994	1995	1996	1997
1	2	3	4	5	6	7
ਰੋਪੜ ..	31	30	32	20	32	29
ਗੁਰਦਾਸਪੁਰ	—	—	—	—	—	—
ਫਤਹਿਗੜ੍ਹ ਸਾਹਿਬ ..	—	—	—	—	—	—
ਮੁਕਤਸਰ ..	—	—	—	—	—	—
ਅੰਮ੍ਰਿਤਸਰ ..	4	2	8	3	6	5
ਹੁਸ਼ਿਆਰਪੁਰ ..	—	—	—	—	—	—
ਕਪੂਰਥਲਾ ..	—	—	—	—	—	—
ਜਲੰਧਰ ..	—	—	—	—	—	—
ਬਠਿੰਡਾ ..	3	2	2	4	4	—
ਫਿਰੋਜ਼ਪੁਰ ..	—	—	—	—	—	—
ਨਵਾਂ ਸ਼ਹਿਰ ..	—	—	—	—	—	—
ਮੋਗਾ ..	—		—	—	—	—
ਮਾਨਸਾ ..	—	—	—	—	—	—
ਲੁਧਿਆਣਾ ..	31	96	107	98	98	134
ਸੰਗਰੂਰ ..	—	—	11	3	—	1
ਫਰੀਦਕੋਟ ..	—	—	—	—	—	—
ਪਟਿਆਲਾ ..	—	—	—	—	—	—
ਕੁੱਲ ..	69	130	160	128	140	169

ਕੁੱਲ= 796

543—24-3-98—305 ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।
51X66/10.1 K.g. C.W.P.

Published under the authority of the Punjab Vidhan Sabha and Printed by the Controller, Printing & Stationery, Pb. at the Govt. Press, Patiala.

ANNEXURE

TO

PUNJAB VIDHAN SABHA

DEBATES

24th December, 1997

Vol. III—No. 3

OFFICIAL REPORT

CONTENTS

Wednesday, the 24th December, 1997

Punjab Vidhan Sabha Secretariat, Chandigarh.

Price: Rs.........

PUNJAB VIDHAN SABHA

Wednesday, the 24th December, 1997

Annexure

This Annexure contains Unstarred Questions (converted as such from being Starred Questions) and Answers for the meeting dated 24th December, 1997.

UNSTARRED QUESTIONS (CONVERTED AS SUCH FROM BEING STARRED QUESTIONS) AND ANSWERS

ਆਈ.ਏ.ਐਸ./ਆਈ.ਪੀ.ਐਸ. ਅਫ਼ਸਰਾਂ ਲਈ ਸਰਕਾਰੀ ਰਿਹਾਇਸ਼

*621. (ਸੀ.ਯੂ.) 1. ਸ਼੍ਰੀ ਰਾਕੇਸ਼ ਪਾਂਡੇ
2. ਸਰਦਾਰ ਹਰਮਿੰਦਰ ਸਿੰਘ ਜੱਸੀ
: ਕੀ ਲੋਕ ਕਾਰਜ

(ਭਵਨ ਅਤੇ ਸੜਕਾਂ) ਮੰਤਰੀ ਕਿਰਪਾ ਕਰਕੇ ਅਜਿਹੇ ਨਵੇਂ ਜ਼ਿਲ੍ਹਿਆਂ ਦੇ ਨਾਂ ਦੱਸਣਗੇ ਜਿਨ੍ਹਾਂ ਵਿਚ ਆਈ.ਏ.ਐਸ./ਆਈ.ਪੀ.ਐਸ. ਅਫ਼ਸਰਾਂ ਨੂੰ ਨਾਰਮਜ਼ ਅਨੁਸਾਰ ਸਰਕਾਰੀ ਰਿਹਾਇਸ਼ ਮੁਹੱਈਆ ਨਹੀਂ ਕੀਤੀ ਗਈ ਹੈ ਅਤੇ ਇਸ ਦੇ ਕਾਰਣ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) ਪੰਜਾਬ ਵਿਚ ਤਿੰਨ ਨਵੇਂ ਜ਼ਿਲ੍ਹੇ ਮੋਗਾ, ਮੁਕਤਸਰ ਅਤੇ ਮਾਨਸਾ ਬਣੇ ਹਨ ਜਿਨ੍ਹਾਂ ਵਿਚ ਆਈ.ਏ.ਐਸ./ਪੀ.ਸੀ.ਐਸ. ਅਫ਼ਸਰਾਂ ਨੂੰ ਨਾਰਮ ਅਨੁਸਾਰ ਰਿਹਾਇਸ਼ੀ ਮਕਾਨ ਨਹੀਂ ਦਿੱਤੇ ਜਾ ਸਕੇ-ਕਿਉਂਕਿ ਅਜਿਹੀ ਰਿਹਾਇਸ਼ ਇਸ ਸਮੇਂ ਉਪਲਬਧ ਨਹੀਂ ਹੈ ।

ਜ਼ਿਲ੍ਹਾ ਵਿਕਾਸ ਅਤੇ ਯੋਜਨਾਬੰਦੀ ਬੋਰਡਾਂ ਨੂੰ ਫੰਡਜ਼ ਦੀ ਐਲੋਕੇਸ਼ਨ

*622 (ਸੀ.ਯੂ.) 1. ਸ਼੍ਰੀ ਰਾਕੇਸ਼ ਪਾਂਡੇ
2. ਸਰਦਾਰ ਹਰਮਿੰਦਰ ਸਿੰਘ ਜੱਸੀ
: ਕੀ ਵਿੱਤ ਅਤੇ

ਯੋਜਨਾਬੰਦੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1997-98 ਦੇ ਦੌਰਾਨ ਰਾਜ ਵਿਚ ਹਰ ਇਕ ਜ਼ਿਲ੍ਹਾ ਵਿਕਾਸ ਅਤੇ ਯੋਜਨਾਬੰਦੀ ਬੋਰਡ ਨੂੰ ਕੁੱਲ ਕਿੰਨੀ-ਕਿੰਨੀ ਰਕਮ ਐਲੋਕੇਟ ਕੀਤੀ ਗਈ ਅਤੇ ਇਸ ਲਈ ਕੀ ਕਸੌਟੀ ਅਪਣਾਈ ਗਈ ?

ਕੈਪਟਨ ਕੰਵਲਜੀਤ ਸਿੰਘ. ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

[ਵਿੱਤ ਅਤੇ ਯੋਜਨਾਬੰਦੀ ਮੰਤਰੀ]

ਸਟੇਟਮੈਂਟ

ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਾਂ ਨੂੰ ਸਾਲ 1997-98 ਦੌਰਾਨ ਐਲੋਕੇਟ ਕੀਤੇ ਫੰਡਾਂ ਦੀ ਡਿਟੇਲ।

(ਰੁਪਏ ਲੱਖਾਂ ਵਿੱਚ)

ਲੜੀ ਨੰ.	ਜ਼ਿਲ੍ਹੇ ਦਾ ਨਾਂ	ਐਲੋਕੇਟ ਕੀਤੇ ਫੰਡ (5-11-97 ਤੱਕ ਦੀ ਸਥਿਤੀ)
1	2	3
1.	ਅੰਮ੍ਰਿਤਸਰ	3633.97
2.	ਫਿਰੋਜ਼ਪੁਰ	1903.01
3.	ਗੁਰਦਾਸਪੁਰ	2192.59
4.	ਜਲੰਧਰ	2664.55
5.	ਕਪੂਰਥਲਾ	1176.35
6.	ਲੁਧਿਆਣਾ	3066.97
7.	ਫਤਿਹਗੜ੍ਹ ਸਾਹਿਬ	872.85
8.	ਹੁਸ਼ਿਆਰਪੁਰ	1873.00
9.	ਸੰਗਰੂਰ	2255.65
10.	ਬਠਿੰਡਾ	1277.32
11.	ਮਾਨਸਾ	902.03
12.	ਪਟਿਆਲਾ	2279.38
13.	ਰੋਪੜ	1897.02
14.	ਫਰੀਦਕੋਟ	744.11
15.	ਨਵਾਂ ਸ਼ਹਿਰ	360.92
16.	ਮੁਕਤਸਰ	1476.23
17.	ਮੋਗਾ	879.00
	ਜੋੜ	29954.95

ਜ਼ਿਲ੍ਹਾ ਪਲਾਨ ਸਕੀਮਾਂ ਲਈ ਕੁੱਲ 464.29 ਕਰੋੜ ਰੁਪਏ ਦੇ ਫੰਡ ਹਨ। ਉਪਰੋਕਤ ਅਨੁਸਾਰ ਜ਼ਿਲ੍ਹਾਵਾਰ ਫੰਡਾਂ ਦੀ ਐਲੋਕੇਸ਼ਨ 299.55 ਕਰੋੜ ਰੁਪਏ ਕੀਤੀ ਗਈ ਹੈ।

ਰਾਜ ਵਿੱਚ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਾਂ ਨੂੰ ਫੰਡਾਂ ਦੀ ਵੰਡ ਸਬੰਧੀ ਅਪਣਾਈ ਗਈ ਕਸੌਟੀ ਅਨੁਲੱਗ-1 ਅਨੁਸਾਰ ਹੈ।

ਅਨੁਲੱਗ–1

ਰਾਜ ਵਿੱਚ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਾਂ ਨੂੰ ਫੰਡਾਂ ਦੀ ਵੰਡ ਸਬੰਧੀ ਅਪਣਾਈ ਜਾ ਰਹੀ ਕਸੌਟੀ।

ਯੋਜਨਾਬੰਦੀ ਵਿਭਾਗ ਸਾਲਾਨਾ ਯੋਜਨਾ ਵਿੱਚ ਅਲੱਗ-ਅਲੱਗ ਸਕੀਮਾਂ ਲਈ ਇਨ੍ਹਾਂ ਸਕੀਮਾਂ ਦੇ ਮੁੱਖ ਮੰਤਵ ਅਤੇ ਕੁਲ ਸਾਧਨਾਂ ਦੀ ਉਪਲੱਬਧਤਾ ਨੂੰ ਮੁੱਖ ਰੱਖਦੇ ਹੋਏ ਫੰਡ ਮੁਹੱਈਆ ਕਰਦਾ ਹੈ। ਜ਼ਿਲ੍ਹੇਵਾਰ ਸਕੀਮਾਂ ਨੂੰ ਫੰਡਾਂ ਦੀ ਵੰਡ ਲਈ ਕੋਈ ਇਕਸਾਰਤਾ ਅਤੇ ਠੋਸ ਕਸੌਟੀ ਬਣਾਉਣੀ ਸੰਭਵ ਨਹੀਂ ਹੈ, ਕਿਉਂਕਿ ਇਹ ਸਕੀਮਾਂ ਦੀ ਕਿਸਮ, ਨਾਰਮ ਅਤੇ ਵਿਸ਼ੇਸ਼ ਖੇਤਰ ਦੀਆਂ ਲੋੜਾਂ ਤੇ ਨਿਰਭਰ ਹੈ। ਫੰਡਾਂ ਦੀ ਵੰਡ ਮੁਖ ਤੌਰ ਤੇ ਪ੍ਰਬੰਧਕੀ ਵਿਭਾਗ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਤੇ ਕੀਤੀ ਜਾਂਦੀ ਹੈ। ਵਿਸ਼ੇਸ਼ ਖੇਤਰ ਦੀਆਂ ਸਕੀਮਾਂ ਦੇ ਕੇਸ ਵਿੱਚ ਫੰਡਾਂ ਦੀ ਵੰਡ ਸਿਰਫ ਵਿਸ਼ੇਸ਼ ਜ਼ਿਲ੍ਹੇ/ਜ਼ਿਲ੍ਹਿਆਂ, ਜਿਨ੍ਹਾਂ ਵਿੱਚ ਸਕੀਮ ਲਾਗੂ ਕਰਨੀ ਹੈ, ਕੀਤੀ ਜਾਂਦੀ ਹੈ। ਪੇਂਡੂ ਜਲ ਸਪਲਾਈ ਸਕੀਮਾਂ ਲਈ ਫੰਡਾਂ ਦੀ ਵੰਡ ਪਾਣੀ ਦੀ ਥੋੜ ਵਾਲੇ ਪਿੰਡਾਂ ਦੀ ਜ਼ਿਲ੍ਹੇ ਵਿੱਚ ਗਿਣਤੀ ਅਤੇ ਭਾਰਤ ਸਰਕਾਰ ਵਲੋਂ ਨਿਰਧਾਰਤ ਨਾਰਮ ਅਨੁਸਾਰ ਕੀਤੀ ਜਾਂਦੀ ਹੈ। ਕੇਂਦਰੀ ਸਪਾਂਸਰਡ ਸਕੀਮਾਂ ਜਿਵੇਂ ਕਿ ਜਵਾਹਰ ਰੋਜ਼ਗਾਰ ਯੋਜਨਾ ਲਈ ਭਾਰਤ ਸਰਕਾਰ ਵਲੋਂ ਕੀਤੀ ਜ਼ਿਲ੍ਹਾਵਾਰ ਐਲੋਕੇਸ਼ਨ ਦੇ ਹਿੱਸੇ ਅਨੁਸਾਰ ਫੰਡ ਰਾਜ ਸਰਕਾਰ ਮੁਹੱਈਆ ਕਰਦੀ ਹੈ। ਬੰਧਨ ਮੁਕਤ ਫੰਡਾਂ ਦੀ ਵੰਡ ਹਰੇਕ ਜ਼ਿਲ੍ਹੇ ਦੀ ਜਨ-ਸੰਖਿਆ ਅਤੇ ਆਬਾਦ ਪਿੰਡਾਂ ਦੇ ਆਧਾਰ ਤੇ ਕੀਤੀ ਜਾਂਦੀ ਹੈ।

ਰਾਜ ਵਿਚ ਮਾਰਕੀਟ ਕਮੇਟੀਆਂ ਨਾਮਜ਼ਦ ਕਰਨੀਆਂ

*623. (ਸੀ.ਯੂ.) 1. ਸ੍ਰੀ ਰਾਕੇਸ਼ ਪਾਂਡੇ
2. ਸਰਦਾਰ ਹਰਮਿੰਦਰ ਸਿੰਘ ਜੱਸੀ } : ਕੀ ਖੇਤੀਬਾੜੀ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਨੇੜਲੇ ਭਵਿੱਖ ਵਿਚ ਮਾਰਕੀਟ ਕਮੇਟੀਆਂ ਨਾਮਜ਼ਦ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ?

ਸਰਦਾਰ ਗੁਰਦੇਵ ਸਿੰਘ ਬਾਦਲ: ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟਸ ਐਕਟ, 1961 ਵਿਚ ਸਾਲ 1996 ਵਿੱਚ ਕੀਤੀ ਸੋਧ ਮੁਤਾਬਕ ਮਾਰਕੀਟ ਕਮੇਟੀਆਂ ਦੇ ਮੈਂਬਰਾਂ ਦੀ ਨਾਮਜ਼ਦਗੀਆਂ ਕਰਨ ਦੀ ਵਿਵਸਥਾ ਕੀਤੀ ਗਈ ਹੈ। ਮਾਰਕੀਟ ਕਮੇਟੀਆਂ ਦੇ ਮੈਂਬਰਾਂ ਦੀਆਂ ਨਾਮਜ਼ਦਗੀਆਂ ਕਰਨ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

ਸਟੇਟ ਐਡਮਿਨਿਸਟ੍ਰੇਟਿਵ ਟ੍ਰਿਬਿਊਨਲ ਸਥਾਪਿਤ ਕਰਨਾ

*624. (ਸੀ.ਜੂ.) 1. ਸ੍ਰੀ ਰਾਕੇਸ਼ ਪਾਂਡੇ
2. ਸਰਦਾਰ ਹਰਮਿੰਦਰ ਸਿੰਘ ਜੱਸੀ } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਰਕਾਰੀ ਕਰਮਚਾਰੀਆਂ ਦੇ ਸੇਵਾ ਸਬੰਧੀ ਕੇਸਾਂ ਨੂੰ ਜਲਦੀ ਨਿਪਟਾਉਣ ਲਈ ਕੋਈ ਸਟੇਟ ਐਡਮਿਨਿਸਟ੍ਰੇਟਿਵ ਟ੍ਰਿਬਿਊਨਲ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤਕ ਸਥਾਪਿਤ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਹਾਂ ਜੀ। ਰਾਜ ਸਰਕਾਰ ਵਲੋਂ ਸਿਧਾਂਤਕ ਤੌਰ ਤੇ ਰਾਜ ਵਿੱਚ ਪ੍ਰਸ਼ਾਸਕੀ ਟ੍ਰਿਬਿਊਨਲ ਸਥਾਪਿਤ ਕਰਨ ਦਾ ਫੈਸਲਾ ਲਿਆ ਗਿਆ ਹੈ ਅਤੇ ਇਹ ਮਾਮਲਾ ਭਾਰਤ ਸਰਕਾਰ ਨਾਲ ਪਰਸਿਊ ਕੀਤਾ ਜਾ ਰਿਹਾ ਹੈ।

ਪਿੰਡ ਝੁਨੀਰ, ਜ਼ਿਲ੍ਹਾ ਮਾਨਸਾ ਵਿਚ ਵਾਟਰ ਵਰਕਸ ਬਣਾਉਣਾ

*681. (ਸੀ.ਯੂ.) **ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਕੀ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਪਿੰਡ ਝੁਨੀਰ, ਬਲਾਕ ਝੁਨੀਰ, ਜ਼ਿਲ੍ਹਾ ਮਾਨਸਾ ਵਿਚ ਇਕ ਵਾਟਰ ਵਰਕਸ ਬਣਾਉਣ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਦੋਂ ਤਕ ਬਣਾਏ ਜਾਣ ਦੀ ਸੰਭਾਵਨਾ ਹੈ ?

ਰਾਜਾ ਨਰਿੰਦਰ ਸਿੰਘ: ਪਿੰਡ ਝੁਨੀਰ; ਜ਼ਿਲ੍ਹਾ ਮਾਨਸਾ ਵਿਖੇ ਨਵਾਂ ਜਲ ਘਰ ਉਸਾਰਨ ਦਾ ਕੋਈ ਵਿਚਾਰ ਨਹੀਂ ਹੈ ਕਿਉਂ ਜੋ ਪਿੰਡ ਝੁਨੀਰ ਪਹਿਲਾਂ ਹੀ ਜਲ ਸਪਲਾਈ ਸਕੀਮ ਘੁਰਕਣੀ ਅਧੀਨ ਕਵਰਡ ਹੈ ਜੋ 1/76 ਵਿੱਚ ਕਮਿਸ਼ਨ ਕੀਤੀ ਗਈ ਸੀ। ਘੁਰਕਣੀ ਜਲ ਸਪਲਾਈ ਸਕੀਮ ਦੀ ਸਟਰੈਂਥਨਿੰਗ ਮਾਰਚ 1998 ਤੱਕ ਮੁਕੰਮਲ ਹੋ ਜਾਵੇਗੀ।

620- [illegible]-6-98 305 ਕਾਪੀਆਂ— ਪੰਜਾਬ ਸਰਕਾਰ ਪ੍ਰੈਸ, ਪਟਿਆਲਾ।
51X66/10.1 kg. ਅਫਸੈਟ ਪੇਪਰ

Published under the authority of the Punjab Vidhan Sabha and printed by the Controller, Printing and Stationery, Punjab at Government Press, Patiala.

in which the file was recorded and its retention period

ਕੀ ਕੇਸ ਸਬੰਧੀ ਨੋਟ ਸ਼ਾਖਾ ਸੈਕਸ਼ਨ ਦੀ ਨੋਟ ਬੁੱਕ ਵਿਚ ਰਖਿਆ ਹੋਇਆ ਹੈ ਜਾਂ ਨਹੀਂ

whether note regarding case has been kept in the Branch/Sectional Note Book or not

ਸਬੰਧਤ ਸਹਾਇਕ ਦੇ ਹਸਤਾਖਰ
Initials of the concerned Assistant

ਰਿਕਾਰਡਰ ਦੇ ਹਸਤਾਖਰ
Initials of the Recorder

ਪਿਛਲੇ ਹਵਾਲੇ Previous References	ਬਾਅਦ ਦੇ ਹਵਾਲੇ Later References